ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੁ ਪੰਥ ਪ੍ਰਕਾਸ਼

ਪੂਰਬਾਰਧ

ਕ੍ਰਿਤ: ਗਿਆਨੀ ਗਿਆਨ ਸਿੰਘ ਜੀ

Sri Guru Panth Parkash

Purbaradh (Part I)

by: Giani Gian Singh ji

(ਗੁਰੂ ਸਾਹਿਬਾਨ ਦਾ ਇਤਿਹਾਸ)

ਖਾਲਸਾ ਪੰਥ ਦੀ ਮਾਤਾ ਸਾਹਿਬ ਦੇਵਾਂ ਜੀ ਨੂੰ ਸਮਰਪਿਤ

Visit: www.ik13.com *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ਤਤਕਰਾ

੧. {ਪਹਿਲਾ ਬਿਸ੍ਰਾਮ}

੨. {ਅਕਾਲ ਪੁਰਖ ਤੇ ਚੰਡੀ ਮੰਗਲ, ਪ੍ਰਸੰਗਾਂ ਦੀ ਸੂਚੀ, ਨਵੇਂ ਤੇ ਪੁਰਾਣੇ ਪੰਥ ਪ੍ਰਕਾਸ਼ ਗ੍ਰੰਥਾਂ ਦੇ ਰਚਨ ਦੇ ਕਾਰਨ}

੩. {ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਧਾਰਨ ਦਾ ਕਾਰਣ}

੪. {ਭਾਰਤ ਦੀ ਪਹਿਲੀ ਦਸ਼ਾ, ਗੁਰੂ ਜੀ ਦਾ ਅਵਤਾਰ ਧਾਰਨਾ}

੫. {ਸ੍ਰੀ ਗੁਰੂ ਜੀ ਦੀ ਬਾਲ-ਲੀਲ੍ਹਾ, ਸੱਪ ਨੇ ਛਾਂ ਕਰਨੀ, ਖੇਤ ਹਰਾ ਕੀਤਾ, ਪਾਂਧੇ ਨੂੰ ਉਪਦੇਸ਼, ਵੈਦ ਦਾ ਉਧਾਰ, ਖਰਾ ਸੌਦਾ, ਮੋਦੀਖ਼ਾਨਾ, ਸ਼ਾਦੀ, ਸੱਚਖੰਡ, ਜੰਗਲ 'ਚ ਮੰਗਲ, ਮਸੀਤ 'ਚ ਨਿਮਾਜ਼ ਪੜ੍ਹਨ ਗਏ}

੬. {ਪਹਿਲੀ ਉਦਾਸੀ (ਪੂਰਬ ਦੀ), ਏਮਨਾਬਾਦ ਮਲਕ ਭਾਗੋ, ਕੁਰੁਖੇਤ੍ਰ ਸੂਰਜ ਗ੍ਰਹਣ, ਨਾਨੂ ਪੰਡਿਤ ਨਾਲ ਚਰਚਾ, ਪਾਨੀਪਤ ਸ਼ੇਖ਼ ਸ਼ਰਫ਼ ਮਿਲਿਆ, ਦਿੱਲੀ ਮਜਨੂੰ ਦੇ ਟਿੱਲੇ, ਇਬਹਾਰੀਮ ਬਾਦਸ਼ਾਹ ਦੀ ਕੈਦ 'ਚੋਂ ਸਾਧੂ ਛੁਡਾਏ, ਕਾਂਸ਼ੀ 'ਚ ਪੰਡਿਤਾਂ ਨਾਲ ਚਰਚਾ ਤੇ ਕਬੀਰ ਆਦਿ ਭਗਤਾਂ ਨੂੰ ਮਿਲੇ}

੭. {ਪਹਿਲੀ ਉਦਾਸੀ, ਬਿਹਾਰ, ਬੰਗਾਲ, ਕਾਮਰੂ, ਉੜੀਸਾ ਤੇ ਬੰਧਜ਼ਾਚਲ ਦਾ ਸੈਰ, ਪਖੰਡੀ ਮੱਤਾਂ ਦਾ ਖੰਡਨ, ਸਾਲਸਰਾਇ ਜੌਹਰੀ, ਨੂਰ ਸ਼ਾਹ, ਦੇਵ ਲੂਤ ਤੇ ਕੌਡੇ ਆਦਿਕਾਂ ਦਾ ਉਧਾਰ}

੮. {ਦੂਜੀ ਉਦਾਸੀ ਸ਼ੁਰੂ, ਦੱਖਣ ਦੇਸ਼ ਦਾ ਸੈਰ, ਪਖੰਡੀ ਮਤਾਂ ਦਾ ਖੰਡਨ}

੯. {ਦੱਖਣੀ ਭਾਰਤ ਤੇ ਲੰਕਾ ਦੀ ਸੈਰ, ਪਖੰਡੀ ਮਤ ਖੰਡਨ, ਦੂਜੀ ਉਦਾਸੀ ਸਮਾਪਤਿ}

੧੦. {ਤੀਜੀ ਉਦਾਸੀ- ਉੱਤ੍ਰ ਦਿਸ਼ਾ ਦਾ ਪ੍ਰਸੰਗ}

੧੧. {ਤੀਜੀ ਉਦਾਸੀ: ਸੁਮੇਰ ਪਰਬਤ, ਦੇਵ ਪੁਰੀਆਂ, ਸੁਰਗ, ਸਚਖੰਡ ਅਕਾਲ ਪੁਰਖ ਨਾਲ ਮੇਲ}

੧੨. {ਚੌਥੀ ਉਦਾਸੀ: ਤੁਰਕ ਦੇਸਾਂ ਦੀ ਸੈਰ, ਜੋਤੀ ਜੋਤਿ ਸਮਾਉਣਾ}

੧੩. {ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਕਥਾ ਅਰੰਭ}

੧੪. {ਗੁਰਤਾ ਗੱਦੀ ਤੋਂ ਜੋਤੀ ਜੋਤ ਸਮਾਉਣ ਤੱਕ ਦੀ ਕਥਾ}

੧੫. {ਸ੍ਰੀ ਗੁਰੂ ਅਮਰਦਾਸ ਜੀ ਦੀ ਕਥਾ}

੧੬. {ਸ੍ਰੀ ਗੁਰੂ ਅਮਰ ਦਾਸ ਜੀ ਦਾ ਜੋਤੀ ਜੋਤ ਸਮਾਉਣਾ}

੧੭. {ਸ੍ਰੀ ਗੁਰੂ ਰਾਮਦਾਸ ਜੀ ਦੀ ਕਥਾ}

੧੮. {ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਕਥਾ ਅਰੰਭ}

੧੯. {ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਕਥਾ– ਜਾਰੀ}

੨੦. {ਪ੍ਰਿਥੀ ਚੰਦ ਅਤੇ ਚੰਦੂ ਦਾ ਵਿਰੋਧ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਜੋਤੀ ਜੋਤ ਸਮਾਵਣਾ}

੨੧. {ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ, ਬਾਲ ਲੀਲਾ, ਗੁਰਤਾ ਗੱਦੀ, ਪਾਤਸ਼ਾਹ ਨੂੰ ਮਿਲਣਾ ਤੇ ਕਿਲ੍ਹੇ ਗੁਆਲੀਅਰ ਜਾਣਾ}

੨੨. {ਬੰਦੀਛੋੜ ਸਤਿਗੁਰਾਂ ਨੇ ਬਵੰਜਾ ਕੈਦੀਰਾਜੇ ਛੁਡਾਉਣੇ ਤੇ ਚੰਦੂ ਨੂੰ ਮਾਰਨਾ}

੨੩. {ਕਸ਼ਮੀਰ ਦੀ ਸੈਰ, ਹਰਿਗੋਬਿੰਦ ਪੁਰ ਵਸਾਉਣਾ, ਕੌਲਾਂ ਦਾ ਪ੍ਰਸੰਗ}

੨੪. {ਕਿਲ੍ਹਾ ਲੋਹਗੜ੍ਹ (ਅੰਮ੍ਰਿਤਸਰ) ਅਤੇ ਹਰਿਗੋਬਿੰਦ ਪੁਰ ਦੇ ਜੰਗ}

੨੫. {ਬਾਬਾ ਅਟੱਲਰਾਇ, ਭਾਈ ਗੁਰਦਾਸ ਤੇ ਡਰੋਲੀ ਦੀ ਕਥਾ ਅਤੇ ਮਾਲਵੇ ਦਾ ਜੰਗ}

੨੬. {ਬਿਧੀ ਚੰਦ ਦੀ ਕਥਾ, ਸ੍ਰੀ ਕਰਤਾਰ ਪੁਰ ਅਤੇ ਫਗਵਾੜੇ ਦੇ ਜੰਗ}

੨੭. {ਬਾਬਾ ਗੁਰਦਿੱਤਾ ਜੀ ਦਾ ਪ੍ਰਸੰਗ ਤੇ ਰੋਪੜ ਦਾ ਜੰਗ}

੨੮. {ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਿਆਈ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੋਤੀ ਜੋਤਿ ਸਮਾਉਣਾ}

੨੯. {ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਕਥਾ– ਆਰੰਭ}

੩੦. {ਦਾਰਾ ਸ਼ਕੋਹ ਤੇ ਰਾਮਰਾਇ ਜੀ ਦਾ ਪ੍ਰਸੰਗ}

੩੧. {ਸ੍ਰੀ ਕਰਤਾਰ ਪੁਰ ਸਾਹਿਬ ਜਾਣਾ, ਮਾਲਵੇ ਦੇਸ਼ ਵਿੱਚ ਰਹਿਣਾ ਤੇ ਫਿਰ ਕੀਰਤ ਪੁਰ ਪਹੁੰਚਣਾ}

੩੨. {ਸ੍ਰੀ ਕਰਤਾਰ ਪੁਰ ਜਾਣਾ, ਗੌਰੇ ਨੂੰ ਬਖ਼ਸ਼ਣਾ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜੋਤੀ ਜੋਤਿ ਸਮਾਉਣਾ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਸੰਪੂਰਨ ਕਥਾ}

੩੩. {ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕਥਾ–ਆਰੰਭ}

੩੪. {ਸ੍ਰੀ ਅਨੰਦ ਪੁਰ ਸ਼ਹਿਰ ਵਸਾਉਣਾ, ਤੀਰਥ ਉਧਾਰ ਲਈ ਜਾਣਾ, ਸ੍ਰੀ ਪਟਣੇ ਸਾਹਿਬ ਪਹੁੰਚਣਾ}

੩੫. {ਸ੍ਰੀ ਪਟਨੇ ਸਾਹਿਬ ਤੋਂ ਢਾਕੇ ਸ਼ਹਿਰ ਪਹੁੰਚਣਾ}

੩੬. {ਕਾਮਰੂਪ ਤੇ ਆਸਾਮ ਦੇਸ ਦਾ ਉਧਾਰ}

੩੭. {ਬੰਗਾਲ ਤੇ ਉੜੀਸਾ ਦੀਆਂ ਸੰਗਤਾਂ ਦਾ ਉਧਾਰ, ਸ੍ਰੀ ਪਟਣੇ ਸਾਹਿਬ ਵਾਪਸ ਆਉਣਾ, ਸਾਹਿਬਜ਼ਾਦੇ ਦੇ ਅਵਤਾਰ ਦੀ ਖ਼ੁਸ਼ੀ ਵਿੱਚ ਉਤਸ਼ਵ, ਫਿਰ ਵਾਪਸ ਅਨੰਦ ਪੁਰ ਪਹੁੰਚਣਾ}

੩੮. {ਸ੍ਰੀ ਕਲਗੀਧਰ ਜੀ ਦਾ ਸ਼ੁਭ ਵਿਵਾਹ}

੩੯. {ਹਿੰਦੂ ਧਰਮ ਦੀਰਖਿਆ ਲਈ ਦਿੱਲੀ ਨੂੰ ਜਾਂਦਿਆਂ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ ਆਗਰੇ ਪਹੁੰਚਣਾ}

੪੦. {ਦਿੱਲੀ ਔਰੰਗਜ਼ੇਬ ਨਾਲ ਚਰਚਾ ਤੇ ਤਿੰਨਾਂ ਸਿੱਖਾਂ ਦਾ ਸ਼ਹੀਦ ਹੋਣਾ}

੪੧. {ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ}

੪੨. {ਸ੍ਰੀ ਕਲਗੀਧਰ ਜੀ ਦੇ ਪਹਿਲੇ ਜਨਮ ਦੀ ਕਥਾ}

੪੩. {ਕਲਗੀਧਰ ਜੀ ਦੀ ਜਨਮ ਕਥਾ}

੪੪. {ਬਾਲ ਲੀਲ੍ਹਾ, ਪਟਨੇ ਸਾਹਿਬ ਤੋਂ ਅਨੰਦਪੁਰ ਨੂੰ}

੪੫. {ਕਾਂਸ਼ੀ ਤੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਾ}

੪੬. {ਬਾਲ ਲੀਲ੍ਹਾ, ਗੁਰਤਾ-ਗੱਦੀ ਤੇ ਸ਼ਸਤ੍ਰ ਅਭਿਆਸ}

੪੭. {ਗੁਲਾਬਰਾਇ ਨੂੰ ਵਰ, ਰਿੱਛ ਦੀ ਕਲਿਆਣ, ਕਾਬਲੋਂ ਤੰਬੂ ਆਉਣਾ, ਗੁਰਾਂ ਦਾ ਦੂਜਾ ਵਿਆਹ}

੪੮. {ਆਸਾਮ ਦੇ ਰਾਜੇ ਰਤਨਰਾਇ ਦਾ ਆਉਣਾ ਤੇ ਗੁਰੂ ਜੀ ਨੇ ਰਣਜੀਤ ਨਗਾਰਾ ਬਣਵਾਇਆ}

੪੯. {ਰਣਜੀਤ ਨਗਾਰਾ ਸੁਣ ਕੇ ਪਹਿਲਾਂ ਵਜ਼ੀਰ ਫਿਰ ਭੀਮ ਚੰਦ ਤੇ ਬਾਦ ਵਿਚ ਚਤੁਰ ਵਕੀਲ ਚੀਜ਼ਾਂ ਮੰਗਣ ਆਇਆ}

੫੦. {ਭੀਮ ਚੰਦ ਦੇ ਵਕੀਲ ਦਾ ਹਾਥੀ ਲੈਣ ਆਉਣਾ}

੫੧. {ਗੁਰੂ ਜੀ ਨੇ ਪਾਂਵਟਾ ਨਗਰ ਵਸਾਉਣਾ}

੫੨. {ਪਠਾਣ ਨੌਕਰ ਰੱਖਣੇ, ਰਾਮਰਾਇ ਦਾ ਮਿਲਣਾ, ਕਪਾਲ ਮੋਚਨ ਜਾਣਾ, ਸਿੱਖਾਂ ਨੂੰ ਪੜ੍ਹਾਉਣਾ, ਸੂਰਮੇ ਭਰਤੀ ਕਰਨੇ}

੫੩. {ਰਾਮਰਾਇ ਦਾ ਦੇਹਾਂਤ, ਗੁਰੂ ਜੀ ਦਾ ਡੇਹਰਾ ਦੂਨ ਜਾਣਾ, ਮਸੰਦਾਂ ਨੂੰ ਸਜ਼ਾਵਾਂ}

੫੪. {ਰਾਜੇ ਫ਼ਤੇ ਸ਼ਾਹ ਦੀ ਲੜਕੀ ਦੇ ਵਿਆਹ ਸਮੇਂ ਤੰਬੋਲ ਤੇ ਭੀਮ ਚੰਦ ਨਾਲ ਝਗੜਾ, ਪਠਾਣਾਂ ਦੀ ਨਿਮਕ ਹਰਾਮੀ, ਗੁਰੂ ਜੀ ਵੱਲੋਂ ਜੰਗ ਦੀ ਤਿਆਰੀ}

੫੫. {ਜੰਗ ਭੰਗਾਣੀ, ਬੇਈਮਾਨ ਪਠਾਣ ਪਹਾੜੀਆਂ ਨਾਲ ਜਾ ਮਿਲੇ}

੫੬. {ਸ੍ਰੀ ਪਾਂਵਟੇ ਸਾਹਿਬ ਤੋਂ ਸ੍ਰੀ ਅਨੰਦ ਪੁਰ ਸਾਹਿਬ}

੫੭. {ਭੀਮ ਚੰਦ ਨਾਲ ਮੇਲ, ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ}

੫੮. {ਠੱਗਾਂ ਨੂੰ ਪਕੜਨਾ, ਨਦੌਣ ਦਾ ਜੰਗ}

੫੯. {ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ ਅਤੇ ਜੰਗ ਗੁਲੇਰ}

੬੦. {ਦੁਰਗਾ ਪ੍ਰਗਟ ਕਰਨੀ}

੬੧. {ਸਿੱਖੀ ਪਰਖਣੀ ਅਤੇ ਖਾਲਸਾ ਪੰਥ ਸਾਜਣਾ}

੬੨. {ਕਪਤਾਨ ਮਰੇ ਦੇ ਪ੍ਰਸ਼ਨਾਂ ਦਾ ਉੱਤ੍ਰ, ਮਸੰਦਾਂ ਦੀ ਨਕਲ ਵੇਖ ਕੇ ਉਨ੍ਹਾਂ ਨੂੰ ਦੰਡ ਦੇਣਾ, ਪੰਥ ਦੀ ਬ੍ਰਿਧੀ}

੬੩. {ਗੁਰੂ ਜੀ ਦੇ ਪਹਾੜੀਆਂ ਤੇ ਤੁਰਕਾਂ ਨਾਲ ਜੰਗ}

੬੪. {ਪਹਾੜੀਰਾਜਿਆਂ ਦੀ ਔਰੰਗੇ ਪਾਸ ਫ਼ਰਿਆਦ, ਜੰਗ ਤੇ ਅਨੰਦ ਪੁਰਿ ਛੱਡਣਾ}

੬੫. {ਚਮਕੌਰ ਦਾ ਜੰਗ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਮਾਛੀਵਾੜੇ ਪਹੁੰਚਣਾ}

੬੬. {ਮਾਛੀਵਾੜੇ ਤੋਂ ਚੱਲ ਕੇ ਦੀਨੇ ਨਗਰ ਪਹੁੰਚਣਾ}

੬੭. {ਔਰੰਗੇ ਪਾਸ ਜ਼ਫਰ ਨਾਮਾ ਭੇਜਣਾ ਤੇ ਮੁਕਤਿ ਸਰ ਜੰਗ}

੬੮. {ਸ੍ਰੀ ਦਮਦਮੇ ਸਾਹਿਬ ਪਹੁੰਚਣਾ, ਭੱਲੇ ਦਾ ਮਿਲਾਪ, ਬਠਿੰਡਿਓਂ ਦੇਉ ਕੱਢਣਾ, ਸਿੰਘ ਸਜਾਉਣੇ, ਮਹਿਲਾਂ ਦਾ ਆਉਣਾ ਤੇ ਦੱਖਣ ਪ੍ਰਸੰਗ}

੬੯. {ਔਰੰਗੇ ਦੀ ਮੌਤ, ਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਪਾਤਸ਼ਾਹੀ ਦਿਵਾਉਣੀ}

੭੦. {ਗੋਦਾਵਰੀ ਦੇ ਕੰਢੇ 'ਤੇ ਨਦੇੜ ਸ਼ਹਿਰ ਪਾਸ ਉਤਾਰਾ, ਬੰਦੇ ਨੂੰ ਸਿੱਖ ਬਣਾ ਕੇ ਪੰਜਾਬ ਦੀ ਤਰਫ ਭੇਜਣਾ}

੭੧. {ਦਸਮ ਗੁਰੂ ਜੀ ਦਾ ਜੋਤੀ ਜੋਤਿ ਸਮਾਉਣਾ, ਅਬਚਲ ਨਗਰ ਦੀ ਕਥਾ}



ਅਥ ਸ਼੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥ ਲਿਖਯਤੇ।

ਅਥ=ਪ੍ਰਾਚੀਨ ਰਿਖੀਆਂ ਦਾ ਮੰਨਿਆ ਹੋਇਆ ਮੰਗਲ ਪ੍ਰਗਟ ਕਰਨ ਵਾਲਾ ਸ਼ਬਦ, ਜਿਸ ਨੂੰ ਹਰ ਕਵੀ ਆਪਣੇ ਗ੍ਰੰਥ ਦੇ ਨਾਮ ਦੇ ਆਦਿ ਵਿੱਚ ਲਿਖਦਾ ਹੈ। ਇਸ ਦੇ ਅਰਥ ਹਨ ਅਬ, ਹੁਣ। (ਅ) ਇਸ ਪਿੱਛੋਂ, ਉਪ੍ਰਾਂਤ ਆਦਿ। ਗ੍ਰੰਥ=ਪੋਥੀ, ਪੁਸਤਕ, ਕਿਤਾਬ। ਲਿਖਯਤੇ=ਲਿਖਦੇ ਹਾਂ।

ਹੁਣ 'ਸ੍ਰੀ ਗੁਰੁ ਪੰਥ ਪ੍ਰਕਾਸ਼' ਗ੍ਰੰਥ ਲਿਖਦੇ ਹਾਂ ਭਾਵ ਅਰੰਭ ਕਰਦੇ ਹਾਂ।

੧. {ਪਹਿਲਾ ਬਿਸ੍ਰਾਮ}

ਬਿਸ੍ਰਾਮ=ਠਹਿਰਾਉ, ਠਹਿਰਨ ਦੀ ਜਗ੍ਹਾ, ਟਿਕਾਉ, ਰਿਹਾਇਸ਼, ਭਾਵ, ਅਧਯਾਯ, ਪੁਸਤਕ ਦਾ ਹਿੱਸਾ, ਪੋਥੀ ਦਾ ਭਾਗ। ਪਹਿਲਾ ਧਿਆ।

ਮੰਗਲਾ ਚਰਨ

ਇਸ ਪਹਿਲੇ ਬਿਸ੍ਰਾਮ ਵਿੱਚ ਕਵੀ ਜੀ ਨੇ ਆਪਣੇ ਇਸ਼ਟ ਦੇਵਾਂ ਦੇ ਮੰਗਲਾਂ ਅਤੇ ਗ੍ਰੰਥਰਚਣ ਦੇ ਕਾਰਨ ਦਾ ਜ਼ਿਕਰ ਕੀਤਾ ਹੈ ਇਸ ਲਈ ਉਹਨਾਂ ਨੇ ਇਸ ਦੇ ਅੰਤ ਵਿੱਚ ਇਸ ਦਾ ਨਾਮ 'ਮੰਗਲ, ਗ੍ਰੰਥ ਕਾਰਨ ਬਰਨਨੰ ਨਾਮ ਪ੍ਰਿਥਮੋ ਬਿਸ੍ਰਾਮ' ਲਿਖਿਆ ਹੈ। ਵਿਦਵਾਨਾਂ ਨੇ ਮੰਗਲਾ ਚਰਨ ਦੇ ਤਿੰਨ ਭੇਦ ਮੰਨੇ ਹਨ:

੧. ਵਸਤੂ ਨਿਰਦੇਸ਼ਾਤਮਕ- ਗ੍ਰੰਥ ਵਿੱਚ ਜਿਸ ਵਿਅਕਤੀ ਜਾਂ ਵਸਤੂ ਦਾ ਵਰਣਨ ਕਰਨਾ ਹੈ ਉਸੇ ਦੀ ਹੀ ਗੁਣ, ਮਹਿਮਾ, ਲੱਛਣ ਆਦਿ ਦੇ ਬੋਧ ਕਰਾਉਣ ਵਾਲਾ ਮੰਗਲ, ਜਿਵੇਂ ਇਸੇ ਬਿਸ੍ਰਾਮ ਦਾ ਛੰਦ ਨੰ: ੫।

੨. ਅਸ਼ੀਰਵਾਦਾਤਮਕ- ਜਿਸਰਾਹੀਂ ਆਪਣੀ ਕਲਿਆਣ ਦੀ ਕਾਮਨਾ ਕੀਤੀ ਜਾਵੇ ਜਾਂ ਅਸੀਸ ਦੀ ਯਾਚਨਾ ਦਾ ਭਾਵ ਹੋਵੇ, ਜਿਵੇਂ ਇਸੇ ਬਿਸ੍ਰਾਮ ਦਾ ਛੰਦ ਨੰ: ੨।

੩. ਨਮਸਕਾਰਾਤਮਕ- ਜਿਸ ਵਿੱਚ ਆਪਣੇ ਇਸ਼ਟ ਦੇਵ ਨੂੰ ਨਮਸਕਾਰ ਕੀਤੀ ਜਾਵੇ, ਜਿਵੇਂ ਇਸੇ ਬਿਸ੍ਰਾਮ ਦੇ ਛੰਦ ਨੰ: ੧, ੮, ੯। ਪ੍ਰਾਚੀਨ ਸਮੇਂ ਤੋਂ ਕਵੀ ਆਪਣੇ ਕਾਵਿ-ਗ੍ਰੰਥਾਂ ਵਿੱਚ ਮੰਗਲਾ ਚਰਨ ਕਰਦੇ ਚਲੇ ਆਰਹੇ ਹਨ। ਮੰਗਲ ਸ਼ਬਦ ਦੇ ਅਰਥ ਹਨ- ਅਨੰਦ, ਖ਼ੁਸ਼ੀ, ਉਤਸ਼ਵ, ਖ਼ੁਸ਼-ਨਸੀਬੀ ਅਤੇ ਗ੍ਰੰਥ ਦੇ ਮੁੱਢ ਕਰਤਾਰ ਅਤੇ ਇਸ਼ਟ-ਦੇਵਤਾ ਦਾ ਨਿਰਵਿਘਨ ਸਮਾਪਤੀ ਲਈ ਕੀਤਾ ਅਰਾਧਨ। ਕਵੀ ਜਾਂ ਲੇਖਕ ਦੀ ਦਿਲੀ-ਕਾਮਨਾ ਇਹ ਹੁੰਦੀ ਹੈ ਕਿ ਮੇਰਾ ਗ੍ਰੰਥ ਨਿਰਵਿਘਨ ਤੇ ਸੁਖ-ਪੂਰਬਕ ਸਮਾਪਤ ਹੋਵੇ, ਗ੍ਰੰਥ ਦੇ ਲਿਖਣ ਸਮੇਂ ਕਰਨ ਯੋਗ ਮਿਹਨਤ ਦੇ ਰਸਤੇ ਵਿੱਚ ਵਾਪਰਨ ਵਾਲੀਆਂ ਮੁਸ਼ਕਲਾਂ ਤੋਂ ਘਬਰਾ ਕੇ ਕਿਤੇ ਮਨ ਢਹਿੰਦੀਆਂ ਕਲਾਂ ਤੇ ਨਿਰਾਸ਼ਾ 'ਚ ਨ ਚਲਿਆ ਜਾਵੇ ਸਗੋਂ ਦ੍ਰਿੜ੍ਹਤਾ, ਭਰੋਸੇ ਤੇ ਹਿੰਮਤ ਦੇ ਬਲ ਨਾਲ ਹਮੇਸ਼ਾਂ ਚੜ੍ਹਦੀਆਂ ਕਲਾਂ ਵਿੱਚ ਰਹੇ। ਇਨ੍ਹਾਂ ਮਨੋਰਥਾਂ ਦੀ ਪੂਰਤੀ ਲਈ ਉਹ ਅਣ-ਦਿਸਦੇ ਮੰਡਲਾਂ ਤੋਂ ਮਦਦ ਦੀ ਯਾਚਨਾ ਕਰਦਾ ਹੈ, ਜੋ ਮੰਗਲਾ ਚਰਨ ਦੇ ਰੂਪ ਵਿੱਚ ਅੰਦਰੋਂ ਫੁੱਟ ਫੁੱਟ ਕੇ ਨਿਕਲਦੀ ਹੈ। ਮੰਗਲਾ ਚਰਨ ਤੋਂ ਗ੍ਰੰਥਕਾਰ ਦੀ ਆਸਤਕਤਾ ਤੇ ਇਸ਼ਟਾ-ਪਤੀ ਦਾ ਪਤਾ ਲੱਗ ਜਾਂਦਾ ਹੈ। ਕਵੀ ਜੀ ਅੱਗੋਂ ਇਕ ਮੰਗਲ ਨਹੀਂ ਸਗੋਂ ਮੰਗਲਾਂ ਦੀ ਲੜੀ ਅਰੰਭ ਕਰਨ ਲੱਗੇ ਹਨ। ਇਹ ਮੰਗਲ ੧੮ ਹਨ। ਤਿੰਨ ਤੇ ਚਾਰ ਨੰ: ਛੰਦ ਇਸ਼ਟ ਮੰਗਲ ਨਹੀਂ ਸਿਰਫ਼ 'ਕਵਿ-ਸੰਕੇਤਕ ਮਰਯਾਦਾ' ਦੇ ਮੰਗਲ ਹੀ ਸਮਝਣੇ ਚਾਹੀਦੇ ਹਨ।

੧. ਇਸ਼ਟ-ਦੇਵਾਂ ਦਾ ਸਾਂਝਾ ਮੰਗਲ।

ਦੋਹਰਾ:

ਏਕ ਹਰੀ ਦਸ ਰੂਪ ਗੁਰੁ, ਗ੍ਰੰਥ ਪੰਥ ਕੋ ਬੰਦ।
ਗ੍ਰੰਥ ਪੰਥ ਪ੍ਰਕਾਸ਼ ਯਹਿ, ਅਬ ਬਰਨੋਂ ਸੁਖ ਕੰਦ ॥ ੧ ॥

ਪਦਅਰਥ:
ਏਕ=ਇਕ, ਜਿਸ ਵਰਗਾ ਹੋਰ ਕੋਈ ਦੂਜਾ ਨਹੀਂ, ਅਦੁੱਤੀ, ਲਾਸਾਨੀ, ਲਾ-ਸ਼ਰੀਕ। ਹਰੀ=ਹਰ ਇਕ ਵਿੱਚ ਵੱਸਣ ਵਾਲਾ। (ਅ) ਪਾਪ ਨਾਸ਼ਕ। (ਏ) ਸਾਰਿਆਂ ਨੂੰ ਹਰੇ ਭਰੇ ਕਰਨ ਵਾਲਾ। (ਸ) ਭਾਵ ਅਕਾਲ ਪੁਰਖ। ਦਸ ਰੂਪ ਗੁਰ=ਸਤਿਗੁਰਾਂ ਦੇ ਦਸਰੂਪ ਭਾਵ ਦਸ ਗੁਰੂ ਸਾਹਿਬਾਨ। *ਗੁਰੁ ਗ੍ਰੰਥ=ਸ੍ਰੀ ਗੁਰੂ ਗ੍ਰੰਥ ਸਾਹਿਬ। *ਗੁਰੁ' ਸ਼ਬਦ ਨੂੰ ਦੇਹੁਰੀ ਦੀਪਕ ਤੇ ਸੁਲੇਖ ਮੰਨ ਕੇ ਅਰਥ ਕਰਨ ਲਈ ਦੋਹੀਂ ਪਾਸੀਂ ਵਰਤਿਆ ਜਾ ਸਕਦਾ ਹੈ; ਜਿਵੇਂ ਕਿ- 'ਦਸ ਰੂਪ ਗੁਰੁ' ਅਤੇ 'ਗੁਰੁ ਗ੍ਰੰਥ'। ਪੰਥ=ਤੀਜਾ ਪੰਥ, ਖ਼ਾਲਸਾ ਪੰਥ। ਬੰਦ=ਨਮਸਕਾਰ ਕਰਕੇ। ਬਰਨੋਂ=ਕਥਨ ਕਰਦਾ ਹਾਂ ਭਾਵ ਲਿਖਦਾ ਹਾਂ। ਸੁਖ ਕੰਦ=ਸੁਖਾਂ ਦਾ ਬੱਦਲ, ਸੁਖਾਂ ਦਾ ਫਲਰੂਪ।

ਅਰਥ

੧. ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਨੂੰ ਨਮਸਕਾਰ ਕਰਕੇ।

੨. ਇਹ ਸੁਖਾਂ ਦਾ ਫਲਰੂਪ 'ਸ੍ਰੀ ਗੁਰੁ ਪੰਥ ਪ੍ਰਕਾਸ਼' ਗ੍ਰੰਥ ਕਥਨ ਕਰਦਾ ਹਾਂ ਭਾਵ ਲਿਖਦਾ ਹਾਂ।

ਭਾਵ ਕਵੀ ਜੀ ਆਪਣੇ ਵੱਲੋਂ ਰਚੇ ਜਾਣ ਵਾਲੇ ਗ੍ਰੰਥ 'ਸ੍ਰੀ ਗੁਰੁ ਪੰਥ ਪ੍ਰਕਾਸ਼' ਦੇ ਅਰੰਭ ਦੇ ਦੋਹਿਰੇ ਦੀ ਪਹਿਲੀ ਤੁਕ ਵਿੱਚ ਆਪਣੇ ਇਸ਼ਟ-ਦੇਵਾਂ ਬਾਰੇ ਪਤਾ ਦੇਂਦੇ ਹਨ। ਉਹ ਗੁਰਮਤਿ ਦੇ ਇਸ ਸਿਧਾਂਤ ਦੇ ਅਟੱਲ ਵਿਸ਼ਵਾਸ਼ੀ ਹਨ ਕਿ ਵਾਹਿਗੁਰੂ ਇਕ ਹੈ ਤੇ ਉਸੇ ਨੇ ਹੀ ਸੰਸਾਰ ਦੀ ਕਲਿਆਣ ਹਿਤ ਗੁਰੂ ਨਾਨਕ ਰੂਪ ਹੋ ਕੇ ਦਸ ਜਾਮੇ ਧਾਰੇ ਹਨ, ਦਸਮੇ ਜਾਮੇ ਸਮੇਂ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਪ੍ਰਗਟ ਗੁਰਾਂ ਕੀ ਦੇਹ' ਦਾ ਖ਼ਿਤਾਬ ਦੇ ਗਏ ਹਨ ਤੇ 'ਗੁਰੂ ਮਾਨੀਓ ਗ੍ਰੰਥ' ਆਖ ਕੇ ਆਪਣੇ ਹੱਥੀਂ ਗੁਰਤਾ ਗੱਦੀ 'ਤੇ ਬਿਰਾਜਮਾਨ ਕਰ ਗਏ ਹਨ ਅਤੇ ਖ਼ਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਗਏ ਹਨ। ਹਜ਼ੂਰ ਨੇ ਖ਼ਾਲਸੇ ਨੂੰ ਆਪਣਾਰੂਪ ਦਿੱਤਾ ਸੀ ਤੇ ਫ਼ੁਰਮਾਇਆ ਸੀ 'ਖ਼ਾਲਸਾ ਮੇਰੋਰੂਪ ਹੈ ਖ਼ਾਸ'। ਇਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੇ ਤਾਬੇਦਾਰੀ ਵਿੱਚ ਚਲਦਾ ਹੋਇਆ ਪੰਥ ਵੀ ਗੁਰੂ ਦੇ ਸ਼ਰੀਰ ਦੀ ਪ੍ਰਤੀਨਿਧਤਾ ਕਰਦਾ ਹੈ ਜਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਾਂ ਦੀ ਆਤਮਾ ਤੇ ਜੋਤ ਦੇ ਪ੍ਰਤੀਨਿਧ ਹਨ। ਜੇ ਖ਼ਾਲਸਾ ਪੰਥ ਗੁਰਾਂ ਦਾ ਸ਼ਰੀਰ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਾਂ ਦੀ ਆਤਮਾ ਹਨ। ਕਵੀ ਜੀ ਕੇਵਲ ਸਿੱਖ ਧਰਮ ਦੇ ਸ਼ਰਧਾਲੂ ਜਾਂ ਮੰਨਣ ਵਾਲੇ ਹੀ ਨਹੀਂ ਸਗੋਂ ਸਿੱਖ ਧਰਮ ਦੇ ਡੂੰਘੇ ਸਿਧਾਂਤਾਂ ਦੇ ਵਾਕਫ਼, ਧਾਰਨੀ ਤੇ ਮੁਖਜ ਪ੍ਰਚਾਰਕ ਵੀ ਸਨ। ਸਿੱਖ ਧਰਮ ਨੂੰ ਵਿਸ਼ਵ ਧਰਮ ਦੇਰੂਪ ਵਿੱਚ ਤੱਕਣ ਦੇ ਚਾਹਵਾਨਾਂ ਵਿੱਚੋਂ ਆਪ ਸਭ ਤੋਂ ਅੱਗੇ ਸਨ। ਇਸ ਦੋਹਿਰੇ ਤੋਂ ਉਹ ਆਪਣੇ ਮੰਗਲਾਂ ਦਾ ਅਰੰਭ ਕਰਦੇ ਹਨ। ਇਕ ਤਰ੍ਹਾਂ ਨਾਲ ਇਹ ਉਹਨਾਂ ਦੇ ਮੰਗਲਾਂ ਦੀ ਸਿਲਸਲੇਵਾਰ ਸੂਚੀ ਹੈ। ਦੂਜੀ ਤੁਕ ਵਿੱਚ ਆਪਣੇ ਵੱਲੋਂਰਚਿਤ ਗ੍ਰੰਥ ਪੰਥ ਪ੍ਰਕਾਸ਼ ਨੂੰ ਸੁਖਾਂ ਦਾ ਸੋਮਾ ਕਹਿੰਦੇ ਹਨ। ਗੁਰਮਤਿ ਅਨੁਸਾਰ ਸੱਚੇ ਤੇ ਸਦੀਵੀ ਸੁਖ ਦੀ ਪ੍ਰਾਪਤੀ ਦੇ ਦੋ ਹੀ ਸਾਧਨ ਹਨ: ਇਕ ਪ੍ਰਮੇਸ਼ੁਰ ਤੇ ਗੁਰੂ ਦੇ ਗੁਣ ਗਾਉਣੇ, 'ਸਰਬ ਸੁਖਾ ਹਰਿ ਹਰਿ ਗੁਣ ਗਾਏ' ਤੇ ਦੂਜਾ ਧਰਮ ਯੁੱਧ ਵਿੱਚ ਜੂਝ ਕੇ ਸ਼ਹੀਦ ਹੋਣਾ, ਇਸ ਦੀ ਯਾਚਨਾ ਵੀ ਕਲਗੀਧਰ ਜੀ ਆਪ ਕਰਦੇ ਹਨ: "ਜਬ ਆਵ ਕੀ ਅਉਧ ਨਿਦਾਨ ਬਨੇ ਅਤਿ ਹੀਰਣ ਮੈ ਤਬ ਜੂਝ ਮਰੌਂ।" ਇਸ ਗ੍ਰੰਥ ਵਿੱਚ ਵਾਹਿਗੁਰੂ ਤੇ ਦਸਾਂ ਗੁਰਾਂ ਦੇ ਜਸ ਦਾ ਵਰਣਨ ਤੇ ਧਰਮੀ ਯੋਧੇ ਸਿੰਘਾਂ ਦੇ ਸਾਕੇ ਤੇ ਸ਼ਹੀਦੀਆਂ ਦਾ ਵਰਣਨ ਹੈ ਜਿਸ ਤੋਂ ਨਿਸ਼ਚੇ ਹੀ ਇਹ ਗ੍ਰੰਥ ਸੁਖਾਂ ਦਾ ਸੋਮਾ ਸਾਬਤ ਹੋਵੇਗਾ।

੨. ਗੁਰਮੰਤ੍ਰ, ਵਾਹਿਗੁਰੂ ਨਾਮੁ ਦਾ ਮੰਗਲ।

ਸ੍ਵੈਯਾ:

ਵਾਹਿਗੁਰੂ ਵਰ ਮੰਤ੍ਰਰਾਜ, ਉਚਾਰਣ ਤੈ ਅਘ ਓਘ ਨਸੈ ਹੈਂ।
ਦਾਸਨ ਕੀ ਭਵ ਪਾਸ ਬਿਨਾਸਕ, ਯਾ ਸਮ ਔਰ ਨ ਕੋ ਕਲਿ ਮੈ ਹੈ।
ਚਾਰ ਪਦਾਰਥ ਔਂ ਪਰਮਾਰਥ, ਸ੍ਵਾਰਥ ਸਿੱਧ ਸਭੀ ਕਰਿ ਦੈ ਹੈ।
ਗਜਾਨ ਹਰੀ ਇਸ ਨਾਮ ਕੀ ਸਾਮ, ਧਰੀ ਮੁਦ ਮੰਗਲ ਦਾ ਲਖ ਕੈ ਹੈ ॥੨॥

ਪਦਅਰਥ: ਵਰ=ਸ੍ਰੇਸ਼ਟ, ਉੱਤਮ। ਮੰਤ੍ਰਰਾਜ=ਮੰਤ੍ਰਾਂ ਦਾ ਰਾਜਾ, ਸ਼੍ਰੋਮਣੀ ਮੰਤ੍ਰ। ਉਚਾਰਣ ਤੈ=ਸਿਮਰਨ ਕਰਨ ਨਾਲ। ਅਘ=ਪਾਪ। ਓਘ=ਸਮੂੰਹ। ਸਾਰੇ ਨਸੈ ਹੈਂ=ਨੱਸ ਜਾਂਦੇ ਹਨ, ਦੂਰ ਹੋ ਜਾਂਦੇ ਹਨ। ਭਵ=ਜੰਮਣ ਮਰਨਰੂਪ, (ਅ) ਸੰਸਾਰਰੂਪ।

ਪਾਸ=ਫਾਹੀ। ਬਿਨਾਸਕ=ਨਾਸ ਕਰਨ ਵਾਲਾ, ਕੱਟਣ ਵਾਲਾ। ਯਾ ਸਮ=ਇਸ ਵਾਹਿਗੁਰੂ ਮੰਤ੍ਰ ਵਰਗਾ। ਔਰ=ਹੋਰ। ਕੋ=ਕੋਈ ਵੀ। ਕਲਿ ਮੈ=ਕਲਜੁਗ ਦੇ ਸਮੇਂ ਵਿੱਚ। ਚਾਰ ਪਦਾਰਥ=ਧਰਮ, ਅਰਥ, ਕਾਮ ਤੇ ਮੋਖ। ਔ=ਅਤੇ। ਪਰਮਾਰਥ=ਉੱਤਮ ਪਦਾਰਥ, ਮੁਖਜ ਪ੍ਰਯੋਜਨ। ਆਤਮ ਵਿਦਿਆ, ਕੈਵਲ ਮੁਕਤੀ। ਸ੍ਵਾਰਥ=ਆਪਣਾ ਪ੍ਰਯੋਜਨ, ਦੁਨਿਆਵੀ ਇੱਛਾ, ਆਪਣੀ ਗ਼ਰਜ਼। ਸਿੱਧ ਸਭੈ ਕਰਿ ਦੈ ਹੈ=ਸਾਰਿਆਂ (ਪਦਾਰਥਾਂ) ਨੂੰ ਪ੍ਰਾਪਤ ਕਰਾ ਦੇਂਦਾ ਹੈ ਭਾਵ ਦੇ ਦੇਂਦਾ ਹੈ। ਗਜਾਨ ਹਰੀ=ਗਿਆਨ ਸਿੰਘ (ਕਵੀ)। ਸਾਮ=ਸ਼ਰਨ।

ਧਰੀ=ਧਾਰਨਾ ਕੀਤੀ, ਗ੍ਰਹਿਣ ਕੀਤੀ ਭਾਵ ਲਈ ਹੈ। ਮੁਦ ਮੰਗਲ ਦਾ=ਅਨੰਦ ਤੇ ਖ਼ੁਸ਼ੀ ਦੇਣ ਵਾਲਾ। ਲਖ ਕੈ=ਜਾਣ ਕੇ।

ਅਰਥ:

੧. (ਦੁਨੀਆਂ ਦੇ ਹੋਰ ਮੰਤ੍ਰਾਂ ਵਿੱਚੋਂ) ਵਾਹਿਗੁਰੂ ਮੰਤ੍ਰ ਸ੍ਰੇਸ਼ਟ ਅਤੇ ਸ਼੍ਰੋਮਣੀ ਮੰਤ੍ਰ ਹੈ ਜਿਸ ਦੇ ਸਿਮਰਨ ਕਰਨ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ।

੨. ਦਾਸਾਂ ਦੀ ਜੰਮਣ ਮਰਨਰੂਪ ਫਾਹੀ ਨੂੰ ਕੱਟਣ ਵਾਲਾ ਇਸ (ਵਾਹਿਗੁਰੂ ਮੰਤ੍ਰ) ਵਰਗਾ ਕਲਜੁਗ ਦੇ ਸਮੇਂ ਵਿੱਚ ਹੋਰ ਕੋਈ (ਦੂਜਾ ਮੰਤ੍ਰ) ਨਹੀਂ ਹੈ।

੩. ਚਾਰੇ ਪਦਾਰਥ, ਕੈਵਲ ਮੁਕਤੀ, ਆਪਣੀ ਗ਼ਰਜ਼ ਆਦਿ ਸਾਰੇ (ਪਦਾਰਥਾਂ ਨੂੰ) ਪ੍ਰਾਪਤ ਕਰਾ ਦੇਂਦਾ ਹੈ ਭਾਵ ਦੇ ਦੇਂਦਾ ਹੈ।

੪. ਅਨੰਦ ਤੇ ਖ਼ੁਸ਼ੀਆਂ ਦੇ ਦੇਣ ਵਾਲਾ ਜਾਣ ਕੇ (ਕਵੀ) ਗਿਆਨ ਸਿੰਘ ਨੇ ਇਸ (ਵਾਹਿਗੁਰੂ) ਨਾਮ ਦੀ ਹੀ ਸ਼ਰਨ ਲਈ ਹੈ।

ਭਾਵ:

ਕਵੀ ਜੀ ਆਪਣੇ ਇਸ਼ਟ ਦੇਵਾਂ ਦੇ ਵੱਖ-ਵੱਖ ਮੰਗਲ ਲਿਖਣ ਤੋਂ ਪਹਿਲਾਂ ਨਾਮ ਦਾ ਮੰਗਲ ਕਰਦੇ ਹਨ। ਹੋਰ ਤਾਂ ਹੋਰ ਅਕਾਲ ਪੁਰਖ ਦਾ ਮੰਗਲ ਲਿਖਣ ਤੋਂ ਵੀ ਪਹਿਲਾਂ ਨਾਮ ਦਾ ਮੰਗਲ ਲਿਖਦੇ ਹਨ। ਇਸ ਲਈ ਕਿ ਗੁਰਮਤਿ ਵਿੱਚ ਨਾਮੀ ਦੀ ਹੋਂਦ ਨੂੰ ਪਰਗਟ ਕਰਨ ਵਾਲਾ ਉਸ ਦਾ ਨਾਮ ਉਸ ਨਾਮੀ ਤੋਂ ਵੀ ਉੱਚਾ ਹੈ: ਵਡਾ ਸਾਹਿਬੁ ਊਚਾ ਥਾਉ ॥
ਊਚੇ ਊਪਰਿ ਊਚਾ ਨਾਉ ॥ (ਜਪੁ ਜੀ ਪ: ੨੪ਵੀਂ, ਪੰ: ੫)
ਨਾਮ ਤੋਂ ਬਿਨਾ ਨਾਮੀ ਦੀ ਕੋਈ ਹਸਤੀ ਨਹੀਂ, ਕਿਸੇ ਵਸਤੂ ਦੀ ਹੋਂਦ ਉਸ ਦੇ ਆਪਣੇ ਨਾਮ ਵਿੱਚ ਹੈ। ਜਿਸ ਪਦਾਰਥ ਦਾ ਕੋਈ ਨਾਮ ਨਹੀਂ ਉਸ ਦੀ ਸੰਸਾਰ ਵਿੱਚ ਅਣਹੋਂਦ ਹੈ। ਸਿਰਜਣਹਾਰ ਦੀ ਹੋਂਦ ਉਸ ਦੇ ਆਪਣੇ ਨਾਮ ਕਰ ਕੇ ਹੈ। ਨਾਮ ਤੋਂ ਬਿਨਾ ਉਸ ਦੀ ਹਸਤੀ ਬਾਰੇ ਪਤਾ ਨਹੀਂ ਲੱਗ ਸਕਦਾ। ਸੰਸਾਰ ਦੀ ਰਚਨਾ ਉਸ ਸਿਰਜਣਹਾਰ ਦੀ ਹੋਂਦ ਦਾ ਪਤਾ ਦੇਂਦੀ ਹੈ। ਇਸੇ ਲਈ ਹੀ ਕਿਹਾ ਹੈ ਕਿ
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾਰੂਪੁ ਹੈ ਹਰਿਰੂਪੁ ਨਦਰੀ ਆਇਆ ॥
ਇਹ ਸੰਸਾਰ ਵਾਹਿਗੁਰੂ ਦਾ ਰੂਪ ਹੈ, ਹੋਂਦ ਨੂੰ ਪਰਗਟ ਕਰਦਾ ਹੈ। ਇਸ ਲਈ ਇਹ ਨਾਉਂ ਹੈ:
ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ (ਜਪੁਜੀ ਪ: ੧੯, ਪੰ: ੪)
ਨਾਮ ਤੇ ਨਾਮੀ ਵਿੱਚ ਅਭੇਦਤਾ ਹੈ। ਦੋਨੋਂ ਇਕ ਦੂਜੇ ਵਿੱਚ ਇਕਮਿਕ ਹਨ। ਦੋਹਾਂ ਨੂੰ ਇਕ ਦੂਜੇ ਤੋਂ ਨਿਖੇੜਿਆ ਨਹੀਂ ਜਾ ਸਕਦਾ। ਇਸੇ ਲਈ ਗੁਰਬਾਣੀ ਵਿੱਚ ਨਾਮ ਤੋਂ ਹੀ ਸਾਰੇ ਜਗਤ ਦੀ ਉਤਪਤੀ ਕਹੀ ਹੈ:
ਨਾਮੈ ਹੀ ਤੇ ਸਭੁ ਕਿਛੁ ਹੋਆ ॥ (ਸੂਹੀ ਮਹਲਾ ੩ ਅ:, ਪੰਨਾ ੭੫੩)
ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ (ਸੁਖਮਨੀ ਅ: ੧੬ਵੀਂ, ਪ: ਪਵੀਂ, ਪੰ: ੨੮੪)
ਨਾਮੀ ਨੂੰ ਮੇਲਣ ਵਾਲਾ ਵੀ ਨਾਮ ਹੀ ਹੈ। ਇਹ ਸਾਧਨ ਹੈ। ਕਵੀ ਜੀ ਨੇ ਖ਼ੁਦ ਲਿਖਿਆ ਹੈ:
ਮਿਲੇ ਨਾਮ ਤੇ ਨਾਮੀ ਨੀਕੇ। ਨਾਮ ਬਿਨਾ ਸਭ ਕਾਰਜ ਫੀਕੇ। (ਅੰ: ਐ: ਪੰ: ੩੫)
ਨਾਮ ਦਾ ਤੱਤ ਸਾਰਿਆਂ ਤੱਤਾਂ 'ਚੋਂ ਸ਼੍ਰੋਮਣੀ ਜਾਣਿਆ ਗਿਆ ਹੈ:
ਨਾਮ ਤਤੁ ਸਭ ਹੀ ਸਿਰਿ ਜਾਪੈ ॥ ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥ (ਰਾਮਕਲੀ ਮਹਲਾ ੧ ਸਿਧ ਗੋਸਟ, ਪੰ: ੯੪੩)
ਨਾਮ ਦੇ ਬਰਾਬਰ ਕੋਈ ਸਾਧਨ ਅਪੜ ਨਹੀਂ ਸਕਦਾ:
ਨਾਮ ਤੁਲਿ ਕਛੁ ਅਵਰੁ ਨ ਹੋਇ ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ (ਸੁਖਮਨੀ ਅ: ੨, ਪ: ੮ਵੀਂ, ਪੰ: ੨੬੫)
ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥ ਅਉਰ ਧਰਮ ਤਾ ਕੈ ਸਮਿ ਨਾਹਨਿ ਇਹ ਬਿਧਿ ਬੇਦੁ ਬਤਾਵੈ ॥ (ਸੋਰਠਿ ਮਹਲਾ ੯, ਪੰ: ੬੩੨)

Sri Satguru Jagjit Singh Ji eLibrary NamdhariElibrary@gmail.com

ਗੁਰਮਤਿ ਵਿੱਚ ਵਾਹਿਗੁਰੂ ਜੀ ਦੇ ਨਿਰਗੁਣ ਤੇ ਸਰਗੁਣ ਦੋਹਾਂਰੂਪਾਂ ਤੋਂ ਨਾਮ ਨੂੰ ਵੱਡਾ ਕਿਹਾ ਹੈ:
ਨਾਗੁਨ ਤੇ ਅਰ ਸਾਗੁਨ ਤੇ ਗੁਰ ਕੇ ਮਤ ਮੈ ਬਡ ਨਾਮ ਪਛਾਨੋ।
(ਨਾ: ਪ੍ਰ: ਅ: ੧, ਅੰ: ੫੫)
ਨਿਰਗੁਣ ਤੇ ਸਰਗੁਣ ਦੇ ਸਾਰੇ ਨਾਵਾਂ ਵਿੱਚੋਂ ਵਾਹਿਗੁਰੂ ਨਾਮ ਸ਼੍ਰੋਮਣੀ ਹੈ:
ਨਿਰਗੁਣ ਸਰਗੁਨ ਨਾਮ ਜੇ 'ਵਾਹਿਗੁਰੂ' ਤਿਨ ਮੇਰੁ।
(ਨਾ: ਪ੍ਰ: ਅ: ੧, ਅੰ: ੬੧)
ਇਹ ਵਾਹਿਗੁਰੂ ਮੰਤ੍ਰ ਸਾਰੇ ਮੰਤ੍ਰਾਂ ਦਾ ਰਾਜਾ ਇਸ ਲਈ ਹੈ ਕਿ ਇਸ ਨੂੰ ਸਭ ਤੋਂ ਪਹਿਲਾਂ ਗੁਰੂ ਨਾਨਕ ਨੇ ਉਚਾਰਿਆ ਹੈ। ਇਹ ਗੁਰੂ ਨਾਨਕ ਜੀ ਦੀ ਅੰਮ੍ਰਿਤ ਰਸਨਾ 'ਚੋਂ ਅੰਮ੍ਰਿਤ ਛੋਹ ਲੈ ਕੇ ਪ੍ਰਗਟ ਹੋਇਆ ਹੈ। ਗੁਰੂ ਨਾਨਕ ਜੀ ਨੇ ਜਗਤ ਨੂੰ ਆਪਣੇ ਵੱਲੋਂ ਗੁਰ-ਮੰਤ੍ਰ ਦਿੱਤਾ ਹੈ:
ਵਾਹਿਗੁਰੂ ਗੁਰ ਮੰਤ੍ਰ ਹੈ ਜਪੁ ਹਉਮੈ ਖੋਈ ॥ (ਭਾ: ਗੁ: ਵਾਰ ੧੩, ਪਉੜੀ ੩)
ਇਸ ਨਾਮ ਦੀ ਬੇਅੰਤ ਮਹਿਮਾ ਹੈ। ਕਵੀ ਜੀ ਨੇ ਇਸ ਨੂੰ ਪਾਪਾਂ ਦਾ ਨਾਸ਼ਕ, ਜਨਮ ਮਰਨ ਦੀ ਫਾਹੀ ਕੱਟਣ ਵਾਲਾ, ਸਾਰੇ ਪਦਾਰਥਾਂ ਦਾ ਦਾਤਾ, ਅਨੰਦ ਤੇ ਖ਼ੁਸ਼ੀ ਦਾ ਸੋਮਾ ਵਰਣਨ ਕੀਤਾ ਹੈ। ਇਸ ਦੇ ਗੁਣਾਂ ਜਾਂ ਇਸ ਦੇ ਜਾਪ ਦੇ ਫਲ ਦਾ ਉਨ੍ਹਾਂ ਨੂੰ ਹੀ ਅਨੁਭਵ ਹੋ ਸਕਦਾ ਹੈ ਜਿਨ੍ਹਾਂ ਨੇ ਇਸ ਦੇ ਸਿਮਰਨ ਦਾ ਅਨੰਦ ਮਾਣਿਆ ਹੈ। ਭਾਈ ਗੁਰਦਾਸ ਜੀ ਦੇ ਨਾਮ ਨਾਲ ਪ੍ਰਸਿੱਧ ਇਕ ਸ੍ਵੈਯੇ ਵਿੱਚ ਉਨ੍ਹਾਂ ਇਕ ਵਾਰ ਵਾਹਿਗੁਰੂ ਮੰਤ੍ਰ ਕਹਿਣ ਦਾ ਫਲ ਤੀਰਥ ਯਾਤ੍ਰਾ, ਜਪ, ਤਪ ਤੇ ਜੱਗਾਂ ਤੋਂ ਕਿਤੇ ਵਧੇਰੇ ਕਿਹਾ ਹੈ:
ਜੈਸੇ ਅਠਸਠ ਤੀਰਥ ਪਰਸ ਕੀਏ, ਜੁਗ ਚਾਰ ਚੜਿਉ ਕੈਲਾਸ਼ ਰਹਿਉ।
ਜੈਸੇ ਕੋਟ ਜਨਮ ਤਪ ਉਰਧ ਮੁਖੀ, ਬੈਸੰਤਰ ਮੈ ਤਨਿ ਦਾਹ ਦੀਉ।
ਜੈਸੇ ਲਾਖ ਬਾਰ ਕੁਰਖੇਤਰ ਮੈ, ਅਸਮੇਧ ਜੱਗ ਅਭੰਗ ਠਇਉ।
ਫੁਨ ਅੰਮ੍ਰਿਤ ਨਾਮ ਵਿਸ਼ੇਸ਼ ਇਤੀ, ਜਿਨ ਏਕ ਵਾਰ ਸ੍ਰੀ 'ਵਾਹਿਗੁਰੂ' ਕਹਿਉ ॥

੩. ਕਾਵਿ-ਸੰਕੇਤ ਮਰਯਾਦਾ ਦਾ ਮੰਗਲ।

ਵੈਦਕ ਕਾਲ ਵਿੱਚ ਅੱਗ, ਸੂਰਜ, ਚੰਦ, ਤਾਰੇ ਆਦਿ ਕੁਦਰਤੀ ਸ਼ਕਤੀਆਂ ਨੂੰ ਦੇਵਤਾ ਥਾਪ ਕੇ ਇਨ੍ਹਾਂ ਦੀ ਪੂਜਾ ਪ੍ਰਧਾਨ ਸੀ। ਪੌਰਾਣਿਕ ਸਮੇਂ ਵਿੱਚ ਬ੍ਰਹਮਾ, ਬਿਸ਼ਨ, ਸ਼ਿਵ ਅਤੇ ਇਨ੍ਹਾਂ ਦੇ ਹੋਰ ਨਿਕਟਵਰਤੀਆਂ ਦੀ ਪੂਜਾ ਦਾ ਅਰੰਭ ਹੋਇਆ। ਦੇਵਤਿਆਂ ਦੇ ਗੁਣਾਂ ਤੇ ਸੁਭਾਵਾਂ ਅਨੁਸਾਰ ਉਨ੍ਹਾਂ ਦੀ ਅੱਡ-ਅੱਡ ਕਾਰਜਾਂ ਦੀ ਪੂਰਤੀ ਲਈ ਆਰਾਧਨਾ ਕੀਤੀ ਜਾਂਦੀ ਰਹੀ। ਜਿਵੇਂ ਕਿ ਮਾਇਆ ਪ੍ਰਾਪਤੀ ਲਈ ਸ਼ਿਵ ਅਤੇ ਵਿੱਦਿਆ ਪ੍ਰਾਪਤੀ ਲਈ ਸਰਸੁਤੀ ਆਦਿ। ਜ਼ਿੰਦਗੀ ਦੇ ਹਰ ਖੇਤਰ ਵਿੱਚ ਵਾਪਰਨ ਵਾਲੇ ਵਿਘਨਾਂ ਦੀ ਨਵਿਰਤੀ ਲਈ ਸ਼ਿਵ-ਪੁੱਤਰ ਗਣਾਂ ਦੇ ਸੈਨਾਪਤੀ ਗਣੇਸ਼ ਨੂੰ ਯਾਦ ਕੀਤਾ ਜਾਂਦਾ ਰਿਹਾ ਹੈ। ਇਸ ਦੇ ਜਨਮ ਤੇ ਜ਼ਿੰਦਗੀ ਬਾਰੇ ਪੁਰਾਣਾਂ ਤੇ ਰਵਾਇਤਾਂ ਵਿੱਚ ਭਿੰਨ-ਭਿੰਨ ਵਿਚਾਰ ਹਨ। ਜਿਵੇਂ ਕਿ:- ਬ੍ਰਹਮ ਵੈਵਰਤ ਪੁਰਾਣ ਵਿੱਚ ਲਿਖਿਆ ਹੈ ਕਿ ਵਿਸ਼ਨੂੰ ਦੇ ਵਰ ਨਾਲ ਪਾਰਬਤੀ ਦੇ ਘਰ ਪੁੱਤਰ ਪੈਦਾ ਹੋਇਆ। ਸਾਰੇ ਦੇਵਤੇ ਬਾਲਕ ਨੂੰ ਦੇਖਣ ਆਏ। ਜਦ ਸਾਰੇ ਦੇਵਤੇ ਦੇਖ ਕੇ ਪਰਸੰਨ ਹੋਏ ਤਾਂ ਪਾਰਬਤੀ ਨੇ 'ਸ਼ਨੀ' ਨੂੰ ਬਾਲਕ ਦੇਖਣ ਲਈ ਆਖਿਆ। ਜਦ ਸ਼ਨੀ ਦੀ ਨਜ਼ਰ ਪਈ ਤਾਂ ਬੱਚੇ ਦਾ ਸਿਰ ਉੱਡ ਗਿਆ। ਪਾਰਬਤੀ ਰੋਣ ਲੱਗ ਪਈ। ਵਿਸ਼ਨੂੰ ਜੀ ਨੇ ਇਕ ਹਾਥੀ ਦਾ ਸਿਰ ਵੱਢ ਕੇ ਬਾਲਕ ਦੇ ਧੜ ਨਾਲ ਜੋੜ ਦਿੱਤਾ ਅਤੇ ਨਾਉਂ ਗਣੇਸ਼ ਥਾਪ ਕੇ ਕਿਹਾ ਕਿ ਸਭ ਕਾਰਜਾਂ ਦੇ ਆਦਿ ਵਿੱਚ ਇਸ ਦਾ ਪੂਜਨ ਕਰੋ। ਇਹ ਪ੍ਰਸੰਗ ਵੀ ਹੈ ਕਿ ਪਾਰਬਤੀ ਨੇ ਆਪਣੇ ਸਰੀਰ ਦੀ ਮੈਲ ਤੋਂ ਇਕ ਬਾਲਕ ਬਣਾ ਕੇ ਬੂਹੇ ਉਪਰ ਪਹਿਰੇ ਲਈ ਬਿਠਾ ਦਿੱਤਾ। ਜਦੋਂ ਸ਼ਿਵ ਜੀ ਆਏ ਤਾਂ ਬਾਲਕ ਨੇ ਉਨ੍ਹਾਂ ਨੂੰ ਅੰਦਰ ਜਾਣੋਂ ਰੋਕਿਆ। ਇਸ ਪਰ ਸ਼ਿਵ ਨੇ ਬਾਲਕ ਦਾ ਸਿਰ ਵੱਢ ਦਿੱਤਾ। ਪਾਰਬਤੀ ਦਾ ਵਿਰਲਾਪ ਸੁਣ ਕੇ ਸ਼ਿਵ ਨੇ ਹਾਥੀ ਦਾ ਸਿਰ ਧੜ ਨਾਲ ਜੋੜ ਕੇ ਨਾਉਂ ਗਣੇਸ਼ ਰੱਖਿਆ ਤੇ ਸਭ ਤੋਂ ਪਹਿਲਾਂ ਪੂਜਾ ਦਾ ਵਰ ਦਿੱਤਾ। ਸਕੰਦ ਪੁਰਾਣ ਦੇ ਗਣੇਸ਼ ਖੰਡ ਵਿੱਚ ਲਿਖਿਆ ਹੈ ਕਿ 'ਵਰੇਣਜ' ਰਾਜੇ ਦੇ ਘਰ ਰਾਣੀ 'ਪੁਸ਼ਪਕਾ' ਦੇ ਗਰਭ ਤੋਂ ਗਣੇਸ਼ ਜੰਮਿਆ ਸੀ। ਇਸ ਦੀ ਸ਼ਕਲ ਨੂੰ ਦੇਖ ਕੇ ਰਾਜਾ ਡਰ ਗਿਆ ਤੇ 'ਪਾਰਸ਼ੂ' ਮੁਨੀ ਦੇ ਆਸ਼ਰਮ ਪਾਸ ਸੁੱਟ ਆਇਆ। ਮੁਨੀ ਦੀ ਇਸਤ੍ਰੀ 'ਦੀਪ ਵਤਸਲਾ' ਨੇ ਪਾਲਿਆ। ਇਸੇ ਕਰ ਕੇ ਗਣੇਸ਼ ਦਾ ਨਾਉਂ 'ਦ੍ਵੈ-ਮਾਤ੍ਰ' ਪੈ ਗਿਆ। ਸਾਖੀ ਪ੍ਰਮਾਣਾਂ ਵਿੱਚ ਇਕ ਪ੍ਰਸੰਗ ਐਉਂ ਵੀ ਪ੍ਰਚਲਤ ਹੈ ਕਿ ਇਕ ਵਾਰ ਦੇਵਤਿਆਂ ਦੇ ਇਕੱਠ ਵਿੱਚ ਬਹਿਸ ਚਲ ਪਈ ਕਿ ਸਭ ਤੋਂ ਪਹਿਲਾਂ ਕਿਸ ਦੇਵਤੇ ਦੀ ਪੂਜਾ ਹੋਵੇ। ਅੰਤ ਨੂੰ ਫ਼ੈਸਲਾ ਹੋਇਆ ਕਿ ਜੋ ਦੇਵਤਾ ਆਪਣੇ ਬਾਹਨ (ਅਸਵਾਰੀ) 'ਤੇ ਚੜ੍ਹ ਕੇ ਸਾਰੀ ਧਰਤੀ ਦਾ ਚੱਕਰ ਲਾ ਕੇ ਸਭ ਤੋਂ ਪਹਿਲਾਂ ਇਸ ਅਸਥਾਨ 'ਤੇ ਆ ਜਾਵੇ, ਉਸ ਦੀ ਪੂਜਾ ਸਭ ਤੋਂ

ਪਹਿਲਾਂ ਹੋਵੇ। ਸਾਰੇ ਦੇਵਤੇ ਆਪੋ ਆਪਣੇ ਬਾਹਨਾਂ 'ਤੇ ਸਵਾਰ ਹੋ ਕੇ ਦੌੜ ਪਏ। ਗਣੇਸ਼ ਦਾ ਬਾਹਨ ਸਭ ਤੋਂ ਘੱਟ ਦੌੜਨ ਵਾਲਾ ਚੂਹਾ ਸੀ। ਇਹ ਆਪਣੀ ਮਾਂ ਪਾਰਬਤੀ ਕੋਲ ਆ ਕੇ ਰੋਣ ਲੱਗ ਪਿਆ। ਉਸ ਨੇ ਕਿਹਾ ਤੂੰ ਧਰਤੀ ਤੇ 'ਰਾਮ' ਨਾਮ ਲਿਖ ਕੇ ਉਸ ਦੇ ਗਿਰਦ ਪ੍ਰਕਰਮਾ ਕਰ ਕੇ ਉਸ ਟਿਕਾਣੇ ਤੇ ਪਹੁੰਚ ਜਾ। ਗਣੇਸ਼ ਨੇ ਇਵੇਂ ਹੀ ਕੀਤਾ। ਜਦੋਂ ਬਾਕੀ ਦੇਵਤੇ ਪੁੱਜੇ ਤਾਂ ਉਨ੍ਹਾਂ ਗਣੇਸ਼ ਨੂੰ ਸਭ ਤੋਂ ਪਹਿਲਾਂ ਆ ਕੇ ਬੈਠਾ ਵੇਖਿਆ ਤੇ ਉਸ ਦੇ ਬਾਹਨ ਚੂਹੇ ਦੀਆਂ ਪੈੜਾਂ ਸਭ ਦੇ ਅੱਗੇ ਅੱਗੇ ਦਿਖਾਈ ਦਿੰਦੀਆਂ ਵੇਖੀਆਂ ਸਨ। ਐਉਂ ਸਾਰੇ ਦੇਵਤਿਆਂ ਨੇ ਸਭ ਦੇਵਤਿਆਂ ਤੋਂ ਪਹਿਲਾਂ ਗਣੇਸ਼ ਦੀ ਪੂਜਾ ਕਰਨੀ ਮੰਨ ਲਈ। ਉਪਰੋਕਤ ਪੁਰਾਣਿਕ ਅਤੇ ਰਵਾਇਤੀ ਪਰਸੰਗਾਂ ਦੇ ਅਧਾਰ 'ਤੇ ਪੁਰਾਣ ਭਾਰਤੀ ਸਾਹਿੱਤ ਵਿੱਚ ਭਾਵੇਂ ਉਹ ਸਾਹਿੱਤ ਸੰਸਕ੍ਰਿਤ ਭਾਸ਼ਾ ਵਿੱਚ ਸੀ ਜਾਂ ਬ੍ਰਿਜ ਭਾਸ਼ਾ ਵਿੱਚ, ਸਾਰੇ ਕਵੀਆਂ ਵੱਲੋਂ ਆਪਣੀ ਕਾਵਿ-ਰਚਨਾ ਦੇ ਅਰੰਭ ਵਿੱਚ ਕੀਤੇ ਜਾਣ ਵਾਲੇ ਆਪਣੇ ਇਸ਼ਟ ਦੇਵਾਂ ਦੇ ਮੰਗਲਾਂ ਵਿੱਚ ਗਣੇਸ਼ ਦੇ ਮੰਗਲ ਨੂੰ ਪਹਿਲਾ ਦਰਜਾ ਦਿੱਤਾ ਜਾਂਦਾ ਰਿਹਾ ਹੈ। ਹੋ ਸਕਦਾ ਹੈ ਕਿ ਇਨ੍ਹਾਂ ਪੁਰਾਣਿਕ ਤੇ ਰਵਾਇਤੀ ਪਰਸੰਗਾਂ ਦੇ ਪ੍ਰਚਾਰਨ ਪਿੱਛੇ ਗਣੇਸ਼ ਭਗਤਾਂ ਦਾ ਹੀ ਹੱਥ ਹੋਵੇ। 'ਗਣੇਸ਼ ਦੀ ਸਭ ਤੋਂ ਪਹਿਲਾਂ ਪੂਜਾ ਕਰੋ' ਦੀ ਗੱਲ ਆਮ ਲੋਕਾਂ ਤੇ ਖ਼ਾਸ ਕਰ ਕਵੀਆਂ ਦੇ ਦਿਲ ਦਿਮਾਗ ਵਿੱਚ ਏਨੀ ਘਰ ਕਰ ਗਈ ਕਿ ਹਰ ਕਵੀ ਲਈ ਇਹ ਲਾਜ਼ਮੀ ਹੋ ਗਿਆ ਕਿ ਉਹ ਭਾਵੇਂ ਕਿਸੇ ਮੱਤ ਨੂੰ ਜਾਂ ਇਸ਼ਟ ਨੂੰ ਮੰਨਣ ਵਾਲਾ ਹੋਵੇ, ਗਣੇਸ਼ ਦਾ ਮੰਗਲ ਮੁੱਢ 'ਚ ਜ਼ਰੂਰ ਕਰੇ। ਇਕ ਤਰ੍ਹਾਂ ਨਾਲ ਇਹ 'ਕਵਿ-ਸੰਕੇਤਕ-ਮਰਯਾਦਾ' ਦਾ ਮੰਗਲ ਬਣ ਗਿਆ। ਉਦਾਹਰਣ ਵਜੋਂ ਮਹਾਂ ਕਵੀ ਗੁਸਾਈਂ ਤੁਲਸੀ ਦਾਸ ਨੂੰ ਲਉ। ਉਹ ਸ੍ਰੀਰਾਮ ਚੰਦਰ ਜੀ ਦਾ ਅਨਿੰਨ ਭਗਤ ਸੀ। ਉਸ ਦੀ ਅਨਿੰਨ ਭਗਤੀ ਬਾਰੇ ਇਹ ਕਥਾ ਆਮ ਪ੍ਰਚੱਲਤ ਹੈ ਕਿ ਉਹ ਇਕ ਵਾਰ ਮਥਰਾ ਗਿਆ। ਉਥੇ ਕ੍ਰਿਸ਼ਨ ਜੀ ਦੀ ਪੱਥਰ ਦੀ ਮੂਰਤੀ ਬਣੀ ਹੋਈ ਸੀ ਜਿਸ ਵਿੱਚ ਸ੍ਰੀ ਕ੍ਰਿਸ਼ਨ ਜੀ ਬੰਸਰੀ ਵਜਾਂਦੇ ਦਿਖਾਏ ਗਏ ਸਨ। ਤੁਲਸੀ ਜੀ ਨੇ ਮੱਥਾ ਨਾ ਨਿਵਾਇਆ। ਸਾਥੀਆਂ ਨੇ ਇਤਰਾਜ਼ ਕੀਤਾ ਤਾਂ ਉਨ੍ਹਾਂ ਉੱਤਰ ਵਿੱਚ ਕਿਹਾ, "ਕਹਾਂ ਕਹੂੰ ਛਬੀ ਆਜ ਕੀ ਭਲੇ ਬਨੇ ਹੋ ਨਾਥ। ਤੁਲਸੀ ਮਸਤਕ ਤਉ ਨਿਵੈ ਜਉ ਧਨੁਸ਼ ਬਾਨ ਹੋਇ ਹਾਥ।" ਅਰਥਾਤ ਇਹ ਮੱਥਾ ਕੇਵਲ ਰਾਮ ਚੰਦਰ ਜੀ ਨੂੰ ਹੀ ਨਿਉਂ ਸਕਦਾ ਹੈ ਹੋਰ ਕਿਸੇ ਅੱਗੇ ਨਹੀਂ। ਪਰ ਉਹ ਏਡਾ ਵੱਡਾਰਾਮ ਚੰਦਰ ਜੀ ਦਾ ਅਨਿੰਨ ਭਗਤ ਹੁੰਦਿਆਂ ਹੋਇਆਂ ਵੀ ਆਪਣੀ ਜਗਤ ਪ੍ਰਸਿੱਧ ਰਚਨਾ 'ਰਾਮ ਚਰਿਤ੍ਰ ਮਾਨਸ' ਅਰਥਾਤ 'ਤੁਲਸੀ ਰਾਮਾਇਣ' ਵਿੱਚ ਸਭ ਤੋਂ ਪਹਿਲਾਂ ਸਰਸੁਤੀ ਤੇ ਗਣੇਸ਼ ਦਾ ਮੰਗਲ ਕਰਦਾ ਹੈ। ਜਿਵੇਂ ਕਿ: ਵਰਨਾਂਨਾਂਅਰਥ ਸੰਘਾਨਾਂਰਸਾਨਾਂ ਛੰਦਮਅਪਿ। ਮੰਗਲਾਨਾਂ ਚ ਕਰੱਤਾਰੌ ਵੰਦੇ ਵਾਣੀ ਵਨਾਯਕੌ। (ਰਾਮ ਚਰਿਤ੍ਰ ਮਾਨਸ, ਬਾਲ ਕਾਂਡ, ਪ੍ਰਥਮ ਸਾਪਾਨ) ਅਰਥਾਤ- ਅੱਖਰਾਂ, ਸਾਰੇ ਅਰਥਾਂ, ਰਸਾਂ, ਛੰਦਾਂ ਅਤੇ ਮੰਗਲਾਂ ਦੇ ਕਰਨ ਵਾਲੀ ਸਰਸੁਤੀ ਅਤੇ ਗਣੇਸ਼ ਨੂੰ ਮੈਂ ਨਮਸਕਾਰ ਕਰਦਾ ਹਾਂ। ਜਿਸ ਤੋਂ ਸਾਫ਼ ਸਿੱਧ ਹੈ ਕਿ ਗਣੇਸ਼ ਦਾ ਮੰਗਲ ਕਰਨਾ ਕੇਵਲ 'ਕਵਿ-ਸੰਕੇਤ-ਮਰਯਾਦਾ' ਹੀ ਸਮਝਣੀ ਚਾਹੀਦੀ ਹੈ। ਇਸ ਦਾ ਇਸ਼ਟ ਦੇਵਾਂ ਨਾਲ ਕੋਈ ਸੰਬੰਧ ਨਹੀਂ। ਗਣੇਸ਼ ਦੇ ਆਦਿ ਮੰਗਲ ਦੀ ਪਰਪਾਟੀ ਕਵੀਆਂ 'ਚ ਚਲਦੀ ਰਹੀ। ਪਰ ਬਾਅਦ ਵਿੱਚ ਆਪਣੇ ਇਸ਼ਟ ਦੇਵ ਦਾ ਮੰਗਲ ਮੁੱਢ 'ਚ ਲਿਖ ਕੇ ਗਣੇਸ਼ ਨੂੰ ਦੂਜਾ ਨੰਬਰ ਦਿੱਤਾ ਜਾਣ ਲੱਗਾ। ਜਿਵੇਂ 'ਸਾਰੁਕਤਾਵਲੀ' ਦਾ ਉਲਥਾਕਾਰ ਪੰਡਿਤ ਹਰਿਦਿਆਲ 'ਸਾਰੁਕਤਾਵਲੀ ਬ੍ਰਿਜ ਭਾਸ਼ਾ' ਦੇ ਆਦਿ 'ਚ ਵਿਸ਼ਨੂੰ ਦਾ ਮੰਗਲ ਕਰ ਕੇ ਦੂਜੇ ਨੰਬਰ 'ਤੇ ਗਣੇਸ਼ ਦਾ ਅਤੇ ਪੰਡਿਤ ਜੈ ਕਿਸ਼ਨ ਕਰਤਾ 'ਰੂਪ ਦੀਪ ਪਿੰਗਲ' ਪਹਿਲੇ ਨੰਬਰ 'ਤੇ ਸਰਸੁਤੀ ਦਾ ਮੰਗਲ ਤੇ ਦੂਜੇ ਨੰਬਰ 'ਤੇ ਗਣੇਸ਼ ਦਾ ਮੰਗਲ ਕਰਦਾ ਹੈ। '੧ੴ ਸਤਿਨਾਮੁ' ਦੀ ਉਪਾਸ਼ਨਾ ਦ੍ਰਿੜ੍ਹ ਕਰਵਾਉਣ ਵਾਲੇ ਗੁਰੂ ਸਾਹਿਬਾਨ ਦੀ ਪਰਮ ਉੱਤਮ ਸਿੱਖਿਆ ਦੇ ਧਾਰਨਹਾਰ ਸਿੱਖ ਕਵੀਆਂ ਨੇ ਗਣੇਸ਼ ਤੇ ਸਰਸੁਤੀ ਆਦਿ ਦੇ 'ਕਵਿ-ਸੰਕੇਤ-ਮਰਯਾਦਾ' ਮੰਗਲਾਂ ਨੂੰ ਉੱਕਾ ਹੀ ਵਰਤੋਂ ਵਿੱਚ ਨਹੀਂ ਲਿਆਂਦਾ ਜਿਨ੍ਹਾਂ ਵਿੱਚ ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ, ਭਾਈ ਨੰਦ ਲਾਲ ਜੀ, ਸੁਖਦੇਵ (ਕਰਤਾ ਅਧਿਆਤਮ ਪ੍ਰਕਾਸ਼), ਅਨਾਥ ਪੁਰੀ ਜੀ (ਕਰਤਾ ਵਿਚਾਰ ਮਾਲਾ), ਭਾਈ ਸੁੱਖਾ ਸਿੰਘ (ਕਰਤਾ ਗੁਰ ਬਿਲਾਸ ਪਾ: ੧੦ਵੀਂ), ਸੋਹਨ ਕਵੀ (ਕਰਤਾ ਗੁਰ ਬਿਲਾਸ ਪਾ: ੬ਵੀਂ), ਕੁਇਰ ਸਿੰਘ (ਕਰਤਾ ਭਾਈ ਮਨੀ ਸਿੰਘ ਮਤ ਵਖਿਆਨ) ਤੇ ਭਾਈ ਸੰਤੋਖ ਸਿੰਘ ਜੀ (ਕਰਤਾ ਗੁਰਪ੍ਰਤਾਪ ਸੂਰਜ) ਆਦਿ ਮਹਾਨ ਕਵੀਆਂ ਨੂੰ ਗਿਣਿਆ ਜਾ ਸਕਦਾ ਹੈ। ਵੇਦਾਂਤ ਮਤ ਦੇ ਲੇਖਕਾਂ ਜਿਹਾ ਕਿ ਪੰਡਤ ਨਿਸਚਲ ਦਾਸ ਕਰਤਾ ਵਿਚਾਰ ਸਾਗਰ ਤੋਂ ਬ੍ਰਿਤੀ ਪ੍ਰਭਾਕਰ ਆਦਿ ਨੇ ਵੀ ਗਣੇਸ਼ ਦਾ ਮੰਗਲ ਨਹੀਂ ਕੀਤਾ। ਜਿਨ੍ਹਾਂ ਸਿੱਖ ਕਵੀਆਂ 'ਤੇ ਹਿੰਦੂ ਸੰਸਕ੍ਰਿਤੀ ਦਾ ਵਧੇਰੇ ਅਸਰ ਸੀ ਜਾਂ ਜਿਨ੍ਹਾਂ ਦੇ ਅਧਿਐਨ ਦਾ ਘੇਰਾ ਕੇਵਲ ਸੰਸਕ੍ਰਿਤ ਭਾਸ਼ਾ ਤੱਕ ਹੀ ਮਹਿਦੂਦ ਸੀ, ਉਨ੍ਹਾਂ ਨੇ ਗਣੇਸ਼ ਸੰਬੰਧੀ ਮੰਗਲ ਕੇਵਲ ਕਵਿ-ਸੰਕੇਤ-ਮਰਯਾਦਾ ਜਾਣ ਕੇ ਹੀ ਕੀਤੇ ਹਨ। ਇਸੇ ਲਈ ਉਨ੍ਹਾਂ ਨੇ ਹਿੰਦੂ ਕਵੀਆਂ ਵਾਂਗ ਮੁੱਢ ਵਿੱਚ ਕਿਤੇ ਵੀ ਮੰਗਲ ਨਹੀਂ ਕੀਤਾ। ਜੇ ਭਾਈ ਗੁਲਾਬ ਸਿੰਘ ਨੇ ਪ੍ਰਬੋਧ ਚੰਦਰ ਨਾਟਕ ਗ੍ਰੰਥ ਦੇ ਆਰੰਭ ਵਿੱਚ ਗਣੇਸ਼ ਦਾ ਮੰਗਲ ਕੀਤਾ ਹੈ ਤਾਂ ਮੋਖ ਪੰਥ ਤੇ ਅਧਿਆਤਮ ਰਾਮਾਇਣ ਦੇ ਅਰੰਭ ਵਿੱਚ ਸਰਸੁਤੀ ਤੇ ਦੂਜੇ ਨੰਬਰ 'ਤੇ ਗਣੇਸ਼ ਦਾ, ਪਰ ਭਾਵਰਸਾਂਮ੍ਰਿਤ ਗ੍ਰੰਥ ਵਿੱਚ ਗਣੇਸ਼ ਤੇ ਸਰਸੁਤੀ ਦਾ ਉੱਕਾ ਹੀ ਮੰਗਲ ਨਹੀਂ ਕੀਤਾ। ਗਿਆਨੀ ਗਿਆਨ ਸਿੰਘ ਜੀ ਦੀ ਸ੍ਰੀ

ਗੁਰੁ ਪੰਥ ਪ੍ਰਕਾਸ਼ ਪਹਿਲੀ ਰਚਨਾ ਹੈ। ਪਹਿਲੋਂ ਪਹਿਲ ਨਿਰਮਲ ਸੰਪ੍ਰਦਾਇ ਦੇ ਜਿਨ੍ਹਾਂ ਵੀ ਵਿਦਵਾਨਾਂ ਤੋਂ ਉਨ੍ਹਾਂ ਸੰਸਕ੍ਰਿਤ ਜਾਂ ਬ੍ਰਿਜ ਭਾਸ਼ਾ ਦੇ ਗ੍ਰੰਥ ਵਧੇਰੇ ਪੜ੍ਹੇ, ਉਨ੍ਹਾਂ ਤੇ ਹਿੰਦੂ ਸੰਸਕ੍ਰਿਤੀ ਦਾ ਹੀ ਵਧੇਰੇ ਅਸਰ ਸੀ। ਇਹੋ ਕਾਰਨ ਹੈ ਉਨ੍ਹਾਂ ਦੇ ਅਸਰ ਤੋਂ ਪ੍ਰਭਾਵਿਤ ਹੋ ਕੇ ਗਣੇਸ਼ ਦਾ ਮੰਗਲ ਕਵਿ-ਸੰਕੇਤ-ਮਰਯਾਦਾ ਜਾਣ ਕੇ ਉਨ੍ਹਾਂ ਕੀਤਾ। ਚੂੰਕਿ ਗੁਰਮਤਿ ਸਬੰਧੀ ਵਾਕਫ਼ੀਅਤ ਵੀ ਉਨ੍ਹਾਂ ਦੀ ਕੋਈ ਘੱਟ ਨਹੀਂ ਸੀ ਤੇ ਖ਼ਾਨਦਾਨੀ ਸਿਖ ਸਨ। ਇਹੋ ਕਾਰਨ ਹੈ ਕਿ ਉਹ ਗਣੇਸ਼ ਦੇ ਮੰਗਲ ਨੂੰ ਪਹਿਲੇ ਨੰਬਰ ਤੋਂ ਚੁੱਕ ਕੇ ਤੀਜੇ ਨੰਬਰ 'ਤੇ ਲੈ ਗਏ ਹਨ। ਇਸ ਮੰਗਲ ਦਾ ਉਨ੍ਹਾਂ ਦੀ ਇਸ਼ਟਾਪਤੀ ਨਾਲ ਕੋਈ ਦੂਰ ਦਾ ਵੀ ਸਬੰਧ ਨਹੀਂ। ਉਹ ਛੰਦ ਇਹ ਹੈ:

ਸ੍ਵੈਯਾ:

ਸ਼ਿਵ ਨੰਦਨ ਆਨੰਦ ਕੰਦ ਬਪੁ, ਜਸ ਚੰਦ ਅਮੰਦ ਸੁਛੰਦ ਮਹਾਨੈ।
ਨਰ ਨਾਰ ਸੁਰਾਸੁਰ ਬੰਦਤ ਹੈਂ, ਪੁਰ ਚੌਦਸ ਮੈਂ ਜਿਹ ਕੋ ਜਗ ਜਾਨੈ।
ਸਭ ਸਿੱਧ ਮਨੋਰਥ ਕੇ ਕਰਤਾ, ਹਰਤਾ ਨਿਜ ਦਾਸਨ ਕੇ ਬਿਘਨਾਨੈ।
ਸੋ ਗਣਰਾਜ ਬਿਰਾਜ ਰਿਦੈ ਮਮ, ਕਾਜ ਕਰੈ ਸੁਭ ਮੰਗਲ ਠਾਨੈ ॥ ੩ ॥

ਪਦਅਰਥ:

ਸ਼ਿਵਨੰਦਨ=ਸ਼ਿਵ ਦਾ ਪੁੱਤਰ, ਗਣੇਸ਼। ਆਨੰਦ ਕੰਦ=ਅਨੰਦ ਦੇ ਦੇਣ ਵਾਲਾ। ਬਪੁ=ਸਰੀਰ, ਸਰੂਪ। ਅਮੰਦ=ਚਮਕਦਾ ਹੈ। ਸੁਛੰਦ=ਸੁਤੰਤਰ। ਸੁਰਾਸੁਰ=ਦੇਵਤੇ ਤੇ ਦੈਂਤ। ਹਰਤਾ=ਨਾਸ ਕਰਨ ਵਾਲਾ। ਬਿਘਨਾਨੈ=ਬਿਘਨਾਂ ਨੂੰ। ਗਣਰਾਜ=ਗਣਾਂ ਦਾ ਰਾਜਾ, ਗਣੇਸ਼। ਸ਼ੁਭ ਮੰਗਲ ਠਾਨੈ=ਚੰਗੀਆਂ ਖ਼ੁਸ਼ੀਆਂ (ਪੈਦਾ) ਕਰਨ।

ਅਰਥ:

੧. ਗਣੇਸ਼ ਜੀ ਦਾ ਸਰੂਪ ਅਨੰਦ ਦੇ ਦੇਣ ਵਾਲਾ ਹੈ (ਜਿਨ੍ਹਾਂ ਦੇ) ਜਸ ਦਾ ਚੰਦਰਮਾ ਬਹੁਤ ਹੀ ਸੁਤੰਤਰ ਚਮਕਦਾ ਹੈ।
੨. (ਉਨ੍ਹਾਂ ਨੂੰ) ਇਸਤ੍ਰੀ, ਪੁਰਸ਼, ਦੇਵਤੇ ਤੇ ਦੈਂਤ ਨਮਸਕਾਰ ਕਰਦੇ ਹਨ (ਅਤੇ) ਜਿਨ੍ਹਾਂ ਨੂੰ ਚੌਦਾਂ ਪੁਰੀਆਂ ਵਿੱਚ ਸਾਰਾ ਜਗਤ ਜਾਣਦਾ ਹੈ।
੩. (ਆਪਣੇ ਦਾਸਾਂ ਦੇ) ਸਾਰੇ ਮਨੋਰਥਾਂ ਨੂੰ ਪੂਰਨ ਕਰਨ ਵਾਲੇ ਤੇ ਬਿਘਨਾਂ ਨੂੰ ਨਾਸ ਕਰਨ ਵਾਲੇ ਹਨ।
੪. ਉਹ ਗਣੇਸ਼ ਜੀ ਮੇਰੇ ਹਿਰਦੇ 'ਚ ਬੈਠ ਕੇ (ਮੇਰੀ ਕਾਵਿ ਰਚਨਾ ਵਿੱਚ ਪੈਣ ਵਾਲੇ ਬਿਘਨਾਂ ਨੂੰ ਦੂਰ ਕਰਨ ਰੂਪ) ਮੇਰੇ ਕੰਮ ਕਰ ਕੇ ਚੰਗੀਆਂ ਖ਼ੁਸ਼ੀਆਂ (ਤੇ ਉਤਸ਼ਾਹ ਪੈਦਾ) ਕਰਨ।

ਭਾਵ:

ਜਿਵੇਂ ਕਿ ਪਹਿਲਾਂ ਦੱਸ ਆਏ ਹਾਂ ਕਿ ਗਿਆਨੀ ਗਿਆਨ ਸਿੰਘ ਜੀ ਨੇ ਇਹ ਗਣੇਸ਼ ਦਾ ਮੰਗਲ ਕੇਵਲ ਤੇ ਕੇਵਲ 'ਕਵਿ-ਸੰਕੇਤ-ਮਰਯਾਦਾ' ਜਾਣ ਕੇ ਹੀ ਕੀਤਾ ਹੈ। ਉਂਵ ਉਹ ਕੇਵਲ ਗੁਰਮਤਿ ਦੇ ਦ੍ਰਿੜ੍ਹ ਵਿਸ਼ਵਾਸੀ ਤੇ ਧਾਰਨੀ ਹੀ ਨਹੀਂ ਸਨ, ਸਗੋਂ ਉਹ ਗੁਰਮਤਿ ਰਹੁ-ਰੀਤ ਤੇ ਸਿਧਾਂਤਾਂ ਦੇ ਪ੍ਰਚਾਰਨ ਵਾਲਿਆਂ ਵਿੱਚੋਂ ਸਭ ਤੋਂ ਮੋਹਰੀ ਸਨ। ਗਿਆਨੀ ਜੀ ਦੀਆਂ ਲਿਖਤਾਂ ਨੇ ਹੀ ਅਵਿਦਿਆ ਨੀਂਦ ਵਿੱਚ ਘੂਕ ਸੁੱਤੀ ਹੋਈ ਸਿੱਖ ਕੌਮ ਨੂੰ ਝੰਜੋੜ ਕੇ ਜਗਾਇਆ। ਬ੍ਰਹਮਣੀ ਰਹੁ-ਰੀਤ ਦਾ ਜਾਲ ਤੋੜਿਆ ਤੇ ਸਿੱਖ ਰਹੁ-ਰੀਤ ਪ੍ਰਚਲਤ ਕਰਵਾਈ। ਆਪ ਸਿੰਘ ਸਭਾ ਲਹਿਰ ਦੇ ਮੋਢੀਆਂ ਵਿੱਚੋਂ ਸਨ। ਮੇਰੇ ਖ਼ਿਆਲ ਵਿੱਚ ਤਾਂ ਆਪ ਦੀਆਂ ਲਿਖਤਾਂ ਨੇ ਹੀ ਸਿੰਘ ਸਭਾ ਲਹਿਰ ਨੂੰ ਜਨਮ ਦਿੱਤਾ। ਕਵੀ-ਪਰੰਪਰਾ ਅਨੁਸਾਰ ਗਣੇਸ਼ ਦਾ ਮੰਗਲ ਮੁੱਢ ਵਿੱਚ ਚਾਹੀਦਾ ਸੀ, ਪਰ ਗਿਆਨੀ ਜੀ ਉਸ ਨੂੰ ਤੀਜੇ ਨੰਬਰ 'ਤੇ ਲੈ ਗਏ ਹਨ, ਜਿਸ ਤੋਂ ਸਾਫ਼ ਜ਼ਾਹਰ ਹੈ ਕਿ ਉਹ ਪਹਿਲਾ ਨੰਬਰ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਖ਼ਾਲਸਾ ਪੰਥ ਨੂੰ ਦੇਂਦੇ ਹਨ ਤੇ ਦੂਜੇ ਨੰਬਰ ਤੇ ਉਨ੍ਹਾਂ ਗੁਰ ਮੰਤ੍ਰ 'ਵਾਹਿਗੁਰੂ ਮੰਤ੍ਰ' ਦਾ ਮੰਗਲ ਕੀਤਾ ਹੈ। ਐਉਂ ਆਪਣੇ ਸਾਰੇ ਇਸ਼ਟ ਦੇਵਾਂ ਤੋਂ ਬਾਅਦ ਗਣੇਸ਼ ਦਾ ਮੰਗਲ ਕੇਵਲ ਕਵਿ-ਸੰਕੇਤ-ਮਰਯਾਦਾ ਦੀ ਪਾਬੰਦੀ ਦੀ ਮਜਬੂਰੀ ਕਰ ਕੇ ਹੀ ਉਨ੍ਹਾਂ ਕੀਤਾ ਹੈ। ਮਜ਼ੇਦਾਰ ਗੱਲ ਇਹ ਕਿ ਉਨ੍ਹਾਂ ਆਪਣੇ ਵੱਲੋਂ ਨਾ ਤਾਂ ਗਣੇਸ਼ ਨੂੰ ਨਮਸਕਾਰ ਜਾਂ ਬੇਨਤੀ ਕੀਤੀ ਹੈ ਤੇ ਨਾ ਹੀ ਉਸ ਨੂੰ ਮੁਕਤੀ ਦਾਤਾ ਆਖਿਆ ਹੈ ਤੇ ਨਾ ਹੀ ਉਸ ਕੋਲੋਂ ਆਪਣੀ ਕਲਿਆਣ ਦੀ ਯਾਚਨਾ ਕੀਤੀ ਹੈ। ਪ੍ਰਾਚੀਨ ਕਵੀਆਂ ਦੀ ਪਰੰਪਰਾ ਅਨੁਸਾਰ ਉਸ ਨੂੰ ਬਿਘਨ-ਨਾਸ਼ਕ ਮੰਨਿਆ ਹੈ। ਇਸੇ ਲਈ ਉਹ ਆਪਣੀ ਕਾਵਿ ਰਚਨਾ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥ ਦੀ ਨਿਰਵਿਘਨ ਸੰਪੂਰਨਤਾ ਦੇ ਆਪਣੇ ਕੰਮ ਕਰਵਾਉਣ ਲਈ ਗਣੇਸ਼ ਨੂੰ ਆਖਦੇ ਹਨ। ਬਤੌਰ ਇਸ਼ਟ ਦੇ ਉਨ੍ਹਾਂ

ਗਣੇਸ਼ ਦਾ ਮੰਗਲ ਨਹੀਂ ਕੀਤਾ। ਉਨ੍ਹਾਂ ਦੀ ਇਸ਼ਟਾਪਤੀ ਪਹਿਲੇ ਦੋ ਛੰਦਾਂ ਤੇ ਅਗਲੇ ਕਈ ਛੰਦਾਂ ਤੋਂ ਸਪੱਸ਼ਟ ਹੈ, ਜਿਨ੍ਹਾਂ ਵਿੱਚ ਅਕਾਲ ਪੁਰਖ, ਵਾਹਿਗੁਰੂ ਨਾਮ ਅਤੇ ਦਸ ਗੁਰੂ ਸਾਹਿਬਾਨ ਦੇ ਮੰਗਲ ਸ਼ਾਮਲ ਹਨ। ਗਣੇਸ਼ ਨੂੰ ਕਵੀਆਂ ਨੇ ਮੰਗਲਾਂ ਦਾ ਮੁੱਢ ਮੰਨਿਆ ਹੈ, ਪਰ ਕਵੀ ਜੀ ਆਪਣੇ ਇਸੇ ਸ੍ਰੀ ਗੁਰੁ ਪੰਥ ਪ੍ਰਕਾਸ਼ ਦੇ ਤੀਜੇ ਬਿਸਰਾਮ ਦੇ ੩ ਤੋਂ ਪਵੇਂ ਛੰਦ ਵਿੱਚ ਆਪਣੇ ਸਤਿਗੁਰਾਂ ਨੂੰ ਹੀ ਸਾਰੇ ਮੰਗਲਾਂ ਦਾ ਮੁੱਢ ਮੰਨਦੇ ਹਨ ਤੇ ਆਖਦੇ ਹਨ। ਗੁਰਾਂ ਦੇ ਪ੍ਰਤਾਪ ਦੀ ਅੱਗ ਵਿੱਚ ਸਾਰੇ ਬਿਘਨ ਪਾਰੇ ਵਾਂਗ ਸੜ ਕੇ ਉਡ-ਪੁਡ ਜਾਂਦੇ ਹਨ। ਉਨ੍ਹਾਂ ਦੀ ਆਪਣੀ ਲਿਖਤ ਨੂੰ ਜ਼ਰਾ ਗਹੁ ਨਾਲ ਪੜ੍ਹੋ:-

ਅਬ ਸਤਿਗੁਰ ਕੋ ਕਰਕੈ ਬੰਦਨ। ਰਚੋਂ ਗਾਥ ਯਹਿਰੁਚਨ ਸਛੰਦਨ।
ਗਣਪਤਿ ਆਦਿ ਜਿਤੇ ਸੁਰ ਲੋਊ। ਬਿਨ ਗੁਰ ਲਖਜੋ ਨ ਤਿਨ ਮੈ ਕੋਊ ॥ ੩ ॥
ਸਰਬ ਇਸ਼ਟ ਮਤ ਗੁਰ ਅਨੁਕੂਲਾ। ਤਾਂ ਤੇ ਗੁਰ ਮਮ ਮੰਗਲ ਮੂਲਾ।
ਜਾਨ ਪਾਨ ਜੁਗ ਜੋਰ ਸ ਅੰਜਲ। ਬੰਦੋਂ ਗੁਰ ਪਦ ਪਦਮ ਸੁ ਮੰਜਲ ॥ ੪ ॥
ਜਾਸ ਪ੍ਰਤਾਪ ਅਨਲ ਕੇ ਮਾਹੀਂ। ਅਨਿਕ ਬਿਘਨ ਪਾਰਦ ਹ੍ਵੈ ਜਾਹੀਂ।
ਬਰਨੋਂ ਅਪਰ ਕਹਾਂ ਜਸ ਕੇਤੂ। ਜਾਸ ਨਾਮ ਭਵ ਬਾਰਧ ਸੇਤੂ ॥ ੫ ॥

ਇਹ ਤੁਕਾਂ ਸਪੱਸ਼ਟ ਕਰਦੀਆਂ ਹਨ ਕਿ ਕਵੀ ਜੀ ਦੇ ਦਿਲ ਦਿਮਾਗ਼ ਦੀਆਂ ਡੂੰਘੀਆਂ ਤਹਿਆਂ ਵਿੱਚ ਉਸ ਦਾ ਆਪਣਾ ਗੁਰੂ ਸਮਾਇਆ ਹੋਇਆ ਸੀ। ਉਨ੍ਹਾਂ ਤੋਂ ਬਿਨਾਂ ਉਹ ਹੋਰ ਕਿਸੇ ਗਣੇਸ਼ ਆਦਿ ਦੇਵੀ ਦੇਵਤੇ ਨੂੰ ਆਪਣਾ ਇਸ਼ਟ ਦੇਵ ਮੰਨਣ ਲਈ ਤਿਆਰ ਨਹੀਂ ਹਨ। ਗਣੇਸ਼ ਨੂੰ ਕਵੀ ਲੋਕ ਬਿਘਨਾਂ ਦੀ ਨਵਿਰਤੀ ਲਈ ਯਾਦ ਕਰਦੇ ਹਨ। ਪਰ ਗਿਆਨੀ ਜੀ ਬਿਘਨਾਂ ਦੀ ਨਵਿਰਤੀ ਲਈ ਵੀ ਆਪਣੇ ਗੁਰੂ ਦਾ ਹੀ ਅਰਾਧਨ ਕਰਦੇ ਹਨ। ਗਣੇਸ਼ ਦਾ ਮੰਗਲ ਲਿਖਣਾ ਕੇਵਲ ਕਵਿ-ਸੰਕੇਤ-ਮਰਯਾਦਾ ਤੋਂ ਵੱਧ ਕੋਈ ਹੈਸੀਅਤ ਨਹੀਂ ਰੱਖਦਾ। ਫਿਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਖ਼ਾਨਦਾਨੀ ਤੇ ਅਨੰਨਿ ਸਿੱਖ ਗਿਆਨੀ ਗਿਆਨ ਸਿੰਘ ਗਣੇਸ਼ ਨੂੰ ਬਤੌਰ ਇਸ਼ਟ, ਮੰਗਲਾਂ ਦੇ ਆਦਿ ਵਿੱਚ ਕਿਵੇਂ ਮਨਾ ਸਕਦਾ ਹੈ ਜਿਸ ਦੇ ਕੰਨਾਂ ਵਿੱਚ ਆਪਣੇ ਸਤਿਗੁਰੂ ਕਲਗੀਧਰ ਪਾਤਸ਼ਾਹ ਜੀ ਦੀ ਬਾਣੀ ਦੀਆਂ ਇਹ ਤੁਕਾਂ ਹਮੇਸ਼ਾਂ ਗੂੰਜਦੀਆਂ ਰਹਿੰਦੀਆਂ ਸਨ:

ਮੈਂ ਨ ਗਣੇਸ਼ਹਿ ਪ੍ਰਥਮ ਮਨਾਊਂ। ਕਿਸ਼ਨ ਬਿਸ਼ਨ ਕਬਹੂੰ ਨਹਿ ਧਿਆਊਂ।
ਕਾਨ ਸੁਨੇ ਪਹਿਚਾਨ ਨ ਤਿਨ ਸਿਉ। ਲਿਵ ਲਾਗੀ ਮੋਰੀ ਪਗ ਇਨ ਸਿਉ।
ਮਹਾ ਕਾਲਰਖਵਾਰ ਹਮਾਰੋ। ਮਹਾ ਲੋਹ ਮੈ ਕਿੰਕਰ ਥਾਰੋ। (ਦਸਮ ਗ੍ਰੰਥ)

ਪੂਜਾ ਦੇ ਵੱਖ-ਵੱਖ ਤ੍ਰੀਕਿਆਂ ਦੇ ਕਾਰਨ ਗਣੇਸ਼ ਉਪਾਸ਼ਕਾਂ ਦੇ ਛੇ ਮਤ ਹਨ। ੧. ਗਣਪ। ੨. ਹਰਿਦ੍ਰ। ੩. ਉਚਿਸ਼੍ਟ। ੪. ਨਵਨੀਤ। ੫. ਹੇਮ। ੬. ਸੰਤਾਨ। ਗਣੇਸ਼ ਦੇ ਉਪਾਸ਼ਕਾਂ ਗਾਣਪਾਂ ਤੇ ਹਰਿਦ੍ਰਾਂ ਨਾਲ ਦੱਖਣ ਦੇ ਇਲਾਕੇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨਾਲ ਹੋਈ ਚਰਚਾ ਦਾ ਵੇਰਵਾ ਦੇਂਦਿਆਂ ਕਵੀ ਜੀ ਐਉਂ ਲਿਖਦੇ ਹਨ, "ਗਾਣਪਾਂ ਨੇ ਗਣੇਸ਼ ਨੂੰ ਜਗਤ ਦਾ ਕਾਰਨ ਕਿਹਾ ਤੇ ਪਾਰਬ੍ਰਹਮ ਦੱਸਿਆ ਤਾਂ ਗੁਰੂ ਜੀ ਨੇ ਉੱਤਰ ਵਿੱਚ ਫ਼ੁਰਮਾਇਆ:

ਯਹ ਸੁਨਿ ਸਤਿਗੁਰ ਕਹਯੋ ਸੁਨਾਈ। ਜਗ ਕਾਰਣ ਗਣਪਤਿ ਨਹਿ ਭਾਈ।
ਤਾਂ ਕੋ ਸ਼ਿਵ ਸੁਤ ਬੇਦ ਬਖਾਨੇ। ਪਾਰਬ੍ਰਹਮ ਨਹਿ ਕੋਊ ਮਾਨੇ।
ਤਜ ਗਜ ਚਿੰਨ੍ ਅਨੰਨਿ ਹ੍ਵੈ, ਭਜੋ ਏਕ ਪਰਮੇਸੁ। ਮਾਨ ਬੈਨ ਗਾਣਪ ਗਏ, ਉਰ ਧਰ ਗੁਰ ਉਪਦੇਸ਼।

(ਲਾਹੌਰ ਐ: ਛਾਪਾ ਪੱਥਰ, ਪੰਨਾ ੧੧੧)

ਹਰਿਦ੍ਰਾਂ ਨੇ ਗਣੇਸ਼ ਨੂੰ ਪਰਮੇਸ਼ਰ ਕਿਹਾ ਤਾਂ ਹਜ਼ੂਰ ਨੇ ਬਚਨ ਕੀਤਾ:

ਗੁਰੂ ਕਹਯੋ ਯਹ ਤੁਮਰਾ ਭੇਦ। ਅਹੇ ਬਜਰਥ ਅਮੂਲਕ ਬੇਦ।
ਪੀਤ ਰੰਗ ਪਟ ਪੀਤ ਜੁ ਧਰੈ। ਪੀਤ ਬਸਨ ਸੋਂ ਪੂਜਨ ਕਰੈ।
ਤਬੈ ਹਰਿਦ੍ਰ ਨਾਮ ਗਨੇਸ਼। ਕਹਿਲਾਵਤ ਹੈ ਪੂਤ ਮਹੇਸ਼।
ਤਿਹ ਪਰਮੇਸ਼ਰ ਕੋਇ ਨ ਭਾਖੈ। ਜੁ ਭਾਖੈ ਸੁ ਸੀਂਚਤ ਸਾਖੈ।

(ਪੰਨਾ ੧੧੧-੧੨)

ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ ਛਾਪਾ ਪੱਥਰ ਦੇ ਪੰਨਾ ੧੦੦ 'ਤੇ ਕਵੀ ਜੀ ਲਿਖਦੇ ਹਨ ਕਿ ਜਦ ਗਣੇਸ਼ ਦੇ ਉਪਾਸ਼ਕ ਗਣੇਸ਼ ਨੂੰ ਪਾਰਬ੍ਰਹਮ ਬਤਾਉਣ ਲੱਗੇ ਤਾਂ ਗੁਰੂ ਜੀ ਬੋਲੇ:

ਹੈ ਗਣੇਸ਼ ਸ਼ਿਵ ਸੁਤ ਜਗ ਜਾਨੈ। ਤਿਸ ਪ੍ਰਭ ਕੀ ਭਗਤੀ ਸੋ ਠਾਨੈ।
ਤਿਸ ਹੀ ਕੋ ਤੁਮ ਭਜੋ ਸਭਾਗੇ। ਕੀਤੇ ਕੇ ਪਾਛੇ ਕਿਆ ਲਾਗੇ।
ਜੋ ਜਨਮੇ ਤਿਸ ਸਰਪਰ ਮਰਨਾ। ਗਹੋ ਅਜਨਮ ਪੁਰਖ ਕਾ ਪਰਨਾ।
ਨਰ ਨਾਰਾਇਣਰੂਪ ਤੁਮਾਰੋ। ਯਾਹਿ ਫੁਕਾਵਤ ਕਾਹਿ ਗਵਾਰੋ।
ਲੋਭੀ ਅਗਜ ਅਚਾਰਯ ਥਾਰੇ। ਭਏ, ਜਿਨੈ ਔਝੜ ਤੁਮ ਡਾਰੇ।
ਗਾਣਪ ਸੁਣਿ ਸਤਿਗੁਰ ਕੇ ਬੈਨਾ। ਭਏ ਸ਼ਾਤ ਮਨ ਆਈ ਚੈਨਾ।
ਸਤਿਨਾਮੁ ਲੈ ਕੇ ਉਪਦੇਸੂ। ਜਪ ਕੈ ਕਟੇ ਕਲੇਸ ਅਸੇਸੂ।

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਸ਼ਿਵ ਪੁਰੀ 'ਚ ਸ਼ਿਵ ਨੂੰ ਮਿਲਣ ਗਏ ਤਾਂ ਸਤਿਗੁਰਾਂ ਦਾ ਆਉਣਾ ਸੁਣ ਕੇ ਆਪਣੇ ਵੱਡੇ ਪੁੱਤਰ ਸ਼ਿਆਮ ਕਾਰਤਕ ਤੇ ਹੋਰ ਭਗਤਾਂ ਨੂੰ ਅੱਗੋਂ ਜਾ ਕੇ ਨਾਲ ਲੈ ਆਉਣ ਲਈ ਭੇਜਿਆ। ਉਨ੍ਹਾਂ ਸਮੇਤ ਸਤਿਗੁਰਾਂ ਨੂੰ ਆਉਂਦਿਆਂ ਵੇਖ ਕੇ ਗਣੇਸ਼ ਸਜ ਕੇ ਸੁਆਗਤ ਕਰਨ ਲਈ ਅੱਗੇ ਆਇਆ:

ਸ਼ਿਵਹਿ ਸੁਨਜੋ ਜਬ ਗੁਰ ਕਾ ਆਵਨ। ਪਠਜੋ ਖੜਾਨਨ ਹੇਤ ਲਜਾਵਨ।
ਭਗਤਿ ਸ਼ਿਵਾਂ ਕੇ ਜੁ ਤਿਸ ਥਾਏ। ਥੇ, ਆਯੋ ਨਿਜ ਸੰਗ ਲਵਾਏ।
ਲੈ ਲਵਾਇ ਗੁਰ ਕੋ ਸ਼ਿਵ ਸਦਨਾ। ਚਲੇ, ਭਲੇ ਕਰ ਉਤਸ਼ਵ ਭਲਨਾ।
ਏਕਰਦਨ ਸੁਖ ਸਦਨ ਬਦਨ ਗਜ। ਕਦਨ ਬਿਘਨ ਆਗੇ ਆਯੋ ਸਜ।
(ਲਾਹੌਰ ਐਡੀਸ਼ਨ ਛਾਪਾ ਪੱਥਰ ਪੰਨਾ ੧੩੦ ਛੰ: ੨੧)

ਉਪਰੋਕਤ ਵੀਚਾਰ ਤੋਂ ਸਾਫ਼ ਜ਼ਾਹਰ ਹੈ ਕਿ ਕਵੀ ਜੀ ਦੇ ਮਨ ਵਿੱਚ ਗਣੇਸ਼ ਲਈ ਉਹ ਥਾਂ ਨਹੀਂ ਜੋ ਪ੍ਰਾਚੀਨ ਹਿੰਦੂ ਕਵੀਆਂ ਦੇ ਮਨਾਂ ਵਿੱਚ ਹੈ। ਪਹਿਲੋ ਪਹਿਲ ਉਨ੍ਹਾਂ ਦੇ ਵਿੱਦਿਆ ਪੜ੍ਹਨ ਤੇ ਅਧਿਐਨ ਦਾ ਘੇਰਾ ਵਧੇਰੇ ਕਰ ਕੇ ਹਿੰਦੂ ਕਵੀਆਂ ਦੇ ਲਿਖੇ ਸਾਹਿੱਤ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਤੱਕ ਹੀ ਮਹਿਦੂਦ ਸੀ ਤੇ ਜਾਪਦਾ ਹੈ ਕਿ ਉਨ੍ਹਾਂ ਦੇ ਵਿਦਿਆ-ਦਾਤਿਆਂ ਦੇ ਮਨਾਂ ਉੱਤੇ ਵੀ ਹਿੰਦੂ ਸੰਸਕ੍ਰਿਤੀ ਦੀ ਹੀ ਮੁਹਰ ਛਾਪ ਸੀ। ਇਹੋ ਕਾਰਨ ਹੈ ਕਿ ਗਿਆਨੀ ਜੀ ਦੀਆਂ ਪਹਿਲੀਆਂ ਦੋਵੇਂ ਮਹਾਨ ਰਚਨਾਵਾਂ ਸ੍ਰੀ ਗੁਰੁ ਪੰਥ ਪ੍ਰਕਾਸ਼ (ਬ੍ਰਿਜ ਭਾਸ਼ਾ ਕਾਵਿ) ਅਤੇ ਗੁਰੂ ਖ਼ਾਲਸਾ ਤਵਾਰੀਖ਼ (ਪੰਜਾਬੀ ਵਾਰਤਕ) ਵਿੱਚ ਗਣੇਸ਼ ਦਾ ਮੰਗਲ ਕੀਤਾ ਹੈ। ਚੂੰਕਿ ਸਿੱਖੀ ਦਾ ਵੀ ਖ਼ਾਨਦਾਨੀ ਅਸਰ ਉਨ੍ਹਾਂ ਦੇ ਖ਼ਮੀਰ ਵਿੱਚ ਸਮਾਇਆ ਹੋਇਆ ਸੀ, ਇਸ ਕਰ ਕੇ ਏਥੇ ਉਨ੍ਹਾਂ ਗਣੇਸ਼ ਨੂੰ ਤੀਜੇ ਨੰਬਰ 'ਤੇ ਰੱਖਿਆ ਹੈ। ਪਰ ਜਿਵੇਂ-ਜਿਵੇਂ ਉਨ੍ਹਾਂ ਦੇ ਮਨ ਤੋਂ ਹਿੰਦੂ ਸੰਸਕ੍ਰਿਤੀ ਦਾ ਅਸਰ ਘਟਦਾ ਗਿਆ ਤੇ ਗੁਰਮਤਿ ਦਾ ਵਧੇਰੇ ਰੰਗ ਚੜ੍ਹਦਾ ਗਿਆ ਤਾਂ ਉਨ੍ਹਾਂ ਨੇ ਆਪਣੀਆਂ ਬਾਅਦ 'ਚ ਲਿਖੀਆਂ ਤਕਰੀਬਨ ਸਾਰੀਆਂ ਰਚਨਾਵਾਂ, ਜਿਹਾ ਕਿ ਕਥਾ ਪੂਰਨਮਾਸ਼ੀ, ਇਤਿਹਾਸ ਰਿਆਸਤ ਬਾਗੜ੍ਹੀਆਂ, ਭੂਪਿੰਦਰਾ ਨੰਦ, ਰਿਪੁਦਮਨ ਪ੍ਰਕਾਸ਼, ਗੁਰਧਾਮ-ਸੰਗ੍ਰਹਿ ਆਦਿ ਕਾਵਿ ਤੇ ਵਾਰਤਕ ਰਚਨਾਵਾਂ ਵਿੱਚ ਕਿਤੇ ਵੀ ਗਣੇਸ਼ ਜਾਂ ਸਰਸੁਤੀ ਦਾ ਮੰਗਲ ਨਹੀਂ ਕੀਤਾ। ਅੰਤ ਵਿੱਚ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਇਹ ਗਣੇਸ਼ ਦਾ ਮੰਗਲ ਗਿਆਨੀ ਜੀ ਨੇ ਕੇਵਲ ਪ੍ਰਾਚੀਨ ਕਵੀਆਂ ਦੀ ਸੰਕੇਤਕ ਮਰਯਾਦਾ ਜਾਣ ਕੇ ਹੀ ਕੀਤਾ ਹੈ। ਇਸ ਤੋਂ ਵੱਧ ਇਸ ਦੀ ਹੋਰ ਕੋਈ ਵੀ ਅਹਿਮੀਅਤ ਨਹੀਂ ਸਮਝਣੀ ਚਾਹੀਦੀ।

(ਅ) ਕਾਵਿ-ਸੰਕੇਤ ਮਰਯਾਦਾ ਦਾ ਦੂਜਾ ਮੰਗਲ।

ਕੋਮਲ ਉਨਰ ਮਨ ਤੇ ਬੁਧੀ ਦੀ ਪੂਰਨ ਇਕਾਗਰਤਾ ਵਿੱਚੋਂ ਜਨਮ ਲੈਂਦੇ ਹਨ। ਇਹ ਇਕਾਗਰਤਾ ਕਦੇ ਜਾਣੇ ਤੇ ਕਦੇ ਅਨਜਾਣੇ ਕਿਸੇ ਵਿਰਲੇ ਵਿਰਲੇ ਮਨੁੱਖ 'ਤੇ ਆ ਵਾਪਰਦੀ ਹੈ। ਇਸੇ ਅਤਿਅੰਤ ਡੂੰਘੀ ਇਕਾਗਰਤਾ ਵਿੱਚ ਹੀ ਕਈ ਵਾਰ ਆਪਣੇ ਆਪੇ ਦਾ ਝਲਕਾਰਾ ਵੱਜਦਾ ਹੈ। ਉਸ ਅਕਹਿ ਅਵਸਥਾ ਨੂੰ ਉਸ ਦਾ ਰਸ ਮਾਣਨ ਵਾਲਾ ਵੀ ਬਿਆਨ ਨਹੀਂ ਕਰ ਸਕਦਾ, ਪਰ ਇਹ ਅਵਸਥਾ ਹਟਣ ਲੱਗਿਆਂ ਮਨ ਤੇ ਬੁੱਧੀ 'ਤੇ ਆਪਣਾ ਪ੍ਰਭਾਵ ਜ਼ਰੂਰ ਛੱਡ ਜਾਂਦੀ ਹੈ। ਜਿਸ ਪ੍ਰਭਾਵ ਵਿੱਚੋਂ ਕੋਮਲ ਹੁਨਰ; ਜਿਹਾ ਕਿ ਕਾਵਿ, ਸੰਗੀਤ, ਚਿਤ੍ਰਕਾਰੀ, ਮੂਰਤ-ਘਾੜੀ ਆਦਿ ਆਪਣੇ ਅਸਲੀ ਸੁੰਦਰ ਤੇ ਉੱਤਮ ਰੂਪ ਵਿੱਚ ਜਨਮ ਲੈਂਦੇ ਹਨ, ਪਰ ਇਹ ਦਾਤ ਹਰ ਮਨੁੱਖ ਨੂੰ ਪ੍ਰਾਪਤ ਨਹੀਂ ਹੁੰਦੀ। ਇਸ ਡੂੰਘੀ ਇਕਾਗ੍ਰਤਾ 'ਚੋਂ ਉਪਜੀ ਉਹ ਸ਼ਕਤੀ ਜਿਸ ਰਾਹੀਂ ਕਵੀਆਂ ਦੇ ਮਨਾਂ ਵਿੱਚ ਸੁੰਦਰ ਵਲਵਲੇ, ਅਸਚਰਜ ਖ਼ਿਆਲ ਤੇ ਅਨੋਖੇ ਭਾਵ ਪ੍ਰਗਟ ਹੁੰਦੇ ਹਨ; ਨੂੰ ਪ੍ਰਾਚੀਨ ਕਵੀਆਂ ਨੇ 'ਵਾਚ' ਜਾਂ 'ਵਾਕ' ਦਾ ਨਾਮ ਦਿੱਤਾ ਹੈ। 'ਵਾਚ' ਨੂੰ ਵੇਦਾਂ ਦੀ ਮਾਂ ਵੀ ਆਖਿਆ ਗਿਆ ਹੈ। ਇਹ ਪਹਿਲੋਂ ਪਹਿਲ ਨਾ ਦਿੱਸਣ ਵਾਲੀ ਇਕ ਸ਼ਕਤੀ ਹੀ ਮੰਨੀ ਜਾਂਦੀ ਸੀ, ਪਰ ਬਾਅਦ ਵਿੱਚ ਇਸ ਨੂੰ ਇਕ ਵਿਅਕਤੀ ਤੇ ਹੌਲੀ-ਹੌਲੀ ਦੇਵੀ ਆਖਿਆ ਜਾਣ ਲੱਗ ਪਿਆ। ਜਦੋਂ ਆਰਯਾ

ਕੁਲ ਦੇ ਵਡ ਵਡੇਰੇ ਉੱਤਰ-ਪੱਛਮ ਦੀ ਸਰਹੱਦ ਪਾਰ ਕਰ ਕੇ ਭਾਰਤ ਵਰਸ਼ ਵਿੱਚ ਦਾਖ਼ਲ ਹੋਏ ਤਾਂ ਪਹਿਲੋ ਪਹਿਲ ਸਰਸੁਤੀ ਨਦੀ ਦੇ ਕਿਨਾਰੇ ਉਨ੍ਹਾਂ ਦੀ ਬਹੁਤ ਵਿਦਿਅਕ ਤਰੱਕੀ ਹੋਈ। ਏਥੇ ਹੀ ਵੇਦਾਂ ਦਾ ਜਨਮ ਹੋਇਆ। ਉਨ੍ਹਾਂ ਨੇ ਪਹਿਲਾਂ ਤਾਂ ਸਰਸੁਤੀ ਨੂੰ ਇਕ ਪਵਿੱਤਰ ਨਦੀ ਹੀ ਮੰਨਿਆ ਸੀ। ਪਰ ਬਾਅਦ ਵਿੱਚ ਉਹ ਸਰਸੁਤੀ ਨੂੰ ਕਵਿਤਾ ਦਾ ਪ੍ਰਭਾਵ ਪਾਉਣ ਵਾਲੀ ਦੇਵੀ ਮੰਨਣ ਲੱਗ ਪਏ। ਕੁਝ ਸਮਾਂ ਪਾ ਕੇ 'ਵਾਚ' ਤੇ ਸਰਸੁਤੀ ਇਕ ਰੂਪ ਮੰਨੀਆਂ ਜਾਣ ਲੱਗੀਆਂ ਤੇ ਰਿਸ਼ੀ ਲੋਕ ਸਰਸੁਤੀ ਨੂੰ ਵਿੱਦਿਆ ਤੇ ਕਵਿਤਾ ਦੀ ਦਾਤੀ, ਅਗੰਮ ਬੁੱਧੀ ਦੇਣ ਵਾਲੀ, ਕਵਿਤਾ ਦਾ ਇਲਹਾਮ ਪ੍ਰਦਾਨ ਕਰਨ ਵਾਲੀ ਵਰਣਨ ਕਰਨ ਲੱਗ ਪਏ ਤੇ ਇਸ ਦੇ ਅਵਾਹਨ ਸ਼ੁਰੂ ਕਰ ਦਿੱਤੇ। ਇਸ ਬਾਰੇ ਇਕ ਇਹ ਕਥਾ ਵੀ ਪ੍ਰਸਿੱਧ ਹੈ ਕਿ ਇਹ ਅਰਸ਼ਾਂ 'ਤੇ ਵੱਸਦੀ ਸਰਸੁਤੀ ਇਕ ਵਾਰ ਭਾਰਤ ਮੁਨੀ 'ਤੇ ਉੱਤਰੀ ਤੇ ਮਨੁੱਖ ਨੂੰ ਅੱਖਰ ਗਿਆਨ ਤੇ ਬੋਲੀ ਨਾਲ ਸ਼ਿੰਗਾਰਿਆ। ਇਸੇ ਲਈ ਇਸ ਦਾ ਇਕ ਨਾਮ ਭਾਰਤੀ ਵੀ ਹੋ ਗਿਆ। ਇਸ ਤੋਂ ਸੰਸਕ੍ਰਿਤ ਵਿੱਦਿਆ ਤੁਰੀ ਮੰਨੀ ਹੈ। ਸ਼ਾਰਦਾ ਵੀ ਇਸੇ ਦਾ ਹੀ ਨਾਮ ਹੈ ਜਿਸ ਦਾ ਅਰਥ ਹੈ ਸਾਰੇ ਵਿਦਿਆ-ਵਿਗਿਆਨਾਂ ਦਾ {ਸਾਰ} ਤੱਤ੍ਵ ਦਾਨ ਕਰਨ ਵਾਲੀ। ਹੋਰਨਾਂ ਦੇਵੀਆਂ ਨੂੰ ਬਲੀਆਂ ਦਿੱਤੀਆਂ ਜਾਂਦੀਆਂ ਸਨ ਪਰ ਸਰਸੁਤੀ ਨੂੰ ਕਵੀਆਂ ਵੱਲੋਂ ਉਸਤਤੀ, ਵਿੱਦਿਆ ਤੇ ਉੱਚ ਕਵਿਤਾ ਤੇ ਬਿਘਨਾਂ ਦੀ ਨਵਿਰਤੀ ਦੀ ਯਾਚਨਾ ਆਦਿ ਸ਼ਰਧਾ ਦੇ ਫੁੱਲ ਹੀ ਭੇਟ ਹੁੰਦੇ ਰਹੇ। ਸਰਸੁਤੀ ਕਿਸੇ ਇਕ ਮਜ਼ਹਬ ਦੀ ਦੇਵੀ ਨਹੀਂ ਸਗੋਂ ਭਾਰਤ ਵਿੱਚ ਵੱਸਣ ਵਾਲੇ ਹਰ ਮਜ਼ਹਬ, ਫਿਰਕੇ ਤੇ ਸੰਪ੍ਰਦਾ ਦੇ ਲੋਕ ਇਸ ਨੂੰ ਸੁੰਦਰ ਕਵਿਤਾ ਦੀ ਦਾਤੀ ਅਣਡਿੱਠ ਸ਼ਕਤੀ ਜਾਣ ਕੇ ਇਸ ਦਾ ਆਰਾਧਨ ਕਰਦੇ ਰਹੇ ਹਨ। ਭਾਰਤ ਤੋਂ ਛੁੱਟ ਯੂਰਪ ਦੇ ਦੇਸ਼ਾਂ ਵਿੱਚ ਵੀ ਸ਼ਾਰਦਾ ਦਾ ਇਹੋ ਹਾਲ ਰਿਹਾ। ਦੇਖੋ ਯੂਨਾਨ ਦੇ ਪੁਰਾਣੇ ਕਵੀ 'ਮਯੂਜ਼ਾ' ਨੂੰ ਉਸੇ ਤਰ੍ਹਾਂ ਯਾਦ ਕਰਦੇ ਹਨ ਜਿਵੇਂ ਭਾਰਤੀ ਕਵੀ ਸਰਸੁਤੀ ਨੂੰ। ਉਹ ਆਪਣੇ ਮਹਾਂ ਕਾਵਿ ਦੇ ਅਰੰਭ ਵਿੱਚ ਜਾਂ ਵਿੱਚ ਵਿੱਚ ਜਿੱਥੇ ਕਠਨਾਈ ਪੇਸ਼ ਆਵੇ, ਯਾਦ ਕਰਦੇ ਤੇ ਉਸ ਤੋਂ ਕਵਿਤਾ ਵਿੱਚ ਸੁਘੜਤਾ, ਰਸ, ਚੰਗਾ ਨਿਬਾਹ ਤੇ ਉੱਚੀ ਖ਼ਿਆਲ ਉਡਾਰੀ ਦੀ ਦਾਤ ਮੰਗਦੇ ਹਨ। ਯੂਨਾਨ ਤੋਂ ਅੱਗੋਂ ਇਹ ਖ਼ਿਆਲ ਇਟਲੀ ਤੇ ਰੋਮ ਵਿੱਚ ਵੀ ਜਾਰੀ ਰਿਹਾ ਤੇ ਰੋਮ ਤੋਂ ਅੱਗੇ ਯੂਰਪ ਵਿੱਚ ਫੈਲ ਗਿਆ। ਹੈਰਾਨੀ ਦੀ ਗੱਲ ਇਹ ਹੈ ਕਿ ਸਾਰਾ ਯੂਰਪ ਈਸਾਈ ਹੋ ਗਿਆ। ਦੇਵੀ-ਦੇਵਤਿਆਂ ਦੀ ਪੂਜਾ ਬੰਦ ਹੋ ਗਈ। ਈਸਾ ਤੇ ਰੂਹੁਲ-ਕੁੱਦਸ ਦਾ ਘਰ ਘਰ ਚਰਚਾ ਹੋ ਗਿਆ। ਲੋਕਾਂ ਨੇ ਸਾਰੇ ਦੇਵ ਮੰਦਰ ਢਾਹ ਸੁੱਟੇ ਪਰ ਕਵੀਆਂ ਦੇ ਮਨਾਂ 'ਚੋਂ 'ਮਯੂਜ਼ਾ' ਦਾ ਮੰਦਰ ਨਾ ਗਿਰਾ ਸਕੇ। ਇਟਲੀ ਦੇ ਪ੍ਰਸਿੱਧ ਮਹਾਂ ਕਵੀ 'ਡੈਂਟੇ' ਨੇ ਆਪਣੀ ਪੁਸਤਕ ਵਿੱਚ 'ਮਯੂਜ਼ਾ' ਨੂੰ ਯਾਦ ਕੀਤਾ ਹੈ। ਈਸਾਈਆਂ ਵਿੱਚ ਵੀ ਬਹੁਤ ਅਗਾਂਹ ਵਧੂ 'ਪਜ਼ੂਰੀ ਟੈਨਸ' ਫ਼ਿਰਕੇ ਦਾ ਇਕ ਮਹਾਨ ਕਵੀ 'ਮਿਲਟਨ' ਆਪਣੀ ਮਹਾਂ-ਕਾਵਿ ਵਿੱਚ 'ਮਯੂਜ਼ਾ' ਨੂੰ ਅਰਸ਼ਾਂ ਵਿੱਚ ਵੱਸਣ ਵਾਲੀ ਦੱਸ ਕੇ ਯਾਦ ਕਰਦਾ ਹੈ। ਵਧੇਰੇ ਵਿਸਥਾਰ ਲਈ ਦੇਖੋ ਸ੍ਰੀ ਗੁਰੂ ਨਾਨਕ ਪ੍ਰਕਾਸ਼ ਸੰਪਾਦਿਤ ਭਾਈ ਸਾਹਿਬ ਡਾਕਟਰ ਵੀਰ ਸਿੰਘ ਦਾ ਪੰਨਾ ੫ ਤੋਂ ੯ ਤੱਕ। ਉਪਰੋਕਤ ਸੰਖੇਪ ਜਿਹੀ ਵਿਚਾਰ ਤੋਂ ਇਹ ਸਿੱਧ ਹੋ ਗਿਆ ਹੈ ਕਿ ਵਾਕ, ਵਾਚ, ਸਰਸੁਤੀ ਜਾਂ ਬਾਣੀ ਕਿਸੇ ਵੀ ਕਵੀ ਦਾ ਇਸ਼ਟ ਦੇਵ ਨਹੀਂ, ਸਗੋਂ ਹਰ ਮਜ਼ਹਬ, ਹਰ ਫ਼ਿਰਕੇ ਤੇ ਹਰ ਸੰਪ੍ਰਦਾ ਦੇ ਸਾਰੇ ਕਵੀਆਂ ਨੇ ਬਿਨਾਂ ਵਿਤਕਰੇ ਤੋਂ ਇਸ ਨੂੰ ਕਵਿਤਾ ਦਾ ਉੱਚਾ ਆਵੇਸ਼ ਪ੍ਰਦਾਨ ਕਰਨ ਵਾਲੀ ਅਦਿੱਖ ਸ਼ਕਤੀ ਜਾਣ ਕੇ ਇਸ ਦਾ ਅਵਾਹਨ ਕੀਤਾ ਹੈ। ਇਹ ਇਕ ਤਰ੍ਹਾਂ ਨਾਲ ਗਿਆਨੀ ਜੀ ਦੇ ਪੰਥ ਪ੍ਰਕਾਸ਼ ਦੇ ਲਿਖਣ ਸਮੇਂ ਤੱਕ ਸਾਰੇ ਕਵੀਆਂ ਦਾ ਇਕ ਸੰਕੇਤ ਹੀ ਬਣ ਗਿਆ ਸੀ, ਜਿਸ ਕਰ ਕੇ ਗਿਆਨੀ ਗਿਆਨ ਸਿੰਘ ਨੇ ਵੀ ਹੋਰ ਸਿੱਖ ਕਵੀਆਂ ਵਾਂਗ 'ਕਵਿ-ਸੰਕੇਤ-ਮਰਯਾਦਾ' ਦਾ ਪਾਲਣ ਕਰਦਿਆਂ ਹੋਇਆਂ ਸਰਸੁਤੀ ਦਾ ਮੰਗਲ ਕੀਤਾ ਹੈ, ਜੋ ਇਸ ਪ੍ਰਕਾਰ ਹੈ:

ਸ੍ਵੈਯਾ:

ਸਸਿ ਸਾਰਦ ਪਾਰਦ ਕੁੰਦ ਮਨਿੰਦ, ਅਨਿੰਦ ਬੁਲਿੰਦ ਸਰੂਪ ਧਰੇ।
ਭੁਜ ਦੰਡ ਪ੍ਰਚੰਡ ਸੁ ਮੰਡਤ ਬੀਨ, ਅਖੰਡ ਜਸੈਂ ਬ੍ਰਹਮੰਡ ਭਰੇ।
ਰਿਖ ਮਾਨਵ ਦਾਨਵ ਦੇਵ ਅਦੇਵ, ਧਿਆਇ ਜਿਸੈ ਬਰ ਬੈਨ ਰਰੇ।
ਵਹੁ ਸਾਰਸ੍ਵਤੀ ਕੁਮਤੀ ਹਰ, ਦੈ ਸੁਮਤੀ ਰਸਨਾ ਪਰ ਬਾਸ ਕਰੇ ॥ ੪ ॥

ਪਦਅਰਥ:

ਸਸਿ ਸਾਰਦ=ਸਰਦਰੁੱਤ ਦਾ ਚੰਦ੍ਰਮਾ। ਪਾਰਦ=ਪਾਰਾ। ਕੁੰਦ=ਮਰਤਬਾਨ ਦਾ ਫੁੱਲ। ਮਨਿੰਦ=ਵਰਗਾ। ਅਨਿੰਦ=ਉਸਤਤ ਯੋਗ। ਬੁਲਿੰਦ=ਉੱਚਾ, ਭਾਰੀ, ਵੱਡਾ। ਭੁਜਦੰਡ=ਬਾਹਾਂ ਦੇ ਡੌਲੇ। ਪ੍ਰਚੰਡ=ਤਿੱਖੇ, ਬਲਵਾਨ। ਮੰਡਤ ਬੀਨ=ਬੀਨ ਨਾਲ ਸਜੇ ਹੋਏ ਹਨ।

ਅਖੰਡ=ਲਗਾਤਾਰ। ਜਸੈਂ=ਜਸ ਨਾਲ। ਦਾਨਵ=ਦਾਨੋ, ਰਾਖਸ਼। ਦੇਵ=ਦੇਵਤੇ। ਅਦੇਵ=ਦੈਂਤ। ਬਰ ਬੈਨ ਰਰੇ=ਚੰਗੇ ਬਚਨ ਉਚਾਰਦੇ ਹਨ। ਕੁਮਤੀ ਹਰ=ਖੋਟੀ ਮਤ ਮੇਟ ਕੇ। ਦੈ ਸੁਮਤੀ=ਚੰਗੀ ਮਤਿ ਦੇ ਕੇ।

ਅਰਥ:

੧. (ਜਿਸ ਸਰਸੁਤੀ ਨੇ) ਸਰਦਰੁੱਤ ਦੇ ਚੰਦ੍ਰਮਾ, ਪਾਰੇ ਤੇ ਮਰਤਬਾਨ ਦੇ ਫੁੱਲ ਵਰਗਾ ਭਾਰੀ ਉਸਤਤ ਯੋਗ ਸਰੂਪ ਧਾਰਿਆ ਹੈ।

੨. ਜਿਸ ਦੀਆਂ ਬਾਹਾਂ ਦੇ ਬਲਵਾਨ ਡੌਲੇ ਵੀਣਾ (ਸਾਜ਼) ਨਾਲ ਚੰਗੇ ਸਜੇ ਹੋਏ ਹਨ ਅਤੇ ਜਿਸ ਦੇ ਅਖੰਡ ਜਸ ਨਾਲ ਸਾਰਾ ਬ੍ਰਹਮੰਡ ਭਰਿਆ ਹੋਇਆ ਹੈ।

੩. ਜਿਸ ਨੂੰ ਰਿਖੀ, ਮਨੁੱਖ, ਦੇਵਤੇ ਅਤੇ ਦੈਂਤ ਧਿਆ ਕੇ ਚੰਗੇ ਬਚਨ ਉਚਾਰਦੇ ਹਨ।

੪. ਉਹ ਸਰਸੁਤੀ (ਮੇਰੀ) ਖੋਟੀ ਮਤਿ ਮੀਟ ਕੇ ਤੇ ਚੰਗੀ ਮਤਿ ਦੇ ਕੇ (ਮੇਰੀ)ਰਸਨਾ 'ਤੇ ਵਾਸਾ ਕਰੇ।

ਭਾਵ:

ਇਹ ਗੱਲ ਤਾਂ ਅਸੀਂ ਪਿੱਛੇ ਚੰਗੀ ਤਰ੍ਹਾਂ ਖੋਲ੍ਹ ਕੇ ਸਪੱਸ਼ਟ ਕਰ ਹੀ ਆਏ ਹਾਂ ਕਿ ਕਵੀ ਭਾਵੇਂ ਕਿਸੇ ਵੀ ਮਜ਼ਹਬ, ਫ਼ਿਰਕੇ ਜਾਂ ਧਰਮ ਨਾਲ ਸੰਬੰਧ ਰੱਖਦਾ ਸੀ, ਉਸ ਨੇ ਆਪਣੀ ਅਤਿ ਉੱਤਮ ਕਾਵਿ ਰਚਨਾ ਦੀ ਦਸ਼ਾ ਨੂੰ 'ਆਵੇਸ਼ਕ ਦਸ਼ਾ' ਅਨੁਭਵ ਕੀਤਾ ਹੈ ਤੇ ਉਸ 'ਆਵੇਸ਼' ਨੂੰ ਅਦਿੱਖ ਸੰਸਾਰ ਵਿੱਚੋਂ ਰੂਹਾਨੀ ਵਿਅਕਤੀ ਵਾਲਾ ਸਮਝਿਆ ਹੈ। ਉਸ ਦਾ ਨਾਮ ਵਿਅਕਤੀ ਤੇ ਚਰਿਤ੍ਰ ਭਾਵੇਂ ਅੱਡ-ਅੱਡ ਕਲਪਿਆ ਹੋਵੇ, ਆਵੇਸ਼ ਕਿਸੇ ਨਾ ਦਿੱਸਣ ਵਾਲੀ ਸ਼ਕਤੀ ਜਾਂ ਵਿਅਕਤੀ ਵੱਲੋਂ ਮੰਨ ਕੇ ਉਸ ਨੂੰ ਯਾਦ ਕੀਤਾ ਹੈ। ਉਨ੍ਹਾਂ ਪ੍ਰਾਚੀਨ ਭਾਰਤੀ ਕਵੀਆਂ ਵਾਂਗ ਹੀ ਗਿਆਨੀ ਗਿਆਨ ਸਿੰਘ ਜੀ ਨੇ ਵੀ ਆਪਣਾ ਉੱਤਮ ਮਹਾਂ ਕਾਵਿ ਗ੍ਰੰਥ ਸ੍ਰੀ ਗੁਰੁ ਪੰਥ ਪ੍ਰਕਾਸ਼ ਨੂੰ ਅਰੰਭ ਕਰਨ ਤੋਂ ਪਹਿਲਾਂ ਮਹਾਂ ਕਵੀ ਹੋਣ ਦੇ ਨਾਤੇ ਇਸ ਪ੍ਰਾਚੀਨ ਕਾਵਿ-ਪਰੰਪਰਾ ਨੂੰ ਵੀ ਅਪਣਾ ਲਿਆ ਹੈ। ਦੂਜਾ ਕਾਰਨ ਇਹ ਕਿ ਉਨ੍ਹਾਂ ਦੇ ਅਧਿਐਨ ਦਾ ਘੇਰਾ ਜ਼ਿਆਦਾਤਰ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਸਾਹਿੱਤ ਤੱਕ ਹੀ ਮਹਿਦੂਦ ਸੀ, ਜਿਸ ਦਾ ਉਨ੍ਹਾਂ ਦੇ ਮਨ 'ਤੇ ਪ੍ਰਭਾਵ ਪੈਣਾ ਕੁਦਰਤੀ ਸੀ। ਸੋ ਉਨ੍ਹਾਂ ਨੇ ਇਹ ਸਰਸੁਤੀ ਮੰਗਲ ਕੇਵਲ ਤੇ ਕੇਵਲ 'ਕਵਿ ਸੰਕੇਤਕ ਮਰਯਾਦਾ' ਜਾਂ 'ਕਵਿ ਮਨ ਹੁਲਾਸ' ਜਾਣ ਕੇ ਹੀ ਕੀਤਾ ਹੈ। ਉਂਵ ਉਹ ਇਕ ਅਕਾਲ ਪੁਰਖ ਦੇ ਉਪਾਸ਼ਕ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਖ਼ਾਲਸਾ ਪੰਥ ਦੇ ਅਨੰਨਿ ਸ਼ਰਧਾਵਾਨ ਸਿੱਖ ਕਵੀ ਸਨ। ਗੁਰਮਤਿ ਨਾਮ (ਵਾਹਿਗੁਰੂ) ਦੇ ਵਿਸ਼ਵਾਸੀ ਤੇ ਅਭਿਆਸੀ ਸਨ। ਸਿੱਖ ਰਹਿਤ ਮਰਯਾਦਾ ਨੂੰ ਸਹੀ ਰੂਪ ਵਿੱਚ ਪ੍ਰਚਾਰਣ ਦੇ ਮੋਢੀ ਤੇ ਸਿੰਘ ਸਭਾ ਲਹਿਰ ਵਰਗੀ ਧਰਮ ਤੇ ਸਮਾਜ ਸੁਧਾਰਕ ਲਹਿਰ ਦੇ ਜਨਮ ਦਾਤਾ ਸਨ। ਇਹ ਤੱਤ ਉਨ੍ਹਾਂ ਦੀਆਂ ਹੋਰ ਸਾਰੀਆਂ ਰਚਨਾਵਾਂ ਅਤੇ ਸ੍ਰੀ ਗੁਰੁ ਪੰਥ ਪ੍ਰਕਾਸ਼ ਵਿੱਚ ਰਚੇ ਗਏ ਮੰਗਲਾਂ ਤੇ ਹੋਰ ਅੱਡ-ਅੱਡ ਥਾਵਾਂ 'ਤੇ ਆਏ ਗੁਰੂ ਜਸ ਦੇ ਛੰਦਾਂ ਤੇ ਕਾਵਿ ਅੰਸ਼ਾਂ ਤੋਂ ਭਲੀ ਭਾਂਤ ਪ੍ਰਤੱਖ ਦੇਖਿਆ ਜਾ ਸਕਦਾ ਹੈ। ਉਨ੍ਹਾਂ ਦੀ ਰਚਨਾ ਦੇ ਕੁਝ ਕੁ ਕਾਵਿ ਅੰਸ਼ ਨਮੂਨੇ ਵਜੋਂ ਹੇਠ ਦਰਜ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚੋਂ ਉਨ੍ਹਾਂ ਦੀ ਇਸ਼ਟਾਪਤੀ, ਧਾਰਮਿਕ ਵਿਸ਼ਵਾਸ਼ ਤੇ ਸਿੱਖੀ ਲਈ ਅਟੱਲ ਯਕੀਨ ਸਾਫ਼ ਤੇ ਸਪੱਸ਼ਟ ਝਲਕਦਾ ਦਿੱਸ ਪਏਗਾ:

ਅਬੈ ਕ੍ਰਿਪਾਲ ਹੂਜੀਏ ਦਿਆਲ ਦਾਸ ਖਾਸ ਪੈ, ਨਿਰਾਸ ਔਰ ਠੌਰ ਤੈ ਭਯੋ ਹੁਲਾਸ ਹੀਨ ਮੈਂ।
ਗਹੀ ਸਰੱਨ ਰਾਵਰੇ ਚਰੱਨ ਕੀ ਅਨੰਨਿ ਹ੍ਵੈ, ਜਰੱਨ ਔ ਮਰੱਨ ਦੁੱਖ ਕਾਟੀਏ ਕਠੀਨ ਮੈਂ।
ਕੁੱਕ੍ਰਿਤ ਬ੍ਰਿੱਤ ਮੈਂ ਫਸਜੋ ਅਨ੍ਰਿੱਤ ਨ੍ਰਿਤ ਨੈ ਕਸਜੋ, ਅਧ੍ਰਿੱਤ ਧ੍ਰਿੱਤ ਹੌਂ ਫਸਜੋ ਅਰਜਾਨ ਕੇ ਅਧੀਨ ਮੈਂ
ਨ ਔਰ ਆਸ ਕੋਇ ਦਾਸ ਰਾਵਰੋ ਸਦੈਂਹੁ ਏਕੁ, ਹੈ ਭਰੋਸ ਲਾਜ ਨਾਮ ਕੀਰਖੈਹੁੰ ਪੀਨ ਮੈਂ ॥੨॥
ਸੁਨਜੋ ਅਨੰਤ ਸੰਤ ਤੈਂ ਗੁਰੂ ਗ੍ਰੰਥ ਭੀ ਕਹੈਂ, ਤਰਾਇ ਹੈਂ ਗੁਰੂ ਗੋਬਿੰਦ ਸਿੰਘ ਜੂ ਉਦਾਰਿਯੇ।
ਇਸੀ ਭਰੋਸ ਪੈ ਚੜਜੋ ਜਹਾਜ ਆਜ ਰਾਵਰੇ, ਰਖੈਹੁ ਲਾਜ ਨਾਮ ਕੀ ਭਵਾਂ ਬੁਧੈ ਉਬਾਰਿਯੇ ॥੨੩॥
ਸੁਨੈਹੁ ਪੰਥ ਖਾਲਸਾ ਨਿਰਾਲਸਾ ਕਮਾਲਸਾ, ਦਿਆਲਸਾ ਬਿਸਾਲਸਾ ਥਵੈਹੁ ਦਾਸ ਜਾਨ ਕੈ।
ਲਖੈਹੁ ਦਾਸ ਬਾਲਸਾ ਤੁਮੈਂ ਸਦੈਹੁਂ ਪਾਲਸਾ, ਯੁਤੈਹੁਂ ਦੋਸ ਮਾਲਸਾ ਨ ਖਿਆਲਸਾ ਕਿਛਾਨ ਕੈ ॥੨੬॥

(ਸ੍ਰੀ ਗੁਰੁ ਪੰਥ ਪ੍ਰਕਾਸ਼ ਉਤ੍ਰਾਰਧ ਬਿਸ੍ਰਾਮ ੧)

ਉਪ੍ਰੋਕਤ ਨਮੂਨੇ ਮਾਤ੍ਰ ਛੰਦਾਂ ਤੋਂ ਕਵੀ ਜੀ ਦੀ ਗੁਰੂ ਸਾਹਿਬਾਨ ਤੇ ਖ਼ਾਲਸਾ ਪੰਥ ਪ੍ਰਤੀ ਸ਼ਰਧਾ ਤੇ ਇਸਟਾਪਤੀ ਦਾ ਭਲੀ ਭਾਂਤ ਪਤਾ ਲਗ ਜਾਂਦਾ ਹੈ। ਜ਼ਰਾ ਗਹੁ ਨਾਲ ਤੱਕੋ ਕਿ ਹੋਰ ਸਾਰੀਆਂ ਆਸਾਂ ਵੱਲੋਂ ਨਿਰਾਸ ਹੋ ਕੇ ਕੇਵਲ ਗੁਰੂ ਭਰੋਸੇ ਤੇ ਸਿੱਖੀ ਦੇ ਜਹਾਜ਼ 'ਤੇ ਚੜ੍ਹਨ ਵਾਲਾ ਆਪਣੇ ਆਪ ਨੂੰ ਖ਼ਾਲਸਾ ਪੰਥ ਦਾ ਪਾਲਕ-ਦਾਸ ਅਖਵਾਉਣ ਵਿੱਚ ਗੌਰਵ ਅਨੁਭਵ ਕਰਨ ਵਾਲਾ

ਗਿਆਨੀ ਗਿਆਨ ਸਿੰਘ ਸਰਸੁਤੀ ਨੂੰ ਬਤੌਰ ਇਸ਼ਟ ਕਿਵੇਂ ਯਾਦ ਕਰ ਸਕਦਾ ਹੈ? ਕਵੀ ਜੀ ਆਪਣੇ ਆਪ ਨੂੰ ਗੁਰੂ ਕਾ ਸਿੱਖ ਅਖਵਾਉਣ ਵਿੱਚ ਫ਼ਖ਼ਰ ਮਹਿਸੂਸ ਕਰਦੇ ਹਨ ਤੇ ਇਹ ਅਟੱਲ ਵਿਸ਼ਵਾਸ਼ ਰੱਖਦੇ ਹਨ ਕਿ ਆਪਣੇ ਅੰਦਰ ਹਜ਼ਾਰਹਾ ਅਉਗਣਾਂ ਦੇ ਹੁੰਦਿਆਂ ਹੋਇਆਂ ਵੀ 'ਕੇਵਲ ਸਿੱਖ ਨਾਮ ਜਾਂ ਸਿੱਖ ਮਾਤ੍ਰ ਹੋਣ 'ਤੇ ਹੀ ਗੁਰੂ ਜੀ ਮੈਨੂੰ ਜ਼ਰੂਰ ਹੀ ਤਾਰ ਲੈਣਗੇ'। ਇਸ ਅਨੰਨਿ ਸ਼ਰਧਾ ਦੀ ਤਸਵੀਰ ਉਹ ਆਪ ਐਉਂ ਖਿੱਚਦੇ ਹਨ:

ਬੀਰ ਨ ਧੀਰ ਨ ਸੱਤ ਪ੍ਰਤੱਗਯ ਨ, ਤੱਗ ਨ ਲੱਗ ਨ ਪ੍ਰੇਮ ਜੀਆ ਕੋ।
ਜਾਪ ਨ ਤਾਪ ਨ ਨੇਮ ਨ ਸੰਜਮ, ਇੰਦ੍ਰੀ ਮਨ ਨਹਿ ਜੀਤ ਲੀਆ ਕੋ।
ਧਯਾਨ ਨ ਗਯਾਨ ਨ ਪੁਰਬ ਇਸ਼ਨਾਨ ਨ, ਖਾਨ ਨ ਪਾਨ ਨ ਦਾਨ ਦੀਆ ਕੋ।
ਸੋ ਕਰਨੀ ਤਰਨੀ ਵਰ ਨ, ਤਰਨਾ ਸਿਖ ਨਾਮ ਭਰੋਸ ਹੀਆ ਕੋ ॥੧॥
ਹੌਂ ਕੁਟਲੀ ਕਪਟੀ ਖਪਟੀ ਪੁਰ ਪਾਪਕ, ਤਾਪਕ ਖਾਪਕ ਜੀਆ।
ਕੂਰ ਕ੍ਰੂਰ ਅਘੀ ਅਗੁਨੀ ਸਠ, ਕਾਮੀ ਕੁਗਾਮੀ ਬਦੀ ਰਹਿ ਜੀਆ।
ਦੰਭ ਦਗਾ ਦੁਖਦਾ ਦੁਰਚਾਰ ਕਰੇ ਬਹੁ, ਨੇਕ ਸੁ ਏਕ ਨ ਕੀਆ।
ਐਪਰ ਗਯਾਨ ਹਰੀ ਸਿੱਖ ਮਾਤ੍ਰ, ਤਾਰਹਿਗੇ ਗੁਰ ਹੈ ਦਿਢ ਜੀਆ ॥੨॥

(ਸ੍ਰੀ ਗੁਰ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ ੯)

ਦੂਜੀ ਉਦਾਸੀ ਸਮੇਂ ਦੱਖਣ ਦੇ ਇਲਾਕੇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸ਼ਕਤੀ (ਦੇਵੀ) ਦੇ ਪੂਜਕ ਮਿਲੇ ਤੇ ਉਨ੍ਹਾਂ ਸ਼ਕਤੀ ਦੇ ਗੁਣ ਗਾਏ ਤੇ ਪੂਜਣ ਦੇ ਲਾਭ ਦੱਸੇ ਤਾਂ ਉਨ੍ਹਾਂ ਦੇ ਉੜ੍ਹ ਵਿੱਚ ਹਜ਼ੂਰ ਨੇ ਜੋ ਬਚਨ ਕਹੇ, ਕਵੀ ਜੀ ਨੇ ਉਨ੍ਹਾਂ ਨੂੰ ਆਪਣੇ ਸ਼ਬਦਾਂ ਵਿੱਚ ਐਉਂ ਅੰਕਤ ਕੀਤਾ ਹੈ:

ਤਾਂ ਪਰ ਗੁਰ ਯੌਂ ਗਿਰਾ ਉਚਾਰੀ। ਅਹੋ ਛੋਡ ਨਰ ਪੂਜਹਿ ਨਾਰੀ।
ਨਾਰ ਪੁਰਖ ਕਾ ਜੋੜਾ ਜੇਤੋ। ਹੈ ਕਰਤਾਰ ਉਪਾਯੋ ਤੇਤੋ ॥੨੫॥
ਨਾਰੀ ਸਦਾ ਪੁਰਖ ਆਧੀਨਾ। ਤਾਂ ਤੇ ਫਲ ਚਹੈਂ ਮੂਢ ਪ੍ਰਬੀਨਾ।
ਈਸ਼ਰ ਦੇਵ ਰਚ ਜਯੋਂ ਔਰੈਂ। ਦੇਵੀ ਰਚੀ ਲਖੋ ਤਿਸ ਤੌਰੈਂ ॥੨੬॥
ਪੀਪੇ ਭਗਤ ਅਰਾਧੀ ਜਬੈ। ਦੇ ਨਹਿ ਸਕੀ ਮੁਕਤਿ ਤਿਹ ਤਬੈ।
ਫਿਰ ਜਢ ਮੂਰਤਿ ਧੂਰਤ ਪੂਜੈਂ। ਚੇਤਨ ਦੇਵ ਨ ਜਿਨ ਕੋ ਸੂਝੈਂ ॥੨੭॥
ਸੁਨਿ ਗੁਰ ਬੈਨ ਐਨ ਸੁਖਦਾਈ। ਭਏ ਭਗਤ ਹਰਿ ਸੋਂ ਮਨ ਲਾਈ।

(ਸ੍ਰੀ ਗੁ: ਪੰ: ਪ੍ਰ: ਪੂ: ਬਿ: ੯ ਅੰ: ੨੫ ਤੋਂ ੨੮)

ਪਰਮ ਪਾਵਨ ਸ੍ਰੀ ਲਹਿਣਾ ਜੀ ਜਦ ਪਹਿਲੀ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਤਾਂ ਉਨ੍ਹਾਂ ਦੇ ਸਾਰੇ ਸਾਥੀਆਂ ਨੂੰ ਉਹੋ ਅਸ਼ਟ ਭੁਜੀ ਦੇਵੀ ਗੁਰੂ ਘਰ 'ਚ ਝਾੜੂ ਦੇਂਦੀ ਦਿਖਾਈ ਜਿਸ ਦੇ ਉਹ ਦਰਸ਼ਨਾਂ ਨੂੰ ਜਾ ਰਹੇ ਸਨ:

ਗੁਰ ਬੂਝਯੋ ਤੁਮ ਕਹਾ ਜੈਹੋ, ਕਹਯੋ ਦੇਵੀ ਦਰਸ ਕੋ।
ਗੁਰ ਕਹਯੋ ਈਹਾ ਦਰਸ ਹ੍ਵੈ ਹੈ, ਲਹਯੋ ਸਭ ਮਨ ਹਰਸ ਕੋ।
ਜਿਮ ਕਹਾ ਥਾ ਗੁਰ ਤੈਸ ਹੀ ਭਯੋ, ਦਰਸ ਸਭ ਕੋ ਦੇਵਿ ਕਾ।
ਗੁਰ ਦੁਆਰ ਠਾਢੀ ਅਸ਼ਟ ਭੁਜਿ, ਸਹਿ ਸਿੰਘ ਬੀਰ ਅਭੇਵਕਾ ॥੨੫॥
ਇਨ ਸਬਨ ਸ਼ਕਤੀ ਕਰਤ ਭਗਤੀ, ਗੁਰੂ ਕੀ ਜਬ ਹੇਰੀਆ।
ਫਿਰ ਗਏ ਸਬ ਕੇ ਤੁਰਤ ਹੀ ਮਨ, ਸਿਖ ਭੇ ਬਿਨ ਦੇਰੀਆ।

(ਸ੍ਰੀ ਗੁ: ਪੰ: ਪ੍ਰ: ਪੂ: ਬਿ: ੧੩, ਅ: ੨੫ ਤੇ ੨੬)

ਅਸ਼ਟ ਭੁਜੀ ਇਕ ਦਿਵਸ, ਗੁਰੂ ਕਾ ਦੁਆਰ ਬੁਹਾਰਤ।
ਪਿਖ ਲਹਿਣਾ ਭਰ ਮੋਦ, ਪੁਨਹਿ ਪੁਨ ਗੁਰਹਿ ਜੁਹਾਰਤ।

(ਸ੍ਰੀ ਗੁ: ਪੰ: ਪ੍ਰ: ਅੰ: ਐ: ਛਾਪਾ ਪੱਥਰ ਪੰਨਾ ੫੪)

ਇਕ ਹੋਰ ਥਾਂ ਐਉਂ ਲਿਖਦੇ ਹਨ:

ਧਜਾਵਤ ਜਾਂਹਿ ਸੁਰਾਸੁਰ ਕਿੰਨਰ, ਜੱਛ ਮਨੁੱਛ ਬਿਲੱਛ ਪ੍ਰਕਾਰੈਂ।
ਅੰਡ ਨਿਕਾਇ ਬਨਾਇ ਥਿਰਾਇ, ਖਪਾਇ ਧਰੈ ਜੁ ਚਹੈ ਕਰ ਡਾਰੈ।
ਸਾਰਦ ਨਾਰਦ ਸੇਸ ਮਹੇਸ, ਰਟੈਂ ਗੁਨ ਬੇਸ ਲਹੈਂ ਨਹਿ ਪਾਰੈ।
ਜੋ ਸ਼ਕਤੀ ਜਗਤੀ ਭਗਤੀ, ਜਿਹ ਆਇ ਸ੍ਰੀ ਗੁਰ ਦ੍ਵਾਰ ਬੁਹਾਰੈ ॥੨੦॥

(ਸ੍ਰੀ ਗੁ: ਪੰ: ਪੂ: ਬਿ: ੧੨, ਅੰਕ ੨੦)

ਇਕ ਅਕਾਲ ਪੁਰਖ ਨੂੰ ਛੱਡ ਕੇ ਦੇਵੀ ਦੇਵਤਿਆਂ ਦੇ ਪੂਜਨ ਨੂੰ ਕਵੀ ਜੀ ਮੁੱਢ ਛੱਡ ਕੇ ਪੱਤਿਆਂ ਟਾਹਣੀਆਂ ਤੇ ਫਲਾਂ ਫੁਲਾਂ ਨੂੰ ਪਾਣੀ ਸਿੰਜਣ ਦੇ ਤੁਲ ਕਹਿੰਦੇ ਹਨ:

ਅਬ ਲੇਹੁ ਉਤ੍ਰ ਏਹੁ ਸਭ ਹੀ ਕਹੋਂ ਠੀਕ ਪਛਾਨੀਏ।
ਹੈ ਏਕ ਪੁਰਖ ਅਕਾਲ ਗੁਰ ਕਾ, ਇਸ਼ਟ ਨੀਕੇ ਜਾਨੀਏ।
ਨਹਿ ਪਰਮ ਈਸ਼ਰ ਏਕ ਤਜ ਕਰਿ, ਭਜਯੋ ਔਰੈਂ ਦੇਵ ਕੋ।
ਅਬ ਰੀਤਿ ਸੋਈ ਆਹਿ ਗੁਰ ਕੇ ਪੰਥ ਮਾਹਿ ਨ ਭੇਵ ਕੋ।
ਤਜ ਏਕ ਪੁਰਖ ਅਕਾਲ ਕੋ, ਨਰ ਔਰ ਦੇਵਹਿ ਕੋ ਭਜੈ।
ਵਹਿ ਮੂਲ ਨਿਜ ਤੈ ਭੂਲ ਕੈ ਦਲ ਫੂਲ ਸਾਖਾ ਕੋ ਜਜੈ।
(ਸ੍ਰੀ ਗੁ: ਪੰ: ਪ੍ਰ: ਅੰ: ਐ: ਛਾਪਾ ਪੱਥਰ ਪੰ: ੧੬੨)

ਗੁਰੂ ਜੀ ਨੂੰ ਹੀ ਸਾਰੇ ਮੰਗਲਾਂ ਦਾ ਮੁੱਢ ਮੰਨਦਿਆਂ ਹੋਇਆਂ ਕਵੀ ਜੀ ਖ਼ੁਦ ਐਉਂ ਲਿਖਦੇ ਹਨ:

ਸਰਬ ਇਸ਼ਟ ਮਤ ਗੁਰੁ ਅਨਕੂਲਾ।
ਤਾਂ ਤੇ ਗੁਰ ਮਮ ਮੰਗਲ ਮੂਲਾ।

(ਸ੍ਰੀ ਗੁ: ਪ: ਪ੍ਰ: ਬਿ: ੩, ਅੰ: ੪)

੪. ਸ੍ਰੀ ਅਕਾਲ ਪੁਰਖ ਜੀ ਦਾ ਮੰਗਲ।

ਸ੍ਵੈਯਾ:

ਸਤਿ ਚੇਤਨ ਆਨੰਦ ਹ੍ਵੈ ਰਛਪਾਲ, ਅਕਾਲ ਦਿਆਲ ਉਤਾਲ ਢਰੈਂ।
ਕਰਿ ਬੁੱਧਿ ਬਿਸੁੱਧ ਭਰੇ ਗੁਨ ਸੁੱਧ, ਕਰੁੱਧ ਵਿਰੁੱਧ ਕੁਬੁੱਧਿ ਹਰੈਂ।
ਕਲਿ ਕਾਲ ਕਰਾਲ ਕੁਚਾਲ ਜਿਤੀ, ਤਿਸ ਜਾਲ ਜਵਾਲ ਤੇ ਰੱਖ ਕਰੈਂ।
ਦੁਖ ਦਾਰਦ ਦੁੰਦ ਨਿਕੰਦ ਬੁਲੰਦ, ਅਨੰਦ ਅਮੰਦ ਸ੍ਵਛੰਦ ਭਰੈਂ ॥ ਪ ॥

ਪਦਅਰਥ:

ਸਤਿ=ਜੋ ਵਾਸਤਵ ਵਿੱਚ ਹੋਵੇ, ਅਸਲੀ ਵਜੂਦ, ਤਿੰਨਾਂ ਸਮਿਆਂ ਵਿੱਚ ਜੋ ਨਾਸ਼ ਨਾ ਹੋਵੇ, ਨਿੱਤਰਹਿਣ ਵਾਲਾ, ਅਬਿਨਾਸੀ, ਸਦਾ 'ਹੈ' ਰੂਪ, ਜਿਸ ਨੂੰ ਕਿਸੇ ਥਾਂ ਜਾਂ ਕਿਸੇ ਸਮੇਂ 'ਨਹੀਂ' ਨ ਆਖਿਆ ਜਾ ਸਕੇ। ਚਿਤ=ਚੈਤੱਨਜ, ਜਿਉਂਦਾ ਜਾਗਦਾ, ਗਜਾਨ ਸਰੂਪ, ਜਿਸ ਵਿੱਚ ਪੂਰਨ ਗਯਾਨ ਦਾ ਨਿਵਾਸ ਹੋਵੇ। ਆਨੰਦ=ਅਨੰਦ, ਪ੍ਰਸੰਨਤਾ, ਖ਼ੁਸ਼ੀ, ਪ੍ਰਸੰਨਤਾ ਰੂਪ ਵਾਲਾ। ਜਿਸ ਦਾ ਵਜੂਦ ਉਮਾਹ, ਖ਼ੁਸ਼ੀ, ਮੰਗਲ ਤੇ ਖੇੜਾ ਹੈ। ਅਨੰਦ ਕੇਵਲ ਉਸ ਦਾ ਗੁਣ ਹੀ ਨਹੀਂ ਸਗੋਂ ਉਸ ਦਾ ਸਰੂਪ ਹੈ। ਹ੍ਵੈ=ਹੋ ਕੇ। ਰਛਪਾਲ=ਰੱਖਿਆ ਕਰਨ ਵਾਲਾ। ਅਤੇ ਪਾਲਣਾ ਕਰਨ ਵਾਲਾ। ਅਕਾਲ=ਕਾਲ-ਰਹਿਤ, ਮੌਤ ਤੋਂ ਬਿਨਾ, ਅਬਿਨਾਸ਼ੀ। ਦਿਆਲ=ਦਇਆ ਕਰਨ ਵਾਲਾ, ਬਖ਼ਸ਼ਿੰਦ। ਉਤਾਲ=ਬਹੁਤ ਛੇਤੀ। ਢਰੈਂ=ਢਲਦਾ ਹੈ, ਪੰਘਰਦਾ ਹੈ, ਤਰਸ ਕਰਦਾ ਹੈ, ਬਖ਼ਸ਼ਸ਼ ਕਰਦਾ ਹੈ। ਕਰਿ=ਕਰਕੇ। ਬੁੱਧਿ=ਬੁਧੀ ਨੂੰ। ਵਿਸੁੱਧ=ਬਹੁਤ ਪਵਿੱਤਰ। ਭਰੇ=ਭਰਦਾ ਹੈ। ਗੁਣ ਸੁਧ=ਚੰਗੇ ਗੁਣਾਂ ਨਾਲ। ਕਰੁੱਧ=ਕਰੋਧ। ਵਿਰੁੱਧ=ਵੈਰ। ਕੁਬੁਧਿ=ਖੋਟੀ ਬੁੱਧੀ। ਹਰੈ=ਨਾਸ ਕਰਦਾ ਹੈ। ਕਲਿ=ਕਲਜੁਗ ਦਾ। ਕਾਲ=ਸਮਾਂ। ਕਰਾਲ=ਭਿਆਨਕ, ਡਰਾਉਣਾ। ਕੁਚਾਲ=ਖੋਟੀ ਚਾਲ। ਜਿਤੀ=ਜਿਤਨੀ ਹੈ। ਜਾਲ=ਸਮੂੰਹ। ਜਵਾਲ=ਅੱਗ। ਤੈ=ਤੋਂ। ਦੁੱਖ=ਜੰਮਣ-ਮਰਨਰੂਪ (ਅ) ਉਪੱਦ੍ਰਵ। ਦਾਰਿਦ=ਗ਼ਰੀਬੀ। ਦੁੰਦ=ਦ੍ਵੰਦ੍ਵ, ਦੋ ਵਿਰੋਧੀ ਵਸਤਾਂ ਦਾ ਜੋੜਾ। {ਨੋਟ: 'ਦੁਖ ਦੁੰਦ' ਨੂੰ

ਇਕੱਠਾ ਮੰਨ ਕੇ ਵੱਡ ਦੁੱਖ}। ਬੁਲੰਦ=ਉੱਚਾ। ਅਮੰਦ=ਜੋ ਮੰਦਾ ਨ ਹੋਵੇ, ਸ੍ਰੇਸ਼ਟ, ਉੱਤਮ। ਸ੍ਵਛੰਦ=ਆਪਣੀ ਇੱਛਾ ਅਨੁਸਾਰ, ਸੁਤੰਤਰ। ਭਰੈਂ=ਭਰ ਦੇਂਦਾ ਹੈ।

ਅਰਥ:

੧. ਸਤਿ, ਚਿਤ, ਅਨੰਦ (ਸਰੂਪ) ਅਕਾਲ ਪੁਰਖ (ਆਪਣੇ ਦਾਸਾਂ ਦੀ) ਰੱਖਿਆ ਤੇ ਪਾਲਣਾ ਕਰਨ ਵਾਲਾ ਹੈ (ਉਹ ਸੇਵਕਾਂ 'ਤੇ) ਦਇਆਲੂ ਹੋ ਕੇ ਛੇਤੀ ਬਖ਼ਸ਼ਸ਼ ਕਰਦਾ ਹੈ।

੨. ਬੁੱਧੀ ਨੂੰ ਬਹੁਤ ਪਵਿੱਤਰ ਕਰ ਕੇ ਚੰਗੇ ਗੁਣਾਂ ਨਾਲ ਭਰਦਾ ਹੈ ਅਤੇ ਕਰੋਧ, ਵੈਰ ਤੇ ਖੋਟੀ ਬੁੱਧੀ ਨੂੰ ਨਾਸ ਕਰਦਾ ਹੈ।

੩. ਕਲਜੁਗ ਦੇ ਭਿਆਨਕ ਸਮੇਂ ਦੀ ਖੋਟੀ ਚਾਲ ਦੀ ਜਿੰਨੀ ਸਾਰੀ ਅੱਗ ਹੈ ਤਿਸ ਤੋਂ (ਸੇਵਕਾਂ ਦੀ) ਰੱਖਿਆ ਕਰਦਾ ਹੈ।

੪. (ਉਹ) ਵੱਡੇ ਦੁੱਖ ਤੇ ਗ਼ਰੀਬੀ ਨੂੰ ਦੂਰ ਕਰ ਕੇ ਉੱਚੇ ਤੇ ਸ੍ਰੇਸ਼ਟ ਅਨੰਦ ਨਾਲ (ਸੇਵਕਾਂ ਦੇ ਹਿਰਦੇ ਉਨ੍ਹਾਂ ਦੀ) ਆਪਣੀ ਇੱਛਾ ਅਨੁਸਾਰ ਭਰ ਦੇਂਦਾ ਹੈ।

ਭਾਵ ਕਵੀ ਜੀ ਆਪਣੇ ਇਸ਼ਟ ਦੇਵ ਅਕਾਲ ਪੁਰਖ ਨੂੰ ਸਤਿ ਚਿੱਤ ਤੇ ਅਨੰਦ ਕਹਿੰਦੇ ਹਨ। ਸਤਿ ਇਸ ਲਈ ਕਿ ਉਹ 'ਹੈ' ਹੈ, ਚਿਤ='ਉਹ ਜਾਣਦਾ ਹੈ' ਭਾਵ ਗਿਆਨ ਸਰੂਪ ਹੈ, ਅਨੰਦ- ਉਹ ਸੁਖ ਸਰੂਪ ਹੈ। ਇਹ ਉਸ ਵਾਹਿਗੁਰੂ ਜੀ ਦੇ ਸਰੂਪ ਲੱਛਣ ਹਨ ਉਸ ਦੇ ਵਜੂਦ ਦਾ ਵਰਣਨ ਹੈ। ਫਿਰ ਉਹ ਛੇਤੀ ਢਲਣ ਵਾਲਾ ਕਲਜੁਗੀ ਕੁਚਾਲਾਂ ਦੀ ਅੱਗ ਤੋਂ ਰਾਖਾ, ਪਾਲਕ ਤੇ ਬਖਸ਼ੰਦ ਹੈ। ਦਾਸਾਂ ਦੇ ਅੰਦਰੋਂ ਬੁਰਾਈਆਂ ਮੇਟ ਕੇ ਚੰਗਿਆਈਆਂ ਭਰ ਦੇਣ ਵਾਲਾ ਹੈ। ਇਨ੍ਹਾਂ ਸ਼ਬਦਾਂ ਤੋਂ ਕਵੀ ਜੀ ਇਕ ਦੇ ਉਪਾਸ਼ਕ, ਇਕ ਦੇ ਪ੍ਰੇਮੀ ਗੁਰ ਸਿਖ ਭਗਤ ਜਾਪਦੇ ਹਨ, ਵਾਹਿਗੁਰੂ ਵਿੱਚ ਜੁੜੀ ਹੋਈ ਆਤਮਾ ਵਿੱਚੋਂ ਹੀ ਵਾਹਿਗੁਰੂ ਜੀ ਦੇ ਦੈਵੀ ਗੁਣਾਂ ਦਾ ਝਲਕਾਰਾ ਪੈਂਦਾ ਹੈ।

ਸਤਿਗੁਰਾਂ ਤੋਂ ਪਹਿਲਾਂ ਦੀ ਹਾਲਤ।

ਸ੍ਵੈਯਾ:

ਜਬ ਘੋਰ ਕਲੀ ਫਰ ਜੋਰ ਗਯੋ, ਨਰ ਚੋਰ ਲਵਾਰ ਅਪਾਰ ਭਏ।
ਨਿਪ ਮੂਢ ਮਲੀਨ ਮਲੇਛ ਮਹਾਂ, ਦੁਖ ਦਾਨ ਪਠਾਨ ਜਹਾਨ ਛਏ।
ਸਦ ਗ੍ਰੰਥ ਗੁਪੇ ਸੁਭ ਪੰਥ ਲੁਪੇ, ਸੁਰ ਸੰਤ ਕੁਪੇ ਨਹਿ ਪੇਸ਼ ਜਏ।
ਅਤਿਸੈ ਅਕੁਲਾਇ ਲਵਾਇ ਧਰਾ, ਸੁਰ ਧਾਇ ਤਬੈ ਹਰਿ ਪਾਸ ਗਏ ॥ ੬ ॥

ਪਦਅਰਥ:

ਘੋਰ=ਭਿਆਨਕ, ਡਰਾਉਣਾ। (ਅ) ਸੰਘਣਾ, ਗਾੜ੍ਹਾ। ਕਲੀ=ਕਲਿਜੁਗ। ਫਰ ਜੋਰ ਗਯੋ=ਜ਼ੋਰ ਫੜ ਗਿਆ, ਬਲਵਾਨ ਹੋ ਗਿਆ। ਲਵਾਰ=ਬਕਬਾਦੀ, ਚੁਗਲ, ਧਾੜਵੀ। ਅਪਾਰ=ਬਹੁਤੇ। ਨ੍ਰਿਪ=ਰਾਜੇ। ਮੂਢ=ਮੂਰਖ। ਮਲੀਨ=ਮੈਲੇ ਮਨਾਂ ਵਾਲੇ। *ਮਲੇਛ=ਕੁਕਰਮ ਅਤੇ ਅਨਜਾਯ ਕਰਨ ਵਾਲੇ ਭਾਵ ਜ਼ਾਲਮ। *ਗੋਧਾਯਨ ਰਿਖੀ ਲਿਖਦਾ ਹੈ- ਗੋ ਮਾਸ ਖਾਦਕੋ ਯਸ੍ਰ ਵਿਰੁੱਧੰ ਭਾਖਤੇ। ਸਰਵਾਚਾਰ ਵਿਹੀਨਸ੍ਚ ਮਲੇਛ ਇਤਯਭਿ ਧੀਯਤੇ। ਅਰਥਾਤ- ਜੋ ਕੋਈ ਗਊ ਮਾਸ ਖਾਂਦਾ ਹੈ, ਵੇਦ ਵਿਰੁੱਧ ਬੋਲਦਾ ਹੈ ਅਤੇ ਜਿਸ ਦਾ ਅਚਾਰ ਉੱਤਮ ਨਹੀਂ, ਉਹ ਮਲੇਛ ਹੈ। ਦੁਖਦਾਨ=ਦੁਖ ਦੇਣ ਵਾਲੇ। ਸਦ ਗ੍ਰੰਥ=ਸ੍ਰੇਸ਼ਟ ਗ੍ਰੰਥ। ਗੁਪੇ=ਗੁਪਤ ਹੋ ਗਏ ਭਾਵ ਸਾੜ ਦਿੱਤੇ। ਸੁਭ ਪੰਥ=ਚੰਗੇ ਮਾਰਗ, ਭਗਤੀ ਗਿਆਨ ਆਦਿ। ਲੁਪੇ=ਅਲੋਪ ਹੋ ਗਏ। ਸੁਰ=ਦੇਵਤੇ। ਕੁਪੇ=ਕ੍ਰੋਧਵਾਨ ਹੋਏ। ਨਹਿ ਪੇਸ਼ ਜਏ=(ਪਰ) ਵਾਹ ਨ ਚੱਲੀ। ਅਤਿਸੈ=ਬਹੁਤ ਹੀ। ਅਕੁਲਾਇ=ਵਿਆਕੁਲ ਹੋਈ, ਘਬਰਾਈ। ਲਵਾਇ=ਨਾਲ ਲੈ ਕੇ। ਧਰਾ=ਧਰਤੀ। ਧਾਇ=ਦੌੜ ਕੇ।

ਅਰਥ:

੧. ਜਦੋਂ ਕਲਜੁਗ (ਬਹੁਤਾ) ਜ਼ੋਰ ਫੜ ਗਿਆ (ਤਦੋਂ) ਬਹੁਤੇ ਲੋਕ ਚੋਰ ਤੇ ਧਾੜਵੀ ਹੋ ਗਏ।

੨. ਮੂਰਖ, ਮੈਲੇ ਮਨ ਵਾਲੇ, ਵੱਡੇ ਜ਼ਾਲਮ ਤੇ ਦੁਖਦਾਈ ਪਠਾਣਰਾਜੇ ਸੰਸਾਰ 'ਤੇ ਫੈਲ ਗਏ।

੩. (ਉਨ੍ਹਾਂ ਦੇ ਜ਼ੁਲਮ ਸਦਕਾ) ਸ੍ਰੇਸ਼ਟ ਗ੍ਰੰਥ ਸਾੜ ਦਿੱਤੇ ਗਏ। ਸ੍ਰੇਸ਼ਟ ਮਾਰਗ (ਭਗਤੀ ਗਿਆਨ ਆਦਿ) ਅਲੋਪ ਹੋ ਗਏ। (ਐਸੀ ਹਾਲਤ ਦੇਖ ਕੇ) ਦੇਵਤੇ ਤੇ ਸੰਤ ਕ੍ਰੋਧਵਾਨ (ਤਾਂ ਬਹੁਤ) ਹੋਏ (ਪਰ ਉਨ੍ਹਾਂ ਦੀ) ਵਾਹ ਕੋਈ ਨ ਚੱਲੀ।

੪. (ਅੰਤ ਨੂੰ) ਬਹੁਤ ਹੀ ਘਬਰਾਈ ਹੋਈ ਧਰਤੀ ਨੂੰ ਨਾਲ ਲੈ ਕੇ ਦੇਵਤੇ ਦੌੜ ਕੇ ਵਾਹਿਗੁਰੂ ਜੀ ਪਾਸ ਗਏ।

ਭਾਵ: ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਧਾਰਨ ਤੋਂ ਪਹਿਲਾਂ ਕਲਜੁਗ ਦੇ ਭਾਰੀ ਪ੍ਰਭਾਵ ਦਾ ਸਦਕਾ ਜ਼ਾਲਮ ਹੁਕਮਰਾਨ ਕਸਾਈਆਂ ਵਾਂਗ ਗ਼ਲਤ ਰਾਜਨੀਤੀ ਦੀ ਛੁਰੀ ਨਾਲ ਗ਼ਰੀਬ ਜਨਤਾ ਨੂੰ ਜਿਬ੍ਹਾ ਕਰਨ 'ਤੇ ਤੁਲੇ ਹੋਏ ਸਨ। ਅਵਿਦਿਆ ਜਹਾਲਤ ਤੇ ਭਰਮਾਂ ਦਾ ਘੁੱਪ ਅਨ੍ਹੇਰਾ ਮੱਸਿਆ ਦੀ ਕਾਲੀ ਬੋਲੀ ਰਾਤ ਵਾਂਗ ਪਸਰ ਰਿਹਾ ਸੀ। ਸੱਚ ਦਾ ਚੰਦ੍ਰਮਾ ਕਿਸੇ ਵੀ ਵਿਅਕਤੀ ਦੇ ਹਿਰਦੇ ਗਗਨ ਵਿੱਚ ਚਮਕਦਾ ਨਜ਼ਰ ਨਹੀਂ ਸੀ ਪੈਂਦਾ। ਸਭ ਦੀ ਬੁੱਧੀ ਉਲਟੀ ਹੋ ਰਹੀ ਸੀ। ਭਾਰਤ ਵਰਸ਼ ਦੇ ਲੋਕਾਂ ਨੂੰ ਲੁੱਟਣ ਲਈ ਚੋਰਾਂ ਤੇ ਧਾੜਵੀਆਂ ਦੇ ਗਰੋਹਾਂ ਦੇ ਗਰੋਹ ਫਿਰ ਰਹੇ ਸਨ। ਇਸ ਬਾਰੇ ਵਿੱਚ ਹਜ਼ੂਰ ਦਾ ਵੀ ਫ਼ੁਰਮਾਨ ਹੈ:

ਕਲਿ ਕਾਤੀਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸਹਿ ਨਾਹੀ ਕਹਿ ਚੜਿਆ ॥ (ਵਾਰ ਮਾਝ ਸਲੋਕ ਮਹਲਾ ੧, ਪੰਨਾ ੧੪੫)

ਜਿਨ੍ਹਾਂ ਗ੍ਰੰਥਾਂ ਤੋਂ ਜੀਆਂ ਨੂੰ ਸ਼ੁਭ ਸਿੱਖਿਆ ਤੇ ਚੰਗੀ ਪ੍ਰੇਰਨਾ ਮਿਲਣੀ ਸੀ, ਉਨ੍ਹਾਂ ਦੀਆਂ ਵੱਡੀਆਂ-ਵੱਡੀਆਂ ਲਾਇਬ੍ਰੇਰੀਆਂ ਨਿਰਦਈ ਤੇ ਮੂਰਖ ਜ਼ਾਲਮਾਂ ਨੇ ਸਾੜ ਸੁੱਟੀਆਂ। ਪਾਪਾਂ ਦੀ ਪ੍ਰਬਲਤਾ ਦੇ ਕਾਰਨ ਨੇਕੀ ਦੇ ਰਾਹ ਅਲੋਪ ਹੋਣ ਲੱਗ ਪਏ। ਅਜਿਹੇ ਭਿਆਨਕ ਤੇ ਦੁਖਦਾਈ ਸਮੇਂ ਜਗਤ ਦਾ ਸਹਾਰਾ ਕੋਈ ਨ ਰਿਹਾ। ਅਜਿਹੀ ਦਸ਼ਾ ਨੂੰ ਦੇਖ ਕੇ ਸਮੇਂ ਦੇ ਸੰਤ ਤੇ ਦੇਵਤੇ ਤੜਫੇ ਤਾਂ ਜ਼ਰੂਰ, ਪਰ ਕਰ ਕੁਝ ਵੀ ਨ ਸਕੇ। ਤਾਂ ਲਾਚਾਰ ਹੋ ਕੇ ਘਬਰਾਈ ਹੋਈ ਧਰਤੀ ਨੂੰ ਨਾਲ ਲੈ ਕੇ ਦੇਵਤੇ ਵਾਹਿਗੁਰੂ ਜੀ ਕੋਲ ਫ਼ਰਿਆਦੀ ਹੋ ਕੇ ਪੁੱਜੇ।

ਵਾਹਿਗੁਰੂ ਜੀ ਦਾ ਗੁਰੂ ਅਵਤਾਰ।

ਸ੍ਵੈਯਾ:

ਦਬ ਪਾਪਨ ਪੁੰਜ ਪਹਾਰਨ ਸੋਂ, ਅਤਿ ਆਰਤ ਜੌ ਧਰ ਬੈਨ ਰਟੇ।
ਸੁਨਿ ਤਾਹਿ ਪੁਕਾਰ ਦਾਤਾਰ ਪ੍ਰਭੂ, ਅਵਤਾਰ ਗੁਰੂ ਜਗ ਮਹਿ ਪਠੇ।
ਤਮ ਤੇਜ ਤੁਰੱਕ ਦੁਰੱਤ ਕੁਮੱਤਿ, ਨਖੱਤ ਗੁਰੂ ਰਵਿ ਲੱਖ ਲਟੇ।
ਕਲਿ ਅੰਧ ਅਭੱਦ੍ਰ ਹਿਮੱਦ੍ਰਿ* ਪਾਪੁ, ਸੁ ਬੱਦਰ ਧੁੰਦ ਮਨਿੰਦ ਫਟੇ ॥ ੨ ॥

*ਸ੍ਰੀ ਗੁਰੁ ਪੰਥ ਪ੍ਰਕਾਸ਼ ਦੀਆਂ ਟਾਈਪ ਐਡੀਸ਼ਨਾਂ ਵਿੱਚ ਇਸ ਪਾਠ ਦਾ 'ਅਭੱਦ੍ਰਹਿ ਮੱਦਰ' ਪਦ ਛੇਦ ਕਰਕੇ ਛਾਪਿਆ ਹੋਇਆ ਹੈ ਜਿਸ ਕਰਕੇ ਸਾਰੇ ਪੜ੍ਹਨ ਤੇ ਪੜ੍ਹਾਉਣ ਵਾਲੇ, ਪ੍ਰਸਾਯ ਜਾਂ ਸ਼ਬਦ ਅਰਥ ਲਿਖਣ ਵਾਲੇ ਇਸੇ ਪਦ ਛੇਦ ਅਨੁਸਾਰ ਹੀ ਗ਼ਲਤ-ਮਲਤ ਅਰਥ ਕਰਦੇ ਤੇ ਲਿਖਦੇ ਆਏ ਹਨ, ਪਰ ਅਸਾਂ ਉਪਰੋਕਤ ਪਾਠ ਤੇ ਅਰਥ ਨੂੰ ਹੀ ਸ਼ੁੱਧ ਨਿਸ਼ਚੇ ਕੀਤਾ ਹੈ।

ਪਦਅਰਥ:

ਦਬ=ਦਬੀ ਹੋਈ। ਪੁੰਜ=ਸਮੂੰਹ, ਸਾਰੇ, ਬਹੁਤੇ। ਪਹਾਰਨ ਸੋਂ=(ਪਾਪਾਂ ਦੇ) ਪਹਾੜਾਂ ਨਾਲ। ਅਤਿ ਆਰਤ=ਬਹੁਤ ਦੁਖੀ ਹੋ ਕੇ। ਜੌ ਧਰ=ਜਦੋਂ ਧਰਤੀ ਨੇ। ਬੈਨ ਰਟੇ=ਬਚਨ ਕਹੇ। ਤਾਹਿ=ਤਿਸ, (ਧਰਤੀ ਦੀ)। ਪੁਕਾਰ=ਫ਼ਰਿਆਦ। ਅਵਤਾਰ ਗੁਰੂ=ਗੁਰੂ ਅਵਤਾਰ, ਸ੍ਰੀ ਗੁਰੂ ਨਾਨਕ ਦੇਵ ਜੀ। ਪਠੇ=ਭੇਜੇ। ਤਮ=ਅਨ੍ਹੇਰਾ। ਤੇਜ ਤੁਰੱਕ=ਤੁਰਕਾਂ ਦੇ ਤੇਜ ਦਾ। ਦੁਰੱਤ=ਪਾਪ। ਕੁਮੱਤਿ=ਖੋਟੀ ਮੱਤਿ। ਨਖੱਤ=ਤਾਰੇ। ਰਵਿ=ਸੂਰਜ। ਲੱਖ=ਦੇਖ ਕੇ। ਲਟੇ=ਘਟ ਗਏ, ਕਮ ਹੋ ਗਏ, ਮਿਟ ਗਏ, ਛੁਪ ਗਏ। ਕਲਿ=ਕਲਜੁਗ ਦੇ ਸਮੇਂ ਦਾ। ਅੰਧ=ਅਗਿਆਨ। ਅਭੱਦ੍ਰ=ਅਕਲਿਆਣਤਾ, ਦੁੱਖ। ਹਿਮੱਦ੍ਰਿ=ਹਿਮਾਲਾ ਪਹਾੜ {ਹਿਮ- ਬਰਫ਼ ਦਾ+ਅਦ੍ਰਿ- ਪਹਾੜਹਿ, ਮਾਲਾ ਪਹਾੜ}। ਸੁ=ਭਲੀ ਪਰਕਾਰ, ਚੰਗੀ ਤਰ੍ਹਾਂ। ਬੱਦਰ ਧੁੰਦ=ਧੁੰਦ ਦੇ ਬੱਦਲਾਂ। ਮਨਿੰਦ=ਵਾਂਗ।

ਅਰਥ:

੧. ਜਦੋਂ ਬਹੁਤੇ ਪਾਪਾਂ ਦੇ ਪਹਾੜਾਂ ਨਾਲ ਦੱਬੀ ਹੋਈ ਧਰਤੀ ਨੇ ਬਹੁਤ ਦੁਖੀ ਹੋ ਕੇ (ਅਕਾਲ ਪੁਰਖ ਦੇ ਹਜ਼ੂਰ) ਬਚਨ ਕਹੇ।
੨. ਤਾਂ ਦਾਤਾਰ ਪ੍ਰਭੂ ਨੇ ਤਿਸ (ਧਰਤੀ ਦੀ) ਪੁਕਾਰ ਸੁਣ ਕੇ 'ਗੁਰੂ ਅਵਤਾਰ' (ਸ੍ਰੀ ਗੁਰੂ ਨਾਨਕ ਦੇਵ ਜੀ) ਨੂੰ ਜਗਤ ਵਿੱਚ ਭੇਜਿਆ।
੩. ਗੁਰੂ ਰੂਪ ਸੂਰਜ ਨੂੰ ਦੇਖ ਕੇ ਤੁਰਕਾਂ ਦੇ ਤੇਜ ਦਾ ਅਨ੍ਹੇਰਾ, ਪਾਪ ਤੇ ਖੋਟੀ ਮਤ ਦੇ ਤਾਰੇ ਛੁਪ ਗਏ।
੪. ਕਲਜੁਗ ਦੇ (ਸਮੇਂ ਦਾ) ਅਗਿਆਨ, ਦੁੱਖ ਅਤੇ ਪਾਪ ਰੂਪ ਹਿਮਾਲੇ ਪਹਾੜ ਧੁੰਦ ਦੇ ਬੱਦਲਾਂ ਵਾਂਗ ਚੰਗੀ ਤਰ੍ਹਾਂ ਫਟ ਗਏ (ਭਾਵ ਨਾਸ਼ ਹੋ ਗਏ)।

ਭਾਵ ਪਾਪਾਂ ਦੇ ਭਾਰੀ ਬੋਝ ਹੇਠ ਦੱਬੀ ਹੋਈ ਧਰਤੀ ਅਤਯੰਤ ਦੁਖ ਤੇ ਕਸ਼ਟਾਂ ਤੋਂ ਘਬਰਾਈ ਹੋਈ ਵਾਹਿਗੁਰੂ ਜੀ ਦੇ ਦਰਬਾਰ ਵਿੱਚ ਫ਼ਰਿਆਦੀ ਬਣ ਕੇ ਪੁੱਜੀ, ਜਿਸ ਦੀ ਪੁਸ਼ਟੀ ਹਜ਼ੂਰ ਦੀਆਂ ਇਨ੍ਹਾਂ ਤੁਕਾਂ ਤੋਂ ਵੀ ਹੁੰਦੀ ਹੈ:

ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ॥
ਸਚੈ ਸੁਣਿਆ ਕੰਨ ਦੇ ਧੀਰਜ ਦੇਵੈ ਸਹਿਜ ਸੁਭਾਇ॥ (ਵਾਰ ਮਲਾਰ ਮਹਲਾ ੩, ਪੰਨਾ ੧੨੮੧)

ਧਰਤੀ ਦੇ ਦੁਖਾਂ ਤੇ ਦਰਦਾਂ-ਭਰੀ ਫ਼ਰਿਆਦ ਸੁਣ ਕੇ ਦਾਤਾਰ ਪ੍ਰਭੂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਜਗਤ-ਗੁਰੂ ਥਾਪ ਕੇ ਸੰਸਾਰ ਦੇ ਭਾਰ ਹਰਨ ਲਈ ਜਗਤ ਵਿੱਚ ਭੇਜਿਆ:

ਸੁਣੀ ਪੁਕਾਰ ਦਾਤਾਰ ਪ੍ਰਭ, ਗੁਰ ਨਾਨਕ ਜਗ ਮਾਹਿ ਪਠਾਯਾ। (ਭਾ: ਗੁ: ਵਾ: ੧, ਪੰਨਾ ੨੩)

ਸਤਿਗੁਰੂ ਸੂਰਜ ਦੇ ਪ੍ਰਗਟ ਹੋਣ ਨਾਲ ਹੀ ਤੁਰਕ ਰਾਜ ਦੇ ਤੇਜ ਦਾ ਅਨ੍ਹੇਰਾ ਮਿਟ ਗਿਆ। ਆਸੁਰੀ ਸੰਪਤਾ (ਅਉਗਣਾਂ) ਦੇ ਤਾਰੇ ਛਪ ਗਏ। ਦੁੱਖਾਂ ਤੇ ਪਾਪਾਂ ਦੇ ਹਿਮਾਲੇ ਪਹਾੜ ਧੁੰਦ ਦੇ ਬਦਲਾਂ ਵਾਂਗ ਖਿੰਡ-ਪੁੰਡ ਗਏ। ਜਿਵੇਂ ਕਿ ਭਾਈ ਗੁਰਦਾਸ ਜੀ ਨੇ ਕਿਹਾ ਹੈ:

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ। ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ। (ਭਾ: ਗੁ: ਵਾ: ੧, ਪ: ੨੧)

ਉਪਰੋਕਤ ਸ੍ਵੈਯੇ ਤੋਂ ਕਵੀ ਜੀ ਦੀ ਗੁਰਬਾਣੀ ਤੇ ਭਾਈ ਗੁਰਦਾਸ ਜੀ ਦੀ ਬਾਣੀ ਦੀ ਗਹਿਰੀ ਵਾਕਫ਼ੀਅਤ ਦਾ ਪਤਾ ਚੱਲਦਾ ਹੈ।

ਵਾਹਿਗੁਰੂ 'ਗੁਰੂ ਨਾਨਕ ਸਰੂਪ' ਵਿੱਚ।

ਸ੍ਵੈਯਾ:

ਅਜ ਆਦਿ ਅਨਾਦਿ ਅਮਾਇ ਅਕਾਇ, ਅਨੀਹ ਅਜੋਨਿ ਅਜੈ ਅਬਿਨਾਸੀ।
ਚਤੁਰਾਨਨ ਆਨਨ ਪੰਚ ਖੜਾਨਨ, ਜਾਂ ਸਹਸਾਨਨ ਅੰਤ ਨ ਪਾਸੀ।
ਜਗ ਕਾਰਕ ਪਾਰਕ ਹਾਰਕ ਜੋ, ਸਤ ਚੇਤਨ ਆਨਦ ਬਿਸ੍ਵ ਪ੍ਰਕਾਸੀ।
ਸੋ ਹਰਿ ਜੂ ਜਨ ਤਾਰਨ ਕੌ ਗੁਰ ਨਾਨਕ ਰੂਪ ਭਯੋ ਸੁਖਰਾਸੀ* ॥ ੮ ॥

*ਇਸ ਅੰਕ ਦੀ ਇਹ ਚੌਥੀ ਤੁਕ ਦਿੱਲੀ ਤੇ ਅੰਮ੍ਰਿਤਸਰ ਐਡੀਸ਼ਨ 'ਚੋਂ ਲਈ ਗਈ ਹੈ।

ਪਦਅਰਥ:

ਅਜ=ਜਨਮ ਰਹਿਤ। ਆਦਿ=ਪਹਿਲਾ, ਮੁੱਢਲਾ, ਸਭ ਦਾ ਮੂਲ ਕਾਰਨ। ਅਨਾਦਿ=ਜਿਸ ਦਾ ਮੁੱਢ ਨਹੀਂ ਭਾਵ ਉਤਪਤੀ ਰਹਿਤ, ਆਦਿ ਰਹਿਤ। ਅਮਾਇ=ਮਾਇਆ ਤੋਂ ਰਹਿਤ। ਅਕਾਇ=ਸਰੀਰ ਤੋਂ ਬਿਨਾਂ। ਅਨੀਹ=ਇੱਛਾ ਰਹਿਤ, ਨਰਿੱਛਤ। ਅਜੋਨਿ=ਜੋਨੀ ਤੋਂ ਰਹਿਤ, ਜਨਮ-ਰਹਿਤ (ਅ) ਕਾਰਨ ਤੋਂ ਰਹਿਤ। ਅਜੈ=ਜਿੱਤਣ ਤੋਂ ਬਿਨਾਂ, ਅਜਿੱਤ। ਅਬਿਨਾਸੀ=ਨਾਸਰਹਿਤ। ਚਤੁਰਾਨਨ=ਚੌਂਹ ਮੁੱਖਾਂ ਵਾਲਾ, ਬ੍ਰਹਮਾ। {ਚਤਰ-ਚਾਰ। ਆਨਨ-ਮੁੱਖ}। ਆਨਨ ਪੰਚ=ਪੰਜਾਂ ਮੁੱਖਾਂ ਵਾਲਾ, ਸ਼ਿਵ। {ਆਨਨ-ਮੁੱਖ। ਪੰਚ-ਪੰਜ।} ਖੜਾਨਨ=ਛੇ ਮੁੱਖਾਂ ਵਾਲਾ, ਸ਼ਜਾਮ ਕਾਰਤਿਕ*। {ਖੜ- ਖਟ, ਛੇ। ਆਨਨ-ਮੁੱਖ।} *ਕਾਰਤਿਕੇਯ; ਸ਼ਿਵ ਦਾ ਇਕ ਪੁੱਤਰ, ਬ੍ਰਹਮ ਵੈਵਰਤ ਵਿੱਚ ਲਿਖਿਆ ਹੈ ਕਿ ਸ਼ਿਵ ਦਾ ਵੀਰਜ ਪਾਰਬਤੀ ਨਾਲ ਕ੍ਰੀੜਾ ਕਰਦੇ ਧਰਤੀ 'ਤੇ ਡਿੱਗਿਆ, ਧਰਤੀ ਨੇ ਅਗਨਿ ਵਿੱਚ ਅਤੇ ਅਗਨਿ ਨੇ ਸਰਕੁੜੇ (ਸ਼ਰਕਾਂਡ) ਦੇ ਬੂਝੇ ਵਿੱਚ ਅਸਥਾਪਨ ਕੀਤਾ, ਜਿਸ ਤੋਂ ਛੇ ਮੂੰਹਾਂ ਵਾਲਾ ਪੁੱਤਰ ਪੈਦਾ ਹੋਇਆ। ਉਸ ਦਾ ਪਾਲਨ-ਪੋਸਨ ਚੰਦਰਮਾ ਦੀ ਇਸਤ੍ਰੀ ਕ੍ਰਿਤਿਕਾ ਨੇ ਆਪਣੇ ਦੁੱਧ ਨਾਲ ਕੀਤਾ ਜਿਸ ਕਾਰਨ ਇਸ ਦਾ ਇਹ ਨਾਉਂ ਪਿਆ। ਤਾਰਕਾਸੁਰ ਮਾਰਨ ਲਈ ਇਸ ਦਾ ਜਨਮ ਹੋਇਆ ਸੀ। ਇਹ ਦੇਵਤਿਆਂ ਦੀ ਫ਼ੌਜ ਦਾ ਸੈਨਾਪਤੀ ਹੈ। ਕਾਰਤਿਕੇਯ ਨੂੰ ਤਾਰਕਾਰਿ ਭੀ ਕਹਿੰਦੇ ਹਨ।

ਜਾਂ=ਜਿਸ (ਪ੍ਰਮੇਸਰ) ਦਾ। ਸਹਸਾਨਨ=ਹਜ਼ਾਰ ਮੁੱਖਾਂ ਵਾਲਾ, ਸ਼ੇਸ਼ਨਾਗ {ਸਹਸ-ਹਜ਼ਾਰ। ਆਨਨ-ਮੁੱਖ।} ਅੰਤ ਨ ਪਾਸੀ=ਅੰਤ ਨਹੀਂ ਪਾ ਸਕਦਾ। ਜਗ ਕਾਰਕ=ਜਗਤ ਨੂੰ ਪੈਦਾ ਕਰਨ ਵਾਲਾ। ਪਾਰਕ=ਪਾਲਣਾ ਕਰਨ ਵਾਲਾ। ਹਾਰਕ=ਨਾਸ਼ ਕਰਨ ਵਾਲਾ। ਬਿਸ੍ਵ=ਸੰਸਾਰ ਨੂੰ। ਪ੍ਰਕਾਸ਼ੀ=ਪ੍ਰਕਾਸ਼ਨ ਵਾਲਾ। ਜਨ=ਪੁਰਸ਼ ਭਾਵ ਮਨੁੱਖਤਾ। ਸੁਖਰਾਸੀ=ਸੁੱਖਾਂ ਦੀ ਹੱਦ। ਅਰਥ:

੧. ਜੋ (ਵਾਹਿਗੁਰੂ ਜੀ) ਜਨਮ ਰਹਿਤ, (ਸਾਰਿਆਂ ਦਾ) ਮੂਲ ਕਾਰਨ, ਆਦਿ ਰਹਿਤ, ਮਾਇਆ ਰਹਿਤ, ਸ਼ਰੀਰ-ਰਹਿਤ, ਨਰਿੱਛਤ, ਜੋਨੀ-ਰਹਿਤ, ਅਜਿੱਤ ਅਤੇ ਨਾਸ ਰਹਿਤ ਹੈ।

੨. ਬ੍ਰਹਮਾ, ਸ਼ਿਵ, ਸ਼ਜਾਮ ਕਾਰਤਿਕ ਤੇ ਸ਼ੇਸ਼ਨਾਗ (ਭੀ) ਜਿਸ ਦਾ ਅੰਤ ਨਹੀਂ ਪਾ ਸਕਦੇ।
੩. ਜੋ ਸਤਿ ਚਿੱਤ ਅਨੰਦ ਸਰੂਪ, ਜਗਤ ਦੀ ਉਤਪਤੀ, ਪਾਲਣਾ ਤੇ ਲਯਤਾ ਕਰਨ ਵਾਲਾ ਸੰਸਾਰ ਦਾ ਪ੍ਰਕਾਸ਼ਕ ਹੈ।
੪. ਉਹ ਸੁਖਾਂ ਦੀ ਹੱਦ ਵਾਹਿਗੁਰੂ ਜੀ (ਸਾਰੀ) ਮਨੁੱਖਤਾ ਦੇ ਤਾਰਨ ਲਈ (ਆਪ) ਗੁਰੂ ਨਾਨਕ ਰੂਪ ਹੋ ਕੇ (ਜਗਤ ਵਿੱਚ ਆਏ)।

ਭਾਵ:
ਕਵੀ ਜੀ ਇਸ ਸ੍ਵੈਯੇ ਵਿੱਚ ਵਾਹਿਗੁਰੂ ਜੀ ਦਾ ਨਾਨਕ ਰੂਪ ਹੋ ਕੇ ਸੰਸਾਰ ਵਿੱਚ ਆਉਣਾ ਵਰਣਨ ਕਰਦੇ ਹਨ ਜਿਹਾ ਕਿ ਭੱਟਾਂ ਨੇ ਵੀ ਕਿਹਾ ਹੈ: ਜੋਤ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ। (ਸ: ਮ: ੫ ਕੇ, ਪੰ: ੧੪੦੯)
ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਓ। ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਓ। (ਸਵੱਈਏ ਮਹਲੇ ੩ ਕੇ, ਪੰ: ੧੩੯੫)
ਗੁਰੂ ਨਾਨਕ ਨੂੰ ਵਾਹਿਗੁਰੂ ਰੂਪ ਕਹਿਣਾ ਕਵਿ ਜੀ ਦੀ ਅਨੰਨਿ ਸਿੱਖੀ ਦਾ ਸੂਚਕ ਹੈ। ਉਹ ਏਨੇ ਬੇਅੰਤ ਗੁਣਾਂ ਤੇ ਸਿਫ਼ਤਾਂ ਵਾਲਾ ਵਾਹਿਗੁਰੂ ਗੁਰੂ ਨਾਨਕ ਰੂਪ ਵਿੱਚ ਇਸ ਲਈ ਮੂਰਤੀਮਾਨ ਹੋਇਆ ਹੈ ਤਾਂ ਜੋ ਉਹ ਇਸ ਤਰ੍ਹਾਂ ਧਰਮ ਦੀ ਪਾਲਨਾ ਜੀਵਾਂ ਦੇ ਕਰਮ ਦਾ ਸੁਧਾਰ ਕਰ ਕੇ ਸਾਰੀ ਮਨੁੱਖਤਾ ਨੂੰ ਤਾਰ ਕੇ ਆਪਣੇ ਨਾਲ ਅਭੇਦ ਕਰ ਸਕੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਸ ਸਰੂਪ।

ਸ੍ਵੈਯਾ:

ਭਵ ਭਾਰ ਉਤਾਰਨ ਹੇਤ ਹਰੀ, ਅਵਤਾਰ ਲਯੋ ਪਰਮਾਨਕ ਜੂ।
ਅਟ ਦੇਸ ਬਿਦੇਸ ਅਸੇਸ ਧਰਾ, ਰਟ ਬਾਨਿ ਮਹਾ ਸੁਖਦਾਨਕ ਜੂ।
ਉਪਦੇਸ ਸੁਦੇਸ ਬਿਸੇਸ ਦਯੋ, ਜੋ ਅਸੇਸ ਕਲੇਸ ਪ੍ਰਹਾਨਕ ਜੂ।
ਰਸ ਦੇਹ ਹਰੇ, ਜਸ ਨੇਹ ਭਰੇ, ਦਸ ਦੇਹ ਧਰੇ, ਗੁਰ ਨਾਨਕ ਜੂ ॥ ੯ ॥

ਪਦਅਰਥ:
ਭਵ=ਸੰਸਾਰ ਦਾ। ਹੇਤ=ਵਾਸਤੇ। ਹਰੀ=ਅਕਾਲ ਪੁਰਖ ਨੇ। ਪਰਮਾਨਕ=ਪ੍ਰਮਾਣੀਕ, ਮੰਨਣ ਯੋਗ, ਯਥਾਰਥ, ਪੂਰਨ। ਜੂ=(ਵਾਹਿਗੁਰੂ) ਜੀ ਨੇ। ਅਟ=ਵਿਚਰ ਕੇ, ਫਿਰ ਕੇ। ਬਿਦੇਸ=ਪਰਦੇਸ। ਅਸੇਸ=ਸਾਰੀ। ਧਰਾ=ਧਰਤੀ। ਰਟ=ਉਚਾਰਨ ਕੀਤੀ। ਬਾਨਿ=ਬਾਣੀ। ਮਹਾ=ਬਹੁਤਾ। ਸੁਖਦਾਨਕ=ਸੁਖ ਦੇਣ ਵਾਲੀ। ਜੂ=ਜੋ। ਸੁਦੇਸ=ਸ੍ਰੇਸ਼ਟ, ਸੁੰਦਰ। (ਅ) ਆਪਣੇ ਦੇਸ ਵਿੱਚ। ਬਿਸੇਸ=ਅਧਿਕ, ਬਹੁਤਾ। {ਸੁਦੇਸ-ਬਿਸੇਸ ਅਧਿਕ ਦੇਸ਼ਾਂ ਵਿੱਚ।} ਅਸੇਸ=ਸਾਰੇ। ਪ੍ਰਹਾਨਕ=ਨਾਸ ਕਰਨ ਵਾਲਾ। ਜੂ=(ਸਤਿਗੁਰੂ) ਜੀ ਨੇ। ਰਸ=ਵਿਸ਼ੇ ਰਸ। ਦੇਹ=ਦੇਹ ਅਧਿਆਸ। ਹਰੇ=ਨਾਸ ਕਰ ਕੇ। ਜਸ=ਪ੍ਰਮੇਸ਼ਰ ਦਾ ਜਸ। ਨੇਹ=ਪ੍ਰੇਮ। ਭਰੇ=ਭਰ ਦਿੱਤੇ। ਦਸ ਦੇਹ=ਦਸ ਸਰੂਪ। ਅਰਥ:
੧. ਅਕਾਲ ਪੁਰਖ ਜੀ ਨੇ ਸੰਸਾਰ ਦਾ ਭਾਰ ਉਤਾਰਨ ਵਾਸਤੇ (ਗੁਰੂ ਨਾਨਕ ਦੇਵ) ਜੀ ਦਾ ਪੂਰਨ ਅਵਤਾਰ ਧਾਰਿਆ।
੨. ਜਿਨ੍ਹਾਂ ਨੇ ਦੇਸਾਂ ਪਰਦੇਸਾਂ ਅਤੇ ਸਾਰੀ ਧਰਤੀ ਉੱਤੇ ਫਿਰ ਕੇ ਗੁਰਬਾਣੀ ਉਚਾਰਨ ਕੀਤੀ ਜੋ ਬਹੁਤਾ ਸੁਖ ਦੇਣ ਵਾਲੀ ਹੈ।
੩. (ਸਤਿਗੁਰੂ) ਜੀ ਨੇ (ਉਸ ਬਾਣੀ ਰਾਹੀਂ) ਅਧਿਕ ਸੁੰਦਰ ਉਪਦੇਸ਼ ਦਿੱਤਾ ਜੋ ਸਾਰੇ ਕਲੇਸ਼ਾਂ* ਦਾ ਨਾਸਕ ਹੈ।
੪. (ਦਾਸਾਂ ਦੇ) ਵਿਸ਼ੇ ਰਸ ਤੇ ਦੇਹ ਅਧਿਆਸ ਨੂੰ ਨਾਸ ਕਰ ਕੇ ਵਾਹਿਗੁਰੂ ਦੇ ਜਸ ਤੇ ਪ੍ਰੇਮ ਨਾਲ (ਉਨ੍ਹਾਂ ਦੇ ਹਿਰਦੇ) ਭਰ ਦਿੱਤੇ। (ਐਸੇ) ਗੁਰੂ ਨਾਨਕ ਜੀ ਨੇ (ਜਗਤ ਤਾਰਨ ਲਈ ਆਪਣੇ) ਦਸ ਸਰੂਪ ਧਾਰੇ ਹਨ।

*ਕਲੇਸ਼ ਪੰਜ ਹਨ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ : ੧. ਅਵਿਦਿਆ=ਅਸਲੀਅਤ ਨ ਸਮਝਣੀ। ੨. ਅਸਿਮਤਾ = ਦੇਹ, ਧਨ ਸਬੰਧੀ ਆਦਿਕਾਂ ਵਿੱਚ ਹਉਮੈ। ੩. ਰਾਗ = ਪਦਾਰਥਾਂ ਵਿੱਚ ਪ੍ਰੇਮ। ੪. ਦ੍ਵੈਸ਼=ਵੈਰ ਵਿਰੋਧ। ੫. ਅਭਿਨਿਵੇਸ਼=ਨ ਕਰਨ ਯੋਗ ਕਰਮ ਜਾਣ ਬੁੱਝ ਕੇ ਵੀ ਹਠ ਨਾਲ ਕਰਨਾ ਤੇ ਮੌਤ ਤੋਂ ਡਰਨਾ।

ਭਾਵ ਵਾਹਿਗੁਰੂ ਜੀ ਆਪ ਹੀ ਗੁਰੂ ਨਾਨਕਰੂਪ ਹੋ ਕੇ ਸੰਸਾਰ ਵਿੱਚ ਪ੍ਰਗਟੇ। ਪਾਪਾਂ ਦਾ ਭਾਰ ਉਤਾਰਨ ਲਈ ਧਰਤੀ 'ਤੇ ਵਿਚਰ ਕੇ ਨਾਮ ਬਾਣੀ ਦਾ ਉਪਦੇਸ਼ ਦਿੱਤਾ। ਦੁਨੀਆਂ ਦੇ ਲੋਕਾਂ ਦੇ ਮਨਾਂ 'ਚੋਂ ਬੁਰਾਈਆਂ ਹੂੰਝ ਸੁੱਟੀਆਂ ਤੇ ਉਨ੍ਹਾਂ ਨੂੰ ਰੱਬੀ ਬਾਣੀ

ਦੇ ਇਲਾਹੀ ਕੀਰਤਨ ਤੇ ਦੈਵੀ ਗੁਣਾਂ ਨਾਲ ਭਰ ਦਿੱਤਾ। ਹਰ ਥਾਂ ਪਿਆਰ ਦੀ ਮਹਿਕ ਖਿਲਾਰ ਦਿੱਤੀ ਜਿਸ ਨਾਲ ਸਾਰਾ ਜਗਤ ਮਹਿਕ ਉੱਠਿਆ। ਸਿੱਖੀ ਦੀ ਫੁਲਵਾੜੀ ਦੀ ਬ੍ਰਿੱਧੀ ਤੇਰਾਧੀ ਲਈ ਉਸੇ ਪਿਆਰੇ ਗੁਰੂ ਨਾਨਕ ਨੇ

"ਜੋਤ ਓਹਾ ਜੁਗਤ ਸਾਇ ਸਹ ਕਾਇਆ ਫੇਰ ਪਲਟੀਐ"

ਦੇ ਮਹਾਂ ਵਾਕ ਅਨੁਸਾਰ ਆਪਣੇ ਦਸ ਜਾਮੇ ਧਾਰ ਕੇ ਜਗਤ ਜਲੰਦੇ ਵਿੱਚ ਠੰਡ ਵਰਤਾਈ ਤੇ ਜਨਾਂ ਦੇ ਮਨਾਂ 'ਚੋਂ ਅਗਿਆਨ ਅਨ੍ਹੇਰੇ ਨੂੰ ਮੇਟ, ਸਦਾ ਜਾਗਤ ਜੋਤ ਨਾਲ ਜਗਮਗਾ ਦੇਣ ਲਈ ਆਪ ਸੂਰਜ ਵਾਂਗ ਪ੍ਰਗਟ ਹੋਏ, ਜਿਸ ਦਾ ਜ਼ਿਕਰ ਕਵੀ ਜੀ ਅਗਲੇ ਛੰਦ ਵਿੱਚ ਕਰਦੇ ਹਨ।

੫. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ।

ਸ੍ਵੈਯਾ:

*ਸ੍ਰੀ ਗੁਰੂ ਨਾਨਕ ਦੇਵ ਦਿਵਾਕਰ, ਦਿੱਬ ਤਨੂ ਕਲਿ ਯਾਮਨਿ ਟਾਰੀ।
ਸੰਤਨ ਚਿੱਤ ਸਰੋਵਰ ਮੱਧ, ਮਹੋਜਲ ਕੰਜ ਬਿਬੇਕ ਪਸਾਰੀ।
ਕਾਰਵਿ ਸਾਮ ਸਮਾਜ ਮਦਾਦਿਕ, ਤਾਂਹਿ ਭਲੇ ਜਰ ਮੂਲ ਉਪਾਰੀ।
ਤਾਂ ਗੁਰ ਨਾਨਕ ਕੇ ਪਦ ਮੰਜਲ ਕੋ, ਬਹੁ ਬੰਦਨ ਆਹਿ ਹਮਾਰੀ ॥ ੧੦ ॥

*ਲਾਹੌਰ ਐਡੀਸ਼ਨ (ਛਾਪਾ ਪੱਥਰ) ਦੇ ਪੰਨਾ ੨ ਤੇ ਅੰਕ ਨੰ: ੧੦ ਵਿੱਚ ਇਕ ਛੰਦ ਦਿੱਤਾ ਹੋਇਆ ਹੈ ਤੇ ਬਰਾਬਰ ਤੇ ਹਾਸ਼ੀਏ ਦੇ ਬਾਹਰਵਾਰ 'ਲੇਖਕ ਕਾ' ਛਪਿਆ ਹੋਇਆ ਹੈ। ਇਹ ਛੰਦ ਇਸ ਪੂਰਬਾਰਧ ਵਿੱਚ ਆਖੇਪ ਕੀਤੇ ਕੁਝ ਫੁਟਕਲ ਸਫ਼ਿਆਂ ਤੇ ੨੨੩ ਤੋਂ ੯੬੦ ਪੰਨੇ ਤੱਕ ਦੀ ਸਾਰੀ ਆਖੇਪ ਰਚਨਾ ਦੇ ਲੇਖਕ ਘਸੀਟਾ ਸਿੰਘ ਕਵੀਸ਼ਰ ਲਾਹੌਰ ਦਾ ਹੈ, ਜਿਸ ਦਾ ਪਤਾ ਪਹਿਲੇ ਟਾਈਟਲ ਪੰਨੇ 'ਤੇ ਦਿੱਤਾ ਹੋਇਆ ਹੈ। ਇਹ ਸ੍ਰੀ ਰਾਮ ਚੰਦਰ ਜੀ ਦਾ ਮੰਗਲ ਹੈ। ਗਿਆਨੀ ਗਿਆਨ ਸਿੰਘ ਜੀ ਨੇ ਆਪਣੀ ਕਿਸੇ ਵੀ ਰਚਨਾ ਵਿੱਚ ਸ੍ਰੀ ਰਾਮ ਚੰਦਰ ਜੀ ਦਾ ਮੰਗਲ ਕਦੇ ਵੀ ਨਹੀਂ ਕੀਤਾ। ਕਾਵਿ-ਕਲਾ ਪੱਖ ਤੋਂ ਵੀ ਇਹ ਰਚਨਾ ਗਿਆਨੀ ਗਿਆਨ ਸਿੰਘ ਜੀ ਦੀ ਕ੍ਰਿਤ ਸਿੱਧ ਨਹੀਂ ਹੁੰਦੀ। ਇਸ ਇਕੇ ਛੰਦ ਵਿੱਚ ਉਬਾਰਹਿੰਗੇ ਦੋ ਵਾਰ ਤੁਕਾਂਤ ਆਇਆ ਹੈ। ਅੰਤਲੀ ਪਹਿਲੀ ਅੱਧੀ ਤੁਕ ਵਿੱਚ ਸਨਮੁਖ ਬੇਨਤੀ ਕੀਤੀ ਹੈ ਪਰ ਬਾਕੀ ਸਾਰੇ ਛੰਦ ਵਿੱਚ ਸੰਕੇਤ ਭਵਿੱਖਤ ਵੱਲ ਕੀਤੇ ਹੋਏ ਹਨ, ਜੋ ਘਟੀਆ ਕਾਵਿ ਦਾ ਪ੍ਰਤੀਕ ਹੈ। ਆਖੇਪ ਰਚਨਾ ਜਾਣ ਕੇ ਅਸਾਂ ਇਹ ਛੰਦ ਮੂਲ ਵਿੱਚ ਨਹੀਂ ਛਾਪਿਆ। ਪਾਠਕਾਂ ਦੀ ਜਾਣਕਾਰੀ ਲਈ ਹੇਠ ਦੇ ਰਹੇ ਹਾਂ। ਉਹ ਛੰਦ ਇਹ ਹੈ:

ਮਮ ਬੁਧਿ ਅਸੁੱਧਿ ਭਰੀ ਅਘ ਕੀ, ਸਮ ਭੀਲਨੀ ਕੇ ਮੁਹਿ ਤਾਰਹਿਗੇ।
ਜਿਮ ਗੋਤਮ ਨਾਰ ਉਧਾਰ ਕਰੀ, ਸੁਗ੍ਰੀਵਹਿ ਰਾਜ ਉਬਾਰਹਿਗੇ।
ਜਿਮ ਲੰਕ ਭਬੀਛਨ ਕੋ ਬਖ਼ਸ਼ੀ, ਤਿਮ ਮੋਹਿ ਕੋ ਰਾਮ ਚਿਤਾਰਹਿਗੇ।
ਮਮ ਦੂਰ ਅਵਿਦ ਕਰੋ ਸਗਰੀ, ਸਮ ਪਾਹਨ ਮੋਹਿ ਉਬਾਰਹਿਗੇ।

ਪਦਅਰਥ:

ਦਿਵਾਕਰ=ਸੂਰਜ। ਦਿੱਬ=ਦੇਵਤਾ, ਦਿਨ, ਪ੍ਰਕਾਸ਼। ਤਨੂ=ਸਰੀਰ, ਸਰੂਪ। ਕਲਿ=ਕਲਜੁਗ ਦੀ। ਯਾਮਨਿ=(ਕੁਚਾਲ ਰੂਪ) ਰਾਤ। ਟਾਰੀ=ਟਾਲੀ, ਦੂਰ ਕੀਤੀ। ਮਹੋਜਲ=ਬਹੁਤ ਉੱਜਲ। ਕੰਜ=ਕਵਲ। ਬਿਵੇਕ=ਗਿਆਨ ਰੂਪ। ਪਸਾਰੀ=ਖਿੜਾ ਦਿੱਤੇ। ਕਾਰਵਿ=ਕਮੀਆਂ। ਸਮ=ਵਾਂਗ। ਸਮਾਜ=ਸਮੂੰਹ। ਮਦਾਦਿ=ਹੰਕਾਰ ਆਦਿਕ। ਤਾਹਿ=ਤਿਨਾ ਦੀ। ਜਰ=ਜੜ। ਮੂਲ=ਮੁੱਢ ਤੋਂ। ਉਪਾਰੀ=ਪੁੱਟ ਦਿੱਤੀ। ਪਦ ਮੰਜਲ=ਉੱਜਲ ਚਰਨ (ਕਵਲ)। ਆਹਿ=ਹੈ।

ਅਰਥ:

੧. ਸ੍ਰੀ ਗੁਰੂ ਨਾਨਕ ਦੇਵ ਜੀ (ਜੋ) ਸੂਰਜ ਵਾਂਗ ਪ੍ਰਕਾਸ਼ ਸਰੂਪ ਹਨ। (ਜਿਨ੍ਹਾਂ ਨੇ) ਕਲਜੁਗ ਦੀ (ਕੁਚਾਲ ਰੂਪ) ਰਾਤ ਨੂੰ ਦੂਰ ਕਰ ਦਿੱਤਾ ਹੈ।

੨. ਸੰਤਾਂ ਦੇ ਚਿੱਤਾਂ ਦੇ ਸਰੋਵਰਾਂ ਵਿੱਚ ਗਿਆਨ ਰੂਪ ਬਹੁਤ ਉੱਜਲ ਕੰਵਲ ਖਿੜਾ ਦਿੱਤੇ।

੩. ਹੰਕਾਰ ਆਦਿਕ ਸਮੂੰਹ (ਅਉਗਣ) ਜੋ ਕਮੀਆਂ ਵਾਂਗ (ਖਿੜ ਰਹੇ) ਸਨ, ਤਿਨਾਂ ਦੀ ਚੰਗੀ ਤਰ੍ਹਾਂ ਮੁੱਢੋਂ ਹੀ ਜੜ੍ਹ ਪੁੱਟ ਦਿੱਤੀ।

੪. ਤਿਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਜਲ ਚਰਨ ਕਵਲਾਂ ਉਪਰ ਸਾਡੀ ਬਹੁਤ ਵਾਰ ਨਮਸਕਾਰ ਹੈ।

ਭਾਵ ਇਸ ਸ੍ਵੈਯੇ ਵਿੱਚ ਕਵੀ ਜੀ ਆਪਣੇ ਇਸ਼ਟ ਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੂਰਜ ਵਾਂਗ ਪ੍ਰਕਾਸ਼ ਰੂਪ ਵਰਣਨ ਕਰਦੇ ਹਨ। ਜਿਵੇਂ ਸੂਰਜ ਚੜ੍ਹਨ ਨਾਲ ਅਨ੍ਹੇਰੀ ਰਾਤ ਖ਼ਤਮ ਹੋ ਜਾਂਦੀ ਹੈ। ਸਰੋਵਰਾਂ 'ਚ ਉੱਗੇ ਹੋਏ ਮੁੰਦੇ ਪਏ ਕਵਲ ਸੂਰਜ ਦੀ ਰੌਸ਼ਨੀ ਲੱਗਣ ਨਾਲ ਖਿੜ ਪੈਂਦੇ ਹਨ ਤੇ ਰਾਤ ਸਮੇਂ ਦੀਆਂ ਖਿੜੀਆਂ ਹੋਈਆਂ ਕਮੀਆਂ ਮੁੰਦੀਆਂ ਜਾਂਦੀਆਂ ਹਨ। ਤਿਵੇਂ ਹੀ ਸਤਿਗੁਰੂ ਦੇ ਪ੍ਰਗਟ ਹੋਣ ਨਾਲ ਕਲਜੁਗ ਦੇ ਸਮੇਂ ਦੀ ਖੋਟੀ ਚਾਲ ਦੀ ਰਾਤ ਟਲ ਗਈ। ਮਹਾਂ ਪੁਰਸ਼ਾਂ ਦੇ ਹਿਰਦਿਆਂ ਦੇ ਸਰੋਵਰਾਂ ਵਿੱਚ ਗਿਆਨ ਦੇ ਕਵਲ ਖਿੜ ਪਏ। ਹੰਕਾਰ ਆਦਿ ਆਸੁਰੀ ਸੰਪਤਾ ਦੀਆਂ ਕਵੀਆਂ ਜੜ੍ਹਾਂ ਤੋਂ ਪੁੱਟੀਆਂ ਗਈਆਂ। ਇਸ ਛੰਦ ਵਿੱਚ ਭਾਈ ਗੁਰਦਾਸ ਜੀ ਦੀਆਂ ਇਨ੍ਹਾਂ ਹੀ ਤੁਕਾਂ ਦੀ ਵਿਆਖਿਆ ਕੀਤੀ ਗਈ ਹੈ:

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ। (ਵਾ: ੧, ਪ: ੨੭)

੬. ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ।

ਸ੍ਵੈਯਾ:

ਬਿਨ ਅੱਖਰ ਨਾਹਿ ਲਹੇ ਜਨ ਅੱਖਰ ਬੋਧ ਬਿਨਾ ਨਹਿ ਅੱਖਰ ਹਾਨੀ।
ਨਹਿ ਨੀਤਿ ਅਨੀਤਿ ਪਛਾਨ ਪਰੈ, ਤਸ ਬੈਦਕ ਜੋਤਸ਼ ਮੰਤਰ ਖਾਨੀ।
ਪਰ ਹੈ ਨਹਿ ਪਾਨ ਪੁਰਾਨ ਪਛਾਨ, ਤੁ ਸ਼ਾਸਤ ਬੇਦ ਕੀ ਕਾਹਿ ਕਹਾਨੀ।
ਯਹਿ ਚੀਨ ਬਰਾਖਰ ਜਾਂਹਿ ਰਚੇ, ਨਮਿ ਤਾਂਹਿ ਕਰੋਂ ਪਦ ਪੰਕਜ ਸਾਨੀ ॥ ੧੧ ॥

ਪਦਅਰਥ:

ਅੱਖਰ={ਸੰ:, ਸੰਸਕ੍ਰਿਤ=ਅਕਸ਼ਰ} ਉਹ ਅੱਖਰ ਜੋ ਅਵਾਜ਼ ਦੀ ਥਾਂ ਲਿਖਿਆ ਜਾਵੇ, ਹਰਫ਼। ਲਹੇ=ਜਾਣ ਸਕਦਾ। ਅੱਖਰ=ਖਰਨ ਤੋਂ ਰਹਿਤ, ਵਾਹਿਗੁਰੂ। {ਅ=ਰਹਿਤ, ਖਰ=ਖਰਨ ਤੋਂ।} ਬੋਧ=ਗਿਆਨ। ਅੱਖਰ=ਕਰਮਾਂ ਦੇ ਅੱਖਰ, ਕਰਮਾਂ ਦੇ ਲੇਖ। ਹਾਨੀ=ਨਾਸ। ਨੀਤਿ=ਰਾਜਨੀਤੀ, ਧਰਮ ਤੇ ਸਮਾਜ ਦੇ ਚਲਾਉਣ ਦਾ ਨਿਯਮ, ਰਾਜ ਪ੍ਰਬੰਧ ਦੀ ਯੁਕਤੀ। ਅਨੀਤਿ=ਨੀਤੀ ਦਾ ਪ੍ਰਭਾਵ, ਬੇਇਨਸਾਫ਼ੀ। ਤਸ=ਤੈਸੇ ਹੀ। ਬੈਦਕ=ਵੈਦ ਵਿਦਿਆ। ਜੋਤਸ਼=ਜਯੋਤੀਰੂਪ, ਸੂਰਜ, ਚੰਦ ਤੇ ਤਾਰਿਆਂ ਆਦਿ ਦੀ ਚਾਲ ਅਤੇ ਵਿੱਥ ਦਾ ਗਿਆਨ ਜਿਸ ਵਿੱਦਿਆ ਤੋਂ ਹੋਵੇ। ਇਲਮੇ ਨਜੂਮ, ਖਗੋਲ ਵਿਦਿਆ। (ਅ) ਗ੍ਰਹਾਂ ਦੇ ਸ਼ੁਭ ਅਸ਼ੁਭ ਫਲ ਦੱਸਣ ਦੀ ਵਿਦਿਆ। ਮੰਤਰ ਖਾਨੀ=ਮੰਤ੍ਰਾਂ ਦੀ ਖਾਣ, ਮੰਤ੍ਰਾਂ ਦੀਆਂ ਪੋਥੀਆਂ। ਪਰ ਹੈ ਨਹਿ ਪਾਨ ਪੁਰਾਨ। ਪਛਾਨ=ਹੱਥਾਂ 'ਚ ਪੁਰਾਣਾਂ ਦੇ ਫੜਿਆਂ ਵੀ ਇਸ ਗੱਲ ਦੀ ਪਛਾਣ ਨਹੀਂ ਹੋ ਸਕਦੀ ਕਿ ਹੱਥਾਂ 'ਚ ਕੀ ਪੁਸਤਕ ਹੈ। ਤੁ=ਤਾਂ। ਕਾਹਿ ਕਹਾਨੀ=ਕੀ ਕਹਾਣੀ ਹੋ ਸਕਦੀ ਹੈ ਭਾਵ ਕੁਝ ਵੀ ਨਹੀਂ ਕਿਹਾ ਜਾ ਸਕਦਾ। ਯਹਿ ਚੀਨ=ਇਹ ਜਾਣ ਕੇ। ਬਰਾਖਰ=ਸ੍ਰੇਸ਼ਟ ਅੱਖਰ, ਗੁਰਮੁਖੀ ਅੱਖਰ। ਜਾਂਹਿ=ਜਿਸ (ਗੁਰੂ ਅੰਗਦ ਦੇਵ ਜੀ) ਨੇ। ਰਚੇ=ਬਣਾਏ। ਨਮਿ=ਨਮਸਕਾਰ। ਪਦ=ਚਰਨ। ਪੰਕਜ=ਕੰਵਲਾਂ ਦੇ। ਸਾਨੀ=ਸਦਰਸ, ਵਰਗੇ। ਅਰਥ:

੧. ਅੱਖਰਾਂ ਦੇ ਗਿਆਨ ਤੋਂ ਬਿਨਾਂ ਪੁਰਸ਼ ਵਾਹਿਗੁਰੂ ਨੂੰ ਜਾਣ ਨਹੀਂ ਸਕਦੇ (ਭਾਵ ਗਿਆਨ ਨਹੀਂ ਹੁੰਦਾ), ਗਿਆਨ ਤੋਂ ਬਿਨਾਂ ਕਰਮਾਂ ਦੇ ਲੇਖ ਨਹੀਂ ਮਿਟ ਸਕਦੇ।

੨. (ਅੱਖਰਾਂ ਦੇ ਗਿਆਨ ਤੋਂ ਬਿਨਾਂ) ਨੀਤੀ ਤੇ ਅਨੀਤੀ ਦੀ ਪਛਾਣ ਨਹੀਂ ਪੈਂਦੀ ਤਿਵੇਂ ਹੀ ਵੈਦਕ, ਜੋਤਸ਼ ਤੇ ਮੰਤ੍ਰਾਂ ਦੀਆਂ ਪੋਥੀਆਂ ਦਾ ਵੀ ਗਿਆਨ ਨਹੀਂ ਹੋ ਸਕਦਾ।

੩. (ਹੋਰ ਤਾਂ ਹੋਰ) ਪੁਰਾਣਾਂ ਦੇ ਹੱਥਾਂ 'ਚ ਫੜਿਆਂ ਵੀ ਇਹ ਜਾਣ ਨਹੀਂ ਸਕੀਦਾ (ਕਿ ਹੱਥਾਂ 'ਚ ਕੀ ਫੜਿਆ ਹੈ) ਤਾਂ ਸ਼ਾਸਤ੍ਰਾਂ ਤੇ ਵੇਦਾਂ ਬਾਰੇ ਤਾਂ ਕੀ ਕਿਹਾ ਜਾ ਸਕਦਾ ਹੈ।

੪. (ਸੰਸਕ੍ਰਿਤ ਅੱਖਰਾਂ ਦਾ ਪੜ੍ਹਨਾ ਬੜਾ ਕਠਨ ਹੈ ਅਤੇ ਉਨ੍ਹਾਂ ਅੱਖਰਾਂ ਦੇ ਪੜ੍ਹਨ ਵਿੱਚ ਹੋਰ ਵੀ ਕਈ ਔਕੜਾਂ ਤੇ ਪਾਬੰਦੀਆਂ ਹਨ) ਇਹ ਜਾਣ ਕੇ ਜਿਸ (ਸ੍ਰੀ ਗੁਰੂ ਅੰਗਦ ਦੇਵ ਜੀ) ਨੇ ਸ੍ਰੇਸ਼ਟ ਗੁਰਮੁਖੀ ਅੱਖਰ ਬਣਾਏ ਹਨ, ਤਿਨਾਂ ਸਤਿਗੁਰਾਂ ਦੇ ਕੰਵਲਾਂ ਵਰਗੇ ਚਰਨਾਂ 'ਤੇ ਮੈਂ ਨਮਸਕਾਰ ਕਰਦਾ ਹਾਂ।

ਭਾਵ: ਕੁਦਰਤ ਨੇ ਮਨੁੱਖ ਵਿੱਚ ਸੋਚਣ ਤੇ 'ਜਾਣਨ' ਦਾ ਗੁਣ ਬਾਕੀ ਦੀਆਂ ਜੂਨਾਂ ਨਾਲੋਂ ਕਿਤੇ ਵਧੇਰੇ ਮਾਤ੍ਰਾ ਵਿੱਚ ਪਾਇਆ ਹੋਇਆ ਹੈ। ਜਾਣਨ ਦੀ ਤੀਬਰ ਇੱਛਾ ਨੇ ਹੀ ਦੁਨੀਆਂ ਵਿੱਚ ਵਿੱਦਿਆ ਨੂੰ ਜਨਮ ਦਿੱਤਾ ਹੈ। ਵਿੱਦਿਆ ਸ਼ਬਦ ਦੀ ਧਾਤੂ 'ਵਿਦ' ਦਾ ਅਰਥ ਹੀ 'ਜਾਣਨਾ' ਹੈ, ਜਿਸ ਸਾਧਨ ਰਾਹੀਂ ਕੁਝ ਜਾਣਿਆ ਜਾਏ ਉਹ 'ਵਿਦਿਆ' ਹੈ। ਵਿੱਦਿਆ ਨੂੰ ਅੱਗੋਂ ਚੌਹਟ (੬੪) ਪ੍ਰਕਾਰ ਦੀ ਤੇ ਕਈ ਵਿਦਵਾਨਾਂ ਦੇ ਵਿਚਾਰ ਵਿੱਚ ਅਣਗਿਣਤ ਪ੍ਰਕਾਰ ਦੀ ਮੰਨਿਆ ਹੈ। ਹਰ ਪ੍ਰਕਾਰ ਦਾ ਗਿਆਨ ਅੱਖਰ-ਗਿਆਨ ਤੋਂ ਬਿਨਾਂ ਜੇ ਅਸੰਭਵ ਨਹੀਂ ਤਾਂ ਆਸਾਨ ਵੀ ਨਹੀਂ। ਅਰਥਾਤ ਹਰ ਵਿੱਦਿਆ ਦਾ ਸਿੱਖਣਾ ਅੱਖਰ ਗਿਆਨ ਦੇ ਹੀ ਅਧੀਨ ਹੈ। ਪੁਰਾਣੇ ਸਮੇਂ ਵਿੱਚ ਭਾਵੇਂ ਕਈ ਤਰ੍ਹਾਂ ਦੀਆਂ ਵਿੱਦਿਆ ਜ਼ਬਾਨੀ ਸੀਨੇ-ਬਸੀਨੇ ਵੀ ਚੱਲਦੀਆਂ ਰਹੀਆਂ ਪਰ ਅੰਤ ਨੂੰ ਹਰ ਵਿੱਦਿਆ ਨੂੰ ਮੁਕੰਮਲ ਰੂਪ ਧਾਰਨ ਜਾਂ ਸਿਖ਼ਰਾਂ ਨੂੰ ਛੋਹਣ ਲਈ ਅੱਖਰਾਂ ਦਾ ਹੀ ਜਾਮਾ ਪਾਉਣਾ ਪਿਆ ਹੈ। ਨੀਤੀ, ਅਨੀਤੀ, ਵੈਦਕ, ਖਗੋਲ (ਜੋਤਸ਼), ਭੂਗੋਲ (ਜੁਗਰਾਫੀਆ), ਵਿਗਿਆਨ (ਸਾਇੰਸ) ਤੇ ਮੰਤ੍ਰ ਆਦਿ, ਗੱਲ ਕੀ ਹਰ ਤਰ੍ਹਾਂ ਦੀ ਪੂਰਨ ਵਿੱਦਿਆ ਅੱਖਰਾਂ ਦੇ ਗਿਆਨ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ। ਇਹ ਜਗਤ-ਭਰ ਦੇ ਵਿਦਿਅਕ ਮਾਹਰਾਂ ਦੀ ਮੰਨੀ ਪ੍ਰਮੰਨੀ ਵਿਚਾਰਧਾਰਾ ਹੈ ਜਿਸ ਤੋਂ ਕੋਈ ਵੀ ਸੋਚਵਾਨ ਇਨਕਾਰ ਨਹੀਂ ਕਰ ਸਕਦਾ। ਕੋਈ ਵੀ ਵਿੱਦਿਆ ਕਿਸੇ ਮਨੁੱਖ ਨੂੰ ਉਸ ਦੀ ਆਪਣੀ ਬੋਲੀ ਰਾਹੀਂ ਹੀ ਸੁਖੱਲੀ ਤੇ ਛੇਤੀ ਜ਼ਿਹਨ-ਨਸ਼ੀਨ (ਧਾਰਨ) ਹੋ ਸਕਦੀ ਹੈ ਤਾਹੀਓਂ ਤਾਂ ਸੰਸਾਰ ਵਿੱਚ ਮਾਤ-ਬੋਲੀਆਂ ਨੂੰ ਹਰ ਥਾਂ ਵਿੱਦਿਆ ਦਾ ਮਾਧਿਅਮ ਬਣਾਇਆ ਜਾ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਮੇਂ ਭਾਰਤ ਵਿੱਚ ਭਾਰਤੀ ਬੋਲੀਆਂ ਵਿੱਚੋਂ ਸਭ ਬੋਲੀਆਂ ਦੀ ਮਾਂ ਸੰਸਕ੍ਰਿਤ ਨੂੰ ਮੰਨਿਆ ਹੋਇਆ ਸੀ। ਹਰ ਤਰ੍ਹਾਂ ਦਾ ਗਿਆਨ ਸੰਸਕ੍ਰਿਤ ਭਾਸ਼ਾ ਰਾਹੀਂ ਹੀ ਕੋਈ ਪ੍ਰਾਪਤ ਕਰ ਸਕਦਾ ਸੀ। ਇਹ ਭਾਸ਼ਾ ਆਮ ਭਾਰਤੀਆਂ ਦੀ ਸਮਝ ਤੋਂ ਬਹੁਤ ਪ੍ਰੇਡੇ ਜਾ ਕੇ ਕੇਵਲ ਮੁੱਠੀ ਭਰ ਬ੍ਰਾਹਮਣਾਂ ਦੀ ਨਿੱਜੀ ਮਲਕੀਅਤ ਜਾਂ ਕੇਵਲ ਵਿਦਵਾਨਾਂ ਤੇ ਪੁਸਤਕਾਂ ਦੀ ਹੀ ਭਾਸ਼ਾ ਬਣ ਕੇਰਹਿ ਗਈ ਸੀ। ਜਿੱਥੇ ਇਹ ਭਾਸ਼ਾ ਅਤਿਅੰਤ ਕਲਿਸ਼ਟ (ਬਹੁਤ ਕਠਨ) ਬਣਾ ਦਿੱਤੀ ਗਈ ਸੀ, ਉੱਥੇ ਇਸ ਦੇ ਜਾਨਣ ਜਾਂ ਸਿਖਣ ਦੇ ਸਾਧਨਾਂ ਦੇ ਸਾਰੇ ਬੂਹੇ ਬੰਦ ਕਰ ਕੇ ਇਸ ਦੇ ਇਰਦ-ਗਿਰਦ ਸਮਾਜਿਕ ਤੇ ਧਾਰਮਿਕ ਪਾਬੰਦੀਆਂ ਦੀਆਂ ਕੰਡਿਆਲੀਆਂ ਤਾਰਾਂ ਦੇ ਸੰਘਣੇ ਜਾਲ ਤਾਣ ਦਿੱਤੇ ਗਏ ਸਨ, ਜਿਸ ਕਾਰਨ ਭਾਰਤ ਦੀ ਆਮ ਜਨਤਾ ਇਸ ਵਿੱਚ ਲਿਖੇ ਜਾ ਚੁੱਕੇ ਗਿਆਨ ਤੋਂ ਕੋਈ ਲਾਭ ਨਹੀਂ ਪ੍ਰਾਪਤ ਕਰ ਰਹੀ ਸੀ। ਜਿਸ ਲਿਪੀ ਵਿੱਚ ਸੰਸਕ੍ਰਿਤ ਭਾਸ਼ਾ ਲਿਖੀ ਜਾਂਦੀ ਸੀ ਉਸ ਦੀ ਵਰਣ-ਮਾਲਾ ਦੇ ਇੱਕੋ ਅਵਾਜ਼ ਦੇ ਕਈ ਕਈ ਅੱਖਰ ਵਰਤੇ ਜਾਂਦੇ ਸਨ। ਕਈ ਮਾਤ੍ਰਾਂ ਵੀ ਅੱਖਰਾਂ ਦੇ ਵਿੱਚ ਹੀ ਲੁਪਤ ਕਰ ਦਿੱਤੀਆਂ ਜਾਂਦੀਆਂ ਸਨ। ਤੇ 'ੜ' ਆਦਿ ਅਵਾਜ਼ਾਂ ਵਾਲਾ ਕੋਈ ਵੀ ਅੱਖਰ ਨਹੀਂ ਸੀ। ਹਜ਼ੂਰ ਨੇ ਪੰਜਾਬ ਦੀ ਧਰਤੀ ਵਿੱਚ ਅਵਤਾਰ ਲਿਆ। ਸਾਰੇ ਭਾਰਤ ਵਰਸ਼ ਵਿੱਚ ਹੀ ਨਹੀਂ ਸਗੋਂ ਦੂਰ-ਦੂਰ ਤੱਕ ਗਵਾਂਢੀ ਦੇਸ਼ਾਂ ਵਿੱਚ ਵਿਚਰੇ ਤੇ ਸੰਸਕ੍ਰਿਤ ਭਾਸ਼ਾ ਤੇ ਉਸ ਦੀ ਲਿਪੀ ਵਾਂਗ ਹੀ ਉਰਦੂ, ਫ਼ਾਰਸੀ, ਅਰਬੀ ਤੇ ਇੰਗਲਿਸ਼ ਆਦਿ ਭਾਸ਼ਾਵਾਂ ਤੇ ਉਨ੍ਹਾਂ ਦੀਆਂ ਲਿਪੀਆਂ ਵਿੱਚ ਵੀ ਨੁਕਸ ਤੱਕੇ ਤੇ ਅੰਤ ਨੂੰ ਇਕ ਅਜਿਹੀ ਲਿੱਪੀ ਦੀ ਸਿਰਜਨਾ ਦਾ ਦ੍ਰਿੜ੍ਹ ਸੰਕਲਪ ਕੀਤਾ ਜੋ ਪੰਜਾਬੀ ਲਈ ਸਭ ਤੋਂ ਵੱਧ ਢੁਕਵੀਂ ਹੋਵੇ ਤੇ ਹਰ ਭਾਰਤੀ ਭਾਸ਼ਾ ਅਤੇ ਵਿਦੇਸ਼ੀ ਭਾਸ਼ਾ ਨੂੰ ਵੀ ਉਸ ਵਿੱਚ ਬਖ਼ੂਬੀ ਲਿਖਿਆ ਜਾ ਸਕੇ। ਵਿਦਿਅਕ ਮਾਹਰਾਂ ਦਾ ਖ਼ਿਆਲ ਹੈ ਕਿ ਹਰ ਬੋਲੀ ਦੀ ਆਪਣੀ ਵੱਖਰੀ ਹੀ ਲਿਪੀ ਹੋਣੀ ਚਾਹੀਦੀ ਹੈ। ਇਸੇ ਕਾਰਨ ਰੂਸ ਵਿੱਚ ਕਈਆਂ ਪ੍ਰਾਂਤਕ ਬੋਲੀਆਂ ਨੂੰ ਨਵੀਆਂ ਲਿਪੀਆਂ ਘੜ ਕੇ ਦਿੱਤੀਆਂ ਗਈਆਂ ਹਨ। ਕੋਈ ਵੀ ਬੋਲੀ ਆਪਣੀ ਵੱਖਰੀ ਲਿਪੀ ਤੋਂ ਬਿਨਾਂ ਆਪਣੇ ਸਹੀ ਰੂਪ ਵਿੱਚ ਜ਼ਿੰਦਾ ਨਹੀਂ ਰਹਿ ਸਕਦੀ। ਲਿਪੀ ਲਈ ਅੱਖਰਾਂ ਦੀ ਨਵੀਂ ਸਿਰਜਨਾ ਦੀ ਲੋੜ ਪੈਂਦੀ ਹੈ, ਭਾਵੇਂ ਕਿ ਉਹ ਅੱਖਰ ਪੁਰਾਣੀਆਂ ਲਿਪੀਆਂ ਵਿੱਚੋਂ ਹੀ ਲਏ ਜਾਣ ਜਾਂ ਉਨ੍ਹਾਂ ਦੀਆਂ ਸ਼ਕਲਾਂ 'ਚ ਲੋੜੀਂਦੀ ਤਬਦੀਲੀ ਕਰ ਲਈ ਜਾਵੇ ਜਾਂ ਨਵੇਂ ਘੜ ਲਏ ਜਾਣ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਆਤਮ ਗਿਆਨ ਨੂੰ ਸੰਸਾਰ ਵਿੱਚ ਪ੍ਰਸਾਰਨ ਲਈ ਤੇ ਪੰਜਾਬੀ ਬੋਲੀ ਦੀ ਬ੍ਰਿਧੀ ਲਈ ਨਵੀਂ ਲਿਪੀ ਨੂੰ ਜਨਮ ਦਿੱਤਾ ਜਿਸ ਨੂੰ ਦੁਨੀਆਂ ਨੇ 'ਗੁਰਮੁਖੀ ਲਿਪੀ' ਦਾ ਨਾਮ ਦਿੱਤਾ ਹੈ। ਅਸਲ ਵਿੱਚ ਇਹ ਲਿਪੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਹੀ ਘੜੀ, ਜਿਸ ਦਾ ਵੱਡਾ ਸਬੂਤ ਆਸਾਰਾਗ ਵਿੱਚ ਗੁਰੂ ਜੀ ਦੀ ਲਿਖੀ ਬਾਣੀ 'ਪਟੀ' ਹੈ। ਪਰ ਚੂੰਕਿ ਇਸ ਦੇ ਲਿਖਣ ਪੜ੍ਹਨ ਤੇ ਅੱਗੋਂ ਫੈਲਾਉਣ ਦਾ ਬਹੁਤਾ ਕੰਮ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਸਮੇਂ ਹੋਇਆ, ਇਸ ਲਈ ਕਈ ਇਤਿਹਾਸਕਾਰਾਂ ਨੇ ਲਿਖ ਦਿੱਤਾ ਹੈ ਕਿ ਗੁਰਮੁਖੀ ਅੱਖਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਣਾਏ। ਉਸੇ ਅਧਾਰ 'ਤੇ ਹੀ ਹਜ਼ੂਰ ਦੀ ਇਸ ਮਹਾਨ ਦੇਣ ਵੱਲ

ਸੰਕੇਤ ਕਰਦਿਆਂ ਹੋਇਆਂ ਸਾਡੇ ਮਹਾਂ ਕਵੀ ਗਿਆਨੀ ਗਿਆਨ ਸਿੰਘ ਜੀ ਆਪਣੇ ਗ੍ਰੰਥ ਦੇ ਅਰੰਭ ਦੇ ਮੰਗਲਾਂ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆਪਣੇ ਗ੍ਰੰਥ ਦੀ ਨਿਰਵਿਘਨ ਸੰਪੂਰਨਤਾ ਲਈ ਅਰਾਧਦੇ ਹਨ।

੨. ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ।

ਸ੍ਵੈਯਾ:

ਅਤਿ ਧਾਰ ਛਿਮਾ ਸੁ ਛਿਮਾ ਸਮ ਭਾਰ, ਸਹਾਰ ਕੁਬੈਨ ਕਦੰਬ ਕੁਬਿੰਦੂ।
ਬਿਨ ਛੋਭ ਰਹੇ ਸਮ ਮੇਰੁ ਸਦਾ, ਗੁਰੁ ਹੇਰ ਦਯੋ ਪਦ ਮੇਰੁ ਮਨਿੰਦੂ।
ਜਨ ਕੇ ਭਵ ਫੰਧ ਨਿਕੰਦਨ ਕੌ, ਜਗ ਬੰਦਨ ਬਾਪਿਕਾ* ਕੀਨ ਬੁਲਿੰਦੂ।
ਗੁਰਤੀਸ੍ਵਰ ਈਸ੍ਵਰਰੂਪ ਜੁਗੀਸ੍ਵਰ, ਧਜਾਇ ਕਵੀਸ੍ਵਰ ਪਾਦ ਅਰਬਿੰਦੂ ॥੧੨॥

*ਲਾਹੌਰ ਐਡੀਸ਼ਨ ਵਿੱਚ ਪਾਠ 'ਬਾਉਲੀ' ਹੈ ਪਰ ਦਿੱਲੀ ਤੇ ਅੰਮ੍ਰਿਤਸਰ ਐਡੀਸ਼ਨਾਂ 'ਚ ਪਾਠ 'ਬਾਪਿਕਾ' ਹੈ।

ਪਦਅਰਥ:

ਅਤਿ=ਬਹੁਤ। ਧਾਰ=ਧਾਰਨ ਕੀਤੀ। ਛਿਮਾ=ਖਿਮਾ, ਚਿੱਤ ਦੀ ਇਕ ਪ੍ਰਕਾਰ ਦੀ ਬ੍ਰਿਤੀ ਜਿਸ ਕਰ ਕੇ ਮਨੁੱਖ ਦੂਜੇ ਵੱਲੋਂ ਪੁਚਾਇਆ ਹੋਇਆ ਕਸ਼ਟ ਸਹਾਰ ਲੈਂਦਾ ਹੈ ਤੇ ਉਸ ਨੂੰ ਦੰਡ ਦੇਣ ਦੀ ਇੱਛਾ ਨਹੀਂਰੱਖਦਾ। ਸਹਿਨਸ਼ੀਲਤਾ, ਮੁਆਫ਼ੀ। ਸੁ=ਭਲੀ ਪ੍ਰਕਾਰ। ਛਿਮਾ=ਪ੍ਰਿਥਵੀ, ਧਰਤੀ। ਸਮ=ਸਮਾਨ ਵਾਂਗ। ਭਾਰ=ਭਾਰੀ, ਬਹੁਤੀ (ਖਿਮਾ)। ਕੁਬੈਨ=ਮਾੜੇ ਬੋਲ। ਕਦੰਬ=ਸਮੂੰਹ, ਸਾਰੇ। ਕੁਬਿੰਦੂ=ਜੁਲਾਹੇ ਦੇ। ('ਕੁ' ਜ਼ਮੀਨ ਨੂੰ ਤਾਣੀ ਦੇ ਤਣਨ ਲਈ ਪਹਿਲਾਂ 'ਬਿੰਦ' ਜਾਣਦਾ ਹੈ ਕਿ ਇਤਨੀ ਇਸ ਕੰਮ ਲਈ ਕਾਫ਼ੀ ਹੋਵੇਗੀ।) ਛੋਭ=ਕ੍ਰੋਧ, ਵਿਆਕੁਲਤਾ, ਘਬਰਾਹਟ। ਸਮ ਮੇਰੁ=ਸੁਮੇਰ ਪਰਬਤ ਵਾਂਗ ਅਚੱਲ। ਗੁਰੁ=ਸ੍ਰੀ ਗੁਰੂ ਅੰਗਦ ਦੇਵ ਜੀ ਨੇ। ਹੇਰ=ਦੇਖ ਕੇ। ਦਯੋ=ਦਿੱਤੀ। ਪਦ=ਪਦਵੀ (ਗੁਰਤਾ ਗੱਦੀ ਦੀ)। ਮੇਰੁ ਮਨਿੰਦੂ=ਸੁਮੇਰ ਪਰਬਤ ਵਾਂਗ ਉੱਚੀ, ਸ਼੍ਰੋਮਣੀ ਤੇ ਕੀਮਤੀ। ਜਨ=ਦਾਸਾਂ ਦੇ। ਭਵ=ਚੁਰਾਸੀ ਦਾ ਗੇੜ। ਆਵਣ ਜਾਣ, ਜੰਮਣ ਮਰਨ (ਅ) ਸੰਸਾਰ, ਜਗਤ। ਫੰਧ=ਫਾਹੇ। ਨਿਕੰਦਨ ਕੌ=ਕੱਟਣ ਨੂੰ, ਨਾਸ ਕਰਨ ਨੂੰ। ਜਗ ਬੰਦਨ=ਜਗਤ ਦੇ ਬੰਦਨਾ ਕਰਨ ਯੋਗ, ਸ੍ਰੀ ਗੁਰੂ ਅਮਰਦਾਸ ਜੀ ਨੇ। ਬਾਪਿਕਾ=ਬਾਉਲੀ (ਸਾਹਿਬ)। ਕੀਨ=ਕੀਤੀ, ਬਣਾਈ। ਬੁਲਿੰਦੂ=ਉੱਚੀ, ਵੱਡੀ, ਸ਼ਾਨਦਾਰ। ਗੁਰਤੀਸ੍ਵਰ=ਤੀਜੇ ਗੁਰੂ, ਸ੍ਰੀ ਗੁਰੂ ਅਮਰ ਦਾਸ ਜੀ। ਜੋਗੀਸ੍ਵਰ=ਜੋਗੀਆਂ ਦੇ ਰਾਜੇ, ਰਾਜੇ ਜੋਗੀ। ਪਾਦ ਅਰਬਿੰਦੂ=ਚਰਨ ਕੰਵਲਾਂ ਨੂੰ। {ਪਾਦ-ਚਰਨ। ਅਰਬਿੰਦੂ-ਕੰਵਲ।} ਅਰਥ:

੪. (ਅਰਥ ਚੌਥੀ ਤੁਕ ਤੋਂ ਚਲੇਗਾ) ਈਸ਼ਰਰੂਪਰਾਜੇ ਜੋਗੀ ਤੀਜੇ ਸਤਿਗੁਰੂ (ਸ੍ਰੀ ਗੁਰੂ ਅਮਰਦਾਸ ਜੀ) ਦੇ ਚਰਨਾਂ ਕੰਵਲਾਂ ਨੂੰ (ਕਵੀ ਗਿਆਨ ਸਿੰਘ) ਧਿਆਉਂਦਾ ਹੈ।

੧. ਜਿਨ੍ਹਾਂ ਨੇ ਭਲੀ ਪ੍ਰਕਾਰ ਧਰਤੀ ਸਮਾਨ ਭਾਰੀ ਖਿਮਾ ਧਾਰਨ ਕੀਤੀ। ਜੁਲਾਹੇ ਦੇ ਕਹੇ ਹੋਏ ਮਾੜੇ ਬੋਲ ਸਹਾਰੇ।

੨. ਆਪ ਸਦਾ ਸੁਮੇਰ ਪਰਬਤ ਵਾਂਗ ਨਿਰਖੋਭਰਹੇ- ਸ੍ਰੀ ਗੁਰੂ ਅੰਗਦ ਦੇਵ ਜੀ ਨੇ (ਅਜਿਹੇ ਗੁਣਾਂ ਵਾਲੇ) ਦੇਖ ਕੇ ਸੁਮੇਰ ਪਰਬਤ ਦੇ ਤੁੱਲ (ਉੱਚੀ, ਸ਼੍ਰੋਮਣੀ ਤੇ ਕੀਮਤੀ) ਗੁਰਤਾ-ਗੱਦੀ ਦੇ ਦਿੱਤੀ।

੩. ਉਨ੍ਹਾਂ ਨੇ ਦਾਸਾਂ ਦੇ ਜੰਮਣ ਮਰਨ ਦੇ ਫਾਹਿਆਂ ਨੂੰ ਕੱਟਣ ਵਾਲੀ (ਸ੍ਰੀ ਗੋਇੰਦਵਾਲ ਸਾਹਿਬ ਵਿੱਚ) ਵੱਡੀ ਸ਼ਾਨਦਾਰ ਸ੍ਰੀ ਬਾਉਲੀ ਸਾਹਿਬ ਬਣਾਈ।

ਭਾਵ ਏਥੇ ਕਵੀ ਜੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੂੰ ਈਸ਼ਰ ਰੂਪ ਤੇ ਰਾਜਾ ਜੋਗੀ ਕਹਿੰਦੇ ਹਨ। 'ਗੁਰੂ ਨਾਨਕ ਦੇਵ ਗੋਬਿੰਦ ਰੂਪ' ਜੁ ਸਨ। ਇਸੇ ਲਈ ਉਨ੍ਹਾਂ ਦੇ ਤੀਜੇ ਸਰੂਪ ਨੂੰ ਵੀ ਈਸ਼ਰ ਰੂਪ ਹੀ ਕਹਿਣਾ ਬਣਦਾ ਹੈ। 'ਗੁਰ ਪਰਮੇਸਰ ਏਕੋ ਜਾਨ' ਮਹਾਂਵਾਕ ਵੀ ਇਸੇ ਭਾਵ ਦਾ ਬੋਧਕ ਹੈ। 'ਰਾਜ ਮਹਿ ਰਾਜਾ ਜੋਗ ਮਹਿ ਜੋਗੀ' ਆਦਿ ਹੁਕਮ ਅਨੁਸਾਰ ਸਤਿਗੁਰੂ ਜਗਤ ਵਿੱਚ ਰਾਜੇ ਜੋਗੀ ਹੋਣ ਦਾ ਦਰਜਾ ਰੱਖਦੇ ਹਨ। ਆਪ ਧਰਤੀ ਵਾਂਗ ਮਹਾਨ ਖਿਮਾ ਦੇ ਧਾਰਨੀ ਹਨ। ਬਾਰਾਂ ਸਾਲ ਦੀ ਕਠਨ ਸੇਵਾ ਦੀ ਘਾਲ ਘਾਲਦਿਆਂ ਇਕ ਵਾਰ ਅਨ੍ਹੇਰੀ ਰਾਤ ਸਮੇਂ ਜਲ ਦੀ ਗਾਗਰ ਲਈ ਔਂਦਿਆਂ ਜੁਲਾਹਿਆਂ ਦੀ ਖੱਡੀ ਵਿੱਚ ਡਿੱਗ ਪਏ। ਜੁਲਾਹੇ ਦੇ ਪੁੱਛਣ 'ਤੇ ਜੁਲਾਹੀ ਨੇ ਕਿਹਾ 'ਅਮਰੂ ਨਿਥਾਵਾਂ' ਹੋਵੇਗਾ। ਉਸ ਤੋਂ ਬਿਨਾਂ ਹੋਰ ਕੌਣ ਹੈ ਜੋ ਅਜਿਹੇ ਸਮੇਂ ਬੇ-ਅਰਾਮੀ ਵਿੱਚ ਫਿਰਦਾ ਹੈ। ਅਜਿਹੇ ਨ ਬਰਦਾਸ਼ਤ ਕੀਤੇ ਜਾਣ ਵਾਲੇ ਕੁਬਚਨਾਂ ਨੂੰ ਸਹਾਰ ਲੈਣਾ ਸਹਿਨ-ਸ਼ੀਲਤਾ ਤੇ ਖਿਮਾ ਦੀ ਸਿਖ਼ਰ ਸਮਝਣੀ ਚਾਹੀਦੀ ਹੈ। ਨਿਰਖੋਭਤਾ ਵਿੱਚ ਵੀ ਆਪ ਦਾ ਕੋਈ ਸਾਨੀ ਨਹੀਂ। ਇਕ ਵਾਰ ਦਾਤੂ ਨੇ ਭਰੇ ਦੀਵਾਨ ਵਿੱਚ ਪਿੱਛੋਂ ਆ ਕੇ ਆਪ ਦੀ ਵੱਖੀ 'ਚ ਲੱਤ ਮਾਰੀ। ਉਸ 'ਤੇ

ਕ੍ਰੋਧਵਾਨ ਹੋ ਕੇ ਸਰਾਪ ਦੇਣ ਜਾਂ ਦੰਡ ਦੇਣ ਦੀ ਥਾਂ ਉਸ ਦੇ ਚਰਨ ਪਕੜ ਕੇ ਘੁੱਟਣ ਲੱਗ ਪਏ ਤੇ ਆਖਣ ਲੱਗੇ, "ਸੇਵਾ ਕਰਦਿਆਂ ਸਾਡਾ ਸਰੀਰ ਬੱਜਰ ਵਾਂਗ ਸਖ਼ਤ ਹੋ ਗਿਆ ਹੈ। ਤੁਸੀਂ ਗੁਰੂ ਕੇ ਸਾਹਿਬਜ਼ਾਦੇ ਹੋ। ਆਪ ਦੇ ਚਰਨਾਂ ਤੇ ਕਿਤੇ ਸੱਟ ਨ ਵੱਜੀ ਹੋਵੇ।" ਧੰਨ ਗੁਰੂ ਅਮਰਦਾਸ ਜੀ ਮਹਾਰਾਜ ! ਅਜਿਹੀ ਨਿਰਖੋਭਤਾ ਸੁਮੇਰ ਪਰਬੱਤ ਤੇ ਅਕਾਸ਼ ਵਿੱਚ ਵੀ ਲੱਭਣੀ ਮੁਸ਼ਕਲ ਹੈ। ਅਜਿਹੇ ਅਣਗਿਣਤ ਦੈਵੀ ਗੁਣਾਂ ਦੇ ਮਾਲਕ ਸਮਝ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਸੰਸਾਰ ਦੀ ਸੱਭ ਤੋਂ ਵੱਡੀ, ਉੱਚੀ ਸੁੱਚੀ ਤੇ ਮਹਾਨ ਅਮੋਲਕ ਪਦਵੀ ਗੁਰਤਾ-ਗੱਦੀ ਦੀ ਬਖ਼ਸ਼ਸ਼ ਆਪ ਨੂੰ ਕਰ ਦਿੱਤੀ। ਆਪ ਨੇ ਜਗਤ ਜੀਵਾਂ ਦੀ ਕਲਿਆਣ ਹਿਤ ਸਿਖ ਕੌਮ ਦਾ ਪਹਿਲਾ ਤੀਰਥ ਚੁਰਾਸੀ ਕੱਟਣ ਹਿਤ ਚੁਰਾਸੀ ਪਉੜੀਆਂ ਵਾਲੀ ਸ੍ਰੀ ਬਾਉਲੀ ਸਾਹਿਬ ਰਚ ਕੇ ਸ੍ਰੀ ਗੋਇੰਦਵਾਲ ਸਾਹਿਬ ਨੂੰ 'ਗੋਬਿੰਦਪੁਰੀ' (ਸੱਚਖੰਡ) ਬਣਾ ਦਿੱਤਾ। ਇਸੇ ਲਈ ਭੱਟਾਂ ਨੇ ਵੀ ਫ਼ੁਰਮਾਇਆ ਹੈ:

ਗੋਇੰਦਵਾਲੁ ਗੋਬਿੰਦ ਪੁਰੀ ਸਮ, ਜਲ੍ਹਨ ਤੀਰਿ ਬਿਪਾਸ ਬਨਾਯਉ ॥" (ਸ: ਮ: ੪ ਕੇ, ਪੰ: ੧੪੦੦)

੮. ਸ੍ਰੀ ਗੁਰੂਰਾਮਦਾਸ ਜੀ ਦਾ ਮੰਗਲ।

ਸ੍ਵੈਯਾ:

ਅਤਿ ਉੱਜਲ ਅੰਬ ਅਪਾਰ ਚਰੈ, ਮੱਧ ਸੰਤ ਮਰਾਲ ਸੁ ਮੰਡਲਿ ਕੋ ਧਰਿ।
ਮੰਡਿਤ ਹੇਮ ਮਣੀ ਨਗਹਾਂ ਕਰਿ, ਮੰਦਰ ਨ ਜਗਿ ਤਾਂ ਸਮ ਕੋ ਵਰ।
ਭੋਗ ਚਹੋ ਤੁ ਲਹੋ ਵਰ ਭੋਗ, ਰੁ ਜੋਗ ਚਹੋ ਤਬ ਜੋਗ ਲਹੋ ਹਰਿ।
ਹਰਿ ਗਯਾਨ ਨਮੋ ਅਬ ਤਾ ਗੁਰ ਕੋ, ਜਿਨ ਕਾਮ ਤਰੋਵਰ ਕੀਨ ਸਰੋਵਰ ॥ ੧੨ ॥

ਪਦਅਰਥ:

ਅੰਬ=(ਅੰਮ੍ਰਿਤਰੂਪ) ਜਲ। ਚਰੈ=ਵਿਚਰਦਾ ਹੈ। ਮੱਧ=ਵਿਚਕਾਰ (ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿੱਚ)। ਮਰਾਲ=ਹੰਸ। ਭਾਵ ਤੱਤ ਮਿਥਿਆ ਦੀ ਵਿਚਾਰ ਕਰਨ ਵਾਲੇ ਗੁਰ ਸਿੱਖ ਸੰਤ ਭਗਤ। ਸੁ ਮੰਡਲਿ=ਸ੍ਰੇਸ਼ਟ ਮੰਡਲੀਆਂ। ਧਰਿ=ਬਣਾ ਕੇ। ਮੰਡਿਤ={ਸੰ:, ਵਿ:, ਭੂਸ਼ਿਤ} ਫਬਿਆ ਹੋਇਆ, ਸਜਿਆ ਹੋਇਆ। ਹੇਮ=ਸੋਨਾ। ਤਾਂ ਸਮ=ਤਿਸ (ਸ੍ਰੀ ਹਰਿਮੰਦਰ ਸਾਹਿਬ) ਵਰਗਾ। ਕੋ=ਕੋਈ। ਭੋਗ=ਸੰਸਾਰਕ ਸੁਖ। ਵਰ=ਸ੍ਰੇਸ਼ਟ। ਰੁ=ਅਰ, ਅਤੇ। ਜੋਗ=ਜੁੜਨਾ, ਲਿਵਲੀਨ ਹੋਣਾ। ਹਰਿ=ਪਰਮੇਸੁਰ ਵਿੱਚ। ਜਿਨ=ਜਿਨ੍ਹਾਂ ਸਤਿਗੁਰਾਂ ਭਾਵ ਸ੍ਰੀ ਗੁਰੂ ਰਾਮਦਾਸ ਜੀ ਨੇ। ਕਾਮ ਤਰੋਵਰ=ਕਾਮਨਾ ਪੂਰੀਆਂ ਕਰਨ ਵਾਲਾ ਬ੍ਰਿੱਛ, ਕਲਪ ਬ੍ਰਿੱਛ। ਕੀਨ=ਕੀਤਾ, ਬਣਾਇਆ। ਸਰੋਵਰ=ਅੰਮ੍ਰਿਤ ਸਰ।

ਅਰਥ:

੪. (ਚੌਥੀ ਤੁਕ ਤੋਂ ਟੁਰੇਗਾ) (ਕਵੀ ਗਿਆਨ ਸਿੰਘ ਜੀ ਕਹਿੰਦੇ ਹਨ) ਹੁਣ (ਮੈਂ) ਤਿਨਾਂ ਸਤਿਗੁਰਾਂ (ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ) ਨੂੰ ਨਮਸਕਾਰ ਕਰਦਾ ਹਾਂ, ਜਿਨ੍ਹਾਂ (ਸਤਿਗੁਰਾਂ) ਨੇ ਕਲਪ ਬ੍ਰਿੱਛ ਵਾਂਗ (ਸਾਰੀਆਂ ਮਨੋ ਕਾਮਨਾ ਪੂਰੀਆਂ ਕਰਨ ਵਾਲਾ) ਅੰਮ੍ਰਿਤਸਰ ਸਰੋਵਰ ਬਣਾਇਆ ਹੈ।

੧. (ਜਿਸ ਸਰੋਵਰ ਵਿੱਚ) ਬਹੁਤ ਹੀ ਨਿਰਮਲ (ਅੰਮ੍ਰਿਤ ਰੂਪ) ਜਲ ਬਹੁਤਾ ਵਿਚਰ ਰਿਹਾ ਹੈ, (ਉਸ ਸਰੋਵਰ ਦੇ ਐਨ) ਵਿਚਕਾਰ (ਸ੍ਰੀ ਹਰਿਮੰਦਰ ਸਾਹਿਬ ਜੀ ਦੀਆਂ ਪ੍ਰਕਰਮਾ ਵਿੱਚ) ਤੱਤ ਮਿਥਿਆ ਦੀ ਵਿਚਾਰ ਕਰਨ ਵਾਲੇ ਗੁਰਸਿਖ ਸੰਤਾਂ ਰੂਪ ਹੰਸ ਸ੍ਰੇਸ਼ਟ ਮੰਡਲੀਆਂ ਬਣਾ ਕੇ (ਬੈਠੇ ਹਨ)।

੨. (ਜੋ ਸ੍ਰੀ ਹਰਿਮੰਦਰ ਸਾਹਿਬ) ਸੋਨੇ, ਮਣੀਆਂ ਤੇ ਨਗਾਂ (ਦੀ ਜੜਤ) ਕਰ ਕੇ ਫਬਿਆ ਹੋਇਆ ਹੈ ਤਿਸ ਵਰਗਾ ਜਗਤ ਵਿੱਚ ਕੋਈ (ਹੋਰ) ਸ੍ਰੇਸ਼ਟ ਤੇ (ਸੁੰਦਰ) ਮੰਦਰ ਨਹੀਂ ਹੈ।

੩. (ਉਸ ਸ੍ਰੀ ਹਰਿਮੰਦਰ ਸਾਹਿਬ ਤੋਂ) ਜੇ ਤੁਸੀਂ ਸੰਸਾਰਕ ਸੁਖ ਲੈਣਾ ਚਾਹੁੰਦੇ ਹੋ ਤਾਂ ਸੰਸਾਰਕ ਸੁਖ ਲੈ ਸਕਦੇ ਹੋ ਅਤੇ ਜੇ ਤੁਸੀਂ ਪਰਮੇਸ਼ਰ ਵਿੱਚ ਲਿਵਲੀਨ ਹੋਣਾ ਚਾਹੁੰਦੇ ਹੋ ਤਾਂ ਵਾਹਿਗੁਰੂ ਵਿੱਚ ਲਿਵਲੀਨ (ਹੋਣ ਦੀ ਅਵਸਥਾ) ਪ੍ਰਾਪਤ ਕਰ ਸਕਦੇ ਹੋ।

ਭਾਵ ਸ੍ਰੀ ਅੰਮ੍ਰਿਤਸਰ ਸਰੋਵਰ ਸਿਖਾਂ ਦਾ ਜਗਤ ਪ੍ਰਸਿੱਧ ਕੇਂਦਰੀ ਤੇ ਸ਼੍ਰੋਮਣੀ ਤੀਰਥ ਹੈ। ਇਸ ਦੇ ਇਸ਼ਨਾਨ ਦਾ ਮਹਾਨ ਉੱਤਮ ਫਲ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਪਰਮ ਪਾਵਨ ਮੁਖਾਰਬਿੰਦ ਤੋਂ ਅਨੇਕਾਂ ਸ਼ਬਦਾਂ ਰਾਹੀਂ ਆਪ ਵਰਣਨ ਕੀਤਾ ਹੈ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤੇ ਹੋਏ ਹਨ। ਜਿਵੇਂ ਕਿ:

ਰਾਮਦਾਸ ਸਰੋਵਰ ਨਾਤੇ ॥ ਸਭ ਉਤਰੇ ਪਾਪ ਕਮਾਤੇ ॥ (ਸੋਰਠਿ ਮਹਲਾ ੫, ਪੰ: ੬੨੫)

ਰਾਮਦਾਸ ਸਰੋਵਰ ਨੀਕਾ ॥ ਜੋ ਨਾਵੈ ਸੁ ਕੁਲ ਤਰਾਵੈ, ਉਧਾਰ ਹੋਆ ਹੈ ਜੀ ਕਾ ॥ (ਸੋਰਠਿ ਮਹਲਾ ੫, ਪੰ: ੬੨੪)

ਹਰਿਹਾਂ ਨਾਨਕ ਕਸਮਲ ਜਾਹਿ, ਨਾਇਐ ਰਾਮਦਾਸ ਸਰ ॥ (ਫੁਨਹੇ ਮਹਲਾ ੫, ਪੰ: ੧੩੬੨)

ਇਹ ਸਰੋਵਰ ਆਪਣੇ ਆਪ ਵਿੱਚ ਕਲਪ ਬ੍ਰਿੱਛ ਵਾਂਗ ਸ਼ਰਧਾਵਾਨਾਂ ਦੀਆਂ ਮਨੋ ਕਾਮਨਾਂ ਪੂਰਨ ਕਰਨ ਦੀ ਪੂਰਨ ਸਮਰੱਥਾ ਰੱਖਦਾ ਹੈ। ਇਸ ਸਰੋਵਰ ਵਿੱਚ ਸ਼ੁੱਧ ਭਾਵਨਾ ਨਾਲ ਇਸ਼ਨਾਨ ਕਰਨ ਤੋਂ ਅਣਗਿਣਤ ਅਸਾਧ ਰੋਗੀਆਂ ਦੇ ਰੋਗ ਦੂਰ ਹੁੰਦੇ ਅਸਾਂ ਨੇ ਆਪਣੀਆਂ ਅੱਖਾਂ ਨਾਲ ਦੇਖੇ ਤੇ ਕੰਨਾਂ ਨਾਲ ਸੁਣੇ ਹਨ। ਇਸ ਪਵਿੱਤ੍ਰ ਸਰੋਵਰ ਦੇ ਐਨ ਵਿਚਕਾਰ ਹੀ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅਲੌਕਿਕ ਦਰਸ਼ਨ ਆਏ ਦਰਸ਼ਕਾਂ 'ਤੇ ਆਪਣਾ ਵਿਸਮਾਦੀ ਪ੍ਰਭਾਵ ਪਾਏ ਬਿਨਾਂ ਨਹੀਂ ਰਹਿੰਦੇ। ਏਥੇ ਅੱਠ ਪਹਿਰ ਗੁਰਬਾਣੀ ਦੇ ਇਲਾਹੀ ਕੀਰਤਨ ਦੀ ਧੁਨੀ ਲੱਗੀ ਰਹਿੰਦੀ ਹੈ ਜਿਸ ਤੋਂ ਲੱਖਾਂ ਸਰੋਤੇ ਆਪਣੀ ਆਤਮਕ ਸ਼ਾਂਤੀ ਦਾ ਲਾਭ ਪ੍ਰਾਪਤ ਕਰਦੇ ਹਨ। ਸੁੰਦਰਤਾ ਤੇ ਕਲਾ ਦੇ ਪੱਖ ਤੋਂ ਵੀ ਜਗਤ ਵਿੱਚ ਸ੍ਰੀ ਹਰਿਮੰਦਰ ਸਾਹਿਬ ਦਾ ਕੋਈ ਸਾਨੀ ਨਹੀਂ। ਭਾਰਤ ਤੇ ਦੁਨੀਆਂ ਦੇ ਹਰ ਕੋਨੇ ਤੋਂ ਹਰ ਸਾਲ ਲੱਖਾਂ ਲੋਕ ਦਰਸ਼ਨਾਂ ਦੀ ਚੁੰਬਕ ਛੋਹ ਦੇ ਖਿੱਚੇ ਹੋਏ ਭੌਰਿਆਂ ਵਾਂਗ ਲਟਬੌਰੇ ਹੋਏ ਇਸ ਪਰਮ ਪਾਵਨ ਧਰਤੀ 'ਤੇ ਅਪੜਦੇ ਹਨ। ਵਿਦੇਸ਼ੀ ਤੇ ਗ਼ੈਰ ਮਜ਼ਹਬਾਂ ਦੇ ਲੋਕ ਦਰਸ਼ਨਾਂ ਤੋਂ ਆਪਣੇ ਮਨਾਂ ਉੱਪਰ ਪਏ ਪ੍ਰਭਾਵ ਦਾ ਪ੍ਰਗਟਾਵਾ ਗਲ ਕੱਥ ਤੋਂ ਇਲਾਵਾ ਲਿਖਤੀ ਰੂਪ ਵਿੱਚ ਵੀ ਅੰਕਿਤ ਕਰ ਕੇ ਜਾਂਦੇ ਹਨ। ਸ੍ਰੀ ਹਰਿਮੰਦਰ ਸਾਹਿਬ ਅੰਦਰੋਂ ਤੇ ਬਾਹਰੋਂ ਸੋਨੇ ਨਾਲ ਮੜ੍ਹਿਆ ਹੋਇਆ ਹੈ ਤੇ ਉਸ ਵਿੱਚ ਨਗ, ਮਣੀਆਂ ਤੇ ਹੀਰਿਆਂ ਦੀ ਸੁੰਦਰ ਜੜ੍ਹਤ ਜੜੀ ਹੋਈ ਹੈ। ਇਸੇ ਸੁੰਦਰ ਫਬਨ ਦੇ ਕਾਰਨ ਹੀ ਇਸ ਨੂੰ ਵਿਦੇਸ਼ਾਂ ਦੇ ਲੋਕ (ਗੋਲਡਨ ਟੈਂਪਲ, Golden Temple) ਸੁਨਹਿਰੀ ਮੰਦਰ ਦੇ ਨਾਮ ਨਾਲ ਯਾਦ ਕਰਦੇ ਹਨ। ਇਸ ਦੀਆਂ ਸੰਗ ਮਰਮਰੀ ਸੁੰਦਰ ਪ੍ਰਕਰਮਾਂ ਵਿੱਚ ਕਿਸੇ ਦੁਨਿਆਵੀ ਵਾਦ-ਵਿਵਾਦ ਦਾ ਜ਼ਿਕਰ ਤੱਕ ਨਹੀਂ ਹੁੰਦਾ। ਏਥੇ ਨਾਮ-ਅਭਿਆਸੀ ਤੇ ਗੁਰਬਾਣੀ ਦੇ ਰਸੀਏ ਸੰਤ, ਮਹਾਤਮਾ, ਮਹਾ ਪੁਰਖ ਗੁਰੂ ਕੇ ਸਿੱਖ ਸੁਰਤਾਂ ਜੋੜ ਕੇ ਬੈਠੇ ਐਉਂ ਭਾਸਦੇ ਹਨ ਜਿਵੇਂ ਹੰਸ ਮਾਨ ਸਰੋਵਰ 'ਤੇ ਬੈਠੇ ਲਿਵਲੀਨ ਹੋ ਕੇ ਮੋਤੀਆਂ ਦਾ ਚੋਗਾ ਚੁਗ ਰਹੇ ਹੁੰਦੇ ਹਨ। ਇਹ ਸਰੋਵਰ ਤੇ ਹਰਿਮੰਦਰ ਜਗਤ ਵਿੱਚ ਆਪਣੀ ਮਿਸਾਲ ਆਪ ਹਨ। ਸੰਸਾਰ ਦੀ ਕਿਸੇ ਕੌਮ ਪਾਸ ਅਜਿਹਾ ਸੁੰਦਰ ਤੇ ਕੀਮਤੀ, ਖਿੱਚ-ਪਾਊ ਧਾਰਮਕ ਮੰਦਰ ਨਹੀਂ, ਭਾਵੇਂ ਕਿ ਉਹ ਕੌਮ ਧਨ ਤੇ ਸੰਖਿਆ ਵਿੱਚ ਕਿੱਡੀ ਵੀ ਮਹਾਨ ਕਿਉਂ ਨ ਹੋਵੇ। ਏਥੋਂ ਜਗਿਆਸੂ ਸੰਸਾਰਕ ਤੇ ਪ੍ਰਮਾਰਥਕ ਦੋਨੋਂ ਹੀ ਲਾਭ ਬਖ਼ੂਬੀ ਪ੍ਰਾਪਤ ਕਰ ਰਹੇ ਹਨ। ਭਾਵੇਂ ਸਰੋਵਰ ਤੇ ਹਰਿਮੰਦਰ ਸਾਹਿਬ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸੰਪੂਰਨ ਕੀਤਾ, ਤਾਂ ਵੀ ਸ਼ਹਿਰ ਵਸਾਉਣਾ, ਸਰੋਵਰ ਪੁਟਵਾਉਣਾ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਰਚਨ ਦਾ ਨਕਸ਼ਾ ਤੇ ਸਕੀਮ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਹੀ ਦੇਣ ਹੈ। ਇਸੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਰੋਵਰ ਦਾ ਨਾਮ ਰਾਮਦਾਸ ਸਰੋਵਰ ਜਾਂ ਰਾਮਦਾਸ ਸਰ ਰੱਖਿਆ ਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਵੀ ਗੁਰੂ ਰਾਮਦਾਸ ਜੀ ਦੀ ਦੇਣ ਕਿਹਾ ਹੈ ਜੋ ਸਿੱਖ ਇਤਿਹਾਸ ਤੇ ਸਿੱਖ ਰਵਾਇਤਾਂ ਵਿੱਚ ਹੁਣ ਤੱਕ ਪ੍ਰਚੱਲਤ ਆ ਰਿਹਾ ਹੈ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਜਗਤ ਨੂੰ ਦਿੱਤੀ ਹੋਈ ਇਸ ਅਮੋਲਕ ਦਾਤ ਦਾ ਚੇਤਾ ਕਰਵਾ ਕੇ ਕਵੀ ਜੀ ਉਨ੍ਹਾਂ ਦੇ ਪਰਮ ਪਾਵਨ ਤੇ ਉੱਜਲ ਚਰਨਾਂ 'ਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ ਤੇ ਸਾਨੂੰ ਵੀ ਇਸ ਕਲਪ ਬ੍ਰਿੱਛ ਪਾਸੋਂ ਆਪਣੀਆਂ ਸ਼ੁਭ ਕਾਮਨਾਵਾਂ ਪੂਰੀਆਂ ਕਰਵਾ ਲੈਣ ਲਈ ਪ੍ਰੇਰਨਾ ਦੇਂਦੇ ਹਨ।

੯. ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ।

ਸ੍ਵੈਯਾ:

ਨਹਿ ਨਾਟਕ ਚੇਟਕ ਕਾਬਿ ਕਲਾ, ਨਹਿ ਜੰਤ੍ਰਨ ਮੰਤ੍ਰਨ ਕੇਰੇ।
ਨਹਿ ਬੈਦਕ ਜੋਤਸ਼ ਪਿੰਗਲ ਕੋ, ਇਤਿਹਾਸ ਨ ਕਾਮ ਕਰੰਮਨਿ ਝੇਰੇ।
ਗੁਰੁ ਗ੍ਰੰਥ ਵਿਖੇ ਗੁਰਿ ਨਾਹਿ ਲਿਖਯੋ, ਲਖ ਕੈ ਬਿਨ ਨਾਮ ਸੁ ਔਰ ਬਖੇਰੇ।
ਇਕ ਸਾਧਨ ਗਜਾਨ ਹਰੀ ਭਗਤੀ, ਜਿਹ ਤੈ ਜਨ ਫੇਰ ਨਹੀ ਭਵ ਹੇਰੇ ॥ ੧੪ ॥

ਪਦਅਰਥ:

ਨਾਟਕ=ਦ੍ਰਿਸ਼ਜ ਕਾਵਿ, ਜਿਸ ਵਿੱਚ ਕਥਾ ਪ੍ਰਸੰਗ ਅਜਿਹੀ ਉੱਤਮ ਰੀਤ ਨਾਲ ਲਿਖੇ ਹੋਏ ਹੋਣ ਜੋ ਅਖਾੜੇ ਵਿੱਚ ਨਟਾਂ ਦੁਆਰਾ ਚੰਗੀ ਤਰ੍ਹਾਂ ਦਿਖਾਏ ਜਾ ਸਕਣ। ਡਰਾਮਾ, ਤਮਾਸ਼ਾ, ਨਕਲ, ਸ੍ਵਾਂਗ। ਚੇਟਕ=ਭੰਡਾਂ ਦਾ ਤਮਾਸ਼ਾ, ਇੰਦ੍ਰ ਜਾਲ ਦਾ ਖੇਡ, ਜਾਦੂ ਦੀ ਖੇਡ। ਕਾਬ=ਕਾਵਜ*, ਕਵੀ ਦਾ ਕਰਮ, ਕਵਿਤਾ, ਜੋਰਸ ਭਰੀ ਹੋਵੇ, ਰਸਾਤਮਕ ਵਾਕ।

*ਸ਼ਬਦ ਅਰਥ ਸੁਭ ਵਜੰਗ ਵਰ, ਸਾਲਿੰਕ੍ਰਤ ਗੁਨ ਰੂਪ।
ਭਾਵਾਦਿਕ ਰਸ ਰੀਤ ਯੁਤ, ਕਾਵਜ ਉਕਤ ਕਵਿ ਭੂਪ। (ਬਾਵਾ ਰਾਮਦਾਸ ਜੀ)

ਕਲਾ=ਵਿੱਦਿਆ, ਹੁੱਨਰ। ਜੰਤ੍ਰਨ=ਜੰਤ੍ਰਾਂ। ਜੰਤ੍ਰ=ਕਾਗਜ਼ 'ਤੇ ਖ਼ਾਨੇ ਬਣਾ ਕੇ ਵਿੱਚ ਹਿੰਦਸੇ ਲਿਖਣੇ ਜਿਵੇਂ ਪੰਦਰਾਂ ਜੰਤ੍ਰ ਆਦਿ, ਲਿਖਤੀ ਟੂਣਾ। ਮੰਤ੍ਰਨ=ਪੜ੍ਹੇ ਜਾਣ ਵਾਲੇ ਟੂਣੇ, ਸੱਪ ਤੇ ਅਠੂੰਹੇ ਆਦਿ ਦੇ ਮੰਤ੍ਰ। ਤੰਤ੍ਰਨ=ਵਸਤੂਆਂ ਦੁਆਰਾ ਕੀਤੇ ਗਏ ਟੂਣੇ ਟਾਮਣ। ਬੈਦਕ=ਵੈਦ ਵਿੱਦਿਆ। ਜੋਤਸ਼=ਦੇਖੋ ਇਸੇ ਬਿਸ੍ਰਾਮ ਦਾ ਅੰ: ਨੰ: ੧੧ ਦੇ ਪਦ ਅਰਥ। ਪਿੰਗਲ=ਪਿੰਗਲ ਮੁਨੀ ਦਾ ਰਚਿਆ ਛੰਦ ਸ਼ਾਸਤ੍ਰ। ਛੰਦਾਂ ਦਾ ਗਿਆਨ। ਇਤਹਾਸ=ਤਾਰੀਖ਼, ਹਿਸਟਰੀ (History)। ਕਾਮ=ਕਾਮ ਸ਼ਾਸਤ੍ਰ। ਕਰੰਮਨਿ=ਕਰਮਾਂ ਦੇ। ਝੇਰੇ=ਝਗੜੇ। ਬਖੇਰੇ=ਉਲਝਣਾਂ, ਝੇੜੇ। ਭਵ=ਸੰਸਾਰ। ਹੇਰੇ=ਦੇਖਦੇ।

ਅਰਥ:

੩. (ਤੀਜੀ ਤੁਕ ਤੋਂ ਟੁਰੇਗਾ) ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਨਾਮ ਤੋਂ ਬਿਨਾਂ ਹੋਰ (ਸਭ) ਝਗੜੇ ਤੇ ਝੇੜੇ ਜਾਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਹੀਂ ਲਿਖੇ।

੧. (ਜੋ ਨਹੀਂ ਲਿਖੇ ਉਹ ਸਨ) ਤਮਾਸ਼ੇ, ਜਾਦੂ ਦੀਆਂ ਖੇਡਾਂ, ਕਵਿਤਾ ਦੇ ਹੁੱਨਰ (ਕਾਵਿ-ਲੱਛਣ ਆਦਿ।) ਜੰਤ੍ਰਾਂ, ਮੰਤ੍ਰਾਂ ਤੇ ਟੂਣਿਆਂ ਆਦਿ ਦੇ ਜ਼ਿਕਰ।

੨. ਵੈਦ-ਵਿਦਿਆ, ਜੋਤਸ਼ ਵਿਦਿਆ, ਛੰਦਾਂ ਆਦਿ ਦਾ ਗਿਆਨ, ਕਾਮ ਸ਼ਾਸਤ੍ਰ ਤੇ ਕਰਮਾਂ ਦੇ ਝਗੜੇ ਵੀ ਨਹੀਂ (ਲਿਖੇ)।

੪. (ਲਿਖਿਆ ਹੈ ਇਹ ਕਿ) ਵਾਹਿਗੁਰੂ ਦੀ ਭਗਤੀ ਹੀ ਉਸ ਦੇ ਗਿਆਨ ਦੀ ਪ੍ਰਾਪਤੀ ਦਾ ਇੱਕੋ ਇਕ ਸਾਧਨ ਹੈ ਜਿਸ (ਭਗਤੀ) ਦੇ ਕਰਨ ਨਾਲ ਮਨੁੱਖ ਫੇਰ ਸੰਸਾਰ ਨਹੀਂ ਵੇਖਦੇ ਭਾਵ ਮੁਕਤਿ ਹੋ ਜਾਂਦੇ ਹਨ।

ਸ੍ਵੈਯਾ:

ਗੁਰੁ ਗ੍ਰੰਥ ਭਿ ਹੈ ਪਰ ਗ੍ਰੰਥਿ ਬਿਭੇਦਕ, ਛੇਦਕ ਰਾਗ ਪੈ ਰਾਗ ਮਯੋ ਹੈ।
ਯਹਿ ਭੀਮ ਭਵਾਂਬੁਧ ਤਾਰਨ ਕੋ, ਜਿਂਹ ਸਾਮ ਨ ਪੋਤ ਪਵਿੱਤ੍ਰ ਬਿਯੋ ਹੈ।
ਵਰ ਹਿੰਦੁਸਤਾਨ ਜ਼ੁਬਾਨ ਵਿਖੇ, ਉਲਥਾ ਜਿਨਿ ਬੇਦਨ ਕੇਰ ਕਯੋ ਹੈ।
ਅਬ ਸੋ ਗੁਰ ਪੰਚਮ ਬਯਾਸ ਬਪੂ, ਕਰ ਜੋਰਿ ਭਲੇ ਹਮ ਬੰਦ ਲਯੋ ਹ ॥ ੧੫ ॥

ਪਦਅਰਥ:

ਗੁਰੁ ਗ੍ਰੰਥ=ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਭਿ=ਭੀ, ਵੀ, ਨਿਸਚੇ ਬੋਧਕ। ਪਰ=ਪ੍ਰੰਤੂ, ਲੇਕਿਨ। ਗ੍ਰੰਥਿ=ਗੰਢ, ਚੇਤਨ ਤੇ ਜੜ੍ਹ ਦੀ ਗੰਢ। ਬਿਭੇਦਕ=ਚੰਗੀ ਤਰ੍ਹਾਂ ਵਿੰਨ੍ਹਣ ਵਾਲੇ, ਚੰਗੀ ਤਰ੍ਹਾਂ ਖੋਲ੍ਹ ਦੇਣ ਵਾਲੇ। ਛੇਦਕ=ਕੱਟਣ ਵਾਲੇ। ਰਾਗ=ਮੋਹ। ਪੈ=ਪੁਨਹ। ਰਾਗ ਮਯੋ=੩੧ ਰਾਗ ਰੂਪ। ਭੀਮ=ਭਿਆਨਕ। ਭਵਾਂਬੁਧ=ਸੰਸਾਰ ਸਮੁੰਦਰ। {ਭਵ=ਸੰਸਾਰ=ਆਂਬੁਧ=ਸਮੁੰਦਰ।} ਜਿਂਹ ਸਾਮ=ਜਿਨ੍ਹਾਂ ਵਰਗਾ। ਪੋਤ=ਜਹਾਜ਼। ਬਿਯੋ=ਦੂਜਾ। ਵਰ=ਸ੍ਰੇਸ਼ਟ। ਬਯਾਸ ਬਪੂ=ਬਿਆਸ ਰੂਪ ਹੋ ਕੇ ਭਾਵ ਜਿਵੇਂ ਬਿਆਸ ਨੇ ਵੇਦਾਂ ਦੇ ਗਿਆਨ ਕਾਂਡ ਦਾ ਉਲੱਥਾ ਕੀਤਾ ਹੈ ਤਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਦ੍ਵੈਤ ਗਿਆਨ, ਭਾਉ ਭਗਤੀ ਤੇ ਪ੍ਰਵਿਰਤੀ ਵਿੱਚ ਵੈਰਾਗ ਆਦਿ ਤੱਤਾਂ ਦਾ ਉਲਥਾ ਕੀਤਾ ਹੈ। ਕਰ ਜੋਰਿ=ਹੱਥ ਜੋੜ ਕੇ। ਬੰਦ ਲਯੋ ਹੈ=ਨਮਸਕਾਰ ਕਰਦੇ ਹਾਂ।

ਅਰਥ:

੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗ੍ਰੰਥ ਭੀ ਹਨ ਪਰ ਉਹ ਜੜ੍ਹ ਤੇ ਚੇਤਨ ਦੀ ਪਾਈ ਹੋਈ ਗੰਢ ਨੂੰ ਵੀ ਚੰਗੀ ਤਰ੍ਹਾਂ ਖੋਲ੍ਹਦੇ ਹਨ। (ਆਪ ਇਕ ਪਾਸੇ ਤਾਂ) ਰਾਗ (ਸੰਗੀਤ)ਰੂਪ ਹਨ (ਪਰ ਦੂਜੇ ਪਾਸੇ) ਰਾਗ ਮੋਹ ਨੂੰ ਕੱਟਣ ਵਾਲੇ ਹਨ।

੨. ਇਸ ਭਿਆਨਕ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਜਿਨ੍ਹਾਂ ਵਰਗਾ ਹੋਰ ਕੋਈ ਵੀ ਦੂਜਾ ਪਵਿੱਤ੍ਰ ਜਹਾਜ਼ ਨਹੀਂ ਹੈ।

੩. ਸ੍ਰੇਸ਼ਟ ਭਾਰਤੀ ਬੋਲੀ ਵਿੱਚ ਜਿਨ੍ਹਾਂ ਨੇ ਵੇਦਾਂ (ਦੇ ਗਿਆਨ, ਭਗਤੀ, ਵੈਰਾਗ ਆਦਿ ਤੱਤਾਂ ਦਾ) ਬਿਆਸ ਰੂਪ ਹੋ ਕੇ ਉਲੱਥਾ ਕਰ ਦਿੱਤਾ ਹੈ।

੪. ਹੁਣ ਅਸੀਂ ਉਨ੍ਹਾਂ ਪੰਜਵੇਂ ਪਾਤਸ਼ਾਹ (ਸ੍ਰੀ ਗੁਰੂ ਅਰਜਨ ਦੇਵ ਜੀ) ਨੂੰ (ਦੋਨੋਂ) ਹੱਥ ਜੋੜ ਕੇ ਸਤਿਕਾਰ ਸਹਿਤ ਨਮਸਕਾਰ ਕਰਦੇ ਹਾਂ।

ਭਾਵ ਕਵੀ ਜੀ ਇਨ੍ਹਾਂ ਉਪ੍ਰੋਕਤ ਦੋਹਾਂ ਛੰਦਾਂ ਵਿੱਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਉਸ ਮਹਾਨ ਪਰਉਪਕਾਰ ਦਾ ਚੇਤਾ ਕਰਾਉਂਦੇ ਹਨ ਜੋ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਮ ਪਾਵਨ ਬੀੜ ਰਚ ਕੇ ਮਨੁੱਖ ਮਾਤ੍ਰ 'ਤੇ ਕੀਤਾ ਹੈ। ਉਹ ਪਹਿਲੇ ਛੰਦ ਵਿੱਚ ਲਿਖਦੇ ਹਨ ਕਿ ਸਤਿਗੁਰਾਂ ਦੇ ਸਮੇਂ ਤੇ ਉਸ ਤੋਂ ਪਹਿਲਾਂ ਭਾਰਤੀ ਸਾਹਿਤ ਜ਼ਿਆਦਾ ਤਰ ਨਾਟਕ, ਜਾਦੂ-ਵਿਦਿਆ, ਕਾਵਿ-ਕਲਾ, ਜੰਤ੍ਰਾਂ, ਮੰਤ੍ਰਾਂ, ਤੰਤ੍ਰਾਂ, ਵੈਦਕ, ਜੋਤਸ਼, ਪਿੰਗਲ, ਇਤਿਹਾਸ, ਕਾਮ ਸ਼ਾਸਤ੍ਰ ਅਤੇ ਕਰਮ ਕਾਂਡ ਆਦਿ ਦੇ ਵਰਣਨ ਨਾਲ ਭਰਿਆ ਪਿਆ ਸੀ। ਆਪ ਨੇ ਇਨ੍ਹਾਂ ਦੇ ਵਰਣਨ ਨੂੰ ਸੰਪੂਰਨ ਝਗੜਿਆਂ ਦਾ ਮੂਲ ਕਾਰਨ, ਪ੍ਰਮਾਰਥ ਵਿਰੋਧੀ, ਆਤਮਕ ਸ਼ਾਂਤੀ 'ਚ ਵਿਘਨਕਾਰੀ ਸਮਝ ਕੇ ਆਪਣੀ ਸੰਕਲਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖਣ ਤੋਂ ਸੰਕੋਚ ਰੱਖਿਆ ਹੈ। ਉਨ੍ਹਾਂ ਨੇ ਸਿਰਫ਼ ਇਕ ਅਕਾਲ-ਭਗਤੀ ਦਾ ਹੀ ਵਰਣਨ ਅਨੇਕ ਢੰਗਾਂ ਨਾਲ ਕੀਤਾ ਹੈ ਜੋ ਵਾਹਿਗੁਰੂ ਗਿਆਨ ਅਤੇ ਪ੍ਰਾਪਤੀ ਦਾ ਸਭ ਤੋਂ ਸਰਬੋਤਮ ਤੇ ਸੁਖੈਨ ਮਾਰਗ ਹੈ ਜੋ ਜਗਤ ਜੀਵਾਂ ਲਈ ਚੁਰਾਸੀ ਦੇ ਚੱਕ੍ਰ 'ਚੋਂ ਨਿਕਲ ਕੇ ਵਾਹਿਗੁਰੂ ਜੋਤ ਵਿੱਚ ਲਿਵ ਲੀਨ ਹੋਣ ਦਾ ਇੱਕੋ ਇਕ ਸਾਧਨ ਹੈ। ਦੂਜੇ ਛੰਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਇਕ ਗ੍ਰੰਥ (ਪੁਸਤਕ) ਹੀ ਨਹੀਂ ਸਗੋਂ ਇਹ ਸਾਰੇ ਗ੍ਰੰਥਾਂ ਦੇ ਗੁਰੂ ਹਨ ਅਤੇ ਗ੍ਰੰਥ ਹੁੰਦਿਆਂ ਹੋਇਆਂ ਵੀ ਗੁਰੂ ਪਦਵੀ ਦੇ ਮਾਲਕ ਹਨ। ਕਈ ਹਾਲਤਾਂ ਵਿੱਚ ਇਹ ਗੁਰੂਆਂ ਦੇ ਵੀ ਗੁਰੂ ਹਨ ਇਸੇ ਲਈ ਇਨ੍ਹਾਂ ਨੂੰ ਚੇਤਨ ਤੇ ਜੜ੍ਹ ਦੀ ਪਈ ਹੋਈ ਉਲਟੀ ਗੰਢ ਨੂੰ ਖੋਲ੍ਹਣ ਵਾਲੇ, ਮੋਹ ਦੇ ਨਾਸ਼ਕ, ਸੰਗੀਤ ਰੂਪ, ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੇ ਲਾਸਾਨੀ ਜਹਾਜ਼ ਦਾ ਦਰਜਾ ਦੇਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਤੋਂ ਪਹਿਲਾਂ ਭਾਵੇਂ ਬੇਦ, ਸ਼ਾਸਤ੍ਰ ਤੇ ਉਪਨਿਸ਼ਦਾਂ ਆਦਿ ਸੰਸਕ੍ਰਿਤ ਭਾਸ਼ਾ ਦੇ ਅਨੇਕਾਂ ਧਾਰਮਕ ਗ੍ਰੰਥ ਸਨ, ਪਰ ਉਨ੍ਹਾਂ ਤੋਂ ਮਨੁੱਖ ਮਾਤ੍ਰ ਨੂੰ ਰੱਬੀ ਗਿਆਨ ਮਿਲਣਾ ਅਤਿ ਕਠਨ ਹੀ ਨਹੀਂ ਸੀ ਸਗੋਂ ਕਈ ਵਰਗਾਂ ਲਈ ਤਾਂ ਅਸੰਭਵ ਹੀ ਬਣ ਚੁੱਕਾ ਸੀ। ਜਗਤ ਵਿੱਚ ਮਾਨਵਤਾ ਦੇ ਭਲੇ ਲਈ ਹਜ਼ੂਰ ਨੇ ਇਸ ਮੁਸ਼ਕਲ ਨੂੰ ਆਸਾਨ ਕਰ ਦਿੱਤਾ ਤੇ ਅਸੰਭਵ ਨੂੰ ਸੰਭਵ ਵਿੱਚ ਤਬਦੀਲ ਕਰ ਦਿੱਤਾ। ਧਰਤੀ ਦੀ ਅਤਿ ਡੂੰਘੀ ਤਹਿ ਦੇ ਹੇਠਲੇ ਪਾਣੀ ਵਾਂਗ ਕਲਿਸ਼ਟ (ਅਤਿ ਕਠਨ) ਸੰਸਕ੍ਰਿਤ ਦੇ ਅੰਦਰ ਬੰਦ ਤੇ ਗੁਪਤ ਰੱਬੀ ਗਿਆਨ ਨੂੰ ਪ੍ਰਗਟ ਕਰ ਕੇ ਹਜ਼ੂਰ ਨੇ ਇਸ ਗਿਆਨ-ਅੰਮ੍ਰਿਤ ਦੇ ਚਸ਼ਮੇ ਵਗਾ ਦਿੱਤੇ। ਉਸ ਗਿਆਨ ਦੀਆਂ ਕਮਜ਼ੋਰੀਆਂ, ਕਮੀਆਂ ਤੇ ਗ਼ਲਤੀਆਂ ਦਰੁਸਤ ਕਰ ਕੇ ਤੇ ਲੋਕਾਂ ਦੀ ਆਮ ਸਮਝ ਭਾਸ਼ਾ ਵਿੱਚ ਉਚਾਰ ਕੇ ਹਰ ਜਾਤੀ, ਵਰਗ, ਬਰਨ, ਆਸ਼੍ਰਮ, ਨਸਲ, ਦੇਸ਼, ਰੰਗ ਤੇ ਬੋਲੀ ਵਾਲਿਆਂ ਨੂੰ ਇੱਕੋ ਜਿਹਾ ਹੱਕ ਦੇ ਕੇ ਮਾਨਵੀ ਦੁਨੀਆਂ ਵਿੱਚ ਇਕ ਮਹਾਨ ਕਾਰਨਾਮਾ ਕਰ ਵਿਖਾਇਆ ਜਿਸ ਨੂੰ ਨੀਵੇਂ ਵਰਗਾਂ ਦੇ ਲੋਕ ਹਮੇਸ਼ਾ ਸਤਿਕਾਰ ਦੀਆਂ ਨਜ਼ਰਾਂ ਨਾਲ ਤੱਕਦੇ ਰਹਿਣਗੇ। ਮਹਿੰਗਾ ਗਿਆਨ ਸਸਤਾ ਤੇ ਕਠਨ ਗਿਆਨ ਆਸਾਨ ਮਿਲਣ ਲੱਗ ਪਿਆ। ਸਮਝੋ ਇਸ ਮਾਤ ਲੋਕ ਤੇ ਸੱਚਖੰਡ ਦੇ ਦਰਮਿਆਨ ਇਕ ਪੁਖ਼ਤਾ ਪੁੱਲ ਤਾਮੀਰ ਕਰ ਦਿੱਤਾ ਹੈ ਜਿਸ ਉਪਰ ਦੀ ਹਰ ਮਨੁੱਖ ਮਾਤ੍ਰ ਬਿਨਾਂ ਰੋਕ ਟੋਕ ਦੇ ਤੁਰ ਕੇ ਵਾਹਿਗੁਰੂ ਜੀ ਦੀ ਗੋਦੀ ਵਿੱਚ ਬੈਠਣ ਦਾ ਅਨੰਦ ਮਾਣ ਸਕਦਾ ਹੈ। ਗੁਰਬਾਣੀ ਨੂੰ ਬੇਦਾਂ ਦਾ ਉਲੱਥਾ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਿਆਸ ਰੂਪ ਵਰਣਨ ਕਰਨਾ ਕਵੀ ਜੀ ਦਾ ਅਲੰਕਾਰਕ ਭਾਵ ਸਮਝਣਾ ਚਾਹੀਏ। ਭਾਰਤੀ ਸਾਹਿਤ ਵਿੱਚ ਵੇਦਾਂ ਨੂੰ ਈਸ਼ਰ ਕ੍ਰਿਤ ਤੇ ਬ੍ਰਹਮ ਗਿਆਨ ਦਾ ਖ਼ਜ਼ਾਨਾ ਮੰਨਿਆ ਹੋਇਆ ਹੈ। ਉਂਵ ਵੇਦ ਸ਼ਬਦ ਦੇ ਅਰਥ ਹੀ ਜਾਨਣਾ ਅਰਥਾਤ ਗਿਆਨ ਦੇ ਹਨ। ਵੇਦਾਂ ਦੇ ਉਲਥੇ ਤੋਂ ਭਾਵ ਵੇਦਾਂ ਵਿਚਲੇ ਨਿਰਮਲ ਰੱਬੀ ਗਿਆਨ ਦੇ ਉਲਥੇ ਤੋਂ ਹੈ, ਜਿਸ ਨੂੰ ਉਸ ਸਮੇਂ ਪ੍ਰਾਪਤ ਕਰਨਾ ਜੇ ਅਸੰਭਵ ਨਹੀਂ ਤਾਂ ਕਠਨ ਤਾਂ ਜ਼ਰੂਰ ਹੀ ਸੀ। ਜਿਵੇਂ ਵੇਦਾਂ ਦੇ ਗਿਆਨ ਨੂੰ ਸੰਸਾਰਕ ਜੀਵਾਂ ਤੱਕ ਅਪੜਾਣ ਦਾ ਸਿਹਰਾ ਸ੍ਰੀ ਬਿਆਸ ਜੀ ਸਿਰ ਹੈ ਤਿਵੇਂ ਹੀ ਵਾਹਿਗੁਰੂ-ਗਿਆਨ ਨੂੰ ਆਮ ਜੀਵਾਂ ਦੀ ਸਮਝ ਗੋਚਰਾ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦਾ ਮਹਾਨ ਸੁੰਦਰ ਸਿਹਰਾ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਹੀ ਸੀਸ 'ਤੇ ਸਜਦਾ ਹੈ, ਜਿਸ ਦੀ ਚਮਕ ਤੇ ਸੁੰਦਰਤਾ ਰਹਿੰਦੀ ਦੁਨੀਆਂ ਤੱਕ ਆਮ ਜੀਵਾਂ ਦੀ ਰਹਿਨੁਮਾਈ ਕਰਦੀ ਰਹੇਗੀ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਇਨ੍ਹਾਂ ਮਹਾਨ ਪਰਉਪਕਾਰਾਂ ਦਾ ਚੇਤਾ ਕਰਵਾ ਕੇ ਆਪਣੇ ਗ੍ਰੰਥ ਦੀ ਨਿਰਵਿਘਨ ਸੰਪੂਰਨਤਾ ਦੀ ਦਿਲੀ ਖ਼ਾਹਿਸ਼ ਨੂੰ ਅੰਦਰ ਰੱਖ ਕੇ ਕਵੀ ਜੀ ਸ਼ਰਧਾ ਨਾਲ ਹਜ਼ੂਰ ਦੇ ਚਰਨਾਂ 'ਤੇ ਨਮਸਕਾਰ ਕਰਦੇ ਹਨ।

੧੦. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੰਗਲ।

ਸ੍ਵੈਯਾ:

ਅਤਿ ਸੁੰਦਰ ਮੂਰਤ ਪੂਰਤ ਆਨੰਦ, ਧੂਰਤ ਕੌ ਰਣ ਮੈ ਬਧ ਕਾਰੀ।
ਸ਼ੁਭ ਪੀਰਵ ਮੀਰਵ ਭਾਵਹਿ ਸੂਚਕ, ਤੇਗ ਕਸੀ ਕਟ ਮੈ ਜੁਗ ਭਾਰੀ।
ਨਹਿ ਦੰਡ ਦੀਏ ਬਿਨ ਦੁਸ਼ਟ ਦਬੈਂ, ਚਿਤ ਚੀਨ ਰਖਯੋ ਨ੍ਰਿਪ ਜਾਂਹਿ ਅਚਾਰੀ।
ਅਬ ਤਾਂ ਹਰਿਗੋਬਿੰਦ ਜੂ ਗੁਰ ਕੇ, ਪਦ ਪੰਕਜ ਕੋ ਬਹੁ ਬੰਦ ਹਮਾਰੀ ॥ ੧੬ ॥

ਪਦਅਰਥ:

ਅਤਿ=ਬਹੁਤ ਹੀ। ਮੂਰਤ=ਤਸਵੀਰ, ਸ਼ਕਲ, ਸਰੂਪ। ਪੂਰਤ=ਭਰੀ ਹੋਈ। ਧੂਰਤ=ਛਲੀਆ, ਕਪਟੀ, ਠੱਗ ਭਾਵ ਜ਼ਾਲਮ। ਰਣ=ਜੰਗ। ਬਧਕਾਰੀ=ਨਾਸ ਕਰਨ ਵਾਲੇ। ਪੀਰਵ=ਪੀਰੀ, ਪੀਰੀ ਦਾ ਕਰਨ। ਮੀਰਵ=ਮੀਰੀ ਬਾਦਸ਼ਾਹੀ। ਭਾਵਹਿ=ਭਾਵ ਨੂੰ, ਸਿਧਾਂਤ ਨੂੰ। {ਭਾਵ=ਸਿਧਾਂਤ, ਤਾਤਪਰਜ।} ਸੂਚਕ=ਜਣਾਉਣ ਵਾਲੀਆਂ। ਕਸੀ=ਸਜਾਈਆਂ। ਕਟਿ=ਲੱਕ ਨਾਲ, ਕਮਰ ਨਾਲ। ਜੁਗ=ਦੋ। ਚੀਨ=ਜਾਣ ਕੇ। ਨ੍ਰਿਪ=ਰਾਜਿਆਂ ਵਰਗੀ। ਜਾਂਹਿ=ਜਿਨ੍ਹਾਂ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਨੇ। ਅਚਾਰੀ=ਕਰਤੱਬ, ਵਿਵਹਾਰ, ਰਹਿਣੀ ਬਹਿਣੀ। ਤਾਂ=ਤਿਨਾਂ ਸਤਿਗੁਰਾਂ। ਪਦ ਪੰਕਜ ਕੋ=ਚਰਨ ਕੰਵਲਾਂ ਉੱਪਰ। ਬਹੁ ਬੰਦ=ਬਹੁਤ ਵਾਰ ਨਮਸਕਾਰ ਹੈ।

ਅਰਥ:

੧. (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ) ਸਰੂਪ ਬਹੁਤ ਹੀ ਸੁੰਦਰ ਤੇ ਅਨੰਦ ਦਾ ਭਰਿਆ ਹੋਇਆ ਹੈ (ਜੋ ਸਤਿਗੁਰੂ) ਜ਼ਾਲਮਾਂ ਨੂੰ ਜੰਗ ਵਿੱਚ ਨਾਸ ਕਰਨ ਵਾਲੇ ਹਨ।

੨. (ਜਿਨ੍ਹਾਂ ਨੇ) ਪੀਰੀ ਅਤੇ ਮੀਰੀ ਦੇ ਭਾਵਾਂ ਨੂੰ ਚੰਗੀ ਤਰ੍ਹਾਂ ਜਣਾਉਣ ਵਾਲੀਆਂ ਪੀਰੀ ਤੇ ਮੀਰੀ ਦੀਆਂ ਦੋ ਤਲਵਾਰਾਂ ਲੱਕ ਵਿੱਚ ਸਜਾਈਆਂ ਸਨ।

੩. ਜਿਨ੍ਹਾਂ ਨੇ ਚਿੱਤ ਵਿੱਚ ਇਹ ਜਾਣ ਕੇ ਕਿ ਦੰਡ ਦਿੱਤੇ ਬਿਨਾਂ ਦੁਸ਼ਟ ਨਹੀਂ ਦਬ ਸਕਦੇ, ਉਨ੍ਹਾਂ ਬਾਦਸ਼ਾਹਾਂ ਵਰਗੀ ਰਹਿਣੀ ਬਹਿਣੀ ਧਾਰਨ ਕਰ ਲਈ।

੪. ਹੁਣ ਤਿਨ੍ਹਾਂ ਸਤਿਗੁਰਾਂ ਭਾਵ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਕੰਵਲਾਂ ਉੱਪਰ ਸਾਡੀ ਬਹੁਤ ਵਾਰ ਨਮਸਕਾਰ ਹੈ।

ਭਾਵ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਤਾ-ਗੱਦੀ 'ਤੇ ਬੈਠਣ ਤੋਂ ਪਹਿਲਾਂ ਪੰਚਮ ਪਾਤਸ਼ਾਹ ਤੱਕ ਸਾਰੇ ਸਤਿਗੁਰੂ ਸਾਹਿਬਾਨ ਸ਼ਾਂਤ-ਰਸ ਵਿੱਚ ਰਹੇ ਜਿਸ ਕਰ ਕੇ ਆਮ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਨੂੰ ਕੇਵਲ ਫ਼ਕੀਰਾਂ ਦੀ ਗੱਦੀ ਹੀ ਸਮਝਦੇ ਰਹੇ ਤੇ ਇਸ ਨਵੀਂ ਉਭਰ ਰਹੀ ਲਹਿਰ ਨੂੰ ਵੱਧ ਤੋਂ ਵੱਧ ਭਗਤੀ ਲਹਿਰ ਦਾ ਸਿਖ਼ਰ ਹੀ ਆਖਿਆ ਗਿਆ। ਭਾਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਸਮੇਂ ਦੇ ਅਨਿਆਈ ਰਾਜਿਆਂ ਤੇ ਇਨਸਾਫ਼ ਨਾ ਦੇਣ ਵਾਲਿਆਂ ਨੂੰ ਸ਼ੀਹਾਂ ਤੇ ਕੁੱਤਿਆਂ ਨਾਲ ਤਸ਼ਬੀਹਾਂ ਦਿੱਤੀਆਂ। 'ਰਾਜੇ ਸੀਹ ਮੁਕਦਮ ਕੁਤੇ' ਇਹ ਭਗਤੀ ਦੇ ਨਾਲ-ਨਾਲ ਰਾਜਸੀ ਆਗੂਆਂ 'ਤੇ ਆਲੋਚਨਾ ਦਾ ਅਰੰਭ ਸੀ। ਭਾਵੇਂ ਅਜੇ ਭਗਤੀ ਦੇ ਨਾਲ ਸ਼ਕਤੀ ਨੂੰ ਪੂਰਨ ਰੂਪ ਵਿੱਚ ਨਹੀਂ ਜੋੜਿਆ ਗਿਆ ਸੀ ਪਰ ਹਜ਼ੂਰ ਦੇ ਉਪਰੋਕਤ ਮਹਾਂ ਵਾਕਾਂ ਨੂੰ ਭਗਤੀ ਨਾਲ ਸ਼ਕਤੀ ਨੂੰ ਜੋੜਨ ਦਾ ਨੀਂਹ ਪੱਥਰ ਆਖਿਆ ਜਾ ਸਕਦਾ ਹੈ। ਹਜ਼ੂਰ ਦਾ ਇਹ ਵਿਚਾਰ ਹੈ ਕਿ ਸ਼ਕਤੀ ਤੋਂ ਬਿਨਾਂ ਭਗਤੀ ਦੀ ਰੱਖਿਆ ਨਹੀਂ ਕੀਤੀ ਜਾ ਸਕਦੀ ਤੇ ਭਗਤੀ ਦੀ ਪੂਰਨਤਾ ਤੋਂ ਬਿਨਾਂ ਸ਼ਕਤੀ ਦਾ ਔਣਾ ਅਸੰਭਵ ਹੈ। ਇਸੇ ਲਈ ਪੰਜਾਂ ਸਤਿਗੁਰਾਂ ਤੱਕ ਵਧੇਰੇ ਜ਼ੋਰ ਭਗਤੀ ਨੂੰ ਹੀ ਮਜ਼ਬੂਤ ਕਰਨ 'ਤੇ ਲਾਇਆ ਜਾਂਦਾ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ ਤੋਂ ਬਾਅਦ ਛੇਵੇਂ ਸਤਿਗੁਰਾਂ ਨੇ ਇਹ ਗੱਲ ਚੰਗੀ ਤਰ੍ਹਾਂ ਅਨੁਭਵ ਕਰ ਲਈ ਸੀ ਕਿ ਦੁਸ਼ਟ ਤੇ ਜ਼ਾਲਮ ਹੁਕਮਰਾਨਾਂ ਦੇ ਦਿਮਾਗ਼ ਦਰੁਸਤ ਕਰਨ ਲਈ ਵਧੀਆ ਇਲਾਜ ਸ਼ਾਂਤੀ ਦੀ ਮਲ੍ਹਮ ਨਹੀਂ ਸਗੋਂ ਤਲਵਾਰ ਦਾ ਓਪ੍ਰੇਸ਼ਨ (ਚੀਰ ਫਾੜ) ਹੀ ਹੈ। ਇਸ ਲਈ ਹਜ਼ੂਰ ਗੁਰਤਾ ਗੱਦੀ 'ਤੇ ਬੈਠਣ ਸਮੇਂ ਮੰਜੀ ਸਾਹਿਬ ਦੀ ਥਾਂ ਤਖ਼ਤ 'ਤੇ ਬੈਠੇ। ਸੇਲੀ, ਮਾਲਾ ਦੀ ਥਾਂ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਗਾਤਰੇ ਸਜਾਈਆਂ। ਸੀਸ ਉੱਤੇ ਜਿਗ੍ਹਾ ਤੇ ਕਲਗ਼ੀ ਸਜਾਈ ਜਿਸ ਤੋਂ ਆਪ ਦੀ ਸ਼ਹਿਨਸ਼ਾਹੀਅਤ ਡੁੱਲ੍ਹ ਡੁੱਲ੍ਹ ਪੈਣ ਲੱਗੀ ਤੇ ਸਿਖ ਸੰਗਤਾਂ ਆਪ ਨੂੰ 'ਸੱਚੇ ਪਾਤਸ਼ਾਹ' ਦੇ ਨਾਮ ਨਾਲ ਯਾਦ ਕਰਨ

ਲੱਗੀਆਂ। ਸਿੱਖਾਂ ਨੂੰ ਸ਼ਸਤ੍ਰਧਾਰੀ ਹੋ ਕੇ ਤੇ ਸ਼ਸਤ੍ਰਾਂ ਤੇ ਘੋੜਿਆਂ ਦੀ ਭੇਟਾ ਲੈ ਕੇ ਔਣ ਦੇ ਸਤਿਗੁਰਾਂ ਵੱਲੋਂ ਹੁਕਮਨਾਮੇ ਜਾਰੀ ਕੀਤੇ ਗਏ। ਸੁੰਦਰਤਾ, ਸਰੀਰਕ ਕੱਦ-ਕਾਠ, ਬਾਹੁ-ਬਲ ਤੇ ਸ਼ਸਤ੍ਰ-ਨਿਪੁਨਤਾ ਵਿੱਚ ਉਸ ਸਮੇਂ ਆਪ ਦਾ ਕੋਈ ਸਾਨੀ ਨਹੀਂ ਸੀ। ਚਾਰ ਵੱਡੇ ਜੰਗਾਂ ਵਿੱਚ ਸ਼ਹਿਨਸ਼ਾਹੀ ਲਸ਼ਕਰਾਂ ਨੂੰ ਭਾਜੜਾਂ ਪੁਆ ਦੇਣੀਆਂ 'ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ' ਦਾ ਜ਼ਾਹਿਰਾ ਸਬੂਤ ਪੇਸ਼ ਕਰਦੀਆਂ ਹਨ। ਕਵੀ ਜੀ ਹਜ਼ੂਰ ਦੀ ਗ਼ੈਬੀ ਸ਼ਕਤੀ ਦੀ ਸਹਾਇਤਾ ਨਾਲ ਗ੍ਰੰਥ ਰਚਣ ਵਿੱਚ ਪੈਣ ਵਾਲੇ ਵਿਘਨਾਂ ਤੋਂ ਛੁਟਕਾਰਾ ਹਾਸਲ ਕਰਨ ਲਈ ਆਪ ਜੀ ਦੇ ਪਰਮ ਪਾਵਨ ਚਰਨ ਕਮਲਾਂ ਉਪਰ ਬਾਰ ਬਾਰ ਨਮਸਕਾਰਾਂ ਕਰਦੇ ਹਨ।

੧੧. ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਮੰਗਲ।

ਸ੍ਵੈਯਾ:

ਨਵਨੀਤ ਸਮਾਨ ਮਹਾਨ ਬਿਨੀਤ, ਗਿਰੇ ਪਿਖ ਫੂਲ ਦੁਕੂਲ ਹਰੇ ਹੈਂ।
ਬਹੁ ਰੰਕ ਸੁ ਭੂਪ ਕਰੇ ਜਿਹ ਨੈ, ਜਨ ਜੂਝਨ ਕੇ ਭਵ ਫੰਧ ਹਰੇ ਹੈਂ।
ਫਲ ਚਾਰ ਦਏ ਤਿਨ ਕੋ ਛਿਨ ਮੈ, ਜਿਨ ਪੈ ਕਰਤਾ ਹਰਿਰਾਇ ਢਰੇ ਹੈਂ।
ਨਮਿ ਤਾਂ ਪਦ ਪੰਕਜ ਕੌ ਹਮਰੀ, ਕ੍ਰਿਤ ਕੇਰ ਬਿਘੱਨ ਸਘੱਨ ਹਰੇ ਹੈਂ ॥੧੭॥

ਪਦਅਰਥ:

ਨਵਨੀਤ=ਮੱਖਣ। ਸਮਾਨ=ਵਾਂਗ। ਮਹਾਨ=ਬਹੁਤ। ਬਿਨੀਤ=ਬਿਨਯ, ਨਿੰਮ੍ਰਤਾ ਵਾਲੇ, ਨਰਮ। ਗਿਰੇ=ਡਿੱਗੇ ਹੋਏ। ਦੁਕੂਲ=ਬਸਤ੍ਰ ਭਾਵ ਜਾਮਾ (ਚੋਗਾ)। ਹਰੇ ਹੈਂ=ਚੁੱਕ ਕੇ ਤੁਰਦੇ ਹਨ। ਰੰਕ=ਕੰਗਾਲ, ਗ਼ਰੀਬ। ਨਰੇਸ਼=ਰਾਜੇ। ਜਿਹ ਨੈ=ਜਿਨ੍ਹਾਂ (ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ) ਨੇ। ਜਨ ਜੂਝਨ=ਸਾਰੇ ਸੇਵਕਾਂ ਦੇ। ਭਵ ਫੰਧ=ਸੰਸਾਰ ਦੇ ਮੋਹ ਦੇ ਫਾਹੇ। ਹਰੇ ਹੈਂ=ਕੱਟ ਦਿੱਤੇ ਹਨ। ਫਲ ਚਾਰ=ਚਾਰ ਫਲ: ਧਰਮ, ਅਰਥ, ਕਾਮ ਅਤੇ ਮੋਖ। ਪੈ=ਉੱਪਰ। ਕਰਤਾ=ਕਰਤਾਰ ਸਰੂਪ। ਢਰੇ ਹੈਂ=ਕਿਰਪਾਲੂ ਹੋਏ ਹਨ। ਅਭਿ ਬੰਦਨ=ਦਿਲੋਂ ਨਮਸਕਾਰ। ਕ੍ਰਿਤ=ਕੀਤੀ ਹੋਈ, ਰਚਨਾ, ਕਵਿਤਾ। ਕੇਰ=ਦੇ। ਸਘੱਨ=ਸੰਘਣੇ ਭਾਵ ਸਾਰੇ। ਹਰੇ ਹੈਂ=ਨਾਸ ਕਰ ਦੇਣ। ਅਰਥ:

੧. (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ) ਮੱਖਣ ਵਾਂਗ ਬਹੁਤ ਹੀ ਨਰਮ ਸੁਭਾਵ ਵਾਲੇ ਹਨ। (ਜਾਮੇ ਦੇ ਪੱਲੇ ਨਾਲ ਟੁੱਟ ਕੇ) ਡਿੱਗੇ ਹੋਏ ਫੁੱਲਾਂ ਨੂੰ ਵੇਖ ਕੇ (ਆਪਣਾ) ਜਾਮਾ ਚੁੱਕ ਕੇ ਤੁਰਨ (ਦਾ ਪ੍ਰਣ ਸਾਰੀ ਉਮਰ ਨਿਭਾਹਿਆ।)

੨. ਜਿਨ੍ਹਾਂ ਨੇ (ਕਾਲੇ ਦੇ ਭਤੀਜਿਆਂ) ਕੰਗਾਲਾਂ ਨੂੰ (ਦੇਸ਼ ਦੇ) ਰਾਜੇ ਬਣਾ ਦਿੱਤਾ (ਅਤੇ) ਸਾਰੇ ਸੇਵਕਾਂ ਦੇ ਸੰਸਾਰਕ ਮੋਹ ਦੇ ਫਾਹੇ ਕੱਟ ਦਿੱਤੇ।

੩. ਜਿਨ੍ਹਾਂ ਉੱਪਰ ਕਰਤਾਰ ਸਰੂਪ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਕਿਰਪਾਲੂ ਹੋਏ ਹਨ, ਉਨ੍ਹਾਂ ਨੂੰ ਚਾਰੇ ਫਲ (ਧਰਮ, ਅਰਥ, ਕਾਮ, ਮੋਖ) ਇਕ ਖਿਨ ਵਿੱਚ ਹੀ ਦੇ ਦੇਂਦੇ ਹਨ।

੪. ਤਿਨ੍ਹਾਂ ਸਤਿਗੁਰਾਂ ਨੂੰ ਸਾਡੀ ਦਿਲੋਂ ਨਮਸਕਾਰ ਹੈ ਤਾਂ ਜੋ ਮੇਰੀ ਇਸ ਰਚਨਾ 'ਚ ਪੈਣ ਵਾਲੇ ਸਾਰੇ ਬਿਘਨ ਨਾਸ ਕਰ ਦੇਣ।

ਭਾਵ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸੁਭਾਅ ਦੇ ਬੜੇ ਮਿੱਠੇ ਤੇ ਬਹੁਤ ਹੀ ਕੋਮਲ ਸਨ। ਇਕ ਵਾਰ ਆਪ ਬਚਪਨ ਦੀ ਉਮਰੇ ਆਪਣੇ ਦਾਦਾ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਕੀਰਤਪੁਰ ਸਾਹਿਬ ਵਿਖੇ ਬਾਗ਼ ਦੀ ਸੈਰ ਕਰਨ ਗਏ। ਅਚਾਨਕ ਕਾਹਲੀ ਨਾਲ ਤੁਰਨ ਦੇ ਕਾਰਨ ਆਪ ਦੇ ਘੇਰੇਦਾਰ ਖੁੱਲ੍ਹੇ ਕਲੀਆਂ ਵਾਲੇ ਜਾਮੇ ਨਾਲ ਅੜ ਕੇ ਇਕ ਖ਼ੂਬਸੂਰਤ ਫੁੱਲ ਟੁੱਟ ਕੇ ਡਿੱਗ ਪਿਆ। ਦਾਦਾ ਗੁਰੂ ਜੀ ਦੇ ਸਿਰਫ਼ ਇਹ ਕਹਿਣ 'ਤੇ ਹੀ ਕਿ ਜਿਸ ਦੇ ਜਾਮੇ 'ਚ ਅੜ ਕੇ ਇਹ ਫੁੱਲ ਟੁੱਟਾ ਹੈ ਉਸ ਨੂੰ ਆਪਣਾ ਜਾਮਾ ਵਲ੍ਹੇਟ ਕੇ ਚੁੱਕ ਕੇ ਤੁਰਨਾ ਚਾਹੀਦਾ ਹੈ। ਦਾਦਾ ਗੁਰੂ ਜੀ ਦੇ ਹੁਕਮ 'ਤੇ ਫੁੱਲ ਚਾੜ੍ਹਦਿਆਂ ਹੋਇਆਂ ਆਪ ਨੇ ਸਾਰੀ ਜ਼ਿੰਦਗੀ ਆਪਣਾ ਜਾਮਾ ਇਕੱਠਾ ਕਰ ਕੇ ਚੁੱਕ ਕੇ ਤੁਰਨ ਦਾ ਪ੍ਰਣ ਨਿਭਾਇਆ। ਗ਼ਰੀਬਾਂ 'ਤੇ ਮੱਖਣ ਵਾਂਗ ਛੇਤੀ ਢਲ ਜਾਣ ਵਾਲੇ ਅਤਿਅੰਤ ਉਦਾਰ ਚਿੱਤ ਸਤਿਗੁਰੂ ਜੀ ਨੇ ਫੂਲ ਵੰਸ਼ ਦੇ ਵਡਿੱਕੇ ਕਾਲੇ ਦੇ ਭਤੀਜਿਆਂ ਫੂਲ ਤੇ ਸੰਦਲੀ ਨੂੰ ਅਤਿਅੰਤ ਗਰੀਬੀ ਤੇ ਭੁੱਖ ਦੀ ਦਸ਼ਾ ਵਿੱਚ ਢਿੱਡ ਵਜਾਂਦਿਆਂ ਵੇਖ ਕੇ ਇਲਾਕੇ ਦਾ ਰਾਜ ਬਖ਼ਸ਼ ਦਿੱਤਾ। ਕਵੀ ਜੀ ਨੇ ਸਤਿਗੁਰਾਂ ਦੇ ਜੀਵਨ ਦੀਆਂ ਉਪ੍ਰੋਕਤ ਦੋ ਮਹਾਨ ਘਟਨਾਵਾਂ ਵੱਲ ਇਸ਼ਾਰਾ ਕਰ ਕੇ ਸਤਿਗੁਰਾਂ ਦੇ ਅਤਿਅੰਤ ਨਰਮ ਤੇ ਬਖ਼ਸ਼ਿੰਦ ਸੁਭਾਵ ਅਤੇ ਨਿਰਮਲ ਗੁਣਾਂ ਦਾ ਵਰਣਨ ਕੀਤਾ ਹੈ।

ਅੰਤ ਵਿੱਚ ਆਪਣੇ ਇਸ ਗ੍ਰੰਥ ਸ੍ਰੀ ਗੁਰੁ ਪੰਥ ਪ੍ਰਕਾਸ਼ ਦੀ ਰਚਨਾ ਕਰਨ ਦੇ ਦੌਰਾਨ ਆ ਪੈਣ ਵਾਲੇ ਬਿਘਨਾਂ ਤੋਂ ਬਚਣ ਲਈ ਦਿਲੋਂ ਮਨੋਂ ਅਰਜ਼ੋਈ ਤੇ ਬੰਦਨਾ ਕੀਤੀ ਹੈ ਜੋ ਕਿ ਇਕ ਸੱਚੇ ਸਿੱਖ ਦਾ ਕਰਮ ਹੈ।

੧੨. ਸ੍ਰੀ ਗੁਰੁ ਹਰਿਕ੍ਰਿਸ਼ਨ ਸਾਹਿਬ ਜੀ ਦਾ ਮੰਗਲ।

ਸ੍ਵੈਯਾ:

ਸ਼ੁਭ ਚੰਦ ਅਮੰਦ ਲਸੈ ਪੁੰਨਿਆ, ਸ ਕਲੰਕਤ ਯੌਂ ਮੁਖ ਸਾਮ ਨ ਪਾਵੈ।
ਤਿਮ ਕੰਟਕਿ ਕੂਟਹਿ ਕੰਜ ਕਸਜੋ, ਰਵਿ ਤਾਪ ਯੁਤੰ ਚਲਿ ਕਯੋਂ ਸਮ ਧਾਵੈ।
ਤਰੁ ਕਾਮ, ਸੁਧਾ, ਜਢ ਸਾਮ ਕਹਾਂ, ਪਿਖ ਅੰਗ ਅਨੰਗ ਅਲੱਖ ਰਹਾਵੈ।
ਗੁਰ ਬਾਲ ਸ੍ਵਰੂਪ ਅਨੂਪਮ ਕੇ, ਪਦ ਪਾਵਨ ਗਜ਼ਾਨ ਹਰੀ ਉਰਿ ਧਜ਼ਾਵੈ ॥ ੧੯ ॥

ਪਦਅਰਥ:

ਸ਼ੁਭ=ਚੰਗਾ, ਸ੍ਰੇਸ਼ਟ। ਅਮੰਦ=ਮੰਦਤਾ ਤੋਂ ਰਹਿਤ, ਉੱਜਲ। ਲਸੈ=ਚਮਕਦਾ ਹੈ। ਸ ਕਲੰਕਤ=ਕਲੰਕ ਦੇ ਸਹਿਤ ਹੈ। ਯੌਂ=ਇਸ ਕਰਕੇ। ਸਾਮ=ਸਮਤਾ, ਬਰਾਬਰੀ। ਤਿਮ=ਤਿਵੇਂ ਹੀ। ਕੰਟਕਿ=ਕੰਡਿਆਂ ਨਾਲ। ਕੂਟਹਿ=ਸਮੂੰਹ। ਬਹੁਤੇ। ਕੰਜ=ਕਵਲ। ਕਸਜੋ=ਖਿੱਚਿਆ ਹੋਇਆ ਭਾਵ ਘਿਰਿਆ ਹੋਇਆ ਹੈ। ਰਵਿ=ਸੂਰਜ। ਤਾਪ=ਤਪਸ਼। ਯੁਤੰ=ਸਹਿਤ ਹੈ। ਚਲਿ=ਚਲਦਾ ਹੈ। (ਅ) (ਪ੍ਰਕਾਸ਼) ਚੰਚਲ ਹੈ। ਕਯੋਂ=ਕਿਵੇਂ, ਕਿਸ ਤਰ੍ਹਾਂ। ਸਮ ਧਾਵੈ=ਬਰਾਬਰ ਦੌੜ ਸਕਦਾ ਹੈ ਭਾਵ ਬਰਾਬਰੀ ਕਰ ਸਕਦਾ ਹੈ। ਤਰੁ ਕਾਮ=ਕਲਪ ਬ੍ਰਿੱਛ, ਕਾਮਨਾ ਪੂਰੀਆਂ ਕਰਨ ਵਾਲਾ ਸੁਰਗ ਦਾ ਇਕ ਦਰੱਖਤ। ਸੁਧਾ=(ਦੇਵਤਿਆਂ ਦਾ) ਅੰਮ੍ਰਿਤ। ਜਢ=ਜੜ੍ਹ, ਚੇਤਨਤਾ-ਰਹਿਤ। ਅਨੰਗ=ਕਾਮਦੇਵ। ਅਲੱਖ=ਜਾਨਣ ਤੋਂ ਰਹਿਤ ਭਾਵ ਚੁੱਪ। ਗੁਰ ਬਾਲ ਸ੍ਵਰੂਪ=ਬਾਲ ਸਰੂਪ ਸਤਿਗੁਰੂ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ। ਅਨੂਪਮ=ਉਪਮਾ ਰਹਿਤ। ਪਦ ਪਾਵਨ=ਪਵਿੱਤ੍ਰ ਚਰਨ (ਕੰਵਲਾਂ ਨੂੰ)।

ਅਰਥ:

੧. (ਭਾਵੇਂ) ਪੁੰਨਿਆਂ ਦਾ ਚੰਦ੍ਰਮਾ ਚੰਗਾ ਉੱਜਲ ਚਮਕ ਰਿਹਾ ਹੈ (ਪਰ ਚੂੰਕਿ ਇਹ) ਕਲੰਕ ਦੇ ਸਹਿਤ ਹੈ ਇਸ ਕਰ ਕੇ (ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਦੇ) ਮੁੱਖ ਦੀ ਬਰਾਬਰੀ ਨਹੀਂ ਪਾ ਸਕਦਾ।

੨. ਤਿਵੇਂ ਹੀ ਕੰਵਲ ਵੀ ਬਹੁਤੇ ਕੰਡਿਆਂ ਨਾਲ ਘਿਰਿਆ ਹੋਇਆ ਹੈ ਅਤੇ ਸੂਰਜ (ਦਾ ਪ੍ਰਕਾਸ਼) ਚੰਚਲ ਹੈ (ਜਿਸ ਕਰ ਕੇ ਇਹ ਕੰਵਲ ਤੇ ਸੂਰਜ ਵੀ) ਕਿਵੇਂ (ਸਤਿਗੁਰਾਂ ਦੇ ਮੁੱਖ ਦੀ) ਬਰਾਬਰੀ ਕਰ ਸਕਦੇ ਹਨ।

੩. ਕਲਪ ਬ੍ਰਿੱਛ ਤੇ (ਦੇਵਤਿਆਂ ਦਾ) ਅੰਮ੍ਰਿਤ ਵੀ ਜੜ੍ਹ ਹਨ (ਇਹ ਦੋਨੋਂ ਵੀ ਸਤਿਗੁਰਾਂ ਦੇ ਸਰੀਰ ਦੀ ਬਰਾਬਰੀ ਕਿਵੇਂ ਪਾ ਸਕਦੇ ਹਨ, ਜਿਨ੍ਹਾਂ ਦੇ ਅੰਗਾਂ ਦੀ ਸੁੰਦਰਤਾ ਨੂੰ ਵੇਖ ਕੇ ਕਾਮਦੇਵ ਵੀ ਚੁੱਪ ਹੋ ਰਹਿੰਦਾ ਹੈ (ਭਾਵ ਕੁਝ ਜਾਣ ਨਹੀਂ ਸਕਦਾ)।

੪. (ਉਨ੍ਹਾਂ) ਉਪਮਾ-ਰਹਿਤ ਬਾਲ ਸਰੂਪ (ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ) ਦੇ ਪਵਿਤ੍ਰ ਚਰਨ ਕੰਵਲਾਂ ਨੂੰ ਗਿਆਨ ਸਿੰਘ ਹਿਰਦੇ ਅੰਦਰ ਧਿਆਉਂਦਾ ਹੈ।

ਭਾਵ ਕਵੀ ਆਮ ਤੌਰ 'ਤੇ ਕਿਸੇ ਸੁੰਦਰ ਮੁਖ ਨੂੰ ਪੁੰਨਿਆ ਦੇ ਚੰਦ੍ਰਮਾ, ਕੰਵਲ ਜਾਂ ਸੂਰਜ ਨਾਲ ਤਸ਼ਬੀਹ ਦੇਂਦੇ ਹਨ ਅਤੇ ਕਾਮਨਾ ਪੂਰਨ ਕਰ ਦੇਣ ਵਾਲੀ ਸ਼ਕਤੀ ਨੂੰ ਕਲਪ ਬ੍ਰਿੱਛ ਨਾਲ ਅਤੇ ਅਮਰ ਕਰ ਦੇਣ ਵਾਲੀ ਸ਼ਕਤੀ ਨੂੰ ਅੰਮ੍ਰਿਤ ਨਾਲ ਤੁਲਨਾ ਦੇਂਦੇ ਹਨ। ਕਾਮਦੇਵ ਨੂੰ ਜਗਤ ਵਿੱਚ ਸਭ ਤੋਂ ਵੱਧ ਸੁੰਦਰ ਸਮਝ ਕੇ ਕਿਸੇ ਦੇ ਸੁੰਦਰ ਅੰਗਾਂ ਨੂੰ ਕਾਮਦੇਵ ਨਾਲ ਉਪਮਾ ਦਿੱਤਾ ਕਰਦੇ ਹਨ। ਪਰ ਏਥੇ ਕਵੀ ਜੀ ਬਾਲ ਸਰੂਪ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮੁੱਖ ਨੂੰ ਪੁੰਨਿਆ ਦੇ ਚੰਦ, ਕੰਵਲ ਤੇ ਸੂਰਜ ਨਾਲ ਸਮਾਨਤਾ ਦੇਣ ਤੋਂ ਇਨਕਾਰੀ ਹਨ, ਇਸ ਦਾ ਕਾਰਨ ਉਹ ਇਹ ਦੱਸਦੇ ਹਨ ਕਿ ਚੰਦ੍ਰਮਾ ਕਲੰਕੀ ਹੈ ਪਰ ਗੁਰੂ ਕੇ ਮੁੱਖ ਦੇ ਦਰਸ਼ਨ ਜਨਮ ਜਨਮਾਂਤਰਾਂ ਦੇ ਕਲੰਕ ਮੇਟਣ ਵਾਲੇ ਹਨ। ਕੰਵਲ ਦਾ ਚਾਰ ਚੁਫੇਰਾ ਸਾਰਾ ਕੰਡਿਆਂ ਨਾਲ ਭਰਿਆ ਪਿਆ ਹੈ ਜਦ ਕਿ ਗੁਰੂ ਜੀ ਦੇ ਮੁੱਖ ਦੇ ਇਰਦ ਗਿਰਦ ਇਲਾਹੀ ਨੂਰ ਦਾ ਕੋਮਲ ਚੱਕਰ ਹੈ ਜੋ ਅਨ੍ਹੇਰੀ ਦੁਨੀਆਂ ਵਿੱਚ ਪਿਆਰੀ ਤੇ ਮਿੱਠੀ ਰੌਸ਼ਨੀ ਵੰਡਦਾ ਹੈ। ਸੂਰਜ ਵਿੱਚ ਅਥਾਹ ਤਪਸ਼ ਹੈ ਜੋ ਨੇੜੇ ਹੋ ਕੇ ਤੱਕਣ ਵਾਲਿਆਂ ਨੂੰ ਸਾੜ ਕੇ ਸੁਆਹ ਕਰ ਦੇਂਦੀ ਹੈ ਤੇ ਇਕ-ਟੱਕ ਝਾਕਣ ਵਾਲਿਆਂ ਦੀਆਂ ਅੱਖਾਂ ਦਾ ਚਾਨਣ ਸੂਰਜ ਸਦਾ ਲਈ ਖੋਹ ਲੈਂਦਾ ਹੈ। ਫਿਰ ਸਥਿਰ ਨਹੀਂ, ਚੱਲਦਾ ਰਹਿੰਦਾ ਹੈ:

(ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥)

ਰੌਸ਼ਨੀ ਵੀ ਚੰਚਲ ਹੈ। ਪਰ ਸਤਿਗੁਰ ਜੀ ਦੇ ਮੁੱਖ ਦਾ ਦਰਸ਼ਨ ਤਪਸ਼ਾਂ ਮੇਟਣ ਵਾਲਾ ਤੇ ਠੰਡਕਾਂ ਪ੍ਰਦਾਨ ਕਰਦਾ ਹੈ। ਨੇੜਿਓਂ ਹੋ ਕੇ ਤੱਕਣ ਵਾਲੇ ਦੀਆਂ ਰੂਹਾਨੀ ਅੱਖਾਂ ਖੋਲ੍ਹ ਦੇਂਦਾ ਹੈ। ਚੁਰਾਸੀ ਦੇ ਚੱਕਰ 'ਚੋਂ ਕੱਢ ਕੇ ਸਥਿਰ ਕਰ ਦੇਂਦਾ ਹੈ। ਕਵੀ ਜੀ ਸਤਿਗੁਰਾਂ ਦੀ ਆਤਮ-ਸੱਤਾ ਨੂੰ ਕਲਪ ਬ੍ਰਿੱਛ ਤੇ ਦੇਵਤਿਆਂ ਦੇ ਅੰਮ੍ਰਿਤ ਨਾਲ ਸਮਾਨਤਾ ਦੇਣ ਤੋਂ ਝਿਜਕਦੇ ਹਨ ਤੇ ਦਲੀਲ ਇਹ ਦੇਂਦੇ ਹਨ ਕਿ ਕਲਪ ਬ੍ਰਿੱਛ ਸੰਸਾਰਕ ਪਦਾਰਥਾਂ ਸਬੰਧੀ ਕਾਮਨਾਂ ਤਾਂ ਭਾਵੇਂ ਪੂਰੀਆਂ ਕਰ ਸਕਦਾ ਹੈ, ਲੇਕਿਨ ਆਪਣੇ ਸਰੂਪ ਦੇ ਗਿਆਨ ਤੇ ਕਲਿਆਣ ਦਾ ਦਾਤਾ ਨਹੀਂ। ਇਸ ਦੇ ਉਲਟ ਸਤਿਗੁਰੂ ਜੀ ਆਪਣੇ ਆਤਮ-ਬਲ ਨਾਲ ਆਤਮਕ-ਗਿਆਨ ਅਤੇ ਮੁਕਤੀ ਦੇਣ ਲਈ ਪੂਰਨ ਸਮਰੱਥ ਹਨ। ਦੇਵਤਿਆਂ ਦੇ ਅੰਮ੍ਰਿਤ ਦੀ ਕਾਣੀ ਵੰਡ ਦੇ ਕਾਰਨ ਰਾਹੂ ਨੂੰ ਅੰਮ੍ਰਿਤ ਪੀਣ ਦੇ ਇਵਜ਼ ਵਿੱਚ ਆਪਣੇ ਆਪ ਨੂੰ ਦੋ ਧੜ ਕਰਵਾਣਾ ਪਿਆ ਪਰ ਸਤਿਗੁਰੂ ਜੀ ਪਾਸ ਅਜਿਹਾ ਨਾਮ-ਅੰਮ੍ਰਿਤ ਹੈ ਜੋ ਰਾਖਸ਼ਾਂ ਤੇ ਦੈਂਤਾਂ ਨੂੰ ਵੀ ਮੁਕਤ ਕਰ ਦੇਂਦਾ ਹੈ। ਇਹ ਦੋਨੋਂ ਜੜ੍ਹ ਹਨ ਜਦ ਕਿ ਸਤਿਗੁਰੂ ਜੀ ਚੇਤਨ ਸਰੂਪ ਹਨ। ਸਤਿਗੁਰਾਂ ਦੇ ਅੰਗਾਂ ਦੀ ਸੁੰਦਰਤਾ ਨੂੰ ਕਾਮਦੇਵ ਨਾਲ ਬਰਾਬਰਤਾ ਦੇਣੀ ਵੀ ਠੀਕ ਨਹੀਂ ਢੁਕਦੀ। ਇਸ ਲਈ ਕਿ ਕਾਮਦੇਵ ਦੀ ਸੁੰਦਰਤਾ ਜੀਵਾਂ ਨੂੰ ਆਪਣੇ ਚਮਤਕਾਰਾਂ ਵਿੱਚ ਬੇਸੁੱਧ ਕਰਕੇ, ਵਿਕਾਰਾਂ 'ਚ ਫਸਾ ਕੇ ਮਨ ਕਾਲਾ ਕਰ ਦੇਂਦੀ ਹੈ ਅਤੇ ਅੰਤ ਨੂੰ ਉਨ੍ਹਾਂ ਨੂੰ ਨਰਕ ਗਾਮੀ ਬਣਾ ਦੇਂਦੀ ਹੈ। ਇਸੇ ਸਬੰਧ ਵਿੱਚ ਹਜ਼ੂਰ ਦਾ ਮਹਾਂਵਾਕ ਹੈ:

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ।

ਪਰ ਦੂਜੇ ਪਾਸੇ ਸਤਿਗੁਰਾਂ ਦੇ ਅੰਗਾਂ ਦੀ ਸੁੰਦਰਤਾ ਦੇ ਦਰਸ਼ਨ ਕਾਮ ਵਾਸ਼ਨਾ 'ਚ ਗਲਿਆਂ ਹੋਇਆਂ ਦੇ ਮਨਾਂ ਨੂੰ ਤੰਦਰੁਸਤ ਤੇ ਉੱਜਲ ਕਰ ਕੇ ਅੰਤ ਨੂੰ ਉਨ੍ਹਾਂ ਨੂੰ ਸੱਚਖੰਡ ਦੇ ਵਾਸੀ ਬਣਾ ਦੇਂਦੇ ਹਨ। ਕਵੀ ਜੀ ਅੰਤ ਵਿੱਚ ਆਪ ਲਈ 'ਅਨੂਪਮ' ਸ਼ਬਦ ਵਰਤਦੇ ਹਨ ਜਿਸ ਦਾ ਭਾਵ ਇਹ ਹੈ ਕਿ ਸਤਿਗੁਰਾਂ ਦੇ ਕਿਸੇ ਵੀ ਅੰਗ ਦੀ ਉਪਮਾ ਦੇ ਜੋਗ ਕੋਈ ਵੱਡੇ ਤੋਂ ਵੱਡਾ ਜਾਂ ਸੁੰਦਰ ਤੋਂ ਸੁੰਦਰ ਸੰਸਾਰਕ ਪਦਾਰਥ ਨਹੀਂ ਹੈ। ਕਹਿਣਾ ਚਾਹੀਦਾ ਹੈ ਕਿ ਸਤਿਗੁਰੂ ਜੀ ਆਪ ਹੀ ਉਪਮੇਯ (ਜਿਸ ਨੂੰ ਉਪਮਾ ਦਿੱਤੀ ਜਾਵੇ) ਅਤੇ ਆਪ ਹੀ ਉਪਮਾਨ (ਜਿਸ ਦੀ ਉਪਮਾ ਦਿੱਤੀ ਜਾਵੇ) ਹਨ।

੧੩. ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਮੰਗਲ।

ਸ੍ਵੈਯਾ:

ਜਗ ਹਿੰਦੁ ਧਰੰਮ ਕਹਾਂ ਰਹਿਤੋ, ਅਰ ਤੱਗ ਤਿਲੱਕ ਨ ਦੇਖਨ ਪਾਤੇ।
ਤੀਰਥ ਦੇਵ ਸਥਾਨ ਪੁਰਾਨ, ਸਭੀ ਨਿਗਮਾਗਮ ਭੀ ਉਠਿ ਜਾਤੇ।
ਬਾਂਗ ਨਿਵਾਜ਼ ਕਤੇਬ ਕੁਰਾਨ, ਮਸੀਤ ਯਹੀ ਸਬ ਹੀ ਜਗ ਛਾਤੇ।
ਗੁਰੁ ਤੇਗ਼ ਬਹਾਦਰ ਹਿੰਦੁਹਿ ਚਾਦਰ, ਕਾਦਰ ਜੌ ਨ ਧਰਾ ਪ੍ਰਗਟਾਤੇ ॥੧੯॥

ਪਦਅਰਥ:

ਤੱਗ=ਜੰਞੂ। ਦੇਵ-ਸਥਾਨ=ਦੇਵਤਿਆਂ ਦੇ ਮੰਦਰ। ਨਿਗਮਾਗਮ=ਬੇਦ ਤੇ ਸ਼ਾਸਤ੍ਰ। {ਨਿਗਮ-ਬੇਦ- ਆਗਮ-ਸ਼ਾਸਤ੍ਰ।} ਛਾਤੇ=ਛਾ ਜਾਂਦੇ, ਫੈਲ ਜਾਂਦੇ, ਪ੍ਰਵਿਰਤ ਹੋ ਜਾਂਦੇ। ਹਿੰਦੁਹਿ ਚਾਦਰ=ਹਿੰਦੂ ਧਰਮ ਦੀ ਚਾਦਰ ਭਾਵ ਹਿੰਦੂ ਧਰਮ ਦੇ ਰੱਖਿਅਕ। ਕਾਦਰ=ਕੁਦਰਤ ਦੇ ਮਾਲਕ, ਸਮਰੱਥ। ਜੌ=ਜੇਕਰ। ਧਰਾ=ਧਰਤੀ ਉੱਪਰ ਭਾਵ ਜਗਤ ਵਿੱਚ। ਅਰਥ: :

੪. (ਚੌਥੀ ਤੁਕ ਤੋਂ ਟੁਰੇਗਾ) ਹਿੰਦੂ ਧਰਮ ਦੀ ਰੱਖਿਆ ਕਰਨ ਨੂੰ ਸਮਰੱਥ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਜੇਕਰ ਧਰਤੀ 'ਤੇ ਪ੍ਰਗਟ ਨ ਹੁੰਦੇ।

੧. (ਤਾਂ) ਜਗਤ ਵਿੱਚ ਹਿੰਦੂ ਧਰਮ ਕਿੱਥੇ ਰਹਿੰਦਾ? (ਭਾਵ ਬਿਲਕੁਲ ਹੀ ਖ਼ਤਮ ਹੋ ਜਾਂਦਾ) ਅਤੇ ਜੰਞੂ ਤੇ ਤਿਲਕ (ਕਿਤੇ ਵੀ) ਦੇਖਣ ਨੂੰ ਨਜ਼ਰੀਂ ਨ ਪੈਂਦੇ।

੨. ਹਿੰਦੂ ਤੀਰਥ, ਦੇਵਤਿਆਂ ਦੇ ਮੰਦਰ, ਪੁਰਾਣ, ਬੇਦ ਤੇ ਸ਼ਾਸਤ੍ਰ ਭੀ ਸਾਰੇ ਹੀ ਉੱਠ ਕੇ ਚਲੇ ਜਾਂਦੇ (ਭਾਵ ਇਨ੍ਹਾਂ ਦਾ ਵੀ ਨਾਮ ਨਿਸ਼ਾਨ ਤੱਕ ਮਿਟਾ ਦਿੱਤਾ ਜਾਂਦਾ)।

੩. (ਇਨ੍ਹਾਂ ਦੀ ਥਾਂ) ਬਾਂਗਾਂ, ਨਿਵਾਜ਼ਾਂ, ਕੁਰਾਨ ਤੇ ਮਸੀਤਾਂ ਆਦਿ ਇਹੋ ਹੀ ਸਾਰੇ ਜਗਤ ਵਿੱਚ ਫੈਲ ਜਾਂਦੀਆਂ (ਭਾਵ ਇਨ੍ਹਾਂ ਦਾ ਬੋਲ ਬਾਲਾ ਹੋ ਜਾਂਦਾ।)

ਭਾਵ ਔਰੰਗਜ਼ੇਬ ਨੇ ਦਿੱਲੀ ਦਾ ਸ਼ਾਹੀ ਤਖ਼ਤ ਸੰਭਾਲਦਿਆਂ ਹੀ ਜਿੱਥੇ ਉਸ ਨੇ ਆਪਣੇ ਸਕੇ ਭਰਾਵਾਂ ਨੂੰ ਛਲ ਨਾਲ ਮਰਵਾ ਦਿੱਤਾ ਤੇ ਆਪਣੇ ਜਨਮ ਦਾਤਾ ਤੇ ਪਾਲਕ ਪਿਤਾ ਨੂੰ ਜਿਹਲ 'ਚ ਬੰਦ ਰਖ ਕੇ ਤੇ ਤਸੀਹੇ ਦੇ ਕੇ ਭੁੱਖ ਦੋਖੇ ਮਾਰਿਆ, ਉੱਥੇ ਉਸ ਨੇ ਆਪਣੇ ਮੁਤੱਸਬੀ ਤੇ ਜ਼ਾਲਮਾਨਾ ਸੁਭਾਵ ਅਨੁਸਾਰ ਜਗਤ ਵਿੱਚੋਂ ਹਿੰਦੂ ਧਰਮ ਦਾ ਖੁਰਾ ਖੋਜ ਮਿਟਾਉਣ ਲਈ ਵਿਉਂਤਬੰਦ ਸਰਗਰਮੀਆਂ ਤੇਜ਼ ਕਰ ਦਿੱਤੀਆਂ। ਹਿੰਦੂ ਨੂੰ ਹਿੰਦੂ ਹੋਣ ਦੇ ਨਾਤੇ ਦੂਜੇ ਲੋਕਾਂ ਨਾਲੋਂ ਇਕ ਵੱਖਰਾ ਕਰੁ ਦੇਣਾ ਪੈਂਦਾ ਸੀ ਜਿਸ ਨੂੰ 'ਜਜ਼ੀਆ' ਆਖਦੇ ਸਨ। ਅਰਬੀ ਘੋੜੇ ਜਾਂ ਪਾਲਕੀ 'ਚ ਸਵਾਰ ਹੋ ਕੇ ਜਾਣਾ ਹਿੰਦੂ ਲਈ ਵਿਵਰਜਤ ਸੀ। ਹਿੰਦੂ ਲਈ ਸਰਕਾਰੀ ਨੌਕਰੀ ਕਰਨਾ ਮਨ੍ਹਾ ਸੀ। ਹਿੰਦੂ ਵਪਾਰੀ ਦੇ ਮਾਲ ਦੀ ਚੁੰਗੀ ਦੁੱਗਣੀ ਕਰ ਦਿੱਤੀ। ਹਿੰਦੂ ਤੀਰਥਾਂ 'ਤੇ ਲੱਗਣ ਵਾਲੇ ਧਾਰਮਕ ਮੇਲੇ ਹੁਕਮਨ ਬੰਦ ਕਰ ਦਿੱਤੇ। ਹਿੰਦੂਆਂ ਦੇ ਵੱਡੇ ਵੱਡੇ ਮੰਦਰ ਢਾਹ ਕੇ ਸਾਫ਼ ਕਰ ਦਿੱਤੇ ਜਾਂ ਉਨ੍ਹਾਂ ਦੀ ਥਾਵੇਂ ਮਸੀਤਾਂ ਉਸਾਰ ਦਿੱਤੀਆਂ। ਸਵਾ ਮਣ ਜੰਞੂ ਲਾਹ ਕੇ ਰੋਟੀ ਖਾਣ ਦੀ ਰਵਾਇਤ ਉਦੋਂ ਦੀ ਹੀ ਪ੍ਰਚੱਲਤ ਹੋਈ ਹੋਈ ਹੈ। ਹਿੰਦੂ ਦੇ ਮੱਥੇ 'ਤੇ ਲੱਗਾ ਤਿਲਕ ਮੇਟ ਦਿੱਤਾ ਜਾਂਦਾ ਸੀ। ਵੇਦਾਂ, ਸ਼ਾਸਤ੍ਰਾਂ, ਪੁਰਾਣਾਂ ਤੇ ਸਿੰਮ੍ਰਤੀਆਂ ਆਦਿ ਹਿੰਦੂ ਧਾਰਮਕ ਗ੍ਰੰਥਾਂ ਦੀ ਪੜ੍ਹਾਈ ਨੂੰ ਸਖ਼ਤੀ ਨਾਲ ਬੰਦ ਕਰ ਦਿੱਤਾ ਗਿਆ। ਉਨ੍ਹਾਂ ਦੀ ਥਾਂ ਇਸਲਾਮੀ ਸ਼ਰ੍ਹਾ ਦੀਆਂ ਕਿਤਾਬਾਂ ਤੇ ਕੁਰਾਨ ਆਦਿ ਦੀ ਤਾਲੀਮ ਜਬਰਨ ਪੜ੍ਹਾਈ ਜਾਣ ਲੱਗੀ। ਪੂਜਾ ਕਰਨ ਤੇ ਸੰਖ ਘੜਿਆਲ ਆਦਿ ਦੇ ਵਜਾਉਣ 'ਤੇ ਪਾਬੰਦੀ ਲਗਾ ਦਿੱਤੀ ਤੇ ਚੁਫੇਰਿਓਂ ਬਾਂਗਾਂ ਦੇਣ ਤੇ ਨਿਮਾਜ਼ਾਂ ਪੜ੍ਹਨ ਦੀ ਹੀ ਅਵਾਜ਼ ਸੁਣਾਈ ਦੇਣ ਲੱਗੀ। ਹੁਕਮਾਂ ਦੀ ਉਲੰਘਣਾ ਕਰਨ ਵਾਲੇ ਨੂੰ ਬੜੀ ਹੀ ਬੇ-ਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ। ਕਲਮਾ ਜਾਂ ਕਤਲ ਦੀਆਂ ਗੱਲਾਂ ਹੀ ਥਾਂ ਥਾਂ ਹੋਣ ਲੱਗੀਆਂ। ਹਿੰਦੂ ਧਰਮ ਦੀ ਅਜਿਹੀ ਦੁਰਦਸ਼ਾ ਸਮੇਂ ਭਾਰਤ ਵਰਸ਼ ਦੇ ਹਿੰਦੂਆਂ ਦੇ ਮੁਖੀ ਨੇਤਾ ਕਸ਼ਮੀਰੀ ਪੰਡਤਾਂ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪਾਵਨ ਚਰਨਾਂ ਦੀ ਸ਼ਰਨ 'ਚ ਪੁੱਜ ਕੇ ਹਿੰਦੂ ਧਰਮ ਦੀ ਰੱਖਿਆ ਦਾ ਵਾਸਤਾ ਪਾਇਆ। ਹਜ਼ੂਰ ਨੇ ਹਿੰਦੂ ਧਰਮ ਦੀ ਰੱਖਿਆ ਲਈ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਆਪਣੇ ਸੀਸ ਦਾ ਬਲੀਦਾਨ ਦੇ ਕੇ ਕਲਜੁਗ ਵਿੱਚ ਇਕ ਬਹੁਤ ਵੱਡਾ ਸਾਕਾ ਕਰ ਵਿਖਾਇਆ, ਜਿਸ ਨਾਲ ਹਿੰਦੂ ਧਰਮ ਦਾ ਬਚਾਅ ਹੋ ਗਿਆ। ਦਸਮੇਸ਼ ਜੀ ਦੇ ਆਪਣੇ ਮੁਖਵਾਕ ਬਚਨ ਹਨ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ। ਕੀਨੋ ਬਡੋ ਕਲੂ ਮਹਿ ਸਾਕਾ। (ਬਚਿਤ੍ਰ ਨਾਟਕ, ਪੰ: ੫੪)

ਏਥੇ ਕਵੀ ਜੀ ਦਾ ਭਾਵ ਜਗਤ ਨੂੰ ਇਹ ਦੱਸਣ ਦਾ ਹੈ ਕਿ ਜੇਕਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਸੰਸਾਰ ਵਿੱਚ ਪਰਗਟ ਨ ਹੁੰਦੇ ਤੇ ਆਪਣੇ ਸੀਸ ਦਾ ਬਲੀਦਾਨ ਨ ਕਰਦੇ ਤਾਂ ਅੱਜ ਭਾਰਤ ਵਰਸ਼ ਦਾ ਉਹੋ ਨਕਸ਼ਾ ਹੁੰਦਾ ਜੋ ਕਵੀ ਜੀ ਨੇ ਪਹਿਲੀਆਂ ਤਿੰਨਾਂ ਤੁਕਾਂ ਵਿੱਚ ਖਿੱਚਿਆ ਹੈ ਤੇ ਇਹੋ ਹੀ ਨਕਸ਼ਾ ਔਰੰਗਜ਼ੇਬ ਦੇ ਮਨ ਵਿੱਚ ਵੀ ਉਲੀਕਿਆ ਹੋਇਆ ਸੀ।

੧੪. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ।

ਸ੍ਵੈਯਾ:

ਜਗ ਤਾਰਨ ਕੌ ਅਵਤਾਰ ਭਯੋ, ਪਰਿਪੂਰਨ ਰੂਪ ਨਿਰੰਜਨ ਕੌ।
ਦੁਖ ਦਾਰਿਦ ਦੂਰ ਕਰੇ ਜਨ ਕੇ, ਕਰ ਖੱਗ ਗਹਯੋ ਖਲ ਗੰਜਨ ਕੌ।
ਵਰ ਪੰਥ ਪ੍ਰਚਾਰ ਕਰਯੋ ਜਗ ਮੈ, ਕਲਿ ਕੇ ਮਲ ਦੋਖ ਬਿਭੰਜਨ ਕੌ।
ਹਰਿ ਗਯਾਨ ਸਦਾ ਉਰਿ ਧਯਾਨ ਧਰੋਂ, ਦਸਮੇ ਗੁਰ ਕੇ ਪਦ ਕੰਜਨ ਕੌ ॥੨੦॥

ਪਦਅਰਥ:

ਪਰਿਪੂਰਨ=ਸਭ ਥਾਵਾਂ ਵਿੱਚ ਵੱਸਿਆ ਹੋਇਆ, ਵਿਆਪਕ। ਨਿਰੰਜਨ=ਮਾਇਆ ਦੇ ਅਸਰ ਤੋਂ ਰਹਿਤ, ਬ੍ਰਹਮ। (ਨਿਰ-ਰਹਿਤ, ਅੰਜਨ-ਮਾਇਆ।} ਕੌ=ਦਾ। ਜਨ ਕੇ=ਦਾਸਾਂ ਦੇ। ਕਰ=ਹੱਥ ਵਿੱਚ। ਖੱਗ=ਤਲਵਾਰ। {ਖੜਗ ਦਾ ਸੰਖੇਪ}। ਗਹਯੋ=ਪਕੜਿਆ। ਖਲ=ਮੂਰਖ ਭਾਵ ਜ਼ਾਲਮ। ਗੰਜਨ ਕੌ=ਕੱਟਣ ਨੂੰ, ਨਾਸ ਕਰਨ ਨੂੰ। ਵਰ ਪੰਥ=ਉੱਤਮ ਪੰਥ, ਖ਼ਾਲਸਾ ਪੰਥ। ਪ੍ਰਚਾਰ=ਪ੍ਰਚੁਰ, ਪ੍ਰਚਲਤ, ਪਰਗਟ। ਕਲਿ ਕੇ=ਕਲਜੁਗ ਦੇ। ਮਲ=ਪਾਪ। ਦੋਖ=ਦੋਸ਼। ਬਿਭੰਜਨ ਕੌ=ਨਾਸ ਕਰਨ ਨੂੰ। ਉਰਿ=ਹਿਰਦੇ ਵਿੱਚ। ਧਰੋਂ=ਧਰਦਾ ਹਾਂ। ਪਦ ਕੰਜਨ ਕੌ=ਚਰਨ ਕੰਵਲਾਂ ਦਾ। ਅਰਥ:

੪. (ਚੌਥੀ ਤੁਕ ਤੋਂ ਟੁਰੇਗਾ) (ਕਵੀ) ਗਿਆਨ ਸਿੰਘ (ਕਹਿੰਦਾ ਹੈ) ਮੈਂ (ਉਸ) ਦਸਵੇਂ ਗੁਰੂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ) ਚਰਨ ਕੰਵਲਾਂ ਦਾ ਹਿਰਦੇ ਵਿੱਚ ਸਦਾ ਧਿਆਨ ਧਰਦਾ ਹਾਂ।

੧. (ਜੋ ਪੁੱਤਰ ਹੋਣ ਦੇ ਨਾਤੇ) ਵਿਆਪਕ ਬ੍ਰਹਮ ਦਾ ਹੀ ਰੂਪ ਹਨ। (ਉਨ੍ਹਾਂ ਦਾ) ਅਵਤਾਰ ਕੇਵਲ ਜਗਤ ਦੇ ਤਾਰਨ ਲਈ ਹੀ ਹੋਇਆ ਹੈ।

੨. (ਉਨ੍ਹਾਂ ਨੇ ਆਪਣੀ ਬਖ਼ਸ਼ਸ਼ ਨਾਲ) ਸੇਵਕਾਂ ਦੇ (ਸਾਰੇ) ਦੁੱਖ ਤੇ ਦਲਿੱਦ੍ਰ ਦੂਰ ਕਰ ਦਿੱਤੇ ਅਤੇ ਜ਼ਾਲਮਾਂ ਦੇ ਨਾਸ ਕਰਨ ਲਈ ਹੱਥ ਵਿੱਚ ਤਲਵਾਰ ਨੂੰ ਪਕੜਿਆ।

੩. ਕਲਜੁਗੀ ਜੀਵਾਂ ਦੇ ਪਾਪਾਂ ਤੇ ਦੋਸ਼ਾਂ ਦੇ ਨਾਸ ਕਰਨ ਲਈ ਜਗਤ ਵਿੱਚ (ਸੂਰਬੀਰ ਜੋਧਾ) ਖ਼ਾਲਸਾ ਪੰਥ ਪ੍ਰਗਟ ਕੀਤਾ।

ਭਾਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਵਿੱਤ੍ਰ ਅਵਤਾਰ ਕੇਵਲ ਤੇ ਕੇਵਲ ਜਗਤ ਨਿਸਤਾਰੇ ਲਈ ਹੀ ਹੋਇਆ ਸੀ। ਆਪ ਪਰਿਪੂਰਨ ਨਿਰੰਜਨ ਦਾ ਰੂਪ ਸਨ; ਜਿਵੇਂ ਪੁੱਤਰ ਆਪਣੇ ਪਿਤਾ ਦਾ ਹੀ ਦੂਜਾਰੂਪ ਹੁੰਦਾ ਹੈ, ਤਿਵੇਂ ਕਲਗੀਧਰ ਪਾਤਸ਼ਾਹ ਜੀ ਵੀ ਆਪਣੇ ਪਿਤਾ ਸ੍ਰੀ ਅਕਾਲ ਪੁਰਖ ਦੇ ਪੁੱਤਰ ਹੋਣ ਦੇ ਨਾਤੇ ਉਨ੍ਹਾਂ ਦਾ ਰੂਪ ਹੀ ਸਨ; ਜਿਹਾ ਕਿ ਸ੍ਰੀ ਅਕਾਲ ਪੁਰਖ ਦਾ ਆਪਣਾ ਬਚਨ ਹੈ:

ਮੈਂ ਆਪਨਾ ਸੁਤ ਤੋਹਿ ਨਿਵਾਜਾ।

ਪੁੱਤਰ ਵਿੱਚ ਪਿਤਾ ਵਾਲੇ ਤਕਰੀਬਨ ਸਾਰੇ ਹੀ ਗੁਣ ਤੇ ਸੁਭਾਵ ਮੌਜੂਦ ਹੁੰਦੇ ਹਨ। ਐਉਂ ਸਤਿਗੁਰਾਂ ਨੂੰ ਕਵੀ ਜੀ ਨੇ ਨਿਰੰਜਨ ਰੂਪ ਕਿਹਾ ਹੈ। ਗੁਰੂ ਜੀ ਨੇ ਜਗਤ ਵਿੱਚ ਪ੍ਰਗਟ ਹੋ ਕੇ ਸਭ ਤੋਂ ਪਹਿਲਾਂ ਵਧੇਰੇ ਧਿਆਨ ਦੁੱਖਾਂ ਤੇ ਦਰਦਾਂ ਦੀ ਚੱਕੀ ਵਿੱਚ ਪਿਸੀ ਜਾ ਰਹੀ ਆਮ ਗ਼ਰੀਬ ਜਨਤਾ ਦੇ ਦੁੱਖ ਦਰਦ ਦੂਰ ਕਰਨ ਵੱਲ ਦਿੱਤਾ। ਜਨਤਾ ਦੇ ਦੁੱਖਾਂ ਵਿੱਚ ਵਾਧਾ ਕਰਨ ਵਾਲੇ ਦੁਸ਼ਟਾਂ ਤੇ ਜ਼ਾਲਮਾਂ ਨੂੰ ਲੋਹੇ ਦੇ ਚਣੇ ਚਬਾਣ ਲਈ ਉਨ੍ਹਾਂ ਤਲਵਾਰ ਦੀ ਵਰਤੋਂ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ। ਆਪਣੇ ਆਪ ਨੂੰ ਦੁੱਖਾਂ ਤੇ ਕਸ਼ਟਾਂ ਵਿੱਚ ਪਾ ਕੇ ਵੀ ਦੁਨੀਆਂ ਨੂੰ ਸੁਖੀ ਬਨਾਣ ਦਾ ਯਤਨ ਕੀਤਾ। ਆਮ ਲੋਕਾਂ ਦੇ ਸੁਖਾਂ ਨੂੰ ਚਿਰ ਸਥਾਈ ਬਣਾਉਣ ਲਈ ਅਤੇ ਪਛੜੇ ਹੋਏ ਵਰਗਾਂ ਦੇ ਲੋਕਾਂ ਦੇ ਦਿਲਾਂ ਵਿੱਚੋਂ ਛੋਟਾ, ਨੀਵਾਂ ਤੇ ਕਮਜ਼ੋਰ ਹੋਣ ਦਾ ਅਹਿਸਾਸ ਸਦਾ ਵਾਸਤੇ ਖ਼ਤਮ ਕਰ ਦੇਣ ਲਈ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ। ਖ਼ਾਲਸੇ ਨੂੰ ਆਪਣਾ ਰੂਪ ਬਣਾਇਆ ਤੇ ਗੁਰੂਆਂ ਵਾਲੇ ਸਾਰੇ ਅਧਿਕਾਰ ਖ਼ਾਲਸੇ ਨੂੰ ਸੌਂਪ ਕੇ ਖ਼ਾਲਸੇ ਤੋਂ 'ਗਰੂ ਖ਼ਾਲਸਾ' ਬਣਾ ਦਿੱਤਾ। ਅਜਿਹੇ ਹੋਰ ਵੀ ਅਣਗਿਣਤ ਗੁਣਾਂ ਦੇ ਮਾਲਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਰਮ ਪਾਵਨ ਚਰਨਾਂ ਦਾ ਧਿਆਨ ਕਵੀ ਜੀ ਕਰਦੇ ਹਨ, ਤਾਂ ਜੋ ਗੁਰੂ ਜੀ ਕਵੀ ਜੀ ਦੇ ਇਸ ਮਹਾਨ ਕਾਰਜ ਵਿੱਚ; ਜੋ ਉਨ੍ਹਾਂ ਪੰਥ ਪ੍ਰਕਾਸ਼ ਲਿਖਣ ਦਾ ਅਰੰਭਿਆ ਹੈ, ਸਹਾਈ ਹੋਣ।

੧੫. ਗੁਰਮੁਖਿ, ਸਿਖਿਆ-ਦਾਤੇ ਦਾ ਮੰਗਲ।

ਦੋਹਰਾ:

ਇਸ੍ਟ ਸ੍ਰਿਸ੍ਟ ਗੁਰ ਦਸਨ ਕੇ, ਕਰਿ ਮੰਗਲ ਪਦ ਧ੍ਯਾਇ।
ਅਬ ਨਿਜ ਸਤਿਗੁਰ ਕੋ ਕਰੋਂ, ਬੰਦਨ ਮਾਥ ਝੁਕਾਇ ॥੨੧॥

ਪਦਅਰਥ:

ਇਸ੍ਟ=ਪਿਆਰਾ, ਜਿਸ ਨਾਲ ਪਿਆਰ ਕਰੀਏ, ਸ੍ਰੀ ਅਕਾਲ ਤਖ਼ਤ ਅਤੇ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਖ਼ਾਲਸਾ ਪੰਥ। ਸ੍ਰਿਸ੍ਟ=ਉੱਤਮ, ਚੰਗਾ। ਗੁਰ ਦਸਨ ਕੇ=ਦਸਾਂ ਸਤਿਗੁਰਾਂ ਦੇ। ਕਰਿ ਮੰਗਲ=ਮੰਗਲਾ ਚਰਨ ਉਚਾਰਨ ਕਰਕੇ। ਪਦ ਧ੍ਯਾਇ=ਚਰਨਾਂ ਦਾ ਧਿਆਨ ਧਾਰ ਕੇ। ਨਿਜ ਸਤਿਗੁਰ=ਆਪਣੇ ਗੁਰੂ ਭਾਵ ਨਾਮ ਦਾਤੇ ਗੁਰਮੁਖਿ। ਬੰਦਨ=ਨਮਸਕਾਰ।

ਅਰਥ::

੧. ਉੱਤਮ ਇਸ਼ਟ ਸ੍ਰੀ ਅਕਾਲ ਪੁਰਖ ਅਤੇ ਦਸਾਂ ਸਤਿਗੁਰਾਂ ਦੇ ਮੰਗਲਾ ਚਰਨ ਉਚਾਰਨ ਕਰ ਕੇ (ਅਤੇ ਉਨ੍ਹਾਂ ਦੇ ਪਵਿੱਤਰ) ਚਰਨਾਂ ਦਾ (ਹਿਰਦੇ ਵਿੱਚ) ਧਿਆਨ ਧਾਰ ਕੇ।

੨. ਹੁਣ ਆਪਣੇ ਸਿੱਖਿਆ ਦਾਤੇ ਗੁਰਮੁਖਿ ਨੂੰ ਸਿਰ ਝੁਕਾ ਕੇ ਨਮਸਕਾਰ ਕਰਦਾ ਹਾਂ।

ਸ੍ਵੈਯਾ:

*ਤਮ ਤੋਮ ਅਗ੍ਯਾਨ ਪਲਾਇ ਗਯੋ, ਜਛਤਾ ਹਿਮ ਦੂਰ ਭਈ ਸਭ ਤੈ।

ਦੁਰ ਮੋਹ ਮਦਾਦਿ ਨਿਸਾਚਰਗੇ, ਸੁਕਚੀ ਕੁਮਦੀ ਕੁਮਤੀ ਛਬ ਤੈ।
ਦਿਲ ਕੰਜ ਜੁਗਯਾਸਨ ਕੇ ਖਿਲਗੇ, ਹਰਿ ਗਜ਼ਾਨ ਪ੍ਰਕਾਸ਼ ਭਯੋ ਤਬ ਤੈ।
ਬਪੁ ਏਸ ਸ੍ਰੀ ਗੁਰ ਬੀਰ ਮ੍ਰਿਗੇਸ, ਦਿਨੇਸ਼ ਉਦਜੋ ਜਗ ਮੈ ਜਬ ਤੈ ॥੨੨॥

*ਇਹ ਦੋਹਿਰਾ ਤੇ ਸ੍ਰੈਯਾ ਦੋਨੋਂ ਛੰਦ ਸਿਰਫ਼ ਲਾਹੌਰ ਐਡੀਸ਼ਨ ਵਿੱਚ ਹੀ ਹਨ, ਦਿੱਲੀ ਤੇ ਅੰਮ੍ਰਿਤਸਰ ਦੋਹਾਂ ਐਡੀਸ਼ਨਾਂ ਵਿੱਚ ਨਹੀਂ ਹਨ।

ਪਦਅਰਥ:

ਤਮ=ਅਨ੍ਹੇਰਾ। ਤੋਮ=ਸਾਰਾ। ਪਲਾਇ ਗਯੋ=ਦੂਰ ਹੋ ਗਿਆ। ਜਢਤਾ=ਚੇਤਨਤਾ ਦੇ ਉਲਟ, ਅਚੇਤਨਤਾ, ਜੜ੍ਹਤਾ। ਹਿਮ=ਬਰਫ਼। ਸਭ ਤੈ=ਸਾਰਿਆਂ ਤੋਂ। ਦੁਰ=ਛੁਪ ਗਏ। ਮਦਾਦਿ=ਹੰਕਾਰ ਆਦਿਕ। ਨਿਸਾਚਰ=ਉੱਲੂ, ਚੋਰ, ਰਾਖਸ਼। {ਨਿਸ-ਰਾਤ ਨੂੰ। ਚਰ-ਵਿਚਰਨ ਵਾਲੇ।} ਸੁਕਚੀ=ਮਿਚ ਗਈ। ਕੁਮਦੀ=ਕਮੀ, ਭਮੂਲ, ਨੀਲੋਫਰ, ਰਾਤ ਨੂੰ ਖਿੜਨ ਵਾਲਾ ਕਮਲ। ਕੁਮਤੀ=ਖੋਟੀ ਮੱਤਿ ਰੂਪ। ਛਬ ਤੈ=(ਆਪਣੀ) ਸੋਭਾ ਤੋਂ। ਕੰਜ=ਕਵਲ। ਜੁਗਯਾਸਨ ਕੇ=ਜਗਿਆਸੂਆਂ ਦੇ। {ਸੰ: ਜਿਗਯਾਸੁ-ਜਾਨਣ ਦੀ ਇੱਛਾ ਰੱਖਣ ਵਾਲਾ, ਗਿਆਨ ਦੀ ਪ੍ਰਾਪਤੀ ਦੀ ਇੱਛਾ ਵਾਲਾ।} ਖਿਲਗੇ=ਖਿੜ ਗਏ। ਹਰਿ ਗਜ਼ਾਨ=ਹਰੀ ਦੇ ਗਿਆਨ ਦਾ। (ਅ) ਗਿਆਨ ਸਿੰਘ (ਕਹਿੰਦਾ ਹੈ)। ਪ੍ਰਕਾਸ਼=ਚਾਨਣ। ਭਯੋ=ਹੋਇਆ ਹੈ। ਤਬ ਤੈ=ਤਦੋਂ ਤੋਂ। ਬਪੁ=ਸਰੂਪ। ਏਸ=ਈਸ਼ਰ। ਬੀਰ ਮ੍ਰਿਗੇਸ=ਸੰਤ ਬੀਰ ਸਿੰਘ ਜੀ। ਦਿਨੇਸ਼=ਦਿਨ ਦਾ ਈਸ਼ਰ, ਸੂਰਜ। ਉਦਜੋ=ਉਦੇ ਹੋਇਆ, ਚੜ੍ਹਿਆ, ਪ੍ਰਗਟ ਹੋਇਆ। ਜਬ ਤੈ=ਜਦੋਂ ਤੋਂ।

ਅਰਥ:

੪. (ਚੌਥੀ ਤੁਕ ਤੋਂ ਟੁਰੇਗਾ) ਈਸ਼ਰ ਰੂਪ ਸ੍ਰੀ ਗੁਰੂ ਸੰਤ ਬੀਰ ਸਿੰਘ ਜੀ ਜਦੋਂ ਤੋਂ ਸੂਰਜ (ਵਾਂਗ) ਸੰਸਾਰ ਵਿੱਚ ਪ੍ਰਗਟ ਹੋਏ ਹਨ।

੧. ਤਦੋਂ ਤੋਂ ਅਗਿਆਨ ਦਾ ਸਾਰਾ ਅਨ੍ਹੇਰਾ ਦੂਰ ਹੋ ਗਿਆ ਅਤੇ ਸਾਰਿਆਂ (ਸੇਵਕਾਂ ਦੇ ਮਨਾਂ) ਤੋਂ ਜੜ੍ਹਤਾ ਦੀ ਬਰਫ਼ ਵੀ (ਢਲ ਕੇ ਪਾਣੀ ਬਣ ਗਈ ਭਾਵ) ਖ਼ਤਮ ਹੋ ਗਈ।

੨. ਮੋਹ ਤੇ ਹੰਕਾਰ ਆਦਿ ਉਲੂਆਂ ਵਾਂਗ ਛੁਪ ਗਏ, ਖੋਟੀਆਂ ਮੱਤਾਂ ਰੂਪ ਕਮੀਆਂ ਆਪਣੀ ਸੋਭਾ (ਖਿੜਾਵਟ) ਵੱਲੋਂ ਮਿਚ ਗਈਆਂ।

੩. ਜਗਿਆਸੂਆਂ ਦੇ ਦਿਲ ਕਵਲਾਂ ਵਾਂਗ ਖਿੜ ਗਏ ਤੇ ਹਰੀ ਦੇ ਗਿਆਨ ਦਾ ਪ੍ਰਕਾਸ਼ ਹੋ ਗਿਆ।

ਭਾਵ ਇਸ ਛੰਦ ਵਿੱਚ ਕਵਿ ਜੀ ਨੇ ਆਪਣੇ ਨਾਮ-ਅਭਿਆਸ ਦਾਤੇ (ਗੁਰਮੁਖਿ) ਸੰਤ ਬੀਰ ਸਿੰਘ ਜੀ ਦਾ ਮੰਗਲ ਕੀਤਾ ਹੈ ਉਨ੍ਹਾਂ ਨੂੰ ਆਪਣੇ ਸਤਿਗੁਰ ਆਖ ਕੇ ਨਮਸਕਾਰ ਕੀਤੀ ਹੈ। ਉਨ੍ਹਾਂ ਨੂੰ ਸੂਰਜ ਨਾਲ ਤੁਲਨਾ ਦੇਂਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਆਤਮਕ ਛੁਹ ਨਾਲ ਸੇਵਕ ਜਗਿਆਸੂਆਂ ਦੇ ਮਨਾਂ 'ਚੋਂ ਅਗਿਆਨ, ਜਢਤਾ, ਮੋਹ ਤੇ ਖੋਟੀ ਮਤਿ ਆਦਿ ਆਸੁਰੀ ਸੰਪਦਾ ਦਾ ਸਦਾ ਲਈ ਸਫਾਇਆ ਹੋ ਗਿਆ ਹੈ। ਜਿਵੇਂ ਸੂਰਜ ਦੇ ਚੜ੍ਹਨ ਨਾਲ ਅਨ੍ਹੇਰਾ, ਪਾਲਾ, ਚੋਰ, ਉੱਲੂ ਆਦਿ ਛੁਪ ਜਾਂਦੇ ਹਨ ਅਤੇ ਕਮੀਆਂ ਦੀ ਖਿੜਾਵਟ ਦਾ ਨਾਮ ਨਿਸ਼ਾਨ ਵੀ ਬਾਕੀ ਨਹੀਂ ਰਹਿੰਦਾ। ਕਵੀ ਜੀ ਨੇ ਉਨ੍ਹਾਂ ਨੂੰ 'ਈਸ਼ਰਰੂਪ' ਤੇ 'ਸ੍ਰੀ ਗੁਰ' ਕਹਿ ਕੇ ਆਪਣੀ ਅਨੰਨਿ ਸ਼ਰਧਾ ਦਾ ਪ੍ਰਗਟਾਵਾ ਕੀਤਾ ਹੈ ਇਸ ਲਈ ਕਿ ਉਹ ਆਪ ਦੇ ਆਤਮਕ ਰਸਤੇ ਦੇ ਉਸਤਾਦ, ਆਪ ਨੂੰ ਸਿੱਖੀ ਵਿੱਚ ਪ੍ਰਪੱਕ ਕਰਨ ਵਾਲੇ ਗੁਰਮੁਖਿ ਸਨ ਤੇ ਉਨ੍ਹਾਂ ਪਾਸੋਂ ਆਪ ਨੇ ਸਿੱਖੀ ਜੀਵਨ ਤੇ ਉੱਚ-ਆਚਰਨ ਦੀ ਸਿੱਖਿਆ ਨੂੰ ਅਮਲੀ ਰੂਪ ਵਿੱਚ ਸਿੱਖਿਆ ਸੀ। ਪੁਰਾਣੇ ਸਮੇਂ ਦੇ ਲੋਕ ਨਾਮਰਸੀਏ, ਉੱਚ ਜੀਵਨ ਵਾਲੇ, ਪਰਉਪਕਾਰੀ, ਗੁਰਮੁਖਾਂ ਦੇ ਜਿਨ੍ਹਾਂ ਤੋਂ ਉਨ੍ਹਾਂ ਨੂੰ ਜੀਵਨ ਤੇ ਨਾਮ-ਰਸ ਪ੍ਰਾਪਤ ਹੋਇਆ ਹੋਵੇ, ਬਹੁਤ ਪ੍ਰੇਮ ਤੇ ਸ਼ਰਧਾ ਵਿੱਚ ਰਹਿੰਦੇ ਸਨ ਤੇ ਉਨ੍ਹਾਂ ਦੀ ਬੇਅੰਤ ਇੱਜ਼ਤ ਤੇ ਸਤਿਕਾਰ ਕਰਦੇ ਸਨ। ਐਸਾ ਕਰਨਾ ਸ਼ਾਗਿਰਦ ਜਾਂ ਜਗਿਆਸੂ ਲਈ ਉਸ ਦਾ ਇਖ਼ਲਾਕੀ, ਇਨਸਾਨੀ ਤੇ ਧਾਰਮਕ ਫ਼ਰਜ਼ ਵੀ ਬਣ ਜਾਂਦਾ ਹੈ ਤੇ ਆਪਣੀ ਕ੍ਰਿਤੱਗਜਤਾ ਦੇ ਪ੍ਰਗਟਾਵੇ ਤੇ ਆਤਮਕ-ਤਸੱਲੀ ਲਈ ਵੀ ਬੜਾ ਜ਼ਰੂਰੀ ਹੈ। ਆਤਮਕ ਉੱਨਤੀ, ਆਚਰਣਕ-ਉੱਚਤਾ ਤੇ ਜ਼ਿੰਦਗੀ ਵਿੱਚ ਸਫ਼ਲਤਾ ਪ੍ਰਾਪਤੀ ਦਾ ਰਾਜ਼ ਗੁਰਮੁਖਾਂ ਦੀ ਛੁਹ (ਸੁਹਬਤ) ਵਿੱਚ ਹੀ ਲੁਕਿਆ ਹੋਇਆ ਹੈ। ਅੱਜ ਕੱਲ੍ਹ ਦੇ ਲੋਕਾਂ ਵਿੱਚ ਉਸਤਾਦਾਂ ਤੇ ਨਾਮ-ਅਭਿਆਸੀ ਗੁਰਮੁਖਾਂ ਲਈ ਇੱਜ਼ਤ ਤੇ ਸਤਿਕਾਰ ਦਾ ਮਾਦਾ ਘਟਦਾ ਜਾ ਰਿਹਾ ਹੈ, ਉਸ ਦੀ ਥਾਂ ਬੇ-ਸਤਿਕਾਰੀ ਵਧਦੀ ਜਾਰਹੀ ਹੈ। ਇਹੋ ਕਾਰਨ ਹੈ ਕਿ ਆਤਮਕ ਉੱਨਤੀ ਵਿੱਚ ਵਿਘਨ ਪੈਰਹੇ ਹਨ ਤੇ

ਆਚਰਨ ਗਿਰਦੇ ਜਾ ਰਹੇ ਹਨ। ਕਵੀ ਜੀ ਨੇ ਆਪਣੇ ਸਿੱਖਿਆ ਦਾਤੇ ਸਤਿਕਾਰ ਯੋਗ ਸੰਤ ਬੀਰ ਸਿੰਘ ਜੀ ਲਈ ਜੋ 'ਸਤਿਗੁਰ' ਤੇ 'ਸ਼੍ਰੀ ਗੁਰ' ਸ਼ਬਦ ਵਰਤੇ ਹਨ, ਇਨ੍ਹਾਂ ਦਾ ਭਾਵ ਨਾਮ ਅਭਿਆਸ ਦਾਤੇ (ਗੁਰਮੁਖਿ) ਹੀ ਸਮਝਣਾ ਚਾਹੀਦਾ ਹੈ, ਕਿਉਂਕਿ ਗਿਆਨੀ ਜੀ ਆਪ ਖ਼ੁਦ ਗੁਰਮਤਿ ਦੇ ਅਸੂਲਾਂ ਦੇ ਪੱਕੇ ਧਾਰਨੀ ਤੇ ਮੁਖੀ ਪ੍ਰਚਾਰਕ ਸਨ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਅਨੇਕਾਂ ਜਗ੍ਹਾ ਇਸ ਸਿਧਾਂਤ ਦੀ ਉਨ੍ਹਾਂ ਖ਼ੁਦ ਆਪ ਪੁਸ਼ਟੀ ਕੀਤੀ ਹੈ ਕਿ ਗੁਰਮਤਿ ਵਿੱਚ ਵੱਡੀ ਤੋਂ ਵੱਡੀ ਕਰਣੀ ਵਾਲੇ ਗੁਰਸਿਖ ਨੂੰ 'ਭਾਈ', ਬਾਬਾ, ਸੰਤ, ਸਾਧ, ਭਗਤ, ਜਨ ਤੇ ਗੁਰਮੁਖਿ ਆਦਿ ਪਦਵੀਆਂ ਤਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਖ਼ਾਲਸਾ ਪੰਥ ਤੋਂ ਬਿਨਾਂ ਹੋਰ ਕਿਸੇ ਵੀ ਵਿਅਕਤੀ ਦੇ ਨਾਮ ਨਾਲ 'ਗੁਰੂ' ਜਾਂ 'ਸਤਿਗੁਰੂ' ਪਦਵੀ ਜੋੜੀ ਨਹੀਂ ਜਾ ਸਕਦੀ। ਅਗਰ ਕੋਈ ਵਿਅਕਤੀ ਜਾਂ ਸੰਪ੍ਰਦਾ ਐਸਾ ਕਰਦੀ ਹੈ ਤਾਂ ਉਸ ਨੂੰ ਗੁਰਮਤਿ ਨਹੀਂ ਆਖਿਆ ਜਾ ਸਕਦਾ। ਕਵੀ ਜੀ ਦਾ ਵੀ ਇਹੋ ਭਾਵ ਸਮਝਣਾ ਚਾਹੀਦਾ ਹੈ। ਇਸੇ ਲਈ ਹੀ ਤਾਂ ਉਨ੍ਹਾਂ ਮੰਗਲਾ ਚਰਨ ਦਾ ਅਰੰਭ ਕਰਦਿਆਂ ਪਹਿਲੇ ਦੋਹਿਰੇ ਅੰਦਰ ਹੀ ਉਕਤ ਭਾਵ ਸਪੱਸ਼ਟ ਕਰ ਦਿੱਤਾ ਹੈ: 'ਏਕ ਹਰੀ ਦਸ ਰੂਪ ਗੁਰ ਗ੍ਰੰਥ ਪੰਥ ਕੋ ਬੰਦ।' ਜੇ ਉਹ ਸੰਤ ਬੀਰ ਸਿੰਘ ਜੀ ਨੂੰ 'ਗੁਰੂ' ਸ਼੍ਰੇਣੀ 'ਚ ਗਿਣਦੇ ਹੁੰਦੇ ਤਾਂ ਉਕਤ ਤੁਕ ਵਿੱਚ ਉਨ੍ਹਾਂ ਦਾ ਨਾਮ ਵੀ ਜ਼ਰੂਰ ਸ਼ਾਮਲ ਕਰਦੇ ਪਰ ਉਨ੍ਹਾਂ ਐਸਾ ਨਹੀਂ ਕੀਤਾ, ਜਿਸ ਤੋਂ ਉਨ੍ਹਾਂ ਦਾ 'ਗੁਰੂ' ਪਦਵੀ ਸਬੰਧੀ ਨਿਸ਼ਚਾ ਸਾਫ਼ ਪ੍ਰਗਟ ਹੋ ਜਾਂਦਾ ਹੈ। ਫਿਰ ਉਨ੍ਹਾਂ ਆਪਣੀਆਂ ਸਾਰੀਆਂ ਰਚਨਾਵਾਂ ਵਿੱਚ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖ਼ਾਲਸਾ ਪੰਥ ਨੂੰ 'ਜਗਤ ਗੁਰੂ' ਵਰਣਨ ਕੀਤਾ ਹੈ ਜੋ ਪੂਰਨ ਗੁਰਮਤਿ ਹੈ ਪਰ ਸੰਤ ਬੀਰ ਸਿੰਘ ਦੇ ਵਰਣਨ ਵਿੱਚ ਉਹ ਉਨ੍ਹਾਂ ਨੂੰ 'ਨਿਜ ਸਤਿਗੁਰ' ਆਖਦੇ ਹਨ ਜਿਸ ਦਾ ਸਿੱਧਾ ਤੇ ਸਾਫ਼ ਭਾਵ ਇਹੋ ਨਿਕਲਦਾ ਹੈ ਕਿ ਉਹ ਉਨ੍ਹਾਂ ਨੂੰ ਆਪਣਾ 'ਜ਼ਾਤੀ ਗੁਰੂ' ਅਰਥਾਤ ਆਤਮਕ ਰਸਤੇ ਦੇ ਉਸਤਾਦ (ਗੁਰਮੁਖਿ) ਸਮਝ ਕੇ ਹੀ ਸਤਿਕਾਰ ਵਜੋਂ ਉਨ੍ਹਾਂ ਨੂੰ ਮੰਗਲ ਰਾਹੀਂ ਯਾਦ ਕਰਦੇ ਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਗੁਰੂ ਸਾਹਿਬਾਨ ਦੇ ਸਮੇਂ ਵੀ ਕੇਵਲ ਗੁਰਤਾ-ਗੱਦੀ ਨਸ਼ੀਨ ਗੁਰੂ ਵਿਅਕਤੀ ਨੂੰ ਹੀ ਸਾਰੀ ਸਿੱਖ ਕੌਮ ਗੁਰੂ ਤਸਲੀਮ ਕਰਦੀ ਸੀ। ਬਕਾਲੇ ਵਿੱਚ ਬਾਈ ਮੰਜੀਆਂ ਡਾਹ ਕੇ ਆਪੇ ਬਣੇ ਗੁਰੂਆਂ ਦਾ ਜੋ ਹਸ਼ਰ ਹੋਇਆ, ਉਹ ਸਾਰਿਆਂ ਦੇ ਸਾਹਮਣੇ ਹੈ। ਦਸਮ ਪਾਤਸ਼ਾਹ ਜੀ ਦੇ ਹੁਕਮਾਂ ਅਨੁਸਾਰ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਦੀ ਆਤਮਾ ਹੈ ਤੇ ਖ਼ਾਲਸਾ ਪੰਥ ਗੁਰੂ ਦੀ ਦੇਹ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਸਜਿਆ ਪੰਥ ਜਾਂ ਪੰਜ ਪਿਆਰੇ ਗੁਰੂ ਦਾ ਰੂਪ ਹਨ। ਇਕੱਲਾ ਕੋਈ ਵੀ ਵਿਅੱਕਤੀ ਗੁਰੂ ਨਹੀਂ। ਅਗਰ ਅਸੀਂ ਆਪਣੇ ਸਾਰੇ ਸਿੱਖਿਆ ਦਾਤਿਆਂ ਨੂੰ ਵੀ 'ਗੁਰੂ' ਪਦਵੀ ਦੇਈ ਜਾਈਏ ਤਾਂ ਥੋੜ੍ਹੇ ਹੀ ਸਮੇਂ ਵਿੱਚ ਗੁਰੂਆਂ ਦੀ ਗਿਣਤੀ ਹੱਦ ਤੋਂ ਵਧੇਰੇ ਵਧ ਜਾਣ ਦਾ ਖ਼ਤਰਾ ਪੈਦਾ ਹੋ ਜਾਵੇਗਾ। ਅਨੇਕਾਂ ਰਾਹ ਚੱਲ ਪੈਣਗੇ। ਕੌਮ ਵਿੱਚ ਏਕਤਾ ਕਿਵੇਂ ਰਹਿ ਸਕੇਗੀ? ਇਸੇ ਲਈ ਹੀ ਗੁਰੂ ਬਾਣੀ ਵਿੱਚ ਜ਼ਿਕਰ ਆਇਆ ਹੈ ਕਿ:

ਇਕਾ ਬਾਣੀ ਇਕੁ ਗੁਰੁ ਇੱਕੋ ਸਬਦੁ ਵੀਚਾਰਿ॥" (ਵਾਰ ਸੋਰਠਿ ਮਹਲਾ ੩, ਪੰ: ੬੪੬)

ਜਦ ਤੱਕ ਪੰਥ ਵਿੱਚ ਉਕਤ ਭਾਵ ਉਜਾਗਰ ਰਹੇਗਾ, ਧਾਰਮਕ ਤੇ ਭਾਵਕ ਏਕਤਾ ਸਦਾ ਬਣੀ ਰਹੇਗੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਕੋਟਾਨ ਕੋਟ ਧੰਨਵਾਦ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਸਾਰੀ ਕੌਮ ਨੂੰ ਇੱਕੋ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ। ਇਸ ਬਾਰੇ ਗਿਆਨੀ ਗਿਆਨ ਸਿੰਘ ਜੀ ਖ਼ੁਦ ਆਪਣੀ ਕਲਮ ਨਾਲ ਐਉਂ ਅੰਕਤ ਕਰਦੇ ਹਨ, 'ਕਲਗੀਧਰ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਸਾਰੇ ਸਿੰਘਾਂ ਨੇ ਅਰਜ਼ ਕੀਤੀ ਕਿ ਹੇ ਗ਼ਰੀਬ ਨਿਵਾਜ਼! ਸਾਨੂੰ ਕਿਸ ਗੁਰੂ ਦੇ ਲੜ ਲਾ ਚਲੇ ਹੋ? ਤਾਂ ਉੱਤਰ ਵਿੱਚ ਹਜ਼ੂਰ ਨੇ ਫ਼ੁਰਮਾਇਆ:

ਇਹੁ ਸੁਨਿ ਤਬ ਸਤਿਗੁਰੂ ਜੀ ਕਰਿ ਦਯਾ ਉਚਾਰਾ।
ਅਬ ਹਮ ਸੋ ਗੁਰ ਥਾਪ ਹੈਂ ਜੋ ਸਭਸੈਂ ਭਾਰਾ।
ਅਜਰ ਅਮਰ ਅਖੰਡ ਰਹਿ ਇਕ ਰਸ ਸਮ ਭਾਵੈ।
ਭੇਦ ਪੱਖ ਬਿਨ ਸਭੀ ਕੋ ਉਪਦੇਸ਼ ਦਿਢਾਵੈ।
ਇਮ ਕਹਿ ਗੁਰੂ ਗ੍ਰੰਥ ਕਾ ਪ੍ਰਕਾਸ਼ ਕਰਾਯੋ।
ਪੈਸੇ ਪੰਜ ਨਲੇਰ ਲੈ ਤਿਸ ਅਗ੍ਰ ਟਿਕਾਯੋ।
ਕਰਿ ਪ੍ਰਕਰਮਾ ਗੁਰੂ ਜੀ ਅਭਿ ਬੰਦਨ ਕੀਓ।
ਗੁਰੂ ਰੂਪ ਥਪ ਪੂਜ ਕੇ ਸਭ ਤੈ ਪੁਜਵੀਓ।

(ਸ੍ਰੀ ਗੁ: ਪੰ:ਪ੍ਰੰ: ਪੂ: ਬਿ: ੭੪)

ਗਿਆਨੀ ਜੀ ਦੀਆਂ ਆਪਣੀਆਂ ਉਪਰੋਕਤ ਤੇ ਹੋਰ ਰਚਨਾਵਾਂ ਵਿੱਚ ਲਿਖੀਆਂ ਲਿਖਤਾਂ ਤੋਂ ਪਾਠਕਾਂ ਦੇ ਮਨ ਵਿੱਚ ਉਨ੍ਹਾਂ ਦੇ ਗੁਰੂ ਨਿਸਚੇ ਬਾਰੇ ਕੋਈ ਵੀ ਸ਼ੱਕ ਬਾਕੀ ਨਹੀਂ ਰਹਿ ਜਾਂਦਾ। ਬਾਕੀ ਰਹੀ ਸੰਪ੍ਰਦਾਇਕ ਤੌਰ 'ਤੇ ਚੱਲ ਰਹੀ ਪਰੰਪਰਾ ਬਾਰੇ, ਸੋ ਮੈਂ ਆਪ ਖ਼ੁਦ ਨਿਰਮਲ ਸੰਪ੍ਰਦਾਇ ਦੇ ਮੁਖੀ ਪ੍ਰਤਿਸ਼ਠਤ ਸੰਤਾਂ, ਮਹੰਤਾਂ, ਸ੍ਰੀ ਮਹੰਤਾਂ ਨੂੰ ਮਿਲ ਕੇ ਪਤਾ ਕੀਤਾ ਹੈ। ਉਨ੍ਹਾਂ ਵਿੱਚ ਮੈਨੂੰ ਕੋਈ ਇਕ ਵੀ ਮਹਾਨ ਵਿਅਕਤੀ ਐਸਾ ਨਹੀਂ ਮਿਲਿਆ ਜੋ ਦਸ ਗੁਰੂ ਸਾਹਿਬਾਨ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੁੱਲ ਆਪਣੇ ਆਪ ਨੂੰ ਸਮਝਦਾ ਹੋਵੇ ਅਤੇ ਨ ਹੀ ਉਨ੍ਹਾਂ ਦਾ ਕੋਈ ਸ਼ਿਸ਼ ਹੀ ਉਨ੍ਹਾਂ ਲਈ ਐਸੇ ਭਾਵ ਆਪਣੇ ਮਨ ਵਿੱਚ ਰੱਖਦਾ ਹੈ। ਆਪਣੇ ਨਾਮ ਦਾਤੇ ਨੂੰ ਗੁਰੂ ਜਾਂ ਸਤਿਗੁਰੂ ਆਖਣਾ ਹਿੰਦੂ ਸੰਪ੍ਰਦਾਵਾਂ ਦੀ ਦੇਖਾ ਦੇਖੀ ਜਾਂ ਡੇਰਿਆਂ ਦੀਆਂ ਜਾਇਦਾਦਾਂ ਆਦਿ ਤੇ ਗੁਰੂ ਚੇਲਾ ਆਦਿ ਕਾਨੂੰਨੀ ਸ਼ਬਦਾਂ ਦੀ ਮਸਲਹਤ ਨੂੰ ਮੁੱਖ ਰੱਖ ਕੇ ਹੀ ਪ੍ਰਚਲਤ ਹੋਇਆ ਜਾਪਦਾ ਹੈ। ਇਕ ਹੋਰ ਸੁਆਦਲੀ ਗੱਲ ਇਹ ਹੈ ਕਿ ਪੰਥ ਪ੍ਰਕਾਸ਼ ਦੀ ਪਹਿਲੀ ਦਿੱਲੀ ਐਡੀਸ਼ਨ ਤੇ ਦੂਜੀ ਅੰਮ੍ਰਿਤਸਰ ਐਡੀਸ਼ਨ ਵਿੱਚ ਇਸ ਥਾਵੇਂ ਜਾਂ ਕਿਸੇ ਹੋਰ ਥਾਵੇਂ ਸੰਤ ਬੀਰ ਸਿੰਘ ਜੀ ਦਾ ਮੰਗਲ ਉੱਕਾ ਹੀ ਨਹੀਂ ਕੀਤਾ। ਆਪਣੀਆਂ ਹੋਰ ਕਾਵਿ-ਰਚਨਾਵਾਂ, ਜਿਹਾ ਕਿ ਕਥਾ ਪੂਰਨਮਾਸ਼ੀ, ਰਿਪਦਮਨ ਪ੍ਰਕਾਸ਼, ਗੁਰ ਧਾਮ ਸੰਗ੍ਰਹਿ, ਇਤਿਹਾਸ ਰਿਆਸਤ ਬਾਗੜੀਆਂ ਅਤੇ ਭੂਪਿੰਦਰ ਨੰਦ ਵਿੱਚ ਕਿਸੇ ਥਾਂ ਵੀ ਸੰਤ ਬੀਰ ਸਿੰਘ ਜੀ ਦਾ ਮੰਗਲ ਨਹੀਂ ਕੀਤਾ। ਇਸ ਲਈ ਏਥੇ ਮੰਗਲ ਕਰ ਕੇ ਕਵੀ ਜੀ ਨੇ ਉਨ੍ਹਾਂ ਨੂੰ ਬਤੌਰ ਆਪਣੇ ਸਿੱਖਿਆ ਦਾਤੇ (ਗੁਰਮੁਖਿ) ਦੇ ਹੀ ਯਾਦ ਕੀਤਾ ਹੈ। ਇਸੇ ਐਡੀਸ਼ਨ ਦੇ ਉੜ੍ਹਾਰਧ ਦੇ ਅੰਤਲੇ ਬਿਸ੍ਰਾਮ ਵਿੱਚ ਗਿਆਨੀ ਜੀ ਨੇ ਕਵਿ-ਬਿਰਤਾਂਤ ਦੇ ਸਿਰਲੇਖ ਹੇਠ ਆਪਣੀ ਸ੍ਵੈ-ਜੀਵਨੀ ਨੂੰ ਸੰਖਿਪਤ ਰੂਪ ਵਿੱਚ ਲਿਖਿਆ ਹੈ। ਉਥੇ ਵੀ ਉਨ੍ਹਾਂ ਸੰਤ ਬੀਰ ਸਿੰਘ ਜੀ ਨੂੰ ਦੈਸਿਕ, ਈਸ਼ਰ ਅਵਤਾਰ, ਸ੍ਰੀ ਮਹੰਤ, ਸੰਤ, ਬ੍ਰਹਮ ਗਜਾਨੀ, ਜਪੀ, ਤਪੀ, ਸਤੀ, ਜਤੀ, ਆਦਿ ਵਿਸ਼ੇਸ਼ਣਾਂ ਨਾਲ ਤਾਂ ਯਾਦ ਕੀਤਾ ਹੈ ਪਰ ਕਿਸੇ ਥਾਂ ਵੀ ਉਨ੍ਹਾਂ ਦੇ ਨਾਮ ਨਾਲ 'ਗੁਰੂ' ਸ਼ਬਦ ਦਾ ਪ੍ਰਯੋਗ ਨਹੀਂ ਕੀਤਾ; ਜਿਵੇਂ ਕਿ:

ਦੈਸਿਕ ਮੂਰਤਿ ਹਰਿ ਅਵਤਾਰੇ। ਬੀਰ ਗ੍ਰਿਗੇਸ ਬਸੇਸ ਨਿਹਾਰੇ॥ ... ...
ਸ੍ਰੀ ਮਹੰਤ, ਸੰਤ, ਬ੍ਰਹਮ ਗਜਾਨੀ। ਜਪੀ ਤਪੀ ਸਤਿ ਜਤੀ ਮਹਾਨੀ।
ਮੋਹਨਿ ਮੂਰਤਿ, ਆਨਦ ਪੂਰਤਿ। ਹਰਤ ਕਦੂਰਤ, ਅਜ਼ਮਤ ਮੂਰਤਿ।
ਕੋਮਲ ਚਿੱਤ ਸਭ ਕੇ ਹਿਤਕਾਰੀ। ਦਾਸਨ ਕੋ ਕਰਤੇ ਭਵ ਪਾਰੀ।

(ਸ੍ਰੀ ਗੁ: ਪੰ: ਪ੍ਰ: ਉ: ਬਿ: ੫੭)

ਉਪ੍ਰੋਕਤ ਸਾਰੀ ਵਿਚਾਰ ਤੋਂ ਅਸੀਂ ਇਸ ਸਿੱਟੇ 'ਤੇ ਪੁੱਜੇ ਹਾਂ ਕਿ ਗਿਆਨੀ ਗਿਆਨ ਸਿੰਘ ਜੀ ਨੇ ਆਪਣੇ ਸਿੱਖਿਆ ਦਾਤੇ ਤੇ ਨਾਮ ਅਭਿਆਸ ਦਾਤੇ ਸਤਿਕਾਰ ਯੋਗ ਸੰਤ ਬੀਰ ਸਿੰਘ ਜੀ ਦਾ ਏਥੇ ਮੰਗਲ ਬਤੌਰ 'ਗੁਰਮੁਖ' ਦੇ ਕੀਤਾ ਹੈ। ਜਿਸ ਭਾਵਨਾ ਨਾਲ ਉਨ੍ਹਾਂ ਇਹ ਮੰਗਲ ਕੀਤਾ ਹੈ ਸਾਨੂੰ ਵੀ ਉਸੇ ਹੀ ਭਾਵ ਵਿੱਚ ਸਮਝਣਾ ਚਾਹੀਦਾ ਹੈ।

੧੬. ਗੁਰਪੁਰੀ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਮਹਿਮਾ ਦਾ ਮੰਗਲ।

ਸ੍ਵੈਯਾ:

ਦੇਸਨ ਮੈ ਵਰ ਦੇਸ ਪੰਜਾਬ, ਅਜਾਇਬ ਜਾ ਸਮ ਔਰ ਨ ਦੇਸੂ।
ਤਾ ਮੱਧ ਏਕ ਸੁਧਾਸਰ ਸ਼ੈਹਰ, ਲੈਹਿਰਦਾਰ ਅਪਾਰ ਹਮੇਸ਼ੂ।
ਚੌਦਸ ਲੋਕਨ ਕੀ ਸੁਖ ਸੰਪਤਿ, ਔ ਬਿਧਿ ਕੀ ਨਿਪੁਨਾਈ ਅਸੇਸੂ।
ਆਨ ਬਟੋਰ ਧਰੀ ਸਗਰੀ, ਜਨ ਰਾਮ ਸੁ ਦਾਸ ਸ਼੍ਰੀ ਗੁਰ ਵੇਸੁ ॥੨੩॥

ਪਦਅਰਥ:

ਦੇਸਨ ਮੈ=ਦੇਸਾਂ ਵਿੱਚੋਂ। ਵਰ=ਸ੍ਰੇਸ਼ਟ। ਅਜਾਇਬ=ਅਸਚਰਜ, ਅਣੋਖਾ। ਜਾ ਸਮ=ਜਿਸ ਵਰਗਾ। ਔਰ=ਹੋਰ। ਤਾਂ ਮੱਧ=ਤਿਸ (ਪੰਜਾਬ ਦੇਸ਼ ਦੇ) ਵਿਚਕਾਰ। ਸੁਧਾਸਰ=ਅੰਮ੍ਰਿਤਸਰ। ਲੈਹਿਰਦਾਰ=ਅਨੰਦ ਦੇਣ ਵਾਲਾ। ਅਪਾਰ=ਬਹੁਤਾ। ਹਮੇਸ਼ੂ=ਸਦਾ। ਸੰਪਤਿ=ਬਿਭੂਤੀ, ਸਮੱਗ੍ਰੀ। ਔ=ਅਤੇ। ਬਿਧਿ=ਬ੍ਰਹਮਾ ਦੀ। ਨਿਪੁਨਾਈ=ਚਤੁਰਾਈ। ਅਸੇਸੂ=ਸਾਰੀ, ਬਹੁਤੀ। ਆਨਿ=ਲਿਆ ਕੇ। ਬਟੋਰ=ਇਕੱਠੀ ਕਰ ਕੇ। ਧਰੀ=ਰੱਖੀ। ਸਗਰੀ=ਸਾਰੀ। ਜਨ=ਮਾਨੋ, ਜਾਣੋ। ਰਾਮ ਸੁ ਦਾਸ ਸ੍ਰੀ ਗੁਰ=ਸ੍ਰੀ ਗੁਰੂ ਰਾਮਦਾਸ ਜੀ ਨੇ। ਵੇਸੁ=ਸ੍ਰੇਸ਼ਟ, ਉੱਤਮ।

ਅਰਥ:

੧. (ਸਾਰੇ) ਦੇਸ਼ਾਂ ਵਿੱਚੋਂ ਸ੍ਰੇਸ਼ਟ ਤੇ ਅਣੋਖਾ ਦੇਸ਼ 'ਪੰਜਾਬ' ਹੈ ਜਿਸ ਵਰਗਾ ਸਾਰੀ ਦੁਨੀਆਂ ਵਿੱਚ ਹੋਰ ਕੋਈ ਵੀ ਦੇਸ਼ ਨਹੀਂ ਹੈ।

੨. (ਤਿਸ) ਪੰਜਾਬ ਦੇ (ਐਨ) ਵਿਚਕਾਰ ਸਦਾ ਹੀ ਬਹੁਤਾ ਅਨੰਦ ਦੇਣ ਵਾਲਾ ਇਕ ਸ੍ਰੀ ਅੰਮ੍ਰਿਤਸਰ ਸ਼ਹਿਰ ਹੈ।

੩. ਜਾਣੋ ਚੌਦਾਂ ਲੋਕਾਂ ਦਾ ਸੁਖ, ਸਮੱਗ੍ਰੀ ਤੇ ਬ੍ਰਹਮਾ ਦੀ ਬਹੁਤੀ ਚਤੁਰਾਈ।

੪. ਮਾਨੋ ਸ੍ਰੀ ਗੁਰੂ ਰਾਮਦਾਸ ਜੀ ਨੇ ਲਿਆ ਕੇ (ਇਸ ਸ਼ਹਿਰ ਵਿੱਚ) ਸਾਰੀ ਇਕੱਠੀ ਕਰ ਕੇਰੱਖ ਦਿੱਤੀ ਹੈ।

ਸ੍ਵੈਯਾ:

ਫਾਬੀ ਰਹੈ ਬਰ ਆਬੀ ਅਦਾ ਜਹਿ, ਦਾਬੀ ਰਹੇ ਧਰ ਧੂਰਿ ਕਨੀਕੇ।
ਰਾਵੀ ਬਹੈ ਦਗਰੈਂ ਬਗਰੈਂ ਡਗਰੈਂ, ਸਗਰੈਂ ਨਗਰੈਂ ਦਰ ਨੀਕੇ।
ਚਾਰੁ ਪਵਿੱਤ੍ਰ ਬਚਿੱਤ੍ਰ ਸੁ ਚਿੱਤ੍ਰਤ, ਮੰਦਰ ਸਾਮ ਪੁਰੰਦਰ ਜੀ ਕੇ।
ਦੇਵਨ ਸੇ ਨਰ ਨਾਰਿ ਸਬੈ ਸੁਠ, ਰੂਪ ਫਬੈਂ ਸਮ ਮੈਨ ਰਤੀ ਕੇ ॥੨੪॥

ਪਦਅਰਥ:

ਫਾਬੀ ਰਹੇ=ਫਬੀ ਰਹਿੰਦੀ ਹੈ। ਬਰ=ਸ੍ਰੇਸ਼ਟ। ਆਬੀ=ਤਰਾਵਟ, ਨਮੀ। ਦਾਬੀ ਰਹੇ=ਦੱਬੇ ਰਹਿੰਦੇ ਹਨ। ਧਰ=ਧਰਤੀ ਦੀ। ਧੂਰਿ ਕਨੀਕੇ=ਧੂੜ ਦੇ ਕਿਨਕੇ। ਰਾਵੀ=ਨਦੀ ਦਾ ਨਾਮ। ਬਹੈ=ਵਗਦੀ ਹੈ। ਦਗਰੈਂ=ਛੋਟੇ ਰਸਤੇ ਭਾਵ ਗਲੀਆਂ। ਬਗਰੈਂ=ਘਰਾਂ ਵਿੱਚ। ਡਗਰੈਂ=ਵੱਡੇਰਸਤੇ ਭਾਵ ਸੜਕਾਂ। ਦਰ=ਦਰਵਾਜ਼ੇ। ਨੀਕੇ=ਸੁੰਦਰ। ਚਾਰੁ=ਸੁੰਦਰ। ਬਚਿੱਤ੍ਰ=ਅਸਚਰਜ, ਅਣੋਖੇ, ਰੰਗ ਬਰੰਗੇ। ਸੁ ਚਿੱਤ੍ਰਤ=ਚੰਗੀ ਚਿਤ੍ਰਕਾਰੀ ਵਾਲੇ। ਸਾਮ=ਬਰਾਬਰ, ਵਰਗੇ। ਪੁਰੰਦਰ=ਦੇਵਤਿਆਂ ਦਾਰਾਜਾ, ਇੰਦ੍ਰ। ਦੇਵਨ ਸੇ=ਦੇਵਤਿਆਂ ਵਰਗੇ। ਸੁਠ=ਸੁੰਦਰ। ਸਮ=ਵਾਂਗ। ਮੈਨ=ਕਾਮਦੇਵ। ਰਤੀ=ਕਾਮਦੇਵ ਦੀ ਇਸਤ੍ਰੀ।

ਅਰਥ:

੧. ਜਿਸ (ਅੰਮ੍ਰਿਤਸਰ ਸ਼ਹਿਰ) ਵਿੱਚ ਸਦਾ ਹੀ ਤਰਾਵਟ ਫਬੀ ਰਹਿੰਦੀ ਹੈ ਅਤੇ ਧਰਤੀ ਦੀ ਧੂੜ ਦੇ ਕਿਣਕੇ ਦੱਬੇ ਰਹਿੰਦੇ ਹਨ।

੨. ਰਾਵੀ (ਨਦੀ) ਸ਼ਹਿਰ ਦੀਆਂ ਗਲੀਆਂ, ਘਰਾਂ ਅਤੇ ਸੜਕਾਂ ਦੇ ਵਿੱਚ ਦੀ (ਨਹਿਰਾਂ, ਸੂਇਆਂ, ਕੱਸੀਆਂ ਤੇ ਖਾਲ੍ਹਾਂ ਦੇ ਰੂਪ ਵਿੱਚ) ਵਗ ਰਹੀ ਹੈ। ਸ਼ਹਿਰ ਦੇ ਸਾਰੇ ਦਰਵਾਜ਼ੇ (ਬਹੁਤ) ਸੁੰਦਰ ਹਨ।

੩. (ਇਸ ਸ਼ਹਿਰ ਦੇ ਸਾਰੇ) ਸੁੰਦਰ, ਪਵਿੱਤ੍ਰ ਤੇ ਰੰਗ ਬਰੰਗੀਆਂ ਚਿਤ੍ਰਕਾਰੀਆਂ ਵਾਲੇ ਮਕਾਨ (ਦੇਵਤਿਆਂ ਦੇ ਰਾਜੇ) ਇੰਦ੍ਰ ਜੀ ਦੇ ਮੰਦਰਾਂ ਵਰਗੇ (ਬਹੁਤ ਉੱਤਮ ਬਣੇ ਹੋਏ ਹਨ)।

੪. (ਏਥੋਂ ਦੇ) ਸਾਰੇ ਮਰਦ ਇਸਤ੍ਰੀਆਂ ਦੇਵਤਿਆਂ ਵਰਗੇ ਸੁੰਦਰ ਹਨ (ਉਨ੍ਹਾਂ ਦੇ ਸੁੰਦਰ ਰੂਪ) ਕਾਮਦੇਵ ਤੇ (ਉਸ ਦੀ ਇਸਤ੍ਰੀ) ਰਤੀ ਵਾਂਗ ਫਬ ਰਹੇ ਹਨ।

ਸ੍ਵੈਯਾ:

ਹਾਟਕ ਸੋਂ ਭਰ ਹਾਟਿ ਰਹੀ, ਕਬਿ ਘਾਟ ਨ ਹੋਵਤ ਠਾਟ ਮਨੀ ਕੇ।
ਲੋਗ ਮਹਾਜਨ ਭੂਰ ਧਨੀ ਸਭ, ਛਾਜਤ ਸਾਮ ਧਨੇਸ ਧਨੀ ਕੇ।
ਪੁਰ ਰੰਮ ਨ ਦਾਰਦ ਗੰਮ ਜਹਾਂ, ਸੁ ਧਰੰਮ ਧੁਰੀਨ ਸਬੈ ਜਨ ਨੀਕੇ।
ਕਹਿ ਕੌਨ ਸਕੈ ਉਪਮਾ ਗੁਰ ਕੇ ਪੁਰ ਕੀ, ਜਹਿਂ ਜ਼ਾਹਰ ਕੁੰਡ ਅਮੀ ਕੇ ॥੨੫॥

ਪਦਅਰਥ:

ਹਾਟਕ=ਸੋਨੇ। ਸੋਂ=ਨਾਲ। ਹਾਟਿ=ਹੱਟੀਆਂ, ਦੁਕਾਨਾਂ। ਠਾਟ=ਸਾਮਾਨ। ਮਨੀ ਕੇ=ਮਣੀਆਂ (ਪੰਨੇ, ਹੀਰੇ, ਸਬਜ਼ੇ, ਰਤਨ ਤੇ ਜਵਾਹਰਾਤਾਂ) ਦੇ। ਮਹਾਜਨ=ਸੇਠ, ਸ਼ਾਹੂਕਾਰ। ਭੂਰ ਧਨੀ=ਬਹੁਤੇ ਧਨ ਵਾਲੇ। ਛਾਜਤ=ਫਬ ਰਹੇ ਹਨ। ਸਾਮ=ਸਮਾਨ, ਵਾਂਗ। ਧਨੇਸ=(ਦੇਵਤਿਆਂ ਦਾ ਖ਼ਜ਼ਾਨਚੀ) ਕੁਬੇਰ। ਪੁਰ=ਸ਼ਹਿਰ। ਰੰਮ=ਸੁੰਦਰ। ਦਾਰਦ=ਗ਼ਰੀਬੀ ਦਾ। ਗੰਮ=ਫ਼ਿਕਰ, ਚਿੰਤਾ। ਧਰੰਮ

ਧੁਰੀਨ=ਧਰਮ (ਦੇ ਕੰਮ) ਵਿੱਚ ਮੁਖੀ ਹਨ। ਜ਼ਾਹਰ=ਪ੍ਰਗਟ ਹੈ। ਕੁੰਡ=ਤਲਾ, ਸਰੋਵਰ। ਅਮੀ ਕੇ=ਅੰਮ੍ਰਿਤ ਦਾ ਭਾਵ ਅੰਮ੍ਰਿਤ ਦਾ ਸਰੋਵਰ, ਸ੍ਰੀ ਅੰਮ੍ਰਿਤਸਰ। ਅਰਥ:

੧. (ਅੰਮ੍ਰਿਤਸਰ ਸ਼ਹਿਰ ਦੀਆਂ) ਦੁਕਾਨਾਂ ਸੋਨੇ ਨਾਲ ਭਰੀਆਂ ਪਈਆਂ ਹਨ, ਜਿਨ੍ਹਾਂ ਵਿੱਚ ਮਣੀਆਂ ਆਦਿ ਦੇ ਸਾਮਾਨ ਦੀ ਕਦੇ ਘਾਟ ਨਹੀਂ ਹੁੰਦੀ।

੨. (ਇਥੋਂ ਦੇ) ਸ਼ਾਹੂਕਾਰ ਲੋਕ ਬਹੁਤ ਵੱਡੇ ਧਨੀ ਹਨ। (ਆਪੋ ਆਪਣੀਆਂ ਦੁਕਾਨਾਂ 'ਚ ਬੈਠੇ, ਦੇਵਤਿਆਂ ਦੇ ਖ਼ਜ਼ਾਨਚੀ) ਕੁਬੇਰ ਵਾਂਗ ਫਬ ਰਹੇ ਹਨ।

੩. ਸ਼ਹਿਰ ਬਹੁਤ ਸੁੰਦਰ ਹੈ ਜਿੱਥੇ ਗ਼ਰੀਬੀ ਦਾ ਕੋਈ ਫ਼ਿਕਰ ਨਹੀਂ ਹੈ (ਭਾਵ ਏਥੇ ਕਾਰੋਬਾਰ ਤੇ ਰੁਜ਼ਗਾਰ ਆਮ ਮਿਲਦਾ ਹੈ, ਸ਼ਹਿਰ ਦੇ) ਸਾਰੇ ਲੋਕ ਚੰਗੇ (ਸੁਭਾਵ ਵਾਲੇ) ਤੇ ਧਰਮ (ਦੇ ਕੰਮਾਂ) ਵਿੱਚ ਮੁੱਖੀ ਹਨ।

੪. ਗੁਰਾਂ ਦੇ (ਇਸ) ਸ਼ਹਿਰ (ਅੰਮ੍ਰਿਤਸਰ ਦੀ ਸਾਰੀ) ਉਪਮਾ ਕੌਣ (ਕਵੀ) ਕਹਿ ਸਕਦਾ ਹੈ? ਜਿੱਥੇ ਪ੍ਰਤੱਖ ਹੀ ਅੰਮ੍ਰਿਤ ਦੇ ਸਰੋਵਰ (ਵਿੱਚ ਸੰਗਤਾਂ ਇਸ਼ਨਾਨ ਕਰ ਕੇ ਤੇ ਅੰਮ੍ਰਿਤ ਪੀ ਕੇ ਆਪਣਾ ਜਨਮ ਸਫ਼ਲ ਕਰ ਰਹੀਆਂ) ਹਨ।

ਭਾਵ ਕਵੀ ਜੀ ਨੇ ਉਪ੍ਰੋਕਤ ਤਿੰਨਾਂ ਅੰਕਾਂ ੨੩, ੨੪ ਅਤੇ ੨੫ ਵਿੱਚ ਪਰਮ ਪਾਵਨ ਗੁਰਪੁਰੀ ਸ੍ਰੀ ਅੰਮ੍ਰਿਤਸਰ ਦੀ ਸੁੰਦਰਤਾ, ਸੁਖ, ਸੰਪੱਤੀ, ਆਬਾਦੀ, ਵਪਾਰ ਆਦਿ ਦਾ ਵਰਨਣ ਕਰਦਿਆਂ ਸ਼ਹਿਰ ਦੀ ਉਸਤਤ-ਰੂਪ ਮੰਗਲ ਕੀਤਾ ਹੈ। ਆਪ ਪਹਿਲੇ ਸਿੱਖ ਕਵੀ ਹਨ ਜਿਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਦੀ ਮਹਿਮਾ ਨੂੰ ਆਪਣੇ ਰਚਿਤ ਕਾਵਿ ਗ੍ਰੰਥ ਦੇ ਮੰਗਲਾ ਚਰਨਾਂ ਵਿੱਚ ਥਾਂ ਦਿੱਤੀ ਹੈ। ਇਹ ਉਨ੍ਹਾਂ ਦੀ ਸ੍ਰੀ ਅੰਮ੍ਰਿਤਸਰ ਲਈ ਅਗਾਧ ਸ਼ਰਧਾ ਦਾ ਸੂਚਕ ਹੈ। ਆਪ ਦਾ ਵਰਣਨ, ਅਪੂਰਬ ਤੇ ਅਛੂਤੇ ਢੰਗ ਦਾ ਹੈ। ੨੩ ਅੰਕ ਦੇ ਅਰੰਭ ਵਿੱਚ ਪੰਜਾਬ ਦੇਸ਼ ਨੂੰ ਲਾਸਾਨੀ ਤੇ ਬੇਮਿਸਾਲ ਆਖਦੇ ਹਨ ਇਸ ਤਰ੍ਹਾਂ ਉਨ੍ਹਾਂ ਆਪਣੀ ਮਾਤ੍ਰ ਭੂਮੀ ਪ੍ਰਤੀ ਆਪਣੇ ਆਤਮਕ ਪਿਆਰ ਦੇ ਜਜ਼ਬੇ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬ ਪਹਿਲਾਂ ਵੀ ਤੇ ਹੁਣ ਵੀ ਜ਼ਰਖ਼ੇਜ਼ ਜ਼ਮੀਨ, ਪੈਦਾਵਾਰ (ਅੰਨ, ਪਾਣੀ, ਬਿਜਲੀ), ਰਹਿਣ ਸਹਿਣ, ਜੀਅ ਪ੍ਰਤੀ ਔਸਤ ਆਮਦਨ, ਕੁਰਬਾਨੀ, ਦਾਨ, ਸਰੂ-ਕੱਦ ਜਵਾਨ ਤੇ ਜੰਗਾਂ ਵਿੱਚ ਕੀਤੀਆਂ ਬਹਾਦਰੀਆਂ ਦੇ ਕਾਰਨ ਜਗਤ ਪ੍ਰਸਿੱਧ ਹੈ। ਗੁਰੂ ਸਾਹਿਬਾਨ ਦੀ ਛੁਹ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੇ ਇਸ ਨੂੰ ਅਦੁੱਤੀ ਬਣਾਣ ਵਿੱਚ ਮਹਾਨ ਹਿੱਸਾ ਪਾਇਆ ਹੈ। ਇਸੇ ਲਈ ਹੁਣ ਵੀ ਪੰਜਾਬ ਨੂੰ ਭਾਰਤ ਦਾ ਸਿਰ ਜਾਂ ਤਲਵਾਰ ਵਾਲੀ ਬਾਂਹ (ਭਾਵ ਰੱਖਿਅਕ) ਨਾਲ ਤੁਲਨਾ ਦਿੱਤੀ ਜਾਂਦੀ ਹੈ। ਉਸ ਪਹਿਲੇ ਅਣਵੰਡੇ ਪੰਜਾਬ ਦੇ ਐਨ ਵਿਚਕਾਰ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਵਸਾਇਆ ਇਹ ਗੁਰ ਪੁਰ ਸ੍ਰੀ ਅੰਮ੍ਰਿਤਸਰ ਸ਼ਹਿਰ ਹੈ ਜੋ ਉੱਤਰੀ ਭਾਰਤ ਦਾ ਬਹੁਤ ਵੱਡਾ ਤਜਾਰਤੀ ਕੇਂਦਰ ਹੈ। ਏਥੋਂ ਦੀ ਮਸ਼ੀਨਰੀ ਤੇ ਦਸਤਕਾਰੀ ਦਾ ਬਣਿਆ ਹੋਇਆ ਕਪੜਾ ਤੇ ਹੋਰ ਸਾਮਾਨ ਭਾਰੀ ਮਿਕਦਾਰ ਵਿੱਚ ਦੂਜੇ ਪ੍ਰਾਂਤਾਂ ਤੇ ਬਾਹਰਲੇ ਦੇਸ਼ਾਂ ਨੂੰ ਜਾਂਦਾ ਹੈ। ਸਨਅਤ ਵਿੱਚ ਦਿਨ ਦੁਣੀ ਤੇ ਰਾਤ ਚੌਗੁਣੀ ਤਰੱਕੀ ਹੋ ਰਹੀ ਹੈ। ਸ਼ਹਿਰ ਦੇ ਬਾਹਰਵਾਰ ਰਾਵੀ ਦਰਿਆ 'ਚੋਂ ਨਿਕਲੀ ਨਹਿਰ ਦਾ ਪਾਣੀ ਸੂਇਆਂ, ਕੱਸੀਆਂ ਤੇ ਖਾਲ੍ਹਾਂ ਰਾਹੀਂ ਸ਼ਹਿਰ ਦੇ ਬਾਹਰਵਾਰ ਤੇ ਅੰਦਰਵਾਰ ਫਲਾਂ ਤੇ ਫੁੱਲਾਂ ਦੇ ਲੱਗੇ ਬਾਗ਼ ਬਗ਼ੀਚਿਆਂ ਨੂੰ ਸਿੰਜ ਕੇ ਸਰਸਬਜ਼ ਕਰ ਰਿਹਾ ਹੈ। ਉਸੇ ਪਾਣੀ ਦੇ ਛਿੜਕਾ ਨਾਲ ਸ਼ਹਿਰ ਦੀਆਂ ਸੜਕਾਂ ਤੇ ਗਲੀਆਂ ਦਾ ਮਿੱਟੀ ਘੱਟਾ ਦੱਬਿਆ ਰਹਿੰਦਾ ਹੈ। ਰੰਗ-ਬਰੰਗੇ ਫੁੱਲਾਂ ਦੀ ਮਹਿਕ ਨਾਲ ਸਾਰਾ ਸ਼ਹਿਰ ਸੁਗੰਧਿਤ ਹੋ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਯਾਦ ਵਿੱਚ ਉਨ੍ਹਾਂ ਦੇ ਨਾਮ ਉਪਰ ਲਾਇਆ ਹੋਇਆ 'ਰਾਮ ਬਾਗ' ਤੇ ਬਾਰਾਂ ਦਰੀ (ਰਣਜੀਤ ਸਿੰਘ ਹਾਲ) ਤੇ ਸ੍ਰੀ ਗੁਰੂ ਗੋਬਿੰਦ ਜੀ ਮਹਾਰਾਜ ਦੇ ਨਾਮ 'ਤੇ ਬਣਾਇਆ 'ਗੋਬਿੰਦਗੜ੍ਹ ਕਿਲ੍ਹਾ' ਇਸ ਸ਼ਹਿਰ ਦੀ ਸ਼ੋਭਾ ਨੂੰ ਚਾਰ ਚੰਦ ਲਾਰਹੇ ਹਨ। ਜਲ੍ਹਿਆਂ ਵਾਲਾ ਬਾਗ਼ ਨੈਸ਼ਨਲ ਮੈਮੋਰੀਅਲ; ਜੋ ੪੫ ਫੁੱਟ ਉੱਚਾ ਲਾਲ ਪੱਥਰ ਦਾ ਬਣਿਆ ਹੋਇਆ ਹੈ, ਜੋ ੧੯੧੯ ਈ: ਦੇ ਸ਼ਹੀਦਾਂ ਦੀ ਅਮਿੱਟ ਯਾਦਗਾਰ ਹੈ, ਵੇਖਣ ਯੋਗ ਅਸਥਾਨ ਹੈ। ਵੀ. ਜੇ. ਹਸਪਤਾਲ ਤੇ ਉਸ ਦੀਆਂ ਸਬੰਧਤ ਸ਼ਾਖ਼ਾਂ 'ਚੋਂ ਹਜ਼ਾਰਾਂ ਮਰੀਜ਼ ਅਰੋਗ ਹੋ ਕੇ ਜਾਂਦੇ ਹਨ। ਸ਼ਹਿਰ ਵਿੱਚ ਕਈ ਸਕੂਲਾਂ ਤੇ ਕਾਲਜਾਂ ਦੀਆਂ ਸੁੰਦਰ ਇਮਾਰਤਾਂ ਹਨ ਪਰ 'ਖ਼ਾਲਸਾ ਕਾਲਜ' ਦੀ ਸੁੰਦਰ ਬਿਲਡਿੰਗ ਤਾਂ ਦੇਖਣ ਨਾਲ ਹੀ ਸੰਬੰਧ ਰੱਖਦੀ ਹੈ। ਉਸ ਦੀਆਂ ਖੁੱਲ੍ਹੀਆਂ ਗਰਾਊਂਡਾਂ ਤੇ ਖੇਤੀਬਾੜੀ ਫ਼ਾਰਮ ਵੀ ਵਧੀਆ ਨਮੂਨਾ ਪੇਸ਼ ਕਰ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪੰਜ ਸੌ (੫੦੦) ਸਾਲਾ ਪ੍ਰਕਾਸ਼ ਉਤਸਵ ਦੀ ਖ਼ੁਸ਼ੀ ਤੇ ਯਾਦ ਵੱਲੋਂ ਆਪਣੀ ਸੱਚੀ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬ ਸਰਕਾਰ ਵੱਲੋਂ ਖ਼ਾਲਸਾ ਕਾਲਜ ਦੇ ਨਾਲ ਲੱਗਦੀ ਜ਼ਮੀਨ ਵਿੱਚ ਜੀ.ਟੀ.ਰੋਡ ਦੇ ਉਪਰ ੨੪ ਨਵੰਬਰ ਨੂੰ ਭਾਰਤ ਦੇ ਰਾਸ਼ਟਰਪਤੀ ਡਾ: ਵੀ. ਵੀ. ਗਿਰੀ ਦੇ ਹੱਥੋਂ 'ਗੁਰੂ ਨਾਨਕ ਯੂਨੀਵਰਸਿਟੀ' ਦਾ ਨੀਂਹ

ਪੱਥਰ ਰਖਾਇਆ ਗਿਆ ਹੈ, ਜਿਸ ਦੀਆਂ ਨਵੇਂ ਡੀਜ਼ਾਇਨਾਂ ਦੀਆਂ ਸੁੰਦਰ ਤੇ ਦਿਲਕਸ਼ ਬਿਲਡਿੰਗਾਂ ਅੰਮ੍ਰਿਤਸਰ ਸ਼ਹਿਰ ਦੀ ਸੁੰਦਰਤਾ ਨੂੰ ਹੋਰ ਵੀ ਚਾਰ ਚੰਨ ਲਾ ਦੇਣਗੀਆਂ। ਸ਼ਹਿਰ ਤੇ ਛੇਹਰਟੇ ਦੀਆਂ ਵੰਨ-ਸੁਵੰਨੀਆਂ ਮਿੱਲਾਂ ਨੇ ਵੀ ਸ਼ਹਿਰ ਦੀ ਰੌਣਕ ਵਿੱਚ ਵਾਧਾ ਕਰਨ ਵਿੱਚ ਕੋਈ ਘੱਟ ਹਿੱਸਾ ਨਹੀਂ ਪਾਇਆ। ਸ਼ਹਿਰ ਦੇ ਅੰਦਰ ਦੀਆਂ ਪੁਰਾਣੀਆਂ ਸੁੰਦਰ ਤੇ ਕੀਮਤੀ ਚਿਤ੍ਰਤ ਇਮਾਰਤਾਂ ਅਤੇ ਬਾਹਰ ਦੀਆਂ ਖੁੱਲ੍ਹੀਆਂ ਸੜਕਾਂ ਦੇ ਕਿਨਾਰੇ ਬਣੀਆਂ ਨਵੇਂ ਡੀਜ਼ਾਇਨਾਂ ਦੀਆਂ ਕੋਠੀਆਂ ਤੇ ਬੰਗਲੇ ਸ਼ਹਿਰ ਦੀ ਸੁੰਦਰਤਾ ਵਿੱਚ ਅਨੂਪਮ ਵਾਧਾ ਕਰ ਰਹੇ ਹਨ। ਪੁਰਾਣੇ ਸ਼ਹਿਰ ਦੇ ਇਰਦ ਗਿਰਦ ਹਿਫ਼ਾਜ਼ਤੀ ਪ੍ਰਬੰਧ ਵਜੋਂ ਮਹਾਰਾਜਾ ਰਣਜੀਤ ਸਿੰਘ ਦੀ ਬਣਾਈ ਕਾਫ਼ੀ ਚੌੜੀ ਫ਼ਸੀਲ ਤੇ ਬਾਰਾਂ ਵੱਡੇ ਦਰਵਾਜ਼ੇ ਆਪਣੀ ਖਸਤਾ ਹਾਲਤ ਵਿੱਚ ਵੀ ਸਿੱਖ ਰਾਜ ਦੀ ਅਜ਼ੀਮ ਸ਼ਾਨੋ ਸ਼ੌਕਤ ਦਾ ਦਿਲਕਸ਼ ਮਨਜ਼ਰ ਪੇਸ਼ ਕਰ ਰਹੇ ਦਿਖਾਈ ਦੇਂਦੇ ਹਨ। ਏਥੇ ਸੁੰਦਰ ਬਾਜ਼ਾਰਾਂ ਦੀਆਂ ਹੱਟੀਆਂ ਕਪੜੇ ਤੇ ਹੋਰ ਸਾਮਾਨ ਨਾਲ ਮੂੰਹ ਤੱਕ ਭਰੀਆਂ ਪਈਆਂ ਹਨ। ਖ਼ਾਸ ਕਰ 'ਗੁਰੂ ਕੇ ਮਹਿਲਾਂ' ਦੇ ਨਜ਼ਦੀਕ ਗੁਰੂ ਜੀ ਦੇ ਆਪਣੇ ਬਣਾਏ ਹੋਏ ਪਹਿਲੇ ਬਾਜ਼ਾਰ 'ਗੁਰੂ ਬਾਜ਼ਾਰ' ਵਿੱਚ ਕੀਮਤੀ ਵਸਤੂਆਂ ਜਿਹਾ ਕਿ ਸੋਨਾ, ਚਾਂਦੀ, ਹੀਰੇ, ਜਵਾਹਰਾਤ, ਸਬਜ਼ੇ, ਰਤਨ, ਨੀਲਮ, ਪੰਨੇ ਤੇ ਪੁਖਰਾਜ ਆਦਿ ਦਾ ਵਪਾਰ ਸਭ ਸ਼ਹਿਰਾਂ ਤੋਂ ਵੱਧ ਹੁੰਦਾ ਹੈ। ਸ੍ਰੀ ਅੰਮ੍ਰਿਤਸਰ ਵਾਂਗ ਹੀ ਇਸ ਸ਼ਹਿਰ ਦੇ ਵਪਾਰੀਆਂ ਨੂੰ ਵੀ ਜਗਤ ਪ੍ਰਸਿੱਧੀ ਪ੍ਰਾਪਤ ਹੈ। ਆਬਾਦੀ ਬਹੁਤ ਸੰਘਣੀ ਹੈ। ਆਦਮ ਗਿਣਤੀ ਚਾਰ ਲੱਖ ਤੋਂ ਉੱਪਰ ਹੈ। ਦੀਵਾਲੀ, ਵਿਸਾਖੀ, ਬਾਰਾਂ ਹੀ ਮੱਸਿਆ ਤੇ ਹੋਰ ਗੁਰਪੁਰਬਾਂ ਦੇ ਜੋੜ ਮੇਲਿਆਂ ਤੇ ਇਨ੍ਹਾਂ ਸਮੇਂ ਲੱਗਣ ਵਾਲੀਆਂ ਮੰਡੀਆਂ ਦੇ ਕਾਰਨ ਏਥੋਂ ਦੇ ਕਾਰੋਬਾਰ ਵਿੱਚ ਬੇਅੰਤ ਵਾਧਾ ਹੁੰਦਾ ਰਹਿੰਦਾ ਹੈ। ਏਥੇ ਏਨਾ ਵਾਪਾਰ ਤੇ ਕਾਰੋਬਾਰ ਹੈ ਜੋ ਕੋਈ ਵੀ ਬੰਦਾ ਬੇਰੁਜ਼ਗਾਰ ਨਹੀਂ ਰਹਿੰਦਾ। ਲਾਵਾਰਸ ਯਤੀਮ, ਲੂਲ੍ਹੇ, ਲੰਗੜੇ, ਅੰਨ੍ਹੇ, ਕਾਣੇ ਤੇ ਹੋਰ ਅੰਗ ਹੀਣ ਮਰਦ-ਇਸਤ੍ਰੀਆਂ ਦੇ ਮੁਫ਼ਤ ਇਲਾਜ ਤੇ ਸੇਵਾ ਸੰਭਾਲ ਲਈ ਭਗਤ ਪੂਰਨ ਸਿੰਘ ਦਾ ਚਲਾਇਆ ਹੋਇਆ ਆਸ਼੍ਰਮ 'ਪਿੰਗਲਵਾੜਾ' ਆਪਣੀ ਮਿਸਾਲ ਆਪ ਹੈ। ਆਮ ਗ਼ਰੀਬਾਂ, ਮੁਸਾਫ਼ਰਾਂ ਤੇ ਯਾਤਰੂਆਂ ਦੀ ਸਹੂਲਤ ਲਈ ਸ੍ਰੀ ਗੁਰੂ ਰਾਮਦਾਸ ਲੰਗਰ (ਅੰਨ ਛਕਣ ਲਈ), ਸ੍ਰੀ ਗੁਰੂ ਰਾਮਦਾਸ ਨਿਵਾਸ (ਸਰਾਂ ਰਿਹਾਇਸ਼ ਲਈ) ਤੇ ਸ੍ਰੀ ਗੁਰੂ ਰਾਮਦਾਸ ਫ੍ਰੀ ਹਸਪਤਾਲ (ਇਲਾਜ ਲਈ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਮਹਾਨ ਸੇਵਾ ਕੇਂਦਰ ਹਨ। ਬੇਅੰਤ ਗ਼ਰੀਬ ਗ਼ੁਰਬੇ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੇ ਨਜ਼ਦੀਕ ਅਤੇ ਬਾਬਾ ਅਟੱਲ ਰਾਇ ਜੀ ਦੇ ਯਾਦਗਾਰੀ ਅਸਥਾਨ ਦੇ ਨੇੜੇ 'ਬਾਬਾ ਅਟੱਲ, ਪੱਕੀਆਂ ਪਕਾਈਆਂ ਘੱਲ' ਦੇ ਨਾਹਰੇ ਲਾਉਂਦੇ ਛੱਤੀਹ ਪ੍ਰਕਾਰ ਦੇ ਭੋਜਨਾਂ ਨਾਲ ਤ੍ਰਿਪਤ ਹੋ ਰਹੇ ਹਨ। ਇਥੋਂ ਦੇ ਲੋਕ ਕਪੜੇ ਤੇ ਗਹਿਣਿਆਂ ਦੇ ਸ਼ੌਕੀਨ ਤੇ ਵਧੇਰੇ ਸਜ ਫਬ ਵਿੱਚ ਲੱਗੇ ਰਹਿੰਦੇ ਹਨ। ਇਸੇ ਲਈ ਕਵੀ ਜੀ ਕਹਿੰਦੇ ਹਨ 'ਸਮ ਸੈਨ ਰਤੀ ਕੇ'। ਲੋਕਾਂ ਦੇ ਮਨਾਂ ਵਿੱਚ ਧਰਮ ਸਮਾਇਆ ਹੋਇਆ ਹੈ। ਪੁੰਨ ਦਾਨ ਦਾ ਜਜ਼ਬਾ ਅਧਿਕ ਹੈ, ਖ਼ਾਸ ਕਰ ਕੇ ਮਾਈਆਂ ਵਿੱਚ। ਇਸੇ ਲਈ ਹੀ ਗੁਰੂ ਤੇਗ ਬਹਾਦਰ ਜੀ ਵਰ ਦੇ ਗਏ ਹਨ 'ਮਾਈਆਂ ਰੱਬ ਰਜਾਈਆਂ'। ਕਵੀ ਜੀ ਵੀ ਇਸੇ ਲਈ ਕਹਿੰਦੇ ਹਨ ਕਿ 'ਧਰਮ ਧੁਰੀਨ ਸਬੈ ਜਨ ਨੀਕੇ' ਜਾਂ ਇਨ੍ਹਾਂ ਨੂੰ ਦੇਵੀਆਂ ਤੇ ਦੇਵਤਿਆਂ ਨਾਲ ਤਸ਼ਬੀਹ ਦੇਂਦੇ ਹਨ। ਇਸ ਸ਼ਹਿਰ ਵਿੱਚ ਜਿੰਨਾ ਗੁਰਬਾਣੀ ਦਾ ਪਾਠ ਕੀਰਤਨ ਤੇ ਪੁੰਨ ਦਾਨ ਹੁੰਦਾ ਹੈ ਸ਼ਾਇਦ ਹੀ ਹੋਰ ਕਿਸੇ ਸ਼ਹਿਰ ਵਿੱਚ ਹੁੰਦਾ ਹੋਵੇ। ੨੫ ਅੰਕ ਦੇ ਅੰਤ ਵਿੱਚ ਕਵੀ ਜੀ ਕਹਿੰਦੇ ਹਨ ਕਿ ਸਤਿਗੁਰੂ ਜੀ ਦੇ ਆਪਣੇ ਰਚੇ ਪਰਮ ਪਾਵਨ ਗੁਰਧਾਮ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਮੁਕੰਮਲ ਮਹਿਮਾ ਕੋਈ ਵੀ ਕਵੀ ਨਹੀਂ ਕਹਿ ਸਕਦਾ। ਇਸ ਲਈ ਕਿ ਇਹ ਆਪਣੀ ਕਿਸਮ ਦਾ ਅਣੋਖਾ, ਅਨੂਪਮ ਤੇ ਅਦੁੱਤੀ ਸ਼ਹਿਰ ਹੈ, ਜਿਸ ਦਾ ਦੂਜਾ ਕੋਈ ਵੀ ਸਾਨੀ ਦੁਨੀਆਂ ਦੇ ਤਖ਼ਤੇ 'ਤੇ ਮੂਰਤੀਮਾਨ ਨਹੀਂ ਹੋ ਸਕਿਆ। ਇਸ ਸ਼ਹਿਰ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਖ਼ੁਦ ਆਪ ਵੀ ਐਉਂ ਫ਼ੁਰਮਾਉਂਦੇ ਹਨ:

"ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ। ਬਧੋਹੁ ਪੁਰਖਿ ਬਿਧਾਤੈ, ਤਾ ਤੂੰ ਸੋਹਿਆ।
ਵਸਦੀ ਸਘਨ ਅਪਾਰ ਅਨੂਪਰਾਮਦਾਸ ਪੁਰ। " (ਫੁਨਹੇ ਮਹਲਾ ੫, ਪੰ: ੧੩੬੨)

੧੭. ਗੁਰ ਸਰਵਰ, ਸ੍ਰੀ ਅੰਮ੍ਰਿਤਸਰ ਸਰੋਵਰ ਦੀ ਮਹਿਮਾ ਦਾ ਮੰਗਲ।

ਸ੍ਵੈਯਾ:

ਅਤਿ ਅੰਬੁ ਅਪਾਰ ਅਮੀ ਅਨੁਹਾਰ, ਅਲੋਕਨ ਤੈ ਅਘ ਓਘ ਨਸੈਂ।
ਜਿੰਹ ਪਾਨ ਕਰੇ ਨਰ ਪਾਵਨ ਹ੍ਵੈ, ਸੁਖ ਸੰਪਤਿ ਧਾਮ ਅਮੋਘ ਧਸੈ।

ਹਰਿ ਗਜਾਨ ਸਨਾਨ ਕਰੇ, ਉਰ ਮੈ, ਵਰ ਆਤਮ ਗਜਾਨ ਸਜੋਗ ਬਸੈ।
ਅਸ ਸਾਰ ਸਰੋਵਰ ਮੱਧ ਮਹੋਵਰ, ਮੰਦਰ ਮੋਖਦ ਭੋਗ ਲਸੈ ॥੨੬॥

ਪਦਅਰਥ:
ਅੰਬੁ=ਜਲ। ਅਮੀ=ਅੰਮ੍ਰਿਤ ਦੇ। ਅਨੁਹਾਰ=ਸਮਾਨ। ਅਲੋਕਨ ਤੈ=ਦਰਸ਼ਨ ਕਰਨ ਮਾਤ੍ਰ ਨਾਲ ਹੀ। ਅਘ=ਪਾਪ। ਓਘ=ਸਮੂੰਹ। ਪਾਨ ਕਰੇ=ਪੀਣ ਨਾਲ, ਛਕਣ ਨਾਲ। ਪਾਵਨ=ਪਵਿਤ੍ਰ। ਸੰਪਤਿ=ਬਿਭੂਤੀ, ਸਮੱਗ੍ਰੀ, ਸਾਮਾਨ ਆਦਿ। ਧਾਮ=ਘਰ ਵਿੱਚ। ਅਮੋਘ=ਅਰੋਕ, ਬਿਨਾਂ ਰੋਕ ਟੋਕ ਤੋਂ। ਧਸੈ=ਆ ਪ੍ਰਾਪਤ ਹੁੰਦੀ ਹੈ। ਉਰ ਮੈ=ਹਿਰਦੇ ਵਿੱਚ। ਵਰ=ਸ੍ਰੇਸ਼ਟ, ਉੱਤਮ। ਸੰਜੋਗ=ਸਣੇ ਜੋਗ ਦੇ। ਸਾਰ=ਸ੍ਰੇਸ਼ਟ। ਮੱਧ=(ਐਨ) ਵਿਚਕਾਰ। ਮਹੋਵਰ=ਮਹਾਨ ਸ੍ਰੇਸ਼ਟ। ਮੋਖਦ ਭੋਗ=ਮੁਕਤੀ ਤੇ ਸੰਸਾਰਕ ਪਦਾਰਥਾਂ ਦਾ ਦਾਤਾ। ਲਸੈ=ਪ੍ਰਕਾਸ਼ ਕਰ ਰਿਹਾ ਹੈ, ਚਮਕ ਰਿਹਾ ਹੈ। ਅਰਥ:

੧. (ਅੰਮ੍ਰਿਤਸਰ ਸਰੋਵਰ ਵਿੱਚ) ਅੰਮ੍ਰਿਤ ਦੇ ਸਮਾਨ ਬਹੁਤ ਜਲ ਹੈ, ਜਿਸ ਦੇ ਦਰਸ਼ਨ ਕਰਨ ਮਾਤ੍ਰ ਨਾਲ ਹੀ (ਦਰਸ਼ਨ ਕਰਨ ਵਾਲੇ ਦੇ) ਸਾਰੇ ਪਾਪ ਦੌੜ ਜਾਂਦੇ ਹਨ।

੨. ਜਿਸ (ਪਰਮ ਪਾਵਨ ਅੰਮ੍ਰਿਤ ਦੇ) ਛਕਦਿਆਂ ਸਾਰ ਹੀ (ਛਕਣ ਵਾਲੇ) ਪਵਿੱਤ੍ਰ ਹੋ ਜਾਂਦੇ ਹਨ। (ਉਨ੍ਹਾਂ ਦੇ) ਘਰਾਂ ਵਿੱਚ ਸੁਖ (ਤੇ ਸੁਖਾਂ ਦੇ ਹੋਰ) ਸਾਮਾਨ ਬਿਨਾਂ ਰੋਕ ਟੋਕ ਤੋਂ ਆ ਪ੍ਰਾਪਤ ਹੁੰਦੇ ਹਨ।

੩. (ਕਵੀ) ਗਿਆਨ ਸਿੰਘ (ਆਖਦਾ ਹੈ ਕਿ) ਇਸ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰ ਲੈਣ ਨਾਲ ਸਣੇ ਜੋਗ ਦੇ ਸ੍ਰੇਸ਼ਟ ਆਤਮ ਗਿਆਨ (ਇਸ਼ਨਾਨ ਕਰਨ ਵਾਲਿਆਂ ਦੇ) ਹਿਰਦੇ ਵਿੱਚ (ਬਹੁਤ ਛੇਤੀ) ਆ ਵਸਦਾ ਹੈ।

੪. ਐਸੇ ਸ੍ਰੇਸ਼ਟ (ਅੰਮ੍ਰਿਤ) ਸਰੋਵਰ ਦੇ (ਐਨ) ਵਿਚਕਾਰ (ਜਗਤ ਨੂੰ) ਮੁਕਤੀ ਤੇ ਸੰਸਾਰਕ ਪਦਾਰਥਾਂ ਦਾ ਦਾਤਾ (ਪਰਮ ਪਾਵਨ ਗੁਰਧਾਮ ਸੁਨਹਿਰੀ ਮੰਦਰ) ਸ੍ਰੀ ਹਰਿਮੰਦਰ ਸਾਹਿਬ ਚਮਕ ਰਿਹਾ ਹੈ।

ਸਰੋਵਰ ਦੀ ਪ੍ਰਕਰਮਾ ਦਾ ਸੰਗਿ ਮਰਮਰੀ ਫ਼ਰਸ਼

ਸ੍ਵੈਯਾ:
ਸਿਲ ਸੈਲ ਸੁ ਸੇਤ ਸਫਾਇ ਸਭੀ ਸੁਠ, ਸੋਹਤ ਸੀਰ ਸੁ ਫੇਨ ਸਮਾਨੇ।
ਬਡ ਬੋਝਲ ਬੈ ਬਹੁ ਕੀ ਬਿਪਲੀ, ਬਿਬਿਧਾ ਬਿਧਿ ਕੀ ਬਰ ਕੀਨ ਬਨਾਨੇ।
ਤਾਲ ਸੁ ਆਲਨ ਬਾਲ ਬਿਸਾਲ, ਕਮਾਲ ਸੁਪਾਨ ਰਚੀ ਬਹੁ ਥਾਨੇ।
ਸਿਤ ਸਜਾਮ ਸਿਲਾ ਧਰਿ ਪਾਂਤਿਨਿ ਪਾਂਤਿ ਸੁ ਭਾਂਤਿਨਿ ਭਾਂਤਿ ਖਚੀ ਬਿਧਿ ਨਾਨ੍ਹੇ ॥੨੭॥

ਪਦਅਰਥ:
ਸੈਲ=ਪੱਥਰ। ਸੇਤ=ਚਿੱਟੀਆਂ। ਸਫਾਇ=ਸਾਫ਼। ਸੁਠ=ਸੁੰਦਰ। ਸੀਰ=ਦੁੱਧ ਦੀ। ਫੇਨ=ਝੱਗ। ਸਮਾਨੇ=ਵਾਂਗ। ਬੋਝਲ=ਭਾਰੀਆਂ। ਬੈ ਬਹੁ ਕੀ=ਬਹੁਤੀ ਕੀਮਤ ਦੀਆਂ। ਬਿਪਲੀ=ਸਾਰੀਆਂ। ਬਿਬਿਧਾ=ਤਰ੍ਹਾਂ ਤਰ੍ਹਾਂ ਦੀਆਂ, ਅਨੇਕਾਂ ਸ਼ਕਲਾਂ ਦੀਆਂ। ਬਿਧਿ ਕੀ=ਬਿਧੀ ਕਰਕੇ, ਬਿਧੀ ਨਾਲ, ਢੰਗ ਨਾਲ। ਬਰ=ਸ੍ਰੇਸ਼ਟ। ਤਾਲ=ਸਰੋਵਰ ਦੇ। ਆਲਨ ਬਾਲ=ਆਲੇ ਦੁਆਲੇ, ਚੁਗਿਰਦੇ, ਚੁਫੇਰੇ। ਕਮਾਲ=ਸੁੰਦਰ, ਵਧੀਆ। ਸੁਪਾਨ=ਸੌਪਾਨ, ਪੌੜੀਆਂ। ਬਹੁ ਥਾਨੇ=ਬਹੁਤ ਵੰਨੀਆਂ ਦੀਆਂ। ਸਿਤ=ਚਿੱਟੀਆਂ। ਸਜਾਮ=ਕਾਲੀਆਂ। ਧਰਿ=ਰੱਖ ਕੇ। ਪਾਂਤਿਨਿ ਪਾਂਤਿ=ਕਤਾਰਾਂ ਵਿੱਚ। ਭਾਂਤਿਨਿ ਭਾਂਤਿ=ਤਰ੍ਹਾਂ ਤਰ੍ਹਾਂ ਦੀਆਂ (ਸ਼ਕਲਾਂ ਜਾਂ ਨਮੂਨਿਆਂ ਦੀਆਂ)। ਖਚੀ=ਜੜੀਆਂ ਹੋਈਆਂ ਹਨ। ਬਿਧਿ ਨਾਨ੍ਹੇ=ਅਨੇਕਾਂ ਢੰਗਾਂ ਨਾਲ।
ਅਰਥ:

੧. (ਸਰੋਵਰ ਦੀ ਪ੍ਰਕਰਮਾ ਵਿੱਚ ਸੰਗਿ ਮਰਮਰ ਦੇ) ਪੱਥਰ ਦੀਆਂ ਸਾਰੀਆਂ ਚਿੱਟੀਆਂ ਸਿਲਾਂ ਸਾਫ਼ ਤੇ ਸੁੰਦਰ (ਹਨ ਜੋ) ਦੁੱਧ ਦੀ ਝੱਗ ਵਾਂਗ ਸੋਹਣੀਆਂ ਲੱਗਦੀਆਂ ਹਨ।

੨. (ਉਹ) ਸਾਰੀਆਂ (ਸਿਲਾਂ ਬਹੁਤ) ਵੱਡੀਆਂ, ਭਾਰੀਆਂ ਤੇ ਬਹੁਤੀ ਕੀਮਤ ਦੀਆਂ ਹਨ (ਜਿਨ੍ਹਾਂ ਨੂੰ) ਚੰਗੇ ਢੰਗ ਨਾਲ (ਚੀਰ ਕੇ) ਅਨੇਕਾਂ ਸ਼ਕਲਾਂ ਬਣਾ ਦਿੱਤਾ ਗਿਆ ਹੈ।

੩. ਸਰੋਵਰ ਦੇ ਚੁਫੇਰੇ ਬਹੁਤ ਸੁੰਦਰ ਤੇ ਬਹੁਤ ਵੰਨੀਆਂ ਦੀਆਂ ਪੌੜੀਆਂ ਬਣਾਈਆਂ ਹੋਈਆਂ ਹਨ।

Sri Satguru Jagjit Singh Ji eLibrary NamdhariElibrary@gmail.com

੪. (ਪ੍ਰਕਰਮਾ ਤੇ ਪੌੜੀਆਂ ਦੇ ਉੱਪਰ) ਚਿੱਟੀਆਂ ਤੇ ਕਾਲੀਆਂ (ਸੰਗਿ ਮਰਮਰ ਦੀਆਂ) ਸਿਲਾਂ, ਤਰ੍ਹਾਂ ਤਰ੍ਹਾਂ ਦੀਆਂ ਸ਼ਕਲਾਂ ਦੀਆਂ (ਕੱਟ ਕੇ ਤੇ) ਕਤਾਰਾਂ ਵਿੱਚਰੱਖ ਕੇ ਅਨੇਕਾਂ ਢੰਗਾਂ ਨਾਲ ਜੜੀਆਂ ਹੋਈਆਂ ਹਨ।

ਭਾਵ ੨੬ਵੇਂ ਅੰਕ ਵਿੱਚ ਕਵੀ ਜੀ ਨੇ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਮਹਿਮਾ ਪਵਿੱਤ੍ਰਤਾ ਤੇ ਅਦਭੁੱਤ ਸ਼ਕਤੀ ਦਾ ਵਰਣਨ ਕੀਤਾ ਹੈ। ਕੇਵਲ ਦਰਸ਼ਨ ਕਰਨ ਮਾਤ੍ਰ ਨਾਲ ਹੀ ਮਨੁੱਖੀ ਪਾਪ ਕੰਬ ਕੇ ਦੌੜ ਜਾਂਦੇ ਹਨ। ਅੰਮ੍ਰਿਤ ਪਾਨ ਕਰਨ ਨਾਲ ਆਤਮਾ ਪਵਿੱਤ੍ਰ ਹੋ ਜਾਂਦੀ ਹੈ ਤੇ ਇਸ਼ਨਾਨ ਕਰਨ ਨਾਲ ਵਾਹਿਗੁਰੂ ਵਿੱਚ ਜੁੜ ਜਾਈਦਾ ਹੈ ਤੇ ਆਤਮ ਗਿਆਨ ਸਫੁਰਨ ਹੋ ਆਉਂਦਾ ਹੈ। ਅਜਿਹਾ ਇਸ ਲਈ ਹੈ ਕਿ ਇਸ ਸਰੋਵਰ ਦੀ ਖੁਦਾਈ ਸਮੇਂ ਹੀ ਵਾਹਿਗੁਰੂ ਜੀ ਨੇ ਆਪ ਆ ਕੇ ਖੁਦਾਈ ਕਰਨ ਵਿੱਚ ਆਪਣਾ ਹਿੱਸਾ ਪਾਇਆ ਸੀ, ਜਿਸ ਦੇ ਪ੍ਰਮਾਣ ਵਜੋਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਫ਼ੁਰਮਾਇਆ ਹੈ:- ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆਰਾਮ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆਰਾਮ॥ (ਰਾਗ ਸੂਹੀ ਮਹਲਾ ੫ (ਛੰਤ) ਪੰਨਾ ੭੮੩) ਇਸ ਸਰੋਵਰ ਦੇ ਕਿਨਾਰੇ ਸ਼ਰੀਰਕ ਦੁੱਖਾਂ ਦੀ ਨਵਿਰਤੀ ਦਾ ਪ੍ਰਤੀਕ ਦੁੱਖ ਭੰਜਨੀ ਬੇਰ ਹੈ। ਬਾਬਾ ਬੁੱਢਾ ਜੀ ਦੀ ਬੇਰ, ਬਾਬਾ ਜੀ ਦੀ ਅਨੰਨਿ ਸ਼ਰਧਾ, ਸਿੱਖੀ ਤੇ ਸੇਵਾ ਦੀ ਅਮਿੱਟ ਯਾਦਗਾਰ ਹੈ। ਸਰੋਵਰ ਦੀ ਸੇਵਾ ਸਮੇਂ ਪੰਚਮ ਸਤਿਗੁਰੂ ਜੀ ਦੀ ਛੋਹ ਪ੍ਰਾਪਤ ਕਰ ਚੁੱਕੀ ਬੇਰੀ, ਲਾਚੀ ਬੇਰ ਹੈ ਜੋ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਵਿੱਤ੍ਰਤਾ ਨੂੰ ਬਹਾਲ ਕਰਨ ਆਏ ਸੂਰਬੀਰਾਂ ਭਾਈ ਮਹਿਤਾਬ ਸਿੰਘ ਤੇ ਭਾਈ ਸੁੱਖਾ ਸਿੰਘ ਦੇ ਘੋੜਿਆਂ ਦੇ ਬੰਨ੍ਹਣ ਦੀ ਯਾਦਰਾਹੀਂ ਉਨ੍ਹਾਂ ਮਹਾਂਰਥੀ ਯੋਧਿਆਂ ਦੀ ਬਹਾਦਰੀ ਦੀ ਸਦੀਵੀ ਯਾਦ ਦਾ ਪ੍ਰਤੱਖ ਚਿੰਨ੍ਹ ਹੈ। ਅਠਸਠ ਘਾਟਰਾਹੀਂ ਅਠਾਹਠ ਤੀਰਥਾਂ ਦੀਆਂ ਆਤਮਾਵਾਂ ਆਪਣੀ ਕਲਿਆਣ ਹਿਤ ਇਸ ਪਰਮ ਪਾਵਨ ਸਰੋਵਰ ਦੇ ਅੰਮ੍ਰਿਤ ਜਲ ਵਿੱਚ ਘੁਲ ਮਿਲ ਗਈਆਂ ਹਨ। ਇਸ ਸਰੋਵਰ ਦੀ ਮਹਾਨਤਾ, ਉਚਿਤਾ, ਪਵਿੱਤ੍ਰਤਾ ਤੇ ਵਡਿਆਈ ਇਸ ਕਰ ਕੇ ਹੈ ਕਿ ਇਸ ਦੀ ਮਹਿਮਾ ਸਤਿਗੁਰਾਂ ਦੇ ਮੁਖਾਰਬਿੰਦਰਾਹੀਂ ਐਉਂ ਪ੍ਰਗਟ ਹੋਈ ਹੈ:- "ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥" (ਗੂਜਰੀ ਮਹਲਾ ੪, ਪੰਨਾ ੯੪੩) "ਰਾਮਦਾਸ ਸਰੋਵਰਿ ਨਾਤੇ॥ਸਭਿ ਉਤਰੇ ਪਾਪ ਕਮਾਤੇ॥" (ਸੋਰਠਿ ਮਹਲਾ ੫, ਪੰਨਾ ੬੨੫) "ਸੰਤਹੁਰਾਮਦਾਸ ਸਰੋਵਰੁ ਨੀਕਾ॥ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥" (ਸੋਰਠਿ ਮਹਲਾ ੫, ਪੰਨਾ ੬੨੪) "ਹਰਿਹਾਂ ਨਾਨਕ ਕਸਮਲ ਜਾਹਿ ਨਾਇਐਰਾਮਦਾਸ ਸਰ॥" (ਫੁਨਹੇ ਮਹਲਾ ੫, ਪੰਨਾ ੧੩੬੨) ੨੭ਵੇਂ ਅੰਕ ਵਿੱਚ ਸਰੋਵਰ ਦੀਆਂ ਪ੍ਰਕਰਮਾਂ ਉੱਪਰ ਸੰਗਿ ਮਰਮਰ ਦੀਆਂ ਚਿੱਟੀਆਂ ਤੇ ਕਾਲੀਆਂ ਸਿਲਾਂ ਨੂੰ ਚੌਕੋਨ, ਤਿਕੋਨ, ਮੁਰੱਬੇ, ਨੋਕਾਂ ਤੇ ਨੋਕਦਾਰ ਆਦਿ ਅਨੇਕ ਸ਼ਕਲਾਂ ਦੀਆਂ ਬਣਾ ਕੇ ਅਣਗਿਣਤ ਨਮੂਨਿਆਂ ਦੇ ਜਾਲਾਂ ਵਿੱਚ ਜੜੀਆਂ ਹਨ, ਜੋ ਆਏ ਹਰ ਯਾਤਰੂ ਦੀ ਨਜ਼ਰ ਨੂੰ ਆਪਣੇ ਵੱਲ ਖਿੱਚਦੀਆਂ ਤੇ ਠਹਿਰ ਕੇ ਗਹੁ ਨਾਲ ਤੱਕਣ ਤੇ ਹੁਨਰ ਦੇ ਕਮਾਲ ਦੀ ਪ੍ਰਸੰਸਾ ਕਰਨ ਲਈ ਮਜਬੂਰ ਕਰਦੀਆਂ ਹਨ। ਵੱਡੇ ਪੌੜ ਦੀ ਦੱਖਣੀ ਬਾਹੀ ਉੱਪਰ ਪਾਂਡਵਾਂ ਦੇ ਕਿਲ੍ਹੇ (ਦੁਰਗ ਵ੍ਯੂਹ) ਦੀ ਸ਼ਕਲ ਕਾਰੀਗਰਾਂ ਦੇ ਹੁੱਨਰ ਦੇ ਕਮਾਲ ਦੀ ਮੂੰਹ ਬੋਲਦੀ ਤਸਵੀਰ ਦੇਖਣ ਨਾਲ ਹੀ ਸੰਬੰਧਰੱਖਦੀ ਹੈ। ਇਹ ਸਰੋਵਰ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ੧੬੩੪ ਬਿ: ਨੂੰ ਗੁਮਟਾਲਾ ਤੇ ਸੁਲਤਾਨਵਿੰਡ ਆਦਿ ਪਿੰਡਾਂ ਦੇ ਵਿਚਕਾਰ ਦੁਖ-ਭੰਜਨੀ ਬੇਰ ਦੇ ਪਾਸ ਇਕ ਕੱਚਾ ਤਾਲ ਪੁਟਵਾਇਆ ਜੋ ਕੁਝ ਸਮਾਂ ਅਧੂਰਾ ਹੀ ਪਿਆ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਪਿਤਾ ਸਤਿਗੁਰੂ ਜੀ ਦੀ ਆਗਿਆ ਅਨੁਸਾਰ ੧੬੪੩ ਬਿ: ਨੂੰ ਪੱਕਾ ਕਰਨਾ ਅਰੰਭਿਆ ਤੇ ਇਸ ਦਾ ਨਾਉਂ ਅੰਮ੍ਰਿਤਸਰਰਖਿਆ। ਗੁਰਬਾਣੀ ਵਿੱਚ ਇਸ ਨੂੰਰਾਮਦਾਸ ਸਰੋਵਰ ਤੇਰਾਮਦਾਸ ਸਰ ਆਦਿ ਨਾਵਾਂ ਨਾਲ ਵੀ ਯਾਦ ਕੀਤਾ ਹੈ। ਇਸ ਸਰੋਵਰ ਦੀ ਲੰਬਾਈ ੫੦੦ ਫੁਟ, ਚੌੜਾਈ ੪੯੦ ਫੁਟ ਤੇ ਡੂੰਘਾਈ ੧੭ ਫੁੱਟ ਹੈ। ਇਸ ਅੰਮ੍ਰਿਤ ਸਰੋਵਰ ਵਿੱਚ ਜਲ ਇਕ ਹੰਸਲੀ (ਛੋਟੀ ਨਹਿਰ) ਦੇਰਾਹੀਂ ਆਉਂਦਾ ਹੈ, ਜੋ ਸੰਤ ਪ੍ਰੀਤਮ ਦਾਸ ਅਤੇ ਸੰਤੋਖ ਦਾਸ ਪ੍ਰੇਮੀ ਉਦਾਸੀ ਮਹਾਤਮਾ ਨੇ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਨਾਲ ਸੰਮਤ ੧੮੩੮ ਵਿੱਚ ਖੁਦਵਾਈ। ਪਹਿਲਾਂ ਤਾਂ ਜਲਰਾਵੀ ਨਦੀ ਤੋਂ ਲਿਆਂਦਾ ਗਿਆ ਸੀ ਪਰ ਹੁਣ ਸੰਮਤ ੧੯੨੩ ਤੋਂ ਲੈ ਕੇ ਬਾਰੀ ਦੁਆਬ ਵਾਲੀ ਨਹਿਰ ਵਿੱਚੋਂ ਲਿਆ ਕੇ ਹੰਸਲੀ ਵਿੱਚ ਪਾਇਆ ਜਾਂਦਾ ਹੈ।

੧੮. ਸ੍ਰੀ ਹਰਿਮੰਦਰ ਸਾਹਿਬ ਜੀ ਦਾ ਮੰਗਲ। (ਚਿੱਤ੍ਰ-ਕਲਾ)

ਸ੍ਵੈਯਾ:

ਚਤੁਰਾਨਨ ਸੇ ਚਤੁਰਾ ਚਿੱਤਰੈਲਨਿ, ਚਿੱਤ੍ਰਤ ਕੀਨ ਬਚਿੱਤ੍ਰ ਬਨਾਏ।

ਸੁਚ ਚੀਰਿ ਮਨੀਨ ਕਨੀ ਸੁ ਘਨੀ, ਮੁਕਤਾ ਵਰ ਨੀਲਮ ਹੀਰ ਖਚਾਏ।
ਕਿਤ ਕੀਨ ਬਨੀ ਸਘਨੀ ਬਰ ਬਾਗ, ਮਹੀਰੁ ਲਤਾ ਫਲ ਫੂਲ ਫਬਾਏ।
ਰਚ ਜਾਤਿ ਅਨੇਕਨ ਕੇਰ ਬਿਹੰਗ, ਬ੍ਰਿੱਛਨ ਲੱਛਨ ਲੱਛ ਥਿਰਾਏ ॥੨੮॥

ਪਦਅਰਥ:
ਚਤੁਰਾਨਨ=ਬ੍ਰਹਮਾ। {ਚਤੁਰ-ਚਾਰ+ਆਨਨ-ਮੂੰਹ ਵਾਲਾ ਅਰਥਾਤ ਬ੍ਰਹਮਾ}। ਸੇ=ਵਰਗੇ। ਚਿੱਤੁਰੈਲਨਿ=ਚਿੱਤ੍ਰਕਾਰਾਂ ਨੇ। ਚਿੱਤ੍ਰਤ=ਚਿੱਤ੍ਰਕਾਰੀ। ਬਚਿੱਤ੍ਰ=ਅਣੋਖੀ, (ਅ) ਅਨੇਕ ਤਰ੍ਹਾਂ ਦੀ। ਬਨਾਏ=ਸਵਾਰ ਕੇ। ਸੁਚ=ਪਵਿਤ੍ਰ। ਚੀਰਿ=ਚੀਰ ਕੇ। ਮਨੀਨ=ਮਣੀਆਂ ਦੀਆਂ। ਕਨੀ=ਕਣੀਆਂ। ਮੁਕਤਾ=ਮੋਤੀ। ਵਰ=ਸ੍ਰੇਸ਼ਟ। ਖਚਾਏ=ਜੜੇ। ਬਨੀ=ਬਗ਼ੀਚੀਆਂ। ਮਹੀਰੁ=ਦਰੱਖ਼ਤ। ਲਤਾ=ਵੇਲਾਂ। ਰਚ=ਬਣਾ ਕੇ। ਜਾਤਿ=ਜਾਤੀਆਂ ਦੇ। ਬਿਹੰਗ=ਪੰਛੀ। ਲੱਛਨ=ਵਿਲੱਖਣ, ਅਣੋਖੇ। ਲੱਛ=ਲੱਖ, ਚਿੰਨ੍ਹ। ਥਿਰਾਏ=ਬੈਠਾਏ ਹਨ।

ਅਰਥ:
੧. ਬ੍ਰਹਮਾ ਵਰਗੇ ਚਤੁਰ ਚਿੱਤ੍ਰਕਾਰਾਂ ਨੇ (ਚਿੱਟੇ ਸੰਗਿ ਮਰਮਰ ਦੀਆਂ ਕੰਧਾਂ ਉਪਰ) ਅਨੇਕ ਤਰ੍ਹਾਂ ਦੀ ਸਵਾਰ ਕੇ ਚਿੱਤ੍ਰਕਾਰੀ ਕੀਤੀ ਹੋਈ ਹੈ।
੨. (ਜਿਸ ਜੜਤ ਕਲਾ ਵਿੱਚ) ਸੁੱਚੀਆਂ ਮਣੀਆਂ ਨੂੰ ਚੀਰ ਕੇ (ਉਨ੍ਹਾਂ ਦੀਆਂ) ਕਣੀਆਂ, ਸ੍ਰੇਸ਼ਟ ਮੋਤੀ, ਨੀਲਮ ਤੇ ਹੀਰੇ ਜੜੇ ਹੋਏ ਹਨ।
੩. ਕਿਧਰੇ ਸੰਘਣੀਆਂ ਬਗ਼ੀਚੀਆਂ ਤੇ ਸ੍ਰੇਸ਼ਟ ਬਾਗ਼ ਬਣਾਏ ਹੋਏ ਹਨ। (ਜਿਨ੍ਹਾਂ ਵਿੱਚ) ਦਰੱਖ਼ਤ, ਵੇਲਾਂ, ਫਲ ਤੇ ਫੁੱਲ ਫਬਾਏ ਹੋਏ ਹਨ।
੪. ਅਨੇਕ ਕਿਸਮਾਂ ਦੇ ਤੇ ਅਨੋਖੇ ਚਿੰਨ੍ਹਾਂ ਵਾਲੇ ਪੰਛੀ ਬਣਾ ਕੇ (ਉਨ੍ਹਾਂ) ਦਰੱਖ਼ਤਾਂ ਉਪਰ ਬਿਠਾਏ ਹੋਏ ਹਨ।

ਸ੍ਵੈਯਾ:
ਧਰ ਧਯਾਨ ਰਹੇ ਮੁਨਿ ਬੈਠ ਕਿਤੇ, ਕਿਤ ਸਿੰਘ ਸ਼ਿਕਾਰ ਕਰੈਂ ਮ੍ਰਿਗਾਂ ਕੇ।
ਕਿਤ ਕੁੰਜਰ ਕੇਹਰ ਜੰਗ ਕਰੈਂ, ਕਿਤ ਏਣ ਭਗੈਂ ਤਰੁ ਓਟ ਤਕਾ ਕੇ।
ਕਿਤ ਭੌਰ ਗੁੰਜਾਰ ਅਪਾਰ ਕਰੈਂ, ਕਿਤ ਸਾਰਸ ਹੰਸ ਚਕੋਰ ਚਲਾਕੇ।
ਕਿਤ ਦਾਖ ਅੰਗੂਰ ਸੂੱਛ ਕੇ ਗੂੱਛ, ਬਿਲੱਛ ਪ੍ਰਤੱਛ ਧਰੇ ਸੁ ਰਚਾ ਕੇ ॥੨੯॥

ਪਦਅਰਥ:
ਸਿੰਘ=ਸ਼ੇਰ। ਮ੍ਰਿਗਾਂ ਕੇ=ਹਰਨਾਂ ਦੇ। ਕੁੰਜਰ=ਹਾਥੀ। ਕੇਹਰ=ਸ਼ੇਰ। ਏਣ=ਹਰਨ। ਤਰੁ=ਦੱਰਖ਼ਤ। ਸਾਰਸ=ਇਕ ਕੂੰਜ ਵਰਗਾ ਪੰਛੀਆਂ ਦਾ ਜੋੜਾ, ਜੋ ਜਲ ਦੇ ਕਿਨਾਰੇ ਰਹਿੰਦਾ ਹੈ। ਚਲਾਕੇ=ਚਾਲਾਕ, ਹੁਸ਼ਿਆਰ। ਦਾਖ=ਛੋਟੇ ਅੰਗੂਰ। ਸੂੱਛ=ਸਾਫ ਸੁਥਰੇ। ਗੂੱਛ=ਗੁੱਛੇ। ਬਿਲੱਛ=ਵਿਲੱਖਣ, ਅਨੋਖੇ। ਪ੍ਰਤੱਛ=ਪ੍ਰਗਟ ਹੀ। ਧਰੇ=ਰੱਖੇ ਹੋਏ ਹਨ। ਰਚਾ ਕੇ=ਬਣਾ ਕੇ।

ਅਰਥ::
੧. (ਉਪ੍ਰੋਕਤ ਚਿੱਤ੍ਰਕਾਰੀ ਵਿੱਚ) ਕਿਤੇ ਮੁਨੀ ਧਿਆਨ ਲਾ ਕੇ ਬੈਠਰਹੇ ਹਨ, ਕਿਸੇ ਥਾਂ ਸ਼ੇਰ ਹਰਨਾਂ ਦੇ ਸ਼ਿਕਾਰ ਕਰ ਰਹੇ ਹਨ।
੨. ਕਿਧਰੇ ਹਾਥੀ ਤੇ ਸ਼ੇਰ ਜੰਗ ਕਰ ਰਹੇ ਹਨ, ਕਿਤੇ ਹਰਨ ਦਰੱਖ਼ਤਾਂ ਦੀ ਓਟ ਤਕਾ ਕੇ (ਸ਼ੇਰਾਂ ਤੋਂ ਡਰਦੇ) ਨੱਸ ਰਹੇ ਹਨ।
੩. ਕਿਤੇ ਫੁੱਲਾਂ ਉਪਰ ਬੇਅੰਤ ਹੀ ਭੌਰੇ ਗੂੰਜ ਰਹੇ ਹਨ, ਕਿਸੇ ਥਾਂ ਸਾਰਸ (ਨਾਮ ਦੇ ਪੰਛੀਆਂ ਦਾ ਜੋੜਾ), ਹੰਸ ਤੇ ਚਾਲਾਕ ਚਕੋਰ (ਬਣਾਏ ਹੋਏ ਹਨ)।
੪. ਕਿਧਰੇ ਅਨੋਖੀਆਂ (ਹੀ ਕਿਸਮਾਂ ਦੇ) ਛੋਟੇ-ਵੱਡੇ ਅੰਗੂਰਾਂ ਦੇ ਸਾਫ਼ ਸੁਥਰੇ ਗੁੱਛੇ ਬਣਾ ਕੇ (ਵੇਲਾਂ ਨਾਲ ਲਟਕਾਏ ਜਾਂ ਪਲੇਟਾਂ 'ਚ ਪਾ ਕੇ) ਰੱਖੇ ਹੋਏ ਹਨ।

ਭਾਵ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਲਈ ਆਏ ਹਰ ਯਾਤਰੂ ਦੇ ਮਨ ਉਪਰ ਜਿੱਥੇ ਏਥੋਂ ਦੇ ਸ਼ਾਂਤ ਤੇ ਏਕਾਂਤ ਵਾਯੂ-ਮੰਡਲ, ਅੱਠੇ ਪਹਿਰ ਦੇ ਇਲਾਹੀ-ਕੀਰਤਨ ਦਾ ਦੈਵੀ-ਪ੍ਰਭਾਵ ਪੈਂਦਾ ਹੈ, ਉਥੇ ਸ੍ਰੀ ਹਰਿਮੰਦਰ ਸਾਹਿਬ ਦੀ ਕਲਾ-ਸੁੰਦਰਤਾ ਵੀ ਹਰ ਦਰਸ਼ਕ ਦੀ ਨਿਗਾਹ ਨੂੰ ਆਪਣੇ ਵਲ ਨੂੰ ਬਦੋ-ਬਦੀ ਖਿੱਚਦੀ ਹੈ। ਇਨ੍ਹਾਂ ਉਪਰੋਕਤ ਦੋਹਾਂ ਛੰਦਾਂ ਵਿੱਚ ਕਵੀ ਜੀ ਸ੍ਰੀ ਹਰਿਮੰਦਰ ਸਾਹਿਬ ਦੀ ਸੰਗਿ ਮਰਮਰ ਵਿੱਚ ਕੀਤੀ ਜੜਤਕਾਰੀ ਦੀ ਕਲਾ ਦਾ ਸੁੰਦਰ ਵਰਣਨ ਕਰਦੇ ਹਨ। ਇਸ ਨੂੰ ਪੱਥਰ ਦੀ ਮਨੱਵਤ ਵੀ ਆਖਦੇ ਹਨ। ਇਹ ਕੰਮ ਸੰਗਿ ਮਰਮਰ ਦੇ ਪੱਥਰ ਨੂੰ ਖੋਦ ਕੇ ਉਸ ਵਿੱਚ ਅੱਡ-ਅੱਡਰੰਗਾਂ ਤੇ ਸ਼ਕਲਾਂ ਦੇ ਪੱਥਰਾਂ ਨੂੰ ਚੀਰ ਕੇ ਤੇ ਘਸਾ ਕੇ ਇਸ ਤਰ੍ਹਾਂ ਫਿੱਟ ਕੀਤਾ ਜਾਂਦਾ ਹੈ ਕਿ ਜਿਸ ਕਰ ਕੇ ਚਿੱਤ੍ਰਕਾਰੀ ਵਾਂਗ ਵੰਨ-ਸੁਵੰਨੀਆਂ ਸ਼ਕਲਾਂ ਬਣ ਜਾਂਦੀਆਂ ਹਨ। ਜਿਹੜੇ ਅੱਡ-ਅੱਡ ਰੰਗਾਂ ਦੇ ਦੇਸ਼ੀ ਤੇ ਵਿਦੇਸ਼ੀ ਪੱਥਰ ਇਸ ਕੰਮ ਲਈ ਵਰਤੇ ਜਾਂਦੇ ਹਨ, ਉਨ੍ਹਾਂ ਦੇ ਨਾਮ ਇਹ ਹਨ: ਖੱਟੂ (ਪੀਲੇ ਰੰਗ ਦਾ), ਲਾਜਵਰਦ (ਨੀਲੇ ਰੰਗ ਦਾ), ਕਾਲਾ ਅਲਵਰ ਪੱਥਰ, ਸੰਗ ਪਸ਼ਮ, ਸੰਗ ਜ਼ੀਸ਼ਮ, ਸੰਗ ਜਰਾਅ, ਅਬਰ ਪੱਥਰ, ਸਿੱਪ, ਹਕੀਕ, ਜ਼ਹਿਰ-ਮੋਹਰਾ, ਬਲੌਰੀ, ਫੀਰੋਜ਼ਾ ਤੇ ਰੱਤਕ ਪੱਥਰ ਆਦਿ। ਇਹ ਕੰਮ ਸ੍ਰੀ ਹਰਿਮੰਦਰ ਸਾਹਿਬ ਦੇ ਪੱਛਮੀ ਬੂਹੇ ਦੇ ਸਾਹਮਣੇ ਹੇਠ ਫ਼ਰਸ਼ ਵਿੱਚ, ਗੁੰਬਦ ਦੇ ਅੰਦਰ ਫ਼ਰਸ਼ ਦੇ ਵਿਚਕਾਰ ਤੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਹਿਲੀ ਮੰਜ਼ਲ ਦੀਆਂ ਕੰਧਾਂ ਦੇ ਬਾਹਰਵਾਰ ਸਭ ਤੋਂ ਵਧੀਆ ਕਾਰੀਗਰੀ ਤੇ ਸੁੰਦਰ ਕਲਾ ਦਾ ਨਮੂਨਾ ਹੈ। ਇਨ੍ਹਾਂ ਥਾਵਾਂ ਤੇ ਮੱਛੀਆਂ, ਬਗਲਿਆਂ, ਕੱਛੂ ਕੁੰਮਿਆਂ, ਹਰਨਾਂ, ਚਿੜੀਆਂ, ਬੁਲਬੁਲਾਂ, ਮੋਰਾਂ, ਸੱਪਾਂ, ਚੱਕੀਰਾਹਿਆਂ, ਸ਼ੇਰਾਂ, ਹਾਥੀਆਂ, ਮਗਰਮੱਛਾਂ, ਬੱਕਰੀਆਂ, ਗੁਲਾਬ ਦਾਨੀਆਂ ਆਦਿ ਦੀਆਂ ਸੁੰਦਰ ਸ਼ਕਲਾਂ ਤੋਂ ਇਲਾਵਾ ਸੁੰਦਰ ਫਲਾਂ, ਫੁੱਲਾਂ, ਵੇਲਾਂ, ਦਰੱਖ਼ਤਾਂ ਤੇ ਸਮਾਧੀ ਲਾਈ ਬੈਠੇ ਸਾਧੂਆਂ ਦੇ ਬੜੇ ਹੀ ਦਿਲ-ਖਿੱਚਵੇਂ ਚਿੱਤ੍ਰ ਹਨ ਜਿਨ੍ਹਾਂ ਵਿੱਚੋਂ ਕੁਝ ਕੁ ਦਾ ਜ਼ਿਕਰ ਕਵੀ ਜੀ ਨੇ ਉਪਰੋਕਤ ਛੰਦਾਂ ਵਿੱਚ ਕੀਤਾ ਹੈ। ਮੇਰੇ ਖ਼ਿਆਲ ਵਿੱਚ ਸ਼ਾਇਦ ਆਪ ਪਹਿਲੇ ਕਵੀ ਹਨ ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ, ਸਰੋਵਰ ਤੇ ਏਥੋਂ ਦੀ ਕਲਾ-ਸੁੰਦਰਤਾ ਦੇ ਵਰਣਨ ਨੂੰ ਆਪਣੇ ਗ੍ਰੰਥ ਦੇ ਮੰਗਲਾਂ ਵਿੱਚ ਥਾਂ ਦਿੱਤੀ ਹੈ। ਇਹ ਤੇ ਅਗਲੇ ਕੁਝ ਛੰਦ ਕਵੀ ਜੀ ਦੀ ਕਾਵਿ-ਕਲਾ ਤੋਂ ਇਲਾਵਾ ਚਿੱਤ੍ਰਕਾਰੀ, ਜੜਤ ਆਦਿ ਕਲਾ-ਪਾਰਖੂ ਨਜ਼ਰ ਤੇ ਕਲਾ-ਕਦਰਦਾਨੀ ਦਾ ਜ਼ਿੰਦਾ ਸਬੂਤ ਹਨ। ਇਸ ਜੜਤਕਾਰੀ ਦੇ ਹੁਨਰ ਤੋਂ ਵੱਖਰਾ 'ਮੋਹਰਾ ਕਸ਼ੀ' ਤੇ ਨਕਾਸ਼ੀ (ਚਿੱਤ੍ਰਕਾਰੀ) ਦਾ ਕੰਮ ਵੀ ਦੂਜੀ ਛੱਤ ਦੇ ਅੰਦਰਵਾਰ ਕੰਧਾਂ 'ਤੇ ਬਹੁਤ ਸੁੰਦਰ ਹੋਇਆ ਹੋਇਆ ਹੈ। ਗਿੱਲੇ ਪਲੱਸਤਰ ਉੱਤੇ ਰੰਗਾਂ ਨੂੰ ਇਕ-ਜਾਨ ਕਰ ਕੇ ਨਕਾਸ਼ੀ ਕਰਨ ਦਾ ਨਾਮ ਮੋਹਰਾ ਕਸ਼ੀ ਹੈ। ਪੁਰਾਣਾ ਸਾਰਾ ਕੰਮ ਇਸੇ ਕਿਸਮ ਦਾ ਸੀ ਪਰ ਹੁਣ ਜੋ ਨਵਾਂ ਕੰਮ ਹੋ ਰਿਹਾ ਹੈ ਉਹ ਸੁੱਕੇ ਪਲੱਸਤਰ 'ਤੇ ਹੋ ਰਿਹਾ ਹੈ। ਇਸ ਨੂੰ ਕੇਵਲ ਨਕਾਸ਼ੀ (ਚਿੱਤ੍ਰਕਾਰੀ) ਆਖਦੇ ਹਨ। ਇਸ ਵਿੱਚ ਫਲਾਂ, ਬੂਟਿਆਂ, ਦਰੱਖ਼ਤਾਂ, ਵੇਲਾਂ, ਪੰਛੀਆਂ, ਜੰਗਲੀ ਜਾਨਵਰਾਂ ਤੇ ਸਾਧੂਆਂ ਆਦਿ ਦੇ ਦਿਲਕਸ਼ ਚਿੱਤ੍ਰ ਹਨ। ਡੇਢ ਦਰਜਨ ਦੇ ਲਗਭਗ ਇਤਿਹਾਸਕ ਗੁਰਦੁਆਰਿਆਂ ਦੀਆਂ ਇਮਾਰਤਾਂ ਦੇ ਚਿੱਤ੍ਰ ਵੀ ਸੁੰਦਰ ਟਿਕਾਣਿਆਂ 'ਤੇ ਬਣਾ ਕੇ ਚਿੱਤ੍ਰਕਾਰਾਂ (ਨਕਾਸ਼ਾਂ) ਨੇ ਆਪਣੀ ਕਲਾ-ਸੁੰਦਰਤਾ ਨੂੰ ਵਧੇਰੇ ਚਮਕਾਉਣ ਦਾ ਸਫ਼ਲ ਯਤਨ ਕੀਤਾ ਹੈ।

ਸੁਨਹਿਰੀ ਸੁੰਦਰਤਾ

ਸ੍ਵੈਯਾ:

ਬਰ ਫਾਟਕ ਹਾਟਕ ਥਾਟ ਜਰੇ, ਜਰ ਠਾਟ ਚੁਕਾਠ ਦਿਵਾਰ ਸੁ ਬਾਰੀ।
ਗੁੰਮਜ ਗੋਲ ਅਮੋਲ ਲਸੈਂ, ਕਿੰਗਰੇ ਛਜ ਛਾਤ ਸੁ ਹੇਮ ਅਟਾਰੀ।
ਪੁਲ ਪੈ ਚਲਵਾਰ ਪਵੈ ਭਵ ਪਾਰ, ਦੁਆਰ ਲਖੈ ਨ ਪਿਖੈ ਜਮ ਦ੍ਵਾਰੀ।
ਜੁਗ ਤੁੰਗ ਨਿਸ਼ਾਨ ਕਹੈਂ ਜਨੁ ਯੌਂ, ਗੁਰ ਨੈ ਧਰ ਤੈ ਅਘ ਅੰਸ ਉਪਾਰੀ ॥੩੦॥

ਪਦਅਰਥ:

ਬਰ=ਸ੍ਰੇਸ਼ਟ। ਫਾਟਕ=ਤਖ਼ਤੇ। ਹਾਟਕ=ਸੋਨੇ ਦੇ। ਥਾਟ=ਬਣਾ ਕੇ। ਜਰੇ=ਜੜੇ ਹੋਏ। ਜਰ=ਸੋਨੇ ਦੇ। ਠਾਟ=ਬਣਾਈਆਂ ਹੋਈਆਂ ਹਨ। ਚੁਕਾਠ=ਚੁਗਾਠਾਂ। ਦਿਵਾਰ=ਕੰਧਾਂ। ਸੁ ਬਾਰੀ=ਚੰਗੀਆਂ ਬਾਰੀਆਂ। ਗੁੰਮਜ=ਗੁੰਬਦ। ਲਸੈਂ=ਚਮਕਦੇ ਹਨ। ਛਜ=ਫਬ ਰਹੇ ਹਨ। ਛਾਤ=ਛੱਤਾਂ। ਸੁ=ਸੁੰਦਰ। ਹੇਮ=ਸੋਨੇ ਦੀਆਂ। ਪੈ=ਉਪਰ। ਚਲਵਾਰ-ਚੱਲਣ ਵਾਲਾ, ਤੁਰ ਕੇ ਲੰਘਣ ਵਾਲਾ। ਪਵੈ ਭਵ ਪਾਰ=ਸੰਸਾਰ (ਸਮੁੰਦਰ) ਤੋਂ ਪਾਰ ਪੈ ਜਾਂਦਾ ਹੈ ਭਾਵ ਮੁਕਤ ਹੋ ਜਾਂਦਾ ਹੈ। ਦੁਆਰ=ਦਰਵਾਜ਼ਾ, ਬੂਹਾ। ਲਖੈ=ਦੇਖ ਲੈਂਦਾ ਹੈ। ਜਮ

ਦ੍ਵਾਰ=ਜਮਾਂ ਦਾ ਦਰਵਾਜ਼ਾ ਭਾਵ ਨਰਕ। ਜੁਗ=ਦੋ। ਤੁੰਗ=ਉੱਚੇ। ਨਿਸ਼ਾਨ=ਝੰਡੇ, ਨਿਸ਼ਾਨ ਸਾਹਿਬ। ਜਨੁ=ਮਾਨੋ। ਯੌਂ=ਇਸ ਤਰ੍ਹਾਂ, ਇਉਂ। ਧਰ ਤੈ=ਧਰਤੀ ਤੋਂ, ਭਾਵ ਸ੍ਰਿਸ਼ਟੀ 'ਚੋਂ। ਅਘ=ਪਾਪਾਂ ਦੀ। ਅੰਸ=ਮੁੱਢ, ਜੜ੍ਹ। ਉਪਾਰੀ=ਪੁੱਟ ਦਿੱਤੀ ਹੈ।

ਅਰਥ:

੧. (ਸ੍ਰੀ ਹਰਿਮੰਦਰ ਸਾਹਿਬ ਜੀ ਦੇ ਬੂਹਿਆਂ ਵਿੱਚ) ਸ੍ਰੇਸ਼ਟ ਸੋਨੇ ਦੇ ਤਖ਼ਤੇ ਬਣਾ ਕੇ ਜੜੇ ਹੋਏ (ਲਟਕਾਏ ਹੋਏ) ਹਨ। ਕੰਧਾਂ, ਬਾਰੀਆਂ (ਤੇ ਉਨ੍ਹਾਂ ਦੀਆਂ) ਚੁਗਾਠਾਂ ਚੰਗੇ ਸੋਨੇ ਦੀਆਂ ਬਣੀਆਂ ਹੋਈਆਂ ਹਨ।

੨. (ਛੱਤਾਂ ਦੇ ਉਪਰ ਇਕ ਵੱਡਾ ਤੇ ਹੋਰ ਛੋਟੇ) ਗੁੰਬਦ ਗੋਲ ਤੇ ਅਮੋਲਕ ਚਮਕ ਰਹੇ ਹਨ। ਸੋਨੇ ਦੀਆਂ ਛੱਤਾਂ, ਅਟਾਰੀਆਂ (ਤੇ ਉਨ੍ਹਾਂ ਦੇ) ਕਿੰਗਰੇ ਸੁੰਦਰ ਫਬ ਰਹੇ ਹਨ।

੩. ਪੁਲ ਦੇ ਉਪਰ ਦੀ ਚੱਲਣ ਵਾਲਾ (ਤੁਰ ਕੇ ਲੰਘਣ ਵਾਲਾ) ਸੰਸਾਰ (ਸਮੰਦਰ) ਤੋਂ ਪਾਰ ਹੋ ਜਾਂਦਾ ਹੈ ਭਾਵ ਮੁਕਤ ਹੋ ਜਾਂਦਾ ਹੈ (ਤੇ ਜੋ ਪੁਰਸ਼ ਸ੍ਰੀ ਹਰਿਮੰਦਰ ਸਾਹਿਬ ਦੇ) ਬੂਹੇ ਦੇ (ਵੀ) ਦਰਸ਼ਨ ਕਰ ਲੈਂਦਾ ਹੈ (ਤਾਂ ਉਹ ਮੁੜ ਕੇ) ਜਮਾਂ ਦਾ ਦਰਵਾਜ਼ਾ (ਨਰਕ) ਨਹੀਂ ਦੇਖਦਾ।

੪. (ਝੰਡੇ ਬੁੰਗੇ ਲਾਗੇ ਖੜੇ ਕੀਤੇ ਹੋਏ) ਦੋ ਨਿਸ਼ਾਨ ਸਾਹਿਬ ਇਉਂ ਆਖਦੇ ਹਨ ਕਿ ਗੁਰਾਂ ਨੇ ਸ੍ਰਿਸ਼ਟੀ 'ਚੋਂ ਪਾਪਾਂ ਦੀ ਜੜ੍ਹ (ਸਦਾ ਲਈ) ਪੁੱਟ ਦਿੱਤੀ ਹੈ।

ਅੰਦਰ ਦੀ ਸੁੰਦਰਤਾ

ਸ੍ਵੈਯਾ:

ਅਤਿ ਸੁੰਦਰ ਮੰਦਰ ਅੰਦਰ ਤੈ, ਸੁਚ ਕੁੰਦਨ ਸੰਗ ਜਟੇ ਨਗ ਵਾਂ ਕੇ।
ਕਰਿ ਕੀਮਤ ਕੌਨ ਸਕੈ ਜਰ ਕੀ ਨਰ, ਪੇਖ ਜਿਸੈ ਬਿਧਿ ਕੀ ਬੁਧਿ ਥਾਕੇ।
ਜਿਂਹ ਹੇਰ ਕੁਬੇਰ ਲਜੈ ਅਤਿਸੈਂ, ਪਿਖ ਮੌਨ ਭਜੈ ਮਘਵਾ ਸ਼ਰਮਾ ਕੇ।
ਜਨੁ ਕਾਮ ਕਰੀਗਰ ਕਾਂਮ ਮਣੀ ਗਹਿ, ਕਾਮਦ ਕਾਮ ਕਰਜੋ ਮਨ ਲਾ ਕੇ ॥੩੧॥

ਪਦਅਰਥ:

ਅਤਿ=ਬਹੁਤ। ਮੰਦਰ=ਸ੍ਰੀ ਹਰਿਮੰਦਰ ਸਾਹਿਬ। ਸੁਚ ਕੁੰਦਨ ਸੰਗ=ਸ਼ੁਧ ਸੋਨੇ ਵਿੱਚ। ਵਾਂ ਕੇ=ਉਸ (ਮੰਦਰ) ਦੇ (ਅੰਦਰ)। ਜਰ ਕੀ=ਸੋਨੇ ਦੀ। ਬਿਧਿ=ਬ੍ਰਹਮਾ। ਹੇਰ=ਦੇਖ ਕੇ। ਕੁਬੇਰ=ਦੇਵਤਿਆਂ ਦਾ ਖ਼ਜ਼ਾਨਚੀ। ਲਜੈ=ਸ਼ਰਮਿੰਦਾ ਹੁੰਦਾ ਹੈ। ਮੌਨ ਭਜੈ=ਚੁੱਪ ਹੋ ਜਾਂਦਾ ਹੈ। ਮਘਵਾ=ਇੰਦ੍ਰ। ਜਨੁ=ਮਾਨੋ। ਕਰੀਗਰ=ਕਾਰੀਗਰ। ਕਾਮ ਮਣੀ=ਕਾਮਨਾ ਪੂਰੀਆਂ ਕਰਨ ਵਾਲੀ ਮਣੀ, ਚਿੰਤਾਮਣੀ। ਗਹਿ=ਪਕੜ ਕੇ। ਕਾਮਦ=ਕਾਮਨਾ ਦੇ ਦੇਣ ਵਾਲਾ, ਕਾਮਨਾ ਪੂਰੀਆਂ ਕਰਨ ਵਾਲਾ।

ਅਰਥ:

੧. ਸ੍ਰੀ ਹਰਿਮੰਦਰ ਸਾਹਿਬ ਦਾ ਅੰਦਰਲਾ ਪਾਸਾ ਬਹੁਤ ਸੁੰਦਰ ਹੈ। ਉਸ {ਸ੍ਰੀ ਹਰਿਮੰਦਰ ਸਾਹਿਬ} ਦੇ {ਅੰਦਰ} ਸ਼ੁਧ ਸੋਨੇ ਵਿੱਚ ਨਗ ਜੜੇ ਹੋਏ ਹਨ।

੨. {ਉਸ ਲੱਗੇ ਹੋਏ} ਸੋਨੇ ਦੀ ਕੌਣ ਮਨੁੱਖ ਕੀਮਤ ਪਾ ਸਕਦਾ ਹੈ ਜਿਸ (ਸੋਨੇ ਨੂੰ) ਦੇਖ ਕੇ {ਕੀਮਤ ਦਾ ਅਨੁਮਾਨ ਲਾਉਣ ਲੱਗਿਆਂ} ਬ੍ਰਹਮਾ ਦੀ ਵੀ ਬੁਧੀ ਥੱਕ ਜਾਂਦੀ ਹੈ।

੩. ਜਿਸ {ਦੀ ਅਮੋਲਕਤਾ} ਨੂੰ ਦੇਖ ਕੇ ਕੁਬੇਰ ਬਹੁਤ ਸ਼ਰਮਿੰਦਾ ਹੁੰਦਾ ਹੈ। {ਤੇ ਸੋਨੇ ਦੀ ਕੀਮਤ ਤੇ ਸੁੰਦਰਤਾ ਨੂੰ} ਦੇਖ ਕੇ ਇੰਦ੍ਰ ਵੀ ਸ਼ਰਮ ਖਾ ਕੇ ਚੁੱਪ ਹੋ ਜਾਂਦਾ ਹੈ।

੪. {ਦਰਸ਼ਨ ਕਰ ਕੇ ਐਉਂ ਪ੍ਰਤੀਤ ਹੁੰਦਾ ਹੈ} ਮਾਨੋ ਕਾਮਦੇਵ ਕਾਰੀਗਰ ਨੇ ਚਿੰਤਾਮਣੀ ਨੂੰ ਪਕੜ ਕੇ ਕਾਮਨਾ ਦੇ ਦੇਣ ਵਾਲਾ ਕੰਮ {ਪੂਰਾ} ਮਨ ਲਾ ਕੇ ਕੀਤਾ ਹੈ।

ਭਾਵ ਅੰਕ ਨੰ: ੩੦ ਵਿੱਚ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਉਪਰ ਤੇ ਬਾਹਰਲੇ ਹਿੱਸੇ ਵਿੱਚ ਹੋਏ ਸੋਨੇ ਦੇ ਸੁੰਦਰ ਤੇ ਕੀਮਤੀ ਕਲਾ ਕਰਮ ਦਾ ਵਰਣਨ ਹੈ। ਵੱਡਾ ਗੁੰਬਦ, ਚਹੁੰ ਕੋਣਾਂ ਤੇ ਬਣੀਆਂ ਚਾਰ ਅਟਾਰੀਆਂ ਦੇ ਚਾਰ ਛੋਟੇ ਗੁੰਬਦ ਅਤੇ ਉਪਰ ਚੁਗਿਰਦੇ ਉਸਰੇ ਜੰਗਲੇ ਤੇ ਬਣੀਆਂ ਛੋਟੀਆਂ ਗੁੰਬਦੀਆਂ, ਕਿੰਗਰੇ ਤੇ ਦੂਜੀ ਛੱਤ ਦੀਆਂ ਕੰਧਾਂ ਦਾ ਬਾਹਰਲਾ ਪਾਸਾ ਸੋਨੇ ਨਾਲ ਮੜ੍ਹਿਆ ਹੋਇਆ ਹੈ। ਇਨ੍ਹਾਂ ਸਾਰੀਆਂ ਥਾਵਾਂ 'ਤੇ ਪਹਿਲਾਂ ਤਾਂਬੇ ਦੇ ਪੱਤ੍ਰੇ ਚੜ੍ਹਾਏ ਹੋਏ ਹਨ ਜਿਨ੍ਹਾਂ ਨੂੰ ਪਹਿਲਾਂ ਕਈ

ਪ੍ਰਕਾਰ ਦੀਆਂ ਬੇਲਾਂ, ਬੂਟਿਆਂ ਆਦਿ ਦੀਆਂ ਅਨੇਕਾਂ ਸ਼ਕਲਾਂ ਨਾਲ ਚਿੱਤ੍ਰਤ ਕੀਤਾ ਹੋਇਆ ਹੈ ਤੇ ਉਨ੍ਹਾਂ ਉਪਰ ਸੋਨੇ ਦੇ ਵਰਕਾਂ ਦੀਆਂ ਛੇ ਛੇ ਤਹਿਆਂ ਚੜ੍ਹਾਈਆਂ ਹੋਈਆਂ ਹਨ। ਇਸੇ ਸੋਨੇ ਦੇ ਕੰਮ ਵਿੱਚ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਪੱਛਮੀ ਬੂਹੇ ਦੇ ਉਪਰ ਭਾਈ ਬਾਲੇ ਮਰਦਾਨੇ ਸਮੇਤ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਇਕ ਚਿੱਤ੍ਰ ਵੀ ਬਣਿਆ ਹੋਇਆ ਹੈ। ਕਈ ਥਾਈਂ ਗੁਰਬਾਣੀ ਦੀਆਂ ਤੁਕਾਂ, ਸੇਵਾ ਕਰਾਉਣ ਵਾਲੇ ਦਾ ਨਾਮ ਤੇ ਸੰਮਤ ਆਦਿ ਵੀ ਸੁਨਹਿਰੀ ਅੱਖਰਾਂ 'ਚ ਲਿਖੇ ਹੋਏ ਹਨ। ਅੰਕ ਨੰ: ੩੧ ਵਿੱਚ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅੰਦਰਲੀ ਸੁੰਦਰਤਾ, ਬੇ-ਕੀਮਤੀ ਸੋਨਾ ਤੇ ਆਪਣੇ ਹੁਨਰ ਵਿੱਚ ਨਿਪੁੰਨ ਉੱਚ-ਕੋਟੀ ਦੇ ਕਾਰੀਗਰਾਂ ਵੱਲੋਂ ਕੀਤੇ ਕੰਮ ਦਾ ਵਰਣਨ ਹੈ ਜਿਸ ਨੂੰ ਤੱਕ ਕੇ ਮਹਾਨ ਬੁਧੀਮਾਨਾਂ, ਧਨਾਢਾਂ ਤੇ ਸ਼ਹਿਨਸ਼ਾਹਾਂ ਦੀ ਅਕਲ ਚਕਰਾ ਜਾਂਦੀ ਹੈ। ਪਹਿਲੀ ਮੰਜ਼ਲ ਦੀਆਂ ਛੱਤਾਂ ਤੇ ਬੂਹਿਆਂ ਦੇ ਉਪਰ ਕੰਧਾਂ 'ਤੇ ਵੀ ਚਿੱਤ੍ਰਤ ਸੋਨੇ ਦਾ ਸੁੰਦਰ ਕੰਮ ਕੀਤਾ ਹੋਇਆ ਹੈ। ਹਾਲ ਕਮਰੇ ਦੀ ਛੱਤ ਦਾ ਹੇਠਲਾ ਪਾਸਾ, ਕੰਧਾਂ ਤੇ ਥੰਮ੍ਹਾਂ ਦੇ ਅੰਦਰਲੇ ਭਾਗ ਤੇ ਧੁਰ ਉੱਪਰ ਗੁੰਬਦ ਦੇ ਅੰਦਰਲੇ ਪਾਸੇ ਤੇ ਦੂਜੀ ਮੰਜ਼ਲ ਦੀਆਂ ਛੱਤਾਂ ਦੇ ਹੇਠਲੇ ਪਾਸੇ 'ਗੱਚ ਦੀ ਮੁਨੱਵਤ' ਦਾ ਸੁੰਦਰ ਤੇ ਕੀਮਤੀ ਕੰਮ ਕੀਤਾ ਹੋਇਆ ਹੈ ਜੋ ਇਸ ਹੁਨਰ ਦਾ ਵਧੀਆ ਨਮੂਨਾ ਹੈ। ਗੱਚ ਇਕ ਪ੍ਰਕਾਰ ਦਾ ਪੱਥਰ ਹੈ ਜਿਸ ਨੂੰ ਬਰੀਕ ਪੀਹ ਕੇ ਕੱਪੜ-ਛਾਣ ਕਰ ਕੇ ਤੇ ਪਾਣੀ ਵਿੱਚ ਗੁਨ੍ਹ ਕੇ ਇਸ ਨੂੰ ਪਹਿਲਾਂ ਚੂਨੇ ਵਾਂਗ ਪਲੱਸਤਰ ਦੀ ਤਰ੍ਹਾਂ ਲਿੱਪ ਲੈਂਦੇ ਹਨ ਤੇ ਫੇਰ ਲੋਹੇ ਦੀਆਂ ਕਲਮਾਂ ਨਾਲ ਸੁੱਕਣ ਤੋਂ ਪਹਿਲਾਂ ਪਹਿਲਾਂ ਛਿੱਲ ਕੇ ਫੁੱਲ ਪੱਤੀਆਂ ਆਦਿ ਦੇ ਵੱਖ-ਵੱਖ ਨਮੂਨੇ ਬਣਾ ਲੈਂਦੇ ਹਨ। ਕਈ ਵਾਰ ਗੱਚ ਉੱਤੇ ਵੱਖ-ਵੱਖ ਰੰਗ ਵੀ ਕਰ ਦੇਂਦੇ ਹਨ। ਜਾਂ ਪੀਲਾ ਰੋਗ਼ਨ ਕਰ ਕੇ ਉਪਰ ਸੋਨੇ ਦੇ ਵਰਕ ਚੜ੍ਹਾ ਦੇਂਦੇ ਹਨ। ਟੁਕੜੀ ਦਾ ਕੰਮ ਗੱਚ ਵਿੱਚ ਸ਼ੀਸ਼ੇ ਦੇ ਟੁਕੜੇ ਵੱਖ ਵੱਖ ਸ਼ਕਲਾਂ 'ਚ ਕੱਟ ਕੇ ਜੜਨ ਨੂੰ 'ਟੁਕੜੀ ਦੀ ਮਨੱਵਤ' ਆਖਦੇ ਹਨ। ਸ਼ੀਸ਼ੇ ਗੋਲ, ਚੌਰਸ, ਤਿਕੋਨੇ, ਬੈਜ਼ਵੀ ਆਦਿ ਕਈ ਸ਼ਕਲਾਂ ਦੇ ਜੜੇ ਹੋਏ ਹਨ। ਇਸ ਹੁੱਨਰ ਦਾ ਕੰਮ ਹਰਿ ਕੀ ਪਉੜੀ ਦੀ ਉੱਪਰਲੀ ਛੱਤ ਦੀਆਂ ਕੰਧਾਂ ਤੇ ਗੁੰਬਦ ਦੇ ਅੰਦਰਵਾਰ ਚਹੁੰ ਕੋਨਿਆਂ ਵਿੱਚ ਬਹੁਤ ਹੀ ਵਧੀਆ ਕਿਸਮ ਦਾ ਹੈ। ਵਿਚਲੀ ਬੰਦ ਕੀਤੀ ਬਾਰੀ ਦੇ ਬਾਹਰਵਾਰ ਤੇ ਉੱਤਰੀ ਬਾਹੀ ਵਲ ਦੀ ਦੂਜੀ ਛੱਤ ਦੀ ਇਕ ਡਾਟ ਵਿੱਚ ਹੋਏ ਕੰਮ ਨੂੰ 'ਲਾਇ ਦੀ ਮਨੱਵਤ' ਦਾ ਕੰਮ ਆਖਦੇ ਹਨ। ਇਨ੍ਹਾਂ ਉਪ੍ਰੋਕਤ ਕਿਸਮ ਦੀਆਂ ਕਲਾਂ ਦਾ ਵਰਣਨ ਕਰ ਕੇ ਕਵੀ ਜੀ ਨੇ ਕਲਾ-ਸੁੰਦਰਤਾ ਬਾਰੇ ਆਪਣੀ ਚੰਗੇਰੀ ਸੂਝ ਦਾ ਪ੍ਰਗਟਾਵਾ ਕੀਤਾ ਹੈ।

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਮਹਿਮਾ

ਸ੍ਵੈਯਾ:

ਭਗਤੀ ਹਰਿ ਨਾਮ ਸਰੂਪ ਕਿਧੌਂ, ਜਗਤੀ ਭਰ ਰੂਪਿ ਕਿ ਊਪਿ ਠਿਕਾਨੋ।
ਯਹਿ ਰਾਗਨਿ ਰੂਪ ਅਨੁਰਾਗ ਕਿਧੋ, ਸੁ ਬਿਰਾਗ ਕਿ ਭਾਗ ਧਰਾ ਬਿਗਸਾਨੋ।
ਗਿਰ ਕੈ ਤੁਹਿਨਾਚਲ ਮੇਰੁ ਉਭੈ, ਮਿਲ ਸਿੰਧ ਸੁਧਾਸਰ ਤੈ ਪ੍ਰਗਟਾਨੋ।
ਕਿਤ ਭੋਗ ਭੰਡਾਰ ਕਿ ਮੋਖ ਅਗਾਰ, ਕਿ ਕਾਮ ਤਰੂ ਕਿ ਗੁਰੂ ਅਸਥਾਨੋ ॥ ੩੨ ॥

ਪਦਅਰਥ:
ਕਿਧੌਂ=ਅਥਵਾ, ਜਾਂ। ਜਗਤੀ ਭਰ=ਜਗਤ ਭਰ ਦੀ, ਸਾਰੇ ਜਗਤ ਦੀ। ਰੂਪਿ=ਸੁੰਦਰਤਾ ਹੈ। ਕਿ=ਅਥਵਾ, ਜਾਂ। ਊਪਿ ਠਿਕਾਨੋ=ਉਪਮਾ ਦਾ ਟਿਕਾਣਾ, ਉਸਤਤ ਦਾ ਘਰ। ਯਹਿ=ਇਹ (ਸ੍ਰੀ ਹਰਿਮੰਦਰ ਸਾਹਿਬ)। ਰਾਗਨਿ ਰੂਪ=ਰਾਗਾਂ ਦਾ ਰੂਪ, ਸੰਗੀਤ ਰੂਪ। ਅਨੁਰਾਗ=ਪ੍ਰੇਮ। ਬਿਰਾਗ=ਮੋਹ ਦਾ ਤਿਆਗ। ਭਾਗ ਧਰਾ=ਧਰਤੀ ਦੀ ਕਿਸਮਤ। ਬਿਗਸਾਨੋ=ਖਿੜੀ ਹੋਈ ਹੈ। ਗਿਰ=ਪਹਾੜ। ਕੈ=ਅਥਵਾ, ਜਾਂ। ਤੁਹਿਨਾਚਲ=ਹਿਮਾਲਾ। {ਤੁਹਿਨ-ਬਰਫ਼, ਅਚਲ-ਪਹਾੜ, ਬਰਫ਼ ਦਾ ਪਹਾੜ, ਹਿਮਾਲਾ।} ਸਿੰਧ ਸੁਧਾਸਰ ਤੈ=ਅੰਮ੍ਰਿਤਸਰ ਸਰੋਵਰ ਰੂਪ ਸਮੁੰਦਰ ਵਿੱਚੋਂ। ਕਿਤ=ਜਾਂ। ਭੋਗ ਭੰਡਾਰ=ਪਦਾਰਥਾਂ ਦਾ ਖ਼ਜ਼ਾਨਾ। ਮੋਖ ਅਗਾਰ=ਮੁਕਤੀ ਦਾ ਘਰ। ਕਾਮਤਰੂ=ਕਾਮਨਾ ਪੂਰੀਆਂ ਕਰਨ ਵਾਲਾ ਬ੍ਰਿੱਛ, ਕਲਪ ਬ੍ਰਿੱਛ। ਗੁਰੂ ਅਸਥਾਨੋ=ਗੁਰਾਂ ਦਾ ਅਸਥਾਨ, ਗੁਰਾਂ ਦਾ ਟਿਕਾਣਾ, ਗੁਰੂ ਘਰ, ਗੁਰਦੁਆਰਾ ਭਾਵ ਸ੍ਰੀ ਹਰਿਮੰਦਰ ਸਾਹਿਬ।

ਅਰਥ:

੧. (ਸ੍ਰੀ ਹਰਿਮੰਦਰ ਸਾਹਿਬ) ਪ੍ਰਮੇਸ਼ਰ ਦੀ ਭਗਤੀ ਤੇ ਵਾਹਿਗੁਰੂ ਨਾਮ ਦਾ ਹੀ ਸਰੂਪ ਹੈ ਜਾਂ ਸਾਰੇ ਜਗਤ ਦੀ ਸੁੰਦਰਤਾ ਹੈ ਜਾਂ ਰੱਬੀ-ਉਸਤਤ ਦਾ ਘਰ ਹੈ।

੨. ਇਹ ਸੰਗੀਤ ਦਾ ਹੀ ਰੂਪ ਹੈ ਜਾਂ ਇਲਾਹੀ ਪ੍ਰੇਮ ਹੈ, ਮੋਹ ਦਾ ਚੰਗਾ ਤਿਆਗ ਹੈ ਜਾਂ ਧਰਤੀ ਦੀ ਕਿਸਮਤ ਖਿੜੀ ਹੋਈ ਹੈ।

੩. ਜਾਂ (ਐਉਂ ਸਮਝੋ ਕਿ) ਹਿਮਾਲਾ ਪਹਾੜ ਤੇ ਸੁਮੇਰ ਪਰਬਤ ਦੋਨੋਂ ਇਕੱਠੇ ਹੋ ਕੇ ਅੰਮ੍ਰਿਤ ਸਰੋਵਰ ਰੂਪ ਸਮੁੰਦਰ ਵਿੱਚੋਂ ਬਾਹਰ ਨਿਕਲੇ ਹਨ।

੪. ਜਾਂ (ਸੰਸਾਰਕ) ਪਦਾਰਥਾਂ ਦਾ ਖ਼ਜ਼ਾਨਾ ਹੈ ਜਾਂ ਮੁਕਤੀ ਦਾ ਘਰ ਹੈ ਜਾਂ (ਇਹ) ਕਾਮਨਾ ਪੂਰੀਆਂ ਕਰਨ ਵਾਲਾ ਕਲਪ ਬ੍ਰਿੱਛ ਹੈ ਜਾਂ ਗੁਰਾਂ ਦਾ ਅਸਥਾਨ (ਸ੍ਰੀ ਹਰਿਮੰਦਰ ਸਾਹਿਬ) ਹੈ।

ਸ੍ਵੈਯਾ:

ਨਰ ਨਾਰ ਨਖੱਤ ਭਜੈਂ ਦਿਨ ਰੈਨ, ਸੁ ਮੈਨ ਰਤੀ ਧਰ ਕੈ ਤਨ ਮਾਨੋ।
ਮੁਨਿ ਮਾਲ ਮਰਾਲ ਬਿਸਾਲ ਥਿਰੇ, ਨਿਗਮਾਗਮ ਬਾਚਤਿ ਨੀਤ ਪੁਰਾਨੋ।
ਹਮ ਚੌਦਸ ਭੌਨਨ ਮੈ ਕਤਹੂੰ, ਸੁਨਿਓ ਨ ਪਿਖਿਓ ਬਰ ਐਸ ਠਿਕਾਨੋ।
ਗੁਰੁ ਰੂਪ ਮਨੋ ਕਰਤਾਰ ਸਹੀ, ਨਿਜ ਲੋਕ ਯਹੀ ਸੁ ਧਰਾ ਪਰ ਆਨੋ ॥ ੩੩ ॥

ਪਦਅਰਥ:

ਨਖੱਤ=ਤਾਰਿਆਂ (ਵਾਂਗ) ਭਜੈਂ=ਸੇਵਾ ਕਰਦੇ ਹਨ। ਮੈਨ=ਕਾਮਦੇਵ। ਰਤੀ=ਕਾਮਦੇਵ ਦੀ ਇਸਤ੍ਰੀ। ਮੁਨਿ ਮਾਲ=ਮੁਨੀਆਂ ਦੀਆਂ ਪੰਕਤੀਆਂ, ਸੰਤਾਂ ਦੀਆਂ ਮੰਡਲੀਆਂ। ਮਰਾਲ=ਹੰਸਾਂ (ਵਾਂਗ)। ਬਿਸਾਲ=ਬਹੁਤ। ਥਿਰੇ=ਬੈਠ ਕੇ। ਨਿਗਮਾਗਮ=ਵੇਦ ਤੇ ਸ਼ਾਸਤ੍ਰ। {ਨਿਗਮ-ਵੇਦ। ਆਗਮ-ਸ਼ਾਸਤ੍ਰ।} ਬਾਚਤਿ=ਪੜ੍ਹਦੇ ਹਨ (ਤੇ ਵਿਚਾਰਦੇ ਹਨ) ਨੀਤ=ਨਿੱਤ, ਹਮੇਸ਼ਾਂ, ਹਰਰੋਜ਼। ਚੌਦਸ ਭੌਨਨ ਮੈਂ=ਚੌਦਾਂ ਭਵਣਾਂ ਵਿੱਚ ਭਾਵ ਸਾਰੇ ਬ੍ਰਹਮੰਡ ਵਿੱਚ। ਬਰ=ਸ੍ਰੇਸ਼ਟ, ਉੱਤਮ। ਸਹੀ=ਠੀਕ। ਨਿਜ ਲੋਕ=ਆਪਣਾ ਹੀ ਲੋਕ ਭਾਵ ਸੱਚਖੰਡ। ਧਰਾ ਪਰ=ਧਰਤੀ ਉੱਪਰ, ਮਾਤ ਲੋਕ ਵਿੱਚ। ਅਰਥ:

੧. (ਜਿੱਥੇ) ਪੁਰਸ਼ ਤੇ ਇਸਤ੍ਰੀਆਂ ਜਾਣੋ ਕਿ ਕਾਮ ਤੇ ਰਤੀ ਦਾ ਹੀ ਸ਼ਰੀਰ ਧਾਰ ਕੇ (ਭਾਵ ਕਾਮ ਤੇ ਰਤੀ ਵਰਗੇ ਸੁੰਦਰ ਰੂਪ ਵਾਲੇ ਪੁਰਸ਼ ਤੇ ਇਸਤ੍ਰੀਆਂ) ਤਾਰਿਆਂ (ਵਾਂਗ) ਰਾਤ ਦਿਨ ਸੇਵਾ ਕਰਦੇ ਹਨ।

੨. ਹੰਸ ਰੂਪ ਸੰਤਾਂ ਦੀਆਂ ਬਹੁਤ ਮੰਡਲੀਆਂ (ਸਰੋਵਰ ਦੇ ਕਿਨਾਰੇ) ਬੈਠ ਕੇ ਹਰ ਰੋਜ਼ ਵੇਦਾਂ, ਸ਼ਾਸਤ੍ਰਾਂ, ਪੁਰਾਣਾਂ (ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿਖ ਇਤਿਹਾਸ) ਨੂੰ ਪੜ੍ਹਦੀਆਂ (ਤੇ ਵਿਚਾਰਦੀਆਂ) ਹਨ।

੩. (ਸ੍ਰੀ ਹਰਿਮੰਦਰ ਸਾਹਿਬ ਵਰਗਾ) ਐਸਾ ਉੱਤਮ (ਤੇ ਸੁੰਦਰ) ਟਿਕਾਣਾ ਅਸਾਂ ਨੇ ਸਾਰੇ ਬ੍ਰਹਮੰਡ ਵਿੱਚ ਨਾ ਕਿਤੇ ਸੁਣਿਆ ਹੈ ਤੇ ਨ ਹੀ ਦੇਖਿਆ ਹੈ।

੪. ਮਾਨੋ ਕਰਤਾਰ ਨੇ (ਆਪਣਾ) ਗੁਰੂ ਸਰੂਪ ਧਾਰ ਕੇ, ਠੀਕ ਇਹ ਆਪਣਾ ਹੀ ਲੋਕ (ਸਚਖੰਡ) ਭਲੀ ਪ੍ਰਕਾਰ ਮਾਤ ਲੋਕ ਵਿੱਚ ਲੈ ਆਂਦਾ ਹੈ।

ਭਾਵ ਉਪ੍ਰੋਕਤ ਦੋਹਾਂ ਛੰਦਾਂ ਵਿੱਚ ਕਵੀ ਜੀ ਨੇ ਸ਼੍ਰੀ ਹਰਿਮੰਦਰ ਸਾਹਿਬ ਦੀ ਸੁੰਦਰ ਮਹਿਮਾ ਦਾ ਅਦਭੁੱਤ ਰੰਗ ਵਿੱਚ ਵਿਚਿੱਤ੍ਰ ਵਰਣਨ ਕੀਤਾ ਹੈ। ਵੰਨ-ਸੁਵੰਨੀਆਂ ਉਪਮਾਵਾਂ ਨਾਲ ਆਪਣੀ ਕਾਵਿ-ਕਲਾ ਨੂੰ ਸ਼ਿੰਗਾਰਿਆ ਹੈ। ਉਨ੍ਹਾਂ ਦੇ ਖ਼ਿਆਲ ਵਿੱਚ ਇਹ ਪਰਮ ਪਵਿੱਤ੍ਰ ਅਸਥਾਨ ਵਾਹਿਗੁਰੂ ਭਗਤੀ ਤੇ ਨਾਮ ਦਾ ਹੀ ਸਰੂਪ ਹੈ। ਮਾਨੋ ਸਾਰੇ ਜਗਤ ਦੀ ਸੁੰਦਰਤਾ ਇੱਥੇ ਹੀ ਆ ਇਕੱਠੀ ਹੋਈ ਹੈ। ਇਹ ਰੱਬੀ ਉਪਮਾ ਦਾ ਸੁੰਦਰ ਟਿਕਾਣਾ ਹੈ। ਸੰਗੀਤ ਤੇ ਪਿਆਰ ਦਾ ਸਾਜ਼ ਹੈ। ਉੱਤਮ ਵੈਰਾਗ ਤੇ ਧਰਤੀ ਦੀ ਖਿੜੀ ਹੋਈ ਕਿਸਮਤ ਪ੍ਰਤੀਤ ਹੁੰਦਾ ਹੈ। ਜਿੱਥੇ ਇਹ ਗੁਰਧਾਮ ਮੁਕਤੀ ਦਾ ਘਰ ਤੇ ਰੱਬੀ ਰਹਿਮਤਾਂ ਦੀ ਬਖ਼ਸ਼ਸ਼ ਕਰਨ ਵਾਲਾ ਕਲਪ ਬ੍ਰਿੱਛ ਹੈ, ਉਥੇ ਸੰਸਾਰਕ ਪਦਾਰਥਾਂ ਦਾ ਵੀ ਦਾਤਾ ਹੈ। ਇਥੋਂ ਦੇ ਵਾਤਾਵਰਣ ਦਾ ਦਿਲਕਸ਼ ਚਿੱਤ੍ਰ ਖਿੱਚਦਿਆਂ ਆਪ ਲਿਖਦੇ ਹਨ ਕਿ ਏਥੇ ਸੁੰਦਰ ਸਰੂਪ ਵਾਲੇ ਮਰਦ ਤੇ ਇਸਤ੍ਰੀਆਂ ਬੜੇ ਚਾਅ ਤੇ ਸ਼ਰਧਾ ਭਰਪੂਰ ਹਿਰਦੇ ਨਾਲ ਅੱਠੇ ਪਹਿਰ ਸੇਵਾ ਤੇ ਸਿਮਰਨ ਵਿੱਚ ਜੁੱਟੇ ਰਹਿੰਦੇ ਹਨ। ਗੁਰਸਿਖ ਸੰਤ ਮੰਡਲੀਆਂ ਰਾਜ ਹੰਸਾਂ ਤੇ ਮੁਨੀਆਂ ਵਾਂਗ ਸਰੋਵਰ ਦੀਆਂ ਪ੍ਰਕਰਮਾਂ ਵਿੱਚ ਬੈਠ ਕੇ ਗੁਰਮਤਿ ਦੇ ਅਨਯ ਮਤਾਂ ਦੀਆਂ ਵਿਚਾਰਾਂ ਵਿੱਚ ਮਗਨ

ਰਹਿੰਦੀਆਂ ਹਨ। ਕਵੀ ਜੀ ਆਖਦੇ ਹਨ ਕਿ ਚੌਦਾਂ ਲੋਕਾਂ ਤੱਕ ਦੀ ਰਚਨਾ ਵਿੱਚ ਅਸਾਂ ਐਸਾ ਸੁੰਦਰ, ਪਵਿੱਤ੍ਰ, ਕੀਮਤੀ ਤੇ ਕਲਾ ਸੰਪੰਨ ਟਿਕਾਣਾ ਨਾ ਦੇਖਿਆ ਹੈ ਤੇ ਨਾ ਹੀ ਕਿਤੇ ਸੁਣਿਆ ਹੈ। ਇਸੇ ਅਸਥਾਨ ਬਾਰੇ ਹੀ ਹਜ਼ੂਰ ਦਾ ਫ਼ੁਰਮਾਣ ਹੈ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖ ਬਿਧਾਤੇ ਤਾ ਤੂੰ ਸੋਹਿਆ ॥ (ਫੁਨਹੇ ਮਹਲਾ ੫, ਪੰਨਾ ੧੩੬੨)

ਅੰਤ ਨੂੰ ਕਵੀ ਜੀ ਦੀ ਬਹੁਤ ਉੱਚੀ ਖ਼ਿਆਲ-ਉਡਾਰੀ ਇਥੇ ਆ ਕੇ ਟਿਕਦੀ ਹੈ ਕਿ ਅਸਲ ਵਿੱਚ ਕਰਤਾ ਪੁਰਖ ਜੀ ਨੇ ਆਪਣਾ ਗੁਰੂ ਸਰੂਪ ਧਾਰ ਕੇ ਆਪਣਾ ਹੀ ਨਿਵਾਸ ਅਸਥਾਨ ਸਚਖੰਡ ਆਪਣੇ ਨਾਲ ਹੀ ਇਸ ਮਾਤ ਲੋਕ ਵਿੱਚ ਲੈ ਆਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਉਪਰਲੇ ਸੁਨਹਿਰੀ ਭਾਗ ਨੂੰ ਸੁਮੇਰ ਪਰਬਤ ਨਾਲ ਤੇ ਹੇਠਲੇ ਚਿੱਟੇ ਦੁੱਧ ਸੰਗਿ ਮਰਮਰੀ ਭਾਗ ਨੂੰ ਕੈਲਾਸ਼ ਪਰਬਤ ਨਾਲ ਅਤੇ ਸਰੋਵਰ ਨੂੰ ਸਮੁੰਦਰ ਨਾਲ ਤਸ਼ਬੀਹ (ਉਪਮਾ) ਦੇ ਕੇ ਕਵੀ ਜੀ ਨੇ ਇਸ ਅਸਥਾਨ ਦੀ ਕੀਮਤ, ਪਵਿੱਤ੍ਰਤਾ, ਸੁੰਦਰਤਾ ਤੇ ਵਿਸ਼ਾਲਤਾ ਵੱਲ ਸੰਕੇਤ ਕੀਤਾ ਹੈ ਜਿਸ ਨਾਲ ਉਹ ਆਪਣੀ ਸੁੰਦਰ ਕਾਵਿ-ਕਲਾ ਨੂੰ ਉਘਾੜਨ ਵਿੱਚ ਕਾਮਯਾਬ ਹੋਏ ਹਨ। ਕਵੀ ਜੀ ਦੇ ਸ਼੍ਰੀ ਹਰਿਮੰਦਰ ਸਾਹਿਬ ਬਾਰੇ ਕਹੇ ਉਪਰੋਕਤ ਭਾਵ ਕੇਵਲ ਸ਼ਰਧਾ ਤੱਕ ਹੀ ਸੀਮਤ ਨਹੀਂ ਸਗੋਂ ਮਹਾਨ ਸੁੰਦਰ ਸੱਚਾਈ ਦਾ ਵੀ ਪ੍ਰਗਟਾਵਾ ਕਰਦੇ ਹਨ। ਦਰਸ਼ਨਾਂ ਦੀ ਪਹਿਲੀ ਝਲਕ ਵਜਦਿਆਂ ਹੀ ਹਰ ਦੇਸ਼, ਨਸਲ, ਮਜ਼ਹਬ, ਜਾਤੀ ਤੇ ਸੰਪ੍ਰਦਾ ਦੇ ਦਰਸ਼ਕ ਦਾ ਦਿਲ ਤੇ ਸਿਰ ਦੋਨੋਂ ਹੀ ਇਕ ਦਮ ਆਪਣੇ ਆਪ ਹੀ ਸ਼ਰਧਾ ਤੇ ਸਤਿਕਾਰ ਨਾਲ ਝੁਕ ਜਾਂਦੇ ਹਨ। ਅਸਾਂ ਕਈ ਵਾਰ ਖ਼ੁਦ ਤੱਕਿਆ ਹੈ ਕਿ ਪੱਕੇ ਨਾਸਤਕ ਦਰਸ਼ਨਾਂ ਤੇ ਵਾਤਾਵਰਨ ਤੋਂ ਏਨੇ ਪ੍ਰਭਾਵਤ ਹੁੰਦੇ ਹਨ ਕਿ ਉਨ੍ਹਾਂ ਦਾ ਮਨ ਉਨ੍ਹਾਂ ਨੂੰ ਆਸਤਕ ਤੇ ਸੱਚੇ ਸਿੱਖ ਬਣਨ ਲਈ ਮਜਬੂਰ ਕਰ ਦੇਂਦਾ ਹੈ। ਅਸਲ ਵਿੱਚ ਪੰਜਾਬ ਦੀ ਧਰਤੀ 'ਤੇ ਲੱਗੀ ਹੋਈ ਇਹ ਰੱਬੀ ਮੋਹਰ ਛਾਪ ਹੈ। ਇਹ ਸਿੱਖ ਸਤਿਗੁਰਾਂ ਦੀ ਅਮਰ ਯਾਦਗਾਰ ਹੈ। ਇਹ ਸਤਿਗੁਰਾਂ ਦੀ ਜਗਤ ਨੂੰ ਮਹਾਨ ਤੇ ਅਮੋਲਕ ਦੇਣ ਹੈ। ਇਹ ਜਗਤ ਦਾ ਅਜੂਬਾ ਹੈ। ਹਰ ਪੱਖ ਤੋਂ ਇਹ ਸਿੱਖਾਂ ਦਾ ਸਰਬੋਤਮ ਕੇਂਦਰੀ ਧਰਮ ਅਸਥਾਨ ਹੈ। ਸਾਰੀ ਸਿੱਖ ਕੌਮ ਦਾ ਦਿਲ ਦਿਮਾਗ਼ ਤੇ ਜਿੰਦ ਜਾਨ ਹੈ। ਸਿੱਖ ਰਹੁ ਰੀਤ ਦਾ ਕੇਂਦਰੀ ਧੁਰਾ ਹੈ। ਇਹ ਕਲਾ ਦਾ ਸੁੰਦਰ ਨਮੂਨਾ, ਇਮਾਰਤ-ਸਾਜ਼ੀ ਦੀ ਦਿਲਕਸ਼ ਤੇ ਅਨੂਪਮ ਘਾੜਤ, ਆਤਮਕ ਹੁਲਾਸ ਦਾ ਸੋਮਾ, ਗੁਰਬਾਣੀ ਦੇ ਕੀਰਤਨ ਤੇ ਪਾਠ ਦੇ ਅਖੰਡ ਪ੍ਰਵਾਹ ਦੀ ਵਗਦੀ ਨਿਰਮਲ ਧਾਰਾ, ਸੇਵਾ ਤੇ ਸਿਮਰਨ ਦਾ ਸੰਗਮ ਅਤੇ ਸਿੱਖੀ ਦਾ ਰੌਸ਼ਨ ਮੀਨਾਰ ਹੈ। ਅਕਾਸ਼ ਵਿੱਚ ਕਲਪੇ ਹੋਏ ਵਿਸ਼ਨੂੰ ਦੇ ਨਿਵਾਸ ਅਸਥਾਨ ਬੈਕੁੰਠ ਨਾਲ ਤੁਲਨਾ ਦੇਣ ਵਾਲਿਆਂ ਨੂੰ ਇਕ ਕਵੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਚਿਤਾ ਤੇ ਗੌਰਵਤਾ ਬਾਰੇ ਐਉਂ ਆਖਦੇ ਹਨ:

ਹਰਿਮੰਦਰ ਬੈਕੁੰਠ ਕੋ, ਤੋਲਿਓ ਹਰਿ ਹਰਿ ਦਾਸ।
ਗੌਰਾ ਸੋ ਧਰਨੀ ਰਹਿਓ, ਹੌਰਾ ਚੜਿਓ ਅਕਾਸ।

ਅਰਥਾਤ ਬੈਕੁੰਠ ਹੌਲਾ ਹੋਣ ਦੇ ਕਾਰਨ ਅਕਾਸ਼ ਵਿੱਚ ਚਲਾ ਗਿਆ ਹੈ ਤੇ ਸ੍ਰੀ ਹਰਿਮੰਦਰ ਸਾਹਿਬ ਭਾਰਾ ਹੋਣ ਕਰ ਕੇ ਧਰਤੀ 'ਤੇ ਟਿਕਿਆ ਰਿਹਾ ਹੈ। ਇਸੇ ਲਈ ਕਵੀ ਜੀ ਇਸ ਨੂੰ ਲਾਸਾਨੀ ਮੰਦਰ ਆਖਦੇ ਹਨ। ਇਸ ਅਦੁੱਤੀ ਮੰਦਰ ਦਾ ਨੀਂਹ ਪੱਥਰ ੧ ਮਾਘ ਸੰਮਤ ੧੬੪੫ ਬਿ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਅਨੰਨਿ ਸ਼ਰਧਾਵਾਨ ਪੀਰ ਮੀਆਂਮੀਰ ਦੇ ਹੱਥੋਂ ਰਖਵਾਇਆ। ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ੧੩ ਫੁੱਟ ਚੌੜੀ ਤੇ ਹਰ ਬਾਹੀ ੬੬-੬੬ ਫੁੱਟ ਚੌੜੀ ਹੈ। ਦਰਸ਼ਨੀ ਡਿਉੜੀ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਪੁਲ ੨੪੦ ਫੁੱਟ ਲੰਬਾ ਤੇ ੨੧ ਫੁੱਟ ਚੌੜਾ ਹੈ ਜਿਸ ਦੇ ਹੇਠ ੩੮ ਸੁਰਗ-ਦੁਆਰੀਆਂ ਹਨ। ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਪੂਰੀ ਕਰ ਕੇ ਸੰਮਤ ੧੬੬੧ ਬਿ: ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਸਥਾਪਨ ਕੀਤੇ ਗਏ। ਏਥੇ ਵੈਸਾਖੀ ਦਾ ਮੇਲਾ ਪੰਚਮ ਪਾਤਸ਼ਾਹ ਜੀ ਨੇ ਅਤੇ ਦੀਪਮਾਲਾ ਦਾ ਮੇਲਾ ਬਾਬਾ ਬੁੱਢਾ ਜੀ ਨੇ ਛੇਵੇਂ ਸਤਿਗੁਰਾਂ ਦੇ ਗਵਾਲੀਅਰ ਤੋਂ ਵਾਪਸ ਆਉਣ 'ਤੇ ਅਰੰਭ ਕੀਤਾ। ਫੱਗਣ ਸੰਮਤ ੧੮੧੮ ਵਿੱਚ ਅਹਿਮਦ ਸ਼ਾਹ ਦੁਰਾਨੀ ਨੇ ਹਰਿਮੰਦਰ ਨੂੰ ਬਾਰੂਦ ਨਾਲ ਉਡਵਾ ਕੇ ਤਾਲ ਭਰਵਾ ਦਿੱਤਾ। ਫਿਰ ਖ਼ਾਲਸੇ ਨੇ ੧੧ ਵੈਸਾਖ ਸੰਮਤ ੧੮੨੧ ਬਿ: ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਨਿਉਂ ਰਖਵਾਈ ਅਤੇ ਭਾਈ ਦੇਸਰਾਜ ਦੀ ਮਾਰਫ਼ਤ ਕੁਝ ਵਰ੍ਹਿਆਂ ਵਿੱਚ ਪਹਿਲੇ ਵਰਗਾ ਹੀ ਹਰਿਮੰਦਰ ਬਣਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਸੰਮਤ ੧੮੫੯ ਵਿੱਚ ਇਸ ਪਵਿੱਤ੍ਰ ਸ਼ਹਿਰ 'ਤੇ ਕਬਜ਼ਾ ਕੀਤਾ ਅਤੇ ਸੰਗਿ ਮਰਮਰ ਤੇ ਸੋਨੇ ਨਾਲ ਸ੍ਰੀ ਹਰਿਮੰਦਰ ਸਾਹਿਬ ਨੂੰ ਸਜਾਇਆ। ਬਾਦ ਵਿੱਚ ਮਹਾਰਾਜਾ ਖੜਗ ਸਿੰਘ ਜੀ ਅਤੇ ਮਹਾਰਾਜਾ ਸ਼ੇਰ ਸਿੰਘ ਜੀ ਨੇ ਵੀ ਸੋਨੇ ਦੀ ਸੇਵਾ ਕਰਵਾਈ। ਬਾਕੀ ਰਹਿੰਦੇ ਥਾਵਾਂ ਤੇ ਸੰਗਤਾਂ ਵੱਲੋਂ ਹੁਣ ਵੀ ਸੇਵਾ ਹੋ ਰਹੀ ਹੈ ਜਿਵੇਂ ਕਿ ਉਪਰਲੀ ਛੱਤ ਤੇ ਪੱਛਮੀ ਪਾਸੇ ਦੀਆਂ ਬਾਰੀਆਂ ਦੇ ਤਖਤਿਆਂ 'ਤੇ ਸੋਨਾ ਹੁਣੇ ਜੇਹੇ ਹੀ ਚੜ੍ਹਾਇਆ ਹੈ।

ਕਵੀ ਜੀ ਦੀ ਆਪਣੇ ਬਾਰੇ ਜਾਣ-ਪਛਾਣ।

ਸ੍ਵੈਯਾ:

ਤਾਸ ਸੁਧਾਸਰ ਸ਼ਹਿਰ ਮੈ, ਇਕ ਨਿਰਮਲ ਪੰਥ ਸੁ ਸਾਧੁ ਮਹਾਨੀ।
ਬਿਨ ਬਾਸਨ ਬਾਸ ਬਿਸੇਸ ਧਰੈ, ਬਿਨ ਬਾਸ ਬਸੈ ਬਰ ਬਾਸ ਜਹਾਨੀ।
ਸਭ ਸੱਜਨ ਠੀਕ ਪਛਾਨਤ ਹੈਂ, ਮਮ ਨਾਮ ਗਜਾਨ ਮ੍ਰਿਗੇਸ ਗਜਾਨੀ।
ਗੁਰ ਗਾਥ ਰਚੀ ਹਿਤ ਸਾਥ ਤਹਾਂ, ਸਫਲੀ ਕਰਨੇ ਹਿਤ ਮੈ ਨਿਜ ਬਾਨੀ ॥ ੩੪ ॥

ਪਦਅਰਥ:

ਤਾਸ=ਤਿਸ। ਸੁਧਾਸਰ=ਅੰਮ੍ਰਿਤਸਰ। ਬਿਨ ਬਾਸਨ=ਵਾਸ਼ਨਾ ਤੋਂ ਬਿਨਾਂ, ਇੱਛਾਂ ਤੋਂ ਬਿਨਾਂ। ਬਾਸ=ਵਾਸਾ, ਰਿਹਾਇਸ਼। ਬਿਸੇਸ=ਅਧਿਕ, ਬਹੁਤ। ਧਰੈ=ਰਖਦਾ ਹੈ। ਬਿਨ ਬਾਸ=(ਆਪਣਾ ਘਰ (ਬਣਾਉਣ ਤੋਂ) ਬਿਨਾਂ ਹੀ। ਬਸੈ=ਵਸਦਾ ਹੈ, ਰਹਿੰਦਾ ਹੈ। ਬਰ=ਸ੍ਰੇਸ਼ਟ, ਉੱਤਮ। ਬਾਸ=ਘਰ। ਜਹਾਨੀ=ਸੰਸਾਰ ਰੂਪ। ਗਜਾਨ ਮ੍ਰਿਗੇਸ=ਗਿਆਨ ਸਿੰਘ। ਗਾਥ=ਕਥਾ।

ਅਰਥ:

੧. ਤਿਸ (ਜਿਸ ਦਾ ਪਿੱਛੇ ਵਰਣਨ ਹੋ ਚੁੱਕਾ ਹੈ) ਸ੍ਰੀ ਅੰਮ੍ਰਿਤਸਰ ਸ਼ਹਿਰ ਵਿੱਚ ਮਹਾਨ (ਖ਼ਾਲਸਾ) ਪੰਥ (ਦੀ) ਉੱਤਮ ਨਿਰਮਲ (ਸੰਪ੍ਰਦਾਇ ਦਾ) ਇਕ ਸਾਧੂ ਹੈ।

੨. (ਕਿਸੇ ਦੁਨਿਆਵੀ) ਇੱਛਾ ਤੋਂ ਰਹਿਤ ਹੋ ਕੇ ਬਹੁਤੀ ਰਿਹਾਇਸ਼ (ਅੰਮ੍ਰਿਤਸਰ ਵਿੱਚ ਹੀ) ਰੱਖਦਾ ਹੈ। (ਆਪਣਾ ਪੱਕਾ) ਘਰ (ਭਾਵ ਡੇਰਾ) ਬਣਾਉਣ ਤੋਂ ਬਿਨਾਂ ਹੀ ਸੰਸਾਰ ਰੂਪ ਉੱਤਮ ਘਰ ਵਿੱਚ ਵਸਦਾ ਹੈ।

੩. (ਉਸ ਦਾ ਨਾਮ ਤੇ ਉਪਾਧੀ ਕੀ ਹੈ?) ਸਾਰੇ ਸੱਜਣ ਚੰਗੀ ਤਰ੍ਹਾਂ ਜਾਣਦੇ ਹਨ ਕਿ ਮੇਰਾ ਨਾਮ ਗਿਆਨ ਸਿੰਘ ਤੇ (ਮੇਰੀ ਉਪਾਧੀ) ਗਿਆਨੀ ਹੈ।

੪. ਉਥੇ (ਅੰਮ੍ਰਿਤਸਰ ਵਿੱਚ ਰਹਿ ਕੇ) ਮੈਂ ਆਪਣੀ ਬਾਣੀ (ਕਵਿਤਾ) ਸਫਲ ਕਰਨ ਵਾਸਤੇ ਗੁਰੂ (ਸਾਹਿਬਾਨ ਅਤੇ ਖ਼ਾਲਸਾ ਪੰਥ) ਦੀ ਕਥਾ (ਦਿਲੀ) ਹਿਤ ਨਾਲ ਲਿਖੀ ਹੈ।

ਭਾਵ ਗਿਆਨੀ ਗਿਆਨ ਸਿੰਘ ਬ੍ਰਿਜ ਭਾਸ਼ਾ ਕਾਵਿ ਦੇ ਮਹਾਂ ਕਵੀ ਤੇ ਨਵੀਨ ਪੰਜਾਬੀ ਵਾਰਤਕ ਦੇ ਜਨਮ ਦਾਤਾ, ਇਸ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥ ਦੇ ਕਰਤਾ ਹਨ। ਇਨ੍ਹਾਂ ਦੀ ਵੰਸ਼-ਪਰੰਪਰਾ, ਜੀਵਨ-ਝਲਕੀਆਂ, ਵਿਦਿਆ-ਪ੍ਰਾਪਤੀ, ਤੀਰਥ ਯਾਤਰਾ, ਸੈਰ, ਸਪਾਟਾ, ਰਚਨਾਵਾਂ ਤੇ ਹੋਰ ਹਰ ਤਰ੍ਹਾਂ ਦੀ ਵਾਕਫ਼ੀਅਤ ਲਈ ਇਸੇ ਗ੍ਰੰਥ ਦੀ 'ਪ੍ਰਸਤਾਵਨਾ' ਪੜ੍ਹੋ।

{ਮੰਗਲ ਸਮਾਪਤ, ਗ੍ਰੰਥਰਚਣ ਕਾ ਕਾਰਨ।}

ਦੋਹਰਾ:

ਮੰਗਲ ਚਾਰੁ[1] ਉਚਾਰ ਕਰਿ, — [1]ਸੁੰਦਰ।
ਕਵਿ ਕੋਵਿਦਨਿ[1] ਜੁਹਾਰ[2]। — [1]ਵਿਦਵਾਨਾਂ ਨੂੰ। [2]ਨਮਸਕਾਰ ਕਰਕੇ।
ਭਯੋ ਗ੍ਰੰਥ ਜਸੋਂ ਨਯੋ ਯਹਿ,
ਬਰਨੋਂ ਸੋ ਪਰਕਾਰ[1] ॥ ੩੫ ॥ — [1]ਉਹ ਕਾਰਨ ਕਹਿੰਦਾ ਹਾਂ।

ਚੌਪਈ:

ਨਗਰ ਪਟਜਾਲਾ ਸੁਭ ਅਸਥਾਨੋ।
ਫੂਲ ਬੰਸ ਜਹਿ ਭੂਪ ਮਹਾਨੋ।
ਰੂਪ ਅਨੰਤ ਸੰਤ ਇਕ ਤਹਾਂ।
ਕੋਵਿਦ ਕਵਿ ਗਜਾਨੀ ਸੁਚ ਮਹਾਂ ॥ ੩੬ ॥

ਬਿੱਦਜਾ ਗੁਰ ਮਮ ਆਹਿ ਉਦਾਰੇ।
ਮੋ ਸਮ ਜਢ ਜਿਨ ਬਹੁ ਭਵ ਤਾਰੇ।
ਨਾਮ ਨਖੱਤ੍ਰ ਮ੍ਰਿਗੇਸ[1] ਮਹਾਨੂੰ।
ਨਿਰਮਲ ਪੰਥ ਬੀਚ ਸਮ ਭਾਨੂੰ[1] ॥ ੩੭ ॥
ਤਾਂ ਕੇ ਪਦ ਪੰਕਜ[1] ਤੇ ਸਿੱਖਜਾ।
ਪਾਇ, ਹਰੇ ਭਵ ਦੁਖ ਸਮ ਬਿੱਖਜਾ[1]।
ਇਕ ਦਿਨ ਉਨ ਹਿਤ ਪਰ ਉਪਕਾਰੇ।
ਆਗਜਾ ਯਹਿ ਮੁਹਿ ਦੁਈ ਉਦਾਰੇ ॥ ੩੮ ॥
ਗ੍ਰੰਥ ਸੁ ਪੰਥ ਪ੍ਰਕਾਸ਼ ਸੁਹਾਵਨ।
ਰਤਨ ਸਿੰਘ ਜੋ ਕੀਨ ਬਨਾਵਨ।
ਢੀਲੀ ਤਾਹਿ ਅਧਿਕ ਕਵਿਤਾਈ।
ਮਤਲਬ ਥੋਰਾ ਬਹੁ ਫੈਲਾਈ ॥ ੩੯ ॥
ਹੁਤੋ ਸਿੰਘ ਵਹੁ ਸੁਧਾ ਸਾਦਾ*।
ਕਵਿਤਾ ਕੀ ਨ ਲਖਤ ਮਰਯਾਦਾ[1]।
ਜੈਸ ਗੁਰੂ ਕਾ ਪੰਥ ਰੰਗੀਲਾ[1]।
ਬੀਰ ਬਾਂਕੁਰੋ ਛੈਲ ਛਬੀਲਾ[1] ॥ ੪੦ ॥
ਚਹੀਏ ਗਾਥ[1] ਤਾਹਿ ਕੀ ਤੈਸੀ।
ਦੇਵ ਅਨੁਰੂਪ* ਬਲੀ ਹ੍ਵੈ ਜੈਸੀ[1]।

ਤਾਂ ਤੇ ਤੁਮ ਯਹਿ ਗਾਥ ਬਚਿੱਤ੍ਰ[1]।
ਗੁਰੂ ਖਾਲਸੇ ਕੇਰ ਚਰਿੱਤ੍ਰ[1] ॥ ੪੧ ॥
ਛੰਦ ਬੰਦ ਕਰਿ[1] ਰਚੋ ਸੁਹਾਵਨ।
ਗ੍ਰੰਥ ਪੰਥ ਪ੍ਰਕਾਸ਼ ਜੁ ਪਾਵਨ[1]।
ਜਾ ਕੋ ਪੇਖ ਪੰਥ ਗੁਰ ਕੇਰਾ।
ਲਹੈ ਮੋਦ ਪ੍ਰਮੋਦ ਘਨੇਰਾ[1] ॥ ੪੨ ॥

ਦੋਹਰਾ:
ਯਹਿ ਆਗਜਾ ਜਬ ਉਨਿ ਦਈ,
ਮਾਨੀ ਹਮ ਮੁਦ[1] ਪਾਇ।
ਗ੍ਰੰਥ ਰਚਨ ਹਿਤ ਪੁਨ ਕਰਜੋ,
ਉੱਦਮ ਗੁਰੂ ਮਨਾਇ ॥ ੪੩ ॥

[1]ਤਾਰਾ ਸਿੰਘ (ਨਰੋਤਮ, ਪੰਡਿਤ)।
[1]ਸੂਰਜ ਵਾਂਗ।
[1]ਚਰਨ ਕੰਵਲਾਂ ਤੋਂ।
[1]ਜ਼ਹਿਰ ਵਰਗੇ ਸੰਸਾਰਕ ਦੁਖ ਨਾਸ ਕੀਤੇ।

*ਪਾ: ਸਾਧਾ।
[1]ਰੀਤੀ ਨਹੀਂ ਸੀ ਜਾਣਦਾ।
[1]ਸੁੰਦਰ।
[1]ਸੁੰਦਰ ਸੂਰਮਾ, ਖੂਬਸੂਰਤ ਫਬ ਵਾਲਾ।
[1]ਕਥਾ।
[1]ਜਿਸ ਤਰ੍ਹਾਂ ਦਾ ਦੇਵਤਾ ਹੋਵੇ ਉਸ ਦੀ ਬਲੀ ਵੀ ਉਸੇ {ਅਨੁਰੂਪ} ਵਰਗੀ ਹੋਣੀ ਚਾਹੀਦੀ ਹੈ। *ਪਾ: ਦੇਵਨ ਰੂਪ।
[1]ਅਸਚਰਜ, ਅਨੋਖੀ।
[1]ਕੌਤਕਾਂ ਦੀ।
[1]ਕਵਿਤਾ ਵਿੱਚ।
[1]ਪਵਿੱਤਰ।
[1](ਸ਼ਰੀਰਕ) ਅਨੰਦ ਤੋਂ ਵੀ ਬਹੁਤ ਵੱਡਾ (ਆਤਮਕ) ਅਨੰਦ ਲਵੇ।

[1]ਅਨੰਦ।

ਕਬਿੱਤ:

ਫੇਰ ਗੁਰੁ ਘਰ ਕੇ ਮਹਾਨੇ ਜੇ ਸਜਾਨੇ ਸਿੱਖ,
ਬਾਲਕ ਜੁਵਾ[1] ਪੁਰਾਨੇ ਮੁਖੀਏ ਜੋ ਪੰਥ ਮੈਂ।
ਸਬ ਹੀ ਕੇ ਆਗੇ ਏਹੁ ਜਬ ਹੀ ਸੁਨਾਈ ਬਾਤ,
ਰਚਜੋ ਚਹੋਂ ਐਸੀ ਭਾਂਤਿ ਅਬ ਹੀ ਗ੍ਰੰਥ ਮੈਂ।
ਸੁਨਿ ਕੈ ਮਹਾਨ ਮੋਦ ਠਾਨਿ ਸਭਿ ਹੀ ਨੈ ਕਹਜੋ,
ਇਸ ਤੈ ਨ ਨੀਕੀ[1] ਬਾਤ ਔਰ ਕੋਊ ਤੰਥ ਮੈਂ[2]।
ਸਾਦਰ[1] ਬਨਾਵੋ ਅਬ ਦੇਰ ਨ ਲਗਾਵੋ ਤੁਮ,
ਈਹਾਂ ਜਸ ਪਾਵੋ ਵਡ ਸੁਖ ਹ੍ਵੈ ਅਗੰਥ ਮੈਂ[1]
॥ ੪੪ ॥

[1]ਜਵਾਨ।

[1]ਚੰਗੀ। [2]ਤੱਤ (ਸਿਧਾਂਤ) ਰੂਪ ਵਿੱਚ।

[1]ਬੇ ਫ਼ਿਕਰ ਹੋ ਕੇ। (ਅ) ਸਤਿਕਾਰ ਨਾਲ।

[1]ਪ੍ਰਲੋਕ ਵਿੱਚ।

ਪੂਰਬ ਮਹਾਨ ਮੁਨਿ ਬਜਾਸ ਆਦਿ ਭਏ ਜੇਈ,
ਭੂਪਨ ਕੇ ਇਤੀਹਾਸ ਭਨੇ ਤਿਨ ਭੂਰ ਹੈਂ[1]।

[1]ਉਨ੍ਹਾਂ ਨੇ (ਪੁਰਾਣਾਂ ਵਿੱਚ) ਬਹੁਤੇਰਾਜਿਆਂ ਦੇ ਇਤਿਹਾਸ ਕਹੇ ਹਨ।

ਤੈਸੇ ਤੁਮ ਇਤੀਹਾਸ ਗੁਰੂ ਘਰ ਕਾ ਬਜਾਸ,
ਕਰੋ ਏਹੁ ਰੁਚਰ ਰਚਾਵਨ ਜਰੂਰ ਹੈਂ[1]।

[1]ਤਿਵੇਂ ਤੁਸੀਂ ਬਿਆਸ (ਵਾਂਗ) ਗੁਰੂ ਘਰ ਦਾ ਇਹ ਸੁੰਦਰ ਇਤਿਹਾਸ ਜ਼ਰੂਰ ਹੀ ਰਚਨਾ ਕਰੋ।

ਲੋਗ ਸਮਰੱਥ[1] ਜਿਮ ਤਾਲ[2] ਬਾਗ ਬਾਪਿਕਾ[3]
ਲਗਾਵਤ ਹੈਂ, ਬਿਖਰੇ ਸੁਧਾਰੈਂ ਮਗ ਰੂਰ ਹੈਂ[1]।

[1](ਮਾਇਆ ਦੀ) ਸ਼ਕਤੀ ਵਾਲੇ। [2]ਸਰੋਵਰ। [3]ਬਾਉਲੀ।

[1]ਬਿਖੜਿਆਂ ਰਸਤਿਆਂ ਨੂੰ ਸੁਧਾਰ ਕੇ ਸੁੰਦਰ (ਸੜਕਾਂ) ਬਣਾ ਦੇਂਦੇ ਹਨ।

ਪਰ ਹਿਤ ਸਰੀਓਂ ਪੈ ਸੇਤ ਬੰਧਵਾਵਤ ਹੈਂ[1],
ਵੇਊ[1] ਫਿਰ ਸੁਜਸ ਬਿਥਾਰੈਂ[2] ਦੂਰ ਦੂਰ ਹੈਂ
॥ ੪੫ ॥

[1]ਪਰਾਏ (ਲੋਕਾਂ ਦੇ ਸੁਖ) ਵਾਸਤੇ ਨਦੀਆਂ ਉਪਰ ਪੁਲ ਬਨ੍ਹਵਾ ਦੇਂਦੇ ਹਨ।

[1]ਉਹ (ਪੁਲਾਂ ਦੇ ਉਪਰ ਦੀ ਲੰਘਣ ਵਾਲੇ)। [2]ਫੈਲਾ ਦੇਂਦੇ ਹਨ।

ਯਾਹਿ ਤੋ ਅਪੂਰਬ[1] ਹੈ ਬਾਤ ਤੁਮ ਜਾਨੋ ਸਾਤ[2],
ਬਨ ਹੈ ਗ੍ਰੰਥ ਜਬ ਏਹੁ ਅਤਿ ਚਾਰੋ[1] ਹੈ।
ਜੈ ਹੈ ਦੇਸ ਦੇਸਨ ਮੈਂ ਸਾਦਰ ਪਠੈਂਗੇ ਸਿਖ,
ਸੁਨੈ ਨਰ ਨਾਰਿ ਜਸ ਹੋਇਗੋ ਅਪਾਰੋ ਹੈ।
ਗਾਥ ਗੁਰੁ ਘਰ ਕੀ ਮਹਾਨ ਯੌਂ ਪਛਾਨ ਪਰੈ[1],
ਬਜਾਨ[1] ਔਰ ਭੂਪਨ ਕਾ ਜਾਨ ਪਰੈ ਸਾਰੋ ਹੈ।
ਸਿੰਘਨ ਕਾ ਮਜਬ ਗਜਬ[1] ਏਹ ਅਜਬ[2] ਜੋ,
ਪਰੈਗੋ ਪਛਾਨ ਹਿੰਦੂ ਤੁਰਕਨ ਤੇ ਨਜਾਰੋ ਹੈ

[1]ਨਵੀਂ, ਅਣੋਖੀ। [2]ਸੱਚੀ।

[1]ਬਹੁਤ ਸੁੰਦਰ।

[1]ਪਤਾ ਲੱਗ ਜਾਵੇਗਾ।

[1]ਹਾਲ।

[1](ਦੁਸ਼ਮਣਾਂ ਤੇ) ਕਹਿਰ ਪਾਉਣ ਵਾਲਾ। [2]ਅਸਚਰਜ।

॥ ੪੬ ॥

ਮਨੀ ਸਿੰਘ ਤਾਰੂ ਸਿੰਘ ਆਦਿਕ ਅਧਿਕ ਸਿੰਘ,
ਹਠ ਜੋ ਸਿਦਕ ਸਿਖੀ ਸਿਰ ਸੋਂ ਨਿਬਾਹਿਂਗੇ।
ਕਰੀ ਜਿਨਿ ਜਗਤ ਤੇ ਯਵਨੋਂ ਕੀ[1] ਦੂਰ ਜਰ[2],
ਏਸ ਗ੍ਰੰਥ ਨੀਕ ਤੈ ਸੁ ਠੀਕ ਜਾਨੇ ਜਾਹਿਂਗੇ।
ਹੇਰਿ ਗੁਰ ਸਿਖਨ ਕੀ ਘਾਲਣਾ ਬਿਸਾਲ ਫੇਰ,
ਔਰ ਗੁਰਸਿਖ ਢੇਰ ਸਿਦਕ ਕਮਾਹਿਂਗੇ।
ਔਰ ਜਜੋਂ ਬਿਲੱਛ[1] ਲੱਛ[2] ਭਏ ਦਲ ਸਿੰਘਨ ਕੇ,
ਰੱਛਕ[1] ਪ੍ਰਤੱਛ[2] ਹਿੰਦੁ ਧਰਮ ਕੇ ਲਖਾਹਿਂਗੇ[3]

[1]ਤੁਰਕਾਂ ਦੀ। [2]ਜੜ੍ਹ।

[1]ਵਿਲੱਖਣ, ਅਣੋਖੇ। [2]ਲਖ, ਜਾਣੋ।

[1]ਰਾਖੇ। [2]ਪ੍ਰਤੱਖ ਹੀ। [3]ਜਾਣੇ ਜਾਣਗੇ।

॥ ੪੭ ॥

ਤਾਂ ਤੇ ਅਬ ਤਿਆਗ ਦੇਰ ਛੋਡ ਔਰ ਏਰ ਫੇਰ[1],
ਕੀਜੀਏ ਸ਼ਿਤਾਬ[1] ਗ੍ਰੰਥ ਪੰਥ ਕਾ ਤਜਾਰ ਹੈ।
ਕੀਨੋ ਹੈ ਮਨੋਰਥ ਜੋ ਆਪ ਨੇ ਮਹਾਨ ਏਹੁ,
ਪਰਉਪਕਾਰ ਹੇਤ ਅਧਿਕ ਉਦਾਰ ਹੈ[1]।
ਕਰਿ ਹੈਂ ਸੰਪੂਰਨ 'ਪੂਰਨ ਗੁਰੁ' ਗ੍ਰੰਥ ਏਹੁ,
ਤੂਰਨ ਤਮਾਮ ਤੇਰੇ ਬਿਘਨ ਬਿਡਾਰ ਹੈਂ[1]।
ਜਾਂਹਿ ਮਾਂਹਿ ਆਹਿ ਜਸ ਪੰਥ ਕਾ ਅਥਾਹਿ ਲਿਖਜੋ,
ਹੋਇ ਹੈ ਜਰੂਰ ਪੂਰ ਆਸਿਖ[1] ਹਮਾਰ ਹੈ ॥ ੪੮ ॥

[1]ਟਾਲ ਮਟੋਲ।

[1]ਛੇਤੀ।

[1]ਬਹੁਤ ਸ੍ਰੇਸ਼ਟ ਹੈ।

[1]ਨਾਸ਼ ਕਰ ਦੇਣਗੇ।

[1]ਅਸੀਸ।

ਐਸੇ ਗੁਰ ਸਿੱਖਨ ਬਿਚੱਖਨ[1] ਸੁ ਮੁੱਖਨ ਕੀ,
ਆਇਸ[1] ਔ ਆਸਿਖਾ ਲੈ ਸੰਮਤੀ[2] ਸੁ ਸਾਰ[3] ਹੈ।
ਪੰਥਨ ਮੈਂ ਪੰਥ, ਗੁਰੂ ਖਾਲਸਾ ਮਹਾਨ ਪੰਥ,
ਤਿਨ ਕੇ ਬਿਰਤੰਤ ਕਾ ਗ੍ਰੰਥ ਰਚੋਂ ਚਾਰੁ[1] ਹੈ।
ਯਦਪਿ[1] ਸੁਜਸ ਗੁਰੂ ਘਰ ਕਾ ਮਹਾਨ ਆਗੇ,
ਕਰਜੋ ਹੈ ਉਚਾਰ ਗੁਰ ਸਿਖਨ ਅਪਾਰ ਹੈ।
ਤਦਪਿ[1] ਮੈਂ ਸਫਲ ਕਰਨ ਹਿਤ ਬਾਨੀ ਨਿਜ[2],
ਸੁਜਸ ਮਹਾਨੀ ਕਰੋਂ ਪੰਥ ਕਾ ਉਚਾਰ ਹੈ ॥ ੪੯ ॥

[1]ਚਤੁਰ।

[1]ਆਗਿਆ। [2]ਰਾਇ, ਸਲਾਹ। [3]ਚੰਗੀ ਤੇ ਸ੍ਰੇਸ਼ਟ।

[1]ਸੁੰਦਰ।

[1]ਭਾਵੇਂ।

[1]ਤਾਂ ਭੀ। [2]ਆਪਣੀ ਕਵਿਤਾ।

ਜੈਸੇ ਬਹੁ ਕਵਿਨ[1] ਰਮਾਇਣ ਰਚੇ ਹੈਂ ਬਹੁ,
ਤੈਸੇ ਗੁਰੁ ਗਾਥ[1] ਰਚੀ ਸਿੱਖਨ ਸੁਜਾਨ ਹ੍ਵੈ[2]।
ਗਰੁੜ ਮਸ਼ਕ ਆਦਿ ਗਗਨ ਉਡਤ ਖਗ,

[1]ਕਵੀਆਂ ਨੇ।

[1]ਕਥਾ। [2]ਚਤੁਰ ਹੋ ਕੇ।

ਲਹਿਤ ਨ ਅੰਤ, ਅੰਤਿ ਧਰਿ ਅਵਸਾਨ ਹ੍ਵੈ[1]।

[1]ਗਰੁੜ ਤੇ ਮੱਛਰ ਆਦਿ ਪੰਛੀ ਅਕਾਸ਼ ਵਿੱਚ ਉਡਦੇ ਹਨ (ਪਰ ਉਹ ਅਕਾਸ਼ ਦਾ) ਅੰਤ ਨਹੀਂ ਲੈ ਸਕਦੇ (ਸਗੋਂ) ਅੰਤ ਨੂੰ ਮੌਤ ਧਾਰਨ ਕਰ ਲੈਂਦੇ ਹਨ ਭਾਵ ਖ਼ਤਮ ਹੋ ਜਾਂਦੇ ਹਨ।

ਗਾਥ ਗੁਰੁ ਪੰਥ ਕੀ ਅਥਾਹਿ ਥਾਹਿ ਕੌਨ ਲਹੈ,
ਬੁਧਿ ਬਲ ਲਾਇ ਕਹੈਂ ਸਭ ਹੀ ਸੁਜਾਨ ਹ੍ਵੈ।
ਤਿਨ ਮੈਂ ਮਸ਼ਕ ਸਮ ਹਮ ਕਮ ਕਵਿ[1] ਅਬ,
ਚਾਹੈਂ ਗਾਥ ਗਗਨ ਮੈਂ[1] ਮਗਨ ਮਹਾਨ ਹ੍ਵੈ ॥ ੫੦ ॥

[1]ਛੋਟੇ ਕਵੀ।

[1]ਕਥਾ ਰੂਪ ਅਕਾਸ਼ ਵਿੱਚ (ਉੱਡਣਾ ਚਾਹੁੰਦੇ ਹਾਂ)।

ਦਾਰ ਪੂਤਰੀ ਕੇ ਸਮ[1] ਜੀਹ ਜਾਨ ਲੇਹੁ ਮਮ,
ਸ੍ਰੀ ਗੁਰੂ ਨਟ ਜਜੋਂ ਪ੍ਰੇਰੈਂ ਤਜੋਂ ਉਚਾਰ ਹੈਂ।
ਜਾਨਤ ਨ ਉਕਤ[1] ਅਨੁਕਤ[2] ਜੁਗਤ ਵਰ[3]
ਜਮਕ[1] ਦਮਕ[2] ਰਸ[3] ਰੀਤਿ[11] ਅਲੰਕਾਰ[22] ਹੈਂ।

[1]ਕਾਠ ਦੀ ਪੁਤਲੀ ਵਾਂਗ।

[1]ਕਹਿਣ ਯੋਗ। [2]ਨ ਕਹਿਣ ਯੋਗ। [3]ਚੰਗੀਆਂ ਦਲੀਲਾਂ।

[1]ਇਕ ਸ਼ਬਦਾਲੰਕਾਰ, ਜਿਸ ਵਿੱਚ ਇਕ ਪਦ ਅਨੇਕ ਵਾਰ ਆਵੇ ਪਰ ਅਰਥ ਵੱਖਰਾ ਵੱਖਰਾ ਹੋਵੇ ਜਿਵੇਂ– 'ਅਰਜਨ ਗੁਰ ਅਰਜਨ ਤਰੂ, ਅਰਜਨ ਸ੍ਵਾਮਿ ਸਮਾਨ। ਅਰਜਨ ਜਸ ਅਰਜਨ ਕਰਿਓ, ਅਰਜਨ ਤੂਲ ਜਿਨਾਨ'। [2]ਪ੍ਰਕਾਸ਼। [3]ਕਾਵਿ ਅਨੁਸਾਰ ਮਨ ਵਿੱਚ ਉਤਪੰਨ ਹੋਣ ਵਾਲਾ ਉਹ ਭਾਵ, ਜੋ ਕਾਵਿ ਪੜ੍ਹਨ, ਸੁਣਨ ਜਾਂ ਨਾਟਕ ਆਦਿ ਦੇ ਦੇਖਣ ਤੋਂ ਪੈਦਾ ਹੁੰਦਾ ਹੈ। ਕਾਵਿ ਅਨੁਸਾਰਰਸ ਨੌਂ ਹਨ– ਸ਼ਿੰਗਾਰ, ਹਾਸ, ਕਰੁਣਾ, ਰੌਦ੍ਰ, ਵੀਰ, ਭਿਆਨਕ, ਬੀਭੱਤਸ, ਅਦਭੁੱਤ ਅਤੇ ਸ਼ਾਂਤ। [11]ਛੰਦ ਦੀ ਚਾਲ। [22]ਸ਼ਬਦ ਦੇ ਅਰਥ ਕਰਨ ਦੀ ਉਹਰੀਤਿ ਜੋ ਕਾਵਿ ਦੀ ਸ਼ੋਭਾ ਵਧਾਵੇ। ਇਹ ਤਿੰਨ ਤਰ੍ਹਾਂ ਦੇ ਹਨ– ਸ਼ਬਦ–ਅਲੰਕਾਰ, ਅਰਥ–ਅਲੰਕਾਰ ਤੇ ਉਭੇ–ਅਲੰਕਾਰ।

ਚਿੱਤ੍ਰ ਬਚਿੱਤ੍ਰ ਪਵਿੱਤ੍ਰ ਨ ਛੰਦ ਬੰਦ,
ਕਵਿਨ ਕੀ ਲਵਨ ਨ ਆਵਤਿ ਸੁ ਢਾਰ ਹੈਂ[1]।

[1]ਮੇਰੀ (ਛੰਦ ਬੰਦ) ਕਵਿਤਾ (ਬਚਿੱਤ੍ਰ) ਅਨੇਕ ਢੰਗਾਂ ਦੀ (ਚਿੱਤ੍ਰ) ਸੁੰਦਰ ਤੇ ਪਵਿੱਤ੍ਰ ਨਹੀਂ ਹੈ ਅਤੇ ਕਵੀਆਂ ਦੀ ਚੰਗੀ ਰੀਤੀ (ਮੈਨੂੰ) ਥੋੜ੍ਹੀ ਜਿਹੀ ਵੀ ਨਹੀਂ ਆਉਂਦੀ।

ਕੇਵਲ ਪ੍ਰੇਮ ਏਕ ਗੁਰ ਜਸ ਗਾਵਨੇ ਕਾ,
ਆਹਿ ਉਰ ਮਾਹਿ ਸੋਈ ਸ੍ਵਜਨ ਬਿਚਾਰ ਹੈਂ ॥ ੫੧ ॥
ਸ੍ਰੀ ਗੁਰੂ ਖਾਲਸੇ ਕੀ ਗਾਥ ਹਿਤ ਸਾਥ ਨੀਕ,
ਰਚਜੋਂ ਚਹੋਂ ਠੀਕ ਤਵਾਰੀਖ ਗੁਰੁ ਘਰ ਕੀ।
ਘਰ ਕੀ ਤੋ ਅਕਲ ਕੀ ਸ਼ਕਲ ਬਿਕਲ ਜੈਸੀ,
ਦੀਸਤ ਹੈ ਮੋਹਿ ਜਾਤੇ ਅਬੀ ਜਾਤ ਘਰਕੀ[1]।

[1]ਮੈਨੂੰ ਤਾਂ (ਘਰ) ਅੰਤਹਕਰਨ ਦੀ (ਅਕਲ) ਬੁੱਧੀ ਦੀ ਸ਼ਕਲ (ਬਿਕਲ) ਪਾਗਲਾਂ ਵਰਗੀ ਦਿਸਦੀ ਹੈ। ਜਿਸ ਕਰ ਕੇ (ਉਹ ਬੁੱਧੀ) ਹੁਣ ਤੱਕ (ਘਰਕੀ) ਹੌਂਕੀ ਜਾਂਦੀ ਹੈ।

ਘਰ ਕੀਨ ਯਾਹੀ ਤੇ ਸੁ ਗੁਰੂ ਕੇ ਪਦਾਰਬਿੰਦ,
ਜਾਂਹਿ ਅਬਲੰਬ ਚਹੌਂ ਗਾਥ ਮੈਂਰੁਚਰ ਕੀ[1]।

[1]ਏਸੇ ਕਰ ਕੇ (ਮੈਂ) ਗੁਰਾਂ ਦੇ ਚਰਨ ਕੰਵਲਾਂ ਵਿੱਚ ਚੰਗੀ ਤਰ੍ਹਾਂ ਘਰ ਕੀਤਾ ਹੈ ਜਿਨ੍ਹਾਂ ਦੇ ਆਸਰੇ ਮੈਂ ਸੁੰਦਰ ਕਥਾ (ਕੀ) ਕਰਨਾ ਚਾਹੁੰਦਾ ਹਾਂ।

ਚਰ ਕੀ ਅਚਰ ਕੀ ਜੁ ਮਿਹਰ ਨਦਰ ਕੀ
ਹ੍ਵੈ ਤਰਕੀ ਹ੍ਵੈ ਸ੍ਵਰ ਕੀ ਤੁ ਕਵਿ ਕੀ ਸ਼ੁਕਰ ਕੀ[1] ॥ ੫੨ ॥

[1](ਜੁ) ਜਦੋਂ (ਸਤਿਗੁਰਾਂ ਦੀ) ਮਿਹਰ ਦੀ ਨਿਗਾਹ ਹੋਵੇਗੀ ਤਾਂ (ਫੁਰਨਿਆਂ ਵਿੱਚ) (ਚਰ ਕੀ) ਵਿਚਰਨ ਵਾਲੀ (ਮੇਰੀ ਸੁਰਤਿ) {ਅਚਰ ਕੀ} ਇਕਾਗਰ ਹੋ ਜਾਵੇਗੀ, ਤਾਂ ਮੇਰੀ (ਸ੍ਵਰ ਕੀ) ਬਾਣੀ ਦੀ ਭਾਵ ਕਵਿਤਾ ਦੀ (ਤਰਕੀ) ਤਰੱਕੀ ਹੋਵੇਗੀ ਤਦੋਂ ਮੈਂ ਕਵੀ ਦੀ (ਆਤਮਾ ਸਤਿਗੁਰਾਂ ਦਾ) {ਸ਼ੁਕਰ ਕੀ} ਧੰਨਵਾਦ ਕਰੇਗੀ।

ਦੋਹਰਾ:
ਗ੍ਰੰਥ ਭਯੋ ਜਜੋਂ ਨਜੋ ਯਹਿ,
ਹੇਤੂ[1] ਕਹਜੋ ਸੁਨਾਇ।
ਪ੍ਰਥਮ ਧਜਾਇ ਯਹਿ ਗਾਇ ਗੁਨ,
ਇਤੀ ਭਯੋ[1] ਮੁਦ[2] ਪਾਇ ॥ ੫੩ ॥

[1]ਕਾਰਨ।

[1]ਪੂਰਾ ਹੋ ਗਿਆ। [2]ਅਨੰਦ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ ਮੰਗਲ, ਗ੍ਰੰਥ ਕਾਰਨ ਬਰਨਨੰ ਨਾਮ ਪ੍ਰਥਮੋ ਬਿਸਰਾਮ* ॥ ੧ ॥

*ਇਸ ਥਾਂ ਤੇ ਦਿੱਲੀ ਭਾਵ ਪਹਿਲੀ ਐਡੀਸ਼ਨ ਛਾਪਾ ਪੱਥਰ 'ਚ ਪਾਠ ਹੈ– 'ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਮੰਗਲ ਬਰਨਨੰ ਨਾਮ ਪ੍ਰਥਮੋ ਨਿਵਾਸ'। ਅੰਮ੍ਰਿਤਸਰ ਭਾਵ ਤੀਜੀ ਐਡੀਸ਼ਨ ਛਾਪਾ ਪੱਥਰ 'ਚ 'ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਗਜਾਨ ਸਿੰਘ ਵਿਰਚਿਤੇ ਮੰਗਲ ਬਰਨੰ ਨਾਮ ਪ੍ਰਥਮੋ ਨਿਵਾਸ' ਪਾਠ ਹੈ ਅਤੇ ਇਸ ਲਾਹੌਰ ਭਾਵ ਦੂਜੀ ਐਡੀਸ਼ਨ ਛਾਪਾ ਪੱਥਰ 'ਚ 'ਇਤਿ ਸ੍ਰੀ ਗੁਰ ਪੰਥ ਪ੍ਰਕਾਸ਼ੇ ਗਜਾਨ ਸਿੰਘ ਵਿਰਚਤੇ ਗ੍ਰੰਥ ਕਾਰਨ ਮੰਗਲ ਬਰਨਨੰ ਨਾਮ ਪ੍ਰਥਮੋ ਨਿਵਾਸ' ਪਾਠ ਛਪਿਆ ਹੋਇਆ ਹੈ। ਇਸੇ ਹੀ ਐਡੀਸ਼ਨ ਦੇ ਉਤ੍ਰਾਰਧ ਦੇ ਪਹਿਲੇ ਅਧਿਆਇ ਦੀ ਸਮਾਪਤੀ ਤੇ ਪਾਠ ਹੈ 'ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ੇ ਉਤ੍ਰਾਰਧੇ ਗਜਾਨ ਸਿੰਘ ਵਿਰਚਿਤੇ ਮੰਗਲਾਚਰਨ ਕਥਾ ਕਾਰਨਨੰ ਪ੍ਰਸੰਗ ਬਰਨੰ ਨਾਮ ਪ੍ਰਿਥਮੋ ਬਿਸ੍ਰਾਮ'। ਅਸਾਂ ਇਸ ਗ੍ਰੰਥ ਵਿੱਚ ਸ਼ੁੱਧਤਾ ਤੇ ਇਕਸਾਰਤਾ ਲਿਆਉਣ ਦੇ ਖ਼ਿਆਲ ਨਾਲ ਕਵੀ ਜੀ ਦੇ ਖ਼ੁਦ ਆਪ ਲਿਖੇ ਇਹ ਚਾਰ ਤਰ੍ਹਾਂ ਦੇ ਅੱਡ-ਅੱਡ ਪਾਠਾਂ ਨੂੰ ਮਿਲਾ ਕੇ ਨਿਰਣਯ ਦੁਆਰਾ ਉਕਤ ਪਾਠ ਨਿਸਚਯ ਕੀਤਾ ਹੈ। 'ਪੰਥ ਪ੍ਰਕਾਸ਼ੇ' ਦੀ ਥਾਂ 'ਪੰਥ ਪ੍ਰਕਾਸ਼ ਗ੍ਰੰਥੇ' ਪਾਠ ਦਿੱਲੀ ਤੇ ਅੰਮ੍ਰਿਤਸਰ ਐਡੀਸ਼ਨ 'ਚੋਂ ਲੈ ਲਿਆ ਹੈ। ਗ੍ਰੰਥ ਨੂੰ ਦੋਂਹ ਭਾਗਾਂ 'ਚ ਵੰਡਿਆ ਹੈ। ਦੋਹਾਂ ਭਾਗਾਂ ਨੂੰ ਵੱਖ ਵੱਖ ਦਰਸਾਉਣ ਲਈ ਸ੍ਰੀ ਗੁਰੁ ਨਾਨਕ ਪ੍ਰਕਾਸ਼ ਵਾਂਗ 'ਪੂਰਬਾਰਧੇ' ਸ਼ਬਦ ਵਧਾ ਦਿੱਤਾ ਹੈ। ਉਤ੍ਰਾਰਧ ਦੇ ਪਹਿਲੇ ਬਿਸ੍ਰਾਮ ਦੇ ਅੰਤ 'ਚ 'ਪੰਥ ਪ੍ਰਕਾਸ਼ੇ ਉਤ੍ਰਾਰਧੇ' ਲਿਖ ਕੇ ਕਵੀ ਜੀ ਨੇ ਆਪਣੇ ਵੱਲੋਂ ਸੰਕੇਤ ਦੇ ਦਿੱਤਾ ਹੈ। 'ਗ੍ਰੰਥ ਕਾਰਨ ਮੰਗਲ' ਦੀ ਥਾਂ ਮੰਗਲ, ਗ੍ਰੰਥ ਕਾਰਨ ਲਿਖ ਕੇ ਤਰਤੀਬ ਦੀ ਦਰੁਸਤੀ ਕੀਤੀ ਹੈ। ਕਿਉਂਕਿ 'ਮੰਗਲਾਂ' ਦਾ ਨੰਬਰ ਪਹਿਲਾਂ ਹੈ ਤੇ 'ਗ੍ਰੰਥ ਕਾਰਨ' ਦਾ ਵਰਣਨ ਮਗਰੋਂ ਹੈ। ਦਿੱਲੀ ਤੇ ਅੰਮ੍ਰਿਤਸਰ ਐਡੀਸ਼ਨਾਂ ਵਿੱਚ ਅਧਿਆਇ ਦਾ ਨਾਮ ਨਿਵਾਸ ਲਿਖਿਆ ਹੈ ਪਰ ਇਸ ਲਾਹੌਰ ਐਡੀਸ਼ਨ ਵਿੱਚ ਸਿਵਾਏ ਪਹਿਲੇ, ਤੀਜੇ, ਚੌਥੇ ਤੇ ਪੰਜਵੇਂ ਅਧਿਆਵਾਂ ਦੇ ਬਾਕੀ ਸਾਰੇ ਗ੍ਰੰਥ ਵਿੱਚ ਹੀ ਹਰ ਥਾਂ ਪਾਠ 'ਬਿਸ੍ਰਾਮ' ਹੈ। ਚੂੰਕਿ ਸਾਡੀ ਇਸ ਐਡੀਸ਼ਨ ਵਿੱਚ ਅੰਮ੍ਰਿਤਸਰ ਐਡੀਸ਼ਨ ਦੇ ਮੁਕਾਬਲੇ ਬਹੁਤਾ ਹਿੱਸਾ ਲਾਹੌਰ ਐਡੀਸ਼ਨ ਦਾ ਹੀ ਛਪ ਰਿਹਾ ਹੈ, ਇਸ ਲਈ ਅਸਾਂ ਨੇ ਹਰ ਥਾਂ ਪਾਠ ਬਿਸ੍ਰਾਮ ਹੀ ਛਾਪਿਆ ਹੈ।

ਦੂਜਾ ਬਿਸ੍ਰਾਮ

੨. {ਅਕਾਲ ਪੁਰਖ ਤੇ ਚੰਡੀ ਮੰਗਲ, ਪ੍ਰਸੰਗਾਂ ਦੀ ਸੂਚੀ, ਨਵੇਂ ਤੇ ਪੁਰਾਣੇ ਪੰਥ ਪ੍ਰਕਾਸ਼ ਗ੍ਰੰਥਾਂ ਦੇ ਰਚਨ ਦੇ ਕਾਰਨ}

ਸ੍ਵੈਯਾ:

ਤੂੰ ਗੁਰੁ ਨਾਨਕ ਅੰਗਦ ਆਮਰ,
ਤੂੰ ਰਮਦਾਸ[1] ਸੁ ਅਰਜਨ ਤੂਹੈਂ।
ਤੂੰ ਹਰਿਗੋਬਿੰਦ ਜੂ ਹਰਿਰਾਇ,
ਹਰੀ ਕ੍ਰਿਸ਼ਨ ਤੇਗ ਬਹਾਦਰ ਤੂੰਹੈਂ।
ਮਾਤੇ ਮਤੰਗ ਮਲੇਛਨ ਕੇ ਹਿਤ,
ਗੋਬਿੰਦ ਸਿੰਘ ਸ੍ਰੀ ਗੁਰੁ ਤੂੰਹੈਂ[1]।

[1]ਸ੍ਰੀ ਗੁਰੂ ਰਾਮਦਾਸ ਜੀ।

[1](ਹੇ ਅਕਾਲ ਪੁਰਖ ਜੀ) ਮਸਤ ਹਾਥੀਆਂ ਵਰਗੇ ਜ਼ਾਲਮ ਤੁਰਕਾਂ (ਨੂੰ ਮਾਰਨ) ਵਾਸਤੇ (ਸ਼ੇਰ ਰੂਪ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਤੁਸੀਂ ਹੀ ਹੋ।

ਸਾਰ ਮਈ ਕਰਤਾਰ ਮਈ,
ਅਵਤਾਰ ਮਈ ਸ਼ਕਤੀ ਸਭਿ ਤੂੰਹੈਂ[1] ॥੧॥

[1](ਹੇ ਵਾਹਿਗੁਰੂ ਜੀ!) ਸ਼ਸਤ੍ਰ ਰੂਪ, ਕਰਤਾਰ ਰੂਪ, ਅਵਤਾਰ ਰੂਪ ਅਤੇ ਸਾਰੀਆਂ ਸ਼ਕਤੀਆਂ ਰੂਪ ਵੀ ਤੁਸੀਂ ਹੀ ਹੋ।

ਦੋਹਰਾ:

ਚੰਡ[1] ਮੁੰਡ ਸੇ ਜਜੋਂ ਕਰੇ,
ਖਲ ਖੰਡਨ ਬਲਵੰਡ।
ਤਜੋਂ ਮਮ ਬਿਘਨ ਬਿਹੰਡੀਏ,
ਜੈ ਜੈ ਜੈ ਸ੍ਰੀ ਚੰਡਿ ॥੨॥

[1]ਹੇ ਸ੍ਰੀ ਚੰਡੀ! (ਆਪ ਦੀ) ਜੈ ਜੈ ਕਾਰ ਹੋਵੇ ਜਿਵੇਂ ਤੁਸਾਂ ਨੇ ਚੰਡ ਤੇ ਮੁੰਡ ਆਦਿ ਮੂਰਖ ਤੇ ਬਲਵਾਨਰਾਖਸ਼ਾਂ ਨੂੰ ਨਾਸ਼ ਕੀਤਾ ਹੈ ਤਿਵੇਂ ਹੀ ਮੇਰੇ ਬਿਘਨਾਂ ਨੂੰ ਨਾਸ਼ ਕਰੋ।

ਜਿਤਕ ਗਾਥ ਇਸ ਗ੍ਰੰਥ ਮੈਂ, ਕਹਿਨੀ ਅੰਤ ਪ੍ਰਯੰਤ[1]।
ਸੋ ਸਭ ਅਬ ਕਹਿ ਦੇਤ ਹੋਂ, ਸੁਨਹੋ ਸ੍ਰੋਤਾ ਸੰਤ ॥੩॥

[1]ਤੱਕ।

ਚੌਪਈ:

ਪੰਥ ਪ੍ਰਕਾਸ਼ ਗ੍ਰੰਥ ਯਹਿ ਜੈਸੇ।
ਭਯੋ ਭਾਖਹੌਂ ਪ੍ਰਥਮੇ ਵੈਸੇ।
ਪੁਨ ਗੁਰੁ ਨਾਨਕ ਕਾ ਅਵਤਾਰੈਂ।
ਭਯੋ ਜੈਸ ਸੋ ਕਹੋਂ ਵਿਚਾਰੈਂ ॥੪॥
ਫਿਰ ਵਰ[1] ਦਸੋਂ ਗੁਰਨ ਕੀ ਗਾਥਾ।

[1]ਸ੍ਰੇਸ਼ਟ, ਉੱਤਮ।

ਤਨਕ ਤਨਕ[1] ਕਹਿਹੋਂ ਹਿਤ ਸਾਥਾ।
ਪੁਨ ਬੰਦੇ ਜਿਮ ਤੁਰਕ ਨਿਕੰਦੇ[1]।
ਤੁਰਕ ਗਿਰੇਸ[1] ਕਰੇ ਨਿਜ ਬੰਦੇ[2] ॥ ੫ ॥
ਖੰਡ ਤੁਰਕ ਬਹੁ ਮੰਡ ਅਖਾਰੇ[1]।
ਕਰੀ ਹਕੂਮਤ ਮੁਲਕ ਮਝਾਰੇ।
*ਸਿੰਘਨ ਸੋਂ ਬਿਗਰਜੋ ਪੁਨ ਜੈਸੇ।

[1]ਥੋਹੜੀ ਥੋਹੜੀ।
[1]ਨਾਸ ਕੀਤੇ।
[1]ਪਹਾੜੀ ਰਾਜੇ। [2]ਆਪਣੇ ਦਾਸ।
[1]ਬਹੁਤੇ ਜੰਗ ਰਚ ਕੇ ਤੁਰਕ ਨਾਸ ਕੀਤੇ।
*'ਸਿੰਘਨ' ਤੋਂ 'ਵੈਸੇ' ਤੱਕ ਇਹ ਦੋ ਤੁਕਾਂ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ।

ਬੰਦਾ ਮਰਜੋ ਕਹੋਂ ਪੁਨ ਵੈਸੇ ॥ ੬ ॥
ਫਿਰ ਸਿੰਘਨ ਮਿਲ ਜੈਸ ਅਪਾਰੇ।
ਤੁਰਕਨ ਸੋਂ ਬਹੁ ਕਰੇ ਅਖਾਰੇ।
ਪੁਨ ਕਾਬਲ ਪਤਿ[1] ਜਿਹ ਬਿਧ ਆਯੋ।
ਜ਼ੁਲਮ ਅਤੁਲਮ[1] ਕਮਾਇ ਸਿਧਾਯੋ ॥ ੭ ॥
ਪੁਨ ਪਟਲੇਸ਼ੂਰ ਤਈਂ[1] ਸ਼ਿਤਾਬ[2]।
ਜੈਸ ਰਾਜਗੀ ਮਿਲਜੋ ਖਤਾਬ[1]।
ਮਾਰ ਦੁਰਾਨੀ ਜੈਸ ਨਿਕਾਰੇ।
ਸਿੰਘਨ ਮੁਲਕ ਦਬਾਯੋ ਸਾਰੇ ॥ ੮ ॥
ਦ੍ਵਾਦਸ ਮਿਸਲ[1] ਭਈ ਪੁਨ ਜੈਸੇ।
ਹਾਲ ਬਿਸਾਲ ਕਹੋਂ ਤਿਨ ਤੈਸੇ।
ਪੁਨ ਬਘੇਲ ਸਿੰਘ ਜਸੋਂ ਮਧ ਦਿੱਲੀ।
ਕਰੀ ਹਕੂਮਤ ਕੁਛ ਦਿਨ ਢਿੱਲੀ ॥ ੯ ॥
ਪੁਨ ਪੁਟਲੇਸ ਸੰਗ ਜਸੋਂ ਜੰਗ।
ਕਰਿ ਫਿਰ ਕੀਨੋ ਮੇਲ ਸੁਰੰਗ।
ਪੁਨ ਸਰ੍ਹੰਦ ਜਿਮ ਪੰਥ ਉਜਾਰੀ।
ਮਾਰਜੋ ਜੈਨ ਖਾਨ ਅਰਿ ਭਾਰੀ ॥ ੧੦ ॥
ਕਾਠੀ ਬਾਂਟ[1] ਮੁਲਕ ਕੇ ਰਾਜੇ।

[1](ਸਿੰਘਾਂ ਦੇ) ਬਾਰਾਂ ਜੱਥੇ।
[1]ਕਾਠੀ-ਵੰਡ- ਸਰਦਾਰ ਅਤੇ ਸਿਪਾਹੀ ਦਾ ਖ਼ਿਆਲ ਛੱਡ ਕੇ ਹਰ ਇਕ ਕਾਠੀ (ਘੋੜੇ) ਪਿੱਛੇ ਇਲਾਕੇ ਜਾਂ ਸਾਮਾਨ ਆਦਿ ਦੀ ਇੱਕੋ ਜੇਹੀ ਵੰਡ।

ਭਏ ਸਿੰਘ ਜਸੋਂ ਕਹੋਂ ਦਰਾਜੇ[1]।
ਜਿਮ ਰਣਜੀਤ ਮ੍ਰਿਗੇਸ ਬਹਾਦਰ।
ਆਫ਼ਤਾਬ ਸਮ[1] ਹ੍ਵੈ ਗਯੋ ਸਾਦਰ[2] ॥ ੧੧ ॥
ਫੂਲ ਬੰਸ ਕੇਰਾਜਨ ਕੇਰੀ।

[1]ਵਿਸਥਾਰ ਨਾਲ।
[1]ਸੂਰਜ ਵਾਂਗ। [2]ਰੌਸ਼ਨ, ਪ੍ਰਗਟ।

ਲਘੁ ਲਘੁ ਗਾਥ ਕਹੋਂ ਸਭ ਟੇਰੀ।
ਔਰ ਜਿਤੇ ਸਰਦਾਰਨ ਕੇਰੇ।
ਕਹੋਂ ਹਵਾਲ ਬਿਸਾਲ ਘਨੇਰੇ ॥ ੧੨ ॥
ਭੇਖ ਪੁਨਾ ਗੁਰ ਘਰ ਕੇ ਜੇਤੇ।
ਸਾਧ ਉਦਾਸੀ[1] ਸੁਥਰੇ[2] ਕੇਤੇ।

[1]ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਤੋਂ ਚਲੀ ਸਿੱਖ ਸੰਪ੍ਰਦਾ। [2]ਬਾਰਾਂ ਮੂਲੇ ਨੇੜੇ ਪਿੰਡ ਬਰਾਮਪੁਰ ਦੇ ਨੰਦੇ ਖੱਤ੍ਰੀ ਦੇ ਪੁੱਤਰ ਸੁਥਰੇ ਸ਼ਾਹ ਦਾ ਚਲਾਇਆ ਮਤ, ਇਹ ਉਦਾਸੀ ਸੰਪ੍ਰਦਾ ਦੀ ਹੀ ਇਕ ਸ਼ਾਖ ਹੈ, ਗੁਰੂ ਹਰਿਰਾਇ ਜੀ ਦੀ ਬਖ਼ਸ਼ਸ਼ ਹੈ।

ਅੱਡਣ ਸ਼ਾਹੀ[1] ਔਰ ਦਿਵਾਨੇ[2]।

[1]ਭਾਈ ਘਨੱਈਏ ਜੀ ਦੇ ਸੇਵਕ ਭਾਈ ਅੱਡਣ ਸ਼ਾਹ ਤੋਂ ਚਲੀ ਸਿੱਖ ਸੰਪ੍ਰਦਾ ਜਿਸ ਨੂੰ ਸੇਵਾ-ਪੰਥੀ ਭੀ ਆਖਦੇ ਹਨ। [2]ਮਿਹਰਵਾਨ ਦੇ ਚੇਲੇ ਬਾਲੇ ਜੱਟ ਤੋਂ ਚਲਿਆ ਇਕ ਮਤ, ਇਨ੍ਹਾਂ ਨੂੰ ਮਿਹਰਬਾਨੀਏ ਭੀ ਆਖਦੇ ਹਨ।

ਨਿਰਮਲ ਪੰਥ[1] ਸੁ ਪੰਥ ਮਹਾਨੇ ॥ ੧੩ ॥

[1]ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕਾਂਸ਼ੀ ਵਿੱਚ ਸੰਸਕ੍ਰਿਤ ਵਿੱਦਿਆ ਪੜ੍ਹਨ ਭੇਜੇ ਪੰਜਾਂ ਸਿੰਘਾਂ ਤੋਂ ਚਲੀ ਸਿੱਖ ਸੰਪ੍ਰਦਾ।

ਕੂਕੇ[1] ਸਿੰਘ ਨਿਹੰਗ[2] ਸੁ ਗਨੀਏ।

[1]ਜ਼ਿਲ੍ਹਾ ਲੁਧਿਆਣਾ ਦੇ ਪਿੰਡ ਭੈਣੀ ਨਿਵਾਸੀ ਬਾਬਾ ਰਾਮ ਸਿੰਘ ਜੀ ਤੋਂ ਚਲੀ ਸਿਖ ਸੰਪ੍ਰਦਾ ਜਿਨ੍ਹਾਂ ਨੂੰ ਨਾਮਧਾਰੀ ਵੀ ਆਖਦੇ ਹਨ। [2]ਸ਼ਸਤ੍ਰਧਾਰੀ, ਸੀਸ ਤੇ ਦੁਮਾਲੇ ਸਜਾਉਣ ਵਾਲੇ, ਮੌਤ ਤੋਂ ਬੇ ਪ੍ਰਵਾਹ, ਮਾਇਆ ਤੋਂ ਨਿਰਲੇਪ ਬਿਹੰਗਮ ਸਿੰਘਾਂ ਦੀ ਸੰਪ੍ਰਦਾ ਜਿਨ੍ਹਾਂ ਨੂੰ ਅਕਾਲੀ ਭੀ ਆਖਦੇ ਹਨ।

ਨਿਰੰਕਾਰੀਏ[1] ਬ੍ਰਿੰਦਾ ਬਨੀਏ[2]।

[1]ਪਿਸ਼ਾਵਰ ਨਿਵਾਸੀ ਬਾਬਾ ਦਿਆਲਾ ਜੀ ਤੋਂ ਚਲੀ ਸਿੱਖ ਸੰਪ੍ਰਦਾ। [2]ਆਗਰੇ ਦੇ ਦਿਲਵਾਲੀ ਸਿੰਘ ਦੇ ਪੁੱਤਰ ਬਿਹਾਰ ਬ੍ਰਿੰਦਾ ਬਨ ਤੋਂ ਚਲਿਆ ਇਕ ਮਤ।

ਔਰ ਗੁਸਾਈਂ[1] ਭੇਖ ਸੰਨਜ਼ਾਸੀ[2]।

[1]ਸੰਨਿਆਸੀਆਂ ਦੀ ਇਕ ਸ਼ਾਖ ਗ੍ਰਹਿਸਤੀ ਹੁੰਦੇ ਹਨ। [2]ਸ਼ੰਕਰਾਚਾਰਯ ਤੋਂ ਚਲੀ ਇਕ ਸੰਪ੍ਰਦਾ, ਸ਼ੰਕਰਾਚਾਰਯ ਦੇ ਚਾਰ ਚੇਲਿਆਂ ਤੋਂ ਅੱਗੋਂ ਦਸ ਪ੍ਰਕਾਰ ਦੇ ਸੰਨਿਆਸੀ ਹੋ ਗਏ ਹਨ।

ਜੋਗੀ[1] ਬੈਰਾਗੀ[2] ਚਰਨ ਦਾਸੀ[3] ॥ ੧੪ ॥

[1]ਗੋਰਖ ਮਤ ਅਨੁਸਾਰ ਜੋਗ ਭੇਸ ਧਾਰਨ ਵਾਲਾ ਤੇ ਹਠ ਯੋਗ ਦਾ ਅਭਿਆਸੀ। [2]ਰਾਮਾਨੰਦ ਤੋਂ ਚਲੀ ਸੰਪ੍ਰਦਾ ਜੋ ਵੈਸ਼ਨਵਾਂ ਦਾ ਇਕ ਫ਼ਿਰਕਾ ਹੈ। [3]ਰਿਆਸਤ ਦੇ ਪਿੰਡ ਡੇਹਰਾ ਦੇ ਮੁਰਲੀ ਧਰ ਢੂਸਰ ਦੇ ਪੁੱਤਰ ਰਣਜੀਤ (ਜਿਸ ਨੇ ਸੰਤਾਂ ਦੇ ਚਰਨੀ ਪੈਣ ਤੇ ਆਪਣਾ ਨਾਮ ਚਰਨ ਦਾਸ ਰਖਾ ਲਿਆ ਸੀ) ਤੋਂ ਚਲਿਆ ਮਤ।

ਦਾਦੂ ਪੰਥੀ[1] ਰਾਮ ਸਨੇਹੀ[2]।

[1]ਗੁਜਰਾਤ ਪ੍ਰਾਂਤ ਦੇ ਸ਼ਹਿਰ ਅਹਿਮਦਾਬਾਦ 'ਚ ਪੈਦਾ ਹੋਏ ਦਾਦੂ ਨਾਮ ਦੇ ਸੰਤ ਤੋਂ ਚਲੀ ਸੰਪ੍ਰਦਾ। [2]ਇਲਾਕਾ ਜੈਪੁਰ ਦੇ ਪਿੰਡ ਸੁਰਸੈਨ ਦੇ ਵਸਨੀਕ ਰਾਮ ਚਰਨ ਤੋਂ ਤੁਰਿਆ ਮਤ।

ਜੈਨੀ[1] ਜੰਗਮ[2] ਜੈ ਕ੍ਰਿਸ਼ਨੇਹੀ[3]।

[1]ਰਿਖਭ ਨਾਥ ਜਿਸ ਨੂੰ ਆਦਿ ਨਾਥ ਜਾਂ ਪ੍ਰਥਮ ਤੀਰਥੰਕਰ ਵੀ

ਆਖਦੇ ਹਨ– ਦਾ ਚਲਾਇਆ ਮਤ। [2]ਸ਼ੈਵ ਮਤ ਦਾ ਇਕ ਫਿਰਕਾ ਜੋ ਜੋਗੀਆਂ ਦੀ ਸ਼ਾਖ ਹੈ। [3]ਕ੍ਰਿਸ਼ਨ ਉਪਾਸ਼ਕਾਂ ਦਾ ਇਕ ਮਤ, ਜੈ ਕ੍ਰਿਸ਼ਨੀਏ।

*ਪਾਨਪ ਦਾਸੀ[1] ਔ ਬ੍ਰਹਮਚਾਰੀ[2]।

[1]ਮਗਨੀਰਾਮ ਬੈਰਾਗੀ ਦੇ ਚੇਲੇ ਧਾਮਪੁਰ ਨਿਵਾਸੀ ਪਾਨਪ ਦਾਸ ਤੋਂ ਚਲਿਆ ਮਤ। [2]ਇਕ ਮਤ, ਜਿਸ ਦੇ ਪੈਰੋਕਾਰ ਸਾਰੀ ਉਮਰ ਜਤੀ ਰਹਿੰਦੇ ਹਨ। *ਇਥੇ ਪਾਠ 'ਪਾਨ ਪਤਾਸੀ' ਸੀ ਜੋ ਜਾਪਦਾ ਹੈ ਕਿ ਲਿਖਾਰੀਆਂ ਤੋਂ 'ਦ' ਦਾ 'ਤ' ਬਣ ਗਿਆ ਹੈ। ਪਾਨ ਪਤਾਸੀ ਜਾਂ ਪਾਨਪ ਤਾਸੀ ਕੋਈ ਮਤ ਨਹੀਂ। ਅਸਾਂ ਪਾਨਪ ਦਾਸੀ ਪਾਠ ਸ਼ੁੱਧ ਕਰ ਦਿੱਤਾ ਹੈ ਪਾਨਪ ਦਾਸੀ ਮਤ ਬਾਰੇ ਹੋਰ ਵਿਸਥਾਰ ਦੇਖਣਾ ਹੋਵੇ ਤਾਂ ਦੇਖੋ ਮਹੰਤ ਗਣੇਸ਼ਾ ਸਿੰਘ ਕ੍ਰਿਤ ਭਾਰਤ ਮਤ ਦਰਪਨ ਦਾ ਪੰਨਾ ੨੦੬।

ਯਵਨੋ ਕੇਰ[1] ਮਲੰਗ[2] ਮਦਾਰੀ[3] ॥ ੧੫ ॥

[1]ਮੁਸਲਮਾਨਾਂ ਦੇ (ਫਿਰਕੇ)। [2]ਜ਼ਿੰਦਾ ਸ਼ਾਹ ਮਦਾਰ ਤੋਂ ਚਲਿਆ ਇਕ ਮੁਸਲਮਾਨ ਫਿਰਕਾ। [3]ਸ਼ੈਖ ਮੁਹੰਮਦ ਤੈਫੂਰੀ ਦਾ ਚੇਲਾ ਬਦੀਉੱਦੀਨ ਜਿਸ ਦਾ ਪਰਸਿੱਧ ਨਾਉਂ ਮਦਾਰ ਸੀ– ਤੋਂ ਚਲਿਆ ਇਕ ਮੁਸਲਮਾਨ ਫਿਰਕਾ।

ਇਤਜਾਦਕ ਜੇ ਪੰਥ ਅਪਾਰੇ।
ਆਹਿ ਬਿਦਤ[1] ਬਹੁ ਜਗਤ ਮਝਾਰੇ।

[1]ਪ੍ਰਗਟ, ਮਸ਼ਹੂਰ।

ਤਨਕ ਤਨਕ ਸਭ ਹੀ ਕੀ ਗਾਥਾ।
ਦਿਖਰੈਹੋਂ ਇਸ ਮੈ ਹਿਤ ਸਾਥਾ ॥ ੧੬ ॥
ਨਾਮ ਗ੍ਰੰਥ ਕਾ ਪੰਥ ਪ੍ਰਕਾਸ਼।
ਸਫਲ ਹੋਇ ਹੈ ਤਬ ਹੀ ਖਾਸ ॥ ੧੭ ॥

ਦੋਹਰਾ:

ਸਹੀ ਸਹੀ ਸਭ ਕੀ ਲਿਖੋਂ,
ਪੱਖ ਨ ਠਾਨੋਂ ਰੰਚ।
ਸਰਲ ਕਥਾ ਸਬ ਜਥਾਮਤ[1],

[1]ਆਪਣੀ ਮਤਿ ਅਨੁਸਾਰ।

ਧਰੋਂ ਯਾਹਿ ਮੈਂ ਸੰਚਿ[1] ॥ ੧੮ ॥

[1]ਇਕੱਤ੍ਰ ਕਰਕੇ।

ਕਬਿੱਤ:

ਯਦਯਪਿ ਅਪਾਰ ਚਾਰੁ[1] ਗ੍ਰੰਥ ਆਗੇ ਬਨੇ ਸਾਰ[2],

[1]ਸੁੰਦਰ। [2]ਸ੍ਰੇਸ਼ਟ।

ਰਸਿਕ[1] ਬਚਿੱਤ੍ਰ[2], ਬਹੁ ਸਿਖਨ ਬਨਾਏ ਹੈਂ।

[1]ਰਸ–ਦਾਇਕ। [2]ਅਣੋਖੇ, ਅਸਚਰਜ।

ਸਾਖੀਆਂ ਗੁਰ ਬਿਲਾਸ ਸੂਰਜ ਪ੍ਰਕਾਸ਼ ਆਦਿ,
ਦਸੋਂ ਗੁਰੂਆਨ ਕੇ ਚਰਿਤ[1] ਬਹੁ ਗਾਏ ਹੈਂ।

[1]ਕੌਤਕ।

ਔਰ ਜੋ ਚਰਿੱਤ੍ਰ ਬਚਿੱਤ੍ਰ ਬਹੁ ਪੰਥ ਕੇਰ,
ਅਧਿਕ ਪਵਿਤ੍ਰ ਸੋ ਤੋ ਕਾਹੂੰ ਨ ਅਲਾਏ ਹੈਂ।

ਪੰਥ ਜੇ ਉਦਾਸੀ ਆਦਿ ਗੁਰੂ ਕੇ ਅਨਾਸੀ[1] ਬਹੁ,
ਤਿਨ ਕੀ ਸੁਧਾ ਸੀ[1] ਰੀਤਿ ਗੁਨ ਨ ਦਿਖਾਏ ਹੈਂ ॥੧੯॥

[1]ਆਸਤਕ, ਸ਼ਰਧਾਵਾਨ। (ਅ) ਇੱਛਾ ਰਹਿਤ।

[1]ਅੰਮ੍ਰਿਤ ਵਰਗੀ।

ਚੌਪਈ:

ਯਦਜਪਿ ਰਤਨ ਸਿੰਘ ਕਿਛੁ ਗਾਥਾ।
ਲਿਖੀ ਪੰਥ ਕੀ ਅਤਿ ਹਿਤ ਸਾਥਾ।
ਤਦਜਪਿ ਰਹੀ ਲਿਖਨ ਤੈ ਘਨੀ।
ਜੇਤੀ ਸੁਨੀ ਤਿਤੀ ਤਿਹ ਭਨੀ[1] ॥੨੦॥

[1]ਕਹੀ ਭਾਵ ਲਿਖੀ।

ਬਿਰਧ ਤਰਣ ਦਲ ਯਹਿ ਦੂ ਜੋਈ।
ਭਏ ਜੈਸ ਬਿਧਿ ਕਹੇ ਨ ਕੋਈ।
ਅਰ ਪੁਨ ਦ੍ਵਾਦਸ ਮਿਸਲਾਂ ਜੈਸੇ।
ਭਈ ਨ ਕਹੀ ਤਾਹਿ ਪੁਨ ਵੈਸੇ ॥੨੧॥
ਸੂਰਬੀਰ ਸਿੰਘ ਔਰ ਜੁ ਭਏ।
ਜ਼ੋਰ ਸਰੋਹੀ[1] ਰਾਜ ਦਬਏ।

[1]ਤਲਵਾਰ ਦੇ ਜ਼ੋਰ ਨਾਲ।

ਤਿਨ ਕਾ ਚਹੀਏ ਪਤਾ ਲਗਾਯੋ।
ਸੋ ਤਿਨ ਏਕ ਨ ਕਤਹੂੰ ਗਾਯੋ ॥੨੨॥
$ਗਾਥ ਪੰਥ ਕੀ ਆਹਿ ਅਪਾਰੀ।
ਜੋ ਨ ਲਿਖੀ ਜਾਇ ਹੈ ਸਾਰੀ।
ਤੌ ਭੀ ਤਨਕ ਤਨਕ[1] ਸਭ ਗਾਥਾ।

[1]ਥੋਹੜੀ ਥੋਹੜੀ।

ਲਿਖਨੀ ਚਹੀਏ ਸਭ ਕੀ ਸਾਥਾ ॥੨੩॥
ਨਾਮ ਗ੍ਰੰਥ ਕਾ ਪੰਥ ਪ੍ਰਕਾਸ਼ੂ।
ਸਫਲ ਹੋਹਿ ਤਬ ਹੀ ਸੁਖਰਾਸੂ।
ਅਰ ਪੁਨ ਤਾਰੀਖਨ ਕੇ ਤੌਰੈਂ।
ਲਿਖਨੀ ਚਹੀਏ ਕਰ ਬਡ ਗੌਰੈਂ ॥੨੪॥
ਪੱਖ ਨ ਕਿਸ ਹੀ ਕਾ ਪੁਨ ਚਹੀਏ।
ਸਾਚ ਸਾਚ ਸਭ ਹੀ ਕਹਿ ਦਈਏ।
ਰਤਨ ਸਿੰਘ ਜੋ ਗਾਥ ਬਨਾਈ।
ਤਿਸ ਮੈ ਕਰਜੋ ਪੱਖ ਅਧਿਕਾਈ* ॥੨੫॥

*ਅੰਕ ੨੩ ਤੋਂ ੨੫ ਤੱਕ ਦੀ ਰਚਨਾ ਅੰਮ੍ਰਿਤ ਐਡੀਸ਼ਨ ਦੀ ਹੈ।

ਕੇਵਲ ਅਪਨੇ ਘਰ ਕੀ ਗਾਥਾ।

ਦਿਖਰਾਈ ਤਿਸ ਨੈ ਹਿਤ ਸਾਥਾ।
ਸੰਮਤ ਮਾਹਿ[1] ਨ ਏਕ ਦਿਖਾਯੋ। [1]ਸਾਲ ਤੇ ਮਹੀਨਾ।
ਜੋ ਚਹੀਅਤ ਥਾ ਠੀਕ ਬਤਾਯੋ ॥੨੬॥
ਪੁਨ ਉਨਿ ਪੱਖ ਰੱਖ ਬਹੁ ਲਿਖਯੋ।
ਰੰਜ[1] ਲਹਿਯੋ ਜਿਨਿ ਜਿਨਿ ਵਹਿ ਪਿਖਯੋ। [1]ਦੁੱਖ।
ਮਹਿਮਾ ਅਧਿਕ ਮਝੈਲਨ ਕੇਰੀ।
ਨਿੰਦਜਾ ਮਲਵਈਨ ਕੀ ਟੇਰੀ[1] ॥੨੭॥ [1]ਕਹੀ।
ਰਤਨ ਸਿੰਘ ਭੀ ਹੁਤੋ ਮਝੈਲ।
ਗਹਯੋ ਯਾਹਿ ਤੈ ਉਨ ਯਹਿ ਗੈਲ[1]। [1]ਰਸਤਾ।
ਬਲਿਕੈ ਲਿਖਤਿ ਬਹੁਤ ਠਾਂ ਐਸੇ।
ਬਢੈ ਬਿਬਾਦ[1] ਪੰਥ ਮੈਂ ਜੈਸੇ ॥੨੮॥ [1]ਝਗੜਾ।
ਕਾਇਰ ਕੂਰ ਬਿਅਕਲ ਬਤਾਵਤ।
ਮਲਵੱਈਨ ਕੋ ਢੱਗੇ ਗਾਵਤਿ।
ਪੁਨ ਆਲਾ ਸਿੰਘ ਆਦਿ ਬਹਾਦਰ।
ਭਏ ਸਿੰਘ ਮਲਵਈ ਜੁ ਨਾਦਰ[1] ॥੨੯॥ [1]ਅਨੋਖੇ (ਸੂਰਮੇ)।
ਜਿਨਿ ਕੇ ਵਡਜਨਿ ਕਰਿ ਗੁਰਿ ਸੇਵਾ।
ਪਾਯੋ ਰਾਜ ਅਚੱਲ ਜਗਿ ਮੇਵਾ।
ਜਿਨਿ ਕਰਿ ਪੌਰਖ[1] ਤੁਰਕ ਸੰਘਾਰੇ। [1]ਉੱਦਮ, ਬਲ।
ਰਾਜ ਦਬਾਇ ਬਚਨ ਗੁਰਿ ਪਾਰੇ ॥੩੦॥
ਅਬ ਲੌ ਸੰਤਤ[1] ਜਿਨ ਕੀ ਧਰ ਪਰ। [1]ਉਲਾਦ।
ਰਾਜ ਕਰਤਿ ਜ਼ਾਹਿਰ ਸਮ ਦਿਨਕਰ[1]। [1]ਸੂਰਜ ਵਾਂਗ।
ਕੱਚੇ ਤੁਰਕ[1] ਔਰ ਮੁਲਖੱਈਏ[2]। [1]ਤੁਰਕਾਂ ਦੇ ਪੱਖੀ। [2]ਹਿੰਦੂਆਂ ਤੋਂ ਬਣੇ ਤੁਰਕ।
ਲਿਖਤਿ ਰਤਨ ਸਿੰਘ ਤਿਨ ਕੋ ਹੱਯੇ[1] ॥੩੧॥ [1]ਹੈ।
ਔਰ ਗਾਥ ਬਹੁ ਅਸਤ ਬਿਅੱਸਤੈਂ[1]। [1]ਉਲਟ ਪੁਲਟ।
ਆਗੈ ਪਾਛੈ ਲਿਖਤ ਸਮੱਸਤੈਂ[1]। [1]ਸਾਰੀ।
ਬ੍ਰਿਤ ਭੰਗ[1] ਲੌ ਦੂਖਨ ਭਾਰੇ। [1]ਛੰਦ ਦੀਆਂ ਘੱਟ ਵੱਧ ਮਾਤ੍ਰਾਂ।
ਆਵਤਿ ਬਹੁ ਤਿਸ ਕਾਬਿ ਮਝਾਰੇ ॥੩੨॥
ਰੀਤੀ ਕਵਿਤਾ ਕੀ ਹੈ ਜੋਈ।
ਪਿਖੀ ਸੁਨੀ ਨਹਿ ਥੀ ਤਿਨਿ ਕੋਈ।
ਅਰ ਪੁਨ ਤਾਰੀਖਨ ਕੀ ਰੀਤੀ।

ਨਾਹਿ ਪਢੀ ਤਿਹ ਸ੍ਰਵਣ ਨ ਕੀਤੀ ॥ ੩੩ ॥

ਯਾਂ ਤੇ ਲਿਖੀ ਇਮਾਰਤ[1] ਐਸੇ। [1]ਇਬਾਰਤ, ਵਾਕਰਚਨਾ, ਲਿਖਤ।

ਬਾਨੀ ਬਕਤਿ[1] ਜਾਟ ਜਨੁ ਜੈਸੇ। [1]ਬੋਲੀ ਬੋਲਦਾ ਹੈ।

ਬਲਿਕੈ[1] ਕਈ ਠੌਰ ਉਨ ਲਿਖਜੋ। [1]ਸਗੋਂ।

ਗੁਰੂਅਨ ਕੇ ਨਿਸਬਤ[1] ਹਮ ਪਿਖਯੋ ॥ ੩੪ ॥ [1]ਸਬੰਧ ਵਿੱਚ।

ਉਸਤਤਿ ਬਜਾਜ ਨਿੰਦਜਾ ਨਿਕਸਤ[1]। [1]ਉਸਤਤ ਦੇ ਬਹਾਨੇ ਨਿੰਦਾ ਪ੍ਰਗਟ ਹੁੰਦੀ ਹੈ।

ਜਿਸ ਕੋ ਸੁਨਿ ਪੜ੍ਹਿ ਸਿਖ ਨ ਬਿਗਸਤਿ[1]। [1]ਖ਼ੁਸ਼ ਨਹੀਂ ਹੁੰਦੇ।

ਕਿਛੁਕ ਬਚਨ ਤਿਸ ਕੇ ਇਸ ਠੌਰੈਂ।

ਲਿਖਹੋਂ ਪਢੋ ਪਿਖੋ ਕਰ ਗੌਰੈਂ ॥ ੩੫ ॥

ਦੋਹਰਾ:

ਮਨਿੰਦ[1] ਦਾਨੇ ਦੇਗ ਕੇ, [1]ਵਾਂਗ।

ਵਹਿ ਅਬ ਦੈਹੁਂ ਦਿਖਾਇ।

ਜਿਸ ਕੋ ਪਿਖ ਗੁਰ ਸਿਖਨ ਕੇ,

ਸੰਸੇ ਸਕਲ ਬਿਲਾਇ[1] ॥ ੩੬ ॥ [1]ਦੂਰ ਹੋ ਜਾਣਗੇ।

ਬੇਈਂ ਨਾਮ ਸੁ ਨਦੀ ਤੈ, ਰਵਿ ਸਮ[1] ਜਬ ਗੁਰ ਆਦਿ। [1]ਸੂਰਜ ਵਾਂਗ।

ਆ ਪ੍ਰਗਟੇ ਹਰਿ ਲੋਕ ਤੈ, ਤਹਾਂ ਸੁਨੋ ਤਿਹ ਬਾਦ[1] ॥ ੩੭ ॥ [1]ਤਿਸ ਦਾ ਕਥਨ।

।ਤਥਾ ਹੀ– ਬਚਨ ਭਾਈ ਰਤਨ ਸਿੰਘ

'ਤੇੜ ਅੰਗੋਛਾ[1] ਮੋਢੇ ਪਰਣਾ। [1]ਛੋਟਾ ਕੱਛਾ, ਪਰਨਾ, ਤੌਲੀਆ। {ਸੰ: ਅੰਗ ਪ੍ਰੋਛਕ– ਅੰਗਾਂ ਨੂੰ ਉਛ (ਢੱਕਣ ਵਾਲਾ), ਅੰਗ ਢੱਕਣ ਦਾ ਬਸਤ੍ਰ।}

ਨਿਕਸਜੋ ਖੇਤ ਮਾਹਿ ਜਜੋਂ ਭਰਨਾ'।

ਅੜਿੱਲ:

ਯਹਿ ਉਨਿ ਬਚਨ ਬਖਾਨਜੋ, ਸਹਿਤ ਮਸਾਲ[1] ਜੋ। [1]ਦ੍ਰਿਸ਼ਟਾਂਤ, ਉਦਾਹਰਣ।

ਬਜਾਜ ਉਸਤਤੀ ਨਿੰਦਜਾ, ਭਈ ਬਿਸਾਲ ਸੋ।

ਫਿਰ ਉਨਿ ਜਨਕ ਅਵਤਾਰ, ਆਦਿ ਗੁਰ ਕਹਜੋ ਗੁਨ।

ਹੋ ਗੁਰੂ ਗ੍ਰੰਥ ਕਾ ਲਿਖਜੋ, ਸੰਗ ਪ੍ਰਮਾਨ[1] ਪੁਨ ॥ ੩੮ ॥ [1]ਸਬੂਤ।

।ਤਥਾ ਹੀ:

ਤੂੰ ਤਾਂ ਜਨਿਕਰਾਜਾ ਅਉਤਾਰ।

ਚੌਪਈ:
ਦੁਤੀ ਮਹੱਲੇ ਕੀਰਤ ਭੱਟ ਨੇ।
ਬੀਚ ਸਵੱਈਅਨ ਕੀਨ ਜੁ ਰਟਨੇ[1]। [1]ਉਚਾਰਣ।
ਯਹਿ ਪ੍ਰਮਾਣ ਦਜੋ ਤਿਨ ਜੋਈ।
ਨਹਿ ਸਰੂਪ ਪਰ ਹੈ ਯਹਿ ਕੋਈ ॥ ੩੯ ॥
ਵਰਤਨ ਜਨਕ ਰਾਜ ਗੁਰ ਕੇਰਾ।
ਲਖ ਸਮਾਨ ਸਭ ਯੌਂ ਭਟਿ ਟੇਰਾ[1]। [1]ਕਿਹਾ।
ਪੁਨ ਜਿਹ ਯਾਹੀ ਮੈਂ ਹੱਠ ਹੱਈਏ।
ਆਗੇ ਲਿਖਜੋ ਪਿਖਜੋ ਤਿਹ ਚਹੀਏ ॥ ੪੦ ॥
ਵੀਚ ਸਵੱਈਅਨ ਭੱਟਨ ਸਾਰਨ[1]। [1]ਸਾਰਿਆਂ ਭੱਟਾਂ ਨੇ।
ਯਾ ਬਿਧਿ ਕੀਨੋ ਬਹੁਤ ਉਚਾਰਨ ॥ ੪੧ ॥
ਯਥਾ:
ਆਪਿ ਨਾਰਾਇਣ ਕਲਾ ਧਾਰ ਜਗ ਮੈ ਪਰਵਰਿਓ
॥
ਨਿਰੰਕਾਰ ਆਕਾਰ ਜੋਤ ਜਗ ਮੰਡਲ ਕਰਿਓ।
ਔਰ ਮ: ੧
ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ
ਭਾਇਓ ॥
ਤ੍ਰੈਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ
॥
ਉਗ੍ਰ ਸੈਣ ਕੋਰਾਜੁ ਅਭੈ ਭਗਤਹ ਜਨ ਦੀਓ ॥
(ਸ: ਮ: ੧ ਕੇ, ਪੰ: ੧੩੯੦)
|ਔਰ:
ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿਰਸ
ਪੂਰਨ ਸਰਬ ਕਲਾ ॥ (ਸ: ਮ: ੧, ਪੰ: ੧੩੮੯)
ਦੋਹਰਾ:
ਇਤਿਜਾਦਕ ਬਹੁ ਬਚਨ ਕਹਿ,
ਗੁਰੂ ਹਰੀ ਅਵਤਾਰ।
ਏਕ ਵਾਕ ਗਹਿ ਤਾਹਿ ਕਿਮ,

ਕਹਜੋ ਜਨਕਿ ਬਪੁ[1] ਧਾਰਿ ॥੪੨॥

[1]ਸ਼ਰੀਰ, ਸਰੂਪ।

ਅੜਿੱਲ:

ਫਿਰ ਜਬ ਸਾਹਿਬਜ਼ਾਦੇ, ਵੀਚ ਸਰ੍ਹੰਦ ਕੇ।
ਤ੍ਰਿਣ ਜਯੋਂ ਤਨ ਤਜ ਗਏ, ਸਹਿਤ ਆਨੰਦ ਕੇ।
ਨਿਜ ਪਿਤ ਗੁਰ ਕਾ ਬਚਨ, ਸਫਲ ਥਾ ਉਨ ਕਰਜੋ।
ਹੋ ਰਤਨ ਸਿੰਘ ਨੇ ਸੁਨੋ, ਤਹਾ ਜਿਮ ਹੈ ਰਰਜੋ[1] ॥੪੩॥

[1]ਕਿਹਾ ਹੈ।

ਤਥਾ ਹੀ–

ਤੁਰਕ ਜਬ ਵੀਚ ਕਚਹਿਰੀ ਬੰਨ੍ਹ ਬਾਲ ਗੁਰ ਕੇ ਲਜਾਏ ਸਨ।
ਫੜੇ ਘਸੀਟੇ ਰੋਵਤੇ ਨਹਿ ਆਯੋ ਤਰਸ ਮਨ।
ਹੁਤੋ ਉੂਹਾਂ ਥੋ ਖੜੋ ਛੁਰੇ ਇਕ ਵਾਰੋ।
ਦੈ ਗੋਡੇ ਹੇਠ ਕਰ ਜਬੇ[1] ਉਨ ਡਾਰੋ।

[1]ਜ਼ਿਬ੍ਹਾ, ਹਲਾਲ ਭਾਵ ਕਤਲ।

ਤੜਫ ਤੜਫ ਜਿੰਦ ਗਈ ਉਡਾਇ।
ਇਮ ਸ਼ੀਰ ਖੋਰ[1] ਦੁਇ ਦਏ ਕਤਲਾਇ।

[1]ਦੁੱਧ ਪੀਂਦੇ ਭਾਵ ਮਾਸੂਮ ਬੱਚੇ।

ਅੱਧੀ ਘੜੀ ਸੀਸ ਕੱਟੇ ਫਤੇ ਸਿੰਘ ਜੀ ਲੱਤਾਂ ਮਾਰੀਆਂ।
ਪ੍ਰਾਨ ਨਿਕਲੇ ਔਖੇ ਫੇਰ ਸ਼ਰੀਰ ਛੋਡੇ ਦਬਾਇ
ਨਾਹੀ ਈਂਧਨ[1] ਪਾਇ ਦੇਹਾਂ ਸਾੜੀਆਂ।

[1]ਬਾਲਣ, ਲੱਕੜਾਂ।

ਅੜਿੱਲ:

ਇਤਜਾਦਿਕ ਬਹੁ ਠੌਰ, ਕਹੀ ਉਨਿ ਬਾਨਿ[1] ਬਾਹੁ।

[1]ਕਵਿਤਾ।

ਜੋ ਸਿੱਖਨ ਕੌ ਕਟੂ[1], ਲਗਤਿ ਸੁਨਿ ਕਾਨ ਮਹੁਂ।

[1]ਕੌੜੀ।

ਮਨ ਮੈ ਫੁਰਤ ਗਿਲਾਨੀ[1], ਲੱਜਜਾ ਗਹਿਤ ਅਤਿ।

[1]ਨਫ਼ਰਤ।

ਹੋ ਕਿਆ ਵਹੁ ਗੁਰ ਕੇ ਸੁਤ, ਨਹਿ ਥੇ ਸਮਰੱਥ ਮਤ ॥੪੪॥

ਗੁਰ ਘਰ ਕੇ ਤੋ ਸੁਆਨ[1], ਅਜ਼ਮਤੀ ਹੈਂ ਭਏ।

[1]ਕੁੱਤੇ।

ਤੜਫ ਤੜਫ ਗੁਰ ਪੁਤ੍ਰਨਿ, ਤਨ ਨਿਜ ਕਯੋਂ ਦਏ।
ਯਹਿ ਸਭ ਤਿਸ ਕਾ ਕਥਨ, ਐਸ ਪਹਿਚਾਨੀਏ।
ਹੋ ਬਿਨਾ ਵਿਚਾਰੇ ਲਿਖਜੋ, ਰਤਨ ਸਿੰਘ ਮਾਨੀਏ

॥ ੪੫ ॥
ਗ੍ਰੰਥ ਪੰਥ ਪ੍ਰਕਾਸ਼, ਰਤਨ ਸਿੰਘ ਕੀਨ ਜੋ।
ਸਾਖੀ ਅਧਿਕ ਬਟੋਰੀ[1], ਪਾਵਨ ਪੀਨ[2] ਜੋ। [1]ਇਕੱਤ੍ਰ ਕੀਤੀਆਂ। [2]ਬਹੁਤ ਪਵਿੱਤ੍ਰ।
ਸੋ ਹਮ ਤਿਸ ਕਾ ਧਰ ਕਰਿ, ਉਰਿ ਉਪਕਾਰ ਵਰ।
ਹੋ ਗ੍ਰੰਥ ਰਚਿਤ ਹੈਂ ਨਜੋਂ, ਤਾਹਿਂ ਜੋਹਾਰ[1] ਕਰਿ [1]ਨਮਸਕਾਰ।
॥ ੪੬ ॥
ਦੋਹਰਾ:
ਰਤਨ ਸਿੰਘ ਜਿਹ ਹਿਤ ਰਚਜੋ,
ਗ੍ਰੰਥ ਪੰਥ ਪ੍ਰਕਾਸ਼।
ਸੋ ਹੇਤੂ[1] ਅਬ ਕਹਿਤ ਹੋਂ, [1]ਕਾਰਨ।
ਸੁਨੋ ਸ੍ਰੋਤਾ ਖਾਸ ॥ ੪੭ ॥
ਚੌਪਈ:
ਸੰਬਤ ਅਠ ਦਸ ਸਹਸ ਸਾਠ ਪਰ[1]। [1]ਸੰਮਤ ਅਠਾਰਾਂ ਸੌ ਤੋਂ ਉਪਰ ਸੱਠ ਭਾਵ ੧੮੬੦ ਬਿ:।
ਲਖੋ ਬਿਕ੍ਰਮੀ ਭਯੋ ਜਬੈ ਬਰ।
ਅੰਗ੍ਰੇਜ਼ਨ ਤਬ ਦੈ ਕਰਿ ਜ਼ੋਰ।
ਕਰੇ ਜੰਗ ਮਰ੍ਹਟਜੋਂ ਸਨ ਘੋਰ[1] ॥ ੪੮ ॥ [1]ਭਿਆਨਕ।
ਫਰਾਂਸੀਸ ਇਕ ਹੁਤੋ ਫਰੰਗੀ।
ਪੀਰਨ ਸਾਹਿਬ ਨਾਮ ਦੁਰੰਗੀ[1]। [1]ਦੋਹੀਂ ਪਾਸੀਂ ਮੇਲਰੱਖਣ ਵਾਲਾ।
ਮਰ੍ਹਟਜੋਂ ਕਾ ਵਹਿ ਸਿਪਹਿ ਸਲਾਰ[1]। [1]ਸੈਨਾਪਤੀ।
ਹੁਤੋ ਮਾਤਬਰ[1] ਅਰ ਮੁਖਤਾਰ ॥ ੪੯ ॥ [1]ਇਤਬਾਰ ਵਾਲਾ।
ਨਿਮਕ ਹਰਾਮ ਅਧਿਕ ਵਹਿ ਭਯੋ।
ਸਾਥ ਅੰਗ੍ਰੇਜ਼ਨ ਕੇ ਮਿਲ ਗਯੋ।
ਅੰਗ੍ਰੇਜ਼ਨ ਤੇ ਲੈ ਬਹੁ ਦਾਮ[1]। [1]ਦਮੜੇ, ਰੁਪਏ ਭਾਵ ਮਾਇਆ।
ਗਯੋ ਛੋਡ ਤਬ ਹੀ ਸੰਗ੍ਰਾਮ[1] ॥ ੫੦ ॥ [1]ਜੰਗ।
ਕਮਰ ਮਰ੍ਹਟਜੋਂ ਕੀ ਵਹਿ ਤੋਰਿ।
ਗਯੋ ਪਧਾਰ ਬਲਾਯਤ ਓਰਿ।
ਬੇਈਮਾਨ ਭਯੋ ਵਹਿ ਜਬ ਹੀ।
ਦਾਉ ਪੇਖ ਅੰਗ੍ਰੇਜ਼ਨ ਤਬ ਹੀ ॥ ੫੧ ॥
ਫੌਜ ਬਟੋਰ[1] ਅਧਿਕ ਦੈ ਜੋਰ। [1]ਇਕੱਠੀ ਕਰਕੇ।
ਕਰੇ ਜੰਗ ਮਰ੍ਹਟਜੋਂ ਸਨ ਘੋਰ।

ਆਖਰ ਮਰ੍ਹਟੇ ਹਾਰ ਪਲਾਏ[1]।
ਇਤ ਉਤ ਗਏ ਦੌਰ ਕਿਤ ਥਾਏ ॥ ੫੨ ॥
ਕੋਇਲ[1] ਜੀਤ ਅੰਗ੍ਰੇਜ਼ਨ ਲਈ।
ਹਾਰ ਮਰ੍ਹਟਜੋਂ ਕੀ ਬਹੁ ਭਈ।
ਦਿੱਲੀ ਉਸੀ ਜ਼ਮਾਨੇ ਮਾਹੀ।
ਮਰ੍ਹਟਜੋਂ ਕੇ ਕਬਜੇ ਮੈ ਆਹੀ ॥ ੫੩ ॥
ਆਲਮ ਸ਼ਾਹ ਹੁਤੋ ਪਾਤਸ਼ਾਹਿ।
ਮਰ੍ਹਟਜੋਂ ਕੇ ਅਧੀਨ ਥਾ ਵਾਹਿ ॥ ੫੪ ॥
ਦੋਹਰਾ:
ਅੰਗ੍ਰੇਜ਼ਨ ਜਬ ਅਲੀ ਗਢ,
ਲਿਯ ਮਰ੍ਹਟਜੋ ਤੈ ਛੀਨ।
ਦਿੱਲੀ ਬਿਨ ਹੀ ਜੰਗ ਤੇ
ਫਿਰ ਅੰਗ੍ਰੇਜ਼ਨ ਲੀਨ ॥ ੫੫ ॥
ਚੌਪਈ:
ਸਾਹਿਬ ਲਾਰਡ ਲੀਕ* ਬਹਾਦਰ।
ਦਿੱਲੀ ਤੈ ਚਢ ਕਰਿ ਫਿਰ ਸਾਦਰ।
ਡੀਂਗ[1] ਓਰ ਮਰ੍ਹਟਜੋਂ ਕੇ ਪਾਛੇ।
ਬਹੁ ਲਸ਼ਕਰ ਲੈ ਧਾਯੋ ਆਛੇ ॥ ੫੬ ॥
ਲੋਣੀ ਅਖਟਰ ਇਕ ਕਰਨੈਲ।
ਬੀਰ ਬਾਂਕਰੋ ਹੁਤੋ ਗੁਸੈਲ।
ਸੋ ਦਿੱਲੀ ਕੇ ਬੀਚ ਰਹਾਯੋ।
ਬੰਦੋਬਸਤ ਕੀਨ ਮਨ ਭਾਯੋ ॥ ੫੭ ॥
ਇਸ ਤੇ ਪਹਿਲੇ ਕੇਤਕ ਸਾਲੇ।
ਸਿੰਘਨ ਕਾ ਲੈ ਕਟਕ[1] ਬਿਸਾਲੇ।
ਜੱਸਾ ਸਿੰਘ ਰਾਮਗਢ ਵਾਰੋ।
ਔਰ ਬਘੇਲ ਸਿੰਘ ਬਰਿਆਰੋ[1] ॥ ੫੮ ॥
ਜਬ ਵਹਿ ਲੈ ਸਿੰਘਨ ਕੀ ਸੈਨਾ।
ਪਹੁੰਚੇ ਦਿੱਲੀ ਢਿਗ ਬਲ ਐਨਾ।

[1]ਨੱਸ ਗਏ।

[1]ਯੂ.ਪੀ. ਵਿੱਚ ਇਕ ਨਗਰ ਜਿਸ ਦਾ ਹੁਣ ਨਾਮ ਅਲੀਗੜ੍ਹ ਹੈ।

*ਲਾਰਡ ਲੇਕ (ਜਨਮ ੧੭੭੨ ਈ: ਦਿਹਾਂਤ ੧੮੦੮ ਈ:) ਉਸ ਸਮੇਂ ਹਿੰਦੁਸਤਾਨੀ ਫ਼ੌਜਾਂ ਦਾ ਜੰਗੀ ਲਾਟ ਸੀ। ਫੂਲ ਕੀਆਂ ਰਿਆਸਤਾਂ ਨਾਲ ਇਸ ਦੀ ਚੰਗੀ ਮਿੱਤ੍ਰਤਾ ਸੀ।

[1]ਰਿਆਸਤ ਭਰਤਪੁਰ ਦਾ ਇਕ ਪੁਰਾਣਾ ਸ਼ਹਿਰ।

[1]ਦਲ।

[1]ਬਲਵਾਨ ਸੂਰਮਾ।

ਦਿਲੀ ਗਿਰਦ ਦੇਸ ਬਹੁ ਲੂਟਜੋ।
ਸਰਨ ਪਰਜੋ ਜੋਈ ਸੋ ਛੂਟਜੋ ॥ ੫੯ ॥
ਮੁਲਕ ਬੀਚ ਬਹੁ ਗਰਦੀ[1] ਪਾਈ।
ਲੋਣੀ ਗਯੋ ਸੁਨਤਿ ਦਹਿਲਾਈ[1]।
ਸਿੰਘਨ ਕਾ ਦਲ ਅਧਿਕ ਪਛਾਨਾ।
ਬੀਰ ਬਾਂਕਰੋ ਬਲੀ ਮਹਾਨਾ ॥ ੬੦ ॥
ਅਰ ਪੁਨ ਧਾਂਕ ਸਿੰਘਨ ਕੀ ਸੁਨ ਕਰਿ।
ਜੰਗੀ ਅਧਿਕ ਲੁਟੇਰੇ ਗੁਨ ਕਰਿ।
ਲੋਣੀ ਅਖਟਰ ਦਿਲੀ ਛੋਰ।
ਗਯੋ ਸੈਨ ਲੈ ਕੋਇਲ ਓਰ ॥ ੬੧ ॥
ਜਬ ਯਹਿ ਖਬਰ ਸਿੰਘਨ ਸੁਨ ਪਾਈ।
ਧਸੇ ਦਿੱਲੀ ਮੈਂ ਧੌਂਸ ਬਜਾਈ।
ਲੂਟ ਮਾਰ ਕਰ ਤੁਰਕੈਂ ਖੁਆਰੀ।
ਮੁਗਲ ਮਹੱਲਾ ਦਯੋ ਉਜਾਰੀ ॥ ੬੨ ॥
ਸ਼ਾਹਿ ਅੰਮੀਰਨ ਮਿਲ ਕਰਿ ਸਭ ਹੀ।
ਮੇਲ ਕਰਜੋ ਸਿੰਘਨ ਸੋਂ ਤਬ ਹੀ।
ਸਿਮਰੂ ਕੀ ਬੇਗਮ[1] ਨੇ ਸਾਰਾ।

[1]ਹਲਚਲੀ।

[1]ਕੰਬ ਗਿਆ।

[1]ਸਮਰੂ ਉਪਨਾਮ ਸੀ ਜੋ ਪਰਸਿੱਧ ਹੋ ਗਿਆ, ਅਸਲ ਨਾਮ ਵਾਲਟਰਰੇਨਹਾਰਡ (Walter Reinhard) ਸੀ। ਇਸ ਦੀ ਮਾਂ ਫ਼ਰਾਂਸ ਦੀ ਅਤੇ ਪਿਤਾ ਜਰਮਨ ਦਾ ਸੀ। ਇਹ ਪਹਿਲਾਂ ਫ਼ਰਾਂਸ ਦੀ ਜਹਾਜ਼ੀ ਫ਼ੌਜ 'ਚ ਭਰਤੀ ਹੋਇਆ। ਫੇਰ ਅੰਗ੍ਰੇਜ਼ੀ ਫ਼ੌਜ ਵਿੱਚ ਨੌਕਰੀ ਕੀਤੀ। ਫੇਰ ਬੰਗਾਲ ਦੇ ਨਵਾਬ ਮੀਰ ਕਾਸਮ ਦੀ ਚਾਕਰੀ ਕੀਤੀ। ਸੰਨ ੧੭੬੩ ਵਿੱਚ ਪਟਨੇ ਦੇ ਰੈਜ਼ੀਡੈਂਟ ਤੇ ਅਨੇਕ ਅੰਗ੍ਰੇਜ਼ਾਂ ਦੀ ਜਾਨ ਲਈ। ਸਮਰੂ ਫ਼ਾਰਸੀ ਦਾ ਚੰਗਾ ਵਿਦਵਾਨ ਸੀ। ਇਸ ਨੇ ਆਪਣੇ ਉੱਦਮ ਨਾਲ ਸਰਧਨੇ ਸ਼ਹਿਰ (ਮੇਰਠ ਤੋਂ ੧੨ ਮੀਲ ਉੱਤਰ ਪੱਛਮ) ਆਪਣੀਰਾਜਧਾਨੀ ਕਾਇਮ ਕੀਤੀ। ੧੭੭੮ ਈ: ਵਿੱਚ ਇਸ ਦੀ ਮੌਤ ਆਗਰੇ ਹੋਈ। ਬੇਗਮ ਸਮਰੂ, ਲੁਤਫ ਅਲੀ ਖਾਨ ਦੀ ਪੁੱਤਰੀ ਸੀ। ਇਸ ਦਾ ਨਾਉਂ ਜ਼ੇਬੁੱਨਿਸਾ ਸੀ। ਸੰਨ ੧੭੫੧ ਵਿੱਚ ਜਨਮ ਤੇ ਸੰਨ ੧੭੬੫ ਵਿੱਚ ਸਮਰੂ ਨਾਲ ਸ਼ਾਦੀ ਹੋਈ। ਪਤੀ ਦੇ ਮਰਨ ਬਾਦ ਰਿਆਸਤ ਦੀ ਮਾਲਕ ਬਣੀ। ਇਸ ਦਾ ਇਲਾਕਾ ਮੁਜ਼ੱਫਰ ਨਗਰ ਤੋਂ ਅਲੀਗੜ੍ਹ ਤੱਕ ਸੀ। ਇਹ ਬੜੀ ਦਾਨੀ ਤੇ ਉਦਾਰ ਚਿੱਤ ਸੀ। ੨੨ ਜਨਵਰੀ ੧੮੩੬ ਈ: ਨੂੰ ਸਮਰੂ ਦੀ ਬੇਗਮ ਦਾ ਦਿਹਾਂਤ ਹੋਇਆ।

ਬੀਚ ਆਇ ਕਰਿ ਕਾਜ ਸਵਾਰਾ ॥ ੬੩ ॥
ਹੁਤੀ ਬਘੇਲ ਸਿੰਘ ਕੇ ਸਾਥੇ।
ਤਿਸ ਕੀ ਮੁਲਾਕਾਤ ਬਖਜਾਤੇ।
ਜੱਸਾ ਸਿੰਘ ਲੈ ਬਿੱਤ[1] ਅਪਾਰਾ। [1]ਧਨ।
ਪੁਨ ਤੋਪਾਂ ਲੈ ਕਿਤਕ ਪਧਾਰਾ ॥ ੬੪ ॥
ਰਹਿ ਬਘੇਲ ਸਿੰਘ ਸਾਤ ਮਹੀਨੇ।
ਗੁਰਦੁਆਰੇ ਬਨਵਾਏ ਪੀਨੇ[1]। [1]ਪੱਕੇ, ਮਜ਼ਬੂਤ।
ਲੈ ਕਰਿ ਸੰਗ ਅਧਿਕ ਸਰਦਾਰਨ।
ਕਰਿ ਸਲਾਹਿ ਹਿਤ ਲੂਟਨ ਮਾਰਨ ॥ ੬੫ ॥
ਘਨੇ ਸ਼ਹਿਰ ਤੁਰਕਨ ਕੈ ਲੂਟੇ।
ਹਿੰਦੂ ਸਰਨ ਪਰੇ ਸੇ ਛੂਟੇ।
ਖੁਰਜੇ ਲੌ ਬਹੁ ਸ਼ਹਿਰ ਲੁਟਏ।
ਰੋਕੇ ਨਾਹਿ ਕਿਸੂ ਸੇਂ ਗਏ ॥ ੬੬ ॥
ਫਿਰ ਜਬ ਯਹਿ ਸਿੰਘਨ ਕੀ ਸੈਨਾ।
ਦਿੱਲੀ ਬੀਚ ਧਸੀ ਬਲਿ ਐਨਾ[1]। [1]ਬਹੁਤ ਬਲਵਾਨ।
ਲੂਟ ਮਾਰ ਬਡ ਗਰਦੀ[1] ਪਾਈ। [1]ਹਲਚਲ, ਤਬਾਹੀ।
ਮੁਗਲ ਮਹੱਲਾ ਦਯੋ ਜਰਾਈ ॥ ੬੭ ॥
ਔਰ ਹਕੂਮਤ ਕੀਨੀ ਭਾਰੀ।
ਕਥਾ ਲਿਖੋਂ ਆਗੇ ਚਲ ਸਾਰੀ।
ਫਿਰ ਬਘੇਲ ਸਿੰਘ ਦਿੱਲੀ ਤਜ ਕੈ।
ਆਯੋ ਇਤ ਲੈ ਬਿੱਤ ਬਹੁ ਰਜ ਕੈ ॥ ੬੮ ॥
ਜੇ ਕਰ ਸਿੰਘ ਨ ਤਜਤੇ ਦਿੱਲੀ।
ਕਰਤੇ ਰਾਜ ਸਾਜ ਬਿਨ ਢਿੱਲੀ।
ਕੌਨ ਛੁਡਾਤੋ ਇਨ ਤੈ ਦਿੱਲੀ।
ਜੇ ਕਰਤੇ ਸਿੰਘ ਮਨਸਾ ਦਿੱਲੀ[1] ॥ ੬੯ ॥ [1]ਦਿਲ ਦੀ ਇੱਛਾ।
ਛਡਤੇ ਨ ਕਮਾਣ ਨਿਜ ਢਿੱਲੀ।
ਦੇਤੇ ਮੇਲ ਜਗਤ ਮੈ ਜਿੱਲੀ[1]। [1]ਡੰਡਰੌਲੀ।
ਪਤਸ਼ਾਹੀ ਭੀ ਪਰੀ ਥੀ ਮਿੱਲੀ।
ਪਰ ਜੇ ਸਿੰਘ ਨ ਬਨਤੇ ਬਿੱਲੀ ॥ ੭੦ ॥
ਕਯੋਂ ਚੁਕਤੇ ਅੰਗ੍ਰੇਜ਼ੀ ਚਿੱਲੀ[1]। [1]ਗੁਲਾਮੀ ਰੂਪ ਚਿੱਲੀ {ਚਿੱਲੀ– ਊਠ ਉਪਰ ਲੱਦਿਆ ਪੱਠਿਆਂ ਦਾ ਭਾਰ}।

ਕਯੋਂ ਠੁਕਵਾਤੇ ਗਰਦਨ ਕਿੱਲੀ[1]। [1]ਹਕੂਮਤ ਰੂਪ ਕਿੱਲੀ।
ਫਿਰ ਕਜੋਂ ਹੋਤੀ ਜਗ ਮੈ ਖਿੱਲੀ[1]। [1]ਹਾਸੀ।
ਪੈ ਭਾਵੀ ਯੂੰਹੀ ਥੀ ਹਿੱਲੀ[1] ॥ ੭੧ ॥ [1]ਗਿੱਝੀ।
ਹੁਤੇ ਸਿੰਘ ਤਬ ਭੋਲੇ ਭਾਲੇ।
ਬੀਰ ਬਾਂਕੁਰੇ ਬਲੀ ਬਿਸਾਲੇ।
ਸੋਚਤ ਨਹਿ ਥੇ ਦੂਰ-ਅੰਦੇਸ਼ੀ[1]। [1]ਦੂਰ ਦੀ ਸੋਚ (ਵਿਚਾਰ)।
ਰਖਤੇ ਰੀਤਿ ਨੀਤਿ ਦਰਵੇਸ਼ੀ ॥ ੭੨ ॥
ਰਾਜਨੀਤਿ ਕੀ ਰੀਤਿ ਨ ਲਖਤੇ[1]। [1]ਜਾਣਦੇ।
ਦਾਵ ਘਾਵ ਨਹਿ ਥੇ ਕਿਛੁ ਤਕਤੇ।
ਛੋਡ ਆਏ ਦਿੱਲੀ ਬਿਨ ਬਾਰੇ[1]। [1]ਦਰੀ।
ਤੁਰਕਨ ਕੇ ਛਲ ਨਾਹਿ ਵਿਚਾਰੇ ॥ ੭੩ ॥
ਫਿਰ ਪ੍ਰਮੇਸ਼੍ਵਰ ਕਰਜੋ ਜੁ ਚਾਹਿਤ।
ਲੱਖ ਸਬੱਬ ਬਨਾਇ ਨਿਬਾਹਤਿ।
ਪਰਾਰਭਧ[1] ਜਿਸ ਕੀ ਹ੍ਵੈ ਜੈਸੇ। [1]ਕਿਸਮਤ।
ਮਿਲਤਿ ਸਹਾਇ ਬੁਧਿ ਤਿਹ ਤੈਸੇ ॥ ੭੪ ॥

ਦੋਹਰਾ:

ਦਿੱਲੀ ਕੋ ਤਜ ਸਿੰਘ ਜਬ,
ਆਏ ਤਰਫ਼ ਪੰਜਾਬ।
ਲੋਣੀ ਅਖਟਰ ਫਿਰ ਅਯੋ,
ਦਿੱਲੀ ਬੀਚ ਸ਼ਿਤਾਬ[1] ॥ ੭੫ ॥ [1]ਛੇਤੀ।

ਚੌਪਈ:

ਫਿਰ ਅੰਗ੍ਰੇਜ਼ਨ ਦਿੱਲੀ ਆਇ।
ਬੰਦੋਬਸਤ ਨਿਜ ਕਰਜੋ ਬਨਾਇ।
ਲੋਣੀ ਅਖਟਰ ਕੋ ਜੋ ਸੂਝੋ।
ਇਕ ਦਿਨ ਬਾਦਸ਼ਾਹ ਤੈ ਬੂਝੋ ॥ ੭੬ ॥
ਸਿੰਘ ਮਜ਼ਬ ਯਹ ਕੈਸੇ ਭਯੋ।
ਫਿਰ ਇਨਿ ਰਾਜ ਕਹੋ ਕਿਮਿ ਲਯੋ।
ਕੈ ਬਜ਼ੋਰ ਸ਼ਮਸ਼ੇਰ[1] ਲਯੋ ਇਨਿ। [1]ਤਲਵਾਰ ਦੇ ਬਲ ਨਾਲ।
ਸ਼ਾਹਿ ਪਟਾ[1] ਲਿਖ ਦਯੋ ਕਿਧੌਂ ਕਿਨਿ ॥ ੭੭ ॥ [1]ਸਨਦ, ਅਧਿਕਾਰ ਪੱਤ੍ਰ।
ਆਲਮ ਸ਼ਾਹਿ* ਯਾਹਿ ਸੁਨਿ ਬੋਲਜੋ। *ਸ਼ਾਹ ਆਲਮ- ਇਹ ਆਲਮਗੀਰ ਦੂਜੇ ਦਾ ਪੁੱਤਰ ਸੀ। ਇਸ ਨੇ ਸੰਨ ੧੭੬੦ ਈ: ਤੋਂ ੧੮੦੬ ਈ: ਤੱਕ ਦਿੱਲੀ ਦੀ

ਬਾਦਸ਼ਾਹੀ ਕੀਤੀ। ਇਸ ਦੀ ਕਮਜ਼ੋਰੀ ਵੇਖ ਕੇ ਜਨਵਰੀ ਸੰਨ ੧੭੬੫ ਵਿੱਚ ਮਾਧਵ ਰਾਉ ਸੇਂਧੀਆ ਮਰਹੱਟੇ ਨੇ ਦਿੱਲੀ ਤੇ ਆ ਕਬਜ਼ਾ ਕੀਤਾ। ਸ਼ਾਹ ਆਲਮ ਨੂੰ ਨਾਮ ਮਾਤ੍ਰ ਬਾਦਸ਼ਾਹ ਰੱਖ ਕੇ ਮਨ ਭਾਉਂਦੀ ਹਕੂਮਤ ਕੀਤੀ। ਸੰਨ ੧੭੬੭ ਵਿੱਚ ਸਹਾਰਨ ਪੁਰ ਅਤੇ ਮੇਰਠ ਦੇ ਜਗੀਰਦਾਰ ਜ਼ਾਬਿਤਾ ਖ਼ਾਨ ਦੇ ਪੁੱਤਰ ਗ਼ੁਲਾਮ ਕਾਦਿਰ ਨੇ ਮਰਹੱਟਿਆਂ ਨੂੰ ਜਿੱਤ ਕੇ ਦਿੱਲੀ ਆ ਮੱਲੀ। ੧੦ ਅਗਸਤ ਸੰਨ ੧੭੮੮ ਵਿੱਚ ਗ਼ੁਲਾਮ ਕਾਦਿਰ ਨੇ ਖੰਜਰ ਨਾਲ ਸ਼ਾਹ ਆਲਮ ਦੀਆਂ ਅੱਖਾਂ ਕੱਢ ਦਿੱਤੀਆਂ। ੨੧ ਦਸੰਬਰ ਸੰਨ ੧੭੮੮ ਵਿੱਚ ਗ਼ੁਲਾਮ ਕਾਦਿਰ ਨੂੰ ਮਾਰ ਕੇ ਮਰਹੱਟਿਆਂ ਫਿਰ ਦਿੱਲੀ 'ਤੇ ਕਬਜ਼ਾ ਕਰ ਲਿਆ ਤੇ ਸ਼ਾਹ ਆਲਮ ਫਿਰ ਮਰਹੱਟਿਆਂ ਦੇ ਵੱਸ ਪਿਆ। ਅੰਤ ਅੰਗ੍ਰੇਜ਼ਾਂ ਨੇ ਇਸ ਨੂੰ ਕੈਦ ਤੋਂ ਛੁਡਾ ਕੇ ਗੁਜ਼ਾਰਾ ਮੁਕੱਰਰ ਕਰ ਦਿੱਤਾ ਤੇ ਨਾਮ-ਮਾਤ੍ਰ ਨੂੰ ਬਾਦਸ਼ਾਹ ਥਾਪੀ ਰੱਖਿਆ।

ਕਪਟੀ ਕਪਟ ਕਠੋਲਾ[1] ਖੋਲਜੋ।
ਦੁਸ਼ਮਨ ਦੁਸ਼ਮਨ ਕੀ ਕਬ ਨੀਕੀ।
ਬਾਤ ਕਹਿਤ ਹੈ ਜਾਨੋ ਠੀਕੀ ॥ ੭੮ ॥
ਸਿੰਘਨ ਸੋਂ ਤੁਰਕਨ ਕਾ ਬੈਰ।
ਜਿੱਦਨ ਮਜਬੀ[1] ਆਹਿ ਬਧੈਰ।
ਸੋ ਦਿਲ ਰਾਖ ਤੁਰਕੇਸ ਉਚਾਰਜੋ।
ਸਾਂਪ ਸਮਾਨ ਡੰਕ ਚਹਿ ਮਾਰਜੋ ॥ ੭੯ ॥
ਚਾਰ ਭਾਂਤਿ ਨਰ ਹੈਂ ਜਗਿ ਜਾਨੋ।
ਮਾਖੀ, ਸਾਂਪ, ਅਸੁਰ[1], ਸੁਰ[2] ਮਾਨੋ।
ਆਪ ਖੋਇ, ਪਰ ਕਾਜ ਬਿਗਾਰੈ।
ਸੋ ਮਾਖੀ ਸਮ ਲਖੋ ਅਪਾਰੈ ॥ ੮੦ ॥
ਬਿਨਾ ਲਾਭ ਨਿਜ, ਪਰ ਕੀ ਹਾਨੀ।
ਕਰ ਹੈ, ਸੋ ਨਰ ਸਾਂਪ ਸਮਾਨੀ।
ਪਰ ਕੌ ਮਾਰ ਕਾਜ ਨਿਜ ਕਰੈ।
ਸੋ ਨਰ ਰਾਕਸ਼ ਬੁਧਿ ਜਨ ਰਰੈਂ ॥ ੮੧ ॥
ਜਜੋਂ ਤਜੋਂ ਕਰਿ ਕਰਿ ਹੈ ਉਪਕਾਰੇ।
ਆਹਿ ਦੇਵ ਨਰ ਜਗਤ ਮਝਾਰੇ।
ਆਹਿ ਸੁਭਾਵ ਨਰਕ ਕੇ ਆਮ[1]।
ਬੇਰ, ਸੁਪਾਰੀ, ਦਾਖ[1], ਬਦਾਮ ॥ ੮੨ ॥
ਦਿਲੋਂ ਬੁਰਾ ਊਪਰ ਤੇ ਆਛਾ।

[1]ਛਲ ਦਾ ਕੋਠਾ।

[1]ਮਜ਼ਹਬ ਦੀ ਜ਼ਿੱਦ ਦਾ।

[1]ਦੈਂਤ। [2]ਦੇਵਤੇ।

[1]ਬਹੁਤੇ।

[1]ਅੰਗੂਰ।

ਬੇਰ ਸਮਾਨ ਵਹੀ ਨਰ ਕਾਛਾ[1]। [1]ਸੁੰਦਰ।
ਬਾਹਰ ਭੀਤਰ ਤੇ[1] ਇਕ ਜੈਸਾ। [1]ਅੰਦਰੋਂ।
ਨਰ ਕਠੋਰ ਪੂੰਗੀ[1] ਸਮ ਹੈਸਾ ॥ ੮੩ ॥ [1]ਸੁਪਾਰੀ।
ਊਪਰ ਕਠਨ ਹੋਇ ਦਿਲ ਨੀਕੋ।
ਸੋ ਬਦਾਮ ਸਮ ਲਹੀਅਤਿ ਠੀਕੋ।
ਕੋਮਲ ਬਾਹਰ ਭੀਤਰ ਜੋਈ।
ਦਾਖ ਅੰਗੂਰ ਲਖੋ ਸਮ ਸੋਈ ॥ ੮੪ ॥
ਉੱਤਮ ਮਧਮ ਮੰਦ ਸ੍ਰਿਸ਼ਟਿ[1]। [1]ਸ੍ਰਿਸ਼ਟੀ ਵਿੱਚ।
ਸ਼ਾਹਿ ਲਖੋ ਤਿਹੁੰ ਮਾਹਿ ਕਨਿਸ਼ਟ[1]। [1]ਨੀਚ, ਕਮੀਨਾ।
ਜਜੋਂ ਨੁਕਸਾਨ ਸਿੰਘਨ ਹ੍ਵੈ ਜਾਈ।
ਸ਼ਾਹਿ ਅਧਮ[1] ਸੋ ਬਜੋਂਤ ਬਨਾਈ ॥ ੮੫ ॥ [1]ਨੀਚ, ਕਮੀਨਾ।
ਨਾਨਕ ਸ਼ਾਹ ਇਕ ਭਯੋ ਫ਼ਕੀਰ।
ਵੀਚ ਪੰਜਾਬ ਕਹਾਯੋ ਪੀਰ[1]। [1]ਗੁਰੂ, ਕਰਾਮਾਤੀ।
ਤਿਸ ਤੈ ਪਾਛੇ ਦਸਮੀ ਠੌਰ[1]। [1]ਜਗ੍ਹਾ।
ਭਯੋ ਗੋਬਿੰਦ ਸਿੰਘ ਇਕ ਔਰ ॥ ੮੬ ॥
ਤਿਸ ਨੇ ਯਹਿ ਸਿੰਘਨ ਕਾ ਮਜ਼ਬ।
ਕੀਓ ਲੁਟੇਰਾ ਜਾਹਲ[1] ਗਜ਼ਬ[2]। [1]ਅਨਪੜ੍ਹ, ਬੇਖ਼ਬਰ। [2](ਦੁਸ਼ਮਨਾਂ ਤੇ) ਕਹਿਰ (ਪਾਉਣ ਵਾਲਾ)। (ਅ) ਅਸਚਰਜ, ਅਨੋਖਾ।
ਜਬ ਯਹਿ ਲੋਕ ਅਧਿਕ ਜਗਿ ਬਾਢੇ।
ਲਗੇ ਫ਼ਤੂਰ[1] ਉਠਾਵਨ ਗਾਢੇ ॥ ੮੭ ॥ [1]ਉਪਦ੍ਰੱਵ, ਊਧਮ, ਗੜਬੜ।
ਔਰੰਗਜ਼ੇਬ ਸਭਨ ਕੋ ਮਾਰਾ।
ਮੁਲਕੋਂ ਇਨ ਕਾ ਗੁਰੂ ਨਿਕਾਰਾ।
ਤਾਂ ਪਾਛੇ ਇਕ ਬੰਦਾ ਨਾਮੀ[1]। [1]ਨਾਮ ਵਾਲਾ।
ਭਜੋ ਇਨੀ ਮੈ ਸੇ ਮਤਿ ਖਾਮੀ[1] ॥ ੮੮ ॥ [1]ਕੱਚੀ ਮਤਿ ਵਾਲਾ।
ਉਨ ਭੀ ਗਦਰ[1] ਮਚਾਯੋ ਭਾਰਾ। [1]ਫਸਾਦ।
ਆਖਰ ਭਜੋ ਕਤਲ ਵਹਿ ਹਾਰਾ।
ਫਿਰ ਨਾਦਰ ਜਬ ਜ਼ੁਲਮੀ ਆਯੋ।
ਦੇਸ ਲੂਟ ਨਿਜ ਮੁਲਕ ਸਿਧਾਯੋ ॥ ੮੯ ॥
ਤਬ ਤੇ ਰੱਯਤ ਏਹੁ ਹਮਾਰੀ।
ਬਿਗਰ ਗਰਦੀ[1] ਬਹੁ ਡਾਰੀ। [1]ਹਲਚਲ।

ਫਿਰ ਜਬ ਅਹਿਮਦ ਸ਼ਾਹ ਦੁਰਾਨੀ।
ਕਈ ਬੇਰ ਆਯੋ ਦੁਖਦਾਨੀ ॥ ੯੦ ॥
ਕਰਿ ਖਰਾਬ ਹਮਾਰੀ ਪਤਿਸ਼ਾਹੀ।
ਗਯੋ ਲੌਟ[1] ਵਹਿ ਫਿਰ ਬਦਰਾਹੀ[2]।
[1]ਮੁੜ ਗਿਆ। [2]ਬੁਰੇਰਾਹ ਚੱਲਣ ਵਾਲਾ।
ਤਬ ਤੈ ਇਨ ਸਿੱਖਨ ਬਲ ਪਾਈ।
ਮੁਲਕ ਕਰਜੋ ਬਰਬਾਦ ਮਹਾਈ ॥ ੯੧ ॥
ਜਾਹਲ ਜੰਗੀ ਡਾਕੂ ਚੋਰੈਂ।
ਇਨ ਸਮ ਨਹਿ ਕੋਊ ਜਗ ਹੋਰੈਂ।
ਜਜੋਂ ਜਜੋਂ ਹਮਰੀ ਸ਼ਾਹੀ ਬੀਚ।
ਰਾਹ ਤਨੱਜ਼ਲ ਪਾਯੋ ਨੀਚ[1] ॥ ੯੨ ॥
[1]ਗਿਰਾਵਟ ਦਾ ਰਾਹ ਇਨ੍ਹਾਂ ਨੀਚਾਂ ਨੇ ਪਾ ਦਿੱਤਾ ਭਾਵ ਸ਼ਾਹੀ ਹੇਠ ਨੂੰ ਜਾਣ ਲੱਗੀ।

ਤਜੋਂ ਤਜੋਂ ਰੱਯਤ ਏ ਸਬ ਹਮਰੀ।
ਬਿਗਰ ਗਈ ਹਮ ਤੈ ਤਬ ਸਗਰੀ।
ਸਿੱਖ ਕੌਮ ਯਹਿ ਜਗ ਮੈ ਜੇਤੀ।
ਰੱਯਤ ਹੁਤੀ ਹਮਾਰੀ ਤੇਤੀ ॥ ੯੩ ॥
ਫੌਜ ਜਾਹਿ ਨੇ ਜਿਤਕ ਬਟੋਰੀ[1]।
[1]ਇਕੱਠੀ ਕੀਤੀ।
ਦਬਜੋ ਮੁਲਕ ਤਿਨ ਤਿਤਕ ਸਜੋਰੀ।
ਜੋਰ ਜੰਗ ਨਹਿ ਰਾਜ ਲਜੋ ਇਨਿ।
ਸ਼ਾਹਿ ਪਟਾ ਲਿਖ ਦਯੋ ਨਾਹਿ ਕਿਨਿ ॥ ੯੪ ॥
ਇਤਜਾਦਿਕ ਬਹੁ ਬਾਤ ਬਨਾਇ।
ਬਾਦਸ਼ਾਹਿ ਨੈ ਦਈ ਲਿਖਾਇ।
ਲੋਣੀ ਅਖਟਰ ਨੈ ਯਹਿ ਸੁਨਿ ਕੈ।
ਕਹਯੋ ਸ਼ਾਹ ਪੈ ਯਾ ਬਿਧਿ ਗੁਨਿ ਕੈ ॥ ੯੫ ॥
ਜੇ ਕਰਿ ਸਿਖ ਕੌਮ ਯਹਿ ਸਭਹੀ।
ਪਤਸ਼ਾਹੀ ਰੱਯਤ ਥੀ ਕਬਹੀ।
ਗਦਲ[1] ਮਚਾਇ ਬਦਲ ਸਭ ਗਏ।
[1]ਫਸਾਦ।
ਖੁਦ ਹੀ ਖੁਦ ਰਾਜੇ ਬਨ ਬਏ[1] ॥ ੯੬ ॥
[1]ਬਣ ਬੈਠੇ।
ਰੱਯਤ ਬਿਗੜੀ ਢਿਗ ਕਬਿ ਰਾਜ।
ਰਹਿਨਾ ਪਾਯੋ ਬਿਨਾ ਸਮਾਜ[1]।
[1](ਬਾਦਸ਼ਾਹੀ) ਸਮਾਨ ਤੋਂ ਬਿਨਾਂ।
ਯਹਿ ਲਿਖ ਕਰਿ ਨਿਜ ਦਫਤਰ ਮਾਹੀ।

ਰਾਖਯੋ ਤਬ ਕਰਨੈਲ ਤਹਾਂ ਹੀ ॥ ੯੭ ॥
ਅਬ ਸੁਨਿ ਗਾਥ ਔਰ ਇਕ ਭਾਰੀ।
ਸਿੱਖਨ ਮੈ ਜਸੋਂ ਪਰਜੋਂ ਵਿਗਾਰੀ।
ਅੰਗ੍ਰੇਜ਼ਨ ਕੀ ਜਸੋਂ ਲੁਦਿਹਾਨੇ।
ਪਰੀ ਛਾਵਨੀ ਆਇ ਮਹਾਨੇ ॥ ੯੮ ॥

ਦੋਹਰਾ:

ਸਨ ਪੁਰਾਨ ਸੈ ਚੌਹਟੇ[1],
ਸ੍ਰੀ ਰਣਜੀਤ ਮ੍ਰਿਗੇਸ।
ਮੁਲਕ ਮਾਲਵੇ ਮੈ ਅਯੋ,
ਲੈ ਨਿਜ ਸੈਨ ਵਿਸੇਸ[1] ॥ ੯੯ ॥

[1]ਸੰਮਤ ੧੮੬੪ ਬਿ: ਵਿੱਚ।
[1]ਆਪਣੀ ਖ਼ਾਸ ਫ਼ੌਜ।

ਕਬਿੱਤ:

ਛੀਨ ਕੈ[1] ਇਲਾਕਾ ਰਾਇਕੋਟੀਓਂ ਤੈ ਬਾਂਕਾ, ਫਿਰ
ਲੀਓ ਹੈ ਕਪੂਰੇ ਕੋਟ ਵਾਲੀਓਂ ਤੈ[1] ਜਾਇ ਕੈ।
ਔਰ ਸਾਨ੍ਹੇਵਾਲੀਏ ਅੰਬਾਲੀਏ ਤੈ ਆਦਿਕ ਜੇ,
ਸਿੱਖਨ ਤੈ ਲੀਓ ਬਹੁ ਮੁਲਕ ਛਿਨਾਇ ਕੈ।
ਆਇ ਫਿਰ ਕੋਟਲੇ ਮਲੇਰ ਬਿਨ ਬੇਰ ਘੇਰ,
ਲੀਓ ਨਜ਼ਰਾਨਾ ਅਫਗਾਨਾ ਤੈ[1] ਦਬਾਇ ਕੈ।
ਭਾਗ ਸਿੰਘ ਭੂਪ[1] ਜਸਵੰਤ ਸਿੰਘ[2] ਲੌ ਅਨੂਪ,
ਮਿਲੇ ਮਹਾਰਾਜ ਕੌ ਤਹਾ ਹੀ ਚਲ ਜਾਇ ਕੈ
॥ ੧੦੦ ॥

[1]ਖੋਹ ਕੇ।
[1]ਕੋਟ ਕਪੂਰੇ ਵਾਲਿਆਂ ਤੋਂ।
[1]ਮਲੇਰੀ ਪਠਾਣਾਂ ਤੋਂ।
[1]ਮਹਾਰਾਜਾ ਜੀਂਦ। [2]ਮਹਾਰਾਜਾ ਨਾਭਾ।

ਕੈਂਥਲੇਸ ਪਟਲੇਸ ਮਿਲੇ ਨਾਹਿ ਤਾਬਿ ਜਬ,
ਘਾਵਦਾਦਿ ਗ੍ਰਾਮ ਲੂਟੇ ਤਿਨ ਕੇ ਅਪਾਰੇ ਹੈਂ।
ਫੌਜ ਜੌ ਲਹੌਰੀ ਦੌਰੀ ਹੱਲਾ ਕਰ ਪੱਲਾ ਫੇਰ,
ਪਰਗੋ ਥਰਥੱਲਾ[1] ਦੇਸ ਮਾਲਵੇ ਮਝਾਰੇ ਹੈਂ।
ਸੁਨਿ ਪਟਲੇਸ ਪੁਨ ਸਾਹਿਬ ਮ੍ਰਿਗੇਸ ਤਬ,
ਲੈ ਕਰਿ ਬਸੇਸ ਸੈਨ ਦੈ ਕਰਿ ਨਗਾਰੇ ਹੈਂ।
ਜਾਇ ਢਿਗ ਛੀਂਟਾਵਾਰੇ ਮੋਰਚੇ ਲਗਾਇ ਭਾਰੇ,
ਜੰਗ ਕੇ ਤਜਾਰੇ ਕਰਿ ਭੇਜੇ ਹਲਕਾਰੇ ਹੈਂ
॥ ੧੦੧ ॥

[1]ਹਲਚਲ।

ਤਜਾਰੀ ਸੁਨਿ ਆਹਵ[1] ਕੀ ਫੌਜ ਸਿੰਘ ਸਾਹਿਬ[2]

[1]ਜੰਗ। [2]ਮਹਾਰਾਜਾ ਰਣਜੀਤ ਸਿੰਘ।

ਕੀ,
ਛੋਰਿ ਲੂਟ ਲਾਹਵ ਕੀ[1] ਭਈ ਇਕ ਠੌਰ ਹੈ। [1]ਲੁੱਟ ਦਾ ਲਾਭ ਛੱਡ ਕੇ।
ਚਢ ਕੈ ਲਾਹੌਰ ਮੌਰ[1] ਮਨਸੂਰਪੁਰੇ ਓਰ, [1]ਮਹਾਰਾਜਾ ਰਣਜੀਤ ਸਿੰਘ।
ਆਯੋ ਦਲ ਜੋਰ ਕੈ ਸਜੋਰ ਕਰਿ ਦੌਰ ਹੈ।
ਪਾਇ ਸਾਰ[1] ਬਰਿਆਰ[2] ਮੁਲਕੀ ਕਈ ਹਜ਼ਾਰ, [1]ਖ਼ਬਰ। [2]ਬੈਰਾੜ।
ਬਾਂਧ ਕੈ ਹਥਜਾਰ ਆਏ ਨ੍ਰਿਪ ਓਰ ਔਰ ਹੈਂ।
ਟਰੇ ਨ ਦੁਹੂੰ ਓਰ ਤੇ ਮਚਜੋ ਹੈ ਜੰਗ ਜੋਰ ਤੇ,
ਰਹੇ ਵਕੀਲ ਹੋਰਤੇ[1] ਬਹੁਤ ਕਰਿ ਗੌਰ[2] ਹੈਂ [1]ਰੋਕਦੇ। [2]ਖਿਆਲ।
॥ ੧੦੨ ॥
ਦੋਹਰਾ:
ਉਤ ਤੈ ਸ੍ਰੀ ਰਣਜੀਤ ਹਰਿ,
ਚਢਿ ਕਰਿ ਪੀਠ ਮਤੰਗ[1]। [1]ਹਾਥੀ।
ਬੀਚ ਅੰਬਾਰੀ ਬੈਠ ਕਰਿ,
ਪੇਖ ਰਹਜੋ ਥਾ ਜੰਗ ॥ ੧੦੩ ॥
ਚੌਪਈ:
ਯਹਿ ਪਿਖ ਖਬਰ ਪਾਇ ਪਟਲੇਸੂ।
ਸ੍ਰੀ ਸਾਹਿਬ ਮ੍ਰਿਗੇਸ ਨਰੇਸੂ।
ਜਹਾਂ ਤੋਪ ਖਾਨਾ ਦਗ ਰਹਜੋ।
ਜਾਇ ਤਹਾਂ ਖੁਦ ਯਾ ਬਿਧਿ ਕਹਜੋ ॥ ੧੦੪ ॥
ਐਸਾ ਗੋਲਾ ਏਕ ਚਲਾਵਹੁ।
ਸਿੰਘ ਸਾਹਿਬ ਕੋ ਪਤਾ ਦਿਖਾਵਹੁ।
ਤਿਸ ਕੋ ਜਰਾ ਅਜਾਉ ਨ ਜਾਇ[1]। [1]ਥੋੜ੍ਹੀ ਜਿਹੀ ਵੀ ਸੱਟ ਨ ਲੱਗੇ।
ਕਲਸ ਅੰਬਾਰੀ[1] ਦੇਹੁ ਉਡਾਇ ॥ ੧੦੫ ॥ [1]ਹਾਥੀ ਦੇ ਹੌਦੇ ਦਾ ਕਲਸ।
ਜਮਾਂਦਾਰ ਇਕ ਗੋਲ ਮਦਾਜਾ[1]। [1]ਗੋਲੰਦਾਜ਼– ਗੋਲਾ ਚਲਾਉਣ ਵਾਲਾ।
ਕਮਰ ਅਲੀ ਖਾਂ ਥਾ ਉਸਤਾਜਾ।
ਬਾਂਧ ਸ਼ਿਸਤ[1] ਉਨਿ ਤੋਪ ਚਲਾਈ। [1]ਨਿਸ਼ਾਨਾ।
ਕਲਸ ਅੰਬਾਰੀ ਦਜੋ ਉਡਾਈ ॥ ੧੦੬ ॥
ਪਿਖ ਪਟਲੇਸ੍ਵਰ ਅਤਿ ਖ਼ੁਸ਼ ਭਯੋ।
ਅਧਿਕ ਇਨਾਮ ਤਾਹਿ ਕੋ ਦਯੋ।
ਤਿਸ ਕੀ ਸੰਤਤਿ[1] ਬੀਚ ਪਟਜਾਲੇ। [1]ਉਲਾਦ।

ਹੈ ਅਬ ਲੌ ਜਨ ਲਖਤਿ[1] ਬਿਸਾਲੇ ॥ ੧੦੭ ॥
ਇਕ ਇਮਦਾਦ ਅਲੀ ਖਾਂ ਜਾਨਾ।
ਜਿਨ ਮੈ ਸੇ ਹੈ ਭਜੋ ਦਿਵਾਨਾ[1]।
ਪੁਨ ਪਟਲੇਸ੍ਵਰ ਮੋਦ ਬਢਾਈ।
ਤੋਪ ਜ਼ੋਰ ਦੈ ਬਹੁ ਚਲਵਾਈ ॥ ੧੦੮ ॥
ਉਤ ਲਵਪੁਰ ਪਤਿ ਪਿਖ ਯਹਿ ਪਤਾ।
ਅਚਰਜ ਭਜੋ ਉਡੀ ਮੁਖ ਸਤਾ[1]।
ਉਤਰ ਪਰਜੋ ਗਜ[1] ਪਰ ਤੈ ਧਰਾ[2]।
ਬੰਦਨ ਸਹਸ[1] ਗੁਰੂ ਕੋ ਕਰਾ ॥ ੧੦੯ ॥
ਨਿਜ ਲੋਗਨ ਪ੍ਰਤਿ ਬੋਲ ਸੁਨਾਯੋ।
ਬਚੀ ਜਾਨ ਮਨਿ ਸ਼ੁਕਰ ਮਨਾਯੋ।
ਐਸੇ ਜਿਸ ਕੇ ਗੋਲ ਮਦਾਜੂ।

ਮਾਰਤਿ ਗੋਲੇ ਸਹਿਤ ਅੰਦਾਜੂ ॥ ੧੧੦ ॥
ਮੁਝ ਕੋ ਉਨਿ ਹੀ ਲਯੋ ਬਚਾਇ।
ਪਤਾ ਦਯੋ ਅਚਰਜ ਦਿਖਰਾਇ।
ਹੁਤੇ ਮੁਸਾਹਿਬ ਜਿਤਕ ਸਜਾਨੇ।
ਉਨਿ ਢਿਗ ਤੇ ਯੌਂ ਬੈਨ ਬਖਾਨੇ ॥ ੧੧੧ ॥
ਕਹਿਤ ਫੂਲ ਕੇ ਰਾਜੇ ਜਿਨ ਕੋ।
ਰਾਜ ਬਖਸ਼ਜੋ ਸਤਿਗੁਰਿ ਇਨ ਕੋ।
ਇਨ ਸੌਂ ਭਲੀ ਨ ਕਰਨ ਲਰਾਈ।
ਫਿਰ ਹਮ ਤੁਮ ਯਹਿ ਸਭਿ ਗੁਰਭਾਈ ॥ ੧੧੨ ॥
ਪੁਨਾ ਨਾਨਕੇ ਰਾਵਰ ਕੇਰੇ।
ਰਖਨੋ ਚਹੀਏ ਮੇਲ ਵਧੇਰੇ।
ਪੁਨਾ ਦੇਸ ਯਹਿ ਇਨ ਕਾ ਸਭ ਹੀ।
ਕਈ ਲਾਖ ਨਰ ਐਹੈਂ ਅਬ ਹੀ ॥ ੧੧੩ ॥
ਸਤਿਲੁਜ ਤੈ ਇਸ ਦਿਸ ਕੋ ਵਾਲੀ[1]।
ਹੈਂ ਸਭ ਦੋਸਤ ਇਨੈ ਕਮਾਲੀ[1]।
ਰਾਰ[1] ਅਧਿਕ ਜਬ ਹੀ ਬਢ ਜੈ ਹੈ।
ਫਿਰ ਹਟ ਜੈਬੋ ਮੁਸ਼ਕਲ ਪੈ ਹੈ ॥ ੧੧੪ ॥

[1]ਜਾਣਦੇ ਹਨ।

[1]ਵਜ਼ੀਰ।

[1]ਚਿਹਰੇ ਦੀ ਲਾਲੀ।

[1]ਹਾਥੀ। [2]ਧਰਤੀ ਤੇ।

[1]ਹਜ਼ਾਰ ਵਾਰ ਗੁਰਾਂ ਨੂੰ ਨਮਸਕਾਰ ਕੀਤੀ।

*'ਉਡੀ ਮੁਖ ਸਤਾ' ਵਾਲੀ ਇਕ ਤੁਕ ਤੇ 'ਐਸੇ ਜਿਸ ਕੇ' ਤੋਂ 'ਅਸਚਰਜ ਦਿਖਰਾਇ' ਤੱਕ ਦੀਆਂ ਚਾਰ ਤੁਕਾਂ ਦਾ ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਗਿਆ ਹੈ।

[1]ਮਾਲਕ, ਰਾਜੇ।

[1]ਇਨ੍ਹਾਂ ਦੇ ਪੱਕੇ ਮਿੱਤਰ ਹਨ।

[1]ਲੜਾਈ।

ਯਹ ਸਲਾਹਿ ਸੁਨ ਕੈ ਸਿੰਘ ਸਾਹਿਬ।
ਭੂਪਤਿ ਢਿਗ ਨਿਜ ਪਠੇ ਮੁਸਾਹਿਬ[1]। [1]ਆਪਣੇ ਅਹਿਲਕਾਰ ਭੇਜੇ।
ਪਟਲੇਸ੍ਵਰ ਕਾ ਤਹਾਂ ਵਕੀਲ[1]। [1]ਰਾਜਦੂਤ।
ਦਿਜ[1] ਕਪੂਰ ਸਿੰਘ ਹੁਤੋ ਸੁਸ਼ੀਲ[2] ॥ ੧੧੫ ॥ [1]ਬ੍ਰਹਮਣ। [2]ਚੰਗੇ ਸੁਭਾਉ ਵਾਲਾ।
ਕਹਜੋ ਤਾਹਿ ਕੋ ਯੌਂ ਸਮਝਾਏ।
ਹਮ ਮਾਮੂ ਕੋ ਮਿਲਨੇ ਆਏ।
ਆਗੇ ਤੇ ਵਹਿ ਕਰਤਿ ਲਰਾਈ।
ਤੋਪਾਂ ਅਨਗਨ ਰਹਜੋ ਚਲਾਈ ॥ ੧੧੬ ॥
ਜਾਇ ਭਲੇ ਤੁਮ ਅਬ ਸਮਝਾਵਹੁ।
ਤੋਪ ਚਲਨ ਤੇ ਬੰਦ ਕਰਾਵਹੁ।
ਮੁਲਾਕਾਤ ਮਾਮੂ ਜੀ ਸੰਗੈ।
ਹਮ ਕਰ ਕੈ ਫਿਰ ਜੈਂਹਿ ਨਿਸੰਗੈ ॥ ੧੧੭ ॥
ਇਕ ਵਾਰੀ ਹਮ ਕੋ ਪਟਜਾਲਾ।
ਦੈਹੁ ਦਿਖਾਇ ਜਾਨ ਨਿਜ ਬਾਲਾ[1]। [1]ਆਪਣਾ ਬੱਚਾ।
ਜਾਇ ਵਕੀਲ ਭੂਪ ਪੈ ਜਬੈ।
ਨੀਕੀ ਬਾਤ ਕਹੀ ਯਹਿ ਸਬੈ ॥ ੧੧੮ ॥
ਭੂਪ ਤਬੈ ਉੱਤ੍ਰ ਯਹਿ ਦੀਨੋ।
ਚਾਹਤਿ ਮੁਲਾਕਾਤ ਜੇ ਕੀਨੋ।
ਜੌ ਹਮ ਕੋ ਵਹਿ ਲਖਤਿ[1] ਨਾਨਕੇ। [1]ਜਾਣਦਾ ਹੈ।
ਤੌ ਕਜੋਂ ਲੂਟਤਿ ਮੁਲਕ ਆਨ ਕੇ ॥ ੧੧੯ ॥
ਦੋਹਤ੍ਰੁਜੋਂ ਕੇ ਤੌਰ ਸੁ ਆਵੈ।
ਜੋ ਕਿਛੁ ਹਮ ਦਿਹਂ ਸੋ ਲੈ ਜਾਵੈ।
*ਫੌਜ ਆਪਨੀ ਤਜੇ ਇਹਾਂ ਹੀ। *'ਫੌਜ ਆਪਨੀ' ਤੋਂ ਅੰਕ ੧੩੦ ਦੇ 'ਜਟੀ ਉਦਾਰੂ' ਤੱਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਗਿਆ ਹੈ।
ਆਇ ਮਿਲੇ ਪਟਜਾਲੇ ਮਾਹੀਂ ॥ ੧੨੦ ॥
ਯਹਿ ਮੁਕੱਰਰ ਕਰਿ ਭੂਪਤਿ ਤਬ ਹੀ।
ਅਯੋ ਪਟਜਾਲੇ ਦਲ ਲੈ ਸਭਿ ਹੀ।
ਪੁਨ ਲਵਪੁਰ ਪਤਿ ਪਹੁੰਚਜੋ ਆਏ।
ਫੌਜ ਖਾਸਗੀ ਸੰਗ ਲਵਾਇ[1] ॥ ੧੨੧ ॥ [1]ਖਾਸ ਫੌਜ ਨਾਲ ਲੈ ਕੇ।
ਦੋਹਰਾ:

ਮੁਲਾਕਾਤ ਪਟਲੇਸ ਨੈ,
ਲਵਪੁਰ ਪਤਿ ਕੇ ਸੰਗ।
ਕਿਲੇ ਵੀਚ ਬੁਲਵਾਇ ਕੈ,
ਕੀਨੀ ਸਹਿਤ ਉਮੰਗ ॥ ੧੨੨ ॥

ਚੌਪਈ:

ਜਬ ਸਿੰਘ ਸਾਹਿਬ ਸ਼ਹਿਰ ਮਝਾਰੀ।
ਆਯੋ ਖਲਕਤ ਡਰੀ ਅਪਾਰੀ।
ਭੂਪਤਿ ਮਿਲਜੋ ਆਇ ਮਧ ਪੌਰੀ[1]। [1]ਦਰਵਾਜ਼ੇ ਵਿੱਚ।
ਸਿੰਘ ਸਾਹਿਬ ਕੌ ਲਿਯ ਭਰਿ ਕੌਰੀ[1] ॥ ੧੨੩ ॥ [1]ਜੱਫੀ 'ਚ ਲੈ ਲਿਆ।
ਨਿਜ ਦਿਵਾਨ ਖਾਨੇ ਲੈ ਜਾਇ।
ਮਸਨਦ[1] ਪੁਰ ਬੈਠੇ ਮੁਦ ਪਾਇ। [1]ਗੱਦੀ।
ਬਾਤੈਂ ਅਨਿਕ ਭਾਂਤਿ ਕੀ ਕਰ ਕੈ।
ਤੋਫੇ ਖਿਲਤ[1] ਦਏ ਮੁਦ ਭਰ ਕੈ ॥ ੧੨੪ ॥ [1]ਪੁਸ਼ਾਕੇ, ਸਿਰੋਪਾਉ।
ਭੂਪਤਿ ਕਹਜੋ ਤੁਮਾਰੀ ਨਾਨੀ।
ਪਿਖਜੋ ਚਹਿਤ ਤੁਮ ਕੋ ਮੁਦ ਮਾਨੀ।
ਲਵਪੁਰਪਤਿ ਇਕ ਲੌ ਨ੍ਰਿਪ ਸੰਗੈ।
ਗਯੋ ਮਹਲ ਕੇ ਬੀਚ ਨਿਸੰਗੈ ॥ ੧੨੫ ॥
ਨਾਖ ਪੌਰ ਤੀਸਰ[1] ਅਗਵਾਈ। [1]ਤੀਜਾ ਦਰਵਾਜ਼ਾ ਲੰਘ ਕੇ।
ਪਕਰ ਤਾਹਿ ਨ੍ਰਿਪ ਕਹਜੋ ਸੁਨਾਈ।
ਅਬ ਕਹੁ ਤੁਮਰਾ ਰਾਖਾ ਕੋ ਹੈ।
ਸਿੰਘ ਸਾਹਿਬ ਭਾਖਜੋ ਤੁਮ ਹੋ ਹੈ ॥ ੧੨੬ ॥
ਯਹਿ ਸੁਨਿ ਭੂਪ ਮੋਦ ਮਨਿ ਧਰ ਕੈ।
ਸਿੰਘ ਸਾਹਿਬ ਕੋ ਲਿਯ ਭੁਜਿ ਭਰ ਕੈ[1]। [1]ਜੱਫੀ ਵਿੱਚ ਲੈ ਕੇ।
ਬਹੁ ਬਿਧਿ ਸੀਖਜਾ ਦੈ ਫਿਰ ਰਰਯੋ[1]। [1]ਕਿਹਾ।
ਐਸਾ ਕਾਮ ਫੇਰ ਨਹਿ ਕਰਯੋ ॥ ੧੨੭ ॥
ਦੁਤੀ ਨ੍ਰਿਪ ਕੇ ਧਾਮ ਮਝਾਰੀ।
ਏਕਲ ਜਾਨਾ ਭਲੀ ਨ ਕਾਰੀ।
ਨੀਤਿ ਰੀਤਿ ਰਾਜਨ ਕੀ ਏਹੈ।
ਇਮ ਕਹਤੇ ਪਹੁੰਚੇ ਮਧ ਗੇਹੈ ॥ ੧੨੮ ॥
ਰਾਣੀ ਆਸ ਕੌਰ[1] ਢਿਗ ਜਾਏ। [1]ਮਹਾਰਾਜਾ ਸਾਹਿਬ ਸਿੰਘ ਦੀ ਮਾਤਾ।

ਲਵਪੁਰ ਪਤਿ ਪਗ ਪਰਿਓ ਧਾਏ।
ਤਾਹਿ ਉਠਾਇ ਪਜਾਰ ਬਹੁ ਕੈ ਕੈ।
ਕਰਜੋ ਨਿਛਾਵਰ[1] ਆਸਿਖ[2] ਦੈ ਕੈ ॥ ੧੨੯ ॥

[1]ਵਾਰਨਾ ਕੀਤਾ। [2]ਅਸੀਸ।

ਚਿੜੀਆ ਏਕ ਸ੍ਵਰਨ ਕੀ[1] ਚਾਰੂ[2]।
ਮਨੀ ਕਨੀ ਗਨ ਜਟੀ ਉਦਾਰੂ[1]।

[1]ਸੋਨੇ ਦੀ। [2]ਸੁੰਦਰ।

[1]ਸ੍ਰੇਸ਼ਟ ਮਣੀਆਂ ਦੀਆਂ ਸਮੂੰਹ ਕਣੀਆਂ ਜੜੀਆਂ ਹੋਈਆਂ ਸਨ।

ਕੀਮਤ ਕਈ ਸਹਸ[1] ਥਾ ਤੌਨਾ[2]।
ਜਾਨ ਦੋਹਿਤਾ ਦਯੋ ਖਿਲੌਨਾ ॥ ੧੩੦ ॥

[1]ਹਜ਼ਾਰ। [2]ਤਿਸ ਦੀ।

ਲਵਪੁਰ ਪਤਿ ਫਿਰ ਹੋਤ ਬਿਦਾਈ।
ਮਾਂਗ ਤੋਪ ਇਕ ਲਈ ਸੁਹਾਈ[1] ॥ ੧੩੧ ॥

[1]ਚੰਗੀ।

ਦੋਹਰਾ:
ਭੂਪ ਕੁਛੁਕ ਦਿਲ ਰੰਜ ਹ੍ਵੈ,
ਦਈ ਤੋਪ ਯੌਂ ਗਾਇ।
ਨਹਿ ਤੁਮਰੇ ਯਹਿ ਰਹਿ ਪੁਨਾ,
ਹਮ ਘਰਿ ਜੈ ਹੈ ਆਇ ॥ ੧੩੨ ॥
ਸਾਚ ਭਯੋ ਬਚ ਭੂਪ ਕੋ,
ਪਿਖਜੋ ਨੈਨ ਹਮ ਨੀਕ।
ਪੀਛੇ ਸਤਲੁਜ ਜੰਗ ਸੋਂ[1]
ਅਈ ਪਟਜਾਲੇ ਠੀਕ ॥ ੧੩੩ ॥

[1]ਭਾਵ ਮੁੱਦਕੀ ਤੇ ਸਭਰਾਵਾਂ ਦੀ ਲੜਾਈ ਤੋਂ ਪਿੱਛੋਂ।

ਹੋਇ ਬਿਦਾ ਸਰਕਾਰ[1] ਜਬ,
ਗਏ ਓਰ ਲਾਹੌਰ।
ਇਤ ਸ੍ਰਦਾਰਨਿ ਨ੍ਰਿਪਨਿ ਮਿਲਿ,
ਕਰਜੋ ਮਤਾ ਜਿਸ ਤੌਰ ॥ ੧੩੪ ॥
ਹੋਇ ਬਿਦਾ ਪਟਲੇਸ ਤੈ,
ਸ੍ਰੀ ਰਣਜੀਤ ਮ੍ਰਿਗੇਸ।
ਪਹੁੰਚਜੋ ਬੀਚ ਲਹੌਰ ਵਹਿ,
ਔਰ ਗਾਥ ਸੁਨਿ ਬੇਸ[1] ॥ ੧੩੫ ॥

[1]ਮਹਾਰਾਜਾ ਰਣਜੀਤ ਸਿੰਘ।

[1]ਸੁੰਦਰ।

ਚੌਪਈ:
ਸੋਊ ਸੁਨੋ ਸਭੀ ਸਿੱਖਜ ਭਾਈ।
ਜਸੋਂ ਮਲਵੱਈਅਨ ਬਜੋਂਤ ਬਨਾਈ।

ਲਾਲ ਸਿੰਘ ਕੈਂਥਲ ਪਤਿ ਭਾਈ।
ਭਾਗ ਸਿੰਘ ਨ੍ਰਿਪ ਜੀਂਦ ਕਹਾਈ ॥ ੧੩੬ ॥
ਪੁਨ ਜਸਵੰਤ ਸਿੰਘ ਨਾਭੇਸੂ[1]। [1]ਮਹਾਰਾਜਾ ਨਾਭਾ।
ਅਰ ਅਫਗਾਨ ਮਲੇਰੀ ਬੇਸੂ[1]। [1]ਚੰਗੇ ਮਲੇਰੀਏ ਪਠਾਣ।
ਅੰਬਾਲੇ ਪਤਿ ਸ਼ਾਹਾ ਬਾਦੀਏ।
ਮਿਲੇ ਕਰਮ ਸਿੰਘ ਲੌ ਫਸਾਦੀਏ[1] ॥ ੧੩੭ ॥ [1]ਲੜਾਕੇ।
ਇਨ ਸਭਹਨ ਮਿਲਿ ਬੈਠ ਪਟਜਾਲੇ।
ਯਾ ਬਿਧਿ ਕਰੀ ਸਲਾਹਿ ਬਿਸਾਲੇ ॥ ੧੩੮ ॥
ਦੁਹਿ ਦਿਸ ਦੋ ਰਿਪ[1] ਪ੍ਰਬਲ ਮਹਾਨੇ। [1]ਵੈਰੀ।
ਹੈਂ ਹਮਰੇ ਲਿਹੁ ਨੀਕ ਪਛਾਨੇ।
ਚਾਲ ਚਲੋ ਨੀਤੀ ਕੀ ਅਬ ਤਜੋਂ।
ਬਨੇ ਰਹੈਂ ਯਹਿ ਹਮਰੇ ਘਰ ਜਜੋਂ ॥ ੧੩੯ ॥
ਇਤ ਦਿਸ ਦਿਲੀ ਲੌ ਅੰਗ੍ਰੇਜ਼।
ਪਹੁੰਚੇ ਆਇ ਪ੍ਰਬਲ ਸਹਿ ਤੇਜ[1]। [1]ਤੇਜ਼ੀ ਨਾਲ।
ਇਤ ਤੈ ਲਵਪੁਰ ਪਤਿ ਨਿਤ ਆਵਤ।
ਕਰਤ ਖਰਾਬੀ ਜੋਰ ਜਨਾਵਤ ॥ ੧੪੦ ॥
ਹਮਰੇ ਘਰ ਇਨ ਦੋਨੋ ਮਾਹੀ।
ਆਇ ਫਸੇ ਹੈਂ ਕਠਨ ਕੁਠਾਹੀ[1]। [1]ਔਖੀ ਤੇ ਖੋਟੀ ਜਗ੍ਹਾ ਵਿੱਚ।
ਤਾਂ ਤੇ ਕਰੋ ਜਤਨ ਅਬ ਐਸੇ।
ਬਨੇ ਰਹੈਂ ਹਮ ਦੁਹਿ ਮਧ ਜੈਸੇ ॥ ੧੪੧ ॥
ਜੁਗ ਦਾਢਨ ਮੈ[1] ਰਹਿਤ ਜੀਹ ਜਜੋਂ। [1]ਦੋਹਾਂ ਜਾੜ੍ਹਾਂ ਵਿੱਚ।
ਸੀਪੀ ਪੁਟ ਮੈਂ[1] ਮੋਤੀ ਰਹਿ ਤਜੋਂ। [1]ਸਿੱਪੀ ਦੇ ਪੜਦੇ ਵਿੱਚ।
ਦੋ ਪੁੜ ਚੱਕੀ ਮਾਹਿ ਆਇ ਸਚ[1]। [1]ਸੱਚ ਜਾਣੋ।
ਕੀਲੀ ਢਿਗ ਦਾਨਾ ਰਹਿ ਜਜੋਂ ਬਚ ॥ ੧੪੨ ॥
ਤਜੋਂ ਸਭ ਹਮ ਤਿਨ ਤੇ ਬਚ ਰਹੈਂ।
ਨਹਿ ਨੁਕਸਾਨ ਜੈਸ ਕਛ ਲਹੈਂ।
ਸੋਈ ਕਰੋ ਅਬੈ ਤਜ ਦੇਰੀ।
ਜਜੋਂ ਤਜਵੀਜ਼ ਹੋਇ ਸਭ ਕੇਰੀ ॥ ੧੪੩ ॥
ਪੈ ਇਕ ਕੀ ਅਬ ਸ਼ਰਨ ਲਏ ਬਿਨ।
ਬਨੇ ਰਹਿਨ ਹੈ ਕਠਨ ਘਰਨ ਇਨ[1]। [1]ਇਨ੍ਹਾਂ (ਰਿਆਸਤਾਂ ਰੂਪ) ਘਰਾਂ ਦਾ ਬਣੇਰਹਿਣਾ ਔਖਾ ਹੈ।

ਫਿਰ ਅਬ ਨੀਤ ਵਿਚਾਰੋ ਪੂਰੀ।
ਕਿਸ ਕੋ ਚਹੀਏ ਮਿਲਨ ਜਰੂਰੀ ॥ ੧੪੪ ॥
ਗੁਨ ਅਰ ਦੋਖ ਦੁਹਨ ਕੇ ਬਰਨੋ।
ਜੋ ਹ੍ਵੈ ਨੀਕ ਗਹੈਂ ਤਿਸ ਪਰਨੋ[1]। [1]ਆਸਰਾ।
ਆਲਮ[1] ਆਕਲ[2] ਥੇ ਤਹਿਂ ਜੇਤੇ। [1]ਵਿਦਵਾਨ। [2]ਅਕਲ ਵਾਲੇ।
ਲਗੇ ਸਲਾਹਿ ਦੈਨ ਇਮ ਤੇਤੇ ॥ ੧੪੫ ॥
ਮਹਾਰਾਜ ਲਵਪੁਰ ਪਤਿ ਸਾਦਰ[1]। [1]ਆਦਰ ਯੋਗ।
ਯੱਦਪਿ ਹੈ ਯਹ ਸਿੰਘ ਬਿਰਾਦਰ[1]। [1]ਭਰਾ।
ਪ੍ਰਬਲ ਪ੍ਰਤਾਪੀ ਬੀਰ ਬਹਾਦਰ।
ਪੰਥ ਖਾਲਸੇ ਕੀ ਪਤਿ ਨਾਦਰ[1] ॥ ੧੪੬ ॥ [1]ਅਣੋਖੀ ਇੱਜ਼ਤ ਹੈ।
ਪਰ ਯਹਿ ਪੁਨ ਪੁਨ ਲੈ ਦਲ ਕਾਦਰ[1]। [1]ਬਲਵਾਨ।
ਉਮਡ ਉਮਡ[1] ਆਵਤ ਸਮ ਬਾਦਰ[2]। [1]ਉੱਛਲ ਉੱਛਲ ਕੇ। [2]ਬੱਦਲ ਵਾਂਗ।
ਤੇਜ ਬੀਜਰੀ ਸਾਹਸ ਗੋਲੇ[1]। [1]ਤੇਜ ਰੂਪ ਬਿਜਲੀ ਤੇ ਹਠ ਰੂਪ ਗੋਲੇ (ਗੜੇ)।
ਮਤ ਕਿਤ ਡਾਰ ਕਰੇ ਹਮ ਪੋਲੇ[1] ॥ ੧੪੭ ॥ [1]ਕਮਜ਼ੋਰ ਭਾਵਰਾਜ ਹੀਣ।
ਏਕ ਬਾਰ ਗੁਰਿ ਪਤਿ ਰਖ ਦੀਨੀ।
ਫਤੇ ਦਿਲਾਈ ਹਮ ਕੋ ਪੀਨੀ[1]$ । [1]ਤਕੜੀ।
ਆਵਨ ਉਸ ਕਾ ਬਾਰੀ ਬਾਰੀ।
ਇਕ ਦਿਨ ਹਮਰੀ ਕਰੇ ਖੁਆਰੀ ॥ ੧੪੮ ॥
ਨੀਤਿ ਅਨੀਤੀ[1] ਅਪਨ ਪਰਾਯਾ। [1]ਇਨਸਾਫ਼ ਤੇ ਬੇ ਇਨਸਾਫ਼ੀ।
ਨਾਹ ਪਛਾਨਤ ਵਹਿ ਫਿਰ ਆਯਾ।
ਮਤ ਕਿਤ ਕਰ ਹੈ ਅਧਿਕ ਖਰਾਬੀ।
ਬਨ ਹੈ ਫਿਰ ਨ ਉਪਾਇ ਸ਼ਿਤਾਬੀ* ॥ ੧੪੯ ॥ *'ਫਤੇ ਦਿਲਾਈ' ਵਾਲੀ ਤੁਕ ਤੇ 'ਮਤ ਕਿਤ' ਤੋਂ 'ਸ਼ਿਤਾਬੀ' ਤੱਕ ਦੋ ਤੁਕਾਂ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ।

ਕਿਆ ਸੋਨਾ ਜੋ ਕੰਨ ਦੁਖਾਵੈ।
ਕਿਆ ਆਪਨ ਜੋ ਅਪਨ ਸੰਤਾਵੈ।
ਜੌ ਕੰਚਨ ਕੀ[1] ਹੋਇ ਕਟਾਰੀ। [1]ਸੋਨੇ ਦੀ।
ਤੌ ਕਿਆ ਚਹੀਏ ਨਿਜ ਉਰ[1] ਮਾਰੀ ॥ ੧੫੦ ॥ [1]ਆਪਣੀ ਛਾਤੀ ਵਿੱਚ।
ਹੈ ਕਹਿਨਾਵਤ[1] ਯਹਿ ਜਗ ਜ਼ਾਹਰ। [1]ਕਹਾਵਤ, ਅਖਾਣ।
ਮਹਜਾਂ ਮਝਾਰ[1] ਜੱਟ ਮੱਛ ਨਾਹਰ[2]। [1]ਬਿੱਲਾ। [2]ਸ਼ੇਰ।
ਯਹਿ ਜਬ ਪ੍ਰਬਲ ਬਢਤਿ ਜਗ ਮੈ ਹੈਂ।

ਨਿਜ ਹੀ ਕੁਲ ਕੋ ਗਾਰਨ[1] ਚੈਹੈਂ ॥ ੧੫੧ ॥
[1]ਗਾਲਣਾ, ਖ਼ਤਮ ਕਰਨਾ।

ਪੁਨ ਸੁਭਾਵ ਸਿੰਘ ਸਾਹਿਬ ਜੀ ਕੋ।
ਹੈ ਨਹਿ ਅਹਿਦ ਪਾਲ ਹੈ ਨੀਕੋਂ[1] ॥ ੧੫੨ ॥
[1]ਚੰਗੀ ਤਰ੍ਹਾਂ ਇਕਰਾਰ ਤੇ ਪੱਕਾ ਰਹਿਣ ਵਾਲਾ ਨਹੀਂ ਹੈ।

ਦੋਹਰਾ:
ਲਵਪੁਰ ਪਤਿ ਕੇ ਦੋਖ ਗੁਨ,
ਯਾ ਬਿਧਿ ਭਲੇ ਸੁਨਾਇ।
ਅੰਗ੍ਰੇਜ਼ਨ ਕੇ ਦੋਖ ਗੁਨ,
ਲਗੇ ਕਹਿਨ ਬਹੁ ਭਾਇ[1] ॥ ੧੫੩ ॥
[1]ਬਹੁਤ ਤਰ੍ਹਾਂ।

ਚੌਪਈ:
ਪਾਤਸ਼ਾਹਿ ਅੰਗ੍ਰੇਜ਼ ਬਹਾਦਰ।
ਹੈਂ ਬਡ ਪੁਸ਼ਤ ਬਪੁਸ਼ਤੀ ਨਾਦਰ[1]।
[1]ਪੀੜ੍ਹੀ ਦਰ ਪੀੜ੍ਹੀ ਤੋਂ {ਨਾਦਰ} ਅਨੋਖੇ (ਗੁਣਾਂ ਵਾਲੇ ਹਨ)।

ਇੰਗਲਸਤਾਨ ਵਲਾਯਤ[1] ਤੈ ਚਲ।
[1]ਦੇਸ਼।

ਹਿੰਦੁਸਤਾਨ ਮੁਲਕ ਲੀਨੋ ਭਲ ॥ ੧੫੪ ॥
ਫਿਰ ਯਹਿ ਬਾਦਸ਼ਾਹਿ ਵਡ ਭਾਰੀ।
ਬੀਰ ਬਾਂਕੁਰੇ ਬਲੀ ਅਪਾਰੀ।
ਪ੍ਰਗਟ ਪ੍ਰਤਾਪੀ ਗੁਣ ਗਨ ਗੀਰੇ[1]।
[1]ਬਹੁਤੇ ਗੁਣਾਂ ਨੂੰ ਗ੍ਰਹਿਣ ਕਰਨ ਵਾਲੇ।

ਪੁਨਜਵਾਨ ਦਿਲ ਦੀਰਘ ਧੀਰੇ[1] ॥ ੧੫੫ ॥
[1]ਵੱਡੇ ਦਿਲ ਵਾਲੇ ਤੇ ਧੀਰਜ ਵਾਲੇ।

ਰਿਪ ਗਣ ਭੰਜਕ ਪ੍ਰਬਲ ਮਵਾਸੀ[1]।
[1]ਬਲਵਾਨ ਤੇ ਆਕੀ (ਹੋਏ) ਸਾਰੇ ਵੈਰੀਆਂ ਨੂੰ ਨਾਸ ਕਰਨ ਵਾਲੇ ਹਨ।

ਰੂਪ ਅਨੂਪ ਸੁਦੇਸ ਨਿਵਾਸੀ।
ਆਲਮ ਆਕਲ ਫਾਜ਼ਲ[1] ਐਸੇ।
[1]ਬਜ਼ੁਰਗ, ਸਿਆਣੇ।

ਭਯੋ ਨ ਕੋਊ ਹ੍ਵੈ ਹੈ ਜੈਸੇ ॥ ੧੫੬ ॥
ਰੱਯਤ ਕੋ ਸਭਿ ਬਿਧ ਸੁਖਦਾਈ।
ਸੁਰ ਗੁਰ ਤੈ ਜਿਨ ਨੀਤਿ ਸਵਾਈ[1]।
[1]ਜਿਨ੍ਹਾਂ ਦਾ {ਨੀਤਿ} ਇਨਸਾਫ਼ ਦੇਵਤਿਆਂ ਦੇ ਗੁਰੂ (ਬ੍ਰਿਹਸਪਤਿ) ਤੋਂ ਵੀ ਵਧੇਰੇ (ਚੰਗਾ) ਹੈ।

ਫਿਰ ਯਹਿ ਤੋਲ ਬੋਲ ਕੇ ਪੂਰੇ।
ਕਰਤ ਅਹਿਦ ਨਹਿ ਕਬ ਹੀ ਦੂਰੇ ॥ ੧੫੭ ॥
ਅਤਿ ਦੁਸ਼ਮਨ ਭੀ ਜੋ ਇਨਿ ਹੋਵੈ।
ਤਿਸ ਕੋ ਭੀ ਨਾ ਜਰ ਤੇ ਖੋਵੈ।
ਛੀਨ ਮੁਲਕ ਯਹਿ ਜਿਸ ਕਾ ਲੈਹੈਂ।
ਠੀਕ ਗੁਜ਼ਾਰਾ ਤਿਸ ਕੋ ਦੈਹੈਂ ॥ ੧੫੮ ॥

ਜੋ ਜਿਸ ਸੋਂ ਹੋਇ ਅਹਿਦ ਪਿਮਾਨੇ[1]।
ਕਰਤ ਵਹੀ ਪਾਰਨ ਸੁਖ ਮਾਨੇ।
ਹੁੰਨਰ[1] ਇਲਮ ਅਕਲ ਇਤਫਾਕ।
ਨਹਿ ਇਨ ਸਮ ਕਾਹੂੰ ਪੈ ਪਾਕ[1] ॥ ੧੫੯ ॥
ਅਫਲਾਤੂ[1] ਲੁਕਮਾਨ[2] ਸਿਕੰਦਰ[3]।

[1]ਇਕਰਾਰ ਨਾਮੇ।
[1]ਕਾਰੀਗਰੀ ਗੁਣ।
[1]ਪੱਕਾ (ਅ) ਪਵਿੱਤ੍ਰ।
[1]ਯੂਨਾਨ ਦਾ ਸੰਸਾਰ ਪ੍ਰਸਿੱਧ ਫ਼ਿਲਾਸਫ਼ਰ। [2]ਯੂਨਾਨ ਦਾ ਸੰਸਾਰ ਪ੍ਰਸਿੱਧ ਹਕੀਮ। [3]ਯੂਨਾਨ ਦਾ ਸੰਸਾਰ ਪ੍ਰਸਿੱਧ ਬਾਦਸ਼ਾਹ।

ਇਨ ਸਮ ਭਏ ਨ ਪੌਰਖ[1] ਅੰਦਰ।
ਜਵਾਂ ਮਰਦ[1] ਵਡ ਦੂਰ ਅੰਦੇਸ਼ੀ[2]।
ਬੀਰ ਦਿਲਾਵਰ[1] ਬਲੀ ਬਿਸ਼ੇਸ਼ੀ ॥ ੧੬੦ ॥
ਗੁਣ ਅਨੰਤ ਇਕ ਔਗੁਨ ਆਹੀ।
ਸਨੇ ਸਨੇ ਲੇਵਤ ਸਭਿ ਕਾਹੀ ॥ ੧੬੧ ॥

[1]ਬਲ, ਉੱਦਮ।
[1]ਬਹਾਦਰ। [2]ਦੂਰ ਦੀ ਸੋਚਣ ਵਾਲੇ।
[1]ਦਿਲ ਵਾਲੇ।

ਦੋਹਰਾ:
ਲਵਪੁਰ ਪਤਿ ਹੈਜ਼ਾ ਸਹੀ,
ਤਪਦਿੱਕੀ ਅੰਗ੍ਰੇਜ਼।
ਲਗਤ ਨੀਕ ਜੋ ਦੁਹਿਨ ਮੈ,
ਧਾਰ ਲੇਹੁ ਤਜ ਤੇਜ਼[1] ॥ ੧੬੨ ॥

[1]ਅਣਖ ਛੱਡ ਕੇ।

ਚੌਪਈ:
ਇਕ ਕੋ ਅੰਗੀਕਾਰ ਕੀਏ ਬਿਨ।
ਬਚਨੋ ਕਠਨ ਦਿਖਤ ਹੈ ਇਨ ਦਿਨ।
ਜਿਸ ਕੀ ਸਰਨ ਲੀਏ ਤੇ ਅਬ ਹੀ।
ਬਨੀ ਰਹੈਂ ਯਹਿ ਰਜਾਸਤ ਸਭ ਹੀ ॥ ੧੬੩ ॥
ਤਿਸ ਕੋ ਮੱਦਦਗਾਰ ਬਨਾਵਹੁ।
ਛੋਰ ਸੋਚ ਅਬ ਦੇਰ ਨ ਲਾਵਹੁ।
ਯਹਿ ਸੁਨਿ ਗੁਨਿ ਔਗੁਨ ਦੁਹਿ ਕੇਰੇ।
ਫਿਰ ਸਭਹਨ ਕਰਿ ਮਤਾ ਵਧੇਰੇ ॥ ੧੬੪ ॥
ਕਹਜੋ ਸਰਨ ਅੰਗ੍ਰੇਜ਼ਨ ਕੇਰੀ।
ਸਬ ਬਿਧਿ ਸੁਖਦ ਭਲੇ ਹਮ ਹੇਰੀ।
ਮਿਲ ਕਰਿ ਅਬ ਸਭਿ ਚਲ ਕੈ ਦਿੱਲੀ।
ਲੇਹੁ ਸ਼ਰਨ ਤਿਨ ਕੀ ਬਿਨ ਢਿੱਲੀ ॥ ੧੬੫ ॥
ਲਜਾਇ ਚਢਾਇ ਆਪਨ ਹਮਰਾਹੈਂ[1]।

[1]ਅਪਣੇ ਨਾਲ।

ਬੈਠਾਵੈਂ ਲੁਦਿਹਾਨੇ ਮਾਹੈਂ।
ਸਾਂਪ ਸ਼ੱਤ੍ਰੁ ਕੀ ਛਾਤੀ ਮਾਰੈਂ।
ਹਮ ਦੋਨੋ ਤੇ ਰਹੈਂ ਕਿਨਾਰੈਂ ॥੧੬੬॥
ਯਹਿ ਸਲਾਹਿ ਪੱਕੀ ਕਰਿ ਤਬਹੀ।
ਦਿੱਲੀ ਮਾਹਿ ਪਹੂਚੇ ਸਭ ਹੀ।
ਕੇਚਿਤ ਖੁਦ ਕਿਨ ਕੇ ਮੁਖਤਜਾਰੋਂ।
ਗਏ ਸਰਨ ਅੰਗ੍ਰੇਜ਼ਨ ਸਾਰੇ ॥੧੬੭॥
ਲੋਣੀ ਅਖਟਰ ਵਡ ਕਰਨੈਲ।
ਹੁਤੋ ਤਹਾਂ ਤਬ ਬਲੀ ਗੁਸੈਲ।
ਸਾਹਿਬਾਨ ਮਿਲ ਆਲੀਸ਼ਾਨੈ[1]। [1]ਵੱਡੇ ਅਫ਼ਸਰਾਂ ਨੇ ਮਿਲ ਕੇ।
ਕੌਂਸਲ ਕਰੀ ਸਲਾਹਿ ਮਹਾਨੈ[1] ॥੧੬੮॥ [1]ਵੱਡੀ ਸਲਾਹ (ਲਈ) ਸਭਾ ਦਾ (ਇਕੱਠ) ਕੀਤਾ। (ਅ) ਸਲਾਹ (ਲਈ) ਵੱਡੀ ਕੌਂਸਲ (ਪਾਰਲੀਮੈਂਟ ਦੀ ਇਕੱਤ੍ਰਤਾ) ਕੀਤੀ।

ਜੋ ਮਲਵਈ ਰਈਸਨ ਕਹੀ।
ਅਪਨੇ ਮਤਲਬ ਕੀ ਵਡ ਲਹੀ[1]। [1]ਜਾਣੀ।
ਦੁਹਿ ਦਿਸ ਤੇ ਲਿਖ ਅਹਿਦ ਪਿਮਾਨੇ[1]। [1]ਪ੍ਰਤੱਗਿਆ ਦੇ ਨੇਮ, ਇਕਰਾਰਨਾਮੇ।
ਸੰਗ ਫੌਜ ਲੈ ਅਧਿਕ ਮਹਾਨੇ ॥੧੬੯॥
ਲੋਣੀ ਅਖਟਰ ਪਿਖਿ ਭਲ ਤੌਰਨ[1]। [1]ਚੰਗੇ ਢੰਗ।
ਲੁਦਿਹਾਨੇ ਮੈ ਪਹੁੰਚਜੋ ਫੌਰਨ[1]। [1]ਛੇਤੀ।
ਮਿਲੇ ਨ੍ਰਿਪ ਸਭ ਤਿਹ ਠਾਂ ਆਏ।
ਲਿਖੇ ਅਹਿਦ ਦੁਹਿ ਦਿਸ ਮਨ ਭਾਏ ॥੧੭੦॥
ਪੁਨਾ ਛਾਵਨੀ ਤਹਾਂ ਪਵਾਈ।
ਅੰਗ੍ਰੇਜ਼ਨ ਕੇ ਵਜੀ ਵਧਾਈ।
ਫੌਜ ਅੰਗ੍ਰੇਜ਼ੀ ਕੈਂਪੁ ਏਕ[1]। [1]ਕੈਂਪ (ਡੇਰਾ)।
ਰਹਿਨ ਲਗਜੋ ਤਿਹ ਠਾਂ ਧਰਿ ਟੇਕ[1] ॥੧੭੧॥ [1](ਮਲਵਈ ਰਾਜਿਆਂ ਦੀ) ਓਟ ਤੱਕ ਕੇ।

ਦੋਹਰਾ:
$ਸਹਸ ਅਠਾਰਾਂ ਚੌਹਟ ਮੈ,
ਅੰਗ੍ਰੇਜ਼ਨ ਕੋ ਲਜਾਇ।
ਲੁਦਿਹਾਨੇ ਨ੍ਰਿਪ ਫੂਲਕਿਜੋਂ
ਝੰਡਾ ਦਯੋ ਗਡਾਇ ॥੧੭੨॥
ਚੌਪਈ:

ਉਸ ਦਿਨ ਕੇ ਤੂਫੈਲ ਤੇ[1] ਜਾਨੋ।
ਭਏ ਸ਼ਾਹ ਅੰਗ੍ਰੇਜ਼ ਮਹਾਨੋ*।

[1]ਬਰਕਤ ਨਾਲ।

*ਸਹਸ ਅਠਾਰਾਂ' ਤੋਂ 'ਅੰਗ੍ਰੇਜ਼ ਮਹਾਨੋ' ਤੱਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ।

ਫੂਲ ਬੰਸ ਨੈ ਯਹ ਉਪਕਾਰਾ।
ਅੰਗ੍ਰੇਜ਼ਨ ਪਰ ਕੀਨੋ ਭਾਰਾ ॥ ੧੭੩ ॥
ਜਿਸ ਕਾ ਬਦਲਾ ਵਹਿ ਨਿਜ ਓਰੋਂ[1]।
ਜੇਤੋ ਦੈਂਹ ਤਿਤੋ ਹੈ ਥੋਰੋ।
ਯਾ ਬਿਧਿ ਅੰਗ੍ਰੇਜ਼ਨ ਕੋ ਲਜਾਇ।
ਲਵਪੁਰ ਪਤਿ ਕੇ ਸਮੁਖ ਬਿਠਾਇ ॥ ੧੭੪ ॥
ਭਏ ਨਿਚਿੰਤ ਫੂਲ ਕੇ ਰਾਜੇ।
ਕਰਿ ਲੀਨੇ ਮਨ ਭਾਵਤ ਕਾਜੇ।
ਚਾਲਾ ਚਲਜੋ ਨੀਤਿ ਕਾ ਐਸੇ।
ਰਾਜ ਕਰਤ ਜਿਸ ਤੇ ਅਬ ਬੈਸੇ ॥ ੧੭੫ ॥
ਮਿਲੇ ਮਝੈਲਨ ਕੋ ਉਸਤਾਜ।
ਕਰਜੋ ਚਹਿਤ ਜੇ ਇਨੈ ਕੁਕਾਜ।
ਯਹਿ ਜੋ ਨਿੱਤ ਮਸ਼ਕਰੀ ਕਰਤੇ।
ਮਲਵੱਈਅਨ ਕੋ ਢੱਗੇ ਰਰਤੇ[1] ॥ ੧੭੬ ॥
ਖਿਚਜੋ ਸੁਹਾਗਾ ਢੱਗਨ ਐਸੈ।
ਦਲੇ ਮਝੈਲ ਗਏ ਸਭ ਜੈਸੇ।
ਮਜ਼ਾ[1] ਮਸ਼ਕਰੀ ਚਾਖਜੋ ਐਸਾ।
ਯਾਦ ਉਲਾਦ ਰਾਖ ਹੈ ਜੈਸਾ ॥ ੧੭੭ ॥
$ਸੁਨੋ ਅਬੈ ਇਕ ਔਰੈ ਸਾਖੀ।
ਜਜੋਂ ਸਰਦਾਰ ਰਤਨ ਸਿੰਘ ਭਾਖੀ।
ਅੰਗ੍ਰੈਜ਼ੈਂ ਜਬ ਲਿਯ ਲੁਦਿਹਾਨਾ।
ਸੁਨਿ ਲਵਪੁਰ ਪਤਿ ਰਹਜੋ ਹਿਰਾਨਾ ॥ ੧੭੮ ॥
ਮੁਲਾਕਾਤ ਅੰਗ੍ਰੇਜ਼ਨ ਸੋ ਕਰਿ।
ਲਿਖੇ ਅਹਿਦ ਪੈਮਾਨ ਦੁਹੂੰ ਵਰ।
ਆਪਸ ਮਾਹਿ ਦੋਸਤੀ ਪਾਈ।
ਸਤਲੁਜ ਨਦੀ ਹੱਦ ਠਹਿਰਾਈ ॥ ੧੭੯ ॥
ਅੰਗ੍ਰੇਜ਼ਨ ਜਬ ਪੈਰ ਜਮਾਏ।

[1]ਤਰਫ਼ੋਂ।

[1]ਕਹਿੰਦੇ ਹਨ।

[1]ਸੁਆਦ।

ਮੈਣ ਦਾਬੀਏ[1] ਸਿੰਘ ਬੁਲਾਏ। [1]ਘੱਘਰ ਤੇ ਜਮਨਾ ਦੇ ਵਿਚਕਾਰਲੇ ਇਲਾਕੇ ਦੇ ਹਾਕਮ।
ਸਤਲੁਜ ਅਰ ਜਮਨਾ ਕੇ ਮਾਹੈਂ।
ਹੁਤੇ ਰਈਸ ਜਿਤਕ ਤਬ ਵਾਹੈਂ ॥੧੮੦॥
ਦੋਹਰਾ:
ਲੁਦਿਹਾਨੇ ਇਕਠੇ ਭਏ,
ਜਬ ਸਭ ਹੀ ਸਰਦਾਰ।
ਲੋਣੀ ਅਖਟਰ ਤਬ ਕਰਜੋ,
ਸ੍ਵਾਲ ਵਹੀ ਨਿਰਧਾਰ ॥੧੮੧॥
ਚੌਪਈ:
ਦਿਲੀਪਤਿ ਤੁਰਕੇਸ[1] ਜੁ ਭਾਖਾ। [1]ਦਿੱਲੀ ਦਾ ਬਾਦਸ਼ਾਹ ਸ਼ਾਹ ਆਲਮ।
ਥਾ ਕਰਨੈਲ ਵਹੀ ਲਿਖ ਰਾਖਾ।
ਬੂਝੋ ਸੋ ਸਿੰਘਨ ਤੇ ਐਸੇ।
ਕਹੋ ਰਾਜ ਤੁਮ ਪਾਯੋ ਕੈਸੇ* ॥੧੮੨॥ *ਸੁਨੋ ਅਬੈ' ਤੋਂ 'ਪਾਯੋ ਕੈਸੇ' ਤੱਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ।

ਕੈ ਗਨੀਮ[1] ਕੋਊ ਵਡ ਹਰ ਕੈ[2]। [1]ਦੁਸ਼ਮਣ। [2]ਮਾਰ ਕੇ।
ਲੀਨੋ ਮੁਲਕ ਜੰਗ ਬਹੁ ਕਰ ਕੈ।
ਕੈ ਕਿਨ ਸ਼ਾਹਿ ਪਟਾ ਲਿਖ ਦਯੋ।
ਕੈ ਤੁਮ ਰੱਯਤ ਬਿਗਰ ਦਬਯੋ ॥੧੮੩॥
ਰੱਯਤ ਬਿਗਰੀ ਢਿਗ ਕਬ ਰਾਜ।
ਰਹਿਨ ਦਯੋ ਕਿਨਿ ਬਿਨਾ ਸਮਾਜ[1]। [1](ਬਾਦਸ਼ਾਹੀ) ਸਾਮਾਨ। (ਅ) ਇਕੱਠ, ਏਕਤਾ।
ਤਵਾਰੀਖ[1] ਤੁਮ ਅਪਨੀ ਭਾਰੀ। [1]ਇਤਿਹਾਸ।
ਲਿਖ ਕੈ ਦੇਹੁ ਹਮੈ ਅਬ ਸਾਰੀ ॥੧੮੪॥
ਯਹਿ ਸੁਨਿ ਬਹੁ ਸਰਦਾਰ ਡਰਾਨੇ।
ਤਵਾਰੀਖ ਕਾ ਅਰਥ ਨ ਜਾਨੇ।
ਸੁਨੀ ਨ ਪਿਖੀ ਹੁਤੀ ਜਿਨਿ ਕਾਇ[1]। [1]ਕਦੇ ਵੀ।
ਤਵਾਰੀਖ ਕਿਆ ਹੁਤੀ ਬਲਾਇ ॥੧੮੫॥
$ਬਹੁ ਸਰਦਾਰਨਿ ਭਾਖਜੋ ਐਸੇ।
ਤਵਾਰੀਖ ਕਾ ਮੁਹਾਂ ਹ੍ਵੈ ਕੈਸੇ[1]। [1]ਕਿਹੋ ਜੇਹਾ ਹੋਵੇਗਾ।
ਕਿਤਨਕ ਬਡੀ ਹੋਤ ਹੈ ਕਾਂ ਕੀ[1]। [1]ਕਿਸ (ਚੀਜ਼) ਦੀ (ਬਣੀ ਹੋਈ) ਹੁੰਦੀ ਹੈ।
ਪਿਖੀ ਨ ਸੁਨੀ ਸ਼ਕਲ ਹਮ ਤਾਂ ਕੀ ॥੧੮੬॥

ਮੂਰਤਿ ਤਿਸ ਕੀ ਹਮੈ ਦਿਖਾਵੋ।
ਹਮ ਬਨਵਾਇ ਦੈਂਹ ਕਿਸ ਥਾਵੋਂ*।

*ਬਹੁ ਸਰਦਾਰਨਿ' ਤੋਂ 'ਕਿਸ ਥਾਵੋਂ' ਤੱਕ ਦਾ ਪਾਠ ਅੰਮ੍ਰਿਤਸ] ਐਡੀਸ਼ਨ ਦਾ ਹੈ।

ਸਾਹਿਬ ਸੁਨਿ ਪੁਨ ਭਾਖਜੋ ਹਸ ਯਹਿ।
ਇਤੀਹਾਸ ਕੋ ਤਵਾਰੀਖ ਕਹਿਂ ॥ ੧੮੭ ॥
ਜਿਓ ਤੁਮ ਪਾਏ ਰਾਜ ਬਿਸਾਲੇ।
ਸੋ ਤੁਮ ਲਿਖ ਕੈ ਦੇਹੁ ਹਵਾਲੇ।
ਹੁਤੇ ਸਿੰਘ ਤਬ ਭੋਲੇ ਭਾਲੇ।
ਨਹਿ ਜਾਨਤ ਥੇ ਦੈਨ ਹਵਾਲੇ ॥ ੧੮੮ ॥
ਵੇਖਹੁ ਪਰਮੇਸ਼ਰ ਕੇ ਸਾਜ[1]।

[1]ਕੌਤਕ।

ਵਹਿ ਤੋ ਸਿੰਘ ਕਰਤ ਥੇ ਰਾਜ।
ਅਬ ਜੋ ਉਨ ਹੀ ਕੇ ਹੈਂ ਨਾਤੀ[1]।

[1]ਪੋਤਰੇ।

ਬਹੁ ਇਲਮਨ ਮੈ ਬਹੁ ਬਖਜਾਤੀ ॥ ੧੮੯ ॥
ਇਨ ਕੋ ਮੁਸ਼ਕਲ ਮਿਲਤ ਗੁਜ਼ਾਰਾ।
ਯਹਿ ਕੁਛ ਖੇਲ ਈਸ਼ ਕਾ ਨਜਾਰਾ।
ਇਲਮ ਜਹਾਲਤ[1] ਕੇ ਨਹਿ ਤਾਲਕ[2]।

[1]ਵਿੱਦਿਆ ਤੇ ਅਨਪੜ੍ਹਤਾ। [2]ਅਧੀਨ।

ਮਿਲ ਹੈ ਤਿਸੈ ਦੇਤ ਜਿਹ ਮਾਲਕ ॥ ੧੯੦ ॥
ਆਗੇ ਸਿੰਘ ਹੁਤੇ ਸਭ ਭੋਲੇ।
ਦੇਗ ਤੇਗ ਕੇ ਧਨੀ ਅਮੋਲੇ।
ਰਖਤੇ ਇਕ ਸਤਿਗੁਰ ਕਾ ਪਰਣਾ[1]।

[1]ਆਸਰਾ।

ਜਤੀ ਸਤੀ ਬਚ ਕੂਰ ਨ ਕਰਣਾ ॥ ੧੯੧ ॥
ਅਬ ਜਬ ਆਲਮ ਆਕਲ ਭਏ।
ਮਰਦਪੁਨਾ ਸੁਖ ਸਭ ਬਹਿ ਗਏ।
ਗੈਰ ਮਜਬ ਕੇ ਦੀਨ[1] ਰਹੇ ਬਨ।

[1]ਗ਼ੁਲਾਮ।

ਬੈਠੇ ਖੋਇ ਸਿਦਕ ਅਪਨਾ ਧਨ ॥ ੧੯੨ ॥
ਬਲਿਕੈ ਬਡੇ ਬਡੇ ਜੋ ਦੀਸਤ।
ਅੰਗ੍ਰੇਜ਼ਨ ਕੀ ਚੱਕੀ[1] ਪੀਸਤ।

[1]ਗ਼ੁਲਾਮੀ ਰੂਪ ਚੱਕੀ।

ਮਿਹਨਤ ਮਿਲਤ ਵਹੀ ਲੈ ਖੈਹੈਂ।
ਆਟਾ[1] ਅੰਗ੍ਰੇਜ਼ਨ ਕੋ ਦੈਹੈਂ ॥ ੧੯੩ ॥

[1]ਰਾਜ ਭਾਗ ਰੂਪ ਆਟਾ।

ਯਹਿ ਫਲ ਹੈ ਹੁਸ਼ਜਾਰੀ ਕੇਰਾ।

ਸਿਦਕ ਬੀਰਤਾ ਵਹੁ ਫਲ ਹੇਰਾ।
ਠੀਕ ਮਸਾਲ[1] ਮੇਲ ਨੂੰ ਮੇਲ।
'ਖੰਡ ਮੈਂ ਘੀ ਸ਼ੱਕ੍ਰ ਮੈਂ ਤੇਲ' ॥੧੯੪॥
ਹੁਕਮ ਬਹਾਦਰ ਨਾਦਰ ਗਹੈਂ[1]।

[1]ਉਦਾਹਰਣ।

[1]ਬਹਾਦਰ ਪੁਰਖਾਂ ਦੇ ਹੁਕਮ ਨੂੰ ਅਨੋਖੇ (ਭਾਵ ਗੁਣੀ ਪੁਰਸ਼) ਵੀ {ਗਹੈਂ} ਮੰਨਦੇ ਹਨ।

ਚਾਤਰ ਨਿਤ ਆਤਰ ਤਿਹ ਰਹੈਂ[1]।
ਪੀਵਤ ਦੂਧ ਕੱਟਰੂ ਭੋਲੇ।
ਕਾਗ ਸਜਾਨੇ ਗੋਬਰ[1] ਫੋਲੇ ॥੧੯੫॥
ਪਰ ਯਹਿ ਅਮਰ[1] ਨਹੀ ਇਕਤਜਾਰੀ[2]।
ਤੈਸ ਬਨੈ ਜਸ ਕਰੇ ਮੁਰਾਰੀ।
ਰੀਤਿ ਘਟੀ ਵਡ ਲੋਗਨ ਵਾਰੀ।
ਸੂਰਬੀਰਤਾ ਫਿਰੀ ਬੁਹਾਰੀ[1] ॥੧੯੬॥
ਸੰਤ ਸੇਵ ਸਖਾਵਤ[1] ਹਾਰੀ।
ਯਹਿ ਅੰਗ੍ਰੇਜ਼ਨ ਕਿਰਪਾ ਭਾਰੀ ॥੧੯੭॥

[1](ਪਰ) ਉਹ ਚਤੁਰ ਪੁਰਸ਼ ਨਿੱਤ ਦੁਖੀ ਹੀ ਰਹਿੰਦੇ ਹਨ।

[1]ਗੋਹਾ।

[1]ਹੁਕਮ (ਰਾਜ) ਕਰਨਾ। [2](ਆਪਣੇ) ਵੱਸ ਵਿੱਚ ਨਹੀਂ।

[1]ਬਹੁਕਰ, ਝਾੜੂ।

[1]ਉਦਾਰਤਾ।

ਦੋਹਰਾ:
ਲੋਣੀ ਅਖਟਰ ਬੂਝੋ,
ਥਾ ਸਿੰਘਨ ਤੈ ਜੈਸ।
ਉੱਤ੍ਰ ਦਯੋ ਨ ਕਿਨੈ ਜਬ,
ਤਬ ਤਿਨ ਸੋਚਜੋ ਐਸ ॥੧੯੮॥

ਚੌਪਈ:
ਸਿੰਘ ਏਹੁ ਲਾਇਲਮ[1] ਸਬੀ ਹੈਂ।
ਤਵਾਰੀਖ ਨਹਿ ਦੈਂਹ ਕਬੀ ਹੈਂ।
ਸਾਥ ਸਲਾਹਿ ਕਰੀ ਕਪਤਾਨਾ।
ਥਾ ਜੋ ਸਾਹਿਬ ਮਰੀ* ਸੁਜਾਨਾ ॥੧੯੯॥

[1]ਅਨਪੜ੍ਹ।

*ਕੈਪਟਨ ਮਰੇ ਈਸਟ ਇੰਡੀਆ ਕੰਪਨੀ ਦਾ ਨੌਕਰ ਤੇ ਸਰ ਡੇਵਿਡ ਅਕਟਰ ਲੋਣੀ ਦੇ ਮਾਤਹਿਤ ਸੀ। ਇਹ ਲੁਧਿਆਣੇ ਡਾਕਟਰ ਸੀ ਤੇ ਰਾਜਸੀ ਕੰਮ ਵੀ ਕਰਦਾ ਸੀ।

ਤਿਸ ਕੋ ਫਿਰ ਕਰਨੈਲ ਸੁਨਾਵੋ[1]।
ਤੁਮ ਤਰੀਖ ਇਨ ਕੀ ਬਨਵਾਵੋ।
ਬੂਟੇ ਸ਼ਾਹ ਮੌਲਵੀ ਤਾਈਂ।
ਪੇਸ਼ਕਾਰ[1] ਜੋ ਹੁਤੋ ਤਦਾਈਂ ॥੨੦੦॥
ਦਯੋ ਹੁਕਮ ਵਹਿ ਲਿਖਨੇ ਲਾਗਜੋ।

[1]ਲੋਣੀ ਅਖਟਰ ਨੇ ਸੁਣਾਇਆ ਭਾਵ ਕਿਹਾ।

[1](ਕਪਤਾਨ ਮਰੀ ਦੇ) ਅੱਗੇ ਕੰਮ ਕਰਨ ਵਾਲਾ।

ਹੁਤੋ ਤੁਰਕ ਸੋ ਮਤਸਰ ਪਾਗਜੋ[1] ॥੨੦੧॥
ਪੁਨ ਤਹਿਂ ਥਾ ਇਕ ਬੁਧਿ ਬਰੀ ਕੋ[1]।
ਰਤਨ ਸਿੰਘ* ਸਰਦਾਰ ਭਰੀ ਕੋ[1]।

[1]ਈਰਖਾ 'ਚ ਭਰਿਆ ਹੋਇਆ।
[1]ਚੰਗੀ ਬੁੱਧੀ ਵਾਲਾ।
*ਸ. ਰਤਨ ਸਿੰਘ ਭੰਗੂ ਪਿੰਡ ਭੜੀ ਤਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਦੇ ਵਸਨੀਕ ਸਨ। ਇਹ ਸਰਦਾਰ ਮਹਿਤਾਬ ਸਿੰਘ ਮੀਰਾਂ ਕੋਟੀਏ ਦੇ ਪੋਤ੍ਰੇ, ਸਰਦਾਰ ਰਾਇ ਸਿੰਘ ਦੇ ਪੁੱਤਰ ਅਤੇ ਸਰਦਾਰ ਸ਼ਾਮ ਸਿੰਘ ਕਰੋੜੀਏ ਦੇ ਦੋਹਿਤ੍ਰੇ ਸਨ। [1]ਭੜੀ ਪਿੰਡ ਦਾ।

ਉਸ ਨੇ ਕਰਜੋ ਤਬੈ ਯਹਿ ਖਜਾਲ।
ਯਹਿ ਕਿਮ ਲਿਖ ਹੈ ਨੀਕ ਹਮ ਹਾਲ ॥੨੦੨॥
ਤੁਰਕ ਸਰਪ ਸਮ ਸਜਾਨੇ ਕਹੈਂ।
ਮਾਰੇ ਬਿਨਾ ਡੰਗ ਨਹਿ ਰਹੈਂ।
ਸਿੱਖਨ ਕਾ ਅਰ ਤੁਰਕਨ ਕੇਰਾ।
ਬੈਰ ਆਦਿ ਤੇ ਆਹਿ ਵਧੇਰਾ ॥੨੦੩॥
ਯਹਿ ਤੋ ਹਾਲ ਲਿਖੈਗੋ ਐਸੇ।
ਹ੍ਵੈ ਨਕਸਾਨ ਸਿੰਘਨ ਕੋ ਜੈਸੇ।
ਸ਼ੱਤ੍ਰ ਸ਼ੱਤ੍ਰ ਕੀ ਸਾਚ ਨ ਕੈ ਹੈ।
$ਉਲਟਾ ਹੱਤਕ ਕਰਨ ਹੀ ਚੈ ਹੈ ॥੨੦੪॥
ਮਤ ਕਿਤ ਐਸੀ ਲਿਖ ਦਿਖਰਾਵੈ।
ਜਿਸ ਤੇ ਰਾਜ ਹਮਾਰੋ ਜਾਵੇ*।

*'ਉਲਟਾ ਹੱਤਕ' ਤੋਂ 'ਹਮਾਰੋ ਜਾਵੈ' ਤੱਕ ਤਿੰਨ ਤੁਕਾਂ ਦਾ ਪਾਠ ਅੰ: ਐ: ਦਾ ਹੈ।

ਯਹਿ ਵਿਚਾਰ ਕਰਿ ਤਿਸ ਨੇ ਸਬ ਹੀ।
ਕਹਜੋ ਮਰੀ ਢਿਗ ਫਿਰ ਯੌਂ ਤਬ ਹੀ ॥੨੦੫॥
ਸਾਚ ਸਾਚ ਸਬ ਹਾਲ ਹਮਾਰਾ।
ਨਹਿ ਲਿਖ ਸਕੈ ਮੌਲਵੀ ਸਾਰਾ ॥੨੦੬॥
ਦੋਹਰਾ:
ਅਪਨੇ ਅਪਨੇ ਮਜਬ ਕਾ,
ਹਾਲ ਲਖਤਿ[1] ਸਭ ਕੋਇ।
ਖਬਰ ਦੂਸਰੇ ਮਜਬ ਕੀ,
ਨਹਿ ਦੂਸਰ ਕੋ ਹੋਇ ॥੨੦੭॥

[1]ਜਾਣਦਾ ਹੈ।

ਚੌਪਈ:
ਫਿਰ ਵਡ ਬੈਰ ਹਮਾਰਾ ਇਨ ਕਾ।

ਬਢਜੋ ਚਲਜੋ ਆਵਤਿ ਬਹੁ ਦਿਨ ਕਾ।
ਯਹਿ ਕਿਮ ਹਮਰੀ ਸਾਚ ਲਿਖੈ ਹੈ।
ਬਲਿਕੈ ਉਲਟੀ ਲਿਖ ਦਿਖਰੈ ਹੈ ॥੨੦੮॥
ਬਾਦਸ਼ਾਹ ਜਜੋਂ ਭਾਖੀ ਝੂਠੀ।
ਤੈਸੇ ਯਹਿ ਭੀ ਲਿਖੈ ਅਨੂਠੀ[1]।
ਤਾਂ ਤੇ ਹਮ ਸਬ ਅਪਨਾ ਹਾਲ।
ਦਿਖਰੈ ਹੈਂ ਲਿਖ ਤੁਮੈ ਬਿਸਾਲ ॥੨੦੯॥
ਪੁਨ ਤੁਮ ਜੇਤਕ ਕੀਨੇ ਸ੍ਵਾਲ।
ਤਿਨ ਕੇ ਉੱਤ੍ਰ ਲਿਖੋਂ ਬਿਸਾਲ।
*ਮਾਨ ਬਾਤ ਕਪਤਾਨ ਤਬੈ ਹੀ।

[1]ਉਲਟੀ।

*'ਮਾਨ ਬਾਤ' ਤੋਂ 'ਅਬੈ ਹੀ' ਤੱਕ 'ਗੁਰੂ ਨਾਨਕ' ਤੋਂ 'ਮਨ ਭਾਯੋ' ਤੱਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ।

ਕਹਜੋ, ਦੈਹੁ ਲਿਖ ਤੁਸੀਂ ਅਬੈ ਹੀ ॥੨੧੦॥
ਜਿਹਿ ਬਿਧਿ ਸਿਖ ਮਜਬ ਯਹਿ ਭਯੋ।
ਅਰ ਪੁਨ ਰਾਜ ਜਗਤ ਕਾ ਲਯੋ।
ਜਿਹ ਹਿਤ ਕੀਨੇ ਪੰਥ ਅਖਾਰੇ।
ਤੁਰਕਨ ਸੰਗ, ਲਿਖੋ ਵਹਿ ਸਾਰੇ ॥੨੧੧॥
ਗੁਰ ਨਾਨਕ ਤੇ ਲੈ ਸਭ ਹਾਲ।
ਲਿਖੋ ਆਜ ਲੌਂ ਸਭੀ ਬਿਸਾਲ।
ਯਹਿ ਆਗਜਾ ਕਪਤਾਨ ਦਈ ਜਬ।
ਲਿਖ ਦਿਖਰਾਯੋ ਰਤਨ ਸਿੰਘ ਤਬ ॥੨੧੨॥
ਹੁਤੋ ਸਿੰਘ ਵਹਿ ਸਿਦਕੀ ਸੂਰਾ।
ਹਠ ਜਪ ਤਪ ਸੰਜਮ ਕਾ ਪੂਰਾ।
ਪੁਨ ਉਨ ਕੇ ਘਰ ਸਿੱਖੀ ਗੁਰ ਕੀ।
ਕਈ ਪੁਸ਼ਤ ਤੈ[1] ਆਵਤ ਧੁਰ ਕੀ[2] ॥੨੧੩॥
ਫਿਰ ਤਿਸ ਕੇ ਦਾਦਾ ਅਰ ਬਾਪੂ।
ਰਹੇ ਬਹੁਤ ਜੰਗਨ ਮੈ ਆਪੂ।
ਉਨ ਤੈ ਗਾਥਾ ਜੰਗਨ ਕੇਰੀ।
ਰਤਨ ਸਿੰਘ ਥੀ ਸੁਨੀ ਬਧੇਰੀ ॥੨੧੪॥
ਪੁਨ ਇਸ ਕੇ ਵਡਿਯਨ ਕਿਛ ਸਾਖੀ।
ਅਪਨੇ ਘਰ ਮੈ ਥੀ ਲਿਖ ਰਾਖੀ।

[1]ਪੀੜ੍ਹੀਆਂ ਤੋਂ [2]ਮੁੱਢ ਦੀ।

ਰਤਨ ਸਿੰਘ ਕੀ ਤਬ ਇਕ ਦਾਦੀ।
ਹੁਤੀ ਜੀਵਤੀ ਸਾਲ ਸਤਾਦੀ[1] ॥੨੧੫॥ [1]ਸੌ ਸਾਲ (ਦੀ ਉਮਰ) ਦੀ।
ਤਿਸ ਨੇ ਭੀ ਥਾ ਬਹੁਤ ਜ਼ਮਾਨਾ।
ਦਸਮ ਗੁਰੂ ਲੌ ਪਿਖਜੋ ਮਹਾਨਾ।
ਕੁਛ ਲਿਖਜੋ ਪਿਖ ਕੁਛ ਉਸ ਤੈ ਸੁਨਿ।
ਨਿਜ ਬੁਧਿ ਬਲ ਸੋਂ ਰਤਨ ਸਿੰਘ ਗੁਨਿ ॥੨੧੬॥
ਸੋ ਬਟੋਰ ਸਾਖੀ ਉਨ ਖਾਸੈਂ[1]। [1]ਆਪ।
ਧਰਯੋ ਨਾਮ ਪੰਥ ਪਰਕਾਸ਼ੈਂ।
ਜਾਇ ਮਰੀ ਕੋ ਗ੍ਰੰਥ ਦਿਖਾਯੋ।
ਸਿੰਘ ਜੀ ਕੋ ਸਨਮਾਨ ਬਢਾਯੋ ॥੨੧੭॥
ਫਿਰ ਕਰਨੈਲ ਤਈਂ ਦਿਖਰਾਯੋ।
ਉਭੈ ਸਾਹਿਬਨ ਕੇ ਮਨਿ ਭਾਯੋ।
ਉਤੈ ਮੌਲਵੀ ਬੂਟੇ ਸ਼ਾਹ।
ਤਵਾਰੀਖ ਲਿਖ ਲਜਾਯੋ ਚਾਹਿ ॥੨੧੮॥
ਆਹਿ ਫਾਰਸੀ ਵਹੈ ਜ਼ਬਾਨ।
ਸੋ ਭੀ ਕਰਿ ਸਾਹਿਬ ਪ੍ਰਵਾਨ।
ਦਫੜ੍ ਮਾਹਿ ਰਖਾਈ ਦੋਈ।
ਸੋਈ ਜੁਗ ਨੈਨਨ ਹਮ ਜੋਈ[1] ॥੨੧੯॥ [1]ਉਹ ਦੋਵੇਂ (ਕਿਤਾਬਾਂ) ਅਸੀਂ (ਆਪਣੀਆਂ) ਅੱਖਾਂ ਨਾਲ ਦੇਖੀਆਂ ਹਨ।
ਦੁਹੂੰ ਬੀਚ ਤੈ ਲੈ ਬਹੁ ਸਾਖੀ।
ਏਸ ਗ੍ਰੰਥ ਮੈ ਸਬ ਹਮ ਰਾਖੀ।
ਅਰ ਨਿਜ ਬ੍ਰਿਧਨ ਤੇ ਜੋ ਸੁਨੀ।
ਲਿਖੀ ਬਟੋਰ ਅਧਿਕ ਵਹਿ ਗੁਨੀ ॥੨੨੦॥
ਦੋਹਰਾ:
*ਰਤਨ ਸਿੰਘ ਜਿਹ ਹਿਤ ਰਚਜੋ, *'ਰਤਨ ਸਿੰਘ' ਤੋਂ 'ਇਤਿ ਨੀਕ' ਤੱਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ।
ਗ੍ਰੰਥ ਪੰਥ ਪਰਕਾਸ਼।
ਸੋ ਗਾਥਾ ਮੈ ਸਭ ਕਹੀ,
ਸੁਨੋ ਔਰ ਅਬ ਖਾਸ ॥੨੨੧॥
ਛੰਦ ਬੰਦ[1] ਤਿਸ ਗ੍ਰੰਥ ਕੋ, [1]ਕਵਿਤਾ ਵਿੱਚ।
ਜਿਹ ਹਿਤ ਮੈ ਯਹਿ ਕੀਨਿ।

ਸੋ ਕਾਰਣ ਸਭ ਭਾਂਤਿ ਕੋ,
ਮੈ ਪੂਰਬ ਕਹਿ ਦੀਨਿ ॥੨੨੨॥
ਫਿਰ ਆਗੈ ਪ੍ਰਸੰਗ ਸਭਿ,
ਚਲੈ ਗ੍ਰੰਥ ਕਾ ਠੀਕ।
ਅਬ ਕਹਿ ਕਾਰਣ ਗ੍ਰੰਥ ਕਾ,
ਧਜਾਇ ਭਯੋ ਇਤਿ ਨੀਕ[1]$ ॥੨੨੩॥

[1]ਚੰਗੀ ਤਰ੍ਹਾਂ ਸੰਪੂਰਨ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ ਕਥਾ ਪ੍ਰਸੰਗ ਸੂਚੀ, ਨਏ ਪੁਰਾਣੇ ਗ੍ਰੰਥਰਚਨ ਕੇ ਕਾਰਣ* ਬਰਨਨੰ ਨਾਮ ਦੁਤੀਓ ਬਿਸ੍ਰਾਮ ॥੨॥

*ਕਥਾ ਪ੍ਰਸੰਗ ਸੂਚੀ ਨਵੇਂ ਪੁਰਾਣੇ ਗ੍ਰੰਥ ਰਚਨ ਕੇ ਕਾਰਣ' ਪਾਠ ਦਿੱਲੀ ਐਡੀਸ਼ਨ ਦਾ ਹੈ। ਉਥੇ ਕਥਾ ਸੂਚੀ ਪ੍ਰਸੰਗ ਪਾਠ ਸੀ ਤੇ ਕਾਰਨ ਤੋਂ ਮਗਰੋਂ ਛਪਿਆ ਹੋਇਆ ਸੀ। ਅਸਾਂ ਉਕਤ ਪਾਠ ਲਿਖ ਕੇ ਤਰਤੀਬ ਦਰੁਸਤ ਕਰ ਦਿੱਤੀ ਹੈ।

ਤੀਜਾ ਬਿਸ੍ਰਾਮ

੩. {ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਧਾਰਨ ਦਾ ਕਾਰਣ}

ਦੋਹਰਾ:

ਗੁਰ ਨਾਨਕ ਰਵਿਰ ਸਮ ਰਵ,
ਤਿਹ ਉਜਾਸ ਉਰ ਪਾਇ[1]।

[1]ਸ੍ਰੀ ਗੁਰੂ ਨਾਨਕ ਦੇਵ ਰੂਪ ਸੂਰਜ ਦੀਆਂ ਬਾਣੀ ਰੂਪ ਕਿਰਨਾਂ ਹਨ, ਤਿਨ੍ਹਾਂ ਦਾ ਗਿਆਨ ਰੂਪ ਚਾਨਣ ਹਿਰਦੇ 'ਚ ਪਾ ਕੇ।

ਕਥੋਂ ਕਥਾ ਗੁਰੁ ਪੰਥ ਕੀ[1],
ਸੁਨੋ ਸੱਜਨ ਮਨ ਲਾਇ ॥ ੧ ॥

[1]ਗੁਰੂ ਸਾਹਿਬਾਨ ਅਤੇ ਖ਼ਾਲਸਾ ਪੰਥ ਦੀ।

ਚੌਪਈ:

ਗ੍ਰੰਥ ਰਤਨ ਸਿੰਘ ਜਿਹ ਹਿਤ ਰਚਾ।
ਸੋ ਕਾਰਣ ਭਾਖਜੋ ਹਮ ਸਚਾ।
ਜਿਹ ਹਿਤ ਮੈ ਯਹਿ ਗ੍ਰੰਥ ਬਨਾਯੋ।
ਸੋ ਕਾਰਣ ਸਭਿ ਪੂਰਬ ਗਾਯੋ ॥ ੨ ॥
ਅਬ ਸਤਿਗੁਰ ਕੋ ਕਰ ਕੈ ਬੰਦਨ।
ਰਚੋਂ ਗਾਥ ਯਹਿ ਰੁਚਰ ਸੁ ਛੰਦਨਿ[1]।

[1]ਚੰਗੇ ਤੇ ਸੁੰਦਰ ਛੰਦਾਂ ਵਿੱਚ।

ਗਣਪਤਿ[1] ਆਦਿ ਜਿਤੇ ਸੁਰ ਲੋਊ।

[1]ਗਣੇਸ਼।

ਬਿਨ ਗੁਰੁ ਲਖਜੋ ਨ ਤਿਨ ਮੈ ਕੋਊ ॥ ੩ ॥
ਸਰਬ ਇਸ਼ਟ ਮਤ ਗੁਰੁ ਅਨਕੂਲਾ[1]।

[1]ਸਾਰੇ ਮੱਤ ਗੁਰਾਂ ਨੂੰ ਇਸ਼ਟ ਮੰਨਣਾ ਪ੍ਰਵਾਨ ਕਰਦੇ ਹਨ।

ਤਾਂ ਤੇ ਗੁਰ ਮਮ ਮੰਗਲ ਮੂਲਾ[1]।

[1]ਮੰਗਲਾਂ ਦਾ ਮੂੱਢ ਹਨ।

ਜਾਨੁ ਪਾਨ ਜੁਗ ਜੋਰਿ ਸ ਅੰਜਲਿ[1]।

[1]ਗੋਡੇ (ਟੇਕ ਕੇ) ਤੇ ਦੋਵੇਂ ਹੱਥ ਬੁੱਕ ਵਾਂਗ ਜੋੜ ਕੇ।

ਬੰਦੋ ਗੁਰਿ ਪਦ ਪਦਮ ਸੁ ਮੰਜਲ[1] ॥ ੪ ॥

[1]ਉੱਜਲ ਚਰਨ ਕਮਲ।

ਜਾਸ ਪ੍ਰਤਾਪ ਅਨਲ ਕੇ ਮਾਹੀ[1]।

[1]ਜਿਨ੍ਹਾਂ ਦੇ ਪ੍ਰਤਾਪ ਦੀ ਅੱਗ ਵਿੱਚ।

ਅਨਿਕ ਬਿਘਨ ਪਾਰਦ ਹ੍ਵੈ ਜਾਹੀ[1]।

[1]ਪਾਰੇ (ਵਾਂਗ) ਹੋ ਕੇ (ਉੱਡ) ਜਾਂਦੇ ਹਨ।

ਬਰਨੋ ਅਪਰ ਕਹਾਂ ਜਸ ਕੇਤੂ[1]।

[1]ਨਿਸ਼ਾਨ ਰੂਪ (ਸਤਿਗੁਰਾਂ) ਦਾ ਜਸ।

ਜਾਸ ਨਾਮ ਭਵ ਬਾਰਧਿ ਸੇਤੂ[1] ॥ ੫ ॥

[1]ਸੰਸਾਰ ਸਮੁੰਦਰ (ਪਾਰ ਕਰਨ ਲਈ) ਪੁਲ ਹੈ।

ਜਾ ਪਦ ਪੰਕਜ ਰਜ ਕਰਿ ਅੰਜਨ[1]।

[1]ਜਿਨ੍ਹਾਂ ਦੇ ਚਰਨਾਂ ਦੀ ਧੂੜੀ ਦਾ ਸੁਰਮਾ ਬਣਾ ਕੇ।

ਭੇ ਤਿਕਾਲ ਦਰਸੀ ਦੁਖ ਭੰਜਨ[1]।

[1](ਉਹ) ਤਿੰਨਾਂ ਸਮਿਆਂ ਨੂੰ ਦੇਖਣ ਵਾਲੇ ਤੇ ਦੁੱਖਾਂ ਨੂੰ ਭੰਨਣ ਵਾਲੇ ਹੋ ਗਏ।

ਮਹਿਮਾ ਗੰਗ ਭੰਗ ਕਲਮਲ ਕਰਿ[1]।

[1](ਗੁਰਾਂ ਦੀ) ਮਹਿਮਾ ਰੂਪ ਗੰਗਾ ਪਾਪਾਂ ਦੇ ਨਾਸ ਕਰਨ ਵਾਲੀ ਹੈ।

ਬਾਨੀ ਬਜਾਰ ਮਦਾਦਿ ਮੇਘ ਹਰ[1] ॥ ੬ ॥

[1](ਜਿਨ੍ਹਾਂ ਦੀ) ਬਾਣੀ ਰੂਪ ਹਵਾ ਹੰਕਾਰ ਆਦਿ ਬੱਦਲਾਂ ਨੂੰ ਦੂਰ ਕਰ ਦੇਣ ਵਾਲੀ ਹੈ।

ਪਾਪ ਪਹਾਰਨ ਹਿਤ ਪ੍ਰਤਾਪ ਪਵਿ[1]।
[1]ਪਾਪਾਂ ਦੇ ਪਹਾੜਾਂ ਨੂੰ ਨਾਸ ਕਰਨ ਲਈ (ਗੁਰਾਂ ਦਾ) ਪ੍ਰਤਾਪ ਬੱਜਰ (ਵਾਂਗ) ਹੈ।

ਹਾਨਕ ਤਮ ਅਗਜਾਨ ਸੁਜਸ ਰਵਿ[1]।
[1](ਗੁਰਾਂ ਦਾ) ਸ੍ਰੇਸ਼ਟ ਜਸ ਰੂਪ ਸੂਰਜ ਅਗਿਆਨ ਦੇ ਹਨੇਰੇ ਨੂੰ ਨਾਸ ਕਰਨ ਵਾਲਾ ਹੈ।

ਯਾ ਹਿਤ ਮੈ ਅਬ ਹੋਇ ਅਸ਼ੰਕਾ[1]।
[1]ਸ਼ੰਕਾਰਹਿਤ।

ਬਰਨੋ ਗੁਰ ਘਰ ਕਾ ਜਸ ਡੰਕਾ[1] ॥ ੭ ॥
[1]ਡੰਕੇ (ਦੀ ਚੋਟ) ਵਾਂਗ ਭਾਵ ਗੱਜ ਵੱਜ ਕੇ।

ਗਾਥ ਪੰਥ ਕੀ ਆਹਿ ਅਪਾਰੀ।
ਪਾਰੀ ਜਾਨਾ ਚਹੌਂ ਉਚਾਰੀ[1]।
[1]ਉਚਾਰਨ ਕਰਨ ਰੂਪ (ਬੇੜੀ ਤੇ ਚੜ੍ਹ ਕੇ) ਪਾਰ ਜਾਣਾ ਚਾਹੁੰਦਾ ਹਾਂ।

ਚਾਰੀ ਛੰਦ ਨ ਉਕਤੀ ਨੀਕੀ[1]।
[1]ਨ ਛੰਦ ਸੁੰਦਰ ਹਨ ਤੇ ਨ ਹੀ ਕਥਨ ਚੰਗਾ ਹੈ।

ਨੀਕੀ ਯੁਕਤਿ[1] ਨ ਫੁਰ ਹੈ ਠੀਕੀ ॥ ੮ ॥
[1]ਜੁਗਤੀ, ਦਲੀਲ।

ਠੀਕੀ ਜਮਕ ਦਮਕ ਰਸ ਰੀਤੀ[1]।
[1]ਜਮਕ, ਦਮਕ ਰਸ ਤੇ ਰੀਤੀ ਦੇ ਅਰਥਾਂ ਲਈ ਦੇਖੋ ਬਿਸ਼੍ਰਾਮ ੧ ਦੇ ਅੰਕ ਦੀਆਂ ਟਿੱਪਣੀਆਂ ੧, ੨, ੫, ੧੧, ੨੨।

ਰੀਤੀ ਬਾਨਿ ਯਾਹਿ ਤੈ ਭੀਤੀ[1]।
[1]ਮੇਰੀ ਬਾਣੀ (ਕਵਿਤਾ, ਕਾਵਿ ਗੁਣਾਂ ਤੋਂ) ਖਾਲੀ (ਹੋਣ ਕਰ ਕੇ ਮੈਨੂੰ) ਭੀਤੀ (ਭੇ) ਹੋ ਰਿਹਾ ਹੈ।

ਭੀਤੀ ਕੀ ਚੀਤੀ ਸਮ ਚੀਤੀ[1]।
[1]{ਭੀਤੀ} ਕੰਧ (ਉੱਪਰ ਚਿਤਰੀ) ਚਿਤ੍ਰਕਾਰੀ ਵਾਂਗ (ਮੈਂ ਇਹ ਕਵਿਤਾ) ਚਿਤ੍ਰੀ ਹੈ।

ਚੀਤੀ ਕੀ ਪਿਖ ਅਧਿਕ ਪਰੀਤੀ[1] ॥ ੯ ॥
[1]{ਬਿਨੀਤੀ} ਨਿੰਮ੍ਰਤਾ (ਆਦਿ ਗੁਣਾਂ) ਵਾਲੇ ਸੱਜਣ (ਪੁਰਸ਼) ਚਿੱਤ ਦੀ ਬਹੁਤੀ ਪ੍ਰੀਤੀ ਹੀ ਵੇਖਦੇ ਹਨ (ਛੰਦ ਦੀ ਚਾਲ ਆਦਿ) ਕਾਵਿਰੀਤੀ ਨੂੰ (ਬਹੁਤਾ ਚੰਗਾ) ਨਹੀਂ ਗਿਣਦੇ।

ਰੀਤੀ ਗਨੈ ਨ ਸਜਨ ਬਿਨੀਤੀ[1]।
[1]{ਬਿਨੀਤੀ} ਨਿੰਮ੍ਰਤਾ (ਆਦਿ ਗੁਣਾਂ) ਵਾਲੇ ਸੱਜਣ (ਪੁਰਸ਼) ਚਿੱਤ ਦੀ ਬਹੁਤੀ ਪ੍ਰੀਤੀ ਹੀ ਵੇਖਦੇ ਹਨ (ਛੰਦ ਦੀ ਚਾਲ ਆਦਿ) ਕਾਵਿਰੀਤੀ ਨੂੰ (ਬਹੁਤਾ ਚੰਗਾ) ਨਹੀਂ ਗਿਣਦੇ।

ਨੀਤੀ[1] ਗ੍ਰੰਥ ਰਚਨ ਕੀ ਕੀਤੀ।
[1]ਨੀਅਤ, ਇੱਛਾ, ਮਨਸ਼ਾ।

ਕੀਤੀ ਚਹੌਂ ਖਬਰ ਗੁਰ ਘਰ ਕੀ*।
*ਉਪਰੋਕਤ ਕਾਵਿ ਕਵੀ ਜੀ ਦੀ ਸੁੰਦਰ ਕਾਵਿ-ਕਲਾ ਦਾ ਅਦਭੁਤ ਨਮੂਨਾ ਹੈ।

ਘਰ ਕੀ ਬੁਧਿ ਯਹਾਂ ਨੌ ਘਰਕੀ[1] ॥ ੧੦ ॥
[1]{ਘਰ} ਅੰਤਹਕਰਣ (ਵਿੱਚ ਰਹਿਣ) ਵਾਲੀ ਬੁੱਧੀ ਏਥੋਂ ਤੱਕ (ਘਬਰਾ ਗਈ ਹੈ ਕਿ {ਘਰਕੀ} ਘਰਕਣ (ਹੌਂਕਣ) ਲੱਗ ਪਈ ਹੈ।

ਤਾਂ ਤੇ ਗੁਰਿ ਪਦ ਬੰਦਨ ਕਰਹੌਂ।
ਜਿਹ ਬਲ ਪਾਇ ਗ੍ਰੰਥ ਯਾਹਿ ਰਚਹੌਂ।
ਕਵਿ ਕੋਵਿਦ ਗੁਰ ਸਿਖਨ ਮਹਾਨੀ।
ਬੰਦਨ ਕਰੌਂ ਸ ਪ੍ਰੇਮ ਸ ਬਾਨੀ ॥ ੧੧ ॥
ਅੱਖਰ, ਅਰਥ, ਛੰਦ, ਪ੍ਰਸੰਗਾ।

ਤੂਟੈ ਜਹਾਂ ਤਹਿਂ ਧਰੋ ਨਿਸੰਗਾ।
ਜਹਿਂ ਕਿਤ ਹੋਇ ਬਿਰੁੱਧ ਅਸੁੱਧਾ।
ਪੇਖ ਤਾਹਿਂ ਲਿਖੀਓ ਕਰਿ ਸੁੱਧਾ ॥ ੧੨ ॥
ਗੁਰਿ ਘਰ ਕੀ ਅਤਿ ਗਾਥ ਮਹਾਨੈ।
ਨਹਿ ਸਰਬੱਗਜ ਸੁ ਹਮ ਸਭਿ ਜਾਨੈ।
ਜੇਤਕ ਸੁਨੀ ਪਿਖੀ ਹਮ ਕਥਾ।
ਕਹੀ ਜਥਾਮਤ ਤੁਮ ਢਿਗ ਤਥਾ ॥ ੧੩ ॥
$ਅਰ ਪੁਨ ਰਤਨ ਸਿੰਘ ਜੋ ਗਾਈ।
ਸੋ ਸਭ ਗਾਥਾ ਲਿਖੋਂ ਬਨਾਈ।
ਜੇਤਕ ਸ੍ਯਾਲ ਰਤਨ ਸਿੰਘ ਪਾਸ।
ਮਰੀ ਫਰੰਗੀ ਕੀਨੇ ਖਾਸ ॥ ੧੪ ॥
ਸੋ ਸਭਿ ਯਹਾਂ ਹੋਹਿਂਗੇ ਨੀਕੇ।
ਸਿੰਘ ਪੰਥ ਹਿਤ ਜਾਨੋ ਠੀਕੇ*।

*ਅਰ ਪੁਨ' ਤੋਂ 'ਠੀਕੇ' ਤੱਕ ਦੀ ਰਚਨਾ ਅੰਮ੍ਰਿਤਸਰ ਐਡੀਸ਼ਨ ਦੀ ਹੈ।

ਜੇਤਕ ਹੈ ਸਿੰਘਨ ਕਾ ਮਜਬ।
ਭਯੋ ਜਗਤ ਜਾਹਰ ਅਤਿ ਅਜਬ ॥ ੧੫ ॥
ਇਤੀਹਾਸ ਸਭ ਕਰੋਂ ਪ੍ਰਕਾਸ਼ਨ।
ਕਰੇ ਜੰਗ ਜਿਮ ਪੰਥ ਬਿਲਾਸਨ।
ਦਸ ਗੁਰ ਭਏ ਅਚਾਰਯ[1] ਤਿਨ ਕੇ।

[1]ਗੁਰੂ, ਆਗੂ।

ਪਰਾਕ੍ਰਮ[1] ਜਗਿ ਜ਼ਾਹਰ ਜਿਨ ਕੇ ॥ ੧੬ ॥

[1]ਬਲ, ਉੱਦਮ।

ਰਾਜ ਜੋਗ ਜਿਨਿ ਅਧਿਕ ਕਮਾਏ।
ਸਾਚੇ ਪਾਤਿਸ਼ਾਹਿ ਕਹਿਲਾਏ ॥ ੧੭ ॥
ਦੋਹਰਾ:
ਯਹਿ ਸੁਨਿ ਪੁਨ ਸ਼ੰਕਾ ਕਰੀ[1],

[1]ਪ੍ਰਸ਼ਨ ਕੀਤਾ।

ਮਰੀ ਸਾਹਿਬ ਕਪਤਾਨਿ।
"ਕਹੋ ਕਵੀ ! ਗੁਰੁ ਕਿਮ ਭਏ
ਪਾਤਸ਼ਾਹਿ ਜਗ ਜਾਨਿ ॥ ੧੮ ॥
ਚੌਪਈ:
ਪਾਤਸ਼ਾਹ ਤੁਮ ਗੁਰੂ ਵਖਾਨੇ।
ਹਮ ਫਕੀਰ ਵਹਿ ਸੁਨੇ ਮਹਾਨੇ।

ਸਭਿ ਸਮਾਜ[1] ਪਤਿਸ਼ਾਹੀ ਕੇਰਾ। [1]ਸਾਮਾਨ।
ਹੁਤੋ ਨ ਗੁਰ ਢਿਗ ਨਹਿ ਕਿਨਿ ਹੇਰਾ ॥ ੧੯ ॥
ਬੀਸ ਪਚਾਸਕ ਗਰਾਮਨ ਮਾਹੀ।
ਭਜੋ ਰਾਜ ਭੀ ਉਨ ਕਾ ਨਾਹੀ।
ਕਰੀ ਬੰਦਗੀ ਈਸ਼ੂਰ ਕੇਰੀ।
ਤਿਸ ਤੇ ਬਰਕਤ ਭਈ ਘਨੇਰੀ ॥ ੨੦ ॥
ਪਿਖ ਬਰਕਤ ਤਿਨ ਕੀ ਅਤਿ ਭਾਰੀ।
ਖਾਦਮ[1] ਖਲਕਤ ਭਈ ਅਪਾਰੀ। [1]ਸੇਵਕ।
ਪੰਥ ਚਲਜੋ ਉਨ ਕਾ ਹੈ ਤਾਂ ਤੇ।
ਤੁਮ ਪਤਸ਼ਾਹ ਵਖਾਨੇ ਕਾਂ ਤੇ[1] ॥ ੨੧ ॥ [1]ਕਿਸ ਵਾਸਤੇ।
ਰੱਯਤ ਭਈ ਨ ਉਨ ਕੀ ਕੋਊ।
ਕਿਹ ਬਿਧਿ ਕਹੇ ਸ਼ਾਹਿ ਤੁਮ ਸੋਊ।
ਪੁਨ ਸਿੰਘਨ ਜੋ ਮੁਲਕ ਦਬਾਯੋ।
ਸੋ ਭੀ ਉਨ ਕੇ ਪੀਛੇ ਪਾਯੋ ॥ ੨੨ ॥
ਨਹਿ ਸਿੰਘਨਿ ਢਿਗ ਹੁਤੋ ਸਮਾਜੂ।
ਰੱਯਤ ਬਿਗਰ ਕਰਜੋ ਨਿਜ ਕਾਜੂ।
ਜਬ ਤੁਰਕੇਸਨ ਕੇ ਬਲ ਹਾਰੇ।
ਸਿੰਘਨ ਕਰਿ ਇਤਫਾਕ ਅਪਾਰੇ ॥ ੨੩ ॥
ਜੋਰ ਪਰਜੋ ਤਬ ਜਿਸ ਕਾ ਜੇਤਾ।
ਮੁਲਕ ਦਬਾਇ ਲਯੋ ਤਿਨਿ ਤੇਤਾ।
ਯਾ ਬਿਧਿ ਸਿੱਖ ਭੂਪ ਕਹਿਲਾਏ।
ਤੁਮ ਕਿਮ ਗੁਰੁ ਪਤਿਸ਼ਾਹਿ ਬਤਾਏ" ॥ ੨੪ ॥
ਦੋਹਰਾ:
"ਸੁਨੋ ਮਰੀ ਸਾਹਿਬ ਅਬੈ,
ਜੋ ਪ੍ਰਸ਼ਨ ਤੈ ਕੀਨ।
ਗੁਰੂ ਭਏ ਪਤਿਸ਼ਾਹਿ ਜਿਮ,
ਉੱਤਰ ਦੈਹੋਂ ਚੀਨ[1] ॥ ੨੫ ॥ [1]ਜਾਣੋ।
ਕਬਿੱਤ:
ਸ੍ਰੀ ਗੁਰੂ ਨਾਨਕ ਪ੍ਰਥਮ ਪਾਤਿਸ਼ਾਹਿ ਭਏ,
ਰਾਜ ਜੋਗ ਜਿਨਹਿ ਬਿਸਾਲ ਹੀ ਕਮਾਯੋ ਹੈ।

ਦੌਰਾ ਕਰ ਗੌਰਾ[1] ਦਿਸ ਦਸਹੂੰ ਕੋ ਬਿਜੈ ਕੀਨ[2],
ਦੈ ਕੈ ਉਪਦੇਸ ਵੇਸ[1] ਧਰਮ ਦਿਢਾਯੋ ਹੈ।
ਦੰਭੀ ਦਗੇਦਾਰ ਯਾਰ ਚੋਰ ਜੋ ਲਵਾਰ[1] ਜਨ,
ਹਰਿ ਤੈ ਬਿਮੁੱਖ ਜੋਊ ਰਹਿਨੋ ਨ ਪਾਯੋ ਹੈ।
ਫੇਰ ਗੁਰੂ ਅੰਗਦ ਅਮਰਦਾਸ ਰਾਮਦਾਸ,
ਤੀਨੋ ਪਤਿਸ਼ਾਹਿਨ ਸੁ ਜਗਤ ਨਿਵਾਯੋ ਹੈ ॥੨੬॥

[1]ਵੱਡਾ ਦੌਰਾ ਕਰਕੇ। [2]ਫਤਹ ਕੀਤਾ।
[1]ਚੰਗਾ।
[1]ਬਕਵਾਦੀ, ਝੂਠੇ ਇਕਰਾਰ ਕਰਨ ਵਾਲੇ।

ਭਏ ਸਮਰੱਥ[1] ਵਹਿ ਜੱਦਜਪਿ ਸਕਲ ਬਿਧਿ,
ਤੱਦਜਪਿ ਗਰੀਬੀ ਤਿਨ ਈਸਾ ਸਮ ਪਾਰੀ ਹੈ[1]।
ਪਾਤਿਸ਼ਾਹਿ ਪੰਚਮ ਬਜਾਸ ਕਰਿ ਬਜਾਸ ਸਮ[1],
ਰਚਿ ਕੈ ਗ੍ਰੰਥ ਮਰਯਾਦ ਬਿਸਤਾਰੀ ਹੈ।
ਪੀਛੇ ਪਤਿਸ਼ਾਹਿ ਗੁਰ ਖਸ਼ਮ ਬਲਿਸ਼ ਸ੍ਰਿਸ਼ਿ[1],
ਕ੍ਰਿਪਾ ਦ੍ਰਿਸ਼ਿ ਬ੍ਰਿੱਸ਼[1] ਕਰਿ ਸੰਗਤ ਉਧਾਰੀ ਹੈ।
ਬਿਨਾ ਦੰਡ ਦਬਤ ਨ ਦੁਸ਼ ਜਨ ਪੁਸ਼ ਮਨ[1],
ਚਿਤ ਮੈ ਵਿਚਾਰ ਏਹੁ ਗਹੀ ਤੇਗ ਭਾਰੀ ਹੈ
॥੨੭॥

[1]ਸ਼ਕਤੀ ਵਾਲੇ।
[1]ਪਾਲੀ ਹੈ।
[1]ਬਿਆਸ ਵਾਂਗ ਗੁਰਬਾਣੀ ਦਾ ਵਿਸਥਾਰ ਕੀਤਾ।
[1]ਸੰਸਾਰ ਵਿੱਚ ਮਹਾਂਬਲੀ।
[1]ਵਰਖਾ।
[1]ਮੋਟੇ ਮਨਾਂ ਵਾਲੇ (ਹੰਕਾਰ ਤੇ ਜ਼ਾਲਮ)।

ਤਜ ਤੈ ਗਰੀਬੀ ਮਗ ਸਜ ਕੈ ਮੁਹੰਮਦ ਜਸੋਂ,
ਕਰ ਕੈ ਅਖਾਰੇ ਭਾਰੇ ਸ਼ੱਤਰੂ ਸੰਘਾਰੇ ਹੈਂ।
ਜਬ ਸਬ ਜਨ ਤਿਨ ਹੀ ਤੇ ਧ੍ਰਮ ਧਨ ਦੋਊ,
ਪਾਵਤ ਭਏ ਸੋ ਜਗ ਜ਼ਾਹਰ ਅਪਾਰੇ ਹੈਂ।
ਭਬ ਹੀ ਤੈ ਲੋਗ ਭਏ ਪਰਜਾ ਸਬ ਉਨ ਹੀ ਕੀ,
ਭੈਂਸ ਦੰਡ ਵਾਰੇ ਕੀ[1] ਕਹਤਿ ਜਨ ਸਾਰੇ ਹੈਂ।
ਫੇਰ ਹਰਿਰਾਇ ਗੁਰ ਤਜਾਗਸੋ ਹੈ ਵਖੇਰਾ ਫੁਰ[1],
ਹਰੀ ਕ੍ਰਿਸ਼ਨ ਬਾਲ ਬਪੁ[1] ਵੈਸ ਹੀ ਪਧਾਰੇ ਹੈਂ
॥੨੮॥

[1]ਭਾਵ ਬਲੀ ਪੁਰਖ ਦੇ ਅਧੀਨਰਾਜ ਹੈ।
[1]ਛੇਤੀ।
[1]ਸਰੂਪ।

ਦੋਹਰਾ:
ਫਿਰ ਨੌਮੇ ਪਾਤਸ਼ਾਹਿ ਗੁਰ,
ਭਏ ਬਲੀ ਅਵਤਾਰ।
ਰੁਚਜੋ ਵਖੇਰਾ ਨਾਹਿ ਤਿੰਹ,
ਰਹੇ ਤੁਰਕ ਝਖ ਮਾਰ ॥੨੯॥

ਚੌਪਈ:

ਥੀ ਤਬ ਉਨ ਕੀ ਏਹੋ ਮਰਜੀ।
ਹਮ ਹੈਂ ਹਿੰਦੁ ਧਰਮ ਕੇ ਗਰਜੀ[1]।
ਤੇਗ ਹਮਾਰੀ ਖਿਮਾ ਗਰੀਬੀ।
ਯਵਨਹਿ[1] ਕਰ ਹੈ ਮੰਦ ਨਸੀਬੀ[2] ॥ ੩੦ ॥
ਬਿਨ ਅਪਰਾਧ ਮਾਰਨਾ ਕੋਊ।
ਨਹੀ ਨੇਤ[1] ਈਸ੍ਵਰ ਕੀ ਲੋਊ[2]।
ਬਾਲੀ[1], ਰਾਵਣ, ਕੈਰਵ, ਕੰਸ।

[1]ਹਿੰਦੂ ਧਰਮ ਦੀ (ਰੱਖਿਆ) ਦੇ ਚਾਹਵਾਨ।

[1]ਤੁਰਕਾਂ ਨੂੰ। [2]ਮੰਦੇ ਭਾਗਾਂ ਵਾਲੇ।

[1]ਮਰਜ਼ੀ। [2]ਇਸ ਲੋਕ ਵਿੱਚ।

[1]ਸੁਗ੍ਰੀਵ ਦਾ ਵੱਡਾ ਭਰਾ ਜੋ ਦੱਖਣ ਦੀ ਬਾਨਰ ਕੌਮ ਦਾ ਰਾਜਾ ਸੀ, ਜਿਸ ਨੂੰ ਰਾਮ ਚੰਦਰ ਜੀ ਨੇ ਮਾਰ ਕੇ ਸੁਗ੍ਰੀਵ ਨੂੰ ਗੱਦੀ 'ਤੇ ਬਿਠਾਇਆ।

ਦੋਸ਼ੀ ਹੇਰ ਹਰੇ ਜਦ ਅੰਸ[1] ॥ ੩੧ ॥
ਜੋ ਜਾ ਕੋ ਝੇਰੇ[1] ਮੈ ਡਾਰੇ।
ਤਾਂ ਕੋ ਆਗੇ ਕੂਪ[1] ਤਿਆਰੇ।
ਘੋੜਾ ਦਗੇਬਾਜ਼ ਕਾ ਰੌੜੇ।
ਪੌੜਤ ਹੈ[1] ਦੌੜੇ ਬਿਨ ਦੌੜੇ ॥ ੩੨ ॥
ਜਬ ਤੁਰਕੇਸਨ ਜ਼ੁਲਮ ਅਪਾਰੀ।
ਗੁਰੂਅਨ ਸੰਗ ਕਰੇ ਬਹੁ ਬਾਰੀ।
ਯਾਂ ਤੇ ਪਿਖਿ ਤੁਰਕਨ ਕਾ ਦੋਸ।
ਦਸਮੇ ਪਾਤਿਸ਼ਾਹਿ ਧਰਿ ਰੋਸ ॥ ੩੩ ॥
ਮਾਰੇ ਤੁਰਕ ਜੰਗ ਕਰਿ ਭਾਰੇ।
ਪੁਨ ਸਿੰਘਨ ਮਿਲ ਬਹੁਤ ਪਛਾਰੇ।
ਭਏ ਭੂਪ ਯੌਂ ਸਿੰਘ ਅਪਾਰੇ।
ਰੱਯਤ ਬਿਗਰੀ ਕਾਂਹਿ ਉਚਾਰੇ ॥ ੩੪ ॥
ਯੌਂ ਪਤਿਸਾਹਿ ਭਏ ਗੁਰ ਸਾਚੇ।
ਕਰੇ ਕਾਮ ਸ਼ਾਹਿਨ ਤੈਂ ਆਛੇ।
ਚਿੜੀਅਨ ਤੈ ਜਿਨ ਬਾਜ ਤੁੜਾਏ।
ਅਜਾ ਸੁਤਨ ਤੈ[1] ਸ਼ੇਰ ਕੁਹਾਏ ॥ ੩੫ ॥

[1]ਜਾਦਵਾਂ ਦੀ ਬੰਸ (ਆਦਿ ਸਾਰੇ) ਦੋਸ਼ੀ ਜਾਣ ਕੇ ਮਾਰੇ।

[1]ਖਾਤੇ, ਟੋਏ।

[1]ਖੂਹ।

[1]ਰੌੜ ਵਿੱਚ ਹੀ ਔਖੜ ਕੇ ਡਿੱਗ ਪੈਂਦਾ ਹੈ।

[1]ਬੱਕਰੀਆਂ ਦੇ ਪੁੱਤਰਾਂ (ਮੇਮਣਿਆਂ) ਤੋਂ।

ਦੋਹਰਾ:
ਕਹੁ ਰੱਯਤ ਤੁਰਕਾਨ ਕੀ,
ਸਿੰਘ ਭਏ ਕਿਸ ਭਾਂਤਿ।
ਜਬ ਯਹਿ ਦੋ ਸੈ ਸਾਲ ਸੈਂ
ਲਰਤ ਰਹੇ ਵੱਖਜਾਤ ॥ ੩੬ ॥

ਯਹਿ ਰੱਯਤ ਉਨ ਕੀ ਰਹੇ,
ਜਿਨ ਕੀ[1] ਮਦਦ ਪਾਇ।
ਜੰਗਨ ਮੈ ਹਤ ਸ਼ੱਤ੍ਰ ਗਨ[1],
ਲੀਨੋ ਰਾਜ ਦਬਾਇ ॥ ੩੭ ॥
ਦਸ ਦਸ ਲਖ ਤੁਰਕਾਨ ਸੋਂ,
ਲਰੇ ਗੁਰੂ ਜਬ ਨੀਕ।
ਤਬ ਕਹੁ ਕਿਮ ਪਤਿਸ਼ਾਹਿ ਵਹੁ,
ਭਏ ਨ ਸਾਚੇ ਠੀਕ ॥ ੩੮ ॥
ਏਕ ਰੀਤਿ ਯਹਿ ਕਹਿ ਦਈ,
ਦੂਸਰ ਸੁਨਿ ਅਬ ਔਰ।
ਜਜੋਂ ਸਾਚੇ ਪਤਿਸ਼ਾਹਿ ਗੁਰੁ,
ਬਿਦਤ[1] ਭਏ ਜਗਿ ਗੌਰ[2] ॥ ੩੯ ॥

[1]ਜਿਨ੍ਹਾਂ (ਗੁਰਾਂ) ਦੀ।
[1]ਬਹੁਤ ਵੈਰੀ ਮਾਰ ਕੇ।
[1]ਪ੍ਰਗਟ, ਮਸ਼ਹੂਰ। [2]ਬਹੁਤੇ।

ਚੌਪਈ:

ਚਾਰ ਭਾਂਤਿ ਕੇ ਹੈਂ ਨਰਨਾਹਿ[1]।
'ਸ਼ਾਹਿਨਸ਼ਾਹਿ ਸ਼ਾਹਿ' ਇਕ ਆਹਿ।
'ਸ਼ਾਹਿਨਸ਼ਾਹਿ' ਦੂਸਰੇ ਜਾਨੋ।
ਤੀਸਰ 'ਪਾਤਿਸ਼ਾਹਿ' ਪ੍ਰਮਾਨੋ[1] ॥ ੪੦ ॥
ਚਤਰਥ 'ਭੂਪ' ਕਹਾਵਤ ਔਰੈਂ।
ਸੁਨਿ ਇਨ ਕੇ ਅਬ ਲੱਖਣ ਗੌਰੈਂ[1]।
'ਸ਼ਾਹਿਨਸ਼ਾਹਿ ਸ਼ਾਹਿ' ਪਰਮੇਸੁਰ।
ਜਿਸ ਪਰ ਔਰ ਨਹੀ ਕੋ ਏਸੁਰ[1] ॥ ੪੧ ॥
ਪੁਨ ਅਵਤਾਰ ਪੀਰ ਪੈਕੰਬਰ।
ਸ਼ਾਹਿਨਸ਼ਾਹਿ ਆਹਿ ਇਨਿ ਲੰਬਰ[1]।
ਇਕ ਪਰਮੇਸ਼੍ਵਰ ਕੋ ਯਹਿ ਮਾਨਤਿ।
ਔਰ ਕਿਸੀ ਕੀ ਕਾਣ ਨ ਠਾਨਤਿ ॥ ੪੨ ॥
ਬਿਚਰਤ ਚੌਦਸ ਭਵਨਿ ਮਝਾਰੀ।
ਰੋਕ ਸਕਤਿ ਨਹਿ ਕੋਊ ਅਗਾਰੀ।
ਰੰਕਹਿ[1] ਸ਼ਾਹ, ਸ਼ਾਹ ਤੈ ਰੰਕ।
ਜਿਸੈ ਚਹੈਂ ਤਿਸ ਕਰੈਂ ਨਿਸੰਕ ॥ ੪੩ ॥
ਤੀਸਰ ਪਾਤਸ਼ਾਹਿ ਜਗ ਜੇਈ।

[1]ਰਾਜੇ।
[1]ਚੰਗੀ ਤਰ੍ਹਾਂ ਮੰਨੋ।
[1]ਧਿਆਨ (ਖ਼ਿਆਲ) ਨਾਲ।
[1]ਮਾਲਕ, ਪਾਤਸ਼ਾਹ।
[1]ਨੰਬਰ, ਦਰਜਾ, ਗਿਣਤੀ।
[1]ਕੰਗਾਲਾਂ ਤੋਂ।

ਨਿਜ ਨਿਜ ਮੁਲਕ ਮਾਹਿ ਰਹਿੰ ਤੇਈ।
ਨਾਹਿ ਸੁਤੰਤ੍ਰ ਫਿਰਨੇ ਪਾਵਤਿ।
ਅਨਿਕ ਦੁਖਨ ਕਰਿ ਦੁਖੀ ਰਹਾਵਤਿ ॥ ੪੪ ॥
ਹੁੰਮਸ ਧੁੰਮਸ[1] ਕਰਿ ਦਿਨ ਚਾਰ।
ਜੁੰਮਸ਼ ਬਿਨ ਖੁੰਮਸ ਬਿਨ ਬਾਰ[1]।

[1]ਡੰਡਰੌਲਾ।
[1](ਭਾਦੋਂ ਦੀ) ਖੁੰਬ ਵਾਂਗ ਛੇਤੀ ਹੀ {ਜੁੰਬਸ਼} ਜੋਸ਼ ਤੋਂ ਬਿਨਾਂ ਹੋ ਜਾਂਦੇ ਭਾਵ ਮਰ ਜਾਂਦੇ ਹਨ।

ਮਰ ਕਰਿ ਦੰਡ ਸਹਤਿ ਜਮ ਕੇਰੇ।
ਭੋਗਤਿ ਦੁਖ ਨਿਜ ਕਰਮਨਿ ਹੇਰੇ[1] ॥ ੪੫ ॥

[1]ਦੇਖੀਦੇ ਹਨ।

ਚਤਰਥ ਜੇ ਜਗ ਭੂਪ ਕਹਾਵਤਿ।
ਪਤਿਸ਼ਾਹਿਨ ਕੇ ਦੀਨ[1] ਰਹਾਵਤਿ।

[1]ਅਧੀਨ।

ਏਕ ਬਾਤ ਮੈ ਭੂਪਤਿ ਆਛੇ।
ਪਤਿਸ਼ਾਹਿਨ ਤੈ ਰਹਿ ਹੈਂ ਪਾਛੇ ॥ ੪੬ ॥
ਜਬ ਪਤਿਸ਼ਾਹੀ ਬਦਲਤ ਔਰ।
ਵਹਿ ਦੂਸਰ ਕੀ ਕਰਿ ਹੈਂ ਗੌਰ[1] ॥ ੧੫ ॥

[1]ਖਿਆਲ ਨਾਲ ਦੂਜੇ (ਪਾਤਸ਼ਾਹਿ) ਦੀ (ਅਧੀਨਗੀ ਧਾਰਨ) ਕਰ ਲੈਂਦੇ ਹਨ।

ਸ਼ਾਹਿਨ ਕੇ ਨਹਿ ਰਹਿਤ ਨਿਸ਼ਾਨ।
ਭੂਪ ਰਹਿਤ ਸਦ ਅਮਨ ਅਮਾਨ ॥ ੪੭ ॥
ਦੋਹਰਾ:
ਚਾਰ ਭੇਦ ਜੋ ਯਹਿ ਕਹੇ,
ਨਰ ਨਾਹਿਨ ਕੇ[1] ਨੀਕ।

[1]ਰਾਜਿਆਂ ਦੇ।

ਤਿਨ ਮੈ ਲੰਬਰ ਦੂਸਰਾ,
ਰਹਜੋ ਗੁਰੁਨ ਕੋ ਠੀਕ ॥ ੪੮ ॥
ਚੌਪਈ:
ਯਾ ਬਿਧਿ ਭੀ ਦਸ ਗੁਰੁ ਜਗ ਆਛੇ।
ਸ਼ਾਹਨਸ਼ਾਹ ਭਏ ਅਬ ਸਾਚੇ।
ਪੀਰ, ਫਕੀਰ, ਬਲੀ, ਅਵਤਾਰੂ।
ਭਏ ਗੁਰੁਨ ਮੈ ਯਹਿ ਗੁਨ ਚਾਰੂ[1] ॥ ੪੯ ॥

[1]ਚਾਰੇ ਗੁਣ।

ਯਾਹੀ ਤੇ ਸਾਚੇ ਪਤਿਸ਼ਾਹਿ।
ਅਬ ਲੌ ਕਹਿ ਹੈਂ ਜਨ ਜਗ ਮਾਹਿ।
ਹ੍ਵੈ ਸਹਾਇ ਨਿਜ ਸਿੱਖਨ ਪੈ ਉਨਿ।
ਲੈ ਦੀਨੋ ਬਹੁ ਰਾਜ ਧਰਾ ਪੁਨ ॥ ੫੦ ॥

ਨਬੀ ਜਹੂਦਨ ਕੋ ਜਸੋਂ ਕਰਿ ਛੈ[1]।
ਨਿਜ ਉੱਮਤ ਕੋ[1] ਰਾਜ ਦਜੋ ਲੈ।
ਜਸੋਂ ਹਰਿਰਾਮ ਕ੍ਰਿਸ਼ਨ ਅਵਤਰ ਕੈ।
ਬਹੁ ਬਿਧਿ ਦੁਸ਼ਟ ਜਨਨ ਕੋ ਹਰ ਕੈ ॥ ੫੧ ॥
ਨਿਜ ਭਗਤਨ ਕੋ ਰਾਜ ਦਿਵਾਯੋ।
ਤਜੋਂ ਸਿੱਖਨ ਕੋ ਗੁਰੁਨਿ ਦਿਲਾਯੋ ॥ ੫੨ ॥

[1]ਜਿਵੇਂ ਮੁਹੰਮਦ ਸਾਹਿਬ ਨੇ ਯਹੂਦੀਆਂ ਨੂੰ ਮਾਰ ਕੇ।
[1]ਆਪਣੀ ਕੌਮ ਨੂੰ।

ਦੋਹਰਾ:

ਗੁਰੁ ਨਾਨਕੁ ਅਵਤਾਰ ਹਰਿ,
ਭਏ ਜਗਤਿ ਵਖਜਾਤ।
ਤਿਨ ਕੀ ਸੰਗਤ ਸਿੱਖ ਯਹਿ,
ਨਾਦੀ ਸੁਤ ਲਖ ਸਾਤ[1] ॥ ੫੩ ॥

[1]ਸੱਚ ਜਾਣੋ ਇਹ ਨਾਦੀ ਪੁੱਤਰ ਹਨ। {ਨਾਦੀ-ਪੁੱਤਰ- ਨਾਦ (ਉਪਦੇਸ਼ ਦੁਆਰਾ ਜਿਸ ਦਾ ਗੁਰੂ ਨਾਲ ਪੁੱਤਰ ਭਾਵ ਉਤਪੰਨ ਹੋਵੇ।)}

ਯਹਿ ਸੁਨਿ ਸ੍ਰੋਤਾ ਗਨ ਪੁਨਾ,
ਕਰੀ ਅਸ਼ੰਕਾ[1] ਐਸ।
ਗੁਰੁ ਨਾਨਕੁ ਅਵਤਾਰਿ ਹਰਿ,
ਭਯੋ ਕਹੋ ਤੁਮ ਕੈਸ ॥ ੫੪ ॥
ਸੁਨੋ ਸਜਨ ਗੁਰੁ ਜਸੋਂ ਭਏ,
ਪ੍ਰਗਟ ਹਰਿ ਅਵਤਾਰ।
ਸੰਸਾ ਦੈਹੁਂ ਮਿਟਾਇ ਤੁਵ,
ਕਹਿ ਪ੍ਰਮਾਣ ਉਦਾਰ[1] ॥ ੫੫ ॥
ਲਿਖਜੋ ਜੈਸ ਅਵਿਤਾਰ ਗੁਰੁ,
ਬਚਨ ਸੁਨੋ ਵਹਿ ਖਾਸ।
ਬੇਦ ਪੁਰਾਣ ਗੁਰੁ ਗ੍ਰੰਥ ਮੈਂ[1]
ਪੁਨ ਭਾਈ ਗੁਰਦਾਸ ॥ ੫੬ ॥

[1]ਸੰਸਾ, ਪ੍ਰਸ਼ਨ।

[1]ਚੰਗੇ ਸਬੂਤ।

[1]ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ।

ਤਥਾ ਹੀ: ਗੋਪਾਲ ਤਾਪਨੀ[1] ਉਪਨਿਸ਼ਦ* ਕਾ ਪ੍ਰਮਾਣ:ਤਥਾ ਹੀ: ਗੋਪਾਲ ਤਾਪਨੀ[1] ਉਪਨਿਸ਼ਦ* ਕਾ ਪ੍ਰਮਾਣ:
[1]ਕ੍ਰਿਸ਼ਨ ਜੀ ਦੇ ਸਤਿਕਾਰ ਵਿੱਚ ਲਿਖੀ ਇਕ ਉਪਨਿਸ਼ਦ ਜੋ ਬਿਬਲੀ ਉਬਿਕਾ ਇੰਡੀਕਾ ਵਿੱਚ ਪ੍ਰਕਾਸ਼ਤ ਹੋ ਚੁੱਕੀ ਹੈ।
*ਵੇਦ ਬ੍ਰਾਹਮਣਾਂ ਦੇ ਉਹ ਭਾਗ ਜਿਨ੍ਹਾਂ ਵਿੱਚ ਆਤਮ-ਵਿਦਿਆ ਦਾ ਵਰਣਨ ਹੈ। ਇਨ੍ਹਾਂ ਗ੍ਰੰਥਾਂ ਦੀ ਗਿਣਤੀ ੧੭੦ ਹੈ, ਪਰ ਮੁਖ ੧੦ ਹਨ।
*"ਸਚਦਾਨੰਦਰੂਪਾਯ ਕ੍ਰਿਸ਼ਨਾਯ ਕਲਿਸ਼ੁ ਕਰਮਣੇ ॥
*ਸਤਿ ਚਿਤ ਅਨੰਦ ਸਰੂਪ, ਕ੍ਰਿਸ਼ਨ ਸਰੂਪ, ਕਠੋਰ ਕਰਮਾਂ ਵਾਲੇ, ਵੇਦਾਂਤ ਨੂੰ ਜਾਨਣ ਵਾਲੇ, ਬੁੱਧੀ ਦੇ ਸਾਖੀ ਨੂੰ ਨਮਸਕਾਰ ਹੈ।
ਨਮੋ ਬੇਦਾਂਤ ਵੇਦਜਾਯ, ਗੁਰੁ ਵੇ ਬੁਧਿ ਸਾਖਣੈ ॥ "

ਔਰ– ਗੁਰੂ ਗੀਤਾ ਪ੍ਰਮਾਣ–

"*ਗੁਰੁਰ ਬ੍ਰਹਮਾ ਗੁਰੁਰ ਬਿਸ਼੍ਨੁ ਗੁਰੁਰ ਦੇਵ ਮੇਹਸ਼੍ਵਰ: ॥

*ਗੁਰੂ ਹੀ ਬ੍ਰਹਮਾ ਹੈ ਗੁਰੂ ਹੀ ਵਿਸ਼ਨੂੰ ਹੈ ਗੁਰੂ ਹੀ ਸ਼ਿਵ ਹੈ ਤੇ ਗੁਰੂ ਹੀ ਪਾਰਬ੍ਰਹਮ ਹੈ [ਤਸ ਮੈ] ਇਸ ਵਾਸਤੇ ਸ੍ਰੀ ਗੁਰੁਦੇਵ ਨੂੰ (ਮੇਰੀ) ਨਮਸਕਾਰ ਹੈ।

ਗੁਰੂਰੇਵ ਪਰੰਬ੍ਰਹਮ ਤਸ ਮੈ ਸ੍ਰੀ ਗੁਰੁ ਵੇ ਨਮ: ॥"

ਯਹਿ ਗੁਰੂ ਸ਼ਬਦ ਕੀਰੂਢੀ ਸ਼ਕਤੀ[1], ਬਿਨਾ ਗੁਰੂ ਨਾਨਕ ਜੀ ਸੈਂ ਹੋਰ ਕਿਸੀ ਅਵਤਾਰ ਯਾ ਅਚਾਰਯ[2] ਮੈ ਨਹੀ, ਜੋਗਕ ਹੈ*।

[1]ਸ਼ਬਦ ਦੇ ਅਰਥ ਦੀ ਉਹ ਸ਼ਕਤੀ ਜੋ ਧਾਤੂ, ਪ੍ਰਤਯ ਦੇ ਅਰਥ ਦੀ ਪ੍ਰਵਾਹ ਨ ਕਰ ਕੇ ਸ਼ਬਦ ਵਿੱਚ ਪ੍ਰਸਿੱਧ ਅਰਥ ਦਾ ਗਿਆਨ ਕਰਵਾਵੇ।

[2]ਧਰਮ ਦਾ ਉਪਦੇਸ਼ ਦਾਤਾ।

*'ਜੋਗਕ ਹੈ' ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ, ਦਿੱਲੀ ਤੇ ਲਾਹੌਰ ਐਡੀਸ਼ਨਾਂ 'ਚ ਇਹ ਪਾਠ ਨਹੀਂ ਹੈ।

*ਪੁਨਹ– ਭਾਗਵਤ ਕਾ ਪ੍ਰਮਾਣ:–

*'ਪੁਨਾ' ਤੋਂ 'ਨਹੀਂ ਲਿਖਾ' ਤੱਕ ਪਾਠ ਦਿੱਲੀ ਐਡੀਸ਼ਨ ਦਾ ਹੈ।

"ਅਥ ਸੌ ਯੁਗ ਸੰਧਯਾਯ ਦਸਜੂ ਪ੍ਰਾਯੇਖਰਾਜਸੂ[1] ॥

[1]ਹੁਣ ਸੌ ਯੁਗਾਂ ਦੇ {ਸੰਧਯਾਯਾ} ਛਪ ਜਾਣ ਭਾਵ ਪੂਰੇ ਹੋ ਜਾਣ (ਤੋਂ ਬਾਦ) ਦਸ ਹਜ਼ਾਰ ਤੱਕਰਾਜ ਸੂ ਯੱਗ (ਕਰਨ ਤੋਂ)

ਜਨਤਾ ਬਿਸ਼੍ਨੁ ਯਸ ਸੋ ਨਾਮਨਾ ਕਲਕੀ ਜਗਤਿ ਪਤਿ[1] ॥"

[1]{ਨਾਮਨਾ} ਪ੍ਰਸਿੱਧ ਜਗਤ ਪਤੀ ਕਲਕੀ (ਅਵਤਾਰ) ਵਿਸ਼ਨੂੰ ਯਸ਼ (ਦੇ ਘਰ ਪੁੱਤਰ) ਪੈਦਾ ਹੋਵੇਗਾ।

ਇਸ ਸਲੋਕ ਸੈਂ ਭੀ ਬਜਾਕਰਣ ਕੀ ਰੀਤਿ ਸੈਂ ਸ੍ਰੀ ਗੁਰੂ ਨਾਨਕ ਜੀ ਕਾ ਬਿਸ਼ਨ ਅਵਤਾਰ ਖਤ੍ਰੀਓਂ ਕੀ ਕੁਲ ਮੈ ਹੋਣਾ ਨਿਕਸੇ ਹੈ ਗੁਰੂ ਕੌਮੁਦੀ[1] ਮੈ ਉਕਤ ਬਚਨ ਸੈ ਭਲੀ ਪ੍ਰਕਾਰ ਅਵਤਾਰ ਗੁਰੂ ਨਾਨਕ ਜੀ ਕਾ ਹੋਣਾ ਸਿੱਧ ਕੀਆ ਹੈ ਜੋ ਦੇਖਣਾ ਚਾਹੈਂ ਸੋ ਵਹਾਂ ਸੈ ਦੇਖ ਲੇਵੈਂ। ਈਹਾਂ ਬਿਸਤਾਰ ਕੇ ਭਯ ਸੈਂ ਅਰਥ ਉਕਤ ਬਚਨੋ ਕਾ ਨਹੀਂ ਲਿਖਾ।

[1]ਰਾਮ ਨਰਾਯਣ ਕ੍ਰਿਤ ਇਕ ਸੰਸਕ੍ਰਿਤ ਗ੍ਰੰਥ ਜਿਸ ਵਿੱਚ ਗੁਰੂ ਨਾਨਕ ਦੇਵ ਅਤੇ ਸਤਿਗੁਰਾਂ ਨੂੰ ਹਿੰਦੂ ਸ਼ਾਸਤ੍ਰਾਂ ਦੇ ਪ੍ਰਮਾਣਾਂ ਅਨੁਸਾਰ ਸਿੱਧ ਕੀਤਾ ਹੈ।

ਔਰ ਭਵਿਖਤ ਪੁਰਾਣ ਮੈ ਪੂਰਨ ਅਵਿਤਾਰ ਸ੍ਰੀ ਗੁਰੂ ਨਾਨਕ ਜੀ ਕਾ ਹੋਣਾ ਲਿਖਾ ਹੈ। ਅਠਾਈਸਮੇਂ ਅਧਜਾਇ ਮੈ ਤੇਤੀਸਮੇਂ ਸ਼ਲੋਕ ਸੇ ਲੇ ਕਰ ਚੌਤਾਲੀਸਮੇ ਸ਼ਲੋਕ ਤੱਕ ਬਾਰਾਂ ਸ਼ਲੋਕੋਂ ਮੇਂ ਸ੍ਵਾਮਿ ਕਾਰਤਕ ਜੀ ਕੇ ਪ੍ਰਸ਼ਨ ਕਰਨੇ ਪਰ ਜੋ ਬ੍ਰਹਮਾ ਜੀ ਨੇ ਉੱਤ੍ਰ ਦੀਆ ਹੈ। ਵੋਹ ਸ਼ਲੋਕ* ਯਹਿ ਹੈਂ[1]– ਏਵੰ ਵੈ ਧਰਮਜ ਪ੍ਰਾਚੁਰਯੰ ਭਵਿਸ਼ਜਤਿ ਯਦਾ ਕਲੌ ॥੩੩॥ ਤਦਾ ਵੈ ਲੋਕਰਖਜਾਰਥੰ ਮਲੇਛਾਨਾ ਨਾਸ਼ ਹੇਤਵੇ ॥ ਪਸਿਚਮੇ ਤੁ ਸ਼ੁਭੇ ਦੇਸ਼ੇ ਵੇਦੀ ਵੰਸ਼ੇ ਚ ਨਾਨਕੌ ॥੩੪॥ ਨਾਮਨਾ ਭੁਵਿਰਾਜ ਰਿਖੀ ਬ੍ਰਹਮ ਗਜਾਨੈਕ ਮਾਨਸ: ॥ ਭਵਿਸ਼ਜਤਿ ਕਲੌ ਸਕੰਦ ਤਤ੍ਵ ਬਿੱਤਜ ਕਲਿਯਾ ਹਰੇ ॥੩੫॥ ਸ ਸ੍ਰੀ ਮਨਰਾਜ ਸਾਰਦੂਲਾਨੁਪਦਿੱਸ਼ਜਤਿ ਪੁਨਾ ॥ ਮਲੇਛਾਨ ਹਨਿਸ਼ਯੰਤਿ ਸਕੰਦ ਧਰਮ ਤੱਤੋਪਦੇਸ਼ ਕ੍ਰਿਤ ॥੩੬॥ ਤੇਨੋਪਦਿਸ੍ਟੰ ਮਾਰਗ ਵੈ ਯੇ ਗ੍ਰਹੀਸਯੰਤਿ ਭੂਮਿ ਪਾ: ॥ ਤੇ ਵੈਰਾਜ ਕਰਿਸ਼ਜੰਤਿ ਤਸਜਾ ਸਿਖਜਾਨੁਸਾਰਿਤਾ ॥੩੭॥ ਧਰਮੇਣਰਾਜਜ ਬ੍ਰਿਧਿਸਚ ਕਲੌ ਤੇਸਾਂ ਭਵਿਸ਼ਜਤਿ ॥ ਤੇਸਾਂਰਾਜਜਾਂਤ ਪਰੇ ਕਾਲੇ ਮਲੇਛਾ ਗੌਰ ਮੁਖਾ ਨ੍ਰਿਪਾ: ॥੩੮॥ ਪ੍ਰਬਲਾਸੰ ਭਵਿਸ਼ਯੰਤਿ ਸਕੰਦ ਪ੍ਰਜਾਰਖਜਣ ਤਤਪਰਾ ॥ ਅਲਪ ਕਾਲੇਨ ਤੇਸਾਂ ਤੁਰਾਜਜ ਬ੍ਰਿਧਿ ਭਵਸ਼ਜਤਿ ॥੩੯॥ ਨ੍ਰਿਪਬਲੰ ਹਿਰਸਯੰਤਿ ਗੌਰ ਵਰਣਾ ਗਜਾਯਨ ਗਾ: ॥ ਅਸ਼ੀਤਿ ਸ਼ਤਰਾਜਯੰਤੇ ਨੀਤਿ ਸ਼ਾਸਤ੍ਰਾਨੁਸਾਰਤਾ: ॥੪੦॥ ਕ੍ਰਿਤ੍ਵਾ ਪਸਚਿਮ ਦੇਸ਼ੀਯੇ ਨ੍ਰਿਪੈਰ ਯਾਸਯੰਤਜ ਦਰਸ਼ਨੰ ॥ ਯਦਾ ਬੇਦੇ ਚ ਬ੍ਰਿਪੇ ਚ ਬੈਰਮਬੇ ਚ ਵਿਸ਼ੁਜਧ ਧੀ ॥੪੧॥ ਤਦਾ ਨ੍ਰਿਪਾ ਬਿਜਯੰਤਿ ਮਲੇਛਾਨ ਧ੍ਰਮੰ ਪਰਾਜਜਨੁਖਾਨ ॥ ਤਸਮਿਨ ਕਾਲੇ ਖੰਡ ਨਾਥਾ ਸ਼ਤਸਸ੍ਰ ਸਹੱਸ੍ਰਸਾ: ॥੪੨॥ ਭਵਿਸ਼ਯੰਤਿ ਕਲੌ ਸਕੰਦਰਾਜਜ ਪਾਲਨਾ ਤਤਪਰਾ ॥ ਰਾਜ ਰਿਖਿ ਮਤ ਮਾਰਗੀਣਾ ਮਾਗਜਾ ਲੋਕੇ ਭਵਿਸ਼ਯਤਿ ॥੪੩॥ ਏਵ ਸਤ ਤ੍ਰਯੰਰਾਜਯੰ ਕ੍ਰਿਤ੍ਵਾ ਪਚਾਸ ਉਤਰੰ ॥ ਧ੍ਰਮੇਣੈਵ ਕਲੌ ਸਕੰਦ ਤਤ: ਸੰਸਜਾ ਗਮਿਸਜਤਿ: ॥੪੪॥

[1]{ਏਵੰ ਵੈ} ਇਸ ਪ੍ਰਕਾਰ {ਧਰਮਜ ਪ੍ਰਾਚੁਰਯੰ} ਜਦ ਧਰਮ ਦੀ ਸੱਤਾ ਕਮਜ਼ੋਰ ਹੋ ਰਹੀ ਹੋਵੇਗੀ ! {ਭਵਿਖਜਤਿ} ਆਉਣ ਵਾਲੇ ਸਮੇਂ ਵਿੱਚ ! ! {ਯਦਾ ਕਲੌ} ਜਦ ਕਲਜੁਗ ਹੋਵੇਗਾ ॥੩੩॥ {ਤਦਾ ਵੈ} ਤਾਂ ਉਸ ਸਮੇਂ {ਲੋਕਰਖਜਾਰਥੰ} ਲੋਕਾਂ ਦੀ ਰੱਖਿਆ ਲਈ ਅਤੇ {ਮਲੇਛਾਨਾ ਨਾਸ਼ ਹੇਤਬੇ} ਮਲੇਸ਼ ਪੁਣੇ ਦੇ ਨਾਸ ਵਾਸਤੇ ॥੩੪॥ {ਪਸਚਮੇ ਤੁ} ਤਾਂ ਪੱਛਮ ਦਿਸਾ ਦੇ {ਸ਼ੁਭੇ ਦੇਸੇ} ਉੱਤਮ ਦੇਸ਼ (ਪੰਜਾਬ) ਅੰਦਰ (ਬੇਦੀ ਬੰਸੇ

'ਚ} ਬੇਦੀ ਬੰਸ ਵਿੱਚ {ਨਾਨਕੌ} ਨਾਨਕ... ॥੩੪॥ {ਨਾਮਨਾ} ਨਾਮ ਦੇ ਰਾਜ ਰਿਖੀ ਦਾ {ਭੁਵਿ} ਅਵਤਾਰ ਹੋਵੇਗਾ ਜੋ {ਬ੍ਰਹਮ ਗ੍ਯਾਨੈਕ} ਬ੍ਰਹਮ ਤੋਂ ਹੀ ਗਿਆਨ (ਦੀਖ੍ਯਾ) ਲੈ ਕੇ ਆਵੇਗਾ {ਮਾਨਸ:} ਉਸ ਦਾ ਮਨੁੱਖ ਜਾਮਾ ਹੋਵੇਗਾ। ਉਹ {ਭਵਿਸ਼੍ਯਤਿ ਕਲੌ} ਆਉਣ ਵਾਲੇ ਕਲਜੁਗੀ ਸਮੇਂ ਦੇ {ਸਕੰਦ} ਝਗੜਿਆਂ {ਤਤ੍ਰ} ਉਸ ਸਮੇਂ ਦੇ ਜੀਵਾਂ ਦੇ {ਬਿੱਤਜ} ਦੁੱਖਾਂ ਅਤੇ {ਕਲਯਾ} ਕਲੇਸ਼ਾਂ ਨੂੰ {ਹਰ} ਨਾਸ ਕਰੇਗਾ ॥੩੫॥ {ਸ ਸ੍ਰੀ ਮਨ} ਉਸ (ਗੁਰੂ ਨਾਨਕ) ਨੂੰ ਸ਼੍ਰੋਮਣੀ ਸਤਿਗੁਰੂ ਮੰਨਣ ਵਾਲੇ {ਸ਼ਾਰਦੂਲਾਨੁ} ਜੋ ਸਿੰਘ ਹੋਣਗੇ {ਪਦਿੱਸ਼੍ਯਤਿ ਪੁਨਾ} (ਪੰਜਾਬ ਦੀਆਂ) ਉਪ ਦਿਸ਼ਾਂ ਵਿੱਚ ਬਾਰ ਬਾਰ। {ਮਲੇਛਾਨਾਂ} ਮਲੇਛਾਂ ਦਾ {ਹਿਨਸ਼੍ਯੰਤਿ} ਨਾਸ ਕਰਨਗੇ ਹੇ ਸਕੰਦ! {ਧਰਮ ਤੱਤੋਪਦੇਸ਼ ਕ੍ਰਿਤ} ਧਰਮ ਰੂਪੀ ਤੱਤ ਵਸਤੂ ਦਾ ਉਪਦੇਸ਼ ਕਰਨਗੇ ॥੩੬॥ {ਤੇਨੋਪਦਿਸ੍ਟੰ} ਤਾਂ ਉਸ ਗੁਰੂ ਦੇ ਦੱਸੇ ਹੋਏ {ਮਾਰਗ ਵੈ} ਮਾਰਗ (ਉਪਦੇਸ਼) ਨੂੰ {ਯੇ ਗ੍ਰਹੀਸ਼੍ਯੰਤਿ ਭੂਮਿ ਪਾ:} ਗ੍ਰਹਣ ਕਰੇਗਾ ਉਸ ਕੌਮ ਦਾ ਬਾਦਸ਼ਾਹ (ਮਹਾਰਾਜਾ ਰਣਜੀਤ ਸਿੰਘ) {ਤੇ ਵੈਰਾਜ੍ਯੰ ਕਰਿਸ਼੍ਯੰਤਿ} ਉਹਰਾਜ ਕਰੇਗਾ {ਤਸ੍ਯ ਸਿਖ੍ਯਾਨੁਸਾਰਿਤਾ} ਉਸ (ਗੁਰੂ) ਦੀ ਸਿੱਖਿਆ ਅਨੁਸਾਰ ॥੩੭॥ {ਧਰਮੇਣਰਾਜ੍ਯ ਬ੍ਰਿਧਿਸਚ} (ਉਹ) ਧਰਮ ਨਾਲ (ਆਪਣੇ) ਰਾਜ ਨੂੰ ਵਧਾਵੇਗਾ {ਕਲੌ ਤੇਸ਼ਾਂ ਭਵਿਸ਼੍ਯਤਿ} ਇਸ ਪ੍ਰਕਾਰ ਆਉਣ ਵਾਲੇ ਸਮੇਂ ਕਲਜੁਗ ਵਿੱਚ। {ਤੇਸਾਂਰਾਜ੍ਯਾਂਤ ਪਰੇ ਕਾਲੇ} ਉਸ ਦੇ ਰਾਜ ਦੇ ਅੰਤ ਤੋਂ ਕੁਝ ਸਮਾਂ ਬਾਦ {ਮਲੇਛਾ ਗੌਰ ਮੁਖਾ ਨ੍ਰਿਪਾ:} ਗੋਰੇ ਮੂੰਹਾਂ ਵਾਲੇ ਮਲੇਛ {ਅੰਗ੍ਰੇਜ਼} ਰਾਜੇ ਹੋਣਗੇ ॥੩੮॥ {ਪ੍ਰਬਲਾਸੰ ਭਵਿਸ਼੍ਯੰਤਿ} ਉਹ ਬਹੁਤ ਬਲੀ ਹੋਣਗੇ {ਸਕੰਦ} ਹੇ ਸਕੰਦ! {ਪ੍ਰਜਾਰਖ੍ਸਣ ਤਤਪਰਾ} ਅਤੇ ਪਰਜਾ ਦੀ ਰੱਖਿਆ ਲਈ ਤਿਆਰ-ਬਰ-ਤਿਆਰ (ਰਹਿਣਗੇ)। {ਅਲਪ ਕਾਲੇਨ ਤੇਸਾਂ} ਥੋੜ੍ਹੇ ਸਮੇਂ ਵਿੱਚ ਹੀ ਤਿਨਾ ਦਾ {ਤੁਰਾਜ੍ਯ ਬ੍ਰਿਧਿ ਭਵਿਸ਼੍ਯਤਿ} ਤਾਂਰਾਜ ਵਧ ਜਾਵੇਗਾ ਅੱਗੋਂ ਲਈ ॥੩੯॥ {ਨ੍ਰਿਪਬਲੰ ਹਰਿਸਯੰਤਿ} ਬਲਵਾਨਰਾਜਿਆਂ ਨੂੰ ਨਾਸ ਕਰਨਗੇ {ਗੌਰ ਵਰਣਾ ਗ੍ਯਾਯਾਨ ਗਾ:} ਗੋਰੇਰੰਗ ਵਾਲੇ (ਅੰਗ੍ਰੇਜ਼) ਵਿਦਵਾਨ (ਜੋ ਹਨ)। {ਅਸ਼ੀਤ ਸ਼ਤਰਾਜਯੰਤੇ} ਇਕ ਸੌ ਅੱਸੀ ਸਾਲਰਾਜ {ਨੀਤੀ ਸ਼ਾਸਤ੍ਰਨੁਸਾਰਤਾ} ਨੀਤੀ ਸ਼ਾਸਤ੍ਰ ਦੇ ਅਨੁਸਾਰ ॥੪੦॥ {ਕ੍ਰਿਤ੍ਵਾ ਪਸਚਮ ਦੇਸ਼ੀਯੇ ਨ੍ਰਿਪੈਰ} ਪੱਛਮ ਦੇਸ਼ ਦੇ ਰਾਜੇ (ਭਾਵ ਅੰਗ੍ਰੇਜ਼) ਕਰਨਗੇ {ਯਾਸਯੰਤਜ ਦਰਸਨੰ} ਸ਼ਾਸਤ੍ਰਾਂ ਦੇ ਅਨੁਕੂਲ ਹੁਕਮ। {ਯਦਾ ਬੇਦੇ ਚ ਵਿਪ੍ਰੇ ਚ} ਜਿਸ ਤਰ੍ਹਾਂ ਵੇਦਾਂ ਵਿੱਚ ਬ੍ਰਹਮਣ (ਗ੍ਰੰਥਾਂ) ਵਿੱਚ {ਬੈਰਮਬੇ ਚ ਵਿਸ਼ੁਜਧ ਧੀ} ਵੈਸ਼ਨਵ (ਗ੍ਰੰਥਾਂ) ਵਿੱਚ ਸ਼ੁੱਧ ਬੁੱਧੀ ਵਾਲਿਆਂ ਨੇ (ਲਿਖਿਆ ਹੋਇਆ) ਹੈ ॥੪੧॥ {ਤਦਾ ਨ੍ਰਿਪਾ ਬਿਜਯੰਤਿ} ਉਸ ਤੋਂ ਉਪ੍ਰਾਂਤ (ਦੇਸੀ) ਰਾਜਿਆਂ ਉਪਰ ਜਿੱਤ ਪ੍ਰਾਪਤ ਕਰਨਗੇ। {ਮਲੇਛਾਨ ਧ੍ਰਮੰ ਪਰਾਜਜਨੁਖਾਨ} ਮਲੇਛ (ਅੰਗ੍ਰੇਜ਼) ਜੋ ਧਰਮ ਤੋਂ ਬੇਮੁਖ ਹਨ। {ਤਸਮਿਨ ਕਾਲੇ} ਉਸ ਸਮੇਂ ਵਿੱਚ {ਖੰਡ ਨਾਥਾ} ਖੰਡਾਂ (ਰਿਆਸਤਾਂ) ਦੇ ਰਾਜੇ {ਸ਼ਤਸਸ੍ਰ ਸਹੱਸ੍ਰਸਾ:} ਸੈਂਕੜੇ ਤੇ ਹਜ਼ਾਰਾਂ ਹੀ ॥੪੨॥ {ਭਵਿਸ਼੍ਯੰਤਿ} ਹੋ ਜਾਣਗੇ {ਕਲੌ} ਕਲਜੁਗ ਵਿੱਚ {ਸਕੰਦ} ਹੇ ਸਕੰਦ {ਰਾਜਜ ਪਾਲਨਾ ਤਤਪਰਾ}ਰਾਜ (ਦੇ ਲੋਕਾਂ) ਦੀ ਪਾਲਣਾ ਕਰਨ ਵਿੱਚ ਤਿਆਰ-ਬਰ-ਤਿਆਰ। (ਉਸ ਤੋਂ ਬਾਦ) {ਰਾਜ ਰਿਖਿ ਮਤ ਮਾਰਗੀਣਾ}ਰਾਜ ਰਿਖੀ (ਗੁਰੂ ਨਾਨਕ) ਦੇ ਮਤ ਦੇ ਮਾਰਗ 'ਤੇ ਚੱਲਣ ਵਾਲੇ (ਸਿੱਖਾਂ) ਦੀ {ਮਾਗਜਾ} ਆਗਿਆ ਵਿੱਚ {ਲੋਕੇ ਭਵਿਸ਼੍ਯਤਿ} ਲੋਕ ਹੋਣਗੇ (ਭਾਵ ਸਿੰਘਾਂ ਦਾ ਰਾਜ ਹੋਵੇਗਾ) ॥੪੩॥ {ਏਵ} ਇਸ ਤਰ੍ਹਾਂ {ਸਤ ਤ੍ਰਯੰ} ਤਿੰਨ ਸੌ ਸਾਲ (ਸਿਖ) {ਰਾਜਯੰ ਕ੍ਰਿਤ੍ਵਾ}ਰਾਜ ਕਰਨਗੇ {ਪਚਾਸ ਉਤਰੰ} ਪੰਜਾਹ (੫੦) ਸਾਲ ਉਪਰ (ਭਾਵ ਤਿੰਨ ਸੌ ਪੰਜਾਹ ਸਾਲ)। {ਧ੍ਰਮੇਣੈਵ} ਧਰਮ ਦਾ (ਰਾਜ) {ਕਲੌ ਸਕੰਦ} ਕਲਜੁਗ ਵਿੱਚ ਹੇ ਸਕੰਦ! (ਤਤ:) ਤਿਸ (ਸਮੇਂ) {ਸੰਸਜਾ ਗਮਿਸਜਤਿ:} ਸੰਸੇ ਚਲੇ ਜਾਣਗੇ (ਭਾਵ ਦੂਰ ਹੋ ਜਾਣਗੇ) ॥੪੪॥

*ਭਵਿਖਤ ਪੁਰਾਣ ਦੇ ਇਨ੍ਹਾਂ ਸ਼ਲੋਕਾਂ ਦਾ ਪਾਠ ਅਸਾਂ ਲਾਹੌਰ ਐਡੀਸ਼ਨ, ਅੰਮ੍ਰਿਤਸਰ ਐਡੀਸ਼ਨ ਅਤੇ ਤਵਾਰੀਖ ਗੁਰੂ ਖਾਲਸਾ ਨਾਲ ਮੇਲ ਕੇ ਲਿਖੇ ਹਨ ਜੋ ਗਿਆਨੀ ਜੀ ਦੀ ਮੌਜੂਦਗੀ 'ਚ ਛਪੇ ਸਨ।

ਪਦ ਅਰਥ ਇਨ ਸ਼ਲੋਕੋ ਕਾ ਬਹੁਤ ਹੈ ਵਿਦਵਾਨ ਆਪ ਹੀ ਸਮਝ ਲੇਵੇਂਗੇ ਭਾਵ-ਅਰਥ ਕਿੰਚਤ[1] ਯਹਿ ਹੈ ਜੋ ਸ੍ਰਬੱਗਜ ਮੁਨੀ ਬਿਆਸ ਜੀ ਨੇ ਕਹਾ ਹੈ ਭਵਿਖਤ ਕਥਾ ਕੇ ਪ੍ਰਸੰਗ ਮੇ, ਕਲਜੁਗ ਕੇ ਪ੍ਰਥਮ ਚਰਣ ਮੈ ਧ੍ਰਮਰਖਜਾ ਕੇ ਲੀਏ ਭਗਤੀ ਸਹਿਤ ਬ੍ਰਹਮ ਗਜਾਨ ਮਤ ਪ੍ਰਚਾਰ ਕਰਨੇ ਵਾਲੇ ਪੱਛਮ ਦੇਸ ਬੇਦੀ ਬੰਸ ਮੈ ਸ੍ਰੀ ਗੁਰੂ ਨਾਨਕ ਜੀ ਪ੍ਰਮੇਸਰ ਕਾ ਅਵਤਾਰ ਹੋਨਗੇ। ਤਿਸ ਕੇ ਅਨੁਸਾਰੀ ਸਿੰਘ ਕੁਛ ਦਿਨਰਾਜ ਕਰਨਗੇ। ਫਿਰ ਤਿਨੋ ਤੇ ਗੋਰੇ ਮੁੰਹ ਵਾਲੇ ਮਲੇਛਰਾਜ ਖੋਸ ਕਰ ਬਹੁਤ ਸ਼ੀਘ੍ਰ ਅਪਨਾ ਪ੍ਰਤਾਪ ਬਢਾ ਲੇਵੇਂਗੇ ਪ੍ਰਜਾ ਕੀਰਖਜਾ ਕਰੇਂਗੇ ਏਕ ਸੌ ਅੱਸੀ ਬਰਸ ਤਕ ਪੰਜਾਬ ਮੈਂ, ਔਰ ਹਿੰਦ ਮਾਤ੍ਰ ਮੈ ੩੫੦ ਬਰਸਰਹੇਂਗੇ ਫਿਰ ਉਨ ਕੇ ਪੀਛੇਰਾਜ ਰਿਖੀ ਕੇ ਸਿਸੋਂ ਕਾਰਾਜ ਹੋਵੇਗਾ। ਐਸੇ ਹੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਭੀ ਬਹੁਤ ਬਚਨ ਸ੍ਰੀ ਗੁਰੂ ਜੀ ਕੋ ਹਰੀ ਅਵਤਾਰ ਕਥਨ ਕਰਤੇ ਹੈਂ। ਯਥਾ- "ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ ॥" (ਮਾਰੂ ਸੋਲਹੇ ਮਹਲਾ ੧, ਪੰ: ੧੦੪੩) "ਸਬਦੇਰਵਿਰਹਿਆ ਗੁਰਰੂਪਿ ਮੁਰਾਰੇ ॥" (ਤੁਖਾਰੀ ਮਹਲਾ ੧, ਪੰ: ੧੧੧੨) "ਗੁਰ ਨਾਨਕ ਦੇਵ ਗੋਵਿੰਦਰੂਪ ॥" (ਬਸੰਤ ਮਹਲਾ ੫, ਪੰ: ੧੧੯੨) "ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆਰੇ।" (ਸੋਰਠਿ ਮਹਲਾ ੫, ਪੰ: ੬੧੨) ਪੁਨਾ, ਸ੍ਵੈਯੋਂ ਮੈਂ ਲਿਖਾ ਹੈ- "ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥" (ਸਵਯੇ ਮਹਲੇ ੩ ਕੇ, ਪੰ: ੧੩੯੫) ਔਰ- ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥ ਤ੍ਰੈਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥ ਦੁਆਪਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ[2] ਕੀਓ ॥ ਉਗ੍ਰਸੈਣ ਕਉਰਾਜੁ ਅਭੈ ਭਗਤਹ ਜਨ ਦੀਓ ॥" (ਸਵਯੇ ਮਹਲੇ ਪਹਿਲੇ ਕੇ, ਪੰ: ੧੩੯੦) ਔਰ ਭਾਈ

ਗੁਰਦਾਸ ਜੀ ਨੇ ਭੀ ਲਿਖਾ ਹੈ– ਸੁਣੀ ਪੁਕਾਰਿ ਦਾਤਾਰ ਪ੍ਰਭ ਗੁਰੁ ਨਾਨਕ ਜਗ ਮਾਹਿ ਪਠਾਇਆ ॥ (ਵਾਰ ੧, ਪੰ: ੨੩) ਔਰ– ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗਿ ਚਾਨਣ ਹੋਆ ॥ (ਵਾਰ ੧, ਪੰ: ੨੨) ਔਰ– ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਕੋ ਭੀ ਜੋ ਅਵਤਾਰ ਧਾਰਣ ਦੇ ਵਾਸਤੇ ਅਕਾਸ਼ ਬਾਣੀ ਹੋਈ ਸੀ ਸੋ ਓਹ ਆਪਣੀ ਕ੍ਰਿਤ ਬਚਿੱਤ੍ਰ ਨਾਟਕ ਨਾਮ ਗ੍ਰੰਥ ਮੇਂ ਇਸ ਤੌਰ ਸੇ ਲਿਖੀ ਹੈ– ਸ੍ਰੀ ਅਕਾਲ ਪੁਰਖ ਵਾਚ– ਚੌਪਈ:

[1]ਥੋੜ੍ਹਾ ਜਿਹਾ, ਸੰਖੇਪ ਮਾਤ੍ਰ। [2]ਸਫਲ, ਮੁਕਤ। ਮੈ ਅਪਨਾ ਸੁਤ[1] ਤੋਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕਉ ਸਾਜਾ। ਜਾਹ ਤਹਾ ਤੈ ਧਰਮ ਚਲਾਇ। ਕੁਬੁਧਿ ਕਰਨ ਤੇ ਲੋਕ ਹਟਾਇ ॥੨੯॥ ਸੋ ਅਬ ਬਿਚਾਰ ਕਰ ਦੇਖਹੁ ਜਬ ਅਕਾਲ ਪੁਰਖ ਨੇ ਅਪਨਾ ਫਰਜ਼ੰਦ ਠਹਿਰਾ ਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋ ਧਰਮ ਪੰਥ ਕੇ ਬ੍ਰਿਧ ਕਰਨੇ ਕੌ ਜਗਤ ਮੈ ਭੇਜਿਆ ਸੋ ਪਿਤਾ ਪੁੱਤ੍ਰ ਏਕ ਹੀਰੂਪ ਹੋਤੇ ਹੈਂ।

[1]ਪੁੱਤਰ।

ਜੈਸੇ– 'ਆਤਮਾ ਵੈ ਜਾਯਤੇ ਪੁਤ੍ਰਾ:[1] ' ਯਹ ਸ੍ਰੁਤੀ[2] ਹੈ। ਔਰ ਸ੍ਰੀ ਗੁਰੂ ਨਾਨਕ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਏਕ ਹੀਰੂਪ ਮਾਨੇ ਜਾਤੇ ਹੈਂ ਜੈਸੇ ਕਿ ਦਸਮ ਪਾਤਸ਼ਾਹ ਜੀ ਕਾ ਬਚਨ ਹੈ– "ਆਦਿ ਅੰਤ ਏਕੈ ਅਵਤਾਰਾ।

[1]ਜਿਸ ਨੂੰ ਆਤਮਾ ਪੈਦਾ ਕਰਦਾ ਹੈ ਉਹ ਪੁੱਤਰ ਹੈ। [2]ਵੇਦ ਦੀ ਤੁਕ।

ਸੋਈ ਗੁਰੂ ਸਮਝੀਅਹੁ ਹਮਾਰਾ ॥" ਇਸ ਕਾ ਅਰਥ ਇਹ ਹੈ ਕਿ ਜੋ ਏਕ ਪ੍ਰਮੇਸਰ ਹਮੇਸ਼ੈ ਅਵਤਾਰ ਧਾਰਤਾਰਹਾ ਹੈ ਔਰ ਧਾਰੇਗਾ ਵੋਹੀ ਸ੍ਰੀ ਗੁਰੂ ਨਾਨਕ ਜੀ ਹਮਾਰਾ ਗੁਰੂ ਸਮਝੋ।

ਇਸ ਸੈਂ ਭੀ ਗੁਰੂ ਨਾਨਕ ਜੀ ਕਾ ਹਰੀ ਅਵਤਾਰ ਹੋਣਾ ਸਿੱਧ ਹੁਆ।

ਔਰ ਗੀਤਾ ਮੇਂ ਭੀ ਸ੍ਰੀ ਕ੍ਰਿਸ਼ਨ ਭਗਵਾਨ ਨੇ ਕਿਹਾ ਹੈ ਕਿ ਜਬ ਜਬ ਧਰਮ ਕੀ ਹਾਨੀ ਹੋਤੀ ਹੈ ਤਬ ਤਬ ਮੈ ਅਵਤਾਰ ਧਾਰ ਕਰ ਦੁਸ਼ੂੰ ਕੋ ਦੂਰ ਕਰ ਸਾਧੂਆਂ ਕੀ ਪਾਲਨਾ ਵੈਦਕ ਧਰਮ[1] ਕੀ ਬ੍ਰਿਧੀ ਕਰਤਾ ਹੂੰ। ਇਸ ਤੇ ਬੀ ਠੀਕ ਸਹੀ ਹੈ ਜੋ ਉਸ ਸਮੇਂ ਅਧਰਮ ਬਹੁਤ ਬਢਰਹਾ ਥਾ ਔਰ ਧਰਮ ਬਿਲਕੁਲ ਦਬਰਹਾ ਥਾ ਜੈਸੇ ਗੁਰੂ ਜੀ ਕਾ ਬਚਨ ਹੈ– ਕਲਿ ਕਾਤੀਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ (ਵਾਰ ਮਾਝ ਸਲੋਕ ਮਹਲਾ ੧, ਪੰ: ੧੪੫) ਓਸ ਵਖਤ ਇਹ ਦਸ਼ਾ ਠੀਕ ਹੋਰਹੀ ਥੀ ਸ੍ਰੀ ਗੁਰੂ ਨਾਨਕ ਜੀ ਨੇ ਅਪਨੀ ਬਾਣੀ ਕੀ ਬਰਕਤ ਸੈਂ ਸਭ ਲੋਗੋਂ ਕੋ ਪ੍ਰਮੇਸਰ ਕੀ ਤਰਫ਼ ਲਗਾ ਕਰ ਧਰਮ ਕੇਰਾਹ ਪਰ ਚਲਾਯਾ। ਔਰ ਕਾਮ ਭੀ ਗੁਰੂ ਸਾਹਿਬੋਂ ਨੇ ਐਸੇ ਐਸੇ ਕੀਏ ਹੈਂ ਜੋ ਸਿਵਾਇ ਈਸ਼੍ਵਰਾਵਤਾਰ ਸੈਂ ਔਰ ਕੋਈ ਨ ਕਰ ਸਕੇ, ਇਸ ਸੇ ਭੀ ਗੁਰੂ ਜੀ ਕਾ ਹਰੀ ਅਵਤਾਰ ਹੋਣਾ ਸਹੀ ਹੈ।

[1]ਆਸਤਕ ਧਰਮ।

ਤੋਟਕ ਛੰਦ:

ਹਮ ਪੂਰਬ ਜੋ ਪ੍ਰਮਾਣ[1] ਕਹੇ।
ਵਹਿ ਗੋਣ ਪੁਰਾਨਨ ਕੇਰ ਅਹੇ[1]।

[1]ਸਬੂਤ

[1]ਉਹ ਪੁਰਾਣਾਂ ਦੇ ਪ੍ਰਮਾਣ ਗੌਣ ਪ੍ਰਮਾਣ ਹਨ {ਗੌਣ=ਸਧਾਰਨ, ਸਮਾਨ, ਜੋ ਮੁੱਖ ਨ ਹੋਵੇ।}

ਯਹਿ ਗ੍ਰੰਥ ਗੁਰੂ ਕੇ ਮੁੱਖ ਲਖੋ[1]।
ਪੁਨ ਸਹੀ ਮਾਨ ਦਿਲ ਠਾਨ[1] ਰਖੋ ॥੫੭॥

[1]ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਮਾਣ ਮੁੱਖ ਪ੍ਰਮਾਣ ਜਾਣੋ।

[1]ਟਿਕਾ ਕੇ।

ਜਿਮ ਬੇਦ ਹਰੀ ਕ੍ਰਿਤ ਲੋਗ ਲਹੈਂ[1]।

[1]ਜਿਵੇਂ ਲੋਕ ਜਾਣਦੇ ਹਨ ਕਿ ਵੇਦ ਹਰੀ ਦੇ (ਉਚਾਰਨ) ਕੀਤੇ ਹੋਏ ਹਨ।

ਪੁਨ ਤਾ ਮਹਿ[1] ਬੇਦ ਪ੍ਰਮਾਨ ਕਹੈਂ।
ਤਿਮ ਗੁਰੂਅਨ ਕੇ ਅਵਤਾਰ ਵਿਖੇ।
ਹਮ ਗ੍ਰੰਥ ਗੁਰੂ ਪ੍ਰਮਾਨ ਲਿਖੇ ॥੫੮॥
ਜਿਮ ਰਾਮ ਕ੍ਰਿਸ਼ਨ ਅਵਤਾਰ ਭਏ।

[1]ਤਿਸ (ਦੀ ਪੁਸ਼ਟੀ) ਵਿੱਚ।

ਬਹੁ ਭਾਂਤਿ ਤਿਨੋ ਕੇ ਗ੍ਰੰਥ ਕਏ[1]।
ਤਿਨ ਵੀਚ ਵਹੀ ਅਵਤਾਰ ਭਨੇ।
ਤਿਮ ਜੈਨਨ ਕੇ ਇਮ ਲੇਹੁ ਗਨੇ ॥ ੫੯ ॥
$ਜਿਮ ਈਸਾ ਹੇਤ ਅੰਜੀਲ ਭਨੇ।
ਪ੍ਰਭ ਕਾ ਸੁਤ ਮਾਨਤਿ ਤਾਂਹਿ ਤਿਨੇ।
ਅਰ ਕਹਜੋ ਮੁਹੰਮਦ ਵੀਚ ਕੁਰਾਂ[1]।
ਪੈਗੰਬਰ ਮਾਨਤਿ ਮੁਸਲਮਾਂ* ॥ ੬੦ ॥

[1]ਕੀਤੇ ਹੋਏ, ਬਣਾਏ ਹੋਏ।

[1]ਕੁਰਾਨ।

*'ਜਿਮ ਈਸਾ' ਤੋਂ 'ਮੁਸਲਮਾਂ' ਤੱਕ ਚਾਰ ਤੁਕਾਂ ਅੰਮ੍ਰਿਤਸਰ ਐਡੀਸ਼ਨ ਦੀਆਂ ਹਨ।

ਤਿਮ ਗੁਰ ਨਾਨਕ ਅਵਤਾਰ ਹਰੀ।
ਲਖ ਸਿੱਧ ਭਯੋ ਸਭਿ ਭਾਂਤਿ ਭਰੀ[1]।
ਜਿਸ ਕਾਰਣ ਹਰਿ ਗੁਰ ਰੂਪ ਧਰਾ।
ਵਹਿ ਹੇਤੁ[1] ਸੁਨੋ ਅਬ ਕਹੋਂ ਖਰਾ ॥ ੬੧ ॥
ਜਬ ਹੋਇ ਸੁ ਧ੍ਰਮ ਕੀ ਹਾਨ ਪਰੈ[1]।
ਤਬ ਹੀ ਤਬ ਈਸ ਸਰੂਪ ਧਰੈ।
ਜਗ ਧਰਮ ਬਿਰੁੱਧਨ ਕੋ ਹਨ ਕੈ।
ਕਰਿ ਰੱਛਿ ਸੁ ਧਰਮੈ ਨਿਜ ਜਨ ਕੈ ॥ ੬੨ ॥

[1]ਜਾਣੋ ਸਭ ਤਰ੍ਹਾਂ ਭਲੀ ਪ੍ਰਕਾਰ ਸਿੱਧ ਹੋ ਗਿਆ ਹੈ।

[1]ਕਾਰਨ।

[1]ਧਰਮ ਦੀ ਹਾਨੀ ਹੋਣ ਲੱਗ ਪਵੇ।

ਯਹਿ ਰੀਤਿ ਸਨਾਤਨ[1] ਆਤਿ ਚਲੀ।
ਬਹੁ ਗ੍ਰੰਥਨ ਵੀਚ ਲਿਖੀ ਸੁ ਭਲੀ।
ਕਬਹੂੰ ਗਹਿ ਖੱਗ[1] ਸੁਧਾਰਤਿ ਹੈ।
ਕਬਿ ਹੋਇ ਅਚਾਰਜ ਪਾਰਤਿ ਹੈ[1] ॥ ੬੩ ॥
ਜਿਹਿ ਹੇਤ ਹਰੀ ਨਿਜ ਰੂਪ ਧਰੇ।
ਵਹਿ ਨਾਮ ਤਨਕ[1] ਅਬ ਕਹੋਂ ਭਰੇ[2]।
ਸੁਨਿ ਕੈ ਜਿਹ ਸੰਕ[1] ਤੁਮਾਰ ਨਸੈ।
ਗੁਰ ਕਾ ਅਵਤਾਰ ਸੁ ਚਿੱਤ ਬਸੈ ॥ ੬੪ ॥

[1]ਸਿੱਧ ਹੋਣ ਤੋਂ ਬਾਅਦ।

[1]ਤਲਵਾਰ ਪਕੜ ਕੇ।

[1]ਧਰਮ ਦਾ ਉਪਦੇਸ਼ਕ ਹੋ ਕੇ ਪਾਲਦਾ ਹੈ।

[1]ਥੋੜੇ ਜਿਹੇ। [2]ਭਲੀ ਤਰ੍ਹਾਂ।

[1]ਸੰਸਾ।

ਜਬ ਯਾ ਜਗ ਮੈ ਹਿਰਨਾਛ[1] ਭਯੋ।
ਧਰਨੀ[1] ਬਹੁ ਦੁਖ ਅਪਾਰ ਦਯੋ।
ਧਰਿ ਰੂਪ ਬਰਾਹਿ[1] ਹਨਜੋ[2] ਤਿਸ ਕੋ।
ਫਿਰ ਔਰ ਭਯੋ ਦੁਖਦਾ ਬਿਸੁ ਕੋ[1] ॥ ੬੫ ॥
ਨਰ ਸਿੰਘਰੂਪ ਹ੍ਵੈ ਤਾਹਿ ਦਲਜੋ।
ਪੁਨ ਬਾਵਨ ਹ੍ਵੈ ਬਲਿ ਕੋ ਸੁ ਛਲਜੋ।

[1]ਹਰਨਾਖਸ਼ ਦਾ ਭਰਾ ਹਿਰਣਕੱਛਪ।

[1]ਸ੍ਰਿਸ਼ਟੀ ਨੂੰ।

[1]ਸੂਰ। [2]ਮਾਰਿਆ।

[1]ਸੰਸਾਰ ਨੂੰ ਦੁਖ ਦੇਣ ਵਾਲਾ (ਹਰਨਾਖਸ਼)।

ਪੁਨ ਪਰਸਰਾਮ ਹ੍ਵੈ ਪ੍ਰੱਸ[1] ਧਰਜੋ। [1]ਕੁਹਾੜਾ।
ਨ੍ਰਿਪ ਸਹੰਸ੍ਰ ਬਾਹੁ ਕੋ[1] ਦੂਰ ਕਰਜੋ ॥ ੬੬ ॥ [1]ਹਜ਼ਾਰ ਬਾਹਾਂ ਵਾਲੇ ਰਾਜੇ ਨੂੰ।
ਰਘੁਵੰਸ਼ਨ ਮੈਂ ਬਰ ਰਾਮ ਭਯੋ।
ਦਸ ਆਨਨ ਕੋ ਰਨਿ ਹਾਨ ਕਯੋ[1]। [1]ਦਸਾਂ ਮੂੰਹਾਂ ਵਾਲੇ ਰਾਵਣ ਨੂੰ ਜੰਗ ਵਿੱਚ ਮਾਰਿਆ।
ਜਦੁ ਨੰਦਨ ਹ੍ਵੈ ਕਰਿ[1] ਕੰਸ ਹਰਾ। [1]ਕ੍ਰਿਸ਼ਨ ਹੋ ਕੇ।
ਕਰਿ ਭਾਰਥ[1] ਕੈਰਵ ਬੰਸ ਦਰਾ ॥ ੬੭ ॥ [1]ਮਹਾਂ ਭਾਰਤ ਦਾ ਜੰਗ।
ਫਿਰ ਬਜਾਸ ਬਪੁ ਧਰਿ ਬੇਦ ਮਥੇ[1]। [1]ਵਿਚਾਰੇ।
ਦਸ ਆਠ ਪੁਰਾਨ[1] ਮਹਾਨ ਕਥੇ। [1]ਅਠਾਰਾਂ ਪੁਰਾਣ।
ਬਹੁ ਭੂਪਨ ਕੇ ਇਤੀਹਾਸ ਭਨੇ।
ਨਿਜ ਸਿਖ ਜਹਾਂ ਤਹ ਕੀਨ ਘਨੇ ॥ ੬੮ ॥
ਪਿਛਲੇ ਬਿਵਹਾਰ[1] ਹਟਾਇ ਸਭੀ। [1]ਰਸਮੋ-ਰਿਵਾਜ।
ਮਨ ਭਾਵ ਤਰਾਹਿ ਚਲਾਇ ਤਬੀ।
ਅਬਿ ਲੌ ਜਗ ਜ਼ਾਹਰ ਆਹਿ ਜਿਤੇ।
ਯਹਿ ਬਜਾਸ ਕਰੇ ਬਿਵਹਾਰ ਤਿਤੇ ॥ ੬੯ ॥
ਇਕ ਈਸ਼ਰ ਨਾਹਿ ਬਿਧਾਨ[1] ਕਰਜੋ। [1]ਪੱਕਾ ਨਿਯਮ।
ਰਮਏਸ਼[1], ਮਹੇਸ਼[2], ਗਨੇਸ਼ ਰਰਜੋ। [1]ਵਿਸ਼ਨੂੰ। [2]ਸ਼ਿਵ।
ਸ਼ਕਤੀ, ਰਵਿ ਪਾਂਚ ਉਪਾਸ[1] ਥਪੇ। [1]ਜਿਨ੍ਹਾਂ ਦੀ ਉਪਾਸ਼ਨਾ ਕੀਤੀ ਜਾਵੇ, ਈਸ਼ਰ।
ਇਨ ਕੇ ਸਭ ਹੀ ਜਨ ਜਾਪ ਜਪੇ ॥ ੭੦ ॥
ਅਰਚਾ ਅਵਤਾਰ ਸਿਲਾਦਿ ਘਨੇ[1]। [1]ਪੂਜਾ ਅਵਤਾਰਾਂ ਤੇ ਪੱਥਰਾਂ ਆਦਿ ਦੀ ਬਹੁਤੇ (ਲੋਗ ਕਰਨ ਲਗ ਪਏ)।

ਉਨ ਬੀਸ ਪਚੀਸਕ ਈਸ ਭਨੇ।
ਬਿਧਿ ਔਰ ਅਨੇਕਨ ਜਾਲ ਰਚੇ।
ਜਨ ਕੋਇਕ ਜਿਨ ਤੇ ਨਾਹਿ ਬਚੇ ॥ ੭੧ ॥
ਇਮ ਈਸ ਘਨੇ ਠਟ[1] ਸੇਵ ਕਰੈਂ। [1]ਬਣਾ ਕੇ।
ਜਨ ਆਪਸ ਮਾਂਹਿ ਬਿਬਾਦ ਧਰੈਂ।
ਇਕ ਈਸ਼ ਉਪਾਸ਼ਨ ਛੂਟ ਗਈ।
ਸਭ ਹੀ ਜਨ ਕੀ ਮਤਿ ਮੂਠਿ ਗਈ[1] ॥ ੭੨ ॥ [1]ਲੁੱਟੀ ਗਈ।
ਫਿਰ ਬੁੱਧ[1] ਭਯੋ ਨ੍ਰਿਪ ਯਾ ਜਗ ਮੈ। [1]ਮਹਾਤਮਾ ਬੁੱਧ।
ਤਿਨ ਲੋਗ ਕਰੇ ਬਹੁ ਸ੍ਵੈ ਮਗ ਮੈ।
ਅਪਨੋ ਪਰਤਾਪ ਦਿਖਾਇ ਭਲੇ।

ਸਭਿ ਲੋਗਨ ਕੇ ਮਨ ਖੂਬ ਛਲੇ ॥ ੭੩ ॥
ਤਿਹ ਚਾਰ ਵਾਕੀਏ[1] ਬੌਧ[2] ਭਏ।
[1]ਚਾਰ ਵਾਕ ਨਾਮ ਦੇ ਮੁਨੀ ਦਾ ਚਲਾਇਆ ਮੱਤ ਮੰਨਣ ਵਾਲੇ। ਇਹ ਨਾਸਤਕ ਹਨ, ਦੇਹ ਤੋਂ ਵੱਖਰਾ ਆਤਮਾ ਨਹੀਂ ਮੰਨਦੇ। ਸੰਸਾਰ 'ਚ ਸੁਖ ਭੋਗਣਾ ਮੁਖ ਪੁਰਸ਼ਾਰਥ ਹੈ। ਚਾਰ ਤੱਤਾਂ ਤੋਂ ਸਾਰੀ ਸ੍ਰਿਸ਼ਟੀ ਤੇ ਚੇਤਨਤਾ ਦੀ ਉਤਪਤੀ ਮੰਨਦੇ ਹਨ, ਪ੍ਰਲੋਕ ਤੇ ਦੂਜਾ ਜਨਮ ਨਹੀਂ, ਮਰ ਜਾਣਾ ਹੀ ਮੁਕਤੀ ਮੰਨਦੇ ਹਨ। [2]ਬੁੱਧ ਮੱਤ ਨੂੰ ਮੰਨਣ ਵਾਲੇ।

ਜਗ ਜੈਨ[1] ਢੂਡੀਏ[2] ਪੂਜ[3] ਛਏ[11]।
[1]ਰਿਸ਼ਭ ਦੇਵ ਦੇ ਮੱਤ ਨੂੰ ਮੰਨਣ ਵਾਲੇ। [2]ਚਿਟ ਕਪੜੀਏ ਜੈਨੀ ਸਾਧੂ। [3]ਜੈਨ ਮਤ ਦਾ ਸਾਧੂ ਜਿਸ ਨੂੰ ਜੈਨੀ ਗ੍ਰਿਹਸਥੀ ਪੂਜਨੀਕ ਮੰਨਦੇ ਹਨ। [11]ਫੈਲ ਗਏ।

ਬ੍ਰਤ ਤੀਰਥ ਦੇਵ ਸਥਾਨ ਲੁਪੇ[1]।
[1]ਛੁਪ ਗਏ।

ਨਿਗਮਾਗਮ ਕੇ ਸਬਿ ਗੈਲ ਗੁਪੇ[1] ॥ ੭੪ ॥
[1]ਵੇਦਾਂ ਸ਼ਾਸਤ੍ਰਾਂ ਦੇ ਸਾਰੇ ਮਾਰਗ ਗੁਪਤ ਹੋ ਗਏ।

ਜਨ ਜੰਤ੍ਰਨ ਮੰਤ੍ਰਨ ਤੰਤ੍ਰਨ ਮੈਂ।
ਪਰਗੇ ਬਸ ਮਾਰਗ ਅੰਤ੍ਰਨ ਮੈਂ[1]।
[1]ਹੋਰ ਮੱਤਾਂ ਦੇ ਵੱਸ ਵਿੱਚ ਪੈ ਗਏ।

ਮਤ ਬੌਧਨ ਕੋ ਜਗ ਛਾਯ ਗਯੋ।
ਇਕ ਈਸ੍ਵਰ ਸੇਵਨ ਲੋਪ ਭਯੋ ॥ ੭੫ ॥
ਫਿਰ ਸ਼ੰਕਰ[1] ਰੂਪ ਭਏ ਤਬ ਹੀ।
[1]ਸ਼ੰਕਰਾਚਾਰਯ।

ਮਤ ਖੰਡਿ ਪਖੰਡਨ ਕੇ ਸਬ ਹੀ।
ਮਤ ਬੈਦਕ ਫੇਰ ਉਬਾਰ ਧਰਜੋ।
ਉਪਦੇਸ਼ ਬਿਦਾਂਤ ਸਿਧਾਂਤ ਕਰਜੋ ॥ ੭੬ ॥
ਸ਼ਿਵਲਿੰਗ ਸੁ ਪੂਜਨ ਹੇਤ ਥਪਜੋ।
ਸ਼ਿਵਹੰ ਸ਼ਿਵਹੰ[1] ਯਹਿ ਜਾਪ ਜਪਜੋ।
[1]ਮੈਂ ਸ਼ਿਵ ਹਾਂ।

ਬਹੁ ਲੋਗ ਨਿਜੰ ਸ਼ਿਵ ਰੂਪ ਲਹੈਂ।
ਬਧ ਗਜਾਨ[1] ਗਹਜੋ ਹਰਿ ਗਜਾਨ ਕਹੈਂ ॥ ੭੭ ॥
[1]ਚੁੰਚ ਗਿਆਨ, ਕਥਨੀ ਦਾ ਗਿਆਨ।

ਪੁਨ ਭੇਖ ਸਨਜਾਸ ਜੁ ਖਾਸ ਕਯੋ[1]।
[1](ਸ਼ੰਕਰਾਚਰਯ ਨੇ) ਆਪ ਧਾਰਨ ਕੀਤਾ।

ਉਨਿ ਆਪਹਿ ਕੋ ਬਡ ਮਾਨ ਲਯੋ।
ਕਿਛੁ ਸੰਕ ਸੁਭਾਸੁਭ ਕੀ[1] ਨ ਰਹੀ।
[1]ਚੰਗੇ ਮਾੜੇ ਦਾ ਫਰਕ।

ਭਵ ਭੋਗਨ ਮੈ ਬਹੁ ਬਿਸ੍ਵ ਬਹੀ[1] ॥ ੭੮ ॥
[1]ਸ੍ਰਿਸ਼ਟੀ ਰੁੜ ਗਈ।

ਸ਼ਿਵਲਿੰਗ ਸਿਲਾ ਸਭਿ ਲੋਕ ਜਜੈਂ[1]।
[1]ਪੂਜਦੇ ਹਨ।

ਇਕ ਈਸ੍ਵਰ ਕੋ ਨਹਿ ਕੋਇ ਭਜੈ ॥ ੭੯ ॥
ਦੋਹਰਾ:
ਯਹਿ ਮਤ ਜਬ ਜਗ ਅਤਿ ਬਢਜੋ,

ਭਈ ਭਗਤ ਹਰਿ ਲੋਪ।
ਰਾਮਾਨੁਜ[1] ਫਿਰ ਬਿਦਤ ਹ੍ਵੈ,
ਮਤੋ ਚਲਾਯੋ ਗੋਪ[1] ॥ ੮੦ ॥

[1]ਵੈਸ਼ਨਵਾਂ ਦਾ ਅਚਾਰਯ।
[1]ਗੁਪਤ ਮੱਤ।

ਚੌਪਈ:
ਰਾਮਾਨੁਜ ਕਾ ਸਿੱਖ ਮਹਾਨੇ।
ਰਾਮਾਨੰਦ[1] ਭਯੋ ਜਗ ਜਾਨੇ।
ਬਿਸ਼੍ਨੂ ਸ੍ਵਾਮੀ[1] ਮਾਧ੍ਵਾਚਾਰਯ[2]।

[1]ਬੈਰਾਗੀਆਂ ਦਾ ਅਚਾਰਯ।
[1]ਸਭ ਤੋਂ ਪਹਿਲਾ ਵਿਸ਼ਨੂੰ ਉਪਾਸ਼ਕ ਤੇ ਵਿਸ਼ਨੂੰ ਸੁਆਮੀ ਮਤ ਦਾ ਬਾਨੀ। [2]ਵਿਸ਼ਨ ਪੂਜਕ ਦ੍ਵੈਤ ਵਾਦੀ ਇਕ ਮਹਾਨ ਵਿਦਵਾਨ।

ਨਿੰਮਾਰਕ[1] ਲੌ ਭਏ ਜੁ ਆਰਯ[2] ॥ ੮੧ ॥

[1]ਨਿੰਬਾਰਕ ਜਾਂ ਨਿਬਾਦਿਤਜ– ਵੈਸ਼ਣਵਾਂ ਦੀਆਂ ਪੰਜ ਸ਼ਾਖਾਂ ਵਿੱਚੋਂ ਇਕ ਸ਼ਾਖ ਦੇ ਮੁਖੀ ਜਿਨ੍ਹਾਂ ਦੀ ਬ੍ਰਿੰਦਾਬਨ ਪਾਸ ਧ੍ਰੁਵ ਨਾਮ ਦੀ ਪਹਾੜੀ ਤੇ ਹੁਣ ਗੱਦੀ ਹੈ। [2]ਸ੍ਰੇਸ਼ਟ।

ਤਿਨ ਭੀ ਨਿਜ ਨਿਜ ਪੰਥ ਚਲਾਯੋ।
ਨਹਿ ਅਕਾਲ ਕਾ ਹਾਲ ਜਨਾਯੋ।
ਅਪਨ ਅਪਨ ਪ੍ਰਤਾਪ ਦਿਖਾਏ।
ਲੋਗ ਘਨੇ ਨਿਜ ਸਿੱਖ ਬਨਾਏ ॥ ੮੨ ॥
ਪੂਜਾ ਸਾਲਗ੍ਰਾਮ ਬਿਸਥਾਰੀ[1]।
ਕੰਠੀ ਕੰਠਿ ਕਾਠ ਕੀ ਡਾਰੀ।
ਤਪਤ ਚੱਕ੍ਰ ਤਨ ਚਿੰਨ੍ਹ[1] ਲਗਾਯੋ।
ਬੇਦ ਬਾਦ ਉਪਦੇਸ਼ ਦਿਢਾਯੋ[1] ॥ ੮੩ ॥

[1]ਗੰਡਕਾ ਨਦੀ ਦੇ ਪੱਥਰ ਦੀ ਪੂਜਾ ਫੈਲਾਈ।
[1]ਛਾਪਾ।
[1]ਇਹ ਦ੍ਰਿੜ੍ਹ (ਪੱਕਾ) ਕਰਵਾਇਆ ਕਿ ਵੇਦਾਂ ਦਾ ਉਪਦੇਸ਼ ਬਿਅਰਥ ਹੈ।

ਪ੍ਰਿਤਮਾ[1] ਪੱਥਰ ਕੀ ਬਹੁ ਰਚੀ।
ਤਿਨਿ ਪੂਜਨ ਮੈਂ ਦੁਨੀਆ ਖਚੀ[1]।
ਉਸੀ ਜ਼ਮਾਨੇ ਮੈ ਫਿਰ ਗੌਰਖ।
ਹੋਇ ਬਿਦਤ ਕੀਨੋ ਬਡ ਪੌਰਖ[1] ॥ ੮੪ ॥

[1]ਮੂਰਤੀਆਂ।
[1]ਖੱਚਤ ਹੋ ਗਈ।
[1]ਉੱਦਮ।

ਭੂਪਤਿ ਚੇਲੇ ਕਰੇ ਅਪਾਰੀ।
ਪਾਤੰਜਲ ਕੀ ਰੀਤਿ ਬਿਥਾਰੀ[1]।
ਤਿਨਿ ਭੀ ਅਪਨਾ ਭੇਖ ਚਲਾਯੋ।
ਨਹਿ ਈਸ਼੍ਵਰ ਕੋ ਨਾਮ ਜਪਾਯੋ ॥ ੮੫ ॥
ਪ੍ਰਾਣਾਯਾਮ[1] ਕਰਨ ਜਨ ਲਾਏ।
ਲਾਇ ਸਮਾਧਿ ਜੁਗੇਸ਼ ਕਹਾਏ।

[1]ਜੋਗ ਮੱਤ ਫੈਲਾਇਆ।
[1]ਪ੍ਰਾਣਾਂ ਦੇ ਚੜਾਉਣ ਠਹਿਰਾਉਣ ਤੇ ਉਤਰਾਉਣ ਦਾ ਅਭਿਆਸ।

ਕਾਨ ਫਾਰਿ ਮੁੰਦ੍ਰਾ ਪਹਿਰਾਈ।
ਮੂੰਡ ਮੂੰਡਿ ਤਨਿ ਭਸਮ ਰਮਾਈ[1] ॥ ੮੬ ॥
[1]ਸਿਰ ਮੁੰਨ ਕੇ ਸ਼ਰੀਰ ਤੇ ਸੁਆਹ ਲਿੱਪ ਲਈ।

ਯਾ ਬਿਧਿ ਤਿਨਿ ਭੀ ਪੰਥ ਚਲਾਯੋ।
ਪ੍ਰਭੁ ਕਾ ਮਾਰਗ ਨਾਹਿ ਜਨਾਯੋ।
ਜਿਨਿ ਜਿਨਿ ਤਨਕ ਸਿਧ[1] ਜਗਿ ਪਾਈ।
[1]ਥੋੜ੍ਹੀ ਜਿਹੀ ਸ਼ਕਤੀ।

ਤਿਨਿ ਤਿਨਿ ਅਪਨੀ ਰੀਤਿ ਚਲਾਈ ॥ ੮੭ ॥
ਆਪ ਆਪ ਕੋ ਈਸ ਕਹਾਏ।
ਆਪ ਆਪਨੇ ਰਾਹ ਚਲਾਏ।
ਦੂਸਰ ਕਾ ਮਤ ਦੂਸਰ ਖੰਡੇ।
ਚਰਚਾ ਕਰੈਂ ਤੁ ਜਲਪ[1] ਬਤੰਡੇ[2] ॥ ੮੮ ॥
[1]ਜਿਸ ਚਰਚਾ ਵਿੱਚ ਆਪਣੇ ਮੱਤ ਦੀ ਪੁਸ਼ਟੀ ਲਈ ਦੂਜੇ ਦੀ ਦਲੀਲ ਨੂੰ ਰੱਦ ਕੀਤਾ ਜਾਵੇ। [2]ਦੂਜੇ ਦਾ ਪੱਖ ਡੇਗਣ ਲਈ ਛਲ ਕਪਟ, ਈਰਖਾ ਤੇ ਹਠ ਨਾਲ ਕੀਤੀ ਗਈ ਚਰਚਾ।

ਜੈਨ ਕਹੈਂ ਤੁਮ ਬਰਤ ਰਖੀਜੋ।
ਪੂਜ[1] ਕਹੈਂ ਮੁਖ ਪੱਟੀ ਦੀਜੋ।
[1]ਜੈਨੀਆਂ ਦਾ ਇਕ ਫਿਰਕਾ।

ਕਹੈਂ ਕਪਾਲੀ[1] ਪੀਉ ਸ਼ਰਾਬ।
[1]ਖੋਪਰੀ ਰੱਖਣ ਵਾਲਾ ਇਕ ਮੱਤ।

ਆਮਿਖ[1] ਖਾਏ ਛੁਟੈਂ ਅਜਾਬ[2] ॥ ੮੯ ॥
[1]ਮਾਸ। [2]ਦੁੱਖ।

ਚਾਰ ਵਾਕਜ ਕਹਿਂ ਆਤਮ ਦੇਹੂ[1]।
[1]ਦੇਹ ਹੀ ਆਤਮਾ ਹੈ।

ਵਿਸ਼ੇ ਭੋਗ ਪੁਰਸ਼ਾਰਥ[1] ਏਹੂ।
[1]ਪੁਰਸ਼ ਦੇ ਉੱਦਮ ਦਾ ਵਿਸ਼ਾ।

ਤਤ੍ਵਮਸੀ[1] ਕੋਊ ਕਹਿ ਬਾਨੀ।
[1]ਈਸ਼ਰ ਤੇ ਜੀਵ, ਬ੍ਰਹਮ ਰੂਪ ਹਨ।

ਤਿਨ ਤੇ ਭਏ ਬਹੁਤ ਬਧ ਗਜਾਨੀ[1] ॥ ੯੦ ॥
[1]ਕਰਨੀ ਹੀਣ ਗਿਆਨੀ।

ਪੂਜਹੁ ਸਿਲਾ ਕਹੈਂ ਬੈਰਾਗੀ।
ਕਹੈਂ ਸੰਨਜਾਸੀ ਹੋਵਹੁ ਤਜਾਗੀ।
ਸਿਖਾ[1] ਸੂਤ[2] ਤਜਿ ਮੂੰਡ ਮੁੰਡੀਜੈ[3]।
[1]ਬੋਦੀ। [2]ਜਨੇਊ। [3]ਸਿਰ ਮੁਨਾਉ।

ਦੰਡ[1] ਕਮੰਡਲ ਏਕ ਰਖੀਜੈ ॥ ੯੧ ॥
[1]ਡੰਡਾ।

ਜੋਗੀ ਕਹੈਂ ਕਾਨ ਫਰਵਾਵਹੁ[1]।
[1]ਕੰਨ ਪੜਵਾ ਲਉ।

ਤਬ ਹੀ ਸਿੱਧਨ ਕਾ ਪਦ ਪਾਵਹੁ।
ਯਾ ਬਿਧਿ ਨਿਜ ਨਿਜ ਕਰਿ ਉਪਦੇਸੈਂ।
ਜਨ ਪਰਤਾਰਣ[1] ਕਰੇ ਅਸੇਸੈਂ[2] ॥ ੯੨ ॥
[1]ਠੱਗਣਾ। [2]ਸਾਰੇ, ਬਹੁਤੇ।

ਏਕ ਅਦੁਤੀ ਈਸ ਹੈ ਜੋਈ।
ਤਾਹਿ ਪਰਾਇਣ[1] ਕਰੈ ਨ ਕੋਈ।
[1]ਆਸਰੇ।

ਜੋ ਪ੍ਰਭ ਏਕ ਜਗਤ ਕਾ ਕਰਤਾ।

ਸਰਣਾਗਤ ਕੇ ਬੰਧਨ ਹਰਤਾ ॥ ੯੩ ॥
ਤਾ ਕੀ ਭਗਤੀ ਕੋਇ ਨ ਕਰੇ।
ਨਿਜ ਨਿਜ ਮਤ ਮੈ ਸਭਿ ਫਸ ਪਰੇ।
ਬਿਨ ਪੂਰੇ ਗੁਰ ਕੈ ਉਪਦੇਸ਼ੈਂ।
ਕੈਸੇ ਕਾਟੈਂ ਜੀਵ ਕਲੇਸ਼ੈਂ ॥ ੯੪ ॥

ਦੋਹਰਾ:
ਈਸ ਪਰਾਇਣ ਹੋਨ ਕਾ,
ਕਹੁ ਮਾਰਗ ਹੈ ਕੌਨ।
ਛੂਟੈਂ ਬੰਧਨ ਜੀਵ ਕੇ,
ਲਖੈਂ ਭਲੈਂ ਹਮ ਤੌਨ[1] ॥ ੯੫ ॥

[1]ਤਿਸ ਮਾਰਗ ਨੂੰ।

ਚੌਪਈ:
ਸੁਨੋ ਸ੍ਰੋਤਾ ਗਨ ! ਮਨ ਲਾਈ।
ਮਤਾ ਜਥਾਰਥ[1] ਦੈਹੁਂ ਸੁਨਾਈ।
ਏਕ ਬ੍ਰਹਮ ਕੀ ਜੌਨ ਉਪਾਸ਼ਨ।
ਹੈ, ਸੋ ਸਭ ਅਬਿ ਕਰੋਂ ਪ੍ਰਕਾਸ਼ਨ ॥ ੯੬ ॥
ਜਪਨੋ ਨਾਮ ਪ੍ਰੇਮ ਅਤਿ ਧਰਿ ਕੈ।
ਮਨ ਬਾਨੀ ਕਾ ਪਰਾ ਨਿਹਰ ਕੈ[1]।
ਅਸਤੀ[1] ਭਾਤੀ[2] ਪ੍ਰਿਯ ਸਰੂਪੰ[3]।

[1]ਸੱਚਾ ਮੱਤ।

[1]ਪੂਰਾ ਰੂਪ ਦੇਖ ਕੇ।

[1]ਹੋਂਦ ਦਾ ਭਾਵ, ਹੋਂਦ, ਸੱਤਾ। [2]ਪ੍ਰਤੀਤੀ ਮਾਤ੍ਰ, ਗਿਆਨ ਸਰੂਪ। [3]ਪਿਆਰ ਸਰੂਪ। ਅਨੰਦ ਸਰੂਪ।

ਸਰਬ ਬ੍ਰਹਮ ਹੀ ਲਖੋ ਅਨੂਪੰ ॥ ੯੭ ॥
ਮਿਲੈ ਨਾਮ ਤੈ ਨਾਮੀ ਨੀਕੇ।
ਨਾਮ ਬਿਨਾ ਸਭ ਸਾਧਨ ਫੀਕੇ।
ਕੂਕਸ[1] ਕੂਟਨ ਕਣ[2] ਬਿਨ ਜੈਸੇ।
ਬਿਨਾ ਭਜਨ ਸਭਿ ਸਾਧਨ ਐਸੇ* ॥ ੯੮ ॥

[1]ਤੁਹ, ਚੌਲਾਂ ਦਾ ਫੂਸ। [2]ਦਾਣੇ।

*ਉਪ੍ਰੋਕਤ ਦੋ ਤੁਕਾਂ ਵਿੱਚ ਕਵੀ ਜੀ ਹੇਠ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਦਾ ਹੀ ਅਨੁਵਾਦ ਕਰ ਰਹੇ ਹਨ: ਕਣ ਬਿਨਾ ਜੈਸੇ ਥੋਥਰ ਤੁਖਾ ॥ ਨਾਮ ਬਹੂਨ ਸੁਨੇ ਸੇ ਮੁਖਾ ॥ (ਗਉੜੀ ਮਹਲਾ ੫, ਪੰ: ੧੯੨)

ਕਲਿ ਮਹਿ ਮੁਕਤਿ ਨਾਮ ਤੇ ਪੈ ਹੈ।
ਕੋਵਿਦ[1] ਨਿਗਮਾਗਮ[2] ਸਭਿ ਕੈ ਹੈਂ।
ਕਹਜੋ ਮੁਹੰਮਦ ਵੀਚ ਕੁਰਾਨ।

[1]ਵਿਦਵਾਨ। [2]ਵੇਦ ਸ਼ਾਸਤ੍ਰ।

ਨਾਮ ਜਪੇ ਬਿਨ ਨਹਿ ਦੁਖ ਹਾਨ ॥ ੯੯ ॥
ਈਸਾ ਬੀਚ ਅੰਜੀਲ ਪੁਕਾਰਾ।
ਬਿਨਾ ਭਜਨ ਨਾਹੀ ਨਿਸਤਾਰਾ।
ਨੇਕ ਕਾਮ ਗਹਿ ਬਦ[1] ਸਭਿ ਤਜਾਗੋ। [1]ਬੁਰੇ।
ਧਾਰਿ ਗਰੀਬੀ ਨਾਮਹਿ ਲਾਗੋ ॥ ੧੦੦ ॥
ਮੂਸੇ ਕਹਜੋ ਮੱਧ ਤੌਰੇਤ[1]। [1]ਕਿਤਾਬ ਦਾ ਨਾਮ।
ਨਾਮ ਜਪੌ ਹਰਿ ਸੌਂ ਕਰਿ ਹੇਤ।
ਸਿਲ ਪੂਜਨ ਲੌ ਕ੍ਰਿਯਾ ਜੇਤੀ।
ਇਨ ਸਭਿਹਨਿ ਨਿੰਦੀ ਵਹੁ ਤੇਤੀ ॥ ੧੦੧ ॥
ਇਤਜਾਦਿਕ ਜੇ ਭਏ ਪੈਗੰਬਰ।
ਤਿਨ ਭੀ ਗਹਜੋ ਨਾਮ ਕਾ ਲੰਬਰ[1]। [1]ਦਰਜਾ।
ਸੋ ਜਬਿ ਭਯੋ ਲੋਪ ਜਗ ਵੀਚ।
ਦੰਭੀ ਲੋਗ ਬਢੇ ਬਹੁ ਨੀਚ ॥ ੧੦੨ ॥
ਬਢੀ ਪਰਸਪਰ ਅਧਿਕ ਸਪਰਧਾ[1]। [1]ਈਰਖਾ।
ਸਮ[1] ਦਮਾਦਿ[2] ਮੈ ਰਹੀ ਨ ਸ਼ਰਧਾ। [1]ਮਨ ਦਾ ਰੋਕਣਾ। [2]ਇੰਦ੍ਰੀਆਂ ਦਾ ਰੋਕਣਾ ਆਦਿ।
ਜੋ ਪਰਮੇਸ੍ਵਰ ਸਭਿ ਕਾ ਕਰਤਾ।
ਸਰਨਾਗਤ ਕੇ ਬੰਧਨ ਹਰਤਾ ॥ ੧੦੩ ॥
ਬ੍ਰਹਮਾ ਬਿਸ਼ਨ ਮਹਾਂਦੇਵਾਦਿ।
ਰਚੇ ਜਾਂਹਿ ਹਿਤ ਜਗਿ ਮ੍ਰਯਾਦ।
ਤਾ ਕਾ ਨਾਮ ਜਪੈ ਨਹਿ ਕੋਈ।
ਲਗੀ ਸਿਲਾ ਪੂਜਨ ਸਭਿ ਲੋਈ[1] ॥ ੧੦੪ ॥ [1]ਸ੍ਰਿਸ਼ਟੀ।
ਨਾਮ ਜਪਾਵਨ ਵਾਰੋ ਜੋਊ।
ਰਹਜੋ ਨ ਜਗਤਮਾਹਿ ਤਬ ਕੋਊ।
ਯਾ ਬਿਧਿ ਪਿਖਜੋ ਜਬੈ ਜਗ ਕਾਰਕ[1]। [1]ਜਗਤ ਦੇ ਕਰਤੇ (ਵਾਹਿਗੁਰੂ ਜੀ) ਨੇ।
ਧਰਜੋ ਰੂਪ ਗੁਰ ਕਾ ਜਨਿ ਤਾਰਕ ॥ ੧੦੫ ॥
ਗੁਰ ਅਵਤਾਰ ਹਰੀ ਜਿਮ ਭਯੋ।
ਸੋ ਕਾਰਣ ਹਮ ਦਿਢ ਕਹਿ ਦਯੋ।
ਏਤਕ ਗਾਥ ਗਾਇ ਇਸ ਥਾਇ।
ਇਤੀ ਭਯੋ ਯਹਿ ਤ੍ਰਿਤੀ ਅਧਯਾਇ ॥ ੧੦੬ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ ਸ੍ਰੀ ਗੁਰੂ ਅਵਤਾਰ ਕਾਰਣ ਬਰਨਨੰ ਨਾਮ ਤ੍ਰਿਤੀਓ ਬਿਸ੍ਰਾਮ ॥ ੩ ॥

ਚੌਥਾ ਬਿਸ੍ਰਾਮ

੪. {ਭਾਰਤ ਦੀ ਪਹਿਲੀ ਦਸ਼ਾ, ਗੁਰੂ ਜੀ ਦਾ ਅਵਤਾਰ ਧਾਰਨਾ}

ਦੋਹਰਾ:

*ਅੰਗਦ ਚੰਦ ਅਮੰਦ ਗੁਰੁ,

*ਅੰਕ ਨੰ: ੬ ਤੇ ੭ ਲਾਹੌਰ ਐਡੀਸ਼ਨ ਛਾਪਾ ਪੱਥਰ 'ਚ ਅੰਕ ਨੰ: ੧ ਅਤੇ ੨ 'ਤੇ ਛਪੇ ਹੋਏ ਹਨ। ਏਸੇ ਤਰ੍ਹਾਂ ਉਪਰਲੇ ਅੰਕ ਨੰ: ੧ ਤੇ ੨, ਅੰਕ ਨੰ: ੩ ਤੇ ੪ 'ਤੇ ਛਪੇ ਹੋਏ ਹਨ ਅਤੇ ਏਥੇ ਅੰਕ ਨੰ: ੩, ੪ ਤੇ ੫, ਉਥੇ ਅੰਕ ਨੰ: ੫, ੬ ਅਤੇ ੭ 'ਤੇ ਛਪੇ ਹੋਏ ਹਨ। ਇਹ ਤਰਤੀਬ ਕਵੀ ਜੀ ਦੀ ਬਾਕੀ ਬਿਸ੍ਰਾਮਾਂ 'ਚ ਰੱਖੀ ਤਰਤੀਬ ਅਨੁਸਾਰ ਗਲਤ ਸੀ। ਕਿਉਂਕਿ ਕਵੀ ਜੀ ਨੇ ਹਰ ਬਿਸ੍ਰਾਮ ਵਿੱਚ ਮੰਗਲ ਨੂੰ ਪਹਿਲ ਦਿੱਤੀ ਹੈ। ਇਹ ਅੰਕ ਗ਼ਲਤੀ ਨਾਲ ਅੱਗੇ ਪਿੱਛੇ ਛਪ ਗਏ ਜਾਪਦੇ ਹਨ। ਅਸਾਂ ਇਨ੍ਹਾਂ ਦੀ ਤਰਤੀਬ ਦਰੁੱਸਤ ਕਰ ਦਿੱਤੀ ਹੈ।

ਦੁਤੀ ਦੁਤੀ ਜਨ ਚੰਦ[1]।

[1]ਸ੍ਰੀ ਗੁਰੂ ਅੰਗਦ ਦੇਵ ਜੀ ਉੱਜਲ ਚੰਦ੍ਰਮਾ ਹਨ ਮਾਨੋ ਸੋਭਾ ਵਾਲੇ ਦੂਜ ਦੇ ਚੰਦ੍ਰਮਾ ਹਨ।

ਸਿਸ ਸਸ ਪੋਖਕ ਸ਼ਾਂਤਿ ਕਰਿ,
ਸੋਖਕ ਤਾਪ ਮੁਕੰਦ[1] ॥ ੧ ॥

[1]ਸਿੱਖਾਂ ਰੂਪ ਖੇਤੀਆਂ ਨੂੰ ਪਾਲ ਕੇ ਸ਼ਾਂਤ ਕਰਦੇ ਹਨ, ਤਿੰਨ ਤਰ੍ਹਾਂ ਦੇ ਤਾਪਾਂ (ਆਧਿ, ਬਿਆਧਿ ਤੇ ਉਪਾਧਿ) ਨੂੰ ਮੇਟ ਕੇ ਮੁਕਤੀ ਦੇਂਦੇ ਹਨ।

ਕਬਿੱਤ:

ਸੰਪਟ ਸੁਧਾ ਕੇ, ਬਸੁਧਾ ਕੇ ਸੁਖਦਾਯਕ ਜੇ,
ਲਾਯਕ ਜਗ ਬੰਦਨ ਭਵ ਫੰਦਨ ਹਰਨ ਹੈਂ[1]।

[1](ਸ੍ਰੀ ਗੁਰੂ ਅੰਗਦ ਦੇਵ ਜੀ) ਅੰਮ੍ਰਿਤ ਦੇ ਡੱਬੇ, ਧਰਤੀ (ਸ੍ਰਿਸ਼ਟੀ) ਨੂੰ ਸੁਖ ਦੇਣ ਵਾਲੇ, ਜਗਤ ਦੇ ਬੰਦਨਾ ਕਰਨ ਯੋਗ ਤੇ ਸੰਸਾਰ ਦੇ ਮੋਹ ਦੀਆਂ ਫਾਹੀਆਂ ਕੱਟਣ ਵਾਲੇ ਹਨ।

ਚਿੰਤਾਮਨਿ ਪੂਰਨ ਕਰੱਯਾ ਮਨ ਚਿੰਤਾ ਕੇ,
ਦਾਸਨ ਨਿਜ ਹੇਤ ਪੋਤ ਤਾਰਨ ਤਰਨ ਹੈਂ[1]।

[1]ਮਨ ਦੀਆਂ ਇੱਛਾ ਪੂਰੀਆਂ ਕਰਨ ਲਈ ਚਿੰਤਾਮਣੀ (ਵਾਂਗ) ਹਨ, ਅਤੇ ਆਪਣੇ ਦਾਸਾਂ ਨੂੰ (ਸੰਸਾਰ ਸਮੁੰਦਰ ਤੋਂ) ਤਾਰਨ ਵਾਸਤੇ (ਪੋਤ) ਤੇਜ਼ ਚੱਲਣ ਵਾਲੇ {ਤਰਨ} ਜਹਾਜ਼ ਹਨ।

ਕਰੁਨਾ ਕੇ ਕੰਜ ਮੰਜ ਪੁੰਜ ਪਾਪ ਘਾਯਕ ਹੈਂ,
ਦਾਯਕ ਮੁਕਤਿ ਦੀਨ ਸੰਤਨ ਸਰਨ ਹੈਂ[1]।

[1]ਕਿਰਪਾ ਦੇ ਉੱਜਲ ਕਵਲ, ਸਾਰੇ ਪਾਪਾਂ ਨੂੰ ਮੇਟਣ ਵਾਲੇ, ਮੁਕਤੀ ਦਾਤੇ ਗਰੀਬਾਂ ਤੇ ਸੰਤਾਂ ਨੂੰ ਸ਼ਰਨ (ਦੇਣ ਵਾਲੇ) ਹਨ।

ਆਨੰਦ ਕੇ ਕੰਦ ਹੈਂ ਸੁਛੰਦ ਬਿੱਸ੍ਵ ਬੰਦਨੀਯ[1],

[1]ਅਨੰਦ ਦੇ ਦਾਤੇ ਤੇ ਸੁਤੰਤਰ ਹਨ ਅਤੇ ਸਾਰੇ ਜਗਤ ਦੇ ਬੰਦਨਾ ਕਰਨ ਯੋਗ ਹਨ।

ਗਜਾਨ ਸਿੰਘ ਬੰਦੋਂ ਗੁਰ ਅੰਗਦ ਚਰਨ ਹੈਂ ॥ ੨ ॥

ਦੋਹਰਾ:

ਅਬ ਸਭਿ ਸਿੱਖਨ ਸਜਨ ਕੋ,

ਹਾਥ ਜੋਰਿ ਸਿਰ ਨਾਇ[1]। [1]ਨਿਵਾ ਕੇ।
ਜੋ ਅਧ੍ਰਮ[1] ਜਗ ਪਿਖ ਹਰੀ, [1]ਪਾਪ।
ਧਰਜੋ ਗੁਰੂ ਬਪੁ[1] ਆਇ ॥ ੩ ॥ [1]ਗੁਰੂ ਸਰੂਪ।
ਸੋ ਸਬ ਏਸ ਅਧਜਾਇ ਮੈ,
ਦੈਹੋਂ ਠੀਕ ਦਿਖਾਇ।
ਜਿਹ ਪਿਖਿ ਗੁਰ ਉਪਕਾਰ ਮੈ,
ਸੰਸੈ ਸਕਲ ਬਿਲਾਇ ॥ ੪ ॥
ਸੰਮਤ[1] ਏਕ ਹਜ਼ਾਰ ਤੈ, [1]ਬਿਕ੍ਰਮੀ ਸੰਮਤ।
ਬਾਦ ਅਏ ਤੁਰਕੇਸ।
ਜ਼ੁਲਮ ਅਤੁਲਮ[1] ਕਮਾਇ ਤਿਨਿ, [1]ਬਹੁਤੇ।
ਲੂਟ ਉਜਾਰਜੋ ਦੇਸ ॥ ੫ ॥
ਤੁਰਕੇਸਨਿ ਦੇਸਨ ਵਿਖੈ,
ਹਿੰਦੁਨਿ ਜਜੋਂ ਦੁਖ ਦੀਨ।
ਅਨਾਚਾਰ[1] ਸੰਸਾਰ ਮੈ, [1]ਬੁਰੇ ਕਰਮ।
ਬਢਜੋ ਜੈਸ ਅਤਿ ਪੀਨ[1] ॥ ੬ ॥ [1]ਬਹੁਤ ਭਾਰੀ।
ਸੋ ਸਬ ਅਬ ਦਿਖਰਾਇ ਹੋਂ,
ਚਤੁਰਥ ਧਜਾਇ ਮਝਾਰ।
ਸੁਨੋ ਸ੍ਰੋਤਾ ਸ੍ਰਵਨ ਦੈ,
ਗੁਰੁ ਗਾਥਾ ਸੁਖਕਾਰ ॥ ੭ ॥
ਚੌਪਈ:
ਪ੍ਰਥਮ ਗਜ਼ਨਵੀ ਅਯੋ ਮਮੂਦ[1]। [1]ਮਹਿਮੂਦ ਗ਼ਜ਼ਨਵੀ।
ਗਜਾਰਾਂ ਬੇਰ ਹਿੰਦ ਪਰ ਕੂਦ।
ਏਕ ਲਾਖ ਤੈ ਜ਼ਜਾਦੇ ਫੌਜ।
ਸੰਗ ਲਜਾਵੇ ਜਨ ਸਿੰਧੁ ਮੌਜ[1] ॥ ੮ ॥ [1]ਮਾਨੋ ਸਮੁੰਦਰ ਦੀਆਂ ਲਹਿਰਾਂ ਹਨ।
ਬਾਂਧ ਪਚਾਸ ਕੋਸ ਮੈ ਪੱਲਾ[1]। [1]ਪਰ੍ਹਾ, ਕਤਾਰ।
ਕਰਵਾਵੈ ਯਵਨੋ ਕਾ[1] ਹੱਲਾ। [1]ਤੁਰਕਾਂ ਦਾ।
ਆਗੇ ਤਿਨ ਕੈ ਨੱਗਰ ਜੁ ਆਵੈ।
ਲੂਟ ਸੁ ਮਾਰ ਉਜਾਰ ਕਰਾਵੈ ॥ ੯ ॥
ਆਮ ਕਤਲ ਵਹਿ ਕਰਤੇ ਜਾਹੀਂ।
ਪਰੈਂ ਭਾਜੜਾਂ ਦੇਸਨ ਮਾਂਹੀ।

Sri Satguru Jagjit Singh Ji eLibrary NamdhariElibrary@gmail.com

ਕਈ ਲਾਖ ਯੌਂ ਕਤਲ ਕਰੈ ਕੈ।
ਮੰਦਰ ਦੇਵਨ ਕੇਰ ਗਿਰੈ ਕੈ ॥ ੧੦ ॥
ਜ਼ਰ ਕੇ[1] ਗਾਡੇ ਊਂਟ ਲਦੈ ਕੈ। [1]ਸੋਨੇ ਦੇ (ਅ) ਧਨ ਦੇ।
ਖੁਰਦ ਉਮਰ[1] ਨਰ ਨਾਰਿ ਫੜੈ ਕੈ। [1]ਛੋਟੀ ਉਮਰ ਦੇ।
ਲੈ ਜਾਵੈਂ ਨਿਜ ਦੇਸ ਮਝਾਰੇ।
ਕਰੈਂ ਗੋਲੀਆਂ ਗੋਲੇ ਸਾਰੇ ॥ ੧੧ ॥
ਕਰੇ ਜ਼ੁਲਮ ਤਿਸ ਨੇ ਤਬ ਜੈਸੇ।
ਹਮ ਸੈ ਲਿਖੇ ਨ ਜਾਵਤ ਤੈਸੇ।
ਯਾਦ ਕਰਨ ਤੈਂ ਛਤੀਆਂ ਫਰ ਹੈਂ[1]। [1]ਛਾਤੀਆਂ ਫੜਕਦੀਆਂ ਹਨ, ਛਾਤੀਆਂ ਫਟਦੀਆਂ ਹਨ।
ਕਰ ਕਾਂਪਤਿ[1] ਅਖੀਆਂ ਜਲ ਭਰਿ ਹੈਂ ॥ ੧੨ ॥ [1]ਹੱਥ ਕੰਬਦੇ ਹਨ।
ਪੁਨ ਸੰਮਤ ਗਜਾਰਾਂ ਸੌ ਛਿਆਸੀ।
ਮਾਹਿ ਅਯੋ ਗੌਰੀ[1] ਦੁਖਰਾਸੀ। [1]ਮੁਹੰਮਦ ਗ਼ੌਰੀ।
ਨਾਮ ਸ਼ੁਹਾਬੁਲਦੀਨ ਸੁ ਖਾਨੇ[1]। [1]ਪਠਾਣ ਨੇ।
ਹਿੰਦੁਨ ਕੌ ਦੁਖ ਦੀਏ ਮਹਾਨੇ ॥ ੧੩ ॥
ਹੁਤੋ ਹਿੰਦ ਕਾ ਤਬ ਮਹਾਰਾਜਾ।
ਗੋਤ ਚੁਹਾਣ ਸੁ ਪ੍ਰਿਥੂ ਰਾਜਾ।
ਰਾਇ ਪਥੌਰਾ ਭੀ ਤਿਹ ਨਾਮ।
ਲੈ ਬਹੁ ਨ੍ਰਿਪਹਿਂ ਕਿਯ ਸੰਗ੍ਰਾਮ[1] ॥ ੧੪ ॥ [1]ਜੰਗ।
ਆਖਰ ਹਾਰ ਭਯੋ ਗ੍ਰਿਫਤਾਰਾ।
ਮੁਲਕ ਹਿੰਦ ਤੁਰਕਿੰਦ[1] ਸੰਭਾਰਾ। [1]ਤੁਰਕਾਂ ਦੇ ਬਾਦਸ਼ਾਹ (ਮੁਹੰਮਦ ਗ਼ੌਰੀ) ਨੇ।
ਦਿਲੀ ਬੀਚ ਤਖਤ ਪਰ ਬੈਠਾ।
ਸਭਿ ਭੂਪਨ ਕਾ ਸ੍ਰੁਤਿ ਤਿਹਿਂ ਐਂਠਾ[1] ॥ ੧੫ ॥ [1]ਉਸ ਨੇ ਸਾਰੇ ਰਾਜਿਆਂ ਦੇ ਕੰਨ ਖਿੱਚੇ ਭਾਵ ਤਾੜਿਆ।
ਗੌਰੀ ਅਫਗਾਨੋ ਨੈ[1] ਰਾਜ। [1]ਪਠਾਣਾਂ ਨੇ।
ਗਜਾਰਾਂ ਪੀਢੀ ਕਰਯੋ ਦਰਾਜ[1]। [1]ਲੰਬਾ (ਸਮਾਂ)
ਤੇਰਾਂ ਸੌ ਛੈਤਾਲੀ ਗਯੋ।
ਫਿਰ ਫਰੋਜ ਸ਼ਾਹ ਖਿਲਜੀ[1] ਭਯੋ ॥ ੧੬ ॥ [1]ਗੌਤ।
ਉਨਿ ਭੀ ਹਿੰਦੁਨ ਕੋ ਦੁਖ ਭਾਰੇ।
ਦਏ, ਕਰੇ ਫਰਿ ਤੁਰਕ ਅਪਾਰੇ।
ਛੈ ਪੀਢੀ ਤਿਨ ਕੀਨੀ ਸ਼ਾਹੀ।
ਪੁਨ ਤੇਰਾ ਸੌ ਅੱਸੀ ਮਾਹੀਂ ॥ ੧੭ ॥

ਤੁਗਲਕ ਗੋਤ ਅਲਾਉਲ ਦੀਨ।
ਬਾਦਸਾਹ ਹੋਯੋ ਬਦ ਪੀਨ[1]। [1]ਬਹੁਤਾ ਭੈੜਾ।
ਇਸ ਹੀ ਕੇ ਤਬ ਅਹਿਦ ਮਝਾਰੇ[1]। [1]ਸਮੇਂ ਵਿੱਚ।
ਤਿਮ੍ਰਲੰਗ ਲੈ ਸੈਨ ਅਪਾਰੇ ॥੧੮॥
ਦੁਤੀ ਨਾਮ ਅਮੀਰ ਤਹਿਮੂਰ।
ਆਯੋ ਮਾਨੋ ਪ੍ਰਲੈ ਫਤੂਰ[1]। [1]ਪ੍ਰਲੋ ਦਾ ਤੂਫ਼ਾਨ।
ਜਿਨ ਸੈਨਾ ਕਾ ਪਰ੍ਹਾ ਬਨ੍ਹਾਇ[1]। [1]ਕਤਾਰ ਬੰਨ੍ਹ ਕੇ।
ਕੋਸ ਪਚਾਸਕ ਮੈ ਚੌੜਾਇ ॥੧੯॥
ਜੋਊ ਜੀਵ ਤਿਨ ਆਗੇ ਆਵੈਂ।
ਕਤਲ ਆਮ ਵਹਿ ਕਰਤੇ ਜਾਵੈਂ।
ਆਗ ਲਗਾਇ ਗ੍ਰਾਮਨ ਜਾਰੈਂ[1]। [1]ਪਿੰਡਾਂ ਨੂੰ ਸਾੜਦੇ ਹਨ।
ਕਰਯੋ ਮੁਲਕ ਤਿਨਿ ਐਸ ਉਜਾਰੈਂ ॥੨੦॥
ਅਬ ਲੌ ਤਬ ਕੇ ਥੇਹ ਹਜਾਰੈਂ।
ਪਰੇ ਪੇਖੀਅਤ ਹਿੰਦੁ ਮਝਾਰੈਂ।
ਯਦਪਿ ਪੈਰ ਜਮੇਂ ਤਿਹ ਨਾਹੀ।
ਤਦਪਿ ਮੁਲਕ ਗਯੋ ਵਹਿ ਗਾਹੀ[1] ॥੨੧॥ [1]ਗਾਹ ਕੇ, ਉਜਾੜ ਕੇ।
ਬਾਲ ਉਮਰ ਲਾਖੋਂ ਨਰ ਨਾਰੀ।
ਪਕਰਿ ਲੈ ਗਜੋ ਸੁਦੇਸ ਮਝਾਰੀ।
ਲੂਟ ਮਾਰ ਦੌਲਤ ਬਹੁ ਲੈ ਕਰਿ।
ਸਮਰਕੰਦ[1] ਮੇ ਗਯੋ ਲੌਟ ਫਿਰ ॥੨੨॥ [1]ਸਮਰ ਬਾਦਸ਼ਾਹ ਦਾ ਵਸਾਇਆ ਤੁਰਕਿਸਤਾਨ ਵਿੱਚ ਬੁਖ਼ਾਰੇ ਪਾਸ ਇਕ ਪ੍ਰਸਿੱਧ ਸ਼ਹਿਰ।

ਤੁਗਲਕ ਕਰਾ ਪੁਸ਼ਤ ਨੌ[1] ਰਾਜ। [1]ਨੌਂ ਪੀੜ੍ਹੀਆਂ।
ਪੁਨ ਸੱਯਦ ਭੇ ਦੁਸ਼ਟ ਦਰਾਜ[1]। [1]ਬਹੁਤੇ।
ਚੌਦਾਂ ਸੈ ਸੁ ਬਹੱਤਰ ਗਯੋ।
ਸ਼ਾਹਿ ਖਿਜ਼ਰ ਖਾਂ ਸੱਯਦ ਭਯੋ ॥੨੩॥
ਜੋ ਦੁਖ ਹਿੰਦੁਨ ਕੋ ਇਨ ਦਏ।
ਸੋ ਹਮ ਤੇ ਨਹਿ ਜਾਤ ਗਿਨਏ।
ਚਾਰ ਪੁਸ਼ਤ ਤਿਨ ਸ਼ਾਹੀ ਕਰੀ।
ਫੇਰ ਲੋਦੀਓਂ ਕੇ ਕਰ ਚਰੀ[1] ॥੨੪॥ [1]ਹੱਥ ਚੜ੍ਹੀ ਭਾਵ ਹੱਥ ਆਈ।
ਪੰਦ੍ਰਾਂ ਸੌ ਅੱਠ ਸੰਮਤ ਮਾਹੀ।
ਭਯੋ ਸ਼ਾਹਿ ਬਹਿਲੋਲ ਸੁ ਆਹੀ।

ਤਾਂ ਕੋ ਤਾਂ ਕੇ ਪੂਤ ਸਿਕੰਦਰ।
ਮਾਰ ਰਾਜ ਲਿਯ ਨਿਜ ਕਰ ਅੰਦਰ[1] ॥ ੨੫ ॥

[1]ਆਪਣੇ ਹੱਥ ਵਿੱਚ।

ਪੰਦ੍ਰਾਂ ਸੌ ਪੱਚੀ ਕੇ ਮਾਹੀ।
ਬੈਠਜੋ ਵਹੈ ਤਖਤ ਪਰ ਚਾਹੀ[1]।

[1]ਉਤਸ਼ਾਹ ਨਾਲ।

ਜ਼ੋਰ ਜੁਲਮ ਉਨਿ ਅਤਿਸੈ ਕਰਿਯੋ।
ਹਾ ਹਾ ਕਾਰ ਹਿੰਦੁ ਮੈਂ ਪਰਿਯੋ ॥ ੨੬ ॥
ਹਿੰਦੁਨ ਮੈਂ ਜੇ ਭਗਤ ਫਕੀਰ।
ਥੇ ਤਬ ਪਰਗਟ ਗੁਨੀ ਗਹੀਰ[1]।

[1]ਗੁਣਾਂ ਦੇ ਸਮੁੰਦਰ।

ਤਿਸ ਨੇ ਪਕਰਿ ਕੈਦ ਮੈ ਡਾਰੇ।
ਕਾਮ ਕਰਾਵੈ ਤਿਨ ਤੇ ਸਾਰੇ ॥ ੨੭ ॥
ਰਾਮਾ ਨੰਦ ਕਬੀਰ ਸੁ ਨਾਮਾਂ[1]।

[1]ਨਾਮਦੇਵ।

ਤਾਹੀਂ ਸਮੇਂ ਹੁਤੇ ਗੁਨਿ ਧਾਮਾਂ।
ਇਨ ਕੋ ਭੀ ਉਨਿ ਪਕਰਿ ਮੰਗਾਯੋ।
ਬਾਂਧਿ ਫੀਲ[1] ਆਗੇ ਗਿਰਵਾਯੋ ॥ ੨੮ ॥

[1]ਹਾਥੀ।

ਕਰਾਮਾਤ ਦਿਖਰਾਇ ਸੁ ਛੂਟੈਂ।
ਦੂਸਰ ਬੈਠੇ ਮਾਟੀ ਕੂਟੈਂ[1]।

[1]ਮਿੱਟੀ ਕੁਟਦੇ ਹਨ ਭਾਵ ਬਿਨਾਂ ਮਜ਼ੂਰੀ ਤੋਂ ਔਖੇ ਕੰਮ ਕਰਦੇ ਹਨ।

ਹਿੰਦੂ ਕਰੇ ਤੁਰਕ ਤਿਨ ਲਾਖੈਂ।
ਲਿਖੀ ਕਿਤਾਬਨ ਮੈਂ ਯਹਿ ਸਾਖੈਂ[1] ॥ ੨੯ ॥

[1]ਗਵਾਹੀਆਂ।

ਅਤਿ ਦੁਖੀ ਹ੍ਵੈ ਹਿੰਦੁ ਅਪਾਰੈਂ[1]।

[1]ਸਾਰੇ ਹਿੰਦੂਆਂ ਨੇ।

ਹਿਤ ਰਖਿਆ ਢਿਗ ਈਸ ਪੁਕਾਰੈਂ।
ਗੁਰ ਨਾਨਕ ਤਬ ਹੀ ਅਵਿਤਰਿਯੋ।
ਦੈ ਉਪਦੇਸ ਸੁਦੇਸ ਸੁਧਰਯੋ[1] ॥ ੩੦ ॥

[1]ਆਪਣਾ ਦੇਸ ਸੁਧਾਰਿਆ।

ਦੋਹਰਾ:
ਭਯੋ ਸਿਕੰਦਰ ਕੀ ਜਗ੍ਹਾ,
ਇਬਰਾਹੀਮ ਜੁ ਆਹਿ।
ਬਾਬਰ ਤਿਸ ਕੋ ਫਤੇ ਕਰਿ,
ਆਪ ਭਯੋ ਪਤਿਸ਼ਾਹਿ ॥ ੩੧ ॥

ਚੌਪਈ:
ਪੰਦ੍ਰਾ ਸੈ ਅਠੱਤ੍ਰੇ ਮਾਹੀ।
ਲਈ ਚੁਗੱਤੇ ਮੁਗਲੋਂ[1] ਸ਼ਾਹੀ।

[1]ਚੁਗੱਤੇ ਗੋਤ ਦੇ ਮੁਗ਼ਲਾਂ ਨੇ।

ਸਾਤ ਪੁਸ਼ਤ ਇਨਹੀ ਨੈ ਰਾਜੂ।
ਕਰਜੋ ਫੇਰ ਕੁਛ ਭਜੋ ਕੁਕਾਜੂ ॥ ੩੨ ॥
ਸ਼ਾਹਿ ਮਹੰਮਦ ਕੇ ਪੁਨ ਵਕਤ।
ਆਯੋ ਨਾਦਰ ਜੁਲਮੀ[1] ਸਖਤ। [1]ਜ਼ਾਲਮ।
ਸਤ੍ਰਾ ਸੈ ਸਤਾਨਵੇ ਮਾਹੀ।
ਗਈ ਚੁਗੱਤਯੋ ਤੈ ਪਤਿਸ਼ਾਹੀ ॥ ੩੩ ॥
ਕਈ ਬਾਰ ਗਿਲਜਯੋ ਕੀ ਸੈਨਾ[1]। [1]ਫ਼ੌਜ।
ਅਹਿਮਦ ਸ਼ਾਹ ਦੁਰਾਨੀ ਐਨਾ[1]। [1]ਚੰਗੀ (ਫ਼ੌਜ)।
ਲੈ ਕਾਬਲ ਤੇ ਆਯੋ ਦੌਰੈਂ।
ਹਿੰਦ ਉਜਾਰ ਕਰਿ ਗਜੋ ਗੌਰੈ[1] ॥ ੩੪ ॥ [1]ਬਹੁਤੀ।
ਯੌਂ ਤੁਰਕਨਿ ਸਾਤ ਕ ਸੈ ਸਾਲੰ।
ਹਿੰਦੁਨ ਕੋ ਦੁਖ ਦਯੋ ਬਿਸਾਲੰ।
ਜੋ ਆਵੈ ਸੁ ਲੂਟੈ ਮਾਰੈ।
ਹਿੰਦੂ ਕਰੇ ਅਧਿਕ ਦੁਖਿਆਰੈ ॥ ੩੫ ॥
ਕਈ ਲਾਖ ਗਹਿ ਤੁਰਕ ਬਨਾਏ।
ਦੇਵਨ ਕੇ ਮੰਦ੍ਰ ਗਿਰਵਾਏ।
ਤੀਰਥ ਪਰਬ[1] ਲੋਪ[2] ਕਰਵਾਏ। [1]ਤਿਉਹਾਰ। [2]ਅਲੋਪ, ਬੰਦ।
ਨਿਗਮਾਗਮ[1] ਕੋ ਪਢਨ ਨ ਪਾਏ ॥ ੩੬ ॥ [1]ਬੇਦ ਸ਼ਾਸਤ੍ਰ।
ਹਿੰਦੁਸਤਾਨ ਦੇਸ ਮੈਂ ਹਿੰਦੂ।
ਰਾਜਾ ਰਹਜੋ ਨ ਏਕ ਬੁਲਿੰਦੂ[1]। [1]ਵੱਡਾ।
ਦੀਨ ਮੁਹੰਮਦ ਕਾ ਅਤਿ ਬਾਢਾ।
ਦਜੋ ਹਿੰਦੂਅਨ ਕੋ ਦੁਖ ਗਾਢਾ ॥ ੩੭ ॥
ਗੋ ਗਰੀਬ ਕੋ ਬਧ ਕਰਿ ਸੂਟੈਂ[1]। [1]ਮਾਰ ਕੇ ਸੁੱਟ ਦੇਂਦੇ ਹਨ।
ਧਨੀ ਦੇਖਿ ਧਨ ਤਾ ਕਾ ਲੂਟੈਂ।
ਕਰੈਂ ਜੁਲਮ ਜੋ ਕਹੇ ਨ ਜੈ ਹੈਂ।
ਤੁਰਕ ਹਿੰਦੁ ਕੋ ਕਰਨਾ ਚੈ ਹੈਂ ॥ ੩੮ ॥
ਰਾਜਨੀਤਿ ਰਾਜਨ ਤੇ ਛੂਟੀ।
ਨਿਸ ਦਿਨ ਕਰੈਂ ਕੁਕ੍ਰਿਤ ਅਨੂਠੀ[1]। [1]ਖੋਟੀ ਤੇ ਉਲਟੀ ਕਾਰ।
ਦੁਰਾਚਾਰਿ ਮੰਤ੍ਰੀ ਸਬ ਹੋਏ[1]। [1]ਸਾਰੇ ਵਜ਼ੀਰ ਮੰਦ-ਕਰਮੀ ਹੋ ਗਏ।
ਲੋਲਪ[1], ਲੋਭੀ, ਕਾਮ ਵਿਗੋਇ[2] ॥ ੩੯ ॥ [1]ਬਹੁਤੇ ਲਾਲਚੀ। [2]ਬਹੁਤੇ ਕਾਮੀ।

ਛੁਟੀ ਧਰਮ ਕੀ ਸਭਿ ਮਰਯਾਦਾ।
ਪਰਜਾ ਕੀ ਨ ਸੁਨੈਂ ਫਰਿਆਦਾ।
ਕਾਜੀ ਬਾਢੀ ਖਾਇ ਬਿਗਾਰੈਂ[1]। [1]ਵੱਢੀ ਲੈ ਕੇ (ਕੰਮ) ਵਿਗਾੜ ਦੇਂਦੇ ਹਨ।
ਸਾਚੇ ਕੋ ਝੂਠਾ ਕਰਿ ਮਾਰੈਂ ॥ ੪੦ ॥
ਕਾਮੀ, ਕਪਟੀ, ਚੋਰ, ਜੁਆਰੀ।
ਦੁਖਦਾਈ ਜਨ ਬਢੇ ਅਪਾਰੀ।
ਪਰ ਅਕਾਜ[1] ਮਨ ਤਨ ਦੈ ਕਰਹੀਂ। [1]ਪਰਾਇਆ ਨੁਕਸਾਨ।
ਜਜੋਂ ਮਾਖੀ ਨਿਜ ਤਨ ਪਰਹਰਹੀ[1] ॥ ੪੧ ॥ [1]ਜਿਵੇਂ ਮੱਖੀ (ਪਰਾਏ ਦੇ ਨੁਕਸਾਨ ਲਈ) ਆਪਣਾ ਸ਼ਰੀਰ ਤਿਆਗ ਦੇਂਦੀ ਹੈ।

ਕਲਮਲ ਸੈ ਮਤਿ[1] ਹੀਨ ਵਿਚਾਰੂ। [1]ਪਾਪ ਰੂਪ ਬੁੱਧੀ।
ਨਿਸਦਿਨ ਕਰੈਂ ਕੁਕ੍ਰਮ ਅਪਾਰੂ।
ਛੱਤ੍ਰੀ ਛਿਤਪਤਿ[1] ਰਹਿਨ ਨਾ ਪਾਏ। [1]ਰਾਜੇ।
ਜਹਿ ਤਹਿ ਤੁਰਕ ਨ੍ਰਿਪ ਜਗ ਛਾਏ ॥ ੪੨ ॥
ਤਿਨ ਦੁਸ਼ਟਨ ਅਸ ਗਹੀ ਕੁਕਰਨੀ।
ਧਰਨੀ[1] ਕਰਜੋ ਚਹੈਂ ਇਕ ਬਰਨੀ[2]। [1]ਧਰਤੀ ਭਾਵ ਸ੍ਰਿਸ਼ਟੀ। [2]ਇਕ ਵਰਨ ਦੀ ਭਾਵ ਤੁਰਕ।
ਜ਼ਾਲਮ ਜੁਲਮ ਅਤੁਲਮ[1] ਗੁਜਾਰੈਂ। [1]ਬਹੁਤਾ।
ਗੋ[1] ਗਰੀਬ ਕੋ ਬਧ ਕਰਿ ਡਾਰੈਂ[2] ॥ ੪੩ ॥ [1]ਗਊ। [2]ਮਾਰ ਕੇ ਸੁੱਟ ਦੇਂਦੇ ਹਨ।
ਬਦਲ ਇਮਾਨ[1] ਅਦਲ[2] ਤਜ ਦੀਨਾ। [1]ਬੇਈਮਾਨ ਹੋ ਕੇ। [2]ਇਨਸਾਫ਼।
ਗਦਲ[1] ਜਦਲ[2] ਤੈ ਡਰੈਂ ਰਤੀ ਨਾ। [1]ਗਦਰ, ਗੜਬੜ। [2]ਜੰਗ।
ਸੁੰਦ੍ਰ ਪਿਥੈਂ ਜੁ ਹਿੰਦੁਨਿ ਤਰਨੀ[1]। [1]ਇਸਤ੍ਰੀ।
ਪਕਰਿ ਕਰੈਂ ਬਲ ਸੋਂ ਨਿਜ ਘਰਨੀ[1] ॥ ੪੪ ॥ [1]ਪਤਨੀ।
ਨੀਕੀ ਵਸਤੁ ਜਗਤ ਮੈਂ ਜੇਤੀ।
ਦੈਂਹ ਨ ਬਰਤਨਿ ਹਿੰਦੁਹਿ ਤੇਤੀ।
ਬੈਦਕ ਮਗ ਜਗ ਲੋਪ ਕਰਾਯੋ।
ਚਹੈਂ ਦੀਨ ਨਿਜ ਈਨ[1] ਮਨਾਯੋ ॥ ੪੫ ॥ [1]ਆਪਣੇ ਮਜ਼ਹਬ ਦੀ ਤਾਬੇਦਾਰੀ।
ਦੈਂਹ ਅਜਾਬ[1] ਗਜਾਬ[2] ਗੁਜਾਰੈਂ। [1]ਦੁੱਖ। [2]ਕਹਿਰ।
ਬਹਿਮਨਿ ਜਯੋਂ[1] ਮਨ ਰਹਿਮ[2] ਨ ਧਾਰੈਂ। [1]ਬ੍ਰਾਹਮਣਾਂ ਵਾਂਗ। [2]ਤਰਸ।
ਜਥਾ ਨਿਰਪ ਹ੍ਵੈ ਪਰਜਾ ਤਥਾ।
ਹੈ ਮਸ਼ਹੂਰ ਮਿਸਲ[1] ਯਹਿ ਕਥਾ ॥ ੪੬ ॥ [1]ਮਿਸਾਲ, ਉਦਾਹਰਣ।
ਯਵਨ[1] ਅਵਨਿ[2] ਪਰ ਜਬਿ ਅਸ ਛਏ। [1]ਤੁਰਕ। [2]ਧਰਤੀ।

ਹਿੰਦੂ ਪਿਖ ਮਨਿੰਦ ਤਿਨਿ[1] ਭਏ। [1]ਉਨ੍ਹਾਂ (ਤੁਰਕਾਂ) ਵਰਗੇ।
ਨਿਜ ਨਿਜ ਧਰਮ ਕਰਮ ਸੁਭ ਤਜਿ ਕੈ।
ਬ੍ਰਿਤ ਕੁਕ੍ਰਿਤ[1] ਗਹੀ ਰਜ ਰਜ ਕੈ ॥੪੭॥ [1]ਖੋਟੇ ਕੰਮਾਂ ਦਾ ਰੁਜ਼ਗਾਰ।
ਕਲਿਮਲ ਮੈ ਦਿਲ, ਹੀਨ ਬਿਚਾਰੂ।
ਲੋਲਪ, ਲੰਪਟ[1], ਲੋਭਿ, ਲਵਾਰੂ[2]। [1]ਵਿਕਾਰੀ। [2]ਝੂਠੇ ਵਾਅਦੇ ਕਰਨ ਵਾਲੇ।
ਕੁਟਲ, ਕਠੋਰ, ਕੁਕ੍ਰਮੀ, ਕੋਹੀ[1]। [1]ਕ੍ਰੋਧੀ।
ਨਿੰਦਕ, ਪਿਸਨ ਸਜਨ[1], ਗੁਰੁ ਦ੍ਰੋਹੀ[2] ॥੪੮॥ [1]ਚੁਗਲਾਂ ਦੇ ਮਿੱਤ੍ਰ। [2]ਗੁਰਾਂ ਨਾਲ ਛਲ ਕਰਨ ਵਾਲੇ।
ਤਸਕਰ[1], ਬਾਟ-ਪਾਰ[2] ਠਗ ਕਾਮੀ। [1]ਚੋਰ। [2]ਰਾਹ ਮਾਰ।
ਹਿੰਸਕ[1], ਘਾਤੀ[2], ਬੁਰੇ, ਹਰਾਮੀ। [1]ਜੀਆਂ ਨੂੰ ਮਾਰਨ ਵਾਲੇ। [2]ਦਾਅ ਮਾਰਨ ਵਾਲੇ।
ਧਰ ਪਰ ਨਰ ਭਰਗੇ ਜਬਿ ਐਸੇ।
ਦੁਕ੍ਰਿਤਿ[1] ਬਢੇ ਸੁਕ੍ਰਿਤਿ[2] ਛਪਿ ਬੈਸੇ ॥੪੯॥ [1]ਪਾਪੀ। [2]ਪੁੰਨੀ।
ਸੁਰੀ ਸੰਪਤਾ[1] ਦੁਰੀ[2] ਜਾਇ ਕਿਤ। [1]ਚੰਗੇ ਗੁਣ (ਸਤ ਸੰਤੋਖ ਆਦਿ)। [2]ਛੁਪ ਗਏ।
ਗਏ ਅਸੁਰ ਗੁਨ[1] ਪਸਰ ਜਿਤੈ ਤਿਤ। [1]ਅਉਗਣ (ਕਾਮਾਦਿ)।
ਹੋਇ ਦੁਖਜਾਰੀ ਧਰਾ[1] ਬਿਚਾਰੀ। [1]ਧਰਤੀ।
ਧਾਇ ਸੁਰਨ ਢਿਗ[1] ਜਾਇ ਪੁਕਾਰੀ ॥੫੦॥ [1]ਦੌੜ ਕੇ ਦੇਵਤਿਆਂ ਕੋਲ।
ਬ੍ਰਹਮਾਦਿਕ ਦੇਵਨਿ ਮਿਲ ਤਬ ਹੀ।
ਕਰੀ ਹਰੀ ਢਿਗ ਬਿਨਤੀ ਜਬ ਹੀ।
ਸੁਨਿ ਕਰਤਾਰ ਮਾਨ ਮਨਿ ਲਈ।
ਗਗਨ ਗਿਰਾ[1] ਯਾ ਬਿਧਿ ਪੁਨ ਭਈ ॥੫੧॥ [1]ਅਕਾਸ਼ ਬਾਣੀ।
ਅਹੋ ਦੇਵਗਨ ! ਧਰ ਧਰਿ ਧੀਰਜ[1]। [1]ਹੇ ਸਾਰੇ ਦੇਵਤਿਓ ਤੇ ਧਰਤੀ ! ਧੀਰਜ ਧਾਰੋ।
ਨੇਤ ਸਨਾਤਨ ਲਖੋ ਸਬੀਰਜ[1]। [1]ਮੁੱਢ ਤੋਂ ਹੀ ਇਹ ਪੁਰਾਣੀ {ਨੇਤ} ਹੋਣਹਾਰ ਜਾਣੋ।
ਜਬ ਜਬ ਹੋਵਤਿ ਧਰਮ ਗਿਲਾਨੀ[1]। [1]ਧਰਮ ਤੋਂ ਨਫ਼ਰਤ।
ਤਬਿ ਤਬਿ ਮੈਂ ਤਨ ਧਰੌਂ ਮਹਾਨੀ ॥੫੨॥
ਅਬਿ ਖੱਤ੍ਰੀ ਕੁਲ ਮੈ ਅਵਤਰਹੌਂ।
ਧਰਮ ਬਿਥਾਰ ਅਧਰਮ ਬਿਦਰਹੌਂ[1]। [1]ਧਰਮ ਫੈਲਾਵਾਂਗਾ ਤੇ ਪਾਪ ਨਾਸ ਕਰਾਂਗਾ।
ਦਸ ਬਪੁ ਥਪ ਕਰਿ[1] ਗੁਰੂ ਕਹਾਵੌਂ। [1]ਦਸ ਸਰੂਪ ਧਾਰ ਕੇ।
ਲੋਗਨ ਕੌ ਸ਼ੁਭ ਪੰਥ ਚਲਾਵੌਂ ॥੫੩॥
ਸੁਕ੍ਰਿਤ ਭਗਤੀ ਆਤਮ ਗਜਾਨੇ।
ਜਨਹਿ ਦਿਢਾਇ ਕਰੌਂ ਕਲਜਾਨੇ।
ਸੁਧ ਬੁਧਿ ਕਲਿ ਜੀਵਨਿ ਕਾਰਨ[1]। [1](ਕਰਨ) ਵਾਸਤੇ।

ਬੇਦਹਿ ਭਾਸ਼ਾ[1] ਕਰੌਂ ਉਚਾਰਨ ॥ ੫੪ ॥
ਜਿਹ ਪਢਿ ਸੁਨਿ ਜਨ ਦਰਸ਼ਨ ਕਰ ਕੈ।
ਪੈ ਹੈਂ ਕੈਵਲਜ ਮੋਖ ਸੁਧਰ ਕੈ।
ਯਾ ਬਿਧਿ ਭਾਰ ਧਰਾ ਕਾ ਹਰਹੌਂ।
ਸਿੱਖਜ ਪੰਥ ਜਗ ਮੈਂ ਬਿਸਤਰਹੌਂ ॥ ੫੫ ॥
ਭਗਤਿ ਗਜਾਨ ਪਥ[1] ਮੁਕਤੀ ਵਾਰੋ।
ਬੂਡ ਰਹਜੋ[1] ਜੋ ਤਿਸੈ ਉਬਾਰੌਂ[2]।
ਤੁਮ ਭੀ ਇਸੀ ਪੰਥ ਮੈਂ ਜਾਵਹੁ।
ਨਰ ਤਨ ਧਰਿ ਕਰਿ ਸਿੱਖ ਕਹਾਵਹੁ ॥ ੫੬ ॥
ਗਜਾਨ ਭਗਤਿ ਹਰਿ ਨਾਮ ਦ੍ਰਿਢਾਵਹੁ।
ਸੁਮ ਬਿੱਤ ਜਿਮ[1] ਨਿਤ ਬਢਾਵਹੁ।
ਯਹਿ ਸੁਨਿ ਦੇਵ ਜੈਤ ਜੈ ਕਰਿ ਕੈ[1]।
ਨਿਜ ਨਿਜ ਲੋਕ ਗਏ ਮੁਦ[1] ਭਰਿ ਕੈ ॥ ੫੭ ॥
ਦੇਵ ਧਰਾ ਪਿਖ ਜਗਤ ਵਿਰਾਮੀ[1]।
ਅਤਿ ਕ੍ਰਿਪਾਲ ਹ੍ਵੈ ਤਬਿ ਜਗ ਸ੍ਵਾਮੀ।
ਪਾਲਨ ਹੇਤੁ ਸਨਾਤਨ ਨੇਤੈ[1]।
ਬੈਦਕ ਧਰਮ ਬਿਥਾਰਨ ਹੇਤੈ ॥ ੫੮ ॥
ਪ੍ਰਭ ਜੀ ਆਪ ਗੁਰੂ ਬਪੁ ਧਰਿ ਕੈ।
ਪ੍ਰਗਟ ਭਏ ਜਗ ਸਮ ਦਿਨਕਰ ਕੈ[1]।
ਸੰਮਤ ਥਾ ਪੰਦ੍ਰਾਂ ਸੈ ਛੱਬੀ।
ਕਾਤਕ ਮਾਸ ਪੂਨਜੋ* ਫੱਬੀ ॥ ੫੯ ॥

ਜ਼ਿਲੇ ਲਾਹੌਰ ਨਗਰ ਤਲਵੰਡੀ।
ਜਾਂਹਿ ਸੁ ਕੀਰਤਿ ਜਗ ਮਹਿਂ ਮੰਡੀ[1]।
ਬਾਰਿ ਦੇਸ ਜੋ ਸਹਜ ਸੁਹਾਵਨ।
ਨਿਰਛਲ ਜਨ ਜਹਿਂ ਸਭਿ ਮਨ ਪਾਵਨ ॥ ੬੦ ॥
ਐਰਾਵਤੀ[1] ਏਕ ਦਿਸ ਬਹਿਹੀ।
ਚੰਦ੍ਰ ਭਗਾ[1] ਦੂਸਰਿ ਦਿਸ ਲਹਿਹੀ।
ਧਰਯੋ ਰੂਪ ਤਿਸ ਦੇਸ ਮਝਾਰੀ।
ਗੁਰੁ ਹਰਿ ਭਏ ਸਮਾਨ ਤਮਾਰੀ[1] ॥ ੬੧ ॥

[1]ਆਤਮ ਗਿਆਨ ਨੂੰ ਆਪਣੀ ਬੋਲੀ ਵਿੱਚ।

[1]ਰਸਤਾ।

[1]ਡੁੱਬ ਰਿਹਾ। [2]ਬਚਾਵਾਂਗਾ।

[1]ਸੂਮ ਦੇ ਧਨ ਵਾਂਗ।

[1]ਜੈ ਹੋ ਜੈ ਹੋ ਕਹਿ ਕੇ।

[1]ਅਨੰਦ 'ਚ।

[1]ਬੇਚੈਨ।

[1]ਪੁਰਾਣੀ ਮਰਯਾਦਾ।

[1]ਸੂਰਜ ਦੇ ਵਾਂਗ।

*ਪੁਰਾਤਨ ਜਨਮ ਸਾਖੀ ਅਤੇ ਜਨਮ ਸਾਖੀ ਭਾਈ ਮਨੀ ਸਿੰਘ ਜੀ ਵਿੱਚ ਜਨਮ ਵੈਸਾਖ ਦੀ ਤ੍ਰਿਤੀਆ ਲਿਖਿਆ ਹੈ।

[1]ਫਬ ਰਹੀ ਹੈ।

[1]ਰਾਵੀ (ਨਦੀ)।

[1]ਝਨਾ (ਨਦੀ)।

[1]ਸੂਰਜ ਵਾਂਗ।

ਤਮ ਅਬਿਵੇਕ[1] ਧੁੰਦ ਬਡ ਦ੍ਵੈਸੰ। [1]ਅਗਿਆਨ ਦਾ ਅਨ੍ਹੇਰਾ।
ਨਾਸ ਭਈ ਜਢਤਾ ਹਿਮ[1] ਤੈਸੰ। [1]ਜਢਤਾ ਦੀ ਬਰਫ਼।
ਨਿੰਦਯਾ ਨੀਂਦ ਘਟੀ ਇਕ ਵਾਰਾ।
ਗਹਯੋ ਸਬਨ ਨਿਜ ਧਰਮ ਬਿਹਾਰਾ[1] ॥ ੬੨ ॥ [1]ਧਰਮ ਰੂਪ ਕੰਮ।
ਨਿਸਚਰ[1] ਕਾਮਾਦਿਕ ਖਿਸਿਆਨੇ[2]। [1]ਰਾਤ ਨੂੰ ਫਿਰਨ ਵਾਲੇ ਉੱਲੂ ਆਦਿ। [2]ਖਿਝ ਗਏ।
ਦੁਕ੍ਰਿੱਤ ਨਖੱਤ ਦੁਰੇ ਦਰਮਿਆਨੇ[1]। [1]ਪਾਪਾਂ ਦੇ ਤਾਰੇ ਵਿੱਚ ਹੀ ਛੁਪ ਗਏ।
ਮਦਨਿ[1] ਧਨਖ ਬਲ ਤੁਰਕਨ ਟੂਟਯੋ। [1]ਕਾਮ ਦਾ।
ਦੁਸ਼ਟ ਸੁਭਾਵ ਦਰਿਦ੍ਰ ਛੂਟਯੋ ॥ ੬੩ ॥
ਕੁਮਤੀ ਜਨ ਕੁਮਦੀ ਸੁਕਚਾਨੇ[1]। [1]ਪੁਰਸ਼ਾਂ ਦੀਆਂ ਖੋਟੀਆਂ ਮੱਤਾਂ ਰੂਪ ਕਮੀਆਂ ਮੁਰਝਾ ਗਈਆਂ।
ਸਦ ਜਨ[1] ਮਨ ਸੁ ਕਮਲ ਬਿਗਸਾਨੇ। [1]ਚੰਗੇ ਪੁਰਸ਼ਾਂ ਦੇ।
ਮਤ ਪਾਖੰਡ ਉਲੂਕ ਦੁਰਏ[1]। [1]ਉੱਲੂ ਛੁਪ ਗਏ।
ਪਥਕ[1] ਜਗਜਾਸੁ ਸਦ ਪਥ[2] ਪਏ ॥ ੬੪ ॥ [1]ਰਾਹੀ। [2]ਚੰਗੇਰਾਹ।
ਤੇਜ ਧਰਮ ਧਰਿ ਫੈਲਯੋ ਭੂਰਨ।
ਹਰਿ ਗੁਰੁ[1] ਪ੍ਰਣ ਕੀਓ ਨਿਜ ਪੂਰਨ। [1]ਹਰੀ ਨੇ ਗੁਰੂ ਰੂਪ ਹੋ ਕੇ।
ਬਿਧਿਵਤ ਕਰਮ ਧਰਮ ਗੁਰੁ ਬਰਨੋ[1]। [1]ਗੁਰਾਂ ਨੇ ਕਹੇ ਹਨ।
ਜਪਨੋ ਨਾਮੁ ਕੀਰਤਨ ਕਰਨੋ ॥ ੬੫ ॥
ਸਤਿ ਸੰਗਤ ਸੰਤਨ ਕੀ ਸੇਵਾ।
ਕਰੇ, ਮਿਲਤਿ ਫਲ ਚਾਰ ਅਭੇਵਾ[1]। [1]ਇਕਰਸ, ਸਦਾ।
ਮਤ ਪਖੰਡ ਖੰਡਨ ਕਰਿ ਸਭਿ ਹੀ।
ਭਗਤਿ ਗਜਾਨ ਪੱਥ ਥਾਪਯੋ ਤਬਿ ਹੀ ॥ ੬੬ ॥
ਦਸ ਅਵਤਾਰ ਧਰੇ ਜਗ ਸ੍ਵਾਮੀ।
ਨਾਮ ਤਿਨੋ ਕੋ ਸੁਨਿ ਅਭਿਰਾਮੀ।
ਸ੍ਰੀ ਗੁਰੁ ਨਾਨਕ ਚੰਦ ਅਮੰਦੰ[1]। [1]ਉੱਜਲ।
ਸਾਂਤਿ ਬਿਗਾਸ ਦਾਇ ਸੁਖ ਕੰਦੰ[1] ॥ ੬੮ ॥ [1]ਸੁਖ ਫਲ।
ਅੰਗਦ ਅਵਨਿ ਪਵਨ ਸਮ ਭਏ[1]। [1]ਧਰਤੀ ਤੇ ਹਵਾ ਵਾਂਗ (ਨਿਰਲੇਪ) ਹੋਏ।
ਮੇਘ ਮਲੀਨ ਕਰਮ ਉਚਟਏ[1]। [1]ਮਾੜੇ ਕਰਮਾਂ ਦੇ ਬੱਦਲ ਉੱਡ ਗਏ।
ਬਰਣ[1] ਗੁਰੁਮੁਖੀ ਰਚੇ* ਰੁਚਰ ਬਰ[2]। [1]ਅੱਖਰ। [2]ਚੰਗੇ ਸੁੰਦਰ। *ਗੁਰਮੁਖੀ ਅੱਖਰਾਂ ਦੇ ਰਚਨ ਬਾਰੇ ਦੇਖੋ ਪੂਰਬਾਰਧ ਦੇ ਪਹਿਲੇ ਬਿਸ੍ਰਾਮ ਦੇ ਛੰਦ ਨੰ: ੧੧ ਦਾ ਭਾਵ ਅਰਥ।
ਤਰ ਹੈਂ, ਤਰੇ ਅਪਾਰ ਜਿਨੇ ਪਰ[1] ॥ ੬੯ ॥ [1]ਪੜ੍ਹ ਕੇ।
ਅਮਰ ਅਮਰ ਗੁਰ ਅਮਰ ਨਯੰਤਾ[1]। [1]ਸ੍ਰੀ ਗੁਰੂ ਅਮਰ ਦਾਸ ਜੀ ਦਾ ਹੁਕਮ ਦੇਵਤਿਆਂ ਨੂੰ ਪ੍ਰੇਰਨ

ਵਾਲਾ ਹੈ।

ਪਵਿ ਪ੍ਰਤਾਪ ਗਿਰ ਪਾਪਨਿ ਹੰਤਾ[1]।

[1](ਜਿਨ੍ਹਾਂ ਦੇ) ਪ੍ਰਤਾਪ ਦਾ ਬੱਜਰ ਪਾਪਾਂ ਦੇ ਪਹਾੜ ਨੂੰ ਨਾਸ ਕਰਨ ਵਾਲਾ ਹੈ।

ਰਾਮ ਦਾਸ ਹ੍ਵੈ ਖਾਸ ਰਾਮ ਵਰ[1]।
ਅਸੁਰ ਆਸੁਰੀ ਮਸਰ ਧਰੇ ਧਰ[1] ॥ ੬੯ ॥

[1]ਆਪਰਾਮ ਤੋਂ ਵੀ ਚੰਗੇ ਹੋ ਕੇ।
[1]ਅਉਗਣਾਂ ਦੇ ਦੈਂਤ ਮਲ ਕੇ ਧਰਤੀ 'ਤੇਰੱਖ ਦਿੱਤੇ।

ਸ੍ਰੀ ਅਰਜਨ ਬਪੁ ਬਯਾਸ ਪ੍ਰਮਾਨੋਂ[1]।
ਗ੍ਰੰਥ ਸੇਤੁ[1] ਕਿਯਿ ਸੁਖਦ ਮਹਾਨੋ।
ਹਰਿ ਗੋਬਿੰਦ ਹਰਿ ਇੰਦੁ[1] ਸ੍ਰੀ ਗੁਰੁ।
ਦਰੇ ਗਜਿੰਦ ਤ੍ਰੁਕਿੰਦ ਬ੍ਰਿੰਦ ਫੁਰ[1] ॥ ੭੦ ॥

[1]ਬਿਆਸ ਰੂਪ ਜਾਣੋ।
[1]ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪ ਪੁਲ।
[1]ਹਰਨਾਂ ਦਾ ਰਾਜਾ, ਸ਼ੇਰ।
[1]ਗੁਰਾਂ ਨੇ {ਫੁਰ} ਛੇਤੀ ਹੀ ਤੁਰਕਾਂ ਦੇ ਸਾਰੇਰਾਜਿਆਂ ਰੂਪ ਹਾਥੀ ਦਲ ਦਿੱਤੇ।

ਸ੍ਰੀ ਹਰਰਾਇ ਰਾਇ[1] ਜਗ ਮਾਲਕ।
ਜਿਨਿ ਢਰਿ[1] ਕਰੇ ਰੰਕ ਭੁਵ ਪਾਲਕ।
ਸ੍ਰੀ ਹਰਿ ਕ੍ਰਿਸ਼ਨ ਕ੍ਰਿਸ਼ਨ ਭੇ ਨੀਕੇ*[1]।

[1]ਰਾਜਾ ਰੂਪ।
[1]ਕ੍ਰਿਪਾਲੂ ਹੋ ਕੇ ਕੰਗਾਲ ਰਾਜੇ ਕਰ ਦਿੱਤੇ।
[1]ਚੰਗੇ ਕ੍ਰਿਸ਼ਨ ਹੋਏ ਹਨ। *ਗੁਰੂ ਸਾਹਿਬਾਨ ਨੂੰ ਰਾਮ, ਬਿਆਸ ਤੇ ਕ੍ਰਿਸ਼ਨ ਨਾਲ ਉਪਮਾ ਦੇਂਦਿਆਂ ਕਵੀ ਜੀ ਸਤਿਗੁਰਾਂ ਨੂੰ ਉਨ੍ਹਾਂ ਨਾਲੋਂ ਮਹਾਨ ਵਰਨਣ ਕਰਨ ਲਈ ਵਰ ਤੇ ਨੀਕੋ ਆਦਿ ਸ਼ਬਦਾਂ ਦੀ ਵਿਸ਼ੇਸ਼ਣਾਂ ਦੇ ਤੌਰ 'ਤੇ ਵਰਤੋਂ ਕਰਦੇ ਹਨ। ਜੇ ਸਮਾਨ ਉਪਮਾ ਵੀ ਕੋਈ ਸਮਝੇ ਤਾਂ ਉੱਜਲ ਚੰਦ, ਹਵਾ ਤੇ ਸ਼ੇਰ ਆਦਿ ਨਾਲ ਦਿੱਤੀ ਉਪਮਾ ਵਾਂਗ ਇਕ-ਅੰਗੀ ਅਲੰਕਾਰਕ ਉਪਮਾ ਹੀ ਸਮਝਣੀ ਚਾਹੀਦੀ ਹੈ।

ਚਰਿਤ[1] ਕਰਿਤ ਭਵ[2] ਪਾਰ ਜਿਨੀ ਕੇ ॥ ੭੧ ॥

[1]ਕੌਤਕ। [2]ਸੰਸਾਰ ਤੋਂ।

ਤ੍ਯਾਗ ਬਹਾਦਰ ਨਾਦਰ ਕਾਦਰ[1]।
ਚਾਦਰ ਹਿੰਦੁ[1] ਰਖੀ ਜਿਨਿ ਸਾਦਰ[2]।
ਸ੍ਰੀ ਗੁਰੁ ਗੋਬਿੰਦ ਸਿੰਘ ਸਿੰਘਨਿ ਪਤਿ[1]।
ਕੋਹੀ ਕਰੀ ਤੁਰਕ ਬਦ ਕਿਯਿ ਹਤ[1] ॥ ੭੨ ॥

[1]ਅਣੋਖੀ ਸ਼ਕਤੀ ਵਾਲੇ ਸ੍ਰੀ ਗੁਰੂ ਤੇਗ਼ ਬਹਾਦਰ ਜੀ।
[1]ਹਿੰਦ ਦੀ ਇੱਜ਼ਤ। [2]ਨਿੱਡਰ ਹੋ ਕੇ।
[1]ਬੱਬਰ ਸ਼ੇਰ (ਹੋ ਕੇ)।
[1]ਪਹਾੜੀਆਂ ਰੂਪ ਹਾਥੀਆਂ ਤੇ ਤੁਰਕਾਂ ਰੂਪ ਸੂਰਾਂ ਨੂੰ ਮਾਰਿਆ।

ਥਾਪਿ ਅਖੰਡ ਅਡੰਡ ਪੰਥ ਬਰ[1]।
ਮੰਡ ਘਮੰਡ ਖੰਡ ਦਈ ਅਰਿ ਜਰ[1]।
ਮਾਰਤੰਡ ਪ੍ਰਚੰਡ ਮੰਡ ਧ੍ਰਮ[1]।
ਛੰਡਿ[1] ਪਖੰਡ ਬਿਹੰਡਿ[2] ਅੰਧ ਕ੍ਰਮ ॥ ੭੩ ॥

[1]ਨ ਟੁੱਟਣ ਵਾਲਾ ਡੰਡ ਰਹਿਤ ਉੱਤਮ ਪੰਥ ਰਚ ਕੇ।
[1]ਜੰਗ ਰਚਿ ਕੇ ਵੈਰੀਆਂ ਦੀ ਜੜ੍ਹ ਪੁੱਟ ਦਿੱਤੀ।
[1]ਸੂਰਜ ਰੂਪ ਤਿੱਖੇ ਧਰਮ ਨੂੰ ਚਮਕਾ ਕੇ।
[1]ਦੂਰ ਕਰ ਦਿੱਤੇ। [2]ਨਾਸ ਕੀਤੇ।

ਤੁਰਕ ਤਰੁਨ ਕੀ ਜਰ[1] ਗੁਰੁ ਨੌਮੇਂ।
ਕਰਿ ਜੁ ਗਏ ਥੇ ਖੋਖੀ ਭੋਮੇ[1]।
ਪਵਨ ਪ੍ਰਬਲ[1] ਦਸਮੇਂ ਗੁਰ ਬਨੇ।
ਧਰੀ ਉਖੇਰ ਰਹੇ ਕੁਛ ਤਨੇ ॥ ੭੪ ॥

[1]ਤੁਰਕਾਂ ਰੂਪ ਬ੍ਰਿਛਾਂ ਦੀ ਜੜ੍ਹ।
[1]ਧਰਤੀ ਵਿੱਚੋਂ ਖੋਖਲੀ।
[1]ਤੇਜ਼ ਹਵਾ।

ਫਿਰ ਬਰ ਧਰਿ ਕਰਿ[1] ਗੁਰ ਕੇ ਬੰਦੇ।
ਲਗ ਬੰਦਾ ਤਰੁ ਤੁਰਕ ਨਿਕੰਦੇ[1]।
ਪੁਨ ਸ਼ਸਤ੍ਰ ਗਹਿ ਪੰਥ ਖਾਲਸਾ।
ਦੁਰਜਨ ਕੌ ਹ੍ਵੈ ਮਿਲਯੋ ਕਾਲ ਸਾ[1] ॥ ੭੫ ॥
ਤੁਰਕ ਤਰੁਨ ਕੇ ਤਨੇ ਕਾਟ ਕੇ।
ਕਰੇ ਦੂਰ ਸਭਿ ਕੂਟ ਫਾਟ ਕੇ।
ਜ਼ਾਲਮ ਜੁਲਮੀ ਬਦ ਇਨਸਾਫੀ।
ਡੰਡੇ ਸਭੀ ਨ ਛੰਡੇ ਮਾਫੀ[1] ॥ ੭੬ ॥
ਤੁਰਕਨ ਕੌ ਭਲ ਭਾਂਤਿ ਬਿਦਾਰਯੋ।
ਰਾਜ ਧਰਾ ਕਾ ਪੰਥ ਸੰਭਾਰਜੋ।
ਬਦ ਕਰਮੀ ਬਦ ਅਘੀ ਏਣ[1] ਤਬਿ।
ਭਏ ਸ਼ਿਕਾਰ ਖਾਲਸੇ ਕੇ ਸਭਿ ॥ ੭੭ ॥
ਸੁਕ੍ਰਿਤ ਲਗੇ ਕਰਨ ਨਰ ਨਾਰੀ।
ਜਰ ਅਧਰਮ ਕੀ ਪਰਮ ਉਪਾਰੀ[1]।
ਬੈਦਕ ਮਗ ਜੁ ਰਹਯੋ ਥਾ ਦਬ ਕੈ।
ਸੋ ਪਰਚੁਰ[1] ਕੀਨੋ ਬਿਧਿ ਸਬਿ ਕੈ ॥ ੭੮ ॥
ਬਰਣ ਖਾਲਸਾ ਕ੍ਰਿਤਮ ਛੱਤ੍ਰੀ[1]।

ਆਸ਼੍ਰਮ ਬ੍ਰਹਮ ਚਰਯ ਯਹਿ ਅਤ੍ਰੀ[1]।
ਛੱਤ੍ਰੀ ਜ਼ਾਹਰ ਸ਼ਸਤ੍ਰ ਧਾਰੀ।
ਪਢੈਂ ਨਿਰਮਲੇ ਸੂਤ ਬ੍ਰਹਮ ਚਾਰੀ[1] ॥ ੭੯ ॥

ਗੁਰ ਦੁਆਰੀਏ ਸਿਖ ਅਚਾਰਯ[1]।
ਯਾ ਬਿਧਿ ਪੰਥ ਭਯੋ ਗੁਰਿ ਆਰਯ[1]।
ਔਰ ਸਿੱਖ ਸਿਦਕੀ ਜੇ ਨਾਮੀ[1]।
ਭਏ ਮਨੀ ਸਿੰਘ ਲੌ ਅਭਿਰਾਮੀ[1] ॥ ੮੦ ॥
ਜਿਨਿ ਜਿਨਿ ਸ੍ਰੀ ਗੁਰੁ ਪੰਥ ਬ੍ਰਿਧਾਨੋ[1]।
ਵਹੈ ਅਮਰ ਅਵਤਾਰ ਪ੍ਰਮਾਨੋ[1]।
ਨਾਮੁ ਸਬੀ ਕੇ ਅਬਿ ਜੇ ਗਾਊਂ।
ਬਢੈ ਗ੍ਰੰਥ ਫਿਰ ਪਾਰ ਨ ਪਾਊਂ ॥ ੮੧ ॥
ਜਹਿਂ ਜਹਿਂ ਕਥਾ ਉਨੋਂ ਕੀ ਐਹੈਂ।

[1]ਬਲ ਧਾਰ ਕੇ।
[1]ਤੁਰਕਾਂ ਰੂਪ ਬ੍ਰਿੱਛਾਂ ਨੂੰ ਅੰਬਰ ਵੇਲ ਵਾਂਗ ਲੱਗ ਕੇ ਨਾਸ ਕੀਤਾ।
[1]ਕਾਲ ਵਰਗਾ।
[1]ਮਾਫ਼ੀ (ਮੰਗਣ ਤੇ ਵੀ) ਨ ਛੱਡੇ।
[1]ਹਰਣ।
[1]ਪੁੱਟ ਦਿੱਤੀ।
[1]ਪ੍ਰਚਲਤ, ਚਾਲੂ।
[1]ਗੁਰਾਂ ਦਾ {ਕ੍ਰਿਤਮ} ਬਣਾਇਆ ਹੋਇਆ ਖਾਲਸੇ ਦਾ ਵਰਣ ਛੱਤ੍ਰੀ ਹੈ।
[1](ਸ਼ਸਤ੍ਰ) ਅਸਤ੍ਰ ਧਾਰੀ ਖਾਲਸੇ ਦਾ।
[1]ਬੇਦ (ਸ਼ਾਸਤ੍ਰ ਆਦਿ ਗਿਆਨ ਦੇ ਪੁਸਤਕ) ਪੜ੍ਹਨ ਵਾਲੇ ਨਿਰਮਲੇ ਬ੍ਰਹਮਚਾਰੀ ਹਨ।
[1]ਸਿੱਖ ਧਰਮ ਦਾ ਉਪਦੇਸ਼ ਕਰਨ ਵਾਲੇ।
[1]ਸ੍ਰੇਸ਼ਟ।
[1]ਮਸ਼ਹੂਰ।
[1]ਸੁੰਦਰ।
[1]ਵਧਾਇਆ।
[1]ਦੇਵਤਿਆਂ ਦੇ ਅਵਤਾਰ ਮੰਨੋ।

ਨਾਮ ਕਾਮ ਤਿੰਹਿ ਜਾਨੇ ਜੈ ਹੈਂ।
ਸ੍ਰੀ ਗੁਰੁ ਰੂਪ ਪੰਥ ਗੁਰੁ ਸਬਿ ਹੈ।
ਮਮ ਬੰਦਨ ਸਬਿ ਆਗੇ ਅਬਿ ਹੈ ॥ ੮੨ ॥
ਹਾਥ ਜੋਰ ਕਰਿ ਮਾਥ ਝੁਕੈ ਕੈ।
ਸ੍ਰੀ ਵਾਹਿਗੁਰੂ ਫ਼ਤੇ ਗਜੈ ਕੈ।
ਦਸ ਗੁਰੁ ਹ੍ਵੈ ਪੂਰਨ ਅਵਤਾਰੂ।
ਆਪ ਹਰੀ ਖੰਡਯੋ ਧਰ ਭਾਰੂ[1] ॥ ੮੩ ॥ [1]ਧਰਤੀ ਦਾ ਭਾਰ ਦੂਰ ਕੀਤਾ।
ਤਿੰਹ ਚਰਨਨ ਨਿਤ ਬੰਦਨ ਮੇਰੀ।
ਕਾਟ ਦਈ ਜਿਨਿ ਬੰਧਨ ਬੇਰੀ[1]। [1](ਮੋਹ ਦੇ) ਬੰਧਨ (ਤੇ ਮਮਤਾ ਦੀ) ਬੇੜੀ।
ਦੈਸਕ ਬੀਰ ਮ੍ਰਿਗੇਸ ਗੁਰੇਸ੍ਵਰ[1]। [1](ਸੰਤ) ਬੀਰ ਸਿੰਘ ਜੀ ਮੇਰੇ ਉਪਦੇਸ਼ ਦਾਤਾ ਈਸ਼ਰ ਰੂਪ ਗੁਰੂ (ਗੁਰਮੁਖ) ਹਨ।
ਬਿਦਜਾ ਗੁਰੁ ਸ੍ਰੀ ਨਖੱਤ ਮ੍ਰਿਗਸ੍ਵੇਰ[1] ॥ ੮੪ ॥ [1](ਪੰਡਿਤ) ਤਾਰਾ ਸਿੰਘ ਜੀ (ਨਰੋਤਮ ਮੇਰੇ) ਵਿਦਿਆ-ਦਾਤ ਹਨ।
ਤਿਨ ਕੇ ਪਦ ਪੰਕਜ ਪਰ[1] ਧਰਿ ਸਿਰ। [1]ਚਰਨ ਕੰਵਲਾਂ ਉਪਰ।
ਅਭਿ ਬੰਦਨ ਕਰਿ[1] ਰਚੌਂ ਗ੍ਰੰਥ ਫਿਰ। [1]ਦਿਲੋਂ ਨਮਸਕਾਰ ਕਰਕੇ।
ਗਾਥ ਗੁਰੂ ਕੀ ਅਤਿ ਮੁਦ ਦਾਤੀ।
ਮਾਤ ਬਾਲ ਸਮ ਪਾਲ ਦਿਖਾਤੀ ॥ ੮੫ ॥
ਆਹਿ ਭਗਤਿ ਦਸ ਬਿਧਿ ਕੀ ਥਾਤੀ[1]। [1]ਦਸ ਪ੍ਰਕਾਰ ਦੀ ਭਗਤੀ ਦੀ ਥੈਲੀ ਹੈ।
ਬ੍ਰਹਮ ਗਜਾਨ ਬਿਗਜਾਨ[1] ਪ੍ਰਦਾਤੀ। [1]ਪ੍ਰਤੱਖ ਗਿਆਨ ਦੀ।
ਸੁਭਿ ਮਤਿ ਕੇਰ ਹੇਰ ਸੰਗਾਤੀ[1]। [1]ਸਾਥਣ ਦੇਖੀਦੀ ਹੈ।
ਕੁਮਤਿ ਕੁਕ੍ਰਮਨ ਕੇ ਹਿਤ ਕਾਤੀ[1] ॥ ੮੬ ॥ [1]ਕੈਂਚੀ।
ਰਾਮ ਨਾਮ ਕੀਰਤਿ ਰਤਿ ਰਾਤੀ[1]। [1]ਪ੍ਰੀਤੀ 'ਚਰੰਗੀ ਹੋਈ।
ਸਤਿ ਚਿਤ ਆਨੰਦਰੂਪ ਕ੍ਰਾਂਤੀ[1]। [1]ਚਮਕ ਹੈ, ਸੋਭਾ ਹੈ।
ਪਾਪ ਤਾਪ ਸੰਤਾਪ ਨਿਪਾਤੀ[1]। [1]ਨਾਸ ਕਰਨ ਵਾਲੀ।
ਚਾਰ ਪਦਾਰਥ ਸ੍ਵਾਰਥ[1] ਦਾਤੀ ॥ ੮੭ ॥ [1]ਆਪਣਾ ਮਤਲਬ।
ਮੋਖ ਭੋਗ ਭੰਡਾਰ ਦਿਲਾਤੀ।
ਹਰਿ ਸਨੇਹ ਦੀਪਕ ਕੀ[1] ਬਾਤੀ। [1]ਹਰੀ ਦੇ ਪ੍ਰੇਮ ਰੂਪ ਦੀਵੇ ਦੀ।
ਘਾਯਕ[1] ਤ੍ਰਿਸਨਾ ਦਾਯਕ ਸ਼ਾਂਤੀ। [1]ਨਾਸ ਕਰਨ ਵਾਲੀ।
ਗੁਰੁ ਸਿਖੀ ਕੀ ਸਖੀ ਸੰਗਾਤੀ[1] ॥ ੮੮ ॥ [1]ਸਹੇਲੀ ਤੇ ਸਾਥਣ ਹੈ।
ਮੋਦ[1] ਪ੍ਰਮੋਦ[2] ਪ੍ਰਮਾਨੰਦ ਮਾਤੀ[3]। [1]ਅਨੰਦ। [2]ਵਿਸ਼ੇਸ਼ ਅਨੰਦ। [3]ਮਸਤ ਹੈ।
ਕਾਮ ਕੋਹ[1] ਮਦ[2] ਮਤਸਰ[3] ਹਾਤੀ[11]। [1]ਕ੍ਰੋਧ। [2]ਹੰਕਾਰ। [3]ਈਰਖਾ ਨੂੰ। [11]ਨਾਸ ਕਰਨ ਵਾਲੀ।

ਦੈਵੀ ਗੁਨ[1] ਜਾਂ ਕੇ ਸੁਤ ਨਾਤੀ[2]।
ਰਿੱਧ ਸਿੱਧ ਨਵਨਿੱਧ ਰਖਾਤੀ ॥ ੮੯ ॥

[1]ਚੰਗੇ ਗੁਣ। [2]ਪੁੱਤਰ ਪੋਤਰੇ ਹਨ।

ਅਸੁਰ ਗੁਨਨ ਕੌ ਬਾਘਨ ਘਾਤੀ[1]।
ਗੁਰ ਘਰ ਜਸ ਕੀ ਧ੍ਵਜਾ ਲਸਾਤੀ[1]।
ਨੌਬਤ ਗੁਰਮਤਿ ਕੀ ਗਰਜਾਤੀ* ॥ ੯੦ ॥

[1]ਅਉਗਣਾਂ ਨੂੰ ਸ਼ੇਰਨੀ ਵਾਂਗ ਨਾਸ ਕਰਨ ਵਾਲੀ ਹੈ।
[1]ਚਮਕਦੀ ਧੁਜਾ ਹੈ।
*ਇਸ ਤੋਂ ਅੱਗੇ ਇਕ ਤੁਕ ਲਾਹੌਰ ਐਡੀਸ਼ਨ ਛਾਪਾ ਪੱਥਰ 'ਚ ਛਪਣੋ ਰਹਿ ਗਈ ਹੈ। ਇਸ ਲਈ ਇਹ ਬੰਦ ਤਿੰਨਾਂ ਤੁਕਾਂ ਦਾ ਹੀ ਰਹਿ ਗਿਆ ਹੈ।

ਮਤ ਪਖੰਡ ਮੇਘਨ ਕੌ ਬਜ਼ਾਰੀ[1]।

[1]ਪਖੰਡੀ ਮਤਾਂ ਰੂਪ ਬੱਦਲਾਂ ਨੂੰ (ਉਡਾਉਣ ਲਈ) ਹਵਾ (ਵਾਂਗ) ਹੈ।

ਸੰਸੇ ਸਲ ਭਨ ਸਾਪਨਿ ਕਾਰੀ[1]।
ਗਰਦ ਅਸ਼ਰਧਾ ਕੌ ਘਟ ਕਾਰੀ[1]।
ਕਟੁ ਕਠੋਰਤਾ ਕਾਠਹਿ ਆਰੀ[1] ॥ ੯੧ ॥
ਸ਼ੁਭ ਇੱਛਾ ਉਪਜਾਵਨ ਕਜ਼ਾਰੀ।
ਤਾਪ ਪਾਪ ਕੌ ਹਿਮ ਸਮ ਗਾਰੀ[1]।
ਕਾਲ ਜਵਾਲਹਿ ਪਾਵਸ ਭਾਰੀ[1]।

[1]ਸੰਸਿਆਂ ਦੇ ਭਮੱਕੜਾਂ ਨੂੰ (ਖਾਣ ਲਈ) ਕਾਲੀ ਸਪਣੀ ਹੈ।
[1]ਕਾਲੀ ਘਟਾ ਹੈ।
[1]ਕੁੜੱਤਣ ਤੇ ਕਠੋਰਤਾ ਦੇ ਕਾਠ ਨੂੰ (ਕੱਟਣ ਲਈ) ਆਰੀ ਹੈ।

[1]ਬਰਫ਼ ਵਾਂਗ ਗਾਲਣ ਵਾਲੀ ਹੈ।
[1]ਕਾਲ ਦੀ ਅੱਗ ਨੂੰ (ਠੰਡਾ ਕਰਨ ਲਈ) ਭਾਰੀ ਵਰਖਾ ਦੀਰੁੱਤ ਹੈ।

ਕੁਮਤਿ ਬਿਪਤਿ ਹਿਤ ਸੰਪਤਿ ਚਾਰੀ[1] ॥ ੯੨ ॥
ਗੁਰ ਸਿੱਖੀ ਕ੍ਰਿਖੀ ਕੌ ਬਾਰੀ[1]।
ਸਿੱਖ ਸੁਤਨ[1] ਪਾਲਨ ਮਹਿਤਾਰੀ[2]।
ਸੰਸੇ ਬਿਹੰਗਨ ਕੌ ਕਰ ਤਾਰੀ[1]।
ਦਿਢ ਅਗਜਾਨ ਗਢ ਕੋ ਬਡ ਨਾਰੀ[1] ॥ ੯੩ ॥

[1]ਖੋਟੀ ਮਤਿ ਦੀ ਬਿਪਤਾ ਨੂੰ (ਮੇਟਣ ਲਈ) ਸੁੰਦਰ ਸਮੱਗ੍ਰੀ ਹੈ।
[1]ਖੇਤੀ ਲਈ ਪਾਣੀ ਹੈ।
[1]ਪੁੱਤਰਾਂ ਦੇ। [2]ਮਾਤਾ (ਵਾਂਗ) ਹੈ।
[1]ਸੰਸਿਆਂ ਰੂਪ ਜਾਨਵਰਾਂ ਦੇ (ਉਡਾਉਣ ਨੂੰ) ਹੱਥ ਦੀ ਤਾੜੀ ਹੈ।
[1]ਅਗਿਆਨ ਦੇ ਪੱਕੇ ਕਿਲ੍ਹੇ ਨੂੰ (ਤੋੜਨ ਲਈ) ਵੱਡੀ ਨਾਲੀ (ਵਾਲੀ ਤੋਪ) ਹੈ।

ਕੂੜੇ ਕਲਪਨ ਹੇਤ ਬੁਹਾਰੀ[1]।
ਦੈਵਿ ਗੁਨਨ ਕੌ ਦਿਤੀ ਨਿਹਾਰੀ[1]।

[1]ਕਲਪਣਾ ਦੇ ਕੂੜੇ ਨੂੰ (ਹੂੰਝਣ ਲਈ) ਝਾੜੂ ਹੈ।
[1]ਚੰਗੇ ਗੁਣਾਂ ਨੂੰ (ਪੈਦਾ ਕਰਨ ਲਈ ਦੇਵਤਿਆਂ ਦੀ ਮਾਂ) ਦਿੱਤੀ ਦੇਖੀਦੀ ਹੈ।

ਗੁਰੁ ਚਰਿਤ ਚਿਮਨਨ ਕੀ ਬਾਰੀ[1]।
ਸੁਜਸ ਗੰਧਿ ਕੀ ਜਨ ਫੁਲਵਾਰੀ ॥ ੯੪ ॥

[1]ਗੁਰਾਂ ਦੇ ਕੌਤਕਾਂ ਰੂਪ ਫੁੱਲਾਂ ਦੀ ਬਗ਼ੀਚੀ ਹੈ।

ਹੇਤ ਹੌਸਲੇ ਮਦ ਦੋ ਬਾਰੀ[1]।
ਬ੍ਰਹਮ ਲੋਕ ਹਿਤ ਸ੍ਰੇਣੀ[1] ਭਾਰੀ।
ਕਰਨ ਗਤੀ ਤ੍ਰਿਬੇਣੀ ਚਾਰੀ[1]।
ਬਨੀ ਅਸਰਧਾ ਹੇਤ ਕੁਠਾਰੀ[1] ॥ ੯੫ ॥
ਪਰਨ ਬਿਕਾਰਨ ਸਿਸਰ ਬਿਚਾਰੀ[1]।

[1]ਦੂਜੀ ਵਾਰ ਦੀ (ਪੀਤੀ) ਸ਼ਰਾਬ (ਵਾਂਗ) ਹੈ।
[1]ਪਉੜੀ।
[1]ਕਲਿਆਣ ਕਰਨ ਨੂੰ ਸੁੰਦਰ ਤ੍ਰਿਬੇਣੀ ਹੈ।
[1]ਅਸ਼ਰਧਾ ਦੀ ਬਗ਼ੀਚੀ (ਕੱਟਣ ਨੂੰ) ਕੁਹਾੜੀ ਹੈ।
[1]ਵਿਕਾਰਾਂ ਦੇ ਪੱਤੇ (ਝਾੜਨ ਨੂੰ) ਪੱਤਝੜਰੁੱਤ ਵਿਚਾਰੀ ਦੀ ਹੈ।

ਕਾਮ ਕੋਹ ਮਦ ਕੌ ਜਮਧਾਰੀ[1]।
ਭੀਮ ਭਵਾਂਬੁਧ ਕੌ ਤਰਿ ਤਾਰੀ[1]।
ਜਨਮ ਮਰਨ ਭਵ ਕੌ ਦਵ ਨਾਰੀ[1] ॥ ੯੬ ॥
ਮਨ ਮਹਿਖਾਸੁਰ ਹਿਤ ਦੁਰਗਾ ਸੀ[1]।
ਪਾਪ ਪਤੰਗਨਿ ਦੀਪ ਸਿਖਾ ਸੀ[1]।
ਆਧਿ ਬਯਾਧਿ ਹਿਤ ਅਮਯ ਜਰੀ ਸੀ[1]।
ਬਸੀ ਕਰਨ ਕੌ ਮੰਤ੍ਰ ਪਰੀ ਸੀ[1] ॥ ੯੭ ॥
ਸੁਭ ਇੱਛਜਾ ਕੌ ਕਾਮਧੇਨ ਸੀ।
ਦਿਲ ਖੈਂਚਨ ਕੌ ਕ੍ਰਿਸ਼ਨ ਬੇਨ ਸੀ[1]।
ਸੁਧ ਕਰਨ ਕੌ ਗੰਗਧਾਰ ਸੀ।
ਭੁਗਤਿ ਮੁਕਤਿ ਦਾ ਜਨ ਬਨਾਰਸੀ[1] ॥ ੯੮ ॥
ਸਹਿਨ ਸੀਲਤਾ ਦੇਤਿ ਛਿਮਾ ਸੀ[1]।
ਸਿੱਖਨ ਪਾਲਨ ਹੇਤ ਰਮਾ ਸੀ[1]।
ਦੇਤਿ ਕਾਮਨਾ ਕਾਮਮਨੀ ਸੀ[1]।
ਸਬਨਿ ਸੁਖਦ ਸੁਰਤਰੂ ਬਨੀ ਸੀ[1] ॥ ੯੯ ॥
ਗੁਰ ਸਿੱਖਨ ਹਿਤ ਰਤਨਾਕਰ ਸੀ[1]।
ਘਨਾਨੰਦ ਪ੍ਰਦ ਲਵਨਾਕਰ ਸੀ[1]।
ਸ੍ਰੀ ਗੁਰੁ ਕੇ ਯਹਿ ਚਰਿਤ ਸੁਹੇਲੇ[1]।
ਕਰੀ ਕੁਕਰਮਨ ਹੇਤ ਬਘੇਲੇ[1] ॥ ੧੦੦ ॥
ਪਾਪ ਸਾਂਪ ਜੇਤਕ ਜਨ ਕੇਰੇ।
ਤਿਨ ਕੌ ਗਰੁੜ ਚਰਿਤ ਗੁਰ ਹੇਰੇ।
ਉਰ ਕਵਲਨ ਕੌ ਤੋਖਕ ਦਿਨਕਰ[1]।
ਮਤਿ ਕਵੀਅਨ ਕੌ ਪੋਖਕ ਹਿਮਕਰ[1] ॥ ੧੦੧ ॥
ਸਿੱਖ ਹੰਸਨਿ ਹਿਤ ਮਾਨ ਸਰੋਵਰ।
ਜਨ ਬਿਹੰਗਨ ਹਿਤ ਸਫਲ ਤਰੋਵਰ[1]।
ਯਹ ਕਿਛ ਉਪਮਾ ਨਾਹਿ ਉਚਾਰੀ*।
ਜਥਾ ਪਿਖੀ ਹਮ ਤਥਾ ਦਿਖਾਰੀ ॥ ੧੦੨ ॥

[1]ਦੋ ਮੂੰਹੀ ਕਟਾਰ ਹੈ।
[1]ਭਿਆਨਕ ਸੰਸਾਰ ਸਮੁੰਦਰ ਤੋਂ ਤਾਰਨ ਲਈ ਬੇੜੀ ਹੈ।
[1]ਸੰਸਾਰ (ਜੰਗਲ ਸਾੜਨ ਲਈ) ਡਉਂ ਅਗਨੀ ਹੈ।
[1]ਮਨ ਰੂਪ ਮਹਿਖਾਸੁਰ ਨੂੰ (ਮਾਰਨ ਲਈ) ਚੰਡੀ ਵਰਗੀ ਹੈ।
[1]ਪਾਪਾਂ ਦੇ ਭਮੱਕੜਾਂ ਨੂੰ (ਸਾੜਨ ਲਈ) ਦੀਵੇ ਦੀ ਲਾਟ ਵਰਗੀ ਹੈ।
[1]ਆਧੀ ਬਿਆਧੀ (ਆਦਿਰੋਗਾਂ ਦੇ ਮੇਟਣ) ਲਈ ਅੰਮ੍ਰਿਤ ਬੂਟੀ ਵਰਗੀ ਹੈ।
[1]ਪਰੀਆਂ ਦੇ ਮੰਤ੍ਰ ਵਰਗੀ ਹੈ।
[1]ਬੰਸਰੀ ਵਰਗੀ।
[1]ਲੋਕਾਂ ਨੂੰ ਪਦਾਰਥ ਤੇ ਮੁਕਤੀ ਦੇਣ ਲਈ ਬਨਾਰਸ ਵਰਗੀ ਹੈ।
[1]ਸਹਾਰਨ ਦੇ ਸੁਭਾਉ ਨੂੰ ਦੇਣ ਲਈ ਖਿਮਾ ਵਰਗੀ ਹੈ।
[1]ਲੱਛਮੀ ਵਰਗੀ।
[1]ਕਾਮਨਾ ਪੂਰੀਆਂ ਕਰਨ ਨੂੰ ਚਿੰਤਾਮਣੀ ਵਰਗੀ ਹੈ।
[1]ਕਲਪ ਬ੍ਰਿਛਾਂ ਦੀ ਬਗੀਚੀ ਵਰਗੀ ਹੈ।
[1]ਰਤਨਾਂ ਦੀ ਖਾਣ ਵਰਗੀ।
[1]ਅਧਿਕ ਅਨੰਦ ਦੇਣ ਲਈ ਲੂਣ ਦੀ ਖਾਣ ਵਰਗੀ ਹੈ।
[1]ਸੁਖਦਾਈ ਕੌਤਕ।
[1]ਖੋਟੇ ਕਰਮਾਂ ਦੇ ਹਾਥੀਆਂ ਨੂੰ (ਮਾਰਨ ਲਈ) ਸ਼ੇਰ ਹਨ।
[1]ਹਿਰਦੇ ਕਵਲਾਂ ਦੇ ਖਿੜਾਉਣ ਨੂੰ ਸੂਰਜ ਹਨ।
[1]ਬੁਧੀਆਂ ਰੂਪ ਕਮੀਆਂ ਨੂੰ ਖਿੜਾਉਣ ਲਈ ਚੰਦ੍ਰਮਾ ਹਨ।
[1]ਦਾਸਾਂ ਰੂਪ ਪੰਛੀਆਂ ਲਈ ਫਲਦਾਰ ਦਰੱਖ਼ਤ ਹਨ।
*ਕਵਿ ਜੀ ਰਚਿਤ ਉਪ੍ਰੋਕਤ ਸਿੰਘਾਵਿਲੋਕ ਚੌਪਈਆਂ ਕਥਾ ਦੀ ਮਹਿਮਾ ਦੇ ਅਦਭੁੱਤ ਛੰਦ ਹਨ। ਜੋ ਕਵੀ ਜੀ ਦੀ ਵਿਦਵਤਾ, ਵਾਕਫ਼ੀਅਤ, ਕਥਾ ਬਾਰੇ ਅਨੁਭਵ ਅਤੇ ਉਨ੍ਹਾਂ ਦੀ ਕਾਵਿ ਨਿਪੁਨਤਾ ਦਾ ਅਦੁੱਤੀ ਨਮੂਨਾ ਹੈ।

ਗੁਰ ਗਾਥਾ ਕੇ ਜਸ ਕੀ ਗਾਥਾ।
ਕਹਿ ਨ ਸਕਤਿ ਸਬਿ ਬਿਧਿ ਅਹਿਨਾਥਾ[1]।
ਬਾਨੀ ਕਹਿ ਕਹਿ ਥਕਤਿ ਸਾਰਦਾ[1]।

[1]ਸ਼ੇਸ਼ਨਾਗ।

[1]ਸਰੁਸਤੀ ਵੀ {ਬਾਨੀ} ਕਵਿਤਾ (ਦੁਆਰਾ) ਕਹਿ ਕਹਿ ਕੇ ਥੱਕ ਜਾਂਦੀ ਹੈ।

ਚਕਿਤ[1] ਛਕਿਤ[2] ਰਹਿ ਬਿਧੀ ਨਾਰਦਾ[3] ॥੧੦੩॥

[1]ਚੱਕ੍ਰਤ। [2]ਹੈਰਾਨ। [3]ਨਾਰਦ ਦੀ ਦੱਸੀ ਹੋਈ ਕੀਰਤਨ ਭਗਤੀ ਦੀ ਬਿਧੀ।

ਜਿਨ ਕੇ ਜਸ ਕਹਤੇ ਸੁਰ[1] ਥਾਕੈਂ।
ਅਸ ਕਵਿ ਕੌਨ ਜੁ ਸਬ ਕਹਿ ਸਾਕੈ।
ਬਿਧਿ[1] ਸਮ ਬੁਧਿ ਹੋਵੈ ਪੁਨ ਜਾਂਕੀ।
ਧੜ ਪਰ ਬਦਨ ਕੋਟ ਹ੍ਵੈ ਬਾਂਕੀ[1] ॥੧੦੪॥

[1]ਦੇਵਤੇ।

[1]ਬ੍ਰਹਮਾ।

[1]ਇਕ ਧੜ ਤੇ ਕ੍ਰੋੜਾਂ ਸੁੰਦਰ ਮੁਖ ਹੋਣ।

ਇਕ ਇਕ ਮੁਖ ਮੈਂ ਪੁਨਾ ਪਛਾਨੋ।
ਕੋਟਿ ਕੋਟਿ[1] ਹ੍ਵੈ ਜਿਹਵਾ ਮਾਨੋ।
ਇਕ ਇਕ ਜਿਹਵਾ ਪਰ ਬਿਸਾਰਦਾ[1]।
ਕੋਟਿ ਕੋਟਿ ਹ੍ਵੈ ਸਿਥਤਿ ਸਾਰਦਾ[1] ॥੧੦੫॥
ਕੋਟਿ ਕਲਪ ਲੌ[1] ਆਲਸ ਤਜ ਕੈ।

[1]ਕ੍ਰੋੜ ਕ੍ਰੋੜ।

[1]ਬਹੁਤ ਉੱਤਮ।

[1]ਸਰੁਸਤੀਆਂ ਬੈਠੀਆਂ ਹੋਣ।

[1]ਕ੍ਰੋੜਾਂ ਕਲਪਾਂ ਤੱਕ। {ਕਲਪ- ਪੁਰਾਣਾਂ ਅਨੁਸਾਰ ਬ੍ਰਹਮਾ ਦਾ ਇਕ ਦਿਨ, ਜੋ ਸਾਡੇ ੪ ਅਰਬ ੩੨ ਕ੍ਰੋੜ ਸਾਲ ਦਾ ਹੁੰਦਾ ਹੈ। (ਅ) ਮੱਕੇ ਦੀ ਗੋਸ਼ਟ ਅਨੁਸਾਰ ਕਲਪ ਬ੍ਰੱਛ ਦਾ ਇਕ ਪੱਤਾ ਝੜਨ ਤੋਂ ਕਲਪ ਤੇ ਸਾਰੇ ਪੱਤੇ ਝੜਨ ਤੋਂ ਮਹਾਂ ਕਲਪ ਅਰਥਾਤ ਪ੍ਰਲੋ ਹੁੰਦੀ ਹੈ}।

ਨਿਸਦਿਨ ਗੁਰ ਜਸ ਗਾਵੈ ਗਜ ਕੈ।
ਤਦਪਿ ਅੰਤ ਨਹੀ ਵਹਿ ਪਾਵੈ।
ਗੁਰੁ ਘਰ ਕਾ ਜਸ ਪਰੈਰਹਾਵੈ[1] ॥੧੦੬॥

[1]ਭਾਵ ਬੇਅੰਤ ਹੈ।

ਫਿਰ ਹਮ ਕਵਿ ਕੋਵਿਦ[1] ਨ ਕਹਾਵਤ।
ਚਾਲ ਕਵਿਨ ਕੀ ਲਵਨ ਨਾ ਆਵਤ[1]।

[1]ਵਿਦਵਾਨ ਕਵੀ।

[1]ਕਵੀਆਂ ਦਾ ਕਵਿਤਾ ਕਰਨ ਦਾ ਢੰਗ ਥੋੜ੍ਹੇ ਮਾਤ੍ਰ ਵੀ ਨਹੀਂ ਆਉਂਦਾ।

ਤੁੱਛ ਬੁਧਿ ਆਲਸ ਕੇ ਭਰੇ।
ਦਿਢ ਹੰਗਤਾ ਮਮਤਾ ਮੈ ਜਰੇ[1] ॥੧੦੭॥

[1]ਸੜੇ ਹੋਏ। (ਅ) ਜੜੇ ਹਾਂ।

ਉਕਤਿ[1] ਜੁਗਤਿ[2] ਨਹਿ ਫੁਰਤ ਵਖਤ ਪਰ।
ਕਾਬਿ ਕੋਸ਼[1] ਨਹਿ ਪਢੇ ਸੁਨੇ ਤਰ[2]।

[1]ਕਥਨ। [2]ਦਲੀਲ।

[1]ਕਵਿਤਾ ਦੇ ਕੋਸ਼, ਸਮ ਅਰਥ ਕੋਸ਼ (ਅ) ਕਵਿਤਾ ਅਤੇ ਹੋਏ ਕੋਸ਼ (ਸ਼ਬਦ ਭੰਡਾਰ)। [2]ਬਹੁਤੇ।

ਸਬਿ ਬਿਧਿ ਨਿਰਨੇ ਕਰਿ ਨਿਰਖਾਹੀ[1]।
ਕਿਸੀ ਭਾਂਤਿ ਹੌਂ ਲਾਇਕ ਨਾਹੀ ॥੧੦੮॥

[1]ਦੇਖ ਲਿਆ ਹੈ।

ਪਰ ਦਿਲ ਮੈਂ ਯਹਿ ਸ਼ੌਕ ਰਹਾਵਤਿ।
ਰਹੌਂ ਰੈਨ ਦਿਨ ਗੁਰੁ ਜਸ ਗਾਵਤਿ।
ਨਿਪਟ[1] ਢੀਠਤਾ ਹੈ ਯਹਿ ਮੇਰੀ। [1]ਕੇਵਲ, ਸਰਾਸਰ, ਬਿਲਕੁਲ।
ਜਯੋਂ ਪਿੰਗੁਲ[1] ਚਹਿ ਸਭਿ ਧਰ ਹੇਰੀ ॥ ੧੦੯ ॥ [1]ਪਿੰਗਲਾ, ਲੂਲ੍ਹਾ।
ਚੀਟੀ[1] ਸਿੰਧੁ[2] ਪਾਰ ਚਹਿ ਜਾਯਾ। [1]ਕੀੜਾ। [2]ਸਮੁੰਦਰ।
ਚਹਿਤਿ ਮਸ਼ਕ[1] ਜਿਮ ਮੇਰੁ[2] ਉਠਾਯਾ। [1]ਮੱਛਰ। [2]ਸੁਮੇਰ ਪਰਬਤ।
ਫਿਰ ਭਰੋਸ ਮੁਝ ਕੌ ਇਕ ਆਵੈ।
ਲਾਜ ਬਿਰਦ[1] ਕੀ ਗੁਰੂ ਰਖਾਵੈ ॥ ੧੧੦ ॥ [1]ਸਿੱਖ, ਮੁਰੀਦ (ਅ) ਧਾਰਮਿਕ ਚਿੰਨ੍ਹ ਭਾਵ ਬਾਣੇ ਦੀ।
ਤਾਂ ਤੇ ਨਿਜ ਜਨ ਸਰਨ ਪਰੇ ਕੀ।
ਲਾਜ ਰਾਖ ਹੈਂ ਪਰਨ[1] ਕਰੇ ਕੀ। [1]ਪ੍ਰਤੱਗਿਆ।
ਯਾਹੀ ਤੇ ਪੁਨ ਪੁਨ ਕਰ ਜੋਰੀ[1]। [1]ਹੱਥ ਜੋੜ ਕੇ।
ਕਰਿਹੌਂ ਅਰਜ਼ ਨਿਹੋਰ ਨਿਹੋਰੀ[1] ॥ ੧੧੧ ॥ [1]ਬਹੁਤ ਨਿੰਮ੍ਰਤਾ ਨਾਲ।
ਹੇ ਸਤਿਗੁਰ ! ਕਰੁਨਾ ਨਿਧਿ[1] ਸਮਰਥ[2]। [1]ਕਿਰਪਾ ਦੇ ਸਮੁੰਦਰ। [2]ਸਰਬ ਸ਼ਕਤੀਮਾਨ।
ਤਾਰਨ ਤਰਨ[1] ਬਿਥਾਰਨ ਸ੍ਰੁਤਿ ਪਥ[2]। [1]ਤਾਰਨ ਲਈ {ਤਰਨ} ਜਹਾਜ਼ ਰੂਪ। [2]ਵੇਦ (ਗਿਆਨ) ਮਾਰਗ ਫੈਲਾਉਣ ਵਾਲੇ।
*ਨਦੀ ਬਗੇਂਦੀ[1] ਥਲ[2] ਤੁਮ ਕਰਤੇ। [1]ਵਗਦੀ ਨਦੀ (ਦੀ ਥਾਂ)। [2]ਰੇਤ ਦੇ ਟਿੱਬੇ। *ਇਹ ਤੁਕਾਂ, ਜਿਨ੍ਹਾਂ ਗੁਰਬਾਣੀ ਦੀਆਂ ਤੁਕਾਂ ਦਾ ਅਨੁਵਾਦ ਹੈ, ਉਹ ਤੁਕਾਂ ਇਹ ਹਨ:– ਨਦੀਆਂ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥ ਕੀੜਾ ਥਾਪਿ ਦੇਇ ਪਤਿਸਾਹੀ ਲਸਕਰ ਕਰੇ ਸੁਆਹ ॥ (ਵਾਰ ਮਾਝ, ਪੰ: ੧੪੪)
ਜਲ ਅਸਗਾਹ[1] ਥਲੋਂ ਮੈਂ ਭਰਤੇ ॥ ੧੧੨ ॥ [1]ਡੂੰਘਾ ਪਾਣੀ।
ਕੀੜਾ ਥਾਪਿ ਦੇਤਿ ਪਤਿਸ਼ਾਹੀ।
ਪਤਿਸ਼ਾਹਿਨ ਕੌ ਕਰਿਹੌਂ ਘਾਹੀ।
ਲਸ਼ਕਰ ਲਾਖਹੁਂ ਖਾਕ ਮਿਲਾਵਤਿ।
ਮਸ਼ਕਨ ਤੈ[1] ਤੁਮ ਸੈਲ[2] ਤੁੜਾਵਤਿ ॥ ੧੧੩ ॥ [1]ਮੱਛਰਾਂ ਤੋਂ। [2]ਪਹਾੜ।
ਮਮ ਉਰ ਨਭ ਤੇ ਮੇਘ ਮਲਿਨਤਾ[1]। [1]ਮੇਰੇ ਹਿਰਦੇ ਦੇ ਅਕਾਸ਼ ਤੋਂ ਮਲੀਨਤਾ ਦੇ ਬੱਦਲਾਂ ਨੂੰ।
ਦੈਹੁ ਦੂਰ ਕਰਿ ਕ੍ਰਿਪਾ ਪਵਨਤਾ[1]। [1]ਕਿਰਪਾ ਰੂਪ ਹਵਾ ਨਾਲ।
ਤੁੱਛ ਬੁਧਿ ਹਮਰੀ ਸਮ ਸਵਰੀ[1]। [1]ਭੀਲਣੀ ਵਾਂਗ। {ਸਵਰ ਗੋਤ ਦੀ ਹੋਣ ਕਰ ਕੇ ਨਾਮ ਸਵਰੀ ਹੋ ਗਿਆ। ਪੰਪਾ ਸਰ ਦੇ ਕਿਨਾਰੇ ਸੇਵਾ ਕਰਦੀ ਨੂੰ ਨੀਚ ਜ਼ਾਤ ਦੀ ਸਮਝ ਕੇ ਰਿਖੀਆਂ ਨੇ ਮਾਰਿਆ, ਭਗਤਣੀ ਹੋਣ ਕਰਕੇਰਾਮ ਚੰਦਰ ਜੀ ਨੇ ਦਰਸ਼ਨ ਦੇ ਕੇ ਨਿਹਾਲ ਕੀਤਾ। ਪ੍ਰੇਮ ਵਿੱਚ ਇਸ ਦੇ ਜੂਠੇ ਬੇਰ ਖਾਣ ਦਾ ਜ਼ਿਕਰ ਵੀ ਕਈ ਕਵੀ ਕਰਦੇ ਹਨ।

ਇਸੇ ਦੇ ਚਰਨ ਪਾਉਣ ਨਾਲ ਪੰਪਾ ਸਰ ਦੇ ਕਿਰਮ ਨਾਸ਼ ਹੋਏ ਸਨ।}

ਹੇ ਗੁਰਰਾਮ ! ਦੈਹੁ ਕਰਿ ਗਵਰੀ[1] ॥ ੧੧੪ ॥
[1]ਹੇ ਗੁਰੂ ਰੂਪਰਾਮ ਜੀ ਇਸ ਨੂੰ ਭਾਰੀ (ਗੁਣਾਂ ਵਾਲੀ) ਕਰ ਦਿਉ।

ਭਗਤਿ ਭਾਵ ਯੁਤ[1] ਕਰਿ ਦਿਹੁ ਮੀਠਾ।
[1]ਪ੍ਰੇਮ ਭਗਤੀ (ਦੀ ਮਿਠਾਸ) ਸਹਿਤ।

ਕਹਰ ਜ਼ਹਰ ਮਯ[1] ਮਮ ਮਨ ਰੀਠਾ।
[1]ਦੁਖਦਾਈ ਜ਼ਹਿਰ ਰੂਪ।

ਚਲ ਦਲ ਜਿਮ ਮਨ ਮੁਝ ਮੰਦਨ ਕਾ[1]।
[1]ਮੇਰੇ ਭੈੜੇ ਦਾ ਮਨ ਪਿੱਪਲ ਦੇ ਹਿਲਦੇ ਪੱਤੇ ਵਾਂਗ ਹੈ।

ਸਦ ਗੁਨਿ ਚਿਨ੍ਹ[1] ਕਰਿ ਦਿਹੁ ਚੰਦਨ ਕਾ ॥ ੧੧੫ ॥
[1]ਚੰਗੇ ਗੁਣਾਂ ਦਾ ਨਿਸ਼ਾਨ ਲਗਾ ਕੇ।

ਮਮ ਮਤਿ ਦ੍ਰੁਪਦਾ ਗਹੀ ਦੁਸਾਸਨ[1]।
[1]ਮੇਰੀ ਬੁੱਧੀ ਰੂਪ ਦ੍ਰੌਪਤੀ ਖੋਟੇ ਸੰਸਿਆਂ ਦੇ ਦੁਸਾਸਨਾਂ ਨੇ ਪਕੜ ਲਈ ਹੈ।

ਯੁਕਤੀ ਚੀਰ ਬਢਾਵਹੁ ਰਾਸਨ[1]।
[1]ਦਲੀਲਾਂ ਦੇ ਬਹੁਤੇ ਬਸਤ੍ਰ ਵਧਾ ਦਿਉ।

ਮਮ ਉਰ ਊਖਰ ਮੈਂ[1] ਪਗ ਧਾਰੀ।
[1]ਮੇਰੇ ਹਿਰਦੇ ਰੂਪ ਕੱਲਰ ਦੇ ਖੇਤ ਵਿੱਚ।

ਚਿਸ਼ਮਾਂ ਬਾਰ ਕਰੋ ਗੁਨਿ ਜਾਰੀ[1] ॥ ੧੧੬ ॥
[1]ਗੁਣਾਂ ਦੇ ਪਾਣੀ ਦਾ ਸੋਮਾ ਜਾਰੀ ਕਰ ਦਿਉ।

ਰਿਖਿ ਤਿਯ ਸਿਲਾ ਬੁੱਧਿ ਜਢ ਮੇਰੀ[1]।
[1]ਮੇਰੀ ਜੜ ਬੁੱਧੀ ਗੋਤਮ ਰਿਖੀ ਦੀ ਇਸਤ੍ਰੀ (ਅਹੱਲਿਆ ਵਾਂਗ) ਪੱਥਰ (ਬਣੀ ਹੋਈ ਹੈ)।

ਕਰੋ ਬਿਸੁੱਧ ਹਰੋ ਭਵ ਬੇਰੀ[1] ॥ ੧੧੭ ॥
[1]ਇਸ ਨੂੰ ਚੇਤੰਨ ਕਰ ਦਿਉ ਤੇ ਜੰਮਣ ਮਰਨ ਦੀ ਬੇੜੀ ਕੱਟ ਦਿਉ।

ਦੋਹਰਾ:

ਬਲੀ ਕੰਧਾਰੀ ਕਲੀ ਕੇ,
ਪਾਪ ਪਹਾਰ ਹੰਕਾਰ[1]।
[1]ਕਲਜੁਗ ਰੂਪ ਵਲੀ ਕੰਧਾਰੀ ਦੇ ਪਾਪ ਤੇ ਹੰਕਾਰ ਰੂਪ ਪਹਾੜ ਨੂੰ।

ਪੰਜੋ ਦੈ ਭੰਜੋ ਗਰਬ[1],
ਦੈਹੁ ਸਰਬ ਸੁਖ ਸਾਰ[1] ॥ ੧੧੮ ॥
[1]ਪੁੰਨ ਰੂਪ ਪੰਜਾ ਦੇ ਕੇ ਹੰਕਾਰ ਨੂੰ ਭੰਨੋ।
[1]ਸ੍ਰੇਸ਼ਟ।

ਅਹੰਕਾਰ ਕੌਡੇ ਗਹਯੋ,
ਮਨ ਮਰਦਾਨਾ ਦਾਸ[1]।
[1](ਮੈਂ) ਦਾਸ ਦਾ।

ਤੇਲ ਤਮਾ, ਤ੍ਰਿਸਨਾ ਅਗਿਨਿ,
ਕਰੋ ਸ਼ਾਂਤਿ ਗੁਰੁ ਖਾਸ[1] ॥ ੧੧੯ ॥
[1]ਆਪ (ਆ ਕੇ)।

ਮਨ ਗਜ ਗ੍ਰਾਹਿ ਗੁਰੂਰ ਤੈ[1],
ਚਿਤਵਨਿ ਚੱਕਰ ਸਾਥ[1]।
[1]ਮਨ ਰੂਪ ਹਾਥੀ ਨੂੰ ਹੰਕਾਰ ਰੂਪ ਤੰਦੂਏ ਤੋਂ।
[1](ਕ੍ਰਿਪਾ) ਦ੍ਰਿਸ਼ਟੀ ਰੂਪ (ਸੁਦਰਸ਼ਨ) ਚੱਕ੍ਰ ਨਾਲ।

ਲਿਹੁ ਉਬਾਰ ਸੁਖ ਸਾਰ ਦਿਹੁ,
ਨਾਥ ਪੰਥ ਜਦੁ ਨਾਥ[1] ॥ ੧੨੦ ॥
[1]ਹੇ ਸ੍ਰੀ ਗੁਰੂ ਗੋਬਿੰਦ ਸਿੰਘ ਰੂਪ ਵਿਸ਼ਨੂੰ ਜੀ! {ਜਦੁ ਨਾਥ=ਕ੍ਰਿਸ਼ਨ ਭਾਵ ਵਿਸ਼ਨੂੰ}।

ਮਤਿ ਮ੍ਰਿਗੀ ਕੁੰਠਤ ਭਈ[1],
ਕਰਿ ਅਜ਼ਾਦ ਗੁਰੁ ਆਦਿ।
ਹਰਨਕਸਪ[1] ਹੰਕਾਰ ਤੇ,
ਰਾਖਹੁ ਸਮ ਪ੍ਰਹਿਲਾਦ ॥ ੧੨੧ ॥
ਮੇਰੇ ਪੈਂਡੇ[1] ਪਰਰਹੇ,
ਪੈਂਡੇ[1] ਪਾਪ ਅਪਾਰ।
ਪੈਂਡੇ ਜਿਮ[1] ਤਿਨ ਕੌ ਹਰੋ,
ਹਰਿ ਗੋਬਿੰਦ ਗੁਰੁ ਭਾਰ ॥ ੧੨੨ ॥
ਅੰਧ ਕੂਪ ਤਮ ਮੈ[1] ਪਰਜੋ,
ਮਹਾ ਪਤਿਤ ਬਿਕਰਾਲ[1]।
ਅਪਨੀ ਲਾਜ ਪਛਾਨ ਕੈ,
ਕਾਢ ਲੇਹੁ ਪ੍ਰਭੁ ਦਯਾਲ ॥ ੧੨੩ ॥
ਬਾਵਰ[1] ਅਧਮ[2] ਉਧਾਰਿਆ,
ਗਾਵਰ[1] ਔਰ ਅਪਾਰ।
ਮੇਰੀ ਬਾਰ[1] ਅਬਾਰ[2] ਕਯੋਂ,
ਮੈ ਹੂੰ ਅਧਮ ਸਲਾਰ[1] ॥ ੧੨੪ ॥
ਮੋ ਮੈਂ ਗੁਨ ਏਕੋ ਨਹੀ,
ਸਭਿ ਬਿਧਿ ਭਰਜੋ ਗੁਨਾਹ।
ਅਪਨਾ ਬਿਰਦ ਪਛਾਨਿ ਕੈ,
ਮੇਰੀ ਕਰੋ ਪਨਾਹ[1] ॥ ੧੨੫ ॥
ਚੋਰ ਚੱਤ੍ਰਭੁਜ[1] ਕੀ ਕਥਾ,

ਲਖੋ ਗ੍ਰੀਬ ਨਿਵਾਜ।
ਜਦਯਪਿ ਪੂਤ ਕਪੂਤ ਹੌਂ,
ਬਹੁਤ ਪਿਤਾ ਤੁਹਿ ਲਾਜ ॥ ੧੨੬ ॥
ਸਭਿ ਬਿਧਿ ਸਾਜ ਸੀਗਾਰੀਆ,
ਕੰਜ ਸਿ ਨਾਹੜੀਆਂਹ[1]।

ਜੇ ਸਹ ਕੰਠ ਨਾ ਲਗੀਆ,
ਜਲਨਿ[1] ਸਿ ਬਾਹੜੀਆਹ[2]* ॥ ੧੨੭ ॥

[1]ਘਿਰੀ ਹੋਈ ਹੈ।

[1]ਹਰਨਾਖਸ਼।

[1]ਪੈਰ।

[1]ਰਸਤੇ।

[1]ਪੈਂਦੇ ਖਾਂ (ਪਠਾਣ) ਵਾਂਗ।

[1]ਅਗਿਆਨ ਦੇ ਅੰਨ੍ਹੇ ਖੂਹ ਵਿੱਚ।

[1]ਭਿਆਨਕ।

[1]ਫੰਧਕ। [2]ਨੀਚ।

[1]ਬੇ ਦੀਨੋ, ਕਾਫਰ।

[1]ਵਾਰੀਂ। [2]ਦੇਰੀ।

[1]ਨੀਚਾਂ ਦਾ ਸਰਦਾਰ।

[1]ਰਖਿਆ।

[1]ਰਾਜੇ ਦੀ ਕੰਨਿਆਂ ਨਾਲ ਸ਼ਾਦੀ ਕਰਾਉਣ ਦੇ ਲਾਲਚ ਵਿੱਚ ਬਣਾਉਟੀ) ਚਾਰ ਬਾਹਾਂ (ਬਣਾ ਕੇ ਵਿਸ਼ਨੂੰ ਬਣਨ ਵਾਲਾ) ਚੋਰ।

[1](ਜਗਿਆਸੂਆਂ ਦੀਆਂ ਬੁਧੀਆਂ ਰੂਪ) ਪਿਆਰ ਮੱਤੀਆਂ {ਕੰਜ} : ਨੌਜਵਾਨ ਕੁੜੀਆਂ।

[1](ਕਲਪਣਾ ਦੀ ਅੱਗ ਵਿੱਚ) ਸੜਦੀਆਂ ਹਨ। [2](ਬ੍ਰਿਤੀਆਂ ਰੂਪ) ਬਾਹਾਂ। *ਇਹ ਦੋਨੋ ਹੀ ਸਤਰਾਂ ਗੁਰਬਾਣੀ ਦੀਆਂ ਤੁਕਾਂ

ਹਨ, ਜਿਨ੍ਹਾਂ ਦਾ ਸ਼ੁੱਧ ਪਾਠ ਐਉਂ ਹੈ- "ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ।" (ਪੰਨਾ ੫੫੮)

ਅੰਗਨਿ ਰੰਗਨਿ ਰੰਗੀਆ[1],
ਗਰਬ ਗਹੇਲੜੀਆਹ[1]।
ਜੇ ਸਹਿ ਨਹਿ ਮਨ ਭਾਈਆ,
ਜਰਨਿ ਨਵੇਲੜੀਆਹ[1] ॥ ੧੨੮ ॥

[1](ਜਿਨ੍ਹਾਂ ਨੇ) ਅੰਗਾਂ ਨੂੰ ਰੰਗਾਂ ਨਾਲ ਰੰਗਿਆ ਹੋਇਆ ਹੈ।
[1]ਹੰਕਾਰ ਵਿੱਚ ਮਸਤ ਹਨ।
[1]ਨਵੇਂ ਜੋਬਨ ਵਾਲੀਆਂ।

ਸਭਿ ਬਿਧਿ ਮੈ ਅਬਿ ਤੇਰੀਆ,
ਔਗੁਨ ਨਾਹਿ ਚਿਤਾਰ।
*ਜੇ ਤੂ ਖਸਮ ਅਸਾਡੜਾ,
ਭੋਰੀ[1] ਮਨ ਨ ਬਿਸਾਰ ॥ ੧੨੯ ॥

*ਗੁਰਬਾਣੀ ਦੀਆਂ ਤੁਕਾਂ ਹਨ: "ਜੇ ਤੂ ਮਿਤ੍ਰ ਅਸਾਡੜਾ, ਹਿਕ ਭੋਰੀ ਨ ਵੇਛੋੜਿ।" (ਪੰਨਾ ੧੦੯੪)
[1]ਥੋੜ੍ਹਾ ਜਿਹਾ ਚਿਰ ਵੀ।

ਤੋ ਸੋਂ ਦੀਨ ਦਯਾਲ ਨਹਿ,
ਮੋ ਸੋਂ ਸਾਧੁ ਗ਼ਰੀਬ।
ਰਾਵਰ ਦਾਸਨ ਚਰਣ ਗਹਿ,
ਭਏ ਨਸੀਬ ਨਜੀਬ[1] ॥ ੧੩੦ ॥

[1]ਭਾਗ ਚੰਗੇ ਹੋ ਗਏ।

ਸ੍ਰੀ ਸਤਿਗੁਰੁ ਗੁਰੁ ਗ੍ਰੰਥ ਪੁਨ,
ਪੰਥ ਖਾਲਸਾ ਸਾਰ।
ਪਦ ਪੰਕਜ ਪਰ ਸਬਨ ਕੇ,
ਕਰਿ ਬਹੁ ਬਾਰ ਜੁਹਾਰ[1] ॥ ੧੩੧ ॥

[1]ਨਮਸਕਾਰ।

ਕਥਾ ਜਥਾ ਅਵਤਾਰ ਗੁਰੁ,
ਧਾਰਨ ਕੀ ਸਬਿ ਗਾਇ।
ਉਤ੍ਰਰਥੋਂ[1] ਥਿਰ ਭਯੋ[2] ਅਬਿ,
ਆਹਿ ਚੁਤ੍ਰਥੋ ਧਯਾਇ ॥ ੧੩੨ ॥

[1](ਖਿਆਲ ਰੂਪ) ਰਥ ਤੋਂ ਉਤਰ ਕੇ। [2]ਟਿਕ ਕੇ ਬੈਠ ਗਿਆ ਹੈ ਭਾਵ ਸਮਾਪਤ ਹੋ ਗਿਆ ਹੈ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਤੇ ਪਰਜਾ ਅਚਰਣ, ਗੁਰੁ ਅਵਤਾਰ ਧਰਣ, ਪ੍ਰਸੰਗ ਬਰਨਨੰ ਨਾਮ ਚਤ੍ਰਥੰ ਬਿਸ੍ਰਾਮ ॥ ੪ ॥

ਪੰਜਵਾਂ* ਬਿਸ੍ਰਾਮ

ਪ. {ਸ੍ਰੀ ਗੁਰੂ ਜੀ ਦੀ ਬਾਲ-ਲੀਲ੍ਹਾ, ਸੱਪ ਨੇ ਛਾਂ ਕਰਨੀ, ਖੇਤ ਹਰਾ ਕੀਤਾ, ਪਾਂਧੇ ਨੂੰ ਉਪਦੇਸ਼, ਵੈਦ ਦਾ ਉਧਾਰ, ਖਰਾ ਸੌਦਾ, ਮੋਦੀਖ਼ਾਨਾ, ਸ਼ਾਦੀ, ਸੱਚਖੰਡ, ਜੰਗਲ 'ਚ ਮੰਗਲ, ਮਸੀਤ 'ਚ ਨਿਮਾਜ਼ ਪੜ੍ਹਨ ਗਏ}

*ਕਵਿ ਜੀ ਨੇ ਮੂਲ ਪਾਠ ਵਿੱਚ ਬਿਸ੍ਰਾਮ ਤੋਂ ਪਹਿਲਾਂ ਕਿਸੇ ਥਾਂ ਵੀ ਬਿਸ੍ਰਾਮ ਦਾ ਨੰਬਰ ਅੰਕਾਂ ਵਿੱਚ ਨਹੀਂ ਦਿੱਤਾ ਤੇ ਨਾ ਹੀ ਬਿਸ੍ਰਾਮ ਦੇ ਨੰਬਰ ਦੀ ਕੋਈ ਮੋਟੀ ਸੂਚਨਾ ਅੱਖਰਾਂ ਵਿੱਚ ਹੀ ਲਿਖੀ ਹੈ। ਉਨ੍ਹਾਂ ਨੇ ਪ੍ਰਾਚੀਨ ਕਵੀਆਂ ਵਾਂਗ ਹਰ ਬਿਸ੍ਰਾਮ ਦੇ ਅੰਤ ਵਿੱਚ ਇਤਿ ਸ੍ਰੀ.....ਪੰਚਮੋ ਬਿਸ੍ਰਾਮ ਆਦਿ ਲਿਖਿਆ ਹੈ। ਅਸੀਂ ਜੋ ਹੁਣ ਤੱਕ ਪਾਠਕਾਂ ਦੇ ਸੌਖ ਲਈ ਹਰ ਬਿਸ੍ਰਾਮ ਦੇ ਮੁੱਢ ਵਿੱਚ ਪਹਿਲਾ.....ਪੰਜਵਾਂ ਬਿਸ੍ਰਾਮ ਆਦਿ ਲਿਖਦੇ ਆਏ ਹਾਂ, ਹੁਣ ਅੱਗੋਂ ਤੋਂ ਇਹ ਆਪਣੇ ਵੱਲੋਂ ਮੋਟੀ ਸੂਚਨਾ ਨਹੀਂ ਦੇਵਾਂਗੇ। ਹਰ ਸਫ਼ੇ ਦੇ ਉਪਰ ਲੀਕ ਤੋਂ ਬਾਹਰ ਲਿਖਿਆ ਬਿਸ੍ਰਾਮ ਦਾ ਨੰਬਰ ਬਿਸ੍ਰਾਮ ਲੱਭਣ ਵਿੱਚ ਸਹਾਈ ਹੋਵੇਗਾ ਅਤੇ ਹਰ ਬਿਸ੍ਰਾਮ ਦੇ ਆਦਿ ਵਿੱਚ ਉਸ ਬਿਸ੍ਰਾਮ ਵਿੱਚ ਆਉਣ ਵਾਲੇ ਪ੍ਰਸੰਗ ਤੇ ਬਿਸ੍ਰਾਮ ਦਾ ਨੰਬਰ ਬ੍ਰੀਕ ਅੱਖਰਾਂ ਵਿੱਚ ਦੇਂਦੇ ਜਾਵਾਂਗੇ।

ਦੋਹਰਾ:

ਅਮਰ ਅਮਰ ਗੁਰ ਅਮਰ ਕੇ,
ਪਦ ਅਰਬਿੰਦ ਮਨਾਇ[1]।

[1]{ਅਮਰ} ਦੇਵਤਿਆਂ ਨੂੰ ਵੀ {ਅਮਰ} ਮੁਕਤ ਕਰਨ ਵਾਲੇ ਸ੍ਰੀ ਗੁਰੂ ਅਮਰ ਦਾਸ ਜੀ ਦੇ ਚਰਨ ਕੰਵਲਾਂ ਨੂੰ ਮਨਾ ਕੇ। (ਅ) ਦੇਵਤਿਆਂ ਤੇ ਵੀ {ਅਮਰ} ਹੁਕਮ ਕਰਨ ਵਾਲੇ।

ਬਾਲ ਚਰਿਤ[1] ਗੁਰ ਆਦਿ ਕੇ,
ਕਹੋਂ ਮੱਧ ਇਸ ਧਜਾਇ ॥੧॥

[1]ਬਾਲ ਸਮੇਂ ਦੇ ਕੌਤਕ।

ਛਪੈ:

ਦੋਸ਼ ਬਿਦਾਰ[1] ਸ਼ਿੰਗਾਰ ਕਾਬਿ,
ਫਲ ਚਾਰ ਦਿਵੱਯਾ।
ਗੁਰੁ ਸਿੱਖਨ ਕੀ ਜਿੰਦ,
ਮੋਦ ਮਨ ਚਿੰਦ ਬਢੱਯਾ[1]।
ਇੰਦੁ ਦਨਿੰਦ ਮਨਿੰਦ[1],
ਜਗਤਿ ਪ੍ਰਕਾਸ਼ ਕਰਨ ਵਰ[1]।
ਕੰਦ ਅਨੰਦ[1] ਮੁਕੰਦ[2],
ਬ੍ਰਿੰਦ ਅਘ ਬਿਘਨ ਦਰਨ ਕਰਿ[1]।
ਜੋ ਸੁਨੈ ਪ੍ਰੇਮ ਧਰਿ ਨਾਰਿ ਨਰ,
ਆਦਿ ਗੁਰੂ ਕੇ ਚਰਿਤ ਯਹਿ।
ਆਤਮ ਗਿਆਨ ਹਰਿ ਭਗਤਿ ਯੁਤ,
ਸਭਿ ਸੁਖ ਸੰਪਤਿ[1] ਪਾਇ ਵਹਿ ॥੨॥
ਸ੍ਰੀ ਨਾਨਕ ਅਵਤਾਰ ਧਾਰਿ,
ਜੋ ਚਰਿਤ ਕਰੇ ਬਹੁ।

[1]ਨਾਸ ਕਰਨ ਵਾਲੇ।

[1]ਮਨ ਇੱਛਤ ਅਨੰਦ ਵਧਾਉਣ ਵਾਲੇ।

[1]ਚੰਦ ਤੇ ਸੂਰਜ ਵਾਂਗ।

[1]ਕਰਨ ਵਾਲੇ ਹਨ।

[1]ਅਨੰਦ ਦੇ ਬੱਦਲ। [2]ਮੁਕਤੀ ਦਾਤੇ।

[1]ਨਾਸ ਕਰਨ ਵਾਲੇ ਹਨ।

[1]ਸਾਮਾਨ, ਸਮੱਗ੍ਰੀ, ਜਾਇਦਾਦ।

ਜੇ ਅਬ ਸਭਿ ਵਹਿ ਲਿਖੋਂ,
ਗ੍ਰੰਥ ਬਢੈ ਨ ਪਾਰ ਲਹੁਂ।
ਦਿਗ[1] ਦਰਸ਼ਨ ਹੀ ਮਾਤ,

[1]ਸੂਖਮ ਦਰਸ਼ਨ ਮਾਤ੍ਰ ਹੀ ਭਾਵ ਸੰਖੇਪ ਰੂਪ ਵਿੱਚ। {ਅਰਬੀ– ਦਿਕ, ਦਿਗ– ਸੂਖਮ।}

ਤਾਂਹਿ ਤੇ ਇਹਾਂ ਲਿਖੈਹੌਂ।
ਜੋ ਸਭਿ ਪੇਖਜੋ ਚਹੈ,
ਭਾਨ ਪ੍ਰਕਾਸ਼[1] ਪਿਖੈਹੌਂ।

[1]ਸੂਰਜ ਪ੍ਰਕਾਸ਼ ਭਾਵ ਸ੍ਰੀ ਗੁਰ ਪ੍ਰਤਾਪ ਸੂਰਜ।

ਅਬ ਤਨਕ ਤਨਕ ਕਹਿਹੌਂ ਭਲੇ,
ਸੁਨੋ ਸ੍ਰੋਤਾ ਸੁਮਤਿ ਵਰ[1]।

[1]ਚੰਗੀ ਮਤਿ ਵਾਲੇ।

ਇਸ ਇਤੀਹਾਸ ਮਹਿ ਜਿਤਕ ਵਹਿ,
ਚਹੀਅਤ ਹੈ ਸੋ ਦੈਹੁਂ ਧਰਿ ॥ ੩ ॥
ਤਲਵੰਡੀ ਪੁਰ ਮੱਧ ਖੱਤ੍ਰੀ
ਜਾਤਿ ਬਸਤਿ ਤਰ[1]।

[1]ਬਹੁਤੀ।

ਬੇਦੀ ਗੋਤ ਬਖਜਾਤ[1],

[1]ਮਸ਼ਹੂਰ।

ਨਾਮ ਕਾਲੂ ਸਸਿ ਵਡ ਨਰ।
ਰਾਇ ਬੁਲਾਰ ਇਕ ਨਾਮ,
ਭੂਪ ਤਹਿ ਹੁਤੋ ਯਵਨ[1] ਤਬ।

[1]ਮੁਸਲਮਾਨ ਸੀ।

ਪਟਵਾਰੀ ਤਿਸ ਕੇਰ,
ਰਾਜ ਕੀ ਕਰਤਿ ਹੁਤੋ ਸਭਿ।
ਵਹਿ ਭੂਪਤਿ ਕਾਲੂ ਚੰਦ ਸੋਂ,
ਰਖਤਿ ਦੋਸਤੀ ਅਧਿਕ ਵਰ[1]।

[1]ਬਹੁਤ ਚੰਗੀ।

ਤਿਸ ਕਾਲੂ ਸਸਿ ਕੇ ਗ੍ਰਹਿ ਵਿਖੇ,
ਪ੍ਰਗਟੇ ਨਾਨਕ ਰੂਪ ਹਰਿ ॥ ੪ ॥
ਰਾਮ ਦਜਾਲ ਦਿਜ[1] ਗਨਕ[2],

[1]ਬ੍ਰਾਹਮਣ। [2]ਜੋਤਸ਼ੀ।

ਜਨਮ ਪਤ੍ਰੀ ਗੁਰੁ ਕੇਰੀ।
ਲਿਖਿ ਕਾਲੂ ਸਸਿ ਪਾਸ,
ਲਜਾਇ ਕਰਿ ਯਾ ਬਿਧਿ ਟੇਰੀ[1]।

[1]ਕਿਹਾ।

ਸੁਤ[1] ਤੁਮਰੋ ਯਹਿ ਭਯੋ,

[1]ਪੁੱਤਰ।

ਬਲੀ ਕੋਊ ਅਵਤਾਰੀ।
ਸ਼ਾਹਿਨ ਸ਼ਾਹਿ ਕਹਾਇ,

ਖਲਕ ਮਾਨੈਗੀ ਸਾਰੀ।
ਪੁਨ ਢੁਰੈ ਚਵਰ ਸਿਰਿ ਛਤ੍ਰ ਵਰ,
ਕਰੈ ਦਿਗ ਵਿਜੈ ਧਰਮ ਧਰ[1]।

[1]ਧਰਤੀ (ਦੀਆਂ ਸਾਰੀਆਂ) ਦਿਸ਼ਾਂ ਵਿੱਚ ਧਰਮ ਦੀ ਜਿੱਤ ਕਰੇਗਾ।

ਇਸ ਪੀਛੇ ਹਿੰਦੂ ਤੁਰਕ ਬਹੁ,
ਭਵ ਸਾਗਰ ਕੋ ਜਾਹਿ ਤਰ ॥ ਪ ॥
ਇਸ ਕੇ ਜਨਮ ਸਥਾਨ,
ਪਰੇ ਗ੍ਰਹਿ ਐਸੇ ਨੀਕੇ।
ਜੇ ਲੱਖਨ ਮੈਂ ਕਹੇ,
ਬਰਤਿ ਹੈਂ ਸਭਿ ਹੀ ਠੀਕੇ।
ਸੁਨਿ ਕਰਿ ਕਾਲੂ ਚੰਦ,
ਦਯੋ ਧਨ ਬਹੁ ਦਿਜ ਤਾਈਂ।
ਉਤਸ਼ਵ ਕਰਯੋ ਅਪਾਰ,
ਨਗਰ ਮੈਂ ਵਜੀ ਵਧਾਈ।
ਫਿਰ ਦਿਜਵਰ ਸ੍ਰੁਤਿ ਸੋਧ ਕਰਿ[1],
ਧਰਯੋ ਨਾਮ ਨਾਨਕ ਵਰੰ।

[1]ਵੇਦਾਂ ਨੂੰ ਵਿਚਾਰ ਕੇ।

ਨਹਿ ਦੁੱਖ ਜਾਹਿ ਮੈ ਅਨਿਕਤਾ,
ਸੋ ਕਹੀਅਤ ਨਾਨਕ ਨਰੰ[1] ॥ ੬ ॥

[1]ਜਿਸ ਵਿੱਚ ਦੁੱਖ ਤੇ ਅਨੇਕਤਾ ਨਹੀਂ ਹੈ ਤਿਸ ਪੁਰਸ਼ ਨੂੰ ਨਾਨਕ ਕਹੀਦਾ ਹੈ। {ਨਾ+ਅਨ+ ਅੱਕ=ਨਾ- ਪੁਰਸ਼। ਅਨ- ਨਹੀਂ। ਅੱਕ- ਦੁਖ=ਜਿਸ ਪੁਰਸ਼ ਵਿੱਚ ਦੁੱਖ ਨਹੀਂ ਹੈ ਭਾਵ ਸੁਖ ਸਰੂਪ। (ਅ) ਨਾ+ਅਨਿਕ ਜਿਸ ਵਿੱਚ ਅਨੇਕਤਾ ਨਹੀਂ ਹੈ ਭਾਵ ਅਦੁੱਤੀ ਬ੍ਰਹਮ 'ਅਨਿਕਰਹਿਤ ਪ੍ਰਮਾਤਮ ਜੋਈ। ਨਾਨਕ ਨਾਮ ਕਹਾਵੈ ਸੋਈ'।}

ਜਬਿ ਤੇ ਗੁਰੁ ਅਵਤਾਰ,
ਭਇਓ ਤਿਸ ਦੇਸ ਮਝਾਰੀ।
ਸੁਖ ਸੰਪਤਿ ਸਭਿ ਛਈ[1],

[1]ਫੈਲ ਗਈ।

ਮੇਘ[1] ਬਰਸੈਂ ਬਹੁ ਬਾਰੀ[2]।

[1]ਬੱਦਲ। [2]ਪਾਣੀ।

ਧਰਮ ਪਰਾਇਣ[1] ਭਏ,

[1]ਆਸਰੇ।

ਨਾਰਿ ਨਰ ਕਰੈਂ ਭਗਤਿ ਹਰਿ।
ਬਦਕਾਮੀ[1] ਨਰ ਕੁਟਲ[2],

[1]ਮੰਦ-ਕਰਮੀ। [2]ਛਲੀਏ।

ਦੁਖੀ ਨਹਿ ਰਹਯੋ ਦੇਸ ਭਰ।
ਸਾਤ ਈਤਿ ਔ ਭੀਤਿ ਕੀ,

ਭੀਤੀ ਰਹੀ ਨ ਚੀਤਿ ਕਿਸਿ[1]।

[1]ਅਤੇ ਸੱਤ ਈਤਾਂ ਦੇ {ਭੀਤਿ} ਭੈ ਦਾ (ਭੀਤੀ) ਡਰ ਕਿਸੇ ਦੇ ਵੀ ਚਿੱਤ ਵਿੱਚ ਨ ਰਿਹਾ। {ਸੱਤ ਈਤਾਂ- ਖੇਤੀ ਨਾਸ਼ਕ ਸੱਤ ਵਿਘਨ- ੧. ਬਹੁਤ ਮੀਂਹ। ੨. ਮੀਂਹ ਨ ਪੈਣਾ। ੩. ਚੂਹਿਆਂ ਦਾ ਵੱਧ ਜਾਣਾ। ੪. ਟਿੱਡੀ ਦਲ (ਆਹਣ)। ੫. ਗੜੇ। ੬. ਦੁਸ਼ਮਣ ਦੀ ਫੌਜ ਦਾ ਲੰਘਣਾ। ੭. ਤੇਲਾ, ਕੁੰਗੀ ਆਦਿਰੋਗ।}

ਨਰ ਧਰਮ ਕ੍ਰਿਤ ਕਰਿ ਖਾਹਿਂ ਸਭਿ,
ਕਰੈਂ ਭਗਤਿ ਹਰਿ ਦਜੋਸ ਨਿਸਿ[1] ॥ ੭ ॥

[1]ਦਿਨਰਾਤ।

ਯਹਿ ਪ੍ਰਤਾਪ ਤਬ ਭਜੋ,
ਗੁਰੂ ਕਾ ਪ੍ਰਥਮ ਦੇਸ ਪਰ।
ਰਵਿ[1] ਪ੍ਰਗਟੇ ਤੈ ਨਸਤਿ,
ਜੈਸ ਤਮ[1] ਦੁਖਦ[2] ਤਮੀਚਰ[3]।

[1]ਸੂਰਜ।

[1]ਅਨ੍ਹੇਰਾ। [2]ਦੁਖਦਾਈ। [3]ਰਾਤ ਨੂੰ ਵਿਚਰਨ ਵਾਲੇ, ਉੱਲੂ, ਚੋਰ ਆਦਿ।

ਸਿਸ ਲੀਲਾ[1] ਗੁਰੁ ਅਨਿਕ,
ਭਾਂਤਿ ਕੀ ਦਿਨ ਦਿਨ[1] ਕਰਹੀਂ।
ਮਾਤ ਤਾਤ[1] ਪਿਖ ਪੁਰ ਜਨ[2]
ਸਭਿ ਹੀ ਮਨਿ ਮੁਦ[1] ਧਰਹੀਂ।
ਨਰ ਨਾਰਿ ਪਿਖੈਂ ਇੱਕ ਬਾਰ ਜੋ,
ਪੁਨ ਪੁਨ ਲਲਚਾਵੈਂ ਪਿਖਨ ਹਿਤ।
ਸੁਠ ਮਦਨ ਕੋਟਿ ਰਵਿ ਬਾਲ ਸਮ[1],
ਤੇਜ ਦਿਪੈ[1] ਤਨ ਪੈ ਅਮਿੱਤ ॥ ੮ ॥

[1]ਬਾਲ ਚੋਜ।

[1]ਹਰਰੋਜ਼।

[1]ਪਿਤਾ। [2]ਸ਼ਹਿਰ ਦੇ ਲੋਕ।

[1]ਅਨੰਦ।

[1]ਕ੍ਰੋੜਾਂ ਸੁੰਦਰ ਕਮਦਵਾਂ ਅਤੇ ਚੜ੍ਹਦੇ ਸੂਰਜਾਂ ਵਾਂਗ।

[1]ਚਮਕਦਾ ਹੈ।

ਕਰੈਂ ਚੇਸ਼ਟਾ[1] ਐਸ,
ਜੈਸ ਨਰ ਧਰਮ ਧੁਰੰਧਰ[1]।
ਜੋ ਕੁਛ ਘਰ ਤੇ ਮਿਲੈ,
ਦੈਂਹ ਦੀਨਨਿ ਕੇ ਕਰ ਧਰਿ[1]।
ਜਿਨ ਲਰਕਨ ਸੋਂ ਖੇਲ,
ਕਰੈਂ ਮਿਲ ਕਰਿ ਨਿਤ ਨੀਕੈ।
ਤਿਨ ਕੋ ਯਾ ਬਿਧਿ ਖੇਲ,
ਵੀਚ ਉਪਦੇਸ਼ੈਂ ਠੀਕੈ।
ਆਸਨ ਲਗਾਇ ਲੋਚਨ ਮਿਲਾਇ[1],
ਧਜਾਨ ਧਰਾਇਂ ਪੁਨ ਈਸ਼ ਕੋ।
ਨਿਜ ਕਰਿ ਮਨ ਇਸਥਿਤ ਬ੍ਰਹਮ ਮੈ,

[1]ਹਰਕਤ, ਕ੍ਰਿਆ।

[1]ਧਰਮ ਦਾ ਭਾਰ ਚੁੱਕਣ ਵਾਲਾ ਭਾਵ ਧਰਮ ਦਾ ਰਾਖਾ।

[1]ਗ਼ਰੀਬਾਂ ਦੇ ਹੱਥ ਤੇਰੱਖ ਦੇਂਦੇ ਹਨ।

[1]ਅੱਖਾਂ ਮੀਟ ਕੇ।

ਬੈਸਹਿਂ ਜੈਸ ਜੁਗੀਸ਼ ਕੋ ॥ ੯ ॥

ਬਜਾਸ[1] ਕਪਲ[2] ਸੁਕ[3] ਬਾਮਦੇਵ[11],
[1]ਵੇਦਾਂਤ ਸ਼ਾਸਤ੍ਰ ਦਾ ਕਰਤਾ। [2]ਸ਼ਾਂਖ ਸ਼ਾਸਤ੍ਰ ਦਾ ਕਰਤਾ। [3]ਸੁਕਦੇਵ-ਬਿਆਸ ਦਾ ਪੁੱਤਰ। [11]ਇਕ ਵੈਦਕ ਰਿਖੀ।

ਦੱਤਾਤ੍ਰੈ[1], ਰਘੁਪਤਿ[2]।
[1]ਸੰਨਿਆਸੀਆਂ ਦਾ ਗੁਰੂ। [2]ਰਾਮ ਚੰਦਰ।

ਦਾਊਦ[1], ਮੂਸਾ[2], ਨੂਹ[3], ਮੁਹੰਮਦ[11],
[1]ਮੁਸਲਮਾਨਾਂ ਦਾ ਇਕ ਪੈਗ਼ੰਬਰ। [2]ਤੌਰੇਤ ਦੇ ਪਰਗਟ ਕਰਨ ਵਾਲਾ ਯਹੂਦੀਆਂ ਦਾ ਪੈਗ਼ੰਬਰ। [3]ਇਕ ਪੈਗ਼ੰਬਰ ਦਾ ਨਾਮ, ਇਸੇ ਨੂੰ ਹਿੰਦੂ ਮਤ ਅਨੁਸਾਰ 'ਮਨੂੰ' ਭੀ ਕਹਿੰਦੇ ਹਨ। [11]ਇਸਲਾਮ ਧਰਮ ਦਾ ਬਾਨੀ, ਕੁਰਾਨ ਨੂੰ ਪ੍ਰਗਟ ਕਰਨ ਵਾਲਾ ਮੁਸਲਮਾਨਾਂ ਦਾ ਪੈਗ਼ੰਬਰ।

ਈਸਾ[1] ਸਮ ਮਤਿ[2]।
[1]ਈਸਾਈ ਮਤ ਨੂੰ ਤੇ ਅੰਜੀਲ ਨੂੰ ਪ੍ਰਗਟ ਕਰਨ ਵਾਲਾ ਈਸਾਈਆਂ ਦਾ ਪੈਗ਼ੰਬਰ। [2]ਵਰਗੀ ਅਕਲ ਹੈ।

ਰਹੈਂ ਗਰੀਬ ਬਿਰੱਕਤ[1],
[1]ਤਿਆਗੀ।

ਮਸਤਿ ਸੋਂ ਮਸਤ[1] ਰੈਨਿ ਦਿਨੁ।
[1](ਨਾਮ ਦੀ) ਮਸਤੀ ਨਾਲ (ਬਹੁਤੇ) ਮਸਤ।

ਦੁਖੀ ਦਾਰਦੀ ਦੇਖ,
ਤਾਂਹਿ ਦੁਖ ਹਰਹੈਂ ਤਤਛਿਨ।
ਪੁਨ ਏਕ ਸਮੇਂ ਸਮ ਕ੍ਰਿਸ਼ਨ ਕੇ,
ਗੋਧਨ[1] ਚਾਰਨ ਕੌ ਗਏ।
[1]ਗਊਆਂ।

ਤਹਿਂ ਸੁਨੋ ਚਰਿਤ ਜੋ ਕਰਿਯੋ ਗੁਰੁ,
ਜੰਗਲ ਮੈਂ ਮੰਗਲ ਛਏ[1] ॥ ੧੦ ॥
[1]ਅਨੰਦ ਭਰ ਗਏ।

ਹੁਤੇ ਜਿਤਕ ਗੋਪਾਲ ਬਾਲ[1],
[1]ਗਊਆਂ ਚਾਰਨ ਵਾਲੇ ਬੱਚੇ।

ਤਬਿ ਸਭਿ ਉਪਦੇਸੇ।
ਥਿਰੇ ਸਮਾਧੀ ਲਾਇ,
ਭਜਨ ਮੈਂ ਜੁਰੇ ਬਿਸੇਸੇ[1]।
[1]ਬਹੁਤੇ ਜੁੜ ਗਏ।

ਹੁਤੀ ਭੈਸ ਅਰ ਗਊ,
ਜਿਤਕ ਤਹਿਂ ਸਭਿ ਤਿਨਹੀ ਕੀ।
ਕ੍ਰਿਖੀ[1] ਵੀਚ ਪ੍ਰਵਿਸ਼ੀ,
[1]ਖੇਤੀ।

ਜਾਇ[1] ਇਕ ਠੌਰ ਨਜੀਕੀ[2]।
[1]ਜਾ ਵੜੀਆਂ। [2]ਨੇੜੇ।

ਵਹਿ ਖੇਤ ਕਨਕ ਕਾ ਹੁਤੋ ਤਰੁ[1],
[1]ਬਹੁਤ।

ਮਧੂ ਮਾਸ[1] ਮੈਂ ਫਬਯੋ ਭਲ।
[1]ਚੇਤ ਦੇ ਮਹੀਨੇ।

ਸਭਿ ਕੀਨੋ ਖਾਇ ਉਜਾਰ ਜੌ,
ਤਬਿ ਤਹਿਂ ਅਯੋ ਕ੍ਰਿਸਾਨ ਚਲ ॥ ੧੧ ॥
ਪਿਖ ਕਰਿ ਧਰਿ ਉਰ ਰੋਸ,

ਦੁਖੀ ਹ੍ਵੈ ਜਾਟ ਅਪਾਰੇ।
ਗੋਧਨ ਸਭੀ ਸਕੇਲ[1],
ਲੈ ਗਯੋ ਰਾਜ ਦ੍ਵਾਰੇ।
ਹਾਕਮ ਰਾਇ ਬੁਲਾਰ,
ਪਾਸ ਵਹਿ ਜਾਇ ਪੁਕਾਰਯੋ।
ਸੁਨਿ ਹਾਕਮ ਕੇ ਜਾਇ
ਆਦਮੀ ਖੇਤ ਨਿਹਾਰਯੋ।
ਤਬਿ ਧਰਿ ਸਮਾਧਿ ਗੋਪਾਲ ਜਹਿਂ,
ਬੈਸੇ ਥੇ ਗੁਰ ਸਹਤਿ ਸਭਿ।
ਵਹਿ ਪਕਰਿ ਸਿਪਾਹੀ ਸਭਿਨ ਕੌ,
ਲਜਾਯੋ ਹਾਕਮ ਪਾਸ ਜਬਿ ॥ ੧੨ ॥
ਰਾਇ ਬੁਲਾਰ ਸਕੋਪ[1],
ਬਾਲਕਨਿ ਤਈਂ ਉਚਾਰਾ[1]।
ਦੈਹੋਂ ਤੁਮ ਕੋ ਸਜ਼ਾ,
ਔਰ ਭਰ ਲੈਹੁਂ ਉਜਾਰਾ।
ਯਹਿ ਸੁਨਿ ਨਾਨਕ ਦੇਵ,
ਭੂਪ ਪ੍ਰਤਿ ਸਾਫ ਉਚਾਰਜੋ।
ਉਪਾਲੰਭ[1] ਕਯੋਂ ਦੇਤ?
ਨਾਹਿ ਹਮ ਖੇਤ ਉਜਾਰਜੋ।
ਵਹਿ ਪਿਖੋ ਜਾਇ ਕੈ ਅਬਿ ਸਹੀ[1],
ਨਹੀ ਏਕ ਤ੍ਰਿਣ[1] ਨਸਜੋ ਕਿਤਿ।
ਯਹਿ ਸੁਨ ਕਰਿ ਰਾਇ ਬੁਲਾਰ ਫਿਰ,
ਪਠੇ ਲੋਗ ਬਹੁ ਪਿਖਨ ਹਿਤ ॥ ੧੩ ॥
ਜਾਇ ਪਿਖਜੋ ਜਬਿ ਖੇਤ,
ਬਹੁਤ ਲੋਗਨਿ ਮਿਲਿ ਠੀਕੈ।
ਹਰੋ ਭਰੋ ਸੁਠ ਖਰੋ[1],
ਅਧਿਕ ਔਰਨ ਤੇ ਨੀਕੈ।
ਪਿਖ ਕਰਿ ਅਚਰਜ ਮਾਨਿ,
ਰਾਇ ਢਿਗ ਆਇ ਸੁਨਾਯੋ।
ਯਹਿ ਪਰਚਾ[1] ਗੁਰੁ ਆਦਿ ਕੇਰ,

[1]ਸਾਰੀਆਂ ਗਊਆਂ ਇਕੱਠੀਆਂ ਕਰਕੇ।
[1]ਗੁੱਸੇ ਨਾਲ।
[1]ਉਜਾੜੇ ਦਾ (ਹਰਜਾਨਾ)।
[1]ਉਲਾਂਭੇ।
[1]ਚੰਗੀ ਤਰ੍ਹਾਂ।
[1]ਕੱਖ।
[1]ਸੁੰਦਰ ਖੜਾ ਹੈ।
[1]ਕਰਾਮਾਤ ਦਾ ਚਮਤਕਾਰ।

ਜਗ ਅਤਿ ਬਿਦਤਾਯੋ[1]।
ਫਿਰ ਕਿਤਿਕ ਕਾਲ ਬੀਤਯੋ ਜਬੈ,
ਗੁਰ ਏਕ ਦਿਵਸੁ ਤਿਸ ਬਨ ਵਿਖੇ।
ਕਿਤ ਜਾਇ ਸੁਤੰਤ ਇਕੰਤ ਭਲ[1],
ਧਰਿ ਸਮਾਧਿ ਪੌਢੇ[1] ਪਿਖੇ ॥ ੧੪ ॥
ਰਾਇ ਬੁਲਾਰ ਸ਼ਿਕਾਰ ਖੇਲਤੋ,
ਗਯੋ ਤਹਾਂ ਹੀ।
ਪਿਖ ਕੌਤਕ ਭੌ ਚਕਿਤ[1],
ਥਕਿਤ ਬਿਸਮੈਂ ਸੁ ਮਹਾਂ ਹੀ।
ਸੁਕਲ ਸਾਂਪ[1] ਨਿਜ ਫਣ ਫਿਲਾਇ,
ਸਤਿਗੁਰੁ ਕੇ ਮੁਖ ਪਰ।
ਥਿਰਯੋ ਛਾਉਂ ਕਰਿ ਪਿਖਯੋ,
ਸ਼ੇਸ਼ ਜਿਮ ਧਰਤਿ ਹਰੀ ਪਰ[1]।
ਸੁਨਿ ਸ਼ੋਰ ਰਾਇ ਕੀ ਸੈਨ ਕਾ,
ਲੋਪ ਭਯੋ ਜਬਿ ਸਾਂਪ ਵਹਿ।
ਤਬਿ ਤਜਿ ਸਮਾਧਿ ਗੁਰੁ ਬਜਾਧਿ ਹਰ[1],
ਸਾਵਧਾਨ ਹ੍ਵੈ ਥਿਰੇ ਤਹਿਂ ॥ ੧੫ ॥
ਧਾਇ ਜਾਇ ਲਪਟਾਇ,
ਰਾਇ ਗੁਰੁ ਚਰਨ ਰਹਯੋ ਗਹਿ।
ਭਲੀ ਭਾਂਤਿ ਦਿਢ ਠਈ ਬਾਤ,
ਕੋ ਬਲੀ ਭਯੋ ਯਹਿ।
ਆਇ ਧਾਮ[1] ਗੁਰੁ ਪਿਤ ਬੁਲਾਇ,
ਸਬਿ ਬਾਤ ਸੁਨਾਈ।
ਮਹਤਾ[1] ਤੂੰ ਭੌ[2] ਧੰਨਜ,
ਜਾਂਹਿ ਸੁਤ ਬਲੀ ਮਹਾਂਈ।
ਪੁਰ, ਦੇਸ ਔਰ ਮੈਂ ਧੰਨਯ ਭੌ,
ਅਬਿ ਤੂੰ ਮੁਝ ਕੌ ਤਿਹ ਦਾਸ ਲਖ[1]।
ਨਹਿ ਕਰੀਏ ਕਬਹੀ ਰੰਜ[1] ਤਿਹ;
ਧਨ ਚਹੀਏ ਜਿਤੋ ਲੇਜਾਇ ਰਖ ॥ ੧੬ ॥
ਜੈਸ ਸਿੰਧੁ[1] ਤੈ ਪ੍ਰਗਟ

[1]ਬਹੁਤ ਮਸ਼ਹੂਰ ਹੋ ਗਿਆ।
[1]ਸੁਤੰਤਰ ਤੇ ਚੰਗੀ ਇਕਾਂਤ ਜਗ੍ਹਾ।
[1]ਲੰਮੇ ਪਏ।
[1]ਚੱਕ੍ਰਤ ਹੋ ਗਿਆ।
[1]ਚਿੱਟਾ ਸੱਪ।
[1]ਜਿਵੇਂ ਸ਼ੇਸ਼ ਨਾਗ ਵਿਸ਼ਨੂੰ ਉਪਰ (ਛਾਂ ਕਰੀ) ਰੱਖਦਾ ਹੈ।
[1]ਰੋਗ-ਨਾਸ਼ਕ ਸਤਿਗੁਰੂ।
[1]ਘਰ।
[1]ਹੇ ਕਾਲੂ ਜੀ ! [2]ਹੋ ਗਿਆ ਹੈਂ।
[1]ਜਾਣ।
[1]ਨਾਰਾਜ਼, ਗੁੱਸੇ।
[1]ਸਮੁੰਦਰ।

ਹੋਤਿ ਹੈਂ ਜਲ* ਤਰੰਗ[1] ਬਹੁ।

[1]ਲਹਿਰਾਂ। *ਇਸ ਤੁਕ ਦੀਆਂ ਕੇਵਲ ੨੦ ਮਾਤ੍ਰਾਂ ਹੀ ਹਨ ਜਦ ਕਿ ੨੪ ਚਾਹੀਦੀਆਂ ਸਨ। ਜਾਪਦਾ ਹੈ ਕਿ ਇਥੇ ਪਾਠ 'ਹੈਂ ਜਲ' ਮੂਲ ਵਿੱਚ ਛਪਣੋ ਰਹਿ ਗਿਆ ਹੈ ਅਸਾਂ ਇਹ ਪਾਠ ਆਪਣੇ ਕੋਲੋਂ ਵਧਾਇਆ ਹੈ ਜਿਸ ਨਾਲ ੨੪ ਮਾਤ੍ਰਾਂ ਪੂਰੀਆਂ ਹੋ ਗਈਆਂ ਹਨ।

ਜੇਤਿਕ[1] ਜੋਵਤਿ[2] ਜੋਇ[3]
ਕਹਤਿ ਹੈ ਤਿਤਿਕ* ਸੋਇ ਵਹੁ[1]।

[1]ਜਿਤਨੀਆਂ। [2]ਦੇਖਦਾ ਹੈ। [3]ਜਿਹੜਾ।

[1]ਉਤਨੀਆਂ ਕੁ ਉਹ ਕਹਿ ਦੇਂਦਾ ਹੈ। *ਇਸ ਤੁਕ ਵਿੱਚ 'ਤਿਤਿਕ' ਪਾਠ ਮੂਲ ਵਿੱਚ ਛਪਣੋ ਰਹਿ ਗਿਆ ਸੀ। ਮਾਤ੍ਰਾਂ ਪੂਰੀਆਂ ਕਰਨ ਲਈ ਇਹ ਪਾਠ ਅਸਾਂ ਆਪਣੇ ਕੋਲੋਂ ਪਾਇਆ ਹੈ।

ਤਜੋਂ ਸਤਿਗੁਰੁ ਕੀ ਕਰਾਮਾਤ
ਜਿਨ ਜਿਤਿਕ ਨਿਹਾਰੀ।
ਕੀਨੀ ਪਰਗਟ ਤਿਤੀ,
ਰਹੀ ਪੁਨ ਗੋਪ ਅਪਾਰੀ[1]।

[1]ਬਹੁਤੀਆਂ (ਕਰਾਮਾਤਾਂ) ਗੁਪਤ ਰਹੀਆਂ।

ਦਿਨੁ ਰੈਨਿ ਸਮਸਤ ਅਲਮਸਤ ਰਹਿਂ[1],
ਗੁਰੁ ਹਸਤਿ ਕਬੀਰੋਦਨ[1] ਕਰੈਂ।

[1]ਸਾਰਾ ਦਿਨ ਤੇ ਸਾਰੀਰਾਤ ਬਹੁਤ ਮਸਤ ਰਹਿੰਦੇ ਹਨ।

[1]ਰੋਣਾ।

ਹਰ ਵਕਤ ਰੰਗੇ ਰਹਿ ਰੰਗ ਹਰਿ,
ਪ੍ਰਵਾਹਿ ਨ ਕਾਹੂੰ ਕੀ ਧਰੈਂ ॥ ੧੭ ॥

ਦੋਹਰਾ:

ਪੁਨ ਇਕ ਦਿਨੁ ਪਿਤ ਨੈ ਪਠੇ,
ਪਢਿਨ ਹੇਤ ਚਟਸਾਲ[1]।

[1]ਪਾਠਸ਼ਾਲਾ।

ਪਾਂਧੇ ਜਬ ਗੁਰੁ ਕੋ ਕਹਜੋ,
ਪਢੋ ਬੈਠਿ ਤੁਮ ਬਾਲ ॥ ੧੮ ॥

ਚੌਪਈ:

ਯੌਂ ਸੁਨਿ ਗੁਰਿ ਤਬਿ ਬਚਨ ਉਚਾਰੇ।
ਵੋਹੁ ਬਿੱਦਜਾ ਹਮ ਪਢੀ ਉਦਾਰੇ।
ਜਾਹਿ ਪਢੇ ਕੁਛ ਔਰਹਿ ਪੜ੍ਹਨਾ।
ਬਾਕੀ ਰਹਜੋ ਨ ਜਗ ਮੈ ਕੜਨਾ[1] ॥ ੧੯ ॥

[1]ਬੱਝਣਾ, ਬੰਧਨਾਂ ਵਿੱਚ ਪੈਣਾ।

ਤਾਂਹਿ ਪ੍ਰਤਾਪ ਲਾਭ ਵਹਿ ਪਾਯੋ।
ਜਿਹ ਆਗੇ ਸਬਿ ਲਾਭ ਬਿਲਾਯੋ[1]।

[1]ਛਪ ਜਾਂਦੇ ਹਨ।

ਜਿਹ ਬਲਿ ਪਿਖੀ ਵਸਤੁ ਹਮ ਸੋਈ।
ਜਿਹ ਪਿਖ ਪਿਖ ਨੋ ਰਹਾ ਨ ਕੋਈ ॥ ੨੦ ॥

ਜਾਂਹਿ ਅਗਾਰੀ ਔਰਹਿਂ ਬਿੱਦਯਾ।
ਬੇਦ ਸੰਤ ਕਹਿਂ ਸਬੀ ਅਬਿੱਦਯਾ[1]। [1]ਅਨਪੜ੍ਹਤਾ, ਮੂਰਖਤਾ, ਅਗਿਆਨਤਾ।
ਔਰ ਇਲਮ ਸਬਿ ਹੀ ਤਿਸ ਮੈ ਹੈਂ।
ਜਜੋਂ ਗਜ ਪਗ ਮਧ[1] ਪਗ ਸਬਿ ਐਹੈਂ ॥੨੧॥ [1]ਜਿਵੇਂ ਹਾਥੀ ਦੇ ਪੈਰ ਵਿੱਚ।
ਯਹਿ ਸੁਨਿ ਪਾਧੇ ਅਚਰਜ ਮਾਨਾ।
ਕਹਜੋ ਕਰੋ ਕੁਛ ਮੁਝੈ ਸੁਨਾਨਾ।
ਜੇਤਕ ਬਿਦਜਾ ਪਾਂਧਜੋਂ ਕੇਰੀ।
ਪ੍ਰਿਥਮ ਗੁਰੂ ਸਬਿ ਬਹੁ ਬਿਧਿ ਟੇਰੀ[1] ॥੨੨॥ [1]ਕਹੀ।
ਜ਼ਾਹਰ[1] ਗੈਬ[2] ਇਲਮ ਪੁਨ ਜੇਤੇ। [1]ਪ੍ਰਗਟ। [2]ਗੁਪਤ।
ਹੈਂ ਜਗਿ, ਪੁਨਾ ਸੁਨਾਏ ਤੇਤੇ।
ਦਾਨੀ ਭੁਗਤਿ ਮੁਕਤਿ ਨਿਜ ਬਾਨੀ।
ਗੁਰੂ ਸੁਨਾਈ ਪੁਨ ਗੁਨਖਾਨੀ ॥੨੩॥
ਥਿਤੀ* ਪੱਟੀ** ਨਾਮ ਬਖਾਨਤਿ। *ਇਹ ਬਾਣੀ 'ਬਿਲਾਵਲ ਮਹਲਾ ੧ ਥਿਤੀ ਘਰ ੧੦ ਜਤਿ' ਦੇ ਸਿਰਲੇਖ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੮੩੮ ਤੋਂ ਸ਼ੁਰੂ ਹੁੰਦੀ ਹੈ। **ਇਹ ਬਾਣੀ 'ਰਾਗ ਆਸਾ ਮਹਲਾ ੧ ਪਟੀ ਲਿਖੀ' ਦੇ ਸਿਰਲੇਖ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੪੩੨ ਤੋਂ ਸ਼ੁਰੂ ਹੁੰਦੀ ਹੈ।`

ਗੁਰੂ ਗ੍ਰੰਥ ਮੈਂ ਹੈਂ ਸਿੱਖ ਜਾਨਤਿ।
ਸੁਨਿ ਪਾਂਧੇ ਤਿਹ ਸਿੱਖਨਿ ਅਪਾਰਾ[1]। [1]ਬਹੁਤੀਆਂ ਸਿਖਿਆਵਾਂ ਨੂੰ।
ਗੁਰੁ ਕੋ ਲਖਜੋ ਰੂਪ ਕਰਤਾਰਾ ॥੨੪॥
ਲੈ ਉਪਦੇਸ਼ ਕਲੇਸ਼ ਨਿਵਾਰੇ।
ਭਜੋ ਬਿਰੱਕਤ ਸੁ ਜਗਤਿ ਕਿਨਾਰੇ[1]। [1]ਤਿਆਗੀ।
ਸਹਿਜ ਸੁਭਾਇ ਕਥੈਂ ਗੁਰੁ ਐਸੇ।
ਭਗਤੀ ਗਜਾਨ ਲਹੈਂ ਸਬਿ ਜੈਸੇ ॥੨੫॥
ਹਿੰਦੂ ਹਰਿ ਅਵਤਾਰ ਪ੍ਰਮਾਨੈਂ[1]। [1]ਮੰਨਦੇ ਹਨ।
ਮੁੱਸਲਮਾਨ ਵਲੀ[1] ਅਨੁਮਾਨੈਂ[2]। [1]ਅੱਲਾਹ ਦਾ ਪਿਆਰਾ। (ਅ) ਕਰਾਮਾਤੀ। [2]ਅਨਮਾਨ ਲਾਉਂਦੇ ਹਨ।
ਇਕ ਦਿਨ ਫਿਰ ਗੁਰੁ ਬਿਪਨ[1] ਮਝਾਰੇ। [1]ਜੰਗਲ।
ਇਕ ਬਨ ਛਾਯਾ ਤਰੇ ਸਕਾਰੇ[1] ॥੨੬॥ [1]ਵਣ (ਦੇ ਦਰੱਖ਼ਤ) ਦੀ ਛਾਂ ਹੇਠ ਸਵੇਰੇ।
ਪੌਢੇ ਜਾਇ ਮੌਜ ਮਨਿ ਆਈ।
ਜਾਮ[1] ਤੀਨ ਦਿਨ ਬਿਤਜੋ ਤਹਾਂਈ। [1]ਪਹਿਰ।

ਛਾਯਾ ਥਿਰੀਰਹੀ ਇਕ ਥਾਏ।
ਰਾਇ ਆਇ ਪਿਖਿ ਗੋ ਬਿਸਮਾਏ[1] ॥੨੭॥ [1]ਹੈਰਾਨ ਹੋ ਗਿਆ।
ਅਜ਼ਮਤ ਅਧਿਕ ਪੇਖ ਸਿਜਦਾ[1] ਕਰਿ। [1]ਨਮਸਕਾਰ।
ਹੋਇ ਮੋਦ ਪ੍ਰਮੋਦ[1] ਗਯੋ ਘਰਿ। [1]ਬਹੁਤ ਅਨੰਦ ਲੈ ਕੇ।
ਜਬ ਯਹਿ ਬਾਤ ਅਨਤ[1] ਸੁਨ ਪਾਈ। [1]ਹੋਰ (ਲੋਕਾਂ) ਨੇ।
ਪੇਖਨ ਹੇਤ ਅਏ ਜਨ ਧਾਈ ॥੨੮॥
ਪੇਖ ਬਿਸੇਖ[1] ਰਹੇ ਬਿਸਮਾਈ*। [1]ਬਹੁਤੇ। *ਏਥੇ ਵੀ ੨੯ ਨੰ: ਅੰਕ ਦੀ ਪਹਿਲੀ ਜਾਂ ਦੂਜੀ ਤੁਕ ਮੂਲ 'ਚ ਛਪਣੋ ਰਹਿ ਗਈ ਹੈ। ਇਸ ਲਈ ਇਹ ਅੰਕ ਤਿੰਨਾਂ ਹੀ ਤੁਕਾਂ ਦਾ ਰਹਿ ਗਿਆ ਹੈ।

ਭਾਂਤਿ ਇਸੀ ਤਬਿ ਬਾਤ ਹਜਾਰੈਂ[1]। [1]ਗੱਲਾਂ ਰਾਹੀਂ ਹਜ਼ਾਰਾਂ (ਵਾਰ)।
ਕਰਾਮਾਤ ਪੁਰਿ ਲੋਗ ਨਿਹਾਰੈਂ ॥੨੯॥
ਰੁਜੀ[1] ਅਨਿਕ ਨਿਤ ਗੁਰੁ ਢਿਗ ਆਹੀ[2]। [1]ਰੋਗੀ। [2]ਆਉਂਦੇ ਹਨ।
ਲੈ ਪਗ ਖਾਕ[1] ਪਾਕ[2] ਹ੍ਵੈ ਜਾਹੀਂ ॥੩੦॥ [1]ਚਰਨ ਧੂੜ। [2]ਪਵਿੱਤ੍ਰ।
ਦੋਹਰਾ:
ਇਕ ਦਿਨ ਜ਼ੇਵਰ[1] ਪਹਿਨ ਕੁਛ, [1]ਗਹਿਣੇ।
ਲੈ ਲੋਟਾ ਕਰ ਮਾਹਿ[1]। [1]ਹੱਥ ਵਿੱਚ।
ਗਏ ਸੁਚੇਤੇ[1] ਠਗ ਮਿਲੇ, [1]ਟੱਟੀ।
ਲਯੋ ਉਤਾਰ ਤਿਨਾਹਿ ॥੩੧॥
ਅੰਧ ਭਏ ਸੂਝੈ ਨਹੀ[1], [1]ਦਿਸਦਾ ਨਹੀਂ।
ਪਰੇ ਪਗੀ[1] ਪੁਨ ਆਇ। [1]ਪੈਰੀਂ ਪੈ ਗਏ।
ਕਹਯੋ ਗੁਰੂ ਲੇ ਜਾਹੁ ਅਬਿ,
ਫੇਰ ਗਏ ਵਹਿ ਧਾਇ ॥੩੨॥
ਕਬੀ ਕਬੀ ਜੰਗਲ ਵਿਖੈ,
ਜਾਹਿਂ ਨ ਆਵਹਿਂ ਫੇਰ।
ਦੂਸਰ ਤੀਸਰ ਦਿਵਸੁ ਪੁਨ,
ਲੋਗ ਲਿਆਵਹਿਂ ਹੇਰ ॥੩੩॥
ਆਤਮ ਸੁਖ ਮੈਂ ਮਗਨਿ ਗੁਰੁ;
ਪਰੇ ਰਹੈਂ ਘਰਿ ਮਾਂਹਿ।
ਖਾਨ ਪਾਨ ਕੁਛ ਨਾ ਚਹੈਂ;
ਬੋਲੈਂ ਕਿਸਿ ਸੋਂ ਨਾਹਿ ॥੩੪॥
ਰੋਗ ਭਯੋ ਕੁਛ ਲਖ[1] ਪਿਤਾ; [1]ਜਾਣ ਕੇ।

ਲਜਾਯੋ ਬੈਦ ਬੁਲਾਇ।
ਨਾੜੀ[1] ਪੇਖਨ ਲਗੋ ਜਬਿ;
ਤਬਿ ਗੁਰੁ ਕਹਯੋ ਤਿਨਾਇ[1] ॥ ੩੫ ॥

[1]ਨਬਜ਼।
[1]ਤਿਸ (ਵੈਦ) ਨੂੰ।

*ਸ੍ਰੀ ਮੁਖਵਾਕ:

*ਇਹ ਦੋ ਤੁਕਾਂ ਗੁਰਬਾਣੀ ਹੈ। (ਵਾਰ ਮਲਾਰ, ਸਲੋਕ ਮਹਲਾ ੧, ਪੰਨਾ ੧੨੭੯)।

ਵੈਦੁ ਬੁਲਾਇਆ ਵੈਦਗੀ[1]; ਪਕੜਿ ਢੰਡੋਲੇ ਬਾਂਹ ॥
ਭੋਲਾ ਵੈਦੁ ਨ ਜਾਣਈ; ਕਰਕ[1] ਕਲੇਜੇ ਮਾਹਿ ॥ ੧ ॥

[1]ਇਲਾਜ ਵਾਸਤੇ।
[1]ਚੀਸ, ਚੁਭਵੀਂ ਪੀੜ।

*ਜਾਹਿ ਬੈਦ ਘਰ ਆਪਣੇ; ਮੇਰੀ ਆਹਿ[1] ਨ ਲੇਹਿ ॥
ਹਮ ਰਤੇ ਸਹੁ ਆਪਣੇ; ਤੂ ਕਿਸ ਦਾਰੂ ਦੇਹਿ ॥
ਕਾਯਾ[1] ਰੋਵੈ ਹੰਸ[2] ਪੁਕਾਰੇ; ਦਾਰੂ ਕਰੈ ਨ ਕੋਇ ॥
ਜਿਨ ਕਰਤੇ ਦੁਖ ਲਾਇਆ; ਨਾਨਕ ਖੋਵੈ ਸੋਇ[1] ॥

[1]ਬਦ ਅਸੀਸ। *ਇਹ ਚਾਰੇ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹਨ। ਇਸ ਲਈ ਗੁਰਬਾਣੀ ਨਹੀਂ ਹਨ।
[1]ਦੇਹ। [2]ਜੀਵਾਤਮਾ।
[1]ਉਹੋ ਦੂਰ ਕਰੇਗਾ।

ਦੋਹਰਾ:
ਇਸੀ ਭਾਂਤਿ ਕੇ ਸਬਦ ਬਹੁ;
ਗੁਰੂ ਸੁਨਾਏ ਤਾਂਹਿ।
ਜਗੇ ਭਾਗ ਤਿਸ ਬੈਦ ਕੇ;
ਭਯੋ ਸਿੱਖ ਯੁਤ ਚਾਹਿ[1] ॥ ੩੬ ॥

[1]ਉਤਸ਼ਾਹ ਨਾਲ।

ਗੇਰ ਹੇਰ ਸਬਿ ਦਵਾ[1] ਵਹਿ ;
ਏਰ ਫੇਰ ਜਗਿ ਤਜਾਗ।
ਭਯੋ ਬਿਰੱਕਤ ਸੁ ਮਸਤ ਤਬਿ,
ਗਯੋ ਬਿਪਨ ਦਿਸ[1] ਭਾਗ ॥ ੩੭ ॥

[1](ਗੁਰਾਂ ਦੇ ਦਰਸ਼ਨ) ਵੇਖ ਕੇ ਤੇ ਸਾਰੀਆਂ ਦਵਾਈਆਂ ਸੁੱਟ ਕੇ।
[1]ਜੰਗਲ ਦੀ ਤਰਫ਼।

*ਕਾਬਯ ਛੰਦ:

*ਕਾਬਜ ਜਾਂ ਕਾਵਜ, ਰੋਲੇ ਦਾ ਹੀ ਦੂਜਾ ਨਾਮ ਹੈ। ਇਸ ਛੰਦ ਨੂੰ ਬੱਬੂ ਭੀ ਆਖਦੇ ਹਨ। ਇਸ ਦਾ ਲੱਛਣ ਹੈ ਚਾਰ ਚਰਨ, ਪ੍ਰਤਿ ਚਰਨ ੨੪ ਮਾਤ੍ਰਾਂ, ੧੧-੧੩ ਪਰ ਬਿਸ੍ਰਾਮ, ਕੁੰਡਲੀਆਂ ਛੰਦ ਦੇ ਪਿਛਲੇ ਚਾਰ ਚਰਨ ਅਤੇ ਛਪਯ ਦੇ ਪਹਿਲੇ ਚਾਰ ਚਰਨ ਕਾਬਯ ਛੰਦ ਦਾ ਰੂਪ ਹੈ। ਇਸ ਛੰਦ ਦੇ ਹਰੇਕ ਚਰਨ ਵਿੱਚ ਗਿਆਰਵੀਂ ਮਾਤ੍ਰਾ ਲਘੁ ਹੋਣੀ ਚਾਹੀਦੀ ਹੈ।

ਫਿਰ ਇਕ ਦਿਨ ਗੁਰੁ ਤਈਂ,
ਕਹਯੋ ਕਾਲੂ ਸਸਿ ਐਸੇ।

ਕੀਜੋ ਕੁਛ ਬਿਵਹਾਰ[1]
ਬਾਤ ਨਹਿ ਬਨਿ ਹੈ ਬੈਸੇ।
ਲੈ ਹਮ ਤੈ ਯਹਿ ਬਿੱਤ[1],
ਜਾਇ ਤੁਮ ਸੌਦਾ ਲਯਾਵੌ।
ਨਫਾ ਹੋਇ ਜਿਸ ਮਾਹਿ,
ਅਧਿਕ ਪੁਨ ਸੁਖ ਭੀ ਪਾਵੌ ॥ ੩੮ ॥
ਮਾਨਿ ਪਿਤਾ ਕਾ ਬਚਨ,
ਚਲੇ ਗੁਰ ਸੌਦਾ ਕਰਨੇ।
ਬਾਲਾ ਨਾਮ ਇਕ ਲਯੋ,
ਭ੍ਰਿਤ[1] ਨਿਜ ਸੰਗ ਸੁਵਰਨੇ[2]।

[1]ਕੰਮ, ਵਪਾਰ।

[1]ਧਨ।

[1]ਦਾਸ। [2]ਚੰਗਾ ਆਗਿਆਕਾਰ। {ਵਰਨ=ਆਗਿਆ ਕਰਨਾ। ਵਰਨੇ=ਆਗਿਆਕਾਰ।}

ਲੀਨੋ ਧਨ ਬਹੁ ਸੰਗ,
ਤਰਫ ਲਾਹੌਰ ਪਧਾਰੇ।
ਭੂਖੇ ਸਾਧੂ ਪਰੇ ਪੇਖਿ,
ਇਕ ਗਾਉਂ ਕਿਨਾਰੇ ॥ ੩੯ ॥
ਤਬਿ ਬਾਲੇ ਕੋ ਕਹਜੋ ਗੁਰੂ,
ਯਹਿ ਸੌਦਾ ਕੱਈਏ।
ਇਨ ਸੰਤਨ ਕੋ ਏਹ ਬਿੱਤ,
ਸਭਿ ਹੀ ਖੁਲਵੱਈਏ।
ਇਸ ਸਮ ਸੌਦਾ ਨਫੇਵਾਰ,
ਨਹਿ ਔਰੈ ਹੱਈਓ[1]।
ਪਿਤਾ ਹਮਾਰੇ ਕਹਜੋ,
ਨਫੇ ਕਾ ਸੌਦਾ ਕੱਈਓ ॥ ੪੦ ॥
ਉਨ ਸੰਤਨ ਮੈ ਹੁਤੋ,
ਏਕ ਮਾਹੰਤ ਮਹਾਨੀ।
ਸੰਤਰੇਣ ਤਿਹ ਨਾਮ,
ਬ੍ਰਿਧ ਸਭਿ ਸਦ ਗੁਣ ਖਾਨੀ।
ਤਿਸ ਆਗੇ ਵਹਿ ਸਭੀ ਬਿੱਤ,
ਗੁਰੁ ਨਾਨਕ ਧਰਿਜੋ।
ਲਯੋ ਫਕੀਰਨ ਖਾਇ,

[1]ਹੈ।

ਪੱਕ ਭੋਜਨ ਬਹੁ ਕਰਿਜੋ ॥ ੪੧ ॥
ਹੋਇ ਮੋਦ ਪ੍ਰਮੋਦ[1], [1]ਬਹੁਤ ਅਨੰਦ।
ਗੁਰੂ ਘਰ ਕੋ ਫਿਰ ਆਏ।
ਯਹਿ ਸੁਨਿ ਕਾਲੂ ਚੰਦ,
ਅਧਿਕ ਮਨ ਮੈ ਖੁਨਸਾਏ[1]। [1]ਗੁੱਸੇ ਹੋਏ।
ਤਬਿ ਗੁਰੁ ਨਾਨਕ ਕਹਜੋ,
ਐਸ ਕਾਲੂ ਸਸਿ ਤਾਈਂ।
ਪੇਖਹੁ ਆਂਖ ਮਿਲਾਇ,
ਤਾਤ[1] ਧਨ ਲਿਹੁ ਮਨ ਭਾਈ ॥ ੪੨ ॥ [1]ਹੇ ਪਿਤਾ ਜੀ !
ਪੁਨਿ ਕਾਲੂ ਸਸਿ ਨੈਨ,
ਮੂੰਦਿ ਕਰਿ ਪੇਖਜੋ ਜਬ ਹੀ।
ਜਿਤਕ ਧਰਨ[1] ਅਰ ਸਦਨ[2], [1]ਧਰਤੀ। [2]ਘਰ।
ਪਿਖੇ ਹਾਟਕ[1] ਕੇ ਸਬਿ ਹੀ। [1]ਸੋਨੇ ਦੇ।
ਜਜੋਂ ਜਸੁਧਾ[1] ਕੋ ਕ੍ਰਿਸ਼ਨ ਦੇਵ, [1]ਕ੍ਰਿਸ਼ਨ ਜੀ ਦੀ ਮਾਤਾ।
ਸਬ ਬਿਸਵ[1] ਦਿਖਾਈ। [1]ਸ੍ਰਿਸ਼ਟੀ।
ਤਜੋਂ ਨਾਨਕ ਨਿਜ ਪਿਤਾ ਤਈਂ,
ਧਰ ਹੇਮ ਲਖਾਈ[1] ॥ ੪੩ ॥ [1]ਧਰਤੀ ਸੋਨੇ ਦੀ ਦਿਖਾ ਦਿੱਤੀ।
ਪੁਨ ਇਕ ਦਿਨ ਗੁਰੁ ਰਹੇ ਸੋਇ,
ਨਿਜ ਸਦਨ ਮਝਾਰੀ।
ਤੁਲਸਾਂ ਨਾਮ ਇਕ ਹੁਤੀ,
ਟਹਲਨੀ ਗੁਰੁ ਕੀ ਚਾਰੀ[1]। [1]ਦਾਸੀ।
ਗੁਰ ਜਨਨੀ[1] ਨੈ ਪਠੀ, [1]ਮਾਤਾ।
ਜਗਾਵਨ ਹਿਤ ਸੋ ਜਬਿ ਹੀ।
ਬਦਨ ਮਦਨ ਮਦ ਕਦਨ[1], [1]ਕਾਮ ਦੇ ਹੰਕਾਰ ਨੂੰ ਕੱਟਣ ਵਾਲਾ (ਸੁੰਦਰ ਗੁਰਾਂ ਦਾ) ਮੁਖ।
ਪਿਖਜੋ ਤਿਨ ਜਾ ਜਬਿ ਸਭਿ ਹੀ ॥ ੪੪ ॥
ਏਕ ਚਰਨ ਮੈ ਕੀਚ[1], [1]ਚਿੱਕੜ।
ਲਗਜੋ ਪੁਨ ਤਾਹਿ ਨਿਹਾਰਾ।
ਨਿਜ ਰਸਨਾ ਕੇ ਸੰਗ,
ਪ੍ਰੇਮ ਧਰਿ ਭਲੇ ਉਤਾਰਾ।
ਦਿੱਬਜ ਦ੍ਰਿਸ਼ਟਿ[1] ਤਿਹ ਭਈ, [1]ਅਲੌਕਕ ਦ੍ਰਿਸ਼ਟੀ, ਦੇਵ ਦ੍ਰਿਸ਼ਟੀ (ਜਿਸ ਨਾਲ ਸਾਰੇ ਗੁਪਤ

ਥਾਂ ਦਿੱਸ ਪੈਣ)।

ਪਿਖਜੋ ਤਿਨਿ ਅਜਬ ਤਮਾਸ਼ਾ।
ਚੌਦਸ ਲੋਕਨ ਕੇਰ ਹਾਲ,
ਸਭਿ ਤਾਹਿ ਪ੍ਰਕਾਸ਼ਾ ॥ ੪੫ ॥
ਬੂਡਤਿ[1] ਏਕ ਜਹਾਜ, [1]ਡੁੱਬਦਾ।
ਸਿੰਧੁ[1] ਤੇ ਗੁਰੂ ਨਿਕਾਸਜੋ। [1]ਸਮੁੰਦਰ।
ਗੁਰਿ ਜਨਨੀ ਢਿਗ ਆਇ,
ਵਹੀ ਦਾਸੀ ਨੈ ਭਾਸਜੋ[1]। [1]ਕਿਹਾ।
ਜਗੇ ਫੇਰ ਜਬਿ ਗੁਰੂ,
ਕਹਜੋ ਜਨਨੀ ਨੈ ਐਸੇ।
ਤੁਮ ਜਹਾਜ ਕਿਸ ਕੇਰ,
ਗਏ ਥੇ ਕਾਢਣ ਕੈਸੇ ॥ ੪੬ ॥
ਯੌਂ ਸੁਨਿ ਪੁਨ ਗੁਰੁ ਕਹਜੋ,
ਮਾਤ ! ਤੁਹਿ ਕੌਨਿ ਬਤਾਯੋ ?।
ਜਬਿ ਜਨਨੀ ਨੈ ਕਹਜੋ,
ਮੋਹਿ ਢਿਗ ਦਾਸੀ ਗਾਯੋ।
ਤਬਿ ਗੁਰਿ ਦਾਸੀ ਓਰ,
ਆਪਨੀ ਨਜ਼ਰ ਪਸਾਰੀ।
ਲਈ ਸ਼ਕਤਿ ਸਭਿ ਛੀਨ,
ਕਰੀ ਬਿਨੁ ਸ਼ਕਤਿ ਵਿਚਾਰੀ ॥ ੪੭ ॥
ਇਤਜਾਦਿਕ ਬਹੁ ਕਰਾਮਾਤ,
ਗੁਰੁ ਕੀ ਜਗਿ ਹੇਰੀ।
ਜੇ ਸਭਿ ਕਹੌਂ ਗ੍ਰੰਥ ਬਢੈ,
ਕਹਿ ਸਕੌਂ ਨ ਫੇਰੀ।
ਪੁਨ ਬਡ ਭਗਨੀ[1] ਹੁਤੀ ਗੁਰੂ ਕੀ, [1]ਵੱਡੀ ਭੈਣ।
ਸਦ ਗੁਨ ਸਾਗਰ[1]। [1]ਚੰਗੇ ਗੁਣਾਂ ਦਾ ਸਮੁੰਦਰ।
ਨਾਮ ਨਾਨਕੀ ਤਾਂਹਿ,
ਸਰਬ ਬਿਧਿ ਸੁੰਦਰ ਨਗਰਿ[1] ॥ ੪੮ ॥ [1]ਚਤੁਰ।
ਤਾਂ ਕੀ ਸ਼ਾਦੀ ਭਈ
ਦੇਸ ਦ੍ਵਾਬੇ ਮੈਂ ਜਾਨੋ।

ਬੇਈਂ ਨਾਮ ਸੁ ਨਦੀ ਤੀਰ[1],
ਮਧ ਪੁਰ ਸੁਲਤਾਨੋ।
ਲੋਦੀ ਦੌਲਤ ਖਾਨ ਤਹਾਂ,
ਸੂਬਾ ਤਬ ਰਹਿਹੀ।
ਤਾਂ ਕਾ ਹੁਤੋ ਦੀਵਾਨ,
ਨਾਮ ਜੈਰਾਮ ਸੁ ਕਹਿਹੀਂ ॥ ੪੯ ॥
ਤਿਸ ਸੌਂ ਸ਼ਾਦੀ ਭਈ
ਨਾਨਕੀ ਕੀ ਜਬ ਨੀਕੈ।
ਨਿਜ ਭਗਨੀ ਕੇ ਸੰਗ
ਗਏ ਗੁਰੁ ਤਿਸ ਪੁਰ ਠੀਕੈ।
ਰਹਿਨ ਲਗੇ ਜਬ ਤਹਾਂ
ਫੇਰ ਜੈਰਾਮ ਬਿਚਾਰੋ।
ਗੁਰੁ ਨਾਨਕ ਤੇ ਤਈਂ
ਸੌਂਪੀਏ ਕਿਛੁ ਬਿਜ਼ਾਪਾਰੋ ॥ ੫੦ ॥

[1]ਕਿਨਾਰੇ।

ਕਬਿਤ:

ਐਸੇ ਮਨ ਠਾਨ ਕੈ ਦਿਵਾਨ[1] ਜਾਇ ਖਾਨ ਪੈ,
ਤੇ ਨਾਨਕ ਕੋ ਮੋਦੀਖਾਨਾ[1] ਲੋਦੀ ਕਾ[2] ਦਿਲਾ ਦਯੋ।

[1]ਜੈਰਾਮ ਜੀ।
[1]ਅੰਨ ਆਦਿ ਦਾ ਭੰਡਾਰ, ਗੋਦਾਮ, ਸਟੋਰ। [2]ਦੌਲਤ ਖ਼ਾਂ ਲੋਧੀ ਦਾ।

ਜਬੈ ਗੁਰੁ ਕਾਰ ਬਾਰ ਕਰਨੈ ਆਪਾਰ ਲਾਗੇ,
ਫੇਰ ਇਕ ਐਸ ਹੀ ਅਚਾਰ[1] ਧਾਰ ਹੈ ਲਯੋ।
ਜੈਸੀ ਏ ਰਸਦ[1] ਦੇਵੈਂ ਫੌਜ ਔਂ ਨੁਵਾਬ ਤਾਂਈ,
ਤੈਸ ਹੀ ਗਰੀਬਨ ਕੋ ਸਦਾ ਬ੍ਰਤ[1] ਲਾ ਦਯੋ।
ਕਾਹੂੰ ਤਬ ਚੁਗਲੀ ਉਗਲੀ[1] ਜਾਇ ਲੋਦੀ ਢਿਗ,
ਮੋਦੀਖਾਨਾ ਨਾਨਕ ਨੈ ਤੁਮਰਾ ਲੁਟਾ ਦਯੋ ॥ ੫੧ ॥

[1]ਕਰਤੱਬ।
[1]ਖਾਣ-ਪੀਣ ਦੀ ਸਮੱਗ੍ਰੀ।
[1]ਅੰਨ ਆਦਿ ਦੇ ਦਾਨ ਦੇ ਨਿੱਤ ਹੋਣ ਦਾ ਭਾਵ।
[1]ਕਹੀ।

ਕੀਓ ਤਬਿ ਲੋਦੀ ਨੈ ਹਿਸਾਬ ਜਬਿ ਮੋਦੀ[1] ਸੰਗ,
ਲੈਣਾਂ ਫਿਰ ਮੋਦੀ ਕਾ ਹੀ ਲੋਦੀ ਓਰ ਨਿਕਸੋ[1]।
ਦੀਓ ਤਬਿ ਨ੍ਰਿਪ ਨੈ ਸੁ ਬਿੱਤ[1] ਬਹੁ ਨਾਨਕ ਕੌ,
ਸੁਨਿ ਕੈ ਦਿਵਾਨ ਜੈਰਾਮ ਮਨ ਬਿਕਸੋ[1]।
ਫੇਰ ਗੁਰੂ ਅਸਨ[1] ਬਸਨ[2] ਬਹੁ ਦੀਨਨਿ ਕੋ[3],
ਦਿਨ ਦਿਨ ਦੂਨਾ ਦੈਨ ਲਾਗੈ ਦਾਨ ਇਕਸੋ[1]।

[1]ਗੁਰੂ ਨਾਨਕ ਜੀ।
[1]ਨਿਕਲਿਆ।
[1]ਧਨ।
[1]ਖਿੜ ਗਿਆ।
[1]ਭੋਜਨ। [2]ਬਸਤ੍ਰ। [3]ਗ਼ੁਰਬਾਂ ਨੂੰ।
[1]ਇਕਸਾਰ, ਲਗਾਤਾਰ।

ਦੇਸ ਦੇਸ ਵੀਚ ਜਸ ਫੈਲ ਗਯੋ ਭਾਰ ਸਾਰ[1],
ਆਵੈ ਜਨ ਜਾਚਕ[1] ਅਪਾਰ ਦਿਕ ਦਿਕਸੋਂ[2]
॥ ੫੨ ॥

[1]ਬਹੁਤਾ ਚੰਗਾ।
[1]ਮੰਗਤੇ। [2]ਸਾਰੀਆਂ ਤਰਫ਼ਾਂ ਤੋਂ।

ਕਈ ਬਾਰ ਲੇਖਾ ਭਯੋ ਸੇਖ[1] ਗੁਰ ਹੀ ਕੋ ਰਹਜੋ,
ਪੇਖ ਨ੍ਰਿਪ ਨਾਨਕ ਕੌ ਬਲੀ ਲੋਕ ਜਾਨਜੋ।
ਪੱਖੋ ਨਾਮ ਗ੍ਰਾਮ ਏਕ ਨੇਕ ਹੈ ਰੰਧਾਵਨ ਕੋ,
ਤਹਾਂ ਮੂਲ ਚੰਦ ਨਾਮ ਖੱਤ੍ਰੀ ਮਹਾਨਜੋ।
ਹੁਤੀ ਏਕ ਤਿਸਕੀ ਕੁਮਾਰੀ ਵਰ ਲੱਖਣੀ[1],
ਸੁਲਖਣੀ ਥੋ ਨਾਮ ਜਾਂਹਿ ਨੀਕ ਕਰਿ ਮਾਨਜੋ[1]।
ਤਾਹਿ ਸੰਗ ਗੁਰੂ ਕਾ ਸੁ ਭਯੋ ਹੈ ਬਿਵਾਹਿ ਤਬਿ,
ਪੰਦ੍ਰਾਂ ਸੈ ਚਾਲੀ ਚਾਰ ਸਨ ਪ੍ਰਮਾਨਜੋ[1] ॥ ੫੩ ॥

[1]ਬਾਕੀ, ਵਾਧਾ।
[1]ਚੰਗੇ ਲੱਛਣਾਂ ਵਾਲੀ ਲੜਕੀ।
[1]ਜਿਸ ਨੂੰ ਚੰਗੀ ਕਰ ਕੇ ਮੰਨਿਆ ਜਾਂਦਾ ਸੀ।
[1]ਸੰਮਤ ੧੫੪੪ ਬਿ: ਮੰਨੋ।

ਧਾਮ ਅਭਿਰਾਮ ਰਚਿ[1] ਪੁਰ ਸੁਲਤਾਨ ਮਧ,
ਦੰਪਤਿ[1] ਸੁ ਸੰਪਤਿ[2] ਅਕੰਪਤਿ[3] ਬਸਾਯੋ ਹੈ[11]।

[1]ਸੁੰਦਰ ਘਰ ਬਣਾ ਕੇ।
[1]ਇਸਤ੍ਰੀ ਤੇ ਪਤੀ (ਮਾਤਾ ਸੁਲੱਖਣੀ ਜੀ ਤੇ ਗੁਰੂ ਜੀ)। [2]ਚੰਗੀ ਸਮੱਗ੍ਰੀ ਸਹਿਤ। [3]ਬਿਨਾਂ ਭੈ ਤੋਂ। [11]ਵੱਸਣ ਲੱਗ ਪਏ।

ਸਾਲ ਪੰਦ੍ਰਾਂ ਸੈ ਇੱਕਵੰਜੇ ਵੀਚ ਸਿਰੀਚੰਦ,
ਸੁਤ ਗੁਰ ਧਾਮ ਗੁਨ ਧਾਮ ਬਿਦਤਾਯੋ ਹੈ[1]।
ਉਭੈ[1] ਸਾਲ ਪਾਛੇ ਫਿਰ ਲਖਮੀ ਸੁ ਚੰਦ ਆਛੇ,
ਆਨਦ ਕੋ ਕੰਦ[1] ਦੁਤੀ ਚੰਦ ਪ੍ਰਗਟਾਯੋ ਹੈ।
ਘਰ ਮੈ ਨਿਵਾਸ ਕਰਿ ਬਿਬਿਧ[1] ਬਿਲਾਸ ਕਰਿ,
ਭੋਗ ਜਗਿ ਰਾਸ ਤੈ[1] ਉਦਾਸ ਹੋਨ ਭਾਯੋ ਹੈ
॥ ੫੪ ॥

[1]ਗੁਰਾਂ ਦੇ ਘਰ ਗੁਣਾਂ ਦਾ ਘਰ ਪੁੱਤਰ ਪ੍ਰਗਟ ਹੋਇਆ ਹੈ।
[1]ਦੋ।
[1]ਬੱਦਲ।
[1]ਅਨੇਕ ਤਰ੍ਹਾਂ ਦੇ।
[1]ਜਗਤ ਦੇ ਸਾਰੇ ਭੋਗਾਂ ਤੋਂ।

ਗੀਤਕਾ ਛੰਦ:
ਅਬਿ ਸੁਨੋ ਗਾਥਾ ਔਰ ਬਿਧਿ ਪਰ
ਚਲੀ ਗੁਰੁ ਕੀ ਜੈਸ ਹੈ।
ਇੱਕਰੋਜ ਬੇਈਂ ਨਦੀ ਮੈਂ,
ਗੁਰੁ ਲਗੇ ਨਾਵਣ ਪੈਸ ਹੈਂ[1]।
ਦਿਲ ਮਾਹਿ ਤਬਿ ਯਹਿ ਆ ਗਈ,
ਅਬਿ ਤਜਾਗ ਕਰਨੋ ਚਾਹੀਏ।
ਪਰ ਪਹਲ ਹੀ ਹਰਿ ਲੋਕ ਜਾ ਕਰਿ,
ਦਰਸ ਪਰਸ ਉਮਾਹੀਏ[1] ॥ ੫੫ ॥

[1]ਵੜ ਕੇ।
[1]ਉਤਸ਼ਾਹ ਨਾਲ ਮਿਲੀਏ।

ਜਿਉਂ ਹੋਇ ਹੁਕਮ ਅਕਾਲ ਤਿਉਂ
ਫਿਰ ਆਇ ਮਤ ਬਿਸਤਾਰੀਏ[1]। [1]ਫ਼ੈਲਾਈਏ।
ਉਪਦੇਸ ਮੰਤ੍ਰ ਤਹੀਂ ਤੈ ਲੈ,
ਜੀਵ ਗਨ ਭਵ[1] ਤਾਰੀਏ। [1]ਸੰਸਾਰ ਤੋਂ।
ਇਸ ਖਿਆਲ ਹੀ ਮੈਂ ਥੇ ਅਬੈ,
ਸੁਰ ਬ੍ਰਣ ਕੋ[1] ਹਰਿ ਪਠ ਦਯੋ। [1]ਵਰਣ ਦੇਵਤੇ ਨੂੰ।
ਵਹਿ ਆਇ ਹਾਜ਼ਰ ਟਹਲ ਮੈਂ,
ਲਵਾਇ[1] ਹਰਿ ਪੈ ਲੈ ਗਯੋ ॥ ੫੬ ॥ [1]ਨਾਲ ਲੈ ਕੇ।
ਸੁਰ ਕੋਟਿ ਬ੍ਰਹਮਾਂ ਬਿਸ਼ਨ ਸ਼ਿਵ ਸੇ,
ਜਾਂਹਿ ਕੇ ਦਰਵਾਰ ਮੈਂ।
ਸਭਿ ਥਿਰੇ ਆਨਨ[1] ਤ੍ਰਫ ਜੋਵੈ[2], [1]ਮੁੱਖ। [2]ਤੱਕਦੇ ਹਨ।
ਹੁਕਮ ਕੇ ਵੀਚਾਰ ਮੈਂ।
ਜਹਿ ਰੈਨਿ ਦਿਨੁ ਨਹਿ ਭਾਨ[1] ਹੋਵੈ, [1]ਪ੍ਰਤੀਤ।
ਏਕ ਸਮ ਪ੍ਰਕਾਸ਼ ਹੈ।
ਸਭਿ ਸਦਨ[1] ਧਰ[2] ਮਣੀਆਂਨਿ ਸੋਂ[3], [1]ਘਰ। [2]ਧਰਤੀ। [3]ਮਣੀਆਂ ਨਾਲ।
ਵਰ[1] ਖੱਚਤ ਕੀਨੈ ਰਾਸ ਹੈਂ[2] ॥ ੫੭ ॥ [1]ਚੰਗੀਆਂ। [2]ਸਾਰੇ ਜੜਤ ਕੀਤੇ ਹੋਏ ਹਨ।
ਜਨ ਨਾਮ ਜਾਕੋ ਕਹਤਿ ਹੈਂ
ਬੈਕੁੰਠ ਜ਼ਾਹਰ ਜਗਤ ਮੈਂ।
ਤਹਿਂ ਜਾਇ ਬਸ ਹੈਂ ਭਗਤ ਜਨ,
ਜੋ ਹੋਤ ਪੂਰਨ ਭਗਤਿ ਮੈਂ।
ਇਕ ਅਤਿ ਅਨੂਪਮ ਧਾਮ ਮੈਂ,
ਮਣਿ ਖਚਤ ਹੇਮ[1] ਸਿੰਘਾਸਨੰ। [1]ਸੋਨੇ ਦਾ।
ਪਰ ਈਸ ਮਾਯਾ ਸਬਲ[1] ਮੂਰਤਿ, [1]ਮਾਇਆ ਨੂੰ ਸੱਤਾ ਦੇਣ ਵਾਲੇ। (ਅ) ਮਾਇਆ ਨੂੰ ਪ੍ਰੇਰਨ ਵਾਲੇ।
ਧਰਿ ਥਿਰੇ ਸੁਖ ਰਾਸਨੰ ॥ ੫੮ ॥
ਸਸਿ ਸੂਰ ਸਵਰ ਕਰੋਰ[1] ਜਾਂਹਿ [1]ਕ੍ਰੋੜਾਂ ਚੰਦ, ਸੂਰਜ ਤੇ ਕਾਮਦੇਵ।
ਸ੍ਵਰੂਪ ਆਗੇ ਮੰਦ ਹੈਂ।
ਯਹਿ ਲੋਕ ਚੌਦਸ ਚਰਾਚਰ[1], [1]{ਚਰ} ਤੁਰਨ ਫਿਰਨ ਵਾਲੇ ਜੀਵ ਤੇ {ਅਚਰ} ਨ ਫਿਰ ਤੁਰ ਸਕਣ ਵਾਲੇ ਦਰੱਖ਼ਤ ਪੱਥਰ ਆਦਿ ਜੀਵ।
ਸਭਿ ਚਰਨ ਜਾਕੇ ਬੰਦ ਹੈਂ।
ਜਬਿ ਵਰਣ ਯੁਤ ਗੁਰੁ ਜਾਇ ਤਹਿਂ,

ਵਹਿ ਦੇਵ ਦੇਵ[1] ਨਿਹਾਰਜੋ।
[1]ਦੇਵਤਿਆਂ ਦੇ ਪੂਜਣ ਯੋਗ।

ਅਤਿ ਮੋਦ ਜੋ ਪ੍ਰਮੋਦ ਭਾ[1],
[1]ਜੋ ਬਹੁਤ ਜ਼ਿਆਦਾ ਅਨੰਦ ਹੋਇਆ।

ਵਹਿ ਜਾਇ ਕੈਸ, ਉਚਾਰਜੋ ॥ ੫੯ ॥

ਮੁਖ ਸਹਸ[1] ਧਰਿ ਕਰਿ ਸੇਸ ਸੇ[2],
[1]ਹਜ਼ਾਰ। [2]ਸ਼ੇਸ਼ਨਾਗ ਵਰਗੇ।

ਗੁਨ ਰੈਨਿ ਦਿਨੁ ਜਿੰਹਿ ਗਾਇ ਹੈਂ।

ਨਹਿ ਪਰਤਿ ਥਾਹ[1] ਅਥਾਹ[2] ਕਹਿੰ ਤਿਹ,
[1]ਅੰਤ। [2]ਬੇਅੰਤ।

ਥਕਿਤ ਵਹਿ ਰਹਿ ਜਾਇ ਹੈਂ।

ਤਬਿ ਜਗਿ ਨਯੰਤੈ[1] ਹੇਰ ਗੁਰੁ ਕੋ
[1]ਪ੍ਰੇਰਕ।

ਅਤੀ ਨਿਕਟ ਹਕਾਰਜੋ[1]।
[1]ਬੁਲਾਇਆ।

ਗੁਰੁ ਬੰਦਨਾ ਬਹੁ ਬਾਰ ਕਰਿ,

ਅਸਤੋਤ੍ਰੰ[1] ਉਚਾਰਜੋ ॥ ੬੦ ॥
[1]ਉਸਤਤੀ ਦਾ ਸ਼ਬਦ।

ਵਹਿ ਸਬਦ ਆਸਾ ਰਾਗਨੀ ਮੈਂ,

ਨਾਮ 'ਸੋਦਰ' ਹੈ ਸਹੀ।

ਪੁਨ ਸਿਰੀਰਾਗ ਮਝਾਰ ਕੋਟੀ,

ਕੋਟਿ ਆਰਯ* ਹੈ ਕਹੀ।
*ਸ੍ਰੀ ਰਾਗ ਮਹਲਾ ੧ "ਕੋਟਿ ਕੋਟੀ ਮੇਰੀ ਆਰਜਾ" ਤੋਂ ਸ਼ੁਰੂ ਹੋਣ ਵਾਲਾ ਸ਼ਬਦ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੪ 'ਤੇ ਦੂਜਾ ਸ਼ਬਦ ਹੈ।

ਹਰਿ ਹੋਇ ਮੁਦ ਸਿਤਕਾਰ ਨਾਨਕ

ਤਈਂ ਨਿਕਟ ਬਿਠਾਰ ਹੈਂ।

ਤਬਿ ਕਹਯੋ ਤੁਮ ਕੋ ਹੈ ਪਠਯੋ,

ਜਿਸ ਹੇਤ ਜਗਤ ਮਝਾਰ ਹੈ ॥ ੬੧ ॥

ਤੁਮ ਕਜੋਂ ਨ ਅਬਿ ਲੌ ਨਾਮ ਕਾ,

ਉਪਦੇਸ਼ ਜਗਿ ਬਿਦਤਾਯੋ।

ਯਹਿ ਵਾਕ ਸੁਨਿ ਕਰ ਜੋਰਿ[1] ਗੁਰਿ,
[1]ਹੱਥ ਜੋੜ ਕੇ।

ਫਿਰ ਐਸ ਭਾਂਤਿ ਅਲਾਯੋ।

ਵਹਿ ਨਾਮੁ ਮੁਹਿ ਉਪਦੇਸੀਐ,

ਜੋ ਜਾਇ ਮੈਂ ਅਬਿ ਜਗਤ ਮੈਂ।

ਉਪਦੇਸ਼ ਕਰਿ ਕੈ ਜਨਨਿ ਕੌ[1],
[1]ਲੋਕਾਂ ਨੂੰ।

ਪੁਨਿ ਲਾਇ ਰਾਵਰਿ ਭਗਤਿ ਮੈਂ ॥ ੬੨ ॥

ਭਵ ਬੰਧੁ ਤੈ ਛੁਟਕਾਵਨੋ,

ਅਨਜਾਸ[1] ਬਿਨ ਹ੍ਵੈ ਜੈਸ ਹੀ।
[1]ਜਤਨ।

ਭੁਵ ਨਾਥ[1] ਸੁਨਿ ਹਿਤ ਸਾਥ ਪੁਨ,
ਗੁਨਿ ਕਹਜੋ ਲੇਵੋ ਵੈਸ ਹੀ ॥ ੬੩ ॥

[1]ਧਰਤੀ ਦੇ ਮਾਲਕ (ਅਕਾਲ ਪੁਰਖ ਜੀ) ਨੇ।

ਸ੍ਵੈਯਾ:

ਵਾਹਿਗੁਰੂ ਗੁਰ[1] ਵਾਹਿਗੁਰੂ,
ਹਰਿ[1] ਵਾਹਿਗੁਰ ਮੁਖ ਮਾਹਿ ਉਚਾਰੀ।
ਸਾਰ ਅਹੈ ਨਿਗਮਾਗਮ ਕੋ[1] ਯਹਿ,
ਦਾਯਕ ਜਾਪਕ ਕੌ ਫਲ ਚਾਰੀ[1]।
ਔਰ ਨ ਮੰਤ੍ਰ ਕੋ ਇਸ ਕੇ ਸਮ,
ਤਾਰਕ ਯਾ ਕਲਿ ਮੈ ਭਵ[1] ਭਾਰੀ।
ਨਾਹਿ ਪਿਖੈ ਜਮ ਲੋਕ ਕਬੀ ਵਹਿ,
ਯਾਹਿ ਜਪੈਂ ਜਗਿ ਜੇ ਨਰ ਨਾਰੀ ॥ ੬੪ ॥
ਹੈ ਯਹਿ ਮੰਤ੍ਰਨ ਕੌ ਸਿਰ ਮੰਤ੍ਰ
ਗੋਪ ਮਤੋ ਧਨ ਗੋਪ ਬਖਾਨੋ[1]।
ਨਾਹਿ ਭਯੋ ਕਬਹੂੰ ਅਬਿ ਲੌ,
ਕਿਸ ਹੀ ਹਿਤ ਜ਼ਾਹਰ ਏਹੁ ਪ੍ਰਮਾਨੋ[1]।
ਜੇਤਕ ਜੰਤ੍ਰ ਮੰਤ੍ਰ ਯਾ ਜਗਿ ਹੈਂ,
ਸਭਿ ਕੋ ਯਹਿ ਬੀਜ ਪਛਾਨੋ[1]।
ਕਲਿ ਜੀਵ ਉਧਾਰਨ ਹੇਤ ਤੁਮਾਰ
ਦੁਵਾਰ, ਭਯੋ ਅਬਿ ਜ਼ਾਹਰ ਜਾਨੋ ॥ ੬੫ ॥
ਪੂਰਬ ਜੇ ਅਵਤਾਰ ਰਿਖੀਸ੍ਵਰ,
ਪੀਰ ਪਿਗੰਬਰ ਭੂਰ ਉਪਾਏ।
ਆਪਨ ਆਪਨ ਨਾਮ ਜਪਾਏ,
ਪੁਜਾਇ ਨਿਜੰ ਪੁਨ ਪੰਥ ਚਲਾਏ।
ਜੋ ਭਗਤੀ ਹਰਿ ਨਾਮੁ ਗਿਆਨ,
ਉਧਾਰਕ ਜੀਵਨ ਨਾਹਿ ਦਿਢਾਏ।
ਯਾ ਹਿਤ ਮੈਂ ਨਿਜ ਰੂਪ ਤੁਮੈਂ,
ਅਵਤਾਰ ਧਰਾ ਪਰ ਕੈ ਬਿਦਤਾਏ[1] ॥ ੬੬ ॥

[1]ਵੱਡਾ (ਮੰਤ੍ਰ) ਹੈ।
[1]ਅਕਾਲ ਪੁਰਖ (ਨੇ)।
[1]ਵੇਦਾਂ ਸ਼ਾਸਤ੍ਰਾਂ ਦਾ ਤੱਤ ਹੈ।
[1]ਸੁੰਦਰ।
[1]ਸੰਸਾਰ।
[1]ਇਹ ਗੁਪਤ ਮੰਤ੍ਰ ਗੁਪਤ ਧਨ (ਤੁਹਾਨੂੰ) ਕਿਹਾ ਹੈ।
[1]ਚੰਗੀ ਤਰ੍ਹਾਂ ਮੰਨੋ।
[1]ਕਾਰਨ, ਮੁੱਢ ਜੜ੍ਹ।
[1]ਇਸ ਵਾਸਤੇ ਮੈਂ ਤੁਹਾਨੂੰ ਆਪਣੇ ਸਰੂਪ ਦਾ ਅਵਤਾਰ ਬਣਾ ਕੇ ਧਰਤੀ 'ਤੇ ਪ੍ਰਗਟ ਕੀਤਾ ਹੈ।

ਜਾਹੁ ਅਬੈ ਕਲਿ ਜੀਵ ਉਧਾਰਨ ਕਾਰਨ,
ਬਾਨਿ[1] ਉਚਾਰਨ ਕੱਯੋ[2]।

[1]ਗੁਰਬਾਣੀ। [2]ਕਰੋ।

ਮੰਗਲ ਢਾਨ ਅਮੰਗਲ ਹਾਨਕ[1],
ਆਦਿ ਵਿਖੈ ਯਹਿ ਮੰਗਲ ਦੱਯੋ।
ਏਕ ਉਂਕਾਰ ਅਹੇ ਸਤਿ ਨਾਮੁ,
ਵਹੇ ਕਰਤਾ ਇਕ ਪੁਰਖੁ ਮਨੱਯੋ।
ਸੋ ਨਿਰਭਉ ਨਿਰਵੈਰ ਅਕਾਲ,
ਅਮੂਰਤਿ ਆਹਿ ਅਜੂਨਿ ਲਖੱਯੋ ॥੬੭॥

[1]ਖ਼ੁਸ਼ੀਆਂ ਦੇਣ ਵਾਲਾ ਤੇ ਗ਼ਮੀਆਂ ਮੇਟਣ ਵਾਲਾ।

ਦੋਹਰਾ:
ਸੈਭੰ ਗੁਰਪ੍ਰਸਾਦਿ ਯਹਿ
ਇਸ਼ਟ[1] ਮੰਤ੍ਰ ਲਖ ਲੇਹੁ।
ਜੇਤਕ ਬਾਨੀ ਰਚੌ ਤੁਮ
ਆਦਿ ਸਬੀ ਕੇ ਦੇਹੁ ॥੬੮॥

[1]ਜਿਸ ਦੀ ਉਪਾਸ਼ਨਾ ਕੀਤੀ ਜਾਵੇ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

*ਛੰਦ:

*ਇਹ 'ਛੰਦ' ਸ੍ਵੈਯੇ ਦਾ ਹੀ ਇਕ ਰੂਪ 'ਬਾਣ' ਹੈ ਜਿਸ ਦਾ ਲੱਛਣ ਹੈ ਚਾਰ ਚਰਨ ੩੧ ਮਾਤ੍ਰਾਂ, ੧੬ ਅਤੇ ੧੫ ਤੇ ਬਿਸ੍ਰਾਮ, ਅੰਤ ਦੋ ਗੁਰੂ।

ਸ੍ਵਾਸ ਸੁਰਤਿ ਸੋਂ[1] ਜਾਪ ਕਰਨੇ ਹਿਤ,
ਮੰਤ੍ਰ ਅੱਖਰ ਚਾਰ[1] ਸੁਨਾਯਾ।
ਚਾਰ ਬੇਦ ਚਾਰੋ ਬ੍ਰਹਮਾਸ਼੍ਰਮ ਕੇ
ਮੰਤ੍ਰਨ ਕਾ ਸਾਰ[1] ਬਤਾਯਾ।
ਦੁਤੀ ਇਸਟ ਮੰਤ੍ਰ ਮਾਲਾ ਜਿਹਵਾ ਪਰ,
ਜਪਨ ਹੇਤ ਹਰਿ ਆਪ ਉਚਾਰਾ।
ਪੂਰਣ ਛੰਦ ਗਾਯਤ੍ਰੀ ਹੈ ਇਹੁ,
ਬੱਤੀ ਅੱਖਰ ਲੇਹੁ ਵੀਚਾਰਾ ॥੬੯॥
ਜੀਵ ਉਧਾਰਣ ਕਾਰਣ ਕਲਿ ਮੈ,
ਪ੍ਰਗਟੇ ਦੋਇ ਮੰਤ੍ਰ ਗੁਰਦੁਆਰਾ[1]।
ਤਬਿ ਤੈ ਗੁਰੁ ਨਾਨਕ ਕਾ ਸਤਿਗੁਰੁ,
ਹੋਯੋ ਆਪ ਹਰੀ ਕਰਤਾਰਾ।
ਯਾਹੀ ਤੈ ਗੁਰੁ ਆਦਿ ਆਪ ਬਾਨੀ ਮੈ,
ਅਪਨਾ ਗੁਰ ਹਰਿ ਗਾਯਾ।

[1]ਸਾਹਾਂ ਨਾਲ ਤੇ ਸੁਰਤਿ ਨਾਲ।

[1]ਚਹੁੰ ਅੱਖਰਾਂ ਦਾ ਮੰਤ੍ਰ (ਵਾਹਿਗੁਰੂ)।

[1]ਤੱਤ।

[1]ਗੁਰਾਂਰਾਹੀਂ।

ਹਰਿ ਗੁਰ ਮੂਰਤਿ ਏਕਾ ਵਰਤੈ,
ਨਾਨਕ ਹਰਿ ਗੁਰ ਭਾਇਆ* ॥ ੭੦ ॥

*ਇਹ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੦੪੩ 'ਤੇ ਮਾਰੂ ਸੋਲਹੇ ਮਹਲਾ ੧ ਵਿੱਚੋਂ ਹੈ।

ਦੋਹਰਾ:
ਗੁਰੁ ਮੰਤ੍ਰ ਗੁਰੁ ਕੋ ਦਜੋ
ਆਪ ਅਕਾਲ ਕ੍ਰਿਪਾਲ।
ਯਹਿ ਸੁਨਿ ਸ੍ਰੋਤਾ ਗਨ ਪੁਨਾ
ਸ਼ੰਕਾ ਕਰੀ ਬਿਸਾਲ ॥ ੭੧ ॥

ਸ੍ਵੈਯਾ:
ਬਿਨ ਦੇਹ ਨ ਇਹ ਮਿਲੇ ਗੁਰੁ ਮੰਤ੍ਰ,
ਈਸ਼੍ਵਰ ਕਾ ਨਹਿ ਦੇਹ ਬਤਾਯੋ।
ਸਤਿ ਚੇਤਨ ਆਨਦ ਰੂਪ ਬਿਆਪਕ,
ਬਿਸ੍ਵ ਵਿਖੈ[1] ਸ੍ਰੁਤਿ[2] ਹੈ ਵਹਿ ਗਾਯੋ।
ਪੁਨ ਰੂਪ ਨ ਰੇਖ ਨ ਰੰਗ ਕਛੂ,
ਗੁਨ ਤੀਨ ਬਹੀਨ ਗੁਰੂ ਬਤਲਾਯੋ।
ਜਬਿ ਐਸ ਅਹੇ ਤਬਿ ਕੈਸ ਕਹੇ ਤੁਮ?
ਬੋਲਿ ਗੁਰੈਂ ਉਪਦੇਸ਼ ਦ੍ਰਿਢਾਯੋ ॥ ੭੨ ॥

[1]ਸੰਸਾਰ ਵਿੱਚ। [2]ਵੇਦਾਂ ਨੇ।

ਅਬ ਏਹ ਸੰਦੇਹ[1] ਨਿਵਾਰਨ ਕੇ ਹਿਤ,
ਸੋ ਸੁਨਿ ਜੋ ਨਿਗਮਾਗਮ[1] ਗਾਵੈ।
ਸਬਿ ਹੀ ਸ਼ਕਤੀ ਮਤ[1] ਈਸ਼੍ਵਰ ਹੈ,
ਵਹਿ ਜੈਸ ਚਹੈ ਤਸ ਰੂਪ ਬਨਾਵੈ।
ਬਪੁ ਨਾਮ ਨਿਗੁੱਨ ਸਗੁੱਨ ਤਿਸੈ ਇਕ[1],

[1]ਸੰਸਾ।
[1]ਬੇਦ ਸ਼ਾਸਤ੍ਰ।
[1]ਸ਼ਕਤੀਆਂ ਵਾਲਾ।
[1]ਤਿਸ ਈਸ਼ਰ ਦੇ ਨਿਰਗੁਨ ਤੇ ਸਰਗੁਨ ਨਾਮ ਤੇ ਸਰੂਪ ਇਕ ਹਨ।

ਦੂਸਰ ਨਾਹਿ ਗੁਰੂ ਬਤਲਾਵੈ।
ਬਟ ਬੀਜ ਨਿਗੁੱਨ ਸਗੁੱਨ ਬਟੈਂ[1],

[1]ਬੋਹੜ ਦੇ ਬੀਜ ਵਾਂਗ ਨਿਰਗੁਨ ਤੇ ਬੋਹੜ ਦੇ ਦਰੱਖ਼ਤ ਵਾਂਗ ਸਰਗੁਨ ਹੈ।

ਲਖ ਲੇਹੁ ਤਿਵੈ ਹਰਿ ਕੋ ਸ੍ਰੁਤਿ ਗਾਵੈ ॥ ੭੩ ॥
ਜਗ ਕੋ ਕਰਿ ਹੈ ਧਰਿ ਹੈ[1] ਹਰ ਹੈ[2],
ਯਹਿ ਬਾਲ ਬਿਨੋਦ[1] ਜਿਸੈ ਸ੍ਰੁਤਿ ਕੈਹੈ[2]।
ਅਜ[1] ਔ ਕਮਲੇਸ[2] ਮਹੇਸ[3] ਦਿਨੇਸ[11],
ਸੁਰੇਸ[1] ਨਿਸੇਸਹਿ[2] ਜੇਊ ਰਚੈ ਹੈ।

[1]ਪਾਲਦਾ ਹੈ। [2]ਨਾਸ ਕਰਦਾ ਹੈ।
[1]ਬਾਲਕ ਦੀ ਖੇਡ। [2]ਵੇਦ ਕਹਿੰਦਾ ਹੈ।
[1]ਬ੍ਰਹਮਾ। [2]ਵਿਸ਼ਨੂੰ। [3]ਸ਼ਿਵ। [11]ਸੂਰਜ।
[1]ਇੰਦ੍ਰ। [2]ਚੰਦ੍ਰਮਾ ਨੂੰ।

ਸਬਿ ਕੋ ਜਿਹ ਸੌਂਪੁ ਧਰੇ ਸਬਿ ਕਾਮ,
ਕਰੈਂ ਤਿਮ ਹੂੰ ਜਿਮ ਆਇਸ[1] ਦੈ ਹੈ। [1]ਆਗਿਆ।
ਜਿਹ ਦੀਨ ਅਧੀਨ ਰਹੈਂ ਸਬਿ ਹੀ,
ਸੁਰ ਭੀਰ ਪਰੇ ਜਿਹ ਪੈ ਚੱਲ ਜੈ ਹੈਂ ॥ ੭੪ ॥
ਅਜ ਕੋ ਰਚਨਾ ਮਰਯਾਦ ਰਖਾਨ
ਹਿਤੈ ਜਿਹ ਬੇਦ ਪਢਾਇ ਦਏ ਹੈਂ।
ਜਗ ਪਾਲਨ ਹੇਤ ਰਚਜੋ ਬਿਸ਼ਨੂ,
ਸ਼ਿਵ ਜੀ ਹਰਨੈ ਹਿਤ[1] ਥਿੱਤ ਕਏ ਹੈਂ। [1]ਮਾਰਨ ਨੂੰ।
ਇਵ ਹੀ ਰਵਿ ਇੰਦ ਸੁਰਿੰਦਹਿ ਲੌ,
ਜਿਹ ਆਇਸ ਮੈ ਸਬਿ ਕਾਮ ਦਏ ਹੈਂ।
ਤਿਹ ਪੈ ਸਚਖੰਡ ਵਿਖੈ ਚਲ ਕੈ,
ਗੁਰੁ ਹੇਤ ਉਪਦੇਸ਼ ਬਸ਼ੇਸ਼ ਗਏ ਹੈਂ ॥ ੭੫ ॥
ਜਿਮ ਪਾਰਥ ਕੋ[1] ਜਦੁਵੇਸ[2] ਲਏ, [1]ਅਰਜਨ ਨੂੰ। [2]ਕ੍ਰਿਸ਼ਨ।
ਨਿਜ ਸੰਗ ਗਏ ਜਿਹ ਪੈ ਚਲ ਹੈਂ।
ਰਿਖਿ ਸਿੱਧ ਪੁਨਾ ਅਵਿਤਾਰ ਪਿਗੰਬਰ;
ਜਾਤਿ ਰਹੇ ਜਿਹਿ ਠਾਂ ਭਲ ਹੈਂ।
ਕਰਿ ਬਾਤ ਦਿਦਾਰ ਸੁ ਆਤਿ ਰਹੇ[1], [1]ਆਉਂਦੇ ਰਹੇ ਹਨ।
ਯਹਿ ਬੇਦ ਕਤੇਬ ਕਥੈਂ ਕਲ ਹੈਂ[1]। [1]ਸੁੰਦਰ ਕਥਨ ਕਰਦੇ ਹਨ।
ਜਲ ਮੈ ਧਸਿ ਜਜੋਂ ਰਘੁਬੀਰ[1] ਗਏ; [1]ਰਾਮ ਚੰਦਰ।
ਤਿਮ ਠੀਕ ਗਏ ਗੁਰੁ ਭੀ ਚਲ ਹੈਂ ॥ ੭੬ ॥
ਉਪਦੇਸ਼ ਦਯੋ ਜਗਤੇਸ਼ ਬਿਸ਼ੇਸ਼ ਜੁ;
ਸੋ ਗੁਰੁ ਧਾਰ ਲਯੋ ਮੁਦ ਪਾਏ।
ਸੁਰ ਸਿੱਧ ਰਿਖੀ ਤਹਿਂ ਭਗਤਿ ਜੁ ਥੇ;
ਸਭਿ ਪੇਖ ਰਹੇ ਮਨ ਮੈ ਬਿਸਮਾਏ।
ਜਸ ਦੀਨ ਬਡਾਈ ਹਰੀ ਗੁਰ ਕੋ;
ਨਹਿ ਨਾਂਹਿ ਮਿਲੀ ਕਬਹੂੰ ਤਿਸ ਥਾਏ।
ਗੁਰ ਪਾਇ ਬਿਦਾ ਧਰ[1] ਆਏ ਤਬੈ, [1]ਧਰਤੀ ਤੇ।
ਨਿਕਸੇ ਨਦਿ ਤੇ[1] ਰਵਿ ਜਜੋਂ ਦਿਪਤਾਏ[2] [1](ਵੇਈਂ) ਨਦੀਂ ਚੋਂ। [2]ਸੂਰਜ ਵਾਂਗ ਚਮਕੇ।
॥ ੭੭ ॥
ਗੁਰੁ ਜੋ ਅਸਤੋਤ੍ਰ ਰੂਪ[1] ਤਹਾਂ, [1]ਉਸਤਤ ਰੂਪ।

ਹਰਿ ਸੰਮੁਖ[1] ਬੈਨਿ ਬਖਾਨ ਕਰੇ। [1]ਸਾਹਮਣੇ।
ਸੁਨਿ ਕੈ ਹਰਿ ਮੋਦ ਭਏ ਅਤਿਸੈਂ,
ਬਰ ਦੀਨ ਤਬੈ ਯਹਿ ਭਾਂਤਿ ਭਰੇ[1]। [1]ਭਲੀ ਤਰ੍ਹਾਂ।
ਨਰ ਨਾਰਿ ਸੁਨੈ ਪਢਿ ਹੈ ਜੁ ਇਸੈ,
ਧਰਿ ਪ੍ਰੀਤਿ ਸੁ ਨੀਤ ਵਿਚਾਰ ਕਰੇ।
ਬਰ ਏਹੁ ਰਹਯੋ ਹਮਰਾ ਤਿਨ ਕੌ,
ਭਵ ਬੰਧੁ ਪੁਨਾ ਵਹਿ ਨਾਹਿ ਪਰੇ ॥ ੭੮ ॥
ਯਹਿ ਬਾਤ ਭਈ ਹਰਿ ਲੋਕ ਵਿਖੈ,
ਸੁਨੀਏ ਭੁਵ ਲੋਕ[1] ਭਈ ਜਿਮ ਪਾਛੇ। [1]ਮਾਤ ਲੋਕ ਵਿੱਚ।
ਜਬਿ ਤੇ ਗੁਰੁ ਨਾਨਕ ਜੂ ਨਦਿ ਮੈ,
ਪ੍ਰਵੇਸ ਕਰਜੋ ਨਿਕਸੇ ਨਹਿ ਸਾਛੇ[1]। [1]ਪਰਤੱਖ ਹੋ ਕੇ।
ਤਬਿ ਜਾਇ ਕਹਜੋ ਭ੍ਰਿਤ ਨੈ[1] ਘਰ ਮੈਂ, [1]ਦਾਸ ਨੇ।
ਗੁਰ ਬੂਡ ਗਜੋ[1] ਜਲ ਮੈ ਕਤ[2] ਕਾਛੇ[3]। [1]ਡੁੱਬ ਗਏ ਹਨ। [2]ਕਿਸੇ ਥਾਂ। [3]ਸੁੰਦਰ (ਗੁਰੂ ਜੀ)।
ਸੁਨਿ ਸ਼ੋਕ ਪਰਜੋ ਭੁਵ ਲੋਕ ਵਿਖੈ,
ਗੁਰੁ ਓਕ[1] ਛਯੋ[2] ਕਰੁਨਾਰਸ[3] ਆਛੇ ॥ ੭੯ ॥ [1]ਘਰ। [2]ਫੈਲ ਗਿਆ। [3]ਰੋਣਾ, ਸ਼ੋਕ ਕਰਨਾ।
ਜਾਲ ਬਿਸਾਲ ਗਿਰਾਇ ਰਹਜੋ ਨ੍ਰਿਪ,
ਦੌਲਤ ਖਾਂ ਗੁਰੁ ਖੋਜਨ ਹੇਤੂ।
ਬੀਤ ਗਏ ਦਿਨ ਤੀਨ ਇਸੌ ਬਿਧਿ ਹਾਰ
ਭਏ ਸਭਿ ਲੋਗ ਅਚੇਤੂ[1]। [1]ਬੇਹੋਸ਼।
ਤੌ ਉਤ ਤੈ ਗੁਰੁ ਨਾਨਕ ਜੂ,
ਹਰਿ ਤੈ ਪੁਨ ਆਇਸ[1] ਲੈ ਸੁਖ ਸੇਤੂ[2]। [1]ਆਗਿਆ। [2]ਸੁਖ ਨਾਲ। (ਅ) ਸੁਖਾਂ ਦੇ ਪੁਲ।
ਆਇ ਤਬੈ ਬਿਦਤੇ ਧਰ ਪੈ,
ਜਹਿਂ ਘਾਟ ਕਹਾਵਤ ਸੰਤ ਅਬੈ ਤੂ[1] ॥ ੮੦ ॥ [1]ਹੁਣ ਤੱਕ।

ਦੋਹਰਾ:

ਤਾਪ ਤਿਮਰ ਕਲਿ ਹਰਨ ਹਿਤ,
ਸੁਖਦ ਕੁਮਦ ਜਨ ਬ੍ਰਿੰਦ[1]। [1]ਕਲਿਜੁਗ ਦੀ (ਤ੍ਰਿਸ਼ਨਾ ਦੀ) ਤਪਸ਼ ਅਤੇ (ਅਗਿਆਨ ਦੇ) ਅਨ੍ਹੇਰੇ ਨੂੰ ਦੂਰ ਕਰਨ ਅਤੇ ਸਾਰੇ ਦਾਸਾਂ ਰੂਪ ਕਮੀਆਂ ਨੂੰ ਸੁਖ ਦੇਣ ਲਈ।

ਛੀਰ ਸਿੰਧੁ ਬੇਈਂ ਵਿਖਯੋ[1], [1]ਵੇਈਂ ਨਦੀ ਰੂਪ ਖੀਰ ਸਮੁੰਦਰ ਵਿੱਚੋਂ।
ਪ੍ਰਗਟੇ ਗੁਰੁ ਸਮ ਇੰਦੁ[1] ॥ ੮੧ ॥ [1]ਚੰਦ੍ਰਮਾ ਵਾਂਗ।

ਸ੍ਵੈਯਾ:

ਸੁਨਿ ਕੇ ਪੁਰਿ ਕੇ ਜਨ ਧਾਇ ਅਏ,
ਗੁਰ ਪੇਖਨ ਕੋ ਨਰ ਨਾਰ ਮਹਾਨੈਂ।
ਮੋਦ ਭਏ ਸਭਿ ਹੀ ਮਨ ਮੈ,
ਗੁਰੁ ਕੋ ਪਿਖ ਕੈ ਸਬਿ ਬੰਦਨ ਠਾਨੈਂ।
ਹੋਇ ਰਹੇ ਬਿਸਮਾਦਿ ਮਹਾਂ,
ਯਹਿ ਕੌਤਕ ਨਾਹਿ ਲਖਜੋ ਤਬਿ ਕਾਨੈਂ[1]। [1]ਕਿਸੇ ਨੇ ਵੀ।
ਤਾਂ ਦਿਨ ਤੇ ਗੁਰੁ ਨਾਹਿ ਗਏ,
ਨਿਜ ਧਾਮ ਵਿਖੈ ਅਰ ਵੀਚ ਦੁਕਾਨੈ ॥ ੮੨ ॥
ਛੋਡਿ ਉਦੰਗਲ[1] ਬੈਠ ਰਹੇ ਤਬਿ, [1]ਇਕੱਠ, ਡੰਡਰੌਲਾ ਭਾਵ ਪ੍ਰਵਿਰਤੀ।
ਜੰਗਲ ਮੈਂ ਮਨ ਮੰਗਲ ਮਾਨੈ।
ਦੌਲਤ ਖਾਨ ਲੌ ਆਨ ਸਬੀ ਜਨ,
ਧਾਮ ਲਿਜਾਵਨ ਕੋ ਹਠ ਠਾਨੈ।
ਬਾਨਿ[1] ਮਹਾਂ ਸੁਖ ਦਾਨਿ ਮਹਾਂਨਿ, [1]ਗੁਰਬਾਣੀ।
ਗੁਰੂ ਤਬਿ ਐਸ ਸੁਨਾਵਹਿ ਤਾਨੈ[1]। [1]ਤਿਨਾ ਨੂੰ।
ਜੋ ਸੁਨਿ ਕੈ ਭਵ ਖੇਦ[1] ਮਿਟੈਂ, [1]ਸੰਸਾਰਕ ਦੁੱਖ।
ਮਨਿ ਹੋਇ ਉਦੈ ਨਿਰਵੇਦ[1] ਮਹਾਨੈ ॥ ੮੩ ॥ [1]ਵੈਰਾਗ ਪ੍ਰਗਟ ਹੁੰਦਾ ਹੈ।
ਦੇਸ ਬਦੇਸਨ ਤੇ ਨਰ ਨਾਰਿ,
ਅਪਾਰ ਦਿਦਾਰ ਲਿਯੇ ਚੱਲ ਆਵੈਂ।
ਭੀਰ ਰਹੈ ਗੁਰੁ ਪੈ ਨਿਸਿ ਦਜੋਸੁ,
ਜਥਾ ਸ਼ਕਤੀ ਸਭਿ ਭੇਟ ਚਢਾਵੈਂ।
ਸੋ ਧਨ ਲੈ ਗੁਰੁ ਲੰਗਰ ਲਾਇ,
ਤਬੈ ਕੁਣਕਾ ਕਰਿ ਕੈ ਬਟਵਾਵੇਂ।
ਦੇਸ ਅਸੇਸ[1] ਵਿਖੇ ਗੁਰੁ ਕਾ ਜੱਸ, [1]ਸਾਰੇ।
ਫੈਲ ਬਿਸੇਸ[1] ਗਜੋ ਸਬਿ ਥਾਵੈਂ ॥ ੮੪ ॥ [1]ਬਹੁਤਾ।

ਕਬਿੱਤ:

ਜੈਸੀ ਜਾਂਕੀ ਕਾਮਨਾ ਹ੍ਵੈ ਕਰੈਂ ਸਭਿ ਪੂਰਨ,
ਪੂਰਨ ਗੁਰ ਤੂਰਨ ਜ਼ਰੂਰ ਭੂਰ ਭਾਂਤਿ ਕੀ।
ਪਾਇ ਉਪਦੇਸ ਸੇਸ[1] ਕਾਟ ਕੈ ਕਲੇਸ ਜਨ, [1]ਬਹੁਤੇ।
ਪਾਵਨ ਹ੍ਵੈ ਜਾਵਨਿ ਜੇ ਆਵਨਿ ਸੁ ਪਾਤਕੀ[1]। [1]ਪਾਪੀ।
ਜੈਸੇ ਮਹਾਂ ਮੇਘ ਤੇ ਮਹਾਨਿ ਮੇਂਹ ਪਾਇ ਕਰਿ,

ਮਹੀ ਮਧ ਮੋਦ ਔ ਪ੍ਰਮੋਦ ਛਾਇ ਸ਼ਾਂਤਕੀ[1]।
ਤੈਸੇ ਗੁਰਬਾਨੀ ਸੁਖਦਾਨੀ ਕਾਨੀ ਸੁਨਿ ਸਿੱਖ,
ਮੋਦ ਹੋਤ ਸ੍ਵਾਂਤ[1] ਜਿਮ ਪਾਇ ਗਨ ਚਾਤਕੀ[2] ॥ ੮੫ ॥

[1]ਸ਼ਾਂਤੀ।

[1]ਸ੍ਵਾਂਤੀ ਬੂੰਦ। [2]ਬਹੁਤੇ ਪਪੀਹੇ।

ਗੁਰੂ ਕਾ ਪ੍ਰਤਾਪ ਪੇਖ ਭਜੋ ਪ੍ਰਤਾਪ[1] ਤਬਿ,
ਕਾਜੀ ਔਰ ਪੰਡਿਤ ਮੁੱਲਾਂਨਜੋਂ ਕੇ ਚਿੱਤ ਮੈਂ।
ਆਇ ਗੁਰ ਪਾਸ ਖਾਸ ਚਰਚਾ ਚਲਾਵੈਂ[1] ਭਾਵੈ[2],
ਜਲਪ ਬਤਿੰਡੇ ਹਠ ਠਾਨਿ ਕੈ ਕੁਹਿੱਤ ਮੈਂ[1]।

[1](ਈਰਖਾ ਦਾ) ਬਹੁਤਾ ਸਾੜਾ।

[1]ਚਰਚਾ ਚਲਾਉਂਦੇ ਹਨ। [2](ਉਨ੍ਹਾਂ ਨੂੰ ਇਹ ਗੱਲ) ਚੰਗੀ ਲੱਗਦੀ ਹੈ।

[1]ਹਠ ਤੇ {ਕੁਹਿਤ} ਵੈਰ ਭਾਵ ਕਰ ਕੇ ਜਲਪ ਤੇ ਵਿਤੰਡਾ ਚਰਚਾ ਹੀ ਹੁੰਦੀ ਹੈ। {ਜਲਪ ਤੇ ਵਿਤੰਡਾ ਦੇ ਅਰਥਾਂ ਲਈ ਦੇਖੋ ਬਿਸ਼੍ਰਾਮ ੩ ਦੇ ਅੰਕ ੮੮ ਦੀਆਂ ਟਿੱਪਣੀਆਂ ੧ ਤੇ ੨।

ਬਾਨੀ ਗੁਨਖਾਨੀ ਸੁਖਦਾਨੀ ਗੁਰ ਐਸ ਰਰੈਂ,
ਸੁਨਿ ਕੈ ਸੁ ਉੱਤਰ ਨਿਰੁੱਤਰ ਹ੍ਵੈਂ ਜਿੱਤ ਮੈ[1]।
ਸੋਈ ਸਭਿ ਸੂਰਜ ਪ੍ਰਕਾਸ਼ ਮੈਂ ਬਿਲਾਸ ਲਿਖੇ
ਗ੍ਰੰਥ ਕੇ ਬਢਨਿ ਡਰਿ ਲਿਖੇ ਨਾਹਿ ਇੱਤ ਮੈ[1] ॥ ੮੬ ॥

[1]ਜਿਸ (ਗੁਰਬਾਣੀ) ਨੂੰ।

[1]ਇਸ (ਗ੍ਰੰਥ) ਵਿੱਚ।

ਦੋਹਰਾ:
ਹਿੰਦੂ ਚਾਰੋਂ ਬਰਨ ਕੇ,
ਤੁਰਕ ਔਰ ਚੰਡਾਲ।
ਹੋਵਤਿ ਗੁਰ ਕੇ ਸਿੱਖਜ ਸਭਿ,
ਨਿਤ ਪ੍ਰਤਿ ਆਇ ਬਿਸਾਲ ॥ ੮੭ ॥
ਨਾਮ ਰਰੋ ਭਗਤੀ ਕਰੋ,
ਬ੍ਰਹਮ ਉਪਾਸੋ ਏਕ।
ਯਹਿ ਸਤਿਗੁਰ ਉਪਦੇਸ ਦੈ,
ਪ੍ਰਚਾਰਯੋ ਮਤ ਨੇਕ ॥ ੮੮ ॥
ਪੂਜਨ ਮੜੀ ਮਸਾਣ ਸਭਿ,
ਔਰ ਪਖੰਡਨ ਕੇਰ।
ਤਬਿ ਸਭਿ ਦਜੋ ਹਟਾਇ,
ਗੁਰ ਧਰਮ ਬਢਯੋ ਯੋਂ ਫੇਰ ॥ ੮੯ ॥

ਚੌਪਈ:
ਪਾਹਨ ਮੂਰਤਿ ਭੈਰਵ ਮੀਰਾਂ[1]।

[1]ਇਕ ਸੰਤ ਜਿਸ ਦੀ ਕਬਰ 'ਅਮਰੋਹੇ' ਜ਼ਿਲ੍ਹਾ ਮੁਰਾਦਾਬਾਦ

ਯੂ.ਪੀ. ਵਿੱਚ ਹੈ। (ਅ) ਮਲੇਰ ਕੋਟਲੇ ਦਾ ਇਕ ਪੀਰ ਜਿਸ ਦੀ ਕਬਰ 'ਤੇ ਜਾ ਕੇ ਇਸਤ੍ਰੀਆਂ ਚੌਕੀਆਂ ਭਰਦੀਆਂ ਹਨ ਅਤੇ ਆਪਣੇ ਵਿੱਚ ਮੀਰਾਂ ਪ੍ਰਵੇਸ਼ ਹੋਇਆ ਦੱਸ ਕੇ ਖੇਡਦੀਆਂ ਤੇ ਪ੍ਰਸ਼ਨਾਂ ਦੇ ਉੱਤਰ ਦੇਂਦੀਆਂ ਹਨ।

ਗੋਰ[1] ਮੜੀ ਮਠ ਪੀਰ ਫਕੀਰਾਂ। [1]ਕਬਰਾਂ।
ਕੂਰੇ ਯਹਿ ਪੂਰੇ ਦਿਖਰਾਏ।
ਮੰਨਣ ਤੈ ਸਭਿ ਲੋਗ ਹਟਾਏ ॥ ੯੦ ॥
ਜਿਨ ਕੇ ਥੇ ਤਿਨ ਪਰਹਿ[1] ਗੁਜਾਰੇ[2]। [1]ਉੱਪਰ, ਆਸਰੇ। [2]ਰੁਜ਼ਗਾਰ।
ਕਾਜੀ ਢਿਗ ਵਹਿ ਮੂਢ ਪੁਕਾਰੇ।
ਮਿਲੇ ਮਜਾਵਰ[1] ਦਿਜ[2] ਅਰ ਕਾਜੀ। [1]ਕਬਰਾਂ ਦੇ ਪੁਜਾਰੀ। [2]ਬ੍ਰਹਮਣ।
ਗਏ ਨਵਾਬ ਪਾਸ ਮਿਲਿ ਪਾਜੀ[1] ॥ ੯੧ ॥ [1]ਝੂਠੇ।
ਚੁਗਲੀ ਉਗਲੀ[1] ਗੁਰ ਕੀ ਜਾਈ। [1]ਕਹੀ।
ਨਾਨਕ ਸ਼ਰ੍ਹਾ ਨ ਮਾਨਤਿ ਕਾਈ।
ਦੈ ਉਪਦੇਸ਼ ਮਾਰਫਤ[1] ਲੋਗਹਿੰ। [1]ਆਤਮ ਗਿਆਨ।
ਛੋਡਤਿ ਨਾਹਿ ਸ਼ਰ੍ਹਾ ਕੇ ਜੋਗਹਿੰ[1] ॥ ੯੨ ॥ [1]ਜੋਗਾ, ਲਾਇਕ।
ਤਾਰਕ[1] ਦੁਨੀਆ ਨਾਨਕ ਹੱਯੇ। [1]ਤਾਰਨ ਵਾਲਾ।
ਤਿਹ ਨਿਜ ਦੀਨ ਮਨਾਵਨ ਚੱਹਯੇ।
ਉਨ ਕੀ ਸੁਨਿ ਨਵਾਬ ਮਨਿ ਭਾਯੋ।
ਗੁਰੁ ਕੋ ਮਹਿਯਦ[1] ਵੀਚ ਬੁਲਾਯੋ ॥ ੯੩ ॥ [1]ਮਸੀਤ।
ਕਹਯੋ ਕਬੂਲੋ[1] ਦੀਨ ਹਮਾਰਾ। [1]ਪ੍ਰਵਾਣ ਕਰੋ।
ਪਢੋ ਨਿਵਾਜ ਹਮਾਰ ਸੰਗਾਰਾ[1]। [1]ਨਾਲ।
ਗੁਰੂ ਕਹਯੋ ਹਮ ਦੀਨ ਖੁਦਾਈ[1]। [1]ਸਾਡਾ ਮਜ਼ਹਬ ਖ਼ੁਦਾ ਦਾ ਹੈ।
ਪਢੋਂ ਨਿਵਾਜ ਤੁਮਾਰ ਸੰਗਾਈ ॥ ੯੪ ॥
ਪਢਿਨ ਨਿਵਾਜ ਜਬੈ ਵਹਿ ਲਾਗੇ।
ਬੈਠ ਰਹੇ ਗੁਰੁ ਹਰਿ ਅਨੁਰਾਗੇ[1]। [1]ਪ੍ਰੀਤਵਾਨ ਹੋ ਕੇ।
ਪਢਿ ਨਿਵਾਜ ਕਾਜੀ ਪੁਨ ਕਹਾ।
ਨਾਨਕ ਸ਼ਾਹਿ ਬੈਠ ਕਯੋਂ ਰਹਾ? ॥ ੯੫ ॥
ਕਹਯੋ ਗੁਰੂ ਤੂੰ ਅਪਨੇ ਘਰ ਮੈ।
ਪਕਰਨਿ ਗਯੋ ਬਛੇਰੀ ਕਰ ਮੈ[1]। [1]ਹੱਥ ਵਿੱਚ।
ਮਨ ਤੁਵ ਲਗਾ ਦੁਨੀ ਕੇ ਕਾਰੈਂ[1]। [1]ਕੰਮਾਂ ਵਿੱਚ।
ਹਮ ਕਿਸ ਸੰਗ ਨਿਵਾਜ ਗੁਜਾਰੈਂ? ॥ ੯੬ ॥

ਕਹਿ ਨਵਾਬ ਪਢਤੋ ਸੰਗ ਮੋਰੇ।
ਗੁਰੁ ਕਹਿ ਤੁਮੂੰ[1] ਖਰੀਦਤਿ ਘੋਰੇ। [1]ਤੂੰ ਤਾਂ।
ਯਹਿ ਸੁਨਿ ਕਰਿ ਨਵਾਬ ਬਿਸਮਾਯੋ।
ਗੁਰੁ ਕੋ ਵਲੀ[1] ਸਹੀ ਲਖ ਪਾਯੋ[2] ॥ ੯੭ ॥ [1]ਕਰਾਮਾਤੀ, (ਅ) ਅੱਲਾ ਦਾ ਪਿਆਰਾ। [2]ਜਾਣ ਲਿਆ।
ਚੂਮੇਂ ਕਦਮ[1] ਗੁਰੂ ਕੇ ਜਬੈ। [1]ਚਰਨ ਚੁੰਮੇ।
ਭਈ ਕਲਯਾਨ ਤਾਹਿ ਕੀ ਤਬੈ।
ਦੋਇ ਕਬੀਲੇ[1] ਥੇ ਤਿਸ ਕੇਰੇ। [1]ਟੱਬਰ ਭਾਵ ਵਹੁਟੀਆਂ।
ਪੁੱਤ੍ਰਨ ਕੀ ਕਰਿ ਚਾਹਿ ਬਧੇਰੇ ॥ ੯੮ ॥
ਵਹਿ ਭੀ ਲਗੀ ਚਰਨ ਗੁਰ ਜੀ ਕੇ।
ਦਏ ਦੁਹਿਨ ਸੁਤ ਦੋ ਦੋ ਨੀਕੇ।
ਸਤਿਗੁਰੁ ਅਪਨ ਨਿਕੇਤ[1] ਪਧਾਰੇ। [1]ਘਰ।
ਤੁਰਕ ਭਏ ਸ਼ਰਮਿੰਦੇ ਸਾਰੇ ॥ ੯੯ ॥
ਕੁਛਕ ਕਾਲ ਪ੍ਰਭੁ ਤਹਾਂ ਨਿਵਾਸੇ।
ਪ੍ਰਤਿ ਦਿਨਰਵਿ ਸਮਾਨ ਪ੍ਰਗਾਸੇ ॥ ੧੦੦ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜ਼ਾਨ ਸਿੰਘ ਵਿਰਚਿਤੇ ਆਦਿ ਗੁਰੂ ਕੇ ਬਾਲ ਚਰਿਤ ਬਰਨਨੰ ਨਾਮ ਪੰਚਮੋ ਬਿਸ੍ਰਾਮ ॥ ਪ ॥

੬. {ਪਹਿਲੀ ਉਦਾਸੀ (ਪੂਰਬ ਦੀ), ਏਮਨਾਬਾਦ ਮਲਕ ਭਾਗੋ, ਕੁਰੁਖੇਤ੍ਰ ਸੂਰਜ ਗ੍ਰਹਣ, ਨਾਨੂ ਪੰਡਿਤ ਨਾਲ ਚਰਚਾ, ਪਾਨੀਪਤ ਸ਼ੇਖ਼ ਸ਼ਰਫ਼ ਮਿਲਿਆ, ਦਿੱਲੀ ਮਜਨੂੰ ਦੇ ਟਿੱਲੇ, ਇਬਹਾਰੀਮ ਬਾਦਸ਼ਾਹ ਦੀ ਕੈਦ 'ਚੋਂ ਸਾਧੂ ਛੁਡਾਏ, ਕਾਂਸ਼ੀ 'ਚ ਪੰਡਿਤਾਂ ਨਾਲ ਚਰਚਾ ਤੇ ਕਬੀਰ ਆਦਿ ਭਗਤਾਂ ਨੂੰ ਮਿਲੇ}

ਦੋਹਰਾ:

ਸੁਧਾ ਸਰੋਵਰ[1] ਰਚਯੋ ਜਿਂਹਿ,
ਪਾਪ ਨਿਰਾਸ ਹੁਰਾਸ[1]।

[1]ਅੰਮ੍ਰਿਤ ਦਾ ਸਰੋਵਰ (ਸ੍ਰੀ ਅੰਮ੍ਰਿਤਸਰ)।

[1]ਸਮੂਹ ਪਾਪਾਂ ਤੋਂ ਰੱਖਿਆ ਕਰਨ ਵਾਲੇ ਹਨ {ਹਾਰਿਸ- ਰਾਖਾ (ਇਕ ਬਚਨ) ਹੁੱਰਾਸ- ਰਾਖੇ (ਬਹੁ ਵਚਨ)।}

ਵੇ ਗੁਰੁ[1] ਬਿਘਨ ਬਿਨਾਸ ਕੈ,
ਪੁਰਵੈਂ ਮਮ ਮਨਿ ਆਸ ॥੧॥

[1]ਉਹ ਗੁਰੂ (ਸ੍ਰੀ ਗੁਰੂ ਰਾਮਦਾਸ ਜੀ)।

ਕਬਿੱਤ:

ਪਰਨਾ[1] ਗਹਯੋ ਹੈ ਆਨਿ ਰਾਵਰ ਕੇ ਚਰਨਾ ਕਾ,
ਸਤਿਨਾਮੁ ਬਿਨਾ ਜਾਨੋ ਔਰ ਨਾ ਉਚਰਨਾ[1]।
ਚਰਨਾ ਮੈ ਰਾਖ ਹੋ ਤੋ ਚਾਖ ਹੋਂ ਪ੍ਰੇਮ ਰਸ,
ਨਾਖ ਹੋਂ ਦੁਰਾਸ[1] ਅਭਿਲਾਖ ਹੋਂ ਅਵਰ ਨਾ[2]।

[1]ਆਸਰਾ।

[1]ਉਚਾਰਨਾ, ਬੋਲਣਾ।

[1]ਖੋਟੀ ਆਸਾ (ਰੂਪ ਨਦੀ ਤੋਂ) ਲੰਘ ਜਾਵਾਂਗਾ। [2]ਹੋਰ (ਕੁਝ) ਨਹੀਂ ਚਾਹੁੰਦਾ।

ਵਰ[1] ਨਾ ਲਗਤ ਕਿਛੁ ਔਰ ਹਰਿ ਗਜਾਨ ਗਾਇ[2],
ਪਾਇ ਬ੍ਰਹਮ ਗਜਾਨ ਅਗਜਾਨ ਚਹੋਂ ਦਰਨਾ[1]।
ਦਰ[1] ਨਾ ਔਰ ਜਹਾਂ ਜਾਊਂ ਗੁਰੁ ਰਾਮਦਾਸ,
ਆਸ ਤੋਸ ਦਾਸ ਖਾਸ ਤੋ ਬਿਨ ਅਪਰ ਨਾ[1] ॥੨॥

[1]ਚੰਗਾ। [2]ਗਿਆਨ ਸਿੰਘ ਕਹਿੰਦਾ ਹੈ।

[1]ਦਲਨਾ, ਨਾਸ ਕਰਨਾ।

[1]ਦਰਵਾਜ਼ਾ।

[1]{ਖਾਸ} ਆਪਣੇ ਦਾਸਾਂ ਤੇ {ਆਸ} ਛੇਤੀ {ਤੋਸ} ਪ੍ਰਸੰਨ ਹੋਣ ਵਾਲਾ (ਸਤਿਗੁਰੂ ਜੀ) ਤੇਰੇ ਬਿਨਾਂ ਹੋਰ ਕੋਈ ਵੀ ਨਹੀਂ ਹੈ।

ਬਰਨਨ[1] ਕਰਤਿ ਚਰਿਤ ਅਬਿ ਆਦਿ ਗੁਰ,
ਆਧਿ[1] ਔ ਬਜਾਧਿ[2] ਜੋ ਉਪਾਧਿ[3] ਕੇ ਹਰਨ ਹੈਂ[11]।

[1]ਕਥਨ।

[1]ਮਨ ਦੇ ਆਸਰੇ ਹੋਣ ਵਾਲੇ ਚਿੰਤਾ ਆਦਿਰੋਗ। [2]ਸ਼ਰੀਰ ਦੇ ਆਸਰੇ ਹੋਣ ਵਾਲੇ ਬੁਖਾਰ ਆਦਿਰੋਗ। [3]ਉਪਰੋਂ (ਬਾਹਰੋਂ) ਆ ਕੇ ਲੱਗੇ ਜਾਂ ਚਿੰਬੜਨ ਵਾਲੇਰੋਗ, ਸ਼ਸਤ੍ਰ ਆਦਿ ਦਾ ਜ਼ਖ਼ਮ ਜਾਂ ਪ੍ਰੇਤ ਪੀੜਾ ਆਦਿ। [11]ਨਾਸ ਕਰਨ ਵਾਲੇ ਹਨ।

ਤੀਨ ਤਾਪ ਹਾਰਕ[1], ਪ੍ਰਹਾਰਕ ਅਖਲ ਖੇਦ,
ਭੇਦ ਭ੍ਰਮ ਟਾਰਕ ਨਿਵਾਰਕ ਮਰਨ[1] ਹੈਂ।
ਪਰਮ ਪ੍ਰਸੰਨਤਾ ਕੇ ਜਨਜਤਾ[1] ਸਦੈਵ ਕਾਲ,
ਮੱਨਜਤਾ[1] ਅਨੱਨਜਤਾ ਸੈਂ[2] ਚਹੀਏ ਕਰਨ ਹੈਂ।
ਦਾਯਕ ਸੁ ਫਲ ਚਾਰ ਬਿਮਲ[1] ਬਿਚਾਰ,
ਪਾਰ ਭਵ ਤੈ[1] ਕਰਨ ਹਾਰ ਤਾਰਨ ਤਰਨ ਹੈਂ[2] ॥੩॥

[1]ਸਾਰੇ ਦੁੱਖਾਂ ਦੇ ਨਾਸ ਕਰਤਾ।

[1]ਮੌਤ ਨੂੰ ਦੂਰ ਕਰਨ ਵਾਲੇ।

[1]ਪੈਦਾ ਕਰਨ ਵਾਲੇ।

[1]ਪੂਜਾ। [2]ਪੱਕੀ ਸ਼ਰਧਾ ਨਾਲ।

[1]ਉੱਜਲ।

[1]ਸੰਸਾਰ (ਸਮੁੰਦਰ ਤੋਂ)। [2]ਤਾਰਨ ਨੂੰ ਜਹਾਜ਼ (ਰੂਪ) ਹਨ।

ਪੁਰ ਸੁਲਤਾਨ ਤੈ ਪਜਾਨ ਕਰਿ[1] ਲਵ ਪੁਰ[2],
ਜਾਨ[1] ਏਮਨਾ ਹੂੰ ਬਾਦ ਪੂਰਬ ਪਧਾਰ ਹੈਂ[2]।

[1]ਚੱਲ ਕੇ। [2]ਲਾਹੌਰ।

[1]ਜਾਣਗੇ। [2]ਏਮਨਾਬਾਦ (ਤੋਂ ਅੱਗੋਂ) ਪੂਰਬ (ਦੀ ਤਰਫ਼ ਨੂੰ) ਜਾਣਗੇ।

ਖੰਡ ਕੈ[1] ਪਖੰਡ ਮਤ ਮੰਡ ਕੈ[2] ਸਿਧਾਂਤ ਸਤਿ,
ਬੇਦ ਧਰਮ ਭਗਤੀ ਸੁ ਜਗਤੀ ਬਿਥਾਰ ਹੈਂ।
ਅਵਲ[1] ਉਦਾਸੀ ਜਿਮ ਲੈਂਹ ਸੁਖਰਾਸੀ ਗੁਰ,
ਗਾਥ ਸੋ ਸੁਧਾ ਸੀ[1] ਇਸ ਧਜਾ ਮੈਂ ਉਚਾਰ ਹੈਂ।
ਸੁਨੋ ਸਿਖ ਭਾਈ ਸਭਿ ਕਾਨ ਮਨ ਲਾਈ,
ਭੂਲ ਲੀਜੀਓ ਸੁਧਾਈ ਹਮ ਸਦਾ ਭੂਲਵਾਰ ਹੈਂ ॥ ੪ ॥

[1]ਖੰਡਨ ਕਰਕੇ। [2]ਮੰਡਨ ਕਰਕੇ, ਪ੍ਰੋੜਤਾ ਕਰਕੇ।

[1]ਪਹਿਲੀ।

[1]ਅੰਮ੍ਰਿਤ ਵਰਗੀ।

ਸੋਰਠਾ:
ਕਰਨ ਦਿਗ ਬਿਜੈ[1] ਜੈਸ,
ਚਰ ਹੈਂ[1] ਸਤਿਗੁਰ ਅਬਿ ਸੁਨੋ।
ਕਥੋਂ ਕਥਾ ਸਬਿ ਤੈਸ,
ਸਜਨ ਅਸੱਜਨ[1] ਬੰਦਿ ਪਦ ॥ ੫ ॥

[1](ਸਾਰੀਆਂ) ਦਿਸ਼ਾ ਨੂੰ ਜਿੱਤਣ ਲਈ।

[1]ਚੜ੍ਹਨਗੇ।

[1]ਵਿਰੋਧੀ

ਰਸਾਵਲ ਛੰਦ:
ਜਸ ਗੁਰ ਭਏ ਬਿਰੱਕਤ, ਜਗਤ ਤਜ ਪਾਛੇ ਗਾਯੋ।
ਤਲਵੰਡੀ ਤੈ ਤਬੈ, ਮੀਰ[1] ਮਰਦਾਨਾ ਆਯੋ।
ਸੁਨਿ ਰਬਾਬ ਤਿਹ ਰਾਗ, ਗੁਰੂ ਤਾਂ ਪਰ ਖੁਸ਼ ਹੋਏ।
ਦੂਖ ਦਰਦ ਭ੍ਰਮ ਭੇਦ, ਪ੍ਰਭੂ ਤਿਸ ਕੇ ਸਭਿ ਖੋਏ ॥ ੬ ॥
ਦਸੋ ਦਿਸਨ ਕਾ ਸੈਲ, ਕਰਨ ਹਿਤ ਕਰੀ ਤਿਆਰੀ।
ਭੇਸ ਜੁਗੇਸਨ ਜੈਸ, ਧਰਜੋ ਮੁਦ ਮੰਗਲ ਕਾਰੀ।
ਸੀਸ ਚੌਕਲਾ ਤਾਜ ਸਾਜ[1], ਖਫਨੀ ਗਲ ਮੇਲੀ।
ਚੋਲਾ ਰੰਗ ਕਖਾਇ[1] ਅਮੋਲਾ, ਮਾਲਾ ਸੇਲੀ[2] ॥ ੭ ॥

[1]ਮਿਰਾਸੀ।

[1]ਚਾਰ ਕਲੀਆਂ ਵਾਲਾ ਤਾਜ ਬਣਾ ਕੇ।

[1]ਭਗਵੇਂਰੰਗ ਦਾ। [2]ਕਾਲੀ ਉੱਨ ਜਾਂਰੇਸ਼ਮ ਦੀ ਗੁੰਦੀ ਹੋਈਰੱਸੀ ਜਿਸ ਨੂੰ ਫ਼ਕੀਰ ਸਿਰ ਉਪਰ ਪੱਗ ਜਾਂ ਟੋਪੀ ਦੇ ਉਪਰ ਦੀ ਬੰਨ੍ਹਦੇ ਹਨ ਜਾਂ ਜਨੇਊ ਵਾਂਗ ਗਲ ਵਿੱਚ ਪਹਿਨ ਲੈਂਦੇ ਹਨ।

ਆਸਾ[1] ਕਰ[2] ਪੁਰ ਆਸ ਰਾਸ[3], ਦਾਸਨ ਸੁਖ ਦਾਯਕ।

[1]ਸੋਟਾ। [2]ਹੱਥ ਵਿੱਚ। [3]ਸਾਰੀਆਂ ਆਸਾਂ ਪੂਰੀਆਂ ਕਰਨ ਵਾਲੇ (ਸਤਿਗੁਰੂ)।

ਲਿਯ ਮਰਦਾਨਾ ਸੰਗ, ਚਲੇ ਹਿਤ ਸੈਲ ਸੁਭਾਯਕ।
ਪ੍ਰਥਮੈ ਸ਼ਹਰ ਲਹੌਰ ਸੈਰ ਕੇ ਤੌਰ ਪਧਾਰੇ।
ਮਿਲੇ ਫਕੀਰ ਅਮੀਰ ਪੀਰ, ਭਈ ਗੋਸ਼ਟ[1] ਭਾਰੇ ॥ ੮ ॥

[1]ਚਰਚਾ।

ਚੌਕ ਜੁਵਾਹਰ ਮੱਲ ਵੀਚ, ਗੁਰਿ ਜ਼ੁਲਮ ਨਿਹਾਰਿਓ।
ਜਹਰ ਕਹਰ ਲਾਹੌਰ ਸ਼ਹਰ, ਸਵਾ ਪਹਰ* ਉਚਾਰਿਓ[1]।

[1]ਕਿਹਾ ਕਿ ਲਾਹੌਰ ਸ਼ਹਿਰ ਵਿੱਚ ਸਵਾ ਪਹਿਰ ਤੱਕ ਦੁਖਦਾਈ ਜ਼ੁਲਮ (ਵਰਤਦਾ ਹੈ)। *ਇਹ ਗੁਰਬਾਣੀ ਦੀ ਅਸਲ ਤੁਕ ਐਉਂ ਹੈ: ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥ (ਵਾਰਾਂ ਤੇ ਵਧੀਕ ਮਹਲਾ ੧ ਪੰਨਾ ੧੪੧੨)

ਜਾਇ ਏਮਨਾ ਵਾਦ, ਨੀਕ ਥਲ ਥਿਰਿ ਤਪ ਕੀਨਾ।
ਲਾਲੋ ਬਾਢੀ[1] ਕਰੀ ਸੇਵ, ਥਾ ਭਗਤ ਜੁ ਪੀਨਾ[2] ॥ ੯ ॥

[1]ਤਰਖਾਣ। [2]ਪੱਕਾ, ਪੂਰਨ।

ਪ੍ਰੇਮ ਨੇਮ ਯੁਤ ਸੰਤ ਸੰਗ, ਮਜਲਸ[1] ਤਹਿਂ ਹੋਵੈ।
ਲਗੀ ਰਹੇ ਨਿਤ ਭੀਰ, ਆਇ ਗੁਰ ਕੋ ਸਬਿ ਜੋਵੈਂ[1]।
ਰੰਗਜੋ ਰਹਿ ਸਤਿਸੰਗ, ਰੰਗ ਮੈਂ ਲਾਲੋ ਭਾਈ।
ਕਥਾ ਕੀਰਤਨ ਕੇਰ, ਰਹੈ ਝਰਿ[1] ਲਗੀ ਸੁਭਾਈ ॥ ੧੦ ॥

[1]ਸਭਾ।
[1]ਦਰਸ਼ਨ ਕਰਦੇ ਹਨ।
[1]ਝੜੀ।

ਹਾਕਮ ਹੁਤੇ ਪਠਾਨ, ਤਹਾਂ ਕੇ ਅਤਿ ਅਨਿਆਈ[1]।
ਕਰਿ ਕਰਿ ਜ਼ੁਲਮ ਅਤੁਲਮ[1], ਖਲਕ ਉਨਿ ਅਧਿਕ ਦੁਖਾਈ।
ਖੱਤ੍ਰੀ ਹੁਤੋ ਦਿਵਾਨ, ਮਲਕ ਭਾਗੋ ਤਿਨ ਕੇਰਾ।
ਗੁਰੁ ਸੋਂ ਰਖਤ ਬਿਬਾਦ[1], ਹੇਤੁ ਬ੍ਰਬਾਦ ਬਧੇਰਾ[2] ॥ ੧੧ ॥

[1]ਬੇ ਇਨਸਾਫ਼।
[1]ਬਹੁਤੇ।
[1]ਝਗੜਾ। [2](ਜੋ ਉਸ ਦੀ) ਬਰਬਾਦੀ (ਤਬਾਹੀ) ਦਾ ਬਹੁਤਾ ਕਾਰਨ ਬਣਿਆ।

ਬ੍ਰਹਮ ਭੋਜ[1] ਤਿਹ ਕੀਨ, ਗਰਬ ਸਹਿ ਗੁਰਹਿਂ ਬੁਲਾਯੋ।
ਨਹਿ ਤਹਿਂ ਗਏ ਸਰਬੱਗਜ ਜੱਗ ਮਹਿ, ਠੱਗਿ[1] ਜੁ ਰਚਾਯੋ।

[1]ਬ੍ਰਹਮਣਾਂ ਲਈ ਤਿਆਰ ਕੀਤਾ ਭੋਜਨ।
[1]ਮਲਕ ਭਾਗੋ ਨੇ।

ਮੀਚ[1] ਪ੍ਰੇਰਜੋ ਨੀਚ, ਵੀਚ ਗੁਰ ਸਭਾ ਬੁਲਾਏ। [1]ਮੌਤ।
ਨਯੋ ਕੁਰਾਹੀ ਭਯੋ, ਕੌਨ ਤੂੰ ਜਾਤਿ ਕਹਾਏ?
॥ ੧੨ ॥
ਜਾਤਿ ਪਾਤਿ[1] ਬ੍ਰਹਮ ਭੋਜ ਛੋਡ, ਸ਼ੂਦਰ ਘਰਿ ਖੈ ਹੈਂ। [1]ਗੋਤ।
ਬਨਜੋ ਫਿਰਤਿ ਉਲਿਆਉ[1], ਜਗਤ ਕੋ ਦੰਭ ਦਿਖੈ ਹੈਂ। [1]ਸਾਧੂ, ਧਰਮ ਦਾ ਆਗੂ।
ਯਹਿ ਸੁਨਿ ਪੁਨ ਗੁਰੁ ਗਰਬ[1], ਤਾਹਿ ਕਾ ਸਰਬ ਹਰਨ ਹਿਤ। [1]ਹੰਕਾਰ।
ਕਹਜੋ ਤੁਮਾਰ ਹਮਾਰ, ਨਾਹਿ ਬਿਵਹਾਰ[1] ਕਛੂ ਕਿਤਿ[2] ॥ ੧੩ ॥ [1]ਲੈਣ ਦੇਣ। [2]ਕੁਝ ਵੀ ਤੇ ਕਿਤੇ ਵੀ।

ਚੌਪਈ:

ਤੁਮਰਾ ਖਾਨਾ ਖੂਨ ਅਲੂਦਾ[1]। [1]ਲਿਬੜਿਆ ਹੋਇਆ।
ਲਾਲੋ ਕੀਰੋਟੀ ਸਮ ਦੂਧਾ।
ਯਹਿ ਕਹਿ ਟੁੱਕਰ ਲੈ ਕਰ ਦੋਈ।
ਦੂਧ ਲਹੂ ਟਪਕਾਯੋ[1] ਸੋਈ ॥ ੧੪ ॥ [1]ਚੁਆਇਆ।
ਪਿਖਿ ਅਚਰਜ ਬਡ ਲੋਗਨਿ ਮਾਨਾ।
ਨੀਕ ਨਰਨਿ ਗੁਰਿ ਈਸ ਪ੍ਰਮਾਨਾ।
ਭਾਗੋ ਜਲ ਬਲ ਲੱਜਤ ਹ੍ਵੈ ਕੈ।
ਬਾਚ[1] ਅਵਾਚ[2] ਕਠੋਰ ਸੁਨੈ ਕੈ ॥ ੧੫ ॥ [1]ਬਚਨ। [2]ਨ ਕਹਿਣ ਯੋਗ।
ਜਾਦੂਗਰ ਸਿਹਰੀ[1] ਬਤਲਾਯੋ। [1]ਜੰਤ੍ਰ ਮੰਤ੍ਰ ਕਰਨ ਵਾਲਾ।
ਗੁਰ ਕੋ ਤਹਿਂ ਤੈ ਤੁਰਤ ਉਠਾਯੋ।
ਲਾਲੋ ਔ ਮਰਦਾਨੇ ਤਾਈਂ।
ਕਰਜੋ ਬਿਇੱਜ਼ਤ ਕੋਪ ਮਹਾਈਂ ॥ ੧੬ ॥
ਹ੍ਵੈ ਸਮਰੱਥ ਜਗਤ ਜਨ ਜੋਈ।
ਤਾਹਿ ਨਿਰਾਦਰ ਹੋਇ ਤ ਹੋਈ।
ਪੈ ਵਹਿ ਨਿਜ ਹਿਤ ਕੋਪ ਨ ਕਰਿ ਹੈ।
ਨਾਹਿ ਨਿਰਾਦਰ ਦਾਸਨਿ ਜਰ ਹੈ ॥ ੧੭ ॥
ਰਾਜਨੀਤਿ ਯਹਿਰੀਤਿ ਸਨਾਤਨ[1]। [1]ਪੁਰਾਣੀ।
ਸਹੀ ਸਯਾਨੇ ਕਹਤਿ ਪੁਰਾਤਨ।

ਜਸੋਂ ਰਘੁਪਤਿ[1] ਭ੍ਰਿਗੁਪਤਿ[2] ਕੀ ਸਹੀ। [1]ਰਾਮ ਚੰਦਰ ਨੇ। [2]ਪਰਸਰਾਮ।
ਬਹੁਤ ਨ ਆਗੇ ਤੇ ਕੁਛ ਕਹੀ ॥੧੮॥
ਪੈ ਜਬਿ ਉਨਿ ਸੰਗੀ ਡਰ ਪਾਏ।
ਤਬਿ ਸਕੋਪ ਤਿਹ ਓਪ[1] ਘਟਾਏ। [1]ਉਪਮਾ, ਮਹਿਮਾ।
ਛੀਨਿ ਕੁਵੰਡ[1] ਦੀਨ ਬਨਬਾਸੂ। [1]ਧਨੁਖ।
ਅਜੋ ਨ ਅਯੋ ਗਯੋ ਧਰਿ ਤ੍ਰਾਸੂ[1] ॥੧੯॥ [1]ਡਰ।
ਪੁਨਾ ਭੀਲਨੀ ਕੀ ਜਸ ਕਥਾ।
ਰਿਖਿ ਮਤੰਗ ਥੀ ਕੀਨੀ ਜਥਾ[1]। [1]ਜਿਵੇਂ (ਨਿਰਾਦਰੀ)।
ਅਧਿਕ ਆਪ ਤੇ ਦਾਸ ਬਡਾਈ।
ਕਰਵਾਈ ਰਘੁਰਾਈ ਭਾਈ[1] ॥੨੦॥ [1]ਰਾਮ ਚੰਦਰ ਨੂੰ (ਇਹ ਗੱਲ) ਚੰਗੀ ਲੱਗੀ।
ਤਜੋਂ ਭੀਖਮ ਕੀ ਬਾਤ ਰਖਾਈ।
ਜਦੁਪਤਿ[1] ਅਪਨੀ ਪੈਜ ਹਰਾਈ[2]। [1]ਕ੍ਰਿਸ਼ਨ ਨੇ। [2]ਪ੍ਰਤੱਗਿਆ (ਕਿ ਮੈਂ ਜੰਗ 'ਚ ਸ਼ਸਤ੍ਰ ਨਹੀਂ ਪਕੜਾਂਗਾ) ਛੱਡ ਦਿੱਤੀ।

ਦਰਜੋਧਨ ਤੈ ਸਹਯੋ ਨਿਰਾਦਰ।
ਲਾਜ ਦ੍ਰੌਪਤੀ ਰੱਖੀ ਕਾਦਰ[1] ॥੨੧॥ [1]ਸ਼ਕਤੀਵਾਨ (ਕ੍ਰਿਸ਼ਨ) ਨੇ।
ਨਹਿ ਪ੍ਰਹਿਲਾਦ ਕਾ ਦੁਖ ਸਹਾਰਯੋ।
ਧਾਰਜੋ ਤਨ ਅਦਭੁਤ[1], ਦਨੁ[2] ਮਾਰਜੋ। [1]ਅਸਚਰਜ ਸ਼ਰੀਰ (ਨਰਸਿੰਘ) ਦਾ। [2]ਦੈਂਤ (ਹਰਨਾਖਸ਼)
ਨਾਮੇ ਹਿਤ ਨਿਜ ਦੇਵਲ[1] ਫੇਰਜੋ। [1]ਮੰਦਰ।
ਤੰਦੂਆ ਹਤਜੋ ਫੀਲ[1] ਜਬਿ ਟੇਰਜੋ[2] ॥੨੨॥ [1](ਐਰਾਪਤ) ਹਾਥੀ ਨੇ। [2]ਕਿਹਾ।
ਸਾਚ ਸਾਖ[1] ਯਹਿ ਬੇਦ ਉਚਰ ਹੈ। [1]ਉਗਾਹੀ।
ਦਾਸਨ ਹਿਤ ਈਸ੍ਵਰ ਤਨ ਧਰਿ ਹੈ।
ਏਹੀ ਸਾਖ ਦਸਮ ਗੁਰ ਕਹੀ।
ਵੀਚ ਚੌਪਈ ਪੇਖੋ ਸਹੀ ॥੨੩॥
'ਸੰਤਨ ਦੁਖ ਪਾਏ ਤੇ ਦੁਖੀ।
ਸੁਖ ਪਾਏ ਸਾਧਨ ਕੇ ਸੁਖੀ'।
ਅਬਿ ਤਜੋਂ ਕੋਪ ਹੋਇ ਗੁਰ ਨਾਨਕ।
ਦਜੋ ਸਾਪ[1] ਦੁਸ਼ਟੋਂ ਕੋ ਭਜਾਨਕ। [1]ਸ੍ਰਾਪ।
ਅਪਨੀ ਤੋ ਨਿਰਾਦਰੀ ਸਹੀ।
ਮਰਦਾਨੇ ਲਾਲੋ ਹਿਤ ਕਹੀ ॥੨੪॥
ਆਸਾਰਾਗ ਤਿਲੰਗ ਮਝਾਰੀ।

ਸ਼ਬਦ ਉਚਾਰੇ ਐਸ ਮੁਰਾਰੀ[1]। [1]ਸਤਿਗੁਰਾਂ ਨੇ।
ਜਾ ਤੇ ਦੁਸਟਨ ਕੀ ਜਰ[1] ਜਾਵੈ। [1]ਜੜ।
ਕੀਤੇ ਅਪਨੇ ਕਾ ਫਲ ਪਾਵੈਂ ॥ ੨੫ ॥
ਬਾਤ ਭਵਿਸ਼ਤ[1] ਜੈਸ ਉਚਾਰੀ। [1]ਆਉਣ ਵਾਲੇ ਸਮੇਂ 'ਚ ਹੋਣ ਵਾਲੀ।
ਤੈਸੇ ਭਈ ਗਈ ਨਹਿ ਆਰੀ[1]। [1]ਖ਼ਾਲੀ, ਬਿਅਰਥ।
ਪੋਤ[1] ਡੁਬਤਿ ਇਕ ਪਾਪੀ ਤੈ ਜਸੋਂ। [1]ਜਹਾਜ਼।
ਬਾਦ ਏਮਨਾ ਹੋਯੋ ਸਤ[1] ਤਸੋਂ ॥ ੨੬ ॥ [1]ਸੱਚ।
ਬਾਈ ਬਰਸ ਕਹੀ ਜੁ ਅਗਾਰੀ।
ਬਾਬਰ ਆਇ ਕਰੀ ਵਹਿ ਸਾਰੀ[1]। [1]ਪੂਰੀ, ਸੱਚੀ।
ਗਾਰਤ[1] ਕਤਲ ਸ਼ਹਿਰ ਜਸੋਂ ਹ੍ਵੈ ਹੈ। [1]ਤਬਾਹ, ਨਸ਼ਟ।
ਆਗੈ ਚਲ ਭਲ ਸਭਿ ਕਹਿ ਦੈ ਹੈਂ ॥ ੨੭ ॥

ਦੋਹਰਾ:

ਸ਼ਹਿਰ ਏਮਨਾ ਬਾਦ ਤੈ,
ਗੁਰੂ ਰਵਾਨੇ ਹੋਇ[1]। [1]ਚੱਲ ਕੇ।
ਜਾਇ ਅਨਤ[1] ਤਾਰੇ ਜਿਤੇ, [1]ਹੋਰ ਥਾਈਂ।
ਗਨਤ[1] ਸਕੇ ਕਰਿ ਕੋਇ ॥ ੨੮ ॥ [1]ਗਿਣਤੀ।
ਤਲਵੰਡੀ ਮੈ ਜਾਇ ਪੁਨ,
ਨਿਜ ਸਬੰਧੀਅਨ ਤਾਇ।
ਦੈ ਦਰਸ਼ਨ ਹਰਸਨ ਘਨੋ[1], [1]ਬਹੁਤ ਪ੍ਰਸੰਨ (ਕੀਤਾ)।
ਬਾਲਾ ਲਯੋ ਸੰਗਾਇ ॥ ੨੯ ॥
ਪੰਦ੍ਰਾਂ ਸਏ ਛਿਪੰਜਵੇਂ,
ਤਲਵੰਡੀ ਤੈ ਚੱਲ।
ਹੁਜਰੇ ਸ਼ਾਹ ਮੁਕੀਮ ਜਾ[1], [1]ਮੁਕੀਮ ਸ਼ਾਹ ਦੇ ਮਕਬਰੇ (ਪਾਸ) ਜਾ ਕੇ।
ਗਾਯੋ ਸ਼ਬਦ ਅਚੱਲ ॥ ੩੦ ॥

ਚੌਪਈ:

ਮੇਲਾ ਹੁਤੋ ਤਹਾਂ ਤਬਿ ਭਾਰੀ।
ਮਸਤ ਭਏ ਸੁਨਿ ਸਬਿ ਨਰ ਨਾਰੀ।
ਦੇਹ ਗੇਹ[1] ਸੋਂ ਨੇਹ[2] ਭੁਲਾਨੇ। [1]ਘਰ। [2]ਮੋਹ।
ਲਗਨ ਵੀਚ ਹ੍ਵੈ ਮਗਨ ਥਿਰਾਨੇ[1] ॥ ੩੧ ॥ [1]ਟਿਕ ਕੇ ਬੈਠ ਗਏ।
ਸੱਯਦ ਸ਼ਾਹ ਮੁਕੀਮ ਮੁਹੰਮਦ।

ਸੋ ਆਯੋ ਪੁਨ ਪਢਿ ਅਲਹੰਮਦ[1]।

[1]ਕੁਰਾਨ ਦੀ ਪਹਿਲੀ ਸੂਰਤ ਦਾ ਨਾਉਂ। (ਅ) ਉਸਤਤ, ਵਡਿਆਈ।

ਪਿਖ ਤਸੀਰ[1] ਗੁਰੁਬਾਨੀ ਕੇਰੀ।
ਤੱਜਬ[1] ਰਹਿ ਨਿਜ ਗੱਜਬ ਗੇਰੀ[2] ॥ ੩੨ ॥
ਕਰੇ ਸ੍ਵਾਲ ਕਮਾਲ[1] ਅਪਾਰੇ।
ਸ਼ਰ੍ਹਾ[1] ਤ੍ਰੀਕਤ[2] ਹਕੀਕਤ[3] ਵਾਰੇ[11]।

[1]ਅਸਰ, ਪ੍ਰਭਾਵ।
[1]ਹੈਰਾਨ। [2]ਗੁੱਸਾ ਛੱਡ ਕੇ।
[1]ਪੂਰਨ, ਮੁਕੰਮਲ, ਚੰਗੇ।
[1]ਕਰਮ ਕਾਂਡ। [2]ਅੰਤਹ ਕਰਣ ਦੀ ਸ਼ੁਧੀ ਦਾ ਤ੍ਰੀਕਾ, ਉਪਾਸ਼ਨਾ। [3]ਅਸਲੀਅਤ, ਗਿਆਨ ਅਵਸਥਾ। [11]ਵਾਲੇ।

ਔਰ ਮਾਰਫ਼ਤ[1] ਸਿਫ਼ਤ ਖੁਦਾ ਕੇ।
ਉੱਤ੍ਰ ਮਿਲੇ ਐਨ[1] ਮਨਸ਼ਾ ਕੇ[2] ॥ ੩੩ ॥
ਪਿਖਿ ਮੁਰਾਕਬੇ[1] ਮਾਹਿ ਹੋਸ਼ ਖ੍ਵੈ[2]।
ਜੋਸ਼ ਮਜਬ ਤਜਿ ਕਦਮ ਬੋਸ ਹ੍ਵੈ[1]।
ਮਾਨ ਸਵਾਬ[1] ਅਦਾਬ[2] ਗਯੋ ਕਹਿ।
ਤੂਰਨ[1] ਗੁਰੁ ਪੂਰਨ, ਮਗ ਅਨ ਲਹਿ[2] ॥ ੩੪ ॥

[1]ਆਤਮ ਗਿਆਨ।
[1]ਠੀਕ। [2]ਇੱਛਾ ਦੇ (ਅਨੁਸਾਰ)।
[1]ਸਮਾਧੀ। [2]ਭੁਲਾ ਕੇ।
[1]ਚਰਨ ਚੁੰਮਣ ਵਾਲਾ ਹੋ ਕੇ।
[1]ਪੁੰਨ। [2]ਅਦਬ ਦਾ ਬਹੁ-ਬਚਨ ਭਾਵ ਨਮਸਕਾਰ।
[1]ਛੇਤੀ। [2]ਹੋਰਰਸਤਾ ਲਿਆ।

ਸਿੱਖਨ ਕੋ ਸੁਖ ਸੰਪਤਿ ਪੂਰਤਿ[1]।
ਚੂਹਣੀ[1] ਗਏ ਸੁ ਮੁਹਿਣੀ ਮੂਰਤਿ।

[1]ਸਮੱਗ੍ਰੀ ਨਾਲ ਭਰ ਦੇਣ ਵਾਲੇ ਗੁਰੂ।
[1]ਜ਼ਿਲ੍ਹਾ ਲਾਹੌਰ (ਪਾਕਿਸਤਾਨ) ਦੀ ਇਕ ਤਸੀਲ ਦਾ ਪ੍ਰਧਾਨ ਨਗਰ।

ਹਿੰਦੂ ਤੁਰਕ ਪੀਰ ਫਾਕੀਰੂ।
ਆਵਹਿਂ ਜਾਵਹਿਂ ਗੁਰ ਕੇ ਤੀਰੂ[1] ॥ ੩੫ ॥
ਪਰਾ ਬਹੀਰ ਭਈ ਬਡ ਭੀਰ*।

[1]ਕੋਲ, ਪਾਸ।
*ਅੱਗੋਂ ਚੌਥੀ ਤੁਕ ਕਿਤੇ ਮੂਲ ਵਿਚ ਛਪਣੋਂ ਰਹਿ ਗਈ ਹੈ ਇਸ ਲਈ ਇਹ ੩੬ ਨੰ: ਅੰਕ ਤਿੰਨਾਂ ਹੀ ਤੁਕਾਂ ਦਾ ਰਹਿ ਗਿਆ ਹੈ।

ਬਾਨੀ ਸੁਨਿ ਗੁਰ ਕੀ ਸੁਖ ਕਰਨੀ।
ਭੂਲ ਗਏ ਸਭ ਚਰਚਾ ਕਰਨੀ ॥ ੩੬ ॥
ਦੰਭ ਦਰਪ[1] ਛਲ ਛੋਰਿ ਅਪਾਰੇ।
ਸੁਨਿ ਬਹੁ ਸਿਖ ਪਰੇ ਭਵ[1] ਪਾਰੇ।
ਸੈਲ ਮਾਲਵੇ ਕਾ ਪੁਨ ਕੀਨਾ।
ਤਾਰੇ ਅਨਗਨ ਲੋਗ ਨਵੀਨਾ ॥ ੩੭ ॥

[1]ਹੰਕਾਰ।
[1]ਸੰਸਾਰ (ਸਮੁੰਦਰ) ਤੋਂ।

ਢਿਗ ਮਗਵਾਲ ਗਾਂਮ[1] ਗੁਰ ਥਿਰ ਕੈ।

[1]ਸੰਗਰੂਰ ਸ਼ਹਿਰ ਦੇ ਨੇੜੇ ਮਗਵਾਲ ਨਾਮ ਦਾ ਇਕ ਪਿੰਡ ਜਿੱਥੇ ਹੁਣ ਗੁਰਦੁਆਰਾ ਨਾਨਕਿਆਣਾ ਸਾਹਿਬ ਹੈ।

ਬੈਰਾਗੀ ਲੋਗਨ ਕੋ ਘਿਰ ਕੈ[1]।
ਕਰਿ ਪਰਚਾ[1] ਹਰਿ ਚਰਚਾ ਜੀਤੇ।
ਸਾਚੇ ਮਗ ਮੈ ਲਾਵਨ ਕੀਤੇ ॥ ੩੮ ॥

[1]ਘੇਰਾ ਪਾ ਕੇ ਭਾਵ ਇਕੱਠੇ ਕਰਕੇ।
[1]ਕਰਾਮਾਤ ਦਾ ਚਮਤਕਾਰ।

ਹੈ ਅਬਿ ਆਲੀਸ਼ਾਨ ਮੁਕਾਮ[1]।

[1]ਅਸਥਾਨ ਭਾਵ ਗੁਰਦੁਆਰਾ।

ਤਹਿਂ ਗੁਰੁ ਕਾ ਨਨਕਾਨਾ ਨਾਮ।
ਭੂਪ ਸਰੂਪ ਸਿੰਘ ਬਨਵਾਯੋ।
ਲੰਗਰ ਜਾਰੀ ਹੈ ਕਰਵਾਯੋ ॥ ੩੯ ॥
ਦੋਹਰਾ:
ਪਾਹੋਆ ਜੋਆ[1] ਪੁਨਾ,
ਥਾਨੇਸਰ ਕੁਰੁਖੇਤੁ।
ਪਹੁਚੇ ਸੂਰਜ ਗ੍ਰਹਨ ਪੈ,
ਆਏ ਜਨ ਸੁਨਿ ਭੇਤ ॥ ੪੦ ॥

[1]ਦੇਖਿਆ।

ਚੌਪਈ:
ਗੋਸ਼ਟ ਭਈ ਸਿੱਧਨ ਸੋਂ ਭਾਰੀ।
ਬਾਨੀ ਸੁਨਿ ਹੋਏ ਮੁਦ ਭਾਰੀ।
ਸਮੇਂ ਗ੍ਰਹਣ ਇਕ ਨ੍ਰਿਪ ਪ੍ਰਬੀਨਾ।
ਗੁਰ ਕੇ ਪਰਖਨ ਹਿਤ ਅਸ ਕੀਨਾ ॥ ੪੧ ॥
ਮ੍ਰਿਗ ਸ਼ਿਕਾਰ ਭੇਟ ਧਰਿ ਤਬਿ ਹੀ।
ਭਾਖਜੋ ਛਕੋ ਛਕਾਵੋ ਅਬਿ ਹੀ।
ਸੋ ਹਾਡੀ[1] ਮੇਂ ਪਕਨਾ ਧਰਜੋ।
ਪੇਖ ਸ਼ੋਰ ਮੇਲੇ ਮੈਂ ਪਰਜੋ ॥ ੪੨ ॥

[1]ਤੌੜੀ।

ਪੰਡਿਤ ਨਾਨੂ ਥਾ ਤਹਿਂ ਭਾਰਾ।
ਸੋ ਕਹਿਲਾਵਤ ਹਰਿ ਅਵਤਾਰਾ।
ਲੈ ਨਿਜ ਸੰਗ ਭੀਰ ਬਹੁ ਆਯੋ।
ਬਾਦਹਿ[1] ਬਾਦਿ[2] ਬਿਬਾਦ[3] ਬਢਾਯੋ ॥ ੪੩ ॥

[1]ਬਿਅਰਥ ਹੀ। [2]ਝਗੜਾਲੂ ਨੇ। [3]ਝਗੜਾ।

ਹਿੰਦੂ ਕੌਨ ਅਹੇ ਜਗ ਮਾਹੀ।
ਮਾਸ ਪਕਾਇ ਗ੍ਰਹਨ ਮੈ ਖਾਹੀ।
ਆਪ ਅਚਾਰਜ ਆਰਜ ਅਹੇ[1]।
ਕਜੋਂ ਫਿਰ ਮਾਸ ਪਕਾਵਨ ਬਹੇ ॥ ੪੪ ॥

[1]ਧਰਮ ਦੇ ਸ੍ਰੇਸ਼ਟ ਆਗੂ ਹੋ।

ਯੌਂ ਪੁਨ ਉੱਤ੍ਰ ਗੁਰੂ ਉਚਾਰੇ।
ਹੈਂ ਹਮ ਹਿੰਦੂ ਤੁਰਕ ਤੈ ਨਜਾਰੇ।
ਹਿੰਦੂ ਤੁਰਕ ਦੁਹਿਨ ਤੈ ਨਜਾਰੋ।
ਫੱਕਰ ਜਾਤਿ ਇਲਾਹੀ ਧਾਰੋ[1] ॥ ੪੫ ॥

[1]ਫੱਕਰ ਦੀ ਜ਼ਾਤਰੱਬੀ ਜਾਣੋ।

ਛੁਹਿ ਪਾਰਸ ਜਜੋਂ ਤਾਂਬਾ ਲੋਹਾ।

ਅਲੱਗ ਉਭੈ ਤੇ[1] ਸੋਨਾ ਸੋਹਾ[2]।

[1]ਦੋਹਾਂ ਤੋਂ ਵੱਖਰਾ। [2]ਉਹ ਸੋਨਾ ਹੋ ਜਾਂਦਾ ਹੈ। (ਅ) ਸੋਨਾ (ਬਣ ਕੇ) ਸੋਂਹਦਾ ਹੈ।

ਹਿੰਦੂ ਤੁਰਕ ਮਧ[1] ਸਾਰ ਗ੍ਰਾਹੀ[2]।
ਮਤਾ[1] ਹਮਾਰ ਨੀਕ ਦਿਢ ਆਹੀ ॥ ੪੬ ॥

[1]ਵਿੱਚੋਂ। [2]ਤੱਤ ਨੂੰ ਗ੍ਰਹਿਣ ਕਰਨ ਵਾਲਾ।

[1]ਮੱਤ, ਮਜ਼ਹਬ।

ਮਾਸ ਵੀਚ ਤੈ ਮਾਸ ਜਮਾਵਤਿ।
ਲਾਜ ਨਹੀ ਤੁਮ ਕੋ ਤਹਿਂ ਆਵਤਿ।
ਸੁਲ੍ਹਾ-ਕੁੱਲ[1] ਹੈ ਪੰਥ ਹਮਾਰਾ।
ਨਹੀ ਸ਼ਰ੍ਹਾ ਕਾ ਬੰਧਨ ਭਾਰਾ ॥ ੪੭ ॥

[1]ਸਭ ਨਾਲ ਮਿਲਾਪਰੱਖਣ ਵਾਲਾ, ਸਾਰਿਆਂ ਦਾ ਮਿੱਤ੍ਰ।

ਅਰ ਪੁਨ ਮਾਸ ਖਾਵਨਾ ਜੋ ਹੈ।
ਨਹੀ ਬੁਰਾ ਕਾਹੂ ਬਿਧਿ ਸੋ ਹੈ।
ਬੇਦ ਬਿਰੁੱਧ ਮਾਸ ਜੋ ਹੋਈ।
ਜਗਜਨ ਬੀਚ ਪਰੈ ਕਜੋਂ ਸੋਈ ॥ ੪੮ ॥
ਭੋਗ ਦੇਵਤਨ ਕੋ ਪਲ[1] ਲਗ ਹ੍ਵੈ।

[1]ਮਾਸ ਦਾ।

ਮਾਸ ਹੀਨ ਪੂਰਨ ਨਹਿ ਜਗਜ ਹ੍ਵੈ।
ਮਾਸ ਰਿਖਨ ਅਵਤਾਰਨ ਖਾਯੋ।
ਬੇਦ ਪੁਰਾਨ ਕਤੇਬਨਿ ਗਾਯੋ ॥ ੪੯ ॥
ਭਗ ਅਰ ਲਿੰਗ ਮਾਸ ਕੇ ਦੋਈ।
ਪੈਦਾ ਸ੍ਰਿਸਟ ਜਿਨੋ ਤੈ ਹੋਈ।
ਮਾਸ ਵੀਚ ਤੈ ਉਪਜਤਿ ਮਾਸ।
ਮੰਮਾ ਮਿਲ ਹੈ ਮਾਸ ਗ੍ਰਾਸ[1] ॥ ੫੦ ॥

[1]ਮਾਤਾ ਦਾ ਅਸਥਣ ਰੂਪ ਮਾਸ ਦੀ ਬੁਰਕੀ ਮਿਲਦੀ ਹੈ।

ਨਾਰਿ ਬਿਆਹਿ ਮਾਸ ਲੈ ਆਵੈਂ।
ਅਧਰ[1] ਕਪੋਲ[2] ਮਾਸ ਮੁਹਿਂ[3] ਪਾਵੈਂ।

[1]ਬੁੱਲ। [2]ਗਲ੍ਹਾਂ। [3]ਮੂੰਹ ਵਿੱਚ।

ਮਾਸਹੁ ਨਿੰਮੇ[1] ਮਾਸਹੁ ਜੰਮੇ।
ਸੂਝਤਿ ਗਜਾਨ ਨ ਤੁਮੈ ਨਿਕੰਮੇ ॥ ੫੧ ॥

[1](ਮਾਤਾ ਦੇ ਗ੍ਰਭ ਵਿੱਚ ਬੱਚੇ ਦੀ) ਰਚਨਾ ਹੋਈ।

ਮਾਸ ਬਿਨਾ ਸਮ ਘਾਸ[1] ਰਸੋਈ।

[1]ਘਾਹ ਵਾਂਗ।

ਯਹਿ ਭੀ ਬਹੁਤ ਸਿਆਨਨਿ ਗੋਈ[1]।

[1]ਸਿਆਣਿਆਂ ਨੇ ਕਹੀ ਹੈ।

ਅਰ ਪੁਨਰਵਿ ਪਰ[1] ਬੀਚ ਅਕਾਸ।

[1]ਸੂਰਜ ਉਪਰ।

ਕੇਤੂ[1] ਕੀ ਛਾਯਾ ਕਾ ਭਾਸ[2] ॥ ੫੨ ॥

[1]ਗ੍ਰਹਿ ਦਾ ਨਾਮ। [2]ਛਾਂ ਦਾ ਪੜਛਾਵਾਂ।

ਹੈ ਹਮ ਕੋ ਨਹਿ ਲਾਭ ਹਾਨ ਕੁਛ।
ਭੇਡ ਚਾਲ ਜਗ ਕੀ ਯਹਿ ਸਬਿ ਤੁਛ।

ਜੇਤੋ ਚਿਰ ਰਹਨੋ ਸੋਰਖ ਹੈ।
ਜ਼ਜਾਦੇ ਕਮ ਨਹਿ ਕੋ ਕਰਿ ਸਕ ਹੈ ॥ ੫੩ ॥
ਚਾਹੋ ਲਾਖ ਕਰੋੜ ਲੁਟਾਵੈ।
ਏਕਿ ਛਿਦਾਮ[1] ਨ ਦੇਵੈ ਭਾਵੈ[2]।

[1]ਛੇ ਦਾਮ। {ਦਾਮ– ਪੁਰਾਣੇ ਸਮੇਂ ਦਾ ਇਕ ਸਿੱਕਾ, ਜੋ ਰੁਪਏ ਦਾ ਪੰਜਾਹਵਾਂ ਹਿੱਸਾ ਹੁੰਦਾ ਸੀ, ਦੋ ਨਵੇਂ ਪੈਸੇ। ਛੇ ਦਾਮ=੧੨ ਨਵੇਂ ਪੈਸੇ।} [2]ਭਾਵੇਂ।

ਖਾਵੈ ਕੁਛ ਚਾਹੋ ਨਹਿ ਖਾਵੈ।
ਗ੍ਰਹਨ ਰਹਨ ਮੈਂ ਫਰਕ ਨ ਆਵੈ ॥ ੫੪ ॥
ਦਾਨ ਪੁੰਨ ਜਬ ਹੀ ਜੋ ਕੈ ਹੈ।
ਈਸ਼ੂਰ ਫਲ ਤਬਿ ਸਬਿ ਕਾ ਦੈ ਹੈ।
ਹਰਿ ਭਗਤੀ ਸਤਿਨਾਮੁ ਅਕਾਲ।
ਬਿਨਾ ਭਜੇ ਨਹਿ ਹੋਇ ਨਿਹਾਲ ॥ ੫੫ ॥

ਦੋਹਰਾ:

ਗੋਸ਼ਟ[1] ਸ੍ਰੇਸ਼ਟ ਐਸ ਸੁਨਿ,
ਪਰੇ ਪਗੀ[1] ਸਬਿ ਆਇ।
ਪੁਨ ਹਾਂਡੀ ਮੈ ਗੁਰੂ ਜੀ,
ਦੀਨੋ ਦੂਧ ਦਿਖਾਇ ॥ ੫੬ ॥
ਸਾਚਾ ਮਤ ਲਖ ਗੁਰੂ ਕਾ,
ਕਾਚਾ ਔਰਨ ਕੇਰ।
ਭਏ ਸਿੱਖ ਤਬਿ ਨ੍ਰਿਪ ਲੌ,
ਸਾਦਿਕ[1] ਜਨ ਬਹੁਤੇਰ ॥ ੫੭ ॥
ਪਾਨੀਪਤ ਤਹਿਂ ਤੈ ਗਏ,
ਧੁਨੀ[1] ਸ਼ਬਦ ਜਬ ਕੀਨ।
ਲੋਗ ਹਜਾਰੋਂ ਮਸਤ ਭੇ,
ਸੁਨਿ ਅਖੰਡ ਸੁਖ ਲੀਨ ॥ ੫੮ ॥

[1]ਚਰਚਾ।
[1]ਚਰਨੀ।
[1]ਸਿਦਕੀ।
[1]ਅਵਾਜ਼।

ਚੌਪਈ:

ਸ਼ੇਖ ਸ਼ਰਫ ਤਹਿ ਹੁਤੋ ਫਕੀਰ।
ਬੋਲੀ ਕਾਲੰਦ੍ਰ[1] ਬਡ ਪੀਰ।
ਤਾ ਕੇ ਚੇਲੇ ਸ਼ੇਖ ਟਟੀਰੀ।
ਪੇਖ ਗਜੋ ਯਹਿ ਕੌਤਕ ਪੀਰੀ[1] ॥ ੫੯ ॥

[1]ਕਲੰਦਰੀ ਫਕੀਰਾਂ ਦੀ ਬੋਲੀ (ਬੋਲਦਾ ਸੀ)। {ਕਲੰਦਰ=ਫ਼ਕੀਰਾਂ ਦਾ ਇਕ ਦਰਜਾ।}
[1]ਪੀਰ (ਸ੍ਰੀ ਗੁਰੂ ਨਾਨਕ ਦੇਵ ਜੀ) ਦਾ।

ਮੁਰਸ਼ਦ[1] ਢਿਗ ਉਨਿ ਤੁਰਿ ਸਦ ਜਾਈ[2]।
ਬਿਤੀ ਜਿਤੀ ਥੀ ਤਿਤੀ ਸੁਨਾਈ।
ਸ਼ੇਖ ਸ਼ਰਫ਼ ਮਨਿ ਐਸ ਵਿਚਾਰਾ।
ਏਕ ਮਜਾਨ ਮੈ ਦੋ ਤਰਵਾਰਾ ॥ ੬੦ ॥
ਦੋਇ ਸ਼ੇਰ ਇਕ ਜੰਗਲ ਮਾਹੀਂ।
ਕੈਸੇ ਰਹੈਂ ਪਿਖੈਂ ਚਲਿ ਤਾਹੀਂ।
ਥਿਰਜੋ ਪਾਲਕੀ ਮਾਹਿ ਸੁ ਜਾਈ।
ਬਿਨਾਂ ਕਹਾਰਨ[1] ਤੈ ਸੁ ਚਲਾਈ ॥ ੬੧ ॥
ਕਿਤਕ ਦੂਰ ਚਲ ਕਰਿ ਰਹਿ ਗਈ[1]।
ਸਤਿਗੁਰੁ ਜਾਨ ਸਬੀ ਯਹਿ ਲਈ।
ਨਿਜ ਆਸੇ ਕੀ[1] ਕਰਿ ਅਸਵਾਰੀ।
ਚਲੇ ਅਧਰ ਦਿਸ[1] ਤਾਹਿ ਅਗਾਰੀ ॥ ੬੨ ॥
ਹੋਈ ਅਚਰਜ ਪੇਖ ਲੁਕਾਈ[1]।
ਆਇ ਪੀਰ ਲਾਗੋ ਪਗ ਧਾਈ।
ਭਾਖਜੋ ਗੁਰੁ ਸੁਨਹੋ ਤੁਮ ਪੀਰ।
ਇਕ ਗੁਦੜੀ ਮੈਂ ਸਾਤ ਫਕੀਰ ॥ ੬੩ ॥
ਭਾਵਤ ਭਲੇ ਸਮਾਵਤ ਬੀਰ[1]*।

ਸਾਤ ਬਲਾਯਤ ਮੈਂ ਦੋ ਸ਼ਾਹਿ[1]।
ਲਰਿ ਲਰਿ ਮਰਤਿ ਸਮਾਵਹਿਂ ਨਾਹਿ ॥ ੬੪ ॥
ਮੈ ਹਮ ਨਹਿਂ ਰਹਿਂ[1] ਤੁਮ ਕਜੋਂ ਡਰਤੇ।
ਹਮ ਤੋ ਫਿਰਤਿ ਸੈਲ ਜਗਿ ਕਰਤੇ।
ਪੀਰ ਹੋਇ ਸ਼ਰਮਿੰਦਾ ਗਯੋ।
ਗੋਸ਼ਟ ਕਰਿ ਵਰੁ ਤੁਸ਼ਟ[1] ਬਢਯੋ ॥ ੬੫ ॥
ਤਹਿਂ ਤੈ ਚਲ ਗੁਰੁ ਦੇਹਲੀ ਆਏ।
ਟੀਲੇ ਮਜਨੂ ਪਰ ਸੁ ਥਿਰਾਏ ॥ ੬੬ ॥
ਦੋਹਰਾ:
ਇਬ੍ਰਾਹੀਮ ਪਠਾਨ ਤਬਿ,
ਲੋਦੀ ਥਾ ਪਤਿਸ਼ਾਹਿ।
ਕਰਿ ਰਾਖੇ ਥੇ ਕੈਦ ਉਨਿ,

[1]ਰੂਹਾਨੀ-ਉਸਤਾਦ। [2]ਤੁਰ ਕੇ, ਛੇਤੀ ਜਾ ਕੇ।

[1]ਪਾਲਕੀ ਚੁਕਣ ਵਾਲੇ ਮਜ਼ਦੂਰਾਂ।

[1]ਰੁਕ ਗਈ, ਖੜੀ ਹੋ ਗਈ।

[1]ਸੋਟੇ ਦੀ।

[1]ਅਕਾਸ਼ ਦੀ ਤਰਫ।

[1]ਸ੍ਰਿਸ਼ਟੀ, ਦੁਨੀਆ।

[1]ਭਲੀ ਭਾਂਤ ਭਰਾਵਾਂ ਵਾਂਗ ਸਮਾ ਜਾਂਦੇ ਹਨ। *ਏਥੇ ਚੌਥੀ ਤੁਕ ਮੂਲ 'ਚ ਛਪਣੋ ਰਹਿ ਗਈ ਹੈ ਇਸ ਲਈ ਇਹ ੬੪ ਨੰ: ਅੰਕ ਤਿੰਨਾਂ ਹੀ ਤੁਕਾਂ ਦਾ ਰਹਿ ਗਿਆ ਹੈ।

[1]ਬਾਦਸ਼ਾਹ।

[1](ਅਸੀਂ ਏਥੇ) ਨਹੀਂਰਹਿਣਾ।

[1]ਪ੍ਰਸੰਨਤਾ।

ਸੰਤ ਕਈ ਸੌ ਆਹਿ ॥ ੬੭ ॥
ਚੌਪਈ:
ਚੱਕੀ ਸਬਿ ਤੈ ਹੁਤੋ ਪਿਸਾਵਤਿ।
ਅਨਿਕ ਮੁਸ਼ੱਕਤ[1] ਅਪਰ ਕਰਾਵਤਿ। [1]ਸਖ਼ਤ ਕੰਮ।
ਕਰਾਮਾਤ ਦਿਹੁ ਸ਼ਾਹਿ ਸੁਨਾਵੈ।
ਆਵਹੁ ਸ਼ਰ੍ਹਾ ਵੀਚ ਕੈ ਗਾਵੈ ॥ ੬੮ ॥
ਫੀਲ[1] ਸੁਫੈਦ ਸ਼ਾਹਿ ਕਾ ਮਰਜੋ। [1]ਹਾਥੀ।
ਰੋਵਨ ਅਧਿਕ ਮਹਾਵਤ[1] ਕਰਜੋ। [1]ਹਾਥੀਵਾਨ।
ਪਿਖ ਗੁਰੁ ਦਯਾ ਪਰੀ ਮਨਿ ਆਈ।
ਸਤਿਨਾਮੁ ਕਹਿ ਦਯੋ ਜਿਵਾਈ ॥ ੬੯ ॥
ਬਾਦਸ਼ਾਹਿ ਸੁਨਿ ਹੋਯੋ ਰਾਜੀ।
ਕਾਜੀ ਬਾਤ ਬਨਾਈ ਪਾਜੀ[1]। [1]ਝੂਠੀ, ਉਲਟੀ।
ਫੇਰਜੋ ਹੁਕਮ ਖੁਦਾ ਕਾ ਇਨੋ।
ਕੈਦ ਸਖਤ ਕੀ ਲਾਇਕ ਗਿਨੋ ॥ ੭੦ ॥
ਪਕਰਿ ਚੱਕੀਆਂ ਦੀਨੀ ਭਾਰੀ।
ਕਣਕ ਸਵਾ ਮਣ ਧਰੀ ਅਗਾਰੀ।
ਸਤਿਗੁਰ ਸਬਦ ਲਗੇ ਤਬਿ ਗਾਨੇ।
ਫਿਰੀ ਚੱਕੀਆਂ ਆਪ ਮੁਹਾਨੇ[1] ॥ ੭੧ ॥ [1]ਆਪਣੇ ਆਪ।
ਕਰਾਮਾਤ ਯਹਿ ਸੁਨ ਕਰਿ ਸ਼ਾਹਿ।
ਆਇ ਪਰਯੋ ਗੁਰੁ ਕੇ ਪਗ ਮਾਂਹਿ।
ਨਿਜ ਗੁਨਾਹ ਬਖਸ਼ਾਵਨ ਚਾਹਾ।
ਤਾਂ ਪ੍ਰਤਿ ਗੁਰੁ ਪੁਨ ਐਸ ਪ੍ਰਾਹਾ[1] ॥ ੭੨ ॥ [1]ਕਿਹਾ।
ਭੇਖ ਅਲੇਖ ਰੂਪ ਪਹਿਚਾਨੋ[1]। [1]ਸਾਧੂ ਭੇਖ ਨੂੰ ਪ੍ਰਮੇਸ਼ਰ ਰੂਪ ਪਛਾਣੋ।
ਸਾਧੁ ਸੰਤਾਵਨਿ[1] ਬੁਰਾ ਪਛਾਨੋ। [1]ਦੁੱਖ ਦੇਣਾ।
ਜਿਨਿ ਜਿਨਿ ਜਗ ਮੈ ਸਾਧੁ ਦੁਖਾਏ।
ਤਿਨ ਕੇ ਬੰਸ ਖੁਦਾਇ ਗਮਾਏ[1] ॥ ੭੩ ॥ [1]ਗਵਾ ਦਿੱਤੇ, ਨਾਸ ਕਰ ਦਿੱਤੇ।
ਤੇਜ ਧਰਮ ਤਿਨ ਕਾ ਸਬਿ ਨਸ ਹੈ।
ਮਰਤਿ ਦੁਖੀ ਹ੍ਵੈ ਨਰਕਹਿਂ ਬਸ ਹੈ ॥ ੭੪ ॥
ਦੋਹਰਾ:
ਸਾਧੁ ਦੁਖਾਏ ਹੋਤ ਹੈ,

ਧਰਮ ਬੰਸ ਧਨ ਹਾਨ[1]।
ਰਾਵਨ ਕੌਰਵ ਕੰਸ ਪਰ[1]
ਕਰਿ ਤੀਨੋ ਪ੍ਰਵਾਨ[1] ॥ ੭੫ ॥

[1]ਨਾਸ।
[1]ਉਪਰ।
[1]ਤਿੰਨਾਂ ਨੂੰ (ਘਟਾ) ਕੇ ਮੰਨ ਲਵੋ ਭਾਵਰਾਵਣ ਦਾ ਧਰਮ, ਕੌਰਵਾਂ ਦਾ ਬੰਸ ਤੇ ਕੰਸ ਦਾ ਧਨ (ਰਾਜ) ਨਾਸ਼ ਹੋਇਆ।

ਚੌਪਈ:
ਬਾਦਸ਼ਾਹਿ ਸੁਨਿ ਮਨਿ ਪਛਤਾਯੋ।
ਤਬਿ ਗੁਰੁ ਸਬਿ ਸੰਤਹਿ ਛੁਡਵਾਯੋ।
ਕਾਜੀ ਪੁਨਾ ਸ਼ਾਹਿ ਸਿਖਲਾਯੋ।
ਚਹੀਏ ਖਾਨਾ ਇਨੈ ਖੁਲਾਯੋ ॥ ੭੬ ॥
ਗੁਰੂ ਕਹਾ ਮਕਰੂ[1] ਤੁਵ ਖਾਨਾ।
ਲਾਹਿ ਰੁਮਾਲ ਜਬੈ ਨਿਰਖਾਨਾ[1]।
ਚਾਵਲ ਕੀਟ ਸਬੈ ਦਰਸਾਏ[1]।
ਮੇਂਡਕ ਬੋਟੀ ਮਾਸ ਭਗਾਏ[1] ॥ ੭੭ ॥
ਸ਼ਾਹਿ ਪੇਖ ਰਹਿਗੋ ਬਿਸਮਾਈ।
ਕਦਮ ਚੂਮ[1] ਚਹਿ ਖਿਮਾ ਕਰਾਈ।
ਗੁਰੂ ਕਹਯੋ ਤੁਮ ਹੋ ਗੁਮਰਾਹੀ[1]।
ਅਬਿ ਦਿਨ ਥੋਰ ਰਹੈ ਤੁਵ ਸ਼ਾਹੀ ॥ ੭੮ ॥
ਯਹਿ ਸੁਨਿ ਸ਼ਾਹਿ ਰੰਜ ਮਨ ਮਾਨਾ।
ਲਏ ਬੁਲਾਇ ਵਲੀ[1] ਤਬਿ ਨਾਨ੍ਹਾ[2] ॥ ੭੯ ॥

[1]ਘ੍ਰਿਣਾ ਯੋਗ। {ਕਰਾਹਤ= (ਨ ਪਸੰਦ) ਕੀਤਾ ਗਿਆ।}
[1]ਦੇਖਿਆ।
[1]ਸਾਰੇ ਚੌਲ ਕੀੜੇ ਦਿਸਣ ਲੱਗ ਪਏ।
[1]ਮਾਸ ਦੀਆਂ ਬੋਟੀਆਂ ਡੱਡੂ (ਬਣ ਕੇ) ਨੱਸ ਗਏ।
[1]ਚਰਨ ਚੁੰਮ ਕੇ।
[1](ਇਨਸਾਫ਼ ਦੇ) ਰਾਹ ਤੋਂ ਭੁੱਲੇ ਹੋਏ।
[1]ਸਾਧੂ। [2]ਅਨੇਕ (ਮਤਾਂ) ਦੇ।

ਦੋਹਰਾ:
ਨਜਾਮ ਦੀਨ ਲੌ ਔਲੀਏ[1],
ਆਇ ਕਰੇ ਬਹੁ ਸਵਾਲ।
ਲੈ ਜੁਵਾਬ ਹ੍ਵੈ ਮੁਦ ਗਏ,
ਸ਼ਕਤੀ ਪੇਖ ਕਮਾਲ ॥ ੮੦ ॥

[1]ਸ਼ਕਤੀਵਾਨ {ਵਲੀ ਦਾ ਬਹੁ-ਬਚਨ ਔਲੀਆ।}

ਕਬਿੱਤ:
ਚੱਲ ਕੈ ਤਹਾਂ ਤੈ ਗੁਰੁ ਆਗਰੇ ਅਟਾਏ[1] ਆਏ,
ਨ੍ਹਾਏ ਪਰਯਾਗ ਕਾਂਸੀ ਬਾਗ ਮੈਂ ਥਿਰਾਏ ਹੈਂ।
ਗਾਏ ਗੁਰੁ ਸ਼ਬਦ ਤੁ ਆਏ ਸੁਨਿ ਲੋਗ ਧਾਇ,
ਆਨਦ ਬਢਾਏ ਹੋਏ ਮਸਤ ਮਹਾਏ ਹੈਂ।
ਛੋਰਿ ਨਿਜ ਧਾਮ ਕਾਂਮ ਆਈ ਖਲਕਤ ਆਮ,

[1]ਯੂ.ਪੀ. ਪ੍ਰਾਂਤ ਦਾ ਸ਼ਹਿਰ ਅਟਾਵਾ।

ਮਾਨੋ ਨਿਧ[1] ਲੂਟਨ ਕੋ ਦਾਰਦੀ[2] ਭਗਾਏ ਹੈਂ[3]। [1]ਖ਼ਜ਼ਾਨਾ। [2]ਕੰਗਾਲ। [3]ਭੱਜੇ ਆਉਂਦੇ ਹਨ।
ਹੋਇ ਸਬਿ ਮਗਨ ਦ੍ਰਿਗਨਿ ਮੁੰਦਿ[1] ਮ੍ਰਿਗਨਿ ਜਸੋਂ, [1]ਨੇੜ੍ਹ ਬੰਦ ਕਰਕੇ।
ਸ਼ਬਦ ਸੁਧਾ[1] ਕੋ ਜਨੁ[2] ਚਾਤ੍ਰਕੀ[3] ਚਖਾਏ ਹੈਂ[11] [1]ਅੰਮ੍ਰਿਤ। [2]ਮਾਨੋ। [3]ਪਪੀਹੇ। [11]ਚੱਖਣ ਲਈ ਆਏ ਹਨ।
॥ ੮੧ ॥

ਚੌਪਈ:

ਸੁਨਿ ਪੰਡਤਿ ਭੇਖੀ ਸਨਿਆਸੀ।
ਚਰਚਾ ਕਰਨ ਅਏ ਮਿਲਿਰਾਸੀ[1]। [1]ਸਾਰੇ।
ਕਰਮ ਕਾਂਡ ਗੁਰੁ ਖੰਡਨ ਕਰੈਂ।
ਭਗਤੀ ਗਜਾਨ ਸੁ ਮੰਡਨ[1] ਧਰੈਂ[2] ॥ ੮੨ ॥ [1]ਪ੍ਰੋੜਤਾ। [2]ਕਰਦੇ ਹਨ।
ਨਾਮ ਦਾਨ ਇਸ਼ਨਾਨ ਦ੍ਰਿਢਾਵੈਂ।
ਪਾਹਨ[1] ਪੂਜਨ ਮਾਨ ਘਟਾਵੈਂ। [1]ਪੱਥਰ।
ਕਹੈਂ ਨ ਲੱਜਾ ਤੁਮੈ ਬਿਆਪੇ।
ਅਪਨ ਕੀਏ ਕੋ ਪੂਜਤ ਆਪੇ ॥ ੮੩ ॥
ਮਾਨੋ ਏਕ ਈਸ ਜਗਿ ਕਰਤਾ।
ਜੋ ਹੈ ਸਬਿ ਕਾ ਭਰਤਾ[1] ਹਰਤਾ। [1]ਪਾਲਣਾ ਕਰਨ ਵਾਲਾ।
ਤਾਂ ਕਾ ਭਜਨ ਜਜਨ[1] ਫਲ ਦੇਤਾ। [1]ਪੂਜਨ।
ਪੂਜਨ ਆਨ[1] ਪਿਰਾਵਨਰੇਤਾ[2] ॥ ੮੪ ॥ [1]ਹੋਰਨਾਂ ਨੂੰ ਪੂਜਣਾ। [2]ਰੇਤਾ ਛਾਨਣ (ਦੇ ਤੁਲ ਹੈ)।
ਆਂਬਿ ਬ੍ਰਿਖ ਤਜ ਆਕ ਜੁ ਸੇਵੈ।
ਸੇਂਚਨਿ ਊਖਰ[1] ਫਲ ਕਿਆ ਲੇਵੈ। [1]ਕੱਲਰ (ਦੀ ਧਰਤੀ ਨੂੰ) ਸਿੰਜ ਕੇ।
ਪੁਨ ਪੰਡਿਤ ਬੋਲੇ ਅਭਿਮਾਨੀ।
ਸੰਸਕ੍ਰਿਤ ਬੋਲੋ ਤੁਮ ਬਾਨੀ ॥ ੮੫ ॥
ਸਰਬ ਗਰਬ[1] ਤਿਨਿ ਹਰਨੇ ਹੇਤੈਂ। [1]ਹੰਕਾਰ।
ਕੌਤਕ ਕੀਨਸ ਨੀਤਿ ਨਿਕੇਤੈਂ[1]। [1]ਨੀਤੀ ਦੇ ਘਰ (ਸਤਿਗੁਰਾਂ)।
ਕੂਕਰ[1] ਖਰੋ ਹੁਤੋ ਇਕ ਤਹਾਂ। [1]ਕੁੱਤਾ।
ਤਾ ਸਿਰਿ ਨਿਜ ਕਰ[1] ਧਰਿ ਗੁਰਿ ਕਹਾ ॥ ੮੬ ॥ [1]ਹੱਥ।
ਪੂਰਬ ਜਨਮ ਤੁਮਾਰ ਬਿਰਾਦਰ[1]। [1]ਭਰਾ।
ਅਏ ਕਰੋ ਚਰਚਾ ਇਨਿ ਸਾਦਰ[1]। [1]ਸਤਿਕਾਰ ਨਾਲ।
ਪਾਇ ਹੁਕਮ ਗੁਰ ਕਾ ਸਗ ਗਜਾਨੀ।
ਬੋਲਨ ਲਗਜੋ ਸੰਸਕ੍ਰਿਤ ਬਾਨੀ ॥ ੮੭ ॥
ਨਿਗਮਾਗਮ[1] ਪੌਰਾਨ ਸੁਨਾਏ। [1]ਬੇਦ ਸ਼ਾਸਤ੍ਰ।

ਪੰਡਿਤ ਮੰਨਜ ਕੰਨ੍ਹ[1] ਡਰ ਪਾਏ।

[1]ਕੰਨ੍ਹ ਰਿਖੀ ਮੰਨ ਕੇ। {ਕੰਨ੍ਹ=ਇਕ ਰਿਖੀ ਜੋ ਸੰਸਕ੍ਰਿਤ ਦਾ ਮਹਾਨ ਪੰਡਿਤ ਸੀ, ਜਿਸ ਦੇ ਕਈ ਮੰਤ੍ਰ ਰਿਗਵੇਦ 'ਚ ਮਿਲਦੇ ਹਨ। ਇਹ ਮਾਲਣ ਨਦੀ ਦੇ ਕਿਨਾਰੇਰਹਿੰਦਾ ਸੀ। ਸ਼ਕੁੰਤਲਾ ਇਸੇ ਨੇ ਪਾਲੀ ਸੀ।}

ਧੰਨਜ ਧੰਨਜ ਗੁਰ ਲਗੇ ਉਚਾਰਨ।
ਤੁਮ ਹੋ ਈਸ ਅਏ ਜਗ ਤਾਰਨ ॥ ੮੮ ॥

ਹਮ ਦੰਭੀ ਦਰਪੀ[1] ਅਗਜਾਨੀ।

[1]ਹੰਕਾਰੀ।

ਭਈ ਭੂਲ ਬਖਸ਼ੋ ਤੁਮ ਗਜਾਨੀ।
ਪੈ ਇਸ ਕੂਕਰ ਤੈ ਸੁਰ ਬਾਨੀ[1]।

[1]ਸੰਸਕ੍ਰਿਤ।

ਉਚਰਾਈ ਕਿਉਂ ਕਹੋ ਸੁਜਾਨੀ ॥ ੮੯ ॥
ਗੁਰੂ ਕਹਜੋ ਯਹਿ ਕੂਕਰ ਜੋ ਹੈ।
ਪੂਰਬ ਜਨਮ ਸੁ ਪੰਡਿਤ ਕੋ ਹੈ।
ਤੁਮ ਸਮ ਮਤਸਰ[1] ਧਰਿ ਯਹਿ ਪੰਡਾ।

[1]ਈਰਖਾ।

ਕਰਤ ਰਹਿਤ ਥਾ ਜਲਪ[1] ਬਿਤੰਡਾ[2] ॥ ੯੦ ॥

[1]ਜਲਪ=ਇਕ ਪ੍ਰਕਾਰ ਦੀ ਚਰਚਾ ਜਿਸ ਵਿੱਚ ਆਪਣੇ ਮਤ ਦੀ ਪੁਸ਼ਟੀ ਲਈ ਦੂਜੇ ਦੀ ਦਲੀਲ ਨੂੰ ਰੱਦ ਕਰਨਾ। [2]ਬਿਤੰਡਾ=ਉਹ ਚਰਚਾ ਜਿਸ ਵਿੱਚ ਦੂਜੇ ਦਾ ਪੱਖ ਡੇਗਣ ਲਈ ਛਲ, ਕਪਟ, ਈਰਖਾ ਤੇ ਹਠ ਨਾਲ ਚਰਚਾ ਕਰਨੀ।

ਸੰਤ ਸਾਪ[1] ਤੈ ਕੂਕਰ ਹੋਯੋ।

[1]ਸ੍ਰਾਪ।

ਜੋਗਯੰ ਜੋਗ ਜਾਨ ਹਮ ਢੋਯੋ[1] ॥ ੯੧ ॥

[1](ਚਰਚਾ ਕਰਨ ਦੇ) ਯੋਗ (ਅਤੇ ਤੁਹਾਡੇ ਨਾਲ) ਸੰਬੰਧ (ਜਾਣ ਕੇ ਅਸਾਂ ਤੁਹਾਡੇ ਨਾਲ) ਮੇਲਿਆ ਹੈ।

ਦੋਹਰਾ:
ਸੰਸਕ੍ਰਿਤ ਤੈ ਸਬਿ ਜਨਨਿ,
ਬੋਧ ਹੋਤ ਹੈ ਨਾਹਿ।
ਯਾਂ ਤੈ ਹਮ ਭਾਖਾ ਰਟੈਂ,
ਜਾਂ ਤੈ ਸਬਿ ਸੁਖ ਪਾਹਿਂ ॥ ੯੨ ॥

ਚੌਪਈ:
ਸੰਸਕ੍ਰਿਤ ਸਮ ਮੂਲ[1] ਪਛਾਨੋ।

[1]ਮੁੱਢ ਵਾਂਗ।

ਭਾਖਾ ਸਾਖਾ[1] ਬਰਗ[2] ਪ੍ਰਮਾਨੋ।

[1]ਟਾਹਣੀਆਂ। [2]ਪੱਤੇ।

ਛਾਯਾ ਫਲ ਫੂਲ ਮਿਲੈ ਸਾਖ ਤੈ।
ਮੂਲ ਮਾਹਿਂ ਕਛ ਬਿਨ ਨ ਖਾਕ ਤੈ ॥ ੯੩ ॥
ਮੁਕਤਿ ਭੁਗਤਿ ਤਜੋਂ ਭਾਖਾ ਦੈ ਹੈ।
ਆਮ ਖਲਕ ਕੌ ਤੌ ਕੈ ਕੈ ਹੈਂ[1]।

[1]{ਤੌ} ਤਾਂ (ਤੁਸੀਂ) ਆਮ ਖ਼ਲਕਤ ਨੂੰ (ਸੰਸਕ੍ਰਿਤ ਪੜ੍ਹਨ ਤੇ

ਬੋਲਣ ਲਈ) ਕਿਉਂ ਕਹਿੰਦੇ ਹੋ।

ਪੁਨ ਗੁਰੁ ਪੀਰ ਅਚਾਰਜ ਸੋ ਹੈ।
ਗਜਾਨ ਬਾਨਿ ਜਾਂ ਕੀ ਤੈ ਹੋ ਹੈ ॥ ੯੪ ॥
ਖਾੜ੍ਰ ਜਮਾ[1] ਪਾਇ ਦਿਜ ਗਏ। [1]ਤਸੱਲੀ।
ਔਰ ਲੋਗ ਪੁਨ ਆਵਤਿ ਭਏ।
ਸੁਜਸ ਗੁਰੂ ਕਾ ਸੁਨਾ ਕਬੀਰੈਂ।
ਆਯੋ ਲੈ ਨਿਜ ਸੰਗ ਗਨ ਭੀਰੈਂ ॥ ੯੫ ॥
ਧਰਮ ਦਾਸ, ਤੀਲੋ, ਤ੍ਰਿਲੋਚਨ।
ਭੀਖਨ ਆਦਿ ਭਗਤ ਭਵ ਮੋਚਨ।
ਪੀਪਾ, ਨਾਮਦੇਵ, ਰਵਦਾਸੂ।
ਭਗਤ ਸੰਤ ਮਿਲ ਕੈ ਬਹੁ ਖਾਸੂ ॥ ੯੬ ॥
ਆਇ ਗੁਰੂ ਸਨ[1] ਬੰਦਨ ਕੀਨਾ। [1]ਗੁਰਾਂ ਨੂੰ।
ਬੈਠਾਏ ਗੁਰ ਆਦਰ ਦੀਨਾ।
ਕਰਿ ਹਰਿ ਚਰਚਾ ਆਪਸ ਮਾਹੀਂ।
ਭਗਤੀ ਗਜਾਨ ਜੋਗ ਮੈਂ ਚਾਹੀ ॥ ੯੭ ॥
ਪਰਸਪਰੰ[1] ਮਿਲ ਮੋਦ ਬਢਾਯੋ। [1]ਆਪਸ ਵਿੱਚ।
ਮਨੋ ਦੇਵਗਨ ਹਰਿ ਢਿਗ ਆਯੋ।
ਢਿਗ ਬਸ਼ਿਸ੍ਰ ਜਸੋਂ ਥਿਰੇ ਰਿਖੀਸ੍ਵਰ।
ਗੋਰਖ ਗਿਰਦੈ ਮਨੋ ਜੁਗੀਸ੍ਵਰ ॥ ੯੮ ॥
ਇਕ ਨਿਸਚਾ ਸਭਹਨਿ ਇਕ ਰੂਪ।
ਯਾਂ ਤੈ ਬਾਢਿਯੋ ਅਨਦ ਅਨੂਪ।
ਤਬਿ ਗੁਰ ਜੀ ਰਬਾਬ ਵਜਵਾਯੋ।
ਆਪ ਮੋਦ ਹ੍ਵੈ ਸ਼ਬਦ ਜੁ ਗਾਯੋ ॥ ੯੯ ॥
ਭਏ ਸਮੱਸਤ[1] ਮਸਤ ਸੁਨਿ ਤਬੈ। [1]ਸਾਰੇ।
ਜਨ ਚਾਤ੍ਰਿਕ[1] ਗਹਿ ਸ਼੍ਵਾਂਤਕ[2] ਫਬੈ। [1]ਪਪੀਹਾ। [2]ਸ੍ਵਾਤੀ ਬੂੰਦ।
ਵਾਹ ਵਾਹ ਧੁਨਿ ਸਭ ਹੀ ਕਢੈਂ।
ਧੰਨਜ ਅਨੁਵਾਦ[1] ਗੁਰੂ ਕਾ ਪਢੈਂ ॥ ੧੦੦ ॥ [1]ਧੰਨਵਾਦ।
ਰਾਮਾਨੰਦ ਮਿਲਜੋ ਪੁਨ ਆਈ।
ਉਛਲੋਜੋ ਆਨਦ ਉਦਧਿ[1] ਮਹਾਈ। [1]ਸਮੁੰਦਰ।
ਭਗਤ ਕਬੀਰ ਸੁ ਸ਼ਬਦ ਉਚਰਿ ਕੈ।

ਭੇਟਾ ਦਈ ਗੁਰਹਿਂ ਮੁਦ ਭਰਿ ਕੈ ॥ ੧੦੧ ॥
ਮਹਿਮਾ ਗੁਰੁ ਕੀ ਬਢੀ ਅਪਾਰਾ।
ਘਰ ਘਰ ਕਾਂਸ਼ੀ ਪੁਰੀ ਮਝਾਰਾ।
ਜਦਜਪਿ ਯਹਿ ਪ੍ਰਸੰਗ ਨ ਕਾਹੂੰ।
ਲਿਖਜੋ ਸਿੱਖ ਗੁਰ ਗਾਥਾ ਮਾਹੂੰ ॥ ੧੦੨ ॥
ਤਦਜਪਿ ਹਮ ਸਾਚਾ ਲਖ ਲਿਖਾ।
ਸਿੱਸ[1] ਕਬੀਰ ਕਾ ਲਿਖਾ ਜੁ ਪਿਖਾ। [1]ਚੇਲਾ (ਧਰਮ ਦਾਸ)।
ਪੰਦ੍ਰਾਂ ਸੈ ਸਤਵੰਜਾ ਮਾਂਹੀ।
ਗਏ ਗੁਰੂ ਕਾਂਸ਼ੀ ਮੈ ਚਾਹੀ ॥ ੧੦੩ ॥
ਤਬਿ ਕਬੀਰ ਰਾਮਾਨੰਦ ਥੇ ਤਹਿਂ।
ਉਨ ਕੇ ਸਾਲ ਅੰਤ ਕੇ ਹੈਂ ਯਹਿ।
ਪੰਦ੍ਰਾਂ ਸੈ ਸਤਾਹਟੇ ਮਾਹੀ।
ਰਾਮਾਨੰਦ ਤਜਾ ਤਨ ਆਹੀ ॥ ੧੦੪ ॥
ਪੁਨ ਕਬੀਰ ਜਾ ਦਿਨ ਤਨ ਨਾਖਾ[1]। [1]ਤਿਆਗਿਆ।
ਧਰਮ ਦਾਸ ਤਿਹ ਸਿੱਸ ਯਹਿ ਭਾਖਾ ॥ ੧੦੫ ॥
ਤਥਾ ਹੀ–
ਦੋਹਰਾ:
ਪੰਦ੍ਰਾਂ ਸਏ ਪਝੱਤ੍ਰੇ,
ਕੀਆ ਮਗਹਰ ਕੋ ਗੌਨ[1]। [1]ਮਗਹਰ ਨੂੰ ਗਏ ਭਾਵ ਸ਼ਰੀਰ ਤਿਆਗਿਆ।
ਮੱਘਰ ਸੁਦੀ ਇਕਾਦਸੀ,
ਮਿਲੀ ਪੌਨ ਸੋਂ ਪੌਨ।
ਦੋਹਰਾ:
ਲੋਦੀ ਇਬਰਾਹੀਮ ਕੇ,
ਬਾਪ ਸਿਕੰਦਰ ਸ਼ਾਹਿ।
ਨਾਮ ਦੇਵ ਕੰਬੀਰ ਤੈ,
ਪਰਚੇ[1] ਲੀਨੇ ਤਾਹਿ ॥ ੧੦੬ ॥ [1]ਕਰਾਮਾਤ ਦੇ ਚਮਤਕਾਰ।
ਬਹੁ ਗ੍ਰੰਥਨ ਮੈਂ ਹੈਂ ਲਿਖੇ,
ਤਾਂ ਤੇ ਥੇ ਤਬਿ ਵਹਿ[1]* ॥ ੧੦੭ ॥ [1]ਇਸ ਲਈ (ਉਹ ਸਾਰੇ ਭਗਤ) ਤਦੋਂ ਉਥੇ (ਕਾਸ਼ੀ ਵਿੱਚ) ਸਨ। *ਅੰਕ ਨੰ: ੧੦੮ ਦੇ ਦੋਹਿਰੇ ਦੀ ਸਿਰਫ਼ ਇਕੋ ਹੀ ਤੁਕ ਹੈ। ਇਸ ਦੀ ਦੂਜੀ ਤੁਕ ਮੂਲ ਵਿੱਚ ਛਪਣੋ ਰਹਿ ਗਈ ਹੈ। ਇਸ ਲਈ ਇਕੋ ਹੀ ਤੁਕ ਦਾ ਅੰਕ ਰਹਿ ਗਿਆ ਹੈ।

ਭੁਗਤਹਿਂ ਸੰਤਹਿਂ ਪੰਡਿਤਹਿਂ,
ਮਿਲ ਸਤਿਗੁਰ ਸੁਖ ਧਾਮ।
ਕਾਂਸ਼ੀ ਤੇ ਚਲਿ ਠੀਕ ਥਲ,
ਪਿਖਜੋ ਨਗਰ ਸੁਸਰਾਮ[1] ॥ ੧੦੮ ॥

[1]ਬਿਹਾਰ ਪ੍ਰਾਂਤ ਦਾ ਪ੍ਰਸਿੱਧ ਨਗਰ।

ਜਾਇ ਟਕਾਰੀ[1] ਪੁਨ ਥਿਰੇ,
ਕਰੇ ਲੋਗ ਕਲਿਆਨ।

[1]ਟਿਕਾੜੀ=ਬਿਹਾਰ ਪ੍ਰਾਂਤ ਦਾ ਇਕ ਕਸਬਾ।

ਤਾਂ ਤੇ ਇਸਥਤਿ ਧਜਾਇ ਭੌ[1],
ਗੁਰ ਕੋ ਬੰਦਨ ਠਾਨ ॥ ੧੦੯ ॥

[1]ਹੋ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਪੂਰਬ ਗਮਨ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਬਿਸ਼੍ਰਾਮ ॥ ੬ ॥

੭. {ਪਹਿਲੀ ਉਦਾਸੀ, ਬਿਹਾਰ, ਬੰਗਾਲ, ਕਾਮਰੂ, ਉੜੀਸਾ ਤੇ ਬੰਧਜਾਚਲ ਦਾ ਸੈਰ, ਪਖੰਡੀ ਮੱਤਾਂ ਦਾ ਖੰਡਨ, ਸਾਲਸਰਾਇ ਜੌਹਰੀ, ਨੂਰ ਸ਼ਾਹ, ਦੇਵ ਲੂਤ ਤੇ ਕੌਡੇ ਆਦਿਕਾਂ ਦਾ ਉਧਾਰ}

ਦੋਹਰਾ:

ਰਵਿ ਸਮ ਉਰਿ ਤਮ ਤੋਮ ਹਰ,
ਸੁਧਾ ਸੋਮ ਸਮ ਡਾਰ[1]।

[1]ਸੂਰਜ ਵਾਂਗ ਹਿਰਦੇ ਦੇ ਸਾਰੇ ਅਨ੍ਹੇਰੇ ਨੂੰ ਨਾਸ ਕਰਨ ਵਾਲੇ ਤੇ ਚੰਦ੍ਰਮਾ ਵਾਂਗ ਅੰਮ੍ਰਿਤ ਸੁੱਟਣ ਵਾਲੇ।

ਚਿਤਿ ਚਿੰਤਾ ਹਰ ਚਿੰਤ ਮਨਿ,
ਸੁਰਤਰੁ ਕਾਮ ਸੁਧਾਰ[1] ॥ ੧ ॥

[1]ਚਿੰਤਾਮਣੀ (ਵਾਂਗ) ਚਿੱਤ ਦੀ ਚਿੰਤਾ ਮੇਟਣ ਵਾਲੇ ਤੇ ਕਲਪ ਬ੍ਰਿਛ (ਵਾਂਗ) ਕਾਮਨਾ ਪੂਰੀਆਂ ਕਰਨ ਵਾਲੇ ਹਨ।

ਪੋਤ ਪਵਿੱਤ੍ਰ ਪਕਰਿ ਪਗ,
ਪਰੇ ਪਤਿਤ ਪੁੰਜ ਪਾਰ[1]।

[1](ਜਿਨ੍ਹਾਂ ਦੇ) ਪਵਿੱਤ੍ਰ ਚਰਨਾਂ ਰੂਪ ਜਹਾਜ਼ ਪਕੜ ਕੇ ਬਹੁਤੇ ਪਾਪੀ (ਸੰਸਾਰ ਸਮੁੰਦਰ ਤੋਂ) ਪਾਰ ਹੋ ਗਏ।

ਅਸ ਅਰਜਨ ਗੁਰੁ ਅਰਜਨੰ,
ਅਰਜਨ ਕਰੋਂ ਜੁਹਾਰ[1] ॥ ੨ ॥

[1]ਐਸੇ ਉੱਜਲ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀਆਂ (ਸਹਿਤ ਮੈਂ) ਨਮਸਕਾਰ ਕਰਦਾ ਹਾਂ।

ਕਬਿੱਤ:

ਪੂਰ ਜਾਤੋ ਪਾਪ ਤੀਨ ਤਾਪ ਕੋ ਸੰਤਾਪ ਸਾਂਪ[1],

[1](ਸੰਸਾਰ) ਪਾਪਾਂ ਤੇ ਤਿੰਨਾਂ ਤਾਪਾਂ ਦੇ ਦੁਖਦਾਈ ਸੱਪਾਂ ਨਾਲ ਭਰ ਜਾਂਦਾ।

ਜਾਪ ਤਾਪ ਧਰਮ ਨੇਮ ਪ੍ਰੇਮ ਨਰਹਾਵਤੇ।
ਭਗਤੀ ਭਗਵੰਤ ਸੰਤ ਸੇਵਾ ਬਿਰਤੰਤ ਛੋਡਿ,
ਜੰਤ ਬਹਿ ਜਾਤੇ ਭਵ[1], ਅੰਤ ਹੂੰ ਨ ਪਾਵਤੇ।

[1]ਜੀਵ ਸੰਸਾਰ (ਸਮੁੰਦਰ ਵਿੱਚ) ਰੁੜ੍ਹ ਜਾਂਦਾ।

ਸੱਤ ਸੀਲ[1] ਸੰਜਮ ਸੁਕ੍ਰਿਤ[2] ਸਮ[3] ਦਮ[11] ਆਦਿ,

[1]ਚੰਗਾ ਸੁਭਾਉ। [2]ਪੁੰਨ। [3]ਮਨ ਦਾ ਰੋਕਣਾ। [11]ਇੰਦ੍ਰੀਆਂ ਦਾ ਰੋਕਣਾ।

ਗਜਾਨ ਸਿੰਘ ਗਜਾਨ ਔ ਵੈਰਾਗ ਨ ਦਰਸਾਵਤੇ।
ਦੇਖੀਏ ਉਜਾਗਰ ਭਵ ਸਾਗਰ ਜਨ ਤਾਰਬੇ ਕੋ,
ਪੰਚਮ ਗੁਰੂ ਜੌ ਗੁਰੂ ਗ੍ਰੰਥ ਨ ਬਨਾਵਤੇ ॥ ੩ ॥

ਦੋਹਰਾ:

ਬੰਗ[1], ਉਡੀਸਾ[2], ਕਾਮਾਰੂ[3],

[1]ਬੰਗਾਲ (ਪ੍ਰਾਂਤ)। [2]ਉੜੀਸਾ (ਪ੍ਰਾਂਤ)। [3]ਆਸਾਮ ਪ੍ਰਾਂਤ ਦਾ ਇਕ ਜ਼ਿਲ੍ਹਾ ਤੇ ਉਸ ਦੇ ਆਸ-ਪਾਸ ਦਾ ਇਲਾਕਾ।

ਬੰਧਜਾਚਲ[1] ਕਾ ਸੈਲ[2]।

[1]ਇਕ ਪਹਾੜ ਜੋ ਉੱਤ੍ਰੀ ਹਿੰਦ ਨੂੰ ਦੱਖਣ ਤੋਂ ਵੱਖ ਕਰਦਾ ਹੈ। [2]ਸੈਰ।

ਕਰੈਂ ਜੈਸ ਗੁਰ ਆਦਿ ਸੋ,
ਕਥਾ ਕਥੋਂ ਹਿਤ ਸੈਲ[1] ॥ ੪ ॥

[1]ਸੁੱਖ ਵਾਸਤੇ।

ਟੰਕਾਰੀ ਕੇ ਨ੍ਰਿਪ ਸੁਨਿ,
ਸੇਵਾ ਕਰੀ ਸੁਧਾਰ।
ਬਖਸ਼ ਤਾਹਿਂ ਕੋ ਚਾਰ ਫਲ,
ਨਦਰ ਕਰੀ ਦਿਯ ਤਾਰ ॥ ੫ ॥

ਚੌਪਈ:

ਬੋਧ ਗਜਾ[1] ਪੁਨ ਪਹੁੰਚੇ ਜਾਈ।

[1]ਬੁੱਧ ਗਯਾ, ਗਯਾ ਤੋਂ ਸੱਤ ਮੀਲ ਦੱਖਣ, ਬੁੱਧ ਦੇ ਤਪ ਦਾ ਅਸਥਾਨ, ਜਿੱਥੇ ਬੋਧੀ ਪਿੱਪਲ ਹੁਣ ਤੱਕ ਮੌਜੂਦ ਹੈ ਜਿਸ ਹੇਠ ਤਪ ਕਰ ਕੇ ਮਹਾਤਮਾ ਬੁੱਧ ਨੇ ਗਿਆਨ ਪ੍ਰਾਪਤ ਕੀਤਾ ਸੀ।

ਬੁੱਧ ਅਵਿਤਾਰ ਦੇਹ ਜਹਿਂ ਪਾਈ।
ਲੋਗ ਗੁਸਾਈਂ ਮਿਲ ਬਹੁ ਆਏ।
ਸੁਨਿ ਗੁਰਮਤਿ ਮਨ ਮੋਦ ਬਢਾਏ ॥ ੬ ॥
ਗਯਾ ਸ਼ਹਿਰ ਫਲਗੂ ਤਟ[1] ਜਾਏ।

[1](ਬਿਹਾਰ ਪ੍ਰਾਂਤ 'ਚ) ਫਲਗੂ ਨਦੀ ਦੇ ਕਿਨਾਰੇ।

ਪੰਡਿਨ ਕੋ ਸਿਖ ਦੈ ਬਹੁ ਭਾਏ।
ਰਾਜ ਗਿਰੀ[1] ਤਹਿਂ ਤੈ ਚਲ ਦਰਸਾ।

[1]ਬਿਹਾਰ (ਮਗਧ) 'ਚ ਇਕ ਸ਼ਹਿਰ।

ਮੇਲਾ ਹੁਤੋ ਤਬੈ ਤਹਿਂ ਸਰਸਾ ॥ ੭ ॥
ਬ੍ਰਹਮਾਦਿਕ ਦੇਵਨ ਕੇ ਸਰ[1] ਜੌਂ।

[1]ਤਲਾਅ।

ਪੇਖੇ[1] ਗੁਰੂ ਗਰਮ ਜਲ ਤਰ[2] ਜੌਂ[3]।

[1]ਜੇਹੜੇ। [2]ਬਹੁਤੇ। [3]ਜਦੋਂ।

ਪਾਨ ਹੇਤ[1] ਲੋਗਨ ਕੋ ਗੁਰੂ।

[1]ਪੀਣ ਵਾਸਤੇ।

ਦਯਾ ਧਾਰਿ ਚਸ਼ਮਾ[1] ਕਿਯ ਸ਼ੁਰੂ ॥ ੮ ॥

[1](ਜਲ ਦਾ) ਸੋਮਾ।

ਜੋ ਅਬਿ ਸ਼ੀਰੀਂ[1] ਸਰਦ ਸ੍ਵਾਦੂ।

[1]ਮਿੱਠਾ।

ਹੈ ਪ੍ਰਗਟ ਸਤਿਗੁਰੁ ਪ੍ਰਸਾਦੂ।
ਯਹਿ ਬਰਕਤ ਪਿਖ ਲੋਕ ਤਮਾਮੂ।
ਦਰਸਹਿਂ ਸਰਸਹਿਂ[1] ਗੁਰੁ ਗੁਨ ਧਾਮੂ ॥ ੯ ॥

[1]ਅਨੰਦ ਹੁੰਦੇ ਹਨ।

ਭੇਖੀ ਪੱਖ ਪਾਤਿ ਮਤ ਵਾਰੇ।
ਆਏ ਚਰਚਾ ਕਰਨ ਅਪਾਰੇ।
ਪ੍ਰਥਮ ਬੋਧ ਸੰਮੁਖ ਹੋਇ ਬੋਲੇ।
ਨਾਸਤਕ[1] ਪਾਮਰ[2] ਕਪਟ ਕਠੋਲੇ[3] ॥ ੧੦ ॥

[1]ਜੋ ਪ੍ਰਮੇਸ਼ਰ ਤੇ ਪ੍ਰਲੋਕ ਨੂੰ ਨਹੀਂ ਮੰਨਦੇ। [2]ਕਮੀਨੇ। [3]ਕਠ ਪੁਤਲੇ, ਕੋਠੇ।

ਕਹਜੋ ਹਮਾਰੋ ਮਤ ਦਿਢ ਸਾਚੋ।
ਹੈ, ਤੁਮਹੂੰ ਭੀ ਯਾ ਮੈਂ ਰਾਚੋ।
ਬੁਧ ਭਗਵਾਨ ਸਰਬਿ ਉਰਿ ਬਾਸੀ।

ਜੀਵ ਰੂਪ ਨਿਤ ਮੁਕਤਿ ਅਨਾਸੀ ॥ ੧੧ ॥
ਪਾਲਨ ਦੇਹ ਯਹੀ ਪੁਰਖਾਰਥ[1]।
ਜਰਮ[1] ਭ੍ਰਮ ਸਮਝਨ ਪ੍ਰਮਾਰਥ[2]।
ਦੇਹ ਭਿੰਨ ਹਮ ਜੀਵ ਨ ਮਾਨੈਂ।
ਮਰੇ ਮੁਕਤਿ ਸਬ ਹੀ ਪਹਿਚਾਨੈਂ ॥ ੧੨ ॥
ਦੇਹ ਦੁਖਾਨਾ ਯਹੀ ਅਗਜ਼ਾਨਾ।
ਨਰਕ ਸ੍ਵਰਗ ਦੁਖ ਸੁਖ ਹਮ ਜਾਨਾ।
ਆਗੇ ਹਿਤ ਦੁਖ ਮੂਰਖ ਭਰਿ ਹੈਂ।
ਭੇਡ ਚਾਲ ਅੰਧੇ ਪਰ[1] ਗਰਿ ਹੈਂ[2] ॥ ੧੩ ॥
ਜੇ ਕਰ ਜੀਵ ਜਨਮ ਜਾ ਪਾਤੋ।
ਤੋ ਕਬਹੀ ਕੋ ਆਇ ਬਤਾਤੋ।
ਗੁਰੂ ਕਹਜੋ ਤੁਮਰਾ ਮਤ ਝੂਠੋ।
ਤੁਮ ਕੋ ਬੁਧ ਭਗਵਾਨ ਸੁ ਮੂਠੋ[1] ॥ ੧੪ ॥
ਮਤ ਦਿਢਾਇ ਯਹਿ, ਰਾਖਸ ਮਾਰੇ[1]।

ਤੁਮ ਸੇ ਜਢਨ[1] ਲੀਨ ਵਹਿ ਧਾਰੇ।
ਜੀਵ ਸਦਾ ਤਨ ਤੇ ਹੈ ਨਿਆਰਾ।
ਜਥਾ[1] ਕਰਮ ਫਲ ਭੋਗਤ ਸਾਰਾ[2] ॥ ੧੫ ॥
ਨਾਮ ਜਪੈ ਹਰਿ ਭਗਤਿ ਕਰੈ ਜੋ।
ਗਜ਼ਾਨ ਪਾਇ ਭਵ ਬੰਧ[1] ਹਰੈ[2] ਸੋ।
ਜੇ ਕਰਮਨ ਕਾ ਫਲ ਕੁਛ ਨਾਹੀਂ।
ਤਾਰ[1] ਤਮ[2] ਕਜੋਂ ਲੋਗਨ ਮਾਹੀਂ ॥ ੧੬ ॥
ਗੁਰੁ ਕੇ ਬਚਨ ਬਾਨ ਰਘੁਬਰ ਕੇ[1]।
ਬੇਧ[1] ਗਏ ਉਨ ਕੇ ਉਰ[2] ਚਰ ਕੇ[3]।
ਸਿੱਖ ਹੋਇ ਸਤਿਨਾਮੁ ਗਹੈ ਕੈ[1]।
ਗਏ ਗੁਰੂ ਕੋ ਬੰਦਨ ਕੈ ਕੈ ॥ ੧੭ ॥
ਦੋਹਰਾ:
ਸਾਂਖੀ ਆਇ ਬਖਾਨਜੋ,
ਜਗ ਕਾਰਣ ਪ੍ਰਧਾਨ[1]।

[1]ਪੁਰਖ ਦਾ ਮੁਖ ਪ੍ਰਯੋਜਨ।
[1]ਜਨਮ (ਮਰਨ) ਨੂੰ। [2]ਮੁਕਤੀ।
[1]ਪੈ ਕੇ। [2]ਗਲ ਰਹੇ ਹਨ।
[1]ਠੱਗ ਲਿਆ ਹੈ।
[1]ਇਹ (ਨਾਸਤਕ) ਮਤ ਦ੍ਰਿੜ੍ਹ ਕਰਵਾ ਕੇਰਾਖਸ਼ਾਂ ਨੂੰ ਮਾਰਿਆ ਸੀ।
[1]ਮੂਰਖਾਂ ਨੇ।
[1]ਜੈਸਾ। [2](ਵੈਸਾ ਹੀ) ਸਾਰਾ ਫਲ।
[1]ਸੰਸਾਰ ਦੇ ਬੰਧਨ। [2]ਮੇਟ ਲੈਂਦਾ ਹੈ।
[1]ਛੋਟਾ। [2]ਵੱਡਾ।
[1]ਰਾਮ ਚੰਦਰ ਦੇ ਤੀਰਾਂ (ਵਾਂਗ)।
[1]ਵਿੰਨ੍ਹ। [2]ਹਿਰਦੇ। [3]ਚੱਲ ਕੇ।
[1]ਗ੍ਰਹਿਣ ਕਰਕੇ।
[1]ਜਗਤ (ਦੇਰਚਨ) ਦਾ ਕਾਰਨ ਪ੍ਰਕ੍ਰਿਤੀ ਹੈ। {ਪ੍ਰਕ੍ਰਿਤੀ=ਜੋ ਕਿਸੇ ਤੋਂ ਬਣੀ ਹੈ ਤੇ ਜਿਸ ਤੋਂ ਸਭੇ ਵਸਤੂਆਂ ਬਣੀਆਂ ਹਨ ਤੇ ਜੋਰਜੋ, ਸਤੋ ਤੇ ਤਮੋ ਆਦਿ ਤਿੰਨਾਂ ਗੁਣਾਂ ਦੀ ਸਮ-ਅਵਸਥਾ

ਰੂਪ ਹੈ।}

ਆਤਮ ਸਦਾ ਅਸੰਗ[1] ਹੈ, [1]ਨਿਰਲੇਪ।
ਸ੍ਰੁਤਿ[1] ਸਿੰਮ੍ਰਤਿ ਕਹਿਂ ਜਾਨ ॥੧੮॥ [1]ਵੇਦ।

ਚੌਪਈ:

ਤਾਂ ਕੀ ਹਮ ਉਪਾਸਨਾ ਕਰਿ ਹੈਂ।
ਪਰ ਤੇ ਪਰ[1] ਤਿਹਰੂਪ ਵਿਚਰਿ ਹੈਂ। [1]ਪਰੇ ਤੋਂ ਪਰੇ।
ਯਹਿ ਸੁਨਿ ਬੋਲੇ ਗੁਰ ਪ੍ਰਬੀਨਾ।
ਹੈ ਪ੍ਰਕ੍ਰਿਤੀ ਪੁਰਖ[1] ਅਧੀਨਾ ॥੧੯॥ [1]ਈਸ਼ਰ।
ਮਾਯਾ ਪ੍ਰਕ੍ਰਿਤੀ ਜਢ ਅਹੇ।
ਤਾਂ ਕੋ ਕਿਮ ਕਾਰਣ ਤੂੰ ਕਹੇਂ।
ਜੇ ਜਢ ਮਾਯਾ ਜਗਿ ਉਪਜਾਵੈ।
ਤੌ ਕਿਉਂ ਪਾਹਨ[1] ਨਹਿ ਉਠ ਧਾਵੈ ॥੨੦॥ [1]ਪੱਥਰ।
ਸਤਿ ਚਿਤ ਆਨਦ ਈਸ਼੍ਵਰ ਜੋਈ।
ਜਗਿ ਕਾਰਣ ਸ੍ਰੁਤਿ ਭਾਖਤਿ ਸੋਈ।
ਤਾਹੀਂ ਕੋ ਤੁਮ ਨਿਸ ਦਿਨ ਧਜਾਵੋ।
ਸਤਿਨਾਮੁ ਜਪ ਬ੍ਰਹਮ ਸਮਾਵੋ ॥੨੧॥
ਸਾਂਖੀ ਸਿੱਖ ਹੋਇ ਕਰਿ ਗਏ।
ਕਾਪਲ[1] ਆਇ ਬੋਲਤੇ ਭਏ। [1]ਕਪਿਲ ਦੇ ਚੇਲੇ। {ਸਾਡੇ ਵਿਚਾਰ ਵਿੱਚ ਏਥੇ ਪਾਠ 'ਪਾਤੰਜਲਿ' ਚਾਹੀਦਾ ਹੈ। ਕਿਉਂਕਿ ਯੋਗ ਸ਼ਾਸਤ੍ਰ ਦਾ ਕਰਤਾ ਪਾਤੰਜਲੀ ਰਿਸ਼ੀ ਹੈ। ਕਪਿਲ ਸ਼ਾਖ ਮਤ ਦਾ ਕਰਤਾ ਹੈ, ਯੋਗ ਸ਼ਾਸਤ੍ਰ ਦਾ ਨਹੀ।}

ਮਤ ਹਮਾਰ ਸਾਚੋ ਸੁਖਦਾਈ।
ਮੁਕਤਿ ਭੁਗਤਿ ਦਾ ਬੇਦ ਬਤਾਈ ॥੨੨॥
ਖਟ ਚੱਕਰ[1] ਨਰ ਭੇਦੈ[2] ਜੋਈ। [1](ਯੋਗੀਆਂ ਦੇ ਮੰਨੇ) ਛੇ ਚੱਕ੍ਰ {੧. ਮੂਲਾਧਾਰ ਚੱਕ੍ਰ=ਗੁਦਾ ਸਥਾਨ। ੨. ਸ੍ਵਾਧਿਸ਼੍ਠਾਨ ਚੱਕ੍ਰ=ਲਿੰਗ ਸਥਾਨ। ੩. ਮਣੀਪੂਰਕ ਚੱਕ੍ਰ=ਨਾਭੀ ਵਿੱਚ। ੪. ਅਨਾਹਤ ਚੱਕ੍ਰ=ਹਿਰਦੇ ਵਿੱਚ। ੫. ਵਿਸ਼ੁੱਧ ਚੱਕ੍ਰ=ਕੰਠ ਵਿੱਚ। ੬. ਆਗਿਆ ਚੱਕ੍ਰ=ਭ੍ਰੂਵੱਟਿਆਂ ਵਿੱਚ।} [2]ਵਿੰਨ੍ਹਦਾ ਹੈ।

ਪੈਹੈ ਮੁਕਤਿ ਨ ਸੰਸੇ ਕੋਈ।
ਖੇਚਰ[1] ਮੁੰਦ੍ਰਾ ਨਹਿਂ ਜਿਨਿ ਸਾਧੀ। [1]ਹਠ ਯੋਗੀਆਂ ਦੀ ਇਕ ਧਾਰਨਾ- ਜਿਸ ਦਾ ਤ੍ਰੀਕਾ ਇਹ ਹੈ, ਮਾਲਸ਼ ਕਰ ਕੇ ਅਤੇ ਖਿੱਚ ਕੇ ਜੀਭ ਇਤਨੀ ਲੰਬੀ ਕਰਨੀ ਕਿ ਮੁੜ ਕੇ ਤਾਲੂਏ ਵਿੱਚ ਫਸਾਈ ਜਾ ਸਕੇ। ਯੋਗੀਆਂ ਦਾ ਖ਼ਿਆਲ ਹੈ ਕਿ ਕੰਠ ਵਿੱਚ ਜੀਭ ਅੜਾ ਕੇ ਪ੍ਰਾਣਰੋਕਣ ਨਾਲ ਮਸਤਕ

ਵਿੱਚ ਇਸਥਿਤ ਚੰਦ੍ਰਮਾ 'ਚੋਂ ਅੰਮ੍ਰਿਤ ਟਪਕਦਾ ਹੈ ਤੇ ਯੋਗੀ ਦੀਰਸਨਾ ਉਪਰ ਡਿਗਦਾ ਹੈ।

ਅਹੰ ਬ੍ਰਹਮ ਬੋਲਹਿਂ ਬਕਬਾਦੀ ॥ ੨੩ ॥
ਤਾਸ ਜੀਭ ਛੇਦਨ ਕਰ ਡਰੀਏ[1]।
ਯਾ ਮੈਂ ਨਹਿਂ ਕਿਛੁ ਦੋਖ[1] ਬਿਚਰੀਏ।

[1]ਕੱਟ ਕੇ ਸੁੱਟ ਦੇਈਏ।

[1]ਯੋਗੀਆਂ ਦੀ ਮੰਨੀ ਹੋਈ ਇਕ ਨਾੜੀ ਜੋ ਖੱਬੀ ਨਾਸਕਾ ਤੋਂ ਲੈ ਕੇ ਕੰਗਰੋੜ ਦੇ ਖੱਬੇ ਪਾਸੇ ਹੁੰਦੀ ਹੋਈ ਦਿਮਾਗ਼ ਵਿੱਚ ਪਹੁੰਚਦੀ ਹੈ।

ਇੜਾ ਪਿੰਗਲਾ[1] ਸੁਖਮਨ[2] ਸਾਧੇ।

[1]ਇਕ ਨਾੜੀ ਜੋ ਨਾਸਕਾ ਤੋਂ ਦਿਮਾਗ਼ ਤੱਕ ਪਹੁੰਚਦੀ ਹੈ। [2]ਯੋਗੀਆਂ ਦੀ ਕਲਪੀ ਇਕ ਨਾੜੀ ਜੋ ਨੱਕ ਦੇ ਮੂਲ ਤੋਂ ਲੈ ਕੇ ਦਿਮਾਗ਼ ਤੱਕ ਪਹੁੰਚਦੀ ਹੈ। ਇਸ ਦੇ ਖੱਬੇ ਪਾਸੇ ਇੜਾ ਤੇ ਸੱਜੇ ਪਾਸੇ ਪਿੰਗਲਾ ਹੈ।

ਪੈ ਹੈ ਬ੍ਰਹਮ ਲੋਕ ਬਿਨ* ਬਯਾਧੇ[1] ॥ ੨੪ ॥

[1]ਬਿਨਾਰੋਗ ਤੋਂ। *ਏਥੇ ਮੂਲ 'ਚ ਪਾਠ 'ਬਿਸ' ਸੀ ਜੋ ਅਸ਼ੁਧ ਹੈ, ਲਿਖਾਰੀ ਦੀ ਉਕਾਈ ਸਮਝਣੀ ਚਾਹੀਦੀ ਹੈ, ਅਸਾਂ ਪਾਠ 'ਬਿਨ' ਸ਼ੁੱਧ ਕਰ ਦਿੱਤਾ ਹੈ।

ਸਤਿਗੁਰੁ ਕਹਯੋ ਬੇਧਨੇ ਚੱਕ੍ਰ।
ਅਬਿ ਨਹਿ ਸਮਾਂ ਕਰਨਿ ਯਹਿ ਬੱਕ੍ਰ[1]।
ਥਾ ਪਿਛਲੇ ਜੁੱਗਨ ਕਾ ਧਰਮ।
ਅਬਿ ਨਾਹਕ[1] ਕਰਨੋ ਪ੍ਰੀਸ਼ਰਮ[2] ॥ ੨੫ ॥
ਪੁਨ ਜਾ ਕਾ ਫਲ ਬ੍ਰਹਮ ਲੋਕ ਹ੍ਵੈ।
ਜਾ ਮੈ ਅੰਤ ਅਤਯੰਤ ਸ਼ੋਕ ਹ੍ਵੈ।
ਪ੍ਰਲੈ ਕਾਲ ਲੌ ਤਹਾਂ ਰਹਾਵੈ।
ਪ੍ਰਲੈ ਬਾਦ ਚੁਰਾਸੀ ਪਾਵੈ ॥ ੨੬ ॥
ਬਡੇ ਕਸ਼ਟ ਤੈ ਸੁਖ ਹ੍ਵੈ ਥੋਰਾ।
ਬੁਧਿ ਜਨ ਕਰਤਿ ਪਸਿੰਦ ਨ ਭੋਰਾ।
ਤਾਂ ਤੇ ਨਾਮੁ ਭਗਤਿ ਹਰਿ ਗਯਾਨਾ।
ਕਲਿ ਮੈਂ ਦੇਤ ਸੁਖੈਨ ਕਲਿਆਨਾ ॥ ੨੭ ॥
ਪ੍ਰਮਾਨੰਦ ਅਖੰਡ ਪਾਇ ਹੈ।
ਬੂੰਦ ਸਿੰਧੁ ਜਯੋਂ ਹਰਿ ਮਿਲਾਇ ਹੈ।
ਚਿਤ ਨਿਰੋਧ ਜੋਗ[1] ਸ੍ਰੁਤਿ ਗਾਵੈ[2]।
ਬ੍ਰਹਮ ਗਯਾਨ ਤੈ ਮੋਖ ਬਤਾਵੈ ॥ ੨੮ ॥
ਕਾਮਾਦਿਕ ਭੇਦੈ ਖਟ ਚੱਕ੍ਰ[1]।
ਜਾਂ ਤੈ ਪਰੈ ਪਾਰ ਭਵ ਬੱਕ੍ਰ[1] ॥ ੨੯ ॥

[1]ਇਹ ਟੇਢੇ (ਕਠਨ ਸਾਧਨ) ਕਰਨ ਦਾ।

[1]ਬਿਅਰਥ। [2]ਥਕਾਵਟ, ਮਿਹਨਤ, ਮੁਸ਼ੱਕਤ।

[1]ਚਿੱਤ ਨੂੰ ਰੋਕਣਾ ਹੀ ਜੋਗ ਹੈ। [2]ਵੇਦ ਕਹਿੰਦਾ ਹੈ।

[1]ਪੰਜ ਕਾਮਾਦਿ ਤੇ ਛੇਵਾਂ ਮਨ, ਇਹ ਛੇ ਚੱਕ੍ਰ ਵਿੰਨ੍ਹੇ।

[1]ਟੇਢੇ ਸੰਸਾਰ (ਚੱਕ੍ਰ ਤੋਂ)।

ਦੋਹਰਾ:
ਹੋਇ ਖੁਸ਼ੀ ਕਾਪਲ ਭਏ,
ਜਾਪਕ ਸਭਿ ਸਤਿ ਨਾਮੁ।
ਅਣੁ ਬਾਦੀ ਨੈਯਾਇ ਕੈ[1],

[1]ਅਣੂਆਂ ਤੋਂ ਸ੍ਰਿਸ਼ਟੀ ਦੀ ਉਤਪੱਤੀ ਮੰਨਣ ਵਾਲੇ ਨਿਆਇਕਾਂ ਨੇ।

ਨਿਜ ਮਤ ਕਹਜੋ ਤਮਾਮ ॥ ੩੦ ॥
ਪੰਚ ਭੂਤ[1] ਅਣੁਰੂਪ[2] ਨਿੱਤ,

[1]ਪੰਜ ਤੱਤ। [2]ਅਣੂ ਰੂਪ ਹਨ। {ਅਣੂ=ਤੱਤਾਂ ਦਾ ਸਭ ਤੋਂ ਛੋਟਾ ਹਿੱਸਾ।}

ਤਿਨੈ ਮਿਲਾਵੈ ਈਸ।
ਪ੍ਰਲੈ ਕੀਨ ਚਾਹੈ ਜਬੈ,
ਸਬਿ ਕੋ ਕਰੈ ਪ੍ਰਿਥੀਸ[1] ॥ ੩੧ ॥

[1]ਵੱਖ-ਵੱਖ।

ਚੌਪਈ:
ਦ੍ਰਬ[1], ਗੁਨਿ[2], ਕ੍ਰਮ[3], ਸਮਾਨ[11] ਬਸੇਖ[22]।

[1]ਸੰ: ਦ੍ਰਵਜ (ਧਰਤੀ, ਪਾਣੀ, ਅੱਗ, ਹਵਾ, ਅਕਾਸ਼, ਸਮਾ, ਦਿਸ਼ਾ, ਆਤਮਾ ਅਤੇ ਮਨ)। [2]ਗੁਣ (ਰੂਪ, ਰਸ, ਗੰਧ, ਸਪਰਸ਼, ਸੰਖਜਾ, ਪਰਿਮਾਣ, ਪ੍ਰਥਕਥ੍ਵ, ਸੰਯੋਗ, ਵਿਭਾਗ, ਪਰਤ੍ਵ, ਅਪਰਤ੍ਵ, ਗੁਰੁਤ੍ਵ, ਦ੍ਰਵਤ੍ਵ, ਸਨੇਹ, ਸ਼ਬਦ, ਬੁੱਧਿ, ਸੁਖ, ਦੁਖ, ਇੱਛਾ, ਦ੍ਵੈਸ਼, ਪ੍ਰਯਤਨ, ਧਰਮ, ਅਧਰਮ, ਸੰਸਾਰਕ)। [3]ਕਰਮ (ਉਤਖਜੇਪਣ, ਅਪਖਜੇਪਣ, ਆਕੁੰਚਨ, ਪ੍ਰਸਾਰਨ, ਗਮਨ)। [11]ਸਾਮਾਨਜ (ਜਾਤੀ) ਪਰ ਅਤੇ ਅਪਰ। [22]ਵਿਸ਼ੇਸ਼=ਜਿਤਨੇ ਨਿੱਤ ਦ੍ਰਵਜ ਹਨ ਉਨ੍ਹਾਂ ਨੂੰ ਵੱਖ-ਵੱਖਰੱਖਣ ਵਾਲੇ ਉਤਨੇ ਹੀ ਵਿਸ਼ੇਸ਼ ਪਦਾਰਥ ਹਨ।

ਪੁਨ ਸਮਵਾਯ[1] ਅਭਾਵ[2] ਸੁ ਲੇਖ[3]।

[1]ਸਮਵਾਯ (ਉਪਾਦਾਨ ਕਾਰਨ ਅਤੇ ਕਾਰਜ ਦਾ ਪਰਸਪਰ ਸਬੰਧ)। [2]ਅਭਾਵ (ਹੋਂਦ ਦਾ ਨ ਹੋਣਾ)। [3]ਜਾਣੋ।

ਸਪਤ ਪਦਾਰਥਿ ਸੋਧਨ[1] ਜੋਈ।
ਮੁਕਤੀ ਅਹੇ ਨੀਕ ਮਮ ਸੋਈ ॥ ੩੨ ॥

[1]ਵਿਚਾਰਨਾ।

ਗੁਰ ਕਹਿ ਤਵ ਮਤ ਅੰਧ ਅਗਾਰੇ[1]।

[1]ਅਨ੍ਹੇਰੇ (ਅਗਿਆਨ) ਦਾ ਘਰ ਹੈ।

ਵਸਤੁ ਨ ਪੱਯੇ ਬਿਨਾ ਉਜਾਰੇ[1]।

[1]ਚਾਨਣ।

ਕਹਜੋ ਪਦਾਰਥ ਸੋਧਨ ਜੋਈ।
ਕਾਕਦੰਤ ਹੈ ਗਨਨੋ[1] ਸੋਈ ॥ ੩੩ ॥

[1]ਕਾਂ ਦੇ ਦੰਦਾਂ ਦੇ ਗਿਣਨ (ਵਾਂਗ) ਹੈ।

ਜਗਿ ਰਚਨਾ ਕਾ ਅੰਤੁ ਨ ਐ ਹੈ।
ਬ੍ਰਹਮਾਦਿਕ ਬੇਅੰਤ ਕਹੈਂ ਹੈਂ।
ਬ੍ਰਹਮ ਭਿੰਨ ਜਗ ਸਬੈ ਅਨਿੱਤ।
ਤੂੰ ਪ੍ਰਮਾਣ ਮਾਨਤਿ ਨਿੱਤ ॥ ੩੪ ॥

ਬੇਦ ਬਿਰੁਧ ਮਤ ਤੋਰ ਅਨੁੱਤਮ[1]। [1]ਬੁਰਾ ਹੈ।
ਦੋਖ ਖਾਣਿ ਜਨ ਗਹੈਂ ਨ ਉੱਤਮ।
ਜੋ ਗੋਤਮ ਬਿਦਜਾ[1] ਮਨ ਲਾਵੈ। [1]ਨਿਆਇ ਸ਼ਾਸਤ੍ਰ ਦਾ ਮੱਤ।
ਤਨ ਤਜਿ ਕਾਕ ਸਿਆਲ[1] ਤਨ ਪਾਵੈ ॥ ੩੫ ॥ [1]ਗਿੱਦੜ।
ਤਾਂ ਤੇ ਸਤਿਨਾਮੁ ਹਰਿ ਭਗਤੀ।
ਧਰੋ ਤਰੋ ਨਿਰ ਜਤਨਹਿਂ ਜਗਤੀ[1]। [1]ਜਗਤ ਤੋਂ।
ਬਾਨੀ ਸੁਖਿ ਖਾਨੀ ਸੁਨਿ ਸਾਚੀ।
ਹਰੀ ਭਜਨ ਮੈਂ ਤਿੰਹ ਮਤਰਾਚੀ ॥ ੩੬ ॥
ਮੀਮਾਂਸਿਕ ਜਨ ਕਰਮ ਪਰਾਯਨ[1]। [1]ਆਸਰੇ।
ਆਇ ਮਤੋ ਨਿਜ ਯੌਂ ਕਿਯ ਗਾਯਨ।
ਜਗਿ ਉਪਜਨ[1] ਥਿਤ[2] ਲਯ[3] ਸੰਘਾਤਾ[11]। [1]ਪੈਦਾ ਹੋਣਾ। [2]ਕਾਇਮਰਹਿਣਾ। [3]ਨਾਸ ਹੋਣਾ। [11]ਸਾਰੇ (ਜਗਤ ਨੂੰ)।
ਜਸ ਅਪਜਸ ਸੁਖ ਦੁਖ ਕਾ ਦਾਤਾ ॥ ੩੭ ॥
ਕਰਮ ਅਹੇ ਹਮ ਨਿਸਚੇ ਲਹਿਹੀਂ।
ਈਸ਼ ਕਰਮ ਹੀ ਹੈ ਸ੍ਰੁਤਿ ਕਹਿਹੀ।
ਉੱਤਮ ਮਧਮ[1] ਅਧਮ ਜੁ ਦੇਹਾ[2]। [1]ਦਰਮਿਆਨੀਆਂ। [2]ਨੀਚ ਦੇਹਾਂ।
ਕਰਮ ਤੇ ਮਿਲ ਹੈਂ ਸਭ ਮਤ ਏਹਾ ॥ ੩੮ ॥
ਕ੍ਰਮ ਤੈ ਸਿਧ[1] ਜਨਕਾਦਿਕ ਪਾਈ। [1]ਸ਼ਕਤੀ, ਮੁਕਤੀ।
ਗੀਤਾ ਮੈ ਯਹਿ ਕ੍ਰਿਸ਼ਨ ਬਤਾਈ।
ਨਰਕ ਸ੍ਵਰਗ ਦੁਖ ਸੁਖ ਹੈ ਜੇਤੋ।
ਪੱਯਤ ਕਰਮਨ ਤੇ ਹੈ ਤੇਤੋ ॥ ੩੯ ॥
ਬ੍ਰਹਮ ਲੋਕ ਮੈਂ ਜਾਵਨ ਜੋਈ।
ਕ੍ਰਮ ਤੈ ਮਮ ਮਤ ਮੁਕਤੀ ਸੋਈ ॥ ੪੦ ॥

ਦੋਹਰਾ:

ਜਗ ਕਰਤਾ ਈਸ਼ਰ ਅਹੇ,
ਚਿਦਾਨੰਦ[1] ਸਰਬੱਗਜ[2]। [1](ਸਤਿ) ਚੇਤਨ ਤੇ ਅਨੰਦ ਸਰੂਪ। [2]ਸਾਰਿਆਂ ਦਾ ਜਾਣੂ।
ਕਹਜੋ ਗੁਰੂ ਸਭ ਸ੍ਰੁਤਿ ਕਹਿਂ,
ਔਂ ਪੁਨ ਮਾਨਤ ਜੱਗਜ ॥ ੪੧ ॥

ਚੌਪਈ:

ਪਹਿਲੇ ਜਗਤ ਜੀਵ ਜੌ ਬਨਿ ਹੌ।

ਪਾਛੇ ਕਰਮਨ ਕੋ ਵਹਿ ਜਨਿ ਹੈ[1]।
ਜੀਵ ਅਧੀਨ ਕਰਮ ਜਢ[1] ਜੋ ਹੈਂ।
ਤਾਹਿਂ ਈਸ ਮਾਨਤ ਨਹਿ ਕੋ ਹੈ ॥ ੪੨ ॥
ਕਰੋ ਉਪਾਸ਼ਨ ਈਸ਼ੂਰ ਤਾਂ ਤੈ।
ਮੁਕਤਿ ਭੁਗਤਿ ਪੈਹੋ ਦਿਢ[1] ਜਾਂ ਤੈ।
ਬੈਨ[1] ਐਨ[2] ਗੁਰ ਕੇ ਉਨਿ ਮਾਨੇ।
ਆਇ ਚਾਂਦ੍ਰਕੀ[1] ਇਮ ਕਿਯ ਗਾਨੇ ॥ ੪੩ ॥
ਦੇਵ ਪਾਲ[1] ਉੜਪਤਿ[2] ਪ੍ਰਕਾਸ਼ਕ।

[1]ਪੈਦਾ ਕਰਦਾ ਹੈ।
[1]ਜੜ੍ਹ ਹੈ।
[1]ਪੱਕੀ ਤਰ੍ਹਾਂ।
[1]ਬਚਨ। [2]ਚੰਗੀ ਤਰ੍ਹਾਂ।
[1]ਚੰਦ੍ਰਮਾ ਦੇ ਉਪਾਸ਼ਕ।
[1]ਦੇਵਤਿਆਂ ਦੀ ਪਾਲਣਾ ਕਰਨ ਵਾਲਾ। [2]ਤਾਰਿਆਂ ਦਾ ਸੁਆਮੀ।

ਬਰਸਤਿ ਸੁਧਾ[1] ਸਰਬ ਜਗ ਮਾਲਕ।
ਕਮ ਜ਼ਜਾਦੇ ਹੋਵਨ ਜੋ ਪਿਖੀਏ।
ਧਰਾ[1] ਫਿਰਨ ਤੈ ਸੋ ਦਿਢ ਲਖੀਏ ॥ ੪੪ ॥
ਸੇਵਕ ਚੰਦ੍ਰ ਲੋਕ ਮੈਂ ਜੈ ਹੈਂ।
ਬਾਂਛਤ ਭੋਗ ਭੁਗਤਿ ਤਹਿਂ ਰ੍ਹੈ ਹੈਂ।
ਚੰਦ੍ਰ ਭਗਤ ਕੀ ਯੌਂ ਸੁਨਿ ਬਾਨੀ।
ਬੋਲੇ ਹਸ ਕਰਿ ਪੁਨ ਗੁਰੁ ਗਜਾਨੀ ॥ ੪੫ ॥
ਨਹਿ ਜਗਤੇਸ ਨਿਸੇਸ[1] ਪਛਾਨੋ।
ਨਖ੍ਰਤਨ ਮੈ ਬਢ ਨਖ੍ਰਤ ਪ੍ਰਮਾਨੋ[1]।
ਬਢਤਿ ਘਟਤਿ ਪੁਨ ਗ੍ਰਸਤਿ[1] ਸੁਰਾਹੂ।
ਫਿਰ ਕਲਜਾਨ ਕਿਮ ਕਰਿ ਹੈ ਕਾਹੂ ॥ ੪੬ ॥
ਰਚੇ ਜਾਂਹਿ ਸਸਿ ਸੂਰ ਅਪਾਰੇ।
ਤਾਹਿਂ ਭਜੋ ਕਿ ਨ ਮਤਿ ਕੇ ਮਾਰੇ।
ਮਾਨ ਬਚਨ ਗੁਰ ਕਾ ਵਹਿ ਗਏ।
ਪਿਤ੍ਰ ਉਪਾਸ਼ਕ ਆਵਤ ਭਏ ॥ ੪੭ ॥
ਚੰਦ੍ਰ ਬਿੰਬ[1] ਕੇ ਊਪਰ ਰ੍ਹੈ ਹੈਂ।
ਨਿੱਤ ਮੁਕਤਿ ਮਨ ਇਛਤ ਭੁਗੈ ਹੈਂ।
ਪਿਤ੍ਰ ਲੋਕ ਜਿਹ ਬੇਦ ਬਖਾਨੈ।
ਤਾਹਿ ਉਪਾਸ਼ਨ ਜੋ ਨਰ ਠਾਨੈ[1] ॥ ੪੮ ॥
ਜਾਇ ਤਹਾਂ ਸੋ ਨੀਤ ਰਹੈ ਹੈਂ।
ਯਹੀ ਮੁਕਤਿ ਹਮ ਨੀਕ ਮਨੈ ਹੈਂ[1]।

[1]ਚੰਦ੍ਰਮਾ।
[1]ਤਾਰਿਆਂ ਵਿੱਚੋਂ ਇਕ ਵੱਡਾ ਤਾਰਾ ਮੰਨੋ।
[1]ਪਕੜ ਲੈਂਦਾ ਹੈ।
[1]ਚੰਦ੍ਰਮਾ-ਮੰਡਲ।
[1]ਕਰਦਾ ਹੈ।
[1]ਮੰਨਦੇ ਹਾਂ।

ਸਤਿਗੁਰੁ ਕਹਯੋ ਸੁਨੋ ਮਮ ਬਾਨੀ।
ਪੈ ਹੈਂ ਮੁਕਤਿ ਸਹੀ ਬ੍ਰਹਮ ਗਜਾਨੀ ॥ ੪੯ ॥
ਕਰਮੀ ਮੁਕਤਿ ਨਹੀ ਕੋ ਪੈ ਹੈ।
ਸੁਖ ਦੁਖ ਫਲ ਕਰਮਨ ਭੋਗੈ ਹੈ।
ਪਿਤ੍ਰ ਲੋਕ ਜੋ ਕਹਿਤਿ ਪੁਰਾਨ।
ਪੁੰਨਜਾਤਮ[1] ਰਹਿਹੈਂ ਤਹਿ ਜਾਨਿ ॥ ੫੦ ॥
ਭੋਗ ਪੁੰਨ ਫਲ ਫਿਰ ਗਿਰ ਧਰਨੀ[1]।
ਪਾਵਤਿ ਜਨਮ ਅਨਿਕ ਕਰਿ ਕਰਨੀ।
ਪਿਤ੍ਰਨ ਕੇ ਨਮਿੱਤ ਜਨ ਯਾਂ ਤੇ।
ਪਿੰਡ[1] ਸ੍ਰਾਧ[2] ਖਜਾਹਿ[3] ਕਰਵਾਤੇ* ॥ ੫੧ ॥

[1]ਪੁੰਨੀ ਲੋਕ।
[1]ਧਰਤੀ ਤੇ।
[1]ਪਿੱਤਰਾਂ ਨਮਿੱਤ ਅਰਪੇ ਹੋਏ ਜੌ ਦੇ ਆਟੇ ਦੇ ਪਿੰਨ (ਗੋਲੇ)। [2]ਪਿੱਤਰਾਂ ਨਮਿੱਤ ਸ਼ਰਧਾ ਨਾਲ ਕੀਤਾ ਹੋਇਆ ਅੰਨ ਬਸਤ੍ਰ ਆਦਿ ਦਾਨ। [3]ਬਰਸੀ ਵਾਲੇ ਦਿਨ ਪਿੱਤਰਾਂ ਨਮਿੱਤ ਕੀਤਾ ਅੰਨ ਬਸਤ੍ਰ ਆਦਿ ਦਾਨ। *ਪਿੰਡ ਸਰਾਧ ਤੇ ਖਜਾਯ ਆਦਿਕ ਪਿੱਤਰਾਂ ਨਮਿੱਤ ਉਨ੍ਹਾਂ ਦੇ ਉਪਾਸ਼ਕ ਲੋਕ ਕਰਵਾਉਂਦੇ ਹਨ ਜੋ ਮਨ ਮਤ ਹੈ ਜਿਨ੍ਹਾਂ ਦੇ ਕਰਨ ਨਾਲ ਜੰਮਣ ਮਰਨ ਦਾ ਦੁੱਖ ਨਾਸ ਨਹੀਂ ਹੁੰਦਾ। ਗੁਰਾਂ ਦਾ ਆਪਣਾ ਮਤ ਵਾਹਿਗੁਰੂ ਨਾਮ ਜਪ ਕੇ ਮੁਕਤਿ ਹੋਣਾ ਹੈ, ਜਿਸ ਦਾ ਜ਼ਿਕਰ ਅਗਲੀਆਂ ਦੋਂਹ ਤੁਕਾਂ ਵਿੱਚ ਹੈ।

ਤਾਂ ਤੇ ਤੁਮ ਭੀ ਈਸ ਉਪਾਸੋ।
ਸਤਿ ਨਾਮੁ ਜਪ ਭਵ ਦੁਖ ਨਾਸੋ।
ਮਾਨਿ ਬਚਨ ਵਹਿ ਗੁਰਸਿਖ ਭਏ।
ਤਬਿ ਹੀ ਗਰੁੜ ਉਪਾਸ਼ਕ ਅਏ ॥ ੫੨ ॥
ਹੈ ਭਗਵਾਨ ਗਰੁੜ ਸਬ ਲਾਇਕ।
ਹਰਿ ਬਾਹਨ[1] ਨ੍ਰਿਭੈ ਪਦ ਦਾਇਕ[2]।
ਈਸ ਦੁਆਰ ਪਰ ਜੋ ਸਦਰਹਿਹੀ।
ਭਜੋ ਤਾਹਿ ਜੇ ਸਬਿ ਸੁਖ ਚਹਿਹੀ ॥ ੫੩ ॥
ਗੁਰੂ ਕਹਯੋ ਸ੍ਵਾਮੀ ਤਜ ਜੋਈ।
ਭਜੈ ਗੁਲਾਮ ਮਹਾਂ ਜਢ ਸੋਈ।
ਮਨ ਨਿਰਮਲ ਤੇ ਹ੍ਵੈ ਹੈ ਗਜਾਨਾ।
ਤਾਂ ਤੇ ਪੈ ਹੈਂ ਪਦ ਨਿਰਬਾਨਾ ॥ ੫੪ ॥
ਗੁਰ ਬਚ ਸਾਚ ਮਾਨ ਵਹਿ ਗਯੋ।
ਸ਼ੇਸ਼[1] ਉਪਾਸ਼ਕ ਸਨਮੁਖ ਭਯੋ।

[1]ਵਿਸ਼ਨੂੰ ਦੀ ਅਸਵਾਰੀ। [2]ਦੁਖਰਹਿਤ ਪਦਵੀ।
[1]ਸ਼ੇਸ਼ ਨਾਗ।

ਸਾਚ[1], ਔਰ ਮਤ ਹੈ ਸਭਿ ਕੂਰੋ। [1]ਸੱਚ ਜਾਣੋ।
ਮਮ ਮਤ ਸਾਚ ਸੁਖਦ ਅਤਿ ਰੂਰੋਂ[1] ॥ ੫੫ ॥ [1]ਸੁੰਦਰ।
ਫਨਿ ਅਨੰਤ ਭਗਵੰਤ ਸੇਸ ਜੋ।
ਨਾਮੁ ਜਪੈ ਨਿਤ ਨਏ[1] ਬੇਸ[2] ਜੋ। [1]ਨਵੇਂ। [2]ਚੰਗੇ।
ਜੈਸ ਫੀਲ[1] ਪਰਰਾਈ ਦਾਨੋ। [1]ਹਾਥੀ।
ਸੇਸ ਸੀਸ ਪਰ ਧਰ ਇਮ ਜਾਨੋ ॥ ੫੬ ॥
ਨਾਰਾਯਨ[1] ਭੀ ਤਾ ਪਰ ਸੋਹੈ। [1]ਵਿਸ਼ਨੂੰ।
ਨਹਿ ਸਮ੍ਰੱਥ ਸੇਸ ਸਮ ਕੋ ਹੈ।
ਨਿਸ ਦਿਨ ਵਹਿ ਭੀ ਨਾਮ ਉਚਰ ਹੈ।
ਨਾਮ ਉਚਾਰਨ ਆਪ ਭਿਰਰ ਹੈ[1] ॥ ੫੭ ॥ [1]ਪੁਨਾ ਆਪ ਨਾਮ ਉਚਾਰਨ ਦਾ {ਰਰ ਹੈ} ਉਪਦੇਸ਼ (ਕਰਦਾ) ਹੈ।

ਯਾ ਤੇ ਹਮ ਉਪਾਸ ਹੈ ਸੇਸੈਂ।
ਗਹੋ ਆਪ ਭੀ ਯਹਿ ਮਤ ਬੇਸੈ[1]। [1]ਚੰਗਾ।
*ਸੇਸ ਨਾਮੁ ਹਰਿ ਕੋਰਸ ਚਖਿ ਹੈ। *ਏਥੋਂ ਗੁਰੂ ਜੀ ਕਹਿਣ ਲੱਗੇ ਹਨ।
ਸ਼ਕਤਿ ਉਠਾਵਨ ਕੀ ਧਰ[1] ਰਖ ਹੈ ॥ ੫੮ ॥ [1]ਧਰਤੀ ਦੇ ਚੁੱਕਣ ਦੀ।
ਤੁਮ ਭੀ ਜਪੋ ਤਾਹਿ ਕਾ ਨਾਮੂ।
ਘਟਿ ਘਟਿ ਬਿਆਪਕ ਜੋ ਸੁਖਿ ਧਾਮੂ।
ਪੈਹੋ ਮੁਕਤਿ ਭੁਗਤਿ ਦਿਢ ਨੀਕੇ।
ਮਾਨ ਨਾਇ ਸਿਰ ਗਏ ਸੁ ਠੀਕੇ ॥ ੫੯ ॥
ਸਿੱਧ ਉਪਾਸ਼ਕ ਆਏ ਕੋਈ।
ਯਾ ਬਿਧਿ ਉਨਿ ਸ਼੍ਰਧਾ ਸਹ[1] ਗੋਈ[2]। [1]ਸਹਿਤ। [2]ਕਹੀ।
ਸੱਤ ਨਾਥ[1] ਆਦਿਕ ਸਿਧੇਸ਼੍ਵਰ[2]। [1]ਨਾਮ। [2]ਸਿੱਧਾਂ ਦੇ ਸੁਆਮੀ।
ਤਿਨ ਕੋ ਹਮ ਮਾਨੈ ਪ੍ਰਮੇਸ਼੍ਵਰ ॥ ੬੦ ॥
ਲੋਕਾਂਜਨ[1] ਆਦਿਕ ਬਿਦਜਾ ਬਹੁ। [1]ਸਿੱਧ ਲੋਕਾਂ ਦਾ ਸੁਰਮਾ ਜਿਸ ਨੂੰ ਅੱਖੀਂ ਪਾ ਕੇ ਲੁਕੇ ਹੋਏ ਪਦਾਰਥ ਦੇਖ ਲਈਦੇ ਹਨ। {ਲੋਕ- ਦੇਖਣ ਵਾਲਾ=ਅੰਜਨ=ਸੁਰਮਾ।}

ਜਾਨਤਿ ਹਮ ਤੁਮਹੂੰ ਭਿ ਸੀਖ ਲਹੁ।
ਸਕਲ ਪਦਾਰਥ ਦੈਂਹ ਬਤਾਈ।
ਜੋ ਚੈਹੈਂ ਸੋ ਲੈਂਹ ਮੰਗਾਈ ॥ ੬੧ ॥
ਅਰੁ ਪੁਨ ਜਹਾਂ ਚਹੈਂ ਤਹਿ ਜਾਵੈਂ।
ਮ੍ਰਿਤ ਸੁਇਛੱਤ[1] ਹਮ ਕੋ ਆਵੈ ॥ ੬੨ ॥ [1]ਆਪਣੀ ਇੱਛਾ ਅਨੁਸਾਰ ਮੌਤ।

ਦੋਹਰਾ:

ਗੁਰੁ ਕਹਿ ਬਿਦਜਾ ਤੁਵ ਜਿਤੀ,
ਅਤਿ ਅਨਰਥ ਕਾ ਹੇਤੁ[1]।
ਬ੍ਰਹਮ ਬਿਦਯਾ ਆਗੇ ਸਬੀ,
ਆਹਿ ਅਬਿੱਦਯਾ[1] ਜੇਤੁ[2] ॥ ੬੩ ॥

[1]ਬਹੁਤੇ ਪਾਪਾਂ ਦਾ ਕਾਰਨ।

[1]ਅਵਿੱਦਿਆ (ਅਨਪੜ੍ਹਤਾ) ਹਨ। [2]ਜਿਤਨੀਆਂ (ਹੋਰ ਵਿੱਦਿਆ ਹਨ)।

ਬਹੁ ਧਨ ਬਹੁ ਆਯੂ[1] ਬਢੇ,
ਜਗ ਕੋ ਬਹੁਤ ਚਿਤਾਂਨ[1]।
ਹੈ ਬੰਧਨ ਕਾ ਹੇਤੁ ਸਬਿ,
ਮੁਕਤਿ ਨਾਮੁ ਤੈ ਮਾਨ ॥ ੬੪ ॥

[1]ਉਮਰ।

[1]ਆਪਣੇ ਵੱਲ ਖਿੱਚਣਾ। (ਅ) ਮੰਗਣਾ।

ਚੌਪਈ:

ਸੋ ਜਬਿ ਗਏ ਗੰਧਰਬੀ ਆਏ।
ਕਹਜੋ ਉਪਾਸ਼ਨ ਗੰਧ੍ਰਬ ਭਾਏ।
ਬਿਸ੍ਵਾ ਬਸੁ[1] ਸੇਵਾ ਹਮ ਕਰਿ ਹੈਂ।
ਨਾਦ ਬ੍ਰਹਮ[1] ਉਚਾਰਨ ਕਰਿ ਹੈਂ ॥ ੬੫ ॥
ਦੋਇ ਸ੍ਵਰੂਪ ਬ੍ਰਹਮ ਕੇ ਹੱਯੇ।
ਰੂਪ ਬ੍ਰਹਮ ਇਕੁ ਨਾਦ[1] ਸੁ ਪੱਯੇ।
ਗਾਵਨ ਨਾਦ ਬ੍ਰਹਮ ਹ੍ਵੈ ਮਗਨਾ।
ਤਾਂ ਸਮ ਆਨਂਦ ਔਰਹਿ ਜਗ ਨਾ ॥ ੬੬ ॥
ਜਹਾਂ ਸੁਰਤਿ ਜਿਹਂ ਲਗੀਰਹਾਵੈ।
ਸੋ ਅੰਤਹਿ ਮਧ ਤਾਂਹਿ ਸਮਾਵੈ।
ਗੁਰੂ ਕਹਜੋ ਮਤ ਕੂਰ ਤੁਮਾਰੋ।
ਗਾਵਨ ਨਾਚਨ ਟਾਪਨ ਭਾਰੋ ॥ ੬੭ ॥
ਮਨ ਚੰਚਲ ਯਾ ਤੇ ਹ੍ਵੈ ਜੈ ਹੈ।
ਮੁਕਤਿ ਮਾਹਿ ਪ੍ਰਤਿ-ਬੰਧਕ ਪੈ ਹੈ[1]।
ਭਜਨ ਉਪਾਸ਼ਨ ਗੰਧ੍ਰਬ ਕੇਰੀ।
ਕਰਨ, ਅਗਜਾਤਾ ਅਹੇ ਬਧੇਰੀ[1] ॥ ੬੮ ॥
ਨਾਦ ਅਗੋਚਰ ਬ੍ਰਹਮ ਸ੍ਰੁਤਿ ਕੈ ਹੈ[1]।
ਭਗਤਿ ਭਾਵ ਬਿਨ ਮੁਕਤਿ ਨ ਪੈ ਹੈ।
ਭਏ ਸਿਖ ਵਹਿ ਗੁਰੁ ਬਚ ਸੁਨਿ ਕੈ।

[1]ਬਹੁਤੇ ਪਾਪਾਂ ਦਾ ਕਾਰਨ।

[1]ਵੀਹ ਵਿਸਵੇ ਭਾਵ ਬਹੁਤ ਚੰਗੀ ਤਰ੍ਹਾਂ।

[1]ਸ਼ਬਦ ਬ੍ਰਹਮ।

[1]ਇਕ ਰੂਪ ਬ੍ਰਹਮ ਤੇ ਦੂਜਾ ਸ਼ਬਦ ਬ੍ਰਹਮ।

[1]ਰੁਕਾਵਟ ਪੈਂਦੀ ਹੈ।

[1]ਬਹੁਤੀ ਬੇ ਸਮਝੀ ਹੈ।

[1]ਵੇਦ ਬ੍ਰਹਮ ਨੂੰ ਸ਼ਬਦ ਦੀ ਪਹੁੰਚ ਤੋਂ ਪਰੇ ਕਹਿੰਦਾ ਹੈ।

ਗਏ ਸਾਚ ਮਤ ਗੁਰੁ ਕਾ ਗੁਨਿ ਕੈ[1] ॥ ੬੯ ॥

[1]ਵਿਚਾਰ ਕੇ।

ਦੋਹਰਾ:

ਮਤ ਪਖੰਡ ਬਹੁ ਖੰਡ ਗੁਰੁ,
ਨਾਮੁ ਦਾਨੁ ਇਸ਼ਨਾਨ।
ਭਗਤਿ ਗਜਾਨ ਦ੍ਰਿੜਾਇ ਭਲ,
ਲੋਗਨ ਹਿਤ ਕਲਯਾਨ ॥ ੭੦ ॥

ਚੌਪਈ:

ਤਹਿਂ ਤੈ ਪਟਨੇ ਸ਼ਹਿਰ ਪਧਾਰੇ।
ਗੰਗਾ ਤਟ[1] ਜਨ ਮਿਲੇ ਅਪਾਰੇ।

[1]ਕਿਨਾਰੇ।

ਹੈ ਗੁਰਦੁਆਰਾ ਅਬਿ ਜਹਿਂ ਗੌਰੈਂ[1]।

[1]ਭਾਰੀ, ਵੱਡਾ ਭਾਵ ਦਸਮ ਪਾਤਸ਼ਾਹ ਜੀ ਦਾ ਜਨਮ ਅਸਥਾਨ।

ਗੰਗਾ ਤਟ ਥਾ ਤਬਿ ਇਸ ਠੌਰੈਂ।
ਇਕ ਦਿਨ ਮਰਦਾਨੇ ਕਿਯ ਸਵਾਲ।
ਮਾਨੁਖ ਜਨਮ ਅਮੋਲਕ ਲਾਲ।
ਹੈਂ ਜਾਨਤਿ ਸਬਿ ਲੋਗ ਕਹਾਵਤ।
ਫਿਰ ਕਯੋਂ ਇਸ ਕੌ ਬਜਰਥ ਗਵਾਵਤਿ[1] ॥ ੭੨ ॥

[1]ਗਵਾਉਂਦੇ ਹਨ।

ਤਬਿ ਗੁਰੁ ਕਹੀ ਯਹੀ ਹਰਿ ਮਾਯਾ।
ਤਾਂਹਿ ਜਾਲ ਸਬਿ ਪਰ ਅਸ ਪਾਯਾ।
ਲਥ ਹੈ, ਪਰ ਦ੍ਰਿੜ ਅਮਲ ਨਰੱਖ ਹੈਂ[1]।

[1](ਇਹ ਮਾਇਆ ਦਾ ਜਾਲ) ਲਹਿ ਤਾਂ ਸਕਦਾ ਹੈ ਪਰ (ਇਹ ਜੀਵ) ਕਰਮਾ ਨੂੰ ਪੱਕੇ ਨਹੀਂਰੱਖਦੇ ਭਾਵ ਸ਼ੁਭ ਕਰਮ ਨਹੀਂ ਕਰਦੇ।

ਫਸ ਤਸਿ ਰਸ ਕਸ ਬਿਸ਼ਜਨ ਚਖ ਹੈਂ[1] ॥ ੭੩ ॥

[1]ਤਿਸ (ਮਾਇਆ) ਵਿੱਚ ਫਸ ਕੇ ਵਿਸ਼ਿਆਂ ਦੇਰਸਾਂ ਕਸਾਂ ਨੂੰ ਚਖਦੇ ਹਨ।

ਕਾਮ ਕ੍ਰੋਧ ਮਦ ਲੋਭ ਮੋਹ ਮੈਂ।
ਦੀਨ[1] ਰਹਤਿ ਅਗਜਾਨ ਖੋਹ[2] ਮੈਂ।

[1]ਦੁਖੀ। [2]ਕੰਦਰਾ (ਗੁਫਾ)।

ਸੁਮਤਿ ਨੈਨ ਪਰ ਤਿਮਰ[1] ਛਜੋਰਹਿ।

[1]ਅਨ੍ਹੇਰਾ (ਅਗਿਆਨ ਦਾ)।

ਕੀਮਤ ਲਾਲ ਸੁ ਲਖਤਿ ਸਕਤਿ ਨਹਿ[1] ॥ ੭੪ ॥

[1]ਜਾਣ ਨਹੀਂ ਸਕਦੇ।

ਪੂਰਬ ਪੁਨਜ ਉਦੈ ਹੁਇ ਆਵੈ।
ਈਸ ਦਯਾ ਦਿਲ ਸ਼ੌਕ ਜਗਾਵੈ।
ਮਿਲੈ ਬੈਦ ਗੁਰੁ ਗਯਾਨੰ ਪੂਰਾ।
ਨੈਨ[1] ਉਜਾਲਿ[2] ਦਿਖਾਲਿ ਜਹੂਰਾ[3] ॥ ੭੫ ॥

[1]ਬੁੱਧੀ ਰੂਪ ਨੇਤਰਾਂ 'ਚ। [2]ਪ੍ਰਕਾਸ਼ ਕਰਕੇ। [3]ਪ੍ਰਗਟ ਹੀ।

ਕਦਰ ਲਾਲ ਕੀ ਤਬਿ ਜਨ ਜਾਨੈ।

ਪਾਇ ਮਹਾਨ ਗਜਾਨ ਬਿਗਜਾਨੈ[1] ॥ ੭੬ ॥ [1]ਪ੍ਰਤੱਖ ਗਿਆਨ।

ਦੋਹਰਾ:

ਇਸ ਪਰ ਭੀ ਕਿਸ ਕਦਰ ਜਬਿ,
ਸ਼ੰਕ ਰਹੀ ਮਨ ਮਾਹਿਂ।
ਦੂਸਰ ਦਿਨ ਇਕ ਲਾਲ ਦੈ,
ਮਰਦਾਨੇ ਕੋ ਚਾਹਿ[1] ॥ ੭੭ ॥ [1]ਤੱਕ ਕੇ, ਦੇਖ ਕੇ।
ਖਾਵਨ ਹਿਤ ਲਜਾਵਨ ਕਹਜੋ,
ਯਾ ਕੋ ਬੇਚ ਬਜ਼ਾਰ।
ਮਾਨ ਹੁਕਮ ਗੁਰ ਕਾ ਚਲਜੋ,
ਮਰਦਾਨਾ ਮੁਦ ਧਾਰਿ[1] ॥ ੭੮ ॥ [1]ਅਨੰਦ ਹੋ ਕੇ।

ਚੌਪਈ:

ਜਾਇ ਬਜ਼ਾਰ ਬੀਚ ਮਰਦਾਨੇ।
ਬਹੁ ਲੋਗਨ ਕੋ ਕੀਨ ਦਿਖਾਨੇ।
ਕੋਊ ਸਾਗ ਕੋ ਆਟਾ ਸੇਰ।
ਕੋਊ ਰੁਪੱਯਾ ਕਪੜਾ ਫੇਰ ॥ ੭੯ ॥
ਦੇਵਹਿਂ ਮੋਲ ਲਾਲ ਲਖ ਮਨਕਾ[1]। [1]ਮਣਕਾ ਜਾਣ ਕੇ।
ਤੈਸ ਭਾਵ ਹੈ ਮਾਨੁਖ ਤਨ ਕਾ।
ਸਾਲਸ ਰਾਇ ਜੁਵਾਹਰੀ ਜਬੈ।
ਪੇਖਜੋ ਪਰਖ ਹਰਖ ਲੈ[1] ਤਬੈ ॥ ੮੦ ॥ [1]ਪ੍ਰਸੰਨ ਹੋ ਕੇ।
ਨਜ਼ਰ[1] ਰਜਤਪਣ[2] ਇਕ ਸੌ ਕੀਨਾ। [1]ਭੇਟਾ। [2]ਰੁਪਇਆ।
ਲਾਲ ਸਹਿਤ ਮਰਦਾਨੇ ਦੀਨਾ।
ਕਹਜੋ ਮੋਲਿ ਨਹਿ ਕੋਲ ਹਮਾਰੇ।
ਨਹਿ ਕੋ ਦੇਇ ਸਕੈ ਇਸ ਕਾਰੇ[1] ॥ ੮੧ ॥ [1]ਹੇ (ਭਾਈ ਮਰਦਾਨਾ)।
ਲੈ ਵਾਪਸ ਮਰਦਾਨਾ ਆਯੋ।
ਹਾਲ ਬਿਸਾਲ ਗੁਰੂ ਢਿਗ ਗਾਯੋ।
ਕਹਿਂ ਗੁਰੁ ਕਜੋਂ ਭਾਈ ਮਰਦਾਨਾ।
ਲਾਲ ਜਰਮ[1] ਕਾ ਮਰਮ[2] ਪਛਾਨਾ? ॥ ੮੨ ॥ [1]ਮਨੁੱਖਾ ਜਨਮ ਰੂਪ। [2]ਭੇਦ।
ਜਾਹਿ ਰੁਪੱਯੇ ਵਾਪਸ ਦੈ ਆ।
ਤਬਿ ਮਰਦਾਨਾ ਦੈਵਨ ਗੈਆ।
ਜੌਹਰੀ ਲੇਤ ਨ ਗੁਰੁ ਰਖਵਾਏ।

ਫਿਰਜੋ ਮਰਦਾਨਾ ਇਤ ਉਤ ਦਾਏ[1] ॥ ੮੩ ॥
ਮਾਨ ਅਚੰਭਾ ਜੌਹਰੀ ਤੂਰਨ।
ਆਯੋ ਗੁਰੁ ਪਹਿ ਲਖਿ ਨਰ ਪੂਰਨ।
ਤਬਿ ਤਾਂ ਕੋ ਗੁਰੁ ਸ਼ਬਦ ਸੁਨਾਯੋ।
ਜਾਂ ਤੇ ਸੰਸੇ ਸ਼ੋਕ ਨਸਾਯੋ ॥ ੮੪ ॥

[1]ਏਧਰ ਓਧਰ (ਦੋਹੀਂ) ਤਰਫ਼ੀਂ।

*ਸ੍ਰੀ ਮੁਖਵਾਕ:

*ਇਹ ਤੇ ਅਗਲੇ ਪੰਨੇ ਵਾਲਾ ਦੋਨੋਂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਹੀਂ ਹਨ।

ਲਾਲੋ[1] ਲਾਲ[2] ਉਪਾਇਆ, ਲਾਲੋ[3] ਲਾਲ ਦਿਸੰਨ[11] ॥

[1]ਪ੍ਰਮੇਸ਼ਰ ਨੇ। [2](ਮਨੁੱਖਾ ਜਨਮ ਰੂਪ) ਲਾਲ। [3]ਪ੍ਰੇਮੀਆਂ ਨੂੰ। [11](ਮਨੁੱਖਾ ਜਨਮ) ਲਾਲ (ਵਰਗਾ) ਦਿਸਦਾ ਹੈ।

ਜਿਨ੍ਹਾ ਲਾਲੀ[1] ਨੈਨ ਮੈਂ[2] ਦੂਜਾ ਨ ਜਾਣੰਨ ॥

[1]ਭਗਤੀ ਰੂਪ ਲਾਲੀ। [2]ਮਨ ਬੁੱਧ ਰੂਪ ਨੇਤ੍ਰਾਂ ਵਿੱਚ।

ਸੁਨਿ ਸਾਲਸ ਤੂੰ ਜੌਹਰੀ, ਅਪਣਾ ਲਾਲ[1] ਪਛਾਣ ॥

[1]ਪਿਆਰਾ (ਪ੍ਰਮੇਸ਼ਰ)। ਮਨੁੱਖਾ ਜਨਮ ਰੂਪ ਲਾਲ।

ਕੂੜੇ ਲਾਲ ਨ ਗੰਢ ਬੰਨ੍ਹ, ਲੈਸੀਰਬ ਸਿਵਾਣ ॥
ਕੰਕਰ ਪੱਥਰ ਸੰਜ ਕੈ[1] ਨਾਮ ਸਦਾਯੋ ਸ਼ਾਹਿ ॥

[1]ਇਕੱਠੇ ਕਰਕੇ।

ਨਾਨਕ ਸਤਿਗੁਰ ਜੇ ਮਿਲੈ, ਤਾ ਕੋ ਸੂਝੈਰਾਹਿ ॥
ਚੌਪਈ:
ਇਤਜਾਦਕ ਬਹੁ ਸ਼ਬਦ ਉਚਾਰੇ।
ਜੋ ਸੁਨਿ ਜੌਹਰੀ ਮੁਦ ਮਨਿ ਧਾਰੇ।
ਭੋਜਨ ਹੇਤ ਅਰਜ਼ ਤਿਹ ਕਰੀ।
ਤਬਿ ਸਤਿਗੁਰ ਯਹਿ ਬਾਨਿ[1] ਉਚਰੀ ॥ ੮੫ ॥

[1]ਬਾਣੀ।

ਸ਼੍ਰੀ ਮੁਖਵਾਕ:
ਭੋਜਨ ਭੈ ਪ੍ਰੀਤ ਪਕਾਵਨ, ਲੁੱਚੀ ਲੋਚਾ ਪੂਰੀ ॥
ਮਿਠਜਾਈ ਮੁਖ ਹਰਿ ਹਰਿ ਬੋਲੈ, ਤਾ ਮਨਰਹੈ ਹਦੂਰੀ ॥
ਮੇਵਾ ਮਿਲਨ ਸੰਤਨ ਕਾ ਕਹੀਏ, ਸਤ ਕੇ ਬਾਗੇ ਜੋੜੇ[1] ॥

[1]ਸੱਚ ਬੋਲਣਾ ਪੁਸ਼ਾਕਿਆਂ ਦੇ ਜੋੜੇ ਹਨ।

ਖਾਵਨ[1] ਖਾਇ ਅਘਾਵੈ[2] ਨਾਨਕ, ਜਉ ਬਿਖ ਤੈ[3] ਮਨ ਮੋੜੇ ॥

[1]ਖਾਣਿਆਂ ਨੂੰ। [2]ਰੱਜ ਜਾਈਦਾ ਹੈ। [3]ਵਿਸ਼ਿਆਂ ਤੋਂ।

ਚੌਪਈ:
ਐਸੇ ਐਸੇ ਸ਼ਬਦ ਘਨੇਰੇ।

ਸੁਨਿ ਸਾਲਸ ਭੌ ਮੋਦ ਬਧੇਰੇ।
ਦਰਸ ਪਰਸ ਕਰਿ ਭੌ ਬਡ ਭਾਗਾ।
ਗੁਰੁ ਕਿਰਪਾ ਉਪਜਜੋ ਵੈਰਾਗਾ ॥ ੮੬ ॥
ਪਾਇ ਬਿਬੇਕ ਗਜਾਨ ਬਿਗਜਾਨਾ।
ਭਜੋ ਬ੍ਰਹਮ ਗਜਾਨੀ ਸੁਖ ਮਾਨਾ।
ਨਾਮ ਅਧਰਕਾ ਤਾਹਿ ਗੁਲਾਮੂ[1]। [1]ਨੌਕਰ।
ਬੁੱਧਿ ਸੁੱਧ ਕਾ ਥਾ ਵਹਿ ਧਾਮੂ[1] ॥ ੮੭ ॥ [1]ਉਹ ਚੰਗੀ ਬੁੱਧੀ ਦਾ ਘਰ ਸੀ।
ਗੁਰੁ ਕਿਰਪਾ ਕਾ ਭਾ ਅਧਿਕਾਰੀ।
ਲੋਗਨ ਕੀ ਸ਼ਰਧਾ ਪਿਖਿ ਭਾਰੀ।
ਤਾ ਕੋ ਸਤਿਗੁਰੁ ਦੈ ਨਿਜ ਬਾਨਾ[1]। [1]ਭੇਖ, ਪੁਸ਼ਾਕਾ।
ਛੋਰਜੋ ਕਰਿ ਮਹੰਤ ਤਿਸ ਥਾਨਾ ॥ ੮੮ ॥
ਬਹੁ ਦਿਨ ਰਹਿ ਤਹਿ ਪੁਨਾ ਮੁਕੰਦਾ।
ਲੀਨ ਬੰਗਾਲ ਦੇਸ ਕਾ ਫੰਦਾ[1]। [1]ਰਸਤਾ।
ਭਾਗਲ ਪੁਰ[1] ਮੁਗੇਰ[2] ਤੇ ਆਦੂ। [1]ਬਿਹਾਰ ਪ੍ਰਾਂਤ ਦੇ ਜ਼ਿਲ੍ਹੇ ਦਾ ਪ੍ਰਧਾਨ ਨਗਰ। [2]ਮੁੰਗੇਰ=ਬੰਗਾਲ ਪ੍ਰਾਂਤ ਦਾ ਇਕ ਨਗਰ।
ਉਤਰਤਿ ਗਏ ਮੁਰਸ਼ਦਾ ਬਾਦੂ[1] ॥ ੮੯ ॥ [1]ਭਗੀਰਥੀ ਦੇ ਕਿਨਾਰੇ ਵੱਸਿਆ ਇਕ ਨਗਰ।
ਲੋਗ ਮੁਰੀਦ ਬਨੇ ਸਭ ਥਾਈਂ।
ਗਏ ਗੁਰੂ ਚਲ ਜਹਾਂ ਜਹਾਂ ਈ।
ਦੇਸ ਕਾਮਰੂ[1] ਢਾਕੇ[2] ਸ਼ਹਿਰ। [1]ਕਾਮ ਰੂਪ=ਆਸਾਮ ਦੇਸ਼ ਵਿੱਚ ਪੂਰਬੀ ਬੰਗਾਲ ਦਾ ਭੂਟਾਨ ਦੀ ਸਰਹੱਦ ਉਪਰ ਇਕ ਜ਼ਿਲ੍ਹਾ ਅਤੇ ਉਸ ਦੇ ਆਸ-ਪਾਸ ਦਾ ਇਲਾਕਾ। [2]ਪੂਰਬੀ ਬੰਗਾਲ (ਪੂਰਬੀ ਪਾਕਿਸਤਾਨ) ਦੀਰਾਜਧਾਨੀ।
ਪਰੀ ਧੂੰਮ ਸੁਨਿ ਗੁਰ ਕਾ ਬਹਿਰ[1] ॥ ੯੯ ॥ [1]ਆਉਣਾ। (ਅ) ਬਾਣੀ ਦਾ ਉਪਦੇਸ਼।
ਰੂਪ ਔਰਤੋਂ ਪਰ ਬਹੁ ਅਹੈਂ।
ਕਾਮਰੂਪ ਯਾਹੀ ਤੇ ਕਹੈਂ।
ਪੁਰਖ ਕੁਰੂਪ ਰੁਜੀ[1] ਬਹੁ ਹੋਵਤਿ। [1]ਰੋਗੀ।
ਇਸ ਦਿਸ ਕੇ ਨਰ ਕੋ ਜਬਿ ਜੋਵਤਿ[1] ॥ ੯੦ ॥ [1]ਦੇਖਦੀਆਂ ਹਨ।
ਤਬੈ ਨਾਰਿ ਵਹਿ ਮੋਹਤਿ ਹ੍ਵੈ ਕੈ।
ਜੰਤਰ ਮੰਤਰ ਤੰਤਰ ਕੈ ਕੈ।
ਹਾਵ ਭਾਵ[1] ਬਹੁ ਦਾਵ[2] ਦਿਖੈ ਹੈਂ। [1]ਦਿਲ ਭਰਮਾਉਣ ਲਈ ਕੀਤੀ ਗਈ ਅੰਗਾਂ ਦੀ ਹਿਲਜੁਲ। [2]ਦਾਅ, ਛਲ।
ਪੁਰਖ ਤਈਂ ਨਿਜ ਬਸਿ ਕਰਿ ਲੈ ਹੈਂ ॥ ੯੧ ॥

ਜੋ ਨਰ ਤਾਂ ਕੀ ਮਾਨਤ ਨਾਹੀ।
ਬਦਲ ਕਲੇਵਰ[1] ਰਾਖਹਿਂ ਪਾਹੀ[2]।
ਜਬਿ ਗੁਰੁ ਸਹਿ[1] ਬਾਲੇ ਮਰਦਾਨੇ।
ਦੇਸ ਕਾਮਰੂ ਵੀਚ ਪਜਾਨੇ[1] ॥ ੯੨ ॥
ਗਜੋ ਮਰਦਾਨਾ ਗਾਉਂ[1] ਮਝਾਰੀ।
ਮੇਂਢਾ[1] ਕਰਿ ਲੀਨੋ ਇਕ ਨਾਰੀ।
ਪੁਨ ਗੁਰ ਬਾਲੇ ਦਿਸ ਜਬਿ ਆਈਆਂ।
ਸਬਿ ਹੀ ਕੁੱਤੀ ਗਧੀ ਬਨਾਈਆਂ ॥ ੯੩ ॥
ਕਾਮਨਿ[1] ਕਾਮਨ[2] ਕਰੇ ਅਪਾਰੇ।
ਨਿਫਲ ਭਏ ਜਜੋਂ ਭੂਤ ਅੰਗਾਰੇ[1]।
ਮਰਦਾਨਾ ਗੁਰਿ ਨਰ ਕਰਿ ਲੀਨਾ[1]।
ਤਿਨ* ਕੇ ਮੰਤ੍ਰ ਭਏ ਸਭਿ ਹੀਨਾ[1] ॥ ੯੪ ॥

[1]ਸ਼ਰੀਰ। [2]ਕੋਲ, ਪਾਸ।

[1]ਸਣੇ।

[1]ਗਏ।

[1]ਪਿੰਡ।

[1]ਭੇਡੂ।

[1]ਇਸਤ੍ਰੀਆਂ ਨੇ। [2]ਟੂਣੇ।

[1]ਭੂਤਾਂ ਦੀ ਅੱਗ ਦੇ ਅੰਗਿਆਰ।

[1]ਮਨੁੱਖ ਬਣਾ ਲਿਆ।

[1]ਨਿਸਫਲ। *ਇਸ ੯੪ ਨੰ: ਅੰਕ ਦੀ ਚੌਥੀ ਤੁਕ 'ਤਿਨ ਕੇ ਮੰਤ੍ਰ ਭਏ ਸਭ ਹੀਨਾ' ਤੋਂ ਇਸੇ ਹੀ ਬਿਸ੍ਰਾਮ ਦੇ ਅੰਕ ਨੰ: ੧੨੫ ਦੀ ਚੌਥੀ ਤੁਕ 'ਯਾ ਤੇ ਸੁਧ ਹੋਇ ਤੁਮ ਧਰਮਾ'। ਤੱਕ ਦੀ ਸਾਰੀ ਰਚਨਾ ਜੋ ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ਪੰਨਾ ੮੫ ਤੋਂ ੯੮ ਤੱਕ ਚਾਰ ਸਫ਼ਿਆਂ ਵਿੱਚ ਛਪੀ ਹੋਈ ਹੈ, ਗਿ: ਗਿਆਨ ਸਿੰਘ ਜੀ ਦੀ ਕ੍ਰਿਤ ਨਹੀਂ ਸਗੋਂ ਘਸੀਟਾ ਸਿੰਘ ਕਵੀਸ਼ਰ ਲਾਹੌਰ ਦੀ ਰਚਨਾ ਹੈ ਜੋ ਪੂਰਬਾਰਧ ਦੀ ਸਾਰੀ ਆਖੇਪ ਰਚਨਾ ਦਾ ਲੇਖਕ ਹੈ। ਇਸ ਰਚਨਾ ਦੇ ਆਖੇਪ ਹੋਣ ਦੇ ਹੇਠ ਲਿਖੇ ਕਾਰਨ ਹਨ: (੧) ਇਨ੍ਹਾਂ ਚਹੁੰ ਸਫ਼ਿਆਂ ਵਿਚ ਆਖੇਪਕਾਰ ਨੇ ਕਈ ਛੰਦ ਬਦਲੇ ਹਨ ਪਰ ਛੰਦ ਨੰਬਰ ਕਿਸੇ ਦਾ ਵੀ ਨਹੀਂ ਦਿੱਤਾ। (੨) ਪੰਨਾ ੮੮ ਦੇ ਅਖ਼ੀਰ ੪੨ ਨੰ: ਚੌਪਈ ਚਲਦੀ ਹੈ ਪਰ ਜਦ ੮੯ ਦੇ ਪੰਨੇ ਤੋਂ ਅਸਲ ਰਚਨਾ ਅਰੰਭ ਹੁੰਦੀ ਹੈ ਤਾਂ ਲਲਤ ਪਦ ਛੰਦ ਚਲ ਰਿਹਾ ਹੈ ਜੋ ਅਸਲ ਰਚਨਾ ਵਿੱਚ ੮੮ ਪੰਨੇ ਤੋਂ ਹੀ ਸ਼ੁਰੂ ਹੋਇਆ ਜਾਪਦਾ ਹੈ। ਆਖੇਪਕਾਰ ਨੇ ਚੌਪਈ ਲਿਖਦਿਆਂ ਹੀ ੮੮ ਪੰਨਾ ਮੁਕਾ ਲਿਆ ਹੈ। ਕਾਹਲੀ ਵਿੱਚ ਛੰਦ ਮੇਲਣਾ ਹੀ ਭੁੱਲ ਗਿਆ ਹੈ। ਅਸਲ ਕਵਿਤਾ ਵਿੱਚ ਪੰਨਾ ੯੦ ਤੇ ਅੰਕ ਨੰ: ੫੪ ਮੁਕਦਾ ਹੈ, ਜਿਸ ਦਾ ਮਤਲਬ ਹੈ ਕਿ ਇਨ੍ਹਾਂ ਆਖੇਪ ਹੋਇਆਂ ਚਾਰ ਸਫ਼ਿਆਂ ਦੀ ਅਸਲ ਰਚਨਾ ਵਿੱਚ ਕਵੀ ਜੀ ਨੇ ੧੨ ਛੰਦ ਬਦਲੇ ਸਨ। ੩. ਇਨ੍ਹਾਂ ਚਹੁੰ ਸਫ਼ਿਆਂ ਦੀ ਲਿਖਤ ਵੀ ਅਸਲ ਰਚਨਾ ਦੀ ਲਿਖਤ ਤੋਂ ਬਿਲਕੁਲ ਵੱਖਰੀ ਦਿੱਸਦੀ ਹੈ ਜੋ ਇਸ ਦੇ ਆਖੇਪ ਹੋਣ ਦਾ ਪ੍ਰਤੱਖ ਸਬੂਤ ਹੈ। ੪. ਇਨ੍ਹਾਂ ਚੋਹਾਂ ਹੀ ਸਫ਼ਿਆਂ ਦੇ ਉਪਰ ਹਾਸ਼ੀਏ ਦੇ ਬਾਹਰਵਾਰ ਖੱਬੇ ਪਾਸੇ (ਪੂ:) ਜਿਸ ਦਾ ਭਾਵ ਹੈ ਪੂਰਬਾਰਧ ਅਤੇ ਸੱਜੇ ਪਾਸੇ (ਪੰ:) – ਜਿਸ ਦਾ ਭਾਵ ਹੈ ਪੰਥ ਪ੍ਰਕਾਸ਼ ਛਪਿਆ ਹੋਇਆ ਹੈ।

ਅਜਿਹੀ ਲਿਖਤ ਪਿਛਲੇ ਆਏ ਅਸਲ ਰਚਨਾ ਦੇ ਕਿਸੇ ਵੀ ਪੰਨੇ ਉੱਪਰ ਨਹੀਂ।

ਦੋਹਰਾ:
ਤਿਸੀ ਨਾਰਿ ਕੇ ਸੀਸ ਪਰ,
ਭਰਾ ਕੁੰਭ[1] ਜਲ ਸਾਥ। [1]ਘੜਾ।
ਉਤਰੇ ਨਹਿਰਚ ਪਚਰਹੀ[1], [1]ਯਤਨ ਕਰ ਕੇ ਹਾਰ ਰਹੀ।
ਚਿਪਟ ਗਯੋ ਸੰਗਿ ਮਾਥ[1] ॥ ੯੫ ॥ [1]ਸਿਰ ਨਾਲ ਚਿੰਬੜ ਗਿਆ।

ਸ੍ਵੈਯਾ:
ਦੇਸ ਬੰਗਾਲ ਮੈ ਰਾਜਤ ਹੈ[1], [1]ਬਿਰਾਜਦੀ ਹੈ।
ਇਕ ਨੂਰ ਸ਼ਹਾ ਸਭ ਨਾਰਿਨ ਰਾਨੀ।
ਤਾਹਿਂ ਪੈ ਜਾਇ ਪੁਕਾਰ ਕਰੀ,
ਇਕ ਆਇਓ ਫਕੀਰ ਬਡਾ ਇਲਮਾਨੀ[1]। [1]ਆਲਮ, ਵਿਦਵਾਨ।
ਬਾਤ ਸੁਨੀ ਮਨ ਮਾਹਿ ਗੁਨੀ,
ਨਾਰਿ ਚੁਨੀ ਜੋਊ ਟਾਮਨ ਠਾਨੀ[1]। [1]ਟੂਣੇ ਕਰਨ ਵਾਲੀਆਂ।
ਢੋਲ ਬਜਾ ਕੋਊ ਭੀਤ[1] ਦੁੜਾ, [1]ਕੰਧ।
ਮੁਖ ਆਗ ਦਿਖਾ ਸਭਿ ਹਾਰ ਹਿਰਾਨੀ ॥ ੯੬ ॥

ਦੋਹਰਾ:
ਬਿਟਪ[1] ਚੜੀ ਮ੍ਰਿਗ ਛਾਲ ਪੈ, [1]ਦਰੱਖ਼ਤਾਂ ਉਪਰ।
ਜੰਤ੍ਰ ਤੰਤ੍ਰ ਸਭਿ ਲੀਨ।
ਪਚਿ ਹਾਰੀ[1] ਬਸ ਨਹਿ ਚਲੇ, [1]ਹਾਰ ਕੇ ਕੁੜ੍ਹਦੀਆਂ ਹਨ।
ਨੂਰ ਸ਼ਾਹਿ ਰਿਸ[1] ਕੀਨ ॥ ੯੭ ॥ [1]ਕ੍ਰੋਧ।

ਕਬਿੱਤ:
ਚਲੀ ਤਬਿ ਆਪ ਮਨ ਭਯੋ ਸੰਤਾਪ,
ਦੇਖੋਂ ਕੈਸੋ ਯਿਹ ਫਕੀਰ ਦੇਸ ਹਮਰੇ ਮੈ ਆਇਓ ਹੈ।
ਮੰਤ੍ਰ ਮੁਖਿ ਪੜ੍ਹੇ ਬੈਠੀ ਜਾਇ ਊਚੇ ਥੜੇ,
ਹਾਥ ਕੀਨ ਦੋਊ ਖੜੇ ਬਲੁ ਕਛੁ ਨ ਬਸਾਇਓ ਹੈ[1]। [1]ਕੋਈ ਵੀ ਜ਼ੋਰ ਨ ਚਲਿਆ।
ਭਈ ਮਨ ਹੀਨ[1] ਗੁਰ ਮਹਿਮਾ ਕੋ ਚੀਨਿ, [1]ਟੁੱਟੇ ਮਨ ਵਾਲੀ।
ਹਾਥ ਜੋਰ ਕੈ ਅਧੀਨ ਸਿਰਿ ਚਰਨ ਨਿਵਾਯੋ ਹੈ।
ਪਹੁੰਚੀ ਗੁਰੁ ਪਾਇ[1] ਹਾਥ ਜੋਰ ਕੈ ਸੁਨਾਇ, [1]ਪਾਸ।
ਬਾਤ ਸੁਨੋ ਜਗਰਾਇ ਹਮੈਂ ਦਾਸੀ ਕੋ ਬਚਾਇਓ ਹੈ

॥ ੯੮ ॥
ਦੋਹਰਾ:
ਨੂਰ ਸ਼ਾਹਿ ਸੰਗ ਨਾਰਿ ਲੈ,
ਠਾਂਢੀ ਸਤਿਗੁਰ ਤੀਰ।
ਘੜਾ ਉਤਾਰੋ ਗੁਰੂ ਜੀ,
ਅਬ ਹਮ ਭਈ ਅਧੀਰ[1] ॥ ੯੯ ॥ [1]ਵਿਆਕੁਲ।
ਬਾਰ ਬਾਰ ਬਿਨਤੀ ਕਰੇ,
ਰਹੀ ਚਰਨ ਲਪਟਾਇ।
ਬਖਸ਼ੋ ਹਮਰੀ ਚੂਕ[1] ਗੁਰੁ, [1]ਗ਼ਲਤੀ, ਭੁੱਲ।
ਦਾਸੀ ਕਰੋ ਸਹਾਇ ॥ ੧੦੦ ॥
ਕਬਿੱਤ:
ਜੈਸੇ ਤੀਰ ਪਾਹਨ ਕੋ ਸਾਂਪ ਖਗ ਨਾਹਨ ਕੋ,
ਸਿਆਰ ਮ੍ਰਿਗਰਾਇਨ ਕੋ, ਚਾਹੇ ਬਲ ਧਾਰਿਆ[1]। [1]ਜਿਵੇਂ ਤੀਰ ਪੱਥਰ ਨੂੰ, ਸੱਪ ਗਰੁੜ ਨੂੰ, ਗਿੱਦੜ ਸ਼ੇਰ ਨੂੰ ਬਲ ਧਾਰ ਕੇ (ਮਾਰਨਾ) ਚਾਹੇ।
ਜੈਸੇ ਸੂਰ ਧਾਮ ਗਰਬਾਤ ਕਰੈ ਦੀਆ ਜੋਤ[1], [1]ਜਿਵੇਂ ਘਰ ਦੇ ਦੀਵੇ ਦੀ ਜੋਤ ਸੂਰਜ ਅੱਗੇ ਹੰਕਾਰ ਕਰੇ।
ਜੈਸੇ ਧਨ ਹੀਨ ਚਾਹੇ, ਰਾਜ ਭੋਗ ਸਾਰਿਆ।
ਜੈਸੇ ਚੀਟੀ[1] ਸਾਗਰ[2] ਕੇ ਪਾਰ ਜੈਬੋ ਚਾਹੇ ਚਿਤਿ, [1]ਕੀੜੀ। [2]ਸਮੁੰਦਰ।
ਪਿੰਗਲਾ ਸੁਮੇਰ ਕੇ ਸਿਖਰ ਮੈ ਉਤਾਰਿਆ[1]। [1]ਉਤਰਨਾ ਭਾਵ ਪਹੁੰਚਣਾ ਚਾਹੇ।
ਤੈਸੋ ਗੁਰਦੇਵ ਪਾਰਬ੍ਰਹਮ ਜਗਦੀਸ ਆਗੈ,
ਕਾਮਰੂ ਕੀ ਨਾਰਿ ਚਾਹੇਂ ਜਾਦੂ ਕੋ ਬਿਥਾਰਿਆ
॥ ੧੦੧ ॥
ਦੋਹਰਾ:
ਤ੍ਰਾਹਿ ਤ੍ਰਾਹਿ[1] ਕਰ ਕਾਂਪਤੀ, [1]ਰੱਖਿਆ ਕਰੋ, ਰੱਖਿਆ ਕਰੋ।
ਬਖਸ਼ੋ ਦੀਨ ਦਿਯਾਲ।
ਹਮ ਦਾਸੀ ਨਿਜ ਜਾਨ ਗੁਰੁ,
ਦੀਜੈ ਚਰਨ ਰੁਆਲ[1] ॥ ੧੦੨ ॥ [1]ਚਰਨ ਧੂੜ।
ਚੌਪਈ:
ਤਬ ਸਤਿਗੁਰ ਮਨ ਨਿਰਮਲ ਜਾਨੀ।
ਕਹਿਓ ਸ਼ਬਦ ਸੂਹੀ ਮੈ ਠਾਨੀ[1]। [1]ਬਣਾ ਕੇ, ਉਚਾਰ ਕੇ।
ਸੁਨੋ ਨੂਰ ਸ਼ਾਹ ਵਾਕ ਹਮਾਰਾ।

ਸਤਿਨਾਮ ਸਭਿ ਕਸ਼ਟ ਨਿਵਾਰਾ ॥ ੧੦੩ ॥

ਸ੍ਰੀ ਮੁਖ ਵਾਕ

ਰਾਗ ਸੂਹੀ ਮਹਲਾ ੧ ਕੁਚਜੀ ॥

ਮੰਞ ਕੁਚਜੀ[1] ਅਮਾਵਣਿ ਡੋਸੜੇ[2], ਹਉ ਕਿਉ ਸਹੁਰਾਵਣਿ ਜਾਉ ਜੀਉ ॥

[1]ਮੈਂ ਖੋਟੇ ਢੰਗਾਂ ਵਾਲੀ ਹਾਂ। [2](ਮੇਰੇ ਵਿੱਚ) ਗਿਣਤ ਤੋਂ ਰਹਿਤ ਦੋਸ਼ ਹਨ।

ਇਕ ਦੂ ਇਕਿ ਚੜੰਦੀਆ, ਕਉਨੁ ਜਾਣੈ ਮੇਰਾ ਨਾਉ ਜੀਉ ॥

ਜਿਨ੍ਹੀ ਸਖੀ ਸਹੁਰਾਵਿਆ, ਸੇ ਅੰਬੀ ਛਾਵੜੀਏਹਿ[1] ਜੀਉ ॥

[1]ਅੰਬਾਂ ਦੀ ਛਾਂ (ਵਾਂਗ ਸੁਖਦਾਈ)।

ਸੇ ਗੁਣ ਮੰਞੁ ਨ ਆਵਨੀ, ਹਉ ਕੈ ਜੀ ਦੋਸ ਧਰੇਉ ਜੀਉ ॥

ਕਿਆ ਗੁਣ ਤੇਰੇ ਵਿਥਰਾ[1], ਹਉ ਕਿਆ ਕਿਆ ਘਿਨਾ[2] ਤੇਰਾ ਨਾਉ ਜੀਉ ॥

[1]ਵਿਸਥਾਰ ਨਾਲ ਕਹਾਂ। [2]ਲਵਾਂ।

ਇਕਤੁ ਟੋਲਿ ਨ ਅੰਬੜਾ[1], ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥

[1](ਤੇਰੇ) ਇਕ ਪਦਾਰਥ ਦੇ (ਬਰਾਬਰ ਵੀ) ਨਹੀਂ ਪੁੱਜ ਸਕਦੀ।

ਸੁਇਨਾ ਰੁਪਾ[1] ਰੰਗੁਲਾ[2], ਮੋਤੀ ਤੈ ਮਾਣਿਕੁ ਜੀਉ ॥

[1]ਚਾਂਦੀ। [2]ਅਨੰਦ ਦੇਣ ਵਾਲੇ।

ਸੈ ਵਸਤੂ ਸਹਿ ਦਿਤੀਆ, ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥

ਮੰਦਰ ਮਿਟੀ ਸੰਦੜੇ[1], ਪਥਰ ਕੀਤੇ ਰਾਸਿ[2] ਜੀਉ ॥

[1]ਮਿੱਟੀ ਦੇ ਮੰਦਰ ਭਾਵ ਸ਼ਰੀਰ। [2](ਖੁਰਾਕਾਂ ਜਾਂ ਦਵਾਈਆਂ ਦੇ) ਪੱਥਰ ਲਾ ਕੇ ਪੱਕੇ ਕੀਤੇ ਹਨ।

ਹਉ ਏਨੀ ਟੋਲੀ[1] ਭੁਲੀਅਸੁ, ਤਿਸੁ ਕੰਤ ਨ ਬੈਠੀ ਪਾਸਿ ਜੀਉ ॥

[1]ਇਨ੍ਹਾਂ ਪਦਾਰਥਾਂ ਵਿੱਚ।

ਅੰਬਰਿ ਕੂੰਜਾ ਕੁਰਲੀਆ, ਬਗ ਬਹਿਠੇ ਆਇ[1] ਜੀਉ ॥

[1]ਸਿਰ ਰੂਪ ਅਕਾਸ਼ ਤੋਂ ਕਾਲੇ ਕੇਸਾਂ ਦੀਆਂ ਕੂੰਜਾਂ ਬੋਲ ਕੇ (ਚਲੀਆਂ ਗਈਆਂ), ਚਿੱਟੇ ਕੇਸਾਂ ਰੂਪ ਬਗਲੇ ਆ ਬੈਠੇ ਹਨ ਭਾਵ ਬੁਢੇਪਾ ਆ ਗਿਆ ਹੈ।

ਸਾ ਧਨ[1] ਚਲੀ ਸਾਹੁਰੈ[2], ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥

[1]ਉਹ ਜੀਵ ਰੂਪ ਇਸਤ੍ਰੀ। [2]ਪ੍ਰਲੋਕ।

ਸੁਤੀ ਸੁਤੀ ਝਾਲੁ ਥੀਆ[1], ਭੁਲੀ ਵਾਟੜੀਆਸੁ ਜੀਉ ॥

[1]ਕਾਲ ਰੂਪ ਸਵੇਰਾ ਹੋ ਗਿਆ ਹੈ।

ਤੈ ਸਹ ਨਾਲਹੁ ਮੁਤੀਅਸੁ[1], ਦੁਖਾ ਕੂੰ ਧਰੀਆਸੁ[2] ਜੀਉ ॥
ਤੁਧੁ ਗੁਣ ਮੈ ਸਭਿ ਅਵਗਣਾ, ਇਕ ਨਾਨਕ ਕੀ ਅਰਦਾਸਿ ਜੀਉ ॥
ਸਭਿਰਾਤੀ[1] ਸੋਹਾਗਣੀ, ਮੈ ਦੋਹਾਗਣਿ ਕਾਈਰਾਤਿ[2] ਜੀਉ ॥੧॥
(ਪੰਨਾ ੭੬੨)

[1]ਛੁਟੜ ਹੋ ਰਹੀ ਹਾਂ। [2]ਧਾਰਨ ਕਰ ਰਹੀ ਹਾਂ ਭਾਵ ਭੋਗ ਰਹੀ ਹਾਂ।

[1]ਰਾਤਾਂ। [2]ਮਿਲਾਪ ਰੂਪ ਰਾਤ।

ਦੋਹਰਾ:
ਨੂਰ ਸ਼ਾਹਿ ਤਬ ਜਾਣਿਆ,
ਯੇਹ ਪੂਰਨ ਹੈਂ ਸੰਤ।
ਤੰਤੁ ਮੰਤੁ ਹਮ ਸਭਿ ਕਰੇ,
ਭਏ ਛੂਛ[1] ਪੁਨ ਅੰਤ ॥੧੦੪॥

[1]ਨਿਸਫਲ।

ਚੌਪਈ:
ਤਬ ਸਤਿਗੁਰ ਮੁਖ ਗਿਰਾ ਅਲਾਈ।
ਵਾਹਿਗੁਰੂ ਕਹਿ ਲੇਹ ਉਤਰਾਈ।
ਜਬਿ ਇਕ ਨਾਰਿ ਵਾਹਿਗੁਰੂ ਬੋਲੀ।
ਸਿਰ ਤੇ ਘਟ ਉਤਰਾਇ ਅਡੋਲੀ ॥੧੦੫॥
ਦੇਖ ਅਚੰਭੇ ਭੀ ਸਭਿ ਨਾਰੀ।
ਭਈ ਮਗਨ ਸਭਿ ਬਲ ਤੇ ਹਾਰੀ।
ਤਬੀ ਉਪਾਇਨ[1] ਆਗੇ ਧਰੀ।
ਭੂਖਨ ਬਸਨ ਜਰਾਉ ਜਰੀ[1] ॥੧੦੬॥

[1]ਭੇਟਾ।

[1]ਜੜਾਊ ਗਹਿਣੇ ਤੇ ਜ਼ਰੀ ਦੇ ਬਸਤ੍ਰ।

ਲੀਜੈ ਭੇਟ ਖਤਾ[1] ਭਈ ਹਮ ਤੇ।
ਬਖਸ਼ਨ ਹਾਰ ਬਡੇ ਤੁਮ ਸਭਿ ਤੇ।
ਅਬਿ ਹੀ ਤੇ ਸੁਨਿ ਸੁਆਮੀ ਗੁਰ ਬਰ[1]।
ਸੰਤਨ ਸੰਗ ਨ ਕਰਿ ਹੈਂ ਸਰਬਰ[1] ॥੧੦੭॥

[1]ਗ਼ਲਤੀ, ਭੁੱਲ।

[1]ਹੇ ਸ੍ਰੇਸ਼ਟ ਗੁਰੂ ਜੀ।

[1]ਬਰਾਬਰੀ।

ਭਈ ਦੀਨ ਜਬਿ ਸਤਿਗੁਰ ਜਾਨੀ।
ਚਰਨ ਪਾਹੁਲੀ ਦੀ ਗਤਿ ਦਾਨੀ।
ਧਰਮ ਸਾਲ ਰਚਿ ਦੀਨਸ ਜਬੈ।
ਨਾਮੁ ਜਪਾਵਨ ਕੀਨਸ ਤਬੈ ॥੧੦੮॥
ਸੰਤ ਸਾਧ ਆਵਹਿ ਜਬਿ ਤੁਹਿ ਘਰ।

ਆਦਰੁ ਕਰੁ ਅਹਾਰੁ ਦੇਹੁ ਤਤ ਬਰ[1] ॥੧੦੯॥

[1]ਤਦੋਂ ਚੰਗਾ ਭੋਜਨ ਦਿਉ।

ਦੋਹਰਾ:

ਹਾਥ ਜੋਰ ਬਿਨਤੀ ਕਰੈਂ,
ਸੁਨੋ ਸ੍ਰੀ ਗੁਰਦੇਵ।
ਹਮ ਮਤਿ ਮੰਦ ਉਧਾਰ ਹਿਤ,
ਕਰੋ ਬਤਾਵਨ ਭੇਵ ॥੧੧੦॥

ਚੌਪਈ:

ਸ੍ਰੀ ਮੁਖ ਤੇ ਗੁਰੁ ਸਬਦ ਉਚਾਰਾ।
ਆਪਾ ਖੋਵਨ ਸਤਿ ਬਿਉਹਾਰਾ[1]।
ਜਿਨ ਮੇਂਢਾ ਮਰਦਾਨਾ ਕੀਆ।
ਇਕ ਸਲੋਕ ਗੁਰੁ ਤਿਸ ਕੋ ਦੀਆ ॥੧੧੧॥

[1]ਅਪਣੱਤ ਮੇਟਣੀ ਸੱਚਾ ਕਰਤੱਬ ਹੈ।

*ਸਲੋਕ

*ਇਹ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹੈ।

ਕੱਲਰ ਕੀ[1] ਵਣਜਾਰੀਆ, ਝੁੰਗੇ[2] ਮੁਸ਼ਕ[3] ਮੰਗੇਣ ॥
ਅਮਲਾਂ ਬਾਝੋਂ[1] ਨਾਨਕਾ, ਕਿਉਂ ਕਰਿ ਕੰਤ ਮਿਲੇਣ ॥੧॥

[1]ਵਿਸ਼ਿਆਂ ਰੂਪ ਕੱਲਰ ਦੀਆਂ। [2]ਰੁੰਗੇ ਵਿੱਚ। [3]ਭਗਤੀ ਰੂਪ ਸੁਗੰਧੀ।

[1]ਚੰਗੇ ਕਰਮਾਂ ਤੋਂ ਬਿਨਾਂ।

*ਮਹਲਾ ੧ ॥

*ਇਹ ਸ਼ਲੋਕ ਸ੍ਰੀ ਰਾਗ ਦੀ ਵਾਰ ਵਿੱਚ ਪੰਨਾ ੮੫ 'ਤੇ ਹੈ।

ਗਲੀ ਅਸੀ ਚੰਗੀਆ, ਆਚਾਰੀ[1] ਬੁਰੀਆਹ ॥
ਮਨਹੁ ਕੁਸੁਧਾ[1] ਕਾਲੀਆ, ਬਾਹਰਿ ਚਿਟਵੀਆਹ ॥
ਰੀਸਾ ਕਰਹਿ ਤਿਨਾੜੀਆ, ਜੋ ਸੇਵਹਿ ਦਰੁ ਖੜੀਆਹ ॥
ਨਾਲਿ ਖਸਮੈ ਰਤੀਆ[1], ਮਾਣਹਿ ਸੁਖਿ ਰਲੀਆਹ[2] ॥
ਹੋਦੈ ਤਾਣਿ ਨਿਤਾਣੀਆ, ਰਹਹਿ ਨਿਮਾਨਣੀਆਹ ॥
ਨਾਨਕ ਜਨਮੁ ਸਕਾਰਥਾ[1], ਜੇ ਤਿਨ ਕੈ ਸੰਗਿ ਮਿਲਾਹ ॥੨॥

[1]ਕਰਤੱਬਾਂ ਕਰਕੇ।

[1]ਅਪਵਿੱਤ੍ਰ।

[1]ਰੰਗੀਆਂ ਹੋਈਆਂ। [2]ਖੁਸ਼ੀਆਂ।

[1]ਸਫਲਾ।

ਦੋਹਰਾ:

ਸ੍ਰੀ ਗੁਰੁ ਸਬਦ ਉਚਾਰ ਬਹੁ,

ਸਕਲ ਮਿਟਾਇਆ ਭਰਮ।
ਦੁਕ੍ਰਿਤ ਕਰਮ[1] ਤਜਾਗ ਕੇ, [1]ਖੋਟੇ ਕਰਮ।
ਪਾਇਓ ਮਾਰਗ ਧਰਮ ॥ ੧੧੨ ॥
ਕਬਿੱਤ:
ਦੀਨੀ ਹੈ ਸੁਮੱਤ ਗੁਰੁ ਕਾਟੀ ਹੈ ਕੁਮੱਤ,
ਤਿਨ ਪਾਈ ਹੈ ਭਗਤਿ ਜਗਦੀਸ ਗੁਰ ਦੇਵ ਕੀ।
ਰਚੀ ਹੈ ਧਰਮ ਸਾਲ ਕੀਰਤ ਬਿਸਾਲ ਜਗ,
ਆਵੈ ਨਰ ਬਾਲ[1] ਪ੍ਰਸ਼ਾਦਿ ਪਾਵੇ ਸੇਵਕੀ[2]। [1]ਇਸਤ੍ਰੀਆਂ। [2]ਭੋਜਨ ਛਕਦੇ ਤੇ ਸੇਵਾ ਕਰਦੇ ਹਨ।
ਸ਼ਬਦ ਸ਼ਲੋਕ ਲੋਕ ਪੜ੍ਹਤਿ ਆਨੰਦ ਮਾਨ,
ਕੀਰਤਨ ਜੋੜ[1] ਤ੍ਰਿਹਾਵਲ[2] ਅਤੇਵ ਕੀ[3]। [1]ਜੋੜ ਮੇਲ ਹੁੰਦੇ ਹਨ। [2]ਕੜਾਹ ਪ੍ਰਸ਼ਾਦ। [3]ਬਹੁਤਾ ਕਰਦੇ ਹਨ।
ਕਛੂ ਕਾਲ ਰਹੇ ਫਿਰ ਅਨਤ[1] ਜਾਵੋ ਚਹੈਂ, [1]ਹੋਰ ਥਾਂ।
ਮਰਦਾਨਾ ਚਲਾ ਸਾਥ ਪਾਥ[1] ਮਿਲੀ ਫੌਜ ਦੇਵ ਕੀ[2] [1]ਰਸਤੇ ਵਿੱਚ। [2]ਦੇਵਾਂ (ਰਾਖਸ਼ਾਂ) ਦੀ।
॥ ੧੧੩ ॥
ਚੌਪਈ:
ਤਿਹਿਂ ਕੋ ਪਿਖ ਮਰਦਾਨਾ ਡਰਿਓ।
ਹਾਇ ਹਾਇ ਗੁਰ ਮੈਂ ਅਬਿ ਮਰਿਓ।
ਅਨਿਕ ਭਾਂਤਿ ਬਾਲੇ ਉਪਦੇਸਾ।
ਡਰੋ ਨਹੀਂ ਹਮ ਸੰਗਿ ਜਗਤੇਸਾ ॥ ੧੧੪ ॥
ਤਬਿ ਗੁਰੁ ਕਹਾ ਨ ਡਰ ਮਰਦਾਨਾ।
ਮਰਨ ਨ ਦੇਵੈਂ ਤੁਝ ਕੋ ਜਾਨਾ।
ਜਾਵੋ ਨਗਰ ਸਗਰ[1] ਫਿਰ ਆਵੋ। [1]ਸਾਰੇ ਸ਼ਹਿਰ ਵਿੱਚ।
ਕਰਿ ਆਹਾਰ ਮਨ ਕੋ ਤ੍ਰਿਪਤਾਵੋ ॥ ੧੧੫ ॥
ਮਰਦਾਨਾ ਕਹਿ ਜਰੋ[1] ਸੁ ਨਗਰਾ। [1]ਸੜ ਜਾਵੇ।
ਬਸੇ ਜਹਾਂ ਰਾਖਸ਼ ਕੁਲ ਸਗਰਾ।
[1]ਤਪਤ ਕਰਾਹੈ* ਜਿਸੈ ਉਬਾਰਾ। [1](ਬਾਲਾ ਕਹਿਣ ਲੱਗਾ ਹੈ)। *ਤਪੇ ਕੜਾਹੇ ਤੋਂ ਬਚਾਉਣ ਦਾ ਪ੍ਰਸੰਗ ਅਜੇ ਨਹੀਂ ਆਇਆ, ਉਹ ਅੱਗੇ ਇਸੇ ਬਿਸ੍ਰਾਮ ਦੇ ਅੰਕ ਨੰ: ੧੩੨-੩੩ ਵਿੱਚ ਆਵੇਗਾ।
ਅਬਿ ਭੀ ਰਾਖਾ ਵਹੀ ਤੁਮਾਰਾ ॥ ੧੧੬ ॥
[1]ਸੁਨਿ ਬਚ ਅਟਪਟ ਕਰਿ ਹੋ ਰੋਸੂ। [1](ਮਰਦਾਨਾ ਕਹਿਣ ਲੱਗਾ ਹੈ)।
ਖਾਵੈ ਰਾਕਸ਼ ਮਰੋਂ ਬਿਦੋਸੂ।
ਮਾਰੋ ਆਪ ਤੋ ਮੈ ਹੂੰ ਮਰੋਂ।

ਨਗਰ ਓਰ ਮੁਖ ਮੈਂ ਨਹੀ ਕਰੋਂ ॥ ੧੧੭ ॥
[1]ਮਰਦਾਨਾਂ ਤੂੰ ਦੇਖ ਤਮਾਸਾ। [1](ਗੁਰੂ ਜੀ ਕਹਿਣ ਲੱਗੇ ਹਨ)।
ਨਿਰੰਕਾਰ ਕਾਰਖ ਭਰਵਾਸਾ।
ਇਤਨੇ ਮੈਂ ਚੜ੍ਹ ਦੇਵ ਅਪਾਰਾ।
ਭੂਪਤ ਸੰਗਿ ਸੋ ਚੜ੍ਹੇ ਸ਼ਿਕਾਰਾ ॥ ੧੧੮ ॥
ਆਇ ਨਜ਼ੀਕ ਨਜ਼ਰ ਕਰਿ ਦੇਖਾ।
ਬੈਠੇ ਮਾਨੁਖ ਤੀਨ ਬਿਸੇਖਾ[1]। [1]ਖ਼ਾਸ, ਸ੍ਰੇਸ਼ਟ।
ਕਹੀ ਵਜੀਰੈਂ ਸੰਗਿ ਸੋਰਾਜੈ।
ਦੀਨ ਅਹਾਰ ਸ਼ਿਕਾਰ ਮਹਾਰਾਜੈ ॥ ੧੧੯ ॥
ਚਿਰੰਕਾਲ ਤੇ ਨਰ ਆਹਾਰਾ।
ਮਿਲਜੋ ਆਜ ਭੇਜਜੋ ਕਰਤਾਰਾ।
ਦੌਰਿ ਜਾਇ ਤੀਨੋ ਗਹਿ ਆਨੋ।
ਮਤ ਕਿਤ ਭਾਗੈਂ ਜਤਨ ਸੁ ਠਾਨੋ ॥ ੧੨੦ ॥
ਰਾਖਸ਼ ਤੀਨ ਦੌਰਿ ਤਤਕਾਲਾ।
ਗੁਰੁ ਨਾਨਕ ਮਰਦਾਨਾ ਬਾਲਾ।
ਜਹਿਂ ਠਾਂ ਬੈਠੇ ਦ੍ਰਿਸ਼ਟਿ ਨ ਪਰੈਂ।
ਭਏ ਅੰਧ ਰਾਜਾ ਕੋ ਰਰੈਂ[1] ॥ ੧੨੧ ॥ [1]ਕਹਿੰਦੇ ਹਨ।
ਪੁਨ ਵਜ਼ੀਰ ਕੋ ਪਠਵਾ[1] ਰਾਜੈ। [1]ਭੇਜਿਆ।
ਕਰਿ ਵਿਚਾਰ ਦੇਖੋ ਕਿਯਾ ਕਾਜੈ।
ਤਬਿ ਵਜ਼ੀਰ ਮਨਿ ਨਿੰਮ੍ਰੀ ਕੀਨੋ।
ਦੇਹੁ ਦਰਸ ਦਾਸ ਨਿਜ ਚੀਨੋ ॥ ੧੨੨ ॥
ਕਰਿ ਕਿਰਪਾ ਪ੍ਰਭ ਦਰਸ਼ਨ ਦੀਨੋ।
ਕਹੁ ਵਜੀਰ ਕਿਮ ਆਗਮ[1] ਕੀਨੋ ?। [1]ਆਉਣਾ।
ਪੁਨ ਵਜੀਰ ਰਾਜੈ ਉਪਦੇਸਾ[1]। [1]ਫੇਰ ਵਜ਼ੀਰ ਨੇ ਰਾਜੇ ਨੂੰ ਉਪਦੇਸ਼ ਦਿੱਤਾ।
ਚਰਨ ਗਹੇ[1] ਗੁਰੁ ਕਟੇ ਕਲੇਸਾ ॥ ੧੨੩ ॥ [1](ਰਾਜੇ ਨੇ ਆ ਕੇ) ਚਰਨ ਪਕੜ ਲਏ।
ਅਨਿਕ ਭਾਂਤਿ ਕੀ ਦੀਨੀ ਸਿੱਖਾ[1]। [1]ਸਿਖਿਆ।
ਸ਼ਬਦ ਸੁਣਾਇ ਸੁ ਮਨ ਮੈ ਲਿੱਖਾ[1]। [1]ਜੋ ਉਪਦੇਸ਼ ਗੁਰਾਂ ਸੁਣਾਇਆ ਉਹ ਰਾਜੇ ਨੇ ਮਨ 'ਚ ਲਿਖ ਲਿਆ।
ਛੋਡਿ ਅਹਿੰਸਾ ਮਿਲੈ ਅਹਾਰਾ[1]। [1]ਜੀਆਂ ਨੂੰ ਮਾਰਨਾ ਛੱਡੋ ਤੁਹਾਨੂੰ ਚੰਗਾ ਭੋਜਨ ਮਿਲੇਗਾ।
ਦੇਵ ਲੂਤ ਸਾਧੂ ਬ੍ਰਤਿ ਧਾਰਾ[1] ॥ ੧੨੪ ॥ [1](ਰਾਖਸ਼ਾਂ ਦੇ ਰਾਜੇ) ਦੇਵ ਲੂਤ ਨੇ ਸਾਧੂਆਂ ਵਾਲਾ ਪ੍ਰਣ (ਨੇਮ) ਧਾਰਨ ਕਰ ਲਿਆ।

ਰਹੇ ਕਿਤਿਕ ਦਿਨ ਨਗਰ ਮਝਾਰਾ।
ਅਨਿਕ ਭਾਂਤਿ ਕੇ ਸ਼ਬਦ ਉਚਾਰਾ।
ਗੁਰੂ ਕਹੈਂ ਛੋਡੋ ਯਹਿ ਕਰਮਾ।
ਯਾਂਤੇ ਸੁੱਧ ਹੋਇ ਤੁਮ ਧਰਮਾ[1]* ॥ ੧੨੫ ॥

[1]ਤੁਸੀਂ ਪਵਿੱਤ੍ਰ ਧਰਮੀ ਹੋ ਜਾਉਗੇ। *ਇਥੋਂ ਤੱਕ ਦੀ ਰਚਨਾ ਘਸੀਟਾ ਸਿੰਘ ਕਵੀਸ਼ਰ ਲਾਹੌਰ ਦੀ ਆਖੇਪ ਕੀਤੀ ਹੋਈ ਹੈ ਦੇਖੋ ਇਸੇ ਹੀ ਬਿਸ੍ਰਾਮ ਦੇ ਅੰਕ ਨੰ: ੯੪ ਦੀ ਹੇਠਲੀ ਟੂਕ।

*ਲਲਿਤਪਦ:

*'ਲਲਿਤ ਪਦ' ਇਹ ਛੰਦ ਦਾ ਨਾਮ ਅਸਾਂ ਦਿੱਤਾ ਹੈ, ਮੂਲ 'ਚ ਨਹੀਂ ਹੈ। 'ਇਤਜਾਦਿਕ' ਤੋਂ ਗਿ: ਗਿਆਨ ਸਿੰਘ ਜੀ ਦੀ ਅਸਲ ਰਚਨਾ ਸ਼ੁਰੂ ਹੋਈ ਹੈ। ਆਖੇਪਕਾਰ ਪਿੱਛੇ ਚੌਪਈ ਲਿਖਦਾ ਆਇਆ ਹੈ ਤੇ ਕਾਹਲੀ ਵਿੱਚ ਉਹ ਛੰਦ ਜੋੜਨਾ ਵੀ ਭੁੱਲ ਗਿਆ ਹੈ। ਇਹ ਛੰਦ ਅਸਲ ਰਚਨਾ ਵਿੱਚ ਪਿਛਲੇ ਪੰਨੇ ਤੋਂ ਹੀ ਆ ਰਿਹਾ ਸੀ। ਲਾਹੌਰ ਐਡੀਸ਼ਨ ਛਾਪਾ ਪੱਥਰ 'ਚ ਇਥੋਂ ੮੯ ਸਫ਼ਾ ਸ਼ੁਰੂ ਹੁੰਦਾ ਹੈ।

ਇਤਜਾਦਿਕ ਸੁਨਿ ਸ਼ਬਦ ਗੁਰੂ ਕੇ,
ਬ੍ਰਹਮ ਗਿਆਨ ਤਿਨਿ ਹੋਯੋ।
ਮਗਨ ਭਏ ਆਤਮ ਮੈਂ ਐਸੇ,
ਜਯੋਂ ਜਲ ਜਲਹਿ ਸਮੋਯੋ[1]।

[1]ਮਿਲ ਜਾਂਦਾ ਹੈ।

ਸੀਸ ਨਾਇ[1] ਉਨਿ ਪ੍ਰੇਮ ਅਧਿਕ ਧਰਿ,
ਉਸਤਤਿ ਗੁਰੁ ਕੀ ਕੀਨੀ।
ਕੰਦ ਮੂਲ[1] ਫਲ ਫੂਲ ਅਨਿਕ ਧਾ[2],

[1]ਸਿਰ ਨਿਵਾ ਕੇ।

[1]ਕੰਦ ਮੂਲ=ਇਕ ਬੂਟਾ ਜੋ ਤਿੰਨ ਚਾਰ ਹੱਥ ਉੱਚਾ ਹੁੰਦਾ ਹੈ, ਇਸ ਦੇ ਪੱਤੇ ਸਿੰਮਲ ਜਿਹੇ ਹੁੰਦੇ ਹਨ ਅਤੇ ਜੜ੍ਹ ਮੋਟੀ ਹੁੰਦੀ ਹੈ। ਇਸ ਦੀ ਭਾਜੀ ਬਣਦੀ ਹੈ। (ਅ) ਕੰਦ=ਗਾਜਰ, ਗੱਠਾ ਆਦਿਕ ਜ਼ਮੀਨ ਦੇ ਅੰਦਰ ਹੋਣ ਵਾਲੇ ਪਦਾਰਥ। ਮੂਲ=ਵੇਲਾਂ ਅਤੇ ਬ੍ਰਿੱਛਾਂ ਦੀ ਜੜ੍ਹ ਵਿੱਚ ਹੋਣ ਵਾਲੇ ਖਾਣ ਯੋਗ ਪਦਾਰਥ। [2]ਅਨੇਕ ਤਰ੍ਹਾਂ ਦੇ।

ਲਜਾਇ ਭੇਟ ਬਹੁ ਦੀਨੀ ॥ ੧੨੬ ॥
ਅਬਿ ਲੌ ਅਧਿਕ ਅਹੇ ਜੋ ਤਿਹਠਾਂ,
ਕੇਲਾ, ਕੰਦ, ਕਦੂਰੀ[1]।

[1]ਇਕ ਤਰ੍ਹਾਂ ਦਾ ਲਾਲ ਫਲ।

ਸਵਾਦ ਸੁਧਾ ਸਮ ਛਕਿ ਮਰਦਾਨਾ,
ਭਯੋ ਮੋਦ ਮਨਿ ਭੂਰੀ।
ਤਹਿਂ ਤੈ ਚਲਿ ਗੁਰੁ ਇਸੀ ਭਾਂਤਿ,
ਬਹੁ ਲੋਗਨ ਤਾਈਂ ਤਾਰਤਿ।
ਕਈ ਮਾਹ[1] ਗਿਰ ਬਨ ਬਹੁ ਬਿਹਰੇ[2],

[1]ਮਹੀਨੇ। [2]ਬਿਚਰੇ, ਫਿਰਦੇ ਰਹੇ।

ਭੌ ਮਰਦਾਨਾ ਆਰਤ[1] ॥ ੧੨੭ ॥ [1]ਦੁਖੀ।
ਲਗੀ ਭੂਖ ਬਹੁ ਦੂਖ ਪਾਇ ਕਰਿ,
ਗੁਰੁ ਬਿਦੂਖ[1] ਪਹਿ ਟੇਰਾ। [1]ਸੁਖ ਸਰੂਪ।
ਪਉਨ ਅਹਾਰੀ ਤੁਮ ਨਿਰੰਕਾਰੀ
ਹਾਲ ਹੋਤ ਦੁਰ[1] ਮੇਰਾ। [1]ਬੁਰਾ।
ਇਸ ਸੁਹਾਗ ਤੈ ਭਲੋ ਰੰਡੇਪਾ,
ਦੇਹੁ ਪੁਚਾਇ ਮੁਹਿ ਘਰ ਹੈ।
ਭਲੇ ਲੋਗ ਨਹਿ ਫਿਰ ਹੈਂ ਬਨ ਮੈਂ,
ਬੈਠਿ ਬੰਦਗੀ ਕਰਿ ਹੈਂ ॥ ੧੨੮ ॥
ਨਹੀ ਤੁ ਦਿਹੁ ਕੁਛ ਅਬਿ ਖਾਨੇ ਹਿਤ,
ਮਰਨ ਹੋਤ ਨਹਿ[1] ਮੇਰਾ। [1]ਨਹੀਂ ਤਾਂ।
ਅਰਕ[1] ਤਰਫ ਗੁਰੁ ਅਰਕ[2] ਪਸਰ ਕੈ[3], [1]ਅੱਕ ਦਾ ਬੂਟਾ। [2]ਕੂਹਣੀ ਭਾਵ ਹੱਥ। [3]ਫੈਲਾ ਕੇ।
ਹਸਿ ਸ੍ਰੀ ਮੁਖ ਤੈ ਟੇਰਾ।
ਇਸੀ ਆਕ ਕੇ ਫਲ ਤੁਮ ਖਾਵੋ,
ਗਿਰਾ[1] ਬਾਂਧ ਨਹਿ ਲੈਨੇ। [1]ਗੰਢ, ਪੱਲੇ।
ਹਾਥ ਮਾਥਿ ਧਰਿ ਕਹਿ ਮਰਦਾਨਾ,
ਯਹਿ ਮਖੌਲ ਭਲ ਹੈਨੇ[1] ॥ ੧੨੯ ॥ [1]ਹਨ।
ਯਹਿ ਖੁਵਾਇ ਅਬਿ ਸ਼ੀਘਰ ਮਾਰਤਿ,
ਯੌਂ ਤੋ ਕੁਛ ਦਿਨ ਜੀਤਾ।
ਪੈ ਸਸ਼ੰਕ[1] ਗੁਰੁ ਬਚਨ ਮਾਨਿ ਕਰਿ, [1]ਫੇਰ ਸ਼ੰਕਾ ਸਹਿਤ ਹੀ।
ਫਲ ਜਬਿ ਖਾਵਨ ਕੀਤਾ।
ਖਾਯੋ ਸ੍ਵਾਦ ਸੁਧਾ ਸੁਖ ਪਾਯੋ,
ਲਾਲਚ ਬਸ ਕੁਝ ਬਾਂਧੇ।
ਜ਼ਹਿਰ ਕਹਿਰ[1] ਭੇ ਦੁਤੀ ਦਿਵਸ ਚਖਿ, [1]ਬਹੁਤੇ ਜ਼ਹਿਰੀਲੇ।
ਫੈਂਕ ਦਏ[1] ਬਿਨ ਖਾਧੇ ॥ ੧੩੦ ॥ [1]ਸੁੱਟ ਦਿੱਤੇ।
ਹਾਸੀ ਖੁਸ਼ੀ ਕਰਿਤ ਜਬਿ ਆਗੇ,
ਕਈ ਰੋਜ ਬਨ ਮਾਹੀਂ।
ਤਾਰਤਿ ਫਿਰੇ ਅਨਿਕਧਾ ਜੀਵਨ,
ਰਿਖ ਮੁਨਿ ਥੇ ਜੁ ਤਹਾਂ ਹੀਂ।
ਮਰਦਾਨਾ ਬਹੁ ਛੁਧਤ[1] ਦੁਖਤ ਹ੍ਵੈ, [1]ਭੁੱਖਾ।

ਗੁਰੁ ਢਿਗ ਤੈ ਬਰ ਜੋਰੀ[1]।
ਏਕਲ ਚਲ ਮਗ ਭੂਲ ਧਸਜੋ ਬਨਿ,
ਰਹਤਿ ਜਹਾਂ ਬਹੁ ਘੋਰੀ[1] ॥ ੧੩੧ ॥

[1]ਬਦੋਬਦੀ।

[1]ਅਘੋਰੀ=ਕੀਨਾਰਾਮ ਵਾਮ-ਮਾਰਗੀਏ ਦਾ ਚਲਾਇਆ ਇਕ ਪੰਥ ਜੋ ਮਾਸ ਸ਼ਰਾਬ ਤੋਂ ਛੁੱਟ ਮਲ ਮੂਤ੍ਰ ਦਾ ਖਾਣਾ ਪੀਣਾ ਵੀ ਧਰਮ ਦਾ ਅੰਗ ਮੰਨਦਾ ਹੈ।

ਜੀਵ ਜੰਤੁ ਜੋ ਮਿਲਤਿ ਤਿਨੈ ਕਿਤ,
ਭੁੰਨ ਭੁੰਨ ਕੇ ਖੈ ਹੈਂ।
ਯਾਹੀ ਤੈ ਜਨ ਗਿਰਦ ਨਿਵਾਈ[1],
ਰਾਖਸ਼ ਤਿਨ ਕੋ ਕੈਹੈਂ।
ਕੌਡੇ ਨਾਮ ਅਘੋਰੀ ਕੇ ਕਰ,
ਚਰ੍ਜੋ[1] ਤਬੈ ਮਰਦਾਨਾ।
ਉਡੇ ਹਵਾਸ[1] ਤ੍ਰਾਸ ਬਹੁ ਧਰਿ ਕੈ,

[1]ਆਲੇ-ਦੁਆਲੇ ਦੇ।

[1]ਹੱਥ ਚੜ੍ਹ ਗਿਆ ਭਾਵ ਕਾਬੂ ਆ ਗਿਆ।

[1]ਹਿਸ ਦਾ ਬਹੁ ਬਚਨ=ਉਹ ਸ਼ਕਤੀ ਜਿਸ ਨਾਲ ਸ਼ਬਦ ਸਪਰਸ਼ ਰੂਪਰਸ ਅਤੇ ਗੰਧ ਦਾ ਗ੍ਰਹਣ ਕਰੀਦਾ ਹੈ।

ਗੁਰੁ ਕਾ ਕਿਯੋ ਧਜਾਨਾ ॥ ੧੩੨ ॥
ਬੇਦੀ ਬੰਸ ਹੰਸ[1] ਜਨ ਤਾਰਕ,
ਸਰਬਗ ਜਾਨ ਬਿਚੱਛਨ[1]।
ਪ੍ਰਗਟੇ ਤੁਰਤ ਆਇ ਗੁਰੁ ਤਹਿਂ ਠਾਂ,
ਜਹਿਂ ਲਾਗੋ ਵਹਿ ਭੱਛਨ[1]।
ਸਰਦ ਕੜਾਹਾ ਭਯੋ ਤੇਲ ਕਾ,
ਜਬਿ ਗੁਰੁ ਸ਼ਬਦ ਉਚਾਰਾ।
ਅਚਰਜ ਹ੍ਵੈ ਕੌਡੇ ਪਿਖਿ ਸ਼ਕਤੀ,
ਗੁਰੁ ਪਗ ਗਹੇ ਉਦਾਰਾ ॥ ੧੩੩ ॥
ਗਯਾਨ ਦਿਢਾਇ ਮੋਖਦਾਇਕ ਤਿਹ,
ਆਗੇ ਚਲੇ ਗੁਸਾਈ*।

[1]ਸੂਰਜ।

[1]ਚਤੁਰ (ਸਤਿਗੁਰਾਂ)।

[1]ਖਾਣ।

*ਅੰਕ ਨੰ: ੧੩੪ ਦੀ ਦੂਜੀ ਤੁਕ ਮੂਲ 'ਚ ਛਪਣੋ ਰਹਿ ਗਈ ਹੈ ਇਸ ਲਈ ਇਹ ਅੰਕ ਤਿੰਨਾਂ ਹੀ ਤੁਕਾਂ ਦਾ ਰਹਿ ਗਿਆ ਹੈ।

ਰਾਨਾ ਪੁਰ, ਸੋਨਾ ਗਢ, ਸੁੱਗਾ,
ਕੋਹ ਕੰਟਕ, ਪੁਰ ਬੀਜਾ।
ਰਾਮ ਟੇਕ, ਪੁਰ ਨਾਗ, ਅੰਕੋਲਾ,
ਪੁਰ ਬੁਰਹਾਨ, ਪਿਖੀਜਾ[1] ॥ ੧੩੪ ॥
ਬੰਧਜਾਚਲ ਕੋ ਪਾਵਨ ਕਰਤੇ,
ਨਦੀ ਨਰਬਦਾ ਨਾਖੀ[1]।

[1](ਆਦਿ ਸ਼ਹਿਰ ਵੇਖੋ)।

[1]ਲੰਘੀ।

ਜੱਬਲਪੁਰ ਲਖ[1] ਚਿਤ੍ਰਕੂਟ[2] ਪਿਖਿ,
ਰਿਖਨਿ ਪੂਰਿ ਅਭਿਲਾਖੀ।
ਮੱਯਰ ਸ਼ਹਿਰ ਅਹੈ ਅਬਿ ਲੌ ਜਹਿਂ,
ਜੰਗਮ[1] ਕੀ ਤਹਿ ਰਜਾਸਤ।
ਪਿਖਿ ਪ੍ਰਤਾਪ ਸ਼ਕਤਿ ਵਹਿ ਗੁਰੁ ਕੀ,
ਨਿਜ ਮਤ ਕੋ ਯੌਂ ਭਾਸਤਿ[1] ॥ ੧੩੫ ॥

[1]ਲੰਘ ਕੇ। [2]ਪਹਾੜ ਦਾ ਨਾਮ।

[1]ਸ਼ੈਵ ਮਤ ਦਾ ਇਕ ਫਿਰਕਾ ਜੋ ਜੋਗੀਆਂ ਦੀ ਇਕ ਸ਼ਾਖ਼ ਹੈ।

[1]ਆਪਣੇ ਮਤ ਨੂੰ ਐਉਂ ਕਹਿਣ ਲੱਗੇ।

ਕਬਿੱਤ:

ਹਾਲ ਭੋਲਾ ਨਾਥ ਜੁ ਕੇ ਮਾਥ ਕਾ ਜੋ ਮਾਥ ਨਿਜ,
ਧਰੇ ਹਿਤ ਸਾਥ ਹਾਥ ਮੀਚ ਕੇ ਨ ਆਇ ਹੈ।
[1]ਘੰਟਕਾ[2] ਬਜਾਇ ਗਾਇ ਬਜਾਹਿ ਗੁਨ ਮਹਾਂਦੇਵ[3],
ਜਾਇ ਜੀਤ ਜਨਮ ਸੋ ਮਰਨ ਨ ਪਾਇ ਹੈ।
ਜਦਯਪਿ[1] ਨਾ ਨੀਲਕੰਠ[2] ਗੰਠ[3] ਨਿਜ[11] ਰਾਖੈ ਕਿਛੁ,
ਦਾਸਨ ਕੋ ਭੁਗਤਿ[1] ਮੁਕਤਿ ਤੌਹੂ[2] ਦਾਇ ਹੈ[3]।
ਭਜ ਸ਼ਿਵ ਲਿਵ ਲਾਇ ਅੰਤ ਤਨ ਤਜਿ ਜਾਇ,
ਅਖੈ ਪਦ ਪਾਇ ਸੁ ਕੈਲਾਸ[1] ਬਾਸ ਪਾਇ ਹੈ
॥ ੧੩੬ ॥

[1]ਸ਼ਿਵ ਜੀ ਦੇ {ਮਾਥ} ਸ਼੍ਰੋਮਣੀ (ਪੰਥ) ਦਾ ਹਾਲ ਜੋ ਆਪਣੇ (ਮਾਥ) ਹਿਰਦੇ ਵਿੱਚ ਪ੍ਰੇਮ ਨਾਲ ਧਾਰਨ ਕਰਦਾ ਹੈ ਉਹ ਮੌਤ ਦੇ ਹੱਥ ਵਿੱਚ ਨਹੀਂ ਆਉਂਦਾ। [2]ਟੱਲੀਆਂ। [3]ਸ਼ਿਵ ਜੀ ਦੇ ਵਿਆਹ ਦੇ ਗੁਣ।

[1]ਭਾਵੇਂ। [2]ਸ਼ਿਵ ਜੀ। [3]ਗੰਢ (ਪੱਲੇ)। [11]ਆਪਣੇ।

[1]ਖਾਣ ਯੋਗ ਪਦਾਰਥ। [2]ਤਾਂ ਵੀ। [3]ਦੇਂਦਾ ਹੈ।

[1]ਸ਼ਿਵ ਦਾ ਨਿਵਾਸ ਅਸਥਾਨ, ਇਕ ਪਹਾੜ ਦਾ ਨਾਮ।

ਸੁਨਿ ਮਤ ਯਾਹਿ ਗੁਰੁ ਕਹਜੋ ਗੁਨ[1] ਪੁਨ ਤਾਹਿ,
ਨਾਹਿਂ ਮਤ ਨੀਕ ਥਾਰੋ ਭਾਰੋ ਭਵ ਦਾਨ ਹੈ[1]।
ਜੇਤਿਕ ਪਹਾਰ ਕੇ ਬਸਨਵਾਰ ਹੈਂ ਅਪਾਰ,
ਆਪ ਹੀ ਕੋ ਸਬੀ ਜਨ ਦੇਵਤਾ ਬਖਾਨ ਹੈਂ।
ਭਯੋ ਸਿਵਰਾਜਾ ਖਾਸ, ਕਯੋ ਜਾ ਕਿਲਾਸ਼[1] ਬਾਸ,
ਦੇਵਤਾਨ ਦੇਵ ਯਾਤੇ ਮਹਾਂਦੇਵ ਭਾਨ ਹੈਂ[1]।
ਭੂਪਤਿ ਹਿਮਾਲੈ ਆਲੈ[1] ਭਯੋ ਹੈ ਬਿਵਾਹਿ ਤਾਹਿ,
ਪਾਰਬਤੀ ਸੰਗ ਜੋ ਪ੍ਰਸੰਗ ਜਨ ਗਾਨ ਹੈਂ[1]
॥ ੧੩੭ ॥

[1]ਵਿਚਾਰ ਕੇ।

[1]ਤੁਹਾਡਾ ਮੱਤ ਠੀਕ ਨਹੀਂ ਹੈ (ਸਗੋਂ) ਭਾਰੀ ਜੰਮਣ (ਮਰਨ) ਦੇ ਦੇਣ ਵਾਲਾ ਹੈ।

[1]ਕੈਲਾਸ਼ ਪਰਬਤ ਤੇ।

[1]ਦੇਵਤਿਆਂ 'ਚੋਂ ਵੱਡਾ ਦੇਵਤਾ ਹੋਣ ਕਰ ਕੇ ਮਹਾਦੇਵ ਕਹਿੰਦੇ ਹਨ।

[1]ਹਿਮਾਲੇਰਾਜੇ ਦੇ ਘਰ।

[1]ਲੋਕ ਗਾਉਂਦੇ ਹਨ।

ਤਾਂਹੀ ਸਮੇਂ ਭਯੋ ਏਕ ਜੰਗਮ ਸੁ ਨਾਮੀ ਜਨ[1],
ਪਾਰਬਤੀ ਹੂੰ ਤੈ ਤਿਨਿ ਲਜੋ ਦਾਨ ਜਾਇ ਹੈ।
ਸੋਈ ਕਾਨਫੂਲ ਸੀਸਫੂਲ ਮਾਲ ਹਾਲ ਏਹੁ,
ਧਾਰਿ ਕੈ ਬਿਸਾਲ ਨਾਲ ਘੰਟਕਾ ਬਜਾਇ ਹੈ[1]।

[1]ਆਦਮੀ।

[1]ਉਹ ਕੰਨ ਫੁੱਲ ਤੇ ਸੀਸ ਫੁੱਲ (ਦੋਨੋ ਗਹਿਣੇ) ਤੇ ਮਾਲਾ (ਲੈ ਕੇ ਤੇ ਇਸ ਤਰ੍ਹਾਂ ਖ਼ੁਸ਼ੀ ਵਿੱਚ) ਬਹੁਤ {ਹਾਲ} ਮਸਤੀ ਧਾਰ ਕੇ ਨਾਲ ਹੀ ਟੱਲੀਆਂ ਵਜਾਉਣ ਲੱਗ ਪਿਆ।

ਜੰਗਮ[1] ਜਗਤ ਮਾਂਗਿ ਖਾਤਿ ਬਿਸਾਹਿ ਗਾਤਿ ਨਿੱਤ[2],
ਹੋਇਗੋ ਹਿਸਾਬ ਤਬਿ ਮਾਰ ਬਹੁ ਖਾਇ ਹੈਂ।
ਬਿਨ ਹਰਿ ਨਾਮ ਪ੍ਰੇਮ ਭਗਤੀ ਨ ਪਾਇ ਖੇਮ[1],
ਭਵ ਖੇਦ[1] ਨਾਹਿ ਟਰੈ ਬੇਦ ਨੇਮ ਗਾਇ ਹੈਂ ॥੧੩੮॥

[1]ਜੰਗਮ ਤੋਂ ਚਲਿਆ ਫਿਰਕਾ। [2]ਹਮੇਸ਼ਾ ਸ਼ਿਵ ਦੇ ਵਿਆਹ ਦੇ ਗੀਤ ਗਾਉਂਦੇ ਹਨ।

[1]ਮੁਕਤੀ।

[1]ਜਨਮ (ਮਰਨ) ਦਾ ਦੁੱਖ।

ਹੁਤੇ ਬਡ ਭਾਗ ਬਿਨ ਲਾਗ[1] ਜੇ ਵਿਰਾਗਵਾਨ,
ਗੁਰੁ ਕੇ ਬਚਨ ਬਾਨਿ[1] ਬੇਧ[2] ਉਰ[3] ਤਾਂ ਗਏ।
ਜਾਨਿ ਗੁਰੁ ਪੂਰਨ ਤੂਰਨ[1] ਉਪਦੇਸ ਲੀਨਿ,
ਕੀਨ ਭਵ ਖੇਦ ਖੀਨ[1] ਚੀਨ ਨਿਜ ਹੂੰ ਲਏ[2]।
ਹੋਇ ਕੈ ਰਵਾਨੈ[1] ਗੁਰੁ ਤਹਾਂ ਤੈ ਮਹਾਨੈ ਫਿਰ,
ਟੀਕਰੀ ਤੈ ਹੋਇ ਕੈ ਫਰੀਦ ਵਾੜੇ ਹੈਂ ਗਏ।
ਪਾਇ ਜਹਿਂ ਸੰਗਲ ਸੁਰ ਕੂਪ[1] ਮਧ ਜੰਗਲ,
ਫਰੀਦ ਤਜਿ ਦੰਗਲ[1] ਕਰਤਿ ਤਪ ਥੇ ਭਏ ॥੧੩੯॥

[1]ਤੀਰਾਂ ਨਾਲ। [2]ਵਿੰਨ੍ਹੇ ਗਏ। [3]ਹਿਰਦੇ।

[1]ਛੇਤੀ।

[1]ਨਾਸ। [2]ਆਪਣੇ ਆਪ ਨੂੰ ਜਾਣ ਲਿਆ।

[1]ਚੱਲ ਕੇ।

[1]ਖੂਹ।

[1]ਸੰਸਾਰ ਨੂੰ ਛੱਡ ਕੇ।

ਦੋਹਰਾ:
ਮੇਲਾ ਹੋਵਤਿ ਜੇਠ ਮੈਂ, ਤਹਾਂ ਬਡੋ ਅਬਿ ਤੀਕ।
ਹਮ ਭੀ ਅਬਚਲ ਨਗਰ ਮਗ[1], ਜਾਵਤਿ ਪੇਖਜੋ ਠੀਕ ॥੧੪੦॥

[1]ਸ੍ਰੀ ਹਜ਼ੂਰ ਸਾਹਿਬ (ਨਦੇੜ) ਦੇਰਸਤੇ ਵਿੱਚ।

ਚੌਪਈ:
ਤਹਿਂ ਤੈ ਗੁਰ ਪੁਨ ਚਲਿ ਅਗਵਾਏ।
ਤਾਲ ਭੋਪਾਲ ਮਹਿਲ ਸਰ ਆਏ।
ਕੋਹ ਸਾਗਰ[1] ਪਿਖਿ ਪੁਨ ਚੰਦੇਰੀ।
ਕੋਹ ਕਿਰਾਨਾ ਨੀਕੈ ਹੇਰੀ[1] ॥੧੪੧॥
ਗੁਫਾ ਰਿਖੀ ਮੁਚਕੰਦਹਿ ਵਾਰੀ।

[1]ਸਾਗਰ ਨਾਮ ਦਾ ਪਹਾੜ।

[1]ਕਿਰਾਨਾ ਨਾਮ ਦਾ ਪਹਾੜ ਚੰਗੀ ਤਰ੍ਹਾਂ ਦੇਖਿਆ।

ਕਾਲ ਯਵਨ ਜਹਿਂ ਹੋਯੋ ਛਾਰੀ[1]। [1]ਸੁਆਹ ਭਾਵ, ਨਾਸ।
ਪੇਖ ਧੌਲ ਪੁਰ ਆਦਿ ਮੁਕਾਮੂ।
ਬਾਂਗਰ ਦੇਸ ਪਿਖਜੋ ਗੁਨਿ ਧਾਮੂ ॥੧੪੨॥

ਦੋਹਰਾ:

ਕਰੇ ਨਾਨਕੀ ਜੀ ਤਬੈ, ਯਾਦ ਪ੍ਰੇਮ ਧਰਿ ਨੀਕ।
ਆਏ ਪੁਰ ਸੁਲਤਾਨ ਗੁਰੁ, ਦਯੋ ਦਰਸ ਤਿਂਹਿ ਠੀਕ ॥੧੪੩॥

ਗੁਰੁ ਕੀ ਪਹਿਲੀ ਜਾੜ੍ਰਾ, ਪਾਵਨ ਪਰਮ ਸੁਨਾਇ।
ਗੁਰੂ ਥਿਰੇ ਸੁਲਤਾਨ ਪੁਰ, ਧਯਾਇ ਥਿਰਜੋ ਇਤਿ ਆਇ ॥੧੪੪॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਪਹਿਲੀ ਉਦਾਸੀ' ਬਰਨਨੰ ਨਾਮ ਸਪਤਮੋ ਬਿਸ੍ਰਾਮ ॥੭॥

੮. {ਦੂਜੀ ਉਦਾਸੀ ਸ਼ੁਰੂ, ਦੱਖਣ ਦੇਸ਼ ਦਾ ਸੈਰ, ਪਖੰਡੀ ਮਤਾਂ ਦਾ ਖੰਡਨ}

ਦੋਹਰਾ:

ਤਮ ਗੁਨ ਤਮ ਸੋਖਕ ਸਦਾ,
ਪੋਖਕ ਸਸ ਸਿਸ ਜਾਪ[1]।

[1](ਅਰਥ ਦੂਜੀ ਤੁਕ ਤੋਂ ਤੁਰੇਗਾ) ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ, ਸਰਦਰੁੱਤ ਦੀ ਪੂਰਨਮਾਸ਼ੀ ਦੇ ਚੰਦ੍ਰਮਾ (ਵਾਂਗ ਤਿੰਨਾਂ) ਤਾਪਾਂ ਦੀ ਤਪਸ਼ ਨੂੰ ਮੇਟਣ ਵਾਲੇ ਹਨ। (ਉਨ੍ਹਾਂ ਨੂੰ) ਤਮੋ ਗੁਣ ਦੇ ਅਨ੍ਹੇਰੇ ਨੂੰ ਸਦਾ ਲਈ ਖ਼ਤਮ ਕਰ ਦੇਣ ਵਾਲੇ ਅਤੇ ਸਿੱਖਾਂ ਰੂਪ ਖੇਤੀ ਦੀ ਪਾਲਣਾ ਕਰਨ ਵਾਲੇ ਜਾਣੋ।

ਸਰਦ ਸਸੀ ਪੂਰਨ ਗੁਰੂ,
ਪੰਚਮ ਹਰ ਤਪ ਤਾਪ[1] ॥ ੧ ॥

[1](ਅਰਥ ਦੂਜੀ ਤੁਕ ਤੋਂ ਤੁਰੇਗਾ) ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ, ਸਰਦਰੁੱਤ ਦੀ ਪੂਰਨਮਾਸ਼ੀ ਦੇ ਚੰਦ੍ਰਮਾ (ਵਾਂਗ ਤਿੰਨਾਂ) ਤਾਪਾਂ ਦੀ ਤਪਸ਼ ਨੂੰ ਮੇਟਣ ਵਾਲੇ ਹਨ। (ਉਨ੍ਹਾਂ ਨੂੰ) ਤਮੋ ਗੁਣ ਦੇ ਅਨ੍ਹੇਰੇ ਨੂੰ ਸਦਾ ਲਈ ਖ਼ਤਮ ਕਰ ਦੇਣ ਵਾਲੇ ਅਤੇ ਸਿੱਖਾਂ ਰੂਪ ਖੇਤੀ ਦੀ ਪਾਲਣਾ ਕਰਨ ਵਾਲੇ ਜਾਣੋ।

ਸ੍ਵੈਯਾ:

ਤਮ ਭ੍ਰਮ ਨਿਸਾਚਰ ਕਰਮ ਕੁਚਾਲ,
ਕਲੀ ਸਸਿਰੈਨ ਅਵਿਦਜਾ ਬਹੀ[1]।

[1](ਸੂਰਜ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਦੇ ਹੋਣ ਨਾਲ) ਭਰਮ ਰੂਪ ਅਨ੍ਹੇਰਾ, ਖੋਟੀਰੀਤੀ ਦੇ ਕਰਮ ਰੂਪ ਰਾਖਸ਼, ਕਲਜੁਗ ਰੂਪ ਚੰਦ੍ਰਮਾ ਤੇ ਅਵਿਦਿਆ ਰੂਪ ਰਾਤ ਰੁੜ੍ਹ ਗਈ ਭਾਵ ਉਪ੍ਰੋਕਤ ਸਾਰੇ ਸਮਾਪਤ ਹੋ ਗਏ।

ਗਨ ਮੱਤ ਦੁਰੱਤ ਨਖੱਤ ਲਟੇ,
ਸੁਕਚੀ ਕੁਮਦੀ ਕੁਮਤੀ ਸੁ ਤਹੀ[1]।

[1]ਸਾਰੇ ਖੋਟੇ ਮਤ ਤਾਰਿਆਂ ਵਾਂਗ ਛਪ ਗਏ ਅਤੇ ਖੋਟੀਆਂ ਮੱਤਾਂ ਰੂਪ ਕਮੀਆਂ ਉਥੇ ਹੀ ਸੁੰਗੜ ਗਈਆਂ।

ਪਤਿਤਾਵਲਿ ਪੇਚਕ ਨਾ ਨਿਕਸੇ
ਬਿਕਸੇ ਕਲ ਕਿੰਕਰ ਕੰਜ ਸਹੀ[1]।

[1](ਹੁਣ) ਪਾਪੀਆਂ ਰੂਪ ਉੱਲੂਆਂ ਦੀਆਂ ਮੰਡਲੀਆਂ (ਬਾਹਰ) ਨਹੀਂ ਨਿਕਲਦੀਆਂ (ਪਰ) ਦਾਸਾਂ ਰੂਪ ਕੰਵਲ ਚੰਗੀ ਤਰ੍ਹਾਂ ਖਿੜ ਪਏ ਹਨ।

ਗੁਰੁ ਪੰਚਮ ਮੈਂ ਗੁਨ ਹੈਂ ਰਵਿ ਸੇ ਸਬਿ,
ਪੈ ਅਧਿਕੈਂ ਯਹਿ ਤਾਪ ਨਹੀਂ[1] ॥ ੨ ॥

[1]ਸ੍ਰੀ ਗੁਰੂ ਅਰਜਨ ਦੇਵ ਜੀ ਵਿੱਚ ਸੂਰਜ ਵਰਗੇ (ਉਪ੍ਰੋਕਤ) ਸਾਰੇ ਹੀ ਗੁਣ ਹਨ, ਪਰ (ਉਨ੍ਹਾਂ ਵਿੱਚ) ਇਹ (ਗੁਣ) ਵੱਧ ਹੈ (ਕਿ ਸੂਰਜ ਵਾਂਗ) ਤਪਸ਼ ਨਹੀਂ ਹੈ।

*ਕਬਿੱਤ:

*ਲਾਹੌਰ ਐਡੀਸ਼ਨ ਛਾਪਾ ਪੱਥਰ ਮੂਲ ਵਿੱਚ ਇਹ ਅੰਕ ਨੰ: ੩ ਕਬਿੱਤ ਛੰਦ, ਅੰਕ ਨੰ: ੫ 'ਤੇ ਛਪਿਆ ਹੋਇਆ ਹੈ। ਤੇ ਇਥੇ ਛਪੇ ਅੰਕ ਨੰ: ੪ ਤੇ ੫ ਉਥੇ ਅੰਕ ਨੰ: ੩ ਤੇ ੪ 'ਤੇ ਛਪੇ ਹੋਏ ਹਨ। ਇਥੇ ਛਪਿਆ ਇਹ ਅੰਕ ਨੰ: ੩ ਮੰਗਲ ਦਾ ਛੰਦ ਹੋਣ

ਕਰਕੇ ਅੰਕ ਨੰ: ੫ ਤੋਂ ਚੁੱਕ ਕੇ ਅੰਕ ਨੰ: ੩ ਤੇ ਲੈ ਆਂਦਾ ਹੈ।

ਦਯਾ ਕੇ ਸਦਨ[1] ਮਦ[2] ਮਦਨ[3] ਕਦਨ[11] ਗੁਰੁ,
ਅਮਲ[1] ਕਮਲ ਖਿਰੇ ਬਦਨ[2] ਰਹਤਿ ਹੈਂ।
ਸੰਗਤ ਸੁਜਾਨ[1] ਅਗਿਜ਼ਾਨ ਹਰ ਗਜ਼ਾਨ ਕਰਿ,
ਗਜ਼ਾਨ ਹਰਿ[1] ਦਾਸਨ ਕਲਜ਼ਾਨ ਸੁ ਕਰਤਿ ਹੈਂ।
ਸਾਰਦ ਸੀ ਸੁਮਤਿ ਬਿਸਾਰਦ ਸ਼ਕਤਿ ਦੈ ਕੈ,
ਨਾਰਦ ਸੀ ਭਗਤਿ ਸੁਗਤਿ ਹੁਲਸਤਿ ਹੈਂ[1]।

[1]ਘਰ। [2]ਹੰਕਾਰ ਨੂੰ। [3]ਕਾਮ ਨੂੰ। [11]ਕੱਟਣ ਵਾਲੇ।
[1]ਉੱਜਲ। [2]ਮੁਖ।
[1]ਚਤੁਰ, ਸਿਆਣੀ।
[1]ਗਿਆਨ ਸਿੰਘ (ਕਹਿੰਦਾ ਹੈ)।

[1]ਸਰਸੁਤੀ ਵਰਗੀ ਬਹੁਤ ਉੱਤਮ ਮਤਿ 'ਤੇ ਸ਼ਕਤੀ ਅਤੇ ਨਾਰਦ ਵਰਗੀ ਭਗਤੀ ਅਤੇ ਕੇਵਲ ਮੁਕਤੀ ਦੇ ਕੇ ਪ੍ਰਸੰਨ ਹੁੰਦੇ ਹਨ।

ਚਰਨ ਸਰਨ ਨਰ ਜਾਇ ਜੇ ਪਰਨ[1] ਗੁਰੁ,
ਜਰਨ[1] ਮਰਨ ਤਾਂਹਿ ਛਿਨ ਮੈਂ ਹਰਤਿ ਹੈਂ ॥ ੩ ॥

[1]ਪੈਂਦੇ ਹਨ।
[1]ਜੰਮਣ।

ਦੋਹਰਾ:

ਸੁਨੋ ਚਰਿੱਤ੍ਰ[1] ਪਵਿੱਤ੍ਰ ਗੁਰੁ,
ਕਾਰਨ ਸੁਖ ਕਲਿਆਨ।
ਦੁਤੀ ਉਦਾਸੀ ਜਸੋਂ ਲਈ,
ਸੁਖਿ ਰਾਸੀ[1] ਗਤਿ ਦਾਨ[2] ॥ ੪ ॥

[1]ਕੌਤਕ।

[1]ਸੁਖਾਂ ਦੀ ਹੱਦ। [2]ਮੁਕਤੀ ਦਾਤਾ।

ਕੇਤਕ ਦਿਨ ਸੁਲਤਾਨਪੁਰ,
ਪੁਰ[1] ਨਿਜ ਦਾਸਨਿ ਆਸ।
ਪੰਦ੍ਰਾਂ ਸੈ ਉਨਸਠ* ਵਿਖੇ[1],
ਚਲੇ ਮੋਦ ਭਰਿ ਖਾਸ[1] ॥ ੫ ॥

[1]ਪੂਰੀ ਕਰਕੇ।
[1]ਸੰ: ੧੫੫੯ ਬਿ: ਵਿੱਚ। *ਤਵਾਰੀਖ ਗੁਰੂ ਖ਼ਾਲਸਾ ਛਾਪਾ ਪੱਥਰ ਦੇ ਪੰਨਾ ੯੬ ਤੇ ਦੂਜੀ ਉਦਾਸੀ ਨੂੰ ਚੱਲਣ ਦਾ ਸੰਮਤ ਕਵੀ ਜੀ ਨੇ ਆਪ ੧੫੬੨ ਬਿ: ਲਿਖਿਆ ਹੈ।
[1]ਆਪ।

ਕਬਿੱਤ:

ਦੱਖਨ ਸੁ ਦਿਸ ਹੇਤ ਰੱਖਨ ਧਰਮ ਬੇਦ[1],
ਭੇਦ ਮਤ ਖੰਡਨ ਪਖੰਡਨ ਹਰਨ ਹੈਂ।
ਜਾਇ ਕੈ ਗੁਰੁ ਬਠਿੰਡੇ ਹਰੇ ਹੈਂ ਬਤਿੰਡੇ ਬਾਦੀ[1],
ਮਿਲਯੋ ਰਤਨ ਹਾਜੀ ਗਹੇ ਆ ਚਰਨ ਹੈਂ।
ਫੇਰ ਬੀਕਾ ਨੇਰ ਹੇਰ ਜੈਨ ਮਤ ਢੇਰ ਜਹਿਂ,
ਥਿਰ ਕੈ ਸ਼ਬਦ ਗੁਰੁ ਕੀਨ ਉਚਰਨ ਹੈਂ।
ਸੁਨਿ ਕੈ ਸਰੇਵੜੇ[1] ਬੁਰੇਵੜੇ ਬਦਨ[2] ਆਇ,
ਗੁਰੁ ਪਾਸ ਖਾਸ ਮਤ ਕੀਨ ਯੌਂ ਬਰਨ ਹੈਂ[1] ॥ ੬ ॥

[1]ਵੇਦ ਧਰਮ ਭਾਵ ਆਸਤਕ ਧਰਮ।
[1]ਵਿਤੰਡਾ ਵਾਦੀਆਂ ਨੂੰ ਹਰਾਇਆ। {ਵਿਤੰਡਾ ਸ਼ਬਦ ਦੇ ਅਰਥਾਂ ਲਈ ਬਿਸ੍ਰਾਮ ੩ ਦੇ ਅੰਕ ੮੮ ਦੀਆਂ ਟਿੱਪਣੀਆਂ।
[1]ਜੈਨੀ। [2]ਬੁਰੇ ਮੂੰਹਾਂ ਵਾਲੇ।
[1]ਆਪਣਾ ਮੱਤ ਐਉਂ ਵਰਣਨ ਕੀਤਾ।

ਭਏ ਆਦਿ ਨਾਥ[1], ਅਰਹੰਤ[2], ਜੈਨ[3], ਬੁੱਧ ਨਾਥ[11],

[1]ਜੈਨੀਆਂ ਦਾ ਪੂਜਯ ਦੇਵਤਾ 'ਜਿੱਨ ਭਗਵਾਨ' ਜਿਸ ਦਾ ਨਾਮ ਰਿਖਭ ਦੇਵ ਹੈ। ਜੈਨੀਆਂ ਦੇ ਚੌਵੀ ਅਵਤਾਰਾਂ ਨੂੰ ਤੀਰਥੰਕਰ ਆਖਦੇ ਹਨ, ਇਹ ਪਹਿਲਾ ਤੀਰਥੰਕਰ ਹੈ। [2]ਬਿਹਾਰ ਸੂਬੇ ਦੇ ਸ਼ਹਿਰ ਪਟਨੇ ਦੇ ਰਾਜੇ ਕੋਂਕਵੇਕ ਨੇ ਯੁਧਿਸ਼ਟਰੀ ਸ਼ਕ ੧੪੪੫ ਵਿੱਚ ਸਨਜਾਸ ਧਾਰ ਕੇ ਨਾਮ ਅਰਹੰਤਰਖਾਇਆ ਤੇ ਹਿੰਸਾ ਵਿਰੁੱਧ ਪ੍ਰਚਾਰ ਕੀਤਾ। ਯੁਧਿਸ਼ਟਰੀ ਸ਼ਕ ੧੫੩੨ ਵਿੱਚ ਇਸ ਦਾ ਦੇਹਾਂਤ ਹੋਇਆ। ਇਸ ਤੋਂ ਬਾਦ ੨੪ ਤੀਰਥੰਕਰ ਇਸ ਮੱਤ ਦੇ ਪ੍ਰਚਾਰਕ ਹੋਏ ਹਨ। [3]ਜੈਨ ਸ਼ਬਦ ਦਾ ਅਰਥ ਹੈ ਜਿੱਨ ਭਗਵਾਨ ਦੇ ਉਪਾਸ਼ਕ, ਪਰ ਏਥੇ ਕਵੀ ਜੀ ਦਾ ਭਾਵ ਦੂਜੇ ਤੀਰਥੰਕਰ ਦਾ ਹੋ ਸਕਦਾ ਹੈ ਜਿਸ ਦਾ ਨਾਮ ਹੈ 'ਆਜੰਤ ਨਾਥ'। [11]ਇਸ ਦਾ ਨਾਮ 'ਸੁਮਤੀ ਨਾਥ' ਵੀ ਹੈ ਜੋ ਪੰਜਵਾਂ ਤੀਰਥੰਕਰ ਹੈ {ਨੋਟ: ਇਨ੍ਹਾਂ ਦੇ ਮਾਤਾ ਪਿਤਾ, ਉਚਾਈ, ਲੱਛਣ ਤੇ ਉਮਰ ਆਦਿ ਦਾ ਜ਼ਿਕਰ ਵਿਸਥਾਰ ਦੇ ਡਰ ਤੋਂ ਨਹੀਂ ਲਿਖਿਆ। ਵਿਸਥਾਰ ਲਈ ਦੇਖੋ 'ਭਾਰਤ ਮਤ ਦਰਪਣ' ਕ੍ਰਿਤ ਮਹੰਤ ਗਣੇਸ਼ਾ ਸਿੰਘ ਜਾਂ 'ਜੈਨ ਤਤ੍ਵ ਪ੍ਰਕਾਸ਼'।}

ਆਦਿਕ ਹਮਾਰੇ ਜੇਊ ਚੌਬੀ ਅਵਤਾਰ ਹੈਂ।
ਤਿਨ ਹੂੰ ਚਲਾਯੋ ਮੱਤ ਹਮ ਜੋ ਭਜਤਿ ਸੱਤ[1],
ਕਰਨੇ ਬਰਤ ਤਪ ਤਨ ਕ੍ਰਿਸ ਕਾਰ ਹੈਂ[1]।
ਮੋਚਨੇ ਸੋਂ ਨੋਚਨੇ[1] ਜੋ ਬਾਲ ਏ ਬਿਸਾਲ ਤਪ,
ਜੀਵਨ ਕੀ ਰਖਜਾ ਸਰਬ ਪਰਕਾਰ ਹੈਂ।
ਈਸ਼ ਹੈ ਨਾ ਕੋਇ ਕਾਲ ਕਰਮ ਤੈ ਬਿਹਾਰ ਹੋਇ[1],
ਜੀਵ ਹੈਂ ਅਨੰਤ ਪੰਚ ਭੂਤਨ ਬਿਕਾਰ ਹੈਂ[1] ॥ ੭ ॥
ਐਸੇ ਮਤ ਜੈਨ ਸੁਨਿ ਕਹਯੋ ਸਤਿਗੁਰੁ ਪੁਨ,
ਮਤ ਜੋ ਤੁਮਾਰ ਹੈ ਅਸਾਰ[1] ਨਿਰਧਾਰੀਏ[2]।
ਕਾਲ ਕਲਪਤ ਕਰਮ ਜਢ ਕਹਾਂ ਕਰੈਂ ਕੁਛ,
ਦੁੱਖ ਫਲ ਭੋਗ ਜੀਵ ਚਹੈਂ ਨ ਵਿਚਾਰੀਏ।
ਬਿਨ ਏਕ ਚੇਤਨ ਨਿਯੰਤਾ[1] ਕੈਸੇ ਕਾਜ ਹੋਇ,
ਰਿਤੁ ਕੀ ਬਿਵਸਥਾ ਲੌ[1] ਆਦਿਕ ਵਿਚਾਰੀਏ।
ਈਸ਼੍ਵਰ ਜਗਤ-ਪਤਿ ਓਪਤਿ ਖਪਤਿ[1] ਰਚੀ[2],
ਜੀਵ ਕੇ ਬਚਾਏ ਬਚੈਂ ਜੀਵ ਕੌ ਲੌ[1] ਧਾਰੀਏ ॥ ੮ ॥

[1]ਸੱਚਾ ਜਾਣ ਕੇ ਮੰਨਦੇ ਪੂਜਦੇ ਹਨ।
[1]ਸ਼ਰੀਰ ਕਮਜ਼ੋਰ ਕਰਦੇ ਹਨ।
[1]ਖਿੱਚ ਕੇ ਪੁੱਟਣੇ।
[1]ਕੰਮ ਹੋ ਰਿਹਾ ਹੈ।
[1]ਪੰਜਾਂ ਤੱਤਾਂ ਦਾ ਕਾਰਜ ਹਨ।
[1]ਝੂਠਾ। [2]ਜਾਣੋ।
[1]ਪ੍ਰੇਰਕ।
[1]ਰੁੱਤਾਂ ਦੀ (ਤਬਦੀਲੀ ਦੀ) ਦਸ਼ਾ ਤੱਕ।
[1]ਉੱਤਪਤੀ ਅਤੇ ਲਯਤਾ। [2]ਬਣਾਈ ਹੈ।
[1]ਕਦੋਂ ਤੱਕ।

ਚੌਪਈ:

ਤਨ ਕ੍ਰਿਸ਼[1] ਕਰਨ ਕੂਟਨੋ ਬਰਮੀਂ[2]।

[1]ਕਮਜ਼ੋਰ। [2]ਸੱਪ ਦੀ ਖੁੱਡ ਕੁੱਟਣ ਦੇ ਬਰਾਬਰ ਹੈ।

ਧਾਨ ਹੇਤ ਤੁਸ ਛਰੈਂ ਨਿਕਰਮੀ[1]।

[1]ਨਿਕੰਮੇ (ਆਦਮੀ) ਚੌਲਾਂ ਵਾਸਤੇ ਫੂਸ ਨੂੰ (ਐਵੇਂ ਬਿਅਰਥ ਹੀ) ਕੁੱਟੀ ਜਾਂਦੇ ਹਨ।

ਮੰਦ ਅਚਾਰ[1] ਬਿਹਾਰ[2] ਤੁਮਾਰੋ।
ਅਹੇ ਕ੍ਰੁਸ਼ਟ ਮਲਿਨ ਅਤਿ ਧਾਰੋ[1] ॥ ੯ ॥

[1]ਮਾਨਸਿਕ ਕਰਮ। [2]ਸ਼ਰੀਰਕ ਕਰਮ।
[1]ਬਹੁਤ ਮੈਲ ਨੂੰ ਧਾਰਦੇ ਹੋ।

ਨਾਵਣ ਧੋਵਣ ਨਹਿ ਤੁਮ ਕਰਿਹੋ।
ਮੂਤ੍ਰ ਮਲ[1] ਫੋਲਤਿ ਕਰ ਭਰਿਹੋ[2]।

[1]ਮੈਲ, ਵਿਸ਼ਟਾ। [2]ਹੱਥ ਭਰ ਲੈਂਦੇ ਹੋ।

ਜਲ ਮ੍ਰਿਤਕਾ[1] ਬਿਨ ਸੁੱਧ ਨ ਹੋਈ।
ਸੋ ਤੁਮ ਬਰਤਤ ਕਬੀ ਨ ਕੋਈ ॥ ੧੦ ॥

[1]ਮਿੱਟੀ।

ਈਸ਼ੂਰ ਰਚੇ ਕੇਸ ਤੁਮ ਨੋਚੋ[1]।
ਕਯੋਂ ਨ ਨਰਕ ਦੁਖ ਹ੍ਵੈ ਤੁਹਿ ਸੋਚੋ।
ਨਰ ਤਨ ਕ੍ਰਿਜਾ ਪਿਸਾਚਨ ਕੇਰੀ[1]।
ਹੈ ਆਵਤਿ ਦੁਰਗੰਧਿ ਬਧੇਰੀ ॥ ੧੧ ॥

[1]ਖਿੱਚ ਕੇ ਪੁਟਦੇ ਹੋ।
[1]ਰਾਖਸ਼ਾਂ ਦੀ ਹੈ।

ਈਸ ਉਪਾਸ ਨ ਭਗਤੀ ਗਜਾਨਾ।
ਕਰੋ ਤੁ ਪੈਹੋ ਪਦ ਨਿਰਬਾਨਾ[1]।
ਜਲ ਮਾਟੀ ਕਰਿ ਸੁੱਧ ਰਹੀਜੈ।
ਜਥਾ ਲਾਭ ਸੰਤੋਖ ਗਹੀਜੈ[1] ॥ ੧੨ ॥

[1]ਦੁਖਰਹਿਤ ਪਦਵੀ।
[1]ਜਿਹੋ ਜਿਹਾ ਪਦਾਰਥ ਲੱਭ ਪਵੇ, ਉਸੇ ਵਿੱਚ ਭਲੀ ਪ੍ਰਕਾਰ ਪ੍ਰਸੰਨਤਾ ਗ੍ਰਹਣ ਕਰੇ।

ਸ੍ਵਾਸ ਸ੍ਵਾਸ ਪ੍ਰਮੇਸ੍ਵਰ ਭਜੋ।
ਮਤ ਸ੍ਰਿਸ਼ਟ ਗਹਿ ਭ੍ਰਿੱਸ਼ਟ ਸੁ ਤਜੋ।
ਮਾਨ ਬੈਨ ਗੁਰੁ ਕੇ ਤਬਿ ਜੈਨੀ।
ਲਗੈ ਕਰਨ ਹਰਿ ਭਗਤਿ ਸੁਖੈਨੀ ॥ ੧੩ ॥

ਦੋਹਰਾ:

ਚਲ ਸਰਸੇ ਸਰਸੇ ਗਏ,
ਸਰਸੇ ਪਰ ਥਿਰ ਨੀਕ[1]।

[1]{ਸਰਸੇ} ਬਹੁਤਾ (ਪੈਂਡਾ) ਚਲ ਕੇ {ਸਰਸੇ} ਸ਼ਹਿਰ ਪਹੁੰਚ ਗਏ (ਉਥੇ) {ਸਰਸੇ} ਪਾਣੀ ਨਾਲ ਭਰੇ ਤਲਾਅ ਦੇ ਉੱਪਰ ਚੰਗੀ ਤਰ੍ਹਾਂ ਬੈਠ ਗਏ।

ਸਰਸੇ ਭੇ[1] ਨਰ ਨਾਰਿ ਪਿੱਖ,
ਸਰਸੇ ਸਿੱਖ ਬਨਿ ਠੀਕ[1] ॥ ੧੪ ॥

[1]ਬਹੁਤ ਅਨੰਦ ਹੋ ਗਏ।
[1]ਠੀਕ ਸਿੱਖ ਬਣ ਕੇ (ਨਾਮ ਦੇ) {ਸਰਸੇ}ਰਸ ਸਹਿਤ ਹੋ ਗਏ।

ਮਨ-ਹਰੀ ਛੰਦ:

ਤਹਿਂ ਤੈ ਕਰਿ ਪਿਆਨਾ[1], ਪਿੱਖ ਬਹੁ ਥਾਨਾ,
ਸ਼ਹਿਰ ਹਿਸਾਰ ਨਿਹਾਰਾ।

[1]ਚੱਲ ਕੇ।

ਤਹਿਂ ਸ਼ੇਖ ਵਜੀਦਾ, ਮਿਲਾ ਰਸੀਦਾ[1],
ਗੋਸ਼ਟ ਭਈ ਅਪਾਰਾ।
ਪੁਨ ਪੁਸ਼ਕਰ ਰਾਜੂ, ਪਿਖਾ ਸਮਾਜੂ[1],
ਮੇਲਾ ਜੁਰਜੋ ਮਹਾਨਾ।
ਤਹਿਂ ਲੋਗ ਅਪਾਰੇ, ਬਹੁ ਮਤਵਾਰੇ[1],
ਆਏ ਸੁਨਿ ਗੁਰੁ ਗਾਨਾ[1] ॥ ੧੫ ॥
ਪਹਿਲੇ ਬੈਰਾਗੀ, ਹ੍ਵੈ ਸਬਿ ਆਗੀ,
ਨਿਜ ਮਤ ਐਸ ਬਖਾਨੋ।
ਮੂਰਤਿ ਅਭਿਰਾਮੰ[1], ਸਾਲ ਗਰਾਮੰ[2],

ਪੂਜੋ ਬਿਸ਼ਨੂ ਜਾਨੋ।
ਧਰਿ ਦੁਆਦਸ ਟੀਕੇ[1], ਮੁੰਦ੍ਰਾ[2] ਨੀਕੇ,

ਕੰਠੀ ਛਾਪਰੁ ਮਾਲਾ।
ਕਰਿ ਧਾਮ ਸੁ ਚਾਰੈਂ[1], ਮਨਿ ਅਵਤਾਰੈਂ[2],

ਪੈ ਹੈਂ ਮੁਕਤਿ ਬਿਸਾਲਾ ॥ ੧੬ ॥
ਯਹਿ ਸੁਨਿ ਕਰਿ ਸਤਿਗੁਰੁ, ਬੋਲੇ ਯੌਂ ਫੁਰ[1],
ਤੁਮ ਕੂਰੇ ਬੈਰਾਗੀ।
ਯਹਿ ਚਿੰਨ੍ਹ ਤੁਮਾਰੇ, ਨਹਿ ਨਿਸਤਾਰੇ,
ਬਜਰਥ ਦੇਹ ਤੁਮ ਦਾਗੀ[1]।
ਜੋ ਭਟਕਤਿ ਧਾਮੰ[1], ਬਿਨ ਹਰਿ ਨਾਮੰ,

[1](ਰੱਬ ਨੂੰ) ਪਹੁੰਚਿਆ ਹੋਇਆ।

[1]ਇਕੱਠ।

[1]ਮੱਤਾਂ ਵਾਲੇ।

[1]ਸ਼ਬਦ ਦਾ ਕੀਰਤਨ।

[1]ਸੁੰਦਰ। [2]ਸਾਲਗ੍ਰਾਮ ਪਿੰਡ ਕੋਲੋਂ ਗੰਡਕਾ ਨਦੀ 'ਚੋਂ ਨਿਕਲਿਆ ਗੋਲ ਪੱਥਰ ਜਿਸ ਉਪਰ ਚੱਕ੍ਰ ਦਾ ਚਿੰਨ੍ਹ ਹੁੰਦਾ ਹੈ। ਹਿੰਦੂ ਇਸ ਨੂੰ ਵਿਸ਼ਨੂੰ ਦੀ ਮੂਰਤੀ ਮੰਨਦੇ ਹਨ।

[1]ਵੈਸ਼ਨਵਾਂ ਦੇ ਬਾਰਾਂ ਤਿਲਕ {੧. ਮੱਥੇ ਤੇ, ੨. ਪੇਟ ਤੇ, ੩. ਛਾਤੀ ਤੇ, ੪. ਕੰਠ ਤੇ, ੫. ਸੱਜੀ ਕੁੱਖ ਤੇ, ੬. ਸੱਜੀ ਬਾਂਹ ਤੇ, ੭. ਸੱਜੇ ਮੋਢੇ ਤੇ, ੮. ਖੱਬੀ ਕੁੱਖ ਤੇ, ੯. ਖੱਬੀ ਬਾਂਹ ਤੇ, ੧੦. ਖੱਬੇ ਮੋਢੇ ਤੇ, ੧੧. ਪਿੱਠ ਤੇ, ੧੨. ਕਮਰ ਤੇ।} [2]ਧਾਰਮਕ ਚਿੰਨ੍ਹ। ਇਨ੍ਹਾਂ ਦੀ ਗਿਣਤੀ ਵੀ ਬਾਰਾਂ ਹੀ ਹੈ। {੧. ਜਨੇਊ। ੨. ਮ੍ਰਿਗਛਾਲਾ। ੩. ਮੂੰਜ ਦੀ ਤੜਾਗੀ। ੪. ਕਮੰਡਲ। ੫. ਬੋਦੀ (ਇਹ ਪੰਜ ਮੁੰਦ੍ਰਾ ਬ੍ਰਹਮਚਾਰੀ ਦੀਆਂ ਹਨ)। ੬. ਤਿਲਕ। ੭. ਕੰਠੀ। ੮. ਤੁਲਸੀ ਮਾਲਾ (ਇਹ ਤਿੰਨ ਮੁੰਦ੍ਰਾ ਵੈਸ਼ਨਵਾਂ ਦੀਆਂ ਹਨ)। ੯.ਰੁਦ੍ਰਾਖ ਮਾਲਾ। ੧੦. ਤ੍ਰਿਪੁੰਡਰ (ਇਹ ਦੋ ਸ਼ੈਵ ਮੁੰਦ੍ਰਾ)। ੧੧. ਤ੍ਰਿਦੰਡ (ਸਨਿਆਸੀ ਮੁੰਦ੍ਰਾ ਅਤੇ) ੧੨. ਕੰਨਾਂ ਦੀਆਂ ਮੁੰਦ੍ਰਾ (ਇਹ ਜੋਗੀ ਮੁੰਦ੍ਰਾ ਹੈ)।

[1]ਚਾਰ ਧਾਮਾਂ ਦੀ (ਯਾਤ੍ਰਾ) ਕਰਕੇ। {ਚਾਰ ਧਾਮ– ੧. ਬਦਰੀ ਨਾਥ। ੨.ਰਾਮੇਸ਼ਰ। ੩. ਦੁਆਰਾਵਤੀ। ੪. ਪ੍ਰਯਾਗ।} [2]ਅਵਤਾਰਾਂ ਨੂੰ ਮੰਨ ਕੇ।

[1]ਛੇਤੀ।

[1]ਸਾੜੀ ਹੈ।

[1]ਚਹੁੰ ਧਾਮਾਂ ਵਿੱਚ।

ਪਾਨੀ ਪਾਹਨ[1] ਪਰਸੈਂ[2]। [1]ਪੱਥਰ। [2]ਛੁਹਂਦੇ ਹਨ।
ਸਬਿ ਪਾਹਨ ਮੂਰਤਿ, ਪੂਜਤਿ ਧੂਰਤ[1], [1]ਛਲੀਏ, ਠੱਗ।
ਸਾਚੋ ਬਿਸ਼ਨ ਨਾ ਦਰਸੈਂ ॥੧੭॥
ਸਤਿ ਚਿੱਤ ਅਬਨਾਸ਼ੀ, ਸ੍ਵੈ ਪ੍ਰਕਾਸ਼ੀ,
ਤਾ ਮੈ ਜਿਂਹਿ ਲਿਵ ਲਾਗੀ।
ਬੁਧਿ ਭੇਦ ਤਿਆਗੀ, ਦੁਬਿਧਾ ਭਾਗੀ,
ਸੋ ਸਾਚਾ ਬੈਰਾਗੀ।
ਉਨਿ ਗੁਰ ਬਚ ਸੁਨਿ ਕੈ, ਸਾਚੈ ਗੁਨਿ ਕੈ,
ਮਾਨ ਲੀਨ ਮਨਿ ਠੀਕੈਂ।
ਤਜਿ ਕਲਪਨ ਕ੍ਰਿਆ, ਗੁਰੁ ਮਗ ਫਰਿਆ,
ਸਤਿਨਾਮੁ ਜਪ ਨੀਕੈਂ ॥੧੮॥
ਇਸ ਹੀ ਬਿਧਿ ਸਾਰੇ, ਭੇਖ ਨਿਵਾਰੇ,
ਕਰਿ ਕਰਿ ਚਰਚਾ ਹਾਰੇ।
ਪਿਖ ਸਮਰਥ ਗੁਰੁ ਕਾ, ਹਿੰਦੂ ਤੁਰਕਾ,
ਲੱਗੇ ਗੁਰੁ ਪਗ ਸਾਰੇ।
ਗੁਰੁ ਕ੍ਰਿਪਾ ਕੀਨੀ, ਦੀਖਿਆ[1] ਦੀਨੀ, [1]ਸਿਖਿਆ, ਗੁਰ ਮੰਤ੍ਰ।
ਸੁਭ ਗੁਨ ਭਗਤੀ ਭਾਵ ਦਏ।
ਕਰਿ ਮੱਜਨ[1] ਤੀਰਥ, ਭਜਨ ਕੀਰਤਿ, [1]ਇਸ਼ਨਾਨ।
ਪੁਨ ਅਜਮੇਰਹਿਂ ਆਇ ਗਏ ॥੧੯॥
ਦੋਹਰਾ:
ਢਾਈ ਦਿਨ ਕਾ ਝੂਫੜਾ[1], [1]ਅਜਮੇਰ ਵਿੱਚ ਤਾਰਾ ਗੜ੍ਹ ਪਹਾੜੀ ਦੀ ਢਲਾਣ ਵਿੱਚ ਇਕ ਮੰਦਰ ਹੈ, ਜਿਸ ਨੂੰ 'ਢਾਈ ਦਿਨ ਦਾ ਝੌਂਪੜਾ' ਕਹਿੰਦੇ ਹਨ, ਜਿਸ ਦਾ ਭਾਵ ਕੁਝ ਦਿਨਾਂ ਦੀ ਜ਼ਿੰਦਗੀ ਹੈ। ਇਹ ਮੰਦਰ ਪੁਰਾਤਨ ਭਵਨ ਕਲਾ ਦਾ ਸੁੰਦਰ ਨਮੂਨਾ ਹੈ। ਫਰਗੂਸਨ ਦੇ ਸ਼ਬਦਾਂ ਵਿੱਚ ਸਜਾਵਟ ਤੇ ਸੁੰਦਰਤਾ ਦੇ ਪੱਖ ਤੋਂ ਇਸ ਵਰਗਾ ਮੰਦਰ ਕਾਹਿਰਾ, ਫ਼ਰਾਂਸ, ਸਪੇਨ ਤੇ ਸੀਰੀਆ ਵਿੱਚ ਵੀ ਕੋਈ ਨਹੀਂ।
ਪੇਖ ਕਹਜੋ ਗੁਰ ਕਾਚ[1]। [1]ਝੂਠ ਹੈ।
ਇਸ ਪਰ ਕਜੋਂ ਜ਼ਰ[1] ਬਹੁ ਖਚੀ[2], [1]ਸੋਨਾ, ਦੌਲਤ, ਮਾਇਆ। [2]ਜੜੀ ਭਾਵ ਖਰਚੀ ਹੈ।
ਜੇ ਕਰਿ ਥੀ ਦਿਲ ਸਾਚ ॥੨੦॥
ਢਾਈ ਦਿਨ ਕਾ ਝੂਫੜਾ,

ਬੋਲਜੋ ਪੀਰ ਅਸਾਰ[1]। [1]ਪੀਰ ਨੇ ਝੂਠ ਬੋਲਿਆ ਹੈ।
ਜਿਨੀ ਚੱਲਣ ਜਾਣਿਆ,
ਸੇ ਕਿਓਂ ਕਰਨ ਬਿਥਾਰ[1] ॥੨੧॥ [1]ਵਿਸਥਾਰ।
ਯਹਿ ਸੁਨਿ ਕਰਿ ਅਰ ਪਿੱਖ ਗੁਰੈਂ,
ਇਕਠੇ ਭਏ ਫਕੀਰ।
ਖਵਾਜੇ ਮੋਮਨ ਦੀਨ ਕੇ,
ਚੇਲੇ ਨੇਕ ਜ਼ਮੀਰ[1] ॥੨੨॥ [1]ਅੰਤਹਕਰਣ ਦੀ ਵਿਵੇਕ-ਸ਼ਕਤੀ।
ਕੈਸੇ ਰਹੇ ਫਕੀਰ ਜਗ,
ਭੇਖਿ ਫਕੀਰੀ ਧਾਰਿ।
ਯਹਿ ਸ੍ਵਾਲ ਸੁਨਿ ਉਨੀ ਕਾ,
ਸਤਿਗੁਰ ਕੀਨ ਉਚਾਰ ॥੨੩॥
ਚੌਪਈ:
ਪੀਰ ਕੀ ਮਤਿ ਮੁਰੀਦ ਹ੍ਵੈ ਰਹੈ[1]। [1]ਪੀਰ ਦੀ ਮੱਤ ਮੁਰੀਦਾਂ ਵਰਗੀ ਹੋ ਰਹੇ।
ਖਫਨੀ, ਟੋਪੀ, ਸੇਲੀ ਗਹੈ।
ਯਹਿ ਥਾਨ ਮੁਰਦੇ ਕਾ ਮਾਨੈਂ।
ਸਬ ਤੈ ਨੀਚ ਆਪ ਕੋ ਜਾਨੈ ॥੨੪॥
ਬਹਤਿ ਦਰਿਆਉ ਕਹੇ ਬਰੇਤੀ[1]। [1]ਵਗਦੇ ਦਰਿਆ ਨੂੰ ਬਰੇਤੀ ਕਹੇ ਭਾਵ ਉੱਚ ਅਵਸਥਾ ਵਿੱਚ ਰਹੇ।
ਹਰਖ ਸੋਗ ਕਿਹ ਕਰੇ ਨ ਹੇਤੀ[1]। [1]ਮੋਹ।
ਸੂਨ ਨਗਰ ਮਹਿਂ ਕਰੈ ਅਹਾਰਾ[1]। [1]ਅਫੁਰ ਅਵਸਥਾ ਰੂਪ ਸ਼ਹਿਰ ਵਿੱਚ (ਨਾਮ ਦਾ) ਭੋਜਨ ਛਕੇ।
ਤਜਿ ਕੁਟੰਬ[1] ਹ੍ਵੈ ਰਹੈ ਸੁਖਾਰਾ ॥੨੫॥ [1]ਮੋਹ ਦੇ ਪ੍ਰਵਾਰ ਭਾਵ ਆਸੁਰੀ ਸੰਪਦਾ ਨੂੰ।
ਜੀਵਤ ਮਰੈ ਜਾਗਤ ਹੀ ਸੋਵੈ।
ਸਫਨ ਸਫਾ ਸਬਿ ਖਾਲਕ ਜੋਵੈ[1]। [1]ਸਾਰੇ ਸੰਸਾਰ ਵਿੱਚ ਵਾਹਿਗੁਰੂ ਨੂੰ ਵੇਖੇ। {ਸਫ਼ਨ ਸਫ਼ਾ=ਸ਼ਤਰੰਜ, ਚੌਪੜ ਆਦਿ ਬਾਜ਼ੀ ਖੇਲਣ ਦਾ ਬਸਤ੍ਰ ਭਾਵ ਸੰਸਾਰ।}
ਸ਼ਾਦੀ ਗਮੀ ਨ ਗੁੱਸਾ ਮਾਨੈ।
ਪੈਗੰਬਰ ਕੋ ਨਿਜ ਸਮ ਜਾਨੈ ॥੨੬॥
ਕੰਚਨ ਖਾਕ[1] ਰੁ ਹੱਕ ਹਲਾਲੰ[2]। [1]ਸੋਨੇ ਤੇ ਮਿੱਟੀ ਨੂੰ (ਇਕੋ ਜਿਹਾ ਸਮਝੇ)। [2]ਅਤੇ ਸੱਚ ਧਰਮ ਦੀ (ਕਮਾਈ ਕਰੇ)।
ਆਈ ਤਲਬ ਨ ਫੇਰੇ ਤਲੰ[1]। [1]ਸੱਦਾ ਔਣ ਤੇ ਹੱਥ ਦੀ ਹਥੇਲੀ ਨ ਫੇਰੇ ਭਾਵ ਭਾਣੇ ਵਿੱਚ ਪ੍ਰਸੰਨ ਰਹੇ।
ਗਗਨ ਮੰਡਲ ਮਹਿ ਆਸਣ ਲਾਵੈ[1]। [1]ਅਕਾਸ਼ ਵਾਂਗ ਵਿਆਪਕ ਵਾਹਿਗੁਰੂ ਦੇ {ਮੰਡਲ} ਸਰੂਪ ਵਿੱਚ

ਟਿਕਿਆ ਰਹੇ।

ਤਬ ਹੀ ਫੱਕਰ[1]* ਫਕੀਰੀ ਪਾਵੈ ॥੨੭॥

[1]ਫ਼ਕੀਰ। *ਏਥੇ ਮੂਲ 'ਚ ਪਾਠ 'ਫਰਕ' ਛਪਿਆ ਹੋਇਆ ਸੀ ਜੋ ਅਸ਼ੁੱਧ ਹੈ। ਅਸਾਂ ਸ਼ੁੱਧ ਕਰ ਦਿੱਤਾ ਹੈ।

ਯਹਿ ਸੁਨਿ ਉਨਿ ਪਦ ਪੰਕਜ ਚੂੰਮੈ।
ਗੁਰ ਕੇ ਗਿਰਦ ਔਰ ਪੁਨ ਝੂੰਮੇ।
ਤਹਿਂ ਤੈ ਪੁਨ ਗੁਰੁ ਚਲੇ ਅਗਾਰੀ।
ਦੇਸ ਮਾਲਵਾ ਪਿਖਜੋ ਉਦਾਰੀ ॥੨੮॥
ਮਿਲੇ ਘਨੇ ਕੰਨ ਪਾਟੇ ਜੋਗੀ।
ਮਦ ਰਸ ਭੋਗੀ[1] ਬ੍ਰਹਮ ਬਜੋਗੀ[2]।

[1]ਸ਼ਰਾਬ ਦਾ ਰਸ ਚੱਖਣ ਵਾਲੇ। [2]ਵਾਹਿਗੁਰੂ ਤੋਂ ਵਿਛੜੇ ਹੋਏ।

ਕਰਿ ਆਦੇਸ[1] ਉਨੈ ਬਚ ਗਾਏ।

[1]ਨਮਸਕਾਰ।

ਮਾਈ ਮੂੰਡੇ[1] ਫਿਰਤ ਕਿਥਾਏ? ॥੨੯॥

[1]ਵਿਧਵਾ ਦੇ ਪੁੱਤਰ {ਮਾਈ ਮੂੰਡਾ=ਜਿਸ ਦੀ ਮਾਂ ਦਾ ਸਿਰ ਮੁੰਨਿਆ ਹੋਵੇ, ਹਿੰਦੂ ਮਤ ਅਨੁਸਾਰ ਵਿਧਵਾ ਦਾ ਸਿਰ ਮੁੰਨਣਾ ਇਕ ਜ਼ਰੂਰੀਰੀਤਿ ਹੈ।}

ਜੋਗੀ ਬਨ ਗੋਰਖ ਕਾ ਚੇਲਾ।
ਦਿਖਰੈ ਹੈਂ ਤੁਹਿ ਅਚਰਜ ਖੇਲਾ।
ਪੀ ਪਜਾਲਾ ਬਨ ਜਾ ਮਤਵਾਲਾ।
ਲੈ ਅਨਹਦ ਕਾ ਮੋਦ[1] ਬਿਸਾਲਾ ॥੩੦॥

[1]ਅਨਹਦ ਸ਼ਬਦ ਦਾ ਅਨੰਦ।

ਜਾ ਕਾ ਮਨ ਅਨਹਦ ਮੈ ਲਾਗੈ।
ਬਿਸ਼ੇ ਬਾਸ਼ਨਾ ਤਾਂ ਕੀ ਭਾਗੈ।
ਬਿਨ ਹੱਠ ਜੋਗ ਕਿਯੇ ਮਦ ਪਾਨਾ[1]।

[1]ਸ਼ਰਾਬ ਪੀਣ ਤੋਂ।

ਹੋਇ ਨਾ ਅਨਹਦ ਮੈ ਗਲਤਾਨਾ[1] ॥੩੧॥

[1]ਲੀਨ।

ਬਿਨ ਅਨਹਦ ਮਨ ਯੌਂ ਥਿਰ ਕਰਨੋ।
ਜੈਸ ਪੌਨ ਚਪਲਾ ਕਰ ਫਰਨੋ[1]।

[1]ਜਿਵੇਂ ਹਵਾ ਤੇ ਬਿਜਲੀ ਨੂੰ ਹੱਥ 'ਚ ਫੜਨਾ (ਅਸੰਭਵ) ਹੈ।

ਮਨ ਅਨਹਦ ਮੈਂ ਹ੍ਵੈ ਜਬਿ ਮਸਤ।
ਭੂਲ ਜਾਤਿ ਜਗਿ ਬਾਤ ਸਮਸਤ ॥੩੨॥
ਮਨ ਬੁਧਿ ਹ੍ਵੈ ਥਿਰ ਯਾ ਬਿਧਿ ਜਬਿ ਹੀ।
ਹੋਤ ਜੋਤ ਕਾ ਦਰਸ਼ਨ ਤਬਿ ਹੀ।
ਜਬੈ ਜੋਤ ਕੋ ਜੋਗੀ ਜੋਵੈ[1]।

[1]ਦੇਖਦਾ ਹੈ।

ਅਣਿਮਾਦਿਕ ਸਿਧ[1] ਹਾਜ਼ਰ ਹੋਵੈ ॥੩੩॥

[1]ਇਕ ਸਿੱਧੀ ਦਾ ਨਾਮ {ਅਣਿਮਾ=ਬਹੁਤ ਛੋਟੇ ਹੋ ਜਾਣਾ।}

ਬਿਬਿਧ[1] ਦਿਖਾਇ ਜਗਤ ਕੋ ਸਿੱਧੀ[2]।

[1]ਅਨੇਕ ਤਰ੍ਹਾਂ ਦੀਆਂ। [2]ਕਰਾਮਾਤਾਂ।

ਤਿਨ ਤੈ ਲੈ ਮਨ ਭਾਵਤ ਰਿੱਧੀ[1]।

[1]ਬਿਭੂਤੀ, ਮਾਇਆ।

ਜੋਗੀ ਜੁਗਤਿ ਸੰਗ ਯੌਂ ਜੀਵੈ।
ਪਜਾਲਾ ਪ੍ਰੇਮ ਪਦਾਰਥ ਪੀਵੈ ॥ ੩੪ ॥
ਮੁਕਤਿ ਭੁਗਤਿ ਯੌਂ ਮਿਲਤ ਅਪਾਰੀ।
ਤੁਮ ਭੀ ਮਮ ਮਤਿ ਗਹੋ ਉਦਾਰੀ ॥ ੩੫ ॥
ਦੋਹਰਾ:
ਯਹਿ ਮਤਿ ਸੁਨਿ ਜੋਗੀਨ ਕਾ
ਗੁਰੁ ਕਿਯ ਸਬਦ ਉਚਾਰ।
ਆਸਾ ਸੂਹੀ ਰਾਗਨੀ,
ਲਿੱਖੇ ਗ੍ਰੰਥ ਮਝਾਰ[1] ॥ ੩੬ ॥

[1]ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ।

ਚੌਪਈ:
ਪੁਨਾ ਗੁਰੂ ਜੋ ਬੈਨ ਉਚਾਰੇ।
ਸੋਊ ਅਰਥ ਤੈ ਲਿਖੈ ਸੁਧਾਰੇ[1]।

[1]ਉਨ੍ਹਾਂ (ਸ਼ਬਦਾਂ) ਦੇ ਅਰਥਾਂ ਤੋਂ ਸੋਧ ਕੇ ਲਿਖਿਆ ਹੈ।

ਮਨੂਆ ਮੂੰਡੈ ਮੂੰਡ ਮੁਡਾਵੈ[1]।

[1]ਮਨ (ਦੇ ਸੰਕਲਪਾਂ ਰੂਪ ਕੇਸਾਂ) ਨੂੰ ਮੁੰਨਣਾ ਹੀ ਸਿਰ ਮੁਨਾਵੇ।

ਬਿਨ ਮਨ ਮੂੰਡੇ ਜੁਗਤਿ ਨ ਪਾਵੈ ॥ ੩੭ ॥
ਮੂੰਡ[1] ਕਾਟਿ ਗੁਰੁ ਆਗੇ ਧਰੈ।

[1]ਹੰਕਾਰ ਰੂਪ ਸਿਰ।

ਮਨਿ ਮਤਿ ਤਜਾਗ ਗੁਰੂ ਮਤਿ ਧਰੈ।
ਮੂੰਡ ਮੂੰਡਾਵਨ ਗਹੈ ਗ੍ਰੀਬੀ।
ਕੋ ਬਿਰਲਾ ਗਤਿ ਲਹੈ ਨਸੀਬੀ[1] ॥ ੩੮ ॥

[1]ਭਾਗਾਂ ਵਾਲਾ।

ਪਾਚੋਂ ਇੰਦ੍ਰੀ ਬਸ ਮੈਂ ਰਾਖੈ।
ਮਨ ਥਿਰ ਕਰਿ ਬ੍ਰਹਮਾ ਨੰਦ ਚਾਖੈ।
ਦਸਵੇਂ ਦੁਆਰੇ ਤਾਲਾ ਜੜੈ[1]।

[1]ਜਿੰਦਾ ਲਾ ਦੇਵੇ ਭਾਵ ਸਾਹਾਂ ਨੂੰ ਦਸਮ ਦੁਆਰ 'ਚ ਟਿਕਾਵੇ।

ਅਠਸਠ ਹਾਟ[1] ਵੀਚ ਮਨਿ ਕੜੈ[2] ॥ ੩੯ ॥

[1]੬੮ ਹੱਟਾਂ ਵਾਲੇ ਸ਼ਰੀਰ ਵਿੱਚ। [2]ਬੰਨ੍ਹ ਕੇ (ਰੋਕ ਕੇ) ਰੱਖੇ।

ਰੋਪ ਲੰਪ ਕਾ ਪਜਾਲਾ ਪੀਵੈ[1]।

[1]ਵਿਸ਼ੇ ਲੰਪਟ ਹੋਣ ਤੋਂ ਮਨ ਨੂੰ ਰੋਕਣਾ ਹੀ ਪਿਆਲਾ ਪੀਵੇ।

ਲਗਨ ਲਗਾਇ ਸੁ ਮਗਨ ਰਹੀਵੈ।
ਰਿਦੇ ਕਮਲ ਕੋ ਅਮਲ ਚਰ੍ਹਾਵੈ[1]।

[1]ਨਾਮ ਦੀ ਮਸਤੀ ਚੜ੍ਹਾਵੇ।

ਜੋਗੀ ਅਜਰ[1] ਅਮਰ ਪਦ ਪਾਵੇ ॥ ੪੦ ॥

[1]ਕੱਟਣ ਤੋਂ ਰਹਿਤ (ਅ) ਬੁਢੇਪੇ ਤੋਂ ਰਹਿਤ।

ਦੋਹਰਾ:
ਕਰਮ ਜੋਗ[1] ਹੱਠ ਜੋਗ[2] ਪੁਨ,

[1]ਚਿੱਤ ਦੀ ਸ਼ੁੱਧੀ ਲਈ, ਫਲ ਦੀ ਇੱਛਾ ਤਿਆਗ ਕੇ ਪਰਉਪਕਾਰ ਵਾਸਤੇ ਕਰਮਾਂ ਦਾ ਕਰਨਾ। [2]ਹੱਠ ਨਾਲ ਸਿੱਧ ਹੋਣ ਵਾਲਾ ਜੋਗ। ਹਠ ਯੋਗ ਪ੍ਰਦੀਪਕਾ ਵਿੱਚ ਲਿਖਿਆ ਹੈ ਕਿ {ਹ} ਸੂਰਜ {ਠ} ਚੰਦ੍ਰਮਾ ਇਨ੍ਹਾਂ ਦੋਹਾਂ ਦਾ ਯੋਗ (ਸਬੰਧ)

ਕਰਨਾ ਭਾਵ ਇੜਾ ਤੇ ਪਿੰਗਲਾ ਦਾ ਸੁਖਮਨਾ ਨਾਲ ਜੋੜਨਾ ਹਠ ਯੋਗ ਹੈ।

ਗਜਾਨ ਜੋਗ[1] ਬਡ ਚੀਨ।
ਤੁਮ ਸੀਖਜੋ ਇਕ ਮੁਸ਼ਕਲੈ,
ਹਮ ਤੀਨੋ ਪ੍ਰਬੀਨ ॥ ੪੧ ॥
ਚਿੰਨ੍ਹ ਜੋਗ ਕੇ ਸਾਚ ਮਮ,
ਤੁਮੂੰ ਧਰੇ ਸਬਿ ਕੂਰ।
ਮੁੰਦ੍ਰਾ ਗੁਰੁ ਕਾ ਸਬਦ ਮਨਿ,
ਖਿੰਥਾ ਖਿਮਾ ਹਜੂਰ ॥ ੪੨ ॥
ਜਗ ਕੋ ਮਿਥਯਾ ਜਾਨਬੋ,
ਮੂੰਡ ਮੁੰਡਾਵਨ ਏਹੁ।
ਸਬਿ ਕੋ ਬ੍ਰਹਮਾਤਮ ਪਿਖੋ,
ਪੰਥ ਬਢਾਵਨਿ ਨੇਹੁ[1] ॥ ੪੩ ॥
ਖਾਕ ਪਾਕ[1] ਹਰਿ ਧਯਾਨ ਕੀ,
ਝੋਲੀ[1] ਪਤੁ ਵੀਚਾਰ[2]।
ਸੇਲੀ ਸਤ ਸੰਤੋਖ ਕੀ, ਜਤ ਜੰਗੋਟਾ[1] ਧਾਰ ॥ ੪੪ ॥
ਮਦ[1] ਗੁਰੁ ਗਜਾਨ ਧਯਾਨ ਕਾ,
ਇਕ ਰਸ ਚਢਜੋ ਰਹਾਇ।
ਸਿੰਙੀ ਅਨਹਦ ਧੁਨ ਲਗੀ,
ਡੰਡਾ ਜੁਗਤਿ ਰਖਾਇ ॥ ੪੫ ॥

[1]ਬ੍ਰਹਮ ਗਿਆਨ ਦੁਆਰਾ ਵਾਹਿਗੁਰੂ 'ਚ ਜੁੜਨਾ।

[1](ਵਾਹਿਗੁਰੂ) ਪ੍ਰੇਮ ਹੀ ਪੰਥ ਵਧਾਉਣਾ ਹੈ।

[1]ਹਰੀ ਦੇ ਧਿਆਨ ਦੀ ਪਵਿੱਤ੍ਰ ਸੁਆਹ (ਬਿਭੂਤੀ ਬਣਾਵੇ)।

[1]ਸ਼ਰਧਾ ਦੀ ਝੋਲੀ। [2]ਵੀਚਾਰ ਦਾ ਭਾਂਡਾ (ਖੱਪਰਰੱਖੇ)।

[1]ਲੰਗੋਟਾ।

[1]ਅਮਲ, ਮਸਤੀ।

ਚੌਪਈ:

ਐਸੀ ਜੁਗਤਿ ਜੋਗ ਹਮ ਪਾਲਾ।
ਜਾਂ ਤੈ ਪਾਯੋ ਪੰਥ ਨਿਰਾਲਾ।
ਸਾਧਨ ਕਰਨ ਜੋਗ ਲੌ ਜੇਤੇ।
ਪਿਛਲੇ ਜੁੱਗਨ ਕੇ ਥੇ ਤੇਤੇ ॥ ੪੬ ॥
ਸੋ ਸਬਿ ਹੁਕਮ ਅਕਾਲਹਿ ਪਾਇ।
ਛੋਰਿ, ਹੋਰ ਮਗ ਲੀਨੋ ਆਇ।
ਨਾਮ ਜਪਨ ਭਗਤੀ ਹਰਿ ਗਜਾਨਾ।
ਸੁਖਦ ਸੁਖੈਨ ਸੁਲਭ ਸਦ ਜਾਨਾ ॥ ੪੭ ॥

ਤਾ ਪਰ ਸੰਤਨ ਸੰਗਤਿ ਗਹੈ।
ਮੁਕਤਿ ਭੁਗਤਿ ਸਬਿ ਕਰ ਤਲ[1] ਰਹੈ।
ਢਪਜੋ[1] ਬੂਰ ਸੈਂ ਜਜੋਂ ਜਲ ਹੋਈ।
ਗੰਧਲਾ ਚਪਲਾ[1] ਪੌਨ ਕਰਿ ਸੋਈ ॥ ੪੮ ॥
ਰਵਿ ਪ੍ਰਤਿਬਿੰਬ[1] ਤਾਸ ਮੈ ਜੋ ਹੈ।
ਦੀਸਤਿ ਨਹਿ ਵਹਿ ਕਾਹੂ ਕੋ ਹੈ।
ਪਾਇ ਔਖਦੀ[1] ਮੈਲ ਨਿਵਾਰੈ।
ਪੌਨ ਬੰਦ ਕਰ ਬੂਰ ਉਤਾਰੈ ॥ ੪੯ ॥
ਫਿਰ ਤਤਕਾਲ ਰਵੀ ਦਰਸੈ ਹੈ[1]।
ਅੰਤਹ ਕਰਣ ਮਾਹਿ ਤਜੋਂ ਪੈਹੈ[1]।
ਮਲ ਚੰਚਲ ਆਵਰਨ[1] ਪਛਾਨੋ।

ਕਰਿ ਨਿਸਕਾਮ ਦੋਖ ਮਲ ਹਾਨੋ[1] ॥ ੫੦ ॥

ਆਵਤ ਜਾਤ ਸ੍ਵਾਸ ਮੈਂ ਥਪੈ[1]।
ਵਾਹਿਗੁਰੂ ਮਨਿ ਥਿਰ ਕਰਿ ਜਪੈ।
ਬਿਨ ਹੱਠ ਜੋਗ, ਹੋਇ ਮਨ ਥਿਰ ਯੌਂ[1]।
ਦਰਸ ਜੋਤਿ ਸੁਨਿ ਅਨਹਦ ਫਿਰ ਯੌਂ[1] ॥ ੫੧ ॥

ਬ੍ਰੱਹਮ ਗਜਾਨੀ ਗੁਰੁ ਸਰਣਾਈ।
ਜਾਇ, ਪਾਇ ਉਪਦੇਸ ਕਮਾਈ।
ਸ੍ਰਵਣ ਮੰਨਨ ਨਿਧਜਾਸਨ[1] ਕਰੈ।

ਤੱਤਛਿਨ ਦੋਸ਼ ਅਵਰਣ ਸੁ ਟਰੈ ॥ ੫੨ ॥
ਬ੍ਰਹਮਾਤਮ ਹ੍ਵੈ ਗਜਾਨ ਸੱਖਜਾਤ[1]।
ਭਰਮ ਭੇਦ ਅਗਜਾਨ ਬਿਲਾਤ[1]।
ਬ੍ਰੱਹਮ ਗਜਾਨੀ ਬ੍ਰਹਮ ਸਮਾਨਾ।
ਹੋਵਤਿ, ਭਾਖਜੋ ਬੇਦ ਪੁਰਾਨਾ ॥ ੫੩ ॥
ਰਿੱਧਿ ਸਿੱਧਿ ਤਹਿਂ ਹਾਜਰ ਹੋਇ।
ਪੈ ਨਹਿ ਵਰ ਸਰਾਫ ਦੈ ਸੋਇ।
ਸਬਿ ਕੋ ਅਪਨਾਰੂਪ ਨਿਹਾਰੋ।

[1]ਹੱਥ ਦੀ ਤਲੀ 'ਤੇ ਭਾਵ ਪ੍ਰਤੱਖ।
[1]ਢੱਕਿਆ।
[1]ਚੰਚਲ।
[1]ਸੂਰਜ ਦਾ ਅਕਸ।
[1]ਦਵਾਈ।
[1]ਸੂਰਜ ਦਿਸ ਪੈਂਦਾ ਹੈ।
[1]ਤਿਵੇਂ ਅੰਤਹ ਕਰਣ ਵਿੱਚ (ਵੀ ਦੋਸ਼) ਪਾਈਦੇ ਹਨ।
[1](ਪਾਪਾਂ ਦੀ) ਮੈਲ (ਕਰਕੇ ਮੈਲਾ ਵਾਸ਼ਨਾ ਰੂਪ ਹਵਾ ਨਾਲ) ਚੰਚਲ (ਅਤੇ ਅਗਿਆਨ ਦੇ) ਪੜਦੇ (ਨਾਲ ਢੱਕਿਆ ਹੋਇਆ ਹੈ)।
[1]ਨਿਸਕਾਮ (ਕਰਮ) ਕਰ ਕੇ ਮੈਲ ਆਦਿਕ ਦੋਸ਼ਾਂ ਨੂੰ ਨਾਸ ਕਰੋ।
[1]ਜੋੜੇ।
[1]ਇਸ ਤਰ੍ਹਾਂ ਮਨ ਟਿਕ ਜਾਂਦਾ ਹੈ।
[1]ਫੇਰ ਇਸ ਤਰ੍ਹਾਂ ਜੋਤ ਦੇ ਦਰਸ਼ਨ ਕਰਦਾ ਤੇ ਅਨਹਦ (ਸ਼ਬਦ) ਸੁਣ ਲੈਂਦਾ ਹੈ।
[1]ਬਾਰ ਬਾਰ ਚਿੱਤ ਬ੍ਰਿਤੀ ਨੂੰ ਧਿਆਨ ਵਿੱਚ ਲਾਉਣ ਦੀ ਕਿਰਿਆ।
[1]ਪ੍ਰਤੱਖ।
[1]ਨਾਸ ਹੋ ਜਾਂਦੇ ਹਨ।

ਰਾਗ ਦ੍ਵੈਸ਼ ਨਹਿ ਕਿਸ ਸੋਂ ਧਾਰੋ ॥ ੫੪ ॥
ਗਜਾਨ ਭਗਤਿ ਬੈਰਾਗ ਦਿਨੋ ਦਿਨ।
ਬਢਿ ਹੈ, ਜੀਵਨ ਮੁਕਤਿ ਵਹੈ ਗਿਨ।
ਭਗਤਿ ਗਜਾਨ ਯਹਿ ਮਤ ਅਤਿ ਨੀਕਾ।
ਕੇਵਲ ਗਜਾਨ ਜੋਗ ਹਠ ਫੀਕਾ ॥ ੫੫ ॥
ਭਗਤਿ ਗਜਾਨ ਮਗ ਖਗ[1] ਪਹਚਾਨੋ। [1]ਪੰਛੀ ਦਾ ਰਸਤਾ।
ਚੀਟੀ ਹਠ ਮਗ ਜੋਗ[1] ਪਛਾਨੋ। [1]ਹਠ ਜੋਗ ਕੀੜੀ ਦਾ ਰਸਤਾ ਹੈ।
ਰਸਤਾ ਗਜਾਨ ਜਾਨਿ ਅਸ੍ਵਾਰੀ।
ਚਲਨੋ ਪਗ ਮਗ ਜੋਗ ਖਵਾਰੀ[1] ॥ ੫੬ ॥ [1]ਜੋਗ ਵਿੱਚ ਪੈਦਲ ਚਲਣ (ਵਾਂਗ) ਖੁਆਰ ਹੋਈਦਾ ਹੈ।
ਪੀਆ ਮਹਿਲ ਦੋਨੋ ਸਮ ਪੈ ਹੈ[1]। [1]ਪਤੀ (ਪ੍ਰਮੇਸ਼ਰ) ਦਾ {ਮਹੱਲ} ਸਰੂਪ (ਗਿਆਨੀ ਤੇ ਜੋਗੀ) ਦੋਵੇਂ ਇੱਕੋ ਜਿਹਾ ਪਾ ਲੈਂਦੇ ਹਨ।

ਗਜਾਨੀ ਜੋਗੀ, ਸ੍ਰੁਤਿ[1] ਸਬਿ ਕੈ ਹੈਂ। [1]ਵੇਦ।
ਪਜਾਲਾ ਜੋਊ ਨਾਮ ਰਸ ਪੀਵਤਿ।
ਉਤਰੈ ਨਸ਼ਾ ਨ, ਖੀਵਾ ਥੀਵਤਿ[1] ॥ ੫੭ ॥ [1]ਮਸਤ ਹੋ ਜਾਂਦਾ ਹੈ।
ਅਮਲ ਔਰ ਮਦਰਾ ਲੌ ਜੇਤੇ।
ਉਤਰ ਜਾਤਿ ਪ੍ਰਭਾਤ ਸੁ ਤੇਤੇ ॥ ੫੮ ॥
ਦੋਹਰਾ:
ਯਹਿ ਮਤ ਗੁਰੁ ਕਾ ਸੁਨਿ ਭਲੇ,
ਜੋਗੀ ਭਰਥਰਿ ਆਦਿ।
ਭਏ ਮੋਦ ਪ੍ਰਮੋਦ ਅਤਿ[1], [1]ਬਹੁਤ ਤੋਂ ਬਹੁਤ ਅਨੰਦ।
ਤਜਜੋ ਬਾਦ ਬਿਬਾਦ[1] ॥ ੫੯ ॥ [1]ਚਰਚਾ ਤੇ ਝਗੜਾ।
ਗੁਰੁ ਰਵਿ ਰਵ ਰਿਸ਼ਮੇ ਸਮੁਖ,
ਕੁਮਤਿ ਕੁਮਦ ਸੁਕਚਾਤਿ[1]। [1]ਗੁਰੂ ਰੂਪ ਸੂਰਜ ਦੀਆਂ ਬਾਣੀ ਰੂਪ ਕਿਰਨਾਂ ਦੇ ਸਾਹਮਣੇ ਖੋਟੀਆਂ ਮੱਤਾਂ ਦੀਆਂ ਕਮੀਆਂ ਮੀਚੀਆਂ ਗਈਆਂ।

ਅਮਲ ਰਿਦੇ ਜਨ ਕਮਲ ਜਿਮ,
ਹੋਇ ਮੋਦ ਬਿਗਸਾਤਿ[1] ॥ ੬੦ ॥ [1]ਦਾਸਾਂ ਦੇ ਉੱਜਲ ਹਿਰਦੇ ਕਮਲਾਂ ਵਾਂਗ ਖਿੜ ਕੇ ਅਨੰਦ ਹੋਏ।
ਤਹਿਂ ਤੈ ਚਲਿ ਭਲ ਗੁਰੂ ਪੁਨ,
ਪਹੁੰਚੇ ਜਬੈ ਉਜੈਨ।
ਸਪਰਾ ਗੰਗਾ[1] ਤਟ ਥਿਰੇ[2], [1]ਇਕ ਨਦੀ ਦਾ ਨਾਮ। [2]ਕਿਨਾਰੇ ਬੈਠ ਗਏ।
ਲਗੇ ਸਬਦ ਧੁਨਿ ਕੈਨ[1] ॥ ੬੧ ॥ [1]ਸ਼ਬਦ ਉਚਾਰਨ ਕਰਨ ਲੱਗੇ।
ਚੌਪਈ:

ਸੁਨਿ ਕੈ ਲੋਗ ਦਰਸ ਹਿਤ ਆਏ।
ਭਏ ਮੋਦ ਪ੍ਰਮੋਦ ਮਹਾਏ।
ਕੇਚਿਤ ਥੇ ਜੋ ਮਤਸਰ ਪਾਗੇ[1]। [1]ਈਰਖਾ 'ਚ ਭਰੇ ਹੋਏ।
ਚਰਚਾ ਪਰਚਾ[1] ਕਰਿ ਫਿਰ ਭਾਗੇ ॥ ੬੨ ॥ [1]ਪਰਚਾਵਾ।
ਮਹਾਂ ਕਾਲ ਕਾਲੇਸ੍ਵਰ ਨਾਮੂ।
ਜੋਤੀ ਲਿੰਗ ਪਿਖਜੋ ਸੁਖ ਧਾਮੂੰ[1]। [1]ਸੁਖਾਂ ਦੇ ਘਰ (ਗੁਰਾਂ) ਨੇ ਮਹਾਂਕਾਲ ਕਾਲੇਸ੍ਵਰ ਜੋਤੀ ਲਿੰਗ ਨਾਮ ਦਾ (ਮੰਦਰ) ਵੇਖਿਆ।
ਪੁਨ ਹਰੱਸਦੀ[1] ਦੇਵੀ ਹੇਰੀ। [1]ਦੇਵੀ ਦਾ ਨਾਮ।
ਜਾਹਿਂ ਸਾਖਿ[1] ਇਮ ਸੁਨੀ ਬਡੇਰੀ ॥ ੬੩ ॥ [1]ਸਾਖੀ, ਕਹਾਣੀ।
ਬਿੱਕ੍ਰਮ ਜੀਤ ਭੂਪ ਜੋ ਭਯੋ।
ਤਿਸ ਨੇ ਇਸ ਕੋ ਪ੍ਰਗਟ ਕਯੋ।
ਬਰ ਮਾਂਗਜੋ ਮੈਂ ਕਬੀ ਨ ਮਰੋਂ।
ਤਾਂ ਪਰ ਦੇਵੀ ਬਚਨ ਉਚਰੋ ॥ ੬੪ ॥
ਇਕ ਸੌ ਬਰਸ ਕਲੀ[1] ਮਰਯਾਦਾ। [1]ਕਲਜੁਗ ਦੀ।
ਇਸ ਤੈ ਮੈਂ ਨ ਸਕੋਂ ਕਰਿ ਜ਼ਯਾਦਾ।
ਪੈ ਜਬਿ ਤੁਮ ਸੌ ਬਰਸ ਭੋਗ ਕਰਿ।
ਨਿਜ ਸਿਰ ਕਾਟ ਚਢੈਹੋ ਮੋ ਪਰ ॥ ੬੫ ॥
ਤਾਂ ਪਾਛੈ ਸੌ ਬਰਸ ਜਿਆਵੋਂ[1]। [1]ਜਿਉਂਦਾਰਖਾਂਗੀ।
ਯਹਿ ਬਰ ਲੈ ਨ੍ਰਿਪ ਹ੍ਵੈ ਮੁਦ ਆਵੋ[1]। [1]ਅਨੰਦ ਹੋ ਕੇ ਆ ਗਿਆ।
ਇਕ ਸੌ ਬਰਸ ਭੋਗ ਰਜਧਾਨੀ[1]। [1]ਰਾਜ ਦਾ ਸੁਖ।
ਫਿਰ ਨਿਜ ਸਿਰ ਨਿਜ ਕਰ[1] ਨ੍ਰਿਪ ਗਜਾਨੀ ॥ ੬੬ ॥ [1]ਆਪਣੇ ਹੱਥੀਂ।
ਕਾਟਿ ਚਢਾਇ ਸ਼ਕਤਿ ਪਰ[1] ਦੀਓ। [1]ਦੇਵੀ ਉਪਰ।
ਸਤੰ ਜੀਵ[1] ਬਰ ਲੈ ਫਿਰ ਜੀਓ। [1]ਸੌ ਵਰਹਾ ਜਿਉਂਦਾਰਹੁ।
ਯੌਂ ਹੀ ਤੀਨ ਬਾਰ ਬਰ ਪਾਯੋ।
ਬਰਸ ਤੀਨ ਸੌ ਰਾਜ ਕਮਾਯੋ ॥ ੬੭ ॥
ਕਰਿ ਕਰਿ ਜੰਗ ਘੋਰ ਅਤਿ ਭਾਰੇ।
ਜੀਤ ਕਰੇ ਬਸ ਸੱਤ੍ਰੂ ਅਪਾਰੇ।
ਪੱਛਮ ਗਜ਼ਨੀ ਲੌ ਹੈਰਾਤ[1]। [1]ਸ਼ਹਿਰ।
ਪੂਰਬ ਦਿਸ ਅਸਾਮ ਲੌ ਖਜਾਤ[1] ॥ ੬੮ ॥ [1]ਪ੍ਰਗਟ।
ਦੱਖਨ ਕੰਨਜਾ ਰਾਸ ਕੁਮਾਰੀ[1]। [1]ਭਾਰਤ ਦਾ ਦਖਣੀ ਸਿਰੇ ਦਾ ਟਿਕਾਣਾ।

ਉੱਤਰ ਤਿੱਬਤ ਚੀਨ ਵੀਚਾਰੀ।
ਇਨ ਚਹੁ�ं ਦਿਸ ਅੰਦਰ ਜਗ ਜੇਤਾ।
ਬਿੱਕ੍ਰਮ ਜੀਤ, ਜੀਤ ਲਿਯ ਤੇਤਾ ॥ ੬੯ ॥
ਤਖਤ ਦੇਹਲੀ ਜਾਂ ਦਿਨ ਥਿਰਜੋ[1]। [1]ਬੈਠਾ।
ਸੰਮਤ ਨਿਜ ਚਲਾਇ ਉਨ ਧਰਜੋ।
ਇਕ ਸੌ ਪੈਂਤੀ ਬਰਸ ਬਿਤੇ ਜਬਿ।
ਸਾਲੀ ਬਾਹਨ ਭੂਪ ਭਯੋ ਤਬਿ ॥ ੭੦ ॥
ਨਦੀ ਨਰਬਦਾ ਤਟ[1] ਠਟਿ[2] ਜੰਗ। [1]ਕਿਨਾਰੇ। [2]ਕਰਕੇ।
ਮਾਰਜੋ ਬਿਕਰਮ ਜੀਤ ਨਿਸੰਗ।
ਕਟ ਕਰਿ ਸੀਸ ਤਾਹਿਂ ਧਰ ਪਰਜੋ[1]। [1]ਧਰਤੀ ਤੇ (ਸੁੱਟ ਦਿੱਤਾ)।
ਯਾਂ ਤੇ ਦੇਵੀ ਜਿਯਤ ਨ ਕਰਜੋ ॥ ੭੧ ॥
ਦੋਹਰਾ:
ਤਾ ਦਿਨ ਸੈ ਸਬਿ ਮੁਲਕ ਕਾ,
ਸਾਲਿ ਬਾਹਨ ਭੌ ਭੂਪ।
ਸ਼ਾਕਾ ਨਿਜ[1] ਤਿਸ ਨੈ ਤਬੈ, [1]ਆਪਣਾ ਸ਼ਾਕਾ ਸੰਮਤ।
ਬਿਦਤਾਯੋ ਜਗ ਖੂਪ ॥ ੭੨ ॥
ਸਜਾਲ ਕੋਟ ਆਬਾਦ ਕਿਯ,
ਭਏ ਉਭੈ[1] ਤਿਹ ਪੂਤ। [1]ਦੋ।
ਪੂਰਨ ਭਗਤ ਰਸਾਲੂ ਰਾਜਾ,
ਜਿਨ ਕੇ ਗੀਤ ਅਨੂਪ ॥ ੭੩ ॥
ਮਰਦਾਨੇ ਪ੍ਰਤਿ ਗਾਥ ਯਹਿ,
ਗੁਰ ਉਜੈਨ ਮੈ ਗਾਇ।
ਓਅੰਕਾਰ[1] ਇੰਦੌਰ ਢਿਗ, [1]ਮੰਦਰ ਦਾ ਨਾਮ।
ਤੀਰ ਨਰਬਦਾ ਜਾਇ ॥ ੭੪ ॥
ਪਾਂਡਜੋ ਕੋ ਉਪਦੇਸ਼ ਕਿਯ,
ਬਾਨੀ ਓਅੰਕਾਰ।
ਜੋ ਸ੍ਰੀ ਗੁਰੂ ਗ੍ਰੰਥ ਮੈਂ,
ਲਿਖੀ ਆਹਿ ਸੁਖਕਾਰ ॥ ੭੫ ॥
ਬਾਲ ਘਾਟ ਲਖ[1] ਨਰਬਦਾ, [1]ਲੰਘ ਕੇ।
ਕੋਹ ਕਾਮਠੀ[1] ਪੇਖ। [1]ਮਹਾਂਦੇਵੀ ਦੁਰਗਾ ਦਾ ਪਹਾੜ।

ਅਨੰਤ ਮਲ ਪੁਰ ਮੈਂ ਗਏ,
ਆਏ ਲੋਗ ਬਿਸੇਖ[1] ॥ ੭੬ ॥

[1]ਬਹੁਤੇ।

ਚੌਪਈ:

ਸਜਾਮ ਤਿਲਕ ਕੌਡੀ ਬਹੁ ਪਹਿਰੀ।
ਜਟਾ ਮੁਕਟ ਗਰ ਗੁੰਜਾਂ ਗਹਿਰੀ[1]।

[1]ਗਲ ਵਿੱਚ ਬਹੁਤੀਆਂਰੱਤੀਆਂ (ਲਾਲੜੀਆਂ ਪਹਿਨੀਆਂ ਹੋਈਆਂ ਹਨ)।

ਬੂਝੋ ਗੁਰੁ ਤੁਮਾਰ ਮਤ ਕੋ ਹੈ।
ਲਗੇ ਸੁਨਾਵਨ ਯਾ ਬਿਧਿ ਸੋ ਹੈ ॥ ੭੭ ॥
ਮੱਲ ਅਸੁਰ ਨਾਸਕ ਮੱਲਾਰੀ[1]।
ਧਰਜੋ ਰੂਪ ਹਰਿ ਜੋ ਸੁਖਕਾਰੀ।
ਸੋ ਸ੍ਵਰੂਪ ਹਮ ਨਿਸਦਿਨ ਧਜਾਵੈਂ।
ਬਾਹਨ ਸ੍ਵਾਨ[1] ਜਾਂਹਿ ਸ੍ਰੁਤਿ ਗਾਵੈਂ ॥ ੭੮ ॥

[1]ਮੱਲ ਨਾਮ ਦੇ ਦੈਂਤ ਨੂੰ ਨਾਸ ਕਰਨ ਵਾਲੇ {ਮੱਲਾਰੀ} ਭੈਰਉਂ।
[1](ਜਿਸ ਦੀ) ਸਵਾਰੀ ਕੁੱਤਾ ਹੈ।

ਭੈਰਵ ਮਹਾਂਦੇਵ ਜਗ ਕਰਤਾ।
ਨਾਚਹਿਂ ਤਿਸ ਅਗੇ ਮੁਦ ਧਰਤਾ[1]।

[1]ਜਗਤ ਦੇ ਕਰਤਾ ਮਹਾਂਦੇਵ (ਸ਼ਿਵ ਜੀ ਦੇ ਅਵਤਾਰ) ਭੈਰਉਂ ਅੱਗੇ (ਅਸੀਂ) ਅਨੰਦ ਧਾਰ ਕੇ ਨਚਦੇ ਹਾਂ।

ਯਹਿ ਸੁਨਿ ਪੁਨ ਸਾਚੇ ਗੁਰੁ ਬੋਲੇ।
ਹਲਤ ਪਲਤ ਮੈਂ ਸੁਖਦ ਅਮੋਲੇ ॥ ੭੯ ॥
ਅਹੋ ਮੂਢ ਤੁਮ ਊਖਰ ਬਾਹੋ[1]।
ਇਰਡ ਸੇਵਿ[1] ਫਲ ਆਂਬ ਸੁ ਚਾਹੋ।
ਏਕ ਅਨਾਦਿ ਬ੍ਰਹਮ ਸੁਖ ਸਾਗਰ।
ਹਰ[1] ਹਰਿ[2] ਬਿਧਿ[3] ਤਿਹਂ ਰਚੇ ਉਜਾਗਰ[11] ॥ ੮੦ ॥

[1]ਕੱਲਰ (ਦਾ ਖੇਤ) ਵਾਹੁੰਦੇ ਹੋ।
[1]ਰਿੰਡ ਦੀ ਸੇਵਾ ਕਰਕੇ।
[1]ਵਿਸ਼ਨੂੰ। [2]ਸ਼ਿਵ। [3]ਬ੍ਰਹਮਾ। [11]ਪ੍ਰਗਟ।

ਭੈਰਵਾਦਿ ਗਨ[1] ਸਬਿ ਸ਼ਿਵ ਸੈਨਾ।
ਸੇਵੇ ਇਨਿ ਕਲਜਾਨ ਕੁਛ ਹੈ ਨਾ।
ਪੁਨ ਸੇਵਕ ਉਨ ਕਾ ਹ੍ਵੈ ਜੋਈ।
ਭੈਰਵ ਰੂਪ ਅੰਤ ਮਰ ਹੋਈ ॥ ੮੧ ॥
ਕੈ ਸ੍ਵਾਨ ਹ੍ਵੈ ਹੈ ਸ੍ਰੁਤਿ ਗਾਯੋ।
ਬਡੋ ਲਾਭ ਨਰ ਸ੍ਵਾਨ ਬਨਾਯੋ[1]।
ਯਹਿ ਸੁਨਿ ਵਹਿ ਸਤਿਗੁਰੁ ਪਗ ਪਰੇ।
ਸਤਿਨਾਮੁ ਦੈ ਸਿੱਖ ਸੁ ਕਰੇ ॥ ੮੨ ॥
ਸਤਿ ਚਿਤ ਆਨਦ ਜੋ ਪ੍ਰਮਾਤਮ।

[1](ਸ਼ਿਵ ਦੇ) ਦਾਸ।
[1]ਮਨੁੱਖ ਤੋਂ ਕੁੱਤਾ ਬਣਾ ਦਿੱਤਾ।

ਤਾਹਿਂ ਭਜੋ ਤੁਮ ਲਖਿ ਨਿਜ ਆਤਮ[1]। [1]ਆਪਣਾ ਸਰੂਪ ਜਾਣ ਕੇ।
ਮਾਨ ਬੈਨ ਵਹਿ ਐਨ[1] ਸਿਧਾਰੇ। [1]ਘਰਾਂ ਨੂੰ।
ਸਤਿਗੁਰੁ ਤਹਿਂ ਤੈ ਅਗਰ ਪਧਾਰੇ ॥ ੮੩ ॥
ਮਧੁਰ ਨਾਮ ਪੁਰ ਪਹੁੰਚੇ ਜਾਏ।
ਕ੍ਰਿਸ਼ਨਾ ਨਦੀ ਸੁ ਤੀਰ ਬਿਰਾਏ।
ਬਿਸਵਕ ਸੈਨ ਦੇਵ[1] ਕਾ ਮੰਦ੍ਰ। [1]ਜਿਸ ਦੀ ਸੈਨਾ ਪਵਿੱਤ੍ਰ ਹੋਵੇ, ਵਿਸ਼ਨੂੰ। (ਅ) ਪੁਰਾਣਾਂ ਅਨੁਸਾਰ ਤੇਰਵਾਂ ਮੰਨੂੰ।
ਪਿਖਾ ਬਿਸਾਲ ਬਿਪਲ[1] ਬਡ ਸੁੰਦ੍ਰ ॥ ੮੪ ॥ [1]ਬਹੁਤ ਵਿਸਥਾਰ ਸਹਿਤ।
ਤਾਹਿਂ ਉਪਾਸ਼ਕ ਗੁਰੁ ਢਿਗ ਆਏ।
ਪੀਤ[1] ਚਿੰਨ੍ਹ ਬਹੁ ਭਾਂਤਿ ਬਨਾਏ। [1]ਪੀਲੇ।
ਬਿਸਵਕ ਸੈਨ ਦੇਵ ਹਮ ਸੇਵੈਂ।
ਬਾਂਛਤਿ ਫਲ ਸਭਿ ਇਸ ਤੇ ਲੇਵੈਂ ॥ ੮੫ ॥
ਤਾਸ ਭਗਤ ਸਭਿ ਬਿਨ ਸੰਦੇਹਾ।
ਪੈ ਹੈ ਬਿਸ਼ਨ ਲੋਕ ਤਜਿ ਦੇਹਾ।
ਗੁਰੂ ਕਹਯੋ ਤੁਮ ਸੀਂਚਤਿ ਸਾਖਾ[1]। [1]ਟਾਹਣੀਆਂ ਸਿੰਜਦੇ ਹੋ।
ਜਾਂ ਤੇ ਨਹਿਂ ਪੂਜੈ ਅਭਿਲਾਖਾ ॥ ੮੬ ॥
ਐਸੇ ਦਾਸ ਬਿਸ਼ਨ ਕੇ ਕੇਤੇ।
ਹੈਂ, ਤਾਰਹਿਂ ਕਿਆ ਤੁਮ ਕੌ ਤੇਤੇ।
ਤਾਂ ਤੇ ਹਰਿ ਭਗਤੀ ਉਰ ਧਰੋ।
ਹ੍ਵੈ ਨਿਸਕਾਮ ਤੁ ਭਵਨਿਧ ਤਰੋ ॥ ੮੭ ॥
ਯਹਿ ਉਪਦੇਸ਼ ਮਾਨ ਵਹਿ ਗਏ।
ਮਨਮਥ[1] ਕੇ ਸੇਵਕ ਪੁਨ ਅਏ ॥ ੮੮ ॥ [1]ਕਾਮਦੇਵ।

ਦੋਹਰਾ:
ਮਨਮਥ ਸਭਿ ਕੇ ਉਰਿ ਬਸੈ,
ਉਪਜਾਵੈ ਸੰਸਾਰ।
ਸੁਰ ਨਰ ਮੁਨਿ ਜਨ ਅਸੁਰ ਜਿਂਹ,
ਸੇਵਕ ਲਖਿ ਸੁਖਕਾਰ ॥ ੮੯ ॥

ਚੌਪਈ:
ਪੰਚ ਬਾਣ ਪੁਸ਼ਪਨ ਕੇ[1] ਲੀਏ। [1]ਫੁੱਲਾਂ ਦੇ ਤੀਰ।
ਜੀਵ ਚਰਾਚਰ[1] ਜਿਹਂ ਬਸ ਕੀਏ। [1]ਚੇਤਨ ਤੇ ਜੜ ਜੀਵ।
ਰਤਿ[1] ਅਤਿ ਸੁੰਦ੍ਰ ਤਿਯ ਸੰਗ ਸੋਹੈ। [1]ਕਾਮ ਦੀ ਇਸਤ੍ਰੀ।

ਮਨਮਥ ਪ੍ਰਭੁ ਸਭਿ ਜਗ ਕੌ ਮੋਹੈ ॥ ੯੦ ॥
ਕ੍ਰਿਪਾ ਦ੍ਰਿਸਟ ਜਾਂ ਪਰ ਤਿਹ ਹੋਈ।
ਮੋਦ ਪ੍ਰਮੋਦ ਲਹੈ ਜਨ ਸੋਈ।
ਪੰਚ ਬਾਣ ਕੇ ਧਰਿ ਤਨ ਅੰਕਾ[1]। [1]ਸ਼ਰੀਰ ਉਪਰ ਕਾਮ ਦੇ ਚਿੰਨ੍ਹ ਲਾ ਕੇ।
ਜੀਅਤ ਮੁਕਤਿ ਹਮ ਫਿਰਹਿਂ ਨਿਸੰਕਾ ॥ ੯੧ ॥
ਤਬਿ ਗੁਰੁ ਕਹਜੋ ਨਾ ਮਤ ਸੁਠ ਥਾਰੋ।
ਲਾਡੂ ਬੂਰ[1] ਮੂਰ[2] ਨਿਰਧਾਰੋ। [1]ਬੂਰ ਦੇ ਲੱਡੂ। [2]ਮੁੱਢੋਂ ਹੀ।
ਬੇਦ ਅਮੂਲਕ[1] ਰਿਖੀਅਨ ਨਿੰਦਜੋ। [1]ਵੇਦਾਂ ਦੇ ਵਿਰੁੱਧ ਹੈ।
ਨਾਮ ਲੇਤਿ ਜਹਿਂ ਹ੍ਵੈ ਸ਼ਰਮਿੰਦਜੋ ॥ ੯੨ ॥
ਪਾਰਬ੍ਰਹਮ ਹੈ ਸਬਿ ਜਗਿ ਕਰਤਾ।
ਬਿਧਿ ਹਰਿ ਹਰ ਰਚਿ ਪਾਲ ਸੰਹਰਤਾ[1]। [1]ਨਾਸ ਕਰ ਦੇਂਦਾ ਹੈ।
ਬਿਸ਼ਨ ਪੁੱਤ੍ਰ ਮਨਮਥ ਹੈ ਗਾਯੋ।
ਸੋ ਕਿਮ ਈਸ੍ਵਰ ਤੁਮੈ ਬਤਾਯੋ ॥ ੯੩ ॥
ਜਿਹ ਸਿਮ੍ਰਤਿ[1] ਕਰਿ ਨਾਰੀ ਸੰਗਾ। [1]ਜਿਸ ਦੀ ਯਾਦ ਨਾਲ।
ਹੋਤਿ ਗਜਾਨ ਗੁਨ ਸਕਲ ਬਿਭੰਗਾ[1]। [1]ਨਾਸ।
ਆਸੁਰ ਸੰਪਤਿ ਮੈਂ ਬਖਜਾਤਾ[1]। [1]ਅਉਗਣਾਂ 'ਚੋਂ ਮਸ਼ਹੂਰ।
ਸੋ ਕਿਮ ਹੋਇ ਮੁਕਤਿ ਕਾ ਦਾਤਾ ॥ ੯੪ ॥

ਦੋਹਰਾ:
ਮਾਨਿ ਬੈਨ ਉਪਦੇਸ਼ ਗਹਿ,
ਚਿੰਨਜ ਕਾਂਮ ਕੇ ਛੋਰਿ।
ਗਏ ਬੰਦਿ ਗੁਰੁ ਪਗ ਵਹੈ,
ਚਾਲੇ ਗੁਰੂ ਬਹੋਰ[1] ॥ ੯੫ ॥ [1]ਫੇਰ।

ਚੌਪਈ:
ਮਾਂਗਧ ਪੁਰ ਪਹੁੰਚੇ ਜਬ ਜਾਈ।
ਮਿਲੇ ਕੁਬੇਰ ਉਪਾਸ਼ਕ ਆਈ।
ਨਵ ਨਿਧਿ ਹੇਮ ਪਾਦ[1] ਚਿੰਨ ਧਰੇ। [1]ਸੋਨੇ ਦੇ ਪੈਰਾਂ ਦੇ।
ਨਿਜ ਮਤ ਕੇ ਯੌਂ ਬੈਨ ਉਚਰੇ ॥ ੯੬ ॥
ਹੈ ਕੁਬੇਰ ਹਰਿ ਕੇਰ ਭੰਡਾਰੀ।
ਮਾਯਾ ਹਾਥ ਵੀਚ ਤਿਹ ਸਾਰੀ।
ਨਵਿ ਨਿਧ ਕੇ ਪ੍ਰਭੁ[1] ਧਨਦ[2] ਕਹਾਵੈਂ। [1]ਮਾਲਕ। [2]ਧਨ ਦੇ ਦਾਤੇ।

ਤਾਸ ਭਗਤ ਨਿਤ ਪ੍ਰਤਿ ਸੁਖ ਪਾਵੈਂ ॥ ੯੭ ॥
ਬਿਨ ਧਨ ਧਰਮ ਹੋਤਿ ਨਹਿ ਕੋਈ।
ਧਰਮ ਤੈ ਮੁਕਤਿ ਭੁਗਤਿ ਸਬਿ ਹੋਈ।
ਹਰੀ ਹਰ ਬਿਧਿ ਸੁਰੇਸ ਲੌ[1] ਜੇ ਹੈਂ।
ਨਿਜ ਹਿਤ ਧਨ ਕੁਬੇਰ ਤੈ ਲੇ ਹੈਂ ॥ ੯੮ ॥
ਦਾਸੀ ਘਨੀ ਜੱਖਣੀ[1] ਜਾਂ ਕੀ।

[1]ਵਿਸ਼ਨੂੰ, ਸ਼ਿਵ, ਬ੍ਰਹਮਾ ਤੇ ਇੰਦ੍ਰ ਤੱਕ।

[1]ਜੱਛਾਂ ਦੀਆਂ ਇਸਤ੍ਰੀਆਂ। {ਜੱਛ=ਕੁਬੇਰ ਦੀ ਸੇਵਾ ਵਿੱਚ ਰਹਿਣ ਵਾਲੀ ਦੇਵਤਿਆਂ ਦੀ ਇਕ ਜਾਤੀ।}

ਸੁਰ ਸੁੰਦ੍ਰੀ ਆਦਿ ਨਾਮ ਬਹੁ ਬਾਂਕੀ[1]।
ਜੋ ਜਨ ਤਾਂ ਕੀ ਕਰਿ ਹੈ ਸੇਵਾ।
ਪੈ ਹੈ ਭੋਗ ਮੋਖ ਸੁਖ ਮੇਵਾ ॥ ੯੯ ॥
ਤਾਂ ਤੇ ਜੇ ਤੁਮ ਭੀ ਸਬਿ ਚਹੋ।
ਤਾਸ[1] ਅਨਜਨ ਭਗਿਤ[2] ਉਰਿ ਗਹੋ।

[1]ਬਹੁਤ ਸੁੰਦਰ।

[1]ਤਿਸ (ਕੁਬੇਰ) ਦੀ। [2]ਅਨੰਨਿ-ਭਗਤੀ। {ਅਨੰਨਿ=ਅਨੰ=ਹੋਰ ਨਾਲਨਿ=ਨ ਸਬੰਧਰੱਖਣ ਵਾਲਾ। ਇਕ ਦਾ ਉਪਾਸ਼ਕ।}

ਗੁਰੁ ਕਹਯੋ ਤੁਮਰਾ ਮਤ ਕੂਰਾ।
ਸੇਵਨ[1] ਸੇਮਲ ਤਰੁਰਾਹੂਰਾ[2] ॥ ੧੦੦ ॥

[1]ਮੰਨਣਾ। [2]ਸਿੰਬਲ ਤੇਰਹੂੜੇ ਦੇ ਦਰੱਖ਼ਤ (ਵਾਂਗ ਨਿਸਫਲ ਹੈ)। {ਰਹੂੜਾ=ਇਕ ਫਲਹੀਨ ਦਰੱਖ਼ਤ}।

ਧਨ ਸ੍ਵਾਮੀ ਕੁਬੇਰ ਕਿ ਨ ਹੋਈ[1]।
ਧਨ ਤੈ ਤ੍ਰਿਪਤਿ ਹੋਤ ਨਹਿ ਕੋਈ।
ਜਿਮ ਜਿਮ ਲਾਭ ਤ੍ਰਿਸਨ ਤਿਮ ਬਾਢੈ।
ਸੰਸੈ ਬੰਧਨ ਹੋਵਤਿ ਗਾਢੈ ॥ ੧੦੧ ॥
ਮੁਕਤਿ ਬਿਚਾਰ ਦੂਰ ਕਿਤ ਰਹਿਹੀ।
ਤਾਂ ਤੇ ਤਜਾਗ ਸਦਾ ਸ੍ਰੁਤਿ ਕਹਿਹੀ।
ਭੋਰ[1] ਜੱਖਣੀ ਸੇਵਨ ਜੋਈ।
ਅਤਿ ਕਚੀਲ[1] ਮਤ ਮੰਦ ਹੈ ਸੋਈ ॥ ੧੦੨ ॥
ਤਾਂ ਤੇ ਸਤਿਗੁਰ ਸਰਣ ਸਿਧਾਈ[1]*।

[1]ਕਿਉਂ ਨ ਹੋ ਜਾਵੇ।

[1]ਬਹੁਤ ਥੋੜਾ ਜਿਹਾ ਵੀ।

[1]ਬਹੁਤ ਅਪਵਿੱਤਰ।

[1](ਜੋ) ਗਏ ਹਨ। *ਇਥੇ ਅੰਕ ਨੰ: ੧੦੩ ਦੀ ਦੂਜੀ ਤੁਕ 'ਜਨਮ ਮਰਣ ਕੀ ਕਾਣ ਚੁਕਾਈ' ਤੋਂ ਇਸੇ ਹੀ ਬਿਸ੍ਰਾਮ ਦੇ ਅੰਕ ਨੰ: ੧੪੧ ਦੀ ਚੌਥੀ ਤੁਕ 'ਅਸੁਰ ਦੇਵ ਗਣ ਭੂਚਰ ਸਰਬਾਇਨ' ਤੱਕ ਦੀ ਰਚਨਾ ਆਖੇਪਕਾਰ ਘਸੀਟਾ ਸਿੰਘ ਕਵੀਸ਼ਰ ਲਾਹੌਰ ਦੀ ਹੈ ਜੋ ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ਪੰਨਾ ੧੦੧ ਤੋਂ ੧੦੪ ਤੱਕ ਛਪੀ ਹੋਈ ਹੈ। ਹੇਠ ਲਿਖੇ ਕਾਰਨਾਂ ਕਰਕੇ ਆਖੇਪਕਾਰ ਦੀ ਰਚਨਾ ਸਿੱਧ ਹੁੰਦੀ ਹੈ। ਅਸਲ ਰਚਨਾ ਦੇ ਪੰਨਾ ੧੦੦ ਦੇ ਅੰਤ ਤੱਕ ੯੭ ਨੰ: ਚੌਪਈ ਚਲ ਰਹੀ ਹੈ ਪਰ

੧੦੧ ਪੰਨੇ ਤੇ ਆਖੇਪਕਾਰ ਨੇ ਅੰਕ ਨੰ: ੩ ਲਾਇਆ ਹੈ। ਫਿਰ ੧੦੪ ਪੰਨੇ ਦੇ ਅਖੀਰ ੨੫ ਨੰ: ਚੌਪਈ ਚਲ ਰਹੀ ਹੈ ਪਰ ੧੦੫ ਪੰਨੇ ਤੇ ਕਵੀ ਜੀ ਦੀ ਅਸਲ ਰਚਨਾ ਦਾ ਅੰਕ ਨੰ: ੧੧੦ ਹੈ ਭਾਵ ਇਹ ਕਿ ਅਸਲ ਰਚਨਾ ਦੇ ਇਨ੍ਹਾਂ ਚੌਂਹ ਸਫ਼ਿਆਂ ਵਿੱਚ ਕਵੀ ਜੀ ਨੇ ੧੩ ਅੰਕ ਨੰ: ਬਦਲੇ ਸਨ। ਪਰ ਆਖੇਪਕਾਰ ਨੇ ੨੩ ਅੰਕ ਨੰ: ਲਿਖੇ ਹਨ। ਬਾਕੀ ਕਾਰਨ ਉਹੀ ਹੀ ਹੈ ਜੋ ਪਿੱਛੇ ਆਈ ਆਖੇਪ ਰਚਨਾ ਦੇ ਹਨ। ਵਿਸਥਾਰ ਲਈ ਦੇਖੋ ਪੂਰਬਾਰਧ ਬਿਸ੍ਰਾਮ ਨੰ: ੭ ਦੇ ਅੰਕ ਨੰ: ੯੪ ਦੀ * ਨਿਸ਼ਾਨ ਹੇਠਲੀ ਪੈਰ ਟੂਕ।

ਜਨਮ ਮਰਣ ਕੀ ਕਾਣ ਚੁਕਾਈ।
ਆਗੇ ਚਲੇ ਸ੍ਰੀ ਗੁਰ ਨਾਥਾ।
ਨਿਜਿ ਦਾਸਨ ਕੋ ਕਰਤਿ ਸਨਾਥਾ[1] ॥ ੧੦੩ ॥

[1]ਸਫਲ।

ਭਰਥਰਿ ਸਿਧਿ ਬੈਠੋ ਮਗ ਮਾਹੀ[1]।

[1]ਰਸਤੇ 'ਚ ਬੈਠ ਰਿਹਾ ਸੀ।

ਪਹੁੰਚੇ ਸ੍ਰੀ ਨਾਨਕ ਗਤਿ ਦਾਈ।
ਤ੍ਰੀਆਰਾਜ ਔਰ ਨ੍ਰਿਪ ਜੇਤੇ।
ਮਾਨਤਿ ਗੁਰੁ ਸਮ ਸਗਲੇ ਤੇਤੇ ॥ ੧੦੪ ॥
ਕਰਿ ਬਿਸਰਾਮ ਸ੍ਰੀ ਗੁਰੁ ਤਾਹੀਂ।
ਮਰਦਾਨਾ ਬਾਲਾ ਤਿਹਿਂ ਠਾਈਂ।
ਸੋ ਅਹਾਰ ਹਿਤ ਬਨ ਮੈ ਗਯੋ।
ਆਇ ਧਾਮ ਗੁਰੁ ਦਰਸਨ ਲਯੋ ॥ ੧੦੫ ॥
ਕਰਿ ਆਦੇਸ[1] ਪਗ ਬੰਦਨ ਕੀਨੀ।

[1]ਨਮਸਕਾਰ।

ਅਪੁਨੀ ਭਗਤਿ ਸਫਲ ਮਨਿ ਚੀਨੀ।
ਦੇਖ ਕ੍ਰਾਂਤਿ[1] ਮੁਖ ਬਚਨ ਅਲਾਵਾ।

[1]ਚਿਹਰੇ ਦੀ ਚਮਕ।

ਕੌਨ ਨਾਮ ਤੁਮ ਕਤ ਤੇ ਆਵਾ ॥ ੧੦੬ ॥
ਤਬਿ ਬਾਲੇ ਸੁਨਿ ਬਾਕ ਉਚਾਰਾ।
ਮੁਲਕ ਪੰਜਾਬ ਸੁ ਦੇਸ ਹਮਾਰਾ।
ਸ੍ਰੀ ਗੁਰੂ ਨਾਨਕ ਬੇਦੀ ਜਾਨੋ।
ਪਤਿਤ ਉਧਾਰਨ ਗਮਨ ਸੁ ਠਾਨੋ ॥ ੧੦੭ ॥
ਹਮ ਸੇਵਕ ਸੰਗਿ ਸਦਾ ਰਹਾਈ।
ਮੁਕਤਿ ਆਪਨੀ ਕੋ ਚਿਤਿ ਚਾਈ[1]।

[1]ਚਿੱਤ ਵਿੱਚ ਚਾਅ ਹੈ।

ਭਰਥਰਿ ਸੁਨਿ ਮਨਿ ਭਯੋ ਅਨੰਦਾ।
ਪ੍ਰਭੂ ਮਿਲੇ ਮਾਨੋ ਸੁਖ ਕੰਦਾ ॥ ੧੦੮ ॥

ਪਰਸੇ ਚਰਨ ਜੁਗਲ ਕਰ ਜੋਰੇ[1]। [1]ਦੋਨੋ ਹੱਥ ਜੋੜ ਕੇ।
ਬਿਭੋ ਭਾਗ[1] ਪ੍ਰਭ ਦਰਸ਼ਨ ਤੋਰੇ। [1]ਚੰਗੇ ਭਾਗਾਂ ਨੂੰ।
ਬਹੁਤ ਕਾਲ ਪ੍ਰਤੀਖਤ[1] ਰਹਿਓ। [1]ਉਡੀਕਦਾ।
ਸਭਿ ਸਾਧਨ ਕਾ ਅਬਿ ਫਲ ਲਹਿਓ ॥ ੧੦੯ ॥
ਬੈਠਿਓ ਜਬੈ ਸਮੀਪ ਗੁਸਾਈਂ।
ਸ੍ਰੀ ਮੁਖ ਸੇਂ ਗੁਰ ਗਿਰਾ ਅਲਾਈ[1]। [1]ਬਾਣੀ ਕਹੀ।
ਕਬ ਸੇਂ ਤੁਮ ਹਮ ਕੋ ਪਹਿਚਾਨਤਿ।
ਕੌਨ ਕਾਮ ਤੁਮ ਹਮ ਸੰਗਿ ਠਾਨਤਿ[1] ॥ ੧੧੦ ॥ [1]ਸਾਡੇ ਪਾਸੋਂ ਕਰਵਾਉਣਾ ਚਾਹੁੰਦੇ ਹੋ।
ਸੁਨੋ ਪ੍ਰਭੂ ਹਮ ਕਹਿਜੋਂ ਸੁਨਾਇ।
ਏਕ ਦਿਵਸ ਮੁਨਿ ਨਾਰਦ ਆਇ।
ਮਿਲਜੋ ਹਮੈ ਪ੍ਰੇਮ ਰੰਗ ਭੀਨਾ।
ਭਗਤਿ ਪਰਾਇਨ[1] ਕਰ ਮੈ ਬੀਨਾ[2] ॥ ੧੧੧ ॥ [1]ਆਸਰੇ। [2]ਹੱਥ 'ਚ ਵੀਣਾ ਸੀ।
ਕਰਿ ਡੰਡੌਤ ਪ੍ਰਕਰਮਾ ਕਰੀ।
ਕਛੁ ਪੂਛਨ ਕੀ ਮਨਸਾ ਧਰੀ।
ਦੇਵ ਰਿਖੀ[1] ਤਬਿ ਬਚਨ ਉਚਾਰਾ। [1]ਨਾਰਦ।
ਸਤਿ ਮਾਨੀਜੋਂ ਬਾਕ ਹਮਾਰਾ ॥ ੧੧੨ ॥
ਜੋ ਕਛੁ ਪੂਛਨ ਇੱਛਾ ਧਾਰੋ[1]। [1]ਤੁਹਾਡੀ।
ਅਬਿ ਕਿਛੁ ਕਾਲ ਧੀਰ ਮਨਿ ਧਾਰੋ।
ਤਲਵੰਡੀ ਬੇਦੀ ਕੁਲ ਮਾਹੀਂ।
ਭੇ ਅਵਿਤਾਰ ਜਗਤ ਗੁਰੁ ਤਾਹੀਂ ॥ ੧੧੩ ॥
ਸ੍ਰੀ ਨਾਨਕ ਗੁਰੁ ਨਾਮ ਧਰਾਯੋ।
ਮਤ ਪਾਖੰਡੀ ਸਕਲ ਦੁਰਾਯੋ[1]। [1]ਛੁਪ ਗਏ ਹਨ।
ਸਤਿ ਨਾਮੁ ਸਿਮਰਨ ਉਪਦੇਸੂ।
ਸਤਿ ਸਰੂਪੀ[1] ਮਿਟੈ ਕਲੇਸੂ ॥ ੧੧੪ ॥ [1]ਸੱਤ ਸਰੂਪ (ਗੁਰਾਂ) ਨਾਲ (ਮਿਲ ਕੇ)।
ਪ੍ਰਿਥਮ ਮਿਲੈਂ ਤੁਮ ਪੈ ਮਗ ਮਾਹੀਂ।
ਬੈਠੋ ਆਸਨ ਲਾਇ ਇਹਾਂ ਹੀ[1]* ॥ ੧੧੫ ॥ [1]ਇਸੇ ਥਾਂ। *ਏਥੇ ਮੂਲ 'ਚ ਪਾਠ 'ਕਦਾਈ' ਸੀ ਜਿਸ ਦਾ ਅਰਥ ਨਹੀਂ ਸੀ ਬਣਦਾ ਇਸ ਲਈ ਅਸਾਂ ਸੁਧ ਪਾਠ 'ਇਹਾਂ ਹੀ' ਬਣਾ ਦਿੱਤਾ ਹੈ ਜੋ ਅੱਗੋਂ ਜਾ ਕੇ ਅੰਕ ਨੰ: ੧੭ ਦੀ ਪਹਿਲੀ ਤੁਕ ਦੇ ਪਾਠ 'ਤਾਂ ਦਿਨ ਤੇ ਐਨ ਈਹਾਂ ਰਚ ਕਰਿ ਬੈਠਿਓ' ਤੋਂ ਦਰੁਸਤ ਸਾਬਤ ਹੋ ਜਾਂਦਾ ਹੈ।

ਦੋਹਰਾ:

ਜਾਇ ਜਾਇ[1] ਸਭਿ ਧਰਾ ਮੈ,
ਸਾਗਰ ਪਰਬਤ ਮਾਹਿ।
ਸਤਿ ਨਾਮੁ ਉਪਦੇਸ ਕਰਿ,
ਸ੍ਰੀ ਗੁਰੁ ਗਤਿ ਦੇ ਤਾਹਿ ॥੧੧੬॥

[1](ਆਪ) ਜਾ ਜਾ ਕੇ।

ਕਬਿੱਤ:

ਸੁਨਿ ਮੁਨਿ ਬੈਨ ਚਿਤੁ ਅਤਿ ਹਰਖੈਨ[1] ਭਯੋ,
ਤਾਂ ਦਿਨਾਂ ਤੇ ਐਨ[1] ਈਹਾਰਚ ਕਰਿ ਬੈਠਿਓ।
ਕੀਨੋ ਮੈ ਬਿਚਾਰ ਮੁਨੀ ਕੀਯੋ ਜੋ ਉਚਾਰ,
ਕਬਿ ਹੋਇਗੋ ਦਿਦਾਰ ਮਨ ਮੇਰੋ ਹਠ ਐਂਠਿਓ[1]।
ਸਾਚੀ ਭਈ ਬਾਨੀ ਰਿਖਦੇਵ ਜੋ ਬਖਾਨੀ,
ਸੁਨੋ ਗੁਰੁ ਸੁਖਦਾਨੀ ਦੀਜੈ ਸੋਈ ਮਨ ਮੈਂਠਿਓ[1]।
ਕਹੀ ਗੁਰਦੇਵ ਸੇਵ ਸਫਲ ਤੁਮਾਰੀ ਭਈ,
ਲੀਜੈ ਪੂਛ ਸੋਈ ਜੋਈ ਚਿੱਤਿ ਹੁਲਸੈਠਿਓ[1]
॥੧੧੭॥

[1]ਪ੍ਰਸੰਨ।

[1]ਘਰ।

[1]ਖਿੱਚ ਲਿਆ ਭਾਵ ਭਾਰਾ ਹਠ ਕੀਤਾ।

[1]ਜੋ ਮੈਂ ਮਨ 'ਚ ਧਾਰੀ ਹੈ।

[1]ਚਿੱਤ ਵਿੱਚ ਉਤਸ਼ਾਹ ਧਾਰਿਆ ਹੈ।

ਚੌਪਈ:

ਭਰਥਰਿ ਕਹੀ ਸੁਨੋ ਜਗਦੀਸਾ।
ਕ੍ਰਿਪਾ ਤੁਮਾਰ ਸਕਲ ਦੁਖ ਖੀਸਾ[1]।
ਸਕਲ ਆਉ[1] ਮੈ ਸਾਧਜੋ ਜੋਗ।
ਮਨ ਰੋਕਨ ਕਾ ਕੀਨੋ ਬੋਧ[1] ॥੧੧੮॥
ਮਨ ਨਿਰਮਲ ਜਬ ਹੋਵੈ ਪ੍ਰਾਨੀ।
ਤਬਿ ਮਿਲ ਹੈ ਪ੍ਰਭ ਸਾਰੰਗ ਪਾਨੀ[1]।
ਜਨਮ ਮਰਨ ਕੇ ਸੰਕਟ ਖੋਵੈ।
ਅਨਦ ਸਰੂਪੀ ਬਿਚਰੈ ਜੋਵੈ[1] ॥੧੧੯॥
ਪਿਆਲਾ ਮਦ ਕਾ ਪੀਏਂ[1] ਜੁਗੀਸ਼ੁਰ।
ਤਾੜੀ[1] ਲਾਵੈਂ ਧਜਾਵੈਂ ਈਸ਼ਰ।
ਕਵਨ ਭਾਂਤਿ ਕਰਿ ਦ੍ਰਿੜ ਵੈਰਾਗ*।
ਬਿਨ ਬਿਰਾਗ ਹਰਿ ਪ੍ਰੇਮ ਨ ਲਾਗ ॥੧੨੦॥
ਯੇਹ ਸੰਸੇ ਮਨ ਮੇਰੇ ਸਤਿਗੁਰੁ।

[1]ਅਕਾਲ ਪੁਰਖ।

[1]ਦੇਖੇ।

[1]ਪੀਂਦੇ ਹਨ।

[1]ਸਮਾਧੀ।

*ਭਾਵ ਇਹ ਕਿ ਜੋਗੀ ਲੋਕ ਤਾਂ ਸ਼ਰਾਬ ਦਾ ਪਿਆਲਾ ਪੀ ਕੇ ਸਮਾਧੀ ਲਾ ਲੈਂਦੇ ਹਨ, ਇਸ ਤਰ੍ਹਾਂ ਵਿਕਾਰਾਂ ਵੱਲੋਂ ਵੈਰਾਗ ਦ੍ਰਿੜ੍ਹ ਕਰ ਲੈਂਦੇ ਹਨ। ਤੁਹਾਡੇ ਮੱਤ ਵਿੱਚ ਕਿਸ ਸਾਧਨ ਨਾਲ ਵੈਰਾਗ ਦ੍ਰਿੜ੍ਹ ਕਰਦੇ ਹਨ?

ਨਾਰਦ ਸੋਂ ਮੈਂ ਕਹੀ ਬਾਤ ਫੁਰ[1]।
ਸੋ ਕ੍ਰਿਪਾ ਕਰਿ ਸੰਸਾ ਦਹੋ[1]।
ਯਾਂ ਤੇ ਪਰਮ ਆਨੰਦ ਮੈਂ ਲਹੋਂ[1] ॥੧੨੧॥
ਗੁਰ ਨਾਨਕ ਤਬਿ ਐਸ ਉਚਾਰਾ।
ਸੁਨੋ ਭਰਥਰੀ ਵਾਕ ਹਮਾਰਾ।
ਮਨ ਨਿਰਮਲ ਬਿਨ ਭਗਤਿ ਸੁ ਨਹੀ।
ਭਗਤਿ ਯੋਗ ਬੇਦੋਂ ਮੈਂ ਕਹੀ ॥੧੨੨॥
ਜੋ ਜਨ ਭਗਤਿ ਯੋਗ ਦ੍ਰਿੜ ਕਰੈ।
ਭਵ ਸਾਗਰ ਸੋ ਛਿਨ ਮੈ ਤਰੈ।
ਸੁਨੋ ਭਰਥਰੀ ਜੁਗਤਿ ਜੋਗ ਕੀ।
ਨਹਿਂ ਇੱਛਾ ਜਿਨਿ ਬ੍ਰਹਮ ਭੋਗ ਕੀ[1] ॥੧੨੩॥
ਤਬਿ ਗੁਰ ਨਾਨਕ ਸ਼ਬਦ ਉਚਾਰਾ।
ਆਸਾਰਾਗ ਮਾਹਿ ਨਿਰਧਾਰਾ।
ਜੇ ਗਤਿ ਚਾਹਤਿ ਮਨੁਜ[1] ਬਿਚੱਛਨ[2]।
ਧਰਤਿ ਜੋਗ ਕੇ ਸੋ ਅਸ ਲੱਛਨ ॥੧੨੪॥

[1]ਜੋ ਗਲ ਸਫੁਰਨ ਹੋਈ।
[1]ਸਾੜੋ, ਦੂਰ ਕਰੋ।
[1]ਲਵਾਂ।
[1]ਬ੍ਰਹਮਾ ਦੇ ਲੋਕ ਦੇ ਭੋਗਾਂ ਦੀ।
[1]ਮਨੁੱਖ। [2]ਚਤੁਰ।

ਆਸਾ ਮਹਲਾ ੧ ॥
ਗੁਰੁ ਕਾ ਸਬਦੁ ਮਨੈ ਮਹਿ ਮੁੰਦ੍ਰਾ, ਖਿੰਥਾ[1] ਖਿਮਾ ਹਢਾਵਉ ॥
ਜੋ ਕਿਛੁ ਕਰੈ ਭਲਾ ਕਰਿ ਮਾਨਉ, ਸਹਜ ਜੋਗ ਨਿਧਿ ਪਾਵਉ ॥੧॥
ਬਾਬਾ ਜੁਗਤਾ ਜੀਉ ਜੁਗਹਿ ਜੁਗ ਜੋਗੀ, ਪਰਮ ਤੰਤ ਮਹਿ ਜੋਗੰ[1] ॥
ਅੰਮ੍ਰਿਤ ਨਾਮ ਨਿਰੰਜਨ ਪਾਇਆ, ਗਿਆਨ ਕਾਇਆਰਸ ਭੋਗੰ[1] ॥੧॥ ਰਹਾਉ ॥
ਸਿਵ ਨਗਰੀ[1] ਮਹਿ ਆਸਣਿ ਬੈਸਉ, ਕਲਪ[2] ਤਿਆਗੀ ਬਾਦੰ[3] ॥
ਸਿੰਙੀ ਸਬਦੁ ਸਦਾ ਧੁਨਿ ਸੋਹੈ, ਅਹਿਨਿਸਿ ਪੂਰੈ ਨਾਦੰ[1] ॥੨॥
ਪਤੁ ਵੀਚਾਰੁ[1] ਗਿਆਨ ਮਤਿ ਡੰਡਾ[2], ਵਰਤਮਾਨ

[1]ਹੇ ਬਾਬਾ! (ਜੋ ਜੀਵ) ਜੁਗਾਂ ਜੁਗਾਂ ਦੀਆਂ ਸੰਸਾਰਕ ਜੁਗਤੀਆਂ ਵਿੱਚ ਜੁੜਿਆ ਹੋਇਆ ਸੀ ਉਹ ਹੁਣ ਅਕਾਲ ਪੁਰਖ ਵਿੱਚ ਜੋੜ ਲਿਆ ਹੈ।
[1]ਬੁੱਧੀ ਗਿਆਨਰਸ ਨੂੰ ਭੋਗਦੀ ਹੈ।
[1]ਬ੍ਰਹਮ ਰੂਪ ਸ਼ਹਿਰ ਵਿੱਚ। [2]ਕਲਪਣਾ। [3]ਬਿਅਰਥ।
[1](ਪੂਰਨ ਜਾਨਣਾ ਹੀ) ਰਾਤ ਦਿਨ ਨਾਦ ਪੂਰਦੇ ਹਾਂ।
[1]ਵੀਚਾਰ ਦਾ ਪਾਤ੍ਰ (ਭਾਂਡਾ)। [2]ਬੁਧੀ 'ਚ ਗਿਆਨ (ਧਾਰਨਾ) ਡੰਡਾ ਹੈ। [3]ਤਿੰਨਾਂ ਸਮਿਆਂ ('ਚ ਸੰਸਾਰ ਨੂੰ ਨਾਸ ਰੂਪ ਜਾਨਣਾ)

ਬਿਭੂਤੰ[3] ॥
ਹਰਿ ਕੀਰਤਿਰਹਰਾਸਿ[1] ਹਮਾਰੀ, ਗੁਰਮੁਖਿ ਪੰਥੁ ਅਤੀਤੰ[2] ॥੩॥
ਸਗਲੀ ਜੋਤਿ ਹਮਾਰੀ ਸੰਮਿਆ, ਨਾਨਾ ਵਰਨ ਅਨੇਕੰ[1] ॥
ਕਹੁ ਨਾਨਕ ਸੁਣਿ ਭਰਥਰਿ ਜੋਗੀ, ਪਾਰਬ੍ਰਹਮ ਲਿਵ ਏਕੰ[1] ॥੪॥
(ਪੰਨਾ ੩੫੯)

ਗਿਭੂਤੀ ਹੈ।
[1]ਰਹੁ ਰੀਤ। [2]ਨਿਰਲੇਪ ਰਹਿਣਾ।
[1]ਨਾਨਾ ਤਰ੍ਹਾਂ ਦੇ ਅਨੇਕਾਂ ਰੰਗਾਂ ਦੀ ਸਾਰੀ ਸ੍ਰਿਸ਼ਟੀ ਵਿੱਚ ਇਕ ਜੋਤ ਸਮਾਈ ਹੋਈ (ਜਾਣੀ ਹੈ) ਇਹੋ ਸਾਡੀ ਸੰਗਜ਼ਾ (ਅੱਲ) ਹੈ।
[1]ਇਕ ਪਾਰਬ੍ਰਹਮ ਵਿੱਚ ਬ੍ਰਿਤੀ ਲਾਉਣ (ਜੋਗ ਹੈ)।

ਚੌਪਈ:
ਇਹ ਬਿਧਿ ਜੋ ਜਨ ਧਾਰੇ ਜੋਗ।
ਮਨ ਕੀ ਮੈਲ ਨਿਵਾਰੇ ਭੋਗ[1]।
ਪੁਨ ਪਜਾਲਾ ਜੋ ਤੁਮੈ ਬਖਾਨਾ।
ਸੋ ਹਮ ਭਾਖਤਿ ਸੁਨਿ ਦੈ ਕਾਨਾ ॥੧੨੫॥

[1]ਭੋਗਾਂ ਰੂਪ ਮੈਲ।

ਆਸਾ ਮਹਲਾ ੧ ॥
ਗੁੜੁ ਕਰਿ ਗਿਆਨੁ, ਧਿਆਨੁ ਕਰਿ ਧਾਵੈ[1], ਕਰਿ ਕਰਣੀ ਕਸੁ[2] ਪਾਈਐ ॥
ਭਾਠੀ ਭਵਨੁ[1] ਪ੍ਰੇਮ ਕਾ ਪੋਚਾ, ਇਤੁਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ[1] ਨਾਮਰਸ ਪੀਵੈ, ਸਹਜ ਰੰਗ[2] ਰਚਿ ਰਹਿਆ[3] ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ[1], ਸਬਦੁ ਅਨਾਹਦ ਗਹਿਆ[2] ॥੧॥ ਰਹਾਉ ॥
ਪੂਰਾ ਸਾਚ ਪਿਆਲਾ[1] ਸਹਜੇ, ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰੁ ਕੀ ਸਾਖੀ[1] ਅੰਮ੍ਰਿਤ ਬਾਣੀ, ਪੀਵਤ ਹੀ ਪਰਵਾਣੁ ਭਇਆ ॥ [2]
ਦਰ ਦਰਸਨ ਕਾ ਪ੍ਰੀਤਮੁ ਹੋਵੈ, ਮੁਕਤਿ ਬੈਕੁੰਠੈ

[1](ਜੀਵਾਤਮਾ ਦਾ ਘਰ) ਦੇਹ ਦੀ ਭੱਠੀ (ਭਗਤੀ ਵਾਲੀ ਬ੍ਰਿਤੀ ਘੜੀ ਹੈ)।
[1]ਮਸਤ ਹੋ ਰਿਹਾ ਹੈ। [2]ਸਹਜ ਸਰੂਪ ਦੇ ਅਨੰਦ ਵਿੱਚ। [3]ਲੀਨ ਹੋ ਰਿਹਾ ਹੈ।
[1]ਰਾਤ ਦਿਨ ਜੋ ਪ੍ਰੇਮ 'ਚ ਲਿਵ ਲੱਗੀ ਹੈ ਇਹ {ਬਨੀ} ਵੰਨੀ ਹੈ। [2]ਹੱਦਰਹਿਤ {ਸ਼ਬਦ} ਬ੍ਰਹਮ ਨੂੰ ਗ੍ਰਹਿਣ ਕਰਨਾ ਅਨਾਹਦ ਸ਼ਬਦ ਹੈ।
[1]ਸੱਚ ਦੀ ਸ਼ਰਾਬ ਦਾ {ਪੂਰਾ} ਭਰਿਆ ਹੋਇਆ ਇਹ ਗਿਆਨ ਦਾ ਪਿਆਲਾ ਹੈ।

[1]ਸਿਖਿਆ ਰੂਪ। [2]ਅੰਦਰ ਭਾਵ ਹਿਰਦੇ ਕਰਕੇ।

ਕਰੈ ਕਿਆ ॥ ੩ ॥
ਸਿਫਤੀ ਰਤਾ ਸਦ ਬੈਰਾਗੀ, ਜੂਐ ਜਨਮੁ ਨ ਹਾਰੈ
॥
ਕਹੁ ਨਾਨਕ ਸੁਣਿ ਭਰਥਰਿ ਜੋਗੀ, ਖੀਵਾ[1] [1]ਮਸਤ।
ਅੰਮ੍ਰਿਤ ਧਾਰੈ ॥ ੪ ॥

ਚੌਪਈ:

ਭਰਥਰਿ ਸੁਨਿ ਮਨਿ ਸੰਸੈ ਨਾਸਾ।
ਹਰਿ ਦਰਸ਼ਨ ਕੀ ਧਾਰੀ ਆਸਾ।
ਭਯੋ ਬਿਦੇਹ ਨ ਸੁਰਤਿ ਸੰਭਾਰੀ।
ਕਿਯੋ ਸੁਚੇਤ ਗੁਰੁ ਕ੍ਰਿਪਾ ਧਾਰੀ ॥ ੧੨੬ ॥
ਆਗੈ ਮਿਲੇ ਵੈਸ਼ਨੋਂ ਸਾਧੂ।
ਕੰਠੀ ਤੁਲਸੀ ਵਿਸ਼ਨ ਅਰਾਧੂ।
ਗੁਰ ਸੈਂ ਪੂਛਤਿ ਕੋ ਮਤ ਤੁਮਰਾ।
ਬਿਨਾ ਚਿੰਨ੍ਹ ਨਹਿ ਲਖਤ ਸੁ ਪਰਾ[1] ॥ ੧੨੭ ॥ [1]ਜਾਣਿਆ ਨਹੀਂ ਜਾਂਦਾ।
ਸਤਿਗੁਰ ਕਹੈਂ ਚਿੰਨ੍ਹ ਜੋ ਧਾਰੀ।
ਜਗ ਭਰਮਾਵਨ ਲੋਕਾਚਾਰੀ।
ਡਿੰਭ ਕਰੇ ਕਿਛੁ ਕਾਮ ਨ ਆਵੈ।
ਆਂਖ ਮੂੰਦ ਬਕ[1] ਧਜਾਨਹਿਂ ਲਾਵੈ ॥ ੧੨੮ ॥ [1]ਬਗਲੇ ਵਾਂਗ।
ਕੰਠੀ ਬਾਂਧ ਬਿਦੇਸ਼ਨ ਰਟਨਾ[1]। [1]ਫਿਰਨਾ।
ਤਿਲਕ ਦ੍ਵਾਦਸ[1] ਲੋਗਨ ਬਹੁ ਜਟਨਾ[2]। [1]੧੨ ਤਿਲਕ ੯੩/੧੪। [2]ਜੜਨੇ ਭਾਵ ਲਾਉਣੇ।
ਆਸਨ ਅਨਿਕ ਭਾਂਤ ਕੇ ਕਰੈ।
ਮਨ ਮੈ ਵਿਸ਼ੈ ਵਾਸ਼ਨਾ ਧਰੈ ॥ ੧੨੯ ॥
ਸਭਿ ਫੋਕਟ ਕਿਛੁ ਕਾਮ ਨ ਆਵੈ।
ਦੁਹੂੰ ਲੋਕ ਕੇ ਸੁਖ ਬਿਨਸਾਵੈ।
ਮਾਰਗ ਦੋਇ ਜਗਤ ਮੈ ਜਾਨੋ।
ਇਕ ਚੀਟੀ[1] ਦੁਇ ਪੰਛੀ ਮਾਨੋ ॥ ੧੩੦ ॥ [1]ਕੀੜੀ।
ਕ੍ਰਮ ਕ੍ਰਮ[1] ਕਰਿ ਚੀਟੀ ਜਬਿ ਚਲੇ। [1]ਹੌਲੀ ਹੌਲੀ।
ਨਹਿ ਗਿਰ[1] ਚਰ੍ਹੈ ਜਤਨ ਕਰਿ ਭਲੇ। [1]ਪਹਾੜ।
ਪੰਛੀ ਉਡੇ ਛਿਨਿਕ ਮੈ ਪਹੁੰਚੈ।
ਤਸ[1] ਗੁਰ ਮੰਤ੍ਰ ਜਗਤ ਮੈ ਮਹੁੰਚੇ[2] ॥ ੧੩੧ ॥ [1]ਤਿਵੇਂ ਹੀ। [2]ਬਹੁਤ ਉੱਚੇ (ਥਾਂ ਪੁਚਾ ਦੇਂਦਾ ਹੈ)

ਆਗੇ ਸਤਿਗੁਰ ਤ੍ਰੇਤਾ ਦੁਆਪਰ।
ਤਿੱਹ ਜੁੱਗਨ ਮੈ ਧਰਮ ਪੂਜ ਬਰ[1]।
ਅਬ ਕਲਿ ਕਾਲ ਸੁਖੈਨ ਸੁ ਜਾਨੋ।
ਪੰਖੀ ਮਾਰਗ ਸੁਗਮ[1] ਪਛਾਨੋ ॥ ੧੩੨ ॥
ਸਤਿ ਸੰਗਤ ਮੈ ਕਰੇ ਨਿਵਾਸ।
ਸਤਿਨਾਮੁ ਗੁਰਮੁਖਿ ਮੁਖੁ ਭਾਸ[1]।
ਧ੍ਰੂਹ ਕੋ ਨਾਰਦ ਕਰਿ ਉਪਦੇਸ।
ਅਚੱਲ ਸੁ ਪਦਵੀ ਪਾਈ ਬੇਸ[1] ॥ ੧੩੩ ॥
ਬਾਲਮੀਕ ਕੋ ਸਪਤ ਮੁਨੀਸ੍ਵਰ।
ਮਰਾ ਮਰਾ ਉਲਟੋ ਰਟਤੀਸਰ[1]।
ਸੂਧੋ ਰਾਮ ਰਾਮ ਤਬਿ ਥੀਆ।
ਕੌਨ ਚਿੰਨ੍ਹ ਇਨਿ ਧਾਰਨ ਕੀਆ ॥ ੧੩੪ ॥
ਬਜਾਸ ਪਰਾਸਰ ਔਰ ਬਸ਼ਿਸ਼ਟ।
ਚਿੰਨ੍ਹ ਕੌਨ ਪੁਨ ਕੌਨ ਸੁ ਇਸ਼ਟ[1]।
ਸਤਿਗੁਰੁ ਸਰਨ ਸਕਲ ਦੁਖੁ ਹਰੈ।
ਸਤਿ ਨਾਮੁ ਮੁਖ ਸੇਂ ਨਿਤ ਰਰੈ[1] ॥ ੧੩੫ ॥
ਮਨੁ ਨੀਵਾਂ ਨਿਰਮਲ ਥਿਤਿ[1] ਬਾਣੀ।
ਇਹ ਬਿਚਾਰ ਸੰਤਨ ਸੁਖੁ ਖਾਣੀ।
ਸੰਤਨ ਕੀ ਸ਼ਰਧਾ ਜਿਨਿ ਰਾਖੀ।
ਸੁਨਤਿ ਸੁਨਾਵਤਿ ਗੁਰੁ ਕੀ ਸਾਖੀ[1] ॥ ੧੩੬ ॥
ਪੀਵਤਿ ਹੈਂ ਵੋਹ ਪੈ ਸਮ[1] ਸ੍ਵੱਛਾ[2]।
ਸੁਖੁ ਪਾਵਤਿ ਜਗ ਮੈ ਪ੍ਰਤੱਛਾ।
ਕੀਰਤਿ ਨਿਰਮਲ ਜੋ ਮਨਿ ਧਾਰੈ।
ਜਨਮ ਜਨਮ ਕੇ ਦੁਖ ਨਿਵਾਰੈ ॥ ੧੩੭ ॥
ਮਤ ਅਨੇਕ ਅਚਾਰਜ ਧਰਮ[1]।
ਅਨਿਕ ਥਾਪਨਾ ਮਨਿ ਕਰਿ ਕਰਮ[1]।
ਨਬੀ[1] ਔਲੀਏ[2] ਪੀਰਨ ਪੀਰ।

ਕੌਨ ਗਨੈ ਨਹੀਂ ਮਰਮ[1] ਸੁ ਧੀਰ ॥ ੧੩੮ ॥
ਜੋ ਮਾਨੈ ਇਨ ਕੇਰ ਮਤਨ ਕੋ।

[1]ਧਰਮ ਦਾ ਪੂਜਨ ਵੱਡਾ (ਔਖਾ) ਸੀ।
[1]ਸੁਖਾਲਾ।
[1]ਗੁਰਮੁਖਿ ਬਣ ਕੇ ਮੁਖੋਂ {ਭਾਸ} ਉਚਾਰਨ ਕਰੇ।
[1]ਸ੍ਰੇਸ਼ਟ, ਉੱਤਮ।
[1]ਈਸ਼ਰ ਦੇ ਨਾਮ 'ਰਾਮ' ਨੂੰ ਉਲਟਾ 'ਮਰਾ ਮਰਾ' ਉਚਾਰਦਿਆਂ।
[1]ਧਰਮ।
[1]ਉਚਾਰੇ।
[1]ਟਿਕਾ ਵਾਲੀ।
[1]ਸਿਖਿਆ।
[1]ਦੁੱਧ ਵਾਂਗ। [2]ਉੱਜਲ।
[1]ਧਰਮ ਦੇ ਮੋਢੀ।
[1]ਮਨ ਕਰ ਕੇ ਅਨੇਕਾਂ ਕਰਮਾਂ ਦੀ ਥਾਪਨਾ ਕਰਦੇ ਹਨ।
[1]ਖ਼ਬਰ ਦੇਣ ਵਾਲਾ, ਪੈਗ਼ੰਬਰ। [2]ਧਰਮ ਦੇ ਆਗੂ {ਵਲੀ ਦਾ ਬਹੁ-ਵਚਨ ਔਲੀਆ।}
[1]ਭੇਦ ਨਹੀਂ (ਪਾਈਦਾ)।

ਅੰਧਕਾਰ ਜਿਮ ਪਾਵਸ ਜਨ ਕੋ[1]।
ਜਿਮ ਖੱਦਜੋਤ[1] ਉਡਤਿ ਹੈਂ ਸਾਰੇ।
ਤਸਕਰ ਦੰਭੀ[1] ਵਿਚਰਤਿ ਭਾਰੇ ॥ ੧੩੯ ॥
ਸਤਿ ਨਾਮੁ ਸੂਰਜ ਪ੍ਰਕਾਸ਼ਨ।
ਦੁਰੇ ਸਕਲ ਤਮਚਰ ਪਿਖ ਜਾਸਨ[1]।

[1]ਜਿਵੇਂ ਅਨ੍ਹੇਰਾ ਜਨਾਂ ਨੂੰ (ਦੁੱਖ ਵਿੱਚ) {ਪਾਵਸ} ਪਾਉਂਦਾ ਹੈ।
[1]ਟਟਹਿਣੇ।
[1]ਪਖੰਡੀਆਂ ਰੂਪ ਚੋਰ।
[1]ਜਿਸ ਨੂੰ ਦੇਖ ਕੇ ਸਾਰੇ ਪਾਪ ਰੂਪ {ਤਮਚਰ} ਉੱਲੂ ਛਪ ਜਾਂਦੇ ਹਨ।

ਗੁਰਮੁਖਿ ਪੰਥ ਬਤਾਇਆ ਸਤਿਗੁਰੁ।
ਪਰੇ ਚਰਨ ਮਿਲਿ ਸਭਿ ਜਨ ਏ ਫੁਰ[1] ॥ ੧੪੦ ॥
ਪਰੇ ਪਗਨ ਜਬ ਗੁਰੁ ਨਿਜ ਜਾਨਾ।
ਖੁਲੇ ਕਪਾਟ ਤਿਮਰ[1] ਭਯੋ ਹਾਨਾ[2]।
ਸੁਰ ਨਰ ਨਾਗ[1] ਜੱਛ[2] ਗੰਧਰਬ[3]।

[1]ਇਹ ਸੋਚ ਕੇ।
[1]ਅਗਿਆਨ ਦਾ ਅਨ੍ਹੇਰਾ। [2]ਨਾਸ।
[1]ਸੱਪ। [2]ਕੁਬੇਰ ਦੀ ਸੇਵਾ ਵਿੱਚ ਰਹਿਣ ਵਾਲੇ ਦੇਵਤੇ। [3]ਦੇਵ ਲੋਕ ਦਾ ਗਵੱਈਆ।

ਅਸੁਰ[1] ਦੇਵ[2] ਗਣ ਭੂਚਰ[3] ਸਰਬ ॥ ੧੪੧ ॥
ਇਨਿ *ਸਬਿ ਊਪਰ ਈਸ਼ਰ ਅਹੈ।

[1]ਦੈਂਤ। [2]ਦੇਵਤਿਆਂ ਦੇ ਦਾਸ। [3]ਧਰਤੀ 'ਤੇ ਫਿਰਨ ਵਾਲੇ।
*'ਸਬਿ ਊਪਰ' ਤੋਂ ਗਿਆਨੀ ਗਿਆਨ ਸਿੰਘ ਜੀ ਦੀ ਆਪਣੀ ਰਚਨਾ ਸ਼ੁਰੂ ਹੁੰਦੀ ਹੈ ਜੋ ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ਪੰਨਾ ੧੦੫ ਤੋਂ ਸ਼ੁਰੂ ਹੁੰਦੀ ਹੈ। ਵਿਸਥਾਰ ਲਈ ਦੇਖੋ ਬਿਸ੍ਰਾਮ ੮ ਦੇ ਅੰਕ ੧੦੩ ਦੀ * ਨਿਸ਼ਾਨ ਦੀ ਪੈਰ ਟੂਕ।

ਜਿਹ ਆਗਜਾ ਮੈ ਏ ਸਬਰਹੈਂ।
ਕੋਟ ਬਿਸ਼ਨ ਸ਼ਿਵ ਬਿਧਿ[1] ਜਿਂਹ ਰਚੇ।
ਤਾ ਕਾ ਭਗਤ ਕਾਲ ਤੇ ਬਚੇ ॥ ੧੪੨ ॥
ਤਪਤ ਚਿੰਨ੍ਹ ਧਰਿ ਮੂਰਤਿ ਪੂਜੈ।
ਜੇ, ਤਿਨ ਸਮ ਨਹਿ ਅਗਜ[1] ਕੋ ਦੂਜੈ।
ਚੇਤਨ ਹ੍ਵੈ ਜਢ ਸੇਵੈ ਜੋਈ।
ਤੇਲ ਚਹੈਂ ਬਾਲੂ ਤੇ[1] ਸੋਈ ॥ ੧੪੩ ॥

[1]ਬ੍ਰਹਮਾ।
[1]ਅਗਿਆਨੀ।
[1]ਚੇਤੇ 'ਚੋਂ।

ਜਾ ਮਹਿ ਨਹਿ ਸਫੁਰਨਤਾ ਸੱਤਾ[1]।
ਬਜਰਥ ਕਸ਼ਟ ਤਿਂਹ ਸੇਵਿ ਅਸੱਤਾ[1]।
ਮਿਲੈ ਨਰਜਤ[1] ਜੈਸ ਮਧ ਸ਼ੁਕਤੀ[2]।
ਤਜੋਂ ਜਢ ਤੇ ਨਹਿ ਭਗਤੀ ਮੁਕਤੀ ॥ ੧੪੪ ॥

[1]ਸ਼ਕਤੀ।
[1]ਸ਼ਕਤੀ-ਹੀਣ ਦੀ।
[1]ਚਾਂਦੀ। [2]ਸਿੱਪੀ ਵਿੱਚੋਂ।

ਸਤਜੰ ਗਜਾਨ ਮਨੰਤੰ ਬ੍ਰਹਮਾ[1]।
ਬੇਦ ਕਹਤਿ ਯੌਂ ਜਾ ਕੇ ਮਰਮਾ[1]।
ਤਾ ਕੀ ਭਗਤਿ, ਭੁਗਤਿ ਦੈ ਮੁਕਤੀ।

[1]ਬ੍ਰਹਮ ਸਤਿ, ਚਿੱਤ (ਗਿਆਨ ਸਰੂਪ) ਅਤੇ ਅਨੰਤ ਰੂਪ ਹੈ।
[1]ਭੇਦ।

ਵਹੈ[1] ਉਪਾਸ਼ਨ ਜੋਗ ਸ ਯੁਕਤੀ ॥ ੧੪੫ ॥
[1]ਉਹੋ ਬ੍ਰਹਮ।

ਯਹਿ ਸੁਨਿ ਪਰੇ ਗੁਰੂ ਪਗ ਸਾਰੇ।
ਨਿਜ ਮਤ ਤਜਿ ਗੁਰਮਤਿ ਲਿਯ ਧਾਰੇ ॥ ੧੪੬ ॥

ਦੋਹਰਾ:

ਮਲੈਵਾਰ[1] ਮੈ ਪੁਨ ਗਏ,
[1]ਦੇਸ ਦਾ ਨਾਮ।

ਬ੍ਰਹਮ ਗੁਪਤ ਮਤ ਵਾਰ[1]।
[1]ਗੁਪਤ ਬ੍ਰਹਮ ਦੇ ਮਤ ਵਾਲੇ।

ਮਿਲੇ ਗੁਰੂ ਢਿਗ, ਆਇ ਉਨਿ,
ਐਸੇ ਕੀਨ ਉਚਾਰ ॥ ੧੪੭ ॥

ਚੌਪਈ:

ਹਮਰੋ ਮਤ ਹੈ ਸਭ ਤੇ ਊਚਾ।
ਬ੍ਰਹਮ ਗੁਪਤਰਹਿ ਸਦ ਹੀ ਸੂਚਾ।
ਭਗਵਤ ਭਗਤਨ ਹਿਤ ਪ੍ਰਗਟੈ ਹੈਂ।
ਹਮ ਦੋਨੋ ਕੋ ਸੇਵਨ ਕੈ ਹੈਂ ॥ ੧੪੮ ॥

ਕੰਠੀ ਤੁਲਸੀ ਊਰਧ ਟੀਕੋ[1]।
[1]ਉਪਰ ਨੂੰ ਤਿਲਕ।

ਤਪਤ ਚਿੰਨ੍ਹ ਦਾਯਕ ਫਲ ਨੀਕੋ।
ਰੂਪ ਚਤ੍ਰਧਾ[1] ਈਸ਼ਰ ਧਾਰੇ।
[1]ਚਾਰ ਤਰ੍ਹਾਂ ਦੇ।

ਇਕ ਮਨ ਬਾਨੀ ਪਰਾ ਨਿਹਾਰੇ[1] ॥ ੧੪੯ ॥
[1]ਮਨ ਬਾਣੀ ਤੋਂ ਪਰੇ ਦੇਖੀਦਾ ਹੈ।

ਦੁਤੀ ਬਿਰਾਟ[1] ਤ੍ਰਿਤੀ ਕ੍ਰਿਸ਼ਨਾਦੀ।
[1]ਵਿਸਥਾਰ ਵਾਲਾ, ਫੈਲਿਆ ਹੋਇਆ ਸਰਗੁਣ ਸਰੂਪ।

ਚਤਰਥ ਸਾਲ ਗਿਰਾਮ[1] ਅਨਾਦੀ।
[1]'ਸਾਲ ਗ੍ਰਾਮ' ਨਾਮ ਦੇ ਪਿੰਡ ਪਾਸੋਂ ਗੰਡਕਾ ਨਦੀ ਵਿੱਚੋਂ ਨਿਕਲਿਆ ਗੋਲ ਪੱਥਰ, ਜਿਸ ਉਪਰ ਚੱਕ੍ਰ ਦਾ ਚਿੰਨ੍ਹ ਹੁੰਦਾ ਹੈ, ਹਿੰਦੂ ਇਸ ਨੂੰ ਵਿਸ਼ਨੂੰ ਦੀ ਮੂਰਤੀ ਮੰਨਦੇ ਹਨ।

ਸੇਵਨ ਕਰੈ ਚਾਰ ਯਹਿ ਜੋਈ।
ਮੁਕਤਿ ਚਤ੍ਰਧਾ ਪੈਹੈ ਸੋਈ ॥ ੧੫੦ ॥

ਯਹਿ ਸੁਨਿ ਸਤਿਗੁਰ ਪੁਨ ਹਸ ਬੋਲੇ।
ਸੁਖਦ ਸਰਬਦਾ ਬੈਨ ਅਮੋਲੇ।
ਚਿੰਨ੍ਹ ਧਰਨਿ ਅਰ ਜਢ ਕੀ ਸੇਵਾ।
ਹੈ ਬਜਰਥ, ਬਾਕੀ ਸੁਖ ਦੇਵਾ[1] ॥ ੧੫੧ ॥
[1]ਬਾਕੀ (ਚੇਤਨ) ਸੁਖ ਦੇਣ ਵਾਲਾ।

ਸਗੁਨ ਰੂਪ ਬੈਰਾਟ ਪ੍ਰਮਾਤਮ[1]।
[1]ਪ੍ਰਮਾਤਮਾ ਦਾ ਸਰਗੁਣ ਸਰੂਪ ਵੈਰਾਟ ਹੈ।

ਨਿਗੁਨ ਪਰਾ ਮਨ ਬਾਨੀ ਆਤਮ[1]।
[1]ਮਨ ਬਾਣੀ ਤੋਂ ਪਰੇ ਆਤਮਾ ਨਿਰਗੁਣ ਸਰੂਪ ਹੈ।

ਇਨ ਕਾ ਧਜਾਨ ਨਾਮ ਸੁਖਕਾਰੀ।
ਪ੍ਰੇਮ ਭਗਤਿ, ਦਾ ਮੁਕਤਿ ਉਦਾਰੀ[1] ॥ ੧੫੨ ॥
[1]ਸ੍ਰੇਸ਼ਟ ਮੁਕਤੀ ਦੇਣ ਵਾਲੀ ਹੈ।

ਧ੍ਰ ਪ੍ਰਹਿਲਾਦ ਦੱਤ[1] ਸੁਕ[2] ਬਜਾਸ।
ਸਨਕਾਦਿਕ ਨਾਰਦ ਲੌ ਖਾਸ।
ਦ੍ਰੱਪਤ ਸੁਤਾ[1] ਬ੍ਰਿੱਜ[2] ਨਰ ਨਾਰੀ।

[1]ਦੱਤਾ ਤ੍ਰੇਯ। [2]ਸੁਕਦੇਵ।

[1]ਦ੍ਰੌਪਤੀ। [2]ਮਥਰਾ ਦੇ ਪਾਸ ਦਾ ਇਕ ਦੇਸ਼ ਜਿਸ ਵਿੱਚ ਕਿਸੇ ਸਮੇਂ ਬਹੁਤ ਗਊ ਵਾੜੇ ਸਨ।

ਕਹੋ ਭਯੋ ਕੋ ਮੁਦ੍ਰਾ[1] ਧਾਰੀ ॥ ੧੫੩ ॥
ਤਾਂ ਤੇ ਤੁਮ ਸਬਿ ਚਿੰਨ੍ਹ ਬਿਹਾਈ[1]।
ਦ੍ਵੈਤ ਭਾਵ ਪਾਵਕ[1] ਮੈ ਪਾਈ।
ਮੂਰਤਿ ਪੂਜਨ ਕੂਪ ਡਰੈ ਕੈ[1]।
ਭਜੋ ਬ੍ਰਹਮ ਸਤਿ ਸੰਗਤ ਕੈਕੈ ॥ ੧੫੪ ॥
ਆਤਮ ਗਜਾਨ ਜਾਂਹਿ ਤੇ ਪੈਹੋ।
ਕੈਵਲ ਮੁਕਤਿ ਪਾਇ ਭਵ ਦੈਹੋ[1]।
ਯਾ ਬਿਧਿ ਸੁਨਿ ਸਾਚੀ ਗੁਰਬਾਨੀ।
ਮੁਕਤਿ ਭੁਕਤਿ ਦਾ ਯੁਕਤੀ ਸਾਨੀ[1] ॥ ੧੫੫ ॥
ਬੈਖਾਨਸ[1] ਆਦਿਕ ਥੇ ਜੇਤੇ।

[1]ਚਿੰਨ੍ਹ।
[1]ਤਿਆਗ ਕੇ।
[1]ਅੱਗ।
[1]ਖੂਹ 'ਚ ਸੁੱਟ ਕੇ।
[1]ਜੰਮਣ (ਮਰਨ) ਨੂੰ ਸਾੜ ਲਵੋਗੇ।
[1]ਦਲੀਲਾਂ ਨਾਲ ਮਿਲੀ ਹੋਈ।
[1]ਵਾਨ ਪ੍ਰਸਤੀ=ਸਾਰੀਆਂ ਵਾਸ਼ਨਾ ਛੱਡ ਕੇ ਆਤਮਾ ਨੂੰ ਢੂੰਡਣ ਵਾਲਾ।

ਸਤਿਨਾਮੁ ਜਾਪਕ ਭੇ ਤੇਤੇ।
ਵਹਿ ਜਬਿ ਗਏ ਔਰ ਪੁਨ ਆਏ।
ਨੈਸ਼ਦ ਕਰਮੀ[1] ਜੇ ਕਹਿਲਾਏ ॥ ੧੫੬ ॥
ਬਿਸ਼ਨ ਰੂਪ ਸਬਿ ਜਗਿ ਸ੍ਰੁਤਿ ਗਾਵਤਿ[1]।
ਤਾਂ ਤੇ ਹਮੈ ਨ ਕਰਮ ਸੁਹਾਵਤਿ।
ਫਿਰੈਂ ਮੁਕਤਿ ਹਮ ਕ੍ਰਮ ਭ੍ਰਮ ਡਾਰੇ[1]।
ਬ੍ਰਹਮ ਰੂਪ ਸਬਿ ਤਈਂ ਨਿਹਾਰੇ ॥ ੧੫੭ ॥
ਸ਼ਬਦ[1], ਸਪਰਸ[2], ਰੂਪ[3], ਰਸ[11] ਗੰਧ[22]।

[1]ਕਰਮਾਂ ਦਾ ਖੰਡਨ ਕਰਨ ਵਾਲੇ।
[1]ਵੇਦ ਕਹਿੰਦਾ ਹੈ।
[1]ਕਰਮਾਂ ਨੂੰ ਭ੍ਰਮ ਜਾਣ ਕੇ ਤਿਆਗ ਦਿੱਤਾ ਹੈ।
[1](ਕੰਨਾਂ ਦਾ ਵਿਸ਼ਾ) ਸੁਣਨਾ। [2](ਚਮੜੀ ਦਾ ਵਿਸ਼ਾ) ਛੋਹਣਾ। [3](ਅੱਖਾਂ ਦਾ ਵਿਸ਼ਾ) ਵੇਖਣਾ। [11](ਰਸਨਾ ਦਾ ਵਿਸ਼ਾ) ਚੱਖਣਾ। [22](ਨਾਸਾਂ ਦਾ ਵਿਸ਼ਾ) ਸੁੰਘਣਾ।

ਜਿਹਂ ਇੰਦ੍ਰੀ ਸੋਂ ਜਿਹਂ ਸਨਬੰਧ।
ਜੋ ਮਨ ਚਹੈ ਭੁਗੈ ਹੈਂ[1] ਸੋਊ।
ਤਨ ਤੈ ਜੁਦਾ ਜੀਵ ਨਹਿ ਕੋਊ ॥ ੧੫੮ ॥
ਪੁਨ ਗੁਰੁ ਕਹਜੋ ਭ੍ਰਿਸ਼ਟ ਮਤ ਥਾਰਾ[1]।
ਬਿਸ਼ਜਾਨੰਦ ਜੋ ਮਾਨਜੋ ਸਾਰਾ[1]।
ਕਰਮ ਧਰਮ ਸਬਿ ਸ਼ਾਸਤ ਬੇਦਾ।

[1]ਭੋਗਦੇ ਹਾਂ।
[1]ਤੁਹਾਡਾ।
[1]ਸ੍ਰੇਸ਼ਟ।

ਹ੍ਵੈ ਹੈ ਬਿਸਰਥ, ਤੋਰ ਮਤ ਏਦਾ[1] ॥ ੧੫੯ ॥
ਦੋ ਮਗ ਜਗ ਮੈਂ ਬੇਦ ਬਤਾਏ।
ਇਕ ਨਿਸਕਾਮ[1] ਸਕਾਮ[2] ਲਖਾਏ[3]।
ਕਰੈ ਸਕਾਮ ਕਰਮ ਜਨ ਜੋਈ।
ਸੁਖ ਦੁਖ ਨਰਕ ਸੁਰਗ ਲਹਿ ਸੋਈ ॥ ੧੬੦ ॥
ਜੇ ਨਿਸਕਾਮ ਕਰਮ ਜਨ ਕਰਿ ਹੈਂ।
ਮੁਕਤਿ ਹੋਇ ਸੋ ਭਵ ਦੁਖ ਹਰ ਹੈਂ।
ਉਭੈ ਭ੍ਰਿਸ਼ਟ ਮਤ ਤੁਮ ਜੋ ਮਾਨੈ।
ਹਮ ਕਿਮ ਤੁਮੈ ਬੈਸ਼ਨਵ ਜਾਨੈ? ॥ ੧੬੧ ॥
ਸੁਕ੍ਰਿਤ[1] ਕਰੈ ਨ ਫਲ ਕਛੁ ਚਾਹੈ।
ਨੈਸ਼ਦ ਕਰਮਿ ਸਾਚ ਜਨ ਸਾ ਹੈ[1]।
ਮਾਨ ਬੈਨ ਵਹਿ ਨਿਜ ਮਤਿ ਤਜਿ ਕੈ।
ਸਤਿਨਾਮੁ ਭਗਤੀ ਹਰਿ ਭਜਿ ਕੈ ॥ ੧੬੨ ॥
ਸੋ ਜਬਿ ਗਏ ਮੇਘ ਪ੍ਰਸਥਾਏ[1]।
ਮੇਘ ਬਰਖਿ ਸਬਿ ਜਗਹਿ ਜਿਵਾਏ।
ਤਾਂ ਤੇ ਤਾਂ ਕੋ ਹਮ ਸੇਵੈ ਹੈਂ।
ਅੰਤਹਿ ਤਨ ਤਜਿ ਮੇਘ ਬਨੈ ਹੈਂ ॥ ੧੬੩ ॥
ਕਹਜੋ ਗੁਰੂ ਹੈਂ ਮੇਘ ਅਪਾਰੇ।
ਈਸ਼ੂਰ ਏਕ ਬੇਦ ਕਹਿਂ ਚਾਰੇ।
ਹੁਕਮ ਬੀਚ ਹੈਂ ਬਾਦਲ ਤਾਂ ਕੇ।
ਯਹਿ ਸੁਨਿ ਭਏ ਸਿੱਖ ਵਹਿ ਬਾਂਕੇ[1] ॥ ੧੬੪ ॥
ਭੂਪਤਿ ਹੁਤੋ ਤਹਾਂ ਕਾ ਜੋਈ।
'ਰਾਜਾਰਾਮ' ਨਾਮ ਪ੍ਰਗਟੋਈ।
ਸੁਜਸ ਗੁਰੂ ਕਾ ਸੁਨਿ ਚਲਿ ਆਯੋ।
ਦੈ ਭੇਟਾ ਗੁਰਿ ਪਗ ਲਪਟਾਯੋ ॥ ੧੬੫ ॥
ਜਾਤਿ ਕੁਲਾਲ[1] ਬਿਸਾਲ ਉਦਾਰੇ।
ਹਾਥ ਜੋਰਿ ਯੌਂ ਬੈਨ ਉਚਾਰੇ।
ਹੇ ਗੁਰੁ ! ਸੁਨੇ ਬੇਦ ਮੈਂ ਚਾਰੇ।
ਨਹੀਂ ਸਾਂਤਿ ਮਨ ਭਯੋ ਹਮਾਰੇ ॥ ੧੬੬ ॥
ਦੋਹਰਾ:

[1]ਇਸ ਤਰ੍ਹਾਂ ਤੁਹਾਡੇ ਮਤ ਨੂੰ (ਮੰਨ ਲੈਣ ਨਾਲ)।

[1]ਕਾਮਨਾਰਹਿਤ। [2]ਕਾਮਨਾ ਸਹਿਤ। [3]ਜਣਾਏ।

[1]ਪੁੰਨ।

[1]ਉਹ ਹੈ।

[1]ਬੱਦਲ ਦੀ ਪੂਜਾ ਕਰਨ ਵਾਲੇ ਆਏ।

[1]ਸੁੰਦਰ।

[1]ਘੁਮਿਆਰ।

ਬੇਦ ਉਦਧਿ ਸਮ[1] ਹੈ ਲਖੋ, [1]ਸਮੁੰਦਰ ਵਾਂਗ।
ਪਜਾਸ ਨ ਮੇਦਤਿ ਕਾਂਹਿ।
ਮੇਘ ਰੂਪ ਗੁਰੁਦੁਆਰ ਹ੍ਵੈ[1], [1]ਗੁਰਾਂ ਦੇ ਰਾਹੀਂ ਹੋ ਕੇ।
ਹੋਇ ਅਮੀ ਸਮ[1] ਵਾਂਹਿ[2] ॥ ੧੬੭ ॥ [1]ਅੰਮ੍ਰਿਤ ਵਾਂਗ ਹੋ ਜਾਂਦਾ ਹੈ। [2]ਉਹੋ (ਸਮੁੰਦਰ ਦਾ ਪਾਣੀ)।
ਸਰਧਾ ਪਿਖ ਨ੍ਰਿਪ ਕੀ ਗੁਰੂ,
ਦੀਜੋ ਤਬੈ ਉਪਦੇਸ।
ਸੁਨਤੇ ਉਰ ਮੈਂ ਸਾਂਤਿ ਭਜੋ,
ਕਟੇ ਕਲੇਸ ਅਸੇਸ[1] ॥ ੧੬੮ ॥ [1]ਸਾਰੇ।
ਸਦਾ ਵਰਤ ਸਠ ਤੀਨ ਸੌ,
ਆਗੇ ਦਏ ਲਵਾਇ।
ਦੌਲਤ ਤਿੰਹ ਢਿਗ ਅਧਿਕ ਥੀ,
ਸੋ ਦੀਨੀ ਇਉਂ ਲਾਇ ॥ ੧੬੯ ॥
ਅਬਿ ਲੌ ਤਾਂ ਕੀ ਕੁਲ ਵਿਖੈ,
ਚਲੀ ਆਤਿ ਵਹਿਰੀਤਿ।
ਮਿਟੈ ਕੈਸ ਉਪਦੇਸ਼ ਗੁਰੁ,
ਲੀਕ ਸਿਲਾ ਸਮ ਨੀਤ[1] ॥ ੧੭੦ ॥ [1]ਪੱਥਰ ਦੀ ਲਕੀਰ ਵਾਂਗ ਹਮੇਸ਼ਾਂ (ਕਾਇਮ ਰਹਿੰਦਾ ਹੈ)।
ਸ਼ਰਧਾ ਧਰਿ ਨ੍ਰਿਪ ਨੈ ਤਹਾਂ,
ਗੁਰੁ ਕੋ ਲਯੋ ਥਿਰਾਇ।
ਥਿਰੇ ਪੇਖਿ ਤਹਿਂ ਗੁਰੂ ਕੌ,
ਈਹਾਂ ਥਿਰਜੋ ਅਧਜਾਇ ॥ ੧੭੧ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ ਦੱਖਣ ਦਿਸ਼ਾ ਕੋ ਸੈਰ, ਪਖੰਡ ਮਤ ਖੰਡਨ ਬਰਨਨੰ ਨਾਮ ਅਸ਼ਟਮੋ ਬਿਸ੍ਰਾਮ ॥ ੮ ॥

੯. {ਦੱਖਣੀ ਭਾਰਤ ਤੇ ਲੰਕਾ ਦੀ ਸੈਰ, ਪਖੰਡੀ ਮਤ ਖੰਡਨ, ਦੂਜੀ ਉਦਾਸੀ ਸਮਾਪਤਿ}

ਸ੍ਵੈਯਾ:

ਬੀਰ ਨ ਧੀਰ ਨ ਸੱਤ ਪ੍ਰਤੱਗਜ[1] ਨ,
ਤੱਗ[1] ਨ ਲੱਗ ਨ ਪ੍ਰੇਮ ਜੀਆ ਕੋ[2]।

[1]ਸੱਚਾ ਪ੍ਰਣ ਕਰਨ ਵਾਲਾ।

[1]ਤੱਤ ਦਾ ਗਿਆਤਾ। [2]ਨ ਹੀ ਮੇਰੇ {ਜੀਅ} ਹਿਰਦੇ ਵਿੱਚ ਕੋਈ ਪ੍ਰੇਮ ਦੀ ਹੀ {ਲੱਗ} ਲਗਨ ਹੈ।

ਜਾਪ ਨ ਤਾਪ ਨ ਨੇਮ ਨ ਸੰਜਮ,
ਇੰਦ੍ਰੀ ਮਨ ਨਹਿ ਜੀਤ ਲੀਆ ਕੋ।
ਧਜਾਨ ਨ ਗਜਾਨ ਨ ਪੁਰਬ ਇਸਨਾਨ ਨ
ਖਾਨ ਨ ਪਾਨ ਨ ਦਾਨ ਦੀਆ ਕੋ।
ਸੋ ਕਰਨੀ ਤਰਨੀ ਵਰ ਨ[1],
ਤਰਨਾ ਸਿਖ ਨਾਮ ਭਰੋਸ ਹੀਆ ਕੋ[1] ॥ ੧ ॥

[1]ਉਹ (ਉਪ੍ਰੋਕਤ ਮੇਰੀ) ਕਰਣੀ ਰੂਪ ਬੇੜੀ ਤਾਂ ਚੰਗੀ ਨਹੀਂ ਹੈ।

[1](ਪਰ ਸੰਸਾਰ ਸਮੁੰਦਰ ਤੋਂ) ਤਰਨ ਲਈ (ਮੇਰੇ) ਹਿਰਦੇ ਨੂੰ (ਇਸ ਗੱਲ ਦਾ) ਭਰੋਸਾ ਹੈ (ਕਿ ਮੇਰਾ) ਨਾਮ (ਗੁਰੂ ਕਾ) ਸਿਖ ਹੈ।

ਹੌ ਕੁਟਲੀ[1] ਕਪਟੀ[2] ਖਪਟੀ[3]
ਪੁਰ ਪਾਪਕ[1] ਤਾਪਕ ਖਾਪਕ ਜੀਆ[2]।

[1]ਟੇਢਾ ਚਲਣ ਵਾਲਾ। [2]ਛਲੀਆ। [3]ਖਪਾਉਣ ਵਾਲਾ।

[1]ਪਾਪਾਂ ਕਰ ਕੇ ਭਰਿਆ ਹੋਇਆ ਹਾਂ। [2]ਮੇਰਾ ਜੀਅ (ਹਿਰਦਾ) (ਤਿੰਨਾਂ) ਤਾਪਾਂ ਨਾਲ ਖਪਦਾ ਰਹਿੰਦਾ ਹੈ।

ਕੂਰ[1] ਕਰੂਰ[2] ਅਘੀ[3] ਅਗੁਨੀ[11] ਸਠ[22],
ਕਾਮੀ ਕੁਗਾਮੀ[1] ਬਦੀ[2] ਰਹਿ ਜੀਆ।
ਦੰਭ[1] ਦਗਾ[2] ਦੁਖਦਾ[3] ਦੁਰਚਾਰ[11] ਕਰੇ ਬਹੁ,
ਨੇਕ[1] ਸੁ ਏਕ ਨ ਕੀਆ।
ਐ ਪਰ ਗਜਾਨ ਹਰੀ ਸਿਖ ਮਾਤ੍ਰ[1],
ਤਾਰਹਿਂਗੇ ਗੁਰੁ ਹੈ ਦਿਢ ਜੀਆ[1] ॥ ੨ ॥

[1]ਭੂਠਾ। [2]ਕਰੜਾ। [3]ਪਾਪੀ। [11]ਗੁਨਾਹੀ। [22]ਮੂਰਖ।

[1]ਮੰਦ ਕਰਮੀ। [2]ਬੁਰਾਈ।

[1]ਪਾਖੰਡ। [2]ਧੋਖਾ। [3]ਦੁਖ ਦੇਣਾ ਆਦਿ। [11]ਖੋਟੇ ਕਰਮ।

[1]ਚੰਗਾ ਕਰਮ।

[1]ਪਰ ਗਿਆਨ ਸਿੰਘ (ਕਹਿੰਦਾ ਹੈ ਕਿ ਮੈਨੂੰ ਕੇਵਲ) ਸਿਖ ਮਾਤ੍ਰ (ਹੀ ਸਮਝ ਕੇ)।
[1]ਹਿਰਦੇ ਵਿੱਚ ਪੱਕਾ (ਭਰੋਸਾ) ਹੈ।

ਦੋਹਰਾ:

ਮਲੈਂਵਾਰ[1] ਤੈ ਚਲੈਂ ਗੁਰ,
ਖਲੈਂ[1] ਦਲੈਂ[2] ਬਹੁ ਥਾਇਂ।
ਭਲੈਂ ਢਲੈਂ ਹਰ ਕਲੈਂ ਜਨ[1],
ਆਦਿ ਗੁਰੂ ਸੁਖਦਾਇ ॥ ੩ ॥

[1]ਦੇਸ਼ ਦਾ ਨਾਮ।

[1]ਮੂਰਖਾਂ ਨੂੰ। [2]ਦਲਣਗੇ, ਜਿੱਤਣਗੇ।

[1]ਭਲੀ ਪ੍ਰਕਾਰ ਕ੍ਰਿਪਾਲੂ ਹੋ ਕੇ ਸੇਵਕਾਂ ਦੀਆਂ {ਕਲੈਂ} ਕਲਪਣਾ ਨੂੰ {ਹਰ} ਮੇਟ ਦੇਣਗੇ।

ਚੌਪਈ:

ਰਾਜਾਰਾਮ ਨ੍ਰਿਪ ਕੋ ਤਾਰਯੋ।
ਕਿਤਿਕ ਕਾਲ ਗੁਰ ਤਹਾਂ ਗੁਜਾਰਯੋ।

ਹੋਇ ਬਿਦਾ ਪੁਨਿ ਤਹਿਂ ਤੇ ਚਾਲੇ।
ਮਗਿ[1] ਜਗਿ ਲੋਗਹਿਂ ਸੁਖਦ ਸੁਖਾਲੇ[2] ॥ ੪ ॥
[1]ਰਸਤੇ ਵਿੱਚ। [2]ਸੁਖੈਨ ਹੀ ਸੁਖ ਦਿੰਦੇ (ਜਾਂਦੇ ਹਨ)।

ਸੇਲੀ[1] ਟੋਪੀ ਚੋਲਾ ਗਰ ਮੈ।
[1]ਦੇਖੋ ਬਿਸ਼੍ਰਾਮ ੬ ਦੇ ਅੰਕ ੭ ਦੀ ਪੈਰ ਟਿੱਪਣੀ ੨।

ਬਸਨ ਕਖਾਇ[1] ਕਮੰਡਲ ਕਰ ਮੈ[2]।
[1]ਭਗਵੇਂ ਬਸਤ੍ਰ। [2]ਹੱਥ ਵਿੱਚ।

ਮੇਘ ਮਰਾਲ[1] ਨਦੀ ਜਿਮ ਚਾਲੈਂ।
[1]ਹੰਸ।

ਧਰੈਂ ਜਹਾਂ ਪਗ ਕਰੈਂ ਨਿਹਾਲੈਂ ॥ ੫ ॥

ਚਤੁਰਾਨਨ[1] ਕੇ ਮਿਲੇ ਉਪਾਸੀ।
[1]ਬ੍ਰਹਮਾ।

ਤਿਨਿ ਨਿਜ ਮਤ ਕੀ ਰੀਤਿ ਪ੍ਰਕਾਸੀ।
ਸਬਿ ਜਗ ਕਾ ਕਰਤਾ ਅਜ ਅਹੈ।
ਬੇਦ ਪੁਰਾਨ ਸਿਮ੍ਰਤਿ ਸਬਿ ਕਹੈਂ ॥ ੬ ॥
ਬ੍ਰਹਮ ਲੋਕ ਪਰ ਧਾਮ ਤਾਹਿ ਕੋ।
ਜਾਇ ਜੁ ਤਹਿਂ ਢਿਗ ਆਇ ਨਾਹਿਂ ਕੋ।
ਦੰਡ, ਕਮੰਡਲ, ਦਾਢੀ, ਕੇਸਾ।
ਜੰਞੂ ਤਿਲਕ ਤਾਹਿ ਕੋ ਵੇਸਾ ॥ ੭ ॥
ਸੋ ਧਰਿ ਹਮ ਭੇ ਮੁਕਤਿ ਅਧਿਕਾਰੀ।
ਯਹਿ ਸੁਨਿ ਕਰਿ ਗੁਰ ਗਿਰਾ ਉਚਾਰੀ।
ਈਸ਼੍ਵਰ ਬਿਧਿ[1] ਨਹਿ ਬੇਦ ਬਤਾਯੋ।
[1]ਬ੍ਰਹਮਾ।

ਬ੍ਰਹਮਾ ਕੋ ਜਿਹ ਨੈ ਉਪਜਾਯੋ ॥ ੮ ॥
ਬੇਦ ਪਢਾਇ ਮ੍ਰਯਾਦ ਸਿਖਾਈ।
ਦੋਇ ਪ੍ਰਾਰਧ[1] ਆਯੁ ਬਨਾਈ।
[1]ਪ੍ਰਾਰਧ ਬ੍ਰਹਮਾ ਦੀ ਉਮਰ ਦਾ ਅੱਧਾ ਸਮਾਂ। (ਅ) ਇਕ ਗਿਣਤੀ, ਏਕੇ ਉਪਰ ਸਤਾਰਾਂ ਬਿੰਦੀਆਂ (੧੦੦੦੦੦੦੦੦੦੦੦੦੦੦੦੦), ਦੋ ਪ੍ਰਾਰਧ-ਬ੍ਰਹਮਾ ਦੀ ਸਾਰੀ ਉਮਰ।

ਸਰਬ ਸ਼ਕਤਿ ਮਤ ਈਸ਼੍ਵਰ ਸੋਈ।
ਤਾਂ ਕੀ ਭਗਤਿ ਮੁਕਤਿ ਦਾ ਹੋਈ ॥ ੯ ॥
ਹਰੀ ਹਰ ਬਿਧਿ ਜਿਹ ਬਹੁ ਉਪਜਾਏ।
ਤਾਹਿ ਭਜੋ ਤੁਮਹੂ ਮਨ ਲਾਇ।
ਗੁਰ ਬਚ ਬੇਧ ਗਏ[1] ਮਨ ਵਾਂ ਕੇ।
[1]ਵਿੰਨੇ ਗਏ।

ਸਤਿ ਨਾਮੁ ਜਾਪਕ ਭੇ ਬਾਂਕੇ ॥ ੧੦ ॥
ਦੋਹਰਾ:
ਅਗਨਿ ਪ੍ਰਸਤ[1] ਆਏ ਪੁਨਾ,
[1]ਅੱਗ ਦੀ ਪੂਜਾ ਕਰਨ ਵਾਲੇ।

ਬੈਠੇ ਸੀਸ ਨਿਵਾਇ।
ਜਬਿ ਲੌ ਅਗਨੀ ਤਨ ਬਿਖੈ,
ਤਬਿ ਲੌ ਜਨ ਜੀਵਾਇ ॥ ੧੧ ॥
ਚੌਪਈ:
ਨਿਕਸੈ ਅਗਨਿ ਸਰਦ ਹ੍ਵੈ ਦੇਹੀ।
ਤਾਂ ਤੇ ਜੀਵ ਚਿਤੰਨ ਹੈ ਏਹੀ[1]।
[1]ਤਿਸ ਅੱਗ ਕਰ ਕੇ ਹੀ ਇਹ ਜੀਵ ਚੇਤਨ ਹੈ।
ਤੀਨਰੂਪ ਅਗਨੀ ਕੇ ਮਾਨੋ।
ਪ੍ਰਕਾਸ਼ਕ ਰਵਿ ਆਦਿਕ ਜਾਨੋ ॥ ੧੨ ॥
ਬਜਾਪਕ ਜਢ ਚੇਤਨ ਮੈ ਦੂਜੋ।
ਵਹੈ ਪਚਾਵਤ ਜਿਆਵਤ ਬੂਝੋ[1]।
[1]ਸਮਝੋ ਉਹੋ ਹੀ (ਖ਼ੁਰਾਕ ਨੂੰ) ਪਚਾਉਂਦੀ ਤੇ ਜਿਉਂਦਿਆਂਰੱਖਦੀ ਹੈ।
ਤੀਸਰ ਜ਼ਾਹਰ ਦੇਤ ਬਿਹਾਰੂ[1]।
[1]ਕੰਮ ਦਿੰਦੀ ਹੈ।
ਪਾਕਾਦਿਕ ਬਿਬਿਧਾ ਪ੍ਰਕਾਰੂ[1] ॥ ੧੩ ॥
[1]ਅਨੇਕ ਤਰ੍ਹਾਂ ਦੇ ਭੋਜਨ ਆਦਿਕਾਂ ਦੇ (ਪਕਾਉਣ) ਦੇ।
ਤਾਂ ਤੇ ਤਾਂਹਿ ਉਪਾਸ਼ਕ ਜੋਈ।
ਤਨ ਤਜਿ ਤੇਜ[1] ਰੂਪ ਹ੍ਵੈ ਸੋਈ।
[1]ਅੱਗ।
ਜੀਵ ਜੁਦਾ ਨਹਿ ਤਾਂ ਤੇ ਕੋਈ।
ਗੁਰ ਕਹਿਂ ਅਗਨਿ ਨ ਚੇਤਨ ਹੋਈ ॥ ੧੪ ॥
ਜਢ, ਪਰਤੰਤਰ[1] ਜਾਂ ਤੇ ਆਹਿ।
[1]ਪਰਾਧੀਨ।
ਪਾਂਚ ਭੂਤ ਮੈ ਗਨਨਾ ਤਾਹਿ[1]।
[1]ਤਿਸ ਦੀ ਪੰਜਾਂ ਤੱਤਾਂ ਵਿੱਚ ਗਿਣਤੀ ਹੈ।
ਹਮਨ ਕਰਨ ਜੋ ਬੇਦ ਕਥੈਂ ਹੈਂ।
ਧੂੰਮ ਗੰਧ ਤੇ[1] ਮੇਘ ਬ੍ਰਖੈਂ ਹੈਂ ॥ ੧੫ ॥
[1]ਸੁਗੰਧੀ ਵਾਲੇ ਧੂਏਂ ਤੋਂ।
ਤਾਂ ਤੇ ਉਪਜੈ ਅੰਨ ਅਪਾਰਾ।
ਜੋ ਛਕਿ ਜੀਵੈ ਸਬਿ ਸੰਸਾਰਾ।
ਯਹਿ ਸੁਨਿ ਉਨਿ ਗੁਰ ਕਾ ਮਤ ਗਹਜੋ।
ਆਗੇ ਮਗ ਸਤਿਗੁਰ ਪੁਨ ਲਹਜੋ ॥ ੧੬ ॥
'ਸ੍ਰਿੰਗੇਰੀ ਮਟ' ਸ਼ੰਕਰ ਕੇਰਾ*।
*ਸ਼ੰਕਰਾਚਾਰਯ ਦੇ ਚਾਰ ਮੱਠ ਹਨ- ੧. ਮਲੇਵਾਰ ਵਿੱਚ ਸ੍ਰਿੰਗੇਰੀ ਨਾਮ ਦਾ। ੨. ਦੁਆਰਕਾ ਵਿੱਚ ਸਾਰਦਾ ਨਾਮ ਦਾ। ੩. ਜਗਨ ਨਾਥ ਵਿੱਚ ਗੋਵਰਧਨ ਨਾਮ ਦਾ। ੪. ਬਦਰੀ ਨਾਰਾਇਣ ਦੇ ਉੱਤੇ ਜੋਇਸੀ ਨਾਮ ਦਾ। ਇਹਨਾਂ ਚੌਹਾਂ ਮਠਾਂ ਦੇ ਮਹੰਤ ਆਪਣੇ ਆਪ ਨੂੰ ਸ਼ੰਕਰਾਚਾਰਯ ਅਖਵਾਉਂਦੇ ਹਨ।
'ਚੰਦਨ ਬਨ' ਸਮੇਤ ਵਹਿ ਹੇਰਾ।

ਚਰਚਾ ਕਰਤ ਭਏ ਸੰਨਜਾਸੀ।
ਪਾਇ ਫਤੇ ਤਿਨਿ ਪਰ ਸੁਖਿਰਾਸੀ ॥ ੧੭ ॥
ਸ੍ਰੀ ਸੈਲ[1] ਕਾ ਸੈਲ ਕੀਨ ਪੁਨ। [1]ਇਕ ਪਹਾੜ ਦਾ ਨਾਮ।
ਮਿਲੇ ਰਿਖੀ ਮੁਨਿ ਤਪਸੀ ਅਨਗਨ।
ਜੋਤੀ ਲਿੰਗ[1] ਮੱਲਕਾ ਅਰਜਨ[2]। [1]ਗੋਦਾਵਰੀ ਕਿਨਾਰੇ ਤ੍ਰਿਅੰਬਕ ਸ਼ਹਿਰ ਦੇ ਇਕ ਸ਼ਿਵ ਮੰਦਰ ਦੇ ਸ਼ਿਵਲਿੰਗ। [2]ਇਕ ਪਹਾੜ ਦਾ ਨਾਮ ਜਿੱਥੇ ਚੰਦਨ ਤੇ ਅਰਜਨ ਦੇ ਦਰੱਖ਼ਤ ਬਹੁਤ ਹੁੰਦੇ ਹਨ।

ਪੂਜਤਿ ਭੇਖੀ ਜਾਂਹਿ ਅਪਰ ਜਨ ॥ ੧੮ ॥
ਕਰਿ ਗੋਸ਼ਟ ਗੁਰਿ ਸਬੈ ਹਟਾਏ।
ਈਸ਼ੂਰ ਕੀ ਭਗਤੀ ਮੈ ਲਾਏ।
ਤਹਿਂ ਤੇ ਚਲਿ ਗੁਰ ਅਲਖ ਅਭੇਵੀ।
ਤੁਲਾ ਭਵਾਨੀ[1] ਹੇਰੀ ਦੇਵੀ ॥ ੧੯ ॥ [1]ਉਹ ਭਵਾਨੀ ਦੇਵੀ ਜਿੱਥੇ ਇਸਤ੍ਰੀ ਪੁਰਸ਼ਾਂ ਦੇ ਬਰਾਬਰ {ਤੁਲਾ} ਤੋਲ ਕੇ ਦਾਨ ਦੇਂਦੇ ਹਨ।

ਸ਼ਕਤਿ[1] ਭਗਤ ਗੁਰ ਪੈ ਚਲ ਆਏ। [1]ਮਾਇਆ ਦੇ।
ਨਿਜ ਮਤ ਕੇ ਯੌਂ ਬੈਨ ਅਲਾਏ।
ਜਿਨ ਮਾਯਾ ਸਭਿ ਜਗ ਉਪਜਾਯਾ।
ਜਿਹ ਪ੍ਰਤਾਪ ਨਿਗਮਾਗਮ ਗਾਯਾ ॥ ੨੦ ॥
ਪਾਰਬਤੀ ਲੌ ਰੂਪ ਅਪਾਰੇ।
ਅਸ਼ਟ ਭੁਜੀ ਹ੍ਵੈ ਅਸੁਰ ਸੰਘਾਰੇ।
ਜਾਂ ਕੀ ਨੈਨ ਕੋਰ ਕੀ ਓਰੈਂ।
ਨਿਰਖਤ ਹਰੀ ਹਰ ਬਿਧਿ ਨਹਿਂ ਬੋਰੈਂ ॥ ੨੧ ॥
ਹੇਮ ਪਾਦਕਾ ਚਿੰਨਜ[1] ਜੁ ਤਾਂ ਕਾ। [1]ਸੋਨੇ ਦੇ ਪੈਰਾਂ ਦਾ ਚਿੰਨ੍ਹ।
ਟੀਕਾ ਭਾਲ[1] ਲਾਲ ਸੁਚ ਬਾਂਕਾ। [1]ਮੱਥੇ ਤੇ ਤਿਲਕ।
ਧਾਰਿ ਖਾਇ ਪਲ ਆਸਵ ਪੀਵੈ[1]। [1](ਮਾਇਆ ਨੂੰ) ਜਮ੍ਹਾਂ ਕਰ ਕੇ ਮਾਸ ਖਾਵੇ ਤੇ ਸ਼ਰਾਬ ਪੀਵੇ।
ਭਗਤਿ ਮੁਕਤਿ ਲਹਿ ਸੁਖ ਸੋਂ ਜੀਵੈ ॥ ੨੨ ॥
ਦੇਵੀ ਰੂਪ ਨਾਰ ਸਬਿ ਲਖੈ।
ਜੈਸੇ ਰਹੈਂ ਖੁਸ਼ੀ ਤਜੋਂ ਰਖੈ ॥ ੨੩ ॥
ਦੋਹਰਾ:
ਜਨਨ ਹੇਤ ਜਨਨੀ ਭਈ[1], [1]ਜੰਮਣ ਵਾਸਤੇ ਮਾਤਾ ਹੋਈ।
ਭੋਗ ਹੇਤ ਭਈ ਨਾਰ।
ਪੂਜਨ ਹਿਤ ਭਗਨੀ ਸੁਤਾ[1], [1]ਭੈਣ ਤੇ ਪੁੱਤਰੀ।

ਦੇਵੀ ਰੂਪ ਅਪਾਰ ॥ ੨੪ ॥
ਚੌਪਈ:
ਤਾਂ ਪਰ ਗੁਰ ਯੌਂ ਗਿਰਾ ਉਚਾਰੀ।
ਅਹੋ ਛੋਡਿ ਨਰ, ਪੂਜਹਿ ਨਾਰੀ।
ਨਾਰ ਪੁਰਖ ਕਾ ਜੋੜਾ ਜੇਤੋ।
ਹੈ ਕਰਤਾਰ ਉਪਾਯੋ ਤੇਤੋ ॥ ੨੫ ॥
ਨਾਰੀ ਸਦਾ ਪੁਰਖ ਆਧੀਨਾ।
ਤਾਂ ਤੇ ਫਲ ਚਹੈਂ ਮੂਢ ਪ੍ਰਬੀਨਾ[1]। [1]ਮੂਰਖ, ਚਤਰ ਬਣ ਕੇ।
ਈਸ਼੍ਵਰ ਦੇਵਰਚੇ ਜਜੋਂ ਔਰੈਂ।
ਦੇਵੀਰਚੀ ਲਖੋ ਤਿਸ ਤੌਰੈਂ ॥ ੨੬ ॥
ਪੀਪੇ ਭਗਤ ਅਰਾਧੀ ਜਬੈ।
ਦੈ ਨਹਿਂ ਸਕੀ ਮੁਕਤਿ ਤਿਹ ਤਬੈ।
ਫਿਰ ਜਢ ਮੂਰਤਿ ਧੂਰਤ[1] ਪੂਜੈਂ। [1]ਠੱਗ, ਛਲੀਏ।
ਚੇਤਨ ਦੇਵ[1] ਨ ਜਿਨ ਕੋ ਸੂਝੈਂ[2] ॥ ੨੭ ॥ [1]ਅਕਾਲ ਪੁਰਖ। [2]ਦਿਸਦਾ।
ਸੁਨਿ ਗੁਰਿ ਬੈਨ ਐਨ ਸੁਖਦਾਈ।
ਭਏ ਭਗਤ ਹਰਿ ਸੋਂ ਮਨ ਲਾਈ।
'ਕੁੰਭ ਕੋਨੇ' ਕਾ ਸੁਨਿ ਗੁਰ ਮੇਲਾ।
ਗਏ ਤਹਾਂ ਪੇਖਜੋ ਬਡ ਖੇਲਾ ॥ ੨੮ ॥
ਸੂਰ ਉਪਾਸ਼ਕ ਸੌਰਯ[1] ਆਏ। [1]ਸੂਰਜ ਨੂੰ ਮੰਨਣ ਵਾਲੇ।
ਅਰਣ ਪੁਸ਼ਪ[1] ਗਰ, ਤਿਲਕ ਬਨਾਏ। [1]ਲਾਲ ਫੁੱਲਾਂ ਦੇ।
ਰਵਿ ਹੀ ਕੋ ਪ੍ਰਮੇਸ਼੍ਵਰ ਮਾਨੈ।
ਉਦੇ ਸਮੇਂ ਹਰਿ, ਸ਼ਿਵ ਮਧਜਾਨੈ[1] ॥ ੨੯ ॥ [1]ਚੜ੍ਹਨ ਸਮੇਂ ਬ੍ਰਹਮਾ ਤੇ ਦੁਪਹਿਰ ਸਮੇਂ ਸ਼ਿਵ।
ਤ੍ਰਿਤੀ ਸ਼ਾਂਤ ਬਪ ਸਾਂਝ ਲਖੈ ਹੈਂ[1]। [1]ਸਾਂਝ ਸਮੇਂ ਤੀਜਾ ਸ਼ਾਂਤ ਰੂਪ ਭਾਵ ਵਿਸ਼ਨੂੰ ਜਾਣਦੇ ਹਾਂ।
ਚਤੁਰਥ ਰਵਿ ਮੰਡਲ ਮਯ ਧਜੈ ਹੈਂ[1]। [1]ਚੌਥਾ ਸੂਰਜ ਰੂਪ ਮੰਡਲ ਜਾਣ ਕੇ ਧਿਆਉਂਦੇ ਹਾਂ।
ਪੰਚਮ ਦਰਸੇ ਬਿਨਾ ਨ ਖਾਵੈਂ।
ਤੇਜ ਰੂਪ ਬ੍ਰਹਮ ਰਵਿਹਿ ਲਖਾਵੈਂ[1] ॥ ੩੦ ॥ [1]ਸੂਰਜ ਨੂੰ ਹੀ ਤੇਜ ਰੂਪ ਬ੍ਰਹਮਾ ਜਾਣਦੇ ਹਾਂ।
ਤਨ ਤਜਿ ਰਵਿ ਮੈ ਲੈ ਹ੍ਵੈ ਜੈ ਹੈਂ।
ਏਹੀ ਮੁਕਤਿ ਕਹੈਂ ਹਮ ਪੈ ਹੈਂ ॥ ੩੧ ॥
ਦੋਹਰਾ:
ਗੁਰੂ ਕਹਜੋ ਰਵਿ ਅਗਨਿ ਕੋ,

ਪੁੰਜ[1] ਏਕ ਬਡ ਆਹਿ।
ਜਿਹ ਆਗਜਾ ਭਰਮਤਿ ਫਿਰਤਿ,
ਭਜਨ ਜੋਗ ਪ੍ਰਭੁ ਵਾਹਿ ॥ ੩੨ ॥
ਨੈਨ ਇਂਦ੍ਰੀ ਬੈਰਾਟ ਕੀ[1],
ਸ੍ਰੁਤਿ ਸਿਮ੍ਰੁਤਿ ਕਹਿ ਯਾਂਹਿ।
ਮਨੁ ਪੁੱਤ੍ਰ ਰਵਿ ਨ੍ਰਿਪ ਭਜੋ,
ਤੁਮ ਮਾਨਤ ਹੋ ਕਾਂਹਿ ॥ ੩੩ ॥
ਚੌਪਈ:
ਯਹਿ ਸੁਨਿ ਉਨਿ ਪੁਨ ਲਿਯ ਉਪਦੇਸੂ।
ਸਤਿਨਾਮੁ ਟਾਰਕ ਕਾਲੇਸੂ।
ਗੁਰ ਚਲਿ ਸੇਤ ਬੰਧ[1] ਪਰ ਗਏ।
ਰਾਮ ਨਾਥ[1] ਪੁਲ ਦੇਖਤ ਭਏ ॥ ੩੪ ॥
ਪੁਲ ਬਾਂਧਨ ਕੀ ਗਾਥ ਮਰਦਾਨੇ।
ਬੂਝੀ ਯੌਂ ਗੁਰ ਕਰੀ ਬਖਾਨੇ।
ਭੂਪਤਿ ਦਸਰਥ ਅਜ ਸੁਤ[1] ਭਯੋ।
ਰਾਮ ਚੰਦ ਤਾਂ ਕੇ ਘਰ ਜਯੋ[1] ॥ ੩੫ ॥
ਰਾਜ ਰਿਖੀ ਤੈ[1] ਸ਼ਸਤ੍ਰ ਬਿਦਜਾ।
ਮੁਨਿ ਬਸ਼ਿਸ਼ਟ ਤੈ ਬ੍ਰਹਮ ਸੁਬਿਦਜਾ।
ਪਾਇ, ਭਯੋ ਪੂਰਨ ਗੁਨਿ ਵਾਹੀ[1]।
ਧਨੁਖ ਤੋਰਿ ਸੀਤਾ ਪੁਨ ਬਿਜਾਹੀ ॥ ੩੬ ॥
ਰਾਜ ਇਨੈ ਨ੍ਰਿਪ ਦਿਯ ਚਹੈ ਜਬੈ।
ਕੇਕਈ ਦੁਤੀ ਮਾਤ[1] ਤਿਹ ਤਬੈ।
ਨਿਜ ਸੁਤ ਭਰਤ ਤਈਂ ਦਿਯ ਰਾਜੁ।
ਰਾਮਹਿ ਬਨ[1] ਦਿਯ ਕਿਯਾ ਕੁਕਾਜੁ ॥ ੩੭ ॥
ਭੂਪਤਿ ਹੁਤੋ ਤਾਹਿ ਆਧੀਨਾ।
ਤਾਂ ਤੇ ਤਿਹ ਕੁਕਾਜ ਯਹਿ ਕੀਨਾ।
ਸੀਤਾ ਸੰਗ ਰਾਮ ਕੇ ਆਈ।
ਬਨ ਮੈਂ ਰਾਵਨਿ ਸੋਊ ਚੁਰਾਈ ॥ ੩੮ ॥
ਕਸਕਿੰਧਾ ਪਤਿ[1] ਨ੍ਰਿਪ ਸੁਗ੍ਰੀਵੈ।

[1]ਸਮੂੰਹ, ਇਕੱਠ।
[1]ਬੈਰਾਟ ਸਰੂਪ ਦਾ ਨੇਤ੍ਰ ਇੰਦ੍ਰਾ।
[1](ਰਾਮ ਚੰਦਰ ਜੀ ਦਾ ਲੰਕਾ ਨੂੰ ਜਾਣ ਲਈ ਸਮੁੰਦਰ 'ਤੇ) ਬੰਨ੍ਹਿਆ ਇਕ ਪੁਲ।
[1]ਰਾਮ ਦੇ ਸੁਆਮੀ ਸਤਿਗੁਰੂ ਜੀ ਨੇ ਪੁਲ ਦੇਖਿਆ। (ਅ) ਸੁਆਮੀ ਸਤਿਗੁਰੂ ਜੀ ਨੇਰਾਮ (ਦਾ ਬੰਨ੍ਹਿਆ) ਪੁਲ ਦੇਖਿਆ।
[1]ਅੱਜਰਾਜੇ ਦਾ ਪੁੱਤਰ।
[1]ਪੈਦਾ ਹੋਇਆ।
[1]ਵਿਸ਼ਵਾ ਮਿੱਤ੍ਰ ਤੋਂ।
[1]ਉਹ (ਰਾਮ ਚੰਦਰ ਜੀ) ਗੁਣਾਂ 'ਚ ਪੂਰਨ ਹੋ ਗਏ।
[1]ਮਤ੍ਰੇਈ ਮਾਂ ਨੇ।
[1]ਰਾਮ ਚੰਦਰ ਨੂੰ ਬਨਬਾਸ।
[1]ਕਸਕਿੰਧਾ ਸ਼ਹਿਰ ਦਾ ਮਾਲਕ।

ਸੰਗ ਦੋਸਤੀ ਰਾਮ ਕਰੀਵੈ।
ਤਾਂ ਕਾ ਦਲ ਲੈ ਕੈ ਨਿਜ ਸੰਗੈ।
ਰਾਵਨ ਹਰਨੇ ਹੇਤ, 'ਉਤੰਗੈ'[1] ॥ ੩੯ ॥

[1]ਉੱਚਾ।

ਬਾਂਧਜੋ ਸੇਤ[1], ਸਿੰਧੁ ਪਰ ਆਈ।

[1]ਪੁਲ।

ਥਾਪਜੋ ਸ਼ਿਵਲਿੰਗ ਏਹੁ ਤਦਾਈ।
ਰਾਵਨ ਮਾਰ ਸੀਆ ਕੋ ਲੈ ਕੈ।
ਕੀਨੋ ਰਾਜ ਅਜੁਧਜਾ ਜੈ ਕੈ ॥ ੪੦ ॥
ਰਸਾਵਲ ਛੰਦ:
ਗਾਥ ਸਾਥ ਹਿਤ ਗਾਇ, ਫੇਰ ਦਿਸ ਔਰ ਪਜਾਨੇ।
ਪਾਰ ਸਿੰਧ ਤੈ ਹੋਇ, ਸੰਗਲਾਦੀਪ ਸਿਧਾਨੇ।
ਬਾਗ ਨ੍ਰਿਪ ਕਾ ਕਰਾ ਹਰਾ, ਥਾ ਪਰਾ ਸੁਕਾਨਾ[1]।

[1]ਜੋ ਸੁੱਕਾ ਪਿਆ ਸੀ।

ਸੁਨਿਰਾਜਾ ਸ਼ਿਵਨਾਭ, ਆਇ ਚਰਨੀ ਲਪਟਾਨਾ
॥ ੪੧ ॥
ਪੁਨ ਰਾਨੀ ਆ ਕਰੀ ਅਰਜ਼, ਨ੍ਰਿਪ ਮਮ ਬਸ ਹੋਈ।
ਜੰਤ੍ਰ ਮੰਤ੍ਰ ਕਰ ਦੇਹੁ, ਯਾਹਿ ਪਰ ਗੁਰ ਰਵ ਗੋਈ[1]

[1]ਬਾਣੀ ਕਹੀ।

॥ ੪੨ ॥
*ਸ਼੍ਰੀ ਮੁਖ ਵਾਕਜ–

*ਇਹ ਦੋਵੇਂ ਹੀ ਤੁਕਾਂ ਮੁਖ ਵਾਕ ਨਹੀਂ, ਭਗਤ ਫਰੀਦ ਜੀ ਦੇ ਸ਼ਲੋਕ ਨੰ: ੧੨੭ ਦੀਆਂ ਤੁਕਾਂ ਹਨ। ਕਵੀ ਜੀ ਨੇ ਭੁਲੇਖੇ ਵਿੱਚ ਹੀ ਇਨ੍ਹਾਂ ਨੂੰ ਮੁਖ ਵਾਕ ਲਿਖ ਦਿੱਤਾ ਜਾਪਦਾ ਹੈ ਤੇ ਇਨ੍ਹਾਂ ਨੂੰ ਅੰਕ ਨੰ: ੪੨ 'ਚ ਗਿਣ ਲਿਆ ਹੈ ਏਸੇ ਕਰਕੇ ਅੰਕ ਨੰ: ੪੨ ਦੀਆਂ ਦੋ ਹੀ ਤੁਕਾਂ ਲਿਖੀਆਂ ਹਨ।

ਨਿਵਣ ਸੁ ਅਖਰੁ[1] ਖਵਣ ਗੁਣੁ[2] ਜਿਹਬਾ ਮਣੀਆ ਮੰਤੁ[3]।

[1]ਨਿਉਂ ਕੇ ਚਲਣਾ ਚੰਗਾ ਜੰਤ੍ਰ ਹੈ। [2](ਕੌੜੇ ਬਚਨਾਂ ਨੂੰ) ਸਹਾਰਨਾ ਟੂਣਾ ਹੈ। [3]ਜ਼ਬਾਨ ਨਾਲ (ਮਿੱਠੇ ਤੇ ਪਿਆਰ–ਭਰੇ) ਮਣੀਆਂ ਵਰਗੇ (ਕੀਮਤੀ ਬਚਨ ਬੋਲਣੇ) ਮੰਤ੍ਰ ਹੈ।

ਏ ਤ੍ਰੈ ਭੈਣੇ ਵੇਸ ਕਰਿ, ਤਾ ਵਸ ਆਵੀ ਕੰਤ।
ਰਾਜਾ ਰਾਣੀ ਤਈਂ ਸਿੱਖ ਕਰਿ, ਅਗ੍ਰ ਸਿਧਾਏ।
ਕਰਿ ਬਹੁਰਾਜੇ ਸਿੱਖ, ਧਰਮ ਉਪਦੇਸ਼ ਦਿਢਾਏ।
ਝੰਡੇ ਬਾਢੀ ਕੋ ਮਹੰਤ ਥਾਪਜੋ ਤਿਨ ਕੇਰੋ।
ਅਬਿ ਲੌ ਮਾਨਤ ਦੇਸ ਤਹਾਂ, ਗੁਰ ਤਈਂ ਬਧੇਰੋ
॥ ੪੩ ॥
ਲੰਕਾ ਲੌ ਕਰਿ ਸੈਰ, ਅਏ ਪੁਨ ਹਿੰਦ ਮਝਾਰੀ।

ਨਦੀ ਸੁ ਪਿਰਖਾ ਤੀਰ, ਸ਼ਹਿਰ ਪੇਖਜੋ ਕੰਜਕਾਰੀ।
ਸ਼ੈਵ ਲੋਕ[1] ਬਹੁ ਤੀਰ ਨਦੀ, ਬੈਠੇ ਲਿੰਗ ਪੂਜੈਂ।
ਰਚਿ ਮ੍ਰਿਤਕਾ ਕੇ ਜਜੈਂ[1], ਧਰੇ ਗਲਿ ਪਾਹਨ ਦੂਜੈਂ[2]
॥ ੪੪ ॥

[1]ਸ਼ਿਵ ਦੇ ਉਪਾਸ਼ਕ।
[1]ਮਿੱਟੀ ਦੇ (ਸ਼ਿਵ ਲਿੰਗ) ਬਣਾ ਕੇ (ਤਾਂ) ਪੂਜਦੇ ਹਨ। [2]ਤੇ ਦੂਜੇ ਪੱਥਰ ਦੇ (ਸ਼ਿਵ ਲਿੰਗ) ਗਲਾਂ 'ਚ ਪਾਏ ਹੋਏ ਹਨ।

ਚੌਪਈ:
ਰੌਦਰ, ਉੱਗਰ, ਸ਼ੈਵ, ਪਾਸਪਤ।
ਜੰਗਮ, ਪਾਂਚ ਭੇਦ ਯਹਿ ਤਿਨਿ ਮਤ।
ਕਿੰਨਹੂ ਗਰਿ ਬਹੁ ਲਿੰਗ ਲਟਕਾਏ।
ਕਿਨਿ ਤ੍ਰਿਸੂਲ, ਰੁਦ੍ਰਾਖ[1] ਧਰਾਏ ॥ ੪੫ ॥

[1]ਰੁਦ੍ਰਾਖ ਦਰੱਖ਼ਤ ਦੇ ਫਲਾਂ ਦੀ ਮਾਲਾ।

ਕਰਨ ਫੂਲ[1] ਕਿਨਿ ਸੇਲੀ ਮੇਲੀ।
ਸਾਂਪ ਚਿੰਨ੍ਹ ਕਿਨਿ ਜਟਾ ਬੰਧੇਲੀ।
ਰਕਤ ਨੇਤ੍ਰ ਅਮਲਨਿ ਮਦ ਮਾਤੇ।
ਖਾਕ ਮਸਾਨ ਮਲੀ ਬਹੁ ਭਾਂਤੇ ॥ ੪੬ ॥

[1]ਕੰਨ ਦਾ ਗਹਿਣਾ ਜੋ ਫੁੱਲ ਦੀ ਸ਼ਕਲ ਦਾ ਹੁੰਦਾ ਹੈ।

ਤਪਤ ਚਿੰਨ੍ਹ ਤ੍ਰਿਸੂਲਨ ਕੇਰੇ।
ਤਨ ਪਰ ਸਬਿ ਨੈ ਧਰੇ ਬਧੇਰੇ।
ਬੋਲੇ ਸੋ ਸਤਿਗੁਰ ਢਿਗ ਆਈ।
ਸ਼ੰਕਰ ਕਾ ਜੋ ਚਿੰਨਜ ਰਖਾਈ ॥ ੪੭ ॥

ਭੰਗ, ਧਤੂਰਾ, ਪੋਸਤ, ਆਕ[1]।
ਛਕ ਕਰਿ ਰਹੇ ਮਸਤ ਬੇਬਾਕ[1]।
ਯੌਂ ਜਮ ਲੋਕ ਬਿਖੈ ਨਹਿ ਜੈ ਹੈਂ।
ਤਨ ਤਜਿ ਸ਼ਿਵ ਕੇ ਲੋਕ ਸਿਧੈ ਹੈਂ ॥ ੪੮ ॥

[1]ਅੱਕ।
[1]ਨਿੱਡਰ, ਬੇਫ਼ਿਕਰ।

ਯਾਂ ਤੇ ਸੁਰ ਨਰ ਅਸੁਰ ਅਪਾਰੇ।
ਧਜਾਨ ਧਰਤਿ ਸ਼ੰਕਰ[1] ਕਾ ਸਾਰੇ।
ਨਿਗਮਾਗਮ ਸਿੰਮ੍ਰਿਤਿ ਪੌਰਾਨਾ।
ਸ਼ਿਵ ਕੋ ਈਸ਼ੂਰ ਸਬਿਨਿ ਬਖਾਨਾ ॥ ੪੯ ॥

[1]ਸ਼ਿਵ।

ਸ਼ਿਵ ਸਮ ਔਰ ਦੇਵ ਨਹਿ ਗਜਾਨੀ।
ਸ਼ਕਤਿ[1] ਤਾਂਹਿ ਕੀ ਆਦਿ ਭਵਾਨੀ।
ਤਾ ਕੀ ਅੰਸ਼ ਲਖਮੀ ਆਦੀ।
ਹੈ ਸਬਿ ਜਾਨਹੁ ਬੇ ਤਾਦਾਤੀ[1] ॥ ੫੦ ॥

[1]ਇਸਤ੍ਰੀ ਹੈ।
[1]ਅਣਗਿਣਤ।

ਪੁਨ ਗੁਰ ਕਹਜੋ ਸੁਨੋ ਦੁਰਭਾਗੇ[1]।

[1]ਖੋਟੇ ਭਾਗਾਂ ਵਾਲੇ।

ਪਸੂਅਨ ਸਮ ਜੁ ਅੰਗ ਤੁਮ ਦਾਗੇ[1]।
ਸਬਿ ਅੰਗਨ ਮੈ ਹੀ ਸੁਰ ਬਸ ਹੈਂ।
ਵਹਿ ਤੋ ਗਏ ਤੁਮਾਰੇ ਨਸ ਹੈਂ ॥ ੫੧ ॥
ਅਰ ਪੁਨ ਜਿਤਕ ਲਵਾਸ[1] ਤੁਮਾਰੋ।
ਅਸੁਰਨ ਤੈ ਕੁਛ ਕਮ ਨਹਿ ਸਾਰੋ।
ਮਾਨੁਖ ਉੱਤਮ ਦੇਹ ਮਹਾਂਹੀ[1]।
ਬਾਂਛਹਿ ਸਰਬ ਦੇਵਤੋ ਜਾਂਹੀ ॥ ੫੨ ॥
ਸੋ ਤੁਮ ਜਨਮ ਵਜਰਥ ਨਿਜ ਖੋਯੋ।
ਭਜਯੋ ਨ ਪ੍ਰਭੂ ਨ ਜਗ ਸੁਖ ਜੋਯੋ[1]।
ਜੈਸੋ ਦੇਵ ਸੇਵ ਹੈ ਜੋਈ।
ਤਾਂ ਕੇ ਨਿਕਟ ਜਾਇ ਹੈ ਸੋਈ ॥ ੫੩ ॥
ਭੂਤ ਪ੍ਰੇਤ ਪਿਸਾਚਨ[1] ਸੈਨਾ[2]।
ਹੈ ਸ਼ਿਵ ਕੀ, ਤੁਮ ਬਨ ਹੋ ਐਨਾ[1]।
ਲਾਭ ਸ਼ਿਵਹਿ ਭਜ ਤੁਮ ਬਡ ਹੋਯੋ।
ਬਨਹੋ ਪ੍ਰੇਤ ਮਨੁਖ ਤਨ ਖੋਯੋ ॥ ੫੪ ॥
ਯਹਿ ਕਹਿ ਸ੍ਰੁਤਿ[1] ਪੁਨ ਔਰ ਬਤੈ ਹੈਂ।
ਤਪਤ ਚਿੰਨ੍ਹ ਜਨ ਜੇਊ ਧਰੈ ਹੈਂ।
ਤਾਹੀ ਕੋ ਨਰ ਜੋਊ ਦਰਸੈਂ।
ਤਾ ਕੋ ਪਾਪ ਪੁੰਜ ਪੁਨ ਪਰਸੈਂ[1] ॥ ੫੫ ॥
ਤੁਰਤ[1] ਸਚੈਲ[2] ਕਰੈ ਇਸ਼ਨਾਨਾ।
ਚੰਦ੍ਰਾਯਨ ਬ੍ਰਤ[1] ਕਰੈ ਮਹਾਨਾ।
ਪਾਪ ਦੂਰ ਤਾ ਕੋ ਤਬਿ ਹੋਈ*।
ਤੁਮਰੀ ਗਤੀ[1] ਕਹੈ ਕਜਾ ਕੋਈ ॥ ੫੬ ॥
ਤਾਂ ਤੇ ਦੂਰ ਕੂਰ ਮਤ ਤਜੋ।
ਪਾਰਬ੍ਰਹਮ ਪ੍ਰਮਾਤਮ ਭਜੋ।
ਜਾਂਹਿ ਦ੍ਵਾਰਿ ਪਰ ਬਿਧਿ ਸ਼ਿਵ ਹਰੀ।
ਦੇਵੀ ਅਨਿਕ ਜੋਰਿ ਕਰ ਖਰੀ[1] ॥ ੫੭ ॥
ਪੈਹੋ ਤਿਹ ਭਜਿ ਭੁਗਤੀ ਮੁਕਤੀ।
ਬੇਦ ਕਹਤਿ ਯਹਿ ਸਾਚੀ ਯੁਕਤੀ।

[1]ਸਾਡੇ।

[1]ਭੇਖ, ਪਹਿਰਾਵਾ।

[1]ਬਹੁਤੀ।

[1]ਦੇਖਿਆ।

[1]ਮਾਸ ਖਾਣਿਆਂ ਦੀ। [2]ਫੌਜ।

[1]ਤੁਸੀਂ ਵੀ ਠੀਕ (ਉਨ੍ਹਾਂ ਵਰਗੇ ਹੀ) ਬਣ ਜਾਉਗੇ।

[1]ਵੇਦ।

[1]ਲੱਗਦੇ ਹਨ।

[1]ਛੇਤੀ। [2]ਸਣੇ ਕਪੜੀਂ।

[1]ਉਹ ਬ੍ਰਤ ਜਿਸ ਤੋਂ ਚੰਦ੍ਰ ਲੋਕ ਦੀ ਪ੍ਰਾਪਤੀ ਹੋਵੇ। (ਅ) ਚੰਦ੍ਰਮਾ ਦੇ ਵਧਣ ਘਟਣ ਨਾਲ ਬੁਰਕੀਆਂ ਦਾ ਵਧਾਉਣਾ ਘਟਾਉਣਾ।

*ਇਹ ਗੁਰਾਂ ਦਾ ਮਤ ਨਹੀਂ ਸਗੋਂ ਗੁਰੂ ਜੀ ਉਨ੍ਹਾਂ ਨੂੰ ਦੱਸਦੇ ਹਨ ਕਿ ਤੁਹਾਡੇ ਵੇਦ ਇਉਂ ਆਖਦੇ ਹਨ।

[1]ਹਾਲਤ।

[1]ਹੱਥ ਜੋੜ ਕੇ ਖੜੀਆਂ ਹਨ।

ਯਹਿ ਸੁਨਿ ਸਤਿਨਾਮੁ ਉਨਿ ਗਹਾ।
ਸਾਚਾ ਮਤ ਬੈਦਕ ਮਗ[1] ਲਹਾ[2] ॥ ੫੮ ॥

[1]ਵੈਦਕ (ਆਸਤਕ) ਰਸਤੇ ਦਾ। [2]ਜਾਣਿਆ।

ਦੋਹਰਾ:
ਕਰ ਕਿਰਤਾਰਥ ਤਿਨੋਂ ਕੋ,
ਗਣ ਪੁਰ ਪਹੁੰਚੇ ਜਾਇ।
ਤੀਰ ਕੌਮਦੀ ਨਦੀ ਕੇ,
ਗਣਪ[1] ਪਿਖੇ ਬਹੁ ਭਾਇ ॥ ੫੯ ॥

[1]ਗਣੇਸ਼ ਦੇ ਉਪਾਸ਼ਕ।

ਚੌਪਈ:
ਬੈਠੇ ਤਿਹ ਠਾਂ ਗੁਰ ਜਬਿ ਜਾਏ।
ਗਾਣਪ ਲੋਕ ਅਧਿਕ ਚਲਿ ਆਏ।
ਤਪਤ ਚਿੰਨਜ ਅਨਗਨ ਤਨ ਲਾਏ।
ਨਿਜ ਮਤ ਕੇ ਯੌਂ ਬੈਨ ਅਲਾਏ ॥ ੬੦ ॥
ਹਮ ਗਣੇਸ਼ ਕੇ ਭਗਤ ਉਦਾਰੇ।
ਖਸ਼ਟ ਬਿਧਾ[1] ਸੁਖ ਲੈਹਿਂ ਅਪਾਰੇ।

[1]ਛੇ ਤਰ੍ਹਾਂ ਦੇ (ਗਣੇਸ਼ ਦੇ ਮਤ ਧਾਰ ਕੇ)।

ਗਣਪ ਹਰਿਦ੍ਰ ਔਰ ਉਚਿਸ਼ਟਿ।
ਨਵਨੀਤ, ਹੇਮ, ਸੰਤਾਨ ਕਨਿਸ਼ਟਿ[1] ॥ ੬੧ ॥

[1]ਸੰਤਾਨ ਮਤ ਸਭ ਤੋਂ ਨੀਚ ਹੈ।

ਗਾਣਪ[1] ਪ੍ਰਥਮ ਬੈਨ ਯੌਂ ਗਾਏ।

[1]ਗਣੇਸ਼ ਦੀ।

ਮਹਿਮਾ ਗਣਪ ਸ੍ਰੁਤਿ ਸਬਿ ਗਾਏ।
ਹੈ ਗਨੇਸ਼ ਜਗਤੇਸ਼ ਬਖਾਨਾ।
ਜਾਂਹਿ ਰਚੇ ਬਿਧਿ ਹਰੀ ਹਰ ਨਾਨ੍ਹਾ ॥ ੬੨ ॥
ਮੰਗਲ ਦਾਨ ਅਮੰਗਲ ਹਾਰੀ[1]।

[1]ਖ਼ੁਸ਼ੀਆਂ ਦੇਣ ਵਾਲਾ ਤੇ ਗ਼ਮੀਆਂ ਨਾਸ ਕਰਨ ਵਾਲਾ।

ਸੁੰਡ, ਦੰਤ, ਸਸਿ[1] ਚਿੰਨ੍ਹ ਜੁ ਧਾਰੀ।

[1]ਚੰਦ੍ਰਮਾ ਦੇ।

ਤਿਲਕ ਸੰਧੂਰ ਭੂਰ ਦੁਖ ਹਰ ਕੈ।
ਜੀਵਤਿ ਭੁਗਤਿ, ਮੁਕਤਿ ਲਹਿ ਮਰ ਕੈ ॥ ੬੩ ॥
ਯਹਿ ਸੁਨਿ ਸਤਿਗੁਰ ਕਹਯੋ ਸੁਨਾਈ।
ਜਗ ਕਾਰਣ ਗਣਪਤਿ[1] ਨਹਿ ਭਾਈ।

[1]ਗਣੇਸ਼।

ਤਾਂ ਕੋ ਸ਼ਿਵ ਸੁਤ[1] ਬੇਦ ਬਖਾਨੇ।

[1]ਸ਼ਿਵਾ ਦਾ ਪੁੱਤ੍ਰ।

ਪਾਰਬ੍ਰਹਮ ਨਹਿ ਕੋਈ ਮਾਨੇ ॥ ੬੪ ॥

ਦੋਹਰਾ:
ਤਜਿ ਗਜ[1] ਚਿੰਨ੍ਹ ਅਨੰਨਿ ਹ੍ਵੈ[2],

[1]ਹਾਥੀ ਦੇ। [2]ਇਕ ਵਾਹਿਗੁਰੂ ਦਾ ਭਗਤ ਹੋ ਕੇ {ਅਨੰਨਿ=ਦੂਜੇ

ਨੂੰ ਨ ਮੰਨਣ ਵਾਲਾ।}

ਭਜੋ ਏਕ ਪਰਮੇਸ਼।
ਮਾਨ ਬੈਨ ਗਾਣਪ ਗਏ,
ਉਰਿ ਧਰਿ ਗੁਰਿ ਉਪਦੇਸ਼ ॥ ੬੫ ॥
ਪੁਨਾ ਹਰਿਦ੍ਰ ਯੌਂ ਕਹਜੋ,
ਚਤਰ ਭੁਜਾ ਪਟ ਪੀਤ[1]। [1]ਚਾਰ ਬਾਹਾਂ ਤੇ ਪੀਲੇ ਬਸਤ੍ਰਾਂ ਵਾਲਾ।
ਸੇਵੋ ਦੇਵ ਤ੍ਰੈਨੈਨ ਕੋ[1], [1]ਤਿੰਨਾਂ ਨੇਤ੍ਰਾਂ ਵਾਲੇ ਗਣੇਸ਼ ਨੂੰ।
ਅੰਕਸ ਪਾਸ ਉਪਵੀਤ[1] ॥ ੬੬ ॥ [1](ਜਿਸ ਦੇ) ਪਾਸ ਕੁੰਡਾ ਤੇ ਜਨੇਊ ਹੈ।
ਤੁੰਡ, ਦੰਤ[1], ਤ੍ਰਿਸੂਲ ਚਿੰਨ੍ਹ, [1]ਮੁਖ ਅਤੇ ਦੰਦ।
ਤਪਤ ਧਰੇ ਜਨ ਜੋਇ।
ਤਿਲਕ ਕਰੈ ਸੰਧੂਰ ਕਾ,
ਪਾਰ ਪਰੈ ਭਵ[1] ਸੋਇ ॥ ੬੭ ॥ [1]ਸੰਸਾਰ ਤੋਂ।

ਚੌਪਈ:

ਗੁਰੂ ਕਹਜੋ ਯਹਿ ਤੁਮਰਾ ਭੇਦ।
ਅਹੇ ਬਜਰਥ ਅਮੂਲਕ ਬੇਦ[1]। [1]ਵੇਦ ਦੇ ਵਿਰੁੱਧ ਹੈ।
ਪੀਤਰੰਗ ਪਟ ਪੀਤ[1] ਜੁ ਧਰੈਂ। [1]ਪੀਲੇ ਬਸਤ੍ਰ।
ਪੀਤ ਵਸਤੁ ਸੋਂ ਪੂਜਨ ਕਰੈਂ ॥ ੬੮ ॥
ਤਬੈ ਹਰਿਦ੍ਰ ਨਾਮ ਗਣੇਸ਼।
ਕਹਿਲਾਵਤਿ ਸੋ ਪੂਤ ਮਹੇਸ਼।
ਤਿਹ ਪ੍ਰਮੇਸ਼ਰ ਕੋਇ ਨ ਭਾਖੈ।
ਜੋ ਭਾਖੈ ਸੋ ਸੀਂਚਤਿ ਸਾਖੈ[1] ॥ ੬੯ ॥ [1]ਉਹ ਟਾਹਣੀਆਂ ਸਿੰਜਦਾ ਹੈ।
ਸ਼ਰਮਿੰਦੇ ਹ੍ਵੈ ਗਏ ਹਰਿਦ੍ਰੀ।
ਅਏ ਉਚਿਸ਼ਿਟ ਭਰਿਸ਼ਿਟ ਉਪਦ੍ਰੀ[1]। [1]ਪਾਪੀ।
*ਪੂਰਬ ਉਕਤਿ ਚਿੰਨ੍ਹ ਜੇ ਧਰਿ ਹੈਂ। *ਏਥੋਂ ਉਚਿਸ਼ਿਟ ਮਤ ਵਾਲੇ ਆਪਣਾ ਮਤ ਕਹਿਣ ਲੱਗੇ ਹਨ।
ਅੰਗਨ ਮੈ ਅੰਗਨਾ ਕੋ ਭਰਿ ਹੈਂ[1] ॥ ੭੦ ॥ [1]ਇਸਤ੍ਰੀਆਂ ਨੂੰ (ਜੱਫੀਆਂ 'ਚ) ਪਕੜ ਲੈਂਦੇ ਹਨ।
ਆਪ ਪੀਏ ਮਦ[1] ਤਾਂਹਿ ਪਿਲਾਵੈ। [1]ਸ਼ਰਾਬ।
ਚੁੰਬਨ[1] ਆਲਿੰਗਨ[2] ਮਨ ਭਾਵੈ। [1]ਚੁੰਮਣਾ। [2]ਛਾਤੀ ਨਾਲ ਲਾਉਣਾ, ਅੰਗਾਂ ਨਾਲ ਲਾਉਣਾ।
ਆਸਨ ਬਿਬਿਧ[1] ਭੋਗ ਪੁਨ ਕਰੈਂ। [1]ਤਰ੍ਹਾਂ ਤਰ੍ਹਾਂ ਦੇ ਆਸਨਾਂ ਨਾਲ।
ਨਿਜ ਪਰ ਤਿਯ[1] ਨਹਿ ਭੇਦ ਵਿਚਰੈਂ ॥ ੭੧ ॥ [1]ਆਪਣੀ ਤੇ ਪਰਾਈ ਇਸਤ੍ਰੀ ਵਿੱਚ।
ਪਜਾਲੇ ਏਕ ਵੀਚ ਸਬਿ ਛਕਿ ਹੈਂ।

ਯਾਂ ਤੇ ਹਮ ਉਚਿਸ਼ਿਟ ਮਤ ਰਖ ਹੈਂ।
ਜੋ ਕੁਛ ਕਰਤਿ ਹਮਾਰਾ ਸ੍ਵਾਮੀ।
ਹਮ ਸਬਿ ਕਰੈਂ ਤੈਸ ਅਭਿਰਾਮੀ[1] ॥ ੭੨ ॥

[1]ਸੁੰਦਰ, ਚੰਗਾ।

ਮਤ ਹਮਾਰ ਅਤਿ ਆਨੰਦ ਦੈ ਹੈ।
ਜੀਵਤ ਭੋਗ, ਮੋਖ ਮਰ ਲੈ ਹੈ।
ਕਹਜੋ ਗੁਰੂ ਮਤ ਅਤਿ ਭਰਿਸ਼ਟ ਤਵ।
ਨਰ ਸ੍ਰਿਸ਼ਟ[1] ਨਹਿਂ ਦ੍ਰਿਸ਼ਟਿ ਕਰੈਂ ਲਵ[2] ॥ ੭੩ ॥

[1]ਸ੍ਰੇਸ਼ਟ ਪੁਰਸ਼। [2]ਥੋੜ੍ਹੇ ਮਾਤ੍ਰ ਵੀ।

ਪਰ ਤਿਯ ਪਰਸੇ[1] ਅਘ ਪੁੰਜ ਪਰਸੈਂ[2]।

[1]ਛੁਹਣ ਨਾਲ। [2]ਬਹੁਤ ਪਾਪ ਲੱਗਦੇ ਹਨ।

ਮਦਰਾ ਪਾਨ ਹਾਨਿ ਧ੍ਰਮ ਕਰਸੈਂ[1]।
ਯਾਦਵ ਕਰੇ ਨਾਸ ਮਦ ਪਾਨਾ।

[1]ਸ਼ਰਾਬ ਦਾ ਪੀਣਾ ਧਰਮ ਦਾ ਨਾਸ ਕਰ ਦੇਂਦਾ ਹੈ।

ਪਰ ਤਿਯ ਸੰਗ ਭੰਗ ਭੇ ਨਾਨ੍ਹਾ[1] ॥ ੭੪ ॥

[1]ਅਨੇਕਾਂ ਹੀ ਨਾਸ ਹੋ ਗਏ।

ਲੰਕਾਪਤਿ[1] ਕਾ ਬੰਸ ਨਸਾਨਾ।

[1]ਰਾਵਨ।

ਇੰਦ੍ਰ ਲਹੇ ਭਗ ਚਿੰਨ੍ਹ ਕਿਤਾਨਾ[1]।

[1]ਕਿਤਨੇ ਹੀ ਭਗ ਦੇ ਨਿਸ਼ਾਨ।

ਮਰੇ ਕ੍ਰੀਚਕ[1] ਸਸੀ ਛਈ ਭੌ[2]।

[1]ਕ੍ਰੀਚਕ (ਆਦਿ ਸੌ ਭਰਾ) ਮਰ ਗਏ। [2]ਚੰਦ੍ਰਮਾ ਕਲੰਕੀ ਹੋ ਗਿਆ।

ਬਿਸ਼ੇ ਸੰਗ ਮਤਿ ਭੰਗ ਭਈ ਜੌ ॥ ੭੫ ॥
ਨਿਜ ਅਪ੍ਰਾਧ ਤਾਂਹਿ ਪਰ ਧਰਜੋ।
ਤੁਮੈ ਗਨੇਸ਼ ਬਿਸ਼ਈ ਜੁਰਰਜੋ।
ਹੈ ਗਨੇਸ਼ ਮੁਦ ਮੰਗਲ ਕਾਰੀ।
ਭਗਤ ਅਨੰਨਜ ਹਰੀ ਕਾ ਭਾਰੀ ॥ ੭੬ ॥
ਤੁਮ ਕੋ ਮਿਲ ਹੈ ਨਰਕ ਕਰਾਰਾ।
ਮਤ ਭਰਿਸ਼ਟ ਜੋ ਤੁਮ ਨੈ ਧਾਰਾ।
ਯਹਿ ਸੁਨਿ ਵਹਿ ਗੁਰਿ ਪਗ ਲਪਟਾਏ।
ਸਤਿਨਾਮੁ ਲੈ ਧਾਮ ਸਿਧਾਏ ॥ ੭੭ ॥

ਦੋਹਰਾ:

ਤ੍ਰੈਸੇਵੀ[1], ਰੌਦ੍ਰ[2], ਗਣਪ[3],

[1]ਤਿੰਨਾਂ ਦੇਵਤਿਆਂ (ਬ੍ਰਹਮਾ, ਬਿਸ਼ਨ ਤੇ ਸ਼ਿਵ) ਦੀ ਸੇਵਾ ਕਰਨ ਵਾਲੇ। [2]ਸ਼ਿਵ-ਉਪਾਸ਼ਕ। [3]ਗਣੇਸ਼-ਉਪਾਸ਼ਕ।

ਭੈਰਵ[1], ਸਕੰਧ[2], ਕੁਮਾਰ[3]।

[1]ਭੈਰੋਂ ਦੇ ਉਪਾਸ਼ਕ। [2]ਸ਼ਿਵ ਦੇ ਪੁੱਤਰ ਕਾਰਤਕੇਯ ਦੇ ਉਪਾਸ਼ਕ। [3]ਬ੍ਰਹਮਾ ਦੇ ਚਾਰ ਪੁੱਤਰਾਂ (ਸਨਕ, ਸਨੰਦਨ, ਸਨਾਤਨ ਤੇ) ਸਨਤ ਕੁਮਾਰ ਦੇ ਉਪਾਸ਼ਕ।

ਆਇ ਇਨੈ ਚਰਚਾ ਕਰੀ,

ਆਖਰ ਗਏ ਸੁ ਹਾਰ ॥ ੭੮ ॥

ਚੌਪਈ:

ਗਾਣਪ ਗਏ ਮਾਰਗੀ[1] ਆਏ। [1]ਵਾਮ ਮਾਰਗੀ।
ਤਿਨਿ ਨਿਜ ਮਤ ਯੌਂ ਕਹਜੋ ਸੁਨਾਏ।
ਨਹਿ ਪ੍ਰਮੇਸ਼ੂਰ ਭਿੰਨ[1] ਜੀਵ ਹੈ। [1]ਵੱਖਰਾ।
ਤਨ ਤੇ ਜੁਦਾ ਨ ਜੀਵ ਥੀਵ ਹੈ[1] ॥ ੭੯ ॥ [1]ਨਹੀਂ ਹੁੰਦਾ ਹੈ।
ਜਬਿ ਲੌ ਦੇਹ ਰਹੈ ਜਗ ਮਾਹੀ।
ਭੋਗ ਭੋਗ ਲੀਜੈ ਮਨਿ ਚਾਹੀ।
ਮਰੇ ਮੁਕਤਿ ਸਬਿ ਹੀ ਕੋ ਹੋਵੈ।
ਤਨ ਧਨ ਕਜੋਂ ਸਾਧਨ ਮੈ ਖੋਵੈ ॥ ੮੦ ॥
ਫਲ ਕਰਮਨ ਕਾ ਆਗੇ ਐਸਾ।
ਬੈਂਤ, ਬਾਂਸ ਤੇ ਫਲ ਚਹਿ ਜੈਸਾ।
ਈਸ਼ੂਰ ਹਊਆ ਬਾਲ ਡਰਾਵਾ।
ਕਲਪਜੋ ਕੂਰਨਿ ਕੂਰ ਬਨਾਵਾ[1] ॥ ੮੧ ॥ [1]ਝੂਠਿਆਂ ਨੇ ਕਲਪ ਕੇ ਝੂਠਾ ਹੀ (ਈਸ਼ਰ) ਬਣਾਇਆ ਹੈ।
ਜਗ ਅਨਾਦਿ ਪ੍ਰਵਾਹਾਕਾਰੂ[1]। [1]ਪ੍ਰਵਾਹ ਰੂਪ ਸੰਸਾਰ ਦਾ ਆਦਿ ਨਹੀਂ।
ਆਵਤਿ ਚਲਜੋ ਨ ਪਾਰਾਵਾਰੂ।
ਬਰਖਾਦਿਕ ਰਿਤੁ[1] ਹ੍ਵੈ ਸੁਭਾਵ ਤੈ[2]। [1]ਰੁੱਤਾਂ। [2]ਸੁੱਤੇ ਸਿੱਧ, ਆਪਣੇ ਆਪ।
ਈਸ਼ੂਰ ਮਾਨਨ ਕੌਨ ਭਾਵ ਤੈ[1] ॥ ੮੨ ॥ [1]ਈਸ਼ਰ ਨੂੰ ਕਿਸ ਮਤਲਬ ਲਈ ਮੰਨਣਾ ਹੈ।
ਜਿਨ ਨਿਸਚੇ ਹਮਰਾ ਮਤ ਕੀਨੋ।
ਮੁਕਤਿ ਭੁਕਤਿ ਤਿਨਿ ਕਰ ਤਲ[1] ਲੀਨੋ। [1]ਹੱਥ ਦੀ ਤਲੀ 'ਤੇ।
ਭੈਰਵਿ ਚੱਕ੍ਰ[1] ਮੈ ਜੇ ਐਹੈਂ। [1]ਤੰਤ੍ਰ ਸ਼ਾਸਤ੍ਰ ਅਨੁਸਾਰ ਵਾਮ ਮਾਰਗੀਆਂ ਦਾ ਇਕੱਠਾ ਹੋਇਆ ਮੰਡਲ ਜੋ ਇੱਕੋ ਭਾਂਡੇ ਵਿੱਚ ਮਾਸ ਖਾਂਦੇ ਤੇ ਸ਼ਰਾਬ ਪੀਂਦੇ ਹਨ।

ਸੇ ਫਿਰ ਭਵ ਚੱਕ੍ਰ[1] ਨਹਿ ਪੈਹੈਂ ॥ ੮੩ ॥ [1]ਸੰਸਾਰ (ਦੇ ਜੰਮਣ ਮਰਣ ਦੇ) ਚੱਕਰ ਵਿੱਚ।
ਪਾਂਚ ਮਕਾਰ[1] ਸੇਵ ਹੈ ਜੋਈ। [1]ਪੰਜ ਮੰਮੇ=ਮਦਰਾ, ਮਾਸ, ਮੈਥਨ, ਮਾਇਆ, ਮੁੱਦ੍ਰਾ {ਮੁੱਦ੍ਰਾ–ਭੁਜੇ ਹੋਏ ਚਿੜਵੇ, ਛੋਲੇ ਤੇ ਕਣਕ ਦਾ ਬੇਰੜਾ।}

ਪ੍ਰਮਾਨੰਦ ਲਹੈ ਜਨ ਸੋਈ।
ਯਹਿ ਸੁਨਿ ਪੁਨ ਗੁਰਿ ਬੈਨ ਬਖਾਨੇ।
ਜਾਂ ਤੇ ਭਯੋ ਤਿਨੈ ਵਰ ਗਜਾਨੇ ॥ ੮੪ ॥
ਹੈ ਪ੍ਰਮੇਸ਼ੂਰ ਏਕ ਬਿਚਾਰੋ।
ਬਿਨਾ ਨਯੰਤਾ[1] ਚਲੈ ਨ ਕਾਰੋ[2]। [1]ਪ੍ਰੇਰਕ {ਪ੍ਰਮੇਸ਼ਰ}। [2]ਕੰਮ।
ਮਾਯਾ ਸ਼ਕਤਿ ਤਾਹਿ ਕੀ ਜੋ ਹੈ।

ਰਚਜੋ ਜਗਤ ਨਾਲ੍ਹਾ ਬਿਧਿ ਕੋ ਹੈ ॥ ੮੫ ॥
ਜੀਵ ਸੁਤੰਤ੍ਰ ਕਰਮ ਕਰੈ ਹੈ।
ਫਲ ਦੁਖ ਸੁਖ ਸਬਿ ਈਸ੍ਵਰ ਦੈ ਹੈ।
ਇਕ ਘਰ ਮੈ ਜਿਮ ਏਕ ਸੁਆਮੀ।
ਹੋਇ, ਤੌ ਚਲਤਿ ਕਾਰ ਅਭਿਰਾਮੀ[1] ॥ ੮੬ ॥

[1]ਸੁੰਦਰ।

ਪੈਂਚ ਨਗਰ ਨ੍ਰਿਪ ਮੁਲਕਨ ਕੇਰੋ।
ਸ਼ਾਹਿਨ ਸ਼ਾਹਿ ਸ਼ਾਹਿਨ ਪਰ ਹੇਰੋ।
ਕਾਰ ਬ੍ਰਹਮੰਡਨ ਕਾ ਜਿਹਿ ਹਾਥ।
ਹੈ, ਤਾ ਕੋ ਕਹਿ ਸ੍ਰੁਤਿ ਜਗਨਾਥ ॥ ੮੭ ॥
ਤਾਂਹਿ ਉਪਾਸ਼ਨ ਜੋ ਜਨ ਕਰੈਂ।
ਮੁਕਤਿ ਭੁਗਤਿ ਲਹਿ ਭਵਨਿਧਿ ਤਰੈਂ।
ਪਾਂਚ ਮਕਾਰ ਜੋ ਸੇਵਨ ਕਰਿ ਹੈਂ।
ਨਰਕ ਪਰਨ ਮੈ ਫਰਕ ਨ ਫਰਿ ਹੈਂ[1] ॥ ੮੮ ॥

[1]ਫ਼ਰਕ ਨਹੀਂ ਫੜਦੇ ਭਾਵ ਜ਼ਰੂਰ ਹੀ ਨਰਕਾਂ ਵਿੱਚ ਪੈਂਦੇ ਹਨ।

ਸੁਨਿ ਉਪਦੇਸ਼ ਵੇਸ[1] ਯਹਿ ਗੁਰ ਕਾ।
ਭਏ ਸਿੱਖ ਛੋਰਜੋ ਭ੍ਰਮ ਉਰ ਕਾ।
ਆਗੇ ਸਤਿਗੁਰ ਕੀਯੋ ਪਯਾਨਾ।
ਸੰਗ ਲਏ ਬਾਲਾ ਮਰਦਾਨਾ ॥ ੮੯ ॥

[1]ਚੰਗਾ, ਸ੍ਰੇਸ਼ਟ।

ਸ਼ਿਵ ਕਾਂਚੀ ਸ਼ਿਵ ਪੱਟਨ[1] ਆਏ।

[1]ਸ਼ਿਵ ਦੇ ਸ਼ਹਿਰ ਸ਼ਿਵ-ਕਾਂਚੀ। {ਕਾਂਚੀ=ਹਿੰਦੂਆਂ ਦੀਆਂ ਸੱਤ ਪਵਿੱਤ੍ਰ ਪੁਰੀਆਂ ਵਿੱਚੋਂ ਇਕ ਪੁਰੀ, ਜੋ ਮਦਰਾਸ ਦੇ ਜ਼ਿਲਾ ਚੇਗਲ ਪਟ ਵਿੱਚ ਹੈ ਜਿਸ ਦਾ ਹੁਣ ਪ੍ਰਸਿੱਧ ਨਾਮ 'ਕਾਂਜੀ ਵਰੰ' ਹੈ।}

ਸਤੀ ਨਾਮ ਗਿਰਿ ਜਹਾਂ ਸੁਹਾਏ।
ਲਿੰਗ ਤਹਾਂ ਸ਼ਿਵ ਨਾਮ ਬਰੇਸ੍ਵਰ[1]।
ਪੂਜੈਂ ਸਬਿ ਜਨ ਲਖਿ ਪ੍ਰਮੇਸ੍ਵਰ ॥ ੯੦ ॥

[1]ਬਰੇਸ੍ਵਰ ਨਾਮ ਦਾ ਉੱਥੇ ਸ਼ਿਵ ਲਿੰਗ ਹੈ।

*ਛੰਦ:

*ਇਹ ਛੰਦ ਪਿੰਗਲ ਅਨੁਸਾਰ 'ਹਰਿ ਗੀਤਕਾ' ਛੰਦ ਹੈ ਜਿਸ ਦਾ ਲੱਛਣ ਹੈ, ਚਾਰ ਚਰਨ, ਪ੍ਰਤਿ ਚਰਨ ੨੮ ਮਾਤ੍ਰਾਂ, ੧੬-੧੨ ਮਾਤ੍ਰਾਂ ਤੇ ਬਿਸ੍ਰਾਮ, ਅੰਤ ਰਗਣ ਗਣ (ਸ਼ੀਸ਼)। ਇਸ ਛੰਦ ਨੂੰ ਦਸਮ ਗ੍ਰੰਥ ਵਿੱਚ ਸ਼ਸਤ੍ਰ ਨਾਮ ਮਾਲਾ ਵਿਖੇ 'ਛੰਦ ਵਡਾ' ਕਰਕੇ ਲਿਖਿਆ ਹੈ।

ਜਿਸ ਦਿਵਸ ਸਤਿਗੁਰ ਗਏ ਤਿਹ ਠਾਂ,
ਹੁਤੋ ਮੇਲਾ ਲਾਗਯੋ।
ਹਿਤ ਦਰਸ ਬਹੁ ਜਨ ਆਏ ਗੁਰਿ ਢਿਗ,

ਭਾਗ ਜਿਨ ਕਾ ਜਾਗਯੋ।
ਸੁਨਿ ਬੈਨ ਗੁਰ ਕੇ ਛੋਰ ਉਰ ਕੇ[1],
ਭਏ ਉਨ ਕੇ ਦੂਰ ਹੈਂ।
ਗੁਰ ਬੂਝਯੋ ਤਬਿ ਭਾਖਜੋ ਉਨਿ
ਐਸ ਨਿਜ ਮਤ ਭੂਰ[1] ਹੈ ॥ ੯੧ ॥

[1]ਹਿਰਦੇ ਦੇ (ਅਗਿਆਨ ਰੂਪ) ਛੋੜ (ਪੜਦੇ)।

[1]ਬਹੁਤਾ।

ਜਬਿ ਲੁਪਜੋ[1] ਬੈਦਕ ਧਰਮ ਮਾਰਗ[2],
ਬੌਧ ਮਤ ਜਗਿ ਛਯੋ ਥਾ[1]।
ਤਬਿ ਬੇਦ ਮਤ ਪ੍ਰਚਾਰ ਹਿਤ,
ਅਵਤਾਰ ਸ਼ੰਕਰ[1] ਭਯੋ ਥਾ।
ਉਨਿ ਖੰਡ ਕੈ ਪਾਖੰਡ ਮਤ,
ਸ਼ਿਵ ਲਿੰਗ ਥਾਪਨ ਬਹੁ ਕੀਏ।
ਵਹਿ ਪਾਇ ਹੈਂ ਫਲ ਚਾਰ ਜੋ
ਸ਼ਿਵ ਲਿੰਗ ਪੂਜੈਂ ਦਿਲ ਦੀਏ ॥ ੯੨ ॥

[1]ਛੁਪ ਗਿਆ ਸੀ। [2]ਆਸਤਕ ਧਰਮ ਦਾ ਰਸਤਾ।

[1]ਫੈਲ ਗਿਆ ਸੀ।

[1]ਸ਼ੰਕਰਾਚਾਰਯ ਦਾ ਅਵਤਾਰ।

ਸ੍ਵੈਯਾ:
ਯੌਂ ਸੁਨਿ ਕੈ ਤਿਨ ਕੀ ਬਤੀਆਂ,
ਗੁਰਿ ਹੱਸ ਕਹਜੋ ਮਤ ਨੀਕ ਨ ਥਾਰੈ[1]।
ਜੇ ਕਰ ਲਿੰਗ ਅਹੇ ਜਢ ਈਸ਼ੂਰ,
ਤੌ ਗਿਰ ਹ੍ਵੈ ਸਬਿ ਊਚ ਕਰਤਾਰੈ।
ਚੰਦਨ ਫੂਲ ਸੁਗੰਧ ਚਢਾਵਹੁ,
ਭਾਵਹੁ[1] ਕੀਚ[2] ਵਿਖੈ ਦਿਹੁ ਡਾਰੈ।
ਜੋ ਜਢ ਪਾਹਨ[1] ਹੀਨ ਕ੍ਰਿਆ ਨਿਜ,
ਤੋਹਿ ਕਹਾਂ ਭਵ ਸਾਗਰ ਤਾਰੈ ॥ ੯੩ ॥

[1]ਤੁਹਾਡਾ।

[1]ਭਾਵੇਂ। [2]ਚਿੱਕੜ ਵਿੱਚ।

[1]ਪੱਥਰ।

ਮਾਨਸ ਦੇਹ ਲਹੀ ਬਡ ਪੁੰਨਨਿ,
ਕਾਹੇ ਗਵਾਵਤ ਹੋ ਬਿਰਥਾਰੇ[1]।
ਕੋਦਹਿ ਕਾਕ ਬਿਡਾਰਨ ਕੇ ਹਿਤ[1],
ਚਿੰਤ ਮਨੀ ਤਨ ਡਾਰਤ ਬਾਰੇ[1]।

[1]ਬਿਅਰਥ।

[1]ਕੋਧਰ ਦੇ ਖੇਤ ਤੋਂ ਕਾਵਾਂ ਨੂੰ ਉਡਾਉਣ ਵਾਸਤੇ।

[1]{ਬਾਰੇ} ਬਾਲਕਾਂ ਵਾਂਗ ਮਨੁਖਾ ਸ਼ਰੀਰ ਰੂਪ ਚਿੰਤਾਮਣੀ ਨੂੰ ਸੁੱਟ ਰਹੇ ਹੋ।

ਅੰਬ ਗਵਾਵਤ ਆਕ ਜਮਾਵਤ,
ਚਾਹਤਿ ਮਾਖਨ ਨੀਰ ਮਥਾਰੇ[1]।
ਨਾਹਿ ਕਲਜਾਨ ਭਵੈ ਤੁਮਾਰੀ,

[1]ਪਾਣੀ ਰਿੜਕ ਕੇ।

ਜਢ ਪਾਹਨ ਤੇ ਲੈਹੁ ਠੀਕ ਬਿਚਾਰੇ ॥ ੯੪ ॥
ਭਾਗ ਜਗੈਂ ਜਿਨ ਕੇ ਜਬਿ ਹੀ,
ਤਬਿ ਪੂਰਨ ਤਾਂਹਿ ਗੁਰੂ ਮਿਲ ਜੈਹੈਂ।
ਜਾਂਹਿ ਮਹੇਸ਼[1] ਰਮੇਸ਼[2] ਗਨੇਸ਼, ਦਿਨੇਸ਼[3]
ਰਚੇ ਸਬਿ ਹੀ ਜਗ ਮੈ ਹੈਂ।
ਜੋਤ ਚਰਾਚਰ ਮੈ[1] ਜਿਸ ਕੀ,
ਤਿਸ ਕੀ ਭਗਤੀ ਅਰੁ ਨਾਮੁ ਦਿਢੈ ਹੈਂ।
ਤਾਂਹਿ ਧਿਆਇ ਭਲੇ ਮਨੁ ਲਾਇ,
ਸੁ ਆਤਮ ਮੈ ਪ੍ਰਮਾਤਮ ਪੈ ਹੈਂ ॥ ੯੫ ॥
ਮੋਹ ਮਹਾਂ ਮਦ ਨੀਂਦ ਅਗਜਾਨ,
ਪ੍ਰਮਾਦ ਮਤੀ ਜਨ ਜੇਊ ਮਿਲੈ ਸੈਂ[1]।

[1]ਸ਼ਿਵ। [2]ਵਿਸ਼ਨੂੰ। [3]ਸੂਰਜ।

[1]ਚੇਤਨ ਤੇ ਜੜ੍ਹ ਵਿੱਚ।

[1]ਭੁਲੀ ਹੋਈ ਮਤ ਵਾਲੇ ਜਿਨ੍ਹਾਂ ਪੁਰਸ਼ਾਂ ਨੂੰ (ਇਹ) ਨਿਗਲ ਰਹੇ ਹਨ।

ਦੇਖ ਦੁਖੀ ਤਿਨ ਕੋ ਗੁਰ ਪੂਰਨ,
ਤੂਰਨ ਟੇਰ[1] ਕ੍ਰਿਪਾ ਕੇ[2] ਜਗੈ ਹੈਂ।
ਨਾਮ ਜਪਾਇ ਸੁਨਾਇ ਗਜਾਨ,
ਅਗਜਾਨ ਤਜਾਇ ਅਦ੍ਵੈਤ ਦਿਢੈ ਹੈਂ।
ਭੇਦਰੁ ਭ੍ਰਮ ਗਵਾਇ ਮਿਲਾਇ ਹੈਂ ਬ੍ਰਹਮ,
ਜਿਵੇਂ ਜਲ ਮੈ ਜਲ ਪੈ ਹੈਂ ॥ ੯੬ ॥

[1]ਛੇਤੀ ਬੁਲਾ ਕੇ। [2]ਕਿਰਪਾ ਕਰਕੇ।

ਸੋਰਠਾ:
ਸੁਨਿ ਸਤਿਗੁਰ ਕੇ ਬੈਨ,
ਉਪਕਾਰੀ ਕ੍ਰਿਪਾ ਭਰੇ।
ਸਹੀ ਸਮਝ ਦਿਢ ਐਨ,
ਭਏ ਸਿੱਖ ਤਜਿ ਮਾਨ ਮਦ ॥ ੯੭ ॥

ਸ੍ਵੈਯਾ:
ਲੈ ਉਪਦੇਸ਼ ਸ੍ਰੀ ਗੁਰੂ ਕੋ,
ਸਤਿ ਨਾਮੁ ਲਗੇ ਜਪਨੇ ਸੁਖਕਾਰੀ।
ਈਸ਼੍ਵਰ ਕੀ ਭਗਤੀ ਯੁਤ ਗਜਾਨ,
ਵਿਸੇਖ[1] ਵੈਰਾਗ ਗਹਜੋ ਦਿਢ ਭਾਰੀ।
ਹੋਇ ਬਿਦਾ ਤਿਨ ਤੇ ਗੁਰ ਆਦਿ,
ਚਲੇ ਪੁਨ ਔਰਹਿ ਦੇਸ ਅਗਾਰੀ।

[1]ਬਹੁਤਾ।

ਮੇਘ ਮਰਾਲ[1] ਨਦੀ ਜਿਮ ਚਾਲ,
ਨਿਹਾਲ ਫਿਰੈਂ ਕਰਤੇ ਜਨ ਝਾਰੀ[1] ॥ ੯੮ ॥

[1]ਹੰਸ।
[1]ਸਾਰੇ ਲੋਕਾਂ ਨੂੰ।

ਦੋਹਰਾ:

'ਤਾਮ੍ਰ ਪ੍ਰਨੀ' ਨਦੀ[1] ਤਟ,

[1]ਟਿੰਨੇ ਵੈਲੀ ਦੀ ਇਕ ਨਦੀ ਜੋ ਅਗਸਤ ਕੂਟ ਤੋਂ ਨਿਕਲਦੀ ਹੈ, ਇਸ ਵਿੱਚੋਂ ਮੋਤੀ ਕੱਢਦੇ ਹਨ।

ਸ਼ਹਿਰ ਜੁ 'ਟੂਟੀ ਕਰਨ'।
ਬੇਦ ਧੁਨੀ ਦਿਜ ਕਰਤਿ ਬਹੁ,
ਊਚੇ ਸੁਰ ਸੋਂ ਬਰਨ[1] ॥ ੯੯ ॥

[1]ਬੋਲ ਕੇ।

ਚੌਪਈ:

ਠੌਰ ਠੌਰ ਆਸਨ ਪਰ ਬੈਠੇ।
ਕੁੰਡੀ ਗੇਰ ਮੀਨ ਗਨ[1] ਐਂਠੇ[2]।
ਇਕ ਕਰ[1] ਸਬਨਿ ਗੌਮੁਖੀ[2] ਮਾਹੀ।

[1]ਬਹੁਤੀਆਂ ਮੱਛੀਆਂ। [2](ਫਸਾ ਕੇ) ਖਿੱਚ ਲੈਂਦੇ ਹਨ।
[1]ਹੱਥ। [2]ਗਊ ਦੇ ਮੁਖ ਦੀ ਸ਼ਕਲ ਵਰਗੀ ਇਕ ਥੈਲੀ (ਜਿਸ ਵਿੱਚ ਹੱਥ ਪਾ ਕੇ ਮਾਲਾ ਫੇਰਨੀ ਪੁੰਨ ਸਮਝਦੇ ਹਨ)।

ਕਰੈਂ ਸ਼ਿਕਾਰ ਦੁਤੀ ਸੋਂ ਚਾਹੀ ॥ ੧੦੦ ॥
ਪੇਖ ਹਸੇ ਤਿਹਿਂ ਕੋ ਗੁਰ ਗਜਾਨੀ।
ਜਿਹਿਂ ਅਵਤਾਰ ਹੇਤ ਕਲਜਾਨੀ।
ਅਹੋ ਦਿਜੋ ਤੁਮ ਕਰਤਿ ਨ ਅੱਛੀ।
ਬੇਦ ਉਚਾਰਤਿ ਮਾਰਤ ਮੱਛੀ ॥ ੧੦੧ ॥
ਜਜੋਂ ਤੀਤਰ ਰਵ ਨੀਕ ਉਚਰ ਹੈ[1]।
ਜੀਵ ਅਪਾਰ ਮਾਰ ਪੁਨ ਚਰ ਹੈ[1]।
ਸਾਧ ਭੇਸ ਜਜੋਂ ਠਗ ਤਨ ਧਰ ਕੈ।
ਲੇਤ ਬਿੱਤ[1] ਨਿਤ ਜਨ ਗਨ ਹਰ ਕੈ[2] ॥ ੧੦੨ ॥
ਤਜੋਂ ਤੁਮ ਬੰਚਕ[1] ਭੇਖ ਬਨਾਏ।
ਪਾਪ ਕਰਤਿ ਨਹਿ ਡਰਤਿ ਜਰਾਏ[1]।
ਕੈਸ ਤੁਮੇਂ ਹਮ ਦਿਜਵਰ ਲਹੇਂ[1]।
ਕਾਮ ਮਲੇਛਨ ਕੇ ਤੁਮ ਗਹੇ ॥ ੧੦੩ ॥
ਪ੍ਰਮਨੀਤ[1] ਮਾਨੀ ਗੁਰਬਾਨੀ।
ਚੁਭੀ ਚਿੱਤਿ ਤਿਨ ਕੇ ਸਮ ਕਾਨੀ[1]।
ਸਿੰਘ[1] ਸ਼ਬਦ ਸੁਨਿ ਮਿਰਗ ਪਲੈ ਹੈ।
ਸੂਰ[1] ਕਿਰਨ ਤੇ ਜਜੋਂ ਤਮ[2] ਜੈ ਹੈ ॥ ੧੦੪ ॥
ਕਰਿ ਦਰਸ਼ਨ ਸੁਨਿ ਗੁਰ ਕੀ ਬਾਨੀ।

[1]ਚੰਗੀ ਬਾਣੀ ਬੋਲਦਾ ਹੈ।
[1]ਖਾਂਦਾ ਹੈ।
[1]ਧਨ। [2]ਚੁਰਾ ਕੇ।
[1]ਠੱਗਾਂ ਦੇ।
[1]ਥੋੜਾ ਜਿਹਾ ਵੀ।
[1]ਚੰਗੇ ਬ੍ਰਾਹਮਣ ਜਾਣੀਏਂ।
[1]ਪ੍ਰਮਾਣੀਕ।
[1]ਤੀਰ ਵਾਂਗ।
[1]ਸ਼ੇਰ।
[1]ਸੂਰਜ। [2]ਅਨ੍ਹੇਰਾ।

ਪਾਪਨ ਪੰਕਿਤ[1] ਤਾਂਹਿ ਬਿਲਾਨੀ[2]।
ਤਜਿ ਛਲ ਕਪਟ ਗਹੇ ਪਦ ਪਾਵਨ[1]।
ਕਹਜੇ ਦੇਹੁ ਉਪਦੇਸ਼ ਸੁਹਾਵਨ ॥ ੧੦੫ ॥
ਜਾਂ ਤੇ ਆਵਾ ਗੌਨ[1] ਬਿਲਾਵੈ[2]।
ਕੌਨ ਦੇਵ ਕੌ ਹਮ ਉਰ ਧਜਾਵੈਂ।
ਪਿਖਿ ਸ਼ਰਧਾ ਤਿਨ ਕੀ ਗੁਰ ਬੋਲੇ।
ਭੁਗਤਿ ਮੁਕਤਿ ਦਾ ਬੈਨ ਅਮੋਲੇ ॥ ੧੦੬ ॥
ਸ੍ਵੈਯਾ:
ਜੀਵ ਜਿਤੇ ਜਗ ਮਾਹਿ ਅਹੇ,
ਤੁਮ ਯਾਹਿ ਭਲੇ ਹਰਿ ਰੂਪ ਲਖੱਯੈ[1]।
ਨਾਮ ਰਰੋ[1] ਹਰਿ ਧਜਾਨ ਧਰੋ,
ਸੁਭ ਕਾਮ ਕਰੋ ਨਿਸਕਾਮ ਰਹੱਯੈ।
ਨਿੰਦਕ, ਹਿੰਸਕ[1], ਚੋਰ, ਲਵਾਰਨਿ[2],

ਯਾਰਨਿ ਜੁਆਰਨਿ ਸੰਗ ਨ ਕੱਯੈ।
ਧਾਰੁ ਰਿਦੈ ਕਰੁਣਾ ਮੁਦਤਾਦਿਕ,
ਕਾਮ ਮਦਾਦਿਕ[1] ਦੂਰ ਤਜੱਯੈ ॥ ੧੦੭ ॥

ਭੋਰ ਬਡੇ ਜਗ ਕੈ ਸੁਚ ਹ੍ਵੈ,
ਥਿਰ ਧਜਾਨ ਅਕਾਲ ਦਿਆਲ ਧਰੱਯੈ।
ਧਾਮ ਕੇ ਕਾਮ ਜਿਤੇ ਹਿਤ ਜੀਵਕ[1],
ਤਾਂਹਿ ਭਲੇ ਛਲ ਛੋਰਿ ਕਮੱਯੈ।
ਲਾਭ ਜਥਾ ਸੁ ਤਥਾ ਦਿਢ ਤੋਖ ਕਰੋ[1],

ਦਸਵੰਧ[1] ਹਰੀ ਹਿਤ ਦੱਯੈ।
ਸੰਤਨ ਸੰਗਤਿ ਸੇਵ ਕਰੋ ਨਿਤ,
ਜਾਂ ਕਰ ਆਤਮ ਬ੍ਰਹਮ ਲਖੱਯੈ ॥ ੧੦੮ ॥
ਯਾ ਬਿਧਿ ਦੈ ਉਪਦੇਸ਼ ਘਨੋ,
ਪੁਨ ਵਾਹਿਗੁਰੂ ਗੁਰ ਮੰਤ੍ਰ ਦੀਨੋ।
ਜਾਪਕ ਜਾਂਹਿ ਬਿਨਾ ਪਰਯਾਸ[1],

[1]ਪਾਪਾਂ ਦੀ ਕਤਾਰ। [2]ਛਪ ਗਈ।

[1]ਪਵਿੱਤ੍ਰ ਚਰਨ ਪਕੜੇ।

[1]ਆਉਣ ਜਾਣ ਭਾਵ ਜੰਮਣ ਮਰਣ। [2]ਮਿਟ ਜਾਣ।

[1]ਜਾਣੋ।

[1]ਉਚਾਰੋ।

[1]ਜੀਆਂ ਨੂੰ ਮਾਰਨ ਵਾਲੀ। [2]ਬਕਵਾਦੀ, ਝੂਠੇ ਵਾਅਦੇ ਕਰਨ ਵਾਲੇ।

[1]ਕਰੁਣਾ (ਆਪ ਤੋਂ ਨੀਵੇਂ ਤੇ ਦਯਾ ਕਰਨੀ)। ਮੁੱਦਤਾ (ਦੂਜੇ ਨੂੰ ਆਪ ਤੋਂ ਵਧਦਾ ਦੇਖ ਕੇ ਪ੍ਰਸੰਨ ਹੋਣਾ)। ਮੈਤ੍ਰੀ (ਬਰਾਬਰ ਦੇ ਨਾਲ ਮਿਤ੍ਰਤਾ ਕਰਨੀ)। ਉਪੇਖਜਾ (ਉਪਦੇਸ਼ ਨ ਮੰਨਣ ਵਾਲਿਆਂ ਵੱਲੋਂ ਉਪਰਾਮਤਾ)।

[1]ਰੁਜ਼ਗਾਰ ਵਾਸਤੇ।

[1]{ਜਥਾ} ਜਿੰਨਾ ਕੁ ਪਦਾਰਥ {ਲਾਭ} ਲੱਭੇ ਭਾਵ ਮਿਲੇ {ਤਥਾ} ਉਨੇ ਕੁ ਵਿੱਚ ਹੀ ਪੱਕਾ ਸੰਤੋਖ ਧਾਰਨ ਕਰੋ।

[1]ਕਮਾਈ ਦਾ ਦਸਵਾਂ ਹਿੱਸਾ।

[1]ਜਤਨ।

ਲਹੈਂ ਫਲ ਚਾਰ ਅਵਾਰ ਬਿਹੀਨੋ[1]। [1]ਦੇਰੀ ਤੋਂ ਬਿਨਾ।
ਬੀਸਕ ਰੋਜ਼ ਤਹਾਂ ਰਹਿ ਕੈ ਗੁਰ,
ਜੀਵ ਅਪਾਰ ਉਧਾਰਨ ਕੀਨੋ।
ਹੋਇ ਬਿਦਾ ਤਹਿਂ ਤੇ ਗੁਰ ਪੂਰਨ,
ਤੂਰਨ ਔਰ ਦਿਸਾ ਮਗ ਲੀਨੋ ॥ ੧੦੯ ॥
ਚੌਪਈ:
ਪੰਥ ਮਹਾਨ ਭਾਵੀਏ ਮਿਲੇ।
ਧਰੇ ਜਮਾਤ[1] ਨਾਰ ਨਰ ਭਿਲੇ[2]। [1]ਜਮਾਤ ਬਣਾਈ ਹੋਈ ਸੀ। [2]ਮਿਲ ਕੇ।
ਨੀਲ ਬਸਨ ਸਬਿ ਕੇ ਸਬਿ ਮੁੰਡਿਤ[1]। [1]ਮੋਨੇ।
ਤੀਰਥ ਦੇਵ ਨ ਮਾਨੈਂ ਲੁੰਡਿਤ[1] ॥ ੧੧੦ ॥ [1]ਲੁੱਚੇ, ਲੰਡੇ।
ਭੇਡਨ ਸਮ ਸਬਿ ਇਕਠੇ ਹੋਈ।
ਬੈਠੇ ਸਿਰ ਨੀਚੇ ਕਰਿ ਸੋਈ।
ਕਹਿਂ ਅਨੱਨਜ ਹਮ ਭਗਤਿ ਕ੍ਰਿਸ਼ਨ ਕੇ।
ਬਾਲ ਰੂਪ ਅਵਤਾਰ ਬਿਸ਼ਨ ਕੇ ॥ ੧੧੧ ॥
ਗ੍ਵਾਲਜੋਂ ਸੋਂ ਮਿਲਿ ਖਾਯੋ ਜਾ ਨੈ।
ਯਾਹੀ ਤੇ ਹਮ ਜੂਠ ਨ ਮਾਨੈ।
ਸੋ ਬਚ ਹੈਂ ਜੋ ਯਹਿ ਮਤ ਧਾਰੈਂ।
ਦੂਸਰ ਸਬਿ ਜਨ ਨਰਕ ਪਧਾਰੈਂ ॥ ੧੧੨ ॥
ਯਹਿ ਸੁਨਿ ਬਿਹੱਸ ਗੁਰੂ ਯੋਂ ਕਹਯੋ।
ਮਤੋ ਤੁਮਾਰ ਕੂਰ ਹਮ ਲਹਯੋ।
ਬਾਲਕ ਕ੍ਰਿਸ਼ਨ ਜਵਾਨ ਜਯੋਂ ਭਯੋ।
ਬਿਰਧ ਹੋਇ ਫਿਰ ਤਨ ਤਜਿ ਗਯੋ ॥ ੧੧੩ ॥
ਚਾਲ ਯਹੀ ਸਬਿ ਜੀਵਨ ਕੇਰੋ।
ਤਾਂ ਤੇ ਕ੍ਰਿਸ਼ਨਹਿ ਈਸ਼ ਨ ਹੇਰੋ।
ਜੋ ਪ੍ਰਣਾਮੀ[1] ਭਯੋ ਬਿਨਾਸੀ। [1]ਬਦਲ ਜਾਣ ਵਾਲਾ।
ਈਸ਼ਰ ਇਕ ਰਸ ਰਹਿ ਅਬਿਨਾਸੀ ॥ ੧੧੪ ॥
ਤਾਂ ਕੀ ਕਰਨਿ ਉਪਾਸ਼ਨ ਚਹੀਏ।
ਯਾਂ ਤੇ ਅਬਿਨਾਸੀ ਪਦ ਲਹੀਏ।
ਪ੍ਰਣਾਮੀ ਕੋ ਸੇਵੈ ਜੋਈ।
ਪ੍ਰਣਾਮੀ ਫਲ ਪੈਹੈ ਸੋਈ ॥ ੧੧੫ ॥

ਯੌਂ ਜਬਿ ਗੁਰਿ ਬਚ ਕਹੇ ਸੁਹੇਲੇ।
ਬੇਧ ਗਏ ਮਨ ਤਿਨ ਸਮ ਸੇਲੇ[1]। [1]ਬਰਛੇ ਵਾਂਗ।
ਪਰੇ ਚਰਨ ਬਖਸ਼ਾਵਨ ਕਾਰਨ।
ਗਹਿ ਉਪਦੇਸ਼ ਕੀਓ ਦਿਢ ਧਾਰਨ ॥ ੧੧੬ ॥
ਸਤਿਨਾਮੁ ਹਰਿ ਭਗਤਿ ਅਨੱਨਜ।
ਭਏ ਸਿੱਖ ਵਹਿ ਤਜਿ ਮਤ ਅਨੱਜ[1] ॥ ੧੧੭ ॥ [1]ਹਰ।

ਸ੍ਵੈਯਾ:
ਤਾਮ੍ਰ ਕਰੈ ਕਲਯੌਤ ਰਸਾਇਨ[1], [1]ਰਸਾਇਣ ਤਾਂਬੇ ਨੂੰ ਸੋਨਾ ਕਰ ਦੇਂਦੀ ਹੈ।
ਪਾਰਸ ਲੋਹ ਕੋ ਹੇਮ[1] ਬਨਾਵੈ। [1]ਸੋਨਾ।
ਕੀਟ ਸੁ ਭ੍ਰਿੰਗਿ ਕਰੈ ਤਰੁ ਚੰਦਨ[1], [1]ਭ੍ਰਿੰਗੀ ਕੀੜੇ ਨੂੰ (ਆਪਣਾ ਆਪ ਰੂਪ ਤਾਂ ਬਣਾ ਲੈਂਦੀ ਹੈ ਪਰ ਉਹ ਭ੍ਰਿੰਗ ਅੱਗੋਂ ਹੋਰ ਕੀੜਿਆਂ ਨੂੰ ਭ੍ਰਿੰਗੀ ਨਹੀਂ ਬਣਾ ਸਕਦੀ) ਤੇ ਚੰਦਨ (ਹੋਰ ਬ੍ਰਿੱਛਾਂ ਨੂੰ ਚੰਦਨ ਤਾਂ ਬਣਾ ਲੈਂਦਾ ਹੈ ਪਰ ਉਹ ਚੰਦਨ ਅੱਗੋਂ ਹੋਰ ਬ੍ਰਿੱਛਾਂ ਨੂੰ ਚੰਦਨ ਨਹੀਂ ਬਣਾ ਸਕਦਾ)।
ਮੂਢ ਸੁਧੀ ਸੰਗ[1] ਦੱਖ[2] ਕਹਾਵੈ। [1]ਮੂਰਖ ਬੁਧੀਮਾਨ ਦੀ ਸੰਗਤ ਕਰਕੇ। [2]ਚਤੁਰ।
ਬੰਗ ਭਵੈ ਰਜਤੰ ਸੰਗ ਔਖਧਿ[1], [1]ਦਵਾਈ ਨਾਲ ਕਲੀ ਚਾਂਦੀ ਹੋ ਜਾਂਦੀ ਹੈ।
ਬੈਦ ਸੁਧਾ ਬਿਖ ਕੋ[1] ਸੁ ਬਨਾਵੈ। [1]ਜ਼ਹਿਰ ਨੂੰ ਅੰਮ੍ਰਿਤ।
ਏ ਨ ਸਕੈਂ ਕਰਿ ਆਪ ਸਮਾਨ,
ਗੁਰੂ ਸਿਖ ਕੋ ਸਮ ਆਪ ਬਨਾਵੈ ॥ ੧੧੮ ॥

ਦੋਹਰਾ:
ਪਾਲਪ ਕੋਟ, ਚੰਡੂਰ ਗੜ੍ਹ,
ਔਰ ਤਰਾਵਨ ਕੋਟ।
ਨਦੀ ਸਿੰਧਰਾ ਤਟ ਚਲਤਿ,
ਗਿਰ ਬਨ ਪਿਖੇ ਅਟੋਟ[1] ॥ ੧੧੯ ॥ [1]ਅਣਗਿਣਤ।

ਚੌਪਈ:
ਬੀਆ ਬਾਨ ਮੈਂ ਬੈਠੇ ਜਾਏ।
ਇਕ ਗਿਰ ਪਰ ਤਰੁ ਤਰੇ[1] ਸੁਹਾਏ। [1]ਦਰੱਖ਼ਤ ਹੇਠ।
ਬੰਦਰ, ਰੀਛ, ਬਾਘ[1], ਬ੍ਰਿਕ[2] ਚੀਤੇ[3]। [1]ਸ਼ੇਰ ਦੀ ਇਕ ਜਾਤੀ। [2]ਬਘਿਆੜ। [3]ਚਿੱਤ੍ਰੇ।
ਕੁੰਜਰ[1] ਕੇਹਰ[2] ਮ੍ਰਿਗ ਸਭੀਤੇ[3] ॥ ੧੨੦ ॥ [1]ਹਾਥੀ। [2]ਸ਼ੇਰ। [3]ਡਰੇ ਹੋਏ ਹਰਨ।
ਭੀਲ[1] ਕੁਚੀਲ[2] ਨਗਨ ਤਨ ਭਜਾਨਕ। [1]ਇਕ ਜੰਗਲੀ ਅਸੱਭਯ ਜਾਤੀ। [2]ਅਪਵਿੱਤ੍ਰ (ਅ) ਮੈਲੇ।
ਰਾਖਸ਼ ਦੇਉ ਭੂਤ ਬਿਧਿ ਆਨਕ[1]। [1]ਅਨੇਕ ਕਿਸਮਾਂ ਦੇ।
ਜੰਗਲ ਜੀਵ ਅਮੰਗਲ ਕਾਰੀ[1]। [1]ਡਰਾਉਣੇ।

ਪਿਖਿ ਮਰਦਾਨਹਿ ਭੈ ਭਜੋ ਭਾਰੀ ॥ ੧੨੧ ॥
ਤਾਂ ਪਰ ਦੇਵ ਲੂਤ ਉਨਿ ਰਾਜਾ।
ਪਾਇ ਖਬਰ ਆਯੋ ਹਿਤ ਖਾਜਾ[1]। [1]ਖਾਣ ਵਾਸਤੇ।
ਡਰਿ ਮਰਦਾਨੇ ਹੋਸ਼ ਉਡਾਨੇ।
ਕਹਜੋ ਮੁਝੇ ਅਬਿ ਖਜੋ[1] ਬਲਾ ਨੇ ॥ ੧੨੨ ॥ [1]ਖਾ ਲਿਆ।
ਗੁਰੂ ਕਹਜੋ ਨਹਿ ਡਰ ਮਰਦਾਨੇ।
ਪਿਖ ਮਾਲਕ ਕੇ ਰੰਗ ਮਹਾਨੇ।
ਤਬੈ ਸਤਿਗੁਰੂ ਸ਼ਬਦ ਉਚਾਰਾ।
ਮਨੋ ਲੂਤ[1] ਸਿਰ ਜਾਦੂ ਡਾਰਾ ॥ ੧੨੩ ॥ [1]ਦੇਵਲੂਤ (ਭੀਲਾਂ ਦੇ ਰਾਜੇ)।
ਤ੍ਰਾਹਿ ਤ੍ਰਾਹਿ[1] ਕਰਿ ਗੁਰ ਪਗ ਗਹੇ। [1]ਰੱਖਿਆ ਕਰੋ, ਰੱਖਿਆ ਕਰੋ।
ਨਿਜ ਗੁਨਾਹ ਬਖਸ਼ਾਨੇ ਚਹੇ।
ਦੈ ਸਤਿਨਾਮੁ ਤਾਹਿ ਗੁਰਿ ਤਾਰਾ।
'ਪਾਲ ਘਾਟ' ਚਲਿ ਅਗਰ ਨਿਹਾਰਾ ॥ ੧੨੪ ॥
ਪਿਖ 'ਬਗਲੂਰ'[1], 'ਕੋਟਮ', 'ਪਾਟੌਰ'। [1]ਬੰਗਲੌਰ ਸ਼ਹਿਰ।
'ਗੋਬੀ' ਆਦਿ ਸ਼ਹਿਰ ਬਹੁ ਠੌਰ।
ਰਤਨ ਗਿਰੀ ਪਰ ਬੈਠੇ ਆਈ।
ਗਾਯੋ ਸ਼ਬਦ ਊਚ ਧੁਨਿ ਭਾਈ[1] ॥ ੧੨੫ ॥ [1]ਭਾਈ (ਮਰਦਾਨੇ ਨੇ)।

ਸ੍ਵੈਯਾ:
ਤਹਿਂ ਸਿਧ ਸਾਧ ਜਿਤੇ ਤਪਸੀ,
ਮਨ ਮੋਦ ਭਏ ਸੁਨਿ ਕੈ ਸਬਿ ਹੀ।
ਢਿਗ ਆਇ ਕਰੀ ਚਰਚਾ ਬਹੁਧਾ[1], [1]ਬਹੁਤ ਤਰ੍ਹਾਂ ਦੀ।
ਦਿਢ ਗਜਾਨ ਬਿਗਜਾਨ[1] ਲਹਜੋ ਤਬਿ ਹੀ। [1]ਪ੍ਰਤੱਖ ਗਿਆਨ।
ਫਿਰ ਜਾਇ 'ਡਕੌਰ' ਪਿਖਜੋ ਵਹਿ ਮੰਦਰ,
ਛੱਪਨ[1] ਭੋਗ ਲਗੈਂ ਅਬਿ ਹੀ। [1]ਛਿਪੰਜਾ (੫੬) ਤਰ੍ਹਾਂ ਦੇ ਭੋਜਨਾਂ ਦਾ।
ਪਿਖਿ ਸ਼ਹਰ ਬੜੋਦਾ, ਭੜੌਚਰੁ ਸੂਰਤ;
ਅਹਿਮਦਾਬਾਦ, ਅਏ ਜਬਿ ਹੀ ॥ ੧੨੬ ॥

ਚੌਪਈ:
ਸਾਂਭਰ ਵਤੀ ਨਦੀ ਤਟ ਥਿਰੇ।
ਕਰਿ ਦਰਸ਼ਨ ਮਨ ਲੋਗਨਿ ਫਿਰੇ।
ਸਤਿਨਾਮੁ ਜਪਨੇ ਬਹੁ ਲਾਏ।

ਭਰਮ ਕਰਮ ਸਿਲਿ ਜਜਨ[1] ਛੁਡਾਏ ॥ ੧੨੭ ॥
[1]ਪੱਥਰ ਪੂਜਨ।

ਇਕ ਨਾਗਰ[1] ਦਿਜ[2] ਕੀਨੀ ਸੇਵਾ।
[1]ਗੁਜਰਾਤੀ ਬ੍ਰਾਹਮਣਾਂ ਦੀ ਇਕ ਜਾਤੀ। [2]ਬ੍ਰਾਹਮਣ।

ਘਨੀ, ਚਹੇ ਲੀਨੋ ਸੁਤ ਮੇਵਾਂ[1]।
[1]ਪੁੱਤਰ ਦਾ ਫਲ।

ਆਸ ਤੋਸ[1] ਗੁਰਿ ਬਚਨ ਬਖਾਨਾ।
[1]ਛੇਤੀ ਪ੍ਰਸੰਨ ਹੋਣ ਵਾਲੇ।

ਹ੍ਵੈ ਹੈ ਸੁਤ ਤੁਵ ਸੰਤ ਮਹਾਨਾ ॥ ੧੨੮ ॥

ਤਾਂ ਕੇ ਸੁਤ ਦਾਦੂ[1] ਜੀ ਭਏ।
[1]ਗੁਜਰਾਤ ਸੂਬੇ ਦੇ ਸ਼ਹਿਰ ਅਹਿਮਦਾਬਾਦ 'ਚ ਦਾਦੂ ਜੀ ਦਾ ਜਨਮ ਹੋਇਆ। ਕਬੀਰ-ਪੰਥੀ ਸੰਤਾਂ ਦੀ ਸੰਗਤ ਕਰ ਕੇ ਗਿਆਨ ਪ੍ਰਾਪਤ ਕੀਤਾ। ਇਸ ਦਾ ਦਿਹਾਂਤ ਦਾਦੂ ਦੁਆਰੇ ਨਾਰਾਇਣੇ (ਜੈਪੁਰ) 'ਚ ੧੬੬੦ ਬਿ: ਵਿੱਚ ਹੋਇਆ।

ਦਾਦੂ ਪੰਥੀ ਜਿਹਿਂ ਨਿਰਮਏ[1]।
[1]ਜਿਸ ਤੋਂ ਪੈਦਾ ਹੋਏ।

ਤਹਿਂ ਤੈ ਚਲਿ ਮਗ ਜਨ ਘਨ ਤਾਰਤਿ[1]।
[1]ਰਸਤੇ ਦੇ ਲੋਕਾਂ ਨੂੰ ਬੱਦਲ (ਵਾਂਗ) ਤਾਰਦੇ।

ਅਏ 'ਸੀਧ ਪੁਰ' ਪੱਟਨ ਕਾਰਤ[1] ॥ ੧੨੯ ॥
[1]ਸੀਧ {ਪੱਟਨ} ਸ਼ਹਿਰ ਆ ਗਏ (ਜਿੱਥੇ ਸ਼ਿਵਾਂ ਦੇ ਵੱਡੇ ਪੁੱਤਰ) ਸ਼ਜਾਮ ਕਾਰਤਿਕ (ਦਾ ਅਸਥਾਨ ਹੈ)।

ਤੀਰਥ ਹੈ ਸੁ ਦੇਸ ਸਬਿ ਮਾਨੈ।
ਪਿੰਡ ਭਰਾਵਤ ਗਯਾ ਸਮਾਨੈ।
ਮੇਲਾ ਹੁਤੋ ਤੁਹਾਂ ਤਬਿ ਭਾਰੀ।
ਤਲਾਵਾੜਿ[1] ਪੁਨ ਝਾਲਾ ਵਾਰੀ[2] ॥ ੧੩੦ ॥
[1]ਤਲਵਾੜ ਦੇਸ਼ ਦੇ ਲੋਕ। [2]ਝਾਲਾਵਾਰ (ਦੇਸ਼) ਦੇ (ਲੋਕ)।

ਕਠਵਾਰੀ[1] ਗੁਜਰਾਤੀ ਬਨੇ[2]।
[1]ਕਾਠੀਆਵਾੜ (ਦੇਸ਼) ਦੇ ਲੋਕ। [2]ਸਜ ਫਬ ਕੇ।

ਆਏ ਹੁਤੇ ਨਾਰਿ ਨਰ ਘਨੇ।
ਜਬਿ ਗੁਰਿ ਤਹਿਂ ਰਬਾਬ ਬਜਵਾਯੋ।
ਸ਼ਬਦ ਹਰੀ ਮਹਿਮਾ ਕਾ ਗਾਯੋ ॥ ੧੩੧ ॥

ਸੁਨਿ ਕੈ ਮਨ ਸਬਿ ਕੇ ਗੁਰ ਓਰੀ[1]।
[1]ਤਰਫ਼।

ਭਏ ਰੁਜੂ[1] ਅਤਿਸੈ[2] ਬਰ ਜੋਰੀ[3]।
[1]ਧਿਆਨ ਖਿੱਚੇ ਗਏ। [2]ਬਹੁਤੇ। [3]ਬਦੋਬਦੀ।

ਸਬਿ ਕੋ ਗੁਰ ਹਰਿ ਭਗਤਿ ਦਿਢੈ ਕੈ।
ਅਏ ਕਾਠੀਆਵਾੜ ਚਲੈ ਕੈ ॥ ੧੩੨ ॥

ਪਿਖਯੋ ਸ਼ਹਿਰ ਇਕ 'ਪਾਲੀ ਟਾਨਾ'।
ਜੈਨ ਧਰਮ ਜਹਿਂ ਐਨ ਮਹਾਨਾ[1]।
[1]ਜਿੱਥੇ ਵੱਡਾ ਮੰਦਰ ਹੈ।

ਮੰਦਰ ਜੈਨਨ ਕਾ ਤਹਿਂ ਐਸਾ।
ਹੈ ਜਗਿ ਮਹਿ ਨਹਿ ਦੂਸਰ ਵੈਸਾ ॥ ੧੩੩ ॥

ਬੱਜ੍ਰ[1] ਖਚੇ[2] ਅਮੋਲਕ ਲਾਖੋਂ।
[1]ਹੀਰੇ। [2]ਜੜੇ।

ਸੋਨਾ ਚਾਂਦੀ ਕਹਿ ਲੌ ਭਾਖੋਂ।

ਹੇਰਿ ਕੁਬੇਰ ਗਰਬ ਜਹਿਂ ਭਾਜੈ[1]।
ਦੁਤਿ[1] ਆਗੇਰਵਿ ਸਸਿ ਦੁਤਿ ਲਾਜੈ[2] ॥ ੧੩੪ ॥
ਦਮਕੈਂ ਪਿਖ ਚਿਤ ਚਪਲਾ[1] ਚਮਕੈ[2]।
ਮੰਦ[1] ਸੁਗੰਧਿ ਪੌਨ ਜਹਿਂ ਰਮਕੈ[2]।
ਤਹਾਂ ਜਬੈ ਗੁਰਿ ਸ਼ਬਦ ਉਚਾਰਾ।
ਜੈਨ ਧਰਮ ਕੇ ਲੋਗ ਹਜਾਰਾ ॥ ੧੩੫ ॥
ਆਇ ਬੈਨ ਉਨਿ ਯਾ ਬਿਧਿ ਕਹੇ।
ਮਤ ਹਮਾਰ ਉੱਤਮ ਅਤਿ ਅਹੇ।
ਰੂਪ ਅਨੂਪ ਨ ਕਰ ਜੇ ਬਹੈ[1]।
ਭੁਗਤਿ ਮੁਕਤਿ ਸੋਊ ਜਨ ਲਹੈ ॥ ੧੩੬ ॥
ਮੈਲੇ ਬਸਨ[1] ਦਸਨ[2] ਮਲ ਧਾਰੇ।
ਸੰਜਮ ਤਪ ਬ੍ਰਤ ਕਰੇ ਅਪਾਰੇ।
ਨੋਚੇ[1] ਸਿਰ ਸੋਚੇ ਪਗ ਧਰਤੋ[2]।
ਮੁਖ ਪੱਟੀ ਬੱਟੀ ਗਹਿ ਡਰਤੋ[1] ॥ ੧੩੭ ॥
ਜੀਵ ਨ ਕੋਊ ਜਾਂ ਤੇ ਮਰੈ।
ਪਗ ਨਾਂਗੇ ਸਿਰ ਸਦ ਹੀ ਫਿਰੈ।
ਨਾਂਵਣ ਧੋਵਣ ਕਦੀ ਨ ਕਰੈਂ।
ਜਰ[1] ਜੋਰੂ[2] ਘਰ ਕਰਿ ਨਹਿ ਥਿਰੈਂ ॥ ੧੩੮ ॥
ਅਪਨੇ ਹੇਤ ਨ ਕੁਛ ਬਨਵਾਵੈਂ।
ਸਾਥ ਬਿਬੇਕ[1] ਮਾਂਗ ਕਰਿ ਖਾਵੈਂ।
ਸੰਜਮ ਬਰਤ ਕਰੈਂ ਤਪ ਭਾਰੇ।
ਜਾਂ ਤੇ ਪੈਹੈਂ ਮੁਕਤਿ ਉਦਾਰੇ ॥ ੧੩੯ ॥
ਦੁਤੀ ਅਕਾਸ਼ ਅਲੋਕਕ[1] ਜੋ ਹੈ।
ਸਿਲਾ ਅਰੋਹਨ[1] ਤਹਿਂ ਇਕ ਸੋਹੈ।
ਤਾਂ ਪਰ ਮੁਕਤਿ ਜੀਵ ਜਾ ਪਰ ਹੈਂ।
ਤਾਂ ਤੇ ਤਵੇ ਬੂੰਦ ਜਯੋਂ ਜਰ ਹੈਂ[1] ॥ ੧੪੦ ॥
ਬੁਧ, ਜੈਨ, ਅਰਹੰਤ ਅਚਾਰਯ[1]।
ਭਏ ਜੋ ਹਮ ਪਰ ਚੌਬੀ ਆਰਯ[1]।
ਤਿਨਿ ਯਹਿ ਉੱਤਮ ਮਤ ਬਿਦਤਾਯੋ।

[1]ਜਿਸ ਨੂੰ ਦੇਖ ਕੇ ਕੁਬੇਰ ਦਾ ਵੀ ਹੰਕਾਰ ਟੁੱਟ ਜਾਂਦਾ ਹੈ।
[1]ਕ੍ਰਾਂਤੀ। ਸੋਭਾ, ਚਮਕ। [2]ਸ਼ਰਮਿੰਦਾ ਹੁੰਦੀਆਂ ਹਨ।
[1]ਬਿਜਲੀ। [2]ਕ੍ਰੋਧਵਾਨ ਹੋ ਜਾਂਦਾ ਹੈ।
[1]ਸਹਿਜੇ ਸਹਿਜੇ। [2]ਵਗਦੀ ਹੈ।
[1]ਜੋ ਸੁੰਦਰ ਰੂਪ ਬਣਾ ਕੇ ਨਹੀਂ ਬੈਠਦਾ ਭਾਵ ਮੈਲਾ ਰਹਿੰਦਾ ਹੈ।
[1]ਬਸਤ੍ਰ। [2]ਦੰਦ।
[1]ਪੁੱਟੇ, ਖਿੱਚੇ। [2]ਸੋਚ ਕੇ (ਜੋ) ਪੈਰਰੱਖਦਾ ਹੈ।
[1](ਜੀਵ ਹਿੰਸਾ ਤੋਂ) ਡਰਦਾ, ਮੂੰਹ 'ਤੇ ਕੱਸ ਕੇ ਪੱਟੀ ਬੰਨ੍ਹ ਕੇ ਰੱਖਦਾ ਹੈ।
[1]ਧਨ। [2]ਇਸਤ੍ਰੀ।
[1]ਵਿਚਾਰ ਨਾਲ।
[1]ਅਸਚਰਜ।
[1]ਪੱਥਰ ਦੀ ਪੌੜੀ।
[1]ਸੜ ਜਾਂਦੇ ਹਨ।
[1]ਬੁੱਧ, ਜੈਨ ਤੇ ਅਰਹੰਤ ਇਹ ਤਿੰਨੇ ਹੀ ਜੈਨੀਆਂ ਦੇ ਗੁਰੂ ਹਨ।
[1]ਚੌਵੀ ਸ੍ਰੇਸ਼ਟ (ਅਵਤਾਰ ਜਾਂ ਤੀਰਥੰਕਰ)।

ਜਿਨਿ ਮਾਨਜੋ ਸੁ ਮੁਕਤਿ ਕਹਾਯੋ ॥ ੧੪੧ ॥
ਈਸ ਮਾਨਨੋ ਅਹੇ ਬਿਅਰਥ।
ਕਰਮਨ ਤੈ ਸਿਧ ਹ੍ਵੈ ਸਬਿ ਅਰਥ[1]।
[1]ਮਤਲਬ।
ਇਤਜਾਦਿਕ ਨਿਜ ਮਤ ਕੀ ਬਾਤੈਂ।
ਗੁਰਿ ਢਿਗ ਉਨਿ ਮਾਨੀ ਬਖਜਾਤੈਂ ॥ ੧੪੨ ॥
ਤਾਂ ਪਰ ਸਤਿਗੁਰ ਬਚਨ ਉਚਾਰਾ।
ਅਤੀ ਅਧਮ[1] ਮਤ ਆਹਿ ਤੁਮਾਰਾ।
[1]ਨੀਚ।
ਜੀਵ ਜਿਤਿਕ ਜਗਿ ਈਸ ਉਪਾਏ।
ਪਾਇ ਨਮਿਤ[1] ਸਬੈ ਮਰ ਜਾਏ ॥ ੧੪੩ ॥
[1]ਕਾਰਨ।
ਕੁਦਰਤਿ ਪ੍ਰਤਖ ਹਮ ਯਹਿ ਲਖ ਹੈਂ[1]।
[1]ਦੇਖਦੇ ਹਾਂ।
ਇਕ ਰੱਖਤ ਜੀਵਹਿ, ਇਕ ਭਖ ਹੈਂ[1]।
[1]ਇਕ ਜੀਵਾਂ ਦੀ ਰੱਖਿਆ ਕਰਦੇ ਹਨ ਤੇ ਇਕ (ਉਨ੍ਹਾਂ ਨੂੰ) ਖਾਂਦੇ ਹਨ।
ਰੱਖੇ ਰਹੇ ਨ ਮਾਰੇ ਮਰ ਹੈਂ।
ਪਾਪ ਪੁੰਨ ਕਹਿਨਾਵਤ ਕਰਿ ਹੈਂ[1] ॥ ੧੪੪ ॥
[1]ਪਾਪ ਪੁੰਨ ਦੀ (ਗੱਲ ਐਵੇਂ) ਕਹਿਣ ਮਾਤ੍ਰ ਕਰਦੇ ਹਨ।
ਜੋ ਕੋਊ ਯਹਿ ਬਾਤ ਨ ਮਾਨੈ।
ਤੌ ਵਹਿ ਤਜੈ ਜੀਵ ਅੰਨ ਦਾਨੈ।
ਹੈ ਈਸ਼੍ਵਰ ਕਰਮਨ ਫਲ ਦਾਤੋ।
ਜਹ ਕਰਮਨ ਮੈਂ ਗਜਾਨ ਕਹਾ ਤੋ[1] ॥ ੧੪੫ ॥
[1]ਕਿੱਥੇ ਹੈ।
ਜਗਿ ਉਤਪਤਿ, ਥਿਤ ਲਯ ਜੋ ਕਰਿ ਹੈ।
ਈਸ਼੍ਵਰ ਵਹੀ ਮਾਨਨੋ ਪਰ ਹੈ।
ਬਿਸ੍ਵ ਚਰਾਚਰ ਕਾ[1] ਸਰਦਾਰੂ।
[1]ਚੇਤਨ ਤੇ ਜੜ ਸ੍ਰਿਸ਼ਟੀ ਦਾ।
ਮਾਨੁਖ ਕੋ ਦੀਨੀ ਕਰਤਾਰੂ ॥ ੧੪੬ ॥
ਐਸੀ ਉੱਤਮ ਦੇਹੀ ਪਾਏ।
ਮੈਲੇ ਰਹਿਨ ਅਗਜਾਨ ਮਹਾਂਏ।
ਮੁਕਤਿ ਤੁਮਾਰੀ ਹਾਸੀ ਲਾਇਕ।
ਜਲ ਮਰਨੋ ਯਹਿ ਹੈ ਦੁਖਦਾਇਕ ॥ ੧੪੭ ॥
ਮੋਚਨ ਸੋਂ ਸਿਰ ਨੋਚਨ ਕਰਨਾ[1]।
[1](ਵਾਲਾਂ ਨੂੰ) ਪੁੱਟਣਾ।
ਬਰਤਰਾਖਿ ਬਹੁ ਭੂਖੇ ਮਰਨਾ।
ਮਲ ਮੂਤ੍ਰ ਸੋਂ ਭਰਨੇ ਹਾਥਾ।
ਨਾਹਿ ਬਰਤਨੋ ਨੀਕੋ ਪਾਥਾ[1] ॥ ੧੪੮ ॥
[1]ਚੰਗਾ ਜਲ।
ਹੈ ਯਹਿਰੀਤਿ ਪ੍ਰੇਤਨ ਕੇਰੀ।

ਮੈਲ ਕੁਚੈਲੇ ਰਹਿਨ ਬਧੇਰੀ।
ਇਤਯਾਦਿਕ ਜੋ ਕ੍ਰਿਯਾ ਤੁਮਾਰੀ।
ਜਿਹਿਂ ਪਿਖਿ ਹੋਤ ਗਿਲਾਨੀ ਭਾਰੀ ॥ ੧੪੯ ॥
ਛੋਰਿ ਸਬੀ ਹਰਿ ਭਗਤਿ ਗਹੀਜੈ।
ਉੱਤਮ ਖਾਵਨ ਪੀਵਨ ਕੀਜੈ।
ਬ੍ਰੱਹਮ ਗਜ਼ਾਨੀ ਸੰਤਨ ਕੇਰੀ।
ਸੰਗਤਿ ਕਰਿ ਕਾਟੋ ਭਵ ਬੇਰੀ[1] ॥ ੧੫੦ ॥

[1]ਜੰਮਣ ਮਰਣ ਰੂਪ ਬੇੜੀ।

ਸੁਨਿ ਗੁਰ ਬਚਨ ਭਰੇ ਉਪਕਾਰੇ।
ਮੈਤ੍ਰੀ ਮੁਦਤਾ ਕਰੁਣਾ[1] ਵਾਰੇ[2]।

[1]ਕਰਣਾ, ਮੁਦਤਾ, ਮੈਤ੍ਰੀ ਤੇ ਉਪੇਖਜਾ ਦੇ ਅਰਥਾਂ ਲਈ ਬਿਸ਼੍ਰਾਮ ੯ ਦੇ ਅੰਕ ੧੦੭ ਦੀ ਟਿੱਪਣੀ। [2]ਵਾਲੇ (ਬਚਨ)।

ਪਰੇ ਸਰਨ ਜੈਨੀ ਤਬਿ ਆਏ।
ਸਤਿਨਾਮੁ ਗੁਰਿ ਮੰਤ੍ਰ ਸੁਨਾਏ ॥ ੧੫੧ ॥
ਦੋਹਰਾ:
ਤਾਰਤਿ ਮਗ ਯੌਂ ਜਨਨ ਬਹੁ,
ਅਏ ਪੁਨਾ ਗਿਰਨਾਰ[1]।

[1]ਪਹਾੜ ਦਾ ਨਾਮ।

ਜੂਨਾ ਗਢ ਮੈ ਮਿਲਜੋ ਤਬਿ,
ਨਰਸੀ[1] ਭਗਤਿ ਉਦਾਰ ॥ ੧੫੨ ॥

[1]ਨਾਗਰ ਜਾਤੀ ਦੇ ਬ੍ਰਹਮਣ ਨਰਸੀ ਭਗਤ ਦਾ ਜਨਮ ੧੫੦੭ ਬਿ: ਵਿੱਚ ਹੋਇਆ ਏਸੇ ਦੀ ਹੁੰਡੀ ਸਾਵਲ ਸ਼ਾਹ ਨੇ ਦੁਆਰਕਾ ਵਿੱਚ ਤਾਰੀ ਸੀ।

ਹਰਿ ਚਰਚਾ ਕਰਿ ਤਹਾਂ ਤੈ,
ਚਢੇ ਗਿਰੀ ਪਰ[1] ਜਾਇ।

[1]ਪਹਾੜੀ ਉੱਪਰ।

ਗਿਰਨਾਰੀ[1] ਲੌ ਸਿੱਧ ਸਬਿ,
ਮਿਲੇ ਗੁਰੂ ਸੌਂ ਆਇ ॥ ੧੫੩ ॥

[1]ਨਾਮ।

ਗੋਸ਼ਟ ਕਰਿ ਅਰ ਸ਼ਬਦ ਸੁਨਿ,
ਭਏ ਮੋਦ ਸਭਿ ਸੰਤ।
ਆਏ ਪੁਨ ਪਰਭਾਸ[1] ਮੈ,

[1]ਦੱਖਣ ਵਿੱਚ ਦੁਆਰਾ ਵਤੀ ਪਾਸ ਇਕ ਅਸਥਾਨ ਜਿਸ ਦਾ ਨਾਮ ਸੋਮ ਤੀਰਥ ਭੀ ਹੈ। ਏਥੇ ਜਾਦਵਾਂ ਦੀ ਕੁਲ ਦੀ ਕ੍ਰਿਸ਼ਨ ਜੀ ਸਮੇਤ ਸਮਾਪਤੀ ਹੋਈ ਸੀ।

ਤਾਰੇ ਲੋਕ ਅਨੰਤ ॥ ੧੫੪ ॥
ਚੌਪਈ:
ਮਾਨੋ ਤੀਨ ਦੇਵ ਤਨ ਧਰੇ।
ਬਿਹਰਤਿ[1] ਧਰਨੀ[2] ਮੋਦਹਿ ਭਰੇ।

[1]ਵਿਚਰ ਰਹੇ ਹਨ। [2]ਧਰਤੀ ਤੇ।

ਕੈ ਤ੍ਰਈ ਬੇਦ ਤੀਨ ਪ੍ਰਸਥਾਨਾ[1]।
ਕੈ ਤੀਨੋ ਗੁਨ, ਕਾਲ ਮਹਾਨਾ[1] ॥ ੧੫੫ ॥
ਜਾਤਿ ਜਹਾਂ ਪਗ ਧਰਿ ਜਲ ਜਾਤਾ[1]।
ਕਰੈਂ ਅਗਜਾਨ ਮੋਹ ਮਦ ਘਾਤਾ।
ਸੋਮਨਾਥ ਸ਼ਿਵ ਕੋ[1] ਪਿਖ, ਆਏ।
ਪੁਰੀ ਸੁਦਾਮਾ[1], ਜਨ ਮੁਦ ਦਾਏ ॥ ੧੫੬ ॥
ਦ੍ਵਾਰਾਵਤੀ ਗੋਮਤੀ ਤੀਰੇ[1]।

ਥਿਰੇ, ਘੋਖ ਜਹਿਂ ਸਿੰਧ ਗੰਭੀਰੇ[1]।
ਪੇਖ ਸਾਰਦਾ ਮਠ ਠਠ[1] ਚਰਚਾ।
ਕਰੇ ਲੋਗ ਹਰਿ ਭਗਤ ਸਪਰਚਾ[1] ॥ ੧੫੭ ॥
ਬੇਟ ਦ੍ਵਾਰਕਾ ਮੰਦਰ ਘਨੇ।
ਬੈਰਾਗੀ ਦਿਜ ਚੇਲੇ ਬਨੇ।
ਮਸ਼ਕਾ ਮੰਡੀ, ਭੁਜ ਰਜਧਾਨੀ[1]।
ਹੇਰਤਿ ਟੇਰਤਿ ਗੁਰੁ ਬਹੁ ਬਾਨੀ ॥ ੧੫੮ ॥
ਨਾਰਾਇਣ ਸਰ ਪਰ ਪਗ ਧਾਰੇ।
ਜਹਾਂ ਕਾਪੜੀ ਭੇਖ ਅਪਾਰੇ।
ਤਿਨ ਤੈ ਮਾਰਗ ਬਾਮ[1] ਤਜੈ ਕੇ।

ਹਰਿ ਭਗਤੀ ਨੀਕੀ ਦ੍ਰਿਢੈ ਕੈ ॥ ੧੫੯ ॥
ਕੱਛ ਦੇਸ ਹਰਿ ਭਗਤਿ ਬਿਸੇਸੂ[1]।
ਸਿਸ ਕਾਪੜੀਓਂ ਕੇਰ ਅਸੇਸੂ[1]।
ਧਰਣੀ ਧਰ ਕੀ ਝਾੜੀ ਮਾਂਹੀਂ।
ਮਿਲੇ ਅਘੋਰੀ[1] ਭੀਲ[2] ਮਹਾਂਹੀਂ ॥ ੧੬੦ ॥
ਜੋ ਨਰ ਕੋ ਫਰਿ ਤੁਰਤੈ ਖੈ ਹੈਂ।
ਮਹਾਂ ਭਜਾਨਕ ਪਿਖੇ ਨ ਜੈ ਹੈਂ।
ਸੁਨਿ ਕੈ ਸ਼ਬਦ ਭਏ ਮਤਵਾਰੇ।
ਮਨ ਤਨ ਦਿਯ ਗੁਰ ਪਗ ਪਰ ਵਾਰੇ ॥ ੧੬੧ ॥
ਦਿਬਜ[1] ਫੂਲ ਫਲ ਮੂਲ ਅਪਾਰੇ।

[1]ਜਾਂ ਤਿੰਨ ਬੇਦ ਤਿੰਨ (ਸਰੂਪ ਧਾਰ ਕੇ) ਚਲ ਰਹੇ ਹਨ।
[1]ਤਿੰਨ ਮਹਾਨ ਸਮੇਂ (ਭੂਤ, ਭਵਿਖਤ ਤੇ ਵਰਤਮਾਨ)।
[1]ਚਰਨ ਕਵਲ।
[1]ਸ਼ਿਵ ਦਾ ਸੋਮਨਾਥ ਮੰਦਰ।
[1]ਸੁਦਾਮਾ ਪੁਰੀ ਜਿਸ ਦਾ ਹੁਣ ਨਾਮ 'ਪੋਰ ਬੰਦਰ' ਹੈ।
[1]ਗੋਮਤੀ ਤਲਾਈ ਦੇ ਕਿਨਾਰੇ ਦੁਆਰਾਵਤੀ ਸ਼ਹਿਰ ਵਿੱਚ ਜਿਸ ਨੂੰ ਦੁਆਰਕਾ ਆਖਦੇ ਹਨ।
[1]ਜਿੱਥੇ ਡੂੰਘੇ ਸਮੁੰਦਰ ਦੀ ਉੱਚੀ ਧੁਨਿ ਹੁੰਦੀ ਰਹਿੰਦੀ ਹੈ।
[1]ਕਰਕੇ।
[1]ਪ੍ਰਚਾਵੇ ਸਹਿਤ।
[1]ਭੁਜ ਸ਼ਹਿਰ ਜੋ ਉਸ ਇਲਾਕੇ ਦੀ ਰਾਜਧਾਨੀ ਸੀ।
[1]ਕੀਨਾਰਾਮ ਵਾਮ ਮਾਰਗੀਏ ਦਾ ਚਲਾਇਆ ਇਕ ਪੰਥ ਜੋ ਮਾਸ ਸ਼ਰਾਬ ਤੋਂ ਛੁਟ ਮਲ ਮੂਤ੍ਰ ਦਾ ਖਾਣਾ ਵੀ ਧਰਮ ਦਾ ਇਕ ਅੰਗ ਮੰਨਦੇ ਹਨ, ਮੁਰਦੇ ਦੀ ਖੋਪਰੀ ਵਿੱਚ ਖਾਣਾ ਪੀਣਾ ਪਵਿਤ੍ਰ ਮੰਨਦੇ ਹਨ।
[1]ਬਹੁਤ (ਫੈਲ ਗਈ)।
[1](ਜਿੱਥੇ ਪਹਿਲਾਂ) ਕਾਪੜੀਆਂ ਦੇ ਹੀ ਸਾਰੇ ਸਿੱਖ ਸਨ।
[1]ਵਾਮ ਮਾਰਗੀਏ ਸਾਧੂ। [2]ਇਕ ਜੰਗਲੀ ਅਸਭਜ ਜਾਤੀ।
[1]ਜੰਗਲੀ।

ਸੁਧਾ ਸਮਾਨ ਸ੍ਵਾਦ ਜਿਨਿ ਭਾਰੇ।
ਧਰੇ ਉਪਾਇਨ[1] ਪਾਇਨ[2] ਆਗੇ। [1]ਭੇਟਾ। [2]ਚਰਨਾਂ।
ਗੁਰਿ ਚਰਨਨ ਮੈਂ ਅਤਿ ਅਨੁਰਾਗੇ ॥ ੧੬੨ ॥
ਗਾਵਹਿਂ ਨਾਚਹਿਂ ਬਾਦ[1] ਬਜਾਵੈਂ। [1]ਵਾਜੇ।
ਪਿਖਿ ਗੁਰਿ ਮੋਦ ਪ੍ਰਮੋਦ ਬਢਾਵੈਂ।
ਤ੍ਰਈ ਦੇਵ ਉਨ ਕੋ ਉਨਿ ਮਾਨਾ।
ਖੁਲੇ ਕਪਾਟ ਭਯੋ ਦਿਢ ਗਜਾਨਾ ॥ ੧੬੩ ॥
ਪੁਨ ਪੁਨ ਗੁਰਿ ਪਦਰਜ[1] ਸਿਰ ਧਰਹੀਂ। [1]ਚਰਨ ਧੂੜ।
ਭੂਰ ਭਾਗ ਨਿਜ ਬਰਨਨ ਕਰਹੀਂ।
ਇਕ ਟਕ ਹੇਰ ਰੂਪ ਰਸ ਘੂਟਹਿਂ[1]। [1]ਰੂਪ ਦੇਰਸ ਦੀਆਂ ਘੁਟਾਂ ਭਰਦੇ ਹਨ।
ਜਨਮ ਦਾਰਦੀ ਜਨ ਨਿਧਿ[1] ਲੂਟਹਿਂ ॥ ੧੬੪ ॥ [1]ਖ਼ਜ਼ਾਨਾ।
ਦੈ ਉਪਦੇਸ ਬੇਸ[1] ਤਿਨ ਤਾਂਈ। [1]ਸ੍ਰੇਸ਼ਟ।
ਚਲੇ ਗੁਰੂ ਤਹਿਂ ਤੈ ਅਗਵਾਈ।
ਅਮਰ ਕੋਟ ਲੌ ਨਗਰ ਅਪਾਰੇ।
ਪੇਖ ਅਏ ਮੁਲਤਾਨ ਮਝਾਰੇ ॥ ੧੬੫ ॥

ਦੋਹਰਾ:

ਸੁਨਿ ਕਰਿ ਆਵਨ ਗੁਰੂ ਕਾ,
ਜੇਤਿਕ ਪੀਰ ਫਕੀਰ।
ਥੇ ਤਹਿਂ, ਸਭਿ ਨੇ ਮਿਲ ਕਰੀ,
ਯਾ ਬਿਧਿ ਪੁਨ ਤਦਬੀਰ[1] ॥ ੧੬੬ ॥ [1]ਜੁਗਤੀ।
ਪਜਾਲਾ ਭਰਿ ਇਕ ਆਬ ਕਾ[1], [1]ਪਾਣੀ ਦਾ। (ਭਾਈ ਗੁਰਦਾਸ ਜੀ ਨੇ ਦੁੱਧ ਦਾ ਕਟੋਰਾ ਲਿਖਿਆ ਹੈ– 'ਅੱਗੋਂ ਪੀਰ ਮੁਲਤਾਨ ਦੇ ਦੁੱਧ ਕਟੋਰਾ ਭਰ ਲੈ ਆਈ'। ਵਾਰ ੧, ਪਉੜੀ ੪੪)।

ਪਠਯੋ ਗੁਰੂ ਕੇ ਪਾਸ।
ਡਾਰਿ ਪਤਾਸੇ ਫੂਲ ਧਰਿ,
ਦਯੋ ਫੇਰ[1] ਗੁਰਿ ਖਾਸ[2] ॥ ੧੬੭ ॥ [1]ਮੋੜ ਦਿੱਤਾ। [2]ਆਪ।
ਪੀਰੀਂ ਪੁਰ[1] ਮੁਲਤਾਨ ਹੈ, [1]ਪੀਰਾਂ ਨਾਲ ਭਰਿਆ ਹੋਇਆ।
ਉਨੈ ਜਨਾਯੋ ਏਹੁ।
ਰਹੈਂ ਫੂਲ ਸਮ ਗੁਰਿ ਕਹਯੋ,
ਭਏ ਖੁਸ਼ੀ ਪਿਖਿ ਵੇਹੁ[1] ॥ ੧੬੮ ॥ [1]ਉਹ (ਪੀਰ)।
ਸਦਾ ਸੁਹਾਗਨ, ਲਾਲ ਜੀ,

ਔਰ ਬਹਾਵਲ ਹੱਕ।
ਸੱਯਦ ਗੀਲਾਨੀ ਪੁਨਾ,
ਗੁਰ ਸੋਂ ਮਿਲੇ ਨਿਝੱਕ ॥ ੧੬੯ ॥
ਕਰਿ ਬਾਤੈ ਮਹਬੂਬ ਕੀ[1],
ਬਿਬਿਧ[1] ਫਕੀਰੀ ਕੇਰ।
ਲਹਜੋ ਪਰਸਪਰ ਮੋਦ ਅਤਿ,
ਕਹਜੋ ਗੁਰੂ ਹਸਿ ਫੇਰ ॥ ੧੭੦ ॥
ਗਰਦ[1] ਗੋਰ[2], ਗਰਮੀ, ਗਦਾ[3],
ਤੋਫੇ ਤੁਮਰੇ ਭੂਰ।
ਔਰ ਚੀਜ਼ ਨਹਿ ਇਹਾਂ ਬਹੁ,
ਕਾਂ ਪਰ ਕਰਤ ਗਰੂਰ[1] ॥ ੧੭੧ ॥
ਖਲੜੀ ਸ਼ਮਸ ਤਬ੍ਰੇਜ[1] ਕੀ,

ਪਿਖੀ ਫੱਕਰ ਕੀ ਚਾਹਿ[1]।
ਜੋਊ ਕਾਜੀਅਨ ਕੇ ਕਹੇ,
ਦੀਨੀ ਥੀ ਉਨਿ ਲਾਹਿ ॥ ੧੭੨ ॥
ਅਬਿ ਲੌ ਵਾਲੋਂ ਸਹਿਤ ਵਹਿ,
ਹੈ ਹਮ ਪੇਖੀ ਆਪ।
ਲਾਇ ਮਸਾਲੇ ਗੁਫਾ ਮੈ,
ਰਖੀ ਮਜੌਰਨ[1] ਥਾਪਿ[2] ॥ ੧੭੩ ॥
ਪੁਨ ਜਾਗਾ ਪ੍ਰਹਿਲਾਦ ਕੀ,
ਪੇਖੀ ਸਤਿਗੁਰੁ ਜਾਇ।
ਮਰਦਾਨੇ ਕੇ ਪੂਛਨੇ;
ਪਰ, ਯੋਂ ਕਹਯੋ ਸੁਨਾਇ ॥ ੧੭੪ ॥
ਚੌਪਈ:
ਭੂਪ ਹਿਰਨਕੱਸਪ ਇਕ ਭਯੋ।
ਨਾਸਤਕ ਮਤ ਤਿਹ ਰਿੰਦਿ ਧਰਿ ਲਯੋ।
ਤੀਰਥ ਦੇਵ ਪਿਤਰ ਦਿਜ ਸਾਧੂ।
ਜੱਗ ਦਾਨ ਤਪ ਜਪ ਆਗਾਧੂ[1] ॥ ੧੭੫ ॥
ਮਾਨਨ ਪੂਜਨ ਸਭਿ ਕਾ ਛੋਰਾ।

[1]ਪਿਆਰੇ (ਪ੍ਰਮੇਸ਼ਰ) ਦੀਆਂ।
[1]ਅਨੇਕ ਤਰ੍ਹਾਂ ਦੀਆਂ।
[1]ਧੂੜ। [2]ਕਬਰਾਂ। [3]ਫਕੀਰ (ਅ) ਮੰਗਤੇ।
[1]ਹੰਕਾਰ।
[1]ਇਕ ਸੂਫ਼ੀ ਫ਼ਕੀਰ ਜਿਸ ਦਾ ਨਾਮ ਮਖ਼ਦੂਮ ਸ਼ਾਹ ਸ਼ਮਸੁੱਦੀਨ ਸੀ। ਅਨਲਹੱਕ (ਮੈਂ ਖ਼ੁਦਾ ਹਾਂ) ਕਹਿਣ ਤੇ ਮੁਲਤਾਨ ਦੇ ਹਾਕਮ ਨੇ ਇਸ ਦੀ ਖੱਲ ਉਤਰਵਾਈ ਸੀ।
[1]ਚਾਹ ਕੇ।
[1]ਪੁਜਾਰੀਆਂ ਨੇ। [2]ਟਿਕਾ ਕੇ।
[1]ਬਹੁਤੇ।

ਪਾਪ ਪੁੰਨ ਨਹਿ ਮਾਨੈ ਭੋਰਾ[1]।
ਈਸ਼੍ਵਰ ਨਹਿ ਕੋਊ ਪਰਲੋਕੂ।
ਪਾਂਚ ਭੂਤ ਕਾ[1] ਹੈ ਯਹਿ ਓਕੂ[2] ॥ ੧੭੬ ॥
ਨਹਿ ਕੋ ਜੀਵ ਦੇਹ ਤੇ ਨਜ਼ਾਰਾ।
ਜੀਵਨ ਅਹੈ ਪ੍ਰਾਨ ਅਨੁਸਾਰਾ।
ਆਵਤਿ ਹੈ ਜਬਿ ਜਾ ਕੋ ਅੰਤਾ।
ਜੈਸਾ ਗਧਾ ਤੈਸ ਹੀ ਸੰਤਾ ॥ ੧੭੭ ॥
ਯਹਿ ਮਤ ਜਬਿ ਉਨਿ ਅਧਿਕ ਬਿਥਾਰਯੋ[1]।
ਬੈਦਕ ਮਤੋ[1] ਸਮੂਲ[2] ਉਖਾਰਯੋ[3]।
ਤਾਂ ਕੇ ਸੁਤ ਹੋਯੋ ਪ੍ਰਹਿਲਾਦੂ।
ਇਕ ਦਿਨ ਖੇਲਤਿ ਸਹਿ ਅਹਿਲਾਦੂ[1] ॥ ੧੭੮ ॥
ਆਵੀ ਜਹਾਂ ਘੁਮਾਰ ਲਗਾਵੈ।
ਗਯੋ ਖੇਲਤੋ ਤਹਿਂ ਸਹਜਾਵੈ[1]।
ਬਿੱਲੀ ਕੇ ਬੱਚੇ ਮਧ ਆਵੀ।
ਭੂਲਿ ਚੁਨੇ ਪਾਛੇ ਸੁਧ ਆਵੀ ॥ ੧੭੯ ॥
ਦੀਨੀ ਥੀ ਜਬ ਆਗ ਲਗਾਈ।
ਰਾਖੇ ਰਾਮ ਕਹਯੋ ਉਨਿ ਭਾਈ।
ਬਾਤੁ ਇਹੁ ਪ੍ਰਹਲਾਦ ਸੁ ਸੁਨੀ।
ਆਵੀ ਪੱਕੀ ਤੁ ਆਯੋ ਗੁਨੀ[1] ॥ ੧੮੦ ॥
ਨਿਕਸੇ ਸਾਬਤ ਪੂਤ ਮਜਾਰੀ[1]।
ਪੇਖ ਸਿਦਕ ਭੋ ਤਾਂ ਕੋ ਭਾਰੀ।
ਤਾਹੀਂ ਸਮੇਂ ਆਇ ਰਿਖਿ ਨਾਰਦ।
ਦੀਨੋ ਤਿਹ ਉਪਦੇਸ਼ ਬਿਸਾਰਦ[1] ॥ ੧੮੧ ॥
ਤਾਂ ਦਿਨ ਤੈ ਤਿਹ ਭਗਤਿ ਗਹੀ ਹਰਿ।
ਰਹਯੋ ਛੁਡਾਇ ਬਾਪ ਬਹੁ ਦੈ ਡਰ।
ਜਬਿ ਕੇਹੂੰ ਪ੍ਰਹਿਲਾਦ ਨ ਡਰਾ।
ਤਪਤ ਥੰਭ ਸੋਂ ਲਾਵਨ ਕਰਾ ॥ ੧੮੨ ॥
ਤਾਂ ਪਰ ਭੀ ਜਬ ਨਹਿ ਉਨ ਮਾਨੋ।
ਮਾਰਨ ਲਗੋ ਦੁਸ਼ਟ ਤਬਿ ਜਾਨੋਂ[1]।

[1]ਥੋੜ੍ਹਾ ਜਿਹਾ ਵੀ।

[1]ਤੱਤਾਂ ਦਾ। [2]ਘਰ ਭਾਵ ਸ਼ਰੀਰ।

[1]ਫੈਲਾਇਆ।

[1]ਆਸਤਕ ਮਤ। [2]ਸਣੇ ਮੁੱਢ ਦੇ। [3]ਪੁੱਟ ਦਿੱਤਾ।

[1]ਅਨੰਦ ਸਹਿਤ।

[1]ਸਹਿਜ ਸੁਭਾ।

[1](ਇਹ) ਵਿਚਾਰ ਕੇ ਆਇਆ (ਕਿ ਵੇਖੀਏਰਾਮਰਖਦਾ ਹੈ ਕਿ ਨਹੀਂ)।

[1]ਬਿੱਲੀ ਦੇ।

[1]ਉੱਜਲ।

[1]ਜਾਨ ਤੋਂ।

ਭਗਤ ਹੇਤ ਈਸ੍ਵਰ ਤਨ ਧਾਰਾ।
ਨਰ ਸਿੰਘ ਹ੍ਵੈ ਭੂਪਤਿ ਕੋ ਮਾਰਾ ॥੧੮੩॥
ਬੈਦਕ ਮਤ ਫਿਰ ਜਗਿ ਬਿਸਤਾਰਾ।
ਨਾਸਤਕ ਮਤ ਕਾ ਮੂਲ ਉਪਾਰਾ[1]। [1]ਮੁੱਢ ਪੁੱਟ ਦਿੱਤਾ।
ਜਬਿ ਜਬਿ ਲੁਪਤ[1] ਧਰਮ ਹਰਿ ਭਗਤੀ। [1]ਅਲੋਪ ਹੋ ਜਾਂਦਾ ਹੈ।
ਤਬਿ ਈਸ੍ਵਰ ਤਨ ਧਰਿ ਪਰ ਜਗਤੀ[1] ॥੧੮੪॥ [1]ਜਗਤ ਵਿੱਚ।
ਕੈ ਨਿਜ ਭਗਤ ਪਿਗੰਮ੍ਰ ਪਠ ਹੈ।
ਮਾਰਗ ਧਰਮ ਭਗਤਿ ਫਿਰ ਠਟ ਹੈ[1] ॥੧੮੫॥ [1]ਕਾਇਮ ਕਰ ਦੇਂਦਾ ਹੈ।

ਦੋਹਰਾ:
ਗਾਥ ਕਹਿ ਪ੍ਰਹਿਲਾਦ ਕੀ,
ਅਏ ਤੁਲੰਭੇ ਗਾਮ[1]। [1]ਤੁਲੰਭਾ ਪਿੰਡ (ਜਿਸ ਨੂੰ ਹੁਣ ਮਖਦੂਮ ਪੁਰ ਆਖਦੇ ਹਨ) ਇਹ ਪੱਛਮੀ ਪਾਕਿਸਤਾਨ ਵਿੱਚ ਜ਼ਿਲ੍ਹਾ ਮੁਲਤਾਨ, ਥਾਣਾ ਕਬੀਰ ਵਾਲਾ ਦਾ ਇਕ ਪਿੰਡ ਹੈ।
ਠੱਗਨ ਕਾ ਸਰਦਾਰ ਤਹਿ,
ਥਾ ਤਬਿ ਸੱਜਨ ਨਾਮ ॥੧੮੬॥
ਮਰਦਾਨੇ ਕੋ ਲੇ ਗਯੋ,
ਘਰ ਨਿਜ ਖ੍ਵਾਵਨ ਹੇਤ।
ਛੀਨ ਲਯੋ ਜੋ ਪਾਸ ਥਾ,
ਗੁਰਿ ਲਖ ਕਰਿ ਪੁਨ ਭੇਤ ॥੧੮੭॥
ਤੁਰਤਹਿ[1] ਜਾਇ ਛੁਡਾ ਲਯੋ, [1]ਛੇਤੀ।
ਠੱਗਹਿਂ ਕਰਿ ਉਪਦੇਸ਼।
ਅਪਨਾ ਬਿਰਦ ਪਛਾਨ ਕੈ,
ਤਾਂ ਕੇ ਕਟੇ ਕਲੇਸ਼ ॥੧੮੮॥
ਕਟਤਿ ਕੁਹਾਰਾ[1] ਚੰਦਨੈ, [1]ਕੁਹਾੜਾ।
ਵਹਿ ਤਿਹ ਦੇਤ ਸੁਗੰਧਿ।
ਸੰਤਨ ਯਹੀ ਸੁਭਾਵ ਹੈ,
ਕਟਤਿ ਜਨੋ ਕੇ ਫੰਧ[1] ॥੧੮੯॥ [1]ਫਾਹੇ।
ਜਗਿ ਜੀਵਨਿ ਮਗ[1] ਤਾਰਤੇ, [1]ਰਸਤੇ ਵਿੱਚ ਜਗਤ ਦੇ ਜੀਵਾਂ ਨੂੰ।
ਤਲਵੰਡੀ ਪੁਨ ਆਇ।
ਮਾਤ ਪਿਤਾ ਪਿਖ ਮੁਦ[1] ਭਏ, [1]ਅਨੰਦ।
ਅਏ ਦਰਸ ਹਿਤਰਾਇ[1] ॥੧੯੦॥ [1]ਰਾਇ ਬੁਲਾਰ।

ਨਿਜ ਜਨ[1] ਪੁਰ ਜਨ[2] ਮਿਲਿ ਭਲੇ,
ਕਰਿ ਦਰਸ਼ਨ ਸੁਨਿ ਬਾਕ।
ਹ੍ਵੈ ਅਧਿਕਾਰੀ[1] ਮੁਕਤਿ ਕੇ,
ਜਮ ਤੇ ਭਏ ਬਿਬਾਕ[1] ॥ ੧੯੧ ॥

[1]ਆਪਣੇ ਦਾਸਾਂ। [2](ਤੇ) ਸ਼ਹਿਰ ਦੇ ਲੋਕਾਂ ਨੂੰ।

[1]ਹੱਕਦਾਰ।

[1]ਨਿੱਡਰ। (ਅ) ਬਾਕੀ ਤੋਂ ਬਿਨਾਂ, ਹਿਸਾਬ ਦੇ ਲੈਣ ਦੇਣ ਤੋਂ ਮੁਕਤ।

ਕੇਤਿਕ ਦਿਨ ਤਹਿਂ ਰਹਿ ਪੁਨਾ,
ਆਏ ਪੁਰ ਸੁਲਤਾਨ।
ਪੰਦ੍ਰਾ ਸੈ ਅਠਸਠ ਹੁਤੋ[1],
ਸੰਮਤ ਤਬਿ ਲਿਹੁ ਜਾਨ ॥ ੧੯੨ ॥

[1]੧੫੬੮ ਬਿ: ਸੰਮਤ ਸੀ।

ਖਬਰ ਪਾਇ ਦਿਸ ਚਾਰ ਕੇ,
ਦਰਸੈਂ ਜਨ ਬਹੁ ਆਇ।
ਨੈਨ ਲਾਭ ਲਹਿਂ ਦਰਸ ਕਰਿ,
ਮੁਕਤਿ ਬੈਨ ਸੁਨਿ ਪਾਇ ॥ ੧੯੩ ॥
ਪਿਖਿ ਜੈਰਾਮ ਅਰ ਨਾਨਕੀ,
ਰਹੈਂ ਮੋਦ ਦਿਨ ਰੈਨ।
ਪੁਨਾ ਸੁਲੱਖਨੀ ਜੀ ਅਈ,
ਹੁਤੀ ਪਿਤਾ ਕੇ ਐਨ[1] ॥ ੧੯੪ ॥

[1]ਪਿਤਾ ਦੇ ਘਰ ਭਾਵ ਪੇਕੇ।

ਸਿਰੀ ਚੰਦ ਲਖਮੀ ਸਸੀ[1],
ਪਰੇ ਪਿਤਹਿ ਪਗ ਆਇ।
ਜਥਾ ਜੋਗ ਸਬਿ ਕੋ ਗੁਰੂ,
ਕੀਨੋ ਤੋਸ[1] ਸੁਹਾਇ[2] ॥ ੧੯੫ ॥

[1]ਚੰਦ।

[1]ਪ੍ਰਸੰਨ। [2]ਚੰਗੀ ਤਰ੍ਹਾਂ।

ਦੁਤੀ ਉਦਾਸੀ ਕਰਿ ਥਿਰੇ,
ਈਹਾਂ ਗੁਰੁ ਸੁਖਿ ਧਾਮ।
ਯਾਹੀ ਤੈ ਅਵਕਾਸ[1] ਪਿਖਿ,
ਧਜਾਇ ਕਰਜੋ ਬਿਸ੍ਰਾਮ ॥ ੧੯੬ ॥

[1]ਵਿਹਲ, ਸਮਾਂ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ ਦੁਤੀ ਉਦਾਸੀ ਬਰਨਨੰ ਨਾਮ ਨਵਮੋ ਬਿਸ੍ਰਾਮ ॥ ੯ ॥

੧੦. {ਤੀਜੀ ਉਦਾਸੀ- ਉੱਤ੍ਰ ਦਿਸ਼ਾ ਦਾ ਪ੍ਰਸੰਗ}

ਸ੍ਵੈਯਾ:

ਸੂਰ ਪ੍ਰਤਾਪ ਸਸੀ ਸਮ ਸੀਤਲ,
ਚਿੰਤਮਨੀ ਮਨਿ ਚਿੰਤ ਪੁਰਾਈ[1]।

[1](ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਜਿਨ੍ਹਾਂ ਦਾ) ਪ੍ਰਤਾਪ ਸੂਰਜ (ਵਾਂਗ) ਹੈ, ਚੰਦ੍ਰਮਾਂ (ਵਾਂਗ) ਠੰਢੇ ਹਨ, ਚਿੰਤਾਮਣੀ (ਵਾਂਗ) ਮਨ ਦੀਆਂ ਚਿਤਵਣੀਆਂ (ਇੱਛਾਵਾਂ) ਪੂਰੀਆਂ ਕਰਨ ਵਾਲੇ ਹਨ।

ਕੰਜ ਅਲੇਪ ਅਛੇਪ ਅਕਾਸ਼,
ਅਡੋਲ ਸੁਮੇਰੁ ਅਭੈ ਮ੍ਰਿਗਰਾਈ[1]।

[1]ਕੰਵਲ (ਵਾਂਗ) ਨਿਰਲੇਪ, ਅਕਾਸ਼ (ਵਾਂਗ) ਨਿਰਖੋਭ, ਸੁਮੇਰ (ਪਰਬਤ ਵਾਂਗ) ਅਡੋਲ ਤੇ ਸ਼ੇਰ ਵਾਂਗ ਨਿਰਭੈ ਹਨ।

ਪਾਵਨ ਗੰਗ ਅਨੰਗ ਸੁਹਾਵਨ;
ਭਾਵਨ, ਪੌਨ ਅਬੰਧ ਰਹਾਈ[1]।

[1]ਗੰਗਾ (ਵਾਂਗ) ਪਵਿੱਤ੍ਰ, ਕਾਮਦੇਵ (ਵਾਂਗ) ਸੁੰਦਰ ਤੇ ਚੰਗੇ ਲੱਗਣ ਵਾਲੇ ਹਵਾ ਵਾਂਗ ਬੰਧਨਾਂ ਤੋਂ ਅਜ਼ਾਦ ਰਹਿਣ ਵਾਲੇ ਹਨ।

ਸਿੰਧੁ ਗੰਭੀਰ ਸਧੀਰ ਧਰਾ,
ਗੁਰ ਖਸ਼ਮ ਕੋ ਅਭਿਬੰਦ ਕਰਾਈ[1] ॥ ੧ ॥

[1]ਸਮੁੰਦਰ (ਵਾਂਗ) ਡੂੰਘੇ ਤੇ ਧਰਤੀ (ਵਾਂਗ) ਧੀਰਜੀ ਛੇਵੇਂ ਗੁਰਾਂ ਨੂੰ (ਮੈਂ) ਹਿਰਦੇ ਕਰ ਕੇ ਬੰਦਨਾਂ ਕਰਦਾ ਹਾਂ।

ਦੋਹਰਾ:

ਬਪੁ ਅਨੰਤ[1] ਨਾਨਕ ਗੁਰੂ,
ਤਾਰਨ ਹਿਤ ਜਲ ਜਾਲ[1]।
ਲੈਂਹ ਉਦਾਸੀ ਤੀਸਰੀ,
ਉੱਤ੍ਰ ਦਿਸ਼ਾ ਬਿਸਾਲ ॥ ੨ ॥
ਸੋ ਗਾਥਾ ਬਰਨਨ ਕਰੋਂ,
ਮਾਥਾ ਗੁਰਿ ਪਦ ਟੇਕ।
ਸੁਨੋ ਸ੍ਰੋਤਾ ਸੁਮਤਿ ਮਤਿ,
ਦਾਨ ਵਿਚਾਰ ਬਿਬੇਕ[1] ॥ ੩ ॥

[1]ਪ੍ਰਮੇਸ਼ਰ ਸਰੂਪ।
[1]ਸਾਰੇ ਲੋਕਾਂ ਨੂੰ।
[1](ਇਹ ਕਥਾ) ਵਿਚਾਰ ਤੇ ਗਿਆਨ ਦੇਣ ਵਾਲੀ ਹੈ।

ਮਨਹਰੀ ਛੰਦ:

ਗੁਰ ਚਾਹਜੋ ਚਲਨਾ, ਸੁਨਿ ਨਰ ਲਲਨਾ[1],
ਪੁਰ ਸੁਲਤਾਨ ਬਿਸ਼ੰਦੇ[1]।
ਮੁਖਿ ਮਨ ਕੁਮਲਾਏ, ਬਸ ਨ ਬਸਾਏ[1],
ਰਾਖਜੋ ਚਹੈਂ ਮੁਕੰਦੇ।
ਬਾਲਾ ਮਰਦਾਨਾ, ਲੈ ਸੰਗਾਨਾ,
ਮਿਲ ਨਿਜ ਭਗਨੀ ਤਾਏ[1]।

[1]ਇਸਤ੍ਰੀਆਂ।
[1]ਵਾਸੀ।
[1]ਵਾਹ ਨਹੀਂ ਚੱਲਦੀ।
[1]ਆਪਣੀ ਭੈਣ (ਨਾਨਕੀ ਜੀ) ਨੂੰ।

ਗੁਰ ਕਰਿ ਪੈਯਾਨੇ[1], ਲਖਿ ਦਰਯਾਨੇ[2],
ਕੀਰਤ ਪੁਰ ਢਿਗ ਆਏ ॥ ੪ ॥
ਮਿਲਿ ਬੁੱਢਣ ਸ਼ਾਹੈ, ਸਾਥ ਉਮਾਹੈ,
ਚਰਚਾ ਕਰਿ ਸੁਖ ਦੀਏ।
ਪੁਨ ਪੇਖ ਪੰਜੌਰੈ[1], ਤੀਰਥ ਧੌਰੈਂ[2],

[1]ਚੱਲ ਕੇ। [2](ਸਤਲੁਜ) ਦਰਿਆ ਲੰਘ ਕੇ।

[1]ਕੰਡਾਘਾਟ ਤਹਿਸੀਲ ਵਿੱਚ, ਕਾਲਕਾ ਦੇ ਨੇੜੇ ਇਕ ਪਿੰਡ। [2](ਤੇ) 'ਧਾਰਾ' ਨਾਮ ਦਾ ਤੀਰਥ।

ਜੋਹੜ ਸਰ ਥਿਰ ਥੀਏ[1]।

[1]ਟਿਕ ਗਏ।

ਤਹਿਂ ਤੈ ਇਕ ਰਾਖਸ, ਦੁਖਦ ਮਹਾਂ ਕਸ[1],
ਲੋਗਨਿ ਕਹੇ ਨਿਕਾਰਾ।
ਫਿਰਿ ਚਲਿ ਗਿਰ ਊਚੈ, ਥਿਰਿ ਗੁਰ ਸੂਚੇ,
ਪੇਖੇ ਲੋਗ ਹਜਾਰਾਂ ॥ ५ ॥
ਵਹਿ ਥੇ ਬਿਨ ਪਾਨੀ, ਦੁਖੀ ਮਹਾਨੀ,
ਚਸ਼ਮਾਂ[1] ਗੁਰੂ ਨਿਕਾਰਾ।
ਅਬਿ ਸੋ[1] ਸਰ ਮਾਂਹੀ[2], ਨਾਮ ਤਹਾਂ ਹੀ,
ਹੈ ਗੁਰ ਕੇਰ[1] ਉਦਾਰਾ।
ਤਹਿਂ ਤੈ ਹਰਿਦੁਆਰੇ, ਗੰਗ ਕਿਨਾਰੇ,
ਗਏ ਜਬੈ ਅਘਹਾਰੀ[1]।
ਗੁਰੁ ਸ਼ਬਦ ਉਚਾਰਾ, ਲੋਗ ਹਜਾਰਾਂ,
ਆਏ ਸੁਨਿ ਮੁਦ ਧਾਰੀ ॥ ६ ॥
ਕਰ ਕੈ ਬਹੁ ਚਰਚਾ, ਪਾਯੋ ਪਰਚਾ[1],
ਭਏ ਸਿੱਖ ਸਤਿਨਾਮੀ।
ਪੁਨ ਬਹੁ ਬੈਰਾਗੀ, ਪੇਖੇ ਆਗੀ[1],
ਆਗੀ ਤਪਤਿ ਸਕਾਮੀ[1] ॥ ੭ ॥

[1]ਚਸ਼ਮਾ ਦਾ ਸੋਮਾ।

[1]ਉਹ (ਸੋਮਾ)। [2]ਸਰੋਵਰ ਵਿੱਚ।

[1]ਗੁਰਾਂ ਦੇ ਨਾਮ ਦਾ।

[1]ਪਾਪ ਨਾਸ਼ਕ (ਗੁਰੂ ਜੀ)।

[1]ਕਰਾਮਾਤ ਦਾ ਚਮਤਕਾਰ ਦੇਖਿਆ।

[1]ਅੱਗੇ (ਜਾ ਕੇ)।

[1]ਅੱਗ ਤਾਪਦੇ ਹਨ ਕਾਮਨਾ ਸਹਿਤ।

ਕਬਿੱਤ:

ਕਾਹੂੰ ਚਾਰ ਆਠ ਧੂਨੀ, ਖੋੜਸ ਤੈ ਦੂਨੀ ਕਹੂੰ[1],
ਕਾਹੂੰ ਸਠ, ਅਠਸਠ[1] ਕੋ ਚੁਰਾਸੀ ਤਾਵਹੀ।
ਕੋਊ ਮੂੰਡ ਪਟਕਤਿ[1], ਲਟਕਤਿ ਊਧੇ ਮੁਖ[2],
ਭੁਜ ਸੁਸਕਤ[1] ਕੋ ਖੜੇ ਸ੍ਰੀ[2] ਕਹਾਵਹੀ।
ਕਾਹੂੰ ਕੀਲ[1] ਕੰਕਰੀ ਪੈ[2] ਰਾਖਜੋ ਨਿਜ ਡੀਲ[3] ਧਰਿ,

[1]ਕਿਤੇ ਸੋਲਾਂ ਤੋਂ ਦੁਗਣੀਆਂ (ਭਾਵ ਬੱਤੀ ਧੂਣੀਆਂ ਹਨ)।

[1]ਅਠਾਹਠ (੬੮)।

[1]ਸਿਰ (ਧਰਤੀ ਤੇ) ਮਾਰਦਾ ਹੈ। [2]ਮੂਧੇ ਮੂੰਹ।

[1]ਬਾਂਹ ਸੁਕਾਉਂਦੇ ਹਨ। [2]ਉਹ ਤਪਸੀ ਜੋ ਰਾਤ ਦਿਨ ਖੜਾ ਹੀ ਰਹੇ, ਬੈਠੇ ਤੇ ਲੇਟੇ ਨਾ।

[1]ਕਿਲਾਂ। [2]ਰੋੜਾਂ ਉੱਪਰ। [3]ਸਰੀਰ।

ਆਸਨ ਕਪਾਲੀ[1] ਆਦਿ ਕਰਿ ਕੋ ਦਿਖਾਵਹੀ।

[1]ਜਿਸ ਆਸਨ ਵਿੱਚ ਸਿਰ ਦਾ ਤਾਲੂ ਜ਼ਮੀਨੇ 'ਤੇ ਅਤੇ ਟੰਗਾਂ ਆਕਾਸ਼ ਵੱਲ ਕਰੀਦੀਆਂ ਹਨ।

ਕੋਊ ਲੇਤ ਜਲ ਧਾਰ, ਕੋਊ ਬੈਠੋ ਬੀਚ ਬਾਰ[1],
ਕੋਊ ਨਿਰਾਧਾਰ[1] ਫਲੋਹਾਰ[2] ਕੋ ਕਰਾਵਹੀ ॥ ੮ ॥

[1]ਪਾਣੀ ਵਿੱਚ।
[1]ਭੁੱਖਾ। [2]ਫਲ ਦਾ ਭੋਜਨ।

ਗੁਰੂ ਕਾ ਅਸ਼ਾਰਾ[1] ਪਾਇ, ਮਰਦਾਨੇ ਢਿਗ ਜਾਇ,
ਮਾਂਗੀ ਆਗ ਜਬਿ ਤਬਿ ਆਗ ਤਿਨ ਕੋ ਲਗੀ।
ਹਮਰੀ ਰਸੋਈ ਸ੍ਰਿਸ਼ਟ ਪਰ ਪਰੀ ਤੇਰੀ ਦ੍ਰਿਸ਼ਟਿ[1],
ਏ ਤੋ ਭਈ ਭ੍ਰਿਸ਼ੱਟ ਨਿਸ਼ਟ ਕੈਹੈਂ ਤੋਹਿ ਨ ਭਗੀਂ[1]।

[1]ਇਸ਼ਾਰਾ।
[1]ਨਿਗਾਹ।
[1]ਨਿਸਚੇ ਨਾਲ ਕਹਿੰਦੇ ਹਾਂ। (ਹੁਣ) ਤੂੰ ਭੱਜ ਕੇ ਨ ਜਾਈਂ (ਭਾਵ ਤੈਨੂੰ ਹੁਣ ਜ਼ਰੂਰ ਮਾਰ ਦਿਆਂਗੇ)।

ਆਏ ਮਾਰ ਮਾਰ ਗਾਰ ਦੇਤਿ ਬੇ ਸ਼ੁਮਾਰ ਭਾਰ[1],
ਦੌਰਿ ਮਰਦਾਨਾ ਲਪਟਾਨਾ[1] ਗੁਰ ਕੇ ਪਗੀਂ[2]।
ਧੀਰਜ ਧਰਾਇ ਗੁਰ ਸ਼ਬਦ ਸੁਨਾਇ ਤਿਨੈ,
ਕਹਜੋ ਚੌਂਕੇ ਥਾਰੇ[1] ਮੈਂ ਚੰਡਾਲਿ ਚੌਕਰੀ ਖਰੀ[2]
॥ ੯ ॥

[1]ਅਣਗਿਣਤ ਤੇ ਬਹੁਤੀਆਂ।
[1]ਚਿੰਬੜ ਗਿਆ। [2]ਚਰਨੀ।
[1]ਤੁਹਾਡੇ। [2]ਚਾਰ ਚੰਡਾਲਣੀਆਂ ਖੜੀਆਂ ਹਨ।

ਤਥਾ ਹੀ ਸ੍ਰੀ ਮੁਖ ਵਾਕ੍ਯ

ਕੁਬੁਧਿ ਡੂੰਮਣੀ[1] ਕੁਦਾਇਆ[2] ਕਸਾਇਣਿ,
ਪਰ[1] ਨਿੰਦਾ ਘਟ ਚੂਹੜੀ, ਮੁਠੀ[2] ਕ੍ਰੋਧਿ[3] ਚੰਡਾਲਿ[11] ॥
ਕਾਰੀ[1] ਕਢੀ ਕਿਆ ਥੀਐ ਜਾ ਚਾਰੇ ਬੈਠੀਆ ਨਾਲਿ ॥
{ਵਾਰ ਸ੍ਰੀਰਾਗ, ਸਲੋਕ ੨੦, ਪੰਨਾ ੯੧}

[1]ਮਿਰਾਸਣ। [2]ਕਰੂਰਤਾ, ਬੇਤਰਸੀ।
[1]ਪਰਾਈ। [2](ਸ਼ਾਂਤੀ ਨੂੰ) ਲੁੱਟਣ ਵਾਲੀ। [3]ਕ੍ਰੋਧ ਬ੍ਰਿਤੀ (ਅ) ਕ੍ਰੋਧ ਦੀ ਇਸਤ੍ਰੀ, ਹਿੰਸਾ। [11]ਚੰਡਾਲੀ ਹੈ।
[1]ਕਾਰਾਂ, ਲਕੀਰਾਂ।

ਚੌਪਈ:

ਇਤਜਾਦਿਕ ਬਹੁ ਸ਼ਬਦ ਸੁਨੈ ਕੈ।
ਭਏ ਸੁੱਧ ਉਰ[1] ਗੁਰੁ ਪਗ ਪੈ ਕੇ।
ਗਹਿ ਉਪਦੇਸ਼ ਨਾਮੁ ਸਤਿ ਲਾਗੇ।
ਕਰਮ ਭੇਦ ਭ੍ਰਮ ਖੇਦ[1] ਤਜਾਗੇ ॥ ੧੦ ॥

[1]ਹਿਰਦੇ।
[1]ਕਸ਼ਟ।

ਪੁਨ ਤਪ ਤਾਪਨ ਪਰ ਗੁਰ ਕਹਾ।
ਅਤਿ ਉੱਤਮ ਨਰ ਤਨ ਤੁਮ ਲਹਾ।
ਜਾਂਹਿ ਸੁਰਾਸੁਰ[1] ਬਾਂਛਤਿ ਸਾਰੇ।
ਇਸ ਬਿਨ ਮਿਲੇ ਨ ਮੋਖ ਉਦਾਰੇ ॥ ੧੧ ॥

[1]ਦੇਵਤੇ ਤੇ ਦੈਂਤ।

ਤਾਵਨ[1] ਯਾਂਹਿ ਅਗਜਾਨੀ ਕਰਿ ਹੈਂ।

[1](ਦੇਹ ਨੂੰ) ਤਪਾਉਣਾ।

ਬਰਮੀ ਪੀਟੇ[1] ਸਾਂਪ[2] ਨ ਮਰ ਹੈ।
[1](ਦੇਹ ਰੂਪ) ਸੱਪ ਦੀ ਖੁੱਡ ਨੂੰ ਕੁੱਟਿਆਂ। [2](ਮਨ ਰੂਪ) ਸੱਪ।

ਨਰ ਨਾਰਾਯਣ ਦੇਹੀ[1] ਪਾਏ।
[1]ਨਾਰਾਇਣ ਦੀ ਪ੍ਰਾਪਤੀ ਕਰਾਉਣ ਵਾਲੀ ਮਨੁੱਖਾ ਦੇਹ।

ਦੇਵਨ ਦੁਖ ਯਹ ਪਾਪ ਮਹਾਏ[1] ॥ ੧੨ ॥
[1]ਬਹੁਤਾ।

ਚਹੀਏ ਸਤਿ ਸੰਗਤਿ ਨਿਤ ਕਰਕੈ।
ਕਾਮ ਕੋਹ[1] ਮਦ[2] ਮਤਸਰ[3] ਹਰ ਕੈ[11]।
[1]ਕ੍ਰੋਧ। [2]ਹੰਕਾਰ। [3]ਈਰਖਾ। [11]ਨਾਸ ਕਰਕੇ।

ਨਾਮ ਜਪੋ ਹਰਿ ਭਗਤੀ ਗਜਾਨਾ।
ਗੁਰ ਪੂਰੇ ਤੇ ਗਹੋ ਮਹਾਨਾ ॥ ੧੩ ॥
ਪੁਨ ਤੁਮ ਕਰਤਿ ਰਸੋਈ ਜੋਈ।
ਮਾਨਹਿ ਤਾਂਹਿ ਪਵਿਤ੍ਰ ਹੋਈ।
ਫਿਰ ਤੁਮ ਮੈਲੇ ਥੈਲੇ[1] ਮਾਂਹੀ।
[1]ਸ਼ਰੀਰ ਰੂਪ।

ਪਾਵਤਿ, ਕਯੋਂ ਸ਼ਰਮਾਵਤਿ ਨਾਹੀ ॥ ੧੪ ॥
ਤਾਂ ਤੇ ਤੁਮ ਯਹਿ ਸਾਚੀ ਜਾਨੋ।
ਕ੍ਰਮ ਕ੍ਰਿਯਾ ਸਬਿ ਭ੍ਰਮ ਮਹਾਨੋ।
ਲੋਗ ਰਿਝਾਵਨ ਹਿਤ ਸਬ ਕਰਹੀਂ।
ਮਾਨ ਪਤਿਸ਼ਟਾ[1] ਫਲ ਤਿੰਹ ਧਰਹੀਂ[2] ॥ ੧੫ ॥
[1]ਸਤਿਕਾਰ ਤੇ ਪੂਜਾ। [2]ਪਾਉਂਦੇ ਹਨ।

ਲੋਗ ਦਿਖਾਵਾ ਜਿਨਿ ਕੁਛ ਕੀਨਾ।
ਆਗੇ ਫਲ ਤਿਹਿਂ ਮਿਲੈਰਤੀ ਨਾ।
ਊਰਧ ਝੂਲਨ ਪਦ ਚਮਗਾਦਰ[1]।
[1]ਪੁੱਠੇ ਲਟਕਣਾ ਚਮਗਿੱਦੜ ਦੀ ਪਦਵੀ ਪਾ ਲੈਂਦਾ ਹੈ।

ਪੈਸਨ ਜਲ ਮੈ ਮਛਲੀ ਦਾਦਰ[1] ॥ ੧੬ ॥
[1]ਜਲ ਵਿੱਚ {ਪੈਸਨ} ਪੈਣ ਨਾਲ ਭਾਵ ਇਸ਼ਨਾਨ ਕਰਨ ਨਾਲ ਮੱਛੀ ਤੇ ਡੱਡੂ (ਬਣੀਦਾ ਹੈ)।

ਲਹਿਂ ਖੜੇ ਸ੍ਰੀ ਤਰੁ ਕੀ ਜੋਨੀ[1]।
[1]ਸਦਾ ਖੜੇ ਰਹਿਣ ਵਾਲੇ ਦਰੱਖਤ ਦੀ ਜੂਨ ਲੈਂਦੇ ਹਨ।

ਭੁਜਾ ਸੁਕਾਵਨ ਖੜ ਸੁਕ ਹੋਨੀ।
ਨਾਂਗੇ ਪਗ ਸਗ[1] ਬੰਦਰ ਹੋਵੈਂ।
[1]ਕੁੱਤੇ।

ਮੁੰਡਤਿ ਗਾਡਰ ਪਦਵੀ ਜੋਵੈਂ[1] ॥ ੧੭ ॥
[1]ਸਿਰ ਮੁੰਨੇ ਭੇਡਾਂ ਦੀ ਪਦਵੀ ਦੇਖਦੇ ਹਨ।

ਦੂਧ ਅਹਾਰੀ[1] ਕੱਟੇ ਬੱਛੇ।
[1]ਦੁੱਧ ਪੀਣੇ।

ਹ੍ਵੈਂ ਸੁਕ[1] ਸਾਰਕ[2] ਜੇ ਫਲ ਭੱਛੇ[3]।
[1]ਤੋਤੇ। [2]ਮੈਨਾ। [3]ਖਾਂਦੇ ਹਨ।

ਖੁਸਰੇ ਜਤੀ, ਜਟਾਂ ਬਟ ਧਾਰੇ[1]।
[1]ਜਟਾਂ ਧਾਰੀ ਬੋਹੜ ਬਣਦੇ ਹਨ।

ਸਾਂਪ ਗੁਫਾ ਸਹਿਂ ਤਾਪ ਭਠਜਾਰੇ[1] ॥ ੧੮ ॥
[1]ਗੁਫਾ 'ਚ ਰਹਿਣ ਵਾਲੇ ਸੱਪ ਤੇ ਤਾਪ ਸਹਾਰਨ ਵਾਲੇ ਭਠਿਆਰੇ।

ਆਂਖ ਮੀਚ ਆਂਧਰ ਪਦ[1] ਪੈ ਹੈਂ।
[1]ਅੰਨ੍ਹੇ ਦੀ ਪਦਵੀ।

ਜੈਸੋ ਕਰੈਂ ਤੈਸ ਪਲ ਲੈ ਹੈਂ।

ਤਾਂ ਤੇ ਲੋਗ ਦਿਖਾਵਨ ਤਜਿ ਕੈ।
ਪੈਹੁ ਬ੍ਰਹਮ ਪਦ ਬ੍ਰਹਮਹਿ ਭਜਿ ਕੈ ॥੧੯॥
ਇਤਜਾਦਿਕ ਬਚ ਗੁਰ ਕੇ ਸੁਨਿ ਕੈ।
ਸਾਚੇ ਸੁਖਦ ਮੁਕਤਿ ਦਾ ਗੁਨਿ ਕੈ।
ਛੋਡਿ ਦੰਭ ਦਿਖਲਾਵਾ ਕਰਮੂ।
ਗੁਰਮਤਿ ਧਰਿ ਉਰਿ ਭਏ ਸੁਕਰਮੂ ॥੨੦॥

*ਦੋਹਰਾ:

*ਅੰਕ ੨੧ ਦੇ ਦੋਹਰੇ ਦੀਆਂ ਦੋਨੋ ਤੁਕਾਂ ਮੂਲ ਵਿੱਚ ਅੱਗੇ ਪਿੱਛੇ ਛਪੀਆਂ ਹੋਈਆਂ ਸਨ ਅਸਾਂ ਇਨ੍ਹਾਂ ਨੂੰ ਦਰੁੱਸਤ ਕਰ ਦਿੱਤਾ ਹੈ।

ਬਰਫ ਹੋਇ ਘਨ ਸੰਗ ਤੈ[1],
ਤਾਂ ਤੈ ਪਾਹਨ ਹੋਇ[1]।
ਨਿਮਕ ਖਾਨ ਮੈ ਜੇ ਪਰੈ[1]
ਪੁਨ ਪਾਨੀ ਹ੍ਵੈ ਸੋਇ ॥੨੧॥

[1](ਪਾਣੀ) ਬੱਦਲ ਦਾ ਸੰਗ ਕਰ ਕੇ ਬਰਫ਼ ਬਣ ਜਾਂਦਾ ਹੈ।
[1]ਤਿਸ ਬਰਫ਼ ਤੋਂ (ਸਖ਼ਤ ਹੋ ਕੇ) ਪੱਥਰ ਹੋ ਜਾਂਦਾ ਹੈ।
[1](ਉਹ ਬਰਫ਼) ਜੇ ਲੂਣ ਦੀ ਖਾਣ 'ਚ ਪੈ ਜਾਵੇ।

ਤਜੋਂ ਕੁਸੰਗ ਪ੍ਰਭਾਵ ਤੈਂ[1],
ਹੋਤ ਬ੍ਰਹਮ ਤੈ ਜੀਵ।
ਖਾਨ ਨਿਮਕ ਗੁਰੁ ਬਚਨ ਮੈ,
ਪਰੈ ਤੁ ਹ੍ਵੈ ਪੁਨ ਪੀਵ[1] ॥੨੨॥

[1]ਅਸਰ ਨਾਲ।
[1]ਪਤੀ ਭਾਵ ਬ੍ਰਹਮ ਰੂਪ।

ਪੂਰਨ ਗੁਰੁ ਗਾਡੀ ਭਰੀ,
ਚੱਕ੍ਰ ਬੈਨ[1] ਚਲਾਇ।
ਲੀਕ ਠੀਕ ਧਰ ਧੀ ਧਸੈ[1],
ਖਾਲੀ ਨਾਹਿ ਧਸਾਇ ॥੨੩॥

[1]ਬਚਨਾਂ ਰੂਪ ਪਹੀਏ।
[1](ਸਿੱਖਾਂ ਦੀ) ਬੁਧੀ ਰੂਪ ਧਰਤੀ ਵਿੱਚ (ਅਸਰ ਹੋਣ ਰੂਪ) ਠੀਕ ਲੀਕ ਧਸਦੀ ਹੈ।

ਯਾ ਬਿਧਿ ਗੁਰ ਬਹੁ ਜਨਨ ਕੀ,
ਕਰਿ ਨੀਕੈ ਕਲਜਾਨ।
ਗਢ ਮੁਕਤੇਸ਼੍ਵਰ ਦੇਖ ਫਿਰਿ,
ਧਸੇ ਪਹਾਰ ਮਹਾਨ ॥੨੪॥
ਪਿਖਜੋ ਕਮਾਊਂ ਗਿਰ[1] ਭਲੇ,
ਨੈਨੀਤਾਲ ਬਿਸਾਲ।
ਗਏ ਪੁਨਾ ਗੋਰਖ ਮਤੇ,
ਨਾਨਕ ਮਤਾ ਜੁ ਹਾਲ[1] ॥੨੫॥

[1]ਇਸ ਪਹਾੜ ਦਾ ਪੁਰਾਣਾ ਨਾਮ 'ਪੰਚ ਕੂਟ' ਹੈ ਤੇ ਸੰਸਕ੍ਰਿਤ ਵਿੱਚ ਇਸ ਨੂੰ 'ਪੂਰਮਾਚਲ' ਕਹਿੰਦੇ ਹਨ।
[1]ਵਰਤਮਾਨ ਸਮੇਂ ਜੋ ਉਸ ਦਾ ਨਾਮ ਨਾਨਕ ਮਤਾ ਹੈ।

ਤ੍ਰਿਭੰਗੀ ਛੰਦ:

ਗੁਰ ਗਰਬ ਪ੍ਰਹਾਰੀ, ਬਾਨਿ ਉਚਾਰੀ,
ਹਿਤ ਉਪਕਾਰੀ, ਸੁਰ ਪਾਏ[1]।
ਸੁਨਿ ਜੋਗੀ ਦੌਰੇ, ਗਰਬ ਗਦੌਰੇ[1],
ਜੀਤਨ ਬੌਰੇ[1], ਤਹਿਂ ਆਏ।
ਗੁਰ ਕੋ ਆਦੈਸੇ[1], ਕਰਿ ਢਿਗ ਬੈਸੇ,
ਗਰਬ ਭਰੈਸੇ, ਬੈਨਰਟੇ[1]।
ਹਮਰੇ ਮਤ ਆਵੋ, ਮੁੰਦ੍ਰਾ ਪਾਵੋ,
ਸਾਧ ਕਹਾਵੋ, ਕਾਨ ਪਟੇ[1] ॥੨੬॥
ਹਠ ਜੋਗ ਕਮਾਵੋ, ਖਾਕ ਰਮਾਵੋ[1]
ਮੂੰਡਿ ਮੁੰਡਾਵੋ[1], ਸਿੱਧ ਬਨੋ।
ਬਡ ਆਦਰ ਪੈ ਹੋ, ਜਗਤ ਚਿਤੈ ਹੋ[1],
ਚੇਲੇ ਕੈਹੋ, ਜਗਤ ਘਨੋ।
ਮਦ[1] ਪਜਾਲਾ ਪੀਵੋ, ਮਗਨ ਰਹੀਵੋ,
ਬਾਂਛਤ ਜੀਵੋ, ਮਿਰਤੁ ਟਰੈ।
ਅਨਹਦ[1] ਖੁਲ ਜੈ ਹੈ, ਸੁਨਿ ਮੁਦ ਪੈ ਹੈ,
ਰਿਧ ਸਿਧ ਰੈਹੈ, ਦ੍ਵਾਰ ਖਰੈ[1] ॥੨੭॥
ਸੁਨਿ ਗੁਰ ਮੁਸਕਾਏ, ਬੈਨ ਅਲਾਏ,
ਉਨੈ ਸੁਨਾਏ, ਐਸ ਭਲੇ।
ਤੁਮ ਝੂਠੇ ਜੋਗੀ, ਮਦ ਰਸ ਭੋਗੀ[1],
ਬ੍ਰਹਮ ਬਿਓਗੀ[1], ਦੰਭ ਦਲੇ[2]।
ਸੂਤਿ ਮੁੰਦ੍ਰਾ ਪਾਵੋ, ਲੋਗ ਦਿਖਾਵੋ,
ਕਾਨ[1] ਛਿਦਾਵੋ, ਤਿਯਨ ਸਮੰ[2]।
ਨਹਿ ਨਾਮ ਜਪਾਨਾ, ਬ੍ਰਹਮ ਪਛਾਨਾ,
ਮਨ ਨ ਥਿਰਾਨਾ, ਸਮੰ ਦਮੰ[1] ॥੨੮॥

ਜਗ ਭੇਖ ਦਿਖਾਓ, ਤਤ੍ਵ[1] ਨ ਪਾਇਓ,
ਠਗਿ ਠਗਿ ਖਾਇਓ, ਤਨ ਪਾਲਿਓ।
ਜਬਿ ਅੰਤ ਮਰੈਹੋ, ਜਮ ਢਿਗ ਜੈਹੋ,
ਮਾਰ ਸੁ ਖੈਹੋ, ਯਹਿ ਘਾਲਿਓ[1]।
ਸੁਨਿ ਤਿਨਿ ਖੁਨਸਾਈ[1], ਸਿਧ[2] ਦਿਖਾਈ,

[1]ਰਾਗ ਦੀ ਸੁਰ 'ਚ ਪਾ ਕੇ।
[1]ਹੰਕਾਰ 'ਚ ਗਲਤਾਨ ਹੋਏ।
[1]ਸ਼ੁਦਾਈ, ਝੱਲੇ।
[1]ਨਮਸਕਾਰ।
[1]ਹੰਕਾਰ ਦੇ ਭਰੇ ਹੋਏ (ਉਨ੍ਹਾਂ) ਬਚਨ ਕਹੇ।
[1]ਕੰਨ ਪਾਟੇ ਭਾਵ ਗੋਰਖ ਦੇ ਚੇਲੇ।
[1]ਸ਼ਰੀਰ 'ਤੇ ਸੁਆਹ ਦਾ ਲੇਪਨ ਕਰੋ।
[1]ਸਿਰ ਮੁਨਾਉ।
[1]ਜਗਤ ਨੂੰ ਆਪਣੇ ਵਲ ਨੂੰ ਖਿੱਚ ਲਵੋਗੇ।
[1]ਸ਼ਰਾਬ ਦਾ।
[1]ਅਨਹਦ ਸ਼ਬਦ।
[1]ਖੜੀਆਂ ਰਹਿਣਗੀਆਂ।
[1]ਸ਼ਰਾਬ ਦਾ ਰਸ ਭੋਗਣ ਵਾਲੇ।
[1]ਬ੍ਰਹਮ ਤੋਂ ਵਿਛੁੜੇ ਹੋਏ। [2]ਪਖੰਡ ਦੇ ਦਲੇ ਹੋਏ।
[1]ਕੰਨਾਂ ਵਿੱਚ। [2]ਇਸਤ੍ਰੀਆਂ ਵਾਂਗ ਕੰਨ ਪੜਵਾਉਂਦੇ ਹੋ।
[1]ਸਮ ਦਮ (ਸਾਧਨਾ ਨਾਲ)। {ਸਮ- ਮਨ ਦਾ ਰੋਕਣਾ। ਦਮ=ਇੰਦ੍ਰੀਆਂ ਦਾ ਰੋਕਣਾ।}
[1]ਸਿਧਾਂਤ, ਅਸਲੀਅਤ।
[1]ਕਮਾਈ ਦਾ ਇਹ (ਫਲ ਮਿਲੇਗਾ)।
[1]ਗੁੱਸਾ ਆਇਆ। [2]ਕਰਾਮਾਤ।

ਸੋਜ[1] ਉਡਾਈ, ਬਹੁ ਅਪਨੀ।
ਕਿਨਿ ਫਰੂਆ[1] ਸੇਲੀ[2], ਸਿੰਛੀ[3] ਠੇਲੀ[11],

[1]ਸਮੱਗ੍ਰੀ।
[1]ਰਾਖ (ਸੁਆਹ) ਇਕੱਠੀ ਕਰਨ ਵਾਲੀ ਫੌਹੜੀ। (ਅ) ਲੱਕੜ ਦਾ ਖੱਪਰ। [2]ਦੇਖੋ ਬਿਸ੍ਰਾਮ ੬ ਦੇ ਅੰਕ ੭ ਦੀ ਪੈਰ ਟਿੱਪਣੀ ੨। [3]ਜੋਗੀਆਂ ਦੀ ਤੁਰੀ ਜੋ ਸਿੰਗ ਦੀ ਹੰਦੀ ਹੈ। [11]ਧੱਕ ਕੇਰੋੜ ਦਿੱਤੀ ਭਾਵ ਉਡਾ ਦਿੱਤੀ।

ਕੁਲਹਿ[1] ਧਕੇਲੀ[2], ਕਿਨਿ ਜਪਨੀ[3] ॥ ੨੯ ॥

[1]ਟੋਪੀ। [2]ਧੱਕ ਦਿੱਤੀ, ਭਾਵ ਉਡਾ ਦਿੱਤੀ। [3]ਕਿਸੇ ਨੇ ਮਾਲਾ।

ਕਿਨਹੂੰ ਮਿਰਗਾਨੀ[1], ਮੁੰਦ੍ਰ ਉਡਾਨੀ,
ਛਟੀ ਭਗਾਨੀ, ਬੈਰਾਗਨਿ।

[1]ਹਰਨ ਦੀ ਖੱਲ।

ਕਿਨਿ ਨਾਦ[1] ਬਗਾਯੋ, ਪੜ੍ਰ[2] ਘੁਕਾਯੋ,
ਡੰਡ[1] ਧਵਾਯੋ, ਕਿਨਿ ਨਾਗਨਿ[2]।

[1]ਵਾਜਾ। [2]ਪਾਤ੍ਰ, ਭਾਂਡਾ।
[1]ਡੰਡਾ। [2]ਸੱਪਣੀ।

ਨਭਿ ਸ਼ੁੰਕਤਿ ਫਿਰਹੀਂ, ਪੰਖਨਿ ਤਰਹੀਂ[1],
ਭਜਾਨਕ ਰਰਹੀਂ[1], ਬੈਨ ਘਨੇ।

[1]ਖੰਭਾਂ ਨਾਲ ਤਰਦੀਆਂ ਭਾਵ ਉਡਦੀਆਂ ਹਨ।
[1]ਬੋਲਦੀਆਂ ਹਨ।

ਪੁਨ ਖੁਦ ਖੁਨਸੈ ਕੈ[1], ਸ਼ਕਤਿ ਦਿਖੈ ਕੈ,
ਸਿੰਘ ਸ੍ਰਪੈ ਕੈ, ਰੂਪ ਬਨੇ ॥ ੩੦ ॥

[1]ਆਪ ਗੁੱਸੇ ਹੋ ਕੇ।

ਗੁਰੁ ਪਿਖੈਂ ਤਮਾਸ਼ੋ, ਬੈਠੇ ਖਾਸੋ[1],
ਜੋਰ ਲਗਾ ਸੋ, ਜਬਿ ਹਾਰੇ।

[1]ਆਪ।

ਤਬਿ ਕੌਸ[1] ਉਡਾਈ, ਛਰੀ ਬਗਾਈ,
ਗਈ ਸੁ ਧਾਈ, ਬਲ ਧਾਰੇ।

[1]ਖੜਾਂਵ।

ਸਿੱਧਨ ਕੀ ਸੋਜਨ[1], ਪਰ ਧਰਿ ਮੌਜਨ[2],
ਮਾਰ ਧਫੌਜਨ[1], ਕਰਿ ਖ੍ਵਾਰੀ।
ਸਬਿ ਮਾਰ ਉਤਾਰੀ, ਧਰ ਪਰ ਡਾਰੀ,
ਗੁਰੂ ਅਗਾਰੀ, ਲਿਆ ਡਾਰੀ ॥ ੩੧ ॥

[1]ਸਮੱਗ੍ਰੀਆਂ। [2]ਉਪਰ ਖ਼ੁਸ਼ੀ ਧਾਰ ਕੇ।
[1]ਧੱਫੇ।

ਪਿਖ ਸਿੱਧ ਲਜਾਏ[1], ਪੇਸ਼ ਨ ਜਾਏ,
ਡਰੇ ਮਹਾਏ, ਬਲ ਹਾਰੇ।
ਕੌਸਨ ਤੈ ਡਰ ਕੈ, ਹਰਿ ਹਰਿ ਕਰਿ ਕੈ,
ਨਰ ਤਨ ਧਰਿ ਕੈ, ਫਿਰ ਸਾਰੇ।
ਗੁਰੁ ਕੈ ਢਿਗ ਆਏ, ਸੀਸ ਨਿਵਾਏ,
ਛਿਮਾ ਕਰਾਏ, ਗੋਨਾਹੇ[1]।

[1]ਸ਼ਰਮਿੰਦੇ ਹੋਏ।
[1]ਆਪਣੇ ਗੁਨਾਹ।

ਜੋ ਥੇ ਨ ਬਿਬਾਦੀ[1], ਭਰਥਰਿ ਆਦੀ,
ਸਿੱਧ ਮ੍ਰਯਾਦੀ, ਇਮ ਪ੍ਰਾਹੇ[1] ॥ ੩੨ ॥

[1]ਝਗੜਾਲੂ।
[1]ਕਹਿੰਦੇ ਹਨ।

ਜੋ ਹੰਸਨ ਸੰਗੇ, ਉਡੈਂ ਕੁਲੰਗੇ[1],

[1]ਚਿੜੇ।

ਖੋਵਹਿਂ ਅੰਗੇ, ਪੰਖਾਹੀਂ[1]। [1]ਅੰਗਾਂ ਨੂੰ ਤੇ ਖੰਭਾਂ ਨੂੰ ਖੁਹਾ ਲੈਂਦੇ ਹਨ।
ਯੱਦਜਪਿ ਹ੍ਵੈ ਮੱਤੇ, ਗਜ ਅਲਵੱਤੇ,
ਕੇਹਰ ਜਿੱਤੇ, ਨਹਿ ਤਾਹੀ[1]। [1]ਭਾਵੇਂ ਨਿੱਡਰ ਹਾਥੀ (ਕਿੰਨੇ ਵੀ) ਮਸਤ ਹੋਣ (ਫਿਰ ਵੀ) ਉਨ੍ਹਾਂ ਤੋਂ ਸ਼ੇਰ ਜਿੱਤੇ ਨਹੀਂ ਜਾ ਸਕਦੇ।

ਗੁਰੁ ਨੀਕਾ ਕੀਨੋ[1], ਮਦ ਹਰ ਦੀਨੋ[2], [1]ਚੰਗਾ ਕੀਤਾ। [2]ਹੰਕਾਰ ਦੂਰ ਕਰ ਦਿੱਤਾ।
ਨਾਥਨ ਪੀਨੋ, ਥੋ ਜੋਈ[1]। [1]ਜੋ ਸਿੱਧਾਂ ਨੂੰ ਬਹੁਤਾ ਸੀ।
ਅਬ ਕਿਰਪਾ ਕੱਈਏ, ਸ਼ਬਦ ਸੁਨੱਈਏ,
ਆਨੰਦ ਦੱਈਏ, ਹਮ ਕੋਈ[1] ॥ ੩੩ ॥ [1]ਸਾਨੂੰ ਭੀ।
ਯਹਿ ਸੁਨਿ ਗੁਰੁ ਗਜਾਨੀ, ਗਿਰਾ ਬਖਾਨੀ,
ਆਨੰਦ ਦਾਨੀ, ਰਾਗ ਸੁਹੀ।
ਜੋ ਨਾਮ ਜਪਾਵਨ, ਭਗਤਿ ਗਹਾਵਨ,
ਗਿਆਨ ਦਿਢਾਵਨ, ਵਾਰ[1] ਉਹੀ[2]। [1]ਵਾਲੀ। [2]ਉਹ (ਬਾਣੀ) ਸੀ।
ਸੁਨਿ ਕੈ ਸੁਖ ਮਾਨਾ, ਸਿਧਨ ਮਹਾਨਾ,
ਪੁਨਾ ਬਖਾਨਾ, ਪਿਖਨ ਹਿਤੈਂ।
ਕੁਛ ਹਮੈ ਖੁਵਾਵੋ, ਇਸ ਹੀ ਥਾਵੋਂ,
ਨਾਹਿ ਮੰਗਾਵੋ, ਔਰ ਕਿਤੈਂ ॥ ੩੪ ॥
ਯਹਿ ਸੁਨਿ ਗੁਰੁ ਪੂਰਨ, ਤਿਨ ਕੋ ਤੂਰਨ[1], [1]ਛੇਤੀ।
ਕਹਜੋ ਜਰੂਰਨ, ਲਿਹੁ ਖਾਯੋ।
ਇਸ ਤਰੁਹਿ[1] ਹਿਲਾਵੋ, ਦੇਰ ਨ ਲਾਵੋ, [1]ਦਰੱਖ਼ਤ ਨੂੰ।
ਗਿਰੈ[1] ਸੁ ਖਾਵੋ, ਮਨ ਭਾਯੋ। [1]ਜੋ ਡਿੱਗੇ।
ਵਹਿ ਥਾ ਤਰੁ ਰੀਠਾ, ਹੋਯੋ ਮੀਠਾ,
ਅਬ ਲੌ ਨੀਠਾ[1] ਅਹੇ ਤਹਾਂ। [1]ਪ੍ਰਤੱਖ (ਪ੍ਰਗਟ)।
ਫਲ ਸੀਰੀ[1] ਆਵਤਿ, ਜਨ ਬਹੁ ਲਜਾਵਤਿ, [1]ਮਿੱਠੇ।
ਸਿਖ ਪਿਖ ਖਾਵਤਿ, ਪੁੰਨ ਮਹਾਂ ॥ ੩੫ ॥
ਸਿਧ ਸੁਨਿ ਬਿਸਮਾਏ, ਡਾਰ[1] ਹਿਲਾਏ, [1]ਟਾਹਣੇ।
ਗਿਰੇ ਸੁ ਖਾਏ, ਫਲ ਤਾਂ ਕੇ।
ਮੀਠੇ ਭੇ ਸਾਰੇ, ਜੈਸ ਛੁਹਾਰੇ,
ਸਿੱਧ ਅਪਾਰੇ, ਛਕਿ ਛਾਕੇ[1]। [1]ਛੱਕ ਕੇਰੱਜ ਗਏ।
ਗੁਰ ਤਈਂ ਨਿਹਾਰੋ, ਸ਼ਕਤੀ ਵਾਰੋ,
ਹਰਿ ਅਵਤਾਰੋ, ਮਨ ਠਾਨਾ[1]। [1]ਮਨ ਵਿੱਚ ਮੰਨ ਲਿਆ।

ਕੀਨੀ ਮਿਤਰਾਈ, ਮਨਿ ਮੁਦ ਪਾਈ,
ਭੇ ਅਨੁਯਾਈ[1], ਸੁਖ ਮਾਨਾ ॥ ੩੬ ॥

[1]ਸੇਵਕ ਹੋ ਗਏ।

ਗੁਰ ਗਯਾਨ ਸੁਨੈ ਕੈ, ਨਾਮ ਦਿਢੈ ਕੈ,
ਭਗਤਿ ਸਿਖੈ ਕੈ, ਗਾਇ ਗੁਨਾ।
ਕੈ ਕੈ[1] ਤਿਨਿ ਰਾਜੀ, ਲੈ ਕੈ ਬਾਜੀ[2],

[1]ਕਰਕੇ। [2]ਜਿੱਤ ਕੇ।

ਚਲਨੇ ਸਾਜੀ[1], ਅਨਤ ਪੁਨਾ[2]।

[1]ਚਲਣ ਦੀ ਕੀਤੀ ਭਾਵ ਚਲੇ ਗਏ। [2]ਫੇਰ ਹੋਰ ਥਾਂ।

ਤਬਿ ਤੈ ਅਲਵੱਤਾ[1], ਨਾਮ ਬਿਦੱਤਾ[2],

[1]ਬਿਨਾ ਸੰਸੇ ਤੋਂ। [2]ਪ੍ਰਗਟ ਹੋਇਆ।

ਨਾਨਕ ਮੱਤਾ, ਉਸੀ ਥਲੈਂ।
ਗੁਰ ਕੀ ਧ੍ਰਮਸਾਲੀ, ਤਹਾਂ ਬਿਸਾਲੀ,
ਅਹੇ ਨਿਹਾਲੀ[1], ਹਮੈ ਭਲੈਂ ॥ ੩੭ ॥

[1]ਦੇਖੀ ਹੈ।

ਮਨਹਰੀ ਛੰਦ:
ਤਹਿਂ ਤੈ ਗੁਰੁ ਚਲ ਕੈ, ਪਿਖ ਬਹੁ ਥਲ ਕੈ[1],

[1]ਥਾਵਾਂ ਨੂੰ।

ਗੰਗਾ ਤਟ ਗਿਰ ਓਰੀ।
ਤਹਿਂ ਪਿਖੇ ਕਪਾਲਕ, ਮਤ ਕੇ ਪਾਲਕ[1],

[1]ਕਪਾਲਕ ਮਤ ਦੇ ਮੋਢੀ। {ਕਪਾਲਕ ਮਤ– ਇਕ ਸ਼ੈਵ ਮਤ ਜੋ ਭਿਖਿਆ ਲਈ ਖੋਪਰੀਰੱਖਦਾ ਹੈ ਤੇ ਸ਼ਰਾਬ ਮਾਸ ਦੀ ਆਮ ਵਰਤੋਂ ਕਰਦਾ ਹੈ।}

ਮੁਰਦੇ ਖਾਤ ਅਘੋਰੀ[1]।

[1]ਦੇਖੋ ਬਿਸ੍ਰਾਮ ੭ ਦੇ ਅੰਕ ੧੩੧ ਦੀ ਪੈਰ ਟਿੱਪਣੀ ੧।

ਸਬਿ ਜਿਨਹਿ ਗਿਲਾਨੀ, ਅਹੇ ਬਿਲਾਨੀ[1],

[1]ਦੂਰ ਕਰ ਦਿੱਤੀ ਹੈ।

ਮਾਸ ਸ੍ਵਾਨ ਲੌ[1] ਖਾਂਹੀਂ।

[1]ਕੁੱਤਿਆਂ ਤੱਕ ਦਾ।

ਕਰ ਨਰਨ ਕਪਾਲਾ[1], ਹਾਡਨ ਮਾਲਾ,

[1]ਹੱਥ 'ਚ ਬੰਦਿਆਂ ਦੀਆਂ ਖੋਪਰੀਆਂ।

ਭਜਾਨਕ ਰੂਪ ਦਿਖਾਹੀਂ ॥ ੩੮ ॥
ਜਨੁ ਦਨੁਜ ਕਰਾਲਾ[1], ਮਲਿਨ ਬਿਸਾਲਾ[2],

[1]ਜਾਣੋ ਡਰਾਉਣੇ ਦੈਂਤ ਹਨ। [2]ਬਹੁਤੇ ਮੈਲੇ।

ਅਤਿ ਦੁਰਗੰਧਿ ਬਿਥਾਰੇ[1]।

[1]ਫੈਲਾਉਂਦੇ ਹਨ।

ਸੰਗ ਲੀਨੇ ਬਾਲਾ[1], ਪੀਵਤ ਪਜਾਲਾ,

[1]ਇਸਤ੍ਰੀਆਂ।

ਮਦਰਾ ਭੰਗ ਅਪਾਰੇ।
ਤਿਨ ਕਾ ਸਰਦਾਰੂ, ਨਾਮ 'ਖੰਗਾਰੂ'
ਥਾ ਉਨ ਮਹਿ ਜੋ ਸਜਾਨਾ।
ਵਹਿ ਗੁਰ ਢਿਗ ਆਯੋ, ਜੋਰ ਜਨਾਯੋ,
ਨਿਜ ਮਤ ਐਸ ਬਖਾਨਾ ॥ ੩੯ ॥
ਦੋਹਰਾ:
ਰਕਤ ਪੁਸ਼ਪ[1] ਮਦ ਮਾਸ ਲੈ,

[1]ਲਾਲ ਫੁੱਲ।

ਚਿਤਾ ਭਸਮ[1] ਤਨਿ ਲਾਇ।
ਜਿਨਿ ਭੈਰਵ ਯੁਤ ਭੈਰਵੀ[1],
ਪੂਜੀ ਨਹਿ ਜਗ ਆਇ ॥ ੪੦ ॥

[1]ਚਿਖਾ ਦੀ ਸੁਆਹ।
[1]ਭੈਰੋਂ ਸਣੇ ਭੈਰੋਂ ਦੀ ਇਸਤ੍ਰੀ।

ਚੌਪਈ:

ਜਬਿ ਲਗ ਰੂਪ ਨ ਏਕ ਲਖੈ ਹੈਂ।
ਮੁਕਤਿ ਭੁਗਤਿ ਸੋ ਕੈਸੇ ਪੈ ਹੈਂ।
ਚਿਤਾ ਭਸਮ ਗੁਲ ਲਾਲ ਧਰੈ ਤਨਿ।
ਆਮਿਖ[1] ਸਬਸੈ ਕਾ ਬਾਂਛੈ ਮਨਿ ॥ ੪੧ ॥

[1]ਮਾਸ।

ਨਾਰੀ ਨਰ ਦੋਨੋ ਇਕ ਜਾਤੀ।
ਨਾਰਿ ਉਦਾਰ[1] ਸਾਰ[2] ਬਖਜਾਤੀ।
ਆਪਨ ਪਰ ਅਰ ਜਾਤਿ ਬਿਜਾਤੀ[1]।

[1]ਦਾਤੀ। [2]ਸ੍ਰੇਸ਼ਟ।
[1]ਆਪਣੀ ਤੇ ਪਰਾਈ ਅਤੇ ਆਪਣੀ ਜ਼ਾਤ ਦੀ ਤੇ ਦੂਜੀ ਜ਼ਾਤ ਦੀ ਇਸਤ੍ਰੀ ਦਾ {ਭੇਦ} ਛੱਡ ਕੇ।

ਛੋਰਿ, ਭੇਟ ਲਹਿ ਮੋਦ ਮਹਾਂਤੀ[1] ॥ ੪੨ ॥

[1]ਮਿਲ ਕੇ ਬਹੁਤ ਅਨੰਦ ਲਵੇ।

ਚਰਮ[1] ਚਰਮ ਕੋ ਯੋਗ[2] ਬਨਜੋ ਹੈ।
ਮੋਦ ਹੇਤੁ[1] ਸਬਿ ਕਾਂਹਿ ਗਨਜੋ ਹੈ।
ਆਮਿਖ ਖਾਇ ਪਾਨ ਮਦ ਕਰੈਂ।
ਪੀਨ ਕੁਚੀ[1] ਕੋ ਭੁਜ ਮੈਂ ਭਰੈਂ[2] ॥ ੪੩ ॥

[1]ਚੰਮ। [2]ਸਬੰਧ, ਮੇਲ।
[1]ਅਨੰਦ ਦਾ ਕਾਰਨ।
[1]ਕਰੜੇ ਅਸਥਨਾਂ ਵਾਲੀ (ਇਸਤ੍ਰੀ)। [2]ਜੱਫੀ ਵਿੱਚ ਲਵੇ।

ਕਾਹੂੰ ਬਿਧਿ ਨਹਿ ਫੁਰੈ ਗਿਲਾਨੀ।
ਯਾਂ ਤੈ ਪਰੈ ਨ ਮੁਕਤਿ ਮਹਾਨੀ।
ਕਰਮ ਧਰਮ ਕਾ ਭ੍ਰਮ ਨਿਵਾਰੈਂ।
ਸਬਸੈ ਕੋ ਇਕ ਬ੍ਰਹਮ ਨਿਹਾਰੈਂ ॥ ੪੪ ॥

ਸਰਤਾ[1] ਜਿਮ ਸਾਗਰ[2] ਮੈ ਜੈ ਹੈ।
ਆਵਤ ਨਹਿ, ਸਾਗਰ ਬਨਿਰੈ ਹੈ।
ਤੈਸੇ ਤਨ ਤਜਿ ਜੀਵ ਨ ਐ ਹੈਂ।
ਬ੍ਰਹਮ ਮਾਹਿ ਮਿਲ ਬ੍ਰਹਮ ਬਨੈ ਹੈਂ ॥ ੪੫ ॥

[1]ਨਦੀ। [2]ਸਮੁੰਦਰ।

ਪਿੰਡ[1] ਦੀਏ ਮ੍ਰਿਤੁ[2] ਤ੍ਰਿਪਤ ਪਿਮਾਨੈ।
ਖਾਵਤਿ ਦਿਜਰਚਿ[1] ਅਧਿਕ ਬਹਾਨੈ।
ਪੁੰਨਜ ਪਾਪ ਦੋਜ਼ਕ ਅਰ ਭਿਸ਼ਤੂ।
ਯਹਿ ਕਲਪਨ ਬਿਨ ਮਾਨ ਸਮਸਤੂ[1] ॥ ੪੬ ॥
ਤਨ ਆਰੋਗ ਭੋਗ ਸੁਖ ਸ੍ਵਰਗੂ।

[1]ਪਿੱਤਰਾਂ ਨਮਿੱਤ ਅਰਪੇ ਹੋਏ ਜੌਂ ਆਦਿ ਦੇ ਆਟੇ ਦੇ ਪਿੰਨੇ। [2]ਮੁਰਦੇ ਨੂੰ।
[1]ਬਣਾ ਕੇ।
[1]ਇਹ ਸਾਰੀ ਕਲਪਣਾ ਮੰਨਣ ਯੋਗ ਨਹੀਂ।

ਰੋਗੀ ਰੰਕ ਨਾਰਕੀ ਵਰਗੂ[1]।
ਸ੍ਵਰਗ ਨਰਕ ਪਰਤੱਖ ਬਿਹਾਈ[1]।
ਹੈ ਪ੍ਰੋਖ ਕਲਪਨ ਮੁਰਖਾਈ[1] ॥ ੪੭ ॥
ਭੌਤਕ ਤਨ ਭੂਤਨ[1] ਮਿਲ ਜੈ ਹੈ।
ਜੀਵ ਜੁਦਾ ਨਹਿ ਕੋਇ ਰਹੈ ਹੈ।
ਯਹਿ ਅਪ੍ਰੋਖ[1] ਗਜਾਨ ਜਿਹ ਹੋਈ।
ਜੀਵਤ ਮੁਕਤਿ ਫਿਰਤਿ ਜਨ ਸੋਈ ॥ ੪੮ ॥
ਔਰ[1] ਦੇਹ ਤਜਿ ਸਬਿ ਲਹਿਂ ਮੁਕਤੀ।
ਸਬਸੈਂ ਉੱਤਮ ਯਹਿ ਮਮ ਯੁਕਤੀ।
ਯਾਮਲਰੁੱਦ੍ਰ[1] ਅਰ ਸ਼ਿਵ ਤੰਤ੍ਰ[2]।

[1]ਨਰਕ ਦੇ ਜੀਵ ਵਰਗਾ ਹੈ।
[1]ਛੱਡ ਕੇ।
[1]ਗੁਪਤ (ਸੁਰਗ ਨਰਕ) ਦੀ ਕਲਪਣਾ ਕਰਨੀ ਮੂਰਖਤਾਈ ਹੈ।
[1]ਪੰਜਾਂ ਤੱਤਾਂ ਦਾ ਸ਼ਰੀਰ ਤੱਤਾਂ ਵਿੱਚ।
[1]ਪ੍ਰਤੱਖ।
[1]ਹੋਰ (ਸਾਰੇ ਲੋਕ ਵੀ)।
[1]ਰੁਦ੍ਰ ਯਾਮਲ। {ਯਾਮਲ-ਤੰਤ੍ਰ-ਸ਼ਾਸਤ੍ਰ, ਜਿਸ ਵਿੱਚ ਸੰਸਾਰ ਦੀਰਚਨਾ, ਨਿੱਤ ਕਰਮ, ਜੋਤਸ਼ ਅਤੇ ਵਰਨ ਤੇ ਜਾਤੀ ਦੇ ਭੇਦਾਂ ਦਾ ਵਰਣਨ ਹੈ, ਸੰਸਕ੍ਰਿਤ ਦੇ ਛੇ ਯਾਮਲ ਹਨ- ੧. ਆਦਿ ਯਾਮਲ। ੨. ਬ੍ਰਹਮ ਯਾਮਲ। ੩. ਵਿਸ਼ਨ ਯਾਮਲ। ੪.ਰੁਦ੍ਰ ਯਾਮਲ। ੫. ਗਣੇਸ਼ ਯਾਮਲ। ੬. ਆਦਿਤਜ ਯਾਮਲ।} [2]ਸ਼ਿਵ ਦਾ ਬਣਾਇਆ ਹੋਇਆ ਤੰਤ੍ਰ ਸ਼ਾਸਤ੍ਰ। {ਤੰਤ੍ਰ ਸ਼ਾਸਤ੍ਰ=ਉਹ ਸ਼ਾਸਤ੍ਰ ਜਿਸ ਵਿੱਚ ਜਾਦੂ ਟੂਣੇ ਅਤੇ ਮੰਤ੍ਰਾਂ ਦੀ ਸ਼ਕਤੀ ਦਾ ਵਰਣਨ ਹੈ ਅਤੇ ਸ਼ਕਤੀ ਦੀ ਉਪਾਸ਼ਨਾ ਪ੍ਰਧਾਨ ਹੈ।}

ਮਮ ਮਤ ਹੈ ਸਬਿ ਤਿਨ ਕੇ ਅੰਤ੍ਰ[1] ॥ ੪੯ ॥
ਯਹਿ ਸੁਨਿ ਪੁਨ ਗੁਰ ਗਿਰਾ ਬਖਾਨੀ।
ਅਹੋ ਕਪਾਲਕ[1] ਅਤਿ ਅਗਜਾਨੀ।

ਤਵ ਮਤ ਭ੍ਰਿਸ਼ਟ ਕਨਿਸ਼ਟ[1] ਗਹੈ ਸੋ।
ਸ੍ਰੁਤਿ ਮਤ ਸ੍ਰਿਸ਼੍ਟਿ ਅਭ੍ਰਿਸ਼੍ਟ ਨ ਚਹੈ ਜੋ[1] ॥ ੫੦ ॥
ਨਿਜ ਨਿਜ ਕਰਮਨ ਕੇ ਅਨੁਸਾਰੈਂ।
ਥੂਲ ਦੇਹ ਤਜਿ ਲਿੰਗ ਸਿਧਾਰੈਂ[1]।
ਪਰ ਤਿਯ ਮਦ ਮਾਸਾਦਿ ਜੁ ਸੇਵੈਂ[1]।
ਨਿੰਦ ਕਰਮ ਕਰਿ ਅਪਜਸ ਲੇਵੈਂ ॥ ੫੧ ॥
ਪ੍ਰੇਤ ਭਾਵ ਤਜਿ, ਉਤਮ ਲੋਕੂ[1]।
ਪਿੰਡ ਦਾਨ ਤੈ ਹੋਤਿ ਬਿਸੋਕੂ[1]।
ਨਰਕ ਸੁਰਗ ਬੇਸ਼ਕ ਪ੍ਰਤੱਖ ਹੈਂ*।

[1]ਇਕ ਸ਼ੈਵ ਮਤ ਜੋ ਭਿਖਿਆ ਲਈ ਖੋਪਰੀ ਰੱਖਦਾ ਅਤੇ ਸ਼ਰਾਬ ਮਾਸ ਦਾ ਸੇਵਨ ਕਰਦਾ ਹੈ।
[1]ਨੀਚ।
[1]ਜੋ ਵੇਦਾਂ ਦੇ ਸ੍ਰੇਸ਼ਟ ਤੇ ਪਵਿੱਤ੍ਰ ਮਤ ਨੂੰ ਨਹੀਂ ਚਾਹੁੰਦਾ।
[1]ਅਸਥੂਲ ਦੇਹ ਛੱਡ ਕੇ ਸੂਖਮ ਸਰੀਰ ਜਾਂਦੇ ਹਨ।
[1]ਵਰਤਦੇ ਹਨ।
[1]ਉੱਤਮ ਲੋਕ ਵਿੱਚ (ਜਾ ਕੇ)।
[1]ਅਨੰਦ, ਸੁਖੀ।
*ਪਿੰਡ ਦਾਨ ਨਾਲ ਸੁਖੀ ਹੋਣਾ ਮੰਨਣਾ ਹਿੰਦੂ ਮਤ ਹੈ, ਗੁਰਮਤਿ ਨਹੀਂ ਹੈ। ਗੁਰੂ ਜੀ ਆਪਣਾ ਮਤ ਅੱਗੇ ਚਲ ਕੇ ਕਹਿੰਦੇ ਹਨ, 'ਮੁਕਤਿ ਭੁਗਤਿ ਲਿਹੁ ਈਸ਼ਰ ਭਜਿ ਕੈ।' ਗੁਰਾਂ ਦਾ ਮਤ ਧਾਰਨ ਕਰਕੇ ਉਹ 'ਜਾਪਕ ਭੇ ਸਤਿਨਾਮੁ ਸੁਭਾਗੇ' ਬਣ ਗਏ। ਐਉਂ

ਹਿੰਦੂ ਮਤ ਅਤੇ ਗੁਰਮਤਿ ਦਾ ਫ਼ਰਕ ਸਮਝ ਲੈਣਾ ਚਾਹੀਦਾ ਹੈ।

ਪੈ ਯਹਿ ਸਬਿ ਕਰਮਨ ਫਲ ਲਖ ਹੈਂ[1] ॥ ੫੨ ॥
[1]ਜਾਣੋ।

ਤਾਰ ਤੰਮ[1] ਕਾ ਕਾਰਨ ਕੋਈ।
[1]ਛੋਟੇ ਵੱਡੇ (ਹੋਣ ਦਾ)।

ਪੂਰਬ ਕ੍ਰਿਤ ਬਿਨ[1] ਔਰ ਨ ਹੋਈ।
[1]ਪੂਰਬਲੇ ਕਰਮਾਂ ਤੋਂ ਬਿਨਾਂ।

ਸਰਬ ਬ੍ਰਹਮ ਪੇਖਨ ਯਹਿ ਗਜਾਨਾ।
ਕਾਰਣ ਮੁਕਤਿ ਠੀਕ ਸ੍ਰੁਤਿ ਮਾਨਾ ॥ ੫੩ ॥
ਪੈ ਤੁਮ ਜੋ ਨਿਜ ਗਜਾਨ ਬਖਾਨਾ।
ਤਾ ਸਮ ਦੂਸਰ ਨਹਿ ਅਗਜਾਨਾ।
ਪ੍ਰੇਤਨ ਮੈ ਬਡ ਭੈਰਵ ਪ੍ਰੇਤੂ।
ਹੈ ਤਿਹ ਮਨਨ ਅਨਰਥਨ[1] ਹੇਤੂ[2] ॥ ੫੪ ॥
[1]ਪਾਪਾਂ ਦਾ। [2]ਕਾਰਨ।

ਤਾ ਕਾ ਸੇਵਨ ਜੋ ਨਰ ਕਰ ਹੈਂ।
ਪ੍ਰੇਤ ਜੋਨ ਵਹਿ ਨਿਸਚੇ ਧਰਿ ਹੈਂ[1]।
[1]ਧਾਰਦੇ ਭਾਵ ਪਾਉਂਦੇ ਹਨ।

ਤਾਂ ਤੇ ਤੁਮੂੰ ਭ੍ਰਿਸ਼ਟ ਮਤ ਤਜਿ ਕੈ।
ਮੁਕਤਿ ਭੁਗਤਿ ਲਿਹੁ ਈਸ੍ਵਰ ਭਜਿ ਕੈ ॥ ੫੫ ॥
ਯਹਿ ਸੁਨਿ ਵਹਿ ਗੁਰੁ ਕੇ ਪਗ ਲਾਗੇ।
ਜਾਪਕ ਭੇ ਸਤਿਨਾਮੁ ਸੁਭਾਗੇ ॥ ੫੬ ॥

ਦੋਹਰਾ:

ਗਏ ਕਪਾਲਕ ਜਬਿ ਚਲੇ,
ਸ੍ਵਗਤਨ[1] ਭਾਖਜੋ ਆਇ।
[1]ਬੋਧੀਆਂ ਨੇ।

ਠੀਕ ਕਪਾਲਕ ਭ੍ਰਿਸ਼ਟ ਮਤ,
ਮਮ ਮਤ ਅਤਿ ਸੁਖਦਾਇ ॥ ੫੭ ॥

ਚੌਪਈ:

ਭੈਰਵਿ ਆਦਿ ਦੇਵ ਨਹਿ ਕੋਈ।
ਜੀਵ ਸੁੱਧ ਸਦ ਹੀ ਸ੍ਰੁਤਿ ਗੋਈ[1]।
[1]ਵੇਦ ਨੇ ਕਿਹਾ ਹੈ।

ਦੇਹ ਤਜੇ ਫਿਰ ਜਨਮ ਨ ਆਵੈਂ।
ਦੁਖ ਸੁਖ ਦੈਵ ਜੋਗ[1] ਬਨ ਜਾਵੈਂ ॥ ੫੮ ॥
[1]ਕਰਮਾਂ ਦੇ ਸਬੰਧ ਕਰਕੇ। (ਅ) ਇਤਫ਼ਾਕ ਨਾਲ, ਅਚਨਚੇਤ।

ਤਾਂ ਤੇ ਬਾਂਛਤਿ ਖਾਵੈਂ ਪੀਵੈਂ।
ਭੋਗੈਂ ਭੋਗ ਨਿਰੋਗ ਰਹੀਵੈਂ।
ਯਹੈ ਮੁਕਤਿ ਮਤ ਮਾਂਹਿ ਹਮਾਰੇ।
ਗੁਰੂ ਕਹਜੋ ਸਿਰਿ ਧਾਕ ਤੁਮਾਰੇ ॥ ੫੯ ॥

ਹੈ ਨਰਕਨ ਕਾਰਣ ਮਤ ਥਾਰੋ।
ਤਾਂ ਤੇ ਤੁਮ ਭੀ ਇਸੈ ਬਿਸਾਰੋ।
ਜੌ ਤੁਮ ਹਲਤ ਪਲਤ ਸੁਖ ਚਾਹੋ।
ਬੇਦ ਬਿਹਤ ਆਚਰਣ ਨਿਬਾਹੋ[1] ॥ ੬੦ ॥

[1]ਵੇਦ (ਦੇ ਦੱਸੇ) ਅਨੁਸਾਰ ਚੰਗਾ ਜੀਵਨ ਬਤੀਤ ਕਰੋ।

ਸੁਗਤ ਕਪਾਲਕ ਤਜਿ ਨਿਜ ਮਤ ਕੋ।
ਚਲੇ ਗੁਰੂ ਤੈ ਪਾਇ ਸੁਮਤਿ ਕੋ।
ਛਿਪਣਕ[1] ਆਇ ਤਬੈ ਤਹਿਂ ਬੋਲਜੋ।
ਨਿਜ ਮਤ ਮੈਲਾ ਥੈਲਾ ਖੋਲਜੋ ॥ ੬੧ ॥

[1]ਬੁੱਧ ਮੱਤ ਦਾ ਸੰਨਿਆਸੀ।

ਤੀਨ ਕਾਲ ਮੈਂ ਸਬਿ ਜਗ ਤਾਈਂ।
ਸਮਾਂ ਰਚਿਤ ਹੈ ਔਰ ਨ ਸਾਂਈਂ[1]।
ਖੇਤੀ ਘਾਸ ਜੀਵ ਹੈਂ ਜੇਤੇ।
ਸਮਾਂ ਪਾਇ ਕਰਿ ਉਪਜੈਂ ਤੇਤੇ ॥ ੬੨ ॥

[1]ਮਾਲਕ (ਕਰਤਾ)।

ਉਤਪਤਿ ਇਸਥਿਤਿ ਪ੍ਰਲੈ ਕਰਿ ਹੈ।
ਕਾਲ ਸਦਾ ਸਬਿ ਕੇ ਸਿਰ ਪਰ ਹੈ।
ਈਸ਼੍ਵਰ ਜੀਵ ਅਧੀਨ ਕਾਲ ਕੇ।
ਹੈਂ ਸੁਰ ਅਸੁਰ ਸੁ ਤਾਹਿਂ ਬਾਲਕੇ ॥ ੬੩ ॥
ਯਹਿ ਸੁਨਿ ਪੁਨ ਬੇਦੀ ਕੁਲ ਕੇਤੂ।
ਦੇਤ ਭਏ ਉੱਤ੍ਰ ਸ੍ਰੁਤਿ ਸੇਤੂ[1]।
ਅਹੇ ਕਾਲ ਕੀ ਗਨਨਾ ਜੋਈ।
ਹੈ ਸੂਰਜ ਤੈ ਮਾਨੋ ਸੋਈ ॥ ੬੪ ॥

[1]ਵੇਦ (ਮਤ) ਅਨੁਸਾਰ।

ਵਿਸੇ[1] ਚਸੇ[2] ਪਲ[3] ਘੜੀ ਪਹਰ ਦਿਨ।

[1]੧ਪ ਨਿਮਖ ਦਾ ਸਮਾਂ। [2]੧ਪ ਵਿਸੇ ਦਾ ਸਮਾਂ। [3]੩ ਚਸੇ ਦਾ ਸਮਾਂ।

ਪੱਖ ਮਾਸ ਰਿਤੁ[1] ਬਰਸ ਧਰੈਂ ਗਿਨ।

[1]ਰੁੱਤ।

ਜਗਤ ਰਚਜੋ ਪ੍ਰਮੇਸ਼੍ਵਰ ਜਬਿ ਹੀ।
ਨਹਿ ਥਿਤ ਵਾਰ ਕਾਲ ਥਾ ਤਬਿ ਹੀ ॥ ੬੫ ॥
ਤਾਂ ਤੇ ਜਾਂ ਕੇ ਕਾਲ ਅਧੀਨਾ।
ਤਾਂ ਕੋ ਭਜਿ ਤਰ ਹੈਂ ਭਵ ਪੀਨਾ[1]।

[1]ਤਕੜਾ ਸੰਸਾਰ (ਸਮੁੰਦਰ)।

ਯਹਿ ਸੁਣਿ ਛਿਪਣਕ ਹ੍ਵੈ ਸ਼ਰਮਿੰਦੇ।
ਗਏ ਬੰਦਿ ਪਦ ਆਨੰਦ ਕੰਦੇ ॥ ੬੬ ॥
ਦੋਹਰਾ:

ਯਾ ਬਿਧਿ ਬਹੁ ਮਤਵਾਰ ਜਨ[1],
ਕਰਿ ਚਰਚਾ ਫਰਿ ਹਾਰ[1]।
ਗਏ ਜਬੈ ਤਬਿ ਗੁਰੁ ਪਿਖਜੋ,
ਛੇਤ੍ਰ ਨੀਮ ਸੁ ਖਾਰ[1] ॥੬੭॥

[1]ਬਹੁਤੇ ਮੱਤਾਂ ਵਾਲੇ ਲੋਕ।
[1]ਹਾਰ ਫੜ ਕੇ ਭਾਵ ਹਾਰ ਖਾ ਕੇ।
[1]ਨੀਮ ਖਾਰ ਛੇਤ੍ਰ, ਯੂ.ਪੀ. ਦੇ ਸੀਤਾ ਪੁਰ ਜ਼ਿਲ੍ਹੇ ਵਿੱਚ ਇਕ ਤੀਰਥ, ਜਿਸ ਦਾ ਅਸਲ ਨਾਮ ਨੈਮਿ ਸ਼ਾਰਣਯ (ਨੈਮਿ ਖਾਰ) ਸੀ।

ਰਿਖੀ ਮੁਨੀ ਜਹਿਂ ਸੂਤ[1] ਤੈ,
ਸੁਨਤੇ ਰਹੇ ਪੁਰਾਨ।
ਅਬਿ ਭੀ ਤਹਿਂ ਠਾਂਰਹਤਿ ਹੈਂ,
ਸਾਧੂ ਅਧਿਕ ਮਹਾਨ ॥੬੮॥

[1]ਬਿਆਸ ਦਾ ਚੇਲਾ, ਜਿਸ ਦਾ ਨਾਮ 'ਲੋਮ ਹਰਖਣ' ਹੈ।

ਮਨਹਰੀ ਛੰਦ:

ਸੁਨਿ ਗੁਰੁ ਕਾ ਆਨਾ, ਰਿਖੀ ਕਿਤਾਨਾ[1],
ਮਿਲਿ ਦਰਸ਼ਨ ਕੋ ਆਏ।
ਕਰਿ ਗੋਸ਼੍ਠਿ ਗਿਆਨਾ, ਮਨ ਮੁਦ ਠਾਨਾ,
ਗੁਰੁ ਰਬਾਬ ਬਜਵਾਏ।
ਤਬ ਸ਼ਬਦ ਉਚਾਰਾ, ਗੁਰੁ ਕਰਤਾਰਾ,
ਜਹਿਂ ਲੌ ਧੁਨਿ ਸੁਨਿ ਪਾਈ।
ਰਿਖਿ ਸਾਧੂ ਜੇਤੇ, ਸੁਨਿ ਕਰਿ ਤੇਤੇ,
ਮਸਤ ਭਏ ਅਧਿਕਾਈ ॥੬੯॥

[1]ਕਿਤਨੇ ਹੀ ਭਾਵ ਬਹੁਤ।

ਸਮ ਜਨਕ ਬਿਦੇਹੀ, ਭਏ ਅਦੇਹੀ[1],
ਸਬਿ ਹੀ ਤਹਿਂ ਬਿਨ ਦੇਰੈਂ।
ਜਿਮ ਘੰਡਾ ਹੇਰੇ, ਕੇ ਮ੍ਰਿਗ ਹੇਰੇ,
ਸੁਨਿ ਕੈ ਸੁਰ ਤਿਨ ਕੇਰੈਂ[1]।

[1]ਦੇਹ ਦੀ ਸੁੱਧ (ਹੋਸ਼) ਤੋਂ ਬਿਨਾਂ।
[1]ਜਿਵੇਂ ਤਿਸ ਘੰਡਾ ਹੇੜੇ ਦੀ ਅਵਾਜ਼ ਸੁਣ ਕੇ ਹਰਣ (ਬੇ ਸੁੱਧ ਹੋਏ) ਦੇਖੀਦੇ ਹਨ।

ਬੰਸੀ ਗਿਰਧਰ ਕੀ[1], ਸੁਧਿ[2] ਤਿਯ ਨਰ ਕੀ,
ਜਿਮ ਮੋਹਤ ਥੀ ਹੋਵਤਿ।
ਤਿਮ ਰਿਖੀ ਭੁਲਾਨੇ, ਅਪਨ ਅਪਾਨੇ[1],
ਇਕ ਟਕ ਗੁਰੁ ਦਿਸ ਜੋਵਤਿ[1] ॥੭੦॥

[1]ਕ੍ਰਿਸ਼ਨ ਦੀ ਬੰਸਰੀ। [2]ਬੁੱਧੀ, ਹੋਸ਼।
[1]ਆਪਣੇ ਆਪ ਨੂੰ।
[1]ਤੱਕਦੇ ਹਨ।

ਗੁਰੁ ਸੁਰ ਥੰਭਾਈ[1], ਸੋਝੀ ਆਈ,
ਰਹੇ ਚਰਨ ਲਪਟਾਈ।
ਮੰਤ੍ਰ ਸਤਿ ਨਾਮੰ, ਦੈ ਸੁਖ ਧਾਮੰ,

[1]ਅਵਾਜ਼ਰੋਕੀ।

ਚਲੇ ਗੁਰੂ ਅਗਵਾਈ।
ਸਰਜੂ ਤਟ ਸੁੱਧਜਾ[1], ਪੁਰੀ ਅਜੁੱਧਜਾ, [1]ਪਵਿੱਤ੍ਰ ਸਰਜੂ (ਨਦੀ) ਦੇ ਕਿਨਾਰੇ।
ਸੂਰਜ ਕੁੰਡ ਨਜੀਕੈਂ।
ਉਤਰੇ ਗੁਰ ਜਾਈ, ਜਨ ਸੁਖਦਾਈ,
ਪੁਰੀ ਨਿਹਾਰੀ ਨੀਕੈਂ ॥ ੭੧ ॥
ਜੋ ਗੁਰੁ ਢਿਗ ਜਾਵੈਂ, ਬਾਂਛਤ ਪਾਵੈਂ,
ਧੂੰਮ ਪਰੀ ਪੁਰਿ ਮਾਂਹੀਂ।
ਸੁਨਿ ਜਰੇ ਬਿਰਾਗੀ, ਚਰਚਾ ਲਾਗੀ,
ਆਏ ਚਲ ਗੁਰੁ ਪਾਹੀਂ।
ਬਹੁ ਬੋਲ ਅਵਿੰਡੇ[1], ਬਹਸ ਬਤਿੰਡੇ[2],
[1]ਅਵੈੜੇ। [2]ਦੇਖੋ ਬਿਸ੍ਰਾਮ ੩ ਦੇ ਅੰਕ ੮੮ ਦੀਆਂ
ਟਿੱਪਣੀਆਂ ੧ ਤੇ ੨।
ਕਰਿ, ਮਦ ਧਰਿ ਯੌਂ ਭਾਖਜੋ।
ਗਲ ਕੰਠੀ ਮਾਲੰ, ਤਿਲਕ ਕਪਾਲੰ[1], [1]ਮੱਥੇ ਤੇ।
ਸਾਲ ਗਰਾਮਨ ਰਾਖਜੋ[1] ॥ ੭੨ ॥ [1]ਸਾਲ ਗ੍ਰਾਮ ਨੂੰ ਰੱਖੋ।
ਮੂਰਤਿ ਰਘੁਨਾਥੈਂ ਜਜ[1] ਹਿਤ ਸਾਥੈਂ, [1]ਪੂਜਾ ਕਰੋ।
ਧਾਮ ਚਾਰ ਪਰਸਾਵੋ[1]। [1]ਚਾਰ ਧਾਮ ਪਰਸੋ ਭਾਵ ਯਾਤ੍ਰਾ ਕਰੋ। {ਚਾਰ ਧਾਮ=੧. ਬਦਰੀ
ਨਾਥ। ੨.ਰਾਮੇਸ੍ਵਰ। ੩. ਦੁਆਰਾਵਤੀ। ੪. ਪ੍ਰਯਾਗ।}

ਤਨ ਛਾਪ[1] ਲਗਾਏ, ਜਮ ਤਜਿ ਜਾਏ, [1]ਛਾਪਾ, ਦਾਗ਼।
ਪਿਖ ਚਿੰਨ੍ਹ ਬਿਸ਼ਨੁ ਸੁਹਾਵੋ।
ਸੁਨਿ ਗੁਰੁ ਮੁਸਕਾਏ, ਕਹਜੋ ਸੁਨਾਏ,
ਤੁਮ ਖੁਦ ਹੀ ਨ ਬਿਰਾਗੀ।
ਸਬਿ ਚਿੰਨ੍ਹ ਤੁਮਾਰੇ, ਲੋਗ ਦਿਖਾਰੇ,
ਪੈਹੋ ਰਾਮ ਨ ਆਗੀ[1] ॥ ੭੩ ॥ [1]ਅੱਗੇ (ਪ੍ਰਲੋਕ ਵਿੱਚ) ਜਾ ਕੇ।
ਜੇ ਦਾਗ ਦਗਾਏ, ਜਮ ਤਜਿ ਜਾਏ,
ਤੌ ਪਸੁ ਸਬੈ ਤਰੈ ਹੈਂ।
ਤੁਮ ਭੇਖਿ ਪਖੰਡੀ, ਅਧਿਕ ਅਫੰਡੀ[1], [1]ਹੰਕਾਰੀ, ਧੋਖੇਬਾਜ਼।
ਠਗਿ ਠਗਿ ਲੋਕਹਿਂ ਖੈਹੈਂ।
ਜਬਿ ਅੰਤ ਮਰੈਹੋ, ਲੇਖਾ ਦੈਹੋ,
ਪਛਤੈਹੋ, ਦੁਖ ਪੈਹੋ।

ਇਨ ਕਰਮਨ ਮਾਹੀਂ, ਮਾਖਨ ਨਾਹੀਂ,
ਕਾਹੇ ਨੀਰ ਮਥੈਹੋ[1] ॥ ੭੪ ॥ [1]ਪਾਣੀ ਰਿੜਕਦੇ ਹੋ।
ਯਹਿ ਮਾਨੁਖ ਚੋਲਾ, ਲਾਲ ਅਮੋਲਾ,
ਕਾਹਿ ਬਿਅਰਥਾ ਖ੍ਵੈਹੋ।
ਬਿਨ ਪਾਨੀ ਪਾਹਨ[1], ਔਰੈ ਨਾਹਨ, [1]ਪੱਥਰ।
ਜਿਸ ਤੀਰਥ ਪਰ ਜੈਹੋ।
ਪੂਜਨ ਜਢ ਮੂਰਤਿ, ਕਰਿ ਹੈਂ ਧੂਰਤਿ[1], [1]ਠੱਗ, ਛਲੀਏ।
ਬਰਜਤਿ ਬੇਦ ਗਜਾਨੀ।
ਵਹਿ ਆਪ ਬੁਡੈਹੈਂ[1], ਤੁਮੈਂ ਤਰੈ ਹੈਂ, [1]ਡੁੱਬ ਜਾਣਗੇ।
ਕੈਸ ਕਹੋ ਅਗਜਾਨੀ ॥ ੭੫ ॥
ਜੋ ਭਗਤੀ ਕਰਿ ਹੈਂ, ਨਾਮ ਉਚਰ ਹੈਂ,
ਏਕੋ ਬ੍ਰਹਮ ਉਪਾਸੈਂ[1]। [1]ਉਪਾਸ਼ਨਾ ਕਰਦੇ ਹਨ।
ਸੇਵੈਂ ਗੁਰੁ ਪੂਰਨ, ਤਰ ਹੈਂ ਤੂਰਨ[1], [1]ਛੇਤੀ।
ਜਾ ਸਚ ਖੰਡ ਨਿਵਾਸੈਂ।
ਗੁਰੁ ਸ਼ਬਦ ਉਚਾਰੇ, ਜੋ ਤਹਿਂ ਭਾਰੇ,
ਤਿਨ ਮੈਂ ਏਕ ਦਿਖੈਹੈਂ।
ਜਾਂ ਤੈ ਤਤ ਗਜਾਨੰ[1], ਹੋਇ ਮਹਾਨੰ, [1]ਸਰੂਪ ਦਾ ਗਿਆਨ।
ਮੁਕਤਿ ਭੁਗਤਿ ਫਲ ਪੈਹੈਂ ॥ ੭੬ ॥
*ਸ੍ਰੀ ਮੁਖ ਵਾਕਜ– *ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ, ਇਸ ਲਈ ਮੁਖ ਵਾਕ ਨਹੀਂ ਹੈ।

ਬੈਰਾਗੀ ਸੋ ਜੋ ਬੈ ਮਹਿਂ[1], ਆਵੈ। [1]ਤਿਆਗ ਬ੍ਰਿਤੀ ਵਿੱਚ।
ਸ਼ਿਵ[1] ਕੈ ਆਗੈ, ਸ਼ਕਤਿ[2] ਨਿਵਾਵੈ। [1]ਆਤਮਾ। [2]ਅਵਿਦਿਆ।
ਸ਼ਿਵ ਸ਼ਕਤੀ ਕੇ[1] ਕਰਮ ਕਰੈ। [1]ਆਤਮਕ–ਸ਼ਕਤੀ ਦੀ ਪ੍ਰਾਪਤੀ ਦੇ।
ਅਜਰ ਬਸਤੁ ਅਗੋਚਰ ਸਹੈ।
ਤਾਮਸ[1] ਤ੍ਰਿਸ਼ਨਾ ਮਮੈ[2] ਤਜਾਗੀ। [1]ਤਮੋਗੁਣ, ਕ੍ਰੋਧ। [2]ਮਮਤਾ, ਮੇਰ।
ਨਾਨਕ ਕਹੈ ਸੋਈ ਬੈਰਾਗੀ।
ਦੋਹਰਾ:
ਯਾ ਬਿਧਿ ਦੈ ਉਪਦੇਸ਼ ਗੁਰੁ,
ਆਗੇ ਚਲੇ ਉਦਾਰ।
ਗੋਰਖ ਪੁਰ ਲਖਨਊ ਲਉ,

ਪੇਖਤਿ ਸ਼ਹਿਰ ਅਪਾਰ ॥ ੭੭ ॥

ਚੌਪਈ:

ਨੈਨੀਤਾਲ ਸੁ ਕੋਹ ਕਮਾਊਂ[1]।
ਫਕਰਨ ਸੋਂ ਪਰਚੇ ਬਹੁ ਥਾਊਂ।
ਜੱਮਲ ਖਾਚੀ ਗਿਰ ਪੁਨ ਹੇਰਾ।
ਮਾਨ ਸਰੋਵਰ ਝੀਲ ਬਧੇਰਾ[1] ॥ ੭੮ ॥

[1]ਦੇਖੋ ਬਿਸ਼੍ਰਾਮ ੧੦ ਦੇ ਅੰਕ ੨੫ ਦੀ ਪੈਰ ਟਿੱਪਣੀ ੧।

[1]ਵੱਡੀ।

ਸੀਕਮ[1] ਮੁਲਕ ਜੁਲਕ ਗਿਰ[2] ਅੰਦਰ।
ਰਜਧਾਨੀ ਤਮਲੌਂਗ[1] ਸੁ ਸੁੰਦਰ।
ਮੁਲਕ ਨਿਪਾਲ ਸਾਲ[1] ਬਹੁ ਪੇਖਾ।
ਖਟਮੰਡੂ ਗ੍ਰਹ ਭੂਪ ਬਿਸੇਖਾ[1] ॥ ੭੯ ॥

[1]ਸਿਕਮ ਮੁਲਕ। [2]ਜੁਲਕ ਨਾਮ ਦਾ ਪਹਾੜ।

[1]ਤਾਮਲੁੰਗ ਸ਼ਹਿਰ।

[1]ਸ਼੍ਰੇਸ਼ਟ, ਸੁੰਦਰ।

[1](ਨਿਪਾਲ ਦੇਸ ਦੀਰਾਜਧਾਨੀ) ਖਟਮੰਡੂ (ਸ਼ਹਿਰ ਵਿੱਚ) ਰਾਜੇ ਦੇ ਘਰ ਬਹੁਤ ਰਹੇ।

ਪਸੁਪਤਿ ਮਹਾਂ ਦੇਵ ਕਾ ਥਾਨੰ।
ਪਿਖ ਤਾਰੇ ਬਹੁ ਲੋਗ ਸੁਜਾਨੰ[1]।
ਦਿਸ ਭੋਟਾਨ ਦਾਨ ਕਲਜਾਨਾ[1]।
ਚਲਿ ਢੋਲਾ ਗਢ ਪੇਖ ਮਹਾਨਾ ॥ ੮੦ ॥

[1]ਚਤੁਰ ਸਤਿਗੁਰਾਂ ਨੇ।

[1]ਭੂਟਾਨ ਦੇਸ ਦੀ ਤਰਫ਼ ਮੁਕਤੀ ਦੇਣ ਵਾਸਤੇ।

ਲਲਤਾ ਪੱਟਨ, ਕੰਚਨ ਚੰਗਾ।
ਤਾਸੀ ਸੂਡਨ[1] ਸ਼ਹਿਰ ਉਤੰਗਾ[2]।
ਤਾਂਹਿ ਦੇਸ ਕੀ ਸੋ ਰਜਧਾਨੀ।
ਹੈ ਤਹਿਂ ਬਹਿ ਇਕ ਨਦੀ ਮਹਾਨੀ ॥ ੮੧ ॥

[1]ਸ਼ਹਿਰਾਂ ਦੇ ਨਾਮ। [2]ਉੱਚਾ ਭਾਵ ਵੱਡਾ।

ਤਾਂਹਿ ਕਿਨਾਰੇ ਥਿਰ ਗੁਰ ਰਾਈ।
ਗਾਯੋ ਸ਼ਬਦ ਸੁਖਦ ਸਬਿ ਤਾਈਂ।
ਜਾਂ ਕੋ ਸੁਨਿ ਜਲਚਰ[1] ਥਲਚਾਰੀ[2]।
ਖੇਚਰ[1] ਭੂਚਰ[2] ਜੀਵ ਅਪਾਰੀ ॥ ੮੨ ॥

[1]ਜਲ ਵਿੱਚ ਰਹਿਣ ਵਾਲੇ ਜੀਵ ਮੱਛ ਆਦਿ। [2]ਖੁਸ਼ਕੀ 'ਚ ਰਹਿਣ ਵਾਲੇ ਜੀਵ ਕੀੜੇ ਆਦਿ।

[1]ਅਕਾਸ਼ 'ਚ ਵਿਚਰਨ ਵਾਲੇ ਜੀਵ ਪੰਛੀ ਆਦਿ। [2]ਧਰਤੀ ਤੇ ਵਿਚਰਨ ਵਾਲੇ ਜੀਵ ਹਰਨ ਆਦਿ।

ਦੌਰਿ ਅਏ ਦਹਿਦਿਸ ਤੈ ਲੱਛੀ[1]।
ਸੁਰ ਨਰ ਦੇਵ ਅਸੁਰ ਪਸੁ ਪੱਛੀ।
ਆਪਨ ਪੌ[1] ਭੂਲਾ ਸਬਿ ਕਾਹੂੰ।
ਛੇਰੀ[1] ਬ੍ਰਿਕ[2] ਸਿੰਘ[3] ਗਨ ਆਹੂੰ[11] ॥ ੮੩ ॥
ਕੁਹੀ[1] ਕਪੋਤ[2] ਮੋਰ ਅਹਿ ਸੰਗਾ[3]।

[1]ਲੱਖਾਂ ਹੀ।

[1]ਆਪਣਾ ਆਪ।

[1]ਬਕਰੀ। [2]ਬਘਿਆੜ। [3]ਸ਼ੇਰ। [11]ਬਹੁਤੇ ਹਰਨ।

[1]ਬਾਜ਼ ਦੀ ਕਿਸਮ ਦੇ ਇਕ ਸ਼ਿਕਾਰੀ ਪੰਛੀ (ਤੋਂ)। [2]ਕਬੂਤਰ। [3]ਸੱਪ ਮੋਰਾਂ ਤੋਂ।

ਮੂਸ ਮਝਾਰੀ[1] ਬਾਜ ਬਿਹੰਗਾ[2]। [1]ਚੂਹਾ ਬਿੱਲੀ ਤੋਂ। [2]ਪੰਛੀ ਬਾਜ਼ ਤੋਂ।
ਕੋਊ ਨਾਂਹਿ ਕਾਂਹਿ ਤੇ ਡਰ ਹੈਂ।
ਹਿੰਸਕ[1] ਨਾਂਹਿ ਕਾਂਹਿ ਕੋ ਹਰ ਹੈਂ[2] ॥ ੮੪ ॥ [1]ਜੀਆਂ ਨੂੰ ਮਾਰਨ ਵਾਲੇ। [2]ਕਿਸੇ ਨੂੰ ਨਹੀਂ ਮਾਰਦੇ।
ਸਮ[1] ਸੁਭਾਵ ਸਬਿ ਕਾਹੂੰ ਹੋਵਾ। [1]ਇੱਕੋ ਜੇਹਾ।
ਗੁਰ ਪ੍ਰਤਾਪ ਸਬਿਹਨ ਬਡ ਜੋਵਾ[1]। [1]ਦੇਖਿਆ।
ਚਿੱਤ੍ਰਤ ਸੇ[1] ਇਕ ਟਕੈ ਨਿਹਾਰੈਂ। [1]ਮੂਰਤੀਆਂ ਵਾਂਗ।
ਸ਼ਬਦਾਂਮ੍ਰਿਤ ਚਾਤ੍ਰਿਕ ਜਿਮ ਧਾਰੈ[1] ॥ ੮੫ ॥ [1]ਸ਼ਬਦਾਂ ਰੂਪ ਅੰਮ੍ਰਿਤ ਪਪੀਹਿਆਂ ਵਾਂਗ ਪੀਂਦੇ ਹਨ।
ਚਕ੍ਰਵਾਕ[1] ਜਿਮ ਪਿਖੈਂ ਦਿਵਾਕਰ[2]। [1]ਚਕਵੇ। [2]ਸੂਰਜ।
ਚਖ[1] ਚਕੋਰ ਗੁਰ ਪਿਖੈਂ ਨਿਸਾਕਰ[2]। [1]ਨੇਤ੍ਰਾਂ ਰੂਪ। [2]ਗੁਰਾਂ ਰੂਪ ਚੰਦ੍ਰਮਾਂ ਨੂੰ।
ਗੁਰੁ ਥੰਭੇ[1] ਜਬਿ ਸ਼ਬਦ ਕਰਨ ਤੈ। [1]ਰੁਕੇ, ਠਹਿਰੇ।
ਗਏ ਹੋਸ਼ ਧਰਿ ਬੰਦਿ[1] ਚਰਨ ਤੈ ॥ ੮੬ ॥ [1]ਨਮਸਕਾਰ ਕਰਕੇ।
ਕੌਤਿਕ ਪਿਖਿ ਨ੍ਰਿਪ ਪਗ ਲਪਟਾਨਾ।
ਨਿਜ ਕਲਜਾਨ ਹੇਤ ਘਿਗਜਾਨਾ[1]। [1]ਲੇਲ੍ਹੜੀਆਂ ਕੱਢਣ ਲੱਗਾ।
ਸਤਿ ਨਾਮੁ ਹਰਿ ਭਗਤੀ ਗਜਾਨਾ।
ਤਾਂ ਕੌ ਦੀਨੋ ਕ੍ਰਿਪਾ ਨਿਧਾਨਾ ॥ ੮੭ ॥
ਔਰ ਲੋਗ ਸਿਖ ਭਏ ਮਹਾਨੇ।
ਲਾਮੇ ਗੁਰੂ[1] ਅਏ ਤਿਸ ਥਾਨੇ। [1]ਬੋਧੀਆਂ ਦੇ ਧਾਰਮਕ ਗੁਰੂ, ਲਾਮਾ ਗ੍ਰਹਸਥੀ ਨਹੀਂ ਹੁੰਦਾ।
ਗੋਸ਼ਟ ਕਰਿ ਗੁਰ ਕੇ ਅਨੁਯਾਈ[1]। [1]ਅਨੁਸਾਰੀ, ਸੇਵਕ।
ਵਹਿ ਭੀ ਭਏ ਮੋਦ ਮਨਿ ਪਾਈ ॥ ੮੮ ॥
ਜੋ ਬਾਨੀ ਗੁਰ ਤਹਾਂ ਉਚਾਰੀ।
ਭੋਟਾਨੀ ਬਾਨੀ ਮੈਂ[1] ਸਾਰੀ। [1]ਭੂਟਾਨ ਦੇਸ਼ ਦੀ ਬੋਲੀ ਵਿੱਚ।
ਜੋ ਉਨਿ ਸਬਿ ਨਿਜ ਢਿਗ ਲਿਖਿ ਰਾਖੀ।
ਅਬਿ ਲੌ ਪਢਿਤਿ ਰਰਤਿ[1] ਅਭਿਲਾਖੀ ॥ ੮੯ ॥ [1]ਉਚਾਰਦੇ ਹਨ।
ਹੁਤੀ ਸ਼ਕਤਿ ਗੁਰ ਸ਼ਬਦ ਮਝਾਰੀ।
ਜੋ ਸੁਨਤਾ ਹੁਨਤਾ[1] ਅਨੁਸਾਰੀ। [1]ਹੋ ਜਾਂਦਾ।
ਤਹਿਂ ਤੇ ਸਤਿਗੁਰ ਚਲੇ ਅਗੇਰੇ।
ਔਲ੍ਹਗ ਬੌਲ੍ਹਗ[1] ਮੰਦਰ ਹੇਰੇ ॥ ੯੦ ॥ [1]ਭੂਟਾਨ ਦੇਸ਼ ਦੇ ਦੋ ਅਵਤਾਰਾਂ ਦੇ ਨਾਮ।
ਮੰਤ੍ਰਨ ਮੈਂ ਹੈਂ ਜਿਨ ਕੇ ਨਾਮੂ।
ਜਾਨਤਿ ਮੰਤ੍ਰੀ[1] ਲੋਗ ਤਮਾਮੂੰ। [1]ਮੰਤ੍ਰ ਪੜ੍ਹਨ ਵਾਲੇ।
ਪੁਨਾ ਹਿਮਾਲੇ ਪਰ ਗੁਰ ਆਏ।

ਹੇਮ ਕੂਟ[1] ਪਰਬਤ ਸੁਖਦਾਏ ॥ ੯੧ ॥
[1]ਹੇਮ ਕੁੰਟ (ਬਰਫ਼ ਦਾ ਪਹਾੜ)।

ਸਾਤ ਸ੍ਰਿੰਗ[1] ਸੋਭਤਿ ਜਹਿ ਚਾਰੂ[2]।
[1]ਸੱਤ ਚੋਟੀਆਂ। [2]ਸੁੰਦਰ।

ਪੰਡੁਰਾਜ[1] ਜਹਿਂ ਕਿਯ ਤਪ ਭਾਰੂ।
[1]ਪਾਂਡਵਾਂ ਦੇ ਪਿਤਾ ਪੰਡੁ ਰਾਜੇ ਨੇ।

ਮਹਾਂ ਕਾਲ ਕਾਲੀ ਕੇ ਮੰਦਰ।
ਤਟ ਤਲਾਵ ਤਹਿਂ ਹੈ ਅਤਿ ਸੁੰਦਰ ॥ ੯੨ ॥
ਜਹਾਂ ਦਸਮ ਗੁਰ ਕੇ ਪਿਤ ਮਾਤੈਂ।
ਪੂਰਬ ਤਪ ਕਰਿ ਬਰ ਲਿਯ ਖਜਾਤੈ[1] ॥ ੯੩ ॥
[1]ਪ੍ਰਗਟ।

ਦੋਹਰਾ:
ਤਹੀਂ ਦਸਮ ਗੁਰ ਤਪ ਕਿਯੋ,
ਪੂਰਬ ਜਨਮ ਮਝਾਰ।
ਆਗਜਾ ਭਈ ਅਕਾਲ ਕੀ,
ਤਹੀਂ ਹੇਤੁ ਅਵਤਾਰ ॥ ੯੪ ॥
ਯਹਿ ਗਾਥਾ ਸਬਿ ਦਸਮ ਗੁਰੁ,
ਆਪਹਿ ਲਿਖੀ ਬਿਸਾਲ।
ਬੀਚ ਬਚਿੱਤ੍ਰ ਨਾਟਕਹਿ,
ਜਾਨਤਿ ਸਿੱਖ ਕਮਾਲ[1] ॥ ੯੫ ॥
[1]ਸਾਰੇ।

ਪੇਖਿ ਬੱਦਰੀ ਨਾਥ ਕੋ,
ਗੰਗੌਤਰਿ ਲੌ ਖਾਸ[1]।
[1]ਆਪ।

ਲਖ ਕਰਿ[1] ਧੌਲੀ ਧਾਰ[2] ਪੁਨ,
[1]ਲੰਘ ਕੇ। [2]ਜ਼ਿਲ੍ਹਾ ਕਾਂਗੜੇ ਵਿੱਚ ਪਹਾੜ ਦੀ ਇਕ ਉੱਚੀ ਧਾਰਾ।

ਪਹੁੰਚੇ ਗਿਰ ਕੈਲਾਸ ॥ ੯੬ ॥
ਚੌਪਈ:
ਸ਼ਿਵਹਿ ਸੁਨਜੋ ਜਬਿ ਗੁਰ ਕਾ ਆਵਨ।
ਪਠਜੋ ਖੜਾਨਨ[1] ਹੇਤ ਲਜਾਵਨ।
[1]ਛੇ ਮੁੱਖਾਂ ਵਾਲਾ, ਸ਼ਿਵ ਦਾ ਪੁੱਤਰ, ਸ਼ਜਾਮ ਕਾਰਤਿਕ।

ਭਗਤ ਸ਼ਿਵਾਂ ਕੇ ਜੋ ਤਿਸ ਥਾਏ।
ਥੇ, ਆਯੋ ਨਿਜ ਸੰਗ ਲਵਾਏ[1] ॥ ੯੭ ॥
[1]ਆਪਣੇ ਨਾਲ ਲੈ ਕੇ।

ਲੈ ਲਵਾਇ ਗੁਰ ਕੋ ਸ਼ਿਵ ਸਦਨਾ[1]।
[1]ਘਰ ਵੱਲ ਨੂੰ।

ਚਲੇ ਭਲੇ ਕਰਿ ਉਤਸ਼ਵ ਭਜਨਾ[1]।
[1]ਭਜਨ ਕਰਦੇ ਹੋਏ।

ਏਕ ਰਦਨ[1] ਸੁਖ ਸਦਨ ਬਦਨ ਗਜ[2]।
[1]ਇਕ ਦੰਦ ਵਾਲਾ, ਗਣੇਸ਼। [2]ਹਾਥੀ ਦੇ ਮੂੰਹ ਵਾਲਾ।

ਕਦਨ[1] ਬਿਘਨ ਆਗੇ ਆਯੋ ਸਜਿ ॥ ੯੮ ॥
[1]ਕੱਟਣ ਵਾਲਾ।

ਨੰਦੀ[1] ਭ੍ਰਿੰਗੀ[2] ਆਦਿ ਅਪਾਰੇ।

[1]ਸ਼ਿਵਾ ਦੀ ਸਵਾਰੀ ਦਾ ਬੈਲ। [2]ਕਾਲਕਾ ਪੁਰਾਣ ਅਨੁਸਾਰ ਸ਼ਿਵਾ ਦਾ ਇਕ ਪ੍ਰਧਾਨ ਗਣ ਅਤੇ ਪੁੱਤਰ।

ਸ਼ਿਵ ਸੈਨਾ ਬਹੁਧਾ ਪ੍ਰਕਾਰੇ।
ਕਾਹੂੰ ਇਕ ਮੁਖ ਦੋ ਦਸ ਕਾਹੂੰ।
ਕੋ ਚਖ ਹੀਨ[1] ਜੰਘ[2] ਸਿਰ ਬਾਹੂੰ[3] ॥ ੯੯ ॥

[1]ਅੱਖਾਂ ਤੋਂ ਬਿਨਾਂ। [2]ਲੱਤਾਂ ਬਿਨ। [3]ਸਿਰ ਤੇ ਬਾਹਾਂ ਬਿਨਾਂ।

ਸਜਾਲ ਸ੍ਵਾਨ ਖਰ ਊਂਟ ਬ੍ਰਿਕ[1] ਮੁਖ।

[1]ਬਘਿਆੜ।

ਅਤਿ ਭਜਾਨਕ ਦਾਨਕ ਆਨਿਕ ਦੁਖ[1]।

[1]ਅਨੇਕਾਂ ਦੁੱਖ ਦੇਣ ਵਾਲੇ।

ਜੋਗਨਿ ਭੂਤ ਪ੍ਰੇਤ ਬੈਤਾਲਾ[1]।

[1]ਸ਼ਿਵਾਂ ਦਾ ਇਕ ਗਣ। (ਅ) ਇਕ ਭੂਤ ਜਾਤੀ।

ਭਜਾਨਕ ਰੂਪ ਬਨੇ ਬਿਕਰਾਲਾ[1] ॥ ੧੦੦ ॥

[1]ਡਰਾਉਣੇ।

ਪਿਖਿ ਮਰਦਾਨਾ ਅਤਿ ਡਰ ਪਾਨਾ।
ਧੀਰਜ ਦੀਨੋ ਗੁਰੂ ਮਹਾਨਾ ॥ ੧੦੧ ॥

ਦੋਹਰਾ:

ਸ਼ਿਵ ਸਮੀਪ ਜਬਿ ਗੁਰ ਗਏ,
ਸਹਿ ਦੇਵੀ ਤ੍ਰਿਪਰਾਰਿ[1]।

[1]ਪਾਰਬਤੀ ਸਣੇ ਸ਼ਿਵ।

ਬਾਘੰਬਰ[1] ਆਸਨ ਦਯੋ,
ਪ੍ਰਸਪਰ[1] ਕਰੀ ਜੁਹਾਰ[2] ॥ ੧੦੨ ॥

[1]ਸ਼ੇਰ ਦੀ ਖੱਲ ਦਾ।

[1]ਆਪਸ ਵਿੱਚ। [2]ਨਮਸਕਾਰ।

ਚੌਪਈ:

ਕਰਿ ਹਰਿ ਚਰਚਾ ਮੋਦ ਬਢਾਯੋ।
ਰਿਖੀ ਸੁਰਨ[1] ਜੈਕਾਰ ਅਲਾਯੋ।

[1]ਦੇਵਤਿਆਂ।

ਭੰਗ ਧਤੂਰਾ ਜ਼ਹਿਰ ਘੁਟਾਈ।
ਪਜਾਲਾ ਸ਼ਿਵ ਦਿਜਾ ਚਹੈਂ ਗੁਰ ਤਾਈਂ ॥ ੧੦੩ ॥
ਗੁਰੂ ਕਹਯੋ ਮੁਹਿ ਨਾਮ ਖੁਮਾਰੀ[1]।

[1]ਮਸਤੀ।

ਚਢੀ ਰਹਤਿ ਨਿਸ ਦਿਨ ਇਕਸਾਰੀ।
ਕੂਰਾ ਅਮਲ ਨ ਯਹਿ ਮੁਹਿ ਭਾਵੈ।
ਕਬੀ ਚਢੈ ਜੋ ਪੁਨ ਉਤਰਾਵੈ ॥ ੧੦੪ ॥
ਪੁਨ ਸ਼ਿਵ ਕਹਯੋ ਸੁਨੋ ਗੁਰ ਗਜਾਨੀ।
ਰਾਵਰ ਬਿਨ ਅਸ ਕਾਜ ਮਹਾਨੀ।
ਕੌਨ ਅਹੇ ਜੋ ਜਾ ਜਗ ਕਰਤੋ।
ਕਲੀ[1] ਕੁਚਾਲ ਕਰਾਲਹਿ[2] ਹਰਤੋ[3] ॥ ੧੦੫ ॥

[1]ਕਲਜੁਗ ਦੀ। [2]ਡਰਾਉਣੀ। [3]ਨਾਸ ਕਰਦਾ।

ਮਨਿ ਮਲੀਨ ਜੀਵਨਿ ਸੁਧ ਕਰਤੋ।

ਹਰਿ ਭਗਤੀ ਜਗਤੀ[1] ਬਿਸਤਰਤੋ[2]।
ਧੰਨਜ ਧੰਨਜ ਪੁਰਖਾਰਥ[1] ਥਾਰਾ।
ਜਿਨ ਬੂਡਤਿ ਸ੍ਰੁਤਿ ਧਰਮ ਉਬਾਰਾ[1] ॥ ੧੦੬ ॥
ਇਸੀ ਭਾਂਤਿ ਪੂਰਬ ਇਕ ਬਾਰਾ।
ਮਤ ਪਖੰਡ ਫੈਲਜੋ ਥਾ ਭਾਰਾ।
ਤਬਿ ਮੈ ਪਾਇ ਹੁਕਮ ਕਰਤਾਰਾ।
ਸ਼ੰਕਰ ਆਚਾਰਯ ਤਨ ਧਾਰਾ ॥ ੧੦੭ ॥
ਜਸ ਤੁਮ ਕਿਯ ਤਸ ਉੱਦਮ ਕਰ ਕੈ।
ਦੇਸ ਬਿਦੇਸ ਬਿਸੇਸਹਿ ਫਿਰ ਕੈ।
ਬਹੁ ਭੂਪਨ ਕੋ ਸੇਵਕ ਕੈ ਕੈ।
ਸ਼ਸਤ੍ਰ ਸ਼ਾਸਤ੍ਰ ਬਲ ਸੌਂ ਜੈ ਕੈ[1] ॥ ੧੦੮ ॥
ਬੈਦਕ ਮਤ ਫਿਰ ਕਾਯਮ ਕੀਨੋ।
ਪੈ ਬੇਦਾਂਤ ਦਿਢਾਯੋ ਪੀਨੋ।
ਜਾਂ ਤੇ ਬਹੁ ਬਧ ਗਜਾਨੀ[1] ਭਏ।
ਕਥੈਂ ਗਜਾਨ ਪਰ ਨਾਹਿ ਕਮਏਂ ॥ ੧੦੯ ॥
ਪਿੰਡੀ[1] ਪੂਜਨ ਥੇ ਜੋ ਲਾਏ।
ਮਮ ਹਾਰਦ[1] ਕੋ ਉਭੈ ਨ ਪਾਏ[2]।

ਜੋ ਮਤ ਅਬਿ ਤੁਮ ਧਰ ਬਿਸਤਾਰਾ।
ਨਾਮ ਭਗਤਿ ਹਰਿ ਧਜਾਨ ਉਦਾਰਾ ॥ ੧੧੦ ॥
ਸਤਿ ਸੰਗਤਿ ਕਰਿ ਸੰਤਨ ਸੇਵਾ।
ਬ੍ਰਹਮ ਗਜਾਨ ਦਿਢ[1] ਗਹਿਨ[2] ਅਭੇਵਾ[3]।
ਯਾਂ ਤੈ ਸਬਿ ਕਾ ਮਨ ਰਹਿ ਨੀਵਾਂ।
ਰਹਿ ਹੈ ਬਨੀ ਸਦਾ ਸ੍ਰੁਤਿ ਸੀਵਾਂ[1] ॥ ੧੧੧ ॥
ਮਤੋ ਤੁਮਾਰ ਧਾਰ ਹੈ ਜੋਈ।
ਸੋ ਜਨ ਜਮ ਪੁਰ ਜਾਇ ਨ ਕੋਈ।
ਯਹਿ ਬਰ ਸੁਨਿ ਗੁਰ ਸ਼ਬਦ ਉਚਾਰਾ।
ਜੋ ਸੁਨਿ ਸ਼ਿਵ ਭਜੋ ਆਨੰਦ ਭਾਰਾ ॥ ੧੧੨ ॥
ਨਾਰਦ ਤੁੰਬਰ[1] ਆਦਿਕ ਜੇਤੇ।

[1]ਜਗਤ ਵਿੱਚ। [2]ਫੈਲਾਉਂਦਾ।

[1]ਉੱਦਮ।

[1]ਡੁਬਦਾ ਹੋਇਆ ਵੇਦ ਧਰਮ (ਆਸਤਕ ਧਰਮ) ਬਚਾ ਲਿਆ।

[1]ਸ਼ਾਸਤ੍ਰਾਂ ਰੂਪ ਸ਼ਸਤ੍ਰਾਂ ਦੇ ਬਲ ਨਾਲ ਫ਼ਤਹ ਕਰਕੇ।

[1]ਕਥਨੀ ਦਾ ਗਿਆਨੀ, ਕਰਣੀ ਰਹਿਤ ਬੁਲਾਰਾ।

[1]ਸੁਆਹ ਦਾ ਗੋਲਾ।

[1]ਸਿਧਾਂ, ਮਨ ਦੇ ਭਾਵ। [2]ਦੋਹਾਂ (ਵੇਦਾਂਤੀ ਤੇ ਗੋਲੇ ਪੂਜਕਾਂ) ਨੇ ਨਹੀਂ ਜਾਣਿਆ।

[1]ਪੱਕਾ। [2]ਗ੍ਰਹਣ ਕਰਨਾ। [3]ਭੇਦਰਹਿਤ, ਇਕਰਸ।

[1]ਵੇਦਾਂ ਦੀ (ਬੱਧੀ ਹੋਈ) ਮਰਯਾਦਾ।

[1]ਇੰਦ੍ਰ ਦੀ ਸਭਾ ਦਾ ਇਕ ਗਵੱਈਆ, ਜੋ ਗੰਧ੍ਰਬ ਜਾਤੀ ਦਾ ਹੈ। ਨਾਰਦ ਦੇ ਗਾਉਣ ਤੋਂ ਰਾਗਰਾਗਣੀਆਂ ਦੇ ਅੰਗ ਭੰਗ ਹੋ ਗਏ ਸਨ ਜੋ ਤੁੰਬਰ ਦੇ ਗਾਉਣ ਤੋਂ ਠੀਕ ਹੋ ਗਏ।

ਥੇ ਤਹਿਂ ਰਹੇ ਚਕਿਤ[1] ਸੁਨਿ ਤੇਤੇ। [1]ਹੈਰਾਨ।
ਯਾ ਬਿਧਿ ਕਰਿ ਗੋਸ਼ਟ ਗੁਰ ਸ਼ਿਵ ਸੋਂ।
ਚਲੇ ਸੁਮੇਰ ਓਰ ਧਰਿ ਲਿਵ ਸੋਂ[1] ॥ ੧੧੩ ॥ [1](ਪ੍ਰਮੇਸ਼ਰ) ਨਾਲ ਲਿਵ ਲਗਾ ਕੇ।

ਦੋਹਰਾ:
ਅੰਗ੍ਰਹਿ, ਪੁਲੇ, ਪੁਲਸਤ, ਭ੍ਰਿਗੁ,
ਬਜਾਸ, ਬਿਸ਼ਸਟ ਰਿਖੀਸ।
ਜ੍ਵਾਲ, ਪਰਾਸਰ, ਬਾਮ ਦੇ,
ਮਗ ਮੈਂ ਮਿਲੇ ਮੁਨੀਸ ॥ ੧੧੪ ॥

ਕਰਿ ਬੰਦਨ ਕੰਦਨ ਅਜ਼ਾ[1], [1]ਕਸ਼ਟਾਂ ਨੂੰ ਕੱਟਣ ਵਾਲੇ (ਸਤਿਗੁਰਾਂ ਨੂੰ)।
ਪ੍ਰਸਪਰ ਮੋਦ ਬਢਾਇ।
ਭਗਤਿ ਗਜਾਨ ਹਰਿ ਨਾਮ ਕੀ,
ਚਰਚਾ ਕਰਿ ਗੁਨ ਗਾਇ ॥ ੧੧੫ ॥

ਚੌਪਈ:
ਆਗੇ ਚਲੇ ਗੁਰੂ ਕਰਤਾਰਾ।
ਹੇਰਤ ਗਿਰ ਬਨ ਭਾਂਤਿ ਅਪਾਰਾ।
ਮਾਰਕੰਡ, ਲੌਮਸ, ਪਰਸਰਾਮੂ।
ਸਨਕਾਦਿਕ ਆਦਿਕ ਗੁਨ ਧਾਮੂ ॥ ੧੧੬ ॥

ਆਪਸ ਮੈ ਕਹਿ ਸੁਨਿ ਗੁਨਿ ਗਾਹਾ[1]। [1](ਵਾਹਿਗੁਰੂ ਦੇ) ਗੁਣਾਂ ਨੂੰ ਵਿਚਾਰਿਆ।
ਮੋਦ[1] ਪ੍ਰਮੋਦ[2] ਬਢਾਇ ਅਥਾਹਾ। [1]ਅਨੰਦ। [2]ਵਿਸ਼ੇਸ਼ ਅਨੰਦ।
ਮਾਰਕੰਡ ਪੁਨ ਐਸ ਬਖਾਨਾ।
ਤਨ ਅਭਿਮਾਨ ਨ ਸਮ ਅਗਜਾਨਾ ॥ ੧੧੭ ॥

ਚਿਰ ਜੀਵਨ ਲਗ ਸੋਊ ਹਮਾਰੇ।
ਹੈ, ਸੋ ਹਰ[1] ਦੇਹੁ ਗਜਾਨ ਉਦਾਰੇ ॥ ੧੧੮ ॥ [1]ਨਾਸ ਕਰਕੇ।

ਦੋਹਰਾ:
ਯਦਜਪਿ ਹਮ ਸਮਰੱਥ ਹੈਂ,
ਗਜਾਤਾ ਤੀਨੋ ਕਾਲ।
ਤਦਜਪਿ ਸਤਿਗੁਰ ਕਾ ਮਿਲਜੋ,
ਦਰਜਾ ਤੁਮੈ ਬਿਸਾਲ ॥ ੧੧੯ ॥

ਚੌਪਈ:
ਈਸ਼ੂਰ ਤੈ ਭੀ ਅਧਿਕ ਮਹਾਨੇ।

ਹੈ ਪਦ ਸਤਿਗੁਰ ਕਾ ਸ੍ਰੁਤਿ ਭਾਨੇ[1]। [1]ਵੇਦ ਕਹਿੰਦਾ ਹੈ।
ਭਏ ਰਿਖੀ ਅਵਤਾਰ ਅਚਾਰਯ[1]। [1]ਧਾਰਮਕ ਆਗੂ।
ਪੀਰ ਪਿਕੰਬਰ ਲਾਖੋਂ ਆਰਯ[1] ॥ ੧੨੦ ॥ [1]ਸ੍ਰੇਸ਼ਟ।
ਪੈ ਦਰਜਾ ਸਤਿਗੁਰ ਕਾ ਕਾਹੂੰ।
ਮਿਲਜੋ ਨ ਅਬਿ ਲੌ ਯਾ ਜਗ ਮਾਹੂੰ।
ਜੋ ਤੁਮ ਕੋ ਦੀਨੋ ਕਰਤਾਰਾ।
ਭਵ ਬੰਧਨ ਛੁਟਕਾਵਨ ਹਾਰਾ ॥ ੧੨੧ ॥
ਤਾਂ ਤੇ ਹਮ ਕੋ ਭੀ ਉਪਦੇਸੂ।
ਦੈ ਕਰਿ ਕਟੋ ਕਲੇਸ਼ ਅਸੇਸੂ[1]। [1]ਸਾਰੇ।
ਯਹਿ ਸੁਨਿ ਪੁਨ ਗੁਰ ਦਿਯ ਸਤਿ ਨਾਮੂ।
ਬ੍ਰਹਮ ਗਜਾਨ ਆਤਮ ਸੁਖ ਧਾਮੂੰ[1] ॥ ੧੨੨ ॥ [1]ਆਤਮਕ ਸੁਖ ਦਾ ਘਰ।
ਨਿਜ ਪਰ ਥਿਰ ਚਰ[1] ਮੈ ਸਮ ਬੁੱਧੀ। [1]ਆਪਣੇ ਤੇ ਪਰਾਏ ਅਤੇ ਜੜ੍ਹ ਤੇ ਜੰਗਮ।
ਦੈ ਦੀਖਜਾ[1] ਤਿਨ ਕੋ ਗੁਰਿ ਸੁਧੀ[2]। [1]ਸਿਖਿਆ। [2]ਪਵਿੱਤ੍ਰ (ਕਰ ਦਿੱਤਾ)।
ਆਗੇ ਪੁਨ ਸੁਮੇਰ ਪਰ ਗਏ।
ਗੋਰਖ ਆਦਿਕ ਸਿੱਧ ਮਿਲਏ ॥ ੧੨੩ ॥
ਮੰਗਲ, ਗੋਪੀ, ਭਰਥਰਿ ਨਾਥੈਂ।
ਭੰਗਰ, ਝੰਗਰ, ਘੁਗੂ, ਸਾਥੈਂ।
ਸਭਿ ਨੈ ਚਰਚਾ ਨਜਾਰੀ ਨਜਾਰੀ।
ਕਰ ਕੈ, ਆਖਰ ਬਾਜੀ ਹਾਰੀ ॥ ੧੨੪ ॥
ਪੁਨ ਗੋਰਖ ਬੋਲਜੋ ਸੁਨਿ ਬਾਲੇ[1]। [1]ਹੇ ਬਾਲਕ ਭਾਵ ਹੇ ਗੁਰੂ ਨਾਨਕ।
ਆਗੇ ਜਾਵਤਿ ਕਹਾਂ ਉਤਾਲੇ[1]। [1]ਛੇਤੀ।
ਮਲ ਮੂਤ੍ਰ ਕੀ ਦੇਹ ਤੁਮਾਰੀ।
ਮਾਰ ਖਾਇ ਹੋ ਜਾਇ ਅਗਾਰੀ ॥ ੧੨੫ ॥
ਕੌਨ ਸ਼ਕਤਿ ਕਰਿ ਆਏ ਈਹਾਂ।
ਆਗੇ ਜਾਵਨ ਕੀ ਕਜਾ ਈਹਾ[1]। [1]ਇੱਛਾ।
ਚਿੰਨਜ ਧਰੋ ਹਮਰੇ ਤਨ ਮਾਹੀ।
ਜੋਗ ਜੁਗਤਿ ਸੀਖੋ ਮਨਿ ਚਾਹੀ[1] ॥ ੧੨੬ ॥ [1]ਉਤਸ਼ਾਹ ਨਾਲ।
ਬਨੋ ਜਮਾਤੀ ਸਿੱਧਨ ਕੇਰੋ।
ਧਰੋ ਭੇਸ ਆਦੇਸਹਿ ਟੇਰੋ[1]। [1]ਆਦੇਸ (ਨਮਸਕਾਰ) ਕਹੋ।
ਯਹਿ ਸੁਨਿ ਪੁਨ ਗੁਰ ਸ਼ਬਦ ਉਚਾਰੇ।

ਹੈਂ ਜੋ ਸ੍ਰੀ ਗੁਰੁ ਗ੍ਰੰਥ ਮਝਾਰੇ ॥ ੧੨੭ ॥
ਜਾਨਤਿ ਸਿੱਖ ਗੁਰੂ ਕੇ ਸਾਰੇ।
ਜੋ ਸੁਨਿ ਜੋਗੀ ਭਏ ਲਚਾਰੇ[1]। [1]ਦੁਖੀ।
ਸਤਿਨਾਮੁ ਬਲ ਈਹਾਂ ਆਏ।
ਦਰਸ਼ਨ ਹਿਤ ਆਗੇ ਹਮ ਜਾਏਂ ॥ ੧੨੮ ॥
ਜੋਗ ਜੁਗਤਿ ਹਮ ਗੁਰ ਤੇ ਪਾਯੋ।
ਜਿਹ ਬਲ ਦੇਹ ਸਨੇਹ[1] ਜਲਾਯੋ। [1]ਮੋਹ।
ਯਹਿ ਸੁਨਿ ਭਏ ਨਿਰੁੱਤ੍ਰ ਜੋਗੀ।
ਪੁਨ ਗੁਰ ਚਲੇ ਬ੍ਰਹਮਰਸ ਭੋਗੀ ॥ ੧੨੯ ॥
ਪੇਖਜੋ ਇਕ ਥਲ ਸੁਖਦ ਮਹਾਨਾ।
ਮਨਹੁ ਸ਼ਾਂਤਿ ਰਸ ਕੋ ਅਸਥਾਨਾ।
ਗਜਾਨ ਵਿਰਾਗ ਭਗਤਿ ਕੀ ਸੀਵਾ[1]। [1]ਹੱਦ।
ਬੈਰ ਬਿਹਾਇ[1] ਫਿਰਤਿ ਜਹਿਂ ਜੀਵਾ ॥ ੧੩੦ ॥ [1]ਤਿਆਗ ਕੇ।
ਤਹਿਂ ਭਸੁੰਡ[1] ਹਰਿ ਗੁਨ ਗਨ ਗਾਥਾ। [1]ਕਾਕ ਭਸੁੰਡ।
ਕਹਤਿ ਸੁਨਤਿ ਰਿਖਿ ਮੁਨਿ ਹਿਤ ਸਾਥਾ।
ਕਥਾ ਸਮਾਪਤਿ ਜਬਿ ਤਿਹ ਭਈ।
ਸ਼ਬਦ ਧੁਨੀ ਤਬਿ ਗੁਰ ਅਸ ਕਈ ॥ ੧੩੧ ॥
ਜਾਂ ਕੋ ਸੁਨਤਿ ਮਸਤ ਸਬਿ ਹੋਏ।
ਪ੍ਰਮਾਨੰਦ ਵੀਚ ਮਨ ਪੋਏ[1]। [1]ਪ੍ਰੋਏ ਗਏ।
ਸ਼ਬਦ ਕਰਨ ਤੈ ਜਬਿ ਗੁਰ ਠਹਿਰੇ।
ਕਾਕ ਭਸੁੰਡ ਮੋਦ ਭਰਿ ਗਹਿਰੇ[1] ॥ ੧੩੨ ॥ [1]ਭਾਵ ਬਹੁਤੇ।
ਉਠ ਕਰਿ ਗੁਰ ਪਗ ਪਰ ਲਪਟਾਨਾ।
ਉਸਤਤਿ ਕਰੀ ਸਗਜਾਨ ਬਿਗਜਾਨਾ[1]। [1]ਸਮਾਨ ਗਿਆਨ ਤੇ ਪ੍ਰਤੱਖ ਗਿਆਨ ਸਹਿਤ।
ਰਾਵਰ ਬ੍ਰਹਮ ਨਾਮੁ ਅਵਤਾਰਾ[1]। [1]ਆਪ ਬ੍ਰਹਮ ਦੇ ਨਾਮੁ ਦੇ ਅਵਤਾਰ ਹੋ।
ਜਗਿ ਜਨ ਤਾਰਨ ਹਿਤ ਤਨ ਧਾਰਾ ॥ ੧੩੩ ॥
ਜਸੋਂ ਮਜੂਰ ਕੋ ਕਰੈ ਮਜੂਰੀ।
ਪੈ ਹੈ ਚੌਥੈ ਪਹਿਰ ਸੁ ਪੂਰੀ[1]। [1]ਪੂਰੀ ਦਿਹਾੜੀ ਪਾ ਲੈਂਦਾ ਹੈ।
ਤਸੋਂ ਤਪ ਜਪ ਭਗਤੀ ਜਨ ਜੇਤੇ।
ਕਰਤਿ ਰਹੈ ਤ੍ਰੈ ਜੁੱਗਨ ਤੇਤੇ ॥ ੧੩੪ ॥
ਅਬਿ ਲੌ ਮਿਲੀ ਨ ਮੁਕਤਿ ਮਜੂਰੀ।

ਕਿਸ ਹੀ ਕੋ ਦਿਢ ਲਖੋ ਜਰੂਰੀ।
ਬਿਨ ਸਤਿਗੁਰ ਨ ਮਿਲੈ ਮਜੂਰੀ।
ਮਿਲਿ ਹੈ ਕਬਿ ਨ ਕੈਵਲ ਪੂਰੀ[1] ॥ ੧੩੫ ॥

[1]ਪੂਰੀ ਕੈਵਲ ਮੁਕਤੀ।

ਅਬਿ ਲੌ ਸਤਿਗੁਰ ਕਾ ਅਵਤਾਰੂ।
ਭਜੋ ਨ, ਭਏ ਅਬੈ ਭਵਹਾਰੂ[1]।

[1]ਜੰਮਣ ਮਰਣ ਮੇਟਣ ਵਾਲੇ (ਆਪ)।

ਪੁਨ ਜਬਿ ਜਬਿ ਹਰਿ ਲੈ ਅਵਤਾਰਾ।
ਤਬਿ ਤਬਿ ਕਰੋਂ ਜਾਇ ਦੀਦਾਰਾ ॥ ੧੩੬ ॥
ਚਹਿਤੋ ਥਾ ਤੁਹਿ ਦੇਖਨ ਜਾਈ।
ਪਾਵਨ[1] ਕਿਯ ਮੋਹਿ ਆਪਹਿ ਆਈ।

[1]ਪਵਿੱਤ੍ਰ।

ਰਾਵਰ ਸਮ ਕਿਰਪਾਲ ਨ ਕੋਈ।
ਤਾਰਤਿ ਫਿਰਤਿ ਨਾਮੁ ਦੈ ਲੋਈ[1] ॥ ੧੩੭ ॥

[1]ਲੋਕਾਂ ਨੂੰ।

ਤਾਂ ਤੇ ਅਬਿ ਮੁਹਿ ਹੇ ਗੁਰ ਪੂਰਨ !।
ਦਿਹੁ ਉਪਦੇਸ਼ ਤਰੌਂ ਜਿਮ ਤੂਰਨ[1]।

[1]ਛੇਤੀ।

ਬਚਨ ਤੁਮਾਰ ਜੋਊ ਉਰਿ ਧਰਿ ਹੈਂ।
ਤੀਰਥ ਗਨ ਕੋ ਤੀਰਥ ਕਰਿ ਹੈਂ ॥ ੧੩੮ ॥
ਸਤਿਨਾਮੁ ਵਾਹਿਗੁਰੂ ਮੰਤ੍ਰ।
ਦੀਨੋ ਗੁਰ ਨਿਜ ਗਜਾਨ ਸੁਤੰਤ੍ਰ।
ਰਿਖਿ ਖਗ[1] ਜਿਤੇ ਹੁਤੇ ਤਿਸ ਠੌਰੈਂ।

[1]ਪੰਛੀਆਂ ਦੀ ਸ਼ਕਲ ਵਿੱਚ ਰਿਖੀ।

ਦਿਯ ਉਪਦੇਸਿ ਸਬਿਨਿ ਗੁਰ ਗੌਰੈਂ[1] ॥ ੧੩੯ ॥

[1]ਭਾਰੀ, ਚੰਗਾ।

ਗਦ ਗਦ[1] ਭਏ ਕਾਕ ਲੌ[2] ਸਬਿ ਹੀ।

[1]ਬਹੁਤ ਹੀ ਪ੍ਰਸੰਨ। [2]ਕਾਕ ਭਸੁੰਡ ਤੱਕ।

ਬੂਝਜੋ ਮਰਦਾਨੇ ਯੋਂ ਤਬਿ ਹੀ।
ਹੇ ਪ੍ਰਭੂ[1] ਕਾਕ ਦੇਹ ਕਿਮ ਪਾਈ।

[1]ਹੇ ਕਾਕ ਭਸੁੰਡ !

ਤੁਮ ਗਜਾਨੀ ਹਰਿ ਭਗਤਿ ਮਹਾਈ ॥ ੧੪੦ ॥
ਕਾਕ ਭਸੁੰਡ ਤਬੈ ਨਿਜ ਗਾਥਾ।
ਕਹਿਨ ਲਗੋ ਯਾ ਬਿਧਿ ਹਿਤ ਸਾਥਾ।
ਤੁਮ ਗੁਰ ਕੇ ਪ੍ਰੇਮੀ ਮਰਦਾਨਾ।
ਯਾਂ ਤੇ ਤੁਹਿ ਢਿਗ ਕਰੌਂ ਬਖਾਨਾ ॥ ੧੪੧ ॥
ਸੁਦਰ ਪ੍ਰਿਥਮ ਜਨਮ ਥੋ ਮੇਰੋ।
ਭਗਤਿ ਸਿਵਾਂ ਕੀ ਕਰਤਿ ਬਧੇਰੋ।
ਪੁਰੀ ਉਜੈਨ ਰਹੈ ਗੁਰ ਮੇਰਾ।

ਬਿਸ਼ਨ ਭਗਤਿ ਸੋ ਅਤੀ ਚੰਗੇਰਾ[1] ॥ ੧੪੨ ॥
ਨਹਿ ਮੁਹਿ ਬਿਸ਼ਨੂੰ ਭਗਤਿ ਸੁਹਾਵੈ।
ਨਿੰਦਜਾ ਕਰੌਂ ਸੁ ਗੁਰੂ ਹਟਾਵੈ।
ਸ਼ਿਵ ਦਰਸ਼ਨ ਪ੍ਰਤੱਖ ਮੁਹਿ ਦੀਨੋ।
ਤਾਂ ਤੇ ਭਯੋ ਮੁਝੈ ਮਦ ਪੀਨੋ ॥ ੧੪੩ ॥
ਇਕ ਦਿਨ ਗੁਰ ਕਾ ਕਰਜੋ ਨਿਰਾਦਰ।
ਤਬਿ ਤਿਨ ਮੋਹਿ ਸ੍ਰਾਪ ਦਿਯ ਨਾਦਰ[1]।
ਜੋਨ ਚੁਰਾਸੀ ਲਾਖ ਨਰਕ ਸਬਿ।
ਜਾਹੁ ਭੋਗ ਤੂੰ ਦੁਸ਼ਟ ਪੁਸ਼ਟ[1] ਅਬਿ ॥ ੧੪੪ ॥
ਮੈ ਰੋਦਨ[1] ਸ਼ਿਵ ਆਗੇ ਕੀਨਾ।
ਰਹਿ ਹੈ ਗਜਾਨ ਸ਼ਿਵਹਿ ਬਰ ਦੀਨਾ।
ਤਬਿ ਮੈ ਜੋਨਿ ਨਰਕ ਸਬਿ ਭੋਗੇ।
ਆਖਰ ਨਰ ਤਨ ਮਿਲਾ ਸੰਜੋਗੇ[1] ॥ ੧੪੫ ॥
ਘੋਰ[1] ਦੁਖ ਨਰਕਨ ਮੈ ਸਹੇ।
ਪੈ ਸ਼ਿਵ ਕ੍ਰਿਪਾ ਗਜਾਨ ਮੁਹਿ ਰਹੇ।
ਇਕ ਦਿਨ ਲੌਮਸ ਰਿਖਿ ਢਿਗ ਜਾਈ।
ਜਲਪ ਬਤਿੰਡੇ[1] ਚਰਚਾ ਲਾਈ ॥ ੧੪੬ ॥

ਕੋਪ ਹੋਇ ਰਿਖਿ ਤਬਿ ਯੌਂ ਕਹਾ।
ਤੂ ਸਮ ਕਾਕ ਅਧਿਕ ਬਕ ਰਹਾ।
ਜਾਹੁ ਕਾਕੁ ਤਨ ਧਰਿ ਤੂੰ ਅਬੈ।
ਡਰ ਕਰਿ ਮੈ ਪਕਰੇ ਪਗ ਤਬੈ ॥ ੧੪੭ ॥
ਹੋਇ ਦੀਨ ਜਬਿ ਮੈ ਘਿਗਿਆਨਾ[1]।
ਪੁਨ ਕਿਰਪਾ ਕਰਿ ਰਿਖੀ ਬਖਾਨਾ।
ਗਜਾਨ ਬਿਗਜਾਨ ਪੁਨਾ ਰਹਿ ਤੋਹੀ।
ਮ੍ਰਿਤੁ[1] ਸੁਇੱਛਤ[2] ਪੁਨ ਤੁਵ ਹੋਹੀ ॥ ੧੪੮ ॥
ਤਬਿ ਤੇ ਮੈ ਇਹ ਠੌਰ ਰਹਾਊਂ।
ਸਗੁਨ[1] ਕਥਾ ਹਰਿ, ਖਗਨ[2] ਸੁਨਾਊਂ।
ਸਤਿਸੰਗਤਿ ਮੈ ਮਮ ਮਤਿ ਪਾਗੀ[1]।
ਕਾਕ ਜੋਨਿ ਯੌਂ ਚਹੌਂ ਨ ਤਿਆਗੀ ॥ ੧੪੯ ॥

[1]ਬਹੁਤਾ ਹੰਕਾਰ।

[1]ਵੱਡਾ।

[1]ਵੱਡੇ ਦੁਸ਼ਟ।

[1]ਰੋਣਾ।

[1]ਸੰਜੋਗ ਨਾਲ।

[1]ਭਿਆਨਕ।

[1]ਦੇਖੋ ਬਿਸ੍ਰਾਮ ੩ ਦੇ ਅੰਕ ੮੮ ਦੀਆਂ ਪੈਰ ਟਿੱਪਣੀਆਂ ੧ ਤੇ ੨।

[1]ਤਰਲਾ ਕੀਤਾ।

[1]ਮੌਤ। [2]ਆਪਣੀ ਇੱਛਾ ਅਨੁਸਾਰ।

[1]ਹਰੀ ਦੇ ਸਰਗੁਣ ਸਰੂਪ ਦੀ। [2]ਪੰਛੀਆਂ ਨੂੰ।

[1]ਲਿਵਲੀਨ ਹੋਈ ਹੈ।

ਅਪ੍ਰਮਾਨ[1] ਹੈ ਆਯੂ[2] ਮੇਰੀ। [1]ਮਿਣਤੀਰਹਿਤ। [2]ਉਮਰ।
ਕਈ ਬਾਰ ਮੈ ਪ੍ਰਲੈ ਹੇਰੀ।
ਜੁਗ ਹਜਾਰ ਕੋ ਬਿਧਿ[1] ਕਾ ਇਕ ਦਿਨ। [1]ਬ੍ਰਹਮਾ।
ਹੈ ਇਤਨੋ ਹੀਰਾਤ ਲਿਹੁ ਗਿਨ ॥ ੧੫੦ ॥
ਐਸੇ ਤੀਸ ਦਿਵਸ ਕਾ ਮਾਸੂ[1]। [1]ਮਹੀਨਾ।
ਦ੍ਵਾਦਸ ਮਾਸਹਿਂ ਬਰਸ ਬਿਲਾਸੂ[1]। [1]ਅਨੰਦ ਦਾਇਕ।
ਸਹਸ ਬਰਖ[1] ਜਬਿ ਐਸ ਬਿਤਾਈ। [1]ਸੌ ਵਰਹਾ।
ਤਬਿ ਬਿਧਿ ਮਰੈ ਪ੍ਰਲੈ ਹ੍ਵੈ ਜੈਈ ॥ ੧੫੧ ॥
ਪੁਨ ਬਿਧਿ ਉਪਜ ਜਗਤ ਉਪਜਾਵੈ।
ਥਿਰ ਚਰ[1] ਸੁਰ ਨਰ ਅਸੁਰ ਬਨਾਵੈ। [1]ਜੜ੍ਹ ਤੇ ਜੰਗਮ।
ਕੇਤੇ ਬਿਧਿ ਮੋਹਿ ਦੇਖਤਿ ਮਰੇ।
ਪ੍ਰਲੈ ਕਾਲ ਬਹੁ ਬਾਰ ਨਿਹਰੇ[1] ॥ ੧੫੨ ॥ [1]ਦੇਖੇ।
ਮੈਂ ਈਹਾਂ ਬੈਠਾ ਗੁਨ ਗੈਹੌਂ[1]। [1]ਗਾਉਂਦਾ ਹਾਂ।
ਯਾਂ ਤੇ ਨਹਿਂ ਤਨ ਤਜਾਗਨ ਚੈਹੌਂ।
ਮਰਦਾਨੇ ਸੁਨਿ ਅਚਰਜ ਮਾਨਾ।
ਆਗੇ ਚਲੇ ਗੁਰੂ ਭਗਵਾਨਾ ॥ ੧੫੩ ॥

ਸ੍ਵੈਯਾ:

ਸਾਧ[1] ਸਮਾਧਿ ਪਰਾ ਜਹਿਂ ਦੱਤ[2], [1]ਲਾ ਕੇ। [2]ਦੱਤਾ ਤ੍ਰੇਯ।
ਤਹਾਂ ਗੁਰ ਜਾਇ ਸੁ ਬੈਨ ਅਲਾਏ।
ਕਯੋਂ ਨਹਿ ਬੋਲਤਿ ਹੋ ਚਖ[1] ਖੋਲਤਿ, [1]ਨੇਤ੍ਰ।
ਹੈ ਸਬਿ ਬ੍ਰਹਮ ਪਿਖੋ ਸੁਖ ਪਾਏ।
ਨਾਹਿ ਨਿਰਾਸ ਭਵੈ ਜਬਿ ਲੌ ਤਨਿ,
ਆਸ ਰਹੈ ਮਨ ਜੌ ਜਿਹਂ ਭਾਏ[1]। [1]ਜੋ ਜਿਸ ਨੂੰ ਚੰਗਾ ਲੱਗਦਾ ਹੈ (ਉਸ ਲਈ) ਮਨ ਵਿੱਚ ਆਸਵੰਦ ਰਹੇ।
ਦੱਤ ਕਹਯੋ ਕੁਛ ਕਾਜ ਨ ਬੋਲਨਿ,
ਲੇਤਿ ਮਹਾ ਰਸ ਮੈ ਲਿਵ ਲਾਏ ॥ ੧੫੪ ॥
ਫੇਰ ਕਹਯੋ ਗੁਰ ਧੰਨਜ ਤੁਮੈ ਮਨ,
ਆਤਮ ਮੈ ਜਿਨ ਕੀਨ ਨਿਰੁੱਧਾ[1]। [1]ਰੋਕਿਆ ਹੈ।
ਛੋਰਿ ਸਬੈ ਰਸ ਇੰਦ੍ਰਨ ਕੇ,
ਮਨ ਮੀਨ[1] ਰਖਯੋ ਕਰਿ ਆਨੰਦ ਉੱਧਾ[2]। [1]ਮੱਛ। [2]ਸਮੁੰਦਰ।

ਕੀਨ ਭਲੇ ਸਿਤਕਾਰ ਗੁਰੈਂ ਉੱਠਿ,
ਦੱਤ ਦਿਗੰਬਰ[1] ਹ੍ਵੈ ਪਰਬੁੱਧਾ[2]।
ਆਪਸ ਮੈ ਮਿਲਿ ਆਨਦ ਲੈ ਪੁਨ,
ਆਗੇ ਚਲੇ ਗੁਰ ਬ੍ਰਹਮ ਬਿਸੁੱਧਾ[1] ॥ ੧੫੫ ॥
ਥੇ ਅਲਲਾ ਜਹਿਂ ਚੀਨ* ਬਿਹੰਗਮ[1],

[1]ਨਾਂਗੇ ਦੱਤਾ ਤ੍ਰੇਯ ਨੇ। [2]ਹੋਸ਼ ਵਿੱਚ ਹੋ ਕੇ।

[1]ਬ੍ਰਹਮ ਦੇ ਗਿਆਤਾ।

[1]ਅਲਲਾ ਚੀਨ ਪੰਛੀ। *ਕਵਿ ਜੀ ਆਪਣੀ ਲਿਖਤ ਪੁਸਤਕ 'ਤਵਾਰੀਖ ਗੁਰੂ ਖ਼ਾਲਸਾ' ਪੰਜਾਬੀ (ਛਾਪਾ ਪੱਥਰ ੧੯੪੯ ਬਿ:) ਦੇ ਪੰਨਾ ੧੩੦ ਉਪਰ ਆਪ ਲਿਖਦੇ ਹਨ– 'ਕਿ ਜਨਮ ਸਾਖੀ ਦੀ ਪੋਥੀ ਵਿੱਚ ਜੋ ਅਲਲਾਚੀਨ ਦਾ ਮੇਲ ਲਿਖਿਆ ਹੈ ਸੋ ਅਹਿਲਿਚੀਨ ਪਦ ਦਾ ਅਲਲਾਚੀਨ ਹੋ ਗਿਆ ਦਿਸਦਾ ਹੈ, ਜਿਸ ਦਾ ਅਰਥ ਹੈ ਚੀਨ ਦੇ ਵਾਸੀ।'

ਫੀਲਨ[1] ਕੋ ਗਹਿ ਚੁੰਚ ਲਜਾਏ।
ਜਾਇ ਮਿਲੇ ਪ੍ਰਹਿਲਾਦ ਤਈਂ ਤਹਿਂ,
ਹ੍ਵੈ ਬਿਸਮੈ ਤਿਹ ਬੈਨ ਅਲਾਏ।
ਗੰਮਤ[1] ਨ ਨਰ ਕੀ ਇਹ ਠਾਂ,
ਤੁਮ ਕੈਸ ਅਏ? ਪੁਨ ਕੌਨ ਲਿਆਏ?।
ਜੋ ਜਪ ਨਾਮ ਅਏ ਤੁਮਹੂੰ,
ਗੁਰ ਆਪ ਕਹਜੋ ਹਮ ਸੋ ਜਪ ਆਏ ॥ ੧੫੬ ॥

[1]ਹਾਥੀਆਂ।

[1]ਪਹੁੰਚ।

ਕਬਿੱਤ:
ਕਾਂ ਕੋ ਦੂਧ ਚੋਯੋ ਕੈਸ ਬਰਤਨ ਕੀਨ ਸੂਧ[1],
ਕੌਨ ਕੌਨ ਤਾਵ ਤਾਯੋ[1], ਜਾਮਨ[2] ਕੋ ਹੈ ਦਯੋ।
ਕਹਾਂ ਸੋ ਜਮਾਯੋ ਕੈਸ ਕਾਢਯੋ ਮਥਿ[1] ਮਾਖਨ ਕੋ,
ਕੈਸ ਕੀਨਿ ਚਾਖਨ ਸੋ ਕੈਸ ਸ੍ਵਾਦ ਹੈ ਲਹਯੋ।
ਇਹੁ ਤਨ ਬਾਸਨ[1] ਨਿਵਾਸਨ ਹ੍ਵੈ[2] ਸੁੱਧ ਕੀਨਿ,
ਖਿਮਾ ਤੈ ਸੰਤੋਖ ਦੂਧ ਚੋਇ ਤਪ ਮੈ ਤਯੋ[1]।
ਉਪਦੇਸ ਜਾਮਨ ਔ ਸਤਿਸੰਗ ਮੈ ਜਮਾਇ,
ਮਥਨ ਬਿਬੇਕ ਏਕ[1] ਮਾਖਨ ਨਿਕੈ ਲਯੋ[2]
॥ ੧੫੭ ॥

[1]ਸੁੱਧ, ਸਾਫ਼

[1]ਕਿਸ ਤਪਸ਼ ਨਾਲ ਤੱਤਾ ਕੀਤਾ ਹੈ। [2]ਜਾਗ।

[1]ਰਿੜਕ ਕੇ।

[1]ਭਾਂਡਾ। [2]ਵਾਸ਼ਨਾਂ ਤੋਂ ਰਹਿਤ ਹੋਣਾ।

[1]ਸੇਵਾ ਰੂਪ ਤਪ ਨਾਲ ਇਸ ਨੂੰ ਗਰਮ ਕੀਤਾ ਹੈ।

[1]ਵਿਚਾਰ ਕਰਨ ਰੂਪ ਰਿੜਕਿਆ ਹੈ। [2]ਇਕ (ਬ੍ਰਹਮ ਦਾ ਗਿਆਨ ਰੂਪ) ਮੱਖਣ ਕੱਢ ਲਿਆ ਹੈ।

ਦੋਹਰਾ:
ਚਾਖਨ ਭਾਣਾ ਮੰਨਨ ਕਿਯ,
ਬ੍ਰਮਾਨੰਦ ਸ੍ਵਾਦ।
ਯਹਿ ਉੱਤ੍ਰ ਸੁਨਿ ਗੁਰੂ ਤੈ,

ਭਜੋ ਮੋਦ ਪ੍ਰਹਿਲਾਦ ॥੧੫੮॥
ਕਰਿ ਗੋਸ਼ਟ ਬਹੁ ਪਰਸਪਰ,
ਭਰਿ ਉਰਿ ਮੋਦ ਪ੍ਰਮੋਦ।
ਚਾਹਜੋ ਜਬਿ ਪ੍ਰਹਿਲਾਦ ਜੂ,
ਗਾਯੋ ਗੁਰੂ ਸਰੋਦ[1] ॥੧੫੯॥

[1]ਰਾਗ, ਕੀਰਤਨ।

ਕਿਤਿਕ ਦਿਵਸ ਗੁਰ ਤਹਿਂ ਰਹੇ,
ਗਜਾਨੀ ਭਗਤਿ ਬਿਚਾਰ।
ਧਜਾਇ ਕਰਜੋ ਬਿਸ੍ਰਾਮ ਇਤ,
ਗੁਰ ਕੋ ਥਿਰੇ ਨਿਹਾਰ ॥੧੬੦॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਤ੍ਰਿਤੀ ਉਦਾਸੀ ਉੱਤ੍ਰ ਦਿਸਾ ਪ੍ਰਸੰਗ ਬਰਨਨੰ' ਨਾਮ ਦਸਮੋਂ ਬਿਸ੍ਰਾਮ ॥੧੦॥

੧੧. {ਤੀਜੀ ਉਦਾਸੀ: ਸੁਮੇਰ ਪਰਬਤ, ਦੇਵ ਪੁਰੀਆਂ, ਸੁਰਗ, ਸਚਖੰਡ ਅਕਾਲ ਪੁਰਖ ਨਾਲ ਮੇਲ}

ਸ੍ਵੈਯਾ:

ਅਘ ਪੁੰਜ ਦਰੈਂ[1] ਮਨ ਸੁੱਧ ਕਰੈਂ,
ਤਨ ਤਾਪ ਹਰੈਂ ਸਮ ਦੇਵ ਸਰੈਂ[1]।
ਭ੍ਰਮ ਅੰਧ ਛੁਟੈਂ ਮਦ ਚੋਰ ਹੁਟੈਂ,
ਅਗਤਾ ਨਿੰਦਰਾ ਸਮ ਸੂਰ ਦਰੈਂ[1]।
ਬਨ ਗਜਾਨ ਬਧਾਵਨ ਕੋ ਬਰਖਾ,
ਸਮ ਚਿੰਤ ਮਨੀ ਮਨ ਚਿੰਤ ਹਰੈਂ[1]।
ਗੁਰ ਸੱਤਮ ਸੱਤਮ ਕੇ ਪਦ ਉੱਤਮ,
ਜਾਨ ਇਹੈ ਕਵਿ ਧਜਾਨ ਧਰੈਂ[1] ॥ ੧ ॥

[1](ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ) ਸਾਰੇ ਪਾਪਾਂ ਨੂੰ ਦਲ ਦੇਂਦੇ ਹਨ।
[1]ਗੰਗਾ ਵਾਂਗ। {ਦੇਵ ਸਰੈਂ- ਦੇਵ ਸਰੀ- ਦੇਵ ਨਦੀ- ਗੰਗਾ।}
[1]ਸੂਰਜ ਵਾਂਗ ਭ੍ਰਮ ਦੇ ਅਨ੍ਹੇਰੇ ਤੋਂ ਛੁਡਾ ਦੇਂਦੇ ਹਨ, ਹੰਕਾਰ ਦੇ ਚੋਰਾਂ ਨੂੰ ਥਕਾ ਦੇਂਦੇ ਹਨ। ਅਗਿਆਨਤਾ ਦੀ ਨੀਂਦ ਨੂੰ ਦਲ ਦੇਂਦੇ ਹਨ।
[1]ਗਿਆਨ ਰੂਪ ਜੰਗਲ ਦੇ ਵਧਾਉਣ ਨੂੰ ਬਰਖਾ (ਰੂਪ ਹਨ ਤੇ) ਚਿੰਤਾਮਣੀ ਵਾਂਗ ਮਨ ਦੀਆਂ ਚਿੰਤਾ ਦੂਰ ਕਰ ਦੇਂਦੇ ਹਨ।
[1]ਸੱਤ ਸਰੂਪ ਸਤਵੇਂ ਗੁਰਾਂ ਦੇ ਉੱਤਮ ਚਰਨਾਂ ਵਿੱਚ ਇਹੋ ਜੇਹੇ (ਗੁਣ) ਜਾਣ ਕੇ (ਮੈਂ) ਕਵੀ (ਉਨ੍ਹਾਂ) ਦਾ ਧਿਆਨ ਧਾਰਦਾ ਹਾਂ।

ਦੋਹਰਾ:

ਸੱਚ ਖੰਡ ਮੈਂ ਜਾਂਹਿ ਜਿਮ,
ਸਚ ਅਖੰਡ ਨਿਹਾਰ[1]।
ਖੰਡ ਅਸੱਚ ਸਚ ਮੰਡ ਹੈਂ,
ਕਾਸ਼ਮੀਰ ਲੌ ਸਾਰ[1] ॥ ੨ ॥

[1]ਸੱਚ ਸਰੂਪ ਤੇ ਅਖੰਡ ਸਰੂਪ ਵਾਹਿਗੁਰੂ ਦੇ ਦਰਸ਼ਨ ਕਰਨਗੇ।
[1]ਕਸ਼ਮੀਰ ਤੋਂ ਲੈ ਕੇ ਸਾਰੇ ਮੁਲਕਾਂ ਵਿੱਚ ਝੂਠ ਦਾ ਖੰਡਨ ਤੇ ਸੱਚ ਦਾ ਮੰਡਨ (ਪ੍ਰੌੜ੍ਹਤਾ) ਕਰਨਗੇ।

ਐ ਹੈਂ ਪੁਰ ਸੁਲਤਾਨ ਜਜੋਂ,
ਕੈਹੈਂ ਏਤਿਕ ਗਾਥ।
ਇਸੀ ਅਧਜਾਇ ਮੈ ਸੁਨੋ ਅਬਿ,
ਦਾਇਕ ਮੁਕਤੀ ਪਾਥ[1] ॥ ੩ ॥

[1]ਰਸਤਾ।

ਮਰਦਾਨੇ ਬਾਲੇ ਤਈਂ,
ਛੋਰਜੋ ਢਿਗ ਪ੍ਰਹਿਲਾਦ।
ਦਰਸ਼ਨ ਹੇਤ ਅਦੁਤੀ ਕੇ[1],
ਚਲਿ ਅਦੁਤੀ ਗੁਰ ਆਦਿ ॥ ੪ ॥

[1]ਵਾਹਿਗੁਰੂ ਦੇ।

ਮੇਰੁ ਗੁਰੂ[1] ਚਲ ਮੇਰੁ ਪਰ[2],
ਪਹੁੰਚੇ ਪੁਰੀ ਕੁਬੇਰ[1]।
ਕਿੰਨਰ[1] ਗੰਧ੍ਰਬ[2] ਜੱਛ[3] ਗਨ,

[1]ਸ਼੍ਰੋਮਣੀ ਗੁਰੂ ਜੀ। [2]ਸੁਮੇਰ ਪਰਬਤ ਦੇ।
[1]ਦੇਵਤਿਆਂ ਦਾ ਖ਼ਜ਼ਾਨਚੀ।
[1]ਨਿੰਦਤ ਸ਼ਕਲ ਦਾ ਨਰ, ਜਿਸ ਦਾ ਧੜ ਮਨੁੱਖ ਦਾ ਤੇ ਮੂੰਹ ਘੋੜੇ ਦਾ ਹੁੰਦਾ ਹੈ। ਇਹ ਪੁਲਸਤ ਰਿਖੀ ਦੀ ਉਲਾਦ ਹਨ,

ਇਹ ਕੁਬੇਰ ਦੀ ਸਭਾ ਵਿੱਚ ਨੱਚਦੇ ਹਨ। [2]ਦੇਵ ਲੋਕ ਦੇ ਗਵੱਈਏ। [3]ਦੇਵਤਿਆਂ ਦੀ ਇਕ ਖਾਸ ਜ਼ਾਤੀ, ਗੁਹਜਕ–ਕੁਬੇਰ ਦੀ ਸੇਵਾ ਵਿੱਚ ਰਹਿਣ ਵਾਲੇ ਦੇਵਤੇ।

ਆਏ ਗੁਰੁ ਢਿਗ ਹੇਰਿ ॥ ੫ ॥

ਚੌਪਈ:

ਗਾਯੋ ਸ਼ਬਦ ਗੁਰੂ ਜਬਿ ਤਹਾਂ।
ਮੋਦ ਪ੍ਰਮੋਦ ਲਹਜੋ ਪੁਨ ਮਹਾਂ।
ਕਹਿਂ ਗੰਧ੍ਰਬ ਉਰ ਸਾਂਤਿ ਹਮਾਰੇ।
ਭਏ ਸ੍ਰੋਦ[1] ਸੁਨਿ, ਦੇਹੁ ਸਿਖਾਰੇ ॥ ੬ ॥

[1]ਰਾਗ, ਕੀਰਤਨ।

ਤਬਿ ਗੁਰ ਕਹਜੋ ਹਮਾਰੇ ਮਗ ਮੈ[1]।
ਤੁਮ ਧਾਰਹੁਗੇ ਤਨ ਜਬਿ ਜਗ ਮੈ।
ਇਹੈ ਸ਼ਬਦ ਸਿਖ ਹੋਇ ਗਾਇ ਹੋ।
ਤਬੈ ਮਨੋਰਥ ਸਬੈ ਪਾਇ ਹੋ ॥ ੭ ॥

[1]ਸਾਡੇ ਪੰਥ ਵਿੱਚ।

ਸਤਿਨਾਮੁ ਜਪ ਕਰਿ ਸਤਿ ਸੰਗਤਿ।
ਬ੍ਰਹਮ ਗਜਾਨ ਕੀ ਚਢਿ ਹੈ ਰੰਗਤਿ।
ਬ੍ਰਹਮ ਗਜਾਨ ਬਿਨ ਮਨੁਖ ਨ ਹੋਈ।
ਕੈਵਲ ਮੁਕਤਿ ਨ ਗਜਾਨ ਬਿਨੋਈ[1] ॥ ੮ ॥

[1]ਬਿਨਾ।

ਆਗਮ ਨਿਗਮ ਅਚਾਰਜ ਸੰਤੈਂ।
ਕਹਜੋ ਸਪਤ ਕਰਿ[1] ਏਹੀ ਤੰਤੈ[2]।
ਤਬਿ ਗੁਰ ਬਚਨ ਬਖਾਨਜੋ ਜੋਈ।
ਅਬਿ ਪਿਖੀਅਤ ਹੈਂ ਪ੍ਰਤੱਖਜ ਸੋਈ ॥ ੯ ॥

[1]ਸਹੁੰ ਖਾ ਕੇ। [2]ਤੱਤ, ਨਿਚੋੜ।

ਸੋ ਗੰਧ੍ਰਬ ਸਿਖ ਗੁਰ ਕੇ ਰਾਗੀ।
ਹੈਂ ਗਜਾਨੀ ਬਹੁ ਬ੍ਰਹਮ ਅਨੁਰਾਗੀ[1]।
ਗੰਧ੍ਰਬ ਮੋਦ ਭਏ ਸੁਨਿ ਸਬੈ।
ਤਿਨ ਤੈ ਹੋਇ ਵਿਦਾ ਗੁਰ ਤਬੈ ॥ ੧੦ ॥

[1]ਪ੍ਰੇਮੀ।

ਇੰਦ੍ਰ ਪੁਰੀ ਮੈ ਪਹੁੰਚੇ ਸ੍ਵਾਮੀ।
ਸੁਰ ਨਰ ਅਸੁਰਨ ਪੂਰਨ ਕਾਮੀ[1]।
ਜਹਾਂ ਦੇਵ ਗਨ ਬਸਤਿ ਅਪਾਰੇ।
ਆਹਿ ਅਪੰਚੀ[1] ਕ੍ਰਿਤ ਤਨ ਧਾਰੇ ॥ ੧੧ ॥

[1]ਕਾਮਨਾ ਪੂਰੀਆਂ ਕਰਨ ਵਾਲੇ।

[1](ਉਨ੍ਹਾਂ ਦੇ ਪੰਜਾਂ) ਸੂਖਮ ਤੱਤਾਂ ਦੇ ਸ਼ਰੀਰ ਧਾਰੇ ਹੋਏ ਸਨ {ਅਪੰਚੀ ਕ੍ਰਿਤ=ਉਹ ਤੱਤ ਜਿਨ੍ਹਾਂ ਦਾ ਪੰਚੀ ਕ੍ਰਿਤ ਨਹੀਂ ਕੀਤਾ ਗਿਆ, ਸੂਖਮ ਤੱਤ।}

ਮ੍ਰਿਤੁ ਲੋਕ ਮੈਂ[1] ਪੁੰਨਜ ਜੁ ਕਰਹੀਂ।
ਭੋਗ ਕਾਮਨਾ ਮਨ ਮੈ ਧਰਹੀਂ।
ਤੇ ਤਨ ਤਜਿ ਸਬਿ ਸ੍ਵਰਗ ਸਿਧੈਹੈਂ।
ਨਾਰਿ ਪਰੀ ਨਰ ਦੇਵ ਬਨੈ ਹੈਂ ॥੧੨॥

[1]ਮਾਤ ਲੋਕ ਵਿੱਚ।

ਕਬਿੱਤ:

ਭਿਸ਼ਤ ਸੁਰਗ ਕਹਿ ਹਿੰਦੂ ਔ ਤੁਰਕ ਜਾਹਿਂ,
ਪਿਖਜੋ ਗੁਰ ਸੋਊ ਜੋਊ ਸੁਕ੍ਰਿਤੀ[1] ਲਹਾਇ ਹੈਂ[2]।
ਏਕ ਸਮ ਪਰਕਾਸ਼ ਮਨੀ ਨਰਹਤਿ ਖਾਸ[1],
ਸਸਿ ਸੂਰ ਹੂੰ ਕੋ ਨੂਰ[1] ਨੀਚੇ ਰਹਿ ਜਾਇ ਹੈਂ।
ਝਰਨੇ ਝਰਤਿ ਬਾਰ[1] ਸੁਧਾ[2] ਅਨੁਹਾਰ[3] ਬਹੁ,
ਬਨ[1] ਬਾਗ ਸੌਰਭਿ[2] ਅਮਰ ਫਲ ਦਾਇ ਹੈਂ।
ਸੀਤਲ ਸੁਗੰਧਿ ਮੰਦ[1] ਪੌਨ ਗੌਨ[2] ਭੌਨ ਭੌਨ[3],
ਜੌਨ ਫਲ ਚਾਹਿ ਜੋਇ ਤੌਨ[1] ਸੋਇ ਪਾਇ ਹੈਂ ॥੧੩॥

[1]ਪੁੰਨੀ। [2]ਪ੍ਰਾਪਤ ਕਰਦੇ ਹਨ।

[1]ਖਾਸ ਮਣੀਆਂ ਦਾ।

[1]ਪ੍ਰਕਾਸ਼।

[1]ਪਾਣੀ ਦੇ। [2]ਅੰਮ੍ਰਿਤ। [3]ਵਰਗੇ।

[1]ਬਗ਼ੀਚੇ। [2]ਸੁਗੰਧੀ।

[1]ਹੌਲੀ ਹੌਲੀ। [2]ਚਲਦੀ ਹੈ। [3]ਘਰਾਂ ਘਰਾਂ ਵਿੱਚ।

[1]ਉਹੋ ਫਲ।

ਬਾਂਛਤ ਮਿਲਤਿ ਭੋਗ ਬਜਾਪਤ[1] ਨ ਜਰਾ[2] ਰੋਗ,
ਫਿਕਰ ਕਲੇਸ਼ ਸੋਗ ਕੋਊ ਨ ਨਿਹਾਰ ਹੈਂ।
ਸਬੈ ਰੂਪ ਰਾਸਿ[1] ਕਾਮ ਕੇਲ[2] ਕੇ ਨਿਵਾਸ ਖਾਸ,
ਭੂਖ ਨ ਪਜਾਸ ਜ੍ਵਾਨਰੈਹੈਂ ਏਕ ਸਾਰ ਹੈਂ।
ਕਾਰਬਾਰ ਕੋਊ ਨਹਿਂ, ਖੁਸ਼ੀ ਕੇ ਸਮਾਨ[1] ਰਹਿਂ,
ਦੀਨ ਨ ਅਧੀਨ ਕਿਹਿਂ ਕੋਊ ਰਹਿ ਵਾਰ ਹੈਂ[1]।

[1]ਲਗਦਾ। [2]ਬੁਢੇਪੇ ਦਾ।

[1]ਸੁੰਦਰ ਰੂਪ ਵਾਲੇ। [2]ਕ੍ਰੀੜਾ, ਭੋਗ।

[1]ਸਾਮਾਨ, ਸਮੱਗ੍ਰੀਆਂ।

[1](ਜੋ ਉਥੋਂ ਦੇ) ਰਹਿਣ ਵਾਲੇ ਹਨ (ਉਹ) ਕੋਈ ਦੁਖੀ ਨਹੀਂ ਤੇ ਨ ਕੋਈ ਕਿਸੇ ਦੇ ਅਧੀਨ ਹੈ।

ਘਰਿ ਘਰਿ ਰਾਗ ਰੰਗ ਗਾਨ ਤਾਨ ਨਾਚ ਸੰਗ,
ਬੀਨ, ਮ੍ਰਿਦੰਗ, ਚੰਗ[1] ਬਾਜਤਿ ਅਪਾਰ ਹੈਂ ॥੧੪॥

[1]ਧਾਤੂ ਦਾ ਤ੍ਰਿਸ਼ੂਲ ਦੀ ਸ਼ਕਲ ਦਾ ਵਾਜਾ ਜੋ ਲੋਹੇ ਦੇ ਕਿੱਲ ਨਾਲ ਵਜਾਈਦਾ ਹੈ।

ਇੰਦ੍ਰ, ਕੁਬੇਰ, ਹਰੀ, ਹਰ, ਬਿਧਿ ਆਦਿ ਦੇਵ,
ਰਹਤਿ ਸਦੇਵ[1] ਨਿਜ ਨਿਜ ਪੁਰ ਮਾਹਿਂ ਹੈਂ।
ਜੋਊ ਜਨ ਜਾਂਹਿ ਚਾਹਿ[1] ਕਰਤਿ ਉਪਾਸ਼ਨਾ ਸੋ,
ਤਨ ਤਜਿ ਜਾਇ ਵਹਾਂ ਪਾਇ ਪੁਰ ਤਾਹਿਂ ਹੈਂ।
ਕੋ ਸਾਲੋਕ[1] ਕੋ ਸਮੀਪ[2] ਕੋ ਸ੍ਵਰੂਪ[3] ਕੋ ਸਾਯੁਜ[11],

[1]ਸਦਾ, ਹਮੇਸ਼ਾਂ। (ਅ) ਹੋਰ ਦੇਵਤਿਆਂ ਸਣੇ।

[1]ਇੱਛਾ ਧਾਰ ਕੇ।

[1]ਸ਼ਲੋਕ ਮੁਕਤੀ- ਆਪਣੇ ਉਪਾਸ਼ਯ ਦੇਵਤਾ ਦੇ ਲੋਕ ਦੀ ਪ੍ਰਾਪਤੀ। [2]ਸਮੀਪ ਮੁਕਤੀ- ਆਪਣੇ ਉਪਾਸ਼ਯ ਦੇ ਕੋਲਰਹਿਣਾ। [3]ਸਰੂਪ ਮੁਕਤੀ- ਇਸ਼ਟ ਵਰਗੀ ਸ਼ਕਲ ਦਾ

ਹੋਣਾ। [11]ਸਾਯੁਜ ਮੁਕਤੀ– ਉਪਾਸ਼ਜ ਨਾਲ ਉਪਾਸ਼ਕ ਦਾ ਜੁੜ ਜਾਣਾ। {ਉਪਾਸ਼ਜ– ਜਿਸ ਦੀ ਉਪਾਸ਼ਨਾ ਕੀਤੀ ਜਾਵੇ।}

ਮੁਕਤਿ ਪ੍ਰਕਾਰ ਚਾਰ ਏਹੀ ਸੋ ਲਹਾਹਿਂ ਹੈਂ।
ਜੈਸੋ ਜਪ ਤਾਪ ਪੁੰਨਜ ਕਰਿ ਨਰ ਜਾਇ ਤਹਾਂ,
ਤੈਸੋ ਭੋਗ ਭੋਗ ਫੇਰ ਮ੍ਰਿਤ ਲੋਕ ਪਾਹਿਂ ਹੈਂ ॥ ੧੫ ॥
ਜਦਜਪਿ ਹੈ ਸੁਖ ਸਾਰੇ ਸੁਰਗ ਮਝਾਰੇ ਭਾਰੇ,
ਤਦਜਪਿ ਹੈ ਦੁਖ ਜੋਊ ਸੋਊ ਭੀ ਸੁਨੀਜੀਏ।
ਏਕ ਅਤਿ ਸਹਿਤਾ[1] ਕਹਿਤ ਜਾਹਿਂ ਮਤਸਰ[2],

[1]ਦੂਜੇ ਦੀ ਮਾਣ ਵਡਿਆਈ ਦੇਖ ਕੇ ਨਾ ਸਹਾਰ ਸਕਣ ਦਾ ਸੁਭਾਉ। [2]ਈਰਖਾ।

ਦੁਤੀ ਰਾਖਸ਼ਨ ਡਰ ਅਧਿਕ ਲਹੀਜੀਏ।
ਤੀਸਰੋ ਹੈ ਖੀਨਤਾ[1] ਬਿਹੀਨਤਾ ਅਰਾਮ[2] ਅਤਿ,

[1]ਪੁੰਨ ਦੇ ਨਾਸ ਹੋਣ ਤੋਂ ਮਗਰੋਂ ਹੋਣ ਵਾਲਾ ਦੁੱਖ। [2]ਸੁਖ ਤੋਂ ਬਿਨਾਂ।

ਛੀਨ ਭਏ ਪੁੰਨਜ ਫੇਰ ਧਰਨਿ ਗਿਰੀਜੀਏ।
ਯਾਹੀ ਤੇ ਨ ਸੰਤ ਜਨ ਚਾਹਿਂ ਤਹਿਂ ਕਰੈਂ ਮਨਿ,
ਜੈਸੇ ਏਹ ਲੋਕ ਨਾਸੀ ਤੈਸੇ ਸੋ ਜਨੀਜੀਏ ॥ ੧੬ ॥
ਇਨਿ ਸਬਿ ਦੇਵਨ ਕੇ ਲੋਕਨ ਤੇ ਊਪਰ ਹੈ,
ਸਚਖੰਡ ਜੋ ਬਿਕੁੰਠ ਲੋਕ ਕਰਤਾਰ ਕੋ।
ਜਾਂਹਿ ਕਾ ਹੁਕਮ ਪਾਇ ਰਚਤਿ ਜਗਤ ਮਾਇ[1],

[1]ਮਾਇਆ।

ਹਰੀ[1] ਹਰ[2] ਅਜ[3] ਆਦਿ ਕਰੈਂ ਨਿਜ ਕਾਰ ਕੋ।

[1]ਵਿਸ਼ਨ। [2]ਸ਼ਿਵ। [3]ਬ੍ਰਹਮਾ।

ਸੋਈ ਆਹਿ ਈਸ਼ੂਰ ਜੁਗੀਸ਼ੂਰ ਧਜਾਵੈਂ ਜਾਂਹਿ,
ਸੁਰ ਨਰ ਅਸੁਰ ਨ ਪਾਹਿਂ ਤਾਹਿਂ ਪਾਰ[1] ਕੋ।

[1]ਅੰਤ।

ਜੇਤਿਕ ਭਗਤ ਜੋਗੀ ਬਿਸ਼ੇਰਸ ਤੈ ਬਿਓਗੀ[1],
ਨਾਮਰਸ ਭੋਗੀ ਪੈ ਹੈਂ ਓਸ ਦਰਵਾਰ ਕੋ ॥ ੧੭ ॥

[1]ਵਿਛੜੇ ਹੋਏ ਭਾਵ ਤਿਆਗੀ।

ਭੂਖ ਨ ਪਜਾਸ ਜਹੀਂ ਬਾਸ਼ਨਾ ਨ ਫੁਰੈ ਕਹੀਂ,
ਆਨੰਦ ਅਖੰਡ ਏਕਰਸ ਸਬਿ ਕੋ ਰਹੈਂ।
ਤੀਨ ਦੋਸ਼ ਹੀਨ ਪੀਨ[1] ਸੁਖ ਸਦ ਲੇਹੁ ਚੀਨ,

[1]ਭਾਰੀ।

ਲਿਵ ਲੀਨ ਮਨ ਮੀਨ[1] ਬ੍ਰਹਮ ਸਿੰਧ ਮੋਰਹੈਂ।

[1]ਮਨਾਂ ਰੂਪ ਮੱਛ।

ਕੋਟਿਕ ਮਹੇਸ਼[1] ਕਮਲੇਸ਼[2] ਬਿਧਿ[3] ਆਦਿ ਦੇਵ,
ਮੁਨਿ ਜਨਿ ਅਵਤਾਰ ਖਰੇ ਪੌਰ ਪੋ[1] ਰਹੈਂ।

[1]ਸ਼ਿਵ। [2]ਵਿਸ਼ਨੂੰ। [3]ਬ੍ਰਹਮਾ।

ਨੂਰ ਕਾ ਜਹੂਰ ਭੂਰ ਨੂਰ ਭਰਪੂਰ ਰਹਜੋ,

[1]ਦਰਵਾਜ਼ੇ ਉਪਰ ਖੜੇ।

ਨੂਰ ਕੌ ਨਿਹਾਰ ਯਾਰ ਨੂਰ ਹੀ ਲੌ ਹੋ ਰਹੈਂ[1] ॥ ੧੮ ॥

[1]ਪ੍ਰਕਾਸ਼ ਦੇ ਚਮਤਕਾਰ ਦਾ ਬਹੁਤ ਪ੍ਰਕਾਸ਼ ਹੋ ਰਿਹਾ ਹੈ (ਉਹ) ਪਿਆਰੇ ਵਾਹਿਗੁਰੂ ਦਾ ਪ੍ਰਕਾਸ਼ ਦੇਖ ਕੇ ਪ੍ਰਕਾਸ਼ ਰੂਪ ਹੀ ਹੋ ਰਹੇ ਹਨ।

ਦੋਹਰਾ:

ਇਹ ਬ੍ਰਿਤੰਤ ਪ੍ਰਸੰਗ ਤੈ[1],
ਪੁਰੀਅਨ ਕੋ ਕਹਿ ਦੀਨ।
*ਇੰਦ੍ਰ ਪੁਰੀ ਕੀ ਸੁਨੋ ਅਬਿ,

[1](ਚਲਦੇ) ਪ੍ਰਸੰਗ ਵਿੱਚ ਹੀ।

*ਭਿਸਤ ਜਾਂ ਸੁਰਗ ਜਿਸ ਨੂੰ ਇੰਦਰ ਪੁਰੀ ਵੀ ਆਖਦੇ ਹਨ– ਦਾ ਜ਼ਿਕਰ ਪਿੱਛੇ ਇਸੇ ਬਿਸ੍ਰਾਮ ਦੇ ਅੰਕ ੧੧ ਤੋਂ ੧੬ ਤੱਕ ਕਵੀ ਜੀ ਕਰ ਆਏ ਹਨ। ਸਾਰੇ ਦੇਵਤਿਆਂ ਦੀਆਂ ਪੁਰੀਆਂ ਵੀ ਉਸੇ ਦੇ ਅੰਦਰ ਹਨ। ਉਨ੍ਹਾਂ 'ਚੋਂ ਕੁਬੇਰ, ਬ੍ਰਹਮਾ, ਬਿਸ਼ਨ, ਸ਼ਿਵ ਆਦਿ ਦੀਆਂ ਪੁਰੀਆਂ ਦਾ ਵੀ ਵਰਨਣ ਆ ਚੁੱਕਾ ਹੈ। ੧੭ ਤੇ ੧੮ ਅੰਕਾਂ ਵਿੱਚ ਸਚ ਖੰਡ ਬਾਰੇ ਵੀ ਲਿਖ ਆਏ ਹਨ। ਹੁਣ ਦੋਬਾਰਾ ਇੰਦ੍ਰ ਪੁਰੀ ਦਾ ਵਰਣਨ ਕਰਨ ਲੱਗੇ ਹਨ।

ਜਹਿਂ ਗੁਰ ਥਿਰੇ ਪ੍ਰਬੀਨ ॥ ੧੯ ॥
ਤਹਾਂ, ਸਤਿਗੁਰੂ ਸ਼ਬਦ ਜਬਿ,
ਗਾਯੋ ਸੁਰ ਮੈ ਪਾਇ।
ਸੁਨਿ ਅਪੱਛਰਾ ਦੇਵ ਸਬਿ,
ਮਸਤ ਭਏ ਅਧਿਕਾਇ ॥ ੨੦ ॥

ਚੌਪਈ:

ਰੂਪ ਅਮੋਲਕ ਪਿਖਿ ਧੁਨਿ ਸੁਨਿ ਕੈ।
ਸਰਬ ਸ਼ਕਤਿ ਮਤ ਗੁਰ ਕੌ ਗੁਨਿ ਕੈ।
ਪਰੇ ਚਰਨ ਸਬਿ ਦੋ ਕਰ ਜੋਰੀ।
ਬਿਨਤੀ ਕੀਨ ਨਿਹੋਰ[1] ਬਹੋਰੀ[2] ॥ ੨੧ ॥

[1]ਨਿੰਮ੍ਰਤਾ ਸਹਿਤ। [2]ਫੇਰ।

ਤੁਮ ਕਰਤਾਰ ਰੂਪ ਜਗ ਨਾਥਾ।
ਹਮੈ ਦਰਸ ਦੈ ਕੀਓ ਸਨਾਥਾ[1]।
ਦੀਜੈ ਅਸ ਉਪਦੇਸ਼ ਖਰਾਰੀ[1]।

[1]ਸਫਲਾ।

[1]ਹੇ (ਹੰਕਾਰ ਰੂਪ) ਖਰ ਦੈਂਤ ਦੇ ਵੈਰੀ ਰਾਮ ਚੰਦਰ ਰੂਪ ਸਤਿਗੁਰੂ ਜੀ।

ਜਾਂ ਤੇ ਹ੍ਵੈਂ ਹਮ ਮੁਕਤਿ ਅਧਿਕਾਰੀ ॥ ੨੨ ॥
ਤਬਿ ਗੁਰ ਕਹਯੋ ਬਿਨਾ ਨਰ ਤਨ ਹੈ।
ਮੁਕਤਿ ਅਧਿਕਾਰੀ ਕੋਇ ਨ ਬਨ ਹੈ।
ਤਾਂ ਤੇ ਜਬਿ ਤੁਮ ਨਰ ਤਨ ਲਹਿ ਹੋ।
ਗੁਰ ਸਿਖ ਬਨਿ ਮੁਕਤੀ ਪਦ ਗਹਿ ਹੋ ॥ ੨੩ ॥

ਪੁਨ ਇੰਦ੍ਰ ਕਰਿ ਜੋਰ ਬਖਾਨਾ।
ਅਹੋ ਭਾਗ ਮਮ ਭੂਰ ਮਹਾਨਾ।
ਰਾਵਰ ਬਪੁ[1] ਪ੍ਰਤੱਖਜ ਕਰਤਾਰਾ। [1]ਸਰੂਪ।
ਨ੍ਰਿਖਜੋ ਮੈ ਸਤਿਗੁਰ ਅਵਤਾਰਾ ॥੨੪॥
ਈਸ਼ਰ ਤੈ ਭੀ ਦਰਜਾ ਭਾਰੀ।
ਹੈ ਸਤਿਗੁਰ ਕਾ ਕਹਿਂ ਸ੍ਰੁਤਿ ਚਾਰੀ[1]। [1]ਚਾਰੇ ਵੇਦ।
ਹਰਿ ਰਚਿ ਜੀਵ ਜਗਤ ਮੈ ਡਾਰੇ।
ਸਤਿਗੁਰ ਭਵ ਤੇ[1] ਪਾਰ ਉਤਾਰੇ ॥੨੫॥ [1]ਸੰਸਾਰ (ਸਮੁੰਦਰ ਤੋਂ)।
ਹਰਿ ਜੂ ਅਪਨਾ ਆਪ ਛਪੈ ਹੈਂ।
ਸਤਿਗੁਰ ਪ੍ਰਗਟ ਕਰਿ ਦਿਖਲੈ ਹੈਂ।
ਹਰਿ ਮਾਯਾ ਜੀਵਹਿਂ ਦੁਖ ਦੇਹੀ।
ਸਤਿਗੁਰ ਮਾਯਾ ਦੂਰ ਕਰੇਹੀ ॥੨੬॥
ਮੈਂ ਭੀ ਭਯੋ ਆਜ ਬਡ ਭਾਗੀ।
ਸਤਿਗੁਰ ਪਗ ਰਜ[1] ਮਮਿ ਮੁਖਿ ਲਾਗੀ। [1]ਚਰਨ ਧੂੜ।
ਅਸ ਕਹਿ ਫਲ ਭਲ ਬਿਬਿਧ ਪ੍ਰਕਾਰੀ[1]। [1]ਅਨੇਕ ਤਰ੍ਹਾਂ ਦੇ।
ਇੰਦ੍ਰ ਗੁਰ ਕੇ ਧਰੇ ਅਗਾਰੀ ॥੨੭॥
ਨਾਚ ਰੰਗ ਬਹੁ ਢੰਗ ਕਰਾਏ।
ਉਤਸ਼ਵ ਕੀਨ ਅਧਿਕ ਮੁਦ ਦਾਏ।
ਮੰਦਰ ਸੁੰਦਰ ਸੈਰ ਕਰਾਏ।
ਜੇ ਬਿਸ੍ਵਕ੍ਰਮਾ[1] ਆਪ ਬਨਾਏ ॥੨੮॥ [1]ਦੇਵਤਿਆਂ ਦਾ ਇੰਜੀਨੀਅਰ।
ਪੰਨਨ ਪਿਚਕੀ ਮੰਦ੍ਰ ਭ੍ਰਾਜੈਂ[1]। [1]ਮੰਦਰ ਵਿੱਚ {ਪਿਚਕੀ} ਕਤਰ ਕੇ (ਜੜੇ ਹੋਏ) ਪੰਨੇ {ਭ੍ਰਾਜੈਂ} ਚਮਕ ਰਹੇ ਹਨ।
ਫੈਰੋਜਨ ਕੇ[1] ਫਾਟਕ[2] ਰਾਜੈਂ[3]। [1]ਨੀਲੇ ਰਤਨਾਂ ਦੇ। [2]ਤਖਤੇ। [3]ਸੋਭਦੇ ਹਨ।
ਜਟੇ[1] ਜਵਾਹਰ ਬਿਦ੍ਰਮ[2] ਖੰਭੇ। [1]ਜੜੇ ਹੋਏ ਹਨ। [2]ਮੂੰਗਿਆਂ ਦੇ।
ਪਿਖਿ ਸਸਿ[1] ਸੰਪਾ[2] ਸੂਰ[3] ਅਚੰਭੇ ॥੨੯॥ [1]ਚੰਦ੍ਰਮਾ। [2]ਸੰਪਾਤਿ-ਸੂਰਜ ਦੇਰਥਵਾਹੀ ਅਰੁਣ ਦਾ ਪੁੱਤਰ, ਜਟਾਯੂ ਦਾ ਵੱਡਾ ਭਰਾ, ਜਿਸ ਦੀ ਸ਼ਕਲ ਗਿਰਝ ਜਿਹੀ ਲਿਖੀ ਹੈ। [3]ਸੂਰਜ।
ਗਜ ਮੋਤਿਨ ਕੀ[1] ਬੰਦਨਵਾਰਾ[2]। [1]ਹਾਥੀ ਦੇ ਮੋਤੀਆਂ ਦੀ। [2]ਬੰਦਨ ਵਾਰ- ਮੰਗਲ ਸਮੇਂ ਦਰਵਾਜ਼ੇ 'ਤੇ ਲਟਕਾਈ ਜਾਣ ਵਾਲੀ ਮਾਲਾ।
ਜਨ ਤਾਰਾ ਗਨ ਪੋਏ ਤਾਰਾ[1]। [1]ਜਾਣੋ ਬਹੁਤੇ ਤਾਰੇ ਤਾਰਾਂ ਵਿੱਚ ਪ੍ਰੋਤੇ ਹੋਏ ਹਨ।
ਲਾਲਨ ਕੇ ਬਹੁ ਕਲਸ ਦਮੱਕੈਂ[1]। [1]ਚਮਕਦੇ ਹਨ।

Sri Satguru Jagjit Singh Ji eLibrary NamdhariElibrary@gmail.com

ਜਨ ਬੀਜਰ ਗਨ[1] ਥਿਰੀ ਚਮੱਕੈਂ ॥ ੩੦ ॥
[1]ਬਹੁਤੀਆਂ ਬਿਜਲੀਆਂ।

ਭਰੇ ਹੌਜ਼[1] ਅੱਤ੍ਰਨ ਕੇ ਘਨੇ।
[1]ਕੁੰਡ, ਚੁਬੱਚੇ।

ਬਿਬਿਧ ਬਿਤਾਨ[1] ਚਾਂਦ ਸੇ ਤਨੇ।
[1]ਚੰਦੋਏ।

ਦੇਵ ਅਪੱਸ੍ਰਾ ਇਤ ਉਤ ਭ੍ਰਾਜੈਂ[1]।
[1]ਪ੍ਰਕਾਸ਼ ਰਹੀਆਂ ਹਨ।

ਜਿਨਿ ਦੁਤਿ ਹੇਰਿ ਕਾਮਰਤਿ ਲਾਜੈਂ ॥ ੩੧ ॥

ਜੀਅ ਭਾਵਤ ਪੀਯ ਅਮੀ ਅਘਾਵੈਂ।

ਬਾਂਛਤ ਸਬੈ ਅਮਰ ਫਲ ਖਾਵੈਂ।

ਜਾਂ ਤੇ ਅਧਿਕ ਤੇਜ ਬਲ ਬਾਢੇ।

ਕਾਮ ਕੇਲ ਮੈ ਰਹਿਂ ਅਤਿ ਠਾਂਢੇ ॥ ੩੨ ॥

ਜਹਿਂ ਤਹਿਂ ਨਾਚਤਿ ਗਾਵਤਿ ਪਰੀਆਂ।

ਅਨੰਦ ਪ੍ਰਦ[1] ਗੁਨ ਰੂਪ ਸੁ ਭਰੀਆਂ।
[1]ਦੇਣ ਵਾਲੀਆਂ।

ਕਹਿ ਲੌ ਗਿਨੌ ਸ੍ਵਰਗ ਸੁਖ ਯਾਵਤਿ[1]।
[1]ਸਾਰੇ।

ਜਿਹ ਸੁਨਿ ਪਿਖਿ ਮੁਨਿ ਮਨ ਲਲਚਾਵਤਿ ॥ ੩੩ ॥

ਨਾਰਦਾਦਿ ਰਿਖਿ ਜੇ ਤਹਿਂ ਗਏ।

ਕਹਿਂ ਪੁਰਾਨ ਵਹਿ ਲੰਪਟ[1] ਭਏ।
[1]ਵਿਸ਼ਿਆਂ 'ਚ ਖੱਚਤ।

ਗੁਰ ਵਹਿ ਮਿਥਜਾ[1] ਮਾਯਕ[2] ਚੀਨੇ।
[1]ਝੂਠੇ। [2]ਛਲ ਰੂਪ।

ਦ੍ਰਿਗ ਅੰਚਲ[1] ਚੰਚਲ ਨਹਿ ਕੀਨੇ ॥ ੩੪ ॥
[1]ਨੇਤ੍ਰਾਂ ਦੀਆਂ ਪਲਕਾਂ।

ਜੈਸ ਚਕ੍ਰਵਰਤੀ ਨਿਰਪ ਸਜਾਨੋ।

ਮ੍ਰਿਤਕ[1] ਖਿਲੌਨਨ ਪਰ ਨ ਲੁਭਾਨੋ ॥ ੩੫ ॥
[1]ਮਿੱਟੀ ਦੇ।

ਦੋਹਰਾ:

ਕੇਵਲ ਬਪ[1] ਕਰਤਾਰ ਲਖਿ,
[1]ਸਰੂਪ।

ਸਤਿਗੁਰ ਕਾ ਅਵਤਾਰ।

ਆਇ ਸਚੀ[1] ਪਗ ਬੰਦ ਕਰਿ,
[1]ਇੰਦ੍ਰ ਦੀ ਇਸਤ੍ਰੀ।

ਚਾਹੀ ਮੋਖ ਉਦਾਰ ॥ ੩੬ ॥

ਕਹਜੋ ਗੁਰੂ ਸੁਰ ਦੇਹ ਯਹਿ,

ਕੇਵਲ ਭੋਗ ਸਥਾਨ।

ਨਰ ਨਾਰਾਇਣ ਦੇਹ[1] ਮੈ,
[1]ਮਨੁੱਖਾ ਦੇਹ।

ਮੁਕਤਿ ਦਾਨ ਹੈ ਗਜਾਨ ॥ ੩੭ ॥

ਤਾਂ ਤੇ ਤੂੰ ਭੀ ਇੰਦ੍ਰ ਸਹਿ,

ਲੈ ਹੈਂ ਮਾਨੁਖ ਦੇਹ।
ਗੁਰ ਸਿਖ ਹ੍ਵੈ ਸਤਿਸੰਗ ਕਰਿ,
ਪੈ ਹੈਂ ਮੁਕਤਿ ਬਿਦੇਹ ॥ ੩੮ ॥
ਗੁਰੂ ਬਚਨ ਤੈ ਮਨੁਖ ਤਨ,
ਧਰੇ ਤਿਨੈ ਪੁਨ ਆਇ।
*ਇੰਦ੍ਰ ਸਾਹਿਬ ਸਿੰਘ[1] ਭਜੋ,

[1]ਮਹਾਰਾਜਾ ਪਟਿਆਲਾ। *ਮਹਾਰਾਜਾ ਸਾਹਿਬ ਸਿੰਘ ਪਟਿਆਲਾ ਤੇ ਉਨ੍ਹਾਂ ਦੀ ਮਹਾਰਾਣੀ ਆਸ ਕੌਰ ਨੂੰ ਇੰਦ੍ਰ ਤੇ ਸਚੀ ਦਾ ਅਵਤਾਰ ਕਹਿਣਾ ਕਵੀ ਜੀ ਦਾ ਆਪਣਾ ਨਿੱਜੀ ਖ਼ਿਆਲ ਜਾਂ ਲੋਕਾਂ ਤੋਂ ਸੁਣੀ ਸੁਣਾਈ ਗੱਲ ਹੀ ਹੈ। ਜਿਵੇਂ ਕਿ ਅਗਲੀ ਤੁਕ ਵਿੱਚ ਉਹ ਆਪ ਹੀ ਲਿਖਦੇ ਹਨ–'ਯਹਿ ਪ੍ਰਸੰਗ ਬਹੁ ਸਿਖਨ ਤੇ ਸੁਨਜੋ ਹਮੈ ਅਵਦਾਤ।' ਉਵ ਗੁਰ-ਸਿੱਖੀ ਦੀ ਪੂਰਨ ਰਹੁ-ਰੀਤ ਵਿੱਚ ਪਰਪੱਕ, ਉੱਚ ਆਚਰਨ ਦੇ ਮਾਲਕ, ਇਨਸਾਫ਼-ਪਸੰਦ ਤੇ ਪਰਉਪਕਾਰੀ ਸਿੱਖ ਮਹਾਰਾਜੇ ਦਾ ਇੰਦ੍ਰ ਨਾਲੋਂ ਵੀ ਬਹੁਤ ਉੱਚਾ ਦਰਜਾ ਸਮਝਣਾ ਚਾਹੀਦਾ ਹੈ।

ਆਸ ਕੌਰ[1] ਭਈ ਸਾਇ[2] ॥ ੩੯ ॥

[1]ਮਹਾਰਾਣੀ ਪਟਿਆਲਾ। [2]ਉਹ (ਸਚੀ)।

ਕਰੀ ਸੁੰਡ ਜਿਮ[1] ਜੁਗਨ ਕੀ[2],

[1]ਹਾਥੀ ਦੇ ਸੁੰਡਾਂ ਵਰਗੀਆਂ। [2]ਦੋਹਾਂ ਦੀਆਂ।

ਥੀ ਭੁਜ[1] ਜੰਘ[2] ਬਖਜਾਤ।

[1]ਬਾਹਾਂ। [2]ਲੱਤਾਂ।

ਯਹਿ ਪ੍ਰਸੰਗ ਬਹੁ ਸਿਖਨ ਤੈ,
ਸੁਨਜੋ ਹਮੈਂ ਅਵਦਾਤ[1] ॥ ੪੦ ॥

[1]ਪ੍ਰਗਟ।

ਗੁਰੂ ਭਗਤਿ ਦੋਨੋ ਭਏ,
ਧਨੀ[1] ਪਟਜਾਲੇ ਕੇਰ।

[1]ਮਾਲਕ (ਰਾਜਾ ਤੇਰਾਣੀ)।

ਪੁਨਜ ਕੀਏ ਕਾਯਮ ਜਿਨੈ,
ਅਬਿ ਲੌ ਬਿਦਤ ਬਧੇਰ ॥ ੪੧ ॥
ਇੰਦ੍ਰ ਪੁਰੀ ਤੈ ਗੁਰੂ ਜਬਿ,
ਚਲਨਾ ਚਾਹਜੋ ਫੇਰ।
ਗੁਰ ਮੂਰਤਿ ਉਰਵਸੀ[1] ਕੇ,

[1]ਨਾਮ ਅਪੱਛਰਾ।

ਪਿਖਿ ਉਰ ਵਸੀ[1] ਬਧੇਰ ॥ ੪੨ ॥

[1]ਹਿਰਦੇ 'ਚ ਵੱਸ ਗਈ।

ਅੰਗਨਿ ਆਲਿੰਗਨ[1] ਚਹਜੋ,

[1]ਛੋਹਣਾ।

ਬਜੰਗ[1] ਸਮਝ ਗੁਰ ਤਾਂਹਿ।

[1]ਰਮਜ਼, ਇਸ਼ਾਰਾ।

ਕਹਜੋ ਕਪਟ ਫਲ ਯਵਨ ਬਪੁ[1],

[1]ਤੁਰਕਣੀ ਦਾ ਸ਼ਰੀਰ।

ਤੁਮ ਕੋ ਮਿਲ ਹੈ ਜਾਂਹਿ ॥ ੪੩ ॥
ਖਸ਼ਟਮ ਬਪੁ ਧਰ ਕਾਮਨਾ,

ਪੂਰਨ ਕਰਿ ਹੈਂ ਤੋਹਿ।
ਸੋਊ ਪਰੀ ਕੌਲਾਂ ਭਈ,
ਬਚਨ ਪਾਲਜੋ ਵੋਹਿ* ॥ ੪੪ ॥

*ਉਰਵਸੀ ਅਪੱਛਰਾ ਦੀ ਮੰਦ-ਭਾਵਨਾ ਨੂੰ ਸ਼ਾਂਤ ਕਰਨ ਦੀ ਬਜਾਇ ਉਸ ਦੀ ਛੇਵੇਂ ਜਾਮੇ ਵਿੱਚ ਕਾਮਨਾ ਪੂਰਨ ਕਰਨ ਦਾ ਵਚਨ ਦੇਣਾ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਿਧਾਂਤਾਂ ਤੇ ਜੀਵਨ ਆਦਰਸ਼ਾਂ ਦੇ ਅਨੁਕੂਲ ਨਹੀਂ। ਸੰਗਲਾਦੀਪ ਦੇ ਰਾਜੇ ਸ਼ਿਵ ਨਾਭ ਵੱਲੋਂ ਗੁਰੂ ਜੀ ਦੇ ਆਚਰਨ ਦੀ ਪਰਖ ਲਈ ਭੇਜੀਆਂ ਪਦਮਨੀਆਂ ਜਿਨ੍ਹਾਂ ਦੇ ਮਨੋ-ਭਾਵ ਵੀ ਹੂ-ਬ-ਹੂ ਉਰਵਸੀ ਵਾਲੇ ਹੀ ਸਨ- ਨੂੰ ਤਾਂ ਗੁਰੂ ਜੀ 'ਗਾਛਹੁ ਪੁਤ੍ਰੀ ਰਾਜ ਕੁਆਰ' ਕਹਿ ਕੇ ਸ਼ਾਂਤ ਕਰ ਦੇਂਦੇ ਹਨ ਤੇ ਉਹ ਵਾਪਸ ਜਾ ਕੇ ਰਾਜੇ ਨੂੰ ਕਹਿੰਦੀਆਂ ਹਨ: ਕ੍ਰਿਪਾ ਦ੍ਰਿਸ਼ਟਿ ਪੁਨ ਹਮ ਪਰ ਕੀਨੀ। ਹਰਿ ਸਿਮਰਨ ਕੇ ਰਸ ਮਤ ਭੀਨੀ। ਇਹ ਤੋ ਪੂਰਨ ਪੁਰਖ ਕ੍ਰਿਪਾਲਾ। ਜਿਸ ਕੋ ਦਰਸ਼ਨ ਕਰਤ ਨਿਹਾਲਾ ॥ ੫੯ ॥ (ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੪੭) ਗੁਰੂ ਜੀ ਦੇ ਦਰਸ਼ਨਾਂ ਤੋਂ ਬਾਅਦ ਆਪਣੇ ਜੀਵਨ 'ਚ ਆਈ ਤਬਦੀਲੀ ਦਾ ਐਉਂ ਵਰਣਨ ਕਰਦੀਆਂ ਹਨ: ਬਿਸ਼ੇ ਭੋਗ ਬਿਸ਼ਟਾ ਕੀ ਨਜਾਈਂ। ਦੁਰਗੰਧਿਤ ਸੋ ਹਮੈ ਨ ਭਾਈ। ਰਿਦੈ ਸ਼ਾਂਤਿ ਪ੍ਰਾਪਤਿ ਸਭ ਭਾਂਤੀ। ਸੁਨਤਿ ਬਚਨ ਭੀ ਸੀਤਲ ਛਾਤੀ ॥ ੬੧ ॥ ਕਾਢਿ ਨਰਕ ਤੇ ਸੁਰਗ ਪੁਚਾਏ। ਐਸੋ ਸੰਤ ਪਿਖਜੋ ਨਿਸ ਜਾਏ। (ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੪੭) ਉਰਵਸੀ ਨੂੰ ਤੁਰਕਣੀ ਹੋਣ ਦਾ ਸ੍ਰਾਪ ਤੇ ਫਿਰ ਛੇਵੇਂ ਜਾਮੇ 'ਚ ਕਾਮਨਾ ਪੂਰਨ ਕਰਨ ਦਾ ਵਰ ਦੋ ਵਿਰੋਧੀ ਭਾਵਾਂ ਨੂੰ ਇਕ ਥਾਂ ਕਰਕੇ ਪੜ੍ਹਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਦੋਵੇਂ ਭਾਵ ਹੀ ਗੁਰੂ ਜੀ ਦੇ ਸੁਭਾਵ ਦੇ ਵਿਰੁੱਧ ਹਨ। ਉਨ੍ਹਾਂ ਕਿਸੇ ਮੰਦ-ਵਾਸ਼ਨਾ ਵਾਲੇ ਨੂੰ ਨਾ ਸ੍ਰਾਪਿਆ ਹੈ ਤੇ ਨ ਹੀ ਕਿਸੇ ਦੀ ਮੰਦ-ਭਾਵਨਾ ਦੀ ਪੂਰਤੀ ਦਾ ਕਦੇ ਵਰ ਦਿੱਤਾ ਹੈ, ਸਗੋਂ ਮੰਦ-ਵਾਸ਼ਨਾਂ ਮੇਟ ਕੇ ਰੱਬੀ ਰੰਗਣ ਚਾੜ੍ਹਨ ਦੇ ਅਣਗਣਿਤ ਸਬੂਤ ਤੇ ਵਾਕਿਆਤ ਹਨ। ਕੌਲਾਂ ਬਾਰੇ ਹੋਰ ਵਿਸਥਾਰ ਜਾਨਣ ਲਈ ਪੜ੍ਹੋ ਬਿਸ੍ਰਾਮ ੨੩ ਦੇ ਅੰਕ ਨੰ: ੧੭੧ ਤੇ * ਨਿਸ਼ਾਨ ਦੀ ਪੈਰ ਟੂਰ।

ਮਘਵਾ ਪੁਰ[1] ਤੈ ਤੁਰ ਗੁਰੂ,
ਪਿਤ੍ਰ ਪ੍ਰਜਾ ਪਤਿ ਲੋਕ।
ਬ੍ਰਹਮਾ ਲੌ ਪਿਖਿ ਸਬਿਨ ਕੌ,
ਕੀਨੋ ਭਲੇ ਬਿਸੋਕ[1] ॥ ੪੫ ॥

[1]ਇੰਦ੍ਰ ਪੁਰੀ।

ਚੌਪਈ:
ਬਿਸ਼ਨ ਪੁਰੀ ਮੈ ਪਹੁੰਚੇ ਜਾਈ।

[1]ਅਨੰਦ।

ਸੂਰ ਸਸੀ ਜਹਿਂ ਨਹਿ ਦਰਸਾਈ।
ਮਨਿ ਮਯ[1] ਧਰ ਪ੍ਰਕਾਸ਼ਤ ਸਾਰੀ। [1]ਰੂਪ।
ਜਗਮਗਾਤ ਰਹਿ ਅਤਿ ਉਜਿਆਰੀ ॥ ੪੬ ॥
ਭਗਤ ਚਤ੍ਰਧਾ ਮੁਕਤਿ[1] ਨਿਹਾਰੇ। [1]ਚਾਰ ਤਰ੍ਹਾਂ ਦੀਆਂ ਮੁਕਤੀਆਂ ਵਾਲੇ ਭਗਤ।
ਸਬੈ ਚਤਰ ਭੁਜ ਭੂਖਨ ਧਾਰੇ।
ਸ਼ਬਦ ਸਪਰਸ ਰੂਪ ਰਸ ਗੰਧੀ।
ਕਿਸੀ ਵਿਸ਼ੇ ਕੀ ਤਹਾਂ ਨ ਗੰਧੀ[1] ॥ ੪੭ ॥ [1]ਬੋ ਭਾਵ ਥੋੜ੍ਹੇ ਮਾਤ੍ਰ ਵੀ ਨਹੀਂ।
ਤੇਜ ਰੂਪ ਸਬਿ ਕੇ ਤਨ ਸੋਹੈਂ।
ਖਾਨ ਪਾਨ ਕੀ ਖਾਸ[1] ਨ ਕੋ ਹੈ। [1]ਖ਼ਾਹਸ਼, ਇੱਛਾ।
ਬਿਸ਼ਨ ਦੇਵ ਸਬਿ ਜਗ ਕਾ ਪਾਲਕ।
ਰੱਖਕ ਭਗਤਿ ਅਭਗਤਨ ਘਾਲਕ[1] ॥ ੪੮ ॥ [1]ਪਾਪੀਆਂ ਨੂੰ ਮਾਰਨ ਵਾਲਾ।
ਤਿਨਿ ਆਵਨ ਜਬਿ ਗੁਰ ਕਾ ਸੁਨਾ।
ਪਠੇ ਪਾਰਖਦ[1] ਲੇਨੇ ਪੁਨਾ। [1]ਵਿਸ਼ਨੂੰ ਦੇ ਦਰਬਾਰੀ।
ਬਿਸ੍ਵਕਸੇਨ[1] ਆਦਿ ਮੁਦ ਪਾਏ। [1]ਪਾਰਖਟ ਦਾ ਨਾਮ।
ਕਰਿ ਉਤਸ਼ਾਹ ਗੁਰਹਿਂ ਲੈ ਆਏ ॥ ੪੯ ॥
ਮਿਲੇ ਖੜੇ ਹ੍ਵੈ ਗੁਰ ਕੋ ਹਰੀ।
ਪ੍ਰਸੰਸਾ ਪਰਸਪਰ ਬਹੁ ਕਰੀ।
ਨਿਜ ਢਿਗ ਆਸਨ ਊਚ ਬਿਠਾਏ।
ਕਰਿ ਚਰਚਾ ਪਰਚਾ[1] ਮੁਦ ਪਾਏ ॥ ੫੦ ॥ [1]ਪ੍ਰਚਾਵਾ।
ਨਾਮ ਗਜਾਨ ਤਨ ਧਰਿ ਜਨ ਮਿਲੇ[1]। [1]ਜਾਣੋ ਨਾਮ (ਸਤਿਗੁਰੂ) ਤੇ ਗਿਆਨ (ਬਿਸ਼ਨੂੰ) ਸ਼ਰੀਰ ਧਾਰ ਕੇ ਮਿਲੇ ਹਨ।

ਜੋਗ ਵਿਰਾਗ ਰੂਪ ਜਨ ਭਿਲੇ[1]। [1]ਮਿਲੇ।
ਪੁਨ ਹਰਿ ਸੁਨੀ ਗੁਰੂ ਤੈ ਬਾਨੀ।
ਗਜਾਨ ਵੈਰਾਗ ਭਗਤਿ ਨੈਸਾਨੀ ॥ ੫੧ ॥
ਜੈ ਜੈ ਬੋਲਿ ਅਨੰਦ ਬਢਾਯੋ।
ਨਿਜ ਲੋਗਨ ਪ੍ਰਤਿ ਹਰਿ ਅਸ ਗਾਇਓ।
ਜਦਜਪਿ ਆਚਾਰਯ ਅਵਤਾਰੂ।
ਪੂਰਬ ਭਏ ਕਏ ਮਤ ਚਾਰੂ[1] ॥ ੫੨ ॥ [1]ਸੁੰਦਰ ਮੱਤ ਚਲਾਏ।
ਤਦਜਪਿ ਸਤਿਗੁਰ ਕਾ ਅਵਤਾਰਾ।
ਭਯੋ ਅਬੈ ਚਹੁਂ ਜੁਗਨ ਮਝਾਰਾ।
ਬਿਨ ਸਤਿਗੁਰ ਕੇ ਕੀਏ ਉਪਦੇਸੂ।

ਮਿਟਤਿ ਨ ਕਬਹੂੰ ਨਿਖਲ[1] ਕਲੇਸੂ ॥ ੫੩ ॥
[1]ਸਾਰੇ।

ਨੇਤ[1] ਸਨਾਤਨ[2] ਯਹਿ ਕਰਤਾਰੈ।
[1]ਰੀਤੀ। [2]ਆਦੀ।

ਰਚੀ, ਨਿਗਮ ਆਗਮ ਕਹਿਂ ਸਾਰੈ।
ਜੈਸ ਅਗਨਿ ਬਿਨ ਪਾਕ[1] ਨ ਹ੍ਵੈ ਹੈ।
[1]ਰਸੋਈ।

ਬਿਨਾ ਤਮਾਰੀ[1] ਤਮ[2] ਨਹਿ ਜੈਹੈ ॥ ੫੪ ॥
[1]ਸੂਰਜ। [2]ਅਨ੍ਹੇਰਾ।

ਪੰਖੀ ਉਡਤਿ ਪੰਖ ਤੈ ਨਭ[1] ਜਜੋਂ।
[1]ਅਕਾਸ਼।

ਮੁਕਤਿ ਨਾਹਿ ਗੁਰ ਗਜਾਨ ਬਿਨਾ ਤਜੋਂ।
ਤੀਨ ਜੁੱਗ ਜਿਨਿ ਭਗਤਿ ਕਮਾਈ।
ਸੋ ਅਬਿ ਗੁਰ ਸਿਖ ਹ੍ਵੈ ਹੈਂ ਆਈ ॥ ੫੫ ॥
ਸ਼ਰਧਾ ਗੁਰ ਬਚਨੋ ਪਰ ਕੈ ਹੈਂ।
ਕੈਵਲ ਮੁਕਤਿ ਗਜਾਨ ਗਹਿ ਲੈ ਹੈਂ।
ਬਿਸ਼ਨ ਦੇਵ ਜਬ ਐਸ ਬਖਾਨਾ।
ਸਰਬ ਦੇਵਤਨਿ ਦਿਢ ਮਨਿ ਮਾਨਾ ॥ ੫੬ ॥
ਮਾਨੁਖ ਤਨ ਧਰਿ ਗੁਰ ਤੈ ਦਿੱਖਜਾ[1]।
[1]ਦੀਖਿਆ, ਸਿੱਖਿਆ।

ਲੇਵੈਂ, ਭਈ ਸਬਿਨਿ ਮਨਿ ਇੱਛਯਾ।
ਯਾਹੀ ਤੇ ਸੁਰ ਆਇ ਹਮੇਸ਼ੈਂ।
ਗਹਿ ਗੁਰ ਮਾਰਗ ਦਹਿਤਿ[1] ਕਲੇਸ਼ੈਂ ॥ ੫੭ ॥
[1]ਸਾੜਦੇ, ਨਾਸ਼ ਕਰਦੇ।

ਦਸਮ ਗੁਰੁ ਕੇ ਸਿੱਖ ਸਾਧੁ ਜਹਿਂ।
ਸਭਾ ਕਰਹਿਂ, ਹ੍ਵੈ ਸਾਬਤ ਤਹਿਂ ਯਹਿ।
ਦੇਵਨ ਸੀ ਸੂਰਤ ਸਬਿ ਰਾਜੈ।
ਕੀਰਤਨ ਕਥਾ ਗਜਾਨ ਬ੍ਰਹਮ ਭ੍ਰਾਜੈ[1] ॥ ੫੮ ॥
[1]ਬ੍ਰਹਮ ਗਿਆਨ ਚਮਕਦਾ ਹੈ।

ਦੋਹਰਾ:
ਬਿਸ਼ਨ ਦੇਵ ਤੈ ਹ੍ਵੈ ਬਿਦਾ,
ਗੁਰ ਕੀਯ ਅੱਗ੍ਰ ਪਜਾਨ।
ਤੇਜਰੂਪ ਨਭ ਮਗ ਚਲੇ,
ਸੁਰ ਪਿਖਿ ਭਏ ਹੈਰਾਨ ॥ ੫੯ ॥

ਚੌਪਈ:
ਆਗੇ ਗਏ ਜਬੈ ਗੁਰ ਸ੍ਵਾਮੀ।
ਮਿਲਜੌ ਭਗਤ ਧੂ ਪੂਰਨ ਕਾਮੀ[1]।
[1]ਕਾਮਨਾ ਪੂਰਨ ਕਰਨ ਵਾਲੇ (ਸਤਿਗੁਰਾਂ ਨੂੰ)।

ਪਾਵਨ ਹਰਿ ਗੁਨ ਗਾਵਨ ਕਰੇ।

ਮੋਦ ਪ੍ਰਮੋਦ ਪਰਸਪਰ ਭਰੇ ॥ ੬੦ ॥
ਢਰੇ ਪ੍ਰੇਮ ਪੁਲਕੇ ਰੋਮਾਂਚਾ[1]। [1]ਰੋਮ ਖੜੇ ਹੋ ਗਏ।
ਗਦ ਗਦ ਗਿਰਾ[1] ਥਿਰਾ ਮਨ ਮਾਚਾ[2]। [1]ਭਾਵ ਕੰਠਰੁਕ ਗਿਆ। [2]ਖ਼ੁਸ਼ ਹੋ ਕੇ ਮਨ ਟਿਕ ਗਿਆ।
ਪ੍ਰਭ ਕੀ ਪੌਰਹਿ ਪਰ[1] ਧ੍ਰੂ ਥਿਰ ਹੈ। [1]ਦਰਵਾਜ਼ੇ 'ਤੇ।
ਔਰ ਨਖਜਤ੍ਰ[1] ਗਿਰਦ ਤਿਹਿ ਫਿਰ ਹੈਂ ॥ ੬੧ ॥ [1]ਤਾਰੇ।
ਹਰੀ[1] ਹਰ[2] ਅਜ[3] ਲੌ ਦੇਵ ਅਪਾਰੈਂ। [1]ਵਿਸ਼ਨੂੰ। [2]ਸ਼ਿਵ। [3]ਬ੍ਰਹਮਾ।
ਪੈਗੰਮ੍ਰ ਅਵਤਾਰ ਹਜ਼ਾਰੈਂ।
ਖਰੇ ਚਿੱਤ੍ਰ ਸੇ[1] ਅੰਗ ਨ ਫਰਕੈਂ। [1]ਤਸਵੀਰਾਂ ਵਾਂਗ।
ਸੁਸਕ[1] ਅਧਰ[2] ਮਨਿ ਛਤੀਆਂ ਧਰਕੈਂ ॥ ੬੨ ॥ [1]ਸੁੱਕੇ। [2]ਬੁੱਲ੍ਹ।
ਹ੍ਵੈ ਹੈ ਹੁਕਮ ਕਹਾਂ ਧੌ[1] ਕੈਸੇ। [1]ਕਿਸ ਤਰ੍ਹਾਂ ਦਾ।
ਚਿਤਵਤਿ ਰਹੈਂ ਅਦਬ ਸਹਿ ਐਸੇ।
ਜਬਿ ਸਤਿਗੁਰ ਤਹਿਂ ਪਹੁੰਚੇ ਜਾਈ।
ਲੀਨੋ ਨਿਜ ਢਿਗ ਪ੍ਰਭੂ ਬੁਲਾਈ ॥ ੬੩ ॥
ਸੂਰਤਿ ਮੂਰਤਿ ਰੰਗ ਨ ਰੂਪਾ।
ਪੇਖਜੋ ਨੂਰਹਿ ਨੂਰ ਸ੍ਵਰੂਪਾ।
ਅਮਿਤਿ ਅਪਾਰ ਦਸੋ ਦਿਸ ਮਾਹੀ।
ਜਗਮਗਾਤ ਪ੍ਰਕਾਸ਼ ਮਹਾਂਹੀਂ[1] ॥ ੬੪ ॥ [1]ਮਹਾਨ ਪ੍ਰਕਾਸ਼ ਚਮਕ ਰਿਹਾ ਹੈ।
ਕੋਟ ਬੀਜਰੀ[1] ਸੂਰ[2] ਅਪਾਰੈ। [1]ਕ੍ਰੋੜਾਂ ਬਿਜਲੀਆਂ। [2]ਸੂਰਜ।
ਫੀਕੇ ਦੀਸਹਿਂ ਤਾਹਿਂ ਅਗਾਰੈ।
ਮਾਰਤੰਡ ਮੰਡਲ ਮੈ ਜੈਸੇ।
ਦੀਪ[1] ਨਖ੍ਰਤ[2] ਜੁਗਨੂ[3] ਗਤ[11] ਐਸੇ ॥ ੬੫ ॥ [1]ਦੀਵੇ। [2]ਤਾਰਿਆਂ। [3](ਤੇ) ਟਟਹਿਣਿਆਂ ਦੀ। [11]ਹਾਲਤ ਹੁੰਦੀ ਹੈ।
ਮਾਯਾ ਸਬਲ[1] ਪ੍ਰਭੂ ਹੈ ਵਹੈ। [1]ਮਾਇਆ ਦੇ ਬਲ ਸਹਿਤ।
ਸਰਬ ਸ਼ਕਤਿ ਮਤ ਜਿਹਿਂ ਸ੍ਰੁਤਿ ਕਹੈਂ।
ਜਾਂ ਕੀ ਸੱਤਾ ਗਹਿ ਕਰਿ ਮਾਯਾ।
ਛਿਨ ਮਹਿ ਰਚਿ ਹੈ ਅੰਡ ਨਿਕਾਯਾ[1] ॥ ੬੬ ॥ [1]ਸਾਰੇ ਬ੍ਰਹਮੰਡ।
ਜੀਵ ਅਜੀਵ[1] ਅਸੁਰ ਸੁਰ ਜੇਤੇ। [1]ਚੇਤਨ ਤੇ ਜੜ੍ਹ।
ਹੋਵਤਿ ਪਲ ਮੈ ਪ੍ਰਗਟ ਤੇਤੇ।
ਜਜੋਂ ਜੀਵਾਤਮ ਕੀ ਗਹਿ ਸੱਤਾ।
ਸ੍ਵਪਨ ਪਰਪੰਚ ਰਚਿਤ ਥਿਤਿ ਅੱਤਾ[1] ॥ ੬੭ ॥ [1](ਮਨ) ਬਹੁਤਾ ਟਿਕ ਕੇ ਸੁਪਨੇ ਦਾ ਸੰਸਾਰਰਚਦਾ ਹੈ।

ਤਹਿਂ ਤੇ ਗੁਰ ਕੋ ਭਯੋ ਅਵਾਜਾ।
ਜਿਹਿਂ ਹਿਤ ਗਏ ਕਰੋ ਵਹਿ ਕਾਜਾ।
ਨਾਮੁ ਭਗਤਿ ਬ੍ਰਹਮ ਗਜ਼ਾਨ ਦਿਢੈ ਕੈ।
ਧਰ ਪਰ ਪਰਮ ਧਰਮ ਬਿਥਰੈ ਕੈ ॥ ੬੮ ॥
ਦਸ ਬਪੁ ਥਪਿ[1] ਫਿਰ ਈਹਾਂ ਅੱਈਓ। [1]ਦਸ ਸਰੂਪ ਧਾਰ ਕੇ।
ਇਸੀ ਜੋਤਿ ਮਹਿ ਜੋਤਿ ਮਿਲੱਈਓ।
ਜੋ ਜਨ ਬਚਨ ਤੁਮਾਰ ਕਮਾਵੈ।
ਸੋ ਭੀ ਹਮਰੇ ਰੂਪ ਸਮਾਵੈ ॥ ੬੯ ॥
ਯਹਿ ਬਾਨੀ ਸੁਨਿ ਸੁਖਦ ਮਹਾਨੀ।
ਪੁਨ ਅਸ ਉਸਤਤਿ ਗੁਰੂ ਬਖਾਨੀ ॥ ੭੦ ॥
ਤ੍ਰਿਭੰਗੀ ਛੰਦ:
ਜੈ ਦੀਨ ਦਯਾਲੰ, ਜਨ ਪ੍ਰਤਿਪਾਲੰ,
ਕਰਤ ਨਿਹਾਲੰ, ਨਿਜ ਦਾਸੰ।
ਹਰਿ ਹਰ ਬਿਧਿ ਬੰਦਨ[1], ਪਾਪ ਨਿਕੰਦਨ[2], [1]ਵਿਸ਼ਨ, ਸ਼ਿਵ ਤੇ ਬ੍ਰਹਮਾ ਦੇ ਬੰਦਨਾ ਕਰਨ ਯੋਗ। [2]ਕੱਟਣ ਵਾਲੇ।
ਕਾਟ ਕੁਫੰਦਨ[1], ਸੁਖਰਾਸੰ। [1]ਖੋਟੀਆਂ ਫਾਹੀਆਂ।
ਮਾਯਾ ਅਲਵੱਤਾ[1], ਲੈ ਤੁਵ ਸੱਤਾ, [1]ਪ੍ਰੰਤੂ।
ਰਚਿ ਹੈ ਅੱਤਾ[1], ਜਗ ਅਖਲੰ[2]। [1]ਬਹੁਤਾ। [2]ਸਾਰਾ।
ਫੁਰਨੇ ਚਖ ਕੋਰਨ, ਅੰਡ ਕਰੋਰਨ,
ਹੋਵਤ ਫੌਰਨ, ਤਵ ਨਿਖਲੰ[1] ॥ ੭੧ ॥ [1]{ਤਵ} ਤੇਰੇ ਨੇਤ੍ਰਾਂ ਦੇ ਕੋਨੇ ਫਰਕਣ ਨਾਲ {ਨਿਖਲੰ} ਸਮੂੰਹ ਕ੍ਰੋੜਾਂ ਬ੍ਰਹਮੰਡ ਛੇਤੀ (ਪੈਦਾ) ਹੋ ਜਾਂਦੇ ਹਨ।
ਯਹਿ ਤੇਰੀ ਮਾਯਾ, ਚਲਿਤ ਦਿਖਾਯਾ,
ਕੂਰ ਬਨਾਯਾ, ਸਾਚ ਸਮੰ।
ਜਿਮ ਖੇਲ ਮਦਾਰੀ, ਮਰੁ ਥਲੁ ਵਾਰੀ[1], [1]ਮਾਰੂ ਥਲ 'ਚ ਪਾਣੀ।
ਰਜੁ ਮਝਾਰੀ, ਮਾਰ ਤਮੰ[1]। [1]ਅਨ੍ਹੇਰੇ ਵਿੱਚਰੱਸੀ ਦਾ ਸੱਪ (ਪ੍ਰਤੀਤ ਹੁੰਦਾ ਹੈ)।
ਤੂੰ ਸਰਬ ਮਝਾਰਾ, ਰਹਤਿ ਨਿਰਾਰਾ,
ਰੂਪ ਤੁਮਾਰਾ, ਚਰਾਚਰੰ[1]। [1]ਜੜ੍ਹ ਤੇ ਚੇਤਨ ਵਿੱਚ।
ਸਤਿ ਚਿਤ ਆਨੰਦਾ, ਆਨੰਦ ਕੰਦਾ[1], [1]ਬੱਦਲ।
ਅਹੋ ਮੁਕੰਦਾ, ਸੁਰ ਅਸੁਰੰ ॥ ੭੨ ॥
ਜੈ ਜੈ ਜਗ ਕਰਣੰ[1], ਭਰਣ[2] ਸਘਰਣੰ[3] [1]ਪੈਦਾ ਕਰਨ ਵਾਲੇ। [2]ਪਾਲਣਾ ਕਰਨ ਵਾਲੇ। [3]ਨਾਸ ਕਰਨ ਵਾਲੇ।

ਅਸਰਣ ਸਰਣੰ[1], ਸੁਖਰਾਸੀ।
[1]ਨਿਆਸਰਿਆਂ ਨੂੰ ਆਸਰਾ ਦੇਣ ਵਾਲੇ।

ਸਬਿ ਦੇਵਨ ਦੇਵਾ, ਅਲਖ ਅਭੇਵਾ,
ਦਾਯਕ ਮੇਵਾ, ਅਬਿਨਾਸੀ।

ਤਿਰਗੁਣ ਆਤੀਤਾ[1], ਪਤਿਤ ਪੁਨੀਤਾ,
[1]ਤਿੰਨਾਂ ਗੁਣਾਂ ਤੋਂ ਅਸੰਗ।

ਕਰਤਿ ਅਭੀਤਾ[1] ਸਰਣਾਯੰ।
[1]ਨਿਰਭੈ।

ਜੈ ਅਲਖ ਅਲੇਖੰ, ਰੂਪ ਨ ਰੇਖੰ,
ਬੇਖ ਅਬੇਖੰ, ਨਿਰਣਾਯੰ[1] ॥ ੭੩ ॥
[1]ਨਿਰਣਾ ਕਰ ਕੇ ਦੇਖਿਆ ਹੈ ਕਿ ਤੂੰ {ਬੇਖ} ਮੁੱਢ ਤੋਂ {ਅਬੇਖੰ} ਅਮੁੱਢ ਭਾਵ ਨੂੰ ਨਿਰਮੂਲ ਰੂਪ ਹੈ।

ਖਲ ਖੰਡ ਅਖੰਡੰ[1], ਤੇਜ ਪ੍ਰਚੰਡੰ[2],
[1]ਲਗਾਤਾਰ ਮੂਰਖਾਂ ਦਾ ਨਾਸ ਕਰਨ ਵਾਲੇ ਹੋ। [2]ਤਿੱਖੇ ਤੇਜ ਵਾਲੇ ਹੋ।

ਦੰਡ ਅਦੰਡੰ[1], ਛਲ ਛੰਡੰ[2]।
[1]ਆਪ ਦੰਡ ਤੋਂ ਅਦੰਡ ਹੋ। (ਅ) ਜਿਨ੍ਹਾਂ ਨੂੰ ਕੋਈ ਦੰਡ ਨਾ ਦੇ ਸਕੇ ਉਨ੍ਹਾਂ ਨੂੰ ਦੰਡ ਦੇਣ ਵਾਲੇ ਹੋ। [2]ਛਲ ਨੂੰ ਨਾਸ ਕਰਨ ਵਾਲੇ ਹੋ।

ਖੰਡਰੁ ਬ੍ਰਹਮੰਡਨ, ਅਖਲਹਿ ਮੰਡਨ[1],
[1]ਸਾਰਿਆਂ ਨੂੰ ਰਚਨ ਵਾਲੇ।

ਬਿਪਤਿ ਬਿਹੰਡਨ[1], ਬਰ ਬੰਡੰ[2]।
[1]ਬਿਪਤਾ ਨੂੰ ਨਾਸ ਕਰਨ ਵਾਲੇ। [2]ਵਰਾਂ ਨੂੰ ਵੰਡਣ ਵਾਲੇ।

ਜੈ ਬਿਸ੍ਵ ਬਿਭੂਖਨ[1], ਮੁਨਿ ਮਨ ਪੂਖਨ[2],
[1]ਸੰਸਾਰ ਦੇ ਗਹਿਣਾ ਰੂਪ। [2]ਤ੍ਰਿਪਤ ਕਰਨ ਵਾਲੇ।

ਅਤੀ ਅਦੂਖਨ[1], ਅਵਿਰੇਖੰ[2]।
[1]ਦੋਸ਼ਾਂ ਤੋਂ ਰਹਿਤ। [2]ਵਿਚਾਰਿਆ ਹੈ।

ਮਾਯਾ ਆਧਾਰੰ, ਨਿਰ ਬੇਕਾਰੰ,
ਸਰਬ ਪ੍ਰਕਾਰੰ, ਸਬ ਸੇਖੰ[1] ॥ ੭੪ ॥
[1]ਸਾਰਿਆਂ ਵਿੱਚੋਂ।

ਹਮਰਾ ਅਤਿ ਬੰਦਨ, ਲਿਹੁ ਜਗ ਬੰਦਨ[1],
[1]ਜਗਤ ਦੇ ਬੰਦਨਾ ਕਰਨ ਯੋਗ।

ਫੁਰੈ ਸੁਛੰਦਨ[1] ਛੰਦ ਸੁਚੈ[2]।
[1]ਸੁਤੰਤਰ, ਆਪ ਮੁਹਾਰੇ। [2]ਪਵਿੱਤ੍ਰ।

ਜਿਹ ਪਢਿ ਸੁਨਿ ਲੋਕੀ, ਹੋਇ ਬਿਸੋਕੀ[1],
[1]ਅਨੰਦ।

ਪੈਹਿੰ ਅਰੋਕੀ, ਪਦ ਸਉਚੈ[1] ॥ ੭੫ ॥
[1]ਪਵਿੱਤ੍ਰ ਪਦਵੀ।

ਦੋਹਰਾ:

ਤਥਾ ਮਸਤੂ[1] ਬਰ[2] ਦਰਸ ਗਹਿ[3],
[1](ਜਿਵੇਂ ਤੁਸਾਂ ਕਿਹਾ ਹੈ) ਤਿਵੇਂ ਹੀ ਹੋਵੇਗਾ। [2]ਵਰ ਲੈ ਕੇ। [3]ਦਰਸ਼ਨ ਕਰਕੇ।

ਆਇਸ[1] ਪਾਇ ਗੁਰੇਸ[2]।
[1]ਆਗਿਆ। [2]ਅਕਾਲ ਪੁਰਖ ਤੋਂ।

ਖਿਤ ਮੰਡਲ[1] ਕੀ ਦਿਸ ਫਿਰੇ,
[1]ਧਰਤੀ ਮੰਡਲ, ਮਾਤ ਲੋਕ।

ਗੁਰ ਹ੍ਵੈ ਮੋਦ ਬਿਸੇਸ ॥ ੭੬ ॥
ਸੁਰ ਨਰ ਮੁਨਿ ਜਨ ਸਿੱਧ ਗਨ,
ਸ਼ਕਤੀ ਅਤੀ ਨਿਹਾਰ।

ਦਰਸੈਂ ਗੁਰ ਕੋ ਮੋਦ ਧਰਿ,
ਪਰਸੈਂ ਪਗ ਸੁਖਕਾਰ ॥ ੭੭ ॥
ਕਹੈਂ ਪਰਸਪਰ ਆਜ ਲੌ,
ਨਰ ਤਨ ਧਾਰੀ ਕੋਇ।
ਗਯੋ ਨ ਆਗੇ ਜਾਇਗੋ,
ਆਏ ਜਹਿਂ ਗੁਰ ਹੋਇ ॥ ੭੮ ॥
ਊਨੇ ਪਰਬਤ ਆਇ ਗੁਰ,
ਸੰਗੀ ਲੀਨੇ ਸੰਗ।
ਰਿਖਿ ਮੁਨਿ ਗਨ ਕੌ ਮਿਲਤਿ ਮਗ,
ਚਲੇ ਕਿਲਾਸ਼ ਉਲੰਗ[1] ॥ ੭੯ ॥

[1]ਲੰਘ ਕੇ।

ਚੌਪਈ:
ਮਤ ਕੋਊ ਮਨ ਸ਼ੰਕਾ ਮਾਨੇ।
ਸੁਰਨ ਪੁਰਨ[1] ਕਿਮ ਗੁਰੂ ਪਜਾਨੇ।

[1]ਦੇਵਤਿਆਂ ਦੀਆਂ ਪੁਰੀਆਂ ਵਿੱਚ।

ਸਨਕਾਦਿਕ ਨਾਰਦ ਭ੍ਰਿਗੁ ਆਦੀ।
ਜਾਤਿ ਰਹੇ ਜਿਮ ਬੇਤਾਦਾਦੀ[1] ॥ ੮੦ ॥

[1]ਅਣਗਿਣਤ।

ਯਹਿ ਕੈਮੁੱਤਕ ਨਜਾਇ[1] ਲਿਆ ਹੈ।

[1]ਜਿਸ ਨੇ ਵੱਡਾ ਕੰਮ ਕਰ ਲਿਆ ਹੋਵੇ ਉਸ ਨੂੰ ਛੋਟਾ ਕੰਮ ਕਰਨ 'ਚ ਕੀ ਔਖਿਆਈ ਹੈ।

ਜਹਿਂ ਗਿਰ[1] ਉਡੈ ਤੂਲ[2] ਤਹਿਂ ਕਿਆ ਹੈ।

[1]ਪਹਾੜ। [2]ਰੂੰ।

ਉਨਿ ਤੈ ਦਹ ਗੁਨਿ ਸ਼ਕਤੀ ਵਾਰੇ।
ਥੇ ਸਤਿਗੁਰ ਪੂਰਨ ਅਵਤਾਰੇ ॥ ੮੧ ॥
ਜੇ ਜੇ ਕਾਮ ਸਤਿਗੁਰੂ ਕਰੇ।
ਕਹੋ ਕਹਾਂ ਕਿਸ ਰਿਖਿ ਮੁਨਿ ਧਰੇ[1]।

[1]ਕੀਤੇ।

ਪੇਖਿ ਪ੍ਰਸਪਰ ਕਹਿਂ ਮੁਨਿ ਬ੍ਰਿੰਦਾ।
ਹੈ ਨਰ ਤਨ ਯਹਿ ਸਹੀ ਗੁਬਿੰਦਾ ॥ ੮੨ ॥
ਬਿਹਰਤਿ[1] ਧਰਨੀ ਕਰਤਿ ਪਵਿੱਤਾ।

[1]ਵਿਚਰ ਕੇ।

ਲੋਗਨ ਕੀ ਕਲਜਾਨ ਨਮਿੱਤਾ।
ਸੰਗ ਪਿਖੇ ਬਾਲਾ ਮਰਦਾਨਾ।
ਯਾ ਬਿਧਿ ਛਬਿ[1] ਬਹੁ ਰਿਖਿਨਿ ਬਖਾਨਾ ॥ ੮੩ ॥

[1]ਸੋਭਾ, ਉਪਮਾ।

ਯਹਿ ਗੁਨ ਤੀਨ[1] ਕਿ ਤੀਨ ਕਾਲ[2] ਹੈਂ।

[1]ਤਿੰਨ ਗੁਣ (ਰਜੋ, ਸਤੋ, ਤਮੋ)। [2]ਤਿੰਨ ਸਮੇਂ (ਭੂਤ, ਭਵਿੱਖਤ, ਵਰਤਮਾਨ)।

ਤੀਨ ਗਯਾਨ[1] ਕੈ ਤੀਨ ਜ੍ਵਾਲ[2] ਹੈਂ।

[1]ਤਿੰਨ ਤਰ੍ਹਾਂ ਦਾ ਗਿਆਨ (ਸਮਾਨ, ਵਿਸ਼ੇਸ਼, ? ?)। [2]ਤਿੰਨ

ਅੱਗਾਂ (ਜਠਰਾਗਨੀ)-ਪੇਟ ਦੀ ਅੱਗ, ਬੜਵਾਨਲਿ-ਸਮੁੰਦਰ ਦੀ ਅੱਗ, ਦਵਾਨਲ-ਜੰਗਲ ਜਾਂ ਚੁੱਲੇ ਦੀ ਅੱਗ)।

ਤੀਨ ਲੋਕ[1] ਕਿਤ ਤੀਨ ਦੇਵ[2] ਹੈਂ।
[1]ਤਿੰਨ ਲੋਕ (ਸੁਰਗ, ਮਾਤ, ਪਤਾਲ)। [2]ਤਿੰਨ ਦੇਵਤੇ (ਬ੍ਰਹਮਾ, ਬਿਸ਼ਨ, ਸ਼ਿਵ)।

ਤੀਨ ਤ੍ਰਿਕ[1] ਕਿਤ[2] ਤੀਨ ਭੇਵ[3] ਹੈਂ ॥ ੮੪ ॥
[1]ਤਿੰਨਾਂ ਦਾ ਇਕੱਠ ਜਿਵੇਂ ਗਿਆਤਾ, ਗਿਆਨ, ਗੇਯ ਆਦਿ। [2]ਜਾਂ। [3]ਤਿੰਨ ਭੇਦ (ਸਜਾਤੀ, ਬਿਜਾਤੀ, ਸੁਗਤ)।

ਬ੍ਰਹਮ ਈਸ਼ ਆਤਮ ਤਨ ਧਾਰੇ[1]।
[1](ਜਾਂ ਸਮਝੋ) ਬ੍ਰਹਮ, ਈਸ਼ਰ ਤੇ ਆਤਮਾ ਨੇ (ਹੀ ਤਿੰਨ) ਸ਼ਰੀਰ ਧਾਰੇ ਹਨ।

ਕਿਧੌਂ ਕਾਂਡ ਤ੍ਰੈ ਬੇਦ[1] ਉਦਾਰੇ।
[1]ਵੇਦ ਦੇ ਤਿੰਨ ਕਾਂਡ (ਕਰਮ, ਉਪਾਸ਼ਨਾ, ਗਿਆਨ)।

ਤੀਨ ਜੀਵ[1] ਤਿਨ ਤੀਨ ਅਵਸਥਾ[2]।
[1]ਤਿੰਨ ਜੀਵ (ਵਿਸ, ਤੈਜਸ, ਪ੍ਰੱਗਜ)। [2]ਤਿੰਨ ਅਵਸਥਾਵਾਂ।

ਆਨੰਦ ਤ੍ਰੈ[1], ਕੈ ਤੀਨੋ ਰਸਤਾ[2] ॥ ੮੫ ॥
[1]ਤਿੰਨ ਅਨੰਦ (ਬ੍ਰਹਮਾਨੰਦ, ਭਜਨਾਨੰਦ, ਵਿਸ਼ਜਾਨੰਦ)। [2]ਤਿੰਨਰਾਹ (ਜੋਗ, ਭਗਤੀ, ਗਿਆਨ)।

ਯਾ ਬਿਧਿ ਰਿਖਿ ਬਹੁ ਕਲਪਨ ਕਰਿ ਕੈ।
ਬਾਰ ਬਾਰ ਬੰਦੇ ਮੁਦਿ ਭਰਿ ਕੈ।
ਯਾਰ ਕੰਦ ਤਿੱਬਤ ਸਬ ਹੇਰਾ।
ਸ਼ਹਿਰ ਅਸਕਰਦੂ ਥਿਰੇ ਬਧੇਰਾ ॥ ੮੬ ॥
ਹੁਤੋ ਕਲੰਦਰ ਗੌਸ[1] ਬੁਖਾਰੀ[2]।
[1]ਕਲੰਦਰ ਤੇ ਗੌਸ ਮੁਸਲਮਾਨ ਫ਼ਕੀਰਾਂ ਦੇ ਦਰਜੇ ਹਨ। [2]ਨਾਮ।

ਤਹਾਂ ਫਕੀਰ ਪੀਰ ਇਕ ਭਾਰੀ।
ਕਰਿ ਗੋਸ਼ਟ ਗੁਰ ਸੋਂ ਵਹਿ ਹਾਰਾ।
ਸਾਦਕ[1] ਬਨਾ ਨਿਮਜੋ ਜਗ ਸਾਰਾ ॥ ੮੭ ॥
[1]ਸ਼ਰਧਾਲੂ।

ਅਬਿ ਲੌ ਜਗਾ ਅਹੇ ਗੁਰ ਕੇਰੀ।
ਦੁਰਗ[1] ਅਸਕਰਦੂ ਪਾਸ ਬਡੇਰੀ।
[1]ਕਿਲ੍ਹਾ।

ਨਾਨਕ ਪੀਰ ਨਾਮ ਸੈਂ ਧਜਾਵੈਂ।
ਮੰਨਤ ਕੇਰ ਕੜਾਹ ਚਢਾਵੈਂ ॥ ੮੮ ॥
ਜੰਮੂ ਕੀ ਸੀਮਾ[1] ਹੈ ਤਹਾਂ।
[1]ਹੱਦ।

ਯਹਿਂ ਤੇ[1] ਸਿਖ ਪਿਖਿ ਆਏ ਵਹਾਂ[2]।
[1]ਇਸ ਥਾਂ ਤੋਂ। [2]ਓਥੇ।

ਤਹਿਂ ਤੇ ਚਲਿ ਗੁਰ ਪੁੰਗਰ ਦੇਸ[1]।
[1]ਪੁੰਗ੍ਹ ਦੇਸ ਜਿਸ ਨੂੰ ਪਾਂਗਾ ਭੀ ਆਖਦੇ ਹਨ।

ਪੇਖੇ ਨੰਗੇ ਲੋਗ ਬਿਸੇਸ ॥ ੮੯ ॥
ਰਹਿ ਛੈ ਮਾਸ ਕੰਦਰਾ ਮਾਹੀ।
ਬਰਫ਼ ਢਰਤਿ ਫਿਰ ਨਿਕਸਤ ਨਾਹੀ।
ਕੰਦ ਮੂਲ ਪਲ[1] ਸਦ ਹੀ ਖੈਹੈਂ।
[1]ਮਾਸ।

ਅੰਨ ਨਹੀ ਤਹਿਂ ਪੈਦਾ ਹ੍ਵੈ ਹੈ ॥ ੯੦ ॥

ਦੋਹਰਾ:

ਮਨ ਮਹੇਸ਼[1] ਕੋ ਦੇਖਿ ਪੁਨ,
ਮਾਨ ਸਰੋਵਰ ਆਇ।
ਮਾਨ ਤਲਾਈ ਕਹਤਿ ਜਿਹ,
ਮਿਲੇ ਸਿੱਧ ਬਹੁ ਤਾਇ[1] ॥ ੯੧ ॥

[1]ਪਹਾੜ ਦਾ ਨਾਮ।

[1]ਤਿਸ ਥਾਂ।

ਚੌਪਈ:

ਤਹਿਂ ਤੇ ਚਲਿ ਗੁਰ ਅਏ ਅਗਾਰੀ।
ਅਮਰ ਨਾਥ ਪੇਖਜੋ ਤ੍ਰਿਪੁਰਾਰੀ[1]।
ਅਮਰ ਕਥਾ ਜਹਿਂ ਬੈਠਿ ਸੁਨਾਈ।
ਸ਼ਿਵਹਿ ਸ਼ਿਵਾ ਪ੍ਰਤਿ[1] ਇਕੰਤ ਥਿਰਾਈ[2]
॥ ੯੨ ॥

[1]ਸ਼ਿਵ ਦਾ।

[1]ਸ਼ਿਵ ਨੇ ਪਾਰਬਤੀ ਨੂੰ। [2]ਬੈਠ ਕੇ।

ਲਿੰਗ ਬਰਫ਼ ਕਾ ਕੰਦ੍ਰ ਅੰਦਰ।
ਬਨਿ ਹੈ ਇਸ ਤਦਬੀਰਹਿ[1] ਸੁੰਦਰ।
ਹੈ ਸੁਰਾਖ ਪਰਬਤ ਕੇ ਮਾਂਹੀ।
ਤਿਹ ਪਰ ਹਿਮ[1] ਜਬਿ ਪਰ ਹੈ ਵਾਹੀਂ ॥ ੯੩ ॥
ਟਪਕ ਟਪਕ ਹਿਮ ਨੀਚੇ ਜਮ ਹੈ।
ਤਾਂ ਤੇ ਲਿੰਗ ਬਰਫ ਕਾਂ ਬਨ ਹੈ[1]।
ਸਾਵਨ ਮਾਸ ਜਾਤ੍ਰੂ ਜੈਹੈਂ।
ਵਹੈ ਲਿੰਗ ਪਿਖਿ ਧੰਨਜ ਮਨੈ ਹੈਂ ॥ ੯੪ ॥
ਔਰਤ ਮਰਦ ਨਗਨ ਬਨਿ[1] ਜਾਹੀਂ।
ਭੋਜ ਪਤ੍ਰ ਇਕ ਕਮਰ ਰਖਾਹੀਂ।
ਪੂਜਾ ਆਧੀ ਲੇਤ ਗੁਸਾਈ।
ਜੋ ਛੜੀਆ[1] ਸੰਗ ਜਾਤ੍ਰੂ ਨ ਜਾਈ ॥ ੯੫ ॥
ਅੱਧੀ ਲੈਹੈਂ ਮੁੱਸਲਮਾਨੂ।
ਮਗ ਮੈ ਢਿਗ ਜੋ ਬਸੈਂ ਮਹਾਨੂੰ।
ਤਹਿਂ ਤੇ ਚਲਿ ਸਤਿਗੁਰ ਅਗਵਾਏ।
ਤੀਰਥ ਮਟਨ ਆਦਿ ਦਰਸਾਏ ॥ ੯੬ ॥
ਲੋਗ ਪਹਾਰੀ ਮਹਾਂ ਅਗਜ਼ਾਨੀ।
ਮਾਨਤਿ ਪਾਹਨ ਦੇਵਰੁ ਪਾਨੀ[1]।
ਨਾਰ ਸਿੰਘ ਕੋ ਭੈਰੋਂ ਤਾਂਈ[1]।

[1]ਬਣ ਜਾਂਦਾ ਹੈ।

[1]ਬਣ ਕੇ, ਹੋ ਕੇ।

[1]ਛਟੀ ਵਾਲਾ ਗੋਸਾਈਂ।

[1]ਪੱਥਰਾਂ ਤੇ ਪਾਣੀ ਨੂੰ ਦੇਵਤੇ ਮੰਨਦੇ ਹਨ।

[1]ਨਰ ਸਿੰਘ ਨੂੰ ਤੇ ਭੈਰੋਂ ਨੂੰ (ਵੀ ਮੰਨਦੇ ਹਨ)।

ਜਨਕ ਮਹਲ ਜਬਿ ਗਏ ਗੁਸਾਂਈ ॥ ੯੭ ॥

ਕਬਿੱਤ:

ਜੇਤਿਕ ਸੋ ਦੇਸ ਹਨੂਮਾਨ ਕੋ ਪ੍ਰਮੇਸ਼ ਜਾਨਿ,
ਪੂਜਤਿ ਮਹਾਨ ਕਰੈਂ ਜਾਨ ਲੌ ਕੁਰਬਾਨ ਹੈਂ।
ਗਏ ਜਬਿ ਤਹਾਂ ਗੁਰ ਆਏ ਸਬਿ ਲੋਕ ਜੁਰਿ[1],
ਕਹਜੋ ਉਨਿ ਦੇਵ ਫੁਰ[1] ਏਈ ਬਲਵਾਨ ਹੈ।
ਏਕ ਹੀ ਫਲਾਂਗ ਸਿੰਧੁ ਪਾਰ ਹ੍ਵੈ ਉਜਾਰ ਬਨ[1],
ਲੰਕ ਜਾਰ[1] ਸੀਯ ਸੋਧ[2] ਦੀਨੋ ਰਾਮ ਆਨ ਹੈ।
ਸਾਗਰ ਬੰਧਾਇ[1] ਲੰਕਪਤਿ ਘਾਇ[2] ਜਿਆਇ ਸ਼ੇਸ਼[3],
ਰਾਮ ਸੀਅ ਕੋ ਲਿਆਇ ਤਖਤ ਦਿਲਾਨ[1] ਹੈ
॥ ੯੮ ॥
ਅਪ੍ਰਮਾਨ[1] ਬਲ ਹਨੂਮਾਨ ਸਮ ਆਨ ਨਾਹਿਂ,
ਪਾਇਕ[1] ਹੈ ਲਾਇਕ ਸੁਰਾਮ ਕੌ ਮਿਲਾਨ ਕੌ।
ਯਾਂਹੀ ਤੇ ਸੇਵਤਿ ਹਮ, ਨਿਸ ਦਿਨ ਤਾਂਹੀ ਸਬਿ,
ਭੁਗਤਿ ਮੁਕਤਿ ਦਾਨ[1] ਜਾਨਤਿ ਨ ਆਨ ਕੋ।
ਕਹਜੋ ਗੁਰ ਏਰੇ ਮੂਢ ਭੂਲੇ ਹੋ ਅਗੂਢ[1] ਤੁਮ,
ਭਏ ਬੂਡ[1] ਬਾਵਰੇ ਨ ਕਰਤ ਸਜਾਨ ਕੋ।
ਰਾਮ ਦਸਰਥ ਪੂਤ ਭਜੋ ਏਕ ਭੂਪ ਪੂਤ,
ਹਨੂੰ ਤਾਹਿ ਦੂਤ[1] ਕੈਸੇ ਕਰਿ ਹੈ ਕਲਜਾਨ ਕੋ
॥ ੯੯ ॥
ਬਡੋ ਅਫਸੋਸ ਭਾਰੀ, ਧਾਰੀ ਮਤਿ ਦੋਸ਼ਵਾਰੀ
ਪਾਇ ਸਰਦਾਰੀ ਫਿਰ ਪਾਜੀਪਨੋ[1] ਕਰਿ ਹੈ।
ਜੈਸੇ ਕੋਈ ਬਾਦਸ਼ਾਹਿ, ਰੰਕ[1] ਤੇ ਸੁ ਧਨ ਚਾਹਿ,
ਸਿੰਘ[1] ਹੋਇ ਸਜਾਰ[2] ਤੈ ਧਰਤਿ ਅਤਿ ਡਰ ਹੈ।
ਬਾਰੂ ਤੈ[1] ਚਹੈ ਸੁ ਤੇਲ, ਬਾਂਝ ਸੁਤ ਹੂੰ ਤੈ ਖੇਲ[2],
ਪਾਹਨ[1] ਕੀ ਨਾਉ[2] ਤੈ ਦਰਜਾਉ ਕੌਨ ਤਰ ਹੈ।
ਤੈਸੇ ਹੋਇ ਮਾਨੁਖ ਜੋ ਪੂਜੇ ਪਸੁ, ਪਾਨੀ, ਸਿਲ,
ਗਜਾਨ ਸਿੰਘ ਜਾਨੋ ਸੋ ਤੋ ਬਿਨਾ ਪੂਛ ਖਰ[1] ਹੈ

[1]ਜੁੜ ਕੇ, ਇਕੱਠੇ ਹੋ ਕੇ।
[1]ਸੱਚਾ ਦੇਵਤਾ।
[1]ਇਕ ਹੀ ਛਾਲ ਨਾਲ ਸਮੁੰਦਰ ਪਾਰ ਹੋ ਕੇ (ਰਾਵਣ ਦਾ) ਬਾਗ਼ ਉਜਾੜ ਦਿੱਤਾ।
[1]ਲੰਕਾ ਸਾੜ ਕੇ। [2]ਸੀਤਾ ਦੀ ਖ਼ਬਰ।
[1]ਸਮੁੰਦਰ ਤੇ (ਪੁਲ) ਬੰਨ੍ਹਾ ਕੇ। [2]ਰਾਵਣ ਮਾਰ ਕੇ। [3]ਲਛਮਣ ਨੂੰ ਜਿਉਂਦਾ ਕਰਕੇ। {ਸ਼ੇਸ਼ ਨਾਗ ਦਾ ਅਵਤਾਰ ਹੋਣ ਤੇ ਲਛਮਣ ਨੂੰ ਸ਼ੇਸ਼ ਕਿਹਾ ਹੈ।}
[1]ਦੁਆਇਆ।
[1]ਮਿਣਤੀ ਤੋਂ ਰਹਿਤ।
[1]ਸੇਵਕ।
[1]ਦੇਣ ਵਾਲਾ।
[1]ਪ੍ਰਤੱਖ ਹੀ।
[1]ਡੁੱਬੇ ਹੋਏ।
[1]ਹਲਕਾਰਾ।
[1]ਕਾਇਰਤਾ, ਨੀਚਤਾ।
[1]ਕੰਗਾਲ।
[1]ਸ਼ੇਰ। [2]ਗਿੱਦੜ।
[1]ਰੇਤੇ ਤੋਂ। [2]ਵੰਝਿਆ ਤੋਂ ਖੇਡਦਾ ਪੁੱਤਰ।
[1]ਪੱਥਰ। [2]ਬੇੜੀ।
[1]ਖੋਤਾ, ਗਧਾ।

॥ ੧੦੦ ॥

ਜੋਨਿ ਜੇ ਅਪਾਰ ਸਭਿ ਹੀ ਕੋ ਸਰਦਾਰ ਨਰ,
ਮਾਨੁਖ ਅਵਤਾਰ ਕਰਤਾਰ ਕੀਨ ਹੈ ਇਦੈ[1]।
[1]ਇਹੋ ਹੀ, ਇਸੇ ਨੂੰ ਹੀ।

ਜੈਸੇ ਬਾਨ ਰਾਘਵੇਸ[1] ਚੱਕ੍ਰ ਬੱਜ੍ਰ ਹਰਿ ਸੁਰੇਸ[2],
[1]ਰਾਮ ਚੰਦ੍ਰ ਦਾ ਤੀਰ। [2]ਵਿਸ਼ਨੂੰ ਦਾ ਸੁਦਰਸ਼ਨ ਚੱਕ੍ਰ ਤੇ ਇੰਦ੍ਰ ਦਾ ਬੱਜ੍ਰ।

ਦੰਡ ਧਰਮੇਸ ਮ੍ਰਿਤੁਨੇਸ ਕਾਹੇ ਨ ਖਿਦੈ[1]।
[1]ਮੌਤ ਦੇ ਈਸ਼ਰ ਧਰਮਰਾਜ ਦਾ ਦੰਡ ਕਿਸ ਨੂੰ ਦੁੱਖ ਨਹੀਂ ਦੇਂਦਾ?

ਤੈਸੇ ਗੁਰਬਾਨੀ ਬਲਵਾਨੀ ਸੁਨਿ ਕਾਨੀ ਜਨ,
ਐਸੋ ਕੌਨ ਜਗ ਮਾਹਿ ਜਾਂਹਿ ਉਰ ਨ ਭਿਦੈ[1]।
[1]ਜਿਸ ਦਾ ਹਿਰਦਾ ਵਿੰਨ੍ਹਿਆ ਨਹੀਂ ਜਾਂਦਾ।

ਆਇ ਪਰੇ ਪਾਇ ਧਾਇ ਜੋਰਿ ਹਾਥ ਮਾਥ ਨਾਇ,
ਭਾਇ ਧਰਿ ਚਹਜੋ ਭਲ[1] ਮਨ ਤਨ ਕੈ ਫਿਦੈ[2]
[1](ਆਪਣਾ) ਭਲਾ। [2]ਕੁਰਬਾਨ ਕੀਤਾ।

॥ ੧੦੧ ॥

ਸਤਿਨਾਮੁ ਉਪਦੇਸ਼ ਭਗਤਿ ਜਗਤ ਏਸ,
ਦੈ ਕਰਿ ਬਿਸੇਸ ਗਜਾਨ ਕਲਜਾਨ ਕਾਰੀਆ।
ਇਸੀ ਤੌਰ ਕਈ ਠੌਰ ਗੌਰ[1] ਕਰਿ ਜਾਇ ਗੁਰ,
[1]ਖ਼ਿਆਲ।
ਛੁਡਵਾਇ ਮੰਦ ਮਤਿ ਬੈਦਕ ਦਿਢਾਰੀਆ[1]।
[1]ਵੈਦਕ ਮਤ (ਆਸਤਕ ਮਤ) ਪੱਕਾ ਕੀਤਾ।
ਜਾਇ ਕਸ਼ਮੀਰ ਪੁਨ ਸੁਖਦ ਸਧੀਰ ਗੁਰ,
ਸ਼ਾਹਾਬਾਦ, ਨੰਤ ਨਾਗ ਆਦਿਕ ਨਿਹਾਰੀਆ।
ਪਾਮ ਪੁਰ, ਸ਼ਾਹ ਪਈ, ਨੱਗਰ ਸ੍ਰੀ ਨਿਹਾਰ[1],
[1]ਸ੍ਰੀ ਨੱਗਰ (ਸ਼ਹਿਰ) ਦੇਖ ਕੇ।
ਊਚਿ ਠੌਰ ਬੈਠਿ ਗੁਰ ਸ਼ਬਦ ਉਚਾਰੀਆ

॥ ੧੦੨ ॥

ਸੁਨੀ ਧੁਨੀ[1] ਜਹਾਂ ਤੱਕ, ਦੁਨੀ ਗੁਨੀ[2] ਆਏ ਤੱਕ[3],
[1]ਅਵਾਜ਼। [2]ਦੁਨੀਆਂ ਦੇ ਗੁਣੀ। [3]ਦੇਖਣ ਲਈ।
ਚਿੱਤ੍ਰ ਸੇ ਰਹੇਂ ਹੈਂ ਤਕ[1] ਦੈ ਮਨ ਕਰਨ[2] ਹੈਂ।
[1]ਮੂਰਤਾਂ ਵਾਂਗ ਦੇਖਰ ਹੇ ਹਨ। [2]ਕੰਨ।
ਹੁਤੇ ਜੇ ਫਕੀਰ ਪੀਰ ਕਸ਼ਮੀਰ ਬੀਚ ਆਏ,
ਭੀਰ ਭਈ ਗੁਰ ਤੀਰ[1] ਚਰਚਾ ਕਰਨ ਹੈਂ।
[1]ਕੋਲ, ਪਾਸ।
ਜੇਤਿਕ ਸ੍ਵਾਲ ਕੀਨ, ਪਾਇ ਕੈ ਜਵਾਬ ਪੀਨ[1],
[1]ਪੱਕੇ, ਤਕੜੇ।
ਭਏ ਸਭਿ ਦੀਨ ਗਹੇ ਗੁਰ ਕੇ ਚਰਨ ਹੈਂ।
ਬਢਨਾਲ ਗਢਨ ਪੈ[1] ਬਿਦਵਾਨ ਜਢਨ ਪੈ[2],
[1](ਜਿਵੇਂ) ਤੋਪ-ਕਿਲ੍ਹਿਆਂ ਉਪਰ। [2]ਮੂਰਖਾਂ ਉਪਰ।
ਤੈਸੇ ਬਾਦੀਓਂ ਪੈ[1] ਗੁਰੁ ਬਚਨ ਵਰਨ ਹੈਂ[2]
[1]ਝਗੜਾਲੂਆਂ ਉਪਰ। [2]ਵਰ੍ਹਦੇ ਹਨ। (ਅ) ਵਰਣਨ ਕਰੀਦੇ ਹਨ।

॥ ੧੦੩ ॥

ਪ੍ਰਗਨੇ ਕਾਮਾਨ ਤਟ ਗੰਗਾ ਹਰਿ ਮੁਕਟ ਕੇ,

ਜਾਇ ਮਠ ਸਾਰਦ ਬਿਸਾਰਦ ਨਿਹਾਰੀਆ[1]।

[1]ਕਾਮਾਨ ਦੇ ਇਲਾਕੇ, ਗੰਗਾ ਦੇ ਕਿਨਾਰੇ, ਹਰੀ ਮੁਕਟ ਦੇ ਮਠ ਵਿੱਚ ਜਾ ਕੇ ਉੱਤਮ ਸਰਸੁਤੀ (ਦੁਰਗਾ) ਦੇਵੀ (ਦੀ ਮੂਰਤੀ) ਦੇਖੀ।

ਕਨਕ[1] ਸਿੰਘਾਸਨ ਜਟਿਤਿ ਮਨਿ ਮਾਨਕ ਪੈ[2],
ਦੁਰਗਾ ਕੀ ਮੂਰਤਿ ਪੂਜਤਿ ਦੇਸ ਸਾਰੀਆ।
ਸੁਨਿ ਗੁਰ ਆਵਨ ਔ ਗਾਵਨ ਗੁਸਾਂਈ ਦਿਜ,
ਭਾਮਨਿ[1] ਸਮੇਤ ਆਇ ਮਤ ਯੌਂ ਉਚਾਰੀਆ।
ਦੁਰਗਾ ਜਜਨ[1] ਔਰ ਭਜਨ ਮਕਾਰ ਪਾਂਚ[2],

[1]ਸੋਨੇ ਦਾ। [2]ਉਪਰ ਮਣੀਆਂ ਤੇ ਮਾਣਕ ਜੜੇ ਹੋਏ।

[1]ਇਸਤ੍ਰੀਆਂ।

[1]ਪੂਜਨ। [2]ਪੰਜ ਮਕਾਰਾਂ ਦਾ ਸੇਵਨ। {ਪੰਜ ਮਕਾਰ–ਮਦਰਾ, ਮਾਸ, ਮੈਥਨ, ਮਾਇਆ, ਮੁਦ੍ਰਾ (ਭੁੱਜੇ ਹੋਏ ਚਣੇ ਤੇ ਚਿੜਵੇ ਅਤੇ ਕਣਕ ਦਾ ਬੇਰੜਾ}।

ਸਜਨ ਹੈਂ ਸਾਚ ਸੋ ਪਰਤਿ ਭਵ ਪਾਰੀਆ ॥੧੦੪॥

ਏਹੀ ਜਗ ਸਿਰਜਨ, ਪਾਲਨ, ਹਰਨ ਹਾਰ,
ਸਰਬ ਸ਼ਕਤਿਵਾਨ, ਮਾਯਾ, ਪ੍ਰਕ੍ਰਿਤੀ[1]।
ਦੁਬਿਧਾ ਸ੍ਵਰੂਪ ਜਢ ਚੇਤਨ ਅਨੂਪ ਭੂਪ[1],

[1]ਸਾਂਖ ਮਤ ਅਨੁਸਾਰ ਜਗਤ ਦਾ ਮੂਲ ਰੂਪ ਬੀਜ।

[1]ਜੜ੍ਹ ਤੇ ਚੇਤਨ ਦੋ ਤਰ੍ਹਾਂ ਦਾ (ਉਸ ਦਾ) ਸਰੂਪ ਹੈ ਉਪਮਾ ਤੋਂ ਰਹਿਤ ਤ {ਭੂ} ਤੱਤਾਂ ਦੀ {ਪ} ਮਾਲਕ ਹੈ।

ਰਜ ਸਤ ਤਮ ਗੁਨਰੂਪ ਹੋਇ ਵਿਰਤੀ[1]।
ਤਮ ਗੁਨ ਹੂੰ ਤੇ ਮਹਿਤਤ੍ਵ[1] ਨਭ[2] ਪੌਨ ਤੇਜ[3],

[1]ਵਰਤ ਰਹੀ ਹੈ।

[1]ਗੁਣਾਂ ਵਿੱਚ ਬਿਖਮਤਾ ਹੋਣ ਕਰ ਕੇ ਪ੍ਰਕ੍ਰਿਤੀ ਦੇ ਖੋਭ ਕਾਰਨ ਜੋ ਤੱਤ ਪੈਦਾ ਹੋਇਆ ਅਤੇ ਜੋ ਸ਼ਰੀਰ ਵਿੱਚ ਬੁੱਧੀ ਰੂਪ ਹੋ ਕੇ ਇਸਥਿਤ ਹੈ। [2]ਅਕਾਸ਼। [3]ਅੱਗ।

ਜਲ ਧਰ[1] ਕ੍ਰਮ ਤੈ[2] ਉਪਾਈ ਪ੍ਰਵਿਰਤੀ[3]।

[1]ਧਰਤੀ। [2]ਨੰਬਰਵਾਰ (ਪੈਦਾ ਹੋਏ)। [3](ਇਨ੍ਹਾਂ ਤੋਂ) ਸੂਖਮ ਸ੍ਰਿਸ਼ਟੀ ਪੈਦਾ ਕੀਤੀ।

ਇਨ ਹੀ ਤੈ ਥੂਲ ਭੂਤ ਭੌਤਕ ਪ੍ਰਪੰਚ ਭਜੋ[1],

[1]ਇਨ੍ਹਾਂ (ਪੰਜਾਂ ਸੂਖਮ ਤੱਤਾਂ) ਤੋਂ (ਪੰਜ) ਸਥੂਲ ਤੱਤ (ਤੇ ਉਨ੍ਹਾਂ ਤੋਂ ਅੱਗੋਂ) ਪੰਜ ਭੌਤਕ ਸੰਸਾਰ (ਪੈਦਾ) ਹੋਇਆ।

ਦੇਖੀਅਤਿ ਕਰਾਹਰ[1] ਸ੍ਰਿਸ਼ਟੀ ਜੁ ਫਿਰਤੀ ॥੧੦੫॥

[1]ਕੁਰਬਲ ਕੁਰਬਲ ਕਰਦੀ।

ਸੂਖਮ ਅਪੰਚੀਕ੍ਰਿਤ[1] ਰਜ ਗੁਨ ਕੀ ਸ੍ਰਿਸ਼ਟਿ,
ਇੰਦ੍ਰੀ ਸਕਰਮ[1] ਪ੍ਰਾਣ ਵਿਸ਼ੇ ਰਸ ਮਾਨੀਏ[2]।

[1]ਸੂਖਮ ਪੰਜ ਤੱਤ ਜਿਹੜੇ ਪੰਜਾਂ ਹਿੱਸਿਆਂ 'ਚ ਨਹੀਂ ਵੰਡੇ ਗਏ।

[1]ਕਰਮਾਂ ਸਹਿਤ ਇੰਦ੍ਰੀਆਂ ਭਾਵ ਪੰਜ ਕਰਮ ਇੰਦ੍ਰੀਆਂ। [2]ਪੰਜ ਪ੍ਰਾਣ ਤੇ ਚੌਦਾਂ ਵਿਸ਼ੇਰਸ ਮੰਨੋ।

ਇੰਦ੍ਰੀ ਗਜਾਨ[1] ਮਨਿ ਬੁਧਿ[2] ਸ਼ਬਦਾਦਿ[3],

[1]ਪੰਜ ਗਿਆਨ ਇੰਦ੍ਰੀਆਂ। [2]ਮਨ ਬੁਧਿ (ਚਿੱਤ ਤੇ ਹੰਕਾਰ ਚਾਰ ਅੰਤਹਕਰਣ)। [3]ਸ਼ਬਦ ਸਪਰਸ ਆਦਿ ਚੌਦਾਂ ਵਿਸ਼ੇ।

ਭਾਨਾਦਿ ਚੌਦਸ ਹੀ ਦੇਵ[1], ਸਤਗੁਨ ਤੈ ਪ੍ਰਮਾਨੀਏ[2]।

[1]ਸੂਰਜ ਆਦਿ ਚੌਦਾਂ ਦੇਵਤੇ। [2]ਸਤੋ ਗੁਣ ਤੋਂ (ਪੈਦਾ ਹੋਏ) ਮੰਨੋ।

ਈਸ਼੍ਵਰ[1] ਹਿਰਨ ਗ੍ਰਭ[2] ਬੈਸ੍ਵਾਨਰ[3] ਈਸ ਤੀਨ[11],

[1]ਸਖੋਪਤ ਸ੍ਰਿਸ਼ਟੀ ਦਾ ਅਭਿਮਾਨੀ (ਈਸ਼ਰ)। [2]ਸੁਪਨ ਸ੍ਰਿਸ਼ਟੀ ਦਾ ਅਭਿਮਾਨੀ (ਈਸ਼ਰ)। [3]ਜਾਗ੍ਰਤ ਸ੍ਰਿਸ਼ਟੀ ਦਾ ਅਭਿਮਾਨੀ (ਈਸ਼ਰ)। [11](ਇਹ) ਤਿੰਨ ਈਸ਼ਰ ਹਨ।

ਤੈਜਸ[1] ਪ੍ਰਾਗ[2] ਬਿਸ੍ਵ[3] ਜੀਵ* ਭਏ ਭਾਨੀਏ[11]।

[1]ਸੁਪਨ ਅਵਸਥਾ ਦਾ ਅਭਿਮਾਨੀ (ਜੀਵ)। [2]ਸਖੋਪਤ ਅਵਸਥਾ ਦਾ ਅਭਿਮਾਨੀ (ਜੀਵ)। [3]ਜਾਗ੍ਰਤ ਅਵਸਥਾ ਦਾ ਅਭਿਮਾਨੀ (ਜੀਵ)। [11](ਇਹ ਤਿੰਨ) ਜੀਵ ਹੋਏ ਕਹੀਏ ਹਨ। *ਇਥੇ ਮੂਲ 'ਚ ਪਾਠ 'ਜੀਤ' ਸੀ ਪਰ ਅਸਾਂ ਇਸ ਨੂੰ 'ਜੀਵ' ਸ਼ੁਧ ਸਮਝ ਕੇ ਠੀਕ ਕਰ ਦਿੱਤਾ ਹੈ।

ਹਰੀ ਹਰ ਅਜਰਮਾ ਉਮਾ ਸਾਰਦਾਇ ਤ੍ਰੈਈ[1],

[1]ਵਿਸ਼ਨੂੰ, ਸ਼ਿਵ, ਬ੍ਰਹਮਾ (ਤੇ ਉਨ੍ਹਾਂ ਦੀਆਂ ਤਿੰਨ ਸ਼ਕਤੀਆਂ) ਲੱਛਮੀ, ਪਾਰਬਤੀ ਤੇ ਸਰਸੁਤੀ ਆਦਿ।

ਰਚੇ ਜਗਿ ਕਾਰ ਏ ਚਲਾਵਨ ਕੋ ਜਾਨੀਏ ॥ ੧੦੬ ॥

ਜੇਤਕ ਪ੍ਰਪੰਚ ਹੈ ਬਿਰੰਚ[1] ਔ ਪਪੀਲਕਾ ਲੌ[2],

[1]ਬ੍ਰਹਮਾ ਤੋਂ। [2]ਕੀੜੀ ਤੱਕ।

ਜਾਯਾ[1] ਸਬ ਮਾਯਾ ਨੈ ਫੈਲਾਯਾ ਨਿਜ ਤਨ ਹੈ।

[1]ਪੈਦਾ ਕੀਤਾ।

ਯਾਹੀ ਕੋ[1] ਦੁਖਾਵਤਿ ਜੋ ਤਾਹੀ ਕੋ ਸੁ ਘਾਵਤਿ ਹੈ[2],

[1]ਇਸ (ਜਗਤ ਦੇ ਜੀਵਾਂ) ਨੂੰ। [2]ਮਾਰ ਦੇਂਦੀ ਹੈ।

ਅੰਸਾ ਅਵਤਾਰ[1] ਰਾਮ ਕ੍ਰਿਸ਼ਨਾਦਿ ਬਨ ਹੈ।

[1]ਜਿਸ ਅਵਤਾਰ ਵਿੱਚ ਦੇਵਤਿਆਂ ਦੀਆਂ ਕਲਾਂ ਦੇ ਕੁਝ (ਅੰਸ਼) ਹਿੱਸੇ ਹੋਣ।

ਜਬਿ ਅਵਤਾਰਨ ਤੈ ਰਾਖਸ਼ ਮਰਤ ਨਾਹਿ,
ਆਪ ਸ਼ਮਸ਼ੇਰ ਗਹਿ ਫੇਰ ਤਿਨੈ ਹਨ ਹੈ।
ਐਸੀ ਸੁਨਿ ਬਾਨੀ ਦੇਵੀ ਭਗਤ ਕੀ ਗਜਾਨੀ ਗੁਰ,
ਦਾਨੀ ਮੋਖ ਭੋਗ ਬੋਲੇ ਖੋਲੇ ਗੁਨ ਗਨ ਹੈਂ ॥ ੧੦੭ ॥

ਜਦਜਪਿ ਉਪਾਯਾ ਜਗ ਮਾਯਾ ਤੁਮ ਸਾਚ ਗਾਯਾ,
ਤਦਜਪਿ ਸੁਤੰਤ੍ਰ ਨ ਸਾਕੈ ਕੁਛ ਕਰਿ ਹੈ।
ਬਿਨ ਪ੍ਰਮਾਨ[1] ਬਾਂਝ ਸੁਤਾ ਕੇ ਸਮਾਨ ਜਾਨ,

[1]ਸਬੂਤ।

ਮਾਨਨੌ ਅਦ੍ਰਿਸ਼ਟਿ[1] ਹੋਤ ਦ੍ਰਿਸ਼ਟਿ[2] ਅਨੁਸਰ ਹੈ।

[1]ਨ ਦਿੱਸਣ ਵਾਲੀ ਵਸਤੂ। [2]ਦਿੱਸਣ ਵਾਲੀ ਵਸਤੂ।

ਜੈਸੇ ਨਾਰਿ ਪੁਰਖ ਕੇ ਆਸਰੇ ਅਧੀਨ ਰਹਿ,
ਸੁਤਾ ਸੁਤ ਜਨਤਿ[1] ਨ ਜਨੈ ਬਿਨ ਨਰ ਹੈ[2]।

[1]ਧੀਆਂ ਪੁੱਤ੍ਰ ਜੰਮਦੀ ਹੈ। [2](ਪਰ) ਆਦਮੀ ਤੋਂ ਬਿਨਾਂ ਜੰਮ ਨਹੀਂ ਸਕਦੀ।

ਮਾਯਾ ਨਾਰਿ ਬ੍ਰਹਮ ਕੀ ਹੈ ਸ਼ਕਤਿ ਵਿਚਾਰ ਤੈਸੇ,
ਚਿਤ ਕੀ ਸ਼ਕਤਿ ਕਰਿ[1] ਜਗਤ ਬਿਥਰ ਹੈ[2] ॥ ੧੦੮ ॥

[1]ਚੇਤਨ ਦੀ ਸ਼ਕਤੀ ਕਰਕੇ। [2]ਫੈਲਾ ਰਹੀ ਹੈ।

ਮਾਯਾ ਪ੍ਰਣਾਮੀ[1] ਮਿਥਜਾ[2] ਦੁਖਦ ਅਸੁਚੀ[3] ਕਾਮੀ[11],
ਜੈਸੋ ਰੂਪ ਯਾ ਕੋ ਤੈਸੋ ਜਗ ਦਿਖਰਾਇ ਹੈ।
ਇੰਦ੍ਰ ਜਾਲ ਜਾਲ ਜਗ[1] ਸ੍ਵਪਨ ਬਿਸਾਲ[2] ਠੂਠ ਚੋਰ[3],
ਰਾਜ ਬਜਾਲ[1] ਖਜਾਲ ਕੀਏ ਨਰਹਾਇ ਹੈ।
ਸੱਤ ਹੈ ਨਿਹਾਰੇ ਤੈ ਬਿਚਾਰੇ ਤੇ ਅਸਤ ਹੋਇ, ਮਾਯਾ
ਛਲ ਰੂਪ ਅੰਸ਼ ਤਾ ਕੀ ਦੇਵੀਆਂ ਦਿਖਾਇ ਹੈ।
ਤਾਂ ਤੇ ਤੁਮ ਤਾਂ ਕੋ ਅਬਿ ਜਜਨ[1] ਭਜਨ ਕਰੋ,
ਭਜਨ ਪ੍ਰਭੂ ਕੋ ਸੰਗਿ ਸਜਨ ਰਹਾਇ ਹੈ ॥੧੦੯॥

[1]ਬਦਲ ਜਾਣ ਵਾਲੀ। [2]ਝੂਠੀ। [3]ਅਪਵਿੱਤ੍ਰ। [11]ਕਾਮ ਵਾਸ਼ਨਾ ਵਾਲੀ।

[1]ਸਾਰਾ ਜਗਤ ਇੰਦ੍ਰ ਜਾਲ (ਜਾਦੂਗਰ ਦਾ ਤਮਾਸ਼ਾ) ਹੈ। [2]ਵੱਡਾ ਸੁਪਨਾ। [3]ਟਾਹਣੀਆਂ ਤੋਂ ਬਿਨਾਂ ਦਰੱਖ਼ਤ ਦੇ ਮੁੱਢ ਨੂੰ ਚੋਰ (ਕਲਪ ਲੈਣ ਵਾਲਾ)।

[1]ਰਸੀ 'ਚ (ਕਲਪਿਆ) ਸੱਪ।

[1]ਪੂਜਨ।

ਸਤਿ ਚਿਤ ਆਨੰਦ ਸ੍ਵਰੂਪ ਏਕਰਸ ਬ੍ਰਹਮ,
ਤਾਹੀ ਕੇ ਧਰਮ ਜਗ ਮਾਹਿ ਭਾਸ ਹੈਂ ਭਰੇ[1]।
ਹਰੀ ਹਰਿ ਬਿਧਿ[1] ਲੌ ਬਿਬਧਾ ਬਿਧਿ ਦੇਵੀਆਂ ਸੁ,
ਇੰਤਜ਼ਾਰ[1] ਦ੍ਵਾਰ ਪੈ ਅਪਾਰ ਜਾਂਹਿ ਹੈਂ ਖਰੇ।
ਤਾਂ ਕੀ ਸੁ ਨੈਨ ਸੈਨ[1] ਪਾਇ ਕੈ ਨਿਕਾਇ ਅੰਡ[2],
ਉਪਜਾਇ ਮਾਇ[1] ਪਾਰ[2] ਔ ਸੰਘਾਰ ਪੈ ਧਰੇ[3]।
ਬੇਦ ਜਸ ਗਾਵੈਂ ਸੇਸ ਸਾਰਦ ਸੇ[1] ਧਜਾਵੈਂ,
ਜਾਹਿ ਅੰਤ ਹੂੰ ਨ ਪਾਵੈਂ, ਪੈ ਅਨੰਤ ਕਹਿਂ ਹ੍ਵੈ ਖਰੇ ॥੧੧੦॥

[1]ਭਲੀ ਪ੍ਰਕਾਰ ਪ੍ਰਕਾਸ਼ ਕਰ ਰਹੇ ਹਨ।
[1]ਅਨੇਕ ਕਿਸਮ ਦੀਆਂ।
[1]ਉਡੀਕ ਵਿੱਚ।
[1]ਸੈਨਤ, ਇਸ਼ਾਰਾ। [2]ਸਾਰੇ ਬ੍ਰਹਮੰਡ।
[1]ਮਾਇਆ। [2]ਪਾਲਦੀ। [3]ਫੇਰ ਮਾਰ ਦੇਂਦੀ ਹੈ।
[1]ਸ਼ੇਸ਼ ਨਾਗ ਤੇ ਸਰਸੁਤੀ ਵਰਗੇ।

ਜੈਸੋ ਗੁਰ ਕਹਜੋ ਤੈਸੋ ਗਹਜੋ ਮਤ ਉਨਿ ਗੁਨਿ[1],
ਸਤਿ ਨਾਮੁ ਜਪ ਥਪਿ[1] ਭਗਤੀ ਅਕਾਲ ਹੈ।
ਤੋਖਿ ਆਦਿ ਪੌਧਿ ਪੋਖ ਛੋਰ ਮਤਵਾਰੀ ਦੋਖ[1],
ਭਏ ਅਧਿਕਾਰੀ ਮੋਖ[1] ਗੁਰੂ ਕੇ ਸੁ ਲਾਲ ਹੈਂ।
ਚਲ ਕੈ ਤਹਾਂ ਤੇ ਗੁਰ ਜੰਮੂ ਓਰ ਆਏ ਢੁਰ[1],
ਮਿਲੇ ਸਿਧ ਸੁਰਪੁਰ ਸੋਨ ਸਰ ਤਾਲ ਹੈ[1]।
ਦੇਖਿ ਪ੍ਰਮੰਡਲ[1], ਰਵਾਲ ਸਰ ਆਦਿ ਠੌਰ,
ਨਗਰ ਬਟਾਲਾ ਫਿਰ ਕੀਓ ਆ ਨਿਹਾਲ ਹੈ

[1]ਵਿਚਾਰ ਕੇ।
[1]ਧਾਰ ਕੇ, ਕਮਾ ਕੇ।
[1]ਸੰਤੋਖ ਆਦਿ (ਦੈਵੀ ਗੁਣਾਂ ਦੇ) ਬੂਟਿਆਂ ਨੂੰ ਪਾਲਣ ਲੱਗੇ ਤੇ ਝੱਲਪੁਣੇ ਵਾਲੇ ਅਉਗਣ ਛੱਡ ਦਿੱਤੇ।
[1]ਮੁਕਤੀ ਦੇ ਹੱਕਦਾਰ।
[1]ਭਾਵ ਤੁਰ ਕੇ।
[1]ਸੁਰਪੁਰ (ਸ਼ਹਿਰ ਦੇ ਨੇੜੇ) ਸੋਨ ਸਰ ਤਾਲ (ਦੇ ਕਿਨਾਰੇ)।
[1]ਅਸਥਾਨ ਦਾ ਨਾਮ।

॥ ੧੧੧ ॥

ਸੋਰਠਾ:

ਸਤਿਗੁਰ ਕੇ ਸੁਸਰਾਰ[1], [1]ਸਹੁਰੇ।
ਥੇ ਤਹਿਂ ਠਾਂ ਬਡ ਭਾਗ ਨਰ।
ਸੁਨਿ ਆਏ ਮੁਦ ਧਾਰ,
ਹਿਤ ਦਰਸ਼ਨ ਚਲਿ ਗੁਰੂ ਪੈ ॥ ੧੧੨ ॥

ਦੋਹਰਾ:

ਸਾਸੁ[1] ਸਸੁਰ[2] ਗੁਰ ਸੁਤ[3] ਤਿਆ[11], [1]ਸੱਸ। [2]ਸਹੁਰਾ। [3]ਪੁੱਤਰ। [11]ਮਹਲ, ਮਾਤਾ ਸੁਲੱਖਣੀ ਜੀ।
ਆਇ ਗਹੇ ਪਦ ਕੰਜ।
ਹਾਥ ਜੋਰਿ ਬਿਨਤੀ ਕਰੀ,
ਹੇ ਈਸ਼ਰ ਬਪੁ ਮੰਜ[1] ॥ ੧੧੩ ॥ [1]ਉੱਜਲ ਸਰੂਪ।
ਆਪ ਫਕੀਰੀ ਤੌਰ ਗਹਿ,
ਫਿਰ ਹੋ ਦੇਸ ਬਿਦੇਸ।
ਰਾਵਰ ਕੇ ਤਿਯ ਸੁਤਨ ਕਾ,
ਹੋਇ ਗੁਜ਼ਾਰਾ ਕੈਸ ॥ ੧੧੪ ॥
ਏਕ ਠੌਰ ਨਿਜ ਧਾਮ ਕਰਿ,
ਇਨ ਕੋ ਦੇਹੁ ਬਸਾਇ।
ਰਹੀਓ ਦੇਤਿ ਦੀਦਾਰ ਨਿਜ,
ਜਬਿ ਤੁਮਾਰ ਮਨਿ ਭਾਇ ॥ ੧੧੫ ॥
ਯਹਿ ਸੁਨਿ ਗੁਰ ਸੱਤਮ[1] ਕਹਯੋ, [1]ਸੱਚ ਸਰੂਪ ਗੁਰਾਂ ਨੇ।
ਭਲੀ ਕਰੈ ਕਰਤਾਰ।
ਅਬਿ ਕੁਛ ਦਿਨ ਈਹਾਂ ਥਿਰੋ,
ਬਨਿ ਹੈ ਸਬਿ ਬਿਵਹਾਰ ॥ ੧੧੬ ॥
ਤਂਹਿ ਤੇ ਚਲਿ ਪੁਨ ਸਤਿਗੁਰੂ,
ਆਏ ਪੁਰ ਸੁਲਤਾਨ।
ਸ੍ਰੀ ਨਾਨਕੀ ਆਦਿ ਸਬਿ,
ਮਿਲੇ ਮੋਦ ਮਨਿ ਮਾਨ ॥ ੧੧੭ ॥
ਪੇਖਿ ਥਿਰੇ ਸ੍ਰੀ ਗੁਰ ਤਈਂ,
ਧਜਾਇ ਕਰਯੋ ਬਿਸ੍ਰਾਮ।
ਮਨ ਤਨ ਰਵ ਕਰਿ[1] ਗਜਾਨ ਹਰਿ, [1]ਬਾਣੀ ਕਰਕੇ।

ਗੁਰ ਕੋ ਕਰਤਿ ਪ੍ਰਣਾਮ ॥੧੧੮॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਤੀਸਰੀ ਉਦਾਸੀ ਸੁਮੇਰ ਪ੍ਰਸੰਗ ਬਰਨਨੰ' ਨਾਮ ਗਜਾਰਮੋ ਬਿਸ੍ਰਾਮ ॥੧੧॥

੧੨. {ਚੌਥੀ ਉਦਾਸੀ: ਤੁਰਕ ਦੇਸਾਂ ਦੀ ਸੈਰ, ਜੋਤੀ ਜੋਤਿ ਸਮਾਉਣਾ}

ਕਬਿੱਤ:

ਬੇਦਨ ਕੇ ਬਿੰਦ[1] ਹੈਂ ਕੁਨਿੰਦ[2] ਹੈਂ ਕਿਤੇਬਨ ਕੇ,
[1]ਬੇਤਾ, ਗਿਆਤਾ, ਜਾਣੂ। [2]ਕਰਤੇ।

ਜੁੱਗਨ ਕੀ ਜਿੰਦ ਚਾਰੋ ਚੱਕਰ[1] ਕੇ ਚੰਦ ਹੈਂ।
[1]ਚਹੁੰ ਦਿਸਾਂ।

ਇਲਮਨ ਏਸ ਹੈ ਸੁਰੇਸ ਖਾਨੀ ਤੱਤ੍ਵਨ ਕੇ[1],
[1]ਇਲਮਾਂ ਦੇ ਬਾਦਸ਼ਾਹ ਹਨ, ਚਹੁੰ ਖਾਣੀਆਂ ਤੇ ਪੰਜਾਂ ਤੱਤਾਂ ਦੇ ਇੰਦ੍ਰ (ਰਾਜੇ) ਹਨ।

ਪਾਦ ਬ੍ਰਹਮ ਧ੍ਰਮ ਕੇ ਸੂਕ੍ਰਮਨ ਕੇ ਕੰਦ ਹੈਂ[1]।
[1]ਬ੍ਰਹਮ ਦੇ ਧਰਮ ਦੇ ਚਰਨ ਹਨ ਅਤੇ ਚੰਗੇ ਕਰਮਾਂ ਦੇ ਬੱਦਲ ਹਨ।

ਬੰਦਨੀਯ ਬਰਨੋ ਕੇ[1] ਆਸਰਾ ਆਸ੍ਰਮੋ ਕੇ,
[1]ਚਹੁੰ ਵਰਨਾਂ ਦੇ ਬੰਦਨਾ ਕਰਨ ਯੋਗ।

ਸਾਧਨ ਕੇ ਸਿਧ ਬ੍ਰਿਧ ਮੁਕਤੀ ਅਮਿੰਦ ਹੈਂ[1]।
[1]ਸਾਧਨਾ ਦੇ ਸਿੱਧ ਕਰਨ ਵਾਲੇ ਅਤੇ ਵਡੀ (ਕੈਵਲ) ਮੁਕਤੀ ਛੇਤੀ (ਦੇਣ ਵਾਲੇ) ਹਨ।

ਤਰਾਤਾ ਜਨ ਆਮ ਕੇ[1] ਸੁ ਗਜਾਨ ਹਰੀ ਸ੍ਵਾਮਿ ਕੇ[2],
[1]ਆਮ ਲੋਕਾਂ ਦੇ ਤਾਰਨ ਵਾਲੇ। [2]ਮਾਲਕ (ਅਕਾਲ ਪੁਰਖ) ਦੇ।

ਸੁ ਵਾਹਿਗੁਰੂ ਨਾਮ ਕੇ ਬਰਨ ਚਾਰ ਬੰਦਿ ਹੈ[1] ॥੧॥
[1]ਚਾਰ ਅੱਖਰਾਂ ਨੂੰ ਬੰਦਨਾ ਕਰਦਾ ਹਾਂ।

ਸ੍ਵੈਯਾ:

ਜਨ ਜਾਂ ਰਸ ਲਾਗਿ ਤਿਆਗਿ ਬਨਾਰਸ[1],
[1]ਪੁਰਸ਼ ਜਿਸ (ਆਤਮਰਸ ਦੀ ਪ੍ਰਾਪਤੀ ਦੀ) ਲਗਨ ਵਿੱਚ (ਗ੍ਰਹਸਤ ਦਾ) ਬਣਿਆ ਹੋਇਆ ਰਸ ਛੱਡ ਕੇ।

ਬਾਸ ਬਨਾਰਸ ਜਾਇ ਕਰੈਂ।
ਬਿਨ ਹੀਰਥ ਤੀਰਥ ਕੋਟ ਅਟੈਂ[1],
[1]ਰਥ (ਆਦਿ ਸਵਾਰੀਆਂ) ਤੋਂ ਬਿਨਾਂ ਹੀ (ਪੈਦਲ) ਕ੍ਰੋੜਾਂ ਤੀਰਥਾਂ 'ਤੇ ਫਿਰਦੇਰਹਿਣ।

ਤਟ ਜਾਇ ਭਗੀਰਥਿ ਦੇਹ ਹਰੈਂ[1]।
[1]ਗੰਗਾ ਦੇ ਕਿਨਾਰੇ 'ਤੇ ਜਾ ਕੇ ਸ਼ਰੀਰ ਤਿਆਗ ਦੇਣ।

ਪੁਨ ਜਾਂ ਰਸ ਕੇ ਚਸਕੇ ਬਸਕੇ[1],
[1]ਸੁਆਦ ਦੇ ਵੱਸ ਹੋ ਕੇ।

ਬਨ ਔ ਧਸ ਕੇ ਬਨ ਤਾਪ ਕਰੈਂ[1]।
[1]ਜੰਗਲ ਅਤੇ ਪਾਣੀ ਵਿੱਚ ਵੜ ਕੇ ਤਪੱਸਿਆ ਕਰਨ।

ਅਬਿ ਸੋ ਸੁਖ ਸਾਰ ਉਦਾਰ[1] ਮਿਲੈਂ,
[1]ਉੱਤਮ ਤੇ ਸ੍ਰੇਸ਼ਟ।

ਇਕ ਵਾਰ ਜੁ ਵਾਹਿਗੁਰੂ ਉਚਰੈਂ ॥੨॥

ਦੋਹਰਾ:

ਜਿਹ ਪਦ ਪਦਮ ਪਰਾਗ ਪਰ,
ਮੁਨਿ ਮਲਿੰਦ ਮਨ ਲੀਨ[1]।
[1]ਜਿਨ੍ਹਾਂ (ਸਤਿਗੁਰਾਂ) ਦੇ ਚਰਨ ਕੰਵਲਾਂ ਦੀ ਧੂੜ ਉਪਰ ਮੁਨੀਆਂ ਦੇ ਮਨ ਭੌਰਿਆਂ ਵਾਂਗ ਲੀਨ ਹਨ।

ਸਗੁਨ ਸਗੁਨ ਤਿਨ ਪਗਨ ਕੀ,
ਕੀਜੈ ਲਗਨ ਨਵੀਨ[1] ॥੩॥
[1]. ਦੈਵੀ ਗੁਣਾਂ ਸਹਿਤ ਸਰਗੁਣ ਸਰੂਪ (ਸਤਿਗੁਰਾਂ) ਦੇ ਤਿੰਨਾਂ

ਚਰਨਾਂ ਦੀ ਨਵੀਂ ਲਗਨ (ਪੈਦਾ) ਕਰੋ।

ਪਰੈ ਪਾਇ ਜੇ ਆਇ ਕੈ,
ਕਰੇ ਸਾਇ ਪਤਿਰਾਇ[1]।
ਤਾਂ ਸ੍ਰੀ ਗੁਰੁ ਹਰਿ ਰਾਇ ਕੈ,
ਧਜਾਇ ਪਾਏ ਮਨ ਲਾਇ ॥ ੪ ॥

[1]ਉਸ ਨੂੰ ਬਾਦਸ਼ਾਹ ਬਣਾ ਦੇਂਦੇ ਹਨ।

ਆਦਿ ਗੁਰੂ ਕਾ ਬਾਦ ਬਰ,
ਯਾਦ ਦਾਦਿ ਬੁਧਿ ਆਦਿ[1]।

[1]ਪਹਿਲੇ ਸਤਿਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਥਾ) ਦਾ ਸ੍ਰੇਸ਼ਟ ਕਥਨ, ਯਾਦ ਸ਼ਕਤੀ ਤੇ (ਸ੍ਰੇਸ਼ਟ) ਬੁੱਧੀ ਆਦਿ ਦੇਣ ਵਾਲਾ ਹੈ।

ਆਧਿ ਬਿਆਧਿ ਉਪਾਧਿ ਹਰ[1],
ਦਰਿ ਪ੍ਰਮਾਦਿ ਬਿਖਾਦ[1] ॥ ੫ ॥

[1]ਨਾਸ ਕਰਕੇ।
[1](ਵਿਸ਼ਿਆਂ ਦਾ) ਪਾਗਲਪਨ ਤੇ ਦੁੱਖਾਂ ਨੂੰ ਦਲ ਦੇਂਦਾ ਹੈ।

ਕਹੋਂ ਉਦਾਸੀ ਚਤੁਥੀ[1],
ਚਤੁਰ ਸੁਨੋ ਚਿਤਿ ਚਾਹਿ।
ਚਤੁਰ ਹੋਇ ਫਲ ਚਤੁਰ[1] ਲਹਿ,
ਭੂਮਿ ਚਤੁਰਥੋ[1] ਪਾਹਿਂ ॥ ੬ ॥

[1]ਚੌਥੀ।
[1]ਚਾਰ ਫਲ।
[1]ਚੌਥੀ ਭੂਮਿਕਾ।

ਪੱਛਮ ਬਿਰ ਪੱਛਮ ਦਿਸਾ,
ਪੱਛਮ ਵਾਸਿਨਿ ਜੀਤਿ[1]।
ਗੁਰਤਾ ਦੈ ਕਰਿ ਅੰਗਦੈ,
ਕਹੋਂ ਸਮਾਵਨ ਮੀਤ ॥ ੭ ॥

[1]ਅੰਤਲੀ ਵਾਰ ਲਹਿੰਦੇ ਦੀ ਤਰਫ਼ ਪੱਛੋਂ ਵਾਸੀਆਂ ਨੂੰ ਜਿੱਤ ਕੇ।

ਕਬਿੱਤ:

ਪੁਰ ਸੁਲਤਾਨ ਤੇ ਕਲਜਾਨ ਹੇਤ ਜੀਵਨ ਕੇ,
ਪਜਾਨ ਕੈ[1] ਪ੍ਰਮੋਦ ਦਾਨ[2] ਕਲਾਨੌਰ ਜੌ ਗਏ।

[1]ਚੱਲ ਕੇ। [2]ਅਨੰਦ ਦੇ ਦਾਤੇ (ਸਤਿਗੁਰੂ)।

ਪਾਰ ਭਵ ਸਿੰਧ[1] ਤੇ ਕਰਨ ਹਾਰ, ਆਪ ਪਾਰ
ਹੋਇ ਐਰਾਵਤੀ[1], ਨਾਮ ਗਾਮ[2] ਦੂਈਏ ਗਏ।

[1]ਸੰਸਾਰ ਸਮੁੰਦਰ।
[1]ਰਾਵੀ (ਨਦੀ) ਤੋਂ। [2]ਪਿੰਡ।

ਜਿਮੀਦਾਰ ਦੂਦੀਏ[1] ਦਿਦਾਰ ਹੇਤ ਆਇ ਸਬਿ,
ਸੁਧਾ ਪਗ ਵਾਰ ਧਾਰ[1] ਸਿੱਖ ਤਬਿ ਹੀ ਠਏ[2]।

[1]ਗੋਤ ਦੇ।
[1]ਚਰਨਾਂਮ੍ਰਿਤ ਲੈ ਕੇ। [2]ਬਣ ਗਏ।

ਤਿਨੋ ਕੀ ਸਲਾਹਿ ਔਂ ਉਛਾਰਿ ਸੈ ਨਿਹਾਰ ਧਰਾ,
ਤਹਾਂ ਏਕ ਗਾਉਂ ਕੀ ਬੁਨਜਾਦ[1] ਡਾਰਤੇ ਭਏ ॥ ੮ ॥

[1]ਨਿਉਂ।

ਸੰਮਤ ਥੋ ਪੰਦ੍ਰਾ ਸੈ ਸੱਤ੍ਰ ਪੈ ਏਕ ਨੇਕ,

*ਲਗਨ ਸਗਨ ਦਿਨ ਘਰੀ ਸੁਭ ਧਰ ਕੇ[1]।

[1]ਵਿਚਾਰ ਕੇ। *ਕਿਸੇ ਮਕਾਨ ਜਾਂ ਨੱਗਰ ਦੀ ਨਿਉਂ ਰਖਣ ਸਮੇਂ ਲਗਨ ਸਗੁਨ ਅਤੇ ਥਿੱਤਾਂ ਵਾਰਾਂ ਘੜੀਆਂ ਆਦਿ ਸੋਧਣੀਆਂ ਗੁਰਮਤਿ ਦੀ ਰਹੁ ਰੀਤ ਨਹੀਂ ਸਗੋਂ ਮਨਮਤਿ ਹੈ। ਸਾਹੇ ਸੋਧਨ ਦੇ ਸਬੰਧ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਫ਼ੁਰਮਾਉਂਦੇ ਹਨ : "ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥" ਹਰ ਕਾਰਜ ਦੇ ਅਰੰਭ ਵਿੱਚ ਵਾਹਿਗੁਰੂ ਅਤੇ ਸਤਿਗੁਰਾਂ ਪਾਸ ਅਰਦਾਸ ਕਰਨੀ ਹੀ ਪੂਰਨ ਗੁਰਮਤਿ ਹੈ : "ਕੀਤਾ ਲੋੜੀਐ ਕੰਮ ਸੁ ਹਰਿ ਪਹਿ ਆਖੀਐ ॥" ਅਤੇ "ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥" ਵਾਹਿਗੁਰੂ ਜੀ ਨੂੰ ਭੁਲਾ ਕੇ ਲਗਨਾਂ ਸਗੁਨਾਂ ਮਗਰ ਲੱਗਣ ਵਾਲਿਆਂ ਦੇ ਚੰਗੇ ਸਗੁਨ ਵੀ ਮਾੜੇ ਸਗੁਨਾਂ ਵਿੱਚ ਬਦਲ ਜਾਂਦੇ ਹਨ : "ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥" ਥਿੱਤਾਂ ਵਾਰਾਂ ਦੇ ਪੂਜਕਾਂ ਨੂੰ ਹਜ਼ੂਰ ਨੇ ਮੁਗਧ ਗਵਾਰ ਦਾ ਖ਼ਿਤਾਬ ਦਿੱਤਾ ਹੈ: "ਥਿਤੀ ਵਾਰ ਸੇਵਹਿ ਮੁਗਧ ਗਵਾਰ ॥" ਗੁਰਮਤਿ ਰਹੁ-ਰੀਤ ਦੇ ਪ੍ਰਚੱਲਤ ਕਰਤਾ ਸਤਿਗੁਰੂ ਜੀ ਕਦ ਐਸਾ ਕਰ ਸਕਦੇ ਸਨ ਜਦ ਕਿ ਪਿੱਛੇ ਦਿੱਤੇ ਗੁਰਵਾਕ ਅਜਿਹੀ ਮਨਮਤਿ ਦਾ ਖੰਡਨ ਕਰਦੇ ਹਨ। ਗੁਰ ਘਰ ਦੇ ਅਨੰਨਜ ਸ਼ਰਧਾਵਾਨ, ਗੁਰਮਤਿ ਦੇ ਮਹਾਨ ਵਿਅਕਤੀ ਤੇ ਸਿਖਰਹੁ-ਰੀਤ ਦੇ ਮੁੱਖ ਪ੍ਰਚਾਰਕ ਭਾਈ ਗੁਰਦਾਸ ਜੀ ਜੋਤਸ਼, ਥਿੱਤਾਂ, ਵਾਰਾਂ, ਗ੍ਰਹਾਂ, ਨਛੱਤ੍ਰਾਂ ਅਤੇ ਲਗਨਾਂ ਸਗੁਨਾਂ ਬਾਰੇ ਐਉਂ ਫ਼ੁਰਮਾਉਂਦੇ ਹਨ: ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ, ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ। ਪੂਛਤ ਨ ਜੋਤਿਕ ਅਉ ਬੇਦ ਥਿਤ ਵਾਰ ਕਛੂ, ਗ੍ਰਹ ਔ ਨਛੱਤ੍ਰ ਕੀ ਨ ਸ਼ੰਕਾ ਉਰ ਧਾਰੀ ਹੈ। ਜਾਨਤ ਨ ਸਗੁਨ ਲਗਨ ਆਨ ਦੇਵ ਸੇਵ, ਸ਼ਬਦ ਸੁਰਤਿ ਲਿਵ ਨੇਹ ਨਿਰੰਕਾਰੀ ਹੈ। ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹੁਇ, ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ ॥੪੪੮॥ (ਕਬਿਤ ਸ੍ਵੈਯੇ ਭਾਈ ਗੁਰਦਾਸ ਜੀ)

ਸ੍ਰੀ ਕਰਤਾਰ ਜਪੁ ਕਰਤਾਰ ਬਪੁ[1] ਗੁਰ,
ਨਾਮ ਕਰਤਾਰ ਪੁਰ ਥਪਿ[1] ਮੁਦ ਭਰ ਕੇ।
ਲੌਪੁਰ[1] ਦੀਵਾਨ ਗੁਰ ਸੇਵਕ ਮਹਾਨ ਹੁਤੋ,
ਕੀਨੀ ਸੋ ਕਰੋੜੀ ਮੱਲ ਸੇਵਾ ਪ੍ਰੇਮ ਭਰ ਕੇ।
ਧਾਮ ਧ੍ਰਮਸਾਲ ਤਹਿਂ ਬਿਸਦ[1] ਬਿਸਾਲ ਰਚਿ,
ਲਜਾਇ ਕੈ ਬਸਾਇ ਸਬਿ ਲੋਕ ਗੁਰ ਘਰ ਕੇ ॥੯॥
ਖੇਤੀ ਕਰਵਾਈ ਧਰਾ ਸਾਫ਼ ਬਨਵਾਈ ਬਹੁ,

[1]ਸਰੂਪ।

[1]ਰਖਿਆ।

[1]ਲਾਹੌਰ ਦਾ।

[1]ਉੱਜਲ, ਸੁੰਦਰ।

ਆਨਦ ਬਢਾਈ ਕਰਵਾਈ ਸਬਿ ਕਾਰ ਹੈ।
ਰੌਨਕ ਬਢੀ ਬਿਸਾਲ ਥੋਰ ਦਿਨ ਮੈਂ ਕਮਾਲ[1],
ਵੀਚ ਧ੍ਰਮਸਾਲ ਸਿਖ ਭਜਨ ਉਚਾਰ ਹੈਂ।
ਲੰਗਰ ਅਪਾਰ ਰੈਨ ਦਿਨ ਇਕ ਸਾਰ ਬਟੈ[1],
ਕੀਰ[1] ਔ ਫਕੀਰਨ ਕੀ ਭੀਰ ਰਹੈ ਭਾਰ ਹੈ।
ਗੁਰੂ ਕਾ ਜ਼ਹੂਰ[1] ਦੂਰ ਦੂਰ ਮਸ਼ਹੂਰ ਭਯੋ,
ਆਵੈਂ ਇਕ ਜਾਵੈਂ ਪਾਵੈਂ ਸਿਖ ਫਲ ਚਾਰ ਹੈਂ
॥ ੧੦ ॥
ਕਥਾ ਕੀਰਤਨ ਪੁਨ ਲਾਗੀ ਰਹੇ ਸਦਾ ਧੁਨਿ,
ਆਇ ਰਿਖਿ ਜਨ ਮੁਨਿ ਮਨਿ ਮੋਦ ਪਾਇ ਹੈਂ।
ਸਦਾ ਬ੍ਰਤ ਦੋਊ ਗੁਰ ਲਾਇ ਰਾਖੇ ਨੀਕ ਸੋਊ,
ਕੋਊ ਉਪਦੇਸ਼ ਲੇਵੈਂ ਭੋਜਨ ਕੋ ਖਾਇ ਹੈਂ।
ਜਾਇ ਨ ਨਿਰਾਸ ਕੋਇ ਆਵੈ ਧਰਿ ਆਸ ਜੋਇ,
ਜੈਸੀ ਜਾਂ ਕੀ ਵਾਸੁ[1] ਹੋਇ ਪੂਰੈਂ ਗੁਰ ਸਾਇ[2] ਹੈਂ।
ਅੰਨ ਹ੍ਵੈਂ ਅੰਬਾਰ[1] ਖੇਤਿ ਜਮ ਹੀ ਅਪਾਰ,
ਬੇਸ਼ੁਮਾਰ ਧਨੁ ਆਵੈ ਪੈ ਲੁਟਾਵੈਂ ਗੁਰਰਾਇ ਹੈਂ
॥ ੧੧ ॥
ਰਿੱਧ ਸਿੱਧ ਹਾਥ ਜੋਰਿ ਰਹੈਂ ਖਰੀ ਦ੍ਵਾਰ ਪਰ,
ਦੁਰਗਾ ਬੁਹਾਰੈ ਦਰ[1] ਦੇਵ ਸੇਵ ਕਾਰ ਹੈਂ।
ਪੂਤ ਗੁਰ ਪੂਤ[1] ਜੁਗ ਅਤਿ ਹੀ ਸਪੂਤ ਘਰ,
ਲਖਮੀ ਸੁਲਖਨੀ ਸੁਲਖਨੀ ਜੀ[1] ਸਾਰ ਹੈਂ।
ਮਾਤ ਤਾਤ[1] ਆਨੰਦ ਰਹਾਤਿ ਦਿਨ ਰਾਤ ਹੇਰਿ,
ਅੰਗ ਨ ਸਮਾਤ ਬਖਜਾਤ ਯੌਂ ਉਚਾਰ ਹੈਂ।
ਪੰਡਿਤ ਜੋ ਭਾਖੀ ਲਿਖਿ ਰਾਖੀ ਸਾਖੀ ਜਨਮ ਕੀ,
ਭਈ ਵਹੈ ਸਾਤ[1] ਬਾਤ ਪੇਖੀ ਆਜ ਸਾਰੁ ਹੈ
॥ ੧੨ ॥
ਛਤ੍ਰ ਝੁਲੈਗਾ ਸੀਸ ਰਾਵ ਰੰਕ ਮਾਨੈ ਈਸ,
ਜੰਤਕ ਅਧ੍ਰਮ ਦੀਸ ਬਿਸ੍ਵੇ ਬੀਸ ਹਰ ਹੈਂ[1]।
ਛਾਇ ਹੈ ਸੁ ਇਕਬਾਲ[1] ਦੇਸ ਦੇਸ ਪੈ ਬਿਸਾਲ,

[1]ਪੂਰਨ, ਮੁਕੰਮਲ।
[1]ਇੱਕੋ ਜਿਹਾ ਵਰਤਦਾ ਹੈ।
[1]ਕੰਗਾਲਾਂ।
[1]ਪ੍ਰਤਾਪ।
[1]ਵਾਸ਼ਨਾ, ਇੱਛਾ। [2]ਉਹੋ ਹੀ।
[1]ਅੰਨ ਦੇ ਢੇਰ ਹੁੰਦੇ ਹਨ।
[1]ਬੂਹੇ 'ਤੇ ਝਾੜੂ ਦੇਂਦੀ ਹੈ।
[1]ਪਵਿੱਤਰ।
[1]ਲਛਮੀ ਵਰਗੀ ਚੰਗੇ ਲੱਛਣਾਂ ਵਾਲੀ ਮਾਤਾ ਸੁਲੱਖਣੀ ਜੀ।
[1](ਸਤਿਗੁਰਾਂ ਦੇ) ਪਿਤਾ।
[1]ਸੱਚੀ।
[1]ਜਿੰਨਾਂ ਪਾਪ ਦਿਸਦਾ ਹੈ (ਉਸ ਨੂੰ) ਚੰਗੀ ਤਰ੍ਹਾਂ ਨਾਸ ਕਰ ਦੇਣਗੇ।
[1]ਪ੍ਰਤਾਪ ਫੈਲੇਗਾ।

ਟਾਲ ਕੈ ਕੁਚਾਲ ਕਲੀ ਕਾਲ ਬਲ ਦਰ ਹੈਂ[1]।
[1]ਦਲ ਦੇਣਗੇ, ਨਾਸ ਕਰ ਦੇਣਗੇ।

ਸਿੰਧ ਪਾਰ ਜਾਇ ਪਾਇ ਫਤੇ ਔ ਪਖੰਡ ਖੰਡਿ,
ਈਸ਼੍ਵਰ ਕੀ ਭਗਤੀ ਗਯਾਨ ਬਿਸਤਾਰ ਹੈਂ[1]।
[1]ਫੈਲਾਉਣਗੇ।

ਦੇਵਨ ਕੇ ਲੋਕ ਓਕ ਹੇਰਿ ਕਰਤਾਰ ਹੂੰ ਕੋ[1],
[1]ਦੇਵਤਿਆਂ ਦੇ ਲੋਕ ਤੇ ਕਰਤਾਰ ਦਾ ਘਰ (ਸਚ ਖੰਡ) ਦੇਖ ਕੇ (ਗੁਰੂ ਜੀ)।

ਤਰਿ ਦਰਿਆਇ ਆਇ ਪਾਇ ਘਰ ਥਿਰ ਹੈਂ ॥ ੧੩ ॥

ਦੋਹਰਾ:

ਜੋ ਪੰਡਿਤ ਭਾਖੀ ਤਦੋਂ,
ਹਮ ਪੇਖੀ ਸਬਿ ਨੈਨ।
ਹਮ ਸਮ ਕੋ ਬਡਭਾਗ ਹੈ,
ਐਸੋ ਸੁਤ ਜਿਨਿ ਐਨਿ[1] ॥ ੧੪ ॥
[1]ਘਰ ਵਿੱਚ।

ਕਿਤਿਕ ਕਾਲ ਇਸ ਭਾਂਤਿ ਸੁਖਿ,
ਜਨਨਿ ਜਨਕ[1] ਲਹਿ ਭੂਰ।
[1]ਮਾਤਾ ਪਿਤਾ।

ਗੁਰੁ ਸਨਮੁਖ ਤਨ ਛੋਰਿ ਨਿਜ,
ਬਸੇ ਸੁ ਈਸ ਹਜ਼ੂਰ ॥ ੧੫ ॥
ਲਖਮੀ ਸਸਿ ਤੈ ਰੀਤਿ ਸਬਿ,
ਗੁਰੁ ਕਰਾਈ ਤਾਹਿ।
ਪੁਨਾ ਉਦਾਸੀ ਚੜ੍ਹੁਥੀ,
ਲੀਨ ਚਹੈਂ ਗੁਰ ਚਾਹਿ ॥ ੧੬ ॥

ਸੈ੍ਯਾ:

ਪੱਛਮ ਦੇਸ ਸ੍ਵੱਛ[1] ਕਰਜੋ ਚਹਿਂ,
[1]ਪਵਿੱਤ੍ਰ।

ਜਾਇ ਗੁਰੂ ਪਰਤੱਛ ਮਹਾਨੀ।
ਪੂਜ ਸਥਾਨ ਤੁਰਕਾਨ[1] ਫਿਰੈਂ ਜਿਮ,
[1]ਤੁਰਕਾਂ ਦੇ ਪੂਜਨੀਕ ਅਸਥਾਨਾਂ (ਵਿੱਚ)।

ਔਰ ਪਿਖੈਂ ਬਹੁ ਦੇਸ ਤੁਰਕਾਨੀ।
ਏਮਨਬਾਦ ਭਵੈ ਬਰਬਾਦ,
ਦਿਵੈਂ ਪੁਨ ਬਾਬਰ ਕੋ ਰਜਧਾਨੀ[1]।
[1]ਬਾਦਸ਼ਾਹੀ।

ਦੈ ਗੁਰਤਾ ਗੁਰ ਅੰਗਦ ਕੋ ਜਿਮ,
ਜੋਤਿ ਮੈ ਜੋਤਿ ਮਿਲੈ ਸੁਖਦਾਨੀ ॥ ੧੭ ॥
ਏਤਿਕ ਗਾਥ ਭਵੈ[1] ਇਸ ਧਜਾਇ
[1]ਹੋਵੇਗੀ।

ਵਿਖੇ, ਸੁਨਿ ਲੇਹੁ ਸ੍ਰੀ ਗੁਰ ਪਜਾਰੇ।
ਇਕ ਰੋਜ ਗੁਰੂ ਦਰਿਆਉ ਕੇ ਤੀਰ,
ਥਿਰੇ ਚਲਿ ਕੈ ਮਧ ਜੰਗਲ ਭਾਰੇ।
ਸਿੱਧ ਮੁਨੀਸ ਅਏ ਹਿਤ ਦੇਖਨ ਕੇ,
ਸੁਨਿ ਕੈ ਗੁਰ ਬੈਨ ਰਹੇ ਮੁਦ ਧਾਰੇ।
ਆਇ ਤਹਾਂ ਇਕ ਨਾਰ ਅਲੌਕਕ[1],
ਦੂਰਹਿ ਤੇ ਤਿਨ ਕੀਨਿ ਜੁਹਾਰੇ[1] ॥ ੧੮ ॥

[1]ਅਸਚਰਜ।
[1]ਨਮਸਕਾਰ।

ਰਤਿ[1] ਤੈ ਅਤਿ ਸੁੰਦਰ ਰੂਪ ਅਨੂਪਮ,
ਖੋੜਸ ਸਾਲ[1] ਬਿਸਾਲ ਸੁਹਾਵੈ।
ਭੂਸ਼ਨ[1] ਭੂਰ ਜਰਾਊ ਜਰੇ,
ਨਖ ਤੇ ਸਿਖ ਲੌ ਦੁਤਿ ਦੀਹ ਦਿਪਾਵੈ[1]।

[1]ਕਾਮ ਦੀ ਇਸਤ੍ਰੀ।
[1]ਸੋਲਾਂ ਸਾਲ (ਉਮਰ) ਦੀ।
[1]ਗਹਿਣੇ।
[1]ਨਹੁੰਆਂ ਤੋਂ ਸਿਰ ਦੀ ਚੋਟੀ ਤੱਕ (ਉਸ ਦੀ) ਸੋਭਾ ਬਹੁਤ ਚਮਕਦੀ ਸੀ।

ਜਾ ਸਮ ਨਾਹਿ ਉਮਾ[1] ਕਮਲਾਂ[2], ਰਤਿ,
ਹੂਰ, ਸਚੀ[1] ਪਿਖਿ ਨੂਰ ਲਜਾਵੈ।
ਦੂਰ ਖਰੀ ਦਰਸੈ ਸੁ ਡਰੀ,
ਪਰਸੇ ਡਰਿ ਪਾਇ ਨ ਆਇ ਸਕਾਵੈ ॥ ੧੯ ॥

[1]ਪਾਰਬਤੀ। [2]ਲੱਛਮੀ।
[1]ਇੰਦ੍ਰ ਦੀ ਇਸਤ੍ਰੀ।

ਧਜਾਵਤ ਜਾਂਹਿ ਸੁਰਾਸੁਰ ਕਿੰਨਰ[1],
ਜੱਛ[1] ਮੁਨੁੱਛ ਬਿਲੱਛ ਪ੍ਰਕਾਰੈ[2]।
ਅੰਡ ਨਿਕਾਇ[1] ਬਨਾਇ ਥਿਰਾਇ,
ਖਪਾਇ ਧਰੈ ਜੁ ਚਹੈ ਕਰ ਡਾਰੈ।
ਸਾਰਦ ਨਾਰਦ ਸੇਸ ਮਹੇਸ,
ਰਟੈਂ ਗੁਨ ਬੇਸ[1] ਲਹੈਂ ਨਹਿ ਪਾਰੈ।
ਸੋ ਸ਼ਕਤੀ ਜਗਤੀ[1] ਭਗਤੀ[2] ਜਿਹ,
ਆਇ ਸ੍ਰੀ ਗੁਰ ਦ੍ਵਾਰ ਬੁਹਾਰੈ[1] ॥ ੨੦ ॥

[1]ਦੇਖੋ ਬਿਸ੍ਰਾਮ ੧੧ ਦੇ ਅੰਕ ੫ ਦੀਆਂ ਪੈਰ ਟਿੱਪਣੀਆਂ।
[1] ਦੇਖੋ ਬਿਸ੍ਰਾਮ ੧੧ ਦੇ ਅੰਕ ੫ ਦੀਆਂ ਪੈਰ ਟਿੱਪਣੀਆਂ
[1]ਸਾਰੇ ਬ੍ਰਹਮੰਡਾਂ ਨੂੰ।
[1]ਸੁੰਦਰ।
[1]ਜਗਤ ਵਿੱਚ। [2]ਸੇਵਾ ਵਾਸਤੇ।
[1]ਜਿਹੜੀ ਆ ਕੇ ਝਾੜੂ ਦੇਂਦੀ ਹੈ।

ਬਿਸ੍ਵ[1] ਬਿਬੱਸ[2] ਕਰੀ ਜਿਹ ਨੈ,
ਛਲ ਕੈ ਬਲ ਕੈ ਝਲਕੈ[1] ਦਿਖਰੈ ਕੈ।
ਮੋਹਿਤ ਹ੍ਵੈ ਪਰੇ ਜਿਹ ਪੈ ਸਬਿ,
ਚਾਹਤਿ ਪੇਖਨ ਰੂਪ ਨਿਸੈ ਕੈ[1]।
ਤਾਂ ਬਲ ਨਾਹਿ ਚਲੈ ਗੁਰ ਪੈ,
ਹਾਵ[1] ਰੁ ਭਾਵ[2] ਰਹੀ ਬਹੁ ਕੈ ਕੈ।

[1]ਸ੍ਰਿਸ਼ਟੀ। [2]ਅਧੀਨ।
[1]ਚਮਤਕਾਰ।
[1]ਰਾਤ (ਦਿਨ)।
[1]ਕਾਵਿ ਅਨੁਸਾਰ ਮਨ ਦੇ ਭਾਵ ਕਰ ਕੇ ਅੰਗਾਂ ਵਿੱਚ ਪੈਦਾ ਹੋਈ

ਹਿਲਜੁਲ ਜਿਸ ਤੋਂ ਚਿੱਤ ਦੇ ਖਿਆਲਾਤ ਪ੍ਰਗਟ ਹੋਣ। [2]ਅੰਤਹਕਰਣ ਦੀ ਦਸ਼ਾ ਨੂੰ ਪ੍ਰਗਟ ਕਰਨ ਵਾਲਾ ਮਾਨਸਕ ਵਿਕਾਰ।

ਸ਼ੰਕਤ[1] ਯੌਂ ਢਿਗ ਆਵਤ ਨਾ, [1]ਸੰਗਦੀ, ਡਰਦੀ।
ਮਤ ਐਸ ਮਤ ਐਸ ਕਹੈਂ ਦਰਸੀਂ ਨਹਿ ਐ ਕੈ
॥੨੧॥

ਦੋਹਰਾ:

ਮਨ ਭਾਯਾ[1] ਮਾਯਾ ਕਰੇ, [1]ਮਨ ਭਾਉਂਦੇ।
ਨਖਰੇ ਦਾਇ[1] ਅਦਾਇ[2]। [1]ਛਲ ਵਲ। [2]ਢੰਗ।
ਜਬਿ ਗੁਰ ਨਹਿ ਤਿਸ ਦਿਸ ਪਿਖਜੋ,
ਭਈ ਲੋਪ ਸ਼ਰਮਾਇ ॥੨੨॥

ਕਬਿੱਤ:

ਬੂਝਜੋ ਮਰਦਾਨੇ ਮਹਾਰਾਜ ਏ ਮਹਾਨੇ ਨਾਰਿ,
ਕੌਨ ਥੀ ਨਿਹਾਰ ਜਾਂਹਿ ਹਮ ਸਬਹੂੰ ਬਿਕੇ।
ਨੂਰ[1] ਕੇ ਜ਼ਹੂਰ[2] ਆਗੇ ਫੀਕੇ ਸਸਿ ਸੂਰ ਲਾਗੇ, [1]ਪ੍ਰਕਾਸ਼। [2]ਚਮਤਕਾਰ।
ਕੌਨ ਚਰਾਚਰ ਮੈ[1] ਜੋ ਯਾਂਹਿ ਪੇਖਿ ਨ ਚਕੇ[2]। [1]ਜੜ੍ਹ ਚੇਤਨ (ਸ੍ਰਿਸ਼ਟੀ) ਵਿੱਚ। [2]ਹੈਰਾਨ ਨਾ ਹੋਵੇ।
ਹਾਵ ਭਾਵ ਦਾਵ ਘਾਵ ਗਾਨ ਤਾਨ ਠਾਨ[1] ਅਦਾ[2], [1]ਕਰਕੇ। [2]ਢੰਗ, ਚਾਲ।
ਦੀਨ ਹ੍ਵੈ ਅਧੀਨ ਹਾਰੀ ਆਪ ਨੈਕ ਨ ਤਕੇ।
ਕਹਜੋ ਗੁਰੂ ਮਾਯਾ ਏਹੁ ਜਗ ਭ੍ਰਮਾਯਾ ਜਿਨ,
ਔਰ ਕੀ ਕਹਾ ਯੌਂ[1] ਹਰੀ ਹਰ ਅਜ ਸੇ ਛਕੇ [1]ਹੋਰਨਾਂ ਦੀ ਕੀ (ਕਥਾ) ਕਹੀਏ।
॥੨੩॥

ਦੋਹਰਾ:

ਕੋਊਕ ਸੰਤ ਅਨੰਤ ਬਪੁ[1], [1]ਪ੍ਰਮੇਸ਼ਰ ਦਾ ਸਰੂਪ।
ਮਨ ਬਸ ਕੀਨੋ ਜਾਂਹਿ।
ਇਸ ਠਗਨੀ ਤੇ ਬਚਜੋ ਹੈ,
ਔਰੈ ਰਹੀ ਚਬਾਹਿ ॥੨੪॥

ਕਬਿੱਤ:

ਔਰ ਬਹੁ ਯਾ ਕੀ ਸੈਨ ਮਦ ਮਤਸਰ[1] ਮੈਨ[2], [1]ਈਰਖਾ। [2]ਕਾਮਦੇਵ।
ਮੋਹ ਕੋਹ[1] ਲੋਭ ਆਦਿ ਬਡੇ ਬੀਰ ਠੱਗ ਹੈਂ। [1]ਕ੍ਰੋਧ।
ਸ਼ਬਦ ਸਪ੍ਰਸ ਗੰਧ ਰੂਪ ਰਸ ਵਿਸ਼ੇ ਧੰਦਿ[1], [1]ਧੰਧਿਆਂ ਵਿੱਚ।

ਫੰਧ[1] ਪਾਇ ਲਾਲਚ ਕਾ ਬੰਧ ਰਾਖਜੋ ਜੱਗ ਹੈ। [1]ਫਾਹਾ।
ਕਾਨਨ[1] ਸਕਾਮ ਕ੍ਰਮ ਨਦੀ ਗਿਰ ਭੇਦ ਭ੍ਰਮ, [1]ਜੰਗਲ।
ਕੇਹਰ ਕਰੀ ਕੁਕ੍ਰਮ[1] ਰੋਕ ਰਹੇ ਮੱਗ[2] ਹੈਂ। [1]ਖੋਟੇ ਕਰਮਾਂ ਰੂਪ ਸ਼ੇਰ ਤੇ ਹਾਥੀ। [2]ਰਸਤਾ।
ਸ੍ਵਾਰਥੀ ਸਬੰਧੀ ਯਾਰ ਭੀਲ ਕੋਲ ਬਾਟ ਪਾਰ[1], [1]ਮਤਲਬੀ (ਲੋਕ) ਭੀਲ ਹਨ, ਸਬੰਧੀ ਸੂਰ ਤੇ ਯਾਰ ਰਾਹਮਾਰ ਹਨ।
ਤ੍ਰਿਸ਼ਨਾ ਹਿਰਸ[1] ਭਾਰ[2] ਲਾਗਰਹੀ ਅੱਗ ਹੈ ॥੨੫॥ [1]ਇੱਛਾ। [2]ਬਹੁਤੀ।

ਸ੍ਵੈਯਾ:
ਕੋ ਇਕ ਸਾਧ ਬਚਜੋ ਇਨ ਤੇ,
ਠਗਨੀ ਨਿਜ ਠੱਗ ਸੁ ਜਗ ਫਿਲਾਏ।
ਬੀਰ ਬਨੈਤ[1] ਹਠੀ ਸਬਿ ਹੈਂ, [1]ਬਾਂਕੇ (ਸੁੰਦਰ) ਸੂਰਮੇ।
ਛਡ ਹੈਂ ਨਹਿ ਤਾਂਹਿ ਜੁ ਯਾਂਹਿ ਮਨਾਏ।
ਕਾਮ ਬਲੀ ਸਰ[1] ਪਾਂਚ ਲੀਏ ਕਰ[2], [1]ਤੀਰ। [2]ਹੱਥ।
ਤੋਪ ਤੀਆ ਧਰਿ[1] ਦੇਤਿ ਉਡਾਏ। [1]ਬੀੜ ਕੇ।
ਜੀਤ ਲੀਏ ਤਿੰਨ ਲੋਕ ਜਿਨ੍ਹੈ,
ਤਿਨਿ ਸਾਧਨ ਕੇ ਪਗ ਮਾਥ ਝੁਕਾਏ ॥੨੬॥
ਸਿੰਘ[1] ਮਹਾਂ ਬਲਿ ਮੱਤ ਗਇੰਦਹਿ[2], [1]ਸ਼ੇਰ। [2]ਮਸਤ ਹਾਥੀ।
ਮਾਰ ਚਪੇਟਨ ਦੋਹਨ ਡਾਰੈਂ।
ਲਾਖਨ ਸੋਂ ਧਰਿ ਧੀਰ ਲਰੈਂ ਰਨ,
ਗਾਢੇ ਗਢਾਨ[1] ਜਿਤੈਂ ਬਿਨ ਬਾਰੈਂ[2]। [1]ਤਕੜੇ ਕਿਲ੍ਹੇ। [2]ਦੇਰੀ ਤੋਂ ਬਿਨਾਂ।
ਲੋਹ ਮਲੈਂ ਗਿਰ ਢਾਹਿ ਦਲੈਂ,
ਨ ਚਲੈਂ ਕਬਹੂੰ ਪ੍ਰਨ ਤੈ ਜੁ ਉਚਾਰੈਂ।
ਵਹਿ ਕਾਮ ਜਿੱਤੇ ਸਰ ਏਕਹਿ ਸੋਂ,
ਪੁਨ ਤਾਂ ਰਤਿਰਾਜ[1] ਕੋ ਸਾਧ ਪਛਾਰੈਂ ॥੨੭॥ [1]ਕਾਮਦੇਵ ਨੂੰ।
ਚੰਚਲ ਰੂਪ ਅਨੂਪ, ਨਿਧੀ ਗੁਨ,
ਜੋਬਨ ਸੋੜ[1] ਸ਼ਿੰਗਾਰ ਸੁਹਾਈ। [1]ਸੋਲਾਂ।
ਹਾਸ ਬਿਲਾਸ ਕਰੈ ਮੁਦ ਦਾ ਅਤਿ,
ਲਾਇ ਸੁਗੰਧਿ ਸੁ ਗਾਇ ਸੁਨਾਈ।
ਕਾਮ ਭਰੀ ਨਿਰਲੱਜ ਮਹਾਂ,
ਅਸ ਕਾਮਨਿ ਸੰਤ ਸਮੀਪ ਜੁ ਆਈ।

ਸਮ ਮੇਰੁ[1] ਅਡੋਲ ਰਹੈਂ ਧਰਿ ਸੀਲ[2],
ਲਖੈਂ ਨਿਸਚੈ ਭਗਨੀ[1] ਤਿਹ ਮਾਈ ॥੨੮॥
ਭਾਂਤਿ ਅਨੇਕ ਬਿਅੰਜਨ[1] ਕੋ ਪਿਖਿ,
ਰੰਜਨ[1] ਕੇ ਹਿਤ ਨਾ ਮਨ ਚੈਹੈਂ।
ਚੈਲ[1] ਪਵਿੱਤ੍ਰ ਬਚਿੱਤ੍ਰ ਅਵਾਸ[2]
ਅਮੋਲਕ ਹੇਰਿ ਨ ਲੋਲਪ[1] ਹ੍ਵੈ ਹੈਂ।
ਪਰ ਕੋ ਧਨ ਧਾਮ ਤਿਯਾ ਸੁਖ ਸੰਪਤ[1],
ਰਾਜ ਤਿਲੋਕਹਿਂ ਲੌ ਨਹਿ ਚੈਹੈਂ।
ਲਾਭ ਜਥਾ ਸੁ ਤਥਾ ਗਹਿ ਤੋਖ[1],
ਸੁ ਲੋਭ ਕੋ ਜੀਤਿ ਅਲੋਭਰਹੈ ਹੈਂ ॥੨੯॥
ਪਰਰੱਨ ਨ ਅੰਨ ਨ ਧੱਨ ਵਿਖੈ
ਨਹਿ ਮੱਨ ਦਜੋ ਜਿਹ ਨੈਕ[1] ਕਹੀਂ[2]।
ਨਹਿ ਕੰਨਿ ਸੁਨੀ ਪਰ ਨਿੰਦ ਕਬੀ,
ਹਸਤੇ ਅਸਤੇਯ[1] ਕਰੀ ਜੁ ਨਹੀਂ।
ਨਿਜ ਹੱਕ ਬਿਸ਼ੱਕ ਜੋ ਛੱਕ ਰਹੇ,
ਸਤ ਬੱਕ[1] ਨਿਝੱਕ ਸ੍ਵੈ[2] ਬ੍ਰਹਮ ਕਹੀਂ।
ਵਹਿ ਰੂਪ ਅਨੂਪਮ ਈਸ ਸਹੀ,
ਜਿਨਿ ਲੋਭਰੁ ਛੋਭ[1] ਕੀ ਅੰਸ ਦਹੀ[2] ॥੩੦॥
ਅਤਿ ਮੂਰਖ ਚਿੱਤ ਮਲੀਨ ਮਹਾਂ,
ਜੁ ਨਮਿੱਤ[1] ਬਿਨਾ ਨਿਤ ਦੇਵਹਿਂ ਗਾਰੀ[2]।
ਬਹੁ ਤਾੜਨ ਤ੍ਰਜਨ[1] ਹਾਥ ਉਠਾਵਨ,
ਨਿੰਦਨ ਸਾਥ ਨਿਰਾਦਰ ਭਾਰੀ।
ਦੁਰ ਦੈ ਅਲਜ਼ਾਮ[1] ਕਰੈਂ ਬਦਨਾਮ,
ਸੁ ਕਾਮ ਬਿਗਾਰ ਧਰੈਂ ਅਪਕਾਰੀ[1]।
ਨਹਿ ਕ੍ਰੋਧ ਫੁਰੈ ਤਿਨਿ ਪੈ ਜਿਹ ਕੋ,
ਵਹਿ ਸਾਧ ਸਹੀ ਦਿਢ ਰੂਪ ਮੁਰਾਰੀ ॥੩੧॥
ਘਰਿ ਰਾਜ ਸਮਾਜ[1] ਦਰਾਜ ਮਹਾ[2],
ਗਜ ਬਾਜ[1] ਨ ਲਾਜ ਕਿਸੂ ਕੀ ਧਰੈ ਹੈਂ।
ਮਾਤ ਪਿਤਾ ਸੁਤ ਬੰਧੁ ਹਿਤੂ,

[1]ਸੁਮੇਰ ਪਰਬਤ ਵਾਂਗ। [2]ਜਤ।
[1]ਭੈਣ।
[1]ਭੋਜਨ।
[1]ਪ੍ਰਸੰਨ ਹੋਣ।
[1]ਬਸਤ੍ਰ। [2]ਰੰਗ-ਬਰੰਗੇ ਘਰ।
[1]ਲੁਭਾਇਮਾਨ।
[1]ਸਾਮਾਨ, ਸਮੱਗ੍ਰੀ।
[1]ਜਿਹੋ ਜਿਹਾ (ਪਦਾਰਥ) ਲੱਭੇ, ਉਸੇ ਵਿੱਚ ਸੰਤੋਖ ਧਾਰਦੇ ਹਨ।
[1]ਥੋੜਾ ਜਿਹਾ ਵੀ। [2]ਕਦੇ।
[1]ਹੱਥ ਨਾਲ ਚੋਰੀ।
[1]ਸੱਚ ਬੋਲਦੇ ਹਨ। [2]ਆਪਣੇ ਆਪ ਨੂੰ।
[1]ਕ੍ਰੋਧ। [2]ਸਾੜ ਦਿੱਤੀ।
[1]ਕਾਰਨ। [2]ਗਾਲ੍ਹਾਂ।
[1]ਧਮਕੀਆਂ ਦੇਂਦੇ ਹਨ।
[1]ਖੋਟੇ ਦੋਸ਼ ਲਾ ਕੇ।
[1]ਵਿਘਨਕਾਰੀ।
[1]ਸਾਮਾਨ। [2]ਬਹੁਤ ਜ਼ਿਆਦਾ।
[1]ਹਾਥੀ ਤੇ ਘੋੜੇ।

ਬਨਤਾ[1] ਜਨਤਾ[2] ਸੁਖ ਦਾਇਕ ਵੈ ਹੈਂ। [1]ਇਸਤ੍ਰੀ। [2]ਆਮ ਲੋਕ।
ਦੇਹ ਅਰੋਗ ਸ੍ਵਰੂਪ ਵਤੀ
ਕਹਿ ਲੌ ਬਰਨੌ ਹਿਤ ਹ੍ਵੈ ਜਿਨ ਮੈ ਹੈਂ।
ਸਬਿ ਨਾਸ ਭਏ ਨ ਜਏ[1] ਜਿਹ ਕਿੰਚਤ [1]ਪੈਦਾ ਨ ਹੋਵੇ।
ਮੋਹ, ਸੁ ਸਾਧੁ ਸਹੀ ਸ੍ਰੁਤਿ ਕੈਹੈਂ ॥ ੩੨ ॥
ਦੁਰ[1] ਕਾਲ ਕੋ ਰੂਪ ਭਿਆਨਕ ਮਾਨਵ, [1]ਖੋਟਾ।
ਕੋਪਿ ਕ੍ਰਿਪਾਨ ਕੁਰੂਪ ਦਿਖਾਵੈਂ।
ਬਹੁ ਜੱਖ[1] ਪਿਸਾਚ[2] ਬਿਤਾਲ[3] ਪਰੇਤ, [1] ਦੇਖੋ ਬਿਸ਼੍ਰਾਮ ੧੧ ਦੇ ਅੰਕ ੫ ਦੀਆਂ ਪੈਰ ਟਿੱਪਣੀਆਂ। [2]ਮਾਸ ਖਾਣੇ ਜੀਵ। [3]ਇਕ ਭੂਤ ਜਾਤੀ।
ਕਮਾਲ[1] ਕਰਾਲ[2] ਕਰੂਰ[3] ਡਰਾਵੈਂ। [1]ਬਹੁਤੇ। [2]ਭਿਆਨਕ। [3]ਨਿਰਦਈ (ਰੂਪ ਧਾਰ ਕੇ)
ਕਿਤ ਸਿੰਘ[1] ਭੁਜੰਗ[2] ਗਜਾਦਿ ਬੁਰੇ ਪਸੁ, [1]ਸ਼ੇਰ। [2]ਸੱਪ।
ਖੇਦ ਕਰੈਂ ਬਹੁ ਆਨਿ ਸੰਤਾਵੈਂ।
ਨਿਜ ਆਤਮ ਨਿਤ ਅਸੰਗ ਲਖੈਂ ਦਿਢ,
ਦੇਹ ਅਨਿੱਤ[1] ਸੁ ਸਾਧੁ ਕਹਾਵੈਂ ॥ ੩੩ ॥ [1]ਝੂਠੀ।

ਦੋਹਰਾ:
ਇਤਜਾਦਿਕ ਗੁਨ ਜਾਂਹਿ ਮੈਂ,
ਜੀਵਨ ਮੁਕਤਿ ਸੁ ਸਾਧੁ।
ਤਾਂ ਕੇ ਨਿਕਟ ਨ ਜਾਇ ਹੈ,
ਮਾਯਾ ਠਗਨੀ ਬਜਾਧਿ ॥ ੩੪ ॥

ਸਿੱਖਨ ਕੇ ਕਲਜਾਨ ਹਿਤ,
ਕਰਤਿ ਚਰਿਤ[1] ਉਪਦੇਸ। [1]ਕੌਤਕ।
ਕਥਾ ਕੀਰਤਨੁ ਸੰਤ ਸੰਗਿ,
ਗੁਰ ਢਿਗ ਰਹੈ ਬਿਸੇਸ ॥ ੩੫ ॥
ਬਾਬਾ ਬੁੱਢਾ, ਕਮਲੀਆ,
ਆਦਿਕ ਸਿਖ ਅਪਾਰ।
ਨਿਸ ਦਿਨ ਸੇਵੈਂ ਗੁਰੂ ਕੌ,
ਜਾਨ ਰੂਪ ਕਰਤਾਰ ॥ ੩੬ ॥

ਚੌਪਈ:
ਮਰਦਾਨੇ ਇਕ ਦਿਨ ਮਨ ਆਵੋ।
ਕਹਜੋ ਮੁਝੈ ਮੱਕਾ ਦਿਖਰਾਵੋ।

ਚਾਹਿਤ ਥੇ ਪਹਿਲੇ ਹੀ ਸਤਿਗੁਰ।
ਪੱਛਮ ਦੇਸ ਬਿਸੇਸ ਪਿਖਨ ਫੁਰ[1] ॥ ੩੭ ॥ [1]ਫੌਰਨ, ਛੇਤੀ।
ਸਜਾਲ ਕੋਟ ਚਲਿ ਜਾਇ ਥਿਰਾਏ।
ਲੋਗ ਘਨੇ ਦਰਸ਼ਨ ਕੋ ਆਏ।
ਕੇਤਿਕ ਸਿਖ ਭਏ ਬਡਭਾਗੀ।
ਹੋਏ ਮੁਕਤਿ ਭੁਗਤਿ ਕੇ ਭਾਗੀ ॥ ੩੮ ॥
ਸ਼ਹਿਰ ਵੀਚ ਭੇਜਜੋ ਮਰਦਾਨਾ।
ਪੈਸੇ ਦੋ ਦੇ ਐਸੇ ਗਾਨਾ[1]। [1]ਕਿਹਾ।
ਸਾਚ ਏਕ ਕਾ ਇਕ ਕਾ ਕੂਰ।
ਲਜਾਵੋ ਸ਼ੀਘ੍ਰ ਹਮੈ ਜ਼ਰੂਰ[1] ॥ ੩੯ ॥ [1]ਜ਼ਰੂਰਤ (ਲੋੜ) ਹੈ।
ਫਿਰਾ ਸ਼ਹਿਰ ਮਰਦਾਨਾ ਸਾਰੂ।
ਮੂਲਾ ਭਗਤ ਦੀਨ ਲਿਖ ਚਾਰੂ[1]। [1]ਸੁੰਦਰ (ਬਚਨ)।
ਜੀਵਨ ਝੂਠ ਮਰਨ ਹੈ ਸਾਚਾ।
ਏਹੀ ਲਿਖਾ ਜਬੈ ਗੁਰਿ ਬਾਚਾ[1] ॥ ੪੦ ॥ [1]ਪੜ੍ਹਿਆ।
ਹੋਇ ਖੁਸ਼ੀ ਤਾ ਕੋ ਸੰਗਿ ਲੀਨਾ।
ਕੁਛ ਦਿਨ ਰਾਖ ਫੇਰ ਪਠ ਦੀਨਾ।
ਸਾਲਿ ਬਾਹਨਰਾਜਾ ਇਕ ਭਯੋ।
ਜਿਨ ਅਬਾਦ ਯਹਿ ਕਸਬਾ ਕਯੋ ॥ ੪੧ ॥
ਪੂਰਨ ਭਗਤ ਭਯੋ ਸੁਤ ਤਾਂ ਕਾ।
ਕਿੱਸਾ ਜ਼ਾਹਰ ਹੈ ਜਗਿ ਜਾਂ ਕਾ।
ਤਾਂ ਕੀ ਜਗਾ ਕੂਪ[1] ਗੁਰਿ ਪੇਖਾ। [1]ਖੂਹ।
ਤਾਰੇ ਸਿਖ ਦੈ ਨਾਮ ਬਿਸੇਖਾ ॥ ੪੨ ॥
ਮੇਘ ਰੂਪ ਗੁਰ ਬਰਸਤਿ ਧਰ ਪੈ।
ਖੇਤੀ ਬਾਗ ਘਾਸ ਹ੍ਵੈ ਵਰ ਪੈ।
ਆਕ ਜਵਾਹਾਂ ਆਦਿਕ ਝਰਸੈਂ[1]। [1]ਝੜ ਜਾਂਦੇ ਹਨ, ਸੁੱਕ ਜਾਂਦੇ ਹਨ।
ਬਿਗਸਤਿ[1] ਸਿਖ ਤਜੋਂ ਸਾਕਤ ਡ੍ਰੱਸੈਂ[2] ॥ ੪੩ ॥ [1]ਖ਼ੁਸ਼ ਹੁੰਦੇ ਹਨ। [2]ਡਰਦੇ ਹਨ।

ਦੋਹਰਾ:

ਅਏ ਵਜੀਰਾ ਬਾਦ ਢਿਗ,
ਮਿਲਾ ਬਾਲ ਇਕ ਜਾਟ[1]। [1]ਇਕ ਜੱਟ ਦਾ ਮੁੰਡਾ।
ਗੁਰ ਕੀ ਸੇਵਾ ਪ੍ਰੇਮ ਸੈ,

ਕਰਿ ਮੇਵਾ ਲਿਯ ਖਾਟ ॥ ੪੪ ॥
ਭਏ ਖੁਸ਼ੀ ਗੁਰ ਤਾਹਿ ਪੈ,
ਨਜਰੀ ਨਜਰ ਨਿਹਾਲ।
ਸਤਿਨਾਮੁ ਕਰਮਾਤ ਦੈ,
ਕੀਨੋ ਪੀਰ ਬਿਸਾਲ ॥ ੪੫ ॥
ਚੌਪਈ:
ਪਹਿਲੇ ਨਾਮ ਹੁਤੋ ਸੁਲਤਾਨਾ।
ਗੁਰ ਸੁਲਤਾਨ ਸਖੀ ਕਿਯ ਗਾਨਾ।
ਕਰਾਮਾਤ ਜਬਿ ਲਗਾ ਦਿਖਾਵਨ।
ਮਾਨਨ ਲਗੀ ਖਲਕ ਮਨ ਭਾਵਨ ॥ ੪੬ ॥
ਗਹਿ ਤੁਰਕੋਂ ਨੇ ਤੁਰਕ ਬਨਾਯੋ।
ਸ਼ੇਖ ਅਹਿਮਦ ਤਿਹ ਨਾਮ ਧਰਾਯੋ।
ਹਿੰਦੂ ਤੁਰਕ ਅਬੀ ਲੌਂ ਮਾਨੈ।
ਨਾਮ ਸਖੀ ਸਰਵਰ ਬਾਖਾਨੈ ॥ ੪੭ ॥
ਪੈ ਉਨਿ ਨਹਿ ਉਪਕਾਰ ਬਿਸਾਰਾ।
ਗੁਰ ਕੋ ਮਾਨਤਿ ਰਹਾ ਉਦਾਰਾ।
ਯਾਹੀਂ ਤੇ ਗੁਰ ਕਾ ਅਸਥਾਨੋ।
ਹੈ ਮੁਕਾਨ[1] ਅੰਦਰ ਤਿਹ ਮਾਨੋ ॥ ੪੮ ॥
ਨਿਕਟ ਵਜੀਰਾ ਬਾਦ ਜੁ ਅਹੇ।
ਨਾਮ ਨਗਾਹਾ ਤਾਂ ਕੋ ਕਹੇਂ।
ਮਰਜੋ ਜਹਾਂ ਸੋ ਧੌਂਕਲ ਨੀਕੈ।
ਡੇਰੇ ਇਸਮਾਈਲ ਨਜੀਕੈਂ ॥ ੪੯ ॥
ਗੁਰ ਐਸੇ ਬਹੁ ਕਰੇ ਨਿਹਾਲੇ।
ਪਾਰਸ ਚੰਦਨ ਸਮੰ ਬਿਸਾਲੈ।
ਧੱਨੀ[1] ਘੇਬੀ[2] ਪੋਠੋਹਾਰੈਂ[3]।
ਫਿਰ ਕਰਿ ਤਾਰੇ ਸਿਖ ਅਪਾਰੈਂ ॥ ੫੦ ॥
ਤੀਰਥ ਪਰ ਕਟਾਸ[1] ਜਬਿ ਗਏ।

[1]ਪੀਰ ਖ਼ਾਨੇ ਦੇ।

[1]ਜ਼ਿਲ੍ਹਾ ਜਿਹਲਮ ਦੀ ਤਸੀਲ ਚਕਵਾਲ ਦਾ ਇਲਾਕਾ। [2]ਫ਼ਤਹ ਜੰਗ ਅਤੇ ਪਿੰਡੀ ਘੇਪ ਦਾ ਇਲਾਕਾ ਜੋ ਜ਼ਿਲ੍ਹਾ ਕੈਂਬਲ ਪੁਰ (ਪੱਛਮੀ ਪਾਕਿਸਤਾਨ) ਵਿੱਚ ਹੈ, ਪਹਿਲਾਂ ਇਹਰਾਵਲਪਿੰਡੀ ਜ਼ਿਲ੍ਹੇ ਵਿੱਚ ਸੀ। [3]ਦਰਿਆ ਜਿਹਲਮ ਅਤੇ ਸਿੰਧ ਦੇ ਮਧ ਦਾ ਇਲਾਕਾ ਜਿਸ ਦਾ ਬਹੁਤਾ ਭਾਗ ਜ਼ਿਲ੍ਹਾਰਾਵਲਪਿੰਡੀ ਵਿੱਚ ਹੈ।

[1]ਜ਼ਿਲ੍ਹਾ ਜਿਹਲਮ ਵਿੱਚ ਇਕ ਤੀਰਥ ਜੋ ਪਿੰਡ ਦਾਦਨ ਖਾਂ ਤੋਂ

੧੫ ਮੀਲ ਉੱਤ੍ਰ ਵੱਲ ਹੈ ਜਿਥੇ ਕੁਦਰਤੀ ਇਕ ਪਾਣੀ ਦਾ ਪ੍ਰਵਾਹ ਨਿਕਲਦਾ ਹੈ।

ਸੁਨਿ ਜੋਗੀ ਬੈਰਾਗੀ ਅਏ।
ਮੇਲਾ ਹੁਤੋ ਬਿਸਾਖੀ ਕੇਰੋ।
ਨ੍ਹਾਵਣ ਹਿਤ ਜਨ ਅਏ ਬਧੇਰੋ ॥ ੫੧ ॥
ਸੁਨਿ ਗੁਰ ਸ਼ਬਦ ਮਸਤ ਸਬਿ ਹੋਏ।
ਹੇਰਹਿਂ ਗੁਰ ਦਿਸ ਨਿਕਟ ਖਲੋਏ।
ਫਿਰਗੇ ਮਨ ਸਬਿ ਕੇ ਇਕ ਵਾਰੀ।
ਭਏ ਸਿੱਖ ਤਜਿ ਆਨ ਅਚਾਰੀ[1] ॥ ੫੨ ॥

[1]ਹੋਰ ਕਰਤੱਬ।

ਯਾਂਹੀ ਤੇ ਅਬਿ ਲੌ ਤਿਸ ਦੇਸੈਂ।
ਸਿੱਖੀ ਗੁਰ ਕੀ ਅਹੇ ਬਿਸੇਸੈਂ।
ਸਤਿਨਾਮੁ ਸਬਿ ਤਈਂ ਦਿਢਾਯੋ।
ਪਾਹਨ ਪੂਜਨ ਆਦਿ ਛੁਡਾਯੋ ॥ ੫੩ ॥
ਆਗੇ ਚਲੇ ਸਤਿਗੁਰੂ ਸ੍ਵਾਮੀ।
ਦੇਤਿ ਸੇਵਕਨਿ ਫਲ ਅਭਿਰਾਮੀ।
ਤਲਾਰੰਗ ਜਹਿਂ ਪਾਂਡਵ ਰਹੇ।
ਬਿਸ੍ਵਾਮਿਤ੍ਰ ਆਦਿ ਰਿਖਿ ਬਹੇ ॥ ੫੪ ॥
ਸੋ ਸਬਿ ਥਲ ਪਿਖਿ ਸਿੰਧੁ[1] ਕਿਨਾਰੇ।

[1]ਦਰਿਆ ਦਾ ਨਾਮ।

ਕਰਤਿ ਸੈਲ ਗੁਰ ਚਲੇ ਉਦਾਰੇ।
ਸੱਖਰ[1] ਭੱਖਰ[2] ਰੋੜੀ[3] ਭਾਵਤ।

[1]ਸ਼ਿਕਾਰਪੁਰ ਪਾਸ ਇਕ ਨੱਗਰ ਜਿਥੇ ਗੁਰੂ ਨਾਨਕ ਦੇਵ ਜੀ ਦਾ ਪ੍ਰਸਿੱਧ ਅਸਥਾਨ ਸਾਧ ਬੇਲਾ ਹੈ। [2]ਸਿੰਧ ਦਰਿਆ ਦਾ ਇਕ ਟਾਪੂ ਜੋ ਸੱਖਰ ਜ਼ਿਲ੍ਹੇ ਵਿੱਚ ਹੈ। ਇਥੇ ਇਕ ਪੁਰਾਣਾ ਕਿਲ੍ਹਾ ਹੈ। [3]ਇਕ ਸ਼ਹਿਰ ਜੋ ਸਿੰਧ ਦਰਿਆ ਦੇ ਕਿਨਾਰੇ ਹੈ।

ਜਹਾਂ ਦੁਰਗ[1] ਮਧ ਸਿੰਧੁ ਸੁਹਾਵਤ ॥ ੫੫ ॥

[1]ਕਿਲ੍ਹਾ।

ਪੀਰ ਸੰਗਿ ਤਹਿਂ ਗੋਸ਼ਟ ਕਰਕੈ।
ਪੁਨ ਸ਼ਿਕਾਰ ਪੁਰ ਤਈਂ ਨਿਹਰ ਕੈ।
ਔਰ ਖੈਰ ਪੁਰ ਪਿਖਿ ਲੜਕਾਨਾ।
ਸੇਵਨ[1] ਹੈਦ੍ਰਾਬਾਦ ਮਹਾਨਾ ॥ ੫੬ ॥

[1]ਭਾਵ ਠਹਿਰੇ।

ਸ਼ਹਿਰ ਨਗ੍ਰ ਠੱਟਾ ਨਦਿ ਤੀਰੈ[1]।

[1]ਦਰਿਆ (ਸਿੰਧ) ਦੇ ਕਿਨਾਰੇ।

ਨਿਕਸਤਿ ਠੁਮਰੇ[1] ਜਹਾਂ ਗੰਭੀਰੈਂ।

[1]ਹਿੰਗੁਲਾਜ ਦੇ ਨੇੜੇ ਪਹਾੜੀ 'ਚ ਨਿਕਲ ਪੱਥਰ ਦੇ ਮਣਕੇ। ਇਕ ਪਹਾੜੀ ਦੀ ਕੰਦਰਾਂ ਨੂੰ ਹਿੰਗਲਾਜ ਆਖਦੇ ਹਨ।

ਸਾਧੁ ਉਦਾਸੀ ਔਰ ਗੁਸਾਈਂ।
ਜੋ ਪਹਿਨਤਿ ਗਰ ਮੈਂ ਗਰਬਾਈ[1] ॥ ੫੭ ॥
[1]ਮਾਣ ਨਾਲ।

ਠਹਿਰੇ ਪੁਨਾ ਕਰਾਚੀ ਬੰਦਰ[1]।
[1]ਬੰਦਰਗਾਹ (ਸਮੁੰਦਰੀ ਜਹਾਜ਼ਾਂ ਦਾ ਅੱਡਾ)।

ਹੈ ਜਹਿਂ ਨਦੀ ਤੀਰ ਅਬਿ ਮੰਦਰ।
ਪੇਖੀ ਜਾਇ ਹਿੰਗੁਲਾ ਮਾਈ।
ਚੰਦ੍ਰ ਕੂਪ ਲੌ ਠੌਰ ਸੁਹਾਈ ॥ ੫੮ ॥
ਏਕ ਸਾਲ ਲੌ ਸਿੰਧੁ ਮਝਾਰੀ[1]।
[1]ਸਿੰਧ ਦੇ ਇਲਾਕੇ ਵਿੱਚ।

ਇਤ ਉਤ ਬਿਚਰਿ ਖਲਕ ਬਹੁ ਤਾਰੀ।
ਪੀਰ ਬਾਛਰਾ[1] ਪਾਹਨ[2] ਪਾਨੀ।
[1]ਨਾਮ। [2]ਪੱਥਰ 'ਤੇ।

ਮਾਨਤ ਥੀ ਤਹਿਂ ਸਬਿ ਹਿੰਦੁਵਾਨੀ ॥ ੫੯ ॥
ਜਹਾਂ ਜਹਾਂ ਸਤਿਗੁਰ ਤਬਿ ਗਏ।
ਚਰਚਾ ਕਰਿ ਅਰ ਸ਼ਕਤਿ ਦਿਖਏ।
ਸਤਿਨਾਮੁ ਹਰਿ ਭਗਤਿ ਦਿਢਾਈ।
ਝੂਠੇ ਮਤ ਸਬਿ ਦਏ ਛੁਡਾਈ ॥ ੬੦ ॥
ਅਬਿ ਲੌ ਉਸ ਸਬਿ ਦੇਸ ਮਝਾਰੀ।
ਨਗਰ ਗਾਉਂ ਹੈ ਜਿਤਿਕ ਅਪਾਰੀ।
ਦੋ ਦੋ ਚਾਰ ਚਾਰ ਧਰਮਸਾਲਾ।
ਕਹਿਤ ਠਿਕਾਨੇ ਜਿਨੈ ਬਿਸਾਲਾ ॥ ੬੧ ॥
ਹੈਂ ਸਬਿ ਮੈਂ ਗੁਰੁ ਗ੍ਰੰਥ ਪ੍ਰਕਾਸ਼ੈਂ।
ਕੀਰਤਨੁ ਕਥਾ ਨਿਤਾ ਪ੍ਰਤਿ ਭਾਸੈਂ[1]।
[1]ਉਚਾਰਨ ਕਰਦੇ ਹਨ।

ਬਿਨ ਗੁਰ ਸ਼ਬਦ ਸੁਨੇ ਅਰ ਦਰਸੇ।
ਅੰਨੋਦਕ[1] ਕੋ ਨਹਿ ਵਹਿ ਪਰਸੇ[2] ॥ ੬੨ ॥
[1]ਅੰਨ ਤੇ ਜਲ। [2]ਛੁਹਂਦੇ।

ਬਿਨ ਗੁਰੁ ਗ੍ਰੰਥ ਨ ਔਰੈ ਜਜੈਂ[1]।
[1]ਪੂਜਦੇ।

ਵਾਹਿਗੁਰੂ ਬਿਨ ਔਰ ਨ ਭਜੈਂ।
ਸਿੰਧੁ ਸਮਾਨ ਨ ਗੁਰ ਕੀ ਸਿੱਖੀ।
ਹੈ ਨਹਿ ਕਹੀਂ ਸਹੀ ਹਮ ਪਿੱਖੀ ॥ ੬੩ ॥
ਦੋਹਰਾ:
ਪੇਖ ਬਿਲੋਚਸਤਾਨ ਗੁਰ,
ਪੁਨ ਪਿਖਿ ਰੇਗਸਤਾਨ।
ਫਿਰ ਕੰਧਾਰ ਗਜ਼ਨੀ ਭਲੇ,

ਪਿਖਜੋ ਮੁਲਕ ਅਫਗਾਨ[1] ॥ ੬੪ ॥

[1]ਅਫਗਾਨਿਸਤਾਨ।

ਮਨਹਰੀ ਛੰਦ:

ਤਬ ਥਾ ਮਰਦਾਨਾ, ਗੁਰੂ ਸੰਗਾਨਾ,
ਏਕੋ ਮੁਸਲਮਾਨਾ।
ਪੁਨ ਨਿਜ ਪਹਿਰਾਵਾ, ਗੁਰੂ ਬਨਾਵਾ,
ਯੌਂ ਹਿਤ ਤੂਕ ਕਲਜਾਨਾ।
ਚੋਲਾ ਗਲ ਸੇਲੀ, ਖਫਨੀ ਮੇਲੀ,
ਨੀਲਕ ਰੰਗ ਸੁਹਾਵੈ।
ਕਰ[1] ਕੂਜਾ[2] ਖਾਸਾ[3], ਤਸਬੀ[11] ਆਸਾ[22],

[1]ਹੱਥ ਵਿੱਚ। [2]ਦਸਤੇ ਵਾਲਾ ਲੋਟਾ। [3]ਚੰਗਾ। [11]ਮਾਲਾ। [22]ਫਕੀਰਾਂ ਵਾਲਾ ਸੋਟਾ।

ਤਾਜ ਚੌਕਲਾ[1] ਭਾਵੈ ॥ ੬੫ ॥

[1]ਚਾਰ ਕਲੀਆਂ ਵਾਲੀ ਤਾਜ ਦੀ ਸ਼ਕਲ ਦੀ ਫਕੀਰਾਂ ਦੀ ਟੋਪੀ।

ਲਿਯ ਬਗਲ[1] ਕੁਰਾਨਾ, ਸਮ ਮੌਲਾਨਾ,

[1]ਕੱਛ ਵਿੱਚ।

ਵੇਸ ਫਕੀਰੀ ਸੋਹੈ।
ਜਹਿਂ ਜਹਿਂ ਗੁਰ ਜਾਵੈਂ, ਆਦਰ ਪਾਵੈਂ,
ਪਿਖਿ ਨਰ ਨਾਰੀ ਮੋਹੈਂ।
ਲਖਿ[1] ਬਲਖ, ਬੁਖਾਰਾ, ਮੁਲਕ ਅਪਾਰਾ,

[1]ਲੰਘ ਕੇ।

ਪਹੁੰਚੇ ਮੱਕੇ ਜਾਈ।
ਗੁਰ ਸੋਏ ਨਿਸ ਕੋ, ਕਾਬੇ[1] ਦਿਸ ਕੋ,

[1]ਕਾਬਾ, ਅਰਬ ਦੇਸ਼ ਦੇ ਮੱਕੇ ਸ਼ਹਿਰ ਵਿੱਚ ਮੁਸਲਮਾਨਾਂ ਦੇ ਕੇਂਦਰੀ ਧਰਮ ਮੰਦਰ।

ਪਗ ਪੰਕਜ ਫੈਲਾਈ ॥ ੬੬ ॥
ਜਬਿ ਭਯੋ ਸਕਾਰਾ[1], ਝਾੜੂ ਵਾਰਾ,

[1]ਸਵੇਰਾ।

ਆਯੋ ਜੀਵਣ ਨਾਮੀ।
ਤਿਨ ਐਸ ਬਗੋਯਾ[1], ਤੂੰ ਕੋ ਸੋਯਾ,

[1]ਕਿਹਾ।

ਬਡ ਬੇ ਅਦਬ ਅਕਾਮੀ[1]।

[1]ਬਿਨਾਂ ਕੰਮ ਤੋਂ।

ਘਰ ਓਰ ਖੁਦਾ ਕੇ, ਪਾਉਂ ਫਿਲਾ ਕੇ,
ਤੂੰ ਕਸ ਪਰਾ ਬਿਸੱਕੇ[1]।

[1]ਕਿਸ ਤਰ੍ਹਾਂ ਪਿਆ ਹੈਂ ਬੇ-ਫ਼ਿਕਰ ਹੋ ਕੇ।

ਗੁਰ ਉਤ੍ਰ ਦੀਆ, ਸੁਨ ਤੂੰ ਮੀਆਂ,
ਹਮ ਮੋਸਾਫਰ ਥੱਕੇ ॥ ੬੭ ॥
ਘਰ ਨਹੀ ਖੁਦਾ ਕਾ, ਜਿਤ ਵਲ ਬਾਂਕਾ,
ਤਿਤ ਵਲ ਪਗ ਮਮ ਕਰਿਓ।

ਉਨਿ ਪਕਰਿ ਫਿਰਾਏ, ਦੁਤੀ ਦਿਸਾਏ[1], [1]ਤਰਫ਼।
ਜਬਿ ਤਜ ਫੇਰ ਨਿਹਰਿਓ।
ਪਗ ਗੁਰੂ ਅਗਾਰੀ, ਚਾਰ ਦੀਵਾਰੀ,
ਫਿਰ ਭੀ ਖਰੀ ਨਿਹਾਰੀ।
ਜਿਤ ਜਿਤ ਵਲ ਫੇਰੇ, ਤਿਤ ਤਿਤ ਹੇਰੇ,
ਕਾਬਾ ਚਰਨ ਅਗਾਰੀ ॥ ੬੮ ॥
ਯਹਿ ਕੌਤਕ ਭਾਰੀ, ਲੋਗ ਅਪਾਰੀ,
ਰਹੇ ਹੇਰ ਹੈਰਾਨੇ।
ਤਬਿ ਗੁਰੂ ਪਿਗੰਮ੍ਰ, ਅੱਵਲ ਨੰਬ੍ਰ,
ਉਨਿ ਖੁਦਾਇ ਬਪ[1] ਮਾਨੇ। [1]ਸਰੂਪ।
ਯਹਿ ਮਾਚਯੋ ਰੌਰਾ, ਸਬਿ ਹੀ ਠੌਰਾ,
ਗੌਰਾ[1] ਮੁਲਕ ਮਝਾਰੀ। [1]ਬਹੁਤਾ।
ਹਿਤ ਕਰਨ ਦਿਦਾਰਾ, ਲੋਕ ਹਜ਼ਾਰਾਂ,
ਆਵਨ ਜਾਵਨ ਭਾਰੀ ॥ ੬੯ ॥
ਰੁਕਨਲ ਦੀਂ ਕਾਜ਼ੀ, ਮੌਲਵਿ[1] ਹਾਜੀ, [1]ਮੌਲਵੀ।
ਸਬਿ ਚਰਚਾ ਕਰਿ ਹਾਰੇ।
ਗੁਰ ਕੋ ਲਖਿ ਆਦਮ[1], ਹੋਏ ਖਾਦਮ[2], [1]ਬਾਬਾ ਆਦਮ। [2]ਸੇਵਕ।
ਪੇਖੇ ਪਰਚੇ[1] ਭਾਰੇ ॥ ੭੦ ॥ [1]ਕਰਾਮਾਤ ਦੇ ਚਮਤਕਾਰ।

ਦੋਹਰਾ:
ਜੇਤਕ ਸ੍ਵਾਲ ਜ੍ਵਾਬ ਤਬਿ
ਭਏ ਦੁੜ੍ਹਫੋਂ ਭਾਰ।
ਮੱਕੇ ਕੀ ਗੋਸ਼ਟ ਵਿਖੇ,
ਲਿਖੇ ਸਬੇ ਨਿਰਧਾਰ[1] ॥ ੭੧ ॥ [1]ਨਿਰਣਾ ਕਰਕੇ।
ਗੁਰ ਕੌ ਰੂਪ ਖੁਦਾਇ ਲਖਿ,
ਰਖ ਲੀਨੀ ਗੁਰਿ ਕੌਸ[1]। [1]ਖੜਾਂਵ।
ਜਾਨ ਤਬੱਰਕ[1] ਮਾਨ ਹੈਂ, [1]ਪਵਿੱਤ੍ਰ।
ਅਬਿ ਲੌ ਮਧ ਤਿਹ ਹੌਸ[1] ॥ ੭੨ ॥ [1]ਘਰ।
ਤਹਿਂ ਤੇ ਚਲਿ ਪੁਨ ਸਤਿਗੁਰੂ,
ਪਿਖਯੋ ਮਦੀਨਾ ਜਾਇ।
ਕਬਰ ਪਿਗੰਮ੍ਰ ਕੀ ਤਹਾਂ,

ਹੈ ਅਬਿ ਲੌ ਦਰਸਾਇ ॥ ੭੩ ॥
ਪੀਰ ਮੁਹੱਯਲ ਦੀਨ ਲੌ,
ਔਰ ਇਮਾਮਨ ਸਾਥ[1]।
[1]ਮੁਸਲਮਾਨ ਧਰਮ ਦੇ ਆਗੂਆਂ ਨਾਲ।
ਬਹਸ[1] ਭਈ ਦੀਨੀ[2] ਘਨੀ,
[1]ਚਰਚਾ। [2]ਧਾਰਮਕ।
ਹਾਰ ਟਿਕਜੋ ਉਨਿ ਮਾਥ ॥ ੭੪ ॥
ਇਸ ਹੀ ਤੌਰ ਇਰਾਨ ਮੈਂ,
ਗਏ ਸ਼ਹਿਰ ਬਗੁਦਾਦ।
ਗੌਸ਼ਟ ਪੀਰਨ ਪੀਰ ਸੋਂ[1],
[1]ਪੀਰਾਂ ਦੇ ਪੀਰ ਭਾਵ ਦਸਤਗੀਰ ਪੀਰ ਨਾਲ।
ਹੋਈ ਬੇ ਤਾਦਾਦ ॥ ੭੫ ॥
ਚੌਪਈ:
ਪੀਰ ਹਾਰ ਜਬਿ ਚਰਚਾ ਗਯੋ।
ਹ੍ਵੈ ਸ਼ਰਮਿੰਦਾ ਕੋਪਤਿ[1] ਭਯੋ।
[1]ਕ੍ਰੋਧਵਾਨ।
ਨਿਜ ਲੋਗਨ ਕੋ ਹੁਕਮ ਉਚਾਰੋ।
ਨਾਨਕ ਕੋ ਪਥਰਨ ਸੋਂ ਮਾਰੋ ॥ ੭੬ ॥
ਤੁਰਕ ਕੋਪ ਕਰਿ ਮਾਰਨ ਧਾਏ।
ਹੱਥ ਜਬ ਪਥਰਨ ਕੋ ਪਾਏ।
ਊਚੀ ਧੁਨਿ ਗੁਰ ਸ਼ਬਦ ਉਚਾਰਾ।
ਸੱਤਿ ਸ੍ਰੀ ਅੱਕਾਲ ਉਦਾਰਾ ॥ ੭੭ ॥
ਜਹਾਂ ਤਹਾਂ ਸਬਿ ਹੀ ਕੇ ਹਾਥਾ।
ਰਹੇ ਚਿਪਟ[1] ਪਥਰਨ ਕੇ ਸਾਥਾ।
[1]ਚਿੰਬੜ ਗਏ।
ਹਲ ਚਲ ਸਕੈਂ ਨ ਕਹਿ ਕੁਛ ਸਾਕੈਂ।
ਥਿਤ੍ਰ ਬਿਤ੍ਰ ਗੁਰ ਕੀ ਦਿਸ ਤਾਕੈਂ ॥ ੭੮ ॥
ਪੀਰ ਆਇ ਤਬਿ ਪਗ ਲਪਟਾਨਾ।
ਚਾਹਜੋ ਨਿਜ ਗੁਨਾਹ ਬਖਸ਼ਾਨਾ।
ਪੁਨ ਗੁਰ ਸਤਿਨਾਮ ਸੁਰ* ਊਚੇ[1]।
[1]ਉੱਚੀ ਅਵਾਜ਼ ਨਾਲ। *ਇਥੇ ਪਾਠ 'ਸੁਬ' ਛਪਿਆ ਹੋਇਆ ਸੀ ਜੋ ਅਸ਼ੁੱਧ ਹੈ ਅਸਾਂ ਸ਼ੁੱਧ ਪਾਠ 'ਸੁਰ' ਕਰ ਦਿੱਤਾ ਹੈ।
ਕਹਜੋ ਜਬੈ ਵਹਿ ਤਬਿ ਸਬਿ ਮੂਚੇ[1] ॥ ੭੯ ॥
[1](ਪੱਥਰ) ਛੁੱਟ ਗਏ।
ਗੁਰ ਕੋ ਸਬਿ ਨੇ ਸਿਜਦਾ ਠਾਨਾ[1]।
[1]ਨਮਸਕਾਰ ਕੀਤੀ।
ਐਨ ਖੁਦਾਇ ਵਜੂਦ[1] ਪਛਾਨਾ।
[1]ਸਰੂਪ।
ਹਲੱਬ ਸ਼ਹਿਰ ਜੋ ਹੈ ਰਜਧਾਨੀ।

ਬਾਦਸ਼ਾਹਿ ਤਹਿਂ ਸੁਨੀ ਕਹਾਨੀ ॥ ੮੦ ॥
ਥਾ ਹਾਰੂੰ ਰਸ਼ੀਦ[1] ਖਲੀਫਾ[2]। [1]ਨਾਮ। [2]ਇਸਲਾਮ ਧਰਮ ਦਾ ਪ੍ਰਚਾਰਕ ਤੇਰਾਜ ਪ੍ਰਬੰਧਕ।
ਸੁਤ ਵਲੀਦ ਕਾ ਬਡੋ ਹਨੀਫਾ[1]। [1]ਹਨੀਫ਼ਾ ਜਾਤੀ ਦੇ ਵਲੀਦ ਦਾ ਵੱਡਾ ਪੁੱਤਰ ਸੀ।
ਦੈ ਦੈ ਖਲਕਤ ਕੋ ਦੁਖ ਭਾਰੇ।
ਦੌਲਤ ਕੀਨੀ ਜਮਾਂ ਅਪਾਰੇ ॥ ੮੧ ॥
ਪੀਰ ਸਹਿਤ ਜਬ ਗੁਰ ਤਹਿਂ ਗਏ।
ਸਤਿਗੁਰ ਸ਼ਬਦ ਉਚਾਰਤ ਭਏ ॥ ੮੨ ॥
ਦੋਹਰਾ:
ਸ਼ਰ੍ਹਾ ਮੁਹੰਮਦੀ ਮੈਂ ਅਹੇ,
ਸੁਣਨਾ ਰਾਗ ਹਰਾਮ[1]। [1]ਗੁਨਾਹ, ਪਾਪ।
ਬਾਦਸ਼ਾਹਿ ਨੈ ਗੁਰੂ ਪਰ,
ਦੈ ਕੈ ਯਹਿ ਅਲਜ਼ਾਮ[1] ॥ ੮੩ ॥ [1]ਦੋਸ਼।
ਚੌਪਈ:
ਪਕਰਨ ਹਿਤ ਬਹੁ ਲੋਗ ਪਠਾਏ।
ਬੰਧਨ ਮਾਹਿ ਗੁਰੂ ਨਹਿ ਆਏ।
ਦੀਪ ਸਿਖਾ ਅਤਿ ਵਾਹਕ ਤਨ ਤਜੋਂ[1]। [1]ਦੀਵੇ ਦੀ ਲਾਟ ਜਿਵੇਂ ਬਹੁਤ ਚੰਚਲ ਹੁੰਦੀ ਹੈ (ਪਕੜੀ ਨਹੀਂ ਜਾਂਦੀ) ਤਿਵੇਂ (ਸਤਿਗੁਰਾਂ ਦਾ) ਸ਼ਰੀਰ।
ਹਾਰ ਰਹੇ ਕਰ ਚਰ੍ਹੈ ਨ[1] ਮਨ ਜਸੋਂ ॥ ੮੪ ॥ [1]ਹੱਥ 'ਤੇ ਨਹੀਂ ਚੜ੍ਹਦਾ ਭਾਵ ਪਕੜਿਆ ਨਹੀਂ ਜਾਂਦਾ।
ਸ਼ਾਹਿ ਆਇ ਤਬਿ ਗੁਰ ਪਗ ਪਰਾ।
ਨਿਜ ਨਿਜਾਤ[1] ਹਿਤ ਪ੍ਰਸ਼ਨ ਸੁ ਕਰਾ। [1]ਕਲਿਆਣ।
ਗੁਰੂ ਨਸੀਹਤ ਨਾਮਾ ਗਾਯੋ।
ਕਾਰੂੰ ਕਾ ਦ੍ਰਿਸ਼ਟਾਂਤ ਦਿਖਾਯੋ ॥ ੮੫ ॥
ਸ਼ਕਤੀ ਯੁਤ ਗੁਰਬਾਨੀ ਕਾਨੀ[1]। [1]ਤੀਰ ਵਾਂਗ।
ਬੇਧ ਗਈ ਉਰ[1] ਤਾਂਹਿ ਮਹਾਨੀ। [1]ਹਿਰਦਾ ਵਿੰਨ੍ਹ ਗਈ।
ਭਯੋ ਮੁਰੀਦ ਗੁਰੂ ਕਾ ਪੀਨਾ।
ਧਨ ਸਬਿ ਬਾਂਟ ਗ੍ਰੀਬਹਿਂ ਦੀਨਾ ॥ ੮੬ ॥
ਛੋਰ ਦਈ ਜ਼ੁਲਮੀ ਬਦਰਾਹੀ।
ਤਤਪਰ ਭਯੋ ਬੰਦਗੀ ਮਾਹੀਂ।
ਸਿਰੇਪਾਉ ਮੱਕੇ ਤੈ ਜੋਈ।
ਮਿਲਯੋ ਖਲੀਫੇ ਕੋ ਥਾ ਸੋਈ ॥ ੮੭ ॥

ਸਤਿਗੁਰ ਕੀ ਵਹਿ ਨਜ਼ਰ ਗੁਜ਼ਾਰਾ।
ਚੀਜ਼ ਅਮੋਲਕ ਤੋਫਾ ਭਾਰਾ।
ਆਯਤ ਅਨਿਕ ਹਰੂਫਨ ਮਾਹੀ[1]।

[1]ਅਨੇਕਾਂ (ਲਿਪੀਆਂ ਦੇ) ਅੱਖਰਾਂ ਵਿੱਚ (ਕੁਰਾਨ ਦੀਆਂ) ਆਇਤਾਂ।

ਪਿਖੀਅਤ ਹੈ ਤਾਂ ਪਰ ਅਬਿ ਚਾਹੀ ॥ ੮੮ ॥
ਦੇਹਰੇ ਨਾਨਕ ਮੈਂ ਸੋ ਖਾਸੈ[1]।
ਹੈ ਕਾਵਲ ਸਿੰਘ ਬੇਦੀ ਪਾਸੈ।
ਤਹਿਂ ਤੇ ਚਲਿ ਸਤਿਗੁਰ ਮੁਦ ਪਾਏ।
ਇਸਤਾਮੋਲ[1] ਪਿਖਜੋ ਪੁਨ ਆਏ ॥ ੮੯ ॥

[1]ਖਾਸ (ਅਸਲੀ) ਚੋਲਾ।

[1]ਇਸਤੰਬੋਲ (ਸ਼ਹਿਰ)।

ਇਸੀ ਤੌਰ ਬਹੁ ਠੌਰ ਨਿਹਰ ਕੈ।
ਲੋਗਨ ਤਈਂ ਕਲਜਾਨ ਸੁ ਕਰਿ ਕੈ।
ਉਤਰੇ ਪੁਨ ਤੇਮੂੰ ਦਰੀਆਏ।
ਸ਼ਹਿਰ ਹਿਰਾਤ ਪਿਖਜੋ ਮੁਦ ਪਾਏ ॥ ੯੦ ॥
ਨਗਰ ਅਕਸਰੇ ਆਇ ਥਿਰਾਏ।
ਬਾਗ ਗੁਰੂ ਕਾ ਅਬਿ ਜੋ ਕਹਾਏ।
ਦੋ ਹਜ਼ਾਰ ਘਰ ਸਿੱਖਨ ਕੇਰਾ।
ਹੈ ਤਿਸ ਗਿਰਦ ਨੁਵਾਹਿ[1] ਬਧੇਰਾ ॥ ੯੧ ॥

[1]ਆਲੇ-ਦੁਆਲੇ।

ਤਹਿਂ ਤੈ ਚਲਿ ਗੁਰ ਅਏ ਅਗਾਰੀ।
ਕਲਕਾ ਨਾਮ ਗਰਾਮ ਮਝਾਰੀ।
ਤਹਿਂ ਭੀ ਹੈ ਅਬਿ ਲੌ ਧਰਮਸਾਲਾ।
ਪੂਜਤ ਮਾਨਤ ਲੋਕ ਬਿਸਾਲਾ ॥ ੯੨ ॥
ਤਹਿਂ ਤੈ ਪੱਛਮ ਕੋਸ ਅਠਾਰਾਂ।
ਬਾਲੂਰੇਤ ਊਚ ਅਤਿ ਭਾਰਾ।
ਤਾਂ ਪਰ ਥਿਰਿ ਗੁਰਿ ਬੰਬ ਬਜਾਈ[1]।
ਜੋ ਸੁਨਿ ਖਲਕ ਤਮਾਸ਼ੇ ਆਈ ॥ ੯੩ ॥

[1]ਨਗਾਰਾ ਵਜਾਇਆ।

ਪੈ ਊਪਰ ਜਨ ਚਢ ਨ ਸਕਾਏ।
ਜਬਿ ਗੁਰ ਕਹਜੋ ਪਰੇ ਪਗ ਆਏ।
ਯਹਿ ਅਜ਼ਮਤ ਅਬਿ ਲੌ ਤਹਿਂ ਜ਼ਾਹਰ।
ਹੈ ਅਤਿਸੈ ਪਿਖ ਹੈਂ ਸਬਿ ਮਾਹਰ[1] ॥ ੯੪ ॥

[1]ਹੁੱਨਰ ਦੇ ਉਸਤਾਦ, ਤਜਰਬੇਕਾਰ ਲੋਕ।

ਬਡੀ ਫਜਰ[1] ਨਿਤ ਬਜਤਿ ਨਗਾਰੇ।

[1]ਵੱਡੇ ਸਵੇਰੇ।

ਹੋਤਿ ਕੁਦਰਤੀ ਸ਼ੋਰ ਅਪਾਰੇ।
ਊਪਰ ਜਾਵਨ ਹਿਤ ਜੋ ਚਾਹਿਤ।
ਰੇਤਿ ਖਿਸਰ ਪਗ ਨੀਚੇ ਲਾਹਿਤ ॥ ੯੫ ॥
ਮੇਲੇ ਹੋਲੀ ਕਾ ਦਿਨ ਆਵੈ।
ਖੁਦ ਹੀ ਰੇਤਿ ਤਰੇ[1] ਉਤਰਾਵੈ। [1]ਹੇਠ।
ਤਬਿ ਜਨ ਮਿਲਿ ਬਹੁ ਬਾਦ ਬਜੈ ਕੈ[1]। [1]ਵਾਜੇ ਵਜਾ ਕੇ।
ਜਾਵਤ ਊਪਰ ਸਿਜਦਾ[1] ਕੈ ਕੈ ॥ ੯੬ ॥ [1]ਨਮਸਕਾਰ।
ਪਾਉਂ ਤੁਰੰਗਨ[1] ਚਿੰਨ੍ਹ ਨਿਹਾਰੈਂ। [1]ਘੋੜਿਆਂ ਦੇ।
ਕਰਿ ਜੁਹਾਰ ਸਭਿ ਐਸ ਉਚਾਰੈਂ।
ਨਾਨਕ ਪੀਰ ਗੁਰੂ ਗੋਬਿੰਦੋ।
ਰਹਿਤਿ ਇਹਾਂ ਸਹਿ ਫੌਜ ਬੁਲਿੰਦੋ ॥ ੯੭ ॥
ਮੰਨਤ ਕਾ ਕੜਾਹ ਪ੍ਰਸਾਦੂ।
ਬਾਂਟਤਿ ਤਹਿਂ ਥਾਂ ਬੇ ਤਾਦਾਦੂ।
ਦਿਵਸ ਖਰੇ[1] ਸਭਿ ਹੀ ਉਤਰਾਵਤਿ। [1]ਖੜੇ ਦਿਨ।
ਰੇਤੀ ਫਿਰ ਚਢਿ ਊਪਰ ਜਾਵਤਿ ॥ ੯੮ ॥
ਰਵਿ ਅਸਤੇ[1] ਜੇ ਕੋਰਹਿ ਜੈਹੈ। [1]ਸੂਰਜ ਛਿਪੇ (ਤੋਂ ਬਾਦ)।
ਊਪਰ, ਸੋ ਫਿਰਿ ਹਾਥ ਨ ਐਹੈ ॥ ੯੯ ॥
ਦੋਹਰਾ:
ਬਾਬਾ ਘਾੜੂਕਾ ਕਹੈਂ, ਨਾਮ ਤਾਹਿਂ ਕਾ ਜਾਨ[1]। [1]ਬਾਬੇ ਦੀ ਤਿਸ ਜਗ੍ਹਾ ਦਾ ਨਾਮ 'ਘਾੜੂਕਾ' ਕਹਿੰਦੇ ਹਨ।
ਮਾਨਤ ਤਿਸ ਕੋ ਦੇਸ ਸਭਿ, ਹਿੰਦੂ ਮੁਸਲਮਾਨ ॥ ੧੦੦ ॥
ਛੰਦ ਚਲਿ ਤਹਾਂ ਤੇ ਗੁਰ ਅਏ ਕਾਬਲ,
ਸ਼ਬਦ ਰਾਗ ਉਚਾਰਿਓ।
ਸੁਨਿ ਅਏ ਕਾਜ਼ੀ ਮੌਲਵੀ,
ਬਡ ਕੋਪ ਮਨ ਮੈ ਧਾਰਿਓ।
ਉਨਿ ਕਹਯੋ ਬੈਠ ਮਸੀਤ ਮੈ,
ਤੁਮ ਰਾਗ ਕਾਹੇ ਗਾਯੋ।
ਹੈ ਮਨ੍ਹਾ ਹਮਰੀ ਸ਼ਰ੍ਹਾ ਮੇ,
ਯਹਿ ਸ੍ਰੋਦ[1] ਕਰਨਿ ਬਤਾਯੋ ॥ ੧੦੧ ॥ [1]ਰਾਗ।
ਯਹਿ ਬਾਤ ਕਹਿ ਵਹਿ ਅਏ ਮਾਰਨ,

ਗੁਰ ਮਸੀਤ ਦੁੜਾਈਆ।
ਸਬਿ ਹੋਇ ਬਿਸਮੈ ਪਏ ਪੈਰੀਂ,
ਖਤਾ[1] ਨਿਜ ਬਖਸ਼ਾਈਆ। [1]ਗ਼ਲਤੀ।
ਤਬਿ ਗੁਰੂ ਕੌ ਖੁਦਾਇ ਬਪੁ[1] ਲਖਿ[2], [1]ਸਰੂਪ। [2]ਜਾਣ ਕੇ।
ਬਨੇ ਤੁਰਕ ਮੁਰੀਦ ਹੈਂ।
ਸ਼ੁਭ ਕਰਮ ਨੀਕੇ ਕਰਨ ਕੀ
ਫਿਰ ਕਰੀ ਸਬਿਨਿ ਤਗੀਦ[1] ਹੈ ॥ ੧੦੨ ॥ [1]ਪੱਕੀ ਕੀਤੀ।
ਗੁਰ ਕਹਜੋ ਰਾਗ ਹਰਾਮ ਜੇ,
ਤੌ ਕਯੋਂ ਪੈਗੰਬਰ ਹੈ ਸੁਨਾ।
ਨਿਜ ਤੀਯ ਥੀ ਜੋ ਆਇਸਾਂ,
ਤਿਹ ਕੋ ਸੁਨਾਯੋ ਭੀ ਪੁਨਾ।
ਇਕ ਰੋਜ਼ ਆਇ ਬਲੋਚ ਲਾਗੇ,
ਗਾਵਣੇ ਜਬਿ ਰਾਗ ਕੋ।
ਸੁਨਿ ਆਇਸਾਂ ਨੇ ਕਹਜੋ ਹਜ਼ਰਤ[1], [1]ਮੁਹੰਮਦ ਸਾਹਿਬ ਨੂੰ।
ਮਾਨ ਉਸ ਕੀ ਬਾਤ ਕੋ ॥ ੧੦੩ ॥
ਨਿਜ ਨਰਨ ਤੈ ਤਬਿ ਚੋਰੀਏ,
ਤਿਹ ਚੁੱਕ ਕਾਂਧੇ[1] ਲੈ ਗਏ। [1]ਮੋਢੇ 'ਤੇ।
ਸੁਨਿ ਰਾਤ ਭਰ ਤਹਿਂ ਗੀਤ ਨੀਕੇ,
ਫਜ਼ਰ[1] ਘਰ ਮੈ ਲੈ ਅਏ। [1]ਸਵੇਰੇ।
ਥੇ ਤਾਹਿ ਕੇ ਆਧੀਨ ਹਜ਼ਰਤ,
ਚਹਿਤ ਜੋ ਸੁ ਕਰਾਵਤੀ।
ਅਬਿ ਕਾਹਿ ਤੁਮ ਹਰਾਮ ਕਹਿਹੋ,
ਥੀ ਜੁ ਤਿਸ ਕੋ ਭਾਵਤੀ ॥ ੧੦੪ ॥
ਸੁਨਿ ਨਾਹਿ ਕਾਂਹਿ ਜਵਾਬ ਦੀਨੋ,
ਰਹੇ ਬਹੁ ਦਿਨ ਤਹਾਂ ਹੀ।
ਤਜਵਾਇ ਹਠ ਹੰਕਾਰ ਦੀਨੋ,
ਗਜਾਨ ਭਗਤੀ ਮਹਾਂ ਹੀ।
ਹੈ ਬੀਚ ਕਾਬਲ ਗੁਰੂ ਕਾ,
ਅਸਥਾਨ ਪੂਜਜ ਪਛਾਨੀਏ।
ਦਸ ਕੋਹ ਜਲਾਲਾਬਾਦ ਕੇ,

ਸੁਲਤਾਨ ਪੁਰ ਇਕ ਮਾਨੀਏ ॥ ੧੦੫ ॥
ਤਿਸ ਠੌਰ ਫਿਰ ਜਬਿ ਗੁਰ ਗਏ,
ਪਿਖਿ ਤੰਗ ਜਲ ਤੇ ਨਰਨ ਕੋ।
ਇਕ ਕਢਯੋ ਚਸ਼ਮਾ ਆਬ ਕਾ[1],
ਉਪਕਾਰ ਸਾਕੈ ਬਰਨ ਕੋ[1]।
ਸਬਿ ਤੁਰਕ ਹਿੰਦੂ ਮਾਨ ਹੈਂ,
ਕਹਿ ਆਬ ਨਾਨਕ ਪੀਰ ਕੋ।
ਗੁਰ ਪੁਨ ਪਿਸ਼ਾਵਰ ਮੈਂ ਅਏ,
ਮਗ ਤਾਰਤੇ ਜਨ ਭੀਰ ਕੋ ॥ ੧੦੬ ॥
ਫਿਰ ਆਇ ਹਸਨ ਅਬਦਾਲ ਜਬਿ,
ਗੁਰ ਸ਼ਬਦ ਰਾਗ ਉਚਾਰਯੋ।
ਸੁਨਿ ਬਹੁਤ ਲੋਗਨ ਸਿਖ ਹ੍ਵੈ,
ਮਨ ਤਨ ਸੁ ਗੁਰੁ ਪਰ ਵਾਰਯੋ।
ਤਹਿਂ ਹੁਤੋ ਏਕ ਫਕੀਰ ਪੀਰ,
ਸੁ ਵਲੀ ਨਾਮ ਕੰਧਾਰੀਆ।
ਪਿਖਿ ਪ੍ਰਭਤਾ ਗੁਰ ਈਸ਼ ਕੀ,
ਸੋ ਜਰਯੋ ਮਨ ਮੈ ਭਾਰੀਆ ॥ ੧੦੭ ॥
ਤਿਨ ਜੋਰਿ ਨਿਜ ਕਰਮਾਤ ਕੇ,
ਗਿਰ ਏਕ ਗੁਰ ਪਰ ਡਾਰਿਓ।
ਗੁਰ ਰੋਕਯੋ ਸੋ ਹਾਥ ਪੈ,
ਜੋ ਨਕਸ਼[1] ਅਬਿ ਭੀ ਨਿਹਾਰਿਓ।

ਪੁਨ ਜੋਗੀਆਂ ਕਾ ਆਇ ਟੀਲਾ,
ਢਿਗ ਰੁਤਾਸ[1] ਨਿਹਾਰਯੋ।
ਪਿਖਿ ਦੁਖੀ ਜਨ ਤਹਿਂ ਆਬ ਤੈ,
ਗੁਰ ਚਸ਼ਮਾ ਨੀਕ ਨਿਕਾਰਯੋ ॥ ੧੦੮ ॥
ਦੋਹਰਾ:
ਸ਼ੇਰ ਸ਼ਾਹਿ ਪਤਸ਼ਾਹਿ ਜਹਿਂ,
ਕਿਲਾ ਬਨਾਯੋ ਫੇਰ।
ਔਰ ਕਹੀਂ ਜਲ ਨਾਹਿ ਥਾ,

[1]ਪਾਣੀ ਦਾ ਸੋਮਾ।
[1]ਕੌਣ ਕਹਿ ਸਕਦਾ ਹੈ।

[1](ਹੱਥ ਦਾ) ਚਿੰਨ੍ਹ (ਜਿਸ ਦੇ ਹੇਠੋਂ ਜਿੱਥੇ ਗੁਰੂ ਜੀ ਬੈਠੇ ਸਨ ਸੁੰਦਰ ਤੇ ਮਿੱਠੇ ਜਲ ਦਾ ਇਕ ਸੋਮਾ ਨਿਕਲਦਾ ਹੈ ਜੋ ਅੱਗੋਂ ਇਕ ਸਰੋਵਰ ਵਿੱਚ ਜਾ ਪੈਂਦਾ ਹੈ)।

[1]ਸ਼ਹਿਰ।

ਵਹਿ ਲੀਨੋ ਮਧ ਘੇਰ ॥੧੦੯॥
ਚਸ਼ਮਾ ਬਾਹਰ ਪੁਨ ਭਯੋ,
ਫਿਰ ਤਿਹ ਅੰਦ੍ਰ ਲੀਨ।
ਆਖਰ ਬਾਹਰ ਹੀ ਰਹਜੋ,
ਖਿਚੀ ਦਿਵਾਰੈਂ[1] ਤੀਨ ॥੧੧੦॥

[1]ਕੰਧਾਂ।

ਕਰਾਮਾਤ ਪਿਖਿ ਗੁਰੂ ਕੀ,
ਚਸ਼ਮੇ ਦੁਆਰਾ ਸ਼ਾਹਿ।
ਗੁਰ ਅੰਗਦ ਕੋ ਦਰਸਜੋ,
ਪਿਖਿ ਸ਼ਕਤੀ ਬਡ ਚਾਹਿ ॥੧੧੧॥
ਦੈਨੀ ਚਹੀ ਜਗੀਰ ਕੁਛ,
ਲਈ ਨ ਸਤਿਗੁਰ ਰੰਚ[1]।

[1]ਥੋੜ੍ਹੀ ਜਿਹੀ ਵੀ।

ਅਏ ਏਮਨਾਬਾਦ ਉਤ,
ਗੁਰ ਹਾਰਕ ਪ੍ਰਪੰਚ[1] ॥੧੧੨॥

[1]ਛਲ ਨੂੰ ਨਾਸ ਕਰਨ ਵਾਲੇ।

ਛੰਦ ਲਾਲੋ ਆਦਿਕ ਸਿਖ ਭਗਤ, ਆ ਮਿਲੇ ਬਿਸਾਲਾ।
ਪੁਨ ਆਯੋ ਕਰਤਾਰ ਪੁਰੋਂ, ਚਲਿ ਭਾਈ ਬਾਲਾ।
ਸਤਿਸੰਗਤ ਪੁਨ ਲਗਾ ਹੋਣ, ਰਹਿ ਭੀਰ ਮਹਾਂਏ।
ਪਿਖਿ ਭਾਗੋ ਦੁਖ ਮਾਨਿ, ਜਾਇ ਪਾਠਾਨ ਸਿਖਾਏ ॥੧੧੩॥
ਪਾਪੀ ਕੋ ਨ ਸੁਹਾਇ[1] ਭਗਤ, ਹਰਿ ਸੰਤਨ ਸੰਗਾ।

[1]ਚੰਗਾ ਨਹੀਂ ਲੱਗਦਾ।

ਖਰ[1] ਮਾਖੀ ਜਜੋਂ ਤਜਿ ਸੁਗੰਧਿ, ਮਲ[2] ਮਾਨਤਿ ਚੰਗਾ।

[1]ਖੋਤਾ, ਗਧਾ। [2]ਮੈਲ ਨੂੰ।

ਕਹਜੋ ਪਠਾਠਨ ਗੁਰ ਤਈਂ, ਤੁਮ ਹੋ ਪਾਖੰਡੀ।
ਝੂਠੋ ਜਾਦੂਵਾਰ ਫਿਰਤ ਹੋ, ਮਹਾਂ ਅਫੰਡੀ[1] ॥੧੧੪॥

[1]ਵੱਡੇ ਹੰਕਾਰੀ।

ਤੁਮ ਜੁ ਕਹਜੋ ਥਾ ਰਾਜ, ਤੁਮਾਰਾ ਨਾਹਿ ਰਹਾਈ।
ਅਬਿ ਜੇ ਕਰ ਇਕ ਮਾਸ ਵੀਚ, ਨ ਭਯੋ ਸਚਾਈ।
ਤੌ ਹਮ ਤੁਮ ਕੌ ਦੇਹਿਂ ਸਜ਼ਾ, ਲਾਲੋ ਕੋ ਮਾਰੈਂ।
ਜੋ ਪਿਖਿ ਆਗੇ ਨਾਹਿ, ਕੋਊ ਫਿਰ ਕੂਰ ਉਚਾਰੈਂ ॥੧੧੫॥

ਯਹਿ ਕਹਿ ਫਿਰਿ ਉਨਿ ਨਜ਼ਰ ਬੰਦ, ਤੀਨੋ ਕੋ ਕੀਨੋ।
ਪੈਰ ਕੁਹਾੜਾ ਮਾਰ ਮੂਰਖਨਿ, ਅਪਨੇ ਲੀਨੋ।
ਲਾਇ ਮੂਛ ਕੋ ਹਾਥ ਸਿੰਘ[1], ਉਨਿ ਸੁਪਤ[2] ਜਗਾਯੋ।
ਬਿੱਛੂ ਜ਼ਹਰੀ ਸਾਂਪ ਛੇੜਿ, ਕਹਿਰੀ[1] ਗਲ ਪਾਯੋ ॥੧੧੬॥

[1]ਸ਼ੇਰ। [2]ਸੁੱਤਾ।

[1]ਕਸ਼ਟ ਦੇਣ ਵਾਲਾ।

ਰਾਵਣ ਲੀਨੋ ਕਰਾਰੁਧਰ[1], ਸੰਤਨ ਤੈ ਜਬਿ ਹੀ।
ਤਾਂ ਤੇ ਸੀਤਾ ਭਈ, ਨਾਸ ਕੀਨੋ ਜਿਹ ਸਬਿ ਹੀ।
ਜਾਦਵ ਸੰਤ ਦੁਖਾਇ, ਪਾਇ ਫਰ[1] ਲਰਿ ਸਬਿ ਮੂਏ।
ਹਿਰੱਨ ਕੱਸਪ, ਕੰਸ, ਕੌਰਵ ਸੈਂ ਕਿਆ ਹੂਏ ॥੧੧੭॥

[1]ਲਹੂ ਦਾ ਟੈਕਸ।

ਕਰਤਿ ਜੀਵ ਜਗਿ ਜੈਸ, ਤੈਸ ਫਲ ਈਸ਼ੂਰ ਦੈ ਹੈ।
ਹੋਨਹਾਰ ਜਬਿ ਬਸੈ ਚਿਤ, ਉਲਟੀ ਸਮਝੈ ਹੈ।
ਜਨਮੇਜੇ ਕੋ ਬਜਾਸ, ਜਦਜਪਿ ਥਾ ਬਹੁ ਸਮਝਾਯੋ।
ਤੌ ਭੀ ਉਨਿ ਦਿਜ ਸਾਧ ਘਾਇ[1], ਫਲ ਅਤਿ ਦੁਖ ਪਾਯੋ ॥੧੧੮॥

[1]ਮਾਰਕੇ।

ਭਾਵੀ[1] ਪ੍ਰੇਰੇ ਹਰੀ ਚੰਦ, ਕਿਆ ਕਿਆ ਦੁਖ ਪਾਏ।
ਭਾਵੀ ਕੇ ਬਸ ਬਲੀ ਭੂਪ[1], ਪਾਤਾਲ ਬਸਾਏ।
ਨਲ, ਪਾਂਡਵ, ਰਘਬੀਰ[1], ਭੀਰ[2] ਬਡ ਸਬਿਨਿ ਸਹਾਰੀ।
ਭਾਵੀ ਹ੍ਵੈ ਪ੍ਰਤਿਕੂਲ[1], ਭੂਲ ਸੁਧ ਬੁਧ ਜਹਿ ਸਾਰੀ ॥੧੧੯॥

[1]ਹੋਣੀ।

[1]ਬਲਿਰਾਜਾ।

[1]ਰਾਮ ਚੰਦਰ। [2]ਭੀੜਾ, ਮੁਸੀਬਤ।

[1]ਉਲਟ।

ਜੋ ਕਰਨੋ ਚਹਿ ਕਰੈ, ਲਾਖ ਸਾਬੱਬ ਬਨੈ ਕੈ।
ਅਬਿ ਅਫਗਾਨਨ ਮੂਢ ਚਢੀ[1], ਭਾਵੀ ਖੁਨਸੈ ਕੈ[2]।
ਸਮਰਕੰਦ ਤੇ ਮੁਗਲ ਚੁਗੱਤਾ[1], ਲੈ ਦਲ ਧਾਯੋ।

[1]ਮੂਰਖ ਪਠਾਣਾਂ ਦੇ (ਸਿਰ) ਚੜ੍ਹੀ ਹੈ। [2]ਗੁੱਸੇ ਹੋ ਕੇ।

[1]ਬਾਬਰ। {ਚੁੱਗਤਾ– ਬਾਬਰ ਦੇ ਨਾਨਕਿਆਂ ਦਾ ਗੋਤ ਸੀ ਜਿਸ ਤੋਂ ਬਾਬਰ ਵੰਸ਼ੀਆਂ ਨੂੰ ਵੀ ਚੁਗੱਤੇ ਕਹਿਣ ਲੱਗ ਪਏ। ਚੁਗੱਤਾ ਗੋਤ ਚੰਗੇਜ਼ ਖ਼ਾਂ ਤਰਾਰੀ ਮੁਗ਼ਲ ਦੇ ਪੁੱਤਰ ਚਗਤਾਈ ਖ਼ਾਂ ਤੋਂ ਚਲਿਆ।}

ਮਾਰ ਲੂਟ ਬਹੁ ਖਲਕ, ਕਲਕ[1] ਹਲਚਾਲ ਮਚਾਯੋ ॥੧੨੦॥

[1]ਬੇਚੈਨੀ, ਘਬਰਾਹਟ।

ਆਇ ਏਮਨਾਬਾਦ, ਕਤਲ ਗਾਰਤ[1] ਕਰਿ ਸੁੱਟਯੋ।
ਬਾਕੀ ਲੀਨੇ ਪਕਰ, ਨਾਰਿ ਨਰ ਏਕ ਨ ਛੁੱਟਜੋ।
ਜਿਨ ਨਾਰਿਨ ਨਹਿ ਪੁਰਖ, ਦੂਸਰਾ ਕਬੀ ਨਿਹਾਰਾ।
ਹਿੰਦੁਵਾਨੀ ਤੁਰਕਾਨੀ, ਕਰਤਿ ਸੁ ਹਾਹਾਕਾਰਾ ॥੧੨੧॥

[1]ਤਬਾਹ।

ਨਗਨ ਪਾਉਂ ਸਿਰ ਜਾਤਿ, ਜੰਗਲੋਂ ਕੀ ਦਿਸ ਭਾਗੀ।
ਮੁਗਲਨ ਕੇ ਕਰ ਚਢੀ, ਮਢੀ ਜੋਬਨ ਨਿਰਭਾਗੀ।
ਔਰ ਲੋਗ ਬਹੁ ਪਕਰਿ ਜਕਰਿ[1], ਬੋਝੇ ਉਠਵਾਏ।
ਗੁਰ ਭੀ ਸਹਿ ਸੰਗੀਨ[1], ਗਏ ਪਕਰੇ ਸੰਗਾਏ ॥੧੨੨॥

[1]ਬੰਨ੍ਹ ਕੇ।
[1]ਸਾਥੀਆਂ ਸਮੇਤ।

ਪਰ ਇਨ ਕੇ ਸਿਰ ਬੋਝ, ਸਿਰੋਂ ਤੈ ਊਪਰ ਜਾਵੈਂ।
ਮਰਦਾਨਾ ਰੱਬਾਬ ਵਾਇ[1], ਗੁਰ ਰਾਗ ਅਲਾਵੈਂ।
ਜਮਾਂਦਾਰ ਸਰਦਾਰ ਪੇਖਿ, ਯਹਿ ਅਜ਼ਮਤ ਭਾਰੀ।
ਬਾਦਸ਼ਾਹਿ ਕੈ ਪਾਸ ਜਾਇ, ਸਬਿ ਬਾਤ ਉਚਾਰੀ ॥੧੨੩॥

[1]ਵਜਾਉਂਦਾ ਹੈ।

ਮੁਲਾਕਾਤ ਬਖਜਾਤ, ਸ਼ਾਹਿ ਗੁਰ ਕੀ ਜਬ ਹੋਈ।
ਨਿਜ ਬਜ਼ੀਰ ਸੋ ਕਹਜੋ, ਸ਼ਾਹਿ ਯਹਿ ਫੱਕਰ ਸੋਈ।
ਗਜ਼ਨੀ ਮੁਝ ਕੋ ਖ੍ਵਾਬ ਬੀਚ[1], ਜਿਨਿ ਥਾ ਅਸ ਭਾਖਾ।
ਚਲੋ ਹਿੰਦ ਕੇ ਬਨੋ ਸ਼ਾਹਿ, ਮੈਂ ਹੂੰ ਤੁਵ ਰਾਖਾ ॥੧੨੪॥

[1]ਸੁਪਨੇ ਵਿੱਚ।

ਯਹਿ ਕਹਿ ਪੁਨ ਪਤਸ਼ਾਹਿ, ਗੁਰੂ ਕੇ ਪਗ ਲਪਟਾਨਾ।
ਧਰੀ ਨਜ਼ਰ[1] ਜ਼ਰ ਘਨੀ[2], ਗੁਰੂ ਨਹਿ ਲੀਨੋ

[1]ਭੇਟਾ। [2]ਬਹੁਤ ਦੌਲਤ।

ਆਨਾ।
ਫਿਰ ਬਾਬਰ ਨੈ ਭੰਗ, ਸਾਤ ਮੁੱਠੀ ਭਰਿ ਦੀਨੀ।
ਜਾਂ ਬਦਲੇ ਗੁਰ ਤਾਂਹਿਂ, ਸਾਤ ਸ਼ਾਹੀ ਬਖਸ਼ੀਨੀ*
॥ ੧੨੫ ॥

*ਭੰਗ ਦੀਆਂ ਸੱਤ ਮੁੱਠਾਂ ਦੇ ਬਦਲੇ ਬਾਬਰ ਨੂੰ ਸੱਤ ਬਾਦਸ਼ਾਹੀਆਂ ਬਖਸ਼ਣੀਆਂ ਤੇ ਮਰਦਾਨੇ ਦੇ ਇਹ ਕਹਿਣ ਤੇ ਕਿ ਤੁਸਾਂ ਬਾਦਸ਼ਾਹੀ ਤੁਰਕਾਂ ਨੂੰ ਦਿੱਤੀ ਹੈ ਤਾਂ ਤੁਹਾਡੀ ਕੌਮ ਕੀ ਕਰੇਗੀ- ਦੇ ਉੱਤਰ ਵਿੱਚ ਸਤਿਗੁਰਾਂ ਕਿਹਾ ਹੈ ਕਿ ਅਸੀਂ ਆਪਣੇ ਸੱਤ ਸਿਰ ਦੇ ਕੇ ਫੇਰ ਬਾਦਸ਼ਾਹੀ ਮੁਗਲਾਂ ਤੋਂ ਖੋਹ ਕੇ ਆਪਣੇ ਸਿੱਖਾਂ ਨੂੰ ਲੈ ਕੇ ਦਿਆਂਗੇ। ਇਹ ਖਿਆਲ ਕੇਵਲ ਕਵੀ ਜੀ ਨੇ ਹੀ ਪ੍ਰਗਟ ਕੀਤੇ ਹਨ, ਇਹ ਨਹੀਂ ਦੱਸਿਆ ਕਿ ਇਹ ਖਿਆਲ ਅਸੀਂ ਕਿਸ ਇਤਿਹਾਸਕ ਪੁਸਤਕ 'ਚੋਂ ਲਏ ਹਨ। ਹੋ ਸਕਦਾ ਹੈ ਕਿ ਕਿਸੇ ਮੁਸਲਮ ਤਾਰੀਖ਼ਦਾਨ ਨੇ ਐਸਾ ਜ਼ਿਕਰ ਕੀਤਾ ਹੋਵੇ ਪਰ ਇਹ ਗੱਲ ਗੁਰੂ ਸਾਹਿਬ ਦੇ ਜੀਵਨ, ਸੁਭਾਵ ਤੇ ਸਿਖ ਸਿਧਾਂਤਾਂ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦੀ। ਉਹ ਕੋਈ ਬਹੁਤੇ ਵੱਡੇ ਭੰਗ ਦੇ ਅਮਲੀ ਨਹੀਂ ਸਨ ਸਗੋਂ ਉਨ੍ਹਾਂ ਬਾਰੇ ਇਹ ਅਖਾਣ ਆਮ ਪ੍ਰਚਲਤ ਹੈ ਕਿ 'ਪੋਸਤ ਭੰਗ ਅਫ਼ੀਮ ਮਦ, ਉਤਰ ਜਾਤ ਪ੍ਰਭਾਤ। ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।' ਇਤਿਹਾਸਕ ਪੱਖ ਤੋਂ ਖੋਜ ਕੀਤਿਆਂ ਸਭ ਤੋਂ ਪਹਿਲੀ ਲਿਖਤ ਪ੍ਰਾਚੀਨ ਜਨਮ ਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ) ਮਿਲਦੀ ਹੈ, ਜਿਸ ਨੂੰ ਸੇਵਾ ਸਿੰਘ 'ਸੇਵਕ' ਨੇ ਸੰਪਾਦਿਤ ਕੀਤਾ ਹੈ, ਦੇ ਪੰਨਾ ੮੦ 'ਤੇ ਐਉਂ ਜ਼ਿਕਰ ਆਉਂਦਾ ਹੈ: "ਸ੍ਰੀ ਗੁਰੂ ਜੀ ਕਹਿਆ, ਕਿਛੁ ਮਾਂਗ ਲੇਹੁ। ਪਾਤਿਸ਼ਾਹ ਕਹਿਆ ਜੀ 'ਮੇਰੀ ਪਾਤਸ਼ਾਹੀ ਕੁਰਸੀ ਬਕੁਰਸੀ ਤਾਈਂ ਚਲਦੀ ਜਾਇ ਜੀ।' ਬਚਨ ਹੋਇਆ 'ਤੇਰੀ ਪਾਤਸ਼ਾਹੀ ਚਿਰ ਤਾਈਂ ਚਲੈਗੀ। ਜਾਂ ਤਾਈਂ ਨਿਆਉਂ ਤੇਰੇ ਘਰ ਵਿੱਚ ਰਹੇਗਾ।" ਇਸ ਤੋਂ ਬਾਦ ਦੂਜੀ ਲਿਖਤ ਮਹਿਮਾ ਪ੍ਰਕਾਸ਼ (ਕਾਵਿ) ਕ੍ਰਿਤ ਸਰੂਪ ਦਾਸ ਭੱਲਾ ਦੀ ਹੈ ਜਿਸ ਦਾ ਰਚਨ ਕਾਲ ਸੰਮਤ ੧੮੩੦-੩੩ ਬਿ: ਹੈ। ਇਸ ਦੀ ਇਕ ਹੱਥ ਲਿਖਤ ਸੈਂਚੀ ਸਿਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿੱਚ ਪਈ ਹੈ, ਜਿਸ ਦਾ ਨੰ: ੧੧੫੧ ਹੈ, ਇਸ ਵਿੱਚ ਬਾਬਰ ਵੱਲੋਂ ਬੇਨਤੀ ਕੀਤੀ ਗਈ ਹੈ ਕਿ "ਕਰ ਸਿਫਤ ਸਨਾਇ ਬੇਨਤੀ ਕੀਨੀ। ਕਰ ਮਿਹਰ ਸਲਤਨਤ ਹਿੰਦ ਕੀ ਦੀਨੀ। ਕੁਰਸੀ ਬਕੁਰਸੀ ਹਮਰੇ ਚਲੇ। ਜੁੰਬਸ ਨਹੀ ਹੋਇ ਚਲੇ ਨਹੀ ਹਲੇ।" ਉੱਤਰ ਵਿੱਚ ਸਤਿਗੁਰਾਂ ਕਿਹਾ: ਤਬ ਮਿਹਰ ਬਚਨ ਕਰਿ ਬੋਲੇ ਦਿਆਲਾ। ਤੁਮ ਕਰੋ ਰਾਜ ਹਿੰਦ ਬਹੁ ਕਾਲਾ। ਜਬ ਛੁਟੇ ਅਦਾਲਤ ਹੋਇ ਬਿਅਦਲ। ਛੁਟੇ ਨਿਆਉਂ ਰਾਜ ਹੋਇ ਬਦਲ। (ਹੱਥ ਲਿਖਤ ਪੰਨਾ ੨੯੧) ਪੰਥ ਪ੍ਰਕਾਸ਼ ਤੋਂ ਪਹਿਲਾਂ ਦੀ ਤੀਜੀ ਲਿਖਤ ਸ੍ਰੀ ਗੁਰੂ ਨਾਨਕ ਪ੍ਰਕਾਸ਼ ਕ੍ਰਿਤ ਭਾਈ ਸੰਤੋਖ ਸਿੰਘ ਹੈ। ਉਸ ਵਿੱਚ ਜ਼ਿਕਰ ਆਉਂਦਾ ਹੈ ਕਿ

ਬਾਬਰ ਨੇ ਜਦ ਫਕੀਰ ਜਾਣ ਕੇ ਗੁਰੂ ਜੀ ਨੂੰ ਭੰਗ ਭੇਟਾ ਕੀਤੀ ਤਾਂ ਹਜ਼ੂਰ ਨੇ ਇਹ ਸ਼ਬਦ ਉਚਾਰਨ ਕੀਤਾ: ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ (ਪੰ: ੭੨੧) ਕਰਤਾਰ ਦੇ ਭਉ ਨੂੰ ਭੰਗ ਕਿਹਾ ਚਿੱਤ ਨੂੰ ਖੱਲੜ ਦਸਿਆ ਤੇ ਨਿਰਲੇਪ ਰਹਿਣਾ ਮਸਤੀ ਚੜ੍ਹੀ ਆਖਿਆ। ਬਾਬਰ ਵੱਲੋਂ ਆਪਣੇ ਲਈ ਬਾਦਸ਼ਾਹੀ ਦਾ ਵਰ ਦਾਨ ਲੈਣ ਲਈ ਕੀਤੀ ਗਈ ਬੇਨਤੀ ਦੇ ਉੱਤਰ ਵਿੱਚ ਜੋ ਸਤਿਗੁਰਾਂ ਸ਼ਬਦ ਕਹੇ ਉਨ੍ਹਾਂ ਨੂੰ ਭਾਈ ਸੰਤੋਖ ਸਿੰਘ ਇੰਜ ਵਰਣਨ ਕਰਦੇ ਹਨ: ਕ੍ਰਿਪਾ ਦ੍ਰਿਸ਼ਟ ਅਵਿਲੋਕ ਕੈ, ਬੋਲਤ ਭੇ ਸਤ ਭਾਇ। ਜਗ ਪਾਤਸ਼ਾਹੀ ਭੋਗ ਹੋ, ਜਬ ਲਗ ਕਰੋ ਨਜਾਇ ॥੬੦॥ ਜਬ ਤੁਮਰੀ ਕੁਲ ਨਜਾਇ ਨ ਹੋਵਹਿ। ਪਤਿਸ਼ਾਹੀ ਸਗਰੀ ਸੋ ਖਵਹਿ। (ਨਾ. ਪ੍ਰ.) ਇਨ੍ਹਾਂ ਉਪ੍ਰੋਕਤ ਤਿੰਨਾਂ ਇਤਿਹਾਸਕ ਪੁਸਤਕਾਂ ਵਿੱਚ ਸੱਤ ਮੁੱਠਾਂ ਭੰਗ ਦੇ ਬਦਲੇ ਸਤ ਬਾਦਸ਼ਾਹੀਆਂ ਦੇਣ ਤੇ ਸੱਤ ਸਿਰ ਦੇ ਕੇ ਵਾਪਸ ਲੈ ਕੇ ਸਿੱਖਾਂ ਨੂੰ ਦੇਣ ਦਾ ਕੋਈ ਇਸ਼ਾਰਾ ਮਾਤ੍ਰ ਵੀ ਨਹੀਂ, ਸਗੋਂ ਤਿੰਨਾਂ ਦੀ ਹੀ ਮੁਤਫਿਕ ਰਾਇ ਹੈ ਕਿ ਸਤਿਗੁਰਾਂ ਨੇ ਬਾਬਰ ਦਾ ਸਿਦਕ, ਸ਼ਰਧਾ ਤੇ ਪ੍ਰੇਮ ਵੇਖ ਕੇ ਤੇ ਇਨਸਾਫ਼ ਕਰਨ ਦੀ ਪ੍ਰਤੱਗਿਆ ਕਰਵਾ ਕੇ ਹੀ ਬਾਦਸ਼ਾਹੀ ਦਾ ਵਰ ਦਾਨ ਬਖ਼ਸ਼ਿਆ ਸੀ ਤੇ ਨਾਲ ਸ਼ਰਤ ਇਹ ਲਾਈ ਸੀ ਕਿ ਜਦ ਤਕ ਤੇਰੀ ਕੁਲ ਵਿੱਚ ਇਨਸਾਫ਼ ਰਹੇਗਾ, ਰਾਜ ਕਾਇਮ ਰਹੇਗਾ। ਬੇ-ਇਨਸਾਫ਼ੀ ਦੀ ਸੂਰਤ ਵਿੱਚ ਰਾਜ ਨਸ਼ਟ ਕਰ ਬੈਠੋਗੇ। ਇਹੋ ਹੀ ਵਾਕਿਆਤ ਵਧੇਰੇ ਸਹੀ ਸਮਝਣੇ ਚਾਹੀਦੇ ਹਨ।

ਨਜ਼ਰੀ ਨਜ਼ਰ ਨਿਹਾਲ, ਗੁਰੂ ਸਮ ਗੁਰ ਹੀ ਜਾਨੋ।
ਤੈਸੀ ਦੀਨੀ ਦਾਤ, ਜੈਸ ਥੇ ਆਪ ਪ੍ਰਮਾਨੋ।
ਤੁਜ਼ਕ ਬਾਬਰੀ[1] ਵੀਚ, ਸ਼ਾਹਿ ਬਾਬਰ ਖੁਦ ਲਿਖਜੋ।
ਹਿੰਦੂ ਨਾਨਕ ਪੀਰ ਹਿੰਦ ਮੈਂ, ਮੈਂ ਬਡ ਪਿਖਜੋ ॥੧੨੬॥
ਗੁਰ ਤੇ ਆਗਜਾ ਪਾਇ, ਜਾਇ ਦਿਲੀ ਤਿਨਿ ਲੀਨੀ।
ਪਤਸ਼ਾਹੀ ਭਲ ਤੌਰ[1], ਸਾਤ ਪੀੜ੍ਹੀ ਤਿਨਿ ਕੀਨੀ।
ਹੁਤੋ ਪੰਦ੍ਰਾ ਸੈ ਅਠੱਤ੍ਰਾ, ਸੰਮਤ[1] ਜਾਨੋ।
ਸ਼ਬਦ ਗੁਰੂ ਕਾ ਭਯਾ ਸਫਲ, ਜੋ ਪਹਿਲ ਬਖਾਨੋ ॥੧੨੭॥

[1](ਬਾਬਰ ਦੀ ਆਪਣੇ ਹੱਥੀਂ ਲਿਖੀ) ਕਿਤਾਬ।

[1]ਚੰਗੇ ਢੰਗ ਨਾਲ।

[1]ਬਿਕ੍ਰਮੀ ਸੰਮਤ।

ਮਰਦਾਨੇ ਪੁਨ ਗੁਰੂ ਪਾਸ, ਅਸ ਅਰਜ਼ ਗੁਜ਼ਾਰੀ।
ਸ਼ਾਹੀ ਤੁਰਕੈਂ ਦਈ, ਕਰੈ ਕਿਆ ਉੱਮਤ ਥਾਰੀ[1]। [1]ਤੁਹਾਡੀ (ਸਿੱਖ) ਕੌਮ।
ਤਬਿ ਗੁਰੁ ਨਾਨਕ ਕਹਜੋ, ਸਾਤ ਸਿਰ ਹਮ ਨਿਜ ਦੈ ਕੈ।
ਪਤਸ਼ਾਹੀ ਫਿਰ ਦੈਂਹ, ਆਪਨੇ ਸਿੱਖੈਂ ਲੈ ਕੈ ॥੧੨੮॥

ਕਬਿੱਤ:

ਸੋਈ ਬਾਤ ਲੇਹੁ ਚੀਨ ਸਿਰ ਸਾਤ ਦੀਨ,
ਪਾਂਚਮੇਂ, ਅਸ਼ਟ ਗੁਰ, ਨੌਮ ਪਹਿਚਾਨੀਏ।
ਚਾਰੋ ਸੁਤ ਦਸਮ ਗੁਰੂ ਕੇ ਏਈ ਸਾਤ ਸਿਰ,
ਦੈ ਕੈ ਫਿਰ ਲੈ ਕੈ ਦਈ ਸਿੱਖਨ ਮਹਾਨੀਏ।
ਬਾਬਰ, ਹਿਮਾਊਂ, ਅਕਬਰ, ਜਹਾਗੀਰ ਬੀਰ,
ਸ਼ਾਹ ਜਹਾਂ, ਔਰੰਗ, ਬਹਾਦਰ[1] ਪ੍ਰਮਾਨੀਏ। [1]ਬਹਾਦਰ ਸ਼ਾਹ।
ਸਾਤ ਸ਼ਾਹ ਭਏ ਯੇ ਚੁਗੱਤੇ ਅਲਵੱਤੇ[1] ਨੀਕ, [1]ਬਿਨਾਂ ਸ਼ੱਕ ਤੋਂ।
ਫੇਰ ਪਰੋ ਰੌਰ ਸ਼ਾਹੀ ਜਾਤ ਰਹੀ[1] ਜਾਨੀਏ [1]ਜਾਂਦੀ ਰਹੀ।
॥੧੨੯॥

ਆਏ ਕਰਤਾਰ ਪੁਰ ਦਿਗ ਬਿਜੈ[1] ਕਰਿ ਗੁਰ, [1]ਸਾਰੀਆਂ ਦਿਸ਼ਾਂ ਨੂੰ ਜਿੱਤ ਕੇ।
ਭਗਤੀ ਗਜਾਨ ਮਤ ਥਾਪਯੋ ਜਹਿਂ ਜਹਿਂ ਗਏ।
ਖੰਡ ਕੈ ਪਖੰਡ ਮਤ ਮੰਡ ਤੈ ਸੂਤਿ ਪਥ[1], [1]ਗਿਆਨ ਮਾਰਗ ਦੀ ਪ੍ਰੋੜ੍ਹਤਾ ਕਰਕੇ।
ਹੰਢ ਕੈ[1] ਬਿਦੇਸ਼ ਕਥ ਬਾਨੀ[2] ਸੁਖ ਹੈਂ ਦਏ। [1]ਫਿਰ ਕੇ। [2]ਬਾਣੀ ਉਚਾਰ ਕੇ।
ਜੇਤੇ ਜਨ ਤਾਰੇ ਸਬਿ ਤਾਰੇ ਹੈ ਨ ਤੇਤੇ ਨਭ,
ਵਾਰੇ[1] ਹਰਿ ਗਜਾਨ ਕਵਿ ਅਭਿ[2] ਬੰਦਨਾ ਕਏ। [1]ਵਾਰਨੇ ਜਾਂਦਾ ਹੈ। [2]ਦਿਲੋਂ।
ਜਿਤ ਜਿਤ ਭਾਰੇ ਮਤਵਾਰੇ ਝਗਰੇ ਅਪਾਰੇ[1], [1]ਵੱਡੇ ਮੱਤਾਂ ਵਾਲਿਆਂ ਬਹੁਤੇ ਝਗੜੇ ਕੀਤੇ।
ਆਖਰ ਵਿਚਾਰੇ ਹਾਰੇ ਅਨੁਸਾਰੇ ਹੈਂ ਭਏ ॥੧੩੦॥

ਧਰਮ ਬਿਥਾਰਿ ਦੇਸ ਦੇਸ ਮੈ ਅਪਾਰ ਗੁਰੂ,
ਆਇ ਕਰਤਾਰ ਪੁਰ ਥਿਰ ਫਿਰ ਭਏ ਹੈਂ।
ਚਾਰ ਹੀ ਉਦਾਸੀ ਸੁਖਰਾਸੀ ਕਰਿ ਭਲੀ ਭਾਂਤਿ,
ਫੇਰ ਕਬਹੂੰ ਨ ਕਿਤ ਦੂਰ ਦੇਸ ਗਏ ਹੈਂ।
ਲੋਗ ਦੇਸ ਦੇਸ ਸੈਂ ਬਿਸੇਸ ਆਇਂ ਗੁਰੂ ਢਿਗ,

ਪਾਇਂ ਉਪਦੇਸ ਤੈ ਕਲੇਸ ਸੇਸ[1] ਹਏ ਹੈਂ। [1]ਸਾਰੇ, ਬਹੁਤੇ।
ਹੋਇ ਸਤਿ ਸੰਗਿ ਤਹਿਂ ਲਾਗਜੋ ਸੁਰੰਗਰਹਿ,
ਸਹਿਤ ਉਮੰਗ ਕਥਾ ਕੀਰਤਿ ਸੁਨਏ ਹੈਂ
॥ ੧੩੧ ॥
ਲੰਗਰ ਅਪਾਰ ਹੋਇ ਬਾਨੀ ਕਾ ਉਚਾਰ ਚਾਰੁ,
ਆਇ ਨਰ ਨਾਰਿ ਪਾਇ ਚਾਰ ਫਲ ਜਾਇ ਹੈਂ।
ਬਾਬਾ ਬੁੱਢਾ, ਕਮਲੀਆ, ਅੰਗਦ ਗੁਰੂ ਤੈ ਆਦਿ,
ਸੇਵਕ ਅਪਾਰ ਸਿਖ ਟਹਿਲ ਕਮਾਇ ਹੈਂ।
ਭੂਰ[1] ਹੀ ਧਰਮ ਜਬਿ ਧਰਾ ਭਰਪੂਰ ਦਜੋ[2], [1]ਬਹੁਤਾ। [2]ਧਰਤੀ ਉੱਤੇ ਭਰ ਦਿੱਤਾ।
ਚਾਹਜੋ ਗੁਰੁ ਸਚੁ ਖੰਡ ਜਾਵਨੋ ਤਦਾਇ ਹੈਂ।
ਅੰਗਦ ਕੋ ਗੁਰੂ ਥਪਿ ਪੰਦ੍ਰਾਂ ਸੈ ਛਜਾਨਵੇਂ ਮੈ,
ਦਸਮੀ ਅਸੌਜ ਬਦੀ[1] ਗਏ ਸੋ ਸਮਾਇ ਹੈਂ [1]ਅੱਸੂ ਮਹੀਨੇ ਦੀ ਅਨ੍ਹੇਰ ਪੱਖ ਦੀ ਦਸਵੀਂ (ਥਿੱਤ ਨੂੰ)।
॥ ੧੩੨ ॥
ਹਿੰਦੂ ਔ ਤੁਰਕ ਸਬਿ ਸੇਵਕ ਥੇ ਜੋਊ ਤਬਿ,
ਏਕ ਤੋ ਦਫਨ[1] ਚਹੈਂ ਦੂਸਰੇ ਜਲਾਵਨੋ। [1]ਦੱਬਣਾ।
ਝਗਰਾ ਬਢਤਿ ਗੁਰਿ ਆਪ ਹੀ ਨਿਬੇਰਜੋ ਫੁਰ[1], [1]ਫੌਰਨ, ਛੇਤੀ।
ਦੇਹ ਕੀਨ ਲੋਪ ਰਹਜੋ ਖੱਫਨ ਸੁਹਾਵਨੋ।
ਬਿਸਮੇ ਰਹਾਏ ਚੀਨ[1] ਆਧੋ ਆਧ ਕਰ ਲੀਨ, [1]ਦੇਖ ਕੇ।
ਦੁਹੂੰ ਉਭੈ ਰੀਤਿ ਕੀਨ ਸਬਿ ਬਿਧਿ ਪਾਵਨੋ।
ਐਸੋ ਗੁਰੂ ਧਜਾਇ, ਪਾਇ ਮਨ ਭਾਇ ਗਜਾਨ
ਸਿੰਘ,
ਅਵਸਰ[1] ਪਾਇ ਧਜਾਇ ਕੀਨ ਹੈ ਥਿਰਾਵਨੋ [1]ਸਮਾਂ, ਮੌਕਾ।
॥ ੧੩੩ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਚਤੁਰਥ ਉਦਾਸੀ ਤੁਰਕਸਤਾਨ ਕਾ ਸੈਰ ਕਰਿ, ਆਦਿ ਗੁਰੂ ਕਾ ਜੋਤੀ ਜੋਤ ਸਮਾਵਨ ਬਰਨਨੰ' ਨਾਮ ਦ੍ਵਾਦਸਮੋ ਬਿਸ੍ਰਾਮ ॥ ੧੨ ॥

੧੩. {ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਕਥਾ ਅਰੰਭ}

ਸ੍ਵੈਯਾ:

ਜਿਨ ਕੇ ਧਰਿ ਧਯਾਨ ਸੁਜਾਨ ਭਏ[1],
ਸੁਰ ਗਯਾਨ ਛਏ[1] ਅਗਯਾਨ ਹਏ[2]।
ਪਦ ਕੰਜ ਸੁ ਮੰਜ ਬਿਲੋਚਨ ਹੇਰਿ,
ਸਕੋਚਨ ਮੋਚਨ ਪਾਪ ਭਏ[1]।

[1](ਮੂਰਖ) ਚਤੁਰ ਹੋ ਗਏ।
[1]ਪਵਿੱਤਰ ਗਿਆਨ ਹੋ ਗਿਆ। [2]ਨਾਸ ਹੋ ਗਿਆ।

[1]ਚੰਗੇ ਤੇ ਉੱਜਲ ਚਰਨ ਕੰਵਲਾਂ ਦੇ ਅੱਖੀਂ ਦੇਖਣ ਨਾਲ ਪਾਪ ਸੁੰਗੜ ਕੇ ਨਾਸ ਹੋ ਗਏ।

ਸੁਨਿ ਬੈਨ ਬਢੈ ਉਰ ਚੈਨ[1] ਮਹਾਂ,
ਜਗ ਐਨ ਸੁ ਭਾਗ ਬਿਲਾਗ ਜਏ[1]।
ਸਬਿ ਕੇ ਪ੍ਰਮਾਤਮ ਆਤਮ ਜੇ,
ਗੁਰ ਸਾਤਮ ਕੇ ਪਗ ਬੰਦਿ ਲਏ[1] ॥੧॥

[1]ਸ਼ਾਂਤੀ।
[1]ਜਗ ਵਿੱਚ ਠੀਕ ਬੇਲਾਗ ਤੇ ਚੰਗੇ ਭਾਗ ਪੈਦਾ ਹੋ ਗਏ।
[1]ਜਿਹੜੇ ਸਾਰਿਆਂ ਦੇ (ਅੰਦਰ) ਪ੍ਰਮਾਤਮਾ ਰੂਪ ਅਤੇ ਆਪਣਾ ਆਪ ਰੂਪ ਹਨ (ਉਨ੍ਹਾਂ) ਸੱਤਵੇਂ ਗੁਰਾਂ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ) ਦੇ ਚਰਨਾਂ 'ਤੇ ਨਮਸਕਾਰ ਕਰ ਲਈ ਹੈ।

ਥਿਤਿ ਦਾ ਚਿਤ ਕੇ ਬਿਤਿ ਦਾ ਹਿਤਿ ਕੇ,
ਨਿਤ ਦਾ ਮਿਤ ਕੇ ਸੁਖ ਪਾਰਕ ਹੈਂ[1]।

[1](ਦੂਜੇ ਗੁਰਾਂ ਦੇ ਪਵਿੱਤ੍ਰ ਕੌਤਕ) ਚਿੱਤ ਦਾ ਟਿਕਾਅ ਤੇ ਪ੍ਰੇਮ ਦਾ ਧਨ ਦੇਣ ਵਾਲੇ ਤੇ ਮਿਤ੍ਰ ਦੇ ਸੁਖਾਂ ਦੀ ਹਮੇਸ਼ਾਂ ਪਾਲਣਾ ਕਰਨ ਵਾਲੇ ਹਨ।

ਭ੍ਰਮ ਭੇਦਰੁ ਖੇਦ ਕੁਕ੍ਰਮ ਅਧ੍ਰਮ,
ਪਰੀਸ਼੍ਰਮ ਜਰਮ ਨਿਵਾਰਕ ਹੈਂ[1]।

[1]ਭਰਮ, ਭੇਦ, ਦੁੱਖ, ਖੋਟੇ ਕਰਮ, ਪਾਪ ਅਤੇ ਜੰਮਣ (ਮਰਨ) ਦੇ ਧਕੇਵੇਂ ਦੂਰ ਕਰਨ ਵਾਲੇ ਹਨ।

ਭਵ ਫੰਧ ਬੁਲੰਦ ਨਿਕੰਦ ਮੁਕੰਦ,
ਅਨੰਦ ਅਮੰਦ ਬਿਥਾਰਕ ਹੈਂ[1]।

[1]ਸੰਸਾਰ (ਦੇ ਮੋਹ ਆਦਿ) ਵੱਡੇ ਫਾਹਿਆਂ ਨੂੰ ਕੱਟਣ ਵਾਲੇ, ਮੁਕਤੀ ਦਾਤੇ ਤੇ ਛੇਤੀ ਅਨੰਦ ਫੈਲਾਉਣ ਵਾਲੇ ਹਨ।

ਗੁਰ ਦੁੰਦ ਚਰਿਤ੍ਰ ਪਵਿਤ੍ਰ ਬਿਚਿਤ੍ਰ,
ਸੁਮਿਤ੍ਰ ਕੁਮਿਤ੍ਰ ਸੁ ਤਾਰਕ ਹੈਂ[1] ॥੨॥

[1]ਦੂਜੇ ਸਤਿਗੁਰੂ (ਸ੍ਰੀ ਗੁਰੂ ਅੰਗਦ ਦੇਵ ਜੀ) ਦੇ ਅਸਚਰਜ ਤੇ ਪਵਿੱਤ੍ਰ ਕੌਤਕ ਚੰਗੇ ਮਿੱਤ੍ਰਾਂ ਤੇ ਖੋਟੇ ਮਿੱਤਰਾਂ ਨੂੰ ਤਾਰਨ ਵਾਲੇ ਹਨ।

ਸੁਧਿ ਦਾ ਬੁਧਿ ਦਾ ਉਧਿ ਦਾ ਸੁਖ ਦਾ
ਦੁਖ ਦਾਰਦ ਦੁੰਦ ਨਿਵਾਰਕ ਹੈਂ[1]।

[1]ਪਵਿੱਤ੍ਰਤਾ, ਬੁੱਧੀ, ਉਚਿਤਾ ਤੇ ਸੁਖ ਦੇਣ ਵਾਲੇ, ਦੁਖ ਦਲਿੱਦਰ ਤੇ ਉਪੱਦ੍ਰਵ ਦੂਰ ਕਰਨ ਵਾਲੇ ਹਨ।

ਗੁਨ ਦਾਯਕ ਲਾਯਕ ਪਾਯਕ ਕੋ,
ਦੁਖ ਦਾਰਦ ਮਾਯਕ ਟਾਰਕ ਹੈਂ[1]।

[1]ਲਾਇਕ ਸੇਵਕ ਨੂੰ ਗੁਣਾਂ ਦੇ ਦਾਤੇ ਹਨ ਅਤੇ ਮਾਇਕ ਦੁੱਖ ਦਲਿਦ੍ਰ ਟਾਲ ਦੇਣ ਵਾਲੇ ਹਨ।

ਰਸਿ ਰਾਸਿ ਬਿਲਾਸ ਹੁਲਾਸ ਉਜਾਸਦ,
ਦਾਸਨ ਤ੍ਰਾਸ ਬਿਦਾਰਕ ਹੈਂ[1]।

[1]ਸਾਰੇਰਸਾਂ ਖ਼ੁਸ਼ੀਆਂ, ਅਨੰਦ ਤੇ ਪ੍ਰਕਾਸ਼ ਦੇ ਦਾਤੇ ਹਨ ਤੇ ਦਾਸਾਂ ਦੇ ਡਰ ਨਾਸ ਕਰਨ ਵਾਲੇ ਹਨ।

ਖਲਿਤਾ ਛਲਤਾ ਮਲਤਾ ਦਲਤਾ,
ਹਰਿ ਗਜਾਨਹਿ ਗਜਾਨ ਦਾਤਾਰਕ ਹੈਂ[1] ॥ ੩ ॥

[1]ਮੂਰਖਤਾ, ਛਲ ਫਰੇਬ ਤੇ ਮਲੀਨਤਾ ਨੂੰ ਨਾਸ ਕਰਨ ਵਾਲੇ ਤੇ ਗਿਆਨ ਸਿੰਘ ਨੂੰ ਗਿਆਨ ਦੇ ਦਾਤੇ ਹਨ।

ਦੋਹਰਾ:
ਸ੍ਰੀ ਗੁਰੁ ਅੰਗਦ ਚੰਦ 'ਪਦ,
ਦੁੰਦ' ਪ੍ਰਦ ਆਦੁੰਦ[1]।

[1]ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚੰਦ੍ਰਮਾ ਵਰਗੇ (ਸੁੰਦਰ) ਦੋ ਚਰਨ ਏਕਤਾ ਦੇ ਦਾਤੇ ਹਨ।

ਦੁੰਦ ਹਾਥ ਕਰਿ ਬੰਦਿ ਕੈ,
ਬੰਦੋਂ ਆਨੰਦ ਕੰਦ[1] ॥ ੪ ॥

[1]ਦੋਨੋ ਹੱਥ ਜੋੜ ਕੇ ਅਨੰਦ ਦੇ ਬੱਦਲ (ਗੁਰਾਂ ਦੇ ਚਰਨਾਂ 'ਤੇ) ਬੰਦਨਾਂ ਕਰਦਾ ਹਾਂ।

ਦੁਰਤ ਦੁਰੈਂ ਸਦ ਗੁਨ ਫੁਰੈਂ,
ਢੁਰੈਂ ਪ੍ਰੇਮ ਕੀ ਢਾਰ[1]।

[1](ਮੇਰੇ) ਪਾਪ ਛਪ ਜਾਣ, ਚੰਗੇ ਗੁਣ ਸਫੁਰਨ ਹੋਣ, ਪ੍ਰੇਮ ਦੀ ਰੀਤੀ ਵਿੱਚ ਪਿਘਲ ਕੇ ਵਗ ਤੁਰਾਂ।

ਏਹੁ ਦੇਹੁ ਮੋਹਿ ਦਾਨ ਗੁਰ,
ਗਜਾਨ ਕਲਜਾਨ ਉਦਾਰ[1] ॥ ੫ ॥

[1]ਸ੍ਰੇਸ਼ਟ ਮੁਕਤੀ।

ਨਿਜ ਸਿਸ[1] ਨਾਮ ਧ੍ਰੀਕ ਲਖਿ,
ਅਪਨਾ ਬਿਰਦ[1] ਸੰਭਾਰ।

[1]ਸਿੱਖ।

[1]ਫ਼ਰਜ਼, ਸੁਭਾਵ, ਧਰਮ।

ਛੇਮ[1] ਸਨੇਮ ਪ੍ਰੇਮ ਦੈ,
ਕਰੋ ਏਮ ਭਵ ਪਾਰ ॥ ੬ ॥

[1]ਕਲਿਆਣ।

ਸੁਨੋ ਸ੍ਰੋਤਾ ਸੁਮਤਿ ਮਤ,
ਦੈ ਮਨ ਕਾਨ ਵਿਚਾਰ।
ਕਥਾ ਦੁਤੀ ਗੁਰ ਕੀ ਕਥੋਂ,
ਜਥਾ ਜਾਇ ਫਲ ਚਾਰ ॥ ੭ ॥

ਕਬਿੱਤ:
ਪੰਦ੍ਰਾਂ ਸੌ ਏਕ ਸਾਠ ਸੰਮਤ ਨਿਹਾਰ ਪਾਠ[1],
ਗਜਾਰਾਂ ਦਿਨ ਗਯੋ ਥਾ ਬੈਸਾਖ ਪ੍ਰਮਾਨੀਏ।

[1]ਪੜ੍ਹ ਕੇ ਦੇਖੋ।

ਪ੍ਰਗਨੇ[1] ਮੁਕਤਿ ਸਰ ਮੱਤੇ ਕੀ ਸਰਾਂਇ[2] ਵਰ,
ਨਾਂਗੇ ਕੀ ਸਰਾਂਇ ਤਰੁ ਅਬਿ ਜੋਊ ਭਾਨੀਏ[1]।
ਫੇਰੂ ਚੰਦ ਤੇਹਣ[1] ਸੁ ਖੱਤ੍ਰੀ ਕੇ ਘਰ ਤਹਾਂ,

[1]ਇਲਾਕੇ। [2]ਪਿੰਡ ਦਾ ਨਾਮ।

[1]ਜਿਸ ਨੂੰ ਹੁਣ ਬਹੁਤੇ (ਲੋਕ) ਨਾਂਗੇ ਦੀ ਸਰਾਂ ਕਹਿੰਦੇ ਹਨ।

[1]ਗੋਤ।

ਮਾਈ ਸਭਰਾਈ ਤੈ ਬਿਦਿਤ ਭਏ ਜਾਨੀਏ।
ਰਵਿ ਕੇ ਪ੍ਰਕਾਸ਼ ਜਸੋਂ ਉਜਾਸ[1] ਭਜੋ ਧਾਮ ਮਾਹਿਂ,
ਪੇਖਿ ਸੋ ਹਿਰਾਨ ਭਈ ਦਾਈ ਮਾਈ ਮਾਨੀਏ ॥ ੮ ॥

[1]ਪ੍ਰਕਾਸ਼।

ਜਾਂ ਦਿਨ ਤੇ ਜਏ[1], ਦੇਸ ਮਾਲਵੇ ਮੈਂ ਭਏ,
ਨਏ ਆਨੰਦ ਬਿਹਾਰ[1], ਬਾਰਿ ਬਾਰਿਦ ਅਪਾਰ ਹੈਂ[2]।
ਬਹੇ ਬਜਾਰਿ[1] ਏਕ ਸਾਰ ਸੀਤ, ਮੰਦ, ਗੰਧ ਵਾਰਿ[2],
ਕਾਮ, ਕੋਹ[1], ਲੋਭ, ਮੋਹ ਘਟੇ ਏਕ ਸਾਰ[2] ਹੈਂ।
ਧਰਜੋ ਹੈ ਲਲਾਮ[1] ਨਾਮ ਲਹਿਣਾ ਸੁਖਦ ਆਮ[2],
ਗਹਿਣਾ ਜਗਤ ਕੇ ਸੁ ਭਗਤ ਵਿਚਾਰ ਹੈਂ।
ਬਿਬਿਧ ਬਿਨੋਦ ਬਾਲ ਕੀਨ ਰਾਮ ਸੇ ਬਿਸਾਲ[1],
ਚਾਲ ਸ੍ਰੁਤਿ ਪਾਲ ਕਲਿ ਕੀ ਕੁਚਾਲ ਟਾਰ ਹੈਂ[1] ॥ ੯ ॥

[1]ਪੈਦਾ ਹੋਏ।
[1]ਕਾਰੋਬਾਰ। [2]ਬੱਦਲ ਬਹੁਤਾ ਪਾਣੀ (ਵਰ੍ਹਾਉਂਦੇ ਹਨ)
[1]ਵਗਦੀ ਹੈ ਹਵਾ। [2]ਠੰਡੀ, ਹੌਲੀ ਹੌਲੀ ਤੇ ਸੁਗੰਧੀ ਵਾਲੀ।
[1]ਕ੍ਰੋਧ। [2]ਇਕ ਦਮ।
[1]ਸੁੰਦਰ। [2]ਬਹੁਤੇ ਲੋਕਾਂ ਨੂੰ ਸੁਖ ਦੇਣ ਵਾਲੇ।
[1]ਰਾਮ ਚੰਦਰ ਵਰਗੇ ਅਨੇਕ ਤਰ੍ਹਾਂ ਦੇ ਬਹੁਤੇ ਬਾਲ-ਕੌਤਕ ਕੀਤੇ।
[1]ਵੈਦਕ (ਆਸਤਕ) ਰੀਤੀ ਨੂੰ ਪਾਲਦੇ ਤੇ ਕਲਜੁਗ ਦੀ ਖੋਟੀ ਚਾਲ ਨੂੰ ਦੂਰ ਕਰਦੇ ਹਨ।

ਚੌਪਈ:

ਪੰਦ੍ਰਾਂ ਸੌ ਅਠੱਤ੍ਰੇ ਮਾਂਹੀ।
ਬਾਬਰ ਸ਼ਾਹਿ ਅਯੋ ਜਬ ਚਾਹੀ[1]।
ਪਰਜੋ ਰੌਰ ਬਡ ਮੁਲਕ ਮਝਾਰੇ।
ਆਂਮ ਲੁਟੇਰਨ ਗਾਮ ਉਜਾਰੇ ॥ ੧੦ ॥

[1]ਉਤਸ਼ਾਹ ਨਾਲ।

ਕੌਮ ਪਚਾਧੇ[1] ਭੱਟੀ[2] ਦੌਰੇ।
ਕੀਨ ਜ਼ੁਲਮ ਤਿਨਹੂੰ ਮਿਲਿ ਗੌਰੇ[1]।
ਫੇਰੂ ਚੰਦ ਸ਼ਾਹਿ ਥਾ ਭਾਰਾ।
ਮਾਲ ਗਯੋ ਲੁਟ ਤਾਂਹਿ ਅਪਾਰਾ ॥ ੧੧ ॥

[1]ਪਚਾਧ ਦੇਸ਼ ਦੇ ਵਸਨੀਕ। (ਅ) ਪਚਾਧ ਦੇਸ਼ ਦੇ ਨਾਮ ਤੋਂ ਇਕ ਜਾਤੀ ਜੋਰਾਜਪੂਤਾਂ ਵਿੱਚੋਂ ਨਿਕਲੀ ਹੈ। {ਪਚਾਧ-ਪਸਚਮ ਦਿਸ਼ਾ ਦਾ। ਰਾਵੀ ਸਤਿਲੁਜ ਤੇ ਸਿੰਧ ਦੇ ਕਿਨਾਰੇ ਦਾ ਦੇਸ਼। ਇਹ ਪੰਜਾਬ ਦਾ ਪੱਛਮੀ ਦੇਸ਼ ਹੈ।} [2]ਜਦ ਵੰਸ਼ੀਰਾਜਪੂਤ, ਜੈਸਲਮੇਰ ਦੇਰਈਸ ਤੇ ਫੂਲਵੰਸ਼ੀ ਵੀ ਇਸੇ ਜਾਤੀ ਵਿੱਚੋਂ ਹਨ। ਮੁਸਲਮਾਨਾਂ ਦੇਰਾਜ ਸਮੇਂ ਬਹੁਤੇ ਭੱਟੀਰਾਜਪੂਤ ਮੁਸਲਮਾਨ ਹੋ ਗਏ ਸਨ।
[1]ਬਹੁਤੇ।

ਲੈ ਸਬੰਧੀਅਨ ਕੋ ਸੰਗਾਈ।
ਬਸਜੋ ਖਡੂਰ ਗਾਮ ਮੈ ਆਈ।
ਫੇਰੂ ਕੀ ਥੀ ਭੈਣ ਫਿਰਾਈ।
ਸੋ ਖਡੂਰ ਮੈ ਬਸਤ ਸਦਾਈ ॥੧੨॥
ਲਹਿਣਾ ਜੀ ਕੀ ਪੁਨਾ ਸਗਾਈ[1]।
ਭਈ ਖਡੂਰ ਵੀਚ ਸੁਖਦਾਈ।
ਯਾਂ ਤੇ ਬਸੇ ਯਹਾਂ ਮੁਦ ਪਾਈ।
ਸਾਕ ਸਬੰਧੀ ਬਨੇ ਸਹਾਈ ॥੧੩॥
ਅਲਪ[1] ਕਾਲ ਮੈ ਬਹੁ ਬਜਾਪਾਰੂ।
ਕਰ ਕੇ, ਸੰਚਜੋ ਧਨ ਤਿਨਿ ਭਾਰੂ।
ਪੈ ਲਹਿਣਾ ਜੀ ਕੀ ਥੀ ਚਾਲੀ।
ਜਸ ਭਗਤਨ ਕੀ ਹੋਤ ਬਿਸਾਲੀ ॥੧੪॥
ਦਾਨ ਪੁੰਨ ਸੰਤਨ ਕੀ ਸੇਵਾ।
ਕਰੈਂ ਅਧਿਕ, ਪਾਯੋ ਜਿਸਿ ਮੇਵਾ[1]।
ਓਸ ਸਮੇਂ ਸਭਿ ਮੁਲਕ ਮਝਾਰੀ।
ਥੀ ਮੰਨਤ ਦੇਵੀ ਕੀ ਭਾਰੀ ॥੧੫॥
ਕੋ ਜੋਗੀ ਕੋਊ ਬੈਰਾਗੀ।
ਕੁਚਦ[1], ਗੁਸਾਈਂ, ਜੈਨੀ ਲਾਗੀ[2]।
ਥੇ ਸੇਵਕ ਇਨ ਹੀ ਕੇ ਹਿੰਦੂ।
ਭਗਤ ਹਰੀ ਕਾ ਕੋ ਇਕ ਬਿੰਦੂ[1] ॥੧੬॥
ਸਤਿ ਸੰਗਤ ਭਗਤੀ ਹਰਿ ਨਾਮੂੰ।
ਥੇ ਨ ਪੈਦ ਹੋਰਹੇ ਤਮਾਮੂੰ[1] ॥੧੭॥

ਦੋਹਿਰਾ:

ਫੇਰੂ ਸ਼ਾਹ ਭੀ ਭਗਤ ਥਾ,
ਦੇਵੀ ਕਾ ਮਸ਼ਹੂਰ।
ਮੌਲੀ[1] ਖੂੰਡੀ ਰਖਤਿ ਨਿਤ,
ਖੇਲਤਿ ਹਾਲ[1] ਜਰੂਰ ॥੧੮॥

ਗੀਆ ਛੰਦ:

ਹਰ ਸਾਲ ਮੈ ਲੈ ਸੰਗ ਲੋਕਹਿੰ,

[1]ਮੰਗਣੀ, ਕੁੜਮਾਈ।

[1]ਥੋੜ੍ਹੇ।

[1]ਜਿਸ ਕਰ ਕੇ (ਗੁਰਗੱਦੀ ਰੂਪ) ਫਲ ਪਾਇਆ।

[1]ਇਕ ਮੱਤ। [2](ਉਪ੍ਰੋਕਤ ਮੱਤਾਂ ਪਿੱਛੇ ਸ੍ਰਿਸ਼ਟੀ) ਲੱਗੀ ਹੋਈ ਸੀ।

[1]ਜਾਣੀ ਦਾ ਸੀ।

[1]ਇਹ ਸਾਰੇ ਪੈਦਾ ਨਹੀਂ ਹੋ ਰਹੇ ਸਨ।

[1]ਖੰਮਣੀ (ਜੂੜੇ ਨੂੰ ਬੰਨ੍ਹਣ ਦਾ ਮੰਗਲ ਸੂਤ੍ਰ)।
[1]ਮਸਤੀ ਵਿੱਚ ਬੇ ਸੁੱਧ ਹੋ ਕੇ ਝੂਮਣਾ।

ਜਾਤ ਦੇਵੀ ਦਰਸ ਕੋ।
ਬਹੁ ਗਾਇ ਭੇਟ[1] ਚਢਾਇ ਭੇਟਾ, [1]ਦੇਵੀ ਦੀ ਉਸਤਤ ਦੇ ਗੀਤ।
ਪਾਇ ਮਨ ਅਤਿ ਹਰਸ[1] ਕੋ। [1]ਖੁਸ਼ੀ।
ਜਬਿ ਭਯੋ ਫੇਰੂ ਕਾਲ ਬਸ,
ਤਬਿ ਗਹਜੋ ਲਹਿਣੇ ਕਾਰ ਸੋ।
ਗਰ ਮਾਹਿ ਮੌਲੀ ਪਹਰ ਚੋਲਾ,
ਕੰਧ[1] ਖੂੰਡੀ ਧਾਰ ਸੋ ॥੧੯॥ [1]ਮੋਢੇ 'ਤੇ।
ਕਰਿ ਭਾਲ[1] ਟੀਕਾ[2] ਲਾਲ ਨੀਕਾ, [1]ਮੱਥੇ 'ਤੇ। [2]ਤਿਲਕ।
ਗੀਤ ਦੁਰਗਾ ਕੇ ਰਟੈਂ।
ਜਿਹ ਭਾਂਤਿ ਦੇਵੀ ਹੋਇ ਰਾਜ਼ੀ,
ਕਾਰ ਸਾਜ਼ੀ ਸੋ ਠਟੈਂ[1]। [1]ਕੰਮ ਦੀ ਬਨਾਵਟ ਉਸੇ ਤਰ੍ਹਾਂ ਦੀ ਬਣਾ ਲੈਂਦੇ ਹਨ।
ਜੋ ਪਰੈ ਝਗਰਾ ਸਾਕਤੋਂ ਮੈਂ[1], [1]ਦੇਵੀ ਭਗਤਾਂ ਵਿੱਚ।
ਯਹੀ ਸੋਇ ਨਿਬੇਰ ਹੈਂ।
ਯੋਂ ਸ਼ਕਤਿ ਭਗਤਨ ਕਾ ਭਯੋ,
ਸਰਦਾਰ ਲਹਿਣਾ ਫੇਰ ਹੈਂ ॥੨੦॥
ਹਰ ਸਾਲ ਦੇਵੀ ਬੈਸ਼ਨੋ ਕੇ,
ਦਰਸ ਕੋ ਚਲ ਜਾਵਹੀਂ।
ਨਿਜ ਸੰਗ ਭਗਤਨ ਭੀਰ ਲੈ,
ਨਰ ਨਾਰਿ ਸਾਰ ਪੂਜਾਵਹੀਂ[1]। [1]ਸਾਰਿਆਂ ਤੋਂ ਪੂਜਾ ਕਰਵਾਉਂਦੇ ਹਨ।
ਜਹਿਂ ਸੰਤ ਦਰਸ਼ੈਂ ਪਾਉਂ ਪਰਸੈਂ,
ਕਰੈਂ ਸਰਸੈਂ[1] ਸੇਵ ਹੈਂ। [1]ਬਹੁਤੀ।
ਇਕ ਸਾਧੁ ਬਾਣੀ ਗੁਰੂ ਕੀ,
ਇਨ ਸੁਨਜੋ ਪਢਿਤ ਅਭੇਵ[1] ਹੈਂ ॥੨੧॥ [1]ਇਕਰਸ।
ਗੁਰ ਮਿਲਨ ਕਾ ਦਿਨ ਉਸੀ ਤੇ,
ਬਡ ਸ਼ੌਕ ਜਾਗਜੋ ਹੈ ਤਬੈ।
ਫਿਰ ਚਲਜੋ ਦੇਵੀ ਦਰਸ ਕੋ,
ਨਿਜ ਸੰਗ ਸੰਗਿਨਿ[1] ਲੈ ਸਬੈ। [1]ਸੰਗੀਆਂ ਨੂੰ।
ਜਬਿ ਪਾਰ ਹ੍ਵੈ ਦਰਿਆਉ ਤੇ,
ਗੁਰ ਗਾਉਂ ਨਿਕਟ ਵਿਚਾਰਿਓ।
ਤਹਿਂ ਕਰਿ ਉਤਾਰਾ ਸੰਗ ਕਾ,

ਗੁਰੁ ਤਈਂ ਜਾਇ ਨਿਹਾਰਿਓ ॥ ੨੨ ॥
ਪਿਖਿ ਧਰਮਸਾਲ ਬਿਸਾਲ ਸੰਗਤਿ,
ਕਥਾ ਕੀਰਤਨ ਹੋਵਤੈਂ।
ਮਨ ਫਿਰ ਗਯੋ ਅਰ ਥਿਰ ਭਯੋ,
ਪਤਿਬ੍ਰਤ ਜਯੋਂ ਪਤਿ ਜੋਵਤੈਂ[1]। [1]ਦੇਖਦਿਆਂ ਹੀ।
ਸੁਤ ਕੋਕਲਾ[1] ਜਿਮ ਬੈਨ ਸੁਨਿ, [1]ਕੋਇਲ ਦੇ ਪੁੱਤਰ।
ਤਜਿ ਕਾਕ[1] ਪਿਕ ਦਿਸ[2] ਜਾਇ ਹੈਂ। [1]ਕਾਂ। [2]ਕੋਇਲ ਦੀ ਤਰਫ਼।
ਗਤਿ ਭਈ ਮੁਰਗੀ ਬਤਕ ਕੇ ਸ਼ੁਤ,
ਵਾਰ ਵਾਰ ਤਟਾਇ ਹੈਂ[1] ॥ ੨੩ ॥ [1]ਇਹ ਹਾਲਤ ਹੋ ਗਈ (ਕਿ ਜਿਵੇਂ) ਬੱਤਖ਼ ਦੇ ਬੱਚੇ ਮੁਰਗੀ (ਨੂੰ ਛੱਡ ਕੇ) ਬਾਰ ਬਾਰ (ਬੱਤਖ਼ ਦੇ) {ਤਟ} ਕੋਲ {ਆਏ} ਆਉਂਦੇ ਹਨ।

ਗੁਰ ਚਰਨ ਪੈ ਦਿਯ ਵਾਰ ਮਨ,
ਤਨ ਧਨ ਸੁ ਆਪ ਮਿਟਾਯੋ।
ਨਿਜ ਸੰਗੀਆਂ ਕੋ ਭੀ ਪੁਨਾ,
ਲੈ ਜਾਇ ਦਰਸ ਕਰਾਯੋ।
ਗੁਰ ਬੈਨ ਸੁਨਿ ਸੁਖ ਐਨ,
ਨੈਨ ਨਿਹਾਰ ਰੂਪ ਅਨੂਪ ਕੇ।
ਸਬਿ ਭਏ ਚੇਰੇ ਬਿਨਾ ਬੇਰੇ[1], [1]ਦੇਰੀ ਤੋਂ ਬਿਨਾਂ।
ਦੇਵ ਦੇਵਨ ਭੂਪ ਕੇ[1] ॥ ੨੪ ॥ [1]ਦੇਵਤਿਆਂ ਦੇ ਦੇਵ ਇੰਦ੍ਰ ਦੇਰਾਜਾ ਭੂਪ ਸਤਿਗੁਰਾਂ ਦੇ।
ਗੁਰ ਬੂਝਯੋ ਤੁਮ ਕਹਾਂ ਜੈਹੋ,
ਕਹਯੋ ਦੇਵੀ ਦਰਸ ਕੋ।
ਗੁਰ ਕਹਯੋ ਈਹਾ ਦਰਸ ਹ੍ਵੈ ਹੈ,
ਲਹਜੋ ਸਬਿ ਮਨ ਹਰਸ ਕੋ।
ਜਿਮ ਕਹਾ ਥਾ ਗੁਰ ਤੈਸ ਹੀ
ਭਯੋ ਦਰਸ ਸਬਿ ਕੋ ਦੇਵਿ ਕਾ[1]। [1]ਦੇਵੀ ਦਾ।
ਗੁਰਦ੍ਵਾਰ ਠਾਂਢੀ ਅਸ਼ਟ ਭੁਜਿ[1] [1]ਅੱਠਾਂ ਬਾਹਾਂ ਵਾਲੀ।
ਸਹਿ ਸਿੰਘ[1] ਬੀਰ ਅਭੇਵ ਕਾ[2] ॥ ੨੫ ॥ [1]ਸਣੇ ਸ਼ੇਰ। [2]ਬਹੁਤੀ ਬਹਾਦਰ।
ਇਨਿ ਸਬਿਨਿ ਸ਼ਕਤੀ[1] ਕਰਤਿ ਭਗਤੀ[2], [1]ਦੇਵੀ। [2]ਸੇਵਾ।
ਗੁਰੁ ਕੀ ਜਬਿ ਹੇਰੀਆ।
ਫਿਰ ਗਏ ਸਬਿ ਕੇ ਤੁਰਤ ਹੀ ਮਨ,

ਸਿੱਖ ਭਏ ਬਿਨ ਦੇਰੀਆ।
ਗੁਰ ਤਈਂ ਦੇਵਨ ਦੇਵ ਲਖਿ,
ਮਨ ਤਨ ਸੁ ਦੀਨੋ ਵਾਰੀਆ।
ਸਤਿਨਾਮੁ ਲੈ ਉਪਦੇਸ਼ ਗੁਰ ਤੇ,
ਜਨਮ ਲੀਨ ਸੁਧਾਰੀਆ ॥੨੬॥
ਉਪਦੇਸ਼ ਭੇਸ ਬਿਸ਼ੇਸ਼ ਰੀਤੀ,
ਸਾਕਤੋਂ ਕੀ ਸਭਿ ਤਜੀ।
ਗੁਰ ਸਿਖਨ ਕੀ ਮਰਯਾਦ ਜੇਤਕ
ਹੁਤੀ, ਸਬਿ ਨੇ ਸੋ ਭਜੀ[1]।

[1]ਘਰ ਲਈ।

ਤਿਸ ਰੋਜ਼ ਤੇ ਫਿਰ ਨਾਹਿ ਕਬਹੂੰ,
ਕਿਤੈ ਲਹਿਣਾ ਜੀ ਗਏ।
ਨਿਜ ਦੇਹ ਗੇਹ[1] ਸਨੇਹ[2] ਪੁੱਤਰ,
ਧਨ ਕਲੱਤਰ[1] ਤਜ ਦਏ ॥੨੭॥

[1]ਧਾਰ ਦਾ। [2]ਮੋਹ।
[1]ਇਸਤਰੀ ਦਾ।

ਤਬਿ ਹੁਤੋ ਪੰਦ੍ਰਾ ਸੌ ਤਿਰਾਸੀ,
ਸੰਮਤ ਬਿੱਕ੍ਰਮ ਜੀਤ ਸੋ।
ਜਿਹਿਂ ਰਿਖੀ ਸੁਰ ਨਰ ਮੁਨਿ ਧਜਾਵੈਂ,
ਪਾਇ ਲੀਨਾ ਮੀਤ ਸੋ।
ਤਨ ਮਨ ਸੁ ਧਨ ਸਬਿ ਅਰਪ ਗੁਰ ਕਉ,
ਲਗਜੋ ਸੇਵਾ ਕਰਨ ਹੈ।
ਨਹਿ ਖਾਨ ਪਾਨ ਸੁਹਾਇ[1] ਕਛ,
ਬਿਨ ਸੇਵ ਗੁਰ ਕੇ ਚਰਨ ਹੈ ॥੨੮॥

[1]ਚੰਗਾ ਨਹੀਂ (ਲੱਗਦਾ)।

ਦੋਹਿਰਾ:
ਪੁੰਨਜ ਪੁੰਜ[1] ਜਿਨ ਕੇ ਜਗੇ,
ਲਗੇ ਚਰਨ ਗੁਰ ਸੋਇ।
ਪਗੇ ਪ੍ਰੇਮ ਕੀ ਪਾਗ ਮੈ[1],
ਭਗੇ ਓਘ ਅਘ ਲੋਇ[1] ॥੨੯॥

[1]ਸਮੂੰਹ, ਬਹੁਤੇ।
[1]ਪ੍ਰੇਮ ਦੀ (ਪਾਗ) ਰੰਗਣ ਵਿੱਚ (ਪਗੇ) ਰੰਗੇ ਗਏ ਹਨ। (ਅ) ਪ੍ਰੇਮ ਦੀ (ਪਾਗ) ਲੀਨਤਾ ਵਿੱਚ (ਪਗੇ) ਲੀਨ ਹੋਏ ਹਨ।
[1](ਇਸ) ਲੋਕ ਦੇ ਸਾਰੇ ਪਾਪ ਭੱਜ ਗਏ।

ਕਬਿੱਤ:
ਜੈਸੇ ਘਨਘੋਰ ਮੋਰ ਕੰਜ ਮੰਜ ਸੰਗ ਭੌਰ,
ਗੁੱਡੀ ਸੰਗ ਡੋਰ ਚੱਕ੍ਰਵਾਕ ਭੋਰ ਘਾਮ ਸੈਂ[1]।

[1]ਜਿਵੇਂ ਮੋਰ ਦੀ ਬੱਦਲ ਦੀ ਗਰਜ ਨਾਲ, ਭੌਰੇ ਦੀ ਉੱਜਲ ਕੰਵਲ ਨਾਲ, ਗੁੱਡੀ ਦੀ ਡੋਰ ਨਾਲ ਤੇ ਚਕਵੇ ਦੀ ਸਵੇਰ ਦੀ ਧੁੱਪ

(ਭਾਵ ਸੂਰਜ) ਨਾਲ (ਪ੍ਰੀਤੀ ਵਧਦੀ ਹੈ)।

ਜੈਸੇ ਪਤੀਬ੍ਰਤ ਤੀਆ ਦੇਤਿ ਪੀਆ ਪ੍ਰਤਿ ਹੀਆ,
ਦੀਆ ਪੈ ਪਤੰਗ ਦੀਆ ਜੀਆ ਸੀਆਰਾਮ ਸੈਂ[1]।

[1]ਜਿਵੇਂ ਪਤੀਬ੍ਰਤਾ ਇਸਤ੍ਰੀ ਪਤੀ ਨੂੰ (ਆਪਣਾ) ਦਿਲ ਦੇ ਦੇਂਦੀ ਹੈ, ਦੀਵੇ ਉੱਤੇ ਪਤੰਗਾ (ਆਪਣੀ) ਜਾਨ (ਕੁਰਬਾਨ ਕਰ ਦੇਂਦਾ ਹੈ) ਤੇ ਸੀਤਾਰਾਮ ਨਾਲ (ਪ੍ਰੀਤੀ ਕਰਦੀ ਹੈ)।

ਮਾਤ ਕੀ ਪ੍ਰੀਤਿ ਪੂਤ ਚਾਤਕੀ ਸ੍ਵਾਂਤ ਚੀਤਿ,
ਜਾਤਕੀ ਭਗੀਰਥੀ ਲੌ ਤੀਰਥ ਸੁ ਧਾਮ ਸੈਂ[1]।

[1]ਪੁੱਤਰ ਦੇ ਮਨ 'ਚ ਮਾਂ ਦੀ ਪ੍ਰੀਤੀ, ਪਪੀਹੇ ਦੇ ਚਿੱਤ ਵਿੱਚ ਸ੍ਵਾਂਤੀ ਬੂੰਦ ਦੀ, ਯਾਤਰੂਆਂ ਦੀ (ਪ੍ਰੀਤੀ) ਗੰਗਾ ਆਦਿ ਚੰਗੇ ਤੀਰਥਾਂ ਤੇ ਗੁਰਧਾਮਾਂ ਨਾਲ ਹੈ।

ਤੈਸੇ ਸ੍ਰੀ ਲਹਿਣੇ ਕੀ ਪ੍ਰਤੀਤਿ ਪ੍ਰੀਤਿ ਨੀਤ,
ਬਢਤਿ ਬਿਨੀਤਿ ਗੁਰ ਸੇਵ ਸਤਿ ਨਾਮੁ ਸੈਂ[1]
॥ ੩੦ ॥

[1]ਤਿਵੇਂ ਹੀ ਸ੍ਰੀ ਲਹਿਣਾ ਜੀ ਦੀ ਸ਼ਰਧਾ ਤੇ ਪ੍ਰੀਤੀ, ਨਿੰਮ੍ਰਤਾ, ਗੁਰਾਂ ਦੀ ਸੇਵਾ ਤੇ ਸਤਿਨਾਮ ਨਾਲ ਨਿੱਤ ਵਧ ਰਹੀ ਹੈ।

ਦਾਰਦੀ ਜਜੋਂ ਪਾਰਸ ਕੋ ਰੋਗੀ ਜਜੋਂ ਸੁਧਾਰਸ ਕੋ,
ਘਾਸ ਜੈਸੇ ਬਾਰਸ਼ ਕੋ ਧੋਬੀ ਧੂਪ ਕੋ ਚਹੇ[1]।

[1]ਕੰਗਾਲ ਜਿਵੇਂ ਪਾਰਸ ਨੂੰ, ਰੋਗੀ ਜਿਵੇਂ ਅੰਮ੍ਰਿਤਰਸ ਨੂੰ, ਘਾਹ ਜਿਵੇਂ ਬਰਖਾ ਨੂੰ (ਅਤੇ) ਧੋਬੀ (ਜਿਵੇਂ) ਧੁੱਪ ਨੂੰ ਚਾਹੁੰਦਾ ਹੈ।

ਜੋਗੀ ਜਜੋਂ ਇਕੰਤ ਭੋਗੀ ਭੋਗ ਜਜੋਂ ਸੁਤੰਤ,
ਬਿਵਚਾਰੀ ਚੋਰ, ਕਵੀ ਜੈਸੇ ਸੁਵਰਨ ਕੋ ਅਹੇ[1]।

[1]ਜੋਗੀ ਜਿਵੇਂ ਇਕੰਤ ਨੂੰ, ਭੋਗੀ ਜਿਵੇਂ ਭੋਗ ਨੂੰ, ਬਿਭਚਾਰੀ ਤੇ ਚੋਰ ਜਿਵੇਂ ਸੁਤੰਤ੍ਰਤਾ ਨੂੰ ਅਤੇ ਕਵੀ ਜਿਵੇਂ ਚੰਗੇ ਅੱਖਰਾਂ (ਭਾਵ ਚੰਗੀ ਛੰਦਰਚਨਾ) ਨੂੰ ਚਾਹੁੰਦਾ ਹੈ।

ਦੇਵਤਾ ਪਯੂਖ ਊਖ ਬਾਲਕ ਮਯੂਖ ਕੰਜ,
ਰੈਣ ਜਜੋਂ ਉਲੂਕ ਮੂਕ ਬੈਨ ਚੈਨ ਹ੍ਵੈ ਕਹੇ[1]।

[1]ਦੇਵਤਾ ਅੰਮ੍ਰਿਤ ਨੂੰ, ਬਾਲਕ ਗੰਨੇ ਨੂੰ, ਕੰਵਲ (ਸੂਰਜ ਦੀਆਂ) ਕਿਰਨਾਂ ਨੂੰ, ਉੱਲੂਰਾਤ ਨੂੰ ਅਤੇ ਗੁੰਗਾ ਬਚਨ ਕਹਿ ਕੇ ਸ਼ਾਂਤ ਹੋਣਾ (ਚਾਹੁੰਦਾ ਹੈ)।

ਤੈਸੇ ਸ੍ਰੀ ਲਹਿਣਾ ਜੀ ਗਹਿਣਾ ਸਿਖਨ ਚਹੇਂ,
ਰਹਿਣਾ ਗੁਰੂ ਕੇ ਪਾਸ ਸਹਿਣਾ ਤੁ ਕੋ ਕਹੇ[1]
॥ ੩੧ ॥

[1]ਤਿਵੇਂ ਸ੍ਰੀ ਲਹਿਣਾ ਜੀ ਸਿੱਖਾਂ 'ਚੋਂ ਗਹਿਣਾ (ਸ਼ੋਮਣੀ ਬਣਨਾ ਅਤੇ) ਗੁਰੂ ਦੇ ਪਾਸ (ਸਦਾ) ਰਹਿਣਾ ਚਾਹੁੰਦੇ ਹਨ (ਉਨ੍ਹਾਂ ਦੀ) ਸਹਾਰਨ ਸ਼ਕਤੀ ਨੂੰ ਤਾਂ ਕੋਈ ਕੀ ਕਹਿ ਸਕਦਾ ਹੈ।

ਬਾਰਿ ਜਜੋਂ ਅਥਾਹਿ ਮੀਨ ਚੰਦ ਜਜੋਂ ਚਕੋਰ ਚੀਨ,
ਸੁਮ ਚਿੱਤ ਬਿੱਤ ਲੀਨ ਕਿੱਤ ਮਿੱਤ ਮਿੱਤ ਹੈ[1]।

[1]ਜਿਵੇਂ ਡੂੰਘੇ ਪਾਣੀ ਵਿੱਚ ਮੱਛੀ ਨੇ, ਜਿਵੇਂ ਚੰਦ ਦੇਖਣ ਵਿੱਚ ਚਕੋਰ ਨੇ, ਧਨ ਵਿੱਚ ਸੁਮ ਨੇ ਅਤੇ ਮਿੱਤ੍ਰ ਵਿੱਚ ਮਿੱਤ੍ਰ ਨੇ (ਆਪਣਾ) ਚਿੱਤ ਲੀਨ ਕੀਤਾ ਹੋਇਆ ਹੈ।

ਕਾਸ਼ੀ ਬਾਸੀ ਮੁਕਤਿ ਜਗਜਾਸੀ ਗਜਾਨ ਯੁਕਤਿ,
ਨਿਵਾਸੀ ਘਰ ਭੁਕਤਿ ਸੁਧਾ ਸੀ ਚਾਹਿ ਬਿੱਤ ਹੈ[1]।

[1]ਕਾਸ਼ੀ ਵਿੱਚ ਵਸਣ ਵਾਲਾ ਮੁਕਤੀ, ਜਗਿਆਸੂ ਗਿਆਨ ਸਹਿਤ {ਹੋਣਾ} ਅਤੇ ਗ੍ਰਹਸਤੀ ਅੰਮ੍ਰਿਤ ਵਰਗੇ ਭੋਜਨ ਤੇ ਧਨ

ਚਾਹੁੰਦਾ ਹੈ।

ਛੁਧਾਤਰ ਨਾਜ ਖਾਜ ਬਾਜ ਚਿਰੀ ਰਾਜਾ ਰਾਜ,
ਗਜ ਬਾਜ ਲੌ ਸਮਾਜ ਸੈਨ ਸਾਜ ਜਿੱਤ ਹੈ[1]।

[1]ਜਿਵੇਂ ਭੁਖੇ ਨੇ ਅੰਨ ਖਾਣ ਵਿੱਚ, ਬਾਜ ਨੇ ਚਿੜੀ ਦੇ ਖਾਣ ਵਿੱਚ, ਰਾਜੇ ਨੇ ਰਾਜ, ਹਾਥੀ, ਘੋੜੇ ਆਦਿ ਤੱਕ ਫੌਜ ਦਾ ਸਾਰਾ ਸਮਾਨ ਤੇ (ਆਪਣੀ) ਜਿੱਤ (ਵਿੱਚ ਚਿੱਤ ਦਿੱਤਾ ਹੋਇਆ ਹੈ)।

ਤੈਸੇ ਸ੍ਰੀ ਅੰਗਦ ਉਮੰਗ ਸੰਗ[1] ਗਜਾਨ ਸਿੰਘ,
ਦੀਓ ਗੁਰੂ ਚਰਨ ਟਹਲ ਮਾਂਹਿ ਚਿੱਤ ਹੈ ॥ ੩੨ ॥

[1]ਉਤਸ਼ਾਹ ਨਾਲ।

ਹੰਸ ਮਾਨ ਸਰਵਰ ਕਾਮੀ ਕਾਮ ਤਰੁਵਰ,
ਮੋਰ ਗਿਰਵਰ ਜਯੋਂ ਕਿਸ਼ੋਰ ਖੇਲਿ ਮੱਤ ਹੈਂ[1]।

[1]ਜਿਵੇਂ ਹੰਸ ਮਾਨ ਸਰੋਵਰ ਨੂੰ, ਕਾਮਨਾ ਵਾਲੇ ਕਲਪ ਬ੍ਰਿੱਛ ਨੂੰ, ਮੋਰ ਉੱਚੇ ਪਹਾੜਾਂ ਨੂੰ ਤੇ ਬਾਲਕ ਖੇਲ ਵਿੱਚ ਮਸਤ ਹੋਣਾ {ਚਾਹੁੰਦੇ ਹਨ}।

ਗੁੱਡੀ ਡੋਰ ਬਾਲ ਚਹਿਂ ਕੋਕਲਾ ਰਸਾਲ ਚਹਿਂ,
ਲੋਭੀ ਧਨ ਮਾਲ ਚਹਿਂ ਸੂਰ ਰਨ ਰੱਤ ਹੈਂ[1]।

[1]ਜਿਵੇਂ ਬਾਲਕ ਗੁੱਡੀ ਤੇ ਡੋਰ ਚਾਹੁੰਦੇ ਹਨ, ਕੋਇਲਾਂ ਅੰਬ ਚਾਹੁੰਦੀਆਂ ਹਨ, ਲੋਭੀ ਧਨ ਤੇ ਮਾਲ ਚਾਹੁੰਦੇ ਹਨ ਅਤੇ ਸੂਰਮੇ ਜੰਗ ਵਿੱਚ ਪ੍ਰੀਤੀ ਚਾਹੁੰਦੇ ਹਨ।

ਰਸਨਾ ਸ੍ਵਾਦ ਨਾਦ ਕਾਨ ਬੁਧਿ ਯਾਦ ਬਾਦ,
ਨਾਸਕਾ ਸੁਗੰਧਿ ਨੈਨ ਰੂਪ ਰਾਸ ਅੱਤ ਹੈਂ[1]।

[1]ਰਸਨਾ ਸੁਆਦ ਨੂੰ, ਕੰਨ ਸ਼ਬਦ ਨੂੰ, ਬੁਧੀ ਯਾਦ ਸ਼ਕਤੀ ਅਤੇ ਚਰਚਾ ਨੂੰ, ਨਾਸਾਂ ਸੁਗੰਧੀ ਨੂੰ ਅਤੇ ਨੇਤ੍ਰ ਬਹੁਤੇ ਸੁੰਦਰ ਰੂਪ ਨੂੰ ਚਾਹੁੰਦੇ ਹਨ।

ਤੈਸੇ ਗੁਰ ਆਦਿ ਕੀ ਜੁਗਾਦਿ ਰਤਿ ਭਗਤਿ,
ਚਹਿਤ ਚਿੱਤ ਚੌਂਪ ਸੋਂ ਜਗੱਤ ਤੈ ਬਿਰੱਤ ਹੈਂ[1] ॥ ੩੩ ॥

[1]ਤਿਵੇਂ ਦੂਜੇ ਗੁਰੂ (ਸ੍ਰੀ ਗੁਰੂ ਅੰਗਦ ਦੇਵ ਜੀ) ਜਗਤ ਤੋਂ ਉਪ੍ਰਾਮ ਹੋ ਕੇ ਚਿੱਤ ਦੇ ਉਤਸ਼ਾਹ ਤੇ ਪ੍ਰੀਤੀ ਨਾਲ ਪਹਿਲੇ ਸਤਿਗੁਰਾਂ (ਸ੍ਰੀ ਗੁਰੂ ਨਾਨਕ ਦੇਵ ਜੀ) ਦੀ ਸੇਵਾ ਕਰਨੀ ਚਾਹੁੰਦੇ ਹਨ।

ਦੋਹਰਾ:
ਅਤਿ ਸ਼ਰਧਾ ਧਰਿ ਪ੍ਰੇਮ ਯੁਤ
ਨਿਸ ਦਿਨ ਸੇਵ ਕਮਾਹਿਂ।
ਜਰਾ ਨ ਆਪ ਜਨਾਵਹੀਂ,
ਆਗਜਾ ਮਾਹਿਂ ਰਹਾਹਿਂ ॥ ੩੪ ॥

ਨਿਸ਼ਾਨੀ ਛੰਦ:
ਡੇਢ ਜਾਮ[1] ਜਬਿਰਹਤਿ ਜਾਮਨੀ[2],
ਗੁਰੂ ਨਿਤਾਪ੍ਰਤਿ ਜਾਗੈਂ।

[1]ਪਹਰ। [2]ਰਾਤ

ਸੌਚਾਦਿਕ[1] ਕਰਿ ਕ੍ਰਿਯਾ,

[1]ਮੈਦਾਨ (ਟੱਟੀ) ਆਦਿ ਜਾਂ ਔਣ ਤੋਂ ਬਾਦ ਜਲ, ਮਿੱਟੀ, ਸਾਬਣ, ਆਦਿ ਨਾਲ ਕੀਤੀ ਜਾਣ ਵਾਲੀ ਪਵਿੱਤ੍ਰਤਾ।

ਧਯਾਨ ਹਰਿ ਕੇ ਅਨੁਰਾਗੈਂ।
ਚਾਰ ਘਰੀ ਦਿਨ ਚਢੇ,
ਫੇਰ ਨਿਜ ਤਜਾਗ ਸਮਾਧੀ।
ਦੈਂ ਸਿੱਖਨਿ ਉਪਦੇਸ਼,
ਕਟੈਂ ਕਾਲੇਸ਼ ਬਿਆਧੀ ॥ ੩੫ ॥
ਸਭਾ ਬੀਚ ਪੁਨ ਬੈਠਿ,
ਸਭੀ ਕੋ ਦਰਸ਼ਨ ਦੇਵੈਂ।
ਸਿੱਖ ਸਾਧ ਸਿਧ ਪੀਰ,
ਸਭਾ ਸਤਿਗੁਰ ਕੀ ਸੇਵੈਂ।
ਸਿਖ ਹਜ਼ਾਰੋਂ ਆਇ ਨਿੱਤ,
ਬਹੁ ਬਿੱਤ[1] ਚਢਾਵੈਂ। [1]ਧਨ।
ਮਨ ਬਾਂਛਿਤ ਫਲ ਪਾਇ,
ਪੁਨਾ ਨਿਜ ਧਾਮ ਸਿਧਾਵੈਂ ॥ ੩੬ ॥
ਲੰਗਰ ਚਲੈ ਅਪਾਰ,
ਸ਼ਬਦ ਸਾਖੀ ਬਹੁ ਰਹਿਹੀਂ[1]। [1]ਹੁੰਦੀਆਂ ਰਹਿੰਦੀਆਂ ਹਨ।
ਸੇਵਾ ਲਹਿਣਾ ਕਰੇ,
ਕਾਹਿ ਸੋਂ ਕਿਛੂ ਨ ਕਹਿਹੀਂ।
ਖਾਨ ਪਾਨ ਅਪਮਾਨ[1] ਮਾਨ[2], [1]ਨਿਰਾਦਰ। [2]ਆਦਰ।
ਸੁਖ ਦੁਖ ਨ ਜਨਾਵੈਂ।
ਆਠ ਜਾਮ ਗੁਰੁ ਕਾਮ[1], [1]ਗੁਰਾਂ ਦੀ ਸੇਵਾ।
ਪ੍ਰੇਮ ਮੈ ਮਗਨਰਹਾਵੈਂ ॥ ੩੭ ॥
ਸ੍ਵਾਸ ਸ੍ਵਾਸ ਜਪੁ ਨਾਮ,
ਧਜਾਨ ਗੁਰੁ ਕਾ ਉਰਿ ਧਾਰੈਂ।
ਅਨਿਕ ਭਾਂਤਿ ਕੀ ਸ਼ਕਤਿ,
ਗੁਰੂ ਕੀ ਨਿੱਤ ਨਿਹਾਰੈਂ।
ਸੋ ਸਭਿ ਜੋ ਮੈ ਕਹਨ ਚਹੌਂ,
ਗੁਰ ਕਾ ਬ੍ਰਿਤੰਤਾ।
ਬਢ ਹੈ ਗ੍ਰੰਥ ਬਜ਼ੰਤ,
ਨਾਹਿ ਫਿਰ ਪੈਹੌਂ ਅੰਤਾ ॥ ੩੮ ॥
ਖਲਵਾੜੇ ਸੇ ਮੁਸ਼ਟ ਅੰਨਜ,

ਯਹਿ ਨਜਾਯ ਪਛਾਨੋ[1]।

[1]ਖਲਵਾੜੇ ਵਿੱਚੋਂ ਮੁੱਠੀ ਭਰ ਅੰਨ ਦਾ ਇਹ ਨਜਾਯ (ਅਖਾਣ) ਉਥੇ ਵਰਤੀਦਾ ਹੈ ਜਿੱਥੇ ਬਹੁਤੀ ਵਸਤੂ ਵਿੱਚੋਂ ਥੋੜ੍ਹੀ ਜਿਹੀ ਵਸਤੂ ਨਮੂਨੇ ਮਾਤ੍ਰ ਦਿਖਾਈ ਜਾਵੇ।

ਤਜੋਂ ਲਹਿਣੇ ਕੋ ਜੈਸ,
ਪਰਖਜੋ ਗੁਰੁ ਸੋ ਭਾਨੋਂ[1]।
ਅਰਧ ਨਿਸਾ[1] ਸੈਂ ਏਕ ਦਿਵਸ,
ਗੁਰ ਐਸ ਅਲਾਯੋ।
ਨਿਜ ਸਿੱਖਨ ਅਰ ਸੁਤਨ ਤਈਂ,
ਮਨਿ ਪਰਖਨ ਭਾਯੋ ॥ ੩੯ ॥
ਕਿਤਿਕ ਦਿਵਸ ਅਬਿ ਚਢਜੋ,
ਬਸਨ ਹਮਰੇ ਧੋ ਲਜਾਵੋ।
ਪਿਖਿ ਸੁਤ ਸਿੱਖਨ ਕਹਜੋ,
ਅਰਧ ਨਿਸ ਕਹਾਂ ਪਠਾਵੋ।
ਫਿਰ ਲਹਿਣੈ ਕੋ ਕਹਜੋ ਜਬੈ,
ਤਬਿ ਇਨ ਅਸ ਗਾਯੋ।
ਜਿਤਿਕ ਚਢਾਯੋ ਆਪ,
ਤਿਤਿਕ ਹੈ ਦਿਨ ਚਢਿ ਆਯੋ ॥ ੪੦ ॥

[1]ਕਹਿੰਦਾ ਹਾਂ।

[1]ਅੱਧੀਰਾਤ।

ਮਾਨ ਬੈਨ ਜਬਿ ਐਨ[1],
ਗਯੋ ਲਹਿਣਾ ਪਟ[1] ਧੋਣੇ।
ਸਿਖਰ ਦਿਵਸ[1] ਤਬਿ ਪੇਖਿ,
ਲਗਜੋ ਬਿਸਮੈ ਮਨਿ ਹੋਣੇ।
ਕਰਿ ਸਫਾਇ ਸੁਸਕਾਇ[1]
ਲਜਾਇ ਗੁਰੁ ਆਗੇ ਧਾਰੇ[1]।
ਪਿਖੀ ਅਰਧ ਨਿਸ ਫੇਰ,
ਗੁਰੂ ਕਰਤਾਰ ਨਿਹਾਰੇ ॥ ੪੧ ॥
ਪੁਨ ਇਕ ਦਿਨ ਬਹੁ ਸਿੱਖ,
ਦਰਸ ਹਿਤ ਗੁਰੁ ਢਿਗ ਆਏ।
ਬਰਖਾ ਪਰੀ ਅਪਾਰ,
ਨ ਲੰਗਰ ਕਰਨੇ ਪਾਏ।
ਸੰਗਤ ਭੂਖੀ ਹੇਰਿ,

[1]ਬਸਤ੍ਰ।

[1]ਠੀਕ।

[1]ਦਿਨ ਦਾ ਦੋਪਹਿਰਾ।

[1]ਧੋ ਕੇ ਤੇ ਸੁਕਾ ਕੇ।

[1]ਰੱਖੇ।

ਫੇਰ ਗੁਰੁ ਕਹਜੋ ਸੁਨਾਈ।
ਯਹਿ ਕੀਕਰ ਤਰੁ[1] ਝੂਣ[2],
ਗਿਰੈਗੀ ਬਹੁਤ ਮਿਠਾਈ ॥ ੪੨ ॥
ਹਾਸਾ ਮਾਨਜੋ ਔਰ ਸਭਿਨਿ,
ਚਢਿ ਇਨੈ ਹਿਲਾਈ।
ਗਿਰੀ ਮਿਠਾਈ ਭਾਂਤਿ ਭਾਂਤਿ,
ਸੰਗਤ ਨੈ ਖਾਈ।
ਫਿਰ ਇਕ ਦਿਨ ਇਕ ਮੂਸ[1],
ਫਰਸ਼ ਪਰ ਮੁਰਦਾ ਹੇਰਾ।
ਪੂਤਨ ਛੁਹਜੋ ਨ ਲਖਿ ਅਪੂਤ[1]
ਇਨ ਬਿਨ ਢਿਲ ਗੇਰਾ ॥ ੪੩ ॥
ਪੁਨ ਜਬਿ ਧਾਨਕ[1] ਰੂਪ ਕੀਨ,
ਗੁਰਿ ਭਜਾਨਕ ਭੂਰੈਂ।
ਪਰਖਨ ਹਿਤ ਨਿਜ ਸੁਤਨ ਸਿਖਨ,
ਨਰਸਿੰਘ ਸਮ ਕ੍ਰੂਰੈਂ[1]।
ਤੌ ਭੀ ਲਹਿਣੇ ਬਿਨਾ,
ਔਰ ਨਹਿ ਕੋਈ ਠਹਿਰਾ।
ਫਿਰ ਮੁਰਦਾ ਖਵਲਾਨ ਹੇਤ
ਜਬਿ ਸਬਿ ਕੋ ਗਹਿਰਾ[1] ॥ ੪੪ ॥
ਬਿਨ ਲਹਿਣੇ ਨਹਿ ਜੁਰਤ[1],
ਖਾਨ ਕੀ ਕਾਹੂੰ ਕੀਨੀ।
ਅਤੀ ਕਸੌਟੀ[1] ਇਤਜਾਦਿਕ,
ਜਬਿ ਇਨ ਸਬਿ ਲੀਨੀ।
ਸਿੱਖੀ ਪਰਖੀ ਕਈ ਬੇਰ,
ਯੌਂ ਗੁਰੂ ਬਿਸੇਖੀ[1]।
ਸਹੀ ਤਾੜਨਾ ਇਤਿਕ,
ਜਿਤਿਕ ਨਹਿ ਜਾਵਤ ਲੇਖੀ[1] ॥ ੪੫ ॥
ਤਿੱਖੀ ਖੰਡੇ ਧਾਰ,
ਵਾਰ ਤੈ[1] ਨਿੱਕੀ ਸਿੱਖੀ।

[1]ਦਰੱਖ਼ਤ। [2]ਹਿਲਾਉ।
[1]ਚੂਹਾ।
[1]ਅਪਵਿੱਤ੍ਰ ਜਾਣ ਕੇ।
[1]ਭੀਲਾਂ (ਵਰਗਾ)।
[1]ਸਖਤ (ਸੁਭਾਵ ਧਾਰਿਆ)।
[1]ਅਵਾਜ਼ ਦਿੱਤੀ ਭਾਵ ਕਿਹਾ। (ਗੁਹਾਰ– ਅਵਾਜ਼ ਦੇਣੀ ਗੁਹਾਰ ਦਾ ਰੂਪਾਂਤ੍ਰ ਗਹਿਰਾ)।
[1]ਹਿੰਮਤ।
[1]ਕਰੜੀ ਪ੍ਰੀਖਿਆ।
[1]ਬਹੁਤੀ।
[1]ਲਿਖੀ।
[1]ਵਾਲ ਤੋਂ।

ਰਿੱਖੀ[1] ਲਹਿਣੇ ਤਦੋਂ, [1]ਰੱਖ ਲਈ।
ਫੇਰ ਗੁਰ ਦਸਮ ਪਰਿੱਖੀ[1]। [1]ਪਰਖੀ।
ਜਸੋਂ ਕੁੰਦਨ[1] ਸਬਿ ਭਾਂਤਿ, [1]ਸੋਨਾ।
ਪਰਖ ਲਈਅਤਿ ਜਬਿ ਨੀਕੇ।
ਤਬਿ ਹੀ ਪਰ ਹੈ ਮੋਲ,
ਚਢਿਤਿ ਮੌਰਾਦਹਿ ਠੀਕੇ[1] ॥ ੪੬ ॥ [1]ਇੱਛਾ ਠੀਕ ਪੂਰੀ ਹੋ ਜਾਂਦੀ ਹੈ।
ਤਸੋਂ ਸਤਿਗੁਰ ਸਬਿ ਭਾਂਤਿ,
ਸੁੱਧ ਜਬਿ ਲਹਿਣਾ ਲਖਸੋ।
ਲਾਇ ਅੰਗ ਸੋਂ ਅੰਗ,
ਨਾਮ ਤਬਿ ਅੰਗਦ ਰਖਸੋ।
ਜਸੋਂ ਪਾਰਸ ਕੋ ਛੁਹਿਤ ਲੋਹ,
ਸੁਇਨਾ ਹ੍ਵੈ ਜਾਈ।
ਗੁਰ ਕੀਯੋ ਆਪ ਸਮਾਨ,
ਸਾਧ ਕੀ ਇਹੈ ਵਡਾਈ ॥ ੪੭ ॥
ਪੈਸੇ ਪਾਂਚ ਨਲੇਰ ਏਕ,
ਗੁਰੁ ਲਯੋ ਮੰਗਾਈ।
ਅੰਗਦ ਆਗੇ ਧਰੇ ਗੁਰੂ,
ਤਿਹ ਦਈ ਗੁਰਜਾਈ।
ਸੰਨ ਪੰਦ੍ਰਾ ਸੈ ਹੁਤੋ ਪਾਂਚ,
ਪਰ ਨੱਬੇ[1] ਤਬਿ ਹੀ। [1]ਸੰਮਤ ੧੫੯੫ ਬਿ:।
ਗੁਰੂ ਭਯੋ ਜਗ ਮਾਹਿ,
ਬਿਦਤ[1] ਗੁਰੁ ਅੰਗਦ ਜਬ ਹੀ ॥ ੪੮ ॥ [1]ਪ੍ਰਗਟ।
ਗੁਰ ਸੁਤ ਤਿਸ ਸੋਂ ਲਗੇ,
ਰਖਨ ਬਹੁ ਬਾਦ[1] ਬਿਬਾਦੰ[2]। [1]ਝਗੜਾ। [2]ਬਖੇੜਾ।
ਗੁਰਿਆਈ ਕੇ ਇਵਜ਼[1], [1]ਬਦਲੇ।
ਪਿਖਸੋ ਜਬਿ ਬਢਤ ਫਸਾਦੰ।
ਪਾਇ ਹੁਕਮ ਗੁਰ ਕੇਰ,
ਆਇ ਖੰਡੂਰ ਬਿਰਾਇ।
ਏਕ ਸਾਲ ਕੇ ਬਾਦ,
ਆਦਿ ਗੁਰੁ ਜਬੈ ਸਮਾਏ ॥ ੪੯ ॥

ਦੋਹਰਾ:

ਤਬਿ ਤੇ ਸਿੱਖੀ ਪੰਥ ਕੇ,
ਹੋਏ ਗੁਰੂ ਜੁਗਾਦਿ[1]।
ਰੌਣਕ ਭਈ ਖੰਡੂਰ ਮੈਂ,
ਦਿਨ ਦਿਨ ਬੇ ਤਾਦਾਦ[1] ॥ ੫੦ ॥

[1]ਦੂਜੇ ਗੁਰੂ।
[1]ਅਣਗਿਣਤ।

ਗੁਰੁ ਅੰਗਦ ਜਸੋਂ ਗੁਰ ਭਯੋ,
ਸੋ ਗਾਥਾ ਸਭਿ ਗਾਇ।
ਪਿਖਿ ਅਵਸਰ ਬਿਸ੍ਰਾਮ ਕਾ[1] ਇਤੀ[2]
ਭਯੋ ਯਹਿ ਧਜਾਇ ॥ ੫੧ ॥

[1]ਟਿਕਾਅ ਦਾ ਸਮਾਂ। [2]ਸੰਪੂਰਨ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜ਼ਾਨ ਸਿੰਘ ਵਿਰਚਿਤੇ 'ਦੁਤੀ ਗੁਰੂ ਕਾ ਪ੍ਰਸੰਗ ਬਰਨਨੰ' ਨਾਮ ਤ੍ਰਿਯੋਦਸਮੋ ਬਿਸ੍ਰਾਮ ॥ ੧੩ ॥

੧੪. {ਗੁਰਤਾ ਗੱਦੀ ਤੋਂ ਜੋਤੀ ਜੋਤ ਸਮਾਉਣ ਤੱਕ ਦੀ ਕਥਾ}

ਦੋਹਰਾ:

ਸ਼੍ਰੀ ਅਰਜਨ ਅਰਜਨ ਗੁਰੂ,
ਅਰਜਨ ਅਰਜਨ ਬਾਨਿ[1]।

[1]ਸ਼੍ਰੀ ਗੁਰੂ ਅਰਜਨ ਦੇਵ ਜੀ {ਅਰਜਨ} ਉੱਜਲ ਰੂਪ ਹਨ, (ਜਿਨ੍ਹਾਂ ਨੇ) ਅਰਜਨ ਦੇ (ਅਮੋਖ ਬਾਣਾਂ ਵਰਗੀ) ਬਾਣੀ {ਅਰਜਨ} ਸੰਗ੍ਰਹਿ ਕੀਤੀ।

ਅਰਿਜਨ ਅਰਜਨ ਨਿਜ ਸੁਨੈਂ,
ਅਰਜਨ ਅਰਜਨ ਦਾਨ[1] ॥ ੧ ॥

[1](ਉਹ) {ਅਰਿ} ਵੈਰੀਆਂ ਤੇ {ਜਨ} ਦਾਸਾਂ ਦੀਆਂ {ਅਰਜਨ} ਬੇਨਤੀਆਂ ਨੂੰ ਆਪ ਸੁਣਦੇ ਹਨ। {ਅਰਜਨ} ਕਲਪ ਬ੍ਰਿਛ (ਵਾਂਗ ਉਨ੍ਹਾਂ ਦੇ) ਦਾਨ ਦਾ {ਅਰਜ} ਵਿਸਥਾਰ {ਨ} ਨਹੀਂ (ਜਾਣਿਆ ਜਾ ਸਕਦਾ)।

ਕਬਿੱਤ:

ਕੋਮਲ ਕਮਲ ਹੂੰ ਤੇ ਅਮਲ ਅਨਿਲ ਹੂੰ ਤੇ,
ਧਵਲ ਧਵਲ ਜੂ ਤੈ ਨਵਲ ਬਰਨ ਹੈਂ[1]।

[1](ਪੰਜਵੇਂ ਗੁਰਾਂ ਦੇ ਚਰਨ) ਕੰਵਲ ਨਾਲੋਂ ਕੋਮਲ, ਅੱਗ ਨਾਲੋਂ ਨਿਰਮਲ, ਧਉਲੇ ਬਲਦ ਨਾਲੋਂ ਚਿੱਟੇ ਤੇ ਨਵੀਨਰੰਗ ਵਾਲੇ ਹਨ।

ਸੀਤਲ ਸੁਧਾਕਰ ਸੁਖਾਕਰ ਸਦਾਕਰ ਹੈਂ,
ਠਾਕੁਰ ਦਿਵਾਕਰ ਪ੍ਰਭਾਕਰ ਧਰਨ ਹੈਂ[1]।

[1]ਚੰਦ (ਵਰਗੇ) ਠੰਡੇ ਤੇ ਸਦਾ ਹੀ ਸੁਖਾਂ ਦੀ ਖਾਣ ਹਨ, ਸੂਰਜ ਦੇ ਮਾਲਕ ਅਤੇ ਧਰਤੀ 'ਤੇ ਚਾਨਣ ਕਰਨ ਵਾਲੇ ਹਨ।

ਸੁਖਦ ਸੁਧਾ ਸੇ ਧਰਿ ਬੀਰ ਬਸੁਧਾ ਸੇ,
ਪੂਜ ਪੂਤ ਜਸੁਧਾ ਸੇ ਮਨਸਾ ਕੇ ਸੁ ਭਰਨ ਹੈਂ[1]।

[1]ਅੰਮ੍ਰਿਤ ਵਾਂਗ ਸੁਖ ਦੇਣ ਵਾਲੇ, ਧਰਤੀ ਵਾਂਗ ਧੀਰਜੀ, ਕ੍ਰਿਸ਼ਨ ਵਾਂਗ ਪੂਜਨੀਕ ਤੇ ਕਾਮਨਾ ਪੂਰੀਆਂ ਕਰਨ ਵਾਲੇ ਹਨ।

ਪੋਖਨ ਭਰਨ ਦੁਖ ਦੋਖਨ ਹਰਨ,
ਜਗ ਤਾਰਨ ਤਰਨ ਗੁਰ ਪੰਚਮ ਚਰਨ ਹੈਂ[1] ॥ ੨ ॥

[1]ਪਾਲਣਾ ਤੇਰੱਖਿਆ ਕਰਨ ਵਾਲੇ, ਦੁੱਖਾਂ ਤੇ ਦੋਸ਼ਾਂ ਨੂੰ ਨਾਸ਼ ਕਰਨ ਵਾਲੇ ਤੇ ਸੰਸਾਰ ਸਮੁੰਦਰ ਤੋਂ ਤਾਰਨ ਲਈ ਪੰਜਵੇਂ ਗੁਰਾਂ ਦੇ ਚਰਨ ਜਹਾਜ਼-ਰੂਪ ਹਨ।

ਦੋਹਰਾ:

ਸ੍ਰੀ ਗੁਰੁ ਅੰਗਦ ਕੀ ਕਥਾ,
ਕਹੋਂ ਜਥਾਰਥ[1] ਸਾਰ[2]।

[1]ਸੱਚੀ। [2]ਸ੍ਰੇਸ਼ਟ।

ਚਿੱਤ ਸ਼ਾਂਤਿ ਦਾ ਨਿੱਤ ਸੁਖ,
ਬਿਘਨ ਸਘਨ ਘਨ ਬਜਾਰਿ[1] ॥ ੩ ॥

[1]ਸੰਘਣੇ ਬੱਦਲਾਂ (ਵਰਗੇ) ਬਿਘਨਾਂ ਨੂੰ ਹਵਾ (ਵਾਂਗ ਉਡਾ ਦੇਂਦੀ ਹੈ)।

ਚੌਪਈ:

ਜਬਿ ਤੈ ਗੁਰ ਗੁਰਤਾ ਲੈ ਆਏ।
ਨਗਰ ਖੰਡੂਰ ਜ਼ਰੂਰ ਥਿਰਾਏ।
ਮਨ ਕਰਤਾਰ ਪੁਰੇ ਮੈ ਰਹੈ।
ਜਜੋਂ ਪਤਿਬ੍ਰਤਾ ਪਤਿ ਚਿਤ ਚਹੈ ॥ ੪ ॥
ਹੁਤੀ ਭਗਤਿ ਹਰਿ ਕੀ ਇਕ ਮਾਈ।
ਸ੍ਰੀ ਅੰਗਦ ਕੀ ਭੂਆ ਫਿਰਾਈ[1]। [1]ਨਾਮ।
ਤਾਂ ਕੇ ਘਰ ਇਕ ਕੋਠੇ ਮਾਂਹੀ।
ਰਹੈਂ ਜਨਾਵੈਂ ਕਾਹੂੰ ਨਾਂਹੀ ॥ ਪ ॥
ਹੁਤੋ ਸਿੱਖ ਇਕ ਭਾਈ ਭਿਰਾਈ।
ਜੋ ਸੇਵੈ ਨੀਕੈ ਮਨ ਲਾਈ।
ਏਕ ਵਕਤ ਗੁਰ ਭੋਜਨ ਗਹੈਂ।
ਸਦਾ ਸਮਾਧੀ ਮੈਂ ਥਿਰ ਰਹੈਂ ॥ ੬ ॥
ਜ਼ਜਾਦੇ ਬਾਤ ਨ ਕਿਸ ਸੋਂ ਕਰੈਂ।
ਨਹਿਂ ਜਾਵੈਂ ਕਬਹੂੰ ਨਿਜ ਘਰੈਂ।
ਗੁਰ ਕੇ ਸੁਤ ਦਾਸੂ ਅਰ ਦਾਤੂ।
ਬਨਤਾ[1] ਖੀਵੀ ਸਿੱਖਨਿ ਮਾਤੂ[2] ॥ ੭ ॥ [1](ਗੁਰਾਂ ਦੇ) ਮਹਲ। [2]ਮਾਤਾ।
ਆਵੈਂ ਜੇ ਗੁਰ ਕੇ ਢਿਗ ਕਬ ਹੀ।
ਦੈਂਹ ਉਠਾਇ ਪਾਸ ਤੈ ਤਬ ਹੀ।
ਸ੍ਰੀ ਨਾਨਕ ਜਬਿ ਇਤੈਂ ਸਮਾਏ।
ਸ੍ਰੀ ਅੰਗਦ ਜੀ ਸੁਨਿ ਮੁਰਝਾਏ ॥ ੮ ॥
ਉਪਜਾ ਅਤਿ ਵੈਰਾਗ ਮਨ ਮਾਂਹੀ।
ਕਰੈਂ ਬਾਤ ਕਿਸਹੀ ਸੋਂ ਨਾਂਹੀ।
ਲੀਨੋ ਬੂਹਾ ਬੰਦ ਕਰਾਈ।
ਭੀਤਰ ਥਿਰੇ ਸਮਾਧਿ ਲਗਾਈ ॥ ੯ ॥
ਸਿੱਧ ਸਾਧੁ ਹਿਤੁ ਦਰਸ਼ਨ ਆਵੈਂ।
ਦਰਵਾਜਾ ਨਹਿਂ ਕੋਇ ਖੁਲਾਵੈਂ।
ਤੀਨ ਮਾਸ ਬੀਤੇ ਜਬਿ ਐਸੇ।
ਗੁਰ ਸਮਾਧਿ ਧਰਿ ਅੰਦਰ ਬੈਸੇ ॥ ੧੦ ॥
ਉਤ ਗੁਰ ਆਦਿ ਪ੍ਰਲੋਕ ਪਧਾਰੇ।
ਇਤ ਯਹਿ ਕਾਂਹਿ ਨ ਦੇਂਹ ਦਿਦਾਰੇ।

ਬਜਾਕੁਲ ਭੇ ਸਿਖ ਬਿਨ ਗੁਰ ਦਰਸੇ।
ਖੇਤੀ ਜੈਸ ਬਿਨਾ ਘਨ ਬਰਸੇ ॥੧੧॥
ਜੈਸ ਚਕੋਰ ਉਮੱਸਜਾ ਮਾਂਹੀ।
ਮਨਿ ਬਿਨ ਫਨੀ ਬਾਰ ਬਿਨ ਮਾਹੀ[1] ॥੧੨॥ [1]ਮਣੀ ਤੋਂ ਬਿਨਾਂ ਸੱਪ ਤੇ ਪਾਣੀ ਤੋਂ ਬਿਨਾਂ ਮੱਛੀ।

ਦੋਹਰਾ:
ਬਾਬੇ ਬੁੱਢੇ ਕੋ ਲਯੋ,
ਆਖਰ ਸਬਿ ਨੇ ਸੰਗ।
ਦਰਸ਼ਨ ਗੁਰ ਕਰਬੇ ਲੀਏ,
ਅਏ ਖੰਡੂਰ ਉਮੰਗਿ ॥੧੩॥

ਛੰਦ ਬਾਬੇ ਬੁੱਢੇ ਖੋਲ੍ਹ ਦੁਆਰਾ,
ਜਬਿ ਗੁਰ ਤਈਂ ਨਿਹਾਰਾ।
ਧਰੇ ਸਮਾਧਿ ਥਿਰੇ ਸਮ ਮੇਰੂ,
ਮਨੋ ਸ਼ਾਂਤਿ ਰਸ ਭਾਰਾ।
ਦਸਮੇਂ ਦ੍ਵਾਰ ਸ੍ਵਾਸ ਮਨ ਥਿਰ ਕਰਿ,
ਖਿੜਕੀ ਲੰਪਕ ਲਾਈ[1]। [1]ਤਾਕੀ ਨੂੰ ਕੁੰਡੀ ਲਾ ਦਿੱਤੀ ਭਾਵ ਤਾਕੀ ਬੰਦ ਕਰ ਦਿੱਤੀ।
ਸਿੱਧ ਸਾਧੁ ਜੋਗੀ ਜੇ ਆਏ,
ਰਹੇ ਪੇਖਿ ਬਿਸਮਾਈ ॥੧੪॥
ਭਵਰ ਗੁਫਾ ਮੈਂ[1] ਥਿਰੇ ਤਖਤ ਪਰ, [1]ਦਸਵੇਂ ਦੁਆਰ ਵਿੱਚ।
ਪਿਖੇਂ ਜਹੂਰਾ ਨੂਰੀ[1]। [1]ਪ੍ਰਕਾਸ਼ ਸਰੂਪ ਦਾ ਪ੍ਰਕਾਸ਼।
ਨਿਜਾਨੰਦ ਰਸ[1] ਅੰਮ੍ਰਿਤ ਧਾਰਾ, [1]ਆਪਣੇ ਸਰੂਪ ਦੇ ਅਨੰਦ ਦਾ ਰਸ।
ਪੀਐਂ ਮਗਨ ਮਨਿ ਰੂਰੀ[1]। [1]ਸੁੰਦਰ ਮਨ ਨਾਲ।
ਆਖਰ ਬਾਬੇ ਬੁੱਢੇ ਆਦਿਕ,
ਸਿਖਨਿ ਸਮਾਧਿ ਖੁਲ੍ਹਾਈ।
ਖੁਲ੍ਹੀ ਸਮਾਧਿ ਉਪਾਧਿ ਬਜਾਧਿ ਹਰ[1], [1]ਉਪਾਧੀਆਂ ਤੇਰੋਗਾਂ ਨੂੰ ਨਾਸ਼ ਕਰਨ ਵਾਲੇ (ਸਤਿਗੁਰਾਂ ਦੀ)।
ਸਿੱਖਨਿ ਖੁਸ਼ੀ ਮਨਾਈ ॥੧੫॥
ਜੈ ਜੈ ਧੁਨਿ ਨਭ[1] ਧਰ[2] ਪਰ ਭਰਗੀ, [1]ਅਕਾਸ਼। [2]ਧਰਤੀ।
ਸੁਰ ਸਿਖ ਸੁਮਨ ਬਸਾਵੈਂ[1]। [1]ਸਿੱਖਾਂ ਰੂਪ ਦੇਵਤੇ ਫੁੱਲਾਂ ਦੀ ਬਰਖਾ ਕਰਦੇ ਹਨ।
ਜਥਾ ਸ਼ਕਤਿ ਸਿਖ ਭੇਟ ਚਢਾਵੈਂ,
ਬਾਂਛਿਤ ਫਲ ਭਲ ਪਾਵੈਂ।
ਬਾਬੇ ਬੁੱਢੇ ਅਰਜ਼ ਗੁਜ਼ਾਰੀ,

ਆਦਿ ਗੁਰੂ ਬਨਵਾਰੀ[1]। [1]ਕਰਤਾਰ ਰੂਪ।
ਕਰੀ ਸਪੁਰਦ ਆਪ ਕੇ ਸੰਗਤਿ,
ਤੁਮ ਮਾਲੀ ਸਿਖ ਵਾਰੀ[1] ॥ ੧੬ ॥ [1]ਸਿੱਖੀ ਰੂਪ ਬਗ਼ੀਚੀ ਦੇ।
ਦਯਾ ਦ੍ਰਿਸ਼ਟਿ ਇਸ ਕਰੋ ਸ੍ਰਿਸ਼ਟਿ ਪਰ,
ਤੁਮ ਹੋ ਇਸ਼ਟ[1] ਹਮਾਰੇ। [1]ਪੂਜਣ ਯੋਗ।
ਆਪ ਗੁਪਾਲ[1] ਪਾਲੀਏ ਸੰਗਤਿ, [1]ਸੰਗਤਾਂ ਰੂਪ ਗਊਆਂ ਦੇ ਪਾਲਕ।
ਸਿਸ ਸਸ ਤੁਮ ਘਨ ਭਾਰੇ[1]। [1]ਸਿੱਖੀ ਰੂਪ ਖੇਤੀ ਲਈ ਤੁਸੀਂ ਭਾਰੇ ਬੱਦਲ ਰੂਪ ਹੋ।
ਮਾਨੀ ਅਰਜ਼ ਸਿਖਨ ਕੀ ਸਤਿਗੁਰ,
ਆਦਿ ਗੁਰੂ ਕੀ ਰੀਤੀ।
ਅੰਗੀਕਾਰ ਕਰੀ ਹਿਤ ਸਿੱਖਨ,
ਸਭਾ ਲਗਾਇ ਸ ਪ੍ਰੀਤੀ ॥ ੧੭ ॥
ਬੈਠ ਸਿੰਘਾਸਨ ਪਰ ਨਿਤ ਹੀ ਪ੍ਰਤਿ,
ਚਾਰ ਘਟੀ[1] ਸੁਖਕਾਰੇ। [1]ਘੜੀਆਂ।
ਦੇਵੈਂ ਦਰਸ ਹਰਸ[1] ਸਿੱਖਨ ਕੋ, [1]ਖ਼ੁਸ਼ੀ।
ਕਰਸਿ[1] ਦਿਵਾਨ ਸਕਾਰੇ[2]। [1]ਕਰਦੇ ਹਨ। [2]ਸਵੇਰੇ।
ਭਾਈ ਬਾਲੇ ਤੇ ਪੁਨ ਸੁਨਹੀਂ,
ਚਲਿਤ[1] ਆਦਿ ਗੁਰ ਕੇਰੇ। [1]ਕੌਤਕ।
ਜਹਿਂ ਜਹਿਂ ਗਏ ਕੀਨ ਜੋ ਜੋ ਕ੍ਰਮ,
ਸੋਊ ਸੁਨਾਵਤਿ ਟੇਰੇ[1] ॥ ੧੮ ॥ [1]ਕਹਿ ਕੇ।
ਸੁਨਿ ਗੁਰ ਮਗਨ ਹੋਹਿਂ ਗੁਨਿ ਅਚਰਜ,
ਭਾਈ ਪੈੜਾ ਲਿਖ ਹੀਂ।
ਭਈ ਜਨਮ ਸਾਖੀ ਸੋ ਪੋਥੀ,
ਜੋ ਅਬਿ ਸਬਿ ਸਿਖ ਪਿਖਹੀਂ ॥ ੧੯ ॥
ਦੋਹਰਾ:
ਚਾਰ ਪਹਰ ਨਿਤ ਜਾਇ ਜਹਿਂ,
ਕਰੈਂ ਉੱਗ੍ਰ[1] ਤਪ ਭਾਰ। [1]ਕਠਨ।
ਤਪਜਾਣਾ ਉਸ ਤਾਲ ਕੋ,
ਕਹਿਤ ਸਿਖ ਅਬਿ ਸਾਰ[1] ॥ ੨੦ ॥ [1]ਸਾਰੇ।
ਏਕ ਪਹਰ ਉਪਦੇਸ਼ ਦੇਂਹ,
ਸੁਨੈਂ ਜਾਮ[1] ਇਕ ਗਾਥ[2]। [1]ਪਹਿਰ। [2]ਕਥਾ (ਜਨਮ ਸਾਖੀ ਦੀ)।

ਕ੍ਰਿਯਾ, ਸ਼ੁਖਾਸਨ[1] ਜਾਮ ਇਕ,
ਧਰੈਂ ਸਮਾਧੀ ਨਾਥ[1] ॥੨੧॥

[1]ਕ੍ਰਿਆ ਤੇ ਆਰਾਮ।
[1]ਸਤਿਗੁਰੂ (ਇਕ ਪਹਿਰ) ਸਮਾਧੀ ਲਾਉਂਦੇ ਹਨ।

ਨਿਸ਼ਾਨੀ ਛੰਦ:
ਇਸੀ ਭਾਂਤਿ ਬਿਵਹਾਰ ਨਿੱਤ,
ਸਤਿਗੁਰੂ ਨਿਬਾਹੈਂ।
ਭਏ ਬਿਦਿਤ ਸਬਿ ਦੇਸ ਮੈਂ,
ਗੁਰ ਦੁਤੀ ਮਹਾਂਹੈਂ।
ਸੰਗਤਿ ਦੇਸ ਬਿਦੇਸ ਤੈ,
ਨਿਤ ਗੁਰ ਢਿਗ ਆਵੈ।
ਅਰਪਿ ਉਪਾਇਨ[1] ਅਨਿਕਧਾ[2],
ਫਲ ਬਾਂਛਿਤ ਪਾਵੈ ॥੨੨॥

[1]ਭੇਟਾ। [2]ਅਨੇਕ ਤਰ੍ਹਾਂ ਦੀਆਂ।

ਦੌਲਤ ਲੰਗਰ ਮੈਂ ਪਰੈ,
ਅਭਜਾਗਤ[1] ਖਾਵੈਂ।
ਭੀਰ ਘਨੀ ਗੁਰ ਦ੍ਵਾਰ ਪੈ,
ਨਿਸ ਦਜੋਸ ਰਹਾਵੈ।
ਅੱਖਰ ਤਬਿ ਗੁਰਿ ਗੁਰਮੁਖੀ,
ਸਿੱਖਨ ਹਿਤ ਕੀਨੇ*।

[1]ਸਾਧੂ, ਫਕੀਰ, ਮੰਗਤੇ।

*ਗੁਰਮੁਖੀ ਅੱਖਰ ਅਸਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਮੇਂ ਪ੍ਰਚਲਤ ਸਨ। ਆਸਾ ਰਾਗ ਵਿੱਚ ਗੁਰੂ ਜੀ ਰਚਿਤ ਬਾਣੀ 'ਪਟੀ' ਦਰਜ ਹੈ, ਜਿਸ ਵਿੱਚ ਗੁਰਮੁਖੀ ਲਿਪੀ ਦੇ ਪੈਂਤੀ (੩੫) ਅੱਖਰਾਂ ਦਾ ਵਰਣਨ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿੱਚ ਜ਼ਿਕਰ ਆਉਂਦਾ ਹੈ ਕਿ ਜਦ ਭਾਈ ਬਾਲਾ ਤਲਵੰਡੀ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜਨਮ ਪੱਤ੍ਰੀ ਲੈ ਕੇ ਖਡੂਰ ਸਾਹਿਬ ਆਏ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਉਸ ਨੂੰ ਸੰਸਕ੍ਰਿਤ ਅੱਖਰਾਂ ਵਿੱਚ ਲਿਖਿਆ ਦੇਖਿਆ ਤਾਂ ਹੁਕਮ ਕੀਤਾ ਕਿ ਕੋਈ ਐਸਾ ਸਿਖ ਬੁਲਾਉ ਜੋ ਸੰਸਕ੍ਰਿਤ ਤੇ ਗੁਰਮੁਖੀ ਦੋਨੋਂ ਤਰ੍ਹਾਂ ਦੇ ਅੱਖਰਾਂ ਨੂੰ ਜਾਣਦਾ ਹੋਵੇ, ਉਸ ਪਾਸੋਂ ਇਸ ਦਾ ਉਤਾਰਾ ਗੁਰਮੁਖੀ ਅੱਖਰਾਂ ਵਿੱਚ ਕਰਵਾ ਲਉ। ਤਦੋਂ ਖਹਿਰਾ ਗੋਤ ਦੇ ਮਹਿਮਾ ਨਾਮ ਜੱਟ ਨੇ ਕਿਹਾ: 'ਮਹਿਮਾ ਖਹਿਰਾ ਜੱਟ ਇਕ, ਕਹਿ ਗੁਰ ਅੰਗਦ ਪਾਸ। ਪੈੜਾ ਮੋਖਾ ਖੱਤ੍ਰੀ, ਸੁਲਤਾਨਹਿਂ ਪੁਰ ਬਾਸ॥੬੭॥ ਅੱਖਰ ਜਾਨਤ ਹੈ ਵਹਿ ਦੋਊ। ਪਢਿ ਲਿਖ ਹੈ ਬੁਲਵਈਏ ਸੋਊ॥' ਜਦ ਇਹ ਪੁੱਛਿਆ ਗਿਆ ਕਿ ਉਸ ਨੇ ਗੁਰਮੁਖੀ ਅੱਖਰਾਂ ਦੀ ਵਿੱਦਿਆ ਕਦੋਂ ਪੜ੍ਹੀ ਤਾਂ ਉੱਤਰ ਮਿਲਿਆ ਕਿ:– ਸਤਿਗੁਰ ਕ੍ਰਿਪਾ ਨਿਧਾਨ, ਸ੍ਰੀ ਨਾਨਕ

ਜਗ ਬਿਦਿਤ ਜਬਿ। ਸੰਗਤਿ ਕੀਨਿ ਮਹਾਨ, ਜਾਨੀ ਬਿਦਜਾ ਬਰਨ ਤਬਿ। ਪਰ ਚੂੰਕਿ ਗੁਰਮੁਖੀ ਅੱਖਰਾਂ ਦੇ ਲਿਖਣ, ਪੜ੍ਹਨ, ਪੜ੍ਹਾਉਣ ਅਤੇ ਅੱਗੋਂ ਫੈਲਾਉਣ ਦਾ ਵਧੇਰੇ ਕੰਮ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਸਮੇਂ ਜ਼ਿਆਦਾ ਜ਼ੋਰ ਸ਼ੋਰ ਨਾਲ ਹੋਇਆ ਜਿਸ ਕਰਕੇ ਆਮ ਲੇਖਕਾਂ ਵਾਂਗ ਗਿਆਨੀ ਜੀ ਨੇ ਵੀ ਇਹੋ ਹੀ ਲਿਖ ਦਿੱਤਾ ਕਿ ਗੁਰਮੁਖੀ ਅੱਖਰ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਰਚੇ ਹਨ। ਵਧੇਰੇ ਖੋਜ ਲਈ ਦੇਖੋ ਗੁਰਮੁਖੀ ਦਾ 'ਜਨਮ ਤੇ ਵਿਕਾਸ' ਰਚਿਤ ਸ: ਜੀ. ਬੀ. ਸਿੰਘ।

ਜੋ ਅਬਿ ਸਬਿ ਸਿੱਖ ਪਢਿਤ ਹੈਂ,
ਅਤਿ ਸੁਖਦ ਨਵੀਨੇ ॥੨੩॥
ਸੰਸਕ੍ਰਿਤ ਅਰ ਫਾਰਸੀ ਲੌ,
ਕਠਿਨ ਪਠਨ[1] ਹੈ।

[1]ਪੜ੍ਹਨਾ।

ਰਸਤਾ ਗਿਰ[1] ਬਨ[2] ਨਦਿਨ[3] ਜਜੋਂ,
ਚਲਿ ਚਢਨ ਕਠਿਨ ਹੈ।

[1]ਪਹਾੜ। [2]ਜੰਗਲ। [3]ਨਦੀਆਂ।

ਸਫਾ ਸੂਧ ਮਗ ਬਿਸਦ ਬਰ[1],
ਗੁਰਮੁਖੀ ਬਖਜਾਤੈਂ।
ਮਿਲਤਿ ਸਿਧਾਂਤ ਸੁਖੈਨ ਹੀ,
ਨਿਗਮਾਗਮ[1] ਜਾਂ ਤੈ[2] ॥੨੪॥

[1]ਸਾਫ਼, ਸਿੱਧਾ, ਚੌੜਾ ਤੇ ਸ੍ਰੇਸ਼ਟਰਸਤਾ।

[1]ਵੇਦਾਂ ਤੇ ਸਾਸ਼ਤ੍ਰਾਂ ਦਾ। [2]ਜਿਨ੍ਹਾਂ (ਗੁਰਮੁਖੀ ਅੱਖਰਾਂ) ਤੋਂ।

ਤਿਸੀ ਸਮੈ ਇਕ ਬਾਤ ਜੋ,
ਔਰੈ ਬਡ ਹੋਈ।
ਸ਼ੇਰ ਖਾਨ ਅਫਗਾਨ ਸੈਂ,
ਕਰਿ ਜੰਗ ਬਡੋਈ।
ਸ਼ਾਹ ਹਿਮਾਊ ਹਾਰ ਕੈ,
ਦਿਸ ਗਜ਼ਨੀ ਧਾਯੋ।
ਏਕਲ ਹੀ ਲਖਿ[1] ਬਜਾਸ ਕੋ,
ਢਿਗ ਗਾਮ ਜੁ ਆਯੋ ॥੨੫॥

[1]ਲੰਘ ਕੇ।

ਬਾਬਰ ਤੇ ਸੁਨਿ ਰਖੀ ਥੀ,
ਗੁਰ ਕੀ ਵਡਿਆਈ।
ਧਰਿ ਉਮੈਦ ਮਨਿ ਫਜ਼ਲ[1] ਕੀ,
ਦਰਸੇ ਗੁਰੁ ਆਈ।
ਬੈਠੇ ਥੇ ਗੁਰ ਧਯਾਨ ਮੈਂ,

[1]ਬਖਸ਼ਸ਼।

ਵਹਿ ਖੜਾ ਰਹਾਯੋ।
ਬੇ ਅਦਬੀ ਨਿਜ ਸਮਝ ਕੈ,
ਸ਼ਹਿ ਖੱਗ[1] ਉਠਾਯੋ ॥੨੬॥
ਗੁਰ ਪਰ ਖੜਗ ਨ ਨਿਕਸਯੋ,
ਬਲ ਕਰਿ ਵਹਿ ਹਾਰਾ।
ਅੰਤਰਜਾਮੀ ਗੁਰੂ ਨੈ,
ਤਬਿ ਐਸ ਉਚਾਰਾ।
ਸ਼ੇਰ ਖਾਨ ਕੇ ਸਾਮ੍ਹਣੇ,
ਕਜੋਂ ਨਹਿਂ ਖਗ ਝਾਰਯੋ।
ਢੀਠ ! ਪੀਠ ਦੈ ਭਗ ਅਯੋ,
ਚਹਿ ਸੰਤਹਿਂ ਮਾਰਯੋ ॥੨੭॥
ਯਹਿ ਅਜ਼ਮਤ ਪਿਖਿ ਗੁਰੂ ਕੀ,
ਸ਼ਹਿ ਚਰਨੀ ਪਰਯੋ।
ਕਹਯੋ ਬਖਸ਼ੀਏ ਪੀਰ ਜੀ !
ਮੈ ਭੁਲਿ ਬਿਗਰਯੋ।
ਪਰ ਬਾਬਰ ਕੋ ਆਦਿ ਗੁਰੁ,
ਬਖ਼ਸ਼ੀ ਸਤ ਸ਼ਾਹੀ।
ਸੋ ਅਬਿ ਝੂਠੀ ਭਈ ਕਜੋਂ,
ਮੈਂ ਕੋਪਯੋ ਤਾਂਹੀ ॥੨੮॥
ਪਿਖਿ ਅਧੀਨਗੀ ਸ਼ਾਹਿ ਕੀ,
ਗੁਰੁ ਐਸ ਅਲਾਯੋ।
ਸਿਲਾ ਲੀਕ ਸਮ[1] ਨਹਿ ਮਿਟੈ,
ਗੁਰੁ ਆਦਿ ਜੁ ਗਾਯੋ।
ਜੇ ਕਰਿ ਤੁਮ ਨਹਿ ਖੈਂਚਤੇ,
ਅਬਿ ਮੁਝ ਪਰ ਖੰਡਾ।
ਤੌ ਤੁਮਰੌ ਅਰਿ[1] ਅਬੈ ਹੀ
ਹੋਤੋ ਸਤ ਖੰਡਾ[1] ॥੨੯॥
ਯਾਂ ਤੇ ਬਾਰਹਿਂ ਬਰਸ ਲੌ,
ਅਬਿ ਤੁਹਿ ਦੁਖਰੈਹੈ।
ਫਿਰ ਦਿੱਲੀਪਤਿ ਹੋਹਿਂ ਤੂੰ,

[1]ਤਲਵਾਰ।

[1]ਪੱਥਰ ਦੀ ਲਕੀਰ ਵਾਂਗ।

[1]ਵੈਰੀ।

[1]ਸੌ ਟੁਕੜੇ।

ਸਤ ਪੁਸ਼ਤ[1] ਰਹੈ ਹੈ। [1]ਸੱਤ ਪੀੜ੍ਹੀਆਂ।
ਅਬੀ ਤੁਮਾਰੇ ਘਰ ਭਵੈ[1], [1]ਹੋਵੇਗਾ।
ਸ਼ਾਹਜ਼ਾਦਾ ਚਾਰੂ[1]। [1]ਸੁੰਦਰ।
ਬਾਦਸ਼ਾਹਿ ਵਹਿ ਹਿੰਦੁ ਕਾ,
ਹ੍ਵੈ ਹੈ ਬਡ ਭਾਰੂ ॥੩੦॥
ਸਿਜਦਾ[1] ਕਰਿ ਤਬਿ ਗੁਰੂ ਕੌ, [1]ਨਮਸਕਾਰ।
ਮਗ ਪਯੋ ਹਿਮਾਊਂ।
ਪੰਦ੍ਰਾਂ ਸੈ ਸਤਾਨਵਾਂ,
ਥਾ ਸਾਲ ਤਦਾਊਂ।
ਜੈਸੇ ਗੁਰੁ ਫੁਰਮਾਇਆ,
ਤੈਸੇ ਸਬਿ ਹੋਈ।
ਸ਼ਹਿ ਇਰਾਨ ਤੇ ਮਦਦ ਲੈ,
ਫਿਰ ਸ਼ਹਿ ਭਯੋ ਸੋਈ ॥੩੧॥
ਦੋਹਰਾ:
ਬਾਦਸ਼ਾਹ ਕੇ ਮਿਲਨ ਕੀ,
ਗਾਥਾ ਦਈ ਸੁਨਾਇ।
ਆਗੇ ਗੁਰੁ ਅਰ ਸਿਖਨ ਕੀ,
ਸੁਨੋ ਕਥਾ ਸੁਖਦਾਇ ॥੩੨॥
ਛੰਦ ਭਾਈ ਜੀਵਾ ਸਿੱਖ ਥਾ,
ਇੱਕ ਸ਼ਰਧਾ ਵਾਰਾ।
ਧਰਮ ਕਿਰਤ ਕਰਿ ਖਾਵਹੀ,
ਧਰਿ ਤੋਸ[1] ਉਦਾਰਾ। [1]ਸੰਤੋਖ।
ਨਿਤ ਪ੍ਰਤਿ ਖਿਚਰੀ ਦਧੀ[1] ਲਜਾਇ, [1]ਦਹੀਂ।
ਗੁਰੁ ਤਈਂ ਛਕਾਵੈ।
ਹੁਤੋ ਨੁਰੰਗਾ-ਬਾਦ ਕਾ[1], [1]ਪਿੰਡ ਦਾ।
ਤਹਿਂ ਤੇ ਨਿਤ ਆਵੈ ॥੩੩॥
ਔਰ ਸੇਵ ਸਤਸੰਗਿ ਕਰਿ,
ਰੰਗ ਮਨ ਕੋ ਲਾਵੈ।
ਭਯੋ ਸਿੱਧ[1] ਦਿਨ ਥੋਰ ਮੈਂ, [1]ਸ਼ਕਤੀਵਾਨ।
ਜਗ ਬਿਦਤਜੋ ਭਾਵੈ[1]। [1]ਪ੍ਰਗਟ ਹੋ ਗਿਆ।

ਗੁੱਜਰ ਨਾਮ ਲੁਹਾਰ ਇੱਕ,
ਪੁਨ ਗੁਰੁ ਢਿਗ ਆਯੋ।
ਚਰਨ ਬੰਦਿ ਕਰ ਜੋਰ ਕੈ,
ਯੌਂ ਅਰਜ਼ ਅਲਾਯੋ ॥ ੩੪ ॥
ਹੇ ਗੁਰ ! ਫਸੇ ਗ੍ਰਿਹਸਤ ਮੈਂ,
ਮੁਝ ਜੈਸੇ ਲੋਗੂ।
ਪੁੰਨ ਦਾਨ ਜਪ ਤਪ ਕਛੂ,
ਨਹਿ ਬਨਤਿ ਸੰਜੋਗੂ।
ਕੈਸੇ ਹਮਰਾ ਭਲਾ ਹ੍ਵੈ,
ਸੋ ਦਿਹੁ ਉਪਦੇਸ਼ੂ।
ਜਾਂ ਤੇ ਸਹਜ ਸੁਭਾਵ ਹੀ,
ਹਮ ਕਟੈਂ ਕਲੇਸ਼ੂ ॥ ੩੫ ॥
ਸੁਨਿ ਸਤਿਗੁਰੂ ਦਯਾਲ ਹ੍ਵੈ,
ਅਸ ਬਚਨ ਉਚਾਰੇ।
ਪਢਾ ਕਰੋ ਜਪਜੀ ਸਦਾ,
ਕਰਤੇ ਰਹੁ ਕਾਰੇ।
ਹੋਇ ਜੁ ਕਾਮ ਗ੍ਰੀਬ ਕਾ,
ਬਿਨ ਕਰੋ ਮਜੂਰੀ।
ਸੇਵ ਕਰੋ ਸਿਖ ਸਾਧ ਕੀ,
ਧਰਿ ਦਯਾ ਜਰੂਰੀ ॥ ੩੬ ॥
ਧਰਮ ਕਿਰਤ ਕਰਿ ਖਾਈਓ,
ਦਸਵੰਧ ਗੁਰੁ ਦੀਜੈ।
ਸਤ ਸੰਗਤਿ ਭਗਤੀ ਕਰੋ,
ਦਿਢ ਗਿਆਨ ਗਹੀਜੈ।
ਇਨ ਬਾਤੋਂ ਸੈਂ ਸਹਜ ਹੀ,
ਗ੍ਰਿਹਸਤੀ ਲਹਿਂ ਮੁਕਤੀ।
ਸੁਨਿ ਸਿਖ ਸਬਿ ਹੀ ਖੁਸ਼ ਭਏ,
ਉਪਦੇਸ਼ ਸਯੁਕਤੀ[1] ॥ ੩੭ ॥
ਤਬਿ ਤੇ ਸਬਿ ਸਿਖਨ ਗਹੀ,
ਏਹੀ ਸੁਚਿ[1] ਰੀਤੀ।

[1]ਜੁਗਤੀ ਸਹਿਤ।

[1]ਪਵਿੱਤ੍ਰ।

ਭੁਗਤਿ ਮੁਕਤਿ ਭਾਗੀ[1] ਭਏ, [1]ਹਿੱਸੇਦਾਰ।
ਕਰਿ ਗੁਰੁ ਪਦ ਪ੍ਰੀਤੀ।
ਅਨਗਨ ਸਿੱਖ ਇਸ ਹੀ ਬਿਧੀ,
ਗੁਰੁ ਕੇ ਢਿਗ ਆਵੈਂ।
ਦੈ ਭੇਟਾ ਉਪਦੇਸ਼ ਲੈ,
ਬਾਂਛਿਤ ਫਲ ਪਾਵੈਂ ॥ ੩੮ ॥
ਪੁਨ ਇਕ ਜੁਲਕਾ[1] ਖੱਤ੍ਰੀ [1]ਗੋਤ ਦਾ।
ਸਿੱਖ ਆਯੋ ਪਾਰੋ[1]। [1]ਨਾਮ।
ਕਰਿ ਬੰਦਨ ਕਰ ਜੋਰ ਕੈ,
ਉਨਿ ਐਸ ਉਚਾਰੋ।
ਪਰਮ ਹੰਸ ਕਿਸ ਕੋ ਕਹੈਂ,
ਲੱਛਨ ਗੁਰੂ ਗਾਵੋ।
ਸੁਨਿ ਪ੍ਰਸ਼ਨ ਪ੍ਰਸੰਨ ਹ੍ਵੈ,
ਇਮ ਗੁਰੂ ਸੁਨਾਵੋ ॥ ੩੯ ॥
ਪੰਛੀ ਹੰਸ ਜੋ ਹੋਇ ਹੈਂ,
ਚੁਨਿ ਮੁਕਤਾ[1] ਖਾਹੀਂ। [1]ਮੋਤੀ।
ਮਾਨ ਸਰੋਵਰ ਪਰ ਰਹੈਂ,
ਨਹ ਅਨਤੈ[1] ਜਾਹੀਂ। [1]ਹੋਰ ਥਾਂ।
ਮਿਲੈ ਦੂਧ ਜਲ ਕੋ ਕਰੈਂ,
ਲਾ ਚੁੰਜ ਜੁਦਾ ਹੈਂ।
ਜਲ ਤਜਿ ਪਯ[1] ਪੀ ਲੇਤ ਹੈਂ, [1]ਦੁੱਧ।
ਯਹਿ ਪਰਖ ਮੁਦਾ ਹੈ[1] ॥ ੪੦ ॥ [1]ਪਰਖਣ ਦਾ ਮਤਲਬ ਹੈ ਭਾਵ ਪਰਖਣ ਦੀ ਨਿਸ਼ਾਨੀ ਹੈ।
ਤੈਸ ਬਿਬੇਕੀ ਸੰਤ ਜੋ,
ਪਰਮ ਹੰਸ ਕਹਾਵੈਂ।
ਮੁਕਤੀ ਮੁਕਤਾ[1] ਗਹਿਤ ਹੈਂ, [1]ਮੁਕਤੀ ਰੂਪ ਮੋਤੀ।
ਸਤਿਸੰਗਿ ਰਹਾਵੈਂ।
ਆਤਮ[1] ਔਰ ਅਨਾਤਮਾ[2] [1]ਚੇਤਨ। [2]ਜੜ੍ਹ।
ਇਹੁ ਏਕ ਜੁ ਦੀਸੈਂ।
ਚੁੰਚ ਬਚਨ ਬਿਬੇਕ ਸੋਂ[1], [1]ਵਿਚਾਰ ਵਾਲੇ ਬਚਨਾਂ ਰੂਪ ਚੁੰਝ ਨਾਲ।
ਵਹਿ ਕਰੈਂ ਪ੍ਰਿਥੀਸੈਂ[1] ॥ ੪੧ ॥ [1]ਵੱਖ ਵੱਖ।

ਸਤਿ ਚਿਤ ਆਨੰਦਰੂਪ ਜੋ,
ਆਤਮ ਬ੍ਰਹਮ ਪੂਰਨ।
ਕਰਿ ਦਿਖਲਾਵੈਂ ਦੇਹ ਤੇ,
ਵਹਿ ਨਜਾਰੋ ਤੂਰਨ[1]।

[1]ਛੇਤੀ।

ਪਰਮ ਹੰਸ ਤਾ ਕੋ ਕਹੈਂ,
ਜੋ ਅਸ ਬ੍ਰਹਮ ਗਯਾਨੀ।
ਕਮਲ ਪੱਤ੍ਰ ਜਿਮ ਰਹਤ ਹੈਂ,
ਨਿਰਲੇਪ ਮਹਾਨੀ ॥ ੪੨ ॥
ਪ੍ਰਾਰਬਧ ਕੋ ਭੋਗ ਹੈਂ
ਸਮ ਲੋਗਨ ਔਰੈਂ।
ਮੈਂ ਕਰਤਾ ਮੈਂ ਭੋਗਤਾ,
ਯਹਿ ਤਜਜੋ ਤੌਰੈਂ[1]।

[1]ਤ੍ਰੀਕਾ, ਢੰਗ।

ਯਹਿ ਮਮ ਯਹਿ ਮਮ ਨਾਂਹਿ ਹੈ,
ਇਤਜਾਦਿਕ ਦੁੰਦੂ[1]।

[1]ਦ੍ਵੈਤ ਵਾਦ, ਦੋ ਵਿਰੋਧੀ ਭਾਵਾਂ ਦੀ ਹੋਂਦ।

ਸਬਿ ਤਜਿ ਬਿਚਰਤ ਜਿਤ ਕਿਤੈ,
ਸਾਨੰਦ[1] ਅਦ੍ਵੈਦ੍ਵੈ[2] ॥ ੪੩ ॥

[1]ਅਨੰਦ ਸਹਿਤ। [2]ਏਕਤਾ ਵਿੱਚ।

ਪ੍ਰਤਿਬਿੰਬ[1] ਜਯੋਂ ਬਿੰਬ ਮੈਂ[2]

[1]ਅਕਸ। [2]ਸੂਰਜ ਵਿੱਚ।

ਘਟ ਫੂਟੇ[1] ਮਿਲਹੀ।

[1]ਘੜੇ ਦੇ ਫੁੱਟਣ ਤੋਂ।

ਬ੍ਰਹਮਵੰਤ[1] ਜਨ ਬ੍ਰਹਮ ਹ੍ਵੈ,
ਅੰਤਹਿ ਬ੍ਰਹਮ ਭਿਲਹੀ[1]।

[1]ਬ੍ਰਹਮ ਨੂੰ ਜਾਨਣ ਵਾਲਾ।

[1]ਮਿਲ ਜਾਂਦਾ ਹੈ।

ਜਨਮ ਮਰਨ ਨਹਿਂ ਤਾਹਿ ਕੋ,
ਪੁਨ ਕਬਿ ਹੀ ਹੋਵੈ।
ਔਰ ਹਜਾਰੋਂ ਜਨੋ ਕੇ
ਵਹਿ ਬੰਧਨ ਖੋਵੈ ॥ ੪੪ ॥
ਦੋਹਰਾ:
ਮੋਦ ਹੋਇ ਪਾਰੋ ਗਯੋ,
ਲਗਯੋ ਸਾਧਨੋ ਮਾਂਹਿ।
ਬ੍ਰਹਮ ਗਯਾਨ ਗੁਰ ਅਮਰ ਤੈ,
ਪਾਯੋ ਪੁਨ ਤਿਹਿ ਚਾਹਿ ॥ ੪੫ ॥
ਚੌਪਈ:

ਮੱਸੂ, ਹੱਸੂ, ਖੱਤ੍ਰੀ ਭਾਈ।
ਦੋਨੋ ਗੁਰ ਢਿਗ ਅਏ ਤਦਾਈਂ।
ਕਾਮਦਾਰ[1] ਥੇ ਸੋ ਪਤਿਸ਼ਾਹੀ। [1]ਕਰਮਚਾਰੀ, ਮੁਲਾਜ਼ਮ, ਨੌਕਰ।
ਦੈ ਭੇਟਾ ਨਿਜ ਮੁਕਤੀ ਚਾਹੀ ॥ ੪੬ ॥
ਸ਼੍ਰੀ ਅੰਗਦ ਉਪਦੇਸ਼ ਉਚਾਰਯੋ।
ਦੇਹ ਅਨਿਤ[1] ਸਦਾ ਨਿਰਧਾਰਯੋ[2]। [1]ਝੂਠੀ। [2]ਸਮਝੋ।
ਆਤਮ ਬ੍ਰਹਮ ਨਿਤ ਨਿਜ ਲਖੀਏ।
ਯਹਿ ਨਿਸਚਾ ਦਿਢ ਨੀਕੈਰਖੀਏ ॥ ੪੭ ॥
ਅਸਤੀ[1] ਭਾਂਤੀ[2] ਪ੍ਰੇਯ[3] ਅੰਸ਼ ਬ੍ਰਹਮ[11]। [1]ਹੈਤਾ, ਹੋਂਦ। [2]ਪ੍ਰਤੀਤੀ। [3]ਪਿਆਰ। [11](ਹਰ ਪਦਾਰਥ ਵਿੱਚ ਇਹ ਤਿੰਨ) ਬ੍ਰਹਮ ਦੀਆਂ ਅੰਸ਼ਾਂ ਹਨ।
ਨਾਮ ਰੂਪ ਮਾਯਾ ਅੰਸ਼ ਭ੍ਰਮ[1]। [1]ਭਰਮ ਰੂਪ ਮਾਇਆ ਦੀਆਂ ਨਾਮ ਤੇ ਰੂਪ ਦੋ ਅੰਸ਼ਾਂ ਹਨ।
ਇਨ ਪਾਂਚਨ ਕੋ ਸਗਲ ਪਸਾਰਾ।
ਹੈ ਸ੍ਰੁਤਿ ਸਿੰਮ੍ਰਿਤ ਸਬਿਨਿ ਉਚਾਰਾ ॥ ੪੮ ॥
ਬ੍ਰਹਮ ਅੰਸ਼ ਸਦ ਇਕ ਰੱਸ ਗ੍ਰਾਮੀ[1]। [1]ਸਾਰਿਆਂ ਵਿੱਚ।
ਮਾਯਾ ਅੰਸ਼ ਸਦਾ ਪ੍ਰਣਾਮੀ[1]। [1]ਬਦਲ ਜਾਣ ਵਾਲੀ ਹੈ।
ਤਾਂ ਤੇ ਬ੍ਰਹਮ ਅੰਸ਼ ਨਿਜ ਰੂਪੰ।
ਲਖੋ, ਤਜੋ ਮਾਯਾ ਭ੍ਰਮ ਕੂਪੰ ॥ ੪੯ ॥
ਸਰਬ ਰੂਪ ਲਖਿ ਬ੍ਰਹਮ ਪਸਾਰਾ।
ਨਾਹਿ ਕਿਸੀ ਸੋਂ ਕੀਜੈ ਰਾਰਾ[1]। [1]ਝਗੜਾ।
ਇਹੈ ਅਨੱਨਜ ਭਗਤਿ[1] ਸੁਖਦਾਈ। [1]ਆਪਣੇ ਇਸ਼ਟ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਮੰਨਣਾ।
ਗਹੋ, ਲਹੋ ਕਲਜਾਨ ਸੁਹਾਈ ॥ ੫੦ ॥
ਕਰੋ ਨੌਕਰੀ ਦਸਵੰਧ ਦੇਵੋ।
ਜੰਗ ਵੀਚ ਬੀਰਨ ਪਦ ਲੇਵੋ।
ਦੇਸ ਕਾਲ ਭ੍ਰਮ ਬਿਨ ਤ੍ਰੈ ਮਿਲੇ।
ਤਨ ਕੌ ਕਬੀ ਕਾਲ ਨਹਿ ਗਿਲੇ[1] ॥ ੫੧ ॥ [1]ਨਿਗਲਦਾ ਭਾਵ ਮਾਰਦਾ।
ਸੁਨਿ ਉਪਦੇਸ਼ ਗਏ ਸਿਖ ਹ੍ਵੈ ਕੈ।
ਮੱਲੂ ਸ਼ਾਹੀ, ਮਨਸੁਖ ਪੈ ਕੈ।
ਪੁਨਾ ਕਿਦਾਰੀ, ਦੀਪਾ, ਬੂਲੇ।
ਦਾਸ ਨਰੈਣ, ਸਹਾਰੀ, ਮੂਲੇ ॥ ੫੨ ॥
ਧਰਿ ਭੇਟਾ ਪਗ ਬੰਦਨ ਕੈ ਕੈ।

ਬੂਝਯੋ ਮੁਕਤੀ ਮਾਰਗ ਐ ਕੈ।
ਗੁਰੂ ਕਹਯੋ ਤੁਮ ਭਗਤਿ ਕਮਾਵੋ।
ਤਾਂ ਤੇ ਭੁਗਤਿ ਮੁਕਤਿ ਸੁਖ ਪਾਵੋ ॥ ੫੩ ॥
ਉਨੈ ਕਹਾ ਹਮ ਜਾਨਤ ਨਾਹੀ।
ਭਗਤੀ ਈਸ਼ੂਰ ਕੈਸ ਕਮਾਹੀ।
ਸ਼੍ਰੀ ਅੰਗਦ ਕਹਿ ਸੁਨੋ ਸੁਜਾਨਾ।
ਸਬਿ ਮੈ ਪਿਖੋ ਏਕ ਭਗਵਾਨਾ ॥ ੫੪ ॥
ਸੰਗਤਿ ਸੰਤਹਿਂ ਸੇਵਾ ਕਰੋ।
ਸ੍ਵਾਸ ਸ੍ਵਾਸ ਗੁਰ ਮੰਤ੍ਰ ਉਚਰੋ।
ਧਰਮ ਕਰਮ ਕ੍ਰਿਤ ਕਰੋ ਗੁਜ਼ਾਰਾ।
ਗੁਰ ਨਮਿੱਤ ਦਸਵੰਧ ਦਿਹੁ ਸਾਰਾ ॥ ੫੫ ॥
ਹਿੰਸਾ ਜੀਵ[1] ਨਾਹਿ ਕਿਹ ਕਰੀਓ। [1]ਜੀਵਾਂ ਨੂੰ ਮਾਰਨਾ।
ਨਿੰਦਾ ਚੁਗਲੀ ਚਿੱਤ ਨ ਧਰੀਓ।
ਸਵਾ ਪਹਿਰ ਨਿਸਰਹਿਤੀ ਜਾਗੋ।
ਕਰਿ ਸੋਚਾਦਿ ਭਜਨ ਮੈ ਲਾਗੋ ॥ ੫੬ ॥
ਚਢੇ ਦਿਵਸ ਮੁਖ ਤੇ ਗੁਰਬਾਨੀ।
ਰਰੋ[1] ਕਰੋ ਨਿਜ ਕ੍ਰਿਤ ਮਹਾਨੀ। [1]ਉਚਾਰੋ।
ਸਾਂਝ ਸਮੈਂ ਸਤਿ ਸੰਗਤਿ ਕਰੋ।
ਜਾਂ ਤੇ ਭਰਮ ਭੇਦ ਭੈ ਹਰੋ[1] ॥ ੫੭ ॥ [1]ਦੂਰ ਕਰੋ।
ਸ੍ਰਵਣ ਕਰੋ ਜਾਤਿ ਨਿਜ ਜੈਸੋ[1]। [1]ਨਾਮ ਦਾ ਸ੍ਰਵਣ (ਐਉਂ) ਕਰੋ ਜਿਵੇਂ ਆਪਣੀ ਜਾਤੀ (ਬਾਰੇ ਗਹੁ ਨਾਲ) ਸੁਣਦੇ ਹੋ।
ਮਨਨ ਦੇਹ ਸਮ ਦਿਢ ਧਰਿ ਬੈਸੋ[1]। [1]ਮੰਨਨ ਨੂੰ ਦੇਹ ਵਾਂਗ ਪੱਕਾ ਕਰ ਕੇ ਬੈਠੋ।
ਨਿਧਯਾਸਨ[1] ਨਿਜ ਨਾਮ ਸਮਾਨੰ। [1]ਗਿਆਨ ਦੀ ਪ੍ਰਪੱਕ ਅਵਸਥਾ ਨੂੰ।
ਕਰੋ, ਤੁ ਪੈਹੋ ਆਤਮ ਗਜਾਨੰ ॥ ੫੮ ॥
ਬ੍ਰਹਮਾਤਮ ਸਖਜਾਤ[1] ਜਬਿ ਹੋਈ। [1]ਪ੍ਰਤੱਖ।
ਸੰਸੇ ਸ਼ੋਕ ਰਹੈ ਨਹਿ ਕੋਈ।
ਕੈਵਲ ਮੁਕਤਿ ਤਬੈ ਤੁਮ ਪੈਹੋ।
ਜਬੈ ਉਕਤ ਉਪਦੇਸ਼ ਕਮੈਹੋ ॥ ੫੯ ॥
ਸੋਰਠਾ:
ਸੁਨਿ ਗੁਰ ਤੈ ਉਪਦੇਸ਼,

ਨਿਰਸੰਸੇ ਹ੍ਵੈ ਸਿਖਨਿ ਤਬਿ।
ਹਤੇ ਕਲੇਸ਼ ਅਸੇਸ[1],
ਗਏ ਮੋਦ ਭਰਿ ਧਾਮ ਨਿਜ ॥ ੬੦ ॥

[1]ਸਾਰੇ।

ਚੌਪਈ:
ਦਿਨ ਦਿਨ ਅਨਗਨ ਜਨ ਸਿੱਖ ਬਨੈਂ।
ਗੁਰ ਉਪਦੇਸ਼ ਕਮਾਵੈਂ ਘਨੈਂ।
ਗੁਰੁ ਘਰੁ ਕਾ ਪ੍ਰਤਾਪੁ ਮਹਾਨੈ।
ਬਢਨ ਲਗਜੋ ਦਿਨ ਮਕਰ ਸਮਾਨੈਂ[1] ॥ ੬੧ ॥

[1]ਮਕਰਰਾਸੀ ਭਾਵ ਮਾਘ ਦੇ ਮਹੀਨੇ ਦੇ ਦਿਨਾਂ ਵਾਂਗ।

ਨਿਰਮਲ ਪੰਥ ਧਰਮ ਕਾ ਚਾਲਾ।
ਜਿਹ ਸਮ ਜਗ ਨਹਿ ਔਰ ਬਿਸਾਲਾ।
ਜਾ ਕੀ ਸਾਖ[1] ਭਾਈ ਗੁਰਦਾਸੂ।
ਨਿਜ ਬਾਨੀ ਮੈਂ ਯੌਂ ਕਹਿ ਖਾਸੂ[1] ॥ ੬੨ ॥

[1]ਉਗਾਹੀ।
[1]ਆਪ।

ਗੁਰੁ ਨਾਨਕ ਸਿੱਕਾ ਜਗ ਮਾਰਾ[1]।
ਨਿਰਮਲ ਪੰਥ ਚਲਾਯੋ ਭਾਰਾ।
ਸਬਿ ਕੋ ਗੁਰੁ ਹਰਿ ਭਗਤਿ ਦਿਢਾਈ।
ਕਲਿ ਮੈ ਸਤਿਜੁਗ ਦਿਯ ਬਰਤਾਈ ॥ ੬੩ ॥

[1]ਜਗਤ ਵਿੱਚ (ਸਿੱਖੀ ਦੀ) ਮੁਹਰ ਛਾਪ ਲਗਾਈ।

ਔਰ ਜਿਤਕ ਥੇ ਤਬਿ ਜਗ ਭੇਖੀ।
ਦੰਭੀ ਪਾਖੰਡੀ ਬਾਸੇਖੀ[1]।
ਪੇਖਿ ਪ੍ਰਤਾਪ ਗੁਰੂ ਕਾ ਜਰਹੀਂ।
ਬਿਬਿਧਿ ਈਰਖਾ ਮਨ ਮੈ ਧਰਹੀਂ ॥ ੬੪ ॥

[1]ਬਹੁਤੇ।

ਪੈ ਕੁਛ ਪੇਸ਼ ਨ ਤਿਨਕੀ ਜਾਵੈ।
ਜੁਗਨੂੰ[1] ਦੀਪਕਿ ਰਵਹਿਂ ਦਬਾਵੈ।
ਜੋਗੀ ਏਕ ਖੰਡੂਰ ਰਹਾਵੈ।
ਚੰਦ ਨਾਥ* ਬਡ ਦੰਭ ਦਿਖਾਵੈ ॥ ੬੫ ॥

[1]ਟਟਿਆਣਾ।

*ਤਵਾਰੀਖ਼ ਗੁਰੂ ਖ਼ਾਲਸਾ (ਛਾਪਾ ਪੱਥਰ) ਦੇ ਪੰਨਾ ੧੭੫ 'ਤੇ ਖ਼ੁਦ ਕਵੀ ਜੀ ਨੇ ਜੋਗੀ ਦਾ ਨਾਮ ਸ਼ਿਵਨਾਥ ਲਿਖਿਆ ਹੈ।

ਕੁਦਰਤਿ ਪਾਇ ਨ ਬਰਖਾ ਭਈ।
ਪਰਜੋ ਕਾਲ ਪਰਜਾ ਭੁਲ ਗਈ[1]।
ਤਬਿ ਜੋਗੀ ਨੇ ਛਲ ਯਹਿ ਕੀਨਾ।
ਯਾ ਬਿਧਿ ਲੋਗਨ ਕੋ ਕਹਿ ਦੀਨਾ ॥ ੬੬ ॥
ਦਿਹੁ ਖੰਡੂਰ ਤੈ ਗੁਰਹਿਂ ਨਿਕਾਰੀ।

[1]ਡੋਲ ਗਈ।

ਤੌ ਬਰਖਾ ਕਰਵੈਹੋਂ ਭਾਰੀ।
ਜਢ ਜਾਟਨ[1] ਕੀਨੋ ਤਬਿ ਸੋਈ। [1]ਮੂਰਖ ਜਟਾਂ ਨੇ।
ਜੋਗੀ ਤਪੇ ਕਹਯੋ ਥਾ ਜੋਈ ॥ ੬੭ ॥
ਖਹਰੇ ਜਾਟਨ ਗੁਰਹਿਂ ਉਚਾਰੋ।
ਤਜਿ ਖਡੂਰ ਤੁਮ ਅਨਤ ਸਿਧਾਰੋ[1]। [1]ਹੋਰ ਥਾਂ ਚਲੇ ਜਾਉ।
ਤੀਨ ਲੋਕ ਪਤਿ ਗੁਰੁ ਭਗਵਾਨਾ।
ਤਜਿ ਖੰਡੂਰ ਕਿਯ ਦੂਹ ਪਯਾਨਾ ॥ ੬੮ ॥
ਚਹਿਤੇ ਗੁਰ ਤੌ ਪੁਰ ਉਲਟਾਤੇ।
ਖਿਮਾ ਬਡਨ ਛੋਟਨ ਉਤਪਾਤੇ[1]। [1]ਵੱਡੇ ਖਿਮਾਂ ਕਰਦੇ ਹਨ ਤੇ ਛੋਟੇ ਉਪੱਦ੍ਰਵ ਕਰਦੇ ਹਨ।
ਕਰੀ ਹਰੀ ਜਿਮ ਖਿਮਾ ਭ੍ਰਿਗੁ ਤੈ[1]। [1](ਬ੍ਰਹਮਾ ਦੇ ਪੁੱਤ੍ਰ) ਭ੍ਰਿਗੂ ਤੇ, (ਜਿਸ ਨੇ ਵਿਸ਼ਨੂੰ ਜੀ ਦੀ ਵੱਖੀ 'ਚ ਲੱਤ ਮਾਰੀ ਸੀ)।
ਤੈਸ ਗੁਰੂ ਕੀਯ ਜਾਟ ਵਰਗ ਤੈ[1] ॥ ੬੯ ॥ [1]ਸਾਰੇ (ਖਹਿਰੇ) ਜੱਟਾਂ ਤੇ।
ਖਾਨ ਰਜਾਦੇ ਗਾਮ ਨਜੀਕੈ[1]। [1]ਖਾਨ ਛਾਬੜੀ ਪਿੰਡ ਕੋਲ।
ਉਤਰੇ ਜਾਇ ਗੁਰੂ ਤਹਿਂ ਨੀਕੈ।
ਜੰਗਲ ਮੈ ਮੰਗਲ ਤਹਿਂ ਭਯੋ।
ਲੰਗਰ ਕੀਰਤਨ ਅਧਿਕ ਚਲਯੋ ॥ ੭੦ ॥
ਉਤ ਬਰਖਾ ਨਹਿ ਤੌ ਭੀ ਹੋਈ।
ਜੋਗੀ ਜਾਟ ਲੱਜਤ ਭੇ[1] ਸੋਈ। [1]ਸ਼ਰਮਿੰਦੇ ਹੋਏ।
ਅਮਰਦਾਸ ਜਬਿ ਅਏ ਖਡੂਰੈਂ।
ਬਾਤ ਏਹੁ ਸੁਨਿ ਕੁਪੇ ਜਰੂਰੈਂ ॥ ੭੧ ॥
ਕਹਜੋ ਜਟਨ ਗੁਰ ਕੋ ਪੁਨ ਲਜਾਵੋ।
ਅਮਰ ਕਹਾ ਮਮ ਬਚਨ ਕਮਾਵੋ।
ਚਾਹਿਤ ਜੇ ਗੁਨਾਹ ਬਖ਼ਸ਼ਾਯਾ।
ਅਰੁ ਬਰਖਾ ਬਹੁ ਚਹਿਤ ਕਰਾਯਾ ॥ ੭੨ ॥
ਜੋਗੀ ਤਪੇ ਤਈ ਤੌ ਗਹਿ ਕੈ[1]। [1]ਤਾਂ ਪਕੜ ਕੇ।
ਲੈ ਜਾਵੋ ਸ਼ੀਘਰ[1] ਜਹਿਂ ਜਹਿਂ ਕੈ[2]। [1]ਛੇਤੀ। [2]ਜਿੱਥੇ ਜਿੱਥੇ (ਲੋੜ ਹੈ)।
ਬਰਖਾ ਤਹਿਂ ਤਹਿਂ ਤੁਰਤਹਿ ਹੋਈ।
ਬਿਨਾ ਦੇਰ ਜਾਟਨ ਕੀਯ ਸੋਈ ॥ ੭੩ ॥
ਪਕਰਿ ਘਸੀਟਤਿ ਜਹਾਂ ਫਿਰਾਂਹੀ।
ਬਰਖਾ ਪਾਛੇ ਬਰਸਤਿ ਜਾਹੀ।

ਮਰਯੋ ਅਤੀ ਦੁਖੁ ਪਾਇ ਸੁ ਜੋਗੀ।
ਕਰੀ ਜੈਸ ਥੀ ਤੈਸੀ ਭੋਗੀ ॥ ੭੪ ॥
ਬਰਖਾ ਤੈ ਦੁਰਭਿਖ[1] ਭੌ ਦੂਰੈਂ। [1]ਅਕਾਲ, ਬੁਰਾ ਸਮਾਂ।
ਲਜਾਏ ਜੱਟ ਪੁਨ ਗੁਰਹਿਂ ਖਡੂਰੈਂ ॥ ੭੫ ॥

ਦੋਹਰਾ:
ਇਤਜਾਦਿਕ ਗਾਥਾ ਘਨੀ
ਚਲਤਿ ਦੁਤੀ ਗੁਰੁ ਕੇਰ।
ਹੈ ਬੇਯੰਤ ਲਹਿ ਅੰਤ ਕੋ,
ਕਹੋਂ ਮੇਰੁ ਤੇ ਸੇਰ[1] ॥ ੭੬ ॥ [1]ਸੁਮੇਰ ਪਰਬਤ 'ਚੋਂ ਸੇਰ ਭਾਵ ਬਹੁਤੀ 'ਚੋਂ ਥੋੜੀ (ਕਥਾ) ਕਹਿੰਦਾ ਹਾਂ।

ਨਿਸ਼ਾਨੀ ਛੰਦ:
ਭਗਯੋ ਹਿੰਮਾਊ ਜਬੈ ਥਾ,
ਤਬਿ ਤੈ ਅਫਗਾਨੂੰ।
ਸ਼ੇਰ ਸ਼ਾਹ ਪਤਸ਼ਾਹ ਭਯੋ,
ਜ਼ਾਲਮ ਮਾਹਾਨੂੰ।
ਤਾ ਕਾ ਪੂਤ ਸਲੇਮ ਸ਼ਾਹ, ਜਬਿ ਤਖਤ ਥਿਰਾਯੋ।
ਹੇਮੂੰ ਬਨੀਏ ਕੋ ਤਿਸੈ, ਵਾਜ਼ੀਰ ਬਨਾਯੋ ॥ ੭੭ ॥
ਚਾਮ ਦਾਮ ਕੇ[1] ਤਾਹਿ ਤਬਿ, ਜਗ ਮਾਹਿ ਚਲਾਏ। [1]ਚੰਮ ਦੇ ਰੁਪਏ।
ਕੰਚਨ[1] ਮਾਸੇ ਏਕ ਕੀ, ਮਧ ਮੇਖ ਠੁਕਾਏ। [1]ਸੋਨੇ।
ਵਹਿ ਜਬ ਤਰਫ ਲਾਹੌਰ ਕੇ, ਸਹਿ ਸ਼ਾਹਿ ਸਿਧਾਯੋ।
ਸ਼ਾਹੀ ਰਸਤਾ ਤਬਿ ਹੁਤੋ, ਏਹੀ ਅਧਿਕਾਯੋ ॥ ੭੮ ॥
ਉਤਰਿ ਬਸਾਸ ਤਟ ਥਿਰਯੋ ਜੌਂ, ਗੁਰੁ ਕਾ ਜਸ ਸੁਨਿ ਕੈ।
ਅਯੋ ਗੁਰੂ ਕੇ ਦਰਸ ਕੋ, ਮਨ ਮਹਿ ਯਹਿ ਗੁਨਿ ਕੈ।
ਨਹਿ ਤਜੀਮ[1] ਮੁਹਿ ਦੇਂਹ ਜੌਂ, ਦਿਂਹ ਤਾਜ਼ਾ ਹਲੂਆ[2]। [1]ਸਨਮਾਨ, ਆਦਰ। [2]ਕੜਾਹ।
ਸਬਜ਼ ਅੰਗੂਰੁਰੁ ਸਾਉਗੀ, ਦਿਂਹ ਤਬਿ ਯਹਿ [1]ਤਾਂ ਇਹ ਸ਼ਕਤੀ ਵਾਲੇ ਹਨ।

Sri Satguru Jagjit Singh Ji eLibrary NamdhariElibrary@gmail.com

ਬਲੂਆ[1] ॥ ੭੯ ॥
ਜਬਿ ਗੁਰੂ ਢਿਗ ਵਹਿ ਪਹੁਚੰਯੋ, ਗੁਰੁ ਲਰਕਨ ਸੰਗਾ।
ਖੇਲਤ ਥੇ ਨਿਜ ਮੌਜ ਸੌਂ, ਦਿਲ ਹਰਿ ਸੌਂ ਰੰਗਾ।
ਹੇਮੂੰ ਜਬਿ ਇਕ ਘੜੀ ਲੌਂ, ਤਹਿ ਖੜਾ ਰਹਾਯੋ।
ਗੁਰ ਇਸ ਕੀ ਦਿਸ ਨ ਪਿਖਯੋ, ਇਨ ਰੋਸ ਬਢਾਯੋ ॥ ੮੦ ॥
ਸਿੱਖ ਪਸ਼ੌਰੀ ਤਬੈ ਲਜਾਇ, ਪ੍ਰਸ਼ਾਦਿ ਰੁ ਮੇਵਾ।
ਗੁਰੁ ਅੱਗ੍ਰ ਯਹਿ ਭੇਟ ਦੈ, ਲਾਗਯੋ ਮਧ ਸੇਵਾ।
ਦਯੋ ਗੁਰੂ ਬਰਤਾਇ ਸੋ, ਹੇਮੂੰ ਭੀ ਪਾਯੋ।
ਸਰਬ ਸ਼ਕਤਿ ਮਤ ਗੁਰੂ ਕੌ, ਲਖਿ ਪਗ ਲਪਟਾਯੋ ॥ ੮੧ ॥
ਅਰਜ਼ ਕਰੀ ਮਮ ਸ਼ਾਹਿ ਕੀ, ਰਹਿ ਸਦ ਪਤਸ਼ਾਹੀ।
ਜੋ ਹੋਨਾ ਥਾ ਹੋ ਚੁਕਯੋ, ਗੁਰੁ ਕਹਾ ਅਚਾਹੀ[1]। [1]ਬਿਨਾਂ ਇੱਛਾ ਤੋਂ ਭਾਵ ਸਹਿਜ ਸੁਭਾ।
ਜਿਨ ਕੀ ਸ਼ਾਹੀ ਚਹਿਤ ਤੂੰ, ਯਹਿ[1] ਤੁਰਕ ਬਨੈ ਹੈਂ। [1]ਇਹ (ਸਲੇਮ ਸ਼ਾਹ)।
ਤੁਮ ਕੋ ਹਤ ਹੈਂ[1] ਮੁਗਲ ਫਿਰ, ਕਹੁ ਤੂੰ ਕਜਾ ਕੈਹੈਂ[2] ॥ ੮੨ ॥ [1]ਮਾਰ ਦੇਣਗੇ। [2]ਕੀ ਕਰੇਂਗਾ।
ਦੇਨੀ ਚਹੀ ਜਗੀਰ ਉਨਿ, ਕੁਛ ਮਨ ਖੁਨਸੈ ਕੈ[1]। [1]ਖਿਝ ਕੇ।
ਲਈ ਨਾ ਗੁਰੁ ਤਿਹ ਭੇਟ ਲੌਂ, ਵਹਿ ਗਯੋ ਰਿਸੈ ਕੈ[1]। [1]ਗੁੱਸੇ ਹੋ ਕੇ।
ਕੀਨੋ ਤੁਰਕ ਸਲੇਮ ਨੈ, ਤਿਸ ਕੋ ਤਤਕਾਲੈਂ[1]। [1]ਛੇਤੀ ਹੀ।
ਪੁਨ ਅਕਬਰ ਨੈ ਮਾਰਯੋ, ਵਹਿ ਕਰਿ ਦੁਰਹਾਲੈਂ[1] ॥ ੮੩ ॥ [1]ਬੁਰਾ ਹਾਲ।
ਇਸੀ ਤੌਰ ਨਿਤ ਸਤਿਗੁਰੂ, ਬਹੁ ਲੀਲ੍ਹਾ ਕਰਿਹੀਂ।
ਮਨੋ ਸ਼ਾਂਤਿ ਰਸ ਤਨ ਧਰੇ, ਸਿੱਖਨ ਦੁਖ ਹਰਹੀਂ।
ਕਾਮਤਰੂ ਸਮ[1] ਕਾਮਨਾ, ਸਿੱਖਨ ਕੀ ਪੂਰੈਂ। [1]ਕਲਪ ਬ੍ਰਿਛ ਵਾਂਗ।
ਨਿਸ ਦਿਨ ਬਨਯੋ ਅਨੰਦਰਹਿ, ਗੁਰੁ ਦੁਆਰ ਖੰਡੂਰੈਂ ॥ ੮੪ ॥

ਪੁਨ ਗੁਰੁ ਅੰਗਦ ਜੀ ਗਏ, ਨਿਜ ਨਗਰ ਹਰੀ ਕੇ[1]।
ਦੇਸ ਮਾਲਵੇ ਕੇ ਬਿਖੇ, ਜੋ ਹੈ ਅਬਿ ਨੀਕੇ।
ਹੁਤੋ ਦੇਸ ਕਾ ਚੌਧਰੀ, ਸਰਦਾਰ ਤਹਾਂ ਜੋ।
ਅਯੋ ਮਿਲਨ ਹਿਤ ਗੁਰੂ ਕੋ, ਧਰਿ ਮਾਨ ਮਹਾਂ ਸੋ ॥ ੮੫ ॥
ਅਦਬ ਨਾ ਕੀਨੋ ਮੂਢ ਨੈ, ਆ ਬਿਰਯੋ ਸਿਰ੍ਹਾਨੇ।
ਗੁਰਸਿਖ ਪਿਖ ਨਹਿ ਸਹਿ ਸਕੇ, ਤਿਹ ਲਗੇ ਉਠਾਨੇ।
ਰੋਕ ਸਿਖਨ ਕੇ ਸਤਿਗੁਰੂ, ਯੌਂ ਕਹਾ ਸੁਨਾਈ।
ਮਾਂਦ[1] ਸਰਦਾਰੀ ਕਾ ਇਸੈ, ਸੋ ਰਹੈ ਨ ਕਾਈ ॥ ੮੬ ॥
ਕਰ[1] ਜੋਰੇ ਪੁਨ ਚੌਧਰੀ, ਬਖ਼ਸ਼ਾਵਨ ਚਾਹਾ।
ਰਹੈ ਜਾਟ ਔਲਾਦ ਤੁਵ, ਗੁਰ ਬਚਨ ਪ੍ਰਾਹਾ[1]।
ਸਿੱਖ ਮਾਲਵੇ ਕੇ ਅਏ, ਸੁਨਿ ਗੁਰੁ ਆਗਮਨੂੰ[1]।
ਕੀਨੀ ਸੇਵਾ ਬਹੁਤ ਹੀ, ਲੈਗੇ ਨਿਜ ਭਵਨੂੰ[1] ॥ ੮੭ ॥
ਦੁਲਟ, ਧਾਲੀਵਾਲ, ਲੌ, ਬੈਰਾੜ, ਰੰਧਾਵੇ।
ਸ਼ਰਧਾ ਧਰ ਨਿਜ ਘਰਨ ਮੈਂ, ਜਬਿ ਹੀ ਲੈ ਜਾਵੇਂ।
ਭੁੱਲਰ, ਸਿੱਧੂ, ਬੰਗੇਰੀਅਨ[1], ਕੀਨੀ ਬਹੁ ਸੇਵਾ।
ਕਰਿ ਨਿਹਾਲ ਉਸ ਦੇਸ ਕਉ, ਗੁਰੁ ਅਲੱਖ ਅਭੇਵਾ ॥ ੮੮ ॥
ਆਏ ਪੁਨ ਖੰਡੂਰ ਮੈਂ ਰੌਣਕ ਬਡ ਹੋਈ।
ਲੋਗ ਗਰੀਬ ਫਕੀਰ ਬਹੁ, ਲੰਗਰ ਲਹਿਂ ਦੋਈ[1]।
ਹੁਤੋ ਬਡੇ ਇਕ ਚੌਧਰੀ, ਖੰਡੂਰਹਿਂ ਕੇਰਾ।
ਸਾਕਤ, ਹਿੰਸਕ, ਲਾਲਚੀ, ਮਦ[1] ਪੀਏ ਬਧੇਰਾ ॥ ੮੯ ॥
ਕਬੀ ਨ ਗੁਰ ਢਿਗ ਅਯੋ ਥਾ, ਮਿਰਗੀ ਰੁਜਵਾਰਾ[1]।
ਨਿਜ ਮਤਲਬ ਕੇ ਵਾਸਤੇ, ਆ ਕਰੀ ਪੁਕਾਰਾ।

[1]ਨਾਂਗੇ ਦੀ ਸਰਾਂਇ ਦੇ ਨੇੜੇ ਇਕ ਪਿੰਡ।
[1]ਹੰਕਾਰ (ਅ) ਰੋਗ।
[1]ਹੱਥ।
[1]ਕਿਹਾ।
[1]ਆਉਣਾ।
[1]ਆਪਣੇ ਘਰਾਂ ਵਿੱਚ।
[1]ਗੋਤ।
[1]ਦੋਨੋ ਵੇਲੇ।
[1]ਸ਼ਰਾਬ।
[1]ਮ੍ਰਿਗੀ ਦੇਰੋਗ ਵਾਲਾ।

ਗੁਰੂ ਕਹਜੋ ਤੁਹਿ ਆਜ ਤੈ, ਮਿਰਗੀ ਨਹਿ ਆਵੈ।
ਜੇ ਕਰਿ ਮਦਰਾ ਤੂੰ ਪੀਐਂ, ਫਿਰ ਮਾਰ ਗਿਰਾਵੈ
॥ ੯੦ ॥
ਤਬਿ ਹੀ ਗੁਰੁ ਕੇ ਬਚਨ ਤੇ, ਮਿਰਗੀ ਰੁਜ ਨਾਸਾ।
ਸੁਖ ਸੋਂ ਕੁਝ ਦਿਨ ਚੌਧਰੀ, ਕਰਿ ਭੋਗ ਬਿਲਾਸਾ।
ਇਕ ਦਿਨ ਫਿਰ ਉਸ ਚੌਧਰੀ, ਮਦਰਾ ਬਹੁ ਪੀਤੀ।
ਨਿਜ ਮੰਦਰ ਕੇ ਸਿਖਰ ਪੈ, ਚਢਿ ਬੋਲੀ ਕੀਤੀ
॥ ੯੧ ॥
ਭੋ ਅੰਗਦ ! ਮੈਂ ਆਜ ਹੀ, ਪਿਖ ਮਦਰਾ ਪੀਓ।
ਬਚਨ ਤੁਮਾਰਾ ਕਜਾ ਕਰੈ, ਮੈ ਰੁਜ ਬਿਨ ਥੀਓ।
ਗੁਰੂ ਕਹਜੋ ਰਹੋ ਠਾਂਢ ਤੂੰ, ਮਿਰਗੀ ਅਬਿ ਆਈ।
ਬਚਨ ਹਮਾਰਾ ਤੈਂ ਤਜਯੋ, ਮਰ ਹੈਂ ਦੁਖ ਪਾਈ
॥ ੯੨ ॥
ਬਚਨ ਕਰਜੋ ਜਬਿ ਗੁਰੂ ਯੋਂ, ਮਿਰਗੀ ਤਿਹ ਉੱਠੀ।
ਦਈ ਭਵਾਲੀ ਮੌਤ ਨੈ, ਤਾ ਕੋ ਤਬਿ ਪੁੱਠੀ।
ਘੂਮ[1] ਝੂਮ[2] ਧਰ ਪੈ ਗਿਰਯੋ, ਗਰਦਨ ਤਿਹ ਟੂਟੀ।
ਤੜਫੜਾਇ ਕਰਿ ਤਾਹਿ ਕੀ, ਦੇਹੀ ਤਬਿ ਛੂਟੀ
॥ ੯੩ ॥
ਪਿਖਿ ਕੌਤਕ ਯਹਿ ਸਰਬ ਹੀ, ਜਨ ਅਚਰਜ ਹੋਇ।
ਗੁਰ ਕੇ ਬਚਨ ਅਮੋਘ[1] ਹੈਂ, ਰਘੁਬਰ ਸਰ ਜੋਇ[2]।
ਜੋ ਗੁਰ ਢਿਗ ਚਲਿ ਆਵਹੀ, ਮਨ ਬਾਂਛਿਤ ਪਾਏ।
ਦੰਭ ਦਗਾ ਪਾਖੰਡ ਲੌ, ਸਬਿ ਦੀਨ ਹਟਾਏ
॥ ੯੪ ॥
ਚੋਰੀ ਯਾਰੀ ਨਿੰਦਜਾ, ਮਦ ਮੋਹ ਤਜਾਏ।
ਗੋਰ[1] ਮੜੀ ਸਿਲ[2] ਮੂਰਤਾਂ, ਨਹਿ ਕੋਇ ਪੁਜਾਏ।

[1]ਗੇੜਾ ਖਾ ਕੇ। [2]ਹਿਲੋਰਾ ਖਾ ਕੇ।

[1]ਨਿਸ਼ਾਨੇ ਤੋਂ ਨਾ ਉੱਕਣ ਵਾਲੇ, ਸਫਲ। [2]ਰਾਮ ਚੰਦਰ ਦੇ ਤੀਰਾਂ (ਵਾਂਗ) ਵੇਖੇ।

[1]ਕਬਰਾਂ। [2]ਪੱਥਰ ਦੀਆਂ।

ਵਰਤਯੋ ਤਬਿ ਯੋ ਕਲੀ ਮੈਂ, ਸਤਿਜੁਗ ਵਰਤਾਰਾ।
ਦੇਸ ਦੇਸ ਮੈਂ ਗੁਰੂ ਕਾ, ਫੈਲਯੋ ਜਸ ਭਾਰਾ ॥ ੯੫ ॥

ਗੁਰੁ ਅੰਗਦ ਕੇ ਧਾਮ ਮੈਂ, ਥੇ ਜੁਗ ਸੁਤ ਨੀਕੇ[1]। [1]ਦੋ ਚੰਗੇ ਪੁੱਤਰ।
ਦਾਤੂ, ਦਾਸੂ ਜਿਨੋ ਕੇ, ਜਗ ਨਾਮ ਅਲੀਕੇ[1]। [1]ਕਹੀਦੇ ਹਨ।
ਸੁਤਾ[1] ਗੁਰੂ ਕੀ ਏਕ ਥੀ, [1]ਪੁੱਤਰੀ।
ਅਮਰੋ ਜਿਹ ਨਾਮੂ।
ਤਾਂ ਕੀ ਸ਼ਾਦੀ ਗੁਰ ਕਰੀ,
ਬਾਸਰਕੇ ਗ੍ਰਾਮੂ ॥ ੯੬ ॥
ਅਮਰਦਾਸ ਖੱਤ੍ਰੀ ਤਹਾਂ, ਥਾ ਬਡ ਸਤਿਸੰਗੀ।
ਬਾਣੀ ਅਮਰੋ ਤੈ ਸੁਣੀ, ਲਾਗੀ ਤਿਹ ਚੰਗੀ।
ਪੂਛਯੋ ਬਾਨੀ ਕੌਨ ਕੀ? ਬੀਬੀ ਬਤਲਾਈ।
ਹੈ ਸ੍ਰੀ ਨਾਨਕ ਗੁਰੂ ਕੀ, ਹਮਰੇ ਪਿਤ ਪਾਈ ॥ ੯੭ ॥
ਤਿਨ ਤੇ ਮੈਂ ਹੂੰ ਸੀਖ ਲੀ, ਜੋ ਤੁਮੈ ਸੁਨਾਵੋਂ।
ਅਮਰਦਾਸ ਜੀ ਪੁਨ ਕਹਯੋ, ਮੁਹਿ ਦਰਸ ਕਰਾਵੋ।
ਮਾਨ ਬਚਨ ਤਬਿ ਅਮਰ ਕੋ, ਅਮਰੋ ਸੰਗ ਲਜਾਈ।
ਅਮਰ ਦਾਸ ਮਗ ਚਲਤ ਹੀ, ਮਨ ਯੋਂ ਠਹਿਰਾਈ ॥ ੯੮ ॥
ਜੇ ਕਰਿ ਮੁਝ ਕੋ ਦੇਹਂਗੇ, ਗੁਰੁ ਸੀਤ ਪ੍ਰਸ਼ਾਦੂ[1]। [1]ਗੁਰੂ ਜੀ ਦੇ ਛਕਣ ਤੋਂ ਬਚਿਆ ਭੋਜਨ।
ਤਬਿ ਹੀ ਹੋਵੋਂ ਸਿਖ ਮੈਂ, ਲਖਿ ਪੁਰਖ ਅਨਾਦੂ[1]। [1]ਆਦਿਰਹਿਤ।
ਆਇ ਬੰਦਨਾ ਕਰਿ ਥਿਰਯੋ,
ਗੁਰੁ ਦਿਲ ਕੀ ਜਾਨੀ।
ਭੋਜਨ ਅਪਨੇ ਥਾਲ ਤੇ,
ਦਿਯ ਸੀਤ ਮਹਾਨੀ ॥ ੯੯ ॥
ਪਿਖਿ ਅਜ਼ਮਤ ਖੁਸ਼ ਅਮਰ ਹ੍ਵੈ, ਗੁਰ ਚਰਨੀ ਲਾਗਾ।
ਤਨ ਮਨ ਧਨ ਕੁਰਬਾਨ ਕੈ, ਸਿੱਖ ਭੋ ਬਡਭਾਗਾ।
ਪੰਦ੍ਰਾਂ ਸਏ ਅਠਾਨਵੇਂ, ਗੁਰੁ ਸੇਵਾ ਪਕਰੀ।

ਆਯੂ[1] ਬਾਹਟ ਬਰਸ ਕੀ, ਤਬਿ ਥੀ ਤਿਹਿੰ ਤਕਰੀ ॥੧੦੦॥
[1]ਉਮਰ।

ਲਗਜੋ ਕਰਨ ਤਪ ਅਧਿਕ ਹੀ, ਨਿਤ ਪ੍ਰਤਿ ਹਿਤ ਧਰਿ ਕੈ।
ਅਰਧ ਨਿਸਾ[1] ਤੈ ਜਾਗ ਕੈ, ਵਡ ਸਿਦਕ ਸੁ ਕਰ ਕੈ।
[1]ਅੱਧੀਰਾਤ।

ਲੈ ਗਾਗਰ ਸਾਗਰ ਸ਼ੁਧਾ[1], ਤਬਿ ਅਮਰੁ ਸਿਧਾਵੈ।
[1]ਸ਼ਰਧਾ ਦੇ ਸਮੁੰਦਰ।

ਬਜਾਸਾ ਨਦਿ[1] ਤ੍ਰੈ ਕੋਸ ਤੇ, ਕਲਸਾ[2] ਜਲ ਲਜਾਵੈ ॥੧੦੧॥
[1]ਨਦੀ। [2]ਘੜਾ, ਗਾਗਰ।

ਯੌਂ ਨਿਤਪ੍ਰਤਿ ਇਸ਼ਨਾਨ ਸੋ, ਗੁਰ ਕਾ ਕਰਵਾਵੈ।
ਔਰ ਹਜੂਰੀ ਟਹਲ ਜੋ, ਸਭਿ ਅਧਿਕ ਕਮਾਵੈ।
ਸਮਧਾ[1] ਬਨ ਤੇ[2] ਲਜਾਇ ਕੈ, ਲੰਗਰ ਮੋਂ, ਪਾਵੈ।
[1]ਲਕੜਾਂ, ਬਾਲਣ। [2]ਜੰਗਲ ਤੋਂ।

ਬਾਸਨ[1] ਮਾਂਜੈ ਪ੍ਰੇਮ ਸੌਂ, ਚੌਂਕਾ ਨਿਤ ਲਾਵੈ ॥੧੦੨॥
[1]ਭਾਂਡੇ।

ਟਹਲ ਭਜਨ ਗੁਰੁ ਧਜਾਨ ਮੈਂ, ਨਿਸ ਦਿਵਸ ਬਿਤਾਵੈ।
ਆਪਾ ਕਭੀ ਨਾ ਕਿਸੀ ਕੋ, ਫਿਰ ਜਰਾ ਜਨਾਵੈ।
ਮਨ ਤਨ ਕਰਿ ਗੁਰੁ ਭਗਤਿ ਮੈਂ, ਅਤਿਰਾਚਜੋ ਜਬਿ ਹੀ।
ਯਾ ਬਿਧਿ ਬੀਤੇ ਸਾਲ ਜੋ, ਦ੍ਵਾਦਸ ਪੁਨ ਤਬਿ ਹੀ ॥੧੦੩॥

ਕਬਿਤ:

ਏਕ ਦਿਨ ਪੋਸ ਮਾਸ[1] ਉੱਠ ਕੈ ਅਮਰਦਾਸ,
ਰੋਜ ਕੇ ਵਕਤ ਖਾਸ ਚਲੇ ਮੋਦ ਧਾਰੀਆ।
[1]ਪੋਹ ਦਾ ਮਹੀਨਾ।

ਘੁਮਡੇ ਅਪਾਰ ਘਨ[1] ਬੇਸ਼ੁਮਾਰ ਡਾਰੈਂ ਬਨ[2],
ਬਜਾਰਿ[1] ਭੀ ਉਖਾਰੈ ਬਨ[2], ਬੀਜ[3] ਚਮਕਾਰੀਆ।
[1]ਬਹੁਤ ਉਛਲੇ ਹੋਏ ਬੱਦਲ। [2]ਪਾਣੀ।
[1]ਹਵਾ। [2]ਜੰਗਲ, ਬ੍ਰਿਛ। [3]ਬਿਜਲੀ।

ਗਾਗਰ ਉਜਾਗਰ ਲੈ ਸਾਗਰ ਸਿਦਕ ਗੁਰੁ,
ਸਾਗਰ ਸੋਂ[1] ਲੇਨ ਚਲੇ ਸਾਗਰ[2] ਸੁਧਾਰੀਆ।
[1]ਨਦੀ ਤੋਂ। [2]ਪਾਣੀ।

ਜਦਯਪਿ ਕਲੇਸ਼ ਤਨ ਬੇਸ਼ਕ ਬਿਸ਼ੇਸ਼ ਭਯੋ,
ਤੌ ਭੀ ਮਨ ਮੈ ਅਸ਼ੇਸ਼[1] ਸੁਖ ਮੋਦ ਧਾਰੀਆ
[1]ਬਹੁਤਾ।

॥ ੧੦੪ ॥

ਜੀਰਣ[1] ਸੀ ਲੋਈ ਸੋਈ ਭੀਗ ਹੋਈ ਤਰ[2] ਅਤਿ,
ਦੋਈ ਜਨ[1] ਕੋਈ ਨ ਕਿਤੋਈ[2] ਜੋਈ ਜਾਪ ਹੈ[3]।
ਬੀਜ ਚਮਕਾਵੈ ਦਰਸਾਵੈ ਮਗ ਡਰ ਪਾਵੈ,
ਸ਼ੇਰ ਗਰਜਾਵੈਂ ਆਵੈਂ ਬੀਛੀ[1] ਬਹੁ ਸਾਂਪ ਹੈਂ।
ਆਵੈਂ ਜਲ ਚੜੇ ਹੜੇ[1] ਲਕੜੇ[2] ਸੇ ਅੜੇਂ ਪਗ,
ਫੜੇ ਧੀਰ ਜਾਵੈਂ ਪੜੇ ਮਨ ਨਹਿ ਕਾਂਪ ਹੈ[1]।
ਆਗੈ ਚਢਜੋ ਦਰਜਾਇ ਆਵੈ ਬਢਜੋ ਸ਼ੋਰ ਪਾਏ,
ਅਤਿ ਡਰ ਪਾਏ ਦੁਖਦਾਇ ਸੋ ਅਮਾਪ[1] ਹੈ

[1]ਪੁਰਾਣੀ। [2]ਗਿੱਲੀ।
[1]ਦੂਜਾ ਆਦਮੀ। [2]ਕਿਤੇ ਵੀ। [3]ਜੋ ਜਾਣਦਾ ਹੋਵੇ।
[1]ਬਿੱਛੂ।
[1]ਹੜ੍ਹਾਂ ਦੇ। [2]ਲੱਕੜਾਂ।
[1]ਮਨ 'ਚ ਕਾਂਬਾ ਨਹੀਂ ਪੈਂਦਾ।
[1]ਬਹੁਤਾ।

॥ ੧੦੫ ॥

ਮਹਾਂ ਘੋਰ ਤਮ ਤਰ[1] ਮਾਹਿ ਨਾ ਪਸਾਰਿਜੋ ਕਰ[2],
ਦੀਸੈ ਊਚ ਨੀਚ ਧਰ ਬਿਨਾ ਬੀਜ ਲਸਕੇ[1]।
ਪਾਥ ਸਾਥ[1] ਪਰੇ ਭਰੇ ਪਾਥ[2], ਹਾਥ ਪਾਉਂ ਠਰੇ,
ਹਿੰਮ[1] ਸਾਥ ਸੁੰਨ ਖਰੇ[2] ਭਏ ਬਿਨਾ ਬਸ ਕੇ।
ਭਜਾਨਕ ਮਹਾਨ ਬਨ[1] ਸਘਨ ਸੁ ਨਿਰਜਨ[2],
ਕਾਹੀ ਸਰ ਘਾਸ ਘਨ[1] ਉਰਝਾਤ ਫਸ ਕੇ।
ਪੱਤਨ ਕੁਪੱਤਨ[1] ਕੋ ਲਖਤ ਨਾ ਗਜਾਨ ਸਿੰਘ,
ਜਤਨ ਨ ਬਨੈ ਧਰ ਪਾਉਂ ਜਾਤ ਧਸ ਕੇ[1]

[1]ਬਹੁਤੇ ਭਿਆਨਕ ਤੇ ਗਾੜ੍ਹੇ ਅਨ੍ਹੇਰੇ ਵਿੱਚ। [2]ਹੱਥ ਪਸਾਰਿਆਂ।
[1]ਬਿਜਲੀ ਚਮਕੇ ਤੋਂ ਬਿਨਾਂ।
[1]ਪਾਣੀ ਨਾਲ। [2]ਰਸਤੇ।
[1]ਬਰਫ਼, ਠੰਡ। [2]ਬਹੁਤੇ।
[1]ਜੰਗਲ। [2]ਬਿਨਾਂ ਆਦਮੀਆਂ ਤੋਂ, ਸੁੰਨਾ।
[1]ਬਹੁਤ ਹੈ।
[1]ਚੰਗੇ ਪੱਤਣ ਤੇ ਮਾੜਾ ਪੱਤਣ ਜਾਣਿਆ ਨਹੀਂ ਜਾਂਦਾ।
[1]ਧਰਤੀ 'ਚ ਪੈਰ ਧਸਦੇ ਜਾਂਦੇ ਹਨ।

॥ ੧੦੬ ॥

ਢਾਹੇ ਢਹਿ ਢਹਿ ਪਾਂਹਿ ਪਾਂਹਿ ਗਹਿ ਨਾਂਹਿ ਕਾਂਹਿ[1],
ਥਿਸਲਤ ਪਗ ਜਾਂਹਿ[1] ਠਹਿਰਾਇ ਨਾਂਹਿ ਹੈਂ।
ਮੱਛ ਕੱਛ ਅਸਰਾਲ[1] ਬਾਘ[2] ਬ੍ਰਿਕ[3] ਬਿਕਰਾਲ[11],
ਅਜਦਾਹੇ ਬਯਾਲ[1] ਏ ਬਿਸਾਲ ਹੀ ਫਿਰਾਂਹਿ ਹੈਂ।
ਭੂਤ ਪ੍ਰੇਤ ਜੱਛ, ਲੱਛ[1] ਰਾਖ਼ਸ਼ ਪ੍ਰਤੱਛ[2],
ਦੂਰ ਰਹਿ ਕੈ ਸਮੱਛ ਹ੍ਵੈ[1], ਬਿਲੱਛ[2] ਹੀ ਡਰਾਂਹਿ ਹੈਂ।

[1]ਢਿਗਾਂ ਡਿਗ ਡਿਗ ਪੈਂਦੀਆਂ ਹਨ ਕਿਤੋਂ ਵੀਰਾਹ ਨਹੀਂ ਲੱਭਦਾ।
[1]ਪੈਰ ਤਿਲਕਦੇ ਜਾਂਦੇ ਹਨ।
[1]ਦੋ ਮੂੰਹੀ ਮੋਟੀ ਸੱਪਣੀ ਜਾਂ ਸੱਪ। [2]ਸ਼ੇਰ। [3]ਬਘਿਆੜ। [11]ਭਿਆਨਕ।
[1]ਅਜਗਰ-ਸੱਪ- ਉਹ ਸੱਪ ਜੋ {ਅੱਜ} ਬਕਰੇ ਨੂੰ {ਗਰ} ਨਿਕਲ ਜਾਵੇ।
[1]ਜਾਣੋ। (ਅ) ਲੱਖਾਂ ਹੀ ਭਾਵ ਅਣਗਿਣਤ, ਬਹੁਤੇ। [2]ਪ੍ਰਗਟ ਹੀ।
[1]ਸਾਹਮਣੇ ਹੋ ਕੇ। [2]ਅਨੋਖੇ ਢੰਗਾਂ ਨਾਲ।

ਕੇਤੀ ਯੌਂ ਬਲਾਈਂ ਆਈਂ[1] ਜਗ ਸਾਈਂ ਕੀ ਪਠਾਈਂ,
ਪ੍ਰਖਬੇ ਕੇ ਹੇਤ ਸ੍ਰੀ ਅਮਰ ਕੇ ਚਾਹਿ ਹੈਂ[1]
॥੧੦੭॥

[1]ਬਲਾਵਾਂ ਆਈਆਂ।
[1](ਵਾਹਿਗੁਰੂ ਦੀ) ਇੱਛਾ ਕਰਕੇ।

ਸਾਚ ਜਨ ਰਰੈਂ ਗਾਥ ਹਾਥ, ਪਰ ਧਰੈ ਮਾਥ[1],
ਤਬਿ ਹੀ ਕੋ ਪਰੈ ਪਾਥ[1], ਅਪਣੇ ਮਹਬੂਬ ਕੇ[2]।
ਸੋਹਣੀ ਮੇਹੀਂਵਾਲ, ਰਾਂਝਾ ਹੀਰ, ਸ਼ੀਰੀਂ ਫਰਿਹਾਦ,
ਲੇਲੀ ਮਜਨੂੰ, ਜੁਲੈਖਾਂ ਵੇਖਾ ਯੂਸਫੂਬ ਕੇ[1]।
ਐ ਪੈ ਇਤਜਾਦਿ ਕੂਰ ਆਸ਼ਕ ਹ੍ਵੈ ਭਏ ਸੂਰ[1],
ਆਸ਼ਕ ਹਕੀਕੀ ਏ ਤੋ ਆਸ਼ਕ ਅਜੂਬ ਕੇ[1]।

[1]ਰਸਤੇ। [2]ਪਿਆਰ ਦੇ।
[1]ਯੂਸਫ ਤੇ ਜ਼ੁਲੈਖਾਂ ਦੇ ਤਾਈਂ ਵੇਖੋ।
[1]ਝੂਠੇ ਆਸ਼ਕ ਹੋ ਕੇ ਵੀ ਸੂਰਮੇ ਹੋ ਗਏ।
[1]ਹਕੀਕੀ (ਸੱਚੇ, ਰੱਬੀ) ਆਸ਼ਕ (ਪ੍ਰੇਮੀ) ਤਾਂ ਅਸਚਰਜ ਸੂਰਮੇ ਆਸ਼ਕ ਹਨ।

ਸਿੱਖੀ ਵਾਲੋਂ ਨਿੱਕੀ ਖੰਨਜੋਂ[1] ਤਿੱਖੀ ਯੌਂ ਪਰਿੱਖੀ ਦਿੱਖੀ[2],
ਲਿੱਖੀ ਪਿੱਕੀ ਗ੍ਰੰਥ ਨਿੱਖੀ[1] ਮਿੱਖੀ ਰਿੱਖੀ ਊਬ ਕੇ[2]
॥੧੦੮॥

[1]ਖੰਡੇ ਤੋਂ। [2]ਪਰਖ ਕੇ ਦੇਖੀ ਹੈ।
[1]ਗ੍ਰੰਥਾਂ ਵਿੱਚ ਲਿਖੀ ਵੇਖੀ ਹੈ। [2]ਰਿਖੀਆਂ ਦੀ ਕੁਲ ਲਈ ਵੀ ਇਹ ਘਬਰਾਹਟ ਹੈ ਭਾਵ ਬਹੁਤ ਕਠਨ ਹੈ। (ਮਿੱਖੀ=ਆਮਿਖ, ਕੁਲ, ਵੰਸ਼। ਊਬ-ਵਿਆਕੁਲਤਾ, ਘਬਰਾਹਟ}।

ਸਿਰੋਂ ਪਰੇ ਇਸ਼ਕ ਕਾ ਡੇਰਾ ਹੈ ਜਹਾਨ ਜਾਨੇ,
ਝੰਡੇ ਜਿੱਥੇ ਆਸ਼ਕੋਂ ਕੇ ਝੂਲਤੇ ਮੈਦਾਨ ਮੈਂ।
ਪੀਰ ਔ ਪਿਗੰਬਰ ਫਕੀਰ ਅਵਤਾਰ ਜਿੱਥੋਂ,
ਆਏ ਖ਼ੌਫ਼[1] ਹਟੈਂ ਪਾਛੇ ਰਹੇ ਨਾ ਓਸਾਨ ਮੈਂ[2]।
ਕਰਨੇ ਕਰਾਰ ਸੌਖੇ ਪਾਲਣੇ ਹੈਂ ਬੋਲ ਔਖੇ,
ਜਾਨ ਔ ਜਹਾਨ ਖੋ ਕੇ[1] ਪੁਯਤ[2] ਪਛਾਨ ਮੈਂ[3]।
ਪਰਣ ਨਿਬਾਹੈ ਜੇ ਮਰਣ ਮਾਂਡੈ[1] ਗਯਾਨ ਸਿੰਘ,
ਮਨ ਤਨ ਧਨ ਕਰੌਂ ਤਿਨ ਪੈ ਕੁਰਬਾਨ ਮੈਂ
॥੧੦੯॥

[1]ਡਰ। [2]ਹੋਸ਼ ਵਿੱਚ।
[1]ਗਵਾ ਕੇ। [2]ਪੁੱਜਦੇ ਹਨ। [3]ਮੈਂ ਪਛਾਣਿਆ ਹੈ।
[1]ਮਰਨਾ ਮਿਥ ਕੇ।

ਆਗ ਮੈ ਜਰਨ[1] ਜਾਇ ਹਿੰਮ ਮੈ ਗਰਨ ਸੌਖ[2],
ਸਿੰਘ ਸਾਂਪ ਫਰਨ ਲਰਨ ਅਰਿ ਚਾਹਿਬੋ।
ਗਿਰ ਤੈ ਗਿਰਨ ਸਬਿ ਧਰਨਿ ਫਿਰਨ,
ਏਕ ਪਾਉਂ ਪੈ ਥਿਰਨ, ਚਢਿ ਸੂਲਿ ਪੈ

[1]ਸੜਨ। [2]ਬਰਫ਼ 'ਚ ਗਲਣਾ ਸੌਖਾ ਹੈ।
[1]ਸੂਲੀ 'ਤੇ ਚੜ੍ਹ ਕੇ ਔਖਾ ਹੋਣਾ।

ਉਖਾਹਿਬੋ[1]।
ਗਜ ਮੱਤ ਸੈਂ ਅਰਨ ਕਰਵੱਤ ਪੈ ਚਰ੍ਹਨ[1],
ਦੁਖ ਅਤਿਸੈ ਜਰਨ[1] ਤਨ ਹਮਨ ਕਰਾਹਿਬੋ[2]।
ਇਤਯਾਦਿਕ ਕਠਿਨ ਕਰੈ ਤੋ ਕਰਿ ਸਾਕੈਂ ਬਹੁ,
ਸਬਿ ਤੇ ਕਠਿਨ ਅਤਿ ਇਸ਼ਕ ਨਿਬਾਹਿਬੋ ॥੧੧੦॥

[1]ਚੜ੍ਹਨਾ ਭਾਵ ਚੀਰੇ ਜਾਣਾ।
[1]ਸਹਾਰਨਾ। [2]ਸ਼ਰੀਰ ਦਾ ਹਵਨ ਕਰਾ ਦੇਣਾ।

ਦੇਖੀਏ ਵਿਚਾਰੀ ਗੁਰ ਅਮਰ ਨਿਬਾਹਿਓ ਭਾਰੀ,
ਦੁਸ਼ਵਾਰੀ[1] ਬੇਸੁਮਾਰੀ ਸਾਰੀ ਸਿਰ ਸਹਿ ਕੈ।
ਆਪ ਹੈ ਗਵਾਯੋ ਜਿਨ ਪਾਯੋ ਪੀਯਾ ਤਬੈ ਤਿਨਿ,
ਬਿਨ ਸਿਰ ਦੀਏ ਸੁਧਾ ਮੁਦਾ ਕਹਾਂ ਚਹਿਕੈ[1]।
ਐਸੇ ਅਤਿ ਸਖਤ ਕੁਰੱਖਤ ਵਖਤ ਮਾਂਹਿ[1],
ਰਾਖਜੋ ਧਰਮ ਧੀਰ ਜਿਨ ਸਿਦਕ ਉਮਾਹਿਕੈ[1]।
ਜੀਵਨ ਤੈ ਧੋਏ ਹਾਥ ਮਨ ਰਾਖ ਬਿਸ੍ਵ ਨਾਥ[1],
ਗੁਰੁ ਕੌ ਨਿਵਾਇ ਮਾਥ ਸਾਥ ਉਤਸ਼ਾਹਿ ਕੈ ॥੧੧੧॥

[1]ਮੁਸ਼ਕਲਾਂ।
[1]ਅੰਮ੍ਰਿਤ ਅਨੰਦ ਦੀ ਕਿਵੇਂ ਕੋਈ ਇੱਛਾ ਕਰ ਸਕਦਾ ਹੈ।
[1]ਔਖੇ ਸਮੇਂ ਵਿੱਚ।
[1]ਉਤਸ਼ਾਹ ਨਾਲ।
[1]ਪ੍ਰਮੇਸ਼ਰ।

ਕੂਦ ਪਰੇ ਬਿਨਾ ਦੇਰ ਦਰਿਯਾਉ ਵੀਚ ਹੇਰ
ਪ੍ਰਭੂ ਨੈ ਪ੍ਰੇਮ ਦਰਿਯਾਉ ਕੀਨ ਥਾਹਿ[1] ਹੈ।
ਦੇਵਤਾ ਬਿਵਾਨ ਚਰ੍ਹ[1] ਆਏ ਆਸਮਨ ਪਰ,
ਧੰਨਜ ਧੰਨਜ ਬੈਨ ਰਰ[1] ਫੂਲ ਬਰਸਾਹਿਂ ਹੈਂ।
ਭਯੋ ਹੈ ਨਾ ਹੋਇ ਐਸੋ ਸਾਦਕ[1] ਤੁਮਾਰ ਜੈਸੋ,
ਨੇਮ ਔ ਪ੍ਰੇਮ ਤੈਸੋ ਕਰੈ ਜੋ ਨਿਬਾਹਿ ਹੈਂ।
ਦੇਵਨ ਕੋ ਦੁਲਭ[1] ਸੁਲਭ[2] ਪਦ ਪਾਯੋ ਤੁਮ,
ਰਿਖਿ ਮੁਨਿ ਸਿੱਧੁ ਸਾਧ ਜਾਂਹਿ ਸਬਿ ਚਾਹਿ ਹੈਂ ॥੧੧੨॥

[1]ਥੱਲੇ, ਨੀਵਾਂ।
[1]ਚੜ੍ਹ ਕੇ।
[1]ਬਚਨ ਕਹਿ ਕੇ।
[1]ਭਰੋਸੇ ਵਾਲਾ।
[1]ਔਖਾ ਲੱਭਦਾ ਹੈ। [2](ਉਹ) ਪਦ ਤੁਸਾਂ ਸੌਖਾ ਹੀ ਲੱਭ ਲਿਆ ਹੈ।

ਰਾਵਰੀ[1] ਸਰਨ ਜੋਊ ਐ ਹੈ ਪੈ ਹੈ ਚਾਰ ਫਲ,
ਬਿਨ ਹੀ ਅਵਾਰ[1] ਬੇਸ਼ੁਮਾਰ ਜਨ ਤਾਰ ਹੈ।
ਇੰਦੁ[1] ਔ ਬਿਭਾਸ[2] ਜੌ ਲੌ ਕੈਹੈਂ[3] ਪ੍ਰਕਾਸ਼ ਖਾਸ[11],
ਤਬਿ ਲੌ ਰਹੈਗੋ ਨਾਮ ਰਾਵਰੋ ਉਚਾਰ ਹੈਂ।
ਏਕ ਵਾਰਿ ਨਾਮੁ ਲੈ ਹੈ ਆਪ ਕੋ ਜੋ ਜਗ ਮੈ ਹੈ,

[1]ਆਪ ਦੀ।
[1]ਦੇਰ।
[1]ਚੰਦ। [2]ਸੂਰਜ। [3]ਕਰਨਗੇ। [11]ਆਪਣਾ।

ਜਮ ਕੋ ਨਾ ਸੋ ਪਿਖੈ ਹੈ ਜੈਹੈ ਭਵ ਪਾਰ ਹੈਂ।
ਐਸੇ ਸੁਨਿ ਸੁਰ ਬਾਨੀ[1] ਮਾਨੀ ਮੋਦ ਗੁਰੁ ਗਜ਼ਾਨੀ,
ਠਾਨੀ ਨਮੋ ਦੇਵਤਾਨੀ[1] ਦਾਨੀ ਗਤਿ ਸਾਰ ਹੈਂ[2]
॥ ੧੧੩ ॥

[1]ਦੇਵਤਿਆਂ ਦੀ ਬਾਣੀ।
[1]ਦੇਵਤਿਆਂ ਨੇ ਨਮਸਕਾਰ ਕੀਤੀ। [2](ਜੋ ਸਤਿਗੁਰੂ) ਸਾਰੀਆਂ ਮੁਕਤੀਆਂ ਦੇ ਦਾਤੇ ਹਨ।

ਬਿਨਾ ਬਾਰ[1] ਬਾਰ ਭਰੇ[2] ਤਜ ਕੈ ਅਵਾਰ[3] ਭਰ[11],

[1]ਬਿਨਾਂ ਦੇਰੀ ਤੋਂ। [2]ਪਾਣੀ ਭਰ ਕੇ। [3]ਬਹੁਤ ਕਾਹਲੀ ਨਾਲ। [11]ਭਲੀ ਤਰ੍ਹਾਂ।

ਆਏ ਮੋਦ ਧਾਰ ਕਰਿ ਪੁਰ ਪਾਸ ਹੈਂ ਜਬੈ।
ਮਗ ਮਾਂਹਿ ਹੁਤੋ ਖਾਸ ਜੋ ਜੁਲਾਹੇ ਕੋ ਅਵਾਸ[1],
ਪਗ[1] ਲਗਿ ਕੀਲੀ ਤਾਸ[2] ਗਿਰੇ ਧਰ ਪੈ ਤਬੈ।
ਐ ਪੈ ਨਾ ਸੰਭਾਰਿਓ ਦੇਹ, ਨੇਹ ਤੇਹ ਲੇਹ ਦੇਹ[1],

[1]ਘਰ।
[1]ਪੈਰ। [2]ਤਿਸ ਜੁਲਾਹੇ ਦੀ।
[1]{ਤੇਹ} ਤਿਨਾਂ ਸਤਿਗੁਰਾਂ ਨੇ {ਨੇਹ} ਪ੍ਰੇਮ ਵਿੱਚ {ਲੇਹ ਦੇਹ} ਬਹੁਤ ਕਾਹਲੀ ਕਰਕੇ।

ਜੇਹ ਕੇਹ ਜਲ ਵੇਹ ਲੀਓ ਹੈ ਬਚੈ ਸਭੈ[1]।
ਸੁਨ ਕੈ ਖੜਾਕ ਜੋ ਝੜਾਕ[1] ਬੂਝਯੋ ਜੁਲਹੇ,
ਤੜਾਕ ਦੈ[1] ਜੁਲਾਹੀ ਕਹਯੋ ਯੌਂ ਪੜਾਕ ਦੈ[2] ਤਬੈ
॥ ੧੧੪ ॥

[1]ਜਿਵੇਂ ਕਿਵੇਂ ਉਹ (ਘੜੇ ਦਾ) ਸਾਰਾ ਜਲ ਬਚਾ ਲਿਆ।
[1]ਛੇਤੀ।
[1]ਝਟਪਟ। [2]ਪੱਟਕ ਦੇ ਕੇ ਭਾਵ ਬਹੁਤ ਕਾਹਲੀ ਨਾਲ।

ਐਸੇ ਅਤਿ ਕਹਿਰ ਕਰਾਲ ਸੇ ਕਮਾਲ ਕਾਲ
ਮਾਂਹਿ[1], ਕੌਨ ਨਿਕਸਤ ਘਰ ਤੈ ਸੰਸਾਰੀ[2] ਹੈ।
ਬਿਨਾ ਏਕ ਅਮਰੂ ਨਿਥਾਵੇ ਨਿਧਰੇ[1] ਨਿਮਾਨੇ,
ਅੰਗਦ ਕੇ ਪਾਸ ਜਿਨਿ ਦੇਹ ਬੇਚ ਡਾਰੀ ਹੈ।
ਤਾਂ ਪਰ ਕਮਾਲ[1] ਹੈ ਬਿਸਾਲ ਏ ਚੁਹੱਤਰ ਸਾਲ,
ਉਮਰ ਨਿਹਾਲ[1] ਯਾਂ ਕੀ ਚਾਲ ਬਾਲ ਵਾਰੀ ਹੈ[2]।
ਅਚਰਜ ਬਾਤ ਯਾਂਵ ਕੋ ਚੈਨ ਨਾਹਿ ਦਿਨੇ ਰਾਤ,
ਟਹਲ ਕਮਾਤ ਹੀ ਰਹਾਤ ਬਡ ਭਾਰੀ ਹੈ
॥ ੧੧੫ ॥

[1]ਬਹੁਤੇ ਭਿਆਨਕ ਕਹਿਰ ਨਾਲ ਭਰੇ ਸਮੇਂ ਵਿੱਚ। [2]ਗ੍ਰਿਹਸਤੀ।
[1]ਜਿਸ ਦਾ ਕੋਈ ਪੱਖੀ ਨਹੀਂ।
[1]ਅਸਚਰਜ।
[1]ਦੇਖੋ। [2]ਤੋਰ ਬਾਲਕਾਂ ਵਰਗੀ ਹੈ।

ਸੁਨਿ ਤਾਂ ਕੇ ਬੈਨ ਐਨ ਖਯਾਲ ਹੂੰ ਨ ਕੈਨ[1] ਜਰਾ,
ਸੋਕ ਹੈ ਨ ਨੋਕ[1] ਨੈਨ ਓਕ ਚੈਨ ਛਯੋ ਹੈ[2]।

[1]ਕੀਤਾ।
[1](ਜੁਲਾਹੀ ਦੀਆਂ) {ਨੋਕ} ਤਰਕਾਂ ਦਾ ਸੋਗ ਨਹੀਂ ਹੈ। [2]ਨੇੜ੍ਹਾਂ ਦੇ ਘਰ ਵਿੱਚ ਸ਼ਾਂਤੀ ਭਰੀ ਹੋਈ ਹੈ।

ਗਾਗਰ ਲੈ ਸਾਗਰ ਉਜਾਗਰ ਰੋਜਾਗਰ ਜਜੋਂ,
ਸਾਗਰ ਸੈਂ ਨਾਨ੍ਹ ਸੁਖ ਸਾਗਰ ਕਰਾਯੋ ਹੈ[1]।

[1]{ਸਾਗਰ} ਪਾਣੀ ਦੀ ਗਾਗਰ ਲੈ ਕੇਰੋਜ਼ਾਨਾ ਵਾਂਗ {ਸਾਗਰ} ਪਾਣੀ ਨਾਲ ਸੁੱਖਾਂ ਦੇ ਸਮੁੰਦਰ (ਸ੍ਰੀ ਗੁਰੂ ਅੰਗਦ ਦੇਵ ਜੀ) ਦਾ ਇਸ਼ਨਾਨ ਕਰਵਾਇਆ।

ਜਰਾ ਨ ਜਨਾਜੋ ਜੋ ਉਠਾਯੋ ਥਾ ਕਲੇਸ਼ ਬੇਸ[1],
ਐ ਪੈ ਸਤਿਗੁਰੂ ਧਜਾਨ ਠਾਂਨ ਜਾਨ ਲਜੋ ਹੈ।
ਆਇ ਕੈ ਦੀਵਾਨ ਮੈ ਥਿਰਾਏ ਮੋਦ ਮਾਨ ਗੁਰੂ
ਸਿੱਖਨ ਕੋ ਗਜਾਨ[1] ਕੈ ਅਮਰ ਬੁਲਵਾਯੋ ਹੈ
॥ ੧੧੬ ॥

[1]ਬਹੁਤਾ।

[1]ਜਾਣੂ ਕਰਵਾਉਣ ਲਈ।

ਅੰਕ[1] ਭਰ ਲਯੋ ਗੁਰੁ ਅੰਗਦ ਅਮਰ ਤਾਈਂ,
ਨੈਨ ਜਲ ਛਯੋ[1] ਕੀਯੋ ਬਚਨ ਬਖਾਨ ਹੈਂ।
ਮਾਨ ਤੂੰ ਨਿਮਾਨਿਯੋ. ਨਿਥਾਵਿਓਂ ਕਾ ਥਾਨ ਤੂੰ,
ਨਿਓਟਿਓਂ ਕੀ ਓਟ ਤੂੰ ਨਿਤਾਨਿਓਂ ਕਾ ਤਾਨ ਹੈਂ।
ਇਤਜਾਦਿ ਬਰ ਦੈ ਕੈ ਦੰਪਤੈ[1] ਬੁਲੈ ਕੈ ਬੂਝਯੋ,
ਕੀਨ ਤੌ ਜੁਲਾਹੀ ਸਬਿ ਨਿਸ ਕੌ ਬਜਾਨ[1] ਹੈ।
ਹੋਇ ਕੈ ਪ੍ਰਸੰਨਜ ਧੰਨਜ ਧੰਨਜ ਕਹਿ ਅਮਰ ਕੋ,
ਕਰ ਦੀਨੋ ਤਿਲਕ ਗੁਰਜਾਈ ਕੋ ਮਹਾਨ ਹੈ
॥ ੧੧੭ ॥

[1]ਜੱਫੀ ਵਿੱਚ।

[1]ਭਰ ਗਿਆ।

[1]ਜੁਲਾਹੀ ਤੇ ਜੁਲਾਹੇ ਨੂੰ।

[1]ਰਾਤ (ਦੀ ਘਟਨਾ ਨੂੰ) ਵਰਣਨ ਕੀਤਾ।

ਜਬਿ ਤੇ ਅਮਰ ਦਾਸ ਅਏ ਥੇ ਗੁਰੂ ਕੇ ਪਾਸ,
ਬੂਝੀ ਥੀ ਨ ਬਾਤ ਤਾਸ[1] ਔਰ ਕੋਊ ਕਬਿ ਹੀ।
ਨਿਜ ਕਰ[1] ਕਾ ਰੁਮਾਲ ਏਕ ਸਾਲ ਪਾਛੇ ਏਕ,
ਬਖ਼ਸ਼ਤ ਰਹੇ ਤਾਂਹਿ ਸੀਸ ਰਾਖੇ ਸਬਿ ਹੀ।
ਅਬਿ ਉਤਰਾਏ ਜਬਿ ਗਿਨੇ ਪਾਏ ਦ੍ਵਾਦਸ ਤੌ[1],
ਭਏ ਕਾਮਰਾਸ[1] ਸਬਿ ਗੁਰੂ ਕਹਯੋ ਤਬਿ ਹੀ।
ਬਸੁ ਸੂਨ ਰਸ ਸਸਿ ਪੋਸ ਸੁਦੀ ਦੂਜ ਲਸ[1],
ਪੂਜ ਕੀਨ ਦੂਜ ਗੁਰੁ ਤੀਸਰ ਕੋ ਜਬਿ ਹੀ[1]
॥ ੧੧੮ ॥

[1]ਤਿਸ (ਸ੍ਰੀ ਗੁਰੂ ਅਮਰ ਦਾਸ ਜੀ) ਨੂੰ।

[1]ਹੱਥ।

[1]ਤਾਂ ਬਾਰਾਂ ਹੋਏ।

[1]ਪੂਰੇ, ਮੁਕੰਮਲ।

[1]ਸੰਮਤ ੧੬੦੮ ਬਿ: ਪੋਹ ਸੁਦੀ ਦੂਜ ਚਮਕਦੀ ਸੀ। {ਬਸੁ-੮, ਸੂਨ-੦, ਰਸ-੬, ਸਸਿ-੧=ਉਲਟਾਇਆਂ ੧੬੦੮}।

[1]ਦੂਜੇ ਗੁਰਾਂ ਨੇ ਜਦੋਂ ਤੀਜੇ ਗੁਰਾਂ ਨੂੰ ਪੂਜਨੀਕ ਕੀਤਾ ਭਾਵ ਗੁਰਤਾ ਗੱਦੀ ਬਖ਼ਸ਼ੀ।

ਦੋਹਰਾ:
ਸ੍ਰੀ ਗੁਰੁ ਦੁਤੀ ਅਦੁਤੀ ਬਪੁ[1],
ਤ੍ਰਿਤੀ ਮਾਸ ਪਸਚਾਤ।
ਗ੍ਰਹ ਨਭ ਦ੍ਰਸ਼ਨ ਬ੍ਰਹਮ,
ਮਧੁ ਮਾਸ, ਚੌਥ ਸੁਦਿ ਜਾਤ[1] ॥ ੧੧੯ ॥

[1]ਪ੍ਰਮੇਸ਼ਰ ਸਰੂਪ ਦੂਜੇ ਗੁਰੂ।

[1]ਸੰਮਤ ੧੬੦੯ ਬਿ: ਮਹੀਨਾ ਚੇਤ ਸੁਦੀ ੪ ਜਾਣੋ। {ਗ੍ਰਹ-੯, ਨਭ- ੦, ਦਰਸ਼ਨ-੬, ਬ੍ਰਹਮ-੧=ਉਲਟਾਇਆ ੧੬੦੯}।

ਤ੍ਰਿਨ ਜਜੋਂ[1] ਤਨ ਤਜਿ ਤਨਕ ਮੈਂ[2]
ਮਿਲੇ ਨੂਰ ਮੈ ਨੂਰ[1]।
ਸੁਜਸੁ ਸੁ ਕੀਰਤਿ ਧਰਾ ਪਰ
ਗਏ ਛੋਰ ਨਿਜ ਭੂਰ ॥ ੧੨੦ ॥

[1]ਕੱਖ ਵਾਂਗ। [2]ਥੋੜ੍ਹੇ ਜਿਹੇ ਸਮੇਂ ਵਿੱਚ।

[1]ਜੋਤ ਵਿੱਚ ਜੋਤ ਮਿਲ ਗਈ।

ਨਿਜ ਤਨ ਅੱਛਤ[1] ਸਮਾਧ ਨਿਜ,
ਥੀ ਜੋ ਕਰੀ ਤਜਾਰ।
ਸੋ ਖੰਡੂਰ ਅਬਿ ਮਾਨੀਅਤ,
ਜੋੜ ਸਰਾਧਨ ਭਾਰ[1] ॥ ੧੨੧ ॥

[1]ਹੁੰਦਿਆਂ।

[1]ਸਰਾਧਾਂ ਦੇ ਦਿਨ ਵਿੱਚ ਭਾਰਾ ਜੋੜ ਮੇਲ ਹੁੰਦਾ ਹੈ।

ਦੁਤੀ ਗੁਰੂ ਕੀ ਗਾਥ ਕਹਿ,
ਦੁਤੀ ਦੂਤ ਕਹਿ ਘਾਇ[1]।
ਨਿਤੀ ਮਿਤੀ ਦਿਖਰਾ ਕਿਤੀ,
ਥਿਤੀ ਸੁ ਕਿਤੀ ਅਧਜਾਇ[1] ॥ ੧੨੨ ॥

[1]ਦ੍ਵੈਤ ਰੂਪ ਜਮਦੂਤ ਨੂੰ ਮਾਰ ਕੇ।

[1]ਕਿਤੇ ਕਿਤੇ ਨੀਤੀ ਤੇ ਤ੍ਰੀਕਾਂ ਦਿਖਾ ਕੇ (ਇਸ) ਧਿਆਇ ਨੇ ਟਿਕਾਅ ਕਰ ਲਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਯਾਨ ਸਿੰਘ ਵਿਰਚਿਤੇ 'ਦੁਤੀ ਗੁਰੂ ਕਾ ਜੋਤੀ ਜੋਤ ਸਮਾਵਨ ਪ੍ਰਸੰਗ ਬਰਨਨੰ' ਨਾਮ ਚੌਦਸਮੋ ਬਿਸ੍ਰਾਮ ॥ ੧੪ ॥

੧੫. {ਸ੍ਰੀ ਗੁਰੂ ਅਮਰਦਾਸ ਜੀ ਦੀ ਕਥਾ}

ਦੋਹਰਾ:

ਇੰਦ੍ਰੀ ਬਿਲ ਮੈਂ ਮੂਸ ਮਨ[1],
ਪਕਰਜੋ ਕਾਂਹਿ[1] ਨ ਜਾਇ।
ਗੁਰੁ ਪਦ ਪਦਮ ਪ੍ਰੇਮ ਕਾ[1],
ਪਕਰੋ ਪਾਰਦ[1] ਪਜਾਇ ॥੧॥

[1]ਇੰਦ੍ਰੀਆਂ ਰੂਪ ਖੁੱਡਾਂ ਵਿੱਚੋਂ ਮਨ ਰੂਪ ਚੂਹਾ।
[1]ਕਿਸੇ ਤਰ੍ਹਾਂ ਵੀ।
[1]ਗੁਰੂ ਦੇ ਚਰਨ ਕਮਲਾਂ ਦੇ ਪ੍ਰੇਮ ਦਾ।
[1]ਪਾਰਾ।

ਸ੍ਵੈਯਾ:

ਕਾਜ਼ੀ ਕੁਰੰਗ ਕੁਰੰਗ ਕਰੇ ਮਲ,
ਮੌਲਵੀ ਮੂਨਰੁ ਮੱਘ ਸੇ ਮਾਰੇ[1]।

[1]ਕਾਜ਼ੀਆਂ ਰੂਪ ਹਰਨਾਂ ਨੂੰ ਮਲ ਕੇ ਖੋਟੇ ਰੰਗਾਂ ਵਾਲੇ ਕਰ ਦਿੱਤਾ, ਹਰਨੀਆਂ ਅਤੇ ਜੰਗਲੀ ਬੱਤਖ਼ਾਂ ਵਰਗੇ ਮੌਲਵੀ ਮਾਰ ਦਿੱਤੇ।

ਸੇਖ ਸਿਆਲ ਸਸੇ[1] ਗਿਨਤੀ ਕਿਸ,
ਸੱਯਦ ਸ਼ੇਰ ਸਹੱਸ੍ਰ ਸੰਘਾਰੇ[1]।

[1]ਸ਼ੇਖਾਂ ਰੂਪ ਗਿੱਦੜ ਤੇ ਸਹੇ।
[1](ਜਦ ਕਿ) ਸੱਯਦਾਂ ਰੂਪ ਸ਼ੇਰ ਹਜ਼ਾਰਾਂ ਹੀ ਨਾਸ ਕਰ ਦਿੱਤੇ।

ਪਾਢੇ ਪਠਾਨ ਕਿਤਾਨ ਪਚਾਇ ਕੈ,
ਮੱਤ ਮਤੰਗ ਮੁਗੱਲ ਬਿਦਾਰੇ[1]।

[1]ਕਿਤਨੇ ਹੀ ਪਠਾਣਾਂ ਰੂਪ ਪਾੜੇ ਨਾਸ ਕਰ ਕੇ ਮੁਗਲਾਂ ਰੂਪ ਮਸਤ ਹਾਥੀ ਮਾਰ ਦਿੱਤੇ। {ਪਾੜਾ– ਭੂਰੇ ਰੰਗ ਦਾ ਹਰਨ ਜੋ ਦੋ ਫੁੱਟ ਉੱਚਾ ਹੁੰਦਾ ਹੈ।}

ਤਾਂ ਹਰਿਗੋਬਿੰਦ ਜੂ ਗੁਰੁ ਕੇ,
ਪਦ ਪੰਕਜ ਕੋ ਹਰਿ ਗਜਾਨ ਜੁਹਾਰੇ[1] ॥੨॥

[1]ਨਮਸਕਾਰ ਕਰਦਾ ਹੈ।

ਦੋਹਰਾ:

ਮਰਦਨ[1] ਕਰੇ ਮਲੇਛ ਜਿਮ,
ਤਿਮ ਮਮ ਬਿਘਨ ਨਿਕੰਦ[1]।
ਸ੍ਰੀ ਹਰਿ ਗੋਬਿੰਦ ਗੁਰੂ ਵਰ,
ਜੈ ਜੈ ਜੈ ਜਸ ਚੰਦ[1] ॥੩॥

[1]ਨਾਸ, ਖ਼ਤਮ।
[1]ਕੱਟ ਦਿਉ।
[1](ਆਪਦੇ) ਜਸ ਰੂਪ ਚੰਦ੍ਰਮਾ ਦੀ (ਤਿੰਨਾਂ ਲੋਕਾਂ ਵਿੱਚ) ਜੈ ਜੈ ਕਾਰ ਹੋ ਰਹੀ ਹੈ।

ਤੀਸ਼੍ਵਰ ਈਸ਼੍ਵਰ ਗੁਰੂ ਕੀ,
ਕਥਾ ਕਵੀਸ਼੍ਵਰ ਗਾਇ।
ਮਿਟੈ ਅਨੀਸ਼੍ਵਰ ਭਾਵ[1] ਤਿਹ,
ਸੁਨੈ ਜੁ ਈਸ਼੍ਵਰ ਧਜਾਇ ॥੪॥

[1]ਨਾਸਤਕ ਪੁਣਾ।

ਚੌਪਈ:

ਗਾਮ ਏਕ ਬਾਸਰਕੇ ਨਾਮੂ।
ਅਹੇ ਸੁਧਾਸਰ ਢਿਗ ਸੁਖ ਧਾਮੂ।

ਬਿਸ਼ਨ ਦਾਸ ਖੱਤ੍ਰੀ ਤਿਹ ਭੱਲਾ।
ਭਗਤ ਬਿਸ਼ਨੁ ਕਾ ਜਗਤ ਅਚੱਲਾ ॥ ੫ ॥
ਤਿਹ ਘਰ ਹਰੀ ਦਾਸ ਸੁਤ ਭਯੋ।
ਚੌਦਾਂ ਸੈ ਪਚਾਸ ਮੈ ਜਯੋ[1]। [1]ਪੈਦਾ ਹੋਇਆ।
ਭੇਜ ਭਾਨ ਤਾਂ ਕੇ ਸੁਤ ਦੂਆ।
ਚੌਦਾਂ ਸੌ ਇਕਾਸੀਏ ਹੂਆ ॥ ੬ ॥
ਦੁੱਗਲ ਖੱਤ੍ਰੀ ਕੇ ਗਿਲਵਾਲੀ[1]। [1]ਪਿੰਡ ਦਾ ਨਾਮ।
ਤਾਂ ਕੀ ਸ਼ਾਦੀ ਭਈ ਉਤਾਲੀ[1]। [1]ਛੇਤੀ।
ਆਈ ਲੱਖੋ ਨਾਮ ਸਮਾਨੀ[1]। [1]ਇਸਤ੍ਰੀ।
ਪੂਤ ਪੂਤ[1] ਤਿਹ ਭਯੋ ਮਹਾਨੀ[2] ॥ ੭ ॥ [1]ਪਵਿੱਤ੍ਰ ਪੁੱਤਰ। [2]ਵੱਡਾ।
ਪੰਦ੍ਰਾ ਸੌ ਛੱਤੀ ਬੈਸਾਖੈ।
ਨੌ ਦਿਨ, ਸੁਦੀ ਚੌਦਸੈ ਚਾਖੈ[1]। [1]ਦੇਖੀ।
ਅਮਰ ਦਾਸ ਪਰਗਟ ਤਬਿ ਭਏ।
ਸਾਇਤ[1] ਨੇਕ ਨਖੱਤ੍ਰ ਲਏ ॥ ੮ ॥ [1]ਘੜੀ।
ਬਾਲ ਉਮਰ ਮੈ ਐਸੇ ਕਾਮ।
ਕੀਨੇ ਸਮ ਅਵਤਾਰਨ ਆਮ[1]। [1]ਬਹੁਤੇ।
ਕਰੈਂ ਦੁਕਾਨ ਧਰਮ ਕੀ ਕਾਰੀ।
ਭਜੈਂ[1] ਭਜਨ ਬੈਠੇ ਨਿਸ ਸਾਰੀ ॥ ੯ ॥ [1]ਕਰਦੇ ਹਨ।
ਜੋ ਗਰੀਬ ਕੋ ਸਨਮੁਖ ਆਵੈ।
ਖਾਨ ਪਾਨ ਪਹਿਰਾਨ ਦਿਲਾਵੈਂ।
ਆਯੋ ਸਾਧੁ ਸੰਤ ਜਹਿਂ ਸੁਨੈਂ।
ਕਰੈਂ ਸੇਵ ਸਤਿ ਸੰਗਤਿ ਪੁਨੈ ॥ ੧੦ ॥
ਰਚੇ ਰਹੈਂ ਹਰਿ ਭਗਤੀ ਮਾਂਹੀ।
ਸਿੰਧੁ[1] ਮਾਂਹਿ ਜਜੋਂ ਮੀਨ[2] ਰਹਾਂਹੀ। [1]ਸਮੁੰਦਰ। [2]ਮੱਛੀ।
ਹਰਿਦ੍ਵਾਰ ਹਰ ਸਾਲ ਪਧਾਰੈਂ।
ਕਰਿ ਇਸ਼ਨਾਨ ਗੰਗ ਮੁਦ ਧਾਰੈਂ ॥ ੧੧ ॥
ਰਿਖੀਕੇਸ਼ ਬਨ ਤਪੋ ਸਿਧਰ ਹੈਂ।
ਮਕਰ ਮਾਸੁ[1] ਤਹਿਂ ਬਾਸ ਸੁ ਕਰ ਹੈਂ। [1]ਮਾਘ ਦਾ ਮਹੀਨਾ।
ਰਿਖੀ ਮੁਨੀ ਤਪਸੀ ਤਹਿਂ ਜੇਤੇ।
ਪੇਖਿ ਸੁਭਾਵ ਜਾਂਹਿ ਬਲਿ ਤੇਤੇ ॥ ੧੨ ॥

ਗੰਗ ਵੀਚ ਨਿਸ ਅਰਧ ਖਰੋਵੈਂ।
ਮਗਨ ਧਜਾਨ ਭਗਵਨ ਮੈਂ ਹੋਵੈਂ।
ਪੁਨਾ ਬੱਦ੍ਰੀ ਨਾਥ ਸਿਧਾਰੈਂ।
ਜਹਿਂ ਤਹਿਂ ਸੰਤਨ ਤਈਂ ਨਿਹਾਰੈਂ ॥ ੧੩ ॥
ਇਸੀ ਤੌਰ ਇਕ ਬੀਸਹਿ ਬਾਰੀ[1]। [1]ਇੱਕੀ ਵਾਰੀਂ।
ਗੰਗ ਉਮੰਗ ਨ੍ਹਾਨ ਕੀਯ ਭਾਰੀ।
ਜਦਜਪਿ ਪੂਰਨ ਸੰਤ ਅਪਾਰੇ।
ਮਿਲੇ, ਕਰੀ ਸੰਗਤਿ ਮੁਦ ਧਾਰੇ ॥ ੧੪ ॥
ਤਦਜਪਿ ਗੁਰੂ ਨ ਧਾਰਜੋ ਕੋਈ।
ਖਾੜ੍ਰ ਜਮਾਂ[1] ਨ ਕਿਸ ਤੈ ਹੋਈ। [1]ਤਸੱਲੀ।
ਜਾਂ ਤੇ ਲਹਿਣੇ ਤੈ ਥਾ ਲਹਿਣਾ[1]। [1]ਲੈਣਾ ਸੀ।
ਜਿਹ ਮਿਲ ਭਏ ਬੰਸ ਕੇ ਗਹਿਣਾ ॥ ੧੫ ॥
ਏਕ ਬੇਰ ਗੰਗਾ ਕੇ ਮਗ ਮੈਂ।
ਪਿਖਜੋ ਜੋਤਸ਼ੀ ਇਨ ਕੇ ਪਗ ਮੈਂ।
ਚਿੰਨਜ[1] ਪਦਮ ਕਾ ਅਤਿ ਸੁਭ ਸੋਹੈ। [1]ਨਿਸ਼ਾਨ।
ਜੋ ਲੱਖਨ ਅਵਤਾਰਨ ਕੋ ਹੈ ॥ ੧੬ ॥
ਦਿਜਵਰ ਇਨ ਪ੍ਰਤਿ ਐਸੇ ਪ੍ਰਾਹਾ[1]। [1]ਕਿਹਾ।
ਦੀਨ ਦੁਨੀ ਕੇ ਤੁਮ ਪਤਸ਼ਾਹਾ।
ਹੋਵਹੁਂਗੇ ਬਡ ਜੋਗੀ ਰਾਜੇ।
ਤੁਮ ਕੋ ਮਾਨੈ ਖਲਕ ਦਰਾਜੇ[1] ॥ ੧੭ ॥ [1]ਬਹੁਤੀ ਸ੍ਰਿਸ਼ਟੀ।
ਯਹਿ ਸੁਨਿ ਇਨ ਪੁਨ ਦਿਜ ਪ੍ਰਤਿ ਕਹਾ।
ਤੁਮ ਕੋ ਭੀ ਮਿਲ ਹੈ ਧਨ ਮਹਾਂ।
ਤੀਰਥ ਕਰਿ ਘਰ ਆਇ ਥਿਰਾਏ।
ਪਹਿਲੇ ਸ਼ਾਦੀ ਨਾਹਿ ਕਰਾਏ ॥ ੧੮ ॥
ਪੁਨ ਨਿਜ ਜਨ ਪਰ ਜਨ[1] ਬਹੁ ਸੰਤੈਂ। [1]ਪਰਾਏ ਲੋਕਾਂ।
ਕਹਜੋ ਤ ਸ਼ਾਦੀ ਕੀਨੀ ਤੰਤੈ[1]। [1]ਛੇਤੀ।
ਸੰਮਤ ਪੰਦ੍ਰਾ ਸੌ ਇਕਹੱਤ੍ਰੇ।
ਸ਼ਾਦੀ ਭਈ ਗਾਮ ਸਨਖੱਤ੍ਰੇ ॥ ੧੯ ॥
ਆਈ ਮਨਸਾ ਦੇਈ ਸਮਾਨੀ[1]। [1]ਘਰ ਵਾਲੀ, ਮਹਲ।
ਜੋ ਪ੍ਰਤੱਖਜ ਲਖਮੀ ਜਾਨੀ।

ਪੰਦ੍ਰਾ ਸੈ ਪੰਝੱਤਰੇ ਮਾਂਹੀ।
ਮੋਹਨ* ਸੁਤ ਉਪਜਯੋ ਘਰ ਤਾਂਹੀ ॥੨੦॥

*ਇਥੇ ਪਾਠ ਮੋਹਰੀ ਛਪਿਆ ਹੋਇਆ ਸੀ ਜੋ ਅਸਾਂ ਮੋਹਨ ਸੁੱਧ ਕਰ ਦਿੱਤਾ ਹੈ ਕਿਉਂਕਿ ਪਹਿਲੇ ਪੁੱਤਰ ਮੋਹਨ ਜੀ ਹੀ ਹੋਏ ਹਨ ਤੇ ਦੂਜੇ ਮੋਹਰੀ ਜੀ ਜਿਨ੍ਹਾਂ ਬਾਰੇ ਅੰਕ ੨੧ ਦੀ ਦੂਜੀ ਤੁਕ 'ਚ ਜ਼ਿਕਰ ਆ ਗਿਆ ਹੈ।

ਤਾਂ ਤੇ ਚਾਰ ਸਾਲ ਪੁਨ ਪਾਛੇ।
ਜਨਮ ਲਯੋ ਮੋਹਰੀ ਜੀ ਆਛੇ।
ਪੰਦ੍ਰਾ ਸੌ ਤਿਰਾਸੀਏ ਮਾਂਹੀ, ਬੀਬੀ ਭਾਨੀ ਪ੍ਰਗਟੀ ਆਹੀ ॥੨੧॥

ਦੋਹਰਾ:

ਕਿਤਕ ਸਾਲ ਬੀਤੇ ਜਬੈ,
ਦੰਪਤਿ[1] ਭਗਤ ਕਮਾਹਿਂ।
ਕਾਰਬਾਰ ਕਰਿ ਧਰਮ ਕਾ,
ਸੰਤਨ ਸੇਵ ਕਮਾਹਿਂ ॥੨੨॥

[1]ਇਸਤ੍ਰੀ-ਪਤੀ।

ਸ਼ੰਕਰ ਛੰਦ:

ਥੀ ਸੁਤਾ ਅੰਗਦ ਕੀ ਜੁ ਅਮਰੋ,
ਗ੍ਰਾਮ ਬਾਸਰ ਜਾਨ।
ਵਹਿ ਪਢਿਤ ਬਾਨੀ ਗੁਰੂ ਕੀ ਨਿਤ,
ਸੁਨਤ ਅਮਰ ਸੁਜਾਨ।
ਜਬਿ ਈਸ ਕੀਨੋ ਚਾਹਿ ਕੁਛ,
ਤਬਿ ਮੇਲ ਲੱਖ ਸਬੱਬ।
ਕਰਿ ਦੇਤ ਵੈਸ ਸਹਾਇਤਾ,
ਜਸ ਆਇ ਹੈ ਭਵਤੱਬ[1] ॥੨੩॥

[1]ਕਿਸਮਤ (ਲੈ ਕੇ) ਆਉਂਦਾ ਹੈ।

ਇਕ ਦਿਵਸ ਬੀਬੀ ਅਈ ਅਮਰੋ,
ਮਿਲਨ ਹੇਤ ਖਡੂਰ।
ਤਿਹ ਸੰਗ ਆਯੋ ਅਮਰ ਭੀ,
ਮਨ ਧਾਰਿ ਸ਼ਰਧਾ ਭੂਰ।
ਕਰਿ ਦਰਸ ਗੁਰ ਪਗ ਪਰਸ ਕੈ[1]
ਮਨ ਹਰਸ[1] ਅਧਿਕ ਬਢਾਇ।
ਜੋ ਕਰਜੋ ਥਾ ਸੰਕਲਪ ਮਗ ਮੈਂ,
ਆਵਤੇ ਇਸ ਭਾਇ[1] ॥੨੪॥

[1]ਛੁਹ ਕੇ।
[1]ਖ਼ੁਸ਼ੀ।
[1]ਇਸ ਤਰ੍ਹਾਂ ਦਾ।

ਨਿਜ ਥਾਲ ਤੈ ਜੌ ਸੀਤ[1] ਅਪਨਾ,
ਦੇਂਹਗੇ ਗੁਰੁ ਮੋਹਿ।
ਸੋ ਗੁਰੂ ਅੰਗਦ ਜਾਨ ਦਿਲ ਕੀ,
ਦਯੋ ਖੁਸ਼ ਹ੍ਵੈ ਵੋਹਿ[1]।
ਦਿਲ ਗਯੋ ਪ੍ਰੇਰਯੋ ਭਯੋ ਮੋਹਿਤ,
ਮਨੋ ਜਾਦੂ ਵਾਰ[1]।
ਪਿਖਿ ਤੇਜ ਗੁਰ ਪ੍ਰਤਾਪ ਸ਼ਕਤੀ,
ਗਹੀ ਭਗਤੀ ਸਾਰ[1] ॥ ੨੫ ॥

[1]ਸ਼ੀਤ ਪ੍ਰਸ਼ਾਦ।

[1]ਉਸ (ਸ੍ਰੀ ਅਮਰ ਦਾਸ ਜੀ) ਨੂੰ।

[1]ਜਾਣੋ ਜਾਦੂ ਦਾ ਵਾਰ ਹੋ ਗਿਆ ਹੈ।

[1]ਸ੍ਰੇਸ਼ਟ।

ਜਿਮ ਮੋਰ ਮੇਘ, ਚਕੋਰ ਸਸਿ,
ਰਵਿ ਚਕ੍ਰਵਾਕ, ਪ੍ਰੀਤਿ[1]।
ਪਤਿਬ੍ਰਤ ਤੀਆ ਸੰਗ ਪੀਆ,
ਦੇਹ ਜੀਆ ਨੀਤ[1]।
ਗੁਰ ਬੈਨ ਪਰ ਮਨ ਮ੍ਰਿਗ ਕੀਨੋ,
ਐਨ ਆਸ਼ਕ ਸਾਚ।
ਮਨ ਤਨ ਸੁ ਧਨ ਸਬਿ ਵਾਰ ਗੁਰ ਪਰ,
ਛੋਰਿ ਜਗ ਮਗ ਕਾਚ ॥ ੨੬ ॥

[1]ਚਕਵੇ ਦੀ ਸੂਰਜ ਨਾਲ ਪ੍ਰੀਤੀ ਹੈ।

[1]ਦੇਹ ਦੀ ਜੀਵ ਨਾਲ ਨਿੱਤ (ਪ੍ਰੀਤੀ ਹੁੰਦੀ ਹੈ)।

ਗੁਰ ਪਦ ਸੁ ਪ੍ਰੇਮ ਪਿਲਾਇ ਪਾਰਦ,
ਮੂਸ ਮਨ ਥਿਰ ਕੀਨ।
ਨਿਜ ਦੇਹ ਗੇਹ ਸਨੇਹ ਤਜਿ,
ਭਜ ਭਗਤਿ ਗੁਰ ਮਨ ਮੀਨ।
ਜਬਿ ਅਯੋ ਥਾ ਗੁਰ ਪਾਸ,
ਅਮਰ ਸੁ ਦਾਸ ਬਿਰਧ ਸਰੀਰ।
ਥੀ ਉਮਰ ਬਾਹਟ ਬਰਸ ਕੀ,
ਬਡ ਪ੍ਰਾਕ੍ਰਮੀ[1] ਧੀਰ ॥ ੨੭ ॥

[1]ਉੱਦਮੀ, ਬਲੀ।

ਤਬਿ ਪੰਦ੍ਰਾਂ ਸੌ ਪਰ ਸਤਾਨਵ,
ਹੁਤੋ ਸੰਮਤ ਸਾਰ।
ਪੁਨ ਬਰਸ ਦ੍ਵਾਦਸ ਸੇਵ ਕੀਨੀ,
ਅਤੀ ਸ਼ਰਧਾ ਧਾਰਿ।
ਨਿਤ ਅਰਧ ਨਿਸ ਉਠਿ ਬਿਸਾਸ ਤੈ
ਤ੍ਰੈ ਕੋਸ ਤੈ ਜਲ ਲਯਾਇ।

ਇਸ਼ਨਾਨ ਸਤਗੁਰ ਕੋ ਕਰਾਵੈ
ਨਹਿ ਜਨਾਵੈ ਕਾਇ ॥੨੮॥
ਪੁਨ ਲਜਾਇ ਸਮੱਧਾ[1] ਜੰਗਲੋਂ,
ਫਿਰ ਕਰੈ ਲੰਗਰ ਸੇਵ।
ਪਹਿਰਾਨ ਖਾਨ ਨਾ ਪਾਨ ਚਾਹੈ,
ਮਾਨ ਕਿੰਚਤ[1] ਏਵ[2]।
ਰਹਿ ਮਸਤ ਰੈਨ ਸਮਸਤ[1] ਦਿਨ,
ਬਿਨ ਪ੍ਰਸਤ[1] ਏਕ ਅਕਾਲ।
ਨਹਿ ਭਜੈ ਔਰੈਂ ਜਜੈ[1] ਕਾਹੂੰ,
ਸਜੈ[1] ਕਿਰਤ[2] ਬਿਸਾਲ ॥੨੯॥
ਅਸ ਕਰੀ ਸੇਵਾ ਲਹਜੋ ਮੇਵਾ,
ਦੁਲੱਭ ਦੇਵਹਿਂ ਜੋਇ[1]।
ਫਲ ਅਮਰ ਦੀਨੋ ਅਮਰ ਕੋ ਗੁਰੁ,
ਅਮਰ ਜਜੋਂ[1] ਖੁਸ਼ ਹੋਇ।

[1]ਲੱਕੜਾਂ।

[1]ਥੋੜ੍ਹਾ ਜਿਹਾ ਵੀ। [2]ਇਸ ਤਰ੍ਹਾਂ।

[1]ਸਾਰਾ।

[1]ਪੂਜਾ।

[1]ਪੂਜਦੇ।

[1]ਕਰਦੇ ਹਨ। [2]ਸੇਵਾ।

[1]ਜੋ (ਫਲ) ਦੇਵਤਿਆਂ ਨੂੰ ਵੀ ਔਖਾ ਲੱਭਦਾ ਹੈ।

[1]ਸ੍ਰੀ ਗੁਰੂ ਅੰਗਦ ਦੇਵ ਜੀ ਨੇ {ਅਮਰ} ਸ਼ਿਵ ਦੇਵਤੇ ਵਾਂਗ ਸ੍ਰੀ ਗੁਰੂ ਅਮਰ ਦਾਸ ਜੀ ਨੂੰ (ਗੁਰਤਾ ਗੱਦੀ ਰੂਪ) ਅਮਰ ਫਲ ਦਿੱਤਾ।

ਸੋ ਗਾਥ ਪਾਛੈ ਲਿਖ ਚੁਕੇ,
ਗੁਰੁ ਦੁਤੀ ਕੀ ਕਥ ਮਾਂਹਿ।
ਅਬ ਸੁਨੋ ਗੋਇੰਦਵਾਲ ਮੈਂ ਜਜੋਂ,
ਬਸੇ ਥੇ ਗੁਰੁ ਯਾਹਿ ॥੩੦॥
ਇਕ ਦਿਵਸ ਅੰਗਦ ਗੁਰੂ ਕੇ,
ਤਨ ਅੱਛਤ[1] ਸੰਮੁਖ ਜਾਨ।
ਹਿਤ ਦਰਸ ਦੇਸ ਬਦੇਸ ਤੈ,
ਬਹੁ ਜੁਰੀ ਸੰਗਤਿ ਆਨ।
ਤਬਿ ਏਕ ਗੋਂਦੇ ਖੱਤ੍ਰੀ,
ਅਰਦਾਸ ਕੀਨੀ ਐਸ।
ਗੁਰੁ ਆਸ ਤੋਸ ਨਿਵਾਸ ਸਬਿ,
ਮਮ ਬਸੈ ਨਗਰੀ ਕੈਸ[1] ॥੩੧॥

[1]ਹੁੰਦਿਆਂ।

[1]ਹੇ ਆਸਾਂ ਪੂਰੀਆਂ ਕਰਨ ਵਾਲੇ ਸਤਿਗੁਰੂ, ਸਾਰੇ ਘਰ ਤੇ ਮੇਰੀ ਨਗਰੀ ਕਿਵੇਂ ਵੱਸੇ।

ਜਹਿਂ ਚਹੋਂ ਗਾਉਂ ਬਸਾਨ ਮੈਂ,
ਤਹਿਂ ਭੂਤ ਪ੍ਰੇਤਰਹਾਹਿਂ।

ਹਮ ਘਰ ਬਨੈ ਹੈਂ ਦਿਵਸ ਕੋ,
ਵਹਿ ਗੇਰ ਨਿਸ ਕੌ ਜਾਹਿਂ।
ਅਬਿ ਆਪ ਕ੍ਰਿਪਾ ਸੋ ਕਰੋ,
ਜਜੋਂ ਹੋਇ ਪਿੰਡ ਅਬਾਦ।
ਨਿਜ ਸਿੱਖ ਲਾਇਕ ਕੋ ਬਸਾਵੋ,
ਲੇਹੁ ਹਿੱਸਾ ਆਧ ॥ ੩੨ ॥
ਤੁਮ ਰੂਪ ਹਰਿ ਕਰਤਾਰ ਪ੍ਰਤੱਖ,
ਸ਼ਕਤਿ ਵਾਰ ਅਪਾਰ।
ਜੋ ਸ਼ਰਨ ਆਵਤ ਪਾਵਤੋ ਸੋ,
ਭਾਵਤੋ[1] ਫਲ ਚਾਰ। [1]ਮਨ ਭਾਉਂਦੇ।
ਫਲ ਵਾਰਿ ਤਰੁ ਜਲ ਵਾਰਿ ਸਰ,
ਨਰ ਨੀਤਿ ਸ਼ਕਤਿ ਜੁ ਵਾਰ[1]। [1]ਫਲ ਵਾਲਾ ਦਰੱਖ਼ਤ, ਪਾਣੀ ਵਾਲਾ ਤਲਾ ਤੇ ਨੀਤੀ ਤੇ ਸ਼ਕਤੀ ਵਾਲਾ ਜੋ ਮਨੁੱਖ ਹੈ।

ਖਗ[1] ਮ੍ਰਿਗ ਪਸੁ ਨਰ ਆਇ ਅਰਥੀ[2] [1]ਪੰਛੀ। [2]ਮੰਗਤਾ।
ਜਾਤ ਬਜਰਥ ਨ ਧਾਰ[1] ॥ ੩੩ ॥ [1]ਜਾਣੋ ਖ਼ਾਲੀ (ਵਾਪਸ) ਨਹੀਂ ਜਾਂਦੇ।
ਯੁਤ ਗਰਜ਼[1] ਕੀਨੀ ਅਰਜ਼ ਜੋ, [1]ਇੱਛਾ ਸਹਿਤ।
ਤਿਹ ਲਰਜ਼[1] ਬਹੁ ਗੁਰ ਪਾਸ। [1]ਕੰਬ ਕੇ ਭਾਵ ਨਿੰਮ੍ਰਤਾ ਤੇ ਅਦਬ ਨਾਲ।
ਗੁਰ ਵਰ ਜੁ ਸੁਨਿ ਨਿਜ ਬਿਰਦ ਦਿਸ[1] ਪਿਖਿ, [1]ਆਪਣੇ ਸਿਖ ਦੀ ਤਰਫ਼ {ਬਿਰਦ-ਸਿੱਖ}।
ਫਰਜ਼ ਸਮਝਯੋ ਖਾਸ[1]। [1]ਆਪਣਾ।
ਬਿਨ ਤਰਜ[1] ਤੂਰਨ ਕਰਯੋ ਪੂਰਨ, [1]ਬਿਨਾ ਗੁੱਸੇ ਤੋਂ ਭਾਵ ਖ਼ੁਸ਼ੀ ਨਾਲ।
ਕਰਜ ਜਿਮ[1] ਤਿਹ ਸਵਾਲ। [1]ਜਿਵੇਂ ਸੁਆਲ ਕੀਤਾ ਸੀ।
ਗਿਨ ਗਟੀ[1] ਲਾਇਕ ਹਠੀ ਪਿਖਿ, [1]ਵਿਚਾਰ ਕਰਕੇ।
ਦੈ ਛਟੀ ਅਮਰਹਿਂ ਭਾਲ[1] ॥ ੩੪ ॥ [1]ਮੱਥੇ 'ਤੇ (ਰਖ) ਦਿੱਤੀ।
ਕਰਿ ਦਯੋ ਤਾਂ ਕੇ ਸੰਗ,
ਰੰਗ ਚਢਾਇ ਢੰਗ ਬਿਸਾਲ।
ਪੁਨ ਕਹਯੋ ਜਹਿਂ ਲੌ ਛਟੀ ਫਿਰ ਹੈ,
ਸਾਥ ਹੁਕਮ ਅਕਾਲ।
ਨਹਿ ਭੂਤ ਪ੍ਰੇਤ ਪਿਸਾਚ ਕਬਹੀ,
ਆਇ ਅੰਦਰ ਕਾਰ[1]। [1]ਲਕੀਰ ਦੇ ਅੰਦਰ।
ਯਹਿ ਨਗਰ ਬਸ ਹੈ ਸਗਰ ਨੀਕੋ,

ਹ੍ਵੈ ਉਜੱਗਰ ਅਪਾਰ ॥ ੩੫ ॥
ਜਿਮ ਪੁਰੀ ਮਥਰਾ ਜਮਨ ਤਟ,
ਸਰਜੂ[1] ਅਜੁਧਯਾ ਜੈਸ। [1]ਨਾਮ ਨਦੀ।
ਤਟ ਗੰਗ ਕਾਂਸ਼ੀ, ਬਜਾਸ ਤਟ,
ਫਲ ਦੈਹ ਯਹਿ ਪੁਰ ਤੈਸ।
ਇਤਜਾਦਿ ਬਰ ਦੈ ਗੁਰੂ ਅੰਗਦ,
ਅਮਰ ਕੋ ਪਠ ਦੀਨ।
ਗੁਰ ਬੈਨ ਐਨ ਸੁ ਲੀਕ ਪਾਹਨਿ,
ਲਖ ਅਲੀਕ ਸੁ ਲੀਨ[1] ॥ ੩੬ ॥ [1]ਪੱਥਰ ਦੀ ਲਕੀਰ ਵਾਂਗ {ਅਲੀਕ} ਯੋਗ ਜਾਣ ਕੇ ਧਾਰਨ ਕਰ ਲਏ।

ਗੁਰ ਅਮਰ ਨੈ ਤਬਿ ਆਇ,
ਗੋਇੰਦਵਾਲ ਗੋਂਦੇ ਸੰਗ।
ਤਿਨ ਕਹਜੋ ਜਹਿ ਲੌ ਫੇਰ ਦੀਨੀ,
ਛਟੀ ਇਨਹਿ ਨਿਸੰਗ।
ਗੁਰ ਹੁਕਮ ਸੋਂ ਘਰ ਰਚੇ ਗੋਂਦੇ,
ਭਯੋ ਨਗਰ ਅਬਾਦ।
ਪੁਨ ਆਇ ਨਿਸ ਮੈਂ ਕਰੀ ਭੂਤਨ,
ਗੁਰੂ ਪਾਸ ਫਰਯਾਦ ॥ ੩੭ ॥
ਥੀ ਏਹ ਥੇਹ ਹਮਾਰ ਬਸਤੀ,
ਆਪ ਲੀਨੀ ਛੀਨ[1]। [1]ਖੋਹ।
ਅਬਿ ਕਹੋ ਹਮ ਕਿਤ ਜਾਂਹਿ,
ਦੇਹੁ ਬਤਾਇ ਜਾਗਾ ਪੀਨ[1]। [1]ਚੰਗੀ।
ਗੁਰ ਕਹਜੋ ਪੁਰ ਸੁਲਤਾਨੀਓਂ ਮੈਂ,
ਰਹੋ ਅਬਿ ਤੁਮ ਜਾਇ।
ਜੋ ਮੂੰਡ[1] ਨੰਗੇ ਖਾਇਂ ਤਿਹਂ ਸੰਗ, [1]ਸਿਰ।
ਤੁਮ ਨਿਸੰਗ ਲਿਹੁ ਖਾਇ ॥ ੩੮ ॥
ਪੁਨ ਖਲਵਾਰਾ[1] ਜੋ ਉਠਾਵੈ, [1]ਪਿੜ, (ਅ) ਦਾਣਿਆਂ ਦਾ ਬੋਹਲ।
ਦਏ ਬਿਨ ਗੁਰ ਕਾਰ[1]। [1]ਦਸਵੰਧ ਦੀ ਭੇਟਾ।
ਤਹਾਂ ਤੇ ਤੁਮ ਅੰਨ ਪਾਨੀ,
ਲੇਹੁ ਜੋਗ ਗੁਜ਼ਾਰ[1]। [1]ਗੁਜ਼ਾਰੇ ਜੋਗਾ।

ਜਹਿਂ ਸਿੱਖ ਗੁਰ ਕੇ ਹੋਇ ਇਕਠੇ,
ਕਰੈਂ ਸ਼ਬਦ ਉਚਾਰ।
ਤਹਿਂ ਆਇ ਥਿਰ ਕਰਿ ਸੁਨੋ ਤੁਮ,
ਯੌਂ ਹੋਇ ਸਹਜ ਉਧਾਰ ॥ ੩੯ ॥
ਵਹਿ ਗਏ ਬੰਦਨ ਕੈ ਭਏ ਖੁਸ਼,
ਆਗਜਾ ਗੁਰ ਪਾਇ।
ਜਜੋਂ ਕਹਜੋ ਗੁਰ ਵਹਿ ਛਕਤ ਹੈਂ,
ਬੇਸ਼ਕ ਲਿਹੁ ਪ੍ਰਤਜਾਇ।
ਜਹਿਂ ਬੀਸ ਨੰਗੇ ਸੀਸ ਛਕ ਹੈਂ,
ਤੀਸ ਕਾ ਉਡ ਜਾਇ।
ਪ੍ਰਸਾਦ ਹੋਇ ਪਚਾਸ ਕਾ,
ਤਹਿ ਸੰਤ ਸੌ ਤ੍ਰਿਪਤਾਇ[1] ॥ ੪੦ ॥

[1]ਰੱਜ ਜਾਂਦੇ ਹਨ।

ਬਿਨ ਸੰਤ ਔ ਦ੍ਵਿਜਾਦਿ ਜਨ,
ਮੁਗਧ ਜੋ ਨਰ ਖਾਹਿ।
ਹ੍ਵੈ ਨੀਤ ਜੈਸ ਮੁਰਾਦ ਤਸ,
ਯਹਿ ਰਵ[1] ਨ ਗੁਰ ਬਿਰਥਾਹਿ।

[1]ਬਾਣੀ।

ਜਬਿ ਬਸਜੋ ਗੋਇੰਦਵਾਲ,
ਗੋਂਦੇ ਖੱਤ੍ਰੀ ਕੇ ਨਾਮ।
ਸਾਲ ਸੋਲਾਂ ਸੈ ਪਰੰ ਤ੍ਰੈ[1],
ਰਚੇ ਗੁਰ ਤਂਹਿ ਧਾਮ ॥ ੪੧ ॥

[1]ਉੱਪਰ ਤਿੰਨ ਭਾਵ ੧੬੦੩ ਬਿ:।

ਜੋ ਕਹਜੋ ਹਿੱਸਾ ਅਰਧ ਗੋਂਦੇ,
ਦਯੋ ਨਹਿ ਇਨ ਲੀਨ।
ਗੁਰ ਰਹੇ ਬੇਪ੍ਰਵਾਹਿ, ਕਾਂਹਿ ਸੁ
ਚਾਹਿ ਨਾਹਿਨ ਕੀਨ।
ਜਬਿ ਪਾਇ ਗੁਰਤਾ ਹੁਕਮ ਗੁਰ ਕਾ,
ਰਹੇ ਗੋਇੰਦਵਾਲ।
ਮ੍ਰਯਾਦ ਆਦਿ ਜੁਗਾਦਿ ਗੁਰ ਕੀ[1]
ਗਹੀ ਸਰਬ ਬਿਸਾਲ ॥ ੪੨ ॥

[1]ਪਹਿਲੇ ਤੇ ਦੂਜੇ ਸਤਿਗੁਰਾਂ ਦੀ।

ਇਕ ਧਰਮਸਾਲਾ ਰਚਿ ਬਿਸਾਲਾ,
ਰਖਜੋ ਲੰਗਰ ਲਾਇ।

ਹ੍ਵੈ ਕਥਾ ਕੀਰਤਨ ਉਭੈ[1] ਵੇਲੇ,
ਸੁਨੈ ਜਨ ਬਹੁ ਆਇ।
ਸਿਖ ਭੇਟ ਦੈ ਉਪਦੇਸ਼ ਲੈ,
ਘਰ ਜਾਹਿਂ ਗਹਿ ਫਲ ਚਾਰ।
ਬਹੁ ਸਿੱਖ ਬੁੱਢੇ ਆਦਿ ਰਹਿਂ,
ਗੁਰ ਪਾਸ ਖਾਸ ਉਦਾਰ ॥ ੪੩ ॥

[1]ਦੋਨੋ।

ਦੋਹਰਾ:
ਸਦਾ ਬਰਤ ਦੋ, ਦੁਹੂੰ ਗੁਰਿ,
ਪੁਰਾ[1] ਰਖੇ ਥੇ ਲਾਇ।
ਇਕ ਸਤ ਸੰਗਤਿ ਨਾਮ ਕਾ,
ਅਸਨ ਬਸਨ ਦੁਤੀਆਇ[1] ॥ ੪੪ ॥

[1]ਪਹਿਲਾਂ ਹੀ।

[1]ਭੋਜਨ ਤੇ ਬਸਤ੍ਰਾਂ ਦਾ ਦੂਜਾ।

ਅਬਿ ਈਸ਼ੂਰ ਤੀਸਰ ਗੁਰੂ,
ਤੀਸਰ ਜਾਰੀ ਕੀਨ।
ਸਦਾ ਬਰਤ ਕਰਮਾਤ ਕਾ,
ਕਭੀ ਨ ਕਿਨਿ ਜੌ ਦੀਨ ॥ ੪੫ ॥

ਰਸਾਵਲ ਛੰਦ:
ਬਾਈ ਮੰਜੀ ਗੱਦੀ ਬਖਸ਼ੀ,
ਕਰਾਮਾਤ ਪੁਰ[1] ਕਰਿ ਕੇ।
ਔਰ ਬਵੰਜਾ ਪੀਢੇ ਬਖਸ਼ੇ,
ਨਿਜ ਬਰਕਤ ਸੋਂ ਭਰਿ ਕੇ।
ਗੁਰੂ ਖਾਲਸੇ ਤਵਾਰੀਖ ਮੈ,
ਹਾਲ ਲਿਖੇ ਜਿਨਿ ਕੇਰੇ*।

[1]ਪੂਰਨ।

*ਬਾਈ ਮੰਜੀਆਂ ਤੇ ਬਵੰਜਾ ਪੀੜ੍ਹਿਆਂ ਦੇ ਮੁਕੰਮਲ ਸਮਾਚਾਰ ਠੇਠ ਪੰਜਾਬੀ ਵਾਰਤਕ ਵਿੱਚ 'ਤਵਾਰੀਖ਼ ਗੁਰੂ ਖ਼ਾਲਸਾ' ਦੇ ਪੰਜਵੇਂ ਹਿੱਸੇ 'ਪੰਥ ਖ਼ਾਲਸਾ' ਵਿੱਚ ਲਿਖੇ ਸਨ ਪਰ ਅਫ਼ਸੋਸ ਕਿ ਉਹ 'ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ' ਦੇ ਜ਼ਿੰਮੇਵਾਰਾਂ ਨੇ ਗਿਆਨੀ ਜੀ ਤੋਂ ਲੈ ਕੇ ਨ ਛਾਪੇ ਤੇ ਨ ਹੀ ਵਾਪਸ ਕੀਤੇ। ਪਤਾ ਨਹੀਂ ਕਿ ਉਹ ਹੁਣ ਕਿਤੇ ਹਨ ਵੀ ਕਿ ਨਹੀਂ।

ਗ੍ਰੰਥ ਬਢਨ ਡਰ ਲਿਖੇ ਨ ਈਹਾਂ,
ਸੁਨੋ ਸਿੱਖ ਗੁਰ ਚੇਰੇ ॥ ੪੬ ॥
ਗੁਰ ਨਾਨਕ ਅੰਗਦ ਕੀਰੀਤੀ,
ਤੀਸਰ ਗੁਰ ਸਭਿ ਧਾਰੀ।

ਜਾਗੈਂ ਡੇਢ ਪਹਰ ਨਿਸ ਰਹਿਤੀ,
ਕਰੈਂ ਕ੍ਰਿਯਾ ਤਨਿ ਸਾਰੀ।
ਧਜਾਨ ਧਰੈਂ ਨਿਜ ਬ੍ਰਹਮਾਤਮ ਕਾ,
ਲਾਇ ਸਮਾਧੀ ਨੀਕੇ।
ਪੁਨ ਉਪਦੇਸ਼ ਦਰਸ ਸੁਖ ਦੇਵੈਂ,
ਥਿਰ ਦਿਵਾਨ ਮੈ ਨੀਕੇ ॥ ੪੭ ॥
ਮੇਖ[1] ਹੁਤੀ ਇਕ ਗਡੀ ਭੀਤਿ ਮੈਂ[2],
ਜਾ ਕੋ ਸਿਖ ਅਬਿ ਦਰਸੈਂ।
ਕਰੈਂ ਤਪੱਸਜਾ ਖਰੇ[1] ਰਹੈਂ ਫਰਿ[2],
ਦਿਨ ਭਰ ਪਗ ਸਿਖ ਪਰਸੈਂ।
ਚਾਰ ਕੁੰਟ ਤੇ ਸੰਗਤ ਆਵੈ,
ਰਹੈ ਭੀਰ ਗੁਰਦ੍ਵਾਰੇ।
ਤੋਫੇ[1] ਜਿਨਸ[2] ਦਰਬ ਬਹੁ ਅਰਪੈਂ,
ਜਾਇਂ ਪਾਇ ਫਲ ਚਾਰੇ ॥ ੪੮ ॥
ਪੁਨ ਮੁਕਾਨ ਬਨਵਾਨ ਹੇਤ,
ਮੰਗਵਾਨ ਚਹੀ ਗੁਰ ਲਕਰੀ।
ਸਾਵਨ ਮੱਲ ਭਾਤੀਜੇ ਨਿਜ ਕੋ,
ਦੈ ਨਿਜ ਬਰਕਤ ਤਕਰੀ।
ਦੈ ਰੁਮਾਲ ਇਕ ਆਪ ਨੇ ਕਰ ਕਾ[1],
ਕਹਜੋ ਪਹਾਰ ਮਝਾਰੇ।
ਜਾਹੁ ਚਿਤਾਇ[1] ਲਜਾਵੋ ਲਕਰੀ,
ਹਮ ਹੈਂ ਮੱਦਦਗਾਰੇ ॥ ੪੯ ॥
ਮਾਨ ਬਚਨ ਵਹਿ ਉੱਤ੍ਰ ਦਿਸਾ ਚਲਿ,
ਮੰਡੀ[1] ਮੈਂ ਜਬ ਵਰਜੋ[2]।
ਚਤ੍ਰੈਲਨ[1] ਰਾਜਾ ਥਾ ਤਹਿਂ ਤਬਿ,
ਪੁੱਤ੍ਰ ਤਾਹਿਂ ਕਾ ਮਰਜੋ।
ਸਾਵਣ ਜਾਇ ਨ੍ਰਿਪ ਕੋ ਭਾਖਿਓ,
ਜੇ ਸੁਤ ਤੁਮਰਾ ਜੀਵੈ।
ਸਿੱਖ ਗੁਰੂ ਕਾ ਇਸ ਕੋ ਕਰੀਓ,
ਹਮ ਮੁਖ ਮਾਂਗਜੋ ਲੀਵੈਂ[1] ॥ ੫੦ ॥

[1]ਕਿੱਲੀ। [2]ਕੰਧ ਵਿੱਚ।

[1]ਖੜ੍ਹੇ। [2]ਫੜ ਕੇ।

[1]ਸੁਗਾਤਾਂ। [2]ਅੰਨ।

[1]ਹੱਥ ਦਾ।

[1](ਲੋਕਾਂ ਦੇ ਮਨਾਂ ਨੂੰ ਆਪਣੇ ਵੱਲ) ਖਿੱਚ ਕੇ। (ਅ) ਮੰਗ ਕੇ।

[1]ਸ਼ਹਿਰ ਦਾ ਨਾਮ। [2]ਵੜਿਆ।

[1]ਨਾਮ।

[1]ਲਵਾਂਗੇ।

ਮਾਨ ਭੂਪ ਜਬਿ ਪਗ ਇਸ ਪਰਯੋ,
ਤਬਿ ਇਨ ਗੁਰੂ ਮਨੈ ਕੈ।
ਧੋਇ ਰੁਮਾਲ ਬਾਲ ਮੁਖ ਪਾਯੋ,
ਉਠਯੋ ਗੁਰੂ ਗੁਰੁ ਕੈ ਕੈ[1]।

[1]ਕਰਕੇ।

ਮੇਘ ਬੂੰਦ ਕੇ ਪਰਸਤ ਹੀ ਜਿਮ,
ਦਾਦਰ[1] ਜੀਵਤ ਮੂਆ।

[1]ਡੱਡੂ।

ਪਾਇ ਜਰੀ[1] ਜਿਮ ਲਛਮਨ ਜੀਓ,
ਸੁਧਾ ਪਾਇ[1] ਦਲ ਦੂਆ[2] ॥ ੫੧ ॥

[1](ਸੰਜੀਵਨੀ) ਬੂਟੀ।

[1]ਅੰਮ੍ਰਿਤ (ਪਾ ਕੇ)। [2](ਰਾਮ ਚੰਦਰ ਸਮੇਤ) ਦੂਜਾ ਦਲ (ਜਿਉਂਦਾ ਹੋ ਗਿਆ)।

ਤਜੋਂ ਵਹਿ ਜੀਵਜੋ ਰਾਜ ਕੁਇਰ[1] ਜਬਿ,
ਜਨ ਪਿਖਿ ਅਚਰਜ ਮਨਯੋ।
ਭੂਪਤਿ ਵਹਿ ਪਰਵਾਰ ਸਹਿਤ ਤਬਿ,
ਸਿੱਖ ਗੁਰੂ ਕਾ ਬਨਯੋ।

[1]ਰਾਜੇ ਦਾ ਪੁੱਤਰ।

ਲਕਰੀ ਜੇਤੀ ਚਾਹੀ ਸਾਵਣ,
ਤੇਤੀ ਤੁਲ੍ਹੇ ਬਨ੍ਹੈ ਕੈ[1]।

[1]ਬੇੜੇ ਬਨ੍ਹਾ ਕੇ।

ਪਾਇ ਬਜਾਸ ਗੁਰੁ ਤੀਸਰ ਕੇ ਢਿਗ,
ਪਹੁਚਾਈ ਮੁਦ ਹ੍ਵੈ ਕੈ ॥ ੫੨ ॥
ਲੈ ਕੁਟੰਬ ਨਿਜ ਸੰਗ ਪੁਨਾ ਨ੍ਰਿਪ,
ਗੁਰ ਦਰਸ਼ਨ ਹਿਤ ਆਯੋ।
ਗੁਰੂ ਕਹਯੋ ਰਾਣੀ ਜੋ ਆਵੈ,
ਪੜਦਾ ਨਾਹਿ ਕਰਾਯੋ।
ਮਾਨ ਬਚਨ ਨ੍ਰਿਪ ਸਹਿਤ ਰਾਣੀਆਂ,
ਦਰਸਯੋ ਗੁਰੁ ਕੋ ਆਈ।
ਚਰਨਾਂਮ੍ਰਿਤ ਲੈ ਮੋਦ ਮਾਨ ਮਨਿ,
ਧਨ ਬਹੁ ਭੇਟ ਚਢਾਈ ॥ ੫੩ ॥
ਰਾਣੀ ਦੁਲਹਨ[1] ਨਈ ਅਈ ਇਕ,
ਤਿਸ ਨਹਿ ਘੂੰਘਟ ਚਾਯੋ[1]।

[1]ਲਾੜੀ।

[1]ਘੁੰਡ ਨਾ ਚੁੱਕਿਆ।

ਯਹਿ ਪਗਲੀ ਕਯੋਂ ਆਈ ਹਮ ਢਿਗ,
ਸਹਜੇ ਗੁਰੂ ਅਲਾਯੋ।
ਇਤਨਾ ਸੁਨਤਿ ਭਈ ਵਹਿ ਝੱਲੀ,

ਧਸੀ ਝੱਲ[1] ਮੈਂ ਜਾਈ। [1]ਜੰਗਲ।
ਰਹੇ ਪੇਖ ਬਿਸਮਾਦ ਸਬੈ ਜਨ,
ਗੁਰਬਾਣੀ ਅਜ਼ਮਾਈ ॥ ੫੪ ॥
ਖੋਜ ਰਹਜੋ ਨ੍ਰਿਪ ਕਾਨਨ ਮੈਂ ਸੋ,
ਰਾਣੀ ਕਿਤੈ ਨ ਪਾਈ।
ਕੁਛ ਦਿਨ ਬਾਦ ਬਿਦਾ ਹ੍ਵੈ ਗੁਰ ਤੈ,
ਜਬਿ ਨ੍ਰਿਪ ਗਯੋ ਸਿਧਾਈ।
ਸੱਚਨ ਸੱਚ ਨਾਮ ਇਕ ਗੁਰਸਿਖ,
ਪ੍ਰੇਮੀ ਭਗਤ ਕਹਾਵਤਿ।
ਜੰਗਲ ਤੈ ਲੰਗਰ ਹਿਤ ਲਕਰੀ,
ਲਜਾਵਤ ਸੇਵ ਕਮਾਵਤਿ ॥ ੫੫ ॥
ਤਿਸ ਕੋ ਮਿਲੀ ਨਾਰਿ ਵਹਿ ਇਕ ਦਿਨ,
ਜੰਗਲ ਮਾਂਹਿ ਅਚਾਨਕ।
ਕਿਲਕਿਲਾਇ ਕਰਿ[1] ਕਾਟਨ ਆਈ, [1]ਚੀਕਾਂ ਮਾਰਦੀ।
ਨਗਨ ਅੰਗ ਤਨ ਭਜਾਨਕ।
ਡਰ ਕਰਿ ਦੌਰ ਸਿੱਖ ਨੇ ਆ ਜਬਿ,
ਗੁਰ ਢਿਗ ਬਾਤ ਸੁਨਾਈ।
ਕਰੁਨਾ ਕਰਿ[1] ਗੁਰ ਦੈ ਨਿਜ ਪਨਹੀ[2], [1]ਕਿਰਪਾ ਕਰਕੇ। [2]ਜੁੱਤੀ।
ਯੌਂ ਤਿਹ ਬਯੋਂਤ ਬਨਾਈ ॥ ੫੬ ॥
ਜਬਿ ਵਹਿ ਫੇਰ ਕਭੀ ਮਿਲ ਹੈ ਤੁਹਿ,
ਪਨਹੀ ਤਿਹ ਸਿਰਿ ਲਾਈਓ।
ਤਬਿ ਵਹਿ ਹ੍ਵੈ ਹੈ ਸਜਾਨੀ ਲੱਜਤ[1], [1]ਸ਼ਰਮਿੰਦਾ।
ਅਪਨੇ ਸੰਗ ਲਿਆਈਓ।
ਜਬਿ ਵਹਿ ਸਿਖ ਗਯੋ ਪੁਨ ਬਨ ਮੈ,
ਨਾਰਿ ਵੈਸ ਹੀ ਆਈ।
ਪਨਹੀ ਲਾਇ ਸਜਾਨੀ ਕਰ ਕੈ,
ਚਾਦਰ ਤਿਸੈ ਉਢਾਈ[1] ॥ ੫੭ ॥ [1]ਉੱਤੇ ਪਾ ਦਿੱਤੀ।
ਲੈ ਆਯੋ ਸੰਗ ਗੁਰ ਢਿਗ ਵਹਿ ਪੁਨ,
ਕਹਜੋ ਗੁਰੂ ਸਮਦਰਸੀ[1]। [1](ਸਾਰਿਆਂ ਨੂੰ) ਇੱਕੋ ਜਿਹਾ ਵੇਖਣ ਵਾਲੇ।
ਅਬਿ ਯਹਿ ਨਾਰਿ ਤੁਮਾਰ ਭਈ,

ਕਯੋਂ? ਨਗਨ ਅੰਗ ਤੁਮ ਦਰਸੀ।
ਅਰ ਯਹਿ ਪਨਹੀ ਭੀ ਤੁਹਿ ਬਖਸ਼ੀ,
ਲੈ ਜਾਵੋ ਨਿਜ ਧਾਮੂੰ।
ਅਪਨੇ ਕਰ ਸੋਂ ਜਾਂਹਿ ਛੁਹੈ ਹੈਂ,
ਨਸ ਹੈ ਪਗਲ ਤਮਾਮੂੰ[1]।

[1]ਸਾਰਾ ਪਾਗਲਪਨ।

ਤਬਿ ਵਹਿ ਸਿਖ ਪਾਇ ਬਰ ਗੁਰ ਤੈ,
ਲੈ ਪਨਹੀ ਅਰ ਨਾਰੀ।
ਲੰਮੇ ਦੇਸ ਗਾਮ ਸ਼ੇਖੂਪੁਰ,
ਆਯੋ ਧਾਮ ਮਝਾਰੀ।
ਕਰਤ ਗੁਜ਼ਾਰਾ ਰਹਜੋ ਤੈਸ ਹੀ,
ਜੈਸ ਗੁਰੂ ਬਰ ਦੀਨੋ।
ਹੈ ਅਬ ਲੌ ਤਿਸ ਕੀ ਸੰਤਤਿ ਢਿਗ[1]

[1]ਉਲਾਦ ਕੋਲ।

ਗੁਰ ਪਨਹੀ ਸੋ ਚੀਨੋ ॥ ੫੯ ॥
ਪੁਨ ਇਕ ਰੰਡੀ ਖਤ੍ਰਾਨੀ ਕਾ,
ਸੁਤ ਨਗਰੀ ਮੈ ਮਰਯੋ।
ਸੁਨਿ ਤਿਹ ਕਰਨਾ ਰਸ[1] ਕਰੁਨਾਕਰ[2],
ਨਿਜ ਉਰਿ ਕਰਨਾ ਭਰਯੋ[1]।

[1]ਕੀਰਨੇ। [2]ਕਿਰਪਾ ਦੀ ਖਾਣ (ਸਤਿਗੁਰਾਂ ਨੇ)।

[1]ਤਰਸ ਆਇਆ।

ਕਰੀ ਬੇਨਤੀ ਪ੍ਰਭੂ ਅਗਾਰੀ,
ਜਬਿ ਲੌ ਮੈਂ ਧਰ ਮਾਹੂੰ[1]।

[1]ਮੈਂ ਧਰਤੀ ਵਿੱਚ ਹਾਂ ਭਾਵ ਮੇਰੇ ਸ਼ਰੀਰ ਦੇ ਹੁੰਦਿਆਂ।

ਤਬਿ ਲੌ ਮਾਤ ਪਿਤਾ ਕੇ ਆਗੇ,
ਮਰੇ ਨ ਪੁੱਤ੍ਰ ਕਾਹੂੰ ॥ ੬੦ ॥
ਪਰੀ ਕਬੂਲ ਬੇਨਤੀ ਗੁਰ ਕੀ,
ਪ੍ਰਮੇਸ੍ਵਰ ਨੈ ਮਾਨੀ।
ਤਬਿ ਤੇ ਗੋਇੰਦਵਾਲ ਮਝਾਰੇ,
ਅਬਿ ਲੌ ਬਿਦਿਤ ਕਹਾਨੀ।
ਰਾਮ ਚੰਦ ਕੇ ਵਕਤ ਔਧ ਮੈ[1],

[1]ਅਜੁਧਿਆ ਵਿੱਚ।

ਜਿਹ ਬਿਧਿ ਰੀਤੀ ਹੋਈ।
ਬਰਸ ਦੁ ਬਿੰਸਤ[1] ਦੰਪਤਿ ਸਨਮੁਖ[2],

[1]ਬਾਈ ਸਾਲ। [2]ਇਸਤ੍ਰੀ ਪਤੀ (ਭਾਵ ਮਾਤਾ ਪਿਤਾ) ਦੇ ਸਾਹਮਣੇ।

ਮਰਜੋ ਨ ਸੁਤ ਕਿਹ ਕੋਈ ॥ ੬੧ ॥

ਰੋਗੀ ਸੋਗੀ ਦੁਖੀ ਬਜੋਗੀ,
ਜੋ ਗੁਰ ਸਨਮੁਖ ਆਵੈਂ।
ਚਰਨਾਂਮ੍ਰਿਤ ਭੋਜਨ ਲੰਗਰ ਤੈ,
ਛਕਿ ਬਾਂਛਿਤ ਫਲ ਪਾਵੈਂ ॥ ੬੨ ॥
ਦੋਹਰਾ:
ਰਹਿਤ ਭੀਰ ਹਰ ਵਕਤ ਜਬਿ,
ਸਿੱਖਨ ਕੀ ਗੁਰ ਪਾਸ।
ਪੁਨਾ ਚੁਵਾਰੇ ਮੈਂ ਥਿਰੈਂ,
ਹ੍ਵੈ ਇਕੰਤ ਸੁਖਰਾਸਿ ॥ ੬੩ ॥
ਚੌਪਈ:
ਬੱਲੂ ਨਾਮ ਇਕ ਸੇਵਕ ਪਾਸੈਂ।
ਰਹੈ ਸਦਾ ਸੇਵੈ ਗੁਰ ਖਾਸੈਂ।
ਸਾਤ ਦਿਵਸ ਬਾਹਰ ਨਹਿ ਅਏ।
ਬਿਨ ਦਰਸ਼ਨ ਬਜਾਕੁਲ ਸਿਖ ਭਏ ॥ ੬੪ ॥
ਅਸਟਮ[1] ਦਿਨ ਸਬਿਹਨਿ ਮਿਲਿ ਜਾਈ। [1]ਅਠਵੇਂ।
ਬੱਲੂ ਤੈ ਤਬਿ ਅਰਜ਼ ਕਰਾਈ।
ਜੋ ਮਨਜ਼ੂਰ ਗੁਰੂ ਫੁਰਮੈ ਕੈ[1]। [1]ਗੁਰਾਂ ਨੇ ਪ੍ਰਵਾਣ ਕਰਕੇ।
ਬੈਠ ਸਿੰਘਾਸਨ ਦਰਸਨ ਦੈ ਕੈ ॥ ੬੫ ॥
ਕਰਜੋ ਨਿਹਾਲ ਸਿਖਨ ਕੌ ਨੀਕੈ।
ਨਾਨਕ ਰੂਪ ਲਖਾਯੋ[1] ਠੀਕੈ। [1]ਜਣਾਇਆ।
ਜਜੋਂ ਬਰੂਪੀਆ ਰੂਪ ਬਟਾਵੈ।
ਭਾਂਤਿ ਭਾਂਤਿ ਕੀ ਬਾਤ ਸੁਨਾਵੈ ॥ ੬੬ ॥
ਬੁਧਿ ਜਨ ਯਾ ਢਿਗ ਵਰਤੀ[1] ਜਾਨੈ। [1]ਕੋਲ ਰਹਿਣ ਵਾਲੇ।
ਦੂਸਰ ਰੂਪ ਮਜੂਦਹਿ ਮਾਨੈ[1]। [1]ਦੂਜੇ (ਆਮ ਲੋਕ) ਵਰਤਮਾਨ ਰੂਪ ਨੂੰ ਹੀ ਮੰਨਦੇ ਹਨ।
ਤਜੋਂ ਗੁਰ ਇਛਜਾ ਸਿਖਨ ਅਨੁਸਾਰੀ।
ਰੂਪ ਦਿਖਾਵਤ ਅਨਿਕ ਪ੍ਰਕਾਰੀ ॥ ੬੭ ॥
ਚਕ੍ਰਵਾਕ[1] ਰਵਿ ਸਸਹਿ ਚਕੋਰੂ। [1]ਚਕਵੇ ਦੀ।
ਪਤੀਬ੍ਰਤਾ ਪਤਿ ਮੇਘਨਿ ਮੋਰੂ।
ਕਰਤ ਪ੍ਰੇਮ ਤਜੋਂ ਗੁਰ ਸਿਖ ਗੁਰ ਮੈਂ।
ਬ੍ਰਹਮ ਪਿਖੈਂ ਧਰਿ ਸ਼ਰਧਾ ਉਰ ਮੈਂ ॥ ੬੮ ॥

ਪ੍ਰਾਤ ਨ੍ਹਾਇ ਗੁਰੁ ਧਜਾਨ ਧਰਾਵੈਂ।
ਟੀਕਾ ਚੰਦਨ ਊਰਧ[1] ਲਾਵੈਂ। [1]ਉਪਰ ਨੂੰ।
ਖਫਨੀ ਚੋਲਾ ਸੇਲੀ ਮਾਲਾ।
ਪਹਿਨ ਸਿੰਘਾਸਨ ਥਿਰੈਂ ਕ੍ਰਿਪਾਲਾ ॥ ੬੯ ॥
ਦਰਸ਼ਨ ਦੈ ਉਪਦੇਸ਼ ਦਿਢਾਈਂ।
ਕਰੈਂ ਨਿਹਾਲ ਸਿਖ ਗਨ ਤਾਈਂ।
ਲੰਗਰ ਮੈਂ ਪੰਕਤਿ ਲਗਵੈ ਕੈ।
ਆਪ ਓਘਰਾ[1] ਛਕੈਂ ਮੰਗੈ ਕੈ ॥ ੭੦ ॥ [1]ਬਾਬੂ ਜਿਹਾ ਇਕ ਜੰਗਲੀ ਅੰਨ। (ਅ) ਦਲੀਆ।
ਔਰ ਸਬਿਨ ਕੋ ਬਿਬਿਧ ਪ੍ਰਕਾਰੇ[1]। [1]ਤਰ੍ਹਾਂ ਤਰ੍ਹਾਂ ਦੇ।
ਭੋਜਨ ਛਕਵਾਵੈਂ ਇਕ ਸਾਰੇ।
ਸੁਨੈਂ ਕਥਾ ਦਿਨ ਢਰੈ ਬਿਸਾਲੂ।
ਪੰਡਿਤ ਇਕ ਕੇਸੋ ਗੋਪਾਲੂ ॥ ੭੧ ॥
ਨਿਗਮਾਗਮ ਪੌਰਾਨਨ ਕੇਰੀ।
ਕਥਾ ਸੁਨਾਵੈ ਨਿਤ ਪ੍ਰਤਿ ਟੇਰੀ[1]। [1]ਕਹਿ ਕੇ।
ਇਨੀ ਦਿਨੋ ਗੁਰ ਕੇ ਸੁਤ ਦਾਤੂ।
ਮਤਸਰ[1] ਧਰਿ ਉਰਿ ਬਹੁ ਬਖਜਾਤੂ ॥ ੭੨ ॥ [1]ਈਰਖਾ।
ਨਿਜ ਪਿਤ ਕੀ ਗਾਦੀ ਨਿਜ ਹੱਕ।
ਸਮਝ, ਆਇ ਗੁਰ ਪਾਸ ਨਿਸ਼ੱਕ।
ਜਜੋਂ ਭ੍ਰਿਗੁ[1] ਲਾਤ ਬਿਸ਼ਨ ਕੇ ਮਾਰੀ। [1]ਬ੍ਰਹਮਾ ਦੇ ਪੁੱਤਰ।
ਤਜੋਂ ਦਾਤੂ ਗੁਰੁ ਕੇ ਪਰਹਾਰੀ[1] ॥ ੭੩ ॥ [1]ਮਾਰੀ।
ਸਤਿਗੁਰੁ ਚਰਨ ਤਾਂਹਿ ਕਾ ਫਰਾ।
ਨਿਜ ਗੁਰੁ ਸੁਤ ਲਖਿ ਕੋਪ ਨ ਕਰਾ।
ਪਿਖਿ ਸਿੱਖਨ ਯਹਿ ਹਰਕਤ ਮਾੜੀ।
ਚਹਜੋ ਪਕੜਨਾ ਅਖੀਆਂ ਤਾੜੀ[1] ॥ ੭੪ ॥ [1]ਅੱਖਾਂ ਤਾੜੀਆਂ ਭਾਵ ਗੁੱਸੇ ਹੋਏ।
ਗੁਰੂ ਅਸ਼ਾਰੇ ਦੈ ਸੁ ਨਿਵਾਰੇ[1]। [1]ਇਸ਼ਾਰੇ ਕਰ ਕੇ ਹਟਾਏ।
ਦਾਤੂ ਕੋ ਦਿਯ ਦਰਬ ਅਪਾਰੇ।
ਦਾਤੂ ਕਭੀ ਕਭੀ ਯੌਂ ਜਾਵੈ।
ਕਰਿ ਕਲੇਸ਼ ਪੁਨ ਦਰਬ ਲਿਆਵੈ ॥ ੭੫ ॥
ਦੋਹਰਾ:
ਪਿਖਿ ਕਲੇਸ਼ ਹਰ ਰੋਜ ਕਾ,

ਇਕ ਦਿਨ ਹੋਇ ਉਦਾਸ।
ਕਰੀ ਖਬਰ ਨਹਿ ਕਿਸੀ ਕੋ,
ਚਲ ਕਰਿ ਨਿਸ ਕੋ ਖਾਸ ॥ ੭੬ ॥
ਚੌਪਈ:
ਗਊ ਚਰਾਵਨ ਵਾਰਨ ਕੇਰਾ।
ਕੋਠਾ ਇਕ ਜੰਗਲ ਮੈਂ ਹੇਰਾ।
ਬਾਸਰ ਗ੍ਰਾਮ ਨਿਕਟਿ ਮਧ ਜੰਗਲ।
ਬੈਠ ਤਾਂਹਿ ਮਧ ਮੂਰਤਿ ਮੰਗਲ ॥ ੭੭ ॥
ਚਰਵਾਰਨ ਤੈ[1] ਦਰ[2] ਚੁਨਵਾਯੋ। [1]ਚਰਵਾਹਿਆਂ ਤੋਂ। [2]ਦਰਵਾਜ਼ਾ, ਬੂਹਾ।
ਊਪਰ ਤਿਸ ਕੈ ਯੌਂ ਲਿਖਵਾਯੋ।
ਖੋਲੈ ਯਹਿ ਦਰਵਾਜਾ ਜੋਈ।
ਨਹਿ ਗਤਿ ਉਭੈ ਲੋਕ ਤਿਹ ਹੋਈ ॥ ੭੮ ॥
ਲਾਇ ਸਮਾਧਿ ਤਹਾਂ ਗੁਰੁ ਥਿਰੇ।
ਇਤ ਉਤ ਖੋਜ ਸਿੱਖ ਬਹੁ ਫਿਰੇ।
ਪਤਾ ਨ ਲਗਜੋ ਕਿਤੈ ਗੁਰੁ ਕੇਰਾ।
ਬਜਾਕੁਲ ਹੋਏ ਸਿੱਖ ਬਧੇਰਾ ॥ ੭੯ ॥
ਦੇਵਹਿਂ ਦਾਤੂ ਕੌ ਬਹੁ ਗਾਰੀ।
ਕਹੈਂ ਗਏ ਕਿਤ ਗੁਰੂ ਪਧਾਰੀ।
ਬਾਬੇ ਬੁੱਢੇ ਪੁਨਾ ਬਿਚਾਰੀ।
ਜਿਸ ਪਰ ਗੁਰੁ ਕਰਤੇ ਅਸਵਾਰੀ ॥ ੮੦ ॥
ਸੋ ਘੋੜੀ ਬੁੱਢੇ ਛੁਡਵਾਈ।
ਪੀਛੇ ਚਲੇ ਸਿੱਖ ਸਮੁਦਾਈ।
ਮਨਿ ਬਿਨ ਫਨੀ[1] ਮੀਨ ਜਲ ਬਿਨ ਜਸੋਂ। [1]ਮਣੀ ਤੋਂ ਬਿਨਾਂ ਸੱਪ।
ਗੁਰੁ ਦਰਸ਼ਨ ਬਿਨ ਬਜਾਕੁਲ ਸਿੱਖ ਤਸੋਂ ॥ ੮੧ ॥
ਬੜਵਾ[1] ਆਇ ਖਰੀ[2] ਤਹਿਂ ਹੋਈ। [1]ਘੋੜੀ। [2]ਖੜ੍ਹੀ।
ਜਹਿਂ ਬੈਠੇ ਥੇ ਪਤਿ ਤ੍ਰੈ ਲੋਈ[1]। [1]ਤਿੰਨਾਂ ਲੋਕਾਂ ਦੇ ਮਾਲਕ (ਸਤਿਗੁਰੂ)।
ਦਰਵਾਜੇ ਪਰ ਲਿਖਾ ਨਿਹਾਰਾ।
ਚਰਵਾਲਨ ਸਬਿ ਹਾਲ ਉਚਾਰਾ ॥ ੮੨ ॥
ਦੁਤੀ ਤਰਫ ਤੇ ਦਰ ਖੁਲਵਾਯੋ।

ਬਾਬੇ ਬੁਢੇ ਦਰਸ਼ਨ ਪਾਯੋ।
ਸਿੱਖ ਨਿਹਾਲ ਭਏ ਗੁਰ ਦਰਸੇ।
ਸੁਸਕ[1] ਖੇਤ ਜਿਮ ਬਾਰਸ਼ ਬਰਸੇ ॥ ੮੩ ॥ [1]ਸੁੱਕਾ।
ਜਬਿ ਸਮਾਧਿ ਗੁਰੁ ਕੀ ਛੁਡਵਾਈ।
ਖਿਰੇ ਕਵਲ ਸਿੱਖ ਰਵਿ ਗੁਰ ਪਾਈ।
ਗੋਇੰਦਵਾਲ ਪੁਨਾ ਗੁਰੁ ਅਏ।
ਨਿਜ ਸਿੱਖਨ ਕੇ ਭਵ ਦੁਖ ਹਏ[1] ॥ ੮੪ ॥ [1]ਸੰਸਾਰਕ ਦੁੱਖ ਮੇਟ ਦਿੱਤੇ।
ਉਤ ਦਾਤੂ ਅਤਿ ਹੀ ਦੁਖੁ ਜੋਵੈ[1]। [1]ਦੇਖਦਾ ਹੈ ਭਾਵ ਦੁਖੀ ਹੋ ਰਿਹਾ।
ਲਾਤ ਵੀਚ ਬਹੁ ਪੀਰਾ ਹੋਵੈ।
ਆਇ ਸਮੀਪ ਨਹੀਂ ਬਖਸ਼ਾਵੈ।
ਲੱਜਤ ਭਯੋ ਨ ਮੁਖ ਦਿਖਲਾਵੈ ॥ ੮੫ ॥
ਜਾਨੀ ਜਾਨ ਗੁਰੂ ਦਿਲ ਜਾਨੀ।
ਹਰਖ ਸ਼ੋਕ ਬਿਨੁ ਬ੍ਰਹਮ ਗਿਆਨੀ।
ਲੋਗ ਪ੍ਰੇਰਜੋ ਦਾਤੂ ਆਯੋ।
ਨਿਜ ਗੁਨਾਹ ਬਖਸ਼ਾਵਨ ਚਾਹਯੋ ॥ ੮੬ ॥
ਗੁਰੂ ਪ੍ਰਸਾਦ ਦਯੋ ਨਿਜ ਕਰ ਤੈ[1]। [1]ਆਪਣੇ ਹੱਥੋਂ।
ਪੀੜਾ ਭਈ ਨਸ਼ਟ ਸਬਿ ਜਰ ਤੈ[1] ॥ ੮੭ ॥ [1]ਜੜ੍ਹ ਤੋਂ।

ਦੋਹਰਾ:
ਇਸੀ ਸਮੇਂ ਇਕ ਭਗਤਿ ਹਰਿ,
ਆਯੋ ਗੁਰੁ ਕੇ ਤੀਰ।
ਜੁਲਕਾ[1] ਖੜ੍ਰੀ ਡੱਲੇ ਕਾ, [1]ਗੋਤ।
ਪਾਰੋ ਨਾਮ ਸਧੀਰ ॥ ੮੮ ॥

ਚੌਪਈ:
ਆਤਮ ਗਿਆਨ ਹੇਤ ਤਿਨ ਤਬਿ ਹੀ।
ਬਿਨਤੀ ਕਰੀ ਗੁਰੂ ਢਿਗ ਜਬਿ ਹੀ।
ਸਤਿਗੁਰੁ ਸਤੁ ਉਪਦੇਸ ਦਿਢਾਵਾ।
ਪੂਰਨ ਗਜਾਨ ਰਿਦੈ ਹ੍ਵੈ ਆਵਾ ॥ ੮੯ ॥
ਜੋਗ ਵਿਰਾਗ ਗਜਾਨ ਬਿਗਜਾਨਾ[1]। [1]ਪਰਤੱਖ ਗਿਆਨ।
ਗੁਰੁ ਤੈ ਲੈ ਮੁਦ ਭਯੋ ਮਹਾਨਾ।
ਰਿਧਿ ਸਿਧਿ ਗੁਰੁ ਬਖਸ਼ਿ ਅਪਾਰਾ।

ਪਰਮ ਹੰਸ ਤਿਹ ਨਾਮ ਉਚਾਰਾ ॥ ੯੦ ॥
ਅਯੋ ਧਾਂਮ ਪੁਨ ਗਾਮ ਸੁ ਅਪਨੇ।
ਲਾਏ ਜਨ ਬਹੁ ਭਗਤਿ ਹਰਿ ਜਪਨੇ।
ਧਰਮ ਕਿਰਤ ਕਰਿ ਛਕੈ ਛਕਾਵੈ।
ਰਹੈ ਅਲੇਪ ਕਮਲ ਜਜੋਂ ਭਾਵੈ[1] ॥ ੯੧ ॥ [1]ਭਾਣੇ ਵਿੱਚ।
ਕਬਿ ਹੀ ਘਰ ਕਬਿ ਹੀ ਗੁਰ ਪਾਸੂ।
ਰਹੇ ਮਗਨ ਮਧ ਬ੍ਰਹਮ ਅਭਿਜਾਸੂ।
ਇਕ ਦਿਨ ਗੁਰੁ ਦਿਸ ਚਲਿਓ ਜਾਈ।
ਰਤਿ ਬਿਹੰਗ[1] ਪਗ ਧਰਨਿ ਟਿਕਾਈ ॥ ੯੨ ॥ [1]ਪ੍ਰੀਤੀ ਪੰਛੀਆਂ ਵਾਲੀ ਹੈ।
ਮਗ ਮੈ ਮਿਲਾ ਨਵਾਬ ਬਿਸੇਸੂ[1]। [1]ਵੱਡਾ।
ਅਬਦੁੱਲਾ ਖਾਂ ਹਾਕਮ ਦੇਸੂ।
ਕਰਾਮਾਤ ਪਿਖਿ ਅਚਰਜ ਭਯੋ।
ਹਾਥ ਜੋਰਿ ਇਨ ਕੇ ਪਗ ਪਯੋ ॥ ੯੩ ॥
ਬੁਝਯੋ ਕਿਆ ਹੈ ਨਾਮੁ ਤੁਮਾਰੋ।
ਕਰੋ ਮੁਰੀਦ ਮੋਹਿ ਦੁਖ ਹਾਰੋ।
ਪਾਰੋ ਕਹਾ ਨਾਮ ਮਮ ਪਾਰੋ।
ਨਿਜ ਗੁਰ ਦਰਸ਼ਨ ਹੇਤ ਸਿਧਾਰੋਂ ॥ ੯੪ ॥
ਕਹਯੋ ਨਵਾਬ ਪੀਰ ਜੋ ਥਾਰੋ।
ਧੰਨਜਤਾ ਜੋਗ ਮੋਹਿ ਦਰਸਾਰੋ।
ਪਾਰੋ ਕਹਾ ਸੰਗ ਜੋ ਸੈਨਾ।
ਅਪਰ ਬਿਭੂਤਿ ਤਜੋ ਸਬਿ ਐਨਾ ॥ ੯੫ ॥
ਤਬਿ ਤੁਮ ਹਮਰੇ ਸੰਗ ਸਿਧਾਰੋ।
ਗੁਰਹਿਂ ਦਰਸ ਪੈਹੋ ਫਲ ਚਾਰੋ।
ਤਾਜ ਸਮਾਜ[1] ਜੋ ਤਾਹਿ ਸੰਗਾਈ। [1]ਮੁਕਟ ਤੇ ਹੋਰ ਸਾਮਾਨ।
ਆਯੋ ਗੁਰੁ ਢਿਗ ਭੇਟ ਚਢਾਈ ॥ ੯੬ ॥
ਕਿਤਿਕ ਦਿਵਸ ਕਰਿ ਸੰਗਤਿ ਸੇਵਾ।
ਪਾਯੋ ਬ੍ਰਹਮ ਗਜਾਨ ਸੁਚ ਮੇਵਾ।
ਪਾਰਸ ਪੂਰਨ ਗੁਰੁ ਉਪਦੇਸੂ।
ਛੁਹਤ ਮਨੂਰ ਸੁਵਰਨ ਭੋ ਵੇਸੂ[1] ॥ ੯੭ ॥ [1]ਸ੍ਰੇਸ਼ਟ ਸੋਨਾ ਹੋ ਗਿਆ।
ਬਿਦਾ ਹੋਇ ਪਾਰੋ ਸੰਗ ਗਯੋ।

ਸਿਦਕੀ ਸਿੱਖ ਗੁਰੂ ਕਾ ਭਯੋ ॥ ੯੮ ॥
ਦੋਹਰਾ:
ਪ੍ਰੇਮੀ ਪਾਰੋ ਕਾ ਹੁਤੋ,
ਲਾਲੂ ਖਤ੍ਰੀ ਔਰ।
ਡੱਲੇ ਵਾਸੀ ਭਗਤ ਹਰਿ,
ਸੁਨੈ ਗੁਰੂ ਜਸ ਗੌਰ[1] ॥ ੯੯ ॥ [1]ਬਹੁਤਾ, (ਅ) ਧਿਆਨ ਨਾਲ।
ਇਕ ਦਿਨ ਪਾਰੋ ਸੰਗ ਵਹਿ,
ਆਯੋ ਸਤਿਗੁਰੁ ਪਾਸ।
ਸ਼ਰਧਾ ਸਹਿ ਧਰਿ ਭੇਟ 'ਕਰਿ,
ਬੰਦਨ ਪਗ ਸੁਖਰਾਸਿ ॥ ੧੦੦ ॥
ਦਰਸ਼ਨ ਸਸਿ ਗੁਰੁ ਰਵ ਸੁਧਾ,
ਚਖੁ ਸ੍ਰੁਤ ਪੁਟ ਕਰਿ ਪਾਂਨ[1]। [1]ਚੰਦ੍ਰਮਾ ਰੂਪ ਸਤਿਗੁਰਾਂ ਦੇ ਨੇਤ੍ਰਾਂ ਨਾਲ ਦਰਸ਼ਨ ਕੀਤੇ ਤੇ ਬਾਣੀ ਰੂਪ ਅੰਮ੍ਰਿਤ ਨੂੰ ਕੰਨਾਂ ਦੇ ਡੋਨਿਆਂ ਨਾਲ ਪੀਕੇ।

ਤਜਿ ਸਮੱਸਤ[1] ਜਗ ਮਸਤ ਹ੍ਵੈ, [1]ਸਾਰਾ।
ਬਸਤ[1] ਗਹੀ ਗੁਰੁ ਗਜਾਨ ॥ ੧੦੧ ॥ [1]ਵਸਤੂ, ਸ਼ੈ।
ਚੌਪਈ:
ਇਕ ਦਿਨ ਸਹਜ ਸੁਭਾਇ ਕ੍ਰਿਪਾਲੂ।
ਕਹਯੋ ਸੁਰੰਗ ਚਲੂਲਜੋ ਲਾਲੂ[1]। [1]ਲਾਲੂ ਨੂੰ (ਨਾਮ ਦਾ) ਗੂਹੜਾਰੰਗ ਚੜ੍ਹਿਆ ਹੈ।
ਪੁਨ ਨਿਜ ਕਰ[1] ਲਾਲੂ ਕੇ ਭਾਲੂ[2]। [1]ਹੱਥ। [2]ਮੱਥੇ 'ਤੇ।
ਧਾਰਿ ਕ੍ਰਿਪਾਲੂ ਕੀਨ ਨਿਹਾਲੂ ॥ ੧੦੨ ॥
ਸੰਗਤ ਬਖਸੀ ਗੁਪਤ[1] ਬਿਸਾਲੂ। [1]ਭੂਤਾਂ ਪ੍ਰੇਤਾਂ ਦੀ।
ਸਤਿਗੁਰ ਨਦਰੀ ਨਦਰ ਨਿਹਾਲੂ।
ਜੋ ਚਹਿ ਤਿਨ ਤੇ ਕਾਮ ਕਰਾਵੈ।
ਦੁਰੂ ਦੂਰ ਤੇ ਜਿਨਸ[1] ਮੰਗਾਵੈ ॥ ੧੦੩ ॥ [1]ਅੰਨ।
ਭੂਤ ਪ੍ਰੇਤ ਲਾਗਜੋ ਜਿਹ ਰਹੈ।
ਜਾਵੈ ਤਜਿ ਲਾਲੂ ਜਬ ਕਹੈ।
ਲਾਲੂ ਪ੍ਰਗਟਿਓ ਪੀਰ ਅਪਾਰੇ।
ਨਿਸ ਦਿਨ ਰਹੈ ਭੀਰ ਬਹੁ ਦ੍ਵਾਰੇ ॥ ੧੦੪ ॥
ਹੁਤੋ ਪ੍ਰੇਮੀ ਲਾਲੂ ਕੇਰਾ।
ਇਕ ਪਠਾਨ ਤਾਜਰ[1] ਬਾਡੇਰਾ। [1]ਵਪਾਰੀ।

ਸੋ ਨਿਤ ਦੇਸ ਬਿਦੇਸੈਂ ਜਾਵੈ।
ਭਰਿ ਜਹਾਜ ਬੇਚੇ ਲੈ ਆਵੈ ॥ ੧੦੫ ॥
ਇਕ ਦਿਨ ਕੁਦਰਤਿ ਪਾਇ ਇਲਾਹੀ।
ਅਯੋ ਤੁਫਾਨ ਸਮੁੰਦ੍ਰ ਮਾਹੀਂ।
ਫੂਟ ਜਹਾਜ ਤਾਂਹਿ ਕਾ ਗਜੋ।
ਸੋ ਕਿਤ ਬਹਤਾ[1] ਤੀਰ[2] ਲਗਜੋ ॥ ੧੦੬ ॥

[1]ਰੁੜ੍ਹਦਾ। [2]ਕਿਨਾਰੇ।

ਦੇਖਜੋ ਤਿਹ ਠਾਂ ਨਗਰ ਵਸੰਦਾ।
ਗਯੋ ਤਾਂਹਿ ਢਿਗ ਜਬਿ ਵਹਿ ਬੰਦਾ।
ਕਿਸਮ ਜਨਾਤ ਗੁਪਤ ਬਹੁ ਭਾਂਤੈ[1]।
ਬਸਤਿ ਹੁਤੀ ਤਿਸ ਠੌਰ ਬਖਜਾਤੈਂ ॥ ੧੦੭ ॥

[1]ਬਹੁਤ ਤਰ੍ਹਾਂ ਦੀਆਂ ਗੁਪਤ ਭੂਤਾਂ ਦੀਆਂ ਕਿਸਮਾਂ।

ਉਨੈ ਬੂਝਯੋ ਇਸ ਕੋ ਜਬੈ।
ਇਨ ਹਵਾਲ ਨਿਜ ਭਾਖਜੋ ਸਬੈ।
ਤਬਿ ਹੀ ਗੁਪਤਨਿ ਖਾਤਰ[1] ਕੀਨੀ।
ਮਨ ਭਾਵਤ ਦੌਲਤ ਤਿਹ ਦੀਨੀ ॥ ੧੦੮ ॥

[1]ਸੇਵਾ।

ਦੋਇ ਲਾਲ ਲਾਲੂ ਹਿਤ ਦਏ।
ਆਂਖ ਮੁੰਦਾਇ ਪੁਚਾਵਤ ਭਏ।
ਜਬਿ ਪਠਾਨ ਨਿਜ ਨੈਨ ਉਘਾਰੇ[1]।
ਪਹੁੰਚਜੋ ਪੇਖਾ ਧਾਂਮ ਮਝਾਰੇ ॥ ੧੦੯ ॥

[1]ਨੇਤ੍ਰ ਖੋਲ੍ਹੇ।

ਲਾਲ ਭੇਟ ਲਾਲੂ ਕੀ ਕਰੇ।
ਹਾਲ ਸੁਨਾਯੋ ਨਿਜ ਸਬਿ ਭਰੇ[1]।
ਲਾਲੂ ਲਾਲ ਲੀਏ ਕਰ ਦੋਈ।
ਆਇ ਧਰੇ ਗੁਰੁ ਆਗੇ ਸੋਈ ॥ ੧੧੦ ॥

[1]ਭਲੀ ਤਰ੍ਹਾਂ।

ਕਹਜੋ ਗੁਰੂ ਇਨ ਕੋ ਨਦਿ ਨਾਖੋ[1]।
ਰਾਮਰਤਨ ਹਿਰਦੇ ਮੈਂ ਰਾਖੋ।
ਲਾਲੋ ਮਾਨ ਬਚਨ ਗੁਰੁ ਕੇਰੇ।
ਲਾਲ ਜਾਇ ਬਜਾਸਾ ਮੈ ਗੇਰੇ ॥ ੧੧੧ ॥

[1]ਨਦੀ 'ਚ ਸੁੱਟ ਦਿਉ।

ਦੋਹਰਾ:
ਧੰਨਜ ਗੁਰੂ ਅਰ ਸਿੱਖ ਧੰਨਜ,
ਮਹਿਮਾ ਕਹੀ ਨ ਜਾਇ।
ਸਾਰਦ[1] ਨਾਰਦ ਸੇਸ[2] ਬਿਧਿ[3],

[1]ਸਰਸੁਤੀ। [2]ਸ਼ੇਸ਼ ਨਾਗ। [3]ਬ੍ਰਹਮਾ।

ਕਹੈਂ ਤੁ ਪਾਰ ਨ ਪਾਇ ॥੧੧੨॥
ਐਸੇ ਐਸੇ ਅਨਿਕ ਸਿੱਖ,
ਆਵਹਿਂ ਬਹੁ ਗੁਰੁ ਪਾਸ।
ਲਖਿ[1] ਅਪਾਰ ਗਾਥਾ ਤਿਨੈ,
ਯਹਿ ਇਤਿ ਭਯੋ ਨਿਵਾਸ[1] ॥੧੧੩॥

[1]ਜਾਣ ਕੇ।

[1]ਇਹ ਅਧਿਆਇ ਸਮਾਪਤ ਹੋ ਗਿਆ ਹੈ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜ਼ਾਨ ਸਿੰਘ ਵਿਰਚਿਤੇ 'ਅਮਰ ਦਾਸ ਗੁਰੂ ਕੀ ਗਾਥਾ ਬਰਨਨੰ' ਨਾਮ ਪੰਦ੍ਰਸਮੋ ਬਿਸ੍ਰਾਮ ॥੧੫॥

੧੬. {ਸ੍ਰੀ ਗੁਰੂ ਅਮਰ ਦਾਸ ਜੀ ਦਾ ਜੋਤੀ ਜੋਤ ਸਮਾਉਣਾ}

ਦੋਹਰਾ:

ਸ੍ਰੀ ਗੁਰੁ ਚਰਨਨ ਸ਼ਰਨ ਹਰ,
ਜਰਨ ਮਰਨ ਦੁਖ ਫੰਦ[1]।

[1]ਸ੍ਰੀ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਬੁਢੇਪੇ ਤੇ ਮੌਤ ਦੇ ਦੁੱਖਾਂ ਦੇ ਫਾਹਿਆਂ ਨੂੰ {ਹਰ} ਮੇਟਣ ਵਾਲੀ ਹੈ।

ਜਯੋਂ ਆਰਸ ਵਤ ਕੋ ਕਟੈ,
ਪਾਰਸ ਦਾਰਦ ਦੁੰਦ[1] ॥੧॥

[1]ਜਿਵੇਂ ਗਿਆਨ (ਅਗਿਆਨ ਦੇ) ਦੁੱਖ ਨੂੰ ਅਤੇ ਪਾਰਸ ਦੁਖਦਾਈ ਗਰੀਬੀ ਨੂੰ ਕਟ ਦੇਂਦਾ ਹੈ। {ਸੰ: ਆਰਸ਼-ਰਿਖੀ ਨਾਲ ਹੈ ਜਿਸ ਦਾ ਸਬੰਧ ਭਾਵ ਗਿਆਨ। ਵਤ-ਖੇਦ, ਦੁੱਖ। ਦੁੰਦ-ਦੁਖਦਾਈ}।

ਛਪਯ:

ਨਿਤਜਾਨੰਦ ਮੁਕੰਦ,
ਸਚਦਾਨੰਦ ਗਜਾਨ ਘਨ[1]।

[1](ਸ੍ਰੀ ਗੁਰੂ ਹਰਿਰਾਇ ਸਾਹਿਬ ਜੀ) ਸਦਾ ਰਹਿਣ ਵਾਲੇ ਅਨੰਦ ਤੇ ਮੁਕਤੀ ਦੇ ਦਾਤੇ ਹਨ, ਸਤਿ, ਚਿੱਤ ਅਨੰਦ ਸਰੂਪ ਤੇ ਗਿਆਨ ਦੇ ਬੱਦਲ ਹਨ।

ਅਜਰਨਿ ਜਰ ਅਜ ਅਜਿਤ,
ਅਰੁਜ ਆਜਾਨ ਬਾਹੁ ਭਨ[1]।

[1]ਨਾ ਸਹਾਰੀਆਂ ਜਾਣ ਵਾਲੀਆਂ ਸ਼ਕਤੀਆਂ ਨੂੰ ਸਹਾਰਨ ਵਾਲੇ, ਜਨਮਰਹਿਤ, ਜਿੱਤੇ ਨਾ ਜਾਣ ਵਾਲੇ, ਰੋਗਾਂ ਤੋਂ ਬਿਨਾਂ, ਗੋਡਿਆਂ ਤੱਕ ਬਾਹਾਂ ਵਾਲੇ ਕਹੀਦੇ ਹਨ।

ਚੰਦਹੁਂ ਤੈ ਦਹਿ ਚੰਦ,
ਚੰਦ ਮੁਖ ਜੋਤ ਜਗਮਗਤ[1]।

[1]ਚੰਦ੍ਰਮਾਂ ਵਾਂਗ ਮੁੱਖ ਦੀ ਜੋਤ ਚੰਦ ਦੀ ਚਾਨਣੀ ਨਾਲੋਂ ਦਸ ਗੁਣਾਂ ਜ਼ਿਆਦਾ ਚਮਕ ਰਹੀ ਹੈ।

ਅਕਲ ਕਲਾ ਭਰਪੂਰ,
ਪੂਰ ਦਾਸਾਨ ਆਸ ਨਿਤ[1]।

[1]ਅਖੰਡ ਸ਼ਕਤੀਆਂ ਵਿੱਚ ਪਰੀ ਪੂਰਨ ਹਨ ਅਤੇ ਦਾਸਾਂ ਦੀਆਂ ਆਸਾਂ ਨਿਤ ਪੂਰੀਆਂ ਕਰਦੇ ਹਨ।

ਸਦ ਅਗਮ ਅਗੋਚਰ ਬਿਗਤ ਗਤਿ,
ਅਮਿੱਤ ਪ੍ਰਭਾ ਸੋਭਾ ਧਰਨਿ[1]।

[1]ਹਮੇਸ਼ਾਂ ਮਨ ਦੀ ਪਹੁੰਚ ਤੇ ਇੰਦ੍ਰੀਆਂ ਦੇ ਵਿਸ਼ਿਆਂ ਤੋਂ ਰਹਿਤ, ਬੇਗਤਿਆਂ ਨੂੰ ਮੁਕਤੀ ਦੇਣ ਵਾਲੇ, ਮਿਣਤੀਰਹਿਤ ਪ੍ਰਕਾਸ਼ ਵਾਲੇ ਤੇ ਧਰਤੀ ਨੂੰ ਸੁੰਦਰਤਾ ਦੇਣ ਵਾਲੇ ਹਨ।

ਅਸ ਸ੍ਰੀ ਗੁਰੂ ਪ੍ਰਭ ਹਰਿਰਾਇ ਕੇ,
ਗਜਾਨ ਸਿੰਘ ਬੰਦੈ ਚਰਨ ॥੨॥

ਦੋਹਰਾ:

ਬਹੁ ਗੁਰ ਸਿੱਖਨ ਕੀ ਕਥਾ,
ਔਰ ਬਾਉਲੀ ਕੇਰ।

ਜੋਤੀ ਜੋਤ ਸਮਾਨ ਲੌ,
ਕਹੌਂ ਧਜਾਇ ਮੈ ਟੇਰ[1] ॥ ੩ ॥

[1]ਉਚਾਰ ਕੇ।

ਸੰਕਰ ਛੰਦ:
ਇਕ ਸਿੱਖ ਡੱਲੇ ਕਾ ਸੁ ਖੱਤ੍ਰੀ,
ਛੁਰਾ ਖਾਨਾ ਨਾਮ।
ਨਿਤ ਕਰੈ ਭਗਤੀ ਹਰੀ ਗੁਰ ਕੀ,
ਭਯੋ ਸ਼ਕਤੀ ਧਾਮ।
ਨਿਜ ਸੰਗ ਨਿੱਤ ਬਹੁ ਸਿਖਨ ਕੋ,
ਗੁਰੁ ਪਾਸ ਲਜਾਵੈ ਪ੍ਰੇਰ।
ਕਰਵਾਇ ਦਰਸ ਦਿਲਾਇ ਭੇਟਾ,
ਜਪਾਇ ਨਾਮ ਬਧੇਰ ॥ ੪ ॥
ਯੌਂ ਭਲਾ ਕਰਿ ਹੈ ਜਨਨ ਕਾ[1],
ਮਨਿ ਧਾਰ ਕਰਿ ਉਪਕਾਰ।
ਵਹਿ ਭਯੋ ਪ੍ਰਗਟ ਜਗਤ ਮੈਂ,
ਗੁਰੁ ਭਗਤ ਨੀਕ ਉਦਾਰ।
ਇੱਕ ਦਿਨ ਮਹੇਸ਼ ਧੀਰ[1] ਖਤ੍ਰੀ,
ਸੁਲਤਾਨ ਪੁਰੀਏ ਆਇ।
ਪ੍ਰਸ਼ਾਦ ਛਕਿ ਗੁਰੁ ਲੰਗਰੋਂ,
ਦੈ ਭੇਟ ਦਰਸ਼ਨ ਪਾਇ ॥ ੫ ॥
ਕਰ ਜੋਰਿ ਗੁਰੁ ਪਹਿ ਅਰਜ ਕੀਨੀ,
ਸਿਖ ਕੀਜੈ ਨਾਥ।
ਗੁਰ ਕਹਯੋ ਹੋਵਨ ਸਿੱਖ ਔਖਾ,
ਦੈਨ ਮਨ ਧਨ ਸਾਥ।
ਨਹਿ ਰਹੈ ਸੰਪਤਿ[1] ਤੋਹਿ ਘਰ,
ਫਿਰ ਲੋਗ ਕਰਿ ਹੈਂ ਹਾਸ।
ਗੁਰੁ ਗੋਰ[1] ਮਾਂਹਿ ਮੁਰੀਦ[2] ਮੁਰਦਾ,
ਹ੍ਵੈ ਸਮਾਵੈ ਖਾਸ[1] ॥ ੬ ॥
ਯਹਿ ਸੁਨਿ ਮਹੇਸ਼ ਪੁਨ ਕਹਯੋ,
ਦਿਹੁ ਸਿਦਕ ਸਿੱਖੀ ਜਾਂਹਿ।
ਪਗ ਰਾਵਰੇ ਪੈ ਵਾਰ ਡਾਰੈ,

[1]ਲੋਕਾਂ ਦਾ।

[1]ਗੋਤ।

[1]ਬਿਭੂਤੀ।

[1]ਗੁਰੂ ਦੀ ਆਗਿਆ ਰੂਪ ਕਬਰ ਵਿੱਚ। [2]ਸਿੱਖ।

[1]ਆਪ।

ਕੋਟਿ ਬੈਭਵ[1] ਵਾਹਿ[2]। [1]ਕ੍ਰੋੜਾਂ ਬਿਭੂਤੀਆਂ। [2]ਉਹ (ਸਿੱਖ)।
ਪਿਖਿ ਸਿਦਕ ਪ੍ਰੇਮ ਬਿਸਾਲ ਸਿੱਖ ਕਾ,
ਦਯੋ ਗੁਰੁ ਉਪਦੇਸ਼।
ਫਿਰ ਅਸ ਕਸੌਟੀ[1] ਮੈ ਕਸਯੋ[2], [1]ਪ੍ਰੀਖਿਆ। [2]ਪਰਖਿਆ।
ਦਿਨ ਥੋਰ ਮਾਹਿ ਅਸ਼ੇਸ਼[1] ॥ ੭ ॥ [1]ਬਹੁਤਾ।
ਧਨ ਧਾਮ ਧਰ ਜਗ ਸੰਪਤਾ ਥੀ,
ਜਿਤਕ ਸਿਖ ਕੇ ਪਾਸ।
ਸਬਿ ਨਾਸ ਹੋਈ ਪੇਖਿ ਜਨ ਬਹੁ,
ਲਗੇ ਕਰਨੇ ਹਾਸ।
ਪਰ ਸਿਦਕ ਉਸਕਾ ਰਹਾ ਕਾਇਮੁ,
ਕਹੈ ਲੋਗਹਿੰ ਐਸ।
ਸੁਖ ਚਿੱਤ ਬਿੱਤ ਅਮਿੱਤ ਅਖੈਜ,
ਲਹਯੋ ਹਮ ਸੋ ਹੈਸ[1] ॥ ੮ ॥ [1]ਚਿੱਤ ਦਾ ਸੁਖ ਰੂਪ ਬਹੁਤਾ ਤੇ ਨਾਸ ਰਹਿਤ ਧਨ ਮੈਂ ਲੈ ਲਿਆ ਹੈ।

ਯਹਿ ਜਗਤ ਸੁਖ ਧਨ ਕਾਮ ਕਿਸ,
ਨਹਿ ਸੰਗ ਚਾਲੈਂ ਕਾਂਹਿ।
ਇਕ ਸਿਦਕ ਨਿਬਹੈ ਜਾਂਹਿ ਕਾ,
ਵਹਿ ਪਰਮ ਪਦਵੀ ਪਾਂਹਿ।
ਇਮ ਪਰਖ ਕਰਿ ਗੁਰੁ ਹਰਖ ਮਨਿ[1], [1]ਮਨ 'ਚ ਪ੍ਰਸੰਨ ਹੋ ਕੇ।
ਪੁਨ ਬਰਖ[1] ਕ੍ਰਿਪਾ ਦ੍ਰਿਸ਼ਟਿ। [1]ਬਰਖਾ ਕਰਕੇ।
ਬਹੁ ਬਖਸ਼ ਸੰਪਤਿ ਕਹਯੋ ਪੁਨ,
ਰਹਿ ਭਗਤਿ ਘਰ ਤੁਵ ਇਸ਼ਟ[1] ॥ ੯ ॥ [1]ਪ੍ਰੇਮ।
ਯਹਿ ਪੇਸ਼ਗੋਈ[1] ਗੁਰੂ ਕੀ, [1]ਭਵਿੱਖ ਬਾਣੀ।
ਅਬ ਪੇਖੀਐ ਪਰਤੱਖਜ।
ਹੈ ਰਾਮਜਸ ਦੀਵਾਨ ਜਿਸ ਕੀ,
ਸੰਤਤੀ ਮੈ ਲਖਜ[1]। [1]ਉਲਾਦ ਵਿੱਚ ਜਾਣੋ।
ਇਸ ਭਾਂਤਿ ਸਦਹਾ[1] ਸਿੱਖਨ ਕੋ, [1]ਸੈਂਕੜੇ।
ਗੁਰਿ ਪਰਖਿ ਤਾਕਯੋ ਨੀਕ।
ਇਕ ਅਯੋ ਪੰਡਿਤ ਬੈਸ਼ਨੋ,
ਗੁਰਿ ਦਰਸ ਹਿਤ ਪੁਨ ਠੀਕ ॥ ੧੦ ॥

ਥੀ ਰੀਤਿ ਤਬਿ ਇਸ ਗੁਰੂ ਕੀ,
ਜੋ ਦਰਸ ਹਿਤ ਕੋ ਆਇ।
ਛਕਿ ਅੰਨਜ ਪਹਿਲੇ ਲੰਗਰੋਂ,
ਪੁਨ ਗੁਰਹਿਂ ਦਰਸੈ ਜਾਇ।
ਦਿਜ ਸੁਨੀ ਜਬਿ ਯਹਿ ਰੀਤਿ,
ਮਾਨੀ ਨਹਿ, ਗਿਲਾਨੀ ਠਾਨ[1]। [1]ਨਫ਼ਰਤ ਕੀਤੀ।
ਜਬਿ ਲਗਜੋ ਰੋਟੀ ਕਰਨ ਸੋ,
ਨਿਜ ਖੋਦ ਕੈ ਅਸਥਾਨ ॥ ੧੧ ॥
ਕਿਤਿ ਨਿਕਸ ਅਸਤੀ[1] ਚਰਮ ਸੂਕਾ, [1]ਹੱਡੀਆਂ।
ਭਯੋ ਸੋ ਹੈਰਾਨ।
ਬਹੁ ਜਤਨ ਸੋ ਕਰਿ ਚਕਿ[1] ਪੁਨਾ, [1]ਚੱਕ੍ਰਤ ਹੋ ਕੇ।
ਕਸ਼ਮੀਰ ਦਿਸ ਕਿਯ ਪਯਾਨ।
ਜਹਿਂ ਜਾਇ ਚੌਕਾ ਲਾਇ ਸੋ,
ਤਹਿਂ ਅਸਤੀਆ ਨਿਕਸਾਂਇ।
ਜਬਿ ਧਯਾਨ ਧਾਰੈ ਵਿਸ਼ਨ ਕਾ,
ਗੁਰੁ ਅਮਰ ਹੀ ਦਰਸਾਂਇ ॥ ੧੨ ॥
ਨਹਿ ਸਕਜੋ ਚਲ ਪੁਨ ਅਯੋ ਟਲ[1], [1]ਮੁੜ ਕੇ।
ਗੁਰ ਪਾਸ ਗੋਇੰਦਵਾਲ।
ਛਕਿ ਅੰਨਜ ਲੰਗ੍ਰ ਗੁਰ ਪਿਖੇ,
ਤੌ ਬਿਸ਼ਨਰੂਪ ਬਿਸਾਲ।
ਗਹਿ ਚਰਨ ਹੋਯੋ ਸਿਖ ਪੁਨਾ,
ਗੁਰਿ ਕਹਜੋ ਤਿਹ ਕੋ ਅੱਛ[1]। [1]ਚੰਗੀ ਤਰ੍ਹਾਂ।
ਇਕ ਦ੍ਵਿਜ[1] ਸ੍ਰੇਸ਼ਟ ਹਮ ਪਿਖਜੋ, [1]ਬ੍ਰਹਮਣ।
ਤਿਹ ਕਰਿ ਰਸੋਈ ਸ੍ਵੱਛ[1] ॥ ੧੩ ॥ [1]ਪਵਿੱਤ੍ਰ।
ਫਿਰ ਡਾਰ ਲੀਨੀ ਮਹਾਂ ਮੈਲੇ,
ਚਰਮ ਥੈਲੇ ਮਾਂਹਿ[1]। [1]ਚੰਮ ਦੇ ਥੈਲੇ ਭਾਵ ਸ਼ਰੀਰ ਵਿੱਚ।
ਬਿਪ ਕਹਜੋ ਸੋ ਨਹਿ ਹੋਇ ਦ੍ਵਿਜ,
ਚੰਮਾਰ ਕੋਊ ਆਹਿ।
ਗੁਰ ਕਹਜੋ ਸਾਚੀ ਕਹੀ ਤੁਮ,
ਜੋ ਕਰੈਂ ਚਰਮ ਅਭਿਮਾਨ[1]। [1]ਚੰਮ (ਭਾਵ ਸ਼ਰੀਰ) ਦਾ ਹੰਕਾਰ।

ਤਿਹ ਸ੍ਰੁਤਿ ਸਿੰਮ੍ਰਿਤਿ ਸੰਤ ਜਨ,
ਚੰਮਾਰ ਕਰਤ ਬਖਾਨ ॥ ੧੪ ॥

ਚੌਪਈ:

ਬ੍ਰਹਮ ਅਭਿਮਾਨੀ[1] ਬ੍ਰਹਮਨ ਜਾਨੋ।
[1]ਬ੍ਰਹਮ ਦਾ ਅਭਿਮਾਨ ਕਰਨ ਵਾਲਾ ਭਾਵ ਮੈਂ ਬ੍ਰਹਮ ਹਾਂ ਕਹਿਣ ਵਾਲਾ।

ਅਹੰਜੀਵ[1] ਕਹਿਂ ਛਤ੍ਰੀ ਮਾਨੋ।
[1]ਮੈਂ ਜੀਵ ਹਾਂ।

ਬੁਧਿ ਹੰਕਾਰੀ ਬੈਸ ਲਖੀਜੈ।
ਕਰਮ ਅਭਿਮਾਨੀ ਸ਼ੂਦ੍ਰ ਲੀਜੈ ॥ ੧੫ ॥
ਚਰਮ ਰੂਪ ਤਨ ਕਾ ਅਭਿਮਾਨੀ।
ਸੋ ਚੰਡਾਲ ਚਮਾਰ ਮਹਾਨੀ।
ਕਰਮ ਧਰਮ ਭ੍ਰਮ ਜਿਹ ਸਬਿ ਛੋਰੇ।
ਸੋ ਸੰਨਜਾਸੀ ਲਖੋ ਬਹੋਰੇ[1] ॥ ੧੬ ॥
[1]ਪੁਨਾ, ਫੇਰ।

ਮਨ ਥਿਰ ਕਰਿ ਇੰਦ੍ਰੀ ਬਲ ਤੋਰੈ।
ਬਾਨ ਪ੍ਰਸਤੀ ਅਸਤੀ[1] ਸੋਰੈ[2]।
[1]ਹੈ। [2]ਉਹ।

ਜਹਿਂ ਲੌ ਸੁਨੀਅਤ ਦਿਸਤ ਪਸਾਰਾ।
ਬ੍ਰਹਮਰੂਪ ਪਿਖ ਚਰੈ[1] ਉਦਾਰਾ ॥ ੧੭ ॥
[1]ਵਿਚਰਦਾ ਹੈ।

ਤਾਂ ਕੋ ਲਖੋ ਨੀਕ ਬ੍ਰਹਮਚਾਰੀ।
ਤਨ ਪਾਲੈ ਸੋ ਗ੍ਰਿਹਸਥੀ ਭਾਰੀ।
ਬਰਣਾਸ਼੍ਰਮ ਪ੍ਰਮਾਰਥਕ[1] ਏ ਹੈਂ।
[1]ਆਤਮ ਵਿੱਦਿਆ ਦੇ ਦੇਣ ਵਾਲੇ ਹਨ।

ਬਿਵਹਾਰਕ[1] ਸੁਨ ਲੌ ਅਬਿ ਜੇ ਹੈਂ ॥ ੧੮ ॥
[1]ਦੁਨਿਆਵੀ।

ਕਰੈਂ ਜੀਵਕਾ[1] ਧਰਮ ਮਿਲੌਨੀ[2]।
[1]ਰੁਜ਼ਗਾਰ। [2]ਧਰਮ ਨਾਲ ਮਿਲਿਆ ਹੋਇਆ।

ਪਾਲੈ ਤਨ ਕੁਟੰਬ ਜ਼ਨ[1] ਛੋਨੀ[2]।
[1]ਇਸਤ੍ਰੀ। [2]ਪੁੱਤਰ।

ਜੇਤੀ ਆਮਦਨੀ ਜਿਹ ਪਰੈ[1]।
[1]ਪ੍ਰਾਪਤ ਹੋਵੇ।

ਤਿਸ ਅਨੁਸਾਰ ਪੁੰਨ ਜੋ ਕਰੈ ॥ ੧੯ ॥
ਜ਼ਰ ਜੋਰੂ ਧਰ ਜੋ ਨਰਖੈ ਹੈਂ।
ਤਿਨ ਕੌ ਛਾਦਨ[1] ਭੋਜਨ ਦੈ ਹੈਂ।
[1]ਬਸਤ੍ਰ।

ਐਸੇ ਸੰਤਨ ਕੀ ਜੋ ਸੇਵਾ।
ਕਰੈ, ਪੁੰਨਜ ਤਿਹ ਕਹਿਂ ਸ੍ਰੁਤਿ ਭੇਵਾ[1] ॥ ੨੦ ॥
[1]ਵੇਦਾਂ ਦੇ ਜਾਣੂੰ।

ਸੋਊ ਗ੍ਰਿਹਸਤੀ ਸਾਚੋ ਭਾਰੀ।
ਜਤੀ ਅਸਟਧਾ[1] ਸੋ ਬ੍ਰਹਮਚਾਰੀ।
[1]ਅੱਠ ਤਰ੍ਹਾਂ ਦਾ।

ਕੰਦ[1] ਮੂਲ[2] ਛਕਿ ਬਨ ਮੈ ਰਹੈਂ। [1]ਫਲ। [2]ਧਰਤੀ 'ਚੋਂ ਨਿਕਲਣ ਵਾਲੀਆਂ ਖਾਣ ਯੋਗ ਵਸਤਾਂ।
ਤਾਂ ਕੋ ਬਾਨ ਪ੍ਰਸਤੀ ਕਹੈਂ ॥੨੧॥
ਸੁਤ[1] ਦਾਰਾ[2] ਧਨ ਧਾਮ ਤਜਾਗਾ। [1]ਪੁੱਤਰ। [2]ਇਸਤ੍ਰੀ।
ਤਾਂਹਿ ਸੰਨਜਾਸੀ ਲਖੋ ਸਭਾਗਾ।
ਬੇਦ ਬਿੱਦਿਆ ਪਢੈ ਕਮਾਵੈ।
ਸੋ ਬ੍ਰਹਮਨ ਬਿਵਹਾਰੀ[1] ਭਾਵੈ ॥੨੨॥ [1]ਦੁਨਿਆਵੀ।
ਸ਼ਸਤ੍ਰ ਸੈਂ ਅਜੀਵਕਾ[1] ਕਰੈਂ। [1]ਰੋਜ਼ਗਾਰ।
ਤਾਂ ਕੋ ਛੱਤ੍ਰੀ ਬੁਧਿ ਜਨਰਰੈਂ।
ਖੇਤੀ ਬਣਜ ਕਰੇ ਨਰ ਜੋਈ।
ਬੈਸ ਬਿਹਾਰੀ[1] ਜਾਨੋ ਸੋਈ ॥੨੩॥ [1]ਸੰਸਾਰੀ।
ਟਹਿਲ ਕਮਾਇ ਜੁ ਕਰੈ ਗੁਜ਼ਾਰਾ।
ਤਾਂ ਕਾ ਸ਼ੂਦ੍ਰ ਨਾਮ ਉਚਾਰਾ।
ਯੌਂ ਬਰਣਾਸ਼੍ਰਮ ਧਰਮ ਸੁਨੈ ਕੈ।
ਸਿੱਖਨ ਕੇ ਸੰਦੇਹ ਛਿਦੈ ਕੈ[1] ॥੨੪॥ [1]ਸੰਸੇ ਕੱਟ ਕੇ।
ਨਿਰ ਸੰਦੇਹ ਗਜਾਨ ਦ੍ਰਿੜਾਯੋ।
ਜਾਂ ਤੈ ਭਵ[1] ਦੁਖ ਸਰਬ ਪਲਾਯੋ[2] ॥੨੫॥ [1]ਸੰਸਾਰ ਦਾ। [2]ਨੱਸ ਗਿਆ।

ਦੋਹਰਾ:

ਸਹਿ[1] ਸਿੱਖਨ ਉਪਦੇਸ਼ ਯਹਿ, [1]ਸਮੇਤ।
ਸੁਨਿ ਦਿਜਵਰ ਵਹਿ ਨੀਕ।
ਬ੍ਰਹਮ ਗਜਾਨ ਗਹਿ, ਭ੍ਰਮ ਕ੍ਰਮ
ਤਜਿ, ਹੋਯੋ ਸਿੱਖ ਠੀਕ ॥੨੬॥
ਪੁਨ ਹਾਕਮ ਥੇ ਸ਼ੇਖ ਜੋ,
ਬਸਤੇ ਗੋਇੰਦਵਾਲ।
ਤਿਨ ਕੇ ਸੁਤ ਜ਼ਾਲਮ ਭਏ,
ਅਤਿ ਬਦ ਖੋ[1] ਬਦ ਚਾਲ ॥੨੭॥ [1]ਬੁਰੀਆਂ ਆਦਤਾਂ ਵਾਲੇ।

ਚੌਪਈ:

ਗੁਰੁਸਿਖ ਜਲ ਭਰਨੇ ਜਬਿ ਜਾਵੈਂ।
ਮਾਰ ਗੁਲੇਲੇ ਘੜੇ ਗਿਰਾਵੈਂ।
ਬਹੁ ਬਿਧਿ ਔਰ ਸਿਖਨ ਦੁਖ ਦੇਵੈਂ।
ਮਾਰ ਗੁਲੇਲੇ ਘੜੇ ਗਿਰਾਵੈਂ।

ਬਹੁ ਬਿਧਿ ਔਰ ਸਿਖਨ ਦੁਖ ਦੇਵੈਂ।
ਨਿਰਬਲ ਕੋ ਪਿਖਿ ਲੂਟ ਸੁ ਲੇਵੈਂ ॥ ੨੮ ॥
ਸੁਨਿ ਪੁਕਾਰ ਸਿੱਖਨਿ ਗੁਰੁ ਕਹੈਂ।
ਨਿਜ ਕਰਮਨ ਫਲ ਆਪੇ ਲਹੈਂ।
ਕੁਦਰਤਿ ਸਾਥ ਸੰਨਜਾਸੀ ਆਏ।
ਸਿੱਖਨ ਜਜੋਂ ਵਹਿ ਭੀ ਸੰਤਾਏ[1] ॥ ੨੯ ॥ [1]ਦੁਖੀ ਕੀਤੇ।
ਹੱਲਾ ਕਰਿ ਸੰਨਜਾਸਿਨਿ ਤਬੈ।
ਲੂਟ ਮਾਰ ਕਤਲਾਏ ਸਬੈ।
ਇਸੀ ਤੌਰ ਮਰਵਾਹੇ[1] ਖੱਤ੍ਰੀ। [1]ਗੋਤ ਦੇ।
ਵਾਸੀ ਗੋਇੰਦਵਾਲ ਅਵੱਤ੍ਰੀ[1] ॥ ੩੦ ॥ [1]ਅਵੈੜੇ।
ਪਿਖਿ ਗੁਰੁ ਕਾ ਪ੍ਰਤਾਪ ਅਪਾਰੇ।
ਸਹਿ ਨ ਸਕੇ ਮਤਸਰ[1] ਕੇ ਮਾਰੇ। [1]ਈਰਖਾ।
ਬਾਦਸ਼ਾਹਿ ਢਿਗ ਗਏ ਫਰਜਾਦੀ।
ਔਰ ਨ ਲਿਯ ਕੁਛ ਬਿਨ ਬਰਬਾਦੀ ॥ ੩੧ ॥
ਜਿਨਿ ਜਿਨਿ ਗੁਰੁ ਸੋਂ ਕਰਜੋ ਬਿਖੇਰਾ।
ਤਿਨੈ ਈਸ਼ ਦਿਯ ਦੁੱਖ ਘਨੇਰਾ।
ਜਿਨਿ ਜਿਨਿ ਜਗ ਮੈਂ ਸਾਧ ਦੁਖਾਏ।
ਤਿਨ ਤਿਨ ਫਲ ਬਰਬਾਦੀ ਪਾਏ ॥ ੩੨ ॥
ਹੈ ਯਹਿ ਨੇਤ[1] ਸਨਾਤਨ[2] ਧੁਰ ਕੀ। [1]ਨਿਯਮਾਵਲੀ। [2]ਬਹੁਤ ਪੁਰਾਣੀ।
ਮਿਟੈ ਕੈਸ ਅਬਿ ਵਾਰੀ ਗੁਰੁ ਕੀ ॥ ੩੩ ॥
ਰਸਾਵਲ ਛੰਦ:
ਪੁਨ ਗੁਰੁ ਲਗੇ ਬਾਵਲੀ ਰਚਨੇ,
ਸੋਲਾਂ ਸੌ ਮਧਿ ਤੇਰਾਂ।
ਉਤ ਚਤੌੜ[1] ਪਰ ਕਈ ਸਾਲ ਤੇ, [1]ਰਾਜਿਸਥਾਨ ਵਿੱਚ ਇਕ ਪ੍ਰਸਿੱਧ ਕਿਲ੍ਹਾ।
ਸ਼ਾਹਿ ਲੜਤ ਤਬਿ ਹੇਰਾ।
ਪੀਰ ਫਕੀਰ ਮਨਾਇ ਰਹਜੋ ਬਹੁ,
ਗੜ੍ਹ ਨ ਟੂਟਜੋ ਜਬਿ ਹੀ।
ਟੋਡਰ ਮੱਲ ਦਿਵਾਨ ਸਿੱਖ ਗੁਰੁ,
ਕਹਜੋ ਸ਼ਾਹਿ ਢਿਗ ਤਬਿ ਹੀ ॥ ੩੪ ॥
ਜ਼ਾਹਰ ਪੀਰ ਸਰਬ ਸ਼ਕਤੀ ਯੁਤ,

ਅਮਰ ਦਾਸ ਗੁਰ ਅਬਿ ਹੈਂ।
ਸ੍ਰੀ ਨਾਨਕ ਕੀ ਗਾਦੀ ਊਪਰ,
ਰਵਿ ਸਮ ਜਾਨਤ ਸਬਿ ਹੈਂ।
ਬਦਲੇ ਭੰਗ* ਜਾਂਹਿ ਗੁਰ ਨਾਨਕ,

*ਦੇਖੋ ਪੂਰਬਾਰਧ ਬਿਸ੍ਰਾਮ ਨੰ: ੧੨ ਦੇ ਅੰਕ ੧੨੪ ਦੇ ਹੇਠ * ਨਿਸ਼ਾਨ ਦੀ ਪੈਰ ਟੂਕ।

ਬਾਬਰ ਕੋ ਪਤਿਸ਼ਾਹੀ।
ਬਖਸ਼ੀ ਸਾਤ[1] ਬਾਤ ਯਹਿ ਜ਼ਾਹਰ,
ਹੈ ਹਜ਼ਰਤ ਕੋ ਵਾਹੀ[1] ॥ ੩੫ ॥

[1]ਸੱਤ।

[1]ਉਹੀ ਪਾਤਸ਼ਾਹੀ ਆਪ ਨੂੰ (ਮਿਲੀ ਹੋਈ) ਹੈ।

ਸੁਨਿ ਪਤਸ਼ਾਹਿ ਕਰੀ ਗੁਰਿ ਮੰਨਤ,
ਪਠੇ ਮਾਤਬਰ[1] ਗੁਰੁ ਪੈ।
ਇਤ ਦਿਸ ਸਭਾ ਵੀਚ ਗੁਰ ਸਹਜੇ,
ਕਰੀ ਬਾਤ ਯੌਂ ਫੁਰੁ[1] ਪੈ।
ਟੂਟੈ ਕੜਾ ਬਾਵਲੀ ਕਾ ਜਬਿ,
ਤਬਿ ਚਤੌੜ ਗੜ੍ਹ ਤੁਟ ਹੈ।
ਯਹਿ ਸੁਨਿ ਸ਼ਾਹਿ ਭੇਜ ਕਾਰੀਗਰ,
ਤੁੜਵਾਯੋ ਕੜ ਝਟ ਹੈ ॥ ੩੬ ॥
ਇਤ[1] ਦਿਸ ਕੜਾ ਟੂਟਜੋ ਜਬਿ ਹੀ,
ਉਤ ਚਤੌੜ ਗੜ੍ਹ ਟੂਟਜੋ*।

[1]ਇਤਬਾਰ ਵਾਲੇ (ਬੰਦੇ)।

[1]ਛੇਤੀ।

[1]ਤਰਫ਼।

*ਮੁਹੰਮਦ ਜ਼ਕਾਉਲਾ ਦੀ 'ਤਾਰੀਖ਼ ਹਿੰਦੁਸਤਾਨ' ਅਤੇ 'ਗੁਰੂ ਖ਼ਾਲਸਾ ਤਵਾਰੀਖ਼' ਛਾਪਾ ਪੱਥਰ ਦੇ ਪੰਨਾ ੧੮੧ ਉਪਰ ਖ਼ੁਦ ਕਵੀ ਜੀ ਨੇ ਬਾਉਲੀ ਦੇ ਕੜ ਟੁੱਟਣ ਦਾ ਸੰਮਤ ੧੬੧੬ ਬਿ: ਲਿਖਿਆ ਹੈ ਤੇ ਪੰਨਾ ੧੮੧ ਦੀ ਪੈਰ ਟੂਕ ਦੀ ਬਾਕੀ ਪੰਨਾ ੧੮੨ ਹੇਠ ਲਿਖਿਆ ਹੈ ਕਿ ਅਕਬਰ ਨੇ ਬਾਦਸ਼ਾਹੀ ਦੀ ਵਾਗਡੋਰ ੧੬੧੯ ਬਿ: ਵਿੱਚ ਸੰਭਾਲੀ ਤੇ ਹੋਰ ਕਈ ਵੱਡੇ-ਵੱਡੇ ਜੰਗਾਂ ਤੋਂ ਬਾਦ ਚਤੌੜ 'ਤੇ ਹਮਲਾ ਕੀਤਾ। ਇਤਿਹਾਸਾਂ ਵਿੱਚ ਚਤੌੜ ਫ਼ਤਹ ਕਰਨ ਦਾ ਸੰਮਤ ਮਾਰਚ ੧੫੬੯ ਈ: ਅਰਥਾਤ ੧੬੨੫ ਬਿ: ਦਿੱਤਾ ਹੈ। ਇਸ ਹਿਸਾਬ ਤਾਂ ਸਿੱਧ ਹੁੰਦਾ ਹੈ ਕਿ ਉਪਰਲੀ ਸਾਖੀ ਹੋਈ ਹੀ ਨਹੀਂ। ਫਿਰ ਬਾਦਸ਼ਾਹ ਦੀ ਮੰਦ-ਭਾਵਨਾ ਦੀ ਪੂਰਤੀ ਲਈ ਗੁਰੂ ਜੀ ਐਸਾ ਬਚਨ ਕਿਵੇਂ ਕਰ ਸਕਦੇ ਸਨ। ਐਸਾ ਕਰਨਾ ਸਤਿਗੁਰਾਂ ਦੇ ਸੁਭਾਵ ਤੇ ਗੁਰਮਤਿ ਸਿਧਾਂਤਾਂ ਦੇ ਵੀ ਵਿਰੁੱਧ ਸੀ।

ਬਚਨ ਸਤਿ ਹੋਯੋ ਗੁਰ ਕੇਰਾ,
ਸਹਜ ਭਾਇ ਜੋ ਛੂਟਯੋ।
ਚੌਰਾਸੀ ਲਖ ਜੋਨਿ ਕਟਨ ਹਿਤ,

ਪੌਰੀ ਰਚੀ ਚੁਰਾਸੀ।
ਜਪੁਜੀ ਪਢਿ ਮਨਿ ਥਿਰ ਕਰਿ ਸ਼ਰਧਾ,
ਨ੍ਹਾਇ ਕਟੈ ਜਮ ਫਾਸੀ ॥੩੭॥
ਸੰਮਤ ਸੌਲਾਂ ਸੌ ਥਾ ਇੱਕੀ,
ਤਬਿ ਲਿਹੁ ਠੀਕ ਪਛਾਨੋ।
ਕਿਤਕ ਮਾਸ ਪਾਛੇ ਫਿਰ ਅਕਬਰ,
ਅਯੋ ਲਹੌਰ ਦਿਸਾਨੋ।
ਸਹਿਤ ਸੰਗੀਅਨ ਲੰਗਰ ਤੇ ਛਕਿ,
ਦਰਸ਼ਨ ਗੁਰ ਕੋ ਕੀਨੋ।
ਪਿਖਿ ਪ੍ਰਤਾਪ ਨੂਰ ਬ੍ਰਿਧਾਪਨ,
ਤੱਜਬ ਮਾਨਜੋ ਪੀਨੋ ॥੩੮॥
ਬੂਝਯੋ ਗੁਰੁ ਕਿਯਾ ਖਾਵਤ ਖਾਨਾ,
ਜਿਹ ਬਲ ਯਹਿ ਮੁਖ ਲਾਲੀ।
ਉਮਰ ਬਾਨਵੇ ਬਰਸ ਸਰਸ ਅਤਿ[1]
ਨੌਜਵਾਨ ਸਮ ਚਾਲੀ[1]।
ਗੁਰੂ ਕਹਯੋ ਯਹਿ ਯਾਦ ਹੱਕ[1] ਫਲ,
ਛਕਤਿ ਓਗਰਾ ਹਮ ਹੈਂ।
ਸ਼ਾਹਿ ਕਹਯੋ ਵਹਿ ਹਮੇਂ ਦਿਲਾਵੋ,
ਦਯੋ ਛਕਯੋ ਸ਼ਹਿ ਛਮ ਹੈਂ[1] ॥੩੯॥

[1]ਬਹੁਤ ਵੱਡੀ।
[1]ਤੋਰ।
[1]ਖ਼ੁਦਾ ਦੇ ਸਿਮਰਨ ਦਾ।
[1]ਖਿਮਾ ਕਰਨ ਵਾਲੇ (ਸਤਿਗੁਰਾਂ) ਦਿੱਤਾ ਤੇ ਬਾਦਸ਼ਾਹ ਨੇ ਛਕਿਆ।

ਜਿਤਨੀ ਵਾਰੀ ਮੂੰਹ ਹਿਲਾਏ,
ਸ੍ਵਾਦ ਤਿਤੈ ਬਤਲਾਏ।
ਔਰ ਅਮੀਰਨ ਕੋ ਭੀ ਦਿਆਯੋ,
ਵਹਿ ਸ਼ਬਿ ਛਕਿ ਬਿਸਮਾਏ।
ਜਾਨ ਖੁਦਾਇ ਰੂਪ ਸਤਿਗੁਰ ਕੋ,
ਸਿਜਦਾ[1] ਸਭਿ ਨੇ ਕੀਨਾ।
ਲੰਗਰ ਹੇਤ ਗਾਉਂ ਦ੍ਵਾਦਸ ਕਾ,
ਸ਼ਾਹਿ ਪਟਾ[1] ਲਿਖ ਦੀਨਾ ॥੪੦॥
ਕੀਨੋ ਨਹਿ ਕਬੂਲ[1] ਗੁਰ ਜਦਜਪਿ,
ਤਦਜਪਿ ਸ਼ਾਹਿ ਦੈ ਗਯੋ।

[1]ਨਮਸਕਾਰ।
[1]ਸਨਦ, ਅਧਿਕਾਰ ਪੱਤ੍ਰ।
[1]ਪ੍ਰਵਾਣ।

ਔਰ ਬਹੁਤ ਜ਼ਰ ਦੈ ਕਰਿ ਭੇਟਾ,
ਦਿਸ ਲਾਹੌਰ ਸਿਧਜੋ ॥ ੪੧ ॥

ਦੋਹਰਾ:

ਏਕ ਦਿਵਸ ਇਕ ਖੱਤ੍ਰੀ,
ਮਾਣਕ ਨਾਮ ਸੁਜਾਨ।
ਧਸਜੋ[1] ਬਾਵਲੀ ਮਧਿ ਥਾ, [1]ਵੜਿਆ ਸੀ।
ਤੋੜਨ ਕੜ ਪਹਿਚਾਨ ॥ ੪੨ ॥

ਕਬਿੱਤ:

ਬੂਡ ਗਯੋ[1] ਤਾਂਹਿ ਮਾਂਹਿ ਖੋਜ ਰਹੇ ਮਿਲਜੋ ਨਾਂਹਿ, [1]ਡੁੱਬ ਗਿਆ।
ਜਲ ਭੌ ਅਥਾਹਿ ਵਾਂਹਿ ਬਾਵਲੀ ਮੈਂ ਭਾਰ ਹੀ।
ਤੀਨ ਦਿਨ ਬੀਤੇ ਜਬਿ ਗੁਰੂ ਢਿਗ ਕਹਜੋ ਤਬਿ,
ਗਏ ਗੁਰ ਬਾਵਲੀ ਕੇ ਤੀਰ ਤਾਤਕਾਰ[1] ਹੀ। [1]ਛੇਤੀ।
ਕੀਓ ਸੋ ਹਕਾਰਨ[1] ਉਚਾਰਨ ਕੈ ਨਾਮ ਤਾਂਹਿ, [1]ਬੁਲਾਇਆ।
ਬਾਰ[1] ਨ ਲਗਾਈ ਅਯੋ ਬਾਹਰ ਸੁ ਵਾਰ ਹੀ[2]। [1]ਦੇਰੀ। [2]ਪਾਣੀ ਤੋਂ।
ਜੈਸੇ ਕੋਊ ਟੁਬਕੀ ਲਗਾਇ ਨ੍ਹਾਇ ਨਿਕਸਤਿ,
ਬਿਕਸਤਿ ਭਯੋ[1] ਤੈਸੇ ਸੋਊ ਤਬਿ ਸਾਰ ਹੀ[2] [1]ਖ਼ੁਸ਼ ਹੋ ਗਿਆ। [2]ਬਹੁਤ ਹੀ।
॥ ੪੩ ॥

ਆਇ ਗੁਰੁ ਤੀਸਰ ਜੁਗੀਸ਼ਰ ਕੇ ਪਾਦ ਕੰਜ,
ਗਹੇ ਤਬਿ ਮਾਣਕ ਨੈ ਦੁਖ ਭੰਜ ਪਾਵਨੋ।
ਤਾਂਹਿ ਸੀਸ ਧਾਰਿ ਹਾਥ ਕਹਜੋ ਗੁਰੁ ਪ੍ਰੇਮ ਸਾਥ,
ਜੀਵੜ ਤੂੰ ਥੀਵੜ ਸੁਖੀਵੜ ਅਗਾਵਨੋ[1]। [1]ਤੂੰ ਜੀਵੜਾ (ਜਿਉਂਦਾ) ਹੋ ਗਿਆ ਹੈਂ, ਅੱਗੇ ਨੂੰ ਵੀ ਸੁਖੀ ਹੋਵੇਂਗਾ।

ਐਹੋ ਮਮ ਮਾਨਕ ਤੂੰ ਬੂਡਯੋ ਅਚਾਨਕ ਥੋ,
ਅਬਿ ਤੁਵ ਸੰਤਤਿ ਅਨੰਤ ਹ੍ਵੈ ਬ੍ਰਿਧਾਵਨੋ[1]। [1]ਉਲਾਦ ਬਹੁਤ ਵਧੇਗੀ।
ਐਸੋ ਬਰੁ ਦੀਨੋ ਗੁਰੁ ਲੀਨੋ ਅੰਕ ਲਾਇ[1] ਫੁਰੁ[2], [1]ਜੱਫੀ ਵਿੱਚ ਲੈ ਕੇ। [2]ਛੇਤੀ।
ਕੀਨੋ ਸਮ੍ਰਿੱਧ[1] ਰਿਧਿ ਸਿਧਿ ਦੈ ਸੁਹਾਵਨੋ [1]ਸ਼ਕਤੀਆਂ ਦਾ ਮਾਲਕ।
॥ ੪੪ ॥

ਹੇਰਿ ਗੁਰੁ ਸ਼ਕਤਿ ਚਕਿਤ[1] ਸਭਿ ਭਏ ਲੋਗ, [1]ਹੈਰਾਨ।
ਸੋਗ ਗਯੋ, ਛਯੋ ਪ੍ਰਮੋਦ[1] ਉਰਿ[2] ਸਬਿ ਕੇ। [1]ਅਨੰਦ ਭਰ ਗਿਆ। [2]ਹਿਰਦੇ ਵਿੱਚ।
ਸੰਤਤਿ ਮਹਾਨ ਭਈ ਤਾਂਹਿ ਕੀ ਜਹਾਨ ਪਰ,

ਜੀਵੜੇ ਸਦਾਵਤ ਹੈਂ ਅਬਿ ਲੌ ਸੁ ਤਬਿ ਕੇ।
ਔਰ ਏਕ ਭਯੋ ਹੈ ਹਿੰਦਾਲ* ਨਾਮ ਜਾਟ ਕੁਲ,

*ਇਹ 'ਨਿਰੰਜਨ' ਸ਼ਬਦ ਦਾ ਹਰ ਵਕਤ ਉਚਾਰਨ ਕਰਦਾ ਰਹਿੰਦਾ ਸੀ, ਜਿਸ ਕਰਕੇ ਇਸ ਦੀ ਸੰਪ੍ਰਦਾਇ ਦਾ ਨਾਂ ਹੀ 'ਨਿਰੰਜਨੀਏ' ਪੈ ਗਿਆ ਹੈ।

ਨਗਰ ਜੰਡਜਾਲੇ ਕਾ ਬਿਸਾਲੇ ਸਿਖ ਜਬਿ ਕੇ।
ਸੇਵ ਗੁਰੁ ਲੰਗਰ ਕੀ ਕਰਤ ਅਮੇਵ[1] ਨਿੱਤ,

[1]ਮਿਣਤੀ ਤੋਂ ਰਹਿਤ।

ਚਿੱਤ ਹਰਿ ਗੁਰੁ ਕੀ ਭਗਤਿ ਰਹਜੋ ਫਬ ਕੇ[1]
॥ ੪੫ ॥

[1]ਸਜ ਕੇ।

ਏਕ ਦਿਨ ਸਹਜ ਸੁਭਾਵ ਗੁਰੂ ਲੰਗਰ ਮੈ,
ਆਇ ਸਬਿ ਹੀ ਨੈ ਕਰੀ ਮਗ ਮੈਂ ਪ੍ਰਨਾਮ[1] ਹੈ।

[1]ਨਮਸਕਾਰ।

ਚੂਨ[1] ਥੋ ਹਿੰਦਾਲ ਗੂਧੇ[2] ਹਾਥ ਭਰੇ ਜਾਨਿ ਰੂਧੇ[3],

[1]ਆਟਾ। [2]ਗੁੰਨ੍ਹਦਾ ਸੀ। [3](ਆਟੇ ਨਾਲ) ਹੱਥ ਭਰੇ ਤੇਰੁੱਝੇ ਹੋਏ ਜਾਣ ਕੇ।

ਪੀਠ ਰਾਖਿ ਕੀਨੀ ਊਧੇ ਹੋਇ ਕੈ ਨਮਾਮਿ ਹੈ[1]।

[1]ਪਿੱਠ ਤੇ (ਦੋਵੇਂ ਹੱਥ) ਰੱਖ ਕੇ ਮੂਧਾ ਹੋ ਕੇ (ਨਿਉਂ ਕੇ) ਨਮਸਕਾਰ ਕੀਤੀ।

ਤਾਂਹਿ ਕੀ ਭਗਤਿ ਬੁਧਿ ਪੇਖਿ ਗੁਰੁ ਭਏ ਮੁਦ[1],
ਦਯਾ ਨਿਧਿ ਕੀਨੋ ਸੋਊ ਰਿਧਿ ਸਿਧਿ ਧਾਮ[1] ਹੈ।

[1]ਅਨੰਦ।
[1]ਘਰ।

ਕਹਜੋ ਗੁਰੁ ਤਾਂਹਿ ਪ੍ਰਤਿ ਯਾਹੀ ਬਿਧਿ ਨਿਤ ਪ੍ਰਤਿ,
ਰਹਜੋ ਤੁਮ ਠੀਕ ਕਰਤ ਬੰਦਨਾਂ ਤਮਾਮਿ ਹੈ[1]
॥ ੪੬ ॥

[1]ਸਾਰਿਆਂ (ਸਮਿਆਂ ਵਿੱਚ) ਤੂੰ (ਇਸੇ ਤਰ੍ਹਾਂ) ਠੀਕ ਨਮਸਕਾਰ ਕਰਦਾ ਰਹੀਂ।

ਔਰ ਏਕ ਹੁਤੋ ਤਾਕੇ ਕਟ ਮੈ[1] ਤ੍ਰਿਕੋਨ ਪਟ[2],
ਬਾਂਧਜੋ ਅਗਾਰੀ ਤਬਿ ਠਟ ਕਰਿ ਠੀਕ ਹੀ[1]।

[1]ਲੱਕ ਵਿੱਚ। [2]ਤਿਕੋਨਾ ਕਪੜਾ।
[1]ਚੰਗੀ ਤਰ੍ਹਾਂ ਸਵਾਰ ਕੇ।

ਸੋਊ ਗੁਰੁ ਹੇਰਿ ਕਹਜੋ ਟੇਰਿ ਫੇਰ ਤਾਂਹਿ ਪ੍ਰਤਿ,
ਐਸੋ ਪਟ ਕਟ ਮੈਂ ਰਖੱਈਓ ਨਿਤ ਨੀਕ ਹੀ।
ਸੁਜਨਾ ਕਹਤ ਤਾਂਹਿ ਤਣੀਆਂ ਕਹਤਿ ਕੋਊ,
ਲਘੁ ਲਘੁ ਕੁੜੀਆਂ ਕੇ ਕਟ ਹੋਤ ਠੀਕ ਹੀ।
ਐਸੋ ਪਟ ਕਟ ਧਰਿ ਰਾਖਤ ਹਮੇਸ਼ ਵਹਿ,
ਲਟਕਤਿ ਆਗੇ ਪਟ ਫੂਲ ਸੁਠ[1] ਠੀਕ ਹੀ
॥ ੪੭ ॥

[1]ਸੁੰਦਰ ਫੁੱਲ।

ਪੀਠ ਪਰ ਹਾਥ ਧਾਰਿ ਕਰਿ ਹੈਂ ਨਮਸਕਾਰ,
ਕਟ ਮੈਂ ਤ੍ਰਿਕੋਨ ਪਟ ਫੂੰਦੇਦਾਰ[1] ਧਾਰਿ ਹੈਂ।

[1]ਫੁੰਮਣ ਵਾਲਾ।

ਆਜ ਲਗ ਰੀਤਿ ਯਾਹੀ ਚਲੀ ਜਾਤ ਤਿਨਿ ਮਾਂਹੀ,

ਸਿੱਖ ਜੇ ਹਿੰਦਾਲ ਕੇ ਹਿੰਦਾਲੀਏ ਅਪਾਰ ਹੈਂ।
ਵੀਚ ਜੰਡਿਜਾਲੇ ਵਹਿ ਮਿਲਤਿ ਬਿਸਾਲੇ ਆਇ,
ਮੇਲਾ ਬਹੁ ਲਗਤਿ ਜਗਤ ਜਾਨੈ ਸਾਰ[1] ਹੈਂ। [1]ਸਾਰਾ।
ਭਯੋ ਗੁਰੁ ਘਰ ਸੰਗ ਫੇਰ ਜਜੋ ਵਿਰੋਧ ਤਾਂਹਿ,
ਸੋਊ ਗਾਥ ਆਗੇ ਚਲਿ ਕਰਿ ਹੋਂ ਉਚਾਰ ਹੈਂ
॥ ੪੮ ॥
ਔਰ ਏਕ ਸੁਨੋ ਗਾਥ ਸੰਗ ਹੀ ਮੇਂ ਹਿਤ ਸਾਥ,
ਗੰਗੂ ਸ਼ਾਹੀ ਸਿੱਖ ਜਜੋਂ ਕਹਾਵਤ ਭੇ ਭੂਰ ਹੈਂ।
ਗੰਗੂ ਨਾਮ ਖੱਤ੍ਰੀ ਥਾ ਬਨੀਆਂ ਨਿਧਨੀਆਂ[1] ਸੁ, [1]ਗ਼ਰੀਬ।
ਉੱਤਰ ਦਿਸਨੀਆਂ ਬਸਨੀਆਂ[1] ਜਰੂਰ ਹੈ। [1]ਉੱਤਰ (ਪਹਾੜ) ਦੀ ਦਿਸ਼ਾ ਵਿੱਚ ਵੱਸਣ ਵਾਲਾ।
ਗੁਰੂ ਕਾ ਸੁਜਸ ਸੁਨਿ ਆਯੋ ਗੁਰੂ ਪਾਸ ਪੁਨ,
ਮਨ ਮੈ ਸੰਕੋਚ ਧਰਿ ਖਰੋਰਹਯੋ ਦੂਰ ਹੈ।
ਲਾਗ ਰਹੀ ਭੀਰ ਗੁਰ ਤੀਰ ਬਹੁ ਸਿੱਖਨ ਕੀ,
ਅਸਨ ਬਸਨ[1] ਧਨ ਅਰਪਤ ਭੂਰ ਹੈਂ ॥ ੪੯ ॥ [1]ਭੋਜਨ ਤੇ ਬਸਤ੍ਰ।
ਹੁਤੋ ਵਹਿ ਦਾਰਦੀ ਨ ਔਰ ਕਛੂ ਪਾਸ ਤਾਂਹਿ,
ਚਾਰ ਪੈਸਾ ਭਰ ਗੁੜ ਲਯਾਯੋ ਭੇਟੁ ਹੇਤ ਹੀ।
ਚਿੱਤ ਮੈਂ ਚਿਤਾਰੇ ਏਹੁ ਐਸੀ ਭੇਟ ਕੈਸੇ ਦੇਹੁਂ,
ਇਨ ਕੈ ਨ ਕਮੀ ਕੇਹੁ ਲੈਹੈਂ ਕਬਿ ਏਤ ਹੀ।
ਗੁਰੁ ਢਿਗ ਆਵਨੇ ਕਾ ਲਗੈ ਅਵਕਾਸ[1] ਨਾਂਹਿ, [1]ਵਿਹਲ।
ਆਸ ਧਰਿ ਹੋਇ ਕੈ ਉਦਾਸ ਖਰੋ ਚੇਤ ਹੀ[1]। [1]ਬੜਾ ਯਾਦ ਕਰਦਾ ਹੈ।
ਸ੍ਰੀ ਗੁਰੁ ਤੀਸਰ ਜੁ ਈਸ੍ਵਰ ਸ੍ਵਬੱਗ ਜਾਨਿ,
ਲਯੋ ਸੋ ਬੁਲਾਇ ਢਿਗ ਲਖਿ ਸਭਿ ਭੇਤ ਹੀ
॥ ੫੦ ॥
ਜੈਸੇ ਜਦੁਪਤਿ[1] ਲਏ ਤੰਦੁਲ[2] ਸੁਦਾਮਾ ਤੇਹੈਂ, [1]ਕ੍ਰਿਸ਼ਨ ਜੀ ਨੇ। [2]ਚਾਉਲ।
ਤੈਸੇ ਗੁਰੁ ਲਹਯੋ ਗੁੜੁ ਤਾਂਹਿ ਤੈ ਸੁਧਾਰ ਹੈਂ।
ਆਪ ਕਿਛੁ ਪਾਇ ਮੁਖਿ ਔਰ ਵਰਤਾਇ ਦੀਨੋ,
ਭਏ ਪ੍ਰਸੰਨ ਗੁਰੁ ਤਾਹੂੰ ਪੈ ਅਪਾਰ ਹੈਂ।
ਕੀਨੋ ਸਿਤਕਾਰ ਦੀਨੋ ਹਾਥ ਸਿਰ ਧਾਰ ਤਾਂਹਿ
ਰਿੱਧਿ ਸਿੱਧਿ ਕੋ ਅਗਾਰ[1] ਕੀਨੋ ਪੀਨੋ ਭਾਰ[2] ਹੈ। [1]ਘਰ। [2]ਬਹੁਤ ਭਾਰਾ।
ਬਖਸ਼[1] ਬਿਸਾਲ ਭਰਯੋ ਛਿਨ ਮੈ ਨਿਹਾਲ ਕਰਯੋ, [1]ਬਖ਼ਸ਼ਸ਼ ਨਾਲ।

ਗੰਗੂ ਸ਼ਾਹੀ ਆਜ ਕਲ ਸਿਖ ਭੀ ਅਪਾਰ ਹੈਂ ॥ ੫੧ ॥

ਇਤਜਾਦਿ ਸਿੱਖਨ ਕੋ ਬਖਸ਼ੈਂ, ਬਿਸਾਲ ਕਰਿ,
ਅੰਗਦ ਗੁਰੂ ਕੇ ਬਰ ਸਫਲ ਦਿਖਾਏ ਹੈਂ।
ਕੋਸ਼[1] ਕਰਾਮਾਤ ਕੇ ਜੋ ਆਦਿ ਗੁਰ ਜਮ੍ਹਾਂ ਕਰੇ, [1]ਖ਼ਜ਼ਾਨੇ।
ਪੋਸ ਧਨ ਸੂਮ ਜਜੋਂ ਜੁਗਾਦਿ ਨੇ ਬਢਾਏ ਹੈਂ[1]। [1]ਸੂਮ ਵਾਂਗ (ਕਰਾਮਾਤ ਦੇ) ਧਨ ਨੂੰ {ਪੋਸ} ਸਾਂਭ ਕੇ ਦੂਜੇ ਗੁਰਾਂ ਨੇ (ਖ਼ਜ਼ਾਨੇ) ਵਧਾਏ।
ਵੇਈ ਗੰਜ ਪੁੰਜ ਅਜਮਤ ਕੇ ਅਭੰਜ ਇਨਿ[1], [1]ਉਹੀ ਕਰਾਮਾਤ ਦੇ ਸਾਰੇ ਅਟੁੱਟ ਖ਼ਜ਼ਾਨੇ ਇਨ੍ਹਾਂ (ਸ੍ਰੀ ਗੁਰੂ ਅਮਰ ਦਾਸ ਜੀ ਨੇ)।
ਬਾਈ ਠੌਰ ਸਦਾਬ੍ਰਤ ਧਰ ਕੈ[1] ਲੁਟਾਏ ਹੈਂ। [1]ਲਾ ਕੇ।
ਆਏ ਜੋ ਹਜੂਰ[1] ਮਨ ਭਾਏ ਫਲ ਪਾਏ ਤਿਨਿ, [1]ਪਾਸ।
ਜ਼ਾਹਰ ਜਗਤ ਪੀਰ ਹੋਇ ਕੈ ਸਿਧਾਇ ਹੈਂ ॥ ੫੨ ॥

ਜੈਸੇ ਅਕਬਰ ਸ਼ਾਹਿ ਬਾਈ ਸੂਬੇ ਕੀਨ ਆਹਿ,
ਰੱਯਤ ਬਢਾਯੋ ਚਾਹਿ ਅਰਿ ਗਨ ਘਾਇ ਕੈ[1]। [1]ਸਾਰੇ ਵੈਰੀ ਮਾਰ ਕੇ।
ਤੈਸੇ ਬਾਈ ਸਿੱਖਨ ਕੋ ਮੰਜੀਆਂ ਬਖਸ਼ ਬਾਈ,
ਕੀਨ ਗੁਰ ਸਿੱਖੀ ਬਿਰਧਾਵਨ ਉਪਾਇ ਕੈ।
ਜੈਸੇ ਕੋਊ ਧਨੀ ਘਨੀ ਕੋਠੀਆ ਰਚਾਇ ਨਿਜ,
ਬਨਜ ਬਢਾਵਤਿ ਗੁਮਾਸ਼ਤੇ[1] ਬਿਠਾਇ ਕੈ। [1]ਗੁਮਾਸ਼ਤਾ– ਵਪਾਰੀ ਦਾ ਏਜੰਟ (ਮੁਨਸ਼ੀ)।
ਤੈਸੇ ਗੁਰਿ ਧਰਮ ਧੁਰੀਨ[1] ਕੀਨ ਚੀਨ[2] ਚਿੱਤ, [1]ਧਰਮ ਦੇ ਆਸਰਾ ਰੂਪ। [2]ਜਾਣ ਕੇ।
ਦੀਨ ਹਰਿ ਭਗਤਿ ਮੈ ਜਗਤ ਲਗਾਇ ਕੈ ॥ ੫੩ ॥

ਦੋਹਰਾ:

ਇਸੀ ਭਾਂਤਿ ਬੁਹ ਚਰਿਤ[1] ਕਰਿ, [1]ਕੌਤਕ।
ਤਾਰੇ ਸਿਖ ਬਖਸਾਤ।
ਰਾਮਦਾਸ ਸੋਢੀ ਤਈਂ,
ਲਾਇਕ ਪਿਖਿ ਸਬਿ ਭਾਂਤਿ ॥ ੫੪ ॥

ਅਪਨੀ ਜਾਗਾ ਗੁਰੂ ਥਪਿ[1], [1]ਬਿਠਾ ਕੇ।
ਸੋਲਾਂ ਸੈ ਇਕਤੀਸ।
ਭਾਦੋਂ ਪੂਰਨ ਮਾਸਿ ਕੋ[1], [1]ਪੂਰਨਮਾਸ਼ੀ ਨੂੰ।

ਤਨ ਤਜਿ ਮਿਲੇ ਪ੍ਰਮੀਸ[1] ॥ ੫੫ ॥

[1]ਪ੍ਰਮੇਸ਼ਰ ਨਾਲ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਤੀਸਰ ਗੁਰ ਕਾ ਜੋਤੀ ਜੋਤ ਸਮਾਵਣ ਪ੍ਰਸੰਗ ਬਰਨਨੰ' ਨਾਮ ਖੋੜਸਮੋ ਬਿਸ੍ਰਾਮ ॥ ੧੬ ॥

੧੭. {ਸ੍ਰੀ ਗੁਰੂ ਰਾਮਦਾਸ ਜੀ ਦੀ ਕਥਾ}

ਦੋਹਰਾ:

ਬਿਘਨ ਹਰਨ ਮੰਗਲ ਕਰਨ,
ਜਨਮ ਮਰਨ ਦੁਖ ਹਾਰ[1]।

[1]ਬਿਘਨਾਂ ਨੂੰ ਦੂਰ ਕਰਨ ਵਾਲੇ, ਖ਼ੁਸ਼ੀਆਂ ਦੇ ਦਾਤੇ ਤੇ ਜੰਮਣ ਮਰਨ ਦੇ ਦੁੱਖਾਂ ਨੂੰ ਮੇਟਣ ਵਾਲੇ ਹਨ।

ਹਲਤ ਪਲਤ ਸੁਖਦਾ ਚਲਿਤ,
ਛਲ ਤਜਿ ਗੁਰਿ ਉਰਿ ਧਾਰ[1] ॥੧॥

[1]ਜਿਨ੍ਹਾਂ ਦੇ ਕੌਤਕ ਲੋਕ-ਪ੍ਰਲੋਕ ਵਿੱਚ ਸੁਖ ਦੇਣ ਵਾਲੇ ਹਨ (ਉਨ੍ਹਾਂ) ਗੁਰਾਂ ਨੂੰ ਛਲ ਛੱਡ ਕੇ ਹਿਰਦੇ 'ਚ ਧਾਰਨ ਕਰ।

ਸ੍ਵੈਯਾ:

ਬਿਨ ਅੰਜਨ ਰੂਪ ਨਿਰੰਜਨ, ਨੈਨ
ਪ੍ਰਭੁ ਜਨ ਖੰਜਨ ਕੰਜਨ ਊਪੰ[1]।

[1]ਮਾਇਆਰਹਿਤ ਨਿਰੰਜਨ ਸਰੂਪ ਹਨ (ਜਿਨ੍ਹਾਂ ਦੇ) ਨੇਤ੍ਰਾਂ ਦੀ ਸੋਭਾ ਮਾਨੋ ਮਮੋਲਿਆਂ ਤੇ ਕੰਵਲਾਂ ਦੀ ਉਪਮਾ (ਵਰਗੀ ਹੈ)।

ਕਰਿ ਗੰਜਨ ਮੰਜਨ ਅੰਜਨ ਗਜ਼ਾਨ ਦੈ,
ਰੰਜਨ ਦਾਸੰ ਖਾਸਨ ਖੂਪੰ[1]।

[1]ਗਿਆਨ ਦਾ ਸੁਰਮਾ ਦੇ ਕੇ (ਅਗਿਆਨ ਦੀ ਮੈਲ ਨੂੰ) ਕੱਟ ਕੇ {ਮੰਜਨ} ਸ਼ੁਧ ਕਰ ਦੇਂਦੇ ਹਨ ਅਤੇ ਆਪਣੇ ਦਾਸਾਂ ਨੂੰ ਚੰਗੀ ਤਰ੍ਹਾਂ ਪ੍ਰਸੰਨ ਕਰ ਦੇਂਦੇ ਹਨ।

ਰਵਿ ਬਾਲ ਮਰਾਲ ਬਿਸਾਲ ਸਸੀ,
ਨਵ ਨੀਤ ਅਨੰਗ ਰਾਜੀਵ ਅਨੂਪੰ[1]।

[1]ਸਵੇਰ ਦੇ ਸੂਰਜ, ਹੰਸ, ਚੰਦ੍ਰਮਾ, ਮੱਖਣ, ਕਾਮਦੇਵ ਤੇ ਕੰਵਲ ਆਦਿ ਤੋਂ ਵੀ ਬਹੁਤ ਸੁੰਦਰ ਹਨ।

ਉਰਿ ਠਾਨ ਧਜ਼ਾਨ ਗਜ਼ਾਨ ਹਰੀ,
ਗੁਰੁ ਕਾਨ੍ਹ ਹਰੀ ਵਰ ਬਾਲ ਸ੍ਵਰੂਪੰ[1] ॥੨॥

[1]ਗਿਆਨ ਸਿੰਘ (ਕਹਿੰਦਾ ਹੈ ਕਿ ਮੈਂ ਉਸ) ਸ੍ਰੇਸ਼ਟ ਬਾਲ ਸਰੂਪ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਹਿਰਦੇ 'ਚ ਧਿਆਨ ਧਾਰਦਾ ਹਾਂ।

ਦੋਹਰਾ:

ਰਾਮਦਾਸ ਗੁਰ ਕੀ ਕਥਾ,
ਪਥਾ ਜਥਾਰਥ ਸਾਰ[1]।

[1]ਸ੍ਰੇਸ਼ਟ ਗਿਆਨ ਦਾ ਰਸਤਾ ਹੈ।

ਜਥਾ ਮੇਰੁ ਤੈ ਕਨ ਤਥਾ,
ਕਹੋਂ ਮਥਾ ਧਰਧਾਰ[1] ॥੩॥

[1]ਜਿਵੇਂ ਸੁਮੇਰ ਪਰਬਤ 'ਚੋਂ ਇਕ ਕਿਣਕਾ ਤੇ ਸਮੁੰਦਰ ਰਿੜਕ ਕੇ (ਰਤਨ ਕੱਢਣ ਵਾਂਗ ਸੰਖੇਪ ਕਥਾ) ਤਿਵੇਂ ਕਹਿੰਦਾ ਹਾਂ।

ਚੌਪਈ:

ਕਥਾ ਗੁਰੂ ਕੀ ਸੁਖਦ ਸੁਹਾਨੀ।
ਹਾਨੀ ਕਰਿ ਅਗਤਾ ਹਰਖਾਨੀ[1]।

[1]ਅਗਿਆਨਤਾ ਨੂੰ ਨਾਸ ਕਰ ਕੇ ਪ੍ਰਸੰਨਤਾ (ਲਿਆਉਂਦੀ ਹੈ)।

ਖਾਨੀ ਗੁਨ ਗਨ[1] ਮਨ ਸੁਧ ਕਰਨੀ।

[1]ਸਾਰੇ ਗੁਣਾਂ ਦੀ ਖਾਣ ਹੈ।

ਕਰਨੀ ਜਸੋਂ ਮਦਾਦਿ ਤਰੁ ਹਰਨੀ[1] ॥ ੪ ॥
ਹਰਨੀ ਬੁਧਿ ਬੰਧਨ ਹਿਤ ਬਜਾਰੀ[1]।

[1]ਹਥਣੀ ਵਾਂਗ ਹੰਕਾਰ ਆਦਿ ਬ੍ਰਿੱਛਾਂ ਨੂੰ ਪੁੱਟਣ ਵਾਲੀ ਹੈ।
[1]ਬੁੱਧੀ ਰੂਪ ਹਰਨੀ ਦੇ ਬੰਧਨ (ਮੋਹ ਜਾਲ ਨੂੰ ਉਡਾਉਣ ਵਾਸਤੇ) ਹਵਾ ਹੈ।

ਬਾਰੀ ਸੁਜਸ ਗੰਧਿ ਸੁਖਕਾਰੀ[1]।
ਕਾਰੀ ਭਵ ਰੁਜ ਹਾਰਕ ਚਾਰੀ[1]।
ਚਾਰੀ ਫਲਦ ਕਾਮ ਤਰੁ ਡਾਰੀ[1] ॥ ੫ ॥
ਡਾਰੀ ਦੈਵੀ ਸੰਪਤਿ ਸਾਰੀ[1]।
ਸਾਰੀ ਦਾਸਨ ਪੰਚ ਭਤਾਰੀ[1]।

[1]ਸ੍ਰੇਸ਼ਟ ਜਸ ਰੂਪ ਸੁਗੰਧੀ ਦੀ ਸੁਖਦਾਈ ਬਗ਼ੀਚੀ ਹੈ।
[1]ਸੰਸਾਰ ਰੂਪਰੋਗ ਦੇ ਮੇਟਣ ਵਾਲੀ ਚੰਗੀ ਦਵਾਈ ਹੈ।
[1]ਚਾਰੇ ਫਲ ਦੇਣ ਵਾਲੀ ਕਲਪ ਬ੍ਰਿਛ ਦੀ ਡਾਲੀ ਹੈ।
[1]ਸਾਰੀ ਦੈਵੀ ਸੰਪਦਾ (ਸ਼ੁਭ ਗੁਣਾਂ) ਦੀ ਡਾਰ ਹੈ।
[1]ਦਾਸਾਂ ਰੂਪ ਦ੍ਰੌਪਤੀ ਦੀ ਸਾੜ੍ਹੀ (ਪੜਦਾ ਢਕਣ ਵਾਲੀ) ਹੈ। {ਪੰਜ-ਪੰਜਾਂ-ਭਤਾਰੀ-ਪਤੀਆਂ ਵਾਲੀ=ਦ੍ਰੌਪਤੀ।}

ਤਾਰੀ ਸੰਸੇ ਬਿਹੰਗ ਉਡਾਰੀ[1]* ॥ ੬ ॥

[1]ਸੰਸਿਆਂ ਰੂਪ ਨਦੀ (ਤੋਂ ਪਾਰ ਕਰਨ ਵਾਲੀ) ਪੰਛੀ ਦੀ ਉਡਾਰੀ ਹੈ। *ਅੰਕ ਨੰ: ੬ ਦੀ ਚੌਥੀ ਤੁਕ ਪੱਥਰ ਦੇ ਛਾਪੇ 'ਚ ਕਿਤੇ ਛਪਣੋ ਰਹਿ ਗਈ ਹੈ, ਇਸ ਲਈ ਇਸ ਅੰਕ ਦੀਆਂ ਤਿੰਨ ਹੀ ਤੁਕਾਂ ਰਹਿ ਗਈਆਂ ਹਨ।

ਡਾਰੀ ਤਿਯ ਹਿਤ ਮੁਕਤਿ ਮਸੂਕੈ[1]।
ਸੂਕੈਂ ਅਗੁਨ ਜਵਾਸ ਅਰੂਕੈਂ[1]।
ਰੂਕੈ ਮਨਿ ਸਿੱਖਨਿ ਗੁਰੁ ਗੁਨ ਮੈਂ[1]।
ਗੁਨ ਮੈਂ ਪਿਖੇ ਚਿੰਤਨ ਸਭਹੁਨ ਮੈਂ[1] ॥ ੭ ॥

[1]ਮੁਕਤੀ ਰੂਪ ਮਾਸ਼ੂਕ (ਜਿਸ ਨਾਲ ਪਿਆਰ ਕੀਤਾ ਜਾਵੇ- ਦੀ ਪ੍ਰਾਪਤੀ) ਵਾਸਤੇ (ਮਾਇਆ ਰੂਪ) ਇਸਤ੍ਰੀ ਦਾ ਤਿਆਗ ਕਰਵਾ ਦੇਣ ਵਾਲੀ ਹੈ।
[1]ਅਉਗਣਾਂ ਰੂਪ ਜਵਾਂਹੇਂ ਨੂੰ ਬਿਨਾ ਰੋਕ ਟੋਕ ਤੋਂ ਸੁਕਾਉਣ ਵਾਲੀ ਹੈ।
[1]ਸਿੱਖਾਂ ਦੇ ਮਨਾਂ ਨੂੰ ਗੁਰਾਂ ਦੇ ਗੁਣਾਂ ਵਿੱਚ ਟਿਕਾਉਣ ਵਾਲੀ ਹੈ।
[1]ਮੈਂ ਸਾਰਿਆਂ (ਸ੍ਰੋਤਿਆਂ) ਵਿੱਚ ਚਿੰਤਨ (ਸਿਮਰਨ) ਵਾਲੇ ਗੁਣ ਦੇਖੇ ਹਨ।

ਹੁਨ ਮੈਂ ਅਰਜ਼ ਕਰੋਂ ਸਭ ਆਗੇ।
ਆਗੇ ਸੁਨੋ ਕਥਾ ਬਡ ਭਾਗੇ।
ਭਾਗੇ ਭਰਮ ਭੇਦ ਦੁਖ ਉਰ ਕਾ।
ਉਰਕਾ ਪਾਤ ਜੈਸ ਜਗ ਫੁਰਕਾ[1] ॥ ੮ ॥

[1]ਜਿਵੇਂ ਜਗਤ ਵਿੱਚ ਅਕਾਸ਼ 'ਚੋਂ ਡਿੱਗੇ ਅੰਗਾਰ ਛੇਤੀ (ਨਾਸ ਹੋ ਜਾਂਦੇ ਹਨ)।

ਸ੍ਰੀ ਗੁਰੁ ਰਾਮਦਾਸ ਕੀ ਗਾਥਾ[1]।
ਗਾਥਾ[1] ਸੁਨੋ ਸਜਨ ਹਿਤ ਸਾਥਾ।
ਸਾ ਥਾ ਧਰਾ ਰੂਪ ਰਘੁਵਰ ਸੋ[1]।
ਵਰ ਸੋ ਬਾਨ ਬੈਨ ਹਰ ਅਰਿ ਸੋ[1] ॥ ੯ ॥

[1]ਉਸਤਤੀ ਦੀ।
[1]ਕਥਾ।
[1](ਸ੍ਰੀ ਗੁਰੂਰਾਮ ਦਾਸ ਜੀ ਨੇ) {ਸ} ਉਸ ਰਾਮਚੰਦ੍ਰ {ਸੋ} ਵਰਗਾ ਰੂਪ ਧਾਰਿਆ {ਥਾ} ਸੀ।
[1]ਬਚਨਾਂ ਰੂਪ ਸ੍ਰੇਸ਼ਟ ਤੀਰਾਂ ਨਾਲ ਉਨ੍ਹਾਂ (ਕਾਮ ਆਦਿ) ਵੈਰੀ ਮਾਰੇ।

ਅਰਸ਼ੋ[1] ਉਤਰੇ ਵੀਚ ਲਾਹੌਰੇ।

[1]ਸੱਚ ਖੰਡ ਤੋਂ। {ਅੰ:, ਅਰਸ਼-ਰਾਜ ਸਿੰਘਾਸਨ, ਖ਼ੁਦਾ ਦਾ ਤਖ਼ਤ, ਸੱਚ ਖੰਡ।}

ਹੌਰੇ ਕਰਿ ਤਾਰੇ ਜਨ ਗਉਰੇ[1]।

[1](ਪਾਪਾਂ ਨਾਲ) ਭਾਰੇ (ਹੋਏ ਲੋਕਾਂ ਨੂੰ) ਹੌਲੇ (ਪਾਪਾਂ ਤੋਂ ਰਹਿਤ) ਕਰ ਕੇ ਤਾਰਿਆ।

ਪੰਦ੍ਰਾਂ ਸੌ ਇਕਾਨਵੇ ਚਾਰੂ[1]।
ਭਾਦ੍ਰੋਂ ਸੁਦੀ ਤੀਜ ਗੁਰਵਾਰੂ[1] ॥ ੧੦ ॥

[1]ਸੁੰਦਰ।
[1]ਵੀਰਵਾਰ ਦਿਨ।

ਸੋਢੀ ਹਰੀਦਾਸ ਹਰਿ ਦਾਸੂ।
ਦਯਾ ਕੌਰ ਮਾਤਾ ਘਰ ਖਾਸੂ।
ਰਾਮਦਾਸ ਸ੍ਰੀਰਾਮ ਅਵਤਾਰੂ[1]।
ਪ੍ਰਗਟ ਭਏ ਜਗਤੈ ਸੁਖ ਕਾਰੂ ॥ ੧੧ ॥

[1]ਪ੍ਰਮੇਸ਼ਰ ਦੇ ਅਵਤਾਰ।

ਬਾਜ[1] ਬਜਾਇ ਸੁਮਨ ਸੁਰ ਬਰਖੇ[2]।
ਸ਼ਹਿਰ ਲਾਹੌਰ ਨਾਰਿ ਨਰ ਹਰਖੇ।
ਘਰ ਹਰਦਾਸ ਬਧਾਈ ਆਵੈਂ।
ਬਾਦ ਬਜਾਇ ਗੀਤ ਬਹੁ ਗਾਵੈਂ ॥ ੧੨ ॥

[1]ਵਾਜੇ। [2]ਦੇਵਤਿਆਂ ਨੇ ਫੁੱਲਾਂ ਦੀ ਬਰਖਾ ਕੀਤੀ।

ਪੁਰ ਲਾਹੌਰ ਮੈਂ ਮੰਗਲ ਹੋਵਾ।
ਭਨਤ ਨ ਜਾਇ ਬਨਤ ਥੋ ਜੋਵਾ[1]।
ਬਾਲ ਚਲਿਤ ਐਸੇ ਗੁਰੁ ਕਰਹੀਂ।
ਜਨ ਗਨ ਮਨ ਭਗਤੀ ਅਨੁਸਰਹੀਂ ॥ ੧੩ ॥

[1]ਕਿਹਾ ਨਹੀਂ ਜਾਂਦਾ ਵੇਖਣਾ ਹੀ ਬਣਦਾ ਸੀ।

ਖੇਲਨ ਵੀਚ ਬਾਲਕਨ ਤਾਈਂ।
ਉਪਦੇਸ਼ੈਂ ਭਗਤੀ ਜਗ ਸਾਈਂ।
ਚਲਨ ਚਿਤੌਨ[1] ਹਸਨ ਮੁਸਕਾਵਨ।
ਜਾਗਨ ਸੋਵਨ ਪੀਵਨ ਖਾਵਨ ॥ ੧੪ ॥

[1]ਦੇਖਣਾ।

ਬੈਠਨ ਊਠਨ ਬੋਲਨ ਐਸਾ।
ਹੋਵਤਿ ਅਵਤਾਰੋਂ ਕਾ ਜੈਸਾ।
ਬਾਲ ਉਮਰ ਬ੍ਰਿਧਨ ਸੀ ਚਾਲੈਂ[1]।
ਕੋਵਿਦ[1] ਪਿਖਿ ਰਹਿਂ ਤੱਜਬ ਕਮਾਲੈਂ[2] ॥ ੧੫ ॥

[1]ਵੱਡਿਆਂ ਵਰਗੀਆਂ ਰੀਤਾਂ।
[1]ਵਿਦਵਾਨ (ਜੋਤਸ਼ੀ)। [2]ਬਹੁਤੇ ਹੈਰਾਨ।

ਰੇਖਨ ਕੇ ਚਿੰਨ੍ਹ[1] ਪੇਖਿ ਬਖਾਨੈਂ।
ਈਸ ਸਮਾਨ ਇਸੈ ਜਗ ਮਾਨੈ।
ਰਾਜ ਜੋਗ ਯਹਿ ਅਧਿਕ ਕਮਾਵੈਂ।
ਇਨਿ ਪਦ[1] ਰਾਵ ਰੰਕ ਸਿਰ ਨ੍ਹਾਵੈਂ[2] ॥ ੧੬ ॥

[1]ਹੱਥਾਂ ਪੈਰਾਂ ਦੀਆਂ ਲਕੀਰਾਂ ਦੇ ਨਿਸ਼ਾਨ।
[1]ਚਰਨਾਂ ਤੇ। [2]ਰਾਜੇ ਤੇ ਕੰਗਾਲ ਸਿਰ ਨਿਵਾਉਣਗੇ।

ਇਸੀ ਭਾਂਤਿ ਬਹੁ ਕਾਲ ਬਿਤਯੋ।
ਮਾਤ ਪਿਤਾ ਸੁਰ ਪੁਰਿ ਮਗ ਲਯੋ[1]।

[1]ਦੇਵਪੁਰੀ ਦਾ ਰਸਤਾ ਲਿਆ ਭਾਵ ਸ਼ਰੀਰ ਤਿਆਗ ਗਏ।

ਹੁਤੇ ਨਾਨਕੇ ਬਾਸਰ ਗਾਮੂੰ[1]। [1]ਪਿੰਡ।
ਨਾਨੀ ਲੈ ਗਈ ਇਨ ਨਿਜ ਧਾਮੂੰ ॥੧੭॥
ਸਾਤ ਬਰਸ ਕੀ ਥੀ ਤਬਿ ਆਯੂ[1]। [1]ਉਮਰ।
ਰਹੇ ਨਾਨਕੇ ਘਰ ਸੁਖ ਪਾਯੂ[1]। [1]ਪਾ ਕੇ।
ਅਮਰ ਦਾਸ ਤਹਿ ਤਾਲ ਲਗਾਵਹਿਂ।
ਲੋਗ ਘਨੇ ਤਹਿਂ ਸੇਵ ਕਮਾਵਹਿਂ ॥੧੮॥
ਰਾਮਦਾਸ ਤਹਿਂ ਜਾਇ ਹਮੇਸੈਂ।
ਘੁੰਗਨੀ ਚਨੇ[1] ਪਕੌੜੇ ਬੇਸੈਂ[2]। [1]ਉਬਲੇ ਹੋਏ ਛੋਲੇ। [2]ਵੇਸਣ ਦੇ। (ਅ) ਚੰਗੇ।
ਲਾਇ ਛਾਬੜੀ ਬੇਚੈ ਬੈਸਾ।
ਬਨਾ ਸੰਜੋਗ ਏਕ ਦਿਨ ਐਸਾ ॥੧੯॥
ਦੋਹਰਾ:
ਅਮਰ ਦਾਸ ਨਿਜ ਸੁਤਾ ਕੀ,
ਕਰਨ ਸਗਾਈ ਹੇਤ[1]। [1]ਮੰਗਣੀ ਕਰਨ ਵਾਸਤੇ।
ਦਿਜ[1] ਕੋ ਭੇਜਨ ਲਗੇ ਜਬਿ, [1]ਬ੍ਰਾਹਮਣ।
ਕਰਜੋ ਸਮਾਣੀ[1] ਏਤ[2] ॥੨੦॥ [1]ਗੁਰੂ ਕੇ ਮਹਲ (ਮਾਤਾ ਦਯਾ ਕੌਰ ਜੀ ਨੇ)। [2]ਇਸ ਤਰ੍ਹਾਂ।
ਰਾਮਦਾਸ ਕੋ ਸਮੁਖ ਪਿਖਿ,
ਆਵਤ ਸੁੰਦਰ ਰੂਪੁ।
ਐਸਾ ਹੀ ਨੀਂਗਰ[1] ਹੁਵੈ, [1]ਲੜਕਾ, ਮੁੰਡਾ।
ਆਯੂ ਰੂਪ ਅਨੂਪ ॥੨੧॥
ਅਮਰ ਧਰਮ ਬਪੁ[1] ਐਸ ਸੁਨਿ, [1]ਧਰਮ ਦੇ ਸਰੂਪ ਸ੍ਰੀ ਗੁਰੂ ਅਮਰਦਾਸ ਜੀ ਨੇ।
ਰਾਮਦਾਸ ਕੋ ਪਾਸ।
ਬੋਲਿ[1] ਜਾਤਿ ਕੁਲ ਬੂਝ ਕੈ, [1]ਬੁਲਾ ਕੇ, ਸੱਦ ਕੇ।
ਰੇਖ ਪੇਖਿ ਬਡ ਖਾਸ ॥੨੨॥
ਕਹਜੋ ਯਾਹਿ ਸਮ ਇਹੀ ਹੈ,
ਔਰ ਨਹੀਂ ਜਗ ਕੋਇ।
ਸ਼ਗਨ ਸਗਾਈ[1] ਦੈ ਤਬੈ, [1]ਮੰਗਣੀ ਦਾ ਸ਼ਗਨ। {ਸ਼ਗਨ-ਮੰਗਣੀ ਸਮੇਂ ਛੁਹਾਰੇ ਤੇ ਕੁਝ ਹੋਰ ਸਮੱਗਰੀ ਜੋ ਲੜਕੀ ਵਾਲੇ ਮੁੰਡੇ ਦੀ ਝੋਲੀ ਪਾਉਂਦੇ ਹਨ।}
ਪੁਨ ਬਿਵਾਹ ਦਿਜ ਸੋਇ ॥੨੩॥
ਇਸੀ ਸਾਲ ਮੈ ਅਮਰ ਜੀ,
ਗਏ ਦੁਤੀ ਗੁਰੁ ਪਾਸ।

ਸੇਵ ਦ੍ਵਾਦਸ ਸਾਲ ਕਰਿ,
ਗੱਦੀ ਪਾਈ ਖਾਸ ॥੨੪॥
ਇਨ ਹੀ ਬਾਰਹ ਬਰਸ ਕੇ,
ਅੰਦ੍ਰ ਗੋਇੰਦਵਾਲ।
ਕਰਿ ਅਬਾਦ ਤਹਿਂ ਥੇ ਬਸੇ,
ਰਚ ਕਰਿ ਧਾਮ ਬਿਸਾਲ ॥੨੫॥
ਰਾਮਦਾਸ ਕੋ ਭੀ ਤਹੀਂ
ਅਮਰਦਾਸ ਨਿਜ ਪਾਸ।
ਘਰ ਰਚਵਾਇ ਬਸਾਇ ਰਖ,
ਕਰੈਂ ਪਾਲਨਾ ਖਾਸ ॥੨੬॥
ਰਾਮਦਾਸ ਗੁਰੁ ਅਮਰ ਕੋ,
ਲਖਿ ਜਗਦੀਸ਼ ਸਖਜਾਤ।
ਰਾਤ ਦਿਵਸ ਸੇਵਾ ਕਰੈਂ, ਜਾਂ ਤੇ ਭਏ ਬਖਜਾਤ
॥੨੭॥

ਚੌਪਈ:

ਇਕ ਦਿਨ ਸੋਢੀ ਲਵ ਪੁਰ ਕੇਰੇ।
ਗੰਗਾ ਨ੍ਹਾਵਣ ਚਲੇ ਬਧੇਰੇ।
ਗੋਇੰਦਵਾਲ ਜਾਇ ਕਰਿ ਡੇਰਾ।
ਰਾਮਦਾਸ ਢਿਗ ਦਿਜ ਪਠਿ ਟੇਰਾ[1] ॥੨੮॥ [1]ਬ੍ਰਹਮਣ ਨੂੰ ਕਹਿ ਭੇਜਿਆ।
ਹਮ ਸ਼ਰੀਕ ਤੁਮਰੈ ਹੈਂ ਆਏ।
ਮਿਲ ਜਾਵਹੁ ਲਜਾਵਹੁ ਪਹੁਨਾਏ[1]। [1]ਪ੍ਰਾਹੁਣਚਾਰੀ।
ਅਮਰ ਏਹੁ ਸੁਨਿ ਸਹਜ ਸੁਭਾਏ।
ਸੈਂਢ ਜ਼ੁਬਾਨ[1] ਕਹਯੋ ਇਸ ਭਾਏ ॥੨੯॥ [1]ਦਬੀ ਜ਼ਬਾਨ ਨਾਲ।
ਰਾਮਦਾਸ ਕਾ ਕੋਊ ਸ਼ਰੀਕ।
ਰਹਿਂ ਹੈ ਨਾਂਹਿ ਜਗਤ ਮੈਂ ਠੀਕ।
ਪੁਨ ਬੁਲਾਇ ਉਨ ਕੋ ਘਰ ਖਾਸ[1]। [1]ਆਪਣੇ ਘਰ।
ਭੋਜਨ ਖਿਲਤ[1] ਦਏ ਬਡਰਾਸਿ[2] ॥੩੦॥ [1]ਪੁਸ਼ਾਕੇ। [2]ਸਾਰਿਆਂ ਨੂੰ।
ਗੁਨ ਗਾਵਤ ਵਹਿ ਗੰਗਹਿ ਗਏ।
ਪਰ ਗੁਰ ਬਚਨ ਸੱਤ ਸਬਿ ਭਏ।
ਮਰੀ[1] ਪਰੀ ਤਿਨ ਕੋ ਬਡ ਤਹੇਂ। [1]ਛੂਤ ਦੀ ਬੀਮਾਰੀ, ਹੈਜ਼ਾ, ਪਲੇਗ ਆਦਿ।

ਬਹੁਤ ਮਰੇ ਥੋਰੇ ਹੀ ਰਹੇ ॥ ੩੧ ॥
ਸੋਢੀ ਖੱਤ੍ਰੀ ਵੀਚ ਲਾਹੌਰੈਂ।
ਹੁਤੇ ਬਸਤ ਤਬਿ ਅਤਿਸੈ ਗੌਰੈਂ।
ਜਨਮ ਸਥਾਨ ਗੁਰੂ ਦਰ ਜਹਾਂ।
ਹੈ ਅਬਿ[1], ਥੇ ਸੋਢੀ ਤਬਿ ਤਹਾਂ ॥ ੩੨ ॥ [1]ਜਿੱਥੇ ਜਨਮ ਅਸਥਾਨ ਗੁਰਦੁਆਰਾ ਹੁਣ ਹੈ।
ਯਾਹੀ ਤੈਂ ਸੁ ਸੋਢੀਓਂ ਕੇਰਾ।
ਕਹਿਲਾਵਤ ਮਹੱਲਾ ਹਮ ਹੇਰਾ।
ਪੈ ਵਹਿ ਥੇ ਹੰਕਾਰੀ ਭਾਰੀ।
ਨਹਿ ਸ੍ਰਾਪ ਬਖਸ਼ਾਯੋ ਕਾਰੀ[1] ॥ ੩੩ ॥ [1]ਵੱਡਾ।
ਆਖਰ ਜਬਿ ਥੋਰੇ ਹੀ ਰਹੇ।
ਦਸਮ ਗੁਰੂ ਉਤ ਗਾਦੀ ਬਹੇ।
ਤਿਨ ਢਿਗ ਜਬਿ ਬਖਸ਼ਾਵਨ ਗਏ।
ਹੋਨਹਾਰ ਬਚ ਐਸ ਕਢਏ ॥ ੩੪ ॥
ਹਮ ਸ਼ਰੀਕ ਗੁਰੁ ਕੇ ਹੈਂ ਆਏ।
ਉਨਿ ਭੀ ਸੁਨਿ ਯਹਿ ਬੈਨ ਅਲਾਏ।
ਨਾਹਿ ਸ਼ਰੀਕ ਗੁਰੂ ਕਾ ਕੋਈ।
ਰਹਜੋ ਨ ਰੈਹੈ ਆਗੇ ਕੋਈ ॥ ੩੫ ॥
ਦੇਖੋ ਬੋਲਨ ਕੇਰ ਬਿਚਾਰਾ।
ਬਰ[1] ਕੀ ਠੌਰ ਸਾਪ[2] ਲਿਯ ਭਾਰਾ। [1]ਵਰ। [2]ਸਰਾਪ।
ਤਬਿ ਤੇ ਸੋਢੀ ਲਵਪੁਰ ਜੋਊ।
ਗੁਰੁ ਉਲਾਦ ਬਿਨ, ਰਹਾ ਨ ਕੋਊ ॥ ੩੬ ॥
ਭੁਜੰਗ ਪ੍ਰਯਾਤ ਛੰਦ:
ਗੁਰੂ ਤੀਸਰੇ ਕੇ ਹੁਤੇ ਪੂਤ ਨੀਕੇ।
ਉਭੇ[1] ਮੋਹਣ ਮੋਹਰੀ ਨਾਮ ਠੀਕੇ। [1]ਦੋ।
ਹੁਤੀ ਕੰਨਜਾ ਧੰਨਜਾ ਜੋਗ[1] ਭਾਨੀ। [1]ਧੰਨਜਤਾ ਜੋਗ।
ਰਮੰਦਾਸ ਸ਼ਾਦੀ ਤਿਸੈ ਸੰਗ ਠਾਨੀ ॥ ੩੭ ॥
ਭਏ ਤੀਨ ਬੇਟੇ ਤਿਸੀ ਸੈ ਸੁ ਮਾਨੋ।
ਪ੍ਰਿਥੀ ਚੰਦ ਚੰਦ[1] ਮਹਾਂ ਦੇਵ ਜਾਨੋ। [1]ਚੰਦ (ਵਰਗੇ ਸੁੰਦਰ)।
ਗੁਰੂ ਅਰਜਨੰ ਮੱਲ ਆਚੱਲ ਪਾਲੰ[1]। [1]ਲਗਾਤਾਰ ਪਾਲਣਾ ਕਰਨ ਵਾਲੇ (ਪ੍ਰਮੇਸ਼ਰ ਦਾ ਸਰੂਪ)।
ਰਹੇ ਗੋਇੰਦਵਾਲ ਬੇਸਾਲ ਕਾਲੰ[1] ॥ ੩੮ ॥ [1]ਬਹੁਤ ਸਮਾਂ।

ਗੁਰੂ ਕੋ ਸਬੰਧੀ ਲਖੈਂ ਨਾਂਹਿ ਦੋਈ[1]।
ਧਰੇ ਈਸ ਭਾਵੰ[1] ਕਰੈਂ ਸੇਵ ਸੋਈ।

[1]ਦੋਵੇਂ (ਬੀਬੀ ਭਾਨੀ ਜੀ ਤੇ ਗੁਰੂ ਰਾਮਦਾਸ ਜੀ)।
[1]ਈਸ਼ਰ ਭਾਵ ਧਾਰ ਕੇ ਭਾਵ ਗੁਰੂ ਅਮਰਦਾਸ ਜੀ ਨੂੰ ਪ੍ਰਮੇਸ਼ਰ ਰੂਪ ਸਮਝ ਕੇ।

ਗੁਰੂ ਦੂਸਰੇ ਕੀ ਅਮਰਦਾਸ ਜੈਸੇ।
ਕਰੀ ਸੇਵ ਨੀਕੈ ਰੰਮਦਾਸ ਤੈਸੇ ॥ ੩੯ ॥
ਪੁਨਾ ਬਾਉਲੀ ਕੀ ਕਰੀ ਕਾਰ ਭਾਰੀ।
ਦਿਨੇ ਰਾਤ ਹੀ ਆਲਸੰ ਤਾਂਹਿ ਟਾਰੀ।
ਬਿਤੇ ਬਰਸ ਕੇਤੇ ਤਿਸੇ ਕਰਤ ਸੇਵਾ।
ਚਢਯੋ ਤਰੁ ਮੁਰਾਦੰ[1] ਲਗਯੋ ਚਾਹਿ ਮੇਵਾ[2] ॥ ੪੦ ॥

[1]ਮੁਰਾਦ (ਭਾਵਨਾ) ਦਾ ਦਰੱਖ਼ਤ (ਸਿਰੇ) ਚੜ੍ਹ ਗਿਆ ਭਾਵ ਮੁਰਾਦ ਪੂਰੀ ਹੋਣ ਦੇ ਨੇੜੇ ਪਹੁੰਚ ਗਏ। [2]ਗੁਰਤਾ ਗੱਦੀ ਰੂਪ ਫਲ।

ਦਿਨੰ ਏਕ ਮਾਂਹੀ ਗੁਰੂ ਤੀਸਰੰ ਨੈ।
ਪਿਖਯੋ ਧਜਾਨ ਧਰ ਕੈ ਦਿਲੰ ਈਸਰੰ ਨੈ[1]।
ਲਖਯੋ ਲਾਇਕੰ ਰਾਮਦਾਸੰ ਗੁਰਜਾਈ।
ਦਯੋ ਚਾਹਿੰ ਤਾਂ ਕੋ ਮਨੰ ਮੋਦ ਛਾਈ[1] ॥ ੪੧ ॥

[1]ਈਸ਼ਰ ਸਰੂਪ ਗੁਰੂ ਅਮਰਦਾਸ ਜੀ ਨੇ ਦਿਲ ਵਿੱਚ।
[1]ਮਨ ਵਿੱਚ ਅਨੰਦ ਭਰ ਕੇ।

ਪੁਨਾ ਪਰਖਨੇ ਕੀ ਕਰੀ ਬਜੋਂਤ ਐਸੇ।
ਸਮੇਂ ਏਕ ਸਾਰੇ ਗੁਰੂ ਪਾਸ ਬੈਸੇ।
ਤਬੈ ਬੈਨ ਭਾਖੇ ਗੁਰੂ ਐਸ ਖਾਸੰ[1]।
ਰਚੌ ਚੌਤਰੇ ਬਾਪਿਕਾ ਤੀਰਰਾਸੰ[1] ॥ ੪੨ ॥

[1]ਆਪ।
[1]ਸਾਰੇ ਬਾਉਲੀ ਦੇ ਕਿਨਾਰੇ ਥੜੇ ਬਣਾਉ।

ਤਹਾਂ ਬੈਸਹੋਂ ਮੈਂ ਨਿਤੰ ਜਾਇ ਨੀਕੈ।
ਕਰੈਂ ਸੰਗਤਾਂ ਆਇ ਕੈ ਦਰਸ ਠੀਕੈ।
ਗਏ ਮਾਨ ਬੈਨੰ ਥੜੇ ਕੀਨ ਐਨੰ[1]।
ਗੁਰੂ ਜਾਇ ਪੇਖੇ ਤਬੈ ਆਪ ਨੈਨੰ ॥ ੪੩ ॥

[1]ਠੀਕ, ਚੰਗੇ।

ਕਹਯੋ ਨਾਹਿ ਨੀਕੈ ਬਨੈ ਏਹੁ ਕੋਈ।
ਦਯੋ ਸੋ ਗਿਰਾਈ ਕਹਯੋ ਫੇਰ ਹੋਈ[1]।
ਪੁਨਾ ਤਜਾਰ ਹੋਏ ਥੜੇ ਔਰ ਠੀਕੈਂ।
ਗੁਰੂ ਪੇਖਿ ਭਾਖਯੋ ਬਨੈ ਨਾਹਿ ਨੀਕੈਂ ॥ ੪੪ ॥

[1]ਫੇਰ ਹੋਣ ਭਾਵ ਫੇਰ ਦੋਬਾਰਾ ਬਣਾਉ।

ਦਯੋ ਸੋ ਗਿਰਾਈ ਕਹਯੋ ਔਰ ਸਾਜੋ[1]।
ਘਨੇ ਛੋਰਿ ਬੈਸੇ ਸਿਖੰ ਪੂਤ ਕਾਜੋ[1]।
ਕਈ ਬਾਰ ਯੌਂ ਜੌ ਗੁਰੂ ਨੇ ਢਹਾਏ।
ਤਬੈ ਸਿੱਖ ਪੂਤਾਨ ਯੌਂ ਬੈਨ ਗਾਏ ॥ ੪੫ ॥

[1]ਹੋਰ ਬਣਾਉ।
[1]ਬਹੁਤੇ ਸਿਖ ਤੇ ਪੁੱਤਰ ਕੰਮ ਛੱਡ ਬੈਠੇ।

ਅਤੀ ਬ੍ਰਿਧ ਹੋਏ ਰਹੀ ਨ ਠਿਕਾਨੇ।
ਮਤੀ ਆਪ ਕੀ, ਸੋ ਹਮੇਂ ਠੀਕ ਜਾਨੇ।
ਥੜੇ ਠੀਕ ਨਾਂਹੀ ਅਸਾਂ ਤੈ ਬਨੈ ਹੈਂ।
ਤਿਸੀ ਤੈ ਰਚਾਵੋ ਭਲੇ ਜੋ ਰਚੈ ਹੈ ॥ ੪੬ ॥
ਦਿਵੋ ਤਾਹਿ ਕੋ ਆਪ ਇੱਨਾਮ ਭਾਰੂ।
ਨਹੀ ਚਾਹਿ ਤਾਂ ਕੀ ਹਮੈਂ ਲੈਨ ਚਾਰੂ।
ਉਭੈ ਪੂਤ ਨਾਤੀ[1] ਸਭੀ ਸਿੱਖ ਔਰੈਂ। [1]ਪੋਤਰੇ।
ਗਏ ਭਾਖਿ ਐਸੇ ਤਬੈ ਛੋਰ ਠੌਰੈਂ ॥ ੪੭ ॥
ਰਹਜੋ ਰਾਮਦਾਸੰ ਥੜੇ ਜੋ ਬਨਾਵੈ।
ਗੁਰੂ ਹੇਰਿ ਤਾਂ ਕੋ ਤਬੈ ਗੇਰ ਜਾਵੈਂ।
ਨਹੀ ਰਾਗ ਰੋਖੰ[1] ਦਿਲੰ ਮਾਂਹਿ ਧਾਰੇ। [1]ਮੋਹ ਤੇ ਗੁੱਸਾ।
ਭਲੇ ਨਿੰਮ੍ਰੀ ਭਾਵ ਸੋਂ ਯੌਂ ਉਚਾਰੇ ॥ ੪੮ ॥
ਅਹੇਂ ਜੀਵ ਅਲਪੱਗਜ[1] ਹਮ ਤੁੱਛ ਬੁੱਧੀ। [1]ਥੋੜੀ ਸਮਝ ਵਾਲੇ।
ਬੁਰੇ ਨੇਕ ਕੀ ਨ ਕਿਛੂ ਆਹਿ ਸੁੱਧੀ[1]। [1]ਹੋਸ਼, ਅਕਲ।
ਜਿਮੈ ਪੂਤਰੀ ਦਾਰੁ ਕੀ[1] ਹੋਤ ਨੀਕੈ। [1]ਲੱਕੜ ਦੀ ਪੁਤਲੀ।
ਨਟੰ ਜਯੋਂ ਪ੍ਰੇਰੈ ਕਰੈ ਤੈਸ ਠੀਕੈ ॥ ੪੯ ॥
ਨਹੀ ਕਰਮ ਆਕਰਮ ਕਾ[1] ਮਰਮ[2] ਜਾਨੋਂ। [1]ਮਾੜੇ ਕਰਮ ਦਾ। [2]ਭੇਦ।
ਜਿਵੈਂ ਆਪ ਪ੍ਰੇਰੈਂ ਤਿਵੈਂ ਕਾਮ ਠਾਨੋਂ।
ਯਹੀ ਧਰਮ ਹੈ ਸਿਖ ਕਾ ਠੀਕ ਐਨੋ[1]। [1]ਚੰਗੀ ਤਰ੍ਹਾਂ।
ਰਿਦੈ ਆਗਜਾ ਗੁਰੂ ਕੀ ਮਾਨ ਲੈਨੋ ॥ ੫੦ ॥
ਨਹੀਂ ਬੈਠਨੋ ਹੈ ਹਮੈਂ ਔਰ ਠਾਮੰ[1]। [1]ਸਾਨੂੰ ਬੈਠਣ ਵਾਸਤੇ ਹੋਰ ਕੋਈ ਥਾਂ ਨਹੀਂ ਹੈ।
ਪਰੈ ਫੇਰ ਕਰਨੋ ਕਿਛੂ ਆਨ ਕਾਮੰ[1]। [1](ਜਿਹੜਾ) ਫੇਰ ਕਰਨਾ ਪਵੇ (ਐਸਾ) ਕੋਈ ਹੋਰ ਕੰਮ (ਵੀ ਨਹੀਂ ਹੈ) ਭਾਵ ਇੱਕੋ ਇਕ ਸੇਵਾ ਦਾ ਹੀ ਕੰਮ ਹੈ।
ਰਰੇ ਬੈਨ ਐਸੇ ਰਸੰ ਪ੍ਰੇਮ ਸਾਨੇ[1]। [1]ਪ੍ਰੇਮਰਸ 'ਚ ਮਿਲੇ ਹੋਏ।
ਸੁਧਾ ਸੋਂ ਲਪੇਟੇ[1] ਮਹਾਂ ਨੀਤ ਵਾਨੇ ॥ ੫੧ ॥ [1]ਅੰਮ੍ਰਿਤ ਵਿੱਚ ਭਿੱਜੇ ਹੋਏ।
ਗੁਰੂ ਮੋਦ ਹੋਏ ਤਬੈ ਯੌਂ ਸੁਨੈ ਕੈ।
ਲਯੋ ਪਰਖ ਨੀਕੇ ਭਲੀ ਭਾਂਤਿ ਤੈ ਕੈ[1]। [1]ਤਾ ਦੇ ਕੇ, ਪ੍ਰੀਖਿਆ ਕਰਕੇ।
ਉਰੰ ਸੰਗ[1] ਲਾਯੋ ਗੁਰੰ ਰਾਮਦਾਸੰ। [1]ਛਾਤੀ ਨਾਲ।
ਭੁਜਾ ਵੀਚ[1] ਲੈ ਕੇ ਕਰਜੋ ਕਾਮ ਰਾਸੰ[2] ॥ ੫੨ ॥ [1]ਜੱਫੀ ਵਿੱਚ। [2]ਸਾਰਾ ਕੰਮ।
ਜਿਮੈ ਪਾਰਸੰ ਕੇ ਛੁਹੇ ਲੋਹ ਹੇਮੰ[1]। [1]ਲੋਹਾ ਸੋਨਾ (ਹੋ ਜਾਂਦਾ ਹੈ)।

ਬਨੈ ਦੇਰ ਨਾਹੀ, ਭਏ ਯਾਹਿ ਤੇਮੰ[1]।
ਕਰਯੋ ਆਪ ਜੈਸੋ ਰਮੰਦਾਸ ਤਾਈਂ।
ਯਹੀ ਪੂਰਨੰ ਸਾਧ ਕੀ ਹੈ ਬਡਾਈ ॥ ੫੩ ॥
ਪੁਨਾ ਸਿੱਖ ਥੇ ਗੁਰੂ ਕੇ ਔਰ ਜੇਤੇ।
ਪਰੇ ਰਾਮਦਾਸੈਂ ਪਗੀਂ[1] ਆਇ ਤੇਤੇ।
ਗੁਰੂ ਪੂਤ ਭੀ ਮੋਹਰੀ ਆਇ ਲਾਗਾ।
ਪਦੰ ਰਾਮਦਾਸੰ ਭਯੋ ਬੱਡ ਭਾਗਾ ॥ ੫੪ ॥
ਭਯੋ ਰਾਮਦਾਸੰ ਗੁਰੂ ਐਸ ਭਾਤੰ।
ਹੁਤੋ ਖੋੜਸੰ ਸੈ ਸਤਾਈ[1] ਬਖਜਾਤੰ ॥ ੫੫ ॥

[1]ਤਿਵੇਂ ਇਹ (ਸ੍ਰੀ ਗੁਰੂ ਰਾਮਦਾਸ ਗੁਰੂ ਰੂਪ) ਹੋ ਗਏ।

[1]ਚਰਨੀਂ।

[1]ਸੰਮਤ ੧੬੨੭ ਬਿ:।

ਦੂਮਲਾ ਛੰਦ:

ਇਕ ਦਜੋਸ ਸ੍ਰੀ ਗੁਰੁ ਤੀਸਰ ਨੈ,
ਧਰ ਧਜਾਨ ਮਹਾਨ ਸੁ ਜਾਨ ਲਯੋ।
ਜਬਿ ਰਾਮਦਾਸ ਪਰਵਾਰ ਬਢੈ,
ਤਬਿ ਕਬਿ ਈਹਾਂ ਗੁਜ਼ਰਾਨ ਭਯੋ।
ਇਨ ਕੇ ਬਸਨੇ ਹਿਤ ਔਰ ਨਗਰ,
ਇਕ ਰਚ ਦਈਏ ਅਬਿ ਨੀਕ ਸਹੀ।
ਤਿਸ ਮੈਂ ਬਸ ਹੈਂ ਰਸ ਹੈਂ ਸੁਖ ਸੋਂ,
ਗੁਰੁ ਤੀਸਰ ਮਨ ਮੈ ਧਾਰ ਯਹੀ ॥ ੫੬ ॥
ਇਕ ਨਯੋ ਸੁ ਨਗਰ ਬਸਾਇ ਦਯੋ,
ਸੰਨ ਸੋਲਾਂ ਸੈ ਸਤ ਬੀਸ ਮਹੇਂ[1]।
ਰਮਦਾਸ ਪੁਰਾ ਤਿਹ ਨਾਮ ਧਰਯੋ,
ਅਬਿ ਅੰਮ੍ਰਿਤਸਰ ਜਨ ਜਾਂਹਿ ਕਹੇਂ।
ਤਿਹ ਮਾਂਹਿ ਬਸਾਇ ਦਯੋ ਰਚਿ ਧਾਮ,
ਸੁ ਰਾਮਦਾਸ ਗੁਰੁ ਕੋ ਤਬਿ ਹੀ।
ਤਬਿ ਰਾਮਦਾਸ ਰਹਿਂ ਕਬੀ ਸੁਧਾਸਰ,
ਗੋਇੰਦਵਾਲ ਰਹੈਂ ਕਬਿ ਹੀ ॥ ੫੭ ॥
ਮਨ ਦੈ ਤਨ ਦੈ ਬਹੁ ਸੇਵ ਕਰੈਂ,
ਕਰਿ ਬੰਦਨ ਆਵਹਿ ਫੇਰ ਚਲੇ।
ਗੁਰੁ ਅਮਰ ਜਬੈ ਪਰਲੋਕ ਗਏ,
ਤਬਿ ਤੈ ਨਿਜ ਪੁਰ ਯਹਿ ਥਿਰੇ ਭਲੇ।

[1]ਵਿੱਚ।

ਗੁਰੁ ਆਦਿ ਜੁਗਾਦਿ ਅਮਰ ਕੀਰੀਤੀ[1],
ਰਾਮਦਾਸ ਸਭਿ ਭਲੇ ਗਹੀ।
ਬਹੁ ਸੰਗਤਿ ਦੇਸ ਬਦੇਸਨ ਤੈ,
ਨਿਤ ਆਵਤਿ ਜਾਵਤਿ ਰਹੇ ਤਹੀਂ ॥ ੫੮ ॥
ਸਿਖ ਦਸਵੰਧ ਦੇਵੈਂ ਗੁਰ ਕੋ ਸੇਵੈਂ,
ਲੈ ਉਪਦੇਸ ਕਲੇਸ ਕਟੈਂ।
ਗੁਰੁ ਤੇ ਫਲ ਚਾਰ ਪਾਇ ਘਰ ਜਾਵੈਂ,
ਕਿਰਤਿ ਧਰਮ ਕੀ ਬ੍ਰਿਤਿ ਠਟੈਂ[1]।
ਅਮਰ ਦਾਸ ਗੁਰੁ ਰਾਮਦਾਸ ਕੋ,
ਖਾਸ ਕਹਜੋ ਥਾ ਇਕ ਦਿਵਸੰ।
ਪੁਰ ਰਮਦਾਸ ਪਾਸ ਇਕ ਤੀਰਥ,
ਅਤਿ ਨੀਕੋ ਹੈ ਪੁਰਾ ਦਿਸੰ[1] ॥ ੫੯ ॥

[1]ਪਹਿਲੇ, ਦੂਜੇ ਤੇ ਤੀਜੇ ਗੁਰਾਂ ਦੀ ਮਰਯਾਦਾ।

[1]ਧਰਮ ਦੀ ਕ੍ਰਿਤ ਵਾਲੀ ਬ੍ਰਿਤੀ ਬਣਾ ਲੈਂਦੇ ਹਨ।

[1]ਪੂਰਬ ਦੀ ਤਰਫ਼।

ਦੋਹਰਾ:
ਰਾਮਦਾਸ ਗੁਰੁ ਇਸੀ ਤੈ,
ਆਇ ਬੈਠ ਇਸ ਥਾਇ।
ਭਜਨ ਕਰੈਂ ਪਰਮੇਸ਼ ਕੋ
ਤਾਲ ਖੁਦਾਵਹਿਂ ਸਾਇ[1] ॥ ੬੦ ॥
ਲੋਕ ਦੇਸ ਕੇ ਆਇਂ ਬਹੁ,
ਛਕਿ ਲੰਗਰ ਪ੍ਰਸ਼ਾਦ।
ਦਰਸ ਭਜਨ ਕਰਿ, ਤਾਲ ਕੋ
ਖੋਦੈਂ ਸਹਿ ਅਹਿਲਾਦ ॥ ੬੧ ॥

[1]ਉਸੇ ਜਗ੍ਹਾ।

ਕਬਿੱਤ:
ਐਸੀ ਭਾਂਤਿ ਨਿਤਾਪ੍ਰਤਿ ਕਰਤ ਸੁਕ੍ਰਿਤ ਕ੍ਰਿਤ[1],
ਰਹਜੋ ਬਿਵਹਾਰ ਬ੍ਰਤ[1] ਗੁਰੂ ਕੋ ਸੁ ਦੇਸ ਹੈ।
ਤਾਂਹੀ ਸਮੇਂ ਸੁਨੋ ਏਕ ਬਾਤ ਭਈ ਔਰ ਜੇਕ[1],
ਸੁਧਾਸਰ ਤਾਲ ਨੇਕ ਭਯੋ ਜੈਸ ਬੇਸ[1] ਹੈ।
ਮਦਰ[1] ਸੁ ਦੇਸ ਮਾਂਹਿ ਪੱਟੀ ਨਾਮ ਗ੍ਰਾਮ ਆਹਿ,
ਹੁਤੋ ਏਕ ਨੀਕ ਤਾਂਹਿ ਖੱਤ੍ਰੀ ਨਰੇਸ ਹੈ।
ਹੁਤੀ ਤੱਕਿ ਧਾਮ ਚਾਰ ਸੁਤਾ ਸੁ ਕੁਮਾਰ ਚਾਰੁ[1],

[1]ਪੁੰਨ ਕਰਮ।

[1]ਵਰਤਾਰਾ ਵਰਤ ਰਿਹਾ ਹੈ।

[1]ਜਿਹੜੀ ਇਕ ਗੱਲ।

[1]ਉੱਤਮ, ਬੇ-ਮਿਸਾਲ।

[1]ਮਾਝੇ ਦੇ।

[1]ਚਾਰ ਸੁੰਦਰ ਕੰਵਾਰੀਆਂ ਪੁੱਤ੍ਰੀਆਂ ਘਰ 'ਚ ਪੈਦਾ ਹੋਈਆਂ ਦੇਖ ਕੇ।

ਰੂਪ ਗੁਨ ਕੀ ਅਗਾਰ[1] ਹਾਰਕ[2] ਕਲੇਸ ਹੈਂ ॥ ੬੨ ॥

[1]ਘਰ। [2]ਨਾਸ ਕਰਨ ਵਾਲੀਆਂ।

ਏਕ ਰੋਜ਼ ਆਪਸ ਮੈਂ ਬਹਨ ਬਹਨ ਮਿਲਿ,
ਕਹਨ ਸੁ ਲਾਗੀ ਪਾਗੀ ਕ੍ਰਮ ਰਸ ਰੇਖ ਹੀ[1]।

[1]ਕਰਮਰੇਖ ਦੇ {ਰਸ} ਸਿਧਾਂਤ 'ਚ ਲੀਨ ਹੋਈਆਂ।

ਤੀਨ ਕਹੈਂ ਐਸੀ ਬਾਤ ਖੈ ਹੈਂ ਹਮ ਦਯੋ ਤਾਤ[1],
ਚਤਰਥੁ ਕਹਯੋ ਖਾਤ ਮੈ ਤੋ ਨਿਜ ਲੇਖ[1] ਹੀ।

[1]ਪਿਤਾ ਦਾ। [1]ਆਪਣਿਆਂ ਕਰਮਾਂ ਦਾ।

ਏਹੀ ਬਾਤ ਸੁਨਿ ਗੂਢ[1], ਕੋਪ ਭਯੋ ਬਾਪ ਮੂਢ,
ਕਹਯੋ ਮੈ ਅਗੂਢ[1] ਰੂਢ[2], ਲੈਂਹੁ ਅਬਿ ਪੇਖ ਹੀ।

[1]ਗੁੱਝ, ਡੂੰਘੀ। [1]ਪ੍ਰਤੱਖ। [2]ਉੱਤਮ (ਬਾਤ)।

ਤਾਂ ਹੀ ਸਮੇਂ ਏਕ ਅਤਿ ਦੀਨ[1] ਨਰ ਬੋਲ ਲੀਨ,
ਹਾਥ ਪਾਉਂ ਜਾਂਹਿ ਖੀਨ[1] ਕੁਸ਼ਟੀ ਵਿਸੇਖ[2] ਹੀ ॥ ੬੩ ॥

[1]ਬਹੁਤ ਗਰੀਬ। [1]ਝੜੇ ਹੋਏ। [2]ਵੱਡਾ ਕੋਹੜੀ ਸੀ।

ਧਰ ਕੈ ਪਿਟਾਰਿ[1] ਮਾਂਹਿ ਤਾਂਹਿ ਸੰਗ ਦਈ ਵਜਾਹਿ,
ਚਤਰਥ ਸੁਤਾ ਵਾਹਿ ਨਿਜ ਨ੍ਰਿਪ[1] ਜਬਿ ਹੀ।

[1]ਪਿਟਾਰੀ, ਖਾਰੀ।

[1]ਰਾਜੇ ਨੇ ਉਹ ਆਪਣੀ ਚੌਥੀ ਲੜਕੀ।

ਭੂਪ ਕੀ ਕੁਮਾਰਿ[1] ਤਬਿ ਜ਼ੇਵਰ[2] ਉਤਾਰ ਸਭਿ,
ਜੀਰਣ ਸੇ ਚੀਰ ਧਾਰ[1] ਤਨ ਪਰ ਸਭਿ ਹੀ।

[1]ਰਾਜੇ ਦੀ ਪੁੱਤਰੀ। [2]ਗਹਿਣੇ।

[1]ਪਾਟੇ ਪੁਰਾਣੇ ਜਿਹੇ ਕੱਪੜੇ ਪਾ ਕੇ।

ਤਾਤ ਕੋ[1] ਤਜਾਗ ਓਕ[2], ਚਲੀ ਤਬਿ ਹ੍ਵੈ ਬਿਸ਼ੋਕ[3],
ਸ਼ੋਕ ਭਰੇ ਲੋਕ ਹੇਰਿ ਠੋਕ ਭਾਲ ਦਬਿ ਹੀ[1]।

[1]ਪਿਤਾ ਦਾ। [2]ਘਰ। [3]ਅਨੰਦ ਹੋ ਕੇ।

[1]ਦੇਖ ਕੇ ਲੋਕ ਸ਼ੋਕ ਨਾਲ ਭਰ ਗਏ (ਤੇ ਹੱਥਾਂ ਨਾਲ) ਦੱਬ ਕੇ ਮੱਥੇ ਠੋਕਦੇ ਹਨ ਭਾਵ ਰਾਜੇ ਦੇ ਕਰਤੱਬ 'ਤੇ ਅਫ਼ਸੋਸ ਕਰਦੇ ਹਨ।

ਪਤਿ ਕੀ ਪਿਟਾਰੀ ਸੁ ਕੁਮਾਰੀ ਨਿਜ ਸੀਸ ਧਾਰੀ,
ਛੋਡਿ ਨਿਜ ਧਾਮ ਗ੍ਰਾਮ ਕੋ[1] ਪਧਾਰੀ[2] ਤਬਿ ਹੀ ॥ ੬੪ ॥

[1]ਆਪਣੇ ਘਰ ਤੇ ਪਿੰਡ ਨੂੰ। [2]ਚੱਲੀ।

ਸ੍ਵੈਯਾ:

ਜਾਇ ਜਿਸੇ ਪੁਰ ਕੇ ਢਿਗ ਸੋ,
ਪਿਖਿ ਤਾਲ[1] ਧਰੇ ਪਤਿ ਕੀ ਤਹਿਂ ਖਾਰੀ।

[1]ਤਲਾਅ (ਅ) ਛੱਪੜ।

ਮਾਂਗ ਸੁ ਭੀਖ ਗ੍ਰਾਮਨ ਤੇ ਨਿਤ,
ਤਾਂਹਿ ਖੁਵਾਇ ਕੈ ਖਾਇ ਪਿਛਾਰੀ।
ਰੀਤਿ ਮਹਾਂਨ ਪਤੀ ਬ੍ਰਤਾਨ ਕੀ,
ਨੀਤ[1] ਭਲੇ ਨਿਰਬਾਹਿਤ ਸਾਰੀ।

[1]ਨਿੱਤ, ਹਮੇਸ਼ਾਂ।

ਜਾਨ ਪਤੀ ਪ੍ਰਮੇਸ੍ਵਰ ਰੂਪੁ,
ਕਰੇ ਬਹੁ ਸੇਵ ਸੁ ਭੂਪ ਦੁਲਾਰੀ ॥੬੪॥

ਹੇਕ[1] ਸਮੇਂ ਧਰਮੱਗ ਤੀਯਾ[2] ਵਹਿ[3],
[1]ਇਕ। [2]ਧਰਮ ਦੀ ਜਾਣੂ ਇਸਤ੍ਰੀ ਨੇ। [3]ਉਹ (ਆਪਣਾ ਪਤੀ)।

ਆਨ ਸੁਧਾਸਰ ਤੀਰ[1] ਉਤਾਰਾ।
[1]ਅੰਮ੍ਰਿਤਸਰ ਦੇ ਕਿਨਾਰੇ।

ਹੈ ਦੁਖ ਭੰਜਨੀ ਨਾਮ ਜਹਾਂ ਬਦਰੀ,
ਤਰੁ[1] ਕੇ ਸੁ ਤਰੇ[2] ਤਿਹ ਧਾਰਾ[3]।
[1]ਬੇਰੀ ਦੇ ਦਰੱਖ਼ਤ। [2]ਹੇਠਾਂ। [3]ਤਿਸ ਨੂੰ ਰੱਖ ਦਿੱਤਾ।

ਆਪ ਗਈ ਗੁਰੁ ਲੰਗਰ ਮਾਂਗਨ,
ਬੈਠ ਰਹਜੋ ਤਹਿਂ ਸੋ ਰੁਜਵਾਰਾ[1]।
[1]ਉਹਰੋਗੀ (ਪਤੀ)।

ਮੇਖ ਕੀ[1] ਆਨ ਲਗੀ ਸੰਕ੍ਰਾਂਤਿ[2]
ਤਿਸੀ ਦਿਨ ਥੋ ਪੁਰਬੀ ਛਿਨ ਭਾਰਾ[1] ॥੬੬॥
[1]ਵੈਸਾਖ ਮਹੀਨੇ ਦੀ। [2]ਸੰਗ੍ਰਾਂਦ–ਮਹੀਨੇ ਦਾ ਪਹਿਲਾ ਦਿਨ।
[1]ਭਾਰੀ ਪੁਰਬ ਦਾ ਸਮਾਂ ਸੀ।

ਭਾਗ ਜਗੇ ਤਿਸ ਕੇ ਅਤਿ ਹੀ ਭਲ[1]
[1]ਚੰਗੇ।

ਕਾਕ[1] ਅਏ ਤਬਿ ਹੀ ਜੁਗ ਕਾਰੇ[2]।
[1]ਕਾਂ। [2]ਦੋ ਕਾਲੇ।

ਤਾਲ ਕੇ ਮੱਧ ਕਰਜੋ ਤਿਨ ਮੱਜਨ[1]
[1]ਇਸ਼ਨਾਨ।

ਸੱਜਨ[1] ਹੋਇ ਮਰਾਲ[2] ਪਧਾਰੇ।
[1]ਸੋਭਾ ਸਹਿਤ। [2]ਹੰਸ।

ਕੌਤਕ ਏਹੁ ਨਿਹਾਰ ਤਬੈ,
ਤਿਨਹੂੰ ਮਨਿ ਮੱਜਨ ਹੇਤ ਵਿਚਾਰੇ।

ਤਜਾਗ ਪਿਟਾਰਿ ਭਲੇ ਹਲਚਾਲ[1]
[1]ਹਿਲਜੁਲ ਕਰਕੇ।

ਸੁ ਤਾਲ ਕੇ ਮੱਧ ਧਸਜੋ ਬਲ ਕਾਰੇ[1] ॥੬੭॥
[1]ਬਲ ਕਰਕੇ।

ਤਾਂ ਤਨ ਕੋ ਪਰਸਜੋ[1] ਜਬਿ ਹੀ ਜਲ,
ਸੁੱਧ ਭਜੋ ਤਨ ਰੋਗ ਬਿਨਾਸੋ।
[1]ਛੁਹਿਆ।

ਅੰਗ ਸਬੂਤ[1] ਭਏ ਸਗਰੇ,
ਸਮ ਕੰਚਨ[1] ਰੰਚ ਨ ਖੇਦ ਰਹਾ ਸੋ[2]।
[1]ਸਾਬਤ।
[1]ਸੋਨੇ ਵਾਂਗ। [2]ਉਸ ਨੂੰ ਥੋੜਾ ਜਿਹਾ ਵੀ ਦੁੱਖ ਨਾ ਰਿਹਾ।

ਬਾਰਹਿ ਬਾਰ ਜੁਹਾਰ[1] ਕਰੇ
ਸਰ ਕੌ[1], ਤਨ ਕੋ ਪਿਖਿ ਧਾਰ ਹੁਲਾਸੋ[2]।
[1]ਨਮਸਕਾਰ।
[1]ਸਰੋਵਰ ਨੂੰ। [2]ਖ਼ੁਸ਼ ਹੁੰਦਾ ਹੈ।

ਆਇ ਤਹਾਂ ਤਬਿ ਹੀ ਵਹਿ ਨਾਰਿ,
ਨਿਹਾਰਿ[1] ਪਤੀ ਮਨਿ ਧਾਰ ਤਰਾਸੋ[2] ॥੬੮॥
[1]ਦੇਖ ਕੇ। [2]ਮਨ ਵਿੱਚ ਡਰ ਗਈ।

ਬੂਝਨ ਕੀਨ ਅਹੋ ਤੁਮ ਕੌਨ ਸੁ,
ਮੋ ਪਤਿ ਕੋ ਕਿਹ ਠਾਂ ਤੁਮ ਡਾਰਾ।
ਜੇਕਰ ਪਾਪ ਕਰਜੋ ਹਮਰੇ ਹਿਤ,

ਮੈਂ ਨ ਛੁਹਉਂ ਕਬਿ ਅੰਗ ਤੁਮਾਰਾ।
ਹੇ ਧਰਮੱਗ ਤੀਯਾ ! ਸੁਨਿਯੇ ਸਭਿ,
ਸਾਚ ਕਹੌਂ ਪਤਿ ਮੈਂ ਹੂੰ ਤੁਮਾਰਾ।
ਰੋਗ ਗਯੋ ਸੁਧ[1] ਦੇਹ ਭਯੋ ਜਿਮ, [1]ਅਰੋਗ।
ਸੋ ਪਰਸੰਗ ਸੁਨੋ ਮਮ ਸਾਰਾ ॥ ੬੯ ॥
ਮਾਂਗਨ ਹੇਤ ਗਈ ਜਬਿ ਤੂੰ,
ਮੁਝ ਕੋ ਰਖ ਕੈ ਇਸ ਤਾਲ ਕਿਨਾਰੇ।
ਤੌ ਜੁਗ ਕਾਕ ਇਹਾਂ ਕਰਿ ਮੱਜਨ,
ਸੱਜਨ ਹੋਇ ਮਰਾਲ ਪਧਾਰੇ।
ਕੌਤਕ ਹੇਰਿ ਰਹਯੋ ਬਿਸਮੈ ਪੁਨ,
ਮੈਂ ਭੀ ਗਿਰਯੋ ਚਲਿਕੈ ਮੱਧ ਬਾਰੇ[1]। [1]ਪਾਣੀ ਵਿੱਚ।
ਮੱਜਤ ਹੀ ਸਬਿ ਰੋਗ ਨਸਯੋ ਮਮ,
ਸਾਬਤ ਅੰਗ ਭਏ ਯਹਿ ਸਾਰੇ ॥ ੭੦ ॥
ਜਦਯਪਿ ਸਾਚ ਕਹੀ ਸਬਿ ਹੀ ਉਨਿ,
ਤਦਯਪਿ ਨੈਕ[1] ਨਹੀ ਤ੍ਰਿਯ ਮਾਨੀ। [1]ਥੋਹੜੀ ਜਿਹੀ ਵੀ (ਗੱਲ)।
ਸਹੁ[1] ਪਾਇ ਰਹਯੋ ਸੌ ਸੌ ਕਸਮੇ[2], [1]ਪਤੀ। [2]ਸੌਹਾਂ, ਸੁਗੰਧਾਂ।
ਪਰ ਨਾਰਿ ਸਤੀ ਨ ਰਤੀ ਪਤਿਆਨੀ[1]। [1]ਪਤੀਬ੍ਰਤਾ ਇਸਤ੍ਰੀ ਨੇ {ਰਤੀ} ਥੋੜ੍ਹਾ ਜਿਹਾ ਵੀ ਭਰੋਸਾ ਨਾ ਕੀਤਾ।

ਇਕ ਸਿੱਖ ਅਚਾਨਕ ਆਨ ਸੁਨਿਓ,
ਸੁ ਚਰਿੱਤ੍ਰ ਬਚਿੱਤ੍ਰ[1] ਪਵਿੱਤ੍ਰ ਮਹਾਨੀ। [1]ਅਸਚਰਜ ਕੌਤਕ।
ਉਨਿ ਦੰਪਤਿ[1] ਕੋ ਨਿਜ ਸੰਗ ਲਵਾਇ ਕੇ[2], [1]ਇਸਤ੍ਰੀ ਪਤੀ। [2]ਆਪਣੇ ਨਾਲ ਲੈ ਜਾ ਕੇ।
ਜਾਇ ਗੁਰੂ ਢਿਗ ਬਾਤ ਬਖਾਨੀ ॥ ੭੧ ॥
ਸੋ ਸੁਨਿ ਕੈ ਰਾਮਦਾਸ ਗੁਰੂ,
ਧਰਿ ਧਯਾਨ ਪਿਖਯੋ ਸਬਿ ਸਾਚ ਨਿਹਾਰੀ।
ਪੁਨ ਤਾਂ ਤਿਯ ਕਾ ਸਿਤਕਾਰ ਕਰਯੋ ਬਡ,
ਆਪ ਕਹਯੋ ਸਤ[1] ਹੈ ਤੁਵ ਭਾਰੀ। [1]ਪਤੀਬ੍ਰਤਾ ਧਰਮ।
ਤੋ ਸਤ ਕੇ ਬਲ ਤੇ ਸੁਨਿ ਸੁੰਦਰਿ[1], [1]ਹੇ ਸੁੰਦਰ (ਪੁੱਤਰੀ)।
ਸੁੰਦਰ ਦੇਹ ਭਈ ਇਸ ਸਾਰੀ।
ਹੈ ਤੁਮਰੋ ਪਤਿ ਏਹੁ ਸਹੀ,
ਗੁਰ ਵਾਕ ਧਰਯੋ ਮਨ ਮੈ ਦਿਢ ਨਾਰੀ ॥ ੭੨ ॥

ਮੋਦ ਭਰੇ ਤਬਿ ਹੀ ਸਭਿ ਹੀ ਨਰ,
ਤੀਰਥ ਕੀ ਸ਼ਕਤੀ ਪਿਖਿ ਭਾਰੀ।
ਆਪ ਸ੍ਰੀ ਗੁਰ ਆਇ ਪੁਨਾ,
ਤਹਿ ਲਜਾਇ ਪ੍ਰਸ਼ਾਦ ਸੁ ਬੰਦਨ ਧਾਰੀ।
ਤਰੁ ਬੇਰਿ[1] ਅਹੇ ਅਬਿ ਲੌ ਜਿਹ ਠਾਂ,
ਗੁਰਿ ਨਾਮ ਧਰਜੋ ਦੁਖ ਭੰਜਨਿ ਭਾਰੀ।
ਪਾਵਤ ਹੈਂ ਫਲ ਚਾਰਿ[1] ਅਬੈ,
ਨਰ ਨਾਰਿ ਜੁ ਨ੍ਹਾਵਤ ਆਇ ਸਕਾਰੀ[1] ॥ ੭੩ ॥
ਇਸ ਤੀਰਥ ਕੀ ਮਹਿਮਾਂ ਬਿਸਤੀਰਤ[1],
ਆਪ ਪੁਨਾ ਗੁਰ ਚੌਥੇ ਗਾਈ।
ਗੁਰ ਗ੍ਰੰਥ ਵਿਖੇ ਬਹੁ, ਹੈਂ ਸਿਖ ਜਾਨਤ,
ਯਾ ਹਿਤ ਕਿੰਚਤ ਮੈਹੂੰ ਦਿਖਾਈ।
ਤਥਾ ਹੀ–
ਰਾਗੁ ਗੂਜਰੀ ਮਹਲਾ ੪ ॥
ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ[1] ॥
(ਪੰਨਾ ੪੯੩)

[1]ਬੇਰੀ ਦਾ ਦਰੱਖਤ।

[1]ਸੁੰਦਰ।

[1]ਸਵੇਰੇ, ਅੰਮ੍ਰਿਤ ਵੇਲੇ।

[1]ਵਿਸਥਾਰ ਨਾਲ।

[1]ਸੱਚ ਬੋਲਣ ਵਾਲੇ ਸਤਿਗੁਰਾਂ ਦਾ ਇਹ ਅੰਮ੍ਰਿਤ ਸਰ ਸਰੋਵਰ ਹੈ ਜਿਸ ਵਿੱਚ ਇਸ਼ਨਾਨ ਕੀਤਿਆਂ ਕਾਂ ਹੰਸ ਹੋ ਜਾਂਦਾ ਹੈ।

ਯਦਜਪਿ ਏਹੁ ਕਥਾ ਬਹੁਧਾ[1],
ਗੁਰ ਪੰਚਮ ਕੇ ਪ੍ਰਸੰਗ ਮੈਂ ਗਾਈ।
ਹੈ ਗੁਰ ਸਿੱਖਨ ਪੂਰਬ[1], ਪੈ
ਚਹੀਏ ਥੀ ਲਿਖਨੀ ਗੁਰੁ ਚੌਥਿ ਪ੍ਰਥਾਈ[1]
॥ ੭੪ ॥
ਕਜੋਂ ਕਰਿ ਜੋ ਗੁਰੁ ਸਿੱਖਨ ਸਾਖਿਨ
ਤੈ[1], ਗੁਰੁ ਵਾਕ ਅਹੇ ਬਲਵਾਰੋ।
ਯਾ ਹਿਤ ਮੈਂ ਅਬਿ ਸੋਚ ਭਲੇ,
ਗੁਰੁ ਚੌਥਹਿ ਕੇ ਪ੍ਰਸੰਗ ਮੈਂ ਧਾਰੋ[1]।
ਜਾਂ ਦਿਨ ਤੇ ਕੁਸ਼ਟੀ ਸੁਸ਼ਟੀ
ਤਨ ਭੌ[1], ਕਰਿ ਮੱਜਨ ਸੱਜਨ ਸਾਰੋ[2]।

[1]ਬਹੁਤ ਜਗ੍ਹਾ।

[1]ਪਹਿਲੇ ਸਿੱਖਾਂ ਨੇ।

[1]ਪਰ ਚੌਥੇ ਗੁਰਾਂ ਦੇ ਪ੍ਰਸੰਗ ਵਿੱਚ ਲਿਖਣੀ ਚਾਹੀਦੀ ਸੀ।

[1]ਸਾਖੀਆਂ ਤੋਂ।

[1]ਰੱਖਿਆ ਹੈ।

[1]ਕੁਸ਼ਟੀ ਸਰੀਰ ਬਹੁਤ ਹੀ ਠੀਕ ਹੋ ਗਿਆ ਹੈ। [2]ਇਸ਼ਨਾਨ ਕਰ ਕੇ ਸਾਰਾ (ਸ਼ਰੀਰ) {ਸੱਜਨ} ਸੋਭਾ ਸਹਿਤ (ਹੋ ਗਿਆ ਹੈ)।

ਤਾਂ ਦਿਨ ਤੇ ਮਹਿਮਾਂ ਇਸ ਤਾਲ ਕੀ,
ਹੋਨ ਲਗੀ ਦਿਨ ਹੀ ਦਿਨ ਭਾਰੋ ॥ ੭੫ ॥
ਲੋਗ ਬਿਸਾਖੀ ਦਿਵਾਲੀ ਪੈ ਆਇ,
ਸ਼ਨਾਨ ਲਗੇ ਕਰਨੇ ਬਹੁ ਮੇਲਾ।
ਔ ਗੁਰੁ ਖਾਸ[1] ਸ੍ਰੀ ਰਾਮਦਾਸ,
ਲਗੇ ਖੁਦਵਾਵਨ ਰੋਜ ਨਵੇਲਾ[1]।
ਅਵਤ ਦੇਸ ਬਿਦੇਸਨ ਤੈ ਸਿੱਖ,
ਤੀਰਥ ਕਾ ਪਰਗੋ ਬਡ ਹੇਲਾ[1]।

[1]ਆਪ।
[1]ਨਵਾਂ (ਸਰੋਵਰ)।
[1]ਤੀਰਥ ਦੇ (ਦਰਸ਼ਨਾਂ ਲਈ) ਵੱਡਾ ਹੱਲਾ ਪੈ ਗਿਆ ਭਾਵ ਬਹੁਤੇ ਲੋਕ ਦਰਸ਼ਨਾਂ ਲਈ ਆਉਣ ਲੱਗ ਪਏ।

ਲੰਗਰ ਆਦਿ ਸਭੀ ਬਿਵਹਾਰ,
ਚਲਜੋ ਗੁਰੁ ਕੋ ਤਬਿ ਜਾਇ ਸੁਹੇਲਾ ॥ ੭੬ ॥

ਤ੍ਰਿਭੰਗੀ ਛੰਦ:
ਸਿੱਖ ਗੁਰੁ ਕੇ ਪਾਇਨ[1], ਪਾਸ ਉਪਾਇਨ[2],
ਅਰਪੈਂ ਆਇਨ[1], ਬਿੱਤ[2] ਮਹਾਂ।
ਪਦ ਪੰਕਜ ਪਰਸੈਂ, ਦਰਸਨ ਦਰਸੈਂ,
ਮਨ ਮਹਿ ਹਰਸੈਂ, ਕਿੱਤ ਕਹਾਂ[1]।
ਗੁਰ ਦੈ ਉਪਦੇਸੰ, ਕਟੈਂ ਕਲੇਸੰ,
ਰਹੈ ਨ ਲੇਸੰ, ਅਗਿਆਨੰ।
ਮਨ ਬਾਂਛਿਤ ਪਾਵਹਿਂ, ਪੁਨਾ ਸਿਧਾਵਹਿਂ,
ਘਰ ਕੋ ਜਾਵੈਂ, ਧਰ ਧਜਾਨੰ ॥ ੭੭ ॥

[1]ਚਰਨਾਂ ਦੇ। [2]ਭੇਟਾ।
[1]ਆ ਕੇ। [2]ਧਨ।
[1]ਕਿਤਨੇ ਕੁ ਕਹਾਂ ਭਾਵ ਬਹੁਤ ਹੀ।

ਸਰ ਸੁਧਾ ਖੁਦਾਯਾ[1], ਮੁਕਤੀ ਦਾਯਾ,
ਨ੍ਹਾਯਾ ਪਾਯਾ ਜੋ ਸਬਿ ਹੀ।
ਸ੍ਰੁਤਿ ਗੁਨ ਖਟ ਚੰਦਾ, ਸਾਲ ਅਮੰਦਾ[1],
ਦਾਇ ਅਨੰਦਾ, ਥਾ ਤਬਿ ਹੀ।
ਗੁਰੁ ਉਚਰੈਂ ਬਾਨੀ, ਧਰਮ ਧਰਾਨੀ[1],
ਪ੍ਰੇਮ ਪਗਾਨੀ[1], ਸੁਖ ਖਾਨੀ।
ਨਿਰਵੇਦਹਿ ਸਾਨੀ[1], ਬੇਦ ਮਿਲਾਨੀ[2],
ਗਿਆਨਦ ਦਾਨੀ[1], ਬ੍ਰਹਮਾਨੀ[2] ॥ ੭੮ ॥

[1]ਅੰਮ੍ਰਿਤ ਸਰ (ਸਰੋਵਰ) ਪੁਟਵਾਇਆ।
[1](ਸੰਮਤ) ੧੬੩੪ (ਬਿ:) ਦਾ ਚੰਗਾ ਸਾਲ ਸੀ। {ਸ੍ਰੁਤਿ-ਵੇਦ=੪, ਗੁਣ=੩, ਖਟ=੬, ਚੰਦ=੧=ਉਲਟਾ ਕੇ ੧੬੩੪ ਬਿ: ਬਣਿਆ।}
[1]ਧਰਮ ਨੂੰ ਧਾਰਨ ਕਰਾਉਣ ਵਾਲੀ।
[1]ਪ੍ਰੇਮ 'ਚ ਲੀਨ ਕਰਨ ਵਾਲੀ।
[1]ਵੈਰਾਗ ਨਾਲ ਮਿਲੀ ਹੋਈ। [2]ਗਿਆਨ ਦੇ ਨਾਲ ਮਿਲਾਉਣ ਵਾਲੀ।
[1]ਗਿਆਨ ਦਾ ਆਨੰਦ ਦੇਣ ਵਾਲੀ। [2]ਬ੍ਰਹਮ ਤੋਂ ਆਈ ਹੋਈ।

ਰਿਧਿ ਸਿੱਧ ਪ੍ਰਦਾਨੀ, ਮੋਦ ਮਿਲਾਨੀ,
ਬਿਜੈ ਕਰਾਨੀ, ਸਰ ਮੁਕਤੀ।
ਜਿਹ ਪਢਿ ਸੁਨਿ ਭਗਤੀ, ਪੈਂਹਿ ਬ੍ਰਿੱਕਤੀ[1],
ਸ਼ਕਤੀ ਜਗਤੀ, ਨਰ ਯੁਕਤੀ[1]।

[1]ਬਿਰੱਕਤ ਪੁਰਸ਼ ਭਗਤੀ ਪਾ ਲੈਂਦੇ ਹਨ।
[1]{ਸ਼ਕਤੀ} ਮਾਇਆ ਧਾਰੀ ਭਾਵ ਗ੍ਰਹਸਤੀ ਪੁਰਸ਼ ਜਗਤ ('ਚਰਹਿਣ) ਦੀ ਜੁਗਤੀ (ਪਾ ਲੈਂਦੇ ਹਨ)।

ਗੁਰੁ ਥਿਰਿ ਸਿੰਘਾਸਨ, ਪੂਰੈਂ ਆਸਨ[1],
ਜਾਇ ਨਿਰਾਸ ਨ, ਕੋਇ ਕਭੀ।
ਨਦਿ ਨਾਮੁ ਬਹਾਯੋ[1], ਲੰਗਰ ਲਾਯੋ,
ਜੋ ਜਿਹ ਭਾਯੋ[1], ਦੇਤਿ ਸਭੀ ॥ ੭੯ ॥

[1]ਆਸਾਂ।
[1]ਨਾਮ ਦਾ ਦਰਿਆ ਵਗਾ ਦਿੱਤਾ।
[1]ਚਾਹਿਆ, ਮੰਗਿਆ।

ਇਮ ਨਿਤਯੰ ਪਰਤੀ[1], ਰਹਿਤ ਅਚਰਤੀ[2],
ਸ਼ਕਤੀ ਵਰਤੀ, ਗੁਰੁ ਕੇਰੀ।
ਇਕ ਮਗ ਮੈਂ ਆਵੈਂ, ਇਕ ਫਿਰ ਜਾਵੈਂ,
ਏਕ ਥਿਰਾਵੈਂ, ਕਿਤ ਦੇਰੀ[1]।
ਇਮ ਗੁਰੂ ਅਗਾਰੀ, ਭੀਰ ਅਪਾਰੀ,
ਨਿਸ ਦਿਨ ਭਾਰੀ, ਰਹਿ ਲਾਗੀ।
ਫਲ ਨੀਕੇ ਚਾਰੇ, ਸਿੱਖ ਅਪਾਰੇ,
ਪਾਇ ਸਿਧਾਰੈਂ, ਵਡ ਭਾਗੀ ॥ ੮੦ ॥

[1]ਹਰਰੋਜ਼। [2]ਰਹਿਣੀ 'ਚ ਰਹਿੰਦੇ ਹਨ।
[1]ਇਕ ਕੁਝ ਦੇਰ ਤੱਕ ਠਹਿਰਦੇ ਹਨ।

ਬਹੁ ਬੁੱਢੇ ਸਾਹਿਬ, ਆਦਿ ਮੁਸਾਹਿਬ[1],
ਨਿਤ ਰਹਾਇਬ[1], ਗੁਰਿ ਪਾਸੰ।
ਗੁਰ ਸਭਾ ਲਗਾਵੈਂ, ਨਿਤ ਪ੍ਰਤਿ ਭਾਵੈਂ,
ਸਿੱਖ ਥਿਰਾਵੈਂ, ਬਹੁ ਖਾਸੰ।
ਪੁਨ ਆਇ ਰਬਾਬੀ, ਕਰ ਹੈਂ ਆਬੀ[1],
ਰਹਿ ਨਿਤ ਫਾਬੀ, ਸ਼ਬਦ ਧੁਨੀ।
ਮੁਨਿ ਮਨ ਬਿਰਮਾਵੈਂ[1], ਰਾਗ ਅਲਾਵੈਂ,
ਮਿਲ ਮਿਲ ਗਾਵੈਂ, ਚਾਰ ਗੁਨੀ ॥ ੮੧ ॥

[1]ਸੁਹਬਤ 'ਚ ਰਹਿਣ ਵਾਲਾ, ਸਾਥੀ, ਪਾਰਖਦ, ਏ.ਡੀ.ਸੀ.।
[1]ਰਹਿੰਦੇ ਹਨ।
[1](ਬਾਣੀ ਦੀ) ਤਰਾਵਤ।
[1]ਪ੍ਰਸੰਨ ਕਰ ਲੈਂਦੇ ਹਨ।

ਭੋਜਨ ਗੁਰੁ ਘਰ ਤੈ, ਦਿਨ ਦਿਨ ਪਰਤੈ,
ਇਕਰਸ ਵਰਤੈ, ਸਭ ਤਾਂਈ।
ਜੋ ਜੈਸੋ ਬਾਂਛੇ, ਤੈਸੋ ਆਛੇ,
ਮਿਲ ਹੈ ਪਾਛੇ, ਸੁਖਦਾਈ।
ਬਹੁ ਸੰਗਤ ਆਵਤਿ, ਬਿੱਤ[1] ਚਢਾਵਤਿ,

[1]ਧਨ।

ਨਿਤ ਲਗਾਵਤਿ, ਗੁਰੁ ਸੋਈ।
ਇਮ ਭਲ ਬਿਵਹਾਰੂ, ਚਲਯੋ ਚਾਰੂ,
ਜਾਵਤਿ ਭਾਰੂ, ਸਭ ਕੋਈ ॥ ੮੨ ॥
ਸਤਿਗੁਰ ਕੀ ਬਾਨੀ, ਅੰਮ੍ਰਿਤ ਸਾਨੀ[1],
ਬੇਦ ਸਮਾਨੀ, ਸੁਖਦਾਨੀ।
ਪਠਿ ਸੁਨਿ ਨਰ ਨਾਰੀ, ਕਟੈਂ ਬਿਕਾਰੀ,
ਲਹਿਂ ਫਲ ਚਾਰੀ, ਮਨ ਮਾਨੀ।
ਜਨ ਪਾਇ ਬਿਬੇਕੈਂ[1], ਭਵ ਦੁਖ ਛੇਕੈਂ[2],
ਦਰਸੈਂ ਏਕੈ, ਪਰਬ੍ਰਹਮੰ।
ਗੁਰੁ ਕਰਤਿ ਚਰਿੱਤਰ[1], ਐਸ ਬਚਿੱਤਰ[2],
ਪਰਮ ਪਵਿੱਤਰ, ਯੁਤ ਧਰਮੰ ॥ ੮੩ ॥
ਇਮ ਸਿੱਖ ਅਪਾਰੇ, ਸਤਿਗੁਰ ਭਾਰੇ,
ਭਵ ਨਿਧਿ ਤਾਰੇ, ਕਰ ਪਾਰੇ।
ਪੁਨ ਸੁਨੋ ਗੁਰਜਾਈ, ਜਸੋਂ ਸੁਖਦਾਈ,
ਅਰਜਨ ਪਾਈ, ਸੁਖ ਕਾਰੇ।
ਇਕ ਗੁਰ ਕਾ ਭਾਈ, ਹੁਤੋ ਵਡਾਈ[1],
ਆਯੋ ਧਾਈ, ਗੁਰ ਪਾਸੰ।
ਤਿਹ ਨਾਮ ਸਹਾਰੀ, ਭਗਤ ਅਪਾਰੀ,
ਮਨ ਮੁਦ ਧਾਰੀ, ਧਰ ਆਸੰ ॥ ੮੪ ॥
ਉਨਿ ਅਰਜ਼ ਗੁਜ਼ਾਰੀ, ਗੁਰੂ ਅਗਾਰੀ,
ਚਲੋ ਖਰਾਰੀ[1], ਲਾਹੌਰੰ।
ਮਮ ਸੁਤ ਕੋ ਬਜਾਹੂ, ਹੈ ਉਤਸ਼ਾਹੂ,
ਆਪ ਤਹਾਂ ਹੂੰ, ਸਿਰ ਮੌਰੰ[1]।
ਚਲੀਏ ਸੁਖ ਦਾਵਨ, ਕਰੀਏ ਪਾਵਨ,
ਭੂਮ ਸੁਹਾਵਨ, ਸੋਇ ਸਹੀ।
ਤਬਿ ਗੁਰੂ ਵਖਾਨਾ, ਹਮਰਾ ਜਾਨਾ,
ਬਨੈ ਨ ਆਨਾ[1] ਕੋਇ ਕਹੀ[2] ॥ ੮੫ ॥
ਦੋਹਰਾ:
ਪੁਨਾ ਸਹਾਰੀ ਜੋਰਿ ਕਰ;
ਕਹਜੋ ਗੁਰੂ ਕੇ ਪਾਸ।

[1]ਮਿਲੀ ਹੋਈ।

[1]ਗਿਆਨ। [2]ਸੰਸਾਰਕ ਦੁੱਖ ਕੱਟ ਲੈਂਦੇ ਹਨ।

[1]ਕੌਤਕ। [2]ਅਸਚਰਜ।

[1]ਵੱਡਾ ਭਰਾ ਸੀ।

[1]ਖਰ ਦੈਂਤ ਦੇ ਵੈਰੀ ਭਾਵ ਪ੍ਰਮੇਸ਼ਰ ਰੂਪ।

[1]ਉੱਥੇ ਆਪ ਹੀ ਸ਼੍ਰੋਮਣੀ ਹੋ।

[1]ਹੋਰ ਥਾਂ। [2]ਕਿਸੇ ਤਰ੍ਹਾਂ ਵੀ ਕਿਤੇ।

ਜੇ ਕਰਿ ਆਪ ਨ ਚਲਤ ਹੋ,
ਪਠੋ ਏਕ ਸੁਤ ਖਾਸ[1] ॥ ੮੬ ॥

[1]ਆਪਣਾ ਪੁੱਤਰ।

ਤੋਟਕ ਛੰਦ:
ਤਬ ਪ੍ਰਿਥੀ ਚੰਦ ਕੋ ਗੁਰੂ ਕਹਾ।
ਤੁਮ ਜਾਹੋ ਇਨ ਕੇ ਸੰਗ ਵਹਾਂ।
ਉਨਿ ਦਯੋ ਜਵਾਬ ਸ਼ਿਤਾਬ[1] ਭਲੇ।
ਹਮਰੇ ਤਹਿਂ ਗਏ ਨ ਕਾਮ ਚਲੇ ॥ ੮੭ ॥
ਪੁਨ ਗੁਰ ਅਰਜਨ ਕਉ ਪਠਜੋ ਤਹਾਂ।
ਹਿਤ ਪਰਖਨ ਕੇ ਇਸ ਭਾਂਤਿ ਕਹਾ।
ਹਮਰੇ ਬੁਲਵਾਏ ਬਿਨੁ ਕਬਿ ਹੀ।
ਤੁਮ ਆਵਨ ਨਾਹਿ ਕਰਜੋ ਅਬਿ ਹੀ ॥ ੮੮ ॥
ਸੁਨਿ ਮਾਨ ਰਿਦੈ ਗੁਰਵਾਕ ਭਲੇ।
ਤਿਨ ਸੰਗ ਲਹੌਰਹਿਂ ਓਰ[1] ਚਲੇ।
ਦਿਨ ਕੇਤਕ ਜਾਇ ਲਾਹੌਰ ਰਹੇ।
ਗੁਰ ਪੰਚਮ ਵੀਚ ਬਿਵਾਹਿ ਅਹੇ ॥ ੮੯ ॥
ਤਿਨ ਸੋਂ ਗੁਰੁ ਨਾ ਕਿਛੁ ਬਾਤ ਕਰੈਂ।
ਵਹਿ ਮੋਹ ਅਨੇਕਨ ਭਾਂਤਿ ਧਰੈਂ ॥ ੯੦ ॥
ਮਿਲਿ ਬਾਲਕ ਹਾਸ ਬਿਲਾਸ ਠਟੈ[1]।
ਬਹੁ ਹਸਨ ਰਸਨ ਕੀ ਬਾਤ ਰਟੈਂ[1]।
ਗੁਰੁ ਭਲਾ ਬੁਰਾ ਕਿਛੁ ਨਾਹਿ ਕਹੈਂ।
ਨਿਜ ਧਜਾਨ ਵਿਖੈ ਥਿਰ ਚਾਹਿ ਰਹੈਂ[1] ॥ ੯੧ ॥

[1]ਛੇਤੀ।

[1]ਤਰਫ਼।

[1]ਕਰਦੇ ਹਨ।

[1]ਰਸਨਾ ਤੋਂ ਹੱਸਣ ਦੀਆਂ ਗੱਲਾਂ ਕਰਦੇ ਹਨ।

[1]ਇੱਛਾ ਅਨੁਸਾਰ ਟਿਕੇ ਰਹਿੰਦੇ ਹਨ।

ਗੀਆ ਛੰਦ:
ਇਸ ਭਾਂਤਿ ਸੋ ਗੁਰ ਬਜਾਹਿ ਪੇਖਜੋ
ਨਿਜ ਸਬੰਧੀ ਕੇਰ ਹੀ।
ਉਰਿ ਰਹੇ ਧਰਿ ਨਿਰਵੇਦ[1],
ਭੇਦ ਨ ਸਕਜੋ ਕੋਊ ਹੇਰ ਹੀ।
ਤਨ ਥਿਰਯੋ ਵੀਚ ਲਾਹੌਰ ਕੇ,
ਮਨ ਰਹਜੋ ਗੁਰ ਕੇ ਪਾਸ ਹੈ।
ਕਬਿ ਗੁਰ ਬੁਲਾਵੈਂ ਮੁਝੈ ਨਿਜ ਢਿਗ,
ਕਰੈਂ ਨਿਸ ਦਿਨ ਆਸ ਹੈਂ ॥ ੯੨ ॥

[1]ਹਿਰਦੇ 'ਚ ਵੈਰਾਗ ਧਾਰ ਕੇ ਰਹੇ।

ਗੁਰਿ ਦਰਸ ਹਿਤ ਬਹੁ ਪ੍ਰੇਮ ਉਮਗੈ[1],
ਨੈਨ ਜਲ ਭਰਿ ਆਵਹੀਂ[1]*।

[1]ਉਛਲਦਾ ਹੈ।
[1]ਨੇਤ੍ਰਾਂ 'ਚ ਜਲ ਭਰ ਆਉਂਦੇ ਹਨ। *ਇਥੇ ਪਾਠ 'ਸਾਲ ਹੈ' ਛਪਿਆ ਹੋਇਆ ਸੀ ਪਰ ਤੁਕਾਂਤ ਅਗਲੀ ਤੁਕ ਨਾਲ ਨਹੀਂ ਰਲਦਾ ਸੀ, ਇਸ ਲਈ ਸੁੱਧ ਕਰ ਦਿੱਤਾ ਹੈ।

ਢਹਿ ਸਦਨ ਪੈ[1] ਮਗ ਪਿਖੈਂ ਨਿਸ ਦਿਨ,
ਚਿੱਤ ਚੈਨ ਨ ਪਾਵਹੀਂ।
ਨਹਿ ਆਇ ਸਾਕੈਂ ਆਪ ਤੇ[1],
ਗੁਰ ਬਚਨ ਕੇ ਬਸ ਮੈ ਪਰੇ।
ਪੁਨ ਏਕ ਚਿਠੀ ਲਿਖੀ ਗੁਰ ਦਿਸ,
ਐਸ ਬਿਧਿ ਸੁਨ ਲੇਹੁ ਭਰੇ[1] ॥੯੩॥

[1]ਘਰ ਭਾਵ ਕੋਠੇ ਉਪਰ।
[1]ਆਪਣੇ ਆਪ।
[1]ਭਲੀ ਤਰ੍ਹਾਂ।

ਸ੍ਰੀ ਮੁਖ ਵਾਕ
ਮਾਝ ਮਹਲਾ ੫
ਮੇਰਾ ਮਨੁ ਲੋਚੈ[1] ਗੁਰ ਦਰਸਨ ਤਾਈ ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ[1] ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ
ਸੰਤ ਪਿਆਰੇ ਜੀਉ ॥੧॥
ਹਉ ਘੋਲੀ ਜੀਉ ਘੋਲਿ ਘੁਮਾਈ[1] ਗੁਰ ਦਰਸਨ
ਸੰਤ ਪਿਆਰੇ ਜੀਉ ॥੧॥ ਰਹਾਉ ॥

[1]ਚਾਹੁੰਦਾ ਹੈ।
[1]ਪਪੀਹੇ ਵਾਂਗ ਵਿਰਲਾਪ ਕਰਦਾ ਹੈ।
[1]ਵਾਰਨੇ ਫੇਰਨੇ।

ਇਸ ਭਾਂਤਿ ਪਾਤੀ[1] ਦੁਖ ਨਿਪਾਤੀ[2],
ਮੋਦ ਦਾਤੀ ਪ੍ਰੇਮ ਸੋਂ।
ਲਿਖਿ ਪਠੀ ਪੁਰ ਰਮਦਾਸ ਮੈਂ[1]
ਗੁਰ ਪਾਸ ਨੀਕੇ ਨੇਮ ਸੋਂ[1]।
ਵਹਿ ਚਢੀ ਪ੍ਰਿਥੀ ਚੰਦ ਕੇ ਕਰ[1],
ਪਢੀ ਜਬਿ ਉਨ ਖਾਸ ਹੀ[1]।
ਨਹਿਂ ਗੁਰੂ ਚਤਰਥੁ ਕੋ ਦਿਖਾਈ,
ਆਪ ਰਾਖੀ ਪਾਸ ਹੀ ॥੯੪॥
ਦਿਨ ਕਿਤਕ ਬੀਤੇ ਫਿਰ ਜਬੈ,
ਨਹਿਂ ਅਯੋ ਉੱਤ੍ਰ ਕੈਸ ਹੂੰ[1]।
ਪੁਨ ਦੂਸਰੀ ਇਕ ਔਰ ਪਾਤੀ,
ਲਿਖੀ ਅਰਜਨ ਐਸ ਹੂੰ।

[1]ਪੱਤ੍ਰਕਾ। [2]ਦੁੱਖਾਂ ਨੂੰ ਨਾਸ ਕਰਨ ਵਾਲੀ।
[1]ਅੰਮ੍ਰਿਤਸਰ ਵਿੱਚ ਭੇਜੀ।
[1]ਨਿਯਮ ਅਨੁਸਾਰ।
[1]ਹੱਥ।
[1]ਆਪ ਹੀ।
[1]ਕਿਸੇ ਤਰ੍ਹਾਂ ਦਾ ਵੀ।

ਤਥਾ ਹੀ:

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ[1] ॥
ਚਿਰੁ ਹੋਆ ਦੇਖੇ ਸਾਰਿੰਗ ਪਾਣੀ[1] ॥
ਧੰਨ ਸੁ ਦੇਸੁ ਜਹਾ ਤੂ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥
ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥

[1](ਮੁਖੋਂ ਨਿਕਲੀ) ਬਾਣੀ ਦੀ ਅਵਾਜ਼ ਸ਼ਾਂਤੀ ਦੇਣ ਵਾਲੀ ਹੈ।
[1]ਪ੍ਰਮੇਸ਼ਰ ਰੂਪ ਸਤਿਗੁਰੂ।

ਯਹਿ ਗਈ ਚਿੱਠੀ ਜਬੈ ਇੱਠੀ[1],
ਭ੍ਰਾਤ ਡਿੱਠੀ ਤੈਸ ਹੈ।
ਨਹਿ ਗੁਰੂ ਚਤਰਥੁ ਕੌ ਦਿਖਾਈ,
ਧਾਰ ਭਾਰੀ ਦ੍ਵੈਸ ਹੈ ॥੯੫॥
ਇਸ ਭਾਂਤਿ ਪ੍ਰਿਥੀ ਚੰਦ ਮਨ ਮੈਂ,
ਸੋਚ ਰਾਖੀ ਕੋਲ ਹੀ।
ਜੌ ਸੁਨੈਂਗੇ ਗੁਰ ਏਹੁ ਚਿੱਠੀ,
ਲੈਂਹ ਤਾਂ ਕੋ ਬੋਲ ਹੀ[1]।
ਪੁਨ ਪੇਖ ਕੈ ਅਤਿ ਪ੍ਰੇਮ ਤਾ ਕਾ,
ਗੁਰ ਗੁਰਜਾਈ ਦੇਵ ਹੈਂ।
ਨਹਿ ਚਲੈਗੋ ਫਿਰ ਜ਼ੋਰ ਮੇਰਾ,
ਰਹੋਂਗੋ ਮੈ ਏਵ ਹੈਂ ॥੯੬॥
ਯਹਿ ਪਾਪ ਪ੍ਰਿਥੀ ਚੰਦ ਕੇ,
ਮਨ ਮਾਹਿ ਤਬਿ ਹੀ ਬਜਾਪਜੋ[1]।
ਫਿਰ ਕਹੋ ਕੌਨ ਮਿਟਾਇ ਸਾਕੈ,
ਆਪ ਹਰਿ ਜੋ ਥਾਪਜੋ[1]।
ਪੁਨ ਤ੍ਰਿਤੀ ਪਾਤੀ ਦੁਖ ਨਿਪਾਤੀ,
ਸ਼ਾਂਤਿ ਦਾਤੀ ਯੌਂ ਲਿਖੀ।
ਸੋ ਚਢੀ ਗੁਰੁ ਕਰ, ਪਢੀ ਉਰ ਭਰਿ,
ਬਢੀ ਪ੍ਰੀਤੀ ਹੈ ਤਿਖੀ ॥੯੭॥

[1]ਪਿਆਰੀ।
[1]ਬੁਲਾ ਲੈਣਗੇ।
[1]ਚਿੰਬੜ ਗਿਆ।
[1]ਮਨ 'ਚ ਕਰਨਾ ਧਾਰਿਆ ਹੈ।

ਤਥਾ ਹੀ

ਇਕ ਘੜੀ ਨ ਮਿਲਤੇ ਤਾ ਕਲਜੁਗੁ ਹੋਤਾ[1] ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥

[1]ਕਲਜੁਗ (ਦੀ ਉਮਰ ਜਿੰਨਾ ਸਮਾਂ ਪ੍ਰਤੀਤ) ਹੁੰਦਾ ਹੈ।

ਮੋਹਿ ਰੈਣਿ ਨ ਵਿਹਾਵੈ[1] ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥ ੩ ॥
ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥ ੧ ॥ ਰਹਾਉ ॥

[1]ਰਾਤ ਨਹੀਂ ਲੰਘਦੀ।

ਤ੍ਰਿਭੰਗੀ ਛੰਦ:

ਯਹਿ ਪਾਤੀ ਲਿਖ ਕੈ, ਦੈ ਕੈ ਸਿਖ ਕੈ[1],
ਪਠਜੋ ਸਿਖ ਕੈ[1], ਬਹੁ ਭਾਂਤੀ।
ਨਹਿ ਔਰੈ ਦੱਯੋ, ਗੁਰ ਢਿਗ ਜੱਯੋ,
ਤਿੰਹਿ ਪਕਰੱਯੋ ਯਹਿ ਪਾਤੀ।
ਸੋਈ ਕੀਨੀ, ਗੁਰ ਕੌ ਦੀਨੀ,
ਸਤਿਗੁਰ ਲੀਨੀ, ਮੋਦ ਭਰੇ।
ਅਰਜਨ ਕੀ ਚਿੱਠੀ, ਜਬਿ ਗੁਰ ਡਿੱਠੀ,
ਲਾਗੀ ਮਿੱਠੀ, ਸੋਧ ਕਰੇ[1] ॥ ੯੮ ॥
ਯਹਿ ਤੀਸਰ ਆਈ, ਬੂਝਜੋ ਸਾਂਈ,
ਤਿਸ ਸਿਖ ਤਾਂਈ, ਇਸ ਤੌਰੰ[1]।
ਜੁਗ ਚੀਰੀ[1] ਆਗੇ, ਕਹੁ ਵਡ ਭਾਗੇ,
ਤੁਮ ਪਹੁੰਚਾਗੇ, ਕਿਸ ਠੌਰੰ।
ਤਬਿ ਸਿਖਿ ਸੁਨਾਈ, ਮੈਂ ਪਹੁੰਚਾਈ,
ਪ੍ਰਿਥੀਏ ਪਾਈ, ਮੁਝ ਪਾਸੋਂ।
ਤਬਿ ਹੀ ਬੁਲਵਾਯੋ, ਪ੍ਰਿਥੀਆ ਆਯੋ,
ਗੁਰੂ ਸੁਨਾਯੋ, ਇਮ ਤਾ ਸੋਂ ॥ ੯੯ ॥
ਤੁਮਰੇ ਢਿਗ ਆਈ, ਚਿੱਠੀ ਕਾਈ,
ਅਰਜਨ ਭਾਈ, ਕੇਰ ਕਹੋ।
ਤਬਿ ਪ੍ਰਿਥੀਆ ਬੋਲਾ, ਕਪਟ ਕਠੋਲਾ[1],
ਸਤ[1] ਤੇ ਡੋਲਾ, ਐਸ ਅਹੋ।
ਨਹਿ ਹਮ ਕੋ ਹੇਰੀ, ਚੀਰੀ ਚੇਰੀ[1],
ਅਰਜਨ ਕੇਰੀ, ਕੋਇ ਕਬੀ।
ਯੌਂ ਸੁਨਿ ਗੁਰ ਗਜਾਨੀ, ਐਸ ਵਖਾਨੀ,
ਕੂਰ[1] ਨ ਬਾਨੀ, ਗੋਇ[2] ਅਬੀ ॥ ੧੦੦ ॥
ਫਿਰ ਤਾਹਿ ਅਲਾਯੋ, ਹਮ ਲਖ ਪਾਯੋ[1],

[1]ਸਿੱਖ ਦੇ (ਹੱਥ 'ਚ) ਦੇ ਕੇ।
[1]ਸਿੱਖਿਆ ਦੇ ਕੇ।
[1]ਪੜਤਾਲ ਕਰਨ ਲੱਗੇ।
[1]ਇਸ ਢੰਗ ਨਾਲ।
[1]ਦੋ ਚਿੱਠੀਆਂ।
[1]ਛਲ ਦਾ ਕਠ-ਪੁਤਲਾ।
[1]ਸੱਚ।
[1]ਚਿੱਠੀ ਚੁੱਠੀ।
[1]ਝੂਠ। [2]ਕਹਿ।
[1]ਮੈਂ ਜਾਣ ਲਿਆ ਹੈ।

ਤੁਮੈ ਸੁਨਾਯੋ, ਕੂਰ ਕਿਸੋਂ।
ਤੁਮ ਹੈ ਜਗ ਸ੍ਵਾਮੀ, ਗੁਰ ਅਭਿਰਾਮੀ[1],
ਬਾਤ ਨ ਖਾਮੀ[1], ਕਹੋ ਇਸੋਂ।
ਕਜਾ ਹੁੰਡੀ[1] ਭਾਰੀ, ਹਮ ਨੇ ਮਾਰੀ,

[1]ਸੁੰਦਰ।
[1]ਕੱਚੀ।
[1]ਸ਼ਾਹੂਕਾਰ ਦਾ ਟੋਂਬੂ (ਚੈੱਕ) ਜਿਸ ਨਾਲਰੁਪਈਆ ਵਸੂਲ ਕਰੀਦਾ ਹੈ।

ਚੀਰੀ ਥਾਰੀ, ਹਿਤ ਲੋਭੀ।
ਜਿਸ ਹਿਤ ਮੁਹਿ ਤਾਰਤ, ਬੰਕ ਨਿਹਾਰਤ[1],
ਰਾਵਰ ਧਾਰਤ, ਚਿਤ ਖੋਭੰ[1] ॥ ੧੦੧ ॥
ਦੋ ਉਂਗਲ ਭਰ ਕਾ, ਕਾਗਜ਼ ਵਰਕਾ[1],
ਤੁਮਰੇ ਘਰ ਕਾ, ਹਮ ਲੈ ਹੈਂ।
ਧਨ ਔਰ ਅਪਾਰੇ, ਹਾਥ ਹਮਾਰੇ,
ਆਵਤ ਥਾਰੇ, ਢਿਗ ਦੈ ਹੈਂ।
ਹਮ ਕਾਰ[1] ਤੁਮਾਰੀ, ਨਿਸ ਦਿਨ ਭਾਰੀ,
ਕਰਿ ਹੈਂ ਸਾਰੀ, ਜਗ ਹੇਰੈ।
ਯਹਿ ਦਈ ਵਡਾਈ, ਆਖਰ ਆਈ,
ਚੋਰੀ ਲਾਈ, ਸਿਰ ਮੇਰੈ ॥ ੧੦੨ ॥

[1]ਤਾੜਦੇ ਹੋ ਤੇ ਟੇਢਾ ਦੇਖਦੇ ਹੋ।
[1]ਗੁੱਸਾ।
[1]ਪੱਤ੍ਰਾ।
[1]ਸੇਵਾ।

ਦ੍ਰੁਮਲਾ ਛੰਦ:
ਗੁਰਰਾਮਦਾਸ ਧਰਿ ਧਯਾਨ ਪਿਖਜੋ,
ਤਬਿ ਚੀਰੀ ਉਭੈ ਨਿਹਾਰ ਲਈ।
ਵਹਿ ਪ੍ਰਿਥੀ ਚੰਦ ਕੀ ਜੇਬ ਵਿਖੈ ਥੀ,
ਤਿਹ ਠਾਂ ਭਲ ਮੌਜੂਦ[1] ਪਈ।
ਗੁਰ ਸਰਬੱਗ ਲਖਜੋ ਮਨ ਮੈ ਯਹਿ,
ਚੋਰ ਚਤੁਰ ਕਹਿਲਾਵਤ ਹੈ।
ਹੈ ਢੀਠ ਨੀਠ[1] ਝਗਰਤ ਝੂਠੋ ਹੀ,
ਉਲਟਾ ਹਮੈਂ ਦਬਾਵਤ ਹੈ ॥ ੧੦੩ ॥
ਤਬਿ ਕਹਜੋ ਏਕ ਸੇਵਕ ਕੋ ਸਤਿਗੁਰ,
ਤੁਮ ਇਸ ਕੀ ਅਬਿ ਜੇਬ ਪਿਖੋ।
ਉਨਿ ਪ੍ਰਿਥੀ ਚੰਦ ਕੀ ਜੇਬ ਪਿਖੀ,
ਜੁਗ ਚੀਰੀ ਨਿਕਸੀ ਤਾਹਿ ਵਿਖੋਂ[1]।
ਪੁਨ ਬੈਨ ਕਠੋਰ ਪ੍ਰਿਥੀਏ ਕੇਤਕ,

[1]ਪ੍ਰਤੱਖ।
[1]ਚੰਗੀ ਤਰ੍ਹਾਂ।
[1]ਵਿੱਚੋਂ।

ਗੁਰ ਕੌ ਕਹੇ ਅਵਾਚ[1] ਤਬੈ। [1]ਨ ਕਹਿਣ ਯੋਗ।
ਸੁਨਿ ਰਾਮਦਾਸ ਗੁਰ ਕੋਪ ਹੋਇ ਕਰਿ,
ਕਹਜੋ ਜਾਹੁ ਮੁਝ ਢਿਗੋਂ ਅਬੈ ॥ ੧੦੪ ॥
ਪਿਤਾ ਸੰਗ ਝਗਰਨ ਤੈ ਹ੍ਵੈ,
ਪਾਪ ਤੁਝੈ ਸੰਤਾਪ ਮਹਾਂ।
ਕਪਟੀ ਕੂਰ ਕਲਾਪੀ[1] ਮੀਣੇ[2] ! [1]ਵੱਡੇ। [2]ਮੀਸਣੇ {ਮੀਣਾ-ਮੀਸਣਾ, ਮਿੱਨ੍ਹ, ਛਲ ਨੂੰ ਪ੍ਰਗਟ ਨਾ ਹੋਣ ਦੇਣ ਵਾਲਾ}।
ਪਾਪੀ ਤੁਮ ਨਰ ਹੋ ਯਹਾਂ।
ਯਾ ਬਿਧਿ ਸੁਨ ਕਰਿ ਤਬੈ ਪ੍ਰਿਥੀਆ,
ਕਹਿ ਕੁਬੈਨ ਨਿਜ ਧਾਮ ਗਯੋ।
ਪੁਨ ਲਹੌਰ ਤੈ ਅਰਜਨ ਤਾਂਈ,
ਰਾਮਦਾਸ ਗੁਰ ਬੋਲ ਲਯੋ[1] ॥ ੧੦੫ ॥ [1]ਬੁਲਾ ਲਿਆ।
ਦਿਨ ਕੇਤਕ ਫਿਰ ਗੁਰੁ ਰਾਮਦਾਸ ਕੀ,
ਸੇਵਾ ਅਰਜਨ ਦੇਵ ਕਰੀ।
ਨਿਸ ਦਜੋਸ ਰਹੈ ਗੁਰ ਕੇ ਢਿਗ ਹੀ,
ਅਨੁਸਾਸਨ[1] ਮਾਨਹਿ ਸਰਬ ਖਰੀ[2]। [1]ਆਗਿਆ। [2]ਚੰਗੀ ਤਰ੍ਹਾਂ।
ਗੁਰੁ ਮੈਂ ਧਰਿ ਈਸ਼੍ਵਰ ਬੁੱਧਿ ਭਲੇ,
ਮਨ ਸੁੱਧ ਬਿਰੁੱਧ ਨ ਕੋਇ ਕਰੇ।
ਗੁਨ ਜੇਤਕ ਗ੍ਰੰਥਨ ਮਾਂਹਿ ਕਹੇ,
ਸਭਿ ਗੁਰ ਅਰਜਨ ਮੈਂ ਆਹਿ ਭਰੇ[1] ॥ ੧੦੬ ॥ [1]ਭਲੀ ਪ੍ਰਕਾਰ।
ਬਾਬੇ ਬੁੱਢੇ ਅਰ ਗੁਰਦਾਸੰ,
ਭਾਈ ਸਾਲ੍ਹੋ ਆਦਿ ਵਰੈਂ[1]। [1]ਸ੍ਰੇਸ਼ਟ (ਸਿੱਖਾਂ) ਨੇ।
ਗੁਰ ਸਿੱਖਨ ਮਿਲ ਕਰਿ ਕਈ ਬਾਰ,
ਗੁਰ ਪਾਸ ਰਰਜੋ ਅਸ ਜੋਰਿ ਕਰੈਂ[1]। [1]ਹੱਥ ਜੋੜ ਕੇ।
ਅਬਿ ਠੀਕ ਭਯੋ ਗੁਰੁ ਗਾਦੀ ਲਾਯਕ,
ਅਰਜਨ ਸਭਿ ਬਿਧਿ ਹਮ ਲਖਜੋ।
ਪੁਨ ਰਾਮਦਾਸ ਸਤਿਗੁਰੁ ਨੈ ਭੀ,
ਸਮਾਂ ਅਖੀਰੀ ਨਿਕਟ ਪਿਖਜੋ ॥ ੧੦੭ ॥
ਤਬਿ ਰੀਤਿ ਸਭੀ ਗੁਰ ਕੇ ਘਰ ਕੀ,
ਕਰਿ ਕੈ ਭਰ ਕੈ ਮਨ ਮੋਦ ਸਹੀ।

ਗੁਰ ਰਾਮਦਾਸ ਨੈ ਦਈ ਗੁਰਜਾਈ,
ਗੁਰ ਅਰਜਨ ਕੋ ਠੀਕ ਵਹੀਂ[1]।
ਸੰਮਤ ਸੋਲਾਂ ਸੌ ਸੈਂਤੀ ਥਾ,
ਜਾਨਤ ਹੈਂ ਗੁਰ ਸਿੱਖ ਸਭੇ।
ਦਿਨ ਕੇਤਕ ਫੇਰ ਰਹੇ ਧਰ ਪੈ,
ਗੁਰ ਰਾਮਦਾਸ ਮਨਿ ਮੋਦ ਫਬੇ ॥੧੦੬॥
ਗੁਰ ਕੇ ਘਰ ਕਾ ਬਿਵਹਾਰ ਸਭੀ,
ਗੁਰੁ ਪੰਚਮ ਕੀ ਭੁਜ ਥਾਪ ਦਯੋ[1]।
ਸਮਰੱਥ ਗੁਰੂ ਸਿਰ ਹੱਥ ਧਰਯੋ,
ਨਿਜ ਜੋਤ ਦਈ ਗੁਨ ਗੱਥ ਕਯੋ[1]।
ਨਵ ਨਿੱਧਿ, ਸਿੱਧਿ ਦਸ, ਰਿੱਧਿ ਦਈ,
ਸਮਰਿੱਧ[1] ਕਰਯੋ ਸਭਿ ਬਿੱਧਿ ਮਏ[2]।
ਬਿਵਹਾਰ ਜਿਤੇ ਗੁਰ ਕੇ ਘਰ ਕੇ,
ਸਮਝਾਇ ਸੁ ਗੋਇੰਦਵਾਲ ਗਏ ॥੧੦੯॥
ਕਰਿ ਮੱਜਨ ਵੀਚ ਬਾਉਲੀ ਪੁਨਹਾਂ,
ਗੁਰੁ ਸਮਾਧਿ ਢਿਗ[1] ਜਾਇ ਭਲੇ।
ਤ੍ਰਿਣ ਜਯੋਂ ਤਨ ਤਜਿ ਰਾਮਦਾਸ ਗੁਰੁ,
ਜੋਤਿ ਵੀਚ ਨਿਜ ਜੋਤਿ ਰਲੇ।
ਤਬਿ ਸੰਮਤ ਸੋਲਾਂ ਸੈ ਅਠੱਤੀ ਥਾ,
ਭਾਦ੍ਰੋਂ ਸੁਦੀ ਤੀਜ ਲਖ ਲੈ[1]।
ਕਰਿ ਲੌਕਕ[1] ਬੈਦਕ ਰੀਤਿ[2] ਅਰੱਜਨ,
ਆਇ ਸੁਧਾਸਰ ਕੁਟੰਬ ਲੈ ॥੧੧੦॥

[1]ਉਥੇ (ਅੰਮ੍ਰਿਤਸਰ ਵਿੱਚ)।

[1]ਭਾਵ ਹੱਥਾਂ 'ਚ ਸੌਂਪ ਦਿੱਤਾ।

[1]ਸਮੂੰਹ ਗੁਣਾਂ ਸਹਿਤ ਕਰ ਦਿੱਤਾ।

[1]ਵੱਡੀ ਬਿਭੂਤੀ ਵਾਲੇ। [2]ਸਭ ਤਰ੍ਹਾਂ ਨਾਲ।

[1]ਸ੍ਰੀ ਗੁਰੂ ਅਮਰਦਾਸ ਜੀ ਦੀ ਸਮਾਧ ਕੋਲ।

[1]ਜਾਣ ਲਉ।

[1]ਸੰਸਾਰਕ (ਭਾਈਚਾਰਕ ਤੇ ਸਮਾਜਿਕ) ਰਸਮਾਂ। [2]ਧਾਰਮਿਕਰਹੁ-ਰੀਤਾਂ।

ਦੋਹਰਾ:
ਰਾਮਦਾਸ ਗੁਰ ਕੀ ਕਥਾ,
ਜਥਾ ਜੋਗ ਪ੍ਰਕਾਸ।
ਠੌਰ ਥਿਤੀ ਕੀ ਪਿਖਿ ਇਤੀ,
ਇਤੀ ਸੁ ਕਿਤੀ ਨਿਵਾਸ[1] ॥੧੧੧॥

[1]ਏਥੇ ਠਹਿਰਨ ਦੀ ਜਗ੍ਹਾ ਦੇਖ ਕੇ ਧਿਆ ਨੇ ਸਮਾਪਤੀ ਕਰ ਦਿੱਤੀ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਚਤਰਥੁ ਗੁਰੂ ਕਾ ਜੋਤੀ ਜੋਤ ਸਮਾਵਨ ਪ੍ਰਸੰਗ ਬਰਨਨੰ' ਨਾਮ ਸਤਾਰਮੋ ਬਿਸ੍ਰਾਮ ॥੧੭॥

੧੮. {ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਕਥਾ ਅਰੰਭ}

ਦੋਹਰਾ:

ਕਾਂਤੀ ਕੰਦ੍ਰਪ ਕੋਟ ਕੀ,
ਕਹੇ ਕੌਨ ਕਮਨੀਯ[1]।

[1]ਕ੍ਰੋੜਾਂ ਕਾਮ ਦੇਵਾਂ ਦੀ {ਕਾਂਤੀ} ਸੁੰਦਰਤਾ ਨੂੰ ਕੌਣ {ਕਮਨੀਯ} ਸੁੰਦਰ ਕਹਿ ਸਕਦਾ ਹੈ।

ਸ੍ਰੀ ਹਰਿ ਕ੍ਰਿਸ਼ਨ ਕੁਮਾਰ ਬਪ,
ਤਾਂ ਤੇ ਅਤਿ ਰਮਨੀਯ[1] ॥੧॥

[1](ਕਿਉਂਕਿ) ਬਾਲ ਸਰੂਪ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਤਿਨ੍ਹਾਂ (ਕ੍ਰੋੜਾਂ ਕਾਮਦੇਵਾਂ ਦੀ ਸੁੰਦਰਤਾ) ਨਾਲੋਂ ਬਹੁਤ ਸੁੰਦਰ ਹਨ।

ਸ੍ਵੈਯਾ:

ਲੋਚਨ ਚਾਰੁ ਬਿਮੋਚਨੁ ਸੋਚਨੁ,
ਪੋਚ ਸਕੋਚਨ ਨੋਚਨ ਵਾਰੇ[1]।

[1](ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ) ਸੁੰਦਰ ਨੇਤ੍ਰ ਸੋਚਾਂ ਨੂੰ ਕੱਟਣ ਵਾਲੇ ਅਤੇ {ਪੋਚ} ਨੀਚਤਾ ਨੂੰ ਉਖੇੜ ਕੇ ਸਮੇਟਣ (ਖ਼ਤਮ ਕਰਨ) ਵਾਲੇ ਹਨ।

ਅੰਜਨ ਤੈ ਬਿਨਰੰਜਨ ਕੈ,
ਮਦ ਭੰਜਨ ਕੰਜਨ ਖੰਜਨ ਭਾਰੇ[1]।

[1]ਸੁਰਮੇ ਤੋਂ ਬਿਨਾਂ ਹੀ ਪ੍ਰਸੰਨ ਕਰਨ ਵਾਲੇ ਅਤੇ ਕੰਵਲ ਤੇ ਮਮੋਲੇ ਦੇ ਭਾਰੇ ਹੰਕਾਰ ਨੂੰ ਭੰਨਣ ਵਾਲੇ ਹਨ।

ਦੁਤਿ ਦਾਮਨ ਜਜੋਂ ਦਮਕੈ ਦੁਤਿ ਆਂਜਨ,
ਕੁੰਦ ਕਲੀ ਬਿਕਸੀ ਸੁਖ ਕਾਰੇ[1]।

[1]{ਆਂਜਨ} ਦੰਦਾਂ ਦੀ ਸੋਭਾ ਬਿਜਲੀ ਦੀ ਚਮਕ ਵਾਂਗ ਚਮਕਦੀ ਹੈ (ਜਾਂ ਸਮਝੋ) ਮਰਤਬਾਨ ਦੇ ਫੁੱਲਾਂ ਦੀਆਂ ਸੁਖਦਾਈ ਕਲੀਆਂ ਖਿੜੀਆਂ ਹੋਈਆਂ ਹਨ।

ਅਸਰੂਪ ਅਨੂਪਮ ਬਾਲ ਗੁਰੂ ਪਰ,
ਪ੍ਰਾਨ ਗਜਾਨ ਹਰੀ ਨਿਜ ਵਾਰੇ ॥੨॥

ਅਰਜਨ ਦੇਵੰ ਅਰਜਨ ਸੇਵੰ,
ਅਰਜਨ ਜੇਵੰ ਅਰਜਨ ਪੂਰੈ[1]।

[1]ਦੇਵਤਿਆਂ ਦੇ {ਅਰਜਨ} ਕਲਪ ਬ੍ਰਿਛ ਵਾਂਗ (ਕਾਮਨਾ ਪੂਰੀਆਂ ਕਰਨ ਵਾਲੇ) ਅਤੇ {ਅਰਜਨ} ਦਾਸਾਂ ਦੇ ਸੇਵਨ ਯੋਗ ਹਨ। {ਅਰਜਨ} ਕਉ ਬ੍ਰਿੱਛ ਵਰਗੀ ਸੋਭਾ ਹੈ {ਅਰਜਨ} ਮਨੋਰਥਾਂ ਨੂੰ ਪੂਰਨ ਕਰਨ ਵਾਲੇ ਹਨ।

ਅਰਜਨ ਤੂਲੰ ਅਰਜਨ ਮੂਲੰ,
ਅਰਿਜਨ ਸੂਲਦ ਅਰਜਨ ਰੂਰੈ[1]।

[1](ਜਿਨ੍ਹਾਂ ਦੇ ਗੁਣਾਂ ਦੀ) {ਅਰਜ} ਚੌੜਾਈ ਤੇ ਲੰਬਾਈ {ਨ} ਨਹੀਂ (ਜਾਣੀ ਜਾਂਦੀ) {ਅਰਜਨ} ਉੱਦਮ ਦੇ ਮੁੱਢ ਹਨ {ਅਰਿਜਨ} ਵੈਰੀ ਜਨਾਂ ਲਈ ਦੁਖਦਾਈ (ਪਰ) {ਅਰਜਨ} ਸ਼ੁਧ ਅੰਤਹ ਕਰਨ ਵਾਲਿਆਂ ਲਈ ਸੁੰਦਰ ਸਰੂਪ ਹਨ।

ਅਰਜਨ ਮਾਨਸ ਅਰਜਨਿ ਬਾਨਿਸ,

ਅਰਜਨ ਠਾਨਸ ਅਰਿਜਨ ਚੂਰੈ[1]।

[1](ਸਾਧ ਸੰਗਤ ਰੂਪ) ਮਾਨ ਸਰੋਵਰ ਦੇ {ਅਰਜਨ} ਉਜਲ ਹੰਸ ਹਨ {ਅਰਜਨ} ਅਰਜਨ ਦੇ ਤੀਰਾਂ ਵਰਗੀ ਬਾਣੀ ਦੀ {ਅਰਜਨ} ਬੱਦਲ (ਵਾਂਗ ਬਰਖਾ ਕਰ ਕੇ ਕਾਮਾਦਿਕ) {ਅਰਿਜਨ} ਵੈਰੀ ਜਨਾਂ ਨੂੰ ਚੂਰਨ ਕਰ ਦੇਂਦੇ ਹਨ।

ਤਾਂ ਗੁਰ ਅਰਜਨ ਕੇ ਗੁਨ ਅਰਜਨ,
ਅਰਜਨ ਪਰਜਨ ਫਰਜ਼ ਜ਼ਰੂਰੈ[1] ॥ ੩ ॥

[1]ਤਿਸ {ਅਰਜਨ} ਸ੍ਰੀ ਗੁਰੂ ਅਰਜਨ ਦੇਵ ਜੀ ਦੇ (ਬੇਅੰਤ) {ਅਰਜਨ} ਨਿਰਮਲ ਗੁਣ ਹਨ। ਉਹ {ਪਰਜਨ} ਪਰਾਏ ਜਨਾਂ ਦੀਆਂ {ਅਰਜਨ} ਬੇਨਤੀਆਂ ਨੂੰ ਸੁਣਨਾ ਵੀ ਆਪਣਾ ਜ਼ਰੂਰੀ ਫਰਜ਼ ਸਮਝਦੇ ਹਨ।

ਦੋਹਰਾ:
ਪੰਚਮ ਗੁਰ ਕੀ ਪੰਚ ਦਰ,
ਕਥਾ ਪੰਚ ਪਰਸੰਚ[1]।

[1]ਪੰਜਵੇਂ ਗੁਰਾਂ ਦੀ {ਪੰਚ} ਉੱਤਮ ਕਥਾ {ਪੰਚ} ਗੁਰਮੁਖਾਂ ਦੇ {ਦਰ} ਰਾਹੀਂ ਆਪਣੇ ਹਿਰਦੇ ਅੰਦਰ ਭਲੀ ਤਰ੍ਹਾਂ ਇਕੱਤ੍ਰ ਕਰੋ।

ਪੰਚਨ ਧਰਿ ਕਰਿ ਪੰਚ ਸੁਰ,
ਸੁਨੋ ਸ੍ਰੋਤਾ ਪੰਚ[1] ॥ ੪ ॥

[1]ਪੰਜਾਂ (ਸਤ ਸੰਤੋਖ ਆਦਿਕਾਂ ਨੂੰ) ਧਾਰ ਕੇ ਅਤੇ ਪੰਜਾਂ (ਗਿਆਨ ਇੰਦ੍ਰੀਆਂ) ਨੂੰ ਇਕ ਸੁਰ ਕਰ ਕੇ ਮੁਖੀ ਸ੍ਰੋਤਾ ਜਨੋ (ਕਥਾ) ਸੁਣੋ।

ਬਿਸਵੇ ਰਿਤੁ[1] ਚਾਂਦੁ ਬਿਸਾਖ ਵਦੀ ਸਤਮੀ,
ਕੁਜਵਾਰ[1] ਸੁ ਚਾਰੁ ਸਕਾਰੇ[2]।

[1]ਬਸੰਤਰੁੱਤ।
[1]ਮੰਗਲਵਾਰ। [2]ਅੰਮ੍ਰਿਤ ਵੇਲੇ।

ਪ੍ਰਗਟੇ ਪੁਰ ਗੋਇੰਦਵਾਲ ਵਿਖੈ,
ਮੁਦ ਦਾਂਨ ਸਗੱਨ ਲਗੱਨ ਮਝਾਰੇ[1]।

[1]ਅਨੰਦ ਦੇਣ ਵਾਲੇ ਸ਼ਗਨਾਂ ਤੇ ਲਗਨਾਂ ਵਿੱਚ।

ਘਰ ਮੈ ਪਰਕਾਸ਼ ਹੁਲਾਸ ਬਢੋ ਪੁਰ[1],
ਫੂਲ ਅਕਾਸ਼ਹਿ ਤੈ ਸੁਰ ਡਾਰੇ[1]।

[1]ਸ਼ਹਿਰ 'ਚ ਅਨੰਦ ਵਧਿਆ।
[1]ਦੇਵਤਿਆਂ ਸੁੱਟੇ।

ਫਿਰਗੇ ਤਬਿ ਹੀ ਸਬਿ ਹੀ ਜਨ ਕੇ ਮਨ ਹੈਂ,
ਹਰਿਨਾਮ ਦਿਸਾ ਬਿਨ ਬਾਰੇ[1] ॥ ੪ ॥

[1]ਬਿਨਾਂ ਦੇਰੀ ਤੋਂ।

ਬਾਲ ਚਰਿੱਤ੍ਰ ਪਵਿੱਤ੍ਰ ਕਰੇ ਅਸ,
ਲੋਗ ਬਚਿਤ੍ਰ[1] ਕਰੇ ਭਵ[2] ਪਾਰੇ।

[1]ਅਣਗਿਣਤ। [2]ਸੰਸਾਰ (ਸਮੁੰਦਰ ਤੋਂ)।

ਏਕ ਸਮੈ ਗੁਰ ਤੀਸਰ ਕੇ ਢਿਗ,
ਖੇਲਤਿ ਗਾਦੀ ਪੈ ਜਾਇ ਪਧਾਰੇ[1]।

[1]ਗੁਰਗੱਦੀ ਦੇ ਉਪਰ ਚਲੇ ਗਏ।

ਲੈ ਕਰਿ ਗੋਦ ਸਮੋਦ[1] ਕਹਯੋ ਉਨਿ,
ਹੋਵਹੁਗੇ ਤੁਮਹੂੰ ਗੁਰੁ ਭਾਰੇ।

[1]ਅਨੰਦ ਸਹਿਤ ਹੋ ਕੇ।

ਬਾਤ ਬਖਜਾਤ[1] ਭਈ ਵਹਿ ਸਾਤ[2],

[1]ਪ੍ਰਗਟ। [2]ਸੱਚੀ।

ਬਨੇ ਗੁਰੁ ਏਹੁ ਮਹਾਂ ਸੁਖਕਾਰੇ ॥ ੫ ॥
ਧਨ ਜਦਜਪਿ ਜੇਤਕ ਥਾ ਘਰ ਮੈਂ,
ਅਸਬਾਬ ਸਮੇਤ ਨਰੰਚਕ ਛੋਰਾ।
ਅਪਨੇ ਘਰ ਮੈ ਸਬਿ ਡਾਲ ਲਯੋ[1],
ਪਿਰਥੀ ਸਸਿ ਨੈ ਕਰਿ ਕੈ ਬਡ ਜ਼ੋਰਾ।
ਪੁਨ ਫੇਰ ਮਸੰਦ ਬੁਲੰਦ ਲਏ,
ਵਿੱਤ ਦੈ ਰਿਸ਼ਵੱਤ ਅਪਾਰ ਬਹੋਰਾ[1]।

[1]ਪਾ ਲਿਆ।

[1]ਫੇਰ ਬਹੁਤਾ ਧਨ ਵੱਢੀ ਦੇ ਕੇ ਵੱਡੇ ਮਸੰਦ (ਆਪਣੇ ਬਣਾ) ਲਏ।

ਗੁਰ ਕੀ ਦਿਸ ਆਵਨ ਦੇਹ ਕਿਸੇ ਨਹਿਂ,
ਬਾਦ ਬਿਬਾਦ[1] ਰਖੈ ਨਿਸ ਭੋਰਾ[2] ॥ ੬ ॥

[1]ਝਗੜਾ ਤੇ ਬਖੇੜਾ। [2]ਰਾਤ ਦਿਨ।

ਜਬਿ ਆਮਦਨੀ ਸਬਿ ਬੰਦ ਭਈ,
ਗੁਰਿ ਜ਼ੇਵਰ ਬੇਚ ਸੁ ਲੰਗਰ ਦੇਵੈਂ।
ਫਿਰ ਆਖਰ ਬੰਦ ਭਯੋ ਵਹਿ ਭੀ,
ਬਿਨ ਆਮਦ ਤੈ[1] ਕਹਾਂ ਲੌ ਖਰਚ ਖੇਵੈਂ[2]।

[1]ਆਮਦਨੀ ਤੋਂ ਬਿਨਾਂ। [2]ਕਿਥੋਂ ਤੱਕ ਖ਼ਰਚ ਸਹਾਰਨ।

ਗੁਰੁ ਮਾਤਲ[1] ਜੌ ਗੁਰਦਾਸ ਅਯੋ,
ਅਤਿਸੈ ਬਿਸਮਾਇ ਰਹਯੋ ਲਖਿ ਭੇਵੈਂ[1]।

[1]ਮਾਮਾ।
[1]ਭੇਦ ਨੂੰ ਜਾਣ ਕੇ।

ਬਿਰਧਾਦਿਕ[1] ਸਿੱਖਨ ਸੋਂ ਮਿਲ ਕੈ,
ਤਿਨਿ ਉੱਦਮ ਯਾ ਬਿਧਿ ਕੀਨ ਅਮੇਵੈਂ ॥ ੭ ॥

[1]ਬਾਬਾ ਬੁੱਢਾ ਜੀ ਆਦਿਕ।

ਪਿਖਿ ਵੇਲਹਿ ਮੇਲਹਿ ਕਾਤਕ ਕਾ[1],
ਦਿਸ ਚਾਰਹੁਂ ਕੇ ਮਗ ਮੈਂ ਚਲ ਜਾਵੈਂ।
ਮਿਲਿ ਸੰਗਤ ਕੋ ਬਹੁ ਪ੍ਰੇਰ ਲਿਆਇ,
ਝੁਕਾਇ ਗੁਰੂ ਪਦ ਭੇਟ ਦਿਵਾਵੈਂ।
ਪਿਰਥੀ ਸਸਿ ਕੀ ਜਬਰੀ ਬਹੁਧਾ[1],
ਗੁਰ ਕੀ ਸਬਰੀ[1] ਸਬਿ ਰੀਤਿ ਸੁਨਾਵੈ।
ਸੁਨਿ ਕੈ ਸਬਿ ਸਿੱਖ ਪੁਨਾ ਨਿਜ, ਦੇਸ
ਬਦੇਸਨ ਔਰਹਿਂ ਜਾਇ ਜਨਾਵੈਂ ॥ ੮ ॥

[1]ਦੀਵਾਲੀ ਦੇ ਮੇਲੇ ਦਾ ਸਮਾਂ।

[1]ਬਹੁਤ ਤਰ੍ਹਾਂ ਦੀ ਜ਼ਬਰਦਸਤੀ।
[1]ਸਬਰ, ਸੰਤੋਖ।

ਜਬਿ ਫੈਲ ਗਈ ਇਮ ਦੇਸ ਬਦੇਸਨ ਮੈਂ,
ਪ੍ਰਿਥੀ ਸਸਿ ਕੀ ਬੁਰਿਆਈ।
ਦਸਵੰਧ ਜਿਤੋ ਜਿਸ ਪੈ ਤਬਿ ਥਾ,
ਗੁਰ ਕਾ ਗੁਰ ਕੇ ਢਿਗ ਦੀਨ ਪੁਚਾਈ।

ਪੁਨ ਲੰਗਰ ਆਦਿ ਬਿਹਾਰ ਜਿਤੋ,
ਗੁਰੁ ਕਾ ਲਗਜੋ ਚਲਨੇ ਬਹੁ ਭਾਈ[1]।
ਰਾਜ ਬਾਜ[1] ਰਥਾਦਿ[2] ਗਊ ਮਹਿਖੀ[3],
ਬਹੁ ਜ਼ੇਵਰ ਬਾਸਨ[1] ਲੀਨ ਬਨਾਈ ॥ ੯ ॥
ਭੀਰ ਰਹੈ ਗੁਰ ਕੈ ਦਰ ਪੈ,
ਮਨ ਬਾਂਛਿਤ ਪਾਇ ਸਬੈ ਜਨ ਜਾਏ।
ਪੇਖਿ ਰਿਸਾਇ ਮਹਾਂ ਦੁਖ ਪਾਇ,
ਪ੍ਰਿਥੀ ਸਸਿ ਕਾ ਬਸ ਨਾਹਿ ਬਸਾਏ[1]।
ਸੰਗਤਿ ਦੇਸ ਬਦੇਸਨ ਤੈ,
ਬਸਤੂ ਬਹੁ ਲੈ ਗੁਰ ਕੇ ਢਿਗ ਆਏ।
ਪਾਇਨ ਪਾਸ[1] ਉਪਾਇਨ[2] ਦੈ ਬਹੁ,
ਲੈ ਉਪਦੇਸ ਕਲੇਸ ਮਿਟਾਏ ॥ ੧੦ ॥
ਪੁਨ ਆਪ ਦਿਵਾਨ ਲਗਾਇ ਥਿਰੈਂ ਗੁਰੁ,
ਚਾਰੁ ਚਹੂੰ ਦਿਸ ਸਿਖ ਬਿਰਾਜੈ[1]।
ਸੁਚ ਹੇਮ[1] ਸਿੰਘਾਸਨ ਹੀਰਨ ਸੋਂ
ਖਚਜੋ[1], ਪਿਖਿ ਸੂਰ ਸਸੀ ਦੁਤਿ[2] ਲਾਜੈ।
ਗੁਰ ਰੂਪ ਅਨੂਪਮ ਤਾਂ ਪਰ ਭ੍ਰਾਜਤ[1],
ਜੈਸ ਰਮੇਂਦ੍ਰ[1] ਸੁਰੇਂਦ੍ਰ[2] ਰਾਜੈ।
ਵਰ ਚਾਮਰੁ ਚਾਰੁ ਚਲੈ ਚਹੁ ਘਾ[1],
ਪਿਖਿ ਸਿਖ ਰਰੈਂ ਗੁਰ ਕੇਰ ਸਦਾ ਜੈ ॥ ੧੧ ॥
ਵਰ ਰਾਗ ਅਲਾਪਤ ਖਾਪਤ ਸੋਗਹਿਂ,
ਸਾਜ ਮਿਲਾਇ ਬਨਾਇ ਰਬਾਬੀ।
ਗੁਰ ਚਾਰਿਨਿ ਕੀ ਵਰ ਬਾਨਿ ਉਚਾਰਤ,
ਜੋ ਸੁਨ ਤਜਾਗਤ ਚਿੱਤਿ ਖਰਾਬੀ।
ਆਵਤ ਜਾਵਤ ਸਿੱਖ ਘਨੇ,
ਬਹੁ ਭੀਰ ਰਹੇ ਗੁਰੁ ਕੇ ਢਿਗ ਫਾਬੀ।
ਮਾਘ ਬਿਤੇ ਦਿਨ ਜਜੋਂ ਸਰਸਾਵਤ[1],
ਤਜੋਂ ਰਮਦਾਸ ਪੁਰੇ ਮਹਿਂ ਆਬੀ[1] ॥ ੧੨ ॥
ਹੋਨ ਲਗੀ ਦਿਨ ਹੀ ਦਿਨ ਮੈਂ ਗੁਲਜ਼ਾਰ[1],
ਅਗਾਰ[1] ਬਜ਼ਾਰ ਬਨੈ ਹੈਂ।

[1]ਬਹੁਤ ਤਰ੍ਹਾਂ।
[1]ਹਾਥੀ। [2]ਘੋੜੇ। [3]ਮੱਝਾਂ।
[1]ਗਹਿਣੇ ਤੇ ਭਾਂਡੇ।
[1]ਵਾਹ ਨਹੀਂ ਚੱਲਦੀ।
[1]ਚਰਨਾਂ ਕੋਲ। [2]ਭੇਟਾ।
[1]ਬੈਠਦੇ ਹਨ।
[1]ਸੋਨੇ ਦਾ।
[1]ਜੜਿਆ ਹੋਇਆ। [2]ਚਮਕ।
[1]ਚਮਕਦੇ ਹਨ।
[1]ਵਿਸ਼ਨੂੰ। [2]ਇੰਦ੍ਰ।
[1]ਚਹੁੰ ਤਰਫ਼ੀ।
[1]ਵਧਦੇ ਹਨ।
[1]ਤਰਾਵਟ, ਰੌਣਕ।
[1]ਖਿੜਾਵਟ।
[1]ਘਰ।

ਨਰ ਨਾਰਿ ਅਪਾਰ ਹਜ਼ਾਰਹਿਂ ਆਵਤ,
ਨਿਤਹਿਂ ਬਿੱਤ[1] ਅਮਿਤਹਿਂ[2] ਦੈਹੈਂ। [1]ਧਨ। [2]ਬਹੁਤਾ।
ਗੁਰ ਸੋ ਧਨ ਲੈ ਕਰ ਲੰਗਰ ਲਾਵਤ,
ਪਾਵਤ ਭੋਜਨ ਜੋ ਜਨ ਐਹੈਂ।
ਗੁਰ ਕੋ ਦਰਸੈਂ ਪਰਸੈਂ ਹਰਸੈਂ,
ਗਹਿ ਕੈ ਉਪਦੇਸ਼ ਸ੍ਵਦੇਸ਼ ਸਿਧੈ ਹੈਂ ॥ ੧੩ ॥
ਤਾਲ ਮਹਾਨ ਲਗੇ ਖੁਦਵਾਨ,
ਸੁਧਾਸਰ ਜਾਨ ਸਮਾਨ ਜੁ ਅਰਜਨ[1]। [1]ਅਲਪ ਬ੍ਰਿਛ।
ਅਰਜਨ[1] ਕੀਨ ਮਜੂਰ ਘਨੇ ਸਿਖ, [1]ਇਕੱਠੇ।
ਕੇਤਕ ਲਾਵੈਂ ਪਜਾਵੈਂ ਸੁ ਕਰਜਨ[1]। [1]ਕਈ ਜਨ (ਸੇਵਕ) {ਸੁ ਕਰ} ਆਪਣੇ ਹੱਥੀਂ {ਪਜਾਵੈ} ਆਵੈ ਲਾਉਂਦੇ ਹਨ।
ਅਰਜਨ[1] ਪੂਰਨ ਹਾਰ ਅਪਾਰ ਸੁ, [1]ਮਨੋਰਥ।
ਦੇਵਤ ਸਿੱਖਨ ਕੋ ਗਤਿ ਅਰਜਨ[1]। [1]ਸ੍ਰੇਸ਼ਟ ਮੁਕਤੀ।
ਅਰਜਨ ਜਜੋਂ[1] ਗੁਰ ਸਿੱਖਨ ਬੂਝਜੋ, [1]ਪਾਂਡਵਾਂ ਦੇ ਮੰਝਲੇ ਭਰਾ ਵਾਂਗ।
ਏਕ ਦਿਨਾ ਗੁਰ ਸਾਹਿਬ ਅਰਜਨ ॥ ੧੪ ॥

ਦੋਹਰਾ:

ਅੰਮ੍ਰਿਤੁ ਸਰ ਕਿਹ ਹੇਤੁ ਤੈ[1], [1]ਕਿਸ ਕਾਰਨ ਕਰਕੇ।
ਨਾਮ ਭਯੋ ਯਹਿ ਤਾਲ।
ਸੰਸਾ ਹਮਰਾ ਹਰੋ[1] ਗੁਰੁ, [1]ਮੇਟੋ, ਦੂਰ ਕਰੋ।
ਕਹਿ ਫੁਰ[1] ਗਾਥ ਬਿਸਾਲ ॥ ੧੫ ॥ [1]ਛੇਤੀ।

ਚੌਪਈ:

ਤਬਿ ਗੁਰੁ ਪੰਚਮ ਐਸ ਬਖਾਨਾ।
ਗੁਰ ਸਿਖ ਸਿਦਕੀ ! ਸੁਨੋ ਮਹਾਨਾ।
ਚਾਰ ਹੇਤੁ[1] ਤੈ ਭਯੋ ਨਾਮ ਯਹਿ। [1]ਕਾਰਨ।
ਸੋ ਹੇਤੂ ਅਬਿ ਸਬਿ ਹੀ ਦਿਹਂ ਕਹਿ ॥ ੧੬ ॥
ਜਬਿ ਸ੍ਰੀ ਅੰਗਦ ਕੋ ਗੁਰਿਆਈ।
ਮਿਲੀ ਤੁ ਸ੍ਰੀ ਸਸਿ[1] ਕੋਪ ਬਢਾਈ। [1]ਸ੍ਰੀ ਚੰਦ ਨੇ।
ਦਯੋ ਸ੍ਰਾਪ ਐਸੇ ਮੂੰਹ ਪਾੜਾ।
ਗੱਦੀ ਲਈ ਕੋੜ੍ਹੀ ਕਰਿਆੜਾ[1] ॥ ੧੭ ॥ [1]ਕਿਰਾੜ ਨੇ।
ਤਬਿ ਤੇ ਉਨ ਕੇ ਕੁਸ਼ਟ ਨਿਸ਼ਾਨੀ।

ਏਕ ਅੰਗੂਠੇ ਚਰਨ ਰਹਾਨੀ।
ਤਾਂ ਕਾ ਤਿਨ ਕੋ ਦਰਦ ਅਪਾਰੇ।
ਰਹੈ ਰੈਨ ਦਿਨ ਨੀਂਦ ਨ ਧਾਰੇਂ ॥੧੮॥
ਅਮਰ ਦੇਵ ਨਿਜ ਮੁਖ ਮੈਂ ਧਰ ਕੈ।
ਜਬਿ ਤਕ ਥਿਰੈ ਅੰਗੂਠਾ ਫਰ ਕੈ।
ਤਬਿ ਤੱਕ ਨੀਂਦ ਗੁਰੂ ਕੌ ਆਵੈ।
ਇਸ ਫ਼ਿਕਰ ਮੈਂ ਅਮਰ ਰਹਾਵੈ ॥੧੯॥
ਸਿਰੀ ਚੰਦ ਢਿਗ ਵਹਿ ਪੁਨ ਗਏ।
ਸੇਵਾ ਅਰਜ਼ ਕਰਤ ਬਹੁ ਭਏ।
ਹ੍ਵੈ ਖੁਸ਼ ਸਿਰੀ ਸਸਿ ਗਿਰਾ ਅਲਾਈ।
ਜਰੀ[1] ਅੰਮ੍ਰਿਤੀ ਮਿਲੈ ਕਿਥਾਈ ॥੨੦॥ [1]ਬੂਟੀ।
ਸੋ ਘਸ ਚਰਨ ਅੰਗਦਹਿਂ ਲਾਵੈਂ।
ਤਬਿ ਹ੍ਵੈ ਮਰਜ਼[1] ਦੂਰ ਸੁਖ ਪਾਵੈਂ। [1]ਰੋਗ।
ਤਾਂ ਦਿਨ ਤੇ ਗੁਰੁ ਅਮਰ ਮਹਾਨੰ।
ਕਰੀ ਤਲਾਸ਼[1] ਜਰੀ ਬਹੁ ਥਾਨੰ ॥੨੧॥ [1]ਭਾਲ।
ਆਖਰ ਇਸੀ ਜਗ੍ਹਾ[1] ਤੈ ਪਾਈ। [1]ਇਸ (ਅੰਮ੍ਰਿਤਸਰ ਵਾਲੀ) ਜਗ੍ਹਾ ਤੋਂ।
ਜਬਿ ਵਹਿ ਘਸ ਕਰ ਚਰਨ ਲਗਾਈ।
ਤਤਛਿਨ ਮਰਜ਼ ਦੂਰ ਵਹਿ ਭਈ।
ਨਿਸ[1] ਦੂਰ ਜਯੋਂ ਸੁਰ ਪਿਖਈ[2] ॥੨੨॥ [1]ਰਾਤ। [2]ਸੂਰਜ ਨੂੰ ਵੇਖ ਕੇ।
ਯਾਂਹੀ ਤੇ ਗੁਰ ਤੀਸਰ ਐ ਕੈ।
ਰਾਮਦਾਸ ਪੁਰ ਇਹਾਂ ਬਸੈ ਕੈ।
ਜਰੀ ਮਿਲੀ ਥੀ ਜਹਿਂ ਤੇ 'ਵਹਾਂ।
ਤਾਲ ਲਗਾਵਨ ਹਿਤ ਉਨ ਕਹਾ' ॥੨੩॥
ਮਿਲੀ ਅੰਮ੍ਰਿਤੀ ਜਰੀ ਜਾਂਹਿ ਤੈ।
ਨਾਮ ਅੰਮ੍ਰਿਤ ਸਰ ਭਯੋ ਤਾਂਹਿ ਤੈ।
ਇਕ ਕਾਰਣ ਯਹਿ ਕਹਯੋ ਸੁਨਾਈ।
ਦੂਸਰ ਸੁਨੋ ਭਲੇ ਮਨ ਲਾਈ ॥੨੪॥
ਰਾਮਦਾਸ ਗੁਰੁ ਬਾਧਯੋ ਗਾਮੂ[1]। [1]ਪਿੰਡ।
ਨਾਮ ਅਪਨੇ ਪਰ ਰਾਖਯੋ ਨਾਮੂ।
ਪੁਨ ਨਿਜ ਗੁਰ ਕੇ ਨਾਮ ਸੁ ਪਰ ਹੈ।

Sri Satguru Jagjit Singh Ji eLibrary NamdhariElibrary@gmail.com

ਨਾਮ ਤਾਲ ਕਾ ਦੀਨੋ ਧਰ ਹੈ ॥੨੫॥
ਨਾਮ ਅਮਰ ਸਰ ਥਾ ਉਨ ਰਾਖਾ।
ਲੋਗਨ ਅੰਮ੍ਰਿਤ ਸਰ ਕਿਯ ਭਾਖਾ।
ਤੀਸਰ ਕਾਰਨ ਔਰ ਸੁਨੀਜੈ।
ਜਾਂ ਤੇ ਸੰਸੇ ਸਗਲੇ ਛੀਜੈਂ[1] ॥੨੬॥
[1]ਨਾਸ ਹੋ ਜਾਣ।
ਗਾਥ ਪੁਰਾਨ ਭਵਿਖਤ ਕੇਰੀ।
ਸੁਨੋ ਸੁਨੈਹੈਂ ਹਮ ਸਭਿ ਟੇਰੀ ॥੨੭॥
ਸ੍ਵੈਯਾ:
ਥਾ ਸਤਿਜੁੱਗ ਵਿਖੈ ਯਹਿ ਤੀਰਥ,
ਲੋਪ ਭਯੋ ਬਿਦਤੋ ਤਬਿ ਜੈਸੇ।
ਭੂਪਤਿ ਏਕ ਇਕ-ਵਾਕ ਭਯੋ,
ਕੁਲ ਸੂਰਜ ਮੈਂ ਧਰਮੀ ਰਵਿ ਹੈਸੇ[1]।
[1]ਸੂਰਜ ਵਾਂਗ ਧਰਮੀ ਸੀ।
ਆਇ ਤਿਨੈ ਇਸ ਦੇਸ ਵਿਖੈ,
ਬਡ ਜਗਜ ਅਰੰਭ ਕਿਯੋ ਠਟ ਐਸੇ[1]।
[1]ਇਸ ਤਰ੍ਹਾਂ (ਮਨ 'ਚ) ਧਾਰ ਕੇ।
ਦੇਸ ਬਸੇਸ ਭਵੈ ਇਹ ਪਾਵਨ,
ਤੀਰਤ ਮੋਖਦ ਭੋਗ ਬਨੈਸੇ[1] ॥੨੮॥
[1]ਬਣ ਜਾਵੇ।
ਦੇਵ ਰਿਖੀਸ਼ ਮੁਨੀਸ਼ ਬੁਲਾਇ,
ਜਬੈ ਨ੍ਰਿਪ ਜਗਜ ਸੰਪੂਰਨ ਕੀਨੋ।
ਔਰ ਰਮੇਸ਼[1] ਮਹੇਸ਼[2] ਸੁਰੇਸ਼[3],
[1]ਵਿਸ਼ਨੂੰ। [2]ਸ਼ਿਵ। [3]ਇੰਦ੍ਰ।
ਅਜਾਦਿਕ[1] ਦੇਵਨ ਹ੍ਵੈ ਮੁਦ ਪੀਨੋ[2]।
[1]ਬ੍ਰਹਮਾ ਆਦਿਕ। [2]ਬਹੁਤ ਅਨੰਦ ਹੋ ਕੇ।
ਹੋਇ ਮਨੋਰਥ ਪੂਰਨ ਤੋਰ,
ਸਭੀ ਸੁਰ ਯੌਂ ਮਿਲ ਕੈ ਬਰ ਦੀਨੋ।
ਭੂਪ ਕਹਯੋ ਇਸ ਦੇਸ ਵਿਖੈ,
ਵਰ ਤੀਰਥ ਹੋਇ ਇਹਾਂ ਸੁਚ ਚੀਨੋ ॥੨੯॥
ਯੌਂ ਸੁਨਿ ਕੈ ਬਿਧਿ ਨੈ[1] ਬਰ ਦੀਨ,
[1]ਬ੍ਰਹਮਾ ਨੇ।
ਤਥਾ ਅਸਤੁ[1] ਬਡ ਤੀਰਥ ਹੋਈ।
[1](ਜਿਵੇਂ ਤੂੰ ਕਿਹਾ ਹੈ) ਤਿਵੇਂ ਹੀ ਹੋਵੇਗਾ।
ਪਾਦ ਪਖਾਰ ਲਹੋ[1] ਸਭਿ ਕੇ,
[1]ਚਰਨ ਧੋ ਲਵੋ।
ਚਰਨਾਂਮ੍ਰਿਤ ਦੇਵ ਰਿਖੀਸਨ ਜੋਈ।
ਡਾਰ ਦਿਵੋ ਇਸ ਕੁੰਡ ਵਿਖੈ,
ਨ੍ਰਿਪ ਕੀਨਹੁ ਕਾਮ ਤਬੈ ਪੁਨ ਸੋਈ।

ਥਾ ਇਕ ਤਾਲ ਇਹਾਂ ਲਘੁ ਸਾ[1],
ਤਿਸ ਮਾਂਹਿ ਸੁਧਾ ਪਗ[1] ਦੀਨ ਸਮੋਈ[2] ॥ ੩੦ ॥
ਨਾਮ ਸੁਧਾਸਰ ਆਪ ਧਰਜੋ ਅਜ,
ਔਰ ਦਯੋ ਬਰ ਐਸ ਉਚਾਰੇ।
ਆਵਹਿਗੋ ਜਬਿ ਘੋਰ ਕਲੀ[1]
ਤਬਿ ਤੀਰਥ ਆਦਿ ਭਗੀਰਥਿ[1] ਸਾਰੇ।
ਹੋਇ ਕੈ ਲੋਪ ਬਸੈਂ ਸਬਿ ਹੀ,
ਇਸ ਤੀਰਥ ਮਾਂਹਿ ਮਹਾਂ ਮੁਦ ਧਾਰੇ।
ਤਾਂਹਿ ਸਮੈ ਇਸ ਤੀਰਥ ਕਾ,
ਪ੍ਰਤਾਪ ਬਢੈ ਜਗ ਮਾਂਹਿ ਅਪਾਰੇ ॥ ੩੧ ॥
ਜੋ ਸਭ ਤੀਰਥ ਤੇ ਫਲ ਹ੍ਵੈਂ,
ਇਸ਼ਨਾਨ ਕੀਏ ਇਸ ਤੇ ਜਨ ਪੈ ਹੈਂ।
ਔਰ ਨਹੀ ਇਸ ਕੇ ਸਮ ਤੀਰਥ,
ਕੋਇ ਰਹੈ ਜਗ ਮਾਂਹਿ ਤਬੈ ਹੈ।
ਮਜਨ[1] ਜੋ ਨਰ ਨਾਰਿ ਕਰੈਂ ਬਿਧਿ
ਸੰਯੁਤ[1], ਸੋ ਫਲ ਚਾਰ ਲਹੈ ਹੈਂ।
ਨਾਂਹਿ ਰਹੈ ਜਮ ਤ੍ਰਾਸ ਕਿਸੈ,
ਇਸ ਤੀਰਥ ਕੇ ਪਰਸੇ ਹਰਿ ਪੈ ਹੈਂ ॥ ੩੨ ॥
ਲੋਪ ਰਹੈ ਅਬਿ ਤੋ ਯਹਿ ਤੀਰਥ,
ਆਵਹਿਗੋ ਕਲਜੁੱਗ ਜਬੈ ਹੀ।
ਧਾਰ ਹਰੀ ਭਗਤਾ ਅਵਤਾਰ,
ਹਰੈਂ ਭੁਵ[1] ਭਾਰ ਅਪਾਰ ਤਬੈ ਹੀ।
ਖੰਡ ਪਖੰਡਨਿ ਕੇ ਮਤ ਕੋ,
ਭਗਤੀ ਅਰ ਗਜਾਨ ਦਿੜ੍ਹਾਇ ਸਬੈ ਹੀ।
ਲੋਗਨ ਕੀ ਕਲਜਾਨ ਹਿਤੈ,
ਬਿਦਤਾਵਹਿਂਗੇ ਵਹਿ ਯਾਂਹਿ ਤਬੈ ਹੀ ॥ ੩੩ ॥
ਫੇਰ ਬਢੈ ਪ੍ਰਤਾਪ ਦਿਨੋ ਦਿਨ,
ਹੋਇਂ ਗੁਰੂ ਜਬਿ ਹੀ ਅਵਤਾਰੇ।
ਘੋਰ ਕਲੀ ਮਹਿਂ ਤੀਰਥ ਏਹੁ,
ਸਬੈ ਨਰ ਨਾਰਿ ਚੰਡਾਰ ਲੌ ਤਾਰੇ।

[1]ਛੋਟਾ ਜਿਹਾ।
[1]ਚਰਨਾਂਮ੍ਰਿਤ। [2]ਮਿਲਾ ਦਿੱਤਾ।
[1]ਭਿਆਨਕ ਕਲਜੁਗ।
[1]ਗੰਗਾ ਆਦਿਕ।
[1]ਇਸ਼ਨਾਨ।
[1]ਬਿਧੀ ਸਹਿਤ।
[1]ਧਰਤੀ ਦਾ।

ਭੂਪਤਿ ਕੌ ਇਤਜਾਦਿਕ ਦੈ ਬਰ,
ਦੇਵ ਸਭੀ ਨਿਜ ਲੋਕ ਪਧਾਰੇ।
ਮੋਦ ਮਹਾਂ ਮਨਿ ਮਾਨ ਪੁਨਾ,
ਨ੍ਰਿਪ ਆਪ ਗਯੋ ਨਿਜ ਦੇਸ ਸਿਧਾਰੇ ॥ ੩੪ ॥
ਪਾਵਨ ਪੇਖਿ ਸੁਹਾਵਨ ਭੂਮਿ,
ਇਹਾਂ ਰਿਖਿ ਬ੍ਰਿੰਦ ਬਸੇ ਪੁਨ ਆਈ।
ਐਰਾਵਤੀ[1] ਜਿਹ ਕੈ ਦਿਸ ਪੱਛਮ, [1]ਰਾਵੀ (ਨਦੀ)।
ਪੂਰਬ ਓਰ ਬਿਪਾਸ[1] ਸੁਹਾਈ। [1]ਬਿਆਸ (ਨਦੀ)।
ਮੱਦ੍ਰ ਦੇਸ ਸੁ ਭੱਦ੍ਰ ਦਾਨ,
ਜੁਵਾਂ ਨਰੁ ਅੰਨ ਕੀ ਖਾਨ ਮਹਾਂਈ[1]। [1]ਇਹ ਪੰਜਾਬ ਦੇਸ਼ ਚੰਗੀ ਸ੍ਰੇਸ਼ਟਤਾ ਦੇਣ ਵਾਲਾ ਜਵਾਨ (ਬਹਾਦਰ) ਆਦਮੀਆਂ ਤੇ ਅੰਨ ਦੀ ਵੱਡੀ ਖਾਣ ਹੈ।

ਫੇਰ ਕਰਜੋ ਲਵ ਕੁੱਸਨ ਸੋ[1] ਜਬਿ, [1]ਲਉ ਤੇ ਕੁੱਸੁ ਨਾਲ।
ਜੰਗ ਸ੍ਰੀ ਰਘੁਬੀਰ[1] ਇਹਾਂ ਹੀ ॥ ੩੫ ॥ [1]ਰਾਮ ਚੰਦਰ ਨੇ।
ਜਬਿ ਸੀਤਹ ਕੋ ਬਨਬਾਸ ਦਯੋ,
ਇਸ ਦੇਸ ਵਿਖੈ ਵਹਿ ਆਇ ਰਹਾਈ।
ਤਟ ਐਰਾਵਤੀ ਕਵਿ ਆਦਿ ਰਿਖੀ,
ਬਲਮੀਕ ਹੁਤੋ ਰਹਿਤੋ ਇਸ ਠਾਂਈ।
ਹੈ ਜਹਿਂ ਠਾਇ ਲਾਹੌਰ ਕਿਲਾ ਅਬਿ,
ਪਾਸ ਰਹੀ ਤਿਹ ਕੇ ਸੀਅ[1] ਆਈ। [1]ਸੀਤਾ।
ਪੈਦਾ ਭਏ ਲਵ ਕੁਸੂ ਇਹਾਂ,
ਪਢਿ ਬਿਦਜਾ ਰਿਖੀਸ ਤੇ ਈਸਤਾ[1] ਪਾਈ [1]ਪਾਤਸ਼ਾਹੀ।
॥ ੩੬ ॥
ਯਾਂ ਹਿਤ ਆਹਿ ਮਕਾਨ[1] ਤਿਨੈ, [1]ਮੰਦਰ।
ਅਬ ਲੌ ਸੁ ਕਿਲੇ ਮਧ ਜਾਨਤ ਲੋਈ।
ਕੀਨ ਲਹੌਰ ਅਵਾਦ ਲਉ,
ਅਰ ਭੂਪ ਭਯੋ ਇਸ ਦੇਸਹਿਂ ਸੋਈ।
ਜਗਜ ਜਬੈ ਰਘੁਬੀਰ ਕਰਜੋ,
ਤਬਿ ਅਸ੍ਵ[1] ਫੜਯੋ ਉਨ ਕੋ ਇਨਿ ਵੋਈ[2]। [1]ਘੋੜਾ। [2]ਉਹੋ ਹੀ (ਜੋ ਅਸ੍ਵਮੇਧ ਜੱਗ ਲਈ ਛਡਿਆ ਸੀ)।
ਤਾਂ ਪਰ ਔਧਿ ਤੇ[1] ਫੌਜ ਅਈ, [1]ਅਜੁੱਧਿਆ ਤੋਂ।
ਲਵ ਕੁਸੂ ਲਰੇ ਤਬਿ ਜਾਇ ਅਗੋਈ[1] ॥ ੩੭ ॥ [1]ਅੱਗੋਂ ਹੀ।

ਜੰਗ ਅਭੰਗ[1] ਭਜੋ ਇਹ ਠਾਂ,
ਜਹਿਂ ਹੈ ਅਬਿ ਸ਼ੈਹਰ ਤਾਲ ਉਦਾਰੇ।
ਜੀਤ ਭਈ ਲਵ ਕੁੱਸਹਿਂ ਕੀ,
ਅਵਸੇਧ ਲੌ[1] ਭੂਮਿ ਗਿਰੇ ਜਬਿ ਹਾਰੇ।
ਤੌ ਮਿਥਲੇਸ ਸੁਤਾ[1] ਸਬਿ ਭੇਤ,
ਕਹਜੋ ਨਿਜ ਪੂਤਨ ਪਾਸ ਉਚਾਰੇ।
ਯਾਂ ਹਿਤ ਇੰਦ੍ਰ ਤੈ ਲਵ ਨੇ,
ਕਰਵਾਈ ਸੁਧਾ[1] ਬਰਖਾ ਇਸ ਥਾਰੇ[2] ॥ ੩੮ ॥
ਲੋਗ ਜਿਵਾਇ ਦਏ ਰਘੁਬੀਰ ਲੌ,
ਆਪਸ ਮਾਹਿ ਮਿਲੇ ਮੁਦ ਪਾਏ।
ਲੈ ਨਿਜ ਸੰਗ ਪੁਨਾ ਸੀਅ ਕੋ,
ਰਘੁਬੀਰ ਸਸੈਨ ਨਿਜੈਨ ਸਿਧਾਏ[1]।
ਲਵ ਵੀਚ ਲਾਹੌਰ ਕਸੂਰ ਕੁਸੂਰਹਿ,
ਰਾਜ ਕਰਜੋ ਬਹੁ ਕਾਲ ਬਿਤਾਏ।
ਤਿਸ ਹੀ ਕੁਲ ਮੈਂ ਗੁਰੁ ਨਾਨਕ, ਔ
ਰਾਮਦਾਸ ਭਏ ਸਰਬਗਜ ਮਹਾਏ ॥ ੩੯ ॥
ਅੰਮ੍ਰਿਤ ਕੀ ਬਰਖਾ ਇਸ ਠੌਰ,
ਭਈ ਤਬਿ ਥੀ ਇਹੁ ਜਾਨੁ ਬਿਸੇਖੀ[1]।
ਔ ਅਪਨੇ ਬਡਿਆਨ ਕੀ ਜਾਇ[1],
ਬਸਾਵਨ ਕੀਨ ਸੁ ਪਾਵਨ ਪੇਖੀ।
ਯਾ ਹਿਤ ਨਾਮ ਸੁਧਾਸਰ ਯਾਹਿ,
ਕਰਜੋ ਬਿਦਤਾਵਨ ਤੀਰਥ ਲੇਖੀ[1]।
ਬੂਝਨ ਕੀਨ ਜੁ ਸੰਗਤ ਨੈ,
ਗੁਰ ਪੰਚਮ ਉੱਤਰ ਦੀਨ ਅਸੇਖੀ[1] ॥ ੪੦ ॥
ਯਾ ਬਿਧਿ ਕਾਰਨ ਚਾਰ ਵਿਚਾਰ,
ਕਹੇ ਗੁਰੁ ਚਾਰੁ[1] ਜਜੋਂ ਨਾਮ ਭਯੋ ਹੈ।
ਹੈ ਸਤਜੁੱਗ ਕੋ ਤੀਰਥ ਏਹੂ, ਗੁਰੁ ਬਿਦਤਾਂਵਨ
ਤਾਂਹਿ ਕਯੋ ਹੈ।
ਔ ਗੁਰੁ ਪੰਚਮ ਯਾ ਹਿਤ ਹੀ,
ਜਸ ਗ੍ਰੰਥ ਵਿਖੇ ਬਹੁ ਯਾਹਿ ਕਯੋ ਹੈ।

[1]ਲਗਾਤਾਰ।
[1]ਰਾਮ ਚੰਦਰ ਤੱਕ (ਸਾਰੇ ਫੌਜੀ)।
[1]ਸੀਤਾ ਨੇ।
[1]ਅੰਮ੍ਰਿਤ ਦੀ। [2]ਇਸ ਥਾਂ।
[1]ਸਣੇ ਫੌਜ ਆਪਣੇ ਘਰ ਨੂੰ ਚਲੇ ਗਏ।
[1]ਬਹੁਤੀ।
[1]ਵੱਡਿਆਂ ਦੀ ਜਗ੍ਹਾ।
[1]ਜਾਣ ਕੇ।
[1]ਪੂਰਾ, ਮੁਕੰਮਲ।
[1]ਸੁੰਦਰ (ਗੁਰਾਂ ਨੇ)।

ਗਜਾਨ ਹਰੀ ਬਹੁ ਤੀਰਥ ਕੀਨ,
ਨ ਨੈਨਨ ਐਨ[1] ਇਸੋ ਲਖਯੋ ਹੈ[2] ॥ ੪੧ ॥

[1]ਠੀਕ। [2]ਦੇਖਿਆ।

ਦੋਹਰਾ:
ਔਰ ਬਾਤ ਸਾਜਨ ਸੁਨੋ
ਕਹੌਂ ਸਾਤ[1] ਬਖਜਾਤ[2]।

[1]ਸੱਚੀ। [2]ਪ੍ਰਗਟ।

ਦਾਦਰ[1] ਨਹਿ ਕਾਦਰ[2] ਰਚਯੋ,
ਇਸ ਤੀਰਥ ਮੈਂ ਜਾਤ[1] ॥ ੪੨ ॥

[1]ਡੱਡੂ। [2]ਪ੍ਰਮੇਸ਼ਰ ਨੇ।

[1]ਜਾਣੋ।

ਬਹੁਤੇ ਪ੍ਰੀਖਜਾ ਕਰਿ ਚੁਕੇ,
ਪਰਖਹੁ ਔਰੈਂ ਖਾਸ[1]।

[1]ਹੋਰ (ਤੁਸੀਂ) ਆਪ ਪਰਖ ਲਵੋ।

ਡੱਡ ਨਾ ਰਹਿ ਨਹਿਂ ਬੋਲ ਹੈ,
ਇਹਾਂ ਕਭੀ ਕਿਸਿ ਮਾਸ[1] ॥ ੪੩ ॥

[1]ਕਿਸੇ ਵੀ ਮਹੀਨੇ 'ਚ।

ਉਭੈ ਓਰ ਹਸਲੀ ਵਿਖੈ,
ਔਰ ਮੱਧ ਗੁਰੁ ਬਾਗ[1]।

[1]ਹਸਲੀ ਵਿੱਚ ਦੋਹੀਂ ਪਾਸੀਂ ਅਤੇ ਗੁਰੂ ਕੇ ਬਾਗ ਵਿੱਚ {ਹਸਲੀ- ਛੋਟੀ ਨਹਿਰ ਜਿਸ ਰਾਹੀਂ ਪਹਿਲਾਂਰਾਵੀ ਦਰਿਆ ਦਾ ਤੇ ਹੁਣ ਵੱਡੀ ਨਹਿਰ ਦਾ ਪਾਣੀ ਸਰੋਵਰ 'ਚ ਆ ਕੇ ਪੈਂਦਾ ਹੈ, ਇਹ ਹੁਣ ਸੂਏ ਤੋਂ ਸਰੋਵਰ ਤੱਕ ਛੱਤੀ ਹੋਈ ਹੈ, ਪਹਿਲਾਂ ਖੁੱਲ੍ਹੀ ਹੁੰਦੀ ਸੀ}।

ਦਾਦਰ ਸਾਦਰ[1] ਰਹਿਤ ਬਹੁ,
ਛੋਰਿ ਤਲਾਉ ਵਿਭਾਗ[1] ॥ ੪੪ ॥

[1]ਬੇ ਫਿਕਰ ਹੋ ਕੇ (ਅ) ਨਿਕਲਦੇ।

[1]ਹਿੱਸਾ।

ਮਾਨ ਸਰੋਵਰ ਕੀ ਅਹੇ,
ਸਹੀ ਨਿਸ਼ਾਨੀ ਏਹ।
ਡੱਡ ਨਹਿਂ ਰਹਿ ਨਹਿਂ ਬੋਲ ਹੈ,
ਬਗੁਲਾ ਚੁੰਚ ਨ ਦੇਹ ॥ ੪੫ ॥
ਯਹੀ ਨਿਸ਼ਾਨੀ ਸਹੀ ਸਬਿ,
ਹੈ ਅੰਮ੍ਰਿਤ ਸਰ ਮਾਂਹਿ।
ਲੋਗ ਸਿਆਨੇ ਜਾਨ ਹੈਂ,
ਜੋ ਧਰਿ ਧਜਾਨ ਪਿਖਾਹਿ ॥ ੪੬ ॥
ਅੰਮ੍ਰਿਤ ਸਰ ਜਜੋਂ ਨਾਮ ਭਜੋ,
ਇਸ ਤੀਰਥ ਕਾ ਠੀਕ।
ਸੋ ਗਾਥਾ ਕਹਿ ਦਈ ਅਬਿ,
ਔਰ ਸੁਨੋ ਪੁਨ ਨੀਕ ॥ ੪੭ ॥

ਸ੍ਵੈਯਾ:

ਤਾਲ ਬਿਸਾਲ ਖੁਦਾਇ ਰਹੇ,
ਗੁਰੁ ਪੰਚਮ ਦੌਲਤ ਲਾਇ ਸੁ ਚਿੱਤੈਂ[1]।
[1]ਚਿੱਤ ਲਾ ਕੇ।

ਸੰਗਤ ਦੇਸ ਬਦੇਸਨ ਤੈ,
ਨਿਤ ਆਇ ਕਢੈਂ ਬਹੁ ਕਾਰ ਅਮਿੱਤੈਂ[1]।
[1]ਬਹੁਤੀ ਗਾਰ।

ਤਾਂ ਪਰ ਭੀ ਗੁਰੁ ਭੂਰ ਮਜੂਰ,
ਜਰੂਰ ਲਗਾਵਤ ਦੈ ਕਰਿ ਬਿੱਤੈਂ[1]।
[1]ਧਨ।

ਸਿੱਖਨ ਕਾ ਧਨ ਆਵਤ ਜੇਤਕ,
ਲਾਵਤ ਲੰਗਰ ਔ ਸਰ[1] ਇੱਤੈਂ[2] ॥ ੪੮ ॥
[1]ਅਤੇ ਸਰੋਵਰ ਤੇ। [2]ਇਸ ਤਰ੍ਹਾਂ।

ਹਿਤ ਤਾਲ ਬਿਸਾਲ ਘਨੋ ਚਹੀਏ ਧਨ,
ਯਾ ਹਿਤ ਸੋਚ ਗੁਰੂ ਦਿਨ ਏਕੈ।
ਭਾਈ ਕਲਜਾਨਾ ਮਹਾਨਾ ਹੁਤੋ ਸਿਖ,
ਸੋਊ ਪਠਜੋ ਦਿਸ ਉੱਤਰ ਨੇਕੈ[1]।
[1]ਨੇਕ ਸਿੱਖ ਨੂੰ।

ਭਾਖਜੋ, ਭੂਪਤਿ ਕੋਊ ਚਿਤਾਇ ਕੈ[1],
[1](ਗੁਰਾਂ ਨੇ) ਕਿਹਾ ਕਿਸੇਰਾਜੇ ਦਾ ਮਨ ਆਪਣੇ ਵੱਲ ਖਿੱਚ ਕੇ। (ਅ) ਮੰਗ ਕੇ।

ਲਿਆਵਹੁ ਬਿੱਤ ਅਮਿੱਤ ਵਸੇਕੈ[1]।
[1]ਬਹੁਤਾ ਅਣਗਿਣਤ ਧਨ।

ਜਾਇ ਵਹੈ ਮਧ ਮੰਡੀ ਰਹਜੋ,
ਤਬਿ ਸਾਹਿਬ ਸੈਨ ਥਾ ਭੂਪਤਿ ਨੇਕੈ ॥ ੪੯ ॥

ਸਾਲ ਗਰਾਮ ਹੁਤੋ ਵਹਿ ਪੂਜਤ,
ਬਰਤ ਰਖਾਵਤ ਥੋ ਸਬਿ ਕਾਹੂੰ।
ਭੇਖ ਬਿਰਾਗਨ ਕਾ ਵਹਿ ਸੇਵਕ,
ਬੈਸਨੋ ਔਰ ਸਬੀ ਪਰਜਾ ਹੂੰ।
ਭਾਈ ਕਲਿਜਾਨ ਬਿਨਾ ਗੁਰੁ ਆਨ[1],
[1]ਹੋਰ ਕਿਸੇ ਨੂੰ।

ਮਨੇ ਨਹਿ ਜੌ, ਤਬਿ ਭੂਪਤਿ ਤਾਹੂੰ[1]।
[1]ਤਿਸ ਰਾਜੇ ਪਾਸ।

ਲੈ ਫਰਿ ਲੋਗ ਗਏ ਇਸ ਕੋ,
ਨ੍ਰਿਪ ਮਾਰਨ ਹੇਤ ਕਹਜੋ ਜਬਿ ਤਾਂਹੂ[1] ॥ ੫੦ ॥
[1]ਤਿਸ ਭਾਈ ਕਲਿਆਣੇ ਨੂੰ।

ਖੇਦ[1] ਭਯੋ ਨ੍ਰਿਪ ਕੋ ਅਤਿਸੈ,
ਜਬਿ ਮਰਨ ਲਗੋ ਸਿਖ ਤੈ ਬਖਸ਼ਾਯੋ।
[1]ਕਸ਼ਟ, ਦੁੱਖ।

ਪਢਿ ਕੈ ਸਤਿਨਾਮੁ ਜਬੈ ਨ੍ਰਿਪ ਕੇ ਮੁਖ,
ਸਿੱਖ ਦਯੋ ਜਲ ਤੌ ਬਿਗਸਾਯੋ[1]।
[1]ਖਿੜ ਪਿਆ ਭਾਵ ਦੁਖ ਦੂਰ ਹੋ ਗਿਆ।

ਪਿਖ ਕੈ ਕਰਮਾਤ ਸਖਜਾਤ[1] ਤਬੈ,
ਨ੍ਰਿਪ ਸਿਖ ਭਯੋ ਗੁਰੁ ਕੈ ਢਿਗ ਆਯੋ।
ਆਮਦਨੀ ਮਧ ਤੈ ਦਸਵੰਧ,
ਘਨੋ ਧਨ ਭੂਪਤਿ ਭੇਟ ਚਢਾਯੋ ॥ ੫੧ ॥

[1]ਪ੍ਰਗਟ।

ਦੋਹਰਾ:
ਤਬਿ ਹੀ ਗੁਰੁ ਪਢ ਰਹੇ ਥੇ,
ਯਹਿ ਤੁਕ ਕਰੀ ਉਚਾਰ।
ਲੇਖੁ ਨ ਮਿਟਈ ਹੇ ਸਖੀ,
ਜੋ ਲਿਖਿਆ ਕਰਤਾਰਿ* ॥ ੫੨ ॥

*ਇਹ ਤੁਕ ਪੰ: ੯੩੬ 'ਤੇ ਓਅੰਕਾਰ ਬਾਣੀ ਵਿੱਚ ਹੈ।

ਚੌਪਈ:
ਯਹਿ ਸੁਨਿ ਤਬੈ ਨ੍ਰਿਪ ਮਨਿ ਧਾਰਾ।
ਮੈ ਆਯੋ ਸੁਤ[1] ਲੈਨ ਉਦਾਰਾ[2]।
ਗੁਰੁ ਆਗੈ ਤੈ ਐਸ ਉਚਾਰੈਂ।
ਲੇਖ ਨ ਮਿਟਤ ਜੁ ਕਿਯ ਕਰਤਾਰੈਂ ॥ ੫੩ ॥
ਤਾਂ ਤੇ ਪੀਰ ਫਕੀਰਨ ਸੇਵਨ।
ਹੈ ਨਿਸਫਲ ਕੋ ਸਕੈ ਨ ਦੇਵਨ।
ਲੌਟ ਜਾਨ ਹਿਤ[1] ਤਜਾਰੀ ਕਈ।
ਸਤਿਗੁਰੁ ਜਾਨ ਸੁ ਦਿਲ ਕੀ ਲਈ ॥ ੫੪ ॥
ਕਹਿ ਪਠਯੋ ਭੂਪਤਿ ਕੇ ਤਾਂਈਂ।
ਖੇਲਿ ਸ਼ਿਕਾਰ ਸਕਾਰੇ[1] ਜਾਂਈਂ।
ਮਾਨ ਭੂਪ ਨਿਸ ਕੋ ਤਬਿਰਹਯੋ।
ਸੋਵਤ ਸੁਪਨਾ ਯਾ ਬਿਧਿ ਲਹਯੋ[1] ॥ ੫੫ ॥
ਘਰ ਚੰਡਾਰ ਕੇ ਜਨਮਯੋ ਜਾਈ[1]।
ਚਾਲੀ ਸਾਲ ਉਮਰ ਤਹਿਂ ਪਾਈ।
ਭਯੋ ਬਿਵਾਹ ਸੁਤਾ ਸੁਤ[1] ਭਏ।
ਕਾਮ ਚੰਡਾਲਨ ਕੇ ਸਬਿ ਕਏ ॥ ੫੬ ॥
ਚਢਯੋ ਤਾਪ ਪੁਨ ਮ੍ਰਿਤੂ ਪਾਈ।
ਇਤਨੇ ਮੈਂ ਜਾਗ੍ਰਤ ਹ੍ਵੈ ਆਈ।
ਅਚਰਜ ਮਾਨ ਭੂਪ ਨਿਜ ਹਾਲੂ।
ਬੋਲ ਵਜੀਰਹਿਂ ਕਰਯੋ ਬਿਸਾਲੂ ॥ ੫੭ ॥

[1]ਪੁੱਤਰ। [2]ਸ੍ਰੇਸ਼ਟ।

[1]ਮੁੜ ਜਾਣ ਵਾਸਤੇ।

[1]ਸਵੇਰੇ।

[1]ਦੇਖਿਆ।

[1]ਜਾ ਕੇ ਜੰਮਿਆ।

[1]ਧੀਆਂ ਪੁੱਤਰ।

ਕਹਜੋ ਵਜੀਰ ਸ੍ਵਪਨ ਹ੍ਵੈ ਕਰੋਂ[1]। [1]ਝੂਠਾ।
ਤਾਂ ਪਰ ਕਰੋ ਨ ਖਜਾਲ ਜਰੂਰੋ।
ਚਢਜੋ ਦਿਵਸ ਗੁਰੁ ਚਢੇ ਸ਼ਿਕਾਰਾ।
ਭੂਪਤਿ ਕੋ ਲੀਨੋ ਸੰਗਾਰਾ[1] ॥ ੫੮ ॥ [1]ਨਾਲ।
ਕਰਤ ਅਖੇਟਕ[1] ਅਸ੍ਵ ਧਵਾਏ[2]। [1]ਸ਼ਿਕਾਰ। [2]ਘੋੜੇ ਭਜਾਏ।
ਉਸੀ ਗਾਮ[1] ਢਿਗ ਪਹੁੰਚੇ ਜਾਏ। [1]ਪਿੰਡ।
ਭੂਪਤਿ ਧਰਾ ਗਾਂਮ[1] ਪਹਿਚਾਨੀ। [1]ਪਿੰਡ ਦੀ ਧਰਤੀ।
ਕਰੀ ਉਮਰ ਭਰ ਜਹਿਂ ਕ੍ਰਿਸਾਨੀ[1] ॥ ੫੯ ॥ [1]ਖੇਤੀ।
ਮਿਲੈਂ ਗ੍ਰਾਮ ਕੇ ਲੋਗ ਗੁਰਹਿ ਜਜੋਂ।
ਪਿਖਿ ਪਛਾਨ ਨ੍ਰਿਪ ਲੱਜਤ ਹ੍ਵੈ ਤਜੋਂ।
ਅਏ ਗਾਂਮ ਕੇ ਨਿਕਟਿ ਸੁ ਜਬਿ ਹੀ।
ਲੋਗਨ ਗੁਰੂ ਉਤਾਰੇ ਤਬਿ ਹੀ ॥ ੬੦ ॥
ਨਜ਼ਰ ਨਿਆਜ਼[1] ਗੁਰੁ ਕੋ ਸਬਿ ਦੇਹੀਂ। [1]ਭੇਟ ਪੂਜਾ।
ਆਪਸ ਮਾਂਹਿ ਸੁ ਬਾਤ ਕਰੇਹੀਂ।
ਯਹਿ ਕਿਮ ਭੰਗੀ ਨ੍ਰਿਪ ਬਨਿ ਆਯੋ।
ਉਮਰ ਭਰੈਂ ਹਮ ਘਰੈਂ ਕਮਾਯੋ[1] ॥ ੬੧ ॥ [1]ਸਾਰੀ ਉਮਰ ਸਾਡੇ ਘਰੀਂ ਕਮਾਈ ਕਰਦਾ ਰਿਹਾ ਹੈ।
ਪਾਇ ਖਬਰ ਤਿਹ ਕੇ ਸਨਬੰਧੀ।
ਆਏ ਪਿਖਿ ਬਿਸਮਾਏ ਧੰਧੀ[1]। [1]ਧੰਦੇ ਕਰਨ ਵਾਲੇ, ਕਾਮੇ।
ਉਭੈ ਦਿਸਾ ਤੈ ਸਭੈ ਸਿਆਨੈਂ[1]। [1]ਦੋਹਾਂ ਪਾਸਿਆਂ ਤੋਂ ਸਾਰੇ ਪਛਾਣਦੇ ਹਨ।
ਕਹਿ ਨ ਸਕੈਂ ਕੁਛ ਅਚਰਜ ਮਾਨੈਂ ॥ ੬੨ ॥
ਆਖਰ ਜਬਿ ਉਨਿ ਰੌਰ ਮਚਾਯੋ।
ਗੁਰੁ ਮੁਰਦਾ ਵਿੱਚ ਕਬਰ ਦਿਖਾਯੋ।
ਨ੍ਰਿਪ ਗੁਰੁ ਅਏ ਸੁਧਾਸਰ ਓਰੀ[1]। [1]ਅੰਮ੍ਰਿਤਸਰ ਦੀ ਤਰਫ਼।
ਬੂਝਜੋ ਗੁਰੁ ਸੋਂ ਨ੍ਰਿਪ ਕਰ ਜੋਰੀ[1] ॥ ੬੩ ॥ [1]ਹੱਥ ਜੋੜ ਕੇ।
ਗਯੋ ਚਰਿਤ[1] ਯਹਿ ਬਰਤ ਕਹਾਂ[2] ਹੈ। [1]ਕੌਤਕ। [2]ਕਿਸ ਤਰ੍ਹਾਂ।
ਪ੍ਰਤਖ ਮੈਂ ਤਹਿਂ ਜਨਮ ਲਹਾ ਹੈ।
ਚਾਲੀ ਸਾਲ ਉਮਰ ਤਹਿਂ ਪਾਈ।
ਸ੍ਵਪਨ ਭਯੋ ਇਤ ਅਲਪ ਮਹਾਂਈ[1]। [1]ਬਹੁਤ ਥੋੜਾ (ਸਮਾਂ)।
ਗੁਰੂ ਕਹਯੋ ਤੁਵ ਲੇਖ ਮਝਾਰਾ।
ਭੋਗਨ ਹੁਤੋ ਜਨਮ ਯਹਿ ਸਾਰਾ ॥ ੬੪ ॥

ਗੁਰੁ ਦਰਸ਼ਨ ਕੇ ਫਲ ਕੇ ਬਲ ਸੋਂ।
ਦਯੋ ਭੁਗਾਇ ਸ੍ਵਪਨ ਮੈਂ ਭਲ ਸੋ।
ਲੇਖ ਲਿਖਜੋ ਥਾ ਜੋ ਕਰਤਾਰਾ।
ਨਾਹਿ ਮਿਟਜੋ ਅਰ ਮਿਟਗੋ ਭਾਰਾ ॥ ੬੫ ॥
ਭੂਪਤਿ ਤਬੈ ਗੁਰਹਿਂ ਪਗ ਲਾਗਾ।
ਸੇਵਕ ਭੋ ਗੁਰ ਕਾ ਵਡਭਾਗਾ।
ਟਹਿਲ ਤਾਲ ਕੀ ਉਨਹਿਂ ਕਰਾਈ।
ਕਈ ਬਾਰ ਧਨ ਦਜੋ ਮਹਾਂਈ ॥ ੬੬ ॥
ਦੋਹਰਾ:
ਕਾਰ ਕਢਾਵੈਂ ਤਾਲ ਕੀ,
ਨਿਤ ਪ੍ਰਤਿ ਗੁਰੁ ਸਹਿ ਨੇਮ।
ਇਕ ਦਿਨ ਦੇਵਨ ਸਹਿ[1] ਹਰੀ,
ਬਨਿ ਮਜੂਰ ਲਹਿ ਪ੍ਰੇਮ ॥ ੬੭ ॥

[1]ਦੇਵਤਿਆਂ ਸਣੇ।

ਚੌਪਈ:
ਆਇ ਕਾਰ ਕਢਨੇ ਜਬਿ ਲਾਗੇ।
ਪਿਖੇ ਸਤਿਗੁਰੂ ਅਤਿ ਅਨੁਰਾਗੇ।
ਔਰ ਕਿਸੀ ਨੇ ਭੇਦ ਨ ਜਾਨਾ।
ਕਰਿ ਬੰਦਨ ਗੁਰੁ ਸ਼ਬਦ ਬਖਾਨਾ ॥ ੬੮ ॥
ਤਥਾ ਹੀ
ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ
ਕਰਾਵਣਿ ਆਇਆ ਰਾਮ ॥
(ਪੰ: ੭੬੩)
ਇਤਜਾਦਿਕ ਬਹੁ ਸਬਦ ਉਚਾਰੇ।
ਲਿਖੇ ਜੁ ਹੈਂ ਗੁਰੁ ਗ੍ਰੰਥ ਮਝਾਰੇ।
ਬਿਸ਼ਨ ਦੇਵ[1] ਜਹਿ ਕਾਰ ਕਰਾਈ।
ਹਰਿ ਪੌੜੀ ਗੁਰੁ ਰਚੀ ਤਹਾਂਈਂ ॥ ੬੯ ॥
ਸੰਮਤ ਸੋਲਾਂ ਸੈ ਇਕਤਾਲੀ।
ਮੈਂ, ਮੰਦਰ ਯਹਿ ਰਚਾ ਬਿਸਾਲੀ।
ਮੀਆਂ ਮੀਰ ਤੈ ਨੀਉਂ ਰਖਾਈ।
ਕਾਰੀਗਰੇ ਪਲਟਿ ਕਰਿ ਲਾਈ ॥ ੭੦ ॥

[1]ਅਕਾਲ ਪੁਰਖ ਨੇ।

ਯਹਿ ਪਿਖਿ ਪੁਨ ਗੁਰੁ ਯੌਂ ਬਚ ਕਹੇ।
ਧਰੀ ਤੁਰਕ ਕੀ ਨੀਉ ਨ ਰਹੇ*।

*ਮੀਆਂ ਮੀਰ ਗੁਰੂ ਜੀ ਦਾ ਅਨੰਨਜ ਸ਼ਰਧਾਵਾਨ ਸੀ। ਉਸ ਦੇ ਹੱਥੋਂ ਰੱਖੀ ਨਿਉਂ ਨੂੰ ਗੁਰੂ ਜੀ ਕਿਵੇਂ ਐਸਾ ਬਚਨ ਕਹਿ ਸਕਦੇ ਸਨ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪਹਿਲੀ ਇੱਟ ਆਪ ਰੱਖੀ ਜਿਸ ਨੂੰ ਕਾਰੀਗਰ ਨੇ ਚੁੱਕ ਕੇ ਤੇ ਉਲਟਾ ਪੁਲਟਾ ਕੇ ਰੱਖ ਦਿੱਤਾ ਜਿਸ 'ਤੇ ਗੁਰੂ ਜੀ ਨੇ ਕਿਹਾ ਕਿ ਇਹ ਮੰਦਰ ਇਕ ਵਾਰ ਗਿਰ ਕੇ ਫੇਰ ਬਣੇਗਾ ਤੇ ਦੋਬਾਰਾ ਇਸ ਨੂੰ ਮੇਰੇ ਸਿੱਖ ਉਸਾਰਣਗੇ। (ਦੇਖੋ ਸ੍ਰੀ ਗੁਰ ਪ੍ਰਤਾਪ ਸੂਰਜ ਰਾਸ ੨ ਅੰ: ੫੩ ਅੰ: ੧੩ ਤੋਂ ੧੯ ਤੱਕ।)

ਏਕ ਬਾਰ ਜਰ ਤੈ ਉਡ ਜੈ ਹੈ।
ਪੁਨ ਸਿੱਖਨ ਕਰ ਤੈ[1] ਦਿਢ[2] ਹ੍ਵੈ ਹੈ ॥ ੭੧ ॥

[1]ਹੱਥੋਂ। [2]ਪੱਕੀ।

ਕਹਜੋ ਜੈਸ ਗੁਰੁ ਭਜੋ ਤੈਸ ਹੈ।
ਆਗੇ ਚਲ ਕਰਿ ਲਿਖੋਂ ਵੈਸ ਹੈ।
ਇਸੀ ਸਮੇਂ ਇਕ 'ਆਦਮ' ਨਾਮੀ।
ਸਿੱਧੂ ਗੋਤ ਜਾਟ ਸੁਤ ਕਾਮੀ[1] ॥ ੭੨ ॥

[1]ਪੁੱਤਰ ਦੀ ਕਾਮਨਾ ਵਾਲਾ।

ਮੁਲਕ ਮਾਲਵੈ ਤੇ ਚਲਿ ਆਯੋ।
ਸੁਜੱਸ ਗੁਰੂ ਕਾ ਸੁਨਿ ਅਧਕਾਯੋ।
ਬ੍ਰਿਧ ਉਮਰ ਦੰਪਤਿ[1] ਬਹੁ ਸੇਵਾ।
ਲਗੇ ਕਰਨ, ਚਹਿਂ ਫਲ ਸੁਤ ਮੇਵਾ ॥ ੭੩ ॥

[1]ਇਸਤ੍ਰੀ ਤੇ ਪਤੀ ਨੇ।

ਆਦਮ ਲਕਰੀ ਬਨ ਤੈ[1] ਲਜਾਵੈ।
ਦੋਇ ਵਕਤ ਗੁਰੁ ਲੰਗਰ ਪਾਵੈ।
ਚੌਂਕਾ ਬਰਤਨ ਮਾਈ ਕਰੈ[1]।

[1]ਜੰਗਲ ਤੋਂ।

[1]ਮਾਈ (ਲੰਗਰ 'ਚ) ਲੇਪਨ ਤੇ ਭਾਂਡੇ (ਮਾਂਜਣ ਦਾ ਕੰਮ) ਕਰਦੀ ਹੈ।

ਸ੍ਵਾਸ ਸ੍ਵਾਸ ਸਤਿਨਾਮੁ ਉਚਰੈ ॥ ੭੪ ॥
ਬੀਤੇ ਕਈ ਸਾਲ ਜਬਿ ਐਸੇ।
ਸੰਗਤਿ ਇਕ ਦਿਨ ਅਈ ਬਿਸੇਸੈਂ[1]।

[1]ਬਹੁਤ।

ਝਰੀ ਲਗੀ ਲਕਰੀ ਨਹਿ ਪਾਈ।
ਸੀਤ[1] ਭੂਖ ਨੈ ਬਹੁ ਸੰਤਾਈ ॥ ੭੫ ॥

[1]ਠੰਡ।

ਲਕਰੀ ਆਦਮ ਪਾਸ ਜਮ੍ਹਾਂ ਥੀ।
ਦਈ ਸਿਖਨ ਕੋ ਬਿਨਾ ਤਮਾ[1] ਥੀ।
ਹ੍ਵੈ ਖੁਸ਼ ਸਿੱਖਨ ਵਕਤ ਗੁਜਾਰਾ।

[1]ਲਾਲਚ।

ਗੁਰੁ ਢਿਗ ਚਲਜੋ ਪ੍ਰਸੰਗ ਉਦਾਰਾ ॥ ੭੬ ॥
ਸਿੱਖਨ ਮਹਿਮਾਂ ਆਦਮ ਕੇਰੀ।
ਟਹਿਲ ਕਰਨ ਕੀ ਜਬਿ ਬਹੁ ਟੇਰੀ।
ਗੁਰੁ ਪ੍ਰਸੰਨਜ ਹ੍ਵੈ ਆਦਮ ਤਾਂਈਂ।
ਕਹਜੋ ਮਾਂਗ ਬਰ ਜੋ ਤੁਹਿ ਭਾਈ[1] ॥ ੭੭ ॥
ਗੁਰੁ ਸਿਖੀ ਸੁਤ ਦੰਪਤਿ ਚਾਹਾ।
ਸ੍ਰੀ ਨਾਨਕ ਦੈਹੈਂ ਗੁਰੁ ਪ੍ਰਾਹਾ[1]।
ਲੈ ਬਰ ਵਹਿ ਪੁਨ ਘਰ ਨਿਜ ਆਏ।
ਬਰਸ ਬਾਦ ਸੁਤ ਭਯੋ ਤਿਨਾਏ ॥ ੭੮ ॥
ਘਰ ਮੈਂ ਕੁਛ ਖਾਵਨ ਕੋ ਨਹਿ ਥਾ।
ਗਾਮ[1] ਉਗ੍ਰਾਹੀ ਕਰਿ ਦਈ ਤਹਿ ਥਾ।
ਦੋਇ ਸਾਲ ਕਾ ਜਬਿ ਸੁਤ ਭਯੋ।
ਮਾਥ ਟਿਕਾਵਨ ਗੁਰੁ ਢਿਗ ਅਯੋ ॥ ੭੯ ॥
ਜਥਾ ਸ਼ਕਤਿ ਭੇਟਾ ਧਨ ਭਯੋ।
ਗੁਰੁ ਤੈ ਨਾਮ ਧਰਾਵਨ ਕਯੋ।
ਭਗਤਿ ਭਾਵ ਕਰਿ ਤੁਮ ਸੁਤ ਜੋਵਾ[1]।
ਗੁਰੂ ਕਹਜੋ ਭਗਤੂ ਯਹਿ ਹੋਵਾ ॥ ੮੦ ॥
ਜਨਮਤ ਹੀ ਇਨ ਗਾਮ ਉਗ੍ਰਾਹਿਆ।
ਕਰੈ ਰਾਜ ਸੰਤਤਿ[1] ਇਸ ਚਾਹਿਆ[2] ॥ ੮੧ ॥

ਦੋਹਰਾ:

ਪੁਨ ਭਗਤੂ ਸੇਵਾ ਕਰੀ,
ਖਸਟਮ ਗੁਰੁ ਕੀ ਖਾਸ[1]।
ਪਦਵੀ ਭਾਈ ਕੀ ਲਹੀ,
ਰਿਧਿ ਸਿਧਿ ਭਯੋ ਨਿਵਾਸ[1] ॥ ੮੨ ॥
ਅਬਿ ਲੌ ਸੰਤਤਿ ਤਾਂਹਿ ਕੀ,
ਰਾਜ ਕਰਤ ਜਗ ਆਹਿ।
ਭਾਈ ਕੈਂਥਲ ਕੋ ਪਤੀ[1]
ਭਯੋ ਇਸੀ ਕੁਲ ਮਾਂਹਿ ॥ ੮੩ ॥

[1]ਤੈਨੂੰ ਚੰਗਾ ਲੱਗਦਾ ਹੈ।

[1]ਕਿਹਾ।

[1]ਪਿੰਡ (ਵਾਲਿਆਂ ਨੇ)।

[1]ਦੇਖਿਆ ਹੈ।

[1]ਉਲਾਦ। [2](ਆਪਣੀ) ਇੱਛਾ ਅਨੁਸਾਰ।

[1]ਆਪ।

[1]ਘਰ।

[1]ਕੈਂਥਲ ਦਾ ਰਾਜਾ ਭਾਈ ਦੇਸੂ ਸਿੰਘ ਹੋਇਆ (ਜਿਸ ਦਾ ਪੁੱਤਰ ਭਾਈ ਲਾਲ ਸਿੰਘ ਤੇ ਪੋਤਰਾ ਭਾਈ ਉਦਯ ਸਿੰਘ ਹੋਇਆ, ਜਿਸ ਨੇ ਆਪਣੀ ਸਰਪ੍ਰਸਤੀ 'ਚ ਭਾਈ ਸੰਤੋਖ ਸਿੰਘ ਤੋਂ ਗੁਰਪ੍ਰਤਾਪ ਸੂਰਜ ਗ੍ਰੰਥ ਲਿਖਵਾਇਆ)।

ਕੀਰਤਿ ਗੁਰੁ ਕੀ ਮਾਲਤੀ,
ਫੂਲ ਰਹੀ ਜਗਿ ਫੈਲ[1]। [1]ਚੰਬੇਲੀ ਦੇ ਫੁੱਲ (ਦੀ ਖ਼ੁਸ਼ਬੋ) {ਵਾਂਗ} ਜਗ 'ਚ ਫੈਲ ਰਹੀ ਹੈ।
ਸੁਜੱਸ ਸਰਦ ਸਸਿ ਪੂਨਜੋਂ,
ਅਲਿ ਚਕੋਰ ਸੁਖਿ ਗੈਲ[1] ॥ ੮੪ ॥ [1]ਸਰਦਰੁੱਤ ਦੀ ਪੂੰਨਿਆ ਦੇ ਚੰਦ ਵਾਂਗ ਸ੍ਰੇਸ਼ਟ ਜਸ (ਫੈਲ ਰਿਹਾ ਹੈ) ਜਿਸ ਨੂੰ ਪਾ ਕੇ ਸਿਖ ਭੌਰੇ ਤੇ ਚਕੋਰਾਂ ਵਾਂਗ ਸੁਖ ਦੇਰਾਹ ਪੈ ਰਹੇ ਹਨ।

ਮੰਜ* ਨਾਮ ਰਜਪੂਤ ਇਕ, *ਹੋਰ ਗ੍ਰੰਥਾਂ 'ਚ ਨਾਮ ਮੰਝ ਹੈ।
ਗਾਂਮ ਰਾਮ ਪੁਰ ਕੇਰ।
ਸੁਨਿ ਸ਼ਕਤੀ ਸਤਿਗੁਰੂ ਕੀ,
ਅਯੋ ਸਰਨ ਗੁਰੁ ਫੇਰ ॥ ੮੫ ॥
ਸੇਵਕ ਥਾ ਸੁਲਤਾਨ ਕਾ,
ਆਈ ਤਿਸੈ ਗਿਲਾਨਿ[1]। [1]ਨਫ਼ਰਤ (ਸੁਲਤਾਨ ਤੋਂ)।
ਸਿਖ ਹੋਇ ਤਿਨ ਜਾਇ ਘਰ,
ਢਾਹਿਓ ਪੀਰ ਮੁਕਾਨ[1] ॥ ੮੬ ॥ [1]ਪੀਰ ਦਾ ਮੰਦਰ।

ਚੌਪਈ:

ਜਬਿ ਲੋਗੋਂ ਨੈ ਤਿਸੈ ਡਰਾਯੋ।
ਤਬਿ ਤਿਨ ਯਾ ਬਿਧਿ ਸਬਿਨਿ ਸੁਨਾਯੋ।
ਹਿੰਦੂ ਧਰਮ ਦੇਵਤਾ ਮੋਟੋ[1]। [1]ਹਿੰਦੂ ਧਰਮ (ਹੀ ਇਕ) ਵੱਡਾ ਦੇਵਤਾ ਹੈ।
ਤੁਰਕ ਮਲੇਛਹਿਂ ਮਾਨਨ ਖੋਟੋ ॥ ੮੭ ॥
ਸੀਸ ਨਿਵਾਵੈ ਤੁਰਕ ਅਗਾਰੀ।
ਖੋਇ ਧਰਮ ਨਰ ਦੇਹ ਬਿਗਾਰੀ।
ਦੋਖੀ ਗਊ ਦੇਵਤਨ ਕੇ ਜੋ।
ਇਨੈ ਮਾਨ ਹੈ ਨਰਕ ਪਰੈ ਸੋ ॥ ੮੮ ॥
ਸਤਿਗੁਰੁ ਭੀ ਵਹਿ ਕਸਜੋ ਕਸੌਟੀ[1]। [1]ਪਰਖ 'ਚ ਪਰਖਿਆ।
ਭਯੋ ਨਾਸ ਧਨ ਕਿਸਮਤ ਲੌਟੀ[1]। [1]ਫਿਰ ਗਈ।
ਕਰੈਂ ਸ਼ਰੀਕ ਤਾਂਹਿ ਉਪਹਾਸਾ[1]। [1]ਠੱਠਾ, ਮਖ਼ੌਲ।
ਪੀਰ ਕੋਪ ਤੈ ਸਬਿ ਧਨ ਨਾਸਾ ॥ ੮੯ ॥
ਮੰਜ ਕਹੇ ਯਹਿ ਸਭ ਜਗ ਕਾਚਾ।
ਗੁਰੁ ਸਿਖ ਲੈਹਿਂ ਮੁਕਤਿ ਧਨੁ ਸਾਚਾ।
ਪਗਲਾ ਜਾਨ ਸ਼ਰੀਕਨ ਭਾਰੀ।

ਛੀਨਿ ਧਾਮ ਧਨ ਦਜੋ ਨਿਕਾਰੀ ॥ ੯੦ ॥
ਪਤੀਬ੍ਰਤਾ ਤੀਆ ਤਿਹ ਭਾਏ[1]। [1]ਚੰਗੀ ਸੀ।
ਦੰਪਤਿ ਜਾਇ ਲਾਹੌਰ ਥਿਰਾਏ।
ਕਰੈਂ ਮਜੂਰੀ ਜੋ ਕੁਛ ਪਾਵੈਂ।
ਤਾਂ ਕੇ ਹਿਸੇ ਚਾਰ ਬਨਾਵੈਂ ॥ ੯੧ ॥
ਦੋ ਹਿੱਸੇ ਮੈਂ ਕਰੈਂ ਗੁਜਾਰਾ।
ਏਕ ਪਠਾਵਹਿਂ ਗੁਰੁ ਢਿਗ ਸਾਰਾ।
ਏਕ ਖੁਲਾਵੈਂ ਨਿੱਤ ਗਰੀਬੈਂ।
ਯਾਂ ਬਿਧਿ ਕਰੈਂ ਰਹੈਂ ਖੁਸ਼ ਜੀਵੈਂ[1] ॥ ੯੨ ॥ [1]ਜੀਅ ਵਿੱਚ।
ਪੁਨ ਸਤਿਗੁਰੁ ਤਿਹ ਪਰਖਨ ਹੇਤਾ।
ਪਠਜੋ ਮੇਵੜਾ[1] ਤਾਹਿ ਨਿਕੇਤਾ[2]। [1]ਅਰਦਾਸੀਆ। [2]ਘਰ।
ਤਲਬ ਰੁਪਯੇ ਕਰੇ ਪਚੀਸੋ[1]। [1]ਪੱਚੀ (੨੫) ਰੁਪਏ (ਗੁਰਾਂ ਨੇ) ਮੰਗਾਏ ਹਨ।
ਸੁਨਿ ਦੰਪਤਿ ਖੁਸ਼ ਭਏ ਅਤੀ ਸੋ ॥ ੯੩ ॥
ਨਿਜ ਕੰਨਜਾ ਕੀ ਕਰਿ ਕੁੜਮਾਈ।
ਦਏ ਰਜਤਪਣ[1] ਗੁਰੁ ਹਿਤ ਲਿਆਈ। [1]ਰੁਪਏ।
ਕਿਤਕ ਕਾਲ ਜਬਿ ਔਰ ਬਿਤਾਯੋ।
ਮਨ ਅਡੋਲ ਤਿਨ ਕੇਰ ਰਹਾਯੋ ॥ ੯੪ ॥
ਪੁਨ ਗੁਰੁ ਸਿਦਕ ਪਰਖਬੇ ਕਾਜੈਂ।
ਪਠਜੋ ਮੇਵੜਾ ਤਿਹ ਦਰਵਾਜੈਂ।
ਤੀਸ ਰਜਤਪਣ ਪੁਨ ਮੰਗਵਏ।
ਸਿੱਖਣੀ ਗਿਰਵੀ ਧਰਿ[1] ਸਿੱਖ ਦਏ ॥ ੯੫ ॥ [1]ਗਹਿਣੇਰੱਖ ਕੇ।
ਮਨ ਅਡੋਲ ਦੋਨੋ ਕਾ ਰਹਾ।
ਧੰਨਜ ਭਾਗ ਅਪਨਾ ਕਰਿ ਲਹਾ[1]। [1]ਕਰ ਕੇ ਜਾਣਿਆ।
ਪੁਨ ਜਬਿ ਹੀ ਗੁਰ ਢਿਗ ਵਹਿ ਆਯੋ।
ਕਰਿ ਦਰਸ਼ਨ ਮਨਿ ਅਤਿ ਹਰਖਾਯੋ ॥ ੯੬ ॥
ਰਹਿ ਤਹਿਂ ਲਗੋ ਕਰਨ ਬਹੁ ਸੇਵਾ।
ਬਨ ਤੈ ਲਕਰੀ ਲਜਾਇ ਅਭੇਵਾ[1]। [1]ਲਗਾਤਾਰ।
ਘਾਸ ਅਪੂਰਬ[1] ਗੁਰਿ ਘੋਰਨ ਹਿਤ। [1]ਨਵਾਂ, ਤਾਜ਼ਾ।
ਖੋਤ ਲਜਾਵੈ ਅਤਿ ਹਿਤ ਦੈ ਚਿੱਤ ॥ ੯੭ ॥
ਨਿੰਮਰ ਰਹੈ ਜਨਾਵੈ ਨਾਹੀ।

ਸ੍ਵਾਸ ਸ੍ਵਾਸ ਸਤਿਨਾਮੁ ਜਪਾਹੀ।
ਇਕ ਦਿਨ ਲਕਰੀ ਲੇਵਨ ਗਯੋ।
ਆਂਧੀ ਅਈ ਅੰਧੇਰਾ ਭਯੋ ॥ ੯੮ ॥
ਕੰਕਰ ਸਿਕਤਾ[1] ਉਡੈ ਅਪਾਰੀ। [1]ਰੇਤਾ।
ਸਨਮੁਖ ਪੌਨ ਹਟਾਇ ਪਿਛਾਰੀ।
ਆਂਖ ਧੂਰ ਪਰ ਕਰਿ ਮੁੰਦ ਗਈ।
ਪਗਨ ਅਗਰ ਚਲਿ ਮਗ ਨ ਦਿਸਈ[1] ॥ ੯੯ ॥ [1]ਪੈਰ ਨਹੀਂ ਅੱਗੇ ਚੱਲਦਾ ਤੇ ਨਾ ਹੀਰਾਹ ਦਿਸਦਾ ਹੈ।
ਮਗ ਮਹਿਂ ਕੂਪ[1] ਬੋਰ ਜਲ ਵਾਰੋ। [1]ਖੂਹ।
ਹੁਤੋ, ਨ ਪਿਖਯੋ ਸੁ ਗਿਰਯੋ ਮਝਾਰੋ।
ਭੀਗਨ[1] ਦਯੋ ਕਾਠ[2] ਤਹਿ ਨਾਹੀ। [1]ਭਿੱਜਣ। [2]ਲੱਕੜਾਂ।
ਰਖਯੋ ਰਾਤ ਭਰ ਸੀਸ ਉਠਾਹੀ ॥ ੧੦੦ ॥
ਸਿਮਰੈ ਗੁਰਹਿਂ ਪ੍ਰੇਮ ਪ੍ਰਨ ਪੂਰੋ।
ਲਕਰੀ ਪੁਗੀ ਨ[1] ਸੰਸਾ ਭੂਰੋ। [1]ਪੂੱਜ ਨਹੀਂ ਸਕੀਆਂ।
ਕਰੀ ਪ੍ਰੇਮ ਨੈਂ ਖੈਂਚ ਬਿਸਾਲਾ।
ਗੁਰੁ ਸਰਬਗਜ ਲਖਯੋ ਸਿੱਖ ਹਾਲਾ ॥ ੧੧੧ ॥
ਰਹਯੋ ਨ ਗਯੋ ਬਡੀ ਨਿਸ ਜਗ ਕੈ[1]। [1]ਅੰਮ੍ਰਿਤ ਵੇਲੇ ਜਾਗ ਕੇ।
ਚਲੇ ਧਾਇ ਗੁਰੁ ਤਿਸ ਦਿਸ ਭਗ ਕੈ[1]। [1]ਦੌੜ ਕੇ।
ਕੁੰਚਰ[1] ਬੰਧਨ ਮੋਚਨ[2] ਜੈਸੇ। [1]ਹਾਥੀ ਦੇ। [2]ਕੱਟਣ (ਵਾਸਤੇ)।
ਗਏ ਹਰੀ, ਗੁਰੁ ਸ਼ੀਘ੍ਰ ਤੈਸੇ ॥ ੧੧੨ ॥
ਰੱਸੇ ਲਿਆਵਹੁ ਜਲਦ ਸੁਨਾਏ।
ਦਾਸ ਮਿਲੇ ਲੈ ਦੌਰ ਸੁ ਜਾਏ।
ਕੂਪ ਤੀਰ ਜਾ ਗੁਰੁ ਅਸ ਟੇਰਯੋ।
ਕਯੋਂ ਨਹੀਂ ਕਾਸਟ ਸਿਰ ਤੈ ਗੇਰਿਓ ॥ ੧੧੩ ॥
ਨਿੰਮਰ ਹ੍ਵੈ ਭਾਈ ਮੰਜ ਭਾਖਾ।
ਕਾਠ ਸੁਸਕ[1] ਲੰਗਰ ਹਿਤ ਰਾਖਾ। [1]ਬਾਲਣ ਸੁੱਕਾ।
ਯਹਿ ਤਨ ਭੀਗਯੋ ਬਿਗਰਤ ਨਾਹੀ।
ਲਕਰੀ ਭੀਗੀ ਜਰ ਹੈ ਨਾਹੀ ॥ ੧੦੪ ॥
ਪਹਿਲੇ ਸੁਸਕ ਕਾਠ ਨਿਕਰਾਯੋ।
ਪੁਨਾ ਨਿਕਰਿ, ਗੁਰੁ ਪਗ ਲਪਟਾਯੋ।
ਪੇਖਿ ਸੁ ਪ੍ਰੇਮ ਨੇਮ ਮੰਜ ਕੇਰਾ।

ਉਰ ਕਰੁਨਾ ਭਰਿ[1] ਗੁਰੁ ਯੌਂ ਟੇਰਾ ॥ ੧੦੫ ॥
ਮਾਂਗ ਮੰਜ ਜੋ ਤੁਹਿ ਮਨ ਭਾਈ।
ਹਾਥ ਜੋਰਿ ਮੰਜ ਅਰਜ਼ ਅਲਾਈ।
ਹੇ ਗੁਰੁ ! ਆਪ ਨਗਨ ਪਗ ਆਏ।
ਦਾਸ ਜਾਨ ਅਸ ਕੀਨੀ ਦਾਏ ॥ ੧੦੬ ॥
ਯਹਿ ਕੁਛ ਨਈ ਕਈ ਤੁਮ ਨਾਹੀ।
ਹੇਤ ਦ੍ਰੋਪਤੀ ਕੀਨੀ ਯਾਹੀ।
ਗਜ ਹਿਤ ਬਾਹਨ[1] ਤਜ ਜਿਮ ਦੌਰੇ।
ਅੰਮ੍ਰੀਕ ਹਿਤ ਕਿਤ ਕਿਯ ਹੌਰੇ[1] ॥ ੧੦੭ ॥

ਸਿੱਖੀ ਸਿਦਕ ਨਾਮੁ ਹਰਿ ਭਗਤੀ।
ਆਤਮ ਗਜਾਨ ਸੇਵ ਯੁਤ ਸ਼ਕਤੀ[1]।
ਰਾਵਰ ਪਦ ਅਰਬਿੰਦ ਮਿਲਿੰਦੂ[1]।
ਰਹਿ ਮਨ ਮੋਰ ਚਕੋਰ ਸੁ ਇੰਦੂ[1] ॥ ੧੦੮ ॥

ਔਰ ਕਛੂ ਨਹਿ ਚਾਹੋਂ ਕਬੀ।
ਰਹਿ ਮਮ ਮਤ ਤਸ ਜਸ ਹੈ ਅਬੀ ॥ ੧੦੯ ॥
ਦੋਹਰਾ:
ਰਿਧਿ ਸਿਧਿ ਹਰਿ ਭਗਤਿ ਗੁਰੁ,
ਬਖਸ਼ਜੋ ਆਤਮ ਗਜਾਨ।
ਪੁਨ ਸਬਿ ਸਿਖਨ ਸੁਨਾਇ ਗੁਰੁ,
ਯਾ ਬਿਧਿ ਕੀਨ ਬਖਾਨ ॥ ੧੧੦ ॥
ਮੰਜ ਪਿਆਰਾ ਗੁਰੂ ਨੂੰ ਗੁਰ ਮੰਜ ਪਜਾਰਾ ॥
ਮੰਜ ਗੁਰੂ ਕਾ ਬੋਹਿਥਾ[1] ਜਗ ਲੰਘਨ ਹਾਰਾ ॥
ਮਾਨ ਹੁਕਮ ਗੁਰੁ ਕਾ ਪੁਨਾ,
ਮੰਜ ਗਜੋ ਨਿਜ ਧਾਮ।
ਤਿਯ ਸੁਤ ਸੁਤਾ ਇਕਠੇ ਭਏ,
ਲੰਗਰ ਲਾਯੋ ਆਮ ॥ ੧੧੧ ॥
ਰਿੱਧਿ ਸਿੱਧਿ ਸਬਿ ਬਿਧ ਖਰੀ[1],
ਰਹਿ ਦਰ ਪਰ ਨਰ ਭੀਰ।

[1]ਹਿਰਦਾ ਕ੍ਰਿਪਾ ਨਾਲ ਭਰਕੇ।
[1]ਅਸਵਾਰੀ।
[1]ਆਪਣੀ ਕੀਰਤੀ (ਮਹਿਮਾ) ਨੂੰ ਹੌਲਿਆਂ ਕੀਤਾ ਭਾਵ ਭਗਤਿ ਨੂੰ ਵੱਡਾ ਬਣਾਇਆ।
[1]ਸੇਵਾ ਸ਼ਰੀਰਕ ਬਲ ਦੇ ਸਹਿਤ।
[1](ਮੇਰਾ ਮਨ) ਆਪ ਦੇ ਚਰਨ ਕੰਵਲਾਂ ਦਾ ਭੌਰਾ (ਬਣਿਆ ਰਹੇ)।
[1]ਆਪ ਦੇ ਮੁਖ ਰੂਪ ਚੰਦ੍ਰਮਾ ਦਾ ਮੇਰਾ ਮਨ ਚਕੋਰ (ਬਣਿਆ) ਰਹੇ।
[1]ਜਹਾਜ਼।
[1]ਖੜੀਆਂ ਰਹਿੰਦੀਆਂ ਹਨ।

ਮੰਜ ਭਗਤ ਜਗ ਬਿਦਿਤ ਭੌ[1],
ਸੇਵਹਿਂ ਪੀਰ ਫਕੀਰ ॥ ੧੧੨ ॥

[1]ਪ੍ਰਗਟ ਹੋ ਗਿਆ।

ਸੁਜੱਸ ਪੂਰ[1] ਨਿਜ ਜਗਤ ਮੈਂ,
ਅੰਤ ਲਹੀ ਕੈਵੱਲ[1]।
ਅਵਸਰ[1] ਪੇਖਿ ਅਧਜਾਇ ਯਹਿ,
ਈਹਾਂ ਭਯੋ ਅਚੱਲ[1] ॥ ੧੦੩ ॥

[1]ਭਰ ਕੇ ਭਾਵ ਫੈਲਾ ਕੇ।
[1]ਕੈਵਲ ਮੁਕਤੀ।
[1]ਸਮਾਂ।
[1]ਟਿਕ ਗਿਆ ਭਾਵ ਸਮਾਪਤ ਹੋ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਪੰਚਮ ਗੁਰੂ ਕਾ ਪ੍ਰਸੰਨ ਬਰਨਨੰ' ਨਾਮ ਅਸ਼ਟ ਦਸਮੋ ਬਿਸ੍ਰਾਮ ॥ ੧੮ ॥

੧੯. {ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਕਥਾ- ਜਾਰੀ}

ਦੋਹਰਾ:

ਮਨ ਅਨਗਨ ਸੰਕਲਪ ਬਨ,
ਕੰਟਕ ਦੁਖਦ ਅਪਾਰ[1]।

[1]ਮਨ ਅਣਗਿਣਤ ਸੰਕਲਪਾਂ ਦਾ ਜੰਗਲ ਹੈ (ਜਿਸ ਵਿੱਚ) ਬਹੁਤੇ ਦੁਖਦਾਈ ਕੰਡੇ ਹਨ।

ਗੁਰੂ ਪਗਨ ਸੋਂ ਲਗਨ ਕੀ,
ਅਗਨਿ ਜਗਨ ਕਰਿ ਜਾਰ[1] ॥੧॥

[1]ਗੁਰੂ ਚਰਨਾਂ ਦੀ ਲਗਨ ਰੂਪ ਅੱਗ ਬਾਲ ਕੇ ਸਾੜ ਦੇਹ।

ਸ੍ਵੈਯਾ:

ਰਹਿਤੋ ਕਿਤ ਸੇਵਨ ਦੇਵਨ ਕੋ,
ਕਹਿਤੋ ਕਿਤ ਕੌਨ ਪੁਰਾਨ ਕਥਾ।
ਬਹਿਤੋ[1] ਬ੍ਰਣਾਸ਼੍ਰਮ ਭੇਦ ਸਬੈ,
ਦਹਿਤੋ ਪਥ ਬੇਦ ਸੁਕ੍ਰਿਤ ਤਥਾ[1]।
ਢਹਿਤੋ ਧਰਮ ਹਿੰਦੁ ਮਿਨਾਰ[1] ਤਦੋਂ,
ਚਹਿਤੋ ਜਗਿ ਕੌਨ ਕਲਜਾਨ ਪਥਾ[1]।
ਜਗ ਬੰਦਨ ਨੰਦਨ ਖਸ਼ਟ ਗੁਰੂ[1],
ਨਹਿ ਦੇਵਤ ਜੌ ਹਿਤੁ ਹਿੰਦੁ[1] ਮਥਾ[2] ॥੨॥

[1]ਰੁੜ੍ਹ ਜਾਂਦੇ।
[1]ਵੇਦਾਂ ਅਤੇ ਪੁੰਨ ਦਾ ਰਾਹ ਸੜ ਜਾਂਦਾ।
[1]ਮੁਨਾਰਾ।
[1]ਮੁਕਤੀ ਦਾ ਰਸਤਾ।
[1]ਜਗਤ ਦੇ ਬੰਦਨਾਂ ਕਰਨ ਯੋਗ ਛੇਵੇਂ ਗੁਰਾਂ ਦੇ ਸਪੁੱਤਰ (ਸ੍ਰੀ ਗੁਰੂ ਤੇਗ਼ ਬਹਾਦਰ ਜੀ)।
[1]ਹਿੰਦੂਆਂ ਵਾਸਤੇ। [2]ਸੀਸ।

ਸੋਰਠਾ:

ਧਰਮ ਕਾਜ[1] ਜਿਹ ਲਾਜ,
ਰਾਖੀ ਜੰਞੂ ਤਿਲਕ ਕੀ।
ਪਗ[1] ਜਹਾਜ ਤਿਹ ਆਜ,
ਹਰਿ ਗਜਾਨ ਫਰਿ[1] ਪਾਰ ਪਰ ॥੩॥

[1]ਧਰਮ ਦਾ ਕੰਮ (ਜਾਣ ਕੇ)।
[1]ਚਰਨਾਂ ਰੂਪ।
[1]ਫੜ ਕੇ।

ਨਿਸ਼ਾਨੀ ਛੰਦ:

ਸ੍ਰੀ ਗੁਰੁ ਅਰਜਨ ਦੇਵ ਜੀ,
ਹਿਤ ਪਰਉਪਕਾਰੇ।
ਮੰਦਰ ਸਹਿ ਤਾਲਾਵ ਕੀ,
ਕਰਵਾਵਹਿਂ ਕਾਰੇ[1]।
ਤਜਾਰ ਪੰਜਾਵੇ[1] ਸਿੱਖ ਕਰੈਂ,
ਤਨ, ਮਨ, ਧਨ ਲਾਏ।
ਆਨ ਸਿੱਖ ਚਹੁੰ ਕੂੰਟ ਤੇ,

[1]ਸੇਵਾ।
[1]ਇੱਟਾਂ ਦੇ ਆਵੇ।

ਧਨ ਦੇਤ ਮਹਾਂਏ ॥ ੪ ॥
ਫਫੜੇ ਨਾਮ ਗਰਾਮ ਮੈਂ,
ਇੱਕ ਬਹਿਲੋ ਨਾਮੀ।
ਮੁਲਕ ਮਾਲਵੇ ਕਾ ਹੁਤੋ,
ਸਿੱਧੂ ਜਟ ਜਾਮੀ[1]।
[1]ਸਿੱਧੂ ਜੱਟਾਂ ਦੇ ਘਰ ਜੰਮਿਆ ਸੀ।
ਖੂੰਡੀ ਖਲੜੂਰਾਖਤੋ,
ਸੇਲੀ[1] ਸੁਲਤਾਨੀ।
[1]ਦੇਖੋ ਬਿਸ੍ਰਾਮ ੬ ਦੇ ਅੰਕ ੭ ਦੀ ਪੈਰ ਟਿੱਪਣੀ ੨।
ਜਾਇ ਨਗਾਹੇ ਧੌਂਕਲੈਂ
ਲੈ ਲੋਗ ਮਹਾਨੀ ॥ ੫ ॥
ਪੰਚਮ ਗੁਰੂ ਬੁਲਾਯੋ,
ਤਿਸ ਕੋ ਸਿੱਖ ਪਠ ਕੈ[1]।
[1]ਭੇਜ ਕੇ।
ਨਿਜ ਘਰ ਤੈ ਗੁਰੁ ਢਿਗ ਅਯੋ,
ਸੋ ਅਤਿ ਮਨ ਹਠ ਕੈ।
ਖੂੰਡੀ ਖਲੜੂ ਆਦਿ ਜੋ,
ਬਾਨਾ ਸਰਵਰੀਆ।
ਬਹਾਇ[1] ਦਰਜਾਇ ਸਤੱਦ੍ਰਵੈਂ[2],
[1]ਰੋੜ੍ਹ ਕੇ। [2]ਸਤਿਲੁਜ ਵਿੱਚ।
ਆ ਗੁਰੁ ਪਗ ਫਰੀਆ ॥ ੬ ॥
ਹੋਇ ਸਿਖ ਸਿਦਕੀ ਹਠੀ,
ਸੇਵਾ ਬਹੁ ਭਾਈ[1]।
[1]ਚੰਗੀ ਲੱਗੀ।
ਖੋਦੈ ਤਾਲ ਬਿਸਾਲ ਹੀ,
ਮਨ ਤਨ ਧਨ ਲਾਈ।
ਸੂਪ[1] ਫਾਹੁਰੀ[2] ਹਾਥ ਲੈ,
[1]ਛੱਜ। [2]ਫਾਹੁੜੀ।
ਚੁਕ ਮੈਲਾ[1] ਕੂਰਾ[2]।
[1]ਵਿਸ਼ਟਾ। [2]ਕੂੜਾ।
ਵੀਚ ਪੰਜਾਵੇ ਪਾਵਹੀ,
ਜਸੋਂ ਪੱਕੇ ਪੂਰਾ ॥ ੭ ॥
ਖਾਵੈ ਟੁਕਰੇ ਮਾਂਗ ਕੈ, ਅ
ਤਿ ਅਲਪ ਅਹਾਰਾ[1]।
[1]ਬਹੁਤ ਥੋੜਾ ਭੋਜਨ।
ਵਾਹਿਗੁਰੂ ਦਮ ਦਮ ਰਟੈ[1]
[1]ਸਾਹ ਸਾਹ ਜਪਦਾ ਹੈ।
ਰਹਿ ਨਿੰਮ੍ਰ ਭਾਰਾ।
ਤਿੱਖੀ ਧਾਰ ਤਰਵਾਰ ਤੈ,

ਉਨਿ ਬਾਲਹੁ ਨਿੱਕੀ।
ਬਾਰਾਂ ਬਰਸ ਨਿਬਾਹੀਆ,
ਜਬਿ ਬਹਿਲੋ ਸਿੱਖੀ ॥ ੮ ॥
ਖੁਸ਼ੀ ਹੋਇ ਬਖਸ਼ੀ ਗੁਰੂ,
ਰਿਧਿ ਸਿੱਧਿ ਅਪਾਰੀ।
ਸਿੱਖੀ ਮਾਲਵ ਦੇਸ ਕੀ
ਪਦ ਭਾਈ ਭਾਰੀ[1]। [1]'ਭਾਈ' ਦੀ ਵੱਡੀ ਪਦਵੀ।
ਤਬਿ ਤੈ ਸੰਤਤਿ[1] ਤਾਂਹਿ ਕੀ [1]ਉਲਾਦ।
ਭਾਈ ਕੇ ਕਹੀਏ।
ਦੇਸ ਮਾਲਵਾ ਮਾਨ ਹੈ
ਤਬਿ ਲੌ ਬਿਦਤਹੀਏ[1] ॥ ੯ ॥ [1]ਪ੍ਰਗਟ ਹੈ।

ਦੋਹਰਾ:
ਇਸੀ ਸਮੇਂ ਗੁਰੁ ਪੰਚਮੇਂ,
ਸ਼ਹਿਰ ਲਹੌਰਹਿ ਜਾਇ।
ਤਿਆਰ ਕਰਾਈ ਬਾਉਲੀ,
ਕੇਤਕ ਮਾਸ ਥਿਰਾਇ[1] ॥ ੧੦ ॥ [1](ਉਥੇ) ਰਹਿ ਕੇ।
ਭਾਈ ਬੁਧੂ ਘੁਮਾਰ ਨੇ,
ਕਈ ਲਾਖ ਇੱਟ ਲਾਇ।
ਗਿਰ ਸਮ[1] ਆਵਾ ਤਜਾਰ ਕਰਿ, [1]ਪਹਾੜ ਵਾਂਗ। (ਉੱਚਾ ਤੇ ਵੱਡਾ)।
ਗੁਰੁ ਕੋ ਘਰ ਲੇ ਜਾਇ ॥ ੧੧ ॥
ਸਹਿ[1] ਸਿੱਖਨ ਪ੍ਰਸ਼ਾਦ ਕਰਿ, [1]ਸਣੇ।
ਛਕਵਾਜੋ ਧਰਿ ਆਸ।
ਆਵਾ ਪੱਕੈ ਨਫਾ ਹ੍ਵੈ,
ਕਰਵਾਈ ਅਰਦਾਸ ॥ ੧੨ ॥

ਚੌਪਈ:
ਲੱਖੂ ਨਾਮ ਸਿੱਖ ਗੁਰੁ ਗੌਰੈਂ[1]। [1]ਗੁਰੂ ਕਾ ਭਾਰੀ ਸਿੱਖ।
ਰਹਿਤ ਮਸਤ ਇਕ ਵੀਚ ਲਹੌਰੈਂ।
ਸੋ ਭੀ ਤਿਸੀ ਸਮੇਂ ਤਹਿਂ ਆਯੋ।
ਪੰਗਤਿ ਮੈਂ ਵਹਿ ਜਾਨ ਨਾ ਪਾਯੋ ॥ ੧੩ ॥
ਦਰਵਾਜੇ ਪਰ ਬੈਠ ਰਹਾ ਸੋ।

ਨਹਿ ਪ੍ਰਸ਼ਾਦਿ ਤਿਹ ਮਿਲਾ ਤਹਾਂ ਸੋ।
ਛਕਿ ਪ੍ਰਸ਼ਾਦ ਜਬਿ ਅੰਦਰ ਖਾਸ[1]।
ਆਵਾ ਪੱਕੇ ਭਈ ਅਰਦਾਸ ॥ ੧੪ ॥
ਤਬਿ ਲੱਖੂ ਬਾਹਰ ਅਸ ਕਹਾ।
ਆਵਾ ਕੱਚਾ ਬੁੱਧੂ ਰਹਾ।
ਰਾਮ ਚੰਦ ਜਜੋਂ ਸਵਰੀ ਕੇਰੀ[1]।
ਮਹਿਮਾ ਨਿਜ ਤੈ ਕਰੀ ਬਧੇਰੀ ॥ ੧੫ ॥
ਕ੍ਰਿਸ਼ਨ ਪ੍ਰਤਗਜਾ ਅਪਨੀ ਹਾਰੀ।
ਰਾਖੀ ਭੀਖਮ ਕੀ ਬਡ ਭਾਰੀ*।

[1]ਖਾਸ ਅਰਦਾਸ।

[1]ਭੀਲਣੀ ਦੀ।

*ਕ੍ਰਿਸ਼ਨ ਜੀ ਨੇ ਪ੍ਰਤੱਗਿਆ ਕੀਤੀ ਸੀ ਕਿ ਮੈਂ ਕੁਰੂਛੇਤ੍ਰ ਦੇ ਜੰਗ ਵਿੱਚ ਸ਼ਸਤ੍ਰ ਨਹੀਂ ਫੜਾਂਗਾ ਕੇਵਲ ਰਥ ਹੀ ਹੱਕਾਂਗਾ। ਭੀਸ਼ਮ ਨੇ ਪ੍ਰਣ ਕੀਤਾ ਕਿ ਮੈਂ ਸ਼ਸਤ੍ਰ ਫੜਾ ਕੇ ਛੱਡਾਂਗਾ। ਸੋ ਭੀਸ਼ਮ ਦੀ ਪ੍ਰਤੱਗਿਆ ਸੱਚੀ ਕਰਨ ਲਈ ਕ੍ਰਿਸ਼ਨ ਜੀ ਨੇ ਚੱਕ੍ਰ ਫੜਿਆ। (ਦੇਖੋ ਮਹਾਨ ਕੋਸ਼ ਦਾ 'ਭੀਸ਼ਮ' ਪਦ)

ਰੀਤਿ ਯਹੀ ਰਾਖਤ ਸਦ ਹਰਿ ਹੈ।
ਪੂਰਨ ਕਰਤ ਭਗਤ ਜੋਰਰ ਹੈ[1] ॥ ੧੬ ॥
ਤਜੋਂ ਗੁਰੁ ਸਿੱਖਨ ਕੀ ਬਡਿਆਈ।
ਰਾਖਤ ਅਪਨੀ ਪੈਜ ਹਰਾਈ[1]।
ਮਾਤ ਪਿਤਾ ਜਜੋਂ ਨਿਜ ਸੁਤ ਕੇਰੀ।
ਪੂਰਨ ਕਰਤ ਬਾਤ ਨਿਜ ਗੇਰੀ[1] ॥ ੧੭ ॥
ਗੁਰੁ ਰਾਖੀ ਲੱਖੂ ਕੀ ਬਾਤ।
ਆਵਾ ਕੱਚਾ ਰਹਜੋ ਬਖਜਾਤ।
ਪੁਨ ਬੁੱਧੂ ਸਤਿਗੁਰੁ ਢਿਗ ਆਯੋ।
ਗੁਰੁ ਨੇ ਲੱਖੂ ਪਾਸ ਪਠਾਯੋ ॥ ੧੮ ॥
ਜਾਇ ਖੁਲਾਈ ਤਾਂਹਿ ਮਿਠਾਈ।
ਹ੍ਵੈ ਖੁਸ਼ ਲੱਖੂ ਗਿਰਾ ਅਲਾਈ[1]।
ਆਵਾ ਤੁਹਿ ਅਬਿ ਪਕਤਾ ਨਾਹੀ।
ਪੈ ਪੱਕੇ ਕੇ ਭਾਉ ਬਿਕਾਹੀ ॥ ੧੯ ॥
ਉਸੀ ਸਾਲ ਬਰਖਾ ਅਸ ਹੋਈ।
ਗਿਰੇ ਮਕਾਨ ਰਹਾ ਇਕ ਕੋਈ।
ਬਾਦਸ਼ਾਹਿ ਬੰਧਾ[1] ਲਗਵਾਯੋ।
ਸ਼ਾਹਿ ਬਿਲਾਵਲ ਤੈ ਕਿਲੇ ਤਾਯੋ[1] ॥ ੨੦ ॥

[1]ਕਹਿੰਦਾ ਹੈ।

[1]ਪ੍ਰਤੱਗਿਆ ਤਿਆਗ ਕੇ।

[1]ਛੱਡ ਕੇ।

[1]ਬਾਣੀ ਕਹੀ।

[1]ਬੰਨ੍ਹ।

[1]ਬਿਲਾਵਲ ਸ਼ਾਹ ਦੀ ਜਗ੍ਹਾ ਤੋਂ ਕਿਲ੍ਹੇ ਤੱਕ।

ਈਂਟ ਖਪੀ ਸਭਿ ਤਾਂਹਿ ਮਝਾਰੇ।
ਜਾਂ ਕੇ ਹੈਂ ਨਿਸ਼ਾਨ ਅਬਿ ਭਾਰੇ।
ਲੋਗਨ ਕੇ ਘਰ ਗਿਰੇ ਮਹਾਂਈਂ।
ਪੱਕੀ ਈਂਟ ਨਾ ਮਿਲੈ ਕਿਥਾਂਈਂ ॥੨੧॥
ਬੁੱਧੂ ਕੀ ਤਬ ਈਟੇਂ ਕੱਚੀ।
ਬਿਕੀ ਭਾਉ ਪੱਕੀ ਕੇ ਸੱਚੀ।
ਸਿੱਖ ਕਾ ਬਚਨ ਕੀਓ ਗੁਰੁ ਪੂਰਨ।
ਫੈਲਜੋ ਸੁਜੱਸ ਗੁਰੂ ਕਾ ਤੂਰਨ[1] ॥੨੨॥

[1]ਛੇਤੀ।

ਦੋਹਰਾ:
ਤਬੈ ਬਹੋੜੂ ਨਾਮ ਸਿੱਖ,
ਜਾਤਿ ਸੁਨਾਰੇ ਆਇ।
ਟਹਿਲ ਤਾਲ ਕੀ ਬਹੁ ਕਰੀ,
ਖੁਸ਼ੀ ਗੁਰੈਂ ਤੇ ਪਾਇ ॥੨੩॥
ਧਰਮ ਕਿਰਤ ਕਰਿ ਜਾਇ ਘਰ,
ਲਗਜੋ ਗੁਜਾਰਨ ਕਾਲ।
ਲੰਗਰ ਗੁਰੁ ਕੇ ਨਾਮ ਪਰ,
ਰਾਖਜੋ ਲਾਇ ਬਿਸਾਲ ॥੨੪॥
ਸਰਦ ਸਸੀ ਜਜੋਂ[1] ਕੀਰਤੀ,
ਛਾਈ[1] ਤਿਹ ਜਗ ਮਾਹਿ।
ਅੰਤਹਿ ਲੀਨੋ ਪਰਮ ਪਦ,
ਗੁਰੁ ਸੇਵਾ ਫਲ ਯਾਹਿ ॥੨੫॥

[1]ਸਰਦਰੁੱਤ ਦੇ ਚੰਦ੍ਰਮਾ ਵਾਂਗ।
[1]ਫੈਲੀ।

ਕਬਿਤ:
ਨਗਰ ਬਠਿੰਡੇ ਵਾਰ[1] ਦਿਜ[2] ਏਕ ਸ਼ਾਹੂਕਾਰ,
ਹੇਤ ਬਿਵਹਾਰ[1] ਗੰਗਾਰਾਮ ਨਾਮ ਜਾਨੀਏ।
ਏਕ ਸੌ ਸ਼ੁਤ੍ਰ[1] ਲਾਦ ਬਾਜਰੀ ਜੁਮਾਰ[2] ਆਦਿ,
ਤਰਫ ਲਾਹੌਰ ਚਲਜੋ ਬੇਚਬੇ ਪ੍ਰਮਾਨੀਏ[1]।
ਗੁਰੁ ਪੈ ਖਰਚ[1] ਸੁਨਿ ਥਿਰਜੋ ਜਾਇ ਤਹੀਂ ਗੁਨਿ[2],
ਪੇਖਜੋ ਤਲਾਬ ਖੋਦੈਂ ਲੋਗ ਬਹੁਤਾਨੀਏ[1]।
ਕੇਤੇ ਰਚੈਂ[1] ਈਂਟ ਕੇਤੇ ਚੂਨਾ ਰਹੇ ਪੀਠ,
ਕੇਤੇ ਕੱਢੈਂ ਕਾਰ ਨੀਠ[1], ਕੇਤੇ ਲਾਵੈਂ ਆਵੇ ਮਾਨੀਏ

[1]ਵਾਲਾ। [2]ਬ੍ਰਹਮਣ।
[1]ਵਪਾਰ ਵਾਸਤੇ।
[1]ਊਠ। [2]ਜੁਆਰ, ਚਰੀ।
[1]ਜਾਣੋ।
[1](ਅੰਨ ਦਾ) ਖ਼ਰਚ। [2]ਵਿਚਾਰ ਕੇ।
[1]ਬਹੁਤੇ।
[1]ਬਣਾਉਂਦੇ ਹਨ।
[1]ਭਲੀ ਤਰ੍ਹਾਂ (ਸਰੋਵਰ ਵਿੱਚੋਂ) ਗਾਰ ਕੱਢ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

॥ ੨੬ ॥
ਦੇਸ ਔ ਬਿਦੇਸ ਕੇ ਅਪਾਰ ਸਿੱਖ ਕਰੈਂ ਕਾਰ,
ਲੰਗਰ ਪਹਿਰ ਚਾਰ ਬੇਸ਼ੁਮਾਰ ਬਰਤੈ।
ਸੈਂਕੜੇ ਗਰੀਬ ਔ ਮਜੂਰ ਪੇਟ ਪੂਰ[1] ਖਾਹਿਂ, [1]ਭਰ ਕੇ।
ਸੈਂਕੜੇ ਪ੍ਰੇਮੀ ਸਿੱਖ ਦੇਵੈਂ ਲਜਾਇ ਘਰ ਤੈ।
ਦੇਖਿ ਖਲਜਗਨ[1] ਮਗਨ ਭਯੋ ਗੰਗਾਰਾਮ, [1]ਬਹੁਤਾ ਇਕੱਠ।
ਗੁਰੂ ਕੌ ਦਰਸ ਮਨ ਫਿਰ ਗਯੋ ਤਰ[1] ਤੈਂ[2]। [1]ਬਹੁਤਾ। [2](ਤਦੋਂ) ਤੋਂ।
ਦੋਇ ਦਿਨ ਲੰਗਰ ਨ ਭਯੋ ਅੰਨ ਨਾਹਿ ਅਯੋ,
ਬਿਰਤਿ ਅਕਾਸੀ[1] ਪੇਖ ਦ੍ਵਜ ਦਯਾ ਧਰਿ ਤੈ[2] [1]ਬਿਹੰਗਮ ਬ੍ਰਿਤੀ, ਸੰਤੋਖ ਬ੍ਰਿਤੀ। [2]ਧਾਰਨ ਕੀਤੀ।
॥ ੨੭ ॥
ਏਕ ਸਦ ਮਨ[1] ਅੰਨ ਦੀਓ ਦ੍ਵਜ ਲੰਗਰ ਮੈਂ, [1]ਸੌ ਮਣ।
ਏਕ ਦਿਨ ਹੀ ਮੈਂ ਭਯੋ ਖਰਚ ਸੁ ਹੇਰਯੋ[1]। [1]ਦੇਖਿਆ।
ਦੂਏ ਦਿਨ ਫੇਰ ਦੀਨ ਤੀਸਰੇ ਚਤੁਰ ਚੀਨ[1], [1]ਤੀਜੇ ਤੇ ਚੌਥੇ ਦਿਨ (ਵੀ ਦਿੱਤਾ) ਜਾਣੋ।
ਆਖਰ ਪ੍ਰਬੀਨ ਸਬਿ ਅੰਨ ਤਹਿਂ ਗੇਰਯੋ।
ਸਿੱਖਨ ਕੀ ਹੇਰਿ ਰੀਤਿ ਤਾਂਹਿ ਭਿ ਬਢੀ ਪ੍ਰੀਤਿ,
ਪ੍ਰਤੀਤ ਧਰਿ ਭਯੋ ਸਿਖ ਗੁਰ ਕੇਰਯੋ[1]। [1]ਗੁਰਾਂ ਦਾ।
ਮਨ ਤਨ ਧਨ ਲਾਇ ਸੇਵਕ ਹੀ ਬਹੁ ਭਾਇ,
ਬਰਸ ਬਿਤਾਇ ਭਯੋ ਸਿੱਧ[1] ਸੋ ਬਧੇਰਯੋ ॥ ੨੮ ॥ [1]ਸ਼ਕਤੀਵਾਨ।
ਪਾਇ ਗੁਰੁ ਆਇਸ[1] ਰਿਹਾਇਸ਼ ਬਠਿੰਡੇ ਕੀਨ, [1]ਆਗਿਆ।
ਨੌਮ ਗੁਰੂ ਤਕ ਰਾਖੀ ਦੇਹ ਨਿਜ ਤਾਂਹਿ ਹੈ।
ਕਰੈ ਜੋ ਬਚਨ ਹੋਇ ਪੂਰਨ ਸੋ ਤੁਰਨ[1] ਹੀ, [1]ਛੇਤੀ।
ਲੋਗ ਸਬਿ ਦੇਸ ਕੇ ਮੰਨਤਰਹੇ ਵਾਹਿ ਹੈਂ।
ਗੁਰੂ ਕੀ ਅਪਾਰ ਸੇਵ ਰਹਯੋ ਕਰਵਾਤ ਭੇਵ[1], [1]ਭੇਤੀ ਹੋ ਕੇ।
ਸਿਧੀ ਚੰਦ ਬਿਧੀ ਚੰਦ ਖੱਤਰੀ ਥੇ ਤਾਂਹਿ ਹੈਂ।
ਕਰਤ ਸੋ ਰਹੇ ਸੇਵ ਤਾਂਹਿ ਕੀ ਅਭੇਵ[1] ਅਤਿ, [1]ਲਗਾਤਾਰ।
ਆਸ ਧਰਿ ਸੁਤ ਏਵ ਭਯੋ ਬਚ ਜਾਂਹਿ ਹੈਂ
॥ ੨੯ ॥
ਹੋਇ ਸੁਤ ਥਾਰੋ[1] ਘਰ ਸੇਤ ਬੋਦੀ ਵਾਰੋ[2] ਵਰ, [1]ਤੁਹਾਡੇ ਘਰ। [2]ਚਿੱਟੀ ਬੋਦੀ ਵਾਲਾ।
ਕਰਾਮਾਤੀ ਭਾਰੋ ਤਰ[1] ਮਾਨੈ ਜਗ ਸਬਿ ਹੈ। [1]ਬਹੁਤਾ।
ਜੈਸ ਕਹਯੋ ਤੈਸ ਲਹਯੋ ਭਯੋ ਮੂਲ ਚੰਦ ਨਾਮੀ,

ਸਿਧੀ ਚੰਦ ਘਰ ਸੇਤ ਬੋਦੀ ਵਾਰੋ ਤਬਿ ਹੈ।
ਕਰਾਮਾਤ ਜਾਂਹਿ ਤੈ ਅਪਾਰ ਹੀ ਬਿਦਿਤ ਭਈ,
ਭਯੋ ਸੋ ਫਕੀਰ ਪੀਰ ਬਿਦਤ[1] ਅਲਬ[2] ਹੈ। [1]ਪ੍ਰਗਟ। [2]ਤਿਆਗੀ।
ਸ਼ਹਿਰ ਸੁਨਾਮ ਗੰਗਾਰਾਮ ਕੀ ਸੰਤਾਨ ਆਮ[1], [1]ਬਹੁਤੀ ਉਲਾਦ (ਰਹਿੰਦੀ ਹੈ)।
ਭਾਈ ਮੂਲ ਚੰਦ ਕੀ ਸਮਾਧਿ ਤਹਾਂ ਅਬਿ ਹੈ ॥ ੩੦ ॥

ਦੋਹਰਾ:
ਸੰਤਤਿ ਗੰਗਾਰਾਮ ਕੀ
ਕਾਰ ਭੇਟ ਤਿਹ ਲੇਤ।
ਸੁਨੋ ਕਥਾ ਇਤ ਗੁਰੂ ਕੀ,
ਦੁਖ ਹਾਰਕ[1] ਸੁਖਿ ਹੇਤ[2] ॥ ੩੧ ॥ [1]ਮੇਟਣ ਵਾਲੀ। [2]ਕਾਰਨ।
ਪੱਟੀ ਨਗਰ ਨਗੀਚ[1] ਕੇ, [1]ਫਾ: ਨਜ਼ਦੀਕ, ਨੇੜੇ।
ਢਿੱਲੋਂ ਗਿੱਲ ਜਟ ਆਇ।
ਕਰੈਂ ਸੇਵ ਬਹੁ ਤਾਲ ਕੀ,
ਜਾਹਿਂ ਚਾਰ ਫਲ ਪਾਇ ॥ ੩੨ ॥
ਲਾਲਾ, ਲੰਗਾਹਾ ਹੁਤੇ,
ਪੈਂਚ ਪਰਗਨੇ ਕੇਰ[1]। [1]ਇਲਾਕੇ ਦੇ।
ਗ੍ਰਾਮਨ ਤੈ ਬਹੁ ਸਿਖਨ ਕੋ,
ਲਜਾਵਤ ਸੋ ਨਿਤ ਘੇਰ ॥ ੩੩ ॥

ਕਬਿੱਤ:
ਮੰਦਰ ਰਚਾਯੋ ਅਤਿ ਸੁੰਦਰ ਅਪਾਰ ਗੁਰੁ,
ਮੁਕਤਿ ਚਤੁਰ ਦਾਇ ਜਾਂਹਿ ਦ੍ਵਾਰ ਚਾਰ ਹੈ[1]। [1]ਜਿਸ ਦੇ ਚਾਰ ਦਰਵਾਜ਼ੇ ਚਾਰ ਮੁਕਤੀਆਂ ਦੇਣ ਵਾਲੇ ਹਨ।
ਚਮਕ ਦਮਕ ਚਾਰੁ[1] ਚਾਰ ਦਿਸਹੂੰ ਤੇ[2] ਚਾਰਿ[3], [1]ਸੁੰਦਰ। [2]ਚਹੁੰਆਂ ਤਰਫਾਂ ਤੋਂ। [3]ਚਹੁੰਆਂ (ਦਰਵਾਜ਼ਿਆਂਰਾਹੀਂ)।
ਚਾਰ ਹੀ ਬਰਨ ਆਇ ਪਾਇਂ ਫਲ ਚਾਰ[1] ਹੈਂ। [1]ਚਾਰੇ ਫਲ (ਧਰਮ, ਅਰਥ, ਕਾਮ ਤੇ ਮੋਖ)।
ਚਾਰ ਚਾਰ ਜਾਂਮ, ਚਾਰ ਬਰਨ ਕੋ ਉਚਾਰ ਨਾਮ[1], [1]ਅੱਠੇ ਪਹਿਰ ਚਾਰ ਅੱਖਰਾਂ (ਵਾਹਿਗੁਰੂ) ਦੇ ਨਾਮ ਦਾ ਉਚਾਰਨ ਹੁੰਦਾ ਹੈ।
ਆਸ਼੍ਰਮ ਸੁ ਚਾਰ, ਚੱਕ ਚਾਰ ਕੋ ਵਿਚਾਰ ਹੈਂ[1]। [1](ਜਿੱਥੇ) ਚਾਰੇ ਆਸ਼੍ਰਮ ਚਹੁੰ ਚੱਕਾਂ (ਦੇ ਮਾਲਕ ਪ੍ਰਮੇਸ਼ਰ) ਦਾ ਹੀ ਵਿਚਾਰ ਕਰਦੇ ਹਨ।
ਸੰਪ੍ਰਦਾਇ ਚਾਰ, ਚਾਰ ਸੰਪਦਾ, ਸਾਧਨ ਚਾਰ,
ਚਾਰ ਬੇਦ ਸਾਰ, ਚਾਰ ਦਸ ਲੋਕ ਸਾਰ ਹੈ[1] [1]ਚਾਰੇ ਸੰਪ੍ਰਦਾਵਾਂ (ਸੰਨਿਆਸੀ, ਵੈਰਾਗੀ ਉਦਾਸੀ ਤੇ ਨਿਰਮਲੇ

॥ ੩੪ ॥

ਮੰਦਰ ਕੇ ਅੰਦਰ ਜੋ ਜਾਨ ਹੇਤ ਪੁਲ ਕੀਨ,
ਸੁੰਦਰ ਬਿਸਦ[1] ਚੀਨ ਬਿਪਲ[2] ਸੁਹਾਵਨੋ।
ਕਦਮ ਚੁਰਾਸੀ ਵਾਹਿ ਸਦਮ ਲੌ ਹੇਤੁ ਯਾਂਹਿ,
ਛਦਮ ਚੁਰਾਸੀ ਲਾਖ ਜੋਨਿ ਹੋਇ ਭਾਵਨੋ[1]।

ਚਲਤਿ ਸਨੇਮ ਗੁਰੁ ਪਗ ਧਰਿ ਪ੍ਰੇਮ ਜੋਇ,
ਹੋਇ ਨਾਹਿ ਤਾਂਹਿ ਪੁਰ ਸਲਾਤ ਪਰ ਜਾਵਨੋ[1]।

ਸੰਤ ਜੇ ਮਰਾਲ ਮਾਲ, ਥਿਰ ਹੈਂ ਬਿਸਾਲ ਤਾਹਿਂ,
ਤਿਨ ਕੋ ਨਿਹਾਲ ਜਨ ਹ੍ਵੈ ਨਿਹਾਲ ਪਾਵਨੋ[1]
॥ ੩੫ ॥

ਤਾਲ ਤਜਾਰ ਭਏ ਗੁਰੁ ਖੁਸ਼ੀ ਕੇ ਸਮਾਨ ਕਏ,
ਪਰਸ਼ਾਦ ਬਰਤਏ ਅਏ ਸਿੱਖ ਭਾਰ ਹੈਂ।
ਮੰਜ, ਪੈੜਾ, ਮੋਖਾ, ਬਾਲੂ, ਭਗਤੂ, ਬਹਿਲੋ, ਲਾਲੂ;
ਸਾਲ੍ਹੋ, ਕਲਜਾਨ, ਰੂਪੇ ਆਦਿਕ ਅਪਾਰ ਹੈਂ।
ਭਾਵਨਾ ਕੇ ਅਨੁਸਾਰ ਰਿੱਧਿ ਸਿੱਧਿ ਫਲ ਚਾਰ
ਖਿਲਤ[1] ਅਪਾਰ ਗੁਰੂ ਬਖਸ਼ੇ ਸੁ ਧਾਰ ਹੈਂ[2]।
ਸੁਜੱਸ ਉਚਾਰਤ ਵਿਚਾਰਤ ਗੁਰੂ ਕੇ ਗੁਨ,
ਦੇਸ ਦੇਸ ਸਿੱਖ ਚਲੇ ਮੋਦ ਅਤਿ ਧਾਰ ਹੈਂ
॥ ੩੬ ॥

ਦੋਹਰਾ:

ਖੋੜਸ ਸੈ ਪੈਂਤਾਲੀਏ[1],

ਹਰਿਮੰਦਰ ਨੂੰ ਮੰਨਦੀਆਂ ਹਨ) ਚਾਰ ਤਰ੍ਹਾਂ ਦੀ ਬਿਭੂਤੀ (ਧਰਤੀ, ਧਨ, ਇਸਤ੍ਰੀ, ਹਾਥੀ, ਘੋੜੇ ਆਦਿ ਦੇ ਦਾਤਾ ਹਨ। ਚਾਰ ਸਾਧਨ (ਬਿਬੇਕ, ਵੈਰਾਗ, ਖਟ ਸੰਪਤੀ, ਮੁਕਤੀ ਇੱਛਾ ਇਥੋਂ ਮਿਲਦੇ ਹਨ। ਇਹ ਹਰਿਮੰਦਰ) ਚਹੁੰ ਵੇਦਾਂ ਦਾ ਤੱਤ ਹੈ (ਇਸ ਲਈ ਇਹ ਅਸਥਾਨ) ਚੌਦਾਂ ਲੋਕਾਂ ਵਿੱਚੋਂ ਸ੍ਰੇਸ਼ਟ ਹੈ।

[1]ਉੱਜਲ, ਚਿੱਟਾ। [2]ਬਹੁਤਾ।

[1]{ਸਦਮ} ਸ੍ਰੀ ਹਰਿਮੰਦਰ ਤੱਕ ਉਹ (ਪੁਲ) ਚੁਰਾਸੀ ਕਦਮਾਂ (ਲੰਬਾ) ਹੈ। ਇਸ ਦਾ ਕਾਰਨ ਇਹ ਹੈ ਕਿ ਭਾਵਨਾ (ਸ਼ਰਧਾ ਨਾਲ ਉਪਰ ਦੀ ਲੰਘਣ ਵਾਲਿਆਂ ਦੀ) ਚੁਰਾਸੀ ਲੱਖ ਜੂਨ ਛਪ ਜਾਂਦੀ ਭਾਵ ਮਿਟ ਜਾਂਦੀ ਹੈ।

[1]ਜਿਹੜਾ ਸਿਖ ਨੇਮ ਨਾਲ ਗੁਰਾਂ ਦੇ ਚਰਨਾਂ ਦਾ ਪ੍ਰੇਮੀ ਹੋ ਕੇ (ਪੁਲ) ਉਪਰ ਚੱਲਦਾ ਹੈ ਉਸ ਦਾ ਮੁਸਲਮਾਨਾਂ ਦੇ ਮਤ ਅਨੁਸਾਰ (ਜਮ ਮਾਰਗ ਵਿੱਚ ਨਰਕ ਦੀ ਅੱਗ ਤੇ ਬੱਝਾ) ਸਿਰਾਤ ਨਾਮ ਦੇ ਪੁਲ ਉਪਰ ਜਾਣਾ ਨਹੀਂ ਹੁੰਦਾ।

[1]ਜਿਹੜੇ ਹੰਸਾਂ ਵਰਗੇ ਸੰਤ (ਗੁਰਮੁਖ) ਤਿਸ ਪੁਲ ਉੱਤੇ ਕਤਾਰਾਂ ਬੰਨ੍ਹਕੇ ਬਹੁਤ ਬੈਠਦੇ ਹਨ, ਤਿਨਾਂ ਨੂੰ ਦੇਖ ਕੇ ਲੋਕ ਨਿਹਾਲ ਤੇ ਪਵਿੱਤ੍ਰ ਹੁੰਦੇ ਹਨ।

[1]ਸਿਰੋਪਾਉ, ਪੁਸ਼ਾਕੇ। [2]ਉਨ੍ਹਾਂ ਪਹਿਨ ਲਏ।

[1]੧੬੪੫ ਬਿ: ਵਿੱਚ।

ਮੰਦਰ ਭਯੋ ਤਿਆਰੁ।
ਕਥਾ ਔਰ ਇਕ ਤਬਿ ਭਈ,
ਸੋ ਸਬਿ ਸੁਨੋ ਸੁਧਾਰ ॥ ੩੭ ॥
ਚੌਪਈ:
ਹੁਤੋ ਵਜੀਰ ਖਾਨ ਵਾਜੀਰ।
ਬਾਦਸ਼ਾਹ ਕਾ ਬਡੋ ਅਮੀਰ।
ਰੋਗ ਜਲੰਧਰ[1] ਤਾਂ ਕੋ ਭਯੋ। [1]ਜਲੋਦਰ (ਪੇਟ 'ਚ ਪਾਣੀ ਪੈ ਜਾਣਾ) ਰੋਗ।
ਅਨਿਕ ਉਪਾਵਨ ਤੈ ਨਹਿ ਗਯੋ ॥ ੩੮ ॥
ਪੀਰ ਫਕੀਰ ਅਨੇਕ ਮਨਾਏ।
ਕਿਨਹੂੰ ਕਰੀ ਨ ਜਰੀ[1] ਸਹਾਏ। [1]ਥੋੜ੍ਹੀ ਜਿਹੀ ਵੀ।
ਗੁਰੁ ਅਰਜਨ ਕੀ ਸੁਨਿ ਵਡਿਆਈ।
ਅਯੋ ਸੁਧਾਸਰ ਧਰਿ ਆਸਾਈ[1] ॥ ੩੯ ॥ [1]ਆਸਾਰੱਖ ਕੇ।
ਦੁਖ ਭੰਜਨਿ ਢਿਗ ਗੁਰੂ ਥੜੇ ਪਰ।
ਬੈਠੇ ਰਹੈਂ ਕਰਾਇਂ ਕਾਰ ਵਰ।
ਦਾਸਨਿ ਖਾਨ[1] ਸੁ ਗੁਰੁ ਅਗਵਾਈ[2]। [1]ਦਾਸਾਂ ਨੇ ਵਜ਼ੀਰ ਖਾਨ ਨੂੰ। [2]ਗੁਰਾਂ ਦੇ ਅੱਗੇ।
ਕਾਢ ਪਾਲਕੀ ਤੈ ਦਿਯ ਪਾਈ ॥ ੪੦ ॥
ਬੈਠਜੋ ਖਰਜੋ ਨ ਤਾਂ ਤੈ ਜਾਈ।
ਦੁਖੀ ਦੇਖਿ ਗੁਰੁ ਕਰੁਨਾ[1] ਆਈ। [1]ਦਇਆ, ਤਰਸ।
ਕਹਜੋ ਗੁਰੂ ਬੁੱਢੇ ਜੀ ਤਾਈਂ।
ਕਾਰ ਕਢਤ ਥੋ ਤਾਲ ਤਹਾਂਈਂ ॥ ੪੧ ॥
ਕ੍ਰਿਪਾ ਦ੍ਰਿਸ਼ਟਿ ਯਾਹਿ ਪਰ ਹੇਰੋ।
ਅਯੋ ਸ਼ਰਣ ਯਹਿ ਗੁਰੁ ਘਰ ਕੇਰੋ।
ਸੁਨਿ ਕਰਿ ਮੌਨ ਬਿਰਧ ਪੁਨ ਰਹਾ।
ਤੀਨ ਬਾਰ ਗੁਰੁ ਜਬਿ ਯੋਂ ਕਹਾ ॥ ੪੨ ॥
ਢੋਵਤ ਕੀਚ[1] ਭਰੀ ਜੋ ਖਾਰੀ[2]। [1]ਚਿੱਕੜ। [2]ਟੋਕਰੀ।
ਪੇਟ ਵਜ਼ੀਰ ਊਪਰ ਸੋ ਮਾਰੀ।
ਤਾਂਹਿ ਚੋਟ ਤੈ ਦੋਊ ਕਲਾਂ[1]। [1]ਦੋਵੇਂ ਕਲਾਂ ਭਾਵ ਟੱਟੀ ਤੇ ਉਲਟੀ।
ਛੁਟੀ ਤਾਂਹਿ ਤਤਛਿਨ ਭੌ ਭਲਾ[1] ॥ ੪੩ ॥ [1]ਤੰਦਰੁਸਤ ਹੋ ਗਿਆ।
ਪੁਨ ਗੁਰੁ ਨਿਜ ਕਰ ਤੈ ਪ੍ਰਸ਼ਾਦੂ।
ਦਯੋ ਗਯੋ ਮਿਟ ਸਰਬ ਬਿਖਾਦੂ[1]। [1]ਦੁੱਖ, ਰੋਗ।

ਬਿਨ ਰੁਜ[1] ਭਯੋ ਵਜੀਰ ਖਾਨ ਜੌ।
ਦਾਨ ਜਹਾਨ ਸੁਜਾਨ ਜਾਨ ਜੌ[1] ॥ ੪੪ ॥

[1]ਰੋਗ ਤੋਂ ਬਿਨਾਂ।
[1]ਉਸ ਨੇ ਜਾਣਿਆ ਕਿ ਸੁਜਾਨ (ਸਤਿਗੁਰਾਂ) ਨੇ (ਮੈਨੂੰ) ਜਹਾਨ (ਜ਼ਿੰਦਗੀ) ਦਾ ਦਾਨ ਦਿੱਤਾ ਹੈ।

ਮਾਨ ਅਸਾਨ ਮਹਾਨ ਕਿਤਾਨੋ[1]।
ਪੁਨ ਪੁਨ ਗੁਰਿ ਪਗ ਬੰਦਨ ਠਾਨੋ।
ਭਯੋ ਖੁਸ਼ੀ ਅਤਿ ਹੀ ਸੁਖ ਪਾਯੋ।
ਗਯੋ ਰਾਜ ਜਨ ਫਿਰ ਕਰ[1] ਆਯੋ ॥ ੪੫ ॥

[1]{ਕਿਤਾਨੋ} ਬਹੁਤ ਵੱਡਾ ਅਹਿਸਾਨ ਮੰਨਿਆ।
[1]ਹੱਥ ਵਿੱਚ।

ਬੇ ਨਜ਼ੀਰ ਮੁਦ ਮਾਨ ਮਹਾਈ[1]।
ਬਿੱਤ[1] ਬਹੁਤ ਗੁਰ ਭੇਟ ਚਢਾਈ।
ਗੁਰ ਪਹਿਰਹਿ ਤਹਿ ਸਹਿ ਅਹਿਲਾਦਾ।
ਸੁਨੈ ਸੁਖਮਨੀ ਛਕੈ ਪ੍ਰਸ਼ਾਦਾ ॥ ੪੬ ॥

[1]ਉਪਮਾਰਹਿਤ ਬਹੁਤ ਅਨੰਦ ਮੰਨ ਕੇ।
[1]ਧਨ, ਮਾਇਆ।

ਜੋ ਸਿੱਖ ਨਿਤ ਕੜਾਹ ਕਰਿ ਖ੍ਵਾਵੈ।
ਬਡੀ ਫਜ਼ਰ[1] ਸੁਖਮਨੀ ਸੁਨਾਵੈ।
ਐਸੋ ਸਿਖ ਗੁਰੁ ਤੈ ਮੰਗ ਲਯੋ।
ਉਮਰ ਭਰਹਿ ਨਿਜ ਪਾਸ ਰਖਯੋ ॥ ੪੭ ॥

[1]ਵੱਡੇ ਤੜਕੇ।

ਦੋਹਰਾ:
ਹ੍ਵੈ ਮੁਰੀਦ ਸਾਦਕ[1] ਵਹੈ,
ਮਨ ਤਨ ਰੋਗ ਗਵਾਇ।
ਗਯੋ ਧਾਮ ਫਿਰ ਸ਼ਾਹਿ ਢਿਗ,
ਕਰੀ ਤਰੀਫ ਮਹਾਂਇ ॥ ੪੮ ॥
ਜੋ ਮਹਿਮਾ ਸੁਨਿ ਸ਼ਾਹਿ ਭੀ,
ਚਾਹ ਦਰਸ ਕੀ ਕੀਨ।
ਆਯੋ ਜਬੈ ਲਾਹੌਰ ਦਿਸ,
ਅਕਬਰ ਸ਼ਾਹਿ ਪ੍ਰਬੀਨ ॥ ੪੯ ॥

[1]ਸਿਦਕ ਵਾਲਾ।

ਚੌਪਈ:
ਸੋਲਾਂ ਸੈ ਅਠਤਾਲੀ ਮਾਂਹੀ।
ਸ਼ਾਹਿ ਦਰਸਜੋ ਗੁਰ ਕੋ ਚਾਹੀ[1]।
ਸ਼ਰਫੀ[1] ਧਰੀ ਪਾਂਚ ਸੌ ਭੇਟਾ।
ਸੁਨਿ ਉਪਦੇਸ ਸ਼ੋਕ ਸਬਿ ਮੇਟਾ ॥ ੫੦ ॥
ਗੁਰੂ ਤਿਹਾਵਲ[1] ਦਿਯ ਪ੍ਰਸਾਦੂ।

[1]ਉਤਸ਼ਾਹ ਨਾਲ।
[1]ਮੁਹਰਾਂ, {ਅਸ਼ਰਫ਼ੀ ਦਾ ਸੰਖੇਪ।}

[1]ਕੜਾਹ ਪ੍ਰਸ਼ਾਦ।

ਛਕਯੋ ਸ਼ਾਹਿ ਨੈ ਸਹਿ ਅਹਿਲਾਦੂ[1]।
ਕਰੀ ਅਰਜ਼ ਖਿਜਮਤ[1] ਫੁਰਮਾਵੋ।
ਥਾ ਦੁਰਭਿਖ[1] ਤਬੈ ਬਹੁ ਥਾਵੋ[2] ॥ ੫੧ ॥
ਪਰਜਾ ਕੌ ਗੁਰੁ ਅੰਨ ਦਿਲਾਯੋ।
ਔਰ ਮਾਮਲਾ ਮਾਫ ਕਰਾਯੋ।
ਗੁਰ ਚੱਕ ਕੀ ਜ਼ਮੀਨ ਪਤਿਸ਼ਾਹਿ।
ਜੁਦੀ[1] ਕਰਾਇ ਮਾਫ ਕੀ ਚਾਹਿ[2] ॥ ੫੨ ॥
ਆਠ ਹਜ਼ਾਰ ਬਿਘੇ ਜਾਮੀਨ।
ਦਯੋ ਪਟਾ[1] ਲਿਖਿ ਔਰ ਨਵੀਨ।
ਤਰਨ ਤਾਰਨ ਜਹਿਂ ਗੁਰੂ ਬਸਾਯਾ।
ਬਾਦਸ਼ਾਹਿ ਪੁਨ ਐਸ ਅਲਾਯਾ[1] ॥ ੫੩ ॥
ਤੀਸਰ ਗੁਰ ਢਿਗ ਮੈਂ ਜਬਿ ਆਇਆ।
ਗਾਉਂ ਦ੍ਵਾਦਸ[1] ਪਟਾ ਚਢਾਇਆ।
ਸੋ ਤੁਮ ਕਯੋਂ ਅਬਿ ਲੌ ਨਹੀ ਲੀਨੇ।
ਕਹਯੋ ਗੁਰੂ ਗੁਰ ਮਰਜੀ ਥੀ ਨੇ[1] ॥ ੫੪ ॥
ਹੈ ਗੁਰ ਕਾ ਘਰ ਫਕਰਨ ਕੇਰਾ।
ਲਵੈਂ ਜਗੀਰ ਤੁ ਭਵੈ ਬਖੇਰਾ।
ਚਹੀਅਤ ਜਿਤਕ ਸਿੱਖ ਦੇ ਜਾਵੈਂ।
ਲੰਗਰ ਆਦਿ ਕਾਰ ਨਿਬਾਹਵੈਂ ॥ ੫੫ ॥
ਜੇਤਕ ਅਧਿਕ ਬਢੈ ਬਿਵਹਾਰਾ।
ਬਿਘਨ ਬੰਦਗੀ ਮੈ ਹ੍ਵੈ ਭਾਰਾ।
ਜਾਨ ਫਕੀਰ ਗੁਰੂ ਕੋ ਗੌਰੈਂ[1]।
ਬੰਦਿ ਚਰਨ ਸ਼ਹਿ ਗਯੋ ਲਹੌਰੈਂ ॥ ੫੬ ॥

ਦੋਹਰਾ:

ਤਬਿ ਤੈ ਮਹਿਮਾ ਗੁਰੂ ਕੀ,
ਬਢੀ ਅਧਿਕ ਜਗ ਮਾਹਿ।
ਹਾਕਮ ਭੀ ਪੰਜਾਬ ਕੇ,
ਦਰਸ਼ਨ ਕੌ ਚਲ ਜਾਹਿਂ ॥ ੫੭ ॥
ਜਥਾ ਜੋਗ ਸੇਵਾ ਕਰੈਂ,
ਲੰਗਰ ਮੰਦਰ ਤਾਲ।

[1]ਅਨੰਦ ਸਹਿਤ।
[1]ਸੇਵਾ।
[1]ਕਾਲ, ਕਹਤ, ਭੁਖ ਮਰੀ। [2]ਬਹੁਤ ਥਾਵਾਂ ਵਿੱਚ।
[1]ਵੱਖਰੀ, ਅੱਡ। [2]ਖੁਸ਼ੀ ਨਾਲ (ਮਾਮਲਾ) ਮੁਆਫ਼ ਕਰ ਦਿੱਤਾ।
[1]ਸਨਦ, ਅਧਿਕਾਰ-ਪੱਤਰ।
[1]ਕਿਹਾ।
[1]ਬਾਰਾਂ ਪਿੰਡ।
[1]ਨਹੀਂ ਸੀ।
[1]ਵੱਡਾ।

ਰਖੀ ਇਮਾਰਤ ਬਹੁਤ ਠਾਂ,
ਸਤਿਗੁਰਿ ਲਾਇ ਬਿਸਾਲ[1] ॥ ੫੮ ॥

[1]ਬਹੁਤ ਥਾਈਂ ਸਤਿਗੁਰਾਂ ਨੇ ਵੱਡੀਆਂ ਇਮਾਰਤਾਂ (ਬਣਾਉਣੀਆਂ) ਸ਼ੁਰੂ ਕਰਰੱਖੀਆਂ ਸਨ।

ਸ੍ਰੈਯਾ:
ਔਰ ਸੁਨੋ ਇਕ ਗਾਥ ਭਲੀ
ਹਿਤ ਸਾਥ, ਸਕਾਥ[1] ਭਈ ਤਬਿ ਜਾਨੋ।
ਲੋਪ[1] ਹੁਤੋ ਇਕ ਸਾਧ ਸਮਾਧਿ
ਧਰੇ[1], ਧਰ ਮੈਂ[2] ਬਹੁ ਕਾਲ ਕੋ[3] ਮਾਨੋ[11]।
ਤਾਂਹਿ ਨਿਕਾਰਨ ਹੇਤ, ਵਿਚਾਰਨ
ਕੀਨ ਗੁਰੂ ਸਰਬਗਜ ਮਹਾਨੋ।
ਉੱਤਰ ਓਰ ਸੁਧਾਸਰ ਤੈ,
ਜਹਿਂ ਥਾ ਤਬਿ ਜੰਗਲ ਮੰਗਲ ਦਾਨੋ[1] ॥ ੫੯ ॥
ਖਾਮ ਤਲਾਵ ਸੁਹਾਵਹਿ ਤੀਰ[1],
ਹੁਤੋ ਤਰੁ ਸ਼ੀਸ਼ਮ ਕੋ[1] ਇਕ ਭਾਰੀ।
ਤਾਂਹਿ ਤਰੇ ਕਬਹੀ ਕਬਹੀ,
ਗੁਰ ਜਾਇ ਬਿਰਾਵਤ ਥੇ[1] ਸੁਖਕਾਰੀ।
ਇਕ ਰੋਜ ਤਹਾਂ ਇਕ ਸਿਖ ਪਸ਼ੌਰ ਕੋ,
ਬਿੱਤ[1] ਧਰਜੋ ਬਹੁ ਲਜਾਇ ਅਗਾਰੀ।
ਨਾਮ ਸੰਤੋਖਾ[1] ਹੁਤੋ ਤਿਹ ਕੋ,
ਅਰ ਸੰਤਤਿ ਨਾਹਿ ਥੀ ਤਾਂਹਿ ਅਗਾਰੀ[1] ॥ ੬੦ ॥
ਸਿਖ ਦੋ ਕਰ ਜੋਰ ਕਰੀ ਬਿਨਤੀ,
ਗੁਰੁ ! ਪੁੱਤ੍ਰ ਦੇਹੁ ਜੁ ਨਾਮ ਰਹਾਈ।
ਧਰਿ ਧਜਾਨ ਪਿਖਜੋ ਗੁਰੁ ਜੂ ਜਬ ਹੀ,
ਨਹਿ ਸੰਤਤਿ ਭਾਗ ਵਿਖੈ ਤਿਹ ਪਾਈ।
ਲੇਖ ਲਿਖਜੋ ਤੁਮਰੇ ਸੁਤ ਨਾਹਿ,
ਕਹਜੋ ਗੁਰੁ ਜੌਂ ਤਬਿ ਹੀ ਸਿਖ ਜਾਈ।
ਲਜਾਨ ਸਮਾਨ ਧਰਜੋ ਲਿਖਬੇ ਕਹੁ,
ਦੇਹੁ ਅਬੈ ਲਿਖ ਸਿੱਖ ਸੁਨਾਈ ॥ ੬੧ ॥
ਹੋਇ ਖੁਸ਼ੀ ਬਖਸ਼ਜੋ ਗੁਰੁ ਨੈ ਸੁਤ,
ਔ ਧਨ ਤਾਂਹਿ ਸੋਂ ਤਾਲ ਖੁਦਾਯੋ।

[1]ਬਹੁਤ ਥਾਈਂ ਸਤਿਗੁਰਾਂ ਨੇ ਵੱਡੀਆਂ ਇਮਾਰਤਾਂ (ਬਣਾਉਣੀਆਂ) ਸ਼ੁਰੂ ਕਰਰੱਖੀਆਂ ਸਨ।

[1]ਸਫਲੀ।

[1]ਲੁਕਿਆ ਹੋਇਆ।

[1]ਸਮਾਧੀ ਲਾ ਕੇ। [2]ਧਰਤੀ ਵਿੱਚ। [3]ਸਮੇਂ ਦਾ। [11]ਜਾਣੋ।

[1]ਅਨੰਦ ਦੇਣ ਵਾਲਾ।

[1]ਕੱਚੇ ਤਲਾਅ ਦੇ ਸੋਹਣੇ ਕਿਨਾਰੇ 'ਤੇ।

[1]ਟਾਹਲੀ ਦਾ ਰੁੱਖ।

[1]ਬੈਠਦੇ ਸਨ।

[1]ਧਨ।

[1]ਉਲਾਦ।

[1]ਘਰ ਵਿੱਚ।

ਜੌ ਦਸ ਹਾਥ ਧਰਾ ਖੁਦਗੀ[1],
ਮਧ ਤੈ ਮਠ ਏਕ ਤਬੈ ਦਰਸਾਯੋ।
ਤਾਂ ਮੱਧ ਸਾਧ ਸਮਾਧਿ ਧਰੇ,
ਜੁਗੀਆ ਇਕ ਜੋਗ ਕਲਾ ਨਿਕਸਾਯੋ।
ਬਾਹਰ ਕਾਢਿ ਕਰਜੋ ਜਬਿ ਚੇਤਨ[1],
ਤੌ ਜੁਗੀਏ ਇਮ ਬੈਨ ਅਲਾਯੋ ॥ ੬੨ ॥
ਭੂਪ ਬਿਦੇਹ[1] ਭਯੋ ਜਬਿ ਹੀ,
ਜੁਗ ਤ੍ਰੇਤਹ ਰਾਮ ਲਹਾ ਅਵਤਾਰਾ।
ਏਕ ਸਮੈ ਕਿਸ ਕਾਰਣ ਤੈ,
ਗੁਰੁ ਮੋਹਿ ਬਿਦੇਹਿ ਯੌਂ ਸ੍ਰਾਪ ਉਚਾਰਾ।
ਜਾਹੁ ਪਿਖੋ ਕਲਿ ਕੋ ਤੁਮਹੂੰ,
ਤਬਿ ਮੈ ਬਖਸ਼ਾਵਨ ਹੇਤ ਪੁਕਾਰਾ।
ਭੂਪ ਕਹਯੋ 'ਕਲਿ ਮੈ ਹਰਿ ਹ੍ਵੈਂ ਗੁਰ
ਰੂਪ, ਕਰੈਂ ਤੁਮਰੋ ਨਿਸਤਾਰਾ' ॥ ੬੩ ॥
ਤਾਂਹਿ ਸਮੇਂ ਇਕ ਠੌਰ ਨਜੀਕ,
ਹੁਤੋ ਇਕ ਤੀਰਥ ਦੱਖਣ ਓਰੀ।
ਤਾਂ ਤਟ ਪੁੰਗਵ[1] ਪੁੰਜ ਜੁਗੀਸ
ਮੁਨੀਸ, ਹੁਤੇ ਕਰਤੇ ਤਪ ਜੋਰੀ।
ਯਾਂ ਹਿਤ ਮੈਂ ਗੁਰੁ ਆਇਸ ਲੈ,
ਇਸ ਠੌਰਹਿਂ ਆਇ ਸਮਾਧਿ ਬਟੋਰੀ[1]।
ਜਾਨ ਲਯੋ ਹਮ ਨੈ ਨਿਸਚੈ,
ਤੁਮ ਤੈ ਕਲਜਾਨ ਭਵੈ ਅਬਿ ਮੋਰੀ ॥ ੬੪ ॥
ਯੌਂ ਕਹਿ ਕੈ ਜੁਗੀਏ ਸਿਰ ਨਾਇ,
ਚਹਯੋ ਉਪਦੇਸ਼ ਕਲੇਸ਼ ਨਿਕੰਦੇ[1]।
ਤੌ ਗੁਰ ਬ੍ਰਹਮ ਗਜਾਨ ਦਿਢਾਇ,
ਕਟੇ ਤਿਸ ਕੇ ਸਭਿ ਹੀ ਭਵ ਫੰਧੇ[1]।
ਹੋਇ ਨਿਸੰਸ ਤਬੈ ਕ੍ਰਿਤ ਕਾਰਜ[1],
ਤਾਂਹਿ ਪ੍ਰਸੰਸ ਗੁਰਹਿਂ ਪਗ ਬੰਦੇ।
ਫੋਰ ਕਪਾਲਹਿ[1] ਛੋਰ ਤਬੈ ਤਨ,
ਬ੍ਰਹਮ ਭਯੋ ਜਲ ਬੂੰਦ ਮਨਿੰਦੇ[1] ॥ ੬੫ ॥

[1]ਧਰਤੀ ਪੁੱਟੀ ਗਈ।
[1]ਹੋਸ਼ ਸਹਿਤ।
[1]ਜਨਕਰਾਜਾ।
[1]ਸ੍ਰੇਸ਼ਟ ਕਿਨਾਰੇ।
[1]ਬ੍ਰਿਤੀਆਂ ਇਕੱਠੀਆਂ ਕਰ ਕੇ ਸਮਾਧੀ ਲਾਈ।
[1]ਕਲੇਸ਼ਾਂ ਨੂੰ ਕੱਟਣ ਵਾਲਾ।
[1]ਸੰਸਾਰ ਦੇ ਫਾਹੇ।
[1](ਆਪਣਾ ਮੁਕਤੀ ਰੂਪ) ਕਾਰਜ ਕਰਕੇ।
[1]ਦਸਮ ਦੁਆਰ ਨੂੰ ਭੰਨ ਕੇ।
[1]ਵਾਂਗ।

ਤਾਲ ਲਗਾਵਨ ਕੈ ਮਿਸ ਸੈਂ[1],
ਸਰਬੱਗਜ ਗੁਰੂ ਜੁਗੀਆ ਨਿਸਤਾਰਯੋ।
ਧਨ ਜਾਂ ਸਿਖ ਸੋਂ ਸਰ ਪੱਕ ਭਯੋ[1],
ਤਿਹ ਨਾਮ ਪੈ ਨਾਮ ਤਲਾਬ ਉਚਾਰਯੋ।
ਸੰਮਤ ਖੋੜਸ ਸੈ ਸ੍ਰੁਤਿ ਪਾਂਚ ਵਿਖੈ[1],
ਗੁਰ ਕੌਤਕ ਏਹੁ ਦਿਖਾਰਯੋ।
ਹੇਰ ਰਹੇ ਬਿਸਮੈ ਸਬਿ ਲੋਗ,
ਗੁਰੂ ਸ੍ਰਬੱਗਜ ਭਲੇ ਦਿਢ ਧਾਰਯੋ ॥ ੬੬ ॥
ਪ੍ਰਿਥੀ ਸਸਿ ਜੌ ਬਹੁ ਭਾਂਤਿ ਹਮੇਸ਼,
ਕਲੇਸ਼ ਰਖੇ ਗੁਰ ਸੋਂ ਤਬਿ ਗੌਰਾ[1]।
ਸਿੱਖਨ ਕੀ ਦਰਖਾਸਤ ਪੈ,
ਗੁਰੁ ਦੇਸ ਵਿਖੈ ਪੁਨ ਕੀਨ ਸੁ ਦੌਰਾ[1]।
ਦੈ ਉਪਦੇਸ਼ ਕਲੇਸ਼ ਅਸੇਸ[1],
ਕਟੇ ਨਿਜ ਦਾਸਨ ਕੇ ਭਲ ਤੌਰਾ[1]।
ਮਾਸ ਕਈ ਪੁਰ ਆਸ[1] ਸ੍ਰੀ ਗੁਰੁ,
ਐਸਹਿ ਸੈਲ ਕਰਯੋ ਬਹੁ ਠੌਰਾ ॥ ੬੭ ॥
ਇਨ ਹੀ ਦਿਨ ਮਾਫਕ ਸੰਨਦ ਸ਼ਾਹਿ,
ਸ੍ਰੀ ਗੁਰੁ ਪੇਖ ਜ਼ਮੀਨ ਸੁਹਾਵਨ[1]।

ਦਸ ਕੋਸ ਸੁਧਾਸਰ ਤੈ ਦਿਸ ਪੂਰਬ,
ਕੀਨ ਭਲੇ ਇਕ ਗਾਉਂ ਬਸਾਵਨ।
ਸੋਲਾਂ ਸੈ ਸਰ ਦੋਇ ਵਿਖੈ[1] ਗੁਰ,
ਨੀਵ ਧਰੀ ਤਰਨ ਤਾਰਨ ਭਾਵਨ[1]।
ਖੋੜਸ ਸੈ ਸਰ ਚਾਰ[1] ਵਿਖੈ,
ਪੁਨ ਤਾਲ ਤਹਾਂ ਗੁਰੁ ਕੀਨ ਲਗਾਵਨ ॥ ੬੮ ॥
ਇਸ ਹੀ ਪੁਨ ਸੰਮਤ ਵੀਚ ਸਿਰੀ ਗੁਰੁ,
ਪਾਰ ਦਰਜਾਇ ਬਿਪਾਸਹਿ[1] ਜੈ ਕੈ।
ਗਰਜੀ[1] ਸੁਨਿ ਸਿੱਖਨ ਕੀ ਅਰਜੀ,
ਮਰਜੀ ਨਿਜ ਸੋਂ ਬਹੁ ਦੇਸ ਪਿਖੈ ਕੈ।
ਨਾਮ ਹਰੀ ਭਗਤੀ ਬ੍ਰਹਮ ਗਜਾਨ,

[1]ਬਹਾਨੇ ਨਾਲ।
[1]ਸਰੋਵਰ ਪੱਕਾ ਹੋਇਆ।
[1]ਸੰਮਤ ੧੬੪੫ ਬਿ: ਵਿੱਚ।
[1]ਬਹੁਤਾ।
[1]ਚੱਕ੍ਰ ਲਾਇਆ।
[1]ਸਾਰੇ।
[1]ਚੰਗੀ ਤਰ੍ਹਾਂ।
[1]ਆਸਾਂ ਪੂਰੀਆਂ ਕਰਨ ਵਾਲੇ (ਸਤਿਗੁਰਾਂ ਨੇ)।
[1]ਗੁਰਾਂ ਨੇ ਬਾਦਸ਼ਾਹ ਵੱਲੋਂ {ਮਾਫਕ} ਮੁਆਫ਼ੀ ਦੇ ਪਟੇ ਵਾਲੀ ਸੋਹਣੀ ਜ਼ਮੀਨ ਵੇਖ ਕੇ।
[1]ਸੰਮਤ ੧੬੫੨ ਬਿ: ਵਿੱਚ।
[1]ਮਨ ਭਾਉਂਦੇ (ਤੀਰਥ ਦੀ)।
[1]ਸੰਮਤ ੧੬੫੪ ਬਿ:।
[1]ਬਿਆਸ ਦੇ।
[1]ਲੋੜਵੰਦ।

ਦਿਢਾਇ ਕਰੇ ਸਿਖ ਪਾਰ ਭਵੈ ਕੈ[1]।
ਚੀਨ ਜਮੀਨ ਕਿੱਤਾ ਇਕ ਪੀਨ[1],
ਨਵੀਨ ਗਰਾਂਮ ਬਸਾਨ ਹਿਤੈ ਕੈ[1] ॥ ੬੯ ॥
ਸੱਯਦ ਖਾਨ ਅਜ਼ੀਮ ਹੁਤੋ ਤਬਿ,
ਹਾਕਮ ਵੀਚ ਜਲੰਧਰ ਨੀਕੋ।
ਦੋਸਤ ਪੋਸਤ ਜੈਸ ਫਕੀਰਨ,
ਥਾ ਵਹਿ ਪੀਰਨ ਕੇਰ ਸਦੀਕੋ[1]।
ਸੋ ਸੁਨਿ ਕੈ ਗੁਰ ਕੋ ਜਸ, ਆਇ
ਮੁਰੀਦ ਭਯੋ ਮਨ ਔ ਤਨ ਹੀ ਕੋ।
ਨੀਮ ਖੁਦਾਇ[1] ਰਹੀਮ[2] ਕਰੀਮ[3],
ਫਹੀਮ[1] ਕਲੀਮ[2] ਲਖਜੋ ਗੁਰ ਜੀ ਕੋ ॥ ੭੦ ॥
ਜੌ[1] ਪਤਿਸ਼ਾਹਿ ਗਯੋ ਗੁਰ ਪੈ,
ਅਰ ਖਾਨ ਵਜੀਰ ਮੁਰੀਦ ਪਛਾਨੇ[1]।
ਯਾਂ ਹਿਤ ਭੀ ਸਭਿ ਲੋਗ ਲਿਹਾਜ
ਰਖੈਂ, ਗੁਰ ਕੋ ਬਡ ਹਾਕਮ ਮਾਨੇ।
ਖੋੜਸ ਸੈ ਪਚਵੰਜਾ ਵਿਖੈ,
ਕਰਤਾਰ ਪੁਰਾ ਗੁਰੁ ਕੀਨ ਬਸਾਨੇ।
ਇਤ ਆਦਿਕ ਕਾਰ ਅਪਾਰ, ਹਿਤੈ
ਉਪਕਾਰ ਕਰੇ ਗੁਰੁ ਪੰਚਮ ਜਾਨੇ ॥ ੭੧ ॥

ਕਬਿੱਤ:

ਫੇਰ ਉਪਕਾਰ ਗੁਰੁ ਅਤਿ ਹੀ ਵਿਚਾਰ,
ਜਿਮ ਜੀਵਨ ਉਧਾਰ ਹ੍ਵੈ ਸੰਸਾਰ ਪਾਰ ਲਾਵਨੋ।
ਰਾਮ ਸਰ ਨਾਮ ਤਾਲ ਤੀਰ ਤੰਬੂ ਲਾ ਬਿਸਾਲ,
ਕੀਓ ਹੈ ਕਮਾਲ[1] ਗੁਰੁ ਗ੍ਰੰਥ ਜੀ ਰਚਾਵਨੋ।
ਬਾਨੀ ਜੋਰਿ ਬਾਨੀ ਗੁਰੂ ਚਾਰ ਕੀ[1] ਮਹਾਨੀ,
ਗੁਨ ਖਾਨੀ ਸੁਖਦਾਨੀ ਸਿਮਟਾਨੀ[1] ਜੋ ਸੁਹਾਵਨੋ।
ਭੀਤਰ ਕਨਾਤ ਖਾਸ[1], ਬੈਠ ਗੁਰੁ ਸੁਖਰਾਸ,
ਉਚਰੈਂ ਜੁ ਗੁਰਦਾਸ ਬਾਹਰ ਲਿਖਾਵਨੋ ॥ ੭੨ ॥
ਸ੍ਰੀ ਗੁਰੁ ਨਾਨਕ ਕੀ ਆਦਿ ਮੈ ਲਿਖਾਇ ਬਾਨੀ,

[1]ਸੰਸਾਰ ਸਮੁੰਦਰ ਤੋਂ।
[1]ਜ਼ਮੀਨ ਦਾ ਇਕ ਵੱਡਾ ਟੁਕੜਾ ਦੇਖ ਕੇ।
[1]ਨਵਾਂ ਪਿੰਡ ਵਸਾਉਣ ਵਾਸਤੇ।
[1]ਸਿਦਕੀ ਸੀ।
[1]ਛੋਟਾ ਖ਼ੁਦਾ। [2]ਕਿਰਪਾਲੂ। [3]ਬਖ਼ਸ਼ਿੰਦ।
[1]ਗਿਆਨਵਾਨ। [2]ਬਾਨੀ ਦੇ ਰਚਣਹਾਰ।
[1]ਜਦੋਂ ਦਾ।
[1](ਲੋਕਾਂ ਨੇ) ਪਛਾਣਿਆ।
[1]ਸੰਪੂਰਨ, ਤਮਾਮ।
[1](ਪਹਿਲੇ) ਚਹੁੰਆਂ ਸਤਿਗੁਰਾਂ ਦੀ ਬਾਣੀ (ਅਤੇ ਅੱਗੋਂ ਆਪਣੀ, ਭਗਤਾਂ ਤੇ ਭੱਟਾਂ ਆਦਿ ਦੀ) ਬਾਣੀ ਜੋੜ ਕੇ।
[1]ਇਕੱਠੀ ਕਰ ਦਿੱਤੀ।
[1]ਆਪ।

ਦੂਸਰ ਤੀਸਰ ਪੁਨ ਚਤੁਰਥ ਕੇਰ ਹੈਂ।
ਆਪਨੀ ਲਿਖਾਇ ਪੁਨ ਭਗਤਨ ਕੀ ਅਲਾਇ,
ਗੰਗ ਧਾਰ ਭਾਇਕ[1] ਸੁਭਾਇ[2] ਕਹੀ ਟੇਰ ਹੈਂ[3]। [1]ਵਾਂਗ। [2]ਸੁੱਤੇ ਸਿੱਧ। [3](ਉੱਚੀ) ਬੋਲ ਕੇ ਕਹਿੰਦੇ ਹਨ।
ਪਾਂਚ ਗੁਰੂਆਨ ਕੀ ਜੋ ਬਾਨਿ ਤਾਂ ਕੇ ਅਵਸਾਨ[1], [1]ਅੰਤ ਵਿੱਚ।
ਕਰ ਹੈਂ ਬਖਾਨ ਨਾਮ ਨਾਨਕ ਅਦੇਰ[1] ਹੈਂ। [1]ਬਿਨਾਂ ਦੇਰ ਤੋਂ।
ਏਕ ਸਾਲ ਮੈਂ ਸੁਧਾਰ[1] ਕੀਨ ਗੁਰੁ ਗ੍ਰੰਥ ਤਜਾਰ, [1]ਸੋਧ ਕੇ।
ਸੋਲਾਂ ਸੈ ਇਕਾਹਟੇ ਵਿਚਾਰ ਬਿਨ ਦੇਰ ਹੈਂ ॥ ੭੩ ॥
ਉਲਥਾ* ਸੁ ਚਾਰੁ, ਚਾਰ ਬੇਦ ਕੋ ਵਿਚਾਰ ਸਾਰ[1], [1]ਚਹੁੰ ਵੇਦਾਂ ਨੂੰ ਵਿਚਾਰ ਕੇ (ਉਨ੍ਹਾਂ ਦੇ) ਸਿਧਾਂਤ ਦਾ ਉੱਤਮ ਤੇ ਸੁੰਦਰ ਉਲੱਥਾ ਕੀਤਾ ਹੈ। *ਵੇਦਾਂ ਦੇ ਉਸ ਸਿਧਾਂਤ ਦਾ ਉਲਥਾ ਸਮਝਣਾ ਚਾਹੀਏ ਜਿਹੜਾ ਸਿਧਾਂਤ ਗੁਰਮਤਿ ਦੇ ਸਿਧਾਂਤ ਨਾਲ ਮਿਲਦਾ-ਜੁਲਦਾ ਹੈ।
ਕੀਨ ਨਿਰਧਾਰ ਚਾਰ ਮੁਕਤਿ ਦਾਤਾਰ ਹੈਂ।
ਆਸ਼੍ਰਮ ਵਰਣ ਚਾਰ ਜਾਂ ਤੈ ਪੈਂਹਿ ਫਲ ਚਾਰ,
ਬਿਨ ਹੀ ਸਾਧਨ ਚਾਰ ਬਜਾਧਨ ਉਪਾਰ ਹੈਂ[1]। [1]ਸ਼ਰੀਰਕਰੋਗਾਂ ਨੂੰ ਪੁੱਟ ਦੇਂਦੇ ਹਨ।
ਹਰਿ ਗੁਰ ਭਗਤੀ ਗਜਾਨ ਨਾਮ ਸੰਤ ਸੇਵ,
ਇਨ ਬਿਨ ਔਰ ਨ ਦਿਖਾਯੋ ਕਛੂ ਸਾਰ[1] ਹੈ। [1]ਸ੍ਰੇਸ਼ਟ।
ਜਗਤ ਜਲਧ ਤੈ[1] ਜਹਾਜ ਜਜੋਂ ਜਗਜਾਸਿਨ ਕੋ, [1]ਸੰਸਾਰ ਸਮੁੰਦਰ ਤੋਂ।
ਜਲਦੀ ਜਰੂਰ ਜਾਨੋ ਜਾਹਰ ਜੁ ਤਾਰ ਹੈਂ ॥ ੭੪ ॥
ਕੋਵਿਦ[1] ਕਵੀਸ ਨਿਗਮਾਗਮ ਮੁਨੀਸ ਮਤ, [1]ਵਿਦਵਾਨ।
ਸਬ ਕੋ ਇਹੀ ਸੁ ਬੀਸ ਬਿਸਵੇ[1] ਬਿਸੇਸ ਤੈ। [1]ਪੂਰਨ (ਨਿਸਚੇ ਸਹਿਤ)।
ਜੋਨ ਸੀ ਜ਼ਬਾਨ ਤੈ ਪੁਮਾਨ ਕੋ[1] ਗਿਆਨ ਹੋਇ, [1]ਪੁਰਸ਼ਾਂ ਨੂੰ।
ਸ਼ੀਘ੍ਰ ਅਸਾਨ, ਸੋ ਬਖਾਨ ਸਮ ਏਸ ਤੈ[1]। [1]ਏਸ ਕਰ ਕੇ {ਸੋ} ਉਸੇ (ਬੋਲੀ ਵਿੱਚ) ਵਖਿਆਨ ਵਾਂਗ (ਬਾਣੀ ਉਚਾਰਨ ਕੀਤੀ ਹੈ)।
ਬ੍ਰਹਮ ਬੇਤਾ ਬ੍ਰਹਮਰੂਪ ਤਾਂ ਕੀ ਬਾਂਨੀ ਬੇਦ ਖੂਪ[1], [1]ਉੱਤਮ।
ਤਾਰਤ ਹੈ ਭ੍ਰਮ ਕੂਪ ਗਜਾਨ ਦੈ ਨਿਸੇਸ ਤੈ[1]। [1]ਗਿਆਨ ਦਾ ਚੰਦ੍ਰਮਾ ਦੇ ਕੇ।
ਸੋਈ ਸਹੀ ਆਰਜ ਅਚਾਰਜ[1] ਵਿਚਾਰਜ ਹੈ, [1]ਸ੍ਰੇਸ਼ਟ ਗੁਰੂ।
ਭ੍ਰਮ ਭੇਦ ਖਾਰਜ ਹ੍ਵੈ[1] ਜਾਹਿਂ ਉਪਦੇਸ ਤੈ ॥ ੭੫ ॥ [1]ਦੂਰ ਹੋ ਜਾਣ।
ਸੰਸਕ੍ਰਿਤ ਮੂਲ, ਭਾਖਾ ਸ਼ਾਖਾ ਸਮ ਤੂਲ[1], [1]ਸੰਸਕ੍ਰਿਤ (ਭਾਸ਼ਾ) ਦਰੱਖ਼ਤ ਦੇ ਮੁੱਢ {ਸਮ} ਵਾਂਗ ਹੈ ਤੇ {ਭਾਖਾ} ਪ੍ਰਾਂਤਕ ਬੋਲੀਆਂ ਟਾਹਣੀਆਂ ਦੇ {ਤੂਲ} ਤੁਲ

(ਸਮਾਨ) ਹਨ।

ਐਪੈ ਫਲ ਫੂਲ ਛਾਯਾ ਪਾਇ ਸ਼ਾਖਾ ਤੈ ਜਹਾਨ ਹੈ।
ਪੁਨਾ ਬੇਦ ਬਾਨੀ ਜੈਸੇ ਈਸ਼ਰ ਬਖਾਨੀ ਮਾਨੀ,
ਤੈਸੇ ਹਰਿ ਬਪੁ ਗੁਰੁ ਗ੍ਰੰਥ ਪ੍ਰਮਾਨ ਹੈ[1]।

[1]ਤਿਵੇਂ ਹਰੀ ਦੇ ਸਰੂਪ (ਸਤਿਗੁਰਾਂ ਦੀ ਬਾਣੀ) ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਮਾਣੀਕ ਹਨ।

ਈਸ ਕਹਜੋ ਬੇਦ[1] ਯਾ ਮੈ ਬੇਦ ਹੈ ਪ੍ਰਮਾਨ[2] ਜੈਸੇ,
ਤੈਸੇ ਗੁਰੁ ਗ੍ਰੰਥ, ਗੁਰੈਂ ਈਸ਼ਰ ਬਖਾਨ ਹੈਂ।

[1]ਵੇਦ ਈਸ਼ਰ ਨੇ ਉਚਾਰੇ ਹਨ। [2]ਸਬੂਤ।

ਯਾਹਿ ਭੇਦ ਹੂੰ ਤੇ, ਬਿਨਾ ਖੇਦ[1] ਗੁਰੁ ਬਾਨੀ ਬੇਦ[2],
ਬਲਿਕੈ[1] ਅਧਿਕ ਬੇਦ ਹੂੰ ਤੈ ਹਮ ਜਾਨ ਹੈਂ ॥ ੭੬ ॥

[1]ਕਸ਼ਟ, ਦੁੱਖ। [2]ਗੁਰਬਾਣੀ ਹੀ ਵੇਦ ਹੈ।

[1]ਸਗੋਂ।

ਬੇਦ ਮੈ ਬਖੇਰੇ[1] ਹੈਂ ਘਨੇਰੇ ਜਗਜਾਦਿ ਕੇਰੇ,
ਔਰ ਇਤੀਹਾਸ ਕ੍ਰਮ ਕ੍ਰਮ[1] ਭੇਦ ਭਾਰ ਹੈਂ।
ਸ੍ਰੀ ਗੁਰੂ ਗ੍ਰੰਥ ਮਾਂਹਿ ਏਕ ਭੀ ਬਖੇਰਾ ਨਾਹਿ,
ਕੈਵਲ ਮੁਕਤਿ ਪਥ[1] ਕੇਵਲ ਉਚਾਰ ਹੈ।
ਬੇਦ ਅਧਿਕਾਰ ਤੀਨ ਵਰਣ ਕੋ ਉਤਾਰੈਂ ਪਾਰ,
ਔਰ ਕੋਊ ਪਢੈ ਸੁਨੈ ਹੋਇ ਪਾਪੀ ਭਾਰ ਹੈ।
ਯਾਵਤ[1] ਹੈਂ ਨਰ ਨਾਰਿ ਦ੍ਵਿਜ[2] ਤੈ ਚੰਡਾਰ[3] ਤੱਕ,
ਗੁਰੂ ਗ੍ਰੰਥ ਜੀ ਤੈ ਹੋਤ ਸਬਿ ਕੋ ਉਧਾਰ ਹੈ ॥ ੭੭ ॥

[1]ਇਤਨੇ। [2]ਬ੍ਰਹਮਣ। [3]ਚੰਡਾਲ।

ਅਘ ਓਘ[1] ਨਾਸੈਂ ਪੁੰਨ ਪੁੰਜ ਪ੍ਰਕਾਸੈਂ,
ਕਾਮ ਆਦਿਕ ਬਿਨਾਸੈਂ ਔ ਹੁਲਾਸੈਂ[1] ਦੈਵੀ ਗੁਨ ਹੈਂ।

[1]ਸਾਰੇ ਪਾਪ।

[1]ਵਧਦੇ ਫੁਲਦੇ ਹਨ।

ਹੋਇ ਮਨ ਨੀਮਾ ਧੀਮਾ[1] ਸੀਮਾ[2] ਪ੍ਰੇਮ ਭਗਤੀ ਕੀ,
ਸ਼ਕਤੀ ਸਰਬ ਜਸ ਜਗਤੀ ਪੈ ਪੁਨ ਹੈ[1]।
ਸਾਧੁ ਸੇਵ ਸੰਤ ਸੰਗਿ ਨਾਮ ਰੰਗ ਸੁੱਧ ਬੁਧਿ,
ਬ੍ਰਹਮ ਗਜਾਨ ਦਯਾ ਯੁਤ ਕੀਰਤਨ ਧੁਨ[1] ਹੈ।
ਚਹੈ ਚਾਰ ਫਲ ਜੋਊ ਜਗ ਤੈ ਉਧਾਰ ਜਨ,
ਨਿਤ ਪ੍ਰਤਿ ਗੁਰੂ ਗ੍ਰੰਥ ਜੀ ਕੋ ਪਢੈ ਸੁਨ ਹੈ ॥ ੭੮ ॥

[1]ਨੀਵਾਂ ਤੇ ਧੀਰਜ ਵਾਲਾ। [2]ਹੱਦ।

[1]ਪੁਨਾ ਸਾਰੇ ਜਗਤ ਵਿੱਚ ਜੱਸ ਹੁੰਦਾ ਹੈ।

[1]ਅਵਾਜ਼।

ਸੋਲਾਂ ਸੌ ਇਕਾਹਟੇ ਮੈ ਗੁਰੁ ਗ੍ਰੰਥ ਕਰਿ ਤਜਾਰ,

ਜਿਲਦ ਬੰਧਾਂਵਨੇ ਲਾਹੌਰ ਮੈਂ ਪਠਾਯੋ ਹੈ।
ਭਾਈ ਬੰਨੋ ਜੀ ਕੇ ਹਾਥ ਤਾਂਹਿ ਐਸੀ ਕੀਨੀ ਬਾਤ,
ਦੂਸਰੋ ਗ੍ਰੰਥ ਸਾਥ ਤਯਾਰ ਕਰਿ ਲਯਾਯੋ ਹੈ।
ਪੇਖਿ ਗੁਰ ਕਹਯੋ ਬਿਨਾ ਆਗਯਾ ਤੇ ਲਿਖਵਾਯੋ,
ਖਾਰੀ ਬੀੜ* ਯਾ ਤੇ ਨਾਮ ਯਾਹਿ ਕੋ ਰਹਾਯੋ ਹੈ।

*ਪੁਰਾਣੇ ਵਿਚਾਰਵਾਨਾਂ ਦਾ ਖ਼ਿਆਲ ਹੈ ਕਿ ਭਾਈ ਬੰਨੋ ਵੱਲੋਂ ਕੁਝ ਵਾਧੂ ਬਾਣੀ ਵਿੱਚ ਦਰਜ ਕਰਨ ਕਰਕੇ ਗੁਰਾਂ ਨੇ ਇਸ ਦਾ ਨਾਮ 'ਖਾਰੀ ਬੀੜ' ਕਿਹਾ ਸੀ।

ਐ ਪੈ ਪ੍ਰਮਾਨ ਧਰ[1] ਨਿਜ ਛਾਪ[2] ਦੀਨੀ ਕਰਿ,
ਦੀਨੋ ਬਰ[1] ਸਮ ਫਰ[2] ਦੁਹੂੰ ਤੈ ਅਲਾਯੋ ਹੈ ॥ ੭੯ ॥

[1]ਪ੍ਰਵਾਨ ਕਰਕੇ। [2]ਮੁਹਰ।
[1]ਵਰ। [2]ਇੱਕੋ ਜੇਹਾ ਫਲ।

ਆਦਿ ਗੁਰੂ ਗ੍ਰੰਥ ਖਾਸ[1] ਕੀਨੋ ਪ੍ਰਕਾਸ਼
ਹਰਿਮੰਦਰ ਮੈ, ਸਿਖ ਰਾਸ[1] ਭੇਟ ਭੇ ਚਢਾਵਤੇ।
ਪੇਖ ਕੈ ਬਖੀਲ[1] ਮਤਸਰ ਵਸ ਬਿਨਾ ਢੀਲ,
ਚੁਗਲੀ ਉਗਲੀ[1] ਪਤਿਸ਼ਾਹਿ ਪਾਸ ਜਾਵਤੇ[2]।
ਰਚੀ ਹੈ ਕਿਤਾਬ ਬਡ ਅਰਜਨ ਨੈ ਖਰਾਬ,
ਦੀਨ ਇਸਲਾਮ ਲੌ ਹੈ ਨਿੰਦੇ ਮਨ ਭਾਵਤੇ।
ਸੁਨ ਕਰਿ ਸ਼ਾਹਿ ਗੁਰੂ ਗ੍ਰੰਥ ਕੋ ਮੰਗਾਇ ਚਾਹਿ[1]
ਕਲਾਨੌਰ ਮਾਂਹਿ ਪੈ ਪਢਾਇ ਪੇਖਯੋ ਯਾਵਤੇ[1] ॥ ੮੦ ॥

[1]ਆਪ।
[1]ਸਾਰੇ।
[1]ਚੁਗ਼ਲਾਂ ਨੇ।
[1]ਕਹੀ। [2]ਜਾ ਕੇ।
[1]ਇੱਛਾ ਕਰ ਕੇ ਮੰਗਵਾਇਆ।
[1]ਇਸ ਤਰ੍ਹਾਂ।

ਭਾਈ ਗੁਰਦਾਸ ਪਠਯੋ[1] ਬਾਬਾ ਬੁੱਢਾ ਪਾਸ ਖਢਯੋ[2],
ਤਹਾਂ ਹੀ ਸਬਦ ਏਹੁ ਨਿਕਸਿਓ ਸੁਹਾਵਨੋ।
ਖਾਕ ਨੂਰ ਕਰਦਮ ਆਲਮ ਏ ਦੁਨੀਆਇ[1]*,
ਇਤਯਾਦਿ ਵਾਕਯ ਸੁਨਿ ਭਯੋ ਸ਼ਾਹਿ ਪਾਵਨੋ[1]।
ਚੁਗਲ ਕੇ ਕਹੇ ਪੁਨ ਮੁਗਲ ਨੇ ਔਰ ਠੌਰ,
ਧਰ ਕਰਿ ਅੰਗੁਰੀ ਸੋ ਕੀਨ ਜੋ ਬਤਾਵਨੋ।
ਤਹਾਂ ਤੈ ਭੀ ਦੁਸ਼ਟਨ ਕੈ ਮੁਸ਼ਟ ਪੁਸ਼ਟ ਲਾਗੀ ਬਡ[1],
ਸ਼ੱਕ੍ਰ ਮਲਾਮਤ ਕੀ ਮਿਲੀ ਮਲੁ ਖਾਵਨੋ[1] ॥ ੮੧ ॥

[1]ਪਾਠ ਕੀਤਾ। [2]ਖੜਾ ਰਿਹਾ।
[1]ਆਪਣੇ ਪ੍ਰਕਾਸ਼ ਨਾਲ ਮਿੱਟੀ ਤੋਂ ਦੁਨੀਆਂ ਦੇ {ਆਲਮ} ਜੀਵ ਪੈਦਾ ਕੀਤੇ ਹਨ। *ਤੁਕ ਦਾ ਸ਼ੁੱਧ ਪਾਠ ਐਉਂ ਹੈ– "ਖਾਕ ਨੂਰ ਕਰਦੰ ਆਲਮ ਦੁਨੀਆਇ ॥'
[1]ਪਵਿੱਤ੍ਰ।
[1]ਤਕੜੀ ਵੱਡੀ ਮੁੱਕੀ ਵੱਜੀ।
[1]ਫਿਟਕਾਰਾਂ ਰੂਪ ਮੈਲ ਦੀ ਸ਼ੱਕਰ ਖਾਣ ਨੂੰ ਮਿਲੀ।

ਕਾਰਣ[1] ਕਰੀਮ[2] ਕ੍ਰਿਪਾ ਕੀਜੀਏ ਰਹੀਮ[3] [1]ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੇ। [2]ਬਖ਼ਸ਼ਿੰਦ। [3]ਦਿਆਲੂ।
ਸੱਚਾ, ਖਾਲਕ ਖਲਕ[1] ਖੁਦ[2] ਖਸਮ ਅਪਾਰ ਹੈ। [1]ਸ੍ਰਿਸ਼ਟੀ ਦਾ ਮਾਲਕ। [2]ਆਪ।
ਭਵ[1] ਦੁਖ ਨਾਸਕ ਸ਼ਬਦ ਏਹੁ ਤਬਿ ਆਯੋ, [1]ਸੰਸਾਰ ਦੇ।
ਤੀਨ ਚਾਰ ਵਾਰ ਐਸੇ ਲਯੋ ਜੋ ਨਿਹਾਰ ਹੈ।
ਜਹਾਂ ਜਹਾਂ ਪਢੈ ਤਹਾਂ ਨਿਕਸੈ ਸਿਫਤ ਨਾਮੁ,
ਸਤ ਸੰਗਿ ਈਸ਼ੂਰ ਗੁਰੂ ਕਾ ਜਸ ਭਾਰ ਹੈ।
ਸੁਨਿ ਪੇਖਿ ਸ਼ਾਹਿ ਭਯੋ ਮੋਦ ਮਨ ਮਾਹਿ,
ਗੁਰੂ ਕਾਮਲ[1] ਫਕੀਰ ਲਖੇ ਆਰਫ[2] ਵਿਚਾਰ ਹੈ [1]ਪੂਰਨ। [2]ਆਤਮ ਗਿਆਨੀ।
॥ ੮੨ ॥

ਏਕ ਸੌ ਅਸ਼ਰਫੀ[1] ਖਿਲਤ[2] ਗੁਰੂ ਜੀ ਕੋ ਦੈ ਕੈ, [1]ਮੁਹਰਾਂ। [2]ਸਿਰੋਪਾਉ, ਪੁਸ਼ਾਕਾ।
ਚੁਗਲੋਂ ਕੋ ਲਾਨ੍ਹਤ ਦੈ ਰੁਖਸਤ ਕੀਨ ਹੈ।
ਬਾਦ ਏਕ ਮਾਹਿ ਕੇ[1] ਉਛਾਹਿ ਕੇ ਸਹਿਤ ਸ਼ਾਹਿ, [1]ਇਕ ਮਹੀਨੇ ਦੇ ਪਿੱਛੋਂ।
ਆਯੋ ਗੁਰੁ ਢਿਗ ਜਾਤੋ ਦੇਹਲੀ ਕੌ ਚੀਨ ਹੈ।
ਦਰਸ ਪਰਸ ਕਰਿ[1] ਸਰਜ ਹਰਸ[2] ਹੋਇ, [1](ਚਰਨ) ਛੁਹ ਕੇ। [2]ਬਹੁਤ ਅਨੰਦ।
ਗੁਰੂ ਤੈ ਸ਼ਬਦ ਸੁਨਿ ਭਯੋ ਮੋਦ ਪੀਨ ਹੈ।
ਦੈ ਕੈ ਬਹੁ ਨਜ਼ਰ ਨਿਆਜ਼[1] ਖੁਸ਼ੀ ਗੁਰੁ ਤੇ ਲੈ, [1]ਭੇਟਾ ਪੂਜਾ। (ਅ) ਸੁੱਖਣਾ ਦੀ ਭੇਟਾ।
ਦੱਖਨ ਕਾ ਦੇਸ ਜਾਇ ਫਤੇ ਏਸ ਕੀਨ ਹੈ
॥ ੮੩ ॥

ਸੋਲਾਂ ਸਤ ਬਾਹਟੇ ਮੈ[1] ਅਕਬਰ ਖਾਯੋ ਮੌਤ[2], [1]ਸੰਮਤ ੧੬੬੨ ਬਿ: ਵਿੱਚ। [2]ਮੌਤ ਨੇ ਖਾ ਲਿਆ।
ਭਯੋ ਜਹਾਂਗੀਰ ਸ਼ਾਹਿ ਬਿਨਾ ਧੀਰ ਜ੍ਞਾਨ ਹੈ।
ਸ਼ਾਹਿਜ਼ਾਦਾ ਖੁਸਰੋ ਅੰਮੀਰ[1] ਜਹਾਂਗੀਰ ਸੰਗ, [1](ਜਹਾਂਗੀਰ ਦਾ ਪੁੱਤਰ) ਸ਼ਹਿਜ਼ਾਦਾ ਅਮੀਰ ਖੁਸਰੋ।
ਬਿਗਰ ਤਗੀਰ ਹੋਇ[1] ਥਿਰਜੋ ਇਹਾਂ ਆਨ ਹੈ। [1]ਦੁਖੀ ਹੋ ਕੇ।
ਗੁਰੂ ਤੈ ਅਰਧ ਲਾਖ ਮਾਂਗਜੋ ਖਰਚ ਤਾਂਹਿ,
ਗੁਰੂ ਨੈ ਵਿਚਾਰਜੋ ਉਭੈ ਰੀਤਿ ਨੁਕਸਾਨ ਹੈ।
ਦੈਹੈਂ ਸ਼ਾਹਿ ਬੁਰਾ ਮਾਨੈ ਨਾਹਿ ਦੈਹੈਂ ਦੰਗਾ ਠਾਨੈ,
ਕਰਿ ਹੈ ਖਰਾਬੀ ਏਹੁ ਅਬਿ ਹੀ ਨਿਦਾਨ ਹੈ[1] [1]ਬੱਚਾ ਹੈ (ਅ) ਅਣਜਾਣ ਹੈ।
॥ ੮੪ ॥

ਨੇੜ ਹੈ ਖੁਦਾਇ ਕੈ ਘਸੁੰਨ ਏਹੁ ਨਜਾਇ ਗੁਨਿ[1], [1]ਕਹਾਵਤ ਵਿਚਾਰ ਕੇ।
ਦੈ ਕਰਿ ਹਜ਼ਾਰ ਪਾਂਚ ਤਾਂ ਕੋ ਗੁਰ ਟਾਲਜੋ।
ਜਬੈ ਵਹਿ ਕਾਬਲ ਤੈ ਪਕਰਾਇ ਮੰਗਵਾਇ,

ਸ਼ਾਹਿ ਨੇ ਲਾਹੌਰ ਵੀਚ ਮਰਵਾਇ ਡਾਲਜੋ।
ਤਬਿ ਹੀ ਬਖੀਲ[1] ਬਿਨਾ ਢੀਲ ਲੈ ਅਪੀਲ[2] ਦੌਰੇ,
ਦ੍ਵੈਸ਼ ਕੀ ਦਲੀਲ ਜੀਲ[1] ਛੇਰੀ ਐਸ ਚਾਲਜੋ[2]।

[1]ਚੁਗਲ। [2]ਅਰਜ਼ੀ।

[1]ਚਲਾਕ (ਲੋਕਾਂ) ਨੇ। {ਸੰ: ਜੀਰ- ਜੀਲ- ਚਲਾਕ}। [2]ਐਸੀ ਚਾਲ ਨਾਲ ਛੇੜੀ।

ਸੁਲਹੀ ਸੁਲੱਬੀ ਖਾਨ ਹੂੰ ਕੇ ਵਾਰਸਾਨ ਤੈ[1],
ਕਰਾਈ ਫਰਜਾਦ ਮੇਹਰਵਾਨ ਚੰਦੂ ਕਾਲਜੋ[1]
॥ ੮੫ ॥

[1]ਹੱਕੀਆਂ ਤੋਂ।

[1](ਮਨ ਦੇ) ਕਾਲਿਆਂ ਨੇ।

ਐਸੇ ਛੇੜ ਛਾੜ ਕਰਿ ਚੰਦੂ ਸ਼ਾਹੀ ਮੌਕਾ ਫਰਿ[1],
ਦੁਗਲੀ ਕੇ[1] ਚੁਗਲੀ ਉਗਲੀ ਜਾਇ ਸ਼ਾਹਿ ਪੈ।
ਗੁਰੂ ਅਰਜਨ ਦੈ ਰਜਤਪਨ[1] ਆਧ ਲਾਖ,
ਖੁਸਰੋ ਕੋ ਕਹਜੋ ਥਾ ਬਨੈਗੋ ਤੁਹੀਂ ਸ਼ਾਹਿ ਪੈ।
ਪੁਨਾ ਆਪ ਬਖਜਾਤ ਸਾਚੋ ਸ਼ਾਹਿ ਹੈ ਕਹਾਤ,
ਚੋਰ ਧਾੜਵੀ ਰਖਾਤ ਮਰਵਾਤ ਨਿਤ ਰਾਹਿ ਪੈ[1]।
ਸੁਨਿ ਕੈ ਸਕੋਪ ਸ਼ਾਹਿ ਗੁਰੂ ਕੌ ਲਾਹੌਰ ਮਾਂਹਿ,
ਬੋਲਿ ਬੂਝਜੋ ਹਾਲ ਚਾਹਿ ਭਯੋ ਕਿਛ ਨਾਹਿ ਪੈ
॥ ੮੬ ॥

[1]ਫੜ ਕੇ ਭਾਵ ਪਾ ਕੇ।

[1]ਵਿਭਚਾਰਨ ਦੇ ਪੁੱਤਰ ਨੇ।

[1]ਰੁਪਏ।

[1]ਨਿਤ ਡਾਕੇ ਮਰਵਾਉਂਦਾ ਹੈ।

ਦੋਹਰਾ:
ਤਬਿ ਗੁਰੁ ਚੰਦੂ ਦੁਸ਼ਟ ਕੈ,
ਦੈ ਬੁਰਜਾਈ ਸੀਸ।
ਸੋਲਾਂ ਸੈ ਤ੍ਰੇਹਟ ਵਿਖੇ
ਤਨ ਤਜਿ ਭਏ ਇਕੀਸ[1] ॥ ੮੭ ॥

[1]ਇਕ ਈਸ਼ਰ ਦਾ ਰੂਪ ਭਾਵ ਜੋਤੀ ਜੋਤ ਸਮਾ ਗਏ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਪੰਚਮ ਗੁਰੂ ਕਾ ਪ੍ਰਸੰਗ ਬਰਨਨੰ' ਨਾਮ ਉਨੀਸਮੋ ਬਿਸ੍ਰਾਮ ॥ ੧੯ ॥

੨੦. {ਪ੍ਰਿਥੀ ਚੰਦ ਅਤੇ ਚੰਦੂ ਦਾ ਵਿਰੋਧ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਜੋਤੀ ਜੋਤ ਸਮਾਵਣਾ}

ਸ੍ਵੈਯਾ:

ਦੁੰਦ ਨਿਕੰਦ ਮੁਕੰਦ ਅਮੰਦ,
ਅਨੰਦ ਸੁਛੰਦ ਬੁਲੰਦ ਦਨਿੰਦੂ[1]।

[1]ਦੁੱਖਾਂ ਨੂੰ ਕੱਟਣ ਵਾਲੇ ਮੁਕਤੀ ਦਾਤੇ ਸ੍ਰੇਸ਼ਟ ਅਨੰਦ ਸਰੂਪ, ਸੁਤੰਤਰ ਤੇ ਬਹੁਤ ਵੱਡੇ ਸੂਰਜ ਹਨ।

ਹਿੰਦੂਨ ਜਿੰਦੁ ਰਖਿੰਦ ਧ੍ਰਮਿੰਦ,
ਕਇੰਦ ਤੁਰਕਿੰਦ ਬ੍ਰਿੰਦ ਬੁਲਿੰਦੂ[1]।

[1]ਹਿੰਦੂਆਂ ਦੀ ਜਿੰਦ ਤੇ ਧਰਮ ਦੀ ਰੱਖਿਆ ਕੀਤੀ ਅਤੇ ਸਾਰੇ ਤੁਰਕਾਂ ਤੋਂ ਉੱਚੇ ਕਰ ਦਿੱਤੇ।

ਪੰਥ ਮ੍ਰਿਗਿੰਦ ਰਚਿੰਦ ਅਨਿੰਦ,
ਮਨਿੰਦ ਸੁਰਿੰਦ ਗੁਬਿੰਦ ਮ੍ਰਿਗਿੰਦੂ[1]।

[1]ਸ੍ਰੀ ਗੁਰੂ ਗੋਬਿੰਦ ਸਿੰਘ ਨੇ (ਦੇਵਤਿਆਂ ਦੇ ਰਾਜੇ) ਇੰਦ੍ਰ ਵਰਗੇ ਉਸਤਤ ਯੋਗ ਭਾਵ ਬਹਾਦਰ ਸਿੰਘਾਂ ਦਾ ਪੰਥ ਰਚਿਆ।

ਚਿੰਦ ਦਨਿੰਦ ਸੁਖਿੰਦ ਕਵਿੰਦ,
ਸੁ ਪਾਦਰੁਬਿੰਦ ਭਵਿੰਦ ਮਲਿੰਦੂ[1] ॥੧॥

[1]ਸੂਰਜ ਵਾਂਗ (ਰੌਸ਼ਨ) ਚਿਤਵਨੀ ਤੇ ਸੁਖਾਂ ਦੇ ਦਾਤੇ ਅਤੇ ਕਵੀਆਂ ਦੇ ਬਾਦਸ਼ਾਹ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ) ਸ੍ਰੇਸ਼ਟ ਚਰਨ ਕੰਵਲਾਂ ਦਾ (ਮੇਰਾ ਮਨ) ਭੌਰਾ ਹੋ ਰਿਹਾ ਹੈ।

ਦੋਹਰਾ:

ਬੂਝਜੋ ਸ੍ਰੋਤਾ ਜਨ ਪੁਨਾ,
ਕਹੋ ਕਵੀ ! ਬਿਸਤਾਰ।
ਚੰਦੂ ਪ੍ਰਿਥੀ ਚੰਦ ਨੈ,
ਕਰਜੋ ਬੈਰ ਕਜੋਂ ਭਾਰ[1] ॥੨॥

[1]ਬਹੁਤਾ।

ਸੁਨੋ ਸ੍ਰੋਤਾ ਸੁਮੱਤਿ ਜਨ !
ਬੀਜ ਬੈਰ[1] ਦਿਹੁ ਗਾਇ[2]।
ਪੋਥੀ ਰਵਿ ਪ੍ਰਕਾਸ਼[1] ਮੈਂ,
ਹੈ ਬਿਸਤਾਰ ਮਹਾਂਇ ॥੩॥

[1]ਵੈਰ ਦਾ ਕਾਰਨ। [2]ਕਹਿ ਦੇਂਦਾ ਹਾਂ।
[1]ਸੂਰਜ ਪ੍ਰਕਾਸ਼।

ਚੌਪਈ:

ਜਬਿ ਗੁਰੁ ਅਰਜਨ ਗਾਦੀ ਬੈਸੇ।
ਕੀਨੇ ਬੈਰ ਪ੍ਰਿਥੀ ਚੰਦ ਐਸੇ।
ਬਹੁਧਾ[1] ਰਖੇ ਕਲੇਸ਼ ਅਸੇਸੂ[2]।
ਧਨ ਤਿਸ ਕੇ ਢਿਗ ਹੁਤੋ ਬਿਸੇਸੂ ॥੪॥

[1]ਅਨੇਕ ਤਰ੍ਹਾਂ ਦੇ। [2]ਬਹੁਤੇ।

ਦੈ ਦੈ ਬਹੁ ਬਿੱਤ ਤਾਂਹਿ ਮਸੰਦੈਂ।
ਸਿੱਖਨ ਕੋ ਅਪਨੀ ਦਿਸ ਫੰਧੈ।
ਸੋ ਬਾਬੇ ਬੁੱਢੇ ਗੁਰਦਾਸੈਂ।

ਸਾਲ੍ਹੋ ਆਦਿ ਸਿਖਨ ਮਿਲਿ ਖਾਸੈਂ[1] ॥ ੫ ॥ [1]ਮੁਖੀ ਸਿੱਖਾਂ ਨੇ।
ਪ੍ਰਿਥੀ ਚੰਦ ਕੇ ਕਾਬੂ ਮਾਂਹੀ।
ਆਵਨ ਦਏ ਸਿੱਖ ਗੁਰ ਨਾਂਹੀ।
ਫੌਜਦਾਰ ਸੁਲਹੀ ਖਾਂ ਤਬੈ।
ਏਸ ਦੇਸ ਕਾ ਥਾ ਤਬਿ ਫਬੈ ॥ ੬ ॥
ਦੈ ਰਿਸ਼ਵਤ ਪ੍ਰਿਥੀ ਸਸਿ ਤਾਂ ਕੋ।
ਮੱਦਦਗਾਰ ਕੀਓ ਨਿਜ ਬਾਂਕੋ[1]। [1]ਚੰਗਾ।
ਅਕਬਰ ਬਾਦਸ਼ਾਹਿ ਢਿਗ ਅਰਜੀ।
ਦਈ ਪ੍ਰਿਥੀਏ ਸਹਿ[1] ਤਿਹ ਮਰਜੀ ॥ ੭ ॥ [1]ਨਾਲ।
ਪਰ ਪਤਸ਼ਾਹਿ ਹੁਕਮ ਯਹਿ ਦਯੋ।
ਵਾਲਦ[1] ਜਿਹ ਗਾਦੀ ਦੈ ਗਯੋ। [1]ਪਿਤਾ।
ਸੋ ਬਦਲਾਵਨ ਬਦ ਇਨਸਾਫੀ।
ਹਮ ਤੈ ਹੋਤ ਨਰਾਖਹੁ ਮਾਫੀ ॥ ੮ ॥
ਹਾਰ ਪ੍ਰਿਥੀਆ ਘਰ ਮੈ ਆਯੋ।
ਸੁਲਹੀ ਜੋਰ ਬਥੇਰਾ ਲਾਯੋ।
ਹੁਤੋ ਵਜ਼ੀਰ ਖਾਨ ਲਾਹੌਰੀ।
ਖਾਦਮ[1] ਗੁਰ ਕਾ ਸਾਦਿਕ ਗੌਰੀ[2] ॥ ੯ ॥ [1]ਸੇਵਕ। [2]ਵੱਡਾ ਸ਼ਰਧਾਵਾਨ।
ਤਿਨ ਸੁਲਹੀ ਖਾਂ ਕੋ ਸਮਝਾਯੋ।
ਬੈਸ ਬਖੇਰਾ ਐਸ ਮਿਟਾਯੋ।
ਤੀਸਰ ਗੁਰ ਕੋ ਜੋ ਪਤਸ਼ਾਹਿ।
ਦੈ ਗਯੋ ਥਾ ਸੰਨਦ ਲਿਖਿ ਚਾਹਿ ॥ ੧੦ ॥
ਦ੍ਵਾਦਸ ਪਿੰਡਨ ਕੀ ਪਹਿਚਾਨੋ।
ਕਰਯੋ ਨ ਥਾ ਗੁਰੁ ਏਕ ਪ੍ਰਮਾਨੋ[1]। [1]ਪ੍ਰਵਾਣ, ਅੰਗੀਕਾਰ।
ਥੀ ਬੀਬੀ ਭਾਨੀ ਢਿਗ ਸਾਈ[1]। [1]ਉਹ।
ਸੰਨਦ ਪ੍ਰਿਥੀ ਸਸਹਿ ਦਿਲਾਈ ॥ ੧੧ ॥
ਜਿਸ ਅਨੁਸਾਰ ਤੀਸ ਹਜਾਰਾ।
ਮਿਲੀ ਜਿਮੀ ਪ੍ਰਿਥੀਏ ਕੋ ਸਾਰਾ[1]। [1]ਸਾਰੀ (ਅ) ਚੰਗੀ।
ਹੇਹਰ* ਗ੍ਰਾਮ ਕਲੇਰ ਅਬਾਦੀ[1]। [1]ਹੇਹਰ ਤੇ ਕਲੇਰ (ਦੋ) ਪਿੰਡਾਂ ਦੀ ਆਬਾਦ (ਵਾਹੀ ਯੋਗ) ਜ਼ਮੀਨ। *ਹੇਹਰ ਪਿੰਡ, ਤਸੀਲ ਤੇ ਜ਼ਿਲ੍ਹਾ ਲਾਹੌਰ ਵਿੱਚ ਕੋਟ ਲਖਪਤ ਰੇਲਵੇ ਸਟੇਸ਼ਨ ਤੋਂ ਅਗਨ ਕੋਣ ੮ ਮੀਲ ਹੈ।

ਪੰਦ੍ਰਾਂ ਸਹਸ ਬਿਘੇ ਤਾਦਾਦੀ[1] ॥ ੧੨ ॥

[1]ਗਿਣਤੀ ਵਿੱਚ।

ਸਤਲੁਜ ਪਾਰ ਮਾਲਵੇ ਮਾਂਹੀ।
ਗੈਰ ਅਵਾਦ ਇਤਨ ਹੀ ਆਹੀ।
ਪ੍ਰਿਥੀਏ ਕਉ ਸੁਲਹੀ ਦੇਵਾਈ।
ਹੇਹਰੈ ਬਸਜੋ ਪ੍ਰਿਥੀ ਸਸਿ ਜਾਈ ॥ ੧੩ ॥
ਅੰਮ੍ਰਿਤ ਸਰ ਸਮ ਤਾਲ ਲਗਾਵਨ।
ਲਗਜੋ ਜਬੈ ਤਹਿਂ ਮੇਲਾ ਲਾਵਨ।
ਯਹਿ ਸੁਨਿ ਪੁਨ ਗੁਰ ਬੈਨ ਉਚਾਰਾ।
ਜਲ ਨਹਿ ਰਹਿ ਤਹਿਂ ਤਾਲ ਮਝਾਰਾ ॥ ੧੪ ॥
ਸੁਨਿ ਪ੍ਰਿਥੀਏ ਬਹੁ ਜਤਨ ਕਰਾਏ।
ਤੌ ਭੀ ਜਲ ਨਹਿ ਤਹਿਂ ਰਹਵਾਏ।
ਜੋ ਅਬਿ ਲੌ ਭੀ ਸੁਸਕ ਰਹਾਵਤ[1]।

[1]ਸੁੱਕਾ ਰਹਿੰਦਾ ਹੈ।

ਗੁਰੂ ਬਚਨ ਕੋ ਸਹੀ ਦਿਖਾਵਤ ॥ ੧੫ ॥

ਦੋਹਰਾ:

ਪ੍ਰਿਥੀ ਸਸਿ ਬੇਸਬਰ ਨੈ,
ਤੌ ਭੀ ਸਬਰ ਨ ਕੀਨ।
ਆਮਦਨੀ ਪ੍ਰਭਤਾ ਘਨੀ[1],

[1]ਬਹੁਤੀ ਵਡਿਆਈ।

ਗੁਰ ਕੀ ਪਿਖਿ ਹ੍ਵੈ ਖੀਨ[1] ॥ ੧੬ ॥

[1]ਦੁਖੀ, ਵਿਆਕੁਲ।

ਕਬਿੱਤ:

ਗੁਰੂ ਚੱਕ ਕੇਰ ਮਲਕੀਯਤ ਕੇ ਲੇਨ ਹੇਤ,
ਹਾਕਮ ਲਾਹੌਰ ਢਿਗ ਨਾਲਿਸ਼[1] ਗੁਜ਼ਾਰੀਆ[2]।

[1]ਫ਼ਰਿਆਦ। [2]ਕੀਤੀ।

ਫੌਜਦਾਰ ਖਾਨ ਸੁਲਹੀ ਕੀ ਫੁਰਮਾਇਸ਼ ਸੈਂ[1],

[1]ਸਿਫਾਰਸ਼ ਨਾਲ।

ਡਿਗਰੀ[1] ਕਰਾਇ ਕਰਿ ਲੈਨ ਚਾਹੀ ਸਾਰੀਆ।

[1]ਅਦਾਲਤ ਦਾ ਉਹ ਫ਼ੈਸਲਾ ਜਿਸ ਦੁਆਰਾ ਇਕ ਧੜੇ ਨੂੰ ਕੋਈ ਅਧਿਕਾਰ ਪ੍ਰਾਪਤ ਹੋਵੇ।

ਹੇਰ ਕੈ ਹਮੇਸ਼ ਕਾ ਕਲੇਸ਼ ਗੁਰੂ ਬਿਨਾ ਦੇਰ,
ਛੋਰ ਗੁਰ ਚੱਕ[1] ਜਾ ਬਡਾਲੀ[2] ਬਾਸ ਧਾਰੀਆ।

[1]ਅੰਮ੍ਰਿਤਸਰ। [2]ਅੰਮ੍ਰਿਤਸਰ ਤੋਂ ਛੇ ਸੱਤ ਮੀਲ ਦੂਰ ਇਕ ਪਿੰਡ।

ਤਹਾਂ ਹੀ ਗੁਰੂ ਕੇ ਘਰ ਸ਼ਾਹਜ਼ਾਦਾ ਭਯੋ ਵਰ[1],

[1]ਸ੍ਰੇਸ਼ਟ।

ਹਰਿ ਗੁਬਿੰਦ ਹਰਿ ਅਵਤਾਰ ਬਲਕਾਰੀਆ[1] ॥ ੧੭ ॥

[1]ਬਲਵਾਨ।

ਤਾਂ ਪਰ ਭੀ ਬਿਨਾ ਬਾਰ[1] ਕੀਨੇ ਬਹੁ ਪੀਨੇ ਵਾਰ[2],
ਮਤਸਰ ਧਾਰ[1] ਪ੍ਰਿਥੀ ਚੰਦ ਨਿਰਧਾਰ[2] ਹੈ।
ਦਾਈ ਸਿਖਰਾਈ ਲਾਇ ਜ਼ਹਰ ਥਨਾਂ ਕੋ ਆਈ,
ਪੂਤਨਾ[1] ਜਯੋਂ ਪਾਈ ਤਿਨ ਮ੍ਰਿਤ ਉਦਾਰ[2] ਹੈ।

[1]ਬਿਨਾਂ ਦੇਰੀ ਤੋਂ। [2](ਮਾਰਨ ਲਈ) ਤਕੜੇ ਵਾਰ ਕੀਤੇ।

[1]ਈਰਖਾ ਕਰਕੇ। [2]ਨਿਸਚਾ ਕਰਕੇ।

[1]ਪੂਤਨਾ, ਬਲ ਦੀ ਪੁੱਤਰੀ, ਵਕਾਸੁਰ ਤੇ ਅਘਾਸੁਰ ਦੀ ਭੈਣ ਜੋ ਕੰਸ ਦੀ ਪ੍ਰੇਰੀ ਹੋਈ ਦਾਈ ਬਣ ਕੇ ਨੰਦ ਦੇ ਘਰ ਥਣਾਂ ਨੂੰ ਜ਼ਹਿਰ ਲਾ ਕੇ ਦੁੱਧ ਪਿਲਾਣ ਦੇ ਬਹਾਨੇ ਕ੍ਰਿਸ਼ਨ ਨੂੰ ਮਾਰਨ ਗਈ ਸੀ। [2]ਚੰਗੀ ਮੌਤ।

ਫੇਰ ਰੂਪੇ ਡੋਗਰ ਖਿਲਾਵੇ ਤੈ ਦਿਲਾਈ ਵਿਸ[1],
ਔਰ ਏਕ ਦ੍ਵਜ ਤੈ[1] ਕਰਾਈ ਏਹੁ ਕਾਰ ਹੈ।
ਇਤਜਾਦਿ ਬੁਰਿਆਈ ਪ੍ਰਿਥੀ ਸਸਿ ਜੋ ਕਮਾਈ,
ਲਿਖੀ ਭਾਈ[1] ਸੂਰਜ ਪ੍ਰਕਾਸ਼ ਮਾਂਹਿ ਸਾਰ[2] ਹੈ ॥੧੮॥

[1]ਜ਼ਹਿਰ।

[1]ਬ੍ਰਹਮਣ ਤੋਂ (ਇਸ ਦਾ ਨਾਮ ਤੁਲਸੀ ਦਾਸ ਸੀ)।

[1]ਭਾਈ ਸੰਤੋਖ ਸਿੰਘ ਜੀ ਨੇ। [2]ਸਾਰੀ।

ਤਾਂਹੀ ਸਮੇਂ ਚੰਦੂ ਸ਼ਾਹੀ ਥਾ ਦਿਵਾਨ[1] ਬਾਦਸ਼ਾਹੀ,
ਤਾਂਹਿ ਘਰ ਸੁਤਾ ਆਹੀ[1] ਹੇਤ ਤਾਂ ਸਗਾਈ[2] ਹੈ।
ਨਾਈ ਦ੍ਵਜ ਕਰਗੇ ਪਸਿੰਦ ਹਰਿ ਗੋਬਿੰਦ ਜੀ ਕੋ,
ਤਾਂ ਪਰ ਦਿਵਾਨ ਸ ਗੁਮਾਨ ਯੌਂ ਅਲਾਈ ਹੈ।
ਖੱਤ੍ਰੀ ਪੁਜਾਰੀ ਵਹਿ ਮਾਰੀ ਜਾਤਿ ਮੋਰੀ ਸਮ[1],
ਈਂਟ ਏ ਚੁਵਾਰੇ ਕੀ ਕੁਲੀਨ ਮੇਰੀ ਜਾਈ[1] ਹੈ।
ਐ ਪੈ ਏਕ ਬਾਤ ਨੀਕ ਹੈ ਬਖਜਾਤ ਮੇਰੀ ਸੁਤਾ,
ਪੀਰ[1] ਘਰ ਜੈ ਹੈ ਔਸ ਦੈ ਹੈ ਜਗ ਮਾਈ ਹੈ ॥੧੯॥

[1]ਨਾਜ਼ਿਮ, ਸੂਬੇ ਦਾ ਮਾਲ ਮੰਤ੍ਰੀ।

[1]ਪੁੱਤਰੀ ਸੀ। [2]ਉਸ ਦੀ ਮੰਗਣੀ ਵਾਸਤੇ।

[1](ਉਨ੍ਹਾਂ ਦੀ) ਮੋਰੀ ਵਾਂਗ ਮਾੜੀ ਜ਼ਾਤ ਹੈ।

[1]ਪੁੱਤਰੀ।

[1]ਗੁਰੂ।

ਸੁਨਿ ਕੈ ਗਰਬ ਭਰੀ ਬਾਨੀ ਏਹੁ ਨਾਹਿ ਜਰੀ[1],
ਸਿੱਖਨ ਖਬਰ ਖਰੀ[1] ਗੁਰੁ ਪੈ ਪੁਚਾ ਦਈ।
ਇਸੀ ਹੇਤੁ ਗੁਰੂ ਚਾਹਿ[1] ਨਾਤਾ ਮੋੜ ਦੀਨੋ ਤਾਂਹਿ,
ਸੁਨਿ ਕੈ ਦੀਵਾਨ ਬੈਰਿ ਬੁਧੀ ਠਾਂਨ ਹੈ ਲਈ।
ਜਦਜਪਿ ਹੱਤਕ ਨਿਜ ਅਧਿਕ ਦਿਵਾਨ ਮਾਨ,
ਰਹਜੋ ਬਲ ਠਾਨ ਪਰ ਪੇਸ਼ ਕੁਛ ਨਾ ਗਈ।
ਪ੍ਰਿਥੀ ਸਸਿ ਸਾਰ[1] ਪਾਇ ਮਿਲਜੋ ਤਬਿ ਤਾਂਹਿ ਜਾਇ,
ਜੈਸੇ ਕੋ ਤੈਸਾ ਮਿਲਾਇ ਬਾਤ ਜਬਿ ਏ ਭਈ

[1]ਨ ਸਹਾਰੀ।

[1]ਅਸਲ, ਠੀਕ।

[1]ਇਸੇ ਕਾਰਨ ਕਰ ਕੇ ਗੁਰਾਂ ਨੇ {ਚਾਹਿ} ਸੋਚ ਕੇ।

[1]ਖਬਰ।

॥੨੦॥

ਔਰ ਦੋ ਪਠਾਨ ਹੁਤੇ ਸੁਲਹੀ ਸੁਲੱਬੀ ਖਾਨ,
ਚੌਕਰੀ ਚੰਡਾਲ ਠਾਨ[1] ਤੁਹਮਤੇਂ[2] ਲਗਾਇ ਹੈਂ। [1]ਚੰਡਾਲ ਚੌਂਕੜੀ (ਇਕੱਠੀ) ਕਰਕੇ। [2]ਦੋਸ਼।
ਸ਼ਾਹਿ ਤੈ ਹੁਕਮ ਲੀਨ ਹਨੂਮਾਨ ਵਾਰੋ[1] ਚੀਨ[2], [1]ਹਨੂਮਾਨ ਵਾਲਾ ਹੁਕਮ ਭਾਵ ਛੇਤੀ ਪਹੁੰਚਣ ਵਾਲਾ। [2]ਜਾਣੋ।
ਦੋ ਸੈ ਅਸਵਾਰ ਦੀਨ ਸੁਲਬੀ ਸੰਗਾਇ ਹੈਂ।
ਗੁਰੁ ਅਰਜਨ ਪਰ ਆਯੋ ਅਰਿ ਜੋਸ਼ ਧਰਿ,
ਪ੍ਰਿਥੀ ਸਸਿ ਸੰਗ ਤਰ ਕੋਪ[1] ਕੋ ਬਢਾਇ ਹੈਂ। [1]ਬਹੁਤਾ ਕ੍ਰੋਧ।
ਐ ਪੈ ਪ੍ਰਹਿਲਾਦ ਸਮ ਰੱਛਕ ਜੈਂ[1] ਆਦਿ ਬ੍ਰਹਮ, [1]ਜਿਨ੍ਹਾਂ ਦੇ।
ਤਾਂਹਿ ਕਾਂਹਿ ਗਮ ਭ੍ਰਮ ਦੋਖੋ ਕਿਆ ਬਨਾਇ ਹੈਂ

॥੨੧॥

ਉਤਰੇ ਬਜਾਸ ਜਬਿ ਪੁਗੀ ਨਾਂਹਿ[1] ਆਸ ਤਾਂਹਿ, [1]ਪੂਰੀ ਨ ਹੋਈ।
ਸੱਯਦ ਹਸਨ ਅਲੀ ਕੋਪ ਧਰਿ ਆਯੋ ਹੈ।
ਸੁਲਹੀ ਕੇ ਪਦਰ ਪੈ[1] ਰਹਜੋ ਹੁਤੋ ਨੌਕਰ ਸੋ, [1]ਪਿਤਾ ਕੋਲ।
ਮਾਂਗੀ ਤਨਖਾਹਿ ਤਾਂਹਿ, ਸਖਤ ਅਲਾਯੋ ਹੈ[1]। [1](ਸੁਲਬੀ ਨੇ) ਕਰੜੇ (ਬਚਨ) ਕਹੇ।
ਸੱਯਦ ਨੈ ਗਾਰਿ ਸੁਨਿ ਖੈਂਚ ਤਰਵਾਰ ਮਾਰਿ,
ਸੁਲਬੀ ਕਾ ਕਾਟਿ ਸਿਰ ਧਰ ਪੈ ਗਿਰਾਯੋ ਹੈ।
ਸੰਗੀ ਹਟ ਗਏ ਪਾਛੇ ਗੁਰੂ ਈਸ ਰਾਖੇ ਆਛੇ,
ਦੁਸ਼ਟਨ ਉਪਾਇ ਭੂਤ ਆਰਗ ਜਯੋਂ ਬਿਲਾਇ ਹੈਂ[1] [1]ਦੁਸ਼ਟਾਂ ਦੇ ਜਤਨ ਭੂਤਾਂ ਦੀ ਅੱਗ ਵਾਂਗ ਛਪ ਗਏ।

॥੨੨॥

ਏਹੁ ਸੁਨਿ ਚੰਦੂ ਮੰਦੂ ਪ੍ਰਿਥੀ ਸਸਿ ਫਰਿ ਫੰਧੂ[1], [1]ਮਾੜੇ ਚੰਦੂ ਨੇ ਪ੍ਰਿਥੀ ਚੰਦ ਨੂੰ ਵੀ ਫੜ ਕੇ (ਨਾਲ) ਫਸਾ ਲਿਆ।
ਸ਼ਾਹਿ ਪੈ ਸੁਨਾਯੋ ਗੁਰੂ ਸੁਲਬੀ ਕਟਾ ਦਯੋ।
ਰਾਖਤ ਹੈ ਚੋਰ ਪਾਸ ਧਾੜਵੀ ਅਪਾਰ ਖਾਸ,
ਐਸੀ ਐਸੀ ਕਹਿ ਦਿਲ ਸ਼ਾਹਿ ਕਾ ਫਟਾ ਦਯੋ।
ਸੁਲਹੀ ਖਾਂ ਫੌਜਦਾਰ ਚੰਦੂ ਮੰਦੂ ਖਾਰ ਧਾਰਿ[1], [1]ਈਰਖਾ ਕਰਕੇ।
ਪਾਂਚ ਸੌ ਸ੍ਵਾਰ ਸੰਗ ਗੁਰੂ ਪੈ ਚਢਾ ਦਯੋ।
ਹੇਹਰ ਗਰਾਮ ਆਇ ਗਿਨੇ ਬਹੁ ਦਾਇ ਘਾਇ
ਇਨਿ ਠਟੀ[1] ਔਰ ਹਰਿ ਔਰ ਹੀ ਠਟਾ ਦਯੋ[2] [1]ਧਾਰੀ, ਸਕੀਮ ਸੋਚੀ। [2]ਕਰ ਦਿੱਤੀ।

॥੨੩॥

ਪਾਇ ਏਹੁ ਸਾਰ[1] ਗੁਰੂ ਕਰਤਾਰ ਪਾਸ ਖਾਸ[2], [1]ਖ਼ਬਰ। [2]ਆਪ।

ਕਰੀ ਅਰਦਾਸ ਦਾਸ ਰੱਖਕ ਸੁਨੀਜੀਏ।
ਮਾਰ ਜਜੋਂ ਜਲਾਦ[1] ਅਹਿਲਾਦ ਸਹਿ[2] ਆਦਿ ਪ੍ਰਭ,
[1]ਹਰਨਾਖਸ਼। [2]ਅਨੰਦ ਨਾਲ।
ਪ੍ਰਹਿਲਾਦ ਰਾਖਜੋ ਪੈ ਸਧਨਾ ਗੁਨੀਜੀਏ[1]।
[1]ਵਿਚਾਰੋ।
ਬਾਰਨ ਕੀ ਬਾਰ ਜਿਮ ਬਾਰ ਨ ਲਗਾਈ[1],
[1]ਜਿਵੇਂ ਹਾਥੀ ਦੀ (ਰੱਖਿਆ ਕਰਨ) ਵਾਰੀ ਦੇਰ ਨਹੀਂ ਲਾਈ ਸੀ।
ਔ ਬਢਾਈ ਰਾਸਿ ਚੀਰ ਪੀਰ ਦ੍ਰੌਪਤੀ ਹਨੀਜੀਏ[1]।
[1]ਅਤੇ ਬਹੁਤੇ ਬਸਤ੍ਰ ਵਧਾ ਕੇ ਦ੍ਰੌਪਤੀ ਦੀ ਪੀੜਾ ਨਾਸ ਕੀਤੀ।
ਅੰਮਰੀਕ ਆਦਿ ਕੀ ਤਦਾਦ[1] ਕੌਨ ਸਾਕੈ ਕਹਿ,
[1]ਗਿਣਤੀ।
ਮਰਯਾਦ ਸਾਧੁ ਪਾਲ[1] ਤੂੰਹੈਂ ਹੀ ਸੁਨੀਜੀਏ ॥੨੪॥
[1](ਧਰਮ ਦੀ) ਮਰਯਾਦਾ ਤੇ ਸਾਧੂਆਂ ਦੀ ਪਾਲਣਾ ਕਰਨ ਵਾਲਾ।

ਗੁਰੂ ਕਾ ਵੀਚਾਰ ਕਰਤਾਰ ਮਨਜ਼ੂਰ ਕੀਨ,
ਉਤ ਦਿਸ ਪਾਪੀ ਪਾਪ ਚਿਤਵਤ ਪ੍ਰੇਰਯੋ।
ਚਢਯੋ ਜੌਂ ਸ਼ਿਕਾਰ ਖਾਨ ਸੁਲਹੀ ਪ੍ਰਮੋਦ ਮਾਨ,
ਪੇਖਬੇ ਕੇ ਹੇਤ ਆਵੇ ਦਿਸ[1] ਅਸ੍ਵ ਫੇਰਯੋ।
[1]ਭੱਠੇ ਦੀ ਤਰਫ਼।
ਉਡਯੋ ਜਨਾਵਰ ਉਝਕ ਕਰਿ[1] ਘੋੜਾ ਤਾਂਹਿ,
[1]ਤ੍ਰੱਬਕ ਕੇ।
ਰੁਕਯੋ ਨ ਕਾਂਹਿ ਵਾਂਹਿ ਆਵੇ ਮਧ ਗੇਰਯੋ।
ਜਰਯੋ ਸਮੇਤ ਅਸ੍ਵ ਮਰਯੋ ਸੁ ਕਾਫਰ ਹ੍ਵੈ
ਪਰਯੋ ਨਰਕ ਭਰਯੋ ਕੀਓ ਨਿਜ ਹੇਰਯੋ[1] ॥੨੫॥
[1]ਆਪਣੇ ਕੀਤੇ (ਮਾੜੇ ਕਰਮਾਂ ਦਾ ਫਲ) ਪਾਉਂਦਾ ਵੇਖਿਆ।

ਛਪਯ:
ਨਿਰਵੈਰਨ ਸੋਂ ਵੈਰ ਕਰਤ,
ਨਾਹੱਕ[1] ਜਨ ਜੋਈ।
[1]ਬਿਨਾਂ ਕਾਰਨ ਦੇ।
ਸੁਲਹੀ ਜਜੋਂ ਝਰ ਪਰਤ,
ਮਰਤ ਅਵਗਤਿ[1] ਗਹਿ ਸੋਈ।
[1]ਬੇਗਤਿ, ਜਿਸ ਦੀ ਮੁਕਤੀ ਨਾ ਹੋਵੇ।
ਸੰਤ ਸਹਾਈ ਸਦਾ ਈਸ,
ਜਸ ਬੇਦ ਬਖਾਨਤ।
ਨਿਜ ਦਾਸਨ ਹਿਤ ਆਪ ਹਰੀ,
ਅਵਤਾਰ ਸੁ ਠਾਨਤ।
ਯਹਿ ਕੌਤਕ ਅਜ਼ਮਤ ਪੇਖ ਕੈ,
ਪ੍ਰਿਥੀ ਚੰਦ ਬਿਸਮੈ ਰਹਯੋ।
ਉਤ ਚੰਦੂ ਮੱਲ ਦਿਵਾਨ ਸੁਨਿ,

ਦੁਸ਼ਟ ਪੁਸ਼ਟ[1] ਮਨਿ ਦੁਖ ਲਹਯੋ ॥੨੬॥
[1]ਵੱਡੇ ਦੁਸ਼ਟ ਨੇ।

ਕਈ ਮਾਸ ਕੇ ਬਾਦ
ਬਾਦਸ਼ਾਹ ਅਯੋ ਲਹੌਰੈਂ।
ਪ੍ਰਿਥੀ ਚੰਦ ਜਬ ਚਲਯੋ,
ਮਿਲਨ ਚੰਦੂ ਕੋ ਗੌਰੈਂ[1]।
[1](ਕਿਸੇ ਸਾਜ਼ਸ਼ ਦੇ) ਖ਼ਿਆਲ ਨਾਲ।

ਕੁਦਰਤਿ ਈਸ਼ਰ ਪਾਇ,
ਸੂਲ ਉਠਿ ਮਰਯੋ ਸੁ ਮਗ ਮਹਿਂ।
ਮਿਹਰਵਾਨ ਸੁਤ ਤਾਂਹਿ,
ਗਯੋ ਪੁਨ ਚਲਿ ਚੰਦੂ ਪਹਿ।
ਮਿਲਿ ਮਤਾ ਦੁਹੂੰ ਕਰਿ ਸ਼ਾਹਿ ਪੈ,
ਚੁਗਲੀ ਉਗਲੀ[1] ਜਾਇ ਅਸ।
[1]ਕਹੀ।

ਯਹ ਕਰੇ ਖੂੰਨ ਅਰਜਨ ਗੁਰੂ,
ਸੁਲੱਬੀ ਸੁਲਹੀ ਪ੍ਰਿਥੀ ਸਸਿ ॥੨੭॥
ਅਰਧ ਲਾਖ ਰੁਪੱਯਾ ਦੱਯਾ,
ਬਾਕੀ ਬਹੁ ਮੱਦਤ।
ਖੁਸਰੋ ਸ਼ਾਹੀ ਸ਼ਤ੍ਰੂ ਤਈਂ,
ਦੀਨੋ ਕਰਿ ਸ਼ਿੱਦਤ[1]।
[1]ਬਹੁਤੇ ਕਰਕੇ।

ਪੁਨ ਤਾਂ ਕੋ ਥਾ ਕਹਯੋ,
ਸ਼ਾਹਿ ਤੂੰ ਹੀ ਬਨ ਜੈਹੈਂ।
ਚੋਰ ਧਾੜਵੀ ਰਾਖ,
ਬਹੁਤ ਡਾਕੈ ਮਰਵੈ ਹੈਂ।
ਵਹਿ ਜਮਾਂ ਖਜਾਨਾ ਰਖਤ ਬਹੁ,
ਸਚਾ ਸ਼ਹਿ ਕਹਿਲਾਤ ਪੁਨ।
ਕਛ ਕਰੁਗ[1] ਫਸਾਦ ਉਮੈਦ ਹੈ,
ਜਨ ਲਾਖੋਂ ਭਏ ਮੁਰੀਦ ਗੁਨ ॥੨੮॥
[1]ਕਰੇਗਾ।

ਇਤਜਾਦਕ ਬਹੁ ਬਾਤ,
ਕੂਰ[1] ਉਨ ਕੂਰਨ ਗਾਈ[2]।
[1]ਝੂਠ। [2]ਝੂਠਿਆਂ ਨੇ ਕਹੀ।

ਇਸੀ ਕਦਰ[1] ਇਕ ਵਾਰ,
[1]ਇਸੇ ਤਰ੍ਹਾਂ।

ਨਵੀਸਨ ਤੇ[1] ਭਿ ਲਿਖਾਈ।
[1]ਮੁਨਸ਼ੀਆਂ ਤੋਂ।

ਯੌਂ ਬਹੁ ਲੂਤੀ[1] ਲਾਇ,
[1]ਚੁਆਤੀ ਭਾਵ ਚੁਗਲੀ।

ਸ਼ਾਹ ਕਾ ਮਨ ਭ੍ਰਮਾਯੋ।
ਤੂਰਨ[1] ਪੂਰਨ ਗੁਰੂ ਤਈਂ, [1]ਛੇਤੀ।
ਲਵ ਪੁਰ[1] ਮੰਗਵਾਯੋ। [1]ਲਾਹੌਰ।
ਪੁਨ ਮੁਲਾਕਾਤ ਪਤਿਸ਼ਾਹਿ ਸੋਂ,
ਖਾਂ ਵਜੀਰ ਦ੍ਵਾਰੇ[1] ਭਈ। [1]ਰਾਹੀਂ।
ਪਿਖਿ ਨੂਰ ਜਹੂਰ ਦਿਦਾਰ ਗੁਰੁ[1], [1]ਗੁਰਾਂ ਦੇ ਦਰਸ਼ਨਾਂ ਦੇ ਪ੍ਰਕਾਸ਼ ਦੀ ਚਮਕ ਦੇਖ ਕੇ।
ਬਾਦਸ਼ਾਹਿ ਕੀ ਸ਼ੱਕ ਗਈ ॥੨੯॥
ਦੋਹਰਾ:
ਸ਼ਾਹਿ ਕਹਯੋ ਜੋ ਆਪ ਨੇ,
ਕੀਨੀ ਨਈ ਕਿਤਾਬ।
ਹਿੰਦੂ ਤੁਰਕ ਦੁਹਿ ਮੈਂ ਬਡੋ,
ਰਾਖਯੋ ਕਾਹਿ ਸਵਾਬ[1] ॥੩੦॥ [1]ਕਿਸ (ਕਰਮ ਦਾ) ਪੁੰਨ।
ਯਹਿ ਸੁਨਿ ਸਤਿਗੁਰ ਸ਼ਬਦ ਪੁਨ,
ਉਚਾਰਯੋ ਤਾਂਹਿ ਜਵਾਬ।
ਸੁਨੋ ਸ੍ਰੋਤਾ ਸ਼ਬਦ ਵਹਿ,
ਕਾਟਕ[1] ਸਿਖਨ ਅਜਾਬ[2] ॥੩੧॥ [1]ਕੱਟਣ ਵਾਲਾ। [2]ਸਿਖਾਂ ਦੇ ਦੁੱਖ।
ਸ੍ਰੀ ਮੁਖ ਵਾਕ
ਰਾਮਕਲੀ ਮਹਲਾ ੫ ॥
ਕੋਈ ਬੋਲੈ ਰਾਮ ਰਾਮ ਕੋਈ ਖੁਦਾਦਿ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥
ਕਾਰਣ ਕਰਣ[1] ਕਰੀਮ[2] ॥ [1](ਸੰਸਾਰ ਦੇ) ਕਾਰਨਾਂ ਨੂੰ ਕਰਨ ਵਾਲੇ। [2]ਬਖ਼ਸ਼ਸ਼ ਕਰਨ ਵਾਲਾ।
ਕਿਰਪਾ ਧਾਰਿ ਰਹੀਮ[1] ॥੧॥ ਰਹਾਉ ॥ [1]ਰਹਿਮ ਕਰਨ ਵਾਲਾ, ਕ੍ਰਿਪਾਲੂ।
ਕੋਈ ਨਾਵੈ ਤੀਰਥਿ ਕੋਈ ਹਜ[1] ਜਾਇ। [1]ਮੱਕੇ ਦੀ ਯਾਤ੍ਰਾ।
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ[1] ॥੨॥ [1]ਨਿਮਾਜ਼ ਪੜ੍ਹਦਾ ਹੈ।
ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ[1] ਨੀਲ ਕੋਈ ਸੁਪੇਦ[2] ॥੩॥ [1]ਪਹਿਨਦਾ ਹੈ। [2]ਚਿੱਟੇ (ਬਸਤ੍ਰ)।
ਕੋਈ ਕਹੈ ਤੁਰਕੁ ਕੋਈ ਕਹੇ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ[1] ॥੪॥ [1]ਬੈਕੁੰਠ।
ਕਹੁ ਨਾਨਕ ਜਿਨਿ ਹੁਕਮ ਪਛਾਤਾ ॥

ਪ੍ਰਭ ਸਾਹਿਬ ਕਾ ਤਿਨ ਭੇਦੁ ਜਾਤਾ ॥ ੫ ॥ ੯ ॥
(ਪੰਨਾ ੯੯੫)

ਚੌਪਈ:

ਬਾਦ ਪੱਖ[1] ਜੇ ਜਰਾ ਨ ਠਾਨੈ। [1]ਪੱਖ-ਪਾਤ।
ਰਾਮ ਖੁਦਾਇ ਏਕ ਕਰਿ ਮਾਨੈ।
ਸਬਿ ਦੁਨੀਆ ਮੈਂ ਨੂਰ ਇਲਾਹੀ।
ਪਿਖਿ ਭਜ ਹੈਂ ਤਜ ਹੈਂ ਗੁਮਰਾਹੀ[1] ॥ ੩੨ ॥ [1]ਭੁੱਲ।
ਤਜਿ ਬਦ ਅਮਲ ਨੇਕ ਮਗ ਸਜੈ।
ਵਾਹਦ ਏਕ[1] ਖੁਦਾ ਕੋ ਭਜੈ। [1]ਇੱਕੋ ਇਕ।
ਸੰਗਤ ਕਰੈ ਆਰਫਨ ਕੇਰੀ[1]। [1]ਆਤਮ ਗਿਆਨੀਆਂ ਦੀ।
ਕਰੈ ਬੰਦਗੀ ਤਜਿ ਮੈਂ ਮੇਰੀ ॥ ੩੩ ॥
ਹਿੰਦੂ ਤੁਰਕ ਹੋਇ ਕਿ ਨ ਕੋਈ।
ਪੈ ਹੈ ਭਿਸ਼ਤ ਪਰਮ ਗਤਿ ਸੋਈ।
ਇਤਜਾਦਿਕ ਗੁਰ ਕੇ ਸੁਨਿ ਬੈਨਾ।
ਸ਼ਾਹਿ ਭਯੋ ਖੁਸ਼ ਪਾਈ ਚੈਨਾ ॥ ੩੪ ॥
ਬੋਲ ਚਾਲ ਲਜਾਕਤ[1] ਪਹਿਰਾਵਾ। [1]ਯੋਗਤਾ।
ਪੇਖਿ ਸ਼ਾਹਿ ਕੇ ਮਨ ਦਿਢ[1] ਆਵਾ। [1]ਨਿਸਚਾ।
ਯਹਿ ਨਹਿ ਹਿਰਸ[1] ਰਖਤ ਦੁਨਿਆਵੀ। [1]ਇੱਛਾ।
ਪੀਰ ਫਕੀਰ ਨਫਸ ਪਰ[1] ਹਾਵੀ[2] ॥ ੩੫ ॥ [1]ਮਨ ਉੱਤੇ। [2]ਕਾਬੂ ਪਾਇਆ ਹੋਇਆ ਹੈ।
ਕੁਛ ਵਜ਼ੀਰ ਖਾਂ ਢਿਗ ਤੈ ਮਹਿਮਾ।
ਕਰੀ ਤੁ ਮਿਟਜੋ ਸ਼ਾਹਿ ਕਾ ਵਹਿਮਾ।
ਖਿਲਤ[1] ਮੋਲ ਬਡ ਕਾ ਕੁਛ ਨਕਦੀ। [1]ਸਿਰੋਪਾਓ, ਪੁਸ਼ਾਕਾ।
ਕਰੀ ਨਜ਼ਰ[1] ਗੁਰ ਕੀ ਸ਼ਾਹਿ ਅਗਦੀ[2] ॥ ੩੬ ॥ [1]ਭੇਟਾ। [2]ਬਾਦਸ਼ਾਹ ਨੇ ਅੱਗੋਂ (ਆਪਣੇ ਵੱਲੋਂ)।
ਯਹਿ ਪਿਖਿ ਚੰਦੂ ਦੁਸ਼ਟ ਰਿਸਾਯੋ।
ਅਵਸਰ[1] ਪਾਇ ਸ਼ਾਹਿ ਢਿਗ ਜਾਯੋ[2]। [1]ਸਮਾਂ। [2]ਜਾ ਕੇ।
ਕਹਯੋ ਯਾਂਹਿ ਢਿਗ ਬਹੁਤ ਖਜ਼ਾਨਾ।
ਹੈ ਕਹਿਲਾਵਤ ਸ਼ਾਹਿ ਸਚਾਨਾ[1] ॥ ੩੭ ॥ [1]ਸੱਚਾ ਪਾਤਸ਼ਾਹ।
ਸ਼ਾਹੀ ਦੁਸ਼ਮਨ ਖੁਸਰੋ ਤਾਂਈ।
ਅਰਧ ਲਾਖ ਦਿਯ ਰਜਤਪਣਾਈ[1]। [1]ਰੁਪਏ।
ਕਰਯੋ ਵਾਇਦਾ[1] ਤਖਤ ਦਿਲੈ ਹੈਂ। [1]ਇਕਰਾਰ।

ਸ਼ਿੱਦਤ ਕਰਿ[1] ਮੱਦਤ ਦਈ ਐ ਹੈਂ[2] ॥ ੩੮ ॥

[1]ਬਹੁਤ ਕਰਕੇ। [2]ਇਸ ਤਰ੍ਹਾਂ (ਅ) ਇਨ੍ਹਾਂ ਨੇ।

ਦੋਹਰਾ:

ਯਾ ਬਿਧਿ ਦੁਸ਼ਟ ਸਿਖਾਇ ਸ਼ਹਿ,
ਹੁਕਮ ਦਿਲਾਯੋ ਯਾਹਿ।
ਸ਼ਾਹੀ ਦੁਸ਼ਮਨ ਕੋ ਦਈ,
ਮੱਦਦ ਜੋ ਗੁਰੁ ਚਾਹਿ ॥ ੩੯ ॥

ਕੈ ਦੋ ਲਾਖ ਚੱਟੀ[1] ਦਿਵੈਂ,
ਨਹੀ ਤਾਂ ਕੈਦ ਰਹਾਂਹਿ।
ਯਹਿ ਕਹਿ ਸ਼ਾਹਿ ਸ ਵਜ਼ੀਰ ਖਾਂ,
ਲਯੋ ਪਸ਼ਾਵਰ ਰਾਹਿ ॥ ੪੦ ॥

[1]ਦੰਡ, ਜੁਰਮਾਨਾ।

ਕੋਤਵਾਲ ਨੈ ਗੁਰੂ ਕੌ,
ਕੀਨੋ ਤਬੈ ਅਸੀਰ[1]।
ਸੁਨਿ ਸਿੱਖਨ ਮਿਲ ਕੈ ਚਹਯੋ,
ਦੈਨੀ ਜਰੇ ਕਸੀਰ[1] ॥ ੪੧ ॥

[1]ਕੈਦੀ।

[1]ਬਹੁਤਾ ਧਨ।

ਪੈ ਚੰਦੂ ਮੰਦੂ ਤਬੈ,
ਸਮਾਂ ਪੇਖਿ ਝਟ ਜਾਇ।
ਹ੍ਵੈ ਜ਼ਾਮਨ ਖੁਦ ਗੁਰੂ ਕੌ,
ਕੈਦ ਕਰਯੋ ਘਰ ਲਜਾਇ ॥ ੪੨ ॥

ਪੈੜਾ ਪੈਰਾਣਾ ਜੇਠਾ,
ਲੰਕਾ[1] ਬਿਧੀਆ, ਜੈਦ।
ਸਿੱਖ ਜੁ ਥੇ ਯਹਿ ਗੁਰੂ ਸੰਗਿ,
ਔਰ ਠੌਰ ਕਿਯੇ ਕੈਦ ॥ ੪੩ ॥

[1]ਲੰਕਾਹਾ।

ਨਿਜ ਪੁੱਤ੍ਰੀ ਕਾ ਸਾਕ ਪੁਨ,
ਚੰਦੂ ਹਿਤ ਮਨਵਾਨ।
ਤਸਦੀਏ[1] ਦੀਏ ਘਨੇ,
ਗੁਰ ਕੋ ਦੁਸ਼ਟ ਸ਼ਿਤਾਂਨ ॥ ੪੪ ॥

[1]ਤਸੀਹੇ, ਕਸ਼ਟ।

ਚੌਪਈ:

ਪ੍ਰਿਥਮ ਦੇਗ ਕੇ ਬੀਚ ਬੈਠਾਏ।
ਨੀਚੇ ਲਕਰੀ ਭਾਰ ਜਲਾਏ।
ਗੁਰੁ ਕੋ ਭਯੋ ਜਾਨ ਤਸਦੀਆ।

ਸਹਿ ਨਹਿ ਸਕਯੋ ਪਿਰਾਣਾ ਜੀਆ ॥ ੪੫ ॥
ਅਰਜ ਗੁਰੂ ਢਿਗ ਦੌਰ ਸੁ ਕਰੀ।
ਹੇ ਗੁਰੁ ਦਿਹੁ ਇਸ਼ਾਰਤ ਜਰੀ[1]। [1]ਥੋੜਾ ਜਿਹਾ ਇਸ਼ਾਰਾ।
ਦਿੱਲੀ ਲਵ ਪੁਰ ਕੋ ਗਹਿ ਕਰ ਮੈਂ[1]। [1]ਹੱਥ 'ਚ ਫੜ ਕੇ।
ਮੇਂਢਨ ਜਯੋਂ ਭਿੜਾਇ ਦਿਹੁੰ ਹਰ ਮੈਂ[1] ॥ ੪੬ ॥ [1]ਛੱਤ੍ਰਿਆਂ ਵਾਂਗ ਭਿੜਾ ਕੇ ਮਾਰ ਦਿਆਂਗਾ।
ਕਹੋ ਤ ਤੁਰਕਨ ਮੂਲ ਉਪਾਰੋਂ[1]। [1]ਜੜ੍ਹਾਂ ਪੁੱਟ ਦਿਆਂ।
ਯਾ ਚੰਦੂ ਕੋ ਸਹਿ ਕੁਲ ਗਾਰੋਂ[1]। [1]ਸਣੇ ਕੁਲ ਗਾਲ੍ਹ ਦਿਆਂ।
ਗੁਰੂ ਕਹਯੋ ਜਹਿਂ ਤੈ ਤੈਂ ਪਾਈ।
ਸ਼ਕਤਿ ਤਹਾਂ ਕਿਯਾ ਨਹੀ ਇਤਾਈ[1] ॥ ੪੭ ॥ [1]ਇਤਨੀ ਕੁ।
ਜਰਨਾ ਕਰ ਨਾਂਹਿ ਤ ਖਿਚ ਲੈ ਹੈਂ।
ਛੂਛਾ[1] ਰਹਿ ਫਿਰ ਅਤਿ ਦੁਖ ਪੈ ਹੈਂ। [1]ਖਾਲੀ।
ਹਮ ਯਹਿ ਭਾਵੀ[1] ਮਾਨ ਅਕਾਲ। [1]ਹੋਣੀ, ਭਾਣਾ।
ਦੁਸ਼ਟ ਮੁੰਡ[1] ਦੈ ਦੋਸ਼ ਕਰਾਲ[2] ॥ ੪੮ ॥ [1]ਸਿਰ। [2]ਭਿਆਨਕ।
ਤਨ ਤਜ ਹੈਂ ਤੁਮ ਤੂਸ਼ਨਿ[1] ਰਹੋ। [1]ਚੁੱਪ।
ਹਰਖ ਸੋਗ ਕੁਛ ਹਮੈਂ ਨ ਕਹੋ।
ਹਮ ਨੇ ਇਮ ਹੀ ਕਾਰਨ ਕਰਨਾ।
ਤੁਮ ਨਹਿ ਜਾਨੋ ਮੋਹਿ ਅਚਰਨਾ[1] ॥ ੪੯ ॥ [1]ਕਰਤੱਬ, ਕੌਤਕ।
ਪੁਨ ਤਨ ਯਹਿ ਹੈ ਕੂਰ ਅਨਾਤਮ[1]। [1]ਝੂਠਾ ਤੇ ਜੜ੍ਹ ਹੈ।
ਹਮ ਸਤਿ ਚਿਤ ਆਨੰਦ ਪ੍ਰਮਾਤਮ।
ਦੇਹ ਸਬੰਧ ਜਰਾ ਮੁਹਿ ਨਾਹੀ।
ਦੁਖ ਸੁਖ ਫਲ ਕਾਰਨ ਤਨ ਪਾਹੀ ॥ ੫੦ ॥
ਆਤਮ ਇਸ ਤੇ ਨਿਆਰੋ ਰਹੈ।
ਜੈਸ ਸਦਨ ਮੈ[1] ਜਨ ਕੋ ਅਹੈ। [1]ਘਰ ਵਿੱਚ।
ਆਤਮ ਕਾਟਯੋ ਕਟੈ ਨ ਮਰੈ।
ਉਡੈ ਨ ਗਰੈ[1] ਨ ਅਗਨੀ ਜਰੈ ॥ ੫੧ ॥ [1]ਗਲਦਾ ਨਹੀਂ।
ਦੁਸ਼ਟ ਕਸ਼ਟ ਯਹਿ ਤਨ ਕੋ ਦੈ ਹੈਂ।
ਹਮ ਸਾਖੀ[1] ਨਜਾਰੋ ਦਰਸੈ ਹੈਂ। [1]ਗਵਾਹ ਰੂਪ ਬਣ ਕੇ।
ਗਜਾਨੀ ਅਗਜਾਨੀ ਕਾ ਭੇਦ।
ਇਤਨਾ ਹੀ ਹੈ ਕਹਿਂ ਸੰਤ ਬੇਦ ॥ ੫੨ ॥
ਅਗਜਾਨੀ ਮਾਨਤ ਤਨ ਮੈਂ ਹੂੰ।

ਗਜਾਨੀ ਜਾਨਤ ਮੈਂ ਤਨ ਨੈਹੂੰ।
ਤੁਮ ਭੀ ਯਹੀ ਗਜਾਨ ਉਰਿ ਧਰਿ ਕੇ।
ਪਿਖੋ ਮੌਨ ਰਹਿ ਕੌਤਕ ਹਰਿ ਕੇ ॥ ੫੩ ॥
ਦੇਗ ਵੀਚ ਤੈ ਗੁਰੂ ਨਿਕਾਰੇ।
ਚੰਦੂ ਪੁਨਾ ਕੁਵਾਕ ਉਚਾਰੇ।
ਕੂਕਰ ਮੁਏ ਜੁ ਤੁਮ ਥਾ ਕਹਾ।
ਤਾਂ ਕਾ ਫਲ ਯਹਿ ਤੁਮ ਨੇ ਲਹਾ ॥ ੫੪ ॥
ਅਬਿ ਭੀ ਨਾਤਾ[1] ਮੇਰਾ ਮਾਨੋ। [1]ਸਾਕ।
ਨਾ ਤਰ[1] ਦੈਹੌਂ ਕਸ਼ਟ ਮਹਾਨੋ। [1]ਨਹੀਂ ਤਾਂ।
ਗੁਰੂ ਕਹਯੋ ਦੰਤੀ ਕੇ ਦਾਂਤਾ[1]। [1]ਹਾਥੀ ਦੇ ਦੰਦ।
ਕੇਲੇ ਫਲ, ਤਿਯ[1], ਤੇਲ[2], ਬਖਜਾਤਾ ॥ ੫੫ ॥ [1]ਇਸਤ੍ਰੀ (ਦਾ ਹਠ)। [2]ਤਿਲ ਆਦਿ ਦੇ (ਬੀਜਾਂ ਵਿੱਚੋਂ) ਤੇਲ ਇਕ ਵਾਰ ਹੀ ਨਿਕਲਦਾ ਹੈ।

ਸਿੰਘ ਸਪਰਸ[1] ਸਜਨ ਕੀ ਬਾਨੀ[2]। [1]ਸ਼ੇਰ ਦਾ (ਸ਼ੇਰਨੀ ਨਾਲ) ਸਬੰਧ। [2]ਸ੍ਰੇਸ਼ਟ ਪੁਰਸ਼ਾਂ ਦੇ ਬਚਨ।
ਏਕ ਬਾਰ ਹ੍ਵੈਂ ਕਹਿਤ ਜਹਾਨੀ[1]। [1]ਦੁਨੀਆਂ।
ਸੁਨਿ ਰਿਸ ਠਾਨ ਦੁਸ਼ਟ ਘਰ ਗਯੋ।
ਗੁਰੁ ਕੋ ਕਾਰਾ ਗ੍ਰਹ[1] ਮੈਂ ਦਯੋ ॥ ੫੬ ॥ [1]ਜਿਹਲ, ਬੰਦੀਖਾਨਾ।
ਹੁਤੀ ਸਨੁੱਖਾ[1] ਤਾਂਹਿ ਘਰ ਏਕ। [1]ਨੂੰਹ।
ਗੁਰੁਸਿਖ ਕੀ ਬੇਟੀ ਅਤਿ ਨੇਕ।
ਸੁਨਿ ਹਵਾਲ ਵਹਿ ਲਗੀ ਬਿਸੂਰਨ[1]। [1]ਝੂਰਨ।
ਅਰਧ ਨਿਸਾ[1] ਉਠਿ ਖੁਫੀਆ[2] ਤੂਰਨ[3] ॥ ੫੭ ॥ [1]ਅੱਧੀਰਾਤ। [2]ਗੁਪਤ। [3]ਛੇਤੀ।
ਮੇਵਾ ਮਿਸ਼ਰੀ ਦੂਧ ਮਿਠਾਈ।
ਲੈ ਕਰਿ ਗੁਰਹਿਂ ਛਕਾਵਨ ਆਈ।
ਰੋਕੀ ਪਹਿਰੇਦਾਰ ਸਿਪਾਹੀ।
ਜ਼ੇਵਰ ਰਿਸ਼ਵਤ[1] ਦੀਨੋ ਤਾਂਹੀ ॥ ੫੮ ॥ [1]ਗਹਿਣਿਆਂ ਦੀ ਵੱਢੀ।
ਤਮਾਂ ਤੇਲ ਦੈ ਨਰਮ ਚਰਮ ਕਰਿ[1]। [1]ਲਾਲਚ ਰੂਪ ਤੇਲ ਦੇ ਕੇ ਚਮੜੇ (ਵਾਂਗ) ਨਰਮ ਕਰਕੇ।
ਸਾਦਿਕ[1] ਪਰੀ ਜਾਇ ਗੁਰ ਪਗ ਪਰ। [1]ਸਿਦਕ ਵਾਲੀ।
ਕਹਤ ਭਈ ਹੇ ਗੁਰੁ ! ਜਗ ਨਾਥਾ।
ਮੁਝ ਆਜਜ਼[1] ਕੇ ਨਹਿ ਕੁਛ ਹਾਥਾ ॥ ੫੯ ॥ [1]ਗਰੀਬਣੀ।
ਤੁਮਰੇ ਸਿਖ ਕੀ ਮੈਂ ਹੂੰ ਬੇਟੀ।
ਅਈ ਦੁਸ਼ਟ ਘਰ ਸੁਨਿ ਧਰ ਲੇਟੀ[1]। [1](ਤੁਹਾਡਾ ਹਾਲ) ਸੁਣ ਕੇ ਵਿਆਕੁਲ ਹੋ ਗਈ।

Sri Satguru Jagjit Singh Ji eLibrary NamdhariElibrary@gmail.com

ਦੁਸ਼ਟ ਸਸੁਰ[1] ਮਮ ਬੁਰਾ ਕਮਾਵੈ। [1]ਸਹੁਰਾ (ਚੰਦੂ)।
ਅਪਨੀ ਜਰ[1] ਕਰ ਅਪਨ ਉਠਾਵੈ[2] ॥ ੬੦ ॥ [1]ਜੜ੍ਹ। [2]ਆਪਣੇ ਹੱਥੀਂ ਪੁੱਟਦਾ ਹੈ।
ਦਿਹੁ ਬਰ ਇਹੁ, ਹੈ ਮ੍ਰਿਤੂ ਮੇਰੀ।
ਇਸ ਪਾਪੀ ਕੀ ਬੂਡੈ ਬੇਰੀ[1]। [1]ਬੇੜੀ ਡੁੱਬ ਜਾਵੇ।
ਖਾਨ ਪਾਨ ਕੁਛ ਆਪ ਨ ਕੀਨਾ।
ਗੁਜ਼ਰੇ ਆਠ ਪਹਰ ਦੁਖ ਪੀਨਾ[1] ॥ ੬੧ ॥ [1]ਭਾਰੇ ਦੁੱਖਾਂ ਵਿੱਚ।
ਗੁਰੂ ਕਹਜੋ ਹਮ ਇਸ ਕੇ ਘਰ ਕਾ।
ਖਾਂਨ ਪਾਨ ਨਹਿ ਕਰੈਂ ਵਿਚਰਕਾ[1]। [1]ਇਹ ਵੀਚਾਰ ਕੀਤਾ ਹੈ।
ਚੰਦੂ ਸਹਿ ਕੁਟੰਬ, ਯਹਿ ਸਚੁ ਹੈ।
ਮਰੈ ਦੁਖੀ ਹੈ ਨਰਕੇ ਪਚਿ ਹੈ[1] ॥ ੬੨ ॥ [1]ਨਰਕਾਂ ਵਿੱਚ ਸੜੇਗਾ।
ਤੂੰ ਅਬਿ ਹੀ ਇਨ ਕੋ ਕਰਿ ਤਜਾਗਨ।
ਤਨ ਤਜਿ ਚਲ ਹਮ ਸੋਂ ਬਡ ਭਾਗਨਿ।
ਸੁਨਿ ਬਰ ਹਰਖ ਸੋਕ ਯੁਤ ਗਈ।
ਉਰਿ ਧਰਿ ਗੁਰੁ ਮੂਰਤਿ ਧਰ ਪਈ[1] ॥ ੬੩ ॥ [1]ਧਰਤੀ 'ਤੇ ਲੇਟ ਗਈ।
ਹੋਤ ਪੀਰ ਕੁਛ, ਔਰਨ ਕਹੈ।
ਗੁਰੁ ਸੰਗ ਚਲਨ ਮੋਦ ਯੁਤ[1] ਚਹੈ ॥ ੬੪ ॥ [1]ਅਨੰਦ ਸਹਿਤ।

ਦੋਹਰਾ:

ਦਿਵਸ ਚਢੈ ਚੰਦੂ ਦੁਸ਼ਟ,
ਆਯੋ ਪੁਨ ਗੁਰ ਤੀਰ[1]। [1]ਕੋਲ, ਪਾਸ।
ਬੈਠੈਂ ਪਿਖੈਂ ਨਾ ਪਰ ਸਕੈਂ,
ਫਲਕੇ[1] ਪਰੇ ਸਰੀਰ ॥ ੬੫ ॥ [1]ਫਲੂਹੇ, ਫਿਲਕਰੇ, ਛਾਲੇ।

ਚੌਪਈ:

ਕਹਜੋ ਨੀਂਦ ਜਿਮ ਤੁਮੈ ਨ ਆਈ।
ਪੀੜਾ ਕਰਿ ਨਿਸ ਆਜ ਇਥਾਈ।
ਤਜੋਂ ਮੁਝ ਕੋ ਗੁਜ਼ਰੇ ਤ੍ਰੈ ਸਾਲਾ।
ਨਹਿਂ ਨਿੰਦ੍ਰਾ, ਰਹਿ ਚਿੰਤ ਕਰਾਲਾ[1] ॥ ੬੬ ॥ [1]ਬਹੁਤੀ।
ਘਰ ਮੈਂ ਬੈਠੀ ਸੁਤਾ ਕੁਮਾਰੀ।
ਲੋਕ ਕਹਿਤ ਕੁਛ ਕਜ[1] ਹੈ ਭਾਰੀ। [1]ਦੋਸ਼, ਅਉਗਣ।
ਯਾਂ ਤੇ ਨਾਤਾ ਲੇਤ ਨ ਕੋਈ।
ਤਜੀ ਜੁ ਤੁਮ ਕਿਤ ਮਿਲਤ ਨ ਢੋਈ ॥ ੬੭ ॥

ਯਾਂ ਤੋ ਮਾਨੋ ਨਾਤਾ ਵਾਂ ਕਾ।
ਨਹੀ ਤੋ ਹਤ ਹੌਂ ਦੈ ਦੁਖ ਬਾਂਕਾ।
ਗੁਰੂ ਕਹਜੋ ਤੂੰ ਕਜਾ ਕਰਿ ਸਕ ਹੈਂ।
ਮੂੰਡ[1] ਕਲੰਕ ਤੋਰ ਹਰਿ ਰਖ ਹੈਂ ॥ ੬੮ ॥

[1]ਸਿਰ ਤੇ।

ਭਾਵੀ[1] ਪਰਾਰਬਧ[2] ਜਸ ਹ੍ਵੈ ਹੈ।
ਸੁਖ ਦੁਖ ਤੈਸ ਸਬੀ ਜਨ ਪੈ ਹੈਂ।
ਭੋਗਤ ਚਿੱਤ ਥਿਰਰਖਿ ਨਰ ਗਜਾਨੀ।
ਬਿਹਬਲ[1] ਹ੍ਵੈ ਭੋਗਤ ਅਗਜਾਨੀ ॥ ੬੯ ॥

[1]ਹੋਣਹਾਰ। [2]ਦੇਹ ਦੇ ਅਰੰਭ ਕਰਨ ਵਾਲਾ ਕਰਮ।
[1]ਵਿਆਕੁਲ, ਦੁਖੀ।

ਚੰਦੂ ਕਹਿ ਨਹਿਂ ਗਜਾਨ ਸੁਨਾਵੋ।
ਮਾਨੋ ਨਾਤਾ ਕੈ ਦੁਖ ਪਾਵੋ।
ਗੁਰੂ ਕਹਜੋ ਤੂੰ ਕਰਿ ਮਨ ਭਾਵਤ।
ਹਮ ਨਿਜ ਬਾਨੀ ਨਹਿ ਬਦਲਾਵਤ ॥ ੭੦ ॥
ਜੈਸ ਗਧੇ ਕਉ ਮਿਸ਼ਰੀ ਜ਼ਹਿਰ।
ਨੀਕ ਉਪਦੇਸ਼ ਬੁਰੋ ਤਸ ਕਹਰ[1]।

[1]ਤਿਵੇਂ ਚੰਗਾ ਉਪਦੇਸ਼ ਬੁਰੇ ਬੰਦੇ ਨੂੰ ਦੁੱਖ ਦੇਂਦਾ ਹੈ।

ਮਲ ਕਾ ਕੀਟ[1] ਖੁਸ਼ੀ ਮਲ ਮਾਂਹੀ।
ਦੂਧ ਛੋੜਿ ਚੀਚੜ ਰਤ ਖਾਂਹੀ ॥ ੭੧ ॥

[1]ਵਿਸ਼ਟਾ ਦਾ ਕੀੜਾ।

ਤਜੋਂ ਵਹਿ ਦੁਸ਼ਟ ਪੁਸ਼ਟ ਰਿਸ ਕੈ ਕੈ[1]।
ਬਾਲੂ ਰੇਤ[1] ਤਪਾਇ ਧਰੈ ਕੈ[2]।
ਗੁਰੁ ਊਪਰ ਕਰਛੇ ਭਰਵੈ ਕੈ।
ਲਗਜੋ ਡਰਾਵਨ[1] ਸਿਲ ਦਿਲ[2] ਹ੍ਵੈ ਕੈ ॥ ੭੨ ॥

[1]ਬਹੁਤਾ ਗੁੱਸਾ ਕਰਕੇ।
[1]ਮੋਟਾਰੇਤਾ। [2](ਭੱਠੀ ਉੱਤੇ) ਰਖਾ ਕੇ।
[1]ਪੁਆਉਣ। [2]ਪੱਥਰ ਦਿਲ।

ਕਰੈ ਜਲਾਦ ਕਸਾਈ ਮਾਤੈ[1]।
ਚੰਦੂ ਚੰਡਾਲ ਕਰਾਲ[1] ਬਖਜਾਤੇ।

[1]ਮਾਤ ਪਾ ਦਿੱਤੇ।
[1]ਭਿਆਨਕ।

ਪਿਖਿ ਪਿਖਿ ਸਿਖ ਲੁਹਰੀਆਂ ਲੇਵੈਂ।
ਗੁਰ ਨ ਸ਼ਕਤਿ ਦਿਖਾਵਨ ਦੇਵੈਂ ॥ ੭੩ ॥
ਗੋਰਖ ਆਦਿ ਸਿੱਧ ਚਲਿ ਆਏ।
ਦੇਵੀ ਦੇਵ ਪੀਰ ਸਮੁਦਾਏ।
ਗੁਪਤ ਆਇ ਗੁਰ ਕੋ ਦਰਸਾਂਹੀ।
ਆਗਜਾ ਬਿਨ ਕਛੁ ਕਰਿ ਨ ਸਕਾਂਹੀਂ[1] ॥ ੭੪ ॥

[1]ਲੂਹਰੀਆਂ, ਕਚੀਚੀਆਂ।

ਕਹੈਂ ਪਰਸਪਰ[1] ਉਸਤਤਿ ਗੁਰੁ ਕੀ।
ਜਰਨਾ ਜਰੀ ਅਜਰ[1] ਇਨਿ ਧੁਰ ਕੀ।

[1]ਆਪਸ ਵਿੱਚੀਂ।
[1]{ਅਜਰ} ਜਿਸ ਨੂੰ ਨਾ ਸਹਾਰਿਆ ਜਾਵੇ ਉਸ ਨੂੰ {ਜਰਨਾ}

ਸਹਾਰਨ ਦੀ (ਸ਼ਕਤੀ ਨੂੰ) {ਜਰੀ} ਸਹਾਰਿਆ ਭਾਵ ਗੁਪਤਰਖਿਆ।

ਇਤਨੀ ਸ਼ਕਤਿ ਰਾਖ ਨ ਦਿਖਾਈ।
ਧੀਰਜ ਤਾਂ ਕੀ ਅਵਧਿ ਲਗਾਈ[1] ॥ ੭੫ ॥

[1]ਹੱਦ ਲਾ ਦਿੱਤੀ ਭਾਵ ਧੀਰਜ ਦੀ ਹੱਦ ਕਰ ਦਿੱਤੀ।

ਬ੍ਰੱਹਮ ਗਜਾਨੀ ਇਨ ਸਮ ਕੋਊ।
ਭਯੋ ਨ ਹੈ ਨ ਅਗਾਰੀ ਹੋਊ।
ਤਪਤ ਰੇਤ ਗੁਰ ਪਰ ਵਹਿ ਡਾਰੈਂ।
ਹਾਇ ਨ ਤੋਬਾ ਗੁਰੂ ਉਚਾਰੈਂ ॥ ੭੬ ॥
ਡਾਰਨ ਵਾਰਨ ਕੇ ਕਰ ਕਾਂਪੈਂ।
ਗਿਰ ਸੁਮੇਰ ਸਮ ਗੁਰੁ ਤਿਨ ਜਾਪੈਂ।
ਥਿਰੇ ਅਡੋਲ ਲੋਲ[1] ਨਹਿ ਅੰਗਾ।

[1]ਚੰਚਲ।

ਮਾਤ ਦਧੀਚ[1] ਕਰਜੋ ਸਰਬੰਗਾ[2] ॥ ੭੭ ॥

[1]ਸ਼ਾਂਤੀ ਦੇ ਗ੍ਰਭ ਤੋਂ ਅਥਰਵਾ ਦਾ ਪੁੱਤਰ ਇਕ ਵੈਦਿਕ ਰਿਸ਼ੀ। [2]ਸਾਰਿਆਂ ਪੱਖਾਂ ਤੋਂ।

ਜਨਕ ਬਿਦੇਹੀ ਗਨਤੀ ਕੇਹੀ।
ਭਈ ਨ ਤਿਹ ਗਤਿ[1] ਏਹੀ ਜੇਹੀ।

[1]ਹਾਲਤ, ਦਸ਼ਾ।

ਪੁਨਾ ਦੁਸ਼ਟ ਨੇ ਲੋਹ ਤਪਾਈ।
ਤਾਂ ਪਰ ਗੁਰੁ ਕੌ ਦਯੋ ਬਿਠਾਈ ॥ ੭੮ ॥
ਚਰਨ ਤਲੀ ਕਾ ਜਰਹੀ ਮਾਸਾ।
ਗੁਰੂ ਅਡੋਲ ਥਿਰੇ ਅਨੱਜਾਸਾ[1]।

[1]ਬਿਨਾਂ ਜਤਨ ਤੋਂ।

ਸਾਖੀ ਹ੍ਵੈ ਗੁਰ ਤਨ ਤੇ ਨਜਾਰੇ।
ਪੇਖੈਂ ਪਰਾਰਬਧ ਕੇ ਕਾਰੇ[1] ॥ ੭੯ ॥

[1]ਕੌਤਕ।

ਦੋਹਰਾ:
ਮੀਆਂ ਮੀਰ ਬਡ ਪੀਰ ਤਬਿ,
ਯੌਂ ਕਹਿ ਪਠਜੋ ਪਿਗਾਮ[1]।

[1]ਸੁਨੇਹਾ।

ਬਹੁਤ ਜਰੀ ਜ਼ਰਨਾ ਅਜਰ
ਕਰੀ ਅੱਤਿ[1] ਇਨ ਖਾਮ[2] ॥ ੮੦ ॥

[1]ਜ਼ਿਆਦਤੀ। [2]ਇਸ ਕੱਚੇ ਭਾਵ ਖੋਟੇ (ਚੰਦੂ) ਨੇ।

ਆਗਜਾ ਦੇਹੁ ਅਬਿ ਹੀ ਕਰੋਂ,
ਗਰਕ ਦੁਸ਼ਟ ਕਾ ਧਾਮ।
ਕੈ ਦੁਖ ਦੈ ਪਰਵਾਰ ਸਹਿ,
ਮਾਰੋਂ ਕਰਿ ਹਾਰਾਮ[1] ॥ ੮੧ ॥

[1]ਅਪਵਿੱਤ੍ਰ।

ਕਰਾਮਾਤ ਕੇ ਸਿੰਧੁ[1] ਤੁਮ,
ਕਜੋਂ ਨ ਦੇਤ ਇਕ ਬਿੰਦ[1]।
ਚਹੋਂ ਤਾਂ ਧਰਤੀ ਉਲਟ ਦਿਹੁੰ,
ਇਹੁ ਚੰਦੂ ਕਜਾ ਮੰਦ ॥ ੮੨ ॥
ਯਹਿ ਸੁਨਿ ਪੁਨ ਗੁਰ ਕਹਿ ਪਠਜੋ,
ਹਮ ਕੋ ਦੂਖ ਨ ਰੰਚ[1]।
ਆਤਮ ਸਦਾ ਅਸੰਗ[1] ਹੈ,
ਤਨ ਮਿਥਜਾ ਪਰਪੰਚ[1] ॥ ੮੩ ॥
ਸਤਿ ਚਿਤ ਆਨੰਦ ਆਤਮਾ,
ਬ੍ਰਹਮਰੂਪ ਮਮ ਆਹਿ।
ਦੁਖ ਸੁਖ ਤਨ ਕੋ ਧਰਮ ਹੈ,
ਮਨ ਬੁਧੀ ਲੌ ਚਾਹਿ[1] ॥ ੮੪ ॥
ਹਮ ਅਸੰਗ ਸਬਿ ਤੈ ਪਰੇ,
ਹੈਂ ਅਕਾਸ਼ ਵਤ ਜਾਨ।
ਤੀਨ ਦੇਹ[1] ਤ੍ਰੈ ਜੀਵ[2] ਕੇ,
ਸਾਖੀ ਬਪੁ ਭਗਵਾਨ[1] ॥ ੮੫ ॥
ਬ੍ਰਹਮ ਗਜਾਨੀ ਦੇਹ ਕੇ,
ਸੁਖ ਦੁਖ ਤੇ ਨਿਰਲੇਪ।
ਜੈਸੇ ਜਲ ਮਹਿ ਕਮਲ ਰਹਿ,
ਨਹਿਂ ਮਨ ਮਨਤ ਬਿਛੇਪ[1] ॥ ੮੬ ॥
ਕਰਾਮਾਤ ਕੀ ਬਾਤ ਕੋ,
ਪੇਖਹੁ ਨੈਨ ਉਘਾਰ[1]।
ਜਿਤਕ ਗੁਪਤ ਸੁਰ ਅਸੁਰ ਜੱਛ,
ਹਾਜ਼ਰ ਚਹਿਤ ਅਸ਼ਾਰ[1] ॥ ੮੭ ॥
ਪਰ ਗੁਰੁ ਨਾਨਕ ਜੋ ਕਹਯੋ,
ਸਾਤ ਸੀਸ ਨਿਜ ਲਾਇ।
ਦੀਨੀ ਬਦਲੇ ਭੰਗ ਕੇ*,
ਸਿਰ ਦੈ ਲੈਂਹ ਫਿਰਾਇ[1] ॥ ੮੮ ॥

[1]ਸਮੁੰਦਰ।
[1]ਬੂੰਦ, ਕਣੀ।
[1]ਥੋੜ੍ਹਾ ਜਿਹਾ ਵੀ।
[1]ਨਿਰਲੇਪ।
[1]ਸਰੀਰ ਤੇ ਸੰਸਾਰ ਝੂਠਾ ਹੈ।
[1]ਇੱਛਾ ਮਨ ਤੇ ਬੁੱਧੀ ਤੱਕ (ਰਹਿੰਦੀ ਹੈ)।
[1]ਤਿੰਨ ਦੇਹਾਂ (ਸਥੂਲ ਸੂਖਮ ਤੇ ਕਾਰਨ)। [2]ਤਿੰਨ ਜੀਵ (ਵੈਸਵਾਨਰ, ਤੈਜਸ ਤੇ ਪ੍ਰੱਗ)।
[1]ਵਾਹਿਗੁਰੂ ਸਾਖੀ ਰੂਪ ਹੈ।
[1]ਦੁੱਖ, ਕਸ਼ਟ।
[1]ਖੋਲ੍ਹ ਕੇ।
[1]ਇਸ਼ਾਰਾ।
*ਭੰਗ ਦੇ ਬਦਲੇ ਸੱਤ ਸੀਸ ਦੇਣ ਬਾਰੇ ਦੇਖੋ ਪੰਨਾ ੫੫੨ ਤੇ * ਨਿਸ਼ਾਨ ਦੀ ਪੈਰ ਟੂਕ।
[1]ਮੋੜ ਲਵਾਂਗੇ।

ਵਹੈ ਬਚਨ ਹਮ ਪਾਲ ਹੈਂ,
ਪਾਛੈ ਪਾਲੈਂ ਔਰ[1]।

[1]ਹੋਰ ਭਾਵ ਗੁਰੂ ਤੇਗ਼ ਬਹਾਦਰ, ਮਾਤਾ ਗੂਜਰੀ ਜੀ ਅਤੇ ਚਾਰੇ ਸਾਹਿਬਜ਼ਾਦੇ।

ਕਰਾਮਾਤ ਦਿਖਰਾਵਨੀ,
ਅਹੇ ਕਹਿਰ ਅਤਿ ਗੌਰ[1] ॥ ੮੯ ॥

[1]ਬਹੁਤ ਵੱਡਾ ਜ਼ੁਲਮ ਹੈ।

ਪੀਰ ਪਿਗੰਬਰ ਔਲੀਏ[1],
ਭਏ ਅਨਿਕ ਅਵਤਾਰ।
ਤਨ ਕਿਸਹੂੰ ਕੇ ਨਹਿਂ ਰਹੇ,
ਜ਼ਾਹਰ ਮੱਧ ਸੰਸਾਰ ॥ ੯੦ ॥
ਅੰਤ ਸਮੇਂ ਕਾਇਮ ਰਹੇ,
ਭਾਵੀ ਮਾਨੈ ਸੀਸ।
ਬ੍ਰਹਮ ਗਜਾਨੀ ਬ੍ਰਹਮ ਵਹਿ,
ਕਹਿਂ ਸ੍ਰੁਤਿ[1] ਸੰਤ ਮੁਨੀਸ ॥ ੯੧ ॥

[1]ਕਰਾਮਾਤੀ।

[1]ਵੇਦ।

ਇਤਜਾਦਕ ਬਿਗਜਾਨ ਮਯ[1],
ਸੁਨਿ ਸਤਿਗੁਰ ਕੇ ਬੈਨ।
ਮੀਆਂ ਮੀਰ ਕੁਰਬਾਨ ਭੌ[1],
ਜਾਨੇ ਗੁਰ ਹਰਿ ਐਨ[1] ॥ ੯੨ ॥

[1]ਪ੍ਰਤੱਖ ਗਿਆਨ ਸਰੂਪ।

[1]ਹੋਇਆ।

[1]ਠੀਕ ਹਰੀ (ਰੂਪ)।

ਸਹੇਂ ਕਲੇਸ਼ ਬਿਸ਼ੇਸ਼[1] ਗੁਰੁ,
ਨੱਕ ਨ ਬਟਯੋ ਰੰਚ।
ਆਖਰ ਉਸ ਬਦਕਾਰ ਨੈ[1]
ਕਰਯੋ ਐਸ ਪਰਪੰਚ[1] ॥ ੯੩ ॥

[1]ਬਹੁਤੇ।

[1]ਖੋਟੀ ਕਾਰ ਕਰਨ ਵਾਲੇ (ਚੰਦੂ) ਨੇ।

[1]ਛਲ।

ਤਾਜੀ ਮੁਰਦਹਿ ਗਾਂਇ ਕੀ,
ਖੱਲ ਮੰਗਾਇ ਚਮਾਰਿ[1]।
ਲਗਯੋ ਸਿਲਾਵਨ ਤਾਂਹਿ ਮੈਂ,
ਜਬਿ ਵਹਿ ਦੁਸ਼ਟ ਚੰਡਾਰ ॥ ੯੪ ॥
ਹਿੰਦੁ ਧਰਮ ਹਿਤ ਰਾਖਬੇ,
ਤਬਿ ਗੁਰ ਕਰਿ ਬੀਚਾਰ।
ਕਹਯੋ ਨ੍ਹਾਇ ਦਰਸਾਇ ਹਮ,
ਮਾਨੈਂ ਕਹਾ ਤੁਮਾਰ* ॥ ੯੫ ॥

[1]ਚਮਿਆਰ (ਪਾਸੋਂ)।

*ਸਤਿਗੁਰਾਂ ਦਾ ਇਹ ਕਹਿਣਾ ਕਿ ਅਸੀਂ ਇਸ਼ਨਾਨ ਕਰਕੇ ਤੇਰਾ ਕਿਹਾ ਮੰਨ ਲਵਾਂਗੇ, ਸਤਿਗੁਰਾਂ ਦੇ ਸੁਭਾਵ ਤੇ ਆਦਰਸ਼ ਦੇ ਬਿਲਕੁਲ ਉਲਟ ਹੈ। ਹਜ਼ੂਰ ਦੇ ਆਪਣੇ ਬਚਨ ਹਨ: ਬਚਨ

ਕਰੇ ਤੈ ਖਿਸਕਿ ਜਾਇ ਬੋਲੇ ਸਭਿ ਕਚਾ ॥ (ਵਾਰ ਮਾਰੂ ਮਹਲਾ ੫, ਪੰ: ੧੦੯੯)

ਸੁਨਿ ਮੂਰਖ ਮਨਿ ਮੋਦ ਹ੍ਵੈ,
ਪਹਿਰਾ ਦੈ ਨਿਜ ਸੰਗਿ।
ਰਾਵੀ ਤਟ[1] ਗੁਰੁ ਕੋ ਪਠਜੋ,
ਤਹਿ ਗੁਰੁ ਜਾਇ ਨਿਸੰਗ ॥ ੯੬ ॥

[1]ਕਿਨਾਰੇ।

ਕਰਿ ਸ਼ਨਾਨ ਜਪੁ ਜਪਿ[1] ਭਲੇ,
ਤ੍ਰਿਣ ਜਜੋਂ ਤਨ ਤਹਿਂ ਛੋਰਿ।
ਜੋਤੀ ਜੋਤ ਸਮਾ ਗਏ,
ਯੌਂ ਕਹਿ ਸਿਖਨ ਬਹੋਰ ॥ ੯੭ ॥

[1]ਜਪੁਜੀ ਪੜ੍ਹ ਕੇ।

ਆਗ ਦਾਗ* ਨਹਿ ਦੀਜੀਓ
ਕੀਜੋ ਜਲ ਪਰਵਾਹਿ।
ਜੋ ਸਿਖ ਮੁਹਿ ਦਰਸਜੋ ਚਹੈ,
ਪਿਖੇ ਦਰਜਾਇ ਸੁ ਚਾਹਿ ॥ ੯੮ ॥

*ਮਹਿਮਾ ਪ੍ਰਕਾਸ਼ (ਕਾਵਿ) ਵਿੱਚ ਐਉਂ ਲਿਖਿਆ ਹੈ– ਮਿਲ ਸੰਗਤ ਬੇਬਾਨ ਬਣਾਇਆ। ਅਖੰਡ ਭਜਨ ਸਤਿਗੁਰ ਗੁਨ ਗਾਇਆ। ਇਸ਼ਨਾਨੁ ਕਰਾਇ ਨਿਰਮਲ ਤਨ ਦਿਆਲ। ਪਹਿਰਾਏ ਬਸਤ੍ਰ ਪਾਵਨ ਤਿਹ ਕਾਲ। ਐਰਾਵਤੀ ਨਦੀ ਪਰ ਲਿਆਏ। ਚੰਦਨ ਚਿਤਾ ਪਰ ਆਨ ਰਖਾਏ। ਪਾਵਨ ਦੇਹ ਕਰਾ ਸਸਕਾਰ। ਤੀਨ ਲੋਕ ਭਇਆ ਜੈ ਜੈਕਾਰ। ਮਹਿਮਾ ਪ੍ਰਕਾਸ਼ ਵਾਰਤਕ ਵਿੱਚ ਵੀ ਐਉਂ ਆਇਆ ਹੈ:– ਅਰ ਪਰਮ ਪਵਿੱਤ੍ਰ ਸ਼ਰੀਰ ਕੋ ਲੇਕਰ ਸਸਕਾਰ ਕੀਆ। ਗੁਰ ਪ੍ਰਤਾਪ ਸੂਰਜ ਵਿੱਚ ਵੀ ਦੋ ਥਾਵੇਂ ਭਾਈ ਸੰਤੋਖ ਸਿੰਘ ਜੀ ਹਜ਼ੂਰ ਦੇ ਸਰੀਰ ਦਾ ਸਸਕਾਰ ਕਰਨਾ ਲਿਖਦੇ ਹਨ:– 'ਚੰਦਨ ਚਿਖਾ ਜਲਾਇ ਸ਼ਰੀਰ'। ਦੇਖੋ ਰਾਸ ੪, ਅੰਸੂ ੬੪, ਅੰਕ ੩੯। ਹੋਰ 'ਕਰਿ ਸਸਕਾਰ ਭਲੀ ਬਿਧਿ ਨਾਲੇ'। ਦੇਖੋ ਰਾਸ ੪, ਅੰ: ੧੦, ਅੰ: ੪੧।

ਜੋ ਸਿਖ ਮੁਹਿ ਦਰਸਜੋ ਚਹੈ,
ਪਿਖੇ ਦਰਜਾਇ ਸੁ ਚਾਹਿ ॥ ੯੮ ॥
ਪੱਛਮ ਦਿਸ ਮਮ ਪਗ ਲਖੇ
ਉਤਰ ਕੀ ਦਿਸ ਸੀਸ।
ਐਸੋ ਧਰੈ ਜੋ ਧਯਾਨ ਮਮ,
ਭਵੈ ਰੂਪ ਸੋ ਈਸ* ॥ ੯੯ ॥

*ਇਹ ਕਵੀ ਜੀ ਦਾ ਆਪਣਾ ਹੀ ਖਿਆਲ ਸਮਝਣਾ ਚਾਹੀਦਾ ਹੈ। ਸਤਿਗੁਰੂ ਜੀ ਦੀ ਬਾਣੀ ਵਿੱਚੋਂ ਕਿਤੇ ਵੀ ਆਪਣੀ ਦੇਹ ਦੇ ਧਿਆਨ ਧਾਰਨ ਦਾ ਉਪਦੇਸ਼ ਨਹੀਂ ਮਿਲਦਾ।

ਸੋਲਾਂ ਸੈ ਤ੍ਰੇਹਟ, ਸੁਦੀ

ਜੇਠ ਚਤੁਰਥੀ ਖੂਪ।
ਮਿਲੇ ਜੋਤ ਮੈ ਜੋਤ ਗੁਰੁ,
ਤਨ ਕੀਨੋ ਜਲ ਰੂਪ ॥ ੧੦੦ ॥
ਚਰਿਤ ਏਹੁ ਸੁਨਿ ਝੁਰਤ ਭੌ,
ਚੰਦੂ ਮਨਿ ਮੁਰਝਾਇ।
ਤਿਸੀ ਸਮੇ ਮਰ ਨੁਖਾ[1] ਤਿਹ,
ਗਈ ਕਲੰਕ ਚਢਾਇ ॥ ੧੦੧ ॥
ਗੁਰੂ ਗਮਨ ਪਰਲੋਕ ਸੁਨਿ,
ਪਰਜੋ ਰੌਰ ਲਾਹੌਰ।
ਗਾਰੀਂ ਦੇਵੈਂ ਦੁਸ਼ਟ ਕੋ,
ਨਰ ਨਾਰੀ ਮਿਲਿ ਗੌਰ[1] ॥ ੧੦੨ ॥
ਧਰਮ ਸਾਲ ਸਿਖ ਗਨ ਜੁਰੇ,
ਕਰੁਣਾ[1] ਕੀਰਤਨ ਕੀਨ।
ਲੌਕਕ ਬੈਦਕ ਰੀਤਿ[1] ਸਬਿ,
ਕੀਨੀ ਸਿਖਨ ਪ੍ਰਬੀਨ ॥ ੧੦੩ ॥
ਚਮ ਚਮਾਰ ਸਿਰ ਡਾਰ ਗੁਰੁ,
ਧਰਮ ਧਰਾ ਸਮ[1] ਧਾਰਿ।
ਸਿੱਖਨ ਹੇਤ ਜਹਾਜ ਜਗ,
ਪੰਚਮ ਬੇਦ ਸੁਧਾਰ[1] ॥ ੧੦੪ ॥
ਪੰਚਮ ਗੁਰੁ ਬਹੁ ਚਰਿਤ ਕਰਿ
ਮਿਲੇ ਜੋਤਿ ਮੈ ਜੋਤਿ।
ਅਵਸਰ ਪਾਇ ਅਧਜਾਇ ਇਹੁ,
ਭਯੋ ਇਹਾਂ ਥਿਰ ਹੋਤ* ॥ ੧੦੫ ॥

[1]ਨੂੰਹ।
[1]ਬਹੁਤੇ।
[1]ਵੈਰਾਗ ਮਈ।
[1]ਧਾਰਮਕ ਮਰਯਾਦਾ।
[1]ਧਰਤੀ ਵਾਂਗ।
[1]ਪੰਜਵਾਂ ਵੇਦ (ਸ੍ਰੀ ਗੁਰੂ ਗ੍ਰੰਥ ਸਾਹਿਬ) ਬਣਾਇਆ।

*ਗਿਆਨੀ ਗਿਆਨ ਸਿੰਘ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ ਦਾ ਪ੍ਰਸੰਗ ਹੂਬਹੂ ਗੁਰ ਪ੍ਰਤਾਪ ਸੂਰਜ ਤੋਂ ਲਿਆ ਹੈ। ਕਵਿਤਾ ਦਾ ਰੰਗ ਆਪਣਾ ਹੈ ਤੇ ਪ੍ਰਸੰਗ ਸੰਖੇਪ ਹੈ। ਗੁਰ ਪ੍ਰਤਾਪ ਸੂਰਜ ਦੀ ਲਿਖਤ ਵਿੱਚ ਭਾਈ ਸੰਤੋਖ ਸਿੰਘ ਜੀ ਨੇ ਜੋ ਇਹ ਲਿਖਿਆ ਹੈ ਕਿ ਜਹਾਂਗੀਰ ਦਾ ਦਿਲ ਗੁਰਾਂ ਨਾਲ ਚੰਗਾ ਸੀ, ਇਹ ਠੀਕ ਨਹੀਂ ਹੈ। ਪਤਾ ਨਹੀਂ ਭਾਈ ਸੰਤੋਖ ਸਿੰਘ ਨੇ ਇਹ ਖਬਰ ਕਿਸੇ ਮੁਸਲਮਾਨ ਪੱਖੀ ਤੋਂ ਸੁਣੀ ਹੈ ਜਾਂ ਜਹਾਂਗੀਰ ਵੱਲੋਂ ਚੰਦੂ ਨੂੰ ਗੁਰਾਂ ਦੇ ਹਵਾਲੇ ਕਰ ਦੇਣ ਵਾਲੇ ਪ੍ਰਸੰਗ ਤੋਂ ਪ੍ਰਭਾਵਤ ਹੋ ਕੇ ਉਸ ਨੂੰ ਨਿਰਦੋਸ਼ ਮੰਨ ਕੇ ਸ਼ਰਧਾਲੂ ਵੀ ਮੰਨ ਲਿਆ ਹੈ ਪਰ ਜਹਾਂਗੀਰ ਦੀ ਆਪਣੀ ਲਿਖੀ 'ਤੋਜ਼ਕ ਜਹਾਂਗੀਰੀ' ਦੀ ਲਿਖਤ 'ਚੋਂ ਉਸ ਦਾ ਤਅੱਸਬ, ਜ਼ਾਲਮਾਨਾ ਸੁਭਾਵ ਸਾਫ਼ ਸਾਫ਼ ਨਜ਼ਰੀਂ ਪੈਂਦਾ ਹੈ, ਜਿਸ ਵਿੱਚ ਉਹ ਸਤਿਗੁਰਾਂ ਲਈ ਬੜੇ ਬੇਅਦਬੀ ਭਰੇ ਸ਼ਬਦ ਵਰਤਦਾ ਹੈ ਅਤੇ ਕਤਲ ਕਰ ਦੇਣ ਤੱਕ ਦਾ ਵਹਿਸ਼ੀਆਨਾ ਹੁਕਮ ਜਾਰੀ ਕਰਦਾ ਹੈ। ਪਾਤਸ਼ਾਹ ਦੀ ਆਪਣੀ ਉਸ ਫ਼ਾਰਸੀ ਲਿਖਤ ਦਾ ਪੰਜਾਬੀ ਅਨੁਵਾਦ ਅੱਗੇ ਦਰਜ ਕਰਦੇ ਹਾਂ: "ਗੋਇੰਦਵਾਲ ਵਿੱਚ ਜੋ ਕਿ ਦਰਯਾਇ ਬਿਆਸ ਦੇ ਕੰਢੇ 'ਤੇ ਹੈ (ਗੁਰੂ) ਅਰਜਨ ਨਾਮੀ ਇਕ ਹਿੰਦੂ ਪੀਰੀ ਤੇ ਸ਼ੈਖੀ ਦੇ ਭੇਸ ਵਿੱਚ ਰਹਿੰਦਾ ਸੀ। ਚੁਨਾਂਚਿ ਸਿੱਧੇ ਸਾਦੇ ਹਿੰਦੂਆਂ ਵਿੱਚ ਬਹੁਤ ਸਾਰੇ ਬਲਕਿ ਮੂਰਖ ਤੇ

ਬਿਅਕਲ ਮੁਸਲਮਾਨਾਂ ਨੂੰ ਭੀ ਆਪਣੀ ਰਹਿਤ ਬਹਿਤ ਦਾ ਧਾਰਨੀ ਬਣਾ ਕੇ ਆਪਣੀ ਪੀਰੀ ਤੇ ਗੁਰੂ ਪੁਣੇ ਦਾ ਢੋਲ ਬੜੇ ਜ਼ੋਰ ਸ਼ੋਰ ਨਾਲ ਵਜਾਇਆ ਹੋਇਆ ਸੀ। ਉਸ ਨੂੰ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਝੂਠ ਦੇ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਵੱਲ ਆਉਂਦੇ ਤੇ ਉਸ ਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰਖਿਆ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿੱਚ ਇਹ ਆਉਂਦੀ ਸੀ ਕਿ ਇਸ ਝੂਠੀ ਦੁਕਾਨ ਨੂੰ ਦੂਰ ਕਰ ਦਿਆਂ ਜਾਂ ਉਸ (ਗੁਰੂ ਅਰਜਨ ਸਾਹਿਬ) ਨੂੰ ਦੀਨ ਇਸਲਾਮ ਦੀ ਜਮਾਤ ਵਿੱਚ ਲੈ ਆਵਾਂ। ਉਪ੍ਰੋਕਤ ਲਿਖਤ ਤੋਂ ਸਾਬਤ ਹੈ ਕਿ ਪਾਤਸ਼ਾਹ ਦੇ ਮਨ ਵਿੱਚ ਤਅੱਸਬ ਤੇ ਵੈਰ ਪਹਿਲੋਂ ਤੋਂ ਹੀ ਸੀ। 'ਦੂਰ ਕਰ ਦਿਆਂ' ਜਾਂ 'ਇਸਲਾਮ ਵਿੱਚ ਲੈ ਆਵਾਂ' ਉਸ ਦੇ ਦਿਲ ਵਿੱਚ ਪਹਿਲਾਂ ਤੋਂ ਹੀ ਭਰੀ ਹੋਈ ਸੀ। ਉਸ ਨੂੰ ਬਹੁਤ ਦੁੱਖ ਮੁਸਲਮਾਨਾਂ ਦੇ ਸਿਖ ਬਣਨ ਦਾ ਸੀ। ਤੇ ਉਪ੍ਰੋਕਤ ਖਿਆਲ ਵੀ ਉਸ ਦੇ ਸੁਣੇ ਸੁਣਾਏ ਜਾਂ ਚੁਗ਼ਲ ਖ਼ੋਰਾਂ ਦੇ ਪ੍ਰਚਾਰੇ ਹੋਏ ਸਨ। ਇਨ੍ਹਾਂ ਵਿੱਚ ਸਚਾਈ ਰਤੀ ਮਾਤ੍ਰ ਵੀ ਨਹੀਂ ਸੀ। ਕਿਉਂਕਿ ਇਨ੍ਹਾਂ ਬਾਰੇ ਪਾਤਸ਼ਾਹ ਨੇ ਆਪ ਖੋਜ ਪੜਤਾਲ ਕਰਨ ਦੀ ਖੇਚਲ ਉੱਕਾ ਹੀ ਨਹੀਂ ਕੀਤੀ। ਫਿਰ ਪਾਤਸ਼ਾਹ ਲਿਖਦਾ ਹੈ: 'ਕਿ ਇਨ੍ਹਾਂ ਹੀ ਦਿਨਾਂ ਵਿੱਚ ਖ਼ੁਸਰੋ ਉਸ ਰਸਤੇ ਲੰਘਿਆ। ਇਸ ਪੁਰਸ਼ (ਭਾਵ ਗੁਰੂ ਜੀ) ਨੇ ਇਰਾਦਾ ਕੀਤਾ ਕਿ ਉਸ (ਖ਼ੁਸਰੋ) ਨੂੰ ਮਿਲੇ। ਉਸ ਪੜਾਅ ਉੱਤੇ ਜਿੱਥੇ ਕਿ ਉਸ ਦੀ ਜਗ੍ਹਾ ਤੇ ਟਿਕਾਣਾ ਸੀ, ਖ਼ੁਸਰੋ ਦਾ ਡੇਰਾ ਹੋਇਆ ਦੇਖ ਕੇ ਉਸ ਨੂੰ ਮਿਲਿਆ, ਕਈ ਗੱਲਾਂ ਕੀਤੀਆਂ ਤੇ ਉਸ ਦੇ ਮੱਥੇ ਪਰ ਆਪਣੀ ਉਂਗਲ ਨਾਲ ਕੇਸਰ ਦਾ ਟਿੱਕਾ ਲਾਇਆ, ਜਿਸ ਨੂੰ ਕਿ ਹਿੰਦੂ ਤਿਲਕ ਆਖਦੇ ਤੇ ਸ਼ਗਨ ਸਮਝਦੇ ਹਨ। ਜਦ ਇਹ ਖ਼ਬਰ ਮੇਰੇ ਕੰਨਾਂ ਵਿੱਚ ਪਹੁੰਚੀ ਮੈਂ ਉਸ ਦੇ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕਰਨ, ਉਸ ਦੇ ਘਰ ਬਾਰ ਤੇ ਪੁੱਤਰਾਂ ਨੂੰ ਮੁਰਤਜ਼ਾ ਖ਼ਾਂ ਨੂੰ ਬਖ਼ਸ਼ ਦਿੱਤੇ ਤੇ ਉਸ ਦੇ ਮਾਲ ਜਾਇਦਾਦ ਨੂੰ ਜ਼ਬਤ ਕਰ ਕੇ ਮੈਂ ਹੁਕਮ ਕੀਤਾ ਕਿ ਉਸ ਨੂੰ ਕਤਲ ਦੀ ਕਰੜੀ ਸਜ਼ਾ ਦਿੱਤੀ ਜਾਵੇ। ' ਇਸ ਲਿਖਤ ਤੋਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਪਾਤਸ਼ਾਹ ਨੇ ਸ਼ਿਕਾਯਤ ਸੁਣ ਕੇ ਪੜਤਾਲ ਕੋਈ ਨਹੀਂ ਕੀਤੀ ਤੇ ਬਿਨਾਂ ਸੋਚੇ ਸਮਝੇ, ਕਮੀਨੇ ਤਅੱਸਬੀ ਜੋਸ਼ ਵਿੱਚ ਆ ਕੇ ਭਾਰੀ ਅਤਿਆਚਾਰ ਦਾ ਹੁਕਮ ਦੇ ਦਿੱਤਾ, ਜੋ ਜਹਾਂਗੀਰ ਬਾਦਸ਼ਾਹ ਦੇ ਜ਼ੁਲਮ, ਅਨਜਾਯ, ਧੱਕੇ, ਤਅੱਸਬ ਤੇ ਵਹਿਸ਼ੀਆਨਾ ਪਨ ਦੀ ਮੂੰਹ ਬੋਲਦੀ ਤਸਵੀਰ ਹੈ। ਹੁਣ ਲਓ ਖ਼ੁਸਰੋ ਦੀ ਸਤਿਗੁਰਾਂ ਨੂੰ ਮਿਲਣ ਦੀ ਗੱਲ। ਮਹਿਮਾ ਪ੍ਰਕਾਸ਼ (ਕਾਵਿ) ਵਿੱਚ ਸਤਿਗੁਰਾਂ ਵੱਲੋਂ ਸ਼ਹਿਜ਼ਾਦੇ ਖ਼ੁਸਰੋ ਨੂੰ ਕੇਵਲ ਰੋਟੀ ਦੇਣੀ ਹੀ ਲਿਖੀ ਹੈ। ਕਵੀ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਵਿੱਚ ਕੁਝ ਦਿਨ ਕੋਲ ਰੱਖ ਕੇ ਖਾਨ ਪਾਨ ਦੇ ਖ਼ਰਚ ਲਈ ਧਨ ਦਿੰਦੇ ਰਹੇ ਤੇ ਤੁਰਨ ਲੱਗੇ ਨੂੰ ਪੰਜ ਹਜ਼ਾਰ ਰੁਪਿਆ ਦਿੱਤਾ। ਦਬਿਸਤਾਨ-ਮਜ਼ਾਹਬ ਵਿੱਚ ਸ਼ਹਿਜ਼ਾਦੇ ਦੇ ਹੱਕ ਵਿੱਚ ਕੇਵਲ ਦੁਆ ਕਰਨੀ ਲਿਖੀ ਹੈ ਤੇ ਜਹਾਂਗੀਰ ਦੀ ਤੁਜ਼ਕ ਵਿੱਚ ਮੱਥੇ 'ਤੇ ਤਿਲਕ ਕਰਨਾ ਤੇ ਖ਼ਾਸ ਵਰਤਾਉ ਕਰਨਾ ਲਿਖਿਆ ਹੈ। ਗਿਆਨੀ ਜੀ ਨੇ ਜ਼ਿਆਦਾ ਤਰ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਆਏ ਪ੍ਰਸੰਗ ਨੂੰ ਹੀ ਆਪਣੇ ਲਫ਼ਜ਼ਾਂ ਵਿੱਚ ਸੰਖੇਪ ਕਰ ਕੇ ਲਿਖਿਆ ਹੈ। ਸ਼ਹਿਜ਼ਾਦਾ ਖ਼ੁਸਰੋ ਦੇ ਗੁਰੂ ਜੀ ਨੂੰ ਮਿਲਣ ਬਾਰੇ ਕਿਸੇ ਨੇ ਉਸ ਸਮੇਂ ਅੱਖੀਂ ਦੇਖੀ ਲਿਖੀ ਹੋਵੇ, ਐਸੀ ਕੋਈ ਲਿਖਤ ਅਜੇ ਤੱਕ ਨਹੀਂ ਮਿਲੀ। ਜਹਾਂਗੀਰ ਤੋਂ ਲੈ ਕੇ ਹੁਣ ਤੱਕ ਲਿਖਣ ਵਾਲਿਆਂ ਨੇ ਸੁਣੀਆਂ ਸੁਣਾਈਆਂ ਹੀ ਗੱਲਾਂ ਲਿਖੀਆਂ ਹਨ। ਸ਼ਹਿਜ਼ਾਦਾ ਖ਼ੁਸਰੋ ਅਸਲ ਵਿੱਚ ਗੁਰੂ ਜੀ ਨੂੰ ਮਿਲਿਆ ਹੀ ਨਹੀਂ। ਇਹ ਸਤਿਗੁਰਾਂ ਉਪਰ ਇਕ ਊਜ ਲਾਈ ਗਈ ਸੀ ਜੋ ਤਅੱਸਬੀ ਮੁਸਲਮਾਨ ਹਾਕਮਾਂ, ਚੰਦੂ ਤੇ ਪ੍ਰਿਥੀਏ ਜਾਂ ਉਨ੍ਹਾਂ ਦੇ ਪਰਵਾਰ ਵੱਲੋਂ ਜਾਣ ਬੁਝ ਕੇ ਘੜੀ ਗਈ ਸੀ। ਜਦ ਅਸੀਂ ਬਾਦਸ਼ਾਹ ਦੇ ਆਪਣੇ ਲਿਖੇ ਅਨੁਸਾਰ ਉਸ ਦਾ ਰੋਜ਼ ਨਾਮਚਾ ਦੇਖਦੇ ਹਾਂ ਤਾਂ ਸ਼ਹਿਜ਼ਾਦਾ ਖ਼ੁਸਰੋ ਦੇ ਸਤਿਗੁਰਾਂ ਨੂੰ ਨਾ ਮਿਲਣ ਦੀ ਗੱਲ ਆਪਣੇ ਆਪ ਹੀ ਸਪੱਸ਼ਟ ਹੋ ਜਾਂਦੀ ਹੈ। ਬਾਦਸ਼ਾਹ ਲਿਖਦਾ ਹੈ ਕਿ ੧੬ ਅਪ੍ਰੈਲ ਨੂੰ ਸਵੇਰੇ ਸੁਲਤਾਨ ਪੁਰ ਪੁੱਜਾ। ਇਥੇ ਦੁਪਹਿਰ ਤੱਕ ਰਿਹਾ, ਫੇਰ ਪੁਲ ਤੋਂ ਪਾਰ ਹੋ ਗੋਇੰਦਵਾਲ ਪੁੱਜਾ। ਹੁਣ ਬਾਦਸ਼ਾਹ ਸਹਿਜੇ ਸਹਿਜੇ ਮੁਕਾਮ ਕਰਦਾ ੨੭ ਅਪ੍ਰੈਲ ਨੂੰ ਜੈਪਾਲ ਅਪੜਦਾ ਹੈ ਇਹ ਪਿੰਡ ਲਾਹੌਰੋਂ ੭ ਕੋਹ ਉਰੇ ਹੈ। ਐਉਂ ਲਗ ਪਗ ੧੨ ਕੁ ਦਿਨ ਪਾਤਸ਼ਾਹ ਮਾਝੇ ਵਿੱਚ ਰਿਹਾ ਪਰ ਖ਼ੁਸਰੋ ਦੇ ਗੁਰੂ ਜੀ ਨੂੰ ਮਿਲਣ ਦੀ ਗੱਲ ਪਾਤਸ਼ਾਹ ਤੱਕ ਨ ਅਪੜੀ। ੨੯ ਅਪ੍ਰੈਲ ਨੂੰ ਪਾਤਸ਼ਾਹ ਲਾਹੌਰ ਦੇ ਲਾਗੇ ਮਿਰਜ਼ਾ ਕਾਮਰਾਜ ਦੇ ਬਾਗ 'ਚ ਜਾ ਅਪੜਦਾ ਹੈ। ੧ ਮਈ ਨੂੰ ਖ਼ੁਸਰੋ ਫੜ ਕੇ ਪਾਤਸ਼ਾਹ ਦੇ ਪੇਸ਼ ਕੀਤਾ ਗਿਆ। ਉਸ ਨੂੰ ਤੇ ਉਸ ਦੇ ਸਾਥੀਆਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਮਰਵਾਇਆ ਗਿਆ। ਖ਼ੁਸਰੋ ਦੇ ਹਮਾਇਤੀਆਂ ਨੂੰ ਡੰਨਿਆ ਗਿਆ ਤੇ ਜਿਨ੍ਹਾਂ ਪਾਤਸ਼ਾਹ ਦੀ ਸਹਾਇਤਾ ਕੀਤੀ ਸੀ ਉਨ੍ਹਾਂ ਨੂੰ ਇਨਾਮ ਦਿੱਤੇ ਗਏ। ੭ ਮਈ ਤੱਕ ਬਾਦਸ਼ਾਹ ਕਾਮਰਾਜ ਦੇ ਬਾਗ਼ 'ਚ ਰਿਹਾ। ਖ਼ੁਸਰੋ ਦੇ ਮਾਮਲੇ ਨੂੰ ਮੁੱਕ ਚੁਕਿਆਂ ੧੩ ਦਿਨ ਹੋਰ ਲੰਘ ਗਏ। ੨੦ ਮਈ ਤੋਂ ਬਾਅਦ ਕਿਸੇ ਦਿਨ ਪਾਤਸ਼ਾਹ ਦੇ ਕੰਨੀ ਇਹ ਖ਼ਬਰ ਗੁਰ ਦ੍ਰੋਹੀਆਂ ਵੱਲੋਂ ਘੜ ਕੇ ਪਾਈ ਗਈ ਜੋ ਤਅੱਸਬ ਭਰੇ ਅਫ਼ਸਰਾਂ ਦੇ ਰਾਹੀਂ ਪੁਚਾਈ ਗਈ। ਦੂਜੀ ਗੱਲ ਇਹ ਕਿ ਜਦ ਪਾਤਸ਼ਾਹ ਨੇ ਚੰਦੂ ਨੂੰ ਗੁਰੂ ਕਾ ਦੋਸ਼ੀ ਜਾਣ ਕੇ ਗੁਰੂ ਹਰਿ ਗੋਬਿੰਦ ਜੀ ਦੇ ਹਵਾਲੇ ਕਰ ਦਿੱਤਾ ਤੇ ਕਿਹਾ ਕਿ ਜੋ ਸਜ਼ਾ ਤੁਸੀਂ ਚਾਹੋ ਇਸ ਨੂੰ ਦਿਉ। ਇਸ ਘਟਨਾ ਤੋਂ ਸਾਫ ਹੋ ਜਾਂਦਾ ਹੈ ਕਿ ਪਾਤਸ਼ਾਹ ਨੂੰ ਸਾਬਤ ਹੋ ਗਿਆ

ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨਿਰਦੋਸ਼ ਸਨ। ਚੰਦੂ ਵਰਗੇ ਗੁਰ ਘਰ ਕੇ ਦੋਖੀਆਂ ਦੀਆਂ ਮਨਘੜਤ ਊਜਾਂ ਨੂੰ ਸੱਚੀਆਂ ਸਮਝ ਕੇ ਮੈਂ ਉਨ੍ਹਾਂ ਬਾਰੇ ਪਹਿਲੋਂ ਵੀ ਗ਼ਲਤ ਸੋਚਦਾ ਰਿਹਾ ਤੇ ਅੰਤ ਨੂੰ ਸ਼ਹੀਦ ਕਰਨ ਦਾ ਵਹਿਸ਼ੀਆਨਾ ਹੁਕਮ ਦੇ ਕੇ ਆਪਣੇ ਆਪ ਨੂੰ ਕਲੰਕੀ ਕਰ ਲਿਆ। ਆਪਣੇ ਇਸੇ ਕੀਤੇ ਗੁਨਾਹ 'ਤੇ ਪੜਦਾ ਪਾਉਣ ਲਈ ਹੀ ਚੰਦੂ ਨੂੰ ਗੁਰਾਂ ਦੇ ਹਵਾਲੇ ਕਰ ਦਿੱਤਾ। ਐਉਂ ਕਰ ਕੇ ਪਾਤਸ਼ਾਹ ਨੇ ਲੋਕਾਂ ਵਿੱਚ ਆਪਣੀ ਨਿਰਦੋਸ਼ਤਾ ਦਾ ਸਿੱਕਾ ਬਿਠਾ ਲਿਆ। ਇਹੋ ਖ਼ਿਆਲ ਆਮ ਪ੍ਰਚੱਲਤ ਹੋ ਗਿਆ। ਇਥੋਂ ਤੱਕ ਕਿ ਪਾਤਸ਼ਾਹ ਵੱਲੋਂ ਕਤਲ ਕਰ ਦੇਣ ਦੇ ਹੁਕਮ ਦਾ ਪਤਾ ਫ਼ਾਰਸੀ ਇਤਿਹਾਸਕਾਰ ਦਬਿਸਤਾਨ ਮਜ਼ਾਹਬ ਵਾਲੇ ਨੂੰ ਵੀ ਨਹੀਂ ਲੱਗਾ ਤੇ ਕਈ ਅੰਗਰੇਜ਼ੀ, ਫ਼ਾਰਸੀ ਤੇ ਉਰਦੂ ਦੇ ਇਤਿਹਾਸਕਾਰਾਂ ਨੂੰ ਵੀ ਇਹ ਜਾਣਕਾਰੀ ਨਹੀਂ ਮਿਲ ਸਕੀ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਪੰਚਮ ਗੁਰੂ ਕਾ ਜੋਤੀ ਜੋਤ ਸਮਾਵਨ ਅੰਤਮ ਪ੍ਰਸੰਗ ਬਰਨਨੰ' ਨਾਮ ਬੀਸਮੋਂ ਬਿਸ੍ਰਾਮ ॥੨੦॥

੨੧. {ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ, ਬਾਲ ਲੀਲਾ, ਗੁਰਤਾ ਗੱਦੀ, ਪਾਤਸ਼ਾਹ ਨੂੰ ਮਿਲਣਾ ਤੇ ਕਿਲ੍ਹੇ ਗੁਆਲੀਅਰ ਜਾਣਾ}

ਦੋਹਰਾ:

ਧਰਮ ਧੁਰੰਧਰ ਧਰਾ ਪਰ,
ਧਰਜੋ ਧਰਮ ਅਵਤਾਰ[1]।

[1]ਧਰਮ ਦਾ {ਧੁਰੰਧਰ} ਭਾਰ ਚੁੱਕਣ ਵਾਲੇ (ਪ੍ਰਮੇਸ਼ਰ) ਨੇ (ਸ੍ਰੀ ਗੁਰੂ ਗੋਬਿੰਦ ਸਿੰਘ ਰੂਪ) ਧਰਮ ਦਾ ਅਵਤਾਰ ਧਾਰਿਆ ਹੈ।

ਦਵਨ ਯਵਨ ਕੁਲ ਅਵਨਿ ਪਰ,
ਭਵਨ ਪਵਨ ਸ੍ਰੁਤਿ ਸਾਰ[1] ॥੧॥

[1]ਧਰਤੀ ਉਪਰ ਤੁਰਕਾਂ ਦੀ ਕੁਲ ਨੂੰ ਦਬਾਉਣ ਵਾਸਤੇ ਅਤੇ {ਭਵਨ} ਸੰਸਾਰ ਵਿੱਚ {ਪਵਨ} ਪਵਿੱਤ੍ਰ ਵੇਦਾਂ ਦੀ {ਸਾਰ} ਸੰਭਾਲ ਕਰਨ ਲਈ।

ਕਬਿੱਤ:

ਚਕ੍ਰ ਚਕ੍ਰ ਪਾਨੀ ਹਾਨੀ ਦੁਜਨ ਸਜਨ ਮਾਨੀ,
ਜਾਨੀ ਜਜੋਂ ਭਵਾਨੀ ਕੀ ਕ੍ਰਿਪਾਨੀ ਦਨੁ ਜਾਨੀ ਪੈ[1]।

[1]ਜਿਵੇਂ {ਚੱਕ੍ਰ ਪਾਨੀ} ਵਿਸ਼ਨੂੰ ਦਾ ਸੁਦਰਸ਼ਨ ਚੱਕ੍ਰ ਦੁਰਜਨਾਂ (ਖੋਟੇ ਪੁਰਸ਼ਾਂ ਦੁਰਬਾਸਾ ਆਦਿ ਦੇ) ਮਾਰਨ ਲਈ ਅਤੇ ਸੱਜਣਾਂ (ਸ੍ਰੇਸ਼ਟ ਪੁਰਸ਼ਾਂ ਅੰਬ੍ਰੀਕ ਭਗਤ ਆਦਿਕਾਂ ਦੇ) ਮਾਣ ਵਧਾਉਣ ਲਈ (ਪ੍ਰਗਟ ਹੋਇਆ) ਅਤੇ {ਭਵਾਨੀ} ਚੰਡੀ ਦੀ ਤਲਵਾਰ ਦਾਨਵਾਂ (ਰਾਖਸ਼ਾਂ) ਦੀ ਕੁਲ ਉੱਪਰ (ਉਸ ਨੂੰ ਖ਼ਤਮ ਕਰਨ ਲਈ ਪ੍ਰਗਟ ਹੋਈ) ਜਾਣੀ ਗਈ ਹੈ।

ਪੱਬਨ ਬਿਲੱਛਨ ਸੁ ਪੱਛਨ ਕੇ ਤੱਛਨ ਕੋ,
ਅੱਛ ਜਜੋਂ ਪ੍ਰਤੱਛ ਦੱਛ ਬੱਜ੍ਰ ਬੱਜ੍ਰ ਪਾਨੀ ਪੈ[1]।

[1]ਜਿਵੇਂ {ਬਿਲਛਣ} ਵਿਲੱਖਣ (ਅਨੋਖੇ ਭਾਵ ਵੱਡੇ) ਪਹਾੜਾਂ ਦੇ {ਪੱਛਨ} ਖੰਭਾਂ ਦੇ {ਤੱਛਨ} ਕੱਟਣ ਨੂੰ {ਬਜ੍ਰਪਾਨੀ} ਇੰਦ੍ਰ ਦਾ ਬੱਜ੍ਰ ਦੱਛ ਉਪਰ ਪ੍ਰਗਟ ਹੋਇਆ।

ਸੂਲੀ ਕੀ ਤ੍ਰਿਸੂਲ ਨ੍ਰਿਮੂਲ ਕੂਲ ਤ੍ਰਿਪੁਰ ਕੋ,
ਬਾਨ ਅਵਧੇਸ ਏਸ ਲੰਕ ਅਭਿਮਾਨੀ ਪੈ[1]।

[1](ਜਿਵੇਂ) ਸ਼ਿਵ ਦਾ ਤ੍ਰਿਸ਼ੂਲ ਤ੍ਰਿਪੁਰ ਦੈਂਤ ਦੀ ਕੁਲ ਨੂੰ {ਨ੍ਰਿਮੂਲ} ਨਾਸ ਕਰਨ ਲਈ (ਪ੍ਰਗਟ ਹੋਇਆ ਅਤੇ ਜਿਵੇਂ) {ਅਵਧੇਸ}ਰਾਮ ਚੰਦਰ ਦੇ ਤੀਰ ਹੰਕਾਰੀ {ਏਸ ਲੰਕ}ਰਾਵਣ ਉਪਰ (ਉਸ ਨੂੰ ਮਾਰਨ ਲਈ ਪ੍ਰਗਟ ਹੋਏ)।

ਤੈਸੇ ਹਰਿ ਗਜਾਨੀ ਗੁਰੁ ਦਸਮ ਕ੍ਰਿਪਾਨੀ,
ਬਲਵਾਨੀ ਜਗ ਜਾਨੀ ਬਿਦਤਾਨੀ ਤ੍ਰੁਕਾਨੀ ਪੈ[1]
॥੨॥

[1]ਗਿਆਨ ਸਿੰਘ (ਕਹਿੰਦਾ ਹੈ) ਤਿਵੇਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਲ ਵਾਲੀ ਕ੍ਰਿਪਾਨ (ਜ਼ਾਲਮ) ਤੁਰਕਾਂ ਉਪਰ (ਉਨ੍ਹਾਂ ਨੂੰ ਖ਼ਤਮ ਕਰਨ ਲਈ) ਪ੍ਰਗਟ ਹੋਈ ਜਾਣੀ ਗਈ ਹੈ।

ਦੋਹਰਾ:

ਦਹਿਮ ਗੁਰੂ ਇਕ ਲਹਿਮ ਮਹਿਂ,
ਦਹਿ ਮਮ ਦੁੰਦਹਿ ਸਹਿਮ[1]।

[1]{ਦਹਿਮ} ਦਸਵੇਂ ਸਤਿਗੁਰੂ ਜੀ! ਇਕ {ਲਹਿਮ} ਖਿਨ ਵਿੱਚ

ਰਹਿਮ ਫਹਿਮ ਦੈ ਛਹਿਮ ਸਹਿ,
ਗਹਿ ਮਮ ਕਰ ਹਰ ਅਹਿਮ[1] ॥ ੩ ॥

ਮੇਰੇ {ਦੁੰਦ} ਝਗੜੇ ਤੇ {ਸਹਿਮ} ਡਰ {ਦਹਿ} ਸਾੜ ਦਿਉ।

[1](ਰਹਿਮ) ਕਿਰਪਾ ਕਰ ਕੇ ਮੈਨੂੰ (ਛਹਿਮ ਸਹਿ) ਖਿਮਾ ਦੇ ਸਹਿਤ {ਫਹਿਮ} ਬੁੱਧੀ ਦਿਉ ਅਤੇ ਮੇਰਾ {ਕਰ} ਹੱਥ ਫੜ ਕੇ {ਅਹਿਮ} ਮੁਸ਼ਕਲਾਂ {ਹਰ} ਨਾਸ (ਕਰ ਦਿਉ)।

ਖਸ਼ਟਮ ਗੁਰੂ ਬਲਿਸ਼ਟ ਕੀ,
ਇਸ਼ਟ ਸ੍ਰਿਸ਼ਟ ਆਕ੍ਰਿਸ਼ਟ[1]।

[1]{ਬਲਿਸ਼ਟ} ਮਹਾਂ ਬਲੀ ਛੇਵੇਂ ਸਤਿਗੁਰਾਂ ਦੀ {ਇਸ਼ਟ} ਪਿਆਰੀ ਸ੍ਰੇਸ਼ਟ ਤੇ {ਆਕ੍ਰਿਸ਼ਟ} ਚੜ੍ਹਦੀ ਕਲਾ ਦੀ।

ਕਥਾ ਨਿਸ਼ਟ ਕਰ ਦੁਸ਼ਟ ਕੁਲ,
ਦ੍ਰਿਸ਼ਟੈਹੌਂ ਅਤਿ ਮਿਸ਼ਟ[1] ॥ ੪ ॥

[1]{ਅਤਿ ਮਿਸ਼ਟ} ਬਹੁਤ ਮਿੱਠੀ ਕਥਾ ਦਿਖਾਉਂਦੇ ਹਾਂ ਜੋ ਦੁਸ਼ਟਾਂ ਦੀ ਕੁਲ ਨੂੰ ਨਾਸ ਕਰੇਗੀ।

ਸ੍ਵੈਯਾ:
ਦੋਸ਼ ਬਿਦਾਰ ਸ਼ਿੰਗਾਰ ਗ੍ਰੰਥਨ,
ਪੰਥਨ ਕੋ ਸੁਖ ਦਾ ਫਲ ਚਾਰੂ[1]।

[1]{ਕਵਿਤਾ} ਦੋਸ਼ਾਂ ਨੂੰ ਨਾਸ ਕਰਨ ਵਾਲੀ, ਗ੍ਰੰਥਾਂ ਦਾ ਸ਼ਿੰਗਾਰ, ਸਾਰੇ ਮਤਾਂ ਨੂੰ ਸੁਖ ਤੇ ਚਾਰੇ ਫਲ ਦੇਣ ਵਾਲੀ ਹੈ।

ਦਾਸ ਮਲਿੰਦਨ ਕੋ ਅਰਬਿੰਦ,
ਜੁਗਿਆਸਨ ਕੋ ਬ੍ਰਹਮ ਬਿੰਦਕ ਭਾਰੂ[1]।

[1]ਦਾਸਾਂ ਰੂਪ ਭੌਰਿਆਂ ਨੂੰ ਕੰਵਲ ਵਾਂਗ (ਸੁਗੰਧੀ ਦੇਣ ਵਾਲੀ) ਅਤੇ ਜਗਿਆਸੂਆਂ ਨੂੰ ਭਾਰੀ ਬ੍ਰਹਮ ਦੇ ਜਨਾਉਣ ਵਾਲੀ ਹੈ।

ਕੰਦ ਅਨੰਦ ਬੁਲੰਦ ਪ੍ਰਦਾ,
ਦੁਖ ਦੁੰਦ ਗਜਿੰਦਨ ਪੈ ਮਿਰਗਾਰੂ[1]।

[1]ਅਨੰਦ ਦਾ ਬੱਦਲ, ਉਚਿਤਾ ਦੇਣ ਵਾਲੀ, ਦੁੱਖਾਂ ਤੇ ਉਪੱਦ੍ਰਵਾਂ ਰੂਪ ਹਾਥੀਆਂ ਨੂੰ ਸ਼ੇਰਾਂ ਵਾਂਗ (ਮਾਰਨ ਵਾਲੀ) ਹੈ।

ਗਜਾਨ ਹਰੀ ਕਵਿਤਾ ਸਵਿਤਾ
ਭਵਤਾ, ਗੁਰੁ ਖਸ਼ਟ ਚਰਿੱਤ੍ਰ ਚਾਰੂ[1] ॥ ੪ ॥

[1]ਗਿਆਨ ਸਿੰਘ (ਕਹਿੰਦਾ ਹੈ) ਮੇਰੀ ਕਵਿਤਾ ਦੀ {ਭਵਤਾ} ਸੁੰਦਰਤਾ {ਸਵਿਤਾ} ਸੂਰਜ ਵਾਂਗ ਹੈ। ਕਿਉਂਕਿ ਇਸ ਵਿੱਚ ਛੇਵੇਂ ਸਤਿਗੁਰਾਂ ਦੇ ਸੁੰਦਰ ਕੌਤਕ ਹਨ।

ਖੋੜਸ ਸੈ ਸਰ ਦੋਇ ਅਸਾੜ,
ਵਦੀ ਥਿਤਿ ਏਕਮ ਭੌ ਅਵਤਾਰੀ[1]।

[1]ਸੋਲਾਂ ਸੌ ਬਵੰਜਾ (੧੬੫੨ ਬਿ:) ਹਾੜ ਵਦੀ ਏਕਮ ਥਿੱਤ ਨੂੰ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ) ਅਵਤਾਰ ਹੋਇਆ।

ਦੇਵਨ ਆਇ ਕਰੀ ਬਰਖਾ ਫੁੱਲ,
ਜੈਤਿ ਧੁਨੀ ਨਭ ਮਾਂਹਿ ਉਦਾਰੀ[1]।
ਮੋਦ ਛਜੋ ਪੁਰ ਮੈਂ ਘਰ ਹੀ ਘਰ,
ਪੈ ਦਰ ਹੀ ਦਰ ਬੰਦਨ ਵਾਰੀ[1]।

[1]ਅਕਾਸ਼ ਵਿੱਚ ਸ੍ਰੇਸ਼ਟ ਜੈ ਜੈਕਾਰ ਦੀ ਅਵਾਜ਼ ਹੋਈ।

[1]ਸ਼ਹਿਰ ਵਿੱਚ ਘਰ ਘਰ (ਅੰਦਰ) ਅਨੰਦ ਭਰ ਗਿਆ ਅਤੇ ਹਰ ਬੂਹੇ ਉਪਰ ਬੰਦਨ ਮਾਲਾ ਬੰਨ੍ਹੀ ਹੋਈ ਹੈ। {ਬੰਦਨ ਮਾਲਾ– ਬੱਚੇ ਦੇ ਜਨਮ ਦੀ ਖੁਸ਼ੀ ਵਿੱਚ ਫੁੱਲ ਪੱਤੇ ਆਦਿ ਦੀ ਮਾਲਾ ਜੋ

ਬੂਹੇ ਉਪਰ ਬੰਨ੍ਹੀ ਜਾਂਦੀ ਹੈ।}

ਦੇਵਤ ਪੂੰਨ ਸਗੂੰਨ ਸੁ ਲੇਵਤ,
ਸੇਵਤ ਨਾਮ ਗੁਰੂ ਨਰ ਨਾਰੀ[1] ॥ ੬ ॥

[1]ਪੁੰਨ ਦਾਨ ਦੇਂਦੇ ਹਨ ਚੰਗੇ ਸ਼ਗਨ ਲੈਂਦੇ ਹਨ, ਇਸਤ੍ਰੀ ਪੁਰਸ਼ ਗੁਰੂ ਕਾ ਨਾਮ ਜਪਦੇ ਹਨ।

ਕਬਿਤ:

ਆਇ ਕੈ ਲੁਗਾਈ[1] ਦੈਂ ਬਧਾਈ ਗੰਗ ਮਾਤ ਤਾਈਂ,
ਛਾਈ ਧੁਨਿ ਮੰਗਲ ਪ੍ਰਦਾਈ ਘਰ ਘਰ ਹੈ[1]।
ਬਿਬਿਧ ਬਜਤ ਬਾਜ[1] ਕੌਤਕ ਤਮਾਸ਼ੇ ਨਾਦ[2],
ਤੋਰਨ[1] ਪਤਾਕੈ[2]ਂ ਸੋ ਝਲਾਕੈਂ ਦਰ ਦਰ ਹੈਂ[3]।

[1]ਇਸਤ੍ਰੀਆਂ।

[1]ਖੁਸ਼ੀਆਂ ਦੇ ਦੇਣ ਵਾਲੀ ਅਵਾਜ਼ ਘਰ ਘਰ ਵਿੱਚ ਭਰ ਗਈ।
[1]ਅਨੇਕ ਤਰ੍ਹਾਂ ਦੇ ਵਾਜੇ ਵਜਦੇ ਹਨ। [2]ਸ਼ਬਦ (ਹੋ ਰਿਹਾ ਹੈ)।
[1]ਬੰਦਨ ਮਾਲਾ ਦੇਖੋ ਇਸ ਬਿਸ੍ਰਾਮ ਦੇ ਪਿਛਲੇ ਅੰਕ ਦੀ ਟਿਪਣੀ। [2]ਝੰਡੀਆਂ। [3]ਹਰ ਬੂਹੇ ਉੱਤੇ ਚਮਕ ਰਹੀਆਂ ਹਨ।

ਦੂਬ ਔ ਅਸੀਸ ਕੇ ਦਿਵੱਯਾ ਖੂਬ ਬਖਸ਼ੀਸ਼,
ਭੂਸ਼ਨ ਪਟੰਬਰ ਲੈ ਜਾਤ ਭਰ ਭਰ ਹੈਂ[1]।

[1]ਹਰਾ ਘਾਹ ਤੇ ਅਸੀਸਾਂ ਦੇਣ ਵਾਲੇ, ਗਹਿਣਿਆਂ ਤੇ ਰੇਸ਼ਮੀ ਕੱਪੜਿਆਂ ਦੀਆਂ ਬਖਸ਼ਸ਼ਾਂ (ਨਾਲ ਝੋਲੀਆਂ) ਭਰ ਭਰ ਕੇ ਲੈ ਜਾਂਦੇ ਹਨ।

ਕੰਚਨ ਰਜਤਪਣ ਜ਼ੇਵਰ ਜਰਾਊ ਮਣਿ,
ਹੀਰਨ ਕੇ ਹਾਰ ਗਣ ਦੇਤਿ ਵਰ ਬਰ ਹੈਂ[1] ॥ ੭ ॥

[1]ਸੋਨੇ ਤੇ ਚਾਂਦੀ ਦੇ ਮਣੀਆਂ (ਜੜਤ) ਜੜਾਊ ਗਹਿਣੇ ਅਤੇ ਹੀਰਿਆਂ ਦੇ ਚੰਗੇ ਤੋਂ ਚੰਗੇ ਬਹੁਤੇ ਹਾਰ ਦੇਂਦੇ ਹਨ।

ਭਏ ਅਵਤਾਰ ਸੁਨਿ ਜਾਚਕ[1] ਅਪਾਰ ਅਏ,
ਦਾਨ ਗੁਰੁ ਦਏ ਰਹਜੋ ਰੰਕ[1] ਕੋ ਨ ਧਰ[2] ਹੈ।
ਜ਼ੇਵਰ ਨ ਏਕ ਛੋਰਾ ਗਾਂਇ ਗਜ[1] ਬੈਲ ਘੋਰਾ,
ਬਸਨ ਬਜਾਰ ਜੋਰਾ ਟੋਰਾ ਹੂੰ ਨ ਪਰ ਹੈ[1]।
ਗਾਂਮ ਮੈਂ ਨ ਨਾਜ ਰਹਜੋ ਧਾਂਮ ਨ ਸਮਾਜ ਰਹਜੋ,
ਜਮ੍ਹਾਂ ਏਕ ਜਾਮ ਕੋ ਨਾ ਦਾਮ ਰਹਜੋ ਘਰ ਹੈ[1]।

[1]ਮੰਗਤੇ।
[1]ਕੰਗਾਲ। [2]ਧਰਤੀ 'ਤੇ।
[1]ਹਾਥੀ।
[1]ਬਜ਼ਾਰ ਵਿੱਚ ਬਸਤ੍ਰਾਂ ਦਾ ਜੋੜਾ ਭਾਲਿਆਂ ਵੀ ਨਹੀਂ ਲੱਭਦਾ।
[1]ਪਿੰਡ 'ਚ ਅਨਾਜ ਨ ਰਿਹਾ, ਘਰ 'ਚ ਸਮਾਨ ਨ ਰਿਹਾ, ਘਰ ਵਿੱਚ ਇਕ ਪਹਿਰ ਦੇ (ਖਰਚ ਜੋਗਾ) {ਦਾਮ}ਰੁਪਇਆ ਪੈਸਾ ਨਾ ਰਿਹਾ।

ਸ੍ਰੀ ਮਾਤ ਗੰਗ ਕੇ ਪੁਸ਼ਾਕ ਏਕ ਅੰਗ ਰਹੀ,
ਗੁਰੂ ਕੇ ਭੀ ਧੋਤੀ ਪਾਗ ਮਾਲਾ ਰਹੀ ਕਰ ਹੈ[1]
॥ ੮ ॥

[1]ਹੱਥ ਵਿੱਚ।

ਸ੍ਵੈਯਾ:

ਹੇਰ ਕੁਬੇਰ ਡਰਜੋ ਮਨ ਮੈਂ,
ਮਘਵਾ[1] ਛਪਿ ਮੇਘਨ ਮਾਂਹਿ ਪਜੋ ਹੈ।

[1]ਇੰਦ੍ਰ।

ਭੁਲਗੀ ਸੁਧਿ ਸਾਤਹੁਂ[1] ਸਿੱਧਨ ਕੀ,

[1]ਸੱਤ ਸੁੱਧਾਂ {ਧੀਰਜ, ਬੁਧਿ ਬਿਬੇਕ ਬਲ ਗਤਿ ਮਤਿ ਅਉਸਰ ਬਾਤ। ਸਿੰਘਨ ਡਰ ਤੁਰਕਾਨ ਕੀ ਭੂਲ ਗਈਂ ਸੁਧ ਸਾਤ। ਪੰਥ ਪ੍ਰਕਾਸ਼}

ਨਵ ਨਿੱਧਨ ਰਿੱਧਿਨ ਹੋਸ਼ ਗਯੋ ਹੈ।
ਕਮਲਾ ਡਰ ਕੈ ਹਰ ਕੈ ਲਪਟੀ,
ਕਪਟੀ ਰਤਨਾਕਰ ਅਥਾਹਿ ਭਯੋ ਹੈ[1]।

[1]ਲੱਛਮੀ ਡਰ ਕੇ ਵਿਸ਼ਨੂੰ ਨਾਲ ਚਿੰਬੜ ਗਈ (ਕਿਤੇ ਸਤਿਗੁਰੂ ਜੀ ਮੈਨੂੰ ਵੀ ਪਕੜ ਕੇ ਦਾਨ ਨਾ ਕਰ ਦੇਣ) ਅਤੇ ਛਲੀਆ ਸਮੁੰਦਰ ਡੂੰਘਾ ਹੋ ਗਿਆ (ਕਿ ਕਿਤੇ ਮੇਰੇ 'ਚੋਂ ਸਾਰੇਰਤਨ ਕੱਢ ਕੇ ਗੁਰੂ ਜੀ ਦਾਨ ਨ ਕਰ ਦੇਣ।

ਮਤ ਮੋਹਿ ਉਠਾਇ ਦਿਵੈਂ ਗੁਰੁ ਦਾਨ,
ਸੁਮੇਰੁ ਭਿ ਹੇਰ ਚੁਫੇਰ ਛਯੋ ਹੈ[1] ॥ ੯ ॥

[1]ਸੁਮੇਰ ਪਰਬਤ (ਸੋਨੇ ਦਾ ਪਹਾੜ) ਵੀ (ਇਹ) ਦੇਖ ਕੇ ਚਾਰ ਚੁਫੇਰੇ ਫੈਲ ਗਿਆ।

ਬਹੁ ਦੇਸ ਬਦੇਸਨ ਮੈਂ ਬਿਸਤੀਰਤ,
ਕੀਰਤਿ ਮਾਲਤੀ ਫੂਲ ਗਈ[1]।

[1](ਗੁਰਾਂ ਦੀ) ਮਹਿਮਾ ਮਾਲਤੀ ਦੇ ਫੁੱਲ ਵਾਂਗ ਫੈਲ ਗਈ।

ਪਰਚਾ ਗੁਰੁ ਦਾਨ ਘਰੋ ਘਰ ਮੈਂ,
ਚਰਚਾ ਕਿਤ ਮਾਲ ਮਰਾਲ ਛਈ[1]।

[1]ਕਿਸੇ ਥਾਂ ਗੁਰਾਂ ਦੇ ਦਾਨ ਦੀ ਕਰਾਮਾਤ ਦੀ ਚਰਚਾ ਘਰ ਘਰ ਵਿੱਚ ਹੰਸਾਂ ਦੀ ਡਾਰ ਵਾਂਗ ਫੈਲ ਗਈ ਹੈ।

ਧਰਿ ਆਸ ਅਯੋ ਨ ਨਿਰਾਸ ਗਯੋ,
ਮਨ ਇੱਛਤ ਦੌਲਤ ਦੋਇ ਲਹੀ[1]।

[1]ਦੋ ਤਰ੍ਹਾਂ ਦੀ ਭਾਵ ਲੋਕ ਪ੍ਰਲੋਕ ਦੀ ਦੌਲਤ ਲੈ ਲਈ।

ਹਰਿ ਗੋਬਿੰਦ ਕੇ ਬਿਦਤਾਵਨ ਕੀ[1],
ਤਿਨ ਲੋਕ ਵਿਖੈ ਪਰ ਧੂੰਮ ਗਈ ॥ ੧੦ ॥

[1]ਪ੍ਰਗਟ ਹੋਣ ਦੀ।

ਦੁਲਰਾਵਤ[1] ਮਾਤ ਹਿਯੇ ਹੁਲਸਾਤ[2],
ਸਮਾਤ ਨ ਅੰਗ ਉਮੰਗ[1] ਭਰੈਂ।

[1]ਲਾਡ ਲਡਾਉਂਦੀ ਹੈ। [2]ਹਿਰਦੇ ਵਿੱਚ ਪ੍ਰਸੰਨ ਹੁੰਦੀ ਹੈ।

[1]ਉਤਸ਼ਾਹ।

ਪੁਚਕਾਰਤ[1] ਮਾਰਤ ਸੋ ਚੁਟਕੀ,
ਕਰ ਕੰਜ ਵਿਖੈ ਮੁਖ ਮੰਜ ਫਰੈਂ[1]।

[1]ਪੁਚ ਪੁਚ ਸ਼ਬਦ ਕਰ ਕੇ ਬੁਲਾਉਂਦੀ ਹੈ।

[1](ਮਾਤਾ ਜੀ ਆਪਣੇ) ਹੱਥ ਕੰਵਲਾਂ ਵਿੱਚ ਉੱਜਲ ਮੁਖ ਨੂੰ ਫੜਦੇ ਹਨ।

ਕਰਿ ਚੁੰਮਨ ਚਿੱਬਕ ਹੱਥਰੁ ਮੱਥ,
ਉਲੱਥ ਪੁਲੱਥ ਸੁਕੱਥ ਕਰੈਂ[1]।

[1]ਠੋਡੀ, ਹੱਥ ਤੇ ਮੱਥੇ ਨੂੰ ਚੁੰਮਦੇ ਹਨ (ਸਾਹਿਬਜ਼ਾਦੇ ਨੂੰ) ਉਲੱਦ ਪੁਲੱਦ (ਕਰਦੇ ਹੋਏ) ਚੰਗੀਆਂ ਗੱਲਾਂ ਕਰਦੇ ਹਨ।

ਰਸ ਰਾਸ ਬਿਲਾਸ ਹੁਲਾਸ ਸਮੋਦ,
ਪ੍ਰਮੋਦ ਬਿਨੋਦ ਕੈ ਗੋਦ ਧਰੈਂ[1] ॥ ੧੧ ॥

[1]{ਰਾਸ} ਸਾਰੇ {ਬਿਲਾਸ} ਬਚਨ {ਰਸ} ਪਿਆਰ {ਹੁਲਾਸ} ਉਤਸ਼ਾਹ ਤੇ {ਸਮੋਦ} ਅਨੰਦ ਸਹਿਤ (ਕਰਦੇ ਹਨ ਫਿਰ) ਬਹੁਤੇ ਅਨੰਦ ਨਾਲ {ਬਿਨੋਦ} ਖੇਡਾਂ ਕਰਵਾ ਕੇ ਗੋਦੀ ਵਿੱਚ

ਬਿਠਾ ਲੈਂਦੇ ਹਨ।

ਮੁਖ ਚੰਦ ਅਰੁਬਿੰਦ ਮਨਿੰਦ ਅਨਿੰਦਤ,
ਭ੍ਰਿੰਗ ਚਕੋਰ ਚਿਤੈਂ ਮੰਡਰੈਂ ਹੈਂ[1]।

[1](ਸਾਹਿਬਜ਼ਾਦੇ ਦਾ ਮੁੱਖ ਚੰਦ੍ਰਮਾ ਤੇ ਕੰਵਲ ਵਰਗਾ ਉਸਤਤ ਯੋਗ ਹੈ। (ਸਿੱਖ) ਚਕੋਰਾਂ ਤੇ ਭੌਰਿਆਂ (ਵਾਂਗ) ਦੇਖ ਕੇ ਘੁੰਮ ਰਹੇ ਹਨ।

ਪਗ ਨੇਵਰ ਜ਼ੇਵਰ ਕੰਕਨ ਕਿੰਕਨਿ,
ਮਾਲ ਮਨੀ ਹਿਯ ਪੈ ਝਲਕੈ ਹੈਂ[1]।

[1]ਪੈਰਾਂ ਵਿੱਚ ਝਾਂਜਰਾਂ, (ਹੱਥਾਂ ਵਿੱਚ) ਕੜੇ, (ਲੱਕ 'ਚ) ਤੜਾਗੀ ਆਦਿ ਗਹਿਣੇ ਅਤੇ ਮਣੀਆਂ ਦੀ ਮਾਲਾ ਛਾਤੀ 'ਤੇ ਚਮਕ ਰਹੀ ਹੈ।

ਕਚ ਮੇਚਕ ਚਿੱਕਨ ਆਨਨ ਪੈ,
ਲਟਕੈਂ ਜਨ ਨਾਗ ਬਚਾ ਸਸਿ ਪੈ ਹੈਂ[1]।

[1]ਕਾਲੇ ਤੇ ਚੀਕਣੇ ਵਾਲ ਮੁੱਖ 'ਤੇ ਲਟਕ ਰਹੇ ਹਨ, ਜਾਣੋ ਚੰਦ ਦੇ ਉੱਤੇ ਸੱਪਾਂ ਦੇ ਬੱਚੇ ਹਨ।

ਝਲਕੈ ਝਗੁਲੀ ਮਧ ਯੌਂ ਤਨਕੀ ਦੁਤਿ,
ਇੰਦੁ ਮਨੋ ਮੱਧ ਮੇਘ ਲਸੈਂ ਹੈਂ[1] ॥ ੧੨ ॥

[1]ਝੱਗੀ ਵਿੱਚ ਸਰੀਰ ਦੀ ਸ਼ੋਭਾ ਐਉਂ ਚਮਕ ਰਹੀ ਹੈ ਜਾਣੋ ਬੱਦਲਾਂ ਦੇ ਵਿੱਚ ਦੀ ਚੰਦ ਚਮਕ ਰਿਹਾ ਹੈ।

ਕਰਿ ਭੋਜਨ ਮਾਤ ਪਿਤਾ ਢਿਗ ਪੈ,
ਮਿਲ ਬਾਲਨ ਖੇਲ ਨਿਹਾਲ ਕਰੈ ਹੈਂ।
ਕਬਹੂੰ ਕਿਲਕਾਰਤ[1] ਟਾਰਤ ਸ਼ੋਕ,

[1]ਚੀਕਾਂ ਮਾਰਦੇ ਹਨ।

ਨਿਹਾਰਤ ਲੋਗ ਬਿਸਾਰਤ ਗੇਹੈਂ[1]।

[1]ਦੇਖਣ ਵਾਲੇ ਲੋਕ ਘਰਾਂ ਨੂੰ ਭੁਲਾ (ਬੈਠਦੇ ਹਨ)।

ਗੁਰੁ ਬਾਲਕ ਮਾਲਕ ਬਿੱਸ੍ਵ[1], ਬਸੋ
ਉਰਿ ਮੋਹਿ, ਸਦਾ ਹਰਿ ਗਜ਼ਾਨ ਚਹੇ ਹੈਂ* ॥ ੧੩ ॥

[1]ਸੰਸਾਰ ਦੇ।

*ਇਸ ਅੰਕ ਨ: ੧੩ ਦੀਆਂ ਤਿੰਨ ਹੀ ਤੁਕਾਂ ਹਨ। ਇਕ ਤੁਕ ਕਿਤੇ ਛਾਪਾ ਪੱਥਰ ਐਡੀਸ਼ਨ ਵਿੱਚ ਛਪਣੋਂ ਰਹਿ ਗਈ ਹੈ।

ਛਪਯ:

ਚਰਨ ਬਰਨ ਸਮ ਕੰਜ,
ਅਰਨ ਸੁਖ ਮੰਜ ਸਸੀ ਜਨ[1]।

[1]ਚਰਨਾਂ ਦਾ ਰੰਗ (ਲਾਲ) ਕੰਵਲਾਂ ਵਰਗਾ ਹੈ ਜਾਣੋ ਮੁਖ ਚੰਦ੍ਰਮਾ (ਵਰਗਾ) ਉੱਜਲ ਹੈ।

ਬਸਨ ਬਿਲੋਕਨ ਹਸਨ ਦਸਨ,
ਦਾਮਨਿ ਦਮਕਨ ਘਨ[1]।

[1]ਬਸਤ੍ਰਾਂ ਵਿੱਚ ਹੱਸਣ ਸਮੇਂ ਦੰਦ (ਐਉਂ) ਦਿਸਦੇ ਹਨ (ਜਿਵੇਂ) ਬੱਦਲਾਂ ਵਿੱਚ ਬਿਜਲੀ ਚਮਕਦੀ ਹੈ।

ਜਬਿ ਕਿ ਚਿਬਕ ਕਪੋਲ,
ਲੋਲ ਕੁੰਡਲ ਰਵਿ ਨਵ ਵਤ[1]।

[1]ਜਦੋਂ ਕਿ ਠੋਡੀ ਤੇ ਗੱਲ੍ਹਾਂ ਉਪਰ ਨਵੇਂ ਸੂਰਜ ਵਾਂਗ ਕੁੰਡਲ ਹਿੱਲ ਰਹੇ ਹਨ।

ਭ੍ਰਿਕੁਟੀ ਕੁਟਿਲ ਸੁ ਧਨੁਖ ਮਦਨ,

ਛਬਿ ਅੰਗ ਅਨੰਗ ਅਤਿ[1]।

[1]ਕਾਮਦੇਵ ਦੇ ਧਨੁਖ ਵਰਗੇ ਟੇਢੇ ਭ੍ਰੂਵੱਟੇ ਹਨ, ਅਤੇ ਅੰਗਾਂ ਦੀ ਸੋਭਾ ਬਹੁਤ (ਅਨੰਗ) ਸੁੰਦਰ ਹੈ।

ਗਤਿ ਗਇੰਦ ਕੇਹਰ ਠਵਨ,
ਕਦਲਿ ਜੰਘ ਭੁਜ ਕਰਭਿ ਕਰ[1]।

[1]ਤੋਰ ਹਾਥੀ (ਵਰਗੀ) ਤੇ {ਠਵਨ} ਖੜ੍ਹਨਾ ਸ਼ੇਰ (ਵਰਗਾ) ਹੈ, ਲੱਤਾਂ ਕਲੇ (ਵਰਗੀਆਂ ਅਤੇ) ਬਾਹਾਂ ਹਾਥੀ ਦੇ ਬੱਚੇ ਦੀ ਸੁੰਡ (ਵਰਗੀਆਂ ਹਨ)।

ਆਜਾਨ ਬਾਹੁ ਸੁਖਮਾ ਨਿਵਾਸ,
ਗੁਰੁ ਹਰਿਗੋਬਿੰਦ ਦੁਖ ਦੁੰਦ ਹਰ[1] ॥ ੧੪ ॥

[1]ਲੰਬੀਆਂ ਬਾਹਾਂ ਵਾਲੇ, ਸੋਭਾ ਦਾ ਘਰ, (ਹੇ) ਗੁਰੂ ਹਰਿਗੋਬਿੰਦ ਸਾਹਿਬ ਜੀ (ਮੇਰੇ) ਭਿਆਨਕ ਦੁੱਖਾਂ ਨੂੰ ਨਾਸ ਕਰ ਦਿਉ।

ਪਾਧਰੀ ਛੰਦ:

ਗੁਰੁ ਹਰਿ ਗੋਬਿੰਦ ਸੁਚ[1] ਉਮਰ ਬਾਲ।
ਨਿਤ ਕਰਤ ਚਰਿਤ ਨੀਕੇ ਬਿਸਾਲ।
ਨਿਜ ਸਿੱਖਨ ਪੂਰਨ ਕਰਤ ਆਸ।
ਸਮ ਰਾਮ ਕ੍ਰਿਸ਼ਨ ਕਰਹੀਂ ਬਿਲਾਸ।
ਨਹਿ ਧਰੈਂ ਕਿਸੀ ਕਾ ਜਰਾ ਤ੍ਰਾਸ।
ਰਖ ਟੇਕ ਏਕ ਅਕਾਲ ਖਾਸ ॥ ੧੫ ॥

[1]ਪਵਿੱਤ੍ਰ।

ਬਡ ਧੀਰ ਭੀਰ[1] ਸੁਠਿ ਅਤਿ[2] ਸੁਸ਼ੀਲ[3]।

[1]ਭੀੜ ਵਿੱਚ ਵੱਡੇ ਧੀਰਜ ਵਾਲੇ। [2]ਬਹੁਤੇ ਸੁੰਦਰ। [3]ਚੰਗੇ ਸੁਭਾਵ ਵਾਲੇ।

ਸਬਿ ਭਾਂਤਿ ਬਾਤ[1] ਸਮ੍ਰੱਥ ਡੀਲ[2]।

[1]ਗੱਲਾਂ ਵਿੱਚ। [2]ਕੱਦ (ਵੱਡਾ)।

ਪਿਖਿ ਸੰਤ ਸਿੱਖ ਸਭਿ ਸਹਿ ਹੁਲਾਸ।
ਕਰਿ ਜਥਾ ਜੋਗ ਗੁਰੁ ਢਿਗ ਨਿਵਾਸ ॥ ੧੬ ॥
ਮਨ ਤਨ ਧਨ ਕਰਿ ਅਤਿ ਕਰੈਂ ਸੇਵ।
ਦਿਢ ਮਾਨੈਂ ਗੁਰੁ ਦੇਵਾਨ ਦੇਵ।
ਅਬਿ ਸੁਨੋ ਸ੍ਰੋਤਾ ਗਾਥ ਤੈਸ।
ਗੁਰੁ ਅਰਜਨ ਪੀਛੇ ਭਈ ਜੈਸ ॥ ੧੭ ॥
ਜਬਿ ਪੰਚਮ ਗੁਰੁ ਤਨ ਤਜ ਲਾਹੌਰ।
ਮਿਲਿ ਭਏ ਬ੍ਰਹਮ ਮੈਂ ਬ੍ਰਹਮ ਗੌਰ।
ਜੋ ਚੰਦੂ ਮੰਦੂ ਕਿਯ ਕੁਕਾਜ।
ਸੁਨਿ ਹਰਗੋਵਿੰਦ ਰਿਸ ਧਰਿ ਦਰਾਜ[1] ॥ ੧੮ ॥

[1]ਬਹੁਤਾ।

ਕਰੁਨਾਰਸ ਘਰ ਪੁਰ ਛਯੋ ਭੂਰ।
ਦਿਂਹ ਗਾਰੀ ਚੰਦੂ ਕੋ ਵਿਸੂਰ[1]।

[1]ਝੁਰ ਝੁਰ ਕੇ।

ਸਭਿ ਸਾਕ ਸਬੰਧੀ ਹਿਤ ਮੁਕਾਣ।

ਪੁਰ ਰਾਮਦਾਸ ਭੇ ਜਮਾਂ ਆਣਿ ॥੧੯॥
ਗੁਰੁ ਹਰਿ ਗੁਬਿੰਦ ਕਰ ਧਰਿ ਕਪੋਲ[1]। [1]ਗੱਲ੍ਹ 'ਤੇ ਹੱਥਰੱਖ ਕੇ।
ਅਤਿ ਸੋਚ ਰਹੇ ਥੇ ਹ੍ਵੈ ਅਲੋਲ[1]। [1]ਟਿਕ ਕੇ।
ਪਿਖਿ ਬਾਬੇ ਬੁੱਢੇ ਸਮ ਬਸ਼ਿਸ਼ਟ।
ਢਿਗ ਬੈਠ ਸਮੋਧੇ[1] ਗਜਾਨ ਦਿਸ਼ਟਿ[2] ॥੨੦॥ [1]ਸਮਝਾਇਆ। [2]ਗਿਆਨ ਦ੍ਰਿਸ਼ਟੀ (ਵਾਲੇ ਗੁਰੂ ਹਰਿਗੋਬਿੰਦ ਜੀ ਨੂੰ)।

ਗੁਰੁ ਅਰਜਨ ਨਹਿ ਭੇ ਸੋਚ ਜੋਗ।
ਜਿਨ ਸੁਜੱਸ ਬਿਥਾਰਜੋ ਤਿਹੂੰ ਲੋਗ।
ਬਹੁ ਤਾਲ ਬਾਵਲੀ ਕੂਪ[1] ਲਾਇ। [1]ਖੂਹ।
ਰਚਿ ਧਰਮ ਥਾਨ ਕਸਬੇ[1] ਬਸਾਇ ॥੨੧॥ [1]ਛੋਟੇ ਸ਼ਹਿਰ।
ਪਤਤਾਵਲਿ[1] ਤਾਰਨ ਹੇਤ ਭਾਰ। [1]ਪਾਪੀਆਂ ਦੀਆਂ ਕਤਾਰਾਂ।
ਤੀਰਥ ਬਿਦਤਾਏ ਅਤਿ ਉਦਾਰ।
ਹਿਤ ਭਵਸਿੰਧੁ ਤਾਰਨ ਸਿਖਨ ਗੋਤ[1]। [1]ਸਿੱਖਾਂ ਦੀ ਕੌਮ ਨੂੰ।
ਗੁਰੁ ਗ੍ਰੰਥ ਬੇਦਿ ਵਰ ਰਚਜੋ ਪੋਤ[1] ॥੨੨॥ [1]ਵੇਦਾਂ ਤੋਂ ਵੀ ਸ੍ਰੇਸ਼ਟ ਜਹਾਜ਼ ਰੂਪ।
ਗਤਿ[1] ਬ੍ਰਹਮ ਗਜਾਨੀ ਕੀ ਦਿਖਾਇ। [1]ਰੀਤੀ।
ਸਿਰ ਸ਼ਤਰੂ[1] ਕੇ ਕਾਲੰਕ ਲਾਇ। [1]ਵੈਰੀ।
ਤਨ ਤਜਜੋ ਭਏ ਜਲ ਰੂਪ ਏਸ[1]। [1]ਇਸ ਤਰ੍ਹਾਂ।
ਜਿਮ ਰਾਮ ਚੰਦ ਸਰਜੂ ਵਿਖੇ ਸੁ[1] ॥੨੩॥ [1]ਸਰਜੂ (ਨਦੀ) ਵਿੱਚ।
ਸਿਖ ਅਨਗਨ ਕੋ ਵਹਿ ਗਏ ਤਾਰ।
ਨਹਿ ਸੋਚਨ ਜੋਗ ਸੁ ਲਿਹੁ ਵਿਚਾਰ।
ਫਲ ਪੁੰਨ ਪੁੰਜ[1] ਤਨ ਮਨੁਖ ਪਾਇ। [1]ਸਮੂੰਹ ਪੁੰਨਾਂ ਦੇ ਫਲ ਕਰਕੇ।
ਜੋ ਬਿਸ਼ਜੋਂ ਮੇਂ ਜਨ ਗੇ ਗਮਾਇ[1] ॥੨੪॥ [1]ਗਵਾ ਗਏ।
ਨਹਿ ਭਗਤਿ ਜੋਗ ਵੈਰਾਗ ਗਜਾਨ।
ਸਾਧਜੋ, ਨਹਿ ਸਿਰ ਲੌ ਦਯੋ ਦਾਨ।
ਨਹਿ ਧਰਮ ਜੁਧ ਕਰਿ ਸੀਸ ਦੀਨ।
ਨਹਿ ਭਏ ਹਕੀਕੀ ਇਸ਼ਕ ਮੀਨ[1] ॥੨੫॥ [1]ਰੱਬੀ ਪਿਆਰ ਦੇ ਮੱਛ।
ਨਰ ਤਨ ਜਿਨ ਦਜੋ ਬਿਅਰਥ ਖੋਇ।
ਵਹਿ ਸੋਚਨ ਜੋਗੁ ਸਬੈ ਹੋਇ।
ਨਹਿ ਜਪਜੋ ਨਾਮ ਗੁਰੁ ਸਿੱਖ ਹੋਇ।
ਸਤਸੰਗਿ ਨ ਕੀਨੋ ਪੁਰਬ ਕੋਇ ॥੨੬॥

ਨਹਿ ਦਸਵੰਧ ਦੀਨੋ ਗੁਰੂ ਹੇਤ।
ਵਹਿ ਮੂਰਖ ਸੋਚਨ ਜੋਗ ਜੇਤ[1]। [1]ਜਿਤਨੇ ਹਨ।
ਜਿਨ ਹ੍ਵੈ ਅਤੀਤ[1] ਧਨ ਜਮ੍ਹਾਂ ਕੀਨ। [1]ਤਿਆਗੀ।
ਹ੍ਵੈ ਗ੍ਰਿਸਤੀ ਸੰਤ ਨ ਸੇਵ ਕੀਨ ॥੨੭॥
ਢਿਗ ਹੋਵਤ ਮੰਗਤੈਂ ਦਿਯ ਜਵਾਬ।
ਤਨ ਮਨ ਧਨ ਖੋਯੋ ਮਗ ਖਰਾਬ।
ਗੁਨ ਤਜਿ ਅਵਗਨ ਗਹਿ ਕੀਨ ਨਿਦ।
ਨਹਿ ਬ੍ਰਹਮਾਤਮ ਦਿਢ[1] ਜਾਂਹਿ ਬਿੰਦ[2] ॥੨੮॥ [1]ਪੱਕੀ ਤਰ੍ਹਾਂ। [2]ਜਾਣਿਆ।
ਨਹਿ ਮਹਿਮਾਂ ਗੁਰੁ ਕੀ ਕਰੀ ਸੇਵ।
ਵਹਿ ਜਨ ਜਢ[1] ਸੋਚਨ ਜੋਗ ਏਵ[2]। [1]ਮੂਰਖ। [2]ਏਸ ਤਰ੍ਹਾਂ ਦੇ।
ਨਹਿ ਬਿਪਤਾ ਮੈਂ ਜਿਨਿ ਗਹਯੋ ਧੈਰ[1]। [1]ਧੀਰਜ।
ਨਹਿ ਨਿਜ ਸ਼ੱਤ੍ਰੂ ਤੈ ਲਯੋ ਬੈਰ ॥੨੯॥
ਪ੍ਰਮਾਰਥ ਨਹਿ ਉਪਕਾਰ ਕੀਨ।
ਨਿਜ ਸ੍ਵਾਰਥ ਹੀ ਮੈ[1] ਰਹਯੋ ਦੀਨ[2]। [1]ਖ਼ੁਦਗਰਜ਼ੀ ਵਿੱਚ। [2]ਦੁਖੀ ਰਿਹਾ।
ਨਹਿ ਸੰਤ ਮਾਤ ਪਿਤ ਕਰੀ ਸੇਵ।
ਵਹਿ ਸੋਚਨੀਯ ਜਨ ਹੈ ਅਭੇਵ[1] ॥੩੦॥ [1]ਲਗਾਤਾਰ।
ਇਤਜਾਦਿਕ ਬਾਤੈਂ ਧਰਮ ਕੇਰ।
ਕਹਿ ਬੁੱਢੈ ਦੈ ਕਰਿ ਧੀਰ ਫੇਰ।
ਗੁਰੂ ਗ੍ਰੰਥ ਪਢਾਯੋ ਗੁਰੁ ਨਮਿੱਤ।
ਸਬਿ ਲੋਕਕ ਬੈਦਕ ਕਰੀ ਕ੍ਰਿਤ[1] ॥੩੧॥ [1]ਦੁਨਿਆਵੀ ਤੇ ਧਾਰਮਿਕਰੀਤੀ ਕੀਤੀ।
ਥਹੁ ਅਸਨ[1] ਬਸਨ[2] ਅੱਸ੍ਵ[3] ਗੁਰੂ ਹੇਤ। [1]ਭੋਜਨ। [2]ਬਸਤ੍ਰ। [3]ਘੋੜਾ।
ਗੁਰੁ ਬ੍ਰੰਗੇ ਭਏ ਅਕਾਲ ਦੇਤ।
ਗੁਰੁ ਸਿੱਖਨ ਕੇ ਕਲਜਾਨ ਕਾਜ।
ਯਹਿ ਨੀਕ ਚਲਾਯੋ ਤਬਿ ਰਵਾਜ ॥੩੨॥
ਬਰ ਦੀਨੋ ਜੋ ਸਿਖ ਸਿਖ ਨਮਿੱਤ।
ਅਸਵਾਰੀ ਪੋਸ਼ਸ਼[1] ਦੈਂਹ ਬਿੱਤ[2]। [1]ਪੁਸ਼ਾਕ। [2]ਧਨ।
ਵਹਿ ਪ੍ਰਾਨੀ ਫਲ ਤਿੰਹਿ ਪਾਇਂ ਖਾਸ।
ਲਹਿਂ ਸੁਗਤਿ[1] ਨ ਜਮ ਕਾ ਪਿਖੈਂ ਤ੍ਰਾਸ ॥੩੩॥ [1]ਚੰਗੀ ਮੁਕਤੀ।
ਪੁਨ ਬਾਬੇ ਬੁੱਢੇ ਸਿੱਖ ਬਟੋਰ[1]। [1]ਇਕੱਠੇ ਕਰਕੇ।
ਹਿਤ ਤਿਲਕ ਦੇਨ ਕਿਯ ਮਤਾ ਗੌਰ[1]। [1]ਵੱਡੀ ਸਲਾਹ ਕੀਤੀ।

ਮਿਲਿ ਭਾਈ ਸਾਲੋ ਜੀ ਗੁਰਦਾਸ।
ਬੂਲਾ ਅਰੁ ਬਹਿਲੋ, ਭਗਤੂ ਖਾਸ ॥ ੩੪ ॥
ਜੇਠਾ, ਪੈਰਾਣਾ, ਅਰਥ ਮੱਲ।
ਬਿਧੀਆ, ਲੰਛਾਹਾ ਪੈੜਾ ਭੱਲ।
ਇਤਜਾਦਿਕ ਸਿੱਖਨ ਸਭਾ ਲਾਇ।
ਬੈਠਾਯੋ ਗੁਰੁ ਕੋ ਉੱਚ ਥਾਇ ॥ ੩੫ ॥
ਤਬਿ ਬਾਬੇ ਬੁੱਢੇ ਤਿਲਕ ਕੀਨ।
ਕੁੰਕਮ[1] ਮਦ[2] ਚੰਦਨ ਕੇਰ ਚੀਨ।
ਗੁਰੁ ਮਾਮੇ ਮਊ ਗ੍ਰਾਮ ਵਾਰ।
ਦਸਤਾਰ ਦਈ ਬਡ ਮੋਲ ਵਾਰ ॥ ੩੬ ॥
ਪੁਨ ਭੱਲੇ ਤੇਹਣ ਆਦਿ ਸਬਿਨਿ।
ਪਗਰੀ ਦੋਸ਼ਾਲੇ ਦਏ ਤਵਨ[1]।
ਪੁਨ ਸਬੈ ਮਸੰਦਨ ਹ੍ਵੈ ਅਗਾਰਿ।
ਦਈ ਸੇਲੀ[1] ਟੋਪੀ ਮਾਲ ਸਾਰ[2] ॥ ੩੭ ॥

[1]ਕੇਸਰ। [2]ਕਸਤੂਰੀ। {ਸੰ: ਮ੍ਰਿਗ ਮਦ ਦਾ ਸੰਖੇਪ}

[1]ਤਿਨ੍ਹਾਂ ਨੇ।

[1]ਕਾਲੀ ਉੱਨ ਜਾਂਰੇਸ਼ਮ ਦੀ ਗੁੰਦਵੀਂ ਇਕਰੱਸੀ, ਜਿਸ ਨੂੰ ਫ਼ਕੀਰ ਸਿਰ ਉੱਪਰ ਪੱਗ ਜਾਂ ਟੋਪੀ 'ਤੇ ਬੰਨ੍ਹਦੇ ਹਨ ਜਾਂ ਜਨੇਊ ਵਾਂਗ ਗਲ ਵਿੱਚ ਪਹਿਨਦੇ ਹਨ। [2]ਚੰਗੀ ਮਾਲਾ।

ਵਹਿ ਲੈ ਕਰਿ ਗੁਰੁ ਸਿਤਕਾਰ ਸਾਥ।
ਧਰਿ ਚੌਕੀ ਪਰ ਤਿੰਹਿ ਟੇਕ ਮਾਥ।
ਇਕ ਤੇਗ ਬੇਗ ਬ੍ਰਿੱਧ ਤੈ[1] ਮੰਗਾਇ।
ਭਾਖਯੋ ਇਹੁ ਮਮ ਗਰ ਦੇਹੁ ਪਾਇ ॥ ੩੮ ॥
ਥਾ ਬਾਬਾ ਬੁੱਢਾ ਅਤੀ ਬ੍ਰਿੱਧ।
ਪੁਰ[1] ਕਰਾਮਾਤ ਬਖਜਾਤ ਸਿੱਧ।
ਬਡ ਉਮਰ ਸਵਾ ਸੌ ਬਰਸ ਕੇਰ।
ਤਪਸੀ ਅਤਿ ਲਖਤ ਨ ਏਰ ਫੇਰ[1] ॥ ੩੯ ॥
ਉਨਿ ਤੇਗ ਦਾਹਿਨੇ[1] ਦਈ ਪਾਇ।
ਨਹਿ ਬਦਲਾਵਨ ਗੁਰੁ ਦਈ ਸਾਇ[1]।
ਪੁਨ ਦੁਤੀ ਤੇਗ ਕਰਿ ਨਮੋ ਧਾਰ[1]।
ਜੁਗ[1] ਮੀਰੀ[2] ਪੀਰੀ[3] ਕੀ ਉਚਾਰ ॥ ੪੦ ॥
ਤਬਿ ਸਭਾ ਮੱਧ ਗੁਰ ਕਹਯੋ ਏਹ।
ਹਮ ਸ਼ਸਤ੍ਰ ਸੋਂ ਪਿਤ ਬੈਰ ਲੇਂਹ।

[1](ਬਾਬਾ) ਬੁੱਢਾ ਜੀ ਤੋਂ।

[1]ਭਰੇ ਹੋਏ।

[1]ਹੇਰ ਫੇਰ, ਵਲ ਛਲ।
[1]ਸੱਜੇ (ਮੋਢੇ ਉਪਰ)।
[1]ਉਹ (ਤਲਵਾਰ)।
[1]ਪਾ ਲਈ।
[1]ਦੋ (ਤਲਵਾਰਾਂ)। [2]ਪਾਤਸ਼ਾਹੀ ਦੀ। [3]ਫਕੀਰੀ ਦੀ।

ਨਿਜ ਕਰਾਮਾਤ ਗੁਰੁ ਘਰੈ ਰੱਖ[1]।
ਚੰਦੂ ਕਾ ਛੋਡੈਂ ਨਾਹਿ ਕੱਖ ॥ ੪੧ ॥
ਮੁਖ ਕਾਲਾ ਕਰਿ ਸਿਰ ਜੂਤ ਮਾਰ।
ਖੁਲਵਾਇ ਸਗਾਂ ਸੋਂ[1] ਕਰਿ ਖ੍ਵਾਰ।
ਜੇ ਹਤੋਂ ਨ[1] ਤਿਹ ਇਮ ਕਰਿ ਬਿਹਾਲ।
ਤੌ ਲਗੈ ਪਾਪ ਮੁਹਿ ਅਸ ਕਰਾਲ[1] ॥ ੪੨ ॥
ਜੋ ਗੁਰੁ ਬੇਮੁਖੁ ਔ ਨਿੰਦਕ ਤਾਂਇ।
ਕ੍ਰਿਤਘਨ[1] ਮਿਤ ਧੋਹੀ[2] ਜ਼ਹਰ ਦਾਇ[3]।

ਅਕਾਰਣ ਦ੍ਰੋਹੀ[1] ਕੁਲਹਿ ਘਾਤ[2]।

ਖਲਵਾਰੈਂ ਨਗਰ ਦਹਿ[1] ਕੁਜਾਤ ॥ ੪੩ ॥
ਪਰ ਧਨ ਤਿਯ ਧਰ ਘਰ ਛਿਨਤ ਜੋਇ[1]।
ਪਰ ਸੰਪਤਿ[1] ਕੋ ਪਿੱਖਿ ਦੁਖੀ ਹੋਇ।
ਦੁਖਦਾਯਕ ਕੁਲ ਨਿਜ ਪਿਤਾ ਮਾਤ।
ਪਰ ਛਿਦ੍ਰ[1] ਤਕੈ ਬਿਸ੍ਵਾਸ ਘਾਤ[2] ॥ ੪੪ ॥
ਇਤਜਾਦਕ ਹੈਂ ਜੋ ਮਹਾਂ ਪਾਪ।
ਸਬਿ ਲਗੈਂ ਮੁਝੈ ਸਹਿ ਸੰਤ ਸਾਪ[1]।
ਜੌ ਮੈਂ ਚੰਦੂ ਕੋ ਨਾਂਹਿ ਮਾਰਿ।
ਰਖਵੈਹੌਂ ਭੈਰਵ ਨਰਕ ਡਾਰਿ[1] ॥ ੪੫ ॥
ਤੌ ਮੈ ਗੁਰੁ ਅਰਜਨ ਕੇਰ ਪੂਤ।
ਕਿਉ ਕਰਿ ਬਿਦਤੈਹੌਂ ਗੁਰੁ ਸਪੂਤ।
ਯਹਿ ਜੋ ਪ੍ਰਤਗਜਾ[1] ਹਮੈ ਕੀਨ।
ਗੁਰੁ ਨਾਨਕ ਪੂਰਨ ਕਰੈਂ ਪੀਨ[1] ॥ ੪੬ ॥
ਇਮ ਸਪਤ[1] ਕਰੀ* ਜਬਿ ਗੁਰੁ ਬਿਸਾਲ।

[1]ਭਾਵ ਆਪਣੀ ਕਰਾਮਾਤ ਨਹੀਂ ਦਿਖਾਵਾਂਗੇ।

[1]ਕੁੱਤਿਆਂ ਨਾਲ।

[1]ਨਾ ਮਾਰਾਂ।

[1]ਭਿਆਨਕ।

[1]ਕੀਤੇ ਉਪਕਾਰਾਂ ਨੂੰ ਭੁਲਾ ਦੇਣ ਵਾਲਾ। [2]ਮਿਤ੍ਰ ਨਾਲ ਧੋਖਾ ਕਰਨ ਵਾਲਾ। [3]ਜ਼ਹਿਰ ਦੇਣ ਵਾਲਾ।

[1]ਬਿਨਾਂ ਕਾਰਣ ਤੋਂ ਛਲ ਕਰਨ ਵਾਲਾ। [2]ਕੁਲ ਦਾ ਨਾਸ ਕਰਨ ਵਾਲਾ।

[1](ਨੂੰ) ਸਾੜਨ ਵਾਲਾ।

[1]ਜੋ ਖੋਹ ਲੈਂਦਾ ਹੈ।

[1]ਬਿਭੂਤੀ, ਸਮੱਗ੍ਰੀ।

[1]ਦੋਸ਼। [2]ਭਰੋਸਾ ਦੇ ਕੇ ਮਾਰ ਦੇਣ ਵਾਲਾ।

[1]ਸ੍ਰਾਪ।

[1]ਜੇ ਚੰਦੂ ਨੂੰ ਮਾਰ ਕੇ ਭਿਆਨਕ ਨਰਕ ਵਿੱਚ ਸੁੱਟ ਕੇ ਨਾ ਰੱਖਾਂ।

[1]ਪ੍ਰਣ।

[1]ਵੱਡਾ।

[1]ਸੁਗੰਧ, ਸਹੁੰ। *ਇਥੇ ਸਤਿਗੁਰਾਂ ਵੱਲੋਂ ਪਿਤਾ ਦਾ ਵੈਰ ਲੈਣ ਲਈ ਪ੍ਰਤੱਗਿਆ ਤੇ ਸੁਗੰਧਾਂ ਆਦਿ ਦਾ ਜ਼ਿਕਰ ਕਵੀ ਜੀ ਕਰ ਰਹੇ ਹਨ। ਇਸ ਦਾ ਮਤਲਬ ਦੁਨਿਆਵੀ ਲੋਕਾਂ ਵਰਗੇ ਬਦਲੇ ਲੈਣ ਵਾਲੇ ਜਜ਼ਬਾਤ ਦਾ ਵਰਣਨ ਨਹੀਂ, ਸਗੋਂ ਸਤਿਗੁਰਾਂ ਦੀ ਬੀਰ ਰਸੀ ਬ੍ਰਿਤੀ ਨੂੰ ਦਿਖਾ ਰਹੇ ਹਨ। ਸਤਿਗੁਰਾਂ ਦੇ ਰਿਦੇ ਅੰਦਰ ਵੈਰ ਦਾ ਨਿਵਾਸ ਨਹੀਂ ਸੀ ਪਰ 'ਉਤਸ਼ਾਹ' ਜੋ ਬੀਰ ਰਸ ਦਾ ਸਥਾਈ ਭਾਵ ਹੈ– ਅੰਦਰੋਂ ਬੀਰ ਰਸ ਦਾ ਹੁਲਾਰਾ ਮਾਰ ਰਿਹਾ ਸੀ। ਹਜ਼ੂਰ ਦਾ ਮਨਸ਼ਾ ਕੇਵਲ ਚੰਦੂ ਨੂੰ ਮਾਰ ਕੇ ਉਸ ਤੋਂ

ਪਿਤਾ ਦਾ ਬਦਲਾ ਲੈਣਾ ਹੀ ਨਹੀਂ ਸੀ। ਜੇ ਇਹ ਗੱਲ ਹੁੰਦੀ ਤਾਂ ਚੰਦੂ ਨੂੰ ਬੁਰੀ ਹਾਲਤ ਕਰ ਕੇ ਮਾਰ ਦੇਣ ਤੋਂ ਬਾਦ ਸ਼ਸਤ੍ਰ ਧਾਰਨ ਤੇ ਜੰਗਾਂ ਜੁੱਧਾਂ ਦਾ ਪ੍ਰੋਗਰਾਮ ਮੁੱਕ ਜਾਣਾ ਚਾਹੀਦਾ ਸੀ, ਪਰ ਜੰਗ ਸਾਰੇ ਮਗਰੋਂ ਹੀ ਹੋਏ ਹਨ। ਇਸ ਲਈ ਜਦ ਸਤਿਗੁਰਾਂ ਤੱਕਿਆ ਕਿ ਸ਼ਾਂਤ ਸਰੂਪ ਪੰਚਮ ਪਾਤਸ਼ਾਹ ਜੀ ਦੇ ਸਹਾਰਾ ਤੇ ਸ਼ਾਂਤੀ ਵਿੱਚ ਰਹਿ ਕੇ ਦੁੱਖ ਝੱਲਣ ਦਾ ਜ਼ਾਲਮਾਂ ਅਤੇ ਜਰਵਾਣਿਆਂ 'ਤੇ ਕੋਈ ਅਸਰ ਨਹੀਂ ਪੈ ਰਿਹਾ ਤਾਂ ਸ਼ਾਂਤ-ਰਸ ਦੀ ਰੱਖਿਆ ਲਈ ਬੀਰ-ਰਸ ਨੂੰ ਪ੍ਰਚਾਰਨ ਦਾ ਪ੍ਰਣ ਕੀਤਾ। ਪਿਤਾ ਜੀ ਦੀ ਸ਼ਹੀਦੀ ਡਰ ਦੇਣ ਵਾਲੀ ਸੀ ਪਰ ਮਹਾਂ ਬਲੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਬਾਲ ਉਮਰ ਵਿੱਚ ਹੀ ਮਹਾਨ ਨਿਰਭੈਤਾ ਤੇ ਅਣਹੋਣੀ ਨੂੰ ਹੋਣੀ ਕਰ ਦੇਣ ਦੀ ਸਮਰੱਥਾ ਪ੍ਰਗਟ ਕੀਤੀ। ਇਹ ਉਹਨਾਂ ਦੀ ਮਹਾਨਤਾ, ਪ੍ਰਬੀਨਤਾ ਤੇ ਉਚਿਆਈ ਦੀ ਦਲੀਲ ਹੈ। ਹਿਰਾਤ ਤੇ ਬਿੰਧਯਾਚਲੋਂ ਪਾਰ ਤੱਕ ਇਕ ਪੱਕੀ ਪਾਤਸ਼ਾਹੀ ਦੇ ਮਾਲਕ, ਖ਼ਜ਼ਾਨਿਆਂ ਤੇ ਅਣਗਿਣਤ ਫੌਜਾਂ ਵਾਲੇ ਪ੍ਰਬਲ ਤੇਜ ਪ੍ਰਤਾਪੀ ਬਾਦਸ਼ਾਹ ਦੇ ਸਾਹਮਣੇ ਇਕ ਫਕੀਰੀ ਗੱਦੀ 'ਤੇ ਬੈਠ ਕੇ ਬੇ-ਫ਼ੌਜ, ਬੇ-ਮੁਲਕ ਤੇ ਬੇ-ਖ਼ਜ਼ਾਨਾ ਵਿਅਕਤੀ ਦੇ ਰੂਪ ਵਿੱਚ ਬੀਰ-ਰਸ ਧਾਰਨ ਤੇਰਾਜ ਪਲਟਾ ਦੇਣ ਦਾ ਪ੍ਰਣ ਕਰਨਾ ਸਤਿਗੁਰਾਂ ਦੀ ਕਿੱਡੀ ਵੱਡੀ ਵਿਸ਼ਾਲਤਾ, ਸਮੱਰਥਾ, ਸ਼ਖ਼ਸੀਅਤ ਦੀ ਉੱਚਤਾ ਤੇ ਮਹਾਨਤਾ ਦਾ ਲੱਛਣ ਹੈ। ਗੁਰੂ ਜੀ ਦੇ ਦਿਲ ਅੰਦਰ ਮੁਲਕਗੀਰੀ ਦੀ ਹਵਸ, ਰਾਜ ਦਾ ਲੋਭ ਤੇ ਨੀਵੇਂ ਬਦਲੇ ਲੈਣ ਦੀ ਬ੍ਰਿਤੀ ਨਹੀਂ ਸੀ ਪਰ ਦਬੇਲ ਪਰਜਾ ਵਿੱਚ ਧਰਮ ਦਾ ਭਾਵ, ਸੱਚਾਈ, ਆਨ ਸ਼ਾਨ ਤੇ ਬੀਰ-ਰਸ ਭਰ ਕੇ ਸੁਤੰਤ੍ਰਤਾ ਦੇਣ ਦੇ ਅਸੂਲ ਨੂੰ ਪਾਲਣ ਦਾ ਆਦਰਸ਼ ਕੰਮ ਕਰ ਰਿਹਾ ਸੀ। ਇਹ ਸਭ ਕੁਝ ਉਹਨਾਂ ਆਪਣੇ ਕ੍ਰਾਂਤੀਕਾਰੀ ਜੀਵਨ ਵਿੱਚ ਮੂਰਤੀਮਾਨ ਕਰ ਦਿਖਾਇਆ।

ਭੁਜ[1] ਅਧਰ[2] ਫਰਕ ਭੇ ਨੈਨ ਲਾਲ।
ਸੁਨਿ ਪੇਖਿ ਸਿੱਖ ਸਿਦਕੀ ਕਮਾਲ[1]।
ਖੁਸ਼ ਭਏ ਕਹੇਂ ਹ੍ਵੈ ਇਸੀ ਢਾਲ ॥੪੭॥
ਕੁਛ ਕਾਇਰ ਕੂਰਨ[1] ਪਰੀ ਸੋਚ।
ਜੇਰਖਤ ਸ਼ੱਤ੍ਰਤਾ ਡਰੇ ਪੋਚ[1]।
ਪੁਨ ਸੰਗਤਿ ਪ੍ਰਤਿ ਗੁਰੁ ਕਹਯੋ ਵਾਕ।
ਲਜਾਵਹੁ ਸੁੱਚ ਸ਼ਸਤ੍ਰ ਅੱਸ੍ਰ ਚਲਾਕ ॥੪੮॥
ਯਹਿ ਭੇਟਾ ਦੈ ਹੈ ਸਿਖ ਜੋਇ।
ਫਲ ਚਾਰ ਲਹੈ ਗੁਰੁ ਘਰੋਂ ਸੋਇ।

[1]ਬਾਹਾਂ। [2]ਬੁੱਲ੍ਹ।

[1]ਪੂਰਨ।

[1]ਝੂਠਿਆਂ ਨੂੰ।

[1]ਨੀਚ।

ਫਿਰ ਲਿਖੇ ਹੁਕਮ ਨਾਮੇ ਅਪਾਰ।
ਸਿਖ ਲਜਾਏ ਭੇਟਾ ਮੋਦ ਧਾਰ ॥੪੯॥
ਗੁਰੁ ਪੇਖਿ ਖੁਸ਼ੀ ਹ੍ਵੈ ਕਰਿ ਬਿਸਾਲ।
ਨਿਜ ਸਿੱਖਨ ਕੋ ਕੀਨੋ ਨਿਹਾਲ।
ਜਬਿ ਦੇਸ ਦੇਸ ਯਹਿ ਸੁਨੀ ਬਾਤ।
ਗੁਰੁ ਕੀਨ ਪ੍ਰਤਗਜਾ ਐਸ ਭਾਂਤਿ ॥੫੦॥
ਤਬਿ ਸਿੱਖ ਸਭੈ ਅਤਿ ਜੋਰ ਲਾਇ।
ਧਨ ਅਸ੍ਵ ਹਥਜਾਰ ਅਪਾਰ ਲਜਾਇ।
ਅਰਪੈਂ, ਪੁਨ ਖੁਸ਼ ਹ੍ਵੈ ਰਹੈਂ ਪਾਸ।
ਬਹੁ ਸਸਤ੍ਰ ਬਿੱਦਜਾ ਸਿਖੈਂ ਖਾਸ ॥੫੧॥
ਦਿਨ ਥੋਰ ਵੀਚ ਬਡ ਭਾ ਜ਼ਹੂਰ[1]। [1]ਵੱਡਾ ਪ੍ਰਤਾਪ ਹੋ ਗਿਆ।
ਧਨ ਸੰਗ ਖਜਾਨੇ ਗਏ ਪੂਰ।
ਅਸ੍ਵ ਸ਼ਸਤ੍ਰ ਆਏ ਬੇਸ਼ੁਮਾਰ।
ਬਹੁ ਜ਼ੇਵਰ ਜਰੇ ਜਰਾਉ ਚਾਰੁ[1] ॥੫੨॥ [1]ਸੁੰਦਰ ਜੜਾਊ ਜੜੇ ਬਹੁਤ ਗਹਿਣੇ।
ਗੁਰਿ ਘਨੀ ਅਨੀ[1] ਰਖ ਲਈ ਫੇਰ। [1]ਬਹੁਤੀ ਫੌਜ।
ਨਿਤ ਚਢਿ ਬਨ ਮੈਂ ਖੇਲੈਂ ਅਖੇਰ[1]। [1]ਸ਼ਿਕਾਰ।
ਲੈ ਸੰਗ ਸ਼ਿਕਾਰੀ ਸ੍ਵਾਂਨ[1] ਸਾਜ਼[2]। [1]ਕੁੱਤੇ। [2]ਸਾਮਾਨ।
ਬਹੁ ਲਗਰ[1] ਝਗਰ[2] ਸ਼ਿਕਰੇ[3] ਸੁ ਬਾਜ ॥੫੩॥ [1]ਲਗੜ=ਇਕ ਸ਼ਿਕਾਰੀ ਪੰਛੀ ਜੋ ਕਾਲੀ ਅੱਖ ਵਾਲਾ ਹੁੰਦਾ ਹੈ। ਇਹ ਝਗੜ ਪੰਛੀ ਦੀ ਮਦੀਨ ਹੈ, ਇਸ ਦਾ ਕੱਦ ਝਗੜ ਨਾਲੋਂ ਵੱਡਾ ਹੁੰਦਾ ਹੈ। [2]ਝਗੜ ਇਕ ਸ਼ਿਕਾਰੀ ਪੰਛੀ ਜੋ ਲਗੜ ਦਾ ਨਰ ਹੁੰਦਾ ਹੈ। [3]ਸ਼ਿਕਰਾ=ਗੁਲਾਬੀ ਅੱਖ ਵਾਲਾ ਇਕ ਸ਼ਿਕਾਰੀ ਪੰਛੀ ਜੋ ਬਾਸ਼ੇ ਤੋਂ ਛੋਟਾ ਹੁੰਦਾ ਹੈ। ਇਹ ਮਦੀਨ ਹੈ, ਇਸ ਦੇ ਨਰ ਦਾ ਨਾਉਂ 'ਚਚਕ' ਜਾਂ 'ਚਿਪਕ' ਹੈ।
ਜੁਰਰੇ[1] ਕੁਹੀ[2] ਚੀਤੇ ਸਜਾਹ ਗੋਸ਼[3]। [1]ਜੁਰਰਾ=ਇਹ ਬਾਜ਼ ਦਾ ਨਰ ਹੈ, ਇਸ ਦਾ ਕੱਦ ਬਾਜ਼ ਨਾਲੋਂ ਛੋਟਾ ਹੁੰਦਾ ਹੈ। [2]ਕੁਹੀ=ਕਾਲੀ ਅੱਖ ਵਾਲਾ ਬਾਜ਼ ਦੀ ਕਿਸਮ ਦਾ ਇਕ ਸ਼ਿਕਾਰੀ ਪੰਛੀ। ਇਹ ਮਦੀਨ ਹੈ। ਇਸ ਦੇ ਨਰ ਦਾ ਨਾਉਂ 'ਕੋਹੀਲਾ' ਹੈ। ਇਸ ਦਾ ਰੰਗ ਸੁਰਖ਼ੀ ਮਿਲਿਆ ਕਾਲਾ ਹੈ। [3]ਕਾਲੇ ਕੰਨਾਂ ਵਾਲੇ ਚਿਤ੍ਰੇ।
ਬਨ ਜੀਵਨ ਕੀ ਜੁ ਭੁਲਾਤ ਹੋਸ਼।
ਮ੍ਰਿਗ[1] ਸਿੰਘ[2] ਸਸੇ[3] ਪਾੜੇ[11] ਝਿੰਖਾਰ[22]। [1]ਹਰਨ। [2]ਸ਼ੇਰ। [3]ਸਹੇ। [11]ਭੂਰੇਰੰਗ ਦੇ ਦੋ ਫ਼ੁੱਟ ਉੱਚੇ ਹਰਨ। [22]ਬਾਰਾਂ ਸਿੰਗੇ।
ਗੁਰੁ ਮੁਕਤਿ ਕਰੈਂ ਹਤ ਕੈ ਅਪਾਰ ॥੫੪॥

ਪੁਨ ਸੁਧਾ ਸਰੋਵਰ ਤਟ ਬਿਸਾਲ।
ਗੁਰੁ ਰਚਯੋ ਤਖਤ ਬੁੰਗਾ ਅਕਾਲ।
ਸੁਭ ਹਾੜ ਸੁਦੀ ਦਸਮੀ ਸੁਧਾਇ।
ਸੰਮਤ ਸੋਲਾਂ ਸੈ ਚੌਹਟ ਥਾਇ[1] ॥ ੫੫ ॥

[1]ਸੀ।

ਬਡ ਭੂਖਨ ਸ਼ਸਤ੍ਰ ਬਸਤ੍ਰ ਸਾਜ।
ਗੁਰੁ ਸੋਭਾ ਮੱਧ ਪਰ ਤਖਤ ਭ੍ਰਾਜ[1]।

[1]ਚਮਕ ਦਮਕ (ਨਾਲ ਬੈਠੇ)।

ਸਿਰਪੇਚ[1] ਜਿਗ੍ਹਾ ਕਲਗੀ ਸੁਹਾਇ।

[1]ਦਸਤਾਰ।

ਜਿਹ ਦਮਕ ਚਮਕ ਦਾਮਨਿ ਲਜਾਇ[1] ॥ ੫੬ ॥

[1]ਬਿਜਲੀ ਨੂੰ ਸ਼ਰਮਿੰਦਾ (ਕਰਦੀ ਹੈ)।

ਉਰਿ ਮੁਕਤ ਮਾਲ ਉਡਗਨ ਲਜਾਤ[1]।

[1]ਗਲ ਵਿੱਚ (ਸਜੀ) ਮੋਤੀਆਂ ਦੀ ਮਾਲਾ (ਵੇਖ ਕੇ) ਸਮੂੰਹ ਤਾਰੇ ਸ਼ਰਮਸਾਰ (ਹੁੰਦੇ ਹਨ)।

ਸ੍ਰੁਤਿ ਕੁੰਡਲ ਲੋਲ ਕਪੋਲ ਲਸਾਤ[1]।

[1]ਕੰਨਾਂ ਵਿੱਚ ਕੁੰਡਲ ਗੱਲ੍ਹਾਂ 'ਤੇ ਹਿਲਦੇ ਤੇ ਚਮਕਦੇ ਹਨ।

ਕਰ ਕੰਕਨ ਕੰਚਨ ਖਚੇ ਹੀਰ[1]।

[1]ਹੱਥਾਂ ਵਿੱਚ ਸੋਨੇ ਦੇ ਕੜੇ ਹਨ (ਜਿਨ੍ਹਾਂ ਵਿੱਚ) ਹੀਰੇ ਜੜੇ ਹੋਏ ਹਨ।

ਪਿਖਿ ਛਾਪ ਛੱਲੇ ਤਜਿ ਇੰਦ੍ਰ ਧੀਰ ॥ ੫੭ ॥
ਬਡਰਤਨ ਜਟਤ ਧਨੁ ਕੰਧਿ[1] ਸਜਤ।

[1]ਮੋਢੇ 'ਤੇ ਧਨੁਸ਼।

ਜਿਹ ਪੇਖ ਸੁਰੌਦ੍ਰ[1] ਧਨਖ ਲਜਤ।

[1]ਸ਼ਿਵ ਦਾ।

ਕਟ ਮੈਂ ਤੁਨੀਰ ਸਰ ਜਾਲ ਪੂਰ[1]।

[1]ਲੱਕ ਨਾਲ ਭੱਥਾ ਬਹੁਤੇ ਤੀਰਾਂ ਨਾਲ ਭਰਿਆ ਹੋਇਆ ਹੈ।

ਜਨ ਮ੍ਰਿਤੁ ਕੈਦ ਬੈਰੀਨ ਭੂਰ[1] ॥ ੫੮ ॥

[1]ਜਾਣੋ ਬਹੁਤੇ ਵੈਰੀਆਂ ਦੀ ਮੌਤ ਕੈਦ ਕੀਤੀ ਹੈ।

ਗਰਿ ਧਰੀ ਭਗੌਤੀ ਜੁਗ ਬੁਲੰਦ[1]।

[1]ਦੋ ਵੱਡੀਆਂ ਤਲਵਾਰਾਂ।

ਜਨ ਕਾਲ ਜੀਭ ਕਰਿ ਰਖੀ ਬੰਦ।
ਪਰ ਪ੍ਰਿਸ਼ਟ[1] ਢਾਲ ਸੋਭਿਤ ਬਿਸਾਲ।

[1]ਪਿੱਠ ਉੱਪਰ।

ਸਹਿ ਚਾਰੁ ਚੰਦ ਕਛੁ ਪਰੁਖ ਵਾਲਿ[1] ॥ ੫੯ ॥

[1]ਸੁੰਦਰ ਚੰਦ ਦੇ ਸਹਿਤ ਕੱਛੂ ਦੀ (ਪਿੱਠ ਵਾਂਗ) ਕਠੋਰਤਾ ਵਾਲੀ। (ਅ) ਕਛੁਪਰਖਵਾਲ ਪਾਠ ਮੰਨ ਕੇ ਕੱਛਪ (ਅਵਤਾਰ ਵਾਂਗ) ਰੱਖਿਆ ਕਕਨ ਵਾਲੀ।

ਨਵਰਤਨ ਕੇਰ ਕੰਠਾ ਸੁ ਕੰਠ[1]।

[1]ਗਲ ਵਿੱਚ।

ਜਨ ਨਵ ਗ੍ਰਹਿ ਰਾਖੇ ਪੋਇ ਗੰਠ[1]।

[1]ਗੰਢ ਵਿੱਚ ਪ੍ਰੋ ਕੇ।

ਅਬਦੁੱਲਾ ਢਾਢੀ ਜਸ ਸੁਨਾਇ।
ਨਿਤ ਸਾਕੇ ਮਰਦਨ[1] ਐਸ ਭਾਇ ॥ ੬੦ ॥

[1]ਬਹਾਦਰਾਂ ਦੇ ਕਾਰਨਾਮੇ।

ਸੁਨਿ ਕਾਯਰ ਭੀ ਹ੍ਵੈਂ ਸੂਰਬੀਰ।
ਲਰ ਮਰੈਂ ਜੰਗ ਮੈਂ ਸ਼ਤ੍ਰੁ ਚੀਰ।
ਸੁਨਿ ਸੁਜਸ ਗੁਰੂ ਕਾ ਸੁਭਟ[1] ਆਇ।

[1]ਸੂਰਮੇ।

ਢਿਗ ਰਹੈਂ ਗੁਰੂ ਕੇ ਮੋਦ ਪਾਇ ॥੬੧॥
ਗੁਰੁ ਸਬਿ ਕੋ ਅਸ੍ਵ ਹਥਜਾਰ ਦੇਤ।
ਧਨੁ ਜ਼ੇਵਰ ਬਸਨ ਜੁ ਚਹੈ ਜੇਤ[1]। [1]ਜਿਤਨਾ।
ਪ੍ਰਸ਼ਾਦ ਲੰਗਰੋਂ ਵਖਤ ਦੋਇ।
ਛਕਵਾਵੈਂ ਬਹੁ ਬਿਧਿ ਮੋਦ ਹੋਇ ॥੬੨॥
ਸਿਖਰਾਵੈਂ ਬਿਦਜਾ ਸ਼ਸਤ੍ਰ ਕੇਰ।
ਜੋ ਸਿਖ ਕਰਿ ਕਾਯਰ ਹ੍ਵੈਂ ਦਲੇਰ।
ਯਹਿ ਦੇਸ ਦੇਸ ਜਬਿ ਭਈ ਸਾਰ[1]। [1]ਖ਼ਬਰ।
ਚਲ ਅਏ ਬਹੁਤ ਇਸ ਇਲਮਵਾਰ ॥੬੩॥
ਗੁਰੁ ਧਨ ਬਾਂਛਿਤ ਸਬਿ ਤਈਂ ਦੇਹਿਂ।
ਮਨ ਬਿਧੈ ਜੈਸ ਬਿਧਿ ਕਰੈਂ ਤੇਹਿਂ।
ਦੋ ਵਕਤ ਥਿਰੈਂ ਦਰਵਾਰ ਲਾਇ।
ਨਿਤ ਸੰਗ ਮਸੰਦਨ ਸਿਖ ਆਇ ॥੬੪॥
ਧਨ ਤੋਫੇ ਅਰਪੈਂ ਬੇਸ਼ੁਮਾਰ।
ਗੁਰੁ ਘਰ ਤੇ ਫਲ ਲੈ ਜਾਹਿਂ ਚਾਰ।
ਧਨ ਸਾਥ ਗੁਰੂ ਕੇ ਭਰੇ ਕੋਸ਼[1]। [1]ਖ਼ਜ਼ਾਨੇ।
ਜੋ ਪੇਖਿ ਧਨਦ[1] ਕੀ ਜਾਤ ਹੋਸ਼ ॥੬੫॥ [1]ਕੁਬੇਰ (ਦੇਵਤਿਆਂ ਦਾ ਖ਼ਜ਼ਾਨਚੀ)।
ਗੁਰੁ ਕੇਰ ਅਰੂਜ[1] ਨਮੂਜ[2] ਪੇਖਿ। [1]ਤ੍ਰੱਕੀ। [2]ਨਾਮਵਰੀ, ਮਸ਼ਹੂਰੀ।
ਇੰਦ੍ਰ ਭੀ ਲੱਜਤ ਹ੍ਵੈ ਬਿਸੇਖ।
ਜੁਗ ਵਕਤ ਬਾਜ ਮੰਗਲ[1] ਜੁ ਬਜਤ। [1]ਖੁਸ਼ੀ ਦੇ ਵਾਜੇ।
ਸੁਨਿ ਨੌਬਤ ਗਰਜਨ ਮੇਘ ਲਜਤ ॥੬੬॥
ਅਸਮਾਨ ਵੀਚ ਫਰਰੈਂ[1] ਨਿਸ਼ਾਨ। [1]ਝੂਲਦੇ ਹਨ।
ਜਿਹ ਚਮਕ ਪੇਖਿ ਤੜਤਾ ਲਜਾਨ[1]। [1]ਬਿਜਲੀ ਸ਼ਰਮਿੰਦਾ ਹੁੰਦੀ ਹੈ।
ਗੁਰੁ ਸਭਾ ਪੇਖਿ ਸੁਰ ਸਭਾ ਲਜਤ।
ਸੁਨਿ ਗਾਇਨ ਗੰਧ੍ਰਬ ਮੌਨ ਭਜਤ[1] ॥੬੭॥ [1]ਚੁੱਪ ਹੋ ਜਾਂਦੇ ਹਨ।
ਗੁਰ ਬਾਲ ਭਾਨ[1] ਬਿਦਤੇ ਸੁ ਜਗਤ। [1]ਸਵੇਰ ਦੇ ਸੂਰਜ।
ਕਲ ਕੰਜ[1] ਖਿਰੇ ਸਿਖ ਸੰਤ ਭਗਤ। [1]ਸੁੰਦਰ ਕੰਵਲਾਂ (ਵਾਂਗ)।
ਤਮ ਤ੍ਰੂਕ ਤੇਜ ਭੌ ਤਿੱਤ੍ਰ ਬਿੱਤ੍ਰ[1]। [1]ਤੁਰਕਾਂ ਦੇ ਤੇਜ ਦਾ ਅਨ੍ਹੇਰਾ ਉਡ ਪੁਡ ਗਿਆ।
ਖੁਸ਼ ਭਏ ਪਥਕ ਚਕਵਾਕ ਮਿੱਤ੍ਰ[1] ॥੬੮॥ [1]ਗੁਰਾਂ ਦੇ ਮਿਤ੍ਰਾਂ ਰੂਪਰਾਹੀ ਤੇ ਚਕਵੇ।
ਮੁਰਝਾਏ ਕੈਰਵ ਕੁਮਤਿ ਚੋਰ[1]। [1]ਖੋਟੀ ਮਤਿ ਵਾਲੇ (ਪੁਰਸ਼) ਕਮੀਆਂ ਤੇ ਚੋਰਾਂ (ਵਾਂਗ) ਮੁਰਝਾ

ਗਏ।

ਭੌ ਮੰਦ ਚੰਦ ਚੰਦੂ ਸੁ ਚਕੋਰ[1]। [1]ਚੰਦੂ ਰੂਪ ਚੰਦ੍ਰਮਾ ਫਿੱਕਾ ਪੈ ਗਿਆ ਸਣੇ (ਆਪਣੇ ਸਾਥੀਆਂ ਰੂਪ) ਚਕੋਰਾਂ ਦੇ।

ਮਤ ਕ੍ਰਮ ਕਾਂਡ ਪਾਖੰਡ ਨਖਤ[1]। [1]ਤਾਰਿਆਂ ਵਾਂਗ।

ਲਟਗੇ[1] ਪਿਖਿ ਪ੍ਰਭਾ[2] ਗਜਾਨ ਭਗਤਿ ॥ ੬੯ ॥ [1]ਛਪ ਗਏ। [2]ਸੋਭਾ।

ਜਨ ਨਿੰਦਕ ਨਿਸਚਰ ਬਹੇ ਲੂਕ[1]। [1]ਚੋਰਾਂ ਵਾਂਗ ਲੁਕ ਕੇ ਬੈਠ ਗਏ। {ਨਿਸਚਰ-ਨਿਸ-ਰਾਤ ਨੂੰ ਚਰ-ਵਿਚਰਨ ਵਾਲਾ=ਚੋਰ।}

ਦੋਖੀ ਹੰਕਾਰੀ ਭੇ ਉਲੂਕ[1]। [1]ਉੱਲੂ।

ਸਿੱਖ ਸੰਗਤ ਸਜਨ ਜਗਤ ਐਨ[1]। [1]ਚੰਗੀ ਤਰ੍ਹਾਂ।

ਸੁਖ ਲਹਜੋ ਪ੍ਰਕਾਸ਼ੇ ਗਜਾਨ ਨੈਨ ॥ ੭੦ ॥

ਇਮ ਜਬਿ ਗੁਰੁ ਕਾ ਬਹੁ ਬਢਜੋ ਤੇਜ।

ਦਸਹੂੰ ਦਿਸ ਜਗ ਮੈਂ ਜਸ ਅਮੇਜ[1] ॥ ੭੧ ॥ [1]ਮਿਲ ਗਿਆ, ਫੈਲ ਗਿਆ।

ਦੋਹਰਾ:

ਮਕਰ ਰਵੀ ਜਿਮ[1] ਗੁਰੂ ਕਾ, [1]ਮਕਰਰਾਸ ਦੇ ਸੂਰਜ ਵਾਂਗ।

ਦਿਨ ਦਿਨ ਦੁਗਨ ਪ੍ਰਤਾਪ।

ਬਢਨ ਲਗਜੋ ਜਜੋਂ ਜਗਤ ਪੈ,

ਤਜੋਂ ਭਯੇ ਸਤ੍ਰੂਨ ਤਾਪ ॥ ੭੨ ॥

ਸਕੇ ਸਹਾਰ ਨ ਕੇਤੁ ਜਿਮ,

ਗ੍ਰਸਨ ਹੇਤ ਉਪਚਾਰ[1]। [1]ਕੇਤੂ (ਗ੍ਰਹਿ) ਵਾਂਗ ਗ੍ਰਸਣ ਲਈ ਯਤਨ ਕਰਨ ਲੱਗੇ।

ਕਰਤ, ਪੇਸ਼ ਨਹਿ ਚਰਤ ਕੁਛ[1], [1]ਪਰ ਕੁਝ ਪੇਸ਼ ਨਹੀਂ ਚਲਦੀ।

ਆਖਰ ਮਤਸਰ[1] ਧਾਰ ॥ ੭੩ ॥ [1]ਈਰਖਾ।

ਗੁਰੁ ਪ੍ਰਤਗਜਾ ਜੋ ਕਰੀ,

ਫਰੀ ਨ੍ਰਿਪਨ ਕੀ ਰੀਤਿ।

ਮਿਹਰਵਾਨ ਸੁਤ ਪ੍ਰਿਥੀ ਸਸਿ,

ਤਾਂ ਤੇ ਹੋਇ ਸਭੀਤਿ[1] ॥ ੭੪ ॥ [1]ਡਰ ਸਹਿਤ।

ਚੰਦੂ ਮੰਦੂ ਪਾਸ ਤਿਨ,

ਦੇਹਲੀ ਮੈਂ ਪੁਨ ਜਾਇ।

ਬਾਤ ਬਨਾਇ ਸੁਨਾਇ ਬਹੁ,

ਲੂਤੀ[1] ਦੀਨੀ ਲਾਇ ॥ ੭੫ ॥ [1]ਚੁਗਲੀ ਰੂਪ ਚੁਆਤੀ।

ਆਗ ਲਾਗ ਕੀ ਜਾਗ ਕੈ[1], [1]ਦੁਸ਼ਮਣੀ ਦੀ ਅੱਗ ਬਲ ਕੇ।

ਭੜਕੀ ਪੁਨ ਅਧਿਕਾਇ।

ਸੁਤਾ ਕੁਮਾਰੀ ਸਮੁਖ ਪਿਖਿ,
ਪਠੀ ਬਜ਼ਾਰ ਸਹਾਇ[1] ॥ ੭੬ ॥

[1](ਉਸ ਅੱਗ ਦੀ) ਸਹਾਇਤਾ ਲਈ (ਮਾਨੋ ਇਹ) ਹਵਾ ਭੇਜੀ ਹੈ।

ਮਨ ਜਰ ਬਰ[1] ਕੋਇਲਾ ਭਯੋ,
ਤਨ ਅਬਿ ਹ੍ਵੈ ਜਿਮ ਛਾਰੁ[1]।
ਸੋ ਉਪਾਇ ਸਠ ਕਰੈਗੋ,
ਰਾਵਨ ਜਯੋ ਹਠ ਧਾਰ ॥ ੭੭ ॥

[1]ਸੜ ਬਲ ਕੇ।
[1]ਸੁਆਹ।

ਜਾਂਹਿ ਮਜਬ ਕੁਲ ਪੁਰਸ਼ ਕਾ,
ਭਯੋ ਚਹੈ ਜਬਿ ਨਾਸ।
ਪੀਰ ਫਕੀਰਨ ਸਾਥ ਸੋ,
ਕਰਤ ਬਾਦ ਬਕਾਵਾਸ ॥ ੭੮ ॥
ਸੋਊ ਨੀਕੀ ਲਗਤ ਤਿਹ
ਜਾਂ ਤੇ ਹੋਇ ਬਿਨਾਸ।
ਕੁੰਡੀ ਲੀਲਤ ਮੀਨ ਜਯੋਂ,
ਦੀਪ ਪਤੰਗ ਹੁਲਾਸ[1] ॥ ੭੯ ॥

[1]ਜਿਵੇਂ ਮੱਛੀ ਕੁੰਡੀ ਨਿਗਲਦੀ ਹੈ ਅਤੇ ਪਤੰਗਾ ਦੀਵਾ ਦੇਖ ਕੇ ਖ਼ੁਸ਼ ਹੁੰਦਾ ਹੈ।

ਜੋ ਕੁਛ ਭਾਵੀ ਕਰਯੋ ਢਹਿ,
ਤੈਸੀ ਬੁਧਿ ਸਹਾਇ।
ਹੋਵਤ ਪ੍ਰਾਪਤ ਪੁਰਸ਼ ਕੋ,
ਪਿਖੋ ਕੰਸ ਪ੍ਰਥਾਇ[1] ॥ ੮੦ ॥

[1]ਪ੍ਰਸੰਗ ਵਿੱਚ।

ਚੌਪਈ:
ਮਿਹਰਵਾਨ ਤੈ ਸੁਨਿ ਬਹੁ ਬਾਤੈਂ।
ਚੰਦੂ ਲਗਯੋ ਵਿਚਾਰਨ ਘਾਤੈਂ[1]।
ਪਹਿਲੇ ਪਠੇ ਗੁਰੂ ਢਿਗ ਸਜਾਨੇ।
ਨਾਤਾ ਲੇਹੁ ਬਾਦ[1] ਦਿਹੁ ਜਾਨੈ ॥ ੮੧ ॥

[1]ਦਾਅ ਪੇਚ।
[1]ਝਗੜਾ।

ਪਾਛੇ ਭਈ ਸੁ ਗਈ ਬਿਹਾਏ[1]।
ਆਗੇ ਨੀਕੀ ਲੇਹੁ ਬਨਾਏ।
ਦੈਹੋਂ ਧਨ ਅਨਗਨ ਸੰਗ ਬੇਟੀ।
ਬਿਧਿ ਨੇ[1] ਲਿਖੀ ਸੁ ਜਾਤਿ ਨ ਮੇਟੀ ॥ ੮੨ ॥

[1]ਲੰਘ ਗਈ।
[1]ਬਿਧਾਤੇ ਨੇ।

ਬਾਦਸ਼ਾਹਿ ਢਿਗ ਕਾਮ ਜੁ ਹੋਈ।
ਤੁਮਰਾ ਕਰਹੌਂ ਮਨ ਦੈ ਸੋਈ।

ਤੁਮ ਹਮ ਸਾਕ ਬਨੈਂ ਜਬਿ ਗਾੜ੍ਹੇ।
ਫਿਰ ਦੁਸ਼ਮਨ ਕੋ ਸਕੈ ਬਿਗਾੜੇ ॥੮੩॥
ਅਬਿ ਭੀ ਬਾਤ ਲੇਹੁ ਮਮ ਮਾਨੀ।
ਗਿਰੇ ਬੇਰ ਕੁਛ ਭਈ ਨ ਹਾਨੀ।
ਰਾਜਨੀਤਿ ਤੁਮ ਪਢੀ ਕਿ ਨਾਂਹੀ।
ਮੇਲ ਰਖਨ ਸਮ ਨੀਕ ਨ ਕਾਹੀ[1] ॥੮੪॥

[1]ਕੋਈ ਗੱਲ ਚੰਗੀ ਨਹੀਂ।

ਗੁਰੁ, ਪੰਡਿਤ, ਕਵਿ, ਬੈਦ, ਅੰਮੀਰ।
ਯਾਰ, ਰਸੋਈਆ, ਬਿਪ[1], ਫਕੀਰ।

[1]ਬ੍ਰਹਮਣ।

ਬੇਟਾ, ਬਨਤਾ[1], ਪੌਰੀ[2], ਮੰਤ੍ਰੀ[3]।
ਕਾਰਦਾਰ[1], ਭਟ[2], ਡੂੰਮਰੁ ਸੰਤ੍ਰੀ[3] ॥੮੫॥

[1]ਇਸਤ੍ਰੀ। [2]ਦਰਬਾਨ। [3]ਸਲਾਹਕਾਰ।
[1]ਅਹਿਲਕਾਰ। [2]ਜਸ ਕਰਨ ਵਾਲਾ। [3]ਪਹਿਰੇਦਾਰ।

ਇਨ ਸੋਂ ਕਭੀ ਬਿਗਾਰ ਨ ਕਰੀਏ।
ਬਿਗਰੇ ਦੇਤ ਦੁੱਖ ਇਨਿ ਡਰੀਏ।
ਪਿਤਾ ਤੁਮਾਰੇ ਕੂਕਰ ਮੋਹੀ।
ਕਹਜੋ, ਲਹਜੋ ਫਲ ਮੁਝ ਤੈ ਵੋਹੀ ॥੮੬॥
ਬੀਤੀ ਬਾਤ ਸਬੀ ਦਿਹੁ ਜਾਨੇ।
ਲੇਵਹੁ ਨਾਤਾ ਬਨੋ ਸਿਆਨੇ।
ਜੇ ਅਬਿ ਭੀ ਨਹਿ ਮਾਨਨ ਕੈਹੋ[1]।

[1]ਕਿਹਾ ਨਹੀਂ ਮੰਨੋਗੇ।

ਨਿਜ ਪਿਤ ਤੈ ਜ਼ਜਾਦੇ ਫਲ ਪੈ ਹੋ ॥੮੭॥
ਪਾਛੇ ਪਛਤਾਵਨ ਹੀ ਰੈਹੈ।
ਬਿਤਜੋ ਵਖਤ ਫਿਰ ਹਾਥ ਨ ਐ ਹੈ।
ਸੁਤਾ ਕੁਮਾਰੀ ਬੈਠੀ ਘਰ ਹੈ।
ਨਿਰਖਿ[1] ਅਗਨਿ ਨਿਤ ਮਮ ਉਰਿ ਬਰ ਹੈ[2]
॥੮੮॥

[1]ਦੇਖ ਕੇ। [2]ਬਲਦੀ।

ਦੋਹਰਾ:
ਇਤਜਾਦਿਕ ਬਾਤੈਂ ਲਿਖੀ,
ਚੰਦੂ ਮੰਦੂ ਜੋਇ।
ਪਾਤੀ ਪਢਿ[1] ਗੁਰੁ ਉਤ੍ਰ ਦਿਯ,
ਉਰਿ ਰਿਸ ਨੈਨ ਸਮੋਇ[1] ॥੮੯॥

[1]ਪੜ੍ਹਕਾ (ਚਿੱਠੀ) ਪੜ੍ਹ ਕੇ।
[1]ਹਿਰਦੇ ਤੇ ਨੇਤ੍ਰਾਂ 'ਚ ਗੁੱਸਾ ਭਰ ਕੇ।

ਧਮਕਾਵਤ ਕਿਆ ਹਮੈ ਅਬਿ,
ਮਨਵਾਵਤ ਕਿਆ ਸਾਕ।

ਕਰਨ ਚਹਿਤ ਜੋ ਲੇਹ ਕਰਿ,
ਨਿਕਟ ਮ੍ਰਿਤੁ ਤੁਵ ਝਾਕ[1] ॥ ੯੦ ॥

[1]ਤੇਰੀ ਮੌਤ (ਤੈਨੂੰ) ਨੇੜੇ (ਹੋ ਕੇ) ਤੱਕ ਰਹੀ ਹੈ।

ਚੌਪਈ:
ਜੋ ਪ੍ਰਤਗਯਾ ਹਮਨੈ ਕੀਨੀ।
ਤੈ ਭੀ ਸੁਨ ਰਾਖੀ ਸਬਿ ਪੀਨੀ[1] ॥ ੯੧ ॥

[1]ਕਰੜੀ।

ਸੋ ਨਹਿ ਟਰੈ ਸੂਰ ਸਸਿ[1] ਟਰ ਹੈਂ।
ਕਰਿ ਕੁਮੌਤ ਅਬਿ ਤੁਮ ਕੌ ਹਰ ਹੈਂ[1]।
ਸਕੈਂ ਨ ਤੀਨੋ ਦੇਵ ਬਚਾਏ।
ਮਰ ਹੈਂ ਪਰ ਹੈਂ ਵੀਚ ਜੁ ਆਏ[1] ॥ ੯੨ ॥

[1]ਸੂਰਜ ਤੇ ਚੰਦ।
[1]ਮਾਰਾਂਗੇ।
[1]ਜੇ ਆ ਕੇ ਵਿੱਚ ਪੈਣਗੇ (ਤਾਂ ਉਹ ਵੀ) ਮਰ ਜਾਣਗੇ।

ਸੰਤ ਰੂਪ ਗੁਰੁ ਬ੍ਰਹਮ ਗਜਾਨੀ।
ਉਨ ਕਾ ਦ੍ਰੋਹੀ[1] ਤੂੰ ਅਭਿਮਾਨੀ।
ਤੁਮ ਕੁਟੰਬ ਕੁਮਦੀ ਬਨ[1] ਐ ਹੈ।
ਹਮ ਰਵਿ[1] ਸਬਿ ਕੋ ਅਬਿ ਮੁਰਝੈ ਹੈਂ ॥ ੯੩ ॥

[1]ਵੈਰੀ।
[1]ਕਮੀਆਂ ਦਾ ਬ਼ਗੀਚਾ ਹੈ।
[1]ਸੂਰਜ (ਵਾਂਗ)।

ਦੂਤਨ[1] ਜਾਇ ਕਹੀ ਢਿਗ ਚੰਦੂ।
ਭਯੋ ਬਿਸੂਰਤ[1] ਸੂਰਤ ਮੰਦੂ[2]।
ਪੁਨ ਗੁਨਿ ਸੰਗ ਰਫੀਕਨ ਸਾਰੀ[1]।
ਜਾਇ ਸ਼ਾਹ ਢਿਗ ਅਰਜ਼ ਗੁਜ਼ਾਰੀ ॥ ੯੪ ॥

[1]ਵਕੀਲਾਂ, ਹਲਕਾਰਿਆਂ।
[1]ਝੁਰਦਾ ਹੈ। [2]ਭੈੜੀ ਸ਼ਕਲ ਵਾਲਾ।
[1]ਫਿਰ ਸਾਥੀਆਂ ਨਾਲ ਸਾਰੀ ਵਿਚਾਰ ਕਰਕੇ।

ਨਾਨਕ ਭਯੋ ਫਕੀਰ ਉਦਾਰੇ।
ਵਲੀ[1] ਬਿਸਾਲ ਪੰਜਾਬ ਮਝਾਰੇ।
ਤਾਂ ਕੀ ਪਾਂਚ ਪੁਸ਼ਤ[1] ਤਸ[2] ਹੋਈ।
ਕਰੀ ਕੁਰੀਤਿ ਨ ਕਿਨਹੂੰ ਕੋਈ ॥ ੯੫ ॥

[1]ਕਰਾਮਾਤੀ।
[1]ਪੀੜ੍ਹੀਆਂ। [2]ਤਿਸ ਵਰਗੀਆਂ।

ਪੰਚਮ ਗੁਰੁ ਅਰਜਨ ਨੈ ਪੀਨੀ[1]।
ਖੁਸਰੋ ਕੋ ਮਦਦ ਥੀ ਦੀਨੀ।
ਤਾਂ ਪਰ ਚੱਟੀ[1] ਕਰੀ ਹਜੂਰੈਂ।
ਦ੍ਵੈ ਲੱਖ ਹ੍ਵੈ ਹੈ ਯਾਦ ਜਰੂਰੈਂ ॥ ੯੬ ॥

[1]ਤਕੜੀ।
[1]ਦੰਡ, ਜੁਰਮਾਨਾ।

ਤੀਨ ਦਿਵਸ ਵਹਿ ਕੈਦ ਰਹੈ ਕੈ।
ਭਯੋ ਮ੍ਰਿਤੁ ਪੁਨ ਹੈਜ਼ਾ ਹ੍ਵੈ ਕੈ।
ਹਰਿ ਗੁਬਿੰਦ ਅਬ ਤਾਂ ਕੇ ਪੂਤੈਂ।
ਰਾਖੀ ਫੌਜ ਅਧਿਕ ਮਜਬੂਤੈਂ ॥ ੯੭ ॥
ਸੱਚਾ ਪਾਤਸ਼ਾਹਿ ਕਹਿਲਾਵਤ।

ਸਿਰ ਪੁਰ ਮੁੱਠਾ ਚੌਰ ਫਿਰਾਵਤ।
ਚੋਰ ਧਾੜਵੀ ਅਧਿਕਰਖੈ ਹੈ।
ਡਾਕੇ ਦੂਰ ਦੂਰ ਮਰਵੈ ਹੈ ॥ ੯੮ ॥
ਛੋਰਿ ਫਕੀਰੀ ਉਨਿ ਨ੍ਰਿਪ ਰੀਤੀ।
ਗਹੀ, ਜੰਗ ਕੀਰਖ ਹੈ ਨੀਤੀ।
ਮਾਝਾ ਦੇਸ਼ ਲੜਾਕਾ ਭਾਰੀ।
ਹੈ ਉਮੈਦ ਕੁਛ ਕਰੈ ਖਵਾਰੀ ॥ ੯੯ ॥
ਦੌਲਤ ਦੇਵਤ ਸਿਖ ਅਪਾਰਾ।
ਮੁਲਕ ਮੁਰੀਦ ਅਹੇ ਤਿਹ ਸਾਰਾ।
ਯਹਿ ਸੁਨ ਸ਼ਾਹਿ ਕੋਪ ਮਨ ਠਾਨਾ।
ਤਲਬੇ[1] ਗੁਰੁ ਹਿਤ ਲੈਨ ਜੁਰਮਾਨਾ ॥ ੧੦੦ ॥ [1]ਸੱਦੇ।
ਚੰਦੂ ਹ੍ਵੈ ਖੁਸ਼ ਮਨਿ ਠਹਰਾਈ।
ਐ ਹੈਂ ਈਹਾਂ ਦਿਹੁੰ ਮਰਵਾਈ।
ਭਾਵੀ ਪ੍ਰੇਰੇ ਸਮਝ ਨ ਪਾਈ।
ਆਪਹਿ ਅਪਨੀ ਮੌਤ ਬੁਲਾਈ ॥ ੧੦੧ ॥
ਅਵਸਰ[1] ਪਾਇ ਵਜੀਰ ਖਾਨ ਜਬਿ। [1]ਸਮਾਂ।
ਗਯੋ ਸ਼ਾਹਿ ਢਿਗ ਬਾਤ ਸੁਨੀ ਸਬਿ।
ਕਰੀ ਅਰਜ ਨਹਿ ਗੁਰੂ ਐਸ ਹੈ।
ਕਰਤ ਸ਼ਕਾਯਤ ਚੰਦੂ ਜੈਸ ਹੈ ॥ ੧੦੨ ॥
ਕਰਾਮਾਤ ਗੁਰੂ ਕੀ ਬਡਜਾਈ।
ਕਹਿ ਕਰਿ ਪੁਨ ਨਿਜ ਬਿਤੀ ਸੁਨਾਈ।
ਲੰਗਰ ਗੁਰੁ ਨਿਤ ਦੇਤ ਅਪਾਰੈਂ।
ਰਹਿਤ ਗ੍ਰੀਬ ਮੁਤਾਜ[1] ਹਜਾਰੈਂ ॥ ੧੦੩ ॥ [1]ਲੋੜਵੰਦ।
ਚੰਦੂ ਫੌਜ ਉਨ੍ਹੀ ਕੋ ਕੈਹੈ।
ਦੁਸ਼ਮਨ ਬਾਤ ਅਜੋਗ ਬਨੈ ਹੈ।
ਬਦਲੇ ਸਾਕ ਦੁਸ਼ਮਨੀ ਜੈਸੇ।
ਚੰਦੂ ਰਖਤ ਕਹੀ ਸਬਿ ਤੈਸੇ ॥ ੧੦੪ ॥
ਬਾਬਰ ਗੁਰੁ ਨਾਨਕ ਕਾ ਚੇਰਾ[1]। [1]ਸੇਵਕ।
ਮੇਲ ਹਿੰਮਾਊ ਅੰਗਦ ਕੇਰਾ।
ਤੀਸਰ ਚਤੁਰਥ ਪੰਚਮ ਗੁਰੈਂ।

ਮਿਲਜੋ ਥਾ ਅਕਬਰ ਦਿਮ ਢੁਰੈਂ[1] ॥ ੧੦੫ ॥
[1]ਨੀਵਾਂ ਹੋ ਕੇ।

ਕਥਾ ਜਥਾਰਥ[1] ਅਧਿਕ ਸੁਨਾਈ।
[1]ਸੱਚੀ।

ਦਯੋ ਸ਼ਾਹਿ ਕਾ ਚਿੱਤ ਟਿਕਾਈ।
ਸ਼ਾਹਿ ਹੁਕਮ ਇਸ ਹੀ ਕੋ ਦਯੋ।
ਕਿੰਚੈ ਬੇਗ ਦੁਤੀ ਸੰਗ ਕਯੋ ॥ ੧੦੬ ॥

ਦੋਹਰਾ:
ਯਹਿ ਦੋਨੋ ਜਬਿ ਗੁਰੂ ਕੋ,
ਲਜਾਵਨ ਹਿਤ ਗੁਰੁ ਪਾਸ।
ਗਏ ਭੇਟ ਧਰਿ ਬੰਦ ਕਰ,
ਕਹੀ ਕਥਾ ਸਬਿ ਖਾਸ ॥ ੧੦੭ ॥
ਗੁਰੁ ਪਹਿਲੇ ਹੀ ਚਹਿਤ ਥੇ,
ਬਨਜੋ ਵਹੈ ਸੰਜੋਗ।
ਪ੍ਰਤੱਗਜਾ ਪੂਰਨ ਭਵੈ[1],
[1]ਹੋਵੇਗੀ।

ਸ਼ਤ੍ਰੂ ਕਾ ਹਤ ਰੋਗ[1] ॥ ੧੦੮ ॥
[1]ਵੈਰੀ (ਚੰਦੂ ਰੂਪ) ਰੋਗ ਦਾ ਨਾਸ ਕਰਕੇ।

ਸੁਨਿ ਖੁਸ਼ ਹ੍ਵੈ ਗੁਰੁ ਮਾਤ ਤੈ,
ਆਗਜਾ ਲਈ ਉਦਾਰ।
ਬਿਰਧਾਦਿਕ ਸਿੱਖਨ ਤਈਂ,
ਸੌਂਪਿ ਸਰਬ ਬਿਵਹਾਰ ॥ ੧੦੯ ॥

ਚੌਪਈ:
ਮਗ ਉਲੰਘ ਗੁਰੁ ਦਿੱਲੀ ਆਏ।
ਟੀਲੇ ਮਜਨੂੰ ਪਰ ਥੈਰਾਏ[1]।
[1]ਠਹਿਰੇ।

ਜਾਇ ਵਜ਼ੀਰ ਸ਼ਾਹਿ ਢਿਗ ਸਾਰੀ।
ਬਾਤ ਕਹੀ ਗੁਰੁ ਕੇਰ ਉਦਾਰੀ ॥ ੧੧੦ ॥
ਜ਼ਯਾਫਤ[1] ਸ਼ਾਹਿ ਮੋਦ ਹ੍ਵੈ ਪਠੀ।
[1]ਪ੍ਰੀਤੀ ਭੋਜਨ।

ਮੁਲਾਕਾਤ ਦੂਸਰ ਦਿਨ ਠਠੀ[1]।
[1]ਕੀਤੀ।

ਚੌਂਕੀ ਊਪਰ ਗੁਰੈਂ ਬਿਠਾਯੋ।
ਅਦਬੁ ਸਾਥ ਢਿਗ ਤਖਤ ਸੁਹਾਯੋ ॥ ੧੧੧ ॥
ਰੂਪ ਅਨੂਪ ਪੇਖਿ ਗੁਰੁ ਕੇਰਾ।
ਨੂਰ ਜ਼ਹੂਰ ਇਕਬਾਲ ਬਧੇਰਾ[1]।
[1]ਚਿਹਰਾ ਬਹੁਤੇ ਪ੍ਰਕਾਸ਼ ਵਾਲਾ ਤੇ ਵੱਡੇ ਭਾਗਾਂ ਵਾਲਾ ਹੈ।

ਧਰਜੋ ਬੀਰ ਰਸ ਮਨੋ ਸਰੀਰ।

ਦਿਪਤ[1] ਪ੍ਰਤਾਪ ਰਿਦਾ ਗੰਭੀਰ ॥੧੧੨॥
[1]ਚਮਕਦਾ ਹੈ।

ਸੀਰੀ ਸੁਖਨ ਤਸੀਰੀ ਵਾਰੇ[1]।
[1]ਮਿੱਠੇ ਬੋਲ ਅਸਰ ਵਾਲੇ।

ਜੈਸੇ ਚਹੀਏ ਤੈਸ ਉਚਾਰੇ।

ਅਤਿ ਮਾਕੂਲ ਕਾਯਦੇ ਸਾਥ[1]।
[1]ਬਹੁਤੇ ਯੋਗ ਤ੍ਰੀਕੇ ਨਾਲ।

ਬੂਝੀ ਖੈਰ ਅਫੀਯਤ ਬਾਤ[1] ॥੧੧੩॥
[1]ਸੁਖ ਤੇ ਆਰਾਮ ਦੀ ਗੱਲ ਪੁੱਛੀ।

ਸੁਨ ਕਰਿ ਸ਼ਾਹਿ ਖੁਸ਼ੀ ਅਤਿ ਹੋਯਾ।

ਚੰਦੂ ਕੇਰ ਸ਼ੱਕ ਸਭ ਖੋਯਾ।

ਬਿਸਮੈ ਹ੍ਵੈ ਪਰਖਨ ਕੇ ਹੇਤੈਂ[1]।
[1]ਵਾਸਤੇ।

ਕੀਨੋ ਪ੍ਰਸ਼ਨ ਨੀਤਿ ਨਿਕੇਤੈਂ[1] ॥੧੧੪॥
[1]ਨੀਤੀ ਦੇ ਘਰ ਬਾਦਸ਼ਾਹ ਨੇ।

ਕਹੋ ਪੀਰ ! ਮੱਧ[1] ਤੁਰਕਰੁ ਹਿੰਦੂ।
[1]ਵਿੱਚੋਂ।

ਮਰਤਬ ਪਾਵਤ ਕੌਨ ਬੁਲਿੰਦੂ[1]।
[1]ਉੱਚੀ ਪਦਵੀ।

ਯਹਿ ਸੁਨਿ ਗੁਨਿ ਗੁਰੁ ਸ਼ਬਦ ਉਚਾਰਾ।

ਰਾਗ ਪ੍ਰਭਾਤੀ ਗ੍ਰੰਥ ਮਝਾਰਾ ॥੧੧੫॥

ਸ਼ਬਦ:

*ਅਵਲਿ[1] ਅਲਹ ਨੂਰੁ[2] ਉਪਾਇਆ ਕੁਦਰਤਿ[3] ਕੇ ਸਭ ਬੰਦੇ ॥
[1]ਪਹਿਲਾਂ। [2]ਪ੍ਰਕਾਸ਼। [3]ਸ਼ਕਤੀ, ਮਾਇਆ। *ਪ੍ਰਭਾਤੀ ਰਾਗ ਵਿੱਚ ਇਹ ਕਬੀਰ ਜੀ ਦਾ ੭ਵਾਂ ਸ਼ਬਦ ਪੰਨਾ ੧੩੪੯ ਤੋਂ ਸ਼ੁਰੂ ਹੁੰਦਾ ਹੈ।

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥

ਲੋਗਾ ਭਰਮੁ ਨ ਭੂਲਹੁ ਭਾਈ ॥

ਖਾਲਿਕੁ[1] ਖਲਕ[2] ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥
[1]ਸ੍ਰਿਸ਼ਟੀ ਦਾ ਮਾਲਕ। [2]ਸ੍ਰਿਸ਼ਟੀ।

ਮਾਟੀ[1] ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ।
[1](ਪੰਜਾਂ ਤੱਤਾਂ ਦੀ) ਮਿੱਟੀ।

ਨ ਕਛੁ ਪੋਚ[1] ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ[2] ॥੨॥
[1]ਕਮੀ, ਘਾਟਾ। [2]ਪ੍ਰਮੇਸ਼ਰ ਵਿੱਚ।

ਸਭ ਮਹਿ ਸਾਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਿਛੁ ਹੋਈ ॥

ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥

ਚੌਪਈ:

ਇਤਜਾਦਿਕ ਗੁਰੁ ਗ੍ਰੰਥਹਿ ਕੇਰੇ।
ਬਚਨ ਸ਼ਾਹਿ ਪ੍ਰਤਿ ਜਬਿ ਗੁਰੁ ਟੇਰੇ[1]। [1]ਕਹੇ।
ਰਾਮ ਰਹੀਮ ਖੁਦਾਇ ਅਕਾਲ।
ਅਹੇ ਏਕ ਕੇ ਨਾਮ ਬਿਸਾਲ ॥ ੧੧੬ ॥
ਕਰੈ ਬੰਦਗੀ ਤਾਂ ਕੀ ਜੋਈ।
ਛੋਰਿ ਗੁਨਾਹ ਰਾਹ ਗਹਿ ਕੋਈ।
ਹਿੰਦੂ ਤੁਰਕ ਪਰ ਖਜਾਲ ਨ ਹੋਈ।
ਲਹੈ ਨਜਾਤ[1] ਭਜੈ ਪ੍ਰਭ ਜੋਈ ॥ ੧੧੭ ॥ [1]ਮੁਕਤੀ।
ਜਿਸ ਕੇ ਛੂਟ ਗਜਾ ਭ੍ਰਮ ਉਰ ਕਾ[1]। [1]ਹਿਰਦੇ ਦਾ।
ਤਿਸ ਕੈ ਕਜਾ ਹਿੰਦੂ ਕਿਜਾ ਤੁਰਕਾ।
ਸਬਿ ਮੈਂ ਏਕ ਬ੍ਰਹਮ ਹੀ ਜਾਨੈ।
ਜਥਾ ਗਗਨ[1] ਬਜਾਪਕ ਪ੍ਰਮਾਨੈ ॥ ੧੧੮ ॥ [1]ਅਕਾਸ਼।
ਯਹਿ ਸੁਨਿ ਸ਼ਾਹਿ ਪੁਨ ਧੰਨਜ ਵਖਾਨਾ।
ਤੁਮ ਹੋ ਸ਼੍ਰੀ ਨਾਨਕ ਕੇ ਥਾਨਾਂ।
ਹਿੰਦੂ ਤੁਰਕ ਜਾਂਹਿ ਕੌ ਮਾਨੈ।
ਬਾਂਛਿਤ ਫਲ ਭਲ ਲਹਿ ਕਲਜਾਨੈ ॥ ੧੧੯ ॥
ਕਰੀ ਭੇਟ ਬਹੁ ਜ਼ਰ[1] ਧਰਿ ਸ਼ਰਧਾ। [1]ਧਨ।
ਪਿਖਿ ਚੰਦੂ ਕੋ ਬਢੀ ਸਪਰਧਾ[1]। [1]ਈਰਖਾ।
ਹੋਇ ਬਿਦਾ ਗੁਰੁ ਡੇਰੇ ਆਏ।
ਸ਼ਾਹਿ ਪੇਖਿ ਭੌ ਮੋਦ ਮਹਾਂਏ[1] ॥ ੧੨੦ ॥ [1]ਬਹੁਤ ਅਨੰਦ ਹੋਏ।
ਸ਼ਰਧਾ ਪ੍ਰੇਮ ਬਢਜੋ ਸ਼ਹਿ ਐਸੇ।
ਸਸਿ ਪੂੰਨਜੋ ਪਿਖਿ ਹ੍ਵੈ ਸਿੰਧ ਜੈਸੇ[1]। [1]ਜਿਵੇਂ ਪੂੰਨਿਆਂ ਦਾ ਚੰਦ ਵੇਖ ਕੇ ਸਮੁੰਦਰ (ਵਧਦਾ ਹੈ)।
ਏਕ ਹਜ਼ਾਰ ਰਜਤਪਣ[1] ਰੋਜ[2]। [1]ਰੁਪਏ। [2]ਇਕ ਦਿਨ ਦੇ।
ਭੇਜਤ ਜ਼ਜਾਫਤ ਗੁਰੁ ਦਿਗ ਭੋਜ[1] ॥ ੧੨੧ ॥ [1]ਭੋਜਨ ਲਈ।
ਕਬਹੀ ਕਬੀ ਸ਼ਿਕਾਰ ਸਿਧਾਵੈ।
ਗੁਰੁ ਕੋ ਭੀ ਨਿਜ ਸੰਗ ਲਿਜਾਵੈ।
ਪਿਖਿ ਲਾਘਵਤਾ[1] ਤੀਰ ਤੁਫੰਗੈ[2]। [1]ਫੁਰਤੀ। [2]ਬੰਦੂਕ (ਚਲਾਉਣ) ਦੀ।
ਚੜਤ ਗੁਰੂ ਕੀ ਔਰ ਤੁਰੰਗੈ[1] ॥ ੧੨੨ ॥ [1]ਅਤੇ ਗੁਰੂ ਕੀ ਘੋੜੇ ਤੇ ਚੜ੍ਹਤ।
ਗੁਰੂ ਨਿਸ਼ਾਨਾ ਏਕ ਨ ਚੂਕੈਂ[1]। [1]ਉਕਦੇ ਨਹੀਂ।

ਨਿਕਸੈਂ ਬਨ ਮ੍ਰਿਗ ਹਨੈਂ ਅਚੂਕੈ।
ਜਹਿ ਲੌ ਤੀਰ ਗੁਰੂ ਕਾ ਜਾਵੈ।
ਤਹਿਂ ਲੌ ਦੁਤੀ ਨ ਕੋਇ ਪੁਚਾਵੈ ॥੧੨੩॥
ਧਨੁਖ ਭਿ ਗੁਰੁ ਕਾ ਚਢੈ ਨ ਕਿਸ ਤੈ।
ਆਵੈਂ ਸੁਨਿ ਬਹੁ ਜਨ ਮਨ ਰਿਸ ਤੈ।
ਦਿਨ ਦਿਨ ਪ੍ਰੀਤਿ ਸ਼ਾਹਿ ਕੀ ਗੁਰੁ ਸੋਂ।
ਬਢਤ ਸਸੀ ਦੁਤੀਆ ਸਮ[1] ਉਰ ਸੋਂ[2] ॥੧੨੪॥

[1]ਦੂਜ ਦੇ ਚੰਦ ਵਾਂਗ। [2]ਦਿਲੋਂ।

ਦੋਹਰਾ:
ਇਕ ਦਿਨ ਗਏ ਸ਼ਿਕਾਰ ਜਬਿ,
ਨਿਕਸਜੋ ਭਯਾਨਕ ਸ਼ੇਰ।
ਸ਼ਾਹਿ ਸਬਿਨ ਕੋ ਹੁਕਮ ਦਿਯ,
ਹਤੋ ਸਾਥ ਸ਼ਮਸ਼ੇਰ[1] ॥੧੨੫॥

[1]ਤਲਵਾਰ ਨਾਲ।

ਪਾਧਰੀ ਛੰਦ:
ਤਬ ਸੂਰਬੀਰ ਇਕ ਏਕ ਧਾਏ।
ਗਹਿ ਢਾਲ ਤੇਗ ਚਲ ਬੇਗ[1] ਜਾਇ।
ਲਰਿ ਮਰੇ ਸਿੰਘ ਸੈਂ ਜਬੈ ਦਸਕ।
ਤਬਿ ਗੁਰੁ ਭੀ ਧਰਿ ਉਰਿ ਤਮਕ ਰਸਕ[1]
॥੧੨੬॥

[1]ਛੇਤੀ।

[1]ਹਿਰਦੇ ਵਿੱਚ ਬੀਰਰਸ ਧਾਰ ਕੇ।

ਗਹਿ ਢਾਲ ਭਗੌਤਾ[1] ਹੱਥ ਸੁੱਚ।
ਕੇਹਰ ਲਲਕਾਰਜੋ ਬੋਲਿ ਉੱਚ।
ਵਹਿ ਅਯੋ ਭਬਕ ਨਿਜ ਤੌਰ ਫੇਰਿ[1]।
ਗੁਰੁ ਤੇਗ ਬੇਗ ਹਤ ਕਰਜੋ ਢੇਰ ॥੧੨੭॥

[1]ਖੰਡਾ।

[1]ਰੁਖ਼ ਮੋੜ ਕੇ।

ਪਿਖਿ ਸ਼ਾਹਿ ਅਮੀਰ ਵਜੀਰ ਸਾਰ[1]।
ਬਡ ਤੱਜਬ[1] ਰਹਿਗੇ ਬਲ ਨਿਹਾਰ।
ਤਬਿ ਤੈ ਦਿਢ ਸਬਿ ਸੌਂ ਬਢੀ ਪ੍ਰੀਤਿ।
ਢਿਗ ਸ਼ਾਹਿ ਬੁਲਾਵੈ ਗੁਰਹਿਂ ਨੀਤ ॥੧੨੮॥
ਕਰਿ ਬਾਤੈਂ ਨੀਤੀ ਜੰਗ ਕੇਰ।
ਸ਼ਹਿ ਧਰੇ ਪ੍ਰੀਤਿ ਦਿਨ ਦਿਨ ਬਧੇਰ।
ਪਿਖਿ ਚੰਦੂ ਮਨ ਮੈਂ ਜਰੈ ਭਾਰ[1]।
ਨਹਿਂ ਚਲੈ ਪੇਸ਼ ਕੁਛ ਤਾਂਹਿ ਕਾਰ ॥੧੨੯॥

[1]ਸਾਰੇ।

[1]ਹੈਰਾਨ।

[1]ਬਹੁਤ ਸੜਦਾ ਹੈ।

ਇੱਕ ਦਿਵਸ ਸ਼ਾਹਿ ਕੋ ਚਢਜੋ ਤਾਪ।
ਚੰਦੂ ਯੌਂ ਥਾਪਜੋ ਤਬੈ ਪਾਪ।
ਇਕ ਹੁਤੋ ਨਜੂਮੀ[1] ਬਡੋ ਦੁਸ਼ਟ। [1]ਜੋਤਸ਼ੀ।
ਰਹਿ ਪਾਸ ਸ਼ਾਹਿ ਕੇ ਖਾਸ ਪੁਸ਼ਟ[1] ॥ ੧੩੦ ॥ [1]ਬਹੁਤਾ (ਪਾਪੀ)।
ਤਿਸ ਕੋ ਦੈ ਚੰਦੂ ਬਹੁਤ ਦਾਮ[1]। [1]ਦਮੜੇ, ਰੁਪਏ।
ਸਿਖਲਾਯੋ ਕਰਨੇ ਹਿਤ ਕੁਕਾਂਮ।
ਤਬਿ ਜਾਇ ਨਜੂਮੀ ਸ਼ਾਹਿ ਪਾਸ।
ਯਹਿ ਬਾਤ ਸੁਨਾਇ ਬਢਾਇ ਤ੍ਰਾਸ ॥ ੧੩੧ ॥
ਅਬਿ ਸਾਢ ਸਤੀ ਗ੍ਰਹਿ[1] ਅਯੋ ਆਪ। [1]ਸਨਿੱਚਰ ਗ੍ਰਹਿ ਦੀ ਦੁਖਦਾਈ ਦਸ਼ਾ, ਜੋ ਸਾਢੇ ਸੱਤ ਸਾਲ ਰਹਿੰਦੀ ਹੈ।
ਤਬਿ ਟਰੈ ਜਿ ਹੋਵੈ ਹੋਮ ਜਾਪ।
ਫਿਰ ਕਹਜੋ ਸ਼ਾਹਿ ਕਛੁ ਕਰਿ ਉਪਾਵ।
ਤਬਿ ਲਗਜੋ ਦੁਸਟ ਕਾ ਪੁਸਟ ਦਾਵ[1] ॥ ੧੩੨ ॥ [1]ਤਕੜਾ ਦਾਅ।
ਯੌਂ ਕਹਜੋ ਨਜੂਮੀ ਸੁਨੋ ਸ਼ਾਹਿ।
ਜੋ ਹਰਿਗੋਬਿੰਦ ਬਡ ਪੀਰ ਯਾਹਿ।
ਹੈ ਸਬਿ ਬਾਤਨ ਸਮਰੱਥ ਭਾਰ।
ਸੋ ਕਰੈ ਹੋਮ ਜੋ ਜਪ ਅਪਾਰ ॥ ੧੩੩ ॥
ਦਿਨ ਚਾਲੀ ਕਿਲੇ ਗੁਲੇਰ[1] ਮਾਂਹਿ। [1]ਗੁਆਲੀਅਰ।
ਹਿਤ ਹਜ਼ਰਤ[1], ਤੌਂ ਗ੍ਰਹਿ ਟਰੈ ਯਾਹਿ। [1]ਆਪ ਦੇ ਵਾਸਤੇ।
ਢਿਗ ਤੈ ਤਬਿ ਚੰਦੂ ਕੇ ਰਫੀਕ[1]। [1]ਸਾਥੀ, ਮਿੱਤਰ।
ਸਬਿ ਲਗੇ ਕਹਿਨ ਯਹਿ ਬਾਤ ਠੀਕ ॥ ੧੩੪ ॥
ਪੁਨ ਚੰਦੂ ਨੇ ਭੀ ਕਰੀ ਅਰਜ਼।
ਗੁਰੁ ਕਰੈਂ ਜਾਪ ਦਿਢ[1] ਟਰੈਂ ਮਰਜ਼[2]। [1]ਪੱਕੀ। [2]ਬੀਮਾਰੀ।
ਜਿਮ ਬਾਦਸ਼ਾਹਿ ਕਾ ਭਲਾ ਹੋਇ।
ਤਿਮ ਬਿਨਾ ਦੇਰ ਗੁਰੁ ਕਰੈਂ ਸੋਇ ॥ ੧੩੫ ॥
ਜਬਿ ਸਾਢ ਸਤੀ ਤੈ ਡਰਤ ਸ਼ਾਹਿ।
ਗੁਰੁ ਢਿਗ ਸਬਿ ਕਹਜੋ ਹਵਾਲ ਯਾਹਿ।
ਸੁਨਿ ਸਤਗੁਰੁ ਨੈ ਤਬਿ ਕਿਯ ਵਿਚਾਰ।
ਅਬਿ ਜੇ ਨਹਿ ਮਾਨੈ ਹ੍ਵੈ ਵਿਗਾਰ ॥ ੧੩੬ ॥
ਤਬਿ ਸ਼ਾਹਿ ਪ੍ਰਤਿ ਗੁਰੁ ਕਹਜੋ ਐਸ।

ਜਿਮ ਟਰੈ ਕਸ਼ਟ ਹਮ ਕਰੈਂ ਤੈਸ।
ਪਰ ਸਾਢ ਸਤੀ ਗ੍ਰਹਿ ਤੋਹਿ ਨਾਂਹਿ।
ਹੈ ਜਾਂਹਿ ਅਈ ਸਿਰ ਲੈਹ ਤਾਂਹਿ ॥੧੩੭॥
ਨਿਜ ਸਿਵਰ[1] ਫੌਜ ਗੁਰੁ ਵਹੀਂ ਛੋਰਿ। [1]ਡੇਰਾ।
ਸਿੱਖ ਪਾਂਚ ਸੰਗ ਲੈ ਕਰਿ ਬਹੋਰ[1]। [1]ਫੇਰ, ਪੁਨਾ।
ਚਲਿ ਕਿਲੇ ਗ੍ਵਾਲੀਅਰ ਥਿਰੇ ਆਨ।
ਸ਼ਹਿ ਪਠਜੋ ਦੁਰਗ ਪਤਿ ਕੋ[1] ਫੁਰਮਾਨ [1]ਕਿਲ੍ਹੇ ਦੇ ਦਰੋਗ਼ੇ ਨੂੰ।
॥੧੩੮॥
ਗੁਰੁ ਆਵਤ ਤੁਮ ਢਿਗ ਹਰਿ ਗੋਬਿੰਦ।
ਸਬਿ ਭਾਂਤਿ ਰਾਖੀਓ ਖੁਸ਼ ਅਨਿੰਦ[1]। [1]ਬਹੁਤੇ ਖ਼ੁਸ਼।
ਵਹਿ ਦੁਰਗ ਪਤੀ ਹਰਿਦਾਸ ਨਾਮ।
ਥਾ ਹਰਿ ਗੁਰੁ ਭਗਤ ਵਿਚਾਰ ਧਾਮ ॥੧੩੯॥
ਅਤਿ ਖੁਸ਼ੀ ਹੋਇ ਉਨਿ ਗਹੇ ਚਰਨ।
ਬਹੁ ਲਗਜੋ ਗੁਰੂ ਕੀ ਸੇਵ ਕਰਨ।
ਜੋ ਕੈਦ ਨ੍ਰਿਪ ਥੇ ਤਹਿਂ ਬਿਸੇਖ।
ਸਬਿ ਭਏ ਖੁਸ਼ੀ ਗੁਰੁ ਦਰਸ ਦੇਖਿ ॥੧੪੦॥
ਜੋ ਜ਼ਜਾਫਤ[1] ਗੁਰੁ ਹਿਤ ਪਠੈ ਸ਼ਾਹਿ। [1]ਪ੍ਰੀਤੀ ਭੋਜਨ।
ਸੋ ਗੁਰੂ ਛਕਾਵੈਂ ਸਬਿਨਿ ਚਾਹਿ ॥੧੪੧॥
ਦੋਹਰਾ:
ਨਾਂਹਿ ਆਪ ਤਿਸ ਮਾਹਿ ਤੈਂ,
ਖਾਂਹਿ ਗੁਰੂ ਕੁਛ ਆਹਿ।
ਮਿਹਨਤ ਕਰਿ ਸਿਖ ਲਿਆਵਹੀਂ,
ਸੋਈ ਗੁਰੂ ਛਕਾਹਿਂ ॥੧੪੨॥
ਕਿਲੇਦਾਰ ਹਰਿਦਾਸ ਨਿਤ,
ਕਰੈ ਟਹਲ ਸਬਿ ਭਾਂਤਿ।
ਜਾਮ ਹੋਮ ਸਤਿਗੁਰੁ ਕਰੈਂ,
ਸ਼ਾਹਿ ਹੇਤ ਬਖਜਾਤ ॥੧੪੩॥
ਚੌਪਈ:
ਚੰਦੂ ਮੰਦੂ ਮਨ ਖੁਸ਼ ਭਯੋ।
ਦਰਬ ਨਜੂਮੀ ਕੋ ਬਹੁ ਦਯੋ।

ਪੁਨ ਹਰਦਾਸ ਪਾਸ ਜਨ ਖਾਸ।
ਭੇਜਜੋ ਧਨ ਦੈ ਰਿਸ਼ਵਤ ਤਾਸ ॥ ੧੪੪ ॥
ਇਕ ਪੌਸ਼ਾਕ ਜ਼ਹਿਰ ਕੀ ਪਠੀ[1]। [1]ਭੇਜੀ।
ਪਹਿਰਾਵੌਂ ਗੁਰੁ ਕੌ ਹ੍ਵੈ ਹਠੀ[1]। [1]ਹੱਠ ਨਾਲ, ਜ਼ੋਰ ਨਾਲ।
ਜਜੋਂ ਤਜੋਂ ਕਰਿ ਮਧ ਕੈਦ ਰਖਾਵੌਂ।
ਮਮ ਰਿਪ[1] ਕੋ ਤੁਮ ਮਾਰ ਖਪਾਵੌਂ ॥ ੧੪੫ ॥ [1]ਵੈਰੀ।
ਛਲ ਬਲ ਕਰਿ ਯਾਹੀ ਤੈ ਮੈਹੂੰ।
ਤੁਮ ਢਿਗ ਪਠਜੋ ਮਾਰ ਦਿਹੁ ਕੈਹੂੰ[1]। [1]ਕਿਸੇ ਤਰ੍ਹਾਂ।
ਪਾਂਚ ਹਜ਼ਾਰ ਦਰਬ ਮੈ ਦੈਹੌਂ।
ਅਪਰ ਸ਼ਾਹਿ ਤੈ ਮਾਨ ਕਰੈਹੌਂ ॥ ੧੪੬ ॥
ਪਠਜੋ ਜੁ ਚੰਦੂ ਇਤਜਾਦਿਕ ਲਿਖਿ।
ਅਗਰ ਧਰਜੋ ਗੁਰੁ ਕਿਲੇਦਾਰ ਸਿੱਖ।
ਪਢਿ ਗੁਰੁ ਕਹਜੋ ਕਰੈ ਸੁ ਭਰੈ।
ਜਾਂ ਕਾ ਪਾਪ ਬਾਪ ਤਿਹ ਪਰੈ[1] ॥ ੧੪੭ ॥ [1]ਜਿਸ ਦਾ ਪਾਪ {ਬਾਪ} ਬੀਜਿਆ ਹੋਇਆ ਹੈ ਉਸੇ ਤੇ ਪਵੇਗਾ। {ਬਾਪ=ਬੀਜਿਆ।}
ਰਾਗ ਰੋਖ ਬਿਨ ਗੁਰੁ ਤਹਿਂ ਰਹਿਹੀਂ।
ਨਿਜ ਦਾਸਨ ਰਾਸਨ ਦੁਖ ਦਹਿਹੀ[1]। [1]ਸਾਰੇ ਦੁੱਖਾਂ ਨੂੰ ਸਾੜਦੇ ਹਨ।
ਥਿਰੇ ਪੇਖਿ ਗੁਰੁ ਕੌ ਇਸ ਤੌਰੈਂ।
ਕਿਯ ਬਿਸ੍ਰਾਮ ਧਜਾਇ ਇਸ ਠੌਰੈਂ ॥ ੧੪੮ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਖਸ਼ਟਮ ਗੁਰੂ ਕਾ ਸ਼ਾਹ ਸੋਂ ਮਿਲਨ, ਕਿਲ੍ਹੇ ਗੁਆਲੀਏਰ ਮੈਂ ਜਾਵਨ ਪ੍ਰਸੰਗ ਬਰਨਨੰ' ਨਾਮ ਇਕੀਸਮੋਂ ਬਿਸ੍ਰਾਮ ॥ ੨੧ ॥

੨੨. {ਬੰਦੀਛੋੜ ਸਤਿਗੁਰਾਂ ਨੇ ਬਵੰਜਾ ਕੈਦੀਰਾਜੇ ਛੁਡਾਉਣੇ ਤੇ ਚੰਦੂ ਨੂੰ ਮਾਰਨਾ}

ਦੋਹਰਾ:

ਬੀਨ ਬੀਨ ਨਾਵੀਨ ਪਦ,
ਦੀਜੈ ਭੂਸ਼ਿਤ ਬੀਨ[1]।

[1]{ਬੀਨ} ਕਥਨ (ਕਵਿਤਾ) ਦੇ {ਭੂਸ਼ਿਤ} ਸ਼ਿੰਗਾਰਨ ਲਈ ਮੈਨੂੰ {ਬੀਨ} ਚੁਣ ਚੁਣ ਕੇ ਨਵੇਂ {ਪਦ} ਸ਼ਬਦ ਦਿਉ।

ਦਾਨੀ ਸੁਮਤਿ ਕਵੀਨ ਕੋ,
ਬਾਨੀ ਮਾਤ ਪ੍ਰਬੀਨ[1] ॥੧॥

[1]ਕਵੀਆਂ ਨੂੰ ਸ੍ਰੇਸ਼ਟ ਮਤਿ ਦੇਣ ਵਾਲੀ ਹੇ ਚਤੁਰ ਸਰਸੁਤੀ ਮਾਤਾ!

ਸ੍ਵੈਯਾ:

ਬਰ ਦੇਹੁ ਬਿਸਾਰਦ ਬੁਧਿ ਬਢੈ,
ਬਰ ਬੈਨ ਬਨਾਇ ਬਖਾਂਨ ਕਰੋਂ[1]।

[1](ਹੇ ਮਾਤਾ ਮੈਨੂੰ ਇਹ) ਵਰ ਦਿਉ (ਕਿ ਮੇਰੀ) ਉੱਤਮ ਬੁੱਧੀ ਵਧੇ (ਜਿਸ ਕਰਕੇ) ਚੰਗੇ ਬਚਨ ਬਣਾ ਕੇ ਉਚਾਰਨ ਕਰਾਂ।

ਬਲ ਜਾਇ ਕਵੀ ਬਲ ਪਾਇ ਤੁਮੈਂ,
ਬਿਬਿਧਾ ਬਹੁ ਛੰਦ ਸੁਛੰਦ ਰਚੋਂ[1]।

[1](ਮੈਂ) ਕਵੀ (ਤੁਹਾਡੇ ਉਪਰੋਂ) ਬਲਿਹਾਰ ਜਾਂਦਾ ਹਾਂ, ਤੁਹਾਡਾ ਬਲ ਪਾ ਕੇ ਅਨੇਕ ਤਰ੍ਹਾਂ ਦੇ ਬਹੁਤੇ (ਸੁੰਦਰ) ਛੰਦ ਆਪਣੀ ਇੱਛਾ ਅਨੁਸਾਰ ਵਰਣਨ ਕਰਾਂ।

ਬਿਘਨੀ ਬਨ ਹੇਤ ਦਵਾਨਿਲ ਜਸੋਂ,
ਬਸ ਤੋ ਬਿਨ ਆਸ ਨ ਆਨ ਧਰੋਂ[1]।

[1]ਬਿਘਨਾਂ ਦੇ ਜੰਗਲ ਨੂੰ ਸਾੜਨ ਵਾਸਤੇ ਤੂੰ ਡੋਂ ਅਗਨੀ ਵਾਂਗ ਹੈਂ, ਬਸ ਮੈਂ ਤੇਰੇ ਬਿਨਾਂ ਹੋਰ (ਕਿਸੇ) ਦੀ (ਵੀ) ਆਸ ਨਹੀਂ ਕਰਦਾ।

ਹਰਿ ਗਜਾਨ ਨ ਆਨ ਚਹੈ ਜਗਮਾਤ,
ਬਖਜਾਤ ਸੰਪੂਰਨ ਗ੍ਰੰਥ ਕਰੋਂ[1] ॥੨॥

[1]ਹੇ ਜਗਤ ਮਾਤਾ (ਸਰਸੁਤੀ) ਗਿਆਨ ਸਿੰਘ ਹੋਰ ਕੁਝ ਨਹੀਂ ਚਾਹੁੰਦਾ, ਪ੍ਰਗਟ ਹੀ (ਮੈਂ ਇਹ ਸ਼੍ਰੀ ਗੁਰੂ ਪੰਥ ਪ੍ਰਕਾਸ਼) ਗ੍ਰੰਥ ਸੰਪੂਰਨ ਕਰਨਾ (ਚਾਹੁੰਦਾ) ਹਾਂ।

ਦੋਹਰਾ:

ਨਿਕਸ ਦੁਰਗ ਤੇ[1] ਨ੍ਰਿਪਨ ਸਹਿ[2],
ਸ਼ਾਹਿ ਤਈਂ ਅਪਨਾਇ[1]।
ਹਤ ਹੈਂ[1] ਚੰਦੂ ਦੁਸ਼ਟ ਕੋ,
ਕਥੈਂ ਕਥਾ ਯਹਿ ਧਜਾਇ ॥੩॥

[1]ਕਿਲ੍ਹੇ ਤੋਂ। [2]ਰਾਜਿਆਂ ਸਮੇਤ।
[1]ਆਪਣਾ ਬਣਾ ਕੇ।
[1]ਮਾਰਨਗੇ।

ਚੌਪਈ:

ਗੁਰ ਸਿੱਖਨ ਜਬ ਯਹਿ ਸੁਨ ਪਾਈ।
ਸਤਿਗੁਰ ਕਿਲ੍ਹੇ ਗੁਲੇਰ[1] ਰਹਾਈ।
ਦੇਸ ਦੇਸ ਤੈ ਤਹਿਂ ਚਲ ਆਵੈਂ।

[1]ਗੁਆਲੀਅਰ।

ਬਹਿਰ ਦਿਵਾਰਹਿਂ ਬੰਦਿ ਸਿਧਾਵੈ[1] ॥ ੪ ॥
[1]ਬਾਹਰੋਂ ਹੀ ਕੰਧਾਂ ਨੂੰ ਨਮਸਕਾਰ ਕਰ ਕੇ ਚਲੇ ਜਾਂਦੇ ਹਨ।

ਜੇ ਕੋਊ ਬੂਝੈ ਤਬਿ ਕਹਿਂ ਐਸਾ।
ਹਮਰਾ ਈਸ਼ੂਰ ਹੈ ਮਧ ਬੈਸਾ।
ਇਸੀ ਲਵਾਸ[1] ਵੀਚ ਜਗ ਸਾਈਂ।
[1]ਜਾਮੇ, ਸਰੂਪ।

ਹੈ ਪ੍ਰਗਟਜੋ ਹਮ ਹਿਤ ਸੁਖਦਾਈ ॥ ੫ ॥
ਪੇਖਿ ਸਿਦਕ ਜਗ ਹੱਕਾ ਬੱਕਾ[1]।
[1]ਬਹੁਤ ਹੈਰਾਨ।

ਰਹਿ, ਕਹਿਂ ਕਿਯ ਸਿੱਖਨ ਮੱਕਾ।
ਜਬਿ ਤਹਿਂ ਚਾਲੀ ਦਿਵਸ ਬਿਤਏ।
ਬਾਦਸ਼ਾਹਿ ਨੈ ਯਾਦ ਨ ਕਏ ॥ ੬ ॥
ਚੰਦੂ ਕੋਸ਼ਸ਼ ਅਧਿਕ ਰਖਾਵੈ।
ਸ਼ਹਿ ਢਿਗ ਬਾਤ ਨ ਕੋਊ ਚਲਾਵੈ।
ਜਬਿ ਵਹਿ ਖਬਰ ਸੁਧਾਸਰ[1] ਪਾਈ।
[1]ਅੰਮ੍ਰਿਤਸਰ।

ਬਜਾਕੁਲ ਹ੍ਵੈ ਤਬਿ ਗੰਗਾ ਮਾਈ ॥ ੭ ॥
ਸਾਰ[1] ਲੈਨ ਹਿਤ ਬ੍ਰਿਧ ਪਠਾਯੋ[2]।
[1]ਖ਼ਬਰ। [2]ਬਾਬਾ ਬੁੱਢਾ ਜੀ ਨੂੰ ਭੇਜਿਆ।

ਬਾਬਾ ਬੁੱਢਾ ਗੁਰੁ ਢਿਗ ਆਯੋ।
ਸਮਾਚਾਰ ਸਬਿ ਸੁਨੇ ਸੁਨਾਏ।
ਭੋਜਨ ਛਕਿ ਜਬਿ ਗੁਰੁ ਸੁਪਤਾਏ[1] ॥ ੮ ॥
[1]ਸੌਂ ਗਏ।

ਤਬਿ ਭਾਈ ਜੇਠੇ, ਪੈਰਾਣੇ।
ਬਹਲੋ ਕੇ[1] ਰਾਜਾਦੇ[2], ਭਾਣੇ।
[1]ਗੋਤ ਦੇ। [2]ਨਾਮ।

ਕਾਲੇ ਦੁੱਲਟ, ਸਾਈਂ ਦਿੱਤੇ।
ਬਿਧੀਏ ਮਿਲਿ ਬ੍ਰਿਧ ਮਤੇ ਸੁ ਕਿੱਤੇ[1] ॥ ੯ ॥
[1]ਬਾਬਾ ਬੁੱਢਾ ਜੀ ਨਾਲ ਮਿਲ ਕੇ ਸਲਾਹ ਮਸ਼ਵਰੇ ਕੀਤੇ।

ਚੰਦੂ ਦੁਸ਼ਟ ਦੁਸ਼ਮਨੀ ਕੈ ਹੈ।
ਜ਼ਿਕਰ ਸ਼ਾਹਿ ਢਿਗ ਹੋਨ ਨ ਦੈ ਹੈ।
ਨਿਕਸਨ ਕਠਿਨ ਕਿਲੇ ਤੈ ਭਾਰੀ।
ਕਰੋ ਉਪਾਇ ਬਨੈ ਜਿਮ ਕਾਰੀ[1] ॥ ੧੦ ॥
[1]ਇਲਾਜ, ਉਪਾਇ।

ਤਬਿ ਭਾਈ ਜੇਠੇ ਪੈਰਾਣੇ।
ਕੇਹਰ ਬਪ ਬਣਿ ਅਰਧ ਨਿਸਾਨੇ[1]।
[1]ਸ਼ੇਰ ਰੂਪ ਬਣਾ ਕੇ ਅੱਧੀ ਰਾਤ ਨੂੰ।

ਰੰਗ ਮਹਿਲ[1] ਮੈ ਜਹਿਂ ਸ਼ਾਹ ਸੋਯੋ।
[1]ਬਾਦਸ਼ਾਹ ਦੇ ਸੌਣ ਦਾ ਖ਼ਾਸ ਮਹਿਲ।

ਜਾਇ ਡਰਾਯੋ ਸੁਖੁ ਸਬਿ ਖੋਯੋ ॥ ੧੧ ॥
ਤ੍ਰਸਤ[1] ਸ਼ਾਹਿ ਜਬਿ ਨੈਨ ਉਘਾਰੇ[2]।
[1]ਡਰ ਕੇ। [2]ਖੋਲ੍ਹੇ।

ਕੇਹਰ ਪਿਖੇ ਉਭੈ ਭੈਕਾਰੇ[1]। [1]ਦੋ ਭਿਆਨਕ ਸ਼ੇਰ ਦੇਖੇ।
ਜਾਨਜੋ ਸਾਢਸਤੀ ਯਹਿ ਆਈ।
ਜਿਹ ਹਿਤ ਗੁਰੁ ਜਪ ਕਰਤ ਮਹਾਂਈ ॥ ੧੨ ॥
ਇਹੁ ਚਿਤਵ ਸ਼ਹਿ ਗੁਰੂ ਧਜਾਏ।
ਤਬਿ ਹੀ ਕੇਹਰ ਦੂਰ ਪਰਾਏ[1]। [1]ਚਲੇ ਗਏ।
ਤਰਫਤ ਰੈਨ ਸ਼ਾਹਿ ਬਿਤਰਾਈ[1]। [1]ਰਾਤ ਲੰਘਾਈ।
ਸੁਬਹਿ ਸਭਾ ਮੈਂ ਬੈਠਜੋ ਆਈ ॥ ੧੩ ॥
ਬੋਲਿ ਨਜੂਮੀ ਮੰਤ੍ਰੀ ਸਾਰੇ।
ਬਿਤਜੋ ਹਵਾਲ ਕਹਜੋ ਬਿਸਤਾਰੇ।
ਕਹਜੋ ਨਜੂਮੀ ਪੰਡਿਤ ਫੇਰ।
ਸਾਢ ਸਤੀ ਬਨਿ ਆਈ ਸ਼ੇਰ ॥ ੧੪ ॥
ਕਾਜੀ ਔਰ ਮੌਲਵੀ ਜੋਈ।
ਕਹੈਂ ਸਰਾਰ[1] ਅਹੈ ਯਹਿ ਕੋਈ। [1]ਭੂਤਨਾ।
ਬੈਦ ਹਕੀਮਨ ਰੋਗ ਬਤਾਯੋ।
ਸਜਾਨਨਿ ਸ੍ਵਪਨਾ ਝੂਠ ਲਖਾਯੋ ॥ ੧੫ ॥
ਅਸਲ ਬਾਤ ਨਹਿ ਕਿਨਹੂੰ ਪਾਈ।
ਕਰੀ ਪੁਨਾ ਨਿਸ ਕੋ ਤਕਰਾਈ।
ਲੋਹ ਕਨਾਤ ਜਾਲ ਤਨਵਾਏ।
ਪਹਿਰੇ ਲਾਇ ਨਖਸ[1] ਧੁਖਵਾਏ ॥ ੧੬ ॥ [1]ਜੰਤ੍ਰ, ਤਵੀਤ।
ਤੌ ਭੀ ਉਭੈ ਗੁਰੂ ਕੇ ਸਿੱਖ।
ਜੋਗ ਕਲਾ ਮੈਂ ਥੇ ਜੋ ਦੱਖ[1]। [1]ਚਤੁਰ।
ਬਿਦਜਾ ਕਾਲਬ[1] ਬਦਲਨ ਕੇਰੀ। [1]ਸ਼ਰੀਰ।
ਆਵਤ ਥੀ ਜਿਨ ਤਈਂ ਬਧੇਰੀ ॥ ੧੭ ॥
ਬਨਿ ਕਰ ਸ਼ੇਰ ਨਿਸਾ ਕੋ ਆਏ।
ਜਗਜੋ ਸ਼ਾਹਿ ਡਰ ਲਹਜੋ ਮਹਾਏ।
ਹਰਿ ਗੋਬਿੰਦ ਗੁਰੁ ਕੋ ਜਬਿ ਧਜਾਯੋ।
ਟਰੀ ਉਪਾਧਿ ਸ਼ਾਹਿ ਸੁਖ ਪਾਯੋ ॥ ੧੮ ॥
ਇਸੀ ਤੌਰ ਨਿਤ ਨਿਸਾ ਮਝਾਰੀ।
ਜਹਾਂਗੀਰ ਦੁਖ ਪਾਵਤ ਭਾਰੀ।
ਭਯੋ ਬਿਮਾਰ ਲਚਾਰ ਬਧੇਰੈ।

ਬਿਤਜੋ ਹਾਲ ਨਿਤ ਸਬਿ ਢਿਗ ਟੇਰੈ ॥੧੯॥
ਚੰਦੂ ਆਦਿ ਦੁਸ਼ਟ ਜਨ ਸੁਨ ਕੈ।
ਗੁਰੁ ਦਿਸ ਤੈ ਧੋਖਾ ਦਿਹਂ ਗੁਨ ਕੈ[1]।

[1]ਵਿਚਾਰ ਕੇ (ਬਾਦਸ਼ਾਹ ਨੂੰ) ਸਤਿਗੁਰਾਂ ਦੀ ਤਰਫ਼ੋਂ ਧੋਖਾ ਦਿੰਦੇ ਹਨ।

ਹ੍ਵੈ ਹਕੀਮ ਪੁਨ ਜੇਠੇ ਭਾਈ।
ਜਾਇ ਸ਼ਾਹਿ ਢਿਗ ਸਰਬ ਸੁਨਾਈ ॥੨੦॥
ਨਿਸ ਮੈਂ ਤੁਮ ਕੋ ਸ਼ੇਰ ਡਰੈਂ ਹੈਂ।
ਰਖ ਹੈਂ ਗੁਰੂ ਨਹੀ ਛਕ ਜੈ ਹੈਂ।
ਕਹਜੋ ਸ਼ਾਹਿ ਤੈਂ ਪਾਈ ਮਰਜ਼[1]।

[1]ਬੀਮਾਰੀ ਲੱਭ ਲਈ ਹੈ।

ਹਰੋ[1] ਯਾਹਿ ਮਮ ਮਾਨੋ ਅਰਜ਼ ॥੨੧॥

[1]ਦੂਰ ਕਰੋ।

ਪਿਖ ਸ਼ਰਧਾ ਜੇਠੇ ਪੁਨ ਰਰਾ[1]।

[1]ਕਿਹਾ।

ਨਹਿ ਇਨਸਾਫ ਤੁਮਾਰੇ ਜਰਾ।
ਕਜੋਂ ਨਹਿ ਖੇਦ ਤੁਮੈ ਅਸ ਹੋਈ।
ਧਰਮ ਜੁਬਾਨ ਨ ਤੁਮਰੇ ਦੋਈ ॥੨੨॥
ਹਰਿ ਗੋਬਿੰਦ ਗੁਰੁ ਤੁਮੈ ਬੁਲਾਯੋ।
ਰਾਖਯੋ ਬਹੁ ਦਿਨ ਨੇਹੁ[1] ਜਨਾਯੋ।

[1]ਪ੍ਰੇਮ।

ਕਿਸੀ ਦੁਸ਼ਟ ਦੁਸ਼ਮਨ ਕੇ ਕਹੇ।
ਪਠਜੋ ਦੁਰਗ ਮਹਿ ਜਹਿਂ ਅਬਿ ਅਹੇ ॥੨੩॥
ਚਾਲੀ ਦਿਨ ਤੈ ਅਧਿਕ ਬਿਤਾਏ।
ਭਲਾ ਚਹਿਤ ਤੌ ਲੇਹੁ ਬੁਲਾਏ।
ਜੇ ਕਰ ਆਜ ਨ ਉਨ੍ਹੈ ਬੁਲੈ ਹੈਂ।
ਟਰੈਂ ਨ ਕੇਹਰ[1] ਆਵਤ ਖੈਹੈਂ ॥੨੪॥

[1]ਸ਼ੇਰ।

ਦੋਹਰਾ:
ਤਰਸਤ ਤਿਨਕੇ ਦਰਸ ਕੋ,
ਸਿੱਖ ਹਜਾਰੋਂ ਬੈਸ[1]।

[1]ਬੈਠੇ।

ਬਦ ਅਸੀਸ ਸਬਿ ਦੇਤ ਤੁਹਿ,
ਭਲਾ ਹੋਇ ਕਹੁ ਕੈਸ ॥੨੫॥
ਚੌਪਈ:
ਯਹਿ ਸੁਨ ਸ਼ਾਹਿ ਕਾਂਪਜੋ ਐਸੇ।
ਤੇਜ ਪੌਨ ਤੈ ਕਦਲੀ[1] ਜੈਸੇ।

[1]ਕੇਲਾ

ਪਾਇ ਬਿਦਾਈ ਜੇਠਾ ਗਯੋ।
ਸ਼ਾਹਿ ਅਧਿਕ ਮਨਿ ਤ੍ਰਾਸਤ ਭਯੋ ॥੨੬॥
ਮੀਆਂ ਮੀਰ ਬਡ ਪੀਰ ਲਹੌਰੀ।
ਪਹੁੰਚਜੋ ਤਿਸੀ ਦਿਵਸ ਤਿਸ ਠੌਰੀ।
ਅਤੀ ਬ੍ਰਿਧ ਤਨ ਭੌਹਿਂ ਬਿਸਾਲਾ[1]। [1]ਕ੍ਰੁਵੱਟੇ।
ਮੁਖ ਪਰ ਪਰਤ ਪੀਤ ਸਿਤ ਬਾਲਾ[1] ॥੨੭॥ [1]ਪੀਲੇ ਤੇ ਚਿੱਟੇ ਵਾਲ।
ਮੁੰਦ੍ਰਿਤ ਲੋਚਨ ਊਪਰ ਛਾਏ[1]। [1]ਮੀਟੀਆਂ ਅੱਖਾਂ ਉੱਪਰ ਫੈਲੇ ਹੋਏ ਹਨ।
ਬੋਲਤ ਕਬਹੂੰ ਬਹੁਤ ਬੁਲਾਏ।
ਬਹਰ ਜਗਤ ਤੈ ਬ੍ਰਿਤਿ ਉਠਾਈ।
ਨਿਜਾਨੰਦ[1] ਰਸ ਲੇਤ ਸਦਾਈ ॥੨੮॥ [1]ਆਪਣੇ ਸਰੂਪ ਦੇ ਅਨੰਦ ਦਾ।
ਗਯੋ ਸ਼ਾਹਿ[1] ਤਬਿ ਤਿਸ ਕੈ ਪਾਸੈਂ। [1]ਪਾਤਸ਼ਾਹ ਜਹਾਂਗੀਰ।
ਹ੍ਵੈ ਇਕੰਤ ਯੌਂ ਬੂਝਜੋ ਖਾਸੈਂ[1]। [1]ਆਪ।
ਕਹੋ ਪੀਰ ਜੀ ਸੰਤਨ ਲੱਛਨ।
ਸਮਝ ਜੋਇ ਮੈਂ ਸੇਵੋਂ ਸ੍ਵੱਛਨ[1] ॥੨੯॥ [1]ਪਵਿੱਤ੍ਰ (ਸੰਤਾਂ ਨੂੰ)।
ਕਹਜੋ ਪੀਰ ਸੁਨ ਸੰਤਨ ਭੂਖਨ[1]। [1]ਗਹਿਣੇ ਭਾਵ ਸੁਨਹਿਰੀ ਗੁਣ।
ਰਹੈਂ ਬਿਕਾਰਨ ਤੈ ਆਦੂਖਨ[1]। [1]ਦੋਸ਼ਾਂ ਤੋਂ ਰਹਿਤ।
ਸ਼ਾਂਤਿ ਚਿੱਤ ਬ੍ਰਿਤਿ ਰਖੈਂ ਟਿਕਾਈ।
ਨਾਂਹਿਂ ਬਾਸਨਾ ਫੁਰ ਹੈ ਕਾਈ ॥੩੦॥
ਮੁਰਦੇ ਸਮ ਹ੍ਵੈ ਜਗ ਮੈਂ ਰੈਹੈਂ।
ਸਬਿ ਰਸ ਤਜਿ ਆਤਮ ਰਸੁ ਲੈ ਹੈਂ।
ਮਨ ਇੰਦ੍ਰੀ ਕੋ ਬਸ ਮੈਂ ਰਾਖੈਂ।
ਸਹਿਜ ਸੁਭਾਇ ਆਇ ਸੋ ਚਾਖੈਂ ॥੩੧॥
ਰੋਕ ਬ੍ਰਿਤਿ ਆਤਮ ਮੈਂ ਲਾਵੈਂ।
ਸਰਬ ਬ੍ਰਹਮ ਪਿਖਿ ਦ੍ਵੈਤ ਗਵਾਵੈਂ।
ਦੁਖ ਸੁਖ ਅਧਿਕ ਦੇਇ ਜੌ ਕੋਈ।
ਰਹੈਂ ਅਡੋਲ ਮੇਰੁ ਸਮ ਸੋਈ ॥੩੨॥
ਰਾਗ ਰੋਖ[1] ਨਹਿ ਫੁਰਨੌ ਪਾਵੈਂ। [1]ਮੋਹ ਤੇ ਗੁੱਸਾ।
ਫੁਰਨੇ ਪਰ ਅਸ੍ਵਾਰ ਰਹਾਵੈਂ।
ਕਰਾਮਾਤ ਜੌ ਇਤਕ ਰਖਾਵੈਂ।
ਫੂਕ ਮਾਰ ਬ੍ਰਹਮੰਡ ਉਡਾਵੈਂ ॥੩੩॥

ਸੂਰ ਸਸੀ ਤਾਰਾ ਗਨ ਤੋਰੈਂ।
ਨੌਕਾ ਜਿਮ ਧਰਤੀ ਕਉ ਬੋਰੈਂ[1]।
ਤੌ ਭੀ ਕਰਾਮਾਤ ਨਹਿ ਦੇਵੈਂ।
ਨਿਜਾਨੰਦ ਮੈਂ ਮਗਨ ਰਹੇਵੈਂ ॥ ੩੪ ॥
ਜਿਮ ਗੁਰੁ ਅਰਜਨ ਲਵਪੁਰ ਮਾਂਹੀ[1]।
ਸਹੇ ਕਸ਼ਟ ਅਸ ਕਹੇ ਨ ਜਾਂਹੀ।
ਕਰਾਮਾਤ ਕੇ ਥੇ ਸਿੰਧ[1] ਪੂਰੇ।
ਨਾਹਿ ਦਿਖਾਈ ਜਰਾ[1] ਜਰੂਰੇ[2] ॥ ੩੫ ॥
ਨਿਜਾਨੰਦ ਤੈ ਬ੍ਰਿਤਿ ਨ ਚਾਲੀ।
ਰਹੇ ਅਡੋਲ ਅਮੋਲ ਬਿਸਾਲੀ।
ਦੇਹ ਸਬੰਧ ਨ ਜਰਾ ਜਨਾਯੋ।
ਜੀਵਤ ਮ੍ਰਿਤਕ ਹੋਇ ਦਿਖਾਯੋ ॥ ੩੬ ॥
ਸਿਖ ਜੁ ਥੇ ਤਿਨ ਕੇ ਕਰਮਾਤੀ।
ਸੋ ਭੀ ਰਖੇ ਬਰਜ ਬਖਜਾਤੀ।
ਯਹਿ ਸੁਨਿ ਮੈਂ ਦਰਸ਼ਨ ਹਿਤ ਗਯੋ।
ਬੰਦਿ ਚਰਨ ਧੰਨ ਧੰਨਜ ਅਲਯੋ ॥ ੩੭ ॥
ਜਰਨਾ ਅਜਰ[1] ਪੇਖਿ ਤਿਨ ਕੇਰੀ।
ਉਛਰਯੋ ਮਨ ਮਮ ਅਸ ਤਿਸ ਬੇਰੀ।
ਚਾਹਯੋ ਉਲਟਾ ਕਰੋਂ ਲਾਹੌਰੈਂ।
ਪੈ ਬਰਜਯੋ ਗੁਰੁ ਦੈ ਸੌਂਹ ਗੌਰੈਂ ॥ ੩੮ ॥
ਹਰਿ ਗੁਬਿੰਦ ਅਬਿ ਤਿਨ ਕੇ ਪੂਤ।
ਹੈਂ ਸਭਿ ਬਿਧਿ ਤਿਨ ਸਮ ਮਜ਼ਬੂਤ।
ਚਹੈਂ ਤ ਉਲਟ ਪੁਲਟ ਕਰਿ ਡਾਰੈਂ।
ਪੈ ਵਹਿ ਜਰਨਾ ਰਖਤ ਅਪਾਰੈਂ ॥ ੩੯ ॥
ਜਿਨ ਕੋ ਕਿਲੇ ਗੁਲੇਰ ਮਝਾਰੇ।
ਰਖਯੋ ਤੁਮੈ ਕਰਿ ਬੰਦ ਬ੍ਰਿਥਾਰੇ[1] ॥ ੪੦ ॥

ਦੋਹਰਾ:
ਬਾਦਸ਼ਾਹਿ ਯਹਿ ਬਾਤ ਸੁਨਿ,
ਬ੍ਰਿਧ ਪੀਰ ਤੈ ਸਾਚ।
ਕਾਂਪਯੋ ਮਨ ਡਰਿ ਢਰ ਪਰਯੋ[1],

[1]ਡਬੋ ਦੇਣ।
[1]ਲਾਹੌਰ ਵਿੱਚ।
[1]ਸਮੁੰਦਰ।
[1]ਥੋੜ੍ਹੀ ਜੇਹੀ ਵੀ। [2]ਜ਼ਰੂਰਤ (ਲੋੜ) ਪੈਣ 'ਤੇ ਵੀ।
[1]ਨ ਸਹਾਰੀ ਜਾਣ ਵਾਲੀ (ਸ਼ਕਤੀ) ਨੂੰ ਸਹਾਰਨਾ।
[1]ਐਵੇਂ ਹੀ, ਬਿਨਾਂ ਮਤਲਬ।
[1]ਢਲ ਗਿਆ, ਨਰਮ ਹੋ ਗਿਆ।

ਸਹੀ ਨ ਗੀ ਗੁਰਿ ਆਂਚ[1] ॥ ੪੧ ॥ [1]ਤਕਲੀਫ਼।

ਚੌਪਈ:

ਗੁਰੁ ਪ੍ਰਤਾਪ ਸੁਨਿ ਸ਼ਹਿ ਡਰਿ ਡੋਲਜੋ।
ਤੁਰਤ ਵਜ਼ੀਰ ਖਾਨ ਕੋ ਬੋਲਜੋ।
ਤੁਮ ਮੁਰੀਦ ਸਾਦਿਕ ਗੁਰੁ ਕੇਰੋ।
ਕਹਜੋ ਕਰੋ ਯਹਿ ਕਾਰਜ ਮੇਰੋ ॥ ੪੨ ॥
ਤੂਰਨ ਪੂਰਨ ਗੁਰਹਿਂ ਲਜਾਵੋ।
ਭੂਲ ਗੁਨਾਹ ਮੋਰ ਬਖਸ਼ਾਵੋ।
ਮਾਨ ਵਜੀਰ ਖਾਨ ਚਲ ਗਯੋ।
ਗੁਰੁ ਪਹਿ ਕਰਤ ਬੇਨਤੀ ਭਯੋ ॥ ੪੩ ॥
ਕੈਦੀ ਨ੍ਰਿਪਨ ਜਬੈ ਯਹਿ ਸੁਨੀ।
ਅਏ ਦੁਖਤ ਕਰਿ ਰੋਦਨ ਧੁਨੀ[1]। [1]ਰੋਣ ਦੀ ਅਵਾਜ਼।
ਅਤਿ ਘਿਗਿਆਇ[1] ਚਰਨ ਲਪਟਾਏ। [1]ਲੇਲੜੀਆਂ ਕੱਢ ਕੇ।
ਹਮੈ ਆਪ ਬਿਨ ਕੈਸ ਬਿਤਾਏ ॥ ੪੪ ॥
ਕੋ ਹਮ ਕੋ ਫਿਰ ਆਨ ਛੁਡੈ ਹੈ।
ਤੁਮ ਬਿਨ ਰੱਛਕ ਕੋ ਨ ਦਿਸੈ ਹੈ।
ਸ੍ਰੀ ਕਰਤਾਰ ਰੂਪ ਤੁਮ ਧਰਹੋ।
ਸਰਨਾਗਤ ਕੇ ਬੰਧਨ ਹਰਹੋ ॥ ੪੫ ॥
ਬ੍ਰਿਦ[1] ਗਰੀਬ ਨਿਵਾਜ਼ ਸੰਭਾਰੋ। [1]ਸੁਭਾਵ, (ਅ) ਫ਼ਰਜ਼।
ਕਾਟੋ ਬੰਧਨ ਅਬੈ ਹਮਾਰੋ।
ਦੀਨ ਬੈਨ ਬਹੁ ਤਿਨ ਕੇ ਸੁਨ ਕੈ।
ਧੀਰਜ ਦਯੋ ਗੁਰੂ ਮਨ ਗੁਰ ਕੈ ॥ ੪੬ ॥
ਕਹਜੋ ਵਜੀਰ ਖਾਨ ਕੇ ਤਾਈਂ।
ਹਮੈਂ ਬੰਦਗੀ ਕਰੈਂ ਇਹਾਂਈਂ।
ਕੈ ਯਹਿ ਕੈਦੀ ਛੂਟੈਂ ਸਬਿ ਹੀ।
ਨਾਹਿ ਤ ਹਮ ਭੀ ਜਾਂਹਿ ਨ ਕਬਿ ਹੀਂ ॥ ੪੭ ॥
ਗੁਰੁ ਰੁਖ ਪਿਖਿ ਵਜ਼ੀਰ ਖਾਂ ਤਬੈ।
ਆਇ ਸ਼ਾਹਿ ਢਿਗ ਭਾਖੀ ਸਬੈ।
ਐਸੀ ਭਾਂਤਿ ਬਾਤ ਰਚਿ[1] ਕਹੀ। [1]ਗੱਲ ਬਣਾ ਕੇ।
ਮਾਨੈ ਜਹਾਂਗੀਰ ਜਜੋਂ ਸਹੀ ॥ ੪੮ ॥

ਸੁਨਿ ਪਤਸ਼ਾਹਿ ਪੁਨਾ ਯੌਂ ਭਾਖਾ।
ਗੁਰੁ ਕਾ ਬਚਨ ਸੀਸ ਹਮ ਰਾਖਾ।
ਦਾਮਨ[1] ਪਕਰਿ ਗੁਰੂ ਕਾ ਜੇਤੇ।
ਨਿਕਸੈਂ ਕੈਦੀ ਛੂਟੈਂ ਤੇਤੇ ॥ ੪੯ ॥
ਤਬਿ ਵਜੀਰ ਖਾਂ ਵਹੈ ਕਮਾਯੋ[1]।
ਜਯੋਂ ਗੁਰੁ ਚਹਯੋ ਭਯੋ ਤਯੋਂ ਸਾਯੋ[1] ॥ ੫੦ ॥
ਬਾਵਨ ਪਾਲਯੋ* ਕਾ[1] ਗੁਰੁ ਜਾਮਾ[2]।

[1]ਪੱਲਾ।

[1](ਬਾਦਸ਼ਾਹ ਦੇ) ਉਸੇ (ਬਚਨ) 'ਤੇ ਅਮਲ ਕੀਤਾ।

[1]ਉਹ ਉਵੇਂ ਹੀ ਹੋਇਆ।

[1]ਬਵੰਜਾ ਪੱਲਿਆਂ (ਕਲੀਆਂ) ਦਾ। [2]ਚੋਲਾ। *ਇਥੇ ਪਾਠ 'ਬਾਲਯੋਂ' ਛਪਿਆ ਹੋਇਆ ਸੀ ਜੋ ਸਾਡੇ ਖਿਆਲ ਵਿੱਚ ਅਸ਼ੁੱਧ ਹੈ।

ਪਹਰ ਫਰਾਇ ਛੁਡਏ ਤਮਾਮਾਂ।
ਯਹਿ ਜਬਿ ਖਬਰ ਜਬਰ[1] ਸੁਨ ਪਾਈ।
ਆਏ ਜਨ ਦਰਸ਼ਨ ਸਮੁਦਾਈ ॥ ੫੧ ॥
ਦੇਸ ਦੇਸ ਗੁਰੁ ਕੀਰਤਿ ਫੈਲੀ।
ਮਨਹੁ ਮਾਲਤੀ ਫੁਲੀ ਅਮੈਲੀ[1]।
ਧੰਨਜ ਧੰਨਜ ਗੁਰੁ ਪਰ ਉਪਕਾਰੀ।
ਕਹੈਂ ਐਸ ਮਿਲਿ ਸਬਿ ਨਰ ਨਾਰੀ ॥ ੫੨ ॥

[1]ਜ਼ਬਰਦਸਤ।

[1]ਉੱਜਲ।

ਸ੍ਵੈਯਾ:
ਜਯੋਂ ਮਿਥਲੇਸ[1] ਵਿਸ਼ੇਸ਼ ਕਢੇ,
ਨਰਕਾਂਨ ਤੈ[1] ਨਾਰਕੀ[2] ਜੀਵ ਅਪਾਰੀ।
ਦੈਂਤ ਬਨਾਸੁਰ ਕੋ ਹਰ[1] ਜਯੋਂ,
ਜਦੁ ਨਾਥ[1] ਛੁਡਾਇ ਲਈ ਬਹੁ ਨਾਰੀ।
ਰਾਵਨ ਬੰਦ ਤੈ[1] ਜਯੋਂ ਸੁਰ ਬ੍ਰਿੰਦਨ[2],
ਫੰਧ[1] ਕਟੇ ਰਘੁਚੰਦ[2] ਸੁਧਾਰੀ।
ਤਾਂਹਿ ਮਨਿੰਦ[1] ਨਰਿੰਦ[2] ਬਰਿੰਦ[3],
ਕਢੇ ਹਰਿ ਗੋਬਿੰਦ ਜੂ ਉਪਕਾਰੀ ॥ ੫੩ ॥
ਪਾਰਸ ਨਾਥ ਗਹੇ ਨਰ ਨਾਥ[1],
ਮਛੰਦ੍ਰ ਨਾਥ ਜਯੋਂ ਜਾਇ ਛੁਡਾਏ।
ਜੈਸ ਜਰਾ ਸਿੰਧ ਕੀ ਬੰਦ ਤੈ,
ਨ੍ਰਿਪ ਪੁੰਜ[1] ਗੁਬਿੰਦ[2] ਰਿਹਾਇ ਕਰਾਏ[3]।
ਫੰਧਕ ਤੈ[1] ਜਿਮ ਜੀਵ ਘਨੇ,

[1]ਜਨਕ (ਰਾਜੇ) ਤੋਂ।

[1]ਨਰਕਾਂ ਤੋਂ। [2]ਨਰਕ ਦੇ।

[1]ਮਾਰ ਕੇ।

[1]ਜਿਵੇਂ ਕ੍ਰਿਸ਼ਨ ਜੀ ਨੇ।

[1]ਕੈਦ ਤੋਂ। [2]ਸਾਰੇ ਦੇਵਤਿਆਂ ਦੇ।

[1]ਫਾਹੇ। [2]ਸ਼੍ਰੀਰਾਮ ਚੰਦਰ ਜੀ ਨੇ।

[1]ਉਨ੍ਹਾਂ ਵਾਂਗ। [2]ਰਾਜੇ। [3]ਸਾਰੇ (ਭਾਵ ਬਵੰਜਾ)।

[1]ਪਕੜੇ ਹੋਏਰਾਜੇ।

[1]ਸਾਰੇਰਾਜੇ। [2]ਸ੍ਰੀ ਕ੍ਰਿਸ਼ਨ ਜੀ ਨੇ। [3]ਛੁਡਾਏ।

[1]ਸ਼ਿਕਾਰੀਆਂ ਤੋਂ।

ਛੁਡਵਾਵਤ ਹੈਂ ਧਰਮੀ ਬਹੁ ਥਾਏ।
ਤਜੋਂ ਹਰਿ ਗੋਬਿੰਦ ਜੂ ਗੁਰੁ, ਭੂਪ[1] [1]ਰਾਜੇ।
ਛੁਡਾਇ, ਭਲੇ ਬੰਦੀ ਛੋੜ ਕਹਾਏ ॥ ੫੪ ॥
ਸੰਗ ਲਵਾਇ[1] ਗੁਰੈਂ ਮੁਦ ਪਾਇ[2], [1]ਨਾਲ ਲੈ ਕੇ। [2]ਅਨੰਦ ਹੋ ਕੇ।
ਵਜ਼ੀਰ ਖਾਂ ਸ਼ਾਹਿ ਸੋਂ ਆਇ ਮਿਲਾਏ।
ਸ਼ਾਹਿ ਗਹੇ ਪਦ ਪੰਕਜ ਦੋ,
ਕਰ ਜੋਰਿ ਨਿਜੰ ਅਪਰਾਧ ਛਿਮਾਏ[1]। [1]ਬਖ਼ਸ਼ਵਾਏ।
ਦਾਨ ਪ੍ਰਾਨ ਦਏ ਤੁਮਹੂੰ ਮੁਹਿ,
ਸਾਢਸਤੀਨ ਤੇ ਲੀਨ ਬਚਾਏ।
ਆਵਹਿਂ ਸੋ ਬਨ ਸ਼ੇਰ, ਮੁਝ ਨਿਤ
ਖਾਵਨ, ਰਾਖਤ ਆਪ ਹਟਾਏ ॥ ੫੫ ॥
ਏਹੁ ਅਹਿਸਾਨ[1] ਮਹਾਂਨ ਕਰਜੋ, [1]ਪਰਉਪਕਾਰ।
ਮੁਝੈ ਪੈ ਨਹਿ ਜਾਇ ਦਜੋ ਇਵਜ਼ਾਨਾ[1]। [1]ਬਦਲਾ।
ਜਾਪੁ ਕਰਜੋ ਹਮਰੇ ਹਿਤ ਜਾਇ,
ਸਹੀ ਤਕਲੀਫ਼ ਛਿਮੋ[1] ਸੁਖਦਾਨਾ। [1]ਬਖ਼ਸ਼ੋ।
ਯੋਂ ਸੁਨ ਕੈ ਮੁਸਕਾਇ ਗੁਰੂ,
ਸਹਿ ਨੀਤ[1] ਪ੍ਰੀਤ ਸੁ ਬੈਨ ਬਖਾਨਾ। [1]ਨੀਤੀ ਸਹਿਤ।
ਹੈ ਗੁਰੁ ਕੋ ਘਰ ਕਾਮ ਤਰੂ[1], [1]ਕਲਪ ਬ੍ਰਿਛ।
ਚਿਤਵੈ ਜਸ[1] ਜੋ ਫਲ ਲੇਤ ਮਹਾਨਾ ॥ ੫੬ ॥ [1]ਜਿਸ ਤਰ੍ਹਾਂ ਦਾ।
ਕਬਿਤ:
ਮਲ ਹੀਨ ਮੁਕਰ ਸਮਾਨ[1] ਗੁਰੁ ਘਰ ਜਾਨ, [1]ਸ਼ੀਸ਼ੇ ਵਾਂਗ।
ਜੈਸੋ ਮੁਖ ਕਰਿ ਦੇਖੈ ਤੈਸੋ ਹੀ ਦਿਖਾਇ ਹੈਂ।
ਰਾਵਰ ਕੇ ਬਡੇ ਮੇਲ ਰਾਖ ਬਰ[1] ਲੇਤ ਰਹੇ, [1]ਵਰ।
ਆਪ ਹਜ਼ਰਤ ਤਿਮ ਚਹਿਤ ਭਲਾਇ[1] ਹੈਂ। [1]ਹੇ ਬਾਦਸ਼ਾਹ (ਅਸੀਂ) ਆਪ ਦੀ ਭਲਾਈ ਚਾਹੁੰਦੇ ਹਾਂ।
ਸ਼ਾਹਿ ਕੇ ਨਜੀਕ ਚੌਂਕੀ ਚੰਦਨ ਪੈ ਬੈਠੇ ਗੁਰੁ,
ਜ਼ੇਵਰ ਜਰਾਊ ਜਰੇ ਅੰਗਨ ਸੁਹਾਇ ਹੈਂ।
ਸੀਸ ਸਿਰਪੇਚ[1] ਜਿਗ੍ਹਾ ਕਲਗੀ ਦਮਕ ਰਹੀ[2], [1]ਦਸਤਾਰ। [2]ਚਮਕ ਰਹੀ ਹੈ।
ਕਰ ਮੈਂ[1] ਕਪੂਰੀ[2] ਸਿਮਰਨਾ ਝਲਕਾਇ ਹੈਂ[3] [1]ਹੱਥ ਵਿੱਚ। [2]ਕਪੂਰ ਦਾ। [3]ਚਮਕਾਉਂਦੇ ਹਨ।
॥ ੫੭ ॥
ਅਤਿ ਹੀ ਅਮੋਲ ਰੰਗ ਢੰਗ ਸੈ ਅਤੋਲ,

ਗੁਰੁ ਫੇਰ ਰਹੇ ਤਾਂਹਿ ਮਨ ਸ਼ਾਹ ਕਾ ਫਿਰਾਯੋ ਹੈ[1]।
ਪੇਖਿ ਲਲਚਾਇ ਸ਼ਾਹਿ ਕਹਜੋ ਐਸੋ ਔਰ ਨਾਹਿਂ,
ਦੂਰ ਹੀ ਤੈ ਆਯੋ ਗੁਰੁ ਕਹਜੋ ਸਿਖ ਲਜਾਯੋ ਹੈ।
ਸਹਿਤ ਸੰਕੋਚ ਸ਼ਾਹਿ ਕਹਜੋ ਏਕ ਦਾਨਾ ਯਾਹਿ,
ਕੀਜੀਏ ਇਨਾਯਤ[1] ਤਵੱਰੁਕ[2] ਭਾਯੋ ਹੈ[3]।

[1]ਫਿਰ ਗਿਆ, ਖਿੱਚਿਆ ਗਿਆ।

[1]ਬਖ਼ਸ਼ਸ਼ ਕਰੋ। [2]ਪ੍ਰਸ਼ਾਦ (ਵਜੋਂ)। [3](ਮੈਨੂੰ ਇਹ) ਚੰਗਾ ਲੱਗਾ ਹੈ।

ਏਕ ਯਾਦਗਾਰ ਦੂਜੋ ਰੱਖਕ ਲਖੈ ਹੋਂ ਸਾਰ[1],
ਕਰਹੋਂ ਇਮਾਮ ਤਸਵੀ ਕੋ ਮੇਰੁ ਠਾਯੋ ਹੈਂ[1]
॥ ੫੮ ॥

[1]ਚੰਗਾਰਾਖਾ ਜਾਣਾਂਗਾ।

[1]ਮੇਰੂ (ਮਣਕੇ) ਦੀ ਥਾਂ (ਆਪਣੀ) ਮਾਲਾ ਦਾ ਸ਼ੋ੍ਮਣੀ ਮਣਕਾ ਬਣਾਵਾਂਗਾ।

ਪੇਖਿ ਪਤਿਸਾਹਿ ਕੋ ਉਮਾਹਿ ਮਾਂਹਿ ਗੁਰੂ ਤਬਿ,
ਕਹਜੋ ਯਾਹਿ ਰਾਖੀਏ ਸਮੱਗ੍ਰ ਹੀ[1] ਆਪ ਹੈ।
ਐ ਪੈ ਏਕ ਮਾਲਾ ਸਮ ਯਾਹਿ ਕੇ ਬਿਸਾਲਾ ਆਹਿ,
ਆਲਾ ਲਾਲਾ ਚੰਦੂ ਕੇ[1] ਲਈ ਸੁ ਕਰਿ ਪਾਪ ਹੈ।
ਤਾਂ ਪਰ ਬ੍ਰਿਤੰਤ ਸਭਿ ਸੁਨਜੋ ਪਤਸ਼ਾਹਿ ਜਬਿ,
ਚੰਦੂ ਕੋ ਦ੍ਰੋਹੀ[1] ਗੁਰੁ ਪਾਪੀ ਲਯੋ ਥਾਪ ਹੈ[2]।
ਲਯੋ ਸੋ ਬੁਲਾਈ ਮਾਲਾ ਤਲਬ ਫੁਰਮਾਈ[1],
ਗੁਰੂ ਪੇਖੇ ਜੋ ਤਿਥਾਂਈਂ[1] ਚੰਦੂ ਤਾਈਂ ਚਢਜੋ ਤਾਪ
ਹੈ ॥ ੫੯ ॥

[1]ਸਾਰਾ (ਸਿਮਰਨ)।

[1]ਚੰਦੂ ਲਾਲ ਦੇ ਘਰ ਹੈ।

[1]ਵੈਰੀ। [2]ਮੰਨ ਲਿਆ।

[1]ਮਾਲਾ ਲਿਆਉਣ ਲਈ ਕਿਹਾ।

[1]ਓਥੇ।

ਸਾਫ਼ ਇਨਕਾਰੀ ਹੋਇ ਕਹਜੋ ਨ ਨਿਹਾਰੀ ਮੈਂ ਹੂੰ,
ਮਾਲਾ ਲਘੁ ਭਾਰੀ ਕੈਹੂੰ[1] ਗੁਰੁ ਕੀ ਕਿਥਾਂਈਂ ਥੀ।
ਤਾਂ ਪਰ ਤਲਾਸ਼ੀ ਜਬਿ ਭਈ ਤਾਹਿਂ ਘਰ ਖਾਸੀ[1],
ਨਿਕਸੀ ਜਿਨਸ[1] ਸਬਿ ਗੁਰੂ ਜੋ ਲਿਖਾਈ ਥੀ।
ਤਾਂ ਹੀ ਸਮੇਂ ਵਾਰਦਾਤ[1] ਆਈ ਯਾਦ ਸ਼ਾਹਿ ਤਾਈਂ,
ਖਾਂ ਵਜ਼ੀਰ ਪੀਰ ਬਿਰਧ ਸਭੈ ਜੋ ਸੁਨਾਈ ਥੀ।
ਕੋਪ ਹੋਇ ਸ਼ਾਹ ਕਹਜੋ ਜੋ ਨ ਹੋਤੀ ਬਿਦਿਤ[1] ਏ,
ਕਜਾਮਤ[1] ਮੈ ਤੋਂ ਤੋ ਮੁਝੇ ਅਤਿ ਦੁਖਦਾਈ ਥੀ
॥ ੬੦ ॥

[1]ਛੋਟੀ ਵੱਡੀ ਕਿਸੇ ਤਰ੍ਹਾਂ ਦੀ ਵੀ।

[1]ਚੰਗੀ ਤਰ੍ਹਾਂ।

[1](ਮਾਲਾ ਆਦਿ) ਚੀਜ਼ਾਂ।

[1]ਘਟਨਾ।

[1]ਪ੍ਰਗਟ।

[1]ਪ੍ਰਲੋ ਤੋਂ ਮਗਲੋਂ ਅੰਤਲੇ ਦਿਨ ਸ਼ਰੀਰਾਂ ਵਿੱਚ ਰੂਹਾਂ ਦੀ ਕਾਇਮੀ ਦਾ ਨਾਮ ਕਿਆਮਤ ਹੈ।

ਏਰੇ ਚੰਦੂ ਮੰਦੂ ਤੈ ਕੁਕਾਜ ਕੀਨੋ ਭਾਰੀ ਅਤਿ,
ਬੇਟੀ ਕੇ ਬਦਲ[1] ਬਾਦ[2] ਗੁਰੂਅਨ ਸੋਂ ਫਰਜੋ।

[1]ਬਦਲੇ ਵਿੱਚ। [2]ਝਗੜਾ।

ਝੂਠੀ ਮੂਠੀ ਚੁਗਲੀ ਸੁਨਾਇ ਕੈ ਭਖਾਯੋ ਮੁਝੇ*,

*ਗੁਰੂ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਜਹਾਂਗੀਰ ਬਾਦਸ਼ਾਹ ਨੇ ਆਪ ਦਿੱਤਾ ਹੈ (ਦੇਖੋ ਤੋਜ਼ਕ ਜਹਾਂਗੀਰੀ) ਦੋਸ਼ ਸਾਰਾ ਚੰਦੂ ਦਾ ਦਸ ਰਿਹਾ ਹੈ। ਹੋ ਸਕਦਾ ਹੈ ਕਿ ਜਹਾਂਗੀਰ ਨੂੰ ਸਚਾਈ ਦਾ ਪਤਾ ਹੁਣ ਲੱਗਾ ਹੋਵੇ। ਉਸ ਸਮੇਂ ਚੰਦੂ ਨੇ ਗੁਰਾਂ ਬਾਰੇ ਝੂਠੀਆਂ ਊਜਾਂ ਲਾ ਕੇ ਪਾਤਸ਼ਾਹ ਤੋਂ ਗੁਰੂ ਜੀ ਦੇ ਕਤਲ ਦਾ ਹੁਕਮ ਲਿਖਵਾ ਲਿਆ ਹੋਵੇ।

ਪੰਚਮ ਗੁਰੂ ਕੋ ਬੁਲਵਾਯੋ ਘਰ ਮੈਂ ਹਰਜੋ[1]।
ਜਾਹੁ ਅਬਿ ਤੂੰ ਭੀ ਦਫਾ ਹੋਰੁ ਨਿਜ ਕੀਆ ਭਰ,
ਐਸੇ ਕਹਿ ਹਾਥ ਜੋਰਿ ਗੁਰੂ ਆਗੇ ਯੌਂ ਰਰਜੋ[1]।
ਰਾਵਰੋ[1] ਗੁਨਾਹੀ ਚੰਦੂ ਮਨ ਚਾਹੀ ਦੇਹੁ ਸਜ਼ਾ,
ਅਭੀ ਗਹਿ ਲੇਹੁ ਯਾਹਿ ਛਿਮਾ ਮੋਹਿ ਪੈ ਕਰਜੋ
॥ ੬੧ ॥

[1]ਸ਼ਹੀਦ ਕਰ ਦਿੱਤਾ।

[1]ਕਿਹਾ।

[1]ਆਪ ਦਾ।

ਆਇਸ[1] ਗੁਰੂ ਕੀ ਪਾਇ ਤਾਹੀਂ ਸਮੇ ਸਭਾ ਵੀਚ,
ਭਾਈ ਜੇਠੇ, ਪੈੜੇ, ਬਿਧੀ ਚੰਦ, ਚੰਦੂ ਕੋ ਗਹਜੋ।
ਪਗਰੀ ਉਤਾਰ ਬਾਂਧਿ ਮੁਸ਼ਕਾਂ ਬਜ਼ਾਰ ਵੀਚ,
ਮਾਰਤ ਪਜਾਰ[1] ਧੂਰ ਡਾਰ ਊਚ ਯੌ ਕਹਜੋ।
ਇਹੁ ਗੁਰੁ ਦ੍ਰੋਹੀ ਪਾਪੀ ਤਾਪੀ ਦ੍ਵਜ ਸੰਤ ਕੋ ਹੈ,
ਹੋਇ ਸਿਖ ਜੋਈ ਯਾਹਿਂ ਮਾਰੈ ਪਨਹੀ ਵਹਯੋ[1]।
ਐਸੇ ਸੁਨਿ ਬਾਲਕ ਬਜਾਰੀ[1] ਤਾਰੀ[2] ਮਾਰੈਂ, ਡਾਰੈਂ
ਧੂਰ, ਭੂਰ ਸਿਖਨ ਕੇ ਜੂਤ ਚੰਦੂ ਨੈ ਸਹਜੋ
॥ ੬੨ ॥

[1]ਆਗਿਆ।

[1]ਜੁੱਤੀਆਂ {ਫਾ: ਪੈਜ਼ਾਰ}।

[1]ਓਹੀ (ਇਸ ਦੇ) ਜੁੱਤੀਆਂ ਮਾਰੋ।

[1]ਬਜ਼ਾਰ ਵਿੱਚ। [2]ਤਾੜੀਆਂ।

ਭਈ ਭੀਰ ਭਾਰੀ ਕੋਊ ਮਾਰੈ ਦੇਵੈ ਗਾਰੀ ਬਡ,
ਲਾਨ੍ਹਤ ਕਾ ਤਬਕ[1] ਸਬਕ ਮਿਲੈ ਤਾਂਹਿ ਹੈ।

[1]ਤਉਕ=ਅਪ੍ਰਾਧੀ ਦੇ ਗਲ 'ਚ ਪਾਇਆ ਭਾਰੀ ਕੜਾ ਜਾਂ ਜ਼ੰਜੀਰ।

ਡੇਰੈ ਮੈਂ ਲਜਾਇ ਪਕਰਾਇ ਸ੍ਵਾਨ ਰਖਕਨ[1],
ਆਏ ਗੁਰੁ ਸ਼ਾਹਿ ਤੈ ਬਿਦਾ ਲੈ ਸ ਉਮਾਹਿ ਹੈ।
ਸਿਖ ਦਿਲਵਾਲੀ[1] ਭੇਟ ਲੈ ਕਰ ਬਿਸਾਲੀ ਆਏ,
ਸਬਿ ਹ੍ਵੈ ਖੁਸ਼ਾਲੀ[1] ਕਹੈਂ ਗਹਯੋ ਦੁਸ਼ਟ ਯਾਹਿ ਹੈ।
ਦੁਤੀ ਦਿਨ ਸ਼ਾਹਿ ਗੁਰੁ ਡੇਰੇ ਮਾਹਿ ਆਯੋ ਚਾਹਿਂ[1],
ਕੀਨੀ ਮਿਲਿ ਬਾਤ ਭੇਟ ਦੀਨੀ ਬਹੁ ਚਾਹਿ[1] ਹੈ
॥ ੬੩ ॥

[1]ਕੁੱਤਿਆਂ ਦੇਰਾਖਿਆਂ ਨੂੰ।

[1]ਦਿੱਲੀ ਦੇ।

[1]ਖ਼ੁਸ਼ ਹੋ ਕੇ।

[1]ਦਰਸ਼ਨ ਕਰਨ ਲਈ। {ਚਾਹ=ਤੱਕਣਾ ਦੇਖਣਾ।}

[1]ਲੋੜਵੰਦ ਹੋ ਕੇ।

ਤਾਹੀਂ ਸਮੇਂ ਕੈਦੀ ਰਾਜੇ ਆਏ ਹਰਦਾਸ ਸੰਗ,
ਸਬਿ ਸੈਂ ਦਿਲਾਏ ਨਜ਼ਰਾਨੇ ਗੁਰੁ ਸ਼ਾਹਿ ਕੌ।
ਕਸਮ ਕਰਾਇ ਬਦੀ ਸਬਿ ਤੈ ਛੁਡਾਇ ਗੁਰ,
ਬਖਸ਼ਾਏ ਸਿਰੇਪਾਇ ਸ਼ਾਹਿ ਤੈ ਸਬਾਹਿ ਕੌ[1]। [1]ਸਾਰਿਆਂ ਨੂੰ।
ਪਠਵਏ[1] ਨਿਜ ਨਿਜ ਧਾਮ ਗਏ ਨਾਮ ਲੇਤ, [1]ਭੇਜ ਦਿੱਤੇ।
ਕੀਰਤਿ ਗੁਰੂ ਕੀ ਗੰਗ ਫੈਲੀ ਪਾਇ ਥਾਹਿ ਕੌ[1]। [1]ਕੌਣ {ਥਾਹਿ} ਥੱਲਾ ਭਾਵ ਅੰਤ ਪਾ ਸਕਦਾ ਹੈ।
ਸ਼ਾਹਿ ਕੋ ਪ੍ਰਮੋਦ[1] ਦੈ ਕੈ ਬਿਦਾ ਹ੍ਵੈ ਕੈ ਤਾਂ ਤੇ ਗੁਰੁ, [1]ਬਹੁਤ ਅਨੰਦ।
ਆਏ ਸੁਧਾਸਰ ਓਰ ਕਹੇ ਕੋ ਉਛਾਹਿ ਕੌ[1] [1]ਅੰਮ੍ਰਿਤਸਰ ਦੀ ਤਰਫ਼।
॥ ੬੪ ॥
ਹਰਦਾਸ ਕਿਲੇਦਾਰ ਆਯੋ ਗੁਰੁ ਸੰਗ, ਜਾਹਿ
ਚਢਯੋ ਨਾਮਰੰਗ ਔ ਉਮੰਗ[1] ਬ੍ਰਹਮ ਗਜਾਨ ਕੋ। [1]ਉਤਸ਼ਾਹ ਨੂੰ।
ਜੇਠਾ, ਪੈੜਾ, ਬਿਧੀਆ, ਸੰਘੇੜਾ[1] ਨੰਦਾ, ਅਮੀਆਂ [1]ਗੋਤ।
ਜੂ,
ਨਿਝਰ[1] ਰੰਧਾਵਾ, ਕਾਲਾ ਦੁਲਟ ਸੁਜਾਨ ਕੋ। [1]ਨਾਮ।
ਭਾਈ ਕਾਰਜਾਦਾ[1], ਭਾਣਾ, ਸਾਂਈਂ ਦਿੱਤਾ ਔ [1]ਭਾਈ (ਬਹਿਲੋ ਦੀ ਬੰਸ) ਦਾ ਰਜਾਦਾ ਨਾਮ।
ਪਿਰਾਣਾ,
ਆਦਿਕ ਅਪਾਰ ਸਿੱਖ ਸੰਗ ਕਰੇ ਬਜਾਨ ਕੋ।
ਜਹਾਂ ਗੁਰੁ ਜਾਵੈਂ ਸਿੱਖ ਦਰਬ ਚਢਾਵੈਂ,
ਦਰਸਾਵੈਂ ਫਲ ਪਾਵੈਂ ਲਾਵੈਂ ਪਨਹੀ ਦਿਵਾਨ ਕੋ[1] [1]ਚੰਦੂ ਨੂੰ ਜੁੱਤੀਆਂ ਮਾਰਦੇ ਹਨ।
॥ ੬੫ ॥
ਆਏ ਸੁਧਾਸਰ ਮਿਲੀ ਮਾਤ ਪ੍ਰਮੋਦ ਭਰ,
ਔਰ ਗੁਰਦਾਸ ਆਦਿ ਮਿਲੇ ਸਿਖ ਆਇ ਕੈ।
ਚੰਦੂ ਕੋ ਨਿਹਾਰ ਸਬਿ ਮੋਦ ਧਾਰ ਮਾਰ ਕਰੈਂ,
ਕੌਡੀਆਂ ਮੰਗਾਈ ਸੋ ਬਜ਼ਾਰ ਮੈ ਫਿਰਾਇ ਕੈ।
ਬੀਤਯੋ ਏਕ ਮਾਸ ਸੁਖ ਰਾਸਿ ਥਿਰੇ ਸੁਧਾਸਰ,
ਪਾਤਸ਼ਾਹਿ ਤਰਫ, ਲਹੌਰ ਅਯੋ ਧਾਇ ਕੈ।
ਮਿਲਯੋ ਗੁਰੁ ਤਾਈਂ ਬਹੁ ਦਰਬ ਚਢਾਈ ਭੇਟ,
ਪੁਨਾ ਬੇਗਮਾਤ[1] ਆਈ ਆਗਯਾ ਕੋ ਪਾਇ ਕੈ [1]ਬੇਗਮਾਂ।
॥ ੬੬ ॥
ਦੁਤੀ ਦਿਨ ਸ਼ਾਹਿ ਸੰਗ ਗੁਰੂ ਕੋ ਲਵਾਇ[1], [1]ਨਾਲ ਲੈ ਕੇ।

ਧਸਯੋ ਲਵ ਪੁਰ ਜਾਇ ਗੁਰੁ ਉਤਰੇ ਮੁਜੰਗ[1] ਮੈਂ।

[1]ਮੁਜੰਗ ਗੋਤ ਦੇ ਪਠਾਣ ਅਜ਼ੀਜ਼ ਦਾ ਵਸਾਇਆ ਲਾਹੌਰ ਸ਼ਹਿਰ ਦਾ ਇਕ ਮਹੱਲਾ।

ਕਿੰਚੇ ਬੇਗ ਔ ਵਜੀਰ ਖਾਂਨ ਰਹੈਂ ਸੇਵ ਵੀਚ,
ਸ਼ਾਹਿ ਕੀ ਤਰਫ ਤੈ ਸਦੈਵ ਗੁਰੁ ਸੰਗ ਮੈਂ।
ਸਿੱਖ ਗਨ ਆਇ ਦੇਸ ਦੇਸ ਤੈਂ ਚਢਾਇਂ ਭੇਟ,
ਪਾਇਂ ਫਲ ਚਾਰ ਘਰ ਜਾਇਂ ਫਿਰ ਰੰਗ ਮੈਂ[1]।

[1]ਅਨੰਦ ਵਿੱਚ।

ਲਾਗੀ ਰਹੇ ਭੀਰ ਨਿਸ ਦਿਨ ਗੁਰੁ ਤੀਰ[1],
ਸਿਖ ਚੰਦੂ ਕੋ ਨਿਹਾਰਿ ਮਾਰ ਗਾਰਿ ਦੈਂ ਉਮੰਗ ਮੈਂ
॥ ੬੭ ॥

[1]ਕੋਲ।

ਦੋਹਰਾ:
ਚੰਦੂ ਕੌ ਨਿਤ ਯੌਂ ਮਿਲੈ,
ਮਾਰ ਜੂਤੀਅਨ ਗਾਰਿ।
ਦੀਨ ਭਯੋ ਅਤਿਸੈ ਦੁਖੀ,
ਹਾ ਹਾ ਕਰੇ ਪੁਕਾਰ ॥ ੬੮ ॥

ਚੌਪਈ:
ਇਕ ਦਿਨ ਗੁਰੁ ਤੈ ਆਇਸ ਲੈ ਕੈ।
ਜੇਠੇ ਆਦਿਕ ਸਿਖਨ ਲਿਜੈ ਕੈ।
ਫੇਰਯੋ ਸ਼ਹਿਰ ਪਿਖਯੋ ਨਰ ਨਾਰੀ।
ਜ਼ੁਲਮ ਚਿਤਾਰ ਤਾਹਿਂ ਦਿਹਂ ਗਾਰੀ ॥ ੬੯ ॥

ਪਰੇ ਕ੍ਰਿਮ ਤਨ ਕ੍ਰਿਸ ਅਤਿ[1] ਹੋਵਾ।

[1]ਬਹੁਤ ਕਮਜ਼ੋਰ।

ਤਰਫਤ ਦੁਖ ਸੋਂ ਜਾਇ ਨ ਜੋਵਾ[1]।

[1]ਦੇਖਿਆ।

ਪਾਛੇ ਬਾਲਕ ਫਿਰੈਂ ਅਨੰਤੈਂ।
ਜਨ ਜਮਾਤ ਚੰਦੂ ਮਾਹੰਤੈਂ ॥ ੭੦ ॥
ਪਨਹੀ ਕੀ ਪੂਜਾ ਬਹੁ ਕਰੈਂ।
ਤਾਨ੍ਹੇ ਗਾਰਿ ਬਿਬਿਧ ਜਸ ਰਰੈਂ।
ਧੂਰ ਭੂਰ ਅਲਤਾ[1] ਬਰਸੈ ਹੈਂ।

[1]ਲਾਖ ਤੋਂ ਬਣਿਆ ਇਕ ਤਰ੍ਹਾਂ ਦਾ ਲਾਲਰੰਗ ਜੋ ਸ਼ਾਦੀਆਂ ਵਿੱਚ ਵਰਤੀਦਾ ਹੈ।

ਤਾੜੀ ਜੂਤੇ ਬਾਦ ਬਜੈ ਹੈਂ[1] ॥ ੭੧ ॥

[1]ਤਾੜੀਆਂ ਤੇ ਜੁੱਤੀਆਂ ਦੇ ਵਾਜੇ ਵਜਾਉਂਦੇ ਹਨ।

ਮਾਥੇ ਘਾਉ[1] ਤਿਲਕ ਜਨ ਦੀਨੋ।

[1]ਜ਼ਖ਼ਮ।

ਮਹਦ ਨਾਰੀ ਨਰਕ ਨ ਕੀਨੋ[1]।

[1]ਵੱਡਾ ਨਾਰਕੀ (ਜਿਸ ਲਈ ਕੋਈ ਵੀ) ਨਰਕ ਨਹੀਂ ਬਣਾਇਆ।

ਤ੍ਰਿਣ ਗਲੀਜ਼ਨ[1] ਚਵਰ ਢੁਲਾਵੈਂ।
ਮਾਲਾ ਜੂਤਨ ਫੂਲ ਪਹਿਰਾਵੈਂ ॥ ੭੨ ॥
ਕੌਡੀ ਮਾਂਗਤ ਫਿਰਤ ਦੁਕਾਨੋਂ।
ਭੀਖ ਮਹੰਤ ਉਗ੍ਰਾਹਿਤ ਮਾਨੋ।
ਸਿੱਖ ਪੇਖਿ ਤਿਹ ਪਨਹੀ ਮਾਰੈਂ।
ਮਨੋ ਭੇਟ ਦੈ ਜਨਮੁ ਸੁਧਾਰੈਂ ॥ ੭੩ ॥
ਸਗਰ ਨਗਰ ਡਗਰਨ ਮੈਂ[1] ਫੇਰਜੋ।
ਸਬਿ ਨਰ ਨਾਰਿਨ ਪਾਪੀ ਹੇਰਜੋ।
ਦੁਖਤ ਦੇਖਿ ਤਿਹ ਦਯਾ ਨ ਕਰੈਂ।
ਕਰਿ ਕਰਤੂਤ ਯਾਦ ਦੁਰ ਰਰੈਂ[1] ॥ ੭੪ ॥

[1]ਗੰਦੇ ਕੱਖਾਂ ਦਾ।

[1]ਸਾਰੇ ਸ਼ਹਿਰ ਦੇ ਬਾਜ਼ਾਰਾਂ ਵਿੱਚ।

[1]ਤ੍ਰਿਸਕਾਰ ਬੋਧਕ ਸ਼ਬਦ 'ਦੂਰ ਹੋ ਜਾ' ਕਹਿੰਦੇ ਹਨ। (ਅ) ਦੁਰ ਫਿਟੇ ਮੂੰਹ ਆਖਦੇ ਹਨ।

ਕਹਿਂ ਗੁਰੁ ਦ੍ਰੋਹੀ ਨਿੰਦਕ ਜੋਈ।
ਉਭੈ ਲੋਕ ਦੁਖ ਲਹਿ ਇਮ ਸੋਈ।
ਥੀ ਜੋ ਸਪਤ[1] ਸਤਿਗੁਰੂ ਕਰੀ।
ਆਜ ਪਾਲ ਦਿਖਰਾਈ ਖਰੀ ॥ ੭੫ ॥
ਜਿਸ ਭੜਭੂੰਜੇ ਸਿਖ ਕੇ ਭਠ ਤੈਂ।
ਚੰਦੂ ਰੇਤ ਮੰਗਾ ਕਰਿ ਹਠ ਤੈਂ।
ਪੰਚਮ ਗੁਰੂ ਉਪਰ ਥਾ ਗੇਰਾ।
ਅਬਿ ਚੰਦੂ ਕੋ ਤਿਸ ਸਿਖ ਹੇਰਾ ॥ ੭੬ ॥
ਕੋਪ ਹੋਇ ਭਰਿ ਕੜਛਾ ਭਾਰਾ।
ਬਾਲੂ ਤਪਤ[1] ਦੁਸ਼ਟ ਪਰ ਡਾਰਾ।
ਕਰਛਾ ਮਾਰ ਕਮਰ ਤਿਹ ਤੋਰੀ।
ਤੜਫੜਾਇ ਕਰਿ ਗਿਰਜੋ ਬਹੋਰੀ ॥ ੭੭ ॥
ਬਦਲਾ ਗੁਰੁ ਦ੍ਰੋਹੀ ਤੈ ਲੀਨਾ।
ਸਫਲ ਜਨਮ ਉਰ ਸੀਤਲ ਕੀਨਾ।
ਅਤਿ ਦੁਖ ਪਾਇ ਮਰਜੋ ਤਹਿਂ ਚੰਦੂ।
ਰੌਰਵ[1] ਨਰਕ ਪਰਜੋ ਜਾ ਮੰਦੂ ॥ ੭੮ ॥
ਲੋਥ ਘਸੀਟ ਭੰਗੀਅਨ ਡਾਰੀ।
ਗੰਦੇ ਨਾਲੇ ਮਧ ਦੈ ਗਾਰੀ ॥ ੭੯ ॥
ਦੋਹਰਾ:

[1]ਸੌਂਹ, ਪ੍ਰਤੱਗਿਆ।

[1]ਤੱਤਾਰੇਤਾ।

[1]ਭਿਆਨਕ।

ਸੰਤ ਦ੍ਰੋਹੀ ਨਿੰਦਕਨ,
ਹ੍ਵੈ ਹੈ ਏਹੀ ਹਾਲ।
ਚੰਦੂ ਦ੍ਵਾਰਾ ਗੁਰੂ ਨੇ,
ਪਰਤਖ ਦਯੋ ਦਿਖਾਲ ॥੮੦॥

ਸੋਲਾਂ ਸੈ ਪਛੱਤ੍ਰੈ[1],
ਮਾਰਯੋ ਚੰਦੂ ਦੁਸ਼ਟ।
ਅਬਿ ਅਧਜਾਇ ਪੂਰਨ ਭਯੋ,
ਪੂਰਨ ਗੁਰੁ ਤੇ ਤੁਸ਼ਟ[1] ॥੮੧॥

[1]ਸੰਮਤ ੧੬੭੫ ਬਿ: ਨੂੰ।

[1]ਪ੍ਰਸੰਨ ਹੋ ਗਏ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਚੰਦੂ ਮਰਨ ਪ੍ਰਸੰਗ ਬਰਨਨੰ' ਨਾਮ ਬਾਈਸਮੋਂ ਬਿਸ੍ਰਾਮ ॥੨੨॥

੨੩. {ਕਸ਼ਮੀਰ ਦੀ ਸੈਰ, ਹਰਿਗੋਬਿੰਦ ਪੁਰ ਵਸਾਉਣਾ, ਕੌਲਾਂ ਦਾ ਪ੍ਰਸੰਗ}

ਦੋਹਰਾ:

ਦੁਸ਼ਟ ਦਰਨ ਪਾਰਨ ਸਰਨ,
ਕਰਨ ਸਰਬ ਸੁਖ ਸਾਰ[1]।

[1]ਦੁਸ਼ਟਾਂ ਨੂੰ ਦਲਣ ਵਾਲੀ, ਸ਼ਰਨ (ਆਇਆਂ ਦੀ) ਪਾਲਣਾ ਕਰਨ ਵਾਲੀ, ਸਾਰੇ ਸ੍ਰੇਸ਼ਟ ਸੁਖਾਂ ਨੂੰ (ਪੈਦਾ) ਕਰਨ ਵਾਲੀ।

ਸ੍ਰੀ ਭਗੌਤੀ ਸਿਮਰ ਮਨ,
ਪਰੈਂ ਬਿਘਨ ਸਿੰਧੁ ਪਾਰ[1] ॥ ੧ ॥

[1]ਹੇ ਮਨ (ਐਸੀ) ਸ੍ਰੀ ਸਾਹਿਬ ਦਾ ਸਿਮਰਨ ਕਰ (ਤੂੰ) ਬਿਘਨਾਂ ਦੇ ਸਮੁੰਦਰ ਤੋਂ ਪਾਰ ਲੰਘ ਜਾਵੇਂਗਾ।

ਕਸ਼ਮੀਰਾਦਿਕ ਸੈਲ ਕਰਿ,
ਪੁਰ ਨਿਜ ਨਾਮ ਬਸਾਇ[1]।

[1]ਆਪਣੇ ਨਾਮ 'ਤੇ ਸ਼ਹਿਰ (ਸ੍ਰੀ ਹਰਿ ਗੋਬਿੰਦ ਪੁਰ) ਵਸਾਉਣਗੇ।

ਕੌਲਾਂ ਕੋ ਪ੍ਰਸੰਗ ਹ੍ਵੈ,
ਸੁਨੋ ਮੱਧ ਇਸ ਧਜਾਇ ॥ ੨ ॥

ਲਲਤ ਪਦ ਛੰਦ:

ਜਹਾਂਗੀਰ ਕੀ ਗੁਰੂ ਸੰਗ ਥੀ,
ਬਹੁਤ ਪਰੀਤੀ ਹੋਈ।
ਗੁਰੁ ਕੋ ਰਖੈ ਲਾਹੌਰ ਆਪ ਰਹਿ,
ਕਰੈ ਬਾਤ ਬਹੁ ਸੋਈ।
ਜਬਿ ਜਬਿ ਚਢੈ ਸ਼ਿਕਾਰ ਸੈਰ ਮੈਂ,
ਗੁਰੁ ਕੋ ਸੰਗ ਰਖਾਏ।
ਖੜਗ ਸੰਗ[1] ਗੁਰੁ ਸ਼ੇਰ ਕਈ ਬਿਰ[2],
ਸ਼ਹਿ ਕੋ ਮਾਰ ਦਿਖਾਏ ॥ ੩ ॥

[1]ਤਲਵਾਰ ਨਾਲ। [2]ਵਾਰੀ।

ਤੀਰ ਤੁਫੰਗਨ ਕੇਰ[1] ਨਿਸ਼ਾਨੇ,
ਜਬਿ ਕਬਿ ਸ਼ਾਹ ਰਖੈ ਹੈਂ।
ਤਬਿ ਸਬਿ ਸ਼ਾਹੀ ਸੂਰਨ ਤੈ[1] ਗੁਰੁ,
ਪਹਿਲ ਨਿਸ਼ਾਨਾ ਕੈ ਹੈਂ[1]।
ਗੁਰੁ ਭਾਟੀ ਦਰਵਾਜੇ ਉਤਰੇ,
ਲੰਗਰ ਚਲੈ ਅਪਾਰੇ।
ਨਿਤ ਫਕੀਰ ਮੁਹਤਾਜ[1] ਛਕੈਂ ਬਹੁ,
ਆਵੈਂ ਸਿੱਖ ਹਜਾਰੇ ॥ ੪ ॥

[1]ਬੰਦੂਕਾਂ ਦੇ।

[1]ਸੂਰਮਿਆਂ ਤੋਂ।

[1]ਗੁਰੂ ਜੀ ਪਹਿਲਾਂ ਨਿਸ਼ਾਨਾ ਫੁੰਡ ਦੇਂਦੇ ਹਨ।

[1]ਲੋੜਵੰਦ।

ਗੁਰੁ ਦੋ ਵਕਤ ਦਿਵਾਨ ਲਗਾਵੈਂ,

ਕੀਰਤਨ ਕਥਾ ਕਰਾਵੈਂ।
ਦੀਨ ਦੁਨੀ ਕੇ[1] ਹਰਿ ਗੋਵਿੰਦ ਗੁਰੁ,
ਸਾਚੇ ਸ਼ਾਹਿ ਕਹਾਵੈਂ।
ਸਿੱਖਨ ਕੋ ਮਸੰਦ ਸਭਿ ਮੁਲਕੋਂ,
ਗੁਰੁ ਢਿਗ ਪ੍ਰੇਰ ਲਿਆਵੈਂ।
ਦਰਬ ਹਥਜਾਰ ਅਸ੍ਵ ਦੈ ਭੇਟਾ,
ਸਿੱਖ ਚਾਰ ਫਲ ਪਾਵੈਂ ॥ ੫ ॥
ਜਾਇਦਾਤ ਚੰਦੂ ਕੀ ਜ਼ਬਤੀ[1],
ਸ਼ਾਹਿ ਕੋਪ ਹ੍ਵੈ ਜਬਿ ਹੀ।
ਬਜਾਸਾ ਤਟ[1] ਤਿਹ ਗਾਮ[2] ਰੁਹੀਲਾ,
ਜ਼ਬਤ ਭਯੋ ਥਾ ਤਬਿ ਹੀ।
ਬਾਦਸ਼ਾਹਿ ਤੈ ਸੰਨਦ[1] ਲੈ ਗੁਰੁ,
ਸੋਊ ਬਸਾਵਨ ਕੀਨਾ।
ਸੋਲਾਂ ਸਏ ਸਤੱਤ੍ਰ ਮਾਂਹੀ,
ਹਰਿ ਗੁਬਿੰਦ ਪੁਰ ਪੀਨਾ[1] ॥ ੬ ॥
ਗਾਮ ਬਸਾਇ ਤਹਾਂ ਤੈ ਜਬਿ ਗੁਰੁ,
ਬਾਰਠ[1] ਮੈ ਚਲ ਆਏ।
ਸ੍ਰੀ ਚੰਦ ਤਹਿਂ ਕਰਤ ਹੁਤੋ ਤਪ,
ਮਿਲੇ ਤਾਂਹਿ ਮੁਦ ਪਾਏ।
ਦੇਹਰੇ ਨਾਨਕ ਜਗਜ[1] ਆਇ ਕਰਿ[2],
ਬੇਦੀ ਸਭਿ ਸਿਤਕਾਰੇ।
ਦਾਨ ਮਾਨ ਦ੍ਵਜ ਸੰਤਨ ਕੋ ਦੈ,
ਜਨ ਗ੍ਰੀਬ ਬਹੁ ਪਾਰੇ ॥ ੭ ॥
ਆਇ ਸੁਧਾਸਰ ਕੀਨੋ ਮੇਲਾ,
ਦੀਪ ਮਾਲ ਕਾ ਭਾਰਾ।
ਸੰਗਤ ਦੇਸ ਬਦੇਸੋਂ ਲੈ ਕਰਿ,
ਅਏ ਮਸੰਦ ਅਪਾਰਾ।
ਕਾਰ ਭੇਟ ਬਹੁ ਸਿਖਨ ਚਢਾਈ,
ਫਲ ਮਨ ਭਾਵਤ ਪਾਏ।
ਬਾਦਸ਼ਾਹਿ ਨੈ ਪੁਨਾ ਗੁਰੂ ਕੌ,

[1]{ਦੁਨੀ} ਇਸ ਲੋਕ (ਅਤੇ) {ਦੀਨ} ਪ੍ਰਲੋਕ ਦੇ।

[1]ਜ਼ਬਤ ਕਰ ਲਈ।

[1]ਕਿਨਾਰੇ। [2]ਪਿੰਡ।

[1]ਪਟਾ, ਅਧਿਕਾਰ ਪੱਤ੍ਰ।

[1]ਤਕੜਾ ਸ਼ਹਿਰ।

[1]ਪਿੰਡ ਦਾ ਨਾਮ।

[1]ਆ ਕੇ ਜੱਗ ਕੀਤਾ। [2]ਹੈਰਾਨ।

ਲਯੋ ਲਹੌਰ ਮੰਗਾਏ ॥ ੮ ॥
ਸੱਤਾ ਅਰ ਬਲਵੰਡ ਰਬਾਬੀ, ਗੁਜਰੇ ਤਹਿਂ ਤਬਿ
ਦੋਈ।
ਬਾਵਕ ਨਾਮ ਰਬਾਬੀ ਰਾਖਜੋ,
ਸ਼ਬਦ ਸੁਨਾਵੈ ਸੋਈ।
ਪੀਰ ਫਕੀਰ ਤੁਰਕ ਲਾਹੌਰੀ,
ਸੰਤ ਭਗਤ ਬਹੁ ਹਿੰਦੂ।
ਗੁਰੁ ਕੀ ਸਭਾ ਵੀਚ ਨਿਤ ਆਵੈਂ,
ਪਾਵੈਂ ਮੋਦ ਬੁਲਿੰਦੂ ॥ ੯ ॥
ਕਬੀ ਕਬੀ ਗੁਰੁ ਮੀਆਂ ਮੀਰ ਢਿਗ,
ਜਾਵੈਂ ਵਹਿ ਭੀ ਆਵੈ।
ਰੰਗ ਇਲਾਹੀ ਪਿਖੈ ਦਿਖਾਵੈ
ਤੱਜਬ ਪੀਰ ਰਹਾਵੈ।
ਗਜਾਨ ਬਿਗਜਾਨ[1] ਮਾਰਫਤ[2], ਊਚੀ
ਮਜਲ[1] ਫਕੀਰਨ ਵਾਰੀ।
ਕਰਿ ਪ੍ਰਤੱਖਜ ਦਿਖਾਵੈਂ ਸਭਿ ਕੋ,
ਮਿਲੈ ਜੈਸ ਅਧਿਕਾਰੀ ॥ ੧੦ ॥

[1]ਪ੍ਰਤੱਖ ਗਿਆਨ। [2]ਆਤਮ ਗਿਆਨ।

[1]ਅਵਸਥਾ।

ਦੋਹਰਾ:
ਜਹਾਂਗੀਰ ਕਸ਼ਮੀਰ ਕੇ,
ਸੈਰ ਹੇਤ ਕਿਯ ਪਯਾਨ[1]।
ਗੁਰੁ ਕੋ ਲੀਨੋ ਸੰਗ ਨਿਜ,
ਕਰਿ ਸਿਤਕਾਰ ਮਹਾਨ ॥ ੧੧ ॥

[1]ਜਾਣਾ ਕੀਤਾ ਭਾਵ ਗਿਆ।

ਚੌਪਈ:
ਬਾਦਸ਼ਾਹਿ ਕੌ ਨ੍ਰਿਪ ਪਹਾਰੀ।
ਮਿਲੇ ਆਇ ਦੈ ਨਜ਼ਰਾਂ ਭਾਰੀ।
ਗੁਰੁ ਕੋ ਭੀ ਭੇਟਾ ਦਿਲਵਾਵੈ।
ਨ੍ਰਿਪਨ ਤੈ, ਸ਼ਹਿ ਜਹਿ ਚਲਿ ਜਾਵੈ ॥ ੧੨ ॥
ਸੈਰ ਸ਼ਿਕਾਰ ਬਹੁਤ ਦਿਨ ਕੀਨਾ।
ਉੱਤ੍ਰ ਦਿਸ ਕਾ ਤਬਿ ਗੁਰੁ ਪੀਨਾ[1]।
ਸੁਨਿ ਗੁਰੁ ਆਵਨ ਸਿਖ ਬਹੁ ਆਵੈਂ।

[1]ਬਹੁਤਾ।

ਕਰੈਂ ਦਰਸ ਬਹੁ ਭੇਟ ਚਢਾਵੈਂ ॥ ੧੩ ॥
ਲੈ ਕਰਿ ਪੁਨ ਗੁਰੁ ਤੈ ਉਪਦੇਸ਼ੂ।
ਪਾਇ ਚਾਰ ਫਲ ਕਟੈਂ ਕਲੇਸ਼ੂ।
ਮਾਧੋ ਦਾਸ ਸਿਖ ਇਕ ਗਜਾਨੀ।
ਰਹੇ ਵੀਚ ਕਸ਼ਮੀਰ ਮਹਾਨੀ ॥ ੧੪ ॥
ਸੇਵਾ ਦਾਸ ਪੁੱਤਰ ਤਿਸ ਕੇਰਾ।
ਸਿਖ ਕਰਜੋ ਜਿਨ ਦੇਸ ਬਧੇਰਾ।
ਭਾਗ ਭਰੀ ਬ੍ਰਿਧਾ ਤਿਸ ਮਾਈ।
ਗੁਰੁ ਹਿਤ ਰਖੀ ਪੁਸ਼ਾਕ ਬਨਾਈ ॥ ੧੫ ॥
ਕਰੈਂ ਪ੍ਰਤੀਖਨ[1] ਗੁਰੁ ਆਗਵਨੂੰ[2]। [1]ਉਡੀਕਣਾ। [2]ਆਉਣਾ।
ਪ੍ਰੇਮ ਭਗਤਿ ਕੇ ਤੀਨੋ ਭਵਨੂ[1]। [1]ਤਿੰਨੇ (ਮਾਧੋ ਦਾਸ, ਭਾਗ ਭਰੀ ਤੇ ਪੁੱਤਰ ਸੇਵਾ ਦਾਸ) ਪ੍ਰੇਮਾ ਭਗਤੀ ਦੇ ਘਰ ਸਨ।

ਗੁਰ ਦਰਸ਼ਨ ਨਿਸ ਦਿਨ ਇਮ ਚਾਹੈਂ।
ਜਜੋਂ ਚਕੋਰ ਸਸਿ ਹੇਤ ਉਮਾਹੈਂ[1] ॥ ੧੬ ॥ [1]ਚੰਦ ਵਾਸਤੇ ਉਤਸ਼ਾਹ ਕਰਦੇ ਹਨ।
ਗੁਰੁ ਸ੍ਰਬੱਗ ਜਾਨ ਸਬਿ ਲਈ।
ਗੁੱਡੀ ਡੋਰ ਜਿਮੈਂ ਗਤਿ ਭਈ[1]। [1]ਗੁੱਡੀ ਤੇ ਡੋਰ ਵਾਂਗ ਹਾਲਤ ਹੋ ਗਈ। ਭਾਵ ਗੁਰੂ ਜੀ ਸੇਵਕਾਂ ਦੀ ਪ੍ਰੀਤੀ ਦੇ ਖਿੱਚੇ ਜਾ ਰਹੇ ਹਨ।

ਭਗਤਨ ਕੈ ਵਸ ਈਸ਼ੂਰ ਜੈਸੇ।
ਪ੍ਰੇਮੀ ਸਿੱਖਨ ਵਸ ਗੁਰੁ ਤੈਸੇ ॥ ੧੭ ॥
ਜਾਇ ਤਿਨੈਂ ਗੁਰੁ ਦਰਸ਼ਨ ਦੀਨਾ।
ਭਏ ਮੋਦ ਜਜੋਂ ਜਲ ਮਿਲਿ ਮੀਨਾ[1]। [1]ਮੱਛੀਆਂ।
ਕ੍ਰਿਖੀ ਸੁਸਕ ਮੇਘ ਜਜੋਂ ਬਰਸੇ[1]। [1]ਜਿਵੇਂ ਬੱਦਲ ਵਰ੍ਹੇ ਤੋਂ ਸੁੱਕੀ ਖੇਤੀ (ਹਰੀ ਹੋ ਜਾਂਦੀ ਹੈ)।
ਗੁਰੁ ਕੋ ਪਿਖਿ ਸਿਖ ਹੋਏ ਸਰਸੇ[1] ॥ ੧੮ ॥ [1]ਅਨੰਦ।
ਸੁਨਿ ਗੁਰੁ ਆਵਨ ਸਿਖ ਸਬਿ ਦੇਸੀ[1]। [1](ਕਸ਼ਮੀਰ) ਦੇਸ ਦੇ।
ਗੁਰੁ ਦਰਸ਼ਨ ਹਿਤ ਅਏ ਬਿਸੇਸੀ[1]। [1]ਬਹੁਤੇ।
ਜਥਾ ਸ਼ਕਤਿ ਉਨਿ ਭੇਟ ਚਢਾਈ।
ਭਏ ਮੋਦ ਪ੍ਰਮੋਦ ਮਹਾਂਈ ॥ ੧੯ ॥
ਸ੍ਰੀ ਨਗਰ ਮੈ ਸ਼ਾਹਿ ਥਿਰਾਨਾ।
ਅਏ ਗੁਰੂ ਤਹਿਂ ਤੈ ਕਰ ਪਜਾਨਾ[1]। [1]ਕੂਚ ਕਰਕੇ।
ਬਾਰਾਂਮੂਲੇ ਉਤਰੇ ਆਈ।

ਜਹਿਂ ਬਾਵਨ ਅਵਤਾਰ ਭਇਆਈ[1] ॥੨੦॥
[1]ਹੋਇਆ ਹੈ।

ਕੱਸ਼ਪ ਜਜੋਂ ਕਸ਼ਮੀਰ ਬਸਾਯਾ।
ਸੋ ਪ੍ਰਸੰਗ ਗੁਰੁ ਸਿਖਨ ਸੁਨਾਯਾ।
ਚਲੇ ਪਵੰਗਮ[1] ਚਢਿ ਗਿਰ ਲੰਘਤ[2]।
[1]ਘੋੜੇ ਤੇ। [2]ਪਹਾੜਾਂ ਨੂੰ ਲੰਘਦੇ।

ਮਗ ਮੈ ਤਾਰਤ ਪਾਰਤ ਸੰਗਤ ॥੨੧॥
ਹਫਸਾਵਾਦ[1] ਪਹੂਚੇ ਆਈ।
[1]ਹਾਫ਼ਜ਼ਾਬਾਦ।

ਕਰਮ ਚੰਦ ਜਹਿ ਸਿੱਖ ਰਹਾਈ।
ਕਰੀ ਸੇਵ ਤਿਸ ਨੇ ਮਨ ਲਾਏ।
ਕਈ ਰੋਜ ਗੁਰੁ ਰਖੇ ਟਿਕਾਏ ॥੨੨॥
ਗਿਰਦ ਨਿਵਾਸੀ ਕੀ ਬਹੁ ਸੰਗਤ।
ਸੁਨਿ ਗੁਰੁ ਆਵਨ ਅਈ ਉਮੰਗਤ।
ਜ਼ੇਵਰ ਬਸਨ ਅੱਸ੍ਵ ਹਥਜਾਰੇ।
ਨਕਦੀ ਭੇਟਾ ਦਈ ਅਪਾਰੇ ॥੨੩॥
ਕਰਿ ਦਰਸ਼ਨ ਲੀਨੋ ਉਪਦੇਸ਼ੂ।
ਭਏ ਮੋਦ ਪ੍ਰਮੋਦ ਵਿਸੇਸੂ ॥੨੪॥

ਦੋਹਰਾ:
ਤਹਿਂ ਤੈ ਚਲ ਕਰਿ ਸਤਿਗੁਰੂ,
ਮਗ ਬਹੁ ਸਿਖਨਿ ਤਾਰ।
ਜਾ ਤਲਵੰਡੀ[1] ਦਰਸਜੋਂ,
[1]ਨਨਕਾਣਾ ਸਾਹਿਬ।

ਆਦਿ ਗੁਰੂ ਦਰਵਾਰ ॥੨੫॥

ਚੌਪਈ:
ਸ੍ਰੀ ਗੁਰੁ ਨਾਨਕ ਜਿਸ ਜਿਸ ਠੌਰੈਂ।
ਕਰੇ ਚਰਿਤ ਪਾਵਨ ਅਤਿ ਗੌਰੈਂ।
ਦਰਸੇ ਖਸ਼ਟਮ ਗੁਰੁ ਸਬਿ ਜਾਏ।
ਕਰਿ ਬੰਦਨ ਪ੍ਰਸ਼ਾਦ ਕਰਾਏ ॥੨੬॥
ਸੁਨਿ ਗੁਰੁ ਆਵਨ ਸਿੱਖ ਅਪਾਰੇ।
ਆਏ ਦਰਸ਼ਨ ਹਿਤ ਮੁਦ ਧਾਰੇ।
ਦਰਬ ਅਪਾਰ ਭੇਟ ਗੁਰੁ ਹੋਈ।
ਹੁਤੋ ਨਿਮਾਣੀ[1] ਕਾ ਦਿਨ ਸੋਈ ॥੨੭॥
[1]ਜੇਠ ਸੁਦੀ ੧੧ਵੀਂ ਜਿਸ ਨੂੰ ਨਿਰਜਲਾ ਇਕਾਦਸ਼ੀ ਕਹਿੰਦੇ ਹਨ।

ਯਾਹੀ ਤੇ ਮੇਲਾ ਤਹਿਂ ਹੇਰੋ।
ਅਬਿ ਲੌ ਹੋਤ ਨਿਮਾਣੀ ਕੇਰੋ।
ਤਹਿਂ ਤੈ ਚਲਿ ਮੱਦ੍ਰੀ[1] ਗੁਰੁ ਆਏ। [1]ਪਿੰਡ ਦਾ ਨਾਮ।
ਸਿਖ ਕਿਦਾਰੇ ਆਦਿ ਮਿਲਾਏ ॥ ੨੮ ॥
ਰੋਗ ਹਜੀਰ ਦੂਰ ਤਿਹ ਭਯੋ।
ਜੂਤਾ ਗੁਰ ਕਾ ਜਬੈ ਛੁਹਯੋ।
ਅਬਿ ਲੌ ਸੋ ਪਨਹੀ[1] ਗੁਰੁ ਕੇਰੀ। [1]ਜੁੱਤੀ।
ਹੈ ਤਹਿਂ, ਹਰ ਹੈਰੋਗ ਬਧੇਰੀ[1] ॥ ੨੯ ॥ [1]ਬਹੁਤੇਰੋਗ ਦੂਰ ਕਰਦੀ ਹੈ।
ਗਾਮ ਮਟਵੀਂ ਤਹਿਂ ਤੈ ਆਏ।
ਮਿਲੇ ਸਿੱਖ ਦ੍ਵੈ ਜ[1] ਬਹੁ ਧਰਿ ਭਾਏ। [1]ਬ੍ਰਹਮਣ ਸਿੱਖ।
ਰਾਵੀ ਤੀਰ ਗਾਂਮ ਮੰਡਜਾਲੀ।
ਥਾ ਤਹਿਂ ਦੁਆਰਾ ਭਗਤ ਬਿਸਾਲੀ ॥ ੩੦ ॥
ਮਰਵਾਹਾ[1] ਖੱਤ੍ਰੀ ਬਡ ਭਾਰੂ। [1]ਗੋਤ।
ਸੁਤਾ ਤਾਂਹਿ ਕਮਲਾ ਅਵਤਾਰੂ[1]। [1]ਉਸ ਦੀ ਪੁੱਤ੍ਰੀ ਲੱਛਮੀ ਦਾ ਅਵਤਾਰ ਸੀ।
ਸੁਨਿ ਮਹਿਮਾਂ ਗੁਰੁ ਕੀ ਤਿਨ ਚਾਹੀ।
ਨਿਜ ਕੰਨਜਾ ਗੁਰੁ ਸੰਗ ਬਿਵਾਹੀ ॥ ੩੧ ॥
ਭਾਗੀ[1] ਬ੍ਰਹਮਨ ਮੱਟੂ ਵਾਰੇ। [1]ਨਾਮ।
ਸਾਹਾ ਸੋਧਨ* ਲੌ ਬਿਵਹਾਰੇ। *ਸਾਹਾ ਸੋਧਨ ਤੋਂ ਭਾਵ ਸ਼ਾਦੀ ਦਾ ਦਿਨ ਮੁਕੱਰਰ ਕਰਨ ਤੋਂ ਹੈ। ਸਾਹਾ ਸੋਧਨ ਸਮੇਂ ਗ੍ਰਹਾਂ, ਨਛੱਤ੍ਰਾਂ ਤੇ ਜੋਗਨੀਆਂ ਆਦਿ ਦੀ ਵੀਚਾਰ ਕਰਨ ਦੀ ਕੋਈ ਲੋੜ ਨਹੀਂ। ਹਜ਼ੂਰ ਦਾ ਫ਼ੁਰਮਾਨ ਹੈ: "ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰੁ।"
ਵੀਚ ਖਰੇ ਹ੍ਵੈ ਕਾਰ ਕਰਾਯੋ।
ਭਾਈ ਕਾ ਖਤਾਬ[1] ਬਡ ਪਾਯੋ ॥ ੩੨ ॥ [1]ਉਪਾਧੀ, ਪਦਵੀ, ਲਕਬ।
ਹੈ ਸੰਤਤਿ[1] ਤਿਸ ਕੀ ਅਬਿ ਤਹਾਂ। [1]ਉਲਾਦ।
ਹਰਿ ਗੁਰੁ ਭਗਤ ਉਜਾਗਰ ਮਹਾਂ।
ਲੈ ਡੋਲਾ ਗੁਰੁ ਨਿਜ ਪੁਰ ਆਏ।
ਮਾਤਾ ਗੰਗ ਉਮੰਗ ਬਢਾਏ ॥ ੩੩ ॥
ਸ਼ਗਨ ਕੀਨ ਸਬਿ ਸਾਦੀ ਕੇਰੇ।
ਦਾਨ ਗਰੀਬਨ ਦਏ ਬਥੇਰੇ।
ਤੀਨ ਸਨੁਖਾ[1] ਚਾਂਦ ਸੀ ਘਰ ਮੈਂ। [1]ਨੂੰਹਾਂ।

Sri Satguru Jagjit Singh Ji eLibrary NamdhariElibrary@gmail.com

ਪੇਖਿ ਪੇਖਿ ਪਗ ਟਿਕਤ ਨ ਧਰ ਮੈਂ[1] ॥ ੩੪ ॥
ਇਤ ਉਤ ਫਿਰਤ ਫੂਲ ਸੀ ਫੂਲੀ।
ਲੇਤ ਬਧਾਈ ਆਨੰਦ ਝੂਲੀ[1]।
ਪੂਤ ਸਪੂਤ ਬੀਰ ਪ੍ਰਤਾਪੀ।
ਮਿੱਤ੍ਰਨਿ ਪਾਰਕ ਸੱਤ੍ਰੁਨਿ ਖਾਪੀ ॥ ੩੫ ॥
ਦੌਲਤ ਘਰ ਮੈਂ ਉਭੈ[1] ਮਹਾਨੈਂ।
ਰਾਵਰੰਕ[1] ਖਲਕਤ ਸਬਿ ਮਾਨੈ।
ਪੌਤ੍ਰ ਖੇਲਤ ਸੁਖਦ ਸੁਹਾਵਨ।
ਕੋ ਬਡਭਾਗਨਿ ਮਮ ਸਮ ਪਾਵਨ ॥ ੩੬ ॥
ਐਸੇ ਕਹਿ ਗੰਗਾ ਹਰਖੈ ਹੈ।
ਬਾਰ ਬਾਰਿ ਗੁਰੁ ਬਿਰਧ[1] ਮਨੈ ਹੈ।
ਗੁਰੂ ਨਿਤਾ ਪ੍ਰਤਿ ਲਾਇ ਦਿਵਾਨਾ।
ਦੈ ਉਪਦੇਸ਼ ਸਿੱਖਨ ਕਲਜਾਨਾ ॥ ੩੭ ॥
ਸਿੱਖ ਮਸੰਦ ਬ੍ਰਿੰਦ ਨਿਤ ਆਵੈਂ।
ਅਰਪਿ ਉਪਾਇਨ[1] ਬਾਂਛਤਿ ਪਾਵੈਂ।
ਜਾਮ ਜਾਮਨੀ[1] ਰਹੀ ਜਗੈ ਕੈ।
ਸੋਚ ਇਸ਼ਨਾਨ ਕ੍ਰਿਯਾ ਗੁਰੁ ਕੈ ਕੈ ॥ ੩੮ ॥
ਹੋਇ ਇਕੰਤ ਸੁਤੰਤ ਥਿਰਾਵੈਂ।
ਨਿਜਾਨੰਦ ਮੈਂ ਬ੍ਰਿਤਿ ਲਗਾਵੈਂ।
ਥਿਰੈਂ ਸਭਾ ਮੈਂ ਪੁਨ ਗੁਰੁ ਆਈ।
ਕੀਰਤਨ ਕਥਾ ਸੁਨੈਂ ਮਨ ਲਾਈ ॥ ੩੯ ॥
ਪੁਨ ਸ਼ਿਕਾਰ ਸੰਗ ਸੁਭਟਨ[1] ਜਾਵੈਂ।
ਸ਼ਸਤ੍ਰ ਬਿਦਜਾ ਸਿਖਨ ਸਿਖਾਵੈਂ।
ਪੁਨਾ ਆਇ ਲੰਗਰ ਬਰਤਵੈ ਹੈਂ।
ਭੋਜਨ ਅਰਥੀ[1] ਭਾਵਤ ਪੈ ਹੈ[2] ॥ ੪੦ ॥
ਢਰੇ ਦਿਵਸ ਢਾਢੀ ਜਸ ਰਰੇ।
ਧਰਮ ਜੁੱਧ ਸਾਕੇ ਜਿਨ ਕਰੇ।
ਤਿਨ ਕੀ ਵਾਰੈਂ ਐਸ ਉਚਾਰੈਂ।
ਜੋ ਸੁਣ ਕਾਯਰ ਭੀ ਰਣ ਪਾਰੈਂ[1] ॥ ੪੧ ॥
ਨੌ ਵਾਰਾਂ ਪਰ ਧੁਨੀ[1] ਚਢਾਈ।

[1]ਧਰਤੀ ਤੇ।

[1]ਮਸਤ ਹੋਈ।

[1]ਦੋਨੋਂ (ਤਰ੍ਹਾਂ ਦੀ, ਦੁਨਿਆਵੀ ਤੇ ਦੈਵੀ ਗੁਣਾਂ ਦੀ)।

[1]ਰਾਜੇ ਤੇ ਕੰਗਾਲ।

[1]ਵੱਡੇ ਗੁਰਾਂ ਨੂੰ।

[1]ਭੇਟਾ।

[1]ਪਹਿਰਰਾਤ।

[1]ਸੂਰਮਿਆਂ ਨਾਲ।

[1]ਲੋੜਵੰਦ। [2]ਮਨ ਭਾਉਂਦਾ ਛਕਦੇ ਹਨ।

[1]ਜੰਗ ਪਾ ਲੈਂਦੇ ਹਨ।

[1]ਗਾਉਣ ਦੀ ਧਾਰਨਾ, ਗਾਉਣ ਦਾ ਢੰਗ।

ਗੁਰੂ ਗ੍ਰੰਥ ਮੈਂ ਗੁਰਹਿਂ ਜੋ ਭਾਈ[1]।
ਸੁਨਿ ਰਹਿਰਾਸ ਅਰਦਾਸ ਕਰੈ ਕੈ।
ਹਰਿਮੰਦਰ ਕੌ ਬੰਦਨ ਕੈ ਕੈ ॥ ੪੨ ॥
ਚੌਕੀ ਸੁਨੈ ਕਾਨੜੇ ਕੇਰੀ।
ਪੁਨਾ ਆਰਤੀ ਸੋਹਿਲਾ ਟੇਰੀ।
ਨਿਜ ਨਿਜ ਥਾਨ ਬਿਰਾਜੈਂ ਜਾਈ।
ਸੁਖ ਸੋਂ ਯੌਂ ਦਿਨ ਰੈਨ ਬਿਤਾਈ ॥ ੪੩ ॥
ਧਨ ਅਨਗਨ ਸੰਗਤ ਕਾ ਆਵੈ।
ਸਬਿ ਬਿਵਹਾਰ ਚਲਜੋ ਇਮ ਜਾਵੈ।
ਯਹਿ ਸਤਿਗੁਰੁ ਕੀ ਗਾਥਾ ਕਹੀ।
ਸੁਨੋ ਸ਼ਾਹਿ ਕੀ ਜੋ ਵਿੱਚ ਰਹੀ ॥ ੪੪ ॥
ਦੋਹਰਾ:
ਜਹਾਂਗੀਰ ਕਸ਼ਮੀਰ ਮੈਂ,
ਛੋਡਜੋ ਥਾ ਗੁਰੁ ਜੋਇ।
ਕੁਛ ਦਿਨ ਰਹਿ ਤਹਿਂ ਤੈ ਚਲਜੋ,
ਗਿਲਜੋ ਮ੍ਰਿਤੁ ਮਗ ਸੋਇ[1] ॥ ੪੫ ॥
ਸ਼ਾਹਿਦਰੇ ਮੈਂ ਮਕਬਰਾ,
ਬਨਜੋ ਤਾਂਹਿ ਬਡ ਆਹਿ।
ਸੋਲਾਂ ਸਏ ਇਕਾਸੀਏ,
ਸ਼ਾਹਿਜਹਾਂ ਭਯੋ ਸ਼ਾਹਿ ॥ ੪੬ ॥
ਮੀਆਂ ਮੀਰ ਜਹਾਂਗੀਰ ਤੈ,
ਮਹਿਮਾਂ ਗੁਰੁ ਕੀ ਭਾਰ।
ਸ਼ਾਹਿ ਜਹਾਂ ਸੁਨ ਰਖੀ ਥੀ,
ਯਾਂ ਤੈ ਮਨਿ ਮੁਦ ਧਾਰ ॥ ੪੭ ॥
ਉਜਰ ਖ੍ਵਾਹੀ ਕੋ[1] ਗਏ,
ਸਤਗੁਰੁ ਜਬੈ ਲਹੌਰ।
ਤਹਿਂ ਹੀ ਗੁਰੂ ਥਿਰਾ ਲਏ,
ਸ਼ਾਹਿ ਪ੍ਰੇਮ ਕਰਿ ਗੌਰ ॥ ੪੮ ॥
ਜਬਿ ਜਬਿ ਚਢੈ ਸ਼ਿਕਾਰ ਸ਼ਹਿ,
ਗੁਰੁ ਕੋ ਸੰਗ ਰਖਾਇ।

[1](ਜੋ ਵਾਰਾਂ ਦੀਆਂ ਧੁਨੀਆਂ) ਗੁਰਾਂ ਨੂੰ ਚੰਗੀਆਂ ਲੱਗੀਆਂ।

[1]ਉਸ ਨੂੰ ਰਸਤੇ 'ਚ ਮੌਤ ਨੇ ਨਿਕਲ ਗਿਆ ਭਾਵ ਮਰ ਗਿਆ।

[1]ਅਫ਼ਸੋਸ ਕਰਨ ਲਈ।

ਸੂਰਬੀਰਤਾ ਗੁਰੂ ਕੀ,
ਪਿਖਿ ਨਿਤ ਪ੍ਰੇਮ ਬਢਾਇ ॥ ੪੯ ॥
ਰਸਦ ਪਾਂਚ ਸੌ ਰਜਤ ਪਣ[1], [1]ਰੁਪਏ।
ਨਿਤ ਪ੍ਰਤਿ ਏਕ ਹਜ਼ਾਰ।
ਪਠੈਂ ਰੁਜੀਨਾ[1] ਗੁਰੂ ਢਿਗ, [1]ਇਕ ਦਿਨ ਦਾ ਖ਼ਰਚ।
ਪੀਰ ਬੀਰ ਲਖਿ ਭਾਰ ॥ ੫੦ ॥
ਦਿੱਲੀ ਦੱਖਨ ਦੇਸ ਦਿਸ,
ਦੌਰੇ ਚਢਯੋ ਸ਼ਾਹਿ।
ਸਤਿਗੁਰੁ ਰਹੇ ਮੁਜੰਗ ਮੈਂ,
ਸੰਗਤ ਨਿਤ ਬਹੁ ਆਹਿ ॥ ੫੧ ॥
ਲਲਤ ਪਦ ਛੰਦ:
ਬੰਦੋਬਸਤ ਕਰਿ ਸ਼ਾਹਿ ਮੁਲਕ ਕਾ,
ਫਿਰ ਲਾਹੌਰ ਮੈਂ ਆਯੋ।
ਤਾਜਰ[1] ਸਿੱਖ ਇਕ ਅਸ੍ਵ ਬੁਖਾਰੀ[2], [1]ਸੌਦਾਗਰ। [2]ਬੁਖ਼ਾਰੇ ਦੇ ਇਲਾਕੇ ਦਾ ਘੋੜਾ।
ਤੋਫਾ ਗੁਰੁ ਹਿਤ ਲਜਾਯੋ।
ਸੁਨਿ ਤ੍ਰੀਫ ਸ਼ਹਿ ਕਰਿ ਪਸੰਦ ਅਸ੍ਵ,
ਜਬਰਨ ਸਿਖ ਲੈ ਲੀਨਾਂ।
ਸੋਲਾਂ ਸਹਸ[1] ਰੁਪਯਾ ਦਯੋ ਤਹਿਂ, [1]ਸੋਲਾਂ ਹਜ਼ਾਰ।
ਸੋ ਸਿਖ ਗੁਰੁ ਕੋ ਦੀਨਾ ॥ ੫੨ ॥
ਸੁਨਿ ਤ੍ਰੀਫ਼ ਅੱਸ੍ਵ ਕੀ ਸਿਖ ਤੈ ਗੁਰੂ,
ਕਹਯੋ ਨ ਗਮ ਕਰਿ ਰਾਈ।
ਬਾਜੀ ਗੁਰੁ ਕਾ ਘਰ ਗੁਰੁ ਐ ਹੈ,
ਕੂਰਾ ਕਰਿ ਸ਼ਹਿ ਤਾਂਈਂ।
ਭਯੋ ਬਿਮਾਰ ਤੁਰੰਗ[1] ਤਬੈ ਵਹਿ, [1]ਘੋੜਾ।
ਕਰਿ ਇਲਾਜ ਤ੍ਰੂਕ ਹਾਰੇ।
ਰੁਸਤਮ ਖਾਂ ਕਾਜੀ ਸ਼ਾਹੀ ਥਾ,
ਸ਼ਹਿ ਤਿਹ ਦਯੋ ਵਿਚਾਰੇ ॥ ੫੩ ॥
ਗੁਰੁ ਡੇਰੇ ਢਿਗ ਥਾ ਮੁਜੰਗ ਮੈਂ,
ਕਾਜੀ ਕਾ ਘਰ ਚੀਨੋ[1]। [1]ਜਾਣੋ।
ਤਹਿ ਭੀ ਵਹਿ ਜਬਿ ਭਯੋ ਨ ਰਾਜੀ,

ਤਿਸ ਤੈ ਮੁਲ ਗੁਰੁ ਲੀਨੋ।
ਤਾਜੀ[1] ਰਾਜੀ ਭਯੋ ਗੁਰੂ ਢਿਗ, [1]ਘੋੜਾ।
ਪਿਖਿ ਸਿਖ ਖੁਸ਼ੀ ਮਨਾਈ।
ਕਾਜੀ ਆਇ ਰਜਤਪਣ ਮਾਂਗੈ,
ਗੁਰੁ ਨਿਤ ਦੈਂਹ ਟਰਾਈ[1] ॥ ੫੪ ॥ [1]ਟਾਲ ਦੇਂਦੇ ਹਨ।
ਇਕ ਦਿਨ ਕੋਪ ਹੋਇ ਅਤਿ ਕਾਜੀ,
ਪਾਜੀ[1] ਯੌਂ ਦੁਰ ਟੇਰੋ[2]। [1]ਨੀਚ ਨੇ। [2]ਇਉਂ ਖੋਟਾ (ਬਚਨ) ਕਿਹਾ।
ਮੈਂ ਅਬਿ ਹੋਇ ਦਮਾਦ[1] ਗੁਰੂ ਕਾ, [1]ਜਵਾਈ।
ਲੈਹੁਂ ਰਜਤਪਣ ਹੇਰੋ।
ਇਹੁ ਸੁਨਿ ਬੁੱਢੇ ਸਾਹਿਬ ਖਿਝ ਕਰਿ,
ਕਾਜੀ ਪ੍ਰਤਿ ਉਚਾਰਾ।
ਤੂੰ ਕਯਾ ਮੂਢ ਬਕਤ, ਅਬਿ ਬਨ ਹੈ,
ਗੁਰੂ ਦਮਾਦ ਤੁਮਾਰਾ ॥ ੫੫ ॥
ਯਹਿ ਸੁਨਿ ਹ੍ਵੈ ਬਿਸਮੈ ਗੁਰੁ ਬ੍ਰਿਧ ਕੋ,
ਕਹਜੋ ਗਜਬ[1] ਕਿਆ ਕੀਨੋ। [1]ਕਹਿਰ।
ਬਚਨ ਤੁਮਾਰ ਨ ਟਰ ਹੈ ਕਬਿ ਹੀ,
ਟਰੈ ਲੇਖ ਬਿਧਿ ਪੀਨੋ[1]। [1]ਬਿਧਾਤੇ ਦਾ ਲਿਖਿਆ ਤਕੜਾ ਲੇਖ।
ਲੀਕ ਅਲੀਕ ਸਿਲਾ ਕੀ ਰਵ ਤੁਵ[1], [1]ਤੁਹਾਡੀ ਬਾਣੀ ਪੱਥਰ ਦੀ ਅਮਿੱਟ ਲਕੀਰ (ਵਾਂਗ) ਹੈ।
ਜੈਸ ਕਹਜੋ ਤਸ ਹ੍ਵੈ ਹੈ।
ਮੇਰੁ[1], ਧ੍ਰਵ[2], ਧਰ[3], ਚਲੈ ਕਦਾਪੀ[11], [1]ਸੁਮੇਰ ਪਰਬਤ। [2]ਧ੍ਰੂ ਮੰਡਲ। [3]ਧਰਤੀ। [11]ਜੇ ਕਦੀ ਚੱਲ ਪੈਣ ਭਾਵ ਆਪਣੇ ਟਿਕਾਣੇ ਤੋਂ ਹਿੱਲ ਪੈਣ।
ਬਚਨ ਨ ਤੋਹਿ ਚਲੈ ਹੈ ॥ ੫੬ ॥
ਹਮੈ ਹੋਇ ਜਗ ਮੈਂ ਉਪਹਾਸੀ[1], [1]ਮਖ਼ੌਲ, ਠੱਠਾ।
ਜਬਿ ਤ੍ਰੂਕਨੀ ਹ੍ਵੈ ਦਾਸੀ।
ਮਾਤ ਗੰਗ ਕਯਾ ਕਹੈਂ ਸੰਗਤਾਂ,
ਕਰੈਂ ਨਿੰਦ ਮੁਹਿ ਖਾਸੀ[1]। [1]ਬਹੁਤੀ।
ਕੁਛ ਦਿਨ ਬੀਤੇ ਬ੍ਰਿੱਧ ਬਚਨ ਨੈ,
ਯਾ ਬਿਧਿ ਬਜੋਂਤ ਬਨਾਈ।
ਤਿਸ ਕਾਜੀ ਕੇ ਸੁਤਾ ਕੁਮਾਰੀ[1], [1]ਕੰਵਾਰੀ ਪੁੱਤਰੀ।
ਥੀ ਰਤਿ ਰੂਪ ਸੁਹਾਈ[1] ॥ ੫੭ ॥ [1]ਰਤੀ (ਕਾਮ ਦੀ ਇਸਤ੍ਰੀ) ਦੇ ਰੂਪ (ਵਰਗੀ) ਸੋਹਣੀ।

ਗੁਨ ਗਨ ਮੰਦਰ ਅਤਿ ਦੁਤਿ[1] ਸੁੰਦਰ,
ਜ੍ਵਾਨ ਜਪੈ ਨਿਤ ਮੌਲਾ[1]।
ਕਮਲਾ ਕਿਧੌਂ ਦੁਤੀ ਪ੍ਰਗਟਾਨੀ[1]
ਕਮਲ ਫੂਲ ਸੀ ਕੌਲਾਂ।
ਬੈਠਿ ਕੁਰਾਨ ਪਢੈ ਮਧ ਬਾਰੀ,
ਕਰੈ ਬੰਦਗੀ ਭਾਰੀ।
ਤ੍ਰਿਛੇ ਨੈਨ ਚਿਤੇ[1] ਨਿਤ ਗੁਰੁ ਕੋ,
ਸੀਨੇ ਪਈ ਚੰਗਾਰੀ[1] ॥ ੫੮ ॥
ਇਸ਼ਕ ਮੁਸ਼ਕ ਖਾਂਸੀ ਕਿਮ ਛਿਪ ਹੈ,
ਅਗਨੀ ਘਾਸ ਘਸੋਰੀ[1]।
ਰੂਪ ਅਨੂਪ ਗੁਰੂ ਮੁਖਿ ਸਸਿ ਪਿਖਿ,
ਹੋਈ ਮਸਤ ਚਕੋਰੀ।
ਜ਼ੇਵਰ ਜਰੇ ਜਰਾਊ ਜਗਮਗ,
ਸੋਹਿਤ ਅੰਗਨਿ ਸਾਰੇ।
ਕਲਗੀ ਜਿਗਾ ਪੇਚਸਿਰ ਸਸਿ ਪਰ[1],
ਜਰੇ ਮਨੋ ਗਨ ਤਾਰੇ ॥ ੫੯ ॥
ਕੁੰਡਲ ਲੋਲ ਕਪੋਲਨ ਝਲਕੈਂ[1],
ਅਲਕੈਂ[1] ਖਲਕੈਂ[2] ਮੋਹੈਂ।

ਭੌਂਹ[1] ਮਰੋਰ ਮੰਦ[2] ਮੁਸਕਾਵਨ,
ਪਿਖਿ ਥਿਰ ਚਿਤਰਹਿ ਕੋ ਹੈਂ।
ਸਜਾਮ ਸਮੱਸੂ ਪੂਰਨ ਸਸਿ ਗਿਰਦ,
ਜਨ ਤਮ ਸਘਨ ਥਿਰਾਯੋ[1]।

ਭੁਜ ਪ੍ਰਲੰਭ ਜਨ ਕਰਭਿ ਕਰੀ ਕਰ,
ਕਦਲੀ ਜੰਘ ਸੁਹਾਯੋ[1] ॥ ੬੦ ॥

ਉਦਰ ਤ੍ਰਿਵਲੀ ਬਿਸਦ ਉਰ ਸੁਠ ਸੁੱਚ,
ਉੱਚ ਸਕੰਧ ਛਬਿ ਪੂਰੇ[1]।

ਬਿੰਦ੍ਰਮ ਅਧਰ ਦਸਨ ਜਨ ਹੀਰੇ,

[1]ਸੋਭਾ, ਕ੍ਰਾਂਤੀ।
[1]ਪ੍ਰਮੇਸ਼ਰ ਨੂੰ।
[1]ਜਾਂ ਦੂਜੀ ਲਛਮੀ ਪ੍ਰਗਟ ਹੋਈ ਹੈ।
[1]ਦੇਖਦੀ ਹੈ।
[1]ਹਿਰਦੇ 'ਚ (ਪ੍ਰੇਮ ਦੀ) ਚੰਗਿਆੜੀ।
[1](ਸੁੱਕੇ) ਘਾਹ ਵਿੱਚ ਛੁਪਾਈ ਹੋਈ ਅੱਗ।
[1]ਦਸਤਾਰ ਰੂਪ ਚੰਦ੍ਰਮਾ ਉਪਰ।
[1]ਗੱਲ੍ਹਾਂ ਉਪਰ ਹਿਲਦੇ ਕੁੰਡਲ ਚਮਕਦੇ ਹਨ।
[1]ਕੇਸਾਂ ਦੀਆਂ ਪੇਚਦਾਰ ਲਟਾਂ ਜੋ ਗੱਲ੍ਹਾਂ 'ਤੇ ਲਟਕਦੀਆਂ ਹੋਣ। [2]ਖ਼ਲਕਤ ਨੂੰ।
[1]ਕ੍ਰੁਵੱਟੇ। [2]ਹੌਲੀ ਹੌਲੀ।
[1]ਮੁੱਖ ਰੂਪ ਪੁੰਨਿਆ ਦੇ ਚੰਦ ਉਦਾਲੇ ਕਾਲਾ ਦਾੜ੍ਹਾ ਜਾਣੋ ਗਾੜ੍ਹਾ ਅਨ੍ਹੇਰਾ ਟਿਕਿਆ ਹੋਇਆ ਹੈ।
[1]ਹਾਥੀ ਦੇ ਬੱਚੇ ਦੀ ਸੁੰਡ ਵਾਂਗ ਜਾਣੋ ਲੰਬੀਆਂ ਬਾਹਾਂ ਹਨ ਤੇ ਲੱਤਾਂ ਕੇਲੇ ਵਰਗੀਆਂ ਸੋਂਹਦੀਆਂ ਹਨ।
[1]ਪੇਟ ਦੇ ਤਿੰਨ ਉਤਮ ਵਲ ਹਨ, ਛਾਤੀ ਸੁੰਦਰ ਤੇ ਪਵਿੱਤ੍ਰ ਹੈ, ਉੱਚੇ ਮੋਢੇ ਸੁੰਦਰਤਾ ਦੇ ਭਰੇ ਹੋਏ ਹਨ।

ਜਰੇ ਕਵਲ ਮੈਂ ਰੂਰੇ[1]।

[1]ਜਾਣੋ ਬੁੱਲ੍ਹ ਮੂੰਗੇ ਹਨ, ਦੰਦ ਹੀਰੇ ਹਨ, ਮੁੱਖ ਰੂਪ ਕੰਵਲ ਵਿੱਚ ਸੁੰਦਰ ਜੜੇ ਹੋਏ ਹਨ।

ਅੰਜਨ ਬਿਨ ਦ੍ਰਿਗ ਕੰਜਨ, ਖੰਜਨ
ਕੇ ਮਦ ਭੰਜਨ ਹਾਰੇ[1]।

[1]ਕੰਵਲਾਂ ਵਰਗੇ ਨੇਤ੍ਰ ਸੁਰਮੇ ਤੋਂ ਬਿਨਾਂ ਹੀ ਮਮੋਲਿਆਂ ਦੇ ਹੰਕਾਰ ਨੂੰ ਭੰਨਣ ਵਾਲੇ ਹਨ।

ਤਿਛੀ ਚਿਤੌਨ ਬਿਛੀ ਸੀ ਡਸ ਹੈ
ਬਰਛੀ ਘਾਉ ਜਨ ਮਾਰੇ[1] ॥ ੬੧ ॥

[1]ਤਿੱਖੀ ਝਾਕਣੀ ਠੂੰਹੀਂ ਵਾਂਗ ਡੰਗ ਮਾਰਦੀ ਹੈ ਜਾਂ ਜਾਣੋ ਬਰਛੀ ਜ਼ਖ਼ਮ ਕਰਦੀ ਹੈ।

ਸ਼ਸਤ੍ਰ ਬਸਤ੍ਰ ਸਜ ਜਬਿ ਗੁਰ ਚਢ ਕਰਿ,
ਚਪਲ ਤੁਰੰਗ[1] ਕੁਦਾਵੈਂ।

[1]ਚੰਚਲ ਘੋੜਾ।

ਤਜੋਂ ਤਜੋਂ ਮਨ ਕੌਲਾਂ ਕਾ ਕੂਦਤ,
ਸੁਧ ਬੁਧ ਸਬਿ ਬਿਸਰਾਵੈ।
ਨੂਰ ਜਹੂਰ ਇਲਾਹੀ ਗੁਰੁ ਕਾ[1],
ਪਿਖਿ ਸੋ ਭਈ ਦਿਵਾਨੀ।
ਇੱਕ ਟਕ ਪੇਖਤ ਰਹਿ ਦਿਸ ਗੁਰ ਕੀ,
ਬਿਨ ਹੀ ਦਾਮ ਬਿਕਾਨੀ ॥ ੬੨ ॥

[1]ਗੁਰਾਂ ਦੇ ਚਿਹਰੇ ਦਾ ਬਹੁਤਾ ਇਲਾਹੀ ਪ੍ਰਕਾਸ਼।

ਸੁੰਦਰ ਸੂਰਤਿ[1] ਮੋਹਨਿ ਮੂਰਤਿ,
ਪੂਰਤ ਆਨੰਦ ਭਾਰੀ[1]।
ਬਸਗੀ ਮਨ ਮੈਂ ਠਸਗੀ ਤਨ ਮੈਂ[1],
ਫਸਗੀ ਨਾਰਿ ਵਿਚਾਰੀ।
ਇਕ ਦਿਨ ਕਾਜੀ ਪਾਜੀ ਨੈਂ[1] ਪਿਖਿ,
ਮਾਰ ਤਾਂਹਿ ਕੋ ਕੀਨੀ।
ਦਾਸੀ ਹਾਥ ਪਠੀ ਲਿਖ ਚੀਰੀ[1],
ਕੌਲਾਂ ਹ੍ਵੈ ਅਤਿ ਦੀਨੀ ॥ ੬੩ ॥

[1](ਗੁਰਾਂ ਦੀ) ਸੁੰਦਰ ਸ਼ਕਲ।
[1]ਭਾਰੀ ਅਨੰਦ 'ਚ ਭਰੀ ਹੋਈ।
[1]ਸ਼ਰੀਰ ਵਿੱਚ ਪ੍ਰਵੇਸ਼ ਕਰ ਗਈ।
[1]ਨੀਚ ਨੇ।
[1]ਚਿੱਠੀ।

ਦੀਨ ਦਯਾਲ ਗਰੀਬ ਨਿਵਾਜੁ,
ਸ਼ਰਨਾਗਤ ਪ੍ਰਤਿਪਾਲਕ।
ਤੁਮੀ ਖੁਦਾਇ ਰਸੂਲ[1] ਸਵਾਮੀ,
ਹਲਤ ਪਲਤ[1] ਮਮ ਮਾਲਕ।
ਆਜਜ਼[1] ਦੀਨ[2] ਦਿਵਾਨੀ ਦਾਸੀ,
ਸ਼ਰਣ ਰਾਵਰੀ[1] ਆਈ।
ਜਲ ਬਿਨ ਮੀਨ[1] ਦੀਨ ਫਣਿ ਮਣਿ ਬਿਨ[2],

[1]ਪੈਗ਼ੰਬਰ।
[1]ਲੋਕ ਪ੍ਰਲੋਕ ਵਿੱਚ।
[1]ਗ਼ਰੀਬ। [2]ਦੁਖੀ।
[1]ਆਪ ਜੀ ਦੀ।
[1]ਮੱਛੀ। [2]ਮਣੀ ਤੋਂ ਬਿਨਾਂ ਸੱਪ ਦੁਖੀ ਹੁੰਦਾ ਹੈ।

ਤਜੋਂ ਮਮ ਦਸ਼ਾ ਬਿਤਾਈ[1] ॥ ੬੪ ॥
[1]ਹਾਲਤ ਬੀਤਦੀ ਹੈ।

ਬਿਨ ਦਰਸ਼ਨ ਰਾਵਰ ਇਕ ਪਲ ਮੁਹਿ,
ਜੁਗ ਸਮ ਬਿਤਿਤ ਦੁਹੇਲਾ।
ਜ਼ਰ ਜ਼ੇਵਰ ਤੇਵਰ ਬੀਛੀ ਸੀ,
ਸਭਿ ਪਰਵਾਰ ਬਘੇਲਾ[1]।
[1]ਧਨ ਗਹਿਣੇ ਤੇ ਬਸਤ੍ਰ ਠੂਹੀਆਂ ਵਰਗੇ ਤੇ ਸਾਰਾ ਪ੍ਰਵਾਰ ਸ਼ੇਰ (ਵਾਂਗ ਦੁਖਦਾਈ ਹੈ)।

ਕੈ ਅਬਿ ਚਰਨ ਸ਼ਰਨ ਮੁਹਿ ਰਾਖਹੁ,
ਨਹੀ ਤੋ ਬਿਸ[1] ਖਾ ਮਰ ਹੌਂ।
[1]ਜ਼ਹਿਰ।

ਪ੍ਰਾਨ ਦਾਨ ਮੁਹਿ ਦੇਹੁ ਪੀਰ ਜੀ,
ਅਬਿ ਬਜੋਗ ਨਹਿਂ ਜਰ ਹੌਂ[1] ॥ ੬੫ ॥
[1]ਹੁਣ ਮੈਂ ਵਿਛੋੜਾ ਸਹਾਰ ਨਹੀਂ ਸਕਦੀ।

ਸੁਨਿ ਬਿਨਤੀ ਗਿਣਤੀ ਬਿਨ ਗੁਰਿ ਉਰਿ,
ਕਰੁਣਾ ਉਪਜੀ ਭਾਰੀ[1]।
[1]ਹਿਰਦੇ ਵਿੱਚ ਬਹੁਤੀ ਕਿਰਪਾ ਪੈਦਾ ਹੋਈ।

ਕਹਯੋ ਹੋਇ ਹੈ ਮਨਸ਼ਾ[1] ਪੂਰਨ,
[1]ਇੱਛਾ।

ਤੂਰਨ[1] ਅਬੈ ਤੁਮਾਰੀ।
[1]ਛੇਤੀ।

ਇਹੁ ਸੰਦੇਸ਼ ਕਿਰਣ ਰਵਿ ਜਜੋਂ ਲਹਿ[1],
[1]ਇਸ ਸੁਨੇਹੇ ਰੂਪ ਸੂਰਜ ਦੀ ਕਿਰਣ ਨੂੰ ਦੇਖ ਕੇ (ਭਾਵ ਸੁਣ ਕੇ)।

ਖਿਲਯੋ ਕਵਲ ਉਰ ਕੌਲਾਂ।
ਸਿਜਦੇ[1] ਸ਼ੁਕਰ ਲਾਖ ਹੀ ਕੀਨੇ,
[1]ਨਮਸਕਾਰਾਂ।

ਲਖਯੋ ਪੀਰ ਦਿਢ ਮੌਲਾ[1] ॥ ੬੬ ॥
[1]ਗੁਰੂ ਜੀ ਨੂੰ ਪੱਕਾ ਰੱਬ ਜਾਣਿਆ।

ਫੁਰੇ ਕਪੋਲ[1] ਅਧਰ[2] ਚਖ[3] ਭੁਜ[11] ਕੁਚ[22],
[1]ਗੱਲ੍ਹਾਂ। [2]ਬੁੱਲ੍ਹ। [3]ਨੇਤ੍ਰ। [11]ਬਾਹਾਂ। [22]ਅਸਥਣ।

ਅੰਗੀਆ[1] ਤਨੀਆਂ ਤੂਟੀ।
[1]ਚੋਲੀ ਦੀਆਂ।

ਜਰਦੀ[1] ਜਰਦੀ[2] ਦੂਰ ਭਈ ਮੁਖ,
[1]ਪੀਲੱਤਣ। [2]ਛੇਤੀ।

ਹੋਯੋ ਬੀਰ ਬਧੂਟੀ[1]।
[1]ਚੀਚ ਵਹੁਟੀ (ਵਾਂਗ) ਮੁਖ (ਲਾਲ ਸੁਰਖ਼) ਹੋ ਗਿਆ।

ਦੁਤੀ ਦਿਵਸ ਗੁਰੁ ਡੇਰਾ ਤਹਿਂ ਤੈ,
ਨਿਸ ਕੌ ਕੂਚ ਕਰਾਯੋ।
ਕੌਲਾਂ ਸਾਰ[1] ਪਾਇ ਜ਼ਰ ਜ਼ੇਵਰ,
[1]ਖ਼ਬਰ।

ਲਿਯ ਘਰ ਤੈ ਮਨ ਭਾਯੋ ॥ ੬੭ ॥
ਡਾਰ ਕਮੰਦ ਦੁਆਰ ਦਰੀਚੀ[1],
[1]ਰੱਸਾ ਸੁੱਟ ਕੇ ਬਾਰੀਰਾਹੀਂ।

ਉਤਰ ਗੁਰੂ ਢਿਗ ਆਈ।
ਸਿੰਧ ਅਨੰਦ ਬੁਲੰਦ ਬਢੋ ਜਨ,

ਸੂਮ ਪਰਮ ਨਿਧਿ[1] ਪਾਈ। [1]ਵੱਡਾ ਖ਼ਜ਼ਾਨਾ।
ਗਦ ਗਦ ਗਿਰਾ[1] ਰੁਮਾਂਚ ਭਯੋ ਤਨ[2], [1]ਰੁਕੇ ਹੋਏ ਕੰਠ 'ਚੋਂ ਨਿਕਲੀ ਅਵਾਜ਼। [2]ਸ਼ਰੀਰ ਦੇਰੋਮ ਖੜੇ ਹੋ ਗਏ।
ਗੁਰੁ ਪਦ ਪਦਮ ਗਹਾਨੇ[1]। [1]ਗੁਰਾਂ ਦੇ ਚਰਨ ਕੰਵਲ ਪਕੜ ਲਏ।
ਅੱਸ੍ਵ ਚਢਾਇ ਲਵਾਇ ਸੰਗ ਤਿਹ[1], [1]ਉਸ ਨੂੰ (ਆਪਣੇ) ਨਾਲ ਲੈ ਕੇ।
ਗੁਰੁ ਨਿਜ ਪੁਰ ਦਿਸ ਪਯਾਨੇ ॥ ੬੮ ॥

ਦੋਹਰਾ:
ਰਾਮਦਾਸ ਪੁਰ ਗੁਰ ਅਏ,
ਘਰ ਘਰ ਭਯੋ ਉਛਾਹਿ।
ਅੰਮ੍ਰਿਤਸਰ ਤੈ ਪਛਮ ਦਿਸ,
ਪਿਖਿ ਸੁਠ ਬਟ ਤਰੁ ਛਾਹਿ[1] ॥ ੬੯ ॥ [1]ਸੁੰਦਰ ਬੋਹੜ ਦੇ ਦਰੱਖ਼ਤ ਦੀ ਛਾਂ।
ਤੰਬੂ ਤਹਿਂ ਲਗਵਾਇ ਗੁਰਿ,
ਕੌਲਾਂ ਦਈ ਉਤਾਰ।
ਪੁਨ ਮੁਕਾਨ ਬਨਵਾ ਦਯੋ,
ਕੇਤਕ ਦਿਨ ਮੈ ਚਾਰੁ[1] ॥ ੭੦ ॥ [1]ਸੁੰਦਰ।

ਚੌਪਈ:
ਕਰਿ ਹਰਿਮੰਦਰ ਮੈਂ ਗੁਰ ਬੰਦਨ।
ਬੰਦੇ ਪਗ ਮਾਤਾ ਜਗ ਬੰਦਨ[1]। [1]ਜਗਤ ਦੇ ਬੰਦਨਾ ਕਰਨ ਯੋਗ ਮਾਤਾ ਜੀ।
ਕੌਲਾਂ ਹਿਤ ਮਾਤਾ ਰਿਸ ਠਈ[1]। [1]ਗੁੱਸਾ ਕੀਤਾ।
ਕਹਯੋ ਗੁਰੂ ਬੇਬਸਿ ਹ੍ਵੈ ਗਈ ॥ ੭੧ ॥
ਬਿਰਧ ਬਚਨ ਤੈ ਯਹਿ ਸਬਿ ਭਯੋ।
ਪੁਨ ਜਗਿ ਭੂਸ਼ਨ ਤੂਸ਼ਨ ਥਯੋ[1]। [1]ਜਗਤ ਦੇ ਗਹਿਣਾ ਰੂਪ ਗੁਰੂ ਜੀ ਚੁੱਪ ਹੋ ਗਏ।
ਘਰ ਤੈ ਉਠ ਦਿਵਾਨ ਮੈ ਆਏ।
ਉਤ ਕਾਜੀ ਕੀ ਸੁਨੋ ਕਥਾਏ ॥ ੭੨ ॥
ਪਿਖੀ ਨਾ ਕੌਲਾਂ ਘਰ ਮੈ ਜਬੈ।
ਬੂਡਯੋ ਸ਼ੋਕ ਨਦੀ ਮਧ ਤਬੈ।
ਕਾਜੀ ਕੋ ਕਾਜਨ[1] ਦੈ ਗਾਰੀ। [1]ਕਾਜ਼ੀ ਦੀ ਘਰ ਵਾਲੀ।
ਤੈ ਜਵਾਨ ਕਯੋਂ ਰਖੀ ਕੁਮਾਰੀ[1] ॥ ੭੩ ॥ [1]ਕੰਵਾਰੀ (ਅ) ਲੜਕੀ।
ਤਾਂ ਪਰ ਮਾਰ ਅਧਿਕ ਤੈਂ ਕਰੀ।
ਦੁਖੀ ਹੋਇ ਕਿਤ ਗਈ ਕਿ ਮਰੀ।

ਤੂਸ਼ਨ ਰਹੁ ਅਬਿ ਕਹੋ ਨ ਕਾਹੀ।
ਨਹੀਂ ਤ ਇਜ਼ਤ ਚੋਗੁਨ ਜਾਹੀ ॥ ੭੪ ॥
ਕਿਤਕ ਦਿਵਸ ਬੀਤੇ ਪੁਰ ਮਾਂਹੀ।
ਚਰਚਾ ਚਲੀ ਘਰੋ ਘਰ ਯਾਹੀ।
ਭਈ ਉਮਰ ਬਡ ਨਾਹਿ ਨਿਕਾਹੀ[1]। [1]ਵਿਆਹੀ।
ਤਾਂ ਪਰ ਕਾਜੀ ਮਾਰੀ ਵਾਹੀ[1] ॥ ੭੫ ॥ [1]ਉਸ (ਕੌਲਾਂ) ਨੂੰ ਮਾਰਿਆ।
ਮਰੀ ਜ਼ਹਰ ਖਾ ਹ੍ਵੈ ਦੁਖਜਾਰੀ।
ਖੁਫੀਆ ਦਫਨ[1] ਘਰਹਿ ਕਰਿ ਡਾਰੀ ॥ ੭੬ ॥ [1]ਗੁਪਤ ਦੱਬ ਦਿੱਤੀ।

ਦੋਹਰਾ:
ਕਈ ਮਾਸ ਕੇ ਬਾਦ ਜਬ,
ਦਾਮ ਅਸ੍ਰ ਕੇ ਲੈਨ।
ਕਾਜੀ ਆਯੋ ਸੁਧਾਸਰ,
ਕਿਯ ਆਦਰ ਗੁਰੁ ਐਨ[1] ॥ ੭੭ ॥ [1]ਚੰਗੀ ਤਰ੍ਹਾਂ।

ਚੌਪਈ:
ਗੁਰੂ ਕਹਯੋ ਅਬਿ ਰਾਤ ਗੁਜ਼ਾਰੋ।
ਦੌਲਤ ਲੈ ਘਰ ਫਜ਼ਰ[1] ਪਧਾਰੋ। [1]ਸਵੇਰੇ।
ਕੌਲਾਂ ਕੋ ਗੁਰੁ ਅਸ ਕਹਿ ਪਠਜੋ।
ਬਾਪ ਅਯੋ ਤੁਵ ਖਾਣਾ ਠਟਯੋ[1] ॥ ੭੮ ॥ [1]ਬਣਾਉ।
ਮਾਨ ਹੁਕਮ ਕੌਲਾਂ ਨੇ ਤਬਿ ਹੀ।
ਕਰਯੋ ਤਜਾਰ ਖਾਣਾ ਬਿਧਿ ਸਬਿ ਹੀ।
ਕਾਜੀ ਕੋ ਗੁਰੁ ਸੇਵਕੁ ਸੰਗੈ।
ਕੌਲਾਂ ਕੇ ਘਰ ਪਠਜੋ ਨਿਸੰਗੈ ॥ ੭੯ ॥
ਪਲੰਘ ਬਿਛਾਇ ਬਿਠਾਯੋ ਦਾਸੀ।
ਜ਼ੇਵਰ ਬਸਨ ਅਮੋਲਕ ਰਾਸੀ[1]। [1]ਸਾਰੇ।
ਕੌਲਾਂ ਪਹਿਰ, ਥਾਰ ਲੈ ਖਾਨਾ।
ਆਗੇ ਧਰਿ ਸਲਾਮ ਝੁਕ ਠਾਨਾ ॥ ੮੦ ॥
ਪਰੇਸ਼ਾਨ ਹੈਰਾਨ ਭਯੋ ਪਿਖਿ।
ਬੂਝਯੋ ਗਮ ਮੈਂ ਖਾਣਾ ਭੌ ਬਿਖ[1]। [1]ਖਾਣਾ ਜ਼ਹਿਰ ਹੋ ਗਿਆ।
ਕਹਿ ਖੁਦਾਇ ਮਾਰੀ ! ਤੂੰ ਕਹਾਂ।
ਆਈ ਨਿਕਸ, ਦੀਨ ਦੁਖ ਮਹਾਂ ॥ ੮੧ ॥

ਕੌਲਾਂ ਕਹਯੋ ਖੁਦਾਇ ਨ ਮਾਰੀ।
ਭਯੋ ਸਹਾਇਕ ਭਵਨਿਧਿ ਤਾਰੀ[1]। [1]ਸੰਸਾਰ ਸਮੁੰਦਰ ਤੋਂ ਤਾਰ ਦਿੱਤੀ।
ਕਾਦਰ[1] ਕੀਨ ਸਬੰਧ ਪੀਰ ਸੋਂ[2]। [1]ਕਰਤਾਰ ਨੇ। [2]ਗੁਰਾਂ ਨਾਲ !
ਦੀਨ ਦੁਨੀ ਕੇ ਥੰਭ ਮੀਰ ਜੋ[1] ॥ ੮੨ ॥ [1]ਜੋ (ਸੱਚੇ) ਪਾਤਸ਼ਾਹ ਹਨ।
ਕੌਲਾਂ ਯੌਂ ਜਬਿ ਬੈਨ ਉਚਾਰਾ।
ਮਾਨਹੁ ਲੂਣ ਜ਼ਖਮ ਪਰ ਡਾਰਾ।
ਖਾਣਾ ਖਾਯਾ ਕੁਛ ਨਹਿ ਖਾਯਾ।
ਰਿਸ ਧਰਿ ਗਾਰੀ ਦੇਤ ਸਿਧਾਯਾ ॥ ੮੩ ॥
ਤਰਫਤ ਰਾਤ ਕਟੀ ਉਨਿ ਸਾਰੀ।
ਚਢੈ ਗਟੀ[1] ਉਤਰੈ ਕਿਤ ਭਾਰੀ। [1]ਗਿਣਤੀ।
ਲੈ ਕਰਿ ਆਵੋਂ ਲਸ਼ਕਰ ਸ਼ਾਹੀ।
ਮਾਰਿ ਦੁਹਿਨ ਲਿਹੁੰ ਪਲਟਾ[1] ਯਾਹੀ ॥ ੮੪ ॥ [1]ਬਦਲਾ।
ਦਿਵਸ ਚਢੇ ਕਾਜੀ ਘਰ ਗਯੋ।
ਕੌਲਾਂ ਕਾ ਸਬਿ ਹਾਲ ਸੁਨਯੋ।
ਪੁਨ ਦਿਨ ਚਢੇ ਸ਼ਾਹਿ ਢਿਗ ਜਾਈ।
ਪਗਰੀ ਲਾਹਿ ਫਰਯਾਦ ਸੁਨਾਈ ॥ ੮੫ ॥
ਆਗੇ ਸ਼ਾਹਿ ਰਿਸਯੋ ਕਿਸੁ ਸੰਗੈ।
ਸਿਰੋਂ ਨਗਨ ਪਿਖਿ ਰਿਸਯੋ ਕੁਢੰਗੈ।
ਮੌਕਾ ਪਿਖਿ ਵਜੀਰ ਖਾਂ ਕਹਾ।
ਕਾਜੀ ਅਹੇ ਕੁਪੱਤਾ ਮਹਾਂ ॥ ੮੬ ॥
ਬੀਸ ਬਰਸ ਕੀ ਸੁਤਾ ਕੁਮਾਰੀ।
ਨਾਹਿ ਨਿਕਾਹੀ ਹ੍ਵੈ ਦੁਖਜਾਰੀ।
ਤਾਂ ਪਰ ਮਾਰ ਚਾਬਕਨ ਦਈ।
ਨਿਕਸ ਕਿਤੈ ਵਹਿ ਗੁਰੁ ਪੁਰ ਗਈ ॥ ੮੭ ॥
ਜਹਾਂ ਗਰੀਬ ਫਕੀਰ ਹਜਾਰੋਂ।
ਅਸਨ ਬਸਨ[1] ਪਾਵਤ ਗੁਰੁ ਦ੍ਵਾਰੋਂ। [1]ਭੋਜਨ ਤੇ ਬਸਤ੍ਰ।
ਸੋ ਭੀ ਤਹਿਂ ਰਹਿ ਦਿਵਸ ਗੁਜ਼ਾਰੇ।
ਗਯੋ ਦਰਬ ਹਿਤ ਅਯੋ ਨਿਹਾਰੇ ॥ ੮੮ ॥
ਹਜ਼ਰਤ ਬਖਸ਼ਯੋ ਅਸ੍ਵ ਜੁ ਯਾਹੀ।
ਸੋ ਗੁਰੁ ਢਿਗ ਇਨਿ ਬੇਚਯੋ ਚਾਹੀ।

ਗੁਰੁ ਇਲਾਜ ਤਿਸ ਕਾ ਕਰਵਾਯੋ।
ਰਾਜੀ ਭਯੋ ਤ ਕਾਜੀ ਭਾਯੋ[1] ॥ ੮੯ ॥ [1]ਕਾਜ਼ੀ ਨੂੰ (ਘੋੜਾ) ਚੰਗਾ ਲੱਗਾ।
ਜ਼ਰ ਹਜ਼ੂਰ ਤਾਜਰ ਕੋ ਜੇਤੀ[1]। [1]ਆਪ ਨੇ ਸੌਦਾਗਰ ਨੂੰ ਜਿੰਨੀ {ਜ਼ਰ} ਮਾਇਆ ਦਿੱਤੀ।
ਦਈ, ਮੰਗਤ ਯਹਿ ਗੁਰੁ ਤੈ ਤੇਤੀ।
ਨਿਜ ਬੇਟੀ ਕੀ ਤੁਹਮਤਿ[1] ਤਿਨ ਕੌ। [1]ਅਣਹੋਇਆ ਦੋਸ਼।
ਦੇਤ, ਸ਼ਰਮ ਨਹਿ ਆਵਤ ਇਨ ਕੌ ॥ ੯੦ ॥
ਐਸੀ ਬੇਹੂਦਾ ਸੁਨਿ ਬਾਤੈਂ।
ਗੁਰੁ ਸੋਂ ਸ਼ਹਿ ਕਬਿ ਲਰੈ ਬਖਜਾਤੈਂ।
ਬਿਗਰਨ ਸੰਗ ਫਕੀਰਨ ਸ਼ਾਹੈਂ।
ਬਿਨੁ ਬਦੁ ਦੁਆਇ[1] ਔਰ ਨਹਿ ਲਾਹੈ[2] ॥ ੯੧ ॥ [1]ਬੁਰੀਆਂ ਅਸੀਸਾਂ। [2]ਨਫ਼ਾ, ਲਾਹਾ, ਲਾਭ।
ਅਹੇ ਫਕੀਰਨ ਕੇਰ ਘਰਾਨਾ।
ਗੁਰੁ ਨਾਨਕ ਕਾ ਲਖੋ ਮਹਾਨਾ।
ਬਿਰਧ ਆਪ ਕੇ ਹੂਏ ਜੇਤੇ।
ਮੰਨਤ ਰਹੇ ਤਿਨੈ ਕੁਲ ਤੇਤੇ ॥ ੯੨ ॥
ਤਾਂ ਪਰ ਸਬਿ ਹੀ ਗਾਥ ਸੁਨਾਈ।
ਜਹਾਂਗੀਰ ਤੈ ਬਾਬਰ ਤਾਂਈਂ।
ਸੁਨਿ ਵਜੀਰ ਤੈ ਸ਼ਾਹਿ ਉਚਾਰੀ।
ਕਾਜੀ ਕਰਤ ਸ਼ਰਾਰਤ ਭਾਰੀ ॥ ੯੩ ॥

ਦੋਹਰਾ:
ਕਾਜੀ ਪਾਜੀ ਦੁਖੀ ਹ੍ਵੈ,
ਗਯੋ ਗਾਥ ਸੁਨਿ ਸਾਰ।
ਸਹਿ ਸਿੱਖਨ ਗੁਰੁ ਖੁਸ਼ ਭਏ,
ਟਰੀ ਬਲਾਇ ਸੁਖਾਰ[1] ॥ ੯੪ ॥ [1]ਸੁਖਾਲੀ।

ਕਬਿੱਤ:
ਲਾਇ ਕੈ ਦੀਵਾਨ ਕੀਰਤਨ ਕਰਵਾਇਂ ਨਿਤ,
ਜਾਇ ਕੈ ਸ਼ਿਕਾਰ ਮਾਰ ਸ਼ੇਰ ਸੂਰ ਲਜਾਇ ਹੈਂ।
ਢਰੇ ਦਿਨ ਢਾਢੀਓਂ ਤੈਂ ਧਰਮ ਸਾਕੇ[1] ਬਾਂਕੇ ਜੰਗ, [1]ਧਰਮ ਦੀ ਖ਼ਾਤਰ ਕੁਰਬਾਨੀ ਦਾ ਵਾਕਿਆ।
ਸੁਨੈ ਜਾਂ ਤੇ ਸਿਖਨ ਕੋ ਬੀਰ ਰਸੁ ਆਇ ਹੈਂ।
ਬਿੱਦਜਾ ਸਿਖਾਵੈਂ ਸ਼ਸਤ੍ਰ ਸਬਿ ਸਿੱਖਨ ਕੋ,
ਔਰ ਹਿਤ ਸਾਥ ਬ੍ਰਹਮ ਬਿਦਜਾ ਦਿਢਾਇ ਹੈਂ।

ਜਾਂ ਤੈ ਬ੍ਰਹਮ ਗਜਾਨ ਭਜ[1], ਦੇਹ ਗੇਰ[2] ਨੇਹ[3] ਤਜਿ,
ਜੰਗ ਸਜ ਛੋਰਿ ਲਜ[1] ਲਰੈਂ ਆਗੈ ਧਾਇ ਹੈਂ ॥ ੯੫ ॥

[1]ਪ੍ਰਾਪਤ ਕਰਕੇ। [2]ਘਰ। [3]ਮੋਹ।

[1]ਲਾਜ ਛੱਡ ਕੇ।

ਸਿੱਖ ਦੇਸ ਦੇਸ ਤੈ ਜੁ ਆਵਤ ਬਿਸੇਸ,
ਬਿੱਤ[1] ਲਜਾਵਤ ਹਥਜਾਰ ਅੱਸ੍ਵ, ਪਾਵਤ ਅਸੀਸ ਸੋ।

[1]ਧਨ।

ਸਜੀ ਸੈਨ ਐਨ[1] ਗੁਰੁ ਚੈਨ ਉਰਿ ਸੂਰਨ ਕੇ,
ਲੱਛ ਕੇ ਬਿਧੱਜਾ[1] ਅੱਛ[2] ਪੈ ਹੈਂ ਬਖਸ਼ੀਸ਼ ਸੋ।

[1]ਚੰਗੀ ਫ਼ੌਜ।

[1]ਨਿਸ਼ਾਨੇ ਵਿੰਨ੍ਹਣ ਵਾਲੇ। [2]ਚੰਗੀ।

ਦੂਰ ਦੂਰ ਹੂੰ ਤੇ ਸੁਨਿ ਸੂਰਬੀਰ ਆਵੈਂ ਭੂਰ[1],
ਗੁਰੂ ਕੋ ਜਹੂਰ ਨੂਰ[1] ਪੇਖਿ ਲਖੈਂ ਈਸ ਸੋ।

[1]ਬਹੁਤੇ।

[1]ਚਿਹਰੇ ਦਾ ਪ੍ਰਕਾਸ਼।

ਸਾਦਰ[1] ਬਹਾਦਰ ਗੁਰੂ ਤੈ ਮਾਨ ਗਜਾਨ ਪਾਇ,
ਅੰਗ ਦੈ ਉਮੰਗ[1] ਜੰਗ ਚਾਹੈਂ ਬਿਸ੍ਵੇ ਬੀਸ[2] ਸੋ ॥ ੯੬ ॥

[1]ਨਿਡੱਰ।

[1]ਉਤਸ਼ਾਹ ਨਾਲ (ਆਪਣਾ) ਸਰੀਰ ਦੇਂਦੇ ਹਨ। [2]ਪੂਰਨ ਤੌਰ 'ਤੇ, ਦਿਲੀ ਇਰਾਦੇ ਨਾਲ।

ਸ਼ਾਦੀ ਏਕ ਭਈ ਥੀ ਗੁਰੂ ਕੀ ਡੱਲੇ ਗ੍ਰਾਮ ਮਾਂਹਿ,
ਨਾਮ ਥਾ ਦਮੋਦਰੀ ਸਮਾਣੀ ਕੋ[1] ਪਛਾਨੀਏ।
ਦੁਤੀ ਸ਼ਾਦੀ ਨਾਨਕੀ ਸੋ ਤੀਸਰੀ ਮਰਵਾਹੀ ਸੰਗ,
ਹੋਈ ਇਸੀ ਸਾਲ ਮਾਹਿ ਨੀਕੇ ਪ੍ਰਮਾਨੀਏ।
ਹੁਤੀ ਏਕ ਬਹਨ[1] ਦਮੋਦਰੀ ਕੀ ਰਾਮੋ ਨਾਮ,
ਗਾਮ ਸੋ ਡਰੋਲੀ[1] ਸਾਈਂ ਦਿੱਤੇ ਘਰ ਮਾਨੀਏ।

[1](ਗੁਰੂ ਕੇ) ਮਹਿਲਾਂ ਦਾ।

[1]ਭੈਣ।

[1]ਡਰੋਲੀ ਪਿੰਡ, ਲੁਧਿਆਣਾ ਫ਼ੀਰੋਜ਼ਪੁਰ ਲਾਈਨ 'ਤੇ ਡਗਰੂ ਸਟੇਸ਼ਨ ਤੋਂ ਇਕ ਮੀਲ ਦੱਖਣ ਤੇ ਮੋਗੇ ਤੋਂ ਛੇ ਮੀਲ ਹੈ।

ਦੰਪਤੀ[1] ਪ੍ਰੇਮੀ ਨੇਮੀ ਸੇਵਕ ਗੁਰੂ ਕੇ ਹੁਤੇ,
ਰਚਜੋ ਧਾਮ ਨਯੋ ਤਿਨ ਸੁੰਦਰ ਮਹਾਨੀਏ ॥ ੯੭ ॥

[1]ਇਸਤ੍ਰੀ ਤੇ ਪਤੀ।

ਜਬਿ ਲੌ ਨ ਗੁਰੂ ਬਸੈਂ ਆਇ ਇਸ ਧਾਮ ਮਾਂਹਿ,
ਤਬਿ ਲੌ ਨਿਵਾਸ ਹਮ ਨਾਹਿ ਕਰ ਹੈਂ ਕਬੈ।
ਏਕ ਤੋ ਤਿਨੋ ਕੀ ਖੈਂਚ ਦੂਜੇ ਸਿਖ ਮਾਲਵੇ ਕੇ,
ਚਾਹਿਤ ਦਰਸ ਕੀਨ ਸਤਿਗੁਰੁ ਕੋ ਸਬੈ।
ਤੀਜੇ ਜੋਗੀਓਂ ਨੇ ਛੀਨ ਲੀਨ ਥੋ ਸਮੱਸਤ ਬਨ[1],
ਨਾਨਕ ਮਤੇ ਸੈਂ ਅਲਮਸਤ[1] ਕਾਢਜੋ ਦਬੈ[2]।

[1]ਸਾਰਾ ਜੰਗਲ ਖੋਹ ਲਿਆ ਸੀ।

[1]ਇਕ ਉਦਾਸੀ ਸਾਧੂ ਜੋ ਗੁਰਾਂ ਦਾ ਸਿਦਕੀ ਸੀ, ਉਦਾਸੀਆਂ ਦੇ

ਚੌਹਾਂ ਧੂੰਇਆਂ ਵਿੱਚੋਂ ਇਕ ਧੂੰਏਂ ਦਾ ਮੋਢੀ। [2]ਦਬਾ ਨਾਲ, ਧੱਕੇ ਨਾਲ।

ਇਤਜਾਦਿ ਕਾਮ ਗੁਰੁ ਪੂਰਨ ਕਰਨ ਹਿਤ,
ਪੂਰਨ ਸੁ ਕਾਮ ਗੁਰੁ[1] ਤੂਰਨ[2] ਚਲੇ ਤਬੈ ॥ ੯੮ ॥

[1]ਕਾਮਨਾ ਪੂਰੀਆਂ ਕਰਨ ਵਾਲੇ ਸਤਿਗੁਰੂ। [2]ਛੇਤੀ।

ਤਰਨ ਸੁ ਤਾਰਨ ਖੰਡੂਰ ਗੋਇੰਦਵਾਲ ਆਦਿ,
ਕਰ ਕੈ ਨਿਹਾਲ ਕਰਤਾਰ ਪੁਰ ਜੌ ਗਏ।
ਸੁਨਿ ਗੁਰੁ ਆਗਮ ਦਰਸ ਹਿਤ ਆਏ ਸਿਖ,
ਗਾਮ ਮੀਰ ਵਹਿੜ ਕੇ[1] ਪਠਾਨ ਹਿਤ ਠਾਂ ਅਏ।

[1]ਵਹਿੜ ਕੇ ਮੀਰ ਪਿੰਡ।

ਪੈਦੇ ਖਾਂ ਪਠਾਨ ਜਵਾਨ ਪਹਿਲਵਾਨ ਰਾਖਜੋ ਗੁਰੁ,
ਔਰ ਭੀ ਮੁਲਾਜ਼ਮ[1] ਦਸਕ ਜਵਾਨ ਹੈਂ ਕਏ।

[1]ਨੌਕਰ।

ਚਲ ਕੈ ਤਹਾਂ ਤੇ ਭਵ ਪਾਰ ਕੇ ਕਰਨਹਾਰ[1],
ਸਤਲੁਜ ਪਾਰ ਹ੍ਵੈ ਡਰੋਲੀ ਗਾਮ ਮੈਂ ਗਏ ॥ ੯੯ ॥

[1]ਸੰਸਾਰ ਤੋਂ ਪਾਰ ਕਰਨ ਵਾਲੇ।

ਦੰਪਤਿ ਕੀ ਵਾਸ਼ਨਾ ਸਸੰਪਤਿ[1] ਪੂਰਨ ਕਰਿ,
ਤੂਰਨ ਅਕੰਪਤ[1] ਸੁ ਦਏ ਫਲ ਚਾਰ ਹੈਂ।

[1]ਸਮੱਗ੍ਰੀ ਸਣੇ।
[1]ਕਾਇਮ ਰਹਿਣ ਵਾਲੇ।

ਤਾਂਹੀ ਸਮੈਂ ਸੁੱਧੂ ਨਾਮ ਤਰਖਾਨ ਸੁਲਤਾਨੀ,
ਡੋਲਾ ਲੀਏ ਜਾਤ ਸਿਖ ਸੁਤਾ ਕੋ ਉਦਾਰ ਹੈ।
ਸੁਨਿ ਕੀਰਤਨ ਧੁਨੀ ਸਿਖ ਸੁਤਾ ਡੋਰਾ ਛੋਰਾ,
ਆਈ ਗੁਰੁ ਪਾਸ ਹੇਤ ਦਰਸ ਵਿਚਾਰ ਹੈ।
ਪੇਖਿ ਪਤੀ ਕੋਪਜੋ ਤਾਂਹਿ ਆਯੋ ਗੁਰੁ ਸਭਾ ਮਾਂਹਿ,
ਫਿਰਜੋ ਮਨ ਵਾਹਿ ਭਯੋ ਗੁਰੁ ਸਿਖ ਸਾਰ[1] ਹੈ
॥ ੧੦੦ ॥

[1]ਸ੍ਰੇਸ਼ਟ, ਉੱਤਮ।

ਜਾਇ ਨਿਜ ਘਰ ਤਾਂਹਿ ਪੀਰ ਖਾਨਾ[1] ਦਯੋ ਢਾਹਿ,
ਸੁਲਤਾਨ ਕੇਰ ਆਹਿ ਹੁਤੋ ਤਾਂ ਕੇ ਘਰ ਹੈ।
ਰੂਪ ਚੰਦ ਪੂਤ ਤਾਂ ਕੇ ਘਰ ਮੈਂ ਸਪੂਤ ਭਯੋ,
ਭਾਈ ਕਾ ਖਿਤਾਬ ਤਾਂਹਿ ਲੀਨੋ ਸੇਵ ਕਰ ਹੈ[1]।
ਜਾਂਹਿ ਕੀ ਸੰਤਾਨ ਹੈ ਜਹਾਨ ਮੈਂ ਮਹਾਨ ਅਬਿ,
ਭਾਈ ਰੂਪੇ ਕੇ ਪੁਮਾਨ ਜੈਂ ਬਖਾਨ ਕਰਿ ਹੈਂ।
ਦੇਸ ਮਾਲਵੇ ਮੈਂ ਤਾਰ ਸਿਖਨ ਅਪਾਰ ਗੁਰੁ,
ਕਰ੍ਹੇ ਨਾਮ ਗ੍ਰਾਮ ਥਿਰੇ ਜਾਇ ਮੋਦ ਭਰ ਹੈਂ
॥ ੧੦੧ ॥

[1]ਸੁਲਤਾਨ ਪੀਰ ਦਾ ਮੰਦਰ।

[1]ਜਿਨ੍ਹਾਂ ਨੂੰ {ਪੁਮਾਨ} ਲੋਕ ਭਾਈ ਰੂਪੇ ਕੇ ਕਹਿੰਦੇ ਹਨ।

ਤਹਾਂ ਤੈ ਪਹੋਏ, ਕੁਰੁਖੇਤ੍ਰ ਹ੍ਵੈ ਕਰਨਾਲ,
ਗਢ-ਮੁਕਤੇਸ਼੍ਵਰ, ਭਗੀਰਥੀ[1] ਨਹਾਇ ਕੈ। [1]ਗੰਗਾ ਵਿੱਚ।
ਜਾਇ ਕੈ ਨਾਨਕ ਮਤੇ ਗੁਰੂ ਜੀ ਸਮੋਦ ਅਤੇ[1], [1]ਬਹੁਤੇ ਅਨੰਦ ਸਹਿਤ।
ਜੋਗੀਓਂ ਪੈ ਪਾਈ ਫਤੇ ਗਤੇ ਦਾਨ ਭਾਇ ਕੈ[1]। [1]ਮੁਕਤੀ ਦਾਤਾ ਗੁਰੂ ਜੀ ਨੇ ਚੰਗੀ ਤਰ੍ਹਾਂ।
ਕੁਛ ਧਮਕਾਇ ਕਰਾਮਾਤ ਦਿਖਰਾਇ ਗੁਰੁ,
ਹਰਾ ਕੀਓ ਪੀਪਰ ਚੰਦਨ ਛਿਟਕਾਇ ਕੈ।
ਜਾਂਹਿ ਕੈ ਨਿਸ਼ਾਨੀ ਪਾਤ ਪਾਤ ਪੈ[1] ਬਖਸਾਤ, [1]ਪੱਤੇ ਪੱਤੇ 'ਤੇ।
ਅਬਿ ਹੂੰ ਲੌ ਦੇਖੀ ਜਾਤ ਹੈ, ਸੁਹਾਤ ਸੁਖਦਾਇ ਕੈ
॥ ੧੦੨ ॥
ਦੋਹਰਾ:
ਚਲ ਕਰਿ ਨਾਨਕ ਮਤੇ ਸੈਂ,
ਮਗ ਲੋਗਨ ਕੋ ਤਾਰ।
ਪੁਨਾ ਡਰੋਲੀ ਗਾਮ ਮੈਂ,
ਆਏ ਗੁਰ ਸੁਖਕਾਰ ॥ ੧੦੩ ॥
ਚੌਪਈ:
ਗੰਗ ਮਾਤ ਲੌ ਸਬਿ ਪਰਵਾਰੂ।
ਹੁਤੋ ਤਹਾਂ ਨਿਜ ਲਯੋ ਸੰਗਾਰੂ[1]। [1]ਨਾਲ।
ਸਿੱਖਨ ਕੋ ਮਗ ਮੈਂ ਜਗਿ ਤਾਰਤ।
ਦੈ ਉਪਦੇਸ਼ ਕਲੇਸ਼ ਬਿਦਾਰਤ[1] ॥ ੧੦੪ ॥ [1]ਨਾਸ ਕਰਦੇ।
ਅਏ ਸੁਧਾਸਰ ਗੁਰੁ ਸੁਖ ਧਾਮੂੰ।
ਸਿੱਖ ਸੇਵਕ ਆ ਮਿਲੇ ਤਮਾਮੂੰ।
ਪਿਖਿ ਇਕੰਤ ਭਗਵੰਤਹਿ ਤਾਂਈ।
ਕੌਲਾਂ ਗਹੇ ਕਵਲ ਪਗ[1] ਆਈ ॥ ੧੦੫ ॥ [1]ਚਰਨ ਕੰਵਲ।
ਦੁਖ ਬਯੋਗ ਕੇ[1] ਅਧਿਕ ਉਚਾਰੇ। [1]ਵਿਛੋੜੇ ਦੇ।
ਨੈਨ ਨੀਰ ਸੋਂ ਪਾਦ ਪਖਾਰੇ[1]। [1]ਚਰਨ ਧੋ ਦਿੱਤੇ।
ਪ੍ਰੇਮ ਬਿਵੱਸ ਜਨ ਹ੍ਵੈ ਕਰਿ ਬੌਰੀ[1]। [1]ਝੱਲੀ, ਸ਼ੁਦਾਇਣ।
ਖਿਰੇ ਕਵਲ ਪਰ ਲਪਟੀ ਭੌਰੀ ॥ ੧੦੬ ॥
ਮਨ ਮੈ ਗਿਨਤ ਧੰਨਜ ਦਿਨ ਆਜੂ।
ਮਨੋ ਰੰਕ ਨਿਧਿ ਪਾਯੋ ਰਾਜੂ[1]। [1]ਜਾਣੋ ਕੰਗਾਲ ਨੇ ਰਾਜ ਦਾ ਖ਼ਜ਼ਾਨਾ ਪਾ ਲਿਆ।
ਇਕ ਟਕ ਲੈਤ ਰੂਪ ਰਸ ਗੋਰੀ[1]। [1]ਇਸਤ੍ਰੀ (ਕੌਲਾਂ)।

ਜਨ ਪੂਨਜੋ ਸਸਿ ਲਹਾ[1] ਚਕੋਰੀ ॥ ੧੦੭ ॥
ਦੈ ਧੀਰਜ ਗੁਰੁ ਆਨੰਦ ਦੀਨੋ।
ਗਜਾਨ ਦਿਢਾਇ ਸ਼ੋਕ ਸਬਿ ਛੀਨੋ।
ਮੋਦ ਹੋਇ ਕੌਲਾਂ ਘਰ ਗਈ।
ਸੁਖ ਸੋਂ ਕਾਲ ਬਿਤਾਵਤ ਭਈ ॥ ੧੦੮ ॥
ਸਤਿਗੁਰ ਲਾਇ ਦਿਵਾਨ ਹਮੇਸੈਂ।
ਸਿੱਖਨ ਕੋ ਸੁਖ ਦੇਤ ਬਿਸੇਸੈਂ।
ਭੋਜਨ ਮਾਤ ਗੰਗ ਢਿਗ ਪਾਵੈਂ।
ਨਿਜ ਮਹਿਲਨ ਮੈ ਨਿਸਾ ਬਿਤਾਵੈਂ ॥ ੧੦੯ ॥
ਠੌਰ ਠੌਰ ਸੁਭਟਨ ਕੇ ਪਹਿਰੇ।
ਖਰੇ ਰਹੈਂ ਭਰਿ ਆਨੰਦ ਗਹਰੇ।
ਹੋਇ ਸਵੇਰ ਅਖੇਰ[1] ਸਿਧਾਵੈਂ। [1]ਸ਼ਿਕਾਰ।
ਸ਼ਸਤ੍ਰ ਬਿਦਯਾ ਬਹੁ ਬਿਰਧਾਵੈਂ ॥ ੧੧੦ ॥
ਪਹਿਲਵਾਨ ਪੈਂਦੇ ਖਾਂ ਆਦੀ।
ਕੁਸ਼ਤੀ[1] ਦਿਖਰਾਵੈਂ ਨਿਤ ਸ਼ਾਦੀ[2]। [1]ਘੋਲ। [2]ਖ਼ੁਸ਼ੀ ਨਾਲ।
ਸੂਰਬੀਰ ਜੋ ਆਏ ਬਹਾਦਰ।
ਗੁਰੁ ਨਿਜ ਢਿਗ ਰਾਖੈਂ ਤਿਹ ਸਾਦਰ ॥ ੧੧੧ ॥
ਰਾਠ[1] ਧਾਰਵੀ[2] ਲੋਗ ਅਪਾਰੈਂ। [1]ਰਾਜਪੂਤਾਂ ਦੀ ਇਕ ਜਾਤੀ। [2]ਡਾਕੂ।
ਖੁਸ਼ ਹ੍ਵੈ ਗੁਰੁ ਢਿਗ ਦਿਵਸ ਗੁਜ਼ਾਰੈਂ।
ਬਸਤਰ ਸ਼ਸਤਰ ਅਸਵ ਅਮੋਲੇ।
ਬਖਸ਼ੈਂ ਗੁਰੁ ਸਬਿ ਤਈਂ ਅਡੋਲੇ ॥ ੧੧੨ ॥

ਦੋਹਰਾ:
ਬਢੈ ਹੌਸਲਾ ਸਿੱਖਨ ਕਾ,
ਬਾਂਛਿਤ ਗੁਰੁ ਤੈ ਪਾਇ।
ਰੌਣਕ ਭੀਰ ਅਪਾਰ ਨਿਤ,
ਗੁਰੁ ਦਰਵਾਰ ਰਹਾਇ ॥ ੧੧੩ ॥

ਚੌਪਈ:
ਸਿਖ ਦਰਗਾਹੀ ਮੱਲ, ਭੰਡਾਰੀ।
ਸੰਤੂ, ਮਨਸਾਰਾਮ, ਬਿਹਾਰੀ।
ਤਖਤੂ, ਤੀਰਥ, ਉੱਪਲ[1] ਬੂਲਾ। [1]ਗੋਤ।

ਨਿਵਲਾ, ਫੱਤੂ, ਨਿਹਾਲੂ, ਮੂਲਾ ॥੧੧੪॥
ਪਰਸਰਾਮ, ਬਨਵਾਲੀ, ਕਾਲਾ।
ਭਗਤੂ, ਭੱਲਨ, ਭਾਰਾ, ਮਾਲਾ।
ਜੱਟੂ, ਕਲਮਾਨਾ, ਪੈਰਾਗਾ।
ਰਾਊ, ਰਤਨਾ, ਪਹਿਲੂ, ਸਾਗਾ ॥੧੧੫॥
ਸਿੰਘਾ, ਜਾਤੀ ਮਲਕ, ਪਿਰਣਾ।
ਜੇਠਾ, ਪੈੜਾ, ਬਾਬਕ, ਭਾਣਾਂ।
ਬਿਧੀ ਚੰਦ, ਪੈਂਦੇ ਖਾਂ, ਭੂਰਾ।
ਇਤਯਾਦਕ ਸਿਖ ਰਹੈਂ ਹਜੂਰਾ ॥੧੧੬॥
ਸਬਿ ਹੀ ਸੂਰਬੀਰ ਬਡ ਜੋਧੇ।
ਛਕੇ[1] ਬੀਰ ਰਸ ਬਕੇਂ ਸਬੋਧੇ[2]। [1]ਭਰੇ ਹੋਏ। [2]ਵਿਚਾਰ ਨਾਲ ਬੋਲਦੇ ਹਨ।
ਸ਼ਸਤ੍ਰ ਬਿਦਜਾ ਮੈ ਸਬ ਪੂਰਨ।
ਪਰੇ ਜੰਗ ਤੌ ਜੀਤੈਂ ਤੂਰਨ ॥੧੧੭॥
ਅਰਜਨ, ਭੀਮ, ਕਰਣ ਸਮ ਸਾਰੇ।
ਗੁਰੂ ਸਹੀ ਕ੍ਰਿਸ਼ਨਾ ਅਵਤਾਰੇ।
ਪ੍ਰਗਟ ਗੁਪਤ ਜੀਵਤ ਜਗ ਜੇਤੇ।
ਮਾਨਤ ਹੁਕਮ ਗੁਰੂ ਕਾ ਤੇਤੇ ॥੧੧੮॥
ਦੌਲਤ ਦੀਨੀ[1] ਔਂ ਦੁਨੀਆਵੀ। [1]ਧਰਮ ਦੀ ਭਾਵ ਸ਼ੁਭ ਗੁਣਾਂ ਦੀ।
ਗੁਰੁ ਘਰ ਮਾਂਹਿ ਸੁ ਆਹਿ ਅਮਾਵੀ[1]। [1]ਗਿਣਤੀ ਤੋਂ ਰਹਿਤ।
ਪਤਨੀ ਤ੍ਰੈ ਘਰ ਜਨ ਤ੍ਰੈ ਸ਼ਕਤੀ।
ਧਰੇ ਮਨੋ ਤਨ ਪਤਿ ਹਿਤ ਭਗਤੀ[1] ॥੧੧੯॥ [1]ਪਤੀ ਦੀ ਸੇਵਾ ਵਾਸਤੇ।
ਚਾਰ ਪੂਤ ਸਮ ਚਾਰੁ ਪਦਾਰਥ।
ਬਿਹਰਤ[1] ਘਰ ਮੈਂ ਆਨਦ ਸਾਰਥ[2]। [1]ਖੇਡਦੇ ਫਿਰਦੇ ਹਨ। [2]ਅਨੰਦ ਸਹਿਤ।
ਮੰਗਲ ਮੈਂ ਨਿਸ ਦਿਵਸ ਬਿਤਾਂਹੀ।
ਸਬਿ ਬਿਧਿ ਸੁਖ ਗੁਰੂ ਘਰ ਆਹੀ ॥੧੨੦॥
ਇਕ ਦਿਨ ਗੁਰੁ ਆਇਸ[1] ਲੈ ਕੌਲਾਂ। [1]ਆਗਿਆ।
ਗਮਨੀ ਮਹਿਲਨ[1] ਸਿੰਮ੍ਰਤ ਮੌਲਾ। [1]ਗੁਰੂ ਕੇ ਮਹਿਲਾਂ (ਘਰ) ਵਿੱਚ।
ਮਾਤ ਗੰਗ ਕੇ ਪਗ ਸਿਰ ਧਾਰਾ।
ਦੀਨ ਅਸੀਸ ਕੀਨ ਸਿਤਕਾਰਾ ॥੧੨੧॥
ਪੁਨ ਗੁਰੁ ਪਤਨੀ ਤੀਨਹੁ ਤਾਂਈ।

ਬੰਦਨ ਕਰੀ ਮਿਲੀ ਮੁਦ ਪਾਈ।
ਹਿਤ ਸੋਂ ਪਰਸਪਰ[1] ਬਾਤੈਂ ਕੀਨੀ। [1]ਆਪਸ ਵਿੱਚ।
ਕੌਲਾਂ ਸਬਿਨਿ ਬਧਾਈ ਦੀਨੀ ॥ ੧੨੨ ॥
ਖੇਲਤ ਸਾਹਿਬਜ਼ਾਦੇ ਚਾਰੋਂ।
ਗੁਰਦਿੱਤਾ ਮਲ, ਅਟਲ ਉਦਾਰੋ।
ਬੀਬੀ ਬੀਰੋ ਦੇਵੀ ਮਾਨੋ।
ਯਹਿ ਦਮੋਦਰੀ ਕੇ ਤ੍ਰੈ ਜਾਨੋ ॥ ੧੨੩ ॥
ਸੂਰਜ ਮੱਲ ਗੋਦ ਮਰਵਾਹੀ।
ਅਨੀਰਾਇ ਸੁਤ ਨਾਨਕੀ ਆਹੀ।
ਕੌਲਾਂ ਸਬਿਨਿ ਪੇਖਿ ਮੁਦ ਮਾਨਾ।
ਲੈ ਲੈ ਗੋਦ ਪਜ਼ਾਰ ਬਹੁ ਠਾਨਾਂ ॥ ੧੨੪ ॥
ਜਥਾ ਜੋਗ ਧਨ ਕੀਨ ਨਿਛਾਵਰ[1]। [1]ਵਾਰਨਾ ਕੀਤਾ।
ਦਾਸੀ ਦਾਸਨ ਦਯੋ ਉਤਾਵਰ[1]। [1]ਛੇਤੀ।
ਸਬਿ ਸੋਂ ਕੌਲਾਂ ਕਰਤਿ ਸਨੇਹੂ।
ਮਨ ਮੈਂ ਕਹਿ ਬਡਭਾਗਨਿ ਏਹੂ ॥ ੧੨੫ ॥
ਜਗਤ ਪੂਜਜ ਪਤਿ ਪਾਯੋ ਸੁੰਦਰ।
ਸਰਬ ਸ਼ਕਤਿ ਮਤ ਗੁਨ ਗਨ ਮੰਦਰ।
ਧੰਨਜ ਜਨਮ ਇਨ ਤੀਨੋ ਕੇਰੇ।
ਪਤਿ ਸੁਤ ਧਨ ਸੁਖ ਸਬਿ ਜਿਨ ਹੇਰੇ ॥ ੧੨੬ ॥
ਅਹੋ ਅਭਾਗਨਿ ਮੈ ਹੂੰ ਰਹੀ।
ਨਹਿਂ ਔਲਾਦ ਪੀਰ ਤੈ ਲਈ।
ਪ੍ਰੀਤਿ ਭੀ ਮੇਰੀ ਪੀਰ ਨ ਚੀਨੀ।
ਭੇਦ ਰਖਜੋ ਲਖ ਜਾਤਿ ਮਲੀਨੀ ॥ ੧੨੭ ॥
ਕੌਲਾਂ ਤਬਿ ਮਨ ਐਸ ਬਿਸੂਰਤ[1]। [1]ਝੂਰਦੀ।
ਸਬਿ ਕੋ ਬੰਦਿ ਉਠੀ ਦੁਖਿ ਪੂਰਤ।
ਦ੍ਰਿਗ ਜਲ ਡਾਰਤ ਨਿਜ ਘਰ ਆਈ।
ਸੁੰਦਰ ਜ਼ੇਵਰ ਬਸਨ ਬਿਹਾਈ[1] ॥ ੧੨੮ ॥ [1]ਲਾਹ ਦਿੱਤੇ।
ਅਵਨਿ[1] ਸੈਨ ਕਰਿ ਨੈਨ ਸਨੀਰਾ। [1]ਧਰਤੀ ਤੇ।
ਖਾਨ ਪਾਨ ਤਜਿ ਪਰੀ ਅਧੀਰਾ।
ਦਾਸੀ ਰਹੀ ਬੂਝ ਰਿਸ ਕਾਰਨ।

ਨਾਂਹਿ ਕਾਂਹਿ ਕਿਛ ਕਰੈ ਉਚਾਰਨ ॥੧੨੯॥
ਸਫਰੀ ਜਯੋ[1] ਤਰਫਤ ਨਿਸ ਕਾਟੀ। [1]ਮੱਛੀ ਵਾਂਗ।
ਗੁਰੁ ਮੂਰਤਿ ਉਰ ਮੈਂ ਦਿਢ ਥਾਟੀ[1]। [1]ਪੱਕੀ ਤਰ੍ਹਾਂ ਟਿਕਾ ਲਈ।
ਇਤ ਨਿਤ ਗੁਰੁ ਨਿਸ ਬਡੀ ਜਗੰਤੇ।
ਸੋਚ ਨ੍ਹਾਨ ਕਰਿ ਧਜਾਨ ਧਰੰਤੇ ॥੧੩੦॥
ਤਾਂ ਦਿਨ ਨਿਜਾਨੰਦ ਮੈ ਬ੍ਰਿਤੀ।
ਥਿਰ ਨਹਿ ਹੋਇ ਰਹੈ ਉਤ ਫਿਰਤੀ।
ਖੈਂਚ ਪ੍ਰੇਮ ਨੇ ਕੀਨ ਮਹਾਨਾ।
ਧਰਿ ਉਰਿ ਧਜਾਨ ਤਬੈ ਗੁਰੁ ਜਾਨਾ ॥੧੩੧॥
ਈਸ਼੍ਵਰ ਸੰਤ ਪ੍ਰੇਮ ਕੇ ਬਸ ਹੈਂ।
ਨੇਮ ਪ੍ਰੇਮ ਆਗੇ ਸਭਿ ਨਸ ਹੈਂ।
ਸਵਰੀ[1] ਕਰਮਾ ਬਾਈ[2], ਮੀਰਾਂ[3]। [1]ਭੀਲਣੀ, ਮਤੰਗ ਰਿਖੀ ਦੀ ਚੇਲੀ, ਜੋ ਪੰਪਾ ਸਰ ਦੇ ਕਿਨਾਰੇ ਰਹਿੰਦੀ ਸੀ। ਇਸ ਦੇ ਪ੍ਰੇਮ ਵਸ ਹੋ ਕੇ ਰਾਮ ਚੰਦਰ ਜੀ ਨੇ ਜੂਠੇ ਬੇਰ ਖਾਧੇ ਸਨ। [2]ਦੱਖਣ ਦੇ ਖਾਜਲ ਗ੍ਰਾਮ ਨਿਵਾਸੀ ਪੰਡਿਤ ਪਰਸਰਾਮ ਦੀ ਪੁੱਤਰੀ ਜੋ ਵਿਸ਼ਨ ਭਗਤੀ 'ਚ ਲੀਨ ਰਹਿੰਦੀ ਸੀ। ਇਸ ਦੀ ਖਿਚੜੀ ਖਾਣ ਲਈ ਜਗਨ ਨਾਥ ਜੀ ਖੁਦ ਗਏ ਸਨ। ਇਸ ਦਾ ਅਸਥਾਨ ਬ੍ਰਿੰਦਾਬਨ ਵਿੱਚ ਹੈ। ਜਗਨ ਨਾਥ ਪਾਸ ਵੀ ਇਸ ਦਾ ਮੰਦਰ ਹੈ। [3]ਰਾਜਾ ਰਤਨ ਸਿੰਘ ਰਾਠੌਰ 'ਮੇਰਤਾ' ਦੇ ਰਾਜੇ ਦੀ ਪੁੱਤਰੀ, ਇਸ ਦਾ ਜਨਮ ੧੫੪੮ ਬਿ: ਵਿੱਚ ਹੋਇਆ। ਮੇਵਾਰ ਦੇ ਰਾਜ ਕੁਮਾਰ ਭੋਜਰਾਜ ਨਾਲ ਜੋ ਚਤੌੜ ਦੇ ਰਾਜੇ ਰਾਣਾ ਸਾਂਗਾ ਦਾ ਪੁੱਤਰ ਸੀ, ਸੰਮਤ ੧੫੭੩ ਬਿ: ਵਿੱਚ ਸ਼ਾਦੀ ਹੋਈ। ਘਰ 'ਚ ਅਜੋੜ ਰਿਹਾ ਕਿਉਂਕਿ ਰਾਣਾ ਦੁਰਗਾ ਭਗਤ ਸੀ ਤੇ ਇਹ ਕ੍ਰਿਸ਼ਨ ਉਪਾਸ਼ਕ ਸੀ। ਪਤੀ ਦੇ ਮਰਨ ਬਾਦ ਮੀਰਾਂ ਤੀਰਥ ਯਾਤ੍ਰਾ ਕਰਦੀ ਹੋਈ ਦਾ ਦੁਆਰਕਾ ਵਿੱਚ ੧੬੦੩ ਬਿ: ਵਿੱਚ ਦੇਹਾਂਤ ਹੋ ਗਿਆ।
ਗਨਕਾ[1], ਦ੍ਰੁਪਤ ਸੁਤਾ[2], ਅਹੀਰਾਂ[3] ॥੧੩੨॥ [1]ਉਹ ਵੇਸਵਾ ਜੋ ਤੋਤੇ ਨੂੰ ਰਾਮ ਨਾਮ ਪੜ੍ਹਾਉਂਦੀ ਨਾਮਰਸ 'ਚ ਲਗ ਕੇ ਮੁਕਤ ਹੋਈ। [2]ਦ੍ਰੌਪਤੀ। [3]ਗੋਪੀਆਂ।

ਜਿਨ ਕੀ ਕਥਾ ਪੁਰਾਨਨ ਗਾਈ।
ਸੋਊ ਬਨੀ ਈਹਾਂ ਅਬਿ ਆਈ।
ਪ੍ਰਿਯਾ[1] ਪ੍ਰੀਤਿ ਬਸ ਬਜਾਕੁਲ ਭਾਰੀ। [1]ਪਿਆਰੀ (ਕੌਲਾਂ) ਦੀ।
ਸਹਿ ਨਹਿ ਸਕੇ ਗੁਰੂ ਸੁਖਕਾਰੀ ॥੧੩੩॥
ਸ਼ੀਘਰ ਚੱਲ ਕੌਲਾਂ ਗ੍ਰਹਿ ਗਏ।
ਕੌਲਾਂ ਕਵਲ ਨੈਨ ਦਰਸਏ[1]। [1]ਗੁਰੂ ਜੀ ਦੇ ਦਰਸ਼ਨ ਕੀਤੇ।

ਹਰਨੀ ਦ੍ਰਿਗ ਤਰਨੀ ਪਰ ਧਰਨੀ[1]।

[1]ਹਰਨੀ (ਵਰਗੇ) ਨੇਤ੍ਰਾਂ ਵਾਲੀ ਇਸਤ੍ਰੀ (ਕੌਲਾਂ) ਧਰਤੀ 'ਤੇ ਪਈ ਹੈ।

ਚੰਪਕ ਬਰਨੀ ਪਰੀ ਬਿਵਰਨੀ[1] ॥ ੧੩੪ ॥

[1]ਚੰਬੇ ਦੇ ਫੁੱਲ ਦੇ ਰੰਗ ਵਰਗੀ (ਕੌਲਾਂ) ਕੁਮਲਾਈ ਪਈ ਹੈ।

ਦੈ ਧੀਰਜ ਗੁਰੁ ਬੁਝਨ ਕੀਨੀ।
ਬੰਦਨ ਕਰਿ ਕੌਲਾਂ ਹ੍ਵੈ ਦੀਨੀ।
ਕਹਯੋ ਸਰਬ ਬਿਧਿ ਤੁਮ ਸਮਰੱਥ।
ਧਰਯੋ ਪੁਨਾ ਦਾਸੀ ਸਿਰ ਹੱਥ ॥ ੧੩੫ ॥
ਲੋਗਨ ਕੀ ਇਛਾ ਸਭਿ ਪੂਰਤ।
ਆਵੈ ਸ਼ਰਣ ਸੁ ਨੇਕ ਅਰ ਧੂਰਤ[1]।

[1]ਛਲੀਆ, ਠੱਗ।

ਔਰ ਸਰਬ ਸੁਖ ਜਯੋਂ ਮੁਹਿ ਦਏ।
ਜਨਮ ਮਰਨ ਕੇ ਬੰਧਨ ਟਏ[1] ॥ ੧੩੬ ॥

[1]ਟਾਲੇ ਭਾਵ ਦੂਰ ਕੀਤੇ।

ਪੂਰਬ ਪੁੰਨਜ ਜਗਜ[1] ਕੋ ਭਾਰਾ।

[1]ਜਾਗਿਆ ਹੈ।

ਤਾਂ ਤੇ ਦਾਮਨ[1] ਗਹਯੋ ਤੁਮਾਰਾ।

[1]ਪੱਲਾ।

ਤੀਨੋ ਮਹਲਨ ਕੋ ਸੁਤ ਜੈਸੇ।
ਦਏ ਏਕ ਬਖਸ਼ੋ ਮੋਹਿ ਤੈਸੇ ॥ ੧੩੭ ॥
ਜਾਂ ਤੇ ਜਗ ਮੈ ਨਾਮ ਰਹਾਹੀ।
ਗੁਰੂ ਕਹਯੋ ਤੈਂ ਮਾਂਗਯੋ ਕਿਸਾਹੀ[1]।

[1]ਕਿਸ ਤਰ੍ਹਾਂ ਦੀ (ਮੰਗ) ਮੰਗੀ ਹੈ।

ਬਿਤ ਸੁਤ ਲੌ ਜਗ ਕੂਰ ਪਸਾਰਾ।
ਕਯੋਂ ਨ ਸੰਭਾਲਤ ਆਗਲ ਦ੍ਵਾਰਾ[1] ॥ ੧੩੮ ॥

[1]ਪ੍ਰਲੋਕ।

ਕਹਾਂ ਪੁਤ੍ਰ ਤੇ ਕਾਰਜ ਸਰ ਹੈਂ।
ਛੋਰ ਚਲੈਂ ਏਕਲ ਜਬ ਮਰ ਹੈਂ ॥ ੧੩੯ ॥

ਦੋਹਰਾ:

ਤੌ ਭੀ ਸਾਚੀ ਪ੍ਰੀਤਿ ਤੈਂ,
ਜੈਸ ਕਰੀ ਹਮ ਸੰਗ।
ਨਾਮ ਰਖਨ ਜਗ ਮੈ ਚਹਯੋ,
ਦੈ ਹੈਂ ਪੁਤ ਅਭੰਗ[1] ॥ ੧੪੦ ॥

[1]ਨਾਸ ਨਾ ਹੋਣ ਵਾਲਾ।

ਚੌਪਈ:

ਨਾਮ ਤੋਰ ਪਰ ਤਾਲ ਲਗੈ ਹੈਂ।
ਜਾਂ ਤੇ ਨਾਮਿ ਤੋਰਿ ਸਦ ਰੈਹੈ।
ਸੁਜੱਸ ਪੁੰਨਜ ਤੁਵ ਨਾਮ ਬਿਸੇਸੈਂ।

ਬਿਦਤ[1] ਹੋਇ ਹੈ ਦੇਸ ਬਿਦੇਸੈਂ ॥ ੧੪੧ ॥ [1]ਪ੍ਰਗਟ, ਮਸ਼ਹੂਰ।
ਯਹਿ ਸੁਨਿ ਕੌਲਾਂ ਅਤਿ ਹਰਖਾਈ[1]। [1]ਬਹੁਤ ਖ਼ੁਸ਼ ਹੋਈ।
ਤਾਲ ਬਿਸਾਲ ਦਯੋ ਗੁਰੁ ਲਾਈ।
ਜੋ ਅਬਿ ਹੈ ਅੰਮ੍ਰਿਤਸਰ ਮਾਂਹੀ।
ਸਬਿ ਲੋਗਨ ਮੈਂ ਬਿਦਤ ਮਹਾਂਹੀ ॥ ੧੪੨ ॥
ਸੋਲਾਂ ਸੈ ਤਿਰਾਸੀਏ ਸਾਲੈਂ।
ਭਈ ਗਾਥ ਯਹਿ ਲਖੋ ਬਿਸਾਲੈਂ।
ਰਾਮੇਂ ਕੇ ਘਰ ਨਗਰ ਬਟਾਲੈ।
ਗੁਰਦਿੱਤੇ ਕਾ ਬਜਾਹ ਬਿਸਾਲੈ ॥ ੧੪੩ ॥
ਕਰਕੈ ਮਾਤ ਗੰਗ ਤਨ ਛੋਰਾ।
ਇਸੀ ਸਾਲ ਮੈਂ ਲਖੋ ਬਹੋਰਾ।
ਭਾਈ ਮਿਹਰਾ ਗੁਰੁ ਸਿਖ ਭਾਰਾ।
ਹੁਤੋ ਪ੍ਰੇਮੀ ਅਧਿਕ ਉਦਾਰਾ ॥ ੧੪੪ ॥
ਤਿਸਨੇ ਬਡ ਇਕ ਧਾਮ ਰਚਯੋ।
ਤਾਹਿਂ ਚੱਠ ਪਰ ਗੁਰਹਿਂ ਲਿਗਯੋ[1]। [1]ਲੈ ਕੇ ਗਿਆ।
ਮਾਤ ਗੰਗ ਸਹਿ ਨਗਰ ਬਕਾਲੇ।
ਤਾਂ ਕੇ ਘਰ ਗੁਰ ਗਏ ਬਿਸਾਲੇ ॥ ੧੪੫ ॥
ਗੰਗ ਮਾਤ ਤਹਿਂ ਗੁਰੁ ਕੋ ਕਹਾ।
ਮੇਰਾ ਤਨ ਛੁਟੇਗੋ ਯਹਾਂ।
ਮਮ ਪਤਿ ਦਾਗ ਲਯੋ ਜਲ ਜੈਸੇ।
ਮਮ ਤਨ ਜਲ ਪ੍ਰਵਾਹਿਯੋ ਤੈਸੇ ॥ ੧੪੬ ॥
ਜੈਸ ਕਹਯੋ ਤੈਸੇ ਗੁਰ ਕਯੋ।
ਬਜਾਸਾ ਮੈਂ ਪ੍ਰਵਾਹ ਤਿਹਿਂ ਦਯੋ।
ਲੌਕਿਕ[1] ਬੈਦਕ[2] ਸਬਿ ਹੀ ਰੀਤੀ। [1]ਸੰਸਾਰਕ। [2]ਧਾਰਮਕ।
ਆਇ ਸੁਧਾਸਰ ਕਰੀ ਸਪ੍ਰੀਤੀ ॥ ੧੪੭ ॥
ਗੁਰੁ ਦੋ ਵਕਤ ਦਿਵਾਨ ਲਗਾਵੈਂ।
ਸੁਨੈ ਸ੍ਰੋਦ[1] ਸ਼ਿਕਾਰ ਸਿਧਾਵੈਂ। [1]ਰਾਗ, ਕੀਰਤਨ।
ਸੂਰਬੀਰ ਜੋ ਗੁਰ ਢਿਗ ਐਹੈਂ।
ਦੈ ਬਹੁ ਦਰਬ ਸਰਬਰਖ ਲੈਹੈਂ ॥ ੧੪੮ ॥
ਸ਼ਸਤ੍ਰ ਬਿਦਜਾ ਸਬਿਨਿ ਸਿਖਾਵੈਂ।

ਕੁਸ਼ਤੀ ਬਹੁਧਾ[1] ਕਰੈਂ ਕਰਾਵੈਂ। [1]ਬਹੁਤ ਤਰ੍ਹਾਂ।
ਪੈਂਦੇ ਖਾਂ ਲੌ ਤੁਰਕ ਜੁਰੈ ਹੈਂ।
ਸਬਿ ਤੈ ਅਧਿਕ ਤਿਨੈ ਗੁਰੁ ਚੈਹੈਂ ॥ ੧੪੯ ॥
ਪੁਨ ਨਿਤ ਪ੍ਰਤਿ ਕੌਲਾਂ ਗ੍ਰਹਿ ਜਾਵੈਂ।
ਰੀਤਿ ਇਹੁ ਪਿਖਿ ਸਿਖ ਖੁਨਸਾਵੈ[1]। [1]ਖਿਝਦੇ ਹਨ।
ਔਰ ਲੋਗ ਕਹਿਂ ਹ੍ਵੈ ਗੁਰੁ ਹਿੰਦੂ।
ਤੁਰਕਨ ਸੌ ਹਿਤ ਰਖਤ ਬੁਲਿੰਦੂ ॥ ੧੫੦ ॥
ਤੁਰਕ ਸੁਤਾ ਘਰ ਮਾਹਿ ਬਸਾਈ।
ਛੋਰ ਗਿਲਾਨੀ ਰਹੈਂ ਤਹਾਂਈ।
ਮਾਰ ਜੀਵ ਬਨ ਤੈ ਨਿਤ ਲਜਾਵੈਂ।
ਦਯਾ ਨ ਮਨ ਮੈਂ ਜਰਾ ਉਪਾਵੈਂ ॥ ੧੫੧ ॥
ਜਮ੍ਹਾਂ ਜਗੀਰੈਂ ਜੰਗੀ ਕਰ ਹੈਂ[1]। [1]ਜੰਗੀ ਸਾਮਾਨ ਇਕੱਠਾ ਕਰ ਰਹੇ ਹਨ।
ਕਹਿਂ ਪਤਿਸ਼ਾਹਨ ਸੋਂ ਹਮ ਲਰ ਹੈਂ।
ਲਰੈਂ ਤੁ ਅਪਨਾ ਆਪ ਗਮੈਂ ਹੈਂ[1]। [1]ਗਵਾ ਲੈਣਗੇ।
ਖਲਕ[1] ਖੁਦਾ ਕੋ ਦੂਖ ਦਿਵੈ ਹੈਂ ॥ ੧੫੨ ॥ [1]ਸ੍ਰਿਸ਼ਟੀ, ਦੁਨੀਆਂ।
ਪੀਰ ਫਕੀਰਨ ਕੀ ਸ਼ੁਭ ਰੀਤੀ।
ਛੋਰ ਗਹੀ ਇਨ ਸਬਿ ਬਿਪ੍ਰੀਤੀ[1]। [1]ਉਲਟੀਗੀਤੀ।
ਯੌਂ ਅਸਿੱਖ ਬਹੁ ਨਿੰਦਾ ਕਰੈਂ।
ਸੁਨਿ ਸਿਖ ਨਾਹਿ ਜਰੈਂ ਲਰ ਪਰੈਂ ॥ ੧੫੩ ॥
ਯੌਂ ਜਬਿ ਪਸਰਜੋ ਨਿੰਦ ਅਪਵਾਦਾ[1]। [1]ਝਗੜਾ।
ਅਰ ਸੰਗਤ ਮੈਂ ਬਢਜੋ ਬਿਬਾਦਾ[1]। [1]ਉਲਟੀ ਚਰਚਾ।
ਤੌ ਜੇਠੇ ਭਾਈ ਗੁਰਦਾਸੈਂ।
ਭਗਤੂ ਆਦਿ ਸਿਖਨ ਮਿਲ ਖਾਸੇਂ ॥ ੧੫੪ ॥
ਬਾਬਾ ਬੁੱਢੇ ਪਾਸ ਉਚਾਰੀ।
ਤੁਮਹੋ ਬਿਰਧ ਗੁਰੁਨ ਸਮ ਭਾਰੀ।
ਗੁਰੁ ਭੀ ਮਾਨਤ ਤੁਮਰੀ ਬਾਤੈਂ।
ਰਾਖਤ ਅਦਬ ਅਧਿਕ ਬਖਜਾਤੈ ॥ ੧੫੫ ॥
ਤੁਮ ਸਮਝਾਵੋ ਗੁਰਹਿਂ ਵਿਚਾਰੀ।
ਹੋਇ ਹੋਇ ਨਿੰਦ ਜਾਂ ਤੇ ਜਗ ਭਾਰੀ।
ਬਡੇ ਪੁਰਖ ਸੋ ਕਰਮਨ ਤਯਾਗਤ।

ਜੀਵਨ ਭਲੇ ਹੇਤ ਅਨੁਰਾਗਤ[1] ॥ ੧੫੬ ॥
[1]ਪ੍ਰੇਮ ਕਰਦੇ ਹਨ।

ਜੋ ਜੋ ਕਰਮ ਬ੍ਰਿਧ ਜਨ[1] ਕਰ ਹੈਂ।
[1]ਵੱਡੇ ਪੁਰਸ਼।

ਲਘੁ ਜਨ ਭੀ ਗਨ ਵੈਸ ਅਚਰ ਹੈ[1]।
[1]ਛੋਟੇ ਲੋਕ ਵੀ ਬਹੁਤੇ ਵੈਸਾ ਹੀ ਕੰਮ ਕਰਨ ਲੱਗ ਪੈਂਦੇ ਹਨ।

ਤਾਂ ਤੇ ਗਾਹੈਂ ਬ੍ਰਿਧ ਮਗ ਸੋਈ।
ਜਾਂ ਤੇ ਬਾਲ ਬੁਧਿਨਿ ਭਲ ਹੋਈ[1] ॥ ੧੫੭ ॥
[1]ਜਿਸ ਕਰ ਕੇ ਥੋੜ੍ਹੀ ਬੁੱਧੀ ਵਾਲਿਆਂ ਦਾ ਭਲਾ ਹੋਵੇ।

ਜਦਜਪਿ ਪੀਰ, ਫਕੀਰ, ਭੁਪਾਲਾ।
ਨਿਹਕਲੰਕ ਕਹੀਯਤ ਇਨਿ ਚਾਲਾ।
ਅਰ ਸਮ੍ਰੱਥ ਕੋ ਹ੍ਵੈ ਹੈ ਦੋਸ਼ ਨ।
ਤੌ ਭੀ ਚਹੀਏ ਨਿਜ ਧ੍ਰਮ ਪੋਸਨ[1] ॥ ੧੫੮ ॥
[1]ਪਾਲਣਾ।

ਤੁਰਕ ਤੁਰਕਨੀ ਕਾ ਸੰਗ ਤਜੈਂ।
ਅਪਨੋ ਕਰਮ ਧਰਮ ਦਿਢ ਭਜੈਂ।
ਬ੍ਰਿਧ ਕਹਜੋ ਤੁਮ ਜਿਤਕ ਬਖਾਨਤ।
ਸਾਚ ਸਹੀ ਪੈ ਗੁਰੁ ਸਬਿ ਜਾਨਤ ॥ ੧੫੯ ॥
ਹਮ ਤੁਮ ਜੀਵ ਸਦਾ ਅਲਪੱਗਜ।
ਗੁਰੂ ਈਸ ਬਪੁ[1] ਹੈਂ ਸ੍ਰਬੱਗਜ।
[1]ਸਰੂਪ।

ਅਪਨੀ ਮਰਯਾਦਾ ਰਚਿ ਆਪ।
ਈਸ ਰਹਜੋ ਖੁਦ ਥਾਪ ਉਥਾਪਿ[1] ॥ ੧੬੦ ॥
[1]ਅਸਥਾਪਨ ਕਰ ਕੇ ਆਪ ਹੀ ਮੇਟ ਰਿਹਾ ਹੈ।

ਕ੍ਰਿਸ਼ਨ ਅਨਿਕ ਮਰਯਾਦਾ ਤੋਰੀ।
ਤਜੀ ਬੇਦ ਕੁਲ ਲਾਜ ਬਹੋਰੀ।
ਸੂਰਜ ਕ੍ਰਿਸ਼ਨ ਸਰਬ ਥਾਂ ਲਾਗੇ[1]।
[1]ਜਿਵੇਂ ਸੂਰਜ ਦੀਆਂ {ਕ੍ਰਿਸ਼ਨ} ਕਿਰਨਾਂ (ਚੰਗੀਆਂ ਮਾੜੀਆਂ) ਸਾਰੀਆਂ ਥਾਵਾਂ 'ਚ ਲੱਗਦੀਆਂ ਹਨ।

ਆਗ ਵਿਖੇ ਸਬਿ ਜਰ ਹ੍ਵੈਂ ਆਗੇ[1] ॥ ੧੬੧ ॥
[1](ਅੱਗ ਨਾਲ ਲੱਗਣ ਵਾਲੀਆਂ ਸਾਰੀਆਂ ਕਿਰਨਾਂ) ਅੱਗ ਵਿੱਚ ਸੜ ਕੇ ਅੱਗ ਦਾ ਰੂਪ ਹੀ ਹੋ ਜਾਂਦੀਆਂ ਹਨ।

ਤਜੋਂ ਸਮਰਥ ਕੋ ਦੋਸ਼ ਨਾ ਭਾਈ।
ਜੋ ਕੁਛ ਕਰੈਂ ਲਖੋ ਭਲ ਸਾਈ।
ਤੌ ਭੀ ਤੁਮਰੇ ਕਹੇ ਕਰੈ ਹੈਂ।
ਅਰਜ ਗੁਰੂ ਢਿਗ, ਜੇ ਮੰਨ ਲੈ ਹੈਂ ॥ ੧੬੨ ॥
ਸਮਾਂ ਪਾਇ ਬ੍ਰਿਧ ਨੈ ਕਰ ਜੋਰੀ।
ਬਿਨਤੀ ਗੁਰੁ ਪਹਿ ਕੀਨ ਨਿਹੋਰੀ[1]।
[1]ਝੁਕ ਕੇ, ਨਿਉਂ ਕੇ।

ਰਾਵਰ ਮਰਯਾਦਾ ਕੇ ਪਾਲਕ।

ਆਚਾਰਯ[1] ਸਿੱਖਨ ਕੇ ਮਾਲਕ ॥ ੧੬੩ ॥

[1]ਧਰਮ ਦੇ ਉਪਦੇਸ਼ ਦਾਤਾ।

ਜਿਹ ਹਿਤ ਜਗਤ ਕਰਤ ਅਪਵਾਦੂ[1]।
ਸੰਗਤ ਤਿਨ ਸੋਂ ਰਖਤ ਬਿਵਾਦੂ[1]।
ਸੋਊ ਕਾਮ ਤਜ ਦੀਜੈ ਸ੍ਵਾਮੀ।
ਦੀਜੈ ਸੁਖ ਸਿੱਖਨਿ ਅਭਿਰਾਮੀ[1] ॥ ੧੬੪ ॥

[1]ਨਿੰਦਾ।
[1]ਝਗੜਾ।
[1]ਸੁੰਦਰ।

ਸੁਨਿ ਗੁਰੁ ਕਹਯੋ ਬਚਨ ਬ੍ਰਿਧ ਧਾਰਾ।
ਬ੍ਰਹਮ ਅਸਤ੍ਰ ਰਘੁਵਰ ਸਰ ਭਾਰਾ[1]।

[1]ਬ੍ਰਹਮਾ ਦੇ ਦਿੱਤੇ ਹੋਏ ਸ਼ਸਤ੍ਰ ਅਤੇਰਾਮ ਚੰਦਰ ਦੇ ਤੀਰ ਵਾਂਗ ਤਾਕਤਵਰ ਹੈ।

ਗਯੋ ਨਖਾਲੀ ਦਿਢ ਫਲ ਦੀਓ।
ਅਬਿ ਬਵੇਕ[1] ਜੋ ਚਾਹਿਤ ਕੀਓ ॥ ੧੬੫ ॥

[1]ਧਾਰਮਿਕ ਫ਼ੈਸਲਾ।

ਸੋ ਹਮ ਕਰ ਹੈਂ ਅੰਗੀਕਾਰੇ।
ਗੁਰ ਸਿਖ ਹੈਂ ਮੁਹਿ ਪ੍ਰਾਨ ਪਿਆਰੇ।
ਕੌਲਾਂ ਕਾ ਤਜਾਗਨ ਜੋ ਕੈ ਹੈਂ।
ਸੋ ਬਿਨ ਤਜਾਗੇ ਤਜਾਗੀ ਜੈ ਹੈ ॥ ੧੬੬ ॥

ਪੰਦ੍ਰਾਂ ਦਿਨ ਹੈ ਅਵਧਿ[1] ਰਹਾਈ।
ਨਿਜ ਤਪ ਫਲ ਸਬ ਭੋਗ ਲਗਈ[1]।
ਪੁਨ ਬ੍ਰਿਧ ਕਹਯੋ ਤਾਲ ਲਗਵਾਵੋ।
ਸਰ ਬਬੇਕ* ਤਿਹ ਨਾਮ ਧਰਾਵੋ ॥ ੧੬੭ ॥

[1]ਉਮਰ।
[1]ਲਵੇਗੀ।

*ਬਿਬੇਕ ਪਦ ਸੰਸਕ੍ਰਿਤ ਦੇ ਵਿਵੇਦ ਪਦ ਤੋਂ ਬਣਿਆ ਹੈ ਜਿਸ ਦੇ ਅਰਥ ਹਨ ਵਿਚਾਰਨਾ, ਸਤਿ ਅਸਤਿ ਦਾ ਨਿਰਣਯ, ਬ੍ਰਹਮ ਤੇ ਜਗਤ ਦਾ ਫ਼ਰਕ ਸਮਝਾ ਸਕਣ ਵਾਲਾ ਗਿਆਨ। ਜਾਪਦਾ ਹੈ ਕਿ ਇਸ ਅਸਥਾਨ 'ਤੇ ਏਕਾਂਤ ਬਨ ਵਿੱਚ ਬੈਠ ਕੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਿੱਖਾਂ ਨੂੰ ਬਿਬੇਕ ਜਾਂ ਗਿਆਨ ਦਾ ਉਪਦੇਸ਼ ਕਰਦੇ ਹੁੰਦੇ ਸਨ। ਉਸੇ ਯਾਦਗਾਰ ਵਿੱਚ ਇਥੇ ਬਿਬੇਕ ਸਰ ਸਰੋਵਰ ਬਣਿਆ। ਇਸ ਸਰੋਵਰ ਦੇ ਕਿਨਾਰੇ ਹਮੇਸ਼ਾਂ ਤਿਆਗੀ ਤੇ ਗਿਆਨੀ ਸਿੱਖ ਵਸਦੇ ਰਹੇ ਹਨ। ਮੈਕਾਲਫ਼ ਨੇ ਵੀ ਇਸ ਅਸਥਾਨ ਨੂੰ ਗਿਆਨ ਦਾਨ ਦੀ ਯਾਦਗਾਰ ਲਿਖਿਆ ਹੈ। ਬਿਬੇਕ ਪਦ ਦਾ ਅਰਥ ਤਨਖ਼ਾਹ ਜਾਂ ਦੰਡ ਕੋਸ਼ਾਂ ਵਿੱਚ ਨਹੀਂ ਹੈ। ਇਨ੍ਹਾਂ ਅਰਥਾਂ ਵਿੱਚ ਬਿਬੇਕ ਪਦ ਦਸਮ ਪਾਤਸ਼ਾਹ ਜੀ ਦੇ ਅੰਮ੍ਰਿਤ ਦੀ ਮਰਯਾਦਾ ਤੋਰਨ ਤੋਂ ਵਰਤਿਆ ਜਾਣ ਲੱਗਾ ਹੈ। ਛੇਵੇਂ ਪਾਤਸ਼ਾਹ ਵੇਲੇ ਅਜੇ ਬਿਬੇਕ ਪਦ ਦੇ ਤਨਖ਼ਾਹ ਜਾਂ ਦੰਡ ਅਰਥ ਪ੍ਰਚਲਤ ਨਹੀਂ ਸਨ ਹੋਏ। ਇਸ ਲਈ ਬਿਬੇਕ ਸਰ ਦੇ ਇਹ ਅਰਥ ਕਰਨੇ ਕਿ ਛੇਵੇਂ ਸਤਿਗੁਰਾਂ ਨੂੰ ਕੋਈ ਤਨਖ਼ਾਹ ਲੱਗੀ ਸੀ ਤਾਂ ਸਰੋਵਰ ਬਣਿਆ ਸੀ, ਠੀਕ ਨਹੀਂ ਹਨ। ਭਾਈ

ਗੁਰਦਾਸ ਜੀ ਨੇ ਜੋ ਉਸ ਸਮੇਂ ਮੌਜੂਦ ਸਨ, ਆਪਣੀ ਬਾਣੀ ਵਿੱਚ ਇਸ ਘਟਨਾ ਦਾ ਕਿਤੇ ਪਤਾ ਨਹੀਂ ਦਿੱਤਾ। ਮਹਿਮਾ ਪ੍ਰਕਾਸ਼ ਵਿੱਚ ਵੀ ਬਿਬੇਕ ਸਰ ਦਾ ਇਹ ਪ੍ਰਸੰਗ ਨਹੀਂ ਹੈ।

ਜਾਂ ਤੇ ਰਹੈ ਬਿਦਿਤ ਇਹੁ ਗਾਥਾ।
ਸੁਨਿ ਗੁਰ ਕੀਨ ਵਹੇ ਹਿਤ ਸਾਥਾ।
ਵਤਸਲ ਭਗਤ[1] ਸੁਸੀਲ ਸੁਭਾਊ[2]।
ਗੁਰੁ ਸਮ ਭਯੋ ਨਾ ਹੂੈ ਹੈ ਕਾਊ ॥੧੬੮॥
ਕੀਨੋ ਸੋਊ ਜੋ ਸਿੱਖਨ ਭਾਖਜੋ।
ਅਪਨਾ ਮਾਨ ਨ ਰੰਚਕ ਰਾਖਜੋ।
ਐਸੋ ਸ੍ਵਾਮੀ ਕਰੈ ਸੋ ਸੇਵਨ।
ਮੁਕਤਿ ਭੁਗਤਿ ਜੋ ਚਾਹੈ ਲੇਵਨ ॥੧੬੯॥

[1]ਭਗਤਾਂ ਦੇ ਪਿਆਰੇ। [2]ਚੰਗੇ ਨਰਮ ਸੁਭਾਉ ਵਾਲੇ।

ਦੋਹਰਾ:
ਸੋਲਾਂ ਸਏ ਪਚਾਸੀਏ,
ਸਰ ਬਿਬੇਕ ਕਿਯ ਤਜਾਰ।
ਕੌਲਾਂ ਕੌ ਸਿਤਕਾਰਿ ਕਰਿ,
ਭੇਜਜੋ ਪੁਰ ਕਰਤਾਰ ॥੧੭੦॥
ਕੁਛ ਦਿਨ ਰਹੀ ਬਿਮਾਰ ਤਹਿਂ,
ਗੁਰੁ ਕਰਿ ਜੰਗ ਇਥਾਇ[1]।
ਗਏ ਜਬੈ ਤਹਿਂ ਦਰਸ ਕਰਿ,
ਬਸੀ ਸੁ ਗੁਰਪੁਰ ਜਾਇ* ॥੧੭੧॥

[1]ਏਥੇ (ਅੰਮ੍ਰਿਤਸਰ)।

*ਗਿਆਨੀ ਗਿਆਨ ਸਿੰਘ ਜੀ ਨੇ ਸ੍ਰੀ ਗੁਰੁ ਪੰਥ ਪ੍ਰਕਾਸ਼ ਦੇ ਪੂਰਬਾਰਧ ਦੇ ਤਕਰੀਬਨ ਸਾਰੇ ਪ੍ਰਸੰਗ ਭਾਈ ਸੰਤੋਖ ਸਿੰਘ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ 'ਚੋਂ ਹੀ ਲਏ ਹਨ। ਆਪ ਇਸ ਦਾ ਨਾਮ ਵੀ ਸੰਖੇਪ ਸੂਰਜ ਪ੍ਰਕਾਸ਼ ਹੀ ਰੱਖਣਾ ਚਾਹੁੰਦੇ ਸਨ (ਦੇਖੋ ਸ੍ਰੀ ਗੁਰੁ ਪੰਥ ਪਕਾਸ਼ ਉੜਾਰਧ ਬਿਸ੍ਰਾਮ ਪਹਿਲੇ ਦਾ ਅੰਕ ਨੰ: ੨੬) ਇਸ ਲਈ ਕੌਲਾਂ ਦਾ ਪ੍ਰਸੰਗ ਸ੍ਰੀ ਗੁਰਪ੍ਰਤਾਪ ਸੂਰਜ ਵਾਂਗ ਹੀ ਸੰਖੇਪ ਰੂਪ ਵਿੱਚ ਦਿੱਤਾ ਹੈ। ਇਸ ਪ੍ਰਸੰਗ ਦੀ ਪੁਰਾਣੀ ਖੋਜ ਕਰਦਿਆਂ ਸ੍ਰੀ ਗੁਰ ਪ੍ਰਤਾਪ ਸੂਰਜ ਤੋਂ ਪਹਿਲਾਂ ਦੀਆਂ ਰਚਨਾਵਾਂ ਮਹਿਮਾ ਪ੍ਰਕਾਸ਼ (ਕਾਵਿ) ੧੮੫੭ ਬਿ: ਤੇ ਮਹਿਮਾ ਪ੍ਰਕਾਸ਼ (ਵਾਰਤਕ) ੧੭੬੮ ਬਿ: ਦੀਆਂ ਲਿਖੀਆਂ ਮਿਲਦੀਆਂ ਹਨ। ਇਨ੍ਹਾਂ ਦੋਹਾਂ ਵਿੱਚ ਹੀ ਕੌਲਾਂ ਦਾ ਪ੍ਰਸੰਗ ਨਹੀਂ ਹੈ। ਇਸੇ ਤਰ੍ਹਾਂ ਹੀ ਛੇਵੇਂ ਸਤਿਗੁਰਾਂ ਦੇ ਸਮਕਾਲੀ ਮੁਸਲਮਾਨ ਲੇਖਕ ਮੁਹਸਨ ਫਾਨੀ ਦੀ ਲਿਖੀ ਕਿਤਾਬ ਦਬਿਸਤਾਨਿ ਮਜ਼ਾਹਬ ਵਿੱਚ ਛੇਵੇਂ ਸਤਿਗੁਰਾਂ ਦੇ ਹੋਰ ਕਈ ਪ੍ਰਸੰਗ ਤਾਂ ਲਿਖੇ ਹਨ ਪਰ ਕੌਲਾਂ ਦਾ ਜ਼ਿਕਰ ਤੱਕ ਵੀ ਨਹੀਂ ਹੈ। ਛੇਵੇਂ ਪਾਤਸ਼ਾਹ ਜੀ ਦੇ ਸਮਕਾਲੀ ਦੂਜੇ ਲੇਖਕ ਭਾਈ ਗੁਰਦਾਸ ਜੀ ਹੋਏ ਹਨ ਜਿਨ੍ਹਾਂ ਨੇ ਵਾਰ ੨੬, ਪਉੜੀ ੨੪ ਵਿੱਚ ਗੁਰੂ ਜੀ ਦੇ ਬੀਰ ਰਸੀ ਜੀਵਨ ਉਪਰ ਲੋਕਾਂ ਦੀਆਂ ਉਸ ਵੇਲੇ ਦੀਆਂ ਸ਼ੰਕਾਵਾਂ ਤੇ ਇਤਰਾਜ਼ਾਂ ਦਾ ਜ਼ਿਕਰ ਤਾਂ ਕੀਤਾ ਹੈ ਪਰ ਕੌਲਾਂ ਬਾਰੇ ਕੋਈ ਇਸ਼ਾਰਾ ਤੱਕ ਵੀ ਨਹੀਂ। ਜੇ ਕੌਲਾਂ ਦਾ ਪ੍ਰਸੰਗ ਜਿਵੇਂ ਇਥੇ ਦਿੱਤਾ ਹੈ– ਹੋਇਆ ਹੁੰਦਾ ਤਾਂ ਇਸ ਪਉੜੀ ਵਿੱਚ ਜ਼ਿਕਰ ਜ਼ਰੂਰ ਹੁੰਦਾ। ਭਾਈ ਸੰਤੋਖ ਸਿੰਘ ਜੀ ਦੇ ਸਮੇਂ ਦੇ ਨੇੜੇ-ਤੇੜੇ ਦੇ ਹੋਰ ਲੇਖਕਾਂ ਤੇ ਮਗਰਲੇ ਇਤਿਹਾਸਕਾਰਾਂ ਨੇ ਕੌਲਾਂ ਦੇ ਪ੍ਰਸੰਗ ਬਾਰੇ ਜੋ ਕੁਝ ਲਿਖਿਆ ਹੈ ਉਹ ਇਸ ਤਰ੍ਹਾਂ ਹੈ: ੧. ਸ੍ਰੀ ਗੁਰੂ ਸਿਧਾਂਤ ਪਾਰਿਜਾਤ ਗ੍ਰੰਥ ਪੰਡਿਤ ਹਰਿ ਸਿੰਘ ਜੀ ਕ੍ਰਿਤ ਦੇ ਗਿਆਰਵੇਂ ਵਿਸ਼੍ਰਾਮ ਵਿੱਚ ਐਉਂ ਲਿਖਿਆ ਹੈ: (ਸੰਸਕ੍ਰਿਤ ਦਾ ਪੰਜਾਬੀ ਅਨੁਵਾਦ) ਕੌਲਾਂ ਵੱਲੋਂ ਇਕ ਦਾਸੀ ਦੇ ਹੱਥ ਆਈ ਚਿੱਠੀ ਦੇ ਉੱਤਰ ਵਿੱਚ

ਗੁਰੂ ਜੀ ਆਖਦੇ ਹਨ: 'ਜੇ ਉਸ (ਕੌਲਾਂ) ਨੂੰ (ਕਾਮ) ਭੋਗ ਦੀ ਇੱਛਾ ਨਹੀਂ ਤਾਂ (ਪਰਮਾਰਥੀ) ਸ਼ਰਧਾ ਸਮੇਤ ਆਵਨ ਵਿੱਚ ਕੋਈ ਰੋਕ ਨਹੀਂ।' (ਦੋਬਾਰਾ ਵਾਪਸ ਆ ਕੇ ਕੌਲਾਂ ਦੀ ਦਾਸੀ ਨੇ ਕਿਹਾ) ਹੇ ਦੇਵ ਉਸ ਨੂੰ ਕਾਮ ਭੋਗ ਦੀ ਮਲੀਨ ਇੱਛਾ ਨਹੀਂ, ਉਸ ਨੂੰ ਕੇਵਲ ਆਪ ਦੇ ਦਰਸ਼ਨਾਂ ਦੀ ਹੀ ਇੱਛਾ ਹੈ। ਹੇ ਪ੍ਰਭੋ ! ਉਹ (ਕੌਲਾਂ ਜੀ) ਤੁਸਾਡੇ ਨਾਲ ਸ੍ਰੀ ਅੰਮ੍ਰਿਤਸਰ ਜੀ ਜਾਣਾ ਚਾਹੁੰਦੀ ਹੈ। ੨. ਇਤਿਹਾਸ ਗੁਰੂ ਖਾਲਸਾ (ਹਿੰਦੀ) ਦੇ ਕਰਤਾ ਸਾਧੂ ਸ਼੍ਰੀ ਗੋਬਿੰਦ ਸਿੰਘ ਜੀ ਲਿਖਦੇ ਹਨ:– ਸ਼੍ਰੀ ਗੁਰੂ ਜੀ ਨੇ ਉਸ ਕੇ ਨਿਵਾਸ ਕੇ ਲੀਏ ਏਕ ਪ੍ਰਿਥਕ ਮੰਦਿਰ ਬਨਵਾਇਆ ਔਰ ਕਿਹਾ ਕਿ 'ਜੈਸੀ ਤੁਮਾਰੀ ਇੱਛਾ ਹੋ ਆਪਣਾ ਜੀਵਨ ਪੂਰਾ ਕਰੋ। ਉਸ ਕੀ ਪ੍ਰਤੀ ਛਿਨ ਪ੍ਰਮੇਸ਼ਰ ਪਰਾਇਣਤਾ ਦੇਖ ਕਰ ਸ਼੍ਰੀ ਗੁਰੂ ਜੀ ਉਸ ਪਰ ਵਿਸ਼ੇਖ ਪ੍ਰਸੰਨ ਰਹਿਤੇ ਔਰ ਹਰ ਤਰ੍ਹਾਂ ਕੀ ਉਸ ਕੀ ਖਾਤਰੀ ਰਖਤੇ। ਕੁਛ ਸਮਯ ਐਸੇ ਹੀ ਬਤੀਤ ਹੁਆ ਤੋ ਏਕ ਦਿਨ ਕੌਲਾਂ ਨੇ ਆਪਣੇ ਸਭੀ ਆਭੂਖਨ ਤਥਾ ਕੁਛ ਨਕਦੀ ਜੋ ਕਿ ਉਸ ਕੀ ਮਾਤਾ ਨੇ ਉਸ ਕੋ ਦਿਯੇ ਥੇ, ਇਕੱਤ੍ਰ ਕਰ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਕੇ ਆਗੇ ਰਖ ਦੀਆ ਔਰ ਹਾਥ ਜੋੜ ਕਰ ਕਹਾ ਕਿ 'ਦੀਨ ਬੰਧੋ ! ਇਸ ਮੇਰੇ ਪੈਸੇ ਕੋ ਕਿਸੀ ਐਸੇ ਧਰਮ ਕਾਰਯ ਮੇਂ ਲਗਾ ਦੀਜੀਏ ਜਿਸ ਸੇ ਕੁਛ ਕਾਲ ਮੇਰਾ ਨਾਮ ਇਸ ਸੰਸਾਰ ਪਰ ਰਹਿ ਜਾਏ। ਸ੍ਰੀ ਗੁਰੂ ਜੀ ਨੇ ਉਸ ਧਨ ਸੇ ਉਸੀ ਕੇ ਨਾਮ ਕਾ ਏਕ ਤਾਲਾਬ ਖੁਦਾ ਦੀਆ ਜੋ ਕਿ ਅਬ ਤਕ ਮਹਾਂ ਪ੍ਰੱਖਯਾਤ ਪਰਮ ਪਵਿੱਤ੍ਰ ਅੰਮ੍ਰਿਤਸਰ ਸ਼ਹਿਰ ਮੇਂ ਕੌਲਸਰ ਕੇ ਨਾਮ ਸੇ ਪ੍ਰਸਿੱਧ ਹੈ। (ਪੰ: ੨੯੬) ੩. ਸਭ ਤੋਂ ਅਖ਼ੀਰਲੇ ਲੇਖਕ ਬਿਦੇਸ਼ੀ ਤੇ ਅਨਜ ਭਾਸ਼ਾ ਵਿੱਚ ਲਿਖਣ ਵਾਲੇ ਮਿ: ਐਮ.ਏ. ਮੈਕਾਲਫ਼ ਨੇ ਆਪਣੀ ਲਿਖੀ ਪੁਸਤਕ ਜਿਲਦ ਚਉਥੀ, ਪੰਨਾ ੪੩ ਤੇ ੪੪ 'ਤੇ ਇਤਿਹਾਸ ਗੁਰੂ ਖ਼ਾਲਸਾ (ਹਿੰਦੀ) ਵਾਲੇ ਪ੍ਰਸੰਗ ਨੂੰ ਹੀ ਠੀਕ ਮੰਨ ਕੇ ਆਪਣੀ ਭਾਸ਼ਾ ਵਿੱਚ ਕਲਮਬੰਦ ਕੀਤਾ ਹੈ। ੪. ਰਾਏ ਸਾਹਿਬ ਲਾਲਾ ਕਨ੍ਹਯਾ ਲਾਲ ਜੀ ਆਪਣੀ ਤਾਰੀਖੇ ਪੰਜਾਬ (ਉਰਦੂ) ਵਿੱਚ ਇਸ ਪ੍ਰਕਾਰ ਲਿਖਦੇ ਹਨ: "ਕੌਲਾਂ ਨਾਮ ਕਾਜ਼ੀ ਕੀ ਲੜਕੀ ਗੁਰੂ ਜੀ ਕੇ ਜਮਾਲੇ ਬਾ ਕਮਾਲ ਪਰ ਸ਼ੇਫਤਾ ਹੋ ਗਈ ਔਰ ਗੁਰੂ ਜੀ ਕੇ ਸਾਥ ਅੰਮ੍ਰਿਤਸਰ ਆ ਗਈ। ਉਸ ਕੀ ਦਰਖਾਸਤ ਅਗਰਚਿਹ ਔਰ ਥੀ ਮਗਰ ਗੁਰੂ ਜੀ ਨੇ ਕਹਾ ਤੁਮ ਗ਼ੈਰ ਖਿਆਲ ਦਿਲ ਮੈਂ ਨ ਕਰੋ ਹਮਾਰੀ ਗੁਰਿਆਈ ਕੇ ਖਾਨਦਾਨ ਮੇਂ ਪਹਿਲੇ ਗੁਰੂ ਜੀ ਸੇ ਲੇ ਕਰ ਆਜ ਤੱਕ ਮੁਬਾਸ਼ਰਤ ਮਨ੍ਹਾ ਹੈ।" (ਪੰ: ੩੦) ੫. ਉਮਦਾਤੁੱਤ੍ਵਾਰੀਖ (ਫ਼ਾਰਸੀ) ਦਫ਼ਤਰਿ ਅੱਵਲ ਵਿੱਚ (ਪੰ: ੨੭) 'ਤੇ ਐਉਂ ਲਿਖਿਆ ਹੈ:– (ਫ਼ਾਰਸੀ ਰਚਨਾ ਦਾ ਪੰਜਾਬੀ ਉਲਥਾ) ਕਾਜ਼ੀ ਦੀ ਕੌਲਾਂ ਨਾਮ ਦੀ ਦਾਸੀ ਜੋ ਇਨ੍ਹਾਂ ਮਹਾਨ ਵਿਅਕਤੀ ਭਾਵ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 'ਤੇ ਨਿਸਚਾ ਧਾਰਨ ਵਾਲਿਆਂ ਭਾਵ ਸਿੱਖਾਂ ਦੀ ਸੰਗਤਿ ਵਿੱਚੋਂ ਸ੍ਰੀ ਗੁਰੂ ਜੀ ਦੇ ਉਪਦੇਸ਼ ਨਾਲ ਵਡਜਾਈ ਗਈ। ੬. ਗਿਆਨੀ ਗਿਆਨ ਸਿੰਘ ਜੀ ਆਪਣੀ ਲਿਖਤ 'ਤਵਾਰੀਖ਼ ਗੁਰੂ ਖਾਲਸਾ' ਛਾਪਾ ਪੱਥਰ ਭਾਗ ਪਹਿਲਾ (੧੯੪੯ ਬਿ: ਵਿੱਚ ਛਪੀ) ਦੇ ਪੰਨਾ ੨੨੬-੨੨੭ 'ਤੇ ਕੌਲਾਂ ਦੇ ਪ੍ਰਸੰਗ ਬਾਰੇ ਆਪਣੀ ਹੀ ਕਲਮ ਨਾਲ ਐਉਂ ਲਿਖਦੇ ਹਨ:– "ਗੁਰੂ ਜੀ ਦੇ ਡੇਰੇ ਸਤਸੰਗ ਦਾ ਵਿਚਾਰ ਤੇ ਗੁਰੂ ਦੀ ਬਾਣੀ ਦਾ ਉਚਾਰ ਹਰ ਵੇਲੇ ਸਿੱਖ ਕਰਦੇ ਰਹਿੰਦੇ। ਓਸ ਕਾਜ਼ੀ ਦੀ ਬੇਟੀ ਕੌਲਾਂ ਨਾਮ ਜਦਜਪਿ ਰੱਬ ਦੀ ਬੰਦਗੀ ਵਿੱਚ ਰੱਤੀ ਹੋਈ 'ਦੀਵਾਨਿ ਹਾਫ਼ਜ਼' ਆਦਿਕ ਕਿਤਾਬਾਂ ਪੜ੍ਹਦੀ ਰਹਿੰਦੀ ਪਰ ਗੁਰੂ ਜੀ ਦੀ ਬਾਣੀ ਸੁਣ ਕੇ ਓਸ ਨੂੰ ਐਸਾ ਅਸਰ ਹੋਯਾ ਕਿ ਦਿਲੀ ਸਾਦਿਕ ਮੁਰੀਦ ਬਣ ਗਈ। ਤੇ ਗੁਰੂ ਨਾਨਕ ਦੇਵ ਜੀ ਦੇ ਮਤ ਨੂੰ ਸੱਚਾ, ਹੋਰ ਮਤਾਂ ਨੂੰ ਧੋਖੇ ਦੀ ਟੱਟੀ ਦੱਸਣ ਲਗ ਪਈ। ਇਕ ਤਾਂ ਪਹਿਲੇ ਹੀ ਓਸ ਦੇ ਬਾਪ ਕਾਜ਼ੀ ਨਾਲ ਘੋੜੇ ਦੀ ਕੀਮਤ ਲੈਣ ਦੇਣ ਤੋਂ ਸਿੱਖਾਂ ਦੀ ਬੋਲੀ ਠੋਲੀ ਹੋ ਗਈ ਸੀ, ਦੂਸਰੇ ਜਦ ਕੌਲਾਂ ਤੋਂ ਗੁਰੂ ਜੀ ਦੀ ਬਾਣੀ ਦੀ ਤਾਰੀਫ਼ ਸੁਣਦਾ ਤਾਂ ਜਲਦਾ ਬਲਦਾ ਆਖਦਾ ਸੀ ਕਿ ਤੂੰ ਕਾਫਰ ਦੀ ਕਲਾਮ ਨੂੰ ਚੰਗਾ ਆਖਦੀ ਹੈਂ ਸੋ ਸ਼ਰ੍ਹਾ ਮੁਹੰਮਦੀ ਦੇ ਅਨੁਸਾਰ ਕਤਲ ਕਰਨੇ ਜੋਗ ਹੈਂ। ਕਾਜ਼ੀ ਦੇ ਘਰ ਹਿਰਨਕੱਸ਼ਪ ਤੇ ਪ੍ਰਹਿਲਾਦ ਵਾਲਾ ਸੰਬਾਦ ਰਹਿਣ ਲੱਗਾ ਪਰ ਕੌਲਾਂ ਨੂੰ ਭੀ ਓਸ ਸੱਚੇ ਹਕੀਕੀ ਇਸ਼ਕ ਨੇ ਚੁੱਪ ਨਾ ਰਹਿਣ ਦਿੱਤਾ। ਓੜਕ ਕਾਜ਼ੀ ਓਸ ਦੇ ਕਤਲ ਦਾ ਫਤਵਾ ਦੇਣ ਨੂੰ ਤਿਆਰ ਹੋ ਗਿਆ। ਤਦ ਕੌਲਾਂ ਦੀ ਮਾਂ ਨੇ ਬੇਟੀ ਦੀ ਜਾਨ ਬਚਾਵਨ ਲਈ ਰਾਤ ਨੂੰ ਘਰੋਂ ਨਿਕਾਲ ਦਿੱਤਾ, ਓਸ ਨੇ ਹੋਰ ਕਿਤੇ ਆਪਣੀ ਜਾਨ ਬਚਦੀ ਨ ਦੇਖ ਕੇ ਆਪਣੇ ਮੁਰਸ਼ਦ ਪੀਰ ਅਬਦੁੱਲਾ (ਜਿਸ ਦੀ ਕਬਰ ਹੁਣ ਮੁਜ਼ੰਗਾਂ ਵਿੱਚ ਮੰਨੀ ਦੀ ਹੈ) ਨੂੰ ਨਾਲ ਲੈ ਕੇ ਅੰਮ੍ਰਿਤਸਰ ਗੁਰੂ ਜੀ ਦੀ ਸ਼ਰਨ ਆ ਕੇ ਅਰਜ਼ ਕੀਤੀ ਕਿ ਨਿਮਾਣਿਆਂ ਦਾ ਮਾਣ, ਨਿਓਟਜਾਂ ਦੀ ਓਟ ਗੁਰੂ ਦਾ ਘਰ ਸੁਣ ਕੇ ਮੈਂ ਤੁਹਾਡੀ ਸ਼ਰਨ ਆਈ ਹਾਂ। ਗੁਰੂ ਸਾਹਿਬ ਨੇ ਓਸ ਨੂੰ ਨਾਮ ਵਿੱਚ ਰੱਤੀ ਹੋਈ ਤੇ ਸੱਚ ਪਰ ਕਾਇਮ ਦੇਖ ਕੇ ਧੀਰਜ ਦਿੱਤਾ ਤੇ ਲੰਗਰੋਂ ਪ੍ਰਸ਼ਾਦ ਲਗਾਇ ਦਿੱਤਾ ਅਤੇ ਇਕ ਕੋਠਾ ਓਸ ਦੇ ਰਹਿਣ ਵਾਸਤੇ ਅਧ ਕੋਸ ਦੇ ਫਾਸਲੇ ਪਰ ਬਣਵਾ ਕੇ ਓਸ ਦੀ ਰਾਖੀ ਪੈਂਦੇ ਖਾਂ ਦੇ ਸਪੁਰਦ ਕੀਤੀ।" ਉਪ੍ਰੋਕਤ ਵੀਚਾਰ ਤੋਂ ਸਪੱਸ਼ਟ ਹੈ ਕਿ ਕੌਲਾਂ ਸਤਿਗੁਰਾਂ ਪਾਸੋਂ ਜੀਅ ਦਾਨ ਲੈਣ ਲਈ ਹੀ ਅੰਮ੍ਰਿਤਸਰ ਆਈ ਸੀ ਅਤੇ ਸਤਿਗੁਰਾਂ ਦੀ ਹਜ਼ੂਰੀ 'ਚਰਹਿ ਕੇ ਪੂਰਨ ਗੁਰਮਤਿ ਅਨੁਸਾਰ ਨਾਮ ਦੀ ਰੰਗਣ ਵਿੱਚ ਰੰਗੀਜ ਕੇ ਬ੍ਰਹਮ ਗਿਆਨ ਨੂੰ ਪ੍ਰਾਪਤ ਹੋਈ ਜਿਸ ਦੇ ਫਲ ਸਰੂਪ ਅੰਤ ਨੂੰ ਕਵੀ ਜੀ ਦੇ ਕਥਨ 'ਬਸੀ ਸੁ ਗੁਰਪੁਰ ਜਾਇ' ਅਨੁਸਾਰ ਸੱਚ ਖੰਡ ਵਿੱਚ ਜਾ ਵਸੀ। ਸਤਿਗੁਰਾਂ ਦੇ ਸੁਭਾਵ ਬਾਰੇ ਕਵੀ ਖੁਦ ਇਸੇ ਬਿਸ੍ਰਾਮ ਦੇ ਅੰਕ ਨੰ: ੧੧੦ ਵਿੱਚ ਆਪ

ਲਿਖਦੇ ਹਨ:– 'ਵਤਸਲ ਭਗਤ ਸੁਸੀਲ ਸੁਭਾਊ। ਗੁਰ ਸਮ ਭਯੋ ਨ ਹ੍ਵੈ ਹੈ ਕਾਊ।' ਗੁਰੂ ਜੀ ਦੇ ਸਮੇਂ ਦੇ ਮਹਾਨ ਪੁਰਖ ਤੇ ਮਹਾਨ ਵਿਦਵਾਨ ਕਵੀ ਤੇ ਲੇਖਕ ਭਾਈ ਗੁਰਦਾਸ ਜੀ ਆਪਣੇ ਅੱਖੀਂ ਵੇਖ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਬਤ ੨੪ਵੀਂ ਵਾਰ ਦੀ ੨੧ਵੀਂ ਪਉੜੀ ਵਿੱਚ ਐਉਂ ਅੰਕਤ ਕਰਦੇ ਹਨ: ਹਰਖਹੁ ਸੋਗਹੁ ਬਾਹਰਾ ਹਰਣ ਭਰਣ ਸਮਰੱਥ ਸਰੰਦਾ। ਰਸ ਕਸ ਰੂਪ ਨ ਰੇਖ ਵਿੱਚ ਰਾਗ ਰੰਗ ਨਿਰਲੇਪ ਰਹੰਦਾ। ਗੋਸਟ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ। ਗੁਰ ਗੋਵਿੰਦ ਗੋਵਿੰਦ ਗੁਰ 'ਹਰਿ ਗੋਬਿੰਦ' ਸਦਾ ਵਿਗਸੰਦਾ। ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ। ਗੁਰਮੁਖ ਮਾਰਗ ਚੱਲਣਾ ਖੰਡੇਧਾਰ ਕਾਰ ਨਿਬਹੰਦਾ। ਗੁਰ ਸਿਖ ਲੈ ਗੁਰ ਸਿੱਖ ਚਲੰਦਾ ॥੨੧॥

ਕਾਸ਼ਮੀਰ ਜਹਾਂਗੀਰ ਸੋਂ,
ਗੁਰੁ ਧੀਰ ਕਾ ਜਾਨ[1]।
ਕੌਲਾਂ ਕੀ ਕਥ ਕਵਲ ਸੀ,
ਕਹਿ ਯਹਿ ਧਿਜਾਯ ਥਿਰਾਨ[1] ॥੧੭੨॥

[1]ਜਹਾਂਗੀਰ ਨਾਲ ਧੀਰਜ ਵਾਲੇ ਸਤਿਗੁਰਾਂ ਦਾ ਕਸ਼ਮੀਰ ਜਾਣਾ।

[1]ਠਹਿਰ ਗਿਆ, ਸਮਾਪਤ ਹੋ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਕੌਲਾਂ ਕਾ ਪ੍ਰਸੰਗ ਬਰਨਨੰ' ਨਾਮ ਤੇਈਸਮੋਂ ਬਿਸ੍ਰਾਮ ॥੨੩॥

੨੪. {ਕਿਲ੍ਹਾ ਲੋਹਗੜ੍ਹ (ਅੰਮ੍ਰਿਤਸਰ) ਅਤੇ ਹਰਿਗੋਬਿੰਦ ਪੁਰ ਦੇ ਜੰਗ}

ਦੋਹਰਾ:

ਏਕੰਕਾਰ[1] ਅਕਾਲ ਪ੍ਰਭੁ,
ਨਿਰਭਵ[1] ਸਦ ਨਿਰਵੈਰੁ।
ਕਲਿਮਲ ਨਿਖਲ ਨਿਕੰਦ ਹੈ,
ਨਾਮ ਜਾਹਿ ਬਿਨ ਧੈਰ[1] ॥੧॥

[1]ਇੱਕੋ ਇਕ ਸਰੂਪ।
[1]ਜਨਮ ਤੋਂ ਰਹਿਤ।
[1]ਜਿਸ ਦਾ ਨਾਮ ਬਿਨਾਂ {ਧੈਰ} ਦੇਰੀ ਦੇ ਸਾਰੇ ਪਾਪਾਂ ਨੂੰ ਕੱਟ ਦੇਂਦਾ ਹੈ।

ਸ੍ਵੈਯਾ:

ਤਾਹਿਂ ਭਜੋ ਉਰ ਨਾਹਿ ਲਜੋ,
ਜਗ ਕਾਮ ਤਜੋ ਲਖਿ ਕੂਰ ਮਹਾਂਈ।
ਸੰਗਤ ਸੇਵ ਕਰੋ ਸੁਭ ਸੰਤਨ,
ਖੋਟਨ ਸੰਗ ਕੁਕਾਮ ਬਿਹਾਈ[1]।
ਦਾਨ ਦਿਜੈ ਸ਼ਕਤੀ ਅਨੁਸਾਰ,
ਕਰੋ ਭਗਤੀ ਪ੍ਰਭੁ ਕੀ ਮਨ ਲਾਈ।
ਗਜਾਨ ਹਰੀ ਕਹਿ ਕੋਇ ਕਰੈ ਯਹਿ,
ਈਸ ਭਵੈ ਵਹਿਰਾਮ ਦੁਹਾਈ[1] ॥੨॥

[1]ਖੋਟੇ ਕੰਮ ਛੱਡ ਕੇ।
[1]ਇਹ ਕੰਮ ਕੋਈ ਵੀ ਕਰ ਕੇ ਵੇਖ ਲਵੇ ਉਹ ਈਸ਼ਰ ਰੂਪ ਹੋ ਜਾਂਦਾ ਹੈ, ਇਹ ਰੱਬੀ ਹੁਕਮ ਹੈ।

ਦੋਹਿਰਾ:

ਲੋਹਗਢ ਹਰਗੋਬਿੰਦ ਪੁਰ,
ਜੰਗ ਹੋਇ ਹੈਂ ਜੈਸ।
ਇਸ ਅਧਜਾਇ ਮੈਂ ਸੋ ਕਥਾ,
ਸੁਨੋ ਸ੍ਰੋਤਾ ਬੈਸ[1] ॥੩॥

[1]ਬੈਠ ਕੇ, ਟਿਕ ਕੇ।

ਲਲਤ ਪਦ ਛੰਦ:

ਸ਼ਾਹਿ ਇਰਾਨ ਬਾਜ ਇੱਕ ਅਦਭੁਤ,
ਰੰਗ ਸੁਫੈਦ ਸੁਹਾਵਨ।
ਸ਼ਾਹਿ ਜਹਾਂ ਢਿਗ ਤੋਫਾ[1] ਪਠਜੋ,
ਹੇਤ ਸ਼ਿਕਾਰ ਦਿਖਾਵਨ।
ਧਰਿ ਨਿਜ ਹਾਥ ਸਾਥ ਉਤਸ਼ਾਹੈ,
ਸ਼ਾਹਜਹਾਂ ਪਤਿਸ਼ਾਹੁ।
ਖੇਲਤ ਨਿਤ ਸ਼ਿਕਾਰ ਚਿੱਤ ਦੈ,
ਮਾਰਤ ਖਗ ਗਨ ਆਹੁ[1] ॥੪॥

[1]ਸੁਗਾਤ।
[1]ਸਾਰੇ ਪੰਛੀਆਂ ਨੂੰ ਮਾਰਦਾ ਹੈ।

ਇਕ ਦਿਨ ਸ਼ਾਹਿ ਬਾਜ ਵਹਿ ਛੋਡਜੋ,
ਪਰ ਸੁਰਕਾਬ[1] ਜੁ ਭਾਵਤ[2]।

[1]ਚਕਵੇ ਉਪਰ। {ਸੁਰਖਾਬ- ਚਕਵਾ}। [2]ਜਿਹੜਾ (ਮਨ ਨੂੰ) ਭਾਉਂਦਾ ਸੀ।

ਕਰੀ ਨ ਚੋਟ ਹੁਤੋ ਵਹਿ ਰਜਜੋ,
ਪਾਛੇ ਗਯੋ ਉਡਾਵਤ।
ਕੁੱਤੇ ਬਾਜ ਕਮੀਨੇ ਨਰ ਯਹਿ,
ਰੱਜੇ ਕਾਮ ਨ ਦੈਹੈਂ।
ਰਹਜੋ ਸ਼ਾਹਿ ਦਿਸ ਬਾਜ ਪੇਖ ਬਹੁ,
ਅਯੋ ਨ ਫੇਰ ਪਿਛੈਹੈਂ ॥ ੫ ॥
ਮੀਰ ਸ਼ਿਕਾਰੀ[1] ਲਾਇ ਪਿਛਾਰੀ,
ਸ਼ਾਹਿ ਲਾਹੌਰੈਂ ਆਯੋ।

[1]ਸ਼ਿਕਾਰ ਦੇ ਮਹਿਕਮੇ ਦਾ ਵੱਡਾ ਅਫ਼ਸਰ।

ਇਤ ਤੈ ਚਢੇ ਸ਼ਿਕਾਰ ਗੁਰੂ ਭੀ,
ਰੱਬ ਸਬੱਬ ਬਨਾਯੋ।
ਬਾਜ ਸੁਫੈਦ ਮਗਰ ਸੁਰਕਾਬੈਂ,
ਜਾਵਤ ਗੁਰੂ ਨਿਹਾਰਾ।
ਨਿਜ ਕਰ ਤੈ ਨਿਜ ਬਾਜ ਤਜਜੋ ਗੁਰੁ
ਤਿਹ ਸੁਰਕਾਬ ਝੱਟ ਮਾਰਾ ॥ ੬ ॥
ਉਤਰੇ ਬਾਜ ਜਬੈ ਜੁਗ[1] ਤਿਹ ਪਰ[2],
ਗੁਰੁ ਪਕਰਾਇ ਮੰਗਾਏ।

[1]ਦੋਵੇਂ। [2]ਤਿਸ (ਚਕਵੇ ਦੇ) ਉਪਰ।

ਬਾਜ ਸੁਫੈਦ ਹਾਥ ਨਿਜ ਲੈ ਗੁਰੁ,
ਗੁਨ ਤਿਸ ਖੁਸ਼ ਹ੍ਵੈ ਗਾਏ।
ਸ਼ਾਹੀ ਮੀਰ ਸ਼ਿਕਾਰੀ ਗੁਰ ਢਿਗ,
ਆਇ ਤਬੈ ਯੌਂ ਗਾਯੋ।
ਬਾਜ ਇਹੁ ਹੈ ਸ਼ਾਹਿਜਹਾਂ ਕਾ,
ਸ਼ਾਹਿ ਇਰਾਨ ਪਠਾਯੋ ॥ ੭ ॥
ਤੁਮ ਨੇ ਪਕਰ ਲੀਆ ਭਲ ਕੀਨਾ,
ਅਬਿ ਹਮ ਕੋ ਦੈ ਦੀਜੈ।
ਗੁਰੂ ਕਹਜੋ ਨਹਿ ਲੈਣ ਗਏ ਹਮ,
ਆਯੋ ਦੈਂਹ ਨ ਬੀਜੈਂ[1]।

[1](ਇਹ ਬਾਜ ਆਪੇ) ਆਇਆ ਹੈ (ਇਸ ਕਰ ਕੇ ਅਸੀਂ ਕਿਸੇ) ਦੂਜੇ ਨੂੰ ਨਹੀਂ ਦੇਂਦੇ।

ਸ਼ਾਹੀ ਲੋਗਨ ਜੋਰ ਜਨਾ ਕਰਿ,

ਬਕਜੋ ਕਿਛੂ ਹ੍ਵੈ ਤਕੜੇ।
ਮੁੰਜ, ਗੁਲਾਮ, ਤੁੱਛ ਬੁੱਧੀ ਨਰ,
ਜੋਰ ਬਿਗਾਨੇ ਅਕੜੇ ॥ ੮ ॥
ਜਬਿ ਵਹਿ ਟਰੇ ਨ ਪਰੇ ਗਰੇ ਬਹੁ[1], [1]ਬਹੁਤੇ ਗਲ ਪੈਣ ਲੱਗੇ।
ਫਿਰ ਗੁਰੁ ਕਰੇ ਛਿਤਾਵਨ[1]। [1]ਛਿੱਤ੍ਰ ਮਰਵਾਏ।
ਜਾਇ ਪੁਕਾਰੇ ਸ਼ਾਹਿ ਪਾਸ ਵੇਹਿ,
ਚੋਟਾਂ ਲਗੇ ਦਿਖਾਵਨ।
ਕਾਜੀ ਪਾਜੀ ਰੁਸਤਮ ਖਾਂ ਭੀ,
ਢਿਗ ਤੈ ਲੂਤੀ[1] ਲਾਈ। [1]ਚੁਆਤੀ।
ਕਰਤ ਜਬਰਦਸਤੀ ਨਿਤ ਹੀ ਗੁਰੁ,
ਅਪਨੀ ਕਥਾ ਸੁਨਾਈ ॥ ੯ ॥
ਬਾਦਸ਼ਾਹਿ ਕਾ ਦਿਲ ਭੜਕਾਯੋ,
ਮੂੜ੍ਹਨ ਕੂੜ ਅਲੈ ਕੈ[1]। [1]ਮੂਰਖਾਂ ਨੇ ਝੂਠ ਕਹਿ ਕੇ।
ਸਾਤ ਹਜ਼ਾਰੀ ਮੁਗਲਸ ਖਾਂ ਸ਼ਹਿ,
ਪਠਜੋ ਸੈਨ ਬਹੁ ਦੈ ਕੈ।
ਪਾਇ ਖਬਰ ਗੁਰੁ ਲੈ ਨਿਜ ਸੁਭਟਨ[1], [1]ਸੂਰਮਿਆਂ ਨੂੰ।
ਲਰੇ ਅਗਾਰੀ ਹ੍ਵੈ ਕੈ।
ਗਾਮ* ਬਡਾਲੀ ਨਿਕਟ ਬਿਸਾਲੀ, *ਪਾ : ਬਟਾਲੀ।
ਪਰਜੋ ਜੰਗ ਤਬਿ ਐ ਕੈ ॥ ੧੦ ॥
ਤੀਨ ਪਹਿਰ ਅਤਿ ਕਹਰ ਜੰਗ ਭੋ,
ਤੀਰ ਤੁਫੰਗਨ ਕੇਰਾ[1]। [1]ਬੰਦੂਕਾਂ ਦਾ।
ਜਵਾਂਨ ਕਿਕਾਨ[1] ਚੀਰ ਬਹੁ ਡਾਰੇ, [1]ਘੋੜੇ।
ਗੁਰੁ ਤੀਰਨ ਬਿਨੁ ਬੇਰਾ।
ਪਰੀ ਰਾਤ ਤਬਿ ਹਟ ਦਲ ਦੋਊ,
ਉਤਰੇ ਹੋਇ ਪਿਛਾਰੀ।
ਰੈਨ ਅੰਧੇਰੀ ਅਰਧ ਦੇਖ ਗੁਰੁ,
ਮੌਕਾ ਠੀਕ ਵਿਚਾਰੀ ॥ ੧੧ ॥
ਹੱਲਾ ਕਰਵਾਯੋ ਦੁਸ਼ਮਨ ਪਰ,
ਹਾਲਚਾਲ[1] ਬਡ ਪਾਈ। [1]ਹਲਚਲੀ।
ਤੁਰਕੀ ਦਲ ਥਲ ਤਜ ਘਬਰਾ ਕੈ,

ਇਤ ਉਤ ਪਰਜੋ ਭਗਾਈ[1]।
ਬਿਨ ਪਹਿਚਾਨ ਭੁਲਾਵੇ ਸਿੱਖਨ[1],
ਆਪਸ ਮੈਂ ਲਰ ਮੂਏ।
ਬਹੁ ਸਰਦਾਰ ਅਪਾਰ ਸਿਪਾਹੀ,
ਲੁਕਮਾਂ ਤੇਗਨ ਹੂਏ[1] ॥ ੧੨ ॥
ਮੌਲਾ ਬਖਸ਼ ਅਹਮਦ ਖਾਂ ਮੂਏ,
ਕੌਲਾਂ ਕੇ ਜੁਗ ਭਾਈ।
ਗਾਜੀ ਪਠ ਕਾਜੀ ਪਾਜੀ ਨਿਜ,
ਬਾਜੀ ਬੁਰਦ ਕਰਾਈ[1]।

[1]ਏਧਰ ਓਧਰ ਭੱਜ ਗਿਆ।
[1]ਸਿੱਖਾਂ ਦੇ ਭੁਲੇਖੇ।
[1]ਤਲਵਾਰਾਂ ਦੀ ਬੁਰਕੀ ਹੋ ਗਏ ਭਾਵ ਮਾਰੇ ਗਏ।
[1]ਫੌਜੀ ਸੂਰਮੇ ਭੇਜੇ (ਪਰ ਫਿਰ ਵੀ) ਨੀਚ ਕਾਜ਼ੀ (ਜੰਗ ਦੀ) ਆਪਣੀ ਖੇਲ ਹਾਰ ਗਿਆ। {ਬਾਜੀ ਬੁਰਦ ਕਰਾਉਣਾ– ਸ਼ਤਰੰਜ ਦੀ ਖੇਲ ਵਿੱਚ ਇਕੱਲੇ ਬਾਦਸ਼ਾਹ ਦਾ ਰਹਿ ਜਾਣਾ।}

ਫਤੇ ਪਾਇ ਗੁਰੁ ਡੇਰੇ ਆਇ,
ਸ਼ਾਹਿ ਸਾਰ[1] ਸੁਨਿ ਸਾਰੀ।
ਮੈਦੀ ਖਾਂ ਹੁਸੈਨ ਖਾਂ ਜੋਧੇ,
ਪਠੇ ਫੌਜ ਦੈ ਭਾਰੀ ॥ ੧੩ ॥
ਇਤ ਬਿਵਾਹ ਥਾ ਗੁਰੂ ਸੁਤਾ ਕਾ,
ਇਨ ਹੀ ਦਿਨੋ ਮਝਾਰੀ।
ਤਜਾਰ ਮਿਠਾਈ ਆਦਿ ਵਸਤੁ ਸਬ,
ਰਾਖੀ ਥੀ ਕਰਿ ਭਾਰੀ।
ਏਸ ਜੰਗ ਤੈ ਪਹਿਲੇ ਕੁਛ ਦਿਨ,
ਸਿਖ ਬਹੁ ਗੁਰੁ ਢਿਗ ਆਏ।
ਲੰਗਰ ਬਰਤ ਚੁਕਜੋ ਥਾ ਯਾਂ ਤੇ,
ਗੁਰੁ ਘਰਿ ਪਠਯੋ ਕਹਾਏ[1] ॥ ੧੪ ॥
ਦੇਹੁ ਮਿਠਾਈ ਇਨ ਸਿੱਖਨ ਕੋ
ਦਯੋ ਜਵਾਬ ਸਮਾਨੀ[1]।
ਗੁਰੂ ਕਹਜੋ ਸਿੱਖਨ ਕੋ ਦੇਤ ਨ,
ਖੈ ਹੈ ਲੁੱਟ ਤੂਕਾਨੀ।
ਸੋਈ ਬਚਨ ਗੁਰੂ ਕਾ ਪੂਰਨ,
ਹੋਯੋ ਚਾਹਿਤ ਅਬਿ ਹੈ।
ਸ਼ਾਹੀ ਫੌਜ ਅਈ ਫਿਰ ਭਾਰੀ,

[1]ਖ਼ਬਰ।
[1]ਕਹਿ ਭੇਜਿਆ।
[1]ਗੁਰੂ ਕੇ ਮਹਿਲ (ਮਾਤਾ ਦਾਮੋਦਰੀ ਜੀ)।

ਸੁਨੀ ਖਬਰ ਗੁਰੁ ਜਬਿ ਹੈ ॥੧੫॥
ਕਿਲਾ ਲੋਹ ਗਢ ਕਾਇਮ ਕੀਨੋ,
ਲਰਤ ਹੇਤ ਗੁਰੁ ਤਬਿ ਹੀ।
ਬਿਧੀ ਚੰਦ, ਪੈਦੇ ਖਾਂ, ਸੰਘਾ;
ਭਾਨੂੰ, ਜੇਠਾ, ਸਬਿ ਹੀ।
ਠੌਰ ਠੌਰ ਨਿਜ ਸੁਭਟ ਗੁਰੂ ਨੈ,
ਕਾਯਮ ਕਰਿ ਯੌਂ ਭਾਖਜੋ।
ਜੰਗ ਨਿਸੰਗ ਕਰੋ ਸਤ੍ਰੂਨ ਸੋਂ,
ਹਰੋ[1], ਨ ਡਰ ਉਰ ਰਾਖਜੋ ॥੧੬॥

[1]ਮਾਰੋ।

ਕਠਨ ਕੁਵੰਡ[1] ਪ੍ਰਚੰਡ[2] ਤੀਰ ਗਹਿ,
ਗੁਰੁ ਬਲਵੰਡ ਖਰੋਏ।
ਕੜ ਕੜਾਟ ਕੇ ਠਾਟ ਦੁਹੂੰ ਦਿਸ[1],
ਤੋਪ ਜੰਬੂਰਨ[1] ਹੋਏ।
ਧੂਰ ਧੂਮ ਸੋਂ ਪੂਰ ਗਯੋ ਨਭ[1],
ਸੂਰ ਨੂਰ[1] ਨਹਿ ਦਰਸੈ।
ਮੇਂਹ ਸਮਾਨ ਤੀਰ ਗੋਲੀ ਬਹੁ,
ਦੁਹੂੰ ਓਰ ਤੈ ਬਰਸੈਂ ॥੧੭॥

[1]ਕਰੜਾ ਧਨੁਸ਼। [2]ਤਿੱਖੇ।

[1]ਦੋਹਾਂ ਪਾਸਿਆਂ ਤੋਂ ਕੜ ਕੜ ਆਦਿ ਸ਼ਬਦਾਂ ਦੇ {ਠਾਟ} ਅਵਾਜ਼ੇ।

[1]ਛੋਟੀਆਂ ਤੋਪਾਂ (ਦੁਆਰਾ)।

[1]ਅਕਾਸ਼।

[1]ਸੂਰਜ ਦਾ ਪ੍ਰਕਾਸ਼।

ਗੋਲੀ ਗੋਲੇ ਤੀਰ ਬਾਹਰ ਤੈ,
ਚਲਿ ਗਢ ਮਾਹਿ[1] ਗਡੈ ਹੈਂ।
ਭੀਤਰ ਤੈ ਜੋ ਸਿੱਖ ਚਲਾਵੈਂ,
ਸੱਤ੍ਰੂਨ ਪ੍ਰਾਨ ਸੁ ਲੈ ਹੈਂ।
ਤੋਪ ਕਾਠ ਕੀ ਬਹੁ ਬਨਵੈ ਕੈ,
ਚਲਵਾਈ ਗੁਰੁ ਭਾਰੇ।
ਮਾਰ ਕਰਜੋ ਬਿਹਬਲ ਤੁਰਕੀ ਦਲ,
ਅੰਗ ਭੰਗ ਕਰਿ ਡਾਰੇ ॥੧੮॥
ਜਦਯਪਿ ਬਹੁ ਸਰਦਾਰ ਗੁਰੂ ਨੈ,
ਤੀਰਨ ਸੰਗ ਬਿਦਾਰੇ[1]।
ਤੌ ਭੀ ਆਵਤ ਬਡੀ ਘਟਾ ਸਮ,
ਤੁਰਕੀ ਸੈਨ ਅਪਾਰੇ।

[1]ਕਿਲ੍ਹੇ ਵਿੱਚ।

[1]ਮਾਰ ਦਿੱਤੇ (ਅ) ਖਿੰਡਾ ਦਿੱਤੇ।

ਗੁਰੁ ਵਿਚਾਰ ਪ੍ਰਵਾਰ ਤਬੈ ਨਿਜ,
ਘਰ ਤੈ ਦਯੋ ਨਿਕਾਰੇ।
ਗਾਡੀਰਥ ਡੋਰੇ ਬਹੁ ਤੋਰੇ,
ਸੰਗ ਸੁਭੱਟ ਰਖਵਾਰੇ ॥੧੯॥
ਸੰਗ ਲਯੋ ਅਸਬਾਬ ਜਰੂਰੀ,
ਬਾਕੀ ਤਜਯੋ ਅਪਾਰੇ।
ਸਿੱਖ ਚੁਭਾਲ੍ਹ ਗਾਮ ਕੇ ਥੇ ਸੰਗ,
ਤਾਂ ਤੇ ਉਭੈ ਪਧਾਰੇ[1]। [1]ਇਸ ਕਰ ਕੇ ਓਧਰ ਨੂੰ ਚਲੇ ਗਏ।
ਇਤ ਗੁਰ ਲਰਤ ਰਹੇ ਨਿਸ ਸਾਰੀ,
ਜਬਿ ਦਿਨ ਦਈ ਦਿਖਾਈ।
ਹੱਲੇ ਪਰ ਹੱਲਾ ਤੁਰਕੀ ਦਲ,
ਕਰਤ ਬਢਯੋ ਅਗਵਾਈ[1] ॥੨੦॥ [1]ਅੱਗੇ ਨੂੰ ਵਧਿਆ।
ਤਬਿ ਨਿਜ ਸੁਭੱਟ ਸੈਨ ਸਿਮਟੈ ਕੈ[1], [1]ਆਪਣੀ ਫੌਜ ਦੇ ਸੂਰਮੇ ਇਕੱਠੇ ਕਰਕੇ।
ਗੁਰੁ ਇਹ ਬਿਜੋਂਤ ਬਨਾਈ।
ਕਿਲਾ ਛੋਰ ਕਰਿ ਗੋਰ ਬਾਂਧ[1] ਪੁਨ, [1]ਗੋਲ ਘੇਰਾ ਬਣਾ ਕੇ।
ਆਏ ਨਿਕਸ ਇਦਾਈ ॥੨੧॥
ਦੋਹਰਾ:
ਤਾਲ ਰਾਮਸਰ ਨਿਕਟ ਪਿਖਿ,
ਲਰਨ ਹੇਤ ਮੈਦਾਨ।
ਗੁਰੂ ਜੰਗ ਹਿਤ ਥਿਰੇ ਤਹਿਂ,
ਉਤ ਤੁਰਕਨ ਬਲ ਠਾਂਨ ॥੨੨॥
ਬਚਨ ਮਿਠਾਈ ਲੁਟਨ ਕਾ,
ਕੀਨੋ ਥਾ ਗੁਰ ਜੋਇ।
ਸ਼ਹਿਰ ਲੁਟਯੋ ਸਭਿ ਤੂਕੋ ਨੇ
ਛਕੀ ਮਿਠਾਈ ਸੋਇ ॥੨੩॥
ਮੁਗਲਸ ਖਾਂ ਗੁਰੁ ਖਬਰ ਗਹਿ,
ਲੈ ਸੰਗ ਸੈਨ ਮਹਾਂਇ।
ਪਰਯੋ ਧਾਇ ਇਕ ਬਾਰ ਹੀ,
ਗੁਰੁ ਧੁਜਨੀ ਪਰ[1] ਆਇ ॥੨੪॥ [1]ਫੌਜ ਉਪਰ।
ਪਾਧਰੀ ਛੰਦ:

ਤਬਿ ਮਜਜੋ ਜੰਗ ਗਾਢਾ ਕਰਾਲ[1]।
ਬਹੁ ਉੱਠੇ ਸਬਦ ਤੜ ਭੜ[1] ਬਿਸਾਲ।

[1]ਤਕੜਾ ਭਿਆਨਕ।
[1]ਦਾਣੇ ਭੁੰਨਣ ਜਾਂ ਬੰਦੂਕਾਂ ਦੇ ਇੱਕੋ ਵਾਰ ਚਲਣ ਤੋਂ ਹੋਈ ਅਵਾਜ਼।

ਜਿਮ ਭਾੜ ਵੀਚ[1] ਦਾਨੇ ਭੁਜੰਤ।
ਤਿਮ ਤੁਪਕ ਜਮੂਰੇ[1] ਬਹੁ ਛੁਡੰਤ ॥ ੨੫ ॥

[1]ਭੱਠ ਵਿੱਚ।
[1]ਛੋਟੀਆਂ ਤੋਪਾਂ।

ਜੁਗ ਓਰ ਬੀਰ ਸਾਨੱਧ ਬੱਧ[1]।
ਰਸ ਛਕੇ ਬੀਰ ਕੋਪੇ ਬਿਹੱਦ[1]।
ਇਤ ਬਿਧੀ ਚੰਦ ਪੈਦੇ ਸੁ ਖਾਨ।
ਨਹਿ ਬਲੀ ਛਲੀ[1] ਕੋ ਜਿਨਿ ਸਮਾਨ ॥ ੨੬ ॥

[1]ਸ਼ਸਤ੍ਰ ਬੰਨ੍ਹ ਕੇ ਤਿਆਰ-ਬਰ-ਤਿਆਰ ਹੋਏ।
[1]ਬੀਰ-ਰਸ ਵਿੱਚ ਭਰੇ ਹੋਏ ਬਹੁਤੇ ਕ੍ਰੋਧਵਾਨ ਹੋਏ।

ਨਿਵਲੂ, ਨਿਹਾਲ, ਮੋਹਨ, ਗੁਪਾਲ।
ਜੇਠਾ, ਲੰਗਾਹ, ਪੈੜਾ, ਜਮਾਲ।
ਸਿੰਘਾ, ਸੁ ਜਾਤੀ ਮਲਕ, ਪ੍ਰੋਧ[1]।
ਮੁਹਰੂ, ਕਲਜਾਨ, ਕਾਲਾ, ਸਬੋਧ[1] ॥ ੨੭ ॥

[1]ਜੰਗ ਦੇ ਦਾਅ-ਪੇਚ ਜਾਨਣ ਵਾਲਾ।
[1]ਪ੍ਰੋਹਿਤ।
[1]ਵਿਚਾਰਵਾਨ।

ਭਾਨੂੰ, ਭੰਡਾਰਿ, ਭੱਲਨ ਬਿਰਾਰ[1]।
ਗੁਰਿ ਸੂਰਬੀਰ ਇਤਿ ਆਦਿ ਭਾਰ।
ਸਬਿ ਲਰਤ ਅੱਤ੍ਰ ਧਰਿ[1] ਸੱਤ੍ਰ ਸੰਗ।
ਬਡ ਚੱਤ੍ਰ ਤਜਨ ਤੀਰੋ ਤੁਫੰਗ[1] ॥ ੨੮ ॥

[1]ਗੋਤ।
[1]ਸ਼ਸਤ੍ਰਧਾਰੀ ਹੋ ਕੇ।
[1]ਬੰਦੂਕ।

ਇਕ ਠੌਰ ਅਰਜੋ ਭਾਨੂੰ ਸੁਭੱਟ।
ਜਿਨ ਧਰੇ ਸ਼ੱਤ੍ਰੂ ਬਹੁ ਕੱਟ ਫੱਟ[1]।
ਉਤ ਸ਼ਮਸ ਖਾਂਨ ਨਿਕਸਿਓ ਜਵਾਨ।
ਬਡ ਗਰਜ ਤਰਜ ਕਰਿ ਬਰਜ ਭਾਨੁ[1] ॥ ੨੯ ॥

[1]ਕੱਟ ਵੱਢ ਕੇਰੱਖ ਦਿੱਤੇ।
[1]ਭਾਨੂੰ ਨੂੰ ਤਾੜ ਕੇਰੋਕਿਆ।

ਜੁਗ ਓਰ ਤੀਰ ਛੁੱਟੇ ਤੁਫੰਗ।
ਜੁਝ[1] ਗਿਰੇ ਬੀਰ ਬਹੁ ਸਹਿ ਤੁਰੰਗ।
ਫਿਰ ਧਰਿ ਕ੍ਰੋਧ ਉਠ ਜੁੱਟੇ ਬੀਰ।
ਤਨ ਸੁਟੇ ਚੀਰ ਨਹਿ ਛੁਟੇ ਧੀਰ ॥ ੩੦ ॥

[1]ਲੜਦੇ ਲੜਦੇ। (ਅ) ਸ਼ਹੀਦ ਹੋ ਕੇ।

ਇਕ ਵਾਰ ਦੁਹੂੰ ਅਸਿ ਵਾਰ ਕੀਨ[1]।
ਧਰ ਗਿਰੇ ਮੁਨਾਰੇ ਮਨੋ ਪੀਨ[1]।
ਜਨ ਖਾਇ ਭੰਗ ਲੇਟੇ ਮਲੰਗ।
ਧੁਨਿ ਆਫਰੀਨ[1] ਪਿਖਿ ਭਈ ਜੰਗ ॥ ੩੧ ॥
ਪੁਨ ਪਰੇ ਧਾਇ ਅਰਰਾਇ[1] ਔਰ।

[1]ਤਲਵਾਰਾਂ ਦੇ ਵਾਰ ਕੀਤੇ।
[1]ਵੱਡੇ।
[1]ਸ਼ਾਬਾਸ਼ ਦੀ ਅਵਾਜ਼।
[1]ਅਰੜਾ ਕੇ।

ਲਰਰਹਜੋ ਬਿਧੀ ਸਸਿ ਜੌਨ ਠੌਰ।
ਕੜ ਕਾੜ ਤੁਪਕ ਸੜ ਸਾੜ ਤੀਰ[1]।
ਝੜ ਝਾੜ ਬਾੜ ਭਟ ਪਾੜ ਭੀਰ[1] ॥ ੩੨ ॥

[1]ਬੰਦੂਕਾਂ (ਦੇ ਚੱਲਣ ਤੋਂ ਹੋਈ ਅਵਾਜ਼) ਕਾੜ ਕਾੜ ਤੇ ਤੀਰਾਂ (ਦੇ ਚੱਲਣ ਤੋਂ ਹੋਈ ਅਵਾਜ਼) ਸਾੜ ਸਾੜ।
[1]{ਝੜ ਝਾੜ} ਚਲਾ ਚਲਾ ਕੇ {ਬਾੜ} ਬੰਦੂਕਾਂ ਦੇ ਇਕੱਠੇ ਵਾਰ, ਸੂਰਮਿਆਂ ਦੀ ਭੀੜ ਨੂੰ ਪਾੜ ਸੁੱਟਿਆ।

ਖਿਚ ਤੇਗ ਬੇਗ[1] ਬਢਿ ਅਗਰ ਬੀਰ[2]।
ਬਹੁ ਸਿਟਤ ਜਵਾਨ ਕਿ ਕਾਨ ਚੀਰ[1]।
ਝੱਟ ਪੱਟ ਭੱਟ ਬਰ ਲਪਟ ਲਪਟ[1]।
ਸੱਟਪੱਟ ਕੱਟ ਧਰ ਦਪਟ ਦਪਟ[1] ॥ ੩੩ ॥
ਬਕ ਅਕਟ ਬਿਕਟ ਦੈ ਦੈ ਫਲੰਗ[1]।

[1]ਛੇਤੀ। [2]ਸੂਰਮਾ ਅੱਗੇ ਵਧਿਆ।
[1]ਘੋੜੇ।
[1]ਛਤੀ ਚੰਗੇ ਸੂਰਮੇ (ਆਪਸ ਵਿੱਚ) ਚਿੰਬੜ ਚਿੰਬੜ ਕੇ।
[1]ਧਰਤੀ 'ਤੇ ਦੌੜ ਦੌੜ ਕੇ ਛੇਤੀ ਕੱਟ ਦੇਂਦੇ ਹਨ।
[1]ਅਸਤ ਬਿਅਸਤ ਬੋਲਦੇ ਹਨ, ਛਾਲਾਂ ਮਾਰ ਮਾਰ ਕੇ (ਉਛਲਦੇ ਹਨ)।

ਜਿਮ ਕੁਦਤ ਧਮਾਲੀ[1] ਨਟ ਮਲੰਗ।
ਨਹਿੰ ਟਰੈ ਪੈਰ ਪੀਛੇ ਸੁ ਏਕ।
ਬਢਿ ਆਗੇ ਬਾਹਿਤ ਤੇਗ ਨੇਕ[1] ॥ ੩੪ ॥
ਦੁਹਿ ਦਿਸਨ ਰੌਰ ਮਾਚਜੋ ਕਰਾਲ।
ਕਟ ਗਿਰੇ ਸੁਭਟ ਕੇਤਕ ਬਿਸਾਲ।
ਤਬਿ ਸਿੰਘੇ ਪ੍ਰੋਹਤ ਕੌ ਹਕਾਰ[1]।
ਗੁਰੁ ਪਠਜੋ ਸੁ ਕਾਲੇ ਦੁੱਲਟ ਨਾਰ[1] ॥ ੩੫ ॥
ਭੱਲਨ ਔ ਭਗਤੂ, ਲਾਲ ਚੰਦ।
ਯਹਿ ਬੀਰ ਪਠੇ ਦੈ ਦਲ ਬੁਲੰਦ।
ਜਹਿਂ ਬਿਧੀ ਚੰਦ ਪੈਦੇ ਸੁ ਖਾਨ।
ਥੇ ਲਰਤ ਪਰਜੋ ਥਾ ਜੋਰ ਆਨ ॥ ੩੬ ॥
ਇਹ ਕੁਮਕ[1] ਪਹੁੰਚੈ ਜਬੈ ਜਾਇ।
ਵਹਿ ਲਰੇ ਹੋਇ ਖੁਸ਼ ਦਿਲ ਬਢਾਇ ॥ ੩੭ ॥

[1]ਚੰਗੀ ਤਰ੍ਹਾਂ।
[1]ਸੱਦ ਕੇ।
[1]ਨਾਲ।
[1]ਸਹਾਇਤਾ ਲਈ।

ਦੋਹਰਾ:
ਤੀਰ ਤੁਫੰਗਨ ਤੇਗ ਕੀ,
ਬੇਗ ਧਰੀ ਅਸ ਮਾਰ।
ਤੁਰਕ ਚਮੂੰ ਬਿਚਲਾ ਦਈ,
ਜਿਮ ਘਨ ਫਾੜਤ ਬਜਾਰਿ[1] ॥ ੩੮ ॥

[1]ਤੁਰਕਾਂ ਦੀ ਫ਼ੌਜ (ਐਉਂ) ਖਿੰਡਾ ਦਿੱਤੀ ਜਿਵੇਂ ਹਵਾ ਬੱਦਲਾਂ ਨੂੰ ਪਾੜ ਦੇਂਦੀ ਹੈ।

ਮਹਿੰਦੀ ਖਾਨ, ਹੁਸੈਨ ਖਾਂ,

ਮੁਗਲਸ ਥੈਂ[1] ਤਬਿ ਹੇਰਿ।
ਤੱਜਬ ਰਹਿ ਕਹਿਂ ਗਜਬ ਕਿਯ,
ਗੁਰੁ ਸਿੱਖਨ ਯਹਿ ਫੇਰ ॥ ੩੯ ॥

[1]ਮੁਗਲਸ ਖਾਂ (ਆਦਿਕਾਂ) ਨੇ।

ਭੁਜੰਗ ਪ੍ਰਯਾਤ ਛੰਦ:
ਜਿਤਜੋ ਜੰਗ ਹਾਰਜੋ ਹਮਾਰੀ ਜੁ ਸੈਨਾਂ।
ਕਹਿਰ ਜ਼ਹਿਰ ਕੀਨੋ ਗੁਰੂ ਕੇ ਸਿਖੈਨਾਂ[1]।
ਮਹਾਂ ਕੋਪ ਕੈ ਕੈ ਨਿਜੰ ਫੌਜ ਮੋਰੀ।
ਭਏ ਆਪ ਆਗੇ ਕਰਜੌ ਜੰਗ ਜੋਰੀ ॥ ੪੦ ॥

[1]ਸਿੱਖਾਂ ਨੇ।

ਬਜੇ ਬਾਦ ਮਾਰੂ[1] ਮਹਾਂ ਮੇਘ ਲਾਜੇ।
ਸੁਨੇ ਜਾਹਿ ਕੇ ਭੀ ਨਹੀ ਕੂਰ[1] ਭਾਜੇ।
ਉਠੀ ਹੂਲ ਹਾਲੰ[1] ਕਰਾਲੰ ਬਿਸਾਲੰ।
ਨਚੇ ਭੂਤ ਭੈਰੋਂ ਸੁ ਕਾਲੀ ਬਿਤਾਲੰ ॥ ੪੧ ॥

[1]ਜੰਗੀ ਵਾਜੇ।
[1]ਕਾਇਰ।
[1]ਡੰਡਰੌਲੀ।

ਅਈ ਜੋਗਨੀ ਭੋਗਨੀ[1] ਮਾਸ ਲੋਹੂ।
ਫਿਰੈਂ ਗੀਧ[1] ਸਿੰਗਾਲ[2] ਔ ਕਾਕ ਕੋਹੂ[3]।
ਮਚਜੋ ਤੀਰ ਤੁਫੰਗ ਕਾ ਜੰਗ ਭਾਰੀ।
ਦੁਹੂੰ ਓਰ ਜੋਧੇ ਲਰੇ ਹ੍ਵੈ ਅਗਾਰੀ ॥ ੪੨ ॥

[1]ਛਕਣ ਵਾਲੀਆਂ।
[1]ਗਿਰਝਾਂ। [2]ਗਿੱਦੜ। [3]ਪਹਾੜੀ ਕਾਂ।

ਕੜਾ ਕਾੜ ਮਾਰੇ[1] ਦੜਾ ਦਾੜ ਸੁੱਟੇ[2]।

[1](ਜਦੋਂ ਬੰਦੂਕਾਂ ਦੇ ਵਾਰ) ਮਾਰਦੇ ਹਨ ਤਾਂ ਕੜ ਕੜ (ਦੀ ਅਵਾਜ਼ ਹੁੰਦੀ ਹੈ)। [2](ਜਦ ਮਾਰ ਕੇ ਸੂਰਮਿਆਂ ਨੂੰ) ਸੁੱਟਦੇ ਹਨ ਤਾਂ ਦੜ ਦੜ ਦੀ ਅਵਾਜ਼ ਹੁੰਦੀ ਹੈ।

ਸੜਾ ਸਾੜ[1] ਤੇਗਾਂਨ ਸੋਂ ਮਿੰਜ[2] ਕੁੱਟੇ।
ਕਟੇ ਅੰਗ ਜੋਧਾ ਲਗੇ ਘਾਇ ਘੂੰਮੈ[1]।
ਗਿਰੈਂ ਹ੍ਵੈ ਬਿਸੋਧਾ[1] ਲਿਟੇ ਬ੍ਰਿੰਦ ਭੂਮੈਂ ॥ ੪੩ ॥

[1]ਤਲਵਾਰਾਂ ਦੇ ਚੱਲਣ ਦੀ ਅਵਾਜ਼। [2]ਮਿੱਝ।
[1]ਜ਼ਖ਼ਮੀ ਹੋ ਕੇ ਘੂੰਮਦੇ ਹਨ।
[1]ਬੇਹੋਸ਼ ਹੋ ਕੇ।

ਕ੍ਰਿਪਾਨੰ ਮਿਆਨੰ ਕਿਤਾਨੰ[1] ਕਢੈ ਹੈ।
ਕਿਕਾਨੰ ਜ੍ਵਾਨੰ ਕ੍ਰਿਪਾਨੰ ਸੁ ਲੈ ਹੈਂ[1]।
ਸੁ ਕਾਨੰ ਪ੍ਰਮਾਨੰ[1] ਕਮਾਨੰ ਖਿਚੈ ਕੈ।
ਕਿ ਚੀਰੈਂ ਸਰੀਰੈਂ ਸੁ ਤੀਰੈਂ ਚਲੈ ਕੇ ॥ ੪੪ ॥

[1]ਕਿਤਨੇ (ਹੀ ਸੂਰਮੇ)।
[1]ਜਵਾਨ (ਸੂਰਮੇ) ਚੰਗੇ ਘੋੜੇ ਤੇ ਕ੍ਰਿਪਾਨਾਂ ਲੈਂਦੇ ਹਨ।
[1]ਕੰਨ ਤੱਕ।

ਅਲੀ ਯਾ ਅਲੀ ਐਲ ਪਾਰੈਂ[1] ਤੁਰਕਾਨੀ।
ਗੁਰੂ ਹੀ ਗੁਰੂ ਬੋਲ ਹੈਂ ਸਿੱਖ ਬਾਨੀ।
ਮਹਾਂ ਨਾਦ[1] ਭੈਆਨਕੈ ਬੀਰ ਕੂਕੈਂ।
ਲਰੈਂ ਚੌਂਪ ਚਿਤੰ[1] ਢਿਗੰ ਢੂਕ ਢੂਕੈਂ[2] ॥ ੪੫ ॥

[1]ਡੰਡਰੌਲੀ ਪਾਉਂਦੇ ਹਨ।
[1]ਸ਼ਬਦ।
[1]ਚਿੱਤ ਦੇ ਉਤਸ਼ਾਹ ਨਾਲ। [2]ਨੇੜੇ ਢੁਕ ਢੁਕ ਕੇ।

ਗਿਰੈਂ ਜਜੋਂ ਮੁਨਾਰੇ ਇਕੇ ਬਾਰ ਜੂਝੈਂ[1]।
ਭਿੜੈਂ ਭੇੜ ਜੋਧਾ ਕਿਸੈ ਨਾਹਿ ਬੂਝੈਂ।
ਘਨੀ ਸੈਨ ਤੁਰਕਾਨ ਕੀ ਔਰ ਆਈ।
ਪਰੀ ਧਾਇ ਸਿੱਖਾਂ ਪੈ ਹੂਲ ਪਾਈ[1] ॥ ੪੬ ॥
ਕਿਨੈ ਤੀਰ ਨੇਜਾ ਕਿਨੈ ਤੇਗ ਬਾਹੀ।
ਕਿਨੈ ਮਾਰ ਬੰਦੂਕ ਆਚੂਕ ਲਾਹੀ[1]।
ਮਹਾਂ ਭੇੜ ਮਾਚਜੋ ਬਹੈ ਸ੍ਰੋਨ[1] ਅੰਗੈਂ।
ਭਏ ਲਾਲ ਬਾਗੇ[1] ਮਨੋ ਫਾਗ ਰੰਗੈਂ[2] ॥ ੪੭ ॥
ਧਰਾ ਲਾਲ ਹੋਈ ਮਚਜੋ ਕੀਚ ਉਥੰ[1]।
ਕਟੇ ਹੱਥ ਮਥੰ ਚਢੇ ਲੁਥ ਲੁਥੰ।
ਅੱਲਾ ਬੋਲ ਹੱਲਾ ਕਰਜੋਂ ਯੌਂ ਤੁਰਕਾਨੈ।
ਮਹਾਂ ਮੇਘ ਮਾਨੋ ਚਢਜੋ ਹੈ ਮਹਾਨੈ ॥ ੪੮ ॥
ਕਰੀ ਤੀਰ ਗੋਲੀਨ ਕੀ ਪੀਨ[1] ਬਰਖਾ।
ਘਨੇ ਜ੍ਵਾਨ ਸਿਖਾਂਨ ਕੋ ਪ੍ਰਾਨ ਕਰਖਾ[1]।
ਇਤੈ ਸਿੱਖ ਭੀ ਨ ਹਟੈਂ ਪੈਰ ਪਾਛੈ।
ਲਰੈਂ ਹ੍ਵੈ ਅਗਾਰੀ ਨਿਜੰ ਜੀਤ ਬਾਂਛੈ ॥ ੪੯ ॥
ਗਏ ਜੂਝ ਕੇਤੇ ਬਡੋ ਝਾਲ ਝੱਲਾ।
ਇਤੇ ਮੈ ਗੁਰੂ ਭੀ ਆਏ ਬੋਲ ਹੱਲਾ।
ਘਨੇ ਬੀਰ ਬਾਂਕੇ ਗੁਰੂ ਸੰਗ ਆਏ।
ਜਿਨੈ ਆਨ ਸਿਖਾਂਨ ਕੈ ਦਿਲ ਬਢਾਏ ॥ ੫੦ ॥
ਮਚਯੋ ਤੀਰ ਤੋਫੰਗ ਕੋ ਜੰਗ ਭਾਰੰ।
ਪਰੈਂ ਗੁੱਲਕਾ ਉਲਕਾ ਜਜੋਂ ਅਸਾਰੰ[1] ॥ ੫੧ ॥

[1]ਸ਼ਹੀਦ ਹੋ ਜਾਂਦੇ ਹਨ।
[1]ਹੱਲਾ ਕਰਕੇ।
[1]ਨਾ ਉੱਕਣ ਵਾਲੇ ਨਿਸ਼ਾਨੇ ਨਾਲ (ਧੌਣ) ਲਾਹ ਦਿੱਤੀ।
[1]ਲਹੂ।
[1]ਪੁਸ਼ਾਕੇ। [2]ਜਾਣੋ ਹੋਲੀ ਦਾ ਰੰਗ ਲੱਗਾ ਹੈ।
[1]ਓਥੇ ਚਿੱਕੜ ਹੋ ਗਿਆ।
[1](ਅਕਾਸ਼ ਵਿੱਚੋਂ) ਗੋਲੀਆਂ ਡਿਗਦੇ ਤਾਰਿਆਂ ਵਾਂਗ ਬੇ-ਸੰਭਾਲ ਪੈਂਦੀਆਂ ਹਨ।

ਦੋਹਰਾ:
ਜੈਸੇ ਪੱਕੇ ਖੇਤ ਪਰ,
ਚੇਤ ਮਾਸ ਮੈਂ ਜਾਨ।
ਗੋਲੇ[1] ਮੇਂਹ ਬਰਸਾਇ ਬਹੁ,
ਕਰਤਿ ਮੇਘ ਨੁਕਸਾਨ ॥ ੫੨ ॥
ਤਜੋਂ ਸੱਤ੍ਰੁਨ ਕੀ ਸੈਨ ਪਰ,
ਤੀਰ ਗੁਰੂ ਬਰਸਾਇ।

[1]ਗੜੇ।

ਬਡੇ ਬਡੇ ਸਰਦਾਰ ਬਹੁ
ਛਿਨ ਮੈਂ ਦਏ ਖਪਾਇ ॥ ੫੩ ॥
ਚੌਪਈ:
ਤੀਰ ਸਮੀਰ[1] ਤੇਜ ਗੁਰੁ ਕੇਰੇ। [1]ਹਵਾ (ਵਾਂਗ)।
ਮੇਘ ਸੱਤ੍ਰੂ ਦਲ ਫਟਜੋ ਬਧੇਰੇ।
ਪਾਂਚ ਹਜ਼ਾਰੀ[1] ਸਾਤ ਹਜ਼ਾਰੀ। [1]ਪੰਜ ਹਜ਼ਾਰ ਫ਼ੌਜ ਦਾ ਅਫ਼ਸਰ।
ਤੱਕ ਤੱਕ ਅਫਸਰ ਹਤੇ ਅਪਾਰੀ ॥ ੫੪ ॥
ਇਕ ਇਕ ਤੀਰ ਸਰੀਰਨ ਦਸ ਦਸ।
ਚੀਰਤਿ ਜੌ ਗੁਰੁ ਮਾਰਤਿ ਕਸ ਕਸ।
ਤੁੱਕੇ[1] ਗੁਰੁ ਕੇ ਸੁੱਕੇ ਜਾਹੀਂ। [1]ਤੀਰ।
ਨਿਕਸ ਤੁਰੰਗਨ ਅੰਗਨ ਮਾਹੀ ॥ ੫੫ ॥
ਹੱਥ ਮੱਥ ਸੱਥਲ[1] ਕਟ ਗੇਰੇ। [1]ਪੱਟ।
ਰੁੰਡ[1] ਮੁੰਡ[2] ਧਰ ਮਾਂਹਿ ਬਿਖੇਰੇ[3]। [1]ਧੜ। [2]ਸਿਰ। [3]ਧਰਤੀ ਵਿੱਚ ਖਿਲਾਰ ਦਿੱਤੇ।
ਚਢੀ ਲੁੱਥ ਪੈ ਲੁੱਥ ਮਹਾਂਈ।
ਸੀਢੀ[1] ਮਨੋ ਸ੍ਵਰਗ ਕੋ ਲਾਈ ॥ ੫੬ ॥ [1]ਪਉੜੀ।
ਫੁਟੈਂ ਮਸ਼ਕ ਜਯੋਂ ਤੀਰ ਲਗੈਂ ਤਨ।
ਛੁਟੈਂ ਫੁਹਾਰੇ ਰੰਗ ਭਰੈਂ ਜਨ।
ਸੈਨ ਸੱਤ੍ਰੂ ਕੀ ਬਿਚਲੀ[1] ਐਸੇ। [1]ਖਿੰਡ ਗਈ।
ਲਗੇ ਆਗ ਬਨ ਗਜ ਗਨ ਜੈਸੇ[1] ॥ ੫੭ ॥ [1]ਜੰਗਲ ਨੂੰ ਅੱਗ ਲੱਗਿਆਂ ਜਿਵੇਂ ਬਹੁਤੇ ਹਾਥੀ (ਖਿੰਡ ਜਾਂਦੇ ਹਨ)।

ਗੁਰੁ ਸੁਭਟਨ[1] ਤਬਿ ਮੌਕਾ ਪੈ ਕੈ। [1]ਸੂਰਮਿਆਂ ਨੇ।
ਦਯੋ ਜ਼ੋਰ ਤਰਵਾਰ ਉਠੈ ਕੈ।
ਅਲੀ ਮੁਹੰਮਦ ਖਾਂ ਸਰਦਾਰ।
ਸਿੰਘਾ[1] ਲਰਿ ਜੂਝੇ ਇਕ ਵਾਰ ॥ ੫੮ ॥ [1]'ਸਿੰਘਾ' ਨਾਮ ਗੁਰੂ ਕਾ ਸੂਰਮਾ।
ਭਾਈ ਨੰਦਾ ਮਿਰਜਾ ਬੇਗ।
ਭਏ ਸ਼ਹੀਦ ਉਭੈ ਸਹਿ ਤੇਗ[1]। [1]ਦੋਵੇਂ ਤਲਵਾਰਾਂ (ਦੇ ਵਾਰ) ਸਹਾਰ ਕੇ।
ਪਾਂਚ ਹਜ਼ਾਰੀ ਮੌਲਾ ਬਖਸ਼।
ਹੀਰਾ ਨੰਦ ਮਰੇ ਭਿਰ ਸ਼ਖਸ਼[1] ॥ ੫੯ ॥ [1](ਦੋਨੋ) ਮਰਦ (ਬਹਾਦਰ) ਭਿੜ ਕੇ ਮਰ ਗਏ।
ਬਿਧੀ ਚੰਦ ਪੈਦੇ ਖਾਂ ਜੋਧੈ।
ਪਰੇ ਏਕ ਦਿਸ ਤੈ ਕਰਿ ਕ੍ਰੋਧੇ।

ਊਦਾ, ਦਾਰਾ, ਬੀਰ ਹਰੀ ਕੇ।
ਅਮੀਆਂ, ਜੀਤੂ, ਗਿੱਲ ਭਰੀ ਕੇ[1] ॥ ੬੦ ॥

[1](ਪਿੰਡ ਦੇ)।

ਮੁਹਰੂ ਰੰਧਾਵਾ, ਨੈਹਾਲਾ।
ਮੋਹਨ, ਬਾਘਾ, ਦਾਸ ਗੁਪਾਲਾ।
ਜੈਤਾ, ਤੋਤਾ, ਕਿਸ਼ਨਾ, ਤਖਤੂ।
ਦੇਵੀ ਦਾਸ, ਪਰਾਗਾ, ਬਖਤੂ ॥ ੬੧ ॥
ਭੱਲਨ, ਕਾਲਾ, ਭਾਰਾ, ਭਗਤੂ।
ਜੇਠਾ, ਪੈੜਾ, ਤਿਲੋਕਾ, ਜਗਤੂ।
ਜਾਤੀ ਮਲਕ, ਪ੍ਰੋਹਤ ਸੂਰਾ।
ਬਾਬਕ, ਦਜਾਲਾ, ਰਾਮਾ, ਭੂਰਾ ॥ ੬੨ ॥
ਇਤਜਾਦਿਕ ਗੁਰੁ ਕੇ ਬਡ ਸੂਰੇ।
ਸ਼ਸਤ੍ਰ ਬਿਦਜਾ ਮੈਂ ਸਬਿ ਪੂਰੇ।
ਪਰੇ ਸੱਤ੍ਰੂ ਸੈਨਾਂ ਪਰ ਧਾਈ।
ਅਰੇ, ਕਰੇ ਸ਼ਸਤ੍ਰ ਬਹੁਤਾਂਈ[1] ॥ ੬੩ ॥

[1](ਜੋ) ਅੜੇ (ਉਨ੍ਹਾਂ 'ਚੋਂ) ਬਹੁਤਿਆਂ ਨੂੰ (ਮਾਰਨ ਲਈ) ਸ਼ਸਤ੍ਰਾਂ ਦੇ (ਵਾਰ) ਕੀਤੇ।

ਉਤ ਦੁੰਦੇ ਖਾਂ, ਖਾਨ ਬਹਾਦਰ।
ਇਸਮਾਯਲ ਖਾਂ, ਮਿਰਜ਼ਾ ਕਾਦਰ।
ਦਿਦਾਰ ਅਲੀ ਖਾਂ, ਮੈਦੀ ਖਾਨ।
ਕਾਯਮ ਖਾਂ, ਲੁਤਫੁੱਲਹ ਖਾਣ ॥ ੬੪ ॥
ਖਵਾਜਾ ਬੇਗ, ਕਲੰਦਰ ਖਾਨ।
ਕਰੀਮ ਬੇਗ, ਹੁਸੈਨਾ ਖਾਨ।
ਮੁਗਲਸ ਖਾਂ ਲੌ ਅਫਸਰ ਸ਼ਾਹੀ।
ਭਿਰੈਂ ਅਧਿਕ ਮਨਿ ਰੋਸ ਬਢਾਹੀ ॥ ੬੫ ॥
ਪੈ ਗੁਰੁ ਕਰ ਤੈ[1] ਜਬਿ ਬਹੁ ਮਰੇ।

[1]ਗੁਰਾਂ ਦੇ ਹੱਥੋਂ।

ਸਨਮੁਖ ਜੁਝਿ ਭਿਸ਼ਤ ਮੈ ਪਰੇ।
ਮੁਗਲਸ ਖਾਂ ਤਬਿ ਆਇ ਅਰਜੋ ਹੈ।
ਲਰ ਕਰਿ ਬਹੁ ਹ੍ਵੈ ਸਮੁਖ ਮਰਜੋ ਹੈ ॥ ੬੬ ॥
ਜਬਿ ਸਰਦਾਰ ਮਰੇ ਤੁਰਕਾਨੀ।
ਭਾਗ ਚਲੀ ਤਬਿ ਸੈਨ ਮਹਾਨੀ।
ਗੁਰੁ ਕੇ ਸੁਭਟਨ ਮਗਰ ਦਬਾਯੋ[1]।

[1]ਪਿੱਛਾ ਕੀਤਾ।

ਅਰਯੋ ਜੋਊ ਖਗ[1] ਮਾਰ ਗਿਰਾਯੋ ॥ ੬੭ ॥ [1]ਤਲਵਾਰ।

ਦੋਹਰਾ:

ਅਜਬ ਤਮਾਚੇ[1] ਗਜਬ ਕੇ[2] [1]ਅਸਚਰਜ ਪਸਤੌਲ। [2]ਕਹਿਰ ਦੇ।
ਲਗੇ ਮਲੇਛਨ ਅੰਗ।
ਭੁੰਨੇ ਦਾਨੇ ਭਾੜ ਜਯੋਂ[1] [1]ਭੱਠ ਵਾਂਗ।
ਸਿੱਖਨ ਮਾਰ ਤੁਫੰਗ ॥ ੬੮ ॥
ਮਰੇ ਸਿਖ ਜੇ ਜੰਗ ਮੈਂ,
ਸੋ ਸਬਿ ਗੁਰੁ ਉਠਵਾਇ।
ਪ੍ਰਾਨ ਹੀਨ ਫੁਕਵਾ ਦਏ,
ਜ਼ਖਮੀ ਲਏ ਬਚਾਇ ॥ ੬੯ ॥
ਪੁਨ ਗੁਰੁ ਪਹੁੰਚ ਚੁਭਾਲ ਮੈਂ[1], [1](ਪਿੰਡ) ਵਿੱਚ।
ਬੀਬੀ ਬੀਰੋ ਕੇਰ।
ਕਰਜੋ ਬਜਾਹਿ ਉਤਸ਼ਾਹਿ ਸਹਿ,
ਦੀਨੋ ਦਾਜ ਥਧੇਰ ॥ ੭੦ ॥
ਸੋਲਾਂ ਸਏ ਸਤਾਸੀਏ
ਜੇਸਟ[1] ਦਿਨ ਛਬੀਸ। [1]ਜੇਠ ਮਹੀਨਾ।
ਜੰਗ ਬਜਾਹਿ ਯਹਿ ਤਿਸੀ ਦਿਨ,
ਹੋਏ ਬਿਸ੍ਵੇ ਬੀਸ[1] ॥ ੭੧ ॥ [1]ਪੂਰਨਰੀਤੀ ਨਾਲ।
ਹਾਰ ਜੰਗ ਤੈ ਤੁਰਕ ਗਨ,
ਗਏ ਜੁ ਲਵਪੁਰ[1] ਧਾਇ। [1]ਲਾਹੌਰ।
ਸ਼ਾਹਿ ਜਹਾਂ ਢਿਗ ਹਾਲ ਸਬਿ,
ਕਹਜੋ ਭਯੋ ਜਿਸ ਭਾਇ ॥ ੭੨ ॥

ਚੌਪਈ:

ਸੁਨਿ ਪਤਿਸ਼ਾਹਿ ਅਧਿਕ ਬਿਸਮਾਯੋ।
ਹੇਤ ਸਲਾਹਿ ਸਬਿਨਿ ਬੁਲਵਾਯੋ।
ਕਹਯੋ, ਗੁਰੂ ਬਡ ਤਜੱਬ ਕੀਨਾ[1]। [1]ਹੈਰਾਨ (ਕਰ ਦੇਣ ਵਾਲਾ ਕੰਮ) ਕੀਤਾ।
ਨਿਜ ਤੈ ਦਹ ਗੁਨ ਕੋ ਹਰ ਦੀਨਾ[1] ॥ ੭੩ ॥ [1]ਆਪਣੇ ਨਾਲੋਂ ਦਸ ਗੁਣਾ (ਫੌਜ) ਨੂੰ ਮਾਰ ਦਿੱਤਾ।
ਮੁਗਲਸ ਖਾਂ ਲੌ ਬਹੁ ਸਰਦਾਰੇ।
ਬਿਨੁ ਛਲ ਜੰਗ ਵੀਚ ਲਰਿ ਮਾਰੇ।
ਗਜਬ ਤਮਾਚਾ ਅਜਬ ਗੁਜ਼ਾਰਾ[1]। [1]ਕਹਿਰ ਦਾ ਅਸਚਰਜ ਹੱਲਾ ਕੀਤਾ।

ਬਿਨ ਸਮਾਨ ਲਰਿ ਲਸ਼ਕਰ ਮਾਰਾ ॥ ੭੪ ॥
ਅਬਿ ਉਮਰਾਵ ਸੋਇ ਚਢਿ ਜਾਵੈ।
ਲੈ ਬਹੁ ਸੈਨ ਜੁ ਗਹਿ ਕਰਿ ਲਜਾਵੈ।
ਸੁਨਿ ਵਜੀਰ ਖਾਂ ਦੋ ਕਰ ਜੋਰੇ।
ਕਹਜੋ ਬਾਜ ਨਹਿ ਤੁਮਰੇ ਥੋਰੇ ॥ ੭੫ ॥
ਥੋਰੀ ਬਾਤ ਸਿਚਾਨੇ ਕੇਰੋ[1]। [1]ਬਾਜ਼ ਦੀ।
ਜਿਹ ਹਿਤ ਇਤਨਕ ਬਢਜੋ ਬਖੇਰੋ।
ਅਜ਼ਮਤ[1] ਹਸ਼ਮਤ[2] ਗੁਰੁ ਢਿਗ ਭਾਰੀ। [1]ਕਰਾਮਾਤ। [2]ਧਨ ਦੌਲਤ। (ਅ) ਲਾਉ ਲਸ਼ਕਰ।
ਹੈ ਖਲਕਤ ਖਾਦਿਮ[1] ਉਨਿ ਸਾਰੀ ॥ ੭੬ ॥ [1]ਸੇਵਕ।
ਬਡੇ ਆਪ ਕੇ ਸ਼ਾਹਿ ਜੁ ਭਏ।
ਗੁਰੁ ਗਾਦੀ ਕੋ ਪੂਜਤ ਭਏ।
ਜਹਾਂਗੀਰ ਲੌ ਬਾਬਤ ਤਾਂਈਂ।
ਭਈ ਜੁ ਗਾਥਾ ਸਭੈ ਸੁਨਾਈ ॥ ੭੭ ॥
ਪੀਰ ਫਕੀਰਨ ਕੀ ਸੋ ਗਾਦੀ।
ਹੈ ਪੁਰ[1] ਅਜ਼ਮਤ ਲਖੋ ਅਨਾਦੀ[2]। [1]ਭਰੀ ਹੋਈ। [2]ਮੁੱਢ ਤੋਂ।
ਫਤੇ ਫਕੀਰਨ ਪਰ ਜੋ ਪੈਹੋ।
ਤੌ ਕਿਆ ਮਾਲ ਮੁਲਕ ਜਿੱਤ ਲੈਹੋ ॥ ੭੮ ॥
ਲਹਨ ਫਕੀਰਨ ਸੋਂ ਬਦਨਾਮੀ।
ਬਿਨ ਬਦ ਦੁਆਇ[1] ਨ ਹਾਸਲ ਦਾਮੀ[2]। [1]ਬੁਰੀ ਅਸੀਸ। [2]ਇਕ ਦਾਮ ਵੀ ਪ੍ਰਾਪਤ ਨਹੀਂ ਹੁੰਦਾ। {ਦਾਮ–ਇਕ ਪੁਰਾਣਾ ਸਿੱਕਾ ਜੋ ਰੁਪਏ ਦਾ ਪੰਜਾਹਵਾਂ ਹਿੱਸਾ ਸੀ।}
ਅਰ ਵਹਿ ਤਜਿ ਨਿਜ ਸ਼ਹਿਰ ਸਿਧਾਏ।
ਲੂਟ ਸਿਪਾਹੀ ਸ਼ਾਹੀ ਲਜਾਏ ॥ ੭੯ ॥
ਦੌਰ ਗਜੋਂ ਪਰ ਫੌਜ ਚਢਾਨੀ।
ਯਹਿ ਨਹਿ ਸ਼ਾਹਿਨ ਰੀਤਿ ਮਹਾਨੀ।
ਨਿਜ ਸਰੀਰ ਕੀ ਕੁਸਲ[1] ਮਨੀਜੈ। [1]ਸੁੱਖ।
ਬੈਰ ਫਕੀਰਨ ਸੋਂ ਤਜਿ ਦੀਜੈ ॥ ੮੦ ॥
ਢਿਗ ਤੈ ਕਿੰਚੈ ਬੇਗ ਬਖਾਨਾ।
ਬਾਤ ਬਾਜ਼ ਕੀ ਤੁੱਛ ਮਹਾਨਾ।
ਲੋਗ ਹਜਾਰੋਂ ਹ੍ਵੈ ਹੈਂ ਘਾਤੈਂ[1]। [1]ਨਾਸ।
ਨਾਹਿ ਲਾਭ ਕੁਛ ਔਰ ਬਖਜਾਤੈਂ ॥ ੮੧ ॥

ਸੁਨਿ ਪਤਿਸ਼ਾਹਿ ਮਾਨ ਮਨ ਲੀਨਾ।
ਬੈਰ ਭਾਵ ਗੁਰੁ ਸੋਂ ਤਜ ਦੀਨਾ।
ਪੁਨ ਗੁਨਿ[1] ਯਹਿ ਦਿਯ ਹੁਕਮ ਲਿਖਾਈ। [1]ਵਿਚਾਰ ਕੇ।
ਅੰਮ੍ਰਿਤਸਰ ਨ ਬਸੈਂ ਗੁਰੁ ਆਈ ॥ ੮੨ ॥
ਔਰ ਠੌਰ ਜਹਿਂ ਚਹੈਂ ਸੁ ਰੈਹੈਂ।
ਨਾਹਿ ਦੁਸ਼ਮਨੀ ਹਮ ਸੋ ਗੈਹੈਂ ॥ ੮੩ ॥

ਸੋਰਠਾ:
ਗੁਰ ਪ੍ਰਤਾਪ ਕੀ ਭੰਗ,
ਖਾਨ ਵਜੀਰ ਪਿਲਾਇ ਕੈ।
ਬਾਦਸ਼ਾਹਿ ਕੋ ਰੰਗ,
ਅਪਨੇ ਢੰਗ ਚਢਾ ਲਯੋ ॥ ੮੪ ॥

ਚੌਪਈ:
ਨਿਜ ਪੁਤ੍ਰੀ ਕੀ ਸ਼ਾਦੀ ਕੈ ਕੈ।
ਗੁਰੁ ਚੁਭਾਲ ਤੈ ਪੁਨਾ ਚਲੈ ਕੈ।
ਤਾਰਨ ਤਰਨ ਖੰਡੂਰ ਥਿਰੈ ਕੈ।
ਗੁਰੁਦ੍ਵਾਰਨ ਪ੍ਰਸ਼ਾਦ ਕਰੈ ਕੈ ॥ ੮੫ ॥
ਗੋਇੰਦਵਾਲ ਪੂਜਿ ਗੁਰੁਦ੍ਵਾਰੇ।
ਪੁਨ ਗੁਰੁ 'ਪੁਰ ਕਰਤਾਰ' ਪਧਾਰੇ।
ਪਰੀ ਧੂੰਮ ਸਭਿ ਦੇਸ ਮਝਾਰੈ।
ਦਰਸ਼ਨ ਕੌ ਸਿਖ ਅਏ ਅਪਾਰੈ ॥ ੮੬ ॥
ਕਹੈਂ ਪਰਸਪਰ ਲੋਗ ਅਭੀਤੇ[1]। [1]ਨਿਡੱਰ ਹੋ ਕੇ।
ਸ਼ਾਹਿ ਜਹਾਂ ਸੋਂ ਲਰਿ ਗੁਰੁ ਜੀਤੇ।
ਅਨਗਨ ਧਨ ਸਿਖ ਭੇਟ ਚਢਾਵੈਂ।
ਪਾਇ ਚਾਰ ਫਲ ਧਾਮ ਸਿਧਾਵੈਂ ॥ ੮੭ ॥
ਦੋਇ ਮਾਸ ਗੁਰੁ ਤਹਾਂ ਥਿਰਾਏ।
ਸਿੱਖਨ ਕੋ ਸੁਖ ਦਏ ਮਹਾਏ।
ਪੈਦੇ ਖਾਂ ਕੀ ਸ਼ਾਦੀ ਕੀਨੀ।
ਤਿਸੀ ਠੌਰ ਤਬਿ ਉਤਸ਼ਵ ਭੀਨੀ ॥ ੮੮ ॥
ਬਨ ਮ੍ਰਿਗ ਕੇਹਰ ਤਹਿਂ ਬਹੁ ਮਾਰੇ।
ਗਊ ਮਹਿਖ[1] ਜਨ ਕਰੇ ਸੁਖਾਰੇ। [1]ਮੱਝਾਂ।

ਪੈਦੇ ਖਾਂ ਕੋ ਤਹਿ ਹੀ ਛੋਰਾ।
ਗੁਰੁ 'ਪੁਰ ਹਰਿ ਗੋਬਿੰਦ' ਕੀ ਓਰਾ[1] ॥ ੮੯ ॥

[1]ਤਰਫ਼।

ਚਢੇ ਸੰਗ ਲੈ ਨਿਜ ਭਟ ਭੀਰੈਂ।
ਉਤਰੇ ਪਾਰ ਬਜ਼ਾਸਾ ਤੀਰੈਂ[1]।

[1]ਕਿਨਾਰੇ।

ਕਰਤ ਅਖੇਰ ਬ੍ਰਿਤਿ[1] ਮਗ ਫਿਰੇ।
ਹਰਿ ਗੋਬਿੰਦ ਪੁਰ ਢਿਗ ਜਾ ਥਿਰੇ ॥ ੯੦ ॥

[1]ਸ਼ਿਕਾਰ ਖੇਲਦੇ।

ਊਚ ਥੇਹ ਇਕ ਤੀਰ ਬਿਪਾਸਾ।
ਸੁਠ ਥਲ[1] ਰਹਿਨ ਹੇਤ ਚੌਮਾਸਾ[2]।

[1]ਚੰਗਾ ਥਾਂ। [2]ਚਾਰ ਮਹੀਨੇ ਹਾੜ ਸੁਦੀ ੧੨ ਤੋਂ ਕੱਤਕ ਸੁਦੀ ੧੨ ਤੱਕ ਦਾ ਸਮਾਂ।

ਪਿਖਿ ਤਹਿਂ ਤੰਬੂ ਦਏ ਲਗਾਈ।
ਥਿਰੇ ਸੈਨ ਸਹਿ ਤਹਿਂ ਮੁਦ ਪਾਈ ॥ ੯੧ ॥
ਬਾਰ ਬਾਰ ਬਰ ਬਾਰਿ ਬਸੈ ਹੈ[1]।

[1]ਬਾਰ ਬਾਰ ਚੰਗਾ ਪਾਣੀ ਵਰ੍ਹਦਾ ਹੈ।

ਬਾਰਦ ਬ੍ਰਿੰਦ ਬਹਾਰ ਬਢੈ ਹੈਂ[1]।

[1]ਬੱਦਲ ਬਹੁਤਾ ਅਨੰਦ ਵਧਾਉਂਦੇ ਹਨ।

ਬਰ ਤਰਵਰ ਸਰਵਰ ਪਰ ਸੋਹੈਂ[1]।

[1]ਦਰਿਆ ਦੇ ਕੰਢੇ 'ਤੇ ਚੰਗੇ ਦਰੱਖ਼ਤ ਸੋਂਹਦੇ ਹਨ।

ਧਰ ਹਰਯਾਵਲ ਭਲ ਮਨ ਮੋਹੈਂ ॥ ੯੨ ॥
ਤੜਤਾ ਤਰਜਤ[1] ਗਰਜਤ ਘਟਾਂ।

[1]ਬਿਜਲੀ ਤਾੜਦੀ ਹੈ।

ਰਹਿਤ ਨਮੂਦ ਬੂੰਦ ਬਹੁ ਛਟਾ[1]।

[1](ਪਾਣੀ ਦੀਆਂ) ਬਹੁਤੀਆਂ ਬੂੰਦਾਂ (ਅਤੇ ਬਿਜਲੀ ਦੀਆਂ) ਚਮਕਾਂ {ਨਮੂਦ} ਦਿਸਦੀਆਂ ਰਹਿੰਦੀਆਂ ਹਨ।

ਬਹਿਤ ਬਿਪਾਸ ਬੇਗ ਬਡ ਸੰਗਾ[1]।

[1]ਵੱਡੇ ਜ਼ੋਰ ਨਾਲ ਬਿਆਸ (ਦਰਿਆ) ਵਗਦਾ ਹੈ।

ਬ੍ਰਿੰਦ ਉਠੰਤ ਉਤੰਗ ਤਰੰਗਾ[1] ॥ ੯੩ ॥

[1]ਉੱਚੀਆਂ ਲਹਿਰਾਂ।

ਕੋਕਿਲ[1] ਮੋਰ ਸ਼ੋਰ ਸੁਠ ਠਟ ਹੀਂ[2]।

[1]ਕੋਇਲਾਂ। [2]ਸੁੰਦਰ ਸ਼ੋਰ ਕਰਦੇ ਹਨ।

ਦਾਦਰ ਸਾਦਰ ਪਪਿਹਾ ਰਟਹੀਂ[1]।

[1]ਡੱਡੂ ਤੇ ਪਪੀਹੇ ਬੇ-ਫ਼ਿਕਰ ਹੋ ਕੇ ਬੋਲਦੇ ਹਨ।

ਰਿਤੁ ਪਾਵਸ[1] ਭਾਵਸ ਸਬਿ ਕਾਹੂੰ।

[1]ਵਰਖਾਰੁੱਤ।

ਪੈ ਬਜੋਗੀਅਨ ਦੁਖਦ ਮਹਾਂ ਹੂੰ ॥ ੯੪ ॥
ਗੁਰੁ ਦਿਵਾਨਿ ਸੁਰਪਤਿ ਸਮ ਛਾਜੈ[1]।

[1]ਇੰਦ੍ਰ ਵਾਂਗ ਫਬਦੇ ਹਨ।

ਪੇਖਿ ਪ੍ਰਤਾਪ ਸੁਧਰਮਾਂ ਲਾਜੈ[1]।

[1]ਇੰਦ੍ਰ ਦੀ ਸਭਾ ਸ਼ਰਮਿੰਦਾ ਹੁੰਦੀ ਹੈ।

ਸਿੱਖ ਮਸੰਦ ਸੁਭਟ ਸਮੁਦਾਏ।
ਬੱਧ ਸਨੱਧ[1] ਬਿਹੱਦ ਸੁਹਾਇ ॥ ੯੫ ॥

[1]ਸ਼ਸਤ੍ਰ ਬੰਨ੍ਹ ਕੇ ਤਿਆਰ ਬਰ ਤਿਆਰ।

ਜੋਰਿ ਹਾਥ ਸਭਿ ਗੁਰੂ ਅਗਾਰੀ।
ਖਰੇ ਰਹੈਂ ਆਗਜ਼ਾ ਅਨੁਸਾਰੀ ॥ ੯੬ ॥

ਦੋਹਰਾ:

ਸ਼ਾਹੀ ਬਾਜ ਗੁਜ਼ਾਰ[1] ਇਕ, [1]ਸਰਕਾਰੀ ਠੇਕੇਦਾਰ।
ਘੇਰੜ[1] ਖੱਤ੍ਰੀ ਜਾਤ। [1]ਗੋਤ।
ਮਾਲਕ ਹੁਤੋ ਜਮੀਨ ਕਾ,
ਬਹੁ ਪਿੰਡਨ ਬਖਜਾਤ ॥ ੯੭ ॥

ਚੌਪਈ:

ਨਾਮ ਤਾਂਹਿ ਕਾ ਥਾ ਭਗਵਾਨਾ।
ਤਿਸ ਨੇ ਮਨ ਮੈ ਯਹਿ ਦਿਢ ਠਾਨਾਂ।
ਗਾਮ ਰੁਹੀਲਾ ਚੰਦੂ ਵਾਰੋ।
ਲਯੋ ਦਬਾਇ ਇਨੈ ਜਿਮ ਭਾਰੋ ॥ ੯੮ ॥
ਤਿਮ ਜਮੀਨ ਹਮਰੀ ਅਬਿ ਛੀਨ।
ਮਤ ਕਿਤ ਗਾਮ ਬਸੈ ਹੈਂ ਪੀਨ[1]। [1]ਤਕੜਾ।
ਹੈਂ ਸਮ੍ਰੱਥ ਏ ਚਹਿਤ ਸੁ ਕਰਿ ਹੈਂ।
ਪਤਿਸ਼ਾਹਿਨ ਤੈ ਭੀ ਨਹਿ ਡਰ ਹੈਂ ॥ ੯੯ ॥
ਤਾਂ ਤੇ ਇਨ ਕੋ ਅਬੀ ਉਠੈ ਹੈਂ।
ਪਾਛੇ ਫਿਰ ਮਮ ਜੋਰ ਨਾ ਪੈ ਹੈ।
ਯਹਿ ਮਨਿ ਧਰਿ ਉਨਿ ਗੁਰੁ ਢਿਗ ਜਾਏ।
ਕਹਯੋ ਸਿਵਰ ਨਿਜ[1] ਲੇਹੁ ਉਠਾਏ ॥ ੧੦੦ ॥ [1]ਆਪਣਾ ਡੇਰਾ।
ਨਹੀਂ ਤੁ ਜਬਰਨ ਦੈਹੁਂ ਨਿਕਾਰੀ।
ਦੇਸ ਏਹੁ ਮਮ ਸਬਿ ਅਨੁਸਾਰੀ।
ਉਨਿ ਨਿਜ ਮ੍ਰਿਤੂ ਆਇ ਹਕਾਰੀ[1]। [1]ਸੱਦੀ।
ਸੋਯੋ ਸ਼ੇਰ ਜਗਾਯੋ ਭਾਰੀ ॥ ੧੦੧ ॥
ਗੁਰੂ ਕਹਯੋ ਥਲ ਊਚ ਪਿਖੈ ਕੈ।
ਢਿਗ ਨਿਜ ਗਾਮ ਥਿਰੇ ਹਮ ਐ ਕੈ।
ਕੁਛ ਦਿਨ ਰਹਿ ਕਰਿ ਖੇਲ ਸ਼ਿਕਾਰੈਂ।
ਜੈ ਹੈਂ ਤੁਮਰੋ ਕਛੁ ਨ ਬਿਗਾਰੈਂ ॥ ੧੦੨ ॥
ਯਹਿ ਸੁਨਿ ਭੀ ਉਨਿ ਧੀਰ ਨ ਧਰੀ।
ਬਾਨੀ ਬਹੁਤ ਅਵਾਚ[1] ਉਚਰੀ। [1]ਨਾ ਕਹਿਣ ਯੋਗ।
ਜੋ ਸੁਨਿ ਸਿੱਖ ਸਹਾਰ ਨ ਸੱਕੇ।
ਲਗੇ ਮਾਰਨੇ ਤਿਸ ਕੌ ਧੱਕੇ ॥ ੧੦੩ ॥

ਸੋ ਗੁਰੂਅਨ ਕੋ ਲੈ ਲੈ ਨਾਮੂੰ।
ਗਾਰੀ ਦੈਨ ਲਗਯੋ ਮਤਿ ਖਾਮੂੰ[1]।
[1]ਕੱਚੀ ਮਤ ਵਾਲਾ।
ਤਾਂ ਪਰ ਗੁਰੂ ਅਸ਼ਾਰਾ[1] ਕੀਨਾ।
[1]ਇਸ਼ਾਰਾ।
ਸਿੱਖਨ ਮਾਰ ਡਾਰਿ ਨਦਿ[1] ਦੀਨਾ ॥ ੧੦੪ ॥
[1](ਬਿਆਸਾ) ਨਦੀ ਵਿੱਚ।
ਥੇ ਹਮਰਾਹੀ[1] ਤਾਂ ਕੇ ਜੇਤੇ।
[1]ਸਾਥੀ।
ਇਤ ਉਤ ਗਏ ਡਰਤਿ ਭਗ ਤੇਤੇ।
ਹਰਿ ਗੋਬਿੰਦ ਪੁਰ ਨਿਕਟਿ ਜਮੀਨ।
ਹੁਤੀ ਜੁ ਅਧਿਕ ਤਾਂਹਿ ਕੀ ਪੀਨ ॥ ੧੦੫ ॥
ਸੋ ਗੁਰੁ ਨਿਜ ਪੁਰ ਸੰਗ ਲਗਾਈ।
ਚੱਕ ਨਿਕਾਰ[1] ਪੁਟਾਈ ਖਾਈ।
[1]ਪਿੰਡ (ਦਾ ਰਕਬਾ) ਕੱਢ ਕੇ।
ਏਕ ਮਸਤਿ ਸਰਾਂਇ ਪਵਾਈ।
ਲੰਗਰ ਤਹਿਂ ਬਡ ਦਜੋ ਲਗਾਈ ॥ ੧੦੬ ॥

ਦੋਹਰਾ:

ਜਬਿ ਘੇਰੜ ਗੁਰੁ ਮਾਰਜੋ,
ਤਾਂਹਿ ਦੇਸ ਮੈਂ ਭਾਰ।
ਪਰਜੋ ਦਬਾਉ ਸੁ ਗੁਰੂ ਕਾ,
ਮਨਨ ਲਗੇ ਜਨ ਸਾਰ[1] ॥ ੧੦੭ ॥
[1]ਸਾਰੇ ਲੋਕ।
ਸੰਗਤ ਦੇਸ ਬਦੇਸ ਤੈ,
ਗੁਰੁ ਢਿਗ ਨਿਤ ਤਹਿਂ ਆਇ।
ਭੇਟਾ ਦਰਬ ਹਥਜਾਰ ਅੱਸ੍ਵ,
ਦੈ ਬਾਂਛਿਤ ਲੈ ਜਾਇ ॥ ੧੦੮ ॥

ਚੌਪਈ:

ਰਤਨ ਚੰਦ ਘੇਰੜ ਕਾ ਬੇਟਾ।
ਸੁਨਿ ਪਿਤ ਮਰਨ ਧਰਨ ਪਰ ਲੇਟਾ।
ਕਰਮ ਚੰਦ ਚੰਦੂ ਸੁਤ ਤਾਂਈ।
ਲੀਨੋ ਅਪਨੇ ਸੰਗ ਮਿਲਾਈ ॥ ੧੦੯ ॥
ਮਿਲ ਕੈ ਦੁਹੂੰ ਦੁਖਜਾਰਨ ਜਾਈ।
ਜਾਲੰਧਰ ਫਰਜਾਦ ਸੁਨਾਈ।
ਅਬਦੁਲੇ ਖਾਂ ਸੂਬੇਦਾਰੂ।
ਸੁਨਿ ਬਹੁ ਰਿਸਜੋ ਜਲੰਧਰ ਵਾਰੂ[1] ॥ ੧੧੦ ॥
[1]ਵਾਲਾ।

ਚਢਜੋ ਬੇਗ[1] ਲੈ ਲਸ਼ਕਰ ਭਾਰਾ। [1]ਛੇਤੀ।
ਜਨ ਸਾਗਰ ਨਿਜ ਤਜਜੋ ਕਿਨਾਰਾ।
ਜਰਾਸਿੰਧ ਹਿਤ[1] ਕਾਲ ਜਮਨ ਜਿਮ। [1](ਦੀ ਮਦਦ) ਵਾਸਤੇ।
ਧਯੋ ਕ੍ਰਿਸ਼ਨ ਪਰ ਆਯੋ ਏਹੁ ਤਿਮ ॥੧੧੧॥
ਕਰਿ ਮਦ ਪਾਨ ਖਾਨ[1] ਸਹਿ ਕ੍ਰੋਧਾ। [1]ਅਬਦੁੱਲਾ ਖਾਂ ਸੂਬਾ ਜਾਲੰਧਰ।
ਚਲਜੋ ਸਹਿਸ ਦਸ[1] ਲੈ ਸੰਗ ਜੋਧਾ। [1]ਦਸ ਹਜ਼ਾਰ।
ਪਰਸਰਾਮ ਪਰ ਸਹਸ ਬਾਹੁ ਜਜੋਂ।
ਮ੍ਰਿਤੁ ਪ੍ਰੇਰਜੋ ਅਯੋ ਮੂਢ ਤਜੋਂ ॥੧੧੨॥
ਸੰਤਤਿ ਸਗਰ ਕਪਲ ਜਿਮ ਜਾਰੀ[1]। [1]ਸਗੜਰਾਜੇ ਦੀ ਉਲਾਦ ਜਿਵੇਂ ਕਪਲ ਰਿਸ਼ੀ ਨੇ ਸਾੜ ਦਿੱਤੀ ਸੀ।
ਤਿਮ ਗੁਰੁ ਇਨ ਕੌ ਦੈਹੈਂ ਗਾਰੀ[1]। [1]ਗਾਲ੍ਹ ਦੇਣਗੇ।
ਗਰਬਤ ਮਗ ਉਲੰਘ ਲਖਿ[1] ਬਜਾਸੈਂ। [1]ਲੰਘ ਕੇ।
ਉਤਰਜੋ ਜਾਇਰੁਹੀਲੇ ਪਾਸੈਂ[1] ॥੧੧੩॥ [1](ਪਿੰਡ) ਕੋਲ।
ਜਥੇਦਾਰ ਇਕ ਬੈਰਮ ਖਾਨ।
ਦੁਤੀ ਮੁਹੰਮਦ ਖਾਨ ਪਠਾਨ।
ਅਲੀ ਬਖ਼ਸ਼ ਪੁਨ ਖਾਂ ਬਲਵੰਡ।
ਜੀਤੇ ਜਿਨੈ ਘਮੰਡ ਪ੍ਰਚੰਡ[1] ॥੧੧੪॥ [1]ਤਿੱਖੇ ਜੰਗ।
ਨਬੀ ਬਖ਼ਸ਼, ਕਰੀਮ ਜੁ ਬਖਸ਼।
ਥੇ ਸੁਤ ਸੂਬੇ ਕੇ ਬਡ ਸ਼ਖਸ[1]। [1]ਵੱਡੇ ਮਰਦ (ਜੋਧੇ)।
ਜਥੇਦਾਰ ਇਹ ਕਾਯਮ ਕੀਨੇ।
ਸੂਰਬੀਰ ਨਾਮੀ[1] ਬਡ ਪੀਨੇ[2] ॥੧੧੫॥ [1]ਮਸ਼ਹੂਰ। [2]ਤਕੜੇ।
ਯਹਿ ਸੁਨਿ ਗੁਰੁ ਦੁੰਦਭਿ[1] ਬਜਵਾਯੋ। [1]ਧੌਂਸਾ।
ਅਗਰ ਹੋਇ ਕਰਿ ਜੰਗ ਮਚਾਯੋ।
ਨਾਨੋ, ਜੱਟੂ, ਭੱਟ ਕਲਜਾਨਾ।
ਬਿਧੀ ਚੰਦ, ਜੇਠਾ, ਭਟ ਗਜਾਨਾ ॥੧੧੬॥
ਮਥਰਾ, ਮੱਲਾ, ਪਰਾਗਾ, ਲਾਲੂ।
ਭੱਲਨ, ਕਾਲਾ, ਨਾਨੋ, ਬਾਲੂ।
ਗੁਰੁ ਭੱਟ ਭਿਰੇ ਅਗਰ ਸਹਿ ਸੈਨਾ।
ਦਾਂਤ ਕਰੇ ਖੱਟੇ ਤੁਰਕੈਨਾਂ ॥੧੧੭॥
ਸ੍ਵੈਯਾ:

ਬੈਰਮ ਖਾਨ, ਮੁਹੰਮਦ ਖਾਨ,
ਲਏ ਸੰਗ ਸੈਨ ਮਹਾਨ ਅਗਾਰੈਂ।
ਆਇ ਭਿਰੇ ਅਰਰਾਇ ਸਬੈ,
ਜੁਗ ਓਰਨ ਤੀਰ ਤੁਫੰਗ ਪ੍ਰਹਾਰੈਂ।
ਮਾਰ ਮਚੀ ਨ ਤਚੀ ਕਿਨ ਠੌਰ,
ਗਚੀ ਧਰ ਲੁੱਥ ਪੈ ਲੁੱਥ ਅਪਾਰੈਂ[1]। [1]ਲੋਥਾਂ ਤੇ ਬਹੁਤੀਆਂ ਲੋਥਾਂ (ਚੜ੍ਹ ਕੇ) ਧਰਤੀ ਢਕੀ ਗਈ।
ਹੇਰ ਹਿਰਾਨ ਰਹੇ ਤੁਰਕੀ
ਸਰਦਾਰ, ਲਰੈਂ ਜਿਮ ਸਿੱਖ ਉਦਾਰੈਂ ॥ ੧੧੮ ॥
ਜੁਗ ਓਰਨ ਦੀਹ ਦਮਾਮਿ[1] ਬਜੈਂ, [1]ਵੱਡੇ ਧੌਂਸੇ।
ਸੁਨਿ ਕੈ ਜਿਹ ਕਾਯਰ ਜੰਗ ਸਜੈਂ।
ਸਿਖ ਛੇਰ ਤੁਰੰਗ ਸੰਭਾਰ ਤੁਫੰਗ,
ਬਢੈਂ ਮੱਧ ਜੰਗ ਉਮੰਗ ਭਜੈਂ[1]। [1]ਉਤਸ਼ਾਹ ਸਹਿਤ ਹੋ ਕੇ।
ਨ ਲਜੈਂ ਨਾ ਕਜੈਂ ਮੁਖ ਢਾਲਨ ਸੋ[1], [1]ਸ਼ਰਮ ਨਹੀਂ ਕਰਦੇ ਤੇ ਨਾ ਹੀ ਢਾਲਾਂ ਨਾਲ ਮੂੰਹ ਢੱਕਦੇ ਹਨ।
ਨ ਭਜੈਂ, ਸਮ ਕੇਹਰ ਗਾਜ ਗਜੈਂ[1]। [1]ਸ਼ੇਰ ਤੇ ਬਿਜਲੀ ਵਾਂਗ ਗੱਜਦੇ ਹਨ।
ਨ ਤਜੈਂ ਬਿਨ ਜੈ, ਨਰਜੈਂ ਕਰਿ ਛੈ ਅਰਿ[1], [1]ਵੈਰੀਆਂ ਨੂੰ ਨਾਸ਼ ਕਰਕੇ।
ਚਾਹਿਂ ਬਿਜੈ ਰਨ ਮਾਹਿ ਅਜੈ[1] ॥ ੧੧੯ ॥ [1]ਜੰਗ ਵਿੱਚ ਅਜਿੱਤ ਜਿੱਤ ਚਾਹੁੰਦੇ ਹਨ।
ਇੱਕ ਓਰ ਜਟੂ ਭੱਟ ਜੱਟ ਜੁਟਜੋ,
ਇਕ ਓਰ ਰਹਜੋ ਮਥਰਾ ਲਰਿ ਹੈ।
ਕਿਤਿ ਭੱਲਨ ਭਾਲੁ ਜਿਮੈਂ[1] ਭਬਕੈ, [1]ਰਿੱਛ ਵਾਂਗ।
ਕਿਤ ਦੁੱਲਟ ਕਾਲਾ ਰਹਯੋ ਅਰ ਹੈ।
ਬਿਧੀ ਚੰਦ ਰਹਯੋ ਕਿਤਿ ਬੇਧ ਅਰੈਂ[1], [1]ਵੈਰੀਆਂ ਨੂੰ ਵਿੰਨ੍ਹ ਰਿਹਾ ਹੈ।
ਕਿਤਿ ਜੇਠਹਿ ਹੇਠਹਿ ਲਿਯ ਕਰ ਹੈ[1]। [1]ਜੇਠੇ ਨੇ ਹੱਥ ਦੇ ਹੇਠਾਂ ਕਰ ਲਿਆ ਹੈ।
ਇਤ ਤੇ ਉਤ ਨਾਨਹੁ ਆਦਿ ਘਨੇ,
ਹਿਤ ਮਦੱਤ ਔ ਖਬਰੈਂ ਫਿਰ ਹੈ[1] ॥ ੧੨੦ ॥ [1]ਖ਼ਬਰਾਂ ਲੈਂਦੇ ਫਿਰਦੇ ਹਨ।
ਉਤ ਬੈਰਮ ਖਾਂਨ ਮੁਹੰਮਦ ਖਾਨ,
ਅਲੀ ਬਖਜ਼ੰ, ਬਲਵੰਡ[1] ਅਰਯੋ। [1]ਬਲਵੰਡ ਖ਼ਾਂ।
ਜੁਗ ਪੂਤ ਯੁਤੰ[1] ਅਬਦੁਲਹਿ ਖਾਂ, [1]ਦੋਹਾਂ ਪੁੱਤਰਾਂ ਸਮੇਤ।
ਚਢਿ ਫੀਲ[1] ਪਿਖੈ ਰਣ ਮੈਂ ਬਰਯੋ[2]। [1]ਹਾਥੀ ਤੇ। [2]ਵੜ ਕੇ।
ਬਹੁ ਤੁੱਪਕ[1] ਤੋਮਰ[2] ਤੀਰ ਗੁਲੇਲ, [1]ਬੰਦੂਕਾਂ। [2]ਬਰਛੇ।
ਜੰਜੈਲ[1] ਜੰਬੂਰਨ[2] ਜੋਰ ਪਰਯੋ। [1]ਭਾਰੀ ਤੇ ਲੰਬੀ ਬੰਦੂਕ। [2]ਛੋਟੀਆਂ ਤੋਪਾਂ।

ਬਰਖੈਂ ਗੁਲਕਾ ਸਰ ਓਰ ਉਭੈ[1],
ਜਿਨ ਕੋ ਪਿਖਿ ਸਾਵਨ ਮੇਂਹ ਡਰਯੋ ॥੧੨੧॥

[1]ਦੋਹਾਂ ਤਰਫਾਂ ਤੋਂ ਗੋਲੀਆਂ ਤੇ ਤੀਰ ਬਰਖਾ ਕਰ ਰਹੇ ਹਨ।

ਜੁਗ ਓਰਨ[1] ਜੋਰਨ ਸੋਂ ਲਰਹੀਂ,
ਟਰਹੀਂ ਭੱਟ ਨਾਹਿ ਪਿਛਾਂਹਿ ਜਰੈ[1]।
ਬਲ ਧਾਰਿ ਮਹਾਂ ਲਲਕਾਰ ਪੁਕਾਰ,
ਅਪਾਰ ਲਰੈਂ ਬਹੁ ਬਾਰ[1] ਕਰੈਂ।
ਧਰ ਸੂਰ ਦੜਾ ਦੜ ਭੂਰ[1] ਗਿਰੈਂ,
ਬਰ[1] ਹੂਰ ਜਿਨੈ ਮਨ ਮੋਦ ਭਰੈਂ।
ਨ ਟਰੈਂ ਪਗ ਏਕ ਡਰੈਂ ਨ ਜਰਾ,
ਰਸ ਬੀਰ ਛਕੇ[1] ਰਣ ਧੀਰ ਧਰੈਂ ॥੧੨੨॥

[1]ਦੋਹਾਂ ਤਰਫਾਂ ਤੋਂ।
[1]ਥੋੜ੍ਹਾ ਜਿਹਾ ਵੀ।
[1]ਵਾਰ।
[1]ਬਹੁਤੇ।
[1]ਵਰ ਕੇ।
[1]ਬੀਰਰਸ 'ਚ ਭਰੇ।

ਬਹੁ ਜੋਰਨ ਤੈ ਦੁਹੂੰ ਓਰਨ ਤੈ,
ਸਮ ਓਰਨ ਕੈ ਗੁਲਕਾ ਸਰ ਭਾਰੈਂ[1]।
ਬਡ ਹੋਤ ਅਵਾਜ ਚਟਾਪਟ ਕੀ[1],
ਜਿਮ ਆਗ ਲਗੀ ਬਨ ਬਾਂਸਨ ਜਾਰੈ।
ਅਤਿ ਮਾਰ ਸਥਾਰ ਕਰਯੋ[1] ਬਡ ਬੀਰਨ,
ਖੇਤ ਕਿਸਾਨ ਕਟਯੋ ਜਿਮ ਜ੍ਵਾਰੈਂ।
ਅਤਿ ਰੋਸ ਬਢਾਇ ਬਰਸਾਇ ਰਹੇ,
ਬਿਨੁ ਬਾਰ[1] ਉਭੈ ਦਿਸ ਤੈ ਬਲ ਧਾਰੈਂ ॥੧੨੩॥

[1]ਬਹੁਤੇ ਤੀਰ ਤੇ ਗੋਲੀਆਂ ਗੜਿਆਂ ਵਾਂਗ (ਵਰ੍ਹਦੀਆਂ ਹਨ)।
[1]ਛੇਤੀ (ਚੱਲਣ) ਦੀ।
[1]ਸੱਥਰ ਪਾ ਦਿੱਤੇ।
[1]ਬਿਨਾਂ ਦੇਰੀ ਤੋਂ।

ਕਿਤਿ ਘਾਇਲ[1] ਹਾਇ ਉਚਾਰਤ ਆਰਤ[2],
ਬੀਰ ਬਗਾਰਤ[1] ਧੀਰ ਧਰੈ ਹੈਂ।
ਕਿਤਿ ਏਕਹਿ ਬਾਰ ਹਕਾਰ ਉਭੈ,
ਕਰਿ ਏਕਹਿ ਬਾਰ ਸੁ ਜੂਝ ਪਰੈਂ ਹੈਂ[1]।

[1]ਜ਼ਖ਼ਮੀ। [2]ਦੁਖੀ ਹੋ ਕੇ।
[1]ਵੰਗਾਰਦੇ ਹਨ।
[1]ਕਿਤੇ ਇੱਕੋ ਵਾਰੀ ਇਕ ਦੂਜੇ ਨੂੰ ਬੁਲਾ ਕੇ ਤੇ ਇਕੱਠਾ ਵਾਰ ਕਰ ਕੇ ਸ਼ਹੀਦ ਹੋ ਜਾਂਦੇ ਹਨ।

ਕਿਤਿ ਅੱਸ੍ਵ ਫਿਰੈਂ ਅਸਵਾਰ ਬਿਨਾਂ,
ਕਿਤ ਬੀਰ ਲਰੈਂ ਅਤਿ ਧੀਰ ਅਰੈ ਹੈਂ[1]।
ਕਿਤਿ ਘਾਉ[1] ਭਕਾ ਭੱਕ ਬੋਲ ਰਹੇ,
ਬਹਿ ਖੂੰਨ ਰਹਯੋ ਝਰਨਾ ਜਯੋਂ ਝਰੈ ਹੈਂ ॥੧੨੪॥

[1]ਅੜਦੇ ਹਨ।
[1]ਜ਼ਖ਼ਮ।

ਧਰਨੀ ਵਰਨੀ ਗੁਲ ਲਾਲਹਿ ਕੇ[1],
ਭਟ ਭੀਗ ਰਹੇ ਜਨ ਪਾਗ ਖਿਲੈਂ[1]।
ਚਢਿ ਲੋਥਨਿ ਊਪਰ ਲੋਥ ਪਰੀ,

[1]ਧਰਤੀ ਲਾਲੇ ਦੇ ਫੁੱਲ ਦੇਰੰਗ ਵਰਗੀ (ਲਾਲ ਹੋ ਰਹੀ ਹੈ)।
[1]ਮਾਨੋ ਹੋਲੀ ਖੇਲ ਰਹੇ ਹਨ।

ਜਨ ਸੀਢੀ ਧਰੀ ਸ੍ਵਰਗੈਂ ਸੁ ਪਿਲੈਂ[1]।
ਨਟ ਔ ਪਟਿਵਾਜ[1] ਮਲੰਗਨ ਜਿਉ[2],
ਭਟ ਦੈ ਦੈ ਫਲੰਗਨ ਖੋਲਿ ਦਿਲੈਂ[1]।
ਲਰਹੀਂ ਮਰਹੀਂ ਤਰਹੀਂ ਭਵ ਸਿੰਧੁ,
ਬਧੂ ਮੁਕਤੀ ਵਰਹੀਂ ਸੁ ਚਿਲੈਂ[1] ॥੧੨੫॥

[1]ਮਾਨੋ ਸੁਰਗ ਨੂੰ ਜਾਣ ਵਾਸਤੇ ਪੌੜੀ ਖੜੀ ਕੀਤੀ ਹੈ।
[1]ਗੱਤਕੇ-ਬਾਜ਼ਾਂ (ਅਤੇ)। [2]ਭੰਗੀ ਫ਼ਕੀਰਾਂ ਵਾਂਗੂ।
[1]ਸੂਰਮੇ ਦਿਲ ਖੋਲ੍ਹ ਕੇ ਛਾਲਾਂ ਮਾਰ ਮਾਰ ਕੇ।
[1]{ਸੁ ਚਿਲੈਂ} ਚੰਗੀ ਤਰ੍ਹਾਂ ਆਪਣੇ ਮਨ ਦਾ ਭਾਵ ਪ੍ਰਗਟ ਕਰ ਕੇ ਮੁਕਤੀ ਰੂਪ ਵਹੁਟੀ ਨੂੰ ਵਰ ਲੈਂਦੇ ਹਨ। (ਅ) {ਸੁਚਿ ਲੈਂ} ਪਵਿੱਤ੍ਰ ਮੁਕਤੀ ਰੂਪ ਵਹੁਟੀ ਨੂੰ ਵਰ ਲੈਂਦੇ ਹਨ।

ਉਮਡੇ ਤੁਰਕੀ ਦਲ ਸਿੰਧੁ ਸਮੰ,
ਗੁਰੁ ਸਮੁੱਖ ਚਾਂਦ ਸਪੂਰਨ ਕੈ[1]।
ਬਡ ਮਾਰ ਮਚੀਰਣ ਭੀਮ[1] ਭਯੋ,
ਅਤਿ ਪੂਰ ਗਯੋ ਨਭ ਧੂਰਨ ਕੈ।
ਮੁਖ ਕਾਯਰ ਕੇ ਜਰਦੈਂ ਜਰਦੈਂ[1],
ਸਮ ਇੰਦ ਬਧੂ[1] ਮੁਖ ਸੂਰਨ ਕੈ।
ਗਨ ਭੈਰਵ ਭੂਤ ਪਿਸਾਚਨਿ[1] ਜੋਗਨਿ,
ਮੋਦ ਬਢੇਓ ਘਰ ਹੂਰਨ ਕੈ ॥੧੨੬॥

[1]ਪੂੰਨਿਆਂ ਦੇ ਚੰਦ੍ਰਮਾ ਰੂਪ ਗੁਰਾਂ ਦੇ ਸਾਹਮਣੇ।
[1]ਭਿਆਨਕ ਜੰਗ।
[1]ਜ਼ਰਦੇ ਪਲਾਅ (ਵਾਂਗ) ਪੀਲੇ ਹੋ ਗਏ।
[1]ਚੀਚ ਵਹੁਟੀ ਵਾਂਗ (ਲਾਲ)।
[1]ਮਾਸ ਖਾਣੀਆਂ।

ਸੰਗ ਬੈਰਮ ਖਾਨ ਜੁਟਯੋ ਮਥਰਾ,
ਸਥਰਾ ਕਤਰਾ ਕਰਿ ਬੈਰਿਨ ਡਾਰਾ[1]।
ਖੈਂਚ ਕਿਰਪਾਨ ਮਿਆਨਨ ਤੈ,
ਜੁਗ ਜਵਾਂਨ ਭਿਰੇ ਭਰਿ ਮੋਦ ਅਪਾਰਾ।
ਰਸ ਬੀਰ ਛਕੇ[1] ਮੁਖਿ ਮਾਰ ਬਕੇ[2],
ਲਰਤੇ ਨ ਥਕੇ ਸੁ ਤਕੇਂ ਬਲ ਧਾਰਾ।
ਭਟ ਢਾਲ ਸੰਜੋਇ ਉਭੈ ਕੱਟ ਜੌ,
ਝਟ ਜੂਝ ਗਿਰੇ ਜੁਗ ਏਕਹਿਂ ਬਾਰਾ ॥੧੨੭॥

[1]ਵੈਰੀਆਂ ਦੇ ਸੱਥਰ ਪਾ ਕੇ ਕਤਰਾ ਕਤਰਾ ਕਰ ਸੁੱਟਿਆ।
[1]ਭਰੇ ਹੋਏ। [2]ਮੁਖੋਂ ਮਾਰ ਲੌ ਬੋਲਦੇ ਹਨ।

ਭੁਜੰਗ ਪ੍ਰਯਾਤ ਛੰਦ:
ਜੁਟਯੋ ਖਾਨ ਮਾਹੰਮਦੂ ਸੰਗ ਜੱਟੂ।
ਕਰਯੋ ਭਟ ਭੇਰੰ ਉਭੈ ਬੀਰ ਹੱਠੂ[1]।
ਗਿਰੇ ਜੂਝ ਦੋਈ ਘਨਯੋਂ ਕੋ ਹਰੈ ਕੈ[1]।
ਭਈ ਮੋਦ ਹੂੰਰੈਂ ਸੁ ਸੂਰੈਂ ਬਰੈ ਕੈ[1] ॥੧੨੮॥
ਤਬੈ ਕੋਪ ਕੈ ਕੈ ਪਰਯੋ ਧਾਇ ਸੂਬਾ।
ਲਏ ਸੈਨ ਭਾਰੀ ਉਭੈ ਪੂਤ ਖੂਬਾ[1]।

[1]ਦੋਹਾਂ ਹਠੀ ਸੂਰਮਿਆਂ ਨੇ ਜੰਗ ਕੀਤਾ।
[1]ਬਹੁਤਿਆਂ ਨੂੰ ਮਾਰ ਕੇ।
[1]ਸੂਰਮਿਆਂ ਨੂੰ ਵਰ ਕੇ।
[1]ਦੋਵੇਂ ਚੰਗੇ ਪੁੱਤਰ।

ਬਜੇ ਬਾਦ ਮਾਰੂ[1] ਪ੍ਰਲੈ ਮੇਘ ਮਾਨੋ। [1]ਜੰਗੀ ਵਾਜੇ।
ਭਿਰੀ ਸੈਨ ਦੋਈ ਮਚਜੋ ਘੱਮਸਾਨੋ ॥ ੧੨੯ ॥
ਇਤੰ ਤੈ[1] ਗੁਰੂ ਭੀ ਲਏ ਸਿੱਖ ਸੈਨਾ। [1]ਏਧਰੋਂ।
ਭਏ ਸੱਤ੍ਰੂ ਕੇ ਸਾਮੁਹੇ ਜਾਇ ਐਨਾ।
ਉਭੈ ਓਰ ਜੁੱਟੇ ਮਹਾਂ ਰੋਹ ਮਾਤੇ।
ਭਏ ਸੂਰ ਮਧਜਾਨ ਜਜੋਂ ਸੂਰ ਤਾਤੇ[1] ॥ ੧੩੦ ॥ [1]ਦੋਪਹਿਰ ਦੇ ਸੂਰਜ ਵਾਂਗ ਸੂਰਮੇ ਤੱਤੇ ਹੋ ਗਏ।
ਘਨੋ ਤੀਰ ਤੋਫੰਗ ਕੋ[1] ਜੰਗ ਸਜਜੋ। [1]ਬੰਦੂਕਾਂ ਦਾ।
ਜਿਸੈ ਦੇਖ ਕੈ ਸਾਵਨੰ ਮੇਹ ਲਜਜੋ।
ਹਲਾ ਹੂਲ ਪਾਰੀ[1] ਧਲਾ ਧੂਲ ਮੱਚਾ[2]। [1]ਹਲਚਲੀ ਪਾ ਦਿੱਤੀ। [2]ਧਰਤੀ 'ਤੇ ਧੂੜ ਫੈਲ ਗਈ।
ਬਿਨਾ ਘਾਇ ਤੈ ਨ ਤਬੈ ਕੋਇ ਬੱਚਾ ॥ ੧੩੧ ॥
ਪਰੈ ਸਾਰ ਕੀ ਧਾਰ[1] ਅੱਪਾਰ ਭਾਰੀ। [1]ਲੋਹੇ ਦੀ ਧਾਰ ਪੈ ਰਹੀ ਹੈ ਭਾਵ ਸ਼ਸਤ੍ਰਾਂ ਦੇ ਵਾਰ ਹੋ ਰਹੇ ਹਨ।
ਮਿਲੈ ਨਾਹਿ ਲੈਨੀ ਕਿਸੀ ਕੌ ਸੰਭਾਰੀ।
ਕਰੇ ਹੈਂ ਸਿਪਾਹੀ ਉਭੈ ਓਰ ਪੋਲੇ[1]। [1]ਕਮਜ਼ੋਰ।
ਪਰੇ ਚੇਤ ਮਾਨੋ ਪਕੇ ਖੇਤ ਗੋਲੇ[1] ॥ ੧੩੨ ॥ [1]ਮਾਨੋ ਚੇਤ ਦੇ ਮਹੀਨੇ ਪੱਕੇ ਖੇਤ ਵਿੱਚ ਗੜੇ ਪਏ ਹਨ।
ਜਬੈ ਤੀਰ ਗੋਲੀ ਮੁਕੇ ਖੈਂਚ ਤੇਗੈਂ।
ਭਿਰੇ ਆਪ ਵੀਚੈਂ ਬਲੀ ਬੀਰ ਬੇਗੈਂ।
ਚਲੀ ਸੈਫ[1] ਸਾਫੰ ਸਫਾ ਅੰਗ ਕੱਟੈ। [1]ਸਿੱਧੀ ਤਲਵਾਰ।
ਮਨੋ ਮ੍ਰਿਤੁ ਕੀ ਜੀਭ ਹੀ ਪ੍ਰਾਨ ਚੱਟੈ ॥ ੧੩੩ ॥
ਚਲੀ ਸੈਹਥੀ[1] ਸੇਲ[2] ਸਾਂਗੰ[3] ਦਮੱਕੈ[11]। [1]ਬਰਛੀ। [2]ਨੇਜ਼ਾ, ਸੇਲਾ। [3]ਇਕ ਤਰ੍ਹਾਂ ਦੀ ਬਰਛੀ ਜੋ ਦਸ ਫੁੱਟ ਲੰਬੇ ਛੜ ਵਾਲੀ ਹੁੰਦੀ ਹੈ, ਸਾਰਾ ਛੜ ਲੋਹੇ ਨਾਲ ਮੜ੍ਹਿਆ ਹੁੰਦਾ ਹੈ, ਨੋਕਦਾਰ ਫਲ ਚਾਰ ਫੁੱਟ ਲੰਬਾ ਹੁੰਦਾ ਹੈ। [11]ਚਮਕਦੀ ਹੈ।
ਕਿਧੋ ਸੱਪਨੀ ਪੰਖਵਾਰੀ[1] ਲਪੱਕੈ[2]। [1]ਖੰਭਾਂ ਵਾਲੀ। [2](ਖਾਣ ਨੂੰ) ਉਛਲ ਕੇ ਪੈਂਦੀ ਹੈ।
ਸਰੋਹੀ[1] ਫੁਲਾਦੀ ਜੁਨੱਬੀ[2] ਹਲੱਬੀ[3]। [1]ਸਿਰੋਹੀ ਨੱਗਰ ਦੀ ਬਣੀ ਤਲਵਾਰ ਦੀ ਕਿਸਮ ਜੋ ਫੁਲਾਦੀ ਜਾਂ ਸਕੇਲੇ ਦਿਆਂ ਪੱਤ੍ਰਾਂ ਵਿੱਚ ਕੱਚਾ ਲੋਹਾ ਦੇ ਕੇ ਘੜੀ ਜਾਂਦੀ ਹੈ। [2]ਆਰਮੋਨੀਆ ਦੇਸ਼ ਦੇ ਜਨੱਬ ਨੱਗਰ ਵਿੱਚ ਬਣੀ ਹੋਈ ਤਲਵਾਰ। [3]ਸ਼ਾਮ ਦੇਸ਼ ਦੇ ਹਲੱਬ ਸ਼ਹਿਰ ਦੀ ਬਣੀ ਹੋਈ ਤਲਵਾਰ।
ਸੁਕੱਤੇ ਦੁਧਾਰੇ[1] ਅਪਾਰੈਂ ਅਰੱਬੀ[2] ॥ ੧੩੪ ॥ [1]ਕੱਟਣ ਵਾਲੇ ਖੰਡੇ। [2]ਅਰਬ ਦੇਸ਼ ਦੇ ਬਣੇ ਹੋਏ।
ਚਲਾਵੈਂ ਗਿਰਾਵੈਂ ਨ ਝੱਕੈਂ ਨ ਥੱਕੈਂ।
ਮਨੋ ਬੀਜਰੀ ਕੋਟ ਮੇਘੰ ਦਮੱਕੈਂ।
ਕਹੂੰ ਖੱਗ[1] ਪੈ ਖੱਗ ਬੱਜੈ ਠਣੱਕੈ। [1]ਤਲਵਾਰ।

ਘੜੈਂ ਘਾੜ ਠੱਠਜਾਰ ਲੋਹਾਰ ਪਕੈ[1] ॥ ੧੩੫ ॥
ਕਟੈਂ ਢਾਲ ਸੰਜੋਇ ਪੇਟੀ ਝਟੱਕੈਂ[1]।
ਅੱਧੋ ਅੱਧ ਕੈ ਕੈ ਧਰਾ ਪੈ ਪਟੱਕੈਂ[1]।
ਬਹੈਂ ਖੂਨ ਧਾਰੈਂ ਪਨਾਰੈ ਸਮਾਨੈਂ[1]।
ਭਈ ਭੂਮਿ ਲਾਲੰ ਕਰਾਲੰ ਮਹਾਨੈਂ ॥ ੧੩੬ ॥
ਇਸੋ ਕੀਚ ਮਚਜੋ ਧਰਾ ਵੀਚ ਆਈ।
ਧਸੈਂ ਅੱਸ੍ਵ ਜਵਾਨੰ ਚਲਜੋ ਨਾਹਿ ਜਾਈ।
ਭਈ ਰੇਲ ਪੇਲੰ[1] ਮਿਲੇ ਮੇਲ ਮੇਲੈਂ[2]।

[1]ਪੱਕੀ ਤਰ੍ਹਾਂ।
[1]ਛੇਤੀ ਨਾਲ।
[1]ਸੁੱਟਦੇ ਹਨ।
[1]ਪ੍ਰਨਾਲਿਆਂ ਵਾਂਗ।
[1]ਧੱਕੋ ਧੱਕੀ ਹੋਈ। [2]ਐਉਂ ਮਿਲੇ ਜਿਵੇਂ ਮੇਲ ਵਿੱਚ ਜਾਂ ਮੇਲੇ ਵਿੱਚ ਮਿਲਦੀ ਹੈ।

ਭਿਗੇ ਅੰਗ ਲੋਹੂ ਮਨੋ ਫਾਗ[1] ਖੇਲੈਂ ॥ ੧੩੭ ॥
ਭੁਜਾ[1], ਸੱਥਲੰ[2], ਹੱਥ, ਮੱਥੇ[3], ਬਿਲੱਛੀ[11]।
ਤਰਫੈਂ ਵੀਚ ਲੋਹੂ ਕਿਰੋਹੂ[1] ਸੁ ਮੱਛੀ।
ਪਰੀ ਲੁੱਥ ਪੈ ਲੁੱਥ ਆਗੁੱਧ ਭਾਰੇ[1]।
ਧਰਾ ਰੁੰਡ ਮੁੰਡੰ ਸੁ ਝੁੰਡੰ ਬਿਥਾਰੇ[1] ॥ ੧੩੮ ॥
ਤੱਛਾ ਮੁੱਛ[1] ਜੋਧੇ ਸੁਟੈਂ ਝੱਟ ਕੈ ਕੈ।
ਬਢੈਂ ਬਾਢ ਬਾਢੀ ਬਨੰ ਜੈਸ ਜੈ ਕੈ[1]।

[1]ਹੋਲੀ।
[1]ਬਾਂਹ। [2]ਪੱਟ। [3]ਸਿਰ। [11](ਐਉਂ) ਸੋਭ ਰਹੇ ਹਨ।
[1]ਇਕ ਪ੍ਰਕਾਰ ਦੀ ਮੱਛੀ।
[1]ਲੋਥਾਂ ਤੇ ਲੋਥਾਂ ਆ ਪਈਆਂ ਤੇ ਵੱਡੇ ਢੇਰ (ਬਣ ਗਏ)।
[1]ਧਰਤੀ 'ਤੇ ਬਹੁਤੇ ਧੜ ਤੇ ਸਿਰ ਖਿੰਡੇ ਪਏ।
[1]ਵੱਢ ਟੁੱਕ ਕੇ।
[1]ਜਿਵੇਂ ਜੰਗਲ ਵਿੱਚ ਜਾ ਕੇ ਤਰਖਾਣ (ਆਪਣੇ ਹਥਿਆਰਾਂ ਦੀ) ਤਿੱਖੀ ਧਾਰ ਨਾਲ ਲੱਕੜਾਂ ਨੂੰ ਵੱਢਦਾ ਹੈ।

ਕਟਾ ਕੁੱਟ ਮੱਚੀ ਫਟਾ ਫੱਟ ਡਾਰੈਂ[1]।
ਘੜੈਂ ਘਾੜ ਮਾਨੋ ਠਠੇਰੇ ਅਪਾਰੈਂ ॥ ੧੩੯ ॥
ਖਚਾ ਖੱਚ ਬਾਹੈਂ ਗਚਾ ਗੱਚ ਤੇਗੈਂ[1]।
ਪਟਾ ਪੱਟ ਗੇਰੈਂ ਦੜਾ ਦਾੜ ਬੇਗੈਂ[1]।

[1]ਛੇਤੀ ਸੁੱਟਦੇ ਹਨ।
[1]ਖਚਾ-ਖੱਚ (ਅਵਾਜ਼ ਨਾਲ ਤਲਵਾਰਾਂ) ਚਲਾਉਂਦੇ ਹਨ। (ਤਲਵਾਰਾਂ ਲਹੂ ਨਾਲ) ਗੱਚਾ ਗੱਚ ਹੋ ਜਾਂਦੀਆਂ ਹਨ।
[1]ਪਟਾ ਸ਼ਸਤ੍ਰ ਨਾਲ ਛੇਤੀ {ਪੱਟ} ਚੀਰ ਕੇ ਦੜਾ ਦਾੜ ਸੁੱਟ ਦੇਂਦੇ ਹਨ।

ਭਕਾ ਭਕ ਬੋਲੈਂ ਖੁਲ੍ਹੇ ਘਾਉ ਭਾਰੇ।
ਬਹੇ ਖੂਨ ਜੈਸੇ ਪਨਾਰੇ ਫੁਹਾਰੇ ॥ ੧੪੦ ॥
ਕਹੂੰ ਅੱਸ੍ਵ ਡੋਲੈਂ ਬਿਨਾ ਅੱਸਵਾਰੈਂ।
ਕਹੂੰ ਮਾਰ ਮਾਰੰ ਬਕੈਂ ਬੀਰ ਭਾਰੈਂ।
ਅਈ ਜੋਗਨੀ ਭੋਗਨੀ[1] ਖੂਨ ਮਾਸੰ।
ਛਕੈਂ ਬਾਂਛਤੰ ਸ੍ਵਾਨ ਸ੍ਰਿੰਗਾਲ[1] ਖਾਸੰ ॥ ੧੪੧ ॥
ਨਚੈਂ ਭੂਤ ਭੈਰੋਂ ਤਚੈਂ ਕਿੱਲਕਾਰੀ[1]।
ਅਟੈਂ ਭੂਤ ਬਾਲਾ[1] ਰਟੈਂ[2] ਗੀਤ ਗਾਰੀ।

[1]ਛਕਣ ਲਈ।
[1]ਗਿੱਦੜ।
[1]ਚੀਕਾਂ ਮਾਰਦੀਆਂ ਹਨ।
[1]ਰੱਜੀਆਂ ਹੋਈਆਂ ਭੂਤਾਂ ਦੀਆਂ ਇਸਤ੍ਰੀਆਂ। [2]ਬੋਲਦੀਆਂ

ਹਨ।

ਭਰਜੋ ਖੱਪਰ ਕਾਲੀ ਛਕਜੋ ਦੈ ਅਸੀਸ।
ਗੁਰੂ ਸਿੱਖ ਰੈਹੈਂ ਸਦਾ ਛੱਤ੍ਰ ਸੀਸ ॥ ੧੪੨ ॥
ਦੋਹਰਾ:
ਕੋਪ ਹੋਇ ਸੂਬਾ ਤਬੈ,
ਨਿਜ ਸੈਨਾ ਸਿਮਟਾਇ[1]। [1]ਇਕੱਠੀ ਕਰਕੇ।
ਅਰਜੋ ਸੰਮੁਖ ਹ੍ਵੈ ਗੁਰੂ ਕੈ,
ਕਰਿ ਸੁਭਟੈਂ ਅਗਵਾਇ ॥ ੧੪੩ ॥
ਪਾਧਰੀ ਛੰਦ:
ਤਬ ਨਬੀ ਬਖਸ਼ ਕਰਿ ਅੱਟ ਨਾਦ[1]। [1]ਉੱਚੀ ਬੋਲ ਕੇ।
ਬਹੁ ਤਜੇ ਤੀਰ ਕਰ ਬੱਕ ਬਾਦ[1]। [1]ਬਕਵਾਸ।
ਗੁਰੁ ਆਇਸ ਲੈ ਪੈ ਪਰਸ ਰਾਮ।
ਬਡ ਨਬੀ ਬਖ਼ਸ਼ ਸੋਂ ਕਰ ਸੰਗ੍ਰਾਮ ॥ ੧੪੪ ॥
ਧਰ ਪਰੇ ਜੂਝ ਜਬ ਉਭੈ ਬੀਰ।
ਪਿਖਿ ਭ੍ਰਾਤ ਤਾਂਹਿ ਕੇ ਬਿਨਾਂ ਧੀਰ।
ਕਾਰੀਮ ਬਖ਼ਸ਼ ਦੈ ਅਧਿਕ ਜੋਰ।
ਬਹੁ ਤਜੇ ਤੀਰ ਕਿਯ ਜੰਗ ਘੋਰ ॥ ੧੪੫ ॥
ਸੋ ਬਿਧੀ ਚੰਦ ਨੇ ਹਤਜੋ ਧਾਇ।
ਬਹੁ ਦਾਵ ਘਾਵ ਕਰਕੈ ਉਪਾਇ।
ਪਿਖਿ ਮਰੇ ਪੂਤ ਜੁਗ ਜੰਗ ਵੀਚ।
ਤਬ ਸੂਬਾ ਪ੍ਰੇਰਜੋ ਅਯੋ ਮੀਚ[1] ॥ ੧੪੬ ॥ [1]ਮੌਤ ਦਾ।
ਸੰਗ ਲੀਏ ਭਟਨ ਕੀ ਅਧਿਕ ਭੀਰ।
ਹ੍ਵੈ ਸੰਮੁਖ ਲਗੇ ਸਬਿ ਤਜਨ ਤੀਰ।
ਕਰਿ ਅਲੀ ਅਲੀ ਬਕ ਮਾਰ ਮਾਰ।
ਕਿਯ ਜੰਗ ਘੋਰ ਭਜਾਨਕ ਅਪਾਰ ॥ ੧੪੭ ॥
ਗੁਰੁ ਕਾਨ ਪ੍ਰਮਾਨ ਕਮਾਨ ਤਾਨ।
ਸਮ ਮੇਂਹ ਤੀਰ ਬਰਖਾ ਬਰਖਾਨ।
ਕੋ ਪਾਂਚ ਹਜਾਰੀ ਸੱਤ ਹਜਾਰ।
ਧਰ ਦਏ ਗੇਰ ਬਡ ਬਡ ਸਰਦਾਰ ॥ ੧੪੮ ॥
ਤਹ ਜਵਾਨ ਕਿਕਾਨਨ ਕਿਯ ਸਥਾਰ।

ਗੁਰੁ ਤੁੱਕੇ[1] ਸੁੱਕੇ ਕੱਢੇ ਪਾਰ। [1]ਤੀਰ।
ਆਖਰ ਬਡ ਸੂਬੇ ਅਸ੍ਵ ਛੇਰ।
ਢਿਗ ਢੁੱਕ ਗੁਰੂ ਕੌ ਕਹਜੋ ਟੇਰ ॥ ੧੪੯ ॥
ਤੁਮ ਹਤੇ ਸੁਭੱਟ ਹਮਰੇ ਕਿਤਾਨ।
ਅਬ ਜੀਵਤ ਤੁਮੈ ਨ ਦੈਹਂ ਜਾਨ।
ਹਮ ਸੰਗ ਲਰੋ ਗਹਿ ਕਰਿ ਤਰਵਾਰ।
ਤੁਮ ਬੀਰ ਬਲੀ ਹਮ ਸੁਨੇ ਭਾਰ ॥ ੧੫੦ ॥
ਯਹਿ ਕਹਿ ਕਰਿ ਛੇਰਿ ਤੁਰੰਗ ਬੇਗ।
ਗੁਰੁ ਪਰ ਉਨਿ ਬਾਹੀ ਖੈਂਚ ਤੇਗ।
ਗੁਰੁ ਹੱਥ ਫੁਲੱਥੇ[1] ਕੇਰ ਕੀਨ। [1]ਗੱਤਕੇ ਦੇ ਹੱਥ।
ਨਿਜ ਕੋ ਬਚਾਇ ਤਿਹ ਮੂੰਡ ਲੀਨ[1] ॥ ੧੫੧ ॥ [1]ਉਸ ਦਾ ਸਿਰ ਲੈ ਲਿਆ।
ਸਿਰ ਗਿਰਜੋ ਸੱਤ੍ਰੂ ਕਾ ਧਰਾ ਐਸ।
ਪੱਕ ਨਾਲੀਏਰ ਟੁੱਟ ਪਰੈ ਜੈਸ।
ਪਿਖਿ ਖਾਂ ਨਜੀਬ ਇੱਕ ਪਟੇਬਾਜ[1]। [1]ਗੱਤਕੇ ਦਾ ਖਿਡਾਰੀ।
ਉਨਿ ਧਾਇ ਆਇ ਕੁਦਾਇ ਬਾਜ[1] ॥ ੧੫੨ ॥ [1]ਘੋੜਾ।
ਅਤਿ ਸ਼ੀਘਰ ਗੁਰੁ ਪਰ ਕਰਜੋ ਵਾਰ।
ਦੈ ਹਾਥ ਰਾਖਜੋ ਗੁਰੁ ਕੋ ਕਰਤਾਰੁ।
ਗੁਰੂ ਭੀ ਉਭਾਰ[1] ਤਰਵਾਰ ਝੱਟ। [1]ਉੱਗ਼ ਕੇ, ਚੁੱਕ ਕੇ।
ਸਿਰ ਸੁਟਜੋ ਸੱਤ੍ਰੂ ਕਾ ਐਸ ਕੱਟ ॥ ੧੫੩ ॥
ਜਿਮ ਬਧਨਾ[1] ਲਾਹਿਤ ਹੈ ਘੁਮਾਰ। [1]ਮਿੱਟੀ ਦਾ ਘੜਿਆ ਭਾਂਡਾ।
ਪੁਨ ਔਰ ਅਏ ਕਰਿ ਮਾਰ ਮਾਰ।
ਗੁਰੁ ਸਿੱਖਨ ਹੱਲਾ ਕਰਿ ਅਪਾਰ।
ਬਹੁਤੋਂ ਕੇ ਡਾਰੇ ਅੰਗ ਝਾਰ ॥ ੧੫੪ ॥
ਸੁਤ ਚੰਦੂ ਕਾ ਭੀ ਕਰਮ ਚੰਦ।
ਇਸ ਹੱਲੇ ਮੈਂ ਹੀ ਮਰਜੋ ਮੰਦ।
ਤਬਿ ਦੋਇ ਘੜੀ ਥੀ ਗਈ ਰਾਤ।
ਬਿਨ ਭੂਪ ਲਰੈ ਫਿਰ ਕੋ ਬਖਜਾਤ ॥ ੧੫੫ ॥
ਘਬਰਾਇ ਸੈਨ ਤਬਿ ਸੱਤ੍ਰੂ ਕੇਰ।
ਇਤ ਉਤੈ ਚਲੀ ਭਗ ਬਿਨਾ ਦੇਰ।
ਕੋ ਅਰਤ ਜਾਤ ਕੋ ਭਗਜੋ ਜਾਤ।

ਪਰਿ ਪੀਛੇ ਸਿੱਖਨ ਕਰੇ ਘਾਤ[1] ॥ ੧੫੬ ॥
[1]ਨਾਸ।

ਭੈ ਤਿਮਰ ਸਬੱਬ[1] ਮਗ ਮਿਲਤ ਨਾਂਹਿ।
[1]ਡਰ ਤੇ ਅਨ੍ਹੇਰੇ ਦੇ ਕਾਰਨ।

ਨਹਿਂ ਭਗਜੋ ਜਾਇ ਗਿਰ ਗਿਰ ਪਰਾਹਿਂ।
ਫਿਰ ਊਚ ਧੁਨੀ ਸੋਂ ਟੇਰ ਟੇਰ[1]।
[1]ਉੱਚੀ ਅਵਾਜ਼ ਨਾਲ ਬੋਲ ਬੋਲ ਕੇ।

ਉਨਿ ਦਈ ਦੁਹਾਈ ਗੁਰੂ ਕੇਰ ॥ ੧੫੭ ॥
ਤਬਿ ਤਿਨੈ ਛੋਰਿ ਸਿੱਖ ਹਟ ਪਿਛਾਹਿਂ।
ਸਬਿ ਅਏ ਗੁਰੂ ਕੇ ਪਾਸ ਚਾਹਿਂ।
ਬਜਵਾਏ ਦੁੰਦਭਿ ਫਤੇ ਕੇਰ[1]।
[1]ਜਿੱਤ ਦੇ ਧੌਂਸੇ ਵਜਵਾਏ।

ਜੈ ਗੁਰੁ ਕੀ ਭੀ ਕਹਿਂ ਊਚ ਟੇਰ ॥ ੧੫੮ ॥
ਜਗਵਾਇ ਮਸਾਲੈਂ ਗੁਰੂ ਫੇਰ।
ਉਠਵਾਏ ਜਖ਼ਮੀ ਸਿੱਖ ਹੇਰ।
ਸਿਲਵਾਇ ਜਖ਼ਮ ਸਿਤਕਾਰ ਕੀਨ।
ਮਨ ਭਾਵਤ ਸਬਿਨਿ ਇਨਾਮ ਦੀਨ ॥ ੧੫੯ ॥
ਫਿਰ ਦਿਵਸ ਚਢੇ ਗੁਰੁ ਸਿੱਖਨ ਲਾਸ਼।
ਪ੍ਰਵਾਹ ਦਈ ਦਰਯਾ ਬਿਪਾਸ[1] ॥ ੧੬੦ ॥
[1]ਬਿਆਸ ਦਰਿਆ ਵਿੱਚ।

ਦੋਹਿਰਾ:
ਲੋਬ ਅਬੱਦੁਲੇ ਖਾਨ ਕੀ,
ਸਹਿ ਸਰਦਾਰਨ ਔਰ।
ਦਫਨ ਕਰਾ[1] ਤਿਨ ਊਪਰੈ,
[1]ਦਬਾ ਕੇ।

ਰਚਵਾ ਊਚੀ ਠੌਰ[1] ॥ ੧੬੧ ॥
[1]ਥੜਾ ਬਣਵਾ ਕੇ।

ਤਾਂ ਪਰ ਬੈਠੈ ਸਤਿਗੁਰੂ,
ਨਾਮ ਦਮਦਮਾਂ ਕੀਨ।
ਦਸ ਬਾਰੈਂ ਹਜ਼ਾਰ ਤੁਰਕ,
ਮਰਜੋ ਜੁ ਥਾ ਤਹਿਂ ਪੀਨ ॥ ੧੬੨ ॥
ਕੁਛ ਦਬਵਾਏ ਗਢਜੋਂ ਮੈਂ[1],
[1]ਟੋਇਆਂ ਵਿੱਚ।

ਕੁਛ ਡਾਰੇ ਦਰਯਾਇ।
ਜਲਚਰ[1] ਥਲਚਰ[2] ਖੇਚਰੈਂ[3],
[1]ਜਲ ਜੰਤੂ। [2]ਖ਼ੁਸ਼ਕੀ ਦੇ ਜਾਨਵਰ। [3]ਅਕਾਸ਼ 'ਚ ਉੱਡਣ ਵਾਲੇ ਪੰਛੀ।

ਛਕੈਂ ਮੋਦ ਮਨਿ ਪਾਇ ॥ ੧੬੩ ॥
ਜਗਜ ਜੰਗ[1] ਪੂਰਨ ਭਯੋ,
[1]ਜੰਗ ਰੂਪ ਯੱਗ।

ਯਹਿ ਪੂਰਨ ਗੁਰੁ ਕੇਰ।
ਪੂਰਨ ਭਯੋ ਧਜਾਯ ਯਹਿ,
ਜੀਤ ਸਪੂਰਨ ਰੇਰ[1] ॥ ੧੬੪ ॥

[1]ਮੁਕੰਮਲ ਜਿੱਤ ਕਹਿ ਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਲੋਹਗੜ੍ਹ, ਹਰਿਗੋਬਿੰਦ ਪੁਰ ਜੰਗ ਪ੍ਰਸੰਗ ਬਰਨਨੰ' ਨਾਮ ਚੌਬੀਸਮੋ ਬਿਸ੍ਰਾਮ ॥ ੨੪ ॥

੨੫. {ਬਾਬਾ ਅਟੱਲਰਾਇ, ਭਾਈ ਗੁਰਦਾਸ ਤੇ ਡਰੋਲੀ ਦੀ ਕਥਾ ਅਤੇ ਮਾਲਵੇ ਦਾ ਜੰਗ}

ਦੋਹਰਾ:

ਕੀਰਤਿ ਮੰਜਲ ਮਾਲਤੀ,
ਬਿਸਤੀਰਤ ਜੁਗ ਲੋਕ[1]।

[1]ਗੁਰਾਂ ਦੀ ਉੱਜਲ ਕੀਰਤੀ (ਰੂਪ) ਮਾਲਤੀ (ਦੇ ਫੁੱਲ) ਦੋਹਾਂ ਲੋਕਾਂ 'ਚ ਫੈਲ ਰਹੇ ਹਨ।

ਸਦ ਗੁਨ ਮਾਲ ਮਰਾਨ ਗੁਰੁ,
ਪਹੁੰਚਾਵਤ ਗੁਰੁ ਓਕ[1] ॥ ੧ ॥

[1]ਸ੍ਰੇਸ਼ਟ ਗੁਣਾਂ ਰੂਪ ਹੰਸਾਂ ਦੀ ਡਾਰ (ਸੇਵਕਾਂ ਨੂੰ) ਗੁਰਾਂ ਦੇ ਘਰ ਪੁਚਾ ਦੇਂਦੀ ਹੈ।

ਧਰਨੀ ਭਾਰ ਉਤਾਰਜੋ,
ਹਤੇ ਮਲੇਛ ਬ੍ਰਿੰਦ।
ਰਾਮ ਕ੍ਰਿਸ਼ਨ ਜਜੋਂ ਚੇਸ਼ਟਾ[1],
ਕਰਿ ਸ਼੍ਰੀ ਹਰ ਗੋਬਿੰਦ ॥ ੨ ॥

[1]ਲੀਲ੍ਹਾ, ਕੌਤਕ।

ਅਟਲਰਾਇ ਗੁਰਦਾਸ ਕੀ,
ਗਾਥ ਡਰੌਲੀ ਕੇਰ।
ਜੰਗ ਮਾਲਵੇ ਜਜੋਂ ਭਯੋ,
ਕਹੌਂ ਗਾਥ ਅਬਿ ਟੇਰ ॥ ੩ ॥

ਚੌਪਈ:

ਕਿਤਕ ਮਾਸ ਪੁਰ ਹਰਗੋਬਿੰਦ।
ਥਿਰੇ ਗੁਰੂ ਹਾਰਕ ਦੁਖ ਦੁੰਦ[1]।
ਮੰਦਰ ਸੁੰਦਰ ਰਚੇ ਉਦਾਰੇ।
ਪੁਰ ਮੈਂ ਰੌਣਕ ਬਢੀ ਅਪਾਰੇ ॥ ੪ ॥

[1]ਭਿਆਨਕ ਦੁੱਖਾਂ ਨੂੰ ਮੇਟਣ ਵਾਲੇ।

ਜੰਗ ਪ੍ਰਸੰਗ ਜੀਤ ਸੁਨਿ ਸੰਗਤਿ।
ਦੇਸ ਦੇਸ ਤੈ ਅਈ ਉਮੰਗਤ[1]।
ਗੁਰੁ ਕੋ ਦਰਸੈਂ ਮਨਿ ਮੁਦ ਪਾਏ।
ਅਰਪੈਂ ਬਿਬਿਧ ਅਕੋਰ ਅਨਾਏ[1] ॥ ੫ ॥

[1]ਉਤਸ਼ਾਹ ਨਾਲ।

[1]ਅਨੇਕ ਤਰ੍ਹਾਂ ਦੀਆਂ ਭੇਟਾਂ ਲਿਆ ਕੇ।

ਸ਼ਸ਼ਤ੍ਰ ਬਸਤ੍ਰ ਦਰਬ ਅਪਾਰੇ।
ਸੁੰਦਰ ਅੱਸ੍ਵ ਅਮੋਲ ਉਦਾਰੇ।
ਬੇਸ਼ੁਮਾਰ ਗੁਰੁ ਕੇ ਢਿਗ ਆਏ।
ਗੁਰੁ ਸੁਭਟਨ ਬਖਸ਼ੈਂ ਮੁਦ ਪਾਏ ॥ ੬ ॥

ਚਤੁਰ ਮਾਸ ਤਹਿ ਰਹੇ ਸੁਹਾਵਨ।
ਸਸ ਸਿਸ ਗਨ[1] ਕੀਨੇ ਬਿਰਧਾਵਨ।

[1]ਖੇਤੀ (ਵਾਂਗ) ਬਹੁਤੇ ਸਿੱਖ।

ਤਹਿਂ ਤੇ ਚਲਿ ਮਗ ਸਿੱਖਨਿ ਤਾਰਤ।
ਸੁਜਸ ਮਾਲਤੀ ਸੀ ਬਿਸਤਾਰਤ ॥ ੭ ॥
ਬਾਬੇ ਬੁੱਢੇ ਯਾਦ ਜੁ ਕੀਨੋ।
ਪੁਰ ਰਮਦਾਸ ਜਾਇ ਗੁਰੁ ਚੀਨੋ[1]। [1]ਦੇਖਿਆ।
ਗੁਰੁ ਕੋ ਦਰਸ ਬ੍ਰਿਧ ਮੁਦ ਹ੍ਵੈ ਕੈ।
ਗੁਰੁ ਪੁਰ ਗਯੋ ਸੁ ਦੇਹ ਤਜੈ ਕੈ ॥ ੮ ॥
ਰਹੇ ਕਿਤਿਕ ਦਿਨ ਤਹਿਂ ਜਗ ਸਾਂਈ।
ਲੌਕਕ ਬੈਦਕ ਰੀਤਿ ਕਰਾਈ।
ਬ੍ਰਿਧ ਕੇ ਪੌੜ੍ਹ ਭਾਣੇ ਤਾਂਈਂ।
ਬ੍ਰਿਧ ਠੌਰ ਦਸਤਾਰ ਬੰਧਾਈ ॥ ੯ ॥
ਪੁਨ ਤਹਿਂ ਤੇ ਚਲਿ ਗੁਰੁ ਮੁਦ ਧਾਰੇ।
ਸ੍ਰੀ ਨਾਨਕ ਕੇ ਪੁਰ ਕਰਤਾਰੇ।
ਜਾਇ ਮਨਾਇ ਪ੍ਰਸ਼ਾਦ ਕਰਾਏ।
ਬੇਦੀ ਸਬਿ ਪੂਜੇ ਬਹੁ ਭਾਏ ॥ ੧੦ ॥
ਤਹਿੰ ਤੈ ਚਲਿ ਸਿਖਹਿ ਸੁਖ ਦੇਤੇ।
ਹਯ ਹਥਯਾਰ ਨਜ਼ਰ ਜ਼ਰ ਲੇਤੇ[1]। [1]ਘੋੜੇ, ਸ਼ਸਤ੍ਰਾਂ ਤੇ ਧਨ ਦੀ ਭੇਟਾ ਲੈਂਦੇ।
ਆਇ ਸੁਧਾਸਰ ਪੁਨਾ ਥਿਰਾਏ।
ਸੁਨਿ ਬਹੁ ਸਿੱਖ ਦਰਸ ਹਿਤ ਆਏ ॥ ੧੧ ॥
ਪੁਰ ਕਰਤਾਰੋ[1] ਸਬਿ ਪਰਵਾਰ। [1]ਦੁਆਬੇ ਵਾਲੇ ਕਰਤਾਰ ਪੁਰ ਤੋਂ।
ਲਯੋ ਬੁਲਾਇ ਅਯੋ ਚਲਿ ਸਾਰ[1]। [1]ਸਾਰਾ।
ਪੈਂਦੇ ਖਾਂ ਭੀ ਆਯੋ ਸੰਗੈਂ।
ਤੱਜਬ ਰਹਯੋ ਕਥਾ ਸੁਨਿ ਜੰਗੈਂ ॥ ੧੨ ॥
ਮੇਲਾ ਦੀਪ ਮਾਲ ਨਿਕਟਾਯੋ।
ਗੁਰੁ ਆਵਨ ਸੁਨਿ ਸਬਿ ਉਮਗਾਯੋ[1]। [1]ਸਾਰੇ ਉਛਲ ਕੇ ਆਏ।
ਲੈ ਮਸੰਦ ਸਿੱਖਨ ਕੋ ਸੰਗੈਂ।
ਗੁਰੁ ਪਗ ਦਰਸੈਂ ਆਇ ਉਮੰਗੈਂ ॥ ੧੩ ॥
ਅੱਸ੍ਵ ਹਥਯਾਰ ਬਸਨ[1] ਬਹੁ ਦਰਬੂ[2]। [1]ਬਸਤ੍ਰ। [2]ਧਨ।
ਅਰਪਜੋ ਗੁਰਹਿਂ ਸਿਖਨਿ ਬਿਧਿ ਸਰਬੂ।
ਬਾਂਛਿਤ ਫਲ ਉਪਦੇਸ਼ ਗਹੈ ਕੈ।
ਨਿਜ ਨਿਜ ਗ੍ਰਹਿਨ[1] ਗਏ ਮੁਦ ਹ੍ਵੈ ਕੈ ॥ ੧੪ ॥ [1]ਘਰਾਂ ਨੂੰ।

ਪੂਰਬ ਜਸੋਂ ਗੁਰੁ ਰਹਿਨ ਲਗੇ ਤਹਿਂ।
ਸਬਿ ਸੁਖ ਸਾਰਦ[1] ਭੀ ਨ ਸਕੈ ਕਹਿ। [1]ਸਰਸੁਤੀ।
ਸਾਹਿਬਜ਼ਾਦੇ ਜਦਜਪਿ ਪਾਚੌਂ।
ਸਬਿ ਬਿਧਿ ਸ਼ਕਤਿ ਯੁਕਤ ਥੇ ਸਾਚੌਂ ॥ ੧੫ ॥
ਤੌ ਭੀ ਅਟਲਰਾਇ ਬਲਕਾਰੀ।
ਅਜ਼ਮਤ[1] ਨਿਤ ਦਿਖਰਾਇ ਅਪਾਰੀ। [1]ਕਰਾਮਾਤ।
ਚਾਪੈਂ ਚਰਣ[1] ਛਕਾਇ ਮਿਠਾਈ। [1]ਚਰਨ ਘੁਟਦੇ ਹਨ।
ਅਰਪੈਂ ਖੁੰਡੀ ਗੇਂਦ ਜੁ ਲਿਆਈ ॥ ੧੬ ॥
ਤੁਸ਼ਟ[1] ਹੋਇ ਤਿਸ ਕੋ ਫਲ ਚਾਰੈਂ। [1]ਪ੍ਰਸੰਨ।
ਦੇਤਿ ਨ ਲਾਵਤ ਬਾਰ[1] ਉਦਾਰੈਂ। [1]ਦੇਰ।
ਦੇਸ ਦੇਸ ਮੈਂ ਭਏ ਬਖਜਾਤੈਂ।
ਦਿਖਰਾਵੈਂ ਨਿੱਤ ਬਹੁ ਕਰਮਾਤੈਂ ॥ ੧੭ ॥
ਸੋਨੀ[1] ਖੱਤ੍ਰੀ ਗੁਰਮੁਖਿ ਨਾਮੀ। [1]ਗੋਤ ਦੇ।
ਤਾਂ ਕਾ ਸੁਤ ਮੋਹਣ ਅਭਿਰਾਮੀ।
ਅਟਲਰਾਇ ਸੋਂ ਨਿਤਪ੍ਰਤਿ ਖੇਲੈਂ।
ਖੁੱਦੋ ਖੁੰਡੀ ਸੋਂ ਬਹੁ ਪੇਲੈਂ[1] ॥ ੧੮ ॥ [1]ਧਕਦੇ ਹਨ, ਰੋੜ੍ਹਦੇ ਹਨ।
ਦੌਰ ਦੌਰ ਬਾਲਕ ਬਹੁ ਝੇਲੈ[1]। [1]ਰੋਕਦੇ ਹਨ।
ਨਿਜ ਨਿਜ ਦਿਸ ਕੋ ਪੇਲ ਧਕੇਲੈਂ[1]। [1]ਦਬਾ ਕੇ ਧਕਦੇ ਹਨ।
ਕੋ ਜੀਤੈ ਕਬਹੂੰ ਕੋ ਹਾਰੈਂ।
ਕੋਦਕ[1] ਨਿਤ ਮਿਲਿ ਮੋਦ ਬਿਥਾਰੈਂ[2] ॥ ੧੯ ॥ [1]ਬੱਚੇ। [2]ਅਨੰਦ ਫੈਲਾਉਂਦੇ ਹਨ।
ਖੇਲਤਿ ਸਾਂਝ ਏਕ ਦਿਨ ਭਈ।
ਮੀਟੀ[1] ਮੋਹਨ ਸਿਰ ਰਹਿ ਗਈ। [1]ਦਾਈ, ਬਾਜ਼ੀ।
ਅਟਲਰਾਇ ਤਿਂਹ ਐਸ ਸੁਨਾਈ।
ਤੁਮ ਤੈ ਲੇਹੁ ਫਜ਼ਰ[1] ਮੈਂ ਦਾਈ ॥ ੨੦ ॥ [1]ਸਵੇਰੇ।
ਨਿਜ ਨਿਜ ਧਾਮ ਬਾਲ ਸਬਿ ਗਏ।
ਮਾਤ ਪਿਤਾ ਪਿਖਿ ਆਨੰਦ ਭਏ।
ਦੈਵ ਜੋਗ ਤੈ[1] ਮੋਹਨ ਤਾਂਈ। [1]ਕਰਮਾਂ ਦੇ ਸੰਜੋਗ ਨਾਲ।
ਡਸਜੋ ਸਰਪ ਮਰਜੋ ਨਿਸ ਸਾਈ[1] ॥ ੨੧ ॥ [1]ਉਸੇਰਾਤ।
ਮਾਤ ਪਿਤਾ ਕੇ ਥਾ ਸੁਤ ਸੋਈ।
ਕੀਨ ਬਿਰਲਾਪ ਰੁਦਨ[1] ਬਹੁਤੋਈ[2] ॥ ੨੨ ॥ [1]ਰੋਣਾ। [2]ਬਹੁਤਾ।

ਦੋਹਰਾ:

ਅਟਲਰਾਇ ਬਡ ਭੋਰ ਜਗ[1], ਨਿੱਤ ਕ੍ਰਿਯਾ ਕਰਿ ਸਾਰ[2]।

[1]ਵੱਡੇ ਤੜਕੇ ਜਾਗ ਕੇ। [2]ਸਾਰੀ।

ਖੇਲਨ ਕੇ ਅਸਥਾਨ ਜਾ, ਲੀਨੇ ਸਖਾ ਹਕਾਰ[1] ॥੨੩॥

[1]ਮਿੱਤ੍ਰ ਸੱਦ ਲਏ।

ਚੌਪਈ:

ਬਾਲ ਰਵੀ ਸਮ[1] ਦੁਤਿ[2] ਅਤਿ ਸੁੰਦਰ।
ਸਦ ਗੁਨ ਗਨ ਅਜ਼ਮਤ ਕੇ ਮੰਦਰ।
ਜ਼ੇਵਰ ਜਰੇ ਜਰਾਉ ਅਪਾਰੇ।
ਸੋਹਿਤ ਅੰਗ ਅੰਗ ਦੁਤਿ ਵਾਰੇ ॥੨੪॥

[1]ਸਵੇਰ ਦੇ ਸੂਰਜ ਵਾਂਗ। [2]ਚਮਕ।

ਸੇਵਕ ਸੰਗ ਸੁ ਖੂੰਡੀ ਹਾਥਾ।
ਅੰਕੁਸ[1] ਧਰੇ ਮਨੋ ਗਣ ਨਾਥਾ[2]।
ਕਹਜੋ ਨ ਮੋਹਨ ਅਬਿ ਲੌ ਆਯੋ।
ਲਜਾਵਨ ਹਿਤ ਇਕ ਬਾਲ ਪਠਾਯੋ ॥੨੫॥

[1]ਕੁੰਡਾ। [2]ਗਣੇਸ਼।

ਮਰਜੋ ਪਰਜੋ ਤਿਨ ਮੋਹਨ ਹੇਰਾ।
ਮਾਪੇ ਕਰਤ ਬਿਲਾਪ ਬਧੇਰਾ।
ਬਾਲਕ ਖਬਰ ਦਈ ਜਬਿ ਆਏ।
ਅਟਲਰਾਇ ਤਿਹ ਧਾਮ ਸਿਧਾਏ ॥੨੬॥

ਕਹਜੋ ਅਰੇ ਮੋਹਨ ਮਮ ਦਾਈ।
ਲੈ ਕਰਿ ਜੈ ਹੈਂ ਕਹਾਂ ਪਲਾਈ[1]।
ਡਾਰ ਗਰੇ ਖੂੰਡੀ ਨਿਜ ਕਰ ਤੇ[1]।
ਕਹਜੋ ਸੀਡ ਦਿਹੁ ਮਮ ਉਠਿ ਧਰ ਤੇ[1] ॥੨੭॥

[1]ਦੌੜ ਕੇ।
[1]ਆਪਣੇ ਹੱਥ ਨਾਲ।
[1]ਧਰਤੀ ਉੱਤੇ।

ਬਲ ਕਰਿ ਬਾਂਹੁਂ ਸੁ ਲੀਨ ਉਠਾਈ।
ਮੋਹਨ ਉਠਜੋ ਨੀਂਦ ਜਿਮ ਪਾਈ।
ਅਟਲਰਾਇ ਤਿਹ ਸੰਗ ਲਵਾਈ[1]।
ਪੂਰਬ ਜਜੋਂ ਮਿਲਿ ਖੇਲ ਮਚਾਈ ॥੨੮॥

[1]ਨਾਲ ਲੈ ਕੇ।

ਮੀਟੀ, ਸੀਡ, ਪੋਤ, ਪਿੱਤ, ਦਾਈ।
ਨਾਮ ਲਖੋ ਬਾਜੀ ਕੇ ਭਾਈ।
ਪੇਖਿ ਨਾਰਿ ਨਰ ਭਏ ਪ੍ਰਸੰਨ।
ਕਹਿ ਗੁਰੁ ਧੰਨ ਗੁਰੂ ਸੁਤ ਧੰਨ ॥੨੯॥

ਜਿਮ ਰੋਵਨ ਪੀਟਨ ਕਾ ਰੌਰਾ।
ਥਾ, ਤਿਮ ਹਰਖ[1] ਬਢੋ ਅਤਿ ਗੌਰਾ[2]। [1]ਅਨੰਦ। [2]ਬਹੁਤ ਭਾਰੀ।
ਅਟਲਰਾਇ ਕੀ ਕੀਰਤਿ ਭਾਰੀ।
ਫੈਲੀ ਮਨਹੁ ਮਾਲਤੀ ਬਾਰੀ[1] ॥ ੩੦ ॥ [1]ਜਾਣੋ ਮਾਲਤੀ (ਦੇ ਫੁੱਲਾਂ) ਦੀ ਬਗ਼ੀਚੀ ਹੈ।
ਯਹਿ ਗਾਥਾ ਸੁਨਿ ਗੁਰੁ ਬਿਸਮਾਏ।
ਦੋਇ ਘਰੀ ਲੌ ਮੌਨ ਰਹਾਏ।
ਮਨ ਮੈ ਗਿਨਤੀ ਕਰਿ ਯੌ ਕਹੇ[1]। [1]ਇਉਂ (ਬਚਨ) ਕਹੇ।
ਰਾਜ ਦੁਸ਼ਟ ਤੁਰਕਨ ਕਾ ਅਹੇ ॥ ੩੧ ॥
ਮਰੈ ਸ਼ਾਹਿ ਯਾ ਪੂਤ ਸ਼ਾਹਿ ਕੋ।
ਸੋ ਭੀ ਕਹੈ ਜਿਵਾਉ ਯਾਂਹਿ ਕੋ।
ਨਾਹਿ ਜਿਆਵੈਂ ਤਉ ਦੁਖ ਦੈ ਹੈ।
ਜਿਆਵੈਂ ਪ੍ਰਭੁ ਮਰਯਾਦਾ ਖ਼ੈ ਹੈ ॥ ੩੨ ॥
ਪ੍ਰਮੇਸ਼੍ਵਰ ਕਰਮਨ ਫਲ ਦੈ ਹੈਂ।
ਸੋ ਹਮ ਮੇਟਿ ਦੂਰ ਤਿਹ ਪੈ ਹੈਂ[1]। [1]ਤਿਸ ਪ੍ਰਮੇਸ਼ਰ ਤੋਂ ਦੂਰ ਪੈ ਜਾਵਾਂਗੇ ਭਾਵ ਦੂਰ ਹੋ ਜਾਵਾਂਗੇ।
ਅਤੀ ਅਜੋਗ ਬਾਤ ਯਹਿ ਕੀਨੀ।
ਐਸੇ ਠਟ[1] ਗੁਰੁ ਰਿਸ ਬਟ ਪੀਨੀ[2] ॥ ੩੩ ॥ [1]ਧਾਰ ਕੇ, ਠਾਣ ਕੇ, ਸੋਚ ਕੇ। [2]ਬਹੁਤਾ ਗੁੱਸਾ ਕੀਤਾ।
ਕਹਯੋ ਜੇ ਅਬਿ ਨਹਿਂ ਇਸੈ ਹਟੈ ਹੈਂ।
ਇਸ ਤੈ ਦਹਗੁਨ ਔਰ ਦਿਖੈ ਹੈ।
ਕੋਸ਼ ਸ਼ਕਤਿ ਕੇ[1] ਸਬੀ ਲੁਟੈ ਹੈ। [1]ਕਰਾਮਾਤ ਦੇ ਖ਼ਜ਼ਾਨੇ।
ਗੁਰੁ ਘਰ ਕਾ ਪ੍ਰਤਾਪ ਘਟੈ ਹੈ ॥ ੩੪ ॥
ਦਰਗਹਿ ਜਾਇ ਸ਼ਰਮਿੰਦਾ ਹ੍ਵੈ ਹੈ।
ਪ੍ਰਮੇਸ਼੍ਵਰ ਤੈ ਦੂਰ ਪਰੈ ਹੈ[1]। [1]ਚਲਿਆ ਜਾਵੇਗਾ।
ਅਟਲਰਾਇ ਇਤਨੇ ਮੈ ਆਯੋ।
ਤਿਸ ਦਿਸ ਰਿਸ ਸੋਂ ਪਿਖਿ ਗੁਰਿ ਗਾਯੋ ॥ ੩੫ ॥
ਕਰਾਮਾਤ ਤੁਮ ਅਧਿਕ ਦਿਖੈ ਹੋ।
ਯਹਿ ਨਹਿ ਭਲੀ ਬਾਤ ਸੁਤ ਕੈ ਹੋ।
ਅਜਰ ਓਜ ਅਜ਼ਮਤ ਕਾ ਜਰਨਾ[1]। [1]ਕਰਾਮਾਤ (ਰੂਪ) ਅਜਰ (ਵਸਤੂ) ਦਾ ਬਲ ਸਹਾਰਨਾ।
ਆਹਿ ਨੀਕ ਸ੍ਰੁਤਿ[1] ਸੰਤਨ ਵਰਨਾ[2] ॥ ੩੬ ॥ [1]ਵੇਦਾਂ। [2]ਵਰਣਨ ਕੀਤਾ ਹੈ।
ਕਰਾਮਾਤ ਹੈ ਕਹਿਰ ਦਿਖਾਨੋ।
ਸੋ ਤੁਮ ਕਰਿਹੋ ਰੋਜ ਮਹਾਨੋ।

ਅਬਿ ਤੁਮ ਰਹੋ ਕਿ ਹਮ ਹੀ ਰੈਹੈਂ।
ਇਕ ਘਰ ਨ੍ਰਿਪ ਨ ਦੋਇ ਰਹੈ ਹੈਂ ॥ ੩੭ ॥
ਏਕ ਮਸਾਨ ਮੈ ਜੁਗ ਤਰਵਾਰੈਂ।
ਕੇਹਰਿ ਜੁਗ ਇਕ ਬਿਪਨ ਮਝਾਰੈਂ[1]। [1]ਇਕ ਜੰਗਲ ਵਿੱਚ ਦੋ ਸ਼ੇਰ।
ਨਾਹਿ ਸਮਾਵਤ ਤਜੋਂ ਇਕ ਘਰ ਹੈਂ।
ਦੇਇ ਅਜ਼ਮਤੀ ਰਹਿਤ ਨ ਨਰ ਹੈਂ ॥ ੩੮ ॥
ਨਿਜ ਪਿਤ ਪ੍ਰਭੂ ਗੁਰੂ ਤੈ ਸੁਨਿ ਕੈ।
ਤੂਸ਼ਨ ਰਹਿ ਜਗ ਭੂਸ਼ਨ ਗੁਨਿ ਕੈ[1]। [1](ਸਤਿਗੁਰਾਂ ਨੂੰ) ਜਗਤ ਦਾ ਗਹਿਣਾ (ਰੂਪ) ਵਿਚਾਰ ਕੇ (ਅਟੱਲਰਾਇ ਜੀ) ਚੁੱਪ ਕਰ ਰਹੇ।

ਜਗ ਬੰਦਨ ਕੋ[1] ਕਰਿ ਕੈ ਬੰਦਨ। [1]ਜਗਤ ਦੇ ਬੰਦਨਾਂ ਕਰਨ ਯੋਗ (ਸਤਿਗੁਰਾਂ) ਨੂੰ।
ਗੁਰੁ ਨੰਦਨ[1] ਤਬਿ ਜਾਇ ਸੁਛੰਦਨ[2] ॥ ੩੯ ॥ [1]ਪੁੱਤਰ। [2]ਸੁਤੰਤਰ, ਆਪਣੀ ਇੱਛਾ ਅਨੁਸਾਰ।
ਤਾਲ ਕੌਲਸਰ ਤਟ[1] ਦਿਸ ਦੱਖਨ। [1]ਕਿਨਾਰੇ।
ਤ੍ਰਿਨ ਜਸੋਂ ਨਿਜ ਤਨ ਤਜਯੋ ਬਿਚੱਚਨ[1]। [1]ਚਤੁਰ (ਅਟੱਲਰਾਏ ਜੀ) ਨੇ।
ਯਹਿ ਸੁਨਿ ਪੁਨ ਗੁਰੁ ਤਹੀਂ ਪਧਾਰੇ।
ਮ੍ਰਿਤੁ ਕ੍ਰਿੱਤੁ[1] ਕੀਨੀ ਬਿਧਿ ਸਾਰੇ ॥ ੪੦ ॥ [1]ਮ੍ਰਿਤਕ ਕ੍ਰਿਆ।
ਗਈ ਸਦਨ ਸੁਧ ਰੁਦਨਤ ਮਾਈ।
ਬਰਨਤ ਸਮਰਥਤਾ ਬਡ ਜਾਈ।
ਦੈ ਧੀਰਜ ਸਬਿ ਸੈਂ ਗੁਰ ਟੇਰਾ।
ਰਾਮਦਾਸ ਪੁਰ ਬਢੈ ਬਧੇਰਾ ॥ ੪੧ ॥
ਇਕ ਹਰਿਮੰਦਰ ਅਰ ਇਸ ਦੇਹਰਾ।
ਪੂਜ ਹੋਇ ਹੈ ਸਬਿ ਜਗ ਕੇਹਰਾ[1]। [1]ਜਗਤ ਦਾ।
ਜੋ ਸ਼ਵ[1] ਇਨ ਢਿਗ ਹ੍ਵੈ ਹੈ ਦਾਹੂ[2]। [1]ਮੁਰਦਾ। [2]ਸਸਕਾਰ।
ਗੁਰੁ ਪੁਰ ਬਸ ਹੈ ਨਿਸਚੇ ਵਾਹੂ[1] ॥ ੪੨ ॥ [1]ਉਹ।
ਇਸ ਪੁਰ ਕਾ ਇਹੁ ਹੋਯੋ ਸੂਬਾ।
ਚੋਰ ਯਾਰ ਕੋ ਡੰਡੈ ਖੂਬਾ।
ਹੋਇ ਜਾੜ੍ਰਾ ਸਫਲ ਤਾਂਹਿ ਕੀ।
ਮੰਨੈ ਜੁ ਕੁਨਸ[1] ਪ੍ਰਥਮ ਯਾਹਿ ਕੀ ॥ ੪੩ ॥ [1]ਮੰਨਤ, ਸੁੱਖਣਾ।

ਦੋਹਰਾ:
ਸੋਲਾਂ ਸਏ ਸਤਾਸੀਏ,
ਦਸਮੀ ਸ੍ਰਾਧਨ[1] ਹੋਤ। [1]ਭਾਵ ਅਸੂ ਵਦੀ ਦਸਵੀਂ।

ਅਟਲਰਾਇ ਤਜਿ ਅਟਲ ਜਸ,
ਮਿਲੇ ਜੋਤਿ ਮੈਂ ਜੋਤਿ ॥ ੪੪ ॥

ਸ੍ਵੈਯਾ:

ਬਾਤ ਬਖਜਾਤ ਭਈ ਜਬਿ ਏਹੁ,
ਤਬੈ ਸਿੱਖ ਦੇਸਨ ਤੈ ਬਹੁ ਆਏ।
ਖੈਂਚ ਸ੍ਵਾਸ ਉਦਾਸ ਭਏ ਮਿਲਿ,
ਰਾਇ ਅਟਲਹਿ ਕੀ ਗਤਿ ਗਾਏ[1]।

[1]ਹਾਲ ਚਾਲ ਕਹਿੰਦੇ ਹਨ।

ਦੈ ਉਪਦੇਸ਼ ਵਿਸ਼ੇਸ਼ ਤਿਨੈ ਗੁਰੁ,
ਕੂਰੇ ਜਗਤ ਸਬੰਧ ਦਿਖਾਏ।
ਫੇਰ ਕਹੈਂ ਧੰਨ ਰਾਇ ਅਟੱਲ ਸੁ,
ਕੀਰਤਿ ਜਾਂਹਿ ਅਟੱਲ ਰਹਾਏ ॥ ੪੫ ॥
ਦਿਨ ਏਕ ਦਿਵਾਨ ਵਿਖੈ ਗੁਰੁ ਕੇ ਢਿਗ,
ਸਿੱਖੀ ਸਿਦਕ ਕੀ ਬਾਤ ਚਲੀ।
ਢਿਗ ਤੈ ਗੁਰਦਾਸ ਕਹਯੋ ਨਿਰਬਾਹਿਤ,
ਕੋ ਇਕ ਸਾਦਿਕ[1] ਸਿੱਖ ਬਲੀ।

[1]ਸਿਦਕ ਵਾਲਾ।

ਚਹੀਏ ਬਹੁਧਾ[1] ਗੁਰੁ ਸਿਖਨ ਕੋ,

[1]ਬਹੁਤ ਕਰਕੇ।

ਦਿਲ ਮਾਂਹਿ ਧਰੈਂ ਦਿਢ[1] ਭਾਂਤਿ ਭਲੀ।

[1]ਪੱਕਾ ਭਰੋਸਾਰੱਖਣ।

ਗੁਰੁ ਸ੍ਵਾਂਗ ਧਰੈਂ ਪਰਖੈਂ ਜੁ ਕਸੈਂ[1],

[1]ਕਸਵੱਟੀ ਲਾ ਕੇ।

ਪਰ ਸਿੱਖ ਤਜੈਂ ਨਿਸਚਾ ਨ ਥਲੀ[1] ॥ ੪੬ ॥

[1]ਰਿਦੇ ਰੂਪ ਅਸਥਾਨ 'ਚੋਂ।

ਨਿਸ਼ਾਨੀ ਛੰਦ:

ਪੁਨ ਨਿਜ ਕਵਿਤਾ ਕੇ ਉਨੈ,
ਇਮ ਬਚਨ ਉਚਾਰੇ।
ਜੇ ਗੁਰੁ ਸ੍ਵਾਂਗ ਬਰੱਤਦਾ,
ਸਿੱਖ ਸਿਦਕ ਨਾ ਹਾਰੇ।
ਕੁਛਕ ਗਰਬ ਉਰਿ ਤਾਂਹਿ ਕੇ,
ਜਬਿ ਗੁਰੂ ਨਿਹਾਰਾ।
ਗਰਬ ਪ੍ਰਹਾਰੀ[1] ਹੈ ਗੁਰੂ,
ਸਿੱਖੀ ਰਖਵਾਰਾ ॥ ੪੭ ॥

[1]ਹੰਕਾਰ ਨੂੰ ਨਾਸ ਕਰਨ ਵਾਲੇ।

ਜਯੋਂ ਕ੍ਰਿਸਾਨ ਮਧ ਖੇਤ ਤੈ,
ਨਾਦੀਨ ਨਿਕਾਰਤਿ[1]।

[1]ਨਿਕੰਮਾ ਘਾਹ ਕੱਢਦਾ ਹੈ।

ਮਾਲੀ ਰਖਜਾ ਬਾਗ ਹਿਤ,
ਦੁਰ ਤਰੁ[1] ਕਟਿ ਡਾਰਤਿ। [1]ਮਾੜੇ ਦਰੱਖ਼ਤ।
ਉਭੈ ਲੋਕ ਤਜੋਂ ਸਿਖਨ ਕੇ,
ਰੱਖਕ ਗੁਰੁ ਭਾਰੇ।
ਖਨਨ ਹੇਤ ਲਘੁ ਤਰੂ ਜਜੋਂ,
ਸਿੱਖ ਕਾ ਹੰਕਾਰੇ[1] ॥੪੮॥ [1]ਛੋਟੇ ਦਰੱਖ਼ਤ ਵਾਂਗ ਸਿੱਖ ਦਾ ਹੰਕਾਰ ਪੁੱਟਣ ਵਾਸਤੇ।
ਦੈ ਬਹੁ ਬਿੱਤ[1] ਗੁਰਦਾਸ ਕੋ, [1]ਧਨ !
ਹਿਤ ਲਜਾਵਨ ਘੋਰੇ।
ਕਾਬਲ ਕੀ ਦਿਸ ਕੋ ਪਠਜੋ,
ਸੰਗ ਸਿੱਖ ਬਹੁ ਤੋਰੇ।
ਜਾਇ ਖਰੀਦੇ ਕਾਬਲੋਂ,
ਭਾਈ ਅੱਸ੍ਵ ਜਥਿ ਹੀ।
ਲਗਜੋ ਰੁਪੱਯੇ ਦੇਨ ਜੌ,
ਠਿਕਰੀ ਭਈ ਤਬਿ ਹੀ ॥੪੯॥
ਸਮਝਜੋ ਮੁਝ ਸੌਂ ਗੁਰੂ ਨੈ,
ਬਡ ਦਗਾ ਕਮਾਯੋ।
ਭਰਿ ਸੰਦੂਕ ਠਿਕਰੀਨ ਕਾ,
ਅਸ੍ਵ ਲੈਨ ਪਠਾਯੋ।
ਤੁਰਕ ਸੁਦਾਗਰ ਜਬਿ ਲਖੈ[1], [1]ਜਾਨਣਗੇ।
ਗਹਿ ਮੁਹਿ ਦੁਖ ਦੈਹੈਂ।
ਕਹੈਂ ਫਰੇਬੀ ਠੱਗ ਮੁਹਿ,
ਤਾਂ ਤੈ ਭਗ ਜੈ ਹੈਂ[1] ॥੫੦॥ [1]ਨੱਸ ਜਾਵਾਂ।
ਯਹਿ ਠਟ[1] ਤੰਬੂ ਪਾੜ ਕੈ, [1]ਸੋਚ ਕੇ।
ਪਾਛੇ ਕੌ ਭਾਗਜੋ।
ਡਰਤ ਨ ਨਿਸ ਦਿਨ ਕਿਤ ਥਿਰਜੋ,
ਲਜਜਾ ਦੁਖ ਪਾਗਜੋ[1]। [1]ਸ਼ਰਮ ਦੇ ਦੁੱਖ 'ਚਰੰਗਿਆ ਹੋਇਆ।
ਭੇਸ ਫਕੀਰੀ ਧਾਰ ਕੈ,
ਨਿਜ ਦੇਸ ਤਜੈ ਕੈ।
ਪੁਰੀ ਬਨਾਰਸ ਮੈਂ[1] ਥਿਰਜੋ, [1]ਕਾਂਸ਼ੀ ਸ਼ਹਿਰ ਵਿੱਚ।
ਢਿਗ ਸਿੱਖਨ ਜੈ ਕੈ ॥੫੧॥

ਏਕ ਸਾਲ ਤਿਨਿ ਰਹਿ ਤਹਾਂ,
ਗੁਰੁ ਸਿੱਖ ਬਹੁ ਕੀਨੇ।
ਦੈ ਉਪਦੇਸ਼ ਵਿਸ਼ੇਸ਼ ਹੀ,
ਬੰਧ ਕਾਟੇ ਪੀਨੇ[1]।

[1](ਜੰਮਣ ਮਰਣ ਦੇ) ਤਕੜੇ ਬੰਧਨ ਕੱਟ ਦਿੱਤੇ।

ਇਤ ਸੁਦਾਗਰੈਂ ਜਬਿ ਪਿਖਜੋ,
ਧਸਿ ਤੰਬੂ ਮਾਂਹੀ।
ਪਰਜੋ ਅਸ਼ਰਫ਼ੀ ਸੋਂ[1] ਭਰਜੋ,
ਸੰਦੂਕ ਖੁਲ੍ਹਾ ਹੀ ॥ ੫੨ ॥

[1]ਮੁਹਰਾਂ ਨਾਲ।

ਕਹਜੋ ਸਿੱਖਨ ਕੋ ਕਿਤ ਗਜੋ ਹੈ?
ਮਾਲਕ ਥਾਰਾ[1]।

[1]ਤੁਹਾਡਾ।

ਸਿੱਖਨ ਯਹਿ ਸਬਿ ਭੇਤ ਲਖਿ,
ਗੁਰੁ ਤਈਂ ਜੁਹਾਰਾ[1]।

[1]ਨਮਸਕਾਰ ਕੀਤੀ।

ਲਾਲ ਚੰਦ ਮੁਨਸ਼ੀ ਗਜੋ ਥਾ,
ਜੋ ਸੰਗ ਭਾਈ।
ਅਰਧ ਲਾਖ ਥੀ ਅਸ੍ਵਨ ਕੀ,
ਜੋ ਕੀਮਤਿ ਪਾਈ ॥ ੫੩ ॥
ਸੋ ਉਨ ਕੋ ਦੈ ਅਸ੍ਵ ਲੈ,
ਨਿਜ ਗੁਰੁ ਢਿਗ ਆਯੋ।
ਪੇਖਿ ਤੁਰੰਗ ਸੁਰੰਗ ਸੁੱਚ,
ਗੁਰੁ ਮੁਦ ਹ੍ਵੈ ਗਾਯੋ।
ਕਹੋ ਕਹਾਂ ਤੁਮ ਨੇ ਤਜਜੋ,
ਭਾਈ ਗੁਰਦਾਸੈ।
ਉਠਿ ਕਰ ਜੋਰਿ ਬਖਾਨਜੋ,
ਤੁਮ ਮਾਲਕ ਖਾਸੈਂ[1] ॥ ੫੪ ॥

[1]ਆਪ ਹੀ ਹੋ।

ਤੁੱਛ ਬੁੱਧੀ ਹਮ ਜੀਵ ਹੈਂ,
ਤੁਮ ਸਰਬਗ ਈਸ਼੍ਵਰ।
ਤੁਵ ਮਾਯਾ ਭ੍ਰਮਾਯਾ,
ਸੁਰ ਅਸੁਰ ਮੁਨੀਸ਼੍ਵਰ।
ਜਜੋਂ ਨਟ ਪ੍ਰੇਰੀ ਪੂਤਰੀ,
ਨਚ ਹੈ ਬਹੁ ਭਾਵੈਂ[1]।

[1]ਬਹੁਤ ਤਰ੍ਹਾਂ।

ਤਜੋਂ ਸਬਿ ਜਗ ਬਸ ਰਾਵਰੇ[1],
ਕਰਿ ਹੈ ਜੁ ਕਰਾਵੈਂ ॥ ੫੫ ॥
ਵਤਸਲ[1] ਭਗਤਨ ਰੱਖਕ ਹੋ,
ਤੁਮ ਗ੍ਰੀਬ ਨਿਵਾਜੂ।
ਬਿਰਦ[1] ਸੰਭਾਰਤ ਆਪਨੋ,
ਕਟਿ ਭਰਮ ਦਰਾਜੂ[1]।
ਸੁਨਿ ਪ੍ਰਸੰਗ ਯਹਿ ਸਿੱਖ ਸਬਿ,
ਮਨਿ ਬਹੁ ਬਿਸਮਾਏ।
ਤਹਾਂ ਤੂਲ[1] ਕਿਮ ਥਿਰ ਰਹੇ,
ਗਿਰ[1] ਜਹਾਂ ਉਡਾਏ ॥ ੫੬ ॥
ਕਾਂਸੀ ਵਾਸੀ ਸਿੱਖਨ ਕੋ,
ਗੁਰਿ ਲਿਖਜੋ ਐਸੇ।
ਚੋਰ ਹਮਾਰਾ ਰਾਖਜੋ
ਤੁਮ ਨਿਜ ਢਿਗ ਕੈਸੇ।
ਦੈ ਮੁਸ਼ਕਾਂ ਗੁਰਦਾਸ ਕੋ,
ਮਮ ਪਾਸ ਪਠਾਵੋ।
ਤਾਉ ਕਸੌਟੀ ਔਰ ਦੈ,
ਗੁਰੁ ਚਹਿਂ ਪਰਖਾਵੋ ॥ ੫੭ ॥
ਜਦਜਪਿ ਸਿੱਖਨ ਕੋ ਭਲਾ,
ਇਹੁ ਹੁਕਮ ਨ ਭਾਯੋ।
ਦੈ ਮੁਸ਼ਕਾਂ ਗੁਰਦਾਸ ਕੋ,
ਨਹਿਂ ਚਹੈਂ ਪਠਾਯੋ।
ਪੈ ਭਾਈ ਗੁਰਦਾਸ ਨੈਂ,
ਸਮਝਜੋ ਯਹਿ ਨੀਕੈ।
ਲਾਇ ਕਸੌਟੀ ਤਾਉ ਦੈ
ਚਹਿਂ ਪਰਖਜੋ[1] ਠੀਕੈ ॥ ੫੮ ॥
ਬਹੁ ਸੰਗਤ ਕੋ ਸੰਗ ਲੈ,
ਨਿਜ ਮੁਸ਼ਕੈਂ ਬਾਂਧੀ।
ਆਯੋ ਚਲਿ ਸਤਿਗੁਰੂ ਪੈ,
ਦਿਢ ਸਿੱਖੀ ਸਾਂਧੀ[1]।

[1]ਆਪ ਦੇ।
[1]ਪਿਆਰੇ।
[1]ਫ਼ਰਜ਼।
[1]ਵੱਡਾ
[1]ਰੂੰ।
[1]ਪਹਾੜ।
[1]ਪਰਖਣਾ ਚਾਹੁੰਦੇ ਹਨ।
[1]ਪੱਕੀ ਸਿੱਖੀ ਜੋੜ ਲਈ।

ਕਹਯੋ ਗੁਰੂ ਸਿਦਕੀ ਬਡੋ,
ਸਿਖ ਤੂੰ ਗੁਰੁ ਕੇਰੋ।
ਪਰਜੋ ਕਾਮ ਜਬਿ ਆਇ ਕੈ,
ਤਜਿ ਭਗਜੋ ਬਧੇਰੋ ॥ ੫੯ ॥
ਕਹਾਂ ਲਗੇ ਭਗ ਜਾਵਤੋ[1],
ਦਿਹੁ ਉੱਤਰ ਭਾਈ।
ਹਾਥ ਜੋਰਿ ਗੁਰਦਾਸ ਨੈ,
ਯੌਂ ਅਰਜ਼ ਅਲਾਈ।
ਬੂੰਦ ਸਿੰਧੁ ਜੁਗਨੂੰ ਰਵੀ,
ਕੈਸੇ ਸਮੁਹਾਵੈ[1]।

[1]ਕਿੱਥੋਂ ਤੱਕ ਭੱਜ ਜਾਂਦਾ।

[1](ਪਾਣੀ ਦੀ) ਬੂੰਦ ਸਮੁੰਦਰ ਦੀ ਤੇ ਟਟਹਿਣਾ ਸੂਰਜ ਦੀ ਕਿਵੇਂ ਬਰਾਬਰੀ ਕਰ ਸਕਦਾ ਹੈ।

ਪੰਥੀ[1] ਧੂੰਮ[2] ਅਕਾਸ਼ ਕੋ,
ਕਿਆ ਰੋਕ ਦਿਖਾਵੈ ॥ ੬੦ ॥

[1]ਰਾਹੀ। [2]ਧੂੰਆਂ।

ਅੰਡ ਬ੍ਰਹਮੰਡ ਪ੍ਰਚੰਡ ਕੀ,
ਗੂਲਰ ਕਾ ਜੰਤੂ[1]।

[1]ਆਂਡੇ ਦੀ ਸ਼ਕਲ ਦੇ {ਪ੍ਰਚੰਡ} ਸਾਰੇ ਬ੍ਰਹਮੰਡ ਦੀ ਗੂਲਰ ਨਾਮ ਦੇ ਬ੍ਰਿਛ ਦੇ ਫਲ 'ਚ ਰਹਿਣ ਵਾਲਾ ਇਕ ਨਿੱਕਾ ਜਿਹਾ ਜੀਵੇ।

ਕਹਾਂ ਬਾਤ ਕਰਿ ਸਕਤ ਹੈ,
ਤੁਮ ਤੈਸ ਅਨੰਤੂ[1]।

[1]ਬੇਅੰਤ ਹੋ।

ਦੀਨ ਅਗਜਾਨੀ ਭਿਖਕ ਹਮ,
ਆਨਾਥ[1] ਪਤੰਤਰ[2]।

[1]ਯਤੀਮ। [2]ਗ਼ੁਲਾਮ।

ਸਰਬਗ ਦਾਤਾ ਤੁਮ ਸਦਾ,
ਦਯਾ ਨਿਧਿ ਸੁਤੰਤਰ ॥ ੬੧ ॥
ਤੁਮ ਜੰਤੀ[1] ਹਮ ਜੰਤ[2] ਹੈਂ,
ਨਟ ਪੁੜੀ ਨਜਾਈ[1]।

[1]ਵਾਜੇ ਵਜਾਉਣ ਵਾਲੇ। [2]ਵਾਜੇ।

[1]ਨਟ ਦੀ ਪੁਤਲੀ ਵਾਂਗ।

ਜਸੋਂ ਪ੍ਰੇਰਤ ਤਸੋਂ ਕਰਤ ਹੈਂ,
ਕੁਛ ਹਮ ਨ ਬਸਾਈ[1]।

[1]ਸਾਡੇ ਵੱਸ ਵਿੱਚ ਕੁਝ ਵੀ ਨਹੀਂ ਹੈ।

ਭੂਲਨਹਾਰੇ ਹਮ ਸਦਾ,
ਤੁਮ ਬਖਸ਼ਿੰਦ ਆਹੀ।
ਗਹੇ ਪਦਮ[1] ਐਸ ਕਹਿ,
ਗੁਰ ਤ੍ਰਾਹੀ ਤ੍ਰਾਹੀ[1] ॥ ੬੨ ॥

[1]ਚਰਨ ਕੰਵਲ।

[1]ਰੱਖਿਆ ਕਰੋ, ਰੱਖਿਆ ਕਰੋ।

ਨਿਰ ਹੰਕਾਰ ਬਿਕਾਰ ਬਿਨ,
ਲਖਿ[1] ਗੁਰੁ ਮੁਸਕਾਏ। [1]ਜਾਣ ਕੇ।
ਕਹਜੋ ਧੰਨ ਸੋ ਸਿੱਖ ਹੈਂ,
ਜੋ ਭੁਲ ਬਖਸ਼ਾਏ।
ਮੁਸ਼ਕੈਂ ਬੰਧੀ ਪੇਖ ਕੈ,
ਕਰੁਨਾ ਜਲ ਛਾਯੋ[1]। [1]ਕਿਰਪਾ (ਕਰਕੇ ਅੱਖਾਂ ਵਿੱਚ) ਪਾਣੀ ਭਰ ਆਏ।
ਨਿਜ ਕਰ ਤੈ ਛੋਰਨ ਕਰੀ[1], [1]ਆਪਣੇ ਹੱਥੀਂ ਮੁਸ਼ਕਾਂ ਖੋਲ੍ਹੀਆਂ।
ਧੰਨ ਧੰਨ ਅਲਾਯੋ ॥ ੬੩ ॥
ਢਿਗ ਬੈਠਾਇ ਪਹਿਨਾਯੋ,
ਸਿਰਪਾਉ ਅਮੋਲੇ।
ਧੰਨਜ ਸਿਦਕ ਸਿੱਖੀ ਤੁਵੰ,
ਗੁਰੁ ਮੁਖ ਤੇ ਬੋਲੇ ॥ ੬੪ ॥
ਦੋਹਰਾ:
ਪੁਰ ਕਰਤਾਰ ਘਰ ਪ੍ਰੇਮ ਚੰਦ,
ਸੂਰਜ ਮੱਲ ਕੋ ਬਯਾਹਿ।
ਇਸੀ ਸਾਲ ਮੈਂ ਕਰਜੋ ਗੁਰੁ,
ਸਹਿ ਉਤਸ਼ਹਿ ਮਹਾਹਿ[1] ॥ ੬੫ ॥ [1]ਵੱਡੇ ਉਤਸ਼ਾਹ ਨਾਲ।
ਚੌਪਈ:
ਇਕ ਦਿਨ ਗੁਰੂ ਅਖੇਰ ਸਿਧਾਰੇ[1]। [1]ਸ਼ਿਕਾਰ ਗਏ।
ਚਾਰਹੁਂ ਪੂਤ ਸਪੂਤ ਸੰਗਾਰੇ।
ਕੇਤਕ ਦਿਨ ਬਾਹਰ ਹੀਰਹੇ।
ਸੇਵ ਦਰਸ ਕਰਿ ਜਨ ਮੁਦ ਲਹੇ ॥ ੬੬ ॥
ਮਿਲਿ ਗੁਰੁ ਸਿੱਖ ਅਗਾਰੀ ਆਵੈਂ।
ਅੱਗਰ ਤੈ ਅੱਗਰ ਲੈ ਜਾਵੈਂ।
ਪੁਰ ਗੁਰਦਾਸ ਜ਼ਿਲੇ ਮੈਂ ਗਈ।
ਬਾਰਠ ਨਾਮ ਗਾਮ ਜਹਿਂ ਹਏ ॥ ੬੭ ॥
ਸ੍ਰੀ ਚੰਦ ਦਰਸੇ ਤਹਿਂ ਜਾਈ।
ਜਾਨ ਬ੍ਰਿਧ[1] ਨਿਜ ਭੇਟ ਚਢਾਈ। [1]ਬਜ਼ੁਰਗ।
ਪਾਏ ਪਗ ਤਿੰਹਿ ਨਿਜ ਸੁਤ ਚਾਰੇ।
ਅਤਿ ਸੁੰਦ੍ਰ ਦੁਤਿ ਜੇਵਰ ਧਾਰੇ ॥ ੬੮ ॥

ਪੇਖਿ ਸ੍ਰੀ ਸਸਿ[1] ਦੈ ਕਰਿ ਪਜਾਰੂ। [1]ਸ੍ਰੀ ਚੰਦ।
ਕਹਜੋ ਏਕ ਮੁਹਿ ਦੇਹੁ ਉਦਾਰੂ।
ਗੁਰੂ ਕਹਜੋ ਲੇਵੋ ਜੋ ਚਾਹੈਂ।
ਗਹੀ ਗੁਰਦਿੱਤੇ ਕੀ ਉਨਿ ਬਾਹੈਂ ॥ ੬੯ ॥
ਰਿੱਧਿ ਸਿੱਧਿ ਤਪ ਭਰੀ ਮਹਾਂਹੀਂ।
ਸੇਲੀ ਤਾਜ[1] ਦਯੋ ਨਿਜ ਤਾਹੀਂ। [1]ਸੇਲ੍ਹੀ ਤੇ ਟੋਪੀ।
ਗੁਰਦਿੱਤਾ ਬਾਬੇ ਕਾ ਭਯੋ।
ਯਾਹੀ ਤੈ ਬਾਬਾ ਬਿਦਤਜੋ ॥ ੭੦ ॥
ਸਿੱਖੀ ਤਲੀ ਪਹਾਰਨ ਕੇਰੀ[1]। [1]ਪਹਾੜਾਂ ਦੀ ਜੜ੍ਹ ਪਾਸ ਦੇ ਇਲਾਕੇ ਦੀ ਸਿੱਖੀ।
ਤਹਿਂ ਤੈ ਚਢ ਕਰਿ ਗੁਰੁ ਬਹੁ ਹੇਰੀ।
ਸੰਗ ਸੁਭੱਟ ਥਾ ਏਕ ਹਜਾਰੂ।
ਔਰ ਸਾਧੁ ਸਿੱਖ ਮਿਲੇ ਅਪਾਰੂ ॥ ੭੧ ॥
ਕਰੈਂ ਸੇਵ ਸਿਖ ਭੇਟ ਚਢਾਵੈਂ।
ਆਗੇ ਤੈ ਆਗੇ ਲੈ ਜਾਵੈਂ।
ਸਤਲੁਜ ਪਾਰ ਪਹੂਚੇ ਜਾਈ।
ਤਾਰਾ ਚੰਦ ਮਿਲਜੋ ਨ੍ਰਿਪ ਆਈ ॥ ੭੨ ॥
ਪੁਰ ਬੈਲਾਸ[1] ਤਾਂਹਿ ਰਜਧਾਨੀ। [1]ਬਿਲਾਸਪੁਰ।
ਕਹਿਲੂਰ ਦੂਣ[1] ਕੋ ਪਤੀ ਮਹਾਨੀ। [1]ਕਹਿਲੂਰ ਨਾਮ ਦੀ ਦੂਣ (ਦੂਣ– ਦੋ ਪਹਾੜਾਂ ਦੇ ਵਿਚਕਾਰਲਾ ਮੈਦਾਨ)।
ਜਹਾਂਗੀਰ ਤੈ ਗੁਰੁ ਇਕ ਵਾਰੀ।
ਕਾਮ ਕਰਾਯੋ ਥਾ ਤਿਸ ਭਾਰੀ ॥ ੭੩ ॥
ਤਬਿ ਤੈ ਮੁਲਾਕਾਤ ਗੁਰੁ ਕੇਰੀ।
ਸ਼ਰਧਾ ਯੁਤ ਨ੍ਰਿਪ ਰਖਤ ਬਧੇਰੀ।
ਦੈ ਭੇਟਾ ਨ੍ਰਿਪ ਅਰਜ਼ ਗੁਜ਼ਾਰੀ।
ਭੂਮੀ ਅਤਿ ਰਮਣੀਕ ਹਮਾਰੀ ॥ ੭੪ ॥
ਤਲੇ ਪਹਾਰਨ ਦੇਸ ਸੁਹਾਵਨ।
ਇਕ ਪੁਰ ਈਹਾਂ ਕਰੋ ਬਸਾਵਨ।
ਇਕ ਦਿਸ ਸਤਲੁਜ ਦੁਤੀ ਪਹਾਰੂ।
ਥਲ ਅਤਿ ਸੁਠ[1] ਹਿਤ ਸੈਰ ਸ਼ਿਕਾਰੂ ॥ ੭੫ ॥ [1]ਬਹੁਤ ਸੁੰਦਰ ਥਾਂ।
ਮਾਨ ਅਰਜ਼ ਗੁਰੁ ਤਿਸ ਦਿਸ ਗਏ।

ਸੈਰ ਸ਼ਿਕਾਰ ਸੰਗ ਤਿਹ ਕਏ।
ਪਿਖਿ ਗੁਰੁ ਕਿਤਾ[1] ਜਮੀਨ ਸੁਹਾਵਨ। [1]ਟੁਕੜਾ।
ਕੀਰਤ ਪੁਰ ਤਹਿ ਕੀਨ ਬਸਾਵਨ ॥ ੭੬ ॥
ਸੰਨਦ[1] ਨ੍ਰਿਪ ਤੈ ਗੁਰੁ ਲਿਖਵਾਈ। [1]ਪਟਾ, ਅਧਿਕਾਰ ਪੱਤ੍ਰ।
ਮਾਫ਼ੀ ਪਾਂਚ ਗ੍ਰਾਮ ਕੀ ਪਾਈ।
ਗੁਰਦਿੱਤੇ ਕੋ ਤਹਿਂ ਗੁਰੁ ਛੋਰਾ।
ਆਪ ਸੁਧਾਸਰ ਅਏ ਬਹੋਰਾ[1] ॥ ੭੭ ॥ [1]ਫੇਰ।
ਹਰਿਮੰਦਰ ਬੰਦਨ ਕਰਿ ਥਿਰੇ।
ਹੇਤ ਸ਼ਿਕਾਰ ਕਬੀ ਬਨ ਫਿਰੇ।
ਦਰਸ ਹੇਤ ਸੰਗਤਿ ਬਹੁ ਆਵੈ।
ਮਨ ਬਾਂਛਿਤ ਗੁਰੁ ਤੇ ਬਰ ਪਾਵੈ ॥ ੭੮ ॥
ਬਿਰਧ[1] ਮਸੰਦ ਬੁਲੰਦ ਅਨੰਤੈ। [1]ਵੱਡੀ ਉਮਰ ਦੇ।
ਪੀਰ ਫਕੀਰ ਅਮੀਰ ਬਿਅੰਤੈ।
ਆਇ ਪਦਮ ਪਦ ਗੁਰੁ ਕੇ ਪਰਸੈਂ।
ਚਖ[1] ਚਕੋਰ ਕਰਿ ਮੁਖ ਸਸਿ[2] ਦਰਸੈਂ ॥ ੭੯ ॥ [1]ਨੇਤ੍ਰਾਂ ਨੂੰ। [2]ਚੰਦ੍ਰਮਾ ਰੂਪ।
ਨਿਜ ਨਿਜ ਇਛਜਾ ਕੇ ਅਨੁਸਾਰੈਂ।
ਪਾਇ ਚਾਰ ਫਲ ਧਾਂਮ ਸਿਧਾਰੈਂ।
ਕੀਰਤਿ ਗੁਰੂ ਮਾਲਤੀ ਫੂਲੀ।
ਸਦਗੁਨ ਮਾਲ ਮਰਾਲਨ ਭੂਲੀ[1] ॥ ੮੦ ॥ [1](ਗੁਰਾਂ) ਚੰਗੇ ਗੁਣਾਂ ਰੂਪ ਹੰਸਾਂ ਦੀ ਡਾਰ ਭੁੱਲੀ ਫਿਰਦੀ ਹੈ ਭਾਵ ਗੁਰਾਂ ਦੇ ਗੁਣ ਸਾਰੇ ਸੰਸਾਰ ਵਿੱਚ ਫੈਲ ਗਏ ਹਨ।

ਸਰਦ ਸਸੀ ਪੂਰਨ ਜੌਨ੍ਹਾਈ[1]। [1](ਗੁਰਾਂ ਦੀ ਕੀਰਤੀ) ਸਰਦਰੁਤ ਦੀ ਪੂਰਨਮਾਸ਼ੀ ਦੇ ਚੰਦ ਦੀ ਚਾਨਣੀ ਵਰਗੀ ਉੱਜਲ ਹੈ।

ਪਾਰਦ ਸ਼ੀ ਉਜਸਾਰੀ ਭਾਈ[1]। [1]ਪਾਰੇ ਵਰਗੀ ਚਮਕਦੀ ਚੰਗੀ ਲੱਗਦੀ ਹੈ।
ਜਹ ਕਹ ਚਹੁ ਦਿਸ ਸੁਖਦ ਸੁਹੇਲੀ।
ਰਾਇ ਬੇਲ[1] ਕੈ ਖਿਰੀ ਚੰਬੇਲੀ ॥ ੮੧ ॥ [1]ਮੋਤੀਏ ਦੀ ਜਾਤੀ ਦੀ ਇਕ ਵੇਲ ਜਿਸ ਨੂੰ ਸੁਗੰਧੀ ਵਾਲੇ ਚਿੱਟੇ ਫੁੱਲ ਲੱਗਦੇ ਹਨ।

ਦੇਸ ਦੇਸ ਤੈ ਗੁਰੁ ਕੀ ਕਾਰੈ[1]। [1]ਦਸਵੰਧ ਦੀ ਭੇਟਾ।
ਚਲੀ ਆਇ ਕੁਛ ਵਾਰ ਨ ਪਾਰੈ।
ਤਜੋਂ ਹੀ ਹੋਵੈ ਖਰਚ ਅਪਾਰੇ।
ਸਿੱਖ ਮਸੰਦ ਚਲਾਵੈਂ ਕਾਰੇ[1] ॥ ੮੨ ॥ [1]ਕੰਮ।
ਇਸੀ ਸਾਲ ਭਾਈ ਗੁਰਦਾਸੈ।

ਤਨ ਤਜਿ ਲਯੋ ਗੁਰੂ ਪੁਰ ਬਾਸੈ।
ਗਏ ਮੁਕਾਣ ਤਾਂਹਿ ਕੀ ਤਬੈ।
ਗੋਇੰਦਵਾਲ ਮਿਲੇ ਜਨ ਸਬੈ ॥ ੮੩ ॥
ਜੱਲ੍ਹਨ ਸਾਧੁ ਮਿਲਜੋ ਤਹਿ ਆਈ।
ਸਿੱਧ ਬਖਜਾਤ ਜੁ ਹੁਤੋ ਮਹਾਂਈ।
ਕਰਾਮਾਤ ਬਹੁ ਪਿਖੀ ਪਿਖਾਈ।
ਮਜਲ[1] ਫਕੀਰੀ ਗੁਰੁ ਤੈ ਪਾਈ ॥ ੮੪ ॥

[1]ਅਵਸਥਾ।

ਬੰਦਿ ਚਰਨ ਸਿੱਖ ਹੋਇ ਪਧਾਰਾ।
ਗੁਰੂ ਸੁਧਾਸਰ ਦਿਸ ਕਿਯ ਤਜਾਰਾ।
ਗਾਮ ਛਾਪਰੀ, ਚੋਲ੍ਹੇ ਆਦੀ।
ਆਵਤ ਮਗ ਬਹੁ ਪਿਖੇ ਅਬਾਦੀ ॥ ੮੫ ॥
ਬਾਦਸ਼ਾਹਿ ਢਿਗ ਚੁਗਲ ਹਮੇਸ਼ੈਂ।
ਚੁਗਲੀ ਗੁਰੁ ਪਰ ਕਰੈਂ ਬਿਸ਼ੇਸ਼ੈਂ।
ਚੋਰ ਧਾੜਵੀ ਗੁਰੂ ਰਖੇ ਹੈਂ।
ਜ਼ਬਰਦਸਤੀਆਂ ਅਧਿਕ ਕਰੈ ਹੈਂ ॥ ੮੬ ॥
ਕਈ ਹਜਾਰ ਮੁਲਾਜ਼ਮ ਸ਼ਾਹੀ।
ਜੰਗਨ ਮੈਂ ਹਤ ਕਰੇ ਫਨਾਹੀ[1]।

[1]ਮਾਰ ਕੇ ਨਾਸ ਕਰ ਦਿੱਤੇ।

ਸੂਬਾ ਹਤਜੋ ਜਲੰਧਰ ਵਾਰਾ।
ਮਰੇ ਬੀਰ ਤਿਹ ਸੰਗ ਹਜ਼ਾਰਾਂ ॥ ੮੭ ॥
ਸ਼ਾਹੀ ਹੁਕਮ ਅਦੂਲ ਕਰੈ ਕੈ[1]।

[1]ਸ਼ਾਹੀ ਹੁਕਮ ਮੰਨਣ ਤੋਂ ਇਨਕਾਰ ਕਰਕੇ।

ਬਸਯੋ ਸੁਧਾਸਰ ਮੈ ਪੁਨ ਐ ਕੈ।
ਫੌਜ ਬਟੋਰੀ[1] ਅਬਿ ਉਨਿ ਭਾਰੀ।

[1]ਇਕੱਠੀ ਕੀਤੀ।

ਖਲਕ ਮੁਰੀਦ ਕਰੀ ਨਿਜ ਸਾਰੀ ॥ ੮੮ ॥
ਸ਼ਾਹੀ ਮੁਲਕ ਰੋਕਨਾ ਚੈਹੈ।
ਬਦਰ ਨੈਨ[1] ਬਡ ਗਦਰ[2] ਮਚੈ ਹੈ।

[1](ਸਾਡੀਆਂ) ਅੱਖਾਂ ਤੋਂ ਉਹਲੇ ਹੋ ਕੇ। [2]ਹਲਚਲ, ਗੜਬੜ।

ਅਬਿ ਤੋ ਬੰਦੋਬਸਤ ਬਨ ਜੈ ਹੈ।
ਫਿਰ ਪਾਛੈ ਪਛੁਤਾਵਨ ਰੈਹੈ ॥ ੮੯ ॥
ਔਰ ਬਾਤ ਬਹੁ ਐਸ ਸੁਨਾਈ।
ਬਾਦਸ਼ਾਹਿ ਕੋ ਦਯੋ ਭਖਾਈ।
ਮੁਗਲਸ ਖਾਂ ਲੌ ਬਡ ਸਰਦਾਰੇ।

ਯਾਦ ਦਿਲਾਏ ਜੋ ਗੁਰਿ ਮਾਰੇ ॥ ੯੦ ॥
ਸ਼ੰਕਰ ਛੰਦ:
ਕੋਪ ਹੋਇ ਕਰਿ ਬਾਦਸ਼ਾਹਿ ਤਬਿ,
ਗੁਰੁ ਕੌ ਆਖਿ ਪਠਾਯੋ ਐਸ।
ਪੀਰ ਫਕੀਰਨ ਵਾਰੀ ਰੀਤੀ,
ਰਖੀ ਨ ਅਬਿ ਤੁਮ ਕੋਈ ਕੈਸ।
[1]ਕਾਜ਼ੀ ਕੀ ਤੁਮ ਸੁਤਾ ਨਿਕਾਸੀ, [1]ਕਿਸੇ ਤਰ੍ਹਾਂ ਵੀ।
ਜਬਰਨ ਰਾਖਜੋ ਬਾਜ਼ ਹਮਾਰ।
ਬਨਜੋ ਚਹਿਤ ਤੁਮ ਰਾਜੇ ਜਗ ਕੇ,
ਜਾਂ ਤੇ ਸੈਨ ਬਟੇਰਤ ਭਾਰ ॥ ੯੧ ॥
ਸਾਤ ਹਜ਼ਾਰ ਹਤਜੋ ਪਹਿਲੇ ਲਰਿ,
ਦਸ ਹਜ਼ਾਰ ਭਟ ਮਾਰਜੋ ਫੇਰ।
ਨਾਜ਼ਮ ਆਜ਼ਮ[1] ਅਬਦੁੱਲਾ ਖਾਂ, [1]ਵੱਡਾ ਸੂਬਾ।
ਸਰਦਾਰ ਹਮਾਰੇ ਮਾਰੇ ਢੇਰ।
ਮਾਝਾ ਮੁਲਕ ਲੜਾਕਾ ਭਾਰੀ,
ਸੋ ਤੁਮ ਰਾਖਜੋ ਸਬਿ ਅਪਨਾਇ।
ਤਾਂ ਤੇ ਛੋਡਿ ਮੁਲਕ ਇਹੁ ਬਸਤੀ[1], [1](ਅੰਮ੍ਰਿਤਸਰ) ਸ਼ਹਿਰ।
ਔਰ ਠੌਰ ਕਿਤਿ ਠਹਿਰੋ ਜਾਇ ॥ ੯੨ ॥
ਨਹੀ ਤੁ ਫੌਜ ਹਮਾਰੀ ਭਾਰੀ,
ਐਹੈ ਅਬਿ ਹੀ ਤੁਮ ਪਰ ਧਾਇ।
ਫੇਰ ਦੁਤਰਫੋਂ ਹਟਨਾ ਪੀਛੇ,
ਮੁਸ਼ਕਲ ਬਨ ਹੈ ਅਤਿਸੈ ਆਇ।
ਰੋਕਤ ਰਹਜੋ ਵਜ਼ੀਰ ਖਾਨ ਮੁਹਿ,
(ਨਹੀ ਤੁ) ਅਬਿ ਲੌ ਹੋਤੀ ਇਕ ਕੀ ਏਕ।
ਅਰਨੋ[1] ਲਰਨੋ ਹਰਨੋ ਮਰਨੋ[2], [1]ਅੜਨਾ। [2]ਮਾਰਨਾ ਤੇ ਮਰਨਾ।
ਕਾਮ ਫਕੀਰਨ ਕੋ ਨਹਿ ਨੇਕ[1] ॥ ੯੩ ॥ [1]ਚੰਗਾ।
ਇਤਜਾਦਿਕ ਸ਼ਹਿ ਕੀ ਬਹੁ ਬਾਤੈਂ,
ਸੁਨਿ ਗੁਰਿ ਕੀਨੋ ਐਸ ਵਿਚਾਰ।
ਈਹਾਂ ਲਰਨ ਭਲਾ ਅਬਿ ਨਾਹੀ,
ਹੈ ਸਿਰ ਪਰ ਲਾਹੌਰ ਹਮਾਰ।

ਕਰਨੇ ਹੈਂ ਹਮ ਜੰਗ ਜ਼ਰੂਰੀ,
ਭਰਨੇ ਪੇਟ ਜੋਗਨੀ ਕੇਰ।
ਲੈਣੋ ਰਾਜ ਨ ਔਰ ਕਿਛੂ ਕੰਮ,
ਲੀਲ੍ਹਾ ਬਾਲ ਗਈ ਪਰ ਟੇਰ[1] ॥ ੯੪ ॥

[1]ਬਾਲ ਲੀਲ੍ਹਾ ਸਮੇਂ {ਟੇਰ} ਕਹੀ (ਗੱਲ ਕਰਨੀ) ਪੈ ਗਈ ਹੈ।

ਤਾਂ ਤੇ ਅਬਿ ਚਲਿ ਮੁਲਕ ਮਾਲਵੇ,
ਕਰੀਏ ਜੰਗ ਸੰਗ ਤੁਰਕਾਨ।
ਜਜੋਂ ਮਝੈਲ ਪ੍ਰਤਜਾਇ ਲਏ, ਤਜੋਂ
ਪਰਖੈਂ ਮਲਵੱਈਯਨ ਕੋ ਰਣ ਠਾਨ।
ਇਹੁ ਵਿਚਾਰ ਗੁਰ ਚੜ੍ਹੇ ਤਹਾਂ ਤੇ,
ਸਹਿ ਪਰਵਾਰ ਚਮੂੰ ਨਿਜ ਭਾਰ[1]।

[1]ਆਪਣੀ ਭਾਰੀ ਫ਼ੌਜ।

ਹੋਇ ਉਦਾਸ ਸੁਧਾਸਰ ਵਾਸੀ,
ਭਏ ਤਿਆਰ ਚਲਨੈ ਸੰਗਾਰ ॥ ੯੫ ॥
ਸਬਿ ਕੋ ਧੀਰਜ ਦੈ ਗੁਰ ਭਾਖਜੋ,
ਹਰਿਮੰਦਰ ਕੀ ਬਾਂਹਿ ਗਹਾਇ।
ਰੰਕ[1] ਬਸੈ ਜੋ ਧਨੀ ਬਸੈ ਸੋ,

[1]ਕੰਗਾਲ।

ਈਹਾਂ ਭੁਗਤਿ ਮੁਕਤਿ ਫਿਰ ਪਾਇ।
ਜੋ ਗੁਰਪੁਰ ਕਾ ਬੁਰਾ ਚਿਤੈ ਹੈ,
ਬਿਨੁ ਮਾਰੇ ਆਪੇ ਮਰ ਜਾਇ।
ਇਤਜਾਦਿਕ ਬਰ ਭਗਤਿ ਗਜਾਨ ਤਰ[1],

[1]ਬਹੁਤੇ।

ਦੈ ਸਿੱਖਨ ਕੇ ਧੀਰ ਬੰਧਾਇ ॥ ੯੬ ॥
ਚਲੇ ਗੁਰੂ ਮਗ, ਸਗਨ ਲਗਨ* ਗਨ,

*ਲਗਨਾਂ ਸਗਨਾਂ ਬਾਰੇ ਗੁਰਬਾਣੀ ਅੰਦਰ ਜ਼ਿਕਰ ਆਇਆ ਹੈ: 'ਸਗਨ ਅਪਸਗਨ ਤਿਸ ਕੋ ਲਗੇ ਜਿਸ ਚੀਤ ਨ ਆਵੈ ॥' ਅਰਥਾਤ ਜਿਨ੍ਹਾਂ ਨੂੰ ਵਾਹਿਗੁਰੂ ਚੇਤੇ ਨਹੀਂ ਆਉਂਦਾ ਉਨ੍ਹਾਂ ਨੂੰ ਚੰਗੇ ਸ਼ਗਨ ਵੀ ਬੁਰੇ ਸ਼ਗਨ ਹੋ ਕੇ ਲੱਗਦੇ ਹਨ।

ਭਲੇ ਭਏ, ਜਨ ਜੀਤ ਜਨਾਇ।
ਧੂਰਿ ਭੂਰਿ ਉਡਿ ਪੂਰ ਗਜੋ ਨਭ,
ਸੂਰ ਨੂਰਿ[1] ਤਬਿ ਰਹਜੋ ਦਬਾਇ।

[1]ਸੂਰਜ ਦਾ ਚਾਨਣ।

ਕਰਿ ਇਸ਼ਨਾਨ ਤਰਨ ਤਾਰਨ ਕੇ,
ਸਨੇ ਸਨੇ ਮਗ ਨਦੀ ਉਲੰਘ।
ਗਾਂਮ ਡਰੋਲੀ ਜਾਇ ਥਿਰਾਏ,
ਆਏ ਸਿਖ ਹਿਤ ਸੇਵ ਉਮੰਗ ॥ ੯੭ ॥

ਅਰਪੈਂ ਹਯ[1] ਹਥਜਾਰ ਜ਼ਰ[2] ਬਹੁਧਾ[3],
ਨਿਸ ਦਿਨ ਗੁਰੁ ਢਿਗ ਭੀਰ ਰਹਾਇ।
ਪਾਇ ਚਾਰ ਫਲ ਚਲਿ ਘਰ ਜਾਵੈਂ,
ਬਹੁ ਦਿਨ ਰਹੇ ਗੁਰੂ ਤਿਸ ਥਾਇ।
ਇਕ ਦਿਨ ਰੂਪਾ ਸੁੱਧੂ ਖਾਤੀ[1],
ਬੇਟਾ ਬਾਪ ਗਏ ਬਨ ਬੱਢਨ ਬਾਢ[1]।
ਕੂਨ੍ਹਾ[1] ਭਰਿ ਜਲ ਕਾ ਸੰਗ ਲੀਓ,
ਕੀਓ ਲਟਕਾਵਨ ਤਰੁ ਸੋਂ ਠਾਢਿ[1] ॥ ੯੮ ॥
ਪੌਨ ਲੋਇ ਲਗ ਸਰਦ ਭਯੋ ਅਤਿ,
ਜੇਠ ਮਾਸ ਕੋ ਕਹਿਰ ਦੁਪਹਿਰ।
ਬਾਢਤ ਬਾਢ[1] ਤ੍ਰਿਖਾਤ੍ਰ[2] ਹ੍ਵੈ ਜਬਿ,
ਲਗੇ ਪੀਣ ਪਾਨੀ ਸੋ ਗਹਿਰ[1]।
ਅਤੀ ਸਰਦ ਪਿਖਿ ਕਹਯੋ ਦੁਹਿਨ ਤਬਿ,
ਇਹੁ ਜਲ ਤੋ ਹੈ ਗੁਰ ਕੇ ਜੋਗ।
ਐਸੇ ਜਲ ਕੇ ਪੀਵਨ ਲਾਇਕ,
ਹਮ ਗਰੀਬ ਨਹਿ ਕਿਰਤੀ ਲੋਗ ॥ ੯੯ ॥
ਜੋ ਜੋ ਉੱਤਮ ਵਸਤ ਅਹੇ ਜਗਿ,
ਸੋ ਸਬਿ ਲਾਇਕ ਸਤਿਗੁਰ ਕੇਰ।
ਜਦਜਪਿ ਮਰਨ ਤਕ ਭਏ ਤ੍ਰਿਖਾ ਕਰਿ,
ਤੌ ਭੀ ਪੀਓ ਨ ਜਲ ਉਨ ਫੇਰ।
ਬਾਰ ਬਾਰ ਚਿਤਵੈਂ ਸਤਿਗੁਰੁ ਕੋ,
ਕਹੈਂ ਛਕੈਂ ਕਿਤ ਤੈਂ ਗੁਰੁ ਆਨ।
ਉਤ ਦਿਸ ਖੈਂਚ ਪ੍ਰੇਮ ਨੇ ਕੀਨੀ,
ਸਰਬਗ ਗੁਰੁ ਲੀਨੋ ਸਬਿ ਜਾਨ ॥ ੧੦੦ ॥
ਬਿਰਦ ਸੰਭਾਰ ਭਗਤ ਵਤਸਲ ਨਿਜ[1],
ਠਹਿਰੇ ਨਾਹਿ ਦੁਪਹਿਰੇ ਮਾਂਹਿ।
ਚਢਿ ਡਰੋਲੀਓਂ ਏਕਲ ਧਾਏ,
ਦਾਸਨ ਰਖਜਾ ਹੇਤ ਉਮਾਹਿ।
ਗਜ ਗੁਹਾਰ[1] ਸੁਨਿ ਬਿਸ਼ਨ ਧਏ ਜਿਮ,

[1]ਘੋੜੇ। [2]ਸੋਨਾ, ਧਨ। [3]ਬਹੁਤ ਗਿਣਤੀ ਵਿੱਚ।

[1]ਤਰਖਾਣ।

[1]ਜੰਗਲ ਵਿੱਚ ਲੱਕੜਾਂ ਵੱਢਣ।

[1]ਕਪੜੇ ਦੀ ਛੋਟੀ ਮਸ਼ਕ। (ਅ) ਕੋਰਾ ਕੁੱਜਾ।

[1]ਖੜੇ ਹੋ ਕੇ।

[1]ਲੱਕੜਾਂ ਵੱਢਦਿਆਂ। [2]ਬਹੁਤ ਪਿਆਸੇ।

[1]ਪਕੜ ਕੇ।

[1]ਆਪਣੇ ਭਗਤਾਂ ਨਾਲ ਪਿਆਰ ਕਰਨ ਦਾ ਸੁਭਾਵ ਯਾਦ ਕਰਕੇ।

[1]ਹਾਥੀ ਦੀ ਅਵਾਜ਼।

ਆਏ ਕ੍ਰਿਸ਼ਨ ਦ੍ਰੌਪਤੀ ਹੇਤ।
ਪਹੁੰਚੇ ਤੀਸ ਕੋਸ ਤਿਮ ਛਿਨ ਮੈਂ,
ਮਿਸ[1] ਸ਼ਿਕਾਰ ਕਿਨਿ ਲਖਜੋ ਨ ਭੇਤ ॥ ੧੦੧ ॥

[1]ਬਹਾਨੇ।

ਬਜਾਕੁਲ ਭਏ ਤ੍ਰਿਖਾਤ੍ਰ ਜਹਿਂ ਸਿਖ,
ਬੂਝਜੋ ਜਲ ਹੈ ਕਿ ਨ ਤੁਮ ਪਾਸ?।
ਆਏ ਦੂਰ ਸ਼ਿਕਾਰ ਕਰਤ ਹਮ,
ਜਲ ਨਹਿਂ ਮਿਲਤ ਲਗੀ ਅਤਿ ਪਿਆਸ।
ਆਂਖ ਉਘਾਰ ਪਿਖਯੋ ਜਬਿ ਸੁੱਧੂ,
ਹਰਿਗੋਬਿੰਦ ਗੁਰ ਖਰੇ ਸ੍ਵਾਰ।
ਉਠ ਸ਼ੀਘ੍ਰ ਰੂਪੇ ਯੁਤ ਸਾਨੰਦ,
ਬੰਦਨ ਕਰਿ ਗੁਰੁ ਤਈਂ ਉਤਾਰ ॥ ੧੦੨ ॥
ਸੁਸਕਤ ਕ੍ਰਿਖੀ ਮੇਘ ਜਨੁ ਬਰਸਯੋ[1],
ਪਾਯੋ ਸੁਧਾ[1] ਮ੍ਰਿਤਕ ਜਨ ਚਾਹਿ[2]।

[1]ਸੁਕਦੀ ਖੇਤੀ ਲਈ ਜਾਣੋ ਬੱਦਲ ਰੂਪ ਹੋ ਕੇ ਵਰ੍ਹੇ।
[1]ਅੰਮ੍ਰਿਤ। [2]ਇੱਛਾ ਅਨੁਸਾਰ।

ਬਸਨ ਬਿਛਾਇ ਬਿਠਾਇ ਛਾਇ ਤਰੁ,
ਜਲ ਪਿਲਾਇ ਪੀਓ ਪੁਨ ਤਾਂਹਿ।
ਜਲ ਐਸੋ ਕਬਿ ਪੀਓ ਨ ਆਗੇ,
ਗੁਰੂ ਸਰਾਹਤ ਬਾਰੰਬਾਰ।
ਧੰਨਜ ਗੁਰੂ ਧੰਨਜ ਸਿੱਖ ਪ੍ਰੇਮੀ,
ਜਿਨ ਕੀ ਗਾਥਾ ਅਪਰ ਅਪਾਰ ॥ ੧੦੩ ॥

ਦੋਹਰਾ:
ਰੂਪੇ ਕੋ ਬਖ਼ਸ਼ੀ ਗੁਰੁ,
ਮੰਜੀ[1], ਰਿਧਿ ਸਿਧਿ ਸਾਥ।

[1]ਗੱਦੀ।

ਸਿੱਖੀ ਭਗਤਿ ਗਜਾਨ ਦਿਢ,
ਦੈ ਕਰਿ ਕੀਓ ਸਨਾਥ[1] ॥ ੧੦੪ ॥

[1]ਸਫਲ।

ਚੌਪਈ:
ਜਬੈ ਡਰੌਲੀ ਤੇ ਗੁਰੁ ਆਏ।
ਪੀਛੇ ਸੁਭਟ ਅਧਿਕ ਚਢਿ ਧਾਏ।
ਬਿਧੀਚੰਦ ਪੈਂਦੇ ਖਾਂ ਆਦਿਕ।
ਆਇ ਪਹੂਚੇ ਢਿਗ ਸੁਖ ਸਾਧਕ[1] ॥ ੧੦੫ ॥

[1]ਸੁੱਖਾਂ ਨੂੰ ਦੇਣ ਵਾਲੇ (ਸਤਿਗੁਰੂ)।

ਸੁਨਿ ਗਾਥਾ ਸਭਿ ਬਿਸਮੈਂ ਭਏ।

ਧੰਨਜ ਸਿੱਖ ਗੁਰੁ ਧੰਨਜ ਅਲਏ।
ਤਹਿ ਤੇ ਚਾਰ ਕੋਸ ਜਬਿ ਆਏ।
ਪਰੀ ਨਿਸਾ ਤਿਸ ਠੌਰ ਬਿਤਾਏ ॥ ੧੦੬ ॥
ਭਾਈ ਰੂਪੇ ਤੇ ਤਹਿਂ ਗਾਮੂੰ।
ਬਸਵਾਯੋ ਰੂਪਾ ਅਭਿਰਾਮੂੰ।
ਸੁੱਧੂ ਰੂਪਾ ਤਹਾਂ ਬਸਾਏ।
ਦੇਗ[1] ਚਲਾਈ ਜਗਿ ਬਿਦਤਾਏ ॥ ੧੦੭ ॥ [1]ਲੰਗਰ।
ਸਤਿਗੁਰ ਲੌਟ[1] ਡਰੌਲੀ ਆਏ। [1]ਮੁੜ ਕੇ।
ਸੁਨਿ ਪ੍ਰਸੰਗ ਜਨ ਅਤਿ ਹਰਖਾਏ।
ਕਹੈਂ ਪਰਸਪਰ ਸਾਹਿਬ ਐਸੋ।
ਰੱਖਕ ਦਾਸਨ ਭਯੋ ਨ ਹੈ ਸੋ ॥ ੧੦੮ ॥
ਬਾਬਾ ਗੁਰਦਿੱਤਾ ਜੀ ਆਯੋ।
ਕੀਰਤਪੁਰੋਂ, ਗੁਰਹਿਂ ਦਰਸਾਯੋ।
ਮਿਲਯੋ ਪਰਵਾਰ ਮਹਾਂ ਮੁਦ ਪਾਈ।
ਤਬਿ ਹੀ ਗੁਰੁਦਿੱਤੇ ਕੀ ਮਾਈ ॥ ੧੦੯ ॥
ਪਤਿ ਮੂਰਤਿ ਉਰਿ ਧਰਿ ਤਨ ਤਜ ਕੈ।
ਗੁਰ ਪੁਰ ਬਸੀ ਜਾਇ ਮੁਦ ਭਜ ਕੈ[1]। [1]ਅਨੰਦ ਪ੍ਰਾਪਤ ਕਰਕੇ।
ਪੀਛੇ ਰੀਤਿ ਕਰੀ ਗੁਰੁ ਵਾਂ ਕੀ[1]। [1]ਉਸ (ਮਾਤਾ ਜੀ) ਦੀ।
ਅਬਿ ਲੌ ਹੈ ਸਮਾਧ ਤਹਿਂ ਤਾਂ ਕੀ ॥ ੧੧੦ ॥
ਪੁਨ ਗੁਰੁ ਨਿਜ ਸਬਿ ਹੀ ਪਰਵਾਰੂ।
ਭੇਜ ਦਯੋ ਮਧ ਪੁਰ ਕਰਤਾਰੂ।
ਆਪ ਗੁਰੂ ਤਹਾਂ ਤੈ ਸਹਿ ਸੈਨਾ।
ਚਢ ਕਰਿ ਚਲੇ ਅੱਗ੍ਰ ਸੁਖ ਦੈਨਾ ॥ ੧੧੧ ॥
ਦੋਹਰਾ:
ਧੌਲੇ ਕਾਂਗੜ[1] ਜਬਿ ਗਏ, [1]ਪਿੰਡ।
ਜੋਧ ਸ਼ਾਹ ਸਰਦਾਰ।
ਸੁਨਿ ਮਹਿਮਾ ਸਤਿਗੁਰੂ ਕੀ,
ਮਿਲਯੋ ਆਇ ਮੁਦ ਧਾਰਿ ॥ ੧੧੨ ॥
ਚੌਪਈ:
ਮਹਿਰ ਮਿੱਠਾ[1] ਜੋ ਧਾਲੀਵਾਲੂ[2]। [1]ਨਾਮ। [2]ਗੋਤ।

ਭਯੋ ਚੌਧਰੀ ਬਿਦਿਤ ਬਿਸਾਲੂ।
ਅਕਬਰ ਸ਼ਾਹਿ ਸੁਤਾ ਤਿਹ ਬਜਾਹੀ।
ਰੂਪ ਬਲਵਤੀ ਹੁਤ ਮਹਾਂਹੀ ॥ ੧੧੩ ॥
ਦੇਸ ਪਤੀ ਮਿੱਠਾ ਤਬਿ ਭਯੋ।
ਚੈਨ ਬੇਗ ਤਾਂ ਕੇ ਸੁਤ ਜਯੋ[1]।
ਉਮਰ ਸ਼ਾਹੁ ਤਿਹ ਸੁਤ ਬਡ ਜੋਧਾ।
ਭਯੋ ਨ੍ਰਿਪ ਦੇਸੀ ਅਨਰੋਧਾ[1] ॥ ੧੧੪ ॥
ਜੋਧ ਸ਼ਾਹੁ ਤਾਂ ਕਾ ਸੁਤ ਨੀਕਾ।
ਭਯੋ ਜੋ ਗੁਰੁ ਕਾ ਸਿਖ ਅਲੀਕਾ[1]।
ਸਲੇਮ ਸ਼ਾਹੁ ਭੀ ਤਿਸ ਕਾ ਭਾਈ।
ਸੂਰਬੀਰ ਬਡ ਸਿੱਖ ਕਹਾਈ ॥ ੧੧੫ ॥
ਲਸ਼ਕਰ ਗੁਰੁ ਸੰਗ ਹੁਤੋ ਅਪਾਰੀ।
ਕਰੀ ਸੇਵ ਇਨ ਗੁਰੁ ਕੀ ਭਾਰੀ।
ਗੁਰੁ ਸੋਂ ਮਿਲਿ ਸ਼ਿਕਾਰ ਨਿਤ ਜਾਵੈਂ।
ਸ਼ਸਤ੍ਰ ਬਿਦਜਾ ਅਧਿਕ ਬਢਾਵੈਂ ॥ ੧੧੬ ॥
ਲੋਗ ਅਪਾਰ ਭਏ ਸਿੱਖ ਦੇਸੀ।
ਸੰਗਤਿ ਨਿਤ ਬਹੁ ਆਇ ਬਿਦੇਸੀ।
ਰਹੇ ਭੀਰ ਆਵੈਂ ਇਕ ਜਾਵੈਂ।
ਗੁਰੁ ਦੋ ਵਕਤ ਦਿਵਾਨ ਲਗਾਵੈਂ ॥ ੧੧੭ ॥
ਸ਼ਸਤ੍ਰ ਬਸਤ੍ਰ ਅਸ੍ਵ ਅਮੋਲੇ।
ਦਰਬ ਭੇਟ ਸਿੱਖ ਦੈਂਹ ਅਤੋਲੇ।
ਗੁਰੂ ਸਿੰਘਾਸਨ ਪਰ ਅਸ ਸੋਹੈਂ।
ਪੂਰਨਿ ਸਸਿ ਜਨੁ ਉਡਗਨ ਮੋਂ ਹੈਂ[1] ॥ ੧੧੮ ॥
ਸੁਰ ਸਿੱਖਨ ਮੈਂ ਇੰਦ੍ਰ ਸਮਾਨੰ।
ਜਨੁ ਜਾਦਵ ਗਨ ਮੈਂ ਭਗਵਾਨੰ[1]।
ਚਹੁੰ ਦਿਸ ਤੈ ਜਨ ਬੰਦਨ ਠਾਨੈਂ।
ਦੌਲਤ ਅਰਪੈਂ ਬਿਬਿਧਿ ਮਹਾਨੈਂ ॥ ੧੧੯ ॥
ਸੰਗਤਿ ਕਾਬਲ ਕੀ ਤਹਿ ਆਈ।
ਦੌਲਤ ਤਿਨ ਬਹੁ ਭੇਟ ਚਢਾਈ।
ਤਾਰਾ ਚੰਦ ਤਖਤ ਮੱਲ ਦੋਈ।

[1]ਪੈਦਾ ਹੋਇਆ।
[1]ਆਪਣੇ ਦੇਸ ਦਾ ਬਲੀ ਰਾਜਾ।
[1]ਯੋਗ, ਕਾਬਿਲ।
[1]ਬਹੁਤੇ ਤਾਰਿਆਂ ਵਿੱਚ ਪੂੰਨਿਆਂ ਦੇ ਚੰਦ ਵਾਂਗ।
[1]ਕ੍ਰਿਸ਼ਨ।

ਥੇ ਮਸੰਦ ਤਿਨਿ ਕੇ ਸੰਗਿ ਜੋਈ ॥੧੨੦॥
ਬਾਤ ਤੁਰੰਗਨ ਕੀ ਜਬਿ ਚਾਲੀ।
ਤਿਨੈ ਸੁਨਾਈ ਬਾਤ ਬਿਸਾਲੀ।
ਸ਼ਾਹਿ ਜਹਾਂ ਕੇ ਹੈਂ ਜੁਗ ਤਾਜੀ[1]। [1]ਦੋ ਘੋੜੇ।
ਜਿਨ ਸਮ ਦੁਨੀਆਂ ਮਹਿਂ ਨਹਿਂ ਬਾਜੀ[1] [1]ਘੋੜੇ।
॥੧੨੧॥
ਬਾਤ ਏਹੁ ਚਿਤ ਚੁਭ ਗਈ ਗੁਰੁ ਕੇ।
ਔਰ ਸੁਦਾਗਰ ਭੀ ਆ ਢੁਰ ਕੇ[1]। [1]ਆ ਮਿਲੇ।
ਤਿਨ ਤੈ ਅਸ੍ਵ ਬਹੁਤ ਗੁਰੁ ਲਏ।
ਵਹਿ ਭੀ ਬਾਤ ਸੁਨਾਵਤ ਭਏ ॥੧੨੨॥
ਸ਼ਾਹਿ ਜਹਾਂ ਕੇ ਅਸ੍ਵਨ ਵਾਰੀ।
ਕਹੀ ਤਰੀਫ ਉਨੈ ਜਬਿ ਭਾਰੀ।
ਸੁਨਿ ਗੁਰੁ ਸਭਾ ਵੀਚ ਪੁਨ ਕਹਾ।
ਹੈ ਕੋਉ ਸਿਖ ਜਾਇ ਜੋ ਤਹਾਂ ॥੧੨੩॥
ਜੈਸ ਕੈਸ ਵਹਿ ਤਾਜੀ ਲਜਾਵੈ।
ਚਾਰ ਪਦਾਰਥ ਗੁਰੁ ਤੈ ਪਾਵੈ।
ਸੁਨਿ ਗੁਰ ਬੈਨ ਔਰ ਚੁਪ ਰਹੇ।
ਬਿਧੀ ਚੰਦ ਉਠਿ ਗੁਰ ਪਦ ਗਹੇ ॥੧੨੪॥
ਕਹਜੋ ਕਿਰਪਾ ਜੇ ਰਾਵਰਿ ਪਾਵੈ।
ਗਿਰ ਕੌ[1] ਮਸ਼ਕ[2] ਉਠਾਇ ਲਜਾਵੈ। [1]ਪਹਾੜ ਨੂੰ। [2]ਮੱਛਰ।
ਗੁਰੁ ਕਹਜੋ ਤੁਮ ਹੋ ਸਬਿ ਲਾਯਕ।
ਹਨੂ ਜਥਾ ਰਘੁਬਰ ਕੇ ਪਾਯਕ[1] ॥੧੨੫॥ [1]ਜਿਵੇਂਰਾਮ ਚੰਦਰ ਦੇ ਸੇਵਕ ਹਨੂਮਾਨ (ਹੋਏ ਹਨ)।
ਪੁਨ ਬਿਧੀਏ ਭਾਖਜੋ ਕਰ ਜੋਰੇ।
ਕਹਾਂ ਸ਼ਾਹਿ ਕੇ ਇਹ ਜੁਗ ਘੋਰੇ।
ਜੇ ਸਹਾਇਤਾ ਰਾਵਰ ਪਾਊਂ।
ਰਵਿ ਮਘਵਾ ਕੇ ਅਸ੍ਵ[1] ਲਿਆਊਂ ॥੧੨੬॥ [1]ਸੂਰਜ ਤੇ ਇੰਦਰ ਦੇ ਘੋੜੇ।
ਸੁਨਿ ਖੁਸ਼ ਹ੍ਵੈ ਗੁਰੁ ਆਗਜਾ ਦੀਨੀ।
ਜਾ ਲਾਹੌਰ ਤਿਨ ਇਹ ਬਿਧਿ ਕੀਨੀ।
ਉਤਰਜੋ ਜੀਵਣ ਖਾਤੀ[1] ਸਿਖ ਕੇ। [1]ਤਰਖਾਣ।
ਲਜਾਵੇ ਘਾਸ ਅਤੀ ਸੁਠ ਪਿਖ ਕੇ ॥੧੨੭॥

ਸ਼ਾਹੀ ਤਬੇਲੇ ਬੇਚੇ ਜਾਏ।
ਮਿਲੇ ਜੋ ਕਰੇ ਖਰਾਯਤ ਖਾਏ[1]।
ਨੀਤ ਦਰੋਗਾ ਖੁਸ਼ ਹ੍ਵੈ ਲੇਵੈ।
ਉਨ ਹੀ ਘੋਰਨ ਕੋ ਵਹਿ ਦੇਵੈ ॥ ੧੨੮ ॥
ਇਕ ਦਿਲਬਾਗ ਦੁਤੀ ਗੁਲਬਾਗ।
ਘਾਸ ਖਾਇ ਵਹਿ ਹ੍ਵੈਂ ਬਾਗ ਬਾਗ[1]।
ਨਿਸ ਕਾ ਉਗਜਾ ਖੁਰਚ ਕਰਿ ਲਜਾਵੈ।
ਮਣੀ ਬਡੂਰਯ ਸਮ[1] ਜੁ ਸੁਹਾਵੈ ॥ ੧੨੯ ॥
ਕਰੈ ਸੇਵ ਗੁਰੁ ਕੇ ਅਸ੍ਵ ਜਾਨੀ।
ਉਰਿ ਗੁਰੁ ਮੂਰਤਿ ਮੁਖਿ ਗੁਰਬਾਨੀ।
ਨਿਤ ਪ੍ਰਤਿ ਅਤਿ ਸੁਠ ਲਜਾਵੈ ਘਾਸੂ।
ਬੇਚੇ ਜਾਇ ਦਰੋਗੇ ਪਾਸੂ ॥ ੧੩੦ ॥
ਬਾਤੇਂ ਐਸੀ ਮੀਠੀ ਮੀਠੀ।
ਕਰੈ, ਜੁ ਸੁਨਿ ਹ੍ਵੈ ਮੋਹਿਤ ਨੀਠੀ[1]।
ਇਕ ਦਿਨ ਘਾਸ ਨ ਇਨ ਪਹੁੰਚਾਯੋ।
ਔਰ ਘਾਸ ਨਹਿਂ ਅਸ੍ਵਨ ਖਾਯੋ ॥ ੧੩੧ ॥
ਸੌਂਧੇ ਖਾਨ ਦਰੋਗੇ ਜਾਨਾ।
ਬਿਧੀਏ ਕੋ ਬੁਲਾਇ ਸਨਮਾਨਾ।
ਨੌਕਰ ਰਾਖ ਲਯੋ ਨਿਜ ਪਾਸੈ।
ਲਜਾਵਨ ਹਿਤ ਨਿਤ ਅਸ੍ਵਨ ਘਾਸੈ ॥ ੧੩੨ ॥
ਬਿਧੀਆ ਘਾਸ ਤਿਨੈ ਨਿਤ ਡਾਰੇ।
ਬਿਬਿਧਿ ਸੇਵ ਕਰਿ ਪਾਦ ਜੁਹਾਰੇ[1]।
ਸਾਚੇ ਪਾਤਿਸ਼ਾਹਿ ਕੇ ਘੋਰੇ।
ਲਹੇ[1] ਚਿੱਤ ਮੈਂ ਕਹੇ ਬਹੋਰੇ[2] ॥ ੧੩੩ ॥
ਦੇਖਿ ਦਰੋਗਾ ਸੰਗੀ ਔਰੈਂ।
ਖੁਸ਼ ਹੋਹਿਂ ਸੁਨਿ ਬਾਤਾਂ ਗੌਰੈਂ[1]।
ਲੋਗ ਤਬੇਲੇ[1] ਮੈਂ ਥੇ ਜੇਤੇ।
ਰਹੈਂ ਖੁਸ਼ੀ ਬਿਧੀਏ ਪਰ ਤੇਤੇ ॥ ੧੩੪ ॥
ਮਿਲੈ ਨੌਕਰੀ ਜੇਤਿਕ ਇਨੈ।

[1]ਪੁੰਨ ਕਰ ਕੇ (ਫੇਰ ਆਪ) ਖਾਂਦਾ ਹੈ।

[1]ਬਹੁਤ ਖ਼ੁਸ਼।

[1]ਹਰੇਰੰਗ ਦੀਆਂ ਮਣੀਆਂ ਵਰਗਾ।

[1]ਭਲੀ ਤਰ੍ਹਾਂ।

[1](ਘੋੜਿਆਂ ਦੇ) ਪੈਰਾਂ 'ਤੇ ਨਮਸਕਾਰ ਕਰਦਾ ਹੈ।

[1]ਜਾਣ ਕੇ। [2]ਬਾਰ ਬਾਰ।

[1]ਚੰਗੀਆਂ।

[1]ਤਵੇਲਾ– ਲੰਮਾਰੱਸਾ, ਜਿਸ ਨਾਲ ਘੋੜੇ ਬੰਨ੍ਹੇ ਜਾਣ, (ਭਾਵ:– ਅਸਤਬਲ। (ਅ) ਅਸ੍ਵ ਸ਼ਾਲਾ, ਘੋੜੇ ਬੰਨ੍ਹਣ ਦੀ ਥਾਂ।

ਕਰਿ ਪ੍ਰਸ਼ਾਦ ਖੁਲਾਵੈ ਤਿਨੈ ॥ ੧੩੫ ॥

ਦੋਹਰਾ:

ਖੰਗਰ[1] ਇਕ ਨਿਤ ਘਾਸ ਮੈਂ, ਰਾਖੇ ਲਜਾਇ ਲੁਕਾਇ।
ਅਰਧ ਨਿਸਾ ਕੌ ਬੁਰਜ ਚਢਿ, ਫੈਂਕੇ ਬੀਚ ਦਰਯਾਇ ॥ ੧੩੬ ॥
ਉਛਰਤ ਕੇਊ ਮੱਛ ਇਹ, ਲੋਗਨ ਰਾਖਜੋ ਜਾਨ।
ਬਿਧੀ ਚੰਦ ਸਬਿ ਭੇਤ ਲਿਯ, ਕਰ ਕੈ ਸੇਵ ਮਹਾਨ ॥ ੧੩੭ ॥

[1]ਆਵੇ ਦੀ ਅੱਗ ਨਾਲ ਬਹੁਤੀਆਂ ਇੱਟਾਂ ਦਾ ਪੰਘਰ ਕੇ ਬਣਿਆ ਹੋਇਆ ਪੱਥਰ ਦੇ ਅਕਾਰ ਦਾ ਭਿੱਕਾ।

ਚੌਪਈ:

ਭਜੋ ਮਾਤਬਰ[1] ਦਰੋਗੇ ਕੇਰੋ।
ਔਰ ਲੋਗ ਬਸ ਕਰੇ ਬਧੇਰੋ।
ਇਕ ਦਿਨ ਮਹਫਲ ਉਨੈ ਜਮਾਈ[1]।
ਬਿਧੀਏ ਬਹੁਤ ਸ਼ਰਾਬ ਪਿਲਾਈ ॥ ੧੩੮ ॥
ਭਏ ਬਿਹੋਸ਼ ਨੀਂਦ ਤਿਨਿ ਆਈ।
ਜਾਨਜੋ ਸਤਿਗੁਰ ਭਯੋ ਸਹਾਈ।
ਤਬਿ ਬਿਧੀਏ ਧਰਿ ਦ੍ਰਿੜਤਾ ਭਾਰੀ।
ਜੇਬ ਦਰੋਗੇ ਤੈ ਕਢਿ ਤਾਰੀ[1] ॥ ੧੩੯ ॥
ਤਾਲਾ[1] ਖੋਲ੍ਹਿ ਕਢਜੋ ਅਸਬਾਬ।
ਜ਼ੇਵਰ ਜ਼ੀਨ ਜੁ ਜਰਜੋ ਜਰਾਵ[1]।
ਡਾਰਿ ਅਸ੍ਵ ਪਰ ਗੁਰੂ ਮਨਾਯੋ।
ਦੈ ਲਗਾਮ ਹਯ ਊਪਰ ਆਯੋ ॥ ੧੪੦ ॥
ਇਤ ਉਤ ਫੇਰਿ ਛੇਰਿ ਕਿਯ ਤਜਾਰਾ।
ਬੁਰਜ ਚਢਾ ਇਕ ਚਾਬਕ ਮਾਰਾ।
ਉਛਰਿ ਅਸ੍ਵ ਸਰਤਾ ਮੈਂ ਪਰਾ[1]।
ਤਰ ਕਰਿ ਪਾਰ ਨਦੀ ਜਾ ਖਰਾ ॥ ੧੪੧ ॥
ਹੁਤੋ ਕਿਲੇ ਕੇ ਨੀਚੇ ਨਾਲਾ।
ਤਬਿ ਬਹਤੋ ਜਨ ਲਖਤ ਬਿਸਾਲਾ।
ਤਾ ਮੈਂ ਅਸ੍ਵ ਜਬੈ ਥਾ ਗਿਰਾ।
ਪਹਿਰੂ ਜਾਨਜੋ ਮੱਛ ਉਛਰਾ ॥ ੧੪੨ ॥

[1](ਸਾਰਿਆਂ ਦਾ) ਇਕੱਠ ਬੁਲਾਇਆ।
[1]ਨਦੀ 'ਚ ਜਾ ਪਿਆ।

ਦੋਹਰਾ:
ਬਿਧੀ ਚੰਦ ਆਨੰਦ ਸੋਂ,
ਲੈ ਦਿਲਬਾਗ ਤੁਰੰਗ।
ਧੌਲੇ ਕਾਂਗੜ ਗ੍ਰਾਮ ਆ,
ਅਰਪਯੋ ਗੁਰਹਿ ਉਮੰਗ ॥੧੪੩॥
ਬਿਧੀਏ ਕੋ ਗੁਰਿ ਰਿੱਧਿ ਸਿੱਧਿ,
ਬਖਸ਼ਯੋ ਭਗਤੀ ਗਜਾਨ।
ਟਹਲ ਕਰਾਈ ਅਸ੍ਵ ਕੀ,
ਪੇਖਿ ਮਹਾਂ ਮੁਦ ਠਾਨ ॥੧੪੪॥
ਚੌਪਈ:
ਅਬਿ ਲਹੌਰ ਕੀ ਸੁਨ ਲਿਹੁ ਬਾਤੈਂ।
ਜਗੇ ਲੋਗ ਹੋਈ ਪ੍ਰਭਾਤੈ।
ਘੋਰਾ ਨਹਿ ਪਿਖਯੋ ਘੁਰਸਾਰੈਂ[1]। [1]ਤਬੇਲੇ ਵਿੱਚ।
ਭਯੋ ਕਹਿਰ ਸਭਿ ਹਹਿਰ[1] ਵਿਚਾਰੈਂ ॥੧੪੫॥ [1]ਕੰਬਦੇ ਹੋਏ।
ਦ੍ਵਾਰ ਕਿਵਾਹ[1] ਨ ਉਘਰਯੋ[2] ਕੋਈ। [1]ਦਰਵਾਜ਼ੇ ਦਾ ਤਖ਼ਤਾ। [2]ਖੁੱਲ੍ਹਾ।
ਲਗੀ ਨ ਸੰਨ੍ਹ ਗਯੋ ਕਿਤ ਹੋਈ।
ਕੈ ਨਭ[1] ਚਢਯੋ ਕਿ ਧਰ ਮੈਂ ਗਡਯੋ। [1]ਅਕਾਸ਼।
ਨਹਿ ਸੁਰਾਖ[1] ਕਿਤ ਪਿਖੀਅਤ ਬਢਯੋ ॥੧੪੬॥ [1]ਗਲੀ, ਮੋਰੀ।
ਸੁਨ ਕਰਿ ਸ਼ਾਹਿ ਕੋਪ ਹ੍ਵੈ ਕਹਾ।
ਮਮ ਹਯ ਰਖ ਸਕ ਹੈ ਕੋਉ ਕਹਾਂ।
ਖੋਜ[1] ਨਿਕਾਰੋ ਫੌਜ ਚਢਾਵੋ। [1]ਪੈੜ।
ਜਿਹ ਢਿਗ ਹੋਇ ਤਿਸੈ ਰਾਹਿ ਲਜਾਵੋ ॥੧੪੭॥
ਦੁਰਗ ਬੁਰਜ ਤੇ ਅੱਗ੍ਰ ਸੁਰਾਕ[1]। [1]ਸੁਰਾਗ਼– ਪੈੜ, ਖੋਜ।
ਨਹਿ ਨਿਕਸੇ ਹਾਰੇ ਸਭਿ ਤਾਕ[1]। [1]ਤੱਕ ਕੇ, ਦੇਖ ਕੇ।
ਜਾਇ ਸ਼ਾਹਿ ਢਿਗ ਅਰਜ਼ ਗੁਜ਼ਾਰੀ।
ਚੋਰ ਫਰਿਸ਼ਤਾ ਹ੍ਵੈ ਕੋ ਭਾਰੀ ॥੧੪੮॥
ਬੁਰਜ ਚਢਾਇ ਕੁਦਾਇ ਦਰਿਆਏ।
ਜਲ ਹੀ ਜਲ ਲੈ ਗਯੋ ਕਿਥਾਏਂ।
ਔਹ ਸੁਰਾਕ ਨ ਨਿਕਸਤ ਕਹੀਂ।
ਬੋਲੇ ਸ਼ਾਹਿ ਨਜੂਮੀ ਤਹੀਂ ॥੧੪੯॥

ਡਾਰੇ ਰਮਲ[1] ਤਿਨੇ ਭੀ ਘਨੇ। [1]ਡਾਲਣੇ ਸਿੱਟੇ।
ਗੁਰਿ ਬੁਧਿ ਫੇਰੀ ਰਹਿਂ ਅਨਬਨੇ।
ਇਤ ਗੁਰ ਸੈਨਾ ਸਹਿ ਸਿਖ ਸੂਰੇ।
ਪੇਖਿ ਤੁਰੰਗ ਉਮੰਗਹਿਂ ਪੂਰੇ ॥ ੧੫੦ ॥
ਬਿਧੀ ਚੰਦ ਤੈ ਗਾਥਾ ਸੁਨਿ ਸੁਨਿ।
ਸਾਧੁ ਸਾਧੁ[1] ਕਹਿਂ ਬਡ ਬੁਧਿ ਗੁਨਿ ਗੁਨਿ। [1]ਸ਼ਾਬਾਸ਼, ਸ਼ਾਬਾਸ਼।
ਹਸ ਹਸ ਕਹੈਂ ਗੁਰੂ ਤੂੰ ਐਸੇ।
ਹਨੂੰਮਾਨ ਰਘੁਬਰ ਢਿਗ ਜੈਸੇ ॥ ੧੫੧ ॥
ਪੈ ਦਿਲਬਾਗ ਤਜਾਗ ਤ੍ਰਿਣ ਦਾਨਾ।
ਤਜੈ ਨੈਨ ਤੈ ਨੀਰ ਮਹਾਨਾ।
ਨਿਜ ਜੋੜੀ ਕੇ ਹਯ ਕੋ ਚਹਜੋ।
ਗੁਰਿ ਸ੍ਰਬੱਗਜ ਜਾਨਿ ਤਬਿ ਕਹਜੋ ॥ ੧੫੨ ॥
ਭਾਈ ਬਿਧੀਏ ਦੂਸਰ ਤਾਜੀ।
ਲਜਾਵੋ ਤਬਿ ਹ੍ਵੈ ਇਹੁ ਅਸ੍ਵ ਰਾਜੀ।
ਐਸੇ ਹੀ ਦੂਸਰ ਤਹਿ ਹ੍ਵੈ ਹੈ।
ਅਤਿ ਸੰਤਾਪ ਉਭੈ ਮਨਿ ਪੈ ਹੈ ॥ ੧੫੩ ॥
ਕੈ ਇਸ ਕੋ ਅਬਿ ਵਹੀਂ ਪੁਚਾਵੋ।
ਨਹੀਂ ਤਾਂ ਉਸ ਕੋ ਈਹਾਂ ਲਜਾਵੋ।
ਪੁਨ ਬਿਧੀਏ ਨਿੰਮ੍ਰ ਹ੍ਵੈ ਕਹਾ।
ਸੋਊ ਬਨੈ ਜੋ ਰਾਵਰ ਚਹਾ ॥ ੧੫੪ ॥
ਕੌਨ ਬਾਤ ਐਸੀ ਜਗ ਮਾਂਹੀਂ।
ਚਹੋ ਜੁ ਆਪ ਸੁ ਬਨ ਹੈ ਨਾਹੀਂ।
ਰਾਵਰ ਕੀ ਸਹਾਇਤਾ ਸੰਗੂ।
ਐਹੈ ਈਹਾਂ ਦੁਤੀ ਤੁਰੰਗੂ ॥ ੧੫੫ ॥
ਚਲਨ ਲਗੇ ਜਬਿ ਗੁਰਿ ਪਦ ਬੰਦੇ।
ਥਾਪੀ ਦੈ ਗੁਰੁ ਹੋਇ ਅਨੰਦੇ।
ਕਹਜੋ ਜੈਸ ਤੂੰ ਚਹਿਤ ਸੁ ਹੋਊ।
ਤੁਵ ਕ੍ਰਿਤ ਬਿਘਨ ਨ ਪਰ ਹੈ ਕੋਊ ॥ ੧੫੬ ॥
ਲੈ ਬਰ ਬਿਧੀ ਚੰਦ ਮਗ ਪਯੋ।
ਪਹੁੰਚਤ ਜਾਇ ਲਾਹੌਰਹਿਂ ਭਯੋ।

ਗੁਰ ਕਾ ਸਿੱਖ ਬਹੋੜੂ ਨਾਮੀ।
ਹੁਤੋ ਬਜ਼ਾਜ਼ ਖੱਤ੍ਰੀ ਜਾਮੀ[1] ॥ ੧੫੭ ॥
[1]ਖੱਤ੍ਰੀਆਂ ਦੇ ਘਰ ਦਾ ਜਨਮ ਸੀ।

ਤਿਸ ਕੇ ਘਰ ਬਿਧੀਆ ਤਬਿ ਗਯੋ।
ਸੋ ਭੀ ਪੇਖਿ ਖੁਸ਼ੀ ਅਤਿ ਭਯੋ।
ਜਾਨਿ ਨਿਕਟ ਵਰਤੀ ਗੁਰ ਕੇਰੋ।
ਸੇਵਾ ਕੀਨੀ ਤਾਂਹਿ ਬਧੇਰੋ ॥ ੧੫੮ ॥
ਗੁਰਿ ਮਹਿਮਾ ਦੋਊ ਮਿਲਿ ਗਾਵੈਂ।
ਔਰ ਸਿੱਖਨ ਕੋ ਸਿਦਕ ਦਿਢਾਵੈਂ।
ਹਿੰਦੁਸਤਾਨੀ ਪੋਸ਼ਸ਼[1] ਸਾਰੀ।
[1]ਪੁਸ਼ਾਕ।

ਬਨਵਾਈ ਬਿਧੀਏ ਇਕ ਭਾਰੀ ॥ ੧੫੯ ॥
ਭੇਸ ਨਜੂਮੀ ਖੋਜੀ ਧਰਿ ਕੈ[1]।
[1]ਬਣਾ ਕੇ।

ਥਿਰਜੋ ਜਾਇ ਢਿਗ ਦੁਰਗਹਿ ਦਰ ਕੈ[1]।
[1]ਕਿਲ੍ਹੇ ਦੇ ਬੂਹੇ ਕੋਲ ਜਾ ਬੈਠਾ।

ਲੋਗ ਰਮਲੀਆ ਲਖਿ[1] ਬਹੁ ਆਏ।
[1]ਜੋਤਸ਼ੀ ਜਾਣ ਕੇ।

ਜੋ ਬੂਝੈ ਤਿਹ ਪਤੇ ਲਗਾਏ ॥ ੧੬੦ ॥
ਸੁਨਿ ਮਹਿਮਾ ਦਰੋਗਾ ਭੀ ਅਯੋ।
ਕਰਿ ਪ੍ਰੀਖਿਆ ਢਿਗ ਸ਼ਾਹਿ ਲੈਗਯੋ।
ਤਸਲੀਮਾਤ ਕਾਇਦੇ ਸੰਗ[1]।
[1]ਨਮਸਕਾਰ (ਚੰਗੇ) ਢੰਗ ਨਾਲ।

ਜਾਇ ਸ਼ਾਹਿ ਕੋ ਕਰੀ ਨਿਸੰਗ ॥ ੧੬੧ ॥
ਧਜਾਨ ਗੁਰੂ ਕਾ ਬਿਧੀਏ ਧਰਾ।
ਨਾਹਿਂ ਪਛਾਨਨ ਕਾਹਿਂ ਸੁ ਕਰਾ।
ਸ਼ਾਹਿ ਸਰੂਪ ਲਿਬਾਸ ਨਿਹਰ ਹੈ।
ਕਹਯੋ ਬਿਦੇਸੀ ਨਰ ਤੂੰ ਭਰ ਹੈਂ[1] ॥ ੧੬੨ ॥
[1]ਤੂੰ ਚੰਗਾ ਆਦਮੀ ਹੈਂ।

ਜੋ ਤੂੰ ਪਤਾ ਅਸ੍ਵ ਕਾ ਦੈ ਹੈਂ।
ਤੌ ਇਕ ਲਾਖ ਰਜਤਪਣ[1] ਪੈ ਹੈਂ।
[1]ਰੁਪਏ।

ਔਰ ਇਨਾਮ ਭਿ ਅਧਿਕ ਲਹੈ ਹੈਂ।
ਆਗੇ ਕੋ ਇਜ਼ਤ ਬਨ ਜੈ ਹੈ ॥ ੧੬੩ ॥
ਸੁਨਿ ਬਿਧੀਏ ਮਨਿ ਗੁਰੂ ਮਨੈ ਕੈ।
ਬਾਤੈਂ ਬਿਬਿਧਾ[1] ਸਾਚ ਦਿਢੈ ਕੈ।
[1]ਅਨੇਕ ਤਰ੍ਹਾਂ ਦੀਆਂ।

ਫਾਰ ਡਾਰ[1] ਦਸਹੂੰ ਦਿਸ ਪਿਖ ਕੈ।
[1]ਡਾਲਣੇ ਸੁੱਟ ਕੇ।

ਗਿਨ ਗਿਨਾਇ ਕਛੁ ਅਟਪਟ ਲਿਖ ਕੈ[1]
[1]ਅਗੜ ਦੁਗੜਾ ਲਿਖ ਕੇ।

॥ ੧੬੪ ॥
ਅੰਗ ਤੁਰੰਗ ਰੰਗ ਢੰਗ ਭਾਏ[1]। [1]ਕਿਸਮ।
ਜਿਤਕ ਯਾਦ ਥੇ ਪਤੇ ਲਗਾਏ।
ਸੁਨਿ ਯਕੀਨ ਮਨ ਸਬਿਹਨਿ ਆਯੋ।
ਖੁਸ਼ੀ ਭਏ ਮਾਨੋ ਹਯ ਪਾਯੋ ॥ ੧੬੫ ॥
ਪੁਨ ਬਿਧੀਏ ਬਿਧਿ ਅਪਨੀ ਲਾਈ।
ਕਹਯੋ ਚੋਰ ਅਸ੍ਵ ਦੇਹੁ ਦਿਖਾਈ।
ਪੈ ਵਹਿ ਠੌਰ ਮੁਝੈ ਇਕ ਵਾਰੀ।
ਗਯੋ ਜਹਾਂ ਤੈ ਦੇਹੁ ਦਿਖਾਰੀ ॥ ੧੬੬ ॥
ਜਯੋਂ ਮੈਂ ਕਹੋਂ ਕਰੋ ਤੁਮ ਸਬੀ।
ਤੌ ਤੁਰੰਗ ਮਿਲਿ ਜੈਹੈ ਅਬੀ।
ਸੁਨਿ ਪਤਿਸ਼ਾਹਿ ਦਰੋਗੇ ਤਾਈਂ।
ਕਹਯੋ ਕਰੋ ਜੋ ਏਹੁ ਕਰਾਈ ॥ ੧੬੭ ॥
ਮਾਨਿ ਹੁਕਮ ਬਿਧੀਏ ਕੋ ਵਾਹੀਂ[1]। [1]ਉਸੇ ਥਾਂ।
ਲੈ ਗਏ ਸੰਗ ਤਬੇਲੇ ਮਾਹੀਂ।
ਜਿਮ ਇਨ ਕਹਯੋ ਤਿਮੈਂ ਉਨਿ ਕੀਨੇ।
ਗੁਰਿ ਮਾਯਾ ਕੀਨੇ ਮਤਿ ਹੀਨੇ ॥ ੧੩੮ ॥
ਬਿਧੀਏ ਕਹਾ ਗਯੋ ਅਸ੍ਵ ਜੈਸੇ।
ਸਭੀ ਸਬੱਬ ਬਨਾਵੋ ਤੈਸੇ।
ਤਬਿ ਉਨਿ ਆਧੀ ਨਿਸਾ ਬਿਤਾਏ।
ਜੰਦੇ ਸਬਿ ਦਰਵਾਜਨ ਲਾਏ ॥ ੧੬੯ ॥
ਕੁੰਜੀ ਸਬਿ ਬਿਧੀਏ ਕੋ ਦਈ।
ਜਹਿਂ ਤਹਿ ਦਿਯੇ ਸੁ ਲਾਇ ਸਬਿ ਤਈਂ।
ਪੁਨ ਉਨਿ ਅਸ੍ਵ ਗੁਲਬਾਗ ਨਿਕਾਰਾ।
ਜੀਨ ਪਵਾਇ ਦੀਨ ਕਰਿ ਤਯਾਰਾ ॥ ੧੭੦ ॥
ਕਹਿਤ ਸੁਨਤ ਲਾਰੇ ਬਹੁ ਦੇਤੈਂ।
ਘੋਰਾ ਪਕਰਯੋ ਹੋਇ ਸੁਚੇਤੈ।
ਗੁਰੂਅਨ ਕੋ ਮਨ ਮੈਂ ਧਰਿ ਧਯਾਨਾ।
ਪੁਨ ਤੁਰੰਗ ਪਦ ਬੰਦਨ ਠਾਨਾ ॥ ੧੭੧ ॥
ਸਬਿ ਕੇ ਦੇਖਤ ਹ੍ਵੈ ਅਸਵਾਰੇ।

ਇਤ ਉਤ ਫੇਰਜੋ ਦੋ ਇਕ ਵਾਰੇ।
ਊਚੇ ਸੁਰ ਤਬਿ ਸਬਿਨਿ ਸੁਨਾਯੋ।
ਸੁਨੋ ਖੋਜ ਮੈਂ ਆਛੇ ਪਾਯੋ ॥੧੭੨॥
ਬਿਧੀਆ ਨਾਮ ਚੋਰ ਲੈ ਗਜੋ।
ਹਰਿਗੋਬਿੰਦ ਗੁਰ ਢਿਗ ਪਹੁੰਚਜੋ।
ਦੇਸ ਮਾਲਵੇ ਕਾਂਗੜ ਗਾਮੂ।
ਹੈ ਦਿਲਬਾਗ ਖੜੋ ਗੁਨ ਧਾਮੂ ॥੧੭੩॥
ਯਹਿ ਸੁਨਿ ਸਬਿ ਕੇ ਮਨ ਹਰਖਾਏ।
ਜਾਨਜੋ ਦਿਢ ਅਬਿ ਹਯ ਮਿਲ ਜਾਏ।
ਪੁਨ ਬਿਧੀਏ ਨੇ ਐਸੇ ਕਹਾ।
ਪ੍ਰਥਮ ਅਸ੍ਵ ਵਿਚ ਨੌਕਰੀ ਲਹਾ ॥੧੭੪॥
ਖੋਜ ਬਤਾਵਨ ਕਾ ਅਬਿ ਲਾਖੋ[1]।
ਸ਼ਾਹਿ ਰੁਪੱਯਾ ਦੇਨਾ ਭਾਖੋ।
ਅਬਿ ਲੌ ਕੌਡੀ ਦੀਨੀ ਨਾਹੀਂ।
ਇਸ ਬਾਬਤ ਲੈ ਚਲਜੋ ਯਾਹੀਂ[1] ॥੧੭੫॥
ਔਰ ਇਨਾਮ ਜੋ ਦੇਨੋ ਕਹਾ।
ਸੋ ਕਰਜਾ ਮਮ ਸ਼ਹਿ ਸਿਰ ਰਹਾ।
ਚਹਿਤ ਜੁ ਭਲਾ ਪਚਾਇ ਸੁ ਦੈਹੋਂ।
ਨਤੁ ਲੇਖਾ ਦਰਗਹਿ ਵਿਚ ਲੈਹੋਂ ॥੧੭੬॥
ਅਸ ਕਹਿ ਚਾਬਕ ਹਯ ਕੋ ਮਾਰਾ।
ਬੁਰਜ ਚਢਾਇ ਨਦੀ ਵਿਚ ਡਾਰਾ ॥੧੭੭॥
ਦੋਹਰਾ:
ਬਿਧੀਏ ਦੂਸਰ ਅਸ੍ਵ ਭੀ,
ਹਿਕਮਤ ਅਮਲੀ ਸੰਗ[1]।
ਲਜਾਇ ਦਜੋ ਜਬਿ ਗੁਰੂ ਕੌ,
ਤਬਿ ਗੁਰਿ ਸਾਥ ਉਮੰਗ ॥੧੭੮॥
ਨਿਜ ਭੁਜ ਮੈਂ ਭਰਿ ਤਾਹਿਂ ਕੋ,
ਛਾਤੀ ਸੰਗ ਲਗਾਇ।
ਛੀਨਾ[1] ਸੀਨਾ[2] ਗੁਰੂ ਕਾ,
ਦੀਨਾ ਬਰ ਅਧਿਕਾਇ ॥੧੭੯॥

[1]ਇਕ ਲੱਖਰੁਪਇਆ।

[1]ਇਸ ਘੋੜੇ ਨੂੰ।

[1]ਚਤੁਰਾਈ ਦੇ ਕਰਤੱਬ ਨਾਲ।

[1]ਬਿਧੀ ਚੰਦ ਦਾ ਗੋਤ। [2]ਛਾਤੀ, ਦਿਲ।

ਚੌਪਈ:

ਬਿਧੀਏ ਗੁਰਿ ਪਦ ਸੀਸ ਲੁਠਾਯੋ[1]। [1]ਰੱਖ ਦਿੱਤਾ।
ਜਰਾ ਨ ਅਪਨਾ ਆਪ ਜਨਾਯੋ।
ਪੁਨ ਅਸ ਲਜਾਵਨ ਕੀ ਸੁਨਿ ਗਾਥਾ।
ਬਿਧੀਏ ਤੈ, ਬਿਧਿ[1] ਬਿਬਿਧਿ[2] ਸੁ ਪਾਥਾ[3] [1]ਕ੍ਰਮਵਾਰ। [2]ਬਹੁਤ। [3]ਰਸਤੇ ਦੀ।
॥ ੧੮੦ ॥
ਜੋਧ ਸ਼ਾਹ ਸੰਗ ਬਾਤੈਂ ਕਰਿ ਕਰਿ।
ਹਸੈਂ ਅਧਿਕ ਸਤਿਗੁਰੁ ਮੁਦ ਭਰਿ ਭਰਿ।
ਜੋ ਜੋ ਸੁਨੈ ਗੁਨੈ ਪੁਨ ਹਸੈਂ।
ਬਢਜੋ ਹਾਸਰਸ ਤਹਿਂ ਸਹਿ ਰਸੈਂ[1] ॥ ੧੮੧ ॥ [1]ਅਨੰਦ ਸਹਿਤ।
ਪੁਨ ਉਤਸ਼ਵ ਗੁਰ ਬਡ ਕਰਵਾਯੋ।
ਪੰਚਾਮ੍ਰਿਤ[1] ਬਹੁ ਸਬਿਨਿ ਛਕਾਯੋ। [1]ਕੜਾਹ ਪ੍ਰਸ਼ਾਦ।
ਦੋਨੋ ਹਯ ਇਕਠੇ ਬੰਧਵਾਏ।
ਮਿਲੇ ਤੁਰੰਗ ਉਭੈ ਮੁਦ ਪਾਏ ॥ ੧੮੨ ॥
ਜਾਨ ਭਾਈ[1] ਇਕ ਨਾਮ ਸੁਹੇਲਾ[2]। [1]ਦਿਲਬਾਗ ਘੋੜੇ ਦਾ ਨਾਮ। [2]ਗੁਲਬਾਗ ਘੋੜੇ ਦਾ ਨਾਮ।
ਜਿਨੈ ਸੁਹਾਯੋ ਸਬੈ ਤਵੇਲਾ।
ਗੁਰੁ ਦਿਵਾਂਨ ਮੈਂ ਜੋਧੇ ਸਾਰੇ।
ਭਰੇ ਬੀਰਰਸ ਥਿਰੇ ਉਦਾਰੇ ॥ ੧੮੩ ॥
ਤਬ ਬਿਧੀਏ ਕਰਿ ਜੋਰਿ ਬਖਾਨਾ।
ਅਬ ਹ੍ਵੈ ਹੈ ਸੰਗ੍ਰਾਮ[1] ਮਹਾਨਾ। [1]ਜੰਗ।
ਸ਼ਾਹਿਜਹਾਂ ਬਹੁ ਚਮੂੰ[1] ਚਢੈ ਹੈ। [1]ਫ਼ੌਜ।
ਯਾ ਮੈਂ ਸੰਸਾ ਜਰਾ ਨ ਐਹੈ ॥ ੧੮੪ ॥
ਅਪਨੇ ਕਰੋ ਜੰਗ ਕੇ ਤਜਾਰੇ।
ਜੰਗ ਹੇਤ ਥਲ ਪਿਖੋ ਉਦਾਰੇ।
ਜੋਧ ਸ਼ਾਹ ਤਬ ਅਰਜ਼ ਗੁਜ਼ਾਰੀ।
ਸਾਤ ਕੋਸ ਹੈ ਜਲ ਥਲ[1] ਭਾਰੀ ॥ ੧੮੫ ॥ [1]ਪਾਣੀ ਦੀ ਥਾਂ।
ਕੋਸਨ ਲੌ ਚੌਤਰਫੇ ਜੰਗਲ।
ਹੇਤ ਉਦੰਗਲ[1] ਦਾਯਕ ਮੰਗਲ। [1]ਜੰਗ ਵਾਸਤੇ।
ਨਹਿ ਜਲ ਸੱਤ੍ਰਨ ਕੋ ਕਹਿਂ ਮਿਲ ਹੈ।
ਹੈ ਇਕ ਹੀ ਠਾਂ ਸੋ ਹਮ ਮਲ ਹੈਂ ॥ ੧੮੬ ॥

ਦੋਹਰਾ:
ਜੋਧ ਸ਼ਾਹਿ ਕੀ ਬਾਤ ਗੁਰੁ,
ਮਾਨ ਠਾਂਨ ਦਿਢ ਲੀਨ।
ਸਬੈ ਸੁਭਟ ਭੀ ਖੁਸ਼ ਭਏ,
ਜੰਗ ਤਜਾਰੀ ਕੀਨ ॥੧੮੭॥

ਬਿਬਿਧਾਯੁਧ[1] ਗੁਲਕਾਂ[2] ਬਰੂਦ,
ਹਯ ਧਨ ਬਸਨ ਅਪਾਰ।
ਗੁਰੁ ਸਬਿ ਕੋ ਨਿਜ ਕੋਸ਼ ਤੈ[1],
ਦੀਨੋਂ ਬਾਂਟ ਸੁਧਾਰ ॥੧੮੮॥

[1]ਅਨੇਕ ਤਰ੍ਹਾਂ ਦੇ ਸ਼ਸਤ੍ਰ। [2]ਗੋਲੀਆਂ।

[1]ਆਪਣੇ ਖ਼ਜ਼ਾਨੇ ਤੋਂ।

ਚੌਪਈ:
ਜੋੜੀ ਹਯ ਜੋ ਬਿਧੀਆ ਲਜਾਏ।
ਜੀਨ ਪਵਾਇ ਗੁਰੂ ਮੰਗਵਾਏ।
ਜਬਰ[1] ਜਵਾਹਰ ਜਾਹਰ ਜਰੇ।
ਜਗਮਗ ਜੋਤਿ[1] ਹੋਤ ਛਬਿ ਭਰੇ ॥੧੮੯॥
ਚਾਮੀਕਰ ਕੇ[1] ਜ਼ੇਵਰ ਸਾਰੇ।
ਨਗ ਮਾਂਨਿਕ ਹੀਰੇ ਸੰਚਾਰੇ[1]।
ਕਲਗੀ ਜਿਗਾ ਜਰਾਊ ਮਾਥੈ।
ਚਾਂਦ[1] ਚਾਂਦ ਸਮ[2] ਸੋਹਿਤ ਸਾਥੈ ॥੧੯੦॥
ਰਵਿ[1] ਕਿਰਣਾ ਲਗ ਕਿਰਣਾ ਛੁਟੈਂ।
ਰਵਿ ਸਸਿ ਨਖੱਤਨ ਕੀ ਛਬਿ[1] ਲੁਟੈਂ।
ਝਾਲਰ ਜਰੀ ਝੁਲਤ ਸੁਭ ਝੇਲੀ[1]।
ਮਾਨਹੁ ਚਪਲਾ ਸਕਲ ਸਕੇਲੀ[1] ॥੧੯੧॥
ਰੇਸ਼ਮ ਡੋਰਨ ਸੋਂ ਡੁਰਿਆਏ[1]।
ਲੈ ਕਰ ਦਾਸ ਗੁਰੂ ਢਿਗ ਆਏ।
ਸ਼ਸਤ੍ਰ ਬਸਤ੍ਰ ਜ਼ੇਵਰ ਚਾਰੀ[1]।
ਸਜ ਕਰਿ ਹਰਿਗੁਬਿੰਦ ਗੁਰੁ ਭਾਰੀ ॥੧੯੨॥
ਜੈਤ ਧੁਨੀ[1] ਅਰਦਾਸ ਕਰੈ ਕੈ।
ਦੀਹ ਦਮਾਮੇਂ[1] ਬਹੁ ਵਜਵੈ ਕੈ।
ਜਾਨ ਭਾਈ ਪਰ ਕਰਿ ਅਸਵਾਰੀ।
ਚਲੇ ਅਧਿਕ ਸੁਭਟਨ ਸੰਗਾਰੀ ॥੧੯੩॥

[1]ਜ਼ਬਰਦਸਤ ਭਾਵ ਬਹੁਤੇ ਕੀਮਤੀ।

[1]ਜੋਤ ਚਮਕਦੀ ਹੈ।

[1]ਸੋਨੇ ਦੇ।

[1]ਜੜੇ ਹੋਏ।

[1]ਟਿੱਕਾ। [2]ਚੰਦ ਵਾਂਗ।

[1]ਸੂਰਜ ਦੀਆਂ।

[1]ਤਾਰਿਆਂ ਦੀ ਸੋਭਾ।

[1]ਚਮਕਦੀ ਹੈ।

[1]ਜਾਣੋ ਸਾਰੀ ਬਿਜਲੀ ਹੀ ਇਕੱਠੀ ਕੀਤੀ ਹੈ।

[1]ਰੱਸੀਆਂ ਫੜ ਕੇ ਤੋਰੇ।

[1]ਸੁੰਦਰ।

[1]ਜਿੱਤ ਦੀ ਅਵਾਜ਼।

[1]ਵੱਡੇ ਧੌਂਸੇ।

ਚਢੇ ਲੰਕ ਪਰ ਜਨ ਰਘੁਨਾਥਾ[1]।
ਕਪਿ ਗਨ[1] ਸਿੱਖ ਬਲੀ ਗੁਰੁ ਸਾਥਾ।
ਜੋਧ ਸ਼ਾਹਿ ਸੋਂ ਬਾਤ ਕਰੰਤੇ।
ਸਗਨ ਭਏ ਸਭ ਮਗਨ[1] ਚਲੰਤੇ ॥ ੧੯੪ ॥
ਕਹੂੰ ਤੇਜ ਕਿਤ ਚਾਲ ਸੁਹਾਤੀ।
ਸੁੰਮ ਛੁਹਾਵਤ ਅਗਲੇ ਛਾਤੀ।
ਕਰਤ ਕੁੰਡਲੀ ਜੁਗ ਇਕ ਵਾਰੈ[1]।
ਕਹੂੰ ਚਾਲ ਕਿਤ ਪਾਵਤ ਲਾਰੈ[1] ॥ ੧੯੫ ॥
ਕਿਤੁ ਲਘੁ ਛਾਲ ਕਰਾਹਿਂ ਦ੍ਰਾਜੈਂ[1]।
ਜਾਨ ਭਾਈ ਕੋ ਪਿਖਿ ਨਟ ਲਾਜੈਂ।
ਛਿਤ[1] ਛੁਹਾਇ ਛੇਤੀ ਪਗ ਗਨ ਕੈ[2]।
ਧਰਤ ਚਲਤ ਅਨੁਸਾਰੈ ਮਨ ਕੈ ॥ ੧੯੬ ॥
ਥਈ ਥਈ ਕਰਿ ਨਚਤ ਉਤਾਲੈਂ[1]।
ਬਲੀ ਚਪਲ[1] ਤਨ ਪੀਨ ਬਿਸਾਲੈਂ[2]।
ਚੰਚਲ ਚਲਤ ਚਾਲ ਕਿਤ ਦੌਰੈ।
ਮ੍ਰਿਗ ਛੌਨੇ ਪੌਨੈ ਪਛਿ ਛੋਰੈ[1] ॥ ੧੯੭ ॥
ਜਿਤਕ ਤੁਰੰਗਨ ਕੇ ਗੁਨ ਭਾਰੇ।
ਚਿਤਵ ਚਖਨ ਚਕਤੇ ਚਿੱਤ ਸਾਰੇ[1] ॥ ੧੯੮ ॥

[1]ਰਾਮ ਚੰਦਰ।
[1]ਬਾਦਰਾਂ ਦੀ ਫ਼ੌਜ (ਵਾਂਗ)।
[1]ਰਸਤੇ ਵਿੱਚ।
[1]ਇੱਕੋ ਵਾਰ ਦੋਹਾਂ (ਅਗਲੇ ਪੈਰਾਂ ਦੀਆਂ) ਕੁੰਡਲੀਆਂ ਬਣਾ ਲੈਂਦਾ ਹੈ।
[1]ਦੌੜ।
[1]ਲੰਬੀ (ਛਾਲ)।
[1]ਧਰਤੀ ਨਾਲ। [2]ਪੈਰ ਗਿਣ ਗਿਣ ਕੇ।
[1]ਛੇਤੀ।
[1]ਚੰਚਲ। [2]ਸਰੀਰ ਬਹੁਤਾ ਕਰੜਾ ਹੈ।
[1]ਹਰਨਾਂ ਦੇ ਬੱਚਿਆਂ ਤੇ ਹਵਾ ਨੂੰ ਪਿੱਛੇ ਛੱਡਦਾ ਜਾਂਦਾ ਹੈ।
[1]ਅੱਖਾਂ ਨਾਲ ਵੇਖ ਕੇ ਸਾਰੇ ਚਿੱਤ ਵਿੱਚ ਚੱਕ੍ਰਿਤ ਹੋ ਜਾਂਦੇ ਹਨ।

ਦੋਹਰਾ:
ਕਾਂਗੜ ਤੈ ਚਲਿ ਤਾਲ ਪਰ,
ਥਿਰੇ ਗੁਰੂ ਮੁਦ ਪਾਇ।
ਜਲ ਤ੍ਰਿਣ[1] ਜੰਗਲ ਅਧਿਕ ਪਿਖਿ,
ਤੰਬੂ ਦਏ ਲਵਾਇ ॥ ੧੯੯ ॥

[1]ਘਾਹ।

ਸੋਰਠਾ:
ਖਬਰ ਪਾਇ ਸਭ ਦੇਸ,
ਊਂਟ ਗੱਡੇ ਭਰ ਰਸਦ ਕੇ।
ਗੁਰੁ ਢਿਗ ਲਜਾਇ ਬਿਸੇਸ,
ਅਰਪ ਅੰਬਾਰ[1] ਲਗਾ ਦਏ ॥ ੨੦੦ ॥

[1]ਢੇਰ।

ਕਬਿਤ:

ਸਤਿਗੁਰੁ ਥਿਰੇ ਇਤ ਭਈ ਜਸੋਂ ਲਾਹੌਰ ਉਤ,
ਸੋਊ ਸੁਨੋ ਪ੍ਰੇਮ ਯੁਤ ਗੁਰ ਸੁਤ[1] ਕਾਂਨ ਦੈ। [1]ਹੇ ਗੁਰੂ ਦੇ ਪੁੱਤਰੋ ! (ਭਾਵ ਗੁਰ ਸਿਖੋ)।
ਬਿਧੀਆ ਜੌ ਆਯੋ ਦੌਰ ਪਾਛੇ ਪਰੀ ਰੌਰ ਗੌਰ[1], [1]ਬਹੁਤਾਰੌਲਾ।
ਬੰਦ ਸਬਿ ਠੌਰ ਪੌਰ[1] ਕੁੰਜੀ ਕੌਨ ਆਂਨ ਦੈ। [1]ਦਰਵਾਜ਼ੇ।
ਦੌਰਾ ਦੌਰ ਫਿਰੈਂ ਇਮ ਪਿੰਜਰੇ ਮੈਂ ਪੰਖੀ ਜਿਮ,
ਕੈਦੀ ਭਏ ਸਬੈ ਤਿਮ ਸ਼ਾਹਿ ਗਾਰੀ ਤਾਂਨ[1] ਦੈ। [1]ਤਿਨਾਂ ਨੂੰ।
ਅਟਾਂ ਪੈ ਪੁਕਾਰੈਂ ਚਢੇ[1] ਖੇਤੀ ਰਖਵਾਰੇ ਖਢੇ, [1]ਅਟਾਰੀਆਂ ਉੱਤੇ ਚੜ੍ਹ ਕੇ ਐਉਂ ਪੁਕਾਰਾਂ ਕਰਦੇ ਹਨ ਜਿਵੇਂ ਖੇਤੀ ਦੇਰਾਖੇ ਖੜ ਕੇ ਬੋਲਦੇ ਹਨ।
ਹੋਇ ਕੈ ਲਚਾਰੇ ਬਢੇ ਤਾਰੇ ਸਾਰੇ[1] ਧਜਾਨ ਦੈ [1]ਦੁਖੀ ਹੋ ਕੇ ਸਾਰੇ ਜਿੰਦੇ ਵੱਢ ਸੁੱਟੇ।
॥੨੦੧॥
ਸੁਨ ਕੈ ਹਵਾਲ ਸ਼ਾਹਿ ਕੋਪ ਕੈ ਅਧਿਕ ਤਾਂਹਿ,
ਰਖ ਕੈ ਕਚਹਿਰੀ ਮਾਂਹਿ ਬੀੜਾ[1] ਯੌਂ ਉਚਾਰਯੋ। [1](ਨੰਗੀ ਤਲਵਾਰ ਤੇ) ਪਾਨ ਦਾ ਬੀੜਾ।
ਚੁੱਕੈ ਕੋਊ ਗੁਰੂ ਪਰ ਪਾਵੈ ਸੋ ਮਰਤਬ ਵਰ[1], [1]ਚੰਗਾ ਅਹੁਦਾ।
ਸੈਨ ਲੈ ਕੈ ਜਾਇ ਤਰੁ[1] ਲਜਾਵੈ ਗਹਿ ਮਾਰਯੋ। [1]ਬਹੁਤੀ।
ਗੁਰੂ ਕਾ ਪ੍ਰਤਾਪ ਬਲ ਜਾਨਤ ਥੇ ਜੇਊ ਭਲ,
ਤੇ ਤੋ ਸਬਿ ਗਏ ਟਲ ਧਰਿ ਡਰ ਭਾਰਿਯੋ।
ਲਲਾ ਬੇਗ ਕਾਬਲ ਕੇ ਸੂਬੇ ਬੇਗ[1] ਚੁੱਕੀ ਤੇਗ, [1]ਛੇਤੀ।
ਕਹਯੋ ਜੀਤੋਂ ਸ਼ਹਿਨਸ਼ਾਹ ਯਾਹਿ ਕਜਾ ਵਿਚਾਰਯੋ[1] [1]ਇਹ ਵਿਚਾਰੇ ਕੀ ਹਨ।
॥੨੦੨॥
ਖੁਸ਼ੀ ਹੋਇ ਬਾਦਸ਼ਾਹਿ ਸਿਰੋਪਾਉ ਦੀਓ ਤਾਂਹਿ,
ਬਾਈ ਸਹਸ[1] ਫੌਜ ਵਾਹਿ ਸੰਗ ਦੈ ਪਠਾਯੋ ਹੈ। [1]ਬਾਈ (੨੨) ਹਜ਼ਾਰ।
ਮੇਘ ਜਿਮ ਧਾਇ ਆਇ, ਜੰਗ ਤਾਂਹਿ ਦੀਓ ਪਾਇ,
ਹੁਤੀ ਫੌਜ ਥੱਕੀ ਭੁੱਖੀ ਦਮ ਨ ਦਿਵਾਯੋ ਹੈ।
ਤੀਨਕ ਹਜਾਰ ਹੁਤੋ ਸੁਭਟ ਗੁਰੂ ਕੇ ਸੰਗ,
ਡੈਢਕ ਹਜ਼ਾਰ ਭੱਟ ਜੋਧ ਸ਼ਾਹ ਲਜਾਯੋ ਹੈ।
ਸਿੱਧੂ ਔਰ ਬਰਿਆਰ, ਧਾਰੀਵਾਰ, ਢਿਲੋਂ, ਗਿਲ,
ਦੁੱਲ੍ਹਟ, ਰੰਧਾਵੇ, ਹਰੀ[1] ਦੇਸ ਚਲ ਆਯੋ ਹੈ [1]ਹਰੀ ਕੇ ਗੋਤ ਦੇ।
॥੨੦੩॥
ਕਾਲ੍ਹੇ ਕੇ, ਬੰਗੇਰੀਏ, ਜਵੰਧੇ, ਮਾਂਨ, ਭੁਲਰ ਲੌ,

ਜਿਮੀਂਦਾਰ ਦੇਸ ਵਾਰਿ[1] ਲੈ ਹਥਜਾਰ ਆਏ ਹੈਂ।
[1]ਦੇਸ ਵਾਲੇ ਭਾਵ ਇਲਾਕੇ ਦੇ ਪਿੰਡਾਂ ਦੇ।

ਮਾਨੋ ਸ਼ਾਹੀ ਫੌਜ ਹੂੰ ਕੀ ਆਨ ਮਾਨ ਪੇਸ਼ਵਾਈ,
ਮਿਜਮਾਨੀ ਠਾਨੀ[1] ਤਿਨ ਮਿਲੇ ਅੱਗ੍ਰ ਜਾਏ ਹੈਂ।
[1]ਜਾਣੋ ਸ਼ਾਹੀ ਫੌਜ ਦੇ ਆਦਰ ਵਿੱਚ ਅੱਗੋਂ ਆ ਕੇ ਪ੍ਰਾਹੁਣਚਾਰੀ ਕੀਤੀ।

ਪਤਰਾਂ ਸਿਪਰ[1] ਗੋਲੇ ਲਡੂਵਾ, ਪਕੌਰੇ ਸੇਲ[2],
[1]ਢਾਲਾਂ ਦੀਆਂ ਪੱਤਲਾਂ। [2]ਨੇਜ਼ੇ।

ਖਪਰੇ[1] ਜਲੇਬ, ਚੱਕ੍ਰ ਘੇਵਰ[2] ਚਬਾਏ ਹੈਂ।
[1]ਚੌੜੇ ਤੀਰ। [2]ਘ੍ਰਿਤਕਾਰ=ਸ਼ਹਿਦ ਦੇ ਛੱਤੇ ਵਰਗੀ ਬਹੁਤਾ ਘਿਉ ਲੱਗ ਕੇ ਬਣਨ ਵਾਲੀ ਇਕ ਕਿਸਮ ਦੀ ਮਠਿਆਈ।

ਗੋਰੀਆਂ ਸ਼ੱਕਰ ਪਾਰੇ, ਛਰਰੇ ਨੁਕਦੀ[1], ਤੇਗ
[1]ਸ਼ਰਰੇ ਨੁਗਦੀ (ਮਿਠਾਈ ਹੈ। {ਨੁਗਦੀ=ਛੋਲਿਆਂ ਦੇ ਆਟੇ ਦੀ ਤੇਲ ਵਿੱਚ ਤਲੀ ਹੋਈ ਨਮਕੀਨ ਪਕੌੜੀ। (ਅ) ਖੰਡ ਵਿੱਚ ਮਿਲਾਈ ਹੋਈ ਮਿੱਠੀ ਨੁਗਦੀ।}

ਲਾਂਬੀ ਸੀ ਮਿਠਾਈ, ਬੇਗ[1] ਮਿਸਰੀ ਪਿਲਾਏ ਹੈਂ
[1]ਛੇਤੀ (ਸ਼ਸਤ੍ਰ ਚਲਾਉਣ ਰੂਪ)।

॥ ੨੦੪ ॥

ਖਾਇ ਐਸੇ ਖਾਨੇ ਹੈਂ ਮਹਾਨੇ ਮੋਦ ਤੁਰਕਾਨੇ,
ਜਾਨੈ ਲੌ ਕੁਰਬਾਨੈ ਕਰਬੇ ਕੀ ਮਨ ਠਾਂਨ ਕੈ।
ਹੋਇ ਕੈ ਨਿਸੰਗ ਅੰਗ ਖੋਲ੍ਹ ਕੈ ਉਮੰਗ ਸੰਗ,
ਛੋਰ ਕੈ ਤੁਫੰਗ[1] ਔ ਖਤੰਗ[2] ਧਨੁ[3] ਤਾਂਨ ਕੈ।
[1]ਬੰਦੂਕ। [2]ਤੀਰ। [3]ਧਨੁਖ।

ਨਟਨ ਜਯੋਂ ਦੈ ਫਲੰਗ[1] ਜੰਗ ਹੈ ਅਭੰਗ ਮੰਡਯੋ,
[1]ਛਾਲਾਂ ਮਾਰ ਕੇ।

ਸੁਸਤੀ ਬਿਦਾਰ[1] ਉਰਿ ਚੁਸਤੀ ਸੁ ਆਨ ਕੈ।
[1]ਦੂਰ ਕਰਕੇ।

ਨਿਕਸੇ ਜ੍ਵਾਨ ਉਭੈ ਓਰ ਬਲਵਾਂਨ ਆਨ,
ਘਮਸਾਨ ਠਾਂਨ[1] ਲਲਕਾਰ ਸੁ ਮਹਾਨ ਕੈ
[1]ਜੰਗ ਕਰਦੇ ਹਨ।

॥ ੨੦੫ ॥

ਗੁਰੁ ਦਿਸ ਹੂੰ ਤੈ ਪੈਦੇ ਖਾਨ ਬਿਧੀ ਚੰਦ ਲੈ ਕੇ,
ਚਾਰਕ ਹਜਾਰ ਸਿਖ ਆਗੇ ਆਨ ਲੜੇ ਹੈਂ।
ਉਤ ਤੈ ਕਮਰ ਬੇਗ ਦੂੰਦੇ ਖਾਨ ਸਰਦਾਰ,
ਆਠਕ ਹਜ਼ਾਰ ਲੈ ਜਰਾਰ[1] ਫੌਜ ਅੜੇ ਹੈਂ।
[1]ਲੜਾਕੀ।

ਤੀਰਨ ਤੁਫੰਗਨ ਜੰਜੈਲਨ[1] ਜੰਬੂਰਨ[2] ਕੀ,
[1]ਲੰਬੀਆਂ ਬੰਦੂਕਾਂ। [2]ਛੋਟੀਆਂ ਤੋਪਾਂ।

ਦੁਹੂੰ ਓਰ ਹੂੰ ਤੈ ਜ਼ੋਰ ਬਾੜ[1] ਬਹੁ ਝੜੇਹੈਂ।
[1]ਬਹੁਤੀਆਂ ਬੰਦੂਕਾਂ ਦਾ ਇਕੱਠਾ ਵਾਰ।

ਮਾਨੋ ਮਧੁ ਮਾਸ ਮਾਂਹਿ[1] ਮਹਾਂ ਮੇਘ ਤੈ ਮਹਾਂਇ
[1]ਚੇਤ ਦੇ ਮਹੀਨੇ ਵਿੱਚ।

ਏਕ ਬਾਰ ਹੀ ਅਥਾਹਿ ਮੇਹਾਂ ਗੋਲੇ[1] ਪੜੇ ਹੈਂ
[1]ਓਲੇ, ਗੜੇ।

॥ ੨੦੬ ॥

ਏਕ ਪਹਿਰ ਕਹਿਰ ਤੀਰ ਗੋਲੀ ਕੀ ਲਹਿਰ ਝਰੀ,

ਲਾਗੀ ਰਹੀ ਜਹਿਰ ਭਰੀ[1] ਹਹਿਰ ਗਏ[2] ਭੱਟ ਹੈਂ।
ਤੀਰ ਗੋਲੀ ਗਏ ਮੁੱਕ ਜਬਿ ਤਬਿ ਢਿਗ ਢੁੱਕ,
ਗਹਿ ਸ਼ਮਸ਼ੇਰੈਂ ਸਮ ਸ਼ੇਰੈਂ ਬੁੱਕ ਝੱਟ ਹੈਂ[1]।
ਦੋਊ ਦਲ ਦੀਹ ਦਰਯਾਇ ਕੀ ਲਹਿਰ ਬਢੇ,
ਬਹਿਰ ਸੁ ਠਹਿਰ[1], ਬੰਦੂਕ ਗਈ ਹੱਟ ਹੈਂ।

[1]ਦੁਖ ਭਰੀ। [2]ਕੰਬ ਗਏ।

[1]ਤਲਵਾਰਾਂ ਫੜ ਕੇ ਸ਼ੇਰ ਵਾਂਗ ਛੇਤੀ ਗੱਜ ਪਏ।

[1]ਦੋਵੇਂ ਫੌਜਾਂ ਵੱਡੇ ਦਰਿਆਵਾਂ ਦੀਆਂ ਲਹਿਰਾਂ ਵਾਂਗ ਵਧਦੀਆਂ ਹੋਈਆਂ ਮੈਦਾਨੇ ਜੰਗ ਰੂਪ (ਬਹਿਰ) ਸਮੁੰਦਰ ਵਿੱਚ ਜਾ ਕੇਰੁਕ ਗਈਆਂ।

ਭਏ ਹੱਥ ਵੱਥ[1] ਜ੍ਞਾਨ ਆਪਸ ਮੈਂ ਜਬ ਆਂਨ,
ਬ੍ਰਛੀ ਕ੍ਰਿਪਾਨ ਸੇਲ ਪੇਲ[1] ਘਾਇ ਸੱਟ ਹੈ[2]
॥੨੦੭॥

[1]ਹੱਥੋ ਪਾਈ।

[1]ਚਲਾ ਕੇ। [2]ਜ਼ਖ਼ਮੀ ਕਰ ਸੁੱਟਦੇ ਹਨ।

ਅੰਗ ਭੰਗ ਬਦਰੰਗ ਹ੍ਵੈ ਕੁਢੰਗ ਗਿਰੈਂ,
ਜੰਗ ਕੀ ਉਮੰਗ ਮੈਂ ਨਿਸੰਗ ਅੰਗ ਖੰਡ ਹੈਂ[1]।
ਮਾਰ ਮਾਰ ਹੀ ਪੁਕਾਰ ਕਿਲਕਾਰ ਪੈਂ ਹੈਂ[1]
ਭੱਟ ਨਟ ਪਟ-ਬਾਜਨ ਜਜੋਂ ਭਾਜਨ ਉਮੰਡ ਹੈਂ[1]।
ਕੋਊ ਤੁੱਕੇ ਸੁੱਕੇ ਸੇਝੈਂ[1] ਨੇਜੈਂ ਸੋਂ ਕਰੇਜੇ ਬੇਝੈਂ[2],
ਰੇਜੇ ਰੇਜੇ[1] ਕਰੈਂ ਕੋਊ ਤੇਗ ਦੈ ਪ੍ਰਚੰਡ ਹੈਂ[2]।
ਕਾਹੂੰ ਹੱਥ ਮੱਥ[1] ਬੱਖ[2] ਸੱਥਲ[3] ਕਟੇ ਹੈਂ ਕੰਧ[11],
ਕੋਊ ਊਧੇ[1] ਸੂਧੇ[2] ਪਰੇ ਮਰੇ ਭਾਰ ਕੰਡ ਹੈਂ[3]
॥੨੦੮॥

[1]ਟੁਕੜੇ ਕਰ ਦੇਂਦੇ ਹਨ।

[1]ਚੀਕਾਂ ਮਾਰਦੇ ਹਨ।

[1]ਉਤਸ਼ਾਹ ਨਾਲ ਭੱਜਦੇ ਹਨ।

[1]ਸੁੱਕੇ ਤੀਰ ਲੰਘਾ ਦੇਂਦੇ ਹਨ। [2]ਵਿੰਨ੍ਹਦੇ ਹਨ।

[1]ਟੁਕੜੇ ਟੁਕੜੇ। [2]ਤਿੱਖੀ ਤਲਵਾਰ ਮਾਰ ਕੇ।

[1]ਸਿਰ। [2]ਵੱਖੀ। [3]ਪੱਟ। [11]ਮੋਢੇ।

[1]ਉਲਟੇ ਭਾਵ ਮੂਧੇ। [2]ਸਿੱਧੇ। [3]ਪਿੱਠ ਪਰਨੇ ਮਰੇ ਪਏ ਹਨ।

ਮੰਡ ਕੈ ਘਮੰਡ ਪ੍ਰਚੰਡ ਬਲਵੰਡ ਤਬਿ,
ਰੁੰਡ ਮੁੰਡ ਤੁੰਡ ਝੁੰਡ ਧਰਾ ਪੈ ਬਿਥਾਰੇ ਹੈਂ[1]।
ਘਾਉ[1] ਬੋਲੈਂ ਭੱਕ ਭੱਕ, ਘਾਯਲ ਸੁ ਅੱਕ ਬੱਕ[2],
ਬਾਹੈ[1] ਬੀਰ ਤੱਕ ਤੱਕ, ਤੇਗ ਬੇਗ ਭਾਰੇ ਹੈਂ[2]।
ਡੋਲਤ ਕਿਕਾਂਨ ਛੂਛੇ[1] ਕੋਊ ਨਾਂਹਿ ਕਾਂਹਿ ਪੂਛੇ,
ਬਾਜਤ ਹੈਂ ਮਾਰੂ ਦੀਹ ਦੁੰਦਭਿ[1] ਨਗਾਰੇ ਹੈਂ।
ਸਾਰ[1] ਸੰਗ ਸਾਰ ਬਜਜੋ ਘੜਤ ਠਠਜਾਰ ਮਾਨੋ,
ਕੈਧੋ ਬਹੁ ਬਾਢੀਓਂ ਨੇ ਬਾਢ ਬਢ ਧਾਰੇ ਹੈਂ[1]
॥੨੦੯॥

[1]ਬਲੀ ਸੂਰਮਿਆਂ ਨੇ ਤਿੱਖਾ ਜੰਗ ਰਚ ਕੇ ਬਹੁਤੇ ਧੜ, ਸਿਰ ਤੇ ਮੂੰਹ ਧਰਤੀ 'ਤੇ ਖਿੰਡਾਏ ਹਨ।

[1]ਜ਼ਖ਼ਮ। [2]ਜ਼ਖ਼ਮੀ ਦੁਖੀ ਹੋ ਕੇ ਬੋਲਦੇ ਹਨ।

[1]ਚਲਾਉਂਦੇ ਹਨ। [2]ਛੇਤੀ ਭਾਰੀਆਂ ਤਲਵਾਰਾਂ।

[1]ਖ਼ਾਲੀ ਘੋੜੇ ਫਿਰਦੇ ਹਨ।

[1]ਵੱਡੇ ਜੰਗੀ ਧੌਂਸੇ।

[1]ਲੋਹਾ, ਸ਼ਸਤ੍ਰ।

[1]ਜਾਂ ਬਹੁਤੇ ਤਰਖਾਣਾਂ ਨੇ ਲੱਕੜਾਂ ਵੱਢ ਕੇਰੱਖੀਆਂ ਹਨ।

ਪਰੀ ਪੁਨਾਰੈਨ ਐਨ ਅੰਧਕਾਰ ਛਾਯੋ ਗੈਨ[1],

[1]ਅਕਾਸ਼ ਵਿੱਚ।

ਸੈਨ ਤੁਰਕੈਨ ਬਿਨ ਚੈਨ ਭਈ ਸਾਰੀਆ।
ਆਵਤ ਹੀ ਦਏ ਥੇ ਲਰਾਇ ਥੱਕੇ ਭੁੱਖੇ ਸਾਇ[1],
ਔਰ ਨ ਸਮਾਂਨ ਕਾਇ ਮਿਲੇ ਸੁਖਕਾਰੀਆ।
ਦੇਸ ਸਬਿ ਬਾਂਧਜੋ ਬੈਰ ਫੇਰ ਕਿਮ ਹੋਇ ਖੈਰ[1],
ਧਰੈਂ ਕੈਸੇ ਧੈਰ[1] ਪਰੇ ਆਨ ਵੀਚ ਖ੍ਵਾਰੀਆ[2]।
ਅਧਿਕ ਉਜਾੜ ਝਾੜ ਫਾੜਤ ਬਸਨ ਤਨ,
ਪਥ[1] ਪਾਥ[2] ਆਵਤ ਨ ਹਾਥ ਰਹੇ ਹਾਰੀਆ
॥੨੧੦॥

[1]ਉਹ (ਫ਼ੌਜੀ)।

[1]ਸੁਖ।

[1]ਧੀਰਜ। [2]ਦੁੱਖ ਵਿੱਚ, ਕਸ਼ਟ ਵਿੱਚ।

[1]ਰਸਤਾ। [2]ਪਾਣੀ।

ਪੋਸ ਮਾਸ[1] ਪਰੈ ਹਿੰਮ[2] ਬਜਾਰਿ[3] ਬਹੇ ਤੇਜ ਤਿੰਮ,
ਉਬਰਨ[1] ਹੋਇ ਕਿਮ ਤੁਰਕਨ ਜਾਤ ਕੋ।
ਜਾਡੇ ਸੋਂ ਜੁਡਾਏ ਜਾਤ[1] ਥਰ ਥਰ ਕਾਂਪੈ ਗਾਤ[2],
ਹਥਯਾਰ ਛੂਟੇ ਜਾਤ ਕਹਿ ਨ ਸਕੈ ਬਾਤ ਕੋ।
ਗੁਰੂ ਕੀ ਪ੍ਰੇਰੀ ਬਾਤ ਲਪਟ[1] ਹਿਮਾਲੇ ਆਤ,
ਸੀਰੀ ਸੀਰੀ ਚੀਰੀ ਜਾਤ ਬਲ ਤਨ ਕਾਂਤਿ ਕੋ[1]।

ਜਦਜਪਿ ਥੀ ਸਰਦੀ ਕੀ ਵਰਦੀ ਪਹਿਨ ਰਾਖੀ,
ਤੌ ਭੀ ਏ ਉਫਾਤ[1] ਕੀਏ ਜਾਤ ਘਾਤ[2] ਗਾਤ ਕੋ
॥੨੧੧॥

[1]ਪੋਹ ਦਾ ਮਹੀਨਾ। [2]ਬਰਫ਼। [3]ਹਵਾ।

[1]ਬਚਾਉ।

[1]ਪਾਲੇ ਨਾਲ ਜੁੜਦੇ ਜਾਂਦੇ ਹਨ। [2]ਸ਼ਰੀਰ।

[1]ਹਵਾ ਛੋਹ ਕੇ।

[1]ਠੰਡੀ ਠੰਡੀ ਚੀਰਦੀ ਜਾਂਦੀ ਹੈ ਸਰੀਰ ਦੇ ਬਲ ਤੇ {ਕਾਂਤ} ਚਿਹਰੇ ਦੀ ਚਮਕ ਨੂੰ।

[1]ਆਫ਼ਤ, ਮੁਸੀਬਤ। [2]ਨਾਸ।

ਮੁਗਲ ਪਠਾਨ ਸ਼ੇਖ ਸੱਯਦ ਅਰਾਂਮ ਤਨ
ਹੁਤੇ, ਜਿਨ ਸੀਤ ਬਾਤ[1] ਕਬੀ ਨ ਸਹਾਰੇ ਹੈਂ।
ਗੁਰੂ ਓਰ ਸਿੱਖ ਜੱਟ, ਰਹੇ ਥੇ ਜੋ ਜੰਗ ਠੱਟ[1],
ਹੁਤੇ ਸੀਤ ਬਾਤ ਕੇ ਜਿਤੱਜਾ ਭੱਟ ਭਾਰੇ ਹੈਂ।
ਔਰ ਖਾਂਨ ਪਾਂਨ ਠੌਰ ਠੌਰ ਮੇ ਅੰਗੀਠੇ ਗੌਰ,
ਸੇਕ ਸੇਕ ਜਾਇ ਅਰੈਂ ਛੇਕ ਛੇਕ[1] ਮਾਰੇ ਹੈਂ।
ਜਮ ਭੀ ਨ ਤਿਨੈ ਜੋਹੈ[1] ਸੀਤ ਬਪੁਰਾ ਤੁ ਕੋ ਹੈ?
ਸਮਰਥ ਗੁਰੂ ਹੋਹੈਂ ਜਿਨੈਂ ਰਖਵਾਰੇ ਹੈਂ ॥੨੧੨॥

[1]ਕਰ।

[1]ਠੰਡੀ ਹਵਾ।

[1]ਵੈਰੀਆਂ ਨੂੰ ਵਿੰਨ੍ਹ ਵਿੰਨ੍ਹ ਕੇ।

[1]ਤਕਦਾ, ਦੇਖਦਾ।

ਰਾਤ ਭਰ ਰਹਜੋ ਜੰਗ, ਤੁਰਕਨ ਕੇ ਠਰੇ ਅੰਗ,
ਭਏ ਜਢ ਔ ਕੁਢੰਗ ਧਾਇ ਸਿੱਖ ਕੂਟ ਹੈਂ।
ਭੂਰ ਭੂਖ ਪਜਾਸ ਨੇ ਹੈਰਾਂਨ ਪਰੇਸ਼ਾਨ ਕਰੇ,
ਕਰੈਂ ਕਜਾ ਹਥੱਯਾ[1] ਬਾਗੈਂ ਅੱਸ੍ਵ ਕੀ ਛੂਟ ਹੈਂ।

[1]ਹੱਥਾਂ ਵਿੱਚੋਂ।

ਖਿਸਕ ਰਕਾਬ ਤੈ ਸ਼ਿਤਾਬ ਪਗ ਗਿਰੈਂ ਧਰ,
ਪਾਇ ਸੋ ਅਜਾਬ[1] ਮਰੈਂ ਸਕਤ ਨ ਊਠ ਹੈਂ। [1]ਦੁੱਖ।
ਮਰਤ ਬਿਨਾ ਹੀ ਮਾਰੇ ਤੁਰਕ ਵਿਚਾਰੇ ਆਜ,
ਆਈ ਰਾਤ ਕਜਾਮਤ ਕੀ ਬਿੱਧਣ[1] ਨ ਝੂਠ ਹੈਂ [1]ਦੁਖਦਾਈ।
॥ ੨੧੩ ॥
ਬਿਧੀ ਚੰਦ ਪੈਦੇ ਖਾਂਨ ਕਾਲ੍ਹਾ ਔ ਰਜਾਦਾ ਜ੍ਵਾਨ,
ਭਟ ਭੀਰ ਲੈ ਮਹਾਂਨ ਗੁਰੁਮਤਾ ਕਰ ਹੈਂ।
ਖੈਂਚ ਸ਼ਮਸ਼ੇਰੈਂ ਸਮ ਸ਼ੇਰੈਂ ਪਰੈਂ ਕੂਦ ਜਾਇ
ਕਾਟ ਕਾਟ ਗੇਰੈਂ ਬਾਢੀ ਬਢੈਂ ਜਿਮ ਤਰੁ ਹੈਂ।
ਘਾਟ ਤਰਵਾਰ ਧਾਰ ਕੇ ਉਤਾਰ ਪਾਰ ਕੀਨੇ,
ਦੂੰਦੇ ਖਾਂ ਕਮਰ ਬੇਗ ਆਦਿ ਅਫਸਰ ਹੈਂ।
ਆਠਕ ਹਜਾਰ ਕਾ ਸਥਾਰ[1] ਇਮ ਡਾਰ ਦਯੋ, [1]ਸੱਥਰ, ਢੇਰ।
ਜਿਮੀਂਦਾਰ ਕਾਟ ਕੈ ਜਵਾਰ ਜਿਮ ਧਰ ਹੈਂ
॥ ੨੧੪ ॥
ਸੁਨ ਕੈ ਹਿਰਾਂਨ ਭਯੋ ਲਲਾ ਬੇਗ ਕੋਪ ਠਯੋ,
ਕਹਯੋ ਨਿਜ ਪੂਤਨ ਕੋ ਜਾਹੁ ਕਰੋ ਜੇਤ ਹੈ[1]। [1]ਜਿੱਤ।
ਹੋਇ ਕੈ ਸੁਚੇਤ ਸੈਨ ਲੈ ਕੈ ਖੇਤ ਜੈ ਕੈ ਲਰੋ,
ਗੁਰੂ ਕੋ ਚਾਹੈ ਕੈ ਲਜਾਓ ਅੱਸ੍ਵਨ ਸਮੇਤ ਹੈ।
ਕਾਸਮ ਬੇਗ ਸ਼ਮੱਸ ਚਮੂੰ ਲੈ ਬੇਗ ਖੈਂਚ ਤੇਗ,
ਆਇ ਧਾਇ ਕੀਨੋ ਜੰਗ ਅਤੀ ਮੱਧ ਖੇਤ[1] ਹੈ। [1]ਜੰਗ ਦੇ ਮੈਦਾਨ ਵਿੱਚ।
ਇਤ ਤੈ ਸਲੇਮ ਸ਼ਾਹ ਜੋਧ ਸ਼ਾਹ ਮੋਹਨ ਲੌ,
ਸੰਗ ਭਟ ਭੀਰ ਲੈ ਜਿਤੱਯਾ ਜੰਗ ਕੇਤ ਹੈ[1] [1]ਕਿਤਨੇ ਹੀ ਜੰਗਾਂ ਦੇ ਜਿੱਤਣ ਵਾਲੇ ਹਨ।
॥ ੨੧੫ ॥
ਜਾਇ ਧਾਇ ਜ੍ਵਾਨ ਲਰੇ ਕੀਨ ਘਮਸਾਨ ਭਰੇ[1], [1]ਭਲੀ ਤਰ੍ਹਾਂ।
ਤੁਰਕਨ ਓਸਾਨ ਹਰੇ[1] ਰੁੰਡ ਮੁੰਡ ਕਰਕੈ[2]। [1]ਹੋਸ਼ ਭੁਲਾ ਦਿੱਤੇ। [2]ਸਿਰਾਂ ਤੋਂ ਧੜ (ਵੱਖ) ਕਰ ਦਿੱਤੇ।
ਜਦਪਿ ਪਠਾਂਨ ਜ੍ਵਾਂਨ ਮੁਗਲ ਮਹਾਨ ਲਰੇ
ਐ ਪੈ ਸੀਤ ਕਰੇ ਜਢ ਅੰਗ ਰਹੇ ਠਰਕੈ।
ਔਰ ਗੁਰੂ ਗੌਰ ਊਚਿ ਠੌਰ ਖਰੇ ਕਰੈਂ ਜੰਗ,
ਤੀਰਨ ਕੀ ਛੌਰ ਛੋਰਿ[1] ਰਹੇ ਤਿਨੈ ਹਰ ਕੈ। [1]ਬਹੁਤੇ ਤੀਰਾਂ ਦਾ ਇਕੱਠਾ ਵਾਰ ਛੱਡ ਕੇ।
ਆਖਰ ਲਚਾਰ ਹੋਇ ਅਲੀ ਅਲੀ ਮਾਰ ਮਾਰ,

ਬੋਲ ਕੈ ਤੁਰਕ ਭੱਟ ਆਇ ਮਰੈਂ ਲਰ ਕੈ
॥੧੨੬॥
ਜੇਤਕ ਤੁਰੱਕ ਮਰੈਂ ਤਿਨ ਕੇ ਹਥਜ਼ਾਰ ਅਸ੍ਰ,
ਲੇਤ ਹੈਂ ਅਪਾਰ ਹੀ ਸੰਭਾਰ ਸਿੱਖ ਝੱਟ ਹੈਂ।
ਸੀਸ ਸਿਵ ਲੇਤ ਕੱਟ, ਸੂਰਨ ਜਰੂਰ ਝੱਟ,
ਹੂਰ ਸੱਟਪੱਟ[1] ਬਰ ਵਰਜਾਤ ਖਟ ਹੈ[2]।

[1]ਛੇਤੀ। [2]ਚੰਗੇ ਵਰ ਲੱਭ ਕੇ ਲੈ ਜਾਂਦੀਆਂ ਹਨ। {ਖਟ–ਸੰ: ਚਾਹੁਣਾ, ਇੱਛਾ ਕਰਨੀ, ਢੂੰਡਣਾ, ਲੱਭਣਾ}।

ਭੈਰਵਿ ਪਿਸਾਚ[1] ਭੂਤ ਆਂਤਨ ਕੇ ਹਾਰ ਕੂਤ[2],
ਡਾਰ ਗਰ ਨਚੈਂ ਊਤ ਤਚੈਂ ਨਾਦ ਅੱਟ ਹੈਂ[1]।
ਮਾਸਹਾਰੀ ਮਾਸ ਕੇ ਗਿਰਾਸ ਰਾਸਿ ਖਾਸ ਲੀਵੈਂ[1],
ਜੋਗਨੀ ਸ੍ਰੌਨ ਪੀਵੈਂ ਚੰਡਿ ਮੇਦ ਚੱਟ ਹੈਂ[1]
॥੨੧੭॥

[1]ਮਾਸ ਖਾਣੇ ਜੀਵ। [2]ਆਂਦਰਾਂ ਦੇ ਹਾਰ ਕਰ ਕੇ ਭਾਵ ਬਣਾ ਕੇ।

[1]ਮੂਰਖ ਉੱਚੀਆਂ ਅਵਾਜ਼ਾਂ ਛੱਡਦੇ ਭਾਵ ਦੇਂਦੇ ਹਨ।

[1]ਖਾਸ ਮਾਸ ਦੀਆਂ ਬਹੁਤੀਆਂ ਗ੍ਰਾਹੀਆਂ ਲੈਂਦੇ ਹਨ।

[1]ਗੁੱਸੇ 'ਚ ਆ ਕੇ ਮਿੱਝ ਚਟਦੀਆਂ ਭਾਵ ਖਾਂਦੀਆਂ ਹਨ। {ਚੰਡਿ– ਗੁੱਸੇ ਨਾਲ।}

ਦੋਊ ਪੂਤ ਮਰੇ ਸੁਨਿ ਲਲਾ ਬੇਗ ਰੋਯੋ ਪੁਨ,
ਜਾਨ ਲਯੋ ਠੀਕ ਉਨ ਹੋਇ ਜੀਤ ਨਾਂਹਿ ਹੈ।
ਐ ਪੇ ਅਬਿ ਭਾਗੈਂ ਤਬਿ ਕੁਲ ਕੋ ਕਲੰਕ ਲਾਗੈ,
ਸਿੱਖ ਭੀ ਨ ਜਾਨ ਦੈ ਹੈਂ ਲੈਹੈ ਜਾਨ ਸ਼ਾਹਿ ਹੈ।
ਗੁਰੂ ਅਵਤਾਰ ਕੈ ਪੈਗੰਮ੍ਰ ਹੈਂ ਵਲੀ ਸਹੀ,
ਇਨ ਕੇ ਸਮੁੱਖ ਮਰਿ ਭਿਸ਼ਤ ਤੋ ਪਾਹਿ ਹੈਂ।
ਐਸੇ ਮਨ ਠਟ ਕਰਿ[1] ਲਲਾ ਬੇਗ ਹਠ ਧਰਿ,
ਔਰ ਭਟ ਪਠਿ ਵਰ ਦਏ ਖੇਤ ਮਾਹਿ ਹੈ[1]
॥੨੧੮॥

[1]ਠਾਣ ਕੇ, ਸੋਚ ਕੇ।

[1]ਚੰਗੇ ਸੂਰਮੇ ਜੰਗ ਦੇ ਮੈਦਾਨ ਵਿੱਚ ਭੇਜ ਦਿੱਤੇ।

ਗੁਲ ਖਾਂ ਭੀਖਮ ਖਾਂ ਬੁਲੰਦ ਖਾਂ ਬੁਲੰਦ ਬੀਰ,
ਏਕ ਏਕ ਬੁਜੋ[1] ਨਿਤ ਹੁਤੇ ਜੇਊ ਖਾਵਤੇ।
ਆਇ ਫੁਨਿ ਅਰਰਾਇ ਪਾਇ ਘਮਸਾਨ ਦਯੋ,
ਭਏ ਬਹੁ ਜ੍ਵਾਂਨਨ ਕਿਕਾਂਨਨ ਕੋ ਘਾਵਤੇ[1]।
ਇਤ ਤੈ ਮਲਕ ਜਾਤੀ ਭੱਲਨ ਭਗਤੂ ਆਦਿ,
ਗੁਰੂ ਕੇ ਪਠਾਏ ਭਟ ਭਿਰੇ[1] ਜਾਇ ਭਾਵਤੇ[2]।
ਸੈਫ[1] ਸੇਲ[2] ਤੇਗ ਬੇਗ ਬਾਹਿ ਲਾਹਿ ਘਾਣ ਸੁੱਟੇ[3],
ਗੁਰੂ ਭੀ ਸਰੋਘ ਖਰ[1] ਭਏ ਬਰਖਾਵਤੇ ॥੨੧੯॥

[1]ਬੱਕਰੇ।

[1]ਘੋੜਿਆਂ ਨੂੰ ਮਾਰਦੇ (ਆਏ)।

[1]ਭਿੜੇ, ਲੜੇ। [2]ਮਨ ਭਾਉਂਦਾ।

[1]ਸਿੱਧੀਆਂ ਤਲਵਾਰਾਂ। [2]ਨੇਜ਼ੇ। [3]ਛੇਤੀ ਚਲਾ ਕੇ ਬਹੁਤੇ (ਦੁਸ਼ਮਣ) ਮਾਰ ਦਿੱਤੇ।

[1]ਬਹੁਤੇ ਤਿੱਖੇ ਤੀਰ।

ਹਾਰ ਸੋ[1] ਮਸਾਲ ਤੈ ਬਿਸਾਲ ਹੀ ਮਤਾਬ ਚਾੜ੍ਹ,
ਐ ਪੈ ਪੋਨ ਬੰਦ ਕਰੇ[1] ਭਯੋ ਅੰਧਕਾਰ ਹੈ।
ਝਾਰਨ ਕੇ ਸਿਖ ਭੇਤੀ ਇਤ ਉਤ ਦੌਰੈਂ ਛੇਤੀ,
ਲਾਘਵਤਾ[1] ਜੇਤੀ ਬਨੈ ਤੇਤੀ ਧਰੈਂ ਮਾਰ ਹੈਂ।
ਤੁਰਕ ਘਬਰਾਇ ਤਰ[1], ਬੂਝੈਂ ਨ ਅਪਰ ਪਰ[2],
ਆਪਸ ਮੈਂ ਜੂਝੇ ਲਰਿ, ਤਮ ਕੇ ਅਧਾਰ ਹੈ[1]।
ਸਿੱਖਨ ਬਿਦਾਰੇ[1] ਕੁਛ ਜਾੜੇ ਜਢ ਕਰ ਡਾਰੇ[2],
ਗਿਰ ਗਿਰ ਪੈਹੈਂ ਬਿਜ[1] ਮਾਰੇ ਜਯੋਂ ਮਿਨਾਰ ਹੈਂ
॥੨੨੦॥

[1]{ਸੋ} ਉਨ੍ਹਾਂ (ਤੁਰਕਾਂ ਨੇ) ਹਾਰ ਕੇ।
[1]ਹਵਾ ਬੁਝਾ ਦੇਂਦੀ ਹੈ।
[1]ਫੁਰਤੀ।
[1]ਬਹੁਤ। [2]ਆਪਣਾ ਤੇ ਪਰਾਇਆ।
[1]ਅਨ੍ਹੇਰੇ ਦੇ ਆਸਰੇ ਭਾਵ ਅਨ੍ਹੇਰੇ ਦੇ ਕਾਰਨ।
[1]ਮਾਰੇ। [2]ਪਾਲੇ ਨੇ ਹਿਲਣ ਜੋਗੇ ਨਾ ਰਹਿਣ ਦਿੱਤੇ।
[1]ਬਿਜਲੀ।

ਤੀਨੋ ਸਰਦਾਰ ਜੂਝ ਗਏ ਸੂਝ[1] ਪਾਇ ਲੱਲਾ[2],
ਅੱਲਾ ਅੱਲਾ ਬੋਲਿ ਥਰਥੱਲਾ ਵਾਂਗੁ ਕਦਲੀ[1]।
ਜੇਤਕ ਥੇ ਬਾਕੀ ਪਾਸ ਤਿਨੈ ਭਯੋ ਐਸੇ ਤ੍ਰਾਸ,
ਪਰੇ ਹੀ ਭਰਤ ਸ੍ਵਾਸ ਪੋਸਤੀ ਜਯੋਂ ਗਧਲੀ[1]।
ਲਲਾ ਪਛੁਤਾਇ ਰੋਇ ਕਹੇ ਹਾਇ ਕੈਸੇ ਕਰੋਂ
ਠਟੀ ਜੋ ਖੁਦਾਇ ਸਾਇ[1] ਨਾਂਹਿ ਜਾਇ ਬਦਲੀ।
ਦੇਖੋ ਨਾਗਹਾਨੀ[1] ਆਸਮਾਨੀ ਟੂਟੀ ਆਫਤ ਕਿਆ,
ਹਮ ਹੀ ਪੈ ਆਨ ਪਰੀ ਸੀਤ ਭਰੀ ਬਦਲੀ
॥੨੨੧॥

[1]ਖ਼ਬਰ। [2]ਲਲਾ ਬੇਗ।
[1]ਕੇਲੇ ਵਾਂਗ ਕੰਬਿਆ।
[1]ਗਾੜ੍ਹੇ ਪੋਸਤੀ ਵਾਂਗ ਪਏ ਹੀ ਹਾਹੁਕੇ ਲੈਂਦੇ ਹਨ।
[1]ਉਹ।
[1]ਅਚਾਨਕ। {ਫਾ: ਨਾਗਹਾਂ– ਅਚਾਨਕ।}

ਹਾਇ ਅਫਸੋਸ ਦੋਸ਼ ਦੇਵੈਂ ਕਾਂਹਿ ਗਏ ਹੋਸ਼,
ਦਲ ਸਬਿ ਮਰਜੋ ਪੈ ਨ ਸਰਜੋ ਕਿਛ ਕਾਮ ਹੈ।
ਮੋਚਤ ਹੈ[1] ਨੈਨ ਨੀਰ ਸੋਚਤ ਅਧੀਰ ਹੋਯੋ,
ਰੈਨ ਭਈ ਦੂਰ, ਸੂਰ ਚਢਜੋ ਤੇਜ ਧਾਮ[1] ਹੈ।
ਲਲਾ ਬੇਗ ਬੇਗ ਹ੍ਵੈ ਤਯਾਰ ਹਥਯਾਰ ਗਹਿ,
ਦੁੰਦਭਿ ਬਜਾਇ ਨਿਜ ਸੈਨ ਲੈ ਤਮਾਮ ਹੈ।
ਆਇ ਜੁਟਜੋ ਗੁਰੂ ਸੰਗ ਅਧਿਕ ਉਮੰਗ ਸੰਗ,
ਤੀਰ ਔ ਤੁਫੰਗਨ ਕੋ ਜੰਗ ਕੀਨ ਜਾਂਮ ਹੈ[1]
॥੨੨੨॥

[1]ਛੱਡਦਾ ਹੈ, ਕੇਰਦਾ ਹੈ।
[1]ਰੌਸ਼ਨੀ ਦਾ ਘਰ ਸੂਰਜ।
[1]ਜੰਮ ਕੇ ਭਾਵ ਟਿਕ ਕੇ।

ਗੁਰੂ ਜਾਨ ਭਾਈ ਪਰ ਚਰ੍ਹ[1] ਖੇਤ ਵੀਚ ਖਰ੍ਹ[2],
ਸੰਗ ਭਟ ਭੀਰ ਵਰ ਤੀਰ ਗੋਲੀ ਬਰਸੈਂ।

[1]ਚੜ੍ਹ ਕੇ। [2]ਖੜੇ ਹੋਏ।

ਚੋਬ ਦੀਹ[1] ਦੂਹਰੀ ਦਮਾਮਨ ਪੈ[2] ਪਰੈ ਐਸ,
ਜੋਊ ਸੁਨਿ ਕੂਰ[1] ਲਰੈਂ ਸੂਰ ਅਤਿ ਹਰ ਸੈਂ।
ਤੀਰ ਗੋਲੀ ਬਰਖਤ ਜਾਨ ਅਰਿ ਕਰਖਤ[1],
ਸਰਕਤ ਸਾਰ[1] ਫਰਕਤ ਘਾਏ ਤਰਸੈਂ[2]।

[1]ਭਾਰੀਆਂ, ਵੱਡੀਆਂ। [2]ਧੌਂਸਿਆਂ ਉੱਪਰ।

[1]ਕਾਇਰ।

[1]ਵੈਰੀਆਂ ਦੀ ਜਾਨ ਖਿੱਚਦੀਆਂ ਹਨ।

[1]ਸ਼ਸਤ੍ਰ ਹੌਲੀ ਹੌਲੀ ਚਲਦੇ ਹਨ। [2](ਜਿਨ੍ਹਾਂ ਦੇ) ਜ਼ਖ਼ਮ ਫਰਕਦੇ ਹਨ (ਉਹ ਜ਼ਿੰਦਗੀ ਨੂੰ) ਤਰਸਦੇ ਹਨ।

ਮਾਰ ਕਰੇ ਪੋਲੇ, ਮੇਘ ਡਾਰ ਜਯੋਂ ਅਤੋਲੇ ਗੋਲੇ,
ਪਕੇ ਖੇਤ ਚੇਤ ਛੋਲੇ, ਖੋਲ੍ਹ ਰਾਹਿ ਦਰਸੈਂ[1]
॥੨੨੩॥

[1]ਜਿਵੇਂ ਬੱਦਲਾਂ ਵੱਲੋਂ ਭਾਰੀ ਗੜੇ ਸੁੱਟ ਕੇ ਚੇਤ ਦੇ ਮਹੀਨੇ ਛੋਲਿਆਂ ਦੇ ਪੱਕੇ ਖੇਤ ਵਿੱਚਰਾਹ ਖੋਲ੍ਹ ਦਿਸਦੇ ਹਨ।

ਭੂਮ ਭਈ ਲਾਲ ਰੰਗ, ਕੀਚ ਮਚਜੋ[1] ਵੀਚ ਜੰਗ,
ਧਸਤ ਤੁਰੰਗ ਅੰਗ, ਚਲ ਨਾ ਸਕਤ ਹੈਂ।
ਲੁੱਥ ਪਰ ਲੁੱਥ ਚਰ੍ਹੀ ਮਾਨੋ ਗੁੱਥ ਜੁੱਥ ਧਰੀ[1],

[1]ਚਿੱਕੜ ਹੋ ਗਿਆ।

[1]ਜਾਣੋ {ਜੁੱਥ} ਬਹੁਤੀਆਂ (ਲੋਥਾਂ) {ਗੁੱਥ} ਗੁੰਦ ਕੇਰੱਖੀਆਂ ਹਨ।

ਕੈਧੋ ਸੀਢੀ[1] ਕਰੀ ਸੂਰ ਸੁਰਗ ਸਿਧੱਤ ਹੈਂ[2]।
ਡਾਰੇ ਹੈਂ ਕਿਕਾਨ[1] ਜ੍ਵਾਨ ਤੁੱਥ ਮੁੱਥ ਕਰਿ[2] ਬਹੁ,
ਹੱਥ ਮੱਥ[1] ਸੱਥਲ[2] ਅਕੱਥ[3] ਹੀ ਰੁਲਤ ਹੈਂ।
ਮਾਨੋ ਗਿਰ ਗੇਰੂ ਤਟ ਮੂਰਤੈਂ ਅਘਟ ਠੱਟ,
ਕੱਟ ਅੱਟਪੱਟ ਸੱਟੀ ਜਲ ਅਲਵੱਤ ਹੈਂ[1]
॥੨੨੪॥

[1]ਪਉੜੀ। [2]ਜਾਂਦੇ ਹਨ।

[1]ਘੋੜੇ। [2]ਵੱਢ ਟੁੱਕ ਕੇ।

[1]ਸਿਰ। [2]ਪੱਟ। [3]ਅਣਗਿਣਤ।

[1]ਜਾਣੋ ਗੇਰੂ ਦੇ ਪਹਾੜ ਕੋਲ ਬੇ-ਮੇਲ ਮੂਰਤਾਂ ਬਣਾ ਕੇ ਤੇ ਕੱਟ ਕੇ, ਅਗੜ-ਦੁਗੜੀਆਂ {ਅਲਵੱਤ} ਬਿਨਾਂ ਸੰਸੇ ਤੋਂ ਜਲ ਵਿੱਚ ਸੁੱਟ ਦਿੱਤੀਆਂ ਹਨ।

ਭੈਰਵਿ ਪਿਸਾਚ ਪ੍ਰੇਤ ਜੋਗਨੀ ਚੁਰੇਲ ਦੇਤ[1]
ਹਾਕ, ਫਿਰੈ ਵੀਚ ਖੇਤ ਗੀਧ ਸ੍ਵਾਂਨ ਸਜਾਲ ਹੈਂ।
ਮਾਸ ਬਹੁ ਭਾਂਤਿ ਖਾਇ ਹਾਰ ਗਰ ਆਂਤ ਪਾਇ[1],
ਤਾਰੀ ਕਿਲਕਾਰੀ ਦਾਇ ਵਾਇ ਕੈ ਕਪਾਲ ਹੈਂ[1]।

[1]ਚੁੜੇਲਾਂ।

[1]ਗਲ ਵਿੱਚ ਆਂਦਰਾਂ ਦੇ ਹਾਰ ਪਾ ਕੇ।

[1]ਹੱਥਾਂ ਦੀ ਤਾੜੀ ਤੇ ਚੀਕਾਂ ਦਿੰਦੀਆਂ ਭਾਵ ਮਾਰਦੀਆਂ ਹਨ, ਖੋਪਰੀਆਂ ਵਜਾ ਕੇ।

ਭੂਤਨ ਕੀ ਗੋਰੀ[1] ਨਿਜ ਪੂਤਨ ਦੈ ਲੋਰੀ,
ਭਰਿ ਲੋਹੂ ਕੀ ਕਟੋਰੀ ਨਾਹਿ ਥੋਰੀ ਸੋ ਪਿਆਲ ਹੈਂ।
ਨਾਰਦ ਕਲ੍ਹੈ ਅਛੂਤ ਨਾਚਤ ਫਿਰੈਂ ਅਕੂਤ[1],

[1]ਇਸਤ੍ਰੀਆਂ ਭਾਵ ਭੂਤਨੀਆਂ।

[1]ਨਾਰਦ ਅਤੇ ਉਸ ਦੀ ਇਸਤ੍ਰੀ ਜੋ ਛੁਹਣ ਤੋਂ ਰਹਿਤ ਹਨ, ਬੇ-ਅੰਦਾਜ਼ਾ ਭਾਵ ਬਹੁਤ ਨਚਦੇ ਹਨ।

ਜੈ ਜੈਕਾਰ ਮਜਬੂਤ ਗੁਰੂ ਕੀ ਸੰਭਾਲ ਹੈਂ
॥੨੨੫॥
ਜੰਗ ਭਯੋ ਭਾਰੀ ਮਰੇ ਸੂਰਮੇਂ ਅਪਾਰੀ,

ਹੂਰ ਪਰੀ ਬਰੀ ਸਾਰੀ ਕਰੀ ਹੈਂ ਸੁਹਾਗ ਵਾਰੀਆ।
ਜੋਧਨ ਕੋ ਜੋਧ ਲੈ[1] ਸਲੇਮ ਸ਼ਾਹਿ ਆਦਿ ਬੀਰ, [1]ਸੂਰਮਿਆਂ ਨੂੰ ਜੋਧ ਸ਼ਾਹ ਨਾਲ ਲੈ ਕੇ।
ਭੀਰ ਮਲਵੱਯਨ ਸੁ ਭਯੱਨ[1] ਅਪਾਰੀਆ। [1]ਮਲਵਈਆਂ ਭਰਾਵਾਂ ਦੀ।
ਪੈਦੇ ਖਾਂਨ ਬਿਧੀ ਚੰਦ ਸੱਤ੍ਰੂ ਨਬੇਰੇ ਬ੍ਰਿੰਦ,
ਮਾਰ ਹਰਿਗੁਬਿੰਦ ਗੁਰੁ ਕਰੇ ਭਵ ਪਾਰੀਆ।
ਅਰਜੋ ਲਲਾ ਬੇਗ ਗੁਰੁ ਮਾਰ ਤੇਗ ਬੇਗ ਤਾਂਹਿ,
ਲਾਹਿ ਸਿਰ ਸੁਟਜੋ ਜਿਮ ਕੱਦੂ ਕੱਟ ਡਾਰੀਆ
॥੨੨੬॥
ਬਾਕੀ ਭਾਗ ਚਲੇ ਤੁਰਕ ਭਏ ਨਾਹਿ ਖਲੇ,
ਧਾਇ ਸੋ ਭੀ ਦਲ ਮਲੇ[1] ਮਾਰ ਸਿੱਖਨ ਸੁਧਾਰ ਕੈ। [1]ਦਲ ਕੇ ਮਲ ਸੁੱਟੇ।
ਜਦੀ ਸਿਖ ਭੂਰ ਬਰੇ ਹੂਰ ਸੂਰ ਜਖਮੀ ਭੇ[1], [1]ਭਾਵੇਂ ਬਹੁਤੇ ਸਿੱਖ ਸੂਰਮੇ ਹੂਰਾਂ ਨੇ ਵਰ ਲਏ (ਤੇ ਕੁਝ) ਜ਼ਖ਼ਮੀ ਹੋ ਗਏ।
ਭਾਈ ਜਾਨ ਘੋੜਾ ਖੇਤ ਰਹਯੋ ਜੇਤ ਭਾਰਿ ਕੈ[1]। [1]ਵੱਡੀ ਜਿੱਤ ਕਰਕੇ।
ਤਦਜਪਿ ਗੁਰੁ ਕੀ ਜੀਤ ਭਈ ਜਾਂ ਕੇ ਜੁਰੇ ਗੀਤ,
ਖੁਸ਼ੀ ਭਏ ਸਿਖ ਮੀਤ ਗਏ ਤੁਰਕ ਹਾਰਕੈ।
ਖੇਤ ਜੋ ਰਹਾਏ ਸਬਿ ਭਿਸ਼ਤਿ ਸਿਧਾਏ,
ਗੁਰ ਸੰਮੁਖ ਥੇ ਆਏ ਯਾਂ ਤੇ ਗਏ ਫੰਧ ਫਾਰਿ ਕੈ[1] [1](ਜਮਾਂ ਦੀਆਂ) ਫਾਹੀਆਂ ਪਾੜ ਕੇ ਭਾਵ ਕੱਟ ਕੇ।
॥੨੨੭॥
ਤੁਰਕ ਦਫਨਾਏ[1] ਦਮਦਮਾ ਬਨਵਾਏ, [1]ਦਬਾ ਦਿੱਤੇ।
ਗੁਰੂ ਤਾਂ ਪਰ ਥਿਰਾਏ, ਮਹਾਂ ਮੋਦ ਮਨਿ ਧਾਰ ਹੈਂ।
ਸਿੱਖਨ ਕੋ ਦੀਏ ਬਰ ਸਿੱਖੀ ਮੋਖ ਭੋਗ ਭਰ[1], [1]ਭਲੀ ਪ੍ਰਕਾਰ।
ਨਾਮ ਅਬਿ ਗੁਰੂ ਸਰ ਤਹਾਂ ਗੁਰੁਦ੍ਵਾਰ ਹੈ।
ਸੋਲਾਂ ਸੌ ਅਠਾਸੀ ਤਬਿ ਹੁਤੋ ਭਯੋ ਜੰਗ ਜਬਿ,
ਦੇਸ ਸਿੱਖ ਥਯੋ ਸਬਿ ਸੁਕ੍ਰਿਤ ਨਿਹਾਰ ਹੈ।
ਸੁਨੀ ਜਬਿ ਸ਼ਾਹਿਜਹਾਂ ਅਚਰਜ ਭਯੋ ਮਹਾਂ,
ਢਿਗ ਤੈ ਵਜੀਰ[1] ਕਹਾ ਗੁਰੂ ਪੀਰ ਭਾਰ ਹੈ [1]ਵਜ਼ੀਰ ਖ਼ਾਂ ਨੇ।
॥੨੨੮॥
ਏਤੀ ਕੌਨ ਸਮਰੱਥ ਜਨ ਜਗ ਮੈ ਰਖੱਤ,
ਬਾਦਸ਼ਾਹਿ ਸੰਗ ਹੱਥ ਕਰੈ ਬਿਨ ਸਾਜ[1] ਹੈ। [1]ਸਾਮਾਨ ਤੋਂ ਬਿਨਾਂ।
ਤੀਨ ਵਾਰ ਅਜ਼ਮਾਇ ਲੀਨ ਘਮਸਾਨ ਪਾਇ,

ਵੱਲ ਹੈ ਖੁਦਾਇ ਤਿਨੈ ਦੇਤ ਫਤੇ ਤਾਜ ਹੈ[1]।
[1]ਫਤਹ ਦਾ ਤਾਜ।

ਐ ਪੈ ਜੀਤ ਲੈਹੈਂ ਤੋ ਫਕੀਰ ਤੈ ਕਿਆ ਪੈਹੈਂ ਹਮ,
ਨਾ ਹੀ ਗੁਰੂ ਪਾਸ ਕੋਊ ਕੋਸ਼[1] ਦੇਸ ਰਾਜ ਹੈ।
[1]ਖ਼ਜ਼ਾਨਾ।

ਨਾਹਕ[1] ਲਰੈ ਹੈਂ ਮਰਵੈ ਹੈਂ ਫੌਜ ਕੋ ਪਠੈ ਹੈਂ,
[1]ਐਵੇਂ, ਬਿਨਾਂ ਮਤਲਬ।

ਕਹਾਂ ਪ੍ਰਵਾਹਿ ਥਾਰੇ ਵੈਸੇ[1] ਬਹੁ ਬਾਜ ਹੈਂ ॥੨੨੯॥
[1]ਤੁਹਾਨੂੰ ਕੀ ਪ੍ਰਵਾਰ ਹੈ ਤੁਹਾਡੇ (ਕੋਲ) ਉਸ ਵਰਗੇ।

ਤਾਂ ਪਰ ਵਿਚਾਰੋ ਦਿਲਬਾਗ ਤੋ ਗਯੋ ਹੈ ਮਾਰੋ,
ਗੁਲਬਾਗ ਭੀ ਨਿਹਾਰੋ ਤਾਂਹਿ ਬਿਨ ਮਰ ਹੈ।

ਬਾਦਸ਼ਾਹਿ ਦਾਨੇ[1] ਹੈ ਹੈਂ ਫੱਕਰ ਨਿਦਾਨੇ[2] ਰੈਹੈਂ
[1]ਚਤੁਰ। [2]ਅਣਜਾਣ।

ਸਜਾਨੈ ਜੋ ਅਮੀਰ, ਨਾ ਫਕੀਰਨ ਸੋਂ ਅਰ ਹੈਂ।
ਪੀਰ ਹੈਂ ਫਕੀਰ ਗੁਰੁ ਅਜ਼ਮਤ ਵਾਰੇ ਭਾਰੇ,
ਨਾਗ ਕਾਰੇ ਛੇਰਿ ਛੈਰਿ ਕੌਨ ਸੁਖੀ ਪਰ ਹੈ[1]।
[1]ਹੋਵੇਗਾ।

ਐਸੀ ਬਹੁ ਭਾਂਤਿ ਜੋ ਵਜ਼ੀਰ ਖਾਂ ਸੁਨਾਈ ਬਾਤ,
ਸੁਨਿ ਸ਼ਾਹਿ ਤਜਯੋ ਬੈਰ ਭਜਯੋ ਮੋਨ ਡਰ ਹੈ[1]
[1]ਡਰ ਕੇ ਚੁੱਪ ਹੋ ਗਿਆ।

॥੨੩੦॥

ਦੋਹਰਾ:

ਭਰੀ ਕਚਹਿਰੀ ਮੈਂ ਰਰੀ[1],
[1]ਕਹੀ।

ਸਬਿਹਨਿ ਸ਼ਾਹਿ ਸੁਨਾਇ।
ਪੌਨ ਭਰੀ ਖੱਲ ਅੱਸ੍ਵ ਹਿਤ[1],
[1]ਹਵਾ (ਨਾਲ) ਭਰੀ ਖੱਲ (ਭਾਵ) ਘੋੜੇ ਵਾਸਤੇ।

ਕਯੋਂ ਤਕਲੀਫ ਉਠਾਂਇ ॥੨੩੧॥
ਲਘੁ ਹਾਸਲ[1] ਬਹੁ ਖਰਚ ਹ੍ਵੈ
[1]ਘੱਟ ਲਾਭ।

ਜਿਹਿ, ਸੋ ਕਰੋ ਨ ਕਾਂਮ।
ਸੁਨਿ ਉਮਰਾਵਨ ਕਹਯੋ ਪੁਨ,
ਭਲੀ ਇਹੀ ਸੁਖ ਧਾਮ ॥੨੩੨॥
ਸ਼ਾਹਿ ਯਾਹਿ ਠਟ[1] ਹਟ ਬਹਯੋ,
[1]ਸੋਚ ਕੇ।

ਪਠਯੋ ਨ ਪੁਨ ਭਟ ਕਾਇ।
ਗੁਰੂ ਫਤੇ ਰਣ ਕਰਿ ਥਿਰੇ,
ਇਤ ਇਹੁ ਥਿਰਯੋ ਅਧਜਾਇ ॥੨੩੩॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਅਟੱਲਰਾਇ, ਮਾਲਵੇ ਜੰਗ ਕੋ ਪ੍ਰਸੰਗ ਬਰਨਨੰ' ਨਾਮ ਪੱਚੀਸਮੋ ਬਿਸ੍ਰਾਮ ॥੨੫॥

੨੬. {ਬਿਧੀ ਚੰਦ ਦੀ ਕਥਾ, ਸ੍ਰੀ ਕਰਤਾਰ ਪੁਰ ਅਤੇ ਫਗਵਾੜੇ ਦੇ ਜੰਗ}

ਦੋਹਰਾ:

ਸੁਕਬਿ ਸਹਾਯਕ ਸਾਰਦਾ*,

*ਏਥੇ ਸ਼ਾਰਦਾ ਦਾ ਮੰਗਲ ਕਵੀ ਜੀ, ਕਵਿ ਸੰਕੇਤ ਮਰਯਾਦਾ ਜਾਣ ਕੇ ਹੀ ਕਰ ਰਹੇ ਹਨ, ਸ਼ਾਰਦਾ ਦੇ ਮੰਗਲ ਬਾਰੇ ਵਿਸਥਾਰ ਸਹਿਤ ਦੇਖੋ ਪੂਰਬਾਰਧ ਦੇ ਪਹਿਲੇ ਬਿਸ੍ਰਾਮ ਦੇ ਅੰਕ ਨੰ: ੩ ਦਾ ਆਦਿ ਅਤੇ ਅੰਤ ਦਾ ਭਾਵ।

ਸੇਤ ਸੁਰੰਗ ਸੁਹਾਇ[1]।

[1]ਸੁਹਣੇ ਚਿੱਟੇਰੰਗ ਵਾਲੀ, ਚੰਗੇ ਕਵੀਆਂ ਦੀ ਸਹਾਇਕ ਤੇ ਸੋਭਨੀਕ ਸੁਰਸੁਤੀ!

ਸ਼ਕਤਿ ਸਫੁਰੁਨਾ ਸਰਬਦਾ,
ਦੇਹੁ ਸਦਾ ਜਗ ਮਾਇ[1] ॥੧॥

[1]ਹੇ ਜਗਤ ਮਾਤਾ (ਜਿਵੇਂ ਹੋਰ ਕਵੀਆਂ ਨੂੰ) ਹਮੇਸ਼ਾ ਸਫੁਰਨ ਸ਼ਕਤੀ (ਦੇਂਦੀ ਹੈਂ ਤਿਵੇਂ ਮੈਨੂੰ ਵੀ) ਸਦਾ (ਸਫੁਰਨ ਸ਼ਕਤੀ) ਦੇਹੁ।

ਬਿਧੀ ਚੰਦ ਕੀ ਗਾਥ ਕੁਛ,
ਪੁਰ ਕਰਤਾਰਹਿ ਜੰਗ।
ਸੁਨੋ ਸ੍ਰੋਤਾ ਸਿੱਖ ਅਬਿ
ਚਿੱਤ ਦੈ ਸਬਿ ਪ੍ਰਸੰਗ ॥੨॥

ਦ੍ਵੈਯਾ ਛੰਦ:

ਜੰਗ ਜੀਤ ਪੁਰ ਕਾਂਗੜ ਮੈਂ ਗੁਰੁ,
ਆਇ ਥਿਰੇ ਪੁਨ ਮਨਿ ਮੁਦ ਪਾਇ[1]।

[1]ਮਨ 'ਚ ਅਨੰਦ ਹੋ ਕੇ।

ਜੋਧ ਸ਼ਾਹਿ ਤੈ ਆਦਿ ਸਿੱਖ ਸਭਿ,
ਸੇਵੈਂ ਮਨ ਤਨ ਧਨ ਕਰਿ ਭਾਇ[1]।

[1]ਪ੍ਰੇਮ ਕਰਕੇ

ਦੇਸ ਬਦੇਸਨ ਮੈਂ ਗੁਰੁ ਕੀਰਤਿ,
ਬਿਸਤੀਰਤ[1] ਭੀ ਜੈਸੇ ਪੂਨਜੋ ਚੰਦ।

[1]ਫੈਲ ਗਈ।

ਮਾਲ ਮਰਾਲ[1] ਕਿ[2] ਰਾਇ ਬੇਲ[3] ਸੀ,
ਕਿਧੋ ਮਾਲਤੀ ਕੇਰ ਸੁਗੰਧਿ ॥੩॥

[1]ਹੰਸਾਂ ਦੀ ਡਾਰ। [2]ਜਾਂ। [3]ਮੋਤੀਏ ਦੀ ਜਾਤੀ ਦੀ ਇਕ ਵੇਲ।

ਕਾਲੂ ਨਾਥ ਨਿਬਾਨੇ ਵਾਲਾ, ਮਿਲਜੋ
ਆਇ ਦੈ ਭੇਟਾ ਦੁਗਧ[1] ਸੁਧਾਰ।

[1]ਦੁੱਧ ਦੀ।

ਪੇਖਿ ਨਿੰਮ੍ਰਿਤਾ ਬਾਤੈਂ ਸੁਨਿ ਤਿਹ,
ਕਰਾਮਾਤ ਗੁਰੁ ਬਖਸ਼ੀ ਔਰ ਅਪਾਰ।
ਕੇਤਕ ਦਿਨ ਤਹਿਂ ਰਹਿ ਗੁਰੁ ਗਮਨੇ,
ਜੋਧ ਸ਼ਾਹਿ ਕੋ ਦੈ ਬਰ ਆਤਮ ਗਜਾਨ।
ਦੁੰਦਭਿ[1] ਬਜਤ ਚਲਤ ਮਗ[2] ਸੈਨਾ,

[1]ਧੌਂਸੇ। [2]ਰਸਤੇ।

ਉਡਤ ਧੂਲ ਛਾਯੋ ਅਸਮਾਨ ॥ ੪ ॥
ਪ੍ਰੇਮ ਬਿਬੱਸ[1] ਪ੍ਰੇਮੀ ਸਿਖੱਨ ਕੇ, [1]ਅਧੀਨ।
ਭਗਤ ਵਤਸਲ[1] ਨਿਜ ਬ੍ਰਿਦ[2] ਸੰਭਾਲ। [1]ਭਗਤਾਂ ਨਾਲ ਪਿਆਰ ਕਰਨਾ। [2]ਸੁਭਾਵ, ਨੇਮ, ਫ਼ਰਜ਼।
ਮੇਘ, ਮਰਾਲ ਚਾਲ ਚਲਿ ਸਲਿਤਾ[1], [1]ਨਦੀ।
ਦੇਸ ਮਾਲਵਾ ਕੀਨੋ ਗੁਰੂ ਨਿਹਾਲ।
ਨਿਕਟ ਗ੍ਰਾਂਮਨ ਕੀ ਸੁਨਿ ਸੰਗਤ,
ਜਹਾਂ ਜਾਇਂ ਤਹਿਂ ਆਵੈ ਧਾਇ।
ਦੁੱਧ ਦਹੀਂ ਘ੍ਰਿਤ ਅੰਨ ਬਸਨ ਬਹੁ,
ਧਨ ਅਰਪੈਂ ਗੁਰੁ ਅੱਗ੍ਰ ਭੇਟਾ ਲਜਾਇ ॥ ੫ ॥
ਗੁਰੁ ਕੋ ਦਰਸੈਂ ਪਰਸੈਂ ਪਗ[1], ਮਨਿ ਹਰਸੈਂ[2] [1]ਚਰਨ ਛੁੰਹਦੇ ਹਨ। [2]ਖ਼ੁਸ਼ ਹੁੰਦੇ ਹਨ।
ਐਸੇ ਜੈਸੇ ਪਾਯੋ ਪਾਰਸ ਰੰਕ[1]। [1]ਕੰਗਾਲ ਨੇ।
ਕ੍ਰਿਪਾ ਦ੍ਰਿਸ਼ਟਿ ਬ੍ਰਿਸ਼ਟਿ[1] ਕਰਿ ਸਤਿਗੁਰੁ, [1]ਵਰਖਾ।
ਬਖਸੈਂ ਚਾਰ ਪਦਾਰਥ ਸਿੱਖਨ ਨਿਸੰਕ।
ਇਸੀ ਤੌਰ ਬਿਚਰਤ ਲਖਿ[1] ਸਤਿਲੁਜ, [1]ਲੰਘ ਕੇ।
ਪੁਨ ਗੁਰੁ ਆਏ ਪੁਰ ਕਰਤਾਰ।
ਪਤਨੀ ਪੁੱਤ੍ਰ ਪਤੋਹੂ[1] ਪੌਤ੍ਰ, [1]ਨੂੰਹਾਂ।
ਪ੍ਰਤੀਖਤ ਥੋ[1] ਜਹਿਂ ਸਭ ਪ੍ਰਵਾਰ ॥ ੬ ॥ [1]ਉਡੀਕਦਾ ਸੀ।
ਚਹਿਤ ਕਹਿਤ ਮੈਂ ਜਯੋਂ ਕਿਸਾਨ ਘਨ ਬਾਰਸ਼,
ਚੱਕ੍ਰਵਾਕ ਜਿਮ ਸੂਰ ਉਭਾਰ[1]। [1]{ਕਹਤ} ਔੜ ਵਿੱਚ ਕਿਸਾਨ ਬਦਲ ਦੀ ਵਰਖਾ ਅਤੇ ਚਕਵਾ (ਚਕਵੀ) ਸੂਰਜ ਦਾ ਚੜ੍ਹਾ ਚਾਹੁੰਦਾ ਹੈ।

ਮਿਲੇ ਪਰਸਪਰ ਮੋਦ ਮਾਨ ਮਨਿ,
ਜਥਾ ਜੋਗ ਗੁਰੁ ਕਿਯ ਸਭ ਕਾ ਸਿਤਕਾਰ।
ਨਿਜ ਜਨ ਪਰ ਜਨ ਸਿੱਖ ਸੇਵਕ ਘਨ,
ਜਨ ਚਕੋਰ ਗਨ ਗੁਰੁ ਪੂਰਨ ਸਸਿ ਕੋ ਰਹੇ ਨਿਹਾਰ।
ਦੇਸ ਦੇਸ ਤੈ ਲੈ ਸਿਖੱਨ ਕੋ,
ਅਏ ਮਸੰਦ ਬ੍ਰਿੰਦ ਗਹਿ ਸਾਰ[1] ॥ ੭ ॥ [1]ਖ਼ਬਰ ਸੁਣ ਕੇ।
ਕਹੈਂ ਪਰਸਪਰ ਸੁਜੱਸ ਗੁਰੂ ਕਾ,
ਜੰਗ ਸ਼ਾਹਿਜਹਾਂ ਸੰਗ ਕੀਨੇ ਜੈਸ।
ਮੀਰੀ ਪੀਰੀ ਕੋ ਮਾਲਕ ਗੁਰੁ,

DIrj bIrjvMq[1] n hoXo koAU kbhUM aYs[

[1]ਬਲਵਾਨ।

ਸੌਢਬੰਸ ਸਿੰਧ ਤੈ ਸਸਿ[1] ਇਕਰਸ,
ਪ੍ਰਗਟੇ ਸਾਚੇ ਪਾਤਸਾਹ ਯਹਿ ਠੀਕ।
ਦੇਗ ਤੇਗ ਕੇ ਧਨੀ ਬਲੀ ਬਡ,
ਹਲਤ ਪਲਤ ਮੈ ਰੱਖਕ ਸਿੱਖ ਗਨ ਨੀਕ ॥ ੮ ॥
ਫਤੇ ਰਕਾਬ ਸੰਗ ਰਹਿ ਇਨਹੂੰ,
ਗੁਰੁ ਘਰ ਕਾ ਦੋਸ਼ੀ ਨਹਿਂ ਛੋਡਜੋ ਕੋਇ।
ਸ਼ਾਹਿਜਹਾਂ ਡਰਿ ਲਰਨ ਦਯੋ ਛੱਡ,
ਜੋ ਆਯੋ ਚਢਿ ਮਾਰਯੋ ਸੋਇ।
ਐਸੀ ਬਾਤੈਂ ਬਹੁ ਬਖਜਾਤੈਂ,
ਕਰਿ ਕਰਿ ਪੁਨ ਪੁਨ ਦਰਸੈਂ ਗੁਰੁ ਕੋ ਚਾਹਿ।
ਭੀਰ ਰਹੇ ਗੁਰ ਤੀਰ[1] ਸਿੱਖਨ ਕੀ,
ਸੋਹਿਤ ਗੁਰੁ ਜਨ ਸਸਿ ਉਡਗਨ ਮਾਹਿਂ[1] ॥ ੯ ॥

[1]ਸੋਢ ਬੰਸ ਰੂਪ ਸਮੁੰਦਰ 'ਚੋਂ ਚੰਦ੍ਰਮਾ ਰੂਪ।

[1]ਪਾਸ, ਕੋਲ।

[1]ਬਹੁਤੇ ਤਾਰਿਆਂ 'ਚ ਚੰਦ।

ਦੋਹਰਾ:

ਏਕ ਦਿਵਸ ਨਿਜ ਮਹਲ ਮੈਂ,
ਗੁਰੂ ਕਰੀ ਸਬਿ ਬਾਤ।
ਬਿਧੀਆ ਲਜਾਯੋ ਅੱਸ੍ਵ ਜਿਮ,
ਜੰਗ ਭਯੋ ਬਖਜਾਤ ॥ ੧੦ ॥
ਗੁਰੁ ਪਤਨੀ ਸ੍ਰੀ ਨਾਨਕੀ,
ਸੁਨਿ ਗਾਥਾ ਬਿਸਮਾਇ।
ਬਿਧੀਏ ਕੋ ਪੇਖਨ ਚਹਜੋ,
ਸੋ ਗੁਰੁ ਲੀਓ ਬੁਲਾਇ ॥ ੧੧ ॥

ਨਿਸ਼ਾਨੀ ਛੰਦ:

ਕਰਿ ਬੰਦਨਾ ਬਿਧੀਏ ਪੁਨਾ,
ਸਬਿ ਬਾਤ ਸੁਨਾਈ।
ਜੈਸੇ ਲਜਾਯੋ ਅੱਸ੍ਵ ਥਾ,
ਪੁਨ ਭਈ ਲਰਾਈ।
ਸੁਨਿ ਮਾਤਾ ਹਸ ਖੁਸ਼ੀ ਹ੍ਵੈ,
ਪੁਨ ਕਹਿ ਸਿੱਖ ਹ੍ਵੈ ਕੈ।

ਤੈਂ ਚੋਰੀ ਕਜੋਂ ਨਹਿਂ ਤਜੀ,
ਉਨਿ ਬੰਦਨ ਕੈ ਕੈ ॥ ੧੨ ॥
ਕਹਜੋ ਮਾਤ ਮੈਂ ਏਕ ਦਿਨ,
ਬਹੁ ਭੈਂਸ ਚੁਰਾਈ।
ਖਬਰ ਪਾਇ ਵਾਹਰ[1] ਚਢੀ,
ਸੋ ਪਹੁੰਚੇ ਆਈ।
ਚੋਲੇ ਗਾਂਮ ਨਜੀਕ ਮੈਂ
ਸੋ ਛੱਪੜ ਬਾਰੀ[1]।
ਅਦਲੀ ਨਾਮ ਇਕ ਸਿਖ ਥਾ,
ਤਹਿਂ ਗੁਰੂ ਕਾ ਭਾਰੀ ॥ ੧੩ ॥
ਮੈਂ ਤਿਸ ਕੇ ਢਿਗ ਜਾਇ ਕੈ,
ਸਬਿ ਭੇਤ ਬਤਾਯੋ।
ਕਹੇ ਤਾਂਹਿ ਕੇ ਮੈਂ ਪੁਨਾ,
ਗੁਰੁ ਅਰਜਨ ਧਜਾਯੋ।
ਕਾਰੀ ਤੈ ਭੂਰੀ ਭਈ[1]
ਸੋ ਭੈਂਸਾਂ ਸਾਰੀ।
ਨਹਿਂ ਪਛਾਨ ਮਾਲਕ ਸਕੇ,
ਤਜ ਗਏ ਪਿਛਾਰੀ ॥ ੧੪ ॥
ਸੋਊ ਭੈਂਸ ਮੈਂ ਬੇਚ ਕੈ*,

ਅਦਲੀ ਸੰਗ ਜਾਈ।
ਅਜ਼ਮਤ ਪਿਖਿ ਬਡ ਗੁਰੂ ਕੀ,
ਪਕਰੀ ਸਰਨਾਈ।
ਸਤਿਨਾਮੁ ਉਪਦੇਸ ਦੈ,
ਗੁਰੁ ਪੁਨ ਮਮ ਰਰਜੋ[1]।
ਚੋਰੀ ਯਾਰੀ ਆਦਿ ਲੌ,
ਮੰਦ ਕਰਮ ਨ ਕਰਜੋ ॥ ੧੫ ॥
ਮੈਂ ਪੁਨ ਦੋ ਕਰ ਜੋਰ ਕੈ

[1]ਚੋਰ ਨੂੰ ਫੜਨ ਲਈ ਮਗਰ ਚੱਲੀ ਕੁਝ ਬੰਦਿਆਂ ਦੀ ਟੋਲੀ।

[1]ਛੱਪੜ ਵਿੱਚ ਵਾੜ ਦਿੱਤੀਆਂ।

[1]ਕਾਲੀਆਂ ਤੋਂ ਬੂਰੀਆਂ ਹੋ ਗਈਆਂ।

*ਹੋਰ ਸਿੱਖ ਇਤਿਹਾਸ ਦੀਆਂ ਪੁਸਤਕਾਂ ਵਿੱਚ ਲਿਖਿਆ ਹੈ ਕਿ ਮੱਝਾਂ ਵੇਚੀਆਂ ਨਹੀਂ, ਸਗੋਂ ਭਾਈ ਅਦਲੀ ਜੀ ਦੇ ਕਹਿਣ 'ਤੇ ਦਿਨ ਚੜ੍ਹਨ ਤੋਂ ਪਹਿਲਾਂ ਅਨ੍ਹੇਰੇ ਵਿੱਚ ਹੀ ਉਹ ਮੱਝਾਂ ਬਿਧੀ ਚੰਦ ਮਾਲਕਾਂ ਦੇ ਪਿੰਡ ਕੋਲ ਛੱਡ ਆਇਆ ਸੀ ਜਿੱਥੋਂ ਉਹ ਆਪੋ ਆਪਣੇ ਘਰੀਂ ਚਲੀਆਂ ਗਈਆਂ।

[1]ਮੈਨੂੰ ਕਿਹਾ।

ਇਹੁ ਅਰਜ਼ ਸੁਨਾਈ।
ਚੋਰੀ ਕੀ ਮੁਹਿ ਬਾਂਨ ਹੈ[1],
ਨਹਿ ਹਟੈ ਗੁਸਾਂਈ।
ਗੁਰੂ ਕਹਜੋ ਜਬਿ ਨਹਿਂ ਹਟੈ,
ਤਬ ਹਿਤ ਉਪਕਾਰੇ।
ਚੋਰੀ ਕੀਜੋ ਧਨੀ ਕੀ,
ਦਿਹੁ ਗ੍ਰੀਬਨ ਭਾਰੇ ॥੧੬॥
ਤਬਿ ਤੇ ਮੈਂ ਬਡ ਧਨੀ ਕੇ,
ਘਰ ਕਰਿਹੋਂ ਚੋਰੀ।
ਆਜਜ਼[1] ਸੰਤ ਗ੍ਰੀਬ ਕੋ,
ਖੁਲਵੈਹੋਂ ਹੋਰੀ[1]।
ਇਕ ਦਿਨ ਏਕ ਬ੍ਰਹਮਨੀ,
ਰੰਡੀ ਨੇ ਪ੍ਰਾਹੋ[1]।
ਦੇਹੁ ਰਜਤਪਣ[1] ਪਾਂਚ ਸੌ
ਮੈਂ ਸੁਤਾ ਬਿਵਾਹੋਂ ॥੧੭॥
ਜਹਾਂਗੀਰ ਕੀ ਬੇਗਮਾਂ,
ਕਾ ਉਤ੍ਰਜੋ ਡੇਰਾ।
ਤਹਾਂ ਪਹੂਚਜੋ ਭੇਸ ਮੈਂ,
ਕਰਿ ਬੁਢੀਆ ਕੇਰਾ।
ਤੋੜ ਬਕਸ[1] ਕਾ ਜੰਦਰਾ
ਬਹੁ ਮਾਲ ਨਿਕਾਰਾ।
ਬਦਰਾ[1] ਲਜਾਯੋ ਏਕ ਹੀ,
ਤਜ ਆਯੋ ਸਾਰਾ ॥੧੮॥
ਬਹੁਤ ਲੋਕ ਪਕਰੇ ਗਏ,
ਤਿਹ ਚੋਰੀ ਬਦਲੇ।
ਮਾਰ ਕੂਟ ਬਹੁਤੈਂ ਪਰੀ,
ਬਡ ਮਾਚਜੋ ਜਦਲੇ[1]।
ਤਰਸ ਖਾਇ ਮੈਂ ਜਾਇ ਕੈ,
ਆਮਲ[1] ਕੇ ਪਾਸੈਂ।
ਸਬਿ ਜਨ ਔਰ ਛੁਡਾ ਦਏ,

[1]ਆਦਤ।
[1]ਲੋੜਵੰਦ।
[1]ਹੋਰਨਾ (ਯਤੀਮਾਂ) ਨੂੰ।
[1]ਕਿਹਾ।
[1]ਰੁਪਏ।
[1]ਸੰਦੂਕ।
[1]ਥੈਲੀ, ਤੋੜਾ।
[1]ਰੌਲਾ ਪੈ ਗਿਆ।
[1]ਹਾਕਮ।

ਸਚੁ ਕਹਿ ਕੈ ਖਾਸੈਂ[1] ॥੧੯॥
ਤੱਜਬ[1] ਰਹਿ ਆਮਲ ਪੁਨਾ,
ਢਿਗ ਸ਼ਾਹਿ ਪੁਚਾਯੋ।
ਹ੍ਵੈ ਬਿਧੱੜਕ ਢਿਗ ਸ਼ਾਹਿ ਕੈ,
ਮੈਂ ਸਚ ਸਬਿ ਗਾਯੋ।
ਹੀਰਾ ਮੋਤੀ ਸ੍ਵਰਨ ਲੌ,
ਲਾਖਨ ਕੀ ਮਾਯਾ।
ਸਬ ਤਜਿ ਤੈਂ ਕਜੋਂ ਏਕ ਹੀ
ਬਦਰਾ ਓਠਾਯਾ ॥੨੦॥
ਮੈ ਭਾਖਜੋ ਅਰਜਨ ਗੁਰੂ,
ਮੁਝ ਤਈ ਦਿਢਾਯੋ।
ਚੋਰੀ ਬਿਨ ਪਰ ਹੇਤ ਕੇ[1],
ਨਹਿ ਕਬੀ ਕਰਾਯੋ।
ਇਸ ਹਿਤ ਮੈਂ ਰਜਤਪਣ
ਸੈ ਪੰਜ ਉਠਾਯੋ।
ਮਾਗਜੋ ਜਿਤਨਾ ਬ੍ਰਹਮਨੀ,
ਉਤਨਾ ਹੀ ਲਜਾਯੋ ॥੨੧॥
ਬਾਤ ਏਹੁ ਸੁਨਿ ਸ਼ਾਹਿ ਨੈ,
ਖੁਸ਼ ਹ੍ਵੈ ਮੋਹਿ ਛੋਰਾ।
ਧੰਨਜ ਗੁਰੂ ਧੰਨਜ ਸਿੱਖ ਤੂੰ,
ਸ਼ਹਿ ਕਹਜੋ ਬਹੋਰਾ[1] ॥੨੨॥
ਦੋਹਰਾ:
ਇਸੀ ਤੌਰ ਇਕ ਔਰ ਤਿਯ,
ਨਿਧਨੀ ਭਈ ਪ੍ਰਸੂਤ[1]।
ਬਨੀਏ ਧਨੀਏ ਕੀ[1] ਕਰੀ,
ਚੋਰੀ ਜਾਇ ਅਛੂਤ[1] ॥੨੩॥
ਹੇਤ ਗੁਜਾਰੇ ਤਾਂਹਿ ਕੋ,
ਲਜਾਇ ਮਾਲ ਬਹੁ ਦੀਨ।
ਐਸੇ ਹੀ ਉਪਕਾਰ ਹਿਤ,
ਚੋਰੀ ਮੈਂ ਬਹੁ ਕੀਨ ॥੨੪॥

[1]ਆਪ।
[1]ਹੈਰਾਨ।
[1]ਪਰਉਪਕਾਰ ਤੋਂ ਬਿਨਾਂ।
[1]ਪੁਨਾ, ਫੇਰ।
[1]ਕੰਗਾਲ ਇਸਤ੍ਰੀ ਨੂੰ ਬੱਚਾ ਜੰਮਿਆ।
[1]ਧਨੀ ਬਾਣੀਏ ਦੇ।
[1]ਲੁਕ ਕੇ।

ਨਿਸ਼ਾਨੀ ਛੰਦ:

ਮਾਤ ਨਾਨਕੀ ਬਾਤ ਸੁਨਿ, ਹਸ ਐਸ ਉਚਾਰਾ।
ਬਿਧੀ ਚੰਦ ਸੁਤ ਤੈਂ ਕਰੇ, ਜਸੋਂ ਬਹੁ ਉਪਕਾਰਾ।
ਨਿਜ ਗੁਰੁ ਕੋ ਜਸੋਂ ਲਜਾ ਦਏ, ਤੈਂ ਘੋੜੇ ਸ਼ਾਹੀ।
ਜ਼ੇਵਰ ਜੇ ਵਰ[1] ਤਜੋਂ ਮੁਝੇ, ਬੇਗਮ ਕੇ ਲਜਾਹੀ ॥੨੫॥

[1]ਜੇ ਚੰਗੇ ਗਹਿਣੇ।

ਤੋਹਿ ਤਬੈ ਮੈ ਮਾਨਹੋਂ, ਉਪਕਾਰੀ ਸਾਚਾ।
ਮਾਨ ਬੈਨ ਕਰਿ ਬੰਦਨਾ, ਚਾਲਜੋ ਮੁਦ ਮਾਚਾ[1]।
ਲਸ਼ਕਰ ਉਤਰਜੋ ਜਾ ਪਿਖਜੋ, ਢਿਗ ਗੋਇੰਦਵਾਲੈਂ।
ਨੂਰ ਜਹਾਂ ਬੇਗਮ ਹੁਤੀ, ਲਿਯ ਜਾਵਤ ਮਾਲੈਂ ॥੨੬॥

[1]ਅਨੰਦ 'ਚ ਮਸਤ ਹੋ ਕੇ।

ਪਿਖਿ ਖੁਸ਼ ਹ੍ਵੈ ਗੁਰੁ ਧਜਾਇ, ਕੈ ਇਕ ਕੋਹੇ ਲਾਗੇ[1]।
ਪਹਰ ਰਾਤ ਤੇ ਕੂਚ ਕੈ, ਵਹਿ ਚਾਲੀ ਆਗੇ।
ਹਥਨੀ ਪਰ ਬੇਗਮ ਚਢੀ, ਸੁਠ ਵੀਚ ਅੰਬਾਰੀ।
ਕਨਕ[1] ਡੱਬਾ ਭਰਿ ਜੇਵਰੈਂ, ਨਿਜ ਧਰਜੋ ਅਗਾਰੀ ॥੨੭॥

[1]ਇਕ ਕੋਹ ਨੇੜੇ।

[1]ਸੋਨੇ ਦਾ।

ਬਿਧੀਆ ਗੁਰੂ ਮਨਾਇ ਕੈ, ਹਥਨੀ ਸੰਗ ਹੂਆ।
ਹਥਨੀ ਕੇ ਪੀਛੇ ਚਢਜੋ, ਥਾ ਇਕ ਨਰ ਦੂਆ।
ਆਗੇ ਚਲਤ ਮਸਾਲਚੀ, ਸੰਗ ਪਹਰੂ ਗੌਰੈਂ[1]।
ਬਿਧੀਆ ਤਿਨ ਮੈਂ ਮਿਲ ਚਲਜੋ, ਨਹਿ ਜਾਨਜੋ ਔਰੈਂ ॥੨੮॥

[1]ਬਹੁਤੇ।

ਕਿਤਕ ਦੂਰ ਚਲ ਉਤਰਜੋ ਥਾ, ਚਢਜੋ ਜੁ ਪਾਛੇ।
ਵਹਿ ਪਿਸ਼ਾਬ ਕਰਨੇ ਥਿਰਜੋ[1], ਬਿਧੀਏ ਚਢ ਪਾਛੇ।
ਬੇਗਮ ਥੀ ਕੁਛ ਨੀਂਦ ਮੈਂ, ਇਹੁ ਡੱਬਾ ਲੈ ਕੈ।
ਝੱਟ ਹਥਨੀ ਤੈ ਉਤਰ ਕੈ, ਨਠ ਅਯੋ ਤਕੈ ਕੈ ॥੨੯॥

[1]ਰੁਕ ਗਿਆ, ਬੈਠ ਗਿਆ।

ਬੇਗਮ ਕਰੀ ਪੁਕਾਰ ਜੌ, ਪਾਛੈ ਬਹੁ ਧਾਏ।

Sri Satguru Jagjit Singh Ji eLibrary NamdhariElibrary@gmail.com

ਝਾਰਨ ਔ ਅੰਧਕਾਰ ਮੈਂ, ਯਹਿ ਉਨੈ ਨ ਪਾਏ[1]।
ਇਹੁ ਬਿਧਿ ਬਿਧੀਆ ਲੈ ਅਯੋ, ਡੱਬਾ ਢਿਗ ਮਾਈ।
ਜ਼ੇਵਰ ਅਦਭੁਤ ਦੇਖ ਕੈ, ਆਸੀਸ ਅਲਾਈ ॥ ੩੦ ॥

[1]ਇਹ ਬਿਧੀ ਚੰਦ ਉਨ੍ਹਾਂ ਨੂੰ ਨਾ ਲੱਭਾ।

ਸਿਰ ਤੋਂ ਲੈ ਨਖ ਤਕ[1] ਹੁਤੇ, ਪਹਰਨ ਕੇ ਜ਼ੇਵਰ।
ਜਰੇ ਜਵਾਹਰ ਜਗਮਗੈਂ, ਸਸਿ ਸੂਰਹਿਂ ਤੇ ਵਰ[1]।
ਪੁਨ ਜਬਿ ਗੁਰੁ ਮਹਲੀ ਅਏ, ਉਨ ਕੋ ਦਿਖਰਾਏ।
ਕੀਮਤ ਸਾਠਕ ਲਾਖ ਕੇ ਥੇ, ਪਿਖਿ ਬਿਸਮਾਏ ॥ ੩੧ ॥

[1]ਨਹੁੰਆਂ ਤੱਕ।
[1]ਚੰਦ ਸੂਰਜ ਤੋਂ ਵੀ ਚੰਗੇ ਚਮਕਦੇ ਹਨ।

ਲਜਾਵਨ ਬਿਧਿ ਬਿਧੀਏ ਕਹੀ, ਸੁਨਿ ਗੁਰ ਮੁਸਕਾਨੇ।
ਦੀਨੇ ਬਰ ਬਹੁ ਭਾਂਤਿ ਕੇ, ਖੁਸ਼ ਹੋਇ ਮਹਾਂਨੇ।
ਜਦਜਪਿ ਅਧਿਕ ਅਮੋਲ ਥੇ, ਵਹਿ ਜ਼ੇਵਰ ਭਾਰੇ।
ਅੰਗ ਤੁਰਕਨੀ ਕੇ ਲਗੇ, ਇਹੁ ਮਾਤ ਵਿਚਾਰੇ ॥ ੩੨ ॥

ਪੈਦੇ ਖਾਂ ਕੀ ਤੀਆ ਕੋ, ਕੁਛ ਬਾਬਕ ਤੀ ਕੋ[1]।
ਬਖਸ਼ ਦਏ ਪੁਨ ਮਾਤ ਨੇ, ਤਬਿ ਸਬਿ ਉਨ ਹੀ ਕੋ।
ਵਸਤੂ ਏਤਕ ਮੋਲ ਕੀ, ਕੋ ਦੇਤ ਬਖਜਾਤਾ।
ਗੁਰੁ ਘਰ ਸਮ ਗੁਰੁ ਘਰ ਅਹੇ, ਨਹਿਂ ਔਰੈਂ ਦਾਤਾ ॥ ੩੩ ॥

[1]ਇਸਤ੍ਰੀ ਨੂੰ।

ਦੋਹਰਾ:
ਇਤਜਾਦਿਕ ਬਿਬਧਾ[1] ਕਰੇ,
ਬਿਧੀਏ ਅਦਭੁਤ[1] ਕਾਂਮ।
ਸ੍ਰੀ ਗੁਰੁ ਪੁਰ ਕਰਤਾਰਰਹਿਂ,
ਪੁਰਵਹਿਂ ਦਾਸਨ ਕਾਮ[1] ॥ ੩੪ ॥

[1]ਅਨੇਕ ਤਰ੍ਹਾਂ ਦੇ।
[1]ਅਸਚਰਜ।
[1]ਕਾਮਨਾ।

ਹਾਕਲਾ ਛੰਦ:
ਸਿੱਖ ਦੇਸ ਦੇਸ ਤੈ ਆਵੈਂ।
ਧਨ ਬਹੁ ਗੁਰੁ ਕੋ ਅਰਪਾਵੈਂ।

ਕਰਿ ਦਰਸ਼ਨ ਮੋਦ ਬਢੈ ਕੈ।
ਘਰ ਜਾਂਹਿ ਚਾਰ ਫਲ ਪੈ ਕੈ ॥ ੩੫ ॥
ਇਮ ਨਿਤ ਬਿੱਤ[1] ਆਇ ਅਪਾਰੈਂ। [1]ਧਨ।
ਤਿਮ ਖਰਚ ਕਰੈਂ ਗੁਰੁ ਭਾਰੈਂ।
ਜਿਮ ਗੰਗਾ ਨੀਰ ਬਹੰਤਾ[1]। [1]ਵਗਦਾ ਹੈ।
ਤਿਮ ਚਲੈ ਬਿਹਾਰ ਸੁਤੰਤਾ[1] ॥ ੩੬ ॥ [1]ਸੁਤੰਤਰ।
ਪੁਨ ਮਾਘ ਮਾਸ ਸ ਉਛਾਹੂ[1]। [1]ਉਤਸ਼ਾਹ ਨਾਲ।
ਕਿਯ ਤੇਗ ਬਹਾਦਰ ਬਜਾਹੂ।
ਫਿਰ ਇਨ ਹੀ ਦਿਨੋ ਮਝਾਰਾ।
ਇਕ ਅਯੋ ਸੁਦਾਗਰ ਭਾਰਾ ॥ ੩੭ ॥
ਸਿਖ ਗੁਰੁ ਕਾ ਸਾਦਿਕ[1] ਪੂਰਾ। [1]ਸਿਦਕ ਵਾਲਾ।
ਉਨਿ ਦਰਬ ਚਢਾਯੋ ਰੂਰਾ[1]। [1](ਤੇ) ਸੁੰਦਰ (ਚੀਜ਼ਾਂ)।
ਇਕ ਅਸ੍ਵ ਅਮੋਲਕ ਦੀਆ।
ਜਿਸ ਕੇ ਸਮ ਨਹਿਂ ਜਗ ਬੀਆ[1] ॥ ੩੮ ॥ [1]ਦੂਜਾ।
ਇਕ ਪੋਸ਼ਸ਼[1] ਕੀਮਤ ਭਾਰੀ। [1]ਪੁਸ਼ਾਕ।
ਹਥਜਾਰ ਪਾਂਚ ਸੰਗਾਰੀ।
ਅਰਪੇ ਗੁਰੁ ਕੋ ਮੁਦ ਪਾਏ।
ਬਰ ਬਾਂਛਤ ਪਾਇ ਸਿਧਾਏ ॥ ੩੯ ॥
ਵਹਿ ਵਸਤੁ ਸਬੀ ਜਗ ਸਾਂਈ।
ਬਖਸ਼ੀ ਪੈਦੇ ਖਾਂ ਤਾਂਈ।
ਉਨਿ ਬਸਤ੍ਰ ਸ਼ਸਤਰ ਸਜ ਕੈ।
ਵਹਿ ਅਸ੍ਵ ਕੁਦਾਯੋ ਰਜ ਕੈ ॥ ੪੦ ॥
ਲਘੁ[1] ਛਾਲ ਬਡੀ ਕਰਵਾਏ। [1]ਛੋਟੀ।
ਜਿਹ ਪਿਖਿ ਨਟ ਹਰਨ ਲਜਾਏ।
ਦੌਰੇ ਤਜਿ ਪੌਨ ਪਿਛੈ ਹੈਂ।
ਨਹਿ ਪੰਖੀ ਸਕਤ ਮਿਲੈ ਹੈਂ ॥ ੪੧ ॥
ਅਸ ਚੁਸਤਿ ਚਲਾਕ ਫਿਰਾਏ।
ਮਛਰੀ ਮਾਮੋਲ ਲਜਾਏ[1]। [1]ਮੱਛੀ ਤੇ ਮਮੇਲਾ ਸ਼ਰਮਿੰਦੇ ਹੋਏ।
ਜਨ ਨੈਨ ਨਾਗਰੀ[1] ਤੀਖੇ। [1]ਇਸਤ੍ਰੀ ਦੇ।
ਉਸ ਹੀ ਤੇ ਪਲਟਨ ਸੀਖੇ ॥ ੪੨ ॥

ਸਬਿ ਪੇਖਿ ਪੇਖਿ ਬਿਸਮਾਹੀ।
ਕਹਿਂ ਅੱਸ੍ਰ ਬਿਕੀਮਤ ਆਹੀ।
ਗੁਰੁ ਵਸਤੁ ਦਈ ਬਡ ਜੈਸੋ।
ਹੰਕਾਰ ਬਢਜੋ ਤਿਹ ਤੈਸੋ ॥ ੪੩ ॥
ਨਿਜ ਮਿੱਤ੍ਰ ਸਬੰਧਿਨ ਪਾਹੇ[1]। [1]ਕੋਲ।
ਪੈਦੇ ਖਾਂ ਐਸ ਪਰਾਹੇ[1]। [1]ਕਹਿੰਦਾ ਹੈ।
ਬਡ ਬਲੀ ਬੀਰ ਮਮ ਸਾਂਨੀ[1]। [1]ਮੇਰੇ ਵਰਗਾ।
ਨਹਿਂ ਹੈ ਜਗ ਮੈਂ ਕਿਤ ਆਂਨੀ[1] ॥ ੪੪ ॥ [1]ਹੋਰ।
ਗੁਰੁ ਢਿਗ ਤੋ ਦੂਜੋ ਕੋ ਹੈ।
ਨਹਿਂ ਪਾਦਸ਼ਾਹਿ ਪੈ ਹੋ ਹੈ।
ਯਾਹੀ ਤੇ ਗੁਰੁ ਮੋਹਿ ਦੈ ਹੈਂ।
ਜੋ ਆਛੀ ਵਸਤੂ ਐ ਹੈਂ ॥ ੪੫ ॥
ਜੇ ਗੁਰੁ ਨ ਰਖੈਂ ਮੁਹਿ ਰਾਜੀ।
ਤੌ ਮੈਂ ਉਲਟੈ ਹੋਂ ਬਾਜੀ[1]। [1]ਖੇਡ।
ਵਹਿ ਬਢਜੋ ਤਾਹਿ ਹੰਕਾਰਾ।
ਜਿਹ ਗਰਬ[1] ਲੰਕਪਤਿ[2] ਮਾਰਾ ॥ ੪੬ ॥ [1]ਹੰਕਾਰ ਨੇ। [2]ਰਾਵਣ।
ਸਭਿ ਕੌਰਵ ਯਾਦਵ ਨਾਸੇ।
ਹਰਣਾਖਸ ਕੰਸ ਬਿਨਾਸੇ।
ਅਬਿ ਪੈਦੇ ਖਾਂ ਭੀ ਮਰ ਹੈ।
ਹੰਕਾਰ ਤਾਂਹਿ ਤਿਹ ਹਰ ਹੈ[1] ॥ ੪੭ ॥ [1]ਮਾਰ ਦੇਵੇਗਾ।
ਗੁਰੁ ਖੇਲ ਬਾਲਕਨ ਵਾਰੀ।
ਰਚਿ ਖੇਲਤਰੂਪ ਮੁਰਾਰੀ[1]। [1]ਪ੍ਰਮੇਸ਼ਰ ਰੂਪ (ਸਤਿਗੁਰੂ)।
ਅਬਿਰਣ ਠਟ[1] ਇਸ ਹੀ ਦ੍ਵਾਰੇ। [1]ਜੰਗ ਕਰਕੇ।
ਬਹੁ ਤੁਰਕਨ ਤਈਂ ਸੰਘਾਰੈਂ ॥ ੪੮ ॥
ਸਬਿ ਸਾਚ ਸਜਾਨੇ ਕੈ ਹੈਂ।
ਬਿਨੁ ਪਾਤ੍ਰ[1] ਵਸਤੁ ਨਰੈ ਹੈ। [1]ਭਾਂਡੇ ਬਿਨਾਂ।
ਦੁੱਧ ਸੀਹਣੀ[1] ਨਾਹਿ ਰਹਾਹੀ। [1]ਸ਼ੇਰਨੀ ਦਾ।
ਬਿਨ ਸੁਇਨੇ ਪਾਤ੍ਰ ਕਾਹੀ[1] ॥ ੪੯ ॥ [1]ਕਿਸੇ (ਹੋਰ ਭਾਂਡੇ) ਵਿੱਚ।
ਲਘੁ ਬਰਤਨ ਮੈਂ ਵਥੁ ਜਸਾਦੇ।
ਜੇ ਪਰੈ ਤੁ ਜੈਹੈ ਬਾਦੇ[1]। [1]ਬਿਅਰਥ।

Sri Satguru Jagjit Singh Ji eLibrary NamdhariElibrary@gmail.com

ਪੁਨ ਸ੍ਰਾਂਤਿ[1] ਸਰਪ ਮੁਖ ਜੈਸੇ। [1]ਸ੍ਰਾਂਤੀ ਬੂੰਦ।
ਹ੍ਵੈ ਜ਼ਹਿਰ ਇਹਾਂ ਭਯੋ ਤੈਸੇ ॥ ੫੦ ॥

ਦੋਹਰਾ:

ਬਖਸ਼ੀ ਪੈਦੇ ਖਾਂਨ ਕੋ,
ਜਿਤਕ ਵਸਤ ਗੁਰੁ ਨੀਕ।
ਇਹੀ ਪਹਿਨ ਤੁਮ ਆਈਓ,
ਹਮਰੇ ਢਿਗ ਨਿਤ ਠੀਕ ॥ ੫੧ ॥
ਸ਼ਸਤ੍ਰ ਬਸਤ੍ਰ ਅਸ੍ਵ ਸਹਿ,
ਸੋ ਸਬਿ ਤਾਂਹਿ ਦਮਾਦ[1]। [1]ਜਵਾਈ।
ਉਸਮਾਂਨ ਖਾਨ ਨੇ ਲੈ ਲਏ,
ਕਰ ਕੈ ਅਧਿਕ ਬਿਖਾਦ[1] ॥ ੫੨ ॥ [1]ਝਗੜਾ।

ਕਬਿੱਤ:

ਪੈਂਦੇ ਖਾਂ ਕੀ ਤੀਆ ਨਿਜ ਪੀਆ ਤੈ[1] ਦਿਲਾਇ ਦੀਆ, [1]ਆਪਣੇ ਪਤੀ (ਪੈਂਦੇ ਖਾਂ) ਤੋਂ।
ਬਖਸ਼ੀਆ ਗੁਰੂ ਕਾ ਜਮਾਈ ਕੋ ਸਮਾਨ ਹੈ।
ਅਕਟ[1] ਬਿਕਟ[2] ਬਲਵਾਂਨ ਜ੍ਵਾਂਨ ਮਹਾਂ ਭਟ, [1]ਨਾ ਕੱਟਿਆ ਜਾਣ ਵਾਲਾ। [2]ਬਹੁਤਾ ਸਖ਼ਤ।
ਕਟੈ ਨ ਕ੍ਰਿਪਾਂਨ ਜੇ ਨ ਮਾਨੈ ਕਾਨ ਆਨ[1] ਹੈਂ। [1]ਜਿਹੜਾ ਹੋਰ ਕਿਸੇ ਦੀ ਕਨੌਡ ਨਹੀਂ ਮੰਨਦਾ।
ਤੇਊ[1] ਤੀਆ ਕੀ ਜੁਬਾਨ ਕੋਮਲ ਕ੍ਰਿਪਾਨ, [1]ਉਨ੍ਹਾਂ ਨੂੰ।
ਕਾਟ ਕਰ ਹੈਂ ਅਧੀਨ ਨਿਜ ਦੀਨ ਖ੍ਵੈਂ ਇਮਾਨ[1] ਹੈਂ। [1]ਆਪਣਾ ਧਰਮ ਤੇ ਈਮਾਨ ਗਵਾ ਕੇ।
ਤੈਸੇ ਅਬਿ ਪੈਦੇ ਖਾਂਨ ਨਾਰੀ ਜੀਤ ਖ੍ਵੈ ਸਮਾਨ[1], [1](ਗੁਰੂ ਕਾ ਬਖ਼ਸ਼ਿਆ) ਸਾਮਾਨ ਗਵਾ ਕੇ।
ਗੁਰੂ ਪੈ ਨ ਆਯੋ ਅਤਿ ਹੋਇ ਲਜਜਾਵਾਨ ਹੈ ॥ ੫੩ ॥

ਪੁਨਾ ਏਕ ਦਿਨ ਗੁਰੁਦਿੱਤਾ ਜੀ ਸ਼ਿਕਾਰ ਗਏ,
ਸੁਕਲ ਸਿਚਾਨਾ[1] ਉਸਮਾਂਨ ਖਾਨ ਨੈ ਗਹਯੋ। [1]ਚਿੱਟਾ ਬਾਜ।
ਪੈਦੇ ਖਾਂਨ ਕੋ ਬੁਲਾਇ ਗੁਰੂ ਭੀ ਰਹੇ ਮੰਗਾਇ,
ਗਏ ਹੈਂ ਮੁਕਰ ਸਾਇ ਭਾਖੈਂ ਹਮ ਨਾ ਲਹਯੋ[1]। [1]ਉਹ (ਸਾਰੇ) ਆਖਦੇ ਹਨ ਕਿ ਅਸਾਂ (ਤਾਂ) ਦੇਖਿਆ ਹੀ ਨਹੀਂ।
ਕਹਯੋ ਗੁਰ ਸਹਜ ਭਾਇ ਕੂਰ ਨਾ ਅਲਾਇ[1], [1]ਝੂਠ ਨਾ ਕਹੁ।
ਹੋਨਹਾਰ ਨੈ ਫਿਰਾਇ ਦਈ ਮਤਿ ਯੌਂ ਕਹਯੋ।

Sri Satguru Jagjit Singh Ji eLibrary NamdhariElibrary@gmail.com

ਕਸਮ ਤਿਹਾਰੋ ਬਾਜ ਹਮੇਂ ਨਾ ਨਿਹਾਰੋ,
ਤੁਮ ਤੁਹਮਤ[1] ਉਚਾਰੋ ਕੂਰ ਗੁਰੂ ਪੀਰ ਹ੍ਵੈ ਅਹਜੋ[2]

[1]ਝੂਠੀ ਊਜ। [2]ਇਹੋ ਜੇਹੇ ਗੁਰੂ ਪੀਰ ਹੋ ਕੇ।

॥ ੫੪ ॥

ਤਬੈ ਗੁਰੂ ਗੁੱਸਾ ਖਾਇ ਬਿਧੀ ਚੰਦ ਕੋ ਪਠਾਇ,
ਤਾਂ ਕੇ ਘਰ ਤੈ ਮੰਗਾਇ ਸਭਾ ਮੈਂ ਦਿਖਾਯੋ ਹੈ।
ਐ ਪੈ ਪੈਦੇ ਖਾਂਨ ਢੀਠ ਕਹਜੋ ਪੁਨ ਹਠ ਪੀਠ[1],
ਆਪ ਹੀ ਲੁਕਾਯੋ ਤੁਮ ਆਪ ਬਿਦਤਾਯੋ ਹੈ।
ਗੁਰੂ ਕਹਜੋ ਨਿਮਕ ਹਰਾਮੀ ਪਾਪੀ ਮੂਢ,
ਤੈਂ ਤੋ ਕੂਰੀ ਸੌਂਹ ਖਾਈ ਚੋਰ ਚਤਰ ਕਹਾਯੋ ਹੈ।
ਐਸੇ ਕਹਿ ਗੁੱਸਾ ਖਾਇ ਸਿੱਖਨ ਤੈ ਕੁਟਵਾਇ,
ਇਜ਼ਤ ਗਮਾਇ[1] ਸਭਾ ਮੈਂ ਸੇ ਨਿਕਰਾਯੋ ਹੈ

[1]ਬਹੁਤਾ ਹਠ ਕਰਕੇ।

[1]ਇੱਜ਼ਤ ਲਾਹ ਕੇ।

॥ ੫੫ ॥

ਦੁਖੀ ਹੋਇ ਘਰ ਜਾਇ ਹਾਲ ਸਬ ਹੀ ਸੁਨਾਇ,
ਕਹਜੋ ਸ਼ਾਹੀ ਫ਼ੌਜ ਲਜਾਇ ਗੁਰੂ ਕੌ ਗਹਾਇ ਹੈ[1]।
ਤਾਂ ਕੀ ਲਾਗ ਆਗ ਕੋ ਬਢਾਯੋ ਪੌਨ ਉਸਮਾਂਨ[1],
ਬਸੀਆਂ ਤੈਂ[1] ਭਾਈਚਾਰਾ ਲੀਓ ਸੰਗ ਜਾਇ ਹੈ।
ਸੂਬਾ ਥੋ ਕੁਤਬ ਦੀਂ ਬਿਰਾਦਰ[1] ਜਲੰਧਰ ਮੈਂ,
ਤਾਂ ਕੇ ਢਿਗ ਗਯੋ ਧਾਇ ਹੇਤ ਜੌ ਸਹਾਇ ਹੈ।
ਤਾਂਹਿ ਸਮਝਾਯੋ ਪੈਦੇ ਖਾਂਨ ਤੈ ਬੁਰਾ ਕਮਾਯੋ,
ਐਸੇ ਵਲੀ ਨਜਾਮਤ ਸੋਂ[1] ਬੈਰ ਤੂੰ ਬਢਾਇ ਹੈ

[1]ਪਕੜਾਂਵਾਂਗਾ।

[1]ਤਿਸ (ਪੈਂਦੇ ਖਾਂ) ਦੀ ਦੁਸ਼ਮਣੀ ਰੂਪ ਅੱਗ ਨੂੰ (ਉਸ ਦੇ ਜਵਾਈ) ਉਸਮਾਨ ਖਾਨ ਰੂਪ ਹਵਾ ਨੇ ਵਧਾਇਆ।

[1]ਬਸੀਆਂ (ਨਾਮ ਦੇ ਪਿੰਡਾਂ) ਤੋਂ।

[1]ਭਰਾ।

[1]ਬਖਸ਼ਸ਼ਾਂ ਦੇ ਮਾਲਕ ਨਾਲ।

॥ ੫੬ ॥

ਪੈਦੇ ਖਾਂ ਅਲਾਯੋ, ਤੈਂ ਭੀ ਗੁਰੂ ਕਾ ਕੜਾਹ ਖਾਯੋ,
ਸੂਬੇ ਕਹਜੋ ਬਾਤ ਨੱਕੇ ਨਕਟੇ ਕੀ ਤੂੰ ਕਹੀ[1]।
ਮੈਂ ਤੋ ਖਾਯੋ ਹੈ ਕਿ ਨਾਂਹੀ ਤੁਮ ਤੋ ਪਲੇ ਹੋ ਤਾਂਹੀ,
ਐ ਪੈ ਮੇਰੀ ਸਾਮ[1] ਆਇ ਜਾਤ ਭਾਈ ਤੈਂ ਲਹੀ।
ਮੱਦਤ ਬਨੈਗੀ ਜੈਸ ਕਰਿਹੋਂ ਮੈਂ ਤੇਰੀ ਤੈਸ,
ਜਾਹਿ ਫਰਜਾਦ ਕਰਿ ਸ਼ਾਹਿ ਪਾਸ ਤੂੰ ਸਹੀ।
ਗਏ ਸੋ ਲਹੌਰ ਫਰਜਾਦ ਕੀਨੀ ਗੌਰ ਤੌਰ[1],

[1]ਤੂੰ ਤਾਂ ਉਹ ਗੱਲ ਕਹੀ (ਜਿਵੇਂ) {ਨਕਟਾ} ਨੱਕ ਕਟਿਆ (ਬੰਦਾ) {ਨੱਕ} ਸਾਬਤ ਨੱਕ ਵਾਲੇ ਨੂੰ (ਨਕਟਾ ਕਹੇ)।

[1]ਸ਼ਰਨ।

[1]ਚੰਗੇ ਢੰਗ ਨਾਲ।

ਪੇਸ਼ ਇਨ ਕੀ ਵਜੀਰ ਖਾਂਨ ਜਾਨ ਦੈ ਨਹੀ[1] [1]ਪੇਸ਼ ਨਹੀਂ ਜਾਣ ਦਿੰਦਾ।
॥ ੫੭ ॥

ਚੌਪਈ:

ਆਖਰ ਹੋਇ ਲਚਾਰ ਅਪਾਰੇ[1]। [1]ਬਹੁਤੇ ਦੁਖੀ ਹੋ ਕੇ।
ਫਜਰ ਬਡੀ[1] ਸ਼ਹਿ ਦ੍ਵਾਰ ਬਿਚਾਰੇ। [1]ਵੱਡੇ ਤੜਕੇ।
ਬਾਂਸ ਸੰਗ ਮੁਰਗੀ ਬੰਧ ਖਰੇ।
ਕਰੀ ਚਿਕਾਵਨ[1] ਅਤਿ ਦੁਖ ਭਰੇ ॥ ੫੮ ॥ [1]ਮੁਰਗੀ ਤੋਂ ਚੀਕਾਂ ਮਰਵਾਈਆਂ।
ਸੁਨੀ ਫਰਜਾਦ ਸ਼ਾਹਿ ਤਿਨ ਕੇਰੀ।
ਪਿਖਜੋ ਵਜ਼ੀਰ ਖਾਂਨ ਦਿਸ ਹੇਰੀ।
ਖਾਂ ਵਜੀਰ ਕਰ ਜੋਰ ਵਖਾਨਾ।
ਮਦਰ ਪਦਨ ਬਿਨ[1] ਪੈਦੇ ਖਾਨਾ ॥ ੫੯ ॥ [1]ਮਾਂ ਪਿਉ ਤੋਂ ਬਿਨਾਂ।
ਰੁਲਤ ਫਿਰਤ ਇਹੁ ਗੁਰੁ ਢਿਗ ਗਯੋ।
ਦਯਾ ਧਾਰਿ ਗੁਰੁ ਪਾਰਨ ਕਯੋ[1]। [1]ਗੁਰਾਂ ਨੇ ਪਾਲਿਆ।
ਪਹਿਲਵਾਨ ਕਿਯ ਦੈ ਸੁ ਖੁਰਾਕੈਂ।
ਬਜਾਹ ਦਯੋ ਧਨੁ ਧਾਮ ਪੁਸ਼ਾਕੈਂ ॥ ੬੦ ॥
ਬਡਾ ਹੋਇ ਹੰਕਾਰ ਉਪਾਯੋ।
ਅਦਬ ਗੁਰੂ ਕਾ ਇਨ ਨ ਰਖਾਯੋ।
ਬਾਜ ਆਦਿ ਬਹੁ ਬਸਤੁ ਚੁਰਾਈ।
ਇਸ ਕੇ ਘਰੋਂ ਗੁਰੂ ਨਿਕਸਾਈ ॥ ੬੧ ॥
ਥੱਪੜ ਮਰਵਾਯੋ ਉਨਿ ਯਾਹੀ।
ਪਿਤਾ ਪੁਤ੍ਰ ਕੋ ਤਾੜਤ ਚਾਹੀ[1]। [1](ਸੁਧਾਰਨ ਦੀ) ਇੱਛਾ ਨਾਲ ਤਾੜਦਾ ਹੈ।
ਨਿਮਕ ਖਾਇ ਇਨ ਕੀਨ ਬੁਰਾਈ।
ਤਾਂ ਪਰ ਆਯੋ ਦਾਦ ਉਠਾਈ[1] ॥ ੬੨ ॥ [1]ਫ਼ਰਿਆਦ ਕਰਨ।
ਸੁਨਿ ਪਤਿਸ਼ਾਹਿ ਤੂਸ਼ਨੀ[1] ਭਯੋ। [1]ਚੁੱਪ।
ਇਸ ਕੋ ਬਹਿਰ ਨਿਕਾਰਨ ਕਯੋ।
ਕਈ ਮਾਸ ਪੈਦੇ ਖਾਂ ਰੁਲਾ।
ਪੁਨ ਅਸਵਾਰ ਪਾਂਚ ਸੌ ਖੁਲ੍ਹਾ[1] ॥ ੬੩ ॥ [1]ਖੁੱਲ੍ਹਾ ਭਾਵ ਪਿੰਡਾਂ ਵਾਲਿਆਂ ਦਾ।
ਭਾਈਅਨ ਕੋ ਲੈ ਸ਼ਾਹਿ ਪੌਰ ਪੈ[1]। [1]ਦਰਵਾਜ਼ੇ 'ਤੇ।
ਕਰੀ ਫਰਜਾਦ ਸੁ ਅਧਿਕ ਗੌਰ ਪੈ[1]। [1](ਆਪਣੇ ਵੱਲੋਂ) ਬਹੁਤਾ ਧਿਆਨ ਦੁਆਉਣ ਲਈ।
ਏਕ ਹਜਾਰ ਰਜਤਪਣ ਦੀਨਾ।

ਰਿਸ਼ਵਤ ਖ਼ਾਨ-ਸਲਾਂਮਤ ਲੀਨਾ ॥ ੬੪ ॥
ਸ਼ਾਹਿ ਪਾਸ ਉਨ ਜਾਇ ਖੜ੍ਹਾਯੋ[1]। [1]ਖੜਾ ਕੀਤਾ।
ਝੂਠ ਸਾਚ ਇਨ ਬਹੁਤ ਸੁਨਾਯੋ।
ਅਪਨੀ ਸੂਰ-ਬੀਰਤਾ ਭਾਰੀ।
ਬਲ ਭਲ ਕਹਿਂ ਪੁਨ ਐਸ ਉਚਾਰੀ ॥ ੬੫ ॥
ਤੀਨ ਵਾਰਿ ਮੈਂ ਗੁਰੂ ਜਿਤਾਯੋ।
ਸ਼ਾਹੀ ਫੌਜ ਤਈਂ ਬਹੁ ਘਾਯੋ[1]। [1]ਮਾਰਿਆ।
ਸੁੰਦ੍ਰ ਡੀਲ ਬੁਲੰਦ ਨਿਹਰ ਕੈ[1]। [1]ਸੁੰਦਰ (ਰੂਪ ਅਤੇ) ਉੱਚਾ ਕੱਦ ਵੇਖ ਕੇ।
ਬਲੀ ਬਿਸਾਲ ਸੁ ਬੀਰ ਬਿਚਰ ਕੈ ॥ ੬੬ ॥
ਬਿਬਿਧਾ[1] ਬਾਤ ਜੰਗ ਕੀ ਸੁਨ ਕੈ। [1]ਅਨੇਕ ਤਰ੍ਹਾਂ ਦੀਆਂ।
ਭੇਤੀ ਦੁਸ਼ਮਨ ਗੁਰੁ ਕਾ ਗੁਨ ਕੈ।
ਕਾਲੇ ਖਾਂਨ ਪਸ਼ੌਰੀ ਸੂਬਾ।
ਹੁਤੋ ਮਜੂਦ[1] ਬਹਾਦਰ ਖੂਬਾ ॥ ੬੭ ॥ [1]ਕੋਲ ਸੀ।
ਅਬਦੁੱਲ ਖਾਂ ਖੋਜਾ ਕਿਯ ਤਜਾਰੇ।
ਜੰਗ ਜਿਨੋ ਨੇ ਜੀਤੇ ਭਾਰੇ।
ਤੀਸ ਹਜ਼ਾਰ ਚਮੂੰ ਸੰਗ ਦੈ ਕੈ।
ਪਠੇ ਪੁਨਾ ਬਡ ਇਜ਼ਤ ਕੈ ਕੈ ॥ ੬੮ ॥
ਕਹਾ ਗੁਰੂ ਕੋ ਪਕਰਿ ਲਜਾਵੋ।
ਨਹੀਂ ਤੁ ਲਰ ਕਰਿ ਰਣ ਮੈਂ ਘਾਵੋ।
ਸੂਬੇ ਜਾਲੰਧਰ ਕੋ ਲਿਖਯੋ।
ਤੁਮ ਭੀ ਸਬਿ ਬਿਧਿ ਮਦਦਰਖਯੋ ॥ ੬੯ ॥
ਦੋਹਰਾ:
ਪੈਦੇ ਖਾਂ ਅਰ ਸ਼ਾਹਿ ਕੀ,
ਗਾਥਾ ਦਈ ਸੁਨਾਇ।
ਸ੍ਰੀ ਹਰਿਗੋਬਿੰਦ ਚੰਦ ਕੀ,
ਸੁਨੋ ਇਤੈ ਸਤ ਭਾਇ[1] ॥ ੭੦ ॥ [1]ਸੱਚੀ ਵਿਚਾਰ।
ਦ੍ਵੈਯਾ ਛੰਦ:
ਸਭਾ ਸੁਧਰਮਾਂ ਵੀਚ ਸਿੰਘਾਸਨ,
ਸ੍ਰੀ ਗੁਰੁ ਸੋਭਿਤ ਇੰਦ੍ਰ ਮਨਿੰਦ[1]। [1]{ਸੁਧਰਮਾ} ਇੰਦ੍ਰ ਦੀ ਸਭਾ (ਵਰਗੀ ਸਿੱਖਾਂ ਦੀ) ਸਭਾ ਵਿੱਚ ਸਿੰਘਾਸਣ (ਉੱਪਰ) ਸ੍ਰੀ ਗੁਰੂ ਜੀ ਇੰਦ੍ਰ ਵਾਂਗ ਸੋਭਦੇ ਹਨ।

ਸਿੱਖ ਸੁਭਟ ਸਮ ਦੇਵਨ ਸੋਹਿਤ,
ਚਹੁੰ ਦਿਸ ਬਹੁ ਦੇਸਨ ਕੇ ਬ੍ਰਿੰਦ।
ਆਇ ਲਾਹੌਰੋਂ ਸਿੱਖ ਏਕ ਨੇ,
ਖਬਰ ਦਈ ਸਬਿ ਸਤਿਗੁਰੁ ਪਾਸ।
ਪੈਦੇ ਖਾਂਨ ਸੈਨ ਬਹੁ ਲਜਾਯੋ,
ਸੰਗ ਚਢਾਇ ਜੰਗ ਹਿਤ ਖਾਸ[1] ॥ ੭੧ ॥

[1]ਆਪ।

ਕਹਜੋ ਗੁਰੂ ਨਹਿ ਚਿੰਤ ਕਰੋ ਚਿਤ,
ਸ੍ਰੀ ਨਾਨਕ ਰਾਖੈਂ ਸਬਿ ਲਾਜ।
ਜੋ ਚਢ ਆਵੈਂ ਜਮ ਘਰ ਜਾਵੈਂ,
ਪਾਵੈਂ ਫਤੇ ਨ ਹ੍ਵੈ ਤਿਨ ਕਾਜ।
ਪੁਨ ਗੁਰੁ ਬਿਧੀ ਚੰਦ ਦਿਸ ਸਾਨੰਦ
ਹੇਰ[1], ਕਹਜੋ ਅਬਿ ਤੁਮ ਹੋਹੁ ਸੁਚੇਤ।

[1]ਅਨੰਦ ਸਹਿਤ ਦੇਖ ਕੇ।

ਆਵਤ ਚਮੂੰ ਚਢੀ ਜੋ ਅਰਿ ਕੀ,
ਕਰੋ ਸ਼ਿਕਾਰ ਤਾਂਹਿ ਮਧ ਖੇਤ ॥ ੭੨ ॥
ਜਾਤੀ ਮਲਕ, ਬਿਧੀ ਚੰਦ, ਲੱਖੂ ਆਦਿਕ,
ਬੀਰਨ ਤਜਾਰੀ ਦੀਨ ਕਰਾਇ।
ਦਾਰੂ[1] ਗੋਰੀ ਸ਼ਸਤ੍ਰ ਬਸਤ੍ਰ,
ਜਥਾ ਜੋਗ ਅਸ੍ਵ ਦੀਨੇ ਸਬਿਹਨਿ ਤਾਇਂ।

[1]ਬਰੂਦ।

ਭਈ ਖਬਰ ਜਬ ਜਬਰ[1] ਸਿੱਖਨ ਇਹੁ,
ਆਏ ਦੇਸ ਦੇਸ ਤੈ ਬਹੁਤੇ ਧਾਇ।

[1]ਜ਼ਬਰਦਸਤ।

ਅਰਪਿ ਉਪਾਇਨ[1] ਗੁਰੁ ਪਾਇਨ ਢਿਗ[2],
ਹੋਹਿਂ ਮੋਦ ਗੁਰ ਦਰਸ਼ਨ ਪਾਇ ॥ ੭੩ ॥

[1]ਭੇਟਾ। [2]ਚਰਨਾਂ ਪਾਸ।

ਕਹੈਂ ਗੁਰੂ ਕਿਨ ਤੁਮੈਂ ਬੁਲਾਯੋ,
ਹੈ ਇਹੁ ਜੰਗ ਜਾਨ ਬਾਜੀ ਲਿਹੁ ਜਾਨ।
ਕਹਿਂ ਸਿੱਖ ਜਾਂ ਦਿਨ ਸਿੱਖ ਭਏ ਹਮ,
ਤਾਂ ਦਿਨ ਅਰਪੇ ਸਿਰ ਗੁਰੁ ਆਗੇ ਆਨ।
ਅਬਿ ਕੁਛ ਨਵੇਂ ਨਹੀਂ ਹਮ ਦੈਨੇ,
ਹੈ ਤਨ ਮਨ ਧਨ ਸਬਿ ਸਤਿਗੁਰ ਕੇਰ।
ਗੁਰੂ ਸਿਦਕ ਬਖਸ਼ੈਂ ਜਿਸ ਕੋ,
ਸੋ ਗੁਰੂ ਕੀ ਵੱਥ ਅਰਪੈਂ ਗੁਰੁ ਕੋ ਹੋਇ ਦਲੇਰ

॥ ੭੪ ॥

ਇਮ ਸੁਨਿ ਕ੍ਰਿਪਾ ਦ੍ਰਿਸ਼ਟਿ ਬ੍ਰਿਸ਼ਟਿ[1] ਕਰਿ, [1]ਵਰਖਾ।
ਸਤਿਗੁਰੁ ਕੀਨੋ ਸਿੱਖਨ ਤਈਂ ਨਿਹਾਲ।
ਜਾਂ ਤੇ ਲਰੈਂ ਨਿਸੰਗ ਜੰਗ ਮੈਂ,
ਦੀਨੋ ਆਤਮ ਗਜਾਨ ਬਿਸਾਲ।
ਉਤ ਜਾਲੰਧਰ ਤੈ ਤੁਰਕਾਨੀ,
ਨਿਸ ਕੋ ਧਾਈ ਦਿਸ ਪੁਰ ਕਰਤਾਰ।
ਮਾਨੋ ਲੀਨ ਉਛਾਲਾ ਸਾਗਰ,
ਬੜਵਾਨਲ[1] ਗੁਰੁ ਊਪਰ ਭਾਰ ॥ ੭੫ ॥ [1]ਸਮੁੰਦਰ ਦਾ ਪਾਣੀ ਸਾੜਨ ਵਾਲੀ ਅੱਗ।
ਉਡਗਨ[1] ਚੰਦ ਨ ਪਰੈਂ ਦਿਖਾਈ, [1]ਤਾਰੇ।
ਉਡੀ ਧੂਲਿ ਛਾਯੋ ਨਭ ਭੌਨ[1]। [1]ਅਕਾਸ਼ ਰੂਪ ਘਰ।
ਕਿਧੌਂ ਉਮਡ[1] ਬਾਦਲ ਭਾਦਵ ਕੇ[2] [1]ਝੁਕ ਕੇ। [2]ਭਾਦ੍ਰੋਂ (ਦੇ ਮਹੀਨੇ) ਦੇ।
ਆਏ ਘੁਮਡ ਘੋਰ ਊਪਰ ਗੁਰੁ ਪੌਨ[1]। [1]ਉੱਛਲ ਕੇ ਤੇ ਗੱਜ ਕੇ ਗੁਰਾਂ ਰੂਪ ਹਵਾ ਦੇ ਉਪਰ ਆਏ।
ਬ੍ਰਿੰਦ ਤੁਰਕ ਦਲ ਸਲਭ ਮਨਿੰਦੈ[1], [1]ਟਿੱਡੀ ਦਲ ਵਾਂਗ।
ਸੁ ਹਰਿਗੋਬਿੰਦ ਸਿੰਧੈ ਪਰ[1] ਆਇ। [1]ਸਮੁੰਦਰ ਉਪਰ।
ਬੂਡ ਬੂਡ[1] ਸਗਰੇ ਮਰ ਜੈਹੈਂ, [1]ਡੁੱਬ ਡੁੱਬ ਕੇ।
ਪੈ ਹੈਂ ਪਾਰ ਨ ਪਾਉਂ ਲਗੈ ਹੈਂ ਕਾਇ ॥ ੭੬ ॥
ਮਗ ਮੈਂ ਮਲਕ ਦਤਾਰ ਮਿਲਜੋ,
ਲੈ ਜ੍ਵਾਂਨ ਪਾਚ ਸੌ, ਭਾਈ ਕੁਤਬਖਾਨ ਕੋ ਆਨ।
ਔਰ ਤੁਰਕਾਨੀ ਇਤ ਉਤ ਤੈ ਬਹੁ,
ਮਿਲੀ ਭਯੋ ਦਲ ਦੁਜਨ[1] ਮਹਾਂਨ ॥ ੭੭ ॥ [1]ਭਾਵ ਤੁਰਕਾਂ ਦਾ।

ਦੋਹਰਾ:

ਗੁਰੁ ਪੁਰ ਪਰ ਹਮਲਾ ਕਰਾ,
ਬਡੀ ਫਜਰ[1] ਤੁਰਕਾਂਨ। [1]ਵੱਡੇ ਤੜਕੇ।
ਖਬਰ ਪਾਇ ਗੁਰੁ ਭਟ ਘਨੇ,
ਅਰੇ ਅੱਗ੍ਰ ਬਲ ਠਾਂਨ ॥ ੭੮ ॥

ਪਾਧਰੀ ਛੰਦ:

ਗੁਰੁ ਪ੍ਰੋਹਤ ਜਾਤੀ ਮਲਕ ਬੀਰ।
ਲੱਖੂਮਲ, ਕਾਲਾ ਮਹਾਂ ਧੀਰ।
ਭਟ ਔਰ ਅਧਿਕ ਸਾਨੱਧ ਬੱਧ[1]। [1]ਸ਼ਸਤ੍ਰ ਬੰਨ੍ਹ ਕੇ ਤਿਆਰ ਬਰ ਤਿਆਰ।

ਸਭ ਦੋਇ ਹਜਾਰਕ ਅੱਗ੍ਰ ਬੱਧ[1] ॥ ੭੯ ॥ [1]ਅੱਗੇ ਵਧੇ।
ਜੁਗ ਓਰ ਤੁਫੰਗਨਿ ਧੁਨਿ ਉਠਾਇ।
ਜਿਮ ਭਾੜ ਵਿਖੈ[1] ਦਾਨੇ ਭੁਜਾਇ। [1]ਭੱਠ ਵਿੱਚ।
ਹ੍ਵੈ ਪਾਰ ਸਰੀਰ ਸੁ ਚੀਰ ਤੀਰ।
ਹਤ ਸੁੱਟਤ[1] ਮੀਰ[2] ਅਮੀਰ[3] ਧੀਰ ॥ ੮੦ ॥ [1]ਮਾਰ ਸੁੱਟਦੇ ਹਨ। [2]ਸਰਦਾਰ। [3]ਹਾਕਮ।
ਬਿਆ ਦਿਸ ਤੈ[1] ਅਮੀਆ, ਮਿਹਰ ਚੰਦ। [1]ਦੂਜੇ ਪਾਸੇ ਤੋਂ।
ਜਾ ਪਰੇ ਧਾਇ ਲੈ ਸੁਭਟ ਬ੍ਰਿੰਦ।
ਸਿਖ ਅਏ ਜੁ ਥੇ ਬਹੁ ਦੇਸ ਕੇਰ।
ਵਹਿ ਲਰੈਂ ਅੱਗ੍ਰ ਹ੍ਵੈ ਹ੍ਵੈ ਬਧੇਰ ॥ ੮੧ ॥
ਬਡ ਭਯੋ ਕੁਲਾਹਲ[1] ਮਚਜੋ ਜੰਗ। [1]ਡੰਡਰੌਲਾ।
ਧਰ ਪਰੇ ਕਿਤਕ ਹ੍ਵੈ ਅੰਗ ਭੰਗ।
ਜਿਮ ਬਸਤ ਗੋਲੇ[1] ਮੇਂਹ ਅਪਾਰ। [1]ਗੜੇ।
ਤਜੋਂ ਗੋਲੀ ਤੀਰਨ ਝਰਤ ਬਾਰ[1] ॥ ੮੨ ॥ [1]ਪਾਣੀ ਝੜਦਾ ਹੈ।
ਬਡ ਬਜਤ ਜੁਝਾਊ ਉਭੈ ਓਰ[1]। [1]ਦੋਹੀਂ ਪਾਸੀਂ ਵੱਡੇ ਜੰਗੀ ਵਾਜੇ ਵਜਦੇ ਹਨ।
ਰਸ ਬੀਰ ਛਕੇ[1] ਭਟ ਲਰੈਂ ਜੋਰ। [1]ਭਰੇ ਹੋਏ।
ਗੁਰੁ ਤੈ ਗਹਿ ਆਇਸ[1] ਸਹਿ ਉਛਾਹਿ। [1]ਆਗਿਆ ਲੈ ਕੇ।
ਗੁਰਦਿੱਤਾ ਜੀ ਲੈ ਭਟ ਮਹਾਂਹਿ ॥ ੮੩ ॥
ਨਿਜ ਸੈਨ ਤਈਂ ਦੇਤੋ ਸੁ ਧੀਰ।
ਇਤ ਉਤੈ ਰੱਖਕ ਪੁਰ ਫਿਰੈਂ ਬੀਰ।
ਜਿਸ ਓਰ ਘੋਰ[1] ਅਰਿ ਜੋਰ ਦੇਂਹਿ। [1]ਬਹੁਤਾ।
ਤਹਿਂ ਜਾਇ ਧਾਇ ਸਰ ਪਾਇ ਮੇਂਹ[1] ॥ ੮੪ ॥ [1]ਤੀਰਾਂ ਦਾ ਮੀਂਹ ਪਾਉਂਦੇ ਹਨ।
ਬਹੁ ਮਾਰ ਪਿਛਾਂਹਿ ਹਟਾਇ ਦੇਤ।
ਇਮ ਫਿਰੇ ਬੀਰ ਬਡ ਜੰਗ ਲੇਤ।
ਉਤ ਆਵੈਂ ਤੁਰਕ ਧਵਾਇ ਬਾਜ[1]*। [1]ਘੋੜੇ ਭਜਾਉਂਦੇ। *ਏਥੇ ਪਾਠ ਸਾਜ ਛਪਿਆ ਹੋਇਆ ਸੀ, ਅਸਾਂ ਦਰੁਸਤ ਕਰ ਦਿੱਤਾ ਹੈ।
ਅਰਿ ਦੁੰਦਭਿ ਦੀਹ ਸੁਰਹੇ ਬਾਜ[1] ॥ ੮੫ ॥ [1]ਵੈਰੀਆਂ ਦੇ ਵੱਡੇ ਧੌਂਸੇ ਵੱਜ ਰਹੇ ਹਨ।
ਨਹਿ ਧੂੰਮ ਧੂਰ ਮੈਂ[1] ਕੁਛ ਦਿਸਾਇ। [1]ਧੂੰਏਂ ਅਤੇ ਧੂੜ ਵਿੱਚ।
ਜੋ ਗਿਰੈ ਸੁ ਨੀਚੇ ਰਹਿ ਦਬਾਇ।
ਇਮ ਲਰੈਂ ਬੀਰ ਬਡ ਦੌਰ ਦੌਰ।
ਸੁ ਖਤੰਗ ਤੁਫੰਗਨ[1] ਛੋਰਿ ਛੋਰਿ ॥ ੮੬ ॥ [1]ਤੀਰਾਂ ਅਤੇ ਬੰਦੂਕਾਂ ਨੂੰ।

ਅਰਿ ਸਿਪਰ[1] ਸੰਜੋਇਨ ਫੋਰ ਫੋਰ। [1]ਢਾਲਾਂ।
ਕਰਿ ਅੰਗ ਭੰਗ ਸਿਰ ਤੋਰ ਤੋਰ।
ਧਰ ਸੁੱਟਤ ਹੇਲੇ ਘਾਲ ਘਾਲ[1]। [1]ਹੱਲੇ ਕਰ ਕਰ ਕੇ।
ਕਰਿ ਮਾਰ ਮਾਰ ਸਰ ਡਾਲ ਡਾਲ[1] ॥ ੮੭ ॥ [1]ਤੀਰ ਸੁੱਟ ਸੁੱਟ ਕੇ।
ਇਕ ਅੰਧਕਾਰ ਇਕ ਧੂਰ ਭੂਰ।
ਮੂੰਹ ਅੱਖੀਂ ਨਾਸਾਂ ਗਏ ਪੂਰ।
ਥਾ ਹਾੜ ਮਾਸ ਅਤਿ ਹੀ ਖਰਾਬ।
ਬਹੁ ਲਗੀ ਪਜਾਸ ਨਹਿ ਮਿਲੈ ਆਬ[1] ॥ ੮੮ ॥ [1]ਪਾਣੀ।
ਇਕ ਅਏ ਥਕੇ ਕਰਿ ਮਜਲ ਦੂਰ।
ਬਹੁ ਪਰੀ ਮਾਰ ਅਗਜੋਂ ਜਰੂਰ।
ਕੁਛ ਗੁਰੁ ਮਾਯਾ ਨੇ ਹਤੀ ਮਤਿ।
ਇਮ ਤੁਰਕ ਸੈਨ ਘਬਰਾਇ ਅਤਿ ॥ ੮੯ ॥
ਹਟਿ ਪਾਛੇ ਧਾਏ ਬਿਨ ਪਛਾਨ।
ਲਰ ਮਰੇ ਸੁ ਆਪਸ ਮੈਂ ਮਹਾਂਨ।
ਕੁਛ ਗੁਰੁ ਸਿੱਖਨ ਦੈ ਦੱਬ ਭਾਰ[1]। [1]ਬਹੁਤਾ ਦਬਾ ਦੇ ਕੇ।
ਸਰ ਗੁਲਕਾ ਉਲਕਾ ਸਮੰ ਡਾਰ[1] ॥ ੯੦ ॥ [1]ਤੀਰ ਤੇ ਗੋਲੀਆਂ ਟੁੱਟਦਿਆਂ ਤਾਰਿਆਂ ਵਾਂਗ ਸੁੱਟ ਰਹੇ ਹਨ।
ਇਮ ਅਰਧਕ ਸੈਨਾ ਸੱਤ੍ਰੂ ਕੇਰ।
ਗਿਰ ਪਰੀ ਧਰਾ ਪਰ ਲਗੇ ਢੇਰ।
ਅਫਸਰ ਘਬਰਾਏ ਫਿਰੈਂ ਦੌਰ।
ਨਹਿ ਸੁਨੈ ਕੋਇ ਕਿਛੁ ਕਰੈਂ ਗੌਰ[1] ॥ ੯੧ ॥ [1]ਖਿਆਲ ਨਹੀਂ ਕਰਦੇ।
ਆਖਰ ਸਮਝਾਇ ਬੁਝਾਇ ਭੂਰ।
ਨਿਜ ਸੈਨਾ ਪੁਰ ਤੈ[1] ਕਰੀ ਦੂਰ। [1]ਸ਼ਹਿਰ ਤੋਂ।
ਬਹੁ ਤੁਪਕ ਦੂਰੋਂ ਰਹੇ ਤਜਤ।
ਨਹਿ ਹੋਇ ਅਗਾਰੀ ਜੰਗ ਸਜਤ[1] ॥ ੯੨ ॥ [1]ਜੰਗ ਨਹੀਂ ਕਰਦੇ।

ਦੋਹਰਾ:

ਦਿਵਸ ਚਢੋ ਤਬ ਅਫਸਰੈਂ,
ਸੈਨ ਸੰਭਾਰਨ ਕੀਨ।
ਅਰਧਕ ਦਲ ਨਿਜ ਮਰਜੋ ਪਿਖਿ,
ਭਏ ਸ਼ੋਕ ਮੈ ਲੀਨ ॥ ੯੩ ॥
ਕਾਲੇ ਖਾਂ ਪੈਦੇ ਤਈਂ,

ਕਈ ਮਲਾਮਤ ਭੂਰ[1]। [1]ਬਹੁਤੀਆਂ ਫਿਟਕਾਰਾਂ ਪਾਈਆਂ।
ਦਈ ਚੋਬ ਦੁਹਿਰੀ ਪੁਨਾ,
ਜੰਗ ਮਚਾਯੋ ਸੂਰ ॥ ੯੪ ॥
ਅਲੀ ਅਲੀ ਧੁਨਿ ਉਠੀ ਅਸ,
ਸੁਨਿ ਸੁਰ ਲੋਕ ਡਰਾਂਨ।
ਬਹਿਰ ਸ਼ਹਿਰ ਤੈ ਬੀਰ ਗੁਰੁ,
ਲਰੇ ਅੱਗ੍ਰ ਹ੍ਵੈ ਆਨ ॥ ੯੫ ॥
ਪ੍ਰਮਾਣਕਾ ਛੰਦ:
ਤਜੰਤ ਤੀਰ ਤੁੱਪਕੈ[1]। [1]ਬੰਦੂਕਾਂ।
ਉਭੈ ਦਿਸਾਂਨ ਕੁੱਪ ਕੈ[1]। [1]ਦੋਹਾਂ ਪਾਸਿਆਂ ਤੋਂ ਕ੍ਰੋਧਵਾਨ ਹੋ ਕੇ।
ਧਵਾਇ ਅਸ੍ਵ ਆਵਹੀਂ।
ਸੁ ਮੋਰਚੇ ਚਢਾਵਹੀਂ ॥ ੯੬ ॥
ਗੁਰੂ ਕੇ ਲਾਲ ਜਾਇ ਕੈ।
ਕਰੈਂ ਪਿਛਾਂਹ ਘਾਇ ਕੈ।
ਪ੍ਰਹਾਰ ਸੱਤ੍ਰੂ ਗੇਰਤੇ।
ਪਰੇ ਬਿਹਾਲ ਟੇਰਤੇ[1] ॥ ੯੭ ॥ [1]ਬੋਲਦੇ ਹਨ।
ਰਟੰਤ ਆਬ[1] ਨਾ ਮਿਲੈ। [1]ਪਾਣੀ ਮੰਗਦੇ ਹਨ।
ਉਠਾਇ ਹੈਂ ਨ ਕੋ ਤਿਨੈ।
ਬਿਧੀ ਸੁ ਚੰਦ ਜੂ ਕਹੀਂ[1]। [1]ਕਿਸੇ ਥਾਂ।
ਹਰੰਤ ਸੱਤ੍ਰੂ ਢੂਕਹੀਂ[1] ॥ ੯੮ ॥ [1]ਨੇੜੇ ਹੋ ਕੇ ਵੈਰੀਆਂ ਨੂੰ ਮਾਰਦੇ ਹਨ।
ਕਿਤੈ ਸੁ ਬੀਰ ਅੰਮੀਆ[1]। [1]ਅਮੀਆ ਨਾਮ ਸੂਰਮਾ।
ਕਟੰਤ ਨਾਹਿ ਕੰਮੀਆ[1]। [1]ਘੱਟ ਨਹੀਂ ਕੱਟਦਾ ਭਾਵ ਬਹੁਤ ਵੈਰੀਆਂ ਨੂੰ ਮਾਰਦੇ ਹਨ।
ਅਰੱਤ ਜਿੱਤ ਮੇਹਰਾ[1]। [1]ਜਿੱਥੇ ਮਿਹਰਾ ਨਾਮ ਸੂਰਮਾ ਅੜਦਾ ਹੈ।
ਕਰੱਤ ਕੱਟ ਬੇਹਰਾ[1] ॥ ੯੯ ॥ [1]ਵਿਹਲ ਕਰਦਾ ਜਾਂਦਾ ਹੈ।
ਲੱਖੂ ਲਖਾਂਹਿ ਲੇਤ ਹੈ[1]। [1]ਲੱਖੂ (ਸੂਰਮਾ) ਜਾਣ ਲੈਂਦਾ ਹੈ (ਕਿ ਉਹ ਮਰ ਗਿਆ ਹੈ)।
ਜਿਸੈ ਸੁ ਸਾਂਗ ਦੇਤ ਹੈ[1]। [1]ਜਿਸ ਨੂੰ ਬਰਛੀ ਮਾਰਦਾ ਹੈ।
ਜਿਤੈ[1] ਸੁ ਸਿਖ ਧਾਇ ਹੈਂ। [1]ਜਿਸ ਪਾਸੇ।
ਮੈਦਾਂਨ ਸੋ ਛੁਡਾਇ ਹੈਂ ॥ ੧੦੦ ॥
ਗੁਰੂ ਕੋ ਬਡੋ ਪੂਤ ਜੋ[1]। [1]ਉਹ ਪਵਿੱਤ੍ਰਤਾ ਨਾਲ।
ਲਰੱਤਿ ਅਤਿ ਪੂਤ ਸੋ।

ਬਰੱਖ ਬਾਨ ਮੇਂਹ ਸੋ।
ਕਰਤ ਸੱਤ੍ਰੁ ਛੇਹ[1] ਸੋ ॥੧੦੧॥
ਅਰੱਤ ਅੱਗ੍ਰ ਆਇ ਕੈ।
ਸੁ ਪੈਦੇ ਖਾਂਨ ਧਾਇ ਕੈ।
ਕਹੂੰ ਬੁਲੰਦ ਖਾਂ ਲਰੈ।
ਕਿ ਉੱਸਮਾਂਨ ਖਾਂ ਅਰੈ ॥੧੦੨॥
ਕਿਤੈ ਕੁੱਤਬ ਖਾਨ ਹੈ।
ਲਰੱਤ ਆ ਮਿਦਾਨ ਹੈ।
ਮਹਾਂਨ ਜੰਗ ਹੈ ਮਚਯੋ।
ਨ ਕੋਇ ਘਾਵ[1] ਤੈ ਬਚਯੋ ॥੧੦੩॥
ਪਰੰਤ ਤੀਰ ਗੁੱਲਕਾਂ।
ਸਮਾਨ ਮੇਂਹ ਉੱਲਕਾ[1]।
ਤੁਫੰਗ ਤਾੜ ਤਾੜ ਦੇ[1]।
ਸੁਟੰਤ ਦਾੜ ਦਾੜ ਦੇ[1] ॥੧੦੪॥
ਸੜੱਕ ਬਾਨ ਮਾਰ ਹੈਂ[1]।
ਧੜੱਕ ਭੂਮਿ ਡਾਰ ਹੈ[1]।
ਫਿਰੰਤ ਅਸ੍ਵ ਛੁਛ ਹੈਂ[1]।
ਨ ਕੋਇ ਕਾਂਹਿ ਪੂਛ ਹੈਂ ॥੧੦੫॥
ਕਿਤੈ ਤੁਰੰਗ ਭੰਗ ਹ੍ਵੈ[1]।
ਗਿਰੰਤ ਬੀਰ ਸੰਗ ਹ੍ਵੈ।
ਤਲੇ ਸ੍ਵਾਰਿ ਆਇ ਹੈਂ।
ਨ ਕੋ ਤਿਨੈ ਉਠਾਇ ਹੈਂ ॥੧੦੬॥
ਤਲੱਫ਼ ਔ ਤਲੱਫ਼ ਕੈ[1]।
ਮਰੰਤ ਸੂਰ ਹੱਫ ਕੈ[1]।
ਘਮੰਡ ਘੋਰ ਮੱਚਯੋ[1]।
ਕਰਾਲ[1] ਕਾਲ ਨੱਚਯੋ ॥੧੦੭॥
ਬਿਤਾਲ[1] ਭੂਤ ਜੋਗਨੀ।
ਫਿਰੰਤ ਖੂਨ ਭੋਗਨੀ[1]।
ਭਰੇ ਜੁ ਸ਼੍ਰੋਣ ਛੱਪਰੈਂ[1]।

[1]ਨਾਸ।
[1]ਜ਼ਖ਼ਮ।
[1]ਮੀਂਹ ਤੇ ਟੁੱਟਦਿਆਂ ਤਾਰਿਆਂ ਵਾਂਗ।
[1]ਬੰਦੂਕਾਂ ਤਾੜ ਤਾੜ ਸ਼ਬਦ ਕਰ ਕੇ (ਚਲਦੀਆਂ ਹਨ)।
[1]ਦਾੜ ਦਾੜ ਸ਼ਬਦ ਕਰ ਕੇ ਸੁੱਟਦੀਆਂ ਹਨ।
[1]ਤੀਰ ਮਾਰਦੇ ਹਨ ਤਾਂ ਸੜੱਕ (ਸ਼ਬਦ) ਹੁੰਦਾ ਹੈ)।
[1]ਧਰਤੀ 'ਤੇ ਸੁੱਟਦੇ ਹਨ ਤਾਂ ਧੜੱਕ (ਸ਼ਬਦ ਹੁੰਦਾ ਹੈ)।
[1]ਘੋੜੇ ਖ਼ਾਲੀ ਫਿਰਦੇ ਹਨ।
[1]ਘੋੜੇ ਅੰਗ ਭੰਗ ਹੋ ਕੇ।
[1]ਤੜਫ ਤੜਫ ਕੇ।
[1]ਹੰਭ ਕੇ, ਥੱਕ ਕੇ।
[1]ਭਿਆਨਕ ਜੰਗ ਹੋਇਆ।
[1]ਭੈਦਾਇਕ।
[1]ਪ੍ਰੇਤ।
[1]ਛਕਦੀਆਂ।
[1]ਲਹੂ ਦੇ ਛੱਪੜ।

ਪਿਵੰਤ ਪੂਰ[1] ਖੱਪਰੈਂ ॥ ੧੦੮ ॥
ਕਿਲਕਲਾਇ ਕਾਲਕਾ[1]।
ਪਰੋਇ ਰੁੰਡ ਮਾਲ ਕਾ[1]।
ਸੁ ਰੁੱਦ੍ਰ ਕੋ[1] ਚਢਾਵਤੀ।
ਨਚਾਵਤੀ ਟਪਾਵਤੀ ॥ ੧੦੯ ॥
ਮਹਾਂਨ ਮੋਦ ਪਾਵਤੀ।
ਗੁਰੁਨ ਜੈ ਅਲਾਵਹੀਂ[1]।
ਕੁਲਾਹਲੰ ਕਮਾਲ ਭੌ[1]।
ਹਲਾਚਲੰ ਬਿਸਾਲ ਭੌ[1] ॥ ੧੧੦ ॥
ਤੁਰਕ ਜੋਰ ਦੈਂ ਜਿਤੈ[1]।
ਭਿਰੰਤ ਸਿਖ ਜਾ ਤਿਤੈਂ[1]।
ਤੁਰੰਗ ਤੀਰ ਛੋਰ ਕੈ।
ਸੰਜੋਇ ਅੰਗ ਫੋਰ ਕੈ ॥ ੧੧੧ ॥
ਤੜਾਕ[1] ਭੂਮਿ ਸੱਟਹੀਂ।
ਝੜਾਕ[1] ਮੂੰਡ ਕੱਟਹੀਂ।
ਅਰੈਂ[1] ਪਿਛਾਂਹਿ ਧੱਕ ਹੈਂ।
ਸੁ ਮਾਰ ਮਾਰ ਬੱਕ ਹੈਂ[1] ॥ ੧੧੨ ॥
ਤੁਰਕੈਨ ਐਨ[1] ਘਾਂਵਹੀਂ।
ਸੁ ਆਪ ਕੋ ਬਚਾਵਹੀਂ।
ਨ ਪੈਰ ਪਾਛ ਪੱਟਤੈ।
ਨਿਜੰ ਸੁ ਥੰਭ ਥੱਟਤੈ[1] ॥ ੧੧੩ ॥
ਰਹੇ ਤੁਰੱਕ ਤੱਜਬੈਂ।
ਕਹੈਂ ਕਜਾ ਭਯੋ ਗੱਜਬੈਂ[1]।
ਹਮਾਰ ਸੈਨ ਭੂਰ ਹੈ।
ਅਪਾਰ ਬੀਰ ਸੂਰ ਹੈਂ ॥ ੧੧੪ ॥
ਸਮਾਨ ਜੰਗ ਕੈਨ ਕੋ[1]।
ਕਮੀ ਸੁ ਕਾਂਹਿ ਹੈ ਨ ਕੋ।
ਗੁਰੂ ਕੇ ਸਿਖ ਹੈਂ ਇਮੈਂ।
ਸੁ ਨੂਣ ਆਰਦੈ ਜਿਮੈ[1] ॥ ੧੧੫ ॥

[1]ਭਰ ਕੇ।
[1]ਕਾਲੀ ਚੀਕਾਂ ਮਾਰਦੀ ਹੈ।
[1]ਸਿਰਾਂ ਦੀ ਮਾਲਾ ਪ੍ਰੋਂਦੀ ਹੈ।
[1]ਸ਼ਿਵ ਜੀ ਨੂੰ।
[1]ਗੁਰੂਆਂ ਦੀ ਜੈ ਜੈ ਕਾਰ ਬੋਲਦੀ ਹੈ।
[1]ਬਹੁਤ ਡੰਡਰੌਲਾ ਹੋਇਆ।
[1]ਬਹੁਤ ਹਲਚਲੀ ਹੋਈ।
[1]ਜਿਸ ਪਾਸੇ।
[1]ਉਸੇ ਪਾਸੇ।
[1]ਝੱਟ ਕਰਕੇ।
[1]ਛੇਤੀ।
[1]ਵੈਰੀਆਂ ਨੂੰ।
[1]ਬੋਲਦੇ ਹਨ।
[1]ਚੰਗੀ ਤਰ੍ਹਾਂ।
[1]ਆਪਣੇ ਆਪ ਨੂੰ ਥੰਮੇ ਵਾਂਗ ਬਣਾ ਲੈਂਦੇ ਹਨ।
[1]ਕਹਿਰ।
[1]ਜੰਗ ਕਰਨ ਨੂੰ ਸਮਾਨ ਵੀ ਹੈ।
[1]ਜਿਵੇਂ ਆਟੇ 'ਚ ਲੂਣ ਹੁੰਦਾ ਹੈ।

ਸਮਾਨ ਜੰਗ ਤੀਰ ਨਾਂ[1]।
ਸਪਾਹਿ[1] ਚੰਗ ਬੀਰ ਨਾ।
ਦਿਖੱਤ ਅਤਿ ਥੋਰ ਹੈਂ।
ਲਰੱਤ ਘੱਤ[1] ਜੋਰ ਹੈਂ ॥ ੧੧੬ ॥
ਕਰੰਤ ਹਮੈਂ ਚੂਰ ਏ।
ਮਰੰਤ ਨਾਹਿ ਸੂਰ ਏ।
ਕਿਧੋ ਸਰੀਰ ਆਹਿਨੀ[1]।
ਬਨੇ ਕਿ ਯਾਂਹਿ ਪਾਹਿਨੀ[1] ॥ ੧੧੭ ॥
ਨਹੀ ਸੰਜੋਇ ਕਾਂਹਿ ਪੈ।
ਬਿਧੈ ਨ ਅੰਗ ਤਾਂਹਿ ਪੈ।
ਕਿਧੋ ਕਿ ਆਬਹਜਾਤ[1] ਜੋ।
ਪਿਵੰਤ ਯਿਹ ਬਖਜਾਤ ਸੋ ॥ ੧੧੮ ॥
ਗੁਰੂ ਪਿਲਾਇ ਹੈ ਇਨੈ।
ਹਤੇ ਨ ਯਾਂਹਿ ਤੈ ਕਿਨੈ।
ਕਿਧੋਂ ਖੁਦਾਇ ਮੱਦਤੰ।
ਇਨੈ, ਹਮਾਰ ਸ਼ਿੱਦਤੰ[1] ॥ ੧੧੯ ॥
ਚਲੱਤ ਨਾਹਿ ਪੇਸ਼ ਹੈ।
ਹਮਾਰ, ਸੰਗ ਏਸ ਹੈ[1]।
ਕਹੈਂ ਦਨਾਇ ਪਾਸ ਤੇ[1]।
ਸੁਨੋ ਜੁ ਯਾਂਹਿ ਵਾਸਤੇ[1] ॥ ੧੨੦ ॥
ਤੁਰਕੈਨ ਸੈਨ ਤੱਨ ਦੈ।
ਲਰੰਤ ਨਾਹਿ ਮੱਨ ਦੈ।
ਹੁਕਮ ਸੰਗ ਹੈਂ ਅਏ।
ਨ ਸ਼ੌਕ ਜੰਗ ਕੋ ਹਏ ॥ ੧੨੧ ॥
ਜਹਾਂ ਤਕੈਂ ਬਸਾਇ ਹੈਂ[1]।
ਸੁ ਜਾਨ ਕੌ ਬਚਾਇ ਹੈਂ।
ਨ ਹਾਰ ਜੀਤ ਲਾਜ ਹੈਂ।
ਤਕਾਇ ਦਾਇ ਭਾਜ ਹੈਂ ॥ ੧੨੨ ॥
ਗੁਰੂ ਕਿ ਸਿੱਖ ਜੇਤ ਹੈਂ।
ਚਹੰਤ ਚਿੱਤ ਜੇਤ ਹੈਂ।

[1]ਕੋਲ ਨਹੀਂ ਹੈ।
[1]ਫ਼ੌਜ।
[1]ਪਾ ਕੇ।
[1]ਲੋਹੇ ਦੇ।
[1]ਪੱਥਰ ਦੇ।
[1]ਅੰਮ੍ਰਿਤ।
[1]ਸਾਡੇ 'ਤੇ ਸਖ਼ਤੀ ਕਰਦੇ ਹਨ।
[1]ਇਨ੍ਹਾਂ ਨਾਲ।
[1]ਕੋਲੋਂ ਸਿਆਣੇ ਆਖਦੇ ਹਨ।
[1]ਇਸ ਦਾ ਕਾਰਨ।
[1]ਜਿਥੋਂ ਤੱਕ ਵਾਹ ਚਲਦੀ ਹੈ।

ਇਨੈ ਕੁਰਬਾਨ ਹੈ ਕਿਤੋ[1]। [1]ਕੀਤਾ ਹੋਇਆ ਹੈ।
ਜਹਾਂਨ ਜਾਨ ਲੌ ਜਿਤੋ ॥੧੨੩॥
ਗੁਰੂ ਕੇ ਨਾਮ ਊਪਰੈਂ।
ਸੁ ਯਾਂਹਿ ਤੈਂ ਹੱਦੂ ਪਰੈ[1]। [1]ਹੱਦੋਂ ਪਰੇ।
ਲਰੰਤ ਸ਼ੌਕ ਜ਼ੌਕ ਸੈ[1]। [1]ਉਤਸ਼ਾਹ ਨਾਲ।
ਨਿਹਾਤ ਹੋਇ ਚੌਕਸੈ[1] ॥੧੨੪॥ [1]ਬਹੁਤ ਹੀ ਹੁਸ਼ਿਆਰ ਹੋ ਕੇ।
ਨ ਦੇਤ ਸੀਸ ਸੰਗ ਹੈਂ।
ਨਜਾਤ[1] ਏਕ ਮੰਗ ਹੈਂ। [1]ਮੁਕਤੀ।
ਨ ਚਾਹਿ ਔਰ ਧਾਰ ਹੈਂ।
ਸਿਦੱਕ ਏਕ ਪਾਰਿ ਹੈਂ ॥੧੨੫॥
ਜੁ ਪਾਂਚ ਮਰਨ ਆਇ ਹੈਂ।
ਪਚਾਸ ਕੋ ਭਗਾਇ ਹੈਂ ॥੧੨੬॥

ਦੋਹਰਾ:

ਇਹੁ ਸੁਨਿ ਕਾਲੇ ਖਾਂਨ ਪੁਨ,
ਕੁਤਬ ਖਾਂਨ ਸੈ ਚੰਗ[1]। [1]ਚੰਗੀ ਤਰ੍ਹਾਂ (ਮਿਲ ਕੇ)।
ਅਨਵਰ ਖਾਂ ਅਬਦੁੱਲ ਖਾਂ,
ਪੈਦੇ ਖਾਂਨ ਉਮੰਗ ॥੧੨੭॥
ਬਹੁ ਸਿਤਕਾਰ ਬੰਗਾਰ ਕੈ,
ਸੈਨ ਐਨ ਲੈ ਸੰਗ।
ਪਰੇ ਧਾਇ ਅਰਰਾਇ[1] ਸਭਿ, [1]ਅਰੜਾ ਕੇ, ਬੋਲ ਕੇ।
ਲਗੇ ਕਰਨ ਬਡ ਜੰਗ ॥੧੨੮॥

ਰਸਾਵਲ ਛੰਦ:

ਮਚਜੋ ਜੰਗ ਗਾਢਾ।
ਰਸੰ ਬੀਰ ਬਾਢਾ।
ਮਹਾਂਮਾਰ ਮੱਚੀ।
ਕਲ੍ਹੈ[1], ਚੰਡਿ ਨੱਚੀ ॥੧੨੯॥ [1]ਨਾਰਦ ਦੀ ਇਸਤ੍ਰੀ ਕਲਹਾ।
ਤਛਾ ਮੁੱਛ[1] ਹੋਈ। [1]ਵੱਢ ਟੁੱਕ।
ਨਹੀਂ ਪੁੱਛ ਕੋਈ।
ਰੁਲੈਂ ਰੁੰਡ[1] ਮੁੰਡੰ[2]। [1]ਧੜ। [2]ਸਿਰ।
ਪਰੇ ਖੇਤ[1] ਝੁੰਡੰ[2] ॥੧੩੦॥ [1]ਜੰਗ ਦੇ ਮੈਦਾਨ 'ਚ। [2]ਢੇਰਾਂ ਦੇ ਢੇਰ।

ਲਰੈਂ ਝੂੰਮ ਝੂੰਮੈ।
ਗਿਰੇ ਘੂਮ ਭੂਮੈਂ।
ਘਨੇ ਘਾਇ ਖੋਲ੍ਹੈਂ।
ਭਕਾ ਭੱਕ ਬੋਲੈਂ ॥ ੧੩੧ ॥
ਬਕੈਂ[1] ਹਾਇ ਹਾਏ। [1]ਬੋਲਦੇ ਹਨ।
ਜਿਨੈ ਘਾਇ ਖਾਏ।
ਤਿਨੈ ਬੀਰ ਔਰੈਂ।
ਦਿਵੈਂ ਧੀਰ ਗੌਰੈਂ[1] ॥ ੧੩੨ ॥ [1]ਬਹੁਤੀ।
ਮਰੈਂ ਸੂਰ ਜੇਤੇ।
ਬਰੈਂ ਹੂਰ ਤੇਤੇ।
ਤਿਨੈ ਹੇਰ ਔਰੈਂ।
ਮਰੈਂ ਮਾਰ ਗੌਰੈਂ ॥ ੧੩੩ ॥
ਘਨੈ ਖੱਗ[1] ਬਾਹੈਂ। [1]ਤਲਵਾਰਾਂ।
ਅਧੋ ਅੱਧ ਲਾਹੈਂ।
ਸਰੋਹੀ ਚਲੈਹੈਂ।
ਲਹੁ ਸੋਂ ਡੁਬੈ ਹੈਂ ॥ ੧੩੪ ॥
ਭਈ ਲਾਲ ਬਾਨੋ[1]। [1]ਲਾਲਰੰਗ ਵਾਲੀ।
ਮ੍ਰਿਤੁ ਜੀਭ ਮਾਨੋ।
ਦੁਧਾਰੇ ਪ੍ਰਹਾਰੈਂ[1]। [1]ਖੰਡੇ ਚਲਾਉਂਦੇ ਹਨ।
ਸਿਰੰ ਸੱਤ੍ਰੂ ਫਾਰੈਂ ॥ ੧੩੫ ॥
ਪ੍ਰਚੰਡੈ ਘੁਮੰਡੈਂ[1]। [1]ਤਿੱਖੇ ਜੰਗ ਵਿੱਚ।
ਅਰੈਂ ਖੰਡ ਖੰਡੈਂ।
ਬਢੈਂ ਬਾਢ ਬਾਢੀ[1]। [1](ਜਿਵੇਂ) ਤਰਖਾਣ ਲੱਕੜਾਂ ਵੱਢਦੇ ਹਨ।
ਬਨੰ ਰਾਇ ਗਾਢੀ[1] ॥ ੧੩੬ ॥ [1]ਵੱਡੇ ਜੰਗਲ ਵਿੱਚ (ਜਾ ਕੇ) ਚੰਗੀ ਤਰ੍ਹਾਂ।
ਕਟੈਂ ਕੋਇ ਠੌਰੈਂ[1]। [1]ਜਗ੍ਹਾਂ (ਉੱਤੇ ਹੀ)।
ਚਲੈਂ ਭਾਗ ਗੌਰੈਂ।
ਪਰੇ ਸੂਰ ਘੋਰੇ[1]। [1]ਘੋੜੇ।
ਮਚਯੋ ਜੰਗ ਘੋਰੇ[1] ॥ ੧੩੭ ॥ [1]ਭਿਆਨਕ।
ਫਿਰੈਂ ਛੂਛ[1] ਘੋਰੇ। [1]ਖ਼ਾਲੀ।
ਕਛੂ ਨਾਹਿ ਥੋਰੇ।

ਘਨੇ ਸੱਤ੍ਰੂ ਕਾਟੈਂ।
ਅਸੀਂ ਸ੍ਰੋਣ ਚਾਟੈਂ[1] ॥ ੧੩੮ ॥ [1]ਤਲਵਾਰਾਂ ਲਹੂ ਚਟਦੀਆਂ।
ਚਲੈਂ ਬਾਨ ਲੱਛੈਂ[1]। [1]ਨਿਸ਼ਾਨੇ (ਵੱਲ ਨੂੰ)।
ਮਨੋ ਅਹਿ ਸਪੱਛੈਂ[1]। [1]ਖੰਭਾਂ ਵਾਲੇ ਸੱਪ।
ਫਿਰੈਂ ਫੁੰਕਰਾਤੇ।
ਕਰੈਂ ਪ੍ਰਾਨ ਹਾਤੇ[1] ॥ ੧੩੯ ॥ [1]ਨਾਸ।
ਘਨੇ ਰਾਮਜੰਗੇ[1]। [1]ਬੰਦੂਕਾਂ।
ਹਤੈਂ ਹ੍ਵੈ ਨਿਸੰਗੇ।
ਭਰੈਂ ਫੇਰ ਗੋਲੀ।
ਉਭੈ ਤ੍ਰੈ[1] ਅਤੋਲੀ[2] ॥ ੧੪੦ ॥ [1]ਦੋ ਤਿੰਨ। [2]ਭਾਰੀਆਂ।
ਜੜੈਂ ਮੋੜ ਤੋੜੇ[1]। [1]ਤੋਡਾ-ਤੋਪ ਤੇ ਬੰਦੂਕ ਨੂੰ ਅੱਗ ਦੇਣ ਵਾਲਾ ਡੋਰਾ।
ਕਲਾ ਪੈ, ਨ ਥੋੜੇ[1]। [1](ਬੰਦੂਕ ਦੀ) ਕਲਾ ਉਪਰ ਬਹੁਤੇ।
ਕੜਾ ਕਾੜ ਮਾਰੈਂ।
ਦੜਾ ਦਾੜ ਡਾਰੈਂ ॥ ੧੪੧ ॥
ਕਿਤੈ ਮਾਰ ਨੇਜੇ।
ਬਿਧੇ ਹੈਂ ਕਰੇਜੇ।
ਕਿਤੈ ਮਾਰ ਭਾਲੇ।
ਸੁਟੈਂ ਕੈ ਬਿਹਾਲੇ ॥ ੧੪੨ ॥
ਛੁਟੀ ਖੂੰਨ ਧਾਰੈਂ।
ਸਮੰ ਸੋ ਫੁਹਾਰੈਂ।
ਫਬਜੋ ਧੂੰਮ ਧੂਰੰ।
ਦਬਜੋ ਸੂਰ ਨੂਰੰ[1] ॥ ੧੪੩ ॥ [1]ਸੂਰਜ ਦਾ ਚਾਨਣ।
ਭਯੋ ਅੰਧਕਾਰੈ।
ਮਨੋ ਮੇਘ ਕਾਰੈ।
ਹਸੈ ਜੌ ਪਲੀਤੇ[1]। [1]ਜਦੋਂ ਪਲੀਤੇ ਚਮਕਦੇ ਹਨ। {ਪਲੀਤਾ- ਉਹ ਬੱਤੀ ਜਿਸ ਨਾਲ ਜਗਦੇ ਤੋੜੇ ਨਾਲੋਂ ਜਗਾ ਕੇ ਬਰੂਦ ਨੂੰ ਅੱਗ ਦੇਈਦੀ ਹੈ।}
ਲਸੈਂ ਬਿਜਲੀ ਤੇ[1] ॥ ੧੪੪ ॥ [1]ਬਿਜਲੀ ਵਾਂਗ ਚਮਕਦੇ ਹਨ।
ਪਰੈ ਬੂੰਦ ਬਾਨੰ[1]। [1]ਬੂੰਦਾਂ ਵਾਂਗ ਤੀਰ।
ਗੜੇ ਗੁਲਕਾਨੰ[1]। [1]ਗੜਿਆਂ ਵਾਂਗ ਗੋਲੀਆਂ।
ਤੜੱਕਾ ਬੰਦੂਕੈਂ।

ਕੜੱਕੈਂ ਅਚੂਕੈਂ[1] ॥ ੧੪੫ ॥
ਚਮੱਕੈਂ ਜੁ ਤੋੜੇ।
ਟਟਜਾਨੇ ਨਾ ਥੌੜੇ[1]।
ਤਚੈਂ ਸੂਰ ਕੂਕੈਂ।
ਪਿਕੰ ਮੋਰ ਹੂਕੈਂ[1] ॥ ੧੪੬ ॥

[1]ਅਚੁੱਕ ਬੰਦੂਕਾਂ ਬਿਜਲੀ ਵਾਂਗ ਕੜਕਦੀਆਂ ਹਨ।

[1]ਬਹੁਤੇ ਟਟਹਿਣਿਆਂ ਵਾਂਗ ਤੋੜੇ ਚਮਕਦੇ ਹਨ।

[1]ਸੂਰਮੇ ਕੂਕਾਂ ਛੱਡਦੇ ਭਾਵ ਮਾਰਦੇ ਹਨ- (ਜਾਣੋ) ਕੋਇਲਾਂ 'ਤੇ ਮੋਰ ਬੋਲਦੇ ਹਨ।

ਬਜੈਂ ਬਾਦ ਮਾਰੂ।
ਘਨੰ ਘੋਖ ਭਾਰੂ[1]।
ਬਹੈਂ ਖੂੰਨ ਧਾਰੈਂ।
ਸਮੰ ਸੋ ਪ੍ਰਨਾਰੈਂ[1] ॥ ੧੪੭ ॥

[1]ਬੱਦਲਾਂ ਦੀ ਭਾਰੀ ਗਰਜ (ਵਾਂਗ) ਜੰਗੀ ਵਾਜੇ ਵਜਦੇ ਹਨ।

[1]ਪ੍ਰਣਾਲਿਆਂ ਵਾਂਗ।

ਮਚਯੋ ਜੰਗ ਭਾਰੀ।
ਉਭੈ ਓਰ ਕਾਰੀ[1]।
ਸਬੈ ਮਾਸਹਾਰੀ।
ਛਕੈਂ ਮੋਦ ਧਾਰੀ ॥ ੧੪੮ ॥

[1]ਚੰਗਾ, ਤਕੜਾ।

ਅਏ ਭੈਰਵੇਯੰ।
ਪਿਯੇ ਸ੍ਰੋਣ ਤੇਯੰ[1]।
ਖੜੇ ਹ੍ਵੈ ਡਕਾਰੈਂ।
ਗੁਰੂ ਜੈ ਉਚਾਰੈਂ ॥ ੧੪੯ ॥

[1]ਉਹ।

ਗੁਰੂ ਕੇ ਸਪੂਤੰ।
ਲਰੈਂ ਮੱਜਬੂਤੰ।
ਘਨੇ ਸੱਤ੍ਰੂ ਮਾਰੈਂ।
ਸਰੋਘੰ ਪ੍ਰਹਾਰੈਂ[1] ॥ ੧੫੦ ॥

[1]ਬਹੁਤੇ ਤੀਰ ਮਾਰਦੇ ਹਨ।

ਗੁਰੂ ਦੂਰ ਠਾਂਢੇ।
ਹਤੈਂ ਸੱਤ੍ਰੂ ਗਾਢੇ।
ਤੁੱਕੇ[1] ਤੱਕ ਮਾਰੈਂ।
ਸਰਦਾਰੈਂ ਬਿਦਾਰੈਂ ॥ ੧੫੧ ॥

[1]ਤੀਰ।

ਦੁ ਤੀਨੰ ਹਜ਼ਾਰੀ।
ਕਰੇ ਸਿੰਧੁ ਪਾਰੀ[1]।
ਪਰੇ ਖੇਤ ਐਸੇ।
ਬਢੇ ਬਾਢ ਜੈਸੇ ॥ ੧੫੨ ॥

[1]ਸਮੁੰਦਰੋਂ ਪਾਰ ਭਾਵ ਮਾਰ ਦਿੱਤੇ।

ਉਠਾਏ ਨ ਉੱਠੇ।
ਮਨੋ ਰੋਹ ਰੁੱਠੇ[1]। [1]ਗੁੱਸੇ 'ਚਰੁੱਸੇ ਹੋਏ ਹਨ।
ਕਿਧੋਂ ਖਾਇ ਭੰਗੈਂ।
ਸੁੱਤੇ ਹੈਂ ਮਲੰਗੈਂ[1] ॥ ੧੫੩ ॥ [1]ਭੰਗੀ ਫ਼ਕੀਰ।
ਗੜੇ ਮਾਸ ਚੇਤੰ।
ਪੜੇ ਜੈਸ ਖੇਤੰ।
ਕਰਜੋ ਤੈਸ ਹਾਲੰ।
ਤੁਰਕੈਂ ਸੈਨ ਜਾਲੰ[1] ॥ ੧੫੪ ॥ [1]ਸਾਰੀ ਦਾ।
ਤੁੱਕੇ ਚੀਰ ਸੁੱਕੇ।
ਪਰੇ ਪਾਰ ਉੱਕੇ[1]। [1]ਸਾਰੇ।
ਉਭੈ ਤੀਨ ਚਾਰੰ।
ਵਿਚੋਂ ਹੋਇ ਪਾਰੰ ॥ ੧੫੫ ॥
ਲਗੈ ਜਾਂਹਿ ਕਾਂਨੀ[1]। [1]ਤੀਰ।
ਮੰਗੈਂ ਨਾਹਿ ਪਾਨੀ।
ਇਮੰ ਸੱਤ੍ਰੁ ਭਾਰੇ।
ਗੁਰੂ ਜੌ ਬਿਦਾਰੇ ॥ ੧੫੬ ॥
ਦੋਹਰਾ:
ਅਨੀ ਘਨੀ ਨਿਜ ਹਨੀ ਪਿਖਿ[1], [1]ਆਪਣੀ ਬਹੁਤੀ ਫ਼ੌਜ ਮਰੀ ਵੇਖ ਕੇ।
ਤੁਰਕ ਭਏ ਹੈਰਾਨ।
ਅਨਵਰ ਖਾਂ ਤਬ ਕੋਪ ਕੈ,
ਲਰਜੋ ਗੁਰੂ ਸੌਂ ਆਂਨ ॥ ੧੫੭ ॥
ਤੋਮਰ ਛੰਦ:
ਸਮ ਮੇਘ ਗਰਜ ਸੁ ਆਇ।
ਸਰ ਮੈਂਹ ਖਰ[1] ਬਰਖਾਇ। [1]ਮੀਂਹ ਵਾਂਗ ਤਿੱਖੇ ਤੀਰ।
ਨਹਿ ਲੈਨ ਦੇਤ ਸੰਭਾਲ।
ਸਿੱਖ ਕੀਨ ਦੀਨ ਬਿਸਾਲ[1] ॥ ੧੫੮ ॥ [1]ਬਹੁਤੇ ਦੁਖੀ।
ਗੁਰੁ ਅੱਸ੍ਰ ਕੋ ਦਿਯ ਘਾਇ।
ਗੁਰੁ ਈਸ਼ਰ ਲੀਨ ਬਚਾਇ।
ਪਿਖਿ ਕੋਪ ਬਿਧੀਏ ਧਾਇ।
ਧਨੁ ਤਾਂਨ[1] ਕਾਂਨ ਲਗਾਇ ॥ ੧੫੯ ॥ [1]ਧਨੁਸ਼ ਖਿੱਚ ਕੇ।

ਖਰ ਬਾਨ ਅਰਿ ਸਿਰ ਮਾਰ।
ਭਿਦ[1] ਕਢਜੋ ਪਾਰ ਕਪਾਰ[2]।
ਧਸ ਗਯੋ ਪੰਖਨ ਤਾਂਇ[1]।
ਇਮ ਅਨੀ ਮਾਥ ਦਿਖਾਇ[1] ॥ ੧੬੦ ॥
ਜਨ ਲਾਲ ਟੀਕਾ[1] ਸੋਹਿ।
ਫੁੱਲ ਧਰਜੋ ਦਾੜਮ ਕੋਹਿ[1]।
ਕਿਤ ਕੋਪ ਸਿੱਖ ਬਿਸਾਲ[1]।
ਜਾ ਥਿਰਜੋ ਪਰ ਅਰਿ ਭਾਲ[1] ॥ ੧੬੧ ॥
ਕਿਤ ਬਾਂਸ ਅੰਕੁਰੁ ਹੋਰ।
ਗਿਰ ਸ੍ਰਿੰਗ[1] ਨਿਕਸਜੋ ਫੋਰ।
ਧਰ ਗਿਰਜੋ ਘੂੰਮ ਸੁ ਹਾਰ।
ਜਨ ਬ੍ਰਿੱਛ ਬਜਾਰ[1] ਉਖਾਰ ॥ ੧੬੨ ॥
ਤਿਹ ਗਏ ਸੰਗੀ ਧਾਇ।
ਸਰਦਾਰ ਨਿਜ ਮਰਵਾਇ।
ਇਹੁ ਪੇਖ ਪੈਦੇ ਖਾਂਨ।
ਬਹੁ ਕੋਪ ਆਯੋ ਜ੍ਵਾਂਨ ॥ ੧੬੩ ॥
ਇਮ ਗਰਜ ਤਰਜ[1] ਸੁਨਾਇ।
ਜਨ ਭੂਮਿ ਫਟਤੀ ਜਾਇ।
ਸਰ ਖਰਨ ਝਰਿ[1] ਦਿਯ ਲਾਇ।
ਗੁਰੁ ਓਰ[1] ਜੋਰ ਲਗਾਇ ॥ ੧੬੪ ॥
ਗੁਰੁ ਢਾਲ ਪਰ ਸਬਿ ਲੀਨ।
ਸਮ ਭੂਤ ਅਗਨੀ ਕੀਨ[1]।
ਪੁਨ ਤੇਗ ਬੇਗ ਉਠਾਇ।
ਗੁਰੁ ਸੰਮੁਖ ਆਯੋ ਧਾਇ ॥ ੧੬੫ ॥
ਇਤ ਤੈ ਭੀ ਹਰਿਗੋਬਿੰਦ।
ਗਜ ਇੰਦ ਪਰ ਮ੍ਰਿਗੰਦ[1]।
ਤਿਮ ਭੱਬਕ ਰਵਕ[1] ਸੁ ਆਇ।
ਪ੍ਰਚੰਡ ਖੰਡਾ ਚਾਇ[1] ॥ ੧੬੬ ॥
ਢਿਗ ਢੁੱਕ ਪੈਦੇ ਖਾਂਨ।

[1]ਵਿੰਨ੍ਹ ਕੇ। [2]ਖੋਪਰੀ ਵਿੱਚ ਦੀ।
[1]ਖੰਭਾਂ ਤੱਕ।
[1]ਮੱਥੇ 'ਚ ਤੀਰ ਦੀ ਚੁੰਝ ਇਉਂ ਦਿੱਸਦੀ ਹੈ।
[1]ਤਿਲਕ।
[1]ਅਨਾਰ ਦਾ।
[1]ਸਿੱਖ ਦਾ ਬਹੁਤਾ ਕ੍ਰੋਧ।
[1]ਵੈਰੀ ਦੇ ਮੱਥੇ 'ਤੇ।
[1]ਪਹਾੜ ਦੀ ਚੋਟੀ ਨੂੰ।
[1]ਹਵਾ ਨੇ।
[1]ਤਾੜ ਕੇ।
[1]ਝੜੀ।
[1]ਗੁਰਾਂ ਵੱਲ ਨੂੰ।
[1]ਭੂਤਾਂ ਦੀ ਅੱਗ ਵਾਂਗ (ਖਿਨ ਵਿੱਚ ਬੇ-ਅਸਰ) ਕਰ ਦਿੱਤੇ।
[1]ਵੱਡੇ ਹਾਥੀ ਉੱਤੇ ਸ਼ੇਰ (ਵਾਂਗ)।
[1]ਭਬਕ {ਰਵਕ} ਬੋਲ ਕੇ ਭਾਵ ਮਾਰ ਕੇ।
[1]ਤਿੱਖਾ ਖੰਡਾ ਚੁੱਕ ਕੇ।

ਗੁਰੁ ਕਹਜੋ ਫੇਰ ਕਿਕਾਂਨ[1]। [1]ਘੋੜੇ ਨੂੰ ਫੇਰ ਕੇ।
ਕਰਿ ਬਾਰ[1] ਨਿਮਕ ਹਰਾਮਿ। [1]ਵਾਰ ਕਰ।
ਨਹਿ ਹੌਸ[1] ਰਹਿ ਤੁਵ ਖਾਂਮਿ[2] ॥ ੧੬੭ ॥ [1]ਇੱਛਾ। [2]ਕੱਚੀ (ਮਤਿ) ਵਾਲੇ।
ਯਹਿ ਸੁਨਤ ਪੈਦਾ ਖਾਂਨ।
ਦੈ ਛਾਰ[1] ਛੋਰਿ ਕਿਕਾਂਨ। [1]ਛਾਲ ਮਾਰ ਕੇ।
ਕ੍ਰਿਪਾਂਨ ਪਾਂਨ ਉਭਾਰ।
ਝਟ ਕੀਨ ਗੁਰੁ ਪਰ ਵਾਰ ॥ ੧੬੮ ॥
ਇਨ ਢਾਲ ਪਰ ਸੋ ਲੀਨ।
ਉਨ ਔਰ ਤੀਨਕ ਕੀਨ।
ਤਬ ਗਜੋ ਖੰਡਾ ਟੂਟ।
ਤਿਸ ਰਹੀ ਕਰ ਮੈਂ ਮੂਠ ॥ ੧੬੯ ॥
ਫਿਰ ਅਤੀ ਸ਼ੀਘ੍ਰ ਧਾਇ।
ਹਯ[1] ਗਹਜੋ ਗੁਰੁ ਕਾ ਆਇ। [1]ਘੋੜਾ।
ਚਹਿ ਹਯ ਸਮੇਤ ਗਿਰਾਏ।
ਚੁਕ ਰਹਜੋ ਬਲ ਬਹੁ ਲਾਇ ॥ ੧੭੦ ॥
ਵਹਿ ਜਦਜਪਿ ਥਾ ਬਲਵਾਂਨ।
ਚੁਕ ਲੇਤ ਦੋਇ ਕਿਕਾਂਨ।
ਲਠ ਕੂਪ ਮੈਂ ਰਜੁ ਠਾਨ[1]। [1]ਖੂਹ ਦੀ ਲੱਠ ਵਿੱਚਰੱਸਾ ਪਾ ਕੇ।
ਚੁਕ ਲੇਤ ਹਰਟ ਸਮਾਨ[1] ॥ ੧੭੧ ॥ [1]ਹਰਟ ਦਾ (ਸਾਰਾ) ਸਾਮਾਨ।
ਕਰ ਮੁਸਟ ਕਾ ਪ੍ਰਹਾਰ[1]। [1]ਹੱਥ ਦੀ ਮੁੱਕੀ ਮਾਰ ਕੇ।
ਥਾ ਸੁਟਤ ਸੰਢਹਿ ਮਾਰਿ।
ਪਗ ਅੱਗ੍ਰ ਹਸਤੀ ਕੇਰ[1]। [1]ਹਾਥੀ ਦੇ ਅਗਲੇ ਪੈਰ।
ਉਨ ਚੁੱਕੇ ਥੇ ਬਹੁ ਬੇਰ ॥ ੧੭੨ ॥
ਹਮ ਸਾਚੁ ਕਹਿ ਹੈਂ ਟੇਰ[1]। [1]ਬੋਲ ਕੇ।
ਕੋ ਚੁੱਕੈ ਕਜੋਂ ਨ ਸੁਮੇਰ।
ਵਹਿ ਭੀ ਨ ਸਾਕੈ ਚਾਇ[1]। [1]ਚੁੱਕ ਨਹੀਂ ਸਕਦਾ।
ਗੁਰੁ ਅਤੀ ਗਰੂਏ ਭਾਇ[1] ॥ ੧੭੩ ॥ [1]ਗੁਰੂ ਜੀ ਬਹੁਤੇ ਭਾਰੇ ਵਿਚਾਰੋ।
ਪਤਿ ਤੀਨ ਲੋਕਹਿਂ ਜੋਇ।
ਕਿਮ ਸਕੈ ਚੁੱਕ ਤਿਹ ਕੋਇ ॥ ੧੭੪ ॥
ਦੋਹਰਾ:

ਗਿਰਜੋ ਨ ਚੁੱਕਜੋ ਗਯੋ ਅੱਸ੍ਵ,
ਰਹਜੋ ਪੈਦ ਖਾਂ ਹਾਰ।
ਪੈ ਚਲਨੇ ਨਹਿ ਦਯੋ ਤਿਹ,
ਗੁਰੁ ਰਕਾਬ ਰਹਿ ਮਾਰ ॥੧੭੫॥
ਲਗੈ ਤੇਗ ਨਹਿ ਬੇਗ ਤਿਸ,
ਰਹਜੋ ਬਾਮਿ ਦਿਸ ਲਾਗ[1]।
ਦਈ ਢਾਲ ਗੁਰੁ ਮੂੰਡ[1] ਤਿਹ,
ਗਿਰਜੋ ਵਹਿ ਅੱਸ੍ਵ ਭਾਗ[1] ॥੧੭੬॥

[1]ਖੱਬੇ ਪਾਸੇ (ਘੋੜੇ ਦੇ ਨਾਲ) ਲੱਗ ਕੇ।

[1]ਸਿਰ 'ਤੇ।

[1]ਉਹ ਡਿੱਗ ਪਿਆ ਤੇ ਘੋੜਾ ਭੱਜ ਪਿਆ।

ਪਾਧਰੀ ਛੰਦ:

ਗੁਰੁ ਬੀਰ ਪੈਦ ਖਾਂ ਕੇਰ ਜੰਗ।
ਭਟ ਪਿਖੈਂ ਦੁਹੂੰ ਦਿਸ ਕੇ ਨਿਸੰਗ।
ਉਤ ਤੁੰਗ ਅਟਾਂ[1] ਚਢਿ ਨਗਰ ਕੇਰ।
ਨਰ ਨਾਰਿ ਰਹੇ ਗੁਰੁ ਜੰਗ ਹੇਰ ॥੧੭੭॥
ਪੁਨ ਅੰਤਹਿ ਪੁਰ[1] ਗੁਰੁ ਕੇਰ ਖਾਸ।
ਰਣ ਪਿਖੈਂ ਝਰੋਖਨ ਉਰਿ ਤ੍ਰਾਸ।
ਸਬਿ ਸ੍ਰੀ ਗੁਰੁ ਨਾਨਕ ਕੋ ਮਨਾਇ।
ਪ੍ਰਸ਼ਾਦ ਸੁਖਤ ਹੈਂ ਬਿਬਿਧਿ ਭਾਇ[1] ॥੧੭੮॥
ਜਗ ਕੰਤ ਰਾਖ ਭਗਵੰਤ ਲਾਜ।
ਤੁਰਕਾਨ ਕੇਰ ਹ੍ਵੈ ਹਾਨਿ ਆਜ।
ਪੁਨ ਛੁਟੀ ਮੂਰਛਾ ਪੈਦ ਖਾਨ।
ਗੁਰੁ ਓਰ ਧਯੋ ਬਰਬਾਦ ਠਾਂਨ ॥੧੭੯॥
ਗੁਰੁ ਕਹਿਂ ਪਠਾਂਨ ਹ੍ਵੈ ਸਾਵਧਾਂਨ।
ਕਰਿ ਤੁਰਤ ਫੁਰਤ ਸਿਰਿ ਧਰ ਕ੍ਰਿਪਾਨ[1]।

[1]ਉੱਚੀਆਂ ਅਟਾਰੀਆਂ 'ਤੇ।

[1]ਮਹਿਲਾਂ ਵਿੱਚ।

[1]ਅਨੇਕ ਤਰ੍ਹਾਂ ਦੇ ਪ੍ਰੇਮ ਨਾਲ।

[1](ਗੁਰਾਂ ਨੇ) ਛੇਤੀ ਫੁਰਤੀ ਕਰ ਕੇ (ਪੈਂਦੇ ਖ਼ਾਂ ਦੇ) ਸਿਰ 'ਚ ਕ੍ਰਿਪਾਨ ਮਾਰੀ।

ਫਿਰ ਗਈ ਤਾਰ ਸਾਬਨ ਸਮਾਨ।
ਜਨ ਫਰਦੈ[1] ਚੀਰ ਡਾਰਜੋ ਤਰਖਾਨ ॥੧੮੦॥
ਉਨਿ ਕਹਜੋ ਗਿਰਤ ਗੁਰੁ ! ਰਾਖ ਲੇਹੁ।
ਗੁਰੁ ਕਹਜੋ ਅਰੇ ਕਲਮਾ ਪੜ੍ਹੇਹੁ।
ਉਨ ਕਹਾ ਭਈ ਕਲਮਾਂ ਕ੍ਰਿਪਾਨ।
ਤੁਵ ਮਿਸਰੀ ਮਿਸਰੀ ਮਿਲੀ ਪਾਨ[1] ॥੧੮੧॥

[1](ਲੱਕੜ ਦੇ) ਫੱਟੇ।

[1]ਤੁਹਾਡੀ ਮਿਸਰ ਦੀ ਬਣੀ ਹੋਈ ਕ੍ਰਿਪਾਨ (ਮੈਨੂੰ) ਪੀਣ ਨੂੰ ਮਿਸ਼ਰੀ ਮਿਲੀ ਹੈ।

ਜਬਿ ਜੂਝਜੋ ਪੈਂਦੇ ਖਾਂਨ ਸੂਰ।
ਸਿਰ ਰੁੱਦ੍ਰ[1] ਲੀਨ ਰੂਹ ਬਰਜੋ ਹੂਰ। [1]ਸ਼ਿਵ ਨੇ।
ਉਤ ਦਿਸ ਨਿਸੰਗ ਉਸਮਾਂਨ ਖਾਨ।
ਗੁਰੁ ਪੂਤ ਗੁਰੁਦਿੱਤੇ ਬਲੀ ਜਾਂਨ ॥੧੮੨॥
ਅਤਿ ਮੰਡ ਘਮੰਡ ਪ੍ਰਚੰਡ ਭਾਰ[1]। [1]ਬਹੁਤਾ ਵੱਡਾ ਤੇ ਤਿੱਖਾ ਜੰਗ ਕਰਕੇ।
ਕਰਿ ਖੰਡ ਖੰਡ ਦਿਯ ਧਰਨਿ ਡਾਰ।
ਇਹੁ ਪੇਖ ਕੁਤਬ ਖਾਂ ਆਇ ਫੇਰ।
ਆ ਲਰਜੋ ਅੱਗ੍ਰ ਹ੍ਵੈ ਕਰਿ ਦਲੇਰ ॥੧੮੩॥
ਇਕ ਦਿਸ ਤੈ ਕਾਲੇ ਖਾਂਨ ਧਾਇ।
ਲੈ ਸੰਗ ਸੂਰ ਬਹੁ ਭਿਰਜੋ ਆਇ।
ਇਕ ਅਏ ਤੁਰਕ ਥੇ ਦੂਰ ਚੱਲ।
ਪੁਨ ਖਾਨ ਪਾਨ ਮਿਲਜੋ ਨ ਭੱਲ[1] ॥੧੮੪॥ [1]ਚੰਗਾ।
ਭੇ ਲਰਤ ਜਾਂਮ ਤ੍ਰੈ ਗਏ ਥੱਕ।
ਇਮ ਲਰੈਂ ਨ ਤਨ ਦੈ ਰਹੇ ਅੱਕ।
ਚਢਗੋ ਦੁਪਹਿਰ ਗਰਮੀ ਮਹਾਂਹਿਂ।
ਬਹੁ ਮਰੇ ਪਰੇ ਸੰਗੀ ਦਿਖਾਂਹਿਂ ॥੧੮੫॥
ਕੁਛ ਤਰਫਤ ਘਾਇਲ[1] ਪਰੇ ਭੂਮ। [1]ਜ਼ਖ਼ਮੀ।
ਜਿਮ ਗਏ ਬਿੱਤ[1] ਤੈ ਹਾਲ ਸੂਮ। [1]ਧਨ।
ਨਹਿ ਮਿਲੈ ਆਬ[1] ਤਿਹ ਚੁੱਕੈ ਕੋਇ। [1]ਪਾਣੀ।
ਇਹੁ ਪੇਖ ਚਹੈਂ ਨਹਿ ਲਰਨ ਸੋਇ ॥੧੮੬॥
ਪਰ ਰੁਕੇ ਰੁਕਾਏ ਲਰੇ ਆਇ।
ਦਿਯ ਜੰਗ ਖਤੰਗ ਤੁਫੰਗ[1] ਪਾਇ। [1]ਤੀਰਾਂ ਤੇ ਬੰਦੂਕਾਂ ਦਾ।
ਬਹੁ ਗੁਲਕਾਂ ਤੀਰ ਬਸਾਇ ਖੇਤ।
ਗੁਰੁ ਸਿਖ ਲਰੈਂ ਅਤਿ ਹ੍ਵੈ ਸੁਚੇਤ ॥੧੮੭॥
ਜਬਿ ਤੀਰ ਗੋਲੀਆਂ ਗਏ ਮੁੱਕ।
ਤਬ ਖੈਂਚ ਕ੍ਰਿਪਾਨਾ ਪਏ ਢੁੱਕ[1]। [1]ਨੇੜੇ ਹੋ ਕੇ।
ਇਕ ਹਸਨ ਅਲੀ ਸੱਯਦ ਬੁਲੰਦ।
ਇਮ ਫਿਰੈ ਬਕਤ[1] ਕਹਿ ਹਰਿਗੁਬਿੰਦ [1]ਬੋਲਦਾ।
॥੧੮੮॥
ਸੁਨਿ ਗੁਰੂ ਲਰੇ ਤਿਹ ਸੰਗ ਆਇ।

ਉਨ ਕਰੇ ਬਾਰ ਬਹੁ ਦਾਇ ਘਾਇ।
ਕੁਛ ਅਯੋ ਜਖਮ ਗੁਰੁ ਕੇ ਸ਼ਰੀਰ।
ਤਬਿ ਜਗਜੋ ਰੋਸ ਅਤਿਸੈ ਗੰਭੀਰ ॥ ੧੮੯ ॥
ਦੈ ਬੇਗ ਤੇਗ ਸਿਰ ਸੁੱਟਜੋ ਕੱਟ।
ਜਨ ਨਾਲੀਏਰ ਟੁਰ ਪਰਜੋ ਝੱਟ।
ਯਹਿ ਪੇਖਿ ਅਯੋ ਤਿਹ ਸਕਾ ਬੀਰ।
ਥਾ ਤੀਨ ਹਜਾਰੀ ਬਲੀ ਬੀਰ ॥ ੧੯੦ ॥
ਉਨ ਅੱਸ੍ਰ ਧਵਾਇ ਜੁ ਕੀਨ ਵਾਰ।
ਗੁਰੁ ਆਪ ਬਚੇ ਵਹਿ ਲਯੋ ਮਾਰ।
ਪੁਨ ਔਰ ਅਏ ਦ੍ਵੈ ਬਢ[1] ਉਮੰਗ। [1]ਵਧ ਕੇ।
ਇਕ ਲੱਖੂ ਨੇ ਲਿਯ ਸਾਂਗ ਸੰਗ[1] ॥ ੧੯੧ ॥ [1]ਬਰਛੀ ਨਾਲ।
ਇਕ ਬਿਧੀ ਚੰਦ ਨੇ ਕਰਜੋ ਹਾਨ।
ਨਹਿੰ ਦਏ ਗੁਰੂ ਲਗ ਉਭੈ ਜਾਨ।
ਪੁਨ ਕੁਤਬ ਖ਼ਾਨ ਸੰਜੋਇ ਸੰਗ।
ਥੇ ਮਢੇ ਹੁਤੇ ਨਿਜ ਸਬੈ ਅੰਗ ॥ ੧੯੨ ॥
ਨਿਜ ਮਰੇ ਬੀਰ[1] ਪਿਖਿ ਰੋਸ ਧਾਰ। [1]ਭਰਾ।
ਗੁਰੁ ਓਰ ਅਯੋ ਬਕ[1] ਮਾਰ ਮਾਰ। [1]ਬੋਲਦਾ।
ਹ੍ਵੈ ਅੱਗ੍ਰ ਪਰਜੋ ਲੱਖੂ ਸੁ ਜਾਇ।
ਲਲਕਾਰ ਬੰਗਾਰ ਕਰਾਰ ਪਾਇ[1] ॥ ੧੯੩ ॥ [1]ਸਥਿਰਤਾ ਪਾ ਕੇ, ਭਾਵ ਟਿਕ ਕੇ।
ਧਨੁ[1] ਤਾਨ ਕਾਨ ਲਗ ਐਂਚ[2] ਬਾਨ। [1]ਧਨੁਸ਼। [2]ਖਿੱਚ ਕੇ।
ਉਨਿ ਲਖੂ ਪਰ ਬਹੁ ਤਜੇ ਆਨ।
ਇਨ ਸਬਿ ਬਚਾਇ ਨਿਜ ਸਾਂਗ ਡਾਰ।
ਦਿਯ ਕੁਤਬਦੀਨ ਕਾ ਅੱਸ੍ਰ ਮਾਰ ॥ ੧੯੪ ॥
ਤਿਹ ਚਹਜੋ ਹਤਨ ਗਯੋ ਕੁਤਬ ਭਾਗ।
ਇਕ ਔਰ ਬੀਰ ਆ ਲਰਨ ਲਾਗ।
ਤਿਸ ਪਰਿ ਪਰਿਹਾਰ ਲਖੂ ਕ੍ਰਿਪਾਨ।
ਲਿਯ ਮੂੰਡ ਲਾਹਿ ਕੱਦੂ ਸਮਾਨ ॥ ੧੯੫ ॥
ਫਿਰ ਲਯੋ ਮਲੇਛਨ ਤਾਂਹਿ ਘੇਰ।
ਬਹੁ ਸੱਤ੍ਰੁਨ ਕੇ ਉਨ ਕਰੇ ਢੇਰ।
ਬਹੁ ਲਗੇ ਘਾਵ ਭੀਗਜੋ ਸ੍ਰੋਣ।

ਸਭਿ ਕਹੈਂ ਯਾਂਹਿ ਸੋ ਲਰੈ ਕੌਣ ॥੧੯੬॥
ਇਹ ਅਗਨਿ ਲਾਟ ਸੀ ਰਹਜੋ ਫੂਕ।
ਪੁਨ ਕੁਤਬ ਖਾਂਨ ਢਿਗ ਆਇ ਢੂਕ।
ਲਿਯੇ ਸੰਗ ਔਰ ਬਹੁ ਬੀਰ ਭੀਰ।
ਤਿਨ ਤੀਰ ਛੋਰ ਬੇਧਜੋ ਸਰੀਰ ॥੧੯੭॥
ਸਿਖ ਰੇਜ ਰੇਜ[1] ਹ੍ਵੈ ਮਰਜੋ ਕੱਟ।
ਸਰਦਾਰ ਹੂਰ ਨੇ[1] ਬਰਜੋ ਝੱਟ।
ਪੁਨ ਮਿਹਰਾ, ਅਮੀਆਂ ਇਸੀ ਭਾਇ।
ਰਣ ਜੂਝੇ ਸੱਤ੍ਰੂ ਅਧਿਕ ਘਾਇ ॥੧੯੮॥
ਪਿਖਿ ਕਾਲੇ ਦੁੱਲ੍ਹਟ ਛੇਰ ਅੱਸ੍ਵ।
ਬਹੁ ਸੱਤ੍ਰੂ ਹਨੇ ਮਧ ਸੈਨ ਧੱਸ੍ਵ[1]।
ਇਕ ਏਕ ਤੀਰ ਦੁਹਿ ਚਹੁੰਨ ਚੀਰ।
ਕਢ ਹੈਂ ਸੁ ਪਾਰ ਬਢ ਬੀਰ ਧੀਰ ॥੧੯੯॥
ਪੁਨ ਬਿਧੀ ਚੰਦ ਲੌ ਬੀਰ ਔਰ।
ਤਿਹ ਭਏ ਸਹਾਯਕ ਜਾਇ ਗੌਰ।
ਦੈ ਦੱਬ ਸੈਨ ਤੁਰਕੈਨ ਤਾਂਇ।
ਬਹੁ ਜ੍ਵਾਨ ਕਿਕਾਨਨ ਤਈਂ ਘਾਇ ॥੨੦੦॥
ਕਟਰੁੰਡ ਮੁੰਡ ਸੁੱਟ ਥੋੜ ਥੋੜ[1]।
ਕਰਿ ਚੌੜ[1] ਦੌੜ ਨਿਜ ਅਏ ਠੌੜ[2]।
ਪਿਖਿ ਕੁਤਬ ਖਾਂਨ ਰਿਸ ਕੈ ਮਹਾਂਨ।
ਲੈ ਸੰਗ ਭੀਰ ਧੈ[1] ਪਰਜੋ ਆਂਨ ॥੨੦੧॥
ਗੁਰ ਸਮੁਖ ਆਇ ਬਹੁ ਮਾਰ ਮਾਰ।
ਬਕ ਰਹਜੋ ਹੁਤੋ ਮੁੰਹ ਫਾਰ ਫਾਰ[1]।
ਗੁਰੁ ਖੈਂਚ ਬਾਨ ਮੁਖ ਮੈਂ ਪ੍ਰਹਾਂਨ।
ਧਰ[1] ਸੁਟਜੋ ਲੁਠਜੋ[2] ਛੁਟਿਓ ਪ੍ਰਾਂਨ ॥੨੦੨॥
ਤਿਹ ਥਿਰ ਹ੍ਵੈ ਲਰੇ ਥੋਰ।
ਪਿਖਿ ਹਾਥ ਸਿੱਖਨ ਭਗ ਗੇ ਬਹੋਰ ॥੨੦੩॥
ਦੋਹਰਾ:
ਨਿਜ ਸੰਗੀ ਬਹੁ ਮਰੇ ਪਿਖਿ,
ਕਾਲੇ ਖਾਂ ਰਿਸ ਠਾਨ।

[1]ਟੁਕੜੇ ਟੁਕੜੇ।

[1]ਹੂਰਾਂ ਦੀ ਸਰਦਾਰਨੀ ਨੇ। (ਅ) {ਸਰਦਾਰ} ਸਿੱਖ ਨੂੰ ਹੂਰ ਨੇ।

[1]ਧਸ ਕੇ, ਵੜ ਕੇ।

[1]ਜਗ੍ਹਾ-ਜਗ੍ਹਾ।

[1]ਤਬਾਹੀ, ਬਰਬਾਦੀ। [2]ਥਾਂ।

[1]ਧਾ ਕੇ, ਦੌੜ ਕੇ।

[1]ਮੂੰਹ ਪਾੜ ਪਾੜ ਕੇ ਬੋਲ ਰਿਹਾ ਸੀ।

[1]ਮਾਰ ਕੇ। [2]ਲੇਟ ਗਿਆ।

ਪਾਛੇ ਹਟਨ ਹਰਾਮ ਲਖਿ[1],
ਲਰਨ ਮਰਨ ਹਕ ਮਾਂਨ ॥੨੦੪॥
[1]ਜਾਣ ਕੇ।

ਭੁਜੰਗ ਪ੍ਰਯਾਤ ਛੰਦ:
ਬਚੇ ਬੀਰ ਜੇਤੇ ਕਰੇ ਏਕ ਠੌਰੈਂ।
ਲਿਯੇ ਸੰਗ ਧਾਯੋ ਕਰਜੋ ਰੌਰ ਗੌਰੈਂ।
ਭਯੋ ਸਾਮੁਹੇ ਬੀਰ ਤਾਜੀ[1] ਚਲੈ ਕੈ।
ਗੁਰੂ ਕੋ ਬੰਗਾਰਜੋ ਢਿਗੰ ਢੋਇ ਕੈ ਕੈ[1] ॥੨੦੫॥
[1]ਘੋੜਾ।
[1]ਨੇੜੇ ਢੁੱਕ ਕੇ।

ਘਨੋ ਧੀਰ ਦੈ ਬੀਰ ਸੰਗੀਨ ਤਾਈਂ।
ਤਬੈ ਬਾਦ ਮਾਰੂ[1] ਦਯੋ ਬੱਜਵਾਈ।
ਉਡੀ ਗ੍ਰਿੱਧ ਬ੍ਰਿੱਧੰ[1] ਸਿਵਾ[2] ਸ੍ਵਾਨ[3] ਬੋਲੈਂ।
ਰਟੈਂ ਕੰਕ ਬੰਕੰ[1] ਪਰੀ ਹੂਰ ਡੋਲੈਂ ॥੨੦੬॥
[1]ਜੰਗੀ ਵਾਜੇ।
[1]ਵੱਡੀਆਂ ਗਿਰਝਾਂ। [2]ਗਿਦੜੀਆਂ। [3]ਕੁੱਤੇ।
[1]ਕਾਂ ਟੇਢੇ ਬੋਲਦੇ ਹਨ।

ਮਚੈਂ[1] ਭੂਤ ਭੈਰੋਂ ਤਚੈਂ ਕਿਲਕਾਰੀ[2]।
ਨਚੈਂ ਜੋਗਨੀ ਭੋਗਨੀ ਸ੍ਰੌਨ ਸਾਰੀ[1]।
ਹਲਾ ਹੂਲ ਕੈ ਕੈ[1] ਧਏ ਏਕ ਬਾਰੈਂ।
ਤਚੈ[1] ਸੋ ਖਤੰਗੈ[2] ਤੁਫੰਗੈ[3] ਅਪਾਰੈਂ ॥੨੦੭॥
[1]ਖ਼ੁਸ਼ ਹੁੰਦੇ ਹਨ। [2]ਚੀਕਾਂ ਮਾਰਦੇ ਹਨ।
[1]ਸਾਰੀਆਂ ਲਹੂ ਪੀਣੀਆਂ ਜੋਗਣੀਆਂ।
[1]ਹਲਚਲੀ ਪਾ ਕੇ।
[1]ਛਡਦੇ ਹਨ। [2]ਤੀਰ। [3]ਬੰਦੂਕਾਂ।

ਗੁਰੂ ਬੀਰ ਗੰਭੀਰ ਸਧੀਰ ਭਾਰੀ।
ਇਕੈ ਬਾਰ ਹੀ ਬਾਰ ਝਾਰੈ[1] ਅਪਾਰੀ।
ਭਿਦੈ[1] ਕੰਧ[2] ਛਾਤੀ ਛਿਦੈਂ[3] ਪੇਟ ਕਾ ਹੂੰ।
ਫਟੈਂ ਮੁੰਡ[1] ਤੁੰਡ[2] ਕਟੈਂ ਜੰਘ ਬਾਹੂੰ[3] ॥੨੦੮॥
[1]ਇਕੱਠਾ ਵਾਰ ਕਰਦੇ ਹਨ।
[1]ਵਿੰਨ੍ਹਦੇ ਹਨ। [2]ਮੋਢੇ। [3]ਕੱਟਦੇ ਹਨ।
[1]ਸਿਰ। [2]ਮੂੰਹ। [3]ਲੱਤਾਂ ਤੇ ਬਾਹਾਂ।

ਭਰੀ ਫੇਰ ਗੋਲੀ ਜੜੇ ਮੋੜ ਤੋੜੇ[1]।
ਛੁਟੈਂ ਤੀਰ ਤੀਖੇ ਦੁਹੂੰ ਦਿਸ ਨ ਥੋੜੇ।
ਦੜਾਦਾੜ ਡਿੱਗੈਂ ਨਹੀ ਫੇਰ ਉੱਠੇ।
ਪਰੇ ਮੂਧ[1] ਸੂਧੇ ਕਿਤੇ ਟੇਢ ਪੁੱਠੇ ॥੨੦੯॥
[1]ਤੋਪ ਤੇ ਬੰਦੂਕ ਨੂੰ ਅੱਗ ਦੇਣ ਵਾਲੇ ਡੋਰੇ।
[1]ਮੂੰਹ ਹੇਠਾਂ ਕਰਕੇ।

ਭਿੜੈਂ[1] ਭੇੜ[2] ਭਾਰੀ ਗਿੜੈਂ ਗੇੜ ਥੈ ਕੈ।
ਸਬੈ ਜੀਤ ਚੈਹੈਂ ਲਰੈਂ ਅੱਗ੍ਰ ਐ ਕੈ।
ਗੁਰੂ ਤਾਂਨ[1] ਕੰਮਾਨ ਕੋ ਕਾਨ ਤੋੜੀ[2]।
ਕਰੈਂ ਬਾਨ ਬਰਖਾ ਕਿਛੂ ਨਾਹਿ ਥੋੜੀ ॥੨੧੦॥
[1]ਜੰਗ ਵਿੱਚ। [2]ਡਿੱਗਦੇ ਹਨ।

ਮਰੇ ਜ੍ਵਾਂਨ ਕਿਕਾਂਨ[1] ਜੌ ਭੂਰ ਸੰਗੀ[2]।
ਰਹੇ ਥੋਰ ਤੌ ਖਾਂਨ ਕਾਲੇ ਉਤੰਗੀ[1]।
[1]ਖਿੱਚ ਕੇ। [2]ਕੰਨ ਤੱਕ।
[1]ਘੋੜੇ। [2]ਬਹੁਤੇ ਸਾਥੀ।
[1]ਉੱਚੇ ਹੋ ਕੇ।

ਢਿਗੰ ਢੁੱਕ ਕੈ ਢੀਠ ਹ੍ਵੈ ਤੀਰ ਛੋਰੇ।
ਸਮੰ ਮੇਂਹ ਭਾਦੋਂ ਗੁਰੂ ਪੈ ਨ ਥੋਰੇ ॥੨੧੧॥
ਗੁਰੂ ਕੋਪ ਕੈ ਤੀਰ ਤੀਖੈਂਨ ਜੋਰਾ[1]। [1]ਤਿੱਖੇ ਤੀਰਾਂ ਦਾ ਜੋੜਾ।
ਤਚਜੋ[1], ਖਾਂਨ ਬਚਜੋ ਗਿਰਜੋ ਤਾਂਹਿ ਘੋਰਾ। [1]ਛੱਡਿਆ।
ਤਬੈ ਖਾਂਨ ਬੋਲਜੋ ਕਰੋ ਜੰਗ ਧਰਮੰ।
ਅਹੇ ਆਦਿ ਛੱਤ੍ਰੀਨ ਕੋ ਜੈਸ ਕਰਮੰ ॥੨੧੨॥
ਖਰੋ ਪੈਰ ਪਜਾਦੇ ਲਰੋ ਖੱਗ ਸਾਥੰ[1]। [1]ਤਲਵਾਰ ਨਾਲ।
ਤੁਮੈ ਭੀ ਕਹੈਹੋ[1] ਬਲੀ ਬੀਰ ਨਾਥੰ। [1]ਅਖਵਾਉਂਦੇ ਹੋ।
ਤਬੈ ਛੋਰਿ ਘੋਰਾ ਗੁਰੂ ਖੈਂਚ ਖੰਡਾ।
ਮੰਡਜੋ ਖਾਨ ਸੋਂ ਆਨ ਘੋਮੰਡ ਚੰਡਾ[1] ॥੨੧੩॥ [1]ਤਿੱਖਾ ਜੰਗ ਸ਼ੁਰੂ ਕੀਤਾ।
ਉਭੈ ਬੀਰ ਬਾਂਕੇ ਬਲੀ ਜੰਗ ਜੁੱਟੇ।
ਪਰੈ ਤੇਗ ਠੰਕਾਰ ਠਠਜਾਰ ਕੁੱਟੇ।
ਦੁਹੂੰ ਓਰ ਕੈ ਸੈਨ ਸੂਰੇ ਨਿਹਾਰੈਂ।
ਲਰੈਂ ਸੂਰ ਦੋਊ ਧਰੇ ਧੀਰ ਭਾਰੈਂ ॥੨੧੪॥
ਮਨੋ ਮਤ ਦੰਤੀ ਕਿਧੋ ਕੇਹਰੀ ਦ੍ਵੈ[1]। [1]ਜਾਣੋ (ਦੋ) ਮਸਤ ਹਾਥੀ ਜਾਂ ਦੋ ਸ਼ੇਰ ਹਨ।
ਜਰਾਸਿੰਧ ਭੀਮੰ[1] ਰਾਮ ਰਾਵਣੰ ਹ੍ਵੈ। [1]ਭੀਮਸੈਨ।
ਕਿਧੋਂ ਇੰਦ੍ਰ ਬ੍ਰਿੱਤ੍ਰਾਸਰੰ[1] ਜੰਗ ਕੈਹੈਂ। [1]ਦੈਂਤਾਂ ਦਾ ਰਾਜਾ ਬ੍ਰਿੱਤ੍ਰ।
ਮਨੋ ਕ੍ਰਿਸ਼ਨ ਚੰਡੂਰ[1] ਏਊ ਲਰੈ ਹੈਂ ॥੨੧੫॥ [1]ਕੰਸ ਦਾ ਇਕ ਪਹਿਲਵਾਨ।
ਮੁਰੂ ਕੈ ਮੁਰਾਰੀ[1] ਗੁਰੂ ਤੈਸ ਜੁੱਟੇ। [1]ਮੁਰ ਦੈਂਤ ਤੇ ਵਿਸ਼ਨੂੰ (ਵਾਂਗ)।
ਇਕੋ ਏਕ ਕੀਏ ਬਿਨਾ ਨਾਹਿ ਛੁੱਟੇ।
ਪਟੇ ਬਾਜ[1] ਦੋਊ ਪਹਿਲਵਾਂਨ ਭਾਰੇ। [1]ਗੱਤਕੇ ਦੇ ਖਿਡਾਰੀ।
ਕਰੇ ਬਾਰ ਔ ਦਾਵ ਘਾਵੰ ਅਪਾਰੇ ॥੨੧੬॥
ਫੁਟੇ ਢਾਲਿ ਸੰਜੋਇ ਤੈ ਘਾਇ[1] ਆਏ। [1]ਜ਼ਖ਼ਮ।
ਬਲੀ ਬੀਰ ਸੂਰੇ ਜਰਾ ਨਾ ਜਨਾਏ।
ਪੁਨਾ ਖੱਗ ਪੈ ਖੱਗ ਉੱਠੈਂ ਠਨੱਕੈ[1]। [1]ਠਣ ਠਣ ਦੀ ਅਵਾਜ਼ ਆਉਂਦੀ ਹੈ।
ਉਠੈਂ ਸੋ ਚੰਗਾਰੇ ਟੱਟਜਾਨੇ ਚਮੱਕੈਂ ॥੨੧੭॥
ਚਢੇ ਮੰਦ੍ਰੋਂ ਪੈ ਨਰੰ ਨਾਰਿ ਹੇਰੈਂ।
ਪ੍ਰਭੂ ਰਾਖ ਲੇ ਹਿੰਦੁ ਕੀ ਲਾਜ ਟੇਰੈਂ।
ਉਭੈ ਸੈਨ ਕੇ ਸੂਰ ਔ ਹੂਰ ਪੇਖੈਂ।
ਦਿਯੇ ਨੈਨ ਚਿੱਤੰ ਮਨੋ ਚਿਤ੍ਰ ਲੇਖੈਂ[1] ॥੨੧੮॥ [1]ਨੇਤ੍ਰ ਦੇਖਣ 'ਚ ਇਉਂ ਲਾਏ ਹੋਏ ਹਨ ਜਾਣੋ ਤਸਵੀਰਾਂ

Sri Satguru Jagjit Singh Ji eLibrary NamdhariElibrary@gmail.com

ਲਿਖੀਆਂ ਹੋਈਆਂ ਹਨ।

ਕਹੈਂ ਜੁੱਧ ਸੁੱਧੰ ਇਸੋ ਕੌਨ ਕੈ ਹੈਂ।
ਤਕਾ ਤਕ[1] ਬੰਗਾਰ ਕੈ ਸੋ ਲਰੈ ਹੈਂ। [1]ਤੱਕ ਤੱਕ ਕੇ।
ਗੁਰੂ ਤਮਕ[1] ਤੇਗੰ ਤੱਕ ਬੇਗ ਝਾਰੀ। [1]ਗੁੱਸੇ 'ਚ ਹੋ ਕੇ।
ਬਹੀ ਤਾਰ ਸਾਬੂਨ ਜਸੋਂ ਖਾਂ ਮਝਾਰੀ ॥੨੧੯॥
ਕਟਜੋ ਟੋਪ ਮੂਡੰ ਧਰੰ ਧਾਇ ਧਸੀ।
ਪਰੀ, ਹੂਰ, ਕਾਲੀ, ਗੁਰੂ ਸੈਨ ਹੱਸੀ।
ਕਰਜੋ ਅੱਧ ਅਧੰ ਪਰਜੋ ਭੂਮਿ ਮੇਲਾ[1]। [1]ਧਰਤੀ 'ਚ ਮਿਲਿਆ ਪਿਆ ਹੈ।
ਮਨੋ ਚੀਰ ਕਰਵੱਤ੍ਰੈਂ ਦੀਨ ਕੇਲਾ ॥੨੨੦॥

ਦੋਹਰਾ:

ਚਢਿ ਬਿਵਾਨ ਬਰ ਹੂਰ ਵਰ,
ਗਯੋ ਭਿਸ਼ਤ ਕੋ ਖਾਂਨ।
ਬਜੇ ਨਗਾਰੇ ਫਤੇ ਕੇ,
ਦਿਸ[1] ਗੁਰੁ ਅਨੀ[2] ਮਹਾਂਨ ॥੨੨੧॥ [1]ਤਰਫ਼। [2]ਫ਼ੌਜ ਵਿੱਚ।

ਚੌਪਈ:

ਭਗੀ ਤੁਰਕਾਨੀ ਬਹੁ ਮੁਰਝਾਈ।
ਬਿਨੁ ਅਫਸਰ ਕੋ ਕਰੇ ਲਰਾਈ।
ਜਿਸ ਦਿਸ ਜਿਹ ਮੁਖ ਤਿਸ ਦਿਸ ਭਾਗੇ।
ਬਲ ਧਰਿ ਸਿੱਖ ਪਿਛਾਰੀ ਲਾਗੇ ॥੨੨੨॥
ਇਕ ਇਕ ਅੱਗ੍ਰ ਬੀਸ ਦਸ ਜਾਂਹੀ।
ਜੈਸ ਬ੍ਰਿਕ ਤੈ[1] ਅਜਾ ਪਲਾਹੀ[2]। [1]ਬਘਿਆੜ ਤੋਂ। [2]ਬੱਕਰੀਆਂ ਦੌੜਦੀਆਂ ਹਨ।
ਕਾਟਤ ਸਿੱਖ ਨਿਤੰਬ[1] ਸਕੰਧੇ[2]। [1]ਚਿੱਤੜ। [2]ਮੋਢੇ।
ਪਿਖੈਂ ਨ ਪੀਛੈ ਜਨ ਭਏ ਅੰਧੇ ॥੨੨੩॥
ਲਏ ਗੇਰ ਕਿਛੁ ਗਏ ਪਲਾਈ।
ਤੁਰਕੈਂ ਤ੍ਰੀਕ ਸੁ ਬਿੱਧਣ[1] ਆਈ। [1]ਦੁਖਦਾਈ ਤ੍ਰੀਕ ਭਾਵ ਕਿਆਮਤ ਦਾ ਦਿਨ।
ਹਾੜ ਮਹੀਨਾ ਕਹਿਰ ਦੁਪਹਿਰੇ।
ਪਜਾਸ ਤ੍ਰਾਸ ਦੁਖੀ ਕਿਯ ਗਹਰੇ[1] ॥੨੨੪॥ [1]ਬਹੁਤੇ।
ਬਚੇ ਜੁ ਖੇਤ[1] ਨਿਕੇਤ ਪਧਾਰੇ[2]। [1]ਜੰਗ ਦੇ ਮੈਦਾਨ 'ਚੋਂ। [2]ਘਰਾਂ ਨੂੰ ਚਲੇ ਗਏ।
ਦਈ ਖਬਰ ਗੁਰੁ ਸਭੇ ਬਿਦਾਰੇ[1]। [1]ਮਾਰ ਦਿੱਤੇ।
ਘਰ ਘਰ ਸਜਾਪੇ ਤੁਰਕਨ ਹੋਹੀਂ।

ਰੋਵਤ ਪੀਟਤ ਤਿਯ ਸਿਰ ਖੋਹੀਂ ॥੨੨੫॥
ਹੈ ਹੈ ਓਹਿ ਓਹਿ ਧੁਨੀ ਉਠੈ ਹੈਂ।
ਨਾਇਣ ਦੇਤ ਤਲੀਮ[1] ਪਿਟੈ ਹੈਂ। [1]ਅਲਾਹਣੀਆਂ।
ਕਰੁਨਾਰਸ ਜਮ ਰਾਗ ਛਯੋ ਧਰ[1]। [1]ਸੋਗ ਤੇਰੋਣਾ ਪਿੱਟਣਾ ਧਰਤੀ 'ਤੇ ਫੈਲ ਗਿਆ।
ਉਰ ਕਪੋਲ ਪੱਟ ਬਾਦ ਬਜੈਂ ਭਰ[1] ॥੨੨੬॥ [1]ਛਾਤੀ, ਗੱਲ੍ਹਾਂ ਤੇ ਪੱਟਾਂ ਦੇ ਭਲੀ ਪ੍ਰਕਾਰ ਵਾਜੇ ਵਜਦੇ ਹਨ।
ਇਤ ਸਤਿਗੁਰੁ ਰਣ ਫਤੇ ਕਰੈ ਕੈ।
ਸੈਨ ਸੰਭਾਰਨ ਕੀਨੀ ਐ ਕੈ।
ਸਿੱਖ ਸ਼ਹੀਦ ਸਾਤ ਸੌ ਭਏ।
ਦਹਿ ਗੁਨ ਤੁਰਕ ਮਰੇ ਤਹਿਂ ਪਏ ॥੨੨੭॥
ਸਿੱਖ ਉਠਾਇ ਗੁਰੂ ਜਲਵਾਏ।
ਸੱਤ੍ਰੂ ਪਰੇ ਬਹੁ ਰਹੇ ਦਬਾਏ।
ਮੁਰਦਨ ਸੰਗ ਸਕੀਰਣ ਧਰਾ[1]। [1]ਧਰਤੀ ਢੱਕੀ ਗਈ।
ਭਈ ਦੂਰ ਲੌ ਗਾਮ ਚੁਫਿਰਾ ॥੨੨੮॥
ਮਾਸ ਅਹਾਰੀ ਬ੍ਰਿੰਦ ਫਿਰਾਵੈਂ।
ਛਕਿ ਪਲ[1] ਬੋਲਤ ਤ੍ਰਾਸ ਉਪਾਵੈਂ। [1]ਮਾਸ।
ਜੋਗਨਿ ਭੈਰਵਿ ਭੂਤ ਪ੍ਰੇਤੰ।
ਨੱਚਤ ਕਿਲਕੈਂ ਤੱਚਤ ਖੇਤ[1] ॥੨੨੯॥ [1]ਚੀਕਾਂ ਮਾਰਦੀਆਂ ਹਨ ਜੰਗ ਦੇ ਮੈਦਾਨ ਵਿੱਚ।
ਬਹੁ ਬਦਬੋਈ ਉਠੀ ਦਿਸ ਚਾਰੀ।
ਇਸ ਹਿਤ ਗੁਰੁ ਚਿੱਤ ਬ੍ਰਿਤਿ ਉਠਾਰੀ।
ਪੁਨ ਬੁੱਢਣ ਸ਼ਹਿ ਪ੍ਰੇਮੀ ਸੰਤੈਂ।
ਦਰਸ਼ਨ ਚਹਜੋ ਵਖਤ ਨਿਜ ਅੰਤੈਂ ॥੨੩੦॥
ਅਰ ਦੇਸੀ ਬਹੁ ਤੁਰਕ ਸੰਘਾਰੇ।
ਤਿਨੈ ਸਬੰਧੀ ਦ੍ਵੈਸ਼ ਉਠਾਰੇ।
ਚਤਰਥ ਸਿੱਖ ਮਾਲਵੇ ਕੇਰੇ।
ਚਹੈਂ ਦਰਸ ਧਰਿ ਪ੍ਰੇਮ ਬਧੇਰੇ ॥੨੩੧॥
ਯਾਂ ਤੇ ਗੁਰੁ ਤਜਿ ਪੁਰੁ ਕਰਤਾਰੈਂ।
ਸਯੰਦਨ[1] ਸਕਟੇ[2] ਜੋਰ ਅਪਾਰੈਂ। [1]ਰੱਥ। [2]ਗੱਡੇ।
ਕੀਰਤਿਪੁਰ ਦਿਸ ਸਹਿ ਪਰਵਾਰੈਂ।
ਚਲੇ ਭਲੇ ਸਹਿ ਲਸ਼ਕਰ ਭਾਰੈਂ ॥੨੩੨॥
ਦੋਹਰਾ:

ਧੀਰ ਮੱਲ ਨਿਜ ਮਾਤ ਸਹਿ[1],
ਰਖ ਲੁਕਾਇ ਗੁਰੁ ਗ੍ਰੰਥ।
ਰਹਜੋ ਤਹਾਂ ਨਹਿ ਅਯੋ ਸਹਿ[1],
ਜੁਦਾ ਗਹਜੋ ਨਿਜ ਪੰਥ ॥੨੩੩॥
ਕਰ ਰਾਖਜੋ ਥਾ ਪਹਿਲ ਹੀ,
ਤੁਰਕਨ ਸੋਂ ਉਨਿ ਮੇਲ।
ਦੇਤ ਰਹਜੋ ਥਾ ਭੇਤ ਸਬਿ,
ਚਿੱਠੀ ਦ੍ਵਾਰਾ ਝੇਲ[1] ॥੨੩੪॥
ਗੁਰ ਸਿਖ ਖੱਤ੍ਰੀ ਕਰਮ ਸਸਿ[1]
ਮੁਨਸ਼ੀ ਸੂਬੇ ਕੇਰ।
ਧੀਰ ਮੱਲ ਕੇ ਵਹੈ ਖਤ,
ਦਏ ਗੁਰੂ ਢਿਗ ਫੇਰ[1] ॥੨੩੫॥
ਪੁਨ ਜਬਿ ਗੁਰੁਦਿੱਤਾ ਚਢਜੋ[1]
ਤਾਂ ਕੇ ਪਾਠ ਨਮਿੱਤ।
ਮਾਂਗਜੋ ਦਯੋ ਨ ਗ੍ਰੰਥ ਜੀ,
ਔਰ ਭਿ ਕਈ ਕੁਹਿਤ[1] ॥੨੩੬॥
ਕਰਤ ਰਹਜੋ ਜਬਿ ਧੀਰ ਮੱਲ,
ਤਬਿ ਗੁਰੁ ਧਰਿ ਕਛੁ ਰੋਸ।
ਕਹਜੋ ਜੁ ਬਰਤੈਂ ਤਾਂਹਿ ਸੋਂ
ਲਗੈ ਤਿਸੈ ਸਿਖ ਦੋਸ ॥੨੩੭॥
ਧੀਰ ਮੱਲ ਕੀ ਸੰਤਤੀਂ,
ਸੈਂ[1] ਅਬਿ ਲੌ ਗੁਰੁ ਸਿੱਖ।
ਯਾਂਹੀ ਤੇ ਨਹਿਂ ਬਰਤ ਹੈਂ
ਅਬਿ ਲੌ ਜ਼ਾਹਰ ਪਿੱਖ ॥੨੩੮॥
ਚੌਪਈ:
ਪੁਰ ਕਰਤਾਰੋਂ ਗੁਰੁ ਮਗ ਲਯੋ।
ਕੀਰਤਪੁਰ ਪਰਵਾਰ ਪਠਯੋ।
ਆਪ ਸੈਨ ਸਹਿ ਚਾਲੇ ਸ੍ਵਾਮੀ।
ਜਾਂਨਤ ਥੇ ਸਬਿ ਅੰਤ੍ਰਜਾਂਮੀ ॥੧੩੯॥
ਢਿਗ ਫਗਵਾੜੇ ਪਹੁੰਚੇ ਜਬੈ।

[1]ਸਣੇ।
[1]ਨਾਲ।
[1]ਝਗੜੇ ਦੇ, ਜੰਗ ਦੇ। (ਅ) ਗੁਪਤ (ਭੇਤ)।
[1]ਕਰਮ ਚੰਦ।
[1]ਮੋੜ ਭੇਜੇ।
[1]ਚੜ੍ਹਾਈ ਕੀਤੀ, ਜੋਤੀ ਜੋਤਿ ਸਮਾਏ।
[1]ਖੁਟਿਆਈਆਂ।
[1]ਉਲਾਦ ਨਾਲ।

ਸੁਨਜੋ ਪੂਤ ਸੂਬੇ ਕੇ ਤਬੈ।
ਬੈਰ ਬਾਪ ਕਾ ਲਿਹੁੰ ਇਹੁ ਠੱਟ ਕੈ[1]।
ਕਰੇ ਲੋਗ ਬਹੁ ਇਕਠੇ ਹਠ ਕੈ ॥੨੪੦॥
ਖਾਂਨ ਮੁਹੰਮਦ ਧੌਂਸ[1] ਬਜੈ ਕੈ।
ਦਸਕ ਹਜ਼ਾਰ ਤੁਰਕ ਸੰਗ ਲੈ ਕੈ।
ਗੁਰੁ ਡੇਰੇ ਪਰ ਨਿਸ ਕੋ ਆਈ।
ਪਰਜੋ ਅਚਾਂਨਕ ਮਾਰ ਮਚਾਈ ॥੨੪੧॥
ਸਿੱਖਨ ਭੀ ਹ੍ਵੈ ਝਟਪਟ ਤਜਾਰੇ।
ਜ੍ਵਾਲਾ ਬਮਣੀ[1] ਤਜੀ ਅਪਾਰੇ।
ਸਰ ਖਰ[1] ਗੁਰੁ ਭੀ ਐਸੇ ਤਜੇ।
ਭਾਦਵ ਮੇਂਹ ਜਾਂਹਿ ਪਿਖਿ ਲਜੇ ॥੨੪੨॥
ਬਾਂਨ ਬੰਦੂਕ ਅਚੂਕਨ ਜਾਂਹੀ[1]।
ਦੜ ਦੜ ਗਿਰੈਂ ਸੱਤ੍ਰੂ ਧਰ ਮਾਂਹੀ।
ਹੁਤੀ ਗਾਂਡਵੀ ਧਾੜ[1] ਤੁਰਕਾਨੀ।
ਚਲੇ ਭਾਗ ਤਜਿ ਲਾਜ ਗਿਲਾਨੀ ॥੨੪੩॥
ਤੇਗੈਂ ਖਿੱਚਿ ਸਿੱਖ ਬੇਗੈਂ ਪਰੇ।
ਜਿਮ ਮਿਰਗਨ ਪਰ ਚੀਤੇ ਢਰੇ[1]।
ਕਿਤਕ ਤੁਫੰਗ ਖਤੰਗਨ ਗਾਲੇ।
ਕੇਤਕ ਕੀਨੇ ਤੇਗ ਹਵਾਲੇ ॥੨੪੪॥
ਪੁਨ ਗੁਰੁ ਪ੍ਰੇਰੀ ਆਈ ਆਂਧੀ।
ਤੁਰਕਨ ਸਮੁਖ ਭਈ ਚਖਿਆਂਧੀ[1]।
ਅਪਨ ਪਰਾਯਾ ਨਾਂਹਿ ਪਛਾਨੇ।
ਆਪਸ ਮੈਂ ਕਟ ਮਰੇ ਮਹਾਨੇ ॥੨੪੫॥
ਥੋਰੇ ਬਚੇ ਭਾਗਿ ਕਿਤ ਕਹੀਂ[1]।
ਬਹੁਤੇ ਰਹੇ ਖੇਤ ਮੈਂ ਤਹੀਂ।
ਮਰਜੋ ਮੁਹੰਮਦ ਖਾਂ ਸੁਤ ਨਾਜ਼ਮ[1]।
ਫਤੇ ਖਾਂਨ ਪਤਿ ਕੋਟਲੀ ਆਜ਼ਮ[1] ॥੨੪੬॥
ਜਦਜਪਿ ਪਹਲੇ ਹਮਲੇ ਮਾਂਹੀ।
ਗੁਰੁ ਡੇਰਾ ਲੁਟ ਗਜੋ ਮਹਾਂਹੀ।
ਸਿਖ ਭੀ ਥੇ ਮਰ ਗਏ ਘਨੇਰੇ।

[1]ਸੋਚ ਕੇ।
[1]ਧੌਂਸਾ, ਨਗਾਰਾ।
[1]ਬੰਦੂਕਾਂ।
[1]ਤਿੱਖੇ ਤੀਰ।
[1]ਨਿਸ਼ਾਨੇ ਤੋਂ ਬਾਹਰ ਨਹੀਂ ਜਾਂਦੇ।
[1]ਥਾਂ ਥਾਂ ਤੋਂ ਇਕੱਠਾ ਕੀਤਾ ਹੋਇਆ ਲੁਟੇਰਿਆਂ ਦਾ ਟੋਲਾ।
[1]ਦੌੜ ਕੇ ਪਏ।
[1]ਅੱਖਾਂ ਅੰਨ੍ਹੀਆਂ ਹੋ ਗਈਆਂ।
[1]ਕੋਈ ਕਿਤੇ ਕੋਈ ਕਿਤੇ ਭੱਜ ਗਿਆ।
[1]ਸੂਬੇ ਦਾ ਪੁੱਤਰ।
[1]ਵੱਡੀ ਕੋਟਲੀ ਦਾ ਰਾਜਾ।

ਫਤੇ ਲਈ ਪੁਨ ਸੱਤ੍ਰੂਨਿਬੇਰੇ ॥੨੪੭॥
ਅਰ ਸਿੱਖਨ ਤੁਰਕਨ ਕੇ ਘੋਰੇ।
ਹਰ ਕਰਿ ਛੀਨ ਲੀਨ ਨਹਿਂ ਥੋਰੇ।
ਦੁਬਿੱਸਤਾਨ ਕਿਤਾਬ ਮਝਾਰੇ[1]।
ਲਿਖੀ ਲਰਾਈ ਏਹੁ ਸੁਧਾਰੇ ॥੨੪੮॥

[1]ਦਬਿਸਤਾਨੇ ਮਜ਼ਾਹਬ ਨਾਮ ਦੀ ਕਿਤਾਬ ਵਿੱਚ।

ਦੋਹਰਾ:
ਫਗਵਾੜੇ ਕਾ ਜੰਗ ਗੁਰੁ,
ਕਰਿ ਹ੍ਵੈ ਸਤਲੁਜ ਪਾਰ।
ਕੀਰਤ ਪੁਰ ਮੈਂ ਆ ਥਿਰੇ,
ਮਹਾਂ ਮੋਦ ਮਨ ਧਾਰ ॥੨੪੯॥
ਕੀਰਤਿ ਬਿਸਤੀਰਤਿ ਭਈ,
ਘਰ ਘਰ ਪੁਰ ਪੁਰ ਦੇਸ।
ਮਨਹੁ ਸਰਦ ਰਿਤੁ ਚਾਂਦਨੀ,
ਫੈਲੀ ਗੁਰੁ ਰਾਂਕੇਸ[1] ॥੨੫੦॥
ਕੁਮਤਿ ਕਮਲ ਮੁੰਦੇ, ਖਿਰੇ
ਸਾਦਕ ਕਵੀ ਚਕੌਰ[1]।

[1]ਪੂੰਨਿਆ ਦੇ ਚੰਦ ਰੂਪ ਸਤਿਗੁਰਾਂ ਦੀ।

[1]ਖੋਟੀਆਂ ਮਤਾਂ ਵਾਲੇ ਪੁਰਸ਼ ਕਮਲਾਂ ਵਾਂਗ ਮਿਚ ਗਏ ਅਤੇ ਕਮੀਆਂ ਤੇ ਚਕੋਰਾਂ ਵਰਗੇ ਸਿਦਕੀ ਸਿੱਖ ਖਿੜ ਪਏ।

ਜੰਗ ਗਾਥ ਕਹਿ ਧਜਾਯ ਯਹਿ,
ਇਸਥਤਿ ਭਯੋ ਬਹੋਰ ॥੨੫੧॥

ਇਤਿ ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਕਰਤਾਰ ਪੁਰ, ਫਗਵਾੜੇ ਕੋ ਜੰਗ' ਪ੍ਰਸੰਗ ਬਰਨਨੰ ਨਾਮ ਛਬੀਸਮੋਂ ਬਿਸ੍ਰਾਂਮ ॥੨੬॥

੨੭. {ਬਾਬਾ ਗੁਰਦਿੱਤਾ ਜੀ ਦਾ ਪ੍ਰਸੰਗ ਤੇ ਰੋਪੜ ਦਾ ਜੰਗ}

ਦੋਹਰਾ:

*ਸ੍ਰੀ ਚੰਡਕਾ ਖੰਡਕਾ,

*ਚੰਡੀ ਜਾਂ ਸਰਸੁਤੀ ਦੇ ਮੰਗਲ ਕਵਿ ਸੰਕੇਤ ਮਰਯਾਦਾ ਦੇ ਹਨ, ਕਵਿ ਜੀ ਦੇ ਇਸ਼ਟ ਮੰਗਲ ਨਹੀਂ। ਇਸ ਬਾਰੇ ਵਧੇਰੇ ਵਿਸਥਾਰ ਲਈ ਦੇਖੋ ਪੂਰਬਾਰਧ ਬਿਸ੍ਰਾਮ ੧ ਕਵਿ ਸੰਕੇਤ ਮਰਯਾਦਾ ਦੂਜੇ ਮੰਗਲ ਨਾਲ ਦਰਜ ਲੇਖ।

ਅਸੁਰਨ ਝੁੰਡ ਪ੍ਰਚੰਡ[1]।

[1]ਹੇ ਸ੍ਰੀ ਚੰਡੀ (ਤੂੰ) ਜੰਗ ਵਿੱਚ ਸਮੂੰਹ ਦੈਂਤਾਂ ਨੂੰ ਨਾਸ਼ ਕਰਨ ਵਾਲੀ ਹੈਂ। {ਪ੍ਰਚੰਡ-ਜੰਗ}।

ਮੰਡਨ ਅੰਡ ਬ੍ਰਹਮੰਡ ਸਬਿ,
ਸਾਸਟਾਂਗ ਸਮ ਦੰਡ[1] ॥੧॥

[1](ਅਤੇ ਤੂੰ) ਆਂਡੇ (ਦੀ ਸ਼ਕਲ ਵਰਗੇ) ਸਾਰੇ ਬ੍ਰਹਮੰਡ ਨੂੰ (ਵੀ) ਰਚਣ ਵਾਲੀ ਹੈਂ (ਮੈਂ ਤੈਨੂੰ) ਡੰਡੇ ਵਾਂਗ (ਲੰਮਾ ਪਾ ਕੇ) ਅੱਠਾਂ ਅੰਗਾਂ ਸਹਿਤ (ਨਮਸਕਾਰ ਕਰਦਾ ਹਾਂ)।

ਗੁਰੁਦਿੱਤੇ ਜੀ ਤਨ ਤਜਯੋ,
ਭਏ ਗੁਰੂ ਹਰਿਰਾਇ।
ਗੁਰੁ ਖਸ਼ਟਮ ਗੁਰੁ ਪੁਰ ਬਸੈਂ*,

*ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਸ ੨੭ਵੇਂ ਬਿਸ੍ਰਾਮ ਵਿੱਚ ਨਹੀਂ ਸਗੋਂ ਅਗਲੇ ਭਾਵ ੨੮ਵੇਂ ਬਿਸ੍ਰਾਮ ਵਿੱਚ ਜੋਤੀ ਜੋਤਿ ਸਮਾਉਣਗੇ।

ਕਥਾ ਕਥੈਂ ਇਹੁ ਧਜਾਇ ॥੨॥

ਚੌਪਈ:

ਸ੍ਰੀ ਹਰਿਗੋਬਿੰਦ ਆਨੰਦ ਕੰਦ[1]।

[1]ਅਨੰਦ ਦੇ ਬੱਦਲ।

ਕੰਦਨ ਕਰਿ ਹੈਂ ਦੁੰਦ ਬ੍ਰਿੰਦ[1]।

[1]ਸਾਰੇ ਦੁੱਖ ਕੱਟ ਦੇਂਦੇ ਹਨ।

ਬ੍ਰਿਦ[1] ਸੰਭਾਰ ਰਾਖਹੈਂ ਲਾਜੈਂ[2]।

[1]ਫ਼ਰਜ਼। (ਅ) ਸਿੱਖ। (ਏ) ਸੁਭਾਉ। [2]ਲਜਿਆ, ਸ਼ਰਨਾ। (ਅ) ਪਤਿ, ਇਜ਼ਤ।

ਲਾਜੈਂ ਤੀਨੋ ਕਟੈਂ ਸਸਾਜੈਂ[1] ॥੩॥

[1]ਤਿੰਨਾਂ ਦੋਸ਼ਾਂ (ਮਲ, ਵਿਖੇਪ ਤੇ ਅਵਰਨ) ਨੂੰ (ਉਨ੍ਹਾਂ ਦੀ) ਸਮੱਗ੍ਰੀ ਸਣੇ ਕੱਟ ਦੇਂਦੇ ਹਨ।

ਸਾਜੈਂ ਪਾਇ[1] ਆਇ ਪੁਰੁ ਕੀਰਤ।
ਕੀਰਤਿ ਭਈ ਜਗਤ ਬਿਸਤੀਰਤ।

[1](ਘੋੜਿਆਂ 'ਤੇ) ਕਾਠੀਆਂ ਪਾ ਕੇ।

ਤੀਰਥ ਤੈ ਤੀਰਥ ਜਿਨਿ ਗ੍ਰੰਥਾ[1]।

[1]ਜਿਨ੍ਹਾਂ (ਗੁਰੂਆਂ ਦੇ ਰਚੇ) ਸ੍ਰੀ ਗੁਰੂ ਗ੍ਰੰਥ ਸਾਹਿਬ ਤੀਰਥਾਂ ਤੋਂ ਵੀ {ਤੀਰਥ} ਪਵਿੱਤ੍ਰ ਹਨ।

ਗ੍ਰੰਥਾ ਚਿਦ ਜਢ ਕਟੈਂ ਕੁਪੰਥਾ[1] ॥੪॥

[1]ਖੋਟੇ ਰਾਹ ਪਾਉਣ ਵਾਲੀ ਚੇਤਨ ਤੇ ਜੜ੍ਹ ਦੀ ਗੰਢ ਨੂੰ ਕੱਟ ਦੇਂਦੇ ਹਨ।

ਪੰਥਾ ਪਰ ਇਕ ਦਿਵਸ ਸਕਾਰੇ[1]।

[1]ਇਕ ਦਿਨ ਸਵੇਰੇਰਾਹ ਪੈ ਕੇ।

ਸਕਾਰੇ ਕਰਿ ਢਿਗ ਸੰਤ ਪਧਾਰੇ[1]।
ਧਾਰੇ ਬੁੱਢਣ ਸ਼ਾਹਿ ਜੁ ਆਸਾ।

[1]ਸ਼ਿਕਾਰ ਕਰਦੇ ਹੋਏ ਸੰਤ (ਬੁੱਢਣ ਸ਼ਾਹ) ਪਾਸ ਪੁੱਜੇ।

ਆਸਾ ਆਸ੍ਰਿਤ[1] ਹੁਤੋ ਨਿਰਾਸਾ ॥ ੫ ॥
[1]ਸੋਟੇ ਦੇ ਆਸਰੇ (ਤੁਰਨ ਵਾਲਾ ਭਾਵ ਬਹੁਤ ਬੁੱਢਾ)।

ਸਾਲ ਪਾਂਚ ਸੌ ਕੀ ਥੀ ਆਯੂ[1]।
[1]ਉਮਰ।

ਗੁਰੁ ਨਾਨਕ ਤੇ ਸੀਖਜਾ ਪਾਯੂ[1]।
[1]ਪਾਈ ਸੀ।

ਕਰਿ ਦਰਸ਼ਨ ਗੁਰੁ ਕੇ ਪਗ ਬੰਦੇ।
ਕਹਜੋ ਬ੍ਰਿਦ ਪਾਲਜੋ ਸੁਖ ਕੰਦੇ ॥ ੬ ॥
ਅੰਤ ਸਮੇਂ ਮੁਹਿ ਦਰਸ਼ਨ ਦੀਨਾ।
ਕਿਯ ਕ੍ਰਿਤਾਰਥ ਸੰਕਟ ਛੀਨਾ[1]।
[1]ਕਸ਼ਟ ਕੱਟ ਕੇ ਸਫਲਾ ਕਰ ਦਿੱਤਾ।

ਤਪਸੀ ਜੋਗੀ ਭਗਤ ਮੁਨੀਸ਼ਰ।
ਅੰਤ ਸਮੇਂ ਚਹਿਂ ਦਰਸ਼ਨ ਈਸ਼ਰ ॥ ੭ ॥
ਨੇਤਿ ਨੇਤਿ[1] ਜਿਹ ਬੇਦ ਕਥੈਂ ਹੈਂ।
[1]ਬੇਅੰਤ ਬੇਅੰਤ।

ਸੇਖ[1] ਸਾਰਦਾ[2] ਅੰਤੁ ਨ ਪੈ ਹੈਂ।
[1]ਸ਼ੇਸ਼ਨਾਗ। [2]ਸਰਸੁਤੀ।

ਸੋ ਸਰੂਪ ਰਾਵਰ ਮੈਂ ਹੇਰਾ।
ਜਾਂ ਤੇ ਕਟਜੋ ਚੁਰਾਸੀ ਫੇਰਾ ॥ ੮ ॥
ਇਮ ਕਹਿ ਉਨਿ ਤ੍ਰਿਣ ਜਜੋਂ ਤਨ ਤਜਾਗਾ।
ਲੀਨ ਭਯੋ ਗੁਰੁ ਮੈਂ ਬਡ ਭਾਗਾ।
ਸ਼ਬਦ ਰਬਾਬੀ ਬਾਵਕ ਪਢਜੋ।
ਕਬਰ ਬਨਾਈ ਧਰ ਮੈਂ ਗਢਜੋ[1] ॥ ੯ ॥
[1]ਧਰਤੀ ਵਿੱਚ ਦੱਬ ਦਿੱਤਾ।

ਜਾਂ ਕੋ ਅਬ ਲੌ ਸਿੱਖ ਸਬਿ ਦਰਸੈਂ।
ਲੋਗ ਹਜਾਰੋਂ ਮੰਨਤ ਕਰਸੈਂ[1]।
[1]ਕਰਦੇ ਹਨ।

ਯਾ ਬਿਧਿ ਗੁਰੁ ਤਹਿ ਚਰਿਤ ਅਪਾਰੈਂ।
ਕਰੈਂ ਸਿੱਖਨ ਕੋ ਭਵ ਨਿਧਿ ਪਾਰੈਂ ॥ ੧੦ ॥
ਤਾਰਾ ਚੰਦ ਭੂਪ ਕਹਿਲੂਰੀ।
ਆਯੋ ਗੁਰ ਢਿਗ ਭਰ ਮੁਦ ਭੂਰੀ।
ਮਿਲ ਕੈ ਨਿੱਤ ਸ਼ਿਕਾਰ ਸਿਧਾਵੈਂ।
ਸੇਵਕ ਰਹਜੋ ਬਨਜੋ ਸਦ ਭਾਵੈਂ[1] ॥ ੧੧ ॥
[1]ਨੇਕ ਖ਼ਿਆਲਾਂ ਕਰਕੇ।

ਉਤ ਦਿਸ ਬਾਦਸ਼ਾਹਿ ਜਬ ਸੁਨਾ।
ਖੈਂਚੇ ਸ੍ਵਾਸ ਮੂੰਡ ਨਿਜ ਧੁਨਾ[1]।
[1]ਹਾਹੁਕੇ ਲਏ ਤੇ ਆਪਣਾ ਸਿਰ ਫੇਰਿਆ।

ਤੱਜਬ ਰਹਿ, ਕਹਿ ਗੱਜਬ ਭਯੋ[1]।
[1]ਹੈਰਾਨ ਹੋ ਕੇ ਕਿਹਾ ਕਿ ਕਹਿਰ ਵਰਤ ਗਿਆ ਹੈ।

ਜੋ ਚਢ[1] ਗਯੋ ਫੇਰ ਨਹਿ ਅਯੋ ॥ ੧੨ ॥
[1]ਜਿਹੜਾ ਗੁਰਾਂ ਉਪਰ ਚੜ੍ਹ ਕੇ ਗਿਆ।

ਢਿਗ ਤੈ ਖਾਂਨ ਵਜੀਰ ਉਚਾਰੀ।

ਪੀਰ ਫਕੀਰ ਵਲੀ[1] ਗੁਰੁ ਭਾਰੀ। [1]ਕਰਾਮਾਤੀ।
ਸੂਰਬੀਰ ਬਡ ਸ਼ਕਤੀ ਵਾਰੋ।
ਉਨਿ ਸਮ ਨਹਿਂ ਕੋਊ ਨਿਰਧਾਰੋ[1] ॥ ੧੩ ॥ [1]ਵਿਚਾਰੋ।
ਕੋਸ਼[1] ਦੇਸ ਕੁਛ ਢਿਗ ਨਰਖੈ ਹੈਂ। [1]ਖ਼ਜ਼ਾਨਾ।
ਆਵਤ ਲਾਖੋਂ ਖਰਚ ਕਰੈ ਹੈਂ।
ਪੂਰਨ ਕਰਤ ਮੁਰਾਦ[1] ਜਹਾਨੈ। [1]ਇੱਛਾ।
ਚਿੰਤ ਮਨੀ ਤਰੁ ਕਲਪ ਸਮਾਨੈ ॥ ੧੪ ॥
ਯਾਂ ਹੀ ਤੇ ਸਬਿ ਜਗ ਤਿਹ ਮੰਨ ਹੈ।
ਅਰਪਤ ਸਬ ਜਨ ਮਨ ਤਨ ਧਨ ਹੈ।
ਹਜ਼ਰਤ ਚਾਰ ਬਾਰ ਪਠਿ ਫੌਜੈਂ।
ਲਿਯ ਅਜਮਾਇ ਸਕਤਿ ਗੁਰੁ ਓਜੈਂ[1] ॥ ੧੫ ॥ [1]ਬਲ।
ਹਾਸਦ[1] ਜਨ ਤੁਵ ਮਨ ਭਰਮੈ ਹੈਂ। [1]ਈਰਖਾਲੂ।
ਜਸੋਂ ਵਹਿ ਕਹਿ ਹੈਂ ਤਸੋਂ ਤੁਮ ਕੈ ਹੈ[1]। [1]ਤੁਸੀਂ ਕਰਦੇ ਹੋ।
ਤੁਮ ਕੋ ਬਾਦ[1] ਨ ਰਖਨੋ ਚਹੀਏ। [1]ਝਗੜਾ।
ਪੀਰ ਫਕੀਰਨ ਸੋਂ ਦੁਆ[1] ਲਹੀਏ ॥ ੧੬ ॥ [1]ਅਸ਼ੀਰਵਾਦ।
ਮਤ ਕਿਤ ਬਦ ਦੁਆਇ[1] ਵਹਿ ਦੈ ਹੈਂ। [1]ਪੂਰੀਆਂ ਅਸੀਸਾਂ।
ਹਜ਼ਰਤ ਕੇ ਤਨ ਪਰ ਸੋ ਪੈ ਹੈਂ।
ਜਾਨ ਸੰਗ ਹੀ ਅਹੇ ਜਹਾਂਨ।
ਟਰੈ ਨ ਉਨ ਕੀ ਸੈਫ[1] ਜੁਬਾਨ ॥ ੧੭ ॥ [1]ਤਲਵਾਰ ਵਰਗੀ।
ਬਡੇ ਤੁਮਾਰੇ ਸ਼ਹਿ ਭੀ ਯਾਂ ਤੈ।
ਮਾਨਤਰਹੇ ਗੁਰੈਂ ਬਖਜਾਤੈ।
ਜਹਾਂਗੀਰ ਬਾਬਰ ਤੇ ਲੈ ਕੋ।
ਭਈ ਜੈਸ ਸਬਿ ਬਾਤ ਸੁਨੈ ਕੈ ॥ ੧੮ ॥
ਕਹਜੋ, ਗੁਰੂ ਸੋਂ ਤੁਮ ਭੀ ਤਾਂ ਤੈ।
ਰਾਖੋ ਮੇਲ ਰਹੈ ਸੁਖ ਸਾਂਤੈ[1]। [1]ਸ਼ਾਂਤੀ।
ਤਿਫ਼ਲ[1] ਫੱਕਰ ਨਿਜ ਸਿਰੜ ਪੁਗੈ ਹੈਂ। [1]ਬੱਚੇ।
ਦਾਨਾ[1] ਲੋਗ ਅਮੀਰ ਤਜੈ ਹੈਂ[2] ॥ ੧੯ ॥ [1]ਸਿਆਣੇ। [2](ਹੱਠ) ਛੱਡ ਦੇਂਦੇ ਹਨ।
ਪੁਨ ਅਬਿ ਵਹਿ ਯਹਿ ਦੇਸ ਤਜੈ ਕੈ।
ਧਸੇ ਪਹਾਰਨ ਮੈਂ ਕਿਤ ਜੈ ਕੈ।
ਜੇ ਅਬਿ ਉਨ ਪਰ ਫੌਜ ਪਠੈ ਹੋ।

ਬਢੈ ਰਾਰ[1] ਬਹੁ ਖਲਕ ਕਟੈ ਹੋ ॥੨੦॥
[1]ਲੜਾਈ।

ਤਾਰਾ ਚੰਦਾਦਿਕ ਨ੍ਰਿਪ ਕੋਹੀ[1]।
[1]ਪਹਾੜੀ ਰਾਜੇ।

ਹੈਂ ਮੁਰੀਦ ਉਨ ਕੈ ਸੰਗ ਹੋਹੀ।
ਪੁਨ ਭਾਗਜੋਂ ਕੇ ਪੀਛੇ ਪੜਨਾ।
ਪੀਰ ਫਕੀਰਨ ਕੇ ਸੰਗ ਅੜਨਾ ॥੨੧॥
ਲਾਭ ਥੋਰ ਜਹਿਂ ਖਰਚ ਮਹਾਨੇ।
ਇਨ ਕਾਮਨ ਤੈ ਬਰਜਤ ਸਜਾਨੇ ॥੨੨॥
ਦੋਹਰਾ:
ਸੁਨਿ ਪਤਿਸ਼ਾਹਿ ਵਿਚਾਰ ਪੁਨ,
ਫੌਜ ਪਠਾਈ ਨਾਂਹਿਂ।
ਕੀਰਤਿ ਬਿਸਤੀਰਤਿ[1] ਗੁਰੂ,
ਕੀਰਤ ਪੁਰੈਂ ਰਹਾਹਿਂ ॥੨੩॥
[1]ਫੈਲ ਗਈ।

ਨਿਸ਼ਾਨੀ ਛੰਦ:
ਗੁਰੁ ਆਵਨ ਕੀਰਤ ਪੁਰੈਂ,
ਸੁਨਿ ਸਿੱਖ ਮਲਵੱਯਨ।
ਦਰਸ਼ਨ ਕੀਨੋ ਆਇ ਕੈ,
ਦੈ ਭੇਟਾ ਭੱਯਨ[1]।
[1]ਭਾਵਨਾ ਨਾਲ। (ਅ) ਭਰਾਵਾਂ ਨੇ।

ਭੱਲਨ, ਭਗਤੂ, ਮੋਹਨੰ, ਕਾਲਾ, ਸ਼ਾਹ ਜੋਧਾ।
ਬਹਿਲੋ, ਰੂਪਾ, ਭੂਦੜੈ; ਕਲਜਾਨਾ, ਗੋਧਾ ॥੨੪॥
ਬਿਧੀ ਚੰਦ ਮਸੰਦ ਗਨ, ਬਹੁ ਸੇਵ ਕਮਾਵੈਂ।
ਨਿਤ ਪ੍ਰਤਿ ਦੇਸ ਬਦੇਸ ਤੈ, ਬਹੁ ਸੰਗਤਿ ਆਵੈ।
ਅਰਪ ਉਪਾਇਨ[1] ਗੁਰੂ ਕੋ, ਬਾਂਛਤ ਫਲ ਪੈ ਹੈ।
[1]ਭੇਟਾ।

ਇਕ ਜਾਵਤ ਇਕ ਆਵਹੀਂ, ਬਡ ਭੀਰ ਰਹੈ ਹੈ ॥੨੫॥
ਲਾਖਨ ਲੌ ਧਨ ਆਇ ਹੈ, ਗੁਰੁ ਖਰਚੈਂ ਸੋਊ।
ਚਲਜੋ ਜਾਇ ਬਿਵਹਾਰ ਯੌਂ, ਸਹਜੇ ਗੁਰੁ ਕੋਊ[1]।
[1]ਗੁਰਾਂ ਦਾ।

ਅਸਨ[1] ਬਸਨ[2] ਉਪਦੇਸ਼ ਲੌ, ਕੀਰਤਨ ਹਰਿ ਨਾਮੂ।
[1]ਭੋਜਨ। [2]ਬਸਤ੍ਰ।

ਸਦਾਬ੍ਰਤ ਨਿਸਦਿਨ ਚਲੈ, ਜਨ ਪੈਂਹ ਤਮਾਮੂ

॥ ੨੬ ॥
ਲਗੈ ਦਿਵਾਂਨ ਦੁ ਵਕਤ ਹੀ, ਗੁਰੁ ਸਿੱਖਨ ਮਾਂਹੀ।
ਸੋਭਤ ਜਜੋਂ ਹਰਿ ਸੁਰਨ ਮੈਂ[1], ਮਘਵਾ ਸਮ ਆਹੀ[2]।
[1]ਦੇਵਤਿਆਂ ਵਿੱਚ ਵਿਸ਼ਨੂੰ। [2]ਇੰਦ੍ਰ ਸਮਾਨ ਹਨ।
ਕੀਰਤਨ ਬਾਵਕ ਲੌ ਗੁਨੀ, ਨਿਤ ਐਸਾ ਕਰਹੀਂ।
ਨਾਰਦ ਤੁੰਬ੍ਰ[1] ਗੰਧ੍ਰਬੰ, ਸੁਨਿ ਲੱਜਾ ਧਰ ਹੀਂ
[1]ਇਕ ਗੰਧਰਬ ਦਾ ਨਾਮ।
॥ ੨੭ ॥
ਕਬੀ ਕਬੀ ਆਖੇਰ[1] ਕੌ, ਗੁਰੁ ਬਨ ਮਧ ਜੈਹੈਂ।
[1]ਸ਼ਿਕਾਰ।
ਬਨ ਮ੍ਰਿਗ ਕੇਹਰ ਆਦਿਕੈਂ ਹਤ[1] ਮੁਕਤਿ ਕਰੈ ਹੈਂ।
[1]ਮਾਰ ਕੇ।
ਦੇਸ ਬਦੇਸ ਮੈਂ ਕੀਰਤੀ, ਗੁਰੁ ਕੀ ਬਡ ਝੂਲੀ[1]।
[1]ਫੈਲ ਗਈ।
ਗੰਗ ਧਾਰ ਚੰਦ ਚਾਂਦਨੀ, ਕਿਤ ਮਾਲਤੀ ਫੂਲੀ
॥ ੨੮ ॥
ਆਕੀ ਹੈਂ ਪਤਿਸ਼ਾਹਿ ਤੈ, ਗੁਰੁ ਹਰਿਗੋਬਿੰਦੰ।
ਦੇਸ ਦੇਸ ਤੈਂ ਆਵਹੀਂ, ਸੁਨ ਕੈ ਨਰ ਬ੍ਰਿੰਦੰ।
ਜਦਜਪਿ ਮੁਜਰਮ[1] ਸ਼ਾਹਿ ਕੇ, ਬਹੁ ਗੁਰ ਸਰਨਾਈ।
[1]ਦੋਸ਼ੀ।
ਆਵਤ, ਗੁਰੁ ਨਹਿਂ ਦੇਵਹੀਂ, ਸ਼ਹਿ ਰਹਿ ਬਲ ਲਾਈ ॥ ੨੯ ॥
ਇਸੀ ਸਮੇਂ ਪ੍ਰਤਾਪ ਸਿੰਘ, ਇਕ ਜੈਪੁਰ ਦਿਸ ਕਾ।
ਰਾਜਪੂਤ ਰਾਜਾ ਅਯੋ, ਸੰਗ ਬੇਟਾ ਤਿਸ ਕਾ।
ਤੁਰਕ ਕਰਨ ਹਿਤ ਸ਼ਾਹਿ ਨੇ, ਥਾ ਤਿਸੈ ਗਹਾਯੋ[1]।
[1]ਪਕੜਨਾ ਚਾਹਿਆ।
ਧਰਮ ਜਾਂਨ ਹਿਤ ਰਾਖਨੇ, ਭਗਿ ਗੁਰੁ ਸਰਨਾਇਓ
॥ ੩੦ ॥
ਔਰ ਕਿਸੀ ਨੇ ਨਹਿਂ ਦਈ, ਥੀ ਤਿਸੈ ਪਨਾਹੈ[1]।
[1]ਸ਼ਰਨ, ਓਟ।
ਓਟ ਨਿਓਟਜੋਂ ਕੀ ਗੁਰੂ, ਸੋ ਦਿਯ ਫਿਰ ਨਾਹੈ[1]।
[1]ਫਿਰ ਉਸਰਾਜੇ ਨੂੰ (ਵਾਪਸ) ਨਹੀਂ ਦਿੱਤਾ।
ਪੁਨ ਸ਼ਿਵ ਸਿੰਘ ਰਾਣਾ ਲਰਜੋ, ਸੰਗ ਲਸ਼ਕਰ ਸ਼ਾਹੀ।
ਭਾਗ ਅਯੋ ਗੁਰੁ ਸ਼ਰਣ ਮੈਂ, ਇਨ ਦੀਨੋ ਨਾਹੀ
॥ ੩੧ ॥

ਪੁਨ ਇਕ ਜੈਸਲਮੇਰ ਕੇ, ਰਾਜੇ ਕਾ ਭਾਈ।
ਸਾਂਗਾਰਾਣਾ ਭਾਗ ਕੈ, ਆਯੋ ਸਰਣਾਈ।
ਬੇਟੀ ਸੁੰਦਰ ਤਾਂਹਿ ਕੀ, ਥੀ ਸੂਬੇ ਚਾਹੀ।
ਤੁਰਕ ਜਾਂਨ ਤਿਹ ਨਾ ਦਈ, ਅਰ ਲਰਜੋ ਮਹਾਂਹੀ ॥ ੩੨ ॥

ਫਿਰ ਇਕ ਮੰਗਲ ਸ਼ਾਹਿ ਜੀ, ਹੇਮੂ ਕਾ ਨਾਤੀ[1]। [1]ਪੋੜ੍ਹਾ।
ਮੁਜਰਮ[1] ਸ਼ਾਹੀ ਗੁਰੂ ਪੈ, ਆਯੋ ਬਖਜਾਤੀ। [1]ਦੋਸ਼ੀ।
ਇਤਜਦਿਕ ਇਸ ਤੌਰ ਕੇ, ਬਹੁ ਗੁਰੁ ਢਿਗ ਆਵੈਂ।
ਜੋ ਆਵੈ ਤਿਸ ਕੋ ਗੁਰੂ, ਨਿਜ ਸ਼ਰਣ ਰਖਾਵੈਂ ॥ ੩੩ ॥

ਯਥਾ ਯੋਗ ਗੁਰੁ ਦੇਵ ਹੈਂ, ਸਬਿ ਤਈਂ ਗੁਜਾਰਾ।
ਰਹੈਂ ਮੋਦ ਮਨ ਮਾਨ ਕੈ, ਨਿਤ ਜਾਹਿਂ ਸ਼ਿਕਾਰਾ।
ਕਬਹੀ ਤੀਰ ਦਰਯਾਉ ਕੇ, ਝਾਰਨ ਪਾਹਾਰਨ।
ਇਤ ਦਿਸ ਰੋਪੜ ਲੌ ਕਬੀ, ਬਨ ਮ੍ਰਿਗ ਬਹੁ ਮਾਰਨ ॥ ੩੪ ॥

ਰੋਪੜ ਮੋਰਡ[1] ਕੋਟਲਾ, ਕੇ ਤੁਰਕ ਸ੍ਰਦਾਰੂ। [1]ਮੋਰੰਡੇ (ਸ਼ਹਿਰ ਦੇ)।
ਕੋਹੀ[1] ਰਾਜੇ ਜਿਤਕ ਥੇ, ਸਬਿ ਦਬੈਂ ਅਪਾਰੂ। [1]ਪਹਾੜੀ।
ਨਜ਼ਰ[1] ਨਜਾਜ[2] ਦੈ ਗੁਰੂ ਕੋ, ਭਰ[3] ਮੇਲ ਰਖੈ ਹੈਂ। [1]ਭੇਟਾ। [2]ਸੁਖਣਾ। [3]ਭਲੀ ਪ੍ਰਕਾਰ।
ਯਾ ਬਿਧਿ ਸੁਖ ਸੋਂ ਗੁਰੂ ਕਾ, ਬਿਵਹਾਰ ਚਲੈ ਹੈਂ ॥ ੩੫ ॥

ਨਿਤ ਪ੍ਰਤਿ ਗੁਰੂ ਦਿਵਾਨ ਲਾ, ਸਿਖੈਂ ਦਰਸ ਦੈਹੈਂ।
ਭਗਤੀ ਗਜਾਨ ਬਿਗਜਾਨ[1] ਲੌ, ਉਪਦੇਸ਼ ਦਿਢੈ ਹੈਂ। [1]ਪ੍ਰਤੱਖ ਗਿਆਨ।
ਜਦਜਪਿ ਮੇਲਾ ਨਿੱਤ ਹੀ, ਗੁਰੁ ਪਾਸ ਰਹੈ ਹੈਂ।
ਤਦਜਪਿ ਮੇਲੇ ਚਾਰ ਜੋ, ਹਰਿ ਸਾਲ ਲਗੈ ਹੈਂ ॥ ੩੬ ॥

ਮਾਘੀ ਹੋਲੀ ਬੈਸਾਖੀ, ਔ ਦੀਵਾਲੀ ਐ ਹੈਂ।
ਇਨ ਪਰ ਲਾਖੋਂ ਸਿਖ ਆ, ਤਹਿਂ ਜਮ੍ਹਾਂ ਜੁ ਹ੍ਵੈ ਹੈਂ।
ਸੰਗ ਮਸੰਦਨ ਆਇ ਕੈ, ਦਸਵੰਧ ਸਬਿ ਦੈਹੈਂ।

ਨਕਦੀ ਜਿਨਸ[1] ਅਪਾਰ ਕੇ ਅੰਬਾਰ[2] ਲਗੈ ਹੈਂ ॥ ੩੭ ॥

[1]ਅੰਨ। [2]ਢੇਰ।

ਦੂਧ ਪੂਤ ਧਨ ਧਾਂਮ ਲੌ, ਬਾਂਛਤ ਸਿਖ ਪੈ ਹੈਂ।
ਦਰਸ਼ਨ ਕਰਿ ਉਪਦੇਸ਼ ਲੈ, ਭਵ ਸਿੰਧੁ ਤਰੈ ਹੈਂ।
ਪਿਖਿ ਕੋਹੀ ਨ੍ਰਿਪ ਬਿਸਮ ਹ੍ਵੈਂ, ਬਡ ਮੇਲ ਰਖੈ ਹੈਂ।
ਕੇਚਿਤ ਸਿੱਖ ਗੁਰੁ ਢਿਗ ਰਹਹਿਂ, ਕੇਤਕ ਘਰ ਜੈ ਹੈਂ ॥ ੩੮ ॥
ਜਹਿਂ ਤਹਿਂ ਸਦਗੁਨ ਗੁਰੂ ਕੇ, ਜਨ ਸੁਨੈ ਸੁਨੈ ਹੈਂ।
ਧਰਮ ਕ੍ਰਿਤਿ ਕਰਿ ਖਾਵਹੀਂ, ਹਰਿ ਭਗਤਿ ਕਮੈ ਹੈਂ।
ਵਾਹਿਗੁਰੂ ਕੋ ਜਪ ਭਲੇ, ਭ੍ਰਮ ਭੇਦ ਕਟੈ ਹੈਂ।
ਰਿਦੇ ਮੁਕਰ ਕੋ[1] ਸੁੱਧ ਕੈ, ਬ੍ਰਹਮਾਤਮ ਪੈ ਹੈਂ ॥ ੩੯ ॥

[1]ਸ਼ੀਸ਼ੇ ਨੂੰ।

ਨਿਜਾਨੰਦ ਮੈਂ ਮਗਨ ਹ੍ਵੈ, ਮਨ ਕੋ ਬਸ ਕੈ ਹੈਂ।
ਅੰਤ੍ਰ ਮੁਖ ਬ੍ਰਿਤਿ ਸਦਰਖੈਂ, ਬੇਕਾਰ[1] ਤਜੈ ਹੈਂ।

[1]ਅਉਗਣ।

ਅਣੁਮਾਦਿਕ ਸਿੱਧੀ[1] ਸਬੈ, ਤਿਨ ਤਈਂ ਫੁਰੈ ਹੈਂ।

[1]ਅਣੁਮਾ-ਉਹ ਸਿੱਧੀ ਜਿਸ ਨਾਲ ਅਣੂ ਵਰਗੇ ਬਰੀਕ ਹੋ ਜਾਈਦਾ ਹੈ।

ਪੈ ਵਹਿ ਨਹਿਂ ਦਿਖਾਇ ਹੈਂ, ਵਥ ਅਜਰ ਜਰੈ[1] ਹੈਂ ॥ ੪੦ ॥

[1]ਨ ਗੁਪਤਰੱਖੀ ਜਾਣ ਵਾਲੀ ਸ਼ਕਤੀ ਨੂੰ ਗੁਪਤ ਰੱਖਦੇ ਹਨ।

ਬਿਚਰੈਂ ਜੀਵਨ ਮੁਕਤਿ ਹ੍ਵੈ, ਭਵ ਬੰਧ[1] ਕਟੈ ਹੈਂ।

[1]ਸੰਸਾਰ ਦੇ ਬੰਧਨ।

ਸ੍ਰੀ ਗੁਰੁਦਿੱਤੇ ਕੀ ਕਥਾ, ਅਬ ਸੁਨੋ ਸੁਨੈ ਹੈਂ।
ਜਿਨ ਕਾਰਣ ਤੈ ਤਨ ਤਜਜੋ, ਸੋ ਬਰਣਨ ਕੈ ਹੈਂ ॥ ੪੧ ॥
ਇਕ ਦਿਨ ਇਕ ਸਿੱਖੀ ਖੱਤ੍ਰੀ ਨਾਗੋਰਾਇ ਆਯੋ।
ਗੁਰੁ ਕੋ ਦਰਸਜੋ ਮੋਦ ਹ੍ਵੈ, ਧਨ ਬਹੁਤ ਚਢਾਯੋ।
ਸੰਗ ਤਾਂਹਿ ਪ੍ਰਵਾਰ ਥਾ, ਇਕ ਬੇਟੀ ਪਾਵਨ।
ਰੂਪਵਤੀ ਥੀ ਅਤੀ ਸੋ, ਪਿਖਿ ਰਤੀ[1] ਲਜਾਵਨ।

[1]ਕਾਮਦੇਵ ਦੀ ਇਸਤ੍ਰੀ।

ਤਿਸ ਕੀ ਦਿਸ ਗੁਰੁ ਦੇਰ ਲੌ, ਦੇਖਤ ਰਹਿਵਾਏ।
ਜਾਨਜੋ ਸਿਖ ਮਮ ਸੁਤਾ ਕੋ, ਗੁਰੁ ਚਹਿਤ ਪ੍ਰਣਾਏ ॥ ੪੨ ॥

ਧੰਨਜ ਭਾਗ ਨਿਜ ਮਾਨ ਕੈ, ਸਿੱਖ ਅਰਜ਼ ਪ੍ਰਕਾਸੀ।
ਹੇ ਗੁਰੁ ਇਸ ਮਮ ਸੁਤਾ[1] ਕੋ, ਕਰਿ ਲਿਹੁ ਨਿਜ ਦਾਸੀ।
ਕਹਜੋ ਗੁਰੂ ਜੋ ਸਿਖ ਸੁਤਾ, ਸੋ ਸੁਤਾ ਹਮਾਰੀ।
ਹਮ ਤੋ ਰਚਨਾ ਈਸ ਕੀ, ਸੁਠ[1] ਰਹੇ ਨਿਹਾਰੀ ॥੪੩॥

[1]ਪੁਤੱਰੀ।

[1]ਸੁੰਦਰ।

ਪੁਨ ਤਿਸ ਹੀ ਕੇ ਰੂਪ ਮੈਂ, ਮੋਹਜੋ ਗੁਰੁਦਿੱਤਾ।
ਗੁਰੁ ਤੈ ਚੋਰੀ ਤਾਂਹਿ ਸੋਂ, ਉਨਿ ਬਜਾਹਿ ਕਰਿ ਲਿੱਤਾ*।

*ਇਹ ਪ੍ਰਸੰਗ ਬਾਬਾ ਗੁਰਦਿੱਤਾ ਜੀ ਦੇ ਜੀਵਨ ਦੇ ਬਿਲਕੁਲ ਵਿਰੁੱਧ ਹੈ। ਬਾਬਾ ਜੀ ਨੂੰ ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਹੋਣ ਦਾ ਮਾਣ ਪ੍ਰਾਪਤ ਸੀ, ਉਥੇ ਆਪ ਜੀ ਦੇ ਉੱਤਮ ਤੇ ਉੱਜਲ ਜੀਵਨ ਦਾ ਸਦਕਾ ਬਾਬਾ ਸ੍ਰੀ ਚੰਦ ਜੀ ਨੇ ਆਪ ਜੀ ਨੂੰ ਆਪਣਾ ਉਤ੍ਰਾਧਿਕਾਰੀ ਚੁਣਿਆ ਤੇ ਉਨ੍ਹਾਂ ਨੂੰ 'ਬਾਬਾ ਗੁਰਦਿੱਤਾ, ਦੀਨ ਦੁਨੀ ਦਾ ਟਿੱਕਾ' ਦਾ ਵਰਦਾਨ ਦਿੱਤਾ। ਉਹ ਪਿਤਾ ਸਤਿਗੁਰੂ ਜੀ ਦੇ ਆਗਿਆਕਾਰੀ ਸਪੁੱਤਰ ਸਨ। ਕਵੀ ਜੀ ਅੱਗੇ ਜਾ ਕੇ ਉਨ੍ਹਾਂ ਨੂੰ ਆਪ ਦਿਢ ਬ੍ਰਹਮ ਗਿਆਨੀ ਲਿਖਦੇ ਹਨ :– "ਨਿੰਮ੍ਰ ਰਹਜੋ ਨ ਕੁਛ ਕਹਜੋ ਦਿਢ ਬ੍ਰਹਮ ਗਜ਼ਾਨੀ ॥' ਅਜਿਹੇ ਬ੍ਰਹਮ ਗਿਆਨੀ ਦੇ ਜੀਵਨ ਵਿੱਚ ਅਜਿਹੀ ਘਟਨਾ ਸੰਭਵ ਨਹੀਂ, ਹੋ ਸਕਦਾ ਹੈ ਕਿ ਕਿਸੇ ਅਨਮਤੀ ਲੇਖਕ ਦੀ ਮਨਘੜਤ ਕਲਪਨਾ ਹੋਵੇ।

ਪਾਇ ਸਾਰ[1] ਗੁਰੁ ਕੋਪ ਹ੍ਵੈ, ਗੁਰੁਦਿੱਤੇ ਜੀ ਕੋ।
ਕਰੀ ਮਲਾਮਤ ਅਧਿਕ ਹੀ[1] ਇਮ ਕਹਿ ਕਰਿ ਠੀਕੋ ॥੪੪॥

[1]ਖਬਰ।

[1]ਬਹੁਤ ਹੀ ਝਿੜਕਿਆ।

ਸਿੱਖ ਕੀ ਸੁਤਾ ਸੋ ਮਮ ਸੁਤਾ, ਤੁਹਿ ਜੋਗ ਨ ਬਜਾਹਨ।
ਜਿਸ ਹਿਤ ਕੀਨ ਕੁਕਾਂਮ ਤੈਂ, ਸੋ ਭੁਗਤੈਂ ਨਾਹਿਨ।
ਸ੍ਰਾਪ ਏਹੁ ਸੁਨਿ ਬਾਪ ਤੈ, ਅਰ ਝਿਰਕੀ ਭਾਰੀ।
ਗੁਰੁਦਿੱਤਾ ਜੀ ਲੱਜਤ ਹ੍ਵੈ, ਨਿਜ ਗਯੋ ਅਗਾਰੀ[1] ॥੪੫॥

[1]ਆਪ ਘਰ ਨੂੰ ਚਲੇ ਗਏ।

ਹੋਨਹਾਰ ਨਹਿ ਟਰਤ ਹੈ, ਕਾਹੂੰ ਤੈ ਕਬਹੀ।
ਪੀਰ ਪਿਕੰਬਰ ਅਸੁਰ ਸੁਰ, ਅਵਤਾਰ ਹ੍ਵੈ ਜਬਿ ਹੀ।

ਸਬਿ ਬਿਧਿ ਲਾਯਕ ਬਡੋ ਥਾ, ਗੁਰੁ ਕੋ ਸੁਤ ਪਜਾਰਾ।
ਭਾਵੀ ਮੁਖੋਂ ਕਢਾ ਦਯੋ, ਇਹੁ ਸ੍ਰਾਪ ਕਰਾਰਾ[1] ॥੪੬॥

[1]ਕਰੜਾ।

ਜੈਸੀ ਹ੍ਵੈ ਭਵਤੱਬਜਤਾ[1], ਤਸ ਮਿਲੈ ਸਹਾਈ।
ਪੁਨਾ ਜੋਗ[1] ਇਕ ਔਰ ਭੀ, ਤਬਿ ਮਿਲਜੋ ਆਈ।
ਗੁਰੁਦਿੱਤਾ ਜੀ ਨਿਤ ਪ੍ਰਤੈਂ, ਆਖੇਰ[1] ਸਿਧਾਵੈਂ।
ਗਊ ਮਰੀ ਤਿਹ ਬਾਂਨ ਸੋਂ, ਮ੍ਰਿਗ ਕੇ ਭੋਲਾਵੈਂ[1] ॥੪੭॥

[1]ਹੋਣੀ, ਭਾਵੀ।
[1]ਸੰਜੋਗ, ਸੰਬੰਧ।
[1]ਸ਼ਿਕਾਰ।
[1]ਹਰਨ ਦੇ ਭੁਲੇਖੇ ਵਿੱਚ।

ਪਾਪ ਭਯੋ ਜਗ ਨਿੰਦ ਹੈ, ਇਹੁ ਸੋਚ ਵਿਚਰ ਕੈ।
ਪੁਨ ਉਨ ਗਊ ਜਿਵਾ ਦਈ, ਸਤਿਨਾਮੁ ਉਚਰ ਕੈ।
ਗੁਰੁ ਢਿਗ ਲੋਗਨ ਆਇ ਕੈ, ਜਬਿ ਕਹੀ ਸੁਨਾਏ।
ਸੁਨਿ ਗੁਰੁ ਉਰਿ ਰਿਸ ਠਾਂਨ ਕੈ, ਤੂਸ਼ਨਿ ਰਹਵਾਏ[1] ॥੪੮॥

[1]ਚੁੱਪ ਹੋ ਰਹੇ।

ਜਬਿ ਗੁਰੁਦਿੱਤਾ ਜੀ ਅਏ, ਰਿਸ ਧਰਿ ਗੁਰੁ ਭਾਖਾ।
ਪ੍ਰਭ ਕਾ ਹੁਕਮੁ ਮਿਟਾਇ ਕੈ, ਤੈਂ ਅਪਨਾ ਰਾਖਾ।
ਦੈਵ ਜੋਗ[1] ਕਰਿ ਤੀਰ ਸੋਂ, ਗੋ ਮਰੀ[2] ਜਿਵਾਈ।
ਕਰਾਮਾਤ ਦਿਖਰਾਇ ਕੈ, ਚਹਿਂ ਖਲਕ ਨਿਵਾਈ ॥੪੯॥

[1]ਕਰਮਾਂ ਦੇ ਸੰਬੰਧ ਨਾਲ (ਅ) ਅਚਾਨਕ। [2]ਮਰੀ ਹੋਈ ਗਾਂ।

ਕਰਾਮਾਤ ਦਿਖਰਾਵਨੀ, ਹੈ ਕਹਿਰ ਜਰੂਰੀ।
ਪ੍ਰਭੂ ਰਜਾਇ ਮਿਟਾਇ ਕੈ, ਪਰਨੋ ਹੈ ਦੂਰੀ[1]।
ਸੁਮਤਿ ਸੰਤ ਸਮ੍ਰੱਥ ਜੇ, ਹੋਏ ਪੁਨ ਹ੍ਵੈ ਹੈਂ।
ਕਰਾਮਾਤ ਨਹਿਂ ਦੇਤ ਹੈਂ, ਸਿਰ ਲੌ ਦੈ ਦੈ ਹੈ ॥੫੦॥

[1]ਦੂਰ ਪੈਣਾ ਹੈ ਭਾਵ ਦੂਰ ਹੋਣਾ ਹੈ।

ਸਿਰੜ[1] ਨ ਦੀਨੋ ਸਿਰ ਦਯੋ, ਲਖਿ[2] ਤੋਰਿ ਪਿਤਾਮੇ[3]।
ਅਟਲਰਾਇ ਕੀ ਬਾਤ ਭੀ, ਤੈਂ ਪਿਖੀ ਤਮਾਮੇ[1]।
ਰੰਕ ਰਾਵ ਜਬਿ ਕਿਸੀ ਕਾ, ਅਬਿ ਕੋਊ ਮਰਹੈ।

[1]ਹਠ। [2]ਜਾਣ ਲੈ। [3]ਤੇਰੇ ਦਾਦੇ (ਸ੍ਰੀ ਗੁਰੂ ਅਰਜਨ ਦੇਵ ਜੀ) ਨੇ।
[1]ਸਾਰੀ।

ਬਾਦੀ[1] ਤੁਰਕ ਦ੍ਵਾਰ ਪੈ, ਲਿਆ ਹਮਰੇ ਧਰਹੈ ॥ ੫੧ ॥

[1]ਝਗੜਾਲੂ।

ਕੌਨ ਕੌਨ ਕੋ ਕਰੋਗੇ, ਤੁਮ ਜਗ ਮੈਂ ਜ਼ਿੰਦਾ।
ਹਲਤ ਪਲਤ[1] ਇਸ ਬਾਤ ਤੈ, ਹ੍ਵੈ ਹੈਂ ਸ਼ਰਮਿੰਦਾ।

[1]ਲੋਕ ਪ੍ਰਲੋਕ ਵਿੱਚ।

ਪੁਨਾ ਹਮਾਰੇ ਅਛਤ ਹੀ[1], ਤੁਮ ਹਮ ਤੇ ਜਸਾਦੈਂ।
ਚਹਿਤ ਬਡਾਈ ਜਗਤ ਤੈ, ਦੈ ਅਜ਼ਮਤ ਬਾਦੈਂ[1] ॥ ੫੨ ॥

[1]ਹੁੰਦਿਆਂ ਹੀ।

[1]ਬਿਅਰਥ, ਫ਼ਜ਼ੂਲ।

ਦੋਇ ਤੇਗ ਇਕ ਮਜਾਂਨ ਮੈਂ, ਨ੍ਰਿਪ ਜੁਗ[1] ਇਕ ਸ਼ਹਰੈ।
ਰਹਿ ਨਹਿਂ ਸਕ ਹੈਂ ਕੈਸ ਹੂੰ, ਤਿਮ ਹਮ ਤੁਮ ਠਹਿਰੈਂ[1]।

[1]ਦੋਰਾਜੇ।

[1](ਇਸ) ਜਗ੍ਹਾ ਵਿੱਚ।

ਸਹੀ[1] ਗੁਰਦਿੱਤੇ ਜੀ ਲਹੀ[2], ਨਿਜ ਪਿਤ ਕੀ ਬਾਨੀ।
ਨਿੰਮ੍ਰ ਰਹਜੋ ਨ ਕੁਛ ਕਹਜੋ, ਥੋ ਦਿਢ ਬ੍ਰਹਮ ਗਜਾਨੀ ॥ ੫੩ ॥

[1]ਠੀਕ। [2]ਜਾਣੀ।

ਰਾਗ[1] ਰੋਖ[2] ਬਿਨੁ ਉਨਿ ਭਲੇ, ਉਪਦੇਸ਼ ਸੁਨੈ ਕੈ।
ਕਰਿ ਬੰਦਨ ਜਗ ਬੰਦਨੈ[1], ਪ੍ਰਕ੍ਰਮਾਂ ਲੈ ਕੈ।
ਜਾਇ ਇਕਾਕੀ ਬਨ ਵਿਖੈ, ਊਪਰ ਪਾਹਾਰੀ।
ਜਹਿਂ ਸਮਾਧਿ ਅਬਿ ਹੈ ਉਨੈ, ਜਨ ਮੰਨਤ ਝਾਰੀ[1] ॥ ੫੪ ॥

[1]ਮੋਹ। [2]ਗੁੱਸਾ।

[1]ਜਗਤ ਦੇ ਬੰਦਨਾਂ ਕਰਨ ਜੋਗ (ਸਤਿਗੁਰਾਂ) ਨੂੰ।

[1]ਬਹੁਤੇ ਲੋਕ।

ਸਰਪ ਕਾਂਚਰੀ ਜਜੋਂ[1] ਤਜਜੋ, ਨਿਜ ਤਨ ਛਿਨ ਮਾਂਹੀ।
ਸੋਲ੍ਹਾਂ ਸੌ ਥਾ ਬਾਨਵਾਂ ਤਬਿ ਸੰਮਤ ਵਾਹੀ[1]।
ਕੁਸਮਾਂਜੁਲ[1] ਸੁਰ ਬਰਖ ਕੈ ਬੇਵਾਂਨ ਚਢੈ ਕੈ।
ਗਾਵਤ ਨ੍ਰਿਤਤ ਸੁਰ ਨਟੀ[1], ਚਾਲੇ ਨਭ[2] ਲੈ ਕੈ ॥ ੫੫ ॥

[1]ਸੱਪ ਦੀ ਕੁੰਜ ਵਾਂਗ।

[1]ਉਸ ਸਮੇਂ।

[1]ਫੁੱਲਾਂ ਦੇ ਬੁੱਕ (ਭਰ ਕੇ)।

[1]ਦੇਵਤਿਆਂ ਦੀਆਂ ਨਾਚੀਆਂ। [2]ਅਕਾਸ਼ ਵਿੱਚ।

ਇਨਿ ਬਿਵਾਂਨ ਰਵਿ ਸਮ ਦਿਪੈ, ਉਡਗਨ ਸਮ ਔਰੈਂ[1]।
ਚਲੇ ਜਾਤ ਨਭ ਮੰਡਲੈਂ, ਸਹਿ ਉਤਸ਼ਵ ਗੌਰੈਂ।

[1]ਇਨ੍ਹਾਂ ਭਾਵ ਬਾਬਾ ਗੁਰਦਿੱਤਾ ਜੀ ਦਾ ਬਿਬਾਣ ਸੂਰਜ ਵਾਂਗ ਅਤੇ ਹੋਰ ਦੇਵਤਿਆਂ ਦੇ ਬਿਬਾਣ ਤਾਰਿਆਂ ਵਾਂਗ ਚਮਕਦੇ ਹਨ।

ਜਹਿਂ ਜਹਿਂ ਲੌ ਸੁਰ ਗੰਮਤਾ[1], ਤਹਿਂ ਲੌ ਪਹੁੰਚਾਏ।
[1]ਦੇਵਤਿਆਂ ਦੀ ਪਹੁੰਚ ਸੀ।

ਕਰਿ ਕਰਿ ਬੰਦਨ ਗੁਰੁ ਸੁਤੈਂ, ਨਿਜ ਨਿਜ ਪੁਰ ਆਏ ॥ ੫੬ ॥

ਗੁਰੁ ਪੁਰੁ ਮੈਂ ਗੁਰੁ ਸੁਤ ਗਯੋ, ਅਚੁੱਤ ਪਦ ਲਇਓ।

ਪੁਰ ਕੀਰਤਿ ਪੁਰ ਕੀਰਤੈਂ[1], ਸਹਿ[2] ਤਨ ਤਜ ਗਇਓ।
[1]ਕੀਰਤਪੁਰ ਨੂੰ ਜਸ ਨਾਲ ਭਰ ਕੇ। [2]ਛੇਤੀ। {ਸਹਿਸਾਈ ਦਾ ਸੰਖੇਪ, ਸਹਿ-ਛੇਤੀ।}

ਇਹੁ ਕੌਤਕ ਸੁਨਿ ਪੂਤ ਕਾ, ਨਿਜ[1] ਗੁਰੁ ਬਿਸਮਾਏ।
[1]ਆਪਣੇ ਆਪ ਵਿੱਚ।

ਗਏ ਤਹਾਂ ਜਹਿਂ ਤਨ ਤਜਯੋ, ਸਹਿ ਜਨ ਸਮੁਦਾਏ[1] ॥ ੫੭ ॥
[1]ਬਹੁਤੇ ਲੋਕਾਂ ਸਣੇ।

ਅੰਤਹਿ ਪੁਰ[1] ਸੁਨਿ ਗੁਰੂ ਕੇ, ਮਰਵਾਹੀ ਆਦੂ।
[1]ਮਹਿਲਾਂ ਵਿੱਚ।

ਸਿਮਰਨ ਕਰਿ ਗੁਨ ਗਨ ਤਿਨੈ, ਬਹੁ ਕੀਨ ਬਿਖਾਦੂ[1]।
[1]ਬਹੁਤਾ ਦੁੱਖ (ਮਹਿਸੂਸ) ਕੀਤਾ।

ਰੀਤੀ ਲੌਕਕ ਬੈਦਕੈਂ, ਮ੍ਰਿਤ ਕ੍ਰਿਯਾ ਕਰਾਈ[1]।
[1]ਮ੍ਰਿਤਕ ਕ੍ਰਿਆ ਸੰਸਾਰਕ ਤੇ ਧਾਰਮਕ (ਗੁਰਮਤਿ ਅਨੁਸਾਰ) ਕੀਤੀ।

ਸਾਕ ਸਬੰਧੀ ਸਿਖ ਅਏ, ਸੁਨਿ ਕੈ ਸਮੁਦਾਈ ॥ ੫੮ ॥

ਧੀਰ ਮੱਲ ਇਕ ਨਹਿ ਅਯੋ, ਹਠ ਕਰਕੈ ਪੀਨਾ।

ਪਾਠ ਹੇਤ ਗੁਰੁ ਗ੍ਰੰਥ ਭੀ, ਨਹਿਂ ਮੰਗਜੋ ਦੀਨਾ।

ਯਾਂਹੀ ਤੇ ਗੁਰੁ ਖਸ਼ਟਮੇਂ, ਰਿਸ ਬਾਨੀ ਗੋਈ[1]।
[1]ਕਹੀ।

ਧੀਰ ਮੱਲ ਸੋਂ ਬਰਤ ਹੈ, ਨਹਿ ਗੁਰੁ ਸਿੱਖ ਕੋਈ ॥ ੫੯ ॥

ਯਾਂਹੀ ਤੇ ਸਿੱਖ ਤਬੀ ਤੈ, ਤਿਹ ਸੰਤਤਿ ਸੰਗੈ[1]।
[1]ਉਲਾਦ ਨਾਲ।

ਨਹੀ ਮੇਲ ਕੁਛ ਰਖਤ ਹੈਂ, ਨਹਿ ਮਾਨਤ ਚੰਗੈ ॥ ੬੦ ॥

ਦੋਹਰਾ:

ਗੁਰੁਦਿੱਤੇ ਕਾ ਚਲਤ ਸੁਨਿ[1], ਸਿਖ ਮਸੰਦ ਬਹੁ ਆਇ।
[1]ਚਲਾਣਾ ਸੁਣ ਕੇ।

ਅਤਿ ਅਫਸੋਸ ਜਨਾਵਹੀਂ, ਗੁਰੁ ਉਪਦੇਸ਼ੈਂ ਤਾਂਹਿ
॥ ੬੧ ॥
ਚੌਪਈ:
ਗੁਰੂ ਸੰਬੋਧਨ[1] ਸਬਿ ਕੋ ਕਰੈਂ। [1]ਉਪਦੇਸ਼।
ਧੀਰਜ ਗਜਾਨ ਦਾਨ ਇਮ ਰਰੈਂ[1]। [1]ਕਹਿੰਦੇ ਹਨ।
ਬਰਸ ਮਾਸ ਦਿਨ ਸ੍ਵਾਸ ਜੁ ਲਿਖੇ।
ਭੋਗੈਂ ਤਿਤਕ ਜੀਵ ਤਨ ਵਿਖੇ ॥ ੬੨ ॥
ਕਾਰਨ ਔਰ ਮ੍ਰਿਤੁ ਕੇ ਜੇਤੇ।
ਬਨੇ ਬਹਾਨੇ ਝੂਠੇ ਤੇਤੇ।
ਦੁਖ ਸੁਖ ਲਾਭ ਹਾਨਿ ਬਿਵਹਾਰੈਂ।
ਪਾਵਤ ਜੀਵ ਕਰਮ ਅਨੁਸਾਰੈਂ ॥ ੬੩ ॥
ਲਘੁ ਬਹੁ ਹੋਤ ਨ ਕਿਯ ਉਪਚਾਰੋ[1]। [1]ਇਲਾਜ ਕੀਤਿਆਂ (ਸਾਹ) ਵੱਧ ਘੱਟ ਨਹੀਂ ਹੁੰਦੇ।
ਕਰਨੈ ਹਾਰ ਨ ਭੂਲਨ ਹਾਰੋ।
ਸਮਝ ਇਹੀ ਨਿਰਸੰਸੇ ਰਹੀਏ।
ਪ੍ਰਭੁ ਭਾਵੀ ਪੈ ਦ੍ਰਿੜਤਾ ਗਹੀਏ[1] ॥ ੬੪ ॥ [1]ਵਾਹਿਗੁਰੂ ਦੇ ਭਾਣੇ ਨੂੰ ਪੱਕੀ ਤਰ੍ਹਾਂ ਮੰਨੋ।
ਹਤਨ ਜਿਵਾਵਨ ਹਾਰ ਨਯੰਤਾ[1]। [1]ਮਾਰਨ ਤੇ ਜਿਉਂਦਾਰੱਖਣ ਵਾਲਾ ਪ੍ਰੇਰਕ।
ਬਿਨ ਕਰਤਾਰ ਨ ਮਾਨਜੋ ਸੰਤਾਂ।
ਸ੍ਵਾਨ ਬ੍ਰਿਤਿ ਇਕ ਸਿੰਘ ਬ੍ਰਿਤਿ ਅਹੇ[1]। [1]ਕੁੱਤਾ ਬ੍ਰਿਤੀ ਤੇ ਇਕ ਸ਼ੇਰ ਬ੍ਰਿਤੀ ਹੈ।
ਗੁਰਮੁਖਿ ਤਜਿ ਸਗ[1] ਸਿੰਘ[2] ਕੀ ਗਹੇ ॥ ੬੫ ॥ [1]ਕੁੱਤਾ। [2]ਸ਼ੇਰ।
ਲਾਠੀ ਈਂਟ ਹਤੈ ਜਿਮ ਕੋਊ।
ਲਾਠੀ ਈਂਟ ਤਈਂ ਗਹਿ ਸੋਊ[1]। [1]ਉਹ ਕੁੱਤਾ।
ਦੋਸ਼ ਤਿਨੀ ਕਾ[1] ਸੋ ਦਿਢ ਗੈਹੈ। [1]ਤਿਸ ਲਾਠੀ ਜਾਂ ਇੱਟ ਦਾ।
ਹਤਨ ਹਾਰ ਪਰ ਬਾਰ ਨ ਕੈਹੈ[1] ॥ ੬੬ ॥ [1]ਵਾਰ ਨਹੀਂ ਕਰਦਾ।
ਕੇਹਰ ਹਤਨ ਹਾਰ ਪਰ ਪੈਹੈ[1]। [1]ਸ਼ੇਰ, ਮਾਰਨ ਵਾਲੇ ਉਪਰ ਪੈਂਦਾ ਹੈ।
ਦੋਸ਼ ਤਾਂਹਿ ਲਖਿ ਰੋਸ ਬਢੈ ਹੈ।
ਸ੍ਵਾਂਨ ਬ੍ਰਿਤਿ ਸਦ ਹੀ ਦੁਖਦਾਈ।
ਕੇਹਰਿ ਬ੍ਰਿਤੀ ਸੁਖਦ ਮਹਾਂਈ ॥ ੬੭ ॥
ਯਾ ਬਿਧਿ ਬਿਬਿਧਾ[1] ਗੁਰੁ ਉਪਦੇਸ਼ੈਂ। [1]ਅਨੇਕ ਢੰਗਾਂ ਨਾਲ।
ਸੁਨ ਕਰਿ ਸਿੱਖ ਮਸੰਦ ਅਸੇਸੈਂ[1]। [1]ਸਾਰੇ।
ਨ੍ਰਿਬਿਖਾਦ[1] ਹ੍ਵੈ ਕੈ ਨਿਰਸੰਸੈ। [1]ਕਲੇਸ਼ਰਹਿਤ।

ਤਜਿ ਬਿਵਾਦ[1] ਗੁਰੁ ਕੋ ਪ੍ਰਸੰਸੈਂ ॥ ੬੮ ॥
[1]ਚਰਚਾ, ਬਹਿਸ।

ਕਰੈਂ ਕੀਰਤਨ[1] ਕੀਰਤਿਪੁਰ ਮੈਂ।
[1]ਜਸ, ਉਸਤਤ।

ਕੀਰਤਿ ਬਿਸਤੀਰਪਿ[1] ਪੁਰ ਪੁਰ ਮੈਂ।
[1]ਫੈਲ ਗਈ।

ਪੁਨਾ ਸਤ੍ਰਮੀ[1] ਕਾ ਦਿਨ ਆਯੋ।
[1]ਸਤਾਰ੍ਹਵੀਂ।

ਜਗਜ ਦਾਂਨ ਗੁਰੁ ਬਹੁਤ ਕਰਾਯੋ ॥ ੬੯ ॥

ਸ੍ਰੀ ਹਰਿਰਾਇ ਹਾਥ ਤੇ ਸਾਰੀ।

ਕ੍ਰਿਯਾ ਕਰਮ ਕਰਵਾਯੋ ਭਾਰੀ।

ਪੁਨ ਸਤਿਗੁਰੁ ਬਡ ਸਭਾ ਲਗਾਈ।

ਇਨ ਹੀ ਕੋ ਦਸਤਾਰ ਬੰਧਾਈ ॥ ੭੦ ॥

ਬੇਦੀ, ਤੇਹਣ, ਭੱਲਨ ਕੇਰੀ।

ਪੁਨ ਦਸਤਾਰੈਂ, ਭਈ ਬਧੇਰੀ।

ਸਿੱਖਨ ਮਸੰਦਨ ਬ੍ਰਿੰਦਨ ਆਈ[1]।
[1]ਸਾਰਿਆਂ ਨੇ ਆ ਕੇ।

ਪੱਗ ਦੁਸ਼ਾਲੇ ਦਏ ਮਹਾਂਈ ॥ ੭੧ ॥

ਤਬਿ ਹੀ ਸਬਿ ਕੇ ਮਨ ਫੁਰਿ ਆਈ।

ਨਿਸਚੈ ਪੈਹੈਂ ਇਹੈ ਗੁਰਜਾਈ।

ਸਿੱਖਨ ਲਾਖਨ ਲੌ ਧਨ ਅਰਪਾ।

ਤੋਫੇ ਬਿਬਿਧ ਦਏ ਤਜਿ ਦਰਪਾ[1] ॥ ੭੨ ॥
[1]ਹੰਕਾਰ ਤਿਆਗ ਕੇ।

ਲਗੇ ਅੰਬਾਰ[1] ਸ਼ੁਮਾਰ ਨ ਐਹੈ[2]।
[1]ਢੇਰ। [2]ਗਿਣਤੀ ਨਹੀਂ ਆਉਂਦੀ ਭਾਵ ਅਣਗਿਣਤ।

ਪੇਖਿ ਨ੍ਰਿਪ ਕੋਹੀ[1] ਬਿਸਮੈ ਹੈਂ।
[1]ਪਹਾੜੀ ਰਾਜੇ।

ਬਰਤਜੋ ਸਬਿਨ ਪ੍ਰਸਾਦ ਅਪਾਰੀ।

ਸੋਕ ਨਸਜੋ ਪਿਖਿ ਉਤਸ਼ਵ ਭਾਰੀ ॥ ੭੩ ॥

ਮੰਗਲ ਮਯ ਬਹੁ ਬਜੇ ਸ਼ਦਾਨੇ[1]।
[1]ਖ਼ੁਸ਼ੀ ਦੇ ਵਾਜੇ {ਫਾ: ਸ਼ਾਦਜ਼ਾਨੇ}।

ਭੱਟ ਨਕੀਬਨ[1] ਸੁਜਸ ਬਖਾਂਨੇ।
[1]ਰਾਜਿਆਂ ਦੇ ਅੱਗੇ ਅੱਗੇ ਬੋਲਣ ਵਾਲਿਆਂ ਨੇ।

ਸਬੈ ਸਰਾਹੈਂ ਸ੍ਰੀ ਹਰਿਰਾਇ।

ਧੀਰ ਮੱਲ ਕੀ ਨਿੰਦ ਅਲਾਏ[1] ॥ ੭੪ ॥
[1]ਕਹਿੰਦੇ ਹਨ।

ਦੋਹਰਾ:

ਜਿਤਕ ਲੋਗ ਆਏ ਹੁਤੇ,
ਬਿਦਾ ਸਬੈ ਗੁਰੁ ਕੀਨ।
ਸਿਰੇਪਾਉ ਸਭਿ ਕੋ ਦਏ,
ਪੂਜਾ ਭੀ ਕਿਹ[1] ਦੀਨ ॥ ੭੫ ॥
[1]ਕਿਸੇ ਕਿਸੇ ਨੂੰ।

ਚੌਪਈ:

ਇਮ ਉੱਛਵ[1] ਕਰਿ ਸੋਕ ਨਸਾਯੋ।
ਅੰਤਰ ਵਹਿਰ ਪ੍ਰਮੋਦ ਬਢਾਯੋ।
ਕਰਿ ਬੰਦਨ ਜਗਬੰਦਨ ਤਾਂਈ[1]।
ਸਿਖ ਮਸੰਦ ਬ੍ਰਿੰਦ ਸਬਿ ਜਾਂਈ[1] ॥ ੭੬ ॥
ਹਰਿਗੋਬਿੰਦ ਗੁਰੁ ਉਰਿ ਧਰਿ ਚੰਦ।
ਪਾਇ ਅਨੰਦ ਕਾਟ ਦੁਖ ਦੁੰਦ[1]।
ਨਿਜ ਨਿਜ ਦੇਸ ਪੁਰੈਂ[1] ਨਰ ਜਾਂਹੀ।
ਜਹਿਂ ਤਹਿਂ ਗੁਰੁ ਕਾ ਸੁਜੱਸ ਬਢਾਹੀਂ ॥ ੭੭ ॥
ਜਾਵੈਂ ਗੁਰ ਮੂਰਤਿ ਧਰਿ ਉਰ ਮੈਂ।
ਚਰਚਾ ਚਲੀ ਦੇਸ ਪੁਰ ਪੁਰ ਮੈਂ।
ਸੁਤ ਬਿਸਾਲ ਗੁਰ ਯੁਤ ਬਿਸਾਲ ਗੁਨ[1]।
ਅਟਲਰਾਇ ਸਮ ਚਲਤ[1] ਕੀਨ ਉਨਿ[2] ॥ ੭੮ ॥
ਅਹੋ ਸ਼ਕਤਿ ਮਤ[1] ਗੁਰੁ ਘਰ ਜੈਸੋ।
ਭਯੋ ਨ ਹੈ ਨਹਿ ਹ੍ਵੈ ਕੋ ਐਸੋ।
ਕਹਿਤ ਸੁਨਤ ਨਿਤ ਗੁਰੁ ਗੁਨ ਗਾਹੈਂ।
ਪਰਸਪਰੰ[1] ਸਿਖ ਧਰਮ ਨਿਬਾਹੈਂ ॥ ੭੯ ॥
ਇਤ ਗੁਰੁ ਨਿਤਪ੍ਰਤਿ ਲਾਇ ਦਿਵਾਨੈ।
ਨਿਜ ਸਿੱਖਨ ਕੀ ਕਰੈਂ ਕਲਜਾਨੈ।
ਕਬੀ ਸ਼ਿਕਾਰ ਪਹਾਰਨ ਮਾਂਹੀ।
ਕਬਿ ਨਦਿ ਤਟ[1] ਮੈਦਾਂਨਨ ਜਾਂਹੀ ॥ ੮੦ ॥
ਸਾਂਗਾਰਾਣਾ, ਸਿੰਘ ਪ੍ਰਤਾਪ।
ਜੋਧ ਸ਼ਾਹਿ ਲੌ ਨ੍ਰਿਪ ਅਮਾਪ[1]।
ਭੱਲਨ, ਕਾਲਾ, ਮੋਹਨ, ਬਿਧੀਆ।
ਭਾਨਾ, ਮੁਹਰੂ, ਜਾਤੀ[1] ਨਿਧੀਆ ॥ ੮੧ ॥
ਇਤਜਾਦਿਕ ਸਬਿ ਸੰਗ ਰਹੈ ਹੈਂ।
ਬਨ ਜੀਵਨ ਹਤ[1] ਮੁਕਤੀ ਦੈ ਹੈਂ।
ਬੇਸ਼ੁਮਾਰ ਧਨ ਨਿਤ ਪ੍ਰਤਿ ਆਵੈ।
ਗੁਰੁ ਖਰਚੈਂ ਸਬਿ ਲੰਗਰ ਲਾਵੈਂ ॥ ੮੨ ॥

[1]ਉਤਸ਼ਾਹ।
[1]ਜਗਤ ਦੇ ਬੰਦਨਾ ਕਰਨ ਯੋਗ (ਸਤਿਗੁਰਾਂ) ਨੂੰ।
[1]ਸਾਰੀਆਂ ਜਗ੍ਹਾਂ ਦੇ ਸਾਰੇ ਸਿੱਖ ਤੇ ਮਸੰਦ।
[1]ਭਿਆਨਕ ਦੁੱਖ।
[1]ਸ਼ਹਿਰਾਂ ਵਿੱਚ।
[1]ਸਤਿਗੁਰਾਂ ਦਾ ਵੱਡਾ ਪੁੱਤਰ ਬਹੁਤੇ ਗੁਣਾਂ ਸਹਿਤ ਸੀ।
[1](ਸ਼ਰੀਰ ਤਿਆਗਣ ਦਾ) ਕੌਤਕ। [2]ਉਨ੍ਹਾਂ (ਭਾਵ ਬਾਬਾ ਗੁਰਦਿੱਤਾ ਜੀ) ਨੇ।
[1]ਸ਼ਕਤੀਆਂ (ਕਰਾਮਾਤਾਂ) ਵਾਲਾ।
[1]ਆਪਸ ਵਿਚੀਂ।
[1]ਨਦੀ ਦੇ ਕਿਨਾਰੇ।
[1]ਬਹੁਤੇਰਾਜੇ।
[1]ਜਾਤੀ ਮਾਲਕ।
[1]ਜੰਗਲੀ ਜੀਵਾਂ ਨੂੰ ਮਾਰ ਕੇ।

ਸਾਨੰਦ ਕਾਰ ਬੁਲੰਦ ਸੁਛੰਦ।
ਐਸ ਮੁਕੰਦ ਚਲੰਦ ਅਦੁੰਦ[1]।

[1]ਇਸ ਤਰ੍ਹਾਂ ਮੁਕਤੀ ਦਾਤਾ ਸਤਿਗੁਰੂ ਹਰਖ ਸੋਗ ਤੋਂ ਰਹਿਤ ਹੋ ਕੇ ਅਨੰਦ ਸਹਿਤ (ਏਡੇ) ਵੱਡੇ ਕੰਮ ਨੂੰ ਆਪਣੀ ਇੱਛਾ ਅਨੁਸਾਰ ਚਲਾਉਂਦੇ ਹਨ।

ਇਕ ਦਿਨ ਪੁਨ ਗੁਰੁ ਗਏ ਸ਼ਿਕਾਰੈਂ।
ਰੋਪੜ ਦਿਸ ਕਿਤ ਦੂਰ ਪਧਾਰੈਂ[1] ॥ ੮੩ ॥

[1]ਚਲੇ ਗਏ।

ਜਾਂਨ ਮੁਹੰਮਦ ਖਾਂਨ ਨਵਾਬ।
ਰੋਪੜ-ਪਤਿ ਅਤਿ ਹੁਤੋ ਖਰਾਬ।
ਸੋ ਭੀ ਖੇਲਤ ਹੁਤੋ ਸ਼ਿਕਾਰੂ।
ਭਯੋ ਟਾਕਰਾ ਬਢ ਗਈ ਰਾਰੂ[1] ॥ ੮੪ ॥

[1]ਲੜਾਈ ਵਧ ਗਈ।

ਮਚਯੋ ਤੁਫੰਗ[1] ਖਤੰਗਨ[2] ਜੰਗ।
ਕਰੇ ਨਿਸੰਗ ਤੁਰਕ ਅੰਗ ਭੰਗ।
ਹ੍ਵੈ ਕੁਰੰਗ ਸਮ ਭਗੇ ਕੁਰੰਗੇ[1]।
ਛੀਨੇ[1] ਸਿੱਖਨ ਤੁਰੰਗ ਸੁਰੰਗੇ[2] ॥ ੮੫ ॥

[1]ਬੰਦੂਕਾਂ ਤੇ। [2]ਤੀਰਾਂ ਦਾ।

[1]ਖੋਟੇਰੰਗਾਂ ਵਾਲੇ ਹੋ ਕੇ ਹਰਨਾਂ ਵਾਂਗ ਭੱਜ ਗਏ।

[1]ਖੋਹ ਲਏ। [2]ਚੰਗੇਰੰਗਾਂ ਦੇ ਘੋੜੇ।

ਮਰੇ ਦਸਕ ਜਖਮੀ ਬਹੁ ਭਏ।
ਮਾਂਨ ਪਠਾਂਨ ਹਾਰ ਘਰ ਗਏ।
ਦੂਸਰ ਦਿਵਸ ਕੋਟਰੇ ਵਾਰੇ[1]।
ਰਹਿਮਤ ਖਾਂਨ, ਖਾਂਨ ਸਰਦਾਰੇ ॥ ੮੬ ॥

[1]ਕੋਟਲੇ (ਪਿੰਡ) ਵਾਲੇ।

ਖਾਂਨ ਦਲੇਲ, ਅਕਰਮ ਖਾਂ ਆਦਿਕ।
ਪੁਰ ਬਹਲੋਲ ਕੇਰ ਰਣ ਸਾਧਕ[1]।
ਮਾਛੀਵਾੜਿਯੋ, ਬਸੀਓਂ, ਕਿੜੀ।
ਗਾਂਮ[1] ਸਘੋਲ, ਮੋਰਡਾ, ਭਿੜੀ ॥ ੮੭ ॥

[1]ਜੰਗਾਂ ਦੇ ਜੇਤੂ।

[1]ਪਿੰਡ।

ਰੰਗੜ[1] ਅਏ ਸਜਾਲਬੇ ਕੇਰੇ[2]।
ਲਸ਼ਕਰ ਤੁਰਕਨ ਭਯੋ ਬਧੇਰੇ।
ਰੋਪੜੀਓਂ ਨੇ ਇਕਠੇ ਸਬਿ ਹੀ।
ਕਰੇ ਹੇਤ ਮੱਦਤ ਨਿਜ ਤਬਿ ਹੀ ॥ ੮੮ ॥

[1]ਮੁਸਲਮਾਨਾਂ ਦੀ ਇਕ ਜਾਤੀ। [2](ਪਿੰਡ) ਦੇ।

ਬੰਬ ਬਜਾਇ[1] ਚਢੇ ਮਿਲਿ ਸਾਰੇ।
ਗੁਰੁ ਸੋਂ ਲਰਨੇ ਹੇਤ ਪਧਾਰੇ।
ਪਾਇ ਸਾਰ[1] ਗੁਰੁ ਕੀਨੀ ਤਜਾਰੀ।
ਲਈ ਬਟੋਰ[1] ਚਮੂੰ[2] ਨਿਜ ਸਾਰੀ ॥ ੮੯ ॥

[1]ਧੌਂਸੇ ਵਜਾ ਕੇ।

[1]ਖ਼ਬਰ।

[1]ਇਕੱਠੀ ਕਰ ਲਈ। [2]ਫ਼ੌਜ।

ਸੁਭਟ ਬਿਕਟ[1] ਸਬ ਨਿਕਟਿ ਬੁਲਾਏ।
ਆਯੁੱਧ ਸੰਜੋਏ ਬਖਸ਼ਾਏ।
ਸੈਫ[1] ਸਰੋਹੀ[2] ਕੱਤੇ[3] ਤੇਗੇ[11]।

[1]ਲੜਾਕੇ ਸੂਰਮੇ।
[1]ਸਿੱਧੀ ਤਲਵਾਰ। [2]ਸਿਰੋਹੀ ਨਗਰ 'ਚ ਬਣੀ ਹੋਈ ਤਲਵਾਰ। [3]ਛੋਟੇ ਖੜਗ, ਜੋ ਚੌੜੇ ਤੇ ਸਿੱਧੇ ਹੁੰਦੇ ਹਨ। {ਅ: ਕਤੀਰ-ਕੱਤੇ।} [11]ਮੁੜਵੀਆਂ ਚੌੜੀਆਂ ਤੇ ਭਾਰੀਆਂ ਤਲਵਾਰਾਂ।

ਦੋਧਾਰੈ[1] ਤਰਵਾਰੈਂ ਬੇਗੇ[2] ॥ ੯੦ ॥
[1]ਖੰਡੇ। [2]ਇਕ ਪ੍ਰਕਾਰ ਦੇ ਖੰਡੇ।

ਗੁਜਰਾਤੀ[1] ਸੂਰਤੀ[2] ਹਲੱਬੀ[3]।
[1]ਗੁਜਰਾਤ ਦੇ ਇਲਾਕੇ ਦੀ ਬਣੀ ਤਲਵਾਰ। [2]ਸੂਰਤ ਸ਼ਹਿਰ ਦੀ ਬਣੀ ਹੋਈ ਤਲਵਾਰ। [3]ਸ਼ਾਮ ਦੇਸ਼ ਦੇ ਹਲੱਬ ਸ਼ਹਿਰ ਦੀ ਬਣੀ ਹੋਈ ਤਲਵਾਰ।

ਫੌਲਾਦੀ ਅਸਪਾਦੀ[1] ਜੁਨੱਬੀ[2]।
[1]ਅਸਪਾਤ ਦੀ ਬਣੀ ਹੋਈ ਤਲਵਾਰ। [2]ਆਰਮੋਨੀਅਮ ਦੇਸ਼ ਦੇ ਜੁਨੱਬ ਸ਼ਹਿਰ ਦੀ ਬਣੀ ਹੋਈ ਤਲਵਾਰ।

ਸੇਲ[1] ਸੈਹਥੀ[2] ਸਿਪਰ[3] ਅਪਾਰੇ।
ਖਪਰੇ[1] ਤੀਰ ਤੁਕੇ[2] ਅਨਿਆਰੇ[3] ॥ ੯੧ ॥
[1]ਨੇਜ਼ੇ, ਬਰਛੇ। [2]ਬਰਛੀਆਂ। [3]ਢਾਲਾਂ।
[1]ਚੌੜੇ ਫਲਾਂ ਵਾਲੇ ਤੀਰ। [2]ਕੁੰਡੀਆਂ ਵਾਂਗ ਮੁੜੀਆਂ ਹੋਈਆਂ ਮੁਖੀਆਂ ਵਾਲੇ ਤੀਰ। [3]ਨੋਕਦਾਰ ਤੀਰ।

ਭੱਥੇ ਕਠਿਨ ਕੁਵੰਡ[1] ਸੰਭਾਰੇ।
ਪਾਂਚ ਕੋਸ ਚਢਿ ਅੱਗ੍ਰ ਪਧਾਰੇ।
ਲਿਯ ਮੁਕਾਬਲਾ ਅਰਿਨ ਸੰਗਾਰੇ[1]।
ਮਚਯੋ ਜੰਗ ਭਟਰਣ ਭਬਕਾਰੇ[1] ॥ ੯੨ ॥
[1]ਕਰੜੇ ਧਨੁਸ਼।
[1]ਵੈਰੀਆਂ ਨਾਲ।
[1]ਸੂਰਮੇ ਜੰਗ ਵਿੱਚ ਗੱਜੇ।

ਤਾਰਾ ਚੰਦ[1] ਅਰ ਨਾਲਾਗਢੀਆ।
ਅਏ ਨ੍ਰਿਪ ਗੁਰੁ ਮੱਦਤ ਬਢੀਆ[1]।
ਤੀਰ ਤੁਫੰਗਨ ਜੰਗ ਪ੍ਰਚੰਡ[1]।
ਸੁਭਟ ਰਹੇ ਬਡ ਦੁਹਿਦਿਸ ਮੰਡ[1] ॥ ੯੩ ॥
[1]ਕਹਿਲੂਰ ਰਿਆਸਤ ਦਾ ਰਾਜਾ।
[1]ਅੱਗੇ ਵਧ ਕੇ।
[1]ਤਿੱਖਾ, ਤੇਜ਼।
[1]ਸ਼ੁਰੂ ਕਰ ਰਹੇ ਹਨ।

ਧੂੰਮ ਧੂਰ ਸੋਂ ਨਭ ਭਰ ਗਯੋ।
ਨੂਰ ਸੂਰ[1] ਜਾਰੂਰ ਦਬਯੋ।
ਪਿਖੀਅਤ ਧੁਖਤ ਪਲੀਤੇ[1] ਤੋੜੇ[2]।
ਜਨ ਜੁਗਨੂੰ ਭਾਦਵ[1] ਨਹਿ ਥੋੜੇ ॥ ੯੪ ॥
[1]ਸੂਰਜ ਦਾ ਚਾਨਣ।
[1]ਬੰਦੂਕ ਤੇ ਤੋਪ ਨੂੰ ਅੱਗ ਦੇਣ ਵਾਲੀਰੱਸੀ। [2]ਤੋਪ ਤੇ ਬੰਦੂਕ ਨੂੰ ਅੱਗ ਦੇਣ ਦਾ ਡੋਰਾ।
[1]ਜਾਣੋ ਭਾਦਰੋਂ ਦੇ ਮਹੀਨੇ ਦੇ ਟਟਹਿਣੇ।

ਨੀਲੇ ਰੰਗ ਬਾਂਨੇ[1] ਤੂਕਾਂਨੇ।
ਜਨ ਘਨ ਉਮਡਯੋ ਆਇ ਮਹਾਨੇ।
ਬਰਸੈਂ ਗੋਲੀ ਤੀਰ ਅਪਾਰੈਂ।
ਗੋਲੇ ਮੇਂਹ ਮੇਘ ਜਨ ਡਾਰੈਂ ॥ ੯੫ ॥
[1]ਪੁਸ਼ਾਕੇ।

ਮਾਰ ਮਾਰ ਰਵ[1] ਸੂਰ ਉਚਰਹੀਂ।
[1]ਬਾਣੀ।

ਕੋਕਲ ਗਨ ਮਯੂਰ ਜਨ ਰਰਹੀਂ[1]। [1]ਜਾਣੋ ਕੋਇਲਾਂ ਤੇ ਮੋਰ ਬੋਲ ਰਹੇ ਹਨ।
ਦੀਹ ਦਮਾਂਮੇ[1] ਢੋਲ ਨਗਾਰੇ। [1]ਵੱਡੇ ਧੌਂਸੇ।
ਬੱਜਤ ਲੱਜਤ ਸੁਨਿ ਘਨ ਭਾਰੇ ॥ ੯੬ ॥
ਬੀਜ ਬੇਗ ਜਿਮ[1] ਤੇਗ ਚਮੱਕੈਂ। [1]ਤੇਜ ਬਿਜਲੀ ਵਾਂਗ।
ਕੜ ਕੜਾਕ ਬੰਦੂਕ ਕੜੱਕੈਂ।
ਭਿੜੈਂ ਭੇੜ ਭਟ[1] ਕਟ ਕਟ ਡਾਰੈਂ। [1]ਸੂਰਮੇ ਜੰਗ ਕਰਦੇ ਹਨ।
ਬਾਢ ਬਢਤ ਬਾਢੀ ਜਨ ਭਾਰੈਂ[1] ॥ ੯੭ ॥ [1]ਜਾਣੋ ਤਰਖਾਣ ਭਾਰੀ ਲੱਕੜਾਂ ਵੱਢਦੇ ਹਨ।
ਖੰਡੇ ਸਿਪਰਨ ਪਰ[1] ਇਮ ਪਰਹੀਂ। [1]ਢਾਲਾਂ ਉਪਰ।
ਜਯੋਂ ਬਿਦਾਣ[1] ਅਹਿਰਨੁ ਪਰ ਢਰਹੀ[2]। [1]ਵੱਡੇ ਹਥੌੜੇ। [2]ਵਜਦੇ ਹਨ।
ਬਜੈਂ ਸਾਰ ਸੋਂ ਸਾਰ[1] ਅਪਾਰੇ। [1]ਸ਼ਸਤ੍ਰ ਨਾਲ ਸ਼ਸਤ੍ਰ।
ਜਨ ਬਹੁ ਘਾੜ[1] ਘੜਤ ਠਠਜਾਰੇ ॥ ੯੮ ॥ [1]ਭਾਂਡੇ।
ਬੀਰ ਫਲੰਗ[1] ਜੰਗ ਮੈਂ ਦੈ ਹੈਂ[2]। [1]ਛਾਲਾਂ। [2]ਮਾਰਦੇ ਹਨ।
ਜਨ ਨਟ ਮਿਲਿ ਬਹੁ ਭਰਥੂ ਪੈ ਹੈਂ।
ਦੀਨ ਮਜਬ ਕਾ ਜੁੱਧ ਵਿਚਰ ਕੈ।
ਉਧੱਤ[1] ਹ੍ਵੈ ਬਡ ਕ੍ਰੁੱਧ ਸੁ ਧਰਿ ਕੈ ॥ ੯੯ ॥ [1]ਉੱਚੇ ਹੋ ਕੇ।
ਅਲੀ ਅਲੀ ਗੁਰੁ ਗੁਰੂ ਅਵਾਜੈਂ।
ਕਢਤ, ਬਢਤ ਦੁਹਿ ਦਿਸੈਂ ਦਰਾਜੈਂ[1]। [1]ਬਹੁਤਾ।
ਕਟ ਕਟ ਸੁਟਤ ਅੱਗ੍ਰ ਪਗ ਧਰ ਕੈ।
ਚਹਿਤ ਜੀਤ ਲਰਹੀਂ ਭਟ ਅਰ ਕੈ ॥ ੧੦੦ ॥
ਬਢ ਬਢ ਮਰਤ ਸੂਰ ਬਰ ਹੂਰੈਂ।
ਚਢ ਰਢ ਜਾਤ ਬਿਵਾਂਨਨ ਭੂਰੈਂ।
ਚਢੀ ਲੋਥ ਪਰ ਲੋਥ ਤਹਾਂ ਹੈ।
ਮਰੇ ਜ੍ਵਾਨ ਕਿਕਾਂਨ ਮਹਾਂ ਹੈ ॥ ੧੦੧ ॥
ਘਾਇਲ ਘਨੇ ਹਾਇ ਕਹਿਂ ਪਾਂਨੀ।
ਕੋਇ ਨ ਸੁਨ ਹੈ ਤਿਨ ਕੀ ਬਾਨੀ।
ਲੋਟਤ ਪਰੇ ਡਸੇ ਜਨ ਬਿੱਛੂ।
ਤੌ ਭੀਰਣ ਜੀਤਨ ਕੇ ਇੱਛੂ ॥ ੧੦੨ ॥
ਹੱਥ ਮੱਥ ਸੱਥਲ[1] ਰੁੰਡ[2] ਮੁੰਡੂ[3]। [1]ਪੱਟ। [2]ਧੜ। [3]ਸਿਰ।
ਬਿਖਰੇ ਪਰੇ ਧਰਾ ਪੈ ਝੁੰਡੂ।
ਜਹਿਂ ਤਹਿਂ ਭਰੇ ਲਹੂ ਕੇ ਛੱਪਰ[1]। [1]ਛੱਪੜ।

ਪੀਵਤ ਕਾਲੀ ਭਰਿ ਭਰਿ ਖੱਪਰ ॥ ੧੦੩ ॥
ਭੂਤ ਪ੍ਰੇਤ ਪਿਸਾਚ[1] ਅਪਾਰੀ। [1]ਮਾਸ ਖਾਣੇ ਜੀਵ।
ਭੈਰਵਿ ਜੋਗਨਿ ਦੈ ਕਿਲਕਾਰੀ।
ਕਰ ਕਪਾਲ ਗਰ ਹਾਰ ਆਂਤ ਕੇ[1]। [1]ਹੱਥ 'ਚ ਖੋਪਰੀਆਂ ਤੇ ਗਲ੍ਹ 'ਚ ਆਂਦਰਾਂ ਦੇ ਹਾਰ ਪਹਿਨਦੀਆਂ ਹਨ।
ਧਰੈਂ, ਭਰੈਂ ਸੁਰ[1] ਭਾਂਤਿ ਭਾਂਤਿ ਕੈ ॥ ੧੦੪ ॥ [1](ਗੀਤ) ਗਾਉਂਦੀਆਂ ਹਨ।
ਗੀਧ[1] ਸਜਾਲ[2] ਸ੍ਵਾਨ[3] ਕਾਲੋਲੈਂ[11]। [1]ਗਿਰਝਾਂ। [2]ਗਿੱਦੜ। [3]ਕੁੱਤੇ। [11]ਖ਼ੁਸ਼ ਹੁੰਦੇ ਹਨ।
ਬਾਂਛਤ ਖਾਇ ਪਾਇ ਮੁਦ ਬੋਲੈਂ।
ਤੁਰਕਨ ਕੇ ਸਰਦਾਰਨ ਹੱਲਾ।
ਕੀਨ ਜੋਰ ਦੈ ਦੀਨ ਥਰਥੱਲਾ[1] ॥ ੧੦੫ ॥ [1]ਹਲਚਲੀ ਪਾ ਦਿੱਤੀ।
ਤਬਿ ਗੁਰ ਉਰਿ ਰਿਸ ਧਰਿ ਥਿਰ ਹ੍ਵੈ ਕੈ।
ਤਜੇ ਤੀਰ ਸਮ ਮੇਂਹ ਤਨੈ ਕੈ[1]। [1]ਖਿੱਚ ਕੇ।
ਤਕ ਤਕ ਤੁਰਕਨ ਕੇ ਸਰਦਾਰੂ।
ਡਾਰੇ ਧਰ ਪਰ ਮਾਰ ਅਪਾਰੂ ॥ ੧੦੬ ॥
ਸਾਂਗੇਰਾਣੇ ਸਿੰਘ ਪ੍ਰਤਾਪੈ।
ਜੋਧ ਸ਼ਾਹਿ ਬਿਧੀਏ ਲੌ ਖਾਪੈਂ[1]। [1]ਖਪਾਉਂਦੇ ਹਨ।
ਸੱਤ੍ਰੁਨ ਕੋ ਬਲ ਧਰਿ ਨ੍ਰਿਪ ਕੋਹੀ[1]। [1]ਪਹਾੜੀ ਰਾਜੇ।
ਮਾਰਤ ਡਾਰਤ ਧਰ ਪਰ ਸੋਹੀ[1] ॥ ੧੦੭ ॥ [1]ਸੁਹਣੇ ਲੱਗਦੇ ਹਨ।
ਤੀਛਨ ਭੀਛਨ ਈਛਨ ਭਾਰੇ[1]। [1]ਤਿੱਖੇ, ਭਿਆਨਕ ਤੇ ਭਾਰੇ {ਈਛਨ} ਤੀਰ।
ਸ਼ੁੰਕਤ ਨਭ ਮੈਂ ਫਿਰੈਂ ਅਪਾਰੇ।
ਫੁੰਕਤ ਮਨੋ ਸਪੱਛ ਅਹਿ ਕਾਰੇ[1]। [1]ਖੰਭਾਂ ਵਾਲੇ ਕਾਲੇ ਸੱਪ।
ਛੁਹੈਂ ਜਾਂਹਿ ਤਿਹ ਪ੍ਰਾਂਨ ਨਿਕਾਰੇ ॥ ੧੦੮ ॥
ਚੀਰ ਸ੍ਰੀਰ ਜ੍ਵਾਨ ਕਿਕਾਂਨਨ।
ਪਰ ਹੈਂ ਪਾਰ ਡਾਰ ਹੈਂ ਥਾਂਨਨ[1]। [1]ਥਾਂ 'ਤੇ ਹੀ ਸੁੱਟ ਦੇਂਦੇ ਹਨ।
ਦੈ ਕਰ ਜੋਰ ਗੁਰੂ ਕੇ ਜੋਧਨ।
ਕਰੇ ਸੱਤ੍ਰ ਗਨ ਅਤੀ ਬਿਸੋਧਨ[1] ॥ ੧੦੯ ॥ [1]ਬਹੁਤੇ ਬੇਹੋਸ਼ ਕਰ ਦਿੱਤੇ।
ਮਾਂਨ ਹਾਰ ਪਾਛੇ ਭਗ ਚਲੇ।
ਸਿੱਖਨ ਪਾਛੇ ਪਰ[1] ਦਲ ਮਲੇ। [1]ਪਿੱਛੇ ਪੈ ਕੇ।
ਹਾਥ ਕਾਂਨ ਸੌਂ ਗਏ ਲਗਾਈ।
ਫਿਰ ਨਹਿਂ ਲਰਿ ਹੈਂ ਗੁਰੁ ਸੋਂ ਆਈ ॥ ੧੧੦ ॥

ਦੋਹਰਾ:
ਹਾਰ ਮਾਨ ਕੈ ਤੁਰਕ ਗਨ,
ਅਤਿ ਹੀ ਬਿਪਤਿ ਉਠਾਇ।
ਨਿਜ ਨਿਜ ਗ੍ਰਾਂਮਨ ਮੈਂ ਗਏ,
ਸਜਾਪੇ ਭਏ ਮਹਾਂਇ ॥੧੧੧॥
ਚੌਪਈ:
ਸਤਿਗੁਰੁ ਫਤੇ ਪਾਇ ਘਰ ਆਏ।
ਸੁਭਟਨ ਦਏ ਇਨਾਮ ਮਹਾਂਏ।
ਵੀਚ ਪਹਾਰਨ ਦੇਸਨ ਸਾਰਨ।
ਸੁਜਸ ਉਚਾਰਨ ਗੁਰੁ ਨਰ ਨਾਰਿਨ ॥੧੧੨॥
ਜੰਗ ਜੀਤ ਕੀ ਧਾਂਕ[1] ਬਧੇਰੀ। [1]ਮਸ਼ਹੂਰੀ (ਅ) ਦਬਾ ਦਬ।
ਪੁਰ ਪੁਰ ਪਰੀ ਭਰੀ ਗੁਰੁ ਕੇਰੀ[1]। [1]ਹਰ ਸ਼ਹਿਰ ਵਿੱਚ ਗੁਰਾਂ ਦੀ (ਧਾਂਕ) ਚੰਗੀ ਤਰ੍ਹਾਂ ਪੈ ਗਈ।
ਗੁਰੁ ਜਸ ਸੁਨਿ ਜਨ ਰਾਠ[1] ਬਹਾਦਰ। [1]ਰਾਜਿਸਥਾਨ ਦੀ ਇਕ ਜੱਟ ਜਾਤੀ।
ਗੁਰੁ ਢਿਗ ਐਹੈਂ ਰੈਹੈਂ ਸਾਦਰ ॥੧੧੩॥
ਦੇਸ ਦੇਸ ਤੈ ਬਹੁ ਸਿੱਖ ਆਵੈਂ।
ਜੰਗ ਜੀਤ ਸੁਨਿ ਮੋਦ ਬਢਾਵੈਂ।
ਦਰਸ਼ਨ ਕਰੈਂ ਭੇਟ ਬਹੁ ਦੈ ਹੈਂ।
ਪਾਇ ਚਾਰ ਫਲ ਘਰੈ ਸਿਧੈ ਹੈਂ ॥੧੧੪॥
ਉਤ ਦਿਸ ਦੇਸੀ ਤੁਰਕਨ ਸਾਰਨ।
ਠੌਰ ਠੌਰ ਕੇ ਮਿਲ ਸਰਦਾਰਨ।
ਸੂਬੇ ਪਾਸ ਜਾਇ ਸਰਹੰਦੈ।
ਰੋਏ, ਚਾਹੀ ਮਦਦ ਬੁਲੰਦੈ ॥੧੧੫॥
ਨਾਜ਼ਮ ਆਜ਼ਮ ਹਾਲ ਲਿਖਾਯੋ[1]। [1]ਸੂਬੇ ਨੇ ਬਹੁਤਾ ਹਾਲ ਲਿਖ ਕੇ।
ਹਿਤ ਆਗਜਾ ਢਿਗ ਸ਼ਾਹਿ ਪਠਾਯੋ।
ਪੁਨ ਇਕ ਉਨ ਹੀ ਦਿਨੋ ਮਝਾਰੀ।
ਅਰਬੀ ਪੀਰ ਅਯੋ ਬਡ ਭਾਰੀ ॥੧੧੬॥
ਹਸਨ ਅਲੀ ਤਿਹ ਨਾਮ ਪਛਾਨੋ।
ਕਹੈਂ ਪਜਦ ਪ੍ਰੈ ਕੈਵਾਨੋ[1]। [1]ਉਸ ਨੂੰ {ਪਜਦ} ਅੱਲਾ ਦਾ ਜਿਗਰ ਤੇ {ਪ੍ਰੈ ਕੈਵਾਨੋ} ਸਤਵੇਂ ਆਸਮਾਨ ਦਾ ਸਿਤਾਰਾ ਕਹਿੰਦੇ ਹਨ (ਇਹ ਉਸ ਦਾ ਖਿਤਾਬ ਸੀ)।
ਸ਼ਾਹਿ ਜਹਾਂ ਲੌ ਤੁਰਕ ਸੁ ਜੇਤੇ।

ਮਾਨੈ ਤਾਂਹਿ ਅਧਿਕ ਹੀ ਤੇਤੇ ॥ ੧੧੭ ॥
ਕਰਾਮਾਤ ਕਾ ਪੁੰਜ[1] ਬਖਾਨੈਂ। [1]ਸਮੂੰਹ, (ਅ) ਖ਼ਜ਼ਾਨਾ।
ਸ਼ਾਹਿ ਪੇਸ਼ਵਾਈ ਤਿਹ ਠਾਨੈ[1]। [1]ਅਗਵਾਈ ਕਰਦਾ ਹੈ ਭਾਵ ਅੱਗੋਂ ਲੈਣ ਆਉਂਦਾ ਹੈ।
ਗੁਰੁ ਜਸੁ ਸੁਨਿ ਸੋ ਗੁਰੁ ਢਿਗ ਆਯੋ।
ਪੈ ਮਗ ਆਵਤ ਇਮ ਠਹਿਰਾਇਓ ॥ ੧੧੮ ॥
ਤਾਜਾ ਹਲੂਆ[1] ਸੇਉ ਅਜ਼ੀਮ[2]। [1]ਕੜਾਹ। [2]ਵੱਡਾ ਸੇਉ ਦਾ (ਫਲ)।
ਦੈਹੈਂ ਮੁਝ ਕੋ ਉਠਿ ਤਾਜ਼ੀਮ[1]। [1]ਅਦਬ ਨਾਲ।
ਤੌ ਮੈਂ ਲਖੋਂ ਅਜ਼ਮਤੀ ਗੁਰੁ ਕੋ।
ਜਾਂਨੀ ਜਾਨ ਗੁਰੂ ਸਬਿ ਉਰ ਕੋ ॥ ੧੧੯ ॥
ਜੋ ਉਨ ਕਲਪਜੋ ਥਾ ਸਬਿ ਦੀਨੋ।
ਪੁਨ ਉਨਿ ਸ੍ਵਾਲ ਯਾਹਿ ਬਿਧਿ ਕੀਨੋ।
ਮਾਲਕ ਪਾਲਕ ਜਗ ਕਾ ਜੋਈ।
ਹੈ ਕਿ ਨਹੀ ਅਰ ਰਹਿ ਕਹਿਂ ਸੋਈ[1] ॥ ੧੨੦ ॥ [1]ਉਹ ਕਿੱਥੇ ਰਹਿੰਦਾ ਹੈ।
ਮਿਲ ਹੈ ਕੈਸ ਹੋਇ ਕਿਆ ਸੁਮਰਾ[1]। [1]ਫਲ।
ਕਿਤਕ ਭੇਦ ਹੈ ਉਸ ਸੈਂ ਤੁਮਰਾ।
ਪੁਨ ਗੁਰੁ ਉੱਤ੍ਰ ਦੀਨੇ ਜੋਈ।
ਭੁਕਤਿ ਮੁਕਤਿ ਦਾ ਸੁਨ ਲਿਹੁ ਸੋਈ ॥ ੧੨੧ ॥
ਜਾਂ ਕੇ ਨਾਮ ਅਕਾਲ ਖੁਦਾਇ।
ਕਰਤਾ ਭਰਤਾ[1] ਜਗ ਕਾ ਸਾਇ[2]। [1]ਮਾਲਕ। [2]ਉਹ।
ਸਤਿ ਚਿਤ ਆਨੰਦ ਰੂਪ ਅਨੂਪ।
ਅਹੇ ਅਨਾਦੀ ਪ੍ਰੇਰਕ ਭੂਪ ॥ ੧੨੨ ॥
ਨਭ ਜਸੋਂ[1] ਘਟ ਘਟ ਮਾਂਹਿ ਰਹੈ ਹੈ। [1]ਅਕਾਸ਼ ਵਾਂਗ (ਵਿਆਪਕ)।
ਅੰਤ੍ਰਜਾਂਮੀ ਸੱਤਾ ਦੈ ਹੈ।
ਸੰਤਨ ਕੀ ਸੰਗਤਿ ਤੈ ਮਿਲ ਹੈ।
ਭ੍ਰਮ ਭੇਦ ਭਵ ਬੰਧਹਿ ਗਿਲ ਹੈ[1] ॥ ੧੨੩ ॥ [1]ਸੰਸਾਰ ਦੇ ਬੰਧਨਾਂ ਨੂੰ ਨਾਸ਼ ਕਰ ਦੇਂਦਾ ਹੈ।
ਕੈਵਲ ਮੁਕਤੀ ਫਲ ਭਲ ਪੈ ਹੈਂ।
ਜਾਂ ਕੇ ਦਰਜੇ ਸਾਤ ਕਹੈ ਹੈਂ।
ਸੁਭ ਇਛਾ ਪਹਿਲੇ ਜਿਹ ਹੈ ਹੈ।
ਤਜਿ ਦੁਕ੍ਰਿਤ[1] ਸੁਕ੍ਰਿਤ[2] ਸੋ ਕੈ ਹੈ[3] ॥ ੧੨੪ ॥ [1]ਪਾਪ। [2]ਪੁੰਨ। [3]ਕਰਦਾ ਹੈ।
ਅੰਤਹਿ-ਕਰਨ ਸੁੱਧ ਹ੍ਵੈ ਜਾਂ ਤੈ।

ਸ੍ਵੈ ਬਿਚਾਰਨਾ[1] ਉਪਜੈ ਤਾਂ ਤੈ। [1]ਆਪਣੇ ਆਪ ਦੀ ਵੀਚਾਰ।
ਜਗ ਭੋਗਨ ਤੈ ਹੋਇ ਵਿਰਾਗਾ।
ਵਿਸ਼ੇ ਵਾਸ਼ਨਾ ਦੈ ਹੈ ਤਜਾਗਾ ॥ ੧੨੫ ॥
ਸੰਗਤਿ ਕਰਤ ਆਰਫਨ ਕੇਰੀ।
[1]ਕਟਤ ਮੋਹ ਮਾਯਾ ਕੀ ਬੇਰੀ[2]। [1]ਆਤਮ ਗਿਆਨੀਆਂ ਦੀ। [2]ਬੇੜੀ।
ਆਤਮ ਔਰ ਅਨਾਤਮ ਕੇਰੋ[1]। [1]ਸੱਤ ਤੇ ਅਸੱਤ ਦਾ। (ਅ) ਚੇਤਨ ਤੇ ਜੜ੍ਹ ਦਾ।
ਹੋਤ ਬਿਵੇਕ ਨੇਕ[1] ਤਿਹ ਹੇਰੋ ॥ ੧੨੬ ॥ [1]ਚੰਗਾ ਨਿਰਣਯ।
ਪਹੁੰਚੈ ਤਨੂ ਮਾਨਸਾ[1] ਮਾਂਹੀ। [1]ਮਨ ਦੇ ਸੰਕਲਪਾਂ ਦਾ ਘੱਟ ਫੁਰਨਾ, ਮਨ ਦੀ ਸੂਖਮ ਦਸ਼ਾ।
ਸਮ[1] ਦਮ[2] ਆਦਿ ਕਰੈ ਸੋ ਚਾਹੀ[3]। [1]ਮਨ ਦਾ ਰੋਕਣਾ। [2]ਇੰਦ੍ਰੀਆਂ ਦਾ ਰੋਕਣਾ। [3]ਸ਼ੌਕ ਨਾਲ।
ਸ਼ਬਦ ਸਪਰਸ ਰੂਪ ਰਸ ਗੰਧੀ।
ਇਨਿ ਦਿਸ ਤੈ ਜਿਨਿ ਇੰਦ੍ਰੀ ਬੰਧੀ[1] ॥ ੧੨੭ ॥ [1]ਰੋਕ ਕੇ ਰੱਖੀਆਂ।
ਬ੍ਰਿਤਿ ਰਖਤ ਅੰਤ੍ਰਮੁਖਿ ਮਨ ਕੀ।
ਫੁਰੈ ਨ ਇੱਛਾ ਤਨ ਧਨ ਜਨ ਕੀ[1]। [1]ਇਸਤ੍ਰੀ ਦੀ {ਫਾ: ਜ਼ੁਨ-ਇਸਤ੍ਰੀ}।
ਆਠੋ ਜਾਮ ਬੰਦਗੀ ਮਾਂਹੀ।
ਰੈਹੈ ਮਗਨ ਲਗਨ ਲਗਿ ਤਾਂਹੀ ॥ ੧੨੮ ॥
ਸ਼ੌਕ ਜੌਕ ਸੈਂ[1] ਜੁਹਦ[2] ਕਮੈ ਹੈ। [1]ਅਨੰਦ ਨਾਲ। [2]ਤਪੱਸਿਆ।
ਦੁੰਦ[1] ਕੁਤਰਕ ਦੂਖ ਸਬਿ ਸੇਹੈ। [1]ਦੋ ਵਿਰੋਧੀ ਪਦਾਰਥ, ਹਰਖ ਸੋਗ ਆਦਿ।
ਸ਼ਰਧਾ ਕਰਿ ਗੁਰੁ ਮੰਤ੍ਰ ਕੇਰਾ।
ਕਰੈ ਅਭਜਾਸ ਖਾਸ ਬਹੁਤੇਰਾ ॥ ੧੨੯ ॥
ਜੋ ਮੁਰਸ਼ਦ[1] ਕਹਿਯੋ ਦਿਢ ਮਾਨੈ। [1]ਉਸਤਾਦ, ਗੁਰੂ।
ਰਹੈ ਤਾਹਿ ਪਰ ਹੀ ਸਵਧਾਨੈ।
ਤਨ ਮਨ ਧਨ ਅਰਪੈ ਗੁਰੁ ਪੈਹੈ।
ਅਤਿ ਨਿੰਮ੍ਰਰਹਿ ਭਗਤਿ ਕਮੈ ਹੈ ॥ ੧੩੦ ॥
ਮੁਰਦਾ ਹੋਇ ਮੁਰੀਦ ਰਹਾਵੈ[1]। [1]{ਮੁਰੀਦ} ਸਿੱਖ ਮੁਰਦੇ ਵਾਂਗ ਹੋ ਰਹੇ।
ਗੁਰੂ ਗੋਰ ਮੈਂ[1] ਤਬੈ ਸਮਾਵੈ। [1]ਗੁਰਾਂ ਦੀ ਆਗਿਆ ਰੂਪ ਕਬਰ ਵਿੱਚ।
ਆਸ਼ਕ[1] ਜਸੋਂ ਮਸ਼ੂਕ[2] ਕੋ ਚੈਹੈ। [1]ਪ੍ਰੇਮੀ। [2]ਜਿਸ ਨਾਲ ਪ੍ਰੇਮ ਕੀਤਾ ਜਾਵੇ।
ਲੋਭੀ ਧਨ, ਕਾਮੀ ਤਿਯ ਤੈਹੈ[1] ॥ ੧੩੧ ॥ [1]{ਤੈਹੈ} ਤਿਵੇਂ ਕਾਮੀ ਪੁਰਸ਼ ਇਸਤ੍ਰੀ (ਚਾਹੁੰਦਾ ਹੈ)।
ਚਾਤਿਕ ਸ੍ਵਾਂਤਿ, ਮੀਨ ਜਲ ਜੈਸੇ[1]। [1]ਜਿਵੇਂ ਪਪੀਹਾ ਸ੍ਵਾਂਤੀ ਬੂੰਦ ਨੂੰ ਅਤੇ ਮੱਛੀ ਜਲ ਨੂੰ (ਚਾਹੁੰਦੀ ਹੈ)।
ਪ੍ਰਭ ਕੋ ਮਿਲਨ ਸਿਖ ਚਹਿ ਤੈਸੇ।

ਸਹੈ ਕਸੌਟੀ[1] ਉਤਰੈ ਪੂਰਾ। [1]ਪਰਖ ਰੂਪ ਕਸਵੱਟੀ।
ਤਬਿ ਮੁਰਸ਼ਦ ਹ੍ਵੈ ਖੁਸ਼ੀ ਜਰੂਰਾ ॥ ੧੩੨ ॥
ਬ੍ਰਹਮ ਗਜਾਨ ਉਪਦੇਸ਼ ਦਿਢੈ ਹੈ।
ਨੂਰ ਖੁਦਾਇ ਜ਼ਰੂਰ ਲਖੈ ਹੈ[1]। [1]ਖ਼ੁਦਾ ਦੇ ਪ੍ਰਕਾਸ਼ ਨੂੰ ਪ੍ਰਗਟ ਹੀ ਜਣਾ ਦੇਂਦਾ ਹੈ।
ਸ੍ਰਵਣ ਕਰੈ ਜੋ ਸਮ ਨਿਜ ਜਾਤੀ[1]। [1]ਆਪਣੀ ਜ਼ਾਤ ਵਾਂਗ (ਉਪਦੇਸ਼) ਸ੍ਰਵਣ ਕਰੇ।
ਕਰੈ ਮਨਨ ਬਜਕਤੀ ਸੋ ਭਾਂਤੀ[1] ॥ ੧੩੩ ॥ [1](ਆਪਣੇ) ਸ਼ਰੀਰ ਦੀ ਤਰ੍ਹਾਂ (ਉਪਦੇਸ਼ ਦਾ) ਮੰਨਣ ਕਰੇ।
ਨਿਧਜਾਸਨ ਨਿਜ ਨਾਮ ਸਮਾਨੈਂ[1]। [1](ਉਪਦੇਸ਼ ਨੂੰ) ਆਪਣੇ ਨਾਮ ਵਾਂਗ ਪ੍ਰਪੱਕ ਕਰੇ।
ਕਰਿ ਹੈ ਪੈ ਹੈ ਪਰਮ ਨਿਧਾਨੈ।
ਐਸੇ ਸਾਧਨ ਕਰਿ ਹੈ ਜੋਊ।
ਚਤਰਥ ਦਰਜਾ ਪੈਹੈ ਸੋਊ ॥ ੧੩੪ ॥
ਸਤ੍ਵਾਪਤਿ[1] ਹੈ ਜਾ ਕੋ ਨਾਮੂ। [1]ਬ੍ਰਹਮ ਗਿਆਨ ਦੀ ਪ੍ਰਾਪਤੀ।
ਜੋ ਹੈ ਫਲ ਕਰਤੱਬਨ ਤਮਾਮੂ[1]। [1]ਸਾਰੇ ਕਰਤੱਬਾਂ ਦਾ।
ਜਬਿ ਇਹੁ ਦਰਜਾ ਪ੍ਰਾਪਤ ਭਯੋ।
ਆਵਾ ਗਵਨ ਭਵਨ ਦੁਖੁ[1] ਗਯੋ ॥ ੧੩੫ ॥ [1]ਜੰਮਣ ਮਰਣ ਦੇ ਚੱਕ੍ਰਾਂ ਦਾ ਦੁੱਖ।
ਨਿਜਾਨੰਦ[1] ਕੇ ਵੀਚ ਸਮਾਯੋ। [1]ਆਪਣੇ ਸਰੂਪ ਦੇ ਅਨੰਦ ਵਿੱਚ।
ਅਪਨੇ ਆਪ ਵਿਖੈ ਪ੍ਰਭੁ ਪਾਯੋ।
ਨਹਿ ਮਹਿਬੂਬ[1] ਜੁਦਾ ਕੁਛ ਰਹਯੋ। [1]ਜਿਸ ਨਾਲ (ਹੁੱਬ) ਪਿਆਰ ਕਰੀਏ ਭਾਵ ਵਾਹਿਗੁਰੂ।
ਜੀਵ ਬ੍ਰਹਮ ਏਕੈ ਹੀ ਲਹਯੋ[1] ॥ ੧੩੬ ॥ [1]ਜਾਣਿਆ।
ਨੂਰ ਜ਼ਹੂਰ ਹਜ਼ੂਰ ਨਿਹਾਰਾ[1]। [1]{ਨੂਰ} ਪ੍ਰਕਾਸ਼ ਨੂੰ {ਜ਼ਹੂਰ} ਪ੍ਰਗਟ ਹੀ (ਹਜ਼ੂਰ) ਨੇੜਿਓਂ (ਨਿਹਾਰਾ) ਦੇਖਿਆ।

ਫਲ ਫੁਲ ਪੇਡ[1] ਬੀਜ ਬਿਸਥਾਰਾ[2]। [1]ਦਰੱਖ਼ਤ ਦਾ ਮੁੱਢਲਾ ਭਾਗ। [2](ਇਹ ਸਾਰਾ) ਬੀਜ ਦਾ ਹੀ ਫੈਲਾਉ ਹੈ।

ਮਾਨੁਖ ਤਨ ਅਰ ਸਾਧਨ ਕੇਰੋ।
ਹੈ ਫਲ ਭਲ ਏਹੀ ਦਿਢ ਹੇਰੋ ॥ ੧੩੭ ॥
ਭੂਖਨ ਕਨਕ ਲੋਹ ਹਥਜਾਰੈਂ[1]। [1](ਜਿੰਨਾ) ਗਹਿਣਿਆਂ ਦਾ ਸੋਨੇ ਨਾਲੋਂ ਤੇ ਹਥਿਆਰਾਂ ਦਾ ਲੋਹੇ ਨਾਲੋਂ (ਫ਼ਰਕ ਹੈ)।

ਪ੍ਰਭ ਸੈਂ ਇਤਨਾ ਫਰਕ ਹਮਾਰੈਂ।
ਸੁਪਨਾਵੀ ਤੈ ਸੁਪਨ ਸ੍ਰਿਸ਼ਟੀ[1]। [1]ਸੁਪਨੇ ਵਾਲੇ ਜੀਵ ਤੋਂ (ਜਿਵੇਂ) ਸੁਪਨੇ ਦੀ ਸ੍ਰਿਸ਼ਟੀ (ਪੈਦਾ ਹੁੰਦੀ ਹੈ)।

ਤਜੋਂ ਪ੍ਰਭੁ ਤੈ ਇਹੁ ਦੁਨੀਆ ਦ੍ਰਿਸ਼ਟੀ[1] ॥ ੧੩੮ ॥ [1]ਦਿਸਦੀ ਹੈ।
ਨੀਂਦ ਅਵਿਦਜਾ ਕੇ ਬਸ ਜੁਦਾ।

ਭਾਸਤ, ਜਾਗੇ ਇਕ ਹੀ ਮੁਦਾ[1]।

[1]ਅਵਿਦਿਆ ਰੂਪ ਨੀਂਦ ਦੇ ਵਸ ਹੋਣ ਕਰ ਕੇ ਜੀਵ ਨੂੰ ਵਾਹਿਗੁਰੂ ਆਪਣੇ ਆਪ ਤੋਂ ਵੱਖਰਾ ਪ੍ਰਤੀਤ ਹੁੰਦਾ ਹੈ ਪਰ ਗਿਆਨ ਅਵਸਥਾ ਵਿੱਚ ਜਾਗ ਪੈਣ ਤੇ ਇਕ ਹੀ ਰੂਪ (ਮੁਦਾ) ਮਤਲਬ (ਸਮਝ ਲੈਂਦਾ ਹੈ)।

ਇਕਰਸ ਆਠ ਪਹਰ ਚਿਤ ਬ੍ਰਿਤੀ।
ਬ੍ਰਹਮਾਤਮ ਜਿਹਰਹਿ ਥ੍ਰਿਤੀ[1] ॥ ੧੩੯ ॥

[1]ਟਿਕੀ ਰਹਿੰਦੀ ਹੈ।

ਅਠ ਦਸ ਸਿੱਧੀ[1] ਤਾਂ ਕੇ ਅੱਗ੍ਰ।

[1]ਅਠਾਰਾਂ ਸਿੱਧੀਆਂ।

ਖਰੀ ਰਹਿਤ ਕਰ ਜੋਰ ਸਮੱਗ੍ਰ[1]।

[1]ਸਾਰੀਆਂ ਹੱਥ ਜੋੜ ਕੇ।

ਪੈ ਵਹਿ ਉਨ ਕੋ ਬਰਤਤ ਕਮ ਹੈ*।

*ਇਹ ਪੰਜਵੀਂ ਭੂਮਿਕਾ ਹੈ ਜਿਸ ਦਾ ਨਾਮ 'ਅਸੰਸ਼ਕਤਿ' ਹੈ। ਇਸ ਦਾ ਅਰਥ ਹੈ ਸਿੱਧੀ ਆਦਿ ਸ਼ਕਤੀਆਂ ਤੋਂ ਮਨ ਦੀ ਉਪ੍ਰਾਮਤਾ।

ਮਨ ਮਹਿਬੂਬ ਵਿਖੇ ਰਹਿ ਰਮ ਹੈ*[1] ॥ ੧੪੦ ॥

[1]ਮਨ ਪਿਆਰੇ (ਵਾਹਿਗੁਰੂ) ਵਿੱਚ ਮਿਲਿਆ ਰਹਿੰਦਾ ਹੈ। *ਇਹ 'ਪਦਾਰਥਾਭਾਵਨੀ' ਨਾਮ ਦੀ ਛੇਵੀਂ ਭੂਮਿਕਾ ਹੈ, ਜਿਸ ਦਾ ਮਤਲਬ ਹੈ ਵਾਹਿਗੁਰੂ ਜੀ ਤੋਂ ਬਿਨਾਂ ਹੋਰ ਸਾਰੇ ਪਦਾਰਥਾਂ ਆਦਿ ਦੀਆਂ ਵਿਚਾਰਾਂ ਦਾ ਮਿਟ ਜਾਣਾ।

ਸਬਿ ਕੋ ਅਪਨੇ ਅੰਗ ਨਿਹਾਰਤ।
ਕਾਹੂੰ ਕੋ ਨਹਿ ਜਸਾਵਤ ਮਾਰਤ*।

*ਇਸ ਸੱਤਵੀਂ ਭੂਮਿਕਾ ਦਾ ਨਾਮ 'ਤੁਰੀਆ' ਹੈ। ਤੁਰੀਆ ਉਹ ਆਤਮਕ-ਅਵਸਥਾ ਹੈ, ਜਿੱਥੇ ਜਾ ਕੇ ਮੈਂ ਤੂੰ ਦੀ ਪ੍ਰਤੀਤੀ ਮਿਟ ਜਾਂਦੀ ਹੈ।

ਪੈ ਜਿਮ ਨਿਜ ਅੰਗਨ ਤੈ ਕਾਮੂ।
ਜੁਦਾ ਜੁਦਾ ਜਨ ਲੇਤ ਤਮਾਮੂ ॥ ੧੪੧ ॥
ਸਬਿ ਹੀ ਅੰਗ ਸਬਿਨ ਕੋ ਪਜਾਰੇ।
ਹੈਂ, ਪੈ ਮਸਤਕ[1] ਅਧਿਕ ਉਦਾਰੈ।

[1]ਮੱਥਾ ਭਾਵ ਸਿਰ।

ਤਜੋਂ ਹੀ ਸੰਤ ਸੇਵਨੇ ਜੋਗੈਂ।
ਨੀਚ ਨਖੂਨ[1] ਕਟਤ ਸਬਿ ਲੋਗੈਂ ॥ ੧੪੨ ॥

[1]ਨੀਚ ਪੁਰਖ ਨੂੰ ਨਹੁੰਆਂ ਵਾਂਗ।

ਦਬਿਸਤਾਨ[1] ਕਿਤਾਬ ਮਝਾਰੀ।

[1]ਮੁਹੰਮਦ ਮੁਹਸਿਨ 'ਫਾਨੀ' ਦੀ ਸੰ: ੧੭੦੨ ਬਿ: ਵਿੱਚ ਲਿਖੀ ਇਕ ਕਿਤਾਬ, ਜਿਸ ਵਿੱਚ ਸਿੱਖ ਧਰਮ ਤੇ ਇਤਿਹਾਸ ਸਬੰਧੀ ਕਈ ਲੇਖ ਪੜ੍ਹਨ ਯੋਗ ਹਨ।

ਗਾਥਾ ਇਹੁ ਹਮ ਲਿਖੀ ਨਿਹਾਰੀ ॥ ੧੪੩ ॥
ਦੋਹਰਾ:
ਸੁਨਿ ਉੱਤ੍ਰ ਸਤਿਗੁਰੂ ਤੈ,
ਪੀਰ ਅਧਿਕ ਮੁਦ ਪਾਇ।
ਗਯੋ ਬੰਦਨਾ ਕਰਿ ਭਲੇ,

ਖਾੜ੍ਰ ਜਮਾਂ[1] ਕਰਾਇ ॥ ੧੪੪ ॥

[1]ਤਸੱਲੀ।

ਸ਼ਾਹਿ ਪਾਸ ਉਨਿ ਬਹੁਤ ਹੀ,
ਗੁਰੁ ਕੀ ਮਹਿਮਾਂ ਕੀਨ।
ਜੋ ਸੁਨ ਕਰਿ ਪਤਸ਼ਾਹਿ ਨੇ,
ਬੈਰ ਭਾਵ ਤਜ ਦੀਨ ॥ ੧੪੫ ॥
ਹੁਕਮ ਨ ਸੂਬੇ ਕੋ ਦਯੋ,
ਗੁਰੁ ਦਿਸ ਅਯੋ ਨ ਕਾਇ।
ਏਤਕ ਗਾਥਾ ਗਾਇ ਅਬਿ,
ਇਤੀ ਭਯੋ ਇਹੁ ਧਜਾਇ ॥ ੧੪੬ ॥

ਇਤਿ ਸ਼੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਗੁਰੁਦਿੱਤੇ ਜੀ ਕਾ ਪ੍ਰਸੰਗ, ਰੋਪੜ ਜੰਗ' ਬਰਨਨੰ ਨਾਮ ਸਤਾਈਸਮੋਂ ਬਿਸ੍ਰਾਂਮ ॥ ੨੭ ॥

੨੯. {ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਿਆਈ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੋਤੀ ਜੋਤਿ ਸਮਾਉਣਾ}

ਦੋਹਰਾ:

ਰਾਮਦਾਸ ਗੁਰੁ ਖਾਸ ਹਰਿ,
ਦਾਸਨ ਸੁਖਦ ਹੁਲਾਸ[1]।

[1]ਸ੍ਰੀ ਗੁਰੂ ਰਾਮਦਾਸ ਜੀ ਆਪ ਹਰੀ ਰੂਪ ਹਨ। ਦਾਸਾਂ ਨੂੰ ਸੁਖ ਤੇ ਖ਼ੁਸ਼ੀ ਦੇਣ ਵਾਲੇ ਹਨ।

ਮ੍ਰਿਤੁ ਪਾਸ ਕੀ ਤ੍ਰਾਸ ਕੋ,
ਕਰੈਂ ਨਾਸ ਭਜ ਤਾਸ[1] ॥੧॥

[1]ਮੌਤ ਦੀ ਫਾਹੀ ਦੇ ਡਰ ਨੂੰ ਨਾਸ ਕਰਦੇ ਹਨ (ਹੇ ਮਨ ਤੂੰ) ਤਿਨ੍ਹਾਂ (ਸਤਿਗੁਰਾਂ ਨੂੰ) ਯਾਦ ਕਰ।

ਗੁਰਜਾਈ ਹਰਿਰਾਇ ਕੋ,
ਦੈ ਗੁਰੁ ਹਰਿਗੋਬਿੰਦ।
ਤਜ ਹੈਂ ਤਨ ਜਿਮ ਸੋ ਕਥਾ,
ਸੁਨੋ ਸ੍ਰੋਤਾ ਬ੍ਰਿੰਦ ॥੨॥

ਚੌਪਈ:

ਕੀਰਤਪੁਰਿ ਕੀਰਤਿ ਪੁਰਿ ਕੈਹੈਂ[1]।
ਖਸ਼ਟਮ ਗੁਰੁ ਗਨ ਸਿੱਖਨ ਤਰੈ ਹੈਂ।
ਨਾਨ੍ਹਾ ਬਿਧਿ ਇਮ ਲੀਲਾ ਕਰਹੀਂ।
ਜੋ ਸੁਨਿ ਸਿਖ ਗਨ ਭਵਨਿਧਿ[1] ਤਰਹੀਂ ॥੩॥

[1]ਜਸ ਦਾ ਸ਼ਹਿਰ ਕਹਿੰਦੇ ਹਨ।

[1]ਸੰਸਾਰ ਸਮੁੰਦਰ ਤੋਂ।

ਇਕ ਦਿਨ ਉਪਬਨ[1] ਕਾ ਗੁਰੁ ਸੈਰ।
ਕਰਤ ਫਿਰਤ ਥੇ ਸਾਨੰਦ ਧੈਰ[1]।

[1]ਬਾਗ਼।

[1]ਅਨੰਦ ਤੇ ਧੀਰਜ ਨਾਲ।

ਸੰਗਾਤੀ ਨਾਤੀ[1] ਬਖਸ਼ਾਤੀ।
ਸੁੰਦ੍ਰ ਬਪੁ[1] ਬਯ[2] ਬਾਲ ਸੁਹਾਤੀ ॥੪॥

[1]ਨਾਲ ਸੀ ਪੋਤ੍ਰਾ (ਸ੍ਰੀ ਹਰਿਰਾਇ ਸਾਹਿਬ ਜੀ)।

[1]ਸ਼ਰੀਰ। [2]ਉਮਰ।

ਬਾਵਨ ਬਲੀ ਕੇਰ ਬਡ ਜਾਮਾਂ[1]।
ਗੁਰ ਹਰਿਰਾਇ ਹੁਤੋ ਅਭਿਰਾਮਾ।
ਅਤਿ ਸੁਠ ਫੂਲ ਖਿਰੇ ਮਗ ਮਾਂਹੀ।
ਥੇ, ਜਾਮਾਂ ਲਗ ਟੂਟੇ ਵਾਹੀਂ[1] ॥੫॥

[1]ਬਵੰਜਾ ਕਲੀਆਂ ਦਾ ਵੱਡਾ ਚੋਲਾ। {ਬਲੀ=ਵਲੀ ਭਾਵ ਕਲੀ।}

[1]ਉਥੇ ਹੀ।

ਸ੍ਰੀ ਗੁਰੁ ਸੁਮੱਤਿ ਸਿਖਾਵਨ ਕਾਜੈਂ[1]।
ਕਹਯੋ, ਕਿ ਜਾਮਾ ਪਹਿਨ ਦਰਾਜੈਂ[1]।
ਕਯੋਂ ਨ ਸੰਭਾਰ ਸੰਕੋਚ ਚਲੈ ਹੋ।
ਚਪਲ ਚਾਲ ਚਲਿ[1] ਬਿਘਨ ਕਰੈ ਹੋ ॥੬॥

[1]ਵਾਸਤੇ।

[1]ਲੰਬਾ, ਵੱਡਾ।

[1]ਤੇਜ਼ ਚਾਲ ਚੱਲ ਕੇ।

ਮਾਨ ਪਿਤਾਸੈ ਕੇਰ ਸਿਖਾਵਨ[1]। [1]ਦਾਦਾ (ਗੁਰੂ) ਜੀ ਦੀ ਸਿੱਖਿਆ।
ਜਾਂਮਾ ਕਰ ਸੋਂ[1] ਕਰਜੋ ਉਠਾਵਨ। [1]ਹੱਥ ਨਾਲ।
ਫਿਰ ਕਬਿ ਹੀ ਨਹਿਂ ਛੋਰ ਚਲੇ ਸੋ।
ਅੰਤ ਪ੍ਰਯੰਤ ਨਿਬਹਜੋ ਭਲੇ ਸੋ ॥ ੭ ॥
ਜਿਮ ਸ੍ਰੀ ਅੰਗਦ ਬਡਰੁਜ[1] ਧਾਰਾ। [1]ਰੋਗ।
ਖੇਦ[1] ਸਹਜੋ ਪਰ ਸੋ ਨਹਿਂ ਟਾਰਾ। [1]ਕਸ਼ਟ।
ਪੁਨ ਗੁਰੁ ਅਮਰ ਤਿਨੋ ਕੀ ਸੇਵਾ।
ਦੁਸਕ੍ਰਿਤ[1] ਗਹੀ ਸਹੀ ਲਿਯ ਮੇਵਾ ॥ ੮ ॥ [1]ਜਿਸ ਦਾ ਕਰਨਾ ਬਹੁਤ ਔਖਾ ਸੀ।
ਇਕ ਦਿਨ ਸੋ ਪੁਨ ਨਿਜ ਗੁਰੁ ਸੰਗੈ।
ਜਾਤ ਬਰਾਬਰ, ਸੁਨਿ ਪ੍ਰਸੰਗੈ।
ਹਲ ਕਰਿ ਭੁਜ ਗੁਰੁ ਆਗੇ ਗਈ।
ਸਮਝੋ ਅਮਰ ਬਿਅਦਬੀ ਭਈ ॥ ੯ ॥
ਭੁਜ[1] ਕੋ ਸਜਾ ਏਹੁ ਭੁਗਤਾਈ। [1]ਬਾਂਹ।
ਲਯੋ ਕਾਮ ਨਹਿ ਸੋ ਸੁਸਕਾਈ[1]। [1]ਸੁੱਕਾ ਦਿੱਤੀ।
ਤਿਮ ਗੁਰੁ ਸੱਤਮ ਪ੍ਰਣ ਨਿਬਾਹਾ।
ਜਾਮਾ ਛੋਰਿ ਨ ਚਲੇ ਕਦਾਹਾ ॥ ੧੦ ॥
ਅਲਪ ਉਮਰ ਮੈਂ ਬਡ ਮਤਿ ਪਾਈ।
ਲਏ ਰਿਝਾਇ ਸੇਵਿ ਜਗ ਸਾਂਈ।
ਗੁਰੁ ਭੀ ਆਦਰ ਤਿਹ ਬਹੁ ਠਾਨੈਂ।
ਭਵੈ ਗੁਰੂ ਇਹੁ ਸਬਿ ਅਨੁਮਾਨੈ ॥ ੧੧ ॥
ਰਸਾਵਲ ਛੰਦ:
ਗੁਰੂ ਦਿਵਾਂਨ ਲਗਾਵੈਂ ਨਿਤ ਪ੍ਰਤਿ,
ਕੀਰਤਨ ਕਥਾ ਕਰਾਵੈਂ।
ਸਿੱਖ ਮਸੰਦ ਬੁਲੰਦ ਆਇ ਨਿਤ,
ਦੈ ਭੇਟਾ ਘਰ ਜਾਵੈਂ।
ਅਬਦੁਲ ਖਾਂ ਢਾਢੀ ਜਸ ਗੁਰੁ ਕਾ,
ਜੰਗਨ ਕੀਰਚਿ ਵਾਰੈਂ।
ਐਸੇ ਰੰਗ ਢੰਗ ਸੋਂ ਉਚਰੈ,
ਕਾਯਰ ਸੁਨਿ ਰਨ ਪਾਰੈਂ[1] ॥ ੧੨ ॥ [1]ਜੰਗ ਕਰਨ ਲੱਗ ਪੈਂਦੇ ਹਨ।
ਇਕ ਦਿਨ ਬਾਵਕ ਆਇ ਰਬਾਬੀ,

ਗੁਰੁ ਢਿਗ ਅਰਜ਼ ਸੁਨਾਈ।
ਹੇ ਗੁਰੁ ਰਾਵਰ ਕ੍ਰਿਪਾ ਤੇ ਹਮ,
ਪਾਏ ਸੁਖ ਬਹੁ ਭਾਈ[1]।
ਜਿਮ ਲਕਰੀ ਬਾਵਨ ਕੇ ਕਰ ਕੀ[1],
ਬਢੀ ਸੰਗ ਉਨ ਹੀ ਕੈ।
ਪਾਰਸ ਸੰਗ ਲੋਹ ਹ੍ਵੈ ਕੰਚਨ[1],
ਚੰਦਨ ਤਰੁ ਹ੍ਵੈ ਨੀਕੈ[1] ॥ ੧੩ ॥

[1]ਬਹੁਤ ਤਰ੍ਹਾਂ ਦੇ।

[1]ਬਾਵਨ ਅਵਤਾਰ ਦੇ ਹੱਥ ਦੀ।

[1]ਸੋਨਾ।

[1]ਜਿਵੇਂ ਚੰਦਨ ਦੀ ਸੰਗਤ ਕਰਨ ਨਾਲ ਦਰੱਖਤ ਚੰਗਾ ਭਾਵ ਚੰਦਨ ਹੋ ਜਾਂਦਾ ਹੈ।

ਤਜੋਂ ਗੁਰੂਅਨ ਕੀ ਸੰਗਤਿ ਤੈ ਹਮ,
ਨੀਚਨ ਲਹੀ ਬਡਾਈ।
ਅਬਿ ਮਮ ਅੰਤ ਸਮਾ ਨਿਕਟਾਯੋ,
ਤਜਹੌਂ ਤਨ ਸਹਸਾਈ[1]।
ਕਰਿ ਬੰਦਨ ਤਿਹ ਜਾਇ ਸੁਛੰਦਨ[1],
ਨਿਜ ਤਨ ਤ੍ਰਿਨ ਜਯੋਂ ਤਜਾਗਾ।
ਤਿਸ ਕਾ ਸੁਤ ਚਤੁਰਾ ਤਿਸ ਪਾਛੇ,
ਕੀਰਤਨ ਕਰਨੇ ਲਾਗਾ ॥ ੧੪ ॥
ਜਾਤੀ-ਮਲਕ ਪ੍ਰੋਹਤ ਗੁਰ ਕਾ,
ਇਨ ਹੀ ਦਿਵਸ ਮਝਾਰਾ।
ਨਿਜ ਸੁਤ ਦਯਾਰਾਮ ਕੋ ਗੁਰੁ ਢਿਗ,
ਤਜਿ ਪ੍ਰਲੋਕ ਪਧਾਰਾ।
ਲਾਲ ਚੰਦ ਨਿਜ ਸੁਤ ਕੋ ਬਿਧੀਏ,
ਗੁਰਮਤਿ ਬਿਬਿਧ[1] ਸਿਖੈ ਕੈ।
ਗੁਰੁ ਆਗਜਾ ਤੈ ਜਾਇ ਸਿੰਧ ਮੈਂ,
ਸਿੱਖੀ ਬਹੁ ਬਿਰਧੈ ਕੈ ॥ ੧੫ ॥
ਸੁੰਦਰ ਸ਼ਾਹ ਪੀਰ ਜੋ ਤਹਿਂ ਥਾ,
ਗੁਰੁ ਸਿਖੀ ਕਾ ਦ੍ਵੈਸੀ[1]।
ਕਰਾਮਾਤ, ਬਾਤਨ ਸੋਂ ਜੀਤਜੋ,
ਤਿਸ ਕੋ ਇਨ ਬਿਧਿ ਐਸੀ।
ਜਾਂ ਤੇ ਉਨਿ ਭੀ ਸਾਦਿਕ[1] ਸਿਖ ਹ੍ਵੈ,
ਗੁਰੁ ਸਿੱਖੀ ਬਿਰਧਾਈ।

[1]ਛੇਤੀ।

[1]ਆਪਣੀ ਇੱਛਾ ਅਨੁਸਾਰ।

[1]ਅਨੇਕ ਤਰ੍ਹਾਂ ਨਾਲ।

[1]ਵਿਰੋਧੀ, ਵੈਰੀ।

[1]ਭਰੋਸੇ ਵਾਲਾ।

ਕੇਤਕ ਦਿਨ ਤਹਿਂ ਰਹਿ ਇਹ ਦੋਊ,
ਗੁਰ ਪੁਰ ਗਏ ਸਿਧਾਈ ॥੧੬॥
ਇਸ ਹੀ ਤੌਰ ਔਰ ਬਹੁ ਸਿੱਖਨ,
ਗੁਰੁ ਸਨਮੁਖ ਤਨ ਛੋਰੇ।
ਗੁਰੁ ਪੁਰ ਸੱਚ ਖੰਡ ਬਡਭਾਗੇ,
ਬਸੇ ਬੰਧ ਭਵ ਤੋਰੇ[1]।
ਜਿਸ ਕੋ ਸੁਰ ਨਰ ਮੁਨਿ ਜਨ ਨਜਾਵਤ,
ਸੋ ਸਰੂਪ ਗੁਰੁ ਕੇਰੋ।
ਅੰਤ ਸਮੈਂ ਜਿਨ ਦਰਸ ਧਰਜੋ ਉਰ,
ਕਜੋਂ ਨ ਕਟੈਂ ਜਗਿ ਫੇਰੋ ॥੧੭॥
ਪੁਨ ਗੁਰੁ ਭੀ ਨਿਜ ਨਿਕਟ ਸਮਾਂ ਲਖਿ,
ਸਿੱਖ ਮਸੰਦ ਬੁਲਵਾਏ।
ਕੀਰਤ ਬਿਸਤੀਰਤ[1] ਗੁਰ ਕੀ ਸਬਿ,
ਕੀਰਤਪੁਰ ਚਲਿ ਆਏ।
ਦਰਸੈਂ ਗੁਰੁ ਕੋ ਪਰਸੈਂ ਪਗ ਸਿਖ,
ਹਰਸੈਂ[1] ਮਨ, ਧਨ ਬਰਸੈਂ[2]।
ਕਰਸੈਂ ਫਰਕ ਨ ਹਰ ਸ਼ੈ[1] ਅਰਪਤ,
ਜੇਤਕ ਲਜਾਵੈਂ ਘਰ ਸੈਂ[1] ॥੧੮॥
ਜ਼ੇਵਰ ਰਤਨ ਹਥਜਾਰ ਬਸਨ ਅੱਸ੍ਵ,
ਬੇਸ਼ੁਮਾਰ ਆਮੋਲਕ।
ਖਰ੍ਹੇ[1] ਕਰੈਂ ਅਰਦਾਸ ਮੇਵਰੇ[2],
ਪਰੈ ਬਿੱਤ[1] ਬਹੁ ਗੋਲਕ।
ਕੀਰਤਪੁਰ ਕੇ ਚਹੁ ਦਿਸ ਉਤਰੇ,
ਸਿੱਖ ਕੀਰਤਨ ਕਰਹੀਂ।
ਗੁਰੈਂ ਰਿਝਾਵਨ ਹਿਤ ਹੋਲੀ ਮੈਂ,
ਕੌਤਕ ਅਨਿਕ ਬਿਥਰਹੀਂ ॥੧੯॥
ਗਾਇ ਧਮਾਰ[1] ਵਾਇ[2] ਡਫ[3] ਝਾਂਜੈਂ[11],
ਰੰਗ ਗੁਲਾਲ[1] ਉਡੈ ਹੈਂ।

[1]ਸੰਸਾਰ ਦੇ ਬੰਧਨ ਤੋੜ ਕੇ।
[1]ਜਸ ਫੈਲਾਉਂਦੇ ਹੋਏ।
[1]ਖ਼ੁਸ਼ ਹੋ ਕੇ। [2]ਵਰਖਾ ਕਰਦੇ ਹਨ।
[1]ਹਰ ਸ਼ੈ, ਹਰ ਚੀਜ਼।
[1]ਘਰ ਤੋਂ।
[1]ਖੜੇ ਹੋ ਕੇ। [2]ਅਰਦਾਸੀਏ।
[1]ਧਨ।
[1]ਹੋਲੀ ਦਾ ਗੀਤ। (ਅ) ਚੌਦਾਂ ਮਾਤ੍ਰਾਂ ਦਾ ਇਕ ਤਾਲ। (ਏ) ਇਕਰਾਗਣੀ। [2]ਵਜਾਉਂਦੇ ਹਨ। [3]ਢੱਡਾਂ। [11]ਛੈਣੇ।
[1]ਲਾਲੇ ਦੇ ਫੁੱਲ ਦੇਰੰਗ ਦਾ ਸਿੰਘਾੜੇ ਆਦਿਕ ਦਾ ਰੰਗੀਨ ਆਟਾ।

ਮੋਦ ਪ੍ਰਮੋਦ[1] ਬਿਨੋਦ[2] ਕੁਲਾਹਲ[3],
ਹਾਸ ਬਿਲਾਸ ਬਢੈ ਹੈਂ।
ਫਾਗ ਦਜੋਸ[1] ਗੁਰੁ ਫਰਸ਼ ਕਰਾਏ,
ਸੁਕਲ ਬਿਤਾਂਨੇ[1] ਤਾਨੇ।
ਸੁਚ ਮਸਨੰਦ ਅਮੰਦ ਬੁਲੰਦੈ[1],
ਬਿਛੀ, ਥਟੇ ਉਪਧਾਨੇ[1] ॥ ੨੦ ॥
ਬਡ ਮੈਦਾਂਨ ਰਖਾਇ ਲਗਾਯੋ,
ਗੁਰੂ ਦਿਵਾਂਨ ਮਹਾਨੈ।
ਧਰੇ ਕਮਲ ਕਰ ਮੈਂ ਕਰ ਨਾਤੀ[1],
ਤੀਨੋ ਸੁਤਨ ਸੰਗਾਨੈ।
ਸਾਂਗਾ[1] ਜੋਧ[2] ਪ੍ਰਤਾਪ ਸਿੰਘ ਲੌ,
ਸੋਹਿਤ ਸੁਭਟ ਸੁ ਭੱਲੋ[1]।
ਥਿਰੇ ਸਭਾ ਮੈਂ ਆਇ ਜਬੈ ਗੁਰੁ,
ਆਨੰਦ ਉਦਧਿ ਉਛੱਲੋ[1] ॥ ੨੧ ॥
ਤਿਸ ਦਿਸ ਲਾਇ ਰਹੇ ਥੇ ਸਿਖ ਚਖਿ[1],
ਚਕਵਨ ਰਵਿ ਜਨ ਦਰਸੇ[1]।
ਮਹਿਲ ਮੇਘ ਮੈ ਸੇ[1] ਗੁਰੁ ਨਿਕਸੇ,
ਈਦ ਚਾਂਦ ਸੈਂ ਸਰਸੇ[1]।
ਥਿਰੇ ਸਿੰਘਾਸਨ ਪਰ ਗੁਰੁ ਸੋਹਿਤ,
ਜਨ ਸੁਰ ਗਨ ਮੈਂ ਏਂਦ੍ਰ।
ਸਿੱਖ ਚਕੋਰ ਚਖਿ ਇਕ ਟਕ ਦਰਸੈਂ,
ਪੂਰਨ ਗੁਰੁ ਰਾਕੇਂਦ੍ਰ[1] ॥ ੨੨ ॥
ਲਖਿ ਨਿਜ ਸ੍ਰਿਸ਼ਟਿ[1] ਦ੍ਰਿਸ਼ਟਿ ਕ੍ਰਿਪਾ ਕਰਿ,
ਸੁਧਾ ਬ੍ਰਿਸ਼ਟ[1] ਗੁਰੁ ਕਰਹੀਂ।
ਪੁਰਵੈਂ ਮਨੋ ਕਾਮਨੈ ਸਬਿ ਕੀ,
ਤਾਪ ਸੋਕ ਦੁਖ ਹਰਹੀਂ।
ਜਨ ਗਨ ਕੌਤਕ ਅਨਿਕ ਦਿਖੈ ਹੈਂ,
ਗੁਰੁ ਮੰਦ ਮੰਦ ਮੁਸਕੈ ਹੈਂ।
ਬਿਦ੍ਰਮ ਅਧਰਨ ਮੈਂ ਦੁਤਿ ਦਸਨਨ,

[1]ਬਹੁਤਾ ਅਨੰਦ। [2]ਕੌਤਕ। [3]ਡੰਡਰੌਲਾ।

[1]ਹੋਲੀ ਦੇ ਦਿਨ।

[1]ਚਿੱਟੇ ਚੰਦੋਏ।

[1]ਪਵਿਤ੍ਰ ਗੱਦੀ ਬਹੁਤ ਚਮਕਦੀ।

[1](ਉਪਰ) ਸਿਰਹਾਣੇਰੱਖੇ ਹੋਏ ਹਨ।

[1]ਆਪਣੇ ਹੱਥ ਕਮਲ ਵਿੱਚ ਪੋਤ੍ਰੇ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ) ਦਾ ਹੱਥ ਫੜਿਆ ਹੋਇਆ ਹੈ।

[1]ਰਾਣਾ ਸਾਂਗਾ। [2]ਜੋਧਾਰਾਇ ਕਾਂਗੜੇ ਦਾ ਰਾਜਾ।

[1]ਚੰਗੇ ਸੂਰਮੇ।

[1]ਅਨੰਦ ਦਾ ਸਮੁੰਦਰ ਉੱਛਲ ਪਿਆ।

[1]ਨੇਤ੍ਰ।

[1]ਜਾਣੋ ਚਕਵਿਆਂ ਨੇ ਸੂਰਜ ਵੇਖਿਆ।

[1]ਮਹਿਲਾਂ ਰੂਪ ਬੱਦਲਾਂ ਵਿੱਚੋਂ।

[1]ਬਹੁਤੇ (ਮੁਬਾਰਕ)।

[1]ਗੁਰਾਂ ਰੂਪ ਪੁੰਨਿਆਂ ਦੇ ਚੰਦ ਨੂੰ।

[1]ਆਪਣੀ ਰਚਨਾ ਭਾਵ ਸਿੱਖੀ ਜਾਣ ਕੇ।

[1]ਅੰਮ੍ਰਿਤ ਦੀ ਬਰਖਾ।

ਦਾਂਮਨ ਸੀ ਦਮਕੈ ਹੈ[1] ॥੨੩॥

[1]ਬੁੱਲ੍ਹਾਂ ਰੂਪ ਮੂੰਗਿਆਂ ਵਿੱਚ ਦੰਦਾਂ ਦੀ ਸੋਭਾ ਬਿਜਲੀ ਵਾਂਗ ਚਮਕਦੀ ਹੈ।

ਭੁਜ ਬਲਵੰਡ ਪ੍ਰਚੰਡ ਸੁੰਡ ਸੀ,
ਰਿਪ ਅਖੰਡ ਜਿਨ ਖੰਡੇ[1]।

[1]{ਪ੍ਰਚੰਡ} ਹਾਥੀ ਦੀ ਸੁੰਡ ਵਰਗੀਆਂ ਬਲਵਾਨ ਬਾਹਾਂ ਹਨ, ਜਿਨ੍ਹਾਂ ਨਾਲ ਨਾ ਮਾਰੇ ਜਾ ਸਕਣ ਵਾਲੇ ਵੈਰੀਆਂ ਨੂੰ ਟੁਕੜੇ ਟੁਕੜੇ ਕਰ ਦਿੱਤਾ।

ਕੁੰਡਲ* ਲੋਲ ਕਪੋਲਨ ਡੋਲਨ,

*ਗੁਰੂ ਜੀ ਦੇ ਕੰਨਾਂ ਵਿੱਚ ਕੁੰਡਲਾਂ ਦੀ ਗੱਲ ਕਵੀ-ਕਲਪਣਾ ਹੀ ਜਾਪਦੀ ਹੈ। ਗੁਰੂਬਾਣੀ ਅੰਦਰ ਤਾਂ ਚੰਗੇ ਗੁਣਾਂ ਦੇ ਗਹਿਣੇ ਪਾਉਣ ਦਾ ਉਪਦੇਸ਼ ਹੈ:- 'ਮਨ ਮੋਤੀ ਜੇ ਗਹਿਣਾ ਹੋਵੈ।' ਨੱਕ ਕੰਨ ਛੇਦਨਾ ਗ਼ੁਲਾਮਾਂ ਦੀਆਂ ਨਿਸ਼ਾਨੀਆਂ ਹਨ। ਗੁਰੂ ਸਾਹਿਬਾਨ ਸਬੰਧੀ ਅਜਿਹੀਆਂ ਲਿਖਤਾਂ ਨੂੰ ਆਖੇਪ ਜਾਂ ਅਨਮਤੀਆਂ ਦੀਆਂ ਲਿਖਤਾਂ ਸਮਝਣਾ ਚਾਹੀਏ।

ਬੋਲਨ ਧਰਮ ਸੁ ਮੰਡੇ[1]।

[1]ਸ੍ਰੇਸ਼ਟ (ਸਿੱਖ) ਧਰਮ ਦੇਰਚਣਹਾਰ ਸਤਿਗੁਰਾਂ ਦੇ ਬੋਲਣ ਸਮੇਂ ਗੱਲ੍ਹਾਂ 'ਤੇ ਚੰਚਲ ਕੁੰਡਲ ਹਿਲਦੇ ਹਨ।

ਮੁਕਤਾ ਮਾਲ ਬਿਸਾਲ[1] ਵਿਡੂਰਯ[2],
ਵਿਚ ਵਿਚ ਲਾਲ ਸੁਹਾਵਤ।
ਜਨ ਉਡਗਨ ਬਿਬਿਧਿ ਮੁਖ ਸਸਿ ਢਿਗ,
ਝਲਕਤ ਛਲਕਤ ਭਾਵਤ[1] ॥੨੪॥

[1]ਮੋਤੀਆਂ ਦੀ ਲੰਬੀ ਮਾਲਾ। [2]ਮਣੀਆਂ।

[1]ਜਾਣੋ ਮੁਖ ਰੂਪ ਚੰਦ ਕੋਲ ਅਨੇਕ ਤਰ੍ਹਾਂ ਦੇ ਬਹੁਤੇ ਤਾਰੇ ਚਮਕਦੇ ਤੇ ਡਲ੍ਹਕਦੇ ਸੋਹਣੇ ਲੱਗਦੇ ਹਨ।

ਕਲਗੀ ਜਿਗਾ ਜਰਾਊ ਰਵਿ ਸੀ[1],
ਚਵਰ ਚਾਰੁ ਜੁਗ ਢੁਰਹੀਂ[1]।
ਆਵਤ ਹੰਸ ਚੁਗਨ ਜਨ ਮੁਕਤਾ[1],
ਧਨਖ ਭੌਂਹ[1] ਪਿਖਿ ਮੁਰਹੀਂ।
ਪੋਸ਼ਸ਼ ਬਿਸਦ ਦਿਸਦ ਬਪੁ ਸੁੰਦ੍ਰ,
ਥਿਰੇ ਮਨੋ ਸੁਰਰਾਈ[1]।

[1]ਸੂਰਜ ਵਰਗੀ।
[1]ਸੁੰਦਰ ਚੌਰ ਚੌਹਾਂ ਪਾਸਿਆਂ ਤੋਂ ਝੁਲਦੇ ਹਨ।
[1]ਮੋਤੀ।
[1]ਕ੍ਰੁਵੱਟਿਆਂ ਰੂਪ ਧਨੁਸ਼ ਨੂੰ।
[1]ਚਿੱਟੀ ਪੁਸ਼ਾਕ ਤੇ ਸੁੰਦਰ ਸਰੀਰ (ਐਉਂ) ਦਿਸਦਾ ਹੈ ਜਾਣੋ ਇੰਦ੍ਰ ਬੈਠਾ ਹੈ।

ਕੰਚਨ ਦੰਡੀ ਖਰੇ ਦਹਿਨ ਦਿਸ,
ਬਾਂਏ ਸੁਭਟ ਮਹਾਂਈ[1] ॥੨੫॥

[1]ਸੱਜੇ ਪਾਸੇ ਸੋਨੇ ਦੀਆਂ ਚੋਬਾਂ ਵਾਲੇ ਚੋਬਦਾਰ ਅਤੇ ਖੱਬੇ ਪਾਸੇ ਬਹੁਤੇ ਸੂਰਮੇ ਖੜੇ ਹਨ।

ਅੱਗ੍ਰ ਸਿੱਖ ਮਸੰਦ ਮੇਵਰੇ[1],
ਅਰਣ ਬਰਣ[1] ਸਬਿ ਸੋਹੈਂ।
ਥੈਲੇ ਭਰੇ ਅਬੀਰ[1] ਗੁਲਾਲੀ[2],

[1]ਅਰਦਾਸੀਏ।
[1]ਲਾਲਰੰਗ।
[1]ਅਬੀਰ {ਅ: ਅਬੀਰ=ਕਸਤੂਰੀ, ਗੁਲਾਬ, ਕੇਸਰ ਤੇ ਚੰਦਨ ਦੀ ਮਿਲਾਵਟ ਤੋਂ ਬਣੀ ਹੋਈ ਇਕ ਤਰ੍ਹਾਂ ਦੀ ਗੁਲਾਲ।}
[2]ਗੁਲਾਲ-ਲਾਲੇ ਦੇ ਫੁੱਲ ਦੇਰੰਗ ਦਾ ਸਿੰਘਾੜੇ ਆਦਿ ਦਾ ਰੰਗੀਨ

ਆਟਾ।

ਅਲਤਾ ਕੁਮਿਕੁਮਿ ਕੋ ਹੈ[1]।
[1]ਅਲਤਾ–ਲਾਖ ਤੋਂ ਬਣੇ ਹੋਏ ਇਕ ਤਰ੍ਹਾਂ ਦੇ ਲਾਲਰੰਗ ਦੀ (ਕੁਮਿਕੁਮਿ) ਗੁਲਾਬਦਾਨੀ ਭਰੀ ਹੋਈ ਹੈ।

ਰਹੇ ਉਡਾਇ ਚਲਾਇਂ ਕੁਮਕੁਮਾ[1],
[1]ਲਾਖ ਦੇ ਗੋਲੇ, ਜਿਨ੍ਹਾਂ ਵਿੱਚ ਗੁਲਾਲ ਭਰ ਕੇ ਹੋਲੀ ਦੇ ਮੌਕੇ ਚਲਾਈਦੇ ਹਨ। ਇਹ ਇਤਨੇ ਪਤਲੇ ਤੇ ਭੁਰਭੁਰੇ ਹੁੰਦੇ ਹਨ ਕਿ ਜ਼ਰਾ ਵੀ ਠੋਹਕਰ ਵਜਣ ਤੋਂ ਫਟ ਜਾਂਦੇ ਹਨ ਤੇ ਗੁਲਾਲ ਖਿਲਰ ਜਾਂਦਾ ਹੈ।

ਤਕ ਤਕ ਪਿਚਕਾ[1] ਛੋਰਤ।
[1]ਪਿਚਕਾਰੀਆਂ।

ਜਨ ਸੰਧਜਾ ਗੁਰੁ ਪਗ ਲਪਟਾਈ,
ਘਟਾਂ ਕਿ ਬੂੰਦੈਂ ਡੋਰਤ[1] ॥ ੨੬ ॥
[1]{ਕਿ} ਜਾਣੋ ਬਦਲੀਆਂ ਬੂੰਦਾਂ ਡੋਲ੍ਹਦੀਆਂ ਹਨ।

ਸਾਜ ਅਵਾਜ ਨਿਕਾਰਤ ਭਰੂਆ[1],
[1]ਸਾਜ਼ ਵਜਾਉਣ ਵਾਲੇ।

ਰਾਗੀ ਰਾਗ ਧਮਾਰੈਂ[1]।
[1]ਇਕ ਰਾਗ ਦਾ ਨਾਮ।

ਗਾਵਤ ਭਾਵਤ ਕਰਤ ਹਾਸਰਸ,
ਕੋ ਕਿਹ ਦੇਵਤ ਗਾਰੈਂ।
ਸਿੱਖ ਮਸੰਦ ਬ੍ਰਿੰਦ ਗੁਰ ਸੂਰੇ,
ਸੰਗ ਉਮੰਗ ਖਿਲੈ ਹੈਂ[1]।
[1]ਖੇਡਦੇ ਹਨ।

ਰੰਗ ਉਲੀਚਤ[1] ਭੀਚਤ ਪਿਚਕਾ[2]
[1]ਪਿਚਕਾਰੀਆਂ ਨੂੰ (ਭੀਚਤ) ਦਬਾ ਕੇਰੰਗ (ਉਲੀਚਤ)। [2]ਛਿੜਕਦੇ ਹਨ।

ਅਲਤਾ ਮੂਠ ਚਲੈ ਹੈਂ[1] ॥ ੨੭ ॥
[1]ਸੰਘਾੜੇ ਦੇ ਆਟੇ ਦੀਆਂ ਮੁੱਠਾਂ (ਭਰ ਕੇ) ਚਲਾਉਂਦੇ ਹਨ।

ਸ੍ਰੀ ਜਗ ਕੰਤ ਸੰਤ ਸਿੱਖਨ ਪਤਿ,
ਖੇਲਤ ਹੋਰੀ[1] ਆਛੈ।
[1]ਹੋਲੀ।

ਕਰਤ ਕਲੋਲ[1] ਲੋਲ ਗਤਿ[2] ਨਰ ਜਿਮ,
[1]ਕੌਤਕ। [2]ਚੰਚਲ ਚਾਲ।

ਬੋਲਤ ਬੋਲ ਬਿਲਾਛੈ[1]।
[1]ਵਿਲੱਖਣ, ਅਸਚਰਜ।

ਖੋਲ੍ਹਨ ਮੁਖ ਝੋਲਨ ਰੋਲਨ ਕੇ,
ਡੋਲ੍ਹਨ ਰੰਗ ਝਕਝੋਲਨ[1]।
[1](ਗੁਲਾਲ ਦੇ) {ਰੋਲਨ} ਮਿਲਾਉਣ ਵਾਸਤੇ ਥੈਲਿਆਂ (ਝੋਲਿਆਂ) ਦੇ ਮੂੰਹ ਖੋਲ੍ਹਦੇ ਹਨ ਤੇ {ਝਕਝੋਲਨ} ਜ਼ੋਰ ਨਾਲ ਝਟਕਾ ਦੇ ਕੇਰੰਗ ਡੋਲ੍ਹਦੇ ਹਨ।

ਬੋਲ ਅਮੋਲਨ ਸੰਗ ਠਠੋਲਿਨ,
ਡੋਲਨ ਅਧਿਕ ਕਲੋਲਨ[1] ॥ ੨੮ ॥
[1]ਅਮੋਲਕ ਬਚਨਾਂ ਨਾਲ ਠੱਠਾ ਮਖ਼ੌਲ (ਕਰਦੇ ਹਨ) ਅਤੇ ਬਹੁਤੇ ਕੌਤਕਾਂ ਵਿੱਚ {ਡੋਲਨ} ਝੂਲਦੇ ਫਿਰਦੇ ਹਨ।

ਸਿੱਖ ਮਸੰਦ ਬ੍ਰਿੰਦ ਪਰਧਾਨੇ[1],
[1]ਬਹੁਤੇ ਮੁਖੀ।

ਪਗੇ ਪ੍ਰੇਮ ਹੁਲਸੈ ਕੈ[1]।
[1]ਖ਼ੁਸ਼ ਹੋ ਕੇ ਪ੍ਰੇਮ 'ਚਰੰਗੇ ਗਏ।

ਡਾਰ ਅਬੀਰ ਅਤਰ ਛਿਰਕਾਵਤ,
ਗੁਰੁ ਪਰ, ਮੋਦ ਬਢੈ ਕੈ।
ਤਿਨ ਪਰ ਭੀ ਗੁਰੁ ਭਰਿ ਮੁਠਿ ਅਲਤਾ[1],
ਲਾਘਵਤਾ ਕਰਿ[1] ਡਾਰੈਂ।
ਮੀਂਡੈਂ ਮੁਖ ਡਾਢੀ ਪਰ ਜਬਰਨ[1],
ਹਾਸ ਬਿਲਾਸ ਉਚਾਰੈਂ ॥ ੨੯ ॥
ਮਾਨ ਸ੍ਰੇਯ ਮਹਾਂਨ ਸਿੱਖ ਨਿਜ[1],
ਸੰਗ ਉਮੰਗ ਖਿਲੈ ਹੈਂ[1]।
ਗੁਰੁ ਸਿੱਖਨ ਕੋ ਮੇਲ ਸੁਹੇਲਾ[1]
ਹਲਤ ਪਲਤ ਸੁਖ ਦੈ ਹੈਂ।
ਤੀਨ ਦਿਵਸ ਨਿਤ ਏਕ ਜਾਂਮ[1] ਗੁਰੁ,
ਮੇਲ ਖੇਲ ਇਮ ਕਰ ਕੈ।
ਤਾਰੇ ਸਿਖ ਅਪਾਰੈਂ ਭਵ ਤੇ,
ਕ੍ਰਿਪਾ ਦ੍ਰਿਸ਼ਟਿ ਨਿਹਰ ਕੈ ॥ ੩੦ ॥
ਹੋਲਾ ਮੇਲਾ ਪੂਰਨ ਕਰ ਕੈ,
ਪੂਰਨ ਗੁਰ ਪੁਨ ਤੂਰਨ[1]।
ਬਡ ਦਰਬਾਰ ਕਰਜੋ ਦਿਨ ਚਤੁਰਥ,
ਸਿਖ ਮਸੰਦ ਸੰਪੂਰਨ।
ਭੇਜਿ ਨਕੀਬ[1] ਬੁਲਾਏ ਆਏ,
ਜੇਵਰ ਤੇਵਰ[1] ਸਜ ਕੈ।
ਭਾਇਨ ਬਿਬਿਧਿ ਉਪਾਇਨ ਲਜਾਇਨ[1],
ਅਰਪਾਇਨ ਹਿਤ ਲਜ ਕੈ[1] ॥ ੩੧ ॥
ਇਤ ਗੁਰੁ ਕ੍ਰਿਤਨ[1] ਫਰਸ਼ ਸਰਸ ਕਰਿ[2],
ਤਨਜੋ ਬਿਤਾਨਾਂ[1] ਪਾਵਨ।
ਝਾਲਰ ਜਰੀ ਝਮਕ ਝੁਕ ਝੂਲਤ,
ਮੁਕਤਾ ਲਰੀ ਸੁਹਾਵਨ[1]।
ਜਰੇ ਜਵਾਹਰ ਜਗਮਗਾਤ ਅਤਿ[1],
ਕੰਚਨ ਥੰਭ ਥਿਰਾਏ[1]।
ਬਡ ਮਸਨੰਦ ਅਮੰਦ ਦੀਹ ਦੁਤਿ,

[1]ਦੇਖੋ ਬਿਸ਼੍ਰਾਮ ੨੮ ਦੇ ਅੰਕ ੨੬ ਦੀ ਪੈਰ ਟਿੱਪਣੀ।
[1]ਫੁਰਤੀ ਕਰਕੇ।
[1]ਜ਼ਬਰਦਸਤੀ ਮੂੰਹ ਅਤੇ ਮੁਖ ਉਪਰ (ਮੀਂਡੈ) ਮਲ ਦੇਂਦੇ ਹਨ।
[1]ਮਹਾਨ ਸਿੱਖ ਆਪਣੀ ਕਲਿਆਣ ਮੰਨ ਕੇ।
[1]ਖੇਡਦੇ ਹਨ।
[1]ਗੁਰਾਂ ਦਾ ਮੇਲ ਸਿੱਖਾਂ ਨੂੰ ਸੁਖਦਾਈ ਹੈ।
[1]ਪਹਿਰ।
[1]ਛੇਤੀ।
[1]ਬੁਲਾ ਕੇ ਲਿਆਉਣ ਵਾਲਾ ਸੇਵਾਦਾਰ।
[1]ਗਹਿਣੇ ਤੇ ਕੱਪੜੇ।
[1]ਭਾਵਨਾ ਨਾਲ ਅਨੇਕ ਤਰ੍ਹਾਂ ਦੀਆਂ ਭੇਟਾ ਲਿਆਉਂਦੇ ਹਨ।
[1]ਅਰਪਣ ਵਾਸਤੇ {ਲਜ ਕੈ} ਲੱਝ ਕੇ ਭਾਵ ਲੱਭ ਕੇ।
[1]ਸੇਵਾਦਾਰਾਂ ਨੇ। [2]ਸੁੰਦਰ ਵਿਛਾਈ ਕਰਕੇ।
[1]ਚੰਦੋਆ।
[1]ਜਰੀ ਦੀ ਝਾਲਰ ਝੁਕ ਕੇ ਝੂਲਦੀ ਤੇ ਚਮਕਦੀ ਹੈ ਅਤੇ ਮੋਤੀਆਂ ਦੀਆਂ ਲੜੀਆਂ ਸੋਹਣੀਆਂ ਲੱਗਦੀਆਂ ਹਨ।
[1]ਬਹੁਤ ਚਮਕਦੇ ਹਨ।
[1]ਸੋਨੇ ਦੇ ਥੰਮ ਭਾਵ ਚੋਬਾਂ ਖੜੀਆਂ ਕੀਤੀਆਂ।

ਬੁਲੰਦ ਉਪਧਾਂਨ ਸੁਹਾਏ[1] ॥ ੩੨ ॥

[1]ਬਹੁਤੀ ਸੋਭਾ ਵਾਲੀ ਵੱਡੀ ਗੱਦੀ ਚਮਕਦੀ ਹੈ ਤੇ ਉੱਚੇ ਸਰਹਾਣੇ ਸੋਹਣੇ ਲੱਗਦੇ ਹਨ।

ਤਾਂ ਪਰ ਲਗੋ ਚੰਦੋਆ ਚਮਕਤ,
ਚਕਿਤ ਚਿੱਤ ਚਖਿ ਦੇਖੈਂ[1]।

[1]ਅੱਖਾਂ ਨਾਲ ਦੇਖਣ ਵਾਲੇ ਦੇ ਚਿੱਤ ਨੂੰ ਚਕ੍ਰਿਤ (ਹੈਰਾਨ) ਕਰ ਦੇਂਦਾ ਹੈ।

ਸੁਚ ਮਖਤੂਲ ਮੁਕੈਸ਼ੀ ਝਾਲਰ[1]

[1]ਸੁੱਚੇਰੇਸ਼ਮ ਤੇ ਮੁਕੈਸ਼ ਵਾਲੀ ਝਾਲਰ ਹੈ। {ਮੁਕੈਸ਼–ਚਾਂਦੀ ਦੀਆਂ ਪਤਲੀਆਂ ਤੇ ਚਪਟੀਆਂ ਤਾਰਾਂ।}

ਲਾਲਨ ਲਰੀ ਬਿਸੇਖੈਂ[1]।

[1]ਲਾਲਾਂ ਦੀਆਂ ਬਹੁਤੀਆਂ ਲੜੀਆਂ ਹਨ।

ਪਦਮਰਾਗ ਆਦਿਕ ਮਨਿ ਅਨਗਨ,
ਜਟਜੋ ਚਾਂਦ ਮਧ ਚਮਕੈ[1]।

[1]ਲਾਲ ਕੰਵਲ ਵਰਗੇਰੰਗ ਦੀਆਂ ਅਣਗਿਣਤ ਮਣੀਆਂ (ਦਾ ਬਣਾ ਕੇ) ਜੜਿਆ ਹੋਇਆ ਚੰਦ (ਚੰਦੋਏ ਦੇ) ਵਿਚਕਾਰ ਚਮਕਦਾ ਹੈ।

ਛੱਬਾ ਛੁੱਟਜੋ ਚਿੰਤ ਮਨਿ ਕਾ ਵਿਚ[1],
ਨੀਲਮ ਹੀਰੇ ਦਮਕੈਂ[1] ॥ ੩੩ ॥

[1]ਵਿਚਕਾਰ ਚਿੰਤਾਮਣੀ ਦਾ ਛੱਬਾ ਲਟਕ ਰਿਹਾ ਹੈ।
[1]ਚਮਕਦੇ ਹਨ।

ਕਹਿ ਨ ਸਕੈ ਸਾਰਦ[1] ਅਹਿ[2] ਸਬਿ ਛਬਿ[3]
ਤਬਿ ਕਬਿ ਕੋਨ ਸੁਨਾਵੈਂ।
ਰਵਿ ਸਸਿ ਸੰਪਾ ਉਡਗਨ ਸਿਮਟੇਂ[1],

[1]ਸਰਸੁਤੀ। [2]ਸ਼ੇਸ਼ ਨਾਗ। [3]ਸੋਭਾ।

[1]ਸੂਰਜ, ਚੰਦ੍ਰਮਾ, ਸੰਪਾਤੀ ਤੇ ਬਹੁਤੇ ਤਾਰੇ ਇਕੱਠੇ ਹੋਏ ਹੋਏ ਹਨ। {ਸੰਪਾਤੀ– ਸੂਰਜ ਦੇਰਥਵਾਹੀ ਅਰੁਣ ਦਾ ਛੋਟਾ ਪੁੱਤਰ, ਜੋ ਜਟਾਯੂ ਦਾ ਛੋਟਾ ਭਰਾ ਸੀ।}

ਆਖਰ ਇਹੀ ਬਤਾਵੈਂ।
ਪੁਨ ਗੁਰੁ ਪੂਰਨ ਸਜਿ ਲਵਾਸ[1] ਸਬਿ,

[1]ਪੁਸ਼ਾਕ ਸਜਾ ਕੇ।

ਤੂਰਨ ਆਇ ਬਿਰਾਏ।
ਤੇਗ ਬਹਾਦਰ, ਸੂਰਜ ਮਲ ਜੀ,
ਅਨੀਰਾਇ ਸੰਗ ਆਏ ॥ ੩੪ ॥
ਬਹੁ ਸਿਤਕਾਰ ਪਿਆਰ ਸੈਂ ਭੁਜ ਗਹਿ[1],

[1]ਬਾਂਹ ਫੜ ਕੇ।

ਨਾਤੀ[1] ਨਿਕਟਿ ਬਿਠਾਏ।

[1]ਪੋੜ੍ਹੇ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ)।

ਜੇਵਰ ਜੇਵਰ ਜਰੇ ਜ੍ਹਾਹਰ[1],

[1]ਜਿਹੜੇ ਗਹਿਣਿਆਂ ਵਿੱਚ ਸ੍ਰੇਸ਼ਟ ਜਵਾਹਰ ਜੜੇ ਹੋਏ ਸਨ।

ਤੇਵਰ[1] ਅੰਗਨ ਸੁਹਾਏ।

[1]ਕਪੜੇ, ਪੁਸ਼ਾਕੇ।

ਉਮਰ ਨਵੀਨ ਮ੍ਰਿਦੁਲ[1] ਨਿੰਮ੍ਰ ਅਤਿ,

[1]ਕੋਮਲ।

ਸੁੰਦ੍ਰ ਸਾਂਤਿ ਸ੍ਵਰੂਪੰ।
ਨੂਰ ਜਹੂਰ ਭੂਰ ਮੁਖਿ ਦਮਕਤ,
ਸਮ ਸਸਿ ਸਦਨ ਅਨੂਪੰ[1] ॥ ੩੫ ॥

[1]ਉਪਮਾਰਹਿਤ ਚੰਦ ਦੇ ਘਰ (ਭਾਵ ਮੰਡਲ) ਵਰਗੇ ਗੁਰਾਂ ਦੇ

ਮੁਖ ਦਾ ਬਹੁਤ ਪ੍ਰਕਾਸ਼ ਪ੍ਰਤੱਖ ਹੀ ਚਮਕਦਾ ਹੈ।

ਪੇਖਿ ਸੁਰੇਸ[1] ਧਨੇਸ[2] ਚਕਿਤ ਹ੍ਵੈਂ[3],
[1]ਇੰਦ੍ਰ। [2]ਕੁਬੇਰ। [3]ਹੈਰਾਨ ਹੋ ਜਾਂਦੇ ਹਨ।

ਗੁਰ ਕੀ ਬਿਭੋ[1] ਮਹਾਨੰ।
[1]ਬਿਭੂਤ, ਸੱਮਗ੍ਰੀ।

ਜਨ ਸੁਰ ਸਭਾ ਸਹਿਤ ਮਘਵਾ ਲੌ[1],
[1]ਇੰਦ੍ਰ ਵਾਂਗ।

ਸੋਹਿਤ ਗੁਰੁ ਭਗਵਾਨੰ।

ਮਤ ਕੋਊ ਮਨ ਮਾਨੈ ਮ੍ਰਿਖਾ[1],
[1]ਝੂਠੀ।

ਉਸਤਤਿ ਕਵਿ ਨੈ ਗਾਈ।

ਅਚਰਜ ਨਹੀ ਸਾਚ ਹੀ ਹ੍ਵੈ ਹੈਂ,

ਜਹਾਂ ਗੁਰੂ ਜਗ ਸਾਂਈ ॥ ੩੬ ॥

ਕੀਰਤਨ ਕਰੈਂ ਰਬਾਬੀ ਰਾਗੀ,

ਜੋ ਸੁਨਿ ਗੰਧ੍ਰਬ ਚੌਂਕੈਂ[1]।
[1]ਤ੍ਰੁੱਬਕ ਉਠਦੇ ਹਨ।

ਛਰੀ ਜਰਾਵ ਜਰੀ ਗਹਿ ਠਾਂਢੇ,

ਸੇਵਕ ਨਿਜ ਨਿਜ ਮੌਕੇਂ[1]।
[1]ਜੜਾਊ ਜੜੀਆਂ ਛਟੀਆਂ (ਭਾਵ ਛੋਟੀਆਂ ਚੋਬਾਂ) ਫੜ ਕੇ ਸੇਵਕ ਆਪੋ ਆਪਣੇ ਟਿਕਾਣਿਆਂ 'ਤੇ ਖੜੇ ਹਨ।

ਜਨ ਗਨ ਗੁਰੁ ਦਿਸ ਦਰਸੈਂ ਇਕ ਟਕ,

ਪਰਮ ਪ੍ਰੇਮਰਸ ਘੂਟੈਂ[1]।
[1]ਘੁੱਟਾਂ ਭਰਦੇ ਹਨ ਭਾਵ ਮਸਤ ਹੋ ਰਹੇ ਹਨ।

ਪੋਖੈਂ[1] ਗੁਰੁ ਸੁ ਦ੍ਰਿਸ਼ਟਿ ਕਰਿ ਸਬਿ ਕੋ
[1]ਪ੍ਰਸੰਨ ਕਰਦੇ ਹਨ।

ਸਿੱਖ ਚਾਰ ਫਲ ਲੂਟੈਂ ॥ ੩੭ ॥

ਪੁਨ ਗੁਰੁ ਭੋਗ ਪਵਾਇ ਸ਼ਬਦ ਕਾ
ਉਠਿ ਅਰਦਾਸ ਸੁਧੈ ਕੇ।
ਸ੍ਰੀ ਹਰਿਰਾਇ ਤਈਂ ਨਿਜ ਗਾਦੀ,
ਊਪਰ ਭਲੇ ਬਿਠੈ ਕੈ।
ਬ੍ਰਿਧ ਅੰਸ[1] ਸ੍ਰੀ ਭਾਨੇ ਜੀ ਤੇ,
[1]ਬਾਬਾ ਬੁੱਢਾ ਜੀ ਦੀ ਉਲਾਦ ਭਾਵ ਬਾਬਾ ਜੀ ਦਾ ਪੋਤਰਾ ਭਾਈ ਸ੍ਰਵਣ ਜੀ ਦਾ ਪੁੱਤਰ।

ਕੇਸਰ ਤਿਲਕ ਕਰੈ ਕੈ।
ਪੈਸੇ ਪਾਂਚ ਨਲੇਰ ਏਕ ਧਰਿ,
ਤੀਨ ਪ੍ਰਕ੍ਰਮਾਂ ਲੈ ਕੈ ॥ ੩੮ ॥
ਜਗਬੰਦਨ ਬੰਦਨ ਕਰਿ ਦੀਨੀ,
ਨੰਦਨ ਨੰਦਨ ਤਾਂਈਂ[1]।
[1]ਜਗਤ ਦੇ ਬੰਦਨਾ ਕਰਨ ਯੋਗ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ) ਆਪਣੇ ਪੁੱਤਰ (ਬਾਬਾ ਗੁਰਦਿੱਤਾ ਜੀ) ਦੇ ਪੁੱਤਰ (ਸ੍ਰੀ ਗੁਰੂ ਹਰਿਰਾਇ ਜੀ) ਨੂੰ ਨਮਸਕਾਰ ਕੀਤੀ।

ਕਲਗੀ ਜਿਗਾ ਅਮੋਲ ਸਿਰੇਪਾ,
ਦੀਨੇ ਸਹਿ ਗੁਰਜਾਈ।
ਪੁਨ ਸੁਨਾਇ ਸਬਿ ਕੋ ਗੁਰੁ ਭਾਖਜੋ,
ਇਨ ਕੋ ਮਮ ਬਪੁ[1] ਮਾਨਜੋ। [1]ਮੇਰਾ ਸਰੂਪ।
ਰਾਗ ਰੋਖ ਬਿਨ ਤੀਨੋ ਪੁੱਤ੍ਰਨ,
ਝਟ ਉਠਿ ਬੰਦਨ ਠਾਨਜੋ ॥ ੩੯ ॥
ਪੁਨਾ ਮਸੰਦਨ ਸੇਲੀ[1] ਟੋਪੀ, [1]ਦੇਖੋ ਬਿਸ੍ਰਾਮ ੬ ਦੇ ਅੰਕ ੭ ਦੀ ਪੈਰ ਟਿੱਪਣੀ ੨।
ਮਾਲਾ ਚੋਲੇ ਦੀਏ।
ਸੋ ਉਠਾਇ ਹਰਿ ਰਾਇ ਪਾਇ ਤਨ,
ਅਧਿਭੁਤ ਦੁਤਿ ਯੁਤ ਥੀਏ।
ਪੁਨ ਭਾਂਨੇ ਅੱਸ੍ਵ ਉਮਦਾ[1] ਕਲਗੀ, [1]ਵਧੀਆ ਘੋੜਾ।
ਜਿਗਾ ਜਰਾਊ ਅਰਪੇ।
ਕਲਗੀ ਜਿਗਾ ਦੁਸ਼ਾਲਾ ਸਰ ਹਯ,
ਜੋਧ ਸ਼ਾਹਿ ਸਮਰੱਪੇ ॥ ੪੦ ॥
ਭਲ੍ਹਨ, ਭਗਤੂ, ਮੋਹਨ, ਕਾਲੇ,
ਲਾਲ ਚੰਦ ਲੌ ਸਿੱਖਨ।
ਜਥਾ ਸ਼ਕਤਿ ਜ਼ੇਵਰ ਹਯ ਬਸਤ੍ਰ,
ਮੁਕਤਾ[1] ਦਏ ਬਿਲੱਖਨ[2]। [1]ਮੋਤੀ। [2]ਵਿਲੱਖਣ, ਅਨੋਖੇ।
ਲਗੇ ਅੰਬਾਰ[1] ਅਪਾਰ ਅੱਗ੍ਰ ਗੁਰ, [1]ਢੇਰ।
ਬੇਸ਼ੁਮਾਰ ਧਨ ਆਯੋ।
ਸ੍ਰੀ ਹਰਿਰਾਇ ਹਾਥ ਤੈ ਗੁਰੁ ਭੀ,
ਕ੍ਰਿਤਹਿਂ ਬਹੁਤ ਧਨ ਦਿਜਾਯੋ[1] ॥ ੪੧ ॥ [1]ਨੌਕਰਾਂ (ਤੇ ਗ਼ਰੀਬਾਂ) ਨੂੰ ਦੁਆਇਆ।
ਤੋਰ ਦਰਿੱਦ੍ਰ ਦਏ ਜਾਚਕਨ[1], [1]ਮੰਗਤਿਆਂ ਦਾ।
ਜੇ ਗੁਰੁ ਸਨਮੁਖ ਆਏ।
ਪੇਖਿ ਲੋਗ ਨ੍ਰਿਪ ਅਚਰਜ ਮਾਨੈਂ,
ਜਹਾਂ ਜਹਾਂ ਵਹਿ ਜਾਏ।
ਸ੍ਰੀ ਹਰਿਰਾਇ ਅਗਾਰੀ ਨਿਧਿ ਸਿਧਿ,
ਸਮ੍ਰੱਥਤਾ[1] ਸਭਿ ਆਈ। [1]ਸ਼ਕਤੀ।
ਬਦਨ ਸਦਨ ਦੁਤਿ[1] ਤਤਛਿਨ ਹੋਯੋ, [1]ਮੁਖ ਸੋਭਾ ਦਾ ਘਰ।
ਮਦਨ[1] ਨਿਹਾਰ ਲਜਾਈ ॥ ੪੨ ॥ [1]ਕਾਮਦੇਵ।

ਬਡ ਉਤਸ਼ਾਹਿ ਉਮਾਹਿ ਪੇਖਿ ਸਿੱਖ,
ਚਾਹਿਂ ਬਿਦਾ ਸਬਿ ਹੋਏ।
ਪੈ ਖਸ਼ਟਮ ਗੁਰੁ ਅਬਿ ਤਨ ਤਜ ਹੈਂ,
ਸਮਝ ਇਹੈ ਦੁਖ ਪੋਏ[1]।
[1]ਦੁੱਖ 'ਚ ਪ੍ਰੋਏ ਗਏ, ਦੁੱਖ 'ਚ ਵਿੰਨ੍ਹੇ ਗਏ।

ਆਸਿਖ[1] ਆਇਸ[2] ਸੀਖਜਾ ਗੁਰੁ ਤੈ,
ਲੈ ਸਿਖ ਨਿਜ ਨਿਜ ਪੁਰ ਕੋ।
[1]ਅਸ਼ੀਰਵਾਦ। [2]ਆਗਿਆ।

ਪਾਇ ਸਿਰੋਪਾ ਸੰਗ ਮਸੰਦਨ,
ਚਲੇ ਕਹਿਤ ਜਸ ਗੁਰੁ ਕੋ ॥ ੪੩ ॥

ਪੁਨ ਗੁਰੁ ਅੰਤਹਿ ਪੁਰ[1] ਜਬਿ ਪਹੁੰਚੇ,
ਮਰਵਾਹੀ ਰਿਸ ਕੱਢ ਕੈ[1]।
[1]ਮਹਿਲਾਂ ਵਿੱਚ।
[1]ਬਹੁਤ ਗੁੱਸੇ ਹੋ ਕੇ।

ਕਹਯੋ ਪੌਤ੍ਰ ਕੋ ਦਈ ਗੁਰਿਜਾਈ,
ਲਾਇਕ ਪੁੱਤ੍ਰਨ ਛੱਡ ਕੈ।
ਬਡ ਪੌਤ੍ਰ ਨੇ ਛਲ ਬਲ ਕਰਿ ਭਲ,
ਪੁਰ ਕਰਤਾਰ ਸੰਭਾਰਾ।
ਗੁਰੂ ਗ੍ਰੰਥ ਜੀ ਭੀ ਢਿਗ ਰਾਖਯੋ,
ਜਿਸ ਪਰ ਕਰੈ ਗੁਜਾਰਾ ॥ ੪੪ ॥

ਜਬਿ ਲਗ ਤੁਮ ਹੋ ਤਬਿ ਲਗ ਹੀ ਹਮ,
ਇਸ ਪੁਰ ਮਾਂਹਿ ਰਹੈ ਹੈਂ।
ਪਾਛੇ ਕਰਿ ਹਰਿਰਾਇ ਸ਼੍ਰੀਕਤ[1]
ਛੀਨ ਸਬੀ ਕੁਛ ਲੈਹੈਂ।
[1]ਸ਼ਰੀਕਾ, (ਅ) ਈਰਖਾ।

ਤਾਂ ਤੇ ਔਰ ਠੌਰ ਕਿਤ ਹਮਹੂੰ,
ਜਾਇ ਥਿਰੈ ਹੈਂ ਅਬਿ ਹੀ।
ਸੁਨਿ ਗੁਰ ਬਹੁ ਧੀਰਜ ਦੈ ਭਾਖਯੋ,
ਕਰੋ ਨ ਚਿੰਤਾ ਕਬਿ ਹੀ ॥ ੪੫ ॥

ਗੁਰੁ ਕਾ ਪੰਥ ਬਢੈ ਬਹੁ ਜਗ ਮੈਂ,
ਇਨੈਂ ਕਮੀ ਨਹਿ ਕਾਈ।
ਇਨ ਪੀਛੈ ਬਹੁ ਕਰੈਂ ਗੁਜਾਰਾ,
ਪੈਹੈਂ ਕਬੀ ਗੁਰਿਜਾਈ*।
*ਇਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਗੁਰਿਆਈ ਵੱਲ ਇਸ਼ਾਰਾ ਹੈ।

ਸੂਰਜ ਮਲ ਕੀ ਸੂਰਜ ਕੇ ਸਮ,

ਸੰਸਤਿ[1] ਬਡ ਪ੍ਰਕਾਸੈ।
ਬੈਨ ਐਨ ਸਤ ਪਤਿ ਕੇ ਸੁਨਿ ਮਨਿ,
ਭਈ ਮੋਦ ਵਹਿ ਖਾਸੈ[1] ॥ ੪੬ ॥
ਪੁਨਾ ਨਾਨਕੀ ਜੀ ਅਵਸਰ[1] ਪਿਖਿ,
ਕਰਿ ਬੰਦਨ ਅਸ ਭਾਖਜੋ।
ਮਮ ਸੁਤ ਸੁਧ[1] ਬਿਹਾਰ ਨ ਜਾਨੈ,
ਇਸ ਹਿਤ ਤੁਮ ਕਜਾ ਰਾਖਜੋ।
ਇਕ ਸੁਤ ਅਟਲਰਾਇ ਮਮ,
ਤੁਮਰੇ ਕੋਪ ਹੋਨ ਤੈ ਮਰਜੋ।
ਅਬਿ ਫਿਰ ਹਮੈ ਤੁਮਾਰੇ ਪੀਛੈ,
ਕਬੈ ਸ਼੍ਰੀਕਨ ਛਰਜੋ[1] ॥ ੪੭ ॥
ਸੁਨਿ ਘਰਨੀ ਤੈ[1] ਤਾਨ੍ਹੇ ਬਾਨੀ[2],

ਕੁਛ ਰਿਸ ਗੁਰ ਉਰਿ ਆਈ।
ਤਿਸ ਦਿਸ ਫੈਂਕ[1] ਰੁਮਾਲ ਹਾਥ ਕਾ,
ਕਹਜੋ ਲੇਹੁ ਗੁਰਜਾਈ।
ਸਾਥ ਕਲੇਸ਼ ਲਈ ਦੁਖ ਦੈ ਹੈ,
ਸਿਰ ਲੌ ਦੈਨੋ ਪੈ ਹੈ।
ਪੈ ਤੁਵ ਨੰਦਨ ਕੇ ਘਰ ਨੰਦਨ,
ਜਗ ਬੰਦਨ ਬਿਦਤੈ ਹੈ ॥ ੪੮ ॥
ਮੰਡ ਘੁਮੰਡ ਪ੍ਰਚੰਡ ਬਿਹੰਡੈ,
ਅਰਿ ਅਖੰਡ ਬਲਵੰਡੈ[1]।

ਰੁੰਡ ਮੁੰਡ ਤੁੰਡ ਝੁੰਡ ਬਖੇਰੈ
ਧਰਾ, ਅਡੰਡਨ ਡੰਡੈ[1]।

ਮੰਡੈ ਨਿਜ ਜਸ ਅੰਡ ਬ੍ਰਹਮੰਡੈ,
ਮਤ ਪਖੰਡ ਗਨ ਖੰਡੈ[1]।

ਮਾਰਤੰਡ ਆਖੰਡਲ ਕੇ ਸਮ,
ਹ੍ਵੈ ਹੈ ਚੰਡ ਬਰਬੰਡੈ[1] ॥ ੪੯ ॥

[1]ਉਲਾਦ।

[1]ਆਪਣੇ ਆਪ ਵਿੱਚ। (ਅ) ਬਹੁਤ।

[1]ਸਮਾਂ, (ਅ) ਵਿਹਲ।

[1]ਸਿੱਧੇ ਸੁਭਾਵ ਵਾਲਾ।

[1]ਕਦੋਂ ਸ਼ਰੀਕਾਂ ਨੇ ਛੱਡਿਆ।

[1]ਘਰ ਵਾਲੀ (ਮਾਤਾ ਨਾਨਕੀ ਜੀ) ਤੋਂ। [2]ਮਿਹਣਿਆਂ ਵਾਲੇ ਬਚਨ।

[1]ਸੁੱਟ ਕੇ।

[1]ਤਿੱਖੇ ਜੰਗ ਰਚ ਕੇ ਬਲਵਾਨ ਵੈਰੀਆਂ ਨੂੰ {ਅਖੰਡ} ਲਗਾਤਾਰ ਨਾਸ ਕਰੇਗਾ।

[1]ਬਹੁਤੇ ਧੜ ਸਿਰ ਤੇ ਮੂੰਹ ਧਰਤੀ 'ਤੇ ਖਲਾਰ ਦੇਵੇਗਾ ਅਤੇ (ਅਡੰਡਨ) ਆਕੀਆਂ ਨੂੰ ਡੰਡ ਦੇਵੇਗਾ।

[1]ਆਂਡੇ ਦੀ ਸ਼ਕਲ ਦੇ ਬ੍ਰਹਮੰਡ ਵਿੱਚ ਆਪਣਾ ਜਸ ਫੈਲਾਵੇਗਾ ਅਤੇ ਸਾਰੇ ਪਾਖੰਡੀ ਮੱਤਾਂ ਦਾ ਖੰਡਨ ਕਰੇਗਾ।

[1]ਸੂਰਜ ਤੇ ਇੰਦ੍ਰ ਵਾਂਗ ਤਿਖੇ ਤੇ ਬਲਵਾਨ ਹੋਣਗੇ।

ਬੀਰ ਬਲੀ ਬਡ ਪੰਥ ਚਲੈ ਹੈ,
ਖ੍ਵੈ ਹੈ[1] ਤੁਰਕਨ ਸ਼ਾਹੀ। [1]ਨਾਸ ਕਰੇਗਾ।
ਮੀਰੀ ਪੀਰੀ ਔਂ ਜਗ ਗੀਰੀ[1] [1]ਜਗਤ ਨੂੰ ਫਤਹ ਕਰਨਾ।
ਹਿੰਦੁਨ ਹੱਦ ਰਖਾਹੀ[1]। [1]ਹਿੰਦੂ ਧਰਮ ਦੀ ਰਾਖੀ ਕਰੇਗਾ।
ਗੁਰੁ ਘਰ ਕਾ ਬਡ ਦੀਪਕ ਹ੍ਵੈ ਹੈ,
ਕਰੈ ਕਮਾਲ ਉਜਾਲਾ[1]। [1]ਪੂਰਨ ਪ੍ਰਕਾਸ਼ ਕਰੇਗਾ।
ਪੈ ਤਿਸ ਹੀ ਲੌ ਰਹਿ ਗੁਰ ਗਾਦੀ,
ਪਾਛੇ ਪੰਥ ਬਿਸਾਲਾ ॥ ੫੦ ॥
ਇਤਜਾਦਿਕ ਭਾਵਿੱਖਤ ਬਾਚ[1] ਬਹੁ, [1]ਬਚਨ।
ਜਬਿ ਗੁਰੁ ਖਸਟਮ ਟੇਰੇ[1]। [1]ਕਹੇ।
ਪਾਂਹਨ ਲੀਕ ਅਲੀਕ ਨੀਕ ਸਬਿ,
ਸਚ ਲਖਿ ਨਿਜ ਪਤਿ ਕੇਰੇ[1]। [1]ਪੱਥਰ ਦੀ ਲੀਕ ਵਾਂਗ ਨਾ ਮਿਟਣ ਵਾਲੇ ਆਪਣੇ ਪਤੀ ਦੇ ਚੰਗੇ ਤੇ ਸਾਰੇ ਸੱਚੇ ਬਚਨ ਜਾਣ ਕੇ।

ਸ੍ਰੀ ਨਾਨਕੀ ਭਈ ਮੁਦਤ ਸੁਨਿ,
ਗੁਰੁ ਘਰ ਨਿਸ ਬਸ ਆਛੈ।
ਆਏ ਬਾਹਰ ਜਾਹਰ ਈਸ਼ਰ,
ਜਿਨੈ ਜੁਗੀਸ਼ਰ ਬਾਂਛੈ ॥ ੫੧ ॥
ਪ੍ਰਭੂ ਹੇਤ ਉਧਾਰਨ ਸਿੱਖਨ,
ਨਰ ਪਰ ਕ੍ਰਿਆ[1] ਕਰਹੀਂ। [1]ਭਲੀ ਤਰ੍ਹਾਂ ਕ੍ਰਿਆ।
ਪੂਰਨ ਬ੍ਰਹਮ ਲਖੇ ਗੁਰੁ ਜਿਨ ਦਿਢ,
ਸੋ ਭਵ ਸਾਗਰ ਤਰਹੀਂ ॥ ੫੨ ॥
ਦੋਹਰਾ:
ਯਾ ਬਿਧਿ ਜਲਧ ਬਵੇਕ[1] ਗੁਰੁ, [1]ਗਿਆਨ ਦੇ ਸਮੁੰਦਰ।
ਸਮਾਂ ਬਿਤਾਵਨ ਕੀਨ।
ਪਿਖਿ ਨਿੰਮ੍ਰੀ ਹਰਿਰਾਇ ਪ੍ਰਤਿ,
ਕਰੈਂ ਸਨੇਹ ਨਵੀਨ ॥ ੫੩ ॥
ਪ੍ਰਮਾਰਥ[1] ਬਿਵਹਾਰ ਸਬਿ, [1]ਆਤਮ ਵਿਦਿਆ।
ਹਸਤਾਮਲ ਸਮਝਾਨ[1]। [1]ਹੱਥ 'ਤੇ ਰੱਖੇ ਔਲੇ ਵਾਂਗ (ਪ੍ਰਤੱਖ ਕਰਕੇ) ਸਮਝਾਉਂਦੇ ਹਨ।
ਪੁਨ ਸਿਖ ਗਨ ਪ੍ਰਵਾਰ ਕੋ,
ਕਰਿ ਬਿਸ਼ੋਕ[1] ਦੈ ਗਜਾਨ ॥ ੫੪ ॥ [1]ਸ਼ੋਕਰਹਿਤ।

ਕੋਠਾ ਜੋ ਇਕ ਪ੍ਰਿਥਮ ਹੀ,
ਪੁਰੀ ਪਤਾਲ ਮਝਾਰ।
ਰਚ ਰਾਖਜੋ ਥਾ ਤਹਾਂ ਗੁਰੁ,
ਪਹੁੰਚੇ ਮਨ ਮੁਦ ਧਾਰ ॥ ੫੫ ॥

ਚੌਪਈ:

ਸਿਖ ਮਸੰਦ ਸਕਲ ਪ੍ਰਵਾਰੂ।
ਤਹਿਂ ਪਹੁੰਚੇ ਸਬਿ ਗੁਰੁ ਸੰਗਾਰੂ।
ਗੁਰ ਕਾ ਗਵਨ ਪ੍ਰਲੋਕ[1] ਵਿਚਰ ਕੈ।
[1]ਪ੍ਰਲੋਕ ਜਾਣ ਭਾਵ ਜੋਤੀ ਜੋਤਿ ਸਮਾਉਣ।

ਸ਼ੋਕਾਤੁ[1] ਸਬਿ ਦ੍ਰਿਗ ਜਲ ਭਰ ਕੈ ॥ ੫੬ ॥
[1]ਸ਼ੋਕ ਨਾਲ ਵਿਆਕੁਲ।

ਚਿੱਤ੍ਰ ਲਿਖੇ ਸੇ ਗੁਰੈਂ ਨਿਹਾਰੇ[1]।
[1]ਗੁਰਾਂ ਨੇ (ਉਹ ਸਾਰੇ) ਲਿਖੀਆਂ ਤਸਵੀਰਾਂ ਵਰਗੇ (ਜੜੇ ਹੋਏ) ਦੇਖੇ।

ਦੇਹ ਗੇਹ ਕੇ ਨੇਹ ਬਿਸਾਰੇ[1]।
[1]ਸ਼ਰੀਰਾਂ ਤੇ ਘਰਾਂ ਦੇ ਮੋਹ ਭੁਲਾ ਦਿੱਤੇ।

ਲਗੀ ਬ੍ਰਿਤਿ ਸਬਿ ਕੀ ਗੁਰੁ ਮਾਂਹੀ।
ਬਾਤ ਨ ਕਰੈ ਕੋਇ ਸੰਗ ਕਾਂਹੀ ॥ ੫੭ ॥

ਪੈ ਮਨ ਹੀ ਮਨ ਸਬਿ ਇਮ ਕੈਹੈਂ[1]।
[1]ਕਹਿੰਦੇ ਹਨ।

ਮੰਦ ਭਾਗੀ ਹਮ ਸੰਗ ਨ ਜੈਹੈਂ[1]।
[1]ਜਾਵਾਂਗੇ।

ਪੁਨ ਗੁਰਿ ਸਭਿ ਪਰ ਦ੍ਰਿਸ਼ਟਿ ਪਸਾਰੀ।
ਅਪਨੀ ਸ਼ਕਤਿ ਬ੍ਰਿਸ਼ਟਿ[1] ਕਰਿ ਭਾਰੀ ॥ ੫੮ ॥
[1]ਵਰਖਾ।

ਬ੍ਰਹਮ ਗਜਾਨ ਸਬਿ ਕੇ ਉਰ ਦਯੋ।
ਜਿਹ ਪ੍ਰਤਾਪ ਉਨਿ ਇਹੁ ਦਿਢ ਠਯੋ[1]।
[1]ਪੱਕਾ (ਨਿਸਚਾ) ਹੋ ਗਿਆ।

ਤੀਨੋ ਕਾਲ ਮ੍ਰਿਖਾ[1] ਜਗ ਅਹੇ।
[1]ਮਿਥਿਆ, ਝੂਠਾ।

ਬ੍ਰਹਮਾਤਮ ਸਾਖੀ ਨਿਤ ਰਹੇ[1] ॥ ੫੯ ॥
[1]ਆਪਣਾ ਆਪ ਰੂਪ ਬ੍ਰਹਮ ਦ੍ਰਿਸ਼ਟਾ (ਦੇਖਣ ਵਾਲਾ) ਸਦਾ (ਕਾਇਮ) ਰਹਿੰਦਾ ਹੈ।

ਤੀਨ ਅਵਸਥਾ ਗਜਾਤਾ ਜੋਈ[1]।
[1]ਤਿੰਨਾਂ ਅਵਸਥਾਂ (ਜਾਗ੍ਰਤ ਸੁਪਨ ਤੇ ਸਖੋਪਤ) ਦਾ ਜੋ ਜਾਣੂ ਹੈ।

ਨਿਸਚੇ ਹਮ ਆਤਮ ਹੈਂ ਸੋਈ।
ਦੇਹ ਸਬੰਧ ਹਮੈਂ ਕੁਛ ਨਾਹੀ।
ਜਨਮਜੋ ਇਹੁ ਤਨ ਮਰ ਹੈ ਯਾਹੀ ॥ ੬੦ ॥

ਮਰਣ ਪ੍ਰਾਣ ਬਿਜੋਗ ਕਲਾਪਕ[1]।
[1]ਦੇਹ ਨਾਲੋਂ ਪ੍ਰਾਣਾਂ ਦਾ ਵਿਛੋੜਾ ਹੀ ਮਰਣਾ ਕਲਪਿਆ ਹੋਇਆ ਹੈ।

ਬ੍ਰਹਮਾਤਮ ਹਮ ਨਭ ਜਜੋਂ[1] ਬਿਜਾਪਕ।
[1]ਅਕਾਸ਼ ਵਾਂਗ।

ਤਨ ਮਿਥਜਾ ਜਢ ਦੁਖਦ ਨਿਹਾਰੋ।
ਸਤਿ ਚਿਤ ਆਨੰਦਰੂਪ ਹਮਾਰੋ[1] ॥ ੬੧ ॥

[1]ਦੇਖ ਲਿਆ ਹੈ।

ਕਟੈ ਨ ਜਰੈ ਨ ਗਰੈ ਕਦਾਂਹੀ[1]।
ਜਨਮ ਮਰਨ ਆਤਮ ਮੈਂ ਨਾਹੀ।
ਯਾਂਹੀ ਤੈ ਗੁਰੁ ਅਰਜਨ ਰਰੈਂ[1]।
'ਨਹ ਕਿਛੁ ਜਨਮੈ ਨਹ ਕਿਛੁ ਮਰੈ' ॥ ੬੨ ॥

[1]ਉਹ ਆਤਮਾ ਨ ਕੱਟੀਦਾ ਹੈ ਨ ਸੜਦਾ ਹੈ ਨ ਕਦੇ ਗਲ਼ਦਾ ਹੈ।

[1]ਕਹਿੰਦੇ ਹਨ।

ਇਹ ਵਿਚਾਰ ਸਬਿ ਕੋ ਦਿਢ ਭਯੋ।
ਭਏ ਬਿਸ਼ੋਕ ਸੋਕ ਸਭਿ ਗਯੋ।
ਪੁਨ ਬਹਿਰੰਤ੍ਰ ਤੈ ਸੋ ਕੋਠਾ[1]।
ਲੇਪਨ ਕੀਨ ਸੁਗੰਧਿਤ ਸੋਠਾ[1] ॥ ੬੩ ॥

[1]ਫੇਰ ਉਹ ਕੋਠਾ ਅੰਦਰੋਂ ਤੇ ਬਾਹਰੋਂ।

[1]ਸੁੰਦਰ ਸੁਗੰਧੀਆਂ ਨਾਲ।

ਕੁੰਕਮ[1] ਚੰਦਨ ਅਗਰ[2] ਕਪੂਰ।
ਬਿਬਿਧਾ ਅਤਰ ਛਿਰਕਯੋ ਭੂਰਿ।
ਮਾਲ ਬਿਸਾਲ ਫੂਲ ਲਰਕਾਈ।
ਫੈਲ ਸੁਗੰਧੀ ਗਈ ਦਿਸਾਈ[1] ॥ ੬੪ ॥

[1]ਕੇਸਰ। [2]ਇਕ ਪ੍ਰਕਾਰ ਦੀ ਸੁਗੰਧੀ ਵਾਲੀ ਲੱਕੜੀ।

[1]ਸਾਰੇ ਪਾਸੀਂ।

ਡਾਰ ਕੁਸਾਸਨ* ਮ੍ਰਿਦੁਲ ਬਿਛੌਨਾ[1]।

[1]ਦੱਭ ਦੇ ਆਸਣ ਦਾ ਕੋਮਲ ਵਿਛਾਉਣਾ ਵਿਛਾ ਕੇ। *ਦੱਭ ਦਾ ਆਸਣ ਵਿਛਾਉਣਾ ਤੇ ਕੋਲ ਘਿਉ ਦਾ ਦੀਵਾ ਬਾਲਣਾ ਆਦਿ ਰੀਤਾਂ ਦਾ ਸੰਬੰਧ ਹਿੰਦੂ ਧਰਮ ਨਾਲ ਹੈ, ਸਿਖ ਧਰਮ ਨਾਲ ਨਹੀਂ। ਗੁਰਬਾਣੀ ਅੰਦਰ ਇਨ੍ਹਾਂ ਰੀਤਾਂ ਦਾ ਜ਼ੋਰਦਾਰ ਖੰਡਨ ਮਿਲਦਾ ਹੈ ਜਿਵੇਂ ਕਿ 'ਦੀਵਾ ਮੇਰਾ ਏਕੁ ਨਾਮੁ' ਆਦਿ ਤੋਂ ਸਪੱਸ਼ਟ ਹੈ। ਸਤਿਗੁਰਾਂ ਸਬੰਧੀ ਅਜਿਹੀਆਂ ਲਿਖਤਾਂ ਮੰਨਣ ਯੋਗ ਨਹੀਂ ਹਨ।

ਕੀਨ ਘ੍ਰਿਤ ਦੀਪਕ ਢਿਗ ਤੋਨਾ[1]।

[1]ਤਿਸ (ਆਸਨ) ਕੋਲ।

ਤਬਿ ਸਤਿਗੁਰੁ ਸੰਗਤਿ ਪਰ ਸਾਰੀ[1]।
ਕ੍ਰਿਪਾ ਦ੍ਰਿਸ਼ਟਿ ਬ੍ਰਿਸ਼ਟਿ[1] ਕਰਿ ਭਾਰੀ ॥ ੬੫ ॥

[1]ਸਾਰੀ ਸੰਗਤ ਉੱਪਰ।

[1]ਵਰਖਾ।

ਕਹਯੋ ਕਰੋ ਸਬਿ ਮੰਗਲ ਚਾਰੂ।
ਪਢੋ ਸ਼ਬਦ ਸਾਨੰਦ ਉਦਾਰੂ।
ਹਮ ਜੈਹੈਂ ਅਬਿ ਅਪਨੇ ਧਾਮੂੰ।
ਕਰਯੋ ਨ ਸ਼ੋਕ ਰਰਯੋ ਸਤਿਨਾਮੂ ॥ ੬੬ ॥
ਸੋ ਪ੍ਰਿਯ ਮਮ[1] ਜੋ ਕਹਯੋ ਕਮਾਵੈ।
ਅੰਤ ਸਮੇਂ ਸੋ ਗੁਰੁ ਪੁਰ ਪਾਵੈ।
ਅਸ ਕਹਿ ਦੈ ਕਰਿ ਸਬਿਨ ਦਿਲਾਸਾ[1]।

[1]ਉਹ ਮੈਨੂੰ ਪਿਆਰਾ ਹੈ।

[1]ਭਰੋਸਾ।

ਧੀਰਜ ਗਜਾਂਨ ਦੀਨ ਨਿਜ ਖਾਸਾ[1] ॥ ੬੭ ॥
ਪੁਨਾ ਜੋਧ ਸ਼ਾਹ ਭਾਨੇ ਤਾਂਈਂ।
ਕਹਜੋ ਸਾਤ ਦਿਨ ਰਹੋ ਇਥਾਂਈਂ।
ਸਪਤਮ ਦਿਨ ਹਰਿ ਰਾਇ ਕਿਵਾਰੈਂ[1]।
ਖੋਲ੍ਹੇ, ਪੁਨ ਸੋ ਹਮੈਂ ਨਿਹਾਰੈ ॥ ੬੮ ॥
ਇਮ ਕਹਿ ਪ੍ਰਭ ਕੋਠੇ ਮੈਂ ਗਏ।
ਦ੍ਵਾਰ ਕਿਵਾਰ ਅਸੰਜੁਤ ਕਏ[1]।
ਬੈਸੇ ਪਦਮਾਸਨ[1] ਗੁਰੁ ਈਸ਼ਰ।

[1]ਆਪਣੇ ਵੱਲੋਂ ਬਹੁਤਾ।

[1]ਦਰਵਾਜ਼ੇ ਦੇ ਤਖ਼ਤੇ।

[1]ਬੰਦ ਕਰ ਦਿੱਤੇ।

[1]ਸੱਜੇ ਪੱਟ 'ਤੇ ਖੱਬਾ ਪੈਰ ਤੇ ਖੱਬੇ ਪੱਟ ਤੇ ਸੱਜਾ ਪੈਰਰੱਖ ਕੇ ਪਿੱਠ ਪਿੱਛੋਂ ਹੀ ਹੱਥ ਕਰ ਕੇ ਸੱਜੇ ਹੱਥ ਨਾਲ ਸੱਜੇ ਪੈਰ ਦਾ ਅੰਗੂਠਾ ਤੇ ਖੱਬੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਫੜਨਾ, ਛਾਤੀ ਤੋਂ ਚਾਰ ਉਂਗਲ ਦੀ ਵਿੱਥ 'ਤੇ ਠੋਡੀਰੱਖ ਕੇ ਨੱਕ ਦੀ ਨੋਕ ਉਪਰ ਨਿਗਾਹ ਜਮਾਉਣੀ।

ਜੈਸੋ ਕਰਿ ਹੈਂ ਸਿੱਧ ਜੁਗੀਸ਼ਰ ॥ ੬੯ ॥
ਮਨ ਇੰਦ੍ਰੀ ਕੋ ਰੋਕ ਗੁਸਾਂਈਂ।
ਨਿਜਾਨੰਦ ਮੈਂ ਬ੍ਰਿਤਿ ਟਿਕਾਈ।
ਜਦੁ ਪਤਿ ਜਿਮ[1] ਨਿਰਜਨ ਬਨ[2] ਮਾਂਹੀ।
ਜਾਇ ਸਮਾਧੀ ਸਾਧੀ ਆਹੀ[1] ॥ ੭੦ ॥
ਛੈ ਦਿਨ ਗੁਰੁ ਥਿਰ[1] ਰਖੀ ਸਮਾਧੀ।
ਅਦ੍ਵੈ ਅਚੱਲ ਸਰੂਪ ਅਗਾਧੀ।
ਬਡੀ ਫਜਰ[1] ਸਾਤਮ ਦਿਨ ਲਾਗੇ[2]।

[1]ਕ੍ਰਿਸ਼ਨ ਵਾਂਗ। [2]ਉਹ ਜੰਗਲ ਜਿੱਥੇ ਕੋਈ ਆਦਮੀ ਨਾ ਹੋਵੇ।

[1]ਲਾ ਲਈ ਹੈ।

[1]ਟਿਕ ਕੇ।

[1]ਵੱਡੇ ਤੜਕੇ, ਅੰਮ੍ਰਿਤ ਵੇਲੇ। [2]ਜਦੋਂ ਸੱਤਵਾਂ ਦਿਨ ਸ਼ੁਰੂ ਹੋਇਆ।

ਫੋਰ ਕਪਾਰ[1] ਗਏ ਤਨ ਤਜਾਗੇ ॥ ੭੧ ॥
ਗੁਰੁ ਆਗਵਨ ਸੁਰਨ ਸੁਨਿ ਫੌਰਨ[1]।

[1]ਦਸਮ ਦੁਆਰ ਫੋੜ ਕੇ।

[1]ਦੇਵਤਿਆਂ ਨੇ ਗੁਰਾਂ ਦਾ ਆਉਣਾ ਸੁਣ ਕੇ {ਫੌਰਨ} ਬਹੁਤ ਛੇਤੀ।

ਸਜਿ ਬਿਵਾਂਨ ਬਡ ਉਤਸ਼ਵ[1] ਤੌਰਨ।
ਬ੍ਰਹਮਾਦਿਕ ਮਿਲਿ ਸਬਿ ਤਹਿਂ ਆਏ।
ਜੈ ਜੈ ਧੁਨਿ ਕਰ ਸੁਮਨ ਬਸਾਏ[1] ॥ ੭੨ ॥
ਗੁਰੁ ਹਿਤ ਪੁਨ ਬਿਵਾਂਨ ਇਕ ਆਯੋ।
ਰਵਿ ਸਸਿ ਸੰਪਾ ਜਨ ਸਿਮਟਾਯੋ[1]।

[1]ਢੰਗ ਨਾਲ।

[1]ਫੁੱਲਾਂ ਦੀ ਬਰਖਾ ਕੀਤੀ।

[1]ਜਾਣੋ ਸੂਰਜ, ਚੰਦ ਤੇ ਸੰਪਾਤੀ ਇਕੱਠੇ ਕੀਤੇ ਹਨ। {ਸੰਪਾਤੀ=ਸੂਰਜ ਦੇਰਥਵਾਹੀ ਅਰੁਣ ਦਾ ਛੋਟਾ ਪੁੱਤਰ ਜੋ ਜਟਾਯੂ ਦਾ ਭਰਾ ਸੀ।}

ਮਣ ਗਣਰਚਿਤ ਖਚਤ ਜਗਮਗਹੀਂ[1]।

[1]ਬਹੁਤੀਆਂ ਮਣੀਆਂ (ਰਚਿਤ) ਘੜ ਕੇ (ਖਚਤ) ਜੜੀਆਂ

ਹੋਈਆਂ ਚਮਕਦੀਆਂ ਹਨ।

ਲਾਲ ਬਿਸਾਲ ਦੀਪ ਸੇ ਜਗਹੀਂ ॥ ੭੩ ॥

ਪੁਤਲੀ ਚਾਰ ਚਵਰ ਕਰ ਲੀਏ[1]। [1]ਚਾਰ ਪੁਤਲੀਆਂ ਦੇ ਹੱਥਾਂ 'ਚ ਚੌਰ ਲਏ ਹੋਏ ਹਨ।

ਕਲਸ ਉਤੰਗ ਪਤਾਕਾ ਥੀਏ[1]। [1]ਉੱਚੇ ਕਲਸ ਤੇ ਝੰਡੀਆਂ (ਲਾਈਆਂ ਹੋਈਆਂ) ਹਨ।

ਬੇਗਵੰਤ ਅਤਿ ਇਛਜਾ ਚਾਰੀ[1]। [1]ਬਹੁਤ ਤੇਜ਼ ਤੇ ਇੱਛਾ ਅਨੁਸਾਰ ਚੱਲਣ ਵਾਲਾ।

ਤਾਂ ਪਰ ਗੁਰੂ ਕਰੀ ਅਸਵਾਰੀ ॥ ੭੪ ॥

ਗੀਰਬਾਂਨ[1] ਸਬਿ ਆਨ ਚੁਫੇਰੇ। [1]ਦੇਵਤੇ।

ਜੈ ਜੈਕਾਰ ਉਚਾਰ ਬਧੇਰੇ।

ਕੁਸਮਾਂਜਲ[1] ਭਰਿ ਭਰਿ ਬਰਸਾਂਵੈਂ। [1]ਫੁੱਲਾਂ ਦੇ ਬੁੱਕ।

ਕਲਪ-ਤਰੂ[1] ਫੂਲ ਮਾਲ ਚਢਾਵੈਂ ॥ ੭੫ ॥ [1]ਕਲਪ ਬ੍ਰਿੱਛ।

ਦੇਵ ਬਧੂਟੀ[1] ਅੱਗ੍ਰ ਨਾਚੈਂ। [1]ਅਪੱਛਰਾਂ।

ਕਮਲਾਸਨ ਅਸਤੋਤ੍ਰ ਬਾਚੈ[1]। [1]ਬ੍ਰਹਮਾ ਉਸਤਤ ਦੇ ਛੰਦ ਪੜ੍ਹਦਾ ਹੈ।

ਜਿਸ ਸੁਰ ਕੇ ਪੁਰ ਮੈਂ ਗੁਰੁ ਜਾਵੈਂ।

ਦਰਸ ਹੇਤ ਸੋ ਆਗੈ ਆਵੈਂ ॥ ੭੬ ॥

ਧੂਪ ਧੁਖਾਇ ਗੰਧਿ ਮਹਕਾਵੈਂ।

ਮੰਗਲਚਾਰ[1] ਉਚਾਰ ਸੁਨਾਵੈਂ। [1]ਖ਼ੁਸ਼ੀਆਂ ਦੇ ਗੀਤ।

ਬਾਰ ਬਾਰ ਆਰਤੀ ਉਤਾਰੈਂ।

ਅਭਿਖੇਕੈ[1] ਜੈ ਧੁਨੀ ਉਚਾਰੈਂ ॥ ੭੭ ॥ [1]ਪੂਜਾ ਕਰਦੇ ਹਨ।

ਜਹਿਂ ਲਗ ਪਹੁੰਚਨ ਜਿਹ ਸੁਰ ਸ਼ਕਤੀ।

ਤਹਿਂ ਪਹੁੰਚਾਇ ਫਿਰੈਂ ਸਹਿ ਭਗਤੀ[1]। [1]ਇਸਤ੍ਰੀਆਂ ਸਣੇ।

ਬ੍ਰਹਮ ਲੋਕ ਵੈਕੁੰਠਹਿਂ ਤੈ ਪਰ[1]। [1]ਪਰੇ ਭਾਵ ਅੱਗੇ।

ਥਿਰੇ ਜਾਇ ਗੁਰੁਪੁਰਿ ਮੈਂ ਗੁਰੁ ਵਰ ॥ ੭੮ ॥

ਜਹਾਂ ਨ ਮਾਯਾ ਦੁੰਦ[1] ਬਿਆਪਤ। [1]ਦੋ ਵਿਰੋਧੀ ਪਦਾਰਥ ਭਾਵ ਹਰਖ ਸੋਗ ਆਦਿ। (ਅ) ਦੁੱਖ।

ਇਕ ਰਸ ਪ੍ਰਮਾਨੰਦ ਰਹਾਵਤ।

ਔਰ ਸੁਰਨ ਕੇ ਪੁਰ ਹੈਂ ਜੇਤੇ।

ਤੀਨ ਦੋਸ਼ ਕਰਿ ਬਿਜਾਪਤ[1] ਤੇਤੇ ॥ ੭੯ ॥ [1]ਦੋਸ਼ਾਂ ਸਹਿਤ ਹਨ।

ਪੁੰਨਜ ਜੱਨਜ ਫਲ ਭੁਗ ਹ੍ਵੈਂ ਖੀਨੈ[1]। [1]ਪੁੰਨਾਂ ਤੋਂ ਪੈਦਾ ਹੋਏ ਫਲ ਭੋਗਣ ਤੋਂ ਬਾਦ ਨਾਸ ਹੋ ਜਾਂਦੇ ਹਨ।

ਅਤਿ ਸਹਿਤਾ[1] ਕਾ ਦੁੱਖ ਅਤਿ ਪੀਨੈ। [1]ਦੂਜੇ ਦੀ ਮਾਣ ਵਡਿਆਈ ਵੇਖ ਕੇ ਨ ਸਹਾਰਨ ਦਾ ਸੁਭਾਉ।

ਅਰ ਅਸੁਰਨ[1] ਡਰ ਸਬਿਨ ਰਹਾਈ। [1]ਦੈਂਤਾਂ ਦਾ।

ਗੁਰੁ ਪੁਰ ਮੈਂ ਯਹਿ ਤੀਨੋ ਨਾਹੀ ॥ ੮੦ ॥

ਦੋਹਰਾ:

ਗੁਰ ਖਸ਼ਟਮ ਗੁਰੁ ਪੁਰਿ ਬਸੇ, ਸੁਰਨ ਰਹੱਸ[1] ਅਤਿ ਕੀਨ।
ਇਤ ਗੁਰੁ ਤਨ ਯੁਤ ਸਿੱਖਨ ਕੀ, ਗਾਥਾ ਸੁਨੋ ਪ੍ਰਬੀਨ ॥ ੮੧ ॥

[1]ਅਨੰਦ, ਖ਼ੁਸ਼ੀ।

ਚੌਪਈ:

ਜਬਿ ਕੋਠੇ ਮਧ ਥੇ ਗੁਰੁ ਗਏ।
ਸਿੱਖ ਚੁਫੇਰੇ ਥਿਰ ਰਹਿਵਏ[1]।
ਭਜਨ ਕੀਰਤਨ ਕਰਤ ਗੁਜਾਰੇ।
ਛੈ ਦਿਨ, ਸਾਤਮ ਦਿਵਸ ਸਕਾਰੇ[1] ॥ ੮੨ ॥

[1]ਬੈਠੇ ਰਹੇ।

[1]ਸੱਤਵੇਂ ਦਿਨ ਸਵੇਰੇ (ਅੰਮ੍ਰਿਤ ਵੇਲੇ)।

ਅਰੁਣ ਬਰਣ ਨਭ[1] ਚਮਕ ਬਿਵਾਂਨਨ।
ਪਿਖਿ, ਜੈ ਧੁਨਿ ਸੰਖਨ ਸੁਨਿ ਕਾਨਨ।
ਬੁਧਿਵਾਂਵਨ ਸਿੱਖਨ ਦਿਢ ਜਾਨਾ।
ਗੁਰੁ ਸਹਿ ਸੁਰਨ[1] ਗਏ ਅਸਮਾਨਾ ॥ ੮੩ ॥

[1]ਅਕਾਸ਼ ਦਾ ਲਾਲਰੰਗ।

[1]ਦੇਵਤਿਆਂ ਸਮੇਤ।

ਸ੍ਰੀ ਹਰਿਰਾਇ ਨ੍ਹਾਇ ਹ੍ਵੈ ਤਜਾਰੈ।
ਜਪੁਜੀ ਪਾਠ ਕੀਨ ਥਿਰ ਦ੍ਵਾਰੈ[1]।
ਖੁਲ੍ਹੇ ਕਿਵਾਰ ਆਪ ਹੀ ਜਬੈ।
ਗੁਰੁ ਤਨ ਪਿਖਜੋ ਪ੍ਰਾਨ ਬਿਨੁ ਤਬੈ ॥ ੮੪ ॥

[1]ਦਰਵਾਜ਼ੇ ਅੱਗੇ ਬੈਠ ਕੇ।

ਥਿਰੇ ਕੁਸਾਸਨ ਪੈ ਪਦਮਾਸਨ[1]।
ਲਗੇ ਕੰਧ ਸੋਂ ਕੰਧ ਸ੍ਵਾਸ ਨ[1]।

[1]ਦੱਭ ਦੇ ਆਸਣ 'ਤੇ ਪਦਮ ਆਸਣ ਲਾ ਕੇ ਬੈਠੇ ਸਨ।

[1]ਕੰਧ ਨਾਲ ਮੋਢੇ ਲੱਗੇ ਹੋਏ ਸਨ ਪਰ ਸਰੀਰ ਵਿੱਚ ਸਾਹ ਨਹੀਂ ਸਨ।

ਸ੍ਰੀ ਹਰਿਰਾਇ ਜਾਇ ਪਗ ਬੰਦੇ।
ਗੁਰੁ ਸੁਤ, ਭਾਨਾ, ਜੋਧ, ਮਸੰਦੇ ॥ ੮੫ ॥
ਸਤਲੁਜ ਜਲ ਮੰਗਵਾਇ ਨ੍ਹਵਾਏ।
ਸੁਠ ਬਿਵਾਂਨ ਪਰ ਧਰਿ ਪੌਢਾਏ[1]।
ਗੁਰੁ ਪਤਨੀ ਜੁਗ ਸਹਿ ਤਿਯ ਔਰੈਂ।
ਆਈ ਦ੍ਰਿਗ ਜਲ ਡਾਰਤ ਗੌਰੈਂ ॥ ੮੬ ॥
ਖੁਲ੍ਹੇ ਕੇਸ ਤਨ ਤਾੜਤ[1] ਕੂਕੈਂ*।

[1]ਲੰਮੇ ਪਾ ਦਿੱਤੇ।

[1]ਸ਼ਰੀਰ ਨੂੰ ਕਸ਼ਟ ਦੇਂਦੀਆਂ ਹਨ। *ਸਤਿਗੁਰ ਦੇ ਮਹਲ ਅਤੇ ਹੋਰ ਗੁਰਸਿੱਖ ਇਸਤ੍ਰੀਆਂ ਗੁਰਮਤਿ ਸਿਧਾਂਤ ਤੋਂ ਜਾਣੂ ਅਤੇ ਗੁਰਬਾਣੀ ਦੇ ਉਪਦੇਸ਼ਾਂ ਦੀਆਂ ਭਲੀ ਭਾਂਤ ਧਾਰਨੀ ਸਨ। ਉਨ੍ਹਾਂ ਵੱਲੋਂ ਅਜਿਹਾ ਕਰਨਾ ਸੰਭਵ ਨਹੀਂ ਹੋ ਸਕਦਾ। ਉਨ੍ਹਾਂ ਨੂੰ ਇਹ

ਤੁਕਾਂ ਚੰਗੀ ਤਰ੍ਹਾਂ ਕੰਠ ਸਨ ਕਿ "ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥"

ਤੁਮ ਬਿਨ ਜਗ ਸੁਖ ਪਾਤ ਅਲੂਕੈਂ[1]।
ਦਰਸ਼ਨ ਬੰਦਨ ਕਰਿ ਬਿਸਮੋਹੈਂ[1]।
ਮੁਖ ਕੀ ਕਾਂਤਿ[1] ਜਿਯਤ ਸਮ ਸੋਹੈ ॥ ੮੭ ॥
ਪਸ਼ਮੰਬਰ[1] ਪਾਟੰਬਰ[2] ਪਾਏ।
ਊਪਰ ਫੂਲ ਸਮ੍ਹਾਲ ਬਸਾਏ[1]।

[1]ਅਕਾਸ਼ 'ਚੋਂ ਅੰਗਿਆਰਾਂ ਦੇ ਡਿੱਗਣ ਵਾਂਗ ਹਨ।
[1]ਹੈਰਾਨ ਹੁੰਦੀਆਂ ਹਨ।
[1]ਚਮਕ।
[1]ਪਸ਼ਮ ਦੇ ਬਸਤ੍ਰ। [2]ਰੇਸ਼ਮ ਦੇ ਬਸਤ੍ਰ।
[1]{ਸਮ੍ਹਾਲ} ਸੰਭਾਲ ਕੇ ਭਾਵ ਚੰਗੀ ਤਰ੍ਹਾਂ ਉਪਰ ਫੁੱਲਾਂ ਦੀ ਵਰਖਾ ਕੀਤੀ।

ਜੈ ਜੈ ਧੁਨਿ ਸੰਗਤ ਨੇ ਕਰੀ।
ਇਕ ਦਿਸ ਅਖਿਲ ਚਮੂੰ[1] ਗੁਰੁ ਖਰੀ[2] ॥ ੮੮ ॥
ਰੋਵਨ ਕਰਤ ਭਰਤ ਬਡ ਸ੍ਵਾਸੈਂ[1]।
ਕਹੈਂ ਕੌਨ ਪੁਰਵੈ[1] ਹਮ ਆਸੈਂ।
ਭਈ ਭੀਰ ਸਬਿ ਫੂਲ ਬਸਾਵੈਂ।
ਨਿਕਟਿ ਹੋਇ ਬੰਦਨ ਕਰਿ ਜਾਵੈਂ ॥ ੮੯ ॥
ਮਿਲਿ ਭਲ ਸਿੱਖਨ ਸੁਤਨ ਮਸੰਦੈਂ।
ਲਯੋ ਬਿਵਾਂਨ ਉਠਾਇ ਬੁਲੰਦੈ।
ਸ੍ਰੀ ਹਰਿਰਾਇ ਸੁ ਚਵਰ ਢੁਰਾਵੈਂ।
ਧਨ ਗਨ ਕੰਚਨ[1] ਫੂਲ ਬਸਾਵੈਂ ॥ ੯੦ ॥
ਚਲੇ ਰਬਾਬੀ ਗਾਵਤ ਆਗੇ।
ਪਾਵੈਂ ਧਨ ਜਹਿਂ ਪੌੜੀ ਲਾਗੇ।
ਚੰਦਨ ਚਿਖਾ ਬੁਲੰਦ ਚਿਨਾਈ।
ਤਾਂ ਪਰ ਧਰਿ[1] ਲਕਰੀ ਬਹੁ ਪਾਈ ॥ ੯੧ ॥
ਸੂਰਜ ਮਲ ਜਬਿ ਅਗਨੀ ਦੀਨੀ।
ਕੂਕੈਂ ਨਿਸਰੀ[1] ਸਬਿ ਕੀ ਪੀਨੀ[2]।
ਪਾਯਕ[1] ਸੁਭਟ ਰੁਦਨ ਬਹੁ ਕਰਹੀਂ।
ਕਹੈਂ ਸਰਨ ਹਮ ਕਾਂ ਕੀ ਫਰਹੀਂ ॥ ੯੨ ॥
ਹੇ ਗੁਰ ਤੁਮ ਬਿਨ ਕੌਨ ਹਮਾਰੀ।
ਸੁਧ ਲੈਹੈ ਕੈਹੈ[1] ਪ੍ਰਤਿਪਾਰੀ।
ਪੁਨੈ ਪ੍ਰਤਾਪ ਸਿੰਘ ਨ੍ਰਿਪ ਹੇਰਾ[1]।
ਅਬਿ ਰਖਕ ਕੋ ਰਹਜੋ ਨ ਮੇਰਾ ॥ ੯੩ ॥

[1]ਸਾਰੀ ਫੌਜ। [2]ਖੜੀ ਹੈ।
[1]ਵੱਡੇ ਸਾਹ ਭਰਦੇ ਹਨ ਭਾਵ ਹਾਹੁਕੇ ਲੈਂਦੇ ਹਨ।
[1]ਪੂਰੀਆਂ ਕਰੇਗਾ।
[1]ਸੋਨਾ।
[1](ਗੁਰਾਂ ਦਾ ਸ਼ਰੀਰ ਉੱਪਰ) ਰੱਖ ਕੇ।
[1]ਨਿਕਲ ਗਈਆਂ। [2]ਬਹੁਤੀਆਂ।
[1]ਦਾਸ।
[1]ਕਰੇਗਾ।
[1]ਦੇਖਿਆ।

ਗਹਿ ਕਰਿ ਤੁਰਕ ਦੁਖ ਬਡ ਦੈ ਹੈਂ।
ਉਸ ਜੀਵਨ ਤੈ ਮਰਨ ਭਲੈ ਹੈ।
ਤਾਂ ਤੇ ਚਲੌਂ ਗੁਰੂ ਕੈ ਸੰਗੈ।
ਅਸ ਵਿਚਾਰ ਉਰਿ ਧਾਰਿ ਉਮੰਗੈ ॥ ੯੪ ॥
ਛਾਰ ਮਾਰ ਵਿਚ ਚਿਖਾ ਸੁ ਪਯੋ।
ਗੁਰੁ ਪਗ ਪਰ ਧਰਿ ਮੁਖ ਜਰ ਗਯੋ।
ਤਿਮ ਹੀ ਕੂੱਦਜੋ ਸਾਂਗਾਰਾਨਾ।
ਗੁਰੁ ਬਿਨ ਜੀਵਨ ਦੁਖਦ ਪਛਾਨਾ ॥ ੯੫ ॥
ਸਿੱਖ ਏਕ ਪ੍ਰੇਮੀ ਹਰਿਦਿੱਤਾ।
ਤਿਨ ਭੀ ਜਰ ਕਰਿ ਗੁਰੁ ਸੰਗ ਲਿਤਾ।
ਔਰ ਕਿਤਕ ਰਜਪੂਤਨ ਤਬੈ।
ਕਸਦ[1] ਕੀਨ ਕੂਦਨ ਕਾ ਜਬੈ ॥ ੯੬ ॥
ਗੁਰੁ ਹਰਿਰਾਇ ਪੁਨਾ ਸਬ ਬਰਜੇ।
ਜੋਧ ਆਦਿ ਸੁਭਟੋਂ ਨੇ ਤਰਜੇ[1]।
ਅਰੁ ਗੁਰੁ ਭੁਜ ਖੁਦ ਉਨ ਕੀ ਗਹੀ।
ਦੈਂਹੁ ਨ ਤੁਰਕੈਂ ਬਾਨੀ ਕਹੀ* ॥ ੯੭ ॥

[1]ਅ: ਇਰਾਦਾ।

[1]ਤਾੜੇ।

*ਰਾਜਪੂਤ ਰਾਜਾ ਪ੍ਰਤਾਪ ਸਿੰਘ ਤੇ ਰਾਣਾ ਸਾਂਗਾ ਅਤੇ ਭਾਈ ਹਰਿਦਿੱਤਾ ਆਦਿ ਕੁਝ ਪ੍ਰੇਮੀ ਵਿਅਕਤੀਆਂ ਦਾ ਗੁਰਾਂ ਦੇ ਸ਼ਰੀਰ ਨਾਲ ਚਿਖਾ ਵਿੱਚ ਪੈ ਕੇ ਸੜ ਜਾਣ ਦਾ ਪ੍ਰਸੰਗ ਹੋਰ ਕਿਸੇ ਸਿਖ ਇਤਿਹਾਸਕਾਰ ਨੇ ਨਹੀਂ ਲਿਖਿਆ। ਇਹ ਗਿਆਨੀ ਜੀ ਦੀ ਨਵੀਨ ਖੋਜ ਸਮਝਣੀ ਚਾਹੀਦੀ ਹੈ। ਪਰ ਮੁਸਲਮਾਨ ਲੇਖਕ ਮੁਹੰਮਦ ਮੁਹਸਿਨ 'ਫਾਨੀ' ਨੇ ਆਪਣੀ ਕਿਤਾਬ ਦਬਿਸਤਾਨੇ ਮਜ਼ਾਹਬ ਵਿੱਚ ਦੋ ਵਿਅਕਤੀਆਂ ਦੇ ਚਿਖਾ 'ਚ ਪੈ ਕੇ ਸੜ ਜਾਣ ਦਾ ਪ੍ਰਸੰਗ ਲਿਖਿਆ ਹੈ। ਪਹਿਲੇ ਦਾ ਨਾਮ ਰਾਜਾ ਰਾਮ ਜੋ ਸਤਿਗੁਰਾਂ ਦਾ ਸੇਵਾਦਾਰ ਸੀ ਤੇ ਦੂਜਾ ਸਤਿਗੁਰਾਂ ਦੇ ਜਵਾਈ ਦਾ ਸੇਵਕ ਇਕ ਜੱਟਾਂ ਦਾ ਮੁੰਡਾ ਲਿਖਿਆ ਹੈ। (ਦੇਖੋ ਸਿਖ ਰੈਫ੍ਰੰਸ ਲਾਇਬ੍ਰੇਰੀ ਅੰਮ੍ਰਿਤਸਰ ਫ਼ਾਰਸੀ ਹੱਥ-ਲਿਖਤ ਪ੍ਰਤੀ ਨੰ: ੬੪੬/੧੧੨, ਸਫ਼ਾ ੮੩)

ਕਰ ਕਪਾਲ ਕਿਰਿਆ ਪੁਨ ਚਲੇ।
ਹਿਤ ਇਸ਼ਨਾਨ ਤੋਰ ਤ੍ਰਿਨ* ਭਲੇ।

*ਕਪਾਲ ਕ੍ਰਿਆ ਕਰਨੀ ਅਤੇ ਕੱਖ ਤੋੜਨੇ ਆਦਿ ਦਾ ਗੁਰਮਤਿ ਰਹੁ-ਰੀਤ ਨਾਲ ਕੋਈ ਸੰਬੰਧ ਨਹੀਂ, ਸਗੋਂ ਮਨਮਤ ਹੈ। ਕੋਈ ਵੀ ਪੂਰਨ ਗੁਰਸਿਖ ਐਸਾ ਨਹੀਂ ਕਰਦਾ, ਫਿਰ ਸਤਿਗੁਰਾਂ ਸਮੇਂ ਅਜਿਹਾ ਕਰਨਾ ਅਣਬਣ ਗੱਲ ਹੈ। ਅਜਿਹੇ ਕਥਨ ਮੰਨਣ ਯੋਗ ਨਹੀਂ ਹਨ।

ਰੋਦਨ ਕਰੈਂ ਸਿਖ ਗਨ ਭੂਰੈਂ[1]।
ਹੇ ਪ੍ਰਭੁ ਕੌਨ ਕਾਮਨਾ ਪੂਰੇ ॥ ੯੮ ॥
ਤਥਾ ਮਸੰਦ ਬੁਲੰਦ ਰੁਵੈਂ ਹੈਂ।
ਕੋ ਸਿਤਕਾਰ ਹਮਾਰ ਕਰੈ ਹੈ[1]।
ਦਾਸੀ ਦਾਸ ਦੇਸ ਪ੍ਰਵਾਰੂ।
ਰੋਇ ਕਹੈਂ ਕੋ ਹਮੈਂ ਸੰਭਾਰੂ ॥ ੯੯ ॥
ਜਨ ਕਰੁਨਾ ਰਸ ਡਾਰਜੋ ਡੇਰਾ।
ਗੁਰੁ ਬਜੋਗ ਤੈ ਕਸ਼ਟ ਬਧੇਰਾ।
ਭਾਨੇ ਸਾਹਿਬ ਸਬਿ ਸਮਝਾਏ।
ਗੁਰੁ ਜੀਵਤ ਸਦ ਅੰਗ ਸੰਗਾਏ ॥ ੧੦੦ ॥
ਸ਼ਰਧਾ ਧਰਿ ਸਿਮਰੈ ਜੋ ਜਹਾਂ।
ਪੁਰਵੈਂ ਗੁਰੁ ਸ਼ਰਧਾ ਤਿਹ ਤਹਾਂ।
ਸ਼ਕਤਿ ਬੁਲੰਦ ਜਗਤ ਜਿਨ ਕਾਦਰ[1]।
ਗੁਰੁ ਸਦ ਹੀ ਹੈਂ ਹਾਦਰ ਨਾਦਰ[1] ॥ ੧੦੧ ॥
ਔਰ ਲੋਗ ਜਗ ਕੇ ਹੈਂ ਜੈਸੇ।
ਸਤਿਗੁਰੁ ਕੋ ਨ ਲਖੋ ਤੁਮ ਤੈਸੇ।
ਤਾਂ ਤੇ ਸ਼ੋਕ ਕਰੋ ਨਹਿਂ ਕੋਊ।
ਸ੍ਰੀ ਗੁਰੁ ਸਦਾ ਸਹਾਯਕ ਹੋਊ ॥ ੧੦੨ ॥
ਪੁਨ ਹਰਿਰਾਇ ਗੁਰੂ ਸਮਰੱਥ।
ਹੈ ਸਿਰ ਪਰ ਤੁਮਰੇ ਜਿਨਿ ਹੱਥ।
ਲੋਕ ਪ੍ਰਲੋਕ ਅਰਥ[1] ਪ੍ਰਮਾਰਥ[2]।
ਪੁਰਵੈਂ[1] ਤੁਮਰੇ ਸਬੈ ਸ੍ਵਾਰਥ[2] ॥ ੧੦੩ ॥
ਇਮ ਸਭਿਹਨ ਕੋ ਧੀਰਜ ਦਯੋ।
ਕਰਿ ਇਸ਼ਨਾਨ ਪ੍ਰਸ਼ਾਦ ਬਰਤਯੋ ॥ ੧੦੪ ॥
ਦੋਹਰਾ:
*ਸੋਲਾਂ ਸਏ ਪਚਾਂਨਵੇ

ਚੇਤ ਸੁਦੀ ਥਿਤਿ ਪਾਂਚ[1]।

[1]ਬਹੁਤ ਜ਼ਿਆਦਾ।

[1]ਕਰੇਗਾ।

[1]ਜਿਨ੍ਹਾਂ ਨੇ ਜਗਤ ਨੂੰ {ਕਾਦਰ} ਪੈਦਾ ਕੀਤਾ ਹੈ।

[1]ਕੋਲ ਪ੍ਰਗਟ ਹਨ।

[1]ਮਾਇਆ ਦੀ ਇੱਛਾ। [2]ਮੁਕਤੀ ਦੀ ਇੱਛਾ।

[1]ਪੂਰੀਆਂ ਕਰਨਗੇ। [2]ਸਾਰੀਆਂ ਲੋੜਾਂ।

*ਕਵੀ ਜੀ ਨੇ ਆਪਣੀ ਲਿਖਤ ਤਵਾਰੀਖ਼ ਗੁਰੂ ਖ਼ਾਲਸਾ ਛਾਪਾ ਪੱਥਰ ਦੇ ਪੰਨਾ ੩੪੯ ਉੱਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਦਾ ਸੰਮਤ ਇਉਂ ਲਿਖਿਆ ਹੈ: 'ਚੇਤ ਸੁਦੀ ੫ ਸ਼ੁਕਰਵਾਰ ਨੌ ਘੜੀ ਰਾਤ ਗਈ ਸੰਮਤ ੧੭੦੧ ਨੂੰ ਕੀਰਤਪੁਰ ਵਿੱਚ ਜੋਤੀ ਜੋਤਿ ਸਮਾਏ।

[1]ਸੰ: ੧੬੯੫ ਬਿ: ਮਹੀਨਾ ਚੇਤ ਦੀ ਚਾਨਣੇ ਪੱਖ ਦੀ ਪੰਜਵੀਂ

ਥਿਤ ਸੀ।

ਹਰਗੁਬਿੰਦ ਗੁਰ ਤਨ ਤਜਜੋ,
ਸਿੱਧ ਜੋਗਿਨ ਸਮ ਸਾਚ ॥ ੧੦੫ ॥
ਲੌਕਕ ਬੈਦਕ ਰੀਤਿ ਸਬਿ,
ਕਰੇ ਜੱਗਜ ਬਡ ਦਾਂਨ।
ਸ੍ਰੀ ਸਪਤਮ ਗੁਰੁ ਗੁਰੁ ਭਏ,
ਪੁਨ ਕਾਯਮ ਉਨਿ ਥਾਂਨ[1] ॥ ੧੦੬ ॥

[1]ਉਨ੍ਹਾਂ ਦੇ ਥਾਂ (ਗੁਰਤਾ-ਗੱਦੀ) 'ਤੇ ਬੈਠ ਗਏ।

ਹਰਿਗੁਬਿੰਦ ਪੂਰਨ ਗੁਰੂ,
ਕੀ ਪੂਰਨ ਕਹਿ ਗਾਥ।
ਪੂਰਨ ਭਯੋ ਧਜਾਇ ਯਹਿ,
ਟੇਕ ਸਪੂਰਨ ਮਾਥ[1] ॥ ੧੦੭ ॥

[1]ਪੂਰਾ ਮੱਥਾ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਖਸਟਮ ਗੁਰੁ ਕਾ ਜੋਤੀ ਜੋਤਿ ਸਮਾਵਨ' ਪ੍ਰਸੰਗ ਬਰਨਨੰ ਨਾਮ ਅਠਾਈਸਮੋਂ ਬਿਸ੍ਰਾਮ ॥ ੨੮ ॥

੨੯. {ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਕਥਾ- ਆਰੰਭ}

ਦੋਹਰਾ:

ਗੁਰੁ ਅਰਜਨ ਅਰਜਨ ਤਰੂ,
ਅਰਜਨ ਜਸ ਵਿਸਤਾਰ[1]।

[1]ਸ੍ਰੀ ਗੁਰੂ ਅਰਜਨ ਦੇਵ ਜੀ (ਅਰਜਨ ਤਰੂ) ਕਲਪ ਬ੍ਰਿੱਛ (ਵਾਂਗ ਕਾਮਨਾ ਪੂਰੀਆਂ ਕਰਨ ਵਾਲੇ ਹਨ ਉਨ੍ਹਾਂ ਦਾ) (ਅਰਜਨ) ਉੱਜਲ ਜਸ ਫੈਲ ਰਿਹਾ ਹੈ।

ਅਰਜਨ ਬਾਨੀ ਗ੍ਰੰਥ ਕਿਯ,
ਪੋਤ ਹੇਤ ਭਵ ਪਾਰ[1] ॥੧॥

[1]ਸੰਸਾਰ ਸਮੁੰਦਰ ਤੋਂ ਪਾਰ ਕਰਨ ਲਈ (ਪੋਤ) ਜਹਾਜ਼ ਰੂਪ ਅਤੇ ਅਰਜਨ ਦੇ ਬਾਣਾਂ (ਵਰਗੀ ਅਮੋਘ) ਬਾਣੀ ਦਾ ਗ੍ਰੰਥ ਸਾਹਿਬ ਉਚਾਰਨ ਕੀਤਾ ਹੈ।

ਸ੍ਵੈਯਾ:

ਸੁਖਕੰਦ ਮੁਕੰਦ ਅਦੁੰਦ ਗੁਰੂ,
ਤੁਵ ਪਾਦਰੁਬਿੰਦ ਮਲਿੰਦ ਰਹੌਂ[1]।

[1]ਸੁਖਾਂ ਦੇ ਬੱਦਲ, ਮੁਕਤੀ ਦਾਤੇ, ਦੁੰਦ (ਦੋ ਵਿਰੋਧੀ ਭਾਵਾਂ) ਤੋਂ ਰਹਿਤ, ਹੇ ਸਤਿਗੁਰੂ ਜੀ ! (ਕਿਰਪਾ ਕਰੋ ਕਿ ਮੈਂ) ਤੁਹਾਡੇ ਚਰਨਾਂ ਕੰਵਲਾਂ ਦਾ ਭੌਰਾ (ਬਣਿਆ) ਰਹਾਂ।

ਨਹਿ ਚਾਹਤ ਔਰ ਗਜਾਨ ਹਰੀ,
ਗੁਨ ਰਾਵਰ ਕੇ ਨਿਸ ਦਜੋਸ ਕਹੌਂ।
ਬਿਘਨਾ ਤਮ ਰੈਨ ਕੁਹੂ ਹਿਤ ਸੂਰ,
ਤੁਮੈਂ ਨਭ ਮੋਂ ਉਰਿ ਵਾਸ ਲਹੌਂ[1]।

[1]ਬਿਘਨਾ ਰੂਪ (ਕੁਹੂ) ਮੱਸਿਆ ਦੀ ਅਨ੍ਹੇਰੀਰਾਤ ਨੂੰ (ਦੂਰ ਕਰਨ) ਵਾਸਤੇ (ਆਪਣੇ) ਹਿਰਦੇ ਦੇ ਅਕਾਸ਼ ਵਿੱਚ ਤੁਹਾਡਾ ਸੂਰਜ (ਵਾਂਗ) ਵਾਸ ਲਵਾਂ।

ਮਨ ਕੇ ਗਨ ਮੰਦ ਮਨੋਰਥ ਜੇ,
ਉਡਗੱਨ ਨਿਸਾਚਰ ਬ੍ਰਿੰਦ ਦਹੌਂ[1] ॥੨॥

[1]ਬਹੁਤੇ ਤਾਰਿਆਂ ਤੇ ਉੱਲੂਆਂ (ਵਰਗੇ) ਮਨ ਦੇ ਜੇਹੜੇ ਬਹੁਤੇ ਮਾੜੇ ਸੰਕਲਪ ਹਨ (ਉਨ੍ਹਾਂ) ਸਾਰਿਆਂ ਨੂੰ ਸਾੜ ਦਿਆਂ।

ਗੁਰੁ ਸੱਤਮ ਕੀ ਸੁਨ ਲੇਹੁ ਕਥਾ,
ਨਰ ਸੱਤਮ[1] ਕਾਂਨ ਲਗਾਇ ਮਨੈ।

[1]ਹੇ ਸ੍ਰੇਸ਼ਟ ਪੁਰਸ਼ੋ।

ਸ਼ਰਧਾ ਭਗਤੀ ਬਿਸਵਾਸ ਯੁਤੈ,
ਸੁਨਿ ਕੈ ਗੁਨਿ ਕੈ ਧਰਿ ਹੈਂ ਜੁ ਮਨੈ।
ਤਿਨ ਕੋ ਸੁਤ ਦਾ ਬਿਤ ਦਾ ਹਿਤ ਦਾ,
ਚਿਤ ਦਾ ਕਿਤ ਦਾ ਨਿਤ ਦਾਇ ਘਨੈ[1]।

[1](ਇਹ ਕਥਾ) ਉਨ੍ਹਾਂ ਨੂੰ ਪੁੱਤਰ, ਧਨ, ਪ੍ਰੇਮ, ਚਿੰਤਨ (ਸਿਮਰਨ) ਤੇ ਕੀਰਤੀ (ਜਸ) ਨੂੰ ਹਮੇਸ਼ਾਂ ਬਹੁਤਾ ਦੇਣ ਵਾਲੀ ਹੈ।

ਫਲ ਚਾਰ ਉਦਾਰ ਦਤਾਰ ਵਿਚਾਰ,

ਸੁ ਧਾਰ ਲਹੈਂ ਹਰਿ ਗਜ਼ਾਨ ਭਨੈ[1] ॥ ੩ ॥

[1]ਗਿਆਨ ਸਿੰਘ ਕਹਿੰਦਾ ਹੈ ਕਿ ਸ੍ਰੇਸ਼ਟ ਚਾਰ ਫਲਾਂ ਦੇ ਦਾਤੇ (ਵਾਹਿਗੁਰੂ ਜੀ) ਨੂੰ (ਇਸ ਕਥਾ ਦੀ) ਸ੍ਰੇਸ਼ਟ ਵੀਚਾਰ ਦੁਆਰਾ (ਉਹ ਹਿਰਦੇ ਵਿਚ) ਧਾਰਨ ਕਰ ਲਈਦਾ ਹੈ।

ਮਾਘ ਸੁਦੀ ਰਵਿਵਾਰ ਤ੍ਰਯੋਦਸ,
ਸੰਮਤ ਖੋੜਸ ਸੈ ਜੁ ਸਤਾਸੀ[1]।

[1]ਮਾਘ ਸੁਦੀ ੧੩, ਦਿਨ ਐਤਵਾਰ, ਸੰਮਤ ੧੬੮੭ ਬਿ:।

ਧਰ[1] ਭਾਰ ਉਤਾਰਨ ਹੇਤ ਲਯੋ,
ਅਵਤਾਰ ਹਰੀ ਹਰਿਰਾਇ ਅਨਾਸੀ[1]।

[1]ਧਰਤੀ ਦਾ।
[1]ਨਾਸ ਤੋਂ ਰਹਿਤ ਹਰੀ (ਵਾਹਿਗੁਰੂ ਜੀ) ਨੇ।

ਬਹੁ ਕੀਨ ਚਰਿੱਤ੍ਰ ਪਵਿੱਤ੍ਰ ਬਚਿੱਤ੍ਰ[1],
ਦਏ ਬਰ ਰੰਕ ਕਰੇ ਨ੍ਰਿਪ ਰਾਸੀ[1]।

[1]ਅਨੋਖੇ, ਅਸਚਰਜ।
[1]ਵਰ ਦੇ ਕੇ ਬਹੁਤੇ ਕੰਗਾਲ ਰਾਜੇ ਕਰ ਦਿੱਤੇ।

ਇਹੁ ਭੀਮ ਭਵਾਂਬੁਧ[1] ਪਾਰ ਕਰੇ ਜਨ,
ਕੋਟਿਨ ਕੋਟਿ ਅਤੋਟ ਜਗਜ਼ਾਸੀ[1] ॥ ੪ ॥

[1]ਭਿਆਨਕ ਸੰਸਾਰ ਸਮੁੰਦਰ।
[1]ਵਾਹਿਗੁਰੂ ਜੀ ਨੂੰ ਜਾਨਣ ਦੀ ਇੱਛਾ ਵਾਲੇ।

ਲਰਕਾਪਨ ਮੈਂ ਜਪ ਤਾਪਨ ਮੈਂ ਲਗਿ,
ਆਪਨ ਪੌ ਦਿਢ ਕੀਨ ਸਹੀ[1]।

[1]ਆਪਣੇ ਆਪ ਸਰੂਪ ਨੂੰ ਪੱਕੀ ਤਰ੍ਹਾਂ ਪ੍ਰਤੱਖ ਕਰ ਲਿਆ।

ਗੁਰੁ ਦੇਵ ਪਿਤਾਮਹਿ[1] ਕੀ ਕਰਿ ਸੇਵ,
ਅਤੀ ਬਧਵੀ[1] ਪਦਵੀ ਸੁ ਲਹੀ।

[1]ਦਾਦੇ ਦੀ।
[1]ਵੱਡੀ।

ਸਬਿ ਰੀਤਿ ਪੁਨੀਤ ਪ੍ਰਤੀਤਿ ਸੁ ਨੀਤਿ,
ਪੁਰਾ ਗੁਰੂਆਂਨ ਸਮਾਨ ਗਹੀ[1]।

[1]ਸਾਰੀ ਪਵਿੱਤ੍ਰ ਰੀਤੀ, ਨਿਸਚਾ, ਚੰਗੀ ਨੀਤੀ ਪਹਿਲੇ ਗੁਰਾਂ ਵਾਂਗ ਗ੍ਰਹਿਣ ਕੀਤੀ।

ਅਸਲੋਂ[1] ਇਕ ਜੋਤ ਰੁ ਜਾਤਿ ਵਹੀ,
ਬਦਲੀ ਇਕ ਦੇਹ ਪੁਸ਼ਾਕ ਯਹੀ[1] ॥ ੫ ॥

[1]ਅਸਲ ਵਿੱਚ।
[1]ਇਹ ਦੇਹ ਰੂਪ ਪੁਸ਼ਾਕ।

ਸ਼ਕਤੀ ਭਗਤੀ ਜਗਤੀ ਭਰ ਪੂਜ,
ਗਿਆਤ ਸੁਹਾਤ ਬਖਜਾਤ ਵਹੀ[1]।

[1]ਉਹੀ (ਪਹਿਲਿਆਂ ਸਤਿਗੁਰਾਂ ਵਾਲੀ) ਸ਼ਕਤੀ, ਭਗਤੀ ਅਤੇ ਜਗਤ ਭਰ ਦੀ ਪੂਜਾ ਤੇ ਗਿਆਤ (ਗਿਆਨ ਸ਼ਕਤੀ) ਪ੍ਰਗਟ ਹੀ ਸੋਭ ਰਹੀ ਹੈ।

ਭਟ ਭੀਰ ਚਮੂੰ ਢਿਗ ਆਯੁਧ ਜਦੱਪਿ,
ਨਾਹਿ ਕਭੀ ਪਰ ਰਾਰ ਚਹੀ[1]।

[1]ਲੜਾਈ ਦੀ ਇੱਛਾ ਨਹੀਂ ਕੀਤੀ।

ਸਬਿ ਕੇ ਕਰ ਮਾਲ ਗਹਾਇ ਦਈ,
ਪਲ ਖਾਵਨ ਘਾਵਨ ਜੀਵ ਨਹੀ[1]।

[1]ਸਾਰਿਆਂ ਦੇ ਹੱਥਾਂ 'ਚ ਮਾਲਾਂ ਫੜਾ ਦਿੱਤੀਆਂ (ਅਤੇ ਕਿਹਾ ਕਿ) ਮਾਸ ਨਹੀਂ ਖਾਣਾ ਤੇ ਜੀਵ ਨਹੀਂ ਮਾਰਨੇ।

ਸਿਖ ਸੰਗਤ ਆਮਦਨੀ ਅਧਿਕੈ,
ਰਹਿਂ ਸ਼ਾਂਤਿ ਸਰੂਪ ਅਨੂਪ ਮਹੀ[1] ॥ ੬ ॥

[1]ਧਰਤੀ (ਵਾਂਗ)।

ਨਿਤ ਜਾਮ ਨਿਸਾ ਰਹਿਤੀ ਜਗ ਕੈ,
ਕਰਿ ਸੌਚ ਇਸ਼ਨਾਨ ਬਿਧਾਂਨ ਵਰੈਂ[1]।

[1]ਨਿੱਤ ਇਕ ਪਹਿਰਰਾਤ ਰਹਿੰਦੀ ਤੋਂ ਜਾਗ ਕੇ ਸੌਚ (ਮੈਦਾਨ ਜਾਣ ਤੋਂ ਮਗਰੋਂ ਦੀ ਪਵਿੱਤ੍ਰਤਾ) ਕਰ ਕੇ (ਬਿਧਾਨ) ਨੇਮ ਨਾਲ (ਵਰੈਂ) ਸ੍ਰੇਸ਼ਟ ਇਸ਼ਨਾਨ ਕਰਦੇ ਹਨ।

ਪਦਮਾਸਨ ਸਾਧ ਕੁਸਾਸਨ ਪੈ,
ਨਿਰਵਾਸਨ ਹੋਇ ਸਮਾਧਿ ਧਰੈਂ[1]।

[1]ਘਾਹ ਦੇ ਆਸਣ ਤੇ ਪਦਮਾਸਨ ਲਾ ਕੇ ਵਾਸ਼ਨਾ ਤੋਂ ਰਹਿਤ ਹੋ ਕੇ ਸਮਾਧੀ ਲਾਉਂਦੇ ਹਨ।

ਨਿਜ ਰੂਪ ਪ੍ਰਮਾਤਮ ਆਤਮ ਮੈਂ,
ਮਨ ਕੋ ਲਿਵ ਲੀਨ ਬਿਲੀਨ ਕਰੈਂ[1]।

[1]ਲਿਵ ਲਾ ਕੇ ਚੰਗੀ ਤਰ੍ਹਾਂ ਲੀਨ ਕਰਦੇ ਹਨ।

ਪਰਮਾਨੰਦ ਕੋ ਰਸ ਲੇਤ ਭਲੇ,
ਤਨ ਕੋ ਫਲ ਜੋ ਗਨ ਗ੍ਰੰਥ ਰਰੈਂ[1] ॥ ੭ ॥

[1]ਸ਼ਰੀਰ ਧਾਰਨ ਦਾ ਜੋ ਫਲ ਬਹੁਤੇ ਗ੍ਰੰਥ ਕਹਿੰਦੇ ਹਨ।

ਇਤ ਗਾਇਕ[1] ਆਇ ਕਰੈਂ ਭਜਨਾਯਨ[2],

[1]ਰਾਗੀ। [2]ਭਜਨ ਦੇ ਘਰ (ਸਾਧ ਸੰਗਤ ਵਿੱਚ ਆ ਕੇ ਕੀਰਤਨ)।

ਲਾਯਨ ਵਾਰ[1] ਸੁਨਾਯਨ ਸਿੱਖੈਂ।

[1]ਆਸਾ ਦੀ ਵਾਰ।

ਬਹੁ ਬਾਜਤ ਬਾਦ[1] ਮ੍ਰਿਦੰਗ ਉਪੰਗ[2],
ਰਬਾਬ ਸਰੰਦਨ ਕੀ ਧੁਨਿ ਤਿਖੈਂ।

[1]ਵਾਜੇ (ਸਾਜ) ਵਜਦੇ ਹਨ। [2]ਨਸਤ੍ਰੰ ਨਾਮ ਦਾ ਵਾਜਾ।

ਗਨ ਨੌਬਤ ਦ੍ਵਾਰ ਝਰੈਂ[1] ਸਦ ਹੀ,
ਸੁਰ ਸੰਗ ਨਫਰੀਨ[1] ਮੇਲ ਵਰਿਖੈਂ[2]।

[1]ਵਜਦੀਆਂ ਹਨ।

[1]ਸ਼ਹਿਨਾਈ, ਫੂਕ ਨਾਲ ਵਜਾਉਣ ਵਾਲਾ ਇਕ ਵਾਜਾ। [2]ਬਹੁਤ ਚੰਗੀ ਤਰ੍ਹਾਂ।

ਸੁਨਿ ਜੋ ਸਬਿ ਕੋ ਅਤਿ ਪ੍ਰੇਯ[1] ਲਗੈ,

[1]ਪਿਆਰਾ।

ਉਰਿ ਪ੍ਰੇਮ ਜਗੈ ਸਿੱਖ ਹ੍ਵੈ ਬ੍ਰਹਮ ਪਿਖੈਂ[1] ॥ ੮ ॥

[1]ਸਿੱਖ ਹੋ ਕੇ ਬ੍ਰਹਮ ਨੂੰ ਵੇਖ ਲੈਂਦੇ ਹਨ।

ਗੁਰੁ ਹੋਤ ਪ੍ਰਭਾਤ ਸਮਾਧਿ ਤਜੈਂ,
ਸੁਚ ਨੀਕ ਉਸਨੀਕ[1] ਸਜੈਂ ਮੁਦ ਦਾਏ।

[1]ਪਵਿੱਤ੍ਰ ਤੇ ਚੰਗੀ ਦਸਤਾਰ।

ਸਭਿ ਅੰਗਿ ਅਦੂਖਨ[1] ਭੂਖਨ ਧਾਰ,
ਪੁਸ਼ਾਕ ਸੁ ਪਾਕ ਸੁਗੰਧਿ ਲਗਾਏ।

[1]ਦੋਸ਼ਾਂ ਤੋਂ ਰਹਿਤ ਅੰਗਾਂ ਵਿੱਚ।

ਸ੍ਰੁਤ ਕੁੰਡਲ* ਲੋਲ ਅਮੋਲ ਕਪੋਲਨ,

*ਦੇਖੋ ਬਿਸ੍ਰਾਮ ੨੯ ਦੇ ਅੰਕ ੨੪ ਦੇ * ਨਿਸ਼ਾਨ ਦੀ ਪੈਰ ਟਿੱਪਣੀ।

ਪੈ ਲਰਕੈਂ ਸਬਜੇ ਝਲਕਾਏ[1]।

[1]ਜਦੋਂ ਕੰਨਾਂ ਵਿੱਚ (ਪਾਏ ਹੋਏ) ਅਮੋਲਕ ਤੇ ਸੁੰਦਰ ਕੁੰਡਲ ਗਲ੍ਹਾਂ ਉਪਰ ਹਿਲਦੇ ਹਨ ਤਾਂ ਸਬਜ਼ੇ (ਹਰੇਰੰਗ ਦੇਰਤਨ) ਚਮਕਦੇ ਹਨ।

ਸਸਿ ਪੈ ਜੁਗ ਓਰ ਉਭੈ ਰਵਿ ਮਾਨਹੁ,
ਪਾਨ ਅਮੀਂ ਹਿਤ ਹੈਂ ਠਹਿਰਾਏ[1] ॥ ੯ ॥

[1]ਜਾਣੋ ਚੰਦ ਦੇ ਉਪਰ ਦੋਹੀਂ ਪਾਸੀਂ ਦੋ ਸੂਰਜ ਅੰਮ੍ਰਿਤ ਪੀਣ ਲਈ ਠਹਿਰੇ ਹੋਏ ਹਨ।

ਕਲਗੀ ਸਿਰਪੇਚ ਜਿਗਾ ਜਬਰੈਂ,
ਸੁ ਜਰਾਵ ਜਵਾਹਰ ਜੋਤਿ ਦਿਪਾਏ[1]।

[1]ਦਸਤਾਰ ਉਪਰ (ਸਜਾਈ ਹੋਈ) ਕਲਗੀ ਤੇ ਜਿਗ੍ਹਾ ਵਿੱਚ ਜੜੇ ਹੋਏ ਜ਼ਬਰਦਸਤ ਜਵਾਹਰਾਤਾਂ ਦੀ ਜੋਤ ਚਮਕ ਰਹੀ ਹੈ।

ਮੁਕਤਾ ਗਜ ਮਾਲ ਬਿਸਾਲ ਵਿਡੂਰਯ
ਭਾਂਤਿ ਅਨੇਕਨ ਨੂਰ ਲਸਾਏ[1]।

[1]ਹਾਥੀਆਂ ਦੇ ਮੋਤੀਆਂ ਦੀ ਲੰਬੀ ਮਾਲਾ ਵਿੱਚ ਅਨੇਕ ਤਰ੍ਹਾਂ ਦੀਆਂ (ਵਿਡੂਰਯ) ਮਣੀਆਂ ਦਾ ਪ੍ਰਕਾਸ਼ ਚਮਕ ਰਿਹਾ ਹੈ।

ਊਰਧ ਪੁੰਡਰ[1] ਸੇਲੀ ਗਰੈਂ[2],

[1]ਵੈਸ਼ਨਵਾਂ ਦਾ ਖੜਾ ਤਿਲਕ ਜੋ (ਪੁੰਡਰ) ਗੰਨੇ ਦੀਆਂ ਤਿੰਨ ਖੜੀਆਂ ਪੋਰੀਆਂ ਦੀ ਸ਼ਕਲ ਦਾ ਹੁੰਦਾ ਹੈ। [2]ਗਲ ਵਿੱਚ ਸੇਲੀ ਹੈ। (ਸੇਲੀ–ਕਾਲੀ ਉੱਨ ਜਾਂਰੇਸ਼ਮ ਦੀ ਗੁੰਦੀ ਹੋਈਰੱਸੀ ਜਿਸ ਨੂੰ ਫਕੀਰ ਸਿਰ ਉਪਰ ਪੱਗ ਜਾਂ ਟੋਪੀ ਦੇ ਉਪਰ ਦੀ ਬੰਨ੍ਹਦੇ ਹਨ ਜਾਂ ਜਨੇਊ ਵਾਂਗ ਗਲ ਵਿੱਚ ਪਹਿਨ ਲੈਂਦੇ ਹਨ।

ਸੁ ਕਪੂਰਨ ਮਾਲ ਕਰੈਂ[1] ਜੁ ਫਿਰਾਏ।

[1]ਹੱਥ ਵਿੱਚ।

ਕੰਧ ਕੁਵੰਡ ਕਠੋਰ[1] ਅਸੀ ਗਰ[2],

[1]ਮੋਢੇ ਤੇ ਕਰੜਾ ਧਨੁਸ਼। [2]ਗਲ ਵਿੱਚ ਤਲਵਾਰ।

ਖੰਜਰ ਮੰਜ[1] ਸੁ ਪੇਟੀ ਸੁਹਾਏ ॥ ੧੦ ॥

[1]ਉੱਜਲ।

ਪੁਰ ਅੰਤਹਿ ਤੈ[1] ਗੁਰੁ ਆਵਤ ਜੌ,

[1]ਮਹਿਲਾਂ ਤੋਂ।

ਤੁਰਿ ਅੱਗਰ ਕੰਚਨ ਦੰਡਨ ਵਾਰੇ[1]।

[1]ਸੋਨੇ ਦੀਆਂ ਚੋਬਾਂ ਵਾਲੇ (ਚੋਬਦਾਰ) ਅੱਗੇ ਤੁਰਦੇ ਹਨ।

ਬਾਦ[1] ਬਜੈਂ ਬਹੁ ਮੰਗਲ ਮੈ,
ਜਸ ਭਾਟ ਨਕੀਬ[1] ਅਜੀਬ ਉਚਾਰੇ।

[1]ਵਾਜੇ।

[1]ਰਾਜਿਆਂ ਦੇ ਅੱਗੇ ਅੱਗੇ ਬੋਲਣ ਵਾਲੇ।

ਹੇਤ ਦਿਦਾਰ ਅਪਾਰ ਥਿਰੇ,
ਨਰ ਨਾਰਿ ਖਰੇ ਤਕਹੀਂ ਗੁਰੁ ਦ੍ਵਾਰੇ[1]।

[1]ਗੁਰਾਂ ਦੀ ਤਰਫ਼।

ਸਸਿ ਈਦ[1] ਗੁਰੈਂ ਪਿਖਹੀਂ ਝੁਕਹੀਂ,
ਕਿਤ ਕੋ ਕਰਵੈਂ ਲਖਹੀਂ[1] ਸਿਖ ਭਾਰੇ ॥ ੧੧ ॥

[1]ਈਦ ਦੇ ਚੰਦ (ਵਾਂਗ)।

[1]ਚਕਵੇ (ਵਾਂਗ) ਸੂਰਜ ਹੀ ਜਾਣਦੇ ਹਨ।

ਕਲਯੋਂਤ[1] ਸਿੰਘਾਸਨ ਨੀਲਮ ਹੀਰ,
ਮਨੀਨ ਖਚਜੋ ਸਮ ਸੂਰ ਦਿਪੈ ਹੈ[1]।

[1]ਸੋਨੇ ਦਾ।

[1]ਸੂਰਜ ਵਾਂਗ ਚਮਕਦਾ ਹੈ।

ਤਾਂ ਪਰ ਆਂਨ ਦਿਵਾਂਨ ਵਿਖੈ,
ਥਿਰਹੀਂ ਗੁਰੁ ਇੰਦਰ ਸੀ ਛਬਿ ਛੈਹੈ[1]।

[1]ਸੋਭਾ ਹੋ ਰਹੀ ਹੈ।

ਸੇਵਕ ਚੌਰ ਮੁਠਾ ਬਿਜਨਾ[1]

[1]ਪੱਖਾ।

ਕਰਹੀਂ, ਹਰਹੀਂ ਮਦ ਸ਼ਾਹਿਨ ਸ਼ੈਹੈਂ[1]।

[1]ਸ਼ਹਿਨਸ਼ਾਹਾਂ ਦਾ ਹੰਕਾਰ ਦੂਰ ਕਰਦੇ ਹਨ।

ਪੇਖਿ ਬਿਭੋ[1] ਮਰਯਾਦ ਸਭਾ ਗੁਰੁ
ਕੀ, ਸੁਰ ਕੀ ਧਰਮਾਂ ਭਿ ਲਜੈ ਹੈ[1] ॥ ੧੨ ॥

[1]ਬਿਭੂਤੀ, ਸਮੱਗ੍ਰੀ।

[1]ਦੇਵਤਿਆਂ ਦੀ ਸਭਾ ਵੀ ਸ਼ਰਮਿੰਦਾ ਹੋ ਰਹੀ ਹੈ।

ਜੋਤ ਉਦੋਤ ਅਕੋਤ ਦਿਪੈ ਮੁਖਿ,

ਖੋਤ ਪ੍ਰਭਾ ਮਦ ਬਾਲ ਰਵੈ ਹੈਂ[1]।

[1](ਗੁਰਾਂ ਦੇ) ਮੁਖ ਦੀ ਜੋਤ ਦਾ (ਅਕੋਤ) ਬੇਅੰਤ ਪ੍ਰਕਾਸ਼ ਚਮਕ ਰਿਹਾ ਹੈ (ਉਹ) ਸਵੇਰ ਦੇ ਸੂਰਜ ਦੀ ਸੋਭਾ ਦੇ ਹੰਕਾਰ ਨੂੰ (ਵੀ) ਨਾਸ ਕਰ ਰਿਹਾ ਹੈ।

ਦੋ ਕਰ ਜੋਰਿ ਖਰੀ ਰਹਿੰ ਅੱਗਰ,
ਸਿੱਧ ਦਸੋਂ-ਅਠ ਨਿੱਧਿ ਨਵੈ ਹੈਂ।
ਸਿੱਖ ਮਸੰਦ ਬੁਲੰਦ ਸੁਭੱਟ,
ਬ੍ਰਿੰਦ ਪਗੈਂ ਪਰਸੈਂ ਹਰਸੈ ਹੈਂ।
ਚੰਦ ਅਮੰਦ[1] ਗੁਰੂ ਮੁਖਿ ਓਰ,
ਚਕੋਰਨ ਜਜੋਂ ਸਭਿ ਹੀ ਦਰਸੈ ਹੈਂ ॥ ੧੩ ॥

[1]ਉੱਜਲ।

ਦੇਵਨ ਕੋ ਗੁਰੁ ਜਜੋਂ ਸੁਰ ਬ੍ਰਿੰਦ
ਵਿਖੈ, ਸਸਿ ਪੂਰਨ ਤਾਰਨ ਮਾਂਹੀ।
ਬਜਾਸ ਜਿਮੈਂ ਮੁਨਿ ਮੰਡਲ ਮੈਂ,
ਸੁਰ ਝੁੰਡਨ ਮਾਂਹਿ ਅਖੰਡਲ[1] ਆਹੀ।
ਸੂਰ ਜਿਵੈਂ ਨਵ ਹੀ ਗ੍ਰਹ ਮੈਂ,
ਰਤਨੋ ਮਧ ਚਿੰਤ ਮਨੀ ਵਰ ਚਾਹੀ[1]।
ਪਾਰਸ ਬਾਵਨ ਜਜੋਂ[1], ਤਿਮ ਸਿਖਨ
ਮੈਂ, ਹਰਿਰਾਇ ਗੁਰੂ ਛਬਿ ਛਾਂਹੀ[1] ॥ ੧੪ ॥

[1]ਇੰਦ੍ਰ।

[1]ਚੰਗੀ ਲਗਦੀ ਹੈ।

[1]ਜਿਵੇਂ (ਪੱਥਰਾਂ ਵਿੱਚ) ਪਾਰਸ (ਤੇ ਬ੍ਰਿੱਛਾਂ ਵਿੱਚ) ਚੰਦਨ।

[1]ਸੋਭਾ ਪਾਉਂਦੇ ਹਨ।

ਸੰਗਤਿ ਕੋ ਉਪਦੇਸ਼ਤ ਨੀਤ,
ਸਪ੍ਰੀਤਿ ਪ੍ਰਤੀਤਿ ਭਜੋ ਸਤਿਨਾਮੈਂ।
ਕਾਮ ਕ੍ਰੋਧ ਮਦਾਦਿ ਵਿਕਾਰ
ਤਜੋ, ਨ ਸਜੋ[1] ਕਬਹੂੰ ਬਦਕਾਮੈਂ।
ਨਾਹਿ ਚੁਰਾਵਨ ਕਾਂਹਿ ਕਰੋ ਕੁਛ,
ਨਿੰਦ ਬਿਬਾਦ ਬਿਖਾਦ ਹਰਾਮੈਂ[1]।
ਮਾਤ ਪਿਤਾ ਗੁਰਦੇਵਹਿ ਸੇਵ,
ਅਭੇਵ[1] ਕਰੋ ਭਗਤੀ ਸੁਖਧਾਮੈਂ ॥ ੧੫ ॥

[1]ਨ ਕਰੋ।

[1]ਝਗੜਾ ਕਰਨਾ ਅਤੇ ਕਿਸੇ ਦਾ ਦਿਲ ਤੋੜਨਾ ਹਰਾਮ ਸਮਝੋ।

[1]ਇਕਰਸ, ਲਗਾਤਾਰ।

ਮਾਨੁਖ ਦੇਹ ਦੁਲੰਭ ਅਹੇ,
ਵਿਸ਼ਿਆਨ ਵਿਖੇ ਇਸ ਕੋ ਨਹਿ ਹਾਰੋ।
ਕੂਰ ਪਦਾਰਥ ਸ੍ਵਾਰਥ[1] ਜੇ,
ਪ੍ਰਮਾਰਥ[1] ਹੀਨ ਨਿਰਾਰਥ ਧਾਰੋ।
ਪਾਂਇ ਪਰੋ ਸੁਭ ਸੰਤਨ ਕੇ,

[1]ਆਪਣੇ ਮਤਲਬ।

[1]ਆਤਮ ਵਿਦਿਆ।

ਸਦ-ਕਾਮ[1] ਕਰੋ ਨਿਸਕਾਮ ਅਪਾਰੋ।
[1]ਚੰਗਾ ਕੰਮ।

ਪਾਵਨ ਪੋਤ[1] ਗਹੋ ਸਤ-ਸੰਗਤਿ,
[1]ਪਵਿੱਤ੍ਰ ਜਹਾਜ਼।

ਆਪ ਤਰੋ ਪਿਤਰੈਂ ਨਿਜ ਤਾਰੋ ॥ ੧੬ ॥

ਯਾਵਤ[1] ਹੈ ਪ੍ਰਪੰਚ ਬਿਰੰਚ[2] ਰਚਜੋ,
[1]ਜਿਥੋਂ ਤੱਕ। [2]ਬ੍ਰਹਮਾ ਨੇ।

ਤਤ ਪੰਚਨ ਕੇਰ ਪਸਾਰੋ।

ਸੂਖਮ ਬੂਲ ਚਰਾਚਰ[1] ਕੋ,
[1](ਚਰ) ਤੁਰਨ ਫਿਰਨ ਵਾਲੇ ਜੀਵ ਤੇ (ਅਚਰ) ਇਕ ਥਾਂ ਖੜੇ ਰਹਿਣ ਵਾਲੇ ਜੀਵ।

ਨਿਜ ਆਤਮਰੂਪ ਅਨੂਪ ਨਿਹਾਰੋ।

ਆਤਮ ਸੱਤ ਅਸੱਤ ਅਨਾਤਮ[1],
[1]ਆਤਮਾ ਤੋਂ ਵੱਖਰਾ (ਸੰਸਾਰ)।

ਮੱਤ ਸੁਮੱਤਿ[1] ਇਹੈ ਦਿਢ ਧਾਰੋ।
[1]ਬੁੱਧੀ ਵਿੱਚ ਸਿੱਖਿਆ।

ਹੈ ਸਤਿ ਚਿੱਤ ਅਨੰਦ ਪ੍ਰਮਾਤਮ,
ਆਤਮ ਬ੍ਰਹਮ ਅਭੇਦ ਵਿਚਾਰੋ ॥ ੧੭ ॥

ਨਾਮ ਜਪੋ ਬ੍ਰਹਮ ਗਜਾਨ ਥਪੋ[1],
[1]ਧਾਰੋ।

ਭਗਤੀ ਹਰਿ ਕੀ ਗੁਰੁ ਕੀ ਦਿਢ ਪਾਰੋ।

ਕੰਚਨ ਭੂਖਨ ਜਜੋਂ[1] ਜਗ ਕੋ,
[1]ਸੋਨੇ ਦੇ ਗਹਿਣਿਆਂ ਵਾਂਗ।

ਪਰਮਾਤਮ ਰੂਪ ਅਨੂਪਮ ਧਾਰੋ।

ਜੀਵਨ ਕੋ ਨਹਿ ਥੀਵਨ[1] ਜਿਉਂ ਦੁਖ,
[1]ਨ ਹੋਣ।

ਤੈਸ ਅਜੀਵਨ ਕੈ ਨਿਜ ਪਾਰੋ[1]।
[1]ਉਸੇ ਤਰ੍ਹਾਂ ਦੇ (ਅਜੀਵਨ) ਰੁਜ਼ਗਾਰ ਨਾਲ ਆਪਣੇ ਆਪ ਦੀ ਪਾਲਣਾ ਕਰੋ।

ਤਾਂ ਮਧ ਤੈ ਦਸਵੰਧ ਗੁਰੂ ਹਿਤ,
ਦੇਤ ਰਹੋ ਤੁ ਗਹੋ ਸੁਖ ਸਾਰੋ ॥ ੧੮ ॥

ਵਾਹਿਗੁਰੂ ਹਰਿ ਵਾਹਿਗੁਰੂ,
ਨਿਤ ਸਾਸਹਿ ਸਾਸ ਜਪੋ ਮਨ ਲਾਈ।

ਲੋਕ ਪ੍ਰਲੋਕਨ ਕੋ ਜੁ ਵਿਸ਼ੇ ਸੁਖ,
ਯਾਂਹਿ ਲਖੋ ਨਿਸਚੈ ਦੁਖਦਾਈ।

ਹ੍ਵੈ ਨਿਰਵਾਸ[1] ਭਲੇ ਇਨ ਤੈ,
[1]ਵਾਸ਼ਨਾ ਰਹਿਤ।

ਚਿਤ ਕੀ ਬ੍ਰਿਤਿ ਅੰਤਰਿ ਲੇਹੁ ਟਿਕਾਈ।

ਗਜਾਨ ਗਹੋ ਨਿਸਚੈ ਭਗਤੀ,
ਵਰਤੋ ਨਿਰਵੇਦਹਿ[1] ਬੇਦ ਅਲਾਈ ॥ ੧੯ ॥
[1]ਵੈਰਾਗ ਵਿੱਚ।

ਸੀਖ ਹਮਾਰੀ ਭਲੇ ਸੁਨਿ ਕੈ,

ਮੁਨਿ ਕੈ[1] ਨਿਯਜਾਸਨ[2] ਜੋ ਸਿੱਖ ਕੈ ਹੈ[3]।
ਨੇਮ ਸਪ੍ਰੇਮ ਕਰੈ ਸਤ ਸੰਗਤਿ,
ਰੰਗਤ ਮੈ[1] ਮਨ ਕੋ ਰੰਗ ਲੈ ਹੈ।
ਤਾਂਹਿ ਸਖਜਾਤ ਭਵੈ[1] ਬ੍ਰਹਮ ਗਜਾਨ,
ਮਹਾਂਨ ਕਲਜਾਨ ਨਿਦਾਂਨ[1] ਸੁ ਪੈ ਹੈ।
ਜੀਵਨ ਭੋਗ ਸੁਖੈਨ, 'ਸੁਖੈ-ਪਦ-
ਅਚੁਤ'[1], ਅੰਤਹਿ ਜਾਇ ਸੁ ਲੈਹੈ ॥੨੦॥
ਐਸ ਗੁਰੂ ਨਿਤ ਬੈਸ ਸਿੰਘਾਸਨ,
ਦਾਸਨਿ ਰਾਸਿਨ[1] ਆਸ ਪੁਰੈ ਹੈਂ।
ਔ ਬਿਬਿਧਾ[1] ਬਿਵਹਾਰ ਸੁਧਾਰਨ
ਕਾਰਨ, ਬੈਨ ਉਚਾਰਨ ਕੈ ਹੈਂ।
ਸਿੱਖਨ ਕੋ ਪਰਖਾਰਥ[1] ਸ੍ਵਾਰਥ
ਔ ਪਰਮਾਰਥ ਨੀਕ ਦਿਢੈ ਹੈਂ।
ਦੈ ਸ੍ਰਕਟੈਂ[1] ਉਪਦੇਸ਼ ਹਮੇਸ਼,
ਬਸ਼ੇਸ਼ ਕਲੇਸ਼ ਅਸ਼ੇਸ਼[1] ਕਟੈ ਹੈਂ ॥੨੧॥

[1]ਮੰਨਣ ਕਰਕੇ। [2]ਪ੍ਰਪੱਕ। [3]ਕਰੇਗਾ।

[1](ਗਿਆਨ ਦੀ) ਰੰਗਣ ਵਿਚ।

[1]ਪ੍ਰਤੱਖ ਹੋ ਜਾਂਦਾ ਹੈ।

[1]ਅੰਤ ਨੂੰ।

[1]ਨਾਸ ਤੋਂ ਰਹਿਤ ਤੇ ਅਗਿੜ ਪਦਵੀ।

[1]ਸਾਰੀਆਂ।

[1]ਅਨੇਕ ਤਰ੍ਹਾਂ ਦੇ।

[1]ਉੱਦਮ।

[1]ਮਾਲਾ ਫੇਰਨ ਦਾ।

[1]ਸਾਰੇ।

ਕਬਿਤ:

ਬੈਨ ਗੁਰੁ ਐਨ ਧਾਰਿ ਸਿੱਖ ਸਬਿ ਹੀ ਉਦਾਰ,
ਅਰਪ ਅਪਾਰ ਭੇਟ ਚਾਰ ਫਲ ਪਾਇ ਹੈਂ।
ਏਤਨੈ ਮੈਂ ਸੂਪਕਾਰ[1] ਆਇ ਗੁਰੁ ਕੌ ਜੁਹਾਰ[2],
ਭਜੋ ਤਜਾਰ ਲੰਗਰ ਉਚਾਰ ਫਿਰ ਜਾਇ ਹੈਂ।
ਗੁਰੂ ਆਪ ਜਾਇ ਅਰਦਾਸ ਕਰਵਾਇ ਪੁਨ,
ਧੌਂਸ[1] ਬਜਵਾਇ ਗਰੀਬ ਗੁਰਬੈਂ ਦਿਵਾਇ ਹੈਂ।
ਪਾਛੇ ਆਛੇ ਪੰਗਤਿ ਲਵਾਇ ਸਿੱਖ ਸੁਭਟਨ,
ਮਸੰਦਨ ਸੰਗਾਇ ਪ੍ਰਸ਼ਾਦ ਆਪ ਪਾਇ ਹੈਂ
॥੨੨॥

[1]ਲਾਂਗਰੀ, ਰਸੋਈਆ। [2]ਨਮਸਕਾਰ (ਕਰਕੇ)।

[1]ਨਗਾਰਾ।

ਗੁਰੂ ਕਾ ਪ੍ਰਸ਼ਾਦ-ਸੀਤ[1] ਸਿੱਖ ਪਾਇ ਜਗ ਜੀਤ,
ਜਮ ਤੈ ਅਭੀਤ ਹੋਇ[1] ਨੀਤ ਸੁਖੁ ਪਾਇ ਲੈ[2]।
ਗੁਰੂ ਜਾਇ ਨਿਜ ਧਾਂਮ ਪਲੰਘ ਪੈ ਸੁਖਧਾਮ,
ਕਰਿ ਹੈਂ ਅਰਾਮ ਸਿਖ ਨਿਜ ਠਾਂਮ ਜਾਇ ਲੈ[1]।
ਢਰੇ ਦਿਨ ਫੇਰ ਗੁਰੁ ਸੌਚ ਇਸ਼ਨਾਨ ਕਰਿ,

[1]ਸੀਤ ਪ੍ਰਸ਼ਾਦ-ਛਕਣ ਤੋਂ ਬਚਿਆ ਪ੍ਰਸ਼ਾਦ।

[1]ਨਿਰਭੈ ਹੋ ਕੇ। [2]ਪਾ ਲੈਂਦੇ ਹਨ।

[1]ਆਪੋ ਆਪਣੇ ਥਾਵਾਂ ਤੇ ਜਾ ਕੇ।

ਆਯੁਧ ਪੁਸ਼ਾਕ ਧਰਿ ਭਟਨ ਸੰਗਾਇ ਲੈ।
ਬਜਵਾ ਨਗਾਰਨ ਸਧਾਰਨ ਸ੍ਵਾਰਨ ਲੈ[1],
ਝਾਰਨ ਪਹਾਰਨ ਮਝਾਰਨ ਅਵਾਇ ਲੈ[1] ॥੨੩॥
ਬਾਉਰੈ[1] ਸੁ ਲਗਵਾਇ ਜੀਵਨ ਗਹਾਇ ਲੇਤ[2],

[1]ਆਮ (ਸਾਰਿਆਂ) ਅਸਵਾਰਾਂ ਨੂੰ ਨਾਲ ਲੈ ਕੇ।
[1]ਖੁੱਲ੍ਹੇ ਫਿਰਦੇ ਹਨ।
[1]ਹਰਨਾਂ ਨੂੰ ਫਸਾਉਣ ਦੀਆਂ ਜਾਲੀਆਂ। [2]ਜਿਉਂਦਿਆਂ ਨੂੰ ਹੀ ਪਕੜ ਲੈਂਦੇ ਹਨ।

ਮਾਰਨੇ ਨ ਦੇਤ ਆਪ ਮਾਰਤ ਨ ਕਾਂਹਿ ਹੈਂ।
ਕੇਤਕ ਸੁਭੱਟ ਝੱਟ ਪੱਟ ਅਸ੍ਵ ਕੋ ਧਵਾਇ,
ਗਹਿਤ ਹਰਾਇ ਪਾਢੇ[1] ਮ੍ਰਿਗ ਬ੍ਰਿਕ[2] ਚਾਹਿ ਹੈਂ[3]।

[1]ਪਾੜ੍ਹੇ (ਪਾੜ੍ਹਾ–ਭੂਰੇਰੰਗ ਦਾ ਦੋ ਫੁੱਟ ਉੱਚਾ ਹਰਨ।) [2]ਬਘਿਆੜ। [3]ਸ਼ੌਕ ਨਾਲ।

ਕਰ ਪਰ ਬਾਜ ਧਾਰਿ ਹੋਇ ਬਾਜ ਪੈ[1] ਸਵਾਰ,
ਨਿਤ ਹੀ ਸ਼ਿਕਾਰ ਗੁਰੁ ਇਮ ਹੀ ਕਰਾਹਿ ਹੈਂ।
ਜੀਵਤ ਗਹਾਇ ਲਜਾਵੈਂ ਏਕ ਘੇਰ ਮੈਂ[1] ਰਖਾਵੈਂ,
ਕੋਊ ਨਾਂਹਿ ਕਾਂਹਿ ਘਾਵੈ[1] ਬੈਰ ਸੋ ਤਜਾਹਿ ਹੈਂ ॥੨੪॥

[1]ਘੋੜੇ ਉੱਪਰ।
[1]ਵਾੜੇ ਵਿੱਚ।
[1]ਮਾਰਦਾ।

ਬਾਘ[1] ਬ੍ਰਿਕ ਮ੍ਰਿਗ ਸਸੇ[2] ਰੀਛ ਰੋਜ ਪਾਢੇ ਬਸੇ[3],
ਕਕੜੈਲ[1] ਤੀਤਰਾਦਿ ਏਕ ਠਾਂ ਰਹੇਤ ਹੈਂ।
ਜਥਾ ਜੋਗ ਭੋਜਨ ਦਿਲਾਵੈਂ ਗੁਰੁ ਸਬਿ ਹੀ ਕੋ,
ਕੋਊ ਦਿਨ ਰਾਖ ਫੇਰ ਛੋਰ ਬਨ ਦੇਤ ਹੈਂ।
ਲੋਕ ਦੇਖ ਦੇਖਿ ਰੈਹੈਂ ਤੱਜਬ ਬਿਸੇਖ,
ਐ ਹੈ ਦੂਰੋਂ ਚਲਿ ਪੇਖਿ ਕੈ ਹੈਂ ਗੁਰੂ ਕਲਾ ਕੇਤੁ ਹੈਂ[1]।
ਸਾਂਝ ਸਮੇਂ ਕੀਰਤਨ ਰਹਿਰਾਸ ਅਰਦਾਸ
ਸੁਨਿ, ਗੁਰੁ ਜਾਂਹਿ ਘਰ ਤੌਰ ਇਸ ਨੇਤ[1] ਹੈਂ ॥੨੫॥

[1]ਸ਼ੇਰ। [2]ਸਹੇ। [3]ਬਾਜ਼ ਦੀ ਕਿਸਮ ਦੇ ਸ਼ਿਕਾਰੀ ਪੰਛੀ।
[1]ਪਹਾੜੀ ਹਰਨ।
[1]ਸ਼ਕਤੀ ਦੇ ਘਰ।
[1]ਨਿਤ ਇਸ ਤਰ੍ਹਾਂ।

ਐਸੇ ਹੀ ਬਿਹਾਰ ਗੁਰੁ ਘਰ ਕੋ ਅਪਾਰ ਨਿਤ,
ਚਲਤ ਸੁਖੈਨ ਐਨ ਬਿਬਿਧ ਪ੍ਰਕਾਰ ਸੋ।
ਸਿੱਖ ਏਕ ਐ ਹੈਂ ਏਕ ਜੈ ਹੈਂ ਬਡ ਭੀਰ ਰੈਹੈ,
ਭੇਟ ਬੇਸ਼ੁਮਾਰ ਦੈ ਹੈਂ ਪੈ ਹੈਂ ਫਲ ਚਾਰ ਸੋ।
ਭਾਈ ਭਾਨਾ ਨਿਜ ਸੁਤ ਸ੍ਰਵਣ ਕੋ ਸੌਂਪ ਗੁਰੈਂ,
ਜਾਇ ਨਿਜ ਘਰ ਗਯੋ ਸ੍ਵਰਗ ਸਿਧਾਰ ਸੋ।

ਮਾਤ ਮਰਵਾਹੀ ਭੀ ਇਨੋ ਹੀ ਦਿਨ ਮਾਹੀ,
ਸਚ ਖੰਡ ਨਿਜ ਪਤਿ ਪਾਹੀ ਗਈ ਹੀ ਪਧਾਰ ਸੋ[1]
॥੨੬॥

[1]ਉਹ ਆਪਣੇ ਪਤੀ (ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ) ਪਾਸ ਹੀ ਚਲੀ ਗਈ।

ਸ੍ਰੀ ਮਾਤ ਨਾਨਕੀ ਭੀ ਨਿਜ ਸੁਤ ਸਾਦਰ ਲੈ,
ਤੇਗ ਜੂ ਬਹਾਦਰ ਸਮੇਤ ਬਿੱਤ ਭੂਰ ਹੈ[1]।
ਨਿਜ ਪਤਿ ਹੂੰ ਕੇ ਸਤਿ ਬੈਨ ਐਨ ਧਾਰਿ ਉਰਿ,
ਜਾਇ ਕੇ ਬਕਾਲੇ ਗਾਂਮ ਬਸੀ ਕਿਤ ਦੂਰ ਹੈ।
ਗਿਰਦ ਨਿਵਾਹੀ[1] ਸਿੱਖ ਸੇਵ ਕਰੈਂ ਤਾਹੀਂ ਪਿਖਿ,
ਮਸਤ ਰਹਾਹੀ ਸੁਤ ਵਾਂਹੀ ਕਲਾ ਪੂਰ ਹੈ।
ਅਨੀਰਾਇ ਬ੍ਰਿਤਿ ਬ੍ਰਹਮ ਮੈਂ ਲਗਾਇ ਨਿਤ ਰਹੇ,
ਸੂਰਜ ਮੱਲ ਚਤਰ ਸਬੈ ਹੀ ਭਾਂਤਿ ਰੂਰ ਹੈ
॥੨੭॥

[1]ਬਹੁਤੇ ਧਨ ਸਣੇ।

[1]ਆਲੇ ਦੁਆਲੇ ਦੇ।

ਦਸਾਰਾਮ, ਲਾਲਚੰਦ, ਸ੍ਰਵਣ, ਦਸਾਲਾ, ਕਾਲਾ;
ਭਗਤੂ, ਜਗਤੂ, ਰੂਪਾ, ਹੀਰਾ, ਬੀਰਾ, ਬਹਿਲੋ।
ਇਤਸਾਦਿ ਸਿੱਖ ਖਾਸ ਰੈਹੈਂ ਨਿਤ ਗੁਰੂ ਪਾਸ,
ਕੰਮ ਕਾਰ ਕਰੈਂ ਰਾਸਿ[1] ਨਿਜ ਨਿਜ ਪਹਿਲੋ।
ਭਗਤੂ ਕਰਾਵੈ ਖੇਤੀ ਕਾਮਜੋਂ ਤੈ ਲਾਇ ਹੇਤੀ[1],
ਰੋਟੀ ਚੁਕਵਾਇ ਛੇਤੀ ਖ੍ਵਾਇ ਜਾਇ ਸਹਿਲੋ[1]।
ਏਕ ਦਿਨ ਕਾਮਜੋਂ ਨੇ ਚਹਜੋ ਘ੍ਰਿਤ ਕਹਜੋ ਇਮ,
ਰੁੱਖੀ ਰੋਟੀ ਖੈਹੈਂ ਤੋ ਕਮੈਹੈਂ ਹਮ ਕਹਿ ਲੋ[1]
॥੨੮॥

[1]ਸਾਰੇ।

[1]ਹਿਤ ਲਾ ਕੇ।

[1]ਸੁਖੱਲਿਆਂ ਹੀ।

[1]ਕਦੋਂ ਤੱਕ।

ਫੇਰੂ ਨਾਮ ਖੱਤ੍ਰੀ ਥਾ ਏਕ ਲੰਮੇ ਦੇਸ ਕੇਰੋ,
ਗੁਰੂ ਕੇ ਦਰਸ ਹਿਤ ਆਇ ਰਹਜੋ ਵਹਿੰਹੀ।
ਨੂਣ ਮ੍ਰਿਚ ਗੁੜੂ ਆਦਿ ਗਠੜੀ ਉਠਾਇ ਕੰਧਿ[1],
ਬੇਚੇ ਜਾਇ ਪਿੰਡਨ ਮੈਂ ਫੇਰੇ ਫਿਰ ਰਹਿਹੀ।
ਭਗਤੂ ਕਰਾਤ ਕਾਰ ਜਹਾਂ ਕੁਦਰਤ ਨਾਰ[1],
ਆਯੋ ਵਹਿ ਚਾਏ[1] ਭਾਰ ਜਾਤ ਮਗ ਤਹਿੰਹੀ।
ਘ੍ਰਿਤ ਹੁਤੋ ਕੁਪੀ ਮਾਹਿ ਸੌਦਾ ਬੇਚ ਲਜਾਯੋ ਵਾਹਿ,
ਭਗਤੂ ਜੀ ਤਾਂ ਤੇ ਚਾਹਿ[1] ਲੀਓ ਘ੍ਰਿਤ ਕਹਿੰਹੀ
॥੨੯॥

[1]ਮੋਢਿਆਂ ਤੇ ਚੁੱਕ ਕੇ।

[1]ਨਾਲ।

[1]ਚੁੱਕ ਕੇ।

[1]ਲੋੜ ਅਨੁਸਾਰ।

ਕਾਮਜਾਂ ਕੋ ਦੀਓ ਇਨੈ ਮਨ ਇਛ ਲੀਓ ਤਿਨੈ,
ਭਾਈ ਖੁਸ਼ ਥੀਓ[1] ਕਹਜੋ ਦਾਮ ਦੈਹੌਂ ਫੇਰ ਸੋ। [1]ਕਹਿ ਕੇ।
ਕੁੱਪੀ ਥੀ ਸੋ ਭਰੀ ਬੱਧ ਰਹਜੋ ਘ੍ਰਿਤ ਥੋਰੋ ਮੱਧ,
ਫੇਰੂ ਕਹਜੋ ਤੋਲ ਬੱਧ ਲੈ ਹੋ ਮੋਲ ਢੇਰ ਸੋ।
ਫਜ਼ਰੇ[1] ਨਿਹਾਰੀ ਜਬੈ ਤੋਲਬੇ ਕੀ ਧਾਰੀ ਮਨਿ, [1]ਸਵੇਰੇ।
ਭਰੀ ਪਰੀ ਪਾਈ ਕਰਾਮਾਤ ਬਡ ਹੇਰ ਸੋ।
ਗਯੋ ਭਾਈ ਪਾਸ ਗਹੇ ਪਾਇ ਕਹਜੋ ਤਾਸ,
ਲਾਜ ਗੁਰੂ ਹੀ ਰਖਤ ਖਾਸ[1] ਭਗਤਨ ਕੇਰ ਸੋ [1]ਆਪਣੇ।
॥ ੩੦ ॥
ਗੁਰੂ ਪਾਸ ਲਜਾਇ ਕੈ ਸੁਨਾਇ ਕੈ ਪ੍ਰਸੰਗ ਸਬਿ,
ਭਾਈ ਭਗਤੂ ਨੇ ਤਾਂ ਕੋ ਸਿਖ ਬਨਵਜੋ ਹੈ।
ਤਾਂ ਦਿਨ ਤੇ ਫੇਰੂ ਗੁਰੁ ਲੰਗਰ ਕੀ ਸੇਵ ਗਹੀ,
ਕੇਤਕ ਬਰਸ ਮਾਂਹਿ ਸਹੀ[1] ਸਿਖ ਭਜੋ ਹੈ। [1]ਪੂਰਾ।
ਗੁਰੂ ਹਰਿਰਾਇ ਮੋਦ ਪਾਇ ਤਾਂਹਿ ਦੀਨੋ ਵਰ,
ਲੰਗਰ ਅਟੋਟ ਪੰਥ ਤੇਰੋ ਚਲੇ ਕਹਜੋ ਹੈ।
ਤਾਂ ਪਰ ਮਸੰਦ ਕੈ ਕੈ[1] ਸਿਰੇਪਾਉ ਦੈ ਕੈ ਤਾਹਿੰ, [1]ਕਰਕੇ, ਬਣਾ ਕੇ।
ਲੰਮੇ[1] ਨੱਕੇ[2] ਦੇਸਨ ਕੀ ਕਾਰ ਪੈ ਪਠਜੋ ਹੈ[3] [1]ਲੰਮਾ-ਪਿਸ਼ਾਵਰ ਅਟਕ ਆਦਿ ਦੇ ਇਲਾਕੇ ਦਾ ਉੱਤ੍ਰ ਪੱਛਮੀ ਦੇਸ਼। (ਅ) ਰਾਵੀ ਤੇ ਬਿਆਸ ਦੇ ਵਿਚਕਾਰਲਾ ਦੇਸ਼। [2]ਨੱਕਾ-ਲਾਹੌਰ ਤੋਂ ਦੱਖਣ, ਰਾਵੀ ਤੇ ਸਤਲੁਜ ਦੇ ਵਿਚਕਾਰ ਦਾ ਦੇਸ਼। [3]ਦਸਵੰਧ ਲੈਣ ਲਈ ਭੇਜਿਆ।
॥ ੩੧ ॥
ਪ੍ਰਗਨੇ ਚੂਹਣੀ ਕੇ ਜਾਇ ਮੁਹਣੀ ਮੂਰਤਿ ਸਾਇ[1], [1]ਉਹ (ਭਾਈ ਫੇਰੂ ਜੀ)।
ਗਾਂਮ ਮੌੜ ਮੀਏਂ ਕੇ ਰਹਾਇ ਧਾਮ ਪਾਇ ਕੈ।
ਲੰਗਰ ਲਗਾਯੋ ਬਿਦਤਾਯੋ ਗੁਰੂ ਕੋ ਮਸੰਦ,
ਬਿਰਧਾਯੋ ਸਿੱਖੀ ਕੋ ਸ਼ੁ ਦੇਸ ਮੈਂ ਰਹਾਇ ਕੈ।
ਹਰ ਸਾਲ ਨਿਜ ਨਾਲ ਸੰਗਤਿ ਬਿਸਾਲ ਲਜਾਇ,
ਦਿਲਵਾਵੈ ਬਹੁ ਮਾਲ ਗੁਰੂ ਪਾਸ ਆਇ ਕੈ।
ਗੁਰੂ ਜਜੋਂ ਗੁਬਿੰਦ ਮ੍ਰਿਗਿੰਦ ਤੈ ਬੁਲਿੰਦ ਪਦ,
ਪਾਯੋ ਹੈ ਸਨੰਦ[1] ਸੋ ਸੁਨੈਹੌਂ ਤਹਿੰ ਜਾਇ ਕੈ [1]ਅਨੰਦ ਸਹਿਤ।
॥ ੩੨ ॥
ਅਬਿ ਔਰ ਸੁਨੋ ਗਾਥ ਹਿਤ ਸਾਥ ਗੁਰੂ ਕੇਰ,
ਸ਼ਾਹਿਜਹਾਂ ਸੰਗ ਜਜੋਂ ਨਿਸੰਗ ਮੇਲ ਹੈ ਭਯੋ।

ਬਡਾ ਪੂਤ ਦਾਰਾ ਤਾਂਹ ਹੁਤੋ ਅਤਿ ਪਿਆਰਾ ਵਾਂਹਿ,
ਵਾਲ ਸ਼ੇਰ ਮੂਛ ਕਾ ਨੌਰੰਗੇ ਖੁਲਵਾ ਦਯੋ।
ਭਯੋ ਸੁ ਬਿਮਾਰ ਰਹੇ ਬੈਦ ਬਲ ਲਾਇ ਹਾਰ,
ਦਿਨ ਦਿਨ ਭਾਰ ਸੋ ਲਚਾਰ[1] ਹੋਤ ਹੀ ਗਯੋ। [1]ਉਹ ਬਹੁਤਾ ਦੁਖੀ।
ਕਹਯੋ ਤੌ ਤਬੀਬਨ[1] ਜੇ ਹਰੜ ਨਸੀਬ ਹੋਇ[2] [1]ਹਕੀਮਾਂ ਨੇ। [2]ਪ੍ਰਾਪਤ ਹੋਵੇ।
ਬੀਸ ਤੋਲੇ, ਏਕ ਦਾਨਾ ਲੌਂਗ ਮਾਸੇ ਕੋ ਥਾਯੋ[1] [1]ਹੋਵੇ।
॥ ੩੩ ॥
ਸੁਨਿ ਕਰਿ ਬਾਦਸ਼ਾਹਿ ਕੀਨ ਸੋ ਤਲਾਸ਼[1] ਚਾਹਿ[2], [1]ਢੂੰਡ, ਭਾਲ। [2]ਲੋੜ ਸਮਝ ਕੇ।
ਦੇਸ ਦੇਸ ਮਾਂਹਿ ਤੈ ਸੁਦਾਗਰੋਂ ਕੇ ਪਾਹਿ ਹੈਂ।
ਸਾਤ ਹੀ ਵਲਾਇਤ ਕੈ[1] ਸ਼ਾਹਿਨ ਕੋ ਪਠਯੋ ਲਿਖਿ, [1]ਮੁਲਕਾਂ ਦੇ।
ਜਹਾਂ ਜਹਾਂ ਪੈਦਾ ਹੋਤ ਪਠੇ ਨਰ ਤਾਂਹਿ ਹੈਂ।
ਕਹੂੰ ਭੀ ਨਾ ਦੋਈ ਪਾਏ ਹਾਰ ਫਿਰ ਲੋਗ ਆਇ,
ਪੀਰ ਕਸ਼ਮੀਰ ਵਾਰੇ ਕਹਯੋ ਢਿਗ ਸ਼ਾਹਿ ਹੈ।
ਗੁਰੂ ਹਰਿਰਾਇ ਪਾਸ ਦੋਈ ਚੀਜ ਏਹੀ ਖਾਸ,
ਔਰ ਗਜ ਮੋਤੀ ਜੋਤੀ[1] ਸੁੰਦ੍ਰ ਮਹਾਂਹਿ ਹੈ ॥ ੩੪ ॥ [1]ਚਮਕੀਲੇ।
ਮੁਲਾਕਾਤ ਮੇਰੀ ਜਬਿ ਹੋਈ ਥੀ ਨਿਹਾਰੇ ਤਬਿ,
ਐਸੇ ਬਡ ਤੋਫੇ ਸਬਿ ਗੁਰੂ ਘਰ ਮਾਂਹਿ ਹੈਂ।
ਉਨ ਕੇ ਮੁਰੀਦ ਹੈਂ ਅਪਾਰੇ ਅਤਿ ਪ੍ਰੇਮ ਵਾਰੇ,
ਸ਼ਾਹਿਨ ਦੁਲੰਭ[1] ਤੋਫੇ ਲਜਾਇ ਦੇਤ ਤਾਂਹਿ ਹੈਂ। [1]ਜੋ ਬਾਦਸ਼ਾਹਾਂ ਨੂੰ ਔਖੇ ਲੱਭਦੇ ਹਨ।
ਗਏ ਸ੍ਰੀ ਨਾਨਕ ਜੀ ਅਨਿਕ ਬਲਾਯਤੋਂ ਮੈਂ,
ਮਿਲੇ ਸੋ ਨਜ਼ਰ[1] ਤੋਫੇ ਤਿਨ ਕੋ ਤਹਾਂਹਿ ਹੈਂ। [1]ਭੇਟਾ।
ਜਾਹਰੀ ਜਹਾਨੀ ਮਾਯਾ ਬਾਤਨੀ ਇਮਾਨੀ ਕੇਰ[1], [1]ਸੰਸਾਰ ਦੀ ਪ੍ਰਤੱਖ ਮਾਇਆ ਅਤੇ ਅੰਦਰੂਨੀ ਧਰਮ (ਭਾਵ ਦੈਵੀ ਗੁਣਾਂ) ਦੀ ਮਾਇਆ ਦੇ।
ਗੁਰੂ ਹਰਿਰਾਇ ਸਹੀ ਸਾਚੇ ਪਾਤਿਸ਼ਾਹਿ ਹੈਂ
॥ ੩੫ ॥
ਫਿਰਯੋ ਮੈਂ ਭੀ ਦੇਸ ਦੇਸ ਪੀਰ ਔ ਫਕੀਰ ਵੇਸ[1], [1]ਚੰਗੇ।
ਪੇਖੇ ਹੈਂ ਅਸੇਸ[1] ਪੈ ਨ ਏਸ ਸਮ ਕੋਇ ਹੈ। [1]ਸਾਰੇ।
ਉਮਰਾਵ ਕੋਊ ਖਾਸ ਭੇਜੋ ਅਬਿ ਗੁਰੂ ਪਾਸ,
ਖੁਸ਼ੀ ਕਰਿ ਲਜਾਵੈ ਰਾਸ[1] ਕਾਂਮ ਜਾਂ ਤੇ ਹੋਇ ਹੈ। [1]ਠੀਕ, ਪੂਰਾ।

ਪੀਰ ਤੈ ਤਰੀਫ਼ ਸੁਨਿ ਸ਼ਾਹਿ ਖੁਸ਼ੀ ਹੋਇ ਪੁਨ,
ਪਠਜੋ ਉਮਰਾਵ ਗੁਨਿ ਜਾਇ ਤਿਨੈ ਜੋਇ ਹੈ[1]।
ਝੁਕ ਕੈ ਸਲਾਂਮ ਕੀਨ ਤੋਫੇ ਧਨ ਭੇਟ ਦੀਨ,
ਸ਼ਾਹਿ ਕੀ ਅਰਜ਼ ਪੀਨ ਕੀਨ ਦੀਨ ਹੋਇ ਹੈ
॥ ੩੬ ॥

[1]ਦਰਸ਼ਨ ਕੀਤੇ।

ਸ਼ਾਹਿ ਜੋ ਮੁਰਾਸਲਾ ਪਠਾਯੋ[1] ਸੋ ਪਢਾਯੋ, ਤਾ ਮੈਂ
ਲਿਖਵਾਯੋ ਲੀਜੀਏ ਸਲਾਂਮ ਮਮ ਸੌ ਗੁਨੈ।
ਜ਼ਾਤਿ ਰੱਬ ਕੀ ਫਕੀਰ ਪਾਕ ਰੋਸ਼ਨ ਜ਼ਮੀਰ[1] ਤੁਮ,
ਬੇਨਜ਼ੀਰ[1] ਪੀਰਨ ਕੇ ਪੀਰ ਹਮ ਹੈਂ ਸੁਨੈ।
ਬਾਬਰ ਪੈ ਮੇਹਰ ਕੈ ਸ੍ਰੀ ਗੁਰੂ ਨਾਨਕ ਜੂ,
ਭੰਗ ਕੇ ਬਦਲ* ਸ਼ਾਹੀ ਸਾਤ ਬਖਸ਼ੀ ਉਨੈ।

[1]ਪੱੜ੍ਹ ਭੇਜਿਆ।
[1]ਪਵਿੱਤ੍ਰ ਤੇ ਪ੍ਰਕਾਸ਼ ਦਿਲ ਵਾਲੇ ਹੋ।
[1]ਉਪਮਾ-ਰਹਿਤ।
*ਭੰਗ ਦੀਆਂ ਸੱਤ ਮੁੱਠਾਂ ਬਦਲੇ ਬਾਬਰ ਨੂੰ ਸੱਤ ਪਾਤਸ਼ਾਹੀਆਂ ਦੇਣ ਬਾਰੇ ਵਿਸਥਾਰ ਸਹਿਤ ਦੇਖੋ ਬਿਸ੍ਰਾਮ ੧੨ ਦੇ ਅੰਕ ੧੨੫ ਦੀ * ਨਿਸ਼ਾਨ ਦੀ ਟਿੱਪਣੀ।

ਦੀਓ ਬਰ ਢਰਿ[1] ਅੰਗਦ ਹਿੰਮਾਊਂ ਤਾਂਈ,
ਅਮਰ ਗੁਰੂ ਥੇ ਢਰੇ ਅਕਬਰ ਪੈ ਪੁਨੈ ॥ ੩੭ ॥

[1]ਕ੍ਰਿਪਾਲੂ ਹੋ ਕੇ।

ਰਾਮਦਾਸ ਅਰਜਨ ਪਾਸ ਖਾਸ[1] ਜਾਇ ਸ਼ਾਹਿ,
ਮਨ ਇੱਛ ਕਾਂਮ ਰਾਸਿ[1] ਰਾਸ[2] ਕੀਏ ਹੈਂ ਵਰੋ[3]।
ਪਦਰ[1] ਹਮਾਰੇ ਕੇ ਪਜ਼ਾਰੇ ਰਖਵਾਰੇ ਭਏ,
ਜਾਨ ਜੁ ਅਪਾਰੇ ਗੁਰੁ ਛੀਂਵੇਂ ਦੁਖ ਹੈਂ ਦਰੋ।
ਜਦੀ ਮੈਹੂੰ ਦੂਤ ਊਤ ਹਾਸਦੋਂ ਕੇ[1] ਕਹੇ ਕੈਹੂੰ[2],
ਪਠੀ ਫੌਜ ਤੈਹੂੰ[1] ਪੈ ਨ ਬੈਰ ਕੀਨ ਹੈ ਖਰੋ।
ਘਰ ਗੁਰੂਆਨ ਕਾਂਨ ਸੁਨਾ ਮੈਂ ਕਲਪ ਤਰੁ,
ਤਾਂ ਤੇ ਨਿਜ ਬ੍ਰਿਦ[1] ਸੰਭਾਰ ਆਪ ਭੀ ਢਰੋ
॥ ੩੮ ॥

[1]ਆਪ।
[1]ਸਾਰੇ। [2]ਪੂਰੇ। [3]ਚੰਗੇ।
[1]ਪਿਤਾ।
[1]ਮੂਰਖ ਤੇ ਈਰਖਾਲੂ (ਦੂਤ) ਚੁਗਲਾਂ ਦੇ। [2]ਜੇ ਕਦੀ।
[1]ਤਾਂ ਵੀ।
[1]ਸੁਭਾਵ, ਧਰਮ।

ਤੋਫੇ ਤੀਨ ਪੀਨ ਆਪ ਪਾਸ ਜੋ ਨਵੀਨ ਬਡ,
ਬਖਸ਼ੀਏ ਚੀਨ[1] ਹੇਤ ਪਰ ਉਪਕਾਰ ਹੈ।
ਐਸੀ ਭਾਂਤਿ ਬਾਤ ਬਹੁ ਸ਼ਾਹਿ ਕੀ ਬਖਜਾਤ ਸੁਨਿ,
ਤੋਫੇ ਤੀਨ ਜਾਤ[1] ਦਏ ਗੁਰੂ ਯੌਂ ਵਿਚਾਰ ਹੈ।
ਏਕ ਮਾਂਗੇ ਸ਼ਾਹਿ ਦੂਜੇ ਦਾਰਾ ਸਤਸੰਗੀ ਆਹਿ,
ਜਾਂਹਿ ਹੇਤ ਚਾਹਿ ਵਾਹਿ ਕੀਨ ਉਪਚਾਰ ਹੈਂ[1]।

[1]ਜਾਣ ਕੇ।
[1]ਤਿੰਨ ਕਿਸਮਾਂ ਦੇ।
[1]ਜਿਸ ਕਾਰਨ ਕਰ ਕੇ (ਗੁਰੂ ਜੀ) ਵੀ ਉਸ (ਦਾਰਾ ਸ਼ਕੋਹ) ਦਾ ਇਲਾਜ ਕਰਨਾ ਚਾਹੁੰਦੇ ਹਨ।

ਬੂਝੇ ਗੁਨ ਸਿੱਖਨ ਤੋ ਕਹਜੋ ਗੁਰੁ ਹਰੜ ਏ,
ਸਿੰਧੁ ਮੇਂ ਸੈਂ ਲਜਾਯੋ ਥਾ ਧਨੰਤ੍ਰ ਅਵਤਾਰ ਹੈ
॥ ੩੯ ॥

ਚੌਦਾਂ ਸਰਸਾਹੀ[1] ਤੋਲ ਦੁਲਭ ਅਮੋਲ ਗੁਨ,
[1]ਇਕ ਤੋਲ ਜੋ ਦੋ ਤੋਲੇ ਜਾਂ ਸੇਰ ਕੱਚੇ ਦਾ ਸੋਲਵਾਂ ਹਿੱਸਾ ਹੁੰਦਾ ਸੀ।

ਹਾਥ ਮੈਂ ਗਹਾਇ ਤੋ ਜਲਾਬ ਲਗ ਜਾਇ ਹੈ।
ਮਲ ਕੀ ਨ ਅੰਸ ਰੈਹੈ ਉਦਰ ਬਿਕਾਰ[1] ਜੈਹੈ,
[1]ਪੇਟ ਦਾ ਵਿਗਾੜ।

ਸ਼ੇਰ ਮੂਛ ਬਾਰ ਸੂਈ ਸਾਰ ਲੌ ਗਿਰਾਇ ਹੈ[1]।
[1]ਸ਼ੇਰ ਦੀ ਮੁੱਛ ਦਾ ਵਾਲ ਅਤੇ ਲੋਹੇ ਦੀ ਸੂਈ ਤੱਕ (ਨੂੰ ਬਾਹਰ) ਕੱਢ ਦੇਂਦੀ ਹੈ।

ਏਕ ਮਾਸਾ ਲੌਂਗ ਏਹੈ ਹਾਜਮਾ ਕਰੈ ਹੈ ਅਤਿ,
ਕੁੱਵਤ[1] ਬਢੈਹੈ ਨਾਰਿ ਬੀਸ ਲੌ ਭੁਗਾਇ ਹੈ।
[1]ਤਾਕਤ।

ਗਜ ਮੋਤੀ ਏ ਅਮੋਲ ਚਮਕ ਦਮਕ ਲੋਲ[1],
[1]ਚੰਚਲ।

ਤੋਲਾ ਇਕ ਤੋਲ ਗੋਲ ਔਰ ਕੋਲ ਨਾਇ ਹੈ[1]
[1]ਨਹੀਂ ਹੈ।
॥ ੪੦ ॥

ਆਦਿ ਗੁਰੁ ਖੰਡ ਬ੍ਰਹਮੰਡ ਫਿਰੇ ਜੌ ਅਖੰਡ[1];
[1]ਲਗਾਤਾਰ।

ਐਸੇ ਬਲਵੰਡ[1] ਤੋਫੇ ਝੁੰਡ[2] ਆਏ ਤਬਿ ਹੈਂ।
[1]ਬਲ ਦੇਣ ਵਾਲੇ। [2]ਬਹੁਤੇ।

ਸਿੰਧਨ[1] ਸੁਰਿੰਦਨ[2] ਨਰਿੰਦਨ[3] ਮੁਨਿੰਦਨ[11],
[1]ਸਮੁੰਦਰਾਂ ਨੇ। [2]ਇੰਦ੍ਰਾਂ ਨੇ। [3]ਰਾਜਿਆਂ ਨੇ। [11]ਵੱਡੇ ਮੁਨੀਆਂ ਨੇ।

ਜਛਿੰਦਨ[1] ਫਨਿੰਦਨ[2] ਸੁ ਭੇਟ ਦੀਂ ਅਲੱਭ ਹੈਂ।
[1]ਕੁਬੇਰਾਂ ਨੇ। [2]ਸ਼ੇਸ਼ ਨਾਗਾਂ ਨੇ।

ਗੁਰੂ ਘਰ ਮਾਂਹਿ ਨ ਪ੍ਰਵਾਹਿ ਕਾਂਹਿ ਚੀਜ਼ ਨੀਜ਼[1]
[1]ਪੁਨਾ, ਫੇਰ।

ਦੀਨ ਦੁਨੀਆਵੀ ਬਡ ਦੌਲਤ ਸੁਲੱਭ ਹੈਂ।
ਲੈ ਕੇ ਉਮਰਾਵ ਗਯੋ ਪੇਖਿ ਸ਼ਾਹਿ ਖੁਸ਼ੀ ਭਯੋ,
ਦਾਰਾ ਕਾ ਇਲਾਜ ਕਯੋ ਗਯੋ ਰੋਗ ਸਭ ਹੈ
॥ ੪੧ ॥

ਕਰੇ ਬਡ ਦਾਂਨ ਸ਼ਾਹਿ ਜਲਸੇ ਖੁਸ਼ੀ ਕੇ ਚਾਹਿ[1],
[1]ਉਤਸ਼ਾਹ ਨਾਲ।

ਸ਼ੁਕਰੀਆ ਭੇਟ ਗੁਰੂ ਪਾਹਿ ਪਠ ਹੈ ਦਯੋ।
ਬਾਦ ਚੰਦ ਮਾਹਿ ਕੇ[1] ਸ਼ਕੋਹਿ ਦਾਰਾ ਹੋਹਿ ਖੁਸ਼,
[1]ਕੁਝ ਮਹੀਨਿਆਂ ਮਗਰੋਂ।

ਲੌਪੁਰ ਕੋ ਜਾਤ ਗੁਰੂ ਪਾਸ ਆਤ ਹੈ ਭਯੋ।
ਬਸਨ ਅਤੋਲ[1] ਅਸ੍ਵ ਆਯੁਧ ਅਮੋਲ ਬਡ,
[1]ਬਹੁਤੇ ਬਸਤ੍ਰ।

ਜ਼ੇਵਰ ਜਰਾਊ ਧਨ ਭੇਟ ਬਹੁ ਹੈ ਦਯੋ।
ਹਾਥ ਜੋਰ ਨਾਇ ਸਿਰ ਬੈਠ ਢਿਗ ਕਹਜੋ ਫਿਰ,

ਆਪ ਕਰਿ ਕ੍ਰਿਪਾ ਬਚਾਇ ਮੁਝ ਕੋ ਲਯੋ ॥ ੪੨ ॥

ਕਾਰਣ[1] ਕਰੀਮ[2] ਆਪਰਾਜ਼ਕ[3] ਰਹੀਮ[11] ਬਡ,
[1]ਜਗਤ ਦੇ ਪੈਦਾ ਕਰਨ ਵਾਲੇ। [2]ਕਿਰਪਾਲੂ। [3]ਰੋਜ਼ੀ ਦੇਣ ਵਾਲੇ। [11]ਦਇਆਲੂ।

ਭੀਮ ਭਵ ਰੋਗ ਕੇ ਹਕੀਮ ਕੀਮਗਰ ਹੋ[1]।
[1]ਜੰਮਣ (ਮਰਨ) ਦੇ ਭਿਆਨਕ ਰੋਗ ਦੇ ਰਸਾਇਣੀ ਹਕੀਮ ਹੋ।

ਕਾਮਲ[1] ਕਬੀਰ[2] ਬੇਨਜ਼ੀਰ[3] ਬੀਰ ਧੀਰ, ਨੀਰ
[1]ਪੂਰਨ। [2]ਵੱਡੇ। [3]ਉਪਮਾਰਹਿਤ।

ਸਿੰਧ ਜਜੋਂਰੀ ਭੀਰ[1] ਪੀਰ ਪੀਰਨ ਕੇ ਸਰ ਹੋ[2]।
[1]ਸਮੁੰਦਰ ਦੇ ਪਾਣੀ ਵਾਂਗ ਡੂੰਘੇ ਹੋ। [2]ਪੀਰਾਂ ਦੇ ਸ਼੍ਰੋਮਣੀ ਪੀਰ ਹੋ।

ਆਰਫ[1] ਫਕੀਰ ਵਰ[2] ਰੌਸ਼ਨ ਜ਼ਮੀਰ[3],
[1]ਗਿਆਨ ਵਾਨ। [2]ਸ੍ਰੇਸ਼ਟ। [3]ਪ੍ਰਕਾਸ਼-ਆਤਮਾ।

ਪਰ ਪੀਰ ਭੀਰ ਹਰ[1] ਕੀਰ ਕੋ[2] ਅਮੀਰ ਕਰਿ ਹੋ।
[1]ਪਰਾਇਆਂ ਦੀ ਪੀੜਾ ਤੇ ਭੀੜਾ (ਮੁਸੀਬਤ) ਨੂੰ ਦੂਰ ਕਰਨ ਵਾਲੇ ਹੋ। [2]ਕੰਗਾਲਾਂ ਨੂੰ।

ਅਜ਼ਮਤ ਸੀਮ ਬੀਮ ਗਾਰਕ ਗਨੀਮ ਭੀਮ,
ਪਾਰਕ ਯਤੀਮਨ ਫਹੀਮ ਧੀਮ ਤਰ ਹੋ[1] ॥ ੪੩ ॥
[1](ਬੀਮ) ਭਾਰੀ ਕਰਾਮਾਤ ਦੀ ਹੱਦ, ਭਿਆਨਕ ਵੈਰੀਆਂ ਨੂੰ ਗਾਲਣ ਵਾਲੇ, ਅਨਾਥਾਂ ਨੂੰ ਪਾਲਣ ਵਾਲੇ ਅਤੇ ਬਹੁਤੀ ਬੁਧੀ ਵਾਲੇ ਗਿਆਨਵਾਨ ਹੋ।

ਫਜ਼ਲ[1] ਅਲਾਹਿ ਕੋ ਮਹਾਂਹਿ ਹੋਇ ਜਾਂਹਿ ਪਰ,
[1]ਬਖਸ਼ਸ਼।

ਸਿਦਕ ਰਖਾਇ ਥਾਰੀ ਬੰਦਗੀ ਉਠਾਯ ਹੈ[1]।
[1]ਤੁਹਾਡੀ ਭਗਤੀ ਕਰਦਾ ਹੈ।

ਬੁਗਜ[1] ਬਖੀਲੀ[2] ਪਸ ਗੈਬਤ[3] ਸੋਹਬਤ ਬਦ[11],
[1]ਵੈਰ। [2]ਚੁਗਲੀ। [3]ਪਿੱਠ ਪਿੱਛੇ ਨਿੰਦਾ ਕਰਨੀ। [11]ਬੁਰੀ ਸੰਗਤ।

ਹਸਦ ਹਰਨ ਹਿਤ ਕਸਦ ਰਖਾਯ ਹੈ[1]।
[1]ਈਰਖਾ ਨੂੰ ਨਾਸ ਕਰਨ ਵਾਸਤੇ ਇਰਾਦਾਰੱਖਦਾ ਹੈ।

ਤਜ ਕੈ ਸ਼ਰਾਰਤ ਗੁਜ਼ਾਰਤ[1] ਟਹਿਲ ਜੋਇ, ਬੂਝਨ ਬੁਝਾਰਤ ਤਜਾਰਤ ਕਮਾਯ ਹੈ[2]।
[1]ਕਰਦਾ ਹੈ। [2]ਗਿਆਨ ਨੂੰ ਸਮਝਣ ਰੂਪ ਵਪਾਰ ਦੀ ਕਮਾਈ ਕਰਦਾ ਹੈ।

ਦੈ ਕੈ ਤਨ ਮਨ ਧਨ ਮੁਰਦਾ ਮੁਰੀਦ ਬਨਿ[1],
[1]ਮੁਰਦੇ ਵਾਂਗ ਸੇਵਕ ਬਣ ਕੇ।

ਗੁਰੂ ਗੋਰ ਮੈਂ[1] ਸਮਾਇ ਤੌਂ ਪਰਮਪਦ ਪਾਇ ਹੈ ॥ ੪੪ ॥
[1]ਗੁਰਾਂ ਦੀ ਆਗਿਆ ਰੂਪ ਕਬਰ ਵਿੱਚ।

ਗੁਰੂ ਮੇਰੋ ਮੀਆਂ ਮੀਰ ਆਰਫ[1] ਫਕੀਰ ਪੀਰ,
[1]ਗਿਆਨਵਾਨ।

ਅੱਗਤਾ[1] ਜੰਜੀਰ ਕਟੀ ਜਾਂਹਿ ਕੀ ਕ੍ਰਿਪਾਹਿ ਤੈ।
[1]ਅਗਿਆਨਤਾ ਦੀ।

ਕੀਓ ਮੈਂ ਅਭਜਾਸ ਖਾਸ ਹੋਇ ਜਗ ਤੈ ਉਦਾਸ,
ਰੋਕ ਮਨ ਇੰਦ੍ਰੀ ਰਾਸਿ[1] ਬਡ ਉਤਸ਼ਾਹਿ ਤੈ।
[1]ਸਾਰੀਆਂ।

ਪਾਂਚ ਤਤ ਕੋ ਬਿਥਾਰ ਜਿਤਕ ਸੰਸਾਰ ਏਹੁ,
ਪਚੀਸ ਪ੍ਰਕ੍ਰਿਤ ਵਿਚਾਰ ਚੀਨ ਚਾਹਿ ਤੈ[1]।
[1]ਪੱਚੀ ਪ੍ਰਕ੍ਰਿਤੀਆਂ ਦੀ ਵੀਚਾਰ ਦੁਆਰਾ (ਬੜੇ) ਸ਼ੌਕ ਨਾਲ ਜਾਣਿਆ ਹੈ।

ਦੇਸ ਕਾਲ ਵਸਤੁ ਜੀਵ ਈਸ ਕੋ ਸਮੱਸਤਿਰੂਪ[1],
[1]ਸਾਰਾ ਰੂਪ।

ਪਾਂਚ ਕੋਸ਼[1] ਅਸਤਿ ਪਰੇ ਆਤਮ ਹੈ ਯਾਹਿ ਤੈ[2] ॥੪੫॥

[1]ਪੰਜ ਪੜਦੇ (ਅੰਨਮਯ, ਪ੍ਰਾਣਮਯ, ਮਨੋਮਯ, ਵਿਗਿਆਨ ਮਯ ਤੇ ਅਨੰਦ ਮਯ)। [2]ਅਸਤੀ (ਭਾਂਤੀ ਤੇ ਪ੍ਰਿਯ) ਰੂਪ ਆਤਮਾ ਇਨ੍ਹਾਂ (ਸਾਰਿਆਂ) ਤੋਂ ਪਰੇ ਹੈ।

ਬੇਦ ਭੇਦ ਚੀਨ ਕੀਨ ਫਾਰਸੀ ਉਪਨਿਸ਼ਦ,
ਪਠੇ ਖਟ ਗੁਰੂ ਦ੍ਵਾਰ ਪ੍ਰਸਥਾਨ ਤੀਨ ਮੈਂ[1]।

[1](ਮੈਂ) ਵੇਦਾਂ ਦੇ ਭੇਦ ਨੂੰ ਜਾਣਿਆਂ, ਉਪਨਿਸ਼ਦਾਂ ਦਾ ਫ਼ਾਰਸੀ ਵਿੱਚ ਉਲੱਥਾ ਕੀਤਾ, ਛੇ (ਸ਼ਾਸਤ੍ਰ) ਗੁਰਾਂ ਦੁਆਰਾ ਪੜ੍ਹੇ (ਅਤੇ ਅਗੋਂ ਇਨ੍ਹਾਂ ਤਿੰਨਾਂ ਦਾ) (ਪ੍ਰਸਥਾਨ) ਵਿਸਥਾਰ ਕੀਤਾ।

ਆਰਫ ਫਕੀਰ ਰਿੰਦ[1] ਜੇਤਕ ਤੁਰਕ ਹਿੰਦੂ,
ਬਿਦਤ ਬ੍ਰਹਮ ਬਿੰਦ[1] ਤਿਨੈ ਸੰਗ ਕੀਨ ਮੈਂ।

[1]ਆਜ਼ਾਦ ਖਿਆਲ।

[1]ਬ੍ਰਹਮ ਨੂੰ ਜਾਨਣ ਵਾਲੇ ਮਸ਼ਹੂਰ ਸਨ।

ਯਾਹੀ ਤੈਂ ਤੁਰਕ ਜੋ ਹੈਂ ਕਾਫਰ ਕਹਿਤ ਮੋ ਹੈਂ,
ਸਗ ਜੇ ਸ਼ਰ੍ਹਾ ਕੇ ਹੋਹੈਂ ਭੌਹੈਂ ਭਰੇ ਕੀਨ ਮੈਂ[1]।

[1]ਜੇਹੜੇ ਸ਼ਰ੍ਹਾ ਦੇ ਕੁੱਤੇ ਹਨ (ਉਹ) (ਕੀਨ) ਦੁਸ਼ਮਣੀ 'ਚ ਭਰੇ ਹੋਏ (ਭੌਹੈਂ) ਭੌਂਕਦੇ ਹਨ।

ਐ ਪੈ ਮਨ ਸਾਂਤਿ ਨਾਂਹਿ ਭਯੋ ਥਿਰ ਬ੍ਰਹਮ ਮਾਂਹਿ,
ਤਾਂਹੀ ਤੈ ਤੁਮਾਰੇ ਪਾਹਿ ਆਯੋ ਚਾਹਿ ਚੀਨ ਮੈਂ[1] ॥੪੬॥

[1]ਮੈਂ (ਇਹ) ਜਾਣ ਕੇ ਤੇ ਇੱਛਾ ਕਰ ਕੇ ਆਇਆ ਹਾਂ।

ਐਸੇ ਸੁਨਿ ਤਾਂ ਕੋ ਸ੍ਵਾਲ ਗੁਰੂ ਜੀ ਮੇਹਰ ਨਾਲ,
ਉੱਤ੍ਰ ਰਸਾਲ[1] ਦਯੋ ਸਹਿਤ ਮਸਾਲ ਹੈ[2]।

[1]ਸੁੰਦਰ। [2]ਦ੍ਰਿਸ਼ਟਾਂਤ ਸਹਿਤ।

ਜੈਸੇ ਜੰਗ ਜੁਰੇ ਮੁਰੇ ਸੁਭੱਟ ਪਿਛਾਂਹਿ ਨਾਹਿ,
ਸਤੀ ਚਢਿ ਚਿਖਾ ਪੈ ਨ ਘਰ ਕੋ ਸੰਭਾਲ ਹੈ।
ਰਾਗ ਪੈ ਕੁਰੰਗ ਔ ਭੁਜੰਗ ਜਯੋਂ ਉਮੰਗ ਆਇ,
ਦੀਪ ਪੈ ਪਤੰਗ ਅੰਗ ਦੈ ਨਿਸੰਗ ਡਾਲ ਹੈ।
ਤੈਸੇ ਸ਼ੌਕ ਠਾਨ ਕੈ, ਜਹਾਂਨ ਜਾਨ ਕੁਰਬਾਨ,
ਮਾਂਨ ਅਪਮਾਂਨ ਹਾਂਨ, ਜਬੈ ਘਾਲ ਘਾਲ ਹੈ ॥੪੭॥

ਬਿਨਾ ਨਿਰਵੇਦ ਚੱਸ ਪੂਰਨ ਗੁਰੂ ਕੇ ਵੱਸ,
ਬੇਦ ਕੋ ਰਹੱਸ ਕੱਸ ਪੱਸ ਨ ਸਕਾਇ ਹੈ[1]।

[1]ਵੈਰਾਗ ਦੀ (ਚੱਸ) ਰੰਗਤ ਤੋਂ ਬਿਨਾਂ ਅਤੇ ਪੂਰਨ ਗੁਰਾਂ ਦੇ ਅਧੀਨ (ਆਗਿਆਕਾਰ) ਹੋਏ ਤੋਂ ਬਿਨਾਂ ਵੇਦਾਂ ਦੇ ਸਿਧਾਂਤ ਨੂੰ (ਕੱਸ) ਕੋਈ ਪੁਰਸ਼ ਵੀ (ਪੱਸ) ਦੇਖ ਨਹੀਂ ਸਕਦਾ।

ਆਤਮ ਅਨਾਤਮ ਪ੍ਰਮਾਤਮ ਬਿਵੇਕ ਏਕ,
ਅਨ੍ਵੈ ਵਿਤ੍ਰੇਕ ਬਿਨ ਸ੍ਵਾਤਮ ਨ ਪਾਇ ਹੈ[1]।

[1]ਇਕ ਪ੍ਰਮਾਤਮਾ ਦੀ ਵਿਚਾਰ (ਅਤੇ) ਆਤਮਾ ਦੇ (ਅਨ੍ਵੈ) ਸੰਜੋਗ (ਤੇ) ਅਨਾਤਮ (ਜੜ੍ਹ) ਦੇ (ਵਿਤ੍ਰੇਕ) ਵਿਜੋਗ ਤੋਂ ਬਿਨਾ ਆਪਣੇ ਆਤਮਾ ਨੂੰ ਨਹੀਂ ਪਾਈਦਾ ਹੈ।

ਭ੍ਰਮ ਭੇਦ ਖੇਦ ਛੇਦ ਸ਼ਾਂਤਿ ਅਵਿਦਾਤਿ ਮਾਂਹਿ,
ਜੌ ਪੈ ਚਿੱਤ ਬ੍ਰਿੱਤ ਨਿੱਤ ਥਿੱਤਿ ਹੀ ਚਹਾਇ ਹੈ[1]।

[1]ਜੇ ਕਰ (ਅਵਦਾਤ) ਸੁੰਦਰ ਸ਼ਾਂਤੀ ਵਿੱਚ ਚਿੱਤ ਦੀ ਬ੍ਰਿਤੀ ਨੂੰ ਟਿਕਾਉਣਾ ਚਾਹੁੰਦੇ ਹੋ ਤਾਂ (ਖੇਦ) ਦੁਖਦਾਈ ਭ੍ਰਮ ਤੇ ਭੇਦ ਨੂੰ (ਛੇਦ) ਕੱਟ ਦਿਉ।

ਤਵ ਤੁਮ ਨਵ ਅਭ੍ਯਾਸ ਖਾਸ ਗਹੋ ਉਰਿ,
ਨਚਕੇਤਾ[1] ਪ੍ਰਤਿ ਰਿਖਿ ਆਰੁਣੀ[2] ਜੋ ਗਾਇ ਹੈ ॥੪੮॥

[1]ਇਕ ਰਿਖੀ ਦਾ ਨਾਮ। [2]ਉਦਿਆਲਕ ਰਿਖੀ।

ਮੱਖਕਾ ਇਕੱਤ੍ਰ ਕਰੈਂ ਮਧੁ ਰਸ ਬਹੁ ਤਰ੍ਹੈਂ,
ਜੁਦਾ ਨਾ ਦਿਖਾਈ ਪਰੈ ਫੇਰ ਜੈਸ ਕੋਇ ਹੈ[1]।

[1](ਸ਼ਹਿਦ ਦੀਆਂ) ਮੱਖੀਆਂ ਬਹੁਤ ਤਰ੍ਹਾਂ ਦੇਰਸ ਇਕੱਤ੍ਰ ਕਰ ਕੇ (ਮਧੁ) ਸ਼ਹਿਦ (ਬਣਾਉਂਦੀਆਂ ਹਨ) ਜਿਸ ਤਰ੍ਹਾਂ ਫੇਰ ਕੋਈ ਵੀ ਰਸ ਵੱਖਰਾ ਨਹੀਂ ਦਿਸਦਾ।

ਤੈਸੇ ਬ੍ਰਹਮ ਮੈਂ ਬਿਲੀਨ ਹੋਇ ਹੈਂ ਸਖੋਪੋਤਿ ਮੈਂ[1],
ਜੋਇ ਨਾਹਿ ਕੋਇ[1] ਹਮ ਬ੍ਰਹਮ ਮੈਂ ਮਿਲੋਇ ਹੈ।

[1]ਗਾੜ੍ਹੀ ਨੀਂਦ ਵਿਚ।

[1]ਕੋਈ ਨਹੀਂ ਦੇਖਦਾ ਭਾਵ ਜਾਣਦਾ।

ਸਾਗਰ ਕੀ[1] ਨਦੀ ਜਦਿ ਸਾਗਰ[2] ਮੈਂ ਜਾਤ,
ਰਤਨਾਕਰ ਸਮਾਤ ਹਮ ਜਾਨੈ ਨਾਂਹਿ ਸੋਇ ਹੈਂ।
ਐਹੈ ਜੀਵ ਬ੍ਰਹਮ ਤੈ ਸਮੈਹੈ ਜਾਇ ਤਹਾ ਤਿਮ,
ਐ ਪੈ 'ਹਮ ਬ੍ਰਹਮ ਹੈਂ' ਨ ਗਜਾਨ ਤਿਨੈ ਹੋਇ ਹੈ ॥੪੯॥

[1]ਪਾਣੀ। [2]ਸਮੁੰਦਰ।

ਸੂਕ ਜਾਤ ਸਾਖਾ ਸੋਇ ਜੀਵ ਛੋਰ ਜਾਤ ਜੋਇ,
ਜਗਤ ਰੁ ਦੇਹਨ ਮੈਂ ਏਹ ਤਜੋਂ ਚਿਤੰਨ ਹੈ[1]।

[1]ਜਿਹੜੇ (ਦਰੱਖਤ ਨੂੰ) ਜੀਵ ਛੱਡ ਜਾਂਦਾ ਹੈ ਉਸ ਦੀਆਂ ਟਾਹਣੀਆਂ ਸੁੱਕ ਜਾਂਦੀਆਂ ਹਨ ਤਿਵੇਂ (ਦਰੱਖਤ ਦੇ ਜੀਵ ਵਾਂਗ) ਜਗਤ ਅਤੇ ਦੇਹਾਂ ਵਿੱਚ ਚੇਤਨ ਬ੍ਰਹਮ ਹੈ।

ਬਿੰਬ ਤੈ ਨ ਨਜਾਰੋ ਪ੍ਰਤਿਬਿੰਬ, ਤਜੋਂ ਬਿਚਾਰੋ ਬ੍ਰਹਮ ਜੀਵ,
ਨਿਰਧਾਰੋ ਕੁਛ ਕਿੰਚਤ ਨ ਭਿੰਨ ਹੈ[1]।

[1](ਜਿਵੇਂ) (ਬਿੰਬ) ਸੂਰਜ (ਤੋਂ ਉਸਦਾ) (ਪ੍ਰਤਿਬਿੰਬ) ਅਕਸ (ਵਖਰਾ ਨਹੀਂ ਹੁੰਦਾ) ਤਿਵੇਂ ਵਿਚਾਰ ਕੇ ਨਿਸਚਾ ਕਰੋ ਕਿ ਬ੍ਰਹਮ ਤੋਂ ਜੀਵ ਕੁਝ ਥੋੜੇ ਮਾਤ੍ਰ ਵੀ ਵਖਰਾ ਨਹੀਂ ਹੈ।

ਸੈਂਧਵ ਕੀ ਖਿਲ ਜਾਤ ਮਿਲ ਜਲ ਮਾਂਹਿ ਜਿਮ,
ਪਹਿਲੇ ਨਜਾਰੀ ਥੀ ਨ ਹੋਤ ਫੇਰ ਅੰਨ ਹੈ[1]।

[1]ਜਿਵੇਂ (ਸੇਂਧਵ) ਸਮੁੰਦਰ ਦੀ (ਖਿਲ) ਝੱਗ (ਜਲ ਚੋਂ ਪੈਦਾ ਹੋ ਕੇ ਫੇਰ) ਜਲ ਵਿੱਚ ਹੀ ਸਮਾ ਜਾਂਦੀ ਹੈ, ਨ ਉਹ ਪਹਿਲਾਂ (ਜਲ ਤੋਂ) ਵਖਰੀ ਸੀ ਤੇ ਨ ਹੀ ਫੇਰ ਵੱਖ ਹੁੰਦੀ ਹੈ।

ਕੋਰੀ ਡਰੀ ਨੂਣ ਕੀ ਜਜੋਂ ਪਰੀ ਵਾਰਿ ਵਾਰਿ ਹੋਤਿ,

ਚਿਕਨੀ ਨ ਹੋਇ ਤਜੋਂ ਭਯੋ ਅਗਜਾਨ ਮੰਨ ਹੈ[1]
॥ ੫੦ ॥

[1](ਕੋਰੀ) ਥਿੰਧਿਆਈ ਤੋਂ ਬਿਨਾਂ ਲੂਣ ਦੀ ਡਲੀ ਪਾਣੀ ਵਿੱਚ ਪੈ ਕੇ ਪਾਣੀ (ਦਾ ਰੂਪ) ਹੀ ਹੋ ਜਾਂਦੀ ਹੈ (ਪਰ ਲੂਣ ਦੀ) ਥਿੰਧਿਆਈ ਵਾਲੀ (ਡਲੀ) ਪਾਣੀ ਨਹੀਂ ਹੋ ਸਕਦੀ ਤਿਵੇਂ ਮਨ ਅਗਿਆਨ ਦੀ ਚਿਕਨੱਤ ਕਰ ਕੇ (ਬ੍ਰਹਮ ਰੂਪ ਨਹੀਂ ਹੋ ਸਕਦਾ)।

ਬੀਜ ਮਾਂਹਿ ਬਟ, ਪਤ ਸੂਤ ਮੈਂ ਅਘਟ ਠਟ,
ਮ੍ਰਿਤਕਾ ਮੈਂ ਘਟ ਮਟ ਮ੍ਰਿਤਕਾ ਸਰੂਪ ਹੈ[1]।

[1]ਬੀਜ ਵਿਚੋਂ (ਪੈਦਾ ਹੋਇਆ) ਬੋਹੜ (ਬੀਜ ਦਾ ਹੀ ਰੂਪ ਹੈ), ਸੂਤ ਵਿਚੋਂ (ਅਘਟ) ਇਕਰਸ (ਠਟ) ਬਣਿਆ ਹੋਇਆ (ਪਟ) ਕਪੜਾ (ਸੂਤ ਦਾ ਹੀ ਰੂਪ ਹੈ ਅਤੇ) ਮਿੱਟੀ ਚੋਂ (ਬਣਿਆ ਹੋਇਆ) ਘੜਾ ਤੇ ਮਕਾਨ ਵੀ ਮਿਟੀ ਦਾ ਹੀ ਸਰੂਪ ਹੈ।

ਸਾਰ ਮੈਂ ਹਥਜਾਰ, ਬੀਚੀ ਬੁਦਬੁਦਾ ਪਾਨੀ ਧਾਰ,
ਭੂਖਨ ਅਨੇਕ ਏਕ ਕੰਚਨ ਅਨੂਪ[1] ਹੈ।

[1]ਜਿਵੇਂ ਲੋਹੇ ਚੋਂ ਬਣੇ ਹੋਏ ਹਥਿਆਰ (ਲੋਹੇ ਦਾ ਹੀ ਰੂਪ ਹਨ), ਪਾਣੀ ਦੀ ਧਾਰ ਚੋਂ (ਬਣੇ ਹੋਏ) (ਬੀਚੀ) ਲਹਿਰਾਂ ਤੇ ਬੁਲਬੁਲੇ (ਪਾਣੀ ਦਾ ਹੀ ਰੂਪ ਹਨ), ਇਕੇ ਸੁੰਦਰ ਸੋਨੇ ਦੇ (ਬਣੇ ਹੋਏ) ਅਨੇਕਾਂ ਗਹਿਣੇ (ਸੋਨੇ ਦਾ ਹੀ ਸਰੂਪ) ਹਨ।

ਤੈਸੇ ਹੀ ਜਗਤ ਜੋ ਦਿਖੱਤ ਹੈ ਨਾਨੱਤ ਅੱਤਿ[1],
ਬ੍ਰਹਮ ਹੈ ਨ ਨਜਾਰੋ ਜੌਂ ਬਿਚਾਰੌਂ, ਚਿੱਤ ਖੂਪ ਹੈ।
ਐਸੇ ਸੁਨਿ ਅਭਜਾਸ ਭਯੋ ਦਾਰਾ ਮੋਦ ਖਾਸ[1],
ਨਿਜਾਨੰਦ ਮਾਂਹਿ ਮਨ ਭਯੋ ਸਾਂਤਿ ਰੂਪ ਹੈ
॥ ੫੧ ॥

[1]ਬਹੁਤਾ (ਨਾਨੱਤ) ਅਨੇਕ ਤਰ੍ਹਾਂ ਦਾ।

[1]ਬਹੁਤ ਅਨੰਦ।

ਓਅੰ ਸ੍ਰੀ ਵਾਹਿਗੁਰੂ ਪਾਇ ਗੁਰ ਮੰਤ੍ਰ[1],
ਸੁਤੰਤ੍ਰ ਅਭਜਾਸ ਸ੍ਵਾਸ ਸ੍ਵਾਸ ਕੀਨ ਮੰਨਜ ਹੈ*।

[1](ਓਅੰ) ਅਕਾਲ ਪੁਰਖ ਦਾ (ਸ੍ਰੀ) ਸੋਭਾ ਵਾਲਾ ਨਾਮ ਵਾਹਿਗੁਰੂ ਗੁਰਮੰਤ੍ਰ ਪਾ ਕੇ।

*ਕਈਆਂ ਸੱਜਣਾਂ ਨੂੰ ਇਹ ਭੁਲੇਖਾ ਲਗ ਸਕਦਾ ਹੈ ਕਿ ਸ਼ਾਇਦ ਦਾਰਾ ਸ਼ਕੋਹ ਨੂੰ ਗੁਰਾਂ ਨੇ 'ਓਅੰ ਸ੍ਰੀ ਵਾਹਿਗੁਰੂ' ਹੀ ਗੁਰ ਮੰਤ੍ਰ ਦਿੱਤਾ ਹੈ ਪਰ ਭਾਈ ਗੁਰਦਾਸ ਜੀ ਨੇ ਗੁਰ ਮੰਤ੍ਰ ਬਾਰੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਹਨ। ਉਹ ਲਿਖਦੇ ਹਨ ਕਿ: ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ। (ਵਾਰ ੧੩ ਪਉੜੀ ੨)

ਸਬਿ ਮੈਂ ਨਿਹਾਰਜੋ ਬ੍ਰਹਮ ਭ੍ਰਮ ਕ੍ਰਮ ਛੋਰਿ,
ਗਹਜੋ ਸੁਕ੍ਰਮ ਸੁਧ੍ਰਮ ਮਗ ਭਗਤੀ ਅਨੰਨਜ[1] ਹੈ।
ਭੂਖਨ ਕਨਕ ਜਿਮ ਲੋਹ ਹ੍ਵੈ ਅਨਿਕ ਰੂਪ,
ਤਨਕ ਨ ਔਰ ਤਿਮ ਬਿਨਾ ਬ੍ਰਹਮ ਅੰਨਜ ਹੈ[1]।

[1]ਆਪਣੇ ਇਸ਼ਟ ਤੋਂ ਬਿਨਾਂ ਦੂਜੇ ਨੂੰ ਨ ਮੰਨਣਾ।

[1]ਜਿਵੇਂ ਸੋਨੇ ਦੇ ਗਹਿਣੇ ਤੇ ਲੋਹੇ (ਦੇ ਹਥਿਆਰ) ਅਨੇਕ ਤਰ੍ਹਾਂ ਦੇ (ਹੁੰਦਿਆਂ ਹੋਇਆਂ ਵੀ ਸੋਨੇ ਤੇ ਲੋਹੇ ਤੇ) ਥੋੜੇ ਜਿਹੇ ਵੀ ਹੋਰ (ਵਖਰਾ ਸਰੂਪ) ਨਹੀਂ ਹੁੰਦੇ ਤਿਵੇਂ ਬ੍ਰਹਮ ਤੋਂ ਬਿਨਾਂ (ਅੰਨਜ) ਹੋਰ (ਜਿੰਨਾ ਵੀ ਸੰਸਾਰ ਦਾ ਪਸਾਰਾ ਹੈ ਉਹ ਬ੍ਰਹਮ ਤੋਂ ਵਖਰਾ

ਸਰੂਪ ਨਹੀਂ) ਹੈ।

ਦੇਸ ਵੇਸ ਹੀਨ[1] ਪ੍ਰਮੇਸ ਮੈਂ ਨਿਵੇਸ ਕਰਿ,
ਸਾਂਤਿ ਪਦ ਪਾਇ ਭਯੋ ਦਾਰਾ ਜੋਗ ਧੰਨਜ ਹੈ ॥ ੫੨ ॥

[1]ਸ਼ਾਹੀ ਲਿਬਾਸ ਤੋਂ ਬਿਨਾ।

ਮੌਲੇ ਹੂਏ ਤਰੈਂ ਜਿਮ ਬਾਵਨ ਚੰਦਨ ਕਰੈ,
ਚਢਤ ਝਟਤਰੰਗ ਪਾਹੈ ਪਟੈ ਬੇਸ ਹੈ[1]।

[1]ਜਿਵੇਂ ਫੁੱਲਿਆਂ ਹੋਇਆਂ ਦਰੱਖਤਾਂ ਨੂੰ ਬਾਵਨ ਚੰਦਨ, (ਚੰਦਨ) ਕਰ ਦੇਂਦਾ ਹੈ ਅਤੇ ਪਾਹ ਦੇਣ ਨਾਲ ਬਸਤ੍ਰ ਨੂੰ ਛੇਤੀ (ਬੇਸ) ਸੁੰਦਰਰੰਗ ਚੜ੍ਹ ਜਾਂਦਾ ਹੈ।

ਪਾਰਸ ਬਨੈ ਹੈ ਜੇਮ ਲੋਹ ਕੋ ਖਾਲਸ ਹੇਮ,
ਬਾਰਸ਼ ਤੇ ਖਾਰਸ ਜਯੋਂ ਧੂਰ ਨਾ ਰਹੇਸ ਹੈ[1]।

[1]ਜਿਵੇਂ ਪਾਰਸ ਲੋਹੇ ਨੂੰ ਖਾਲਸ ਸੋਨਾ ਬਣਾ ਦੇਂਦਾ ਹੈ ਅਤੇ ਬਾਰਸ਼ (ਪੈਣ) ਨਾਲ (ਖਾਰਸ) ਜਵਾਹਾਂ ਤੇ ਧੂੜ ਨਹੀਂਰਹਿੰਦੇ।

ਕੀਟ ਕੌ ਭ੍ਰਿੰਗੀ ਤਜੋਂ ਦੁਅੰਗੀ ਗੁਰੂ ਨਿਜ ਰੂਪ,
ਸਾਧਨ ਸਪੰਨ ਸਿਖ ਤਾਂਈ ਕਰੈਂ ਏਸ ਹੈਂ[1]।

[1]ਜਿਵੇਂ (ਇਕ ਖਾਸ ਕਿਸਮ ਦੇ) ਕੀੜੇ ਨੂੰ ਭ੍ਰਿੰਗੀ (ਆਪਣਾ ਰੂਪ ਕਰ ਲੈਂਦੀ ਹੈ ਤਿਵੇਂ (ਦੁਅੰਗੀ) ਦੋਹਾਂ ਲੋਕਾਂ ਵਿੱਚ ਪੱਖ ਕਰਨ ਵਾਲੇ ਗੁਰੂ ਸਾਧਨਾ ਸਹਿਤ ਸਿੱਖ ਨੂੰ ਏਸ ਤਰ੍ਹਾਂ (ਆਪਣਾ ਰੂਪ) ਕਰ ਲੈਂਦੇ ਹਨ।

ਗੁਰੁ ਉਪਦੇਸ਼ ਤੈ ਬਿਸ਼ੇਸ਼ ਦਾਰਾ ਭਯੋ ਤੈਸ,
ਰਹੀ ਨਾ ਕਲੇਸ਼ਨ ਅਸ਼ੇਸ਼ਨ[1] ਕੀ ਲੇਸ ਹੈ[2] ॥ ੫੩ ॥

[1]ਸਾਰਿਆਂ। [2]ਥੋੜੇ ਮਾਤ੍ਰ (ਹੋਂਦ)।

ਜੈਸੇ ਚਲਵੱਯਾ ਤੀਰ ਬੇਧਤ[1] ਨਿਸ਼ਾਨਾ ਧੀਰ,
ਭਰੀ ਗਾਡੀ ਜਾਤ ਚੀਰਿ ਧਰਤੀ ਖੁਭਾਇ ਹੈ[1]।
ਜੈਸੇ ਛੇਤੀ ਮੇਘ ਝਰੀ[1] ਖੇਤੀ ਕੋ ਕਰੈ ਹੈ ਹਰੀ,
ਚਾਤ੍ਰਿਕ ਔ ਸੀਪ ਕੋ ਸ੍ਵਾਂਤਿ[1] ਸ਼ਾਂਤਿ ਦਾਇ ਹੈ।
ਸ਼ਕਤਿ ਅੰਬੋਹ[1] ਸ੍ਰੀ ਗੁਰੁ ਤੈ ਦਾਰਾ ਸ਼ਕੋਹ,
ਆਨੰਦ ਸੰਦੋਹ ਹੋਹ[1] ਗਯੋ ਬਿਦਾ ਪਾਇ ਹੈ।
ਜਨਕ, ਸਿਖਰ ਧ੍ਵਜ ਦਾਈ[1] ਕੇ ਮਨਿੰਦ[2] ਦਾਰੇ,
ਕਾਰਬਾਰ ਸ਼ਾਹੀ ਕੇ ਸੰਭਾਰੇ ਸਾਰੇ ਜਾਇ ਹੈ ॥ ੫੪ ॥

[1]ਵਿੰਨ੍ਹਦਾ ਹੈ।
[1]ਖੁੱਭ ਕੇ।
[1]ਬੱਦਲ ਦੀ ਝੜੀ।
[1]ਸ੍ਵਾਂਤੀ ਬੂੰਦ।
[1]ਸ਼ਕਤੀਆਂ ਦੇ ਇਕੱਠ।
[1]ਪੂਰਨ ਅਨੰਦ ਹੋ ਕੇ।
[1]ਇਕ ਬ੍ਰਹਮ ਗਿਆਨੀਰਾਜਾ। [2]ਵਾਂਗ।

ਦਾਰੇ ਕਾ ਪ੍ਰਸੰਗ ਸੁਨਿ ਔਰ ਜਗਜਾਸੀ[1] ਚੰਗ,
ਆਵੈਂ ਗੁਰੂ ਪੈ ਉਮੰਗ ਸਤ ਸੰਗ ਕਰਿ ਹੈਂ।
ਪਾਇ ਗਜਾਨ ਗੌਰ[1] ਔਰ ਭਗਤੀ, ਨਿੰਮ੍ਰ ਤੌਰ[2],

[1]ਮੁਕਤੀ ਦੀ ਇੱਛਾ ਵਾਲੇ।
[1]ਵੱਡਾ, ਬਹੁਤਾ। [2]ਢੰਗ ਨਾਲ।

ਜਾਇ ਨਿਜ ਨਿਜ ਠੌਰ ਮਹਿਮਾਂ ਉਚਰ ਹੈਂ।
ਧੂੰਮ[1] ਦੇਸ ਦੇਸਨ ਸੁ ਪਰੀ[2] ਦਰਵੇਸ਼ਨ ਮੈਂ,
ਆਵੈਂ ਬਹੁ ਭੇਸਨ[1] ਅਸੇਸਨ ਉਧਰ ਹੈਂ[2]।
ਰੰਗਤ ਅਜੀਬ ਸਤਸੰਗਤ ਕੀ ਰੈਨੀ ਮਾਂਹਿ[1],
ਆਵੈ ਜੋਊ ਚਾਹਿ ਤਾਹਿ ਗੁਰੂ ਜੀ ਸੁਧਰ ਹੈ ॥ ੫੫ ॥

[1]ਮਸ਼ਹੂਰੀ। [2]ਪੈ ਗਈ, ਹੋ ਗਈ।
[1]ਭੇਖਾਂ ਦੇ। [2](ਗੁਰੂ ਜੀ) ਸਾਰਿਆਂ ਦਾ ਉਧਾਰ ਕਰ ਦੇਂਦੇ ਹਨ।
[1]ਮੱਟੀ ਵਿੱਚ।

ਦੋਹਰਾ:
ਚਰਿਤ ਕਰਤ ਸ੍ਰੀ ਸਤਿਗੁਰੂ,
ਦਾਸਨ ਭਰਤ[1] ਸੁ ਆਸ।
ਇਕ ਦਿਨ ਇਕ ਸਿਖ ਗੁਰੂ ਪੈ,
ਕੀਨੀ ਇਮ ਅਰਦਾਸ ॥ ੫੬ ॥

[1]ਪੂਰੀ ਕਰਦੇ ਹਨ।

ਚੌਪਈ:
ਹੇ ਗੁਰੁ ਸਿਖ ਗ੍ਰੀਬ ਜੋ ਹੋਹੈ।
ਬਨੈ ਸੇਵ ਤਿਸ ਤੈ ਨਹਿ ਕੋਹੈ।
ਗ੍ਰਸਜੋ ਗ੍ਰਿਸਤ ਧੰਧਜੋਂ ਮਾਂਹੀ।
ਸਤ ਸੰਗਤ ਭੀ ਕਰਿ ਨ ਸਕਾਹੀ ॥ ੫੭ ॥
ਐਸੇ ਸਿੱਖਨ ਕੀ ਜਜੋਂ ਮੁਕਤੀ।
ਹੋਇ, ਕਹੋ ਸ੍ਰੀ ਗੁਰੁ ਸੋ ਯੁਕਤੀ।
ਸੁਨਿ ਗੁਰੁ ਕਹਜੋ ਸਹਿਤ ਜੋ ਭਗਤੀ।
ਸੇਵੈ ਸੰਤਹਿ ਜਸ ਹ੍ਵੈ ਸ਼ਕਤੀ ॥ ੫੮ ॥
ਸੰਤਨ ਮੁਖਿ ਤਿਸ ਕਾ ਜਬ ਦਾਨਾ।
ਪਰ ਹੈ, ਕਰਿ ਹੈ ਸੰਪਤਿ ਨਾਨਾ[1]।
ਤਾਂ ਪਰ ਸੁਨੋ ਸਾਖ[1] ਇਕ ਕੈਹੈਂ।
ਪੁੰਨ ਜਨਕ[1] ਜੋ ਬ੍ਰਿਧ[2] ਸੁਨੈ ਹੈਂ ॥ ੫੯ ॥
ਅਤੀ ਦਾਰਿਦੀ[1] ਥਾ ਇਕ ਗ੍ਰੋਹੀ।
ਸਦਾ ਦੀਨ[1] ਸੋ ਰਿਣੀ[2] ਰਹੇਹੀ।
ਜੋੜਾ ਚਟਕਾ[1] ਤਿਸ ਘਰ ਰਹਿਹੀਂ।
ਤਾਂਹਿ ਦੁਖੀ ਪਿਖਿ ਸੋ ਦੁਖੁ ਲਹਿਹੀਂ ॥ ੬੦ ॥
ਵਹਿ ਭੀ ਥੇ ਪੂਰਬ ਸਿਖ ਸਿਖਨੀ।
ਪੰਖੀ ਭਏ ਦੋਸ਼ ਕਿਤ ਧਿਖਨੀ[1]।

[1]ਅਨੇਕ ਤਰ੍ਹਾਂ ਦੀ ਸਮੱਗ੍ਰੀ।
[1]ਗਵਾਹੀ, ਸਾਖੀ।
[1]ਪੁੰਨਾ ਨੂੰ ਪੈਦਾ ਕਰਨ ਵਾਲੀ। [2]ਬਜ਼ੁਰਗ।
[1]ਬਹੁਤ ਗ਼ਰੀਬ।
[1]ਦੁਖੀ। [2]ਕਰਜ਼ਾਈ।
[1]ਚਿੜੇ ਚਿੜੀ ਦਾ ਜੋੜਾ।
[1]ਬੁਧੀਮਾਨ।

ਪੂਰਬ ਜਨਮ ਗਜਾਤ ਤਿਨ ਆਹੀ।
ਯਾਂ ਤੇ ਰੀਤਿ ਗਹੀ ਉਨਿ ਯਾਹੀ ॥ ੬੧ ॥
ਉਸ ਕੈ ਘਰ ਤੈ ਚੁਕ ਚੁਕ ਦਾਨੇ।
ਧਰਮ ਸਾਲ ਢਿਗ ਹੁਤੀ ਮਹਾਂਨੇ।
ਤਹਿੰ ਸੰਤਨ ਕੇ ਲੰਗਰ ਮਾਂਹੀ।
ਪਾਵੈਂ ਸੋ ਨਿਤ ਪ੍ਰਤਿ ਤਹਿੰ ਚਾਹੀ ॥ ੬੨ ॥
ਤਹਿ ਤੈ ਸੰਤ ਮੁਸਾਫਰ ਖਾਵੈਂ।
ਉਸ ਕੀ ਸੰਪਤਿ[1] ਬਧਤੀ ਜਾਵੈ। [1]ਬਿਭੂਤੀ, ਸਮੱਗ੍ਰੀ।
ਜਦਜਪਿ ਧਨੀ ਹੋਇ ਉਨਿ ਭਾਰਾ।
ਗਹਜੋ ਕੁਮਾਰਗ ਬਡ ਹੰਕਾਰਾ ॥ ੬੩ ॥
ਤੌ ਭੀ ਸੰਤਨ ਕੇ ਮੁਖ ਦਾਨਾ।
ਪਰੈ, ਬਢੈ ਸੁਖ ਸੰਪਤਿ ਨਾਨਾ।
ਲੋਗ ਕਹੈਂ ਇਹੁ ਪਾਪੀ ਭਾਰੀ।
ਕਿਮ ਸੰਪਤਿ ਇਸ ਬਢੈ ਅਪਾਰੀ ॥ ੬੪ ॥
ਪੁਨ ਉਨ ਨਿਜ ਗ੍ਰਹ ਨਯੋ ਰਚਯੋ।
ਖੋਇ ਆਲ੍ਹਣਾ ਉਨ ਕਾ ਦਯੋ।
ਰਹੇ ਆਲ੍ਹਣਾ ਪੁਨ ਵਹਿ ਪਾਈ।
ਨਾਹਿ ਰਚਨ ਉਨ ਦਯੋ ਤਿਨਾਈ[1] ॥ ੬੫ ॥ [1]ਤਿਨਾ (ਘਰ ਵਾਲਿਆਂ) ਨੇ।
ਆਖਰ ਉਸ ਕੀ ਪਿਖਿ ਬਦਨੀਤੀ।
ਗਹੀ ਰੀਤਿ ਬਿਪ੍ਰੀਤਿ[1] ਅਭੀਤੀ[2]। [1]ਉਲਟਾ। [2]ਨਿਰਭੈ ਹੋ ਕੇ।
ਧਰਮਸਾਲ ਸੰਤਨ ਕੇ ਦਾਂਨੇ।
ਨਿਤ ਪ੍ਰਤਿ ਲਜਾਇ ਉਠਾਇ ਮਹਾਂਨੇ ॥ ੬੬ ॥
ਡਾਰੈਂ ਵੀਚ ਰਸੋਈ ਤਾਂ ਕੇ।
ਸੰਪਤਿ ਘਟੀ ਅੰਨ ਵਹਿ ਖਾ ਕੇ।
ਭਯੋ ਦਾਰਿਦੀ ਪੁਨ ਵਹਿ ਜਬ ਹੀ।
ਆਯੋ ਸ਼ਰਣ ਗੁਰੂ ਕੀ ਤਬ ਹੀ ॥ ੬੭ ॥
ਗੁਰ ਉਪਦੇਸ ਸੁਦੇਸ ਦਿਢਾਯੋ।
ਜਥਾ ਸ਼ਕਤਿ[1] ਪੁੰਨ ਕਰਨ ਲਗਾਯੋ। [1]ਸ਼ਕਤੀ ਅਨੁਸਾਰ।
ਭ੍ਰਮ ਕੁਕਰਮ ਅਘ੍ਰਮ ਪਰਿਹਾਰਾ[1]। [1]ਪਾਪ ਨਾਸ ਕੀਤਾ।
ਭੇਦ ਖੇਦ[1] ਸਭਿ ਖੇਦ[2] ਨਿਕਾਰਾ ॥ ੬੮ ॥ [1]ਦੁੱਖ। [2]ਖਦੇੜ ਕੇ।

ਭੁਕਤਿ ਮੁਕਤਿ ਕਾ ਕਿਯ ਅਧਿਕਾਰੀ।
ਸੁਖ ਸੰਪਤਿ ਬਖਸ਼ੀ ਤਹਿੰ ਸਾਰੀ ॥ ੬੯ ॥

ਦੋਹਰਾ:

ਨਦਰੀ ਨਦਰਿ ਨਿਹਾਲ ਗੁਰੁ,
ਕਰਿ ਪ੍ਰਤਿਪਾਲ ਬਿਸਾਲ।
ਸ਼ਰਨਾਗਤ ਕੀ ਗਤਿ ਕਰੈਂ,
ਸੰਸੇ ਸ਼ੋਕ ਜਵਾਲ[1] ॥ ੭੦ ॥

[1]ਘਟਾ ਦੇਂਦੇ ਹਨ, ਨਾਸ ਕਰ ਦੇਂਦੇ ਹਨ।

ਇਕ ਦਿਨ ਗੁਰੂ ਸ਼ਿਕਾਰ ਮੈਂ,
ਅਜਗਰਿ ਨਿਰਖਜੋ ਭਾਰਿ[1]।

[1]ਭਾਰੀ ਸੱਪ ਵੇਖਿਆ।

ਚਿਪਟੇ ਚੀਟੇ ਚੀਟਿਕਾ[1],
ਤਾਂ ਕੋ ਖਾਹਿ ਅਪਾਰ ॥ ੭੧ ॥

[1]ਕੀੜੇ ਕੀੜੀਆਂ ਚਿੰਬੜੇ ਹੋਏ।

ਚੌਪਈ:

ਪਟਕਤ ਪੂੰਛ ਸੁ ਫਟਕਤ ਤਨੈ[1]।

[1]ਪੂਛ ਨੂੰ ਜ਼ੋਰ ਨਾਲ ਧਰਤੀ ਤੇ ਮਾਰਦਾ ਹੈ ਤੇ ਸਰੀਰ ਨੂੰ ਛੰਡਦਾ ਹੈ।

ਤਰਫਤ ਲਿਟਤ ਬਜਾਕੁਲ ਘਨੈ।
ਉਲਟੈ ਪੁਲਟੈ ਦੁਖੀ ਕਮਾਲਾ।
ਕੀਟਨ ਕਟਿ ਕੀਏ ਛਿਦ੍ਰ ਕਰਾਲਾ[1] ॥ ੭੨ ॥

[1]ਭਿਆਨਕ ਮੋਰੀਆਂ।

ਦਯਾ ਧਾਰਿ ਗੁਰੁ ਬਾਂਨ ਪਰਿਹਾਰਾ।
ਅਰਧ ਚੰਦ੍ਰਕਾਕਾਰ ਉਦਾਰਾ[1]।

[1]ਅੱਧੇ ਚੰਦ ਦੀ ਸ਼ਕਲ ਦਾ ਸ੍ਰੇਸ਼ਟ (ਤੀਰ)।

ਕਟਜੋ ਮੂੰਡ ਅਜਗਰ ਕਾ ਜਬਹੀ।
ਸੁਰਪੁਰ ਚਲਜੋ ਜਾਨ[1] ਚਢਿ ਤਬ ਹੀ ॥ ੭੩ ॥

[1]ਸਵਾਰੀ ਤੇ।

ਪਿਖਿ ਸਿੱਖਨ ਚਕ੍ਰਿਤ ਹ੍ਵੈ ਬੂਝਜੋ।
ਹੇ ਗੁਰੁ ਕਹੋ ਕੌਨ ਇਹੁ ਹੂਜਜੋ[1]।

[1]ਹੈਸੀ।

ਕਹਯੋ ਗੁਰੂ ਇਹੁ ਪੂਰਬ ਪੰਡਿਤ।
ਹੁਤੋ ਮਹੰਤ ਪਖੰਡੀ ਲੰਡਤ[1] ॥ ੭੪ ॥

[1]ਨਿਰਲੱਜ, ਬੇ-ਹਯਾ।

ਦੰਭ ਦਿਖਾਇ ਅਚੰਭ ਬਿਸੇਸੈਂ[1]।

[1]ਬਹੁਤੇ ਹੈਰਾਨ ਕਰਨ ਵਾਲੇ।

ਜਨ ਪਰਿਤਾਰਣ ਕਰੇ ਆ ਸੇਸੈਂ[1]।

[1]ਬਹੁਤੇ ਲੋਕਾਂ ਨੂੰ ਠਗਦਾ ਸੀ।

ਸਿਖ ਸੇਵਕ ਨਿਜ ਕਰੇ ਅਪਾਰਾ।
ਠਗ ਠਗ ਜਗ ਖਾਯੋ ਇਨ ਭਾਰਾ ॥ ੭੫ ॥
ਲੋਲਪ[1] ਲੋਭੀ ਬਿਸ਼ਜਨ ਲੰਪਟ[2]।

[1]ਚੰਚਲ। [2]ਵਿਸ਼ਈ, ਕਾਮੀ।

ਥੋਰੇ ਪਢਜਨ ਕੋ ਦੈ ਸੰਕਟ।
ਅਹੰਬ੍ਰਹਮ[1] ਕਹਿ ਰਿਦੇ ਨ ਧਾਰੈ। [1]ਮੈਂ ਹੀ ਬ੍ਰਹਮ ਹਾਂ।
ਪ੍ਰੇਮ ਭਗਤਿ ਨਹਿ ਨਿਜ ਪ੍ਰਣ ਪਾਰੈ ॥ ੭੬ ॥
ਆਖਰ ਤਨ ਤਜਿ ਇਹ ਗਤ[1] ਪਾਈ। [1]ਦਸ਼ਾ, ਹਾਲਤ।
ਸੇਵਕ ਚੀਟੇ ਭਏ ਸੁ ਆਈ।
ਭਲਾ ਨ ਕੀਨ ਲੀਨ ਧਨ ਜਿਨ ਤੈ।
ਪਾਵਤ ਕਸ਼ਟ ਕਟਾਵਤ ਤਿਨ ਤੈ ॥ ੭੭ ॥
ਦੁਖੀ ਦੇਖ ਉਪਜੀ ਮੁਹਿ ਦਾਯਾ[1]। [1]ਦਯਾ।
ਪੁਨ ਇਨ ਹਮਰਾ ਦਰਸ਼ਨ ਪਾਯਾ।
ਯਾਂ ਤੇ ਹਤ[1] ਗਤਿ ਉਤਮ[2] ਦੀਨੀ। [1]ਮਾਰ ਕੇ। [2]ਕੈਵਲ ਮੁਕਤੀ।
ਸੁਨਿ ਸਿੱਖਨ ਦਿਢ ਧਰਿ ਉਰਿ ਲੀਨੀ ॥ ੭੮ ॥

ਦੋਹਰਾ:

ਬ੍ਰਹਮ ਗਜਾਨ ਦਿਢ ਬਿਨਾ ਜੋ,
ਕਾਚੇ ਗੁਰੂ ਕਹਾਹਿਂ।
ਨਹਿ ਸੰਸੇ ਸਿੱਖਨ ਹਰੈਂ,
ਅੰਤਹਿ ਨਰਕ ਪਚਾਹਿਂ[1] ॥ ੭੯ ॥ [1]ਸੜਦੇ ਹਨ।

ਨਿਸ਼ਾਨੀ ਛੰਦ:

ਕੋਮਲ ਅਤਿ ਨਵਨੀਤ ਤੈ[1], [1]ਮੱਖਣ ਤੋਂ ਵੀ ਬਹੁਤੇ ਨਰਮ।
ਗੁਰੁ ਸਹਿਜ ਸੁਭਾਵੈਂ।
ਸਿੱਖਨ ਕੋ ਸੁਖ ਸਭਿ ਦਿਵੈਂ,
ਜੋ ਸ਼ਰਨ ਸਿਧਾਵੈਂ।
ਗੋਂਦਾ ਨਾਮ ਮਸੰਦ ਥਾ,
ਇਕ ਪ੍ਰੇਮੀ ਪੂਰੋ।
ਕਾਬਲ ਮੈਂ ਰਹਿ ਲੰਗਰ ਦੈ,
ਸ਼ਰਧਾ ਧਰਿ ਭੂਰੋ ॥ ੮੦ ॥
ਧਜਾਵੈ ਉਰਿ ਗੁਰੁ ਮੂਰਤੀ,
ਮੁਖਿ ਮੰਤ੍ਰ ਉਚਾਰੈ।
ਧਰੈ ਧਜਾਨ ਨਿਤ ਗੁਰੂ ਕਾ,
ਪੂਜਾ ਬਿਸਤਾਰੈ[1]। [1]ਬਹੁਤ ਪੂਜਾ ਕਰਦਾ ਹੈ।
ਇਕ ਦਿਨ ਵੀਚ ਧਜਾਨ ਕੇ,

ਧਰਿ ਪ੍ਰੇਮ ਬਧੇਰੇ।
ਗਹੇ ਚਰਨ ਨਿਜ ਕਰਨ ਸੋਂ[1],
ਗੁਰੁ ਕੇ ਦਿਢ[1] ਹੇਰੇ[2] ॥ ੮੧ ॥
ਟਿਕੀ ਬ੍ਰਿਤਿ ਗੁਰੁ ਰੂਪ ਮੈਂ,
ਦਿਢ ਲਗੀ ਸਮਾਧੀ।
ਸਿੰਧੁ ਬਿੰਦੁ[1] ਜਯੋਂ, ਲੈ ਭਯੋ,
ਮਨ ਛੋਰਿ ਉਪਾਧੀ।
ਥਿਰੇ ਸਿੰਘਾਸਨ ਇਤ ਗੁਰੂ,
ਨਹਿਂ ਚਰਨ ਹਿਲਾਏ।
ਸੂਪਕਾਰ[1] ਕਰਿ ਬੇਨਤੀ,
ਪੁਨ ਪੁਨ ਫਿਰ ਜਾਏ ॥ ੮੨ ॥
ਗੁਰੁ ਬਿਨੁ ਲੰਗਰ ਨਾਂ ਬ੍ਰਤੈ,
ਦਿਨ ਥੋਰ ਰਹਾਵਾ।
ਪਿਖਿ ਸਬਿ ਸਿਖ ਬਿਸਮੈ ਭਏ,
ਗੁਰੁ ਅੰਗ ਨ ਹਲਾਵਾ।
ਗੁਰੁ ਸਮਝੈਂ ਜੇ ਪਗੁ ਹਲੈ,
ਗੋਂਦਾ ਅਕੁਲੈ ਹੈ[1]।
ਤੀਨ ਜਾਮ[1] ਯੌਂ ਹੀ ਬਿਤੇ,
ਨਹਿ ਹਲੈ ਚਲੈ ਹੈ ॥ ੮੩ ॥
ਜਬਿ ਸਮਾਧਿ ਉਨ ਉਤ[1] ਤਜੀ,
ਇਤ ਗੁਰੁ ਉਠਿ ਤਬਿ ਹੀ।
ਭੋਜਨ ਕੀਨੋ ਆਪ ਜੌ,
ਬਰਤਜੋ ਪੁਨ ਸਭਿ ਹੀ।
ਦੁਤੀ ਦਿਵਸ ਦੀਵਾਂਨ ਮੈਂ
ਸਿੱਖਨ ਜਬਿ ਬੂਝੀ।
ਤਿਨੈ ਨਿਸ਼ੰਕੈ ਕਰਨ ਕੋ,
ਗੁਰੁ ਗਾਈ ਗੂਝੀ[1] ॥ ੮੪ ॥
ਸੁਨਿ ਪ੍ਰਸੰਗ ਪ੍ਰਸੰਸਹੀਂ,
ਸਿਖ ਗੁਰੈਂ ਬਿਸਾਲੂ।
ਕਹੈਂ ਗੁਰੂ ਸਮ ਗੁਰੂ ਹੀ,

[1]ਹੱਥਾਂ ਨਾਲ।
[1]ਪੱਕੀ ਤਰ੍ਹਾਂ। [2]ਦੇਖ ਕੇ।
[1]ਸਮੁੰਦਰ ਵਿੱਚ ਬੂੰਦ ਵਾਂਗ।
[1]ਲਾਂਗਰੀ।
[1]ਘਬਰਾ ਜਾਵੇਗਾ।
[1]ਤਿੰਨ ਪਹਿਰ।
[1]ਓਧਰ (ਕਾਬਲ ਵਿੱਚ)।
[1]ਗੁਪਤ (ਗਲ) ਕਹੀ।

ਹੈਂ ਕੋਮਲ ਦਜਾਲੂ।
ਪ੍ਰਣ-ਪਾਲ ਸ਼ਰਣਾਗਤੈ,
ਸਮਰਥੁ ਬਪੁ[1] ਈਸਰ। [1]ਸਰੂਪ।
ਤ੍ਰਿਕਾਲਗ[1] ਸ੍ਰਬਗਜ਼ੁ[2] ਹੈਂ [1]ਤਿੰਨਾਂ ਸਮਿਆਂ ਦੇ ਗਿਆਤਾ। [2]ਸਾਰਿਆਂ ਦੇ ਗਿਆਤਾ।
ਨਿੱਤ ਧੇਯ ਮੁਨੀਸਰ[1] ॥੮੫॥ [1]ਵੱਡੇ ਮੁਨੀਆਂ ਦੇ ਧਿਆਨ ਕਰਨ ਜੋਗ।
ਸਮਾਂ ਪਾਇ ਸਿਖ ਕਾਬਲੀ,
ਜਬਿ ਅਏ ਮਹਾਂਨੇ।
ਅਨਗਨ ਧਨ ਉਨਿ ਭੇਟ ਦੈ,
ਪਗ ਗੁਰੂ ਗਹਾਂਨੇ[1]। [1]ਫੜੇ।
ਦੂਧ ਪੂਤ ਧਨ ਧਾਂਮ ਤੀ[1], [1]ਇਸਤ੍ਰੀ।
ਫਲ ਭਲ ਸਭਿ ਪਾਏ।
ਈਹਾਂ ਕੇ ਸਿਖਨ ਉਨੈਂ,
ਬੂਝੀ ਗਥ ਸਾਏ[1] ॥੮੬॥ [1]ਉਹਨਾਂ ਕਥਾ ਪੁੱਛੀ।
ਮਾਸ ਪੱਖ ਦਿਨ ਕਹਿ ਵਹੀ,
ਪੁਨ ਉਨ ਇਮ ਗਾਯੋ।
ਉਸ ਦਿਨ ਗੋਂਦਾ ਜਾਮ ਤ੍ਰੈ,
ਮਧ ਧਜਾਂਨ ਰਹਾਯੋ।
ਸਿਖਨ ਕੇ ਸੰਸੇ ਨਸੇ,
ਸ਼ਰਧਾ ਬਡ ਬਾਢੀ।
ਪਗੇ[1] ਧਜਾਨ ਗੁਰੁ ਪਗਨ ਮੈਂ[2] [1]ਰੰਗੇ ਗਏ। [2]ਚਰਨਾਂ ਵਿੱਚ।
ਯੁਤ ਭਗਤੀ ਗਾਢੀ ॥੮੭॥
ਦੋਹਰਾ:
ਗੁਰੁ ਸਿਖਨ ਅਰੁ ਗੁਰਨ ਕੀ,
ਗਾਥਾ ਅਪਰ ਅਪਾਰ।
ਜੋ ਸਰਧਾ ਧਰਿ ਸਿਖ ਸੁਨੈ,
ਸੋ ਉਤ੍ਰੈ ਭਵ ਪਾਰ ॥੮੮॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਸੱਤਮ ਗੁਰੂ ਕਾ ਸੱਤਮ ਪ੍ਰਸੰਗ' ਬਰਨਨੰ ਨਾਮ ਉਨੱਤੀਸਮੋਂ ਬਿਸ੍ਰਾਮ ॥੨੯॥

੩੦. {ਦਾਰਾ ਸ਼ਕੋਹ ਤੇ ਰਾਮਰਾਇ ਜੀ ਦਾ ਪ੍ਰਸੰਗ}

ਦੋਹਰਾ:

ਤਾਦਾਤਮ ਆਨਾਤਮਾਂ,
ਕਲਪਤ ਜਾਮੈ ਧਾਰ[1]।

[1]ਜਿਸ (ਬ੍ਰਹਮ) ਵਿੱਚ (ਅਨਾਤਮ) ਜੜ੍ਹ ਸੰਸਾਰ ਦਾ (ਤਦਾਤਮ) ਉਹੋ ਜੇਹਾ ਰੂਪ ਹੀ ਕਲਪਿਆ ਹੋਇਆ ਹੈ।

ਜਗਦਾਤਮ ਪ੍ਰਮਾਤਮਾਂ,
ਆਤਮ ਲਖਿ ਪਰ ਪਾਰ[1] ॥ ੧ ॥

[1]ਉਸ ਜਗਤ ਦੇ ਆਤਮਾ ਰੂਪ ਪ੍ਰਮਾਤਮਾ ਨੂੰ ਆਪਣਾ ਆਪ ਰੂਪ ਜਾਣ ਕੇ (ਸੰਸਾਰ ਸਮੁੰਦਰ ਤੋਂ) ਪਾਰ ਪੈ ਜਾ।

ਚੌਪਈ:

ਸਤੱਮ ਗੁਰੁ ਉਰਿ ਧਰਿ ਕਰਿ ਸਤੱਮ[1]।

[1]ਸ਼ਰਧਾ।

ਸਤੱਮ ਗਾਥ ਸਾਥ ਹਿਤ ਅਤੱਮ[1]।

[1]ਬਹੁਤੇ ਪ੍ਰੇਮ ਨਾਲ (ਸਤੱਮ) ਸੱਚੀ ਕਥਾ (ਕਹਿੰਦਾ ਹਾਂ)।

ਤਮ ਅਗਜਾਨ ਹਾਰਕ ਰਵਿ ਰਿਸ਼ਮੇਂ[1]।

[1](ਇਹ ਕਥਾ) ਅਗਿਆਨ ਦੇ ਅਨ੍ਹੇਰੇ ਨੂੰ ਸੂਰਜ ਦੀਆਂ ਕਿਰਨਾਂ ਵਾਂਗ ਨਾਸ ਕਰਨ ਵਾਲੀ ਹੈ।

ਰਿਸ਼ਮੇਂ ਰਸੇ ਨ ਫਸੇ ਜੁ ਬਿਸਮੇ[1] ॥ ੨ ॥

[1]ਜਿਹੜੇ (ਪੁਰਸ਼) (ਰਿਸ਼ਮੇ) ਥੋੜੇ ਜੇਹੇ ਵੀ (ਕਥਾ ਵਿੱਚ) (ਰਸੇ) ਪ੍ਰੇਮੀ ਹੋਏ ਹਨ ਉਹ ਵਿਸ਼ਿਆਂ ਵਿੱਚ ਨਹੀਂ ਫਸਦੇ। (ਅ) ਜਿਹੜੇ (ਬਿਸ ਮੇਂ) ਸੰਸਾਰ ਵਿੱਚ ਫਸੇ ਹੋਏ ਹਨ ਉਹ ਗੁੱਸੇ ਵਿੱਚ ਲੀਨ ਨਹੀਂ ਹੁੰਦੇ।

ਬਿਸਮੇ ਹੋਹਿਂ, ਨ ਜੋਹਿਨ ਜਮ ਹੈ[1]।

[1](ਉਹ) ਅਸਚਰਜ ਰੂਪ ਹੋ ਜਾਂਦੇ ਹਨ (ਉਨ੍ਹਾਂ ਨੂੰ) ਜਮ ਨਹੀਂ ਤੱਕ ਸਕਦੇ।

ਜਮ ਹੈਂ ਜਿਨ ਉਰਿ ਗੁਨ ਗੁਰੁ ਰਮ ਹੈ[1]।

[1]ਜਿਨ੍ਹਾਂ ਦੇ ਹਿਰਦੇ ਵਿੱਚ ਚੰਗੇ ਗੁਣ ਪੈਦਾ ਹੁੰਦੇ ਹਨ ਉਹ ਗੁਰਾਂ ਦਾ (ਜਸ) ਉਚਾਰਨ ਕਰਦੇ ਹਨ।

ਰਮ ਹੈ ਸੁਮਤਿ ਧਜਾਨ ਹਰਿ ਤਿਨ ਕੇ[1]।

[1]ਤਿਨਾਂ ਦੀ ਸ੍ਰੇਸ਼ਟ ਮਤਿ ਵਿੱਚ (ਰਮ) ਵਿਆਪਕ ਹਰੀ ਦਾ ਧਿਆਨ (ਪ੍ਰਾਪਤ) ਹੈ।

ਤਿਨਕੇ ਸਮ ਜਗਿ ਸੁਖ ਸਬਿ ਜਿਨ ਕੇ[1] ॥ ੩ ॥

[1]ਜਿਨ੍ਹਾਂ ਦੇ (ਹਿਰਦੇ ਵਿੱਚ) ਸਾਰੇ ਜਗਤ ਦੇ ਸੁਖ ਕੱਖ ਵਾਂਗ ਹਨ।

ਜਿਨ ਕੇ ਜਨਮ ਗਏ ਤੇ ਗੁਰਪੁਰ[1]।

[1](ਉਹ ਪੁਰਸ਼ ਆਪਣੇ) ਜਨਮ ਨੂੰ ਜਿੱਤ ਕੇ ਸੱਚ ਖੰਡ ਚਲੇ ਗਏ।

ਪੁਰ ਸ਼ਕਤੀ ਭਗਤੀ ਤਿਨ ਉਰ ਫੁਰ[1]।

[1]ਤਿਨ੍ਹਾਂ ਦੇ ਹਿਰਦੇ ਸ਼ਕਤੀ ਤੇ ਭਗਤੀ ਨਾਲ (ਫੁਰ) ਛੇਤੀ ਭਰ ਗਏ।

ਫੁਰਤ ਨਾ ਫੁਰਨਾ ਤਿਨ ਅਨ ਕੋ[1] ਹੈ।

[1]ਹੋਰ ਕੋਈ (ਅਨ) ਕਾਮ ਆਦਿ ਦਾ।

ਕੋਹੈ ਸਮ ਥਿਤ[1] ਚਿਤ ਤਿਨ ਕੋ ਹੈ ॥ ੪ ॥

[1]ਪਹਾੜ ਵਾਂਗ ਟਿਕਿਆ ਹੋਇਆ ਹੈ।

ਕੋਹੈ ਹੋਹੈ ਲਗੈ ਨ ਤਰਕੈਂ[1]।

[1](ਤਰਕੈਂ) ਤਰਕਾਂ (ਚੋਭਵੀਆਂ ਨੁਕਤਾ ਚੀਨੀਆਂ ਤੇ (ਕੋਹੈ) ਕ੍ਰੋਧ ਦੇ (ਹੋਹੈ) ਧੱਕੇ ਨਹੀਂ ਲਗਦੇ।

ਤਰ ਕੈ ਪਾਰ ਭਵਾਂਬੁਧ ਪਰ ਕੈ[1]।

[1]ਤਰ ਕੇ ਸੰਸਾਰ ਸਮੁੰਦਰ ਉਪਰੋਂ ਪਾਰ ਪੈ ਜਾਂਦਾ ਹੈ।

ਪਰ ਕੈ ਪ੍ਰੀਤੀ[1] ਗੁਰਨ ਚਰਨ ਮੈਂ।
ਰਨ ਮੈਂ ਭਟ ਜਜੋਂ ਨਟ ਨਟਪਨ ਮੈਂ[1] ॥ ੫ ॥

[1](ਪਰ) ਵਿਸ਼ੇਸ਼ ਪ੍ਰੀਤੀ ਕਰਕੇ।
[1]ਜਿਵੇਂ ਸੂਰਮਾ ਜੰਗ ਵਿੱਚ ਅਤੇ ਨਟ ਨਾਟਕ (ਤਮਾਸ਼ੇ) ਵਿੱਚ (ਪ੍ਰੀਤੀ ਕਰਦਾ ਹੈ)।

ਪਨ ਮੈਂ ਮਨ ਦਿਢ ਰਹਿ ਸਤਵਾਦੀ[1]।

[1](ਜਿਨ੍ਹਾਂ ਦਾ) ਮਨ ਸਤ ਵਕਤਾ ਹੋ ਕੇ (ਗੁਰੂ ਦੀ) (ਪਨ) ਉਸਤਤ ਵਿੱਚ ਰਹਿੰਦਾ ਹੈ।

ਵਾਦੀ ਜੀਤ ਮੀਤ ਸੁਖ ਸ਼ਾਦੀ[1]।

[1](ਉਹ) ਵਿਰੋਧੀਆਂ ਨੂੰ ਜਿੱਤ ਕੇ ਮਿਤ੍ਰਾਂ ਨੂੰ ਸੁਖ ਤੇ ਖੁਸ਼ੀ ਦੇਂਦੇ ਹਨ।

ਸਾਦੀ ਸੂਧੀ ਬਾਨੀ ਵਾਲਨ[1]।
ਵਾਲਿਨ ਲਗਤ ਪਜਾਰੀ ਚਾਲਨ[1] ॥ ੬ ॥

[1](ਐਸੇ) ਸਿਧੀ ਸਾਦੀ ਕਵਿਤਾ ਵਾਲਿਆਂ (ਗੁਰਸਿਖਾਂ ਦੀਆਂ)।
[1](ਚਾਲਨ) ਰੀਤੀਆਂ (ਵਾਲਿਨ) ਬਾਲਕਾਂ ਭਾਵ ਜਗਿਆਸੂਆਂ ਨੂੰ ਪਿਆਰੀਆਂ ਲਗਦੀਆਂ ਹਨ।

ਚਾਲ ਨ ਲਵਨ ਕਵਿਨ ਮੋ ਪੈ ਹੈ[1]।

[1](ਇਵੇਂ ਹੀ) ਮੇਰੇ ਪਾਸ ਕਵੀਆਂ (ਵਰਗੀ) (ਚਾਲਰੀਤੀ) (ਲਵਨ) ਆਟੇ 'ਚ ਲੂਣ ਵਾਂਗ ਭਾਵ ਥੋੜੇ ਮਾਤ੍ਰ ਵੀ ਨਹੀਂ ਹੈ।

ਪੈ ਹੈ ਨਿਸਚੇ ਸਿਖਨ ਸੁਹੈ ਹੈ।
ਹ੍ਵੈ ਹੈ ਜ਼ੇਵਰ ਜੈਸ ਕੁਸੁੰਦਰ[1]।

[1]ਜੋ ਸੁੰਦਰ ਨ ਹੋਵੇ।

ਸੁੰਦਰ ਰਤਨ ਜਟਜੋ ਬਡ ਅੰਦਰ ॥ ੭ ॥
ਪ੍ਰੇਮੀ ਗੁਰੁ ਸਿਖ ਜਉਹਰੀ ਜੇ ਹੈਂ।
ਗੁਰੁ ਗੁਨ ਗਾਹਕ ਆਦ੍ਰੇ ਤੇ ਹੈਂ[1]।

[1]ਉਹ (ਮੇਰੀ ਕਵਿਤਾ ਰੂਪ ਗਹਿਣੇ ਦਾ) ਆਦਰ ਕਰਨਗੇ।

ਯਾਂ ਤੇ ਬੰਦਨ ਕਰਿ ਗੁਰੁ ਸਿੱਖਨ।
ਲਿਖਨ ਹੇਤ ਚਲੈਹੋਂ ਲਿੱਖਨ[1] ॥ ੮ ॥

[1]ਲੇਖਣੀ, ਕਲਮ।

ਸਿਦਕੀ ਸਿੱਖ ਗੁਰੂ ਕੇ ਪਜਾਰੇ।
ਸੁਨੋ ਗਾਥ ਗੁਰੁ ਕੇਰ ਉਦਾਰੇ।
ਇਕ ਦਿਨ ਗੁਰੂ ਦੀਵਾਂਨ ਮਝਾਰੀ।
ਥਿਰੇ ਸਿੰਘਾਸਨ ਪਰ ਸੁਖਕਾਰੀ ॥ ੯ ॥
ਮਘਵਾ ਸਮ ਸੁਰ ਸਿੱਖਨ ਕੇ ਮੱਧ[1]।

[1]ਦੇਵਤਿਆਂ ਰੂਪ ਸਿੱਖਾਂ ਵਿੱਚ ਇੰਦ੍ਰ ਵਾਂਗ।

ਉਡਗਨ ਮੈਂ ਸਸਿ ਪੂਨਜੋਂ ਤੈ ਬੱਧ[1]।

[1]ਤਾਰਿਆਂ ਵਿੱਚ ਪੂੰਨਿਆਂ ਦੇ ਚੰਦ ਤੋਂ ਵੀ ਵਧ ਕੇ।

ਤਾਂ ਦਿਨ ਹੁਤੋ ਬਿਸਾਖੀ ਮੇਲਾ।
ਗੁਰੁ ਸਿੱਖਨ ਕੋ ਸੁਖਦ ਸੁਹੇਲਾ[1] ॥ ੧੦ ॥

[1]ਆਸਾਨੀ ਨਾਲ ਸੁਖ ਦੇਣ ਵਾਲਾ।

ਲਾਖਹੁੰ ਸਿੱਖ ਮਸੰਦ ਬਿੰਦ੍ਰੈਂ।
ਪਰਸੈਂ ਪਗ ਦਰਸੈਂ ਸੁਖਕੰਦੈਂ।
ਅਰਪ ਉਪਾਇਨ[1] ਪਾਇਨ ਅੱਗਰ।

[1]ਭੇਟਾ।

ਪਾਇਨ ਫਲ ਭਲ ਇਛਤ ਸਮੱਗਰ ॥ ੧੧ ॥

ਲਗੇ ਅੰਬਾਰ[1] ਅਪਾਰ ਸੁ ਵਸਤੈਂ।
ਬੇਸ਼ੁਮਾਰ ਧਨ ਅਯੋ ਸਮੱਸਤੈਂ[1]।
ਜੈ ਜੈਕਾਰ ਸੰਗਤਾਂ ਕਰਹੀਂ।
ਧੰਨ ਗੁਰੂ ਹਰਿਰਾਇ ਉਚਰਹੀਂ ॥ ੧੨ ॥
ਫੈਲਜੋ ਦੇਸ ਦੇਸ ਜਸ ਗੁਰੁ ਕਾ।
ਮਨੋ ਮਾਲਤੀ ਚਾਂਦਨਿ ਬੁਰਕਾ[1]।

[1]ਢੇਰ।

[1]ਸਾਰਿਆਂ (ਪਾਸਿਆਂ ਤੋਂ)।

[1]ਜਾਣੋ ਮਾਲਤੀ (ਫੁੱਲੀ ਹੋਈ ਨੇ ਚੰਦ ਦੀ) ਚਾਨਣੀ ਦਾ ਲਿਬਾਸ (ਪਹਿਨਿਆ ਹੋਇਆ ਹੈ)।

ਹਿੰਦੂ ਤੁਰਕ ਫਕੀਰ ਗ੍ਰੇਹੀ[1]।
ਦਰਸੈਂ ਆਇ ਸਰਸ[1] ਫਲ ਲੇਹੀਂ ॥ ੧੩ ॥
ਨਾਮੁ ਭਗਤ–ਗਿਰ ਸੰਤ ਗੁਸਾਂਈ[1]।
ਪਰਸਨ[1] ਚਲਜੋ ਹਿੰਗਲਾ ਮਾਈ[2]।

[1]ਗ੍ਰਹਸਤੀ।

[1]ਬਹੁਤਾ।

[1]ਗੁਸਾਈਂ (ਭੇਖ ਦਾ) ਸੰਤ ਸੀ।

[1]ਛੋਹਣ, ਯਾਤ੍ਰਾ ਕਰਨ। [2]ਹਿੰਗਲਾਟ ਵਿੱਚ ਨਿਵਾਸ ਕਰਨ ਵਾਲੀ ਦੇਵੀ। (ਹਿੰਗਲਾਟ– ਹਿੰਗੋਲ ਨਦੀ ਦੇ ਕੰਢੇ ਲਾਸਾ ਬੇਲਾਰਾਜ ਅੰਦਰ ਇਕ ਦੇਵੀ ਦਾ ਮੰਦਰ ਜੋ ਮੇਕਰਾਨ ਸਾਹਿਲ ਉੱਤੇ ਹਿੰਗਲਾ ਪਰਬਤ ਦੇ ਸਿਰੇ ਤੇ ਹੈ ਜਿੱਥੇ ਸਤੀ ਦੇਵੀ ਦਾ ਤਾਲੂਆ ਡਿੱਗਿਆ ਦਸਦੇ ਹਨ।

ਤਿਨ ਸੌ ਸਾਠ ਫਕੀਰ ਸੰਗਾਤੀ।
ਇਕ ਤੈ ਏਕ ਅਧਿਕ ਬਿਖਜਾਤੀ ॥ ੧੪ ॥
ਅਜ਼ਮਤ ਸੁਜਸ ਗੁਰੂ ਕਾ ਸੁਨ ਕੈ।
ਆਯੋ ਦਰਸ਼ਨ ਹਿਤ ਇਮ ਗੁਨ ਕੈ।
ਰੂਪ ਚਤੁਰ ਭੁਜ[1] ਨਿਜ ਦਿਖਰੈ ਹੈਂ।
ਗਰਮਾਂ ਗਰਮ ਕੜਾਹੁ ਛਕੈ ਹੈਂ ॥ ੧੫ ॥
ਲੈ ਲੈ ਨਾਮ ਜਿ ਸਬਿਨਿ ਦਿਲੈ ਹੈਂ।
ਤੌ ਹਮ ਹਰਿ ਬਪੁ[1] ਗੁਰੈਂ ਲਖੈ ਹੈਂ[2]।
ਇਹੁ ਉਰਿ ਧਰਿ ਜਬਿ ਗੁਰੁ ਢਿਗ ਆਯੋ।
ਰੂਪ ਚਤੁਰ ਭੁਜ ਹਰਿ ਗੁਰੁ ਪਾਯੋ[1] ॥ ੧੬ ॥
ਗੁਰੁ ਪ੍ਰਸ਼ਾਦ[1] ਗਰਮ ਮੰਗਵਾਯੋ।
ਸਬਿ ਕੋ ਨਾਮ ਬੁਲਾਇ ਦਿਲਾਯੋ।
ਪਿਖਿ ਅਜ਼ਮਤ ਸਿਖ ਹੋਵਨ ਚਹਿ ਕੈ।
ਕਹਜੋ ਪਦਮ ਪਦ[1] ਗੁਰੁ ਕੇ ਗਹਿ ਕੈ ॥ ੧੭ ॥
ਜੈਸੇ ਸੁਨੇ ਤੈਸ ਹੀ ਹੇਰੇ।
ਬੂਝਜੋ ਗੁਰੁ ਕਿਤ ਜਾਤ ਅਗੇਰੇ।

[1]ਚਹੁੰ ਬਾਹਾਂ ਵਾਲਾ ਭਾਵ ਵਿਸ਼ਨੂੰ।

[1]ਹਰੀ ਦਾ ਸਰੂਪ। [2]ਜਾਣਾਂਗੇ।

[1]ਵਿਸ਼ਨੂੰ ਦਾ ਚਤੁਰ ਭੁਜ ਰੂਪ ਗੁਰਾਂ ਨੇ ਬਣਾ ਲਿਆ।

[1]ਕੜਾਹ ਪ੍ਰਸ਼ਾਦ।

[1]ਚਰਨ ਕੰਵਲ।

ਹਾਥ ਜੋਰਿ ਗਿਰ-ਭਗਤ ਸੁਨਾਈ।
ਪਰਸਨ ਜੈਂਹੁ ਹਿੰਗੁਲਾ ਮਾਈ ॥੧੮॥
ਗੁਰੂ ਕਹਯੋ ਜੇ ਦੇਵੀ ਦਰਸੋ।
ਈਹਾਂ ਹੀ, ਤੌ ਫਿਰ ਕਜਾ ਕਰ ਸੋ।
ਕਹਯੋ ਭਗਤ ਗਿਰ ਜੇ ਇਮ ਹ੍ਵੈ ਹੈ।
ਤੌ ਹਮ ਸਬਿ ਤੁਵ ਸਿਖ ਬਨ ਜੈਹੈਂ ॥੧੯॥
ਕਹਯੋ ਗੁਰੂ ਸ੍ਰੀ ਨਾਨਕ ਦੇਹਰੇ।
ਜਾਵਹੁ ਦਰਸੋ ਬਡੇ ਸਵੇਹਰੇ।
ਗੁਰੁ ਸੁਤ ਸ੍ਰੀ ਚੰਦ ਸਤ ਬ੍ਰਿਧੈਂ[1]। [1]ਵਡੀ (ਸਤ) ਉਮਰ ਵਾਲੇ ਹਨ।
ਭਏ ਹਮਾਰੇ ਅਤੀ ਸਮ੍ਰਿਧੈਂ[1] ॥੨੦॥ [1]ਬਹੁਤ ਵੱਡੀ ਸਮੱਗ੍ਰੀ ਵਾਲੇ।
ਮਿਹਰ ਚੰਦ ਗੁਰੁ ਅੰਸ ਜੁ ਵਹਾਂ।
ਸੱਮ੍ਰਥ ਦਈ ਉਸੈ ਉਨ ਮਹਾਂ।
ਹਰਿ ਦਰਸ਼ਨ ਤੁਮ ਪਾਯੋ ਈਹਾਂ।
ਦੁਰਗਾ ਪਿਖਿ ਸਿਖ ਹੋਵਹੁ ਤੀਹਾਂ[1] ॥੨੧॥ [1]ਤਹਾਂ, ਓਥੇ।
ਆਸਯ[1] ਮਾਂਨ ਭਗਤ ਗਿਰ ਤਬ ਹੀ। [1]ਆਗਿਆ।
ਗਯੋ ਜਮਾਤ ਸਹਿਤ ਤਹਿਂ ਜਬ ਹੀ।
ਬਡੀ ਫਜ਼ਰ[1] ਦੁਰਗਾ ਕੇ ਦਰਸ਼ਨ। [1]ਵੱਡੇ ਤੜਕੇ।
ਪਾਏ, ਆਈ ਦੇਹਰਾ ਪਰਸਨ ॥੨੨॥
ਮਿਹਰ ਚੰਦ ਤੈ ਮੰਤ੍ਰ ਲਯੋ।
ਹਟ ਕਰਿ ਫੇਰ ਗੁਰੂ ਢਿਗ ਅਯੋ।
ਆਵਤ ਪਿਖਿ ਗੁਰੁ ਬਚਨ ਉਚਾਰੇ।
ਆਉ ਭਗਤ ਭਗਵਾਨ ਪਜਾਰੇ ॥੨੩॥
ਦਰਗਹਿ ਭਯੋ ਪ੍ਰਵਾਂਨ ਤੂੰ ਅਹੇ।
ਇਹੁ ਸੁਨਿ ਉਨਿ ਗੁਰੁ ਕੇ ਪਗ ਗਹੇ।
ਉਮਕਯੋ[1] ਪ੍ਰੇਮ ਦ੍ਰਿਗਨ ਜਲ ਛਾਯੋ। [1]ਉਛਲਿਆ।
ਗਦ ਗਦ ਗਿਰਾ ਰੁਮਾਂਚ ਉਠਾਯੋ[1] ॥੨੪॥ [1]ਕੰਠਰੁਕ ਗਿਆ ਤੇਰੋਮ ਖੜੇ ਹੋ ਗਏ।
ਪ੍ਰੇਮ ਬਿਬਸ ਅਤਿ ਸ਼ਰਧਾ ਉਰ ਕੇ।
ਛੋਡੈ ਨਾਂਹਿ ਪਦਮ ਪਦ ਗੁਰੁ ਕੇ।
ਇਕ ਛੋਰੈ ਤਬਿ ਦੂਸਰ ਫਰਹੀ।
ਕੋ ਆਂਖਿਨ ਪਰ ਕੋ ਸਿਰਿ ਧਰਹੀ ॥੨੫॥

ਸੀਤ ਪ੍ਰਸ਼ਾਦ ਗੁਰੂ ਕਾ ਪੁਨ ਛਕ।
ਬ੍ਰਹਮਾਨੰਦ ਵਿਖੇ ਸਬਿ ਗੇ ਛਕ[1]। [1]ਸਾਰੇ ਭਰ ਗਏ।
ਸਿਖੀਰੀਤਿ ਗੁਰੂ ਤੈ ਸਿੱਖੀ।
ਗੁਰੁ ਮੂਰਤਿ ਨਿਜ ਨਿਜ ਉਰਿ ਲਿੱਖੀ ॥੨੬॥
ਗੁਰੁ ਘਰ ਕੇ ਸੋ ਸੰਤ ਉਦਾਸੀ।
ਭਏ ਨੀਕ ਸਾਦਕ[1] ਸੁਖਰਾਸੀ। [1]ਚੰਗੇ ਸਿਦਕ ਵਾਲੇ।
ਤਬਿ ਤੈ ਭੇਖ ਉਦਾਸਿਨ ਮਾਂਹੀ।
ਜਟਾਂ ਬਿਭੂਤਿ ਜੰਜੀਰ ਚਲਾਹੀ ॥੨੭॥
ਬਿਦਾ ਪਾਇ ਵਹਿ ਗੁਰ ਤੇ ਗਏ।
ਨਿਜ ਨਿਜ ਡੇਰਨ ਜਾਇ ਥਿਰਏ।
ਦਸਮ ਗੁਰੂ ਲੌ ਤੌਰ ਮਸੰਦਨ[1]। [1]ਮਸੰਦਾਂ ਦੀ ਤਰ੍ਹਾਂ।
ਆਵਤ ਰਹੇ ਗੁਰਹਿਂ ਸੋ ਬੰਦਨ ॥੨੮॥
ਦੋਹਰਾ:
ਮਘਾ ਦੇਸ ਪੂਰਬ ਵਿਖੇ,
ਗੁਰੁ ਸਿੱਖੀ ਪੁਨ ਕੀਨ।
ਪੰਥ ਪ੍ਰਦਰਸ਼ਨ[1] ਮੈਂ ਲਿਖੀ, [1]ਗਿਆਨੀ ਜੀ ਲਿਖਤ ਇਕ ਪੁਸਤਕ, ਜਿਸ ਦਾ ਨਾਮ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਅੰਮ੍ਰਿਤਸਰ

ਐਡੀਸ਼ਨ ਦੇ ਪੰਨਾ ੯੫੪ ਤੇ 'ਭੇਖ ਪ੍ਰਭਾਕਰ' ਲਿਖਿਆ ਹੈ ਇਹ ਪੁਸਤਕ ਹੁਣ ਨਹੀਂ ਮਿਲਦੀ। ਬਾਦ ਵਿੱਚ ਤਵਾਰੀਖ ਗੁਰੂ ਖਾਲਸਾ ਦੇ ਪੰਜਵੇਂ ਭਾਗ ਪੰਥ ਖਾਲਸਾ ਵਿੱਚ ਇਸ ਨੂੰ ਸ਼ਾਮਲ ਕਰ ਦਿੱਤਾ ਸੀ।

ਅਧਿਕ ਗਾਥ ਲਿਹੁ ਚੀਨ ॥੨੯॥
ਕਬਿਤ:
ਕੇਤਕ ਦਿਵਸ ਪਾਇ ਮਾਝੇ ਕੇ ਸਿੱਖਨ ਆਇ,
ਪਾਸ ਗੁਰੂ ਹਰਿਰਾਇ ਬਿਨੈ ਬਹੁ ਗਾਇ ਹੈਂ।
ਕਹਯੋ ਦੇਸ ਮੈਂ ਬਿਸੇਸ[1] ਸਿੱਖ ਸਿੱਖਨੀ ਅਸੇਸ[2], [1]ਬਹੁਤੇ। [2]ਸਾਰੇ।
ਬ੍ਰਿਧ ਬਾਲ ਚਾਲ ਕਰਿ[1] ਆਇ ਨ ਸਕਾਇ ਹੈਂ। [1]ਚੱਲ ਕੇ।
ਰਾਵਰੋ ਦਰਸ ਚਾਹੈਂ ਅਤਿ ਹੀ ਉਮਾਹੈਂ ਮਨਿ,
ਬ੍ਰਿਦ[1] ਨਿਬਾਹੈਂ ਆਪ ਆਪਨੋ ਸੁਭਾਇ ਹੈਂ। [1]ਧਰਮ, ਨਿਯਮ।

ਕੀਜੀਏ ਨਿਹਾਲ ਉਸ ਦੇਸ ਕੋ ਨਿਹਾਲ[1] ਭਲੇ, [1]ਦੇਖ ਕੇ।
ਕਿਰਸਾਂਨ ਮਾਲੀ ਪਾਲੀ ਭੂਪਤਿ ਕੇ ਭਾਇ ਹੈਂ[1] [1]ਰਾਜੇ ਦੀ ਤਰ੍ਹਾਂ।
॥ ੩੦ ॥

ਮਾਨ ਕੈ ਅਰਜ਼ ਗੁਰੁ ਫਰਜ਼ ਸਮਝ ਨਿਜ,
ਸਿੱਖਨ ਗਰਜ਼ ਹਿਤ ਪੂਰਨ ਕਰਨ[1] ਹੈ। [1]ਸਿੱਖਾਂ ਦੀ ਇੱਛਾ ਪੂਰੀ ਕਰਨ ਵਾਸਤੇ।
ਚਲੇ ਪੁਰ ਕੀਰਤ ਤੈ ਗੁਰੁ ਪੁਰ ਕੀਰਤਿ[1], [1]ਜਸ ਨਾਲ ਭਰੇ ਹੋਏ (ਗੁਰੂ ਜੀ)।
ਅਮੀਰਤ ਸਸੈਨ ਬਿਸਤੀਰਤ ਵਰਨ ਹੈ[1]। [1](ਜਿਨ੍ਹਾਂ ਦੀ) ਸਰਦਾਰਾਂ ਸਣੇ ਫ਼ੌਜ ਵੱਡੇ ਵਿਸਥਾਰ ਵਾਲੀ ਕਹੀਦੀ ਹੈ।

ਸਤਲੁਜ ਪਾਰ ਨਿਜ ਸੈਨ ਕੋ ਉਤਾਰ ਫਿਰ,
ਤਰੇ ਆਪ ਤਰਨੀ ਪੈ ਤਾਰਨ ਤਾਰਨ ਹੈ[1]। [1]ਤਾਰਨ ਲਈ (ਤਰਨ) ਜਹਾਜ਼ ਰੂਪ ਸਤਿਗੁਰੂ ਜੀ (ਤਰੀ) ਬੇੜੀ ਤੇ (ਚੜ੍ਹ ਕੇ) ਆਪ (ਤਰੇ) ਪਾਰ ਲੰਘੇ।

ਸਿੱਖਨ ਸਵਰ[1] ਆਯੋ ਜਵਰ ਖਵਰ[2] ਪਾਇ, [1]ਸਬਰ, ਸੰਤੋਖ। [2]ਜ਼ਬਰਦਸਤ ਖ਼ਬਰ।
ਔੜ[1] ਮੈਂ ਅੱਭ੍ਰ[2] ਮਾਨੋ ਅਭਰ ਭਰਨ ਹੈ[3] ॥ ੩੧ ॥ [1]ਬਰਖਾ ਦਾ ਅਭਾਵ, ਸੋਕਾ। [2]ਬੱਦਲ। [3]ਖਾਲੀਆਂ ਨੂੰ ਭਰਨ (ਆਇਆ) ਹੈ।

ਗੁਰੁ ਪ੍ਰਮੇਸ ਦੇਸ ਦ੍ਵਾਬੇ ਮੈਂ ਬਿਸੇਸ[1] ਸਿੱਖ, [1]ਬਹੁਤੇ।
ਤਾਰੇ ਹੈ ਅਸੇਸ[1] ਪੈ ਕਲੇਸ ਸੇਸ ਹਰ ਕੈ[2]। [1]ਸਾਰੇ। [2]ਸਾਰੇ ਕਲੇਸ਼ ਮੇਟ ਕੇ। (ਸੇਸ-ਅਸੇਸ ਦਾ ਸੰਖੇਪ-ਸਾਰੇ)।

ਪੁਨਾ ਕਰਤਾਰ ਪੁਰ ਰੂਪ ਕਰਤਾਰ ਗੁਰੁ,
ਥਿਰ ਕੁਛ ਦਿਨ ਫੁਰ[1] ਪਾਰ ਬਜਾਸ ਪਰ ਕੈ[2]। [1]ਛੇਤੀ। [2]ਹੋ ਕੇ।
ਤਾਰ ਕੈ ਸੁ ਦੇਸ ਔ ਉਧਾਰ ਕੈ ਸਿੱਖਨ ਵੇਸ[1] [1]ਚੰਗੀ ਤਰ੍ਹਾਂ।
ਟਾਰ ਕੈ ਅਸੇਸ ਦੁੰਦ[1] ਦੋਖਿਨ ਬਿਦਰ ਕੈ[2]। [1]ਸਾਰੇ ਦੁੱਖ। [2]ਦੋਸ਼ਾਂ ਨੂੰ ਨਾਸ ਕਰਕੇ।
ਮੇਘ ਨਦੀ ਹੰਸ ਚਾਲ ਕ੍ਰਿਪਾ ਦ੍ਰਿਸ਼ਟਿ ਬ੍ਰਿਸਿਟ[1] [1]ਵਰਖਾ।
ਨਾਲ,
ਕੀਓ ਹੈ ਨਿਹਾਲ ਦੇਸ ਉਪਦੇਸ਼ ਕਰ ਕੈ ॥ ੩੨ ॥

ਜਾਇ ਰਾਮਦਾਸ ਪੁਰ ਸੁਧਾਸੁਰ ਨ੍ਹਾਇ ਗੁਰੁ,
ਬੰਦਿ[1] ਹਰਿਮੰਦਰ ਪ੍ਰਸ਼ਾਦ ਬਰਤਾਯੋ ਹੈ। [1]ਨਮਸਕਾਰ ਕਰੇ।
ਉੱਤ੍ਰ ਕੀ ਓਰ ਖਿਸ ਤਾਲ ਹੁਤੋ ਤਾਲ ਬਹੁ[1], [1]ਪਹਾੜ ਦੀ ਤਰਫ ਦਾ ਸ੍ਰੋਵਰ ਦਾ ਬਹੁਤਾ (ਹਿੱਸਾ) ਟੁੱਟ ਫੁੱਟ ਗਿਆ ਸੀ। (ਖਿਸਤਾਲ=ਖਸਤਹ ਹਾਲ=ਟੁੱਟੀ ਫੁੱਟੀ ਹਾਲਤ ਵਿੱਚ।)

ਮਦਤ ਬਿਸਾਲ ਲਾਇ ਤਜਾਰ ਕਰਵਾਯੋ ਹੈ।
ਦਰਵਾਰ[1] ਅੰਦਰ ਲਗਾਇ ਦਰਵਾਰ[2] ਨਿੱਤ, [1]ਸ੍ਰੀ ਹਰਿਮੰਦਰ ਸਾਹਿਬ ਦੇ। [2]ਦੀਵਾਨ।
ਸਿੱਖਨ ਦਿਦਾਰ ਦੈ ਸੰਸਾਰ ਤੈ ਤਰਾਯੋ ਹੈ।

ਆਵੈਂ ਨਿਤ ਪ੍ਰਤਿ ਸਿੱਖ ਸੰਗਤ ਮਸੰਦ ਬ੍ਰਿੰਦ,
ਭੇਟ ਦੈ ਬੁਲਿੰਦ[1] ਫਲ ਪੈਹੈਂ ਮਨ ਭਾਯੋ ਹੈ
॥ ੩੩ ॥

[1]ਉੱਚੀ, ਵੱਡੀ।

ਕਈ ਮਾਸ ਵਾਸ ਕਰਿ ਸਿੱਖਨ ਕੀ ਆਸ ਭਰ[1],
ਗੁਰੂ ਸੁਖ ਰਾਸਿ ਤਰੁ ਕਲਪ ਸਮਾਂਨ ਹੈਂ।
ਚਲ ਕੈ ਤਹਾਂ ਤੈ ਫਿਰ ਤਾਰਨ ਤਰਨ ਗੁਰੁ,
ਤਾਰਨ ਤਰਨ ਜਾਇ ਕੀਨ ਇਸ਼ਨਾਨ ਹੈ।
ਦਰਵਾਰਿ ਜਾਇ ਕਰਿ ਬੰਦਨ ਦਰਸ ਪਾਇ,
ਸਾਤ ਦਿਨ ਲੌ ਥਿਰਾਇ ਮੋਦ ਮਨ ਮਾਨ ਹੈ।
ਤਹਾਂ ਤੈ ਖੰਡੂਰ ਆਇ ਦੂਸਰੇ ਗੁਰੂ ਕੀ ਜਾਇ[1],
ਪ੍ਰਸ਼ਾਦ ਭੇਟ ਦਾਇ ਸਾਸਾਂਟਾਂਗ ਠਾਨ ਹੈ[1] ॥ ੩੪ ॥

[1]ਜਗ੍ਹਾ, ਅਸਥਾਨ।
[1]ਅੱਠਾਂ ਅੰਗਾਂ ਸਹਿਤ (ਨਮਸਕਾਰ) ਕੀਤੀ।

ਧੂਰਿ ਮੁਖ ਲਾਇ ਦੀਪ ਘ੍ਰਿਤ ਜਗਾਇ ਕੈ,
ਸੁਗੰਧਿ ਮਹਕਾਇ ਮਾਲ ਸੁਮਨ[1] ਚਢਾਇ ਕੈ।
ਪਕਵਾਂਨ ਪਕਵਾਇ ਗੁਰੂ ਅੰਸ ਕੋ ਖੁਲਾਇ,
ਸਿਤਕਾਰ ਭੇਟ ਦਾਇ ਜਥਾ ਜੋਗ ਭਾਇ ਕੈ[1]।
ਫੇਰ ਸੈਨ[1] ਸਿੱਖਨ ਛਕਾਇ ਕਰਿ ਜਾਚਕਨ[2],
ਰਾਤ ਜਾਗਾ ਕਰਵਾਯੋ ਭਜਨ ਕਰਾਇ ਕੈ।
ਆਇ ਕੈ ਗੋਇੰਦਵਾਲ ਪੁਨਾ ਇਸੀ ਢਾਲ ਗੁਰੁ,
ਕੀਨ ਹੈ ਬਿਸਾਲ ਚਾਲ[1] ਅਤਿ ਹੁਲਸਾਇ ਕੈ
॥ ੩੫ ॥

[1]ਫੁੱਲਾਂ ਦੀ ਮਾਲਾ।
[1]ਜੈਸਾ ਜੋਗ ਸੀ ਪ੍ਰੇਮ ਕੀਤਾ।
[1]ਫੌਜ। [2]ਮੰਗਤਿਆਂ ਨੂੰ।
[1]ਰੀਤੀ।

ਕੀਨ ਇਸ਼ਨਾਨ ਸ੍ਰੀ ਬਾਉਲੀ ਸੁਪਾਂਨ[1],
ਸਬਿਧਾਂਨ[1] ਜਪਜੀ ਕੇ ਪਾਠ ਠਾਂਨ[2] ਮਨ ਮਾਂਨ ਹੈ।
ਜਦਪਿ ਥੇ ਗੁਰੂ ਅਵਤਾਰ ਸਮ੍ਰੱਥ ਪ੍ਰਭੂ,
ਕਰਮ ਕਰਨ ਤੈ ਨ ਚਹਿਤ ਕਲਜਾਨ ਹੈ।
ਤਦਪਿ ਸੁ ਮਰਯਾਦ ਸਿੱਖਨ ਸਿਖਾਵਨ ਕੋ,
ਜਪ ਤਪ ਦਾਨ ਬ੍ਰਤ ਕਰਤ ਬਿਧਾਂਨ ਹੈ।
ਜੈਸੇ ਪਢੇ ਪੰਡਿਤ ਭੀ ਬਾਲਕ ਪਢਾਵਨ ਕੋ
ਲਿਖਤ ਬਰਾਖਰੀ ਮੁਹਾਰਨੀ[1] ਬਖਾਂਨ ਹੈ ॥ ੩੬ ॥

[1]ਪਉੜੀਆਂ (ਉੱਪਰ)।
[1]ਬਿਧੀ ਸਹਿਤ। [2]ਕੀਤੇ।
[1]ਮਾਤ੍ਰਾ ਸਹਿਤ ਬਾਰਾਂ ਅੱਖਰਾਂ ਦੀ ਮੁਹਾਰਨੀ।

ਜੱਗ ਕਰਵਾਇ ਪਕਵਾਨ ਬਿਬਧਾਇ[1],
ਗੁਰੁ ਅੰਸ ਕੋ ਛਕਾਇ ਬਹੁ ਕੀਨ ਸਿਤਕਾਰ ਹੈ।

[1]ਅਨੇਕ ਤਰ੍ਹਾਂ ਦੇ।

ਸਾਰ[1] ਪਾਇ ਨਰ ਮਾਈ ਸੰਗਤੈਂ ਅਪਾਰ ਆਈ, [1]ਖਬਰ।
ਗਿਰਦ ਨਿਵਾਈ ਤੈ[1] ਚਢਾਈ ਭੇਟ ਭਾਰ ਹੈ। [1]ਆਲੇ ਦੁਆਲੇ ਤੋਂ।
ਸਬਿ ਕੋ ਛਕਾਯੋ ਪ੍ਰਸ਼ਾਦਿ ਅਹਿਲਾਦ ਸਹਿ[1], [1]ਅਨੰਦ ਨਾਲ।
ਐ ਹੈ ਏਕ ਜੈ ਹੈ ਧਨ ਦੈ ਹੈ ਬੇਸ਼ੁਮਾਰ ਹੈਂ।
ਗੁਰੂ ਸੈਨ ਕੋ ਦਿਲੈ ਹੈਂ ਬਾਕੀ ਲੰਗਰ ਲਗੈ ਹੈਂ,
ਕੁਛ ਜਾਚਕਨ ਦੈ ਹੈਂ ਪੈ ਹੈਂ ਗੋਲਕ ਵਿਚਾਰ ਹੈਂ
॥ ੩੭ ॥
ਕੀਰਤਨ ਕਥਾ ਜਥਾ ਰੁਚੀ ਕਰਵਾਹਿਂ ਤਥਾ,
ਸਿੱਖਨ ਕੋ ਪਥਾ[1] ਮੋਖ ਭੋਗਦ ਦਿਢਾਇ ਹੈਂ। [1]ਰਸਤਾ।
ਤਬੈ ਦੂਤ ਆ ਉਚਾਰਾ ਆਵਤ ਸ਼ਕੋਹ ਦਾਰਾ[1], [1]ਦਾਰਾ ਸ਼ਕੋਹ।
ਸ਼ਾਹਿਜ਼ਾਦਾ ਜੰਗ ਹਾਰਾ ਭਗਯੋ ਖੌਫ ਖਾਇ ਹੈ।
ਬੂਝਯੋ ਗੁਰੁ ਭਯੋ ਕੈਸ ਤਬੈ ਤਿਨ ਕਹਯੋ ਐਸ,
ਸ਼ਾਹਿ ਜਹਾਂ ਦਯੋ ਤਾਂਹਿ ਤਖਤ ਬਿਠਾਇ ਹੈ।
ਕਾਰਵਾਰ ਸ਼ਾਹੀ ਸਾਰਾ ਜਬੈ ਇਸ ਕੌ ਸੰਭਾਰਾ,
ਨੌਰੰਗ ਫਸਾਦ ਭਾਰਾ ਕੀਨ ਤਬੈ ਆਇ ਹੈ
॥ ੩੮ ॥
ਦੂਜੇ ਦੋਊ ਭਾਈ ਉਨ ਲਏ ਸੋ ਮਿਲਾਈ ਸੰਗਿ,
ਕਸਮ ਕੁਰਾਨ ਚਾਈ[1] ਮੈਂ ਨ ਸ਼ਾਹੀ ਚਾਹਿ ਹੌਂ। [1]ਚੁੱਕੀ ਭਾਵ ਖਾਧੀ।
ਏਕ ਬਨੋ ਮੀਰ[1] ਦੂਜੋ ਹੂਜੀਓ ਵਜ਼ੀਰ ਧੀਰ, [1]ਬਾਦਸ਼ਾਹ।
ਮੈਂ ਤੋ ਹ੍ਵੈ ਫਕੀਰ ਮੱਕੇ ਜਾਇ ਕੈ ਰਹਾਹਿ ਹੌਂ।
ਕਾਫਰ ਹੈ ਭਯੋ ਦਾਰਾ ਹਿੰਦੂ ਮਤ ਧਾਰਾ ਇਨ,
ਤਜ ਕੈ ਕੁਰਾਨ ਬੇਦ ਪਢਤ ਸਰਾਹਿ ਹੌਂ[1]। [1](ਉਨ੍ਹਾਂ ਨੂੰ ਹੀ) ਸਲਾਹੁੰਦਾ ਹੈ।
ਮਾਰਨੋ ਸਵਾਬ[1] ਸੋਊ ਦਹਿਰੀਆ[2] ਭਯੋ ਜੋਊ, [1]ਪੁੰਨ। [2]ਨਾਸਤਕ (ਅ: ਦਹਰੀ=ਨਾਸਤਕ=ਰੱਬ ਤੇ ਪ੍ਰਲੋਕ ਨੂੰ ਨ ਮੰਨਣ ਵਾਲਾ।)
ਐਸੇ ਦਿਢ ਠਾਨ ਤੀਨੋ ਲਰੇ ਆ ਅਗਾਹਿ ਹੌਂ
॥ ੩੯ ॥
ਤੀਨ ਰੋਜ ਮਾਚਯੋ ਜੰਗ ਖੂੰਨ ਭਿਗੇ ਤਾਜੀ ਤੰਗ[1], [1]ਘੋੜਿਆਂ ਦੇ ਤੰਗ।
ਮੁਗਲ ਪਠਾਨ ਰਜਪੂਤ ਅੰਗ ਦੈ[1] ਲਰੇ। [1]ਪੱਖ ਕਰਕੇ। (ਅ) ਸਹਾਇਤਾ ਦੇ ਕੇ।
ਤੋਪਨ ਕੀ ਤੜਾ ਭੜੀ[1] ਤੁਪਕਨ ਬਾੜ ਝੜੀ[2], [1]ਤੜਭੜੀ ਦੀ ਆਵਾਜ਼। [2]ਬੰਦੂਕਾਂ ਦੇ ਇਕੱਠੇ ਵਾਰ ਹੋਏ।
ਲੋਥ ਪਰ ਲੋਥ ਚੜ੍ਹੀ ਪੜੀ[1] ਕਟ ਹੈਂ ਪਰੇ[2]। [1]ਪਈ ਹੈ। [2](ਸੂਰਮੇ) ਕੱਟੇ ਪਏ ਹਨ।

ਸਰਕਤ[1] ਸਾਰ[2] ਗੋਲੀ ਤੀਰਨ ਕੀ ਮਾਰ ਪਰੇ,
ਸਾਵਨ ਕੇ ਮੇਂਹ ਮੇਘ[1] ਪੇਖਿ ਲਾਜ ਹੈਂ ਖਰੇ[2]।
ਖਾਯੋ ਥਰਥੱਲਾ ਧਰਾ ਨਾਵ ਜਯੋਂ ਅਵੱਲਾ[1],
ਦਿਲ ਸਬਹੂੰ ਕਾ ਹੱਲਾ ਅੱਲਾ ਅੱਲਾ ਬੋਲ ਹੈਂ ਭਰੇ[1]
॥ ੪੦ ॥

[1]ਚਲਦੇ ਹਨ। [2]ਸ਼ਸਤ੍ਰ।
[1]ਵਰ੍ਹਦੇ ਬੱਦਲ। [2]ਬਹੁਤੇ ਸ਼ਰਮਿੰਦੇ ਹੁੰਦੇ ਹਨ।
[1]ਧਰਤੀ ਨੇ ਬੇੜੀ ਵਾਂਗ ਅਣੋਖਾ ਹਿਲੋਰਾ ਖਾਧਾ।
[1]ਜੰਗ ਵਿੱਚ। (ਭਰ=ਜੰਗ। ਨਿਰੁਕਤ ਵਿੱਚ ਲਿਖਿਆ ਹੈ ਕਿ ਜਿੱਤਣ ਵਾਲੇ ਨੂੰ ਧਨ ਤੇ ਜਸ ਨਾਲ ਭਰ ਦੇਂਦਾ ਹੈ ਇਸ ਕਰੇ ਜੰਗ ਦਾ ਨਾਮ ਭਰ ਹੈ।)

ਫੀਲ[1] ਪੈ ਸੇ ਕੂਦ ਦਾਰਾ ਚਢਯੋ ਅੱਸ੍ਵ[2] ਯੌਂ ਵਿਚਾਰਾ,
ਹੱਲਾ ਕਰਵੈਹੂੰ ਭਾਰਾ ਮੈਂ ਹੂੰ ਆਗੈ ਜਾਇ ਕੈ।
ਸੈਨ ਨੇ ਨਿਹਾਰਾ ਮਨ ਧਾਰਾ ਦਿਢ ਮਰਯੋ ਦਾਰਾ,
ਔਰ ਨਾ ਵਿਚਾਰਾ ਭਾਗ ਪਰੀ ਦਹਿਲਾਇ ਕੈ[1]।
ਫੇਰ ਕੌਨ ਸੁਨੇ ਕਾਂਹਿ ਏਕ ਆਗੇ ਏਕ ਜਾਂਹਿ,
ਨੌਰੰਗ ਲਖਾਹਿ ਫਤੇ ਸੂਜੇ ਕੋ ਗਹਾਇ ਕੈ[1]।

[1]ਹਾਥੀ। [2]ਘੋੜੇ ਤੇ।
[1]ਡਰ ਕੇ।
[1]ਔਰੰਗਜ਼ੇਬ ਨੇ ਆਪਣੀ ਫਤਹ ਜਾਣ ਕੇ (ਆਪਣੇ ਭਰਾ) ਸ਼ੁਜਾਅ ਨੂੰ ਪਕੜ ਲਿਆ।

ਦੂਸਰੇ ਕੋ[1] ਮਰਵਾਇ ਆਗਰੇ ਕਿਲੇ ਮੈ ਆਇ,
ਸ਼ਾਹਿਜਹਾਂ ਥਾ ਤਹਾਂਇ[1] ਕੈਦ ਕੀਓ ਭਾਇ ਕੈ[2]
॥ ੪੧ ॥

[1]ਦੂਜੇ (ਭਰਾ ਮੁਰਾਦ ਬਖਸ਼) ਨੂੰ।
[1]ਓਥੇ ਸੀ। [2](ਆਪਣੀ) ਮਨ ਮਰਜ਼ੀ ਨਾਲ।

ਹੁਤੋ ਸੋ ਲਚਾਰ[1] ਔ ਬੀਮਾਰ ਬੂਢਾ ਭਾਰ[2] ਭਯੋ,
ਕਯੋ ਨਾ ਲਿਹਾਜ ਜਰਾ ਨੌਰੰਗ ਨੇ ਬਾਪ ਕੋ।
ਕਸਮ ਕੁਰਾਨ ਕੋ ਚਲਾਨ ਠਾਨ ਸਿੰਧੁ ਮਾਂਹਿ[1]
ਕੌਲ ਤੇ ਕਰਾਰ ਡਾਰ ਦਏ ਕੂਪ ਆਪ ਕੋ[1]।
ਛਲ ਬਲ ਸਾਥ ਬਾਪ ਬੀਰਨ ਕੋ[1] ਕੈਦ ਥਾਪਿ[2],
ਸ਼ਾਹੀ ਲਈ ਹਾਥਿ ਕਾਮ ਕਰਿ ਲੀਨੋ ਆਪ ਕੋ।
ਦੇਖੋ ਕਰਤਾਰ ਕੀਨ ਕਲਿਜੁਗ ਕੈਸੋ ਪੀਨ[1],
ਬੇੜਾ ਬੂਡਯੋ[1] ਧਰਮ ਕਾ ਪਾਰ ਪਰਯੋ ਪਾਪ ਕੋ
॥ ੪੨ ॥

[1]ਦੁਖੀ। [2]ਬਹੁਤਾ।
[1]ਸਮੁੰਦਰ ਵਿੱਚ ਭੇਜ ਦਿਤਾ।
[1]ਖੂਹ ਦੇ ਪਾਣੀ ਵਿੱਚ।
[1]ਭਰਾਵਾਂ ਨੂੰ। [2]ਕਰਕੇ।
[1]ਤਕੜਾ, ਕਰੜਾ।
[1]ਡੁੱਬ ਗਿਆ।

ਦਾਰਾ ਭਗ ਆਯੋ ਦਿੱਲੀ ਦੌਲਤ ਤਹਾਂ ਤੈ ਮਿਲੀ,
ਜੇਤਕ ਸੋ ਬਿਨਾ ਢਿੱਲੀ ਆਵਤ ਲਗਾਇ ਹੈ[1]।
ਸੰਗ ਮੈ ਸ੍ਵਾਰ ਹੈਂ ਜਰਾਰ[1] ਪਾਂਚਕ ਹਜਾਰ,
ਭਲਕੇ ਬਜਾਸ ਪਾਰ ਹੋਇ ਇਤ ਆਇ ਹੈ।

[1](ਆਪਣੇ ਨਾਲ) ਲਈ ਆਉਂਦਾ ਹੈ।
[1]ਲੜਾਕੇ।

ਪੀਛੇ ਲਸ਼ਕਰ ਬੇਸ਼ੁਮਾਰ ਐਹੇ ਨੌਰੰਗ ਕੋ,
ਗਹਿਨੇ ਕੇ ਹੇਤ ਕਿਤ ਰਹਿਨੇ ਨ ਦਾਇ ਹੈ।
ਦੂਜੇ ਦਿਨ ਦਾਰਾ ਖਾਸ[1] ਆਯੋ ਚਲਿ ਗੁਰੂ ਪਾਸ, [1]ਆਪ।
ਬਦਨ ਪ੍ਰਸੰਨ ਜਾਸ ਗਜ਼ਾਨ ਦਮਕਾਇ ਹੈ[1] [1]ਚਮਕਦਾ ਹੈ।
॥ ੪੩ ॥
ਦੋਹਰਾ:
ਮੁਕਤਿ ਭੁਗਤਿ ਦਾਨੀ ਗੁਰੂ,
ਮਾਨੀ[1] ਮੁਨਿੰਦ ਨਰਿੰਦ। [1]ਮੰਨਣ ਯੋਗ।
ਸਭਾ ਸੁਰਿੰਦ ਸਮਾਨ[1] ਸਜਿ, [1]ਇੰਦ੍ਰ ਵਾਂਗ।
ਬੈਠੇ ਰੂਪ ਗੁਬਿੰਦ ॥ ੪੪ ॥
ਚਿਦਾਨੰਦ ਸੰਦੋਹ ਕੋ[1] [1](ਸੰਦੋਹ) ਸੰਪੂਰਨ (ਸਤਿ) ਚਿੱਤ ਅਨੰਦ (ਸਰੂਪ ਸਤਿਗੁਰਾਂ) ਨੂੰ।
ਬੰਦਜੋ ਦਾਰਾ ਸ਼ਕੋਹ।
ਦੁੰਦ[1] ਦੋਖ ਨਹਿ ਸ਼ੋਕ ਜਿਹ, [1]ਦੁੱਖ।
ਕਿੰਚਤ ਕੋਹ[1] ਨ ਮੋਹ ॥ ੪੫ ॥ [1]ਕ੍ਰੋਧ।
ਚੌਪਈ:
ਕਿਸ਼ਤੀ[1] ਪਾਂਚ ਜ੍ਵਾਹਰ ਕੇਰੀ। [1]ਕਿਸ਼ਤੀ ਦੀ ਸ਼ਕਲ ਦੇ ਥਾਲ।
ਦਿਪਤ[1] ਜੋਤਿ ਜਿਨ ਕੇਰ ਬਧੇਰੀ। [1]ਚਮਕਦੀ ਹੈ।
ਜ਼ੇਵਰ ਆਯੁਧ ਬਸਨ ਅਤੋਲੇ।
ਲੋਲ[1] ਤੁਰੰਗ ਸੁਰੰਗ ਅਮੋਲੇ ॥ ੪੬ ॥ [1]ਚੰਚਲ।
ਅਰਪਿ ਅਕੋਰ[1] ਪਦਮ ਪਦ ਪਰਸੇ। [1]ਭੇਟਾ।
ਮਾਨ ਸਰੋਵਰ ਸੇ ਗੁਰ ਦਰਸੇ।
ਸਿੱਖ ਸੰਤ ਜਹਿਂ ਹੰਸ ਅਪਾਰੇ।
ਸਦ ਗੁਨ ਮੁਕਤਾ[1] ਗ੍ਰਾਹਕ ਭਾਰੇ ॥ ੪੭ ॥ [1]ਚੰਗੇ ਗੁਣਾਂ ਦੇ ਮੋਤੀਆਂ ਦੇ।
ਬੈਠਜੋ ਨਿੰਮ੍ਰ ਹ੍ਵੈ ਤਹਿਂ ਦਾਰਾ।
ਸੁੰਦਰਰੂਪ ਅਨੂਪ ਉਦਾਰਾ।
ਜ਼ੇਵਰ ਜਬਰ ਜ੍ਵਾਹਰ ਜਰੇ।
ਜੋਤਿ ਜਗਮਗੈ ਅੰਗਨਿ ਧਰੇ ॥ ੪੮ ॥
ਰਾਗਰੋਖ[1] ਬਿਨੁ ਦਿਢ ਬ੍ਰਹਮ ਗਜ਼ਾਨੀ। [1]ਮੋਹ ਤੇ ਕ੍ਰੋਧ।
ਮਾਨਤ ਨਾਂਹਿ ਲਾਭ ਕੁਛ ਹਾਨੀ।

ਸੁਖ ਅਜੰਨਜ[1] ਗਹਿ ਬਦਨ ਪ੍ਰਸੰਨ। [1]ਆਤਮਕ ਸੁਖ।
ਜੈਸ ਜੁਗੀਸ਼ ਮੁਨੀਸ਼ ਅਨੰਨ[1] ॥ ੪੯ ॥ [1]ਇਕ ਪ੍ਰਮੇਸ਼ਰ ਦੀ ਲਗਨ ਵਾਲੇ।
ਸਮ ਪ੍ਰਹਿਲਾਦ ਤੁਰਕ ਕੁਲ ਮਾਂਹੀ।
ਮਰੁ ਥਲ ਮੈਂ[1] ਜਿਮ ਸੁਰਤਰੁ ਆਹੀ। [1]ਮਾਰੂ ਧਰਤੀ ਵਿੱਚ।
ਕਾਕਨ ਕੁਲ ਸੁਤ ਕੋਕਲ ਜੰਨਾ[1]। [1]ਜਿਵੇਂ ਕਾਵਾਂ ਦੀ ਕੁਲ ਵਿੱਚ ਕੋਇਲ ਦਾ ਪੁੱਤਰ ਪੈਦਾ ਹੋ ਗਿਆ ਹੈ।
ਬੰਸ ਬਕਨ ਮੈਂ ਹੰਸ ਉਪੰਨਾ[1] ॥ ੫੦ ॥ [1]ਬਗਲਿਆਂ ਦੀ ਬੰਸ ਵਿੱਚ ਹੰਸ ਪੈਦਾ ਹੋ ਗਿਆ ਹੈ।
ਪਰਮਾਰਥ ਮੈਂ ਪ੍ਰੀਤਿ ਲਗਾਈ।
ਜਨਮ ਮਰਨ ਕੀ ਚਿੰਤ ਮਿਟਾਈ।
ਬਿਸ਼ੇ ਬਾਸ਼ਨਾ ਦੁਰਮਤਿ ਛੋਰੀ।
ਫਾਂਸੀ ਸ਼ਰ੍ਹਾ ਸਿੰਧੁ ਮਹਿ ਬੋਰੀ[1] ॥ ੫੧ ॥ [1]ਡੋਬ ਦਿੱਤੀ।
ਸਤਿ ਸੰਗਤਿ ਮੈਂ ਪਰਮ ਪ੍ਰੀਤੀ।
ਸਤ ਪ੍ਰਤੱਗ[1] ਗੁਨੱਗ[2] ਬਿਨੀਤੀ[3]। [1]ਪ੍ਰਣ ਪੂਰਾ ਕਰਨ ਵਾਲਾ। [2]ਗੁਣਾਂ ਦਾ ਗਿਆਤਾ। [3]ਨਿੰਮ੍ਰਤਾ ਵਾਲਾ।
ਕਰ ਸਿਤਕਾਰ ਗੁਰੂ ਤਬਿ ਟੇਰਾ[1]। [1]ਕਿਹਾ।
ਜੰਗ ਪ੍ਰਸੰਗ ਸੁਨਜੋ ਸਬਿ ਤੇਰਾ ॥ ੫੨ ॥
ਕਹੋ ਚਿਤ ਮੈਂ ਅਬਿ ਕਜਾ ਆਹੀ।
ਜੇ ਚਾਹਤ ਦੁਨੀਆਂ ਕੀ ਸ਼ਾਹੀ।
ਤੌ ਹਮ ਨਿਜ ਸਹਿ ਸੈਨ ਮੁਰੀਦੈਂ[1]। [1]ਆਪਣੀ ਫ਼ੌਜ ਤੇ ਸੇਵਕਾਂ ਸਣੇ।
ਲੈ ਕਰਿ ਲਰ ਹੈਂ ਬੋਲਿ ਸ਼ਹੀਦੈਂ[1] ॥ ੫੩ ॥ [1]ਸ਼ਹੀਦਾਂ ਨੂੰ ਬੁਲਾ ਕੇ।
ਅਰ ਦਰਗਾਹਿ ਵੀਚ ਕਰਿ ਅਰਜੀ।
ਸ਼ਾਹੀ ਲੈ ਦਿਂਹ ਜੇ ਤੁਹਿ ਮਰਜੀ।
ਸੁਨਿ ਗੁਰ ਕੇ ਬਚ ਸੁਖਦ ਅਮੋਲੇ।
ਜਨ ਭਵ ਤਾਰਕ ਪੋਤ ਅਲੋਲੇ[1] ॥ ੫੪ ॥ [1]ਜਾਣੋ ਸੰਸਾਰ ਸਮੁੰਦਰ ਤੋਂ ਤਾਰਨ ਵਾਲੇ ਤੇ ਨ ਡੋਲਣ ਵਾਲੇ ਜਹਾਜ਼ ਹਨ।
ਦਾਰੇ ਕਹਜੋ ਜੋਰਿ ਕਰ ਦੋਹੀ[1]। [1]ਦੋਨੋ ਹੱਥ ਜੋੜ ਕੇ।
ਰਾਵਰ ਜੈਸ ਕਹੋ ਤਸ ਹੋਹੀ।
ਜੇ ਤੁਮ ਚੀਟੀ ਕਰ ਸਿਰ ਧਰਿ ਹੈਂ।
ਸੋ ਸਮ੍ਰੱਥ ਹ੍ਵੈ ਸਾਗਰ ਤਰ ਹੈ ॥ ੫੫ ॥
ਚਹੋ ਮਸ਼ਕ[1] ਤੇ ਸੈਲ[2] ਤੁੜੈ ਹੋ। [1]ਮੱਛਰ। [2]ਪਹਾੜ।
ਅਜੈ ਪੂਤ ਤੈ ਗਜੈ ਢਹੈ ਹੋ[1]। [1]ਬਕਰੀ ਦੇ ਪੁੱਤਰ ਤੋਂ ਹਾਥੀ ਨੂੰ ਢਹਾ ਸਕਦੇ ਹੋ।

ਪੈ ਮੈਂ ਚਹਿਤ ਨ ਦੁਨੀਆਂ ਸ਼ਾਹੀ।
ਸੰਸੇ ਸ਼ੋਕ ਅਧਿਕ ਜਿਸ ਮਾਂਹੀ ॥ ੫੬ ॥
ਪ੍ਰਵਿਰਤੀ ਦੁਖ ਦੋਖਨ ਖਾਨੀ।
ਲਖੋ ਨਵਿਰਤੀ ਸੁਖਦ ਮਹਾਨੀ।
ਤਪ ਫਲ ਨਰ ਜਗਰਾਜ ਕਮੈ ਹੈ।
ਨਰਕ ਹਕੂਮਤ ਤੈ ਪੁਨ ਪੈ ਹੈ ॥ ੫੭ ॥
ਤਾਂ ਤੇ ਤੁਮ ਜੋ ਕਿਰਪਾ ਕਰ ਕੈ।
ਬਖਸ਼ੀ ਪਤਿਸ਼ਾਹੀ ਮੁਹਿ ਢਰ ਕੈ[1]। [1]ਕ੍ਰਿਪਾਲੂ ਹੋ ਕੇ।
ਸਾਤ ਵਲਾਇਤ ਕੀ ਜੁ ਹਕੂਮਤ।
ਤਿਸ ਆਗੈ ਸਭਿ ਦੁਖਦ ਖਸੂਮਤ[1] ॥ ੫੮ ॥ [1]ਖ਼ਰਾਬੀ ਹੈ, ਝਗੜਾ ਹੈ।
ਯਮ[1] ਇੰਦ੍ਰ ਬਿਧਿ[2] ਲੌ ਜੇ ਹਾਕਮ। [1]ਧਰਮਰਾਜਾ। [2]ਬ੍ਰਹਮਾ।
ਤੀਨ ਦੋਖ ਕਰਿ ਗ੍ਰਸਤ ਸਦਾਕਮ[1]। [1]ਹਮੇਸ਼ਾਂ।
ਬ੍ਰਹਮ ਗਜਾਨੀ ਕੀ ਪਤਿਸ਼ਾਹੀ।
ਸਮ ਨਹਿਂ ਦੂਸਰ ਕੋ ਜਗ ਮਾਂਹੀ ॥ ੫੯ ॥
ਅਚੁਤ[1] ਅਨੂਪਮ[2] ਸੁਖ ਜਿਸ ਕੇਰਾ। [1]ਅਗਿੜ, ਨਾਸ-ਰਹਿਤ। [2]ਉਪਮਾ-ਰਹਿਤ।
ਇਕ ਰਸ ਸਦਾ ਅਖੰਡ ਬਧੇਰਾ।
ਮਾਯਕ[1] ਦੁੰਦ[2] ਦੋਖ ਹੈਂ ਜੇਤੇ। [1]ਮਾਇਆ ਕਰਕੇ। [2]ਦੁੱਖ।
ਬਜਾਪਤ ਤਹਾਂ ਨ ਕਿੰਚਤ ਤੇਤੇ ॥ ੬੦ ॥
ਸੁਖ ਸਰੂਪ ਆਤਮ ਇਕ ਹੱਯੇ।
ਬਾਕੀ ਦੁਖਦ ਅਨਾਤਮ[1] ਪੱਯੇ। [1]ਆਤਮਾ ਤੋਂ ਉਲਟ, ਜੜ੍ਹ।
ਜਗ ਸੁਖ ਜਿਤਕ ਲੋਗ ਜੁਗ ਕੇਰੇ[1]। [1]ਦੋਹਾਂ ਲੋਕਾਂ ਦੇ।
ਆਤਮ ਸੁਖ ਕਰਿ ਲਿਪੇ ਸੁ ਹੇਰੇ ॥ ੬੧ ॥
ਜਸੋਂ ਕੰਦਲੇ[1] ਪਰ ਕੰਚਨ ਝਮਕਤ[2]। [1]ਚਾਂਦੀ ਦਾ ਪੱਤ੍ਰਾ ਜਿਸ ਉਪਰ ਸੋਨਾ ਚੜ੍ਹਿਆ ਹੋਇਆ ਹੋਵੇ। [2]ਸੋਨਾ ਚਮਕਦਾ ਹੈ।

ਤਸੋਂ ਸਭਿ ਪਰ ਆਤਮ ਸੁਖ ਚਮਕਤ।
ਇਸ ਸ਼ਾਹੀ ਕਾ ਜੋ ਪਾਤਿਸ਼ਾਹਿ।
ਬ੍ਰਹਮਾਦਿਕ ਪ੍ਰਸੰਸੈਂ ਤਾਹਿ ॥ ੬੨ ॥
ਤਾਂ ਤੇ ਕ੍ਰਿਪਾ ਕਰੋ ਅਬਿ ਏਹੀ।
ਔਰ ਨ ਸ਼ਾਹੀ ਚਹਿ ਚਿਤ ਕੇਹੀ[1] ॥ ੬੩ ॥ [1]ਕਿਸੇ ਤਰ੍ਹਾਂ ਦੀ ਵੀ।
ਦੋਹਰਾ:

ਔਰ ਏਕ ਕ੍ਰਿਪਾ ਕਰੋ,
ਸੈਨ ਨੁਰੰਗੇ ਤਾਂਇ।
ਇਕ ਦਿਨ ਰੋਕਹੁ ਘਾਟ ਪੈ,
ਮੈਂ ਲਖ ਜੈਹੁਂ ਅਗਾਇ[1] ॥੬੪॥

[1]ਮੈਂ ਅੱਗੇ ਲੰਘ ਜਾਵਾਂ।

ਮਾਂਨ ਬੈਨ ਗੁਰ ਐਨ ਨਿਜ,
ਸੈਨ ਪਠੀ ਬਰ ਘਾਟ[1]।
ਦਾਰੂ ਗੋਲੀ ਤੋਪ ਲੌਂ,
ਸੌਪ ਗੁਰੈਂ ਨਿਜ ਠਾਟ[1] ॥੬੫॥

[1]ਘਾਟ ਉੱਪਰ।

[1](ਦਾਰਾ ਸ਼ਕੋਹ ਨੇ) ਆਪਣਾ (ਸਾਰਾ ਫ਼ੌਜੀ) ਸਾਮਾਨ ਗੁਰਾਂ ਨੂੰ ਸੌਂਪ ਕੇ।

ਚੌਪਈ:

ਦਾਰਾ ਲੌਪੁਰ ਓਰ[1] ਪਧਾਰਾ।
ਗੁਰੂ ਘਾਟ ਪਰ ਡੇਰਾ ਡਾਰਾ।
ਸੇਵਕ ਜਨ ਦੇਸੀ ਮਿਲ ਭਾਰੇ।
ਲਸ਼ਕਰ ਗੁਰੁ ਢਿਗ ਭਯੋ ਅਪਾਰੇ ॥੬੬॥

[1]ਲਾਹੌਰ ਦੀ ਤਰਫ਼।

ਪਾਰ ਹੋਨ ਹਿਤ ਨੌਕਾ[1] ਸਾਰੀ।
ਗੁਰੂ ਮੰਗਾਈ ਦੈ ਧਨ ਭਾਰੀ।
ਉਤ ਤੈ ਲਸ਼ਕਰ ਸ਼ਾਹੀ ਆਯੋ।
ਉਨ ਭੀ ਪਾਰ ਉਤਰਨਾ ਚਾਹਯੋ ॥੬੭॥

[1]ਬੇੜੀਆਂ।

ਵਹਿ ਮਾਂਗੈਂ ਯਹਿ ਦੇਵਹਿਂ ਨਾਹੀ।
ਬਢੀ ਪ੍ਰਸਪਰ ਰਾਰ ਮਹਾਂਹੀ।
ਦੇਸੀ ਲੋਗਨ ਕਾ ਝਲਕਾਰਾ।
ਗੁਰ ਢਿਗ ਜਬਿ ਉਨਿ ਅਧਿਕ ਨਿਹਾਰਾ ॥੬੮॥
ਬਦਰ ਦੀਨ ਉਮਰਾਵ ਨੁਰੰਗੀ।
ਸੋਚੀ ਬਾਤ ਪੁਨਾ ਇਮ ਚੰਗੀ।
ਜੇ ਹਮ ਗੁਰੁ ਸੋ ਇਹਾਂ ਲਰੈ ਹੈਂ।
ਤੌ ਦਾਰਾ ਕਿਤ ਦੂਰ ਲਖੈ ਹੈ[1] ॥੬੯॥

[1]ਲੰਘ ਜਾਵੇਗਾ।

ਫਿਰ ਵਹਿ ਹਮਰੇ ਹਾਥ ਨ ਐ ਹੈ।
ਸ਼ਾਹੀ ਕੋਪ ਵਿਖੈ ਹਮ ਪੈ ਹੈਂ[1]।
ਇਹੁ ਵਿਚਾਰ ਗੁਰੁ ਪੈ ਸਰਦਾਰੂ।

[1]ਭਾਵ ਨੁਰੰਗਾ ਗੁੱਸੇ ਹੋਵੇਗਾ।

ਪਠ ਕਰਿ ਠਟਜੋ[1] ਐਸ ਇਕਰਾਰੂ ॥ ੭੦ ॥
ਪਹਿਲੇ ਆਪ ਪਾਰ ਹ੍ਵੈ ਆਵੈਂ।
ਪਾਛੇ ਹਮ ਫਿਰ ਅਗ੍ਰ ਸਿਧਾਵੈਂ।
ਮਾਨ ਗੁਰੂ ਇਕ ਦਿਵਸ ਮਝਾਰੀ।
ਸਨੇ ਸਨੇ ਨਿਜ ਸੈਨ ਉਤਾਰੀ ॥ ੭੧ ॥
ਆਏ ਦੇਸ ਦ੍ਵਾਬੇ ਮਾਂਹੀਂ।
ਨੂਰ ਮਹਿਲ ਆਦਿਕ ਬਹੁ ਠਾਂਹੀਂ।
ਉੜ ਉੜ[1] ਕੀਰਤ ਪੁਰ ਆਏ।
ਨਿਜ ਦਾਸਨ ਕੀ ਆਸ ਪੁਰਾਏ ॥ ੭੨ ॥
ਆਠ ਪਹਰ ਇਮ ਲਸ਼ਕਰ ਸ਼ਾਹੀ।
ਰੁਕ ਕਰਿ ਉੜਜੋ ਪਾਰ ਜਬਾਹੀ[1]।
ਦਾਰਾ ਪਹੁੰਚਜੋ ਵੀਚ ਲਹੌਰੈਂ।
ਦੌਲਤ ਤਹਿਂ ਤੈ ਲੀਨੀ ਗੌਰੈਂ[1] ॥ ੭੩ ॥
ਬਾਕੀ ਸਬੀ ਖਜ਼ਾਨਾ ਸ਼ਾਹੀ।
ਦਯੋ ਲੁਟਾਇ ਗ੍ਰੀਬੈਂ ਚਾਹੀ।
ਪਾਂਚ ਹਜ਼ਾਰ ਸ੍ਵਾਰ ਸੰਗਾਨਾ।
ਸਿੰਧ ਦੇਸ ਕੀ ਓਰ ਪਯਾਨਾ ॥ ੭੪ ॥
ਸਿੰਧੀ ਥੇ ਅਮੀਰ ਤਬਿ ਜੋਈ।
ਮਦਤਗਾਰ ਭਯੋ ਨਹਿ ਕੋਈ।
ਪਾਛੇ ਪਾਛੇ ਲਸ਼ਕਰ ਸ਼ਾਹੀ।
ਦਾਰਾ ਅੱਗ੍ਰ ਅੱਗ੍ਰ ਫਿਰਾਹੀ ॥ ੭੫ ॥
ਆਖਰ ਦਾਰੇ ਐਸ ਵਿਚਾਰਾ।
ਕਬਿ ਲੌ ਮੈ ਅਸ ਫਿਰੋਂ ਅਵਾਰਾ[1]।
ਲੋਗਨ ਕੋ ਦੁਖ ਹੋਵਤ ਭਾਰਾ।
ਤਾਂ ਤੈ ਜਗ ਤੈ ਲਹੌਂ ਕਿਨਾਰਾ ॥ ੭੬ ॥
ਜੈਸੇ ਚੀਲ[1] ਮਾਸ ਕੋ ਗੈਹੈ[2]।
ਆਨ ਤੁੰਡ ਤੈ ਮੁੰਡ ਤੁੜੈ ਹੈ[1]।
ਤਜ ਕੈ ਪਲ[1] ਭਲ ਸੋ ਸੁਖ ਭਜ ਹੈ[2]।
ਲਜ ਹੈ[1] ਹਮੈ ਤਿਮੈਂ ਹੀ ਸਜ ਹੈ[2] ॥ ੭੭ ॥

[1]ਕੀਤਾ।

[1](ਰਸਤੇ 'ਚ) ਉਤਰਦੇ ਉਤਰਦੇ, ਠਹਿਰਦੇ ਠਹਿਰਦੇ।

[1]ਜਦੋਂ।

[1]ਭਾਰੀ, ਬਹੁਤੀ।

[1]ਸੁਸਤ, ਨਿਕੰਮਾ।

[1]ਇੱਲ। [2]ਪਕੜ ਲੈਂਦੀ ਹੈ।

[1]ਹੋਰ (ਇੱਲਾਂ) ਦੀਆਂ ਚੁੰਝਾਂ ਨਾਲ ਆਪਣਾ ਸਿਰ ਤੁੜਾਉਂਦੀ ਹੈ।

[1]ਮਾਸ। [2]ਭੋਗਦੀ ਹੈ।

[1](ਜੇ ਨ ਛੱਡਿਆ ਤਾਂ) ਸਾਨੂੰ ਸ਼ਰਮਸਾਰ ਹੋਣਾ ਪਵੇਗਾ। [2](ਇੱਲ ਦੇ ਮਾਸ ਛੱਡਣ ਵਾਂਗ ਸਾਨੂੰ) ਤਿਵੇਂ ਹੀ (ਕਰਨਾ) ਸਜਦਾ ਹੈ।

ਭਜ ਹੈ ਆਤਮ, ਸੁਖ ਲਹਿ ਅਜ ਹੈ[1]।
ਅਜ ਹੈ ਵਕਤ ਲਹੈਂ ਸੁਖੁ ਰਜ ਹੈ।
ਅਸ ਵਿਚਾਰ ਦੌਲਤ ਥੀ ਜੇਤੀ।
ਦਈ ਸੰਗੀਅਨ ਕੋ ਬੰਡ ਤੇਤੀ ॥ ੭੮ ॥
ਕੁਛ ਜਰ[1] ਏਕ ਨਫਰ[2] ਲੈ ਘੋੜਾ।
ਤਜਿ ਸਬਿ ਕੋ ਏਕਲ ਕਿਤ ਦੌੜਾ।
ਪੁਨ ਵਹਿ ਸਬਿ ਕੁਛ ਦੈ ਕੈ ਨਫਰੈਂ।
ਲੀਨੀ ਆਪ ਫਕੀਰੀ ਸਫਰੈਂ[1] ॥ ੭੯ ॥
ਹੋਇ ਮੋਦ ਜਨ ਧਨ ਬਹੁ ਲੈ ਕੈ।
ਧੈ ਕੈ ਗਏ ਧਾਮ ਨਿਜ ਭੈ ਕੈ।
ਲਸ਼ਕਰ ਸ਼ਾਹੀ ਦੇਹਲੀ ਆਯੋ।
ਦਾਰਾ ਨਾਹਿ ਉਨੈ ਕਿਤ ਪਾਯੋ ॥ ੮੦ ॥
ਦਾਰਾ ਏਕਲ ਫਿਰਤ ਅਵਾਰਾ।
ਵੀਚ ਅਫਗਾਨਸਤਾਨ ਪਧਾਰਾ।
ਧਾਰਾ ਹਰਖ ਸ਼ੋਕ ਉਰਿ ਨਾਹੀ।
ਨਿਜਾਨੰਦ ਮੈ ਮਗਨ ਰਹਾਹੀ ॥ ੮੧ ॥
ਸਹਿਜੇ ਮਿਲੇ ਖਾਇ ਸੋ ਲੈ ਹੈ।
ਨਿਜ ਹਿਤ ਸ੍ਵਾਲ ਨ ਕਾਂਹਿ ਕਰੈ ਹੈ।
ਕਈ ਕਈ ਦਿਨ ਛੁਧਤ[1] ਰਹੈ ਹੈ।
ਸੀਤ[1] ਵਾਤ[2] ਸਿਰ ਆਤਪ ਸੈਹੈ[3] ॥ ੮੨ ॥
ਬਦਨ ਹੁਤੋ ਨਵਨੀਤਿ ਸਮਾਨੋ[1]।
ਪਗ ਚਲਨੋ ਅਤਿ ਕਠਿਨ ਠਿਕਾਨੇ[1]।
ਤੌ ਭੀ ਮਨ ਆਨੰਦ ਰਹਾਵੈ।
ਮਿੱਥਜਾ ਤਨੁ ਧਨੁ ਜਗ ਦਰਸਾਵੈ ॥ ੮੩ ॥
ਜਹਿ ਜਹਿਂ ਜਾਇ ਲੋਕ ਨਿਰਖੈ ਕੈ[1]।
ਚਮਕ ਦਮਕ ਬਡਰੂਪ ਪਿਖੈ ਕੈ।
ਕਹੈਂ ਅਮੀਰ ਸ਼ਹਿਨਸ਼ਾਹ ਕੋਈ।
ਕੈਰ ਸਾਇਨੀ, ਸਿੱਧ ਕਿ ਹੋਈ ॥ ੮੪ ॥
ਝਲਕਤ ਮੁਖ ਪੈ ਨੂਰ ਇਲਾਹੀ।
ਇਹੁ ਪੈਕੰਬਰ ਹੈ ਕੋ ਆਹੀ।

[1]ਅਬਿਨਾਸੀ ਸੁਖ ਲੈ ਲੈਂਦਾ ਹੈ।

[1]ਸੋਨਾ, ਧਨ। [2]ਨੌਕਰ।

[1]ਮੁਸਾਫਰਾਂ ਵਾਂਗ।

[1]ਭੁੱਖਾ।

[1]ਠੰਡ। [2]ਹਵਾ। [3]ਧੁੱਪ ਸਹਾਰਦਾ ਹੈ।

[1]ਚਿਹਰਾ ਮੱਖਣ ਵਰਗਾ (ਕੋਮਲ) ਸੀ।

[1]ਪੈਰਾਂ ਨਾਲ ਚੱਲ ਕੇ ਟਿਕਾਣੇ ਤੇ (ਪਹੁੰਚਣਾ) ਬਹੁਤ ਔਖਾ ਸੀ।

[1]ਦੇਖ ਕੇ।

ਸਬਿ ਕੀ ਸੁਨੈ, ਨ ਇਹੁ ਕੁਛ ਕੈ ਹੈ।
ਮਸਤ ਸਮਸਤ ਰੈਨ ਦਿਨ[1] ਰੈਹੈ ॥ ੮੫ ॥ [1]ਸਾਰੀਆਂਰਾਤਾਂ ਤੇ ਦਿਨ ਭਾਵ ਹਮੇਸ਼ਾਂ।
ਇਕ ਦਿਨ ਲਾਗੀ ਭੂਖ ਮਹਾਂਏ।
ਖਰੇ ਹਰੇ ਥੇ ਚਨੇ[1] ਸੁ ਖਾਏ। [1]ਛੋਲੇ।
ਭਏ ਨ ਹਜ਼ਮ ਦਰਦ ਬਹੁ ਭਯੋ।
ਤੌ ਭੀ ਨਿਸਚਾ ਨਾਹਿ ਡੁਲਯੋ ॥ ੮੬ ॥
ਪੁਨ ਇਕ ਦਿਨ ਹਿਤ ਅੰਨ ਪਕਾਵਨ।
ਦਾਰਾ ਲਾਗਯੋ ਆਗ ਮਚਾਵਨ।
ਮਾਰੀ ਫੂਕ ਖਾਕ ਉਡਿ ਦਾਢੀ[1]। [1]ਦਾੜ੍ਹੀ ਵਿੱਚ।
ਪਰੀ, ਜਰੀ ਕੁਛ ਰਹੀ ਸੁ ਡਾਢੀ[1] ॥ ੮੭ ॥ [1]ਉਹ ਦਾੜ੍ਹੀ।
ਲੋਗਨ ਪੇਖਿ ਭਰੇ ਦ੍ਰਿਗ ਨੀਰਾ।
ਕਹੇਂ ਅਹੇ ਕੋਊ ਯਾਹਿ ਅਮੀਰਾ।
ਜਗਯੋ ਸ਼ੋਕ ਕੈ ਬਿਪਤਾ ਮਾਂਹੀਂ।
ਭਯੋ ਫਕੀਰ ਧੀਰ ਬਡ ਆਹੀ ॥ ੮੮ ॥
ਨੌਰੰਗ ਇਸ਼ਤਿਹਾਰ ਕੀਯ ਜਾਰੀ।
ਇਕ ਹਜ਼ਾਰ ਦੀਨਾਰ[1] ਉਚਾਰੀ। [1]ਮੁਹਰ।
ਗੈਹੈ[1] ਦਾਰੇ ਕੋ ਸੋ ਲੈ ਹੈ। [1]ਪਕੜੇ।
ਫੈਲੀ ਬਾਤ ਏਹੁ ਜਗ ਮੈ ਹੈ ॥ ੮੯ ॥
ਇਕ ਦਿਨ ਦਾਰਾ ਹੁਜਰੇ[1] ਮਾਹੀ। [1]ਹੁਜਰਾ, ਨਿਮਾਜ਼ ਪੜ੍ਹਨ ਵਾਲਾ ਕਮਰਾ।
ਪਢਿ ਨਿਵਾਜ ਥਾ ਬੈਠਾ ਆਹੀ।
ਇਸ ਦਿਸ ਪਿਖਿ ਇਕ ਕਾਜੀ ਪਾਜੀ[1]। [1]ਝੂਠੇ।
ਦਾਰਾ ਸਮਝ ਇਸੇ ਭਯੋ ਰਾਜੀ ॥ ੯੦ ॥
ਹਾਕਮ ਕੋ ਲਜਾਇ ਪਕਰਾਯੋ।
ਉਨਿ ਨੌਰੰਗ ਕੇ ਪਾਸ ਪੁਚਾਯੋ।
ਨੌਰੰਗ ਭਯੋ ਖੁਸ਼ੀ ਮਨ ਮੈ ਹੈ।
ਫਤੁਵਾ ਮੌਲਵੀਆਂ ਤੈ ਲੈ ਹੈ ॥ ੯੧ ॥
ਦਾਰੇ ਕੌ ਫਿਰ ਕਤਲ ਕਰਾਯੋ।
ਦੁਸ਼ਟਨ ਕੇ ਉਰਿ ਤ੍ਰਾਸ ਨ ਆਯੋ ॥ ੯੨ ॥
ਦੋਹਰਾ:
ਬਾਦਸ਼ਾਹਿ ਬਾਦੀ[1] ਮਹਾਂ, [1]ਝਗੜਾਲੂ।

ਹੋਯੋ ਔਰੰਗ ਜੇਵ।
ਤੁਰਕ ਕਰਨ ਚਹਿ ਹਿੰਦੁ ਕੋ,
ਗਹੀ ਦੁਸ਼ਟ ਯੌਂ ਟੇਵ[1] ॥ ੯੩ ॥

[1]ਆਦਤ।

ਸ੍ਵੈਯਾ:
ਮੰਦਰ ਹਿੰਦੁਨ ਕੇ ਗਿਰਵਾਇ,
ਚਿਨਾਇ ਦਈ ਤਿਨ ਠੌਰ ਮਸੀਤੈਂ।
ਭਾਂਤਿ ਅਨੇਕਨ ਕੀ ਕਰਿ ਕਿੱਲਤ[1],
ਜੋਰ ਜਨਾਇ ਬਢਾਇ ਅਨੀਤੈਂ[1]।
ਟਿਕਟ[1], ਜੇਜੀਆ[2], ਡੰਡ ਬਿਧਾ ਬਹੁ[3],

[1]ਤੰਗੀ।
[1]ਬੇਇਨਸਾਫ਼ੀ ਵਧਾ ਕੇ।
[1]ਟੈਕਸ, ਮਸੂਲ। [2]ਮੁਸਲਮਾਨਾਂ ਨੂੰ ਛੱਡ ਕੇ ਗੈਰ ਮੁਸਲਮਾਨਾਂ ਤੇ ਲੱਗਾ ਟੈਕਸ। [3]ਬਹੁਤ ਤਰ੍ਹਾਂ ਦਾ।

ਯਾ ਹਿਤ ਹਿੰਦੁਨ ਪੈ ਧਰਿ ਦੀਤੇ।
ਜਾਂ ਕਰਿ ਹੋਈ ਸੁ ਤੰਗ ਮਹਾਂ,
ਖੁਦ ਹੀ ਮੁਸਲੇ ਬਨਿ ਜਾਇਂ ਸਭੀਤੇ[1] ॥ ੯੪ ॥

[1]ਡਰ ਨਾਲ।

ਪੂਜਨ ਦੇਵਨ, ਸੇਵਨ ਤੀਰਥ,
ਖੇਵਨ[1] ਜੱਗਰੁ ਹੋਮ ਹਟਾਏ।
ਬੇਦ ਪੁਰਾਨ ਕਥਾ ਸੁ ਜਥਾਰਥ[1],
ਨਾ ਕਰਨੀ ਸੁਨਨੀ ਕਿਤ ਪਾਏ।
ਸੁੰਦਰ ਔਰਤ ਮੰਦਰ ਹਿੰਦੁਨ
ਕੋ, ਨ ਅਕੂਤ[1] ਅਛੂਤ[2] ਰਹਾਏ।
ਲਾਹਿ ਸਵਾ ਮਣ ਤੱਗ[1] ਨਿਤਾ ਪ੍ਰਤਿ,
ਹਾਕਮ ਸ਼ਾਹਿ ਕੇ ਪਾਸ ਪੁਚਾਏਂ ॥ ੯੫ ॥

[1]ਕਰਨੇ।
[1]ਸੱਚੀ।
[1](ਅਕੂਤ) ਨਿੰਦਾ ਤੋਂ ਰਹਿਤ। [2]ਛੋਹਣ ਤੋਂ ਰਹਿਤ।
[1]ਜਨੇਊ।

ਰੱਖਕ ਹਿੰਦ ਨ੍ਰਿੰਦ ਬ੍ਰਿੰਦ ਜੁ
ਥੇ[1], ਨਹਿਂ ਜਿੰਦ ਕਿਸੀ ਮੱਧ ਛੋਰੀ।
ਮਾਰਿ ਬਿਰਾਦਰ[1] ਪਾਦਰ[2] ਕੈਦ
ਕਰੇ, ਦੁਖ ਨਾਦਰ[1] ਦੀਨ ਨ ਥੋਰੀ।
ਨੇਮ ਧਰੰਮ ਜਿ ਅਹਿਦ-ਪਿਮਾਨ[1],
ਸੁਗੰਦ ਕੁਰਾਨ ਭਿ ਸਿੰਧਹਿ ਬੋਰੀ[1]।
ਹਾਸਦ[1], ਹਿੰਦੁਨ ਕੋ ਦੁਖਦਾ,
ਨਹਿਂ ਬਾਸ਼ਦ[1] ਸ਼ਾਹਿ ਦੁਤੀ ਜਗਿ ਖੋਰੀ[2] ॥ ੯੬ ॥
ਬਡ ਪੀਰ ਫਕੀਰ ਅਮੀਰ ਬਰਿੰਦਨ[1]

[1]ਸਾਰੇਰਾਜੇ ਜੋ ਹਿੰਦੂਆਂ ਦੇਰਾਖੇ ਸਨ।
[1]ਭਰਾ। [2]ਪਿਉ।
[1]ਅਣੋਖੇ, ਵੱਡੇ।
[1]ਪ੍ਰਤੱਗਿਆ ਦੇ ਨਿਯਮ (ਅ) ਇਕਰਾਰ-ਨਾਮੇ।
[1]ਸਮੁੰਦਰ ਵਿੱਚ ਡੋਬ ਦਿੱਤੀ।
[1]ਈਰਖਾਲੂ।
[1]ਨਹੀਂ ਹੋਇਆ। [2]ਵੈਰ ਭਾਵਰੱਖਣ ਵਾਲਾ।
[1]ਬਹੁਤਿਆਂ ਨੇ।

ਜਿੰਦ ਹਿਤੈ ਹਿੰਦੁ ਧਰਮ ਦਏ[1]।

[1]ਜਿੰਦ (ਰੱਖਣ) ਵਾਸਤੇ ਹਿੰਦੂ ਧਰਮ ਦੇ ਦਿੱਤਾ ਭਾਵ ਤੁਰਕ ਬਣ ਗਏ।

ਤੁਰਕਾ ਬਨਿ ਖੋਇ ਇਮਾਂ ਝੁਰਕਾ[1]
ਬੁਰਕਾ ਸਿਰ ਲਾਨ੍ਹਤ ਧਾਰ ਗਏ।
ਗੁਰ ਤੇਗ ਬਹਾਦਰ ਸੇ ਸਿਰ ਸਾਦਰ
ਦੈ[1], ਜਸ ਨਾਦਰ ਧਰਮ ਲਏ[2]।

[1]ਧਰਮ ਗਵਾ ਕੇ ਝੁਰਦੇ ਹਨ।

[1]ਬੇਫਿਕਰੀ ਨਾਲ ਸਿਰ ਦੇ ਕੇ। [2]ਅਣੋਖਾ ਜਸ (ਤੇ ਹਿੰਦੂ) ਧਰਮ (ਦੋਨੋਂਰੱਖ) ਲਏ।

ਸਿਰਮੱਦ ਬਿਹੱਦ ਵਲੀ ਬਧ ਭੌ[1],

[1]ਸਰਮੱਦ (ਫ਼ਕੀਰ ਵਰਗੇ) ਬਹੁਤੇ ਵਲੀ (ਰੱਬ ਦੇ ਪਿਆਰੇ) ਮਾਰੇ ਗਏ।

ਇਮ ਔਰ ਘਨੇ ਭਵ ਪਾਰ ਪਏ ॥ ੯੭ ॥
ਲਾਖਹੁਂ ਲੋਗਨ ਕੋ ਨਿਜ ਦੀਨ,
ਸਜੋਰ ਤਰਵਾਰ ਮਨਾਇ ਦਿਖਾਰਾ।
ਨਾਹਿਂ ਕਬੂਲ ਕਰਜੋ ਜਿਸ ਨੇ,
ਵਹਿ ਧਾਰ ਤਰਵਾਰ ਕੇ ਘਾਟ ਉਤਾਰਾ।
ਆਰਯ ਕੋਟਿਕ ਖਾਰਯ ਹੋਇ[1],

[1]ਕ੍ਰੋੜਾਂ ਆਰੀਏ (ਹਿੰਦੂ ਧਰਮ) ਤੋਂ ਖਾਰਜ ਹੋ ਕੇ।

ਭਏ ਮੁਸਲੇ ਤਬਿ ਹ੍ਵੈ ਅਤਿ ਖ੍ਵਾਰਾ।
ਹੇਤ ਦੁਨੀ ਨਿਜ ਦੀਨ ਬਢਾਇ ਕੇ,
ਨੌਰੰਗ ਨੌਰੰਗ[1] ਖੂਬ ਖਿਲਾਰਾ ॥ ੯੮ ॥

[1]ਨੁਰੰਗੇ ਨੇ (ਜ਼ੁਲਮ ਦਾ) ਨਵਾਂਰੰਗ।

ਦੋਹਰਾ:
ਕਾਜੀ ਪਾਜੀ ਮੌਲਵੀ,
ਹਾਸਦ ਪੀਰ ਫ਼ਕੀਰ।
ਸੁਨਿ ਗੁਰ ਸੁਜਸ ਸੁ ਜਰਤ ਥੇ[1],

[1]ਸੜਦੇ ਸਨ।

ਦੁਸ਼ਟ ਪੁਸ਼ਟ[1] ਬੇਪੀਰ ॥ ੯੯ ॥

[1]ਵੱਡੇ ਦੁਸ਼ਟ।

ਕਬਿਤ:
ਸਤਿਗੁਰ ਸੂਰ ਨੂਰ ਤੇਜ ਪ੍ਰਤਾਪ ਭੂਰ,
ਕੁਮਦੀ ਕੁਮਤੀ ਕੂਰ ਪੇਖਿ ਸਕੁਚਾਇ ਹੈਂ[1]।

[1]ਸਤਿਗੁਰਾਂ ਰੂਪ ਸੂਰਜ ਦਾ ਪ੍ਰਤਾਪ ਰੂਪ ਬਹੁਤਾ (ਤੇਜ) ਪ੍ਰਕਾਸ਼ ਵੇਖ ਕੇ ਖੋਟੀਆਂ ਮੱਤਾਂ ਰੂਪ ਕਮੀਆਂ ਤੇ ਝੂਠ (ਰੂਪ ਅਨ੍ਹੇਰਾ) ਸੁੰਗੜ ਜਾਂਦੇ ਹਨ।

ਬਜਾਕੁਲ ਚਕੋਰ ਚੋਰ ਪੇਚਕ ਪਖੰਡੀ ਹੋਰ,
ਪਥਕ ਸਜਨ ਕੰਜ ਖਿਰੇ ਹੀ ਰਹਾਇ ਹੈਂ[1]।

[1]ਚੋਰਾਂ ਰੂਪ ਚਕੋਰ ਤੇ ਹੋਰ ਪਖੰਡੀਆਂ ਰੂਪ ਉੱਲੂ ਬੇਹੋਸ਼ ਹੋ ਜਾਂਦੇ ਹਨ ਅਤੇਰਾਹੀਆਂ ਤੇ ਕੰਵਲਾਂ ਵਰਗੇ ਸਜਨ (ਸਿੱਖ) ਖਿੜੇ ਹੀ ਰਹਿੰਦੇ ਹਨ।

ਏਕ ਦਿਨ ਅਕਸਰ[1] ਮਤਸਰ ਵਸ ਪਰ[2],
ਹ੍ਵੈ ਨਰਾਜੀ[1] ਕਾਜੀ ਪਾਜੀ[2] ਮੌਲਵੀਓਂ ਜਾਇ ਹੈ।
ਮਿਲ ਬਹੁ ਦੁਗਲੀ ਕੇ[1] ਮੁਗ਼ਲੀ ਕੇ ਸ਼ਾਹਿ ਪਾਸ[2],
ਉਗਲੀ ਚੁਗ਼ਲੀ ਖਾਸ ਤੁਗ਼ਲੀ ਬਢਾਇ ਹੈ[1]
॥ ੧੦੦ ॥

[1]ਬਹੁਤੀ। [2]ਈਰਖਾ ਦੇ ਵਸ ਹੋ ਕੇ।
[1]ਗੁੱਸੇ ਹੋ ਕੇ। [2]ਝੁਨਿਆਂ।
[1]ਵੇਸਵਾ ਦੇ ਪੁੱਤਰਾਂ ਨੇ। [2]ਮੁਗ਼ਲੀ ਦੇ ਪੁੱਤਰ (ਨੁਰੰਗੇ) ਬਾਦਸ਼ਾਹ ਕੋਲ।
[1](ਤੁਗਲੀ) ਗਲਤੀ ਕਰਾਉਣ ਲਈ ਵਧਾ ਕੇ ਖਾਸ ਚੁਗਲੀ (ਉਗਲੀ) ਕੀਤੀ। (ਅ: ਤੁਗ਼ਲੀਤੁ ਦਾ ਸੰਖੇਪ ਤੁਗਲੀ। ਤੁਗ਼ਲੀਤੁ=ਗ਼ਲਤੀ ਵਿੱਚ ਪਾਉਣਾ।)

ਗੁਰੂ ਹਰਿਰਾਇ ਪੀਰ ਹਿੰਦੁ ਕੇ ਫ਼ਕੀਰ,
ਔ ਅਮੀਰ ਬੇਨਜ਼ੀਰ[1] ਜਗ ਪੂਜ ਬਖਜਾਤ ਹੈਂ।
ਸੈਨ ਐਨ[1] ਪਾਸ ਹੈ ਜਰਾਰ[2] ਧਨ ਬੇਸ਼ੁਮਾਰ,
ਦੇਵਤ ਮੁਰੀਦ ਜਗ ਸਾਰ[1] ਬਹੁ ਭਾਂਤਿ ਹੈਂ।
ਕਰਾਮਾਤ ਦਿਖਰਾਤ ਜੈਸ ਭਾਂਤਿ ਚਾਹੈ ਕੋਊ,
ਚੌਰ ਕਰਵਾਤ ਸਾਚੌ ਸ਼ਾਹਿ ਕਹਿਲਾਤ ਹੈਂ।
ਰੱਖਤ ਸ਼ਾਹੀ ਤੈ ਉਗ੍ਰਾਹੀ ਕਰਿ ਖਾਹੀ ਵਾਹੀ[1],
ਆਪ ਸ਼ਾਹੀ ਹੁਕਮ ਕੋ ਨਾਹੀਂ ਸੋ ਕਮਾਤ ਹੈਂ
॥ ੧੦੧ ॥

[1]ਬੇਮਿਸਾਲ।
[1]ਚੰਗੀ ਫ਼ੌਜ। [2]ਲੜਾਕੀ।
[1]ਸਾਰੇ ਜਗਤ ਦੇ।
[1]ਉਹ ਖਾਂਦਾ ਹੈ।

ਦਾਰਾ ਜਬ ਭਯੋ ਥਾ ਲਚਾਰਾ ਔ ਬਿਮਾਰਾ ਭਾਰਾ,
ਇਨ ਹੀਂ ਦੁਆਈਂ ਦੈ[1] ਬਚਾਈ ਜਾਨ ਤਾਹਿ ਕੋ।
ਫੇਰ ਜਬਿ ਭਾਗਜੋ ਪੀਛੇ ਲਸ਼ਕਰ ਲਾਗਜੋ ਸ਼ਾਹੀ,
ਯਾਹੀ ਨੈ ਮਦਤ ਦੀਨ ਰੋਕ ਲੀਨ ਰਾਹਿ ਕੋ।
ਦਾਰਾ ਕੋ ਪਜਾਰਾ ਭਾਰਾ ਸਮਝਜੋ ਉਦਾਰਾ[1] ਉਨਿ,
ਮਨ ਮੈ ਨ ਧਾਰਾ ਡਰ ਜਰਾ ਭਰ ਸ਼ਾਹਿ ਕੋ।
ਉਨ ਕੌ ਬੁਲੱਯੇ ਕਰਾਮਾਤ ਦੇਖ ਲੱਯੇ,
ਪਾਛੇ ਦੀਨ ਮਨਵੱਯੇ ਹੱਯੇ ਕਾਮ ਬਡ ਲਾਹਿ ਕੋ[1]
॥ ੧੦੨ ॥

[1]ਅਸੀਸਾਂ ਦੇ ਕੇ, ਅਰਦਾਸਾਂ ਕਰਕੇ। (ਅ) ਦਵਾਈਆਂ ਦੇ ਕੇ।
[1]ਚੰਗਾ।
[1]ਨਫੇ ਵਾਲਾ।

ਹਿੰਦੁ ਕੇ ਮਲਾਹਿ ਭਾਰੇ ਪੇਸ਼ਵਾ[1] ਹੈ ਵਾਹਿ,
ਜਬਿ ਦੀਨ ਮਾਂਹਿ ਆਹਿਂ ਤਾਹਿਂ ਦੇਖਿ ਔਰ ਅਬਿ ਹੀ।
ਖੁਦ ਹੀ ਕਬੂਲ ਦੀਨ ਇਸਲਾਮ ਕੈ ਹੈਂ[1] ਪੀਨ[2],
ਔਰੰਗ ਭੀ ਮਾਨ ਲੀਨ ਸਾਚ ਚੀਨ ਤਬਿ ਹੀ।
ਜਾਲਮ ਖਾਂ ਉਮਰਾਇ ਪਠਜੋ ਫੌਜ ਦੈ ਮਹਾਂਇ,

[1]ਗੁਰੂ, ਆਗੂ।
[1]ਕਰ ਲੈਣਗੇ। [2]ਪੱਕੀ ਤਰ੍ਹਾਂ।

ਚਾਰਕ ਮਜਲ ਆਇ ਉਤ੍ਰਯੋ ਸੋ ਜਬਿ ਹੀ।
ਮਾਸ ਕੱਚਾ ਖਾਯੋ ਗਯੋ ਸੂਲ ਉਠਿ ਸੋਊ ਮੁਯੋ,
ਫੌਜ ਮਾਂਹਿ ਹੈਜ਼ਾ ਪਯੋ ਭਾਗੀ ਪਾਛੇ ਸਬਿ ਹੀ
॥ ੧੦੩ ॥
ਦੂੰਦੇ ਖਾਂ ਦਸ ਹਜ਼ਾਰੀ ਪਠਯੋ ਫੇਰ ਜੌ ਕੰਧਾਰੀ,
ਫੌਜ ਲੈ ਅਪਾਰੀ ਚਢਿ ਸੋਊ ਜਬ ਹੈ ਅਯੋ।
ਸੱਯਦ ਥੇ ਬੈਰੀ ਤਾਂ ਕੇ ਚਾਰਕ ਮਜਲ ਆ ਕੇ,
ਸੋਯੋ ਹੋਯੋ ਸੁਟਯੋ ਘਾ ਕੇ[1] ਪਾ ਕੇ ਫਤੇ ਸੋ ਗਯੋ[2]। [1]ਮਾਰ ਕੇ ਸੁੱਟ ਦਿੱਤਾ। [2]ਭਾਵ ਮਰ ਗਿਆ।
ਫੇਰ ਏਕ ਔਰ ਚਰ੍ਹਯੋ ਸੋ ਭੀ ਹ੍ਵੈ ਲਚਾਰ ਮਰਯੋ
ਗੁਰੂ ਇਤ ਸੁਨਿ ਰਰਯੋ[1] ਬਾਬੇ[2] ਬਰ ਥਾ ਦਯੋ। [1]ਕਿਹਾ। [2]ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ।
ਤੁਮ ਪਰ ਜੋ ਚਢੈ ਹੈ ਆਗ ਭੂਤ ਜਯੋਂ ਬਿਲੈ ਹੈ[1], [1]ਭੂਤਾਂ ਦੀ ਅੱਗ ਵਾਂਗ ਛਪ ਜਾਵੇਗਾ।
ਸੋਊ ਹੋਤ ਜੈ ਹੈ, ਬਾਚ[1] ਗੁਰੂ ਸਾਚ ਹੈ ਭਯੋ [1]ਬਚਨ।
॥ ੧੦੪ ॥
ਫੇਰ ਕਾਂਹਿ ਸ਼ਾਹਿ ਪਾਹਿ ਕਹਯੋ ਜੇ ਹੈ ਤੁ ਚਾਹਿ,
ਤੌ ਹੈ ਰਾਹਿ ਗੁਰੂ ਕੇ ਅਧੀਨਗੀ ਬੁਲਾਵ ਕੋ[1]। [1]ਗੁਰੂਆਂ ਨੂੰ ਬੁਲਾਉਣ ਦਾ ਰਾਹ ਅਧੀਨਗੀ ਹੈ।
ਸੋਈ ਬਾਤ ਪਾਤਿਸ਼ਾਹਿ ਮਾਨ ਬਿਨੈ ਬਹੁ ਠਾਨ,
ਲਿਖ ਮਾਨ ਪੱਤ੍ਰ ਪਠਾਯੋ ਉਮਰਾਵ ਕੋ।
ਆਇ ਉਮਰਾਇ ਸੁਖ ਸਦਮ[1] ਗੁਰੂ ਕੇ ਚੁੰਮੇ, [1]ਸੁੱਖਾਂ ਦੇ ਘਰ।
ਕਦਮ ਪਦਮ[1] ਲੀਏ ਛਦਮ ਸੁਭਾਵ ਕੋ[2]। [1]ਚਰਨ ਕੰਵਲ। [2]ਕਪਟ ਵਾਲੇ ਸੁਭਾਵ ਨਾਲ।
ਦੀਨੀ ਅਰਦਾਸਿ[1] ਅਰਦਾਸਿ ਹੋਇ ਸ਼ਾਹਿ ਦਿਸੋਂ [1]ਭੇਟਾ।
ਕੀਨੀ ਅਰਦਾਸਿ ਭੀਨੀ ਵਰ ਦਾਸ ਭਾਵ ਕੋ[1] [1]ਬਹੁਤੇ ਦਾਸਾ ਭਾਵ 'ਚ ਭਿੱਜੀ ਬੇਨਤੀ ਕੀਤੀ ਹੈ।
॥ ੧੦੫ ॥
ਗੁਰੂ ਸਰਬੱਗ੍ਯ[1] ਤੱਗ੍ਯ[2] ਤ੍ਰਿਕਾਲੱਗ੍ਯ[3] ਕਹਯੋ ਤਾਹਿ, [1]ਸਾਰਿਆਂ ਦੇ ਜਾਣੂ। [2]ਤੱਤ ਦੇ ਗਿਆਤੇ। [3]ਤਿੰਨਾਂ ਸਮਿਆਂ ਦੇ ਜਾਣੂ।

ਛਲ ਬਲ ਕਾਹਿ ਸ਼ਾਹਿ ਹਮ ਸੋਂ ਕਮਾਤ ਹੈ।
ਹਮਰੇ ਨ ਕੋਈ ਬੈਰੀ, ਮੀਤਿ ਰੀਤਿ ਚੀਤਿ ਲਖੋ[1], [1](ਸਾਡੀ) ਰੀਤੀ ਮਿਤ੍ਰਾਂ ਵਾਲੀ ਹੈ ਚਿੱਤ ਵਿੱਚ ਜਾਣੋ।
ਸੁਰਤਰੁ ਸਮ ਫਲ ਨੀਤ ਹੂੰ ਕੋ ਪਾਤ ਹੈ[1]। [1]ਕਲਪ ਬ੍ਰਿਛ ਵਾਂਗ (ਅਪਣੀ) ਨੀਅਤ ਦਾ ਫਲ ਪਾਉਂਦਾ ਹੈ।
ਖਾਨ ਪਾਨ ਡੇਰਾ ਕਰਵਾਇ ਤਾਂਹਿ ਪੁਨਾ ਗੁਰੁ,
ਸੋਢੀ ਬੇਦੀ ਭੱਲੇ ਸਿਖ ਮਾਸੰਦ ਬਖਜਾਤ ਹੈ।
ਬੁਲਵਾਇ ਭਾਇ ਯੁਤ ਬੁਝੇ[1] ਕਹੇ ਕੌਨ ਉਤ[2], [1]ਪ੍ਰੇਮ ਨਾਲ ਪੁੱਛਿਆ। [2]ਓਥੇ (ਦਿੱਲੀ, ਬਾਦਸ਼ਾਹ ਨੁਰੰਗੇ ਪਾਸ)

ਤੁਮ ਮੈਂ ਸਪੁੱਤ ਨੁੱਤ ਜੋਗ ਤਿਤ ਜਾਤ ਹੈ[1] ॥੧੦੬॥

[1]ਤੁਹਾਡੇ ਵਿਚੋਂ ਉਪਮਾ ਯੋਗ ਸੁਪੁੱਤ੍ਰ ਤਿਸ ਥਾਂ ਕੌਣ ਜਾਂਦਾ ਹੈ।

ਆਹਿ ਪ੍ਰਤਿਭਿੱਗਜਾ ਤੁਮੈ ਪੂਰਬ ਪ੍ਰਤਗੱਜਾ ਹਮੈਂ,
ਸਵਾ ਜਾਂਮ ਦਿਨ ਲਗਜਾਂ ਬਿਨਾ ਤੁਰਕ ਨਾ ਪਿਖੈਂ[1]।

[1](ਇਹ ਤਾਂ) ਤੁਹਾਨੂੰ (ਪ੍ਰਤਿਭਿਗਜਾ) ਪਹਿਲਾਂ ਹੀ ਗਿਆਨ ਹੈ ਕਿ ਅਸਾਂ ਪਹਿਲੇ ਹੀ ਪ੍ਰਣ ਕੀਤਾ ਹੋਇਆ ਹੈ ਕਿ ਸਵਾ ਪਹਿਰ ਦਿਨ ਚੜ੍ਹੇ ਤੋਂ ਬਿਨਾਂ ਤੁਰਕ ਨੂੰ ਨਹੀਂ ਦੇਖਦੇ।

ਤਾਂ ਤੈ ਹਮਰੋ ਨ ਜਾਨ ਬਨੈ ਤਿਸ ਥਾਨ,
ਕੋਊ ਪਠੀਏ ਪਛਾਨ ਜੋ ਸੁਜਾਨ ਤੁਮ ਕੋ ਦਿਖੈ।
ਬਾਤਨ ਰਿਝਾਇ ਕਰਾਮਾਤ ਦਿਖਰਾਇ,
ਜੈਸ ਬਨੈ ਤੈਸ ਭਾਇ ਨੀਕ ਦਾਇ ਸ਼ਾਹਿ ਕੋ ਸਿਖੈ[1]।

[1]ਜਿਸ ਤਰ੍ਹਾਂ ਬਣ ਸਕੇ ਓਸੇ ਤਰ੍ਹਾਂ ਹੀ ਬਾਦਸ਼ਾਹ ਨੂੰ ਚੰਗੀ ਸਿੱਖਿਆ ਦੇਵੇ।

ਸੁਨਿ ਸਬਿ ਹੀ ਨੈ ਗੁਨਿ[1] ਕਹਜੋ ਧੁਨਿ[2] ਆਪ ਬਿਨੁ,
ਕੌਨ ਐਸੇ ਕਾਮ ਪੁਨ ਕਰਿ ਸਕ ਹੈ ਤਿਖੈ[1] ॥੧੦੭॥

[1]ਵਿਚਾਰ ਕੇ। [2]ਬੋਲ ਕੇ ਕਿਹਾ।

[1]ਔਖੇ।

ਸੋਚਤ ਥੇ ਤਹਾਂ ਸਥਿਰਾਮ-ਰਾਇ ਆਯੋ ਤਬਿ,
ਜੋਤਿ ਭਾਲ[1] ਰਹੀ ਫਬ ਮਾਨੋ ਰਵੀ ਬਾਲ[2] ਹੈ।

[1]ਮੱਥੇ ਤੇ [2]ਸਵੇਰ ਦਾ ਸੂਰਜ।

ਗੁਰੁ ਪਗ ਬੰਦਿ ਥਿਰਜੋ ਆਸਨ ਹੁਤਾਸਨ ਸੋਂ[1],
ਢੰਗ ਪਾਕ ਸਾਸਨ ਸੋਂ ਅੰਗਨ ਬਿਸਾਲ ਹੈ[1]।

[1]ਗੁਰਾਂ ਦੇ ਚਰਨਾਂ ਤੇ ਨਮਸਕਾਰ ਕਰ ਕੇ (ਹੁਤਾਸਨ) ਅਗਨੀ ਦੇਵਤੇ (ਸੋਂ) ਵਾਂਗ ਆਸਨ ਤੇ ਬੈਠ ਗਿਆ।

[1](ਜਿਸ ਦੇ) ਅੰਗਾਂ ਦਾ ਬਹੁਤਾ ਢੰਗ (ਪਾਕ ਸਾਸਨ) ਇੰਦ੍ਰ ਵਰਗਾ ਹੈ।

ਹਾਥ ਜੋਰਿ ਨਾਇ ਮਾਥ[1] ਬੂਝਯੋ ਹਿਤ ਸਾਥ ਨਾਥ,
ਕੌਨ, ਬਾਤ ਐਸੀ ਜਾਂ ਪੈ ਸੋਚਤ ਬਿਸਾਲ ਹੈਂ।
ਸਜਾਨਨ ਸੁਨਾਯੋ ਤੁਰਕੇਸ ਨੈ ਬੁਲਾਯੋ,
ਗੁਰੈਂ ਹਾਲ ਸਮਝਾਯੋ ਪ੍ਰਤਗੱਜਾ ਕੋ ਕਮਾਲ ਹੈ[1] ॥੧੦੮॥

[1]ਸਿਰ ਨਿਵਾ ਕੇ।

[1]ਪ੍ਰਣ ਦਾ (ਕਮਾਲ) ਪੂਰਨ ਹਾਲ ਸਮਝਾਇਆ।

ਰਾਮਰਾਇ ਸਹਜਿ ਸੁਭਾਇ ਕਹਜੋ ਹੈਂ ਮਸੰਦ,
ਬ੍ਰਿੰਦ ਗੁਰੂ ਜਾਦੇ[1] ਬ੍ਰਿਧ ਸਿੱਖ ਸਬਿ ਲਾਇਕੈ[2]।

[1]ਗੁਰਾਂ ਦੇ ਸਾਹਿਬਜ਼ਾਦੇ। [2]ਯੋਗ।

ਕਜੋਂ ਨ ਕੋਊ ਜਾਤ ਉਤਪਾਤ ਕੋ ਚਰਨ[1],
ਕਾਹਿ ਹੇਰਤ ਧਰਨਿ ਸੋਚ ਤ੍ਰਾਸ ਕੋ ਬਢਾਇ ਕੈ।

[1]ਉਪੱਦ੍ਰ ਮੇਟਣ (ਲਈ)।

ਬੇਦੀ ਏਕ ਬ੍ਰਿਧ ਨੈ ਨਿਵੇਦੀ[1] ਬਾਤ ਕਹਜੋ ਤੁਮ,

[1]ਬੇਨਤੀ ਨਾਲ।

ਕਯੋਂ ਨ ਸੋਚ ਛੇਦੀ ਬਨੋ ਭੇਦੀ ਤਾਂਹਿਂ ਜਾਇ ਕੈ[1]।

[1]ਉਥੇ ਜਾ ਕੇ ਤੇ ਭੇਤੀ ਹੋ ਕੇ ਕਿਉਂ ਨਹੀਂ (ਸੋਚ) ਚਿੰਤਾ ਨੂੰ ਕੱਟਣ ਵਾਲੇ ਬਣਦੇ।

ਗੁਰੂ ਕੇ ਬੁਲੰਦ ਫਰਜ਼ੰਦ ਕੰਦ ਆਨੰਦ ਹੋ[1],
ਜੀਤਿ ਤੁਰਕਿੰਦ ਹੂਜੈ ਹਿੰਦੁ ਸੁਖ ਦਾਇਕੈ[1] ॥੧੦੯॥

[1]ਗੁਰਾਂ ਦੇ ਵੱਡੇ ਪੁੱਤ੍ਰ ਆਨੰਦ ਦੇ ਬੱਦਲ ਹੋ।
[1]ਨੁਰੰਗੇ ਨੂੰ ਜਿੱਤ ਕੇ ਹਿੰਦੂਆਂ ਲਈ ਸੁਖ ਦੇਣ ਵਾਲੇ ਹੋਵੋ।

ਬੋਲਜੋ ਰਾਮਰਾਇ ਮੋਦ ਦਾਇ ਔ ਨਸਾਇ ਸੋਚ,
ਮੈਹੂੰ ਜੈਹੂੰ ਬਿਨਾ ਦੇਰ ਨੈਕ[1] ਗੁਰੁ ਜੌ ਕਹੈਂ।

[1]ਥੋੜ੍ਹਾ ਜਿਹਾ।

ਹੋਹਿਂ ਜੌ ਸਹਾਇ ਗੁਰੁ ਕੋ ਹੈ ਤੁਰਕ ਰਾਇ ਤਬਿ,
ਯਾਹਿ ਕੇ ਪਿਤੰਦਰ ਪਿਕੰਬਰ ਕੋ ਜਾ ਗਹੈਂ[1]।

[1]ਏਸ ਦੇ ਦੂਜੇ ਪਿਉ ਪੈਗੰਬਰ ਨੂੰ ਵੀ ਜਾ ਪਕੜਾਂਗੇ। (ਪਿਤੰਦ੍ਰ=ਪਿਤ=ਅੰਤਰ=ਹੋਰ ਪਿਉ, ਦੂਜਾ ਪਿਉ।)

ਜਾਂ ਕੈ ਸੀਸ ਧਾਰੈਂ ਹਾਥ ਹ੍ਵੈ ਹੈ ਸਮਰੱਥ ਸੋ,
ਅਕੱਥ ਕੋ ਕਥੱਯਾ ਔ ਦਿਖੱਯਾ ਪੱਥ ਕੋ ਵਹੈ[1]।

[1]ਨ ਕਹੀ ਜਾਣ ਵਾਲੀ ਗੱਲ ਨੂੰ ਕਹਿਣ ਵਾਲਾ ਅਤੇਰਸਤਾ ਦਿਖਾਉਣ ਵਾਲਾ (ਵਹੈ) ਉਹ ਹੋ ਜਾਂਦਾ ਹੈ।

ਸਸਕ ਤੈ ਸ਼ੇਰ ਤੁੜਵੈਹੈਂ ਮਸ਼ਕ ਤੈ ਮੇਰੁ[1], ਬਖ਼ਸ਼ ਤੈ
ਯਾ ਕੈ ਕੌਨ ਬਾਤ ਜੋ ਨ ਹੋ ਅਹੈ[2] ॥੧੧੦॥

[1]ਸਹੇ ਤੋਂ ਸ਼ੇਰ ਅਤੇ ਮੱਛਰ ਤੋਂ ਸੁਮੇਰ (ਪਰਬਤ) ਤੁੜਵਾ ਸਕਦੇ ਹਨ। [2](ਉਹ) ਕਿਹੜੀ ਗਲ ਹੈ ਜੋ ਇਨ੍ਹਾਂ ਦੀ ਬਖ਼ਸ਼ਸ਼ ਨਾਲ ਨਹੀਂ ਹੋ ਸਕਦੀ।

ਸੁਨਿ ਸਬਿਹਨਿ ਪ੍ਰਸੰਨ ਹੋਇ ਕਹਜੋ ਧੰਨ,
ਘਾਇਕ ਬਿਘਨ ਤੂ ਬਿਨਾਯਕ ਸੋਂ ਹੋਂ ਵਰੈ[1]।

[1]ਤੂੰ ਬਿਘਨਾਂ ਨੂੰ ਨਾਸ ਕਰਨ ਵਾਲਾ ਗਣੇਸ਼ ਨਾਲੋਂ ਵੀ ਸ੍ਰੇਸ਼ਟ ਹੋਵੇਂ।

ਤਾਂ ਪਰ ਬਿਨੀਤ ਪ੍ਰਤੀਤਿ ਨੀਤਿ ਪ੍ਰੀਤਿ ਯੁਤ[1],
ਹੇਰ ਗੁਰੁ ਨਿਜ ਸੁਤ ਤਾਈਂ[1] ਕਹਜੋ ਯੌਂ ਭਰੈਂ[2]।

[1]ਤਦੋਂ ਵਿਸ਼ੇਸ਼ ਨਿੰਮ੍ਰਤਾ, ਭਰੋਸੇ, ਨੀਤੀ ਅਤੇ ਪ੍ਰੀਤੀ ਸਹਿਤ।
[1]ਗੁਰਾਂ ਨੇ ਆਪਣੇ ਪੁੱਤਰ ਨੂੰ ਦੇਖ ਕੇ। [2]ਭਲੀ ਤਰ੍ਹਾਂ।

ਜਾਹੁ ਤੁਰਕੇਸ ਪੈ ਧਜਾਇ ਜਗਤੇਸ ਗੁਰੈਂ
ਹਮ ਭੀ ਪ੍ਰਵੇਸ ਬੇਸ[1] ਤੇਰੀ ਜੀਹ ਪੈ ਕਰੈਂ।

[1]ਚੰਗੀ ਤਰ੍ਹਾਂ।

ਜੋਊ ਕੈਹੈਂ ਹੋਹੈ ਸੋਊ ਪੈਹੈ ਦੇਰ ਨਾਹਿ ਕੋਊ,
ਜੋਗ ਯਾ ਅਜੋਗ ਹੋਊ ਲੋਗ ਅਪਰੈਂ ਪਰੈਂ[1] ॥੧੧੧॥

[1]ਯੋਗ ਹੋਵੇ ਜਾਂ ਅਯੋਗ ਹੋਵੇ (ਅਤੇ ਭਾਵੇਂ) (ਅਪਰੈਂ) ਇਸ ਲੋਕ (ਵਿੱਚ ਹੋਵੇ ਤੇ ਭਾਵੇਂ) (ਪਰੈਂ) ਪ੍ਰਲੋਕ (ਵਿਚ ਹੋਵੇ)।

ਕਰੀਓ ਪ੍ਰਪੰਚ[1] ਨਾਹਿ ਡਰੀਓ ਨ ਰੰਚ[2] ਤਾਂ ਤੈ[3],
ਬਚਨ ਤੁਮਾਰ ਨਾ ਬਿਰੰਚ[1] ਫੇਰ ਸੱਕ ਹੈ।

[1]ਛਲ। [2]ਥੋੜ੍ਹਾ ਜਿਹਾ ਵੀ। [3]ਤਿਸ (ਨੁਰੰਗੇ) ਤੋਂ।
[1]ਬ੍ਰਹਮਾ।

ਸ਼ਾਹਿ ਕੀ ਖੁਸ਼ਾਮਦ ਖੁਸ਼ੀ ਕੇ ਹੇਤ[1] ਮਤ ਕਿਤ[2],
ਗੁਰੂ ਮਤ ਬਾਨੀ ਕੇ ਬਰਖਿਲਾਫ[1] ਬੱਕ ਹੈਂ।

[1]ਵਾਸਤੇ। [2]ਮਤਾਂ ਕਿਤੇ।
[1](ਤੂੰ) ਉਲਟ ਬੋਲ ਪਵੇਂ।

ਐਸੇ ਬਹੁ ਭਾਵਨ ਸਿਖਾਵਨ ਸੁਹਾਵਨ ਦੈ[1],
ਧਾਰ ਮੱਥ ਹੱਥ ਸਮਰੱਥ ਕੀਨ ਫੱਕ ਹੈ[1]।

[1]ਬਹੁਤੇ ਪ੍ਰੇਮ ਨਾਲ ਸੋਹਣੀਆਂ ਸਿਖਿਆਵਾਂ ਦੇ ਕੇ।
[1]ਸਿਰ ਤੇ ਹੱਥਰੱਖ ਕੇ (ਫੱਕ) ਛੇਤੀ ਹੀ ਸ਼ਕਤੀਵਾਨ ਕਰ

ਦਿੱਤਾ।

ਰਾਮਰਾਇ ਪਾਇ ਸਿੱਧ[1] ਸ਼ਕਤਿ ਅਬਿੱਧ[2], ਸਬਿ ਗੋਪ ਪ੍ਰਸਿੱਧ[1], ਭਯੋ ਨਿਡਰ ਬਿਸ਼ੱਕ ਹੈ ॥ ੧੧੨ ॥

[1]ਸ਼ਕਤੀਆਂ, ਕਰਾਮਾਤਾਂ। [2]ਵਿੰਨ੍ਹਣ ਤੋਂ ਰਹਿਤ।

[1]ਗੁਪਤ ਤੇ ਪ੍ਰਗਟ।

ਮਾਤ ਪਿਤ ਹੂੰ ਤੈ ਪਾਇ ਆਸਿਖ[1] ਆਇਸ[2], ਹ੍ਵੈ ਕੈ ਤਜਾਰ ਅਸ੍ਵਾਰ ਰਥ ਚਲੱਯੋ ਸੋ ਨਿਸੰਗ ਹੈ।

[1]ਅਸੀਸ। [2]ਆਗਿਆ।

ਭਾਈ ਤਾਰਾ, ਗੁਰਦਾਸ ਬਹਿਲੋ ਕੇ ਸੰਗ ਖਾਸ[1], ਔਰ ਲੈ ਮਸੰਦ ਸਿਖ ਬ੍ਰਿੰਦ ਬਿਭੌ[1] ਸੰਗ ਹੈ।

[1]ਆਪਣੇ ਨਾਲ।

[1]ਸਮੱਗ੍ਰੀ।

ਸਹਿਤ ਉਮੰਗ ਚਲਿ ਸੰਗ ਉਮਰਾਵ ਭਲ, ਦਿਲੀ ਮਜਨੂ ਕੇ ਟਿਲੇ ਡੇਰਾ ਕੀਨ ਚੰਗ ਹੈ।

ਪਾਇ ਸਾਰ[1] ਸ਼ਾਹਿ ਨੈ ਸਲਾਹਿ ਕਰ ਕਾਜੀ ਸਾਥ, ਬੁਜੋ ਪਠਜੋ ਚਾਹਿ ਮਾਂਹਿ ਜ਼ਜਾਫਤ ਸਢੰਗ ਹੈ[1] ॥ ੧੧੩ ॥

[1]ਖਬਰ।

[1]ਬੱਕਰਾ ਭੇਜਿਆ ਖੁਸ਼ੀ ਵਿੱਚ ਪ੍ਰਾਹੁਣਚਾਰੀ ਦੇ ਢੰਗ ਨਾਲ।

ਫੇਰ ਸ਼ਾਹੀ ਕਾਜੀ ਖਾਸ[1] ਆਯੋ ਰਾਮਰਾਇ ਪਾਸ, ਪੇਖਬੇ ਕੋ ਧਰਿ ਆਸ ਬਾਤੈਂ ਕੀਨੀ ਵਾਹਿ ਹੈਂ।

[1]ਆਪ।

ਬੁਜੋ ਕੋ ਕੁਹਾਇ[1] ਰਾਮਰਾਇ ਪਾਇ ਲੰਗਰ ਮੈਂ, ਕਾਜੀ ਕੋ ਦਿਲਾਈ ਰਾਦ[1] ਲੈ ਗਯੋ ਸੋ ਚਾਹਿ ਹੈ।

[1]ਬੱਕਰੇ ਨੂੰ ਕੱਟ ਵੱਢ ਕੇ।

[1]ਬੱਕਰੇ ਦੀ ਲੱਤ।

ਦੁਤੀ ਦਿਨ ਸ਼ਾਹਿ ਨੈ ਮੰਗਾਯੋ ਬੁਜੋ ਵਾਹਿ[1], ਕਹਜੋ ਯਾਹਿ ਸ਼ਾਹਿਜ਼ਾਦੇ ਕੋ ਹੈ, ਸੋਈ ਸੋਈ ਚਾਹਿ ਹੈ[1]।

[1]ਉਹੋ ਬੱਕਰਾ।

[1]ਕਿਹਾ ਕਿ ਇਹ ਬੱਕਰਾ ਸ਼ਾਹਿਜ਼ਾਦੇ ਦਾ ਸੀ (ਤੇ ਹੁਣ) ਉਹ (ਸ਼ਹਜ਼ਾਦਾ) ਉਹੀ (ਬੱਕਰਾ) ਮੰਗਦਾ ਹੈ।

ਗੁਰੂ* ਕਹਜੋ ਔਰ ਦੇਂਹੁ ਸੋ ਤੋ ਖਾਯੋ ਗਯੋ ਅਬਿ,

*ਔਰੰਗਜ਼ੇਬ ਨੇ ਅਸਲ ਵਿੱਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਹੀ ਬੁਲਾਇਆ ਸੀ। ਖਾਸ ਕਾਰਨਾਂ ਕਰਕੇ ਗੁਰੂ ਜੀ ਨਹੀਂ ਗਏ। ਉਨ੍ਹਾਂ ਨੇ ਆਪਣੇ ਥਾਂ ਆਪਣੇ ਵੱਡੇ ਸਾਹਿਬਜ਼ਾਦੇ ਨੂੰ ਕਰਾਮਾਤਾਂ ਨਾਲ ਭਰਪੂਰ ਕਰਕੇ ਭੇਜਿਆ ਸੀ। ਹੋ ਸਕਦਾ ਹੈ ਗੁਰੂ ਕਾ ਸਾਹਿਬਜ਼ਾਦਾ ਹੋਣ ਕਰਕੇ ਲੋਕ ਜਾਂ ਬਾਦਸ਼ਾਹ ਰਾਮਰਾਇ ਜੀ ਨੂੰ 'ਗੁਰੂ ਕੇ' ਜਾਂ 'ਗੁਰੂ' ਕਹਿ ਕੇ ਹੀ ਬੁਲਾਉਂਦੇ ਹੋਣ ਪਰ ਗੁਰੂ ਘਰ ਦੀ ਰਹੁ ਰੀਤ ਅਨੁਸਾਰ ਇਕ ਗੁਰੂ ਸਾਹਿਬ ਦੇ ਗੁਰਤਾ ਗੱਦੀ ਪਰ ਬਿਰਾਜਮਾਨ ਹੁੰਦਿਆਂ ਹੋਇਆਂ ਕਿਸੇ ਦੂਜੇ ਵਿਅਕਤੀ ਜਾਂ ਸਾਹਿਬਜ਼ਾਦੇ ਨੂੰ ਕਦੇ ਵੀ ਕਿਸੇ ਨੇ 'ਗੁਰੂ' ਨਹੀਂ ਆਖਿਆ ਏਸ ਲਈ ਏਥੇ ਜਾਂ ਅੱਗੇ ਜਿੱਥੇ ਕਿਤੇ ਵੀ ਸ੍ਰੀ ਰਾਮਰਾਇ ਜੀ ਲਈ ਕਵਿ ਜੀ ਨੇ 'ਗੁਰੂ' ਸ਼ਬਦ ਵਰਤਿਆ ਹੈ ਉਥੇ 'ਗੁਰੂ' ਤੋਂ ਭਾਵ ਗੁਰੂ ਕੇ ਸਾਹਿਬਜ਼ਾਦੇ ਬਾਬਾ ਰਾਮਰਾਇ ਜੀ

ਹੀ ਲੈਣਾ ਚਾਹੀਦਾ ਹੈ। ਕਿਉਂਕਿ ਇਹ 'ਗੁਰੂ' ਸ਼ਬਦ 'ਗੁਰ ਸੁਤ' ਦਾ ਹੀ ਸੰਖੇਪ ਹੈ ਕਈ ਥਾਈਂ ਸ੍ਰੀ ਰਾਮਰਾਇ ਜੀ ਲਈ 'ਗੁਰ ਸੁਤ' ਹੀ ਵਰਤਿਆ ਹੈ ਦੇਖੋ ਇਸੇ ਬਿਸ੍ਰਾਮ ਦੇ ਅੰ: ਨੰ: ੧੨੦ ਵਿੱਚ– 'ਮੁਲਾਕਾਤ ਹੇਤ ਗੁਰ ਸੁਤ ਕੋ ਬੁਲਾਯੋ ਹੈ'।

ਦੂਤ[1] ਕਹਯੋ ਹਾਰੈ ਦੈ ਕੈ ਲੇਤ ਔਰ ਨਾਹਿਂ ਹੈ ॥ ੧੧੪ ॥

[1]ਨੁਰੰਗੇ ਦਾ ਸੁਨੇਹਾ ਲੈ ਕੇ ਆਉਣ ਵਾਲਾ।

ਕਪਟ ਵਿਸ਼ੇਸ਼ ਤੁਰਕੇਸ ਕੋ ਵਿਚਾਰ ਇਨਿ,
ਬੁਜੋ ਸੋ ਜਿਵਾਇ ਪਠ ਦੀਨ ਢਿਗ ਸ਼ਾਹਿ ਤੈ।
ਐ ਪੈ ਲਾਤ ਤੀਨ ਤਾਹਿ ਚੀਨ ਸ਼ਾਹਿ ਤੱਜਬ ਹ੍ਵੈ,
ਬੂਝਯੋ ਚੌਥੀ ਲਾਤ ਗਈ ਕਹਾਂ ਕਹੋ ਯਾਂਹਿ ਤੈ[1]।

[1]ਇਸ ਬੱਕਰੇ ਦੀ।

ਕਹਯੋ ਸਿਖ ਹਿੱਸੇ ਤੀਨ ਖਾਏ ਗੁਰਿ ਜਿਵਾਇ ਦੀਨ[1],
ਚੌਥਾ ਹਿੱਸਾ ਕਾਜੀ ਲੀਨ ਲਗਵਾਵੋ ਵਾਂਹਿ ਤੈ।

[1](ਤਿੰਨ ਹਿੱਸੇ) ਜਿਉਂਦੇ ਕਰ ਦਿੱਤੇ ਹਨ।

ਬੂਝਯੋ ਸ਼ਾਹਿ ਕਾਜੀ ਤਾਂਈ ਲਾਜੀ ਮਤਿ ਪਾਜੀ ਕੇਰ[1],
ਕਾਰ ਸਾਜੀ ਥੀ ਦਰਾਜੀ ਬਾਜੀ ਹਾਰੀ ਤਾਂਹਿ ਤੈ[1]
॥ ੧੧੫ ॥

[1]ਝੂਠੇ ਕਾਜ਼ੀ ਦੀ ਬੁੱਧੀ ਸ਼ਰਮਿੰਦਾ ਹੋਈ।

[1](ਕਾਜ਼ੀ ਨੇ ਜਿਹੜੀ ਛਲ ਦੀ) ਵੱਡੀ ਖੇਲਰਚੀ ਸੀ ਉਹ (ਉਸ ਖੇਲ ਦੀ) ਬਾਜੀ ਹਾਰ ਗਿਆ।

ਨੌਰੰਗ ਨਿਹਾਰ ਕਰਾਮਾਤ ਬਾਤ ਨੌਰੰਗ ਏ,
ਔਰੰਗ ਪੈ ਔਰੰਗ ਕੋ ਔਰੈ ਰੰਗ ਹੈ ਭਯੋ[1]।

[1](ਨੌਰੰਗ) ਛਲ ਵਾਲੀ ਕਰਾਮਾਤ ਅਤੇ ਨਵੇਂਰੰਗ ਦੀ (ਇਹ) ਗੱਲ ਦੇਖ ਕੇ (ਔਰੰਗ) ਤਖਤ ਦੇ (ਪੈ) ਉੱਪਰ (ਬੈਠੇ) ਔਰੰਗਜ਼ੇਬ ਦਾ ਹੋਰ ਹੀਰੰਗ ਹੋ ਗਿਆ।

ਬੁਲਵਾਇ ਉਲਮਾਇ[1] ਫੁਜ਼ਲਾਇ[2] ਉਮਰਾਇ[3],
ਕਾਜੀ ਹਾਜੀ ਪੀਰ ਔ ਫ਼ਕੀਰ ਮੌਲਵੀ ਲਯੋ।

[1]ਵਿਦਵਾਨ। [2]ਵੱਡੇ। [3]ਅਹਿਲਕਾਰ, ਸਰਦਾਰ।

ਕਹਯੋ ਪਤਿਸ਼ਾਹਿ ਠੇਠ[1] ਹਿੰਦੂ ਪੀਰ ਬਾਤ ਹੇਠ,
ਕੈਸੇ ਆਵੈ ਕਹੋ ਨੇਠ[1] ਮਸ਼ਵਰਾ ਯੌਂ ਠਯੋ[2]।

[1]ਸਾਫ਼, ਸਪੱਸ਼ਟ।

[1]ਚੰਗੀ ਤਰ੍ਹਾਂ। [2]ਇਉਂ ਸਲਾਹ ਕੀਤੀ।

ਬਾਗ ਮੈ ਬੁਲਾਵੋ ਤਾਂਹਿ ਕੂਪ ਪੈ[1] ਬਿਛਾਵੋ ਫਰਸ਼,
ਤਾਂ ਪਰ ਬਿਠਾਵੋ ਗਿਰੈ ਮਾਂਹਿ ਜੀਤ ਯੌਂ ਲਯੋ[1]
॥ ੧੧੬ ॥

[1]ਖੂਹ ਦੇ ਉੱਪਰ।

[1]ਐਉਂ ਜਿੱਤ ਲਵਾਂਗੇ।

ਸੋਈ ਕਰਵਾਯੋ ਬੁਲਵਾਯੋ ਗੁਰੂ ਕੋ ਬਿਠਾਯੋ,
ਜੁੰਮਸ਼ ਨ ਖਾਯੋ[1] ਸੋ ਰਹਾਯੋ ਪਟ[2] ਵੈਸ ਹੀ।
ਜੇਤਕ ਸ੍ਵਾਲ ਕੀਨ ਤੇਤਕ ਜ੍ਵਾਬ ਦੀਨ,

[1]ਹਿਲੋਰਾ ਨਹੀਂ ਖਾਧਾ ਭਾਵ ਹਿੱਲਿਆ ਨਹੀਂ। [2]ਕੱਪੜਾ।

ਚੀਨਿ ਅਜ਼ਮਤ[1] ਮਤਿ ਹੀਨ ਭਏ ਥੈਂ ਤਹੀ[2]।
ਫੇਰ ਖਾਨਾ ਤਜਾਰ ਕਰਵਾਯੋ ਗੁਰੂ ਪੈ ਪਠਾਯੋ,
ਉਘਰਾਯੋ ਜਬੈ[1] ਫੂਲ ਪੁੰਜ[2] ਪਾਯੋ ਸੋ ਸਹੀ[3]।

[1]ਕਰਾਮਾਤ ਦੇਖ ਕੇ। [2]ਉਸੇ ਥਾਂ।

[1]ਜਦੋਂ (ਢੱਕਣ) ਖੁਲਵਾਇਆ। [2]ਫੁੱਲਾਂ ਦਾ ਢੇਰ। [3]ਠੀਕ, ਨਿਸਚੇ ਕਰਕੇ।

ਲੈ ਕੇ ਉਮਰਾਵ ਜੋਊ ਚਾਵ ਸੋਂ ਗਯੋ ਥਾ,
ਭਯੋ ਤੱਜਬ ਅਦਾਵ ਕਰਿ[1] ਆਯੋ ਸ਼ਾਹਿ ਪੈ ਚਹੀ[2]
॥ ੧੧੭ ॥

[1]ਅਦਬ ਨਾਲ (ਨਮਸਕਾਰ) ਕਰਕੇ। [2]ਬਾਦਸ਼ਾਹ ਕੋਲ (ਚਹੀ) ਦਿਖਾਉਣ ਵਾਸਤੇ।

ਮਾਲਤੀ ਚੰਬੇਲੀ ਰਾਇ ਬੇਲੀ ਔ ਗੁਲਾਬ ਗੁਲ[1],
ਸੋਰਭ ਨਵੇਲੀ ਯੁਤ ਨੌਰੰਗ ਨੇ ਹੇਰੀਆ[1]।
ਸਭਾ ਕੋ ਦਿਖਾਏ ਬਰਤਾਏ ਭਾਏ[1] ਸਬਿ ਹੀ ਕੋ,
ਤੱਜਬ ਰਹਾਏ ਬਾਤ ਕਾਜੀ ਪਾਜੀ[1] ਟੇਰੀਆ[2]।
ਨਾਨਕ ਜੀ ਇਨ ਕੇਰੇ ਭਏ ਜੋ ਬਡੇਰੇ,
ਫਿਰੇ ਮੁਲਕ ਬਥੇਰੇ ਸੀਖੇ ਜਾਦੂ ਬਹੁਤੇਰੀਆ।
ਜਾਇ ਉਨ ਮੱਕੇ ਹੱਕੇ ਬੱਕੇ ਥਾ ਖਲੱਕੇ ਕੀਨ[1],
ਫੇਰੇ ਦਿਲ ਲੋਗਨ ਕੇ ਕਾਬਾ ਕਹੈਂ ਫੇਰੀਆ
॥ ੧੧੮ ॥

[1]ਫੁੱਲ।

[1]ਨਵੀਂ ਸੁਗੰਧੀ ਸਹਿਤ ਭਾਵ ਤਾਜ਼ੇ ਫੁੱਲ ਨੂਰੰਗੇ ਨੇ ਦੇਖੇ।

[1]ਚੰਗੇ ਲੱਗੇ।

[1]ਝੂਠੇ ਕਾਜੀ ਨੇ। [2]ਕਹੀ।

[1]ਖਲਕਤ ਨੂੰ ਬਹੁਤ ਹੈਰਾਨ ਕਰ ਦਿੱਤਾ ਸੀ।

ਕੈਹੈਂ ਹਮ ਕਸਮ ਖਾਰਸਮ ਇਨੈ ਹੈ ਐਹੈ[1],
ਬਿਸਮ ਕਰਿਸਮ ਤਲਿਸਮ ਕਰਾਨ ਕੀ[1]।
ਇਸੀ ਤੌਰ ਹਿੰਦੂ ਇਨੈ ਗੌਰ[1] ਹੈਂ ਮੁਰੀਦ ਕੀਏ,
ਔਰ ਬਹੁ ਭਾਂਤਿ ਹੈਂ ਸੁਨਾਤ ਬਾਤ ਗਜ਼ਾਨ ਕੀ।
ਪਠੀਏ ਪੋਸ਼ਾਕ ਅਬੀ ਕਹਿਰ ਜ਼ਹਿਰ ਪਗੀ[1],
ਪਹਿਰ ਨ ਜੀਵੈ ਪਹਿਰ ਲਹਿਰ ਪਛਾਨ ਕੀ[1]।

[1](ਬਿਸਮ) ਹੈਰਾਨ ਕਰਨ ਵਾਲਾ (ਤਲਿਸਮ) ਜਾਦੂ ਦਾ (ਕਰਿਸਮ) ਚਮਤਕਾਰ ਹੈ।

[1]ਬਹੁਤੇ।

[1]ਸਖ਼ਤ ਜ਼ਹਿਰ ਵਿਚਰੰਗੀ ਹੋਈ।

[1](ਇਸ ਨੂੰ) ਪਹਿਨ ਕੇ (ਇਕ) ਪਹਿਰ ਵੀ ਨਹੀਂ ਜਿਉਣਗੇ (ਇਹ ਪੁਸ਼ਾਕ) (ਲਹਿਰ) ਅੱਗ ਦਾ ਭਬੂਕਾ ਪਛਾਣੀ ਹੈ।

ਸੋਈ ਕੀਨ ਸ਼ਾਹਿ ਪਠ ਦੀਨ ਹੈ ਪੁਸ਼ਾਕ ਵਾਹਿ,
ਗੁਰੂ ਧਾਰ ਲੀਨ ਜਾਂਹਿ ਨਾਂਹਿ ਕੁਛ ਹਾਨ ਕੀ[1]
॥ ੧੧੯ ॥

[1]ਜਿਸ (ਪੁਸ਼ਾਕ) ਨੇ ਕੋਈ ਨੁਕਸਾਨ ਨਹੀਂ ਕੀਤਾ।

ਕਰਾਮਾਤ ਚਾਰ[1] ਬਖਜਾਤ ਪੇਖਿ ਸ਼ਾਹਿ ਪੁਨ,
ਮੁਲਾਕਾਤ ਹੇਤ ਗੁਰੂ ਸੁਤ ਕੋ ਬੁਲਾਯੋ ਹੈ।
ਪਾਲਕੀ ਪਠਾਈ ਉਮਰਾਵ ਦੈ ਸੰਗਾਈ[1],
ਦਿਲ ਕਪਟ ਰਖਾਈ ਨਾ ਕਹਾਰ[1] ਕੋ ਪਠਾਯੋ ਹੈ।

[1]ਗਿਣਤੀ 'ਚ ਉਪ੍ਰੋਕਤ ਚਾਰ ਕਰਾਮਾਤਾਂ।

[1]ਨਾਲ ਦੇ ਕੇ।

[1]ਪਾਲਕੀ ਚੁੱਕਣ ਵਾਲੇ।

ਰਾਮਰਾਇ ਧਜਾਇ ਗੁਰੈਂ ਸਤਿਨਾਮ ਗਾਇ,
ਮਧ ਪਾਲਕੀ ਥਿਰਾਇ[1] ਨਭ ਮਾਰਗ[2] ਚਲਾਯੋ ਹੈ।
ਬਿਨ ਹੀ ਕਹਾਰਨ ਨਿਹਾਰ ਨਰ ਨਾਰਿਨ
ਬਜਾਰਨ ਅਗਾਰਨ ਮੈਂ[1] ਚਰਚਾ ਚਲਾਯੋ ਹੈ
॥੧੨੦॥

[1]ਵਿੱਚ ਬੈਠ ਕੇ। [2]ਅਕਾਸ਼ ਦੇਰਸਤੇ।

[1]ਘਰਾਂ ਵਿਚ।

ਸ੍ਰੀ ਗੁਰੂ ਨਾਨਕ ਕੀ ਗਾਦੀਪਤਿ ਕੋ ਸਪੂਤ,
ਨੌਰੰਗ ਬੁਲਾਯੋ ਜਾਂਹਿ ਨੌਰੰਗ[1] ਦਿਖਾਯੋ ਹੈ।
ਬੁਜੋ[1] ਖਾਇ ਜਿੰਦਾ ਕੀਨ ਖਾਣਾ ਫੂਲ ਕਰਿ ਦੀਨ,
ਜਾਮਾ ਜ਼ਹਿਰ ਪਹਿਰ ਲੀਨ ਕੂਪ ਪੈ ਥਿਰਾਯੋ ਹੈ[1]।
ਪੇਖੋ ਅਬਿ ਪਾਲਕੀ ਸ੍ਵਾਰ ਜਾਤ ਨਿਰਾਧਾਰ[1]
ਸਹੀ[1] ਕਰਤਾਰ ਅਵਤਾਰ ਯਹੀ ਆਯੋ ਹੈ।
ਸੁੰਦ੍ਰ ਸਰੂਪ ਹੈ ਅਨੂਪ ਕਾਮ ਭੂਪ ਖੂਪ[1],
ਬਨ ਹੈਂ ਮੁਰੀਦ ਹਮੈ ਗੁਰੂ ਏਹੀ ਭਾਯੋ ਹੈ
॥੧੨੧॥

[1]੨੪ (ਕਰਾਮਾਤਾਂ ਦਾ) ਨਵਾਂਰੰਗ।

[1]ਬੱਕਰਾ।

[1]ਖੂਹ ਉੱਪਰ ਬੈਠ ਗਿਆ ਹੈ।

[1]ਆਸਰੇ (ਭਾਵ ਕਹਾਰਾਂ) ਤੋਂ ਬਿਨਾਂ।

[1]ਠੀਕ, ਅਸਲੀ।

[1]ਕਾਮਦੇਵ ਤੋਂ ਵੀ ਚੰਗਾਰਾਜਾ ਹੈ।

ਸ਼ਾਹਿ ਕੀ ਕਚਹਿਰੀ ਮਾਂਹਿ ਯਾਹਿ ਬਿਧਿ ਗਏ, ਤੌ
ਆਲਮਗੀਰ[1] ਉਠ ਕੈ ਬਗਲ-ਗੀਰ ਹੈਂ ਭਏ[2]।
ਔਰ ਏਕ ਬਧਕੇ[1] ਬਿਸਿਦਕੇ[2] ਨੇ ਕੀਨ ਬਾਤ,
ਤੇਜ ਕਾਂਟੇ ਸਾਰ ਕੇ ਖਿਲਾਰ ਪਟ ਸੌਂ ਛਏ[1]।
ਤਾਂ ਪਰ ਬਿਠਏ ਕਾਂਟੇ ਫੂਲ ਭਏ ਤੂਲ ਸਮ[1],
ਪੇਖਿ ਹੈਂ ਹਿਰਾਨ ਸਭਿ ਨੇ ਪਛਾਨ ਹੈ ਲਏ।
ਠੀਕ ਕਰਾਮਾਤੀ ਬਖਸਾਤੀ ਗੁਰੂ ਨਾਤੀ[1] ਏਹੂ,
ਕੇਹੂ ਭਾਂਤਿ ਬਾਤ ਤਲੇ ਆਤ ਨਾਂਹਿ ਹੈਂ ਭਏ
॥੧੨੨॥

[1]ਔਰੰਗਜ਼ੇਬ ਨੇ। [2]ਜੱਫੀ ਪਾ ਲਈ।

[1]ਵਧੀਕੀ ਦੀ। [2]ਬੇਸਿਦਕੇ (ਨੁਰੰਗੇ) ਨੇ।

[1]ਲੋਹੇ ਦੇ ਤਿੱਖੇ ਕੰਡੇ ਖਿਲਾਰ ਕੇ ਕੱਪੜੇ ਨਾਲ ਢੱਕ ਦਿੱਤੇ।

[1]ਰੂੰ ਵਾਂਗ (ਨਰਮ)।

[1]ਇਹ ਸ੍ਰੀ ਗੁਰੂ (ਹਰਿ ਗੋਬਿੰਦ ਸਾਹਿਬ ਜੀ। ਦੇ (ਨਾਤੀ) ਪੜਪੋਤ੍ਰੇ ਹਨ।

ਤਾਂਹੀ ਸਮੇ ਕਾਜੀ ਹਾਜੀ ਉਮਰ ਦਰਾਜੀ[1] ਏਕ,
ਆਯੋ ਕਾਰ ਸਾਜੀ ਕੋ ਨਿਵਾਜੀ ਸ਼ਾਹਿ ਤਾਕ[1] ਹੈ।
ਦੀਨੇ ਫਲ ਮਕੇ ਔ ਮਦੀਨੇ ਕੇ ਨਵੀਨੇ ਪੀਨੇ[1],
ਤੋਫੇ ਸ਼ਾਹਿ ਜੀ ਨੇ ਚੀਨੇ ਪਰਸ਼ਾਦ ਪਾਕ ਹੈ[1]।
ਸ਼ਾਹਿ ਨੇ ਦਿਖਾਇ ਰਾਮਰਾਇ ਕੋ ਸੁਨਾਇ ਕਹਯੋ,

[1]ਲੰਬੀ ਉਮਰ ਦੇ।

[1](ਜਿਹੜਾ) ਸਾਜ਼ਸ਼ ਕਰਨ ਆਇਆ ਸੀ (ਉਸ ਨੂੰ) ਬਾਦਸ਼ਾਹ ਨੇ (ਤਾਕ) ਦੇਖ ਕੇ ਵਡਿਆਇਆ। (ਮਾਣ ਆਦਰ ਕੀਤਾ)।

[1]ਤਾਜ਼ੇ ਤੇ ਮੋਟੇ ਫਲ।

[1]ਸ਼ਾਹ ਨੇ (ਉਹ ਫਲ) ਪਵਿੱਤ੍ਰ ਪ੍ਰਸ਼ਾਦ ਜਾਣੇ।

ਐਸੇ ਫਲ ਆਪ ਭੀ ਮੰਗਾਇ ਲਜਾਇ ਸਾਕ ਹੈਂ[1]।
ਕਹਜੋ ਇਨੈ ਕਾਂਹਿ[1] ਗੁਰੁ ਘਰ ਮੈ ਪ੍ਰਵਾਹਿ ਨਾਹਿਂ,
ਪਾਸ ਹੀ ਤੈ ਦਏ ਖਾਸ[1] ਵੈਸ ਹੀ[2] ਝਟਾਕ ਹੈਂ[3]
॥ ੧੨੩ ॥

[1]ਲਿਆ ਸਕਦੇ ਹੋ।
[1]ਇਨ੍ਹਾਂ (ਵਰਗੀ) ਕਿਸੇ ਚੀਜ਼ ਦੀ ਵੀ।
[1]ਆਪ (ਰਾਮਰਾਇ ਜੀ ਨੇ)। [2]ਉਹੋ ਜਿਹੇ ਹੀ (ਫਲ)। [3]ਬਹੁਤ ਛੇਤੀ, ਭਾਵ ਉਸੇ ਵੇਲੇ।

ਇਤਜਾਦਿ ਕਰਾਮਾਤ ਭਾਂਤਿ ਬਹੁ ਬਖਜਾਤ ਪੇਖਿ,
ਪਾਤਸ਼ਾਹਿ ਚਾਹਿ ਗਹੇ[1] ਕਦਮ[2] ਇਨ੍ਹਾਹਿਂ ਕੇ।
ਹਾਥ ਜੋਰਿ ਕਹਜੋ ਸਾਫ ਕੀਜੀਏ ਗੁਨਹਿ ਮਾਫ,
ਕਰਵਾਏ ਮੈ ਖਿਲਾਫ਼ ਕਾਮ ਜੋ ਤੁਮਾਹਿਂ ਕੇ।

[1]ਸ਼ੌਕ ਨਾਲ ਫੜੇ। [2]ਚਰਨ।

ਮਜ਼ੂਬ ਕੇ ਪੱਖ ਕਰਿ ਮਤਸਰ[1] ਉਰਿ ਧਰਿ,
ਆਪ ਸੰਗਿ ਛਰ ਵਰ[1] ਕੀਨੇ ਬਹੁ ਚਾਹਿ ਕੇ[2]।
ਪੂਰਨ ਫਕੀਰ ਪੀਰ ਰੋਸ਼ਨ ਜ਼ਮੀਰ[1] ਆਪ,
ਐਨ[1] ਹੀ ਖੁਦਾਇ, ਕੈ[2] ਪਿਗੰਬਰ ਹੋ ਤਾਂਹਿ ਕੇ
॥ ੧੨੪ ॥

[1]ਈਰਖਾ।
[1]ਛਲ ਵਲ। [2]ਇੱਛਾ ਕਰ ਕੇ ਭਾਵ ਜਾਣ ਬੁੱਝ ਕੇ।
[1]ਪ੍ਰਕਾਸ਼ ਵਾਲੀ ਆਤਮਾ ਵਾਲੇ।
[1]ਠੀਕ, ਅਸਲੀ। [2]ਜਾਂ।

ਲੀਨ ਮੈ ਪਰਖ ਬੀਨ[1] ਫਰਕ ਬਿਹੀਨ ਅਬਿ,
ਦੀਨ ਜੋ ਦਿਦਾਰ ਆਪ ਕੀਨ ਮੋ ਨਿਹਾਲ ਹੈ।
ਚਾਹਿਵ ਥਾ ਜੈਸ ਮੈਂ ਮੁਸਾਹਿਬ[1] ਪਠਾਯੋ ਤੈਸ,
ਸਾਹਿਬ ਨੈ ਲਾਹਿ ਬਡ ਦੀਨ ਮੋਹਿ ਪਾਲ ਹੈ[1]।

[1]ਦੇਖ ਕੇ।
[1]ਸੁਹਬਤ ਵਿੱਚ ਰਹਿਣ ਵਾਲਾ, ਸਾਥੀ ਪਾਰਖਦ (A.D.C.)।
[1]ਸਾਹਿਬ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਮੇਰਾ ਵੱਡਾ (ਭਰਮ ਦਾ) (ਪਾਲ) ਪੜਦਾ ਲਾਹ ਦਿੱਤਾ ਹੈ।

ਪਾਵਨ[1] ਕਰੀਜੋ ਅਬ ਈਹਾਂ ਹੀ ਰਹੀਜੋ ਆਪ,
ਲੀਜੋ ਮਨ ਚਾਹਿ ਮੋਹਿ ਸੇਵਕ ਨਿਹਾਲ ਹੈ[1]।
ਤਾਂਹਿ ਰੋਜ ਹੂੰ ਤੇ ਰੋਜ਼ ਸ਼ਾਹਿ ਕਾ ਸਰੋਜ ਦਿਲ,
ਖਿਲ ਹਿਲਮਿਲ ਗਯੋ[1] ਗੁਰੂ ਸੁਤ ਨਾਲ ਹੈ
॥ ੧੨੫ ॥

[1]ਪਵਿੱਤ੍ਰ।
[1]ਦੇਖ ਕੇ ਭਾਵ ਜਾਣ ਕੇ।
[1](ਰੋਜ਼) ਗਮਗੀਨ ਬਾਦਸ਼ਾਹ ਦਾ ਦਿਲ (ਕੰਜ) ਕੰਵਲ (ਵਾਂਗ) ਖਿੜ ਕੇ (ਹਿਲਮਿਲ) ਪਰਚ ਗਿਆ।

ਰਾਮਰਾਇ ਜੀ ਨੈ ਭੀ ਬਜੀਰਨ ਅਮੀਰਨ ਕੋ,
ਬਾਤੈਂ ਕਰਾਮਾਤੈਂ ਸੈਂ ਬਖਜਾਤੈਂ ਅਪਨਾ ਲਯੋ।
ਮਤਨ ਤਮਾਮ ਪੈ ਇਮਾਮ[1] ਨਿਜ ਮਤ ਥਾਪ,
ਪ੍ਰਤਾਪ ਨਿਜ ਸੈਂ ਪ੍ਰਤਾਪ ਹਾਸਦੈਂ ਦਯੋ[1]।
ਲਾਖੋਂ ਹੀ ਮੁਰੀਦ ਭਏ ਬਿੱਤ[1] ਬਹੁ ਭਾਂਤਿ ਅਏ,
ਫਲ ਇੱਛ ਪਾਤ ਭਏ[1] ਸਾਮ ਗੁਰੁ ਜੋ ਅਯੋ[2]।

[1]ਵੱਡਾ।
[1]ਈਰਖਾਲੂਆਂ ਨੂੰ ਦੁੱਖ ਦਿੱਤਾ।
[1]ਧਨ।
[1](ਮਨ ਦੀ) ਇੱਛਾ (ਅਨੁਸਾਰ) ਫਲ ਪਾਏ। [2]ਜੋ (ਵੀ) ਗੁਰਾਂ (ਦੇ ਸਪੁੱਤਰ) ਦੀ (ਸਾਮ) ਸ਼ਰਨ ਵਿੱਚ ਆਇਆ।

ਗੁਰੁ ਸੁਤ ਪਾਸ ਭੀਰ ਰੈਹੈ ਪਰਜੋ ਹੀ ਬਹੀਰ,
ਰੰਕ ਔ ਅਮੀਰ ਆਵੈ ਜਾਵੈ ਜਸ ਹੈ ਛਯੋ[1]

[1]ਫੈਲ ਗਿਆ।

॥ ੧੨੬ ॥

ਮੇਘ ਸੰਘ ਮੋਰ ਕੀ ਚਕੋਰ ਕੀ ਸਸੀ ਸੈਂ[1],
ਬਿੱਤ ਚੋਰ ਕੀ ਪ੍ਰੀਤਿ ਤਿਮ ਸ਼ਾਹਿ ਇਨ ਸੈਂ ਕਰੈਂ।
ਸਭਾ ਮੈਂ ਬੁਲਾਵੈ ਨਿੱਤ ਚਿੱਤ ਪ੍ਰਚਾਵੈ,
ਬਹੁ ਬਾਤ ਪ੍ਰਤਾਵੈਂ ਔ ਰਹਾਵੈਂ ਮੋਦ ਸੈਂ ਭਰੈਂ।
ਬਿਬਿਧ ਬਿਸੇਸ ਤੋਫੇ[1] ਆਵੈਂ ਦੇਸ ਦੇਸ ਤੈ ਜੋ,
ਇਨ ਪੈ ਪਠਾਵੈ ਔ ਕਮਾਵੈ ਸੇਵ ਸੈਂ ਤਰ੍ਹੈਂ[1]।
ਸੈਲ ਕੋ[1] ਸਿਧਾਰੈ ਤੌ ਸੰਗਾਰੈ ਲੈ ਪਧਾਰੈ,
ਬਾਤ ਬਾਤ ਮੈ ਨਿਹਾਰੈ ਕਰਾਮਾਤ ਭਾਂਤਿ ਸੈਂ ਵਰੈ[1]

[1]ਚੰਦ ਨਾਲ।
[1]ਅਨੇਕ ਤਰ੍ਹਾਂ ਦੇ ਖ਼ਾਸ ਤੁਹਫ਼ੇ (ਸੁਗਾਤਾਂ)।
[1]ਸੈਂਕੜੇ ਢੰਗਾਂ ਨਾਲ।
[1]ਸੈਰ ਨੂੰ।
[1]ਸੈਂਕੜੇ ਤਰ੍ਹਾਂ ਦੀਆਂ ਸ੍ਰੇਸ਼ਟ ਕਰਾਮਾਤਾਂ।

॥ ੧੨੭ ॥

ਜੇਤੋ ਰੋਜ ਨੌਰੰਗ ਨੇ ਕਰਨਾ ਹੈ ਕਾਂਮ ਤੇਤੋ,
ਏਕ ਰੋਜ ਪਹਿਲੇ ਹੀ ਗੁਰੁ ਲਿਖ ਦੇਵ ਹੈ।
ਦੁਤੀ ਦਿਨ ਪੇਖੇ ਜਬਿ ਲੇਖੇ[1] ਸਬਿ ਸਾਚ ਲਿਖਜੋ,
ਤੱਜਬ[1] ਰਹਾਇ ਗਾਇ ਗੱਜਬ ਕਰੇਵ ਹੈਂ[2]।
ਬੇਗਮੋਂ ਕੇ ਨਾਮ ਰੂਪ ਚਿੰਨਜ[1] ਰਾਤ ਹੂੰ ਕੀ ਬਾਤ,
ਬਖਜਾਤ ਪੂਛੇ ਸੇ ਬਤਾਵੈਂ ਸਬਿ ਭੇਵ ਹੈਂ।
ਜੇਤਕ ਜ੍ਵਾਹਰ ਖਜਾਨੇ ਗੋਪ ਜਾਹਰ[1] ਥੇ,
ਸਬਿ ਹੀ ਬਤਾਏ ਪਾਏ ਤੇ ਸੁਨਾਏ ਜੇਵ ਹੈਂ[1]

[1]ਹਿਸਾਬ।
[1]ਹੈਰਾਨ। [2]ਕਹਿੰਦਾ ਹੈ (ਗਜ਼ਬ) ਅਚਰਜ (ਗੱਲਾਂ) ਕਰਦੇ ਹਨ।
[1]ਨਿਸ਼ਾਨ।
[1]ਗੁਪਤ ਤੇ ਪ੍ਰਗਟ।
[1]ਜਿਵੇਂ ਸੁਣਾਏ ਸਨ ਤਿਵੇਂ ਹੀ ਪਾਏ (ਦੇਖੇ)।

॥ ੧੨੮ ॥

ਮੱਛੀ ਮਰਵਾਵੈ ਅੱਛੀ ਆਵੈਂ ਤੇਤੀ ਜੇਤੀ ਗਾਵੈ,
ਹਾਰ ਝਖ ਮਾਰ ਰੈਹੈ ਝਖ[1] ਹੋਰ ਆਇ ਨਾ।
ਜੈਹੈ ਜੌ ਸ਼ਿਕਾਰੈਂ ਮਾਰੈਂ ਤੇਤੇ ਮ੍ਰਿਗ ਜੇਤੇ ਕੈਹੈ,
ਜਜਾਦੇ ਕਮ ਨੈ ਹੈਂ ਪੈ ਹੈਂ ਜੈ ਹੈ ਬਲ ਕਾਇ ਨਾ[1]।
ਨਿੰਦਕ ਗੁਰੂ ਕਾ ਕੀਨ ਗੂੰਗਾ ਉਲਮਾਉ ਪੀਨ[1],
ਜਮਨਾ ਪੈ ਚਲੇ ਚੀਨ[1] ਭੀਗਜੋ ਜਰਾ ਪਾਇ ਨਾ।
ਬਾਦਸ਼ਾਹਿ ਬੇਗਮ ਬਜੀਰ ਬਾਜ ਕੇਰੋ,
ਦੀਨ ਜਨਮ ਦਿਖਾਇ ਹੁਤੇ ਪਿਛਲੇ ਜੋ ਸਾਇਨਾ[1]

[1]ਮੱਛੀ।
[1]ਕਿਸੇ ਦਾ ਜ਼ੋਰ ਨਹੀਂ ਚਲਦਾ।
[1]ਵੱਡਾ ਵਿਦਵਾਨ।
[1]ਜਾਣੋਂ।
[1]ਉਹਨਾਂ ਦੇ।

॥ ੧੨੯ ॥

ਫਲ ਮੰਗਵਾਏ ਭਲ ਭਿਸਤ ਕੇ ਖਾਏ,
ਬਲ ਗੁਨ ਅਜ਼ਮਾਏ ਨਿਗਮਾਗਮ ਜੋ ਗਾਏ ਹੈਂ[1]।
[1]ਵੇਦਾਂ ਤੇ ਸ਼ਾਸਤ੍ਰਾਂ ਨੇ ਜੋ ਕਹੇ ਹਨ।

ਦੀਪ-ਸੰਗਲਾ ਤੈ ਪਦਮਨੀ ਤੇਜ ਗੰਧਿ ਸਨੀ[1],
[1]ਤੇਜ ਸੁਗੰਧੀ ਵਾਲੀ।

ਦਈ ਮੰਗਵਾਇ ਗਈ ਫੇਰ ਨਿਜ ਥਾਏ ਹੈਂ।
ਮਹਾ ਮਰੀ[1] ਪਰੀ ਦਫਾ ਕਰੀ ਚਰਨੋਦਕ ਦੈ[2],
[1]ਹੈਜ਼ਾ, ਡਾਲ। [2]ਚਰਨਾਂ ਦਾ ਜਲ ਦੇ ਕੇ ਦੂਰ ਕੀਤੀ।

ਕਾਲ ਮੈ ਬਿਸਾਲ ਮੇਂਹ ਸਾਲ ਬਰਸਾਏ ਹੈਂ[1]।
[1]ਕਾਲ (ਕਹਤ) ਦੇ ਸਾਲ ਵਿੱਚ ਬਹੁਤਾ ਮੀਂਹ ਵਰ੍ਹਾਇਆ।

ਚਰ ਥਿਰ ਥਿਰ ਚਰ ਕਰਿ ਦਿਖਰਾਏ ਭਰੇ[1],
[1](ਚਰ) ਫਿਰਨ ਵਾਲੇ (ਪਸ਼ੂ ਪੰਛੀ ਆਦਿ) ਖੜੇ ਕਰ ਦਿੱਤੇ (ਅਤੇ) ਖੜੇ ਰਹਿਣ ਵਾਲੇ (ਪਹਾੜ ਬ੍ਰਿੱਛ ਆਦਿ) (ਭਰੇ) ਚੰਗੀ ਤਰ੍ਹਾਂ ਚਲਾ ਕੇ ਦਿਖਾ ਦਿੱਤੇ।

ਸ਼ੇਰਨ ਕੋ ਘਾਸ, ਦਾਨੇ ਬਾਜਨ ਚੁਗਾਏ ਹੈਂ
॥ ੧੩੦ ॥

ਏਕ ਰੋਜ ਸ਼ਾਹਿ ਪਾਹਿ ਉਲਮਾਇ ਮਿਲੇ ਬਹੁ,
ਮਤਨ ਕੀ[1] ਬਾਤ ਭਾਂਤਿ ਅਨਿਕ ਚਲਾਏ ਹੈਂ।
[1]ਮਜ਼ਹਬਾਂ ਦੀ।

ਬੂਝੋ ਰਾਮਰਾਇ ਕੋ ਤੁਮਾਰੇ ਗੁਰੂ ਨਾਨਕ ਜੀ,
ਭਏ ਜੋ ਫਕੀਰ ਪੀਰ ਪੂਰਨ ਸੁਭਾਇ[1] ਹੈਂ।
[1](ਚੰਗੇ) ਸੁਭਾਵ ਵਾਲੇ।

ਚੌਦਾਂ ਲੋਕ ਤਬਕ[1] ਹੈਂ ਹਿੰਦੂ ਤੁਰਕ ਸਬਿ ਕਹੈਂ,
[1]ਲੋਕ।

ਨਾਨਕ ਜੀ ਅਬਿ ਕਹੈਂ ਲਾਖਨ ਲੋਕਾਇ ਹੈਂ[1]।
[1]ਲੱਖਾਂ ਹੀ ਲੋਕ ਹਨ।

ਤਾਂ ਪੈ ਸਸਿ[1] ਸੂਰ[2] ਤਾਰੇ ਬੇਸ਼ੁਮਾਰੇ ਹੈਂ ਉਚਾਰੇ,
[1]ਚੰਦ। [2]ਸੂਰਜ।

ਉਨ ਹੀ ਕੇ ਤੁਮ ਬਾਰੇ[1] ਦੀਜੀਏ ਦਿਖਾਇ ਹੈਂ
[1]ਬੱਚੇ, ਸਪੁੱਤਰ।
॥ ੧੩੧ ॥

ਰਾਮਰਾਇ ਨਿਜ ਛਰੀ ਉਨ ਪੈ ਛੁਹਾਇ ਭਰੀ,
ਦਿੱਬ ਦ੍ਰਿਸ਼ਟਿ[1] ਕਰੀ ਖਰੀ ਦਏ ਦਿਖਰਾਇ ਹੈਂ।
[1]ਦੇਵ ਦ੍ਰਿਸ਼ਟੀ, ਜਿਸ ਨਾਲ ਸਾਰੇ ਗੁਪਤ ਥਾਂ ਦਿਸ ਪੈਣ।

ਨਭ ਮੈਂ ਅਨੇਕ ਸਸਿ ਸੂਰ ਤਾਰੇ ਭਾਰੇ ਭੂਰ,
ਦੇਖ ਕੈ ਗਰੂਰ[1] ਦੂਰ ਭਯੋ ਸਬਿ ਕਾਇ ਹੈ।
[1]ਹੰਕਾਰ।

ਗੁਰੂ ਕੇ ਸੁਪੁੱਤ੍ਰ ਦਿਖਾਈ ਅਲਵੱਤ੍ਰ[1],
[1]ਬਿਨਾ ਸੰਸੇ ਤੋਂ।

ਕਰਾਮਤ ਬਹੱਤ੍ਰ ਤੱਤ੍ਰ ਬਹੁ ਭਾਇ ਹੈਂ[1]।
[1]ਓਥੇ ਬਹੁਤ ਤਰ੍ਹਾਂ ਦੀਆਂ।

ਜੋਊ ਹੇਰ ਮੀਰ[1] ਔਰ ਵਜੀਰ ਤੇ ਅਮੀਰ ਪੀਰ,
[1]ਬਾਦਸ਼ਾਹ।

ਕਾਜੀ ਉਲਮਾਇ ਭਏ ਖਾਦਮ ਮਹਾਇ[1] ਹੈਂ
[1]ਵੱਡੇ ਸੇਵਕ।
॥ ੧੩੨ ॥

ਦੋਹਰਾ:

ਐਸੀ ਬਹੁਧਾ[1] ਅਜ਼ਮਤੈਂ, [1]ਬਹੁਤ ਤਰ੍ਹਾਂ ਦੀਆਂ।
ਗੁਰ ਸੁਤ ਕੀ ਜਨ ਪੇਖ।
ਹਾਸਦ[1] ਤੇ ਨਾਦਮ[2] ਭਏ, [1]ਚੁਗਲ, ਈਰਖਾਲੂ। [2]ਸ਼ਰਮਿੰਦੇ।
ਸਾਦਕ ਖਾਦਮ ਨੇਕ[1] ॥ ੧੩੩ ॥ [1]ਸਿਦਕ ਵਾਲੇ ਚੰਗੇ ਸੇਵਕ ਹੋ ਗਏ।

ਸ੍ਰੈਯਾ ਛੰਦ:

ਇਮ ਨੌਰੰਗ ਕੌ ਨੌਰੰਗ ਨੌ ਢੰਗ[1], [1]ਨਵਾਂਰੰਗ ਨਵੇਂ ਢੰਗ ਨਾਲ।
ਰਾਮਰਾਇ ਜਬ ਦੀਨ ਚਢਾਇ।
ਜੁਲਮ ਅਤੁਲਮ[1] ਕਰਨ ਤੈ ਬਰਜਾ, [1]ਬਹੁਤੇ।
ਕਰਾਮਾਤ ਬਹੁ ਭਾਂਤਿ ਦਿਖਾਇ।
ਰਾਖਜੋ ਗੁਰ ਸੁਤ ਕੋ ਨਿਜ ਢਿਗ ਉਨਿ,
ਸੇਵਾ ਸੰਗਤਿ ਕਰੇ ਮਹਾਂਇ।
ਛੋਡਿ ਸਪਰਧਾ[1] ਸ਼ਰਧਾ ਸਹਿ ਨਿਤ, [1]ਈਰਖਾ।
ਬਾਨੀ ਗੁਰ ਕੀ ਸੁਨੈ ਸੁਹਾਇ ॥ ੧੩੪ ॥
ਅਤਿ ਆਨੰਦ ਹਿੰਦੁ ਕੋ[1] ਹੋਵਾ, [1]ਹਿੰਦੂਆਂ ਨੂੰ।
ਘਰ ਘਰ ਗੁਰੁ ਜਸ ਰਟੈਂ[1] ਅਪਾਰ। [1]ਉਚਾਰਦੇ ਹਨ।
ਸਹਿ ਨਹਿ ਸਕੇ ਮਤਸਰੀ[1] ਕਾਜੀ, [1]ਈਰਖਾਲੂ।
ਪਾਜੀ[1] ਬਾਜੀ[2] ਚਹੈਂ ਬਿਗਾਰ। [1]ਝੂਠੇ। [2]ਖੇਲ।
ਸਫਾ ਸੁੱਧ ਗੁਰੁ ਸੌਧ ਵਿਖੈ,
ਚਹਿਂ ਛਿੱਦ੍ਰ ਛੁੱਦ੍ਰ ਚੀਟੀ ਜੈਸ[1]। [1]ਸਾਫ਼ ਸੁਥਰੇ ਗੁਰੂ ਘਰ (ਰੂਪ ਮੰਦਰ) ਵਿੱਚ (ਛੁੱਦ੍ਰ) ਤੁੱਛ ਜਿਹੀ ਕੀੜੀ ਵਾਂਗ (ਛਿੱਦ੍ਰ) ਸੁਰਾਖ (ਲੱਭਣਾ) ਚਾਹੁੰਦੇ ਹਨ।

ਕਹਿ ਕਰ ਬਾਤ ਸ਼ਰ੍ਹਾ ਕੀ ਕੇਤੀ,
ਇਕ ਦਿਨ ਸ਼ਾਹਿ ਸਿਖਾਯੋ ਐਸ ॥ ੧੩੫ ॥
ਨਾਨਕ ਪੀਰ ਹਸਦ[1] ਕਰਿ ਭਾਰੀ, [1]ਈਰਖਾ।
ਨਿਜ ਕਲਾਮ[1] ਇਮ ਕੀਨ ਉਚਾਰ। [1]ਬਾਣੀ।
ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਆਰ ॥
ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ[1] ॥ [1]ਇਹ ਤਿੰਨੇ ਤੁਕਾਂ ਆਸਾ ਦੀ ਵਾਰ ਦੇ ਛੇਵੇਂ ਸਲੋਕ ਵਿੱਚ ਮਹਲਾ ੧, ਪੰਨਾ ੪੬੬ 'ਤੇ ਹਨ।
ਸੁਨਿ ਪਤਿਸ਼ਾਹਿ ਕਾਜੀਓ ਸੈਂ ਤਬਿ,

ਰਾਮਰਾਇ ਤੈ ਬੂਝਯੋ ਐਸ ਵਿਚਾਰ।
ਬਾਦਸ਼ਾਹਿ ਕੋ ਖੁਸ਼ੀ ਰਖਨ ਹਿਤ,
ਕੀਨ ਲਿਹਾਜ ਉਚਾਰਯੋ ਐਸ।
ਮਿੱਟੀ ਮੁਸਲਮਾਨ ਕੀ ਜਾਗਾ,
ਬੇਈਮਾਨ ਕੀ ਭਾਖੀ ਹੈਸ[1] ॥ ੧੩੬ ॥ [1](ਗੁਰੂ ਨਾਨਕ ਦੇਵ ਜੀ ਨੇ) ਆਖੀ ਸੀ।
ਬਾਦ[1] ਬਿਬਾਦ[2] ਸ਼ਾਹਿ ਨਹਿ ਕੀਨਾ, [1]ਚਰਚਾ। [2]ਝਗੜਾ।
ਲੀਨਾ ਮਾਨ ਕਹਯੋ ਇਨ ਜੈਸ।
ਪੈ ਯਹਿ ਬਾਤ ਬਿਪ੍ਰਜੇ[1] ਸੁਨਿ ਗੁਰੁ, [1]ਉਲਟੀ।
ਕੋਪ ਹੋਇ ਪਠਯੋ ਲਿਖ ਐਸ।
ਤੁਰਕੇਸ਼ੂਰ ਕੀ ਖੁਸ਼ੀ ਹੇਤ ਤੁਮ,
ਕਰੀ ਬੇਅਦਬੀ ਗੁਰੁ ਘਰ ਕੇਰ।
ਸਰਬ ਸ਼ਕਤਿ ਮਤ[1] ਸਰਬਗ[2] ਈਸ਼ਰ, [1]ਸਾਰੀਆਂ ਸ਼ਕਤੀਆਂ ਵਾਲੇ। [2]ਸਾਰਿਆਂ ਦੇ ਜਾਣੂ।
ਗੁਰੁ ਨਾਨਕ ਜੀ ਭਏ ਬਧੇਰ ॥ ੧੩੭ ॥
ਬੇਮੁਖ ਭਯੋ ਅਸ਼ਰਧਕ ਤੂੰ ਬਡ,
ਉਨ ਕਾ ਬਚਨ ਜੁ ਦਿਯ ਪਲਟਾਇ।
ਹਮੇ ਤੋ ਥੇ ਤੇਰੀ ਰਸਨਾ ਪਰ,
ਜੋ ਕਹਤੋ ਬਨ ਜਾਤੋ ਸਾਇ[1]। [1]ਉਹੋ ਹੀ।
ਕਰਾਮਾਤ ਬਾਹੱਤਰ ਦੀਨੀ, ਨਿਸਚਾ ਭਯੋ ਨ ਅਜੇ
ਤੁਮਾਰ।
ਜੇ ਚਹਿਤੋ ਤੂੰ ਤੁਰਕਨ ਕਬਰੇਂ,
ਜਲਦੀਂ ਦੇਤੋ ਸਬੀ ਦਿਖਾਰ ॥ ੧੩੮ ॥
ਅਬ ਬੇ ਸਿਦਕੇ ਭਯੋ ਤੂੰ ਗੁਰ ਤੈ,
ਹਮ ਕੋ ਮੁਖ ਨ ਦਿਖੱਈਓ ਆਇ।
ਬਖਸ਼ ਦਈ ਜੋ ਸ਼ਕਤੀ ਤੁਮ ਕੋ,
ਸੋ ਹਮ ਲੇਤ ਨਹੀ ਉਲਟਾਇ[1]। [1]ਵਾਪਸ।
ਗੁਰੁ ਹਰਿਰਾਇ ਕੇਰ ਇਹੋ ਲਿਖਜੋ,
ਰਾਮਰਾਇ ਪਢਿ ਹੋਇ ਉਦਾਸ।
ਜਜੋਂ ਤਜੋਂ ਬਿਦਾ ਸ਼ਾਹਿ ਤੈ ਲੈ ਕੈ,
ਆਯੋ ਕੀਰਤ ਪੁਰ ਉਰਿ ਤ੍ਰਾਸ[1] ॥ ੧੩੯ ॥ [1]ਹਿਰਦੇ 'ਚ ਡਰ ਹੈ।
ਗੁਰ ਕੇ ਦਰ ਪਰ ਖਰਾ ਹੋਇ ਕਰਿ,

ਖਬਰ ਪਠੀ ਅੰਦਰ ਗੁਰ ਪਾਸ।
ਕਹਜੋ ਗੁਰੂ ਜਿਸ ਦਿਸ ਹੈ ਮੁਖ ਤਿਸ,
ਤਿਤ ਹੀ ਜਾਵੇ ਚਲਿ ਸੋ ਖਾਸ[1]। [1]ਉਹ ਆਪ ਚਲਿਆ ਜਾਵੇ।
ਰਾਮਰਾਇ ਨੇ ਬਚਨ ਪਿਤਾ ਕਾ,
ਮਾਨ ਤੁਰਤ ਮਗ ਲੀਨ ਲਹੌਰ।
ਥਾ ਮੁਖ ਤਿਸ ਕਾ ਤਿਸ ਹੀ ਦਿਸ ਕੋ,
ਯਾਂ ਤੈ ਪਹੁਚਜੋ ਚਲਿ ਤਿਸ ਠੌਰ ॥ ੧੪੦ ॥
ਮੀਆਂਮੀਰ ਸੁਨਿ ਮਿਲਨ ਅਯੋ ਚਲਿ,
ਬਿਨਾ ਕਹਾਰ ਪਾਲਕੀ ਮਾਂਹਿਂ।
ਇਨ ਭੀ ਸਿਲਾ ਚਲਾਈ ਆਗੇ,
ਬੈਠੇ ਥੇ ਜਿਸ ਪਰ ਤਬਿ ਚਾਹਿ[1]। [1]ਖੁਸ਼ੀ ਨਾਲ।
ਮਿਲੇ ਪਰਸਪਰ[1] ਉਭੈ ਸ਼ਕਤਿ ਧਰਿ[2] [1]ਆਪਸ ਵਿੱਚ। [2]ਦੋਵੇਂ ਸ਼ਕਤੀਆਂਰੱਖਣ ਵਾਲੇ।
ਪੀਰ ਫਕੀਰ ਲਹੌਰੀ ਭੂਰ[1]। [1]ਬਹੁਤੇ।
ਆਏ ਅਜ਼ਮਤ ਪਿਖੀ ਪਿਖਾਈ,
ਗੁਰ ਸੁਤ ਪਾਈ ਫਤੇ ਜਰੂਰ ॥ ੧੪੧ ॥
ਸ਼ਾਹ ਹੁਸੈਨ ਮੀਰ ਮੀਆਂ ਲੌ,
ਲਗੇ ਕਲਾਮ[1] ਖਜਾਲ[2] ਮਿਲਿ ਗਾਨ। [1]ਬਾਣੀ, ਕਵਿਤਾ। [2]ਮਿਲ ਕੇ ਖ਼ਿਆਲ ਗਾਉਣ ਲੱਗੇ। (ਖਿਆਲ=ਗਾਉਣ ਲਈ ਬਣਾਇਆ ਇਕ ਗੀਤ ਦਾ ਵਜ਼ਨ)।

ਚਢਜੋ ਹਾਲ[1] ਲਾਲ ਮਾਧੋ, ਗਿਰ [1]ਮਸਤੀ ਚੜ੍ਹ ਗਈ।
ਕੂਏ ਪਰਜੋ ਫਿਰਿ ਬਾਹਰ ਆਨ[1]। [1]ਖੂਹ ਵਿੱਚ (ਗਿਰ) ਡਿੱਗ ਪਿਆ ਤੇ ਫਿਰ ਬਾਹਰ ਆ ਗਿਆ।
ਲਗੇ ਤਰੀਫ਼ ਕਰਨ ਜਬਿ ਸੋ ਸਬਿ,
ਤਬਿ ਲਯੋ ਤੰਬੂਰਾ ਗੁਰ ਸੁਤ ਆਪ।
ਸ਼ਬਦ ਗੁਰੂ ਕਾ ਸ਼ੁਰੂ ਕੀਨ, ਤੌਂ
ਭਏ ਸਮੱਸਤ ਮਸਤ ਮ੍ਰਿਗ ਸਾਂਪ[1] ॥ ੧੪੨ ॥ [1]ਤਾਂ (ਫਿਰ) ਸਾਰੇ ਮ੍ਰਿਗ ਤੇ ਸੱਪ (ਵਾਂਗ) ਮਸਤ ਹੋ ਗਏ।
ਬੱਟੇ ਈਂਟ ਉਛਰਿ ਕੂਏ ਮੈਂ ਜਾਵੈਂ,
ਆਵੈਂ ਮੇਂਡਕ ਮੱਛਰੀ ਜੈਸ[1]। [1]ਡੱਡੂ ਤੇ ਮੱਛੀ ਵਾਂਗ।
ਰਹਿਗੇ ਤੱਜਬ ਅੱਜਬ ਸਬਿ ਪਿਖਿ,
ਗੁਰੁ ਕਲਾਮ ਮੈਂ ਗੱਜਬ[1] ਸ਼ਕਤੀ ਐਸ। [1]ਕਹਿਰ ਦੀ ਭਾਵ ਬਹੁਤ ਜ਼ਿਆਦਾ।
ਪਿਘਲੀ ਸਿਲਾ ਕਰਦ[1] ਮਧ ਖੋਭੀ, [1]ਕਿਰਪਾਨ।
ਰਾਮਰਾਇ ਫਿਰ ਕਹਜੋ ਸੁਨਾਇ।

ਕਰਦ ਨਿਕਾਸੋ ਸਿਲਾ ਬੀਚ ਤੇ,
ਖੀਂਚ ਪਚੇ[1] ਸੋ ਗਾਇ ਬਜਾਇ ॥ ੧੪੩ ॥

[1]ਹਾਰ ਗਏ। (ਅ) ਸ਼ਰਮਿੰਦੇ ਹੋਏ।

ਨਹਿ ਨਿਕਸੀ ਫਿਰ ਇਨਹਿ ਨਿਕਾਰੀ,
ਗੁਰੂ ਗ੍ਰੰਥ ਕਾ ਸਬਦ ਉਚਾਰ।
ਕਰੀ ਸਲਾਮ ਫਕੀਰਨ ਪੀਰਨ,
ਪਰੀ ਧੂੰਮ[1] ਸਬਿ ਦੇਸ ਮਝਾਰ।

[1]ਧੁੰਮ ਪੈ ਗਈ, ਮਸ਼ਹੂਰੀ ਹੋ ਗਈ।

ਜਦਪਿ ਗੁਰੂ ਹੁਕਮ ਥਾ ਦੀਨਾ,
ਰਾਮਰਾਇ ਕੋ ਮਾਨੇ ਸਿੱਖ ਨ ਕੋਇ।
ਸ਼ਕਤੀਯੁਤ ਅਰ ਗੁਰ ਸੁਤ ਲਖ ਕਰਿ,
ਤੌ ਭੀ ਮਾਨਜੋ ਸਿੱਖਹਿਂ ਸੋਇ ॥ ੧੪੪ ॥
ਕੇਤਕ ਸਾਲ ਲਾਹੌਰ ਰਹਿ ਥਿਰ,
ਫਿਰ ਫਿਰ ਕੈ ਦੇਸ ਦ੍ਵਾਬ ਮਝਾਰ।
ਹੇਤ ਇਸ਼ਨਾਨ ਗੰਗ ਕੋ ਜਬਿ ਪੁਨ,
ਰਸਤੇ ਗਏ ਪਹਾਰ ਪਹਾਰ।
ਪਿਖਿ ਰਮਣੀਕ ਨੀਕ ਥਲ ਠਹਿਰੇ,
ਜੋ ਅਬਿ ਦੇਹਰਾ ਦੂਨ ਕਹਾਇ।
ਅਜ਼ਮਤ ਪਿਖਿ ਗੜਵਾਲ ਵਾਲਿ ਨ੍ਰਿਪ,
ਗਾਂਮ ਜਗੀਰ ਦਯੋ ਇਕ ਲਾਇ ॥ ੧੪੫ ॥
ਇਤ ਦਿਸ ਲਘੁ ਸੁਤ ਕੋ ਗੁਰੁਤਾ ਦੈ,
ਜਬਿ ਗੁਰੁ ਗਏ ਆਪਨੇ ਲੋਗ।
ਰਾਮਰਾਇ ਸੁਨਿ ਕਹਜੋ ਭਯੋ ਕਜਾ,
ਅਹੇ ਸੀਤਲਾ ਕਾ ਸੋ ਭੋਗ[1]।

[1]ਖਾਜਾ।

ਯਹਿ ਸੁਨਿ ਹਰੀ ਕ੍ਰਿਸ਼ਨ ਜੀ ਭਾਖਜੋ,
ਸੋ ਭੀ ਜਲ ਹੈ ਜੀਵਤ ਬੇ ਔਲਾਦ[1]।

[1]ਜਿਉਂਦਾ ਸੜੇਗਾ ਤੇ ਬੇਉਲਾਦ ਰਹੇਗਾ।

ਰਾਮਰਾਇ ਗੁਰਜਾਈ ਕੇ ਹਿਤ,
ਕੀਨੇ ਅਨਿਕ ਉਪਾਇ ਬਿਖਾਦ[1] ॥ ੧੪੬ ॥

[1]ਝਗੜੇ।

ਤੌ ਭੀ ਗੁਰੁਤਾ ਮਿਲੀ ਨ ਤਿਸ ਕੋ,
ਹਰੀ ਕ੍ਰਿਸ਼ਨ ਦੇਹਲੀ ਮੈ ਜਾਇ।
ਬਡ ਭ੍ਰਾਤਰ ਕਾ ਬਚਨ ਸਫਲ ਕਿਯ,
ਚੇਚਕ ਸੈਂ[1] ਤਨ ਤਜਜੋ ਸੁਭਾਇ।

[1]ਸੀਤਲਾ ਨਾਲ।

ਰਾਮਰਾਇ ਜੀ ਪੁਨ ਨਿਜ ਠੌਰਹਿਂ,
ਰਹਿ ਕਰਿ ਸਿੱਖੀ ਨਿਜ ਬ੍ਰਿਧਾਇ।
ਨਗਰ ਪਾਉਂਟੇ ਦਸਮ ਗੁਰੂ ਸੈਂ,
ਮਿਲਜੋ ਆਇ ਪੁਨ ਮੋਹ ਬਢਾਇ ॥੧੪੭॥
ਸਜਜੋ ਜੋਗ[1] ਭਜਜੋ ਭਗਵੰਤੈ, [1]ਜੋਗ ਅਭਿਆਸ ਕੀਤਾ।
ਤਜਜੋ ਤਨ ਜਿਮ ਗੁਰੂ ਉਚਾਰ।
ਲਾਇ ਸਮਾਧਿ ਗਯੋ ਥਾ ਜਬਿ ਕਿਤ,
ਜੀਵਤ ਦਯੋ ਮਸੰਦਨ ਜਾਰ।
ਪਾਛੇ ਆਛੇ[1] ਤੀਆ[2] ਤਿਨ ਕੀ, [1]ਚੰਗੀ ਤਰ੍ਹਾਂ। [2]ਇਸਤ੍ਰੀ।
ਗਾਦੀ ਥਿਰੀ ਪੰਜਾਬ ਸੁ ਕੌਰ।
ਅਜ਼ਮਤ ਅਕਲ ਪੁੰਜ ਬਖਜਾਤੈ[1] ਥੀ ਸੋ, [1]ਪ੍ਰਗਟ।
ਲੋਗ ਚਿਤਾਏ[1] ਤਿਸ ਨੇ ਗੌਰ[2] ॥੧੪੮॥ [1]ਆਪਣੇ ਵੱਲ ਖਿੱਚੇ। [2]ਬਹੁਤੇ।
ਸ੍ਰੀ ਨਗਰ ਸਿਰਮੌਰ ਪਤੀ ਤੈ[1], [1]ਰਿਆਸਤ ਗੜਵਾਲ ਦੇ ਰਾਜੇ ਜਿਸ ਦੀਰਾਜਧਾਨੀ ਸ੍ਰੀ ਨਗਰ ਸੀ ਅਤੇ (ਸਿਰਮੌਰ) ਨਾਹਨ ਰਿਆਸਤ ਦੇ ਰਾਜੇ ਤੋਂ।
ਲਏ ਜਗੀਰ ਗਾਮ ਤਿਹ ਦੋਇ।
ਜਾਏਦਾਤ ਸਿੱਖੀ ਬ੍ਰਿਧਾਈ,
ਰਚੇ ਮੁਕਾਨ[1] ਪੇਖੀਅਤ ਜੋਇ ॥੧੪੯॥ [1]ਮੰਦਰ।
ਦੋਹਰਾ:
ਵਹਿ ਭੀ ਜਬਿ ਤਨ ਤਜ ਗਈ,
ਮਿਲ ਮਾਸੰਦਨ ਤਾਂਹਿਂ।
ਨਿਜ ਗੁਜਰਾਨ ਰਖਾਨ ਹਿਤ,
ਠਾਂਨ ਸਲਾਹਿ ਤਹਾਂਹਿਂ ॥੧੫੦॥
ਮਸਤ ਫਕੀਰ ਗਰੀਬ ਇਕ,
ਬਾਲੂ ਹਸਨੇ ਕੇਰ[1]। [1](ਉਦਾਸੀ ਸੰਤ) ਬਾਲੂ ਹਸਨੇ (ਦੀ ਸੰਪ੍ਰਦਾ) ਦਾ।
ਜਾਦੋਰਾਇ ਬਿਠਾਇ ਦਿਯ,
ਗਾਦੀ ਪਰ ਉਠਿ ਫੇਰ ॥੧੫੧॥
ਅਬਿ ਲੌ ਸਾਧੂ ਤਾਂਹਿ ਕੇ,
ਹੈਂ ਮਾਲਕ ਤਿਸ ਠੌਰ।
ਰਾਮਰਾਇ ਕੇ ਸਿੱਖ ਸਬਿ
ਮਾਨਤ ਤਿਨ ਕੌ ਗੌਰ ॥੧੫੨॥

ਦਾਸ ਨਰੈਣ ਮਹੰਤ ਅਬਿ,
ਗਾਦੀ ਪਰ ਤਹਿਂ ਆਹਿ।
ਮੇਲਾ ਸਾਲ ਬਸਾਲ[1] ਬਡ
ਭਰਤ ਹੋਲੀਓਂ ਮਾਂਹਿ ॥ ੧੫੩ ॥

[1]ਸਾਲ ਦੇ ਸਾਲ, ਭਾਵ ਹਰ ਸਾਲ।

ਏਕ ਲਾਖ ਲੌ ਰਜਤਪਣ[1],
ਆਵਤਿ ਤਹਿਂ ਹਰਿ ਸਾਲ।
ਆਮਦ ਗਾਂਮ ਸੁਠ ਦਸਕ ਕੀ[1],
ਔਰੈਂ ਚੜ੍ਹਤ ਬਿਸਾਲ ॥ ੧੫੪ ॥

[1]ਰੁਪਏ।

[1]ਦਸ ਕੁ ਚੰਗੇ ਪਿੰਡਾਂ ਦੀ ਆਮਦਨ ਹੈ।

ਰਾਮਰਾਇ ਕੀ ਗਾਥ ਸਬ,
ਗਾਇ ਏਹੁ ਅਬ ਧਜਾਇ।
ਥਿਰਜੋ ਭਰਜੋ ਮੁਦ ਪ੍ਰੇਮ ਕੌ,
ਗੁਰੁ ਪਦ ਕੰਜ ਮਨਾਇ ॥ ੧੫੫ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਰਚਿਤੇ 'ਰਾਮਰਾਇ ਕੋ ਪ੍ਰਸੰਗ' ਬਰਨਨੰ ਨਾਮ ਤੀਸਮੋਂ* ਬਿਸ੍ਰਾਮ ॥ ੩੦ ॥

*ਲਾਹੌਰ ਐਡੀਸ਼ਨ (ਛਾਪਾ ਪੱਥਰ) ਜਿਸ ਨੂੰ ਸੰਪਾਦਿਤ ਕਰਕੇ ਅਸੀਂ ਛਾਪ ਰਹੇ ਹਾਂ-ਦੇ ਪੰਨਾ ੩੯੨ ਤੇ ਜਿੱਥੇ ਇਹ ਬਿਸ੍ਰਾਮ ਪੂਰਾ ਹੁੰਦਾ ਹੈ ਏਥੇ 'ਤੀਸਮੋਂ ਬਿਸ੍ਰਾਮ' ਦੀ ਥਾਂ 'ਇਕੱਤੀਸਮੋਂ ਬਿਸ੍ਰਾਮ' ਛਪਿਆ ਹੋਇਆ ਹੈ। ਇਹ ਲਿਖਾਰੀ ਜਾਂ ਪ੍ਰੈਸ ਦੀ ਉਕਾਈ ਸਮਝਣੀ ਚਾਹੀਦੀ ਹੈ। ਅਸਾਂ ਇਸ ਨੂੰ ਦਰੁਸਤ ਕਰ ਦਿੱਤਾ ਹੈ।

੩੧. {ਸ੍ਰੀ ਕਰਤਾਰ ਪੁਰ ਸਾਹਿਬ ਜਾਣਾ, ਮਾਲਵੇ ਦੇਸ਼ ਵਿੱਚ ਰਹਿਣਾ ਤੇ ਫਿਰ ਕੀਰਤ ਪੁਰ ਪਹੁੰਚਣਾ}

ਛਪੈ:

ਪਾਵਨ ਰੰਗ ਸੁਰੰਗ, ਮਜੀਠੀ ਖਫਨੀ ਚੋਲਾ[1]।

[1]ਰੰਗਾਂ 'ਚੋਂ ਸ੍ਰੇਸ਼ਟ ਮਜੀਠੀਰੰਗ ਦਾ ਖਫਨੀ (ਵਰਗਾ) ਪਵਿੱਤ੍ਰ ਚੋਲਾ (ਪਹਿਨਿਆ ਹੋਇਆ ਹੈ)।

ਸੇਲੀ ਮੇਲੀ ਫੂਲ, ਮਾਲ ਊਰਨ ਆਮੋਲਾ[1]।

[1]ਸੇਲੀ, ਫੁੱਲਾਂ ਤੇ ਉੱਨ ਦੀਆਂ ਅਮੋਲਕ ਮਾਲਾਂ (ਮੇਲੀ) ਪਹਨੀਆਂ ਹੋਈਆਂ ਹਨ। ਸੇਲੀ ਲਈ ਦੇਖੋ ਬਿਸ੍ਰਾਮ ੬ ਦੇ ਅੰਕ ੭ ਦੀ ਪੈਰ ਟਿੱਪਣੀ ੨।

ਕੁਲਹਿ ਚੌਕਲੀ ਸੀਸ, ਈਸ ਬਪੁ ਦੀਸ ਅਨੂਪੰ[1]।

[1]ਸਿਰ ਤੇ ਚਹੁੰ ਕਲੀਆਂ ਵਾਲੀ ਟੋਪੀ (ਪਹਿਨੀ ਹੋਈ ਹੈ), ਉਪਮਾਰਹਿਤ ਈਸ਼ਰ ਸਰੂਪ ਦਿਸਦੇ ਹਨ।

ਕਰ ਆਸਾ ਪੁਰ ਆਸ, ਦਾਸ ਗਤਿ ਦਾਨ ਸਰੂਪੰ[1]।

[1]ਹੱਥ ਵਿੱਚ (ਆਸਾ) ਸੋਟਾ ਹੈ, ਦਾਸਾਂ ਦੀਆਂ ਆਸਾਂ ਪੂਰੀਆਂ ਕਰਨ ਵਾਲਾ ਤੇ ਮੁਕਤੀ ਦੇਣ ਵਾਲਾ ਸਰੂਪ (ਬਣਾਇਆ ਹੋਇਆ ਹੈ)।

ਕਨਕ ਬਰਨ ਰਸ ਸਾਂਤਿ ਸੁਠ, ਥਿਰੇ ਤਰੇ ਤਰੁ ਕਲਪ ਤਰੁ[1]।

[1]ਸੋਨੇ (ਵਰਗਾ) ਰੰਗ ਹੈ ਸੁੰਦਰ ਸ਼ਾਂਤਰਸ ਵਿੱਚ ਕਲਪਤਰੁ ਦਰੱਖਤ ਦੇ ਹੇਠ ਬੈਠੇ ਹਨ।

ਅਸ ਸ੍ਰੀ ਗੁਰੁ ਨਾਨਕ ਗਜਾਨ ਹਰਿ[1], ਧਜਾਨ ਮਹਾਨ ਕਲਜਾਨ ਕਰਿ[2] ॥੧॥

[1]ਗਿਆਨ ਸਿੰਘ (ਕਹਿੰਦਾ ਹੈ)। [2]ਮਹਾਨ ਕਲਿਆਣ ਕਰਨ ਵਾਲਾ ਹੈ।

ਦੋਹਰਾ:

ਜੈ ਹੈਂ ਪੁਰ ਕਰਤਾਰ ਗੁਰੁ,
ਰੈਹੈਂ ਮਾਲਵ ਦੇਸ।
*ਐ ਹੈਂ ਪੁਰ ਕੀਰਤ ਪੁਨਾ,

*ਇਸ ਇਕੱਤੀਵੇਂ ਬਿਸ੍ਰਾਮ ਵਿੱਚ ਕਰਤਾਰ ਪੁਰ ਅਤੇ ਮਾਲਵੇ ਦੇਸ ਵਿੱਚ ਜਾਣ ਤੇ ਵਾਪਸ ਕੀਰਤਪੁਰ ਆਉਣ ਦੇ ਹੀ ਪ੍ਰਸੰਗ ਹਨ। ਜੋਤੀ ਜੋਤਿ ਸਮਾਉਣ ਦਾ ਪ੍ਰਸੰਗ ਅਗਲੇ ਭਾਵ ਬੱਤੀਵੇਂ ਬਿਸ੍ਰਾਮ ਵਿੱਚ ਆਵੇਗਾ।

ਪੈ ਹੈਂ ਗੁਰੁ ਪੁਰੁ ਵੇਸ[1] ॥੨॥

[1]ਗੁਰਪੁਰੀ 'ਚ ਵਾਸਾ ਪਾ ਲੈਣਗੇ ਭਾਵ ਜੋਤੀ ਜੋਤ ਸਮਾ ਜਾਣਗੇ।

ਇਤਕ ਗਾਥ ਇਸ ਧਜਾਯ ਮੈਂ
ਸੱਤਮ ਗੁਰ ਕੀ ਹੋਇ।
ਸੁਨੋ ਸਜਨ ਮਨ ਕਾਂਨ ਦੈ,
ਦੈ ਕਲਾਨ ਸੁਖ ਸੋਇ ॥੩॥

ਚੌਪਈ:

ਇਕ ਦਿਨ ਸਿੱਖਨ ਮਿਲ ਬਹੁ ਭਾਏ[1]।

[1]ਬਹੁਤ ਤਰ੍ਹਾਂ।

ਕੀਨ ਬਿਨੈ ਉਪਕਾਰ ਹਿਤਾਏ[1]।

[1]ਵਾਸਤੇ।

ਮਾਝਾ ਦੁਆਬਾ ਦੇਸ ਸੁਹਾਵਨ।

ਹੇ ਗੁਰ ਚਲ ਕਰਿ ਕਰੀਏ ਪਾਵਨ[1] ॥ ੪ ॥
ਧੀਰ ਮੱਲ ਬਹੁ ਬਾਰਿ ਬੁਲਾਏ।
ਥੇ ਮਾਤਾ ਸਾਹਿਬ ਸਮਝਾਏ।
ਇਨ ਕਾਰਨ ਤੈ ਉਤ ਦਿਸ[1] ਚਾਲੇ।
ਸੰਗਿ ਸੁਭਟ ਜੁਗ ਸਹਿਸ ਬਿਸਾਲੇ[1] ॥ ੫ ॥
ਸਜੇ ਨਿਸ਼ਾਂਨ ਨਿਸਾਂਨ[1] ਬਜੇ ਹੈਂ।
ਪਿਖਿ ਸੁਨਿ ਜਿਨੈ ਭੂਪਾਲ ਲਜੈ ਹੈਂ[1]।
ਸਜੰਦਨ[1] ਸਕਟੇ[2] ਬਹਿਲਾਂ[3] ਡੋਰੇ[11]।
ਖੱਚਰ[1] ਸ਼ੁਤ੍ਰ[2] ਨ ਘੋਰੇ ਥੋਰੇ ॥ ੬ ॥
ਆਪ ਪਾਲਕੀ ਕੀ ਅਸਵਾਰੀ।
ਲਸ਼ਕਰ ਮਿਲਜੋ ਰਲਜੋ ਬਡ ਭਾਰੀ।
ਤਰਨੀ[1] ਚਢਿ ਸਤਲੁਜ ਭਏ ਪਾਰੈ।
ਜਿਨ ਕਾ ਨਾਮ ਭਵਾਂਬੁਧਿ ਤਾਰੈ[1] ॥ ੭ ॥
ਗੁਰੁ ਅਗਵਨ[1] ਸੁਨਿ ਸਿੱਖ ਦੁਆਬੀ।
ਮਿਲੇ ਆਇ ਲੈ ਭੇਟ ਸ਼ਿਤਾਬੀ[1]।
ਅਤਿ ਪ੍ਰੇਮ ਯੁਤ ਜਹਿਂ ਲੈ ਜਾਂਹੀਂ।
ਪੁਰੈਂ ਆਸ ਗੁਰੁ ਥਿਰੈਂ ਤਹਾਂਹੀਂ ॥ ੮ ॥
ਸੇਵ ਮਸੰਦ ਬੁਲੰਦ ਕਰਾਵੈਂ।
ਸੇਵਾ ਦਾਸਾਦਿਕ ਬਹੁ ਥਾਵੈਂ[1]।
ਥਾ ਮੁਕੰਦ ਪੁਰੀਆ ਸਸਿ ਬਾਲਾ[1]।
ਸ਼ਾਹੀ ਬਾਜ ਗੁਜ਼ਾਰ[1] ਬਿਸਾਲਾ ॥ ੯ ॥
ਸੋ ਨਿਜ ਪੁਰ ਗੁਰ ਕੋ ਲੈ ਗਯੋ।
ਭਾਵ ਚਾਵ ਸੈਂ[1] ਸੇਵਕ ਭਯੋ।
ਹੁਤੀ ਨ ਸੰਤਤਿ[1] ਤਿਸ ਕੇ ਘਰ ਹੈ।
ਖੁਸ਼ੀ ਹੋਇ ਗੁਰੁ ਇਮ ਦਿਯ ਬਰ ਹੈ ॥ ੧੦ ॥
ਕੀਲੇ ਮਮ ਅਸ੍ਵਨਿ ਜੋ ਖਰੇ।
ਜਬ ਲੌ ਰਹਿਂ ਹੈਂ ਯਹਿ ਹ੍ਵੈ ਹਰੇ[1]।
ਤਬ ਲੌ ਸੰਤਤਿ ਬਾਲਾ ਚੰਦੈਂ।
ਰਹੈ ਚੌਧਰੀ ਬਨੀ ਅਮੰਦੈਂ[1] ॥ ੧੧ ॥

[1]ਪਵਿੱਤ੍ਰ।

[1]ਉਸ (ਦੁਆਬੇ ਦੀ) ਤਰਫ਼।

[1]ਦੋ ਹਜ਼ਾਰ ਤੋਂ ਬੁਹਤੇ ਭਾਵ ਬਾਈ ਸੌ ਸੂਰਮੇ ਨਾਲ ਹਨ।

[1]ਧੌਂਸੇ, ਨਗਾਰੇ।

[1]ਰਾਜੇ ਸ਼ਰਮਿੰਦੇ ਹੁੰਦੇ ਹਨ।

[1]ਰੱਥ। [2]ਗੱਡੇ। [3]ਬੈਲ ਗੱਡੀਆਂ। [11]ਡੋਲੇ।

[1]ਖੱਚਰਾਂ। [2]ਊਠ।

[1]ਬੇੜੀ।

[1]ਸੰਸਾਰ ਸਮੁੰਦਰ ਤੋਂ।

[1]ਆਉਣਾ।

[1]ਛੇਤੀ।

[1]ਸੇਵਾਦਾਸ ਆਦਿਕ (ਮਸੰਦਾਂ) ਨੇ ਬਹੁਤ ਜਗ੍ਹਾ।

[1]ਬਾਲਾ ਚੰਦ।

[1]ਸਰਕਾਰੀ ਜ਼ਮੀਨ ਦਾ ਵੱਡਾ ਠੇਕੇਦਾਰ।

[1]ਪ੍ਰੇਮ ਤੇ ਚਾਅ ਨਾਲ।

[1]ਉਲਾਦ।

[1]ਮੇਰੇ ਘੋੜਿਆਂ ਦੇ ਇਹ ਕਿੱਲੇ ਹਰੇ ਹੋ ਕੇ ਜਦੋਂ ਤੱਕ ਖੜੇ ਰਹਿਣਗੇ।

[1]ਚੰਗੀ।

ਟਰੈ ਨ ਗੁਰ ਰਵ[1] ਰਵਿ ਸਸਿ ਟਰ ਹੈਂ।
ਅਬਿ ਲੌ ਸਹੀ ਸੁ ਵਹੀਂ ਨਿਹਰ ਹੈ[1]।
ਹਰੀ ਖਰੀ ਕੀਲਜੋਂ ਕੀ ਬਨੀ[1]।
ਹੈ ਉਨ ਕੀ ਚਧੁਰਾਇਤ[1] ਬਨੀ ॥ ੧੨ ॥
ਤਹਿਂ ਤੈ ਚਲਿ ਗੁਰੁ ਇਸ ਹੀ ਤੌਰੈਂ[1]।
ਨਦੀ ਮੇਘ ਜਿਮ ਤਾਰਤਿ ਗੌਰੈਂ[1]।
ਪੁਰ ਕਰਤਾਰ ਪਹੂਚੇ ਜਾਈ।
ਮਿਲਜੋ ਧੀਰ ਮਲ ਆਗੇ ਆਈ ॥ ੧੩ ॥
ਬਾਗ ਵੀਚ ਗੁਰੁ ਕੀਨੋ ਡੇਰਾ।
ਚਾਰ ਮਾਸ ਤਹਿਂ ਥਿਰੇ ਬਧੇਰਾ।
ਮਹਿਲਾ[1] ਮਹਿਲਨ ਮਾਹਿਂ ਰਹਾਈ।
ਧੀਰ ਮੱਲ ਬਹੁ ਪ੍ਰੀਤਿ ਜਨਾਈ ॥ ੧੪ ॥
ਦੇਸ ਦੇਸ ਤੈ ਸਿਖ ਬਹੁ ਆਵੈਂ।
ਗੁਰੁ ਪਗ ਪਰਸ ਦਰਸ ਹਰਖਾਵੈਂ।
ਅਰਪਿ ਅਪਾਰ ਅਕੋਰ[1] ਸਿਧਾਰੈਂ।
ਨਿਸ ਦਿਨ ਰਹੈ ਭੀਰ ਗੁਰੁ ਦੁਆਰੈਂ ॥ ੧੫ ॥
ਸਾਦਿਕ ਸਿੱਖ ਬਡ ਭਗਤੂ ਭਾਈ।
ਭਯੋ ਬ੍ਰਿਧ ਬਹੁ ਸੇਵ ਕਮਾਈ।
ਅਤੀਸਾਰ ਅੰਤਮ ਅਤਿ ਥੀਆ[1]।

ਪਿਖਿ ਬਹੁ ਸਿੱਖਨਿ ਸੰਸਾ ਕੀਆ ॥ ੧੬ ॥
ਅਹੋ ਕਹੋ ਭਗਤੂ ਕਿਆ ਭਯੋ।
ਤੁਮ ਕੋ ਏਤਕ ਖੇਦ ਜੁ ਥਯੋ।
ਤੌ ਤੁਮ ਨਿਜ ਸਿਖਨ ਕੇ ਕੈਸੈ।
ਹਰਹੋ ਭਵ ਦੁਖ ਰਖਹੋ ਭੈ ਸੇ[1] ॥ ੧੭ ॥
ਸੁਨਿ ਭਾਈ ਪੁਨ ਐਸ ਸੁਨਾਈ।
ਪਰਾਰਭਧ[1] ਨਹਿਂ ਟਰੈ ਕਦਾਈ।

ਜੇ ਅਬਿ ਨਿਜ ਸ਼ਕਤੀ ਕਰਿ ਹਰ ਹੈਂ।
ਤੌ ਫਿਰ ਤਨ ਧਰਿ ਭੋਗਨਿ ਪਰ ਹੈ ॥ ੧੮ ॥

[1]ਗੁਰਾਂ ਦੀ ਬਾਣੀ।
[1]ਉਥੇ ਦਿਸਦੀ ਹੈ।
[1]ਕਿੱਲਿਆਂ ਦੀ ਬਗੀਚੀ ਹਰੀ ਖੜੀ ਹੈ।
[1]ਚੌਧਰ।
[1]ਇਸ ਹੀ ਢੰਗ ਨਾਲ।
[1]ਬਹੁਤਾ।
[1](ਮਾਤਾਵਾਂ ਤੇ ਹੋਰ) ਇਸਤ੍ਰੀਆਂ।
[1]ਬਹੁਤੀਆਂ ਭੇਟਾਵਾਂ।
[1]ਅੰਤ ਦੇ ਸਮੇਂ (ਅਤੀਸਾਰ) ਦਸਤਾਂ ਦਾ ਬਹੁਤਾ (ਰੋਗ) ਹੋ ਗਿਆ।
[1]ਕਿਵੇਂ ਸੰਸਾਰ ਦੇ ਦੁੱਖ ਮੇਟੋਗੇ (ਤੇ ਜਮ ਦੇ) ਭੈ ਤੋਂ ਰੱਖੋਗੇ।
[1]ਪਰਾਲਬਧ– ਦੇਹ ਦੇ ਅਰੰਭ ਕਰਨ ਵਾਲਾ ਕਰਮ, ਜਿਸ ਕਰਮ ਦੁਆਰਾ ਦੇਹ ਦੀ ਪ੍ਰਾਪਤੀ ਹੋਈ ਹੈ।

ਲੋਗ ਬਿਰਾੜ ਧਾੜਵੀ ਜੋਈ।
ਲਜਾਵਤ ਗਊ ਭੈਂਸ ਹਰ[1] ਸੋਈ[2]। [1]ਚੁਰਾ ਕੇ। [2]ਉਹ।
ਤਿਨ ਕਾ ਦੁਗਧ[1] ਦੇਤ ਮੁਹਿ ਰਹੇ। [1]ਦੁੱਧ।
ਸੋ ਫਲ ਅਤੀਸਾਰ ਮੁਹਿ ਅਹੇ ॥ ੧੯ ॥
ਰਚੀ ਈਸ ਮਰਯਾਦਾ ਜੇਤੀ।
ਸਮਰੱਥ ਗਜ਼ਾਨੀ ਪਾਲੈ ਤੇਤੀ।
ਅਸ ਕਹਿ ਸੰਸਾ ਹਰਨੇ ਹੇਤੈਂ[1]। [1]ਦੂਰ ਕਰਨ ਵਾਸਤੇ।
ਸਕਤਿ ਦਿਖਾਈ ਸ਼ਕਤਿ ਨਿਕੇਤੈਂ[1] ॥ ੨੦ ॥ [1]ਸ਼ਕਤੀਆਂ ਦੇ ਘਰ (ਭਾਈ ਭਗਤੂ ਜੀ ਨੇ)।
ਪਰੇ ਹੁਤੇ ਜਿਸ ਕੂਪ[1] ਕਿਨਾਰੇ। [1]ਖੂਹ।
ਸਤਿਨਾਮੁ ਕਹਿ ਦਯੋ ਉਛਾਰੇ।
ਚਾਰੋ ਦਿਸ ਜਲ ਬਹਯੋ ਅਪਾਰੋ।
ਰੌਰ ਪਰਜੋ ਪੁਨ ਦਿਯ ਸੰਚਾਰੇ[1] ॥ ੨੧ ॥ [1](ਜਲ) ਇਕੱਠਾ ਕਰ ਦਿੱਤਾ।
ਸੁਸਕ ਕੂਪ[1] ਅਰ ਖੁਸ਼ਕ ਜਮੀਨੂ। [1]ਸੁੱਕਾ ਖੂਹ।
ਕਰਿ ਦਿਖਰਾਏ ਛਿਨ ਮੈਂ ਪੀਨੂ[1]। [1]ਬਹੁਤੇ।
ਪਿਖਿ ਅਜ਼ਮਤ ਸਿਖ ਸਮਝਤ ਭਏ।
ਭਾਈ ਤਨ ਤਜਿ ਗੁਰੁ ਪੁਰੁ ਗਏ ॥ ੨੨ ॥
ਨਿਜ ਕਰ ਸੋਂ ਸ੍ਰੀ ਗੁਰੁ ਸੋ ਦਾਹਾ[1]। [1]ਸਸਕਾਰ ਕਰ ਦਿੱਤਾ।
ਇਤੈ ਨਰਨ ਉਤ ਸੁਰਨਿ ਸਰਾਹਾ।
ਤਿਸ ਕੇ ਸੁਤ ਪੁਨ ਭਾਈ ਗੌਰੈਂ।
ਗਹੀ ਗੁਰੂ ਸੇਵਾ ਪਿਤ ਠੌਰੈਂ ॥ ੨੩ ॥

ਦੋਹਰਾ:

ਪੁਰ ਕਰਤਾਰ ਕਰਤਾਰ ਗੁਰੁ[1], [1]ਕਰਤਾਰ ਰੂਪ ਸਤਿਗੁਰੂ।
ਪੁਰ ਇੱਛਾ ਜਨ ਤਾਰਿ[1]। [1]ਸੇਵਕਾਂ ਦੀ ਇੱਛਾ ਪੂਰੀ ਕਰ ਕੇ ਤੇ ਤਾਰ ਕੇ।
ਬਿਨਤੀ ਸੁਨਿ ਮਲਵੱਯਨ ਕੀ,
ਬਿਨ ਗਿਨਤੀ ਮੁਦ ਧਾਰਿ ॥ ੨੪ ॥

ਚੌਪਈ:

ਸਤਲੁਜ ਪਾਰ ਹੋਇ ਗੁਰੁ ਪੂਰਨ।
ਪਹੁਚੇ ਦੇਸ ਮਾਲਵੇ ਤੂਰਨ[1]। [1]ਛੇਤੀ।
ਗੁਰੁ ਅਨੁਸਾਰੀ ਲੋਗ ਅਪਾਰੀ।
ਆਇ ਅਗਾਰੀ ਮਿਲੈਂ ਉਦਾਰੀ ॥ ੨੫ ॥

ਭਾਰੀ ਭੇਟਾ ਗੁਰੂ ਅਗਾਰੀ।
ਅਰਪੈਂ ਨਿਤ ਪ੍ਰਤਿ ਅਤਿ ਮੁਦ ਧਾਰੀ।
ਰਾਊ ਗਿੱਲ, ਰੋਸ਼ਨ ਸੰਧਾਵਾ[1]। [1]ਗੋਤ।
ਦਾਊ, ਦਾਨਾ, ਦੁੱਲਾ, ਬਧਾਵਾ ॥੨੬॥
ਕਰਮਾ, ਮੇਹਰਾ ਆਦਿ ਬਿਰਾੜ।
ਸੁੱਖਾ ਮੁਖੀਆ ਰਤਨ, ਕਿਰਾੜ।
ਰੂਪਾ, ਡੋਗਰ, ਰਾਮਾ ਕੰਗ।
ਸਾਗਰ, ਬਿੱਘਾ, ਹਰੀ ਕੋ ਚੰਗ ॥੨੭॥
ਸਿੱਧੂ ਕੌੜੈ ਧਾਲੀਵਾਲ।
ਹੁਤੇ ਗੁਰੂ ਕੇ ਸਿੱਖ ਬਿਸਾਲ।
ਚੂਹੜ, ਮਾਨਾਂ ਦੁਲਟ ਜਾਟ।
ਇੱਤਜਾਦਿਕ ਸਿੱਖਨ ਕਾ ਠਾਟ[1] ॥੨੮॥ [1]ਇਕੱਠ।
ਗੁਰੁ ਸੇਵਾ ਮੈ ਹਾਜਰ ਆਏ।
ਦੇਸ ਦਿਖਾਯੋ ਸੰਗਿ ਰਹਾਏ।
ਜਹਾਂ ਜਾਇ ਡੇਰਾ ਗੁਰੁ ਡਾਰੈਂ।
ਹਾਜਰ ਹੋਵੈਂ ਲੋਗ ਹਜਾਰੈਂ ॥੨੯॥
ਦੂਧ ਦਹੀਂ ਘੀ ਬਸਨ[1] ਅਨਾਜੂ। [1]ਬਸਤ੍ਰ।
ਅਰਪੈਂ ਲਜਾਇ ਮਹਾਂਇ ਦਰਾਜੂ[1]। [1]ਬਹੁਤ ਜ਼ਿਆਦਾ।
ਅਨਗਨ ਧਨ ਜਨ ਨਕਦ ਚਢਾਵੈਂ।
ਗਊ ਭੈਂਸ ਅਸ੍ਵ ਉਮਦੇ[1] ਲਜਾਵੈਂ ॥੩੦॥ [1]ਚੰਗੇ।
ਨਿਸ਼ਾਨੀ ਛੰਦ:
ਸ਼ਰਧਾ ਭਗਤੀ ਪ੍ਰੇਮ ਸੈਂ,
ਧਰਿ ਸਿਦਕ ਕਮਾਲੈਂ[1]। [1]ਪੂਰਨ, ਬਹੁਤਾ।
ਨਿਸ ਦਿਨ ਸੇਵੈਂ ਗੁਰੂ ਕੋ,
ਇਮ ਸਿਖ ਬਿਸਾਲੈਂ।
ਲੈ ਉਪਦੇਸ਼, ਕਲੇਸ਼ ਛੈ
ਆਸੇਸ ਕਰੈ ਹੈਂ[1]। [1]ਸਾਰੇ ਕਲੇਸ਼ਾਂ ਨੂੰ ਨਾਸ ਕਰਦੇ ਹਨ।
ਦੂਧ ਪੂਤ ਧਨ ਧਾਮ ਲੌ,
ਮਨ ਬਾਂਛਤ ਪੈ ਹੈਂ ॥੩੧॥
ਗੁਰੁ ਮੂਰਤਿ ਉਰਿ ਰਾਖ ਕੈ,

ਮੁਖ ਬਾਨੀ ਗਾਵੈਂ।
ਰਹੈ ਭੀਰ ਗੁਰੁ ਪੈ ਘਨੀ
ਇਕ ਆਵੈਂ ਜਾਵੈਂ।
ਨਦੀ ਮੇਘ ਜਿਮ ਫਿਰ ਗੁਰੂ,
ਤਿਸ ਦੇਸ ਮਝਾਰੀ।
ਕਰੇ ਨਿਹਾਲ ਬਿਸਾਲ ਹੀ,
ਸਾਦਿਕ ਨਰ ਨਾਰੀ ॥ ੩੨ ॥
ਇਸੀ ਤੌਰ ਬਹੁ ਠੌਰ ਪੈ,
ਥਿਰ ਫਿਰ ਗੁਰੁ ਪੂਰਨ।
ਨਾਮ ਲਏ ਜਿਨ ਕੇ ਕਟੈਂ,
ਭਵ ਬੰਧਨ ਤੂਰਨ।
ਬਾਈਆ[1] ਜਹਾ ਮਰਾਝ
ਕਾ ਅਬਿ ਹੈ ਮਸ਼ਹੂਰੈਂ।
ਜੱਟ ਤਹਿ ਕੌੜੇ ਗੋਤ ਕੇ,
ਤਬਿ ਬਸਤੇ ਰੂਰੈਂ[1] ॥ ੩੩ ॥
ਏਸ ਦੇਸ ਕੀ ਮਾਲਕੀ,
ਥੀ ਸਬਿ ਤਿਨ ਆਹੀ।
ਸਿੱਧੂ ਜਿਤਕ ਮਰਾਝ ਕੇ,
ਤਬਿ ਥੇ ਸਭਿ ਪਾਹੀ[1]।
ਕੌੜਜੋਂ ਕਾ ਸਰਦਾਰ ਥਾ,
ਇਕ ਜੈਤ ਪਿਰਾਨਾ।
ਬੀਰ ਬਹਾਦਰ ਅਤਿ ਬਲੀ,
ਜਗ ਬਿਦਤ ਮਹਾਨਾ ॥ ੩੪ ॥
ਸਾਂਗ ਸਵਾ ਮਣ ਸਾਰ ਕੀ[1],
ਥਾ ਸੋਇ ਚਲਾਵਤ।
ਸੂਲੀ[1] ਕੀ ਤ੍ਰਿਸੂਲ[2] ਭੀ,
ਜਿਸੁ ਪਿਖੇ ਲਜਾਵਤ।
ਅਪ੍ਰਮਾਨ[1] ਬਲ ਹੋਨ ਕਾ,
ਕਾਰਣ ਸੁਨਿ ਲੀਜੈ।
ਮਾਤ ਪਿਤਾ ਪੂਰਨ ਜੁਵਾ,

[1]ਮਰਾਝ ਪਿੰਡ ਚੋਂ ਨਿਕਲ ਕੇ ਬੱਝੇ ਹੋਏ ਬਾਈ (੨੨) ਪਿੰਡ।

[1]ਚੰਗੇ।

[1]ਬੇ-ਮਾਲਕੇ, ਰਾਹੀ, ਪੱਖੀਵਾਸ।

[1]ਸਵਾ ਮਣ ਲੋਹੇ ਦੀ ਬਰਛੀ।

[1]ਸ਼ਿਵ। [2]ਤਿੰਨਾਂ ਮੂੰਹਾਂ ਵਾਲਾ ਸ਼ਿਵਜੀ ਦਾ ਸ਼ਸਤ੍ਰ।

[1]ਮਿਣਤੀ ਤੋਂ ਰਹਿਤ।

ਥੇ ਤਿਹ ਮਦ ਭੀਜੈ[1] ॥ ੩੫ ॥

[1]ਤਿਸਦੇ ਮਾਂ ਤੇ ਪਿਉ ਪੂਰਨ ਜਵਾਨੀ ਦੀ ਮਸਤੀ ਵਿੱਚ ਭਿੱਜੇ ਹੋਏ ਸਨ।

ਨਿਜ ਮੰਦਰ ਪੈ ਨਿਸਾ ਕੌ,
ਜਬ ਸੋਏ ਦੋਈ।
ਕਾਂਮ ਕੇਲ ਅਤਿ ਬਲ ਯੁਤੈਂ
ਕਰਤੈਂ ਨਿਸ ਖੋਈ।
ਤਿਸ ਨਿਸ ਤਿਸ ਕੌ ਗਰਭ ਭਾ,
ਪੁਨ ਮੁਦ ਹ੍ਵੈ ਸੋਈ।
ਪਤਿ ਤਿਸ ਕੇ ਹਲ ਜੋਤਜੋ,
ਨਿਸ ਬੀਤੀ ਸੋਈ ॥ ੩੬ ॥
ਮੰਦਰ ਕੇ ਢਿਗ ਤਾਲ ਥਾ,
ਬਡ ਜੰਗਲ ਭਾਰੀ।
ਪਾਨਿ ਪੀਨ ਕੇਹਰਿ[1] ਅਯੋ,
ਉਤ ਚਢਜੋ ਤਮਾਰੀ[1]।
ਗਰਜਜੋ ਕੇਹਰਿ ਤਹਿਂ ਜਬੈ,
ਤਬਹੀ ਵਹਿ ਜਾਗੀ।
ਜਲ ਕੇਹਰਿ ਰਵਿ ਕੇ ਭਲੇ,
ਪਹਿਲੇ ਮੁਖ ਲਾਗੀ ॥ ੩੭ ॥
ਧਰਿ ਧੀਰਜ ਪੇਖਤ ਰਹੀ,
ਸੋ ਸਹਜਿ ਸੁਭਾਈ।
ਸ਼ਕਤੀ ਤੀਨੋ ਕੀ ਪਰੀ,
ਤਿਸ ਸੁਤ ਮੈ ਆਈ।
ਜੈਤ ਪਿਰਾਣਾ ਯੌਂ ਭਯੋ,
ਅਤਿਸੈ ਬਲਕਾਰੀ।
ਧਾਂਕ ਦੇਸ ਮੈਂ ਪਰ ਰਹੀ,
ਥੀ ਤਿਸ ਕੀ ਭਾਰੀ ॥ ੩੮ ॥
ਲਾਖੋਂ ਲੋਗ ਬਿਰਾਦਰੀ,
ਥੀ ਤਿਸ ਅਨੁਸਰੀ।
ਸ਼ਾਹੀ ਮਾਲ ਗੁਜ਼ਾਰ[1] ਥਾ,
ਸੋਈ ਤਬਿ ਭਾਰੀ।

[1]ਸ਼ੇਰ।

[1]ਸੂਰਜ।

[1]ਸਰਕਾਰੀ ਜ਼ਮੀਨ ਦਾ ਠੇਕੇਦਾਰ।

ਜਬਿ ਗੁਰੁ ਤਿਸ ਕੇ ਦੇਸ ਮੈਂ,
ਬਿਚਰਤ ਸੁਖਦਾਈ।
ਮਾੜੀ ਨਾਮ ਗ੍ਰਾਮ ਕੇ,
ਢਿਗ ਉਤ੍ਰੇ ਜਾਈ ॥ ੩੯ ॥
ਜੈਤ ਪਿਰਾਣਾ ਭੀ ਮਿਲਜੋ,
ਗੁਰੁ ਕੋ ਤਹਿਂ ਆਈ।
ਕੌਤੇ ਗੋਤੀ ਜਟਨ ਮਿਲਿ,
ਬਹੁ ਸੇਵ ਕਮਾਈ।
ਮੇਲਾ ਇਕ ਦਿਨ ਬਡ ਭਯੋ,
ਤਹਿਂ ਹੀਂ ਤਿਨ ਕੇਰਾ।
ਸਿੱਧ[1] ਥਾਪ ਉਨਿ ਰਖਜੋ ਥਾ,
ਨਿਜ ਬਡਾ ਬਡੇਰਾ ॥ ੪੦ ॥
ਉਨ ਮੈ ਜੋ ਬਡ ਲੋਗ ਥੇ,
ਜਬਿ ਗੁਰ ਢਿਗ ਆਏ।
ਬੂਝਜੋ ਗੁਰੁ ਉਨਿ ਗਰਬ ਸੈਂ[1],
ਗੁਨ ਅਧਿਕ ਜਨਾਏ।
ਗੁਰੁ ਉਨ ਕੇ ਸਿਰ ਧਰਿ ਛਟੀ,
ਦਿਬ-ਦ੍ਰਿਸਟਿ[1] ਦਿਖਾਰੀ।
ਪੇਖਜੋ ਉਨਿ ਨਿਜ ਬਡੇ ਕੋ,
ਭਯੋ ਕਾਕ ਪਹਾਰੀ[1] ॥ ੪੧ ॥
ਸੋ ਸਬਿ ਤਬਿ ਗੁਰੁਸਿਖ ਭਏ,
ਬਡ ਅਚਰਜ ਹੇਰਾ।
ਤਜਜੋ ਜਠੇਰਾ[1] ਮਨਨ ਤੈ,
ਔਰਨ ਕੋ ਫੇਰਾ[1]।
ਤੌ ਭੀ ਮੂਰ[1] ਗਰੂਰਤਾ[2]
ਉਰ ਮਾਂਹਿਂ ਰਖਾਂਹੀਂ।
ਗਰਬ ਦੇਸ ਕੀ ਮਾਲਕੀ ਕਾ,
ਬਹੁਤ ਜਨਾਂਹੀਂ ॥ ੪੨ ॥
ਸਿੱਧੂ ਜੱਟ ਮਰਾਝ ਕੇ,
ਮਨ ਤਨ ਧਨ ਲਾਈ।

[1]ਸ਼ਕਤੀ ਵਾਲਾ।

[1]ਹੰਕਾਰ ਨਾਲ।

[1]ਦੇਵ ਦ੍ਰਿਸ਼ਟੀ ਜਿਸ ਨਾਲ ਗੁਪਤਾਂ ਨੂੰ ਵੇਖ ਲਈਦਾ ਹੈ।

[1]ਪਹਾੜੀ ਕਾਂ।

[1]ਵਡਿੱਕਾ।

[1]ਮੋੜਿਆ, ਰੋਕਿਆ।

[1]ਮੂਰਖ। [2]ਹੰਕਾਰ।

ਸੇਵੈਂ ਸਬਿ ਨਿਤ ਗੁਰੂ ਕੌ,
ਧਰਿ ਸਿਦਕ ਮਹਾਂਈ।
ਇਕ ਦਿਨ ਉਨਿ ਅਤਿ ਨਿੰਮ੍ਰ ਹ੍ਵੈ,
ਗਰ ਅੰਚਰ ਡਾਰੀ[1]।
ਹਾਥ ਜੋਰ ਕਰਿ ਗੁਰੂ ਪੈ,
ਇਮ ਅਰਜ਼ ਗੁਜ਼ਾਰੀ ॥ ੪੩ ॥
ਹੇ ਗੁਰੁ ਕੌੜੇ ਜੱਟ ਏ,
ਅਬਿ ਸਿਖ ਭੇ ਥਾਰੇ।
ਸੁਲ੍ਹਾ ਹਮਾਰੀ ਇਨੋ ਕੀ,
ਕਰਵਾ ਦਿਹੁ ਭਾਰੇ।
ਇਕ ਤੌ ਗਾਂਮ ਬਸਾਨ ਕੇ ਹਿਤ,
ਲੈ ਦਿਹੁ ਭੂੰਮੀਂ।
ਜਹਿਂ ਹਮ ਕੂਪ ਲਗਾਇ ਕੈ,
ਜਲ ਪੀਵਹਿਂ ਊਂਮੀਂ[1] ॥ ੪੪ ॥
ਔਰਤ ਹਮਰੀ ਕੂਪ ਪੈ,
ਜਬਿ ਇਨ ਕੈ ਜੈ ਹੈਂ।
ਜਲ ਲੇਵਨ ਹਿਤ ਯਹਿ ਤਬੈ,
ਅਤਿਸੈ ਦੁਖ ਦੈਹੈਂ।
ਚਰਸ[1] ਖਿਚਾਵਤ ਤਿਨੋ ਤੇ,
ਬੈਲਨ ਕੇ ਥਾਵੈਂ।
ਊਪਰ ਬੈਠਤਿ ਲੱਜ ਕੇ
ਨਿਰਲੱਜ ਹ੍ਵੈ ਗਾਵੈਂ ॥ ੪੫ ॥
ਕਰਤਿ ਸਪਰਸ ਬਿਤ੍ਰਾਸ ਹ੍ਵੈ[1]
ਠੱਠੇ ਮਸਕਰੀਆਂ।
ਇਸ ਤੈ ਹਮ ਕੌ ਮਾਰ ਹੈਂ,
ਤਾਨ੍ਹੇ[1] ਇਸਤ੍ਰੀਆਂ।
ਜਾਂ ਤੇ ਹਮਰੀ ਇਨੋ ਕੀ,
ਹ੍ਵੈ ਜਾਤ ਲਰਾਈ।
ਜੰਗਲ ਇਨ ਕੀ ਮਾਲਕੀ,

[1]ਗਲ 'ਚ ਪੱਲਾ ਪਾ ਕੇ।

[1]ਸਾਰੇ ਨਗਰ ਵਾਸੀ।

[1]ਵਾਰਾ– ਚੰਮ ਦਾ ਵੱਡਾ ਥੈਲਾ, ਜਿਸ ਨਾਲ ਖੂਹ ਵਿਚੋਂ ਪਾਣੀ ਕੱਢਦੇ ਸਨ।

[1]ਨਿਡਰ ਹੋ ਕੇ ਛੇੜਖਾਨੀ ਕਰਦੇ ਹਨ।

[1]ਮਿਹਣੇ।

ਕੇ ਹੈਂ ਬਹੁ ਭਾਈ[1] ॥ ੪੬ ॥
ਬੇਟੀ ਲੇਵਨ ਦੇਨ ਕੀ,
ਪੁਨ ਸਾਂਝ ਰਖਾਵੈਂ।
ਹਮ ਸ਼ਰਨਾਗਤਿ ਰਾਵਰੇ[1],
ਹੈਂ ਪਰੇ ਨਿਬਾਵੈਂ।
ਥਾਂਵ ਨਿਥਾਵਿਆਂ ਕੇ ਗੁਰੂ,
ਹੈਂ ਮਾਂਨ ਨਿਮਾਂਨਨਿ।
ਬਿਨ ਓਟਜਾਂ ਕੀ ਓਟ ਭੀ,
ਹਮ ਸੁਨੇ ਸੁ ਕਾਨਨਿ ॥ ੪੭ ॥
ਪੇਖਿ ਦੀਨਤਾ ਤਿਨੋ ਕੀ,
ਗੁਰੁ ਬਿਰਦ[1] ਸੰਭਾਰਾ।
ਕੌੜੇ ਚੌਧਰੀਓਂ ਤਈਂ,
ਨਿਜ ਨਿਕਟ ਹਕਾਰਾ[1]।
ਗੁਰੁ ਜਬ ਹਿਤ ਉਪਕਾਰ ਕੇ,
ਦ੍ਵੈ ਸ੍ਵਾਲ ਅਲਾਏ[1]।
ਪੁਨ ਉਨਿ ਅਤਸੈ ਗਰਬ ਕੇ
ਯੁਤ ਉੱਤ੍ਰ ਗਾਏ ॥ ੪੮ ॥
ਤੁਮ ਤੋ ਏਕ ਗ੍ਰਾਮ ਕੀ,
ਚਹੁ ਜਿਮੀਂ ਦਿਵਾਈ।
ਹਮ ਨਹਿ ਦੈਹੈਂ ਇਤਕ ਭੀ,
ਜੋ ਜਉਂ ਪਰ ਆਈ[1]।
ਹਮ ਮਾਲਕ ਹੈਂ ਦੇਸ ਕੇ,
ਇਹੁ ਕਿਤ ਕੇ ਪਾਹੀ[1]।
ਕੈਸੇ ਬੇਟੀ ਇਨੋ ਕੀ,
ਹਮ ਲੇਵੈਂ ਬਜਾਹੀ ॥ ੪੯ ॥
ਬਾਰ ਹਜਾਰਕ ਤੁਮ ਕਹੋ,
ਇਹੁ ਹਮ ਨਹਿਂ ਮਾਨੈਂ।
ਗਰਬ ਪਰਹਾਰੀ[1] ਗੁਰੂ ਜੀ,
ਚਹਿਂ ਗਰਬ ਸੁ ਹਾਨੈਂ।
ਸਹਿਜ ਸੁਭਾਇ ਬਖਾਨਜੋ,

[1]ਬਹੁਤ ਤਰ੍ਹਾਂ ਦੇ।

[1]ਆਪ ਦੀ।

[1]ਧਰਮ, ਨੇਮ, ਸੁਭਾਵ।

[1]ਆਪਣੇ ਕੋਲ ਬੁਲਾਇਆ।

[1]ਕਹੇ।

[1]ਜੌਂ ਦੇ ਦਾਣੇ ਉਪਰ ਆਵੇ ਭਾਵ ਬਹੁਤ ਥੋੜੀ ਜਿਹੀ ਵੀ।

[1]ਬੇ ਮਾਲਕ, ਰਾਹੀ, ਪੱਖੀਵਾਸ।

[1]ਹੰਕਾਰ ਮੇਟਣ ਵਾਲੇ।

ਤੁਮ ਲੈ ਨਿਜ ਬੇਟੀ।
ਜੈਹੋ ਇਨ ਕੇ ਦ੍ਵਾਰ ਪੈ,
ਇਹੋ ਲੈਂਹ ਨ ਭੇਟੀ[1] ॥ ੫੦ ॥
ਦੇਸ ਮਾਲਕੀ ਕਾ ਤੁਮੈ,
ਹੰਕਾਰ ਜੁ ਆਹੀ।
ਇਹੁ ਮਾਲਕ ਹੈਂ ਦੇਸ ਕੇ,
ਤੁਮ ਹੈਹੋ ਪਾਹੀ।
ਅਬਿ ਮਦਦ ਹਮ ਇਨੋਂ ਕੀ,
ਕਰਹੈਂ ਬਿਧਿ ਸਾਰੀ।
ਬਚਨ ਨ ਤੁਮ ਮਮ ਮਾਨਜੋ,
ਪਛੁਤੈਹੋ ਭਾਰੀ ॥ ੫੧ ॥
ਇਮ ਕਹਿ ਡੇਰਾ ਗੁਰੂ ਨੇ,
ਨਿਜ ਕੂਚ ਕਰਾਯੋ।
ਲੀਨੇ ਸੰਗਿ ਮਰਾਝ ਕੇ,
ਉਨਿ ਪ੍ਰਤਿ ਇਮ ਗਾਯੋ।
ਆਜ ਰੈਨ ਜਹਿਂ ਠਾਂ ਪਰੈ,
ਤਹਿਂ ਨਗਰ ਬਸਾਵੋ।
ਜੇ ਕੌੜੇ ਆ ਲੜੈਂਗੇ,
ਤਬਿ ਲਰਿ ਜੈ ਪਾਵੋ ॥ ੫੨ ॥
ਹੇਤ ਪਾਂਡਵਨ ਕ੍ਰਿਸ਼ਨ ਨੇ,
ਜਿਮ ਢਿਗ ਦੁਰਜੋਧਨ।
ਪਾਂਚ ਪਿੰਡ ਜਾ ਮੰਗੇ ਥੇ,
ਕਰਿ ਅਧਿਕ ਪ੍ਰਬੋਧਨ[1]।
ਦਿਯ ਜੁਵਾਬ ਦੁਰਜੋਧਨੈ,
ਸਹਿ ਗਰਬ ਇਮੈਂ ਹੈਂ।
ਜਵ ਜਿਤਨੀਕ[1] ਜਮੀਨ ਭੀ,
ਮਲਕੀਅਤ ਨ ਦੈਹੈਂ ॥ ੫੩ ॥
ਯਹਿ ਸੁਨਿ ਕੁਪ ਕੈ[1] ਕ੍ਰਿਸ਼ਨ ਜੀ,
ਕਰਿ ਮਦਦ ਭਾਰੀ।
ਜੰਗ ਜੀਤ ਕਰਵਾਇ ਕੈ,

[1]ਮੇਲਣ ਵਾਸਤੇ (ਅ) ਸੰਬੰਧ ਕਰਨ ਵਾਸਤੇ। (ਏ) ਭੇਟਾ।

[1]ਬਹੁਤ ਸਮਝਾ ਕੇ।

[1]ਜੌਂ ਦੇ ਇਕ ਦਾਣੇ ਜਿੰਨੀ ਕੁ।

[1]ਕ੍ਰੋਧਵਾਨ ਹੋ ਕੇ।

ਲੈ ਦਈ ਧਰ ਸਾਰੀ।
ਭਾਵੀ ਪ੍ਰੇਰੇ ਕੌੜਿਜੋਂ,
ਅਬਿ ਤਿਮੈਂ ਉਚਾਰੀ।
ਨੇਤ ਸਨਾਤਨ[1] ਇਹੀ ਹੈ, [1]ਪੁਰਾਣੀਰੀਤੀ।
ਪ੍ਰਭੁ ਗਰਬ ਪ੍ਰਹਾਰੀ ॥ ੫੪ ॥
ਮਗ ਮੈਂ ਕਰਤੇ ਬਾਤ ਯੌਂ,
ਗੁਰੁ ਚਲੇ ਤਦਾਈ।
ਨਿਸ ਭਈ ਪਾਂਚਕ ਕੋਸ ਪਹਿ,
ਤਹਿਂ ਥਿਰੇ ਗੁਸਾਂਈ ॥ ੫੫ ॥

ਦੋਹਰਾ:

ਦੂਸਰ ਦਿਨ ਤਿਸ ਠੌਰ ਗੁਰੁ,
ਬਸਵਾਯੋ ਤਬਿ ਗ੍ਰਾਮ।
ਨਾਮ ਬਡੇ ਪਰ ਉਨੀ ਕੇ ਧਰਜੋ
ਮਰਾਝ ਸੁ ਨਾਮ ॥ ੫੬ ॥
ਜੈਤ ਪਿਰਾਣੇ ਆਦਿਕਨ
ਪਾਇ ਸਰਬ ਇਹੁ ਭੇਤ।
ਢੋਲ ਨਗਾਰੇ ਵਾਇ ਕੈ[1], [1]ਵਜਾ ਕੇ।
ਚਢ ਆਏ ਰਣ ਹੇਤ ॥ ੫੭ ॥

ਚੌਪਈ:

ਕੌੜੇ ਦੌੜੇ ਆਏ ਅਪਾਰੇ।
ਤੀਨਕ ਸਹਸ[1] ਮਰਾਝੀ ਸਾਰੇ। [1]ਤਿੰਨ ਹਜ਼ਾਰ।
ਸੁਭਟ ਗੁਰੂ ਕਾ ਦੁਇਕ ਹਜਾਰੈਂ।
ਪੈ ਗੁਰੁ ਬਰ[1] ਸਬਿ ਪਰ ਬਲਕਾਰੈਂ[2] ॥ ੫੮ ॥ [1]ਗੁਰਾਂ ਦਾ ਵਰ। [2]ਬਲਵਾਨ ਹੈ।
ਮਚਜੋ ਜੰਗ ਗਾਢਾ ਜਬ ਆਈ।
ਦੁਹਿ ਤਿਸ ਤੈ ਭਟ ਲਰੇ ਮਹਾਂਈ।
ਤਜੈਂ ਤੁਫੰਗ[1] ਖਤੰਗ[2] ਅਪਾਰੈਂ। [1]ਬੰਦੂਕਾਂ। [2]ਤੀਰ।
ਅੰਗ ਭੰਗ ਕਰਿ ਧਰ ਪਰ ਡਾਰੈਂ ॥ ੫੯ ॥
ਜਿਤ ਵਲ ਜੈਤ ਪਿਰਾਣਾ ਦੌੜੈ।
ਜ੍ਵਾਨ ਕਿਕਾਂਨਨ ਰਾਖੈ ਥੌੜੈ[1]। [1]ਜਵਾਨਾਂ ਤੇ ਘੋੜਿਆਂ ਨੂੰ ਥਾਂ ਹੀ ਰੱਖਦਾ ਹੈ ਭਾਵ ਮਾਰ ਦੇਂਦਾ ਹੈ। (ਥੌੜੈ-ਥੌੜ, ਠੌਰ, ਜਗ੍ਹਾ, ਥਾਂ।)

ਡਰਿ ਮਰਾਝ ਕੇ ਗੁਰ ਢਿਗ ਆਏ।
ਕਰੀ ਅਰਜ਼ ਯੁਤ ਗਰਜ਼[1] ਮਹਾਏ ॥ ੬੦ ॥

[1]ਬਹੁਤ ਲੋੜ ਨਾਲ।

ਮੋਹਨ ਕਾ ਨਾਤੀ[1] ਬਡ ਕਾਲਾ*।

[1]ਪੋਤ੍ਰਾ। *ਮਹਾਨ ਕੋਸ਼ ਦੇ ਲੇਖ ਅਨੁਸਾਰ ਕਾਲਾ, ਮੋਹਨ ਦਾ ਪੋਤ੍ਰਾ ਨਹੀਂ ਸਗੋਂ ਪੁੱਤਰ ਸੀ। ਮੋਹਨ ਦੇ ਪੁਤਰ ਸਨ ਵੱਡਾ ਰੂਪ ਚੰਦ ਤੇ ਛੋਟਾ ਕਾਲਾ ਜੀ। ਗਿ: ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਭਾਗ ੧ ਛਾਪਾ ਪੱਥਰ ਦੇ ਪੰਨਾ ੨੫੪ ਤੇ ਕਾਲੇ ਦੇ ਵੱਡੇ ਭਰਾ ਦਾ ਨਾਮ ਕਰਮ ਚੰਦ ਲਿਖਿਆ ਹੈ ਜਿਸਦੇ ਪੁੱਤਰਾਂ ਫੂਲ ਤੇ ਸੰਦਲੀ ਨੇ ਢਿੱਡ ਵਜਾ ਕੇ ਗੁਰੂ ਹਰਿ ਰਾਇ ਸਾਹਿਬ ਜੀ ਤੋਂ ਰਾਜ ਦਾ ਵਰ ਲਿਆ ਸੀ।

ਸਾਦਕ ਸਿੱਖ ਥਾ ਡੀਲ ਬਿਸਾਲਾ।
ਤਾ ਕੇ ਗਰ ਗੁਰੁ ਨਿਜ ਤਰਵਾਰ।
ਪਾਇ ਕਹਜੋ ਜਾ ਸੱਤ੍ਰੂ ਮਾਰ ॥ ੬੧ ॥
ਅੰਗ ਸੰਗ ਹਮ ਰਹੈਂ ਤਿਹਾਰੇ।
ਡਰੋ ਨ, ਲਰੋ ਜੈਤ ਸੰਗਾਰੇ[1]।

[1]ਜੈਤ ਪਿਰਾਣੇ ਨਾਲ।

ਕਾਲੇ ਕੋ ਇਮ ਮਾਲੁਮ ਭਯੋ।
ਅਪ੍ਰਮਾਨ[1] ਬਲ ਮਾਨੋ ਪਯੋ ॥ ੬੨ ॥

[1]ਮਾਪਣ ਤੋਂ ਰਹਿਤ ਭਾਵ ਬੇ-ਹਿਸਾਬ।

ਸਨਮੁਖ ਜਾਇ ਠੋਕ ਭੁਜ ਬਾਈਂ[1]।

[1]ਖੱਬੀ ਬਾਂਹ।

ਕਹਜੋ ਜੈਤ ਕੋ ਲਰ ਇਤ ਆਈ।
ਇਹੁ ਸੁਨਿ ਜੈਤ ਅਧਿਕ ਮਨ ਕੁਪ ਕੈ।
ਓਜ[1] ਸੰਭਾਰ ਪਾਉ ਨਿਜ ਰੁਪ ਕੈ[2] ॥ ੬੩ ॥

[1]ਬਲ। [2]ਰੋਕ ਕੇ।

ਕਾਲ ਜੀਹ ਸੀ ਲਹਿ ਲਹਿ ਕਰਤੀ।
ਤਜੀ ਸੈਹਥੀ[1] ਕਾਂਪੀ ਧਰਤੀ।

[1]ਬਰਛੀ।

ਜਨ ਰਾਵਨ ਲਛਮਣ ਪਰ ਡਾਰੀ।
ਗਹੀ ਹਨੂ ਸਮ ਗੁਰੂ ਖਰਾਰੀ[1] ॥ ੬੪ ॥

[1]ਖਰ ਦੈਂਤ ਦੇ ਵੈਰੀ ਰਾਮ ਸਰੂਪ ਸਤਿਗੁਰਾਂ ਨੇ ਹਨੂਮਾਨ ਵਾਂਗ ਫੜ ਲਈ।

ਨਿਸਫਲ ਗਈ ਧਸੀ ਧਰ ਮਾਂਹੀ।
ਜੈਤ ਕੋਪਿ ਪੁਨ ਦੂਸਰਿ ਬਾਹੀ[1]।

[1]ਦੂਜੀ ਮਾਰੀ।

ਸੋ ਭੀ ਸਤਿਗੁਰੁ ਦੀਨੀ ਟਾਰੇ।
ਅਤਲ ਬਿਤਲ[1] ਕਟਿ ਧਸੀ ਪਤਾਰੇ[2] ॥ ੬੫ ॥

[1]ਸੱਤਾਂ ਪਤਾਲਾਂ ਵਿਚੋਂ ਪਹਿਲਾ ਤੇ ਦੂਜਾ ਪਤਾਲ। [2]ਕੱਟ ਕੇ (ਸਤਵੇਂ) ਪਤਾਲ ਵਿੱਚ ਜਾ ਧਸੀ।

ਜੈਤ ਤੱਜਬ ਰਹਿ ਗੱਜਬ[1] ਭਰ ਕੈ।

[1]ਕ੍ਰੋਧ (ਨਾਲ)।

ਤ੍ਰਿਤੀ ਗਹੀ ਪੁਨ ਅਤਿ ਬਲ ਕਰਿ ਕੈ।

ਚਾਰ ਬੀਰ[1] ਗੁਰੁ ਪਠੇ ਤਹਾਂ ਹੈਂ।
ਕੁਛ ਬਲ ਰੋਕਜੋ ਤਿਨ ਗਹਿ ਬਾਹੈਂ ॥ ੬੬ ॥
ਆਪ ਗੁਪਤ ਗੁਰੁ ਅੱਗ੍ਰ ਜੈ ਕੈ।
ਥਿਰੇ ਰੋਕ ਹਿਤ ਅਹਿਰਣ ਲੈ ਕੈ।
ਤੌ ਭੀ ਜੈਤ ਕੋਪਿ ਜਬਿ ਭਾਰੀ।
ਸਾਂਗ ਸਾਰ[1] ਬਲ ਧਾਰ ਸੰਭਾਰੀ ॥ ੬੭ ॥
ਧਰ ਕੀ ਗਤਿ ਨੌਕਾ ਜਿਮ ਭਈ।
ਹਾਲ ਚਾਲ ਤ੍ਰਿਲੋਕਹਿਂ ਪਈ।
ਦਹਿਲੇ ਦਿੱਗਜ[1] ਸਿੰਧ ਉਛੱਲਾ।
ਝੁਕੇ ਸ਼ੇਸ਼ ਸਿਰ, ਕੂਰਮ[1] ਹੱਲਾ ॥ ੬੮ ॥

ਸੁਰ ਸਬਿ ਚਢਿ ਬਿਮਾਨ ਨਭ ਆਏ।
ਹੂਰ ਪਰੀਨ ਸ਼ਿੰਗਾਰ ਸਜਾਏ।
ਮਘਵਾ-ਜਿਤ[1], ਲਛਮਨ ਜਿਮ ਅਰੇ।
ਕਾਲਾ ਔਰ ਜੈਤ ਰਿਸ ਭਰੇ ॥ ੬੯ ॥
ਗੁਰੂ ਸਹਾਇ ਰਾਮ ਸਮ ਜਹਾਂ।
ਕਾਲੇ ਕੋ ਤਬ ਡਰ ਹੈ ਕਹਾਂ।
ਜੈਤ ਕੋਪ ਅਗਨੀ ਬਪੁ ਹ੍ਵੈ ਕੈ[1]।
ਗਰਜ ਤਰਜ ਘਨ ਤੜਤ ਲਜੈ ਕੈ[1] ॥ ੭੦ ॥

ਭਵਕ ਸ਼ੇਰ ਜਿਮ ਰਵਕ ਅਗਾਰੀ[1]।

ਤਕ ਕਾਲੇ ਪਰ ਸਾਂਗ ਪ੍ਰਹਾਰੀ।
ਬੱਜ੍ਰ ਪਾਤ ਸੀ ਜਨ ਬਡ ਸੰਪਾ[1]।

ਮਿਚੇ ਨੈਨ ਸਭਿ ਕਾ ਉਰ ਕੰਪਾ ॥ ੭੧ ॥
ਅਹਿਰਣ ਛੇਦ[1] ਭੇਦ[2] ਜਿਹਿ ਢਾਲੈ।
ਦਾਂਤ ਪਾਂਤਿ ਭਨ ਗੇਰਜੋ ਕਾਲੈ।
ਆਧ ਘਟੀ ਲੌ ਮੁਰਛਿਤ ਰਹਜੋ।
ਗੁਰੁ ਕ੍ਰਿਪਾ ਤੇ ਪੁਨ ਉਠਿ ਕਹਜੋ ॥ ੭੨ ॥

[1]ਗੁਪਤ ਸੂਰਮੇਂ।

[1]ਲੋਹੇ ਦੀ ਬਰਛੀ।

[1]ਦਿਸਾਂ ਦੇ ਅੱਠ ਹਾਥੀ ਕੰਬ ਗਏ।

[1]ਕੱਛੂ (ਪੁਰਾਣਾਂ ਅਨੁਸਾਰ ਜਿਸ ਨੇ ਧਰਤੀ ਚੁੱਕੀ ਹੋਈ ਹੈ) ਹਿੱਲ ਗਿਆ।

[1]ਇੰਦ੍ਰ ਨੂੰ ਜਿੱਤਣ ਵਾਲਾਰਾਵਣ ਦਾ ਪੁੱਤਰ ਮੇਘ ਨਾਦ।

[1]ਅੱਗ ਰੂਪ ਹੋ ਕੇ।

[1](ਐਉਂ) ਗੱਜਦਾ ਤੇ ਤਾੜਦਾ ਹੈ ਕਿ ਬੱਦਲ ਤੇ ਬਿਜਲੀ ਨੂੰ ਸ਼ਰਮਿੰਦਾ ਕਰਦਾ ਹੈ।

[1]ਜਿਵੇਂ ਸ਼ੇਰ (ਰਵਕ) ਸ਼ਬਦ ਕਰਨ ਵਾਲੇ ਦੇ ਅਗੋਂ ਭਬਕ (ਮਾਰਦਾ ਹੈ)।

[1](ਇੰਦ੍ਰ ਦੇ) ਬੱਜ੍ਰ ਵਾਂਗ (ਪਾਤ) ਡਿੱਗੀ ਜਾਣੋਂ ਵੱਡੀ ਗਿਰਝ ਹੈ। (ਸੰਪਾ-ਸੰਪਾਤੀ ਦਾ ਸੰਖੇਪ। ਸੰਪਾਤੀ-ਸੂਰਜ ਦੇਰਥਵਾਹੀ ਅਰੁਨ ਦਾ ਪੁੱਤਰ। ਜਟਾਯੂ ਦਾ ਵੱਡਾ ਭਰਾ ਜੋ ਗਿਰਝ ਦੀ ਸ਼ਕਲ ਦਾ ਸੀ।)

[1]ਕੱਟ ਕੇ। [2]ਵਿੰਨ੍ਹ ਕੇ।

ਤੀਨ ਬਾਰ ਤੁਮਹੂੰ ਕਰ ਲੀਨੇ।
ਅਬਿ ਦੈ ਜਾਹੁ ਬਾਰ ਮਮ ਪੀਨੇ।
ਇਮ ਲਲਕਾਰ ਧਾਰ ਰਿਸ ਭਾਰੀ।
ਓਜ[1] ਸੰਭਾਰ ਤਰਵਾਰ ਉਭਾਰੀ[2] ॥ ੭੩ ॥

[1]ਬਲ। [2]ਚੁੱਕੀ, ਉੱਗਰੀ।

ਤਿਸ ਦਿਸ ਬਢਿ[1] ਤਕ ਐਸ ਚਲਾਈ।

[1]ਵਧ ਕੇ।

ਕਰਿ ਦੁ ਟੂਕ ਧਰ ਦਯੋ ਗਿਰਾਈ।
ਮਰਜੋ ਜੈਤ ਜਬਿ ਜੈਤ ਆਸ ਤਜਿ[1]।

[1]ਜਿੱਤ ਦੀ ਆਸ ਛੱਡ ਕੇ।

ਕੌੜੇ ਗਏ ਸਭੈ ਇਤ ਉਤ ਭਜ ॥ ੭੪ ॥
ਪਾ ਮਰਾਝ ਕੇ ਫਤੇ ਸੁ ਆਏ।
ਗੁਰੁ ਕੇ ਪਗ ਪੰਕਜ ਲਪਟਾਏ।
ਕਹੈਂ ਮਾਥ ਹਮਰੈ ਧਰਿ ਹਾਥ।
ਕਰਜੋ ਅਨਾਥਨ ਤੈ[1] ਅਜ ਨਾਥ[2] ॥ ੭੫ ॥

[1]ਬੇ ਮਾਲਕਾਂ ਤੋਂ। [2]ਮਾਲਕ।

ਰਾਵਰ ਕੀ ਕ੍ਰਿਪਾ ਤੇ ਕਾਲੈ।
ਮਾਰਜੋ ਜੈਤ ਜੁ ਬਲੀ ਬਿਸਾਲੈ।
ਅਬਿ ਹਮ ਕਿਸਹੂੰ ਤੇ ਨਹਿ ਹਾਰੈਂ।
ਜਿਤਕ ਚਾਹਿ ਹ੍ਵੈ ਧਰਾ ਸੰਭਾਰੈਂ ॥ ੭੬ ॥
ਕਾਲੇ ਜਬੈ ਗਰਬ ਸਹਿਰਰਾ[1]।

[1]ਹੰਕਾਰ ਨਾਲ ਕਿਹਾ।

ਬਾਰ ਬਚਾਇ ਸੱਤ੍ਰੂ ਮੈਂ ਹਰਾ[1]।

[1]ਵੈਰੀ ਨੂੰ ਮੈਂ ਮਾਰਿਆ।

ਤਬਿ ਗੁਰੁ ਅਹਿਰਣ ਛਿਦੀ ਦਿਖਾਈ।
ਰਣ ਮੱਦਤ ਸਬਿ ਕਥਾ ਸੁਨਾਈ ॥ ੭੭ ॥
ਨਿਜ ਕਰ[1] ਜਖਮੀ ਭਯੋ ਦਿਖਾਯੋ।

[1]ਆਪਣਾ ਹੱਥ।

ਨਿਸਚਾ ਤਬਿ ਮਰਾਝੀਅਨਿ ਆਯੋ ॥ ੭੮ ॥
ਦੋਹਰਾ:
ਗਰਬ ਪਰਹਾਰੀ ਸਤਿਗੁਰੂ,
ਕੌੜਿਯੋਂ ਤਈਂ ਹਰਾਇ।
ਸ਼ਰਨਾਗਤ ਮਰਾਝੀਅਨ,
ਕੋ ਬਡ ਫਤੇ ਦਿਲਾਇ ॥ ੭੯ ॥
ਕਿਤਕ ਮਾਸ ਤਿਸ ਦੇਸ ਮੈਂ,
ਬਿਚਰੇ ਸਤਗੁਰੁ ਔਰ।
ਜਹਿਂ ਜਹਿਂ ਸਿੱਖ ਲੇ ਜਾਤ ਭੇ,

ਪਹੁੰਚੇ ਤਿਸ ਹੀ ਠੌਰ ॥ ੮੦ ॥
ਚੌਪਈ:
ਜਹਾਂ ਜਾਇ ਗੁਰੁ ਡੇਰਾ ਡਾਰੈਂ।
ਨਿਕਟ ਗ੍ਰਾਮਨ ਕੇ ਨਰ ਨਾਰੈਂ।
ਜਥਾ ਸ਼ਕਤਿ[1] ਧਨ ਲੈ ਲੈ ਆਵੈਂ। [1]ਤਾਕਤ ਅਨੁਸਾਰ।
ਅਰਪਿ ਗੁਰੂ ਕੋ ਦਰਸ਼ਨ ਪਾਵੈਂ ॥ ੮੧ ॥
ਜੈਸੀ ਕਰੈ ਕਾਮਨਾ ਕੋਈ।
ਪੂਰੈਂ ਸਤਿਗੁਰ ਸਬਿ ਕੀ ਸੋਈ।
ਦੇਸ ਵੀਚ ਸਤਿਗੁਰ ਬਹੁ ਫਿਰੇ।
ਸਿੱਖ ਨਿਹਾਲ ਬਿਸਾਲਹਿਂ ਕਰੇ ॥ ੮੨ ॥
ਪੁਨ ਮਰਾਝ ਕੀ ਦਿਸ ਚਲ ਆਏ।
ਕਾਲੇ ਆਦਿ ਮਿਲੇ ਸਮੁਦਾਏ।
ਸੇਵਾ ਕਰੀ ਅਧਿਕ ਧਰਿ ਸ਼ਰਧਾ।
ਜਾਂ ਤੇ ਪੁੰਨਜ ਪ੍ਰੇਮ ਬਹੁ ਬਰਧਾ[1] ॥ ੮੩ ॥ [1]ਵਧਿਆ।
ਕਰਮ ਚੰਦ ਕਾਲੇ ਕਾ ਭਾਈ।
ਗਯੋ ਹੁਤੋ ਪ੍ਰਲੋਕ ਸਿਧਾਈ।
ਤਿਸ ਕੇ ਸੁਤ ਜੁਗ ਲਘੁ ਬਯ[1] ਰਹੇ। [1]ਦੋ ਪੁੱਤਰ ਛੋਟੀ ਉਮਰ ਦੇ।
ਲੋਹੀਆ[1] ਔਰ ਸੰਦਲੀ ਅਹੇ ॥ ੮੪ ॥ [1]ਕਵਿ ਜੀ ਨੇ ਆਪਣੀ ਲਿਖਤ ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ ਛਾਪਾ ਪੱਥਰ ਦੇ ਪੰਨਾ ੨੫੪ ਤੇ ਲੋਰੀਆ ਦੀ ਥਾਂ ਨਾਮ ਫੂਲ ਲਿਖਿਆ ਹੈ।

ਦੋਨੋ ਕੋ ਕਾਲਾ ਸਿਖਰਾਇ।
ਲੈ ਗਯੋ ਨਿਕਟਿ ਗੁਰੂ ਹਰਿਰਾਇ।
ਕਰਿ ਬੰਦਨ ਗੁਰ ਸਨਮੁਖ ਖਰੇ।
ਬਾਲਨ ਪੇਟ ਬਜਾਵਨ ਕਰੇ ॥ ੮੫ ॥
ਪਿੱਖ ਕਰਿ ਗੁਰੁ ਕਾਲੇ ਕੋ ਬੂਝੋ।
ਇਨੈ ਬਾਲਕਨ ਕੋ ਕਜਾ ਸੂਝੋ।
ਹਾਥ ਜੋਰਿ ਤਬਿ ਕਾਲੇ ਕਹਾ।
ਇਨ ਕੋ ਭੂਖ ਸੰਤਾਵਤ ਮਹਾਂ ॥ ੮੬ ॥
ਮਾਤ ਪਿਤਾ ਇਨ ਕੇ ਮਰ ਗਏ।
ਰਾਵਰ ਕੀ ਸ਼ਰਣੀ ਆ ਪਏ।
ਆਪ ਗਰੀਬ ਨਿਵਾਜ ਸਦੈ ਹੋ।

ਚਹੋ ਰੰਕ ਤੈ ਰਾਵ[1] ਬਨੈ ਹੋ ॥ ੮੭ ॥
[1]ਕੰਗਾਲਾਂ ਤੋਂ ਰਾਜੇ।

ਬਾਲ ਅਨਾਥ ਗਰੀਬ ਨਿਮਾਨੇ।
ਪਰੇ ਆਪ ਕੀ ਸ਼ਰਣ ਨਿਦਾਨੇ[1]।
[1]ਅਣਜਾਣ।

ਇਮ ਸੁਨਿ ਸ੍ਰੀ ਗੁਰੁ ਢੁਰਿ[1] ਕ੍ਰਿਪਾਲੈਂ।
[1]ਢਲ ਕੇ, ਨਰਮ ਹੋ ਕੇ।

ਕਹਜੋ ਭੋਗ[1] ਇਨਿ ਮਿਲੈ ਬਿਸਾਲੈਂ ॥ ੮੮ ॥
[1]ਪਦਾਰਥ।

ਇਨ ਕੇ ਪਾਛੇ ਲਾਖੋਂ ਖੈਹੈਂ।
ਜਮਨਾ ਲੌ ਨਿਜ ਅਸ੍ਵ ਫਿਰੈ ਹੈਂ।
ਇਨ ਕੀ ਅੰਸ[1] ਰਾਜ ਬਡ ਕਰਿ ਹੈ।
[1]ਉਲਾਦ।

ਬਹੁਤ ਪੁਸ਼ਤਨ ਲੌਂ[1] ਆਨੰਦ ਧਰਿ ਹੈ ॥ ੮੯ ॥
[1]ਪੀੜ੍ਹੀਆਂ ਤੱਕ।

ਸੁਨਿ ਬਰ ਵਰ ਯੁਤ[1] ਗੁਰ ਕੇ ਬੈਨਾ।
[1]ਚੰਗੇ ਵਰਾਂ ਸਹਿਤ।

ਕਾਲਾ ਭਯੋ ਪ੍ਰਫੁੱਲਤ ਨੈਨਾ।
ਕਰਿ ਬੰਦਨ ਨਿਜ ਘਰਿ ਮੈ ਆਯੋ।
ਨਿਜ ਤਿਯ ਪ੍ਰਤਿ[1] ਸਬਿ ਹਾਲ ਸੁਨਾਯੋ ॥ ੯੦ ॥
[1]ਇਸਤ੍ਰੀ ਨੂੰ।

ਕੋਪ ਹੋਇ ਭਾਖਜੋ ਤਿਸ ਤੀਆ।
ਗੁਰ ਕਾ ਬਚਨ ਨ ਟਰੈ ਕਦੀਆ।
ਸੁਤ ਸ਼ੀਕ ਕੇ ਨ੍ਰਿਪ ਜਬਿ ਹ੍ਵੈ ਹੈਂ।
ਤੁਵ ਸੰਤਤਿ ਇਨ ਪਰਜਾ ਥੈ ਹੈ ॥ ੯੧ ॥
ਕਰਿ ਖੇਤੀ ਇਨ ਕੋ ਦਿਹਂ ਹਾਲਾ[1]।
[1]ਮਾਮਲਾ।

ਤੁਮ ਕੋ ਭਲ ਬਰ ਮਿਲਜੋ ਦੁਸਾਲਾ[1]।
[1]ਦੁਖ ਦਾ ਘਰ।

ਸੁਨਿ ਕਾਲੇ ਦਾਰਾ ਪ੍ਰਤਿ ਕਹਾ।
ਭਾਗ ਇਨੋ ਕੇ ਗੁਰ ਬਰ ਲਹਾ ॥ ੯੨ ॥
ਮੈਂ ਨਹਿਂ ਥਾ ਕੁਛ ਮਥ ਕਰਿ ਗਯੋ।
ਔਚਕ[1] ਖੁਸ਼ ਹ੍ਵੈ ਗੁਰ ਬਰ ਦਯੋ।
[1]ਅਚਣਚੇਤ।

ਬ੍ਰਹਮਾ ਭੀ ਅਬਿ ਮੇਟਿ ਨ ਸਕ ਹੈ।
ਹਮ ਸਬਿ ਬਿਧਿ ਇਸ ਮਾਂਹਿਂ ਅਸ਼ਕ ਹੈਂ[1]
[1]ਸ਼ੱਕ ਤੋਂ ਰਹਿਤ ਹਾਂ।
॥ ੯੩ ॥

ਕਹਜੋ ਤੀਆ ਅਬਿ ਨਿਜ ਸੁਤ ਲੈ ਕੈ।
ਜਾਹੁ ਗੁਰੂ ਪੈ ਤਜੋਂ ਹੀ ਕੈ ਕੈ।
ਦਿਲਵਾਵਹੁ ਬਰ ਕੁਛ ਭੀ ਇਨੈ।
ਜਾਂ ਤੇ ਧੀਰਜ ਹਮਰੇ ਬਨੈ ॥ ੯੪ ॥

ਮਾਨ ਬੈਨ ਨਿਜ ਸੁਤ ਲੈ ਕਾਲਾ।
ਗਯੋ ਚਲਾਯੋ ਸੋਈ ਚਾਲਾ।
ਸ੍ਰੀ ਹਰਿਰਾਇ ਹੇਰਿ ਮੁਸਕਾਏ।
ਬ੍ਰਿਦ ਸੰਭਾਰ ਉਦਾਰ ਮਹਾਂਏ[1] ॥ ੯੫ ॥

[1]ਵੱਡੀ ਉਦਾਰਤਾ ਦਾ ਆਪਣਾ (ਬ੍ਰਿਦ) ਸੁਭਾਉ ਚੇਤੇ ਕਰਕੇ।

ਕਹਯੋ ਅਹੋ ਕਾਲਾ ਤੁਵ ਦਾਰਾ।
ਨਿਜ ਸੁਤ ਦੈ ਬਰ ਲੈਨ ਪਠਾਰਾ[1]।

[1]ਭੇਜਿਆ ਹੈ।

ਨ੍ਰਿਪ ਤੋਂ ਉਨ ਹੀ ਕੇ ਸੁਤ ਹ੍ਵੈ ਹੈਂ।
ਨਿਜ ਬਾਹੀ[1] ਯਹਿ ਭੀ ਖੁਦ ਖੈ ਹੈਂ ॥ ੯੬ ॥

[1]ਆਪਣੀ (ਜ਼ਮੀਨ) ਵਾਹ ਕੇ।

ਇਹੁ ਬਰ ਲੈ ਕਾਲਾ ਘਰ ਗਯੋ।
ਜਿਮ ਗੁਰੁ ਕਹਯੋ ਤੈਸ ਹੀ ਭਯੋ।
ਅਬਿ ਲੌ ਸੰਤਤਿ ਤਿਨ ਕੀ ਤਹਿਂ ਹੀਂ।
ਹੈ ਬਹੁ, ਨਿਜ ਬਾਹੀ ਕਰਿ ਖਹਿਂ ਹੀਂ[1] ॥ ੯੭ ॥

[1]ਖਾਂਦੇ ਹਨ ਭਾਵ ਉਨ੍ਹਾਂ ਦੀ ਜ਼ਮੀਨ ਦਾ ਮਾਮਲਾ ਮੁਆਫ਼ ਸੀ।

ਫੂਲ ਸੰਦਲੀ[1] ਕਾ ਸੁਤ ਭਯੋ।

[1]ਫੂਲ ਤੇ ਸੰਦਲੀ ਦੋਨੋਂ ਭਰਾ ਸਨ ਦੇਖੋ ਬਿਸ੍ਰਾਮ ੩੧ ਦੇ ਅੰਕ ੯੪ ਦੀ ਟਿੱਪਣੀ।

ਜਾ ਕਾ ਬੰਸ ਹੰਸ ਸਮ ਛਯੋ[1]।

[1]ਸੂਰਜ ਵਾਂਗ ਫੈਲਿਆ ਹੈ।

ਫੈਲ ਫੂਲ ਫਲ ਫਬ ਸਬਿ ਰਹੇ।
ਬਿਦਤ ਅਦਿਤ ਸਮ[1] ਜਗ ਪਰ ਅਹੇ ॥ ੯੮ ॥

[1]ਸੂਰਜ ਵਾਂਗ ਮਸ਼ਹੂਰ।

ਨਾਭੇ, ਜੀਂਦ, ਪਟਿਜਾਲੇ ਵਾਲੇ।
ਆਦਿਕ ਪਿਖੀਅਤ ਨ੍ਰਿਪ ਬਿਸਾਲੇ।
ਯਾ ਬਿਧਿ ਸ੍ਰੀ ਹਰਿਰਾਇ ਕ੍ਰਿਪਾਲੂ।
ਦੈ ਬਰ ਕਰੇ ਰੰਗ ਭੂਪਾਲੂ[1] ॥ ੯੯ ॥

[1]ਕੰਗਾਲਾਂ ਤੋਂਰਾਜੇ।

ਗੁਰ ਕੇ ਬਚਨ ਅਮੋਘ ਅਮੇਟੈਂ[1]।

[1]ਸਫਲ ਤੇ ਅਮੇਟ ਹਨ।

ਰਾਮ ਬਾਨ ਜਿਮ ਕਾਲ ਚਪੇਟੈ[1]।

[1]ਕਾਲ ਚੰਬੇੜ ਦੇਂਦੇ ਹਨ।

ਬ੍ਰਹਮ ਅਸਤ੍ਰ ਪੁਨ ਚਕ੍ਰ ਬਿਸ਼ਨੁ ਕੋ।
ਸ਼ਿਵ ਤ੍ਰਿਸੂਲ ਅਰ ਬੱਜ੍ਰ ਜਿਸ਼ਨ ਕੋ[1] ॥ ੧੦੦ ॥

[1]ਇੰਦ੍ਰ ਦਾ ਬੱਜ੍ਰ।

ਬਰ ਸ੍ਰਾਪ ਸਬਿ ਤਜੋਂ ਗੁਰੁ ਕੇਰੇ।
ਫਲ ਅਖੰਡ[1] ਦੈਹੈਂ ਹਮ ਹੇਰੇ ॥ ੧੦੧ ॥

[1]ਲਗਾਤਾਰ।

ਦੋਹਰਾ:
ਬਰ ਬਿਸਾਲ ਨਿਜ ਸਿੱਖਨ ਕੌ,
ਦੈ ਕਰਿ ਕੀਨ ਨਿਹਾਲ।

ਚਾਲ ਤਹਾਂ ਤੈ ਸੈਲ ਕਿਯ,
ਦੇਸ ਬਿਰਾੜਨ ਸਾਲ[1] ॥ ੧੦੨ ॥

[1]ਸ਼੍ਰੇਸ਼ਟ ਦੇਸ।

ਬਰ ਸ੍ਰਾਪ ਗੌਰੇ[1] ਦਏ,
ਗੌਰੇ ਕਉ ਜਿਸੁ ਭਾਂਤਿ।
ਆਗੇ ਗਾਥਾ ਸੋ ਸੁਨੋ,
ਕਹਿਹੋਂ ਤਨਕ[1] ਬਖਜਾਤ ॥ ੧੦੩ ॥

[1]ਭਾਰੇ, ਵੱਡੇ, ਬਹੁਤੇ।

[1]ਥੋੜੀ ਜਿਹੀ।

ਚੌਪਈ:

ਭਾਈ ਭਗਤੂ ਕਾ ਸੁਤ ਗੌਰਾ।
ਬਲੀ ਬਹਾਦਰ ਥਾ ਤਬਿ ਗੌਰਾ।
ਤੀਨ ਚਾਰ ਸੌ ਸੰਗ ਅਸਵਾਰ।
ਰਹਤ ਬਿਰਾੜਨ ਕੇਰ ਜਰਾਰ[1] ॥ ੧੦੪ ॥

[1]ਲੜਾਕੇ।

ਦੂਰ ਦੂਰ ਲੌ ਧਾੜੇ[1] ਮਾਰਤਿ।
ਨਿਜ ਸ਼ਰਨਾਗਤਿ ਕੌ ਨਿਤ ਪਾਰਤਿ[1]।
ਪਰਮ ਜੰਗ ਜਹਿਂ ਠਾਂ ਆ ਪਰੈ।
ਗੌਰਾ ਜਾਇ ਅੱਗ੍ਰ ਤਹਿਂ ਲਰੈ ॥ ੧੦੫ ॥

[1]ਡਾਕੇ।

[1]ਪਾਲਣਾ ਕਰਦੇ।

ਮਨੁ ਤਨੁ ਧਨੁ ਅਰਪਜੋ ਗੁਰੁ ਤਾਂਈ।
ਕਰੈ ਸੇਵ ਗੁਰ ਕੀ ਬਹੁ ਭਾਈ[1]।
ਦੇਗ ਤੇਗ ਬਚਨਾ ਕਾ ਪੂਰਾ।
ਰਿੱਧਿ ਸਿੱਧਿ ਰਹਿਂ ਖਰੀ ਹਜੂਰਾ ॥ ੧੦੬ ॥

[1]ਬਹੁਤ ਤਰ੍ਹਾਂ।

ਬਰ ਸਰਾਪ ਜੋ ਮੁਖ ਤੇ ਕੈ ਹੈ।
ਤਤਛਿਨ ਫਲ ਤੈਸਾ ਜਨ ਪੈ ਹੈਂ।
ਬੀਰ[1] ਪੀਰ[2] ਸਬਿ ਬਿਧਿ ਸੌਂ ਨਾਗਰ[3]।
ਮਾਨਤ ਲਾਖੋਂ ਲੋਗ ਉਜਾਗਰ ॥ ੧੦੭ ॥

[1]ਸੂਰਮਾ। [2]ਕਰਾਮਾਤੀ। [3]ਚਤੁਰ।

ਗੁਰ ਸਮੀਪ ਬਹੁ ਦਿਵਸ ਰਹਾਵੈ।
ਕਰੈ ਸੇਵ ਗੁਰਦੇਵ ਰਿਝਾਵੈ।
ਜੀਵਨ ਨਾਮ ਦੁਤੀ ਤਿਹ ਭਾਈ।
ਗੁਰੁ ਸੇਵਾ ਮੈਂ ਰਹੈ ਸਦਾਈ ॥ ੧੦੮ ॥
ਬ੍ਰਿਧਾ ਪਨ ਮੈ ਭਗਤੂ ਭਾਈ।
ਸੰਗ, ਕਰਤਿ ਗੁਰੁ ਹਸੀ ਸਦਾਈ।
ਬ੍ਰਿਧ ਭਯੋ ਤੂੰ ਅਧਿਕ ਮਹਾਈ।

ਚਹੀਏ ਤਰਨੀ ਘਰਨੀ[1] ਬਜਾਹੀ ॥ ੧੦੯ ॥
[1]ਜਵਾਨ ਇਸਤ੍ਰੀ।

ਗੁਰੁ ਬਚ ਸਫਲ ਕਰਨ ਹਿਤ ਭਾਈ।
ਇਕ ਦਿਨ ਆਵਤ ਮਗ ਠਹਰਾਈ।
ਪਿਖੀ ਜਾਟ ਕੀ ਸੁਤਾ ਕੁਮਾਰੀ[1]।
[1]ਕੰਵਾਰੀ ਪੁੱਤਰੀ।

ਖੇਤ ਬਾਜਰੇ ਕੀ ਰਖਵਾਰੀ ॥ ੧੧੦ ॥
ਚਢੀ ਮਨ੍ਹੇ[1] ਪਰ ਥੀ ਸੋ ਹੇਰੇ[2]।
[1]ਮਨ੍ਹਾਂ– ਖੇਤ ਦੇਰਾਖਿਆਂ ਦਾ ਆਪਣੇ ਬੈਠਣ ਤੇ ਪੈਣ ਲਈ ਚਾਰ ਲੱਕੜਾਂ ਗੱਡ ਕੇ ਘਾਹ ਫੂਸ ਕਾਨਿਆਂ ਨਾਲ ਉੱਚਾ ਕਰ ਕੇ ਛੱਤਿਆ ਵਿਚਕਾਰ ਲਾ ਥਾਂ। [2]ਉਸ ਨੂੰ ਵੇਖ ਕੇ।

ਭਾਈ ਫਿਰ ਕਰਿ ਤਾਂਹਿ ਚੁਫੇਰੇ।
ਕਹਯੋ ਲਏ ਮੈ ਤੁਮ ਸੋਂ ਫੇਰੇ।
ਸਾਖੀ ਸੂਰ ਮੂਰ ਬਨ ਕੇਰੇ[1] ॥ ੧੧੧ ॥
[1]ਸੂਰਜ ਤੇ ਜੰਗਲ ਦੇ (ਮੂਰ) ਬ੍ਰਿੱਛ ਗਵਾਹ ਹਨ।

ਕੰਨਜਾ ਸੁਨਿ ਲੱਜਤ ਚੁਪ ਰਹੀ।
ਭਾਈ ਆਇ ਗੁਰੂ ਢਿਗ ਕਹੀ।
ਬਚਨ ਤੁਮਾਰਾ ਮੈਂ ਸਫਲਾਯੋ।
ਮਗ ਮੈਂ ਆਜ ਬਜਾਹਿ ਕਰਿ ਆਯੋ ॥ ੧੧੨ ॥
ਕੁਛ ਦਿਨ ਪਾਛੇ ਭਾਈ ਮਰਾ।
ਸੁਨਿ ਉਸ ਕੰਨਜਾ ਇਹੁ ਪ੍ਰਨ ਧਰਾ।
ਮੈਂ ਭਾਈ ਭਗਤੂ ਨੇ ਬਜਾਹੀ।
ਥਿਰੌਂ ਰੰਡਿ ਅਬਿ ਬਰੋਂ ਨ ਕਾਂਹੀਂ ॥ ੧੧੩ ॥
ਭਾਈ ਗੌਰਾ ਇਹ ਕਥ ਸੁਨਿ ਕੈ।
ਨਿਜ ਘਰ ਮੈਂ ਲੈ ਗਯੋ
ਤਿਹ, ਗੁਨਿ ਕੈ।
ਨਿਜ ਮਾਤਾ ਥਪਿ[1] ਸੇਵ ਕਮਾਈ।
[1]ਆਪਣੀ ਮਾਂ ਬਣਾ ਕੇ।

ਜਤ ਸਤ ਮੈਂ ਸੋ ਰਹੀ ਥਿਰਾਈ[1] ॥ ੧੧੪ ॥
[1]ਬੈਠੀ ਰਹੀ।

ਰੂਪ ਵਤੀ ਸਮਰਤੀ ਸੁਹਾਈ[1]।
[1]ਕਾਮ ਕੀ ਇਸਤਰੀ ਵਰਗੀ ਸੁੰਦਰ।

ਮਾਨਤਿ ਤਾਹਿਂ ਲੋਗ ਸਮੁਦਾਈ।
ਇਕ ਦਿਨ ਗੁਰੁ ਕੀ ਸਭਾ ਮਝਾਰੀ।
ਬੈਠਾ ਥਾ ਗੌਰਾ ਬਲਕਾਰੀ ॥ ੧੧੫ ॥
ਹਾਸ ਬਿਲਾਸ ਭਯੋ ਕੁਛ ਤਹਾਂ।
ਜੱਸੇ ਹੱਸ ਗੌਰੇ ਪ੍ਰਤਿ ਕਹਾ।

ਭਾਈ ਭਗਤੂ ਕੀ ਜੋ ਨਾਰੀ।
ਅਹੇ ਜਵਾਂਨ ਸਮਾਨ ਹਮਾਰੀ ॥ ੧੧੬ ॥
ਤੁਮਰੇ ਕਾਮ ਕਿਸੀ ਕੇ ਨਾਹੀ।
ਦੈ ਡਾਰੋ ਮੁਝ ਕੋ ਅਬਿ ਵਾਹੀ।
ਹਮ ਦੋਨੋ ਸਮ ਉਮਰ ਸਰੂਪੈਂ।
ਜੋੜੀ ਜੁੜ ਹੈ ਖੂਪ ਅਨੂਪੈਂ ॥ ੧੧੭ ॥
ਸੁਨਿ ਗੌਰਾ ਮਨਿ ਅਧਿਕ ਰਿਸਾਨਾ[1]। [1]ਗੁੱਸੇ ਹੋਇਆ।
ਗੁਰੁ ਸਨਮੁਖ ਕੁਛ ਬਸ ਨ ਬਸਾਨਾ[1]। [1]ਵਾਹ ਨ ਚਲਿਆ।
ਪੈ ਮਨ ਹੀ ਮਨ ਮੈ ਬਹੁ ਰਿਸ ਹੀ।
ਜ਼ਖ਼ਮ ਕੁਵਾਕ ਕੇਰ ਨਿਤ ਰਿਸਹੀ[1] ॥ ੧੧੮ ॥ [1]ਖੋਟੇ ਬਚਨ ਦਾ ਜ਼ਖਮ ਨਿਤਰਸਦਾ ਭਾਵ ਵਗਦਾ ਰਹਿੰਦਾ ਹੈ।
ਲਾਲ ਨੈਨ ਕਰਿ ਨਿਰਖੈ[1] ਤਾਂਹੀ। [1]ਦੇਖਦਾ ਹੈ।
ਗੁਰੁ ਤੈ ਡਰੈ ਹਰੈ[1] ਤਿਸ ਨਾਹੀ। [1]ਮਾਰਦਾ।
ਜੱਸਾ[1] ਗੁਰੁ ਕਾ ਚੌਰ ਬ੍ਰਦਾਰੂ। [1]ਕਵਿ ਜੀ ਨੇ ਆਪਣੀ ਲਿਖਤ ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ ਛਾਪਾ ਪੱਥਰ ਦੇ ਪੰਨਾ ੨੫੫ ਤੇ ਚੌਰ ਬਰਦਾਰ ਦਾ ਨਾਮ 'ਜੈਤਾ' ਲਿਖਿਆ ਹੈ।

ਥਾ ਬਡ ਸਾਦਿਕ ਸੇਵਕ ਭਾਰੂ ॥ ੧੧੯ ॥
ਗੁਨ ਗਨ ਸਦਨ[1] ਮਦਨ ਜਨ ਰੂਪੈ[2]। [1]ਸਾਰੇ ਗੁਣਾਂ ਦਾ ਘਰ। [2]ਰੂਪ ਜਾਣੋ ਕਾਮ ਵਰਗਾ (ਸੁੰਦਰ) ਸੀ।
ਹਾਜਰ ਰਹੈ ਗੁਰੂ ਕੈ ਖੂਪੈਂ[1]। [1]ਚੰਗੀ ਤਰ੍ਹਾਂ (ਹਰ ਵਕਤ)।
ਇਕ ਦਿਨ ਚਢਿ ਤੁਰੰਗ ਪਰ ਜੱਸਾ।
ਗਯੋ ਸੈਰ ਹਿਤ, ਸੱਤ੍ਰੁਹਿ ਪੱਸਾ[1] ॥ ੧੨੦ ॥ [1](ਗੌਰੇ ਨੇ ਆਪਣੇ) ਵੈਰੀ (ਜੱਸੇ) ਨੂੰ ਵੇਖਿਆ।
ਦਾਵ ਤਕਾਵ ਰਹਜੋ ਥਾ ਗੌਰਾ।
ਮਰਵਾਯੋ ਜੱਸਾ ਤਿਸ ਠੌਰਾ।
ਸਾਰ[1] ਪਾਇ ਗੁਰੁ ਰਿਸ ਬਡ ਧਾਰੀ। [1]ਖ਼ਬਰ।
ਥਾ ਸੇਵਕ ਸੋ ਗੁਰੁ ਕਾ ਭਾਰੀ ॥ ੧੨੧ ॥
ਦਏ ਸ੍ਰਾਪ ਗੌਰੇ ਕੋ ਗੌਰੇ[1]। [1]ਭਾਰੇ, ਵੱਡੇ, ਬਹੁਤੇ।
ਹੋਹਿੰ ਦੁਖਦ ਜੋਊ ਸਬਿ ਤੌਰੇ[1]। [1]ਸਭ ਤਰ੍ਹਾਂ ਨਾਲ।
ਪੁਨ ਭਾਖਜੋ ਮਮ ਮੁਖ ਨਹਿੰ ਲਾਗੈ।
ਫਾਂਸੀ ਪਾਇ ਮਰੈ ਦੁਖ ਪਾਗੈ[1] ॥ ੧੨੨ ॥ [1]ਪਾ ਕੇ।
ਗੌਰੇ ਸੁਨੇ ਸ੍ਰਾਪ ਬਹੁ ਜਬ ਹੀ।
ਮਨ ਮੈ ਝੁਰੈ ਦੁਖੀ ਭੌ[1] ਤਬਿ ਹੀ। [1]ਹੋਇਆ।

ਕਹੈ, ਸ੍ਰਾਪ ਗੁਰੁ ਦੀਨੇ ਜੇਤੇ।
ਹਮੇ ਭੋਗਨੇ ਪਰ ਹੈਂ ਤੇਤੇ ॥੧੨੩॥
ਠੀਕ ਅਲੀਕ ਲੀਕ ਸਿਲ ਸੇ ਹੈਂ[1]। [1]ਪੱਥਰ ਕੀ ਲਕੀਰ ਵਾਂਗ (ਅਲੀਕ) ਅਮੇਟ ਹਨ।
ਬ੍ਰਹਮਾ ਭੀ ਨਹਿ ਮੇਟ ਸਕੇ ਹੈ।
ਸੂਰ ਸਸੀ ਜੌ ਟਰੈਂ ਤੁ ਟਲ ਹੈਂ।
ਧ੍ਰੁਵ ਮੇਰੁ ਧਰ ਚਲੈ ਤੁ ਚਲ ਹੈਂ ॥੧੨੪॥
ਅਗਨਿ ਸੀਤ ਹ੍ਵੈ ਜਲ ਭਲ ਦਾਹੈ[1]। [1]ਚੰਗੀ ਤਰ੍ਹਾਂ ਸਾੜਨ ਲਗ ਜਾਵੇ।
ਗੰਗ ਜਮੁਨ ਜੇ ਉਲਟੀ ਜਾਹੈ।
ਤੌ ਭੀ ਗੁਰ ਮੁਖ ਤੇ ਕਹਿਂ ਜੋ ਹੈਂ।
ਅਨਥਾ[1] ਹ੍ਵੈ ਨ ਕਦਾਚਿਤ ਸੋ ਹੈਂ ॥੧੨੫॥ [1]ਨਿਸਫਲ।
ਅਸ ਵਿਚਾਰ ਗੌਰਾ ਬਹੁ ਝੁਰੈ।
ਬਖਸ਼ਾਵਨ ਹਿਤ ਉੱਦਮ ਕਰੈ।
ਕਰਿ ਉਪਾਵ ਸੋ ਰਹਾ ਬਥੇਰੇ।
ਗੁਰੂ ਨ ਆਵਨ ਦੇਵੈਂ ਨੇਰੇ ॥੧੨੬॥
ਆਖਰ ਰੀਤਿ ਗਹੀ ਇਮ ਭਾਰੈਂ।
ਜਹਾਂ ਜਾਇ ਗੁਰੁ ਡੇਰਾ ਡਾਰੈਂ।
ਏਕ ਕੋਸ ਪਾਛੇ ਨਿਤ ਗੌਰਾ।
ਰਾਖੈ ਡੇਰਾ ਉੜ੍ਰੈ ਠੌਰਾ ॥੧੨੭॥
ਕਈ ਮਾਸ ਇਸ ਭਾਂਤਿ ਬਿਤਾਏ।
ਗੁਰ ਕੇ ਮਗਰੇ ਮਗਰ ਫਿਰਾਏ।
ਸੰਗਿ ਅਸਵਾਰ ਬਿਰਾਰ ਚਾਰ ਸੌ।
ਕਰੈਂ ਗੁਜ਼ਰ ਨਿਤ ਮਾਰ ਧਾਰ ਸੋਂ ॥੧੨੮॥
ਮਨ ਮਹਿ ਗੌਰੇ ਇਮ ਠਹਿਰਾਈ।
ਕਬਹੂੰ ਤੌ ਮੌਕਾ ਬਨਿ ਜਾਈ।
ਗੁਰੁ ਬਖਸ਼ੇ ਤੌ ਬਖਸ਼ੇ ਜੈ ਹੈਂ।
ਨਹੀ ਤੁ ਹਰਿ[1] ਭੀਰਖ ਨ ਸਕੈ ਹੈਂ ॥੧੨੯॥ [1]ਵਿਸ਼ਨੂੰ।
ਧਰਿ ਦਿਢ ਸਿਦਕ ਗੁਰੂ ਕੇ ਪਾਛੇ।
ਗੌਰਾ ਰਹੈ ਕੋਸ ਇਕ ਆਛੇ।
ਗੁਰੂ ਬਿਸੇਸ[1] ਦੇਸ ਮੈਂ ਫਿਰੇ। [1]ਬਹੁਤੇ।
ਜਾਇ ਪੁਨਾ ਕੀਰਤਿ ਪੁਰ ਥਿਰੇ ॥੧੩੦॥

ਏਕ ਕੋਸ ਪਰ ਉਤ੍ਰਯੋ ਗੌਰਾ।
ਬਿਤੇ ਮਾਸ ਛੈ ਤਿਸ ਹੀ ਠੌਰਾ।
ਲਾਖੋਂ ਸਿੱਖ ਨਿਤ ਗੁਰੁ ਢਿਗ ਆਵੈਂ।
ਦੇਸ ਬਿਦੇਸਨ ਤੈ ਧਰਿ ਭਾਵੈਂ[1] ॥ ੧੩੧ ॥

[1]ਭਾਵਨਾ ਧਾਰ ਕੇ।

ਅਰਪੈਂ ਬਿਬਿਧਿ ਅਕੋਰ[1] ਅਪਾਰੈਂ।

[1]ਅਨੇਕ ਤਰ੍ਹਾਂ ਦੀਆਂ ਭੇਟਾ।

ਦਰਸ ਪਰਸ ਗੁਰੁ ਕੋ ਮੁਦ ਧਾਰੈਂ।
ਬਾਂਛਤ ਫਲ ਗੁਰੁ ਤੈ ਸਬਿ ਪੈ ਹੈਂ।
ਕੁਛ ਦਿਨ ਰਹਿ ਫਿਰ ਨਿਜ ਘਰ ਜੈ ਹੈਂ
॥ ੧੩੨ ॥
ਗੁਰੁ ਭੀ ਨਿਤ ਨਿਸ ਬਡੀ ਜਗੈ ਕੈ[1]।

[1]ਅੰਮ੍ਰਿਤ ਵੇਲੇ ਜਾਗ ਕੇ।

ਸੌਚ ਇਸ਼ਨਾਨ ਬਿਧਾਨ ਕਰੈ ਕੈ[1]।

[1]ਬਿਧੀ ਨਾਲ ਕਰਕੇ।

ਬ੍ਰਹਮਾਤਮ ਕਾ ਧਯਾਨ ਧਰੈਂ ਹੈਂ।
ਨਿਜਾਨੰਦ ਕਾ[1] ਆਨੰਦ ਲੈ ਹੈਂ ॥ ੧੩੩ ॥

[1]ਆਪਣੇ ਅਨੰਦ ਸਰੂਪ ਦਾ।

ਦਿਵਸ ਚਢੇ ਦੀਵਾਨ ਲਗੈ ਹੈਂ।
ਬੈਠਿ ਸਿੰਘਾਸਨ ਦਰਸ਼ਨ ਦੈ ਹੈਂ।
ਕੀਰਤਨ ਕਥਾ ਸੁਨੈਂ ਸੁਨਵੈ ਹੈਂ।
ਭੁਗਤਿ ਮੁਕਤਿ ਜਾਂ ਤੇ ਨਰ ਪੈ ਹੈਂ ॥ ੧੩੪ ॥
ਸੁਰ ਸਿੱਖਨ ਮੈਂ ਸੁਰਪਤਿ ਨਜਾਈ[1]।

[1]ਦੇਵਤਿਆਂ ਰੂਪ ਸਿੱਖਾਂ ਵਿੱਚ ਇੰਦ੍ਰ ਵਾਂਗ।

ਸੋਹਿਤ ਗੁਰੁ ਸਦ ਗਤਿ ਸੁਖਦਾਈ[1]।

[1]ਸ੍ਰੇਸ਼ਟ ਮੁਕਤੀ ਤੇ ਸੁਖ ਦੇਣ ਵਾਲੇ।

ਸੰਗਤਿ ਕੋ ਮਸੰਦ ਸੰਗਿ ਲੈ ਕੇ।
ਚਾਰ ਕੁੰਟ ਤੈ ਗੁਰੁ ਢਿਗ ਐ ਕੈ ॥ ੧੩੫ ॥
ਜਥਾ ਸ਼ਕਤਿ ਸਬਿ ਭੇਟ ਚਢੈ ਕੈ।
ਗੁਰੁ ਪਦ ਪੰਕਜ ਮਾਥ ਲੁਠੈ ਕੈ[1]।

[1]ਮੱਥਾ ਟੇਕ ਕੇ।

ਦੂਧ ਪੂਤ ਫਲ ਬਾਂਛਿਤ ਚਾਰੈਂ।
ਪਾਇ ਗੁਰੂ ਤੈ ਧਾਂਮ ਸਿਧਾਰੈਂ ॥ ੧੩੬ ॥
ਲੰਗਰ ਦੋਇ ਵਕਤ ਗੁਰੁ ਘਰ ਤੈ।
ਮਿਲੈ ਸਬੀ ਕੋ ਨਿਸ ਦਿਨ ਬਰਤੈ।
ਕਬੀ ਕਬੀ ਗੁਰੁ ਚਢਿਤ ਸ਼ਿਕਾਰੈਂ।
ਸੰਗ ਸੁਭੱਟ ਬਹੁ ਬਜਤ ਨਗਾਰੈਂ ॥ ੧੩੭ ॥
ਚਪਲ ਤੁਰੰਗ ਧਵਾਇ[1], ਕੁਰੰਗੈਂ।

[1]ਚੰਚਲ ਘੋੜਿਆਂ ਨੂੰ ਭਜਾ ਕੇ।

ਗਹੈਂ ਹਰਾਇ ਸੁ ਮੇਚਕ ਰੰਗੈਂ[1]।
ਜੀਵਤਿ[1] ਬਨ ਜੀਵੈਂ[2] ਗਹਿ ਲਜਾਵੈਂ।
ਕਿਤਕ ਦਿਵਸ ਰਖਿ ਫੇਰ ਛੁਡਾਵੈਂ ॥ ੧੩੮ ॥
ਸਾਂਝ ਸਮੇਂ ਫਿਰ ਸਭਾ ਮਝਾਰੀ।
ਦਰਸ਼ਨ ਦੇਵਹਿਂ ਬੈਠਿ ਖਰਾਰੀ[1]।
ਕੀਰਤਨ ਕਥਾ ਸੁਨੈਂ ਰਹਿਰਾਸੈਂ।
ਖੜੇ ਹੋਇ ਕਰਵਾਇ ਅਰਦਾਸੈਂ ॥ ੧੩੯ ॥
ਗੁਰੁ ਪਗ ਪਰਸ ਹਰਸ[1] ਸਿਖ ਲੈਹੀਂ।
ਪੁਨ ਸਿੱਖ ਸਿੱਖਨਿ ਕੇ ਪਗ ਪੈਹੀਂ।
ਕਰੈਂ ਆਰਤੀ ਆਰਤ ਹਰ ਕੀ[1]।
ਪਢੈਂ ਸ਼ਬਦ ਸੁਰ ਬਾਦ ਨਿਕਰ ਕੀ[1] ॥ ੧੪੦ ॥
ਬਰਖਿ ਸੁਮਨਿ[1] ਸਿੱਖ ਹਰਖ ਬਢੈ ਕੈ।
ਪ੍ਰਕਰਮਾ ਸਤਿਗੁਰੁ ਕੀ ਲੈ ਕੈ।
ਬਾਂਧ ਜੋਟੀਆਂ ਸ਼ਬਦ ਪਢੈ ਹੈਂ।
ਨੇਮ ਸਪ੍ਰੇਮ ਸੁ ਖੇਮ ਬਢੈ ਹੈਂ[1] ॥ ੧੪੧ ॥
ਬਜੈ ਨਗਾਰਾ[1] ਲੰਗਰ ਕੇਰਾ।
ਭੋਜਨ ਛਕੈਂ ਸਬੈ ਮਿਲਿ ਫੇਰਾ।
ਨਿਜ ਮਹਿਲਨ ਮੈਂ ਗੁਰੂ ਸਿਧਾਰੈਂ।
ਸੁਖ ਅਪਾਰ ਦੇਵੈਂ ਪਰਵਾਰੈਂ ॥ ੧੪੨ ॥
ਬਾਤ ਭਾਂਤਿ ਬਹੁ ਕਰਹੀਂ ਐਸੇ।
ਆਨਦ ਬਢੈ ਸਬਿਨਿ ਉਰਿ ਜੈਸੇ।
ਸ੍ਰੀ ਮੁਖ ਤੈ ਉਪਦੇਸ਼ ਸੁਨਾਵੈਂ।
ਬ੍ਰਹਮ ਗਜਾਨ ਯੁਤਿ ਭਗਤਿ ਦਿਢਾਵੈਂ ॥ ੧੪੩ ॥
ਹਰੀਕ੍ਰਿਸ਼ਨ ਜੀ, ਕੋ ਦੁਲਰਾਵੈਂ[1]।
ਮੋਦ ਪ੍ਰਮੋਦ ਬਿਨੋਦ ਬਢਾਵੈਂ[1]।
ਪੁਨਾ ਸੋਹਿਲਾ ਪਢ ਕਰਿ ਸੋਵੈਂ।
ਪੌਢਿ ਪ੍ਰਯੰਕ[1] ਮਗਨ ਮੁਦ ਹੋਵੈਂ ॥ ੧੪੪ ॥

ਦੋਹਰਾ:

ਯਾ ਬਿਧਿ ਨਿਤ ਆਚਰਨ[1] ਗੁਰੁ,
ਕਰੈਂ ਸਿਖਨਿ ਸੁਖਦਾਇ।

[1]ਕਾਲੇ ਰੰਗ ਦੇ ਹਰਨਾਂ ਨੂੰ ਥਕਾ ਕੇ ਫੜ ਲੈਂਦੇ ਹਨ।
[1]ਜਿਉਂਦਿਆਂ ਨੂੰ ਹੀ। [2]ਜੰਗਲੀ ਜੀਵਾਂ ਨੂੰ।
[1]ਖਰ ਦੈਂਤ ਦੇ ਵੈਰੀ।
[1]ਖੁਸ਼ੀ।
[1]ਦੁੱਖਾਂ ਨੂੰ ਮੇਟਣ ਵਾਲੇ ਪ੍ਰਮੇਸ਼ਰ ਦੀ।
[1](ਬਾਦ) ਵਾਜਿਆਂ ਦੀਆਂ ਸੁਰਾਂ ਕੱਢ ਕੇ।
[1]ਫੁੱਲਾਂ ਦੀ ਬਰਖਾ (ਕਰਦੇ ਹਨ)।
[1]ਸੁਖ ਵਧਾਉਂਦੇ ਹਨ।
[1]ਧੌਂਸਾ।
[1]ਲਾਡ ਲਡਾਉਂਦੇ ਹਨ।
[1]ਕੌਤਕਾਂ ਦੁਆਰਾ ਬਹੁਤ ਅਨੰਦ ਵਧਾਉਂਦੇ ਹਨ।
[1]ਪਲੰਘ ਤੇ ਬਿਰਾਜਮਾਨ ਹੋ ਕੇ।
[1]ਨਿੱਤ ਕਰਮ, ਰੋਜ਼ ਦੀ ਕ੍ਰਿਆ।

ਗੁਰੁ ਕੋ ਪੇਖਿ ਸੁਖਾਸਨੰ[1]
ਆਸਨ[1] ਕੀਨ ਅਧਜਾਇ ॥ ੧੪੫ ॥

[1]ਬਿਰਾਜੇ ਹੋਏ ਵੇਖ ਕੇ।

[1]ਬਿਸ੍ਰਾਮ, ਟਿਕਾ ਭਾਵ ਸਮਾਪਤੀ।

ਇਤਿ ਸ੍ਰੀ ਗੁਰੁ ਗ੍ਰੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਜੰਗਲ ਦੇਸ ਪ੍ਰਸੰਗ' ਬਰਨਨੰ ਨਾਮ ਇਕੱਤੀਸਮੋਂ ਬਿਸ੍ਰਾਮ ॥ ੩੧ ॥

੩੨. {ਸ੍ਰੀ ਕਰਤਾਰ ਪੁਰ ਜਾਣਾ, ਗੌਰੇ ਨੂੰ ਬਖ਼ਸ਼ਣਾ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜੋਤੀ ਜੋਤਿ ਸਮਾਉਣਾ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਸੰਪੂਰਨ ਕਥਾ}

ਸ੍ਵੈਯਾ:

ਜਗ ਕੇ ਕਰਤਾ ਭਰਤਾ ਹਰਤਾ,
ਚਰਿਤਾ ਨਿਗਮਾਗਮ ਗਾਇਕ ਹੈਂ[1]।

[1](ਵਾਹਿਗੁਰੂ) ਜੀ, ਜਗਤ ਦੇਰਚਨ ਵਾਲਾ, ਪਾਲਨਾ ਕਰਨ ਵਾਲਾ ਤੇ ਨਾਸ ਕਰਨ ਵਾਲਾ ਹੈ (ਜਿਸ ਦੇ) ਕੌਤਕਾਂ ਨੂੰ ਵੇਦ ਸ਼ਾਸਤ੍ਰ ਗਾਉਂਦੇ ਹਨ।

ਰਿਖਿ ਮਾਨਵ ਦਾਨਵ ਦੇਵ ਅਦੇਵ[1],
ਕਰੈਂ ਸਬਿ ਸੇਵਰੁ ਪਾਇਕ[1] ਹੈਂ।

[1]ਦੈਂਤ।

[1]ਸਾਰੇ (ਪਾਇਕ) ਸੇਵਕ ਹਨ ਅਤੇ ਸੇਵਾ ਕਰਦੇ ਹਨ।

ਸੁਖਦਾਇਕ ਦਾਸਨ ਕੋ ਸਗਰੇ,
ਬਿਘਨੀ ਅਘਰਾਸਨ ਘਾਇਕ ਹੈ[1]।

[1]ਉਹ ਦਾਸਾਂ ਨੂੰ ਸਾਰੇ ਸੁਖ ਦੇਣ ਵਾਲਾ ਅਤੇ ਸਾਰੇ ਬਿਘਨਾਂ ਤੇ ਪਾਪਾਂ ਨੂੰ ਨਾਸ ਕਰਨ ਵਾਲਾ ਹੈ।

ਹਰਿ ਗਯਾਨ ਮਨਾਇਕਿ ਹੈਂ ਬਰ ਦਾਇਕ
ਲਾਇਕ ਦੇਵ ਬਿਨਾਯਕ* ਹੈ[1] ॥ ੧ ॥

[1]ਗਿਆਨ ਸਿੰਘ (ਕਹਿੰਦਾ ਹੈ ਕਿ ਉਹ) (ਦੇਵ) ਪ੍ਰਕਾਸ਼ ਸਰੂਪ (ਬਿਨਾਯਕ) ਪ੍ਰਮੇਸ਼ਰ ਆਪਣੇ (ਮਨਾਇਕ) ਮੰਨਣ ਵਾਲਿਆਂ ਨੂੰ (ਬਰ ਦਾਇਕ) ਵਰ ਦੇ ਕੇ ਲਾਇਕ (ਬਣਾ ਦੇਂਦਾ ਹੈ) ਬਿਨਾਯਕ=ਬਿ-ਬਿਨਾ=ਨਾਯਕ-ਮਾਲਕ=ਮਾਲਕ ਤੋਂ ਬਿਨਾਂ, ਜਿਸਦਾ ਕੋਈ ਮਾਲਕ ਨਹੀਂ ਭਾਵ ਪ੍ਰਮੇਸ਼ਰ। *ਇਸ ਜਗ੍ਹਾ ਕਈ ਵਿਦਵਾਨ ਬਿਨਾਯਕ ਦਾ ਅਰਥ ਗਣੇਸ਼ ਕਰਦੇ ਹਨ ਤਾਂ ਫਿਰ ਇਸ ਤੁਕ ਦਾ ਅਰਥ ਐਉਂ ਬਣਦਾ ਹੈ-ਗਿਆਨ ਸਿੰਘ (ਕਹਿੰਦਾ ਹੈ ਕਿ ਦੇਵਤਿਆਂ ਵਿਚੋਂ) ਲਾਇਕ ਦੇਵਤਾ ਗਣੇਸ਼ ਹੈ ਜੋ ਮੰਨਣ ਵਾਲਿਆਂ ਨੂੰ ਵਰ ਦੇਂਦਾ ਹੈ।

ਦੋਹਰਾ:

ਜੈ ਹੈਂ ਜਿਮ ਕਰਤਾਰ ਪੁਰਿ,
ਗੌਰੇ ਕੋ ਬਖਸ਼ੈਂਹ।
ਗੁਰੁਤਾ ਦੈ ਹਰਿਕ੍ਰਿਸ਼ਨ ਕੋ,
ਆਪ ਲੋਕ ਨਿਜ ਜੈਂਹ[1] ॥ ੨ ॥

[1]ਆਪਣੇ ਲੋਕ ਭਾਵ ਸੱਚਖੰਡ ਨੂੰ ਜਾਣਗੇ।

ਇਤਕ ਗਾਥ ਬਰਨਨ ਭਵੈ[1],
ਸ੍ਰੀ ਗੁਰੁ ਸਪਤਮ ਕੇਰ।
ਇਸ ਅੱਧਯਾਇ ਮੈਂ ਸੁਨੋ ਅਬਿ,
ਸਬਿ ਸਿਖ ਸਜਨ ਦਲੇਰ ॥ ੩ ॥

[1]ਹੋਵੇਗੀ।

ਤੋਟਕ ਛੰਦ:

ਗੁਰ ਕੀਰਤਿ ਸ੍ਰੈ ਬਿਸਤੀਰਤ ਭੇ[1]।

[1]ਗੁਰਾਂ ਨੇ ਆਪਣਾ ਜਸ ਫੈਲਾਇਆ।

ਪੁਰ ਕੀਰਤਿ ਮੈਂ ਗੁਨ ਗੀਰਤ ਭੇ[1]।
ਸੁਖ ਸਿੱਖਨਿ ਦੈਂ ਅਰਿ ਪੀੜਤ ਭੇ[1]।
ਨਿਤ ਕੌਤਕ ਸਾਂਤਿਦ ਕ੍ਰੀੜਤ ਭੇ[1] ॥ ੪ ॥
ਗੁਨ ਪੂਰਿ ਰਹੇ[1] ਜਗ ਮੈਂ ਗੁਰੁ ਕੇ।
ਜਨੁ ਮਾਲ ਮਰਾਲਨ ਕੇ ਚੁਰਕੇ[1]।
ਪੁਰ ਕੀਰਤਿ ਚੰਦ੍ਰਕਾ ਸੁਰਹੀ[1]।
ਸਿਖ ਸੰਤ ਚਕੋਰ ਪ੍ਰਮੋਦ ਲਹੀਂ[1] ॥ ੫ ॥
ਮਨ ਫੂਲ ਜਗਜਾਸਿ ਭੰਬੂਲ ਰਹੇ[1]।

ਬ੍ਰਹਮਾਤਮ ਮੋਦ ਬਿਨੋਦ ਲਹੇ[1]।
ਸੰਪਤੀ ਸੁਮਤੀ ਤਿਯ ਲੇਤ ਰਸੈਂ[1]।

ਕੁਮਤੀ ਬਿਪਤੀ ਪਿਖਿ ਪ੍ਰਾਨ ਕਸੈਂ[1] ॥ ੧੬ ॥
ਗੁਰੁ ਪੂਰਨ ਇੰਦੁ ਸੁਦ੍ਰਿਸ਼ਟਿ ਸੁਧਾ[1]।

ਬਰਖੈਂ, ਸਸ ਸਿਸ ਲਹੰਤ ਮੁਦਾ[1]।

ਨਿਤ ਸੰਗਤਿ ਆਵਤ ਜਾਤ ਰਹੈ।
ਗੁਰੁ ਤੈ ਉਪਦੇਸ਼ ਸੁਦੇਸ਼[1] ਲਹੈ ॥ ੭ ॥
ਪੁਰ ਕੀਰਤਿ ਮੈਂ ਖਟ ਮਾਸ[1] ਬਿਤਾ।
ਗੁਰੁ ਤਜਾਰ ਭਏ ਪਰਵਾਰ ਲਿਤਾ।
ਕਰਤਾਰ ਪੁਰੈਂ ਚਲਬੋ ਸੁ ਠਟਾ[1]।
ਮੱਲ ਧੀਰ ਸੁ ਬੀਰ ਬੁਲਾਇ ਪਠਾ[1] ॥ ੮ ॥
ਨਿਜ ਪੂਤ ਬਿਆਹਿ ਪਰੈਂ[1] ਸੁ ਭਲੇ।
ਇਸ ਹੇਤ ਗੁਰੂ ਉਤ ਓਰ[1] ਚਲੇ।
ਬਹਿਲਾਂ[1] ਰਥ ਡੋਰਨ ਸਾਜ[2] ਕਢੇ।
ਮੁਕਤਾ[1] ਮਕਤੂਲ[2] ਮੁਕੇਸ਼[3] ਮਢੇ[11] ॥ ੯ ॥

ਤਿਨ ਪੈ ਮਹਿਲਾ ਜਥ ਜੋਗ ਚਢੀ।
ਮਨਿ[1] ਮਾਨਿਕ ਕੰਚਨ ਰੂਪ ਮਢੀ।
ਬਹੁ ਰੰਗ ਤੁਰੰਗਨ ਸਾਜ ਸਜੇ।

[1](ਲੋਕ ਗੁਰਾਂ ਦੇ) ਗੁਣ ਗਾਉਂਦੇ ਹਨ।
[1]ਵੈਰੀ ਦੁਖੀ ਹੋਏ।
[1]ਨਿੱਤ ਨਵੀਂ ਸ਼ਾਂਤੀ ਦੇਣ ਦੇ ਕੌਤਕ ਕਰਦੇ ਹਨ।
[1]ਭਰ ਰਹੇ ਹਨ ਭਾਵ ਫੈਲ ਰਹੇ ਹਨ।
[1]ਜਾਣੋ ਹੰਸਾਂ ਦੀਆਂ ਡਾਰਾਂ (ਢੁਰਕੇ) ਤੁਰੀਆਂ ਫਿਰਦੀਆਂ ਹਨ।
[1]ਕੀਰਤੀ ਰੂਪ ਚਾਨਣੀ ਭਲੀ ਪ੍ਰਕਾਰ ਭਰ ਰਹੀ ਹੈ।
[1]ਅਨੰਦ ਲੈਂਦੇ ਹਨ।
[1]ਜਗਿਆਸੂਆਂ ਰੂਪ (ਭੰਬੂਲ) ਕਮੀਆਂ ਦੇ ਮਨ (ਫੁੱਲ) ਖਿੜ ਰਹੇ ਹਨ।
[1]ਬ੍ਰਹਮਾਤਮਾ ਦੇ ਕੌਤਕਾਂ ਦਾ ਅਨੰਦ ਲੈਂਦੇ ਹਨ।
[1]ਚੰਗੀ ਮਤਿ ਰੂਪ ਇਸਤ੍ਰੀ (ਸ਼ੁਭ ਗੁਣਾਂ ਦੀ) ਸਮੱਗ੍ਰੀ ਦਾ ਰਸ ਲੈਂਦੀ ਹੈ।
[1]ਬਿਪਤਾ ਨੂੰ ਵੇਖ ਕੇ ਖੋਟੀ ਮਤਿ ਦੇ ਪ੍ਰਾਣ ਖਿੱਚੀਦੇ ਹਨ।
[1]ਪੂੰਨਿਆਂ ਦੇ ਚੰਦ (ਵਾਂਗ) ਸਤਿਗੁਰੂ (ਜੀ ਜਦੋਂ) ਸ਼ੁਭ ਦ੍ਰਿਸ਼ਟੀ (ਰੂਪ) ਅੰਮ੍ਰਿਤ ਦੀ।
[1]ਬਰਖਾ ਕਰਦੇ ਹਨ (ਤਾਂ) (ਸਿਸ) ਸਿੱਖਾਂ ਰੂਪ (ਸਸ) ਖੇਤੀ (ਆਤਮਕ) ਅਨੰਦ ਪ੍ਰਾਪਤ ਕਰਦੀ ਹੈ।

[1]ਸ੍ਰੇਸ਼ਟ।
[1]ਛੇ ਮਹੀਨੇ।

[1]ਚੱਲਣ ਦਾ ਇਰਾਦਾ ਕੀਤਾ।
[1]ਧੀਰ ਮੱਲ ਭਰਾ ਨੇ ਬੁਲਾ ਭੇਜਿਆ ਹੈ।
[1]ਉੱਪਰ।
[1]ਉਸ (ਕਰਤਾਰ ਪੁਰ ਦੀ) ਤਰਫ।
[1]ਬੈਲ ਗੱਡੀਆਂ। [2]ਸਜਾ ਕੇ।
[1]ਮੋਤੀ। [2]ਸਾਫ ਕੀਤਾ ਤੇ ਵੱਟਿਆ ਹੋਇਆ ਰੇਸ਼ਮ। [3]ਚਾਂਦੀ ਦੀਆਂ ਪਤਲੀਆਂ ਤੇ ਚਿਪਟੀਆਂ ਤਾਰਾਂ। [11]ਮੜ੍ਹੇ ਹੋਏ।

[1]ਮਣੀਆਂ।

ਜਿਹ ਹੇਰਿ ਧਨੇਸ਼[1] ਸੁਰੇਸ਼[2] ਲਜੇ ॥੧੦॥
[1]ਕੁਬੇਰ। [2]ਇੰਦ੍ਰ।

ਜਟ[1] ਜ੍ਵਾਹਰ ਕੰਚਨ ਜ਼ੇਵਰ ਥੇ।
[1]ਜੜੇ ਹੋਏ।

ਗਜ ਗਾਹ[1] ਹਮੇਲਨਿ[2] ਨੇਵਰ ਥੇ[3]।
[1]ਹਾਥੀ ਅਤੇ ਘੋੜੇ ਦੇ ਸਿਰ ਦਾ ਗਹਿਣਾ। [2]ਹਮੇਲਾਂ (ਹਮੇਲ–ਘੋੜੇ) ਦੇ ਗਲ ਦਾ ਗਹਿਣਾ। [3]ਝਾਂਜਰਾਂ ਸਨ।

ਕਲ ਪੂਜੀ ਹੈਂ ਕਲ ਹਾਰ ਥਟੇ[1]।
[1]ਸੁੰਦਰ (ਪੂੰਜੀ) ਦੁਮਚੀਆਂ ਤੇ ਸੁੰਦਰ ਹਾਰ ਪਾਏ ਹੋਏ ਹਨ।

ਤੁਰਰੇ ਕਲਗੀ ਸੁਚ ਹੀਰ ਜਟੇ ॥੧੧॥

ਕਮਖਾਬ[1] ਮਖਮਲੀ ਸਾਟਨ[2] ਕੇ।
[1]ਕੀਮਖਾਬ, ਇਕ ਪ੍ਰਕਾਰ ਦਾ ਕੱਪੜਾ। [2]ਇਕ ਪ੍ਰਕਾਰ ਦਾ ਕੱਪੜਾ।

ਕਨਵੇਜ[1] ਗਵਰਨਟ[2] ਘਾਟਿਨ ਕੇ[3]।
[1]ਕਨਾਵੇਜ– ਇਕ ਪ੍ਰਕਾਰ ਦਾ ਰੇਸ਼ਮੀ ਕੱਪੜਾ ਜੋ ਦਰਿਆਈ ਕਿਸਮ ਵਿਚੋਂ ਹੈ। [2]ਇਕ ਤਰ੍ਹਾਂ ਦਾ ਰੇਸ਼ਮੀ ਕਪੜਾ। [3]ਘਾਟੀ ਦੇ, ਪਤਲੇ ਖੱਦਰ ਦੇ।

ਬਹੁ ਜਰੀ ਬਾਦਲੇ[1] ਤਾਸਨ[2] ਕੇ।
[1]ਜ਼ਰੀ ਬਾਦਲਾ– ਚਾਂਦੀ ਤੇ ਸੋਨੇ ਦੀਆਂ ਤਾਰਾਂ ਨਾਲ ਮਿਲਾ ਕੇ ਬੁਣਿਆਂ ਹੋਇਆ ਰੇਸ਼ਮੀ ਕੱਪੜਾ। [2]ਤਾਸ ਬਾਦਲਾ– ਇਕ ਕਪੜਾ ਜਿਸ ਦਾ ਤਾਣਾਰੇਸ਼ਮ ਦਾ ਤੇ ਪੇਟਾ ਜ਼ਰੀ ਦੀਆਂ ਤਾਰਾਂ ਦਾ ਹੁੰਦਾ ਹੈ।

ਅਤਿ ਲਸੈਂ[1] ਅਤਲਸੀ[2] ਖਾਸਨ[3] ਕੇ ॥੧੨॥
[1]ਬਹੁਤ ਚਮਕਦੇ ਹਨ। [2]ਅ:, ਇਕ ਤਰ੍ਹਾਂ ਦਾ ਚਮਕੀਲਾ ਰੇਸ਼ਮੀ ਕੱਪੜਾ। [3]ਫਾ: ਖਾਸਾ– ਨੈਨ ਸੁਖ, ਪਤਲਾ ਕਪੜਾ।

ਬਹੁ ਰੰਗਨਿ ਬਾਦਲ ਬੀਜ ਮਨੋ[1]।
[1]ਜਾਣੋ ਬਹੁਤੇਰੰਗਾਂ ਦੇ ਬੱਦਲ ਤੇ ਬਿਜਲੀਆਂ ਹਨ।

ਲਸਹੀਂ ਤਿਨ ਤੈ ਅਧਿਕੈਂ ਸੁ ਘਨੋ।
ਕਲ[1] ਕੂਦਤ ਚਾਲ ਚਲੈਂ ਸੁ ਨਚੈਂ।
[1]ਸੁੰਦਰ।

ਨਟ ਪਾਂਤਨਿ ਕੋ ਸ਼ਰਮਾਤ ਸਚੈਂ[1] ॥੧੩॥
[1]ਇਹ ਸੱਚ ਹੈ।

ਅਤਿ ਚੰਚਲ ਚੰਚਲਤਾਇ ਲਜੈਂ[1]।
[1]ਬਿਜਲੀ ਨੂੰ ਸ਼ਰਮਿੰਦਾ ਕਰਦੇ ਹਨ।

ਦ੍ਰਿਗ ਅੰਚਲ ਚੰਚਲ ਕੇਰ ਸਜੈਂ[1]।
[1]ਅੱਖਾਂ ਦੀਆਂ ਪਲਕਾਂ ਇਸਤ੍ਰੀ ਦੀਆਂ ਪਲਕਾਂ ਵਾਂਗ ਸਜਦੀਆਂ ਹਨ।

ਜਿਤ ਜਾਤ ਬਿਹੰਗ ਕੁਰੰਗਨ ਕੋ[1]।
[1](ਦੌੜ ਵਿੱਚ) ਪੰਛੀਆਂ ਤੇ ਹਰਨਾਂ ਨੂੰ ਜਿੱਤ ਜਾਂਤੇ ਹਨ।

ਮਨ ਪੌਨ ਸਕੈ ਚਲ ਸੰਗ ਨ ਕੋ[1] ॥੧੪॥
[1]ਮਨ ਤੇ ਹਵਾ (ਦੋਹਾਂ ਚੋਂ) ਕੋਈ (ਵੀ) ਨਾਲ ਨਹੀਂ ਚਲ ਸਕਦਾ।

ਹਿਨਨਾਤ[1] ਉਠਾਤਿ ਸੁ ਪਾਦ[2] ਜਬੈ।
[1]ਹਿਣਕ ਕੇ। [2]ਪੈਰ।

ਸਬਿ ਕਾਂਹਿ ਸੁਹਾਤ ਬਖਜਾਤ ਤਬੈ।
ਸੁਰ ਪਾਤਰ ਆਤਰ ਪੇਖਿ ਭਮੈਂ[1]।
[1]ਦੇਵਤਿਆਂ ਦੇ ਨਾਟਕ ਖੇਡਣ ਵਾਲੇ ਦੁਖੀ ਹੁੰਦੇ ਹਨ।

ਕਹਿਂ ਐਸ ਅਦਾਇ[1] ਨ ਆਇ ਹਮੈ ॥੧੪॥
[1]ਭਾਵ ਨੂੰ ਪ੍ਰਤੱਖ ਕਰ ਕੇ ਦੱਸਣਾ।

ਅਸਬਾਬ ਸਮਾਜ ਸਜੇ ਸਹਿਸੈਂ[1]।
[1]ਹਜ਼ਾਰਾਂ (ਘੋੜੇ) ਸਾਜ ਸਾਮਾਨ ਨਾਲ ਸਜੇ ਹੋਏ ਹਨ।

ਪਿਖਿ ਸੂਰ ਸਸੀ ਚਪਲਾਰ ਹਿਸੈਂ[1]।
[1](ਜਿਨ੍ਹਾਂ ਨੂੰ) ਵੇਖ ਕੇ ਸੂਰਜ, ਚੰਦ ਤੇ ਬਿਜਲੀ (ਆਦਿ ਦੀਆਂ ਚਮਕਾਂ ਦਮਕਾਂ ਪਿੱਛੇ) ਰਹਿ ਜਾਂਦੀਆਂ ਹਨ।

ਇਕ ਏਕਹਿ ਪੈ ਕ੍ਰਿਤ[1] ਪਾਚ ਰਹੈਂ।
[1]ਨੌਕਰ।

ਕਰ[1] ਰੇਸ਼ਮ ਡੋਰਨ ਚੌਰ ਗਹੈਂ ॥ ੧੬ ॥
[1]ਹੱਥਾਂ ਵਿੱਚ।

ਗੁਰੁ ਪੀਨਸ ਪੈ[1] ਅਸਵਾਰ ਭਏ।
[1]ਪਾਲਕੀ ਉੱਪਰ।

ਸਿੱਖ ਬ੍ਰਿੰਦ ਮਸੰਦ ਸੁਭੱਟ ਲਏ।
ਅਰਦਾਸ ਕਰਾ ਮਗ ਖਾਸ ਲਯੋ।
ਢਿਗ ਰੋਪੜ ਡੇਰਹਿ ਆਨ ਕਯੋ ॥ ੧੭ ॥

ਭਗਤੂ ਸੁਤ[1] ਭੀ ਨਿਜ ਸੈਨ ਯੁਤੈਂ।
[1]ਭਾਈ ਗੌਰਾ।

ਗੁਰੁ ਪਾਛੇ ਆਛੇ ਅਯੋ ਉਤੈ[1]।
[1]ਉਸੇ ਤਰਫ।

ਦਿਨ ਆਗਲ ਆਗਲ ਰਾਹਿ[1] ਲਯੋ।
[1]ਅਗਲਾਰਸਤਾ।

ਅਸਮਾਂਨ ਗਰੱਦ ਬਿਹੱਦ ਛਯੋ ॥ ੧੮ ॥

ਪਿਖਿ ਰੋਪੜਿ ਕੋਟਲਿ ਵਾਰ ਬਸੀ[1]।
[1]ਰੋਪੜ, ਕੋਟਲੀ ਤੇ ਬਸੀ ਵਾਲਿਆਂ।

ਸੁਧ ਬੁਧਿ ਨਵਾਬਨ ਕੇਰ ਨਸੀ।
ਬਹਿਲੋਲ ਪੁਰੈਂ ਪਤਿ ਲੋਲ ਮਤੀ[1]।
[1]ਚੰਚਲ ਮਤਿ ਵਾਲਾ।

ਪਤਿ ਕਿੜੀ ਸੁ ਮਾਛੀਵਾੜ ਪਤੀ ॥ ੧੯ ॥

ਸਬਿ ਹੇਰਿ ਸਮਾਨ ਮਹਾਨ ਗੁਰੈਂ।
ਲਜ ਕੈ ਕਜ ਕੈ ਮੁਖ ਬੈਸਿ ਝੁਰੈਂ[1]।
[1]ਸ਼ਰਮ ਖਾ ਕੇ, ਮੂੰਹ ਢੱਕ ਕੇ ਬੈਠ ਕੇ ਝੁਰਦੇ ਹਨ।

ਕਹਿ ਨਾਹਿਨ ਸ਼ਾਹਿਨ ਪਾਸ ਇਤੋ।
ਗੁਰੁ ਪਾਸ ਅਰੂਜ[1] ਨਮੂਜ[2] ਜਿਤੋ ॥ ੨੦ ॥
[1]ਪ੍ਰਤਾਪ। [2]ਵਡਿਆਈ, ਮਸ਼ਹੂਰੀ।

ਬਸ ਅੱਸ੍ਰ ਇਕੋ ਇਕ ਪੱਸ ਲੇਹੋ[1]।
[1]ਦੇਖ ਲਵੋ।

ਨਹਿ ਭੂਪ ਕਿਸੀ ਢਿਗ ਏਕ ਅਹੋ।
ਹਿਤ ਹੇਰਨ ਲੈ ਨਜ਼ਰੈਂ ਮਿਲਹੀਂ[1]।
[1]ਦੇਖਣ ਵਾਸਤੇ ਭੇਟਾਂ ਲੈ ਕੇ ਮਿਲਦੇ ਹਨ।

ਅਟਕਾਵਤ ਦਾਵ ਤਕਾ ਭਿਲਹੀ[1] ॥ ੨੧ ॥
[1]ਅਟਕਾ ਲੈਂਦੇ ਹਨ ਤੇ ਦਾਅ ਤਕਾ ਕੇ ਮਿਲ ਪੈਂਦੇ ਹਨ।

ਮਿਲ ਆਪਸ ਮੈਂ ਡਰ ਧਾਰਿ ਰਰੈਂ[1]।
[1]ਕਹਿੰਦੇ ਹਨ।

ਇਹੁ ਪੀਰ ਮੁਖੋਂ ਜਿਮ ਬੈਨ ਕਰੈਂ।
ਤਿਮ ਹੀ ਤਤਕਾਲ ਸੁ ਹੋਵਤ ਹੈ।
ਸਬਿ ਹੀ ਜਨ ਜ਼ਾਹਰ ਜੋਵਤ ਹੈਂ[1] ॥ ੨੨ ॥
[1]ਪ੍ਰਤੱਖ ਦੇਖਦੇ ਹਨ।

ਹਮ ਜੇ ਇਨ ਕੀ ਕੁਛ ਚੀਜ ਹਰੈਂ[1]।
[1]ਚੁਰਾਵਾਂਗੇ।

ਧਰਿ ਕੋਪ ਹਮੈਂ ਇਹੁ ਖਾਕ ਕਰੈਂ।

ਇਮ ਠਾਂਨ ਬੁਰੀ ਨਹਿ ਨੀਤ ਧਰੈਂ।
ਬਲਕੈ ਸ਼ਕਤੀ-ਜਥ[1] ਸੇਵ ਕਰੈਂ ॥ ੨੩ ॥

[1]ਸ਼ਕਤੀ ਅਨੁਸਾਰ।

ਗੁਰਿ ਦੀਨਹੁ ਐਸ ਸੁਨਾਇ ਸਿਖੈਂ।
ਲੁਦਿਹਾਨੇ ਚਲਿ ਦਰਯਾਵ ਲਖੈਂ[1]।

[1]ਲੰਘਾਂਗੇ।

ਸ਼ਰਧਾ ਧਰ ਕੈ ਸਿੱਖ ਸੇਵ ਕਰੈਂ।
ਚਲਨੈ ਨਹਿ ਦੇਵਤ ਅੱਗ੍ਰ ਗੁਰੈਂ ॥ ੨੪ ॥
ਗੁਰੁ ਤਾਰਤ ਦਾਸਨ ਐਸ ਬਿਧੈਂ।
ਧਰਿ ਧੀਰਜ ਜਾਵਤਿ ਕੀਨ ਸਿਧੈਂ[1]।

[1]ਕਲਿਆਣ ਕਰਦੇ ਜਾਂਦੇ ਹਨ।

ਗੁਰੁ ਅੱਗ੍ਰ ਚਲੈਂ ਨਿਜ ਸੈਨ ਯੁਤੈਂ।
ਗਹਿ ਰਾਹਿ ਬਹੀਰ ਪਿਛਾਂਹਿ ਉਤੈ[1] ॥ ੨੫ ॥

[1](ਵਹੀਰ) ਸਾਥ ਹੀ (ਉਹੋ) ਰਾਹ ਫੜ ਕੇ ਪਿੱਛੇ ਪਿੱਛੇ ਉਸੇ ਪਾਸੇ (ਆ ਰਿਹਾ ਹੈ)।

ਭਗਤੂ ਸੁਤ ਕੋਸ ਪਿਛਾਂਹਿਂ ਰਹੈ।
ਛਬਿ ਜਾਂ ਪਿਖਿ ਸੱਤ੍ਰ ਅਵੱਤ੍ਰ ਗਹੈਂ[1]।

[1]ਜਿਸ ਦੀ ਸੋਭਾ ਵੇਖ ਕੇ ਵੈਰੀ ਵੀ (ਅਵੱਤ੍ਰ) ਨਕਲ (ਗਹੈਂ) ਕਰਦੇ ਹਨ।

ਇਕ ਰੋਜ ਅਚਾਨਕ ਐਸ ਭਯੋ।
ਉਮਰਾਵ ਬਡੋ ਸਹਿ ਸੈਨ[1] ਅਯੋ ॥ ੨੬ ॥

[1]ਫੌਜ ਸਣੇ।

ਦਿਸ ਕਾਬਲ ਜਾਤ ਮੁਹਿੰਮ ਪਰੈਂ[1]।

[1]ਜੰਗ ਉੱਪਰ।

ਪਿਖਿ ਤੱਜਬ ਗੱਜਬ ਠਾਂਨ ਖਰੈਂ[1]।

[1]ਵੇਖ ਕੇ ਹੈਰਾਨ ਹੋ ਕੇ (ਖਰੈਂ) ਬਹੁਤਾ (ਗੱਜਬ) ਕ੍ਰੋਧ ਕੀਤਾ।

ਸਕਟੇ[1] ਰਥ ਡੋਰੇ ਅੱਸ੍ਵ ਘਨੇ।

[1]ਗੱਡੇ।

ਅਤਿ ਭੂਰ ਜਹੂਰ ਅਰੂਜ ਸਨੇ[1] ॥ ੨੭ ॥

[1]ਬਹੁਤੀ ਚਮਕ ਦਮਕ (ਅਤੇ) ਬਹੁਤੇ ਪ੍ਰਤਾਪ ਸਹਿਤ।

ਉਸ ਕੋ ਜਬਿ ਕਾਂਹਿ ਸੁਨਾਇ ਦਯੋ।
ਗੁਰੁ ਕੋ ਇਹੁ ਜਾਤ ਬਹੀਰ ਪਯੋ।
ਸੁਨਿ ਕੋਪ ਭਯੋ ਮਨ ਮਾਂਹਿ ਮਹਾਂ।
ਉਨਿ ਬੈਰ ਪੁਰਾਤਨ ਲੈਨ ਚਹਾ ॥ ੨੮ ॥
ਗੁਰੁ ਛੀਮਹਿ[1] ਥੇ ਜਬ ਜੰਗ ਕਰੇ।

[1]ਛੇਵੇਂ ਗੁਰਾਂ ਨੇ।

ਉਸ ਕੇ ਸਨਬੰਧੀ ਭੂਰ ਹਰੇ[1] ॥ ੨੯ ॥

[1]ਬਹੁਤ ਮਾਰੇ।

ਦੋਹਰਾ:
ਕਮਰ ਬੇਗ ਕਾ ਸੁਤ ਹੁਤੋ
ਕਾਸਮ ਬੇਗ ਸੁ ਆਹਿ।
ਲੋਭ ਲਹਿਰ ਕੀ ਗਹਿਰ[1] ਮੈ

[1]ਜਿਲ੍ਹਣ, ਖੁੱਭਣ।

ਕਹਿਰ[1] ਕਰਨ ਚਿਤੁ ਚਾਹਿ ॥ ੩੦ ॥ [1]ਜ਼ੁਲਮ।

ਪਾਧਰੀ ਛੰਦ:

ਉਨਿ ਦਯੋ ਹੁਕਮ ਨਿਜ ਸੈਂਨ ਤਾਂਇ।
ਲੁਟ ਲੇਹੁ ਬਹੀਰ ਜੁ ਏਹੁ ਜਾਇ।
ਤਬਿ ਤੁਰਕਨਿ ਲਯੋ ਬਹੀਰ ਘੇਰ।
ਜੋ ਹੁਤੇ ਸਿੱਖ ਤਿਸ ਠੌਰ ਢੇਰ ॥ ੩੧ ॥

ਇਕ ਠੌਰ ਭਏ ਸਬਿ ਸਟਪਟਾਇ[1]। [1]ਬਹੁਤ ਛੇਤੀ।
ਹਿਤ ਲਰਨ ਮਰਨ ਥਿਰ ਭਏ ਸਾਇ[1]। [1]ਉਹ।
ਗੁਰੁ ਗਏ ਨਾਖ ਥੇ[1] ਕੋਸ ਤੀਨ। [1]ਲੰਘ ਗਏ ਸਨ।
ਸ਼ਹਿ ਸੈਨ ਇਤੈ ਤਬਿ ਸਿਖਨਿ ਚੀਨ[1] ॥ ੩੨ ॥ [1]ਸਿੱਖਾਂ ਨੇ ਏਧਰ ਸ਼ਾਹੀ ਫੌਜ ਦੇਖ ਕੇ।
ਦਈ ਸਾਰ[1] ਜਾਇ ਅਸ੍ਵਾਰ ਧਾਇ। [1]ਖ਼ਬਰ।
ਗੁਰੁ ਭਾਖਜੋ ਗੌਰਾ ਮਗਰ ਆਇ।
ਹੈਂ ਡੋਲੇ ਉਨ ਕੀ ਮਾਤ ਕੇਰ।
ਵਹਿ ਖੁਦ ਹੀ ਲੈਹਿ ਸੰਭਾਰ ਹੇਰਿ ॥ ੩੩ ॥

ਪੁਨ ਹਮੈਂ ਪਿਤਾਮੇਂ[1] ਬਚਨ ਕੀਨ। [1]ਦਾਦਾ (ਗੁਰੂ ਜੀ ਨੇ)।
ਜੋ ਐਹੈ ਤੁਮ ਸੋਂ ਲਰਨ ਪੀਨ[1]। [1]ਤਕੜਾ, ਜ਼ੋਰਾਵਰ।
ਵਹਿ[1] ਹ੍ਵੈ ਹੈਂ ਖੁਦ ਹੀ ਅੰਗ ਭੰਗ। [1]ਉਸ ਦੇ।
ਤੁਮ ਜੰਗ ਨ ਕਰੀਓ ਕਿਸੀ ਸੰਗ ॥ ੩੪ ॥

ਹਮ ਬਚਨ ਉਲੰਘੇ ਨਾਹਿ ਤਾਂਹਿ।
ਹ੍ਵੈ ਹੈਰਖਵਾਰਾ ਗੁਰੂ ਆਹਿ।
ਇਤ ਜਬਿ ਬਹੀਰ ਪੈ ਪਰੀ ਭੀਰ[1]। [1]ਭੀੜ, ਮੁਸੀਬਤ।
ਤਬਿ ਗੌਰਾ ਪਹੁੰਚਜੋ ਆਇ ਤੀਰ[1] ॥ ੩੫ ॥ [1]ਨੇੜੇ।

ਸੰਗ ਚਾਰਕ ਸੌ ਅਸ੍ਵਾਰ ਭਾਰ।
ਸਬਿ ਸੂਰਬੀਰ ਬਲ ਯੁਤ ਬਿਰਾਰ।
ਸਬਿ ਕੋ ਤਬਿ ਗੌਰੇ ਕਹੀ ਬਾਤ।
ਇਹੁ ਗੁਰੁ ਘਰਨੀ[1] ਸਬਿ ਸਿਖਨਿ ਮਾਤ ॥ ੩੬ ॥ [1]ਗੁਰਾਂ ਦੇ ਮਹਿਲ।
ਇਨ ਕੋ ਬੇਇਜ਼ਤ ਚਹਿਤ ਕਰਨ।
ਇਹੁ ਤੁਰਕ ਦੁਸ਼ਟ ਅਸਵਾਬ ਹਰਨ[1]। [1]ਸਾਮਾਨ ਖੋਹਣਾ (ਚਾਹੁੰਦੇ ਹਨ)।
ਅਬਿ ਲਰੋ ਹਰੋ ਅਰਿ[1] ਹ੍ਵੈ ਸੁਚੇਤ। [1]ਵੈਰੀਆਂ ਨੂੰ ਮਾਰੋ।
ਹਿਤ ਧਰਮ ਮਰੋ ਕਟਿ ਵੀਚ ਖੇਤ ॥ ੩੭ ॥

ਜਸੋਂ ਤਸੋਂ ਕਰਿ ਗੁਰੁ ਧਨ ਲਿਹੁ ਬਚਾਇ।
ਜਸ ਲੈਂਹ ਜੀਐਂ, ਮਰਿ ਸੁਰਗ ਪਾਇ।
ਇਮ ਮੋਦਕ[1] ਹਮਰੇ ਦੁਹੂੰ ਹਾਥ। [1]ਲੱਡੂ।
ਸੁਨਿ ਸ੍ਰਾਪ ਬਖਸ਼ ਹੈਂ ਗੁਰੂ ਨਾਥ ॥ ੩੮ ॥
ਜਬਿ ਲੌ ਰਵਿ ਸਸਿ ਜਸ ਗੁਰੁ ਰਹਾਹਿ।
ਤਬਿ ਲੌ ਰਹਿ ਕੀਰਤਿ ਅਪਨ ਯਾਹਿ[1]। [1]ਸਾਡੀ ਇਹ ਕੀਰਤੀ।
ਇਮ ਸਬਿ ਕੋ ਧੀਰਜ ਬਡ ਧਰਾਇ।
ਲੈ ਸਬਿਨਿ ਸੱਤ੍ਰੂ ਪਰ ਪਰਜੋ ਧਾਇ ॥ ੩੯ ॥
ਕੜ ਕਾੜ ਬੰਦੂਕ ਅਚੂਕ ਫੂਕ[1]। [1]ਕੜ ਕੜ ਦੀ ਅਵਾਜ਼ ਨਾਲ ਅਚੁੱਕ ਬੰਦੂਕਾਂ (ਫੂਕ) ਚਲਾਈਆਂ।
ਦੜ ਦਾੜ ਧਰਾ ਪਰ ਸੁਟੇ ਢੂਕ[1]। [1](ਨੇੜੇ) ਢੁੱਕ ਕੇ।
ਅਤਿ ਸ਼ੀਘ੍ਰ ਭਰਿ ਭਰਿ ਲਗੇ ਤਜਨ[1]। [1]ਛੱਡਣ ਲੱਗੇ।
ਦੁਇ ਦੁਇ ਗੁਲਕਾ[1] ਸੰਗ ਠੋਕਿ ਗਜਨ ॥ ੪੦ ॥ [1]ਗੋਲੀਆਂ।
ਇਮ ਸੱਤ੍ਰੂ ਅਪਾਰ ਪਛਾਰ ਮਾਰ।
ਫਿਰ ਤੀਰ ਤਰਵਾਰਨ ਧਰੀ ਮਾਰ ॥ ੪੧ ॥

ਦੋਹਰਾ:

ਠਿਟਕੀ ਚਮੂੰ ਬਿਲੋਕ ਕੈ[1], [1]ਦੇਖ ਕੇ ਫੌਜ ਠਠਿੰਬਰ ਗਈ।
ਫਿਟਕੀ[1] ਦੈ ਉਮਰਾਵ। [1]ਫਿਟਕਾਰਾਂ।
ਕਜੋਂ ਛਿਟਕੀ[1] ਕਹਿ ਧੀਰ ਤੁਵ, [1]ਛੁੱਟ ਗਈ।
ਪਿਟਕੀ ਪਰੀ ਕਹਾਵ[1] ॥ ੪੨ ॥ [1](ਕਹਾਵ) ਕਿਥੋਂ (ਪਿਟਕੀ) ਕੋਹੜ ਦੀ ਬੀਮਾਰੀ ਪੈ ਗਈ।

ਰਸਾਵਲ ਛੰਦ:

ਚਢਜੋ ਉੱਮਰਾਵੰ।
ਬਢਜੋ ਸੈਨ ਚਾਵੰ।
ਹਲਾ ਹੂਲ[1] ਪਾਈ। [1]ਹਲਚਲੀ।
ਤੁਫੰਗੈਂ ਚਲਾਈ ॥ ੪੩ ॥
ਧਵਾਏ ਤੁਰੰਗਾ।
ਲਰੇ ਹ੍ਵੈ ਨਿਸੰਗਾ।
ਮਹਾਂਰੋਹ ਮੱਤੇ।
ਕਰੇ ਨੈਨ ਤੱਤੇ ॥ ੪੪ ॥
ਰਿਸਜੋ ਬੀਰ ਗੌਰਾ।

ਭਯੋ ਠਾਂਢ ਠੌਰਾ।
ਰੁਪਜੋ[1] ਪੈਰ ਐਸੇ। [1]ਜਮਾਏ।
ਰਣੰ ਖੰਭ ਜੈਸੇ ॥ ੪੫ ॥
ਬਹੈ ਜਾਂਹਿ ਕਾਨੀ[1]। [1]ਤੀਰ।
ਚਹੈ ਨਾਹਿ ਪਾਨੀ।
ਹਤੈ ਜਾਂਹਿ ਤੁੱਕਾ।
ਕਢੇ ਪਾਰ ਸੁੱਕਾ ॥ ੪੬ ॥
ਚਢਜੋ ਰੋਸ ਭਾਰੈ।
ਖਢਜੋ ਭੱਭਕਾਰੈ[1]। [1]ਖੜਾ ਹੋ ਕੇ (ਸ਼ੇਰ ਵਾਂਗ) ਭਬਕ ਮਾਰਦਾ ਹੈ।
ਜਿਤੇ ਬੀਰ ਸੰਗੀ।
ਲਰੈਂ ਭਾਂਤਿ ਚੰਗੀ ॥ ੪੭ ॥
ਤਜੈਂ ਤੀਰ ਤੀਖੇ।
ਮਨੋ ਸਾਂਪ ਬੀਖੇ[1]। [1]ਜ਼ਹਿਰੀਲੇ।
ਬੰਦੂਕੈਂ ਜੁ ਫੂਕੈਂ[1]। [1]ਚਲਾਉਂਦੇ ਹਨ।
ਅਚੂਕੈਂ ਨਰੂਕੈਂ ॥ ੪੮ ॥
ਬਕੈਂ ਮਾਰ ਮਾਰੀ।
ਚਢਜੋ ਰੋਸ ਭਾਰੀ।
ਗਹੀ ਸ਼ੱਮਸ਼ੇਰੈਂ[1]। [1]ਤਲਵਾਰਾਂ ਪਕੜੀਆਂ।
ਪੈਹੀਂ ਸਮ ਸ਼ੇਰੈਂ[1] ॥ ੪੯ ॥ [1]ਸ਼ੇਰਾਂ ਵਾਂਗ ਪੈਂਦੇ ਹਨ।
ਹਟੈਂ ਨਾਂਹਿ ਪਾਛੇ।
ਬਢੈਂ ਅੱਗ੍ਰ ਆਛੇ।
ਕ੍ਰਿਪਾਨੈ ਚਲਾਈ।
ਲਹੂ ਮੈਂ ਡੁਬਾਈ ॥ ੫੦ ॥
ਮਹਾਂ ਪਾਇ ਰੌਰਾ।
ਲਰਜੋ ਗੌਰ[1] ਗੌਰਾ। [1]ਚੰਗੀ ਤਰ੍ਹਾਂ।
ਹਨੂ ਅੰਗਦੰ ਕੇ।
ਸਮੰ ਭੀਮ ਬੰਕੇ[1] ॥ ੫੧ ॥ [1]ਹਨੂੰਮਾਨ, ਅੰਗਦ ਤੇ ਭੀਮਸੈਨ ਵਾਂਗ (ਬੰਕੇ) ਸੁੰਦਰ (ਲੜਿਆ)।
ਹਥਾ ਵੱਥ ਹੋਏ।
ਰਿਪੈਂ ਪ੍ਰਾਨ ਖੋਏ।

ਖਚਾ ਖੱਚ ਬਾਹੈਂ।
ਕਟੈਂ ਮੂੰਡ ਬਾਹੈਂ[1] ॥ ੫੨ ॥ [1]ਸਿਰ ਤੇ ਬਾਹਾਂ।
ਘਨੇ ਮਾਰ ਨੇਜੇ।
ਸੁ ਬੇਝੇ ਕਰੇਜੇ[1]। [1]ਕਲੇਜੇ ਵਿੰਨ੍ਹ ਦਿੱਤੇ।
ਮਚਜੋ ਜੰਗ ਭੀਮੰ[1]। [1]ਭਿਆਨਕ।
ਨਚਜੋ ਕਾਲ ਧੀਮੰ[1] ॥ ੫੩ ॥ [1]ਧੀਰਜ ਨਾਲ।
ਗਿਰੇ ਰੁੰਡ ਮੁੰਡੰ[1]। [1]ਧੜ ਤੇ ਸਿਰ।
ਪਰੇ ਖੇਤ ਝੁੰਡੰ[1]। [1]ਜੰਗ ਮੈਦਾਨ ਵਿੱਚ ਢੇਰ (ਲੱਗੇ) ਪਏ ਹਨ।
ਗੁਲੇ ਰੰਗ ਲਾਲੰ[1]। [1]ਲਾਲਰੰਗਾਂ ਦੇ ਫੁੱਲ ਵਰਗੀ।
ਧਰਾ ਭੀ ਬਿਸਾਲੰ ॥ ੫੪ ॥
ਮਰੇ ਬੀਰ ਵਾਲੀ[1]। [1]ਮਾਲਕ।
ਫਿਰੈਂ ਬਾਜ[1] ਖਾਲੀ। [1]ਘੋੜੇ।
ਪਰੈ ਘਾਇਲੈਂ[1] ਜੋ। [1]ਜ਼ਖ਼ਮੀ।
ਰਰੈਂ ਹਾਇ ਲੈ ਸੋ[1] ॥ ੫੫ ॥ [1]ਉਹ ਲੈਅ (ਸੁਰ ਵਿੱਚ) ਹਾਇ ਹਾਇ ਬੋਲਦੇ ਹਨ।
ਕਰਾਚੋਲ[1] ਬਾਹੈਂ। [1]ਤਲਵਾਰਾਂ।
ਅੱਧੋ ਅੱਧ ਲਾਹੈਂ।
ਧਰੀ ਮਾਰ ਗਾਢੀ।
ਬਢੈਂ ਬਾਢ ਬਾਢੀ[1] ॥ ੫੬ ॥ [1](ਜਿਵੇਂ) ਤਰਖਾਣ ਲੱਕੜਾਂ ਵੱਢਦੇ ਹਨ।
ਭਿੜੈਂ ਸਾਰ ਸਾਰੰ[1]। [1]ਲੋਹੇ ਨਾਲ ਲੋਹਾ ਭਾਵ ਸ਼ਸਤ੍ਰ ਨਾਲ ਸ਼ਸਤ੍ਰ।
ਘੜੈਂ ਜਜੋਂ ਠਠਜਾਰੰ।
ਪਰੀ ਹੂਰ ਜੇਤੀ।
ਬਰੀ ਸੂਰ ਤੇਤੀ ॥ ੫੭ ॥
ਬਕੈਂ ਮਾਸ ਚਾਰੀ[1]। [1]ਮਾਸ ਖਾਣੇ (ਜਾਨਵਰ) ਬੋਲਦੇ ਹਨ।
ਛਕੈਂ ਮੋਦ ਧਾਰੀ।
ਨਚੈਂ ਕਾਲ ਕਾਲੀ।
ਮਚੈਂ[1] ਦੈਂ ਸੁ ਤਾਲੀ ॥ ੫੮ ॥ [1]ਖ਼ੁਸ਼ ਹੋ ਕੇ।
ਥਏ ਖੂੰਨ ਛੱਪ੍ਰੰ[1]। [1]ਛੱਪੜ।
ਪਿਯੈਂ ਪੂਰਿ ਖੱਪ੍ਰੰ[1]। [1](ਖੋਪਰੀਆਂ ਦੇ) ਖੱਪਰ ਭਰ ਭਰ ਕੇ ਪੀਂਦੇ ਹਨ।
ਛਕੇ ਹੀਨ ਚੋਟੀਂ[1]। [1]ਭਾਵ ਤੁਰਕਾਂ (ਦਾ ਲਹੂ) ਪੀ ਕੇ।

ਭਈ ਚੰਡਿ ਮੋਟੀ ॥ ੫੯ ॥
ਅਈ ਭੂਤ ਬਾਲਾ[1]।
ਲਏ ਪੂਤ ਨਾਲਾ।
ਲਹੂ ਕੀ ਕਟੋਰੀ।
ਪਿਲਾਵੈਂ ਨ ਥੋਰੀ ॥ ੬੦ ॥
ਗੁਰੂ ਕੀ ਸਮਾਣੀ[1]।
ਪਿਖੈਂ ਜੰਗ ਘਾਣੀ[1]।
ਰਰੈਂ ਧੰਨ ਗੌਰਾ।
ਕਰੈ ਕੰਮ ਗੌਰਾ[1] ॥ ੬੧ ॥
ਭਯੋ ਆ ਸਹਾਈ।
ਹਮੈਂ ਲਿਯ ਬਚਾਈ।
ਚਲੈਂ ਜੌ ਬੰਦੂਕੈਂ।
ਉਭੈ ਓਰ ਹੂੰ ਕੈਂ[1] ॥ ੬੨ ॥
ਉਠੈਂ ਜੌ ਭੜਾਕੇ।
ਬਿਜੰ ਜਯੋਂ ਕੜਾਕੇ[1]।
ਜਿਵੈਂ ਭਾੜਿ[1] ਦਾਨੇ।
ਭੁਜੈ ਹੈਂ ਕਿਤਾਨੇ[1] ॥ ੬੩ ॥
ਗੁਰੂ ਭੀ ਸੁਨੈ ਕੈ।
ਇਤੈ ਹੀ ਚਿਤੈ ਕੈ[1]।
ਕਹੈਂ, ਜੰਗ ਗੌਰਾ।
ਲਰੈ ਨਾਹਿ ਹੌਰਾ[1] ॥ ੬੪ ॥
ਬਹੀਰੈਂ ਬਚੈ ਹੈ।
ਰਣੰ ਜੀਤ ਐ ਹੈ।
ਇਤੈ ਜੰਗ ਗੌਰੇ।
ਕਰਜੋ ਭੂਰ ਤੌਰੇ[1] ॥ ੬੫ ॥
ਹਤੇ ਸ਼ੱਤ੍ਰੂ ਭਾਰੇ।
ਮਰੇ ਸੋ ਅਪਾਰੇ।
ਚਢੀ ਲੁੱਥ ਪੁਥੰ[1]।
ਮਢੀ ਜੁੱਥ ਗੁੱਥੰ[1] ॥ ੬੬ ॥
ਪਰੀ ਰੈਨ ਆਈ।

[1]ਭੂਤਨੀਆਂ।
[1]ਗੁਰੂ ਕੇ ਮਹਿਲ।
[1]ਘਮਸਾਣ ਦਾ ਜੰਗ।
[1]ਭਾਰਾ, ਵੱਡਾ।
[1]ਦੋਹਾਂ ਹੀ ਤਰਫਾਂ ਦੀਆਂ।
[1]ਬਿਜਲੀ ਵਾਂਗ ਕੜਕ ਕੇ।
[1]ਭੱਠ ਵਿੱਚ।
[1]ਕਿਤਨੇ ਹੀ।
[1]ਏਸ ਨੂੰ ਤੱਕ ਕੇ।
[1]ਹੌਲਾ ਭਾਵ ਥੋੜਾ।
[1]ਬਹੁਤ (ਚੰਗੀ) ਤਰ੍ਹਾਂ।
[1]ਲੋਥ ਤੇ ਲੋਥ ਚੜ੍ਹ ਗਈ।
[1](ਜੁੱਥ) ਸਾਰੀਆਂ (ਲੋਥਾਂ) ਗੁੰਦੀਆਂ ਤੇ ਮੜ੍ਹੀਆਂ ਗਈਆਂ।

ਅਥਜੋ ਦਜੋਸ ਰਾਈ[1]। [1]ਸੂਰਜ ਛਿਪ ਗਿਆ।
ਚਮੂੰ ਸ਼ੱਤ੍ਰੁ ਕੇਰੀ[1]। [1]ਵੈਰੀ ਦੀ ਫ਼ੌਜ।
ਥਿਰੀ ਜਾਇ ਡੇਰੀਂ[1] ॥ ੬੭ ॥ [1]ਡੇਰਿਆਂ ਵਿੱਚ।
ਖਰੀ[1] ਪੱਛਤਾਵੇ। [1](ਫੌਜ) ਖੜੀ।
ਪਰੀ ਲੇਤ ਹਾਵੇ[1]। [1]ਹਾਹੁਕੇ।
ਲੁਟਜੋ ਨਾ ਸਮਾਨੰ[1]। [1](ਅਸਾਂ) ਗੁਰੂ ਕਾ ਸਾਮਾਨ ਵੀ ਨ ਲੁੱਟਿਆ।
ਮਰੇ ਨਾਹਕਾਨੰ[1] ॥ ੬੮ ॥ [1]ਬਿਅਰਥ ਹੀ ਮਰ ਗਏ।
ਇਤੈ ਲੈ ਬਹੀਰੈਂ।
ਚਲਜੋ ਗੌਰ[1] ਧੀਰੈਂ। [1]ਭਾਈ ਗੌਰਾ।
ਗੁਰੂ ਕੇ ਪਠਾਏ।
ਅਗਜੋਂ ਸੂਰ ਆਏ ॥ ੬੯ ॥
ਗਏ ਲੈ ਬਹੀਰੈਂ।
ਗੁਰੂ ਕੇ ਸੁ ਤੀਰੈਂ।
ਥਿਰਜੋ ਦੂਰ ਗੌਰਾ।
ਨਿਤੈ ਕੇ ਸੁ ਤੌਰਾ[1] ॥ ੭੦ ॥ [1]ਨਿੱਤ ਦੀ ਤਰ੍ਹਾਂ।
ਗੁਰੂ ਪਾਸ ਜਾਈ।
ਜਬੈ ਮਾਤ ਗਾਈ[1]। [1]ਮਾਤਾ ਨੇ ਕਿਹਾ।
ਹਮੈਂ ਆਇ ਘੇਰਾ।
ਤੁਰਕੈਂ ਜੌ ਬਧੇਰਾ ॥ ੭੧ ॥
ਹੁਤੋ ਜੌ ਨ ਗੌਰਾ।
ਹੁਤੀ ਆਜ ਚੌਰਾ[1]। [1]ਚੌੜ, ਤਬਾਹੀ।
ਧਨੰ ਲੂਟ ਲੇਤੇ।
ਸਬੈਂ ਕੂਟ ਦੇਤੇ ॥ ੭੨ ॥
ਤੁਮੈ ਲਾਜ ਜਾਤੀ।
ਹਮੈਂ ਹੋਤ ਹਾਤੀ[1]। [1]ਮੌਤ। (ਅ) ਹੱਤਕ।
ਇਤੇ ਮਾਂਹਿ ਗੌਰਾ।
ਪੁਗਜੋ[1] ਆਨ ਦੌਰਾ ॥ ੭੩ ॥ [1]ਪਹੁੰਚ ਗਿਆ।
ਪਰਜੋ ਜਜੋਂ ਬਘਜਾੜੈਂ।
ਅਰਜੋ ਲੈ ਬਿਰਾੜੈਂ।
ਚਮੂੰ ਕੋ ਹਟਾਯੋ।

ਹਮੂੰ ਕੋ ਛੁਡਾਯੋ ॥ ੭੪ ॥
ਖਜ਼ਾਨਾ ਬਚਾਯੋ।
ਹਮੈਂ ਭੀ ਲਿਆਯੋ।
ਜਿਤੋ ਥਾ ਸਮਾਨੰ।
ਨਹੀ ਦੀਨ ਜਾਨੰ ॥ ੭੫ ॥
ਇਸੋ ਸਿੱਖ ਕੋਈ।
ਨਹੀ ਔਰ ਹੋਈ।
ਜਿਮੈਂ ਮਾਤ ਗਾਈ।
ਗੁਰੂ ਪਾਸ ਆਈ ॥ ੭੬ ॥
ਖੁਸ਼ੀ ਹੋਇ ਭਾਰੀ।
ਗੁਰੁ ਤਾਤਕਾਰੀ[1]। [1]ਛੇਤੀ।
ਲਯੋ ਬੋਲ ਗੌਰਾ[1]। [1]ਗੌਰੇ ਨੂੰ ਬੁਲਾ ਲਿਆ।
ਦਯੋ ਪਯਾਰ ਗੌਰਾ[1] ॥ ੭੭ ॥ [1]ਬਹੁਤਾ।
ਜਿਤੇ ਸ੍ਰਾਪ ਦੀਨੇ।
ਹੁਤੇ, ਥੇ ਸੁ ਪੀਨੇ[1]। [1]ਵੱਡੇ, ਕਰੜੇ।
ਸਬੈ ਹੈਂ ਨਿਵਾਰੇ।
ਬਰੰਦੈ ਉਦਾਰੇ[1] ॥ ੭੮ ॥ [1]ਚੰਗੇ ਵਰ ਦੇ ਕੇ।
ਰਿਧੰ ਸਿੱਧ ਸਾਰੀ।
ਦਈ ਤਾਂਹਿ ਭਾਰੀ।
ਨਿਜੰ ਗਜਾਨ ਦੀਨੋ।
ਭਵੰ ਬੰਧ ਛੀਨੋ[1] ॥ ੭੯ ॥ [1]ਸੰਸਾਰ ਬੰਧਨ ਕੱਟ ਦਿੱਤੇ।
ਜਿਤੇ ਸੰਗ ਤਾਂ ਕੇ।
ਥੇ ਬਿਰਾੜ ਬਾਂਕੇ।
ਸਬੀ ਕੋ ਬੁਲੈ ਕੈ।
ਕ੍ਰਿਪਾ ਦੀਠ ਕੈ ਕੈ[1] ॥ ੮੦ ॥ [1]ਮਿਹਰ ਦੀ ਨਜ਼ਰ ਕਰਕੇ।
ਮਨੰ ਇੱਛ ਪੀਨੇ[1]। [1]ਭਾਰੇ, ਵੱਡੇ।
ਫਲੰ ਚਾਰ ਦੀਨੇ।
ਸਿਰੇਪਾਉ ਭਾਰੇ।
ਸਬੀ ਕੋ ਉਢਾਰੇ[1] ॥ ੮੧ ॥ [1]ਪਹਿਨਾਏ।
ਦੋਹਰਾ:

ਪੁਨ ਗੌਰੇ ਕਰ ਜੋਰ ਕੈ,
ਕਹਜੋ ਸਤਿਗੁਰੂ ਪਾਸ।
ਏਕ ਸਾਪ[1] ਮੁਹਿ ਰਹਿਨ ਦਿਹੁ, [1]ਸ੍ਰਾਪ।
ਜੋ ਫਾਂਸੀ ਕਾ ਖਾਸ ॥ ੮੨ ॥
ਜੇ ਮੁਹਿ ਫਾਂਸੀ ਨਹਿ ਭਵੈ[1], [1]ਨ ਹੋਵੇਗੀ।
ਲੋਗ ਮਾਨ ਹੈਂ ਐਸ।
ਝੂਠੇ ਹੀ ਗੁਰੁ ਕਹੇ ਥੇ,
ਸਾਪ ਹਟਾਏ ਤੈਸ ॥ ੮੩ ॥
ਸਾਪ ਆਪ ਦੈ ਅਧਿਕ ਮੁਹਿ,
ਬਖਸ਼ ਦਏ ਹੈ ਦਜਾਲ।
ਜਾਨੇ ਜੈ ਹੈਂ ਸਾਚ ਸਬਿ,
ਜਬਿ ਮਮ ਹੈ ਇਮ ਕਾਲ ॥ ੮੪ ॥
ਤਥਾਮਸਤੁ[1] ਕਹਿ ਗੁਰੁ ਮਨਜੋ, [1](ਜਿਵੇਂ ਤੂੰ ਕਿਹਾ ਹੈ) ਤਿਵੇਂ ਹੀ ਹੋਵੇਗਾ।
ਭਯੋ ਤੈਸ ਹੀ ਨੀਕ।
ਫਾਂਸੀ ਤੁਰਕੋਂ ਨੇ ਦਯੋ,
ਗੌਰੇ ਕੋ ਫਿਰ ਠੀਕ ॥ ੮੫ ॥
ਸਤਿਗੁਰੁ ਸਤਲੁਜ ਪਾਰ ਹੈ,
ਪਹੁੰਚੇ ਪੁਰਿ ਕਰਤਾਰ।
ਕਿਯ ਸਿਤਕਾਰ ਉਦਾਰ ਬਹੁ,
ਧੀਰ ਮੱਲ ਮੁਦ ਧਾਰ ॥ ੮੬ ॥
ਅਨ ਗਨ ਧਨ ਤਿਨ ਖਰਚ ਕਰਿ,
ਕਿਯ ਨਿਜ ਸੁਤ ਕੋ ਬਜਾਹਿ।
ਕਿਤਕ ਮਾਸ ਗੁਰੁ ਰਹੇ ਤਹਿਂ,
ਨਿਤ ਪ੍ਰਤਿ ਨਯੋ ਉਛਾਹਿ ॥ ੮੭ ॥
ਚੌਪਈ:
ਦੇਸ ਦੇਸ ਤੈ ਸਿੱਖ ਬ੍ਰਿੰਦਾ।
ਆਵਹਿਂ ਸੰਗ ਮਸੰਦਨਿ ਚਿੰਦਾ[1]। [1]ਇੱਛਾ ਸਹਿਤ।
ਦਰਸ ਪਰਸ ਪਗ ਹਰਸ ਬਢੈ ਕੈ[1]। [1]ਖ਼ੁਸ਼ੀ ਵਧਾ ਕੇ।
ਚਿਤ ਹਿਤ ਸੈਂ ਬਿਤ[1] ਭੇਟ ਚਢੈ ਕੈ ॥ ੮੮ ॥ [1]ਧਨ।
ਬਾਂਛਤ ਫਲ ਭਲ ਗੁਰੁ ਤੈ ਪੈਹੈਂ।

ਕੀਰਤ ਬਿਸਤੀਰਤਿ[1] ਘਰ ਜੈਹੈਂ।
[1](ਗੁਰਾਂ ਦਾ) ਜਸ ਫੈਲਾਉਂਦੇ ਹੋਏ।

ਇਕ ਦਿਨ ਇਕ ਦ੍ਵਜ ਕੋ ਸੁਤ[1] ਮਰਜੋ।
[1]ਬ੍ਰਹਮਣ ਦਾ ਪੁੱਤਰ।

ਆਨਿ ਤਾਂਹਿ ਗੁਰਿ ਦਰ ਪਰ ਧਰਜੋ ॥ ੮੯ ॥

ਕਰੀ ਅਰਜ਼ ਹਿਤ ਗਰਜ਼[1] ਜਿਵਾਵਨ।
[1]ਇੱਛਾ ਵਾਸਤੇ।

ਪੁਰਿ ਜਨ ਬਰਜਨ ਕਰਿ ਤਿਹ ਗਾਂਵਨ[1]।
[1]ਸ਼ਹਿਰ ਦੇ ਲੋਕਾਂ ਨੇ ਤਿਸ ਨੂੰ ਕਹਿ ਕੇ ਵਰਜਿਆ।

ਫਰਜ਼ ਨ ਕੁਛ ਇਹੁ ਕਰਜ਼ ਨ ਗੁਰੁ ਕੋ[1]।
[1]ਇਹ ਕੁਝ ਗੁਰਾਂ ਦਾ ਫ਼ਰਜ਼ ਨਹੀਂ ਅਤੇ ਨ ਹੀ ਗੁਰਾਂ ਦੇ ਸਿਰ ਕੋਈ ਕਰਜ਼ਾ ਹੈ ਭਾਵ ਮੁਰਦਾ ਜਿਵਾਉਣਾ ਗੁਰਾਂ ਲਈ ਕੋਈ ਜ਼ਰੂਰੀ ਨਹੀਂ।

ਲਰਜ਼ਨ ਪਰ ਹੈ ਹਰਿ ਜਨ ਧੁਰ ਕੋ[1] ॥ ੯੦ ॥
[1]ਹਰੀ ਦੇ ਸੇਵਕਾਂ ਨੂੰ (ਧੁਰ ਕੋ) ਵਾਹਿਗੁਰੂ ਜੀ ਤੋਂ (ਲਰਜ਼ਨ) ਕਾਂਬਾ ਭਾਵ ਡਰ (ਪਰ ਹੈ) ਪੈਂਦਾ ਹੈ ਭਾਵ ਲਗਦਾ ਹੈ।

ਦੰਪਤਿ ਕਹਿਂ ਸੰਪਤਿ ਸਹਿ ਮਰ ਹੈਂ[1]।
[1]ਇਸਤ੍ਰੀ ਤੇ ਪਤੀ ਕਹਿੰਦੇ ਹਨ (ਕਿ ਅਸੀਂ) ਸਮੱਗ੍ਰੀ ਸਹਿਤ ਮਰ ਜਾਵਾਂਗੇ।

ਕਹਜੋ ਨ ਕਾਨਿ ਸੁ ਕਿੰਚਤ ਧਰ ਹੈਂ[1]।
[1](ਲੋਕਾਂ ਦੇ) ਕਹੇ (ਬਚਨਾਂ) ਨੂੰ (ਉਨ੍ਹਾਂ ਨੇ) ਥੋੜੇ ਮਾਤ੍ਰ ਵੀ ਕੰਨਾਂ ਵਿੱਚ ਨਹੀਂ ਧਾਰਿਆ ਹੈ ਭਾਵ ਗਹੁ ਨਾਲ ਨਹੀਂ ਸੁਣਿਆ।

ਆਖਰ ਮਿਲਿ ਸਿੱਖਨਿ ਬਹੁ ਜਾਈ।
ਗੁਰੂ ਪਾਸ ਅਰਦਾਸ ਅਲਾਈ[1] ॥ ੯੧ ॥
[1]ਕਹੀ।

ਸੁਨਿ ਪੁਨ ਗੁਨਿ ਗੁਰੁ ਕਹਜੋ ਸਬੀ ਕੋ।
ਪ੍ਰਾਨ ਬਦਲ[1] ਦਿਹੁ ਪ੍ਰਾਨ ਅਬੀ ਕੋ।
[1]ਬਦਲੇ।

ਤਬਿ ਸਬਿ ਹੀ ਸੁਨਿ ਤੂਸ਼ਨ ਭਏ[1]।
[1]ਚੁੱਪ ਹੋ ਗਏ।

ਦੇਨੇ ਪ੍ਰਾਨ ਆਨਿ ਜਬਿ ਪਏ ॥ ੯੨ ॥

ਭੂਸੁਰ ਹਿਤ ਦੂਸਰਿ ਬਿਰ[1] ਗੁਰੂ।
[1]ਬ੍ਰਹਮਣ ਵਾਸਤੇ ਦੂਜੀ ਵਾਰ।

ਕਹਜੋ ਪ੍ਰਾਨ ਦਾਨ ਕੋਊ ਕੁਰੂ[1]।
[1]ਕਰੇਗਾ।

ਤੀਸਰ ਬੇਰ ਫੇਰ ਗੁਰੁ ਸ੍ਵਾਮੀ।
ਕਹਾ ਤੈਸ ਹੀ ਪੂਰਨ ਕਾਮੀ[1] ॥ ੯੩ ॥
[1]ਕਾਮਨਾ ਪੂਰਨ ਕਰਨ ਵਾਲੇ ਸਤਿਗੁਰਾਂ ਨੇ।

ਔਰ ਸਿੱਖ ਜਬਿ ਉਠਜੋ ਨ ਕੋਈ।
ਭਗਤੂ ਸੁਤ ਜੀਵਨ ਥਾ ਜੋਈ।
ਬਾਰਧਿ ਭਗਤਿ ਸ਼ਕਤਿ ਗੁਰੁ ਸਾਰਦ[1]।
[1]ਭਗਤੀ ਤੇ ਸ਼ਕਤੀ ਦੇ ਸਮੁੰਦਰ (ਭਾਈ ਜੀਵਣ ਨੇ ਗੁਰਾਂ ਰੂਪ) ਸਰਦਰੁੱਤ ਦੇ ਚੰਦ੍ਰਮਾ (ਵੱਲ)।

ਦਏ ਉਡਾਇ ਪ੍ਰਾਨ ਸਮ ਪਾਰਦ[1] ॥ ੯੪ ॥
[1]ਪਾਰੇ ਵਾਂਗ।

ਪਰ ਹਿਤ ਨਿਜ ਤਨ ਤ੍ਰਿਨ ਜਜੋਂ ਤਜਾ।
ਸੁਰ ਨਰ ਮੁਨਿ ਜਨ ਜੈ ਜੈ ਭਜਾ[1]।
[1]ਕਹੀ, ਕੀਤੀ।

ਧਰ ਪਰ ਜਸ ਭਰਿ ਗੁਰੁ ਪੁਰਿ[1] ਗਯੋ।
[1]ਸੱਚ ਖੰਡ।

ਗੁਰ ਬਚ ਬਜਰਥ ਨ ਜਾਨੇ ਦਯੋ ॥ ੯੫ ॥
ਜੀਵਣ ਇਤ ਨਿਜ ਜੀਵਣ ਜਬੈ।
ਛੋਰਾ[1], ਛੋਰਾ ਦ੍ਵੈ ਜਿਯ ਤਬੈ[2]।

[1]ਛੱਡਿਆ। [2]ਤਦੋਂ ਬ੍ਰਹਮਣ ਦਾ (ਛੋਰਾ) ਛੋਹਰਾ (ਪੁੱਤਰ) ਜਿਉਂ ਪਿਆ।

ਇਹ ਅਜ਼ਮਤ ਪਿਖਿ ਭਗਤੂ ਸੁਤ ਕੀ।
ਅਚਰਜ ਹ੍ਵੈ ਸਭਿ ਹੀ ਨੈ ਨੁਤ ਕੀ[1] ॥ ੯੬ ॥

[1]ਉਸਤਤ ਕੀਤੀ।

ਕੀਰਤਿ ਜੌਨ ਅਖੰਡ ਪ੍ਰਕਾਸ਼ੀ[1]।

[1]ਕੀਰਤੀ ਰੂਪ ਚਾਨਣੀ ਲਗਾਤਾਰ ਪ੍ਰਕਾਸ਼ ਕਰ ਰਹੀ ਹੈ।

ਮਨੋ ਮਾਲਤੀ ਖਿਲੀ ਸੁਵਾਸੀ[1]।

[1]ਸੁਗੰਧੀ ਵਾਲੀ।

ਜਾਂ ਕੋ ਸੁਜਸ ਰਹੈ ਜਗ ਮਾਂਹੀਂ।
ਸੋ ਜਨ ਜੀਵਤ ਸਦਾ ਰਹਾਂਹੀਂ ॥ ੯੭ ॥
ਅਹੋ[1] ਧੰਨਜ ਜੀਵਣ ਬੁਧਿ[2] ਕਹੋ।

[1]ਹੇ ਭਾਈ। [2]ਭਾਈ ਜੀਵਣ ਜੀ ਦੀ ਬੁੱਧੀ ਨੂੰ।

ਦੈ ਤਨ ਕਾਚ ਸਾਚ ਪਦ ਲਹੋ[1]।

[1]ਲੈ ਲਿਆ।

ਜਿਸ ਤਨ ਕੀ ਇਕ ਮਿਲਤ ਨ ਪਾਈ।
ਸੋ ਦੈ ਮੁਕਤਿ ਅਮੋਲਕ ਪਾਈ ॥ ੯੮ ॥
ਸ੍ਰੀ ਗੁਰੁ ਪਿਖਿ ਜੀਵਨ ਕੀ ਕਰਨੀ।
ਸ੍ਰੀ ਮੁਖ ਤੈ ਮਹਿਮਾ ਬਹੁ ਬਰਨੀ[1]।

[1]ਕਹੀ।

ਬੰਸ ਬਢੈ ਯਾਂ ਕੋ ਬਹੁ ਮਹੀ[1]।

[1]ਧਰਤੀ (ਉੱਪਰ)।

ਦੀਨੋ ਬਰ ਚੀਨੋ ਅਬਿ ਸਹੀ[1] ॥ ੯੯ ॥

[1]ਹੁਣ ਠੀਕ (ਹੋਇਆ) ਦੇਖਿਆ ਹੈ।

ਦਿਜ ਅਨੰਦ ਭਾ ਨੰਦਨ[1] ਪਾਯੋ।

[1]ਪੁੱਤਰ।

ਸੁਜਸ ਗੁਰੂ ਕਾ ਕਰਤ ਸਿਧਾਯੋ।
ਲੋਗਨ ਗੁਰੂ ਰਾਮ ਸਸਿ[1] ਜਾਨਾ।

[1]ਰਾਮ ਚੰਦ ਰੂਪ।

ਕੀਨ ਕਾਮ ਉਨਿ ਸਾਮ[1] ਮਹਾਨਾ ॥ ੧੦੦ ॥

[1]ਉਨ੍ਹਾਂ ਵਾਂਗ।

ਰਾਮ ਕ੍ਰਿਸ਼ਨ ਸੁਤ ਦ੍ਵੈਜਨ ਜਿਵਾਏ।
ਤਜੋਂ ਹਰਿਰਾਇ ਗੁਰੂ ਦਿਖਰਾਏ।
ਕੀਰਤਿ ਫੈਲੀ ਜਗਤਿ ਮਝਾਰੀ।
ਚਾਂਦ ਚਾਂਦਨੀ ਸੀ[1] ਉਜਯਾਰੀ[2] ॥ ੧੦੧ ॥

[1]ਵਰਗੀ। [2]ਪ੍ਰਕਾਸ਼ ਰਹੀ ਹੈ।

ਸਜਨ ਚਕੋਰਨਿ ਕੋ ਸੁਖਕਾਰੀ।
ਸਸ ਸਿਸਨਿ ਕੋ ਪੋਸਨ ਹਾਰੀ[1] ॥ ੧੦੨ ॥

[1]ਸਿੱਖਾਂ ਰੂਪ ਖੇਤੀ ਨੂੰ ਪਾਲਣ ਵਾਲੀ ਹੈ।

ਦੋਹਰਾ:
ਧੰਨਜ ਗੁਰੂ ਕੇ ਸਿੱਖ ਹੈਂ,

ਧੰਨਜ ਗੁਰੂ ਜਗ ਮਾਨ।
ਬਿਨੈ ਕਰਤ ਜੁਗ ਅੱਗ੍ਰ ਕਵਿ,
ਬਖਸ਼ੋ ਸਿੱਖੀ ਦਾਨ ॥੧੦੩॥
ਕਿਤਕ ਮਾਸ ਕਰਤਾਰ ਪੁਰਿ
ਬਸਿ ਰਸਿ[1] ਕ੍ਰਿਪਾ ਨਿਕੇਤ[2]।
ਪੁਨ ਆਏ ਕੀਰਤ ਪੁਰੈਂ,
ਮਗਿ ਸਿੱਖਨਿ ਸੁਖ ਦੇਤ ॥੧੦੪॥

[1]ਅਨੰਦ ਨਾਲ ਵਸ ਕੇ। [2]ਕਿਰਪਾ ਦੇ ਘਰ ਭਾਵ ਕ੍ਰਿਪਾਲੂ।

ਚੌਪਈ:

ਕੀਰਤ ਪੁਰੀ ਨਿਕਟਿ ਜਬਿ ਆਏ।
ਸੁਨਿ ਲੋਗਨ ਮਨਿ ਮੋਦ ਬਢਾਏ।
ਮੰਗਲ ਮਯ ਸਮਾਜ ਸਬਿ ਸਾਜੇ[1]।
ਨੌਬਤ ਘੁਰੀ[1] ਪੁਰੀ ਦਰਵਾਜੇ ॥੧੦੫॥
ਧੂਪ ਧੁਖਾਇ ਗਰੀ ਛਿਰਕਾਈ[1]।
ਤੌਰਨ ਮਾਲ[1] ਪਤਾਕ[2] ਝੁਲਾਈ।

[1]ਖ਼ੁਸ਼ੀਆਂ ਦੇ ਸਾਰੇ ਸਾਮਾਨ ਤਿਆਰ ਕਰ ਲਏ।
[1]ਵੱਜੀ।
[1]ਗਲੀਆਂ ਵਿੱਚ ਛਿੜਕਾ ਕੀਤਾ।
[1]ਬੰਦਨ ਵਾਰ-ਮੰਗਲ ਸਮੇਂ ਫੁੱਲ, ਪੱਤੇ ਆਦਿ ਦੀ ਮਾਲਾ ਜੋ ਦਰਵਾਜ਼ੇ ਉੱਪਰ ਲਟਕਾਈ ਜਾਂਦੀ ਹੈ। [2]ਝੰਡੀਆਂ।

ਜਹਿਂ ਤਹਿਂ ਅਤਿ ਸੁਗੰਧਿ ਮਹਕਾਈ।
ਸ਼ਬਦ ਗਾਵਤੇ ਬਾਦ[1] ਬਜਾਈ ॥੧੦੬॥
ਮਿਲੇ ਅੱਗ੍ਰ ਕਰਿ ਮੰਗਲਚਾਰੈਂ।
ਭੇਟ ਤਿਹਾਵਲ[1] ਦਏ ਅਪਾਰੈਂ।
ਕਰਤਿ ਆਰਤੀ ਆਰਤ ਹਰ ਕੀ[1]।
ਪੁਸ਼ਪ[1] ਚਢਾਇਂ ਗਾਇਂ ਗੁਨ ਵਰ[2] ਕੀ ॥੧੦੭॥

[1]ਵਾਜੇ।
[1]ਕੜਾਹ ਪ੍ਰਸ਼ਾਦ।
[1]ਦੁੱਖਾਂ ਨੂੰ ਮੇਟਣ ਵਾਲੇ (ਸਤਿਗੁਰਾਂ) ਦੀ।
[1]ਫੁੱਲ। [2]ਸ੍ਰੇਸ਼ਟ।

ਥਿਰੇ ਸਿੰਘਾਸਨ ਮਧ ਦਰਵਾਰੈਂ।
ਦੇਵਨ ਯੁਤ ਸੁਰਪਤਿ ਜਨੁ ਭਾਰੈਂ।
ਬਰਤਜੋ ਪੰਚਾਮ੍ਰਿਤ ਬਹੁ ਸਬਿ ਕੋ।
ਨਿਰਖੈਂ ਸਿੱਖ ਕੋਕ ਜਨ ਰਵਿ ਕੋ[1] ॥੧੦੮॥
ਸੂਰਜ ਮੱਲਾਦਿਕ ਸਭਿ ਮਿਲੇ।
ਗੁਰੁ ਸਿਤਕਾਰੇ ਆਨੰਦ ਭਿਲੇ[1]।
ਪੁਨ ਅੰਤਹਿ-ਪੁਰ ਮੈਂ[1] ਗੁਰੁ ਗਏ।
ਮੋਦ ਬਿਨੋਦ ਪ੍ਰਮੋਦ ਸੁ ਦਏ[1] ॥੧੦੯॥

[1]ਜਾਣੋ ਸਿੱਖਾਂ ਰੂਪ ਚਕਵੇ (ਗੁਰੂ) ਸੂਰਜ ਨੂੰ ਵੇਖ ਰਹੇ ਹਨ।
[1]ਮਿਲ ਕੇ।
[1]ਮਹਿਲਾਂ ਵਿੱਚ।
[1]ਅਨੰਦਦਾਇਕ ਕੌਤਕਾਂ ਨਾਲ ਬਹੁਤੇ ਚੰਗੇ ਅਨੰਦ ਦਿੱਤੇ।

ਸ੍ਰੀ ਹਰਿ ਕ੍ਰਿਸ਼ਨ ਗੋਦ ਮੈਂ ਲਏ।
ਮਨ ਭਾਵਤ ਦੁਲਰਾਵਤ ਭਏ[1]।
ਮਨੋ ਬਿਸ਼ਨੁ ਸਹਿ ਜਿਸ਼ਨ[1] ਸੁਹਾਏ।
ਸਭਿ ਪ੍ਰਵਾਰ ਉਦਾਰ ਦਿਖਾਏ[1] ॥ ੧੧੦ ॥
ਯਾ ਬਿਧਿ ਗੁਰੁ ਕੀਰਤਿ ਪੁਰ ਬਾਸੇ।
ਨਿਜ ਜਨ ਪੁਰ ਜਨ ਸੁਖਦ ਹੁਲਾਸੇ[1] ॥ ੧੧੧ ॥

[1]ਲਾਡ ਲਡਾਇਆ।
[1]ਇੰਦ੍ਰ ਸਣੇ।
[1]ਸਾਰਾ ਪ੍ਰਵਾਰ ਸ੍ਰੇਸ਼ਟ ਦਿਸਦਾ ਹੈ।
[1]ਸੁਖ ਤੇ ਖ਼ੁਸ਼ੀ ਦਿੱਤੀ।

ਦੋਹਰਾ:

ਇਕ ਦਿਨ ਗੁਰੁ ਪ੍ਰਯੰਕ ਪੈ[1],
ਪੌਢੇ ਥੇ[1] ਮੁਦ ਧਾਰ।
ਸਿੱਖ ਬਿਦੇਸ਼ੀ ਸ਼ਬਦ ਧੁਨਿ,
ਕਰਤੇ ਅਏ ਉਦਾਰ ॥ ੧੧੨ ॥

[1]ਪਲੰਘ ਉੱਪਰ।
[1]ਬਿਰਾਜੇ ਹੋਏ ਸਨ।

*ਸ੍ਵੈਯਾ ਛੰਦ:

*ਇਸ ਥਾਂ ਛਾਪਾ ਪੱਥਰ 'ਚ ਦ੍ਵੈਯਾ ਛੰਦ ਛਪਿਆ ਹੋਇਆ ਹੈ ਚੂੰਕਿ ਇਹ ਦ੍ਵੈਯਾ ਛੰਦ ਨਹੀਂ ਕਿਉਂਕਿ ਦ੍ਵੈਯੇ ਛੰਦ ਦੀਆਂ ਪ੍ਰਤਿ ਚਰਨ ੨੮ ਮਾਤ੍ਰਾ ਤੇ ੧੬-੧੨ ਤੇ ਬਿਸ੍ਰਾਮ ਹੁੰਦਾ ਹੈ ਪਰ ਇਸ ਦੀਆਂ ਪ੍ਰਤਿ ਚਰਨ ੩੧ ਮਾਤ੍ਰਾ ਹਨ ਤੇ ੧੬-੧੫ ਤੇ ਬਿਸ੍ਰਾਮ ਤੇ ਅੰਤ ਗੁਰ ਲਘ ਹੈ ਇਸ ਲਈ ਇਹ ਮਾਤ੍ਰਿਕ ਸ੍ਵੈਯਾ ਹੈ। ਅਸਾਂ ਇਸੇ ਲਈ ਸ੍ਵੈਯਾ ਛੰਦ ਛਾਪਿਆ ਹੈ।

ਸੁਨਿ ਕਰਿ ਹਰਿਬਰਾਇ[1] ਗੁਰ ਸ਼ੀਘਰ,
ਉਠੇ ਲਗੀ ਜਾਨੂ ਪਰ[1] ਚੋਟ।
ਤਜਿ ਪਰਯੰਕ ਥਿਰੇ ਆਸਨ ਪਰ,
ਕੀਨੋ ਅਦਬ ਸ਼ਬਦ ਕਾ ਮੋਟ[1]।
ਕਾਰਨ ਸ਼ੀਘ੍ਰਤਾ ਕਾ[1] ਸਿੱਖਨਿ,
ਬੂਝੋ ਤਬਿ ਗੁਰ ਕੀਨ ਬਖਾਨ।
ਹਰਿ ਬਪੁ[1] ਸ੍ਰੀ ਨਾਨਕ ਕੀ ਬਾਨੀ,
ਅਨਭੈ ਰੂਪ ਬੇਦ ਅਧਿਕਾਨ[1] ॥ ੧੧੩ ॥
ਤਰਨੀ ਭਵ ਸਾਗਰ ਕੋ ਤਰਨੀ[1],
ਕਰਨੀ[1] ਸਿੱਖਨਿ ਸੁਖਦ ਕਲਜਾਨ।
ਹਰਨੀ ਆਸੁਰਿ ਸੰਪਤਿ ਹਰਨੀ[1],
ਘਰਨੀ ਚਿਤ੍ਰੁੱਨਿ ਤਰਨੀ ਜਾਨ[1]।
ਕਰਨੀ ਕੁਮਤਿ ਹੇਤ ਬਾਘਨਿ ਸੀ[1],

[1]ਘਬਰਾਹਟ ਨਾਲ।
[1]ਗੋਡੇ ਉੱਪਰ।
[1]ਬਹੁਤਾ।
[1]ਕਾਹਲੀ ਦਾ ਸਬੱਬ।
[1]ਸਰੂਪ।
[1]ਸੁਤੇ ਗਿਆਨ ਸਰੂਪ, ਵੇਦਾਂ ਤੋਂ ਵੱਡੀ ਹੈ।
[1]ਸੰਸਾਰ ਸਮੁੰਦਰ ਤੋਂ ਤਰਨ ਲਈ ਬੇੜੀ ਹੈ।
[1]ਕਰਨ ਵਾਲੀ।
[1]ਆਸੁਰੀ ਸੰਪਤਾ ਰੂਪ ਹਰਨੀ ਨੂੰ ਮਾਰਨ ਵਾਲੀ ਹੈ।
[1](ਸ਼ੁਭ ਗੁਣਾਂ ਦੀਆਂ) ਮੂਰਤਾਂ ਘੜਨ ਵਾਲੀ ਇਸਤ੍ਰੀ ਜਾਣੋ।
[1]ਖੋਟੀ ਮਤਿ ਰੂਪ ਹਥਣੀ (ਦੇ ਮਾਰਨ) ਵਾਸਤੇ ਸ਼ੇਰਨੀ ਵਰਗੀ ਹੈ।

ਦਾਵਾਗਨਿ ਸੀ ਜਗ ਬਨ ਹੇਤ[1]।
[1]ਜਗਤ ਰੂਪ ਜੰਗਲ (ਦੇ ਸਾੜਨ) ਵਾਸਤੇ ਡਉਂ ਅਗਨੀ ਵਰਗੀ ਹੈ।

ਬਾਰੀ ਸੁਮਤਿ ਹੇਤ ਵਰ ਵਾਰੀ[1],
[1]ਚੰਗੀ ਮਤਿ ਦੀ ਬਗੀਚੀ (ਨੂੰ ਖਿੜਾਉਣ) ਲਈ ਚੰਗਾ ਪਾਣੀ ਹੈ।

ਕਜਾਰੀ ਸੰਪਤਿ ਭਗਤੀ ਖੇਤ[1] ॥੧੧੪॥
[1]ਭਗਤੀ ਰੂਪ ਖੇਤ ਦੀ ਕਿਆਰੀ ਦੀ ਸਮੱਗ੍ਰੀ ਹੈ।

ਪਾਪਨ ਸਲਭਨ ਖਾਪਨਿ ਸਾਪਨਿ[1]।
[1]ਪਾਪਾਂ ਦੇ ਭਮੱਕੜਾਂ ਨੂੰ ਖਪਾਉਣ ਵਾਲੀ ਸੱਪਣੀ ਹੈ।

ਜਾਪਨ ਤਾਪਨ ਧ੍ਰਾਪਨਿ ਬਜਾਰਿ[1]।
[1]ਜਪਾਂ ਤਪਾਂ ਨੂੰ ਰਜਾਉਣ ਵਾਲੀ ਪਉਣ ਹੈ।

ਕਰਨੀ ਗਜਾਨ ਅਗਨਿ ਕੋ ਅਗਨੀ[1],
[1]ਗਿਆਨ ਦੀ ਅੱਗ ਨੂੰ (ਅਗਨੀ) ਜਗਾਉਣ ਵਾਲੀ ਹੈ।

ਹਰਨੀ[1] ਪਾਠਕ ਕੇਰ ਬਿਕਾਰ।
[1]ਨਾਸ ਕਰਨ ਵਾਲੀ ਹੈ।

ਧਰਨੀ[1] ਗੁਰੁ ਮਹਿਮਾ ਕੋ ਧਰਨੀ[2],
[1]ਧਾਰਨ ਲਈ। [2]ਧਰਤੀ ਵਰਗੀ ਹੈ।

ਦਰਨੀ ਅਘ ਬਨ ਕਰਨੀ ਜਾਨ[1]।
[1]ਪਾਪਾਂ ਦੇ ਜੰਗਲ ਨੂੰ ਹਥਣੀ ਵਾਂਗ ਦਲਣ ਵਾਲੀ ਜਾਣੋ।

ਅਗਨੀ ਦੁਰਵਾਸਨ ਘਾਸਨ ਕੋ[1],
[1]ਖੋਟੀਆਂ ਵਾਸ਼ਨਾ ਦੇ ਘਾਹ ਨੂੰ ਸਾੜਨ ਲਈ ਅੱਗ ਰੂਪ ਹੈ।

ਜਨ ਮਨ ਬਨ ਕੋ ਮਲੈ ਸਮਾਂਨ[1] ॥੧੧੫॥
[1]ਭਗਤਾਂ ਦੇ ਮਨ ਰੂਪ ਜੰਗਲ ਨੂੰ ਸੁਗੰਧਿਤ ਕਰਨ ਲਈ ਚੰਦਨ ਵਾਂਗ ਹੈ।

ਨਾਸੈਂ ਭਵ ਦੁਖ ਬਿਨ ਪ੍ਰਯਾਸੈਂ[1],
[1]ਜਤਨ।

ਦਾਸੈਂ ਨਿਜ ਸੁਖ ਖਾਸੈਂ ਦਾਇ[1]।
[1]ਆਪਣੇ ਦਾਸਾਂ ਨੂੰ ਖਾਸ ਸੁਖ ਦੇਂਦੀ ਹੈ।

ਬਾਂਨੀ ਸੁਖਦ ਮਹਾਨੀ ਗੁਰੁ ਕੀ,
ਦਾਨੀ ਮੁਕਤਿ ਭੁਗਤਿ ਬਹੁ ਭਾਇ[1]।
[1]ਮੁਕਤੀ ਤੇ ਬਹੁਤ ਤਰ੍ਹਾਂ ਦੇ ਭੋਗ ਦੇਣ ਵਾਲੀ ਹੈ।

ਜੇ ਹਮ ਅਦਬ ਨ ਕਰਿ ਹੈਂ ਯਾਂ ਕੋ,
ਤੌ ਫਿਰ ਗੁਰੁ ਸਿੱਖ ਕਰਿ ਹੈਂ ਕੈਸ।
ਬਿਨ ਭੈ ਅਦਬ ਨ ਸ੍ਰੇਯ[1] ਦੇਯ ਯਹਿ,
[1]ਕਲਿਆਣ, ਮੁਕਤੀ।

ਯਾਤੈ ਰਾਖਹੁ ਭੈ ਸਬਿ ਏਸ ॥੧੧੬॥
ਕਰੈ ਨ ਭੈ ਜੋ ਗੁਰੁਬਾਨੀ ਕਾ,
ਸੋ ਸਿੱਖ ਗੁਰ ਕੋ ਪਜਾਰਾ ਨਾਹਿ।
ਜੋ ਭੈ ਕਰੈ ਤਰੈ ਭਵ ਸਾਗਰ,
ਫਰੈ ਨ ਜਮ ਲਰ ਡਰ ਧਰਿ ਤਾਂਹਿ[1]।
[1]ਤਿਸ ਦਾ ਡਰ ਧਾਰ ਕੇ ਜਮ ਉਸ ਦਾ ਪੱਲਾ ਨਹੀਂ ਫੜੇਗਾ।

ਬਾਨੀ ਗੁਰੂ ਗੁਰੂ ਹੈ ਬਾਨੀ,
ਮਾਨੀ ਮਨ ਜਿਨ ਨਿਸਚੇ ਆਹਿ ॥੧੧੭॥
*ਚੌਪਈ:
*ਇਥੇ ਅੰਕ ਨੰ: ੧੧੮ ਦੀ ਪਹਿਲੀ ਤੁਕ 'ਤੀਰਥ ਬਰਤ ਜੋਗ ਤਪ ਸਾਧਨ' ਤੋਂ ਇਸੇ ਹੀ ਬਿਸ੍ਰਾਮ ਦੇ ਅੰਕ ਨੰ: ੧੬੫ ਦੀ ਪਹਿਲੀ ਤੁਕ 'ਗਈ ਬੀਤ ਪਰ ਜੀ ਨ, ਪਿਤਾ ਸਾਥ ਅਰਜੀ ਨ,

ਧਨ' ਤੱਕ ਦੀ ਰਚਨਾ ਗਿਆਨੀ ਗਿਆਨ ਸਿੰਘ ਜੀ ਕ੍ਰਿਤ ਨਹੀਂ ਸਗੋਂ ਇਸ ਲਾਹੌਰ ਐਡੀਸ਼ਨ ਦੇ ਪੂਰਬਾਰਧ ਦੇ ਆਖੇਪਕਾਰ ਘਸੀਟਾ ਸਿੰਘ ਕਵੀਸ਼ਰ ਲਾਹੌਰ ਦੀ ਰਚਨਾ ਹੈ ਜਿਸ ਦਾ ਪਤਾ ਟਾਈਟਲ ਪੰਨੇ ਤੇ ਪ੍ਰਕਾਸ਼ਕ ਵਲੋਂ ਵੀ ਦਿੱਤਾ ਹੋਇਆ ਹੈ ਕਿ 'ਭਾਈ ਗਜ਼ਾਨ ਸਿੰਘ ਜੀ ਸੰਤ ਜੀ ਕ੍ਰਿਤ ਸਾਰੀ ਤੇ ਕੁਛ ਕਾਪੀ ਨਵੀਨ ਰਚੀ ਭਾਈ ਘਸੀਟਾ ਸਿੰਘ ਕਵੀਸ਼ਰ ਲਾਹੌਰ' ਇਹ ਉਪ੍ਰੋਕਤ ਰਚਨਾ ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ਪੰਨਾ ੪੦੧ ਤੋਂ ੪੦੪ ਤੱਕ ਚਾਰ ਪੰਨਿਆਂ ਤੇ ਛਪੀ ਹੋਈ ਹੈ। ਹੇਠ ਲਿਖੇ ਕਾਰਨ ਇਸ ਰਚਨਾ ਨੂੰ ਆਖੇਪ ਸਿੱਧ ਕਰਦੇ ਹਨ: ੧. ਇਸ ਬਿਸ੍ਰਾਮ ਦੇ ਅੰਕ ਨੰ: ੧੧੭, ਛਾਪਾ ਪੱਥਰ 'ਚ ਪੰਨਾ ੪੦੦ ਦੇ ਅੰਤ ਵਿੱਚ ਛਪਿਆ ਹੋਇਆ ਹੈ। ਇਹ 'ਸ੍ਵੈਯਾ ਛੰਦ' ਚਲ ਰਿਹਾ ਸੀ। ਇਸ ਦੀ ਇਕ ਤੁਕ ੪੦੧ ਪੰਨੇ ਤੇ ਚਾਹੀਦੀ ਸੀ। ਆਖੇਪਕਾਰ ਕਾਹਲੀ ਵਿੱਚ ਛੰਦ ਮੇਲਣਾ ਵੀ ਭੁੱਲ ਗਿਆ। ਐਉਂ ਇਸ ਅੰਕ ਦੀਆਂ ਤਿੰਨ ਹੀ ਤੁਕਾਂਰਹਿ ਗਈਆਂ। ੨. ਪੰਨਾ ੪੦੧ ਤੇ ਚੌਪਈ ਛੰਦ ਸ਼ੁਰੂ ਕੀਤਾ ਹੈ ਪਰ ਆਖੇਪਕਾਰ ਆਪਣੇ ਇਸ ਪਹਿਲੇ ਛੰਦ ਦਾ ਨਾਮ ਲਿਖਣਾ ਵੀ ਉੱਕ ਗਿਆ ਹੈ। ੧੧੮ ਅੰਕ ਦੇ ਅਰੰਭ ਵਿੱਚ 'ਚੌਪਈ' ਸ਼ਬਦ ਅਸਾਂ ਲਿਖਿਆ ਹੈ, ਛਾਪਾ ਪੱਥਰ 'ਚ ਨਹੀਂ ਸੀ। ੩. ਇਨ੍ਹਾਂ ਚਹੁੰ ਪੰਨਿਆਂ ਦਾ ਕਾਗ਼ਜ਼ ਤੇ ਛਾਪਾ ਵੀ ਗਿਆਨੀ ਜੀ ਰਚਿਤ ਰਚਨਾ ਵਾਲੇ ਪੰਨਿਆਂ ਦੇ ਕਾਗਜ਼ ਤੇ ਛਾਪੇ ਨਾਲ ਨਹੀਂ ਮਿਲਦਾ ਜੋ ਰਚਨਾ ਦੇ ਆਖੇਪ ਹੋਣ ਦਾ ਅਕੱਟ ਸਬੂਤ ਹੈ। ੪. ਪੰਨਾ ੪੦੦ ਤੇ ਚਲ ਰਹੇ ਸ੍ਵੈਯਾ ਛੰਦ ਦਾ ਨੰ: ੧੩ਵਾਂ ਹੈ ਜਦ ਕਿ ਇਨ੍ਹਾਂ ਚਹੁੰ ਸਫ਼ਿਆਂ ਤੋਂ ਬਾਦ ੪੦੫ ਪੰਨੇ ਤੋਂ ਜਦੋਂ ਗਿਆਨੀ ਜੀ ਦੀ ਅਸਲ ਰਚਨਾ ਅਰੰਭ ਹੁੰਦੀ ਹੈ ਤਾਂ ਉਹ ਛੰਦ ਨੰ. ੪ ਚਲ ਰਿਹਾ ਹੈ ਜਿਸ ਤੋਂ ਸਾਫ਼ ਸਪੱਸ਼ਟ ਹੈ ਕਿ ਗਿਆਨੀ ਜੀ ਨੇ ਇਹ ਪਿਛਲਾ ਚਲ ਰਿਹਾ ਬਿਸ੍ਰਾਮ ਇਨ੍ਹਾਂ ਆਖੇਪ ਹੋਏ ਸਫ਼ਿਆਂ ਵਿੱਚ ਹੀ ਪੂਰਾ ਕੀਤਾ ਹੋਵੇਗਾ। ੫. ਕਵੀ ਜੀ ਨੇ ਹਰ ਛੰਦ ਦੀ ਸਮਾਪਤੀ ਤੇ ਛੰਦ ਦਾ ਅੰਕ ਦਿਤਾ ਹੈ ਪਰ ਇਨ੍ਹਾਂ ਚਹੁੰ ਸਫ਼ਿਆਂ ਵਿੱਚ ਆਖੇਪਕਾਰ ਨੇ ਛੰਦਾਂ ਦੇ ਅੰਕ ਲਾਉਣ ਦੀ ਖੇਚਲ ਨਹੀਂ ਕੀਤੀ। ਇਹ ਇੱਕੋ ਹੀ ਗੱਲ ਇਸ ਰਚਨਾ ਨੂੰ ਆਖੇਪ ਸਿੱਧ ਕਰ ਦੇਂਦੀ ਹੈ। ੬. ਛਾਪਾ ਪੱਥਰ ਦੇ ਪੰਨਾ ੩੯੩ ਤੇ ਜੋ ਬਿਸ੍ਰਾਮ ਪੂਰਾ ਹੁੰਦਾ ਹੈ ਉਸ ਦਾ ਨੰ: ੩੨ ਹੈ। ਅਗੋਂ ੩੩ ਨੰ: ਬਿਸ੍ਰਾਮ ਦੇ ਅਰੰਭ ਵਿੱਚ ਇਸ ਬਿਸ੍ਰਾਮ ਦੇ ਪ੍ਰਸੰਗਾਂ ਦਾ ਵੇਰਵਾ ਦਸਦਿਆਂ ਕਵਿ ਜੀ ਲਿਖਦੇ ਹਨ। "ਜੈਹੈਂ ਜਿਮ ਕਰਤਾਰ ਪੁਰ ਗੌਰੇ ਕੋ ਬਖਸ਼ੈਂਹਿਂ। ਗੁਰਤਾ ਦੈ ਹਰਿ ਕ੍ਰਿਸ਼ਨ ਕੋ ਆਪ ਲੋਕ ਨਿਜ ਜੈਂਹਿ। ਇਤਕ ਗਾਥ ਬਰਨਨ ਭਵੈ ਸ੍ਰੀ ਗੁਰ ਸਪਤਮ ਕੇਰ। ਇਸ ਅੱਧਜਾਇ ਮੈਂ ਸੁਨੋ ਅਬਿ ਸਬਿ ਸਿਖ ਸਜਨ ਦਲੇਰ।"

ਪਰ ਜਦ ਇਸ ੩੩ ਨੰ: ਬਿਸ੍ਰਾਮ ਨੂੰ ਆਖੇਪ ਰਚਨਾ ਸਮੇਤ ਪੜ੍ਹਦੇ ਜਾਂਦੇ ਹਾਂ ਤਾਂ ਬਿਸ੍ਰਾਮ ੪੨੭ ਪੰਨੇ ਤੇ ਪੂਰਾ ਹੁੰਦਾ ਹੈ ਤੇ ਅੰਤ ਵਿੱਚ ਲਿਖਿਆ ਹੋਇਆ ਹੈ "ਇਤਿ ਸ੍ਰੀ.... ਅਸਟਮ ਗੁਰ ਕਾ ਪ੍ਰਸੰਗ ਸਮਾਪਤੰ ਨਾਮ ਚੌਤੀਸਮੋਂ ਬਿਸ੍ਰਾਮ ॥੩੪॥" ਹੁਣ ਸਾਫ਼ ਹੋ ਗਿਆ ਕਿ ੩੩ ਨੰ: ਬਿਸ੍ਰਾਮ ਸਤਵੇਂ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਤੇ ਕਵਿ ਜੀ ਨੇ ਪੂਰਾ ਕੀਤਾ ਸੀ। ਅਗੋਂ ੩੪ ਨੰ: ਬਿਸ੍ਰਾਮ ਵਿੱਚ ਅੱਠਵੇਂ ਪਾਤਸ਼ਾਹ ਜੀ ਦੀ ਹੀ ਸਾਰੀ ਕਥਾ ਸੀ ਜਿਸ ਦਾ ਪਤਾ ਬਿਸ੍ਰਾਮ ਦੇ ਅੰਤ ਵਿੱਚ ਕਵਿ ਜੀ ਨੇ ਦਿੱਤਾ ਹੈ। ੭. ਕਵਿ ਜੀ ਹਰ ਗੁਰੂ ਸਾਹਿਬ ਦੇ ਜੀਵਨ ਦੇ ਅਰੰਭ ਵਿੱਚ ਜਨਮ ਮਾਤਾ-ਪਿਤਾ ਅਤੇ ਜਨਮ ਸੰਮਤ ਅਤੇ ਬਾਲ ਲੀਲ੍ਹਾ ਪਿੱਛੇ ਵੀ ਲਿਖਦੇ ਆਏ ਹਨ ਤੇ ਅਗੋਂ ਵੀ ਲਿਖੇ ਹਨ ਪਰ ਆਖੇਪਕਾਰ ਨੇ ਅੱਠਵੇਂ ਸਤਿਗੁਰਾਂ ਸਬੰਧੀ ਉਪ੍ਰੋਕਤ ਕੋਈ ਵੀ ਜਾਣਕਾਰੀ ਨਹੀਂ ਦਿੱਤੀ। ਇਵੇਂ ਹੀ ਹਰ ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਦਾ ਸੰਮਤ ਥਿੱਤ ਤੇ ਵਾਰ ਵੀ ਲਿਖਦੇ ਆਏ ਹਨ ਅਗੋਂ ਵੀ ਲਿਖਿਆ ਹੈ। ਪਰ ਆਖੇਪਕਾਰ ਇਸ ਕਵਿ ਨੇਮ ਨੂੰ ਵੀ ਪੂਰਾ ਨਹੀਂ ਕਰ ਸਕਿਆ ਜਿਸ ਤੋਂ ਇਸ ਰਚਨਾ ਦੇ ਆਖੇਪ ਹੋਣ ਵਿੱਚ ਕੋਈ ਵੀ ਸ਼ੱਕ ਨਹੀਂਰਹਿ ਜਾਂਦਾ। ੮. ਪ੍ਰਸੰਗ ਵੀ ਆਖੇਪਕਾਰ ਚੰਗੀ ਤਰ੍ਹਾਂ ਪੇਸ਼ ਨਹੀਂ ਕਰ ਸਕਿਆ। ਛੰਦਾਂ ਦਾ ਵਜ਼ਨ, ਤੋਲ, ਬਹਰ, ਤੁਕਾਂਤ ਤੇ ਕਾਫ਼ੀਆ ਤੇ ਦ੍ਰਿਸ਼ਟਾਂਤ ਅਲੰਕਾਰ ਆਦਿ ਕਾਵਿ ਗੁਣਾ ਦੀ ਘਾਟ ਵੀ ਇਸ ਰਚਨਾ ਨੂੰ ਗਿਆਨੀ ਗਿਆਨ ਸਿੰਘ ਜੀ ਦੀ ਕ੍ਰਿਤ ਸਿੱਧ ਨਹੀਂ ਕਰ ਸਕਦੀ ਸਗੋਂ ਆਖੇਪ ਹੋਣ ਦੀ ਸੂਚਕ ਹੈ। ਇਹ ਤੇ ਇਸ ਵਰਗੀ ਹੋਰ ਰਚਨਾ ਜੋ ਘਸੀਟਾ ਸਿੰਘ ਵਲੋਂ ਲਿਖਵਾ ਕੇ ਪਾਈ ਗਈ ਹੈ ਪਾਠਕਾਂ ਤੇ ਖੋਜੀਆਂ ਦੀ ਜਾਣਕਾਰੀ ਲਈ ਪਿਛੇ ਪੈਰ ਟੂਕਾਂ 'ਚ ਨਾਲ ਦੱਸਦੇ ਆਏ ਹਾਂ ਤੇ ਅਗੋਂ ਦੱਸਦੇ ਚਲਾਂਗੇ।

ਤੀਰਥ ਬਰਤ ਜੋਗ ਜਪੁ ਸਾਧਨ।
ਅਨਿਕ ਤਪੱਸਿਆ ਮਨੈ ਅਰਾਧਨ[1]।
ਜੋ ਗੁਰੁਸਿੱਖ ਕੈ ਭੈ ਬਾਣੀ।
ਸੋ ਗੁਰਮੁਖਿ ਹਮਰੇ ਮਨ ਭਾਣੀ ॥੧੧੮॥
ਜਬਿ ਉਪਦੇਸ ਗੁਰਾਂ ਤੇ ਸੁਣਿਓ।
ਸ਼ਬਦ ਮਹਾਤਮ ਮਨ ਮੈਂ ਗੁਣਿਓ।
ਹਾਥ ਜੋਰ ਕੈ ਸੰਗਤ ਸਾਰੀ।
ਗੁਰੂ ਅੱਗਰ ਹੈ ਗਿਰਾ ਉਚਾਰੀ[1] ॥੧੧੯॥
ਸ੍ਰੀ ਮੁਖ ਤੇ ਵਰ ਦੀਜੈ ਸੁਆਮੀ।
ਬਾਣੀ ਰਟੈਂ[1] ਸੁ ਅੰਤਰਿਯਾਮੀ।

[1]ਮਨ ਦੀਆਂ ਅਰਾਧਨਾ (ਕਰਨ ਵਾਲੇ ਨਾਲੋਂ)।

[1]ਬਚਨ ਕਿਹਾ।

[1]ਉਚਾਰਨ ਕਰੀਏ।

ਪ੍ਰੇਮ ਪ੍ਰਵਾਹ ਧਾਰ ਬਹਿ ਬਾਂਕੀ[1]।
ਮੁਕਤਿ ਸਰੂਪੀ ਬਿਚਰੈ ਕਾਂਕੀ[1] ॥ ੧੨੦ ॥

[1]ਸੁੰਦਰ ਧਾਰਾ ਵਗ ਪਵੇ।
[1]ਸਾਡਾ ਮਨ ਮੁਕਤਿ ਸਰੂਪ (ਪ੍ਰਮੇਸ਼ਰ ਦੀ ਪ੍ਰਾਪਤੀ ਦੀ) (ਕਾਂਕੀ) ਕਾਂਖੀ (ਇੱਛਾ ਵਾਲਾ) ਹੋਕੇ ਵਿਚਰੇ।

ਪੁਨ ਦੀ ਜੈ ਮਹਿਮਾ ਇਹ ਕੇਰੀ[1]।
ਬਿਧਨਾ ਕਰਮਨਿ ਕਾਟੋ ਬੇਰੀ[1]।
ਗੁਰੁ ਬਾਣੀ ਚੰਦਨ ਸਮ ਜਾਨੋਂ[1]।
ਸੀਤਲ ਰਿਦੈ ਤਾਪ ਤ੍ਰੈ ਹਾਨੋਂ[1] ॥ ੧੨੧ ॥

[1]ਇਸ ਬਾਣੀ ਦੀ।
[1](ਬਿਧਨਾ) ਬਿਧਾਤਾ ਦੇ (ਲਿਖੇ) ਕਰਮਾਂ ਦੀ ਬੇੜੀ ਕੱਟ ਦਿਉ।
[1]ਅਸੀਂ ਜਾਣੀਏਂ।
[1]ਹਿਰਦਾ ਸ਼ਾਂਤ ਹੋ ਜਾਵੇ ਤੇ ਤਿੰਨਾਂ ਪਾਪਾਂ ਨੂੰ (ਅਸੀਂ) ਨਾਸ ਕਰ ਲਈਏ।

ਦੋਹਰਾ:
ਅਤਿ ਪ੍ਰਸੰਨ ਸਤਿਗੁਰੁ ਭਏ,
ਬਰ ਦੀਨੋਂ ਇਹ ਭਾਇ[1]।
ਗੁਰੁਮਤਿ ਬਾਣੀ ਪ੍ਰੇਮ ਯੁਤ,
ਨਿਭੈ ਸਦਾ ਸਮਦਾਇ[1] ॥ ੧੨੨ ॥

[1]ਇਸ ਤਰ੍ਹਾਂ।
[1]ਸਾਰਿਆਂ ਦੇ ਨਾਲ।

ਚੌਪਈ:
ਏਕ ਦਿਵਸ ਗੁਰੁ ਸੰਗਤਿ ਸੰਗ।
ਗਵਨਤਿ ਜਾਤੇ ਚੜੇ ਉਤੰਗ[1]।
ਊਚੇ ਪਰਬਤ ਸਿਖਰ ਖਲੋਏ।
ਚਾਰੋਂ ਦਿਸ ਮਗ[1] ਸਤਿਗੁਰੁ ਜੋਏ[2] ॥ ੧੨੩ ॥
ਸਿੱਖਨਿ ਮਨਿ ਅਤਿ ਅਚਰਜ ਆਯੋ।
ਬਿਟਪ[1] ਨਾ ਜਲ ਗੁਰੁ ਕਹਾ ਲੁਭਾਯੋ।
ਹਾਥ ਜੋਰਿ ਕਰਿ ਪੂਛੀ ਗਾਥ।
ਹਮ ਅਲਪੱਗ ਸ੍ਰੀ ਗੁਰੁ ਨਾਥ ॥ ੧੨੪ ॥
ਕਿਹ ਕਾਰਨ ਉਦਜਾਨ[1] ਖਲੋਏ।
ਸੰਗਤਿ ਸਹਿਤ ਸ੍ਰਮਤਿ ਅਤਿ ਹੋਏ[1]।
ਤਬਿ ਸਤਿਗੁਰੁ ਜੀ ਕਹਾ ਸੁਨਾਈ।
ਪ੍ਰਸ਼ਨ ਕੀਨ ਤੁਮ ਅਤਿ ਸੁਖਦਾਈ ॥ ੧੨੫ ॥
ਸਕਲ ਜਗਤ ਕੇ ਤਾਰਨ ਹਾਰੋ।
ਕਲ ਕੇ ਦੋਖ ਨਿਵਾਰਨ ਵਾਰੋ[1]।
ਗੂਢ ਗਿਰਾ[1] ਤੁਮ ਬੂਝਨ ਕਰੀ।
ਭਵ[1] ਤਾਰਨ ਕੋ ਹੋਵਹਿ ਤਰੀ[2] ॥ ੧੨੬ ॥

[1]ਰਸਤੇ। [2]ਤੱਕੇ।
[1]ਬ੍ਰਿੱਛ।
[1]ਉਜਾੜ ਵਿੱਚ।
[1]ਬਹੁਤ ਥੱਕੇ ਹੋਏ।
[1]ਕਲਜੁਗ ਦੇ ਦੋਸ਼ਾਂ ਨੂੰ ਦੂਰ ਕਰਨ ਵਾਲਾ (ਇਹ ਪ੍ਰਸ਼ਨ ਹੈ)।
[1]ਗੁਪਤ ਬਾਣੀ।
[1]ਸੰਸਾਰ (ਸਮੁੰਦਰ ਤੋਂ)। [2]ਬੇੜੀ।

ਦੋਹਰਾ:
ਚਿਤ ਅਨੰਦ ਸਤਿਗੁਰੁ ਭਏ,
ਸੁਨਿ ਸੰਗਤ ਕੇ ਬੈਨ।
ਸਭਿ ਸਿੱਖਨਿ ਪ੍ਰਤਿ ਕਹਿਤ ਭੇ,
ਮੁਕਤਿ ਭੁਗਤਿ ਗਤਿ ਦੈਨ ॥੧੨੭॥

ਕਬਿੱਤ:
ਪੁਹਮੀ[1] ਜਾ ਪੁਕਾਰੀ ਚਤੁਰਾਨਨ[2] ਅਗਾਰੀ,
ਮੋ ਪੈ ਭਯੋ ਬੋਝ ਭਾਰੀ ਰਾਖ ਲੀਜੈ ਮੋ ਅਨਾਥ ਕੋ।
ਕਪਟਿ, ਕਠੋਰ, ਹਿੰਸਕਾਰ[1], ਮਗ ਚੋਰ[2], ਪੁਨ;
ਲੰਪਟ[1] ਬਟੋਰ ਜੋਰ ਕਰਤਿ ਕੁਪਾਥ ਕੋ[2]।
ਬਿਧਨਾਂ[1] ਸੁਨਾਯੋ ਅਵਤਾਰ ਧਰਮ ਆਯੋ ਹਰੀ;
ਸ੍ਰੀ ਗੁਰੁਦੇਵ ਨਾਮ ਨਾਨਕ ਸਨਾਥ ਕੋ[1]।
ਸੰਕਟ ਹਰਨਹਾਰ ਸੰਗਤਾਂ ਸੁਧਾਰ,
ਦੇਸ ਦੇਸਨ ਪਧਾਰ[1] ਜਸ ਫੈਲਿਯੋ ਗੁਰੂ ਗਾਥ ਕੋ
॥੧੨੮॥

[1]ਧਰਤੀ। [2]ਬ੍ਰਹਮਾ।

[1](ਜੀਵਾਂ ਨੂੰ) ਮਾਰਨ ਵਾਲੇ। [2]ਰਾਹ ਮਾਰ।

[1]ਵਿਭਚਾਰੀ। [2]ਇਕੱਠੇ ਹੋ ਕੇ ਧੱਕਾ ਕਰਦੇ ਹਨ (ਅਤੇ) ਖੋਟੇ ਰਸਤੇ ਚਲਦੇ ਹਨ।

[1]ਬ੍ਰਹਮਾ ਨੇ।

[1]ਸਫਲ ਭਾਵ ਮੁਕਤਿ ਕਰਨ ਨੂੰ।

[1](ਗੁਰਾਂ ਨੇ) ਜਾ ਕੇ।

ਚੌਪਈ:
ਜਗਤ ਉਧਾਰਨ ਸ੍ਰੀ ਗੁਰੂ ਨਾਨਕ।
ਭੇ ਅਵਤਾਰ ਪਾਪ ਗਨ ਹਾਨਕ[1]।
ਤਿਨੋਂ ਪਖੰਡੀ ਮਤ ਕਰਿ ਚੂਰਨ[1]।
ਭਰਾ ਜਹਾਜ ਨਾਮ ਦੈ ਤੂਰਨ[1] ॥੧੨੯॥
ਸਭਿ ਸੰਗਤ ਕੋ ਲੀਨ ਚੜ੍ਹਾਈ।
ਸਤਿਨਾਮੁ ਕੀ ਰੀਤਿ ਸਿਖਾਈ।
ਕਛੁਕ ਕਾਲ ਗੁਰੁ ਨਾਨਕ ਪਾਛੈ।
ਘੁੰਮਣ ਘੇਰ ਸਿੰਧੁ ਕੇ[1] ਕਾਛੇ[2] ॥੧੩੦॥
ਭ੍ਰਮਤ[1] ਭਾਰ ਸੈਂ ਫੂਟਤ ਭਯੋ।
ਟੂਕ ਟੂਕ ਹ੍ਵੈ ਬਿਥਰ[1] ਸੁ ਗਯੋ।
ਘਾਟ ਪਹੁੰਚਬੇ ਮਾਰਗ ਛੂਟਯੋ[1]।
ਨਜਾਰੇ ਨਜਾਰੇ ਹ੍ਵੈ ਦੁਖੁ ਘੂਟਿਯੋ[1] ॥੧੩੧॥
ਤਿਨ ਕੋ ਹਮ ਅਬਿ ਦੇਖਤ ਭਏ।

[1]ਸਾਰੇ ਪਾਪਾਂ ਨੂੰ ਨਾਸ ਕਰਨ ਵਾਲੇ।

[1]ਖੰਡਨ ਕੀਤਾ।

[1]ਛੇਤੀ।

[1]ਸਮੁੰਦਰ ਦੀ ਘੁੰਮਣ ਘੇਰੀ ਦੇ (ਅੰਦਰ)। [2]ਸੁੰਦਰ (ਜਹਾਜ਼)।

[1]ਫਿਰਦਿਆਂ ਫਿਰਦਿਆਂ।

[1]ਖਿੰਡ ਗਿਆ।

[1]ਘਾਟ ਤੇ ਪਹੁੰਚਣ ਦਾ ਰਸਤਾ ਭੁੱਲ ਗਿਆ।

[1]ਦੁੱਖਾਂ ਨੇ ਘੁੱਟ ਲਿਆ ਭਾਵ ਪਕੜ ਲਿਆ।

ਸਭਿ ਬੂਡੇ ਕੈ ਕਿਛੁ ਰਹਿ ਗਏ[1]। [1]ਸਾਰੇ ਡੁੱਬ ਗਏ ਹਨ ਜਾਂ ਕੁਝ (ਬਚ) ਰਹੇ ਹਨ।
ਭੈ ਦਾਇਕ ਸੁਨ ਕੈ ਬਚ ਗੁਰੁ ਕਾ।
ਟੂਟਿਉ ਧੀਰਜ ਸੰਗਤਿ ਉਰ ਕਾ ॥ ੧੩੨ ॥
ਹਾਥ ਜੋਰ ਕੈ ਸੰਗਤਿ ਬੂਝਿਓ।
ਸ੍ਰੀ ਗੁਰੁਦੇਵ ਨਾ ਹਮ ਕਿਛੁ ਸੂਝਿਓ।
ਕਰਿ ਕਿਰਪਾ ਹਮ ਕੋ ਸਮਝਾਵੋ।
ਹਮਰੇ ਮਨ ਕਾ ਭਰਮ ਮਿਟਾਵੋ ॥ ੧੩੩ ॥
ਦੋਹਰਾ:
ਅਤਿ ਪ੍ਰਸੰਨ ਸਤਿਗੁਰੁ ਭਏ,
ਸੁਨਿ ਸੰਗਤ ਕੈ ਬੈਨ।
ਸਭਿ ਸਿੱਖਨਿ ਪ੍ਰਤਿ ਕਹਿਤ ਭੇ,
ਮੁਕਤਿ ਭੁਗਤਿ ਗਤਿ ਦੈਨ ॥ ੧੩੪ ॥
ਕੁਛ ਥੋਰੇ ਹੂੰ ਕਾਲ ਤੇ,
ਮਤ ਪਖੰਡ ਅਤਿ ਫੈਲ[1]। [1]ਫੈਲ ਗਿਆ ਹੈ।
ਪਰੇ ਸਿੱਖ ਭ੍ਰਮਿ ਜਾਲ ਮੈਂ,
ਗਈ ਛੂਟ ਗੁਰ ਗੈਲ[1] ॥ ੧੩੫ ॥ [1]ਰਸਤਾ ਭੁੱਲ ਗਿਆ।
ਚੌਪਈ:
ਸੋ ਦੇਖਤਿ ਚੜ੍ਹਿ ਸੈਲਿ ਉਤੰਕਾ[1]। [1]ਉੱਚੇ ਪਹਾੜ ਤੇ। (ਉਤੰਗਾ-ਉੱਚਾ)।
ਗੁਰੁ ਸਿੱਖਨਿ ਕੋ ਮਿਟੈ ਕਲੰਕਾ।
ਹੇ ਗੁਰੁ ਦੇਵ ਬਿਨਤਿ ਸੁਨ ਲੀਜੈ।
ਜਿਹ ਬਿਧਿ ਸਿੱਖਨਿ ਸੰਸਾ ਛੀਜੈ[1] ॥ ੧੩੬ ॥ [1]ਨਾਸ ਹੋਵੇ।
ਯਹਿ ਜਹਾਜ ਫਿਰਿ ਮਿਲੈਂ ਕੇ ਨਹੀਂ।
ਜੁਦਾ ਰਹੈਂ ਕਿ ਮਿਲ ਹੈਂ ਕਹੀਂ।
ਗੁਰੁ ਕੋ ਪੰਥ ਗੁਰੂ ਕੋ ਲਾਜ।
ਸਦਾ ਕਰਤਿ ਸਿੱਖਨਿ ਕੇ ਕਾਜ ॥ ੧੩੭ ॥
ਹੇ ਗੁਰੂ ਤੁਮ ਹੋ ਸਦ ਬਖਸ਼ਿੰਦ।
ਕੀਰਨ ਤੇ[1] ਗੁਰੁ ਕਰਤਿ ਨਰਿੰਦ[2]। [1]ਕੰਗਾਲਾਂ ਤੋਂ। [2]ਰਾਜੇ।
ਹ੍ਵੈ ਕ੍ਰਿਪਾਲ ਗੁਰੁ ਤਬੈ ਉਚਾਰਾ।
ਸਿੱਖਨਿ ਮਨਿ ਸੰਦੇਹਿ[1] ਨਿਵਾਰਾ ॥ ੧੩੮ ॥ [1]ਸੰਸਾ।
ਕਛੁਕ ਕਾਲ ਮਤਿ ਕਿਨ ਕੀ[1] ਭਰਮੈ। [1]ਕਈਆਂ (ਸਿੱਖਾਂ) ਦੀ।

ਪ੍ਰਿਥਮ ਮਸੰਦ ਮਾਨ ਕਰਿ ਘਰ ਮੈਂ[1]। [1]ਪਹਿਲਾਂ ਗੁਰੂ ਘਰ ਵਿੱਚ ਮਸੰਦ ਹੰਕਾਰ ਕਰ ਲੈਣਗੇ।
ਮਾਯਾ ਲੋਭਿ ਜਾਇਂ ਬੌਰਾਇ[1]। [1]ਸ਼ੁਦਾਈ ਹੋ ਜਾਣਗੇ।
ਘਰਿ ਘਰਿ ਨਿਜ ਕੋ ਗੁਰੂ ਕਹਾਇਂ ॥ ੧੩੯ ॥
ਬਿਗਰ ਜਾਇ ਸਭਿ ਦੇਖਾ ਦੇਖੀ।
ਕਪਟੀ ਗੁਰੂ ਬਨੈਂਗੇ ਭੇਖੀ।
ਜਬਿ ਹਮ ਦਸਮਾਂ ਜਾਮਾਂ ਪਹਿਰੋਂ।
ਲਿਓਂ ਨਿਕਾਰ ਸਿੰਧ ਕੀ ਲਹਿਰੋਂ ॥ ੧੪੦ ॥
ਪੁਨ ਬਟੋਰ[1] ਹਮ ਸੰਗਤ ਸਗਰੀ। [1]ਇਕੱਠੀ ਕਰਕੇ।
ਦੇਉਂ ਬਸਾਇ ਗੁਰੂ ਮਗ ਨਗਰੀ[1]। [1]ਗੁਰੂ ਦੇ ਪੰਥ ਦੀ ਨਗਰੀ ਭਾਵ ਸ੍ਰੀ ਅਨੰਦ ਪੁਰ ਸਾਹਿਬ।
ਅਸੁਰ[1] ਜੀਤ ਕੇ ਧਰਮ ਨਿਸ਼ਾਨਾ। [1]ਦੈਂਤਾਂ ਭਾਵ ਤੁਰਕਾਂ ਨੂੰ।
ਝੂਲੇਂ ਗੇ ਸਤਿਗੁਰ ਅਸਥਾਨਾ ॥ ੧੪੧ ॥
ਤੇਗ ਧਨੀ ਬਹੁ ਦੇਗ[1] ਚਲਾਵੈ। [1]ਲੰਗਰ।
ਦੁਸ਼ਟ ਪਖੰਡੀ ਮਾਰ ਖਪਾਵੈ।
ਸੁਨਿ ਸੁਨਿ ਜਸੁ ਪੁਨ ਸੰਗਤਿ ਆਵੈ।
ਛਿਮਾ ਭੂਲ[1] ਗੁਰੁ ਪਗ ਲਪਟਾਵੈ ॥ ੧੪੨ ॥ [1]ਭੁੱਲ ਬਖ਼ਸ਼ਵਾ ਕੇ।
ਗੁਰੁ ਹਰਿਰਾਇ ਕਹੈਂ ਮ੍ਰਿਦੁ ਬੈਨਾ[1]। [1]ਕੋਮਲ ਬਚਨ।
ਸੁਨਿ ਸੰਗਤਿ ਮਨਿ ਅਤਿ ਹਰਿਖੈਨਾ[1]। [1]ਬਹੁਤ ਖ਼ੁਸ਼ ਹੋਈ।
ਸ੍ਰੀ ਗੁਰੁ ਦੇਵ ਆਪ ਕੀ ਸਰਨਾ।
ਗੁਰੁ ਜਹਾਜ ਚੜ੍ਹ ਸਿੱਖਨਿ ਤਰਨਾਂ ॥ ੧੪੩ ॥
ਹਮ ਜੜ੍ਹ ਜੀਵ ਕਪਟ ਕੀ ਖਾਨੀ।
ਤੁਮ ਰੱਛਕ ਪ੍ਰਭ ਸਾਰਿੰਗ ਪਾਨੀ[1]। [1]ਪ੍ਰਮੇਸ਼ਰ ਰੂਪ ਹੋ।
ਇਹ ਕਲਿ ਕਾਲ ਕਠਿਨ ਅਤਿ ਘੋਰਾ।
ਕਿਹ ਕਾਰਨ ਪ੍ਰਭ ਉਬਰਨ ਮੋਰਾ[1] ॥ ੧੪੪ ॥ [1]ਸਾਡਾ ਬਚਾਅ (ਹੋਵੇਗਾ)।
ਸਤਿਗੁਰੁ ਕਹੈਂ ਸੁਨੋ ਸਭਿ ਸੰਗਤ।
ਮਨ ਨੀਵਾਂ ਕਰਿ ਬੈਠੇ ਪੰਗਤ।
ਸਤਿਗੁਰੁ ਬਾਣੀ ਨਿਸ ਦਿਨ ਰਟੈ[1]। [1]ਉਚਾਰਨ ਕਰਦਾ ਹੈ।
ਤਿਨ ਕੇ ਸਕਲ ਕਲੂਖਤ[1] ਕਟੈ ॥ ੧੪੫ ॥ [1]ਪਾਪ।
ਸਤਿਨਾਮੁ ਬਾਣੀ ਗੁਰੁ ਬਰਨੀ[1]। [1]ਵਰਨਣ ਕੀਤੀ ਹੈ ਭਾਵ ਉਚਾਰੀ ਹੈ।
ਭਵ ਸਾਗਰ ਕੋ ਜਾਣੋ ਤਰਨੀ[1] ॥ ੧੪੬ ॥ [1]ਬੇੜੀ।
ਦੋਹਰਾ:

ਕਛੁਕ ਕਾਲ ਹਰਿਰਾਇ ਗੁਰੁ,
ਸਿੱਖਨਿ ਕੋ ਸੁਖ ਦੀਨ।
ਨਿਜਿ ਸਰੀਰ ਕੋ ਅੰਤ ਲਖਿ[1],
ਗੁਰੂ ਤਜਨ ਚਿਤ ਕੀਨ[1] ॥ ੧੪੭ ॥

[1]ਜਾਣ ਕੇ।
[1]ਸ਼ਰੀਰ ਤਿਆਗਣ ਦੀ ਚਿਤਵਨੀ ਕੀਤੀ।

ਸਪਤਮ ਗੁਰੁ ਨਿਜ ਤਖਤ ਪੈ,
ਗੁਰੂ ਬਨਾਵਨ ਹੇਤ।
ਬਡ ਸੁਤ ਕੋ ਤਜਾਗਨ ਕੀਯੋ,
ਛੋਟੇ ਕੋ ਪਦ ਦੇਤ[1] ॥ ੧੪੮ ॥

[1]ਗੁਰਤਾ ਦੀ ਪਦਵੀ ਦੇਣਾ (ਚਾਹੁੰਦੇ ਹਨ)।

ਬਡੋ ਨਿਲਾਇਕ ਜਾਨ ਕੈ,
ਦੀਯੋ ਤਜਾਗ ਗੁਰਦੇਵ।
ਬੇਦੀ ਭੱਲੇ ਤੇਹਣ ਜੋ,
ਸੋਢੀ ਅਏ ਅਮੇਵ[1] ॥ ੧੪੯ ॥

[1]ਬਹੁਤੇ।

ਚੌਪਈ:
ਭਾਈ ਬੁੱਢੇ ਕੇ ਬੁਲਵਾਏ।
ਸੁਭਟ ਸੂਰਮੇ ਸਭਿ ਚਲਿ ਆਏ।
ਚਾਰੋ ਦਿਸ ਮੈਂ ਸੰਗਤਿ ਬ੍ਰਿੰਦ।
ਮੱਧ ਗੁਰੂ ਸ਼ਿਵ ਸੱਕ੍ਰ ਮਨਿੰਦ[1] ॥ ੧੫੦ ॥

[1]ਸ਼ਿਵ ਤੇ ਇੰਦ੍ਰ ਵਾਂਗ।

ਦੋਹਰਾ:
ਹੁਕਮ ਲਿਖਜੋ ਸਭਿ ਸੰਗਤੀ,
ਔਰ ਮਸੰਦਨਿ ਓਰ[1]।
ਮਗ ਮੈਂ ਦੇਰ ਨਾ ਲਾਈਓ
ਨਹਿਂ ਦੇਖੋ ਨਿਸ ਭੋਰ[1] ॥ ੧੫੧ ॥

[1]ਤਰਫ਼।
[1]ਰਾਤ ਦਿਨ।

ਚੌਪਈ:
ਪਸਚਮ ਪੂਰਬ ਉੱਤ੍ਰ ਦੱਖਨ।
ਹਲਕਾਰੇ ਉਠਿ ਤੁਰੇ ਬਿਚੱਛਨ[1]।
ਹੁਕਮ ਸੁਨਤਿ ਕੀਰਤ ਪੁਰ ਆਏ।
ਸੰਗ ਮਸੰਦ ਸੰਗਤਾਂ ਲਜਾਏ ॥ ੧੫੨ ॥
ਨਿਜ ਨਿਜ ਸਮਾ ਦੇਖਿ ਮਾਸੰਦ।
ਦਰਸ ਕਰਾਵੈਂ ਗੁਰੁ ਬਖਸ਼ਿੰਦ।
ਅਨਿਕ ਭਾਂਤਿ ਕੀ ਭੇਟ ਚੜ੍ਹਾਵੈਂ।

[1]ਚਤੁਰ।

ਮਨ ਬਾਂਛਤ ਗੁਰ ਤੇ ਬਰ ਪਾਵੈਂ ॥ ੧੫੩ ॥
ਸਭਿ ਸੰਗਤ ਨੇ ਯਹਿ ਸੁਨ ਲੀਨੋਂ।
ਬਡੋ ਪੂਤ ਸਤਿਗੁਰੁ ਤਜਿ ਦੀਨੋਂ।
ਦੂਸਰ ਦਿਵਸ ਗੁਰੂ ਹਰਿਰਾਇ।
ਦੇਹ ਤਿਆਗਨ ਸਮਿਯੋਂ ਆਇ[1] ॥ ੧੫੪ ॥ [1]ਸਮਾਂ ਆ ਗਿਆ ਹੈ।
ਤਬਿਂ ਸਤਿਗੁਰੁ ਸ੍ਰੀ ਫਲੁ[1] ਮੰਗਵਾਯੋ। [1]ਨਲੇਰ।
ਸ੍ਰੀ ਹਰਿ ਕ੍ਰਿਸ਼ਨ ਮੱਧਿ[1] ਬਿਠਲਾਯੋ। [1]ਵਿਚਕਾਰ ਭਾਵ ਤਖ਼ਤ ਉੱਪਰ।
ਤਬਿ ਗੁਰੁ ਕਰੀ ਪ੍ਰਕਰਮਾ ਤੀਨ।
ਪੈਸੇ ਪਾਂਚ ਨਾਰੀਅਰ ਦੀਨ ॥ ੧੫੫ ॥
ਹਾਥ ਜੋਰ ਕੈ ਮਸਤਕ ਟੇਕਿਓ।
ਸ੍ਰੀ ਨਾਨਕ ਬਪੁ ਸੁਤ ਕੋ ਭੇਟਿਓ[1]। [1]ਪੁੱਤਰ ਨੂੰ ਸ੍ਰੀ ਗੁਰੂ ਨਾਨਕ ਰੂਪ (ਜਾਣ ਕੇ) ਮਿਲੇ।
ਸਭਿ ਸੰਗਤਿ ਪ੍ਰਤਿ ਕਹਾ ਉਚਾਰੀ।
ਜਗ ਗੁਰਤਾ ਅਬਿ ਇਨਿ ਅਨੁਸਾਰੀ ॥ ੧੫੬ ॥
ਸਰਬ ਉਪਾਇਨ[1] ਇਨਿ ਕੋ ਦੀਜੈ। [1]ਭੇਟਾ।
ਲੋਕ ਪ੍ਰਲੋਕ ਸਫਲ ਸਭਿ ਕੀਜੈ।
ਸਰਬ ਸ਼ਕਤੀਯਾਂ ਇਨ ਕੇ ਹੱਥ।
ਭੰਜਨ ਘੜਨ ਸਰਬ ਸਮਰੱਥ ॥ ੧੫੭ ॥
ਸੁਨਿ ਗੁਰੁ ਵਾਕ ਸਕਲ ਮਾਸੰਦ।
ਦੇਤਿ ਉਪਾਇਨ ਬਹੁਤ ਬੁਲੰਦ।
ਸਭ ਪ੍ਰਵਾਰ ਸੰਗਤਾਂ ਸਾਰੀ।
ਦੇਤਿ ਭੇਟ ਸਭਿ ਵਾਰੋ ਵਾਰੀ ॥ ੧੫੮ ॥
ਜੈ ਜੈ ਕਾਰ ਬਾਜਨੇ[1] ਬਾਜੈਂ। [1]ਵਾਜੇ।
ਕਰੈਂ ਨਿਛਾਵਰੁ[1] ਆਰਤੀ ਸਾਜੈਂ[2]। [1]ਵਾਰਨੇ। [2]ਸਜਾਉਂਦੇ ਭਾਵ ਕਰਦੇ ਹਨ।
ਚਮਰ ਚਾਰੁ[1] ਢੋਰਤ ਗੁਰੁ ਊਪਰ। [1]ਸੁੰਦਰ।
ਭਯੋ ਅਨੰਦ ਸਕਲ ਛਿਤ[1] ਊਪਰ ॥ ੧੫੯ ॥ [1]ਧਰਤੀ।
ਸ਼ਬਦ ਰਬਾਬੀ ਰਾਗੀ ਗਾਵੈਂ।
ਮਨ ਬਾਂਛਿਤ ਅਰਦਾਸਾਂ ਪਾਵੈਂ।
ਭੂਸੁਰ[1] ਦਾਨ ਅਨੇਕ ਪ੍ਰਕਾਰੈਂ। [1]ਬ੍ਰਾਹਮਣ।
ਲੈ ਲੈ ਜਾਵੈਂ ਗੁਰੈਂ ਜੁਹਾਰੈਂ[1] ॥ ੧੬੦ ॥ [1]ਨਮਸਕਾਰ ਕਰਦੇ ਹਨ।
ਦੋਹਰਾ:

ਦਾਨ ਭਿੱਛਕਨ[1] ਕੋ ਦੀਯੋ,
ਰੰਕ[1] ਨ ਦੀਸਤ ਕੋਇ।
ਅਨਗਨ ਧਨ ਸੋਂ ਸਭਿ ਭਰੇ,
ਪਾਯੋ ਜਾਚਜੋ ਜੋਇ ॥ ੧੬੧ ॥
ਪੁਨ ਗੁਰੁ ਸ੍ਰੀ ਹਰਿਰਾਇ ਜੀ,
ਇਕਰਸ ਧਰਿ ਨਿਜਿ ਧਿਆਨ।
ਜੋਤਿ ਸਮਰਪੀ ਅਸ਼ਟ ਗੁਰੁ[1],
ਦੇਹਿ ਤਿਆਗੀ ਜਾਨ ॥ ੧੬੨ ॥
ਖਬਰ ਜਬੈ ਦਿੱਲੀ ਗਈ,
ਰਾਮਰਾਇ ਸੁੱਧ ਪਾਇ।
ਮਨੁ ਪਛੁਤਾਵਤ ਸਿਰਿ ਧੁਨੈ[1],
ਗਿਰਜੋ ਮੂਰਛਾ ਖਾਇ ॥ ੧੬੩ ॥

[1]ਮੰਗਤਿਆਂ ਨੂੰ।
[1]ਕੰਗਾਲ।
[1]ਜੋਤਿ ਅਠਵੇਂ ਗੁਰਾਂ ਨੂੰ ਸੌਂਪ ਦਿੱਤੀ।
[1]ਸਿਰ ਫੇਰਦਾ ਹੈ ਭਾਵ ਝੁਰਦਾ ਹੈ।

ਕਬਿੱਤ:

ਸੁਨੀ ਰਾਮਰਾਇ ਪਿਤਾ ਗਏ ਹੈਂ ਸਮਾਇ,
ਗਾਦੀ ਦੀਨੀ ਛੋਟੇ ਭਾਇ[1] ਫਰਿਹਾਦ[2] ਕਰੀ ਧਾਇ ਕੈ।
ਪਿਤਾ ਜੋ ਹਮਾਰੋ ਸੋ ਤੋ ਭਾਰੇ ਗੁਰੁਦੇਵ ਹੁਤੋ,
ਬਾਤ ਸੁਨ ਪਾਈ ਸੁਰਲੋਕ ਬੈਠੇ ਜਾਇ ਕੈ।
ਐਸੋ ਕਾਮ ਕੀਨੋ ਹਮੈਂ ਪਿਤਾ ਛੋਡ ਦੀਨੋਂ,
ਗਾਦੀ ਤਿਲਕ ਜੋ ਦੀਨੋਂ ਛੋਟੇ ਭਾਈ ਕੋ ਬੁਲਾਇ ਕੈ।
ਭਯੋ ਦੁਖ ਭਾਰੀ ਦੇਖੋ ਬਾਤ ਕੋ ਬਿਚਾਰੀ
ਬਡੋ ਪੂਤ ਅਧਕਾਰੀ[1] ਛੂਛ[2] ਰਹਜੋ ਹੋਤੇ ਸ਼ਾਹਿ ਕੈ[3] ॥ ੧੬੪ ॥

[1]ਛੋਟੇ ਭਰਾ ਨੂੰ। [2]ਪੁਕਾਰ।
[1]ਹੱਕਦਾਰ। [2]ਖ਼ਾਲੀ। [3]ਬਾਦਸ਼ਾਹ ਦੇ ਹੁੰਦਿਆਂ।

ਗਈ ਬੀਤ ਪਰ ਜੀ ਨ, ਪਿਤਾ ਸਾਥ ਅਰਜੀ ਨ,
ਧਨ ਹੇਤ *ਲਰਜੀ, ਕੁਮਤਿ ਨਾਹਿਂ ਤਰਜੀ[1]।

[1](ਬਾਦਸ਼ਾਹ ਨੇ ਕਿਹਾ) ਲੰਘ ਗਈ (ਗੱਲ) ਦਾ ਜੀਅ ਵਿੱਚ (ਝੁਰੇਵਾਂ) ਨ ਕਰ। ਗੁਰੂ ਨਾਲ ਤੂੰ ਬੇਨਤੀ (ਕਰਕੇ ਮੇਲ) ਨਹੀਂ (ਕਰ ਸਕਿਆ), ਧਨ ਵਾਸਤੇ ਡੋਲਦਾ (ਫਿਰਦਾ) ਰਿਹਾ, ਖੋਟੀ ਮਤਿ ਨ ਛੱਡੀ। *ਇਥੋਂ ਗਿਆਨੀ ਗਿਆਨ ਸਿੰਘ ਜੀ ਦੀ ਅਸਲ ਰਚਨਾ ਸ਼ੁਰੂ ਹੁੰਦੀ ਹੈ।

ਫਰਜੀ ਸਮਝ ਸ਼ਾਹਿ ਬਰਜੀ ਹ੍ਵੈ ਕਹਜੋ ਤਾਂਹਿ,

ਜਾਂਹਿ ਗੁਰੁ ਹਰ ਜੀ ਗਏ ਹੈ ਗੁਰੁ ਕਰ ਜੀ[1]।

[1]ਬਾਦਸ਼ਾਹ ਨੇ ਆਪਣਾਫ਼ਰਜ਼ ਸਮਝ ਕੇ ਤਿਸ (ਰਾਮਰਾਇ ਨੂੰ) ਵਰਜਣ ਵਾਲਾ ਹੋ ਕੇ ਕਿਹਾ ਕਿ ਜਿਨ੍ਹਾਂ ਨੂੰ ਹਰੀ ਰੂਪ ਗੁਰੂ ਜੀ (ਆਪਣੇ ਹੱਥੀਂ) ਗੁਰੂ ਬਣਾ ਗਏ ਹਨ (ਸਿੱਖ ਤਾਂ ਹੁਣ ਉਨ੍ਹਾਂ ਨੂੰ ਹੀ ਗੁਰੂ ਮੰਨਣਗੇ)।

ਹਰਜੀ ਨੂੰ ਹੋਹੁ ਵਾਂਹਿ, ਧਰਿ ਜੀ ਮੈਂ ਧੀਰ,
ਯਾਹਿ ਫਰ ਜੀ ਕਰਾਰ, ਆਹਿ ਪੀਰ ਤੂੰ ਭੀ ਵਰ ਜੀ[1]।

[1]ਉਨ੍ਹਾਂ (ਸਤਿਗੁਰਾਂ) ਦੇ (ਕੰਮ ਵਿੱਚ) ਤੂੰ ਹਰਜ ਕਰਨ ਵਾਲਾ ਨਾ ਬਣ (ਆਪਣੇ) ਜੀਅ ਵਿੱਚ ਧੀਰਜ ਧਾਰ ਇਸ ਜੀਅ (ਦਿਲ) ਵਿੱਚ (ਕਰਾਰ) ਸਥਿਰਤਾ (ਟਿਕਾ) ਫੜ, ਤੂੰ ਵੀ ਸ੍ਰੇਸ਼ਟ ਪੀਰ ਜੀ ਹੈਂ।

ਕਰਜੀ ਨ ਸਿਖ ਦੇਂਹ, ਮਰਜੀ ਕੀ ਬਾਤ ਏਹ,
ਡਰ ਜੀਵ ਮਾਨੈਂ ਤੋਹਿ, ਪਰਜੀ ਨ ਘਰ ਜੀ[1] ॥ ੧੩੫ ॥

[1]ਸਿੱਖ ਤੇਰੇ ਕਰਜ਼ਾਈ ਨਹੀਂ (ਜੋ ਤੈਨੂੰ ਭੇਟਾ) ਦੇਣ, ਇਹ (ਉਹਨਾਂ ਦੀ ਆਪਣੀ) ਮਰਜ਼ੀ ਦੀ ਗੱਲ ਹੈ (ਇਹ ਸਿੱਖ) ਤੇਰੇ ਘਰ ਦੀ ਪਰਜਾ ਨਹੀਂ ਜੋ (ਜੀਵ) ਦਿਲ ਵਿੱਚ ਤੇਰਾ ਡਰ ਮੰਨਣਗੇ।

ਕਹਜੋ ਰਾਮਰਾਇ ਮੁਝੈ ਦੁਖ ਹੈ ਮਹਾਂਇ[1],
ਏਹੁ ਲੋਗ ਲੁੱਟ ਖਾਇਂ ਜੇਤੋ ਧਨ ਗੁਰੁ ਘਰਿ ਹੈ।
ਮਾਲਕ ਤੋ ਬਾਲਕ ਹੈ ਤਾਲਕ[1] ਨਰਾਖਤ ਹੈ,
ਜਾਲਕ ਸਿਖਾਲਕ ਨ ਖਾਲਕ ਤੈ ਡਰ ਹੈਂ[1]।

[1]ਬਹੁਤਾ।

[1](ਆਮਦਨ ਤੇ ਖ਼ਰਚ ਨਾਲ) ਸੰਬੰਧ।

[1]ਸਾਰੇ ਸਿੱਖਿਆ ਦੇਣ ਵਾਲੇ (ਭਾਵ ਮੁਖੀ ਸਿੱਖ) ਪ੍ਰਮੇਸ਼ਰ ਤੋਂ ਨਹੀਂ ਡਰਦੇ।

ਆਵਤ ਬਿਸਾਲ ਬਿੱਤ[1] ਦੇਸ ਦੇਸ ਹੂੰ ਤੈ ਨਿੱਤ,
ਲਾਖੋਂ ਹੀ ਮੁਰੀਦ ਚਿੱਤ ਲਾਇ ਸੇਵ ਕਰਿਹੈਂ।
ਜੇਤਕ ਕਮਾਈ ਸਾਤ ਪੀਢੀ ਕੀ ਉਡਾਈ ਜੈਹ,
ਮਾਈ ਨ ਸੰਭਾਰ ਸਾਕੈ ਭਾਈ ਲਘੁ ਤੁਰ ਹੈ[1] ॥ ੧੬੬ ॥

[1]ਧਨ।

[1]ਬਹੁਤ ਛੋਟਾ ਹੈ।

ਚੌਪਈ:

ਔਰ ਖੇਦ[1] ਇਕ ਮੁਝ ਕੋ ਭਾਰੀ।
ਹਮਰੇ ਬਾਪ ਨ ਆਪ ਵਿਚਾਰੀ।
ਮਮ ਬਿਮਾਤ[1] ਕੇ ਬਸ ਮੈਂ ਹ੍ਵੈ ਕੈ।
ਤਾਹੀਂ ਕੋ ਪੁਨ ਕਹਜੋ ਸੁਨੈ ਕੈ[1] ॥ ੧੬੭ ॥
ਲਘੁ ਬਾਲਕ ਕੋ ਗੁਰੁਤਾ ਦੀਨੀ।
ਸ਼ੱਤ੍ਰ[1] ਇਵ ਮੁਹਿ ਖਬਰ ਨ ਕੀਨੀ।
ਅਰ ਸਬ ਸਿਖੈਂ ਕਰੀ ਮਨਾਹੀ।

[1]ਦੁੱਖ।

[1]ਮੜ੍ਹੇਈ।

[1]ਕਿਹਾ ਸੁਣ ਕੇ।

[1]ਵੈਰੀਆਂ ਨੇ।

ਰਾਮਰਾਇ ਕੋ ਮਾਨਜੋ ਨਾਹੀ ॥੧੬੮॥
ਅਬਿ ਸਬਿ ਮੋਹਿ ਨਿਰਾਦਰ ਕਰ ਹੈਂ।
ਮੁਝ ਕੋ ਗੁਰੁ ਤੇ ਬੇਮੁਖ ਰਰ ਹੈ[1]। [1]ਕਹਿੰਦੇ ਹਨ।
ਲਘੁ ਭ੍ਰਾਤਰ ਕੀ ਕਰਤਿ ਬਡਾਈ।
ਸੇਵ ਕਰਤਿ ਸਬਿ ਬਿਧਿ ਮਨ ਲਾਈ ॥੧੬੯॥
ਨੌਰੰਗ ਕਹਾ ਅਹਾ ਕੁਛ ਕਾਰਨ।
ਜਿਹ ਹਿਤ ਪਿਤ ਤੁਹਿ ਕੀਨ ਬਿਸਾਰਨ।
ਅਜ਼ਮਤ ਯੁਤ ਲਾਇਕ ਸਬਿ ਭਾਂਤੀ।
ਤੁਮ ਕੌ ਕੀਨ ਉਨੈ ਬਖਜਾਤੀ ॥੧੭੦॥
ਫੇਰ ਲਵਾਰਸ[1] ਜੌ ਕਰਿ ਦੀਨਾ। [1]ਬੇ ਮਾਲਕ।
ਕਾਰਨ ਹੈ ਕੁਛ ਇਸ ਮੈ ਪੀਨਾ[1]। [1]ਭਾਰਾ, ਵੱਡਾ।
ਸੋ ਤੁਮ ਸਾਚ ਬਤੈਹੌ ਜਬ ਹੀ।
ਹ੍ਵੈ ਇਨਸਾਫ ਤੁਮਾਰਾ ਤਬ ਹੀ ॥੧੭੧॥
ਇਹ ਸੁਨਿ ਕਪਟੀ ਕਪਟ ਅਲਾਵਾ[1]। [1]ਛਲੀਏ ਨੇ ਛਲ (ਅਲਾਵਾ) ਬਣਾ ਕੇ।
ਸਾਚ ਛਪਾਯੋ ਝੂਠ ਅਲਾਵਾ[1]। [1]ਕਿਹਾ।
ਸ਼ਾਹਿ ਪਾਸ ਤਬਿ ਐਸ ਸੁਨਾਯੋ।
ਮੋ ਪਿਤ ਕੋ ਜਬਿ ਤੁਮੈ ਬੁਲਾਯੋ ॥੧੭੨॥
ਰਾਖੀ ਥੀ ਉਨਿ ਕਸਮ ਉਠਾਈ।
ਸਵਾ ਜਾਮ[1] ਦਿਨ ਚਢਤੇ ਤਾਈਂ। [1]ਪਹਿਰ।
ਮੁਸਲਮੀਨ ਕੋ ਦਰਸੈਂ ਨਾਹੀਂ।
ਯਾਂ ਤੈ ਮੁਝ ਕੋ ਪਠਜੋ ਇਹਾਂ ਹੀਂ ॥੧੭੩॥
ਪੀਠ ਠੋਕ ਕਰਿ ਅਜ਼ਮਤ[1] ਪੂਰਨ। [1]ਕਰਾਮਾਤ ਵਿੱਚ।
ਦੈ ਬਰ ਤੁਮ ਢਿਗ ਭੇਜਜੋ ਤੂਰਨ[1]। [1]ਛੇਤੀ।
ਆਗੇ ਜੋ ਕੁਛਰਾਵਰ[1] ਚਾਹਾ। [1]ਆਪ ਨੇ।
ਸੋ ਮੈਂ ਅਜ਼ਮਤ ਦੈ ਨਿਰਬਾਹਾ ॥੧੭੪॥
ਕਰਾਮਾਤ ਜੋ ਬਹੁਤ ਦਿਖਾਈ।
ਸੁਨਿ ਉਨਿ ਮਾਨੀ ਅਧਿਕ ਬੁਰਾਈ।
ਕੁਝ ਬਿਮਾਤ[1] ਹਮਰੀ ਸਿਖਰਾਏ। [1]ਮੜ੍ਹੋਈ।
ਪਠਜੋ[1] ਹੁਕਮਨਾਮਾ ਇਸ ਭਾਏ ॥੧੭੫॥ [1]ਭੇਜਿਆ।
ਤੂੰ ਗੁਰ ਘਰ ਕੀ ਸ਼ਕਤਿ ਲੁਟੈ ਹੈਂ।

ਯਾਂ ਤੈ ਹਮ ਤੁਹਿ ਤਜਾਗਨ ਕੈ ਹੈਂ[1]।
ਬਾਦਸ਼ਾਹਿ ਕਾ ਤੂੰ ਬਨ ਗਯੋ।
ਅਬਿ ਹਮਰੇ ਮੁਖ ਨਾਹਿ ਲਗਯੋ ॥੧੭੬॥
ਸੋ ਇਹੁ ਦੋਸ਼ ਨਹੀ ਕੁਛ ਮੇਰਾ।
ਹੈ ਬਦਨਾਮ ਨਾਮ ਬਡ ਤੇਰਾ।
ਜਯੋਂ ਕੋਊ ਪਸੁ ਕੋ ਹਟਕਾਰੈ[1]।
ਗਾਰ ਖਸਮ ਕੇ ਨਾਮ ਉਚਾਰੈ ॥੧੭੭॥
ਇਹੁ ਫਲ ਤੁਮਰੀ ਸੰਗਤਿ ਕੇਰਾ।
ਮਿਲਾ ਮੋਹਿ ਹੱਕ ਖੋਯੋ ਮੇਰਾ।
ਪਾਤਸ਼ਾਹਿ ਸੁਨਿ ਪੁਨ ਇਮ ਗਾਵਾ[1]।
ਤੁਮ ਢਿਗ ਜੋ ਗੁਰੁ ਲਿਖਯੋ ਪਠਾਵਾ ॥੧੭੮॥
ਅਬਿ ਹੀ ਸੋ ਦਿਖਰਾਵੋ ਮੋਹੀ।
ਕਾਰਨ ਇਹੀ ਸਹੀ ਜੇ ਹੋਹੀ।
ਤੌ ਲੈ ਦੈਹੋਂ ਤੁਹਿ ਗੁਰਜਾਈ* ॥੧੭੯॥

ਇਹ ਸੁਨਿ ਰਾਮ ਰਾਇ ਪੁਨ ਗਾਈ।
ਵਹਿ ਵੀ ਉਨੈ ਲਯੋ ਚੁਰਵਾਈ।
ਕਹਯੋ ਸ਼ਾਹਿ ਤੁਮ ਅਜ਼ਮਤ ਲਾਈ।
ਲਿਹੁ ਮੰਗਵਾਇ ਪਦਮਨੀ ਨਜਾਈ[1] ॥੧੮੦॥
ਰਾਮਰਾਇ ਕਹਿ ਜੋ ਮਨ ਚੈਹੌਂ।
ਔਰ ਠੌਰ ਤੈ ਸੋ ਮੰਗਵੈਹੌਂ।
ਗੁਰੁ ਘਰ ਪਰ ਮਮ ਸ਼ਕਤਿ ਨ ਚਲ ਹੈ।
ਮੁਝ ਸੈਂ ਉਨਿ ਮੈਂ ਦਹਿ ਗੁਨ[1] ਬਲ ਹੈ ॥੧੮੧॥
ਕਹਯੋ ਸ਼ਾਹਿ ਤੁਮ ਪਤਾ ਬਤਾਵੋ।
ਸੰਗ ਤਲਾਸ਼ੀ ਮੈਂ ਨਿਕਲਾਵੋਂ।
ਪੁਨਾ ਬਹਾਨਾ ਇਨਿ ਇਹ ਕੀਨਾ।
ਸ਼ਾਇਤ ਫਾਰ ਗੁਰੂ ਹੈ ਦੀਨਾ[1] ॥੧੮੨॥
ਸ਼ਾਹਿ ਕਹਾ ਤੁਮ ਬਕਰੇ ਨਜਾਈ।
ਫਾਰਯੋ ਸਾਬਤ ਲੇਹੁ ਬਨਾਈ।
ਇਨੈ ਕਹਯੋ ਗੁਰੁ ਫਾੜਯੋ ਜੋਈ।

[1]ਕਰਦੇ ਹਾਂ।

[1]ਹਟਾਉਂਦਾ ਹੈ।

[1]ਕਿਹਾ।

*ਅੰਕ ਨੰ. ੧੨੯ ਦੀਆਂ ਛਾਪਾ ਪੱਥਰ 'ਚ ਤਿੰਨ ਹੀ ਤੁਕਾਂ ਹਨ। ਇਕ ਤੁਕ ਛਪਣੋਂ ਰਹਿ ਗਈ ਹੈ। ਇਹ ਤੁਕ ਖੋਜ ਤਲਬ ਹੈ।

[1]ਵਾਂਙੂ।

[1]ਦਸ ਗੁਣਾ।

[1]ਸ਼ਾਇਦ (ਹੋ ਸਕਦਾ ਹੈ) ਗੁਰਾਂ ਨੇ ਪਾੜ ਹੀ ਦਿੱਤਾ ਹੋਵੇ।

ਤਿਸ ਕੌ ਜੋੜ ਨ ਸਕ ਹੈ ਕੋਈ ॥੧੮੩॥
ਪੀਰ ਪਿਕੰਬਰ ਹਰਿ ਅਵਤਾਰਾ।
ਮੇਟਿ ਸਕੈ ਨਹਿ ਗੁਰੁ ਕੀ ਕਾਰਾ।
ਨੌਰੰਗ ਕਹਾ ਭਯੋ ਇਨਸਾਫੈ।
ਅਬਿ ਹਮ ਕੌ ਤੁਮ ਕਰੀਓ ਮਾਫੈ ॥੧੮੪॥
ਨਿਜ ਜੁਬਾਨ ਸੈ ਤੁਮ ਹੀ ਕਹੀ।
ਗੁਰ ਕਾ ਕੀਨਾ ਮੁੜੈ ਨ ਕਹੀਂ।
ਪੈਗੰਬਰ ਅਵਤਾਰ ਜੁ ਡਰੈਂ।
ਜੇ ਇਹੁ ਪਾਨੀ ਗੁਰੁ ਕਾ ਭਰੈਂ ॥੧੮੫॥
ਤੌ ਹਮ ਤੁਮ ਕੌ ਕਿਮ ਗੁਰਜਾਈ।
ਸਕੈਂ ਦਿਲਾਇ ਜੁ ਗੁਰੂ ਹਟਾਈ।
ਤੁਮ ਭੀ ਤੋ ਹੋ ਅਜ਼ਮਤ ਵਾਲੀ[1]। [1]ਕਰਾਮਾਤ ਦੇ ਮਾਲਕ।
ਸਿੱਖੀ ਕਰਿ ਲਿਹੁ ਅਪਨ ਨਿਰਾਲੀ ॥੧੮੬॥
ਜਬਿ ਜਵਾਬ ਯੌਂ ਸ਼ਹਿ ਤੈ ਪਾਯੋ।
ਮੈਝਰ ਨਾਮਾ[1] ਤਬੈ ਦਿਖਾਯੋ। [1]ਮਹਜਰ ਨਾਮਹ- ਉਹ ਲਿਖਤ ਜਿਸ ਉਪਰ ਬਹੁਤਿਆਂ ਦੇ ਦਸਖ਼ਤ ਹੋਣ।
ਪੇਖਿ ਸ਼ਾਹਿ ਪੁਨ ਐਸ ਅਲਾਵਾ।
ਏਹੁ ਸ਼ਰੀਕ ਕਰਤਿ ਬਹਿਕਾਵਾ[1] ॥੧੮੭॥ [1]ਭਟਕਾਉਂਦੇ ਹਨ।
ਗੁਰੁਤਾ ਤੈ ਜਵਾਬ ਜਬਿ ਮਿਲਜੋ।
ਚਾਲਾ ਔਰ ਰਾਮਰਾਇ ਚਲਜੋ।
ਹਜ਼ਰਤ ਆਪ ਜੋ ਹੁਕਮ ਅਲਾਵਾ।
ਸੋ ਮਨਜ਼ੂਰ ਹਮੈ ਦਿਢ ਭਾਵਾ[1] ॥੧੮੮॥ [1]ਚੰਗਾ ਲਗਦਾ ਹੈ।
ਮੁਝ ਕੋ ਨਾਹਿ ਕਾਹਿ ਪ੍ਰਵਾਹੂ।
ਸਿੱਖੀ ਬ੍ਰਿੰਦ ਦੇਸ ਮਮ ਪਾਹੂ।
ਅਰ ਰਾਵਰ ਸੋ ਮੇਲ ਭਲੇਰੈ।
ਦੇਤਿ ਵਸਤ ਸੁਠ[1] ਦਰਬ ਬਧੇਰੈ ॥੧੮੯॥ [1]ਸੁੰਦਰ।
ਕਮੀ ਨ ਕਿਸੀ ਵਸਤੁ ਕੀ ਕੋਊ।
ਜੋ ਚਹੀਅਤ ਹੈ ਮਿਲ ਹੈ ਸੋਊ।
ਪੈ ਇਕ ਚਿੰਤਾ ਨੈ ਚਿਤ ਦਹਜੋ[1]। [1]ਸਾੜਿਆ ਹੈ।
ਲਘੁ ਭ੍ਰਾਤਾ ਬਡ ਮਰਤਬਾ[1] ਲਹਜੋ ॥੧੯੦॥ [1]ਦਰਜਾ, ਪਦਵੀ।

ਹੱਕਦਾਰ ਕੋ ਹੱਕ ਨਾ ਮਿਲਾ।
ਉਲਟਾ ਫੂਲ ਔਰ ਹੀ ਖਿਲਾ।
ਅਬਿ ਸਿੱਖਨਿ ਕੇ ਗੁਰਹਿ[1] ਬੁਲਾਵੋ। [1]ਸਿੱਖਾਂ ਦੇ ਗੁਰੂ (ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ) ਨੂੰ।
ਗਾਦੀ ਜੋਗ ਅਜੋਗ ਲਖਾਵੋ[1] ॥੧੯੧॥ [1]ਲਾਇਕ ਜਾਂ ਨਾਲਾਇਕ ਦਾ ਨਿਰਣਯ ਕਰੋ।
ਸੋ ਤੋ ਗੁਰੁ ਗਾਦੀ ਪਰ ਥਿਤ ਹੈ।
ਮੁਝ ਤੇ ਸੌ ਗੁਨ ਅਜ਼ਮਤ ਯੁਤ ਹੈ।
ਮੁਝ ਤੈ ਕਰਾਮਾਤ ਜਸੋਂ ਹੇਰੀ।
ਤਿਸ ਤੈ ਭੀ ਪੇਖਹੁ ਇਕ ਬੇਰੀ ॥੧੯੨॥

ਦੋਹਰਾ:

ਰਾਮਰਾਇ ਮਤਸਰ[1] ਭਯੋ, [1]ਈਰਖਾ।
ਜਰਯੋ ਲਾਗ[1] ਕੀ ਆਗ। [1]ਦੁਸ਼ਮਣੀ।
ਕੀਨੋ ਚਹੈ ਕੁਕਾਜ ਬਡ,
ਰਹਯੋ ਕੋਪ ਮੈ ਪਾਗ[1] ॥੧੯੩॥ [1]ਕ੍ਰੋਧ ਵਿੱਚ ਲੀਨ ਹੋ ਗਿਆ ਭਾਵ ਭਰ ਗਿਆ।
ਸੀਖ ਸਿਖੈ ਕਰਿ ਸ਼ਾਹਿ ਕੋ,
ਮਤ[1] ਠੀਕ ਠਹਿਰਾਹਿ। [1]ਸਲਾਹ।
ਜੁੱਮਾ ਜੈ ਸਿੰਘ ਨ੍ਰਿਪ ਕੋ
ਲਜਾਵਨ ਹਿਤ ਕਿਯ ਸ਼ਾਹਿ ॥੧੯੪॥

ਚੌਪਈ:

ਜੈ ਪੁਰ ਪਤਿ ਜੈ ਸਿੰਘ* ਸਵਾਈ[1]। [1]ਖਿਤਾਬ। *ਖੋਜੀ ਵਿਦਵਾਨਾਂ ਦੀ ਰਾਇ ਅਨੁਸਾਰ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਪਰਮ ਭਗਤ ਰਾਜਾ ਜਯ ਸਿੰਘ ਦੀ ਰਾਜਧਾਨੀ ਅੰਬਰ ਸ਼ਹਿਰ ਸੀ ਤੇ ਉਸ ਦਾ ਖ਼ਿਤਾਬ ਮਿਰਜ਼ਾ ਸੀ। ਇਹ ਤਾਰਾ ਸਿੰਘ ਦਾ ਪੁੱਤਰ ਸੀ, ਜਿਸ ਦਾ ਦੇਹਾਂਤ ੧੬੬੬ ਈ: ਵਿਚ ਹੋਇਆ ਪਰ ਰਾਜਾ ਜਯ ਸਿੰਘ ਸਵਾਈ ਇਸ ਤੋਂ ਬਾਦ ਰਾਜਾ ਹੋਇਆ ਹੈ, ਜਿਸ ਨੇ ਜਯ ਪੁਰ ਸ਼ਹਿਰ ਵਸਾ ਕੇ ਰਾਜਧਾਨੀ ਅੰਬਰ ਸ਼ਹਿਰ ਤੋਂ ਬਦਲ ਕੇ ਜਯ ਪੁਰ ਲਿਆਂਦੀ। ਇਹ ਬਿਸ਼ਨ ਸਿੰਘ ਦਾ ਪੁੱਤਰ ਸੀ। ਇਸ ਨੂੰ ਫ਼ੱਰੁਖ਼ਸੀਅਰ ਦੇ ਜ਼ਮਾਨੇ ਵਿਚ ਰਾਜ ਅਧਿਕਾਰ ਦੀ ਪਦਵੀ ਮਿਲੀ ਅਤੇ ਮੁਹੰਮਦ ਸ਼ਾਹ ਨੇ ਸਵਾਈ ਖ਼ਿਤਾਬ ਦਿੱਤਾ। ਇਹ ਸੰਨ ੧੬੯੭ ਈ: ਵਿਚ ਤਖ਼ਤ ਤੇ ਬੈਠਾ। ਇਸ ਦਾ ਦੇਹਾਂਤ ੧੭੪੩ ਈ: ਵਿਚ ਹੋਇਆ।
ਨਿਜ ਦਿਵਾਨ[1] ਕੋ ਪਠਯੋ ਸਿਖਾਈ। [1]ਵਜ਼ੀਰ।
ਗੁਰੁ ਨਾਨਕ ਕੀ ਗਾਦੀ ਪਰ ਹੈ।

ਸ੍ਰੀ ਹਰਿ ਕ੍ਰਿਸ਼ਨ ਕ੍ਰਿਸ਼ਨ ਤੈ ਵਰ[1] ਹੈ ॥੧੯੫॥
[1]ਸ੍ਰੇਸ਼ਟ।

ਬਾਲਕ ਬਪੁ[1] ਮਾਲਕ ਸਬਿ ਸ਼ਕਤੀ।
[1]ਸ਼ਰੀਰ, ਸਰੂਪ।

ਘਾਲਕ ਅਗਤਾ[1] ਪਾਲਕ ਭਗਤੀ।
[1]ਅਗਿਆਨਤਾ ਨੂੰ ਨਾਸ ਕਰਨ ਵਾਲੇ।

ਸਾਲਕ[1] ਆਰਫ[2] ਚਾਲਕ ਜਗਤੀ[3]।
[1]ਖੁਦਾ ਦੋਸਤ। [2]ਆਤਮ ਗਿਆਨੀ। [3]ਜਗਤ ਨੂੰ ਚਲਾਉਣ ਵਾਲੇ।

ਤਾਲਕ ਰਖ ਹੈਂ ਖਾਲਕਿ ਸ਼ਕਤੀ[1] ॥੧੯੬॥
[1]ਪ੍ਰਮੇਸ਼ਰ ਦੀ ਸ਼ਕਤੀ ਨਾਲ ਸੰਬੰਧ ਰੱਖਦੇ ਹਨ।

ਸੈਫ ਜ਼ਬਾਨ[1] ਜਗਤ ਗੁਰੁ ਸ੍ਵਾਮੀ।
[1](ਜਿਨ੍ਹਾਂ ਦੀ) ਜ਼ਬਾਨ ਹੀ ਤਲਵਾਰ ਹੈ।

ਕਲਪ ਤਰੂ ਸਮ ਪੂਰਨ ਕਾਮੀ[1]।
[1]ਕਲਪ ਬ੍ਰਿਛ ਵਾਂਗ ਕਾਮਨਾ ਪੂਰੀਆਂ ਕਰਨ ਵਾਲੇ ਹਨ।

ਕੀਰਤਿ ਪੁਰਿ ਮੈ ਕੀਰਤਿ ਪੂਰਨ।
ਆਹਿਂ[1], ਤਾਂਹਿ ਢਿਗ ਜਾਵਹੁ ਤੂਰਨ ॥੧੯੭॥
[1]ਪੂਰਨ ਜਸ ਵਾਲੇ (ਗੁਰੂ ਜੀ) (ਆਹਿਂ) ਹਨ।

ਸੁੰਦਰ ਸਜੰਦਨ[1] ਸਿਵਕਾ[2] ਡੋਰੇ[3]।
[1]ਰਥ। [2]ਪਾਲਕੀਆਂ। [3]ਡੋਲੇ।

ਜਰੇ ਜਰਾਵ ਨਹੀਂ ਜੇ ਥੋਰੇ।
ਦਰਬ ਪਟੰਬਰ ਸੁਠ ਪਸ਼ਮੰਬਰ[1]।
[1]ਸੁੰਦਰ ਪਸ਼ਮ ਦੇ ਬਸਤ੍ਰ।

ਜ਼ੇਵਰ[1] ਤੋਫੇ ਬਿਬਿਧਾ[2] ਅੰਬਰ ॥੧੯੮॥
[1]ਗਹਿਣੇ। [2]ਅਨੇਕ ਤਰ੍ਹਾਂ ਦੇ।

ਪਾਇਨ ਪਾਸ ਉਪਾਇਨ ਧਰਿ ਕੈ[1]।
[1]ਚਰਨਾਂ ਕੋਲ ਭੇਟਾਰੱਖ ਕੇ।

ਨਿੰਮ੍ਰ ਹ੍ਵੈ ਬਿਨਤੀ ਬਹੁ ਕਰਿ ਕੈ।
ਲਜਾਵੋ ਦੇਹਲੀ ਤਿਨੈ ਰਿਝਾਈ[1]।
[1]ਪ੍ਰਸੰਨ ਕਰਕੇ।

ਸ਼ਾਹਿ ਮੁਝੈ ਫੁਰਮਾਇਸ਼[1] ਪਾਈ ॥੧੯੯॥
[1]ਸਿਫ਼ਾਰਸ਼।

ਰਾਮ ਸਿੰਘ ਰਜਪੂਤ ਦਿਵਾਨੰ।
ਕਰਿ ਨਿਜ ਨ੍ਰਿਪ ਕਾ ਹੁਕਮ ਪ੍ਰਵਾਨੰ।
ਚਲਿ ਸ਼ੀਘ੍ਰ ਕੀਰਤਿ ਪੁਰਿ ਆਵਾ।
ਸੁਜਸ ਗੁਰੂ ਕਾ ਸੁਨਿ ਹੁਲਸਾਵਾ ॥੨੦੦॥
ਗੁਰੂ ਸ੍ਰਬੱਗਜ ਹੁਕਮ ਫੁਰਮਾਯੋ।
ਡੇਰਾ ਖਾਨ ਪਾਨ ਦਿਲਵਾਯੋ।
ਦੂਸਰਿ ਦਿਵਸ ਦਿਵਾਨ ਲਗਾਯੋ।
ਸਿੱਖ ਮਸੰਦ ਸੁਭੱਟਨ ਬੁਲਾਯੋ ॥੨੦੧॥
ਫਰਸ਼ ਰੰਗੀਨ ਬਿਸਦ[1] ਕਰਵਾਯੋ।
[1]ਉੱਜਲ।

ਸਾਏਬਾਨ[1] ਮਹਾਨ ਤਨਾਯੋ।
[1]ਤੰਬੂ।

ਤਾਸ[1] ਬਾਦਲੇ[2] ਕੇਰ ਚੰਦੋਆ।
[1]ਤਾਸ-ਇਕ ਜ਼ਰਫ਼ਤ, ਜਰੀ ਨਾਲ ਬੁਣਿਆ ਕੱਪੜਾ, ਜਿਸਦਾ ਤਾਣਾਰੇਸ਼ਮ ਦਾ ਤੇ ਪੇਟਾ ਜ਼ਰੀ ਦੀਆਂ ਤਾਰਾਂ ਦਾ ਹੁੰਦਾ ਹੈ।

[2]ਬਾਦਲਾ–ਚਾਂਦੀ ਤੇ ਸੋਨੇ ਦੀਆਂ ਤਾਰਾਂ ਮਿਲਾ ਕੇ ਬੁਣਿਆ ਹੋਇਆ ਰੇਸ਼ਮੀ ਬਸਤ੍ਰ।

ਤਾਂ ਮਧ ਚਾਂਦ ਸਮਾਨ ਤਨੋਆ ॥੨੦੨॥

ਝਾਲਰ ਝੂਲਤ ਝਲਮਲ ਕਾਰੀ[1]।
[1]ਚਮਕੀਲੀਆਂ।

ਜ਼ਰੀ ਮੁਕੇਸ਼[1] ਰੇਸ਼ਮੀ ਸਾਰੀ।
[1]ਚਾਂਦੀ ਦੀਆਂ ਬਰੀਕ ਚਿਪਟੀਆਂ ਤਾਰਾਂ।

ਲਘੁ ਦੀਰਘ ਵਿਚ ਮੁਕਤਾ ਲਰੀ[1]।
[1]ਮੋਤੀਆਂ ਦੀਆਂ ਲੜੀਆਂ।

ਜਨੁ ਰਵਿ ਸਸਿ ਰਿਸ਼ਮੈ[1] ਢਰ ਪਰੀ ॥੨੦੩॥
[1]ਕਿਰਨਾਂ।

ਮੁਕਤਾ ਪੰਨਨ ਹੀਰ ਫਿਰੋਜਨ[1]।
[1]ਹਰੀ ਝਲਕ ਵਾਲੇ ਨੀਲੇਰਤਨ।

ਗੂੱਛ ਸ੍ਵੱਛ ਸਮ ਸੋਹਿਂ ਸਰੋਜਨ[1]।
[1]ਉੱਜਲ ਗੁੱਛੇ ਕੰਵਲਾਂ ਵਾਂਗ ਸੋਂਹਦੇ ਹਨ।

ਮਖਮਲ ਕੇ ਗੁਦਗੁਦੇ[1] ਗਦੈਲੇ।
[1]ਨਰਮ, ਪੋਲੇ।

ਤਕੀਏ[1] ਸਾਟਨ[2] ਅਤਲਸ[3] ਭੈਲੇ[11] ॥੨੦੪॥
[1]ਸਰਹਾਣੇ। [2]ਇਕ ਤਰ੍ਹਾਂ ਦਾ ਰੇਸ਼ਮੀ ਬਸਤ੍ਰ। [3]ਇਕ ਤਰ੍ਹਾਂ ਦਾ ਚਮਕੀਲਾ ਰੇਸ਼ਮੀ ਬਸਤ੍ਰ। [11]ਮਿਲਾ ਕੇ (ਬਣਾਏ ਹੋਏ)।

ਤਾਂ ਪਰ ਔਰ ਗਵਰਨਟ[1] ਕੇਰਾ।
[1]ਇਕ ਤਰ੍ਹਾਂ ਦਾ ਰੇਸ਼ਮੀ ਬਸਤ੍ਰ।

ਬਿਛਜੋ ਗਦੈਲਾ ਬਿਸਦ ਉਚੇਰਾ।
ਤਾਂ ਪਰ ਗਾਦੀ ਗੁਰੁ ਕੀ ਧਰੀ।
ਜ਼ਰੀ ਸਤਾਰਨ ਪੰਨਨ ਜਰੀ[1] ॥੨੦੫॥
[1]ਜੜੀ ਹੋਈ ਹੈ।

ਖਰੀ[1] ਚੋਬ ਚਿੱਤ੍ਰਤ ਬਿਧਿ ਖਰੀ[2]।
[1]ਖੜੀਆਂ ਕੀਤੀਆਂ ਹੋਈਆਂ ਹਨ। [2]ਚੰਗੀ ਤਰ੍ਹਾਂ।

ਮਾਨਕ ਨਗ ਨੀਲਮ ਗਚ ਕਰੀ[1]।
[1]ਜੜਤੀ ਕੀਤੀ ਹੋਈ ਹੈ।

ਲਗੋ ਦਿਵਾਨ ਆਨਿ ਜਬਿ ਤਹਾਂ।
ਗੁਰੁ ਆਗਮਨ ਭਾ ਆਨਂਦ ਮਹਾਂ ॥੨੦੬॥
ਸੰਗ ਮਸੰਦ ਬੁਲੰਦ ਜੁ ਆਏ।
ਜ਼ੇਵਰ ਬਸਨ ਅਮੋਲ ਸਜਾਏ।
ਬੰਦੀ ਜਨ[1] ਨਕੀਬ[2] ਜਸਰਰੈਂ।
[1]ਜਸ ਗਾਉਣ ਵਾਲੇ। [2]ਅੱਗੇ ਅੱਗੇ ਬੋਲਦੇ ਜਾਣ ਵਾਲੇ।

ਮਾਂਗਧ[1] ਭੱਟ ਕਬਿੱਤ ਉਚਰੈਂ ॥੨੦੭॥
[1]ਇਕ ਜਾਤੀ ਜੋ ਭੱਟਾਂ ਦੀ ਸ਼ਾਖ ਹੈ।

ਕੰਚਨ ਛਰੀ ਧਰੀ ਚਲਿ ਆਗੇ[1]।
[1]ਸੋਨੇ ਦੀਆਂ ਛਟੀਆਂ ਫੜਨ ਵਾਲੇ (ਚੋਬਦਾਰ) ਅੱਗੇ ਚਲਦੇ ਹਨ।

ਬਾਜੇ ਬਾਜੇ ਮੰਗਲ ਪਾਗੇ[1]।
[1]ਖ਼ੁਸ਼ੀਆਂ 'ਚਰੰਗੇ ਹੋਏ ਵਾਜੇ ਵੱਜਦੇ ਹਨ।

ਗਾਦੀ ਪਰ ਗੁਰੁ ਆਇ ਥਿਰਾਏ।
ਉਠ ਕਰਿ ਸਬਿਹਨਿ ਮਾਥ ਝੁਕਾਏ ॥੨੦੮॥
ਕਲਗੀ ਜਿਗਾ ਜਰਾਊ ਸੋਹਿਤ।
ਜਗਮਗ ਜੋਤਿ ਲਾਲ ਨਗ ਮੋਹਿਤ।

ਗਜ ਗੌਹਰ[1] ਗਰ ਮਾਲ ਬਿਸਾਲਾ।
ਜਨੁ ਤਾਰਾ-ਗਨ ਪੋਏ ਜਾਲਾ[1] ॥੨੦੯॥

[1]ਹਾਥੀ ਦੇ ਮੋਤੀਆਂ ਦੀ।
[1]ਜਾਣੋ ਸਾਰੇ ਤਾਰੇ ਹੀ ਪ੍ਰੋਏ ਹੋਏ ਹਨ।

ਕੰਠਾ ਕੰਠਿ[1] ਰਤਨ ਨਵ ਗ੍ਰਹਿ ਜਨੁ।
ਤੁੰਗ ਸਕੰਧ ਧਰੇ ਅਸਿ ਲਘੁ ਧਨੁ[1]।

[1]ਗਲ ਵਿੱਚ।
[1]ਉੱਚੇ ਮੋਢਿਆਂ ਤੇ ਛੋਟੀ ਤਲਵਾਰ ਤੇ ਛੋਟਾ ਧਨੁਖਰਖਿਆ ਹੋਇਆ ਹੈ।

ਗਰਿ ਜਾਮਾ ਕਰ ਛਰੀ ਜਰਾਊ।
ਬਾਜ਼ੂਬੰਦ[1] ਚੰਦ ਸਮ ਭਾਊ ॥੨੧੦॥

[1]ਡੌਲਿਆਂ ਤੇ ਬੰਨ੍ਹਣ ਵਾਲਾ ਗਹਿਣਾ।

ਛਾਪ ਛਲਾਇਨ ਕੰਕਨ ਕੇਰੀ[1]।
ਸਬਿ ਛਬਿ ਕੌਨ ਸਕੈ ਕਵਿ ਟੇਰੀ।

[1]ਕੜਿਆਂ ਦੀ।

ਨੇਵਰ[1] ਰਤਨ ਜਟਿਤ ਬਿਬਿਧਾਏ।
ਜਨੁ ਨਵ ਗ੍ਰਹਿ ਗੁਰੁ ਪਗ ਲਪਟਾਏ ॥੨੧੧॥

[1]ਪਾਉਂਟੇ, ਝਾਂਜਰਾਂ।

ਚਰਨ ਕਵਲ ਅੰਗੁਰੀ ਪੰਖਰੀਆਂ।
ਪਦਮਰਾਗ ਮਨੀਆ[1] ਨਖ ਧਰੀਆਂ$।
ਸੁਰ ਸਿੱਖਨਿ ਮਧ ਗੁਰੁ ਹਰਿ ਭਾਊ[1]।
ਬੈਠੇ ਮਨੋ ਬਾਲ ਦਿਨਰਾਊ[1] ॥੨੧੨॥

[1]ਲਾਲ ਮਣੀਆਂ।
[1]ਇੰਦ੍ਰ (ਦੀ ਤਰ੍ਹਾਂ) ਚੰਗੇ ਲਗਦੇ ਹਨ।
[1]ਸਵੇਰ ਦਾ ਸੂਰਜ।

ਢੁਰਤਿ ਚਵਰ ਜਨੁ ਹੰਸ ਉਡਾਹੀ।
ਮੁਕਤਾ ਹਿਤ ਆ ਧਨੁ ਪਿਖਿ ਜਾਹੀ[1]।

[1](ਗੁਰਾਂ ਦੇ ਪਹਿਨੇ ਹੋਏ) ਮੋਤੀਆਂ ਨੂੰ (ਖਾਣ) ਵਾਸਤੇ ਆਉਂਦਾ ਹੈ। (ਪਰ ਗੁਰਾਂ ਦੇ ਮੋਢੇ ਤੇਰੱਖਿਆ) ਧਨੁਖ ਵੇਖ ਕੇ (ਡਰਦਾ ਮੁੜ) ਜਾਂਦਾ ਹੈ।

ਰਮਾ ਕੰਜ ਤੈ ਮੰਜ ਕਵਲ ਕਰ[1]।
ਸਰਦ ਸਸੀ ਤੈ ਮੁਖ ਸਸਿ ਅਤਿ ਵਰ[1] ॥੨੧੩॥

[1]ਗੁਰਾਂ ਦੇ ਹੱਥ ਕਵਲ ਲੱਛਮੀ ਤੇ ਕਵਲ ਨਾਲੋਂ ਵੀ ਉੱਜਲ ਹਨ।
[1]ਸਰਦਰੁੱਤ ਦੇ ਚੰਦ ਤੋਂ ਗੁਰਾਂ ਦਾ ਮੁਖ ਰੂਪ ਚੰਦ ਬਹੁਤ ਸ੍ਰੇਸ਼ਟ ਹੈ।

ਨੈਨ ਬਿਨੰਜਨ ਖੰਜਨ ਪਿਖਿ ਕੈ।
ਜਾਵਤਿ ਲੋਪ ਫਿਰਾਵਤ ਸਿਖਿ ਕੈ[1]।

[1]ਸੁਰਮੇ ਤੋਂ ਬਿਨਾਂ (ਗੁਰਾਂ ਦੇ) ਨੇਤ੍ਰ ਵੇਖ ਕੇ ਮਮੋਲਾ (ਨੇਤ੍ਰ) ਫਿਰਾਉਣੇ ਸਿੱਖ ਕੇ ਗੁਪਤ ਹੋ ਜਾਂਦਾ ਹੈ।

ਸਰਮੈ ਧਰਿ ਸਰ ਮੈ ਜਾ ਲਸੇ।
ਮੀਨ ਕੰਜ, ਮ੍ਰਿਗ ਗਨ ਬਨ ਬਸੇ[1] ॥੨੧੪॥

[1](ਗੁਰਾਂ ਦੇ ਸੁੰਦਰ ਨੇਤ੍ਰ ਦੇਖ ਕੇ) ਮੱਛੀਆਂ ਤੇ ਕਵਲ ਸ਼ਰਮ ਖਾ ਕੇ ਸਰੋਵਰ ਵਿੱਚ ਜਾ ਚਮਕੇ ਹਨ ਅਤੇ ਸਾਰੇ ਹਰਣ ਜੰਗਲ ਵਿੱਚ ਜਾ ਵੱਸੇ ਹਨ।

ਬਦਨ ਸੋਭ ਪਿਖਿ ਮਦਨ ਅਤਨ ਭੌ[1]।

[1]ਮੁੱਖ ਦੀ ਸ਼ੋਭਾ ਵੇਖ ਕੇ ਕਾਮਦੇਵ ਸ਼ਰੀਰ ਤੋਂ ਰਹਿਤ ਹੋ ਗਿਆ ਹੈ।

ਲਾਜੈਂ ਸੁਰ ਸਿਧਿ ਰਿਖਿ ਪਿਖਿ ਅਨਭੌ[1]।

[1]ਅਨਭਵ, ਗਿਆਨ।

ਕੁੰਡਲ ਲੋਲ ਕਪੋਲਨਿ ਲਸ ਹੈਂ*।
*ਗੁਰਾਂ ਦੇ ਗਹਿਣੇ ਪਹਿਨਣ ਬਾਰੇ ਦੇਖੋ ਬਿਸ੍ਰਾਮ ੨੯ ਦੇ ਅੰਕ ੨੪ ਦੀ * ਨਿਸ਼ਾਨ ਹੇਠ ਪੈਰ ਟਿੱਪਣੀ।

ਜਨ ਇੰਦ੍ਰ ਧਨ ਜੁਗ ਪਰ ਸਸ ਹੈਂ[1] ॥ ੨੧੫ ॥
[1]ਗਲ੍ਹਾਂ ਤੇ ਚੰਚਲ ਕੁੰਡਲ ਐਉਂ ਚਮਕਦੇ ਹਨ ਜਾਣੋ ਚੰਦ ਉੱਪਰ ਇੰਦ੍ਰ ਦੇ ਦੋ ਧਨੁਖ ਸ਼ੋਭ ਰਹੇ ਹਨ।

ਬਾਲਕ ਰੂਪ ਅੰਗ ਸੁ ਕੁਮਾਰਾ[1]।
[1]ਬੱਚਿਆਂ (ਵਰਗੇ ਹਨ)।

ਬੁਧਿ ਬਿਧਿ ਕੇ ਸਮ ਮਹਿਦ ਉਦਾਰਾ[1]।
[1]ਬੁਧੀ ਬ੍ਰਹਮਾ ਵਾਂਗ ਬਹੁਤ ਸ੍ਰੇਸ਼ਟ ਹੈ।

ਰੁਚਿਰ ਰਕਤ ਚਰਨਾਂਬੁਜ ਸੋਹੈਂ[1]।
[1]ਸੁੰਦਰ ਤੇ ਲਾਲ ਚਰਨ ਕਵਲ ਸੋਂਹਦੇ ਹਨ।

ਧਜਾਨ ਧਰਤਿ ਜੋਗੀ ਜਨ ਮੋਹੈਂ ॥ ੨੧੬ ॥

ਸ਼ਸਤ੍ਰ ਬਸਤ੍ਰ ਜ਼ੇਵਰ ਸਾਜੇ।

ਇਕ ਦਿਸ ਗੁਰੁ ਕੇ ਸੁਭਟ ਬਿਰਾਜੇ।

ਅਰਪਤਿ ਸਿਖ ਉਪਾਇਨ ਗਾਢੇ[1]।
[1]ਚੰਗੀਆਂ ਭੇਟਾਂ।

ਬ੍ਰਿੰਦ ਮਸੰਦ ਮੇਵਰੇ[1] ਠਾਂਢੇ ॥ ੨੧੭ ॥
[1]ਅਰਦਾਸੀਏ।

ਲਜਾਵਤਿ ਸਿੱਖਹਿਂ ਕਰਤਿ ਅਰਦਾਸੈਂ।

ਲਗੇ ਅੰਬਾਰ ਵਸਤੁ ਵਿਤ ਖਾਸੈਂ[1]।
[1]ਖ਼ਾਸ ਚੀਜ਼ਾਂ ਤੇ ਧਨ ਦੇ ਢੇਰ ਲੱਗੇ ਹਨ।

ਰਾਗੀ ਬਹੁ ਗੰਧ੍ਰਬ ਸੇ ਗਾਵੈਂ।

ਕੋਕਲ[1] ਮੋਰਨਿ ਕੰਠ ਲਜਾਵੈਂ ॥ ੨੧੮ ॥
[1]ਕੋਇਲਾਂ।

ਤਿਹ ਛਿਨ ਲਯੋ ਦਿਵਾਨ[1] ਹਕਾਰੀ।
[1](ਰਾਜੇ ਜਯ ਸਿੰਘ ਦਾ) ਵਜ਼ੀਰ।

ਆਇ ਭੇਟ ਧਰਿ ਬੰਦਨ ਧਾਰੀ।

ਭੂਪਤਿ ਦਿਸ ਤੈ ਬਿਨੈ ਅਲਾਈ।

ਸਭਾ ਠਾਠ ਪਿਖਿ ਬੁਧਿ ਬਿਰਮਾਈ[1] ॥ ੨੧੯ ॥
[1]ਪਰਚ ਗਈ, (ਅ) ਮੋਹਿਤ ਹੋ ਕੇ ਫਸ ਗਈ।

ਸ਼ਹਿਨਸ਼ਾਹ ਕੀ ਕਹਾਂ ਕਹਾਨੀ।

ਪੇਖਿ ਸੁਧਰਮਾਂ[1] ਜਾਂਹਿ ਲਜਾਨੀ।
[1]ਇੰਦ੍ਰ ਦੀ ਸਭਾ।

ਰਸ ਸ਼ਿੰਗਾਰ ਸ਼ਾਂਤੀ ਗੁਰੁ ਬੈਸੇ।

ਬ੍ਰਹਮ ਗਜਾਨ ਕੀ ਮੂਰਤਿ ਜੈਸੇ ॥ ੨੨੦ ॥

ਪਿਖਿ ਪ੍ਰਧਾਨ[1] ਧਰਿ ਮੋਦ ਮਹਾਨੀ।
[1]ਰਾਜੇ ਦਾ ਦੀਵਾਨ।

ਅਰਜ਼ ਕਰੀ ਯੁਤ ਗਰਜ਼[1] ਸੁਹਾਨੀ।
[1]ਲੋੜਵੰਦ ਹੋ ਕੇ।

ਰਾਵਰ ਦਰਸ਼ਨ ਸੂਰਜ ਸਾਂਨੀ[1]।
[1]ਵਰਗਾ ਹੈ।

ਨਿਸਾ ਅਵਿਦਜਾ ਤਮ ਦੁਖ ਹਾਂਨੀ[1] ॥ ੨੨੧ ॥
[1]ਅਵਿੱਦਿਆ ਦੀਰਾਤ ਅਤੇ ਦੁੱਖ ਦਾ ਅੰਨ੍ਹੇਰਾ ਨਾਸ ਕਰਨ ਵਾਲਾ।

ਕਾਮਾਦਿਕ ਤਮਚਰ ਹਰ ਦੁੰਦੈਂ[1]।
[1]ਉਪੱਦ੍ਰਵ ਕਰਨ ਵਾਲੇ ਕਾਮ ਆਦਿਕ ਅਤੇਰਾਤ ਨੂੰ ਵਿਚਰਨ ਵਾਲੇ (ਰਾਖਸ਼ਾਂ) ਨੂੰ ਨਾਸ ਕਰਨ ਵਾਲਾ।

ਪੂਰਕ ਇੱਛਾ ਦਾਇ ਅਨੰਦੈਂ।
ਦਿਲੀ ਕੀ ਸੰਗਤਿ ਜੋ ਥਾਰੀ[1]। [1]ਆਪ ਦੀ।
ਪੁਰੋ ਕਾਮਨਾ ਤਿਹ ਇਕ ਵਾਰੀ ॥੨੨੨॥
ਨੌਰੰਗ ਭੀ ਦਿਢ[1] ਦਰਸਜੋ ਚਾਹੈ। [1]ਪੱਕੇ (ਨਿਸਚੇ ਨਾਲ)।
ਭੂਪਤਿ ਜੈ ਸਿੰਘ ਪਿਖਨਿ ਉਮਾਹੈ।
ਰਾਮਰਾਇ ਤੁਵ ਜੇਸ਼ਟ ਭਾਈ[1]। [1]ਵੱਡੇ ਭਰਾ।
ਸ਼ਾਹਿ ਪਾਸ ਬਹੁ ਲੂਤੀ ਲਾਈ[1] ॥੨੨੩॥ [1]ਚੁਗ਼ਲੀ ਕੀਤੀ ਹੈ।
ਜਿਸ ਹਿਤ ਸ਼ਾਹਿ ਨ੍ਰਿਪ ਕੋ ਕਹਾ।
ਤੁਮ ਬੁਲਵਾਵੋ ਗੁਰੁ ਕੌ ਯਹਾਂ।
ਯਾ ਹਿਤ ਮੈ ਰਾਵਰ ਢਿਗ ਆਯੋ।
ਸ਼ਰਨਾਏ ਕੀ ਲਾਜ ਰਖਾਯੋ ॥੨੨੪॥
ਕਰੋ ਸਨਾਥ[1] ਹਾਥ ਧਰਿ ਮਾਥੈਂ। [1]ਸਫ਼ਲ।
ਦੇਹਲੀ ਚਲੋ ਦਾਸ ਕੈ ਸਾਥੈਂ।
ਸ੍ਰੀ ਹਰਿ ਕ੍ਰਿਸ਼ਨ ਜਿਨੈ ਗਮ ਨਾਹੀ।
ਕਹਜੋ ਚਲੈਂ ਹਮ ਨਿਸਚੇ ਵਾਂਹੀ ॥੨੨੫॥
ਸੁਨਿ ਪ੍ਰਧਾਨ ਖ਼ੁਸ਼ੀ ਬਡ ਭਯੋ।
ਸਿਲਾ ਲੀਕ[1] ਗੁਰੁ ਬਚਨ ਲਖਜੋ। [1]ਪੱਥਰ ਦੀ ਲੀਕ ਵਾਂਗ (ਪੱਕਾ)।
ਜਬਿ ਰਹਿਰਾਸ ਭਈ ਅਰਦਾਸੂ।
ਬੰਦੇ ਸਬਿ ਨੇ ਗੁਰੁ ਸੁਖਰਾਸੂ ॥੨੨੬॥
ਨਿਜ ਮੰਦਰ ਅੰਦਰ ਗੁਰੁ ਆਏ।
ਗੁਨ ਮੰਦਰ ਸੁੰਦਰ ਸੁਖਦਾਏ।
ਜਨਨੀ[1] ਸਿੱਖ ਮਸੰਦ ਸਿਆਨੇ। [1]ਮਾਤਾ।
ਥਿਰੇ ਆਇ ਗੁਰੁ ਢਿਗ ਮੁਦ ਮਾਨੇ ॥੨੨੭॥
ਮਾਤਾ ਕਹਜੋ ਅਹੋ ਮਮ ਚੰਦਾ[1]। [1]ਹੇ ਮੇਰੇ ਚੰਦ।
ਕਾਮ ਆਨ ਅਬਿ ਬਨਜੋ ਬੁਲੰਦਾ।
ਰਾਮਰਾਇ ਨੌਰੰਗ ਸਿਖਲਾਯੋ।
ਤੁਮ ਕੋ ਦੇਹਲੀ ਵੀਚ ਬੁਲਾਯੋ ॥੨੨੮॥
ਬਨੈ ਜਾਇਬੋ ਤਹਾ ਜਰੂਰੈਂ।
ਨਾਹਿਂ ਤ ਬਢੈਰਾਰ ਫਿਰ ਭੂਰੈਂ[1]। [1]ਬਹੁਤਾ ਝਗੜਾ ਵਧੇਗਾ।
ਸ੍ਰੀ ਹਰਿ ਕ੍ਰਿਸ਼ਨ ਬਿਸ਼ਨ ਅਵਤਾਰੀ।

ਲਘੁ ਬੈ ਬੁਧਿ ਮਹਿਦ[1] ਸੁਖਕਾਰੀ ॥੨੨੯॥
[1]ਉਮਰ ਛੋਟੀ ਹੈ ਪਰ ਬੁੱਧੀ ਵੱਡੀ ਹੈ।

ਜਿਮ ਕੇਹਰ ਛੌਨਾ ਗਜ ਗਾਹਾ[1]।
[1]ਜਿਵੇਂ ਸ਼ੇਰ ਦਾ ਬੱਚਾ ਹਾਥੀਆਂ ਦੀ ਅਵਾਜ਼ ਸੁਣ ਕੇ।

ਸੁਨਿ ਨਹਿਂ ਡਰਤਿ ਧਰਤਿ ਉਤਸ਼ਾਹਾ।
ਜਿਉ ਬਾਲਕ ਰਵਿ ਭੀ ਤਮ ਹਰ ਹੈ[1]।
[1]ਜਿਵੇਂ ਸਵੇਰ ਦਾ ਸੂਰਜ ਭੀ ਅਨ੍ਹੇਰਾ ਦੂਰ ਕਰ ਦੇਂਦਾ ਹੈ।

ਤਜੋਂ ਗੁਰੁ ਦਾਸਨ ਕੇ ਦੁਖ ਦਰ ਹੈਂ[1] ॥੨੩੦॥
[1]ਨਾਸ ਕਰ ਦੇਂਦੇ ਹਨ।

ਬੋਲੇ ਗੁਰ ਸਰਬੱਗਜ ਗਜਾਨੀ।
ਬਾਨੀ ਅਭੈ ਧਰਮ ਨੈਸਾਨੀ[1]।
[1]ਧਰਮ ਦੀ ਨਦੀ। (ਨੈਸਾਣ=ਨਦ, ਦਰਿਆ)।

ਹਮ ਦੇਹਲੀ ਮੈਂ ਬੇਸ਼ੱਕ ਜੈ ਹੈਂ।
ਪੈ ਨ ਤੁਰਕੇਂਦ੍ਰ ਪਿਖੈ ਪਿਖੈ ਹੈਂ[1] ॥੨੩੧॥
[1]ਤੁਰਕਾਂ ਦੇ ਰਾਜੇ (ਔਰੰਗਜ਼ੇਬ) ਨੂੰ ਨਾ ਵੇਖਾਂਗੇ ਤੇ ਨਾ ਆਪਣਾ ਆਪ ਵਿਖਾਵਾਂਗੇ।

ਨਿਜ ਪਿਤ ਸਮ ਨਿਜ ਪ੍ਰਾਣ ਨਿਬੈ ਹੈਂ।
ਅਚਲ ਸੁਮੇਰ ਧਰਾ ਸਮ ਰੈਹੈਂ।
ਬਿਘਨ ਪਵਨ ਤੈ ਨਾਹਿਂ ਚਲੈ ਹੈਂ।
ਨਾਹਿਂ ਕਿਸੀ ਅਰਿ ਤੈ ਡਰ ਪੈ ਹੈਂ ॥੨੩੨॥
ਇਮ ਸੁਨਿ ਗੁਰੁ ਤੈ ਸਬਿ ਖੁਸ਼ ਹੋਏ।
ਜਲਧਿ ਬਬੇਕ[1] ਨੇਕ ਗੁਰੁ ਜੋਏ[2]।
[1]ਗਿਆਨ ਦੇ ਸਮੁੰਦਰ। [2]ਤੱਕੇ, ਦੇਖੇ।

ਠਹਿਰੀ ਠੀਕ ਚਲਨ ਕੀ ਏਵੈਂ।
ਲਗੇ ਸਰਾਹਨਿ ਸਬਿ ਗੁਰੁ ਦੇਵੈਂ ॥੨੩੩॥
ਤਜਾਰੀ ਕਰੀ ਭਰੀ ਪ੍ਰਕਾਰੇ।
ਸੁੰਦਰ ਸਜੰਦਨ[1] ਬਾਜ[2] ਸ਼ਿੰਗਾਰੇ।
[1]ਰਥ। [2]ਘੋੜੇ।

ਖਾਸਾ ਚਾਮੀਕਾਰ ਕੋ ਖਾਸਾ[1]।
[1]ਸੋਨੇ ਦੀ ਚੰਗੀ ਪਾਲਕੀ।

ਦਿਨ ਮਨਿ ਸਮ ਭਾਸਤ ਮਨਿ ਰਾਸਾ[1] ॥੨੩੪॥
[1]ਸਾਰੀਆਂ ਮਣੀਆਂ ਸੂਰਜ ਵਾਂਗ ਚਮਕਦੀਆਂ ਹਨ।

ਰੁਚਿਰ ਪਾਲਕੀ ਨਗ ਗਨ ਜਰੀ[1]।
[1]ਬਹੁਤੇ ਨਗਾਂ ਨਾਲ ਜੜੀ ਹੋਈ।

ਜਗਮਗ ਕਰਤਿ ਧਰਤਿ ਬਿਧਿ ਖਰੀ।
ਸਾਟਨ ਅਤਲਸ ਮਖਮਲ ਕੇਰੇ।
ਚਢੇ ਗਿਲਾਫ ਸੋਹਿਂ ਬਹੁਤੇਰੇ ॥੨੩੫॥
ਜਰੀ ਦੋਜ਼[1] ਚਮਕਾਂਹਿ ਸਤਾਰੇ।
[1]ਜਰੀ ਨਾਲ ਕੱਢੇ ਹੋਏ ਕੱਪੜੇ ਉੱਪਰ।

ਜਨੁ ਨਭ ਮੈ ਚਮਕਨਿ ਗਨ ਤਾਰੇ।
ਗੁੰਮਜ਼ ਗੋਲ ਅਮੋਲ ਸੁਹਾਵੈ।
ਕਲਸ ਕੁਲਿਸ ਕਲਧੌਤ ਲਸਾਵੈਂ[1] ॥੨੩੬॥
[1]ਸੋਨੇ ਦੇ ਕਲਸ ਉੱਪਰਰਤਨ ਚਮਕਦੇ ਹਨ। (ਸੰ: ਕੁਲਿਸ਼-

ਹੀਰਾ, ਰਤਨ)।

ਚਪਲ ਤੁਰੰਗ ਬਲੀ ਬਹੁਰੰਗੈਂ।
ਜ਼ੇਵਰ ਜ਼ੀਨ ਜਰੇ ਜਰ ਸੰਗੈਂ[1]।
[1]ਸੋਨੇ ਨਾਲ ਜੜੇ ਹੋਏ ਹਨ।
ਜੀਤਤਿ ਪੰਖੀ ਪੌਨ ਕੁਰੰਗੈਂ[1]।
[1]ਹਰਨਾਂ ਨੂੰ।
ਸੋਹਿਤ ਸੁੰਦਰ ਸਭ ਸਰਬੰਗੈਂ ॥੨੩੭॥
ਹੋਇ ਤਜਾਰ ਦਿਲੀ ਦਿਸ਼ ਪਜਾਨੇ।
ਸੰਗ ਮਸੰਦ ਬ੍ਰਿੰਦ ਸਿਖ ਸਜਾਨੇ।
ਮਾਤਾ ਸਾਹਿਬ ਭੀ ਸੰਗਿ ਚਾਲੇ।
ਹੇਤ ਬਿਹਾਰ ਸੁਧਾਰ ਬਿਸਾਲੇ ॥੨੩੮॥
ਦੋਹਰਾ:
ਕੀਰਤਿ ਪੁਰਿ ਤੈ ਚਲਿ ਗੁਰੂ,
ਦਿਲੀ ਦਿਸ ਕਰਿ ਪਜਾਨ।
ਜਬਿ ਪੰਜੋਖਰੇ ਗਾਮ ਜਾ,
ਸਿਵਰ[1] ਕੀਨ ਸੁਖਦਾਨ ॥੨੩੯॥
[1]ਡੇਰਾ।
ਚੌਪਈ:
ਲੋਗ ਦਰਸਬੇ ਕੋ ਬਹੁ ਆਏ।
ਪਰਗ ਬੰਦੇ ਫਲ ਚਿੰਦੇ[1] ਪਾਏ।
[1]ਮਨ ਇੱਛਤ ਫਲ।
ਤਹਿਂ ਇਕ ਪੰਡਿਤ ਸ਼ਿਵਦਤ ਨਾਮੀ।
ਥਾ ਮਾਦਕ ਬਿਦਜਾ ਮਤਿ ਖਾਮੀ[1] ॥੨੪੦॥
[1]ਵਿੱਦਿਆ ਦਾ ਹੰਕਾਰ ਕਰਨ ਵਾਲਾ ਅਤੇ ਕੱਚੀ ਮਤਿ ਵਾਲਾ ਸੀ।

ਦਰਸ ਹੇਤ ਜਬਿ ਗੁਰ ਢਿਗ ਆਯੋ।
ਪੇਖਿ ਬਿਭੌ[1] ਮਨ ਮੈ ਬਿਸਮਾਯੋ।
[1]ਬਿਭੂਤੀ, ਸਮੱਗ੍ਰੀ।
ਬੂਝਜੋ ਇਹੁ ਨ੍ਰਿਪ ਕਹਿਂ ਤੇ ਆਯੋ।
ਕੌਨ ਨਾਮ ਕਿਸ ਓਰ ਸਿਧਾਯੋ ॥੨੪੧॥
ਸਿੱਖਨਿ ਕਹਜੋ ਸ੍ਰੀ ਗੁਰੂ ਨਾਨਕ।
ਹਰਿ ਅਵਤਾਰ ਭਏ ਸੁਖ ਦਾਨਕ।
ਤਿਨ ਕੀ ਗਾਦੀ ਪਰ ਅਬਿ ਏ ਹੈਂ।
ਹਰੀ ਕ੍ਰਿਸ਼ਨ ਹਰਿ ਬਪੁ ਪ੍ਰਗਟੇ ਹੈਂ ॥੨੪੨॥
ਦੇਤਿ ਚਾਰ ਫਲ ਨਿਜ ਸਿੱਖਨਿ ਕੋ।
ਸਰਬ ਸ਼ਕਤਿ ਮਤ[1] ਬਾਲ ਪਿਖਨ ਕੋ।
[1]ਸਾਰੀਆਂ ਸ਼ਕਤੀਆਂ ਵਾਲੇ।

ਹਰੀ ਕ੍ਰਿਸ਼ਨ ਗੁਰੁ ਕੋ ਸੁਨਿ ਨਾਮੂ।
ਮਤਸਰ ਭਰਜੋ ਜਰਜੋ ਬਿਪ ਖਾਮੂ ॥੨੪੩॥
ਗੁਰੁ ਢਿਗ ਆਇ ਬੈਠਿ ਇਮ ਕਹਾ।
ਨਾਮ ਹਰੀ ਕ੍ਰਿਸ਼ਨ ਰਾਵਰ ਅਹਾ।
ਕ੍ਰਿਸ਼ਨ ਰਚੀ ਗੀਤਾ ਜਗ ਜਾਨੈ।
ਅਰਥ ਕਰੋ ਤੁਮ ਤਬਿ ਹਮ ਮਾਨੈ ॥੨੪੪॥
ਨਹੀ ਤ ਕੂਰ ਨਾਮ ਬਡ ਏਤੈਂ[1]। [1]ਏਡਾ ਵੱਡਾ।
ਕਾਂਹਿ ਧਰਾਯੋ ਤੁਮ ਬਿਨ ਹੇਤੈਂ[1]। [1]ਕਾਰਨ ਤੋਂ ਬਿਨਾਂ।
ਯਹਿ ਸੁਨਿ ਸ੍ਰੀ ਗੁਰੁ ਦ੍ਰਿਸ਼ਟਿ ਪਸਾਰੀ[1]। [1]ਨਿਗਾਹ ਮਾਰੀ।
ਝੀਵਰ ਥਾ ਇਕ ਖਰੋ ਅਗਾਰੀ ॥੨੪੫॥
ਮਹਾਂ ਮੂਢ ਬਦ ਸੁਰਤਿ ਤਾਈ।
ਢਿਗ ਬੁਲਾਇ ਗੁਰੁ ਦ੍ਵੈਜੈ[1] ਦਿਖਾਈ। [1]ਬ੍ਰਾਹਮਣ ਨੂੰ।
ਛਰੀ ਧਰੀ ਨਿਜ ਕਰ ਕੀ[1] ਤਾਂ ਪੈ। [1]ਆਪਣੇ ਹੱਥ ਦੀ।
ਕਹਜੋ ਸੁਨਾਵੋ ਅਰਥ ਅਮਾਪੈ[1] ॥੨੪੬॥ [1]ਖੋਲ੍ਹ ਕੇ, ਵਿਆਖਿਆ ਸਹਿਤ।
ਨਿਗਮਾਗਮ[1] ਗੀਤਾਦਿ ਅਪਾਰੋ। [1]ਵੇਦ ਸ਼ਾਸਤ੍ਰ।
ਪਾਠ ਅਰਥ ਸਬਿ ਕੇਰ ਉਚਾਰੋ।
ਤਾਤਕਾਲ ਕੋਵਿਦ[1] ਸੋ ਭਯੋ। [1]ਪੰਡਿਤ, ਵਿਦਵਾਨ।
ਸਾਰਦ[1] ਬਾਸ ਰਸਨ ਪਰ ਲਯੋ ॥੨੪੭॥ [1]ਸਰਸੁਤੀ ਨੇ।
ਪਾਇ ਗੁਰੂ ਆਗਜਾ ਵਹਿ ਬੋਲਾ।
ਸੰਸਕ੍ਰਿਤ ਸਬਿ ਭਾਂਤਿ ਅਮੋਲਾ।
ਕਿੰ ਪ੍ਰਸ਼ਨੰ ਭੋ ਬਿੱਪ੍ਰ ਤੁਵੇਛਾ[1]। [1](ਭੋ ਬਿੱਪ੍ਰ) ਹੇ ਪੰਡਿਤ! (ਕਿੰ) ਕੀ (ਪ੍ਰਸ਼ਨੰ) ਪੁੱਛਣ ਦੀ (ਤੁਵੇਛਾ) ਤੇਰੀ ਇੱਛਾ ਹੈ।
ਪ੍ਰਣਿ ਗਦਨੀਯੰ ਦ੍ਰੁਤੀ ਯਥੇਛਾ[1] ॥੨੪੮॥ [1](ਯਥੇਛਾ) ਜਿਵੇਂ ਇੱਛਾ ਹੈ (ਗਦਨੀਯੰ) ਕਹਿਣ ਯੋਗ (ਬਚਨ) (ਦ੍ਰੁਤੀ) ਛੇਤੀ (ਪ੍ਰਣਿ) ਕਹੁ।
ਗੱਦ[1] ਪੱਦ[2] ਸਬਿ ਛੰਦ ਉਚਾਰੇ। [1]ਵਾਰਤਕ। [2]ਕਵਿਤਾ।
ਨਿਗਮਾਗੱਮ ਗੀਤਾਦਿਕ ਸਾਰੇ।
ਸੰਸਕ੍ਰਿਤ ਆਨਰ ਗਲ ਚਾਲੀ[1]। [1]ਸੰਸਕ੍ਰਿਤ ਵਿੱਚ ਹੀ ਹੋਰ ਗੱਲਾਂ ਚੱਲੀਆਂ।
ਅਰਥ ਸੁਨਾਏ ਗੋਪ ਬਿਸਾਲੀ[1] ॥੨੪੯॥ [1]ਬਹੁਤੇ ਗੁੱਝੇ।
ਪੰਡਿਤ ਕਾ ਮਤ ਖੰਡਨ ਕੀਨੋ।
ਗੁਰੁ ਮਤ ਮੰਡਨ ਕਰਿ ਜਸ ਲੀਨੋ।

ਜੋ ਸੁਨਿ ਪੰਡਿਤ ਖੰਡਤ ਹੋਯੋ[1]। [1]ਸ਼ਰਮਿੰਦਾ ਹੋ ਗਿਆ।
ਗੁਰੁ ਕੋ ਸਰਬ ਸ਼ਕਤਿ ਮਤਿ ਜੋਯੋ ॥ ੨੫੦ ॥
ਬਿੱਦਜਾ ਕੋ ਮਦ ਹੁਤੋ ਅਫਾਰਾ।
ਉਤਰ ਗਯੋ ਦ੍ਵੈ ਕੋ ਤਤਕਾਰਾ।
ਕਰਿ ਡੰਡੌਤ ਪ੍ਰੇਮ ਯੁਤ ਭਾਰੀ।
ਪਰਸੇ ਗੁਰੁ ਪਦ ਪੰਕਜ ਚਾਰੀ ॥ ੨੫੧ ॥
ਬੋਲਯੋ ਸ਼ਕਤੀ ਰਾਵਰ ਕੇਰੀ।
ਸ੍ਰੀ ਕ੍ਰਿਸ਼ਨ ਤੈ ਪਿਖੀ ਬਧੇਰੀ।
ਬਿੱਪ੍ਰ ਜਾਤਿ ਬਿੱਦਜਾ ਮਦ ਭਾਰੀ।
ਜਾਂ ਕਰਿ ਮਤਸਰ[1] ਬਢੀ ਅਪਾਰੀ ॥ ੨੫੨ ॥ [1]ਈਰਖਾ।
ਬੁਧਿ ਬਿਲੋਚਨ[1] ਨਸੇ ਹਮਾਰੇ। [1]ਬੁੱਧੀ ਰੂਪ ਨੇਤ੍ਰ।
ਭਯੋ ਮੋਤੀਆ ਬਿੰਦ ਹੰਕਾਰੇ[1]। [1]ਹੰਕਾਰ ਰੂਪ ਮੋਤੀਆਬਿੰਦ। (ਮੋਤੀਆਬਿੰਦ-ਅੱਖਾਂ ਦਾ ਇਕਰੋਗ ਜਿਸ ਨਾਲ ਨਿਗਾਹ ਬੰਦ ਹੋ ਜਾਂਦੀ ਹੈ)।

ਤੁਮ ਸਤਗੁਰੁ ਹੋ ਬੈਦ ਉਦਾਰੇ।
ਦੇਹੁ ਬਬੇਕ ਸੁਲਾਕ[1] ਸੁਧਾਰੇ ॥ ੨੫੩ ॥ [1]ਗਿਆਨ ਦੀਆਂ ਸਲਾਈਆਂ।
ਬ੍ਰਹਮਾਤਮ ਕੋ ਦਰਸ ਦਿਖਾਵੋ।
ਅੰਧਕਾਰ ਅਗਜਾਨ ਨਸਾਵੋ।
ਇਮ ਕਹਿ ਦਿਜਵਰ ਗੁਰੁ ਪਦ ਪਰਜੋ।
ਭਯੋ ਸਿੱਖ ਨਿਜ ਮਦ ਪਰਹਰਜੋ ॥ ੨੫੪ ॥
ਸਤਿਗੁਰ ਪਰਮਾਰਥ[1] ਦਰਸਾਯੋ। [1]ਮੁਕਤੀ ਦਾ ਰਸਤਾ।
ਦ੍ਵੈ ਜ ਗੁਰੁ ਕੋ ਹਰਿ ਬਪੁ ਪਾਯੋ।
ਤਹਿਂ ਤੇ ਚਲਿ ਗੁਰੁ ਮੌੜੇ ਗ੍ਰਾਮੂ।
ਸ਼ਾਹਾਵਾਦ ਥਿਰੇ ਸੁਖ ਧਾਮੂ ॥ ੨੫੫ ॥
ਰਤਨ ਜਖਜ[1], ਕੁਰਖੇਤ੍ਰ ਭੂਮੀ। [1]ਪਿੰਡ ਦਾ ਨਾਮ।
ਥਿਰੇ ਬ੍ਰਿਧ ਕੰਨਜਾ[1] ਪਿਖਿ ਊਮੀ[2]। [1]ਨਗਰ ਦਾ ਨਾਮ। [2]ਨਗਰ, ਸ਼ਹਿਰ (ਸੰ: ਊਮ-ਨਗਰ, ਸ਼ਹਿਰ।)

ਕਰਜੋ ਸਨੇਹਤ ਪਰ[1] ਪੁਨ ਡੇਰਾ। [1]ਸਨੇਹਤ ਤੀਰਥ ਉੱਪਰ।
ਨ੍ਹਾਇ ਦਾਨ ਦਿਏ ਦਿਜਨ ਬਧੇਰਾ ॥ ੨੫੬ ॥
ਬੜਥਲ ਗਾਮ ਬਸੇ ਨਿਸ ਸ੍ਵਾਮੀ।
ਪੁਨਾ ਪਰਾਸਰ ਤੀਰਥ ਧਾਮੀ[1]। [1]ਪਰਾਸਰ ਤੇ ਧਾਮੀ ਤੀਰਥ ਤੇ।
ਸਯਾਮਣ ਉਤਰ ਗਏ ਕਰਨਾਲੈਂ।

ਥਿਰੇ ਜਹਾਂ ਅਬਿ ਜਗ੍ਹਾ ਬਿਸਾਲੈਂ ॥ ੨੫੭ ॥
ਯਾ ਬਿਧਿ ਜਗਿ ਲੋਗਨ ਮਗਿ ਤਾਰਤ।
ਪਹੁਚੇ ਦੇਹਲੀ ਢਿਗ ਪ੍ਰਣ ਪਾਰਤ[1]। [1]ਪ੍ਰਣ ਪੂਰਾ ਕਰਨ ਵਾਲੇ ਸਤਿਗੁਰੂ ਜੀ।
ਜੈ ਸਿੰਘ ਭੂਪਤਿ ਸਾਰ[1] ਪਾਇ ਕੈ। [1]ਖ਼ਬਰ।
ਮਿਲਜੋ ਗੁਰੂ ਕੋ ਅੱਗ੍ਰ ਆਇ ਕੈ ॥ ੨੫੮ ॥
ਨਿਜ ਪੁਰ ਮਾਹਿ ਲਜਾਇ ਉਤਾਰੇ।
ਅਤਿ ਉਤਸ਼ਵ ਸ਼ਹਿ ਮਨਿ ਮੁਦ ਧਾਰੇ।
ਮੰਦਰ ਸੁਖਦ ਖਸ਼ਟ ਰੁਤਿ ਕੇਰੋ।
ਥਿਰੇ ਗੁਰੂ ਸੁਖਦਾਇ ਘਨੇਰੋ ॥ ੨੫੯ ॥
ਸੁਨ ਕਰਿ ਸੰਗਤਿ ਦਿੱਲੀ ਕੇਰੀ।
ਆਈ ਲੈ ਲੈ ਭੇਟ ਬਧੇਰੀ।
ਦੇਤਿ ਅਕੋਰ[1] ਲੇਤਿ ਫਲ ਚਾਰੇ। [1]ਭੇਟਾ।
ਲੈ ਉਪਦੇਸ਼ ਕਲੇਸ਼ ਪ੍ਰਹਾਰੇ ॥ ੨੬੦ ॥
ਜਾਵਤਿ ਗਾਵਤਿ ਗੁਨ ਗਨ ਗੁਰੁ ਕੇ।
ਭੇਦ ਭ੍ਰਮ ਨਾਸੈਂ ਜਿਮ ਉਰ ਕੇ।
ਖਾਨ ਪਾਨ ਕਰਿ ਬਿਬਿਧ ਪ੍ਰਕਾਰੀ।
ਨਿਸਾ ਬਿਡਾਈ ਸੁਖ ਸੋਂ ਸਾਰੀ ॥ ੨੬੧ ॥
ਜੈ ਸਿੰਘ ਜਾਗ ਗੁਰੂ ਢਿਗ ਆਯੋ।
ਕਰਿ ਪਗ ਬੰਦਨ ਅਰਜ ਅਲਾਯੋ।
ਜੈਹੋਂ ਮੈਂ ਢਿਗ ਸ਼ਾਹਿ ਖਰਾਰੀ[1]। [1]ਖਰ ਦੈਂਤ ਦੇ ਵੈਰੀ ਭਾਵ ਹੇ ਸਤਿਗੁਰੂ ਜੀ !
ਰਾਵਰ ਆਵਨਿ ਦੈਹੋਂ ਸਾਰੀ ॥ ੨੬੧ ॥
ਸੋਢੀ ਕੁਲ ਕੇਤੂ[1] ਤਬਿ ਕਹਾ। [1]ਨਿਸ਼ਾਨ ਰੂਪ।
ਤੁਮਰੋ ਦਿਲੀ ਪ੍ਰੇਮ ਪਿਖਿ ਮਹਾਂ।
ਬਿਨ ਢਿੱਲੀ[1] ਹਮ ਦਿੱਲੀ ਆਏ। [1]ਦੇਰੀ ਤੋਂ ਬਿਨਾਂ।
ਨਹੀ ਸ਼ਾਹਿ ਸੋਂ ਮਿਲਨ ਚਹਾਂਏ[1] ॥ ੨੬੩ ॥ [1]ਚਾਹੁੰਦੇ।
ਤੁਰਕੇਸਰ[1] ਢਿਗ ਨ ਹਮ ਜੈ ਹੈਂ। [1]ਔਰੰਗਜ਼ੇਬ।
ਦਰਸ਼ਨ ਦੇਂਹ ਨਹੀ ਤਿਸ ਲੈ ਹੈਂ।
ਬਿਸਮੈ ਭਯੋ ਭੂਪ ਸੁਨਿ ਬਾਨੀ।
ਲੀਕ ਅਲੀਕ ਸਿਲਾ ਸੀ[1] ਜਾਨੀ ॥ ੨੬੪ ॥ [1]ਪੱਥਰ ਦੀ ਅਮਿੱਟ ਲਕੀਰ ਵਰਗੀ।
ਕਰਿ ਬੰਦਨ ਜਗਿ-ਬੰਦਨ[1] ਤਾਂਈ। [1]ਜਗਤ ਦੇ ਬੰਦਨਾ ਕਰਨ ਜੋਗ।

ਜਾਇ ਸ਼ਾਹਿ ਢਿਗ ਐਸ ਅਲਾਈ।
ਜੋ ਹਜ਼ਰਤ ਥਾ ਮੁਹਿ ਫੁਰਮਾਯੋ।
ਸ੍ਰੀ ਹਰਿ ਕ੍ਰਿਸ਼ਨ ਗੁਰੂ ਕੌ ਲਜਾਯੋ ॥੨੬੫॥
ਉਤਰੇ ਸੋਇ ਆਇ ਮਮ ਡੇਰੇ।
ਕਰਾਮਾਤ ਕੇ ਧਨੀ ਬਡੇਰੇ।
ਤਨ ਬਾਲਕ ਮਨ ਬ੍ਰਿਧਨਿ ਜੈਸੋ।
ਨੂਰ ਸੂਰ ਸਮ ਦਿਪਤ ਅਜੈ ਸੋ[1] ॥੨੬੬॥

[1]ਉਨ੍ਹਾਂ (ਦੇ ਚੇਹਰੇ) ਦਾ ਅਜਿੱਤ ਪ੍ਰਕਾਸ਼ ਸੂਰਜ ਵਾਂਗ ਚਮਕ ਰਿਹਾ ਹੈ।

ਆਗੇ ਜੋ ਹਜ਼ਰਤ ਕੋ ਭਾਵੈ।
ਕਰੋ ਤੈਸ ਜੈਸੇ ਜਸ ਆਵੈ।
ਔਰੰਗਜ਼ੇਬ ਸੁਨਤਿ ਸੁਖ ਪਾਵਾ।
ਅਜ਼ਮਤ ਪੇਖਨ ਹਿਤ ਹੁਲਸਾਵਾ ॥੨੬੭॥
ਰਸਦ ਪਾਂਚ ਸੌ ਇਤਨੇ ਨਕਦੀ।
ਜ਼ਜਾਫਤ ਪਠੀ[1] ਗੁਰੂ ਢਿਗ ਅਗਦੀ[2]।
ਪੁਨ ਅਮੀਰ ਇਕ ਇਮ ਕਹਿ ਪਠਜੋ।
ਦੇਖਹੁ ਦਰਸ ਦੈਨ ਦਿਨ ਠਟਜੋ[1] ॥੨੬੮॥

[1]ਪ੍ਰੀਤੀ ਭੋਜਨ ਲਈ ਭੇਜੀ। [2]ਪਹਿਲੋਂ।

[1](ਜਾ ਕੇ) ਦੇਖੋ ਤੇ (ਉਹਨਾਂ ਵਲੋਂ) ਦਰਸ਼ਨ ਦੇਣ ਦਾ ਦਿਨ ਨੀਅਤ ਕਰ ਆਵੋ।

ਫਬਜੋ ਦਿਵਾਂਨ ਇਤੈਂ ਗੁਰੁ ਕੇਰੈਂ।
ਬੈਠੇ ਸਿਖ ਮਸੰਦ ਬਧੇਰੈਂ।
ਹੋਤ ਰਾਗ ਅਨੁਰਾਗ ਉਪਾਵਨਿ[1]।
ਲੈ ਲੈ ਭੇਟ ਸੰਗਤਾਂ ਆਵਨਿ ॥੨੬੯॥
ਦਰਸ ਸਪਰਸ ਫਰਸ਼ ਸੁਖ ਸੁਨਜੋ[1]।
ਬਿਸਦ[1] ਬਿਤਾਨ[2] ਮਖਮਲੀ ਤਨਜੋ।
ਕਾਰ ਚੋਬਿ ਬਿਬਿਧੈਂ ਗੁਲਕਾਰੀ।
ਕਰੀ ਜਰੀ ਜਨੁ ਕਾਮ ਸਵਾਰੀ[1] ॥੨੭੦॥

[1]ਪ੍ਰੇਮ ਪੈਦਾ ਕਰਨ ਵਾਲਾ।

[1]ਦਰਸ਼ਨ ਕਰ ਕੇ ਚਰਨ ਛੋਹ ਕੇ ਫ਼ਰਸ਼ ਤੇ ਸੁਖ ਨਾਲ (ਬੈਠ ਜਾਂਦੀਆਂ ਹਨ)।

[1]ਚਿੱਟਾ। [2]ਚੰਦੋਆ।

[1]ਜਰੀ ਨਾਲ ਅਨੇਕ ਤਰ੍ਹਾਂ ਦੀ ਕਾਰ ਚੋਬੀ ਤੇ ਗੁਲਕਾਰੀ ਜਾਣੋ ਕਾਮਦੇਵ ਨੇ ਸਵਾਰ ਕੇ ਕੀਤੀ ਹੋਈ ਹੈ। (ਕਾਰ ਚੋਬੀ-ਜ਼ਰੀ ਨਾਲ ਕਢਿਆ ਬੇਲ ਬੂਟਾ। ਗੁਲਕਾਰੀ-ਸੂਈ ਨਾਲ ਬਸਤ੍ਰ ਤੇ ਫੁੱਲ ਦਾ ਬਣਾਉਣਾ)।

ਪੰਨੇ ਨਗ ਪੁਖਰਾਜ[1] ਸਤਾਰੇ।
ਜਰੇ ਸੋਹਿਂ ਨਭ[1] ਮਨੋ ਸਤਾਰੇ[2]।
ਮਧੁ ਲਘੁ ਚਾਂਦ ਸਮਾਨ ਚੰਦੋਆ।

[1]ਇਕ ਤਰ੍ਹਾਂ ਦਾ ਰਤਨ ਜਿਸ ਦੀ ਨੌਂਰਤਨਾਂ ਵਿੱਚ ਗਿਣਤੀ ਹੈ।

[1]ਅਕਾਸ਼ ਵਿੱਚ। [2]ਤਾਰੇ।

ਤਾਸ ਬਾਦਲੇ ਕੋ ਚਮਕੋਆ[1] ॥੨੭੧॥

[1]ਚੰਦੋਏ ਦੇ ਵਿਚਕਾਰ ਛੋਟੇ ਚੰਦ ਵਰਗਾ ਤਾਸ ਬਾਦਲੇ ਦਾ ਚੰਦ ਚਮਕਦਾ ਹੈ। (ਤਾਸ ਤੇ ਬਾਦਲੇ ਦੇ ਅਰਥਾਂ ਬਾਰੇ ਦੇਖੋ ਬਿਸ੍ਰਾਮ ੩੧ ਦੇ ਅੰਕ ੮੪ ਦੀ ਟਿੱਪਣੀ।

ਝਾਲਰ ਝੁੰਮਕੀ ਮੁਕਤੀ ਲਰੀ।
ਝੂਲਤਿ ਜਨੁ ਸੰਪਾ ਸੁਕਚਰੀ[1]।

[1](ਝੁੰਮਕੀ) ਛੱਬੇ ਦੀ ਝਾਲਰ ਜੋ ਮੋਤੀਆਂ ਦੀਆਂ ਲੜੀਆਂ (ਦੀ ਬਣੀ ਹੋਈ ਹੈ ਐਉਂ) ਝੂਲਦੀ ਹੈ ਜਾਣੋ (ਸਾਰੀ) ਬਿਭੂਤੀ ਹੀ ਇਕੱਠੀ ਹੋ ਕੇ (ਝੂਲਦੀ ਹੈ)।

ਗੰਗਾ ਜਮਨੀ ਚਿੱਤ੍ਰ ਚੋਬੈਂ[1]।

[1]ਗੰਗਾ ਤੇ ਜਮਨਾ ਦੇਰੰਗ ਵਰਗੀਆਂ ਚਿੱਤ੍ਰਕਾਰੀ ਵਾਲੀਆਂ ਚੋਬਾਂ ਹਨ।

ਧਨਦ[1] ਸੁਰੇਸ[2] ਦੇਖਿ ਦਿਲਿ ਖੋਭੈਂ[3] ॥੨੭੨॥

[1]ਕੁਬੇਰ। [2]ਇੰਦ੍ਰ। [3]ਦਿਲ ਵਿੱਚ ਦੁਖੀ ਹੁੰਦੇ ਹਨ।

ਕੰਚਨ ਦੰਡੀ[1] ਖਰੇ ਅਗਾਰੀ।
ਸ਼ਸਤ੍ਰ ਬਸਤ੍ਰ ਸਜੇ ਸੁਧਾਰੀ।
ਕੰਕਨ ਕੰਠੇ ਕੰਠ ਜਰਾਊ[1]।
ਜੋ ਗੁਰਿ ਬਖਸ਼ੇ ਲਖਿ ਸਿਵਕਾਊ[1] ॥੨੭੩॥

[1]ਸੁਨਹਿਰੀ ਚੋਬਾਂ ਵਾਲੇ (ਚੋਬਦਾਰ)।

[1](ਹੱਥਾਂ ਵਿੱਚ ਜੜਾਊ) ਕੜੇ ਤੇ ਗਲ ਵਿੱਚ ਜੜਾਊ ਕੰਠੇ ਹਨ।

[1]ਸੇਵਕ ਜਾਣ ਕੇ।

ਪਿਖਿ ਮਸਨਦ[1] ਉਪਧਾਨਾ[2] ਗੁਰੁ ਕਾ।
ਧੀਰਜ ਛੂਟਤਿ ਸੁਰਪਤਿ ਉਰ ਕਾ[1]।
ਤਾਂ ਪਰ ਗੁਰੁ ਥਿਰਿ ਸਹਿਜ ਸੁਭਾਊ।
ਸੋਹਿਤ ਮਨੋ ਬਾਲ ਦਿਨਰਾਊ[1] ॥੨੭੪॥

[1]ਗੱਦੀ। [2]ਸਰਹਾਣਾ।

[1]ਇੰਦ੍ਰ ਦੇ ਹਿਰਦੇ ਦਾ।

[1]ਸਵੇਰ ਦਾ ਸੂਰਜ।

ਸੁਠ ਸਮੀਲ ਪੋਸ਼ਸ਼ ਸੁਚ ਸੋਹੈ[1]।
ਕਲਗੀ ਜਿਗ੍ਹਾ ਜਗਤਿ ਮਨ ਮੋਹੈ।
ਮੰਜ ਮਜੀਨੀ ਰੰਗ ਦੁਪੱਟੀ[1]।
ਸੇਲੀ* ਭੇਖ ਨਿਸ਼ਾਨੀ ਥੱਟੀ[1] ॥੨੭੫॥

[1]ਸੁੰਦਰ ਤੇ ਮਿਲਵੀਂ ਪਵਿੱਤ੍ਰ ਪੁਸ਼ਾਕ ਸੋਹਂਦੀ ਹੈ।

[1]ਸੁੰਦਰ ਮਜੀਠੀਰੰਗ ਦਾ ਦੁਪੱਟਾ ਹੈ।

[1]ਭੇਖ ਦੀ ਨਿਸ਼ਾਨੀ ਸੇਲੀ ਪਹਿਨੀ ਹੋਈ ਹੈ। *ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਗੁਰਿਆਈ ਗੱਦੀ ਦੇ ਤਖ਼ਤ ਤੇ ਬੈਠਣ ਸਮੇਂ ਸੇਲੀ ਨੂੰ ਮੱਥਾ ਟੇਕ ਕੇ ਤੋਸ਼ੇਖਾਨੇ ਵਿੱਚ ਭੇਜ ਦਿੱਤਾ ਸੀ ਤੇ ਉਸਦੀ ਥਾਂ ਬਾਬਾ ਬੁੱਢਾ ਸਾਹਿਬ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਹਜ਼ੂਰ ਨੂੰ ਪਹਿਨਾਈਆਂ ਸਨ। ਉਸ ਦਿਨ ਤੋਂ ਬਾਦ ਫਿਰ ਕਿਸੇ ਵੀ ਗੁਰੂ ਸਾਹਿਬ ਨੇ ਸੇਲੀ ਨਹੀਂ ਪਹਿਨੀ। ਤੇ ਨਾ ਹੀ ਇਹ ਸੇਲੀ ਗੁਰੂ ਕੇ ਭੇਖ ਦੀ ਕੋਈ ਨਿਸ਼ਾਨੀ ਹੈ। ਸਿੱਖੀ ਦੇ ਨਿਸ਼ਾਨ ਤਾਂ ਪੰਜ ਕੱਕਾਰ ਹਨ ਜੇਹਾ ਕਿ ਲਿਖਿਆ ਹੈ ਕਿ 'ਨਿਸ਼ਾਨੇ ਸਿਖੀ ਈ: ਪੰਜ ਹਰਫ ਅਸਤ ਕਾਫ। ਹਰਗਿਜ਼ ਨ ਬਾਸ਼ਦ ਅਜ਼ੀਂ ਪੰਜ ਮੁਆਫ਼। ਕੜਾ ਕਾਰਦੋ ਕੱਛ ਕੰਘਾ ਬਿਦਾਂ। ਬਿਲਾ ਕੇਸ ਹੇਚ ਅਸਤ ਜੁਮਲੇ ਨਿਸ਼ਾਂ।' ਅਰਥਾਤ ਸਿੱਖੀ ਦੇ ਨਿਸ਼ਾਨ ਇਹ ਪੰਜ ਕੱਕੇ ਅੱਖਰ ਹਨ। ਇਨ੍ਹਾਂ ਪੰਜਾਂ ਚੋਂ ਬਿਲਕੁਲ ਕੋਈ ਵੀ ਕਕਾਰ ਮੁਆਫ ਨਹੀਂ

ਕੀਤਾ ਜਾ ਸਕਦਾ (ਉਹ ਹਨ) ਕੜਾ, ਕ੍ਰਿਪਾਨ, ਕਛਹਿਰਾ, ਕੰਘਾ ਜਾਣ ਲਉ। ਪਰ ਇਹ ਸਾਰੇ (ਚਾਰੇ) ਨਿਸ਼ਾਨ ਭਾਵ ਚਾਰੇ ਕਕਾਰ ਕੇਸਾਂ ਤੋਂ ਬਿਨਾਂ ਕੁਝ ਵੀ ਨਹੀਂ ਹਨ ਭਾਵ ਕੇਸ ਹੀਣ ਮਨੁੱਖ ਜੇ ਚਾਰੇ ਕਕਾਰ ਪਹਿਨ ਲਵੇ ਤਾਂ ਉਹ ਕਿਸੇ ਕੰਮ ਨਹੀਂ ਹਨ।

ਗਰਿ ਗਜ ਮੁਕਤਾ ਮਾਲ ਬਿਸਾਲਾ[1]।
[1]ਗਲ ਵਿੱਚ ਹਾਥੀਆਂ ਦੇ ਮੋਤੀਆਂ ਦੀ ਲੰਬੀ ਮਾਲਾ ਹੈ।

ਜ਼ੇਵਰ ਔਰ ਸਜੇ ਦੁਤਿ ਜਾਲਾ[1]।
[1]ਬਹੁਤੀ ਸੋਭਾ ਵਾਲੇ।

ਚਾਮਰ ਮੁੱਠਾ ਦਾਸ ਝੁਲਾਹੀਂ।
ਮਨੋ ਮੋਰ ਮਿਲਿ ਹੰਸ ਉਡਾਹੀਂ ॥੨੭੬॥

ਦੋਹਰਾ:

ਔਰੰਗ ਕਾ ਉਮਰਾਵ ਬਡ,
ਤਬੈ ਪਹੁੰਚਜੋ ਆਇ।
ਸਹਿਮਜੋ ਸੋਭਾ ਸਭਾ ਪਿਖਿ,
ਗੁਰੈਂ ਅਸ਼ਾਰਾ ਪਾਇ ॥੨੭੭॥

ਉਚਿਤ ਠੌਰ[1] ਬੈਠਨ ਕਹਜੋ,
[1]ਯੋਗ ਥਾਂ।

ਚੋਬਦਾਰ ਨੈ ਲਜਾਇ।
ਸਾਤ ਅਸ਼ਰਫੀ[1] ਭੇਟ ਤਿਨ,
[1]ਸੱਤ ਮੁਹਰਾਂ।

ਦੀਨੀ ਮਾਥ ਝੁਕਾਇ ॥੨੭੮॥
ਨੌਰੰਗ ਦਿਸ ਤੈ ਜੋਰਿ ਕਰ,
ਕੀਨੀ ਪੁਨਾ ਸਲਾਮ।
ਬੈਠਿ ਬਿਚਾਰ ਨਿਹਾਰਜੋ,
ਇਹੀ ਖੁਦਾਇ ਮੁਕਾਮ[1] ॥੨੭੯॥
[1]ਟਿਕਾਣਾ।

ਚੌਪਈ:

ਕੁਸਲ ਪ੍ਰਸਨ[1] ਬੂਝਜੋ ਗੁਰੁ ਤਾਂ ਕੈ।
[1]ਸੁਖ ਸਾਂਦ।

ਦਸਤ ਬਸਤ[1] ਉਨਿ ਸੀਸ ਝੁਕਾ ਕੈ।
[1]ਹੱਥ ਬੰਨ੍ਹ ਕੇ।

ਲਰਜ ਗਰਜ਼ ਯੁਤ ਅਰਜ਼ ਅਲਾਈ[1]।
[1]ਕੰਬ ਕੇ ਇੱਛਾ ਸਹਿਤ ਬੇਨਤੀ ਕਹੀ।

ਰਾਵਰ ਮਿਹਰ ਕੁਸਲ ਸਬਿ ਆਈ ॥੨੮੦॥
ਆਪ ਕੀਨ ਪਾਵਨ ਪਦ ਪਾਵਨ[1]।
[1]ਪਵਿਤ੍ਰ ਚਰਨ ਪਾਏ ਹਨ।

ਪਾਵਨ ਹਮ ਸਬ ਭਏ ਸੁਹਾਵਨ।
ਆਵਨ ਸੁਨਿ ਭਾਵਨ[1] ਪਾਤਿਸ਼ਾਹੂੰ।
[1]ਸ਼ਰਧਾਲੂ।

ਭਯੋ ਮੋਦ ਪ੍ਰਮੋਦ ਮਹਾਹੂੰ[1] ॥੨੮੧॥
[1]ਬਹੁਤ ਤੋਂ ਬਹੁਤ ਅਨੰਦ ਹੋਇਆ ਹੈ।

ਚਾਹਿਤ ਦਰਸ ਦਰਸਜੋ ਥਾਰੋ।
ਭਵੈ ਸਿਖ ਪਿਖਿ ਅਜ਼ਮਤ ਭਾਰੋ।
ਇਹੁ ਸੁਨਿ ਗੁਰ ਉਮਰਾਵਹਿ ਤਾਂਈ।
ਦੈ ਸਿਤਕਾਰ ਉਚਾਰ ਸੁਨਾਈ ॥੨੮੨॥
ਹੈ ਹਮਰੋ ਜੋ ਜੇਸ਼ਟ ਭਾਈ।
ਜਾਤਿ ਆਤਿ ਢਿਗ ਸ਼ਾਹਿ ਸਦਾਈ।
ਸਰਬ ਭਾਂਤਿ ਸੋ ਲਾਯਕ ਪੈ ਹੈ।
ਜੋ ਸ਼ਹਿ ਚਹਿ ਸੋ ਅਜ਼ਮਤ ਦੈ ਹੈ ॥੨੮੩॥
ਹਮ ਬਾਲਕ ਸਾਲਕ[1] ਬਡ ਨਾਹੀਂ। [1]ਆਤਮ ਗਿਆਨੀ।
ਇਕ ਤਾਲਕ[1] ਖਾਲਕ ਸੁਰਖਾਹੀਂ। [1]ਸਬੰਧ।
ਕਾਮ ਸ਼ਾਹਿ ਢਿਗ ਮਮ ਕੁਛ ਨਾਹੀਂ।
ਦੈਂਹ ਨ ਅਜ਼ਮਤ ਜੈਂਹ ਨ ਤਾਂਹੀਂ ॥੨੮੪॥
ਸਤਿਗੁਰ ਪੂਰਨ ਪਿਤਾ ਹਮਾਰੇ।
ਪ੍ਰਣ ਨਿਬਾਹਜੋ ਤਜੋਂ ਹਮ ਪਾਰੇ[1]। [1](ਪ੍ਰਣ) ਪਾਲਾਂਗੇ ਭਾਵ ਪੂਰਾ ਕਰਾਂਗੇ।
ਨਹਿ ਤੁਰਕੇਸੈਂ ਪਿਖੈਂ ਪਿਖੈਂ ਹੈਂ।
ਕਰਾਮਾਤ ਕੋ ਕਹਰ ਲਖੈ ਹੈਂ[1] ॥੨੮੫॥ [1]ਜ਼ੁਲਮ ਕਰਨਾ ਸਮਝਦੇ ਹਾਂ।
ਸੋ ਮਮ ਭ੍ਰਾਤਰ ਰਹਜੋ ਦਿਖਾ ਹੈ।
ਤਾਂਹਿ ਬੁਲਏ ਗਏ ਹਮ ਆ ਹੈਂ।
ਸਖਾ[1] ਹੋਤ ਹੈ ਏਕ ਭ੍ਰਾਤਾ। [1]ਮਿੱਤ੍ਰ।
ਰਾਮ ਲਖਨ ਸਮ[1] ਲਖੋ ਬਖਜਾਤਾ ॥੨੮੬॥ [1]ਲਛਮਣ ਵਾਂਗ।
ਬੈਰੀ ਆਹਿਂ[1] ਏਕ ਹ੍ਵੈ ਭਾਈ। [1]ਹੁੰਦੇ ਹਨ।
ਬਾਲੀ ਸੁੱਗ੍ਰੀਵ ਕੀ ਨਜਾਈ।
ਰਾਵਣ ਔਰ ਬਭੀਖਣ ਜੈਸੇ।
ਮਹਜਾਂ ਮਝਾਰ ਜਾਟ ਕੁਲ ਖੈ ਸੇ[1] ॥੨੮੭॥ [1]ਮਹੇਂ, ਬਿੱਲੇ ਤੇ ਜੱਟ (ਸੇ) ਵਾਂਗ ਕੁਲ ਨਾਸ (ਕਰਨ ਵਾਲੇ ਹੁੰਦੇ ਹਨ)।
ਤਿਮ ਹਮ ਸੋਂ ਮਮ ਭ੍ਰਾਤ ਕਮੈ ਹੈ।
ਪ੍ਰਭੁ ਢਿਗ ਹਮ ਜਵਾਬ ਤਿਹ ਲੈਹੈਂ।
ਅਬਿ ਤੁਮ ਹਮ ਦਿਸ ਤੈ ਢਿਗ ਸ਼ਾਹੂ।
ਕਹੋ ਜਾਇ ਹਮ ਮਿਲੈਂ ਨ ਤਾਹੂੰ ॥੨੮੮॥
ਸੁਨਿ ਉਮਰਾਵ ਬੰਦਿ ਗੁਰ ਚਰਨਾ।

ਗਜੋ ਸ਼ਾਹਿ ਢਿਗ ਗੁਰੁ ਜਸੁ ਬਰਨਾ।
ਸਬਿ ਮਤਲਬ ਉਨਿ ਕਹਜੋ ਸੁਨਾਈ।
ਕਰੀ ਤਰੀਫ ਸ਼ਰੀਫ ਸੁਹਾਈ[1] ॥੨੮੯॥

[1](ਸਤਿਗੁਰਾਂ ਦੇ) (ਸ਼ਰੀਫ) ਭਲ-ਮਣਸਊ ਦੀ ਚੰਗੀ ਉਸਤਤਿ ਕੀਤੀ।

ਰਹਜੋ ਤੂਸ਼ਨੀ[1] ਸੁਨਿ ਪਤਿਸ਼ਾਹੂ।
ਲਖੇ ਬਾਲ-ਗੁਰੁ ਬੇਪ੍ਰਵਾਹੂ।
ਉਨੀ ਦਿਨੋ ਦਿਲੀ ਮੈ ਭਾਰੀ।
ਬਢੀ ਬਿਸੂਚਕ[1] ਬਡੀ ਬਿਮਾਰੀ ॥੨੯੦॥

[1]ਚੁੱਪ।

[1]ਸੂਈ ਵਾਂਗ ਚੁਭਣ ਵਾਲੀ ਬੀਮਾਰੀ, ਹੈਜ਼ਾ, ਮਰੀ।

ਦਿਨ ਦਿਨ ਪ੍ਰਤਿ ਜਨ ਮਰਤਿ ਹਜਾਰੈਂ।
ਪਏ ਨ ਠੱਲਾ ਭਏ ਲਚਾਰੈਂ[1]।
ਸਿਖ ਦਿਲਵਾਲੀ ਦੀਨ ਅਪਾਰੇ[1]।
ਆਇ ਗੁਰੂ ਢਿਗ ਜਬੈ ਪੁਕਾਰੇ ॥੨੯੧॥

[1]ਦੁੱਖੀ।

[1]ਬਹੁਤੇ ਦੁਖੀ (ਹੋ ਕੇ)।

ਹੋਇ ਕ੍ਰਿਪਾਲ ਗਿਰਾ ਗੁਰਿ ਗਾਈ[1]।
ਜੋ ਮੁਹਿ ਪਿਖੈ ਨ ਦੁਖੈ ਕਦਾਈ।
ਜੋਇ ਕੋਇ ਮਮ ਪਦ ਧੋਇ ਪੀਵੈ।
ਨਾਹਿਂ ਬਿਸੂਚਕ ਤਾਂਹਿ ਰਹੀਵੈ ॥੨੯੨॥

[1]ਗੁਰਾਂ ਨੇ ਬਾਣੀ ਕਹੀ।

ਸੁਨਿ ਇਹੁ ਬੈਨ ਐਨ[1] ਜਬਿ ਕੀਨਾ।
ਲਗੇ ਲੋਗ ਬਿਨੁ ਰੋਗ ਹੁਵੀਨਾ[1]।
ਖਬਰ ਜਬਰ[1] ਜਬਿ ਪਹੁੰਚੀ ਸ਼ਹਿਰੈਂ।
ਧਏ ਅਏ ਜਿਮ ਪਜਾਸੇ ਡਹਰੈਂ[1] ॥੨੯੩॥

[1]ਠੀਕ ਤਰ੍ਹਾਂ (ਉਵੇਂ ਹੀ)।

[1]ਹੋਣ ਲੱਗ ਪਏ।

[1]ਜ਼ਬਰਦਸਤ, ਭਾਰੀ, ਵੱਡੀ, ਚੰਗੀ।

[1]ਜਿਵੇਂ ਤਿਹਾਏ (ਬੰਦੇ) (ਡਹਰੈਂ) ਤਲਾਅ ਵੱਲ ਨੂੰ।

ਪਦ ਪਖਾਰ ਗੁਰਿ ਭਰਜੋ ਚਵੱਚਾ।
ਜਿਨ ਪੀਓ ਥੀਓ ਬਚ ਸੱਚਾ।
ਤਪ ਅਤਿਸਾਰ[1] ਗ੍ਰਹਿਣੀ[2] ਖਾਂਸੀ।
ਸੂਲ ਬਿਸੂਚਕ ਬਾਇ ਚੁਰਾਸੀ[1] ॥੨੯੪॥

[1]ਦਸਤਰੋਗ। [2]ਸੰਗ੍ਰਹਣੀ, ਅਣਪਚੀਰੋਗ।

[1]ਚੁਰਾਸੀ ਤਰ੍ਹਾਂ ਦੀ ਹਵਾ ਦੇਰੋਗ।

ਭੂਤ ਪ੍ਰੇਤ ਲਗਜੋ ਜਿਤ ਹੋਈ।
ਗੁਰਿ ਦਰਸਨ ਤੈ ਰਹੈ ਨ ਕੋਈ।
ਮੇਲਾ ਲਗਜੋਰ ਹੈ ਗੁਰੁ ਦ੍ਵਾਰੈ।
ਆਮਨ ਗ੍ਰਾਮਨ ਤੈ ਭਿ ਅਪਾਰੈ[1] ॥੨੯੫॥

[1]ਪਿੰਡਾਂ ਤੋਂ ਭੀ ਬਹੁਤ (ਲੋਕ) ਆਉਂਦੇ ਹਨ।

ਅਰਪਿ ਉਪਾਇਨ[1] ਗੁਰੁ ਪਾਇਨ ਪੈ[2]।
ਮਨ ਭਾਯਨ ਪਾਇਨ ਜਾਇਨ ਪੈ[1]।

[1]ਭੇਟਾ। [2]ਚਰਨਾਂ ਤੇ।

[1]ਮਨ ਭਾਉਂਦੇ (ਫਲ) ਪਾ ਕੇ ਜਾਂਦੇ ਹਨ।

ਪਰੀ ਧੂੰਮ[1] ਸਭਿ ਦੇਸ ਮਝਾਰੈਂ। [1]ਧੂੰਮ ਪੈ ਗਈ ਭਾਵ ਇਹ ਗੱਲ ਮਸ਼ਹੂਰ ਹੋ ਗਈ।
ਪੈ ਹੈਂ ਅਰਥੀ[1] ਅਰਥ[2] ਅਪਾਰੈਂ ॥੨੯੬॥ [1]ਮੰਗਤੇ। [2]ਧਨ।
ਬੇਸ਼ੁਮਾਰ ਬਿੱਤ ਬਿਬਧਾ[1] ਜੋਈ। [1]ਅਨੇਕ ਤਰ੍ਹਾਂ (ਦੇ ਪਦਾਰਥ)।
ਆਇ ਲਾਇਂ ਗੁਰੁ ਲੰਗਰ ਸੋਈ।
ਛਕੈਂ ਗਰੀਬ ਫਕੀਰ ਅਪਾਰੈਂ।
ਸੁਜੱਸ ਗੁਰੂ ਕਾ ਅਧਿਕ ਬਿਥਾਰੈਂ ॥੨੯੭॥
ਕੀਰਤਿ ਗੁਰੁ ਕੀ ਘਰ ਘਰਿ ਝੂਲੀ।
ਮਨੋ ਮਾਲਤੀ ਫੈਲੀ ਫੂਲੀ।
ਅਜ਼ਮਤ ਬਡ ਆਰੂਜ[1] ਨਿਹਰ ਕੈ। [1]ਪ੍ਰਤਾਪ।
ਪੀਰ ਫਕੀਰ ਦਬੇ ਅਰਿ ਡਰ ਕੈ ॥੨੯੮॥
ਬਾਦਸ਼ਾਹਿ ਸੁਨਿ ਗੁਰੁ ਜਸੁ ਭਾਰੀ।
ਦਰਸ ਦਰਸਜੋ ਚਾਹਿਂ ਅਪਾਰੀ।
ਗੁਰੂ ਨ ਦਰਸ਼ਨ ਦੈਨੋ ਚੈਹੈਂ।
ਯਾਂ ਹਿਤ ਨਿਤ ਇਕਾਂਤ ਥਿਰਰੈਹੈਂ ॥੨੯੯॥

ਦੋਹਰਾ:

ਪਟਰਾਨੀ ਜੈ ਸਿੰਘ ਕੀ,
ਸੁਨਿ ਗੁਰੁ ਕਾ ਜਸ ਭਾਰ।
ਕਰਿ ਗਿਨਤੀ ਬਿਨਤੀ ਕਰੀ,
ਨ੍ਰਿਪ ਪੈ ਹਿਤ ਦਰਸਾਰ ॥੩੦੦॥

ਚੌਪਈ:

ਪੁੱਤ੍ਰ ਕਾਮਨਾ ਮਨ ਮੈਂ ਧਰਿ ਕੈ।
ਚਾਹਿਤ ਪਗ ਪਰਸੇ ਗੁਰੁ ਬਰ ਕੈ[1]। [1]ਸ੍ਰੇਸ਼ਟ ਗੁਰਾਂ ਦੇ। (ਅ) ਗੁਰਾਂ ਤੋਂ ਵਰ ਲੈਣ ਵਾਸਤੇ।
ਭੂਪਤਿ ਕੋ ਗੁਰੁ ਪਾਸ ਪਠਾਯੋ।
ਆਇ ਨ੍ਰਿਪ ਗੁਰੁ ਪਗ ਲਪਟਾਯੋ ॥੩੦੧॥
ਹੇ ਪ੍ਰਭੁ ਦਯਾ ਦਾਸ ਪਰ ਕੀਜੈ।
ਅੰਤਹਿ ਪੁਰ[1] ਪਾਵਨ ਮਮ ਕੀਜੈ। [1]ਰਣਵਾਸ, ਰਾਣੀਆਂ ਦੇ ਰਹਿਣ ਦਾ ਮਹੱਲ।
ਕਹਿ ਮਸੰਦ ਗੁਰਬਖਸ਼ ਪਾਸ ਤੈ।
ਕਰੋ ਗੁਰੂ ਜੀ ਦਯਾ ਦਾਸ ਤੈ ॥੩੦੨॥
ਮਾਤਾ ਜੀ ਤੈ ਭੀ ਕਹਲਾਯੋ।
ਮਾਨ ਭਲੈਂ ਗੁਰੁ ਚਲੈਂ ਅਲਾਯੋ[1]। [1]ਭਲੀ ਤਰ੍ਹਾਂ ਮੰਨ ਕੇ ਗੁਰਾਂ ਨੇ ਕਿਹਾ ਚੱਲਾਂਗੇ।

ਕਰਿ ਬੰਦਨ ਮੁਦ ਹ੍ਵੈ ਨ੍ਰਿਪ ਗਯੋ।
ਰਾਨੀ ਪ੍ਰਤਿ ਸਭਿ ਭੇਦ ਅਲਯੋ ॥ ੩੦੩ ॥
ਪਟਰਾਨੀ ਸਭਿ ਤੀਆ ਬੁਲਾਈ।
ਗੁਰੁ ਦਰਸ਼ਨ ਕੀ ਗਾਥ ਸੁਨਾਈ।
ਜ਼ੇਬਰ ਜੇ ਵਰ[1], ਤੇਵਰ ਤੇ ਵਰ[2]।

[1]ਜਿਹੜੇ ਸ੍ਰੇਸ਼ਟ ਗਹਿਣੇ ਸਨ। [2]ਉਹ ਸ੍ਰੇਸ਼ਟ ਤਿੰਨ ਤਿੰਨ ਕੱਪੜੇ।

ਸਜਵਾਏ ਪ੍ਰਯੰਤਹਿ ਨੇਵਰ[1] ॥ ੩੦੪ ॥ [1]ਝਾਂਜਰਾਂ (ਪੰਜੇਬਾਂ) ਤੱਕ। (ਪੰਜੇਬ– ਪੈਰਾਂ ਦਾ ਇਕ ਗਹਿਣਾ)।
ਕੰਚਨ ਪੀਢਨ ਪਰ[1] ਬੈਠਾਰੀ। [1]ਸੋਨੇ ਦੇ ਪੀੜ੍ਹਿਆਂ ਤੇ।
ਮਨੋ ਪਰੀ ਗਨ ਪਾਂਤਿ[1] ਸਵਾਰੀ। [1]ਪੰਗਤੀ, ਕਤਾਰ।
ਆਪ ਲਵਾਸ ਮਲਿਨ[1] ਧਰਿ ਸਾਦਾ। [1]ਮੈਲਾ ਪਹਿਰਾਵਾ।
ਸਭਿ ਪਾਛੇ ਥਿਰਿ ਧਰਜੋ ਇਰਾਦਾ[1] ॥ ੩੦੫ ॥ [1]ਬੈਠ ਕੇ ਫੁਰਨਾ ਕੀਤਾ।
ਜੋ ਸਮ੍ਰੱਥ ਸ੍ਰਬੱਗ ਗੁਰੁ ਹੋਹੀਂ।
ਤੋ ਉਛੰਗਿ[1] ਆ ਬੈਸਹਿਂ ਮੋਹੀ। [1]ਗੋਦ ਵਿੱਚ।
ਪੁੱਤ੍ਰ ਹੋਨਿ ਬਰ ਦੈਂਹ ਸੁਨਾਏ।
ਧਰੇ ਮਨੋਰਥ ਦਿਢ[1] ਇਸ ਭਾਏ ॥ ੩੦੬ ॥ [1]ਪੱਕੇ।
ਗੁਰੁ ਕੇ ਖੇਲਨ ਹੇਤ ਖਿਲੌਨੇ।
ਰਖੇ ਰਚੇ ਮਦਨਿ ਜਨੁ ਲੌਨੇ[1]। [1]ਜਾਣੋਂ ਕਾਮਦੇਵ ਨੇ ਸੁੰਦਰ ਬਣਾ ਕੇ ਰੱਖੇ ਹਨ।
ਰਤਨ ਜਟਿਤ ਕੁਛ ਚਾਮੀਕਰ ਕੇ[1]। [1]ਸੋਨੇ ਦੇ।
ਕੁਛ ਚਾਂਦੀ ਪੀਤਲ ਮ੍ਰਿਤ ਬਰ ਕੇ[1] ॥ ੩੦੭ ॥ [1]ਚੰਗੀ ਮਿੱਟੀ ਦੇ।
ਅਪਰ ਮਿਠਾਈ ਕੇ ਬਹੁ ਬਿਧਿ ਕੇ।
ਰਾਖੇ ਢਿਗ ਹਿਤ ਕਾਰਜ ਸਿਧਿ ਕੇ[1]। [1]ਕਾਰਜ ਦੀ ਸਫਲਤਾ ਵਾਸਤੇ।
ਪੁਨ ਨ੍ਰਿਪ ਆਇ ਗੁਰੈਂ ਲੈ ਗਯੋ।
ਨਗਨ ਚਰਨ ਗੁਰਿ ਸੰਗ ਸਿਧਯੋ ॥ ੩੦੮ ॥
ਸਿੰਘ–ਪੌਰ[1] ਨ੍ਰਿਪ ਕੇ ਜਬਿ ਗਏ। [1]ਰਾਜ ਮਹੱਲ ਦਾ ਮੁੱਖ ਦਰਵਾਜ਼ਾ।
ਸੇਵਕ ਸਭਿ ਤਹਿਂ ਹੀ ਤਜ ਦਏ।
ਨ੍ਰਿਪ ਕੇ ਲੋਗ ਬੰਦਨਾ ਕਰਹੀਂ।
ਗੁਰਿ ਮੂਰਤਿ ਉਰ ਮੈਂ ਦਿਢ ਧਰਹੀਂ ॥ ੩੦੯ ॥
ਸੁੰਦਰ ਮੰਦਰ ਅੰਦਰ ਗਏ।
ਚਿੱਤਰ ਬਚਿੱਤ੍ਰ ਪਵਿੱਤਰ ਕਏ[1]। [1](ਜਿਸ ਵਿੱਚ) ਅਨੇਕ ਤਰ੍ਹਾਂ ਦੀਆਂ ਪਵਿੱਤ੍ਰ ਤਸਵੀਰਾਂ ਬਣਾਈਆਂ ਹੋਈਆਂ ਸਨ।

ਬਿਸਦ[1] ਉਤੰਗ[2] ਬਿਪਲ[3] ਮਨਿ ਮੋਹੈਂ।
ਮਨੋ ਸਰਦ ਰੁਤਿ ਕੇ ਘਨ ਸੋਹੈ ॥ ੩੧੦ ॥
ਕਰਤਿ ਸਪਰਧਾ ਅਟੈਂ ਘਟੈਂ ਕੀ[1]।

[1]ਉੱਜਲ, ਚਿੱਟੇ। [2]ਉੱਚੇ। [3]ਬਹੁਤੇ।

[1]ਅਟਾਰੀਆਂ (ਬੱਦਲਾਂ ਦੀਆਂ) ਘਟਾਂ ਨਾਲ ਈਰਖਾ ਕਰਦੀਆਂ ਹਨ ਭਾਵ ਬਹੁਤ ਉੱਚੀਆਂ ਹਨ।

ਕਲਸਨ ਚਮਕਨ ਕਟੈਂ ਛਟੈਂ ਕੀ[1]।
ਤਨਜੋ ਚੰਦੋਆ ਮੰਦਰ ਅੰਦਰ।
ਜਾਂਹਿ ਦੇਖਿ ਸ਼ਰਮਾਤ ਪੁਰੰਦਰ[1] ॥ ੩੧੧ ॥
ਚੋਂਕੀ ਚੰਦਨ ਬਾਵਨ ਕੇਰੀ।
ਬਿਛੀ ਗੁਰੂ ਹਿਤ ਬਿਸਦ ਉਚੇਰੀ।
ਥਿਰੀ ਤਹਾਂ ਸਬਿ ਨਾਰਿ ਸਚੀ ਸੀ[1]।
ਰਮਾ[1] ਉਮਾ[2] ਰੰਭਾ[3] ਸੁਰਤੀ ਸੀ[11] ॥ ੩੧੨ ॥

[1]ਕਲਸਾਂ ਦੀ ਚਮਕ ਬਿਜਲੀ ਦੀ ਚਮਕ ਨੂੰ ਕਟਦੀ ਹੈ।

[1]ਇੰਦਰ।

[1]ਸੱਚੀ (ਇੰਦ੍ਰ ਦੀ ਇਸਤ੍ਰੀ) ਵਰਗੀਆਂ।

[1]ਲੱਛਮੀ (ਵਿਸ਼ਨੂੰ ਦੀ ਇਸਤ੍ਰੀ)। [2]ਪਾਰਬਤੀ (ਸ਼ਿਵ ਦੀ ਇਸਤ੍ਰੀ)। [3]ਸੁਰਗ ਦੀ ਇਕ ਅਪੱਛਰਾ। [11]ਕਾਮਦੇਵ ਦੀ ਇਸਤ੍ਰੀ ਵਰਗੀਆਂ।

ਸਸਿ ਬਦਨੀ[1] ਸਬਿ ਪੰਕਜ ਨੈਨੀ[2]।
ਕੀਰ ਨਾਸਕਾ[1] ਕੋਕਲ-ਬੈਨੀ[2]।
ਬਸਤ੍ਰ ਬਰਨ ਬਰਨ ਕੇ[1] ਪਹਿਰੇ।
ਤਰਨ[1] ਛਬੀਲੀ[2] ਸੁੰਦ੍ਰੀ ਗਹਿਰੇ[3] ॥ ੩੧੩ ॥
ਨੈਕ ਚਿਤੈਂ ਕਰਿ ਡਾਰਤਿ ਕਹਿਰੈਂ[1]।
ਮਨੋ ਮਦਨ ਨਿਧਿ ਕੀ ਸੁਠ ਲਹਿਰੈ[1]।
ਜਿਨੈ ਹੇਰਿ ਮਨ ਮੁਨੀ ਨ ਠਹਿਰੈਂ।
ਮੀਠੀ ਲਗਤਿ ਪੈ ਗੰਦਲ ਜ਼ਹਰੈਂ ॥ ੩੧੪ ॥
ਲੋਚਨ ਸਰ ਭੌਹੈਂ ਧਨੁ ਐਠੀ[1]।
ਭਰੀ ਰੂਪ ਮਦ ਪੀਢਨ ਬੈਠੀ।
ਗੁਰਹਿਂ ਬਿਲੋਕ ਸਬਿਨਿ ਸਿਰ ਨਜਾਏ।
ਗੁਰੁ ਰਵਿ ਪਿਖਿ ਮੁਖ ਕੰਜ ਖਿਰਾਏ ॥ ੩੧੫ ॥
ਬਸਨ ਬਿਭੂਖਨ ਗੁਰਿ ਤਨਿ ਸਾਜੇ।
ਬਿਸ਼ਨ ਕਿਦੌ ਸਾਂਤਿ ਰਸ ਭ੍ਰਾਜੇ[1]।
ਸੀਸ ਸੁਮਿਲ[1] ਸੁਠ ਤਾਜ ਬਿਰਾਜੈ।
ਰਤਨ ਜਟਤ, ਸਸਿ ਪੂਰਨ ਲਾਜੈ[1] ॥ ੩੧੬ ॥
ਕਚ ਮੇਚਕ ਚਿਕਨ ਘੁੰਗਰਾਰੇ[1]।

[1]ਭਰਵੱਟਿਆਂ ਦੇ ਧਨੁਸ਼ਾਂ ਵਿੱਚ ਨੇਤ੍ਰਾਂ ਦੇ ਤੀਰ ਖਿੱਚੇ ਹੋਏ ਹਨ।

[1]ਸਜ ਰਹੇ ਹਨ।

[1]ਚੰਗੀ ਤਰ੍ਹਾਂ ਮਿਲਿਆ ਹੋਇਆ।

[1]ਪੁੰਨਿਆਂ ਦਾ ਚੰਦ ਸ਼ਰਮਿੰਦਾ ਹੁੰਦਾ ਹੈ।

[1]ਕੇਸ ਕਾਲੇ ਚੀਕਨੇ ਤੇ ਘੁੰਗਰੂਆਂ ਵਾਲੇ ਹਨ।

ਮਨੋ ਮੁਖਾਂਬੁਜ ਅਲਿ ਮੰਡਰਾਰੇ[1]। [1]ਜਾਣੋ ਮੁਖ ਰੂਪ ਕੰਵਲ ਤੇ ਭੌਰੇ ਘੁੰਮ ਰਹੇ ਹਨ।

ਕੁੰਡਲ* ਲੋਲ ਕਪੋਲਨ ਡੋਲਨ[1]। [1]ਕੁੰਡਲ ਚੰਚਲ ਹੋ ਕੇ ਗਲ੍ਹਾਂ ਤੇ (ਐਉਂ) ਹਿਲਦੇ ਹਨ। *ਦੇਖੋ ਬਿਸ੍ਰਾਮ ੨੯ ਦੇ ਅੰਕ ੨੪ ਦੇ * ਨਿਸ਼ਾਨ ਦੀ ਪੈਰ ਟਿੱਪਣੀ।

ਜਨੁ ਸਸਿ ਪਰ ਜੁਗ ਰਵਿ ਛਬਿ ਛੋਲਨ[1] ॥ ੩੧੭ ॥ [1]ਜਾਣੋ ਚੰਦ ਤੇ ਦੋ ਸੂਰਜ ਸੋਭਾ ਛੱਡ ਰਹੇ ਹਨ।

ਮਦਨ ਧਨੁਖ ਸੀ ਤ੍ਰਿਕੁਟੀ ਬਾਂਕੀ[1]। [1]ਕ੍ਰੁਵੱਟੇ ਕਾਮ ਦੇ ਧਨੁਖ ਵਰਗੇ ਟੇਢੇ ਹਨ।

ਚਖਨਿ ਚਿਤਨ ਸਰ ਛਡੈਂ ਨ ਆਕੀ[1]। [1]ਨੇਤ੍ਰਾਂ ਦੇ ਕਟਾਖ੍ਹ (ਝਾਕਣ) ਰੂਪ ਤੀਰਾਂ ਨੂੰ (ਜਦੋਂ) ਛੱਡਦੇ ਹਨ (ਕੋਈ ਵੀ) ਆਕੀ ਨਹੀਂ (ਰਹਿੰਦਾ)।

ਮੰਜ ਕੰਜ ਖੰਜਨ ਸੇ ਲੋਚਨ[1]। [1]ਉੱਜਲ ਕੰਵਲ ਤੇ ਮਮੋਲੇ ਵਰਗੇ ਨੇਤਰ ਹਨ।

ਦੁਸਹਿ ਦਸ਼ਾ ਦਾਸਨ ਕੀ ਮੋਚਨ[1] ॥ ੩੧੮ ॥ [1]ਦਾਸਾਂ ਦੀ ਦੁਖਦਾਈ ਹਾਲਤ ਨੂੰ ਕੱਟਣ ਵਾਲੇ ਹਨ।

ਲਗੀ ਲਟਕ ਲਟ ਸਾਫ ਕਪੋਲੈਂ[1]। [1]ਸਾਫ਼ ਗਲ੍ਹਾਂ ਨਾਲ ਲਗੀ ਹੋਈ ਕੇਸਾਂ ਦੀ ਲਟ ਲਟਕ (ਰਹੀ ਹੈ)।

ਜਨੁ ਅਹਿ ਛੌਨੇ ਥਿਰੇ ਅਲੋਲੈਂ[1]। [1]ਜਾਣੋ ਸੱਪਾਂ ਦੇ ਬੱਚੇ ਅਡੋਲ ਬੈਠੇ ਹਨ।

ਖੁਸ਼-ਨਵੀਸ ਮੁਨਸ਼ੀ ਜਨੁ ਮਦਨੈ।
ਲਿਖਜੋ ਕਾਚ ਪਰ ਕਾਫ਼ ਸ ਛਦਨੈਂ[1] ॥ ੩੧੯ ॥ [1]ਜਾਣੋ ਚੰਗੇ ਲਿਖਾਰੀ ਕਾਮਦੇਵ ਰੂਪ ਮੁਨਸ਼ੀ ਨੇ ਕੱਚ ਉੱਪਰ (ਅਰਬੀ ਦਾ) ਕਾਫ਼ ਅੱਖਰ ਛੱਦ (ਅਧਿਕ) ਦੇ ਸਹਿਤ ਲਿਖਿਆ ਹੈ।

ਰਦ-ਛਦ ਬਿੱਦ੍ਰੁਮ ਬਿੰਬ ਪਕੈ ਸੇ[1]। [1]ਬੁੱਲ੍ਹ ਮੂੰਗੇ ਤੇ ਬਿੰਬ ਦੇ ਪੱਕੇ ਫਲਾਂ ਵਰਗੇ ਹਨ। (ਰਦ=ਦੰਦਾਂ ਦਾ ਛੱਦ-ਪੜਦਾ ਭਾਵ ਬੁੱਲ੍ਹ।)

ਹਸਨ ਦਸਨ ਦੁਤਿ ਦਾਮਨ ਜੈਸੇ[1]। [1]ਹੱਸਣ ਸਮੇਂ ਦੰਦਾਂ ਦੀ ਸ਼ੋਭਾ ਬਿਜਲੀ ਵਰਗੀ ਹੈ।

ਗਜ ਗੌਹਰ[1] ਗਰਿ ਮਾਲ ਬਿਸਾਲਾ। [1]ਹਾਥੀਆਂ ਦੇ ਮੋਤੀਆਂ ਦੀ।

ਕੰਠਾ ਕੰਠਰਤਨ ਛਬਿ ਜਾਲਾ[1] ॥ ੩੨੦ ॥ [1]ਗਲ ਵਿੱਚ ਬਹੁਤੀ ਸੋਭਾ ਵਾਲਾਰਤਨਾਂ ਦਾ ਕੰਠਾ ਹੈ।

ਰਮਾ ਕੰਜ ਤੈ ਮੰਜ ਕਵਲ ਕਰ[1]। [1]ਹੱਥਾਂ ਰੂਪ ਕੰਵਲ, ਲਛਮੀ ਤੇ ਕੰਵਲ ਤੋਂ ਵੀ ਉੱਜਲ ਹਨ।

ਮਨਿ ਗਨ ਯੁਤ ਕੰਕਨ ਕਯੂਰ ਵਰ[1]। [1]ਬਹੁਤੀਆਂ ਮਣੀਆਂ ਸਹਿਤ ਕੜੇ ਤੇ ਬਾਜ਼ੂਬੰਦ ਹਨ।

ਜਰੀ ਜਰਾਵ ਛਰੀ ਕਰ ਧਰੀ।
ਫੂਲ ਛਰੀ ਲਘੁ ਦੁਤੀ ਸੁ ਫਰੀ ॥ ੩੨੧ ॥
ਦਿਪਤ ਤੇਜ ਗੁਰ ਬਾਲ ਰਵੀ ਸੇ।
ਜਿਨ ਕੇ ਬਚਨ ਅਮੋਘ ਪਵੀ ਸੇ[1]। [1]ਬੱਜ੍ਰ ਵਾਂਗ ਅਚੁੱਕ ਹਨ। (ਪਵਿ-ਬੱਜ੍ਰ।)

ਸਹਿਜ ਸੁਭਾਇ ਸਲੋਨੀ ਸੂਰਤ[1]। [1]ਸ਼ਾਂਤ ਸੁਭਾਵ ਤੇ ਸੁੰਦਰ ਸ਼ਕਲ (ਵਾਲੇ ਹਨ)।

ਸੁੰਦਰ ਮੂਰਤਿ ਆਨੰਦ ਪੂਰਤ ॥ ੩੨੨ ॥
ਪਿਖਿ ਸਬਿ ਕੇ ਮਨ ਮੋਹਿਤ ਹੋਏ।
ਮਨੋ ਚਕੋਰੀ ਸਸਿ ਦਿਸ ਜੋਏ।

ਨ੍ਰਿਪ ਸੰਗਿ ਗੁਰੁ ਬਾਤ ਕਰੰਤੇ।
ਮੰਦ ਮੰਦ ਮੁਸਕਾਤ ਸੁਹੰਤੇ ॥ ੩੨੩ ॥
ਫੂਲ ਛਰੀ ਕੋ ਚਪਲ ਕਰੰਤੇ[1]। [1]ਚੰਚਲ ਕਰਦੇ ਭਾਵ ਹਿਲਾਉਂਦੇ ਹਨ।
ਇਤ ਉਤ ਮੰਦਰ ਕੋ ਦਰਸੰਤੇ।
ਬੈਠੀ ਜਹਾਂ ਨਿੰਮ੍ਰ ਸਬਿ ਤੀਆ।
ਗੁਰੁ ਦਰਸ਼ਨ ਅੰਮ੍ਰਿਤ ਚਹਿਂ ਪੀਆ ॥ ੩੨੪ ॥
ਤਬੈ ਗੁਰੂ ਫੂਲ ਛਰੀ ਉਠੈ ਕੈ।
ਏਕ ਏਕ ਕੇ ਸੀਸ ਛੁਵੈ ਕੈ।
ਨਹਿਂ ਪਟਰਾਨੀ ਨਹਿਂ ਪਟਰਾਨੀ।
ਬੋਲਤਿ ਗਏ ਮੁਖੋਂ ਇਹੁ ਬਾਨੀ ॥ ੩੨੫ ॥
ਭੌਨ ਕੌਨ ਮੈਂ[1] ਜਹਿਂ ਪਟਰਾਨੀ। [1]ਘਰ ਦੇ (ਇਕ) ਕੋਨੇ (ਖੂੰਜੇ) ਵਿੱਚ।
ਆਸਨ ਹੀਨ ਆਸ ਗੁਰਿ ਠਾਂਨੀ[1]। [1]ਕਰਕੇ।
ਬੈਠੀ ਥੀ ਤਹਿਂ ਜਾਇ ਥਿਰਾਏ[1]। [1]ਖੜੇ ਹੋ ਗਏ।
ਬੈਠਿ ਗੋਦ ਮੈਂ ਬੈਨ ਅਲਾਏ ॥ ੩੨੬ ॥
ਮਹਾਰਾਜ ਕੀ ਤੂੰ ਪਟਰਾਨੀ।
ਬੇਸ ਕਪਟ ਧਰਿ ਕਹਾਂ ਥਿਰਾਨੀ[1]। [1]ਛਲ ਦਾ ਵੇਸ ਧਾਰ ਕੇ ਤੂੰ ਕਿੱਥੇ ਬੈਠੀ ਹੈਂ।
ਪੇਖਿ ਨ੍ਰਿਪ ਰਾਨੀ ਬਿਸਮਾਏ।
ਦੰਪਤਿ[1] ਗੁਰ ਕੇ ਪਗ ਲਪਟਾਏ ॥ ੩੨੭ ॥ [1]ਇਸਤ੍ਰੀ-ਪਤੀ।
ਸ਼ਕਤਿ ਵੰਤ ਭਗਵੰਤ ਸਰੂਪੰ।
ਬਾਲਕ ਬਯ[1] ਅਤਿ ਲਖੇ ਅਨੂਪੰ। [1]ਉਮਰ।
ਭੇਟ ਖਲੌਨੇ ਲੌਨੇ[1] ਦਏ। [1]ਸੁੰਦਰ।
ਜਿਨੈ ਹੇਰਿ ਗੁਰੁ ਅਤਿ ਮੁਦ ਭਏ ॥ ੩੨੮ ॥
ਬਿਬਿਧਾ ਫਲ ਮੇਵਾ ਮਿਠਿਆਈ।
ਧਰੇ ਸੁ ਪ੍ਰੇਮ ਗੁਰੂ ਅਗਵਾਈ।
ਬੱਦ੍ਰੀ ਫਲ[1] ਦੋ ਤ੍ਰੈ ਗੁਰੁ ਖਾਏ। [1]ਬੇਰ।
ਇਕ ਪਟਰਾਨੀ ਪ੍ਰਤਿ ਦੈ ਗਾਏ ॥ ੩੨੯ ॥
ਇਹੁ ਫਲ ਛਕਿ ਤੁਮਰੇ ਸੁਤ ਹ੍ਵੈ ਹੈ।
ਬਲੀ ਬਹਾਦਰ ਜਗ ਬਿਦਤੈ ਹੈ।
ਇਹੁ ਗੁਰੁ ਤੈ ਬਰ ਸੁਨਿ ਨ੍ਰਿਪ ਰਾਂਨੀ।
ਭਏ ਮੋਦ ਪ੍ਰਮੋਦ ਮਹਾਂਨੀ ॥ ੩੩੦ ॥

ਕੀਨ ਨਿਛਾਵਰ[1] ਭੇਟ ਅਪਾਰੈਂ। [1]ਵਾਰਨਾ ਕੀਤੀਆਂ।
ਹਰਿ ਬਪੁ ਲਖਿ[1] ਗੁਰੁ ਪਰ ਬਲਿਹਾਰੈਂ। [1]ਹਰੀ ਸਰੂਪ ਜਾਣ ਕੇ।
ਪੁਨ ਨ੍ਰਿਪ ਗੁਰੁ ਕੀ ਆਗਜਾ ਲੈ ਕੈ।
ਪਾਵਨ ਪਾਦ ਪਖਾਰਨ ਕੈ ਕੈ[1] ॥ ੩੩੧ ॥ [1]ਪਵਿੱਤ੍ਰ ਚਰਨ ਧੋ ਕੇ।
ਅਚਜੋ[1] ਆਪ ਪੁਨ ਸੀਸ ਚਢਾਯੋ। [1]ਛਕਿਆ, ਪੀਤਾ।
ਪੁਨ ਪਟਰਾਂਨੀ ਪਿਯਿ[1] ਮੁਦ ਪਾਯੋ। [1]ਪੀ ਕੇ, ਛਕ ਕੇ।
ਫਿਰ ਸਬਿ ਹੀ ਰਣਵਾਸਹਿਂ[1] ਪੀਓ। [1]ਮਹਿਲਾਂ ਦੇ ਅੰਦਰ ਰਹਿਣ ਵਾਲਿਆਂ ਨੇ।
ਸਤਿ ਨਾਮੁ ਪੁਨ ਮੰਤਰ ਲੀਓ ॥ ੩੩੨ ॥
ਨ੍ਰਿਪ ਸਿੱਖ ਹ੍ਵੈ ਬਹੁ ਭੇਟ ਜ੍ਹਾਹਰ।
ਕਰੀ, ਜੋਤਿ ਜਗਮਗ[1] ਜਿਹ ਜ਼ਾਹਰ। [1]ਪ੍ਰਕਾਸ਼ (ਕਰ ਰਹੀ ਹੈ)।
ਕ੍ਰਿਤ ਕ੍ਰਿਤ ਭਯੋ[1] ਸਬਿਨਿ ਮਨ ਪੀਨੋ[2]। [1]ਸਫਲ ਹੋ ਗਿਆ ਹੈ। [2]ਬਹੁਤਾ।
ਗੁਰੁ ਕੋ ਬਿਸ਼ਨ ਰੂਪ[1] ਦਿਢ ਚੀਨੋ ॥ ੩੩੩ ॥ [1]ਪ੍ਰਮੇਸ਼ਰ ਰੂਪ।
ਪੁਨ ਪ੍ਰਸ਼ਾਦ ਗੁਰੁ ਕੋ ਅਚਵਾਯੋ[1]। [1]ਛਕਾਇਆ।
ਲੈ ਕਰਿ ਸੀਤ[1] ਸਬਿਨਿ ਪ੍ਰਭ ਪਾਯੋ। [1]ਸੀਤ ਪ੍ਰਸ਼ਾਦ।
ਹਾਥ ਪਖਾਰਿ ਇਲਾ ਲੈ ਪਾਨੈਂ[1]। [1]ਹੱਥ ਧੋ ਕੇ ਤੇ ਛੋਟੀਆਂ ਇਲਾਇਚੀਆਂ (ਪਾਨੈਂ) ਹੱਥਾਂ 'ਚ ਲੈ ਕੇ।
ਬਿਦਾ ਹੋਇ ਆਏ ਨਿਜ ਥਾਨੈਂ ॥ ੩੩੪ ॥
ਪੁਨ ਨਿਜ ਸੇਵਕ ਨ੍ਰਿਪ ਹਕਾਰੇ[1]। [1]ਸੱਦੇ।
ਜ਼ੇਵਰ ਜ਼ਾਹਰ ਅਰ ਦੀਨਾਰੇ[1]। [1]ਚਮਕਦੇ ਗਹਿਣੇ ਅਤੇ ਮੁਹਰਾਂ।
ਪਸ਼ਮੰਬਰ ਪਾਟੰਬਰ ਜੇਤੇ।
ਗੁਰੁ ਡੇਰੇ ਪਹੁੰਚਾਏ ਤੇਤੇ ॥ ੩੩੫ ॥
ਲੈ ਖਜ਼ਾਨਚੀ ਅੰਦਰ ਧਰੇ।
ਮਾਤਾ ਪਾਸ ਦਿਖਾਵਨ ਕਰੇ।
ਖਟੁ ਰਿੱਤੁ[1] ਸੁਖਦ ਸਦਨ ਕੇ ਮਾਂਹੀ। [1]ਛਿਆਂਰੁੱਤਾਂ ਵਿੱਚ।
ਸਿਹਜਾ ਸੀਰ ਫੇਨੁ ਸੀ ਆਹੀ[1] ॥ ੩੩੬ ॥ [1]ਦੁੱਧ ਦੀ ਝੱਗ ਵਰਗੀ (ਚਿੱਟੀ) ਹੈ।
ਉਪਧਾਨੇ[1] ਮਖਮਲ ਬਹੁਧਾਏ[2]। [1]ਸਰਹਾਣੇ। [2]ਬਹੁਤ ਤਰ੍ਹਾਂ ਦੇ।
ਗੁਰੂ ਬਿਰਾਜੇ ਤਾਂ ਪਰ ਜਾਏ।
ਧੰਨ ਗੁਰੂ ਸਾਹਿਬ ਅਜ਼ਮਤ ਕੇ।
ਰੱਖਕ ਹੋਹਿ ਗਜਾਨ ਹਰਿ ਮਤਿ ਕੇ[1] ॥ ੩੩੭ ॥ [1](ਕਵੀ) ਗਿਆਨ ਸਿੰਘ ਦੀ ਬੁੱਧੀ ਦੇ ਵੀਰਾਖੇ ਹੋਣਗੇ।

ਦੋਹਰਾ:

ਇਤ ਪਟਰਾਨੀ ਸਿਦਕ ਧਰਿ,
ਛਕਜੋ ਜੁ ਗੁਰਿ ਫਲ ਦੀਨ।
ਗਰਭ ਧਰਜੋ ਤਿਨਿ ਉਸੀ ਦਿਨ,
ਜਨਮਜੋ ਪੁੱਤ੍ਰ ਪ੍ਰਬੀਨ ॥੩੩੮॥
ਸ਼ੰਕਰ ਛੰਦ:
ਨ੍ਰਿਪ ਗਯੋ ਜੈ ਸਿੰਘ ਸ਼ਾਹਿ ਪੈ,
ਤਹਿਂ ਚਲੀ ਗੁਰੁ ਕੀ ਗਾਥ।
ਸਭਿ ਕਰਨ ਮਹਿਮਾ ਲਗੇ ਗੁਰੁ ਕੀ,
ਸਭਾਸਦ[1] ਮੁਦ ਸਾਥ।
ਗੁਰੁ ਕਟੇ ਸੰਕਟ ਬਿਕਟ[1] ਕੋਟਕਿ,
ਜਨੋ ਕੇ ਪ੍ਰਸਿੱਧ।
ਦੈ ਦਰਸ ਵਾਰਿ ਪਖਾਰਿ ਪਦ[1],
ਇਹੁ ਪਿਖੀ ਅਜ਼ਮਤ ਬ੍ਰਿੱਧ ॥੩੩੯॥
ਨਹਿਂ ਕਰੀ ਕਿਨਹੂੰ ਐਸ ਕਰਨੀ,
ਭਏ ਪੀਰ ਅਪਾਰ।
ਜੇ ਗੁਰ ਬਿਸੂਚਕ[1] ਨਾਹਿਂ ਹਰਤੇ,
ਹੁਤੋ ਸ਼ਹਿਰ ਉਜਾਰ।
ਪੁਨ ਨ੍ਰਿਪ ਭੀ ਨਿਜ ਧਾਮ ਕੀ,
ਸਭਿ ਗਾਥ ਸਾਥ ਬਿਥਾਰ।
ਗੁਰੁ ਉਸਤਤੀ ਯੁਤ ਸ਼ਾਹਿ ਕੇ ਢਿਗ,
ਕਹੀ ਮਨਿ ਮੁਦ ਧਾਰਿ ॥੩੪੦॥
ਉਮਰਾਵ ਖਾਨ ਅਮੀਰ ਸੁਨਿ ਸਭਿ,
ਲਗੇ ਗੁਰੁ ਜਸੁ ਕੈਨ[1]।
ਪਾਤਿਸਾਹਿ ਭੀ ਖੁਸ਼ ਹੋਇ ਤਬਿ,
ਇਮ ਕਹਿਤ ਭੋ ਖੁਦ ਐਨ[1]।
ਇਕ ਅੰਸ਼ ਗੁਰੁ[1], ਪੁਨ ਥਿਰਜੋ ਗਾਦੀ,
ਗੁਰੂ ਨਾਨਕ ਕੇਰ।
ਜਿਂਹ ਤੁਰਕ ਹਿੰਦੂ ਮਾਨ ਹੈਂ,
ਕਜੋਂ ਹ੍ਵੈਂ ਨ ਸ਼ਕਤਿ ਬਧੇਰ ॥੩੪੧॥
ਸੁਨਿ ਸ਼ਾਹਿ ਤੈ ਇਮ ਸਭਾਸਦ ਸਭਿ,

[1]ਦਰਬਾਰੀ।
[1]ਨਾ ਕੱਟੇ ਜਾਣ ਵਾਲੇ।
[1]ਚਰਨ ਧੋ ਕੇ ਪਾਣੀ ਦੇ ਕੇ।
[1]ਹੈਜ਼ਾ।
[1]ਕਰਣ ਲੱਗੇ। (ਅ) ਕਹਿਣ ਲੱਗੇ।
[1]ਚੰਗੀ ਤਰ੍ਹਾਂ ਆਪ ਕਹਿਣ ਲੱਗਾ।
[1]ਇਕ ਤਾਂ ਗੁਰਾਂ ਦੀ ਉਲਾਦ ਹਨ।

ਲਗੇ ਗੁਰੁ ਜਸ ਗਾਨ।
ਜਸ ਹੋਇ ਰਾਜਾ ਸਭਾ ਤਸ,
ਇਹੁ ਬਾਤ ਬਿਦਿਤ ਜਹਾਨ।
ਤਿਸ ਕਾਲ ਹੀ ਤਹਿਂ ਆਇ ਪਹੁੰਚਜੋ,
ਰਾਮਰਾਇ ਭਿ ਖਾਸ[1]।

[1]ਆਪ।

ਸੁਨਿ ਸੁਜੱਸ ਗੁਰੁ ਕਾ ਜਰਜੋ ਮਨ ਮੈਂ,
ਧਾਰਿ ਮਤਸਰ ਤ੍ਰਾਸ[1] ॥ ੩੪੨ ॥

[1]ਈਰਖਾ ਤੇ ਡਰ ਧਾਰ ਕੇ।

ਇਮ ਕਹਿਤ ਭੌ ਕਜਾ ਕਰਤਿ ਮਹਿਮਾਂ,
ਗੁਰੂ ਬਾਲਕ ਕੇਰ।
ਹੈ ਸੀਤਲਾ[1] ਕਾ ਮਾਲ ਸੋਈ,

[1]ਚੀਚਕ (ਮਾਤਾ) ਰੋਗ।

ਖਾਇ ਅਬਿ ਲਿਹੁ ਹੇਰ।
ਇਹੁ ਬਾਤ ਅਤਿ ਅਨੀਤ ਕੀ[1],

[1]ਬਹੁਤ ਜ਼ੁਲਮ ਦੀ।

ਸੁਨਿ ਰੰਜ ਮਾਨਜੋ ਸ਼ਾਹਿ।
ਬਹੁ ਸਭਾਸਦ ਜੈ ਸਿੰਘ ਲੌ,
ਰਿਸ ਝਿੜਕਤੇ ਪੈ ਤਾਹਿ ॥ ੩੪੩ ॥
ਗੁਰੁ ਨਿਰਬਿਕਾਰੀ ਬਾਲ ਬੈ[1] ਪਰ,

[1]ਉਮਰ।

ਕਰਤਿ ਤੂੰ ਨਿਤ ਬਾਰਿ[1]।

[1]ਵਾਰ, ਹਮਲੇ।

ਵਹਿ ਸੰਤ ਸਾਂਤਿ ਸਰੂਪ ਕਬਿ ਹੀ,
ਨਿੰਦ ਤੁਹਿ ਨ ਉਚਾਰਿ।
ਫਰਜਾਦ ਕਰਿ ਦੁਖ ਦੈ ਰਖਜੋ,
ਬਦ ਸੁਖਨ[1] ਕਿਯ ਅਬਿ ਔਰ।

[1]ਬੁਰਾ ਬਚਨ।

ਘਰ ਵਿਖੇ ਝਗਰਾ ਮਾਂਡ ਰਾਖਜੋ[1],

[1]ਪਾਰਖਿਆ ਹੈ।

ਬੁਰਾ ਕੀਨੋ ਗੌਰ[1] ॥ ੩੪੪ ॥

[1]ਬਹੁਤਾ।

ਉਨਿ ਨੈਨ ਨੀਚੇ ਕਰੇ ਉਤ,
ਇਤ ਗੁਰੂ ਸੁਨਿ ਇਹੁ ਬਾਤ।
ਨਿਜ ਸਭਾ ਮਾਹਿਂ ਸੁਭਾਇ ਕੈ,
ਗੁਰੂ ਕਹਜੋ ਐਸ ਬਖਜਾਤ।
ਹਮ ਬਾਕ ਪੂਰਾ ਕਰੈਂਗੇ,
ਨਿਜ ਭ੍ਰਾਤ ਕਾ ਬਿਨ ਦੇਰ।
ਪਰ ਨਾਹਿਂ ਗਾਦੀ ਤਾਹਿਂ ਮਿਲ ਹੈ,

ਜਾਹਿਂ ਹੇਤ ਬਖੇਰ[1] ॥ ੩੪੫ ॥
[1]ਜਿਸ ਵਾਸਤੇ ਝਗੜਾ (ਕਰਦਾ ਹੈ)।

ਜੋ ਲਾਗ ਆਗ ਸੁ ਰਹੀ ਤਿਸ ਕੋ,
ਲਾਗ ਕੀ[1] ਬਡ ਯਾਹਿ।
[1]ਦੁਸ਼ਮਣੀ ਦੀ।

ਜਸੋਂ ਜਰਤਿ ਅਬਿ ਤਸੋਂ ਜਰਤਿ ਰੈਹੈ,
ਸਦਾ ਉਰ ਸੁਲਗਾਹਿ[1]।
[1]ਹਿਰਦਾ ਧੁਖਦਾ ਰਹੇਗਾ।

ਨਹਿਂ ਹੋਇ ਸੰਤਤਿ[1] ਸੂਖ ਕਬਿ ਹੀ,
ਬਜਾਹਿ ਕਰਤਿ ਥਕਾਇ।
[1]ਉਲਾਦ।

ਫਿਰ ਅੰਤ ਜੀਵਤਿ ਜਾਹਿ ਜਾਰਸੋ[1],
ਭੂਤ ਹੋਇ ਰਹਾਇ ॥ ੩੪੬ ॥
[1]ਜਿਉਂਦਾ ਹੀ ਸਾੜਿਆ ਜਾਵੇਗਾ।

ਜੁਗ ਬੀਰ ਕੇ ਚਲ ਤੀਰ ਗੇ ਭਲ[1],
ਚੀਰਿ ਪਾਰਿ ਬਖਜਾਤ।
[1]ਦੋਹਾਂ ਭਰਾਵਾਂ ਦੇ ਭਲੀ ਪ੍ਰਕਾਰ ਬਚਨਾਂ ਰੂਪ ਤੀਰ ਚਲ ਗਏ।

ਜਿਮ ਗਾਮ ਨਾਮ ਘੁੜਾਮ ਮੈਂ,
ਜੁਗ ਭਏ ਫੱਕਰ ਭ੍ਰਾਤ।
ਇਕ ਨੈ ਲਗਾਯੋ ਤਾਲ ਪੱਕਾ,
ਦੁਤੀ ਲਾਯੋ ਬਾਗ।
ਇਕ ਕਹਜੋ ਪਾਨੀ ਨਾਹਿਂ ਰੈਹੈ,
ਇਕ ਕਹਜੋ ਫਲ ਨਹਿਂ ਲਾਗਿ ॥ ੩੪੭ ॥
ਜਸੋਂ ਕਹਜੋ ਉਨ ਪੁਨ ਭਯੋ ਤੈਸੇ,
ਪਿਖਤਿ ਸਬਿ ਅਬਿ ਠੀਕ।
ਤਰੁ ਹੀਨ ਫਰ[1] ਸਬਿ ਬਾਗ ਮੈਂ ਹੈਂ,
[1]ਦਰੱਖ਼ਤ ਫ਼ਲਾਂ ਤੋਂ ਬਿਨਾਂ।

ਬਿਨਾ ਜਲ ਸਰ ਨੀਕ[1]।
[1]ਚੰਗਾ ਤਾਲ (ਸਰੋਵਰ)।

ਜੋ ਸੰਤ ਸਹਿਜ ਸੁਭਾਇ ਕਹਿ ਹੈ,
ਸੋ ਭਵੈ ਪਾਹਨ ਲੀਕ[1]।
[1]ਉਹ ਪੱਥਰ ਤੇ ਲੀਕ ਭਾਵ ਪੱਕਾ ਹੋ ਜਾਂਦਾ ਹੈ।

ਫਿਰ ਸਾਪ ਬਰ[1] ਗੁਰੁ ਸੁਤਨ ਕਾ,
ਕਹੁ ਕਿਮ ਨ ਹੋਇ ਅਲੀਕ[1] ॥ ੩੪੮ ॥
[1]ਸ੍ਰਾਪ ਤੇ ਵਰ।
[1]ਅਮਿੱਟ।

ਇਤ ਸਭਾ ਮੈਂ ਜੋ ਸੁਨਜੋ ਥਾ ਜਸ,
ਗੁਰੂ ਕਾ ਬਹੁ ਸ਼ਾਹਿ।
ਬਡ ਸ਼ੌਕ ਜਾਗਜੋ ਦਰਸਬੇ ਕੋ,
ਕਹਜੋ ਨ੍ਰਿਪ ਕੋ ਯਾਹਿ।
ਜੈ ਸਿੰਘ ਸਵਾਈ ਤੁਮ ਸਜਾਨੇ,

ਹਿਤੂ ਮਮ ਗੁਰੁ ਕੇਰ।
ਜਿਮ ਮੋਦ ਹ੍ਵੈ ਗੁਰੁ ਦਰਸ ਦੇਵੈਂ,
ਕਰੋ ਸੋਇ ਅਛੇਰ[1] ॥ ੨੪੯ ॥

[1]ਚੰਗੀ ਤਰ੍ਹਾਂ।

ਨ੍ਰਿਪ ਕਹਜੋ ਗੁਰੁ ਸ੍ਰਬੱਗਜ ਹੈਂ,
ਮੈਂ ਜਤਨ ਕਰਿਹੌਂ ਭੂਰ[1]।

[1]ਬਹੁਤਾ।

ਤੁਮ ਭੀ ਮਨਾਵੋ ਸਾਫ ਮਨ ਸੈਂ,
ਦੈਂਹ ਆਸਾ ਪੂਰ।
ਤਹਿਂ ਤਬੈ ਆਯੋ ਸ਼ਾਹਿਜ਼ਾਦਾ,
ਸ਼ਾਹਿ ਲੈ ਤਿਹ ਗੋਦ।
ਇਮ ਕਹਜੋ ਤੁਮ ਜੁਗ ਉਮਰ ਸਮ ਹੋ[1],

[1]ਤੁਸੀਂ ਦੋਵੇਂ ਇੱਕੋ ਜਿਹੀ ਉਮਰ ਦੇ ਹੋ।

ਮਿਲੋ ਜਾਹੁ ਸਮੋਦ[1] ॥ ੨੫੦ ॥

[1]ਅਨੰਦ ਸਹਿਤ।

ਲੈ ਭੇਟ ਜ੍ਵਾਹਰ ਏਕ ਕਿਸ਼ਤੀ[1],

[1]ਕਿਸ਼ਤੀ ਦੀ ਸ਼ਕਲ ਦਾ ਇਕ ਥਾਲ ਜਿਸ ਵਿੱਚੋਂ ਢੋਏ ਆਦਿ ਦੀਆਂ ਚੀਜ਼ਾਂਰੱਖ ਕੇ ਪੇਸ਼ ਕਰੀਦੀਆਂ ਹਨ।

ਦੁਤੀ ਭਰਿ ਦੀਨਾਰਿ[1]।

[1]ਮੋਹਰਾਂ ਦੀ।

ਮਮ ਓਰ ਤੈ[1] ਤੁਮ ਜੋਰਿ ਕਰ,

[1]ਮੇਰੀ ਤਰਫੋਂ।

ਮਨਵਾਈਓ ਦਰਸਾਰ।
ਮੁਲਾਕਾਤ ਨ ਕਰੈਂ ਤੌ ਨਿਜ,
ਸ਼ਬਦ ਦੈਂਹ ਲਿਖਾਇ।
ਸੁਨਿ ਸ਼ਜ਼ਾਦਾ ਤਜਾਰ ਹ੍ਵੈ,
ਨ੍ਰਿਪ ਸੰਗ ਪਹੁੰਚਜੋ ਆਇ ॥ ੨੫੧ ॥
ਗੁਰਿ ਪਾਇ ਸਾਰ[1] ਤਿਆਰ ਹ੍ਵੈ,

[1]ਖ਼ਬਰ।

ਮਧ ਥਿਰੇ ਆਂਨ ਦਿਵਾਨ।
ਸਭਿ ਸਭਾਸਦ[1] ਮਾਸੰਦ ਬੈਠੇ,

[1]ਦਰਬਾਰੀ।

ਠੌਰ ਨਿਜ ਨਿਜ ਆਨ।
ਤਬਿ ਸ਼ਾਹਿਜ਼ਾਦੇ ਸਹਿ ਅਮੀਰਨ,
ਕੀਨ ਆਇ ਸਲਾਮ।
ਧਰਿ ਭੇਟ ਆਗੈ ਸ਼ਾਹਿ ਦਿਸ ਤੈ,
ਕਰੀ ਅਰਜ਼ ਲਲਾਮ[1] ॥ ੨੫੨ ॥

[1]ਸੁੰਦਰ।

ਜੋ ਸੰਗ ਕਾਜ਼ੀ ਮੌਲਵੀ ਥੇ,
ਮਜ਼ਬ ਚਰਚਾ ਕੀਨ।

ਗੁਰੁ ਦਏ ਉੱਤ੍ਰ ਐਸ ਜੋ,
ਸੁਨਿ ਮੋਦ ਹੋਏ ਪੀਨ[1] ॥ ੨੫੩ ॥ [1]ਬਹੁਤ ਅਨੰਦ ਹੋਏ।

ਦੋਹਰਾ:
ਕਹਜੋ ਗੁਰੁ ਪੁਨ ਸ਼ਾਹਿ ਜੋ,
ਚਹਜੋ ਸ਼ਬਦ ਲਿਖ ਲੇਹੁ।
ਇਹੁ ਸ੍ਰਬੱਗਜਤਾ ਔਰ ਲਖਿ[1], [1]ਜਾਣ ਕੇ।
ਬਿਸਮਾਏ ਸਭਿ ਤੇਹੁ[1] ॥ ੨੫੪ ॥ [1]ਉਹ ਸਾਰੇ।
ਸ਼ਾਹਿ ਹੁਕਮ ਅਨੁਸਾਰ ਉਨਿ,
ਸ਼ਬਦ ਫਾਰਸੀ ਮਾਹਿਂ[1]। [1]ਸ਼ਬਦਾਂ ਨੂੰ ਫ਼ਾਰਸੀ ਦੇ ਅੱਖਰਾਂ ਵਿੱਚ।
ਲਿਖ ਲੀਨੋ, ਤਬਿ ਗੁਰੂ ਨੇ,
ਸਬਦ ਲਿਖਾਯੋ ਯਾਹਿ ॥ ੨੫੫ ॥

ਸ੍ਰੀ ਮੁਖਵਾਕ
ਸ਼ਬਦ-ਮਹਲਾ ੧ ॥
ਕਿਆ ਖਾਧੈ ਕਿਆ ਪੈਧੈ ਹੋਇ ॥
ਜਾ ਮਨ ਨਾਹੀ ਸਚਾ ਸੋਇ ॥
ਕਿਆ ਮੇਵਾ ਘਿਉ ਗੁੜੁ ਮਿਠਾ, ਕਿਆ ਮੈਦਾ ਕਿਆ ਮਾਸੁ ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥
ਕਿਆ ਲਸਕਰ ਕਿਆ ਨੇਬ ਖਵਾਸੀ[1] ਆਵੈ ਮਹਿਲੀ ਵਾਸੁ ॥ [1]ਚੋਬਦਾਰ ਤੇ ਅਰਦਾਸੀਏ।
ਨਾਨਕ ਸਚੇ ਨਾਮ ਵਿਣ ਸਭੇ ਟੋਲ ਵਿਣਾਸੁ[1] ॥ [1]ਸਾਰੇ ਪਦਾਰਥ ਨਾਸ-ਰੂਪ ਹਨ।

ਛੰਦ ਪਢਿ ਸ਼ਾਹਿ ਸਾਰਥ[1] ਸ਼ਬਦ ਜਾਨਜੋ, [1]ਅਰਥਾਂ ਸਹਿਤ।
ਠੀਕ ਬਿਨ ਵੈਰਾਗ[1] ਹੈ। [1]ਵੈਰਾਗ ਧਾਰੇ ਤੋਂ ਬਿਨਾਂ।
ਨਹਿਂ ਹੋਇ ਸ਼ਾਂਤੀ ਚਿੱਤ ਕੋ,
ਨਹਿਂ ਮਨ ਖੁਦਾ ਮੈਂ ਲਾਗ ਹੈ।
ਨਿਤ ਪਢੈ ਗੋਸ਼ੇ[1] ਬੈਠ ਤਜੋਂ, [1]ਕੋਨੇ ਵਿੱਚ ਭਾਵ ਇਕਾਂਤ ਵਿੱਚ।
ਮਨ ਰਹਿਤ ਗਹਤ ਅਰਾਮ[1] ਹੈ। [1]ਮਨ ਸ਼ਾਂਤੀ ਗ੍ਰਹਣ ਕਰਦਾ ਰਹਿੰਦਾ ਹੈ।
ਪੁਨ ਉਸੀ ਦਿਨ ਤੈ ਖੁਦ ਮਜ਼ੂਰੀ
ਕਰੇ, ਖਾਵੈ ਤਾਮ[1] ਹੈ ॥ ੨੫੬ ॥ [1]ਫਾ:-ਰੋਟੀ।

ਇਤ ਗੁਰੂ ਸੋਚਜੋ, ਸ਼ਾਹਿ ਮਤ ਕਿਤ,
ਇਸੀ ਤੌਰੈਂ ਆਵਹੀ[1]।
[1]ਇਸੇ ਤਰ੍ਹਾਂ ਬਾਦਸ਼ਾਹ ਕਿਤੇ ਆ ਨ ਜਾਵੇ।

ਵਹਿ ਹੈ ਚੁਕੱਤਾ[1] ਮੱਦ ਮੱਤਾ[2],
ਅਤਿ ਕੁਪੱਤਾ ਗਾਵਹੀ[1]।
[1]ਮੁ.ਗ਼ਲਾਂ ਦਾ ਇਕ ਗੋਤ੍ਰ। [2]ਹੰਕਾਰ ਵਿੱਚ ਮਸਤ।
[1]ਕਹੀਦਾ ਹੈ।

ਅਰਿ ਚੁਕਨ ਵਾਰਾ ਹੈ ਹਮਾਰਾ,
ਭ੍ਰਾਤ ਭਾਰਾ ਤਾਂਹਿ ਕੋ।
ਨਹਿਂ ਮਿਲੈਂਗੇ ਤੌ ਹੈ ਖਰਾਬੀ,
ਮਿਲੈਂ ਪ੍ਰਾਣ ਨਸਾਹਿਗੋ ॥ ੩੫੭ ॥

ਇਹੁ ਸੋਚਿ ਜਲਧ ਬਿਵੇਕ[1] ਗੁਰੁ,
ਚਢਿ ਪਾਲਕੀ ਹਿਤ ਸੈਰ ਹੈਂ।
[1]ਗਿਆਨ ਦੇ ਸਮੁੰਦਰ।

ਭਟ ਭੀਰ ਸੇਵਕ ਸੰਗ ਲੈ ਨਿਜ,
ਚਲੇ ਧਰਿ ਕਰਿ ਧੈਰ[1] ਹੈਂ।
[1]ਧੀਰਜ।

ਕਰਿ ਦਰਸ ਦੇਵੀ ਜੋਗ ਮਾਯਾ[1],
[1]ਦਿੱਲੀ ਸ਼ਹਿਰ ਦੇ ਬਾਹਰਵਾਰ ਕੁਤਬ ਮੀਨਾਰ ਦੇ ਨੇੜੇ ਜਮਨਾ ਨਦੀ ਦੇ ਕਿਨਾਰੇ ਇਕ ਦੇਵੀ, ਜਿਸ ਦੇ ਮੰਦਰ ਦਾ ਨਾਮ ਵੀ ਜੋਗ ਮਾਇਆ ਹੀ ਪ੍ਰਸਿੱਧ ਹੈ। ਉਸ ਮੰਦਰ ਨੂੰ ਦੇਖ ਕੇ।

ਤੀਰ ਜਮਨਾ ਆਇ ਕੈ।
ਥਲ ਪੇਖਿ ਸੁਠ ਰਮਣੀਕ ਨੀਕ,
ਹਮੇਸ਼ ਬਸਬੈ ਲਾਇਕੈ ॥ ੩੫੮ ॥

ਲਗਵਾਇ ਖੇਮੇ[1] ਉਤਰ ਤਹਿਂ ਸਬਿ,
ਔਰ ਸਾਜ ਮੰਗਾ ਲਯੋ।
[1]ਤੰਬੂ।

ਇਹੁ ਸਾਰ ਸੁਨਿ ਕੈ ਨ੍ਰਿਪ ਜੈ ਸਿੰਘ,
ਲਜਾਵਨੇ ਕੇ ਹਿਤ ਗਯੋ।
ਉਤ ਗੁਰੂ ਭਾਰਿ ਬੁਖਾਰ ਕੇ,
ਆਸਾਰ[1] ਜ਼ਾਹਰ ਕਰਿ ਲਏ।
[1]ਭਾਰੀ ਬੁਖ਼ਾਰ ਦੀਆਂ ਨਿਸ਼ਾਨੀਆਂ।

ਤਪ ਪੇਖਿ ਸੁਤ ਕੋ ਮਾਤ ਸਾਹਿਬ,
ਤਈਂ ਤੀਨੋ ਤਪ ਭਏ ॥ ੩੫੯ ॥
ਕਰਿ ਦਰਸ ਚਰਨ ਸਪਰਸ ਕੈ ਨ੍ਰਿਪ,
ਚਹੇ ਘਰਿ ਨਿਜ ਲਜਾਵਨੇ।
ਅਬਿ ਠੌਰ ਇਸ ਹੀ ਹਮ ਹਮੇਸ਼ੈਂ,
ਰੈਂਹਿ ਗੁਰੁ ਕਿਯ ਗਾਵਨੇ।

ਸੁਨਿ ਭੂਪ ਕਾਂਪਜੋ ਮਾਤ ਸਾਹਿਬ,
ਸੋਚ ਕੈ ਇਹੁ ਦਿਢ ਠਈ[1]।
[1]ਪੱਕੀ ਤਰ੍ਹਾਂ ਜਾਣ ਲਿਆ।

ਇਹੁ ਬਾਤ ਗੁਰੁ ਭਗਵੰਤ ਕਹਿ,
ਨਿਜ ਅੰਤ ਦੇਹ ਜਨਾ ਦਈ[1] ॥ ੩੬੦ ॥
[1]ਆਪਣੀ ਦੇਹ ਦਾ ਅੰਤ ਜਣਾ ਦਿੱਤਾ ਹੈ।

ਹਿਤ ਰੱਖਜਾ ਨ੍ਰਿਪ ਤੋਪਖਾਨਾ,
ਫੌਜ ਨਿਜ ਬਹੁ ਤਹਿਂ ਪਠੀ।
ਦਰਕਾਰ ਥੀ[1] ਤਹਿਂ ਜੋ ਸਮੱਗ੍ਰੀ
[1]ਜ਼ਰੂਰੀ (ਚਾਹੀਦੀ) ਸੀ।

ਭੂਪ ਸਬਿ ਹੀ ਹੈ ਠਟੀ[1]।
[1]ਲਿਆ ਦਿੱਤੀ।

ਦਿਨ ਦੂਸਰੇ ਗੁਰੁ ਦੇਹ ਪੈ,
ਗੁਰੁ ਸੀਤਲਾ ਬਿਦਤਾ ਲਈ[1]।
[1]ਵੱਡੀ ਮਾਤਾ (ਦਾਰੋਗ) ਪ੍ਰਗਟ ਕਰ ਲਿਆ।

ਪਿਖਿ ਸਹਿਤ ਸੰਗਤਿ ਮਾਤ ਸਾਹਿਬ,
ਸ਼ੋਕ ਸਿੰਧੁ ਬੁਡੈ ਗਈ[1] ॥ ੩੬੧ ॥
[1]ਸੋਗ ਦੇ ਸਮੁੰਦਰ ਵਿੱਚ ਡੁੱਬ ਗਈ।

ਕਹਿਂ ਪ੍ਰਸਪਰ[1] ਰਮਰਾਇ ਕਾ,
ਗੁਰ ਸਾਪ[1] ਕਿਯ ਮਨਜ਼ੂਰ ਹੈ।
[1]ਆਪਸ ਵਿੱਚ।
[1]ਸ੍ਰਾਪ।

ਹਮ ਜਾਨ ਲੀਨੋ ਵਜਹ[1] ਅਬ ਹੀ,
ਤਜੈਂ ਦੇਹ ਜ਼ਰੂਰ ਹੈ।
[1]ਕਾਰਨ।

ਸੁਨਿ ਨ੍ਰਿਪ ਪਹੁਚਜੋ ਫੇਰ ਗੁਰੁ ਪੈ,
ਬੰਦਨਾ ਕਰਿ ਪਾਸਿ ਹ੍ਵੈ।
ਕਰ ਜੋਰਿ ਬਿਨਤੀ ਕਰੀ ਜਲ ਭਰਿ
ਨੈਨ, ਉਰਿ ਧਰਿ ਤ੍ਰਾਸ ਹ੍ਵੈ ॥ ੩੬੨ ॥
ਪ੍ਰਭੁ ਕਟਤਿ ਸੰਕਟ ਕੋਟ, ਤੁਮਰੇ
ਦਰਸ ਤੇ ਜਨ ਕੇਰ ਹੈਂ।
ਅਬਿ ਆਪ ਕੈਸੀ ਕ੍ਰਿਤ ਲੀਲ੍ਹਾ[1],
[1]ਲੀਲ੍ਹਾ ਦਾ ਕਰਤੱਬ।

ਲਗੇ ਕਰਨ ਬਧੇਰ ਹੈਂ।
ਤੁਮ ਸਰਬ ਸ਼ਕਤਿ ਸਮ੍ਰੱਥ ਸ੍ਵਾਮੀ,
ਘੜਨ ਭੰਜਨਹਾਰ ਹੋ।
ਗੁਰ ਆਦਿ ਰੂਪ ਅਨੂਪ ਬਪੁ,
ਆਨਾਦਿ ਤੁਮ ਕਰਤਾਰ ਹੋ ॥ ੩੬੩ ॥
ਗੁਰੁ ਕਹਜੋ ਜਿਸ ਕਿਸ ਧਰਜੋ ਤਨ ਜਗਿ,
ਸਹੇ ਦੁਖ ਸੁਖ ਭੂਰ ਹੈਂ।

ਕਹਿ ਬੇਦ ਸੰਤ ਪੁਰਾਨ,
ਹੋਵਨਹਾਰ ਹੋਇ ਜਰੂਰ ਹੈਂ।
ਬਨਬਾਸ ਸੀਆ[1] ਰਾਮ ਲੀਆ,
ਬੰਸ ਜਦੁ-ਪਤਿ[1] ਕੋ ਨਸਜੋ।
ਸਸਿ[1] ਕਲੰਕੀ ਉਦਧਿ[2] ਖਾਰੋ,
ਗਰਲ ਸ਼ਿਵ ਕੇ ਗਰਿ ਬਸਜੋ[1] ॥ ੩੬੪ ॥
ਹਰਿ ਠਟੀ[1] ਜੋ ਸੋ ਨਾ ਹਟੀ,
ਕਰਿ ਗਟੀ[1] ਸੁਰ ਨਰ ਹਾਰਗੇ।
ਜੋ ਰਹੇ ਭਾਵੀ ਪਰ[1] ਖੁਸ਼ੀ,
ਸੋ ਆਪ ਤਰਿ ਕੁਲ ਤਾਰਗੇ।
ਸੁਨਿ ਭੂਪ ਖੂਪ ਵਿਚਾਰ ਧਰਿ ਉਰਿ,
ਜਾਇ ਪੁਨ ਪਤਿਸ਼ਾਹਿ ਪੈ।
ਗੁਰੁ ਕੇਰ ਬਾਤ ਸੁਨਾਤ ਭੌ,
ਸਭਿ ਭਾਂਤਿ ਨੀਕੇ ਰਾਹਿ ਪੈ[1] ॥ ੩੬੫ ॥
ਪਤਸ਼ਾਹਿ ਭੀ ਸਹਿ ਸਭਾ ਸੁਨਿ,
ਬਿਸਮਾਇ[1] ਸਾਸ ਭਰਾਇ ਕੈ[2]।
ਕਹਿ ਜੋ ਖੁਦਾ ਕੀ ਹੋਇ ਮਰਜ਼ੀ,
ਸਕੈ ਕੌਨ ਮਿਟਾਇ ਕੈ।
ਪਠ ਦਏ ਸ਼ਾਹਿ, ਫਹੀਮ ਬ੍ਰਿਧ
ਹਕੀਮ[1], ਸਬਿ ਸਮਾਨ ਦੈ।
ਪਰ ਜਾਨ ਲੀਨੋ ਵਾਕ ਭ੍ਰਾਤਰ,
ਪਾਲ ਹੈਂ ਗੁਰੁ ਜਾਂਨ ਦੈ ॥ ੩੬੬ ॥
ਸਿੱਖ ਹੁਤੇ ਦਿੱਲੀ ਕੇ ਜਿਤੇ,
ਸਬਿ ਆਇ ਗੁਰੁ ਦਰ ਪੈ ਥਿਰੇ।
ਕਹਿਂ ਸਭੈ ਬਾਤ ਕੁਭਾਂਤਿ ਭੀ[1],

ਜੋ ਸੁਖਨ[1] ਭ੍ਰਾਤਨ ਹੈਂ ਰਰੇ[2]।
ਵਹਿ ਨਾਹਿਂ ਟਰ ਹੈਂ ਦਏ ਬਿਨ ਫਲ,
ਸੂਰ ਸਸਿ ਭੀ ਜੌ ਟਰੈਂ।
ਸਮ ਕੰਜ ਕੋਮਲ ਹੋਹਿਂ ਗਿਰ ਸਿਰ,

[1]ਸੀਤਾ।
[1]ਕ੍ਰਿਸ਼ਨ।
[1]ਚੰਦ੍ਰਮਾ। [2]ਸਮੁੰਦਰ।
[1]ਜ਼ਹਿਰ ਸ਼ਿਵ ਦੇ ਗਲ ਵਿੱਚ ਵਸੀ।
[1]ਠਾਣੀ, ਹੋਣਹਾਰ।
[1]ਗਿਣਤੀ।
[1]ਹੋਣੀ ਉੱਤੇ।
[1]ਚੰਗੇ ਢੰਗ ਨਾਲ।
[1]ਹੈਰਾਨ ਹੋ ਕੇ। [2]ਹਾਹੁਕਾ ਭਰ ਕੇ।
[1]ਵੱਡੇ ਸਮਝਦਾਰ ਹਕੀਮ।
[1]ਕਹਿੰਦੇ ਹਨ ਕਿ ਸਾਰੀਆਂ ਹੀ ਗੱਲਾਂ ਖੋਟੀ ਤਰ੍ਹਾਂ ਦੀਆਂ ਹੋ ਗਈਆਂ।
[1]ਬਚਨ। [2]ਕਹੇ।

ਮੰਜ ਖੰਜਨ ਥਿਰ ਚਰੈਂ[1] ॥ ੩੬੭ ॥

[1](ਸਮ) ਭਲੀ ਪ੍ਰਕਾਰ ਪਹਾੜ ਦੀ ਚੋਟੀ ਤੇ ਕੋਮਲ ਕੰਵਲ ਪੈਦਾ ਹੋ ਜਾਣ ਤੇ (ਚੰਚਲਤਾ ਨਾਲ) ਵਿਚਰਨ ਵਾਲੇ ਉਜਲ ਮਮੋਲੇ (ਥਿਰ) ਟਿਕ ਕੇ (ਬੈਠੇ ਰਹਿਣ ਤਦ ਵੀ ਗੁਰਾਂ ਦੇ ਪੁੱਤਰਾਂ ਦੇ ਵਾਕ ਨਹੀਂ ਟਲਣਗੇ।)

ਅਫਸੋਸ ਬਡ ਇਕ ਔਰ ਹੈ,
ਇਹੁ ਗੁਰੂ ਬਾਲਕ ਤਨ ਤਜੈਂ।
ਰਮਰਾਇ ਭੀ ਔਲਾਦ ਬਿਨੁ ਰਹਿ,
ਗੁਰੂ ਗਾਦੀ ਨਹਿ ਭਜੈ[1]।

[1]ਨਹੀਂ ਲੈ ਸਕੇਗਾ।

ਹਰਿਰਾਇ ਗੁਰੁ ਕੇ ਪੂਤ ਔੜ[1],
ਬਿਨਾ ਪੌੜ ਜੌ ਗਏ।
ਨਹਿਂ ਜਾਇ ਜਾਨਜੋ ਗੁਰੂ ਗਾਦੀ,
ਕੌਨ ਕੇ ਅਬਿ ਘਰ ਜਏ[1] ॥ ੩੬੮ ॥

[1]ਔੜੇ, ਬੇ-ਉਲਾਦੇ।

[1]ਜਾਵੇਗੀ।

ਉਤ ਮਾਤ ਬਦਨ ਬਿਲੋਕ ਸੁਤ ਕੋ[1],
ਸ਼ੋਕ ਯੁਤ ਬਿਲਲਾਰਹੀ।
ਜਲ ਜਾਤਿ ਚਖੁ ਜਲਜਾਤ ਤੈ[1],
ਅਕੁਲਾਤ ਅਤਿ[1] ਦੁਖ ਪਾਰਹੀ।
ਬਿਨ ਅਲੰਬ ਸੁ ਏਕ ਪੁੜ੍ਹਾ,
ਅੱਗ੍ਰ ਸੰਤਤਿ ਹੀਨਰੀ[1]।

[1]ਪੁੱਤਰ ਦਾ ਮੁਖ ਵੇਖ ਕੇ।

[1]ਕੰਵਲ ਵਰਗੇ ਨੇਤ੍ਰਾਂ 'ਚੋਂ ਜਲ ਜਾਂਦਾ ਹੈ।

[1]ਬਹੁਤ ਵਿਆਕੁਲ ਹੋ ਕੇ।

[1]ਬਿਨਾ ਆਸਰੇ ਤੋਂ, ਉਹ ਇਕ ਪੁੱਤਰ ਵਾਲੀ ਤੇ ਅਗੋਂ ਉਲਾਦ ਤੋਂ ਹੀਣੀ।

ਕਿਮ ਧਰੈ ਧੀਰਜ ਸੋ ਵਿਚਾਰੀ,
ਕਹਿਤ ਭੀ ਹ੍ਵੈ ਦੀਨਰੀ[1] ॥ ੩੬੯ ॥

[1]ਦੁਖੀ ਹੋ ਕੇ।

ਹੇ ਪੂਤ ਕਿਆ ਤੁਮ ਕਰਨ ਲਾਗੇ,
ਐਸ ਗਾਦੀ ਬੈਸ ਹੈ[1]।

[1]ਬੈਠ ਕੇ।

ਮਨ ਕਾਮਨਾ ਤੂੰ ਭਰਤਿ[1] ਸਿੱਖਨਿ,
ਆਪ ਤਨ ਕਿਯ ਕੈਸ ਹੈ।
ਅਬਿ ਕਹੋ ਹਮ ਅਰ ਸੰਗਤੋਂ ਕੀ,
ਕੌਨ ਪੁਰਵੈ ਆਸ ਹੈ।
ਤੁਮ ਬਾਲ ਅਬਿ ਹੀ ਗੁਰੂ ਜਗ ਕੇ,
ਭਏ ਕਾਂਹਿ ਉਦਾਸ ਹੈਂ ॥ ੩੭੦ ॥
ਗੁਰੁ ਦੁਖਤਿ ਪਿਖਿ ਨਿਜ ਮਾਤ ਕੋ,
ਦੈ ਧੀਰ ਭਾਖਜੋ ਐਸ ਹੈ।

[1]ਪੂਰੀਆਂ ਕਰਦੇ ਹੋ।

ਰਚਿ ਰਖੀ ਹੋਣੀ ਜੋ ਬਿਧਾਤਾ,
ਟਰਤ ਨਹਿਂ ਸੋ ਕੈਸ ਹੈ।
ਅਵਤਾਰ ਪੀਰ ਪਿਗੰਮ੍ਰੋਂ ਕੇ,
ਸੀਸ ਚਢਿ ਇਹੁ ਨਾਚਤੀ।
ਸੁਰ ਅਸੁਰ ਰਿਖਿ ਮੁਨਿ ਸਿੱਧਨ ਕੇ,
ਕਰਿ ਦਾਂਤ ਖੱਟੇ ਮਾਚਤੀ[1] ॥੩੭੧॥

[1]ਖ਼ੁਸ਼ੀ ਹੁੰਦੀ ਹੈ।

ਜਗਿ ਜਾਨ ਮਾਤ ਸਰਾਂਇ ਇੰਦ੍ਰ–
ਜਾਲ[1], ਸ੍ਵਪਨ ਸਮਾਜੀਆ[2]।
ਜਿਮ ਹਰਿ ਚੰਦੌਰੀ[1] ਮੇਘ ਛਾਯਾ,
ਬਿਛੀ ਚੌਪੜ ਬਾਜੀਆ।
ਨਿਤ ਰਹੇ ਖੇਲ ਅਕਾਲ ਹੋਣੀ,
ਚਾਰ ਖਾਨੀ ਸਾਰੀਆਂ[1]।
ਡਲ ਕਾਲ ਤ੍ਰੈ[1], ਮਧ ਰੇਖ ਕਰਮ
ਬਿਕਰਮ ਸੁਕਰਮ ਧਾਰੀਆਂ[1] ॥੩੭੨॥

[1]ਜਾਦੂ ਦਾ ਤਮਾਸ਼ਾ। [2]ਸੁਪਨੇ ਦੀ ਸਮੱਗ੍ਰੀ।

[1]ਹਰੀ ਚੰਦ ਦੀ ਨਗਰੀ।

[1]ਚਾਰ ਖਾਣੀਆਂ ਦੇ ਜੀਵ ਨਰਦਾਂ ਹਨ।

[1]ਤਿੰਨਾਂ ਸਮਿਆਂ ਰੂਪ ਡੱਲਾਂ ਹਨ।

[1]ਸਮਾਨ ਕਰਮ, ਖੋਟੇ ਕਰਮ ਤੇ ਚੰਗੇ ਕਰਮ (ਉਸ ਚੌਪੜ) ਵਿੱਚ ਲਕੀਰਾਂ ਬਣੀਆਂ ਹੋਈਆਂ ਹਨ।

ਜਿਮ ਦਾਉ ਪਰ ਹੈ ਸਾਰਿ ਮਾਰਤਿ[1],
ਕਾਲ ਹੋਣੀ ਮੁਦ ਭਰੇ[1]।
ਨਹਿਂ ਕੀਰ[1] ਪੀਰ ਅਮੀਰ, ਰਹਿਨੋ
ਪਾਇ ਹਰਿ ਜੋ ਅਵਤਰੇ[1]।
ਪਿਖਿ ਏਕ ਘਰ ਹੈ ਕਬੀ ਬਹੁਤੀ
ਕਬੀ ਰਹਿਤ ਨ ਏਕ ਭੀ[1]।

[1]ਨਰਦ ਨੂੰ ਮਾਰਦੇ ਹਨ।

[1]ਅਨੰਦ 'ਚ ਭਰ ਜਾਂਦੇ ਹਨ।

[1]ਕੰਗਾਲ।

[1]ਹਰੀ (ਵਿਸ਼ਨੂੰ) ਨੇ ਵੀ ਜੋ ਅਵਤਾਰ ਧਾਰੇ ਹਨ।

[1]ਹੇ ਮਾਤਾ ਵੇਖ ! (ਚੌਪੜ ਦੇ) ਇਕ ਘਰ ਵਿੱਚ ਕਦੇ ਤਾਂ ਬਹੁਤੀਆਂ ਨਰਦਾਂ ਹੋ ਜਾਂਦੀਆਂ ਹਨ ਤੇ ਕਦੀ ਇਕ ਨਰਦ ਭੀ ਨਹੀਂ ਰਹਿੰਦੀ।

ਇਸ ਖੇਲ ਜਗ ਮੈਂ ਕਾਲ ਹੋਣੀ,
ਪਿਖਤ ਨਹਿ ਬਦ ਨੇਕ[1] ਭੀ ॥੩੭੩॥

[1]ਬੁਰਾ ਤੇ ਚੰਗਾ।

ਇਮ ਦਿਢ ਵਿਚਾਰੋ ਧੀਰ ਧਾਰੋ,
ਮੋਹ ਅਗਤਾ ਪਰਹਰੋ[1]।
ਨਿਜ ਸੀਸ ਭਾਵੀ ਈਸ,
ਬਿਸ੍ਵੇ ਬੀਸ ਆਨੰਦ ਹ੍ਵੈ ਧਰੋ[1]।

[1]ਅਗਿਆਨਤਾ ਤਿਆਗ ਦਿਉ।

[1]ਈਸ਼ਰ ਦੀ ਹੋਣੀ ਨੂੰ ਅਪਣੇ ਸੀਸ ਤੇ ਨਿਸਚੇ ਨਾਲ ਅਨੰਦ ਹੋ ਕੇ ਧਾਰੋ।

ਤੂੰ ਗੁਰੂ ਪਤਨੀ ਮਾਤ ਹਮਰੀ,

ਕਜੋਂ ਨ ਲਾਜ ਸੰਭਾਰ ਹੈਂ।
ਸਮ ਇਤ ਤ੍ਰੀਆ[1] ਰਖਜੋ ਹੀਆ[2],
ਕਹਾਂ ਕੀਆ ਕਾਰ ਹੈ ॥ ੩੭੪ ॥
ਇਮ ਬਾਤ ਕਹਿ ਬਹੁ ਭਾਂਤਿ ਗੁਰੁ,
ਨਿਜ ਮਾਤ ਕੋ ਦੈ ਗਜਾਨ ਹੈ।
ਗੁਰੁਬਖਸ਼ ਨਾਮ ਮਸੰਦ ਕੋ
ਪੁਨ ਕੀਨ ਐਸ ਬਖਾਨ ਹੈ।
ਸਬਿ ਸੰਗਤਾਂ ਕੋ ਬੋਲ ਦਿਹੁ,
ਮੁਹਿ ਦਰਸ ਕਰਿ ਲਹਿਂ ਆਜ ਹੈ।
ਨਿਸ ਢਰੀ ਤੈ ਅਬਿ ਭਰੀ ਬਿਧਿ ਹਮ,
ਹੋਹਿ ਲਯ ਹਰਿ ਮਾਝ ਹੈਂ[1] ॥ ੩੭੫ ॥

[1]ਹੋਰ ਇਸਤ੍ਰੀਆਂ ਵਾਂਗ। [2]ਹਿਰਦਾ, ਦਿਲ।

[1]ਢਲੀਰਾਤ ਤੋਂ ਭਲੀ ਤਰ੍ਹਾਂ ਅਸੀਂ ਹਰੀ ਵਿੱਚ ਲੀਨ ਹੋ ਜਾਵਾਂਗੇ ਭਾਵ ਜੋਤੀ ਜੋਤਿ ਸਮਾ ਜਾਵਾਂਗੇ।

ਇਹੁ ਸੁਨਤ ਸਿੱਖ ਮਸੰਦ ਸੇਵਕ,
ਬੂਡਗੇ ਸਿੰਧੁ ਸ਼ੋਕ ਮੈਂ[1]।
ਜਲ ਨੈਨ ਝਰਨਾ ਜਜੋਂ ਝਰੈਂ,
ਰਸ ਛਯੋ ਕਰੁਣਾ ਓਕ ਮੈਂ[1]।
ਗੁਰੁ ਹੁਕਮੁ ਸੁਨ ਨਰ ਨਾਰਿ, ਸਿੱਖ
ਅਸਿੱਖ ਸ਼ਹਿਰੋਂ ਯੌਂ ਅਏ।
ਫਰਵਾਰ ਤਰੁ ਪਰ ਬਿਹੰਗ, ਪਜਾਸੇ
ਜੈਸ ਸਰਵਰ ਦਿਸ ਧਏ[1] ॥ ੩੭੬ ॥

[1]ਸੋਗ ਦੇ ਸਮੁੰਦਰ ਵਿੱਚ ਡੁੱਬ ਗਏ।

[1]ਘਰ ਵਿੱਚ ਕਰੁਣਾਰਸ (ਸੋਗ) ਫੈਲ ਗਿਆ।

[1]ਜਿਵੇਂ ਫਲ ਵਾਲੇ ਦਰੱਖਤ ਉੱਪਰ ਨੂੰ ਪੰਛੀ ਅਤੇ ਸਰੋਵਰ ਦੀ ਤਰਫ ਤਿਹਾਏ (ਜੀਵ) ਦੌੜਦੇ ਹਨ।

ਨਿਧਿ[1] ਲੂਟਨੇ ਜਨ ਰੰਕ[2] ਧਾਏ
ਏਕ ਆਗੇ ਏਕ ਹ੍ਵੈ।
ਕਹਿਂ ਪਰਸਪਰ ਜਿਨ ਦਰਸ ਦੈ,
ਥੇ ਦਏ ਸੰਕਟ ਛੇਕ ਹੈਂ[1]।
ਜਿਨ ਰਖਜੋ ਸ਼ਹਰ ਥਿਸੂਚਕਾ ਤੈ[1]
ਜਾਤਿ ਅਬਿ ਪ੍ਰਲੋਕ ਸੋ।
ਜੋ ਦਰਸ ਹੈ ਭਲ ਤਿਨੈ ਅਬਿ,
ਫਲ ਚਾਰ ਲੈਹ ਬਿਸ਼ੋਕ ਸੋ[1] ॥ ੩੭੭ ॥
ਇਮ ਕਰਸ ਬਾਤੈਂ ਹਰਸ਼ ਕੀਨੋ,
ਦਰਸ ਲੋਗਨ ਆਮਨੈਂ[1]।

[1]ਖ਼ਜ਼ਾਨਾ। [2]ਕੰਗਾਲ।

[1]ਕਸ਼ਟ ਕੱਟ ਦਿੱਤੇ ਸਨ।

[1]ਹੈਜ਼ੇ ਤੋਂ।

[1]ਉਹ ਚਾਰੇ ਫਲ ਤੇ ਅਨੰਦ ਲੈ ਲਵੇਗਾ।

[1]ਆਮ ਲੋਕਾਂ ਨੇ ਦਰਸ਼ਨ ਕੀਤੇ।

ਫਿਰ ਲੋਗ ਕੀਨੇ ਬੰਦ ਭੂਪਤਿ,
ਦਰਸਬੇ ਤੈ ਸਜਾਮਨੈਂ[1]।
ਧੁਨਿ ਸ੍ਰੀ ਵਾਹਿਗੁਰੂ ਭਰੀ
ਦਿਸ ਦਸੋ, ਦੀਹ ਸ ਤ੍ਰਾਸ ਹੈ[1]।
ਤਬਿ ਨ੍ਰਿਪ ਯੁਤ ਸਬਿ ਸਿੱਖ ਮਸੰਦਨ,
ਬੈਠਿ ਗੁਰੁ ਕੇ ਪਾਸ ਹੈ ॥੩੭੮॥
ਮਨਿ ਮਾਨ ਗਿਣਤੀ[1] ਕਰੀ ਬਿਨਤੀ,
ਲਰਜ਼[1] ਅਰਜ਼ ਸੁਨਾਇ ਕੈ।
ਹੇ ਸਤਿਗੁਰੂ ਤੁਮ ਹਮੈ ਚਾਲੇ
ਤੱਜਿ ਮੱਝ ਦਰਯਾਇ ਕੈ[1]।
ਦੁਖ-ਸਿੰਧੁ ਮੈਂ ਹਮ ਬਹੇ ਜਾਵਤਿ[1],
ਰਹਿਂ ਦਾਮਨ ਕਿਹ ਵਜਾ[1]।

ਜਿਮ ਰੱਯਤ ਵਾਲੀ ਬਿਨਾ ਮਾਲੀ
ਬਾਗ, ਪਾਲੀ ਬਿਨ ਅਜਾ[1] ॥੩੭੯॥

ਤਨ ਜਾਨ ਬਿਨ ਜਸੋਂ ਪੰਖ ਪੰਖੀ,
ਦਸ਼ਾ ਤਜੋਂ ਹਮ ਕਹਿਂ ਕਿਸੈ[1]।

ਸਬਿ ਸਿੱਖ ਝੁਰਤਿ ਅਤਿ ਬਿਸੂਰਤਿ[1],
ਏਹੁ ਸੂਰਤਿ[1] ਨਹਿਂ ਦਿਸੈ।
ਗੁਰੁ ਪੁਰਾ[1] ਤਜਾਗਨ ਤਨ ਸਮੇਂ,
ਸਬਿ ਰਹੇ ਭੁਜ[1] ਪਕਰਾਵਤੇ।
ਅਬਿ ਸੰਗਤੋਂ ਕੇ ਤਈਂ ਤੁਮ,
ਲੜ ਕੌਨ ਕੇ ਹੋ ਲਾਵਤੇ ॥੩੮੦॥
ਨਿਰਧਾਰ[1] ਸੰਗਤਿ ਡੋਲ ਜੈ ਹੈ,
ਲੈਂਹ ਮੀਣੇ[1] ਰੋਕ ਪੈ[2]।
ਕੁਛ ਧੀਰਮੱਲ ਸੁ ਰਾਮਰਾਇ,
ਪ੍ਰੇਰ ਲੈਂਹ ਨਿਜੋਕ ਪੈ[1]।
ਗੁਰਿ ਮਾਨਿ ਬਿਨਤੀ ਸਿੱਖਨਿ ਕੀ,

[1]ਅਨ੍ਹੇਰੇ ਹੋਏ ਤੋਂ।

[1]ਬਹੁਤੇ ਡਰ ਸਹਿਤ ਹੈ।

[1]ਮਨ ਵਿੱਚ ਗਿਣਤੀ ਗਿਣ ਕੇ ਭਾਵ ਸੋਚ ਵਿਚਾਰ ਕਰਕੇ।

[1]ਕੰਬ ਕੇ।

[1]ਦਰਿਆ ਦੇ ਵਿਚਕਾਰ ਛੱਡ ਕੇ।

[1]ਦੁੱਖ ਦੇ ਸਮੁੰਦਰ ਵਿੱਚ ਅਸੀਂ ਰੁੜ੍ਹੇ ਜਾਂਦੇ ਹਾਂ।

[1]ਕਿਹੜੇ (ਵਜ੍ਹਾ) ਢੰਗ ਨਾਲ (ਆਪਦੇ) ਪੱਲੇ ਨਾਲ ਲੱਗੇ ਰਹਾਂਗੇ।

[1]ਜਿਵੇਂ ਵਾਲੀ (ਮਾਲਕ ਭਾਵ ਪਾਤਸ਼ਾਹ) ਤੋਂ ਬਿਨਾਂ ਪਰਜਾ, ਮਾਲੀ ਤੋਂ ਬਿਨਾਂ ਬਾਗ ਅਤੇ ਪਾਲੀ ਤੋਂ ਬਿਨਾਂ (ਅਜਾ) ਬੱਕਰੀਆਂ (ਦੀ ਹਾਲਤ ਹੁੰਦੀ ਹੈ)।

[1]ਜਿਵੇਂ ਜਾਨ ਤੋਂ ਬਿਨਾਂ ਸ਼ਰੀਰ, ਖੰਭ ਤੋਂ ਬਿਨਾਂ ਪੰਛੀ (ਦੀ ਹਾਲਤ ਹੈ ਤਿਵੇਂ) ਸਾਡੀ ਹਾਲਤ ਹੈ ਕਿਸ ਕੋਲ ਕਹੀਏ।

[1]ਬਹੁਤ ਸ਼ੋਕ ਸਹਿਤ ਹੋ ਕੇ।

[1]ਸ਼ਕਲ ਭਾਵ ਸਰੂਪ।

[1]ਪਹਿਲੇ ਸਤਿਗੁਰੂ।

[1](ਦੂਜੇ ਗੁਰੂ ਦੀ) ਬਾਂਹ।

[1]ਬਿਨਾਂ ਆਸਰੇ ਤੋਂ।

[1]ਪ੍ਰਿਥੀ ਚੰਦ ਦੀ ਔਲਾਦ। [2]ਪੁਨਾ (ਫੇਰ) ਰੋਕ ਲੈਣਗੇ।

[1]ਆਪਣੇ ਘਰ ਵੱਲ।

ਸੁਖ ਦਾਨ ਗਜਾਨ[1] ਵਿਚਾਰ ਕੈ।
ਬਿਛਵਾਇ ਗਾਦੀ ਪਾਂਚ ਪੈਸੇ,
ਸ੍ਰੀ ਫਲ ਕਰ ਧਾਰ ਕੈ[1] ॥ ੩੮੧ ॥
ਧਰਿ ਧਜਾਨ ਪੁਰਖੁ ਮਹਾਂਨ ਕੋ[1]
ਗੁਰੁ ਸਾਤ ਕੇ ਲੈ ਨਾਮ ਹੈਂ।
ਸਾਨੰਦ ਧਰਿ ਮਸਨੰਦ ਪਰ[1]
ਕਰ ਬੰਦਿ ਬੰਦਨ ਠਾਮ ਹੈਂ[1]।
ਕਹਿ ਦਯੋ ਬਾਬਾ ਜੀ ਬਕਾਲੇ,
ਪਰਗਟੈਂਗੋ ਸੂਰ ਸੋ[1]।
ਤਮਚਰ[1] ਪਖੰਡੀ ਜਨੋ ਕੋ,
ਸਹਿ ਦੰਭ ਕਰਿ ਹੈਂ ਦੂਰ ਸੋ ॥ ੩੮੨ ॥
ਸੁਨਿ ਧਰਜੋ ਧੀਰਜ ਸਿੱਖਨਿ ਕੁਛ,
ਗੁਰੁ ਥਿਰੇ ਫੇਰ ਕੁਸਾਸਨੈ[1]*।

ਪਿਖਿ ਅੰਤਿ ਕਾਲ ਸਮੀਪ ਜਨਨੀ[1]
ਬੈਠਿ ਕਿਯ ਇਮ ਭਾਸ਼ਨੈ[1]।
ਮੁਰਝਾਇ ਤਨੁ ਮਨੁ ਦੁਖਤਿ ਪਿਖਿਤਿ ਸੁ,
ਨੈਨ ਜਲ ਝਰਿ[1] ਲਾ ਰਹੇ।
ਅਤਿ ਨਿਕਟਿ ਸੰਕਟ ਬਿਕਟ ਬਿਜਾਪਜੋ[1],
ਕਹੇ ਮਮ ਅਬਿ ਕੋ ਅਹੇ ॥ ੩੮੩ ॥
ਪਤਿ ਗਏ ਤਬਿ ਅਬਿ ਪੂਤ ਜਾਵਤਿ,
ਮੈਂ ਅਭਾਗਨਿ ਕਜੋਂ ਰਹੀ?।
ਹੇ ਪੂਤ ! ਤੁਮ ਸਬਿ ਸ਼ਕਤਿ ਯੁਤ,
ਮੈਂ ਭੇਤ ਜਾਨਤ ਹੌਂ ਸਹੀ।
ਫਿਰ ਮਰੋਂਗੀ ਮੈ ਝੂਰ ਝੁਰਿ,
ਅਬਿ ਸੰਗਿ ਕਜੋਂ ਨ ਨਿਭਾਤ ਹੋ[1]।
ਜਲ ਹੀਨ ਮੀਨ ਸਮਾਨ[1] ਮੈਂ,
ਦੁਖ ਸਿੰਧੁ ਬੂਡੀ ਜਾਤਿ ਹੋਂ[1] ॥ ੩੮੪ ॥
ਨਿਜ ਮਾਤ ਕੋ ਅਤਿ ਦੁਖਤਿ ਪਿਖਿ,

[1]ਸੁੱਖ ਤੇ ਗਿਆਨ ਦੇ ਦਾਤੇ ਸਤਿਗੁਰਾਂ ਨੇ।

[1]ਨਲੇਰ ਹੱਥ ਵਿੱਚ ਫੜ ਕੇ।

[1]ਅਕਾਲ ਪੁਰਖ ਦਾ।

[1]ਅਨੰਦ ਨਾਲ ਗੱਦੀ 'ਤੇਰੱਖ ਕੇ।

[1]ਹੱਥ ਜੋੜ ਕੇ ਨਮਸਕਾਰ ਕੀਤੀ।

[1]ਉਹ ਸੂਰਜ (ਵਾਂਗ)।

[1]ਅਨ੍ਹੇਰੇ ਵਿੱਚ ਵਿਚਰਨ ਵਾਲੇ (ਚੋਰ, ਉਲੂ ਆਦਿ)।

[1]ਦੱਭ (ਘਾਹ) ਦਾ ਆਸਣ। *ਹਿੰਦੂ ਮਤ ਵਾਂਗ ਸਿੱਖਾਂ ਨੂੰ ਦੱਭ ਦਾ ਆਸਣ ਵਿਛਾਉਣ ਦੀ ਲੋੜ ਨਹੀਂ। ਵਿਸਥਾਰ ਲਈ ਦੇਖੋ- ਬਿਸ੍ਰਾਮ ੨੯ ਦੇ ਅੰਕ ੬੫ ਦੇ * ਨਿਸ਼ਾਨ ਦੀ ਪੈਰ ਟੂਕ।

[1]ਮਾਤਾ ਜੀ ਨੇ।

[1]ਇਉਂ ਬਚਨ ਕਿਹਾ।

[1]ਝੜੀ।

[1]ਨਾ ਕੱਟਿਆ ਜਾਣ ਵਾਲਾ ਕਸ਼ਟ ਨੇੜੇ ਹੋ ਕੇ ਲੱਗਾ ਹੈ।

[1]ਭਾਵ ਨਾਲ ਹੀ ਕਿਉਂ ਨਹੀਂ ਲੈ ਚੱਲਦੇ।

[1]ਮੱਛੀ ਵਾਂਗ।

[1]ਦੁਖਾਂ ਦੇ ਸਮੁੰਦਰ 'ਚ ਡੁਬਦੀ ਜਾ ਰਹੀ ਹਾਂ।

ਗੁਰ ਕਹਯੋ ਧੀਰਜ ਧਾਰੀਏ।
ਹੈ ਮਾਸ ਕੇਤਕ[1] ਆਯੂ[2] ਤੇਰੀ
ਧੀਰ ਧਾਰਿ ਗੁਜ਼ਾਰੀਏ।
ਫਿਰ ਪਹੁੰਚ ਹੈਂ ਮਮ ਪਿਤਾ ਢਿਗ,
ਦੁਖ ਜਨਮ ਮਰਨ ਨ ਜਹਿਂ ਕਦਾ।
ਸਚਖੰਡ ਨਾਮ ਬਿਕੁੰਠ ਜੋ,
ਦੁਖ ਲੇਸ[1] ਨਹਿਂ, ਤਹਿਂ ਸੁਖ ਸਦਾ ॥ ੩੮੫ ॥

[1]ਕੁਝ ਕੁ ਮਹੀਨੇ। [2]ਉਮਰ।

[1]ਥੋੜ੍ਹਾ ਜਿੰਨਾ ਵੀ।

ਇਮ ਕਹਿ ਗੁਰੂ ਨਿਜ ਸ਼ਕਤਿ ਸਹਿ,
ਲਿਯ ਖੈਂਚ ਮਾਯਾ ਮੋਹ ਹੈ।
ਹਰ ਭ੍ਰਮ[1] ਦਿਯ ਬ੍ਰਹਮ ਗਯਾਨ ਜਨਨੀ
ਤਈਂ, ਮੋਦ ਸੰਦੋਹ ਹੈ[1]।
ਲਖਿ ਮਹਾਂ ਮਹਿਮਾਂ ਪੂਤ ਕੀ,
ਮਨਿ ਮਗਨਿ ਚੁੱਪ ਜਨਨੀ ਭਈ।
ਅਹਿ ਕਾਚਰੀ ਜਯੋਂ[1] ਬਾਤ ਕਰਿ,
ਤਯੋਂ ਦੇਹ ਨਿਜ ਗੁਰੁ ਤਜ ਦਈ ॥ ੩੮੬ ॥

[1]ਭਰਮ ਦੂਰ ਕਰ ਕੇ।

[1]ਮਾਤਾ ਜੀ ਨੂੰ ਸੰਪੂਰਣ ਅਨੰਦ ਸਰੂਪ ਬ੍ਰਹਮ ਗਿਆਨ ਦਿੱਤਾ।

[1]ਸੱਪ ਦੀ ਕੁੰਜ ਵਾਂਗ।

ਬੁਧਵਾਰ ਚੌਦਸ ਚੇਤ ਸਿਤ[1],
ਨਿਸ ਅਰਧ ਘਟਕਾ ਦ੍ਵੈ ਗਈ[1]।
ਬਸੁ ਸਸੀ ਸੰਮਤ ਵਾਰ ਨਭ[1],
ਗੁਰੁ ਬ੍ਰਹਮ ਭੇ ਤਬਿ ਬ੍ਰਹਮ ਮਈ[1]।
ਪਿਖਿ ਦਾਸ ਦਾਸੀ ਸਿੱਖ ਮਸੰਦਨ,
ਕੇਰ ਕੁੱਕੈਂ ਨਿਸਰਗੀ[1]।
ਕੁਮਲਾਇ ਬਿਹਬਿਲ ਗਿਰੇ ਧਰ[1],
ਧਨ ਧਾਮ ਤਨ ਸੁਧ ਬਿਸਰਗੀ ॥ ੩੮੭ ॥

[1]ਚੇਤ ਸੁਦੀ ੧੪।

[1]ਅੱਧੀ ਰਾਤ ਤੋਂ ਦੋ ਘੜੀਆਂ ਉਪਰਰਾਤ ਗਈ ਹੋਈ ਸੀ।

[1]ਸੰਮਤ ੧੭੧੮ ਬਿ. (ਬਸੁ-੮। ਸਸੀ-੧। ਵਾਰ-੭। ਨਭ-੧=੧੮੧੭ ਬਿ:)।

[1]ਬ੍ਰਹਮ ਰੂਪ ਸਤਿਗੁਰੂ ਬ੍ਰਹਮ ਰੂਪ ਹੋ ਗਏ।

[1]ਕੂਕਾਂ (ਚੀਕਾਂ) ਨਿਕਲ ਗਈਆਂ।

[1]ਧਰਤੀ ਉੱਪਰ।

ਸੁਨਿ ਸੰਗਤਾਂ ਭੀ ਪੌਰ ਪਰ[1],
ਕਰਿ ਰੁਦਨ ਲੋਟੈਂ ਭੂੰਮਿ ਹੈਂ[1]।
ਜਨੁ ਲੂਟ ਲੀਨੇ ਠਗ ਕਿਨੇ,
ਮਨਿ[1] ਬਿਨਾ ਜਯੋਂ ਫਨਿ[2] ਘੂੰਮ ਹੈਂ।
ਉਤ ਦੇਵ ਅਜ ਲੌ[1] ਜਾਨ ਚਢਿ ਕੈ[2]
ਅਏ ਫੂਲ ਬਸਾਵਹੀਂ।

[1]ਦਰਵਾਜ਼ੇ ਉੱਪਰ।

[1]ਧਰਤੀ ਉਪਰ ਲਿਟਦੀਆਂ ਹਨ।

[1]ਮਣੀ। [2]ਸੱਪ।

[1]ਉਧਰ ਦੇਵਤੇ ਬ੍ਰਹਮਾ ਤੱਕ। [2]ਅਸਵਾਰੀਆਂ (ਉਪਰ) ਚੜ੍ਹ ਕੇ।

ਧੁਨਿ ਸੰਖ ਦੁੰਦਭਿ[1] ਪੂਰਗੀ, [1]ਧੌਂਸਿਆਂ ਦੀ।
ਸੁਰ ਨਟੀ ਨ੍ਰਿਤਤਿ[1] ਗਾਵਹੀਂ ॥੩੮੮॥ [1]ਅਪੱਛਰਾਂ ਨੱਚਦੀਆਂ ਹਨ।
ਗੁਰੁ ਚਢਿ ਬਿਵਾਨ ਮਹਾਨ ਪੈ,
ਜਬਿ ਚਲੇ ਨਭ ਪ੍ਰਕਾਸ਼ ਭੌ।
ਗੁਰੁ ਜਾਇ ਥਿਰੇ ਸਚਖੰਡ ਮੈਂ,
ਨਿਜ ਗੁਰੁਨਿ ਢਿਗ ਵਰ ਵਾਸ ਲੌ[1]। [1]ਸ੍ਰੇਸ਼ਟ ਵਾਸਾ ਲਿਆ।
ਇਤ ਨ੍ਰਿਪ ਸੁਨਿ ਸ਼ੋਕਾੜ੍ਹੈ ਹ੍ਵੈ[1], [1]ਸ਼ੋਕ ਨਾਲ ਦੁਖੀ ਹੋ ਕੇ।
ਅਯੋ ਯੁਤ ਜਨ ਭੀਰ ਹੈ।
ਦਿਨ ਚਢੇ ਪਹੁੰਚਯੋ ਸ਼ਾਹਿ ਪੈ,
ਸੁਨਿ ਭਯੋ ਸੋ ਪਿ ਅਧੀਰ ਹੈ ॥੩੮੯॥
ਕਹਿ ਸ਼ਾਹਿ ਜੀਵਤ ਦਰਸ ਦੈ ਗੁਰੁ,
ਚਾਹਿ ਨਾਹਿਂ ਸੁ ਮਮ ਭਰੀ[1]। [1]ਮੇਰੀ ਇੱਛਾ ਪੂਰੀ ਨਹੀਂ ਕੀਤੀ।
ਅਬਿ ਚਲੌ ਹਮ ਭੀ ਦਰਸੀਏ,
ਮਨਿ ਸ਼ਕਤਿ ਪਰਖਨ ਕੀ ਧਰੀ।
ਤਹਿਂ ਗਯੋ ਸ਼ਾਹਿ ਉਮਾਹਿ ਕੈ,
ਨਿਜ ਸੰਗ ਜਨ ਕੁਛ ਖਾਸ ਲੈ।
ਜਬਿ ਪਹੁੰਚਯੋ ਗੁਰਿ ਪਾਸ ਅੰਦਰ,
ਪੇਖਿ ਭਾਖਯੋ ਸਾਸ ਲੈ[1] ॥੩੯੦॥ [1]ਹਾਹੁਕਾ ਲੈ ਕੇ।
ਕਰਵਾਉ ਦਰਸ਼ਨ ਲਾਹਿ ਪੜਦਾ,
ਕਹਯੋ ਸਿੱਖ ਨਹਿਂ ਆਗਜਾ।
ਪੁਨ ਆਪ ਸ਼ਾਹਿ ਜੁ ਲਾਹਿ
ਪਿਖਨ ਗੁਰਿ ਮੁਖਿ ਲਾਗਜਾ।
ਨਹਿਂ ਦੇਹ ਗੁਰ ਕੀ ਨਜ਼ਰ ਆਈ,
ਔਰ ਲੀਲ੍ਹਾ ਹੀ ਪਿਖੀ।
ਧਰ ਮੈਂ ਦਰਾਰ ਪਤਾਰ ਲੌ[1], [1]ਧਰਤੀ ਵਿੱਚ ਤ੍ਰੇੜ ਪਤਾਲ ਤੱਕ।
ਭੈਦਾਯਕੈ ਅਤਿਸੈ ਤਿਖੀ ॥੩੯੧॥
ਇਹੁ ਕਾਨ ਮਾਂਹਿ ਅਵਾਜ਼ ਆਈ,
ਇਹਾਂ ਤੁਮ ਹੈ ਆਵਨਾ।
ਜੋ ਜ਼ੁਲਮ ਕਰਿ ਹੈ ਦੂਖ ਭਰ ਹੈ[1], [1]ਪਾਉਂਦਾ ਹੈ।
ਨਾਹਿਂ ਕਾਂਹਿ ਛੁਡਾਵਨਾ।

ਪੁਨ ਇਮਾਮ ਪਿਕੰਬ੍ਰੋਂ ਕੋ[1],
ਪਿਖਜੋ ਸ਼ਾਹਿ ਸਦੀਨ[1] ਹੈ।
ਉਨਿ ਕਹਜੋ ਸਰਨ ਅਕਾਲ ਕੀ ਬਿਨ,
ਨਾਹਿਂ ਕਿਨ ਸੁਖ ਲੀਨ ਹੈ ॥ ੩੯੨ ॥
ਸੁਨਿ ਪੇਖਿ ਸ਼ਾਹਿ ਸ ਭੈ[1] ਬਿਜਾਕੁਲ
ਭਯੋ, ਮੁਖ ਕੁਮਲਾ ਗਯੋ।
ਚਲਯੋ ਪ੍ਰਸੀਨਾ ਬਦਨ ਤੈ,
ਗੁਲ ਸਰਸ ਸਰਸੋਂ ਕੇ ਭਯੋ[1]।

ਬਿਨ ਹੋਸ਼ ਪਿਖਿ ਸਬਿ ਤੱਜਬ ਹੋਏ,
ਗਿਰਤਿ ਕਰਜੋ ਸੰਗੀਆਂ।
ਗੁਰੁ ਪਾਸ ਕਰਿ ਅਰਦਾਸ ਸ਼ਾਹਿ,
ਗੁਨਾਹਿ ਮਾਫੀ ਮੰਗੀਆ ॥ ੩੯੩ ॥
ਪੁਨ ਪਾਲਕੀ ਮੈਂ ਪਾਇ ਬਾਹਰ
ਲਜਾਇ ਕੀਨ ਉਪਾਇ ਜੌਂ।
ਤਬਿ ਹੋਸ਼ ਆਈ ਕਹਿ ਸੁਨਾਈ,
ਗੁਰੂ ਠੀਕ ਖੁਦਾਇ ਥੌ।
ਪੜਦਾ ਉਠਾਈ ਕੇਰ ਪਾਈ
ਸਜ਼ਾ, ਤੱਜਬ ਪੇਖਜੋ।
ਸਹਿ ਸ਼ਾਹਿ ਨ੍ਰਿਪ ਉਮਰਾਇ ਸਬਿ ਨੇ,
ਗੁਰੂ ਸਮਰਥ ਲੇਖਜੋ ॥ ੩੯੪ ॥
ਇਤ ਨ੍ਰਿਪ ਸਿੱਖਨ ਮਿਲਿ ਮਸੰਦਨ,
ਕਰਿ ਬਿਵਾਂਨ ਮਹਾਨ ਹੈ।
ਕਰਿ ਭਜਨ ਕੀਰਤਨ ਫੂਲ ਬਰਖਾ,
ਚਿਖਾ ਚੰਦਨ ਠਾਂਨ ਹੈ[1]।
ਸਿਸਕਾਰ ਕੀਨੋ ਬਿਧੀ ਯੁਤ,
ਸਬਿ ਨੈਨ ਤੈ ਜਲ ਡਾਰ ਹੈ।
ਉਸ ਦੇਹਰੇ ਕਾ ਨਾਮ,
ਬਾਲਾ ਸਾਹਿਬੰ ਉਚਾਰ ਹੈਂ ॥ ੩੯੫ ॥
ਜਹਿਂ ਨ੍ਰਿਪ ਕੇ ਘਰ ਰਹੇ ਥੇ,

[1]ਧਰਮ ਦੇ ਉਪਦੇਸ਼ਕਾਂ ਤੇ ਪੈਗ਼ੰਬਰਾਂ ਨੂੰ।

[1]ਦੁਖੀ।

[1]ਭੈ ਨਾਲ।

[1]ਚਿਹਰੇ ਤੇ ਮੁੜ੍ਹਕਾ ਚਲਣ ਲੱਗ ਪਿਆ (ਤੇਰੰਗ) ਸਰ੍ਹੋਂ ਦੇ ਫੁੱਲ ਵਰਗਾ (ਪੀਲਾ) ਹੋ ਗਿਆ।

[1]ਬਣਾ ਲਈ।

ਸੋ ਬੰਗਲਾ ਜੀ ਨਾਮ ਹੈ।
ਸੁਨਿ ਹਹਿਰ[1] ਪਰਗੋ ਸ਼ਹਿਰ ਮੈਂ,
ਦੁਖ ਗਹਿਰ ਲੇ ਜਾਨ ਆਮ ਹੈ[1]।
ਗੁਰੂ ਅਬੇ[1] ਸੂਰਜ ਧਰਮ ਕੇ,
ਨਰ ਨਾਰਿ ਦੁਖਤਿ ਸੁਨਾਵਹੀਂ।
ਨਰ ਆਇ ਥਿਰ, ਗੁਰਬਖਸ਼ ਢਿਗ,
ਗੁਨ ਗਨ ਸੁ ਗੁਰ ਕੇ ਗਾਵਹੀਂ ॥ ੩੯੬ ॥
ਮਿਲਿ ਤੀਆ ਮਾਤਾ ਪਾਸ ਆਵੈਂ,
ਨਹਿਂ ਰੁਦਨ[1] ਸਜਾਪਾ ਮਾਤ ਕੈ[2]।
ਧਰਿ ਧੀਰ ਗਿਜਾਨ ਵਿਰਾਗ ਕੀ,
ਅਨੁਰਾਗ ਯੁਤ[1] ਬਹੁ ਬਾਤ ਕੈ[2]।
ਪੁਨ ਇਸ਼ਟ ਨਿਜ ਗੁਰੁ ਅਸ਼ਟ ਕੀ,
ਬਹੁ ਗਾਥ ਸ੍ਰਿਸ਼ਟ ਸੁਨਾਵਤੀ।
ਫਿਰ ਬੂਝਨੇ ਪਰ ਤੀਆ ਕੇ,
ਨਿਜ ਪੂਤ ਕੀ ਯੌਂ ਗਾਵਤੀ ॥ ੩੯੭ ॥
ਸਰ ਬਰਸ[1] ਪੈ[2] ਦੋ ਮਾਸ,
ਉਨਤੀ ਦਿਵਸ ਕੇ ਥੇ ਗੁਰੁ ਭਏ।
ਦੋ ਬਰਖ ਪੈ ਸਰ ਮਾਸ[1],
ਉਨਤੀ ਦਿਜੋਸ ਗੁਰੁਤਾ ਕਰਿ ਗਏ।
ਸਤ ਬਰਖ ਪੈ ਅਠ ਮਾਸ,
ਦਿਨ ਅਠਬੀਸ ਆਯੂ[1] ਸਬਿ ਭਈ।
ਕਰਿ ਰਾਮ ਕ੍ਰਿਸ਼ਨ ਸਮਾਨ ਲੀਲ੍ਹਾ,
ਅਬਿ ਬਿਕੁੰਠ ਸੁ ਜਾ ਲਈ[1] ॥ ੩੯੮ ॥
ਮਮ ਮੋਹ ਮਾਯਾ ਦੂਰ ਕਰਿ,
ਦੈ ਗਏ ਅੰਤਹਿ[1] ਗਜਾਨ ਹੈ।
ਅਬਿ ਇਸੀ ਤੇ ਮੈਂ ਮਗਨ ਰਹਿਂ ਹੌਂ,
ਭਜਨ ਮੈਂ ਸੁਖ ਜਾਨ ਹੈ[1]।
ਇਮ ਮਾਤ ਤੈ ਸੁਨਿ ਬਾਤ ਤੀਆ[1],
ਜਾਤ ਨਿਜ ਨਿਜ ਧਾਮ ਹੈਂ।
ਗੁਰੁ ਧੰਨ ਮਾਤਾ ਧੰਨ,

[1]ਕਾਂਬਾ ਭਾਵ ਹਾਹਾਕਾਰ।
[1]ਸਾਰੇ ਲੋਕਾਂ ਨੇ ਬਹੁਤਾ ਦੁੱਖ ਲਿਆ ਭਾਵ ਮੰਨਿਆ।
[1]ਛਿਪ ਗਏ।
[1]ਰੋਣਾ। [2]ਕੀਤਾ।
[1]ਪ੍ਰੇਮ ਸਹਿਤ। [2]ਕਰਦੇ ਹਨ।
[1]ਪੰਜ ਸਾਲ ਤੋਂ। [2]ਉੱਪਰ।
[1]ਪੰਜ ਮਹੀਨੇ।
[1]ਉਮਰ।
[1]ਸੱਚਖੰਡ ਦੀ ਚੰਗੀ ਜਗ੍ਹਾ ਲੈ ਲਈ ਭਾਵ ਜੋਤੀ ਜੋਤ ਸਮਾ ਗਏ।
[1]ਅੰਤ ਦੇ ਸਮੇਂ। (ਅ) ਅੰਤਹਕਰਣ ਵਿੱਚ।
[1]ਜਾਣਿਆ ਹੈ।
[1]ਇਸਤ੍ਰੀਆਂ।

ਆਪਸ ਮਾਂਹਿ ਕਹਿਤ ਤਮਾਮ ਹੈਂ ॥ ੩੯੯ ॥

ਗੁਰੁ ਘਰ ਦ੍ਰੋਹੀ[1] ਪਾਤਕੀ[2],
ਕੁਲ ਘਾਤਕੀ[1] ਰਮਰਾਇ ਹੈ।
ਇਨ ਸਾਪ[1] ਦੀਨੋ ਬੁਰਾ ਕੀਨੋ,
ਆਪ ਭੀ ਦੁਖ ਪਾਇ ਹੈ।
ਇਮ ਨਿੰਦ ਹੈਂ ਸਬਿ ਰਾਮਰਾਏ,
ਨਾਰਿ ਨਰ ਕਰਿ ਯਾਦ ਹੈਂ।
ਇਤ ਬਿਧੀ ਬੈਦਕ ਲੋਕਕੈ
ਕਰਿ ਸਤ੍ਰਮੀ ਲੌ ਆਦਿ ਹੈਂ[1] ॥ ੪੦੦ ॥

[1]ਵੈਰ ਕਰਨ ਵਾਲਾ। [2]ਪਾਪ ਕਰਨ ਵਾਲਾ।

[1]ਕੁਲ ਦਾ ਨਾਸ ਕਰਨ ਵਾਲਾ।

[1]ਸ੍ਰਾਪ।

[1]ਏਥੇ ਭਾਵ ਦਿੱਲੀ ਵਿੱਚ ਸਤਾਰਵੀਂ ਤੱਕ ਦੀਆਂ ਵੇਦਕ (ਧਾਰਮਕ) ਅਤੇ ਲੌਕਕ (ਸਮਾਜਕ) ਆਦਿਰਸਮਾਂ (ਪੂਰੀਆਂ) ਕਰਕੇ।

ਜਬਿ ਮਾਤ ਤਜਾਰੀ ਕਰੀ,
ਕੀਰਤਪੁਰੀ ਕੇ ਦਿਸ ਤੁਰਨ ਕੀ।
ਤਬਿ ਭੂਪਰਾਨੀ ਬਿੱਤ[1] ਬਹੁ ਦਿਯ,
ਔਰ ਸੰਗਤਿ ਗੁਰੁਨ ਕੀ[1]।
ਚਲਿ ਮਾਤ ਕੀਰਤਪੁਰ ਅਈ,
ਭ੍ਰਿਤ[1] ਸਿਖ ਮਸੰਦਨ ਸੰਗਿ ਹੈ।
ਅਤਿ ਭੌ ਬਿਖਾਦ ਨ ਜਾਇ ਬਰਨਾ[1],
ਛਯੋ ਕਰੁਨਾਰੰਗ ਹੈ[1] ॥ ੪੦੧ ॥

[1]ਧਨ।

[1]ਅਤੇ ਗੁਰਾਂ ਦੀਆਂ ਸੰਗਤਾਂ ਨੇ (ਵੀ ਧਨ ਦਿੱਤਾ)।

[1]ਸੇਵਾਦਾਰ।

[1]ਬਹੁਤਾ ਦੁੱਖ ਹੋਇਆ ਜੋ ਕਿਹਾ ਨਹੀਂ ਜਾ ਸਕਦਾ।

[1](ਸਾਰੇ) ਸੋਗ ਦਾ ਰੰਗ ਫੈਲ ਗਿਆ।

ਸੁਨਿ ਦੇਸ ਦੇਸੋਂ ਸਿੱਖ ਸਬੰਧੀ,
ਅਰ ਮਸੰਦੀ ਲੋਕ ਹੈਂ।
ਚਲਿ ਆਵਹੀਂ ਪੁਰ ਕੀਰਤੇ,
ਬਿਸਤੀਰਤੇ[1] ਮਗਿ ਸੋਕ ਹੈਂ।
ਪਰ ਕਿਸ਼ਨ ਕੌਰਾ ਮਾਤ ਸਾਹਿਬ,
ਦੁਖਤਿ ਸਬਿਨਿ ਬਿਲੋਕ ਹੈਂ[1]।
ਉਪਦੇਸ਼ ਦੇਤ ਬਿਸ਼ੇਸ਼ ਧੀਰਜ,
ਕਰਤਿ ਸਿੱਖਨਿ ਬਿਸੋਕ ਹੈਂ[1] ॥ ੪੦੨ ॥
ਹਰਿ ਕ੍ਰਿਸ਼ਨ ਗੁਰੁ ਬਪੁ[1] ਕ੍ਰਿਸ਼ਨ ਬਿਸ਼ਨ,
ਸਰੂਪ ਨਿਸਚੇ ਧਾਰ ਕੈ।
ਤਿਹ ਗਾਥ ਕਰਿ ਸੰਛੇਪ ਗਾਈ,

[1]ਫੈਲਾਉਂਦੇ।

[1]ਦੇਖਦੇ ਹਨ।

[1]ਸ਼ੋਕ ਤੋਂ ਰਹਿਤ।

[1]ਸਰੂਪ।

ਕਵਿ ਬਿਛੇਪ ਨਿਵਾਰ ਕੈ[1]।
ਧਰਿ ਨੇਮ ਪ੍ਰੇਮ ਜੁ ਸੁਨੈ ਪਢਿ ਹੈ,
ਖੇਮ ਸਰਬ[1] ਸੁ ਪਾਇ ਹੈ।
ਧਰਿ ਗਰਜ਼[1] ਲਰਜ਼[2] ਸੁ ਅਰਜ਼ ਕਰਿ,
ਗੁਰੁ ਪੰਥ ਪੈ ਬਹੁ ਭਾਇ[1] ਹੈ ॥੪੦੩॥
ਹਰਿ ਗਜਾਨ ਬੰਦਨ ਠਾਨ, ਸਿੱਖੀ
ਦਾਨ ਚਾਹਿ ਬਿਗਜਾਨ[1] ਹੈ।
ਦਿਢ ਚਹਿਤ ਕਹਿਤ ਸੁ ਰਹਿਤ[1],
ਬਾਰੰਬਾਰ ਧਰਿ ਗੁਰੁ ਧਜਾਨ ਹੈ ॥੪੦੪॥

[1]ਕਵੀ ਨੇ ਘਬਰਾਹਟ ਦੂਰ ਕਰ ਕੇ ਭਾਵ ਇਕਾਗਰ ਚਿੱਤ ਹੋ ਕੇ।

[1]ਸਾਰੀਆਂ ਮੁਕਤੀਆਂ।

[1]ਇੱਛਾ ਕਰ ਕੇ। [2]ਕੰਬ ਕੇ ਭਾਵ ਭੈ ਨਾਲ।

[1]ਬਹੁਤ ਪ੍ਰੇਮ ਨਾਲ।

[1]ਪ੍ਰਤੱਖ ਗਿਆਨ।

[1]ਕਹਿਣੀ ਤੇਰਹਿਣੀ ਪੱਕੀ ਭਾਵ ਸੱਚੀ ਚਾਹੁੰਦਾ ਹਾਂ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ ਅਸਟਮ ਗੁਰੁ ਪ੍ਰਸੰਗ ਸਮਾਪਤੰ ਨਾਮ ਬੱਤੀਸਮੋਂ* ਬਿਸ੍ਰਾਮ ॥੩੨॥

*ਏਥੇ ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ਪੰਨਾ ੪੨੭ ਤੇ ਚੌਤੀਸਮੋਂ ਬਿਸ੍ਰਾਮ ਛਪਿਆ ਹੋਇਆ ਹੈ ਪਰ ਸਾਡੇ ਹਿਸਾਬ ਨੰ: ੩੨ ਹੀ ਬਣਦਾ ਹੈ। ਇਸ ਦੇ ਕਾਰਨ ਤੋਂ ਜਾਣੂ ਹੋਣ ਲਈ ਦੇਖੋ ਬਿਸ੍ਰਾਮ ੩੨ ਦੇ ਅੰਕ ੧੧੮ ਦੇ * ਨਿਸ਼ਾਨ ਦੀ ਪੈਰ ਟੂਕ। ।

੩੩. {ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਕਥਾ-ਆਰੰਭ}

ਦੋਹਰਾ:

ਸ੍ਰੀ ਅੰਗਦ ਗੁਰੁ ਅੰਗ ਕਰਿ,
ਉੱਤਮੰਗ ਧਰਿ ਅੰਗਿ[1]।

[1]ਸ੍ਰੀ ਗੁਰੂ ਅੰਗਦ ਦੇਵ ਜੀ (ਉਨ੍ਹਾਂ ਦਾਸਾਂ) ਦਾ (ਅੰਗ) ਪੱਖ ਕਰਦੇ ਹਨ (ਜਿਹੜੇ) (ਉੱਤਮੰਗ) ਉੱਤਮ ਉਪਦੇਸ਼ (ਆਪਣੇ) (ਅੰਗ) ਹਿਰਦੇ ਵਿੱਚ ਧਾਰਦੇ ਹਨ।

ਹਰੈਂ ਕੁਰੰਗ ਸੁਢੰਗ ਕੈ,
ਜਨ ਉਮੰਗ ਦੈ ਚੰਗ[1] ॥ ੧ ॥

[1](ਜਿਹੜੇ) ਚੰਗੇ ਢੰਗ ਨਾਲ ਖੋਟਾਰੰਗ ਨਾਸ਼ ਕਰਦੇ ਹਨ (ਉਨ੍ਹਾਂ) ਦਾਸਾਂ (ਨੂੰ) ਚੰਗਾ ਉਤਸ਼ਾਹ ਦੇਂਦੇ ਹਨ।

ਨਵਮ ਗੁਰੂ ਕੇ ਚਰਿਤ ਅਬਿ,
ਬਰਨਨ ਕਰਤਿ ਕਵੀਸ।
ਹਰਤਿ ਦੂਖ ਸਬਿ ਸੁਖ ਭਰਤਿ[1],
ਧਰਤਿ ਜੁ ਬਿਸ੍ਵੈ ਬੀਸ[1] ॥ ੨ ॥

[1]ਸਾਰੇ ਸੁੱਖਾਂ ਨਾਲ ਭਰ ਦੇਂਦੇ ਹਨ।

[1]ਨਿਸਚੇ ਨਾਲ।

ਸ੍ਵੈਯਾ:

ਸੰਮਤ ਖੋੜਸ ਸੈ ਸਤ ਆਠ,
ਬਿਸਾਖ ਵਦੀ ਸਰ ਸ਼ੁਕ੍ਰਵਾਰੈਂ[1]।

[1]ਸੰਮਤ ੧੬੭੮ (ਬਿ.) ਵਿਸਾਖ ਵਦੀ ੫, ਸ਼ੁਕਰਵਾਰ (ਦਿਨ)।

ਧਾਮ ਗੁਰੂ ਹਰਿਗੋਵਿੰਦ ਨਾਨਕੀ ਮਾਤ,
ਸੁਧਾ ਸਰ ਮਾਹਿ ਵਿਚਾਰੈਂ।
ਭਾਰ ਧਰਾ ਹਰਬੇ[1], ਕਰਬੇ ਹਿਤ
ਸਿੱਖਨਿ ਕੀ ਕਲਿਆਨ ਉਦਾਰੈਂ।
ਤੇਗ ਬਹਾਦਰ ਚਾਦਰ ਹਿੰਦ[1],
ਦਨਿੰਦ ਮਨਿੰਦ[1] ਭਏ ਅਵਤਾਰੈਂ ॥ ੩ ॥

[1]ਧਰਤੀ ਦਾ ਭਾਰ ਨਾਸ ਕਰਨ ਵਾਸਤੇ।

[1]ਹਿੰਦ ਦੀ ਇੱਜ਼ਤ ਦੇਰਾਖੇ।

[1]ਸੂਰਜ ਵਾਂਗ।

ਜਾਂ ਦਿਨ ਤੈ ਹਰਿ ਗੋਵਿੰਦ ਜੂ ਗੁਰੁ,
ਜੋਤਹਿ ਜੋਤਿ ਮਿਲੇ ਦਿਨ ਤਾਸੈਂ[1]।
ਨਾਨਕੀ ਮਾਤ ਸਪੂਤ ਸਪੂਤ[1],
ਤਜਜੋ ਪੁਰ ਕੀਰਤਿ ਹੋਇ ਉਦਾਸੈਂ।
ਬਜਾਸ ਨਦੀ ਤਟ ਪੱਛਮ ਜਾਇ,
ਬਕਾਲਹਿ ਗ੍ਰਾਮ ਵਿਖੈ ਲਿਯ ਵਾਸੈਂ।
ਰੋਜ ਉਡੀਕਤ ਸੋ ਦਿਨ, ਜੋ
ਬਰ ਪੂਤ ਹਿਤੈ, ਪਤਿ ਦੀਨਹੁ ਖਾਸੈਂ[1] ॥ ੪ ॥

[1]ਉਸੇ ਦਿਨ ਤੋਂ।

[1]ਨੇਕ ਤੇ ਪਵਿੱਤ੍ਰ ਪੁੱਤ੍ਰ ਦੇ ਸਹਿਤ।

[1]ਜਿਹੜਾ ਵਰ ਪਤੀ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਨੇ

ਪੁੱਤ੍ਰ ਵਾਸਤੇ ਆਪ ਦਿੱਤਾ ਸੀ।

ਦੈ ਨਿਜ ਆਯੁਧ ਮਾਲ[1] ਰੁਮਾਲ,
ਕਹਯੋ ਗੁਰੁ ਥਾ ਤਿਸ ਕੋ[1] ਇਮ ਠੀਕੈ।
ਆਵਹਿਗੀ ਗੁਰੁਤਾ, ਕਬਹੂੰ
ਤੁਮਰੇ ਸੁਤ ਪੈ, ਤਬਿ ਦੀਜੀਓ ਈਕੈ[1]।
ਸੋ ਧਰਿ ਆਸ ਨਿਵਾਸ ਕਰੈ,
ਰਖਿ ਪਾਸ ਪਤੋਹੂ ਸਪੂਤਹਿ ਜੀ ਕੈ[1]।
ਸੇਵ ਕਰੈਂ ਸਿਖ ਦੇਸਿ ਬਸੇਸਹਿਂ[1],
ਜਾਂਨ ਗੁਰੂ ਪਤਨੀ ਸੁਤ ਨੀਕੈ ॥ ੫ ॥
ਸੋ ਸਰਬੱਗ ਗੁਰੂ ਲਖਿ ਆਠਮ,
ਬਾਬਾ ਬਕਾਲਹਿ ਭਾਖ ਸੁਨਾਈ।
ਜੋ ਸੁਨ ਸੋਢੀ ਸਬੈ ਖੁਦ ਹੀ,
ਗੁਰੁ ਥਾਪਿ[1] ਨਿਜੈ, ਥਪਿ[2] ਮੰਜੀਆਂ ਬਾਈ।
ਦੈ ਧਨਿ ਪ੍ਰੇਰ ਮਸੰਦ ਲਏ,
ਮਤਿ ਮੰਦ ਭਏ ਤਿਨ ਕੇ ਅਗਵਾਈ[1]।
ਲਜਾਵਤ ਸਿੱਖਨ ਕੋ ਵਹਿ ਪ੍ਰੇਰਿ,
ਝੁਕਾਇ ਦਿਲਾਵਤ ਭੇਟ ਮਹਾਂਈ ॥ ੬ ॥
ਰੌਰ ਰਹਯੋ ਇਸ ਤੌਰ ਤਬੈ,
ਗੁਰੁ ਗੌਰ[1] ਭਯੋ ਜਬਿ ਲੌ ਇਕ ਨਾਹੀ।
ਬਿਦਤੈਂ[1] ਗੁਰੁ ਵੀਚ ਬਕਾਲਹਿ ਕੇ,
ਸਿਖ ਜਾਨਿ ਇਹੈ ਚਲਿ ਆਇ ਤਹਾਂਹੀ।
ਹਾਥ ਚਢੇ ਸਿੱਖ ਠੱਗਨ ਕੇ,
ਯਹਿ ਠੱਗ ਮਸੰਦ ਗੁਰੂ ਠੱਗਵਾਹੀ[1]।
ਦੰਭ ਪਖੰਡ ਰਚੈਂ ਨਿਤ ਸੋ ਬਹੁ,
ਲਾਇ ਬਹੈਂ ਹਿਤ ਸਿੱਖਨਿ ਫਾਹੀ ॥ ੭ ॥
ਆਪਸ ਮਾਂਹਿ ਵਿਰੋਧ ਧਰੈਂ,
ਉਚਰੈਂ ਢੁਚਰੈਂ ਇਕ ਏਕ ਬਿਹੱਦੀ[1]।

ਨਾ ਇਸ ਮੈਂ ਸ਼ਕਤੀ ਭਗਤੀ ਕੁਛ,
ਔਰ ਸੁਕ੍ਰਮ ਨ ਕੀਨਹੁ ਕੱਦੀ।

[1]ਆਪਣੇ ਸ਼ਸਤ੍ਰ ਤੇ ਮਾਲਾ।
[1]ਮਾਤਾ ਨਾਨਕੀ ਜੀ ਨੂੰ।
[1]ਇਨ੍ਹਾਂ (ਚੀਜ਼ਾਂ) ਨੂੰ।
[1]ਨੂੰਹ ਤੇ ਸਪੁੱਤਰ (ਸ੍ਰੀ ਗੁਰੂ ਤੇਗ ਬਹਾਦਰ) ਜੀ ਨੂੰ।
[1]ਬਹੁਤੇ ਦੇਸਾਂ ਦੇ।
[1]ਬਣ ਕੇ। [2]ਬਣਾ ਕੇ।
[1]ਆਗੂ ਭਾਵ ਮਸੰਦ।
[1]ਵੱਡੇ ਗੁਰੂ (ਭਾਵ ਸ੍ਰੀ ਗੁਰੂ ਤੇਗ਼ ਬਹਾਦਰ ਜੀ)।
[1]ਪ੍ਰਗਟ ਹੋਣਗੇ।
[1](ਉਨ੍ਹਾਂ ਦੇ) ਗੁਰੂ ਵੀ ਠੱਗ ਹਨ।
[1]ਇਕ ਤੋਂ ਇਕ (ਬਿਹੱਦੀ) ਬਹੁਤੀਆਂ (ਢੁਚਰੈਂ) ਹੁੱਜਤਾਂ ਕਹਿੰਦੇ ਭਾਵ ਕਰਦੇ ਹਨ।

ਬਾਯ ਕੈ ਮੂੰਹਨ ਲਾਯਕੈ[1] ਚਾਯ ਕੈ,
ਆਇ ਕੈ ਲਾਇ ਕੈ ਬੈਠਹੁ[1] ਗੱਦੀ।
ਯਾ ਬਿਧਿ ਨਿੰਦਤ ਦੂਸਰਿ ਕੋ ਇਕ,
ਚਿੰਦਤ ਫੇਰ[1] ਮਹਾਂ ਜਢ ਗੱਦੀ[2] ॥ ੮ ॥

[1]ਮੂੰਹਾਂ ਨੂੰ ਅੱਡ ਕੇ ਲਾਇਕ ਬਣ ਕੇ ਤੇ ਚਾਅ ਨਾਲ।
[1]ਬੈਠਾ ਹੈ।
[1]ਫੇਰ ਉਸਤਤ ਕਰਦਾ ਹੈ। [2]ਮਹਾਂ ਮੂਰਖ ਤੇ ਨੀਚ।

ਜੇਤਕ ਲੋਗ ਲਵਾਰ[1] ਜਿਸੈ ਢਿਗ,
ਥੇ ਛਲ ਔ ਥਲ ਮੈ ਪਰਮੱਦੀ[1]।
ਕੋ ਇਕ ਕੋਸ ਦੁ ਕੋਸ ਕਿ ਚਾਰ,
ਮਿਲੈਂ ਸਿੱਖ ਕੋ ਕਿਤ ਜਾਇ ਅਗੱਦੀ[1]।
ਖੈਂਚਤਿ ਏਕ ਤਈਂ ਦਸ ਪਾਂਚਕ,
ਬਾਚਕ ਦੂਸਰਿ ਦੂਸਰਿ ਬੱਦੀ[1]।
ਏਹੁ ਗੁਰੂ ਬਡ, ਔਹ ਗੁਰੂ ਬਡ,
ਆਹ ਗੁਰੂ ਬਡ, ਵਾਹ ਏਹ ਗੱਦੀ[1] ॥ ੯ ॥

[1]ਬਕਵਾਦੀ।
[1]ਪਾਗਲ (ਅ) ਹੰਕਾਰੀ।
[1]ਅਗੋਂ ਹੀ।
[1]ਦੂਜੇ ਨੂੰ ਦੂਜਾ ਬੁਰਾ ਕਹਿੰਦਾ ਹੈ।
[1]ਇਹ ਗੱਦੀ ਅਸਚਰਜ ਹੈ।

ਪਾਵਤਿ ਜੋ ਬਲ ਲਜਾਵਤਿ ਸੋ ਖਿਚਿ,
ਭੇਟ ਦਿਲਾਵਤਿ ਪਾਵਤਿ ਅੱਧੀ।
ਖਾਸ ਗੁਰੂ ਜਬਰੋ ਜਬਰੀ,
ਸਿਖ ਕੋ ਸ੍ਰੁਤ ਫੂੰਕਤ ਮੰਤ ਸਤੱਦੀ[1]।

[1]ਆਪ ਗੁਰੂ ਬਦੋ ਬਦੀ ਸਿੱਖ ਦੇ ਕੰਨਾਂ ਵਿੱਚ (ਸਤੱਦੀ) ਧੱਕੇ ਨਾਲ ਮੰਤ੍ਰ ਸੁਣਾ ਦੇਂਦਾ ਹੈ।

ਦੈ ਪਰਸਾਦਿ ਬਿਵਾਦ[1] ਸੁਨਾਇ,
ਲਿਖੈਂ ਹਿੱਤ ਯਾਦ ਤਿਸੈ ਕੁਲ ਜੱਦੀ[1]।
ਵਾਹਿ ਮੁਸਾਹਿਬ ਸਾਹਿਬ ਗਾਦਿਨ[1],
ਆਹਿ ਬਿਸ਼ਰਮ ਸ਼ਿਤਾਂਨ ਮੁਸੱਦੀ[1] ॥ ੧੦ ॥

[1]ਉਪਦੇਸ਼।
[1]ਪਿਉ ਦਾਦੇ ਦੀ ਕੁਲ।
[1]ਉਨ੍ਹਾਂ ਦੇ ਸਾਥੀ ਵੱਡੇ ਗਧੇ ਹਨ।
[1]ਮੁਨਸ਼ੀ, ਕਲਰਕ।

ਯੌਂ ਜਬਿ ਸੋਢਿਨਿ ਸੂਰਜ ਮੱਲ,
ਪ੍ਰਿਥੀ ਸਸਿ ਪੌਤ੍ਰ[1] ਧੀਰ ਸੁ ਮੁੱਲੂ[2]।

[1]ਪ੍ਰਿਥੀ ਚੰਦ ਦਾ ਪੋਤ੍ਰਾ। [2](ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਵੱਡਾ ਭਰਾ) ਧੀਰ ਮੱਲ।

ਨਾਦਰ ਸੀ ਗਰਦੀ[1] ਇਨ ਕਾਦਰ[2],
ਡਾਰ ਰਖਜੋ ਗੁਰਿ ਸਿੱਖੀ ਮੈਂ ਹੁਲੂ[1]।
ਜੇਤਕ ਸਿੱਖ ਹੁਤੇ ਸਿਦਕੀ,
ਵਹਿ ਆਵਤਿ ਨਾਹਿਂ ਕਬੀ ਤਹਿਂ ਭੁਲੂ[1]।
ਜਾਂਨ ਰਖਜੋ ਰਵਿ ਏਕ ਗੁਰੂ[1]
ਪ੍ਰਗਟੈਂ, ਦਬ ਜੈਂਹਿ ਨਿਸਾਚਰ ਉਲੂ[1] ॥ ੧੧ ॥

[1]ਹਲਚਲੀ। [2]ਵੱਡੀ।
[1]ਹੁੱਲੜ ਪਾਰੱਖਿਆ ਹੈ।
[1]ਭੁੱਲ ਕੇ ਵੀ।
[1]ਇਕ (ਦਿਨ) ਗੁਰੂ ਰੂਪ ਸੂਰਜ।
[1]ਰਾਤ ਨੂੰ ਫਿਰਨ ਵਾਲੇ ਉਲੂਆਂ (ਵਾਂਗ ਦੰਭੀ ਗੁਰੂ) ਦਬ ਜਾਣਗੇ।

ਪੇਖਿ ਸ਼ਰੀਕਨ ਕੋ ਪੁਜਵਾਵਤਿ,
ਨਾਨਕੀ ਮਾਤ ਸੁਤੈਂ ਢਿਗ ਆਈ।
ਬੈਠਿ ਸਮੀਪ ਮਹਾਂ ਮਧੁਰੇ, ਪ੍ਰਿਯ
ਵਾਕਨ ਸੋਂ ਸਮਝਾਵਤਿ ਮਾਈ।
ਹੇ ਸੁਤ ! ਤੌਰ ਪਿਤਾ ਬਰ ਕੋ ਧਰਿ ਕੈ[1],
ਗੁਰੁ ਆਠਮ ਠੀਕ ਜਨਾਈ[1]।
ਸਾਚ ਗੁਰੂ ਤੁਮ ਕਯੋਂ ਬਿਦਤੋ ਨਹਿਂ[1],
ਕੂਰ ਗੁਰੂ ਬਨ ਹੈਂ ਬਹੁ ਭਾਈ[1] ॥ ੧੨ ॥
ਮੈਂ ਪਤਿ ਪੌਤਰ[1] ਔ ਪਰਪੌਤ੍ਰ[2]

[1]ਹੇ ਪੁੱਤ੍ਰ ਤੁਹਾਡੇ ਪਿਤਾ ਦੇ ਵਰ ਨੂੰ (ਮੁਖ) ਰੱਖ ਕੇ।
[1]ਚੰਗੀ ਤਰ੍ਹਾਂ ਜਣਾ ਗਏ ਹਨ ਭਾਵ ਸਮਝਾ ਗਏ ਹਨ।
[1]ਪ੍ਰਗਟ ਕਿਉਂ ਨਹੀਂ ਹੁੰਦੇ।
[1]ਬਹੁਤ ਤਰ੍ਹਾਂ।
[1]ਪੋਤ੍ਰੇ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ)। [2]ਪੜਪੋਤ੍ਰੇ (ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ)।

ਕੇ, ਸਬਿ ਲੱਖਨ ਨੈਨਿ ਨਿਹਾਰੇ।
ਤੱਗ[1] ਗੁਨੱਗ[2] ਸ੍ਰਬੱਗ[3] ਤ੍ਰਿਕਾਲੱਗ[11],

[1]ਤੱਤ ਦੇ ਜਾਣੂ। [2]ਗੁਣਾਂ ਦੇ ਜਾਣੂ। [3]ਸਾਰਿਆਂ ਦੇ ਜਾਣੂ। [11]ਤਿੰਨਾਂ ਸਮਿਆਂ ਦੇ ਜਾਣੂ।

ਜੱਗ ਲਖੈਂ ਸੁਖ ਅੱਗ ਭੁਤਾਰੇ[1]।

[1]ਜਗਤ ਦੇ ਸੁਖਾਂ ਨੂੰ ਭੂਤਾਂ ਦੀ ਅੱਗ ਵਾਂਗ (ਖਿਨ ਭੰਗਰ) ਜਾਣਦੇ ਸਨ।

ਧੀਰ ਧਰਾ ਸਮ[1] ਧਰਮ ਧੁਰੰਧਰ[2],
ਬੀਰ ਗੰਭੀਰ ਸਲੱਜ[1] ਉਦਾਰੇ।

[1]ਧੀਰਜ ਧਰਤੀ ਵਾਂਗ। [2]ਧਰਮ ਦੇ ਆਸਰਾ ਰੂਪ।
[1]ਲੱਜਿਆ ਸਹਿਤ।

ਸੋ ਸਬਿ ਲੱਖਨ ਹੈਂ ਤੁਮ ਮੈਂ,
ਗੁਰੁ ਔ ਅਵਤਾਰਨ ਕੇ ਜੁ ਅਪਾਰੇ ॥ ੧੩ ॥
ਪੂਰਨ ਚੰਦ ਗੁਰੂ ਨਿਰਖੇ ਬਿਨ[1],
ਸਿੱਖ ਚਕੋਰ ਮਹਾਂ ਦੁਖ ਪੋਹੈਂ[1]।
ਸੇਵਕ ਕੋਕ ਬਿਸੋਕ ਭਵੈਂ[1], ਸਿਖ
ਕੌਲ ਖਿਰੈਂ ਰਵਿ ਪੇਖਿ ਤੁਮੋ ਹੈਂ[1]।
ਬਜਾਕੁਲ ਸੰਗਤਿ ਏਕ ਗੁਰੁ ਬਿਨ,
ਹੀਨ ਫਨੀ ਮਨਿ ਮੀਨ ਜਲੇ ਹੈਂ[1]।

[1]ਦੇਖੇ ਤੋਂ ਬਿਨਾਂ।
[1]ਪਰਤੀਤ ਕਰਦੇ ਹਨ, ਮਹਿਸੂਸ ਕਰਦੇ ਹਨ।
[1]ਸੇਵਕਾਂ ਰੂਪ ਚਕਵੇ ਅਨੰਦ ਹੋ ਜਾਂਦੇ ਹਨ।
[1]ਸੂਰਜ ਵਾਂਗ ਤੁਹਾਨੂੰ ਵੇਖ ਕੇ।
[1]ਜਿਵੇਂ ਮਣੀ ਬਿਨਾਂ ਸੱਪ ਤੇ ਪਾਣੀ ਤੋਂ ਬਿਨਾਂ ਮੱਛੀ (ਵਿਆਕੁਲ ਹੁੰਦੀ) ਹੈ।

ਹੇਤ ਪਰੋ ਉਪਕਾਰ ਤੁਮਾਰ,
ਭਯੋ ਅਵਤਾਰ ਪੁਰਾ ਗੁਰੁ ਸੋਂ ਹੈ[1] ॥ ੧੪ ॥

[1]ਪਹਿਲੇ ਗੁਰਾਂ ਵਾਂਗ ਹੈ।

ਸੂਰ ਸਸੀ ਉਪਕਾਰ ਹਿਤੈ,
ਨਿਸ ਦਜੋਸ ਫਿਰੈਂ ਸਹਿ ਮੰਡਲ ਤਾਰੇ।
ਤਾਰੇ ਅਨੰਤ ਸ੍ਰੀ ਭਗਵੰਤ,

ਧਰੇ ਤਨ ਬਸੰਤ ਕਲੇਸ਼ ਸਹਾਰੇ।
ਹਾਰੇ ਨ ਸੋ ਨਿਜ ਧਰਮ ਸੰਭਾਰ,
ਜੁ ਪਾਰਥ[1] ਕ੍ਰਿਸ਼ਨ ਜਸੋਂ ਉੱਦਮ ਧਾਰੇ। [1]ਅਰਜਨ।
ਧਾਰੇ ਗਿਰੈਂ ਕਟਿ[1] ਗੰਗ ਭਗੀਰਥ, [1]ਪਹਾੜ ਦੀ ਧਾਰਾ ਨੂੰ ਕੱਟ ਕੇ।
ਲਜਾਇ ਲਯੋ ਜਸ ਹੇਤੁਪਕਾਰੇ[1] ॥ ੧੫ ॥ [1]ਪਰਉਪਕਾਰ ਵਾਸਤੇ।
ਕਾਰੇ[1] ਭਿਆਨਕ ਰਾਖਸ਼ ਕੋਟਿਕ, [1](ਰੰਗ ਦੇ) ਕਾਲੇ।
ਚੰਡਿ ਕਟੇ ਕਰ ਖੱਗ ਸੰਭਾਰੇ[1]। [1]ਹੱਥ ਵਿੱਚ ਤਲਵਾਰ ਪਕੜ ਕੇ।
ਭਾਰੇ ਸਹੇ ਦੁਖ ਭੂਪ ਹਰੀ-ਸਸਿ[1], [1]ਹਰੀ ਚੰਦ ਰਾਜੇ ਨੇ।
ਔਰ ਦਧੀਚ[1] ਸ਼ਿਵੀ[2] ਬਲਵਾਰੇ[3]। [1]ਸ਼ਾਂਤਿ ਦੇ ਗਰਭ ਤੋਂ ਅਥਰਵਾ ਦਾ ਪੁੱਤ੍ਰ ਇਕ ਵੈਦਿਕ ਰਿਸ਼ੀ। [2]ਗਾਂਧਾਰ (ਗੰਧਾਰ) ਦੇਰਾਜਾ ਉਸ਼ੀਨਰ ਦਾ ਪੁੱਤ੍ਰ ਜੋ ਪ੍ਰਸਿੱਧ ਦਾਨੀ ਮਹਾਰਾਜਾ ਹੋ ਗੁਜ਼ਰਿਆ ਹੈ। [3]ਬਲ ਵਾਲੇ।

ਵਾਰੇ[1] ਸਦਾ ਤਿਨਿ ਕੇ ਜਿਨਿ ਯਾ ਜਗਿ, [1]ਵਾਰਨੇ ਜਾਈਏ।
ਬਿੱਕ੍ਰਮਜੀਤ ਸੇ ਗੀਤ ਬਿਥਾਰੇ[1]। [1]ਜਸ ਫੈਲਾਏ।
ਥਾਰੇ ਬਡੇ ਗੁਰੁ ਨਾਨਕ ਜੀ,
ਬਹੁ ਦੇਸ ਫਿਰੇ ਹਿਤ ਹੈਂ ਉਪਕਾਰੇ ॥ ੧੬ ॥
ਤਜੋਂ ਉਪਕਾਰ ਹਿਤੈ ਬਿਦਤੋ ਤੁਮ,
ਸੰਗਤ ਕੇ ਦੁਖ ਸ਼ੋਕ ਨਸੈ ਹੈਂ।
ਜੋ ਗੁਰੁ ਕੂਰੁ ਬਨੇ ਗਰਜੈਂ ਗਜ[1], [1]ਹਾਥੀਆਂ (ਵਾਂਗ)।
ਸੋ ਤੁਮ ਕੋ ਸਿੰਘ ਪੇਖਿ ਪਲੈ ਹੈਂ[1]। [1]ਸ਼ੇਰ (ਰੂਪ) ਦੇਖ ਕੇ ਦੌੜ ਜਾਣਗੇ।
ਪੰਨਗ ਪੁੰਜ ਪਤੰਗ ਪਤੈ ਪਿਖਿ
ਪੌਰਖ, ਪਾਰ ਪਤਾਰ ਪਰੈ ਹੈਂ[1]। [1]ਬਹੁਤੇ ਸੱਪ ਗਰੁੜ ਦੇ ਬਲ ਨੂੰ ਵੇਖ ਕੇ ਪਤਾਲ ਤੋਂ ਵੀ ਪਾਰ ਪੈ ਜਾਂਦੇ ਹਨ ਭਾਵ ਡਰਦੇ ਪਤਾਲ ਤੋਂ ਵੀ ਹੋਰ ਹੇਠ ਚਲੇ ਜਾਂਦੇ ਹਨ। (ਪੰਨਗ-ਸੱਪ। ਪਤੰਗ ਪਤੈ-ਪੰਛੀਆਂ ਦਾ ਪਤੀ=ਗਰੁੜ।)

ਖੇਤ ਉਜਾਰਨ ਵਾਰ ਕਹੋ ਮ੍ਰਿਗ,
ਕਜੋਂ ਰਖਵਾਰਹਿ ਪੇਖਿ ਥਿਰੈ ਹੈਂ ॥ ੧੭ ॥
ਸੁਰ ਮਹਾਂ ਦਲ ਬਾਦਲ ਤੈਰਵਿ,
ਤਜੋਂ ਸੁਤ ਤੂੰ ਨਹਿਂ ਕਜੋਂ ਬਿਦਤੈ ਹੈਂ।
ਕਾਦਰ ਤੋਰ ਪਿਤਾ ਵਰ ਨਾਦਰ,
ਕਾ ਬਰ ਹਾਦਰ ਆਦਰ ਪੈ ਹੈਂ[1]। [1]ਵੱਡੇ ਸਮਰੱਥ ਤੇ ਸ੍ਰੇਸ਼ਟ ਤੇਰੇ ਪਿਤਾ ਦਾ ਵਰ ਹਾਜ਼ਰ ਹੈ (ਜਿਸ ਕਰਕੇ) ਤੂੰ ਆਦਰ ਪਾਵੇਂਗਾ।

ਤਜਾਗ ਬਹਾਦਰ ਕੀ ਇਮ ਮਾਦਰ,
ਸਾਦਰ ਜੱਦਪਿ ਯਾ ਦਰਸੈ ਹੈਂ[1]।
ਚਾਦਰ ਹਿੰਦੁਨ ਆਦਰ ਹੀਂ,
ਜਗ ਬਾਦਰ ਭਾਦਰ ਸਾ ਦਰਸੈ ਹੈ[1] ॥ ੧੮ ॥

[1]ਮਾਤਾ ਜੀ ਭਾਵੇਂ ਆਦਰ ਸਹਿਤ ਇਸ ਤਰ੍ਹਾਂ ਦਰਸਾ ਰਹੇ ਹਨ।

[1]ਹਿੰਦ ਦੀ ਇੱਜ਼ਤ ਦੇਰਾਖੇ ਸਤਿਕਾਰ ਯੋਗ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਜਗਤ ਨੂੰ ਭਾਦਰੋਂ ਦੇ ਬੱਦਲਾਂ ਵਾਂਗ (ਖਿਨ ਭੰਗਰ) ਦੇਖਿਆ ਹੈ।

ਲੇਵਨ ਦੇਵਨ ਆਪਨ ਔ ਪਰ,
ਲਾਭ ਰੁ ਹਾਨਿ ਸਮਾਨਿ ਮਨੈ ਹੈਂ।
ਬਾਹਰ ਖਾਨਰੁ ਪਾਨ ਕ੍ਰਿਆ ਤਨ
ਲੌ, ਜਨ ਔਰ ਕਰਾਤ ਕਰੈ ਹੈਂ।
ਆਧਿ ਬਿਆਧਿ ਉਪਾਧਿ ਬਿਨਾ,
ਸਦ ਸਾਧਿ ਸਮਾਧਿ ਅਗਾਧਿ ਰਹੈ ਹੈਂ[1]।
ਲੈ ਕਰਿ ਬੂੰਦ ਸ੍ਵਾਂਤਿ ਜਿਮੈਂ ਸਿੱਪਿ,
ਸਿੰਧੁ ਅਥਾਹਿ ਉਮਾਹਿ ਥਿਰੈ ਹੈਂ ॥ ੧੯ ॥

[1]ਹਮੇਸ਼ਾਂ ਨਿਰਵਿਕਲਪ ਸਮਾਧੀ ਲਾਈਰਖਦੇ ਹਨ।

ਚਾਹਿਤ ਨ ਬਿਵਹਾਰਨਿ ਲਾਗਿ ਸੁ,
ਤਜਾਗ ਵਿਰਾਗ ਨੁਰਾਗ ਬਿਲਾਗੇ[1]।
ਖੂਬ ਰਹੈਂ ਮਹਬੂਬ ਵਿਖੇ
ਮਨਿ ਮਸਤ, ਸਮੱਸਤ ਦਿਨੈ ਨਿਸ ਪਾਗੇ[1]।

[1]ਪ੍ਰੇਮ ਵਿੱਚ ਵਿਸ਼ੇਸ਼ ਕਰ ਕੇ ਲੱਗੇ ਰਹਿੰਦੇ ਹਨ।

[1]ਚੰਗੀ ਤਰ੍ਹਾਂ ਪਿਆਰੇ ਪ੍ਰਮੇਸ਼ਰ ਵਿੱਚ ਸਾਰਾ ਦਿਨ ਤੇਰਾਤ ਮਨ ਕਰ ਕੇ ਮਸਤ ਤੇ ਲੀਨ ਰਹਿੰਦੇ ਹਨ।

ਬੈਠਿ ਇਕੰਤ ਨਿਰੰਤ[1] ਸੁਤੰਤ[2],
ਅਨੰਤ ਪ੍ਰਭੂ ਭਗਵੰਤਹਿ ਲਾਗੇ।
ਸੋਇ ਰਹਜੋ ਜਗ ਜਾਂਹਿ ਨਿਸਾ ਮੱਧ,
ਤਜਾਗ ਬਹਾਦਰ ਤਾ ਮਹਿਂ ਜਾਗੇ ॥ ੨੦ ॥
ਅੰਤਰਿ ਬ੍ਰਿੱਤਿ ਬਿਲੀਨ ਨਿਜਾਨੰਦ
ਮਾਂਹਿ, ਮਹਾਂਰਸੁ ਲੇਤੁ ਚਹੈ ਹੈਂ।
ਮਾਨ ਅਪਮਾਨ ਸੁਖੈਂ ਦੁਖ ਦਾਨ,
ਅਨਿਸ਼ਟ ਸੁ ਇਸ਼ਟ ਜਰਾ ਨ ਜਨੈ ਹੈਂ[1]।

[1]ਲਗਾਤਾਰ। [2]ਸੁਤੰਤਰ।

[1]ਆਦਰ ਤੇ ਨਿਰਾਦਰ, ਸੁਖ ਤੇ ਦੁਖ ਦਾ ਦੇਣਾ, ਦੁਸ਼ਮਣੀ ਤੇ ਮਿੱਤ੍ਰਤਾ ਥੋੜ੍ਹੀ ਜੇਹੀ ਵੀ ਨਹੀਂ ਜਣਾਉਂਦੇ।

ਆਤਪ ਸੀਤ[1] ਨ ਦੇਹ ਬਜਾਪਤ,
ਜਾਪਤ ਜਾਪ ਅਜਪਾਰਹੈ ਹੈਂ।
ਬੋਲਨ ਡੋਲਨ[1] ਰੋਵਨ ਹੱਸਨ,

[1]ਧੁੱਪ ਤੇ ਠੰਡ ਭਾਵ ਗਰਮੀ ਤੇ ਸਰਦੀ।

[1]ਫਿਰਨਾ।

ਰੰਗ[1] ਉਮੰਗ[2] ਨਿਸੰਗ ਕਰੈ ਹੈਂ ॥ ੨੧ ॥

[1]ਅਨੰਦ। [2]ਉਤਸ਼ਾਹ ਨਾਲ।

ਅੱਤਿ ਪਰਮੱਤ[1] ਪਰੇ ਰਹਿਂ ਅੰਤਰ,
ਦੱਤ ਭਰੱਤ ਜਿਮੈਂ ਬ੍ਰਿਤਿ ਰੈਹੈਂ[1]।

[1]ਬਹੁਤੇ ਮਸਤ ਹੋ ਕੇ।

[1]ਦੱਤਾਤ੍ਰੇਯ ਤੇ ਜੜ੍ਹ ਭਰਤ ਵਾਂਗ (ਮਸਤ) ਬ੍ਰਿਤੀ ਵਿੱਚ ਰਹਿੰਦੇ ਹਨ।

ਯਾ ਜਗ ਕੇ ਗੁਰੁ ਹੋਵਨਾ ਕਜਾ,
ਵਹਿ ਚੌਦਸ ਭੌਨ ਬਿਭੂਤ ਨ ਚੈ ਹੈਂ।
ਮਾਤ ਕਬੈ ਬਹੁ ਬਾਤ ਕਹੈਂ ਜਬਿ,
ਸੋ ਸੁਨਿ ਪੇਖਿ ਨ ਉੱਤਰ ਦੈ ਹੈਂ।
ਭੋਜਨ ਨੀਂਦ ਕਰੈਂ ਕਬਿ ਹੀ ਤੁੱਛ,
ਪੁੱਛ ਰਹੈਂ[1] ਪਰ ਕੁੱਛ ਨ ਕੈਹੈਂ ॥ ੨੨ ॥

[1](ਮਾਤਾ ਜੀ) ਪੁੱਛਦੇ ਰਹਿੰਦੇ ਹਨ।

ਬਾਘਨਿ ਸੀ[1] ਬਡਿਆਈ ਪਿਖੈਂ ਜਗਿ,
ਨਾਗਨ ਸੀ ਸੁਠ ਨਾਰੀ ਨ੍ਰਿਖੈ ਹੈਂ[1]।
ਆਗਨਿ ਸੀ ਫੁਲਵਾਈ ਅਸ਼ੋਕ,
ਸੁ ਕਾਗਨਿ ਸੀ ਕੁਨਿਆਈ ਜਨੈ ਹੈਂ[1]।

[1]ਸ਼ੇਰਨੀ ਵਾਂਗ।

[1]ਸੁੰਦਰ ਇਸਤ੍ਰੀ ਨੂੰ ਸੱਪਣੀ ਵਾਂਗ ਦੇਖਦੇ ਹਨ।

[1]ਅਨੰਦ ਦਾਇਕ ਫੁੱਲਾਂ ਦੀ ਬਗੀਚੀ ਅੱਗ ਵਰਗੀ (ਲੱਗਦੀ ਹੈ) ਅਤੇ ਬੇਇਨਸਾਫ਼ੀ ਨੂੰ ਕਾਉਣੀ (ਕਾਂ ਦੀ ਇਸਤ੍ਰੀ) ਵਰਗੀ ਜਾਣਦੇ ਹਨ।

ਭੂਤਨਿ ਆਗਿ ਬਿਭੂਤਿ ਤਿਲੋਕ,
ਵਿਸ਼ੇ ਵਿਸ਼, ਹੈਰਤ ਹਾਸਿ ਧਰੈ ਹੈਂ[1]।

[1]ਤਿੰਨਾਂ ਲੋਕਾਂ ਦੀ ਸਮੱਗ੍ਰੀ ਨੂੰ ਭੂਤਾਂ ਦੀ ਅੱਗ (ਵਾਂਗ ਖਿਨ ਭੰਗਰ ਤੇ) ਵਿਸ਼ਿਆਂ ਨੂੰ ਜ਼ਹਿਰ (ਸਮਝਦੇ ਹਨ) (ਅਤੇ) ਹਾਸੀ (ਵਲੋਂ) ਹੈਰਾਨਗੀ ਧਾਰਨ ਕਰਦੇ ਹਨ।

ਸੂਲ ਸਿੱਧਾਈ, ਨਿਦਾਘ ਸੀ ਨੌ ਨਿਧਿ,
ਤੇਗ ਬਹਾਦਰ ਸਾਚੁ ਲਖੈ ਹੈਂ[1] ॥ ੨੩ ॥

[1](ਅਠਾਰਾਂ) ਸਿੱਧੀਆਂ ਸੂਲਾਂ (ਵਾਂਗ) ਚੁੱਭਣ ਵਾਲੀਆਂ ਅਤੇ) ਨੌ ਨਿਧੀਆਂ (ਨੂੰ) ਗਰਮੀ ਦੀ ਰੁੱਤ ਵਾਂਗ (ਤਪਾਉਣ ਵਾਲੀਆਂ) ਸ੍ਰੀ ਗੁਰੂ ਤੇਗ਼ ਬਹਾਦਰ ਜੀ ਠੀਕ ਜਾਣਦੇ ਹਨ।

ਪੈ ਕਰਤਾਰ ਕਰਾਵਨਹਾਰ,
ਹਿਤੈ ਉਪਕਾਰ ਜੁ ਚਾਹਿ ਕਰਾਈ।
ਕੇਤਕ ਮਾਸ ਬਿਤੇ ਜਬਿ ਯੌਂ,
ਗੁਰੁ ਕੂਰੁ ਸਿਖੈਂ[1] ਉਗਰਾਹਿ ਸੁ ਖਾਂਈ।
ਪੈ ਸਬਿਸੈਂ ਬਡ ਧੀਰਜ ਮੱਲ,
ਸਮਾਨ ਪੁਮਾਨ ਬਨਾਵ ਬਨਾਈ[1]।
ਲੇਵਤਿ ਸਿੱਖਨਿ ਤੈ ਬਹੁ ਭੇਟ,
ਗੁਰੂ ਪ੍ਰਗਟਜੋ ਸਬਸੈਂ ਕਹਿਲਾਈ ॥ ੨੪ ॥

[1]ਝੂਠੇ ਗੁਰੂ, ਸਿੱਖਾਂ ਨੂੰ।

[1]ਸਾਮਾਨ ਤੇ ਬੰਦਿਆਂ ਦੀ (ਵੱਡੀ) ਬਨਾਵਟ ਬਣਾਈ ਹੈ।

ਏਕ ਦਿਨਾ ਗੁਰੁ ਤੀਸਰ ਅੰਸ,
ਦੁਆਰਕਾ ਦਾਸ ਕੋ ਮਾਤ ਬੁਲਾਯੋ।
ਸੰਗ ਅਯੋ ਗੜੀਆ ਭਾਈ,
ਜੋ ਬਡ ਸਿੱਧ ਮੁਨੀਸਰ ਥਾ ਬਿਦਤਾਯੋ।
ਨਾਨਕੀ ਮਾਤ ਹਵਾਲ ਸਬੀ,
ਤਿਨ ਕੋ ਸਮੁਝਾਇ ਗੁਰਹਿਂ ਸੁਨਵਾਯੋ।
ਨੌਮ ਗੁਰੂ ਉਨਿ ਕਾ ਬਚ ਮਾਨਤਿ,
ਜਾਨਤਿ ਪੂਰਨ ਪੁਰਖੁ ਮਹਾਯੋ ॥੨੫॥
ਦ੍ਵਾਰਕਾ ਦਾਸ ਤਬੈ ਗੁਰੁ ਨੌਮਹਿਂ,
ਭਾਂਤਿ ਅਨੇਕਨ ਬਾਤ ਸੁਨੈ ਕੈ।
ਤਾਮਰ ਪਾਂਚ ਸ੍ਰੀ ਫਲ[1] ਭੇਟ ਦੈ,
ਗਾਦੀ ਬਿਠਾਯੋ ਸੁ ਖੌਰ ਕਰੈ ਕੈ[1]।
ਪ੍ਰੇਰ ਪੁਨਾ ਬਹੁ ਸਿੱਖਨਿ ਕੋ,
ਗੁਰੁ ਨੌਮ ਕੀ ਓਰ ਮਜੋਰ ਝੁਕੈ ਕੈ।
ਸੋ ਜਬਿ ਗੋਇੰਦਵਾਲ ਗਏ,
ਗੁਰੁ ਅੰਤਰ ਹੀ ਰਹਿਂ ਰੋਜ ਥਿਰੈ ਕੈ ॥੨੬॥
ਮੱਖਣ ਸ਼ਾਹਿ* ਲਬਾਣਾ ਹੁਤੋ ਸਿੱਖ,

[1]ਪੰਜ ਪੈਸੇ ਤੇ ਨਲੇਰ।

[1]ਤਿਲਕ ਕਰਕੇ।

*ਮੱਖਣ ਸ਼ਾਹ-ਪੱਛਮੀ ਪੰਜਾਬ (ਪਾਕਸਤਾਨ) ਦੇ ਜ਼ਿਲਾ ਜਿਹਲਮ ਦੇ ਟਾਂਡਾ ਪਿੰਡ ਦਾ ਵਸਨੀਕ ਇਕ ਵਪਾਰੀ ਜੋ ਲੁਬਾਣਾ ਸਿੱਖ ਸੀ।

ਦੱਖਣ ਦੇਸ ਰਹਾਵਨ ਵਾਰੋ।
ਬੈਲ ਚਲੈ ਇਕ ਲਾਖ ਤਿਸੈ,
ਅਰ ਖੇਪ ਜਹਾਜਨ ਕੋ ਬਨਜਾਰੋ[1]।
ਤਾਂਹਿ ਜਹਾਜ ਲਗੋ ਡੁਬਨੇ ਸਿੰਧੁ,
ਬਜਾਕੁਲ ਹ੍ਵੈ ਗੁਰੁ ਵਾਹਿ ਚਿਤਾਰੋ।
ਮੰਨਤ ਮੁਹਰ ਕਰੀ ਤਿਨ ਪਾਂਚ ਸੌ,
ਤਾਰ ਜਹਾਜ ਕਰਜੋ ਗੁਰੁ ਪਾਰੋ ॥੨੭॥
ਬੇਚਿ ਨਫਾ ਤਿਨਿ ਭੂਰ ਲਯੋ,
ਤਬਿ ਮੰਨਤ ਲੈ ਗੁਰੁ ਓਰ ਪਧਾਰਾ।
ਔਰ ਹੁਤੋ ਦਸਵੰਧ ਕਈ ਸਦ[1],
ਦੇਤਿ ਜੁ ਨੀਤ ਗੁਰੂ ਹਿਤ ਸਾਰਾ।
ਸੋ ਤਬਿ ਲੈ ਜਬਿ ਆਇ ਪੰਜਾਬ,

[1](ਸਮੁੰਦਰੀ) ਜਹਾਜ਼ਾਂ ਤੇ ਲੱਦਣ ਵਾਲੀਆਂ ਚੀਜ਼ਾਂ ਦਾ ਵਪਾਰੀ।

[1]ਸੈਂਕੜੇ।

ਗੁਰੂ ਘਰ ਕਾ ਸਬਿ ਹਾਲ ਨਿਹਾਰਾ।
ਬੂਡ ਗਯੋ ਮਧ ਸ਼ੋਕ, ਕਹੇ
ਗੁਰੁ ਸਾਚਹਿ ਕਾ ਕਿਮ ਹੋਇ ਦਿਦਾਰਾ ॥੨੮॥
ਏਤਕ ਦੂਰ ਅਯੋ ਚਲਿ ਕੈ,
ਤਜਿ ਧਾਮਰੁ ਕਾਮ, ਪੁਗਜੋ[1] ਦੁਖ ਪਾਈ। [1](ਏਥੇ) ਪੁਜਿਆ ਹਾਂ।
ਲੋਪ ਭਏ ਗੁਰੁ ਆਠਮ ਆਵਤਿ,
ਕੂਰ ਥਿਰੇ ਬਨਿ ਔਰਹਿਂ ਬਾਈ।
ਕਯੋਂ ਕਰਿ ਹੋਇ ਸਹੀ ਗੁਰੁ ਏਕ,
ਬਿਨਾ ਪਰਖੇ ਰਹਿ ਹੈ ਦੁਚਿਤਾਈ।
ਮੰਦ ਬੁਲੰਦ[1] ਅਹੇ ਮਮ ਭਾਗ, [1]ਬਹੁਤੇ ਮਾੜੇ।
ਅਨਿੰਦ[1] ਗੁਰੂ ਜਬਿ ਲੌ ਨ ਲਖਾਈ[2] ॥੨੯॥ [1]ਉਸਤਤਿ ਯੋਗ। [2]ਜਾਣਦਾ, ਦੇਖਦਾ।
ਫੇਰ ਵਿਚਾਰ ਲਯੋ ਦਿਢ ਧਾਰ,
ਧਰੋਂ ਸਬਿ ਅੱਗਰ ਮੈਂ ਇਕ ਏਕੈਂ[1]। [1]ਇੱਕ ਇੱਕ (ਮੁਹਰ)।
ਜੋ ਗੁਰੁ ਸਾਚ ਸਹੀ ਸਮ੍ਰੱਥ ਹ੍ਵੈ,
ਮਾਂਗ ਲਹੈ ਅਪਨੋ ਸਬਿ ਠੇਕੈਂ[1]। [1]ਠੇਕਾ ਭਾਵ ਸੁੱਖਣਾ ਦੀਰਕਮ।
ਜੈਸ ਧਰਜੋ ਮਨਿ ਤੈਸ ਕਰਜੋ ਉਨਿ,
ਐਪਰ ਨਾਹਿਂ ਚਹਜੋ ਕਿਨ ਏਕੈਂ[1]। [1]ਕਿਸੇ ਇਕ ਨੇ ਵੀ ਨਹੀਂ ਮੰਗੀ।
ਜੋ ਜਿਹ ਦੀਨ ਤਿਤੋ ਤਿਹ ਲੀਨ,
ਤਬੈ ਤਿਨਿ ਕੀਨ ਵਿਚਾਰ ਬਿਵੇਕੈਂ[1] ॥੩੦॥ [1]ਨਿਰਣਾ ਕਰ ਲਿਆ (ਕਿ ਇਨ੍ਹਾਂ ਵਿੱਚ ਕੋਈ ਵੀ ਸੱਚਾ ਗੁਰੂ ਨਹੀਂ ਹੈ)।

ਬੂਝਨ ਕੀਨ ਮਸੰਦਨ ਕੋ,
ਅਬਿ ਔਰ ਰਹਜੋ ਕਿ ਨ ਕੋ ਗੁਰੁ-ਜ਼ਾਦਾ[1]। [1]ਗੁਰਾਂ ਦਾ ਸਾਹਿਬਜ਼ਾਦਾ ਭਾਵ ਗੁਰਾਂ ਦੀ ਅੰਸ।
ਬੋਲ ਉਠੇ ਇਕ ਤੇਗਾ ਰਹਜੋ,
ਬਿਨੁ ਭੇਟ ਦਏ ਪਗਲਾ ਸੁ ਅਜਾਦਾ[1]। [1]ਆਜ਼ਾਦ ਖ਼ਿਆਲ ਭਾਵ ਫੱਕਰ ਹੈ।
ਹੋਵਗ ਸੋ ਕਿਤ ਠਾਮ ਪਰਜੋ,
ਨਹਿ ਬੋਲਤ ਡੋਲਤ[1] ਬਾਹਰ ਜ਼ਜਾਦਾ। [1]ਫਿਰਦਾ।
ਯਾ ਕਿਤ ਬਾਲਨ ਸੋਂ ਵਹਿ ਖੇਲਤਿ
ਹੋਹਿ, ਰਖੈ ਨਹਿਂ ਕੋ ਮਰਜਾਦਾ ॥੩੧॥
ਰੋਵਤਿ ਹੈ ਕਬਹੂੰ ਬਹੁ ਹੱਸਤਿ,
ਕੱਸਤਿ[1] ਹੈ ਤਨ ਕੋ ਦਿਨ ਰੈਨਾ। [1]ਕਸ਼ਟ ਦੇਂਦਾ ਹੈ।

ਅਵਤਿ ਜੋ ਘਰ ਤੈ ਵੱਥ[1] ਹੱਥ,
ਸੁ ਦੇਤਿ ਫਕੀਰ ਗ੍ਰੀਬਨਿ ਐਨਾ[1]।
ਧਾਮ ਕਰਜੋ ਬਰਬਾਦ ਇਮੈ ਖੁਦ[1],
ਖਾਨ ਰੁ ਪਾਨਹਿ ਕੀ ਸੁਧ ਹੈ ਨਾ।
ਕੰਚਨ ਕਾਚ, ਅਮੀ ਬਿਖੁ, ਸੱਤ੍ਰੁ
ਮਿੱਤ੍ਰ, ਮਾਨ ਅਪਮਾਨ ਲਖੈ ਨਾ ॥ ੩੨ ॥

[1]ਵਸਤੂ।
[1]ਘਰਾਂ ਵਿੱਚ।
[1]ਇਉਂ ਆਪ।

ਰਹਿ ਭਾਰੀ ਬਿਮਾਰੀ ਖੁਮਾਰੀ ਚਢੀ[1],
ਪਰਵਾਹਿ ਨ ਕਾਹਿ ਰਖਾਹਿਤ ਹੈਂ।
ਪਰ ਕੋ ਘਰ ਕੋ ਫਰਕੋ ਨ ਜਰਾ,
ਜਰ ਕੋ ਧਰ ਕੋ[1] ਨਹਿਂ ਚਾਹਿਤ ਹੈਂ।
ਇਕਸੋ[1] ਤਿਹ ਕੀਰ[2] ਅਮੀਰ ਸਬੈ,
ਪਰ ਸੰਗ ਫਕੀਰਨਿ ਆਹਿਤ ਹੈਂ[1]।
ਬਸਤੀ ਤਜ ਕੈ ਭਜ ਕੈ ਮਸਤੀ,
ਹਸਤੀ ਜਿਮ ਜੰਗਲ ਗਾਹਿਤ ਹੈਂ ॥ ੩੩ ॥

[1]ਭਾਰੀ ਬੀਮਾਰੀ (ਵਾਂਗ) ਮਸਤੀ ਚੜ੍ਹੀ ਰਹਿੰਦੀ ਹੈ।
[1]ਧਨ ਨੂੰ (ਅਤੇ) ਧਰਤੀ ਨੂੰ।
[1]ਇੱਕੋ ਜਿਹੇ ਹਨ। [2]ਕੰਗਾਲ।
[1]ਚਾਹੁੰਦੇ ਹਨ।

ਸੁਨਿ ਕੈ ਗੁਨਿ ਕੈ ਧੁਨਿ ਕੈ ਸਿਰ ਸੋ[1]
ਪੁਛ ਕੈ ਕੁਛ ਕੈ ਤਿਸ ਠੌਰ ਗਯੋ।
ਪ੍ਰਭੁ ਰੱਤਿ ਸੁਮੱਤਿ ਭਗੱਤਿ ਵਿਖੈ,
ਸਮ ਦੱਤ ਜਹਾਂ ਗੁਰੁ ਗੌਰ ਥਯੋ[1]।

[1]ਉਹ ਮੱਖਣ ਸ਼ਾਹ।
[1]ਪ੍ਰਭੂ ਦੀ ਪ੍ਰੀਤੀ ਤੇ ਭਗਤੀ ਵਿੱਚ ਚੰਗੀ ਤਰ੍ਹਾਂ ਦੱਤਾ ਤ੍ਰੇਯ (ਵਾਂਗ) ਮਸਤ ਭਾਰੀ ਗੁਰੂ (ਸ੍ਰੀ ਗੁਰੂ ਤੇਗ਼ ਬਹਾਦਰ ਜੀ) ਜਿੱਥੇ (ਬੈਠੇ) ਸਨ।

ਪਿਖਿ ਕੈ ਸਿਖ ਕੈ ਮਨਿ ਮੋਦ ਛਯੋ[1],
ਨਿਸਚੈ ਗੁਰੂ ਪੂਰਨ ਤੌਰ ਲਯੋ[1]।

[1]ਮਨ ਵਿੱਚ ਅਨੰਦ ਭਰ ਗਿਆ।
[1]ਨਿਸਚਾ ਹੋ ਗਿਆ (ਕਿ ਹੁਣ) ਪੂਰੀ ਤਰ੍ਹਾਂ ਗੁਰੂ ਨੂੰ (ਲੱਭ) ਲਿਆ ਹੈ।

ਸ਼ਰਫੀ ਜੁਗ[1] ਭੇਟ ਚਢਾਇ ਗਹੇ ਪਦ,
ਦੇਖਿ ਗੁਰੂ ਕਹਿਂ ਬੌਰ ਭਯੋ[1] ॥ ੩੪ ॥

[1]ਦੋ ਮੁਹਰਾਂ।
[1](ਤੈਨੂੰ) ਸ਼ੁਦਾਅ ਹੋ ਗਿਆ ਹੈ।

ਹਮਰੀ ਸ਼ਰਫੀ ਤੁਮ ਪੈ ਪੰਜ ਸੌ,
ਦਸਵੰਧ ਸੁ ਔਰ ਨਿਰੱਲਾ ਪਯੋ[1]।
ਸਿੰਧੁ ਪਾਰ ਜਹਾਜ ਉਤਾਰ ਤੁਮਾਰ,
ਅਵੱਲਾ ਬਿਪਾਰ ਸੁਵੱਲਾ ਕਯੋ[1]।
ਅਬਿ ਪੂਰੀ ਮਜੂਰੀ ਜਰੂਰੀ ਲਹੈਂ,

[1]ਹੋਰ ਵੱਖਰਾ (ਤੇਰੇ ਕੋਲ ਜਮ੍ਹਾਂ) ਪਿਆ ਹੈ।
[1]ਘਾਟੇ ਵਾਲਾ ਵਪਾਰ ਨਫੇ ਵਾਲਾ ਕਰ ਦਿੱਤਾ।

ਪਿਖਿ ਕੰਧ, ਅਬੀ ਲਗ ਛਿੱਲਾ ਪਯੋ[1]।
ਹਮ ਮਾਨਤ ਨਾਂਹਿ ਅਮਾਨਤ ਛੋਰਨਿ,
ਜਾਨਤਿ ਤੂੰ ਇਹੁ ਝੱਲਾ ਪਯੋ[1] ॥ ੩੫ ॥

[1]ਵੇਖ ! ਮੋਢਾ ਹੁਣ ਤੱਕ ਛਿੱਲਿਆ ਪਿਆ ਹੈ।

[1](ਸਾਨੂੰ) ਤੂੰ ਜਾਣਦਾ ਹੈਂ ਕਿ ਇਹ (ਕੋਈ) ਸ਼ੁਦਾਈ ਪਿਆ ਹੈ।

ਸੁਨਿ ਕੈ ਗੁਨਿ ਕੈ ਲਖਿ ਬਾਚ ਸਹੀ[1],
ਲਖਜੋ ਗੁਰੁ ਸਾਚ ਇਕੱਲਾ ਨਯੋ[1]।
ਮਨਿ ਮਾਨ ਮਹਾ ਮੁਦ ਠਾਨਿ ਤਬੈ,
ਸਿਖ ਸਾਦਿਕ ਕੇ ਮਨਿ ਠੱਲਾ ਅਯੋ[1]।
ਸ਼ਰਫੀ[1] ਸਬਿ ਮੰਨਤ ਕੀ ਸਰਫੀ[2],
ਗੁਰੁ ਕੋ ਨਿਸਚੇ ਬਪੁ ਅੱਲਾ ਠਯੋ[1]।
ਮਨਿ ਮੋਦ ਪ੍ਰਮੋਦ ਬਿਨੋਦ ਬਢੋ[1],

[1]ਸੱਚੇ ਬਚਨ ਜਾਣ ਕੇ।

[1]ਜਾਣਿਆ ਕਿ ਇਹ ਇੱਕੋ ਇਕ ਸੱਚਾ ਤੇ ਨਵਾਂ ਗੁਰੂ ਹੈ।

[1]ਟਿਕਾ ਆ ਗਿਆ।

[1]ਮੁਹਰਾਂ। [2]ਭੇਟਾ ਕਰ ਦਿੱਤੀਆਂ।

[1]ਅੱਲਾ ਦਾ ਸਰੂਪ ਨਿਸਚੇ ਕੀਤਾ।

[1](ਇਸ) (ਬਿਨੋਦ) ਕੌਤਕ ਨਾਲ ਮਨ ਵਿੱਚ ਬਹੁਤ ਜ਼ਿਆਦਾ ਅਨੰਦ ਵਧਿਆ।

ਨਹਿ ਮੱਖਨ ਸ਼ਾਹਿ ਤੈ ਝੱਲਾ ਗਯੋ ॥ ੩੬ ॥

ਚਢਿ ਮੰਦਰ ਹੇਰਤਿ ਟੇਰਤਿ ਭੌ[1],
ਅਰ ਫੇਰਤਿ ਸੋ ਕਰ ਪੱਲਾ ਲਯੋ[1]।
ਸਿੱਖ ਸੰਗਤਿ ਭੁੱਲਿਓ ਆਓ ਇਤੈ,
ਹਮ ਸਾਚ ਗੁਰੂ ਲੱਭ ਭੱਲਾ[1] ਲਯੋ।
ਬਹੁ ਬਾਰ ਪੁਕਾਰ ਕਹਿਯੋ ਜਬਿ ਯੌਂ,
ਸੁਨਿ ਸਿੱਖ ਅਪਾਰਨ ਹੱਲਾ ਕਯੋ।
ਸੁਨਿ ਕੈ ਸਿਖ ਤੈ ਕਰਾਮਾਤ ਬ੍ਰਿਤਾਂਤ,
ਬਖਜਾਤ ਬਤਾਤ ਸੁਖੱਲਾ ਭਯੋ[1] ॥ ੩੭ ॥

[1]ਦੇਖ ਕੇ ਆਖਣ ਲੱਗਾ।

[1]ਅਤੇ ਉਸ ਨੇ ਹੱਥ ਵਿੱਚ ਪੱਲਾ ਲੈ ਕੇ ਫੇਰਿਆ।

[1]ਚੰਗਾ (ਅ) ਚੰਗੀ ਤਰ੍ਹਾਂ।

[1](ਇਹ) ਪਰਤੱਖ ਪ੍ਰਸੰਗ (ਹੋਰਨਾਂ ਨੂੰ) ਦੱਸਦੇ ਹਨ (ਕਿ ਉਹ ਮੱਖਣ ਸ਼ਾਹ ਗੁਰਾਂ ਨੂੰ ਪ੍ਰਗਟ ਕਰਕੇ) ਸੁਖਾਂ ਦਾ ਘਰ ਹੋ ਗਿਆ ਹੈ।

ਗੁਰ ਕੇ ਪਦ ਪੰਕਜ ਆ ਲਪਟੈਂ,
ਕਪਟੈਂ ਤਜਿ ਭੇਟ ਚਢੱਲਾ ਕਯੋ[1]।
ਹਰਿ ਰੂਪੁ ਸਹੀ ਗੁਰੁ ਕੋ ਲਖਿ ਕੈ,
ਸਬਿ ਕਾ ਮਨ ਯੌਂ ਨਿਸਚੱਲਾ ਭਯੋ[1]।
ਪਤਿ ਪਾਇ ਪਤਿਬ੍ਰਤਾ ਸਿੱਖ ਕੋ,
ਬ੍ਰਹਮ ਆਤਮ ਗਜਾਨ ਨਿਰੱਲਾ ਭਯੋ[1]।

[1]ਚੜ੍ਹਾਉਂਦੇ ਹਨ।

[1]ਟਿਕ ਗਿਆ।

[1]ਸਿਖ ਰੂਪ ਪਤੀਬ੍ਰਤਾ ਇਸਤ੍ਰੀ ਨੂੰ ਗੁਰੂ ਰੂਪ ਪਤੀ ਪਾ ਕੇ ਬ੍ਰਹਮ ਆਤਮਾ ਦਾ ਅਨੋਖਾ ਗਿਆਨ ਹੋ ਗਿਆ ਹੈ।

ਮ੍ਰਿਤੁ ਪ੍ਰਾਨ ਮਨੀ ਫਨਿ ਰੰਕ ਨਿਧੀ
ਜਲ ਮੀਨ ਗਏ ਫਿਰ ਮਿੱਲਾ ਲਯੋ[1] ॥ ੩੮ ॥

[1]ਮੁਰਦੇ ਨੂੰ ਪ੍ਰਾਣ, ਸੱਪ ਨੂੰ ਮਣੀ, ਕੰਗਾਲ ਨੂੰ ਖਜ਼ਾਨਾ ਅਤੇ

ਮੁਖਿ ਸਿੱਖਨਿ ਕੌਲ ਪ੍ਰਫੁੱਲਤ ਭੇ[1],
ਗੁਰੁ ਪੂਰਨ ਸੂਰ ਉੱਜਲਾ ਲਯੋ[1]।
ਛਬਿ ਛੀਨਿ ਛਪਾ ਕਰ ਧੀਰ ਮਲੈਂ,
ਗੁਰੁ ਦੀਗਰ ਦੀਪਨ ਚੱਲਾ ਲਯੋ[1]।

ਮੱਛੀ ਨੂੰ ਪਾਣੀ ਜਾਣੋਂ ਗਏ ਹੋਏ ਫੇਰ ਮਿਲ ਪਏ ਹਨ।
[1]ਖਿੜ ਗਏ।
[1]ਪੂਰਨ ਗੁਰੂ ਰੂਪ ਸੂਰਜ ਦਾ ਚਾਨਣ ਲੈ ਕੇ।
[1]ਧੀਰ ਮੱਲ ਰੂਪ ਚੰਦ੍ਰਮਾਂ ਨੇ (ਆਪਣੀ) ਸੋਭਾ (ਚਮਕ) ਗਵਾ ਲਈ ਅਤੇ (ਬਾਕੀਰਹਿੰਦੇ) ਦੂਜੇ ਗੁਰੂ ਰੂਪ ਦੀਵੇ ਚਲੇ ਗਏ ਭਾਵ ਬੁਝ ਗਏ। (ਛਪਾਕਰ– ਚੰਦ੍ਰਮਾ)।

ਤਮ ਰੌਲਾ ਬਿਬਾਦ ਬਿਲਾਯ ਗਯੋ,
ਪ੍ਰਤਿਪੱਖਿ ਉਲੂਕ ਖੁਡੱਲਾ ਲਯੋ[1]।

[1]ਰੌਲੇ ਤੇ ਝਗੜੇ ਦਾ ਅੰਨ੍ਹੇਰਾ ਦੂਰ ਹੋ ਗਿਆ ਅਤੇ ਵਿਰੋਧੀਆਂ ਰੂਪ ਉੱਲੂ ਖੁੱਡਾਂ 'ਚ ਜਾ ਵੜੇ।

ਮੁਖ ਮੰਦ ਮਸੰਦ ਭਬੂਲਨਿ ਭੇ,
ਸਿਰਿ ਨਿੰਦਕ ਚੋਰਨਿ ਖੱਲਾ ਪਯੋ[1] ॥ ੩੯ ॥

[1](ਝੂਠੇ ਗੁਰੂਆਂ ਦੇ) ਮਸੰਦਾਂ ਰੂਪ ਕਮੀਆਂ ਦੇ ਮੂੰਹ ਮੁਰਝਾ ਗਏ ਅਤੇ ਨਿੰਦਕਾਂ ਰੂਪ ਚੋਰਾਂ ਦੇ ਸਿਰ ਵਿੱਚ ਜੁੱਤੇ ਪਏ। (ਭਬੂਲਨਿ– ਕਮੀਆਂ। ਖੱਲਾ– ਖੱਲ ਦੇ ਬਣੇ ਹੋਏ, ਜੁੱਤੇ)।

ਪਿਖਿ ਏਤਿਕ[1] ਜੇਤਿਕ ਕੂਰੇ ਗੁਰੂ
ਤਹਿਂ ਥੇ, ਸਬਿ ਕੋ ਥਰਥੱਲਾ ਪਯੋ[1]।
ਮਨਿ ਮਾਹਿਂ ਜਲੈਂ ਨ ਚਲੈ ਸੁ ਬਲੈ[1] ਕਛੁ,
ਕੋਹ ਕਲ੍ਹੈਂ ਪਰ ਠੱਲਾ ਥਯੋ[1]।
ਨਿਜ ਠੌਰਨਿ ਓਰਨ ਦੌਰਨ ਕੈ,
ਸਬਿ ਸੋਢਿਨ ਕਾ ਧਰ ਧੱਲਾ ਗਯੋ[1]।
ਜਿਮ ਖੇਤ੍ਰ ਕੇ ਰਖਵਾਰ ਅਏ ਪਰ,
ਮਿਰਗਨ ਹੇਰ ਭਗੱਲਾ ਲਯੋ[1] ॥ ੪੦ ॥

[1]ਏਨਾ ਕੁ (ਕੌਤਕ) ਵੇਖ ਕੇ।
[1]ਹਲਚਲੀ ਪੈ ਗਈ।
[1]ਸੜਦੇ ਹਨ ਪਰ ਬਲ ਨਹੀਂ ਚਲਦਾ।
[1]ਕ੍ਰੋਧ ਤੇ ਝਗੜੇ ਨੂੰ ਰੋਕ ਪੈ ਗਈ।
[1]ਦਿਲ ਹਿੱਲ ਗਿਆ।
[1]ਨੱਸ ਜਾਂਦੇ ਹਨ।

ਇਤ ਫੇਰ ਮਸੰਦਨ ਬ੍ਰਿੰਦਨਿ ਸਿੱਖਨਿ,
ਠਾਂਨ ਸਲਾਹਿ ਦਿਵਾਨ ਲਗੈ ਕੈ।
ਰੁਚ ਕੈ ਸੁਚ ਕੈ[1] ਉਚ ਨੀਕ ਸਿੰਘਾਸਨ,
ਤਾਂ ਪਰ ਨੌਮ ਗੁਰੈਂ ਸੁ ਬਿਠੈ ਕੈ।
ਮੰਗਲਚਾਰ ਉਚਾਰ, ਰਚਾਇ ਕੈ
ਸੌਜ ਸਬੈ, ਬਰ ਬਾਦ ਬਜੈ ਕੈ[1]।

[1]ਸੂਰਜ ਵਾਂਗ ਚਮਕੀਲਾ। (ਰੁਚ ਕੈ– ਚਮਕੀਲਾ। ਸੁਚ ਕੈ– ਸੂਰਜ ਵਾਂਗ।)
[1]ਉਤਸ਼ਵ ਦੇ ਸ਼ਬਦ ਬੋਲ ਕੇ, ਸਾਰੀ ਸਮੱਗ੍ਰੀ ਤਿਆਰ ਕਰ ਕੇ ਅਤੇ ਚੰਗੇ ਵਾਜੇ ਵਜਾ ਕੇ।

ਬ੍ਰਿਧ ਬੰਸ[1] ਸ੍ਰੀ ਗੁਰ ਦਿੱਤਹਿ ਤੈ,
ਗੁਰੁਤਾ ਦਿਲਵਾਈ ਸੁ ਮੋਦ ਬਢੈ ਕੈ ॥ ੪੧ ॥

[1]ਬਾਬਾ ਬੁੱਢਾ ਜੀ ਦੀ ਕੁਲ ਵਿੱਚੋਂ।

ਜਬਿ ਯੌਂ ਗੁਰੁ ਤੇਗ ਬਹਾਦਰ ਸਾਦਰ[1]
ਨਾਦਰ[1] ਕਾਦਰ[2] ਚਾਦਰ ਹਿੰਦੈਂ[3]।

[1]ਬੇਪ੍ਰਵਾਹ।

[1]ਅਸਚਰਜ ਰੂਪ। [2]ਸਰਬ ਸ਼ਕਤੀਵਾਨ। [3]ਹਿੰਦ ਦੀ ਇਜ਼ਤ ਦੇਰਾਖੇ।

ਸਬਿ ਸਿੱਖਨਿ ਕੇ ਗੁਰੁ ਠੀਕ ਠਏ[1],
ਬਿਦਤੇ ਜਗ ਮਾਂਹਿ ਦਿਨਿੰਦ ਮਨਿੰਦੈਂ[1]।
ਸੁਨਿ ਦੇਸ ਬਿਦੇਸ ਅਸੇਸਨਿ ਤੈ[1] ਸਿੱਖ,
ਸੰਗ ਮਸੰਦਨ ਬ੍ਰਿੰਦ ਬੁਲਿੰਦੈਂ[1]।
ਚਲਿ ਆਇਨਿ ਭੂਰ ਉਪਾਇਨ ਲੈ,
ਗੁਰੁ ਪਾਇਨ ਪੈ ਅਰਪਾਇਨਿ ਬ੍ਰਿੰਦੈਂ[1] ॥ ੪੨ ॥

[1]ਬਣ ਗਏ।

[1]ਸੂਰਜ ਵਾਂਗ।

[1]ਸਾਰਿਆਂ ਤੋਂ।

[1]ਬਹੁਤੇ ਸਿੱਖ ਵੱਡੇ ਮਸੰਦਾਂ ਨਾਲ।

[1]ਬਹੁਤੀ ਭੇਟਾ ਲੈ ਕੇ ਚਲੇ ਆਉਂਦੇ ਹਨ, ਸਾਰੇ ਗੁਰਾਂ ਦੇ ਚਰਨਾਂ ਤੇ ਅਰਪਣ ਕਰਦੇ ਹਨ।

ਦਰਸੈਂ ਸ਼ਰਧਾ ਧਰਿ ਕੈ ਹਰਿਸੈਂ[1],
ਪਰਸੈਂ ਪਗ ਪੰਕਜ ਮੋਦ ਬਢਾਈ।
ਲੈ ਉਪਦੇਸ਼ ਕਲੇਸ਼ ਅਸ਼ੇਸ਼[1] ਕਟੈਂ,
ਫਲ ਚਾਰ ਵਿਸ਼ੇਸ਼ ਲਹਾਈ[1]।
ਆਇ ਅਪਾਰ ਸ਼ੁਮਾਰ ਬਿਨਾ,
ਧਨ ਕੇ ਸੁ ਅੰਬਾਰ[1] ਲਗੇ ਬਹੁ ਭਾਈ[2]।
ਬਾਰਤਿ ਘ੍ਰਿਤ ਚਰਾਗ[1], ਉਚਾਰਤਿ
ਮੰਗਲਚਾਰ, ਸੁ ਨਾਨਕੀ ਮਾਈ ॥ ੪੩ ॥

[1]ਪ੍ਰਸੰਨ ਹੁੰਦੇ ਹਨ।

[1]ਅਣਗਿਣਤ।

[1]ਖਾਸ ਚਾਰ ਫਲ ਲੈਂਦੇ ਹਨ।

[1]ਢੇਰ। [2]ਬਹੁਤ ਤਰ੍ਹਾਂ ਦੇ।

[1]ਬਾਲਦੇ ਹਨ ਘਿਉ ਦੇ ਦੀਵੇ।

ਔਰ ਅਨੰਦ ਬਢਯੋ ਸਬਿ ਕੇ,
ਪਰ ਸੋਢਿਨਿ ਵੋਢਿਨਿ ਸੋਢ ਨ ਜਾਈ[1]।

[1]ਪਰ (ਲਾਲਚ ਵਿੱਚ) ਡੁੱਬੇ ਹੋਏ ਸੋਢੀਆਂ ਤੋਂ ਸਹਾਰਿਆ ਨਹੀਂ ਗਿਆ। (ਵੋਢਿਨ-ਰੁੜ੍ਹੇ ਹੋਏ, ਡੁੱਬੇ ਹੋਏ। ਸੋਢ-ਸਹਾਰਿਆ)।

ਸਬਿ ਹੀ ਜਗ ਕੋ ਸੁਖਦਾ ਰਵਿ ਜਯੋਂ[1],
ਰਜਨੀ ਚਰ ਕੈਰਵ ਦੁਖ ਲਹਾਈਂ[1]।

[1]ਸੂਰਜ ਵਾਂਗ।

[1]ਰਾਤ ਨੂੰ ਫਿਰਨ ਵਾਲੇ (ਚੋਰ ਤੇ ਉੱਲੂ ਆਦਿ ਤੇ) ਕਮੀਆਂ ਦੁਖੀ ਹੁੰਦੀਆਂ ਹਨ।

ਝੱਲ ਸਕਯੋ ਨਹਿ ਧੀਰਜੁ ਮੱਲ,
ਅਵੱਲਿਨਿ ਵੱਲਿ[1] ਗੁਰੈਂ ਬਡਿਆਈ।

[1]ਰੋਗੀਆਂ ਨੂੰ ਤੰਦਰੁਸਤ ਕਰਨ ਵਾਲੇ (ਅਵੱਲਿਨਿ- ਰੋਗੀਆਂ। ਵੱਲਿ- ਤੰਦਰੁਸਤ)।

ਈਰਖਾਬਾਦ ਗੁਮਾਨ ਕਰੈ,
ਢਿਗ ਪੇਖਿ ਸਮਾਨ ਮਹਾਂਨ ਗ੍ਰਬਾਈ।
ਹੀਨ ਸਜਾਨਪ ਕੀਨ ਅਗਜਾਨਪ[1],
ਹੇਰਿ ਸਮੋ ਨਿਜ ਘਾਤ[1] ਲਗਾਈ ॥ ੪੪ ॥

[1]ਬੇਸਮਝੀ।

[1]ਦਾਅ।

ਲੈ ਨਿਜ ਸੈਨ ਧਸਜੋ ਗੁਰੁ ਐਨਿ[1],
ਸੁਖੈਨ ਸਭੀ ਵਥ ਲੀਨ ਬਟੋਰੀ[1]।
ਲੂਟ ਸੁ ਕੂਟ ਸੁਟੇ ਗੁਰੁ ਕੇ ਨਰ,
ਔ ਗੁਰੁ ਪੈ ਖੁਦ ਤੁੱਪਕ ਛੋਰੀ[1]।
ਰਾਖ ਲਏ ਕਰਤਾਰ ਗੁਰੂ,
ਬਿਨ ਕੋਪ ਰਹੇ ਪਿਖਿ ਕੌਤਕ ਥੋਰੀ[1]।
ਲੈ ਲੁੱਟ ਡੇਰੇ ਅਯੋ ਮੱਲ ਧੀਰ,
ਤੁ ਸਿੱਖਨਿ ਪਾਇ ਕੈ ਸਾਰ ਬਹੋਰੀ[1] ॥ ੪੫ ॥
ਮੱਖਨ ਸ਼ਾਹਿ ਮਹਾਂ ਰਿਸ ਕੈ,
ਸਬਿ ਸਿੱਖਨਿ ਕੋ ਨਿਜ ਸੰਗ ਮਿਲੈ ਕੈ।
ਮਾਰਿ ਲਚਾਰ[1] ਚਮੂੰ[2] ਤਿਸ ਕੀ ਕਰਿ,
ਦੁੱਗਨਿ ਦੌਲਤ ਲੂਟ ਲਜੈ ਕੈ।
ਆਦਿ ਸ੍ਰੀ ਗੁਰੁ ਗ੍ਰੰਥ ਭਿ ਲੈ ਗਏ,
ਮੋਦ ਭਏ ਪਲਟਾ[1] ਬਡ ਲੈ ਕੈ।
ਐਪਰ ਆਪਨ ਔ ਤਿਸ ਕਾ ਧਨ,
ਦੀਨ ਗੁਰੂ ਫਿਰ ਤਾਂਹਿ ਹਟੈ ਕੈ[1] ॥ ੪੬ ॥
ਸਿੱਖਨਿ ਮਾਤ ਮਸੰਦਨ ਨੈ ਮਥ[1],
ਸ੍ਰੀ ਗੁਰੂ ਗ੍ਰੰਥ ਰਖਜੋ ਸੁ ਲੁਕੈ ਕੈ।
ਹ੍ਵੈ ਸ਼ਰਮਿੰਦਾ ਬੁਲਿੰਦਾ[1], ਅਯੋ
ਕਰਤਾਰ ਪੁਰੇ, ਬਡ ਨਿੰਦਾ ਕਰੈ ਕੈ।
ਮੂਲ ਗਵਾਇ ਅਯੋ ਗੁਰੁ ਗ੍ਰੰਥ ਭਿ,
ਲੈਨ ਗੁਰਜਾਈ ਗਯੋ ਲਬ ਕੈ ਕੈ[1]।
ਝੂਰਤਿ ਭੂਰ ਬਿਸੂਰਤਿ[1] ਕੂਰ,
ਗਰੂਰਤ[1] ਦੂਰ ਭਈ ਦੁਖ ਦੈ ਕੈ ॥ ੪੭ ॥
ਪਰ ਕਾ ਘਰ ਹੱਕ ਜੁ ਤੱਕਿ ਤਨੱਕ,
ਬਿਸ਼ੱਕ ਕਟੈ ਤੁਟ ਲੱਕ ਭਿ ਜਾਈ[1]।

ਧੀਰਜ ਮੱਲ ਕਰਾਇ ਦਸ਼ਾ ਦੁਰ[1],
ਆਇ ਬਹਜੋ ਦੁਰ[1] ਲੈ ਦੁਚਿਤਾਈ।

[1]ਘਰ ਵਿੱਚ।
[1]ਚੀਜ਼ਾਂ ਇਕੱਠੀਆਂ ਕਰ ਲਈਆਂ।
[1]ਆਪ ਬੰਦੂਕ ਚਲਾਈ।
[1]ਥੋੜਾ ਭਾਵ ਤੁੱਛ ਜਿਹਾ।
[1]ਫੇਰ ਖ਼ਬਰ ਪਾ ਕੇ।
[1]ਦੁਖੀ। [2]ਫ਼ੌਜ।
[1]ਬਦਲਾ।
[1]ਮੋੜ ਕੇ।
[1]ਸਲਾਹ ਕਰਕੇ।
[1]ਬਹੁਤਾ।
[1]ਲਾਲਚ ਕਰਕੇ।
[1]ਦੁਖੀ ਹੁੰਦਾ ਹੈ।
[1]ਹਉਮੈਂ।
[1]ਜਿਹੜਾ ਪਰਾਏ ਘਰ ਜਾਂ ਪਰਾਏ ਹੱਕ ਨੂੰ ਥੋੜਾ ਜਿਹਾ ਵੀ ਤੱਕਦਾ ਹੈ ਉਸਦਾ ਬਿਨਾ ਸ਼ੱਕ ਤੋਂ (ਨੱਕ) ਕੱਟਿਆ ਜਾਂਦਾ ਹੈ ਤੇ ਲੱਕ ਵੀ ਟੁੱਟ ਜਾਂਦਾ ਹੈ।
[1]ਦੁਰਦਸ਼ਾ, ਬੁਰੀ ਹਾਲਤ।
[1]ਲੁਕ ਕੇ।

ਹੱਥ ਨ ਆਇ ਹੈ ਗ੍ਰੰਥ ਗੁਰੂ ਅਬਿ,
ਸੂਰਤ ਮੇਲ[1] ਰਹੀ ਨਹਿਂ ਕਾਈ।
ਐਸ ਝੁਰੈਂ ਮੱਲ ਧੀਰ ਕੁਰੈ[1],
ਸੁ ਲਰੈ ਨਿਜ ਮੰਦ ਮਸੰਦਨ ਤਾਂਈ ॥੪੮॥

[1](ਆਪਸ ਵਿੱਚ) ਮੇਲ ਹੋਣ ਦੀ ਸ਼ਕਲ।
[1]ਕੂੜਾ, ਝੂਠਾ।

ਕਬਿੱਤ:
ਇਤ ਗੁਰੁ ਨੌਮ ਭੌਮਿ ਜੋਗ ਸੌਮ ਸੌਮ,
ਕੈਰਵ ਚਕੋਰ ਕੌਮ ਸਿੱਖਨਿ ਸੁਖਾ ਕਰੈਂ[1]।

[1]ਏਧਰ (ਜੋਗ) ਪੂਜਣ ਯੋਗ ਨੌਵੇਂ ਸਤਿਗੁਰੂ (ਭੌਮਿ) ਧਰਤੀ ਉੱਤੇ (ਨੌਮਿ) (ਚਾਨਣੇ ਪੱਖ ਦੀ) ਨੌਵੀਂ ਥਿੱਤ ਦੇ (ਸੌਮ) ਚੰਦ੍ਰਮਾ (ਸੌਮ- ਸਮ) ਵਾਂਗ ਸਿੱਖ ਕੌਮ ਰੂਪ ਕਮੀਆਂ ਤੇ ਚਕੋਰਾਂ ਨੂੰ ਸੁਖ ਦੇਂਦੇ ਹਨ।

ਪ੍ਰਗਟੇ ਪੁਹਮਿ ਪਰੈਂ ਪੂਰਨ ਸਸੀ ਤੈ ਵਰੈਂ,
ਬਾਨੀ ਸੁਧਾ ਝਰੈਂ ਸਸ ਸੰਗਤੈਂ ਪੁਖਾ ਕਰੈਂ[1]।

[1]ਧਰਤੀ ਉੱਤੇ ਪੁੰਨਿਆਂ ਦੇ ਚੰਦ ਤੋਂ ਵੀ ਸ੍ਰੇਸ਼ਟ ਪ੍ਰਗਟ ਹੋਏ ਹਨ, ਬਾਣੀ ਰੂਪ ਅੰਮ੍ਰਿਤ ਝੜਦਾ ਹੈ (ਐਉਂ) ਸੰਗਤਾਂ ਰੂਪ ਖੇਤੀ ਦੀ ਪਾਲਣਾ ਕਰਦੇ ਹਨ।

ਰਹਿ ਕੈ ਬਕਾਲੇ ਖਾਸ[1] ਗੁਰੂ ਜੀ ਕਿਤਕ ਮਾਸ,
ਸਿੱਖਨਿ ਭਰਤਿ ਆਸ[1] ਬੈਰਿਨਿ ਤੁਖਾ ਕਰੈਂ[2]।

[1]ਆਪ।
[1]ਆਸਾਂ ਪੂਰੀਆਂ ਕਰਦੇ ਹਨ। [2]ਤ੍ਰਿਪਤ ਕਰਦੇ ਹਨ, ਪ੍ਰਸੰਨ ਕਰਦੇ ਹਨ।

ਮੱਖਨ ਕੀ ਅਰਜ਼ ਪੈ ਸਿੱਖਨਿ ਕੀ ਗਰਜ਼[1] ਪੈ,
ਆਪਨ ਭੀ ਫਰਜ਼ ਪੈ ਸਮਝ ਚੁਖਾ ਕਰੈਂ[1]
॥੪੯॥

[1]ਲੋੜ, ਇੱਛਾ।
[1]ਆਪਣਾ ਵੀ ਥੋੜਾ ਜੇਹਾ ਫ਼ਰਜ਼ ਸਮਝ ਕੇ (ਪੂਰਾ ਕਰਨਾ ਚਾਹੁੰਦੇ ਹਨ)।

ਗਏ ਸੁਧਾਸਰ ਗੁਰੁ ਪੁਜਾਰੀ ਮਸੰਦ ਦੁਰ[1],
ਸੁਨ ਕਰਿ ਗਏ ਦੁਰ[1] ਧਾਰੀ ਮਤਿ ਮੰਦ ਹੈ।
ਗੁਰੂ ਹਰਿਮੰਦਰ ਕੇ ਅੰਦਰ ਥਿਰੈਂ ਹੈਂ[1] ਜਬਿ,
ਸਕੈ ਨਾ ਪੁਰੰਦਰ[1] ਉਠਾਇ ਦਾਵੇਵੰਦ ਹੈਂ।
ਮੰਨਤ ਹਮਾਰੀ ਰੋਜ਼ਗਾਰ ਪੂਜਾ ਜੈ ਹੈ ਮਾਰੀ,
ਖਲਕਤਿ ਸਾਰੀ ਫੇਰ ਇਨਹੀ ਕੋ ਬੰਦ ਹੈ।
ਐਸੇ ਮਨ ਧਾਰ ਕੈ ਕਿਵਾਰ[1] ਗੁਰੁ ਦ੍ਵਾਰ ਕੈ,
ਲਗਾਇ ਤਾਲੇ[1] ਮਾਰ ਕੈ ਦੁਰੇ ਸੋ ਕਿਤ ਅੰਧ ਹੈਂ
॥੫੦॥

[1]ਖੋਟੇ।
[1]ਲੁਕ ਗਏ।
[1]ਬੈਠ ਜਾਣਗੇ।
[1]ਇੰਦ੍ਰ।
[1]ਤਖ਼ਤੇ, ਬੂਹੇ।
[1]ਜਿੰਦੇ।

ਹੇਰਿ ਕਰਤੂਤ ਊਤ[1] ਭੂਤਨੇ ਪੁਜਾਰੀਓਂ ਕੀ,
ਗੁਰੁ ਅਵਧੂਤ[1] ਮਜ਼ਬੂਤ ਧੀਰ ਧਾਰੀਆ।

[1]ਮਹਾਂ ਮੂਰਖ।
[1]ਤਿਆਗੀ।

ਗੁਰੂ ਸੰਗ ਸਿੱਖ ਜੋ ਥੇ ਮੱਖਣ ਲੌ ਬੀਰ[1] ਬਹੁ,
ਪੇਖਿ ਬਦਨੀਤਿ ਸੋ ਪੁਜਾਰੀਓਂ ਕੀ ਭਾਰੀਆ।
ਦਰਸ਼ਨੀ ਦਰਵੱਜੇ ਅੱਗੇ ਗੱਜੇ ਆਇ 'ਵੱਜੇ ਵਹਿ,
ਲੱਗੇ ਤਾਲੇ ਤੋੜਨੇ'[1] ਤੌ ਗੁਰੂ ਹਟਕਾਰੀਆ।
ਰਾਮਦਾਸ ਸਰ ਗੁਰੁ ਸਿੱਖਨ ਸਮੇਤ ਭਰ[1],
ਇਸ਼ਨਾਨ ਕਰਿ ਪਾਠ ਕੀਨੋ ਜਪੁ ਸਾਰੀਆ ॥ ੫੧ ॥

[1]ਸੂਰਮੇ।

[1]ਉਹ (ਸਿੱਖ ਸੂਰਮੇ) ਬੂਹੇ ਨੂੰ ਵੱਜੇ ਜਿੰਦੇ (ਜਦੋਂ) ਤੋੜਨ ਲੱਗੇ।

[1]ਭਲੀ ਪ੍ਰਕਾਰ।

ਜਹਾਂ ਥੜਾ ਸਾਹਿਬ ਹੈ ਅਬਿ ਉਨਹੀਂ ਕਾ[1] ਤਹਾਂ,
ਬੇਰਿ ਤਰੇ ਬੈਠਿ ਸੋ ਉਡੀਕੇ ਬਡ ਬਾਰੀਆ[1]।
ਸਮਝੇ ਨ ਮੂੜ੍ਹ ਬੂੜ ਗੂੜ੍ਹ ਬਾਤ ਹੂੜ-ਮਾਰ
ਫੂੜ ਪਨ ਕੀਨੋ ਚੂੜ੍ਹ ਚੜ੍ਹ੍ਯੋ ਕੂਰ ਕਾਰੀਆ[1]।

[1]ਨੌਵੇਂ ਪਾਤਸ਼ਾਹ ਜੀ ਦਾ।

[1]ਬਹੁਤ ਦੇਰ ਤੱਕ।

[1](ਲਾਲਚ ਵਿੱਚ) (ਬੂੜ) ਡੁੱਬੇ ਹੋਏ (ਮੂੜ੍ਹ) ਮੂਰਖ- (ਗੂੜ੍ਹ) ਗੁਪਤ ਗੱਲ ਨਹੀਂ ਸਮਝ ਸਕੇ, (ਹੂੜ ਮਾਰ) ਜ਼ਿੱਦੀਆਂ ਨੇ (ਫੂੜ ਪਨ) ਹੋਛਾ ਪੁਣਾ ਕੀਤਾ, ਝੂਠਿਆਂ ਤੇ (ਮਨ ਦੇ) ਕਾਲਿਆਂ ਦੇ (ਦਿਮਾਗ਼ ਵਿੱਚ) (ਚੂੜ੍ਹ) ਚੰਡਾਲ (ਕ੍ਰੋਧ) ਚੜ੍ਹਿਆ ਹੋਇਆ ਸੀ। (ਅ) (ਚੂੜ) ਸਿਰ ਤੇ ਝੂਠ ਚੜ੍ਹਿਆ ਹੋਇਆ ਹੈ।

ਜੈਸੋ ਧਾਨ[1] ਖਾਇ ਜੋਇ ਤੈਸੋ ਤਾਂ ਕੋ ਮਨ ਹੋਇ,
ਪੂਜਾ ਸਮ ਮੈਲੋ ਕੋਇ ਧਾਨ ਨਾ ਉਚਾਰੀਆ।
ਭਜਨ ਭਗਤਿ ਦਾਨੁ ਜਤੁ ਸਤੁ ਗਜਾਨੁ ਬਿਨੁ,
ਪਚਤਿ ਨ ਪੂਜਾ ਰਾਖਸ਼ਨੀ ਭੀਤਿ ਕਾਰੀਆ[1] ॥ ੫੨ ॥

[1]ਅੰਨ।

[1]ਡਰਾਉਣੀਰਾਖਸ਼ਣੀ ਹੈ।

ਕਾਮਨਾ ਅਨੇਕ ਧਰਿ ਸਿਰ ਸੁਤ ਵਾਰ ਕਰਿ[1],
ਪੂਜਾ ਦੇਤ ਨਰ ਮਹਾਂ ਮੰਦ ਧਾਨ ਭਾਰੇ ਹੈਂ[1]।
ਯਾਹੀ ਤੈ ਬਸ਼ਿਸਟ ਜੂ ਰਾਮ ਪ੍ਰਤਿ ਕਹਯੋ ਐਸ,
ਅਘੀ ਅਤਿ[1] ਮੰਦ ਭਾਗੀ ਹੋਵਤਿ ਪੁਜਾਰੇ ਹੈਂ।
ਔਰ ਪ੍ਰਸੰਗ ਜਨਮ ਸਾਖੀ ਮੈਂ ਨਿਸੰਗ ਲਿਖਯੋ,
ਜਹਾਂ ਰਾਜਾ ਜਨਕ ਨੇ ਨਾਰਕੀ[1] ਉਬਾਰੇ ਹੈਂ।
ਕਹਯੋ ਤਬਿ ਧਰਮਰਾਇ ਮਰਜਾਦਿ ਆਦਿ ਯਾਹਿ,
ਖਾਲੀ ਕਬੀ ਕੀਨੇ ਨਾਹਿਂ ਨਰਕ ਅਪਾਰੇ ਹੈਂ ॥ ੫੩ ॥

[1]ਪੁੱਤ੍ਰਾਂ ਦੇ ਸਿਰਾਂ ਤੋਂ ਵਾਰ ਕੇ।

[1]ਮਨੁੱਖ ਬਹੁਤੇ ਮਾੜੇ ਅੰਨ ਦੀ ਪੂਜਾ ਦੇਂਦੇ ਹਨ।

[1]ਬਹੁਤੇ ਪਾਪੀ।

[1]ਨਰਕ ਵਾਸੀ।

ਅਬਿ ਕਬਿ ਭਰੈਂ ਫੇਰ ਕਹਯੋ ਤੌ ਜਨਕ ਟੇਰਿ[1],

[1]ਬੋਲ ਕੇ।

ਕਲੀ ਮਾਂਹਿ ਨਾਨਕ ਅਵਤਾਰ ਹਮ ਧਰ ਹੈਂ।
ਬਿਨਾ ਅਧਿਕਾਰ[1] ਪੂਜਾ ਖਾਹਿਂਗੇ ਅਪਾਰ ਸਿਖ,
ਤਿਨਹੂੰ ਕੋ ਡਾਰ ਕੈ[1] ਨਰਕ ਤੇਰੇ ਭਰ ਹੈਂ।
ਤਾਂਹੀ ਕੇ ਬਚਾਉ ਹੇਤ ਦਸਮੇ ਗੁਰੂ ਭੀ ਕਹਜੋ,
ਜ਼ਹਰ ਕਹਰ[1] ਪੂਜਾ ਤਪ ਤੇਜ ਹਰ ਹੈ[2]।
ਫੇਰ ਭੀ ਨ ਡਾਰੇ[1] ਗੁਰੁ ਬਚਨ ਨ ਧਾਰੇ ਉਰਿ,
ਕਾਰੇ ਸਾਰੇ ਕਲੀ ਕੇ ਵਿਚਾਰੇ ਗਜਾਨ ਹਰਿ ਹੈਂ[1]
॥ ੫੪ ॥
ਬਡੋ ਅਫਸੋਸ ਆਇ ਛੱਤ੍ਰੀ ਕਹਾਇ ਸਿੰਘ,
ਫੇਰ ਪੂਜਾ ਖਾਇ ਕੱਛ ਕਰਦ ਵੇਸ ਧਾਰੀਆ[1]।
ਯਾਂਹੀ ਤੇ ਰਹਜੋ ਹੈ ਤਪ ਤੇਜ ਪ੍ਰਤਾਪ ਕਪ[1],
ਸੁਨੋ ਅਬਿ ਪ੍ਰਸੰਗ ਨੌਮ ਗੁਰੁ ਵਾਰੀਆ[1]।
ਜੈਸੇ ਦੇਖਿ ਸਿੰਘ[1] ਕੋ ਸ੍ਵਾਂਨ[2] ਡਰਿ ਛੀਨਬੇ ਕੋ ਮਾਨਿ[3],
ਟੁਕੜਾ ਲੈ ਭਾਗੈ ਕੀਨ ਤਜੋਂ ਪੁਜਾਰੀਆਂ।
ਸਮਝੇ ਨ ਸਮੁਝਾਏ ਆਏ ਨਾ ਬੁਲਾਏ ਢਿਗ,
ਤਬਿ ਗੁਰੁ ਕੋਪ ਹੋਇ ਸਾਪ[1] ਯੌਂ ਉਚਾਰੀਆ
॥ ੫੫ ॥
ਗੁਨਾਗਾਰੀ ਮੰਦਚਾਰੀ[1] ਚੋਰ ਭਾਰੀ ਬਿਭਚਾਰੀ,
ਕੂਰ ਕਾਰੀ[1] ਅਹੰਕਾਰੀ ਲਰਿ ਦੂੈ ਖ੍ਵਾਰੀਆ।
ਅੰਮ੍ਰਿਤ ਸਰੀਏ[1] ਪੈ ਅੰਦਰ ਸੜੀਏ* ਹੂੈ,

[1]ਹੱਕ।
[1]ਪਾ ਕੇ।
[1]ਤਿੱਖੀ ਜ਼ਹਿਰ ਹੈ। [2]ਨਾਸ ਕਰ ਦੇਂਦੀ ਹੈ।
[1]ਨਹੀਂ ਛੱਡਦੇ।
[1]ਗਿਆਨ ਸਿੰਘ (ਕਹਿੰਦਾ ਹੈ ਕਿ ਮੈਂ ਤਾਂ ਇਹ) ਵਿਚਾਰਿਆ ਹੈ ਕਿ ਇਹ ਸਾਰੇ ਕਾਰੇ (ਮਾੜੇ ਕੰਮ) ਕਲਜੁਗ ਦੇ ਹਨ।
[1]ਕੱਛ ਤੇ ਕਿਰਪਾਨ ਦਾ ਲਿਬਾਸ ਧਾਰ ਕੇ।
[1]ਕੱਟਿਆ ਜਾ ਰਿਹਾ ਹੈ ਭਾਵ ਨਸ਼ਟ ਹੋ ਰਿਹਾ ਹੈ।
[1]ਵਾਲਾ।
[1]ਸ਼ੇਰ। [2]ਕੁੱਤਾ। [3]ਖੋਹਣ ਦਾ ਡਰ ਮੰਨ ਕੇ।
[1]ਸ਼੍ਰਾਪ।
[1]ਮਾੜੇ ਆਚਰਨ ਵਾਲੇ।
[1]ਝੂਠੇ ਤੇ ਕਾਲੀ (ਮਤਿ ਵਾਲੇ)।
[1]ਅੰਮ੍ਰਿਤਸਰ ਦੇ ਪੁਜਾਰੀ। *ਪੁਜਾਰੀਆਂ ਬਾਰੇ ਕਿਹਾ ਹੋਇਆ ਇਹ ਸੱਚਾਈ ਭਰਪੂਰ ਸਤਿਗੁਰਾਂ ਦਾ ਬਚਨ ਅਤੇ ਅੰਮ੍ਰਿਤਸਰ ਦੀਆਂ ਮਾਈਆਂ ਨੂੰ ਦਿੱਤਾ ਹੋਇਆ ਵਰ ਇਕ ਪ੍ਰਸਿੱਧ ਅਖਾਣ ਬਣ ਕੇ ਆਮ ਲੋਕਾਂ ਦੀਆਂ ਜ਼ਬਾਨਾਂ ਤੇ ਚੜ੍ਹਿਆ ਹੋਇਆ ਹੈ। 'ਅੰਮ੍ਰਿਤਸਰੀਏ, ਅੰਦਰ ਸੜੀਏ' 'ਮਾਈਆਂ ਰੱਬ ਰਜ਼ਾਈਆਂ' ਆਮ ਤੌਰ ਤੇ ਬਹੁਤੇ ਲੋਕਾਂ ਦੇ ਦਿਲ ਦਿਮਾਗ ਵਿੱਚ ਇਹ ਅਸਰ ਹੈ ਕਿ ਇਹ ਗੁਰੂ ਜੀ ਦੇ ਬਚਨ ਅੰਮ੍ਰਿਤਸਰ ਨਿਵਾਸੀਆਂ ਲਈ ਕਹੇ ਹੋਏ ਹਨ ਇਹ ਗੱਲ ਉਦੋਂ ਬਿਲਕੁਲ ਗ਼ਲਤ ਸਾਬਤ ਹੋ ਜਾਂਦੀ ਹੈ ਜਦੋਂ ਅਸੀਂ ਇਸ ਪ੍ਰਸੰਗ ਵਿਚੋਂ ਇਸ ੫੬ ਨੰ. ਅੰਕ ਨੂੰ ਚੰਗੀ ਤਰ੍ਹਾਂ ਸਮਝ ਕੇ ਪਾਠ ਕਰਦੇ ਹਾਂ 'ਗੁਨਾਗਾਰੀ' ਤੋਂ ਸ਼ੁਰੂ ਕਰਕੇ ਜਦ ਤੀਜੀ ਤੁਕ ਪੜ੍ਹਦੇ ਹਾਂ ਕਿ 'ਮੁਖ ਮੈ ਨਿਬਾਤਿ ਦਿਲ ਕਾਤਿ ਘਾਤਕਾਰੀ ਏਊ, ਗੁਰ ਤੈ ਬਿਮੁਖ ਸੁਖ ਪੈਂਹ ਨ

ਪੁਜਾਰੀਆ'। ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਅੰਮ੍ਰਿਤਸਰ ਦੇ ਪੁਜਾਰੀਆਂ ਬਾਰੇ ਕਹੇ ਹੋਏ ਗੁਰਾਂ ਦੇ ਬਚਨ ਹਨ। ਅੰਮ੍ਰਿਤਸਰ ਦੀਆਂ ਸੰਗਤਾਂ ਜਾਂ ਵਸਨੀਕਾਂ ਬਾਰੇ ਨਹੀਂ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਭਾਈ ਸੰਤੋਖ ਸਿੰਘ ਜੀ ਨੇ ਵੀ ਇਹੋ ਗੱਲ ਸਪੱਸ਼ਟ ਕੀਤੀ ਹੈ ਕਿ ਨਹਿੰ ਮਸੰਦ ਤੁਮ ਅੰਮ੍ਰਿਤ ਸਰੀਏ। ਤ੍ਰਿਸਨਾ ਅਗਨਿ ਤੇ ਅੰਤਰ ਸਰੀਏ। ਦੇਖੋ ਸ੍ਰੀ ਗੁ: ਪ੍ਰ: ਸੂ: ਰਾ: ੧੧ ਅਸੂ ੨੨ ਅੰਕ ੩੨)

ਤ੍ਰਿਸ਼ਨਾ ਅਗਨਿ ਮਤਸਰ ਮਦ ਜਾਰੀਆ[1]।

[1]ਤ੍ਰਿਸ਼ਨਾ ਈਰਖਾ ਤੇ ਹੰਕਾਰ ਦੀ ਅੱਗ (ਵਿੱਚ ਆਪਣੇ ਆਪ ਨੂੰ) ਸਾੜਿਆ ਹੈ।

ਮੁਖ ਮੈਂ ਨਿਬਾਤਿ[1] ਦਿਲ ਕਾਤਿ[2] ਘਾਤਕਾਰੀ ਏਊ[3],
ਗੁਰੁ ਤੈ ਬਿਮੁਖ ਸੁਖ ਪੈਂਹ ਨਾ ਪੁਜਾਰੀਆ।
ਐਸੇ ਗੁਰੁ ਗਾਇ ਤੁਰ ਜਾਇ ਥਿਰੇ ਵੱਲੇ ਗਾਂਮ,
ਕੀਨੀ ਤਹਿਂ ਸੇਵ ਮਿਲਿ ਸਿੱਖਨਿ ਸੁਧਾਰੀਆ ॥ ੫੬ ॥

[1]ਮਿਸ਼ਰੀ। [2]ਕੈਂਚੀ, ਛੁਰੀ। [3]ਇਹੋ ਮਾਰ ਦੇਣ ਵਾਲੀ ਹੈ।

ਰਾਮਦਾਸ ਪੁਰ ਤਬਿ ਹੁਤੋ ਏਕ ਗ੍ਰਾਮ ਲਘੁ,
ਸਾਲ੍ਹੋ ਕੇ ਮਕਾਨ ਢਿਗ ਪਾਸੀ ਚੌਕ ਪਾਰੀਆ[1]।

[1]ਭਾਈ ਸਾਲ੍ਹੋ ਜੀ ਦੇ ਅਸਥਾਨ ਕੋਲ ਚੌਕ ਪਾਸੀਆਂ ਦੇ ਪਰਲੇ ਪਾਸੇ ਤੱਕ।

ਸੁਧਾ ਸਰ ਕੇ ਚੁਫੇਰੇ ਤਬਿ ਤਰੁ[1] ਥੇ ਬਧੇਰੇ,
ਤਾਂ ਤੇ ਗੁਰੁ ਨਾਂਹਿ ਹੇਰੇ ਗਾਮ ਨਰ ਨਾਰੀਆ।

[1]ਦਰੱਖਤ।

ਪਾਈ ਜਬਿ ਏਹੁ ਸਾਰ[1] ਪਛੁਤਾਇ ਨਰ ਨਾਰਿ,
ਦਰਸ਼ਨ ਹੇਤ ਧਾਰਿ ਸਰਧਾ ਅਪਾਰੀਆ।
ਧਾਈ ਸਬਿ ਮਾਈ ਨਰਹਾਈ ਜੁਵਾ[1] ਬ੍ਰਿਧ ਕਾਈ,
ਆਈ ਵੱਲੇ ਗ੍ਰਾਮ ਹੈ ਚਢਾਈ ਭੇਟ ਭਾਰੀਆ ॥ ੫੭ ॥

[1]ਖਬਰ।

[1]ਜਵਾਨ।

ਜਥਾ ਸਮ੍ਰੱਥ[1] ਤਥਾ ਵੱਥ[2] ਲਜਾਈ ਸਭਿ ਹੱਥਿ,
ਮੱਥਿ[1] ਗੁਰੁ ਕੋ ਝੁਕਾਇ ਜਾਤਿ ਬਲਿਹਾਰੀਆ।
ਸ਼ਰਧਾ ਭਗਤ ਭਾਵ ਤਿਨ ਕੋ ਅਪਾਰ ਚਾਵ,
ਗੁਰੂ ਜੀ ਨਿਹਾਰ ਮੋਦ ਧਾਰਿ ਯੌਂ ਉਚਾਰੀਆ।
ਰਾਮਦਾਸ ਪੁਰਿ ਨਾਰੀ ਹਰਿ ਕੀ ਭਗਤਿ ਸਾਰੀ,
ਹੋਇ ਹੈ ਉਦਾਰੀ ਗੁਰੁ ਸੰਤ ਸੇਵ ਕਾਰੀਆ[1]।
ਪੈਹੈ ਫਲ ਚਾਰ ਚਾਰੀ[1] ਐਸੇ ਬਰ ਦੀਓ ਚਾਰੀ[2],

[1]ਜਿਹੋ ਜਿਹੀ ਤਾਕਤ ਸੀ। [2]ਵਸਤੂ, ਚੀਜ਼।

[1]ਮੱਥਾ, ਸਿਰ।

[1]ਸੇਵਾ ਕਰਨ ਵਾਲੀ।

[1]ਸੁੰਦਰ ਚਾਰ ਫਲ। [2]ਸੁੰਦਰ ਵਰ ਦਿੱਤਾ।

ਗੁਰੂ ਜੋ ਉਚਾਰੀ ਅਬਿ ਸਾਰੀ ਹੀ ਨਿਹਾਰੀਆ[1]
[1]ਹੁਣ ਸਾਰੀਆਂ (ਗੱਲਾਂ ਠੀਕ ਵਰਤਦੀਆਂ) ਦੇਖੀਦੀਆਂ ਹਨ।

॥ ੫੮ ॥

ਕਰਤਿ ਨਿਹਾਲੈਂ ਮਗਿ ਸਿੱਖਨ ਬਿਸਾਲੈਂ ਗੁਰੁ,
ਆਇ ਕੈ ਬਕਾਲੈਂ ਪੁਰ ਰਹੇ ਸੁਖ ਦਾਨੀਆ।
ਸਿੱਖਨਿ ਮਸੰਦਨਿ ਬ੍ਰਿੰਦਨਿ ਪ੍ਰੇਰਨ ਤੈ,
ਔਰ ਕਿਸ਼ਨ ਕੌਰ[1] ਜੌ ਬੁਲਾਏ ਨੇਕ ਮਾਨੀਆ[2]।
[1]ਅਠਵੇਂ ਪਾਤਸ਼ਾਹ ਜੀ ਦੇ ਮਾਤਾ ਜੀ। [2](ਚਲਣਾ) ਚੰਗਾ ਮੰਨ ਲਿਆ।

ਤਜਾਰ ਭਏ ਪਰਵਾਰ ਯੁਤ ਪੁਰ ਕੀਰਤ ਕੋ,
ਸਕਟਨਿ[1] ਪਾਈ ਸੌਜ[2] ਮਾਈ ਜੀ[3] ਮਹਾਂਨੀਆਂ।
[1]ਗੱਡਿਆਂ ਵਿੱਚ। [2]ਸਮੱਗ੍ਰੀ। [3](ਨੌਵੇਂ ਪਾਤਸ਼ਾਹ ਜੀ ਦੇ ਮਾਤਾ) ਮਾਤਾ ਨਾਨਕੀ ਜੀ।

ਮਾਤ ਚਲੀ ਸਜੰਦਨ ਪੈ[1] ਗੂਜਰੀ ਜੀ ਡੋਰੇ ਪਰ,
[1]ਰੱਥ ਉੱਪਰ (ਚੜ੍ਹ ਕੇ)।

ਬਹਿਲਨਿ ਟਹਲਨਿ[1] ਲੀਨ ਮਗ ਜਾਨੀਆ
[1]ਬੈਲ ਗੱਡੀਆਂ ਉੱਪਰ।

॥ ੫੯ ॥

ਸ੍ਰੀ ਗੂਜਰੀ ਕੇ ਭ੍ਰਾਤ ਕ੍ਰਿਪਾਲ ਲੌ ਸੰਬੰਧੀ,
ਮੱਖਣ ਲੌ ਸਿੱਖ ਲੈ ਮਸੰਦ ਬ੍ਰਿੰਦ ਸੰਗ ਹੈਂ।
ਕਰਿ ਅਰਦਾਸਿ ਗੁਰੁ ਅੱਸ੍ਵ ਅਸ੍ਵਾਰ ਤੁਰ,
ਆਏ ਨਦੀ ਬਜਾਸ ਪੁਰ, ਜਬਿ ਹੀ ਉਮੰਗ ਹੈਂ।
ਆਯੋ ਸਿੱਖ ਸੀਸ ਧਾਰਾ ਗ੍ਰੰਥ ਜੀ ਕੋ ਅਸਵਾਰਾ,
ਗੁਰੂ ਜੌ ਨਿਹਾਰਾ[1] ਇਮ ਬੂਝਜੋ ਨਿਸੰਗ ਹੈ।
[1]ਦੇਖਿਆ।

ਧੀਰ ਮੱਲ ਜੂ ਕੋ ਗੁਰੁ ਗ੍ਰੰਥ ਕਜੋਂ ਨਾ ਫੇਰ ਦੀਓ[1],
[1]ਕਿਉਂ ਨਾ ਵਾਪਸ ਦਿੱਤਾ।

ਬਿਨਾ ਮਮ ਕਹੇ ਕਿਨਿ ਰਾਖਜੋ ਬਿਛੰਗ[1] ਹੈ
[1]ਢੰਗ ਤੋਂ ਬਿਨਾਂ।

॥ ੬੦ ॥

ਸਿੱਖ ਤਬਿ ਕਹਜੋ ਸਾਤ[1] ਮੱਖਣ ਕ੍ਰਿਪਾਲ ਮਾਤ,
[1]ਸੱਚ।

ਸਿੱਖਨਿ ਮਸੰਦੈ ਸਾਥ ਰਾਖਜੋ ਸਲਾਹਿ ਕੈ।
ਰਾਵਰੇ ਪਿਤਾਮਾ[1] ਭਵਨਿਧਿ[2] ਜਨ ਤਾਰਬੇ ਕੋ,
[1]ਆਪ ਜੀ ਦੇ ਦਾਦਾ (ਸ੍ਰੀ ਗੁਰੂ ਅਰਜਨ ਦੇਵ) ਜੀ ਨੇ। [2]ਸੰਸਾਰ ਸਮੁੰਦਰ ਤੋਂ।

ਪੋਤ[1] ਏਹੁ ਪਾਵਨ[2] ਰਚਾਯੋ ਹੈ ਉਮਾਹਿ ਕੈ।
[1]ਜਹਾਜ਼। [2]ਪਵਿੱਤ੍ਰ।

ਆਪ ਕੇ ਪਿਤਾ ਸੈਂ ਛਲ ਕਰਿ ਰਾਖਜੋ ਧੀਰ ਮੱਲ,
ਯਾਹੀ ਤੈ ਉਨੋਂ ਨੇ[1] ਭੱਲ ਮੇਲ ਤਜਜੋ ਵਾਹਿ ਕੈ[2]।
[1]ਉਨ੍ਹਾਂ ਭਾਵ ਛੇਵੇਂ ਸਤਿਗੁਰਾਂ ਨੇ। [2]ਉਸ (ਧੀਰ ਮੱਲ) ਦੇ ਨਾਲ।

ਆਪ ਕੀ ਵਸਤੁ ਏਹੈ ਆਪ ਪੈ ਲਸਤ ਰੈਹੈ,
ਦਰਸ ਸਮੱਸਤ[1] ਕੈਹੈਂ[2] ਸਿੱਖ ਚਿੱਤ ਚਾਹਿ ਕੈ
[1]ਸਾਰੇ। [2]ਕਰਨਗੇ।

॥ ੬੧ ॥

ਕਹਜੋ ਗੁਰੁ ਨਾਂਹਿ ਰਖੈਂ ਹਮ, ਧੀਰ ਮੱਲ ਦੁਖੈ,
ਅਬਿ ਹੀ ਪੁਚਾਵੋ ਚੁਖੈ ਡੇਰ ਲਾਵੋ ਕਾਂਹਿਨੈ[1]।
[1]ਥੋੜ੍ਹੀ ਜਿਹੀ ਦੇਰ ਵੀ ਕਿਸ ਵਾਸਤੇ ਲਾਉਂਦੇ ਹੋ।

ਬੋਲਜੋ ਸਿੱਖ ਵੈਹੈ[1] ਸਿੱਖ ਗੁਰੂ ਕਾ ਨ ਕੋਈ ਜੈਹੈ,
ਮਹਾਂ ਪਾਤਕੀ ਸੁ ਐਹੈ ਦਰਸੈਹੈ ਨਾਹਿਨੈ[1]।
[1]ਓਥੇ।
[1]ਉਹ ਮਹਾਂ ਪਾਪੀ ਹੈ (ਕੋਈ ਵੀ ਸਿੱਖ) ਦਰਸ਼ਨ ਨਹੀਂ (ਕਰਨਾ ਚਾਹੁੰਦਾ)।

ਕੀਨਿ ਜੋ ਅਨੀਤ ਘੋਰੀ[1] ਆਪ ਪੈ ਬੰਦੂਕ ਛੋਰੀ,
ਜੋਰੀ ਜੁਲਮੀ[1] ਨ ਥੋਰੀ ਕੀਨੀ ਕੁਛ ਤਾਹਿ ਨੈ।
[1]ਭਿਆਨਕ ਬੇ ਇਨਸਾਫ਼ੀ।
[1]ਧੱਕਾ ਤੇ ਜ਼ੁਲਮ।

ਪਾਪਨ ਕੀ ਪੋਰੀ ਹੈ ਸੋ ਛਲਨ ਕੀ ਛੋਰੀ,
ਬੁਰੀ ਬਾਸਨਾ ਕੀ ਬੋਰੀ ਖੋਰੀ ਧੋਰੀ ਧਿਕ ਵਾਹਿ ਨੈ[1]
[1](ਧੀਰ ਮੱਲ ਗੰਨੇ ਦੀ ਪੋਰੀ ਵਾਂਗ) ਪਾਪਾਂ (ਦੇਰਸ) ਦੀ (ਭਰੀ ਹੋਈ) ਪੋਰੀ ਹੈ, ਛਲਾਂ ਦੀ (ਛੋਰੀ) ਢੇਰੀ ਅਤੇ ਬੁਰੀ ਵਾਸ਼ਨਾਂ ਦੀ (ਭਰੀ ਹੋਈ) ਬੋਰੀ ਹੈ। (ਵਾਹਿ) ਉਸ (ਖੋਰੀ) ਵੈਰ ਭਾਵਰੱਖਣ ਵਾਲੇ (ਧੋਰੀ) ਨੀਚ (ਨੈ) ਨੂੰ ਧ੍ਰਿਕਾਰ ਹੈ।

॥ ੬੨ ॥

ਗੁਰੂ ਸਰਬੱਗੁ ਜਾਨਜੋ ਸਾਚ ਸਿੱਖ ਹੈ ਬਖਾਨਜੋ,
ਗੁਰੂ ਗ੍ਰੰਥ ਭੀ ਪੁਚਾਨਜੋ ਚੈਹੈਂ[1] ਹਮ ਤਾਂਹਿ ਪੈ।
[1]ਪੁਚਾਇਆ ਚਾਹੁੰਦੇ ਹਾਂ।

ਤਾਰਨ ਤਰਨ ਜਗ ਚਢੇ ਗੁਰੁ ਤਰਨੀ ਪੈ[1],
ਔਰ ਸਬਿ ਹੀ ਚਢਾਏ ਗ੍ਰੰਥ ਰਖਜੋ ਪਾਹਿ ਪੈ[1]।
[1]ਜਗਤ ਨੂੰ ਤਾਰਨ ਲਈ ਜਹਾਜ਼ ਰੂਪ ਸਤਿਗੁਰੂ ਬੇੜੀ ਤੇ ਚੜ੍ਹੇ।
[1]ਆਪਣੇ ਪਾਸ।

ਪਿਖਿਤ ਤਰੰਗਨਿ ਤਰੰਗਨੀ ਕੇ ਪਾਰ ਪਰੇ[1],
ਬਰਣ ਕੌ ਗ੍ਰੰਥ ਸੌਂਪਜੋ ਜਲ ਮੈਂ ਅਥਾਹਿ ਪੈ[1]।
[1]ਲਹਿਰਾਂ ਵੇਖਦੇ ਨਦੀ ਤੋਂ ਪਾਰ ਹੋ ਗਏ।
[1]ਡੂੰਘੇ ਪਾਣੀ ਵਿੱਚ।

ਭਵ ਬੇੜੀ ਕਾਟਕ[1] ਉਤਰ ਬੇੜੀ ਕਹਜੋ ਪੁਨ,
ਕਰਤਾਰਪੁਰ ਜਾਨ ਵਾਰਨ ਕੋ ਯਾਹਿ ਪੈ[1] ॥ ੬੩ ॥
[1]ਜੰਮਣ ਮਰਣ ਦੀ ਬੇੜੀ ਕੱਟਣ ਵਾਲੇ ਸਤਿਗੁਰਾਂ ਨੇ।
[1]ਕਰਤਾਰ ਪੁਰ ਜਾਣ ਵਾਲਿਆਂ ਨੂੰ ਇਉਂ ਕਿਹਾ।

ਧੀਰ ਮੱਲ ਆਇ ਨਿਕਲਾਇ ਗ੍ਰੰਥ ਕੋ ਲਜਾਇ,
ਦੇਰ ਨਾ ਲਗਾਇ ਤੁਮ ਜਾਇ ਦੈ ਸਨਾਏ ਹੈਂ।
ਪੇਖਿ ਇਹੁ ਚਰਿਤ ਬਿਸੇਖ ਬਿਸਮਾਏ ਸਿੱਖ,
ਸ਼ਕਤੇ ਸੰਗਾਏ[1] ਪੇਸ਼ ਨਾਂਹਿ ਜਾਏ ਕਾਏ ਹੈਂ।
[1]ਬਲ ਵਾਲੇ ਨਾਲ।

ਮਹਿਮਾਂ ਗੁਰੂ ਕੀ ਸਿੱਖ ਸਿਦਕੀ ਜੇ ਜਾਨਤ ਥੇ,
ਮੱਖਣ ਸੇ ਮੌਨ ਰਹੇ ਔਰ ਘਬਰਾਏ ਹੈਂ।
ਬਡੀ ਬਿਪ੍ਰੀਤ ਕੈ ਹੈ[1] ਰਿਪੁ[2] ਕੋ ਭਲੋ ਹੀ ਚੈਹੈਂ,
ਵਸਤ ਅਮੋਲ ਦੈ ਹੈਂ ਘਰ ਤੈ ਗਮਾਏ ਹੈਂ[1] ॥ ੬੪ ॥
[1]ਉਲਟ ਗੱਲ ਕਰਦੇ ਹਨ। [2]ਵੈਰੀ।
[1]ਗੁਆਉਂਦੇ ਹਨ।

ਕੋਊ ਕੈਹੈਂ ਕਾਗਜ਼ ਗਰੈ ਹੈਂ[1] ਬਹਿ ਜੈ ਹੈ[2] ਕਿਤ,
ਅੱਖਰ ਨਰੈ ਹੈਂ ਜਿਮ ਚਿੱਤ੍ਰ ਭੀਤਿ ਬਿਨ ਹੈ[1]।
[1]ਗਲ ਜਾਣਗੇ। [2]ਰੁੜ੍ਹ ਜਾਣਗੇ।
[1]ਜਿਵੇਂ ਤਸਵੀਰ ਤੋਂ ਬਿਨਾਂ ਕੰਧ (ਹੁੰਦੀ ਹੈ)।

ਅਰਜਨ ਦੇਵ ਕੀ ਨਿਸ਼ਾਨੀ ਥੀ ਮਹਾਂਨੀ ਏਹੁ,
ਕਦਰ ਨ ਜਾਨੀ ਨਿਸਫਲ ਹਾਨੀ ਇਨਿ ਹੈ[1]। [1]ਇਨ੍ਹਾਂ ਨੇ ਬਿਅਰਥ ਗੁਆ ਦਿੱਤੀ ਹੈ।
ਪਛਤਾਤ ਭਾਂਤਿ ਬਹੁ ਬਾਤ ਗਾਤਿ ਜਾਤ ਮਗਿ[1], [1]ਰਸਤੇ 'ਚ ਬਹੁਤ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ।
ਕਰਾਮਾਤ ਨਾ ਪਛਾਤ ਕਹਿਲਾਤ ਜਿਨ ਹੈ[1]। [1]ਜਿਨ੍ਹਾਂ ਦੇ (ਸਿੱਖ) ਅਖਵਾਉਂਦੇ ਹਨ।
ਜਾਵਤਿ ਬਹੀਰ[1] ਹੈ ਗੰਭੀਰ ਗੁਰ ਪਾਛੇ ਭੀਰ, [1]ਵਹੀਰ।
ਬੀਰਨ ਅਮੀਰਨ ਫਕੀਰਨ ਅਗਿਨ ਹੈ[1] ॥ ੬੫ ॥ [1]ਅਣਗਿਣਤ।

ਦੋਹਰਾ:
ਸਨੇ ਸਨੇ[1] ਮਗ ਸਤਲੁਜੈਂ, [1]ਹੌਲੀ ਹੌਲੀ।
ਲਖਿ[1] ਕੀਰਤਿ ਪੁਰ ਜਾਇ। [1]ਲੰਘ ਕੇ।
ਨਿਜ ਮੰਦਰ ਮੈਂ ਨੌਮ ਗੁਰੁ,
ਥਿਰੇ ਮੋਦ ਮਨਿ ਪਾਇ ॥ ੬੬ ॥

ਇਤਿ ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥੇ ਗਜਾਨ ਸਿੰਘ ਵਿਰਚਿਤੇ 'ਨੌਮ ਗੁਰੂ ਕਾ ਪ੍ਰਸੰਗ' ਬਰਨਨੰ ਨਾਮ ਤੇਤੀਸਮੋਂ ਬਿਸ੍ਰਾਮ ॥ ੩੩ ॥

੩੪. {ਸ੍ਰੀ ਅਨੰਦ ਪੁਰ ਸ਼ਹਿਰ ਵਸਾਉਣਾ, ਤੀਰਥ ਉਧਾਰ ਲਈ ਜਾਣਾ, ਸ੍ਰੀ ਪਟਣੇ ਸਾਹਿਬ ਪਹੁੰਚਣਾ}

ਦੋਹਰਾ:

ਕੁਲਿ ਭੱਲਨਿ ਕਲ ਕਲਸ ਗੁਰੁ,
ਗਯਾਨ ਭਾਨ ਬਿਦਤਾਨ[1]।

[1]ਭੱਲਿਆਂ ਦੀ ਕੁਲ ਦੇ ਸੁੰਦਰ ਕਲਸ ਰੂਪ ਭਾਵ ਸ਼੍ਰੋਮਣਿ ਸ੍ਰੀ ਗੁਰੂ (ਅਮਰ ਦਾਸ) ਜੀ (ਆਪ) ਗਿਆਨ ਦੇ ਸੂਰਜ ਪ੍ਰਗਟ ਕਰਨ ਵਾਲੇ ਹੋ।

ਅਜ਼ਮਤ ਯੁਤ ਅਨਕੈਂ ਕਰੇ,
ਦਿਹੁ ਤੁਮ ਮੁਹਿ ਬਰ ਬਾਨਿ[1] ॥੧॥

[1]ਅਨੇਕਾਂ (ਗੁਰਸਿਖਾਂ ਨੂੰ) ਕਰਾਮਾਤ ਦੇ ਸਹਿਤ ਕਰ ਦਿੱਤਾ ਹੈ ਮੈਨੂੰ ਵੀ ਤੁਸੀਂ ਚੰਗੀ ਕਵਿਤਾ (ਰਚਨ ਦੀ ਸ਼ਕਤੀ) ਦਿਉ।

ਅਨੰਦ ਪੁਰ ਗੁਰੁ ਨੌਮ ਰਚਿ,
ਤੀਰਥ ਜਾਤ੍ਰਾ ਜਾਂਹਿ।
ਧੀਰ ਮੱਲ ਗੁਰੁ ਗ੍ਰੰਥ ਲਹਿ,
ਧਯਾਇ ਕਥੈਂ ਕਥ ਯਾਹਿ[1] ॥੨॥

[1](ਇਸ) ਬਿਸ਼੍ਰਾਮ ਵਿੱਚ ਇਹ ਕਥਾ ਕਹਾਂਗੇ।

ਕਬਿੱਤ:

ਉਤੈ ਜਬਿ ਸਿੱਖ ਜਾਇ ਕਹਯੋ ਧੀਰ ਮੱਲ ਤਾਇਂ,
ਸੁਨਿ ਸੁਖ ਪਾਇ ਉਮਗਾਇ[1] ਲਾਗੋ ਆਵਨੇ।
ਢਿੱਗ ਤੈ ਮਸੰਦਨ ਸੁਨਾਯੋ ਮਤਿ ਮੰਦਨ ਯੌਂ,
ਤੁਮੈਂ ਫਰ ਫੰਧਨ ਸੋਂ ਕਰੈਂ ਬਹਿਕਾਵਨੇ[1]।

[1]ਉਤਸ਼ਾਹ ਨਾਲ।

[1](ਫਿਰ ਫੰਧਨ) ਛਲਾਂ ਵਲਾਂ (ਸੋਂ) ਨਾਲ (ਕਰੈਂ ਬਹਿਕਾਵਨੇ) ਭਟਕਾਉਂਦੇ ਹਨ।

ਗੁਰੂ ਗ੍ਰੰਥ ਨਦੀ ਮਾਂਹਿ ਕਾਂਹਿ ਧਰਿ ਜਾਹਿਂ ਵਾਹਿ[1],
ਜੌ ਪੈ ਸਾਚ ਆਹਿ ਤੌ ਭੀ ਕੀਨ ਬੁਰੋ ਭਾਵਨੇ[1]।
ਨਦੀ ਮੈਂ ਸੇ ਕੈਸੇ ਭਲ ਐਹੈ ਹਾਥ ਪੈਹੈ ਥਲ,
ਜੈਹੈ ਗਲ ਯਾ ਤੋ ਜਲ ਕੈਹੈ ਸੋ ਬਹਾਵਨੇ[1] ॥੩॥

[1]ਉਹ ਕਾਹਨੂੰ ਧਰ ਕੇ ਜਾਣਗੇ।

[1]ਬੁਰੀ ਭਾਵਨਾ ਨਾਲ (ਐਸਾ) ਕੀਤਾ ਹੈ।

[1]ਨਦੀ ਵਿਚੋਂ ਕਿਵੇਂ (ਭਲ) ਠੀਕ ਹਾਲਤ ਵਿੱਚ ਹੱਥ ਆ ਸਕਦਾ ਹੈ, (ਥਲ) ਥੱਲੇ ਪੈ ਕੇ (ਭਾਵ ਹੇਠਲੀ ਤਹਿ 'ਚ ਬੈਠ ਕੇ) ਗਲ ਜਾਵੇਗਾ ਤੇ ਜਾਂ ਉਹ ਪਾਣੀ (ਦਰਿਆ ਦਾ) ਰੋੜ੍ਹ ਕੇ ਲੈ ਜਾਵੇਗਾ।

ਅਤਿਸੈ ਜੁ ਵਥੁ ਨੀਕ ਗੁਰਜਾਈ ਤੈ ਵਧੀਕ,
ਦੈ ਹੈਂ ਤੁਮੈਂ ਠੀਕ ਹੈ ਸ੍ਰੀਕ ਹਾਸੀ ਕੈ ਪਠੀ[1]।
ਸਲਿਤਾ ਟਟੋਰੇ ਜਬਿ ਔਰੇ ਸਬਿ ਬੌਰੇ ਕੈਹੈਂ,
ਹੌਰੇ ਬਨਿ ਐਹੋ ਗੌਰੇ ਹਾਸ ਹੋਇ ਹੈ ਅਠੀ[1]।

[1]ਸ਼ਰੀਕ ਨੇ ਤੈਨੂੰ ਮਖ਼ੌਲ ਕਰ ਭੇਜਿਆ ਹੈ।

[1]ਜਦੋਂ (ਤੂੰ) ਨਦੀ ਚੋਂ ਢੂੰਡੇਂਗਾ ਤਦੋਂ ਹੋਰ ਸਾਰੇ ਤੈਨੂੰ ਸ਼ੁਦਾਈ ਕਹਿਣਗੇ ਹੌਲੇ ਬਣ ਕੇ ਆਉਗੇ (ਤੇ ਫਿਰ) ਅੱਠੇ ਪਹਿਰ ਬਹੁਤੀ ਹਾਸੀ ਹੋਵੇਗੀ।

ਜੌ ਹੈ ਸਹੀ ਗੱਲ ਤੌਂ ਤੋ ਬੁਰਾ ਹੀ ਕਰਯੋ ਅਵੱਲ[1],

[1]ਬੁਰਾ ਤੇ (ਅਵੱਲ) ਉਲਟਾ ਹੀ (ਕੰਮ) ਕੀਤਾ ਹੈ।

ਤੁਮਹੂੰ ਤੈ ਖੋਯੋ ਭੱਲ[1] ਆਪ ਰਾਖਜੋ ਨਾ ਹਠੀ[2]।
[1]ਤੁਹਾਡੇ ਪਾਸੋਂ ਤਾਂ ਚੰਗੀ ਤਰ੍ਹਾਂ ਗੁਆ ਦਿੱਤਾ ਹੈ। [2]ਜ਼ਿੱਦ ਕਰਨ ਵਾਲਿਆਂ ਨੇ।

ਸੁਨਿ ਧੀਰੀ ਮੱਲ ਥਰਥੱਲ[1] ਕਾਂਪਜੋ ਕਦਲੀ ਜਜੋਂ[2],
[1]ਹਲਚਲੀ (ਮੱਚ ਗਈ)। [2]ਕੇਲੇ ਵਾਂਗ।

ਬਦਲੀ ਕ੍ਰਾਂਤਿ ਮੁਖਿ ਗਟੀ ਬਹੁਧਾ ਠਠੀ[1] ॥ ੪ ॥
[1]ਮੂੰਹ ਦੀ ਚਮਕ ਬਦਲ ਗਈ ਤੇ ਬਹੁਤ ਤਰ੍ਹਾਂ ਦੀਆਂ ਗਿਣਤੀਆਂ ਗਿਣਨ ਲਗ ਪਿਆ।

ਹੋਇ ਕੈ ਅਧੀਰ ਬੂਡਯੋ ਸ਼ੋਕ ਨਿਧਿ[1] ਨੀਰ,
[1]ਸ਼ੋਕ ਦੇ ਸਮੁੰਦਰ ਵਿੱਚ।

ਚਿੰਤਾ ਪੀਰ ਨੈ ਗਹੀਰ[1] ਨੀਰ ਹੀਨ ਮੀਨ ਹ੍ਵੈ ਗਯੋ[2]।
[1]ਚਿੰਤਾ ਦੀ ਪੀੜ ਨੇ ਪਕੜ ਲਿਆ। [2]ਪਾਣੀ ਤੋਂ ਬਿਨਾਂ ਮੱਛੀ (ਵਾਂਗ) ਹੋ ਗਿਆ।

ਬਾਰ ਬਾਰ ਕੈ ਵਿਚਾਰ ਫੇਰ ਯੌਂ ਉਚਾਰ ਕਹਜੋ,
ਤੇਗ ਜੂ ਬਹਾਦਰ ਨ ਕਬੀ ਕੂਰ ਹੈ ਕਹਜੋ।

ਬਾਲਪਨ ਤੈ ਹੀ ਭੋਰੇ ਭਾਵ[1] ਲੋਭ ਛੋਭ[2] ਛੋਰੇ
[1]ਭੋਲੇ ਸੁਭਾਵ ਕਰਕੇ। [2]ਕ੍ਰੋਧ।

ਭਜਨ ਬਿਬੇਕ ਸੋਂ ਵਿਰਾਗ ਤਜਾਗ ਮੈਂ ਰਹਜੋ।

ਹਮ ਤੋ ਬੁਰਾਈ ਉਤਪਾਤ[1] ਹੈ ਮਹਾਈ[2] ਕੀਨ,
[1]ਉਪੱਦ੍ਰਵ। [2]ਵੱਡਾ।

ਉਨਹੂੰ ਭਲਾਈ ਛਿਮਾ ਸ਼ੀਲ[1] ਬਡ ਹੀ ਗਹਜੋ ॥ ੫ ॥
[1]ਨਰਮ ਸੁਭਾਵ।

ਐਸੋ ਕੌਨ ਜਗ ਮੈਂ ਹੈ ਆਯੋ ਧਨ ਫੇਰ ਦੈ ਹੈ[1],
[1]ਮੋੜ ਦੇਵੇ।

ਸਦਗੁਨ ਪੁੰਜ ਵੈਹੈ ਜੋਗ ਗੁਰੁ ਵਾਰੀਆ[1]।
[1]ਉਹ ਚੰਗੇ ਗੁਣਾਂ ਦੇ ਸਮੂੰਹ ਭਾਰੀ ਲਾਇਕ ਗੁਰੂ ਹਨ।

ਹਮ ਕੋ ਯਕੀਨ ਐ ਹੈ ਗ੍ਰੰਥ ਸੋ ਗਏ ਰਖੈ ਹੈਂ,
ਸਿਖ ਦੇਤਿ ਨਾਹਿ ਹ੍ਵੈ ਹੈਂ ਗਏ ਨਦਿ ਧਾਰੀਆ[1]।
[1]ਨਦੀ ਵਿੱਚਰੱਖ ਗਏ।

ਉਨਿ ਕੀ ਇਮਾਨਤ ਕੀ ਖਜਾਨਤ[1] ਕਰੈ ਹੈ ਕੌਨ,
[1]ਬੇਈਮਾਨੀ।

ਮਾਨਤਿ ਹੈ ਆਨ[1] ਬ੍ਰਹਮੰਡ ਅੰਡ ਸਾਰੀਆ[2]।
[1]ਆਗਿਆ। [2]ਆਂਡੇ ਦੀ ਸ਼ਕਲ ਦੇ ਸਾਰੇ ਬ੍ਰਹਮੰਡ।

ਚਾਹਿਤ ਅਬਾਦੀ[1] ਮਮ ਗਾਦੀ ਕੀ ਸਦਾ ਹੀ ਸੋਊ,
[1]ਉਸਤਤਿ। (ਅ) ਵਸੋਂ ਭਾਵ ਤ੍ਰੱਕੀ।

ਹੋਊ ਉਪਕਾਰ ਹਮ ਪਰ ਉਨੈਂ ਭਾਰੀਆ ॥ ੬ ॥
ਗਯੋ ਗ੍ਰੰਥ ਫੇਰ ਐਹੈ ਪੰਥ ਬਡ ਮਾਨ ਕੈ ਹੈ,
ਸਿੱਖ ਬਹੁ ਭੇਟ ਦੈਹੈਂ ਐਸੇ ਧੀਰ ਬਾਂਧ ਕੈ।
ਭਾਲਨਿ ਕੇ ਹੇਤ ਜਬਿ ਚਾਲਨਿ ਸੋ ਚਾਹੈ,
ਤਬਿ ਗਾਲਨ ਸੋਂ[1] ਟਾਲਨਿ ਮਸੰਦ ਸ਼ੀਹੇਂ ਆਦਿਕੈਂ।
[1]ਗੱਲਾਂ ਨਾਲ।

ਤੇਰਾਂ ਦਿਨ ਗਏ ਬੀਤ ਯੌਂ ਹੀ ਬਿਪ੍ਰੀਤ ਨੀਤਿ[1],
[1]ਉਲਟੀ ਨੀਤੀ ਕਰਕੇ।

ਦੁਬਿਧਾ ਚਿਖਾ ਮੈ ਚੀਤ ਜਰੇ ਤਾਂਹਿ ਯਾਦ ਕੈ[1]।
[1]ਤਿਸ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ) ਯਾਦ ਕਰਕੇ।

ਕੌਨ ਕੌਨ ਕੋ ਨ ਦੁਖ ਦੀਓ ਹੈ ਕੁਸੰਗਤਿ ਨੈ,
ਯਾਂਹੀ ਤੈ ਮਸੰਦ ਮੀਣੇ[1] ਨਿੰਦੇ ਗੁਰੂ ਨਾਦ ਕੈ[2] ॥ ੭ ॥

[1]ਕਪਟੀ। [2]ਬੋਲ ਕੇ।

ਗੁਰੁ ਜਸੁ ਸ੍ਵਾਂਤਿ ਬੂੰਦ ਸਰਪ ਮਸੰਦ ਮੰਦ[1],
ਸਿੱਖ ਸਸੀ ਸੀਪ ਕੇਲ ਚਾਤਕ ਸੁਹਾਵਨੋ[1]।

[1]ਮਸੰਦਾਂ ਰੂਪ ਸੱਪਾਂ ਨੂੰ ਬੁਰੀ ਲੱਗਦੀ ਹੈ।
[1]ਸਿੱਖਾਂ ਰੂਪ ਖੇਤ, ਸਿੱਪੀ, ਕੇਲੇ ਤੇ ਪਪੀਹੇ ਨੂੰ ਚੰਗੀ ਲੱਗਦੀ ਹੈ।

ਧੀਰ ਮੱਲ ਹੁਤੋ ਦ੍ਵੈਸ਼ੀ ਸੰਗਤ ਭੀ ਭਈ ਵੈਸੀ,
ਮੂਢ ਕੋ ਸਰਾਬ ਜੈਸੀ ਬੂਢ ਕੋ ਧਕਾਵਨੋ[1]।

[1]ਮੂਰਖ ਨੂੰ ਸ਼ਰਾਬ (ਵਾਂਗ) ਤੇ ਬੁੱਢੇ ਨੂੰ ਧੱਕਾ ਮਾਰਨ (ਵਾਂਗ ਦੁਖਦਾਈ ਹੈ)।

ਸ੍ਵਪਨ ਦੈ ਨੌਮ ਗੁਰੁ ਕਹਯੋ ਧੀਰ ਮੱਲ ਕੋ ਜੌ,
ਤੌ ਤੋ ਹਠ ਧਾਰਿ ਕੀਨ ਨਦੀ ਤੀਰ[1] ਜਾਵਨੋ।
ਗੋਤੇ ਲਗਵਾਏ ਜਾਲ ਪਾਏ ਧਨ ਦੈ ਮਹਾਂਏ,
ਗੁਰੂ ਗ੍ਰੰਥ ਜੀ ਨ ਪਾਏ ਕੀਨ ਬਲ ਲਾਂਵਨੋ ॥ ੮ ॥

[1]ਕਿਨਾਰੇ।

ਫੇਰ ਗੁਰੂ ਨੌਂ ਮਨਾਏ[1] ਨਾਕ ਧਰਾ ਪੈ ਘਸਾਏ,
ਪ੍ਰਸ਼ਾਦ ਬਰਤਾਏ ਪ੍ਰਤਜਾਏ ਪਾਵ ਸੋ[1]।
ਰੇਤੀ ਵੀਚ ਦੱਬੇ ਤਬੇ ਪਾਏ ਨਿਕਸਾਏ
ਦਰਸਾਏ, ਹੁਲਸਾਏ ਹੈਂ ਝੁਕਾਏ ਸੀਸ ਚਾਵ ਸੋਂ।
ਮਾਨੋ ਮ੍ਰਿਤੁ[1] ਪ੍ਰਾਨ ਆਏ ਗਈ ਮਨੀ ਫਨੀ[2] ਪਾਏ,
ਸੁਮ ਨਿਧਿ ਕੋ ਲਹਾਏ[1] ਧੀਰ ਮੱਲ ਭਾਵ ਸੋ[2]।

[1]ਭਾਵ ਨੌਆਂ ਗੁਰਾਂ ਅੱਗੇ ਅਰਦਾਸ ਕੀਤੀ।
[1]ਉਸ ਦਾ ਪ੍ਰਤਿਆਵਾ ਪਾ ਲਿਆ।
[1]ਮੁਰਦੇ ਵਿੱਚ। [2]ਸੱਪ ਦੀ।
[1]ਖ਼ਜ਼ਾਨਾ ਮਿਲ ਗਿਆ। [2]ਉਨ੍ਹਾਂ ਵਾਂਗ ਹੀ ਧੀਰਮੱਲ (ਖ਼ੁਸ਼) ਹੋਗਿਆ।

ਅੰਗਰਖੇ[1] ਤਨੀ ਟੂਟੀ ਕਾਂਤਿ ਮੁਖਿ ਲਾਲੀ ਫੂਟੀ[2],
ਪਾਈ ਜਨ ਰਾਮ ਬੂਟੀ ਲਖਮਨ ਜਯਾਵ ਸੋ[1] ॥ ੯ ॥

[1]ਚੋਲੇ ਦੀ। [2]ਮੂੰਹ ਤੇ ਚਮਕ ਤੇ ਲਾਲੀ ਫੁੱਟ ਕੇ ਨਿਕਲੀ।
[1]ਜਾਣੋ ਲਛਮਣ ਨੂੰ ਜਿਉਂਦਾ ਕਰਨ ਲਈਰਾਮ ਚੰਦਰ ਜੀ ਨੂੰ ਸੰਜੀਵਨੀ ਬੂਟੀ ਲੱਭ ਪਈ ਹੈ।

ਹਾਸ਼ੀਆ ਸਿਲਾਬ ਗਯੋ[1] ਅੱਖਰ ਅਖੱਰ ਰਹਯੋ[2],

[1]ਹਾਸ਼ੀਆ (ਲਿਖਤ ਤੋਂ ਬਾਹਰਵਾਰ ਛੱਡਿਆ ਖਾਲੀ ਥਾਂ) ਗਿੱਲਾ ਹੋਗਿਆ। [2]ਅੱਖਰ ਸਾਬਤ ਰਹੇ। (ਅੱਖਰ- ਅ+ਖਰ=ਖਰਨ ਤੋਂ ਰਹਿਤ ਭਾਵ ਸਾਬਤ।)

ਬਡੋ ਉਤਸ਼ਾਹ ਕਯੋ ਗਯੋ ਘਰ ਲੈ ਤਬੈ।
ਮੇਲਾ ਬਡ ਠਯੋ[1] ਦਰਸਯੋ[2] ਸਬਿ ਸੰਗਤਿ ਕੋ,
ਧਨ ਭੇਟ ਅਯੋ ਵਹੁ[1] ਤਾਂਹੀ ਠੌਰ[2] ਹੈ ਅਬੈ।

[1]ਕੀਤਾ। [2]ਦਰਸ਼ਨ ਕਰਵਾਇਆ।
[1]ਉਹ (ਸ੍ਰੀ ਗੁਰੂ ਗ੍ਰੰਥ ਸਾਹਿਬ)। [2]ਉਸੇ ਜਗ੍ਹਾ (ਕਰਤਾਰਪੁਰ ਦੁਆਬਾ)।

ਇਤ ਦਿਸ ਨੌਮ ਗੁਰੁ ਪਹੁੰਚੇ ਕੀਰਤਿ ਪੁਰਿ,
ਸੰਗਤਿ ਅਪਾਰ ਤੁਰਿ ਆਇ ਦੇਸ ਤੈ ਸਬੈ।

ਸਤਿਗੁਰੁ ਤਖਤ ਪੈ ਬੈਠੈਂ ਦੋਊ ਵਕਤ ਪੈ,
ਸਭਾ ਬਡ ਲਗਤਿ ਪੈ ਬਿਤ ਬਹੁਤੈ ਅਬੈ[1] ॥੧੦॥

[1]ਧਨ ਬਹੁਤ ਆਉਂਦਾ ਹੈ।

ਜਰਨਿ[1] ਸ਼ਰੀਕ ਪੇਖਿ ਸੋਢੀ ਮਤਸਰ ਧਰਿ,
ਕਰਨਿ ਖਰਾਬੀ ਜੋ ਸ਼ਤਾਬੀ[1] ਮਤ ਹੈ ਠਏ[2]।
ਮਾਤ ਕ੍ਰਿਸ਼ਨ ਕੌਰ ਤੌ ਨਿਹਾਤ ਹੀ[1] ਰਖਤਿ ਮੇਲ,
ਨਿਜ ਧਨ ਧਾਮ ਹੈਂ ਹਵਾਲੇ ਇਨ ਕੇ ਕਏ।
ਐਪੈ ਬਾਦ[1] ਏਕ ਮਾਸ ਗਈ ਸੋ ਪ੍ਰਲੋਕ ਖਾਸ[2],
ਨਿਜ ਪਤਿ ਪਾਸ ਵਾਸ ਕੀਨ ਪੂਤ ਭੀ ਪਏ[1]।
ਮੱਖਣ ਭੀ ਬਿਦਾ ਪਾਇ ਗਯੋ ਜਬਿ ਦੱਖਣ ਕੋ,
ਲੱਖਣ ਸਰੀਕ ਲੱਗੇ ਰੱਖਣ ਬੁਰੇ ਨਏ[1] ॥੧੧॥

[1]ਸੜਦੇ ਹਨ।
[1]ਛੇਤੀ। [2](ਉਨ੍ਹਾਂ ਨੇ) ਸਲਾਹ ਕੀਤੀ ਹੋਈ ਹੈ।
[1]ਬਹੁਤ ਹੀ ਜ਼ਿਆਦਾ।
[1]ਪਿਛੋਂ। [2]ਆਪ।
[1](ਮਿਲ) ਪਏ।
[1]ਸ਼ਰੀਕ (ਆਪਣੇ ਆਪ ਵਿੱਚੋਂ) ਨਵੇਂ ਬੁਰੇ ਲੱਛਣਰੱਖਣ ਲੱਗੇ ਭਾਵ ਨਵੀਆਂ ਬੁਰਾਈਆਂ ਕਰਨ ਲੱਗੇ।

ਅਧਿਕ ਬਿਵਾਦ[1] ਰਵਿ ਮਲ[2] ਕੀ ਔਲਾਦ ਗਹਜੋ,
ਉਤੈ ਧੀਰ ਮੱਲ ਕੋ ਇਮਾਨ ਹੱਲ ਹੈ ਗਯੋ।
ਭਯੋ ਕ੍ਰਿਤਘਨ[1] ਮਨਿ ਲਾਗਿ ਆਗ[2] ਜਾਗ ਉਠੀ,
ਗੁਰੁ ਕੀ ਬਡਜਾਈ ਆਗ ਵੈ ਜਲਾਈ ਹੈ ਦਯੋ[1]।
ਰਾਮਰਾਇ ਦਿੱਲੀ ਦਿਸੋਂ[1] ਸਹਿਜ ਸੁਭਾਇ ਆਇ,
ਜਾਇ ਦੁਆਬੇ ਸਿੱਖੀ ਨਿਜ ਨਜਾਰੀ ਕਰਤੈ ਭਯੋ।
ਤਾਂ ਕੋ ਧੀਰ ਮੱਲ ਨੇ ਬੁਲਾਇ ਘਰ ਕਰਿ ਸੇਵ,
ਬਹੁ ਸਿਖਰਾਇ ਕੈ ਮਿਲਾਇ ਸੰਗ ਹੈ ਲਯੋ ॥੧੨॥

[1]ਝਗੜਾ। [2]ਸੂਰਜ ਮੱਲ।
[1]ਕੀਤੇ ਉਪਕਾਰ ਨੂੰ ਭੁਲਾ ਦੇਣ ਵਾਲਾ। [2]ਦੁਸ਼ਮਣੀ ਦੀ ਅੱਗ।
[1]ਗੁਰਾਂ ਦੀ ਵਡਿਆਈ ਨੇ ਉਹ ਅੱਗ ਬਾਲ ਦਿੱਤੀ ਹੈ।
[1]ਤਰਫੋਂ।

ਇਤੈ ਗੁਰੂ ਨਹਿਮ ਕੇ ਫਹਿਮ ਮੈ ਬਹਿਮ ਨ
ਸਹਿਮ ਅਹਿਮ ਕਾਂਹਿ ਲਹਿਮ ਨ ਆਇ ਹੈਂ[1]।

[1]ਏਧਰ (ਨਹਿਮ) ਨੌਵੇਂ ਸਤਿਗੁਰਾਂ ਦੇ (ਫਹਿਮ) ਦਿਮਾਗ ਵਿੱਚ ਭਾਵ ਸੋਚ ਵਿੱਚ (ਬਹਿਮ) ਵਹਿਮ (ਸ਼ੱਕ, ਸੰਸਾ) ਨਹੀਂ ਹੈ ਅਤੇ (ਅਹਿਮ) ਖ਼ਾਸ ਜਾਂ ਬਹੁਤਾ (ਸਹਿਮ) ਡਰ ਭੈ ਕਿਸੇ (ਲਹਿਮ) ਇਕ ਪਲ ਜਿੰਨੇ ਸਮੇਂ ਵਿੱਚ ਵੀ ਨਹੀਂ ਆਉਂਦਾ।

ਮੂਰਤਿ ਰਹਮ[1] ਸਦਾ ਚਹਿਂ ਮਨ ਭਲਾ ਸਬਿ,
ਸੱਤ੍ਰ ਮਿੱਤ੍ਰ ਨਾਹਿਂ ਮਨ ਮੈ ਰਖਾਇ ਹੈਂ।
ਹੇਰੇ[1] ਜਬਿ ਕਰਤਿ ਬਖੇਰੇ[2] ਬਿਨ ਛੇਰੇ[3] ਸੋ[11],
ਘਨੇਰੇ ਨੇਰੇ[1] ਰਹਿਨੋ ਨਿਹਾਰ ਦੁਖਦਾਇ ਹੈ।

[1]ਦਇਆ, ਤਰਸ।
[1]ਦੇਖੇ। [2]ਝਗੜੇ। [3]ਬਿਨਾਂ ਛੇੜੇ ਤੋਂ। [11]ਉਹ (ਧੀਰ ਮੱਲ ਤੇਰਾਮਰਾਇ)।
[1]ਬਹੁਤਾ ਨੇੜੇ।

ਗੁਰੂ ਜੀ ਵਿਚਾਰਾ ਯਾਹਿ, ਹਮਰਾ ਸ਼ਰੀਕਾ ਨਾਂਹਿਂ
ਕਾਂਹਿ ਸੋ[1], ਕਦਾਹਿ ਭੀ ਅਗਾਹਿ ਨਾ ਭਵਾਇ ਹੈ[2]
॥ ੧੩ ॥

[1]ਕਿਸੇ ਨਾਲ ਵੀ। [2]ਅਗੋਂ ਨੂੰ ਕਦੇ ਵੀ ਨਹੀਂ ਹੋਵੇਗਾ।

ਸ੍ਵਪਨ ਪਸਾਰਾ ਜਗ ਧੁੰਦ ਕੇ ਮਨਿੰਦ[1], ਦੁੰਦ[2]
ਕਰਤਿ ਅਗਜਾਨੀ, ਗਜਾਨੀ ਰਹਿਤ ਅਦੁੰਦ[1] ਹੈਂ।
ਸਹਿ ਨ ਸਕਤ ਵੀਚ ਰਹਿਨ ਤੇ ਯੇ[1] ਬਡਾਈ,
ਔਰ ਠੋਰ ਬਸੈਂ ਲਸੈਂ[1] ਨਸੈਂ ਸਬਿ ਦੁੰਦ ਹੈਂ।
ਜੈਸੇ ਪੁਰਾ[1] ਗੁਰੂ ਬਹੁ ਗ੍ਰਾਮ ਹੈ ਬਸਾਏ,
ਤੈਸੇ ਹਮ ਭੀ ਨਗਰ ਏਕ ਰਚੀਏ ਸੁਛੰਦ[1] ਹੈਂ।
ਐਸੇ ਮਨਿ ਧਾਰਿ ਕੈ ਨਿਹਾਰ ਕੈ ਜ਼ਮੀਨ ਵਰ[1]
ਬਾਂਧਜੋ ਅਨੰਦ ਪੁਰ ਦਾਇ[1] ਪਰਮਾਨੰਦ ਹੈ
॥ ੧੪ ॥

[1]ਵਾਂਗ। [2]ਝਗੜਾ।
[1]ਝਗੜੇ ਤੋਂ ਬਿਨਾਂ।
[1]ਇਹ (ਧੀਰ ਮੱਲ ਆਦਿ)।
[1]ਚਮਕੀਏ ਭਾਵ ਪ੍ਰਸੰਨ ਹੋ ਕੇ ਰਹੀਏ।
[1]ਪਹਿਲੇ।
[1]ਸੁਤੰਤਰ।
[1]ਸ੍ਰੇਸ਼ਟ।
[1]ਦੇਣ ਵਾਲਾ।

ਤਾਰਾ ਚੰਦ ਕਹਿਲੂਰੀ ਗੁਰੂ ਹਰਿਗੋਵਿੰਦ ਕੋ,
ਪਾਂਚ ਗਾਂਮ ਕੀ ਇਨਾਮ ਧਰਾ ਲਿਖ ਥੀ ਦਈ।
ਕੀਰਤਿ ਪੁਰੀ ਸੈ ਨੈਣਾ ਦੇਵੀ ਲੌ ਪਹਾਰ ਕੰਢੀ[1],
ਦਸ ਕੋਸ ਲੰਬੀ ਪਾਂਚ ਕੋਸ ਚੌੜੀ ਥੀ ਭਈ।
ਤਾ ਮੈਂ ਪੁਰ ਕੀਰਤਿ ਬਸਾਯੋ ਗੁਰੂ ਆਪ ਤਬੈ,
ਔਰ ਕੀ ਬਟਾਈ ਗੁਰੂ ਸਾਤਮ ਲੌ ਥੀ ਅਈ[1]।

[1]ਪਹਾੜ ਦੇ ਨਾਲ ਲਗਦੀ ਜ਼ਮੀਨ।
[1]ਬਾਕੀ ਰਹਿੰਦੀ ਜ਼ਮੀਨ ਦੀ ਵਟਾਈ (ਪੈਦਾਵਾਰ ਚੋਂ ਹਿੱਸਾ) ਸਤਵੇਂ ਗੁਰਾਂ ਤੱਕ ਆਉਂਦੀ ਰਹੀ ਸੀ।

ਤਾਂ ਕੇ ਸੁਤ ਭੀਮ ਚੰਦ ਹੂੰ ਤੈ ਗੁਰੂ ਨੌਮ ਅਬਿ,
ਜ਼ਿਮੀਦਾਰ ਮੋਲ ਲੈ[1] ਕੈ ਨੀਓਂ ਦਿਢ ਹੀ ਠਈ[2]
॥ ੧੫ ॥

[1]ਜ਼ਮੀਨ ਦੀ ਮਾਲਕੀ ਦਾ ਹੱਕ ਮੁੱਲ ਲੈ ਕੇ। [2]ਪੱਕੀ ਹੀ ਨਿਉਂਰੱਖ ਦਿੱਤੀ।

ਸਤ੍ਰਾਂ ਸੌ ਇਕੀ[1] ਮਾਘ ਸੁਦੀ ਪੰਚਮੀ ਕੋ ਗੁਰੁ,
ਸਾਨੰਦ ਬਸਾਯੋ ਪੁਰ ਆਨੰਦ ਗਰਾਮ[1] ਹੈ।
ਏਕ ਓਰ ਧਾਰ ਜੋ ਪਹਾਰਨ ਸੁਹਾਂਨੀ, ਪਰ
ਸ੍ਰੀ ਨੈਣਾ ਦੇਵੀ ਦੇਵੀ ਬਾਂਛਿਤ ਅਰਾਮ ਹੈ[1]।
ਦੁਤੀ ਦਿਸਾ ਸਤਲੁਜ ਬਹਿਤ ਰਹਿਤ ਸਦ[1],
ਰਮਨੀਕ ਨੀਕ ਛਿਤ[1] ਠੀਕ ਅਭਿਰਾਮ[2] ਹੈ।
ਲਾਯਕ ਪਵਾਰਨ[1] ਭਵਿਖਤ ਵਿਚਾਰਨ ਕੈ,
ਦੂਣ ਕਹਿਲੂਰ ਸੁਖ ਸਾਰਨ ਕੋ ਧਾਮ ਹੈ[1] ॥ ੧੬ ॥

[1]ਸੰਮਤ ੧੭੨੧ ਬਿ.।
[1]ਪਿੰਡ।
[1]ਮਨ ਇੱਛਤ ਸੁਖ ਦੇਂਦੀ ਹੈਂ।
[1]ਸਦਾ ਵਗਦਾ ਰਹਿੰਦਾ ਹੈ।
[1]ਚੰਗੀਰਮਣੀਕ ਧਰਤੀ ਹੈ। [2]ਸੁੰਦਰ।
[1]ਜੰਗਾਂ ਦੇ ਲਾਇਕ ਹੈ।
[1]ਸਾਰੇ ਸੁਖਾਂ ਦਾ ਘਰ ਹੈ।

ਧਾਮ ਰਚਿ ਰੁਚਿਰ ਅਰਾਮ-ਦਾ ਰਹਿਨ ਲਾਗੇ,
ਜੰਗਲ ਮੈਂ ਮੰਗਲ ਭੋ ਗੁਰੁ ਪ੍ਰਤਾਪ ਤੇ।
ਆਵੈਂ ਇਕ ਜਾਵੈਂ ਸਿੱਖ ਰੌਣਕ ਰਹਾਵੈ ਬਹੁ,
ਦੌਲਤ ਚਢਾਵੈਂ ਔ ਕਮਾਵੈਂ ਸੇਵ ਆਪ ਤੇ[1]।

[1]ਆਪਣੇ ਹੱਥੀਂ।

ਏਕ ਰਾਤ ਬਾਤ[1] ਦੁਰਗੰਧਿ ਯੁਤ ਆਤਿ ਭਦੀ,
ਗੁਰੂ ਜੋ ਲਖਾਹਜੋ[1] ਆਯੋ ਦੇਉ ਦੁਰ ਪਾਪ ਤੇ[2]।

[1]ਹਵਾ।

[1]ਜਾਣਿਆ। [2]ਦੇਉ ਆਇਆ (ਜਿਸ ਨੇ ਇਹ ਦੇਹ) ਖੋਟੇ ਪਾਪਾਂ ਕਰ ਕੇ (ਪਾਈ ਹੈ)।

ਕਰ ਨਰ ਮੂੰਡ ਫਰੇ ਗਰੇ ਹਾਡ ਮਾਲ ਧਰੇ,
ਨੈਨ ਦੀਪ ਜਰੇ ਗਿਰ ਸੁਰਮੇ ਜਜੋਂ ਜਾਪਤੇ[1]
॥੧੭॥

[1]ਹੱਥਾਂ ਵਿੱਚ ਮਨੁੱਖਾਂ ਦੇ ਸਿਰ ਫੜੇ ਹੋਏ ਹਨ, ਗਲ 'ਚ ਹੱਡਾਂ ਦੀ ਮਾਲਾ ਪਹਿਨੀ ਹੋਈ ਹੈ, ਨੇਤ੍ਰ ਦੀਵੇਂ ਵਾਂਗ ਬਲਦੇ ਹਨ, (ਉਹ ਦੇਉ) ਸੁਰਮੇ ਦੇ ਪਹਾੜ ਜਾਪਦੇ ਹਨ।

ਭਜਾਨਕ ਕਰੂਪ ਅਤਿ ਆਨਕ[1] ਪ੍ਰਵਾਰ ਯੁਤ,
ਕਰਨ ਉਜਾਰ ਵਾਰ ਦੁਖਦ ਪਛਾਨ ਕੈ।

[1]ਆਏ।

ਪਾਨ[1] ਲੈ ਕਮਾਨ ਬਾਂਨ ਗੁਰੂ ਜੀ ਸੰਧਾਨ[2] ਜਬਿ,
ਜਾਨਿ ਸਮ੍ਰੱਥ ਗੁਰੈਂ ਬੋਲਜੋ ਘਿਗਜਾਨ ਕੈ[1]।

[1]ਹੱਥਾਂ 'ਚ। [2]ਸਿੰਨ੍ਹਿਆ।

[1]ਲੇਲ੍ਹੜੀਆਂ ਕੱਢ ਕੇ।

ਪ੍ਰਾਨ ਦਾਨ ਦੀਜੈ ਮੋਹਿ ਹਾਨਿ[1] ਨਾਹਿ ਕੀਜੈ,
ਗੁਰੋ ਅਰਜ਼ ਸੁਨੀਜੈ ਦੀਜੈ ਹੁਕਮ ਧਿਆਨ ਕੈ[1]।
ਰੈਹੋਂ ਯਾਹਿ ਪੀਪਰ ਪੈ ਸਾਤ ਸੌ ਬਰਖ ਤੇ ਮੈਂ,
ਮਾਖੋ ਨਾਮ ਮੇਰੋ ਅਬਿ ਔਖੀ ਬਨੀ ਆਨ ਕੈ
॥੧੮॥

[1]ਨਾਸ।

[1]ਖ਼ਿਆਲ ਕਰ ਕੇ ਭਾਵ ਸੋਚ ਕੇ।

ਪਢਿਤ ਜੋ ਬਾਨੀ ਸਿੱਖ ਕੀਰਤਨ ਕੈ ਮਹਾਨੀ,
ਕੁਲ ਹਮਰੀ ਕੋ ਦਾਨੀ ਦੁਖ ਏਹੁ ਭਾਰੀਆ।
ਸੁਨਿ ਕਰਿ ਲਗੈ ਆਗ ਭਾਗੈਂ ਹਮ ਠੌਰ ਤਜਾਗ,
ਭੱਛ[1] ਨ ਮਿਲੈ ਹੈ ਕੱਛੁ ਰੱਛ ਅੱਛ ਕਾਰੀਆ[2]।

[1]ਭੋਜਨ। [2](ਨ ਕੋਈ) ਚੰਗੀਰੱਖਿਆ ਕਰਨ ਵਾਲਾ ਹੀ ਮਿਲਦਾ ਹੈ। (ਅ) (ਹੇ ਸਤਿਗੁਰੂ ਤੁਸੀਂ ਹੀ ਸਾਡੀ) ਚੰਗੀਰੱਖਿਆ ਕਰਨ ਵਾਲੇ ਹੋ।

ਆਪ ਕੇ ਅਗਾਰੀ ਨਾ ਹਮਾਰੀ ਚਾਰੀ[1] ਚਾਲਤਿ ਹੈ,
ਨ ਤੋ ਮੈਂ ਹਜ਼ਾਰੀ ਨਰ ਖੈ[1] ਕਰੋਂ ਉਜਾਰੀਆ।
ਗਿਨਤੀ ਬਿਨਾ ਹੀ ਨਾਥ ਬਿਨਤੀ ਹਮਾਰੀ ਮਾਨਿ,
ਦੀਜੈ ਮੋਹਿ ਠੋਰ ਔਰ ਬਸਨੇ ਹਿਤਾਰੀਆ[1]
॥੧੯॥

[1]ਚਾਰਾ, ਜੋਰ, ਵੱਸ, ਵਾਹ।

[1]ਨਾਸ।

[1]ਵੱਸਣ ਵਾਸਤੇ ਹੋਰ ਜਗ੍ਹਾ।

ਕਹਜੋ ਗੁਰੁ ਇਸ ਥਲ ਗੁਰ ਕੁਲ ਬਹੁ ਭਲ,
ਬਸ ਹੈ ਅਚਲ ਪ੍ਰਤਾਪ ਬਲਵਾਰ[1] ਹੈ। [1]ਬਲ ਵਾਲੀ।
ਬਸੋ ਤੁਮ ਗਿਰਦ ਸਰ੍ਹੰਦ ਸੁਨਿ ਹੋਇ ਖੁਸ਼,
ਕਹਜੋ ਪੁਨ ਰਾਖੋ ਕੁਛ ਈਹਾਂ ਭੀ ਹਮਾਰ ਹੈ।
ਭਾਖਜੋ ਗੁਰੁ ਰਾਖਜੋ ਨਾਮ ਤੇਰੋ ਹੇਤ ਸਾਖਜੋ ਜਗਿ[1], [1]ਜਗ ਵਿੱਚ ਉਗਾਹੀ ਵਾਸਤੇ।
ਕਹਿ ਹੈਂ ਅਨੰਦਪੁਰ ਮਾਖੋਵਾਲ ਸਾਰ[1] ਹੈ। [1]ਸਾਰੇ।
ਔਰ ਜਬਿ ਹੋਹਿੰਗੇ ਪਵਾਰੇ[1] ਈਹਾਂ ਭਾਰੇ ਆਇ, [1]ਪਵਾੜੇ, ਜੰਗ।
ਕਰੀਓ ਅਹਾਰੇ ਘਾਇ ਸਤ੍ਰੂ ਅਪਾਰ ਹੈ[1] ॥੨੦॥ [1]ਬਹੁਤੇ ਵੈਰੀ ਮਾਰ ਕੇ ਭੋਜਨ ਕਰਿਓ।
ਸੁਨਿ ਮੋਦ[1] ਮਨਿ ਮਾਖਾ ਬਸਜੋ ਸਰ੍ਹੰਦ ਜਾਇ [1]ਅਨੰਦ।
ਨਗਰ ਬਗਰ[1] ਗੁਰੁ ਸਗਰ[2] ਬਸਾਵਹੀਂ। [1]ਸ਼ਹਿਰ ਦੇ ਘਰ। [2]ਸਾਰੇ।
ਕੀਰਤਨ ਕਥਾ ਸਤਿਸੰਗਤਿ ਹਮੇਸ਼ ਹੋਇ,
ਲੰਗਰ ਅਤੋਟ ਛੋਟ ਮੋਟ[1] ਸਬਿ ਖਾਵਹੀਂ। [1]ਛੋਟੇ ਤੇ ਵੱਡੇ।
ਦੇਸਨਿ ਬਿਦੇਸਨਿ ਅਸੇਸਨਿ ਤੈ[1] ਲੈ ਮਸੰਦ, [1]ਸਾਰਿਆਂ ਤੋਂ।
ਸੰਗਤ ਕੋ ਸੰਗ ਗੁਰੁ ਪੈ ਨਿਸੰਗ ਲਜਾਵਹੀਂ।
ਦੈ ਹੈਂ ਭੇਟ ਰੈਹੈਂ ਕੁਛ ਦਿਨ ਸਤਿਸੰਗ ਕੈ ਹੈਂ[1], [1]ਕਰਦੇ ਹਨ।
ਪੈ ਹੈਂ ਮਨੋ ਕਾਮ[1] ਜੈ ਹੈਂ ਧਾਮ ਔਰ ਆਵਹੀਂ ॥੨੧॥ [1]ਮਨੋ ਕਾਮਨਾ।
ਇਸੀ ਤੌਰ ਰੈਹੈ ਭੀਰ ਗੌਰ ਗੁਰੁਦ੍ਵਾਰ ਪਰ,
ਸੈਂਕੜੇ ਮਜੂਰ ਰਾਜ ਮੰਦਰ ਉਸਾਰੇ ਹੈਂ।
ਧਾਮ ਖਟੁ ਰਿਤੁ ਕੋ[1] ਅਰਾਮ ਦਾਇ ਅਭਿਰਾਮ[2], [1]ਛੇਆਂਰੁੱਤਾਂ ਵਿੱਚ। [2]ਸੁੰਦਰ।
ਕੂਪ[1] ਧਰਮਸਾਲ ਨਾਮ ਲੰਗਰ ਉਦਾਰ ਹੈ[2]। [1]ਖੂਹ। [2]ਲੰਗਰ ਲਈ ਚੰਗੀ ਜਗ੍ਹਾ ਹੈ।
ਰਚਿਓ ਬਜ਼ਾਰ ਆਇ ਬਨਿਕ[1] ਅਪਾਰ ਬਸੇ, [1]ਬਾਣੀਏਂ, ਦੁਕਾਨਦਾਰ।
ਹੋਵਨਿ ਵਪਾਰ ਲਾਗੇ ਨਫੇ ਸਾਰ ਭਾਰ[1] ਹੈ। [1]ਸਾਰੇ ਵਪਾਰਾਂ 'ਚ ਭਾਰੀ ਨਫ਼ਾ ਹੈ।
ਰਾਸ ਲੌ ਦੈ ਬਿਬਿਧਾ ਮਦਦ ਖਾਸ ਸੁਖੁ ਰਾਸਿ[1], [1]ਸੁਖਾਂ ਦੀ ਹੋਂਦ ਸਤਿਗੁਰੂ ਮੂਲ ਧਨ ਤੱਕ ਅਨੇਕ ਤਰ੍ਹਾਂ ਦੀ ਆਪ ਮੱਦਦ ਦੇਂਦੇ ਹਨ।
ਖਟ ਮਾਸ ਮੈ[1] ਕਰਾਈ ਰੌਣਕ ਅਪਾਰ ਹੈ ॥੨੨॥ [1]ਛੇਆਂ ਮਹੀਨਿਆਂ ਵਿੱਚ।
ਸੰਗਤੈਂ ਅਪਾਰ ਐ ਹੈਂ ਬਿੱਤ[1] ਬੇਸੁਮਾਰ ਦੈ ਹੈਂ, [1]ਧਨ।
ਭੂਖਨ ਬਸਨ ਭਾਂਤਿ ਅਸਨ ਅਨੰਤ ਹੈਂ[1]। [1]ਅਨਗਿਣਤ ਤਰ੍ਹਾਂ ਦੇ ਗਹਿਣੇ ਬਸਤ੍ਰ ਤੇ ਭੋਜਨ।

ਜਜੋਂ ਧਨ ਐ ਹੈ ਗੁਰੁ ਖਰਚ ਕਰੈ ਹੈਂ,
ਕੁਛ ਜਮ੍ਹਾਂ ਨ ਰਖੈਹੈਂ ਦੈ ਹੈਂ ਲੰਗਰ ਬਸੰਤ ਹੈਂ।
ਜਬਰ ਜਵਾਹਰ ਜਰਾਵ ਜਰੇ ਜ਼ੇਵਰ ਜੇ[1],
ਤੇਵਰ[1] ਅਮੋਲ ਘਰਿ ਦੇਤਿ ਭਗਦੰਤ ਹੈਂ।
ਕਾਂਮਨਾ ਸਬਿਨਿ ਪੂਰੇਂ ਤਜੈਂ ਨਾਹਿਂ ਕਾਂਹਿ ਉਰੈਂ[1],
ਦੇਸ ਦੇਸ ਜਸ ਰੂਰੈਂ[1] ਫੈਲਜੋ ਸੁ ਤੰਤ[2] ਹੈ ॥੨੩॥
ਸੁਨਿ ਸੁਨਿ ਪੀਰ ਔ ਫਕੀਰ ਤੈ ਗਹੀਰ ਗੁਨ[1],
ਆਵਤ ਅਮੀਰ ਕੀਰ ਬਾਂਛਿਤ ਸੁ ਪਾਵਤੇ।
ਸੰਤ ਰੂਪੁ ਗੁਰ ਭਗਵੰਤ ਕਾਮ ਤੰਤ[1] ਪੇਖਿ,
ਭੀਮ ਚੰਦ ਆਦਿ ਭੂਪ ਖੁਸ਼ੀ ਭੇ ਰਹਾਵਤੇ।
ਐ ਪਰ ਸ਼੍ਰੀਕ ਜੇਤੇ ਹੇਰਿ ਦੁਖੀ ਹੋਹਿਂ ਤੇਤੇ,
ਮਤਸਰ[1] ਮਾਨਿ ਕੇਤੇ ਕੁਰੈਂ[2] ਝੁਰੈਂ ਜਾਵਤੇ।
ਕੂਰ ਹੀ ਕੁਨਿੰਦਾ ਰਰੈਂ ਬਿਘਨ ਬੁਲਿੰਦਾ ਕਰੈਂ,
ਨਾਹਿ ਸ਼ਰਮਿੰਦਾ ਪਰੈਂ ਰਿੰਦਾ ਜਜੋਂ ਅਲਾਵਤੇ[1] ॥੨੪॥
ਧੀਰ ਮੱਲ ਚਾਯੋ ਬਾਦ[1], ਰਵਿ ਮੱਲ ਕੀ ਉਲਾਦ
ਮੇਲ ਨਿਜ ਸੰਗ, ਸੋ ਬਿਖਾਦ[1] ਬਹੁ ਛੇਰੇ ਹੈ।
ਹੁਤੋ ਏਕ ਸੱਯਦ ਅਹਿਮਦ ਅਲੀ, ਵਲੀ[1] ਪੀਰ
ਮਸ਼ਹੂਰ, ਲੋਗ ਤਾਂਹਿ ਮਾਨਤਿ ਘਨੇਰੇ ਹੈਂ।
ਤਾਂ ਕੋ ਧਨ ਤੋਫੇ ਦੈ ਦੈ ਦੋਸਤ ਬਨਾਯੋ ਨਿਜ,
ਦਾਵਾ ਕਰਵਾਯੋ ਤਾਂ ਤੈ ਪਾਪਿ ਇਮ ਟੇਰੇ ਹੈਂ[1]।
ਤੇਗ ਜੂ ਬਹਾਦਰ ਬਿਰਾਦਰ ਪਦਰ ਮੇਰੇ[1]
ਕਰਤਾਰ ਪੁਰ ਜੰਗ ਵਕਤ ਨਿਬੇਰੇ ਹੈਂ[1] ॥੨੫॥
ਸੂਬੇ ਸਰਹੰਦ ਪਾਸ ਅਰਜ਼ੀ ਦਿਵਾਇ ਤਾਂ ਤੇ[1],
ਗਰਜ਼ੀ ਸਬੂਤੀ ਦੇਨੇ ਹੇਤ ਆਪ ਹੈਂ ਭਏ[1]।
ਔਰ ਰਾਮਰਾਇ ਕੋ ਸਿਖਾਇ ਬਹੁ ਭਾਇ[1],
ਦਿੱਲੀ ਮਾਨੁਖ ਪਠਾਇ ਸੋ ਮਿਲਾਇ ਸੰਗ ਮੈਂ ਲਏ।
ਨੌਰੰਗ ਕੇ ਪਾਸ ਤਾਂ ਕੀ ਖਾਸ ਬਾਤ ਮਾਨੀਅਤਿ,

[1]ਜੜਾਊ ਗਹਿਣੇ ਜਿਨ੍ਹਾਂ ਵਿੱਚ ਚੰਗੇ ਜਵਾਹਰਾਤ ਜੜੇ ਹੋਏ ਹਨ।
[1]ਇਸਤ੍ਰੀਆਂ ਦੇ ਤਿੰਨ ਕੱਪੜੇ।
[1]ਖ਼ਾਲੀ।
[1]ਸੁੰਦਰ। [2]ਛੇਤੀ।
[1]ਬਹੁਤੇ ਗੁਣ।
[1]ਛੇਤੀ ਕਾਮਨਾਂ ਪੂਰੀਆਂ ਕਰਨ ਵਾਲੇ। (ਤੰਤ– ਤੱਤ– ਛੇਤੀ।)
[1]ਈਰਖਾ। [2]ਕੁੜ੍ਹਦੇ ਹਨ।
[1]ਸ਼ੁਦਾਈਆਂ ਵਾਂਗ ਬੋਲਦੇ ਹਨ।
[1]ਝਗੜਾ ਚੁੱਕਿਆ।
[1]ਝਗੜੇ।
[1]ਵੱਡਾ।
[1]ਪਾਪੀ ਇਉਂ ਕਹਿੰਦੇ ਹਨ।
[1]ਮੇਰੇ ਭਰਾ ਤੇ ਪਿਉ।
[1]ਮਾਰ ਦਿੱਤੇ ਸਨ।
[1]ਉਸ ਪੀਰ ਪਾਸੋਂ।
[1]ਗਵਾਹੀ ਦੇਣ ਵਾਸਤੇ ਆਪ ਚਾਹਵਾਨ ਹੋਏ ਭਾਵ ਗਵਾਹ ਬਣ ਗਏ।
[1]ਬਹੁਤ ਤਰ੍ਹਾਂ ਨਾਲ।

ਯਾਂ ਤੇ ਧੀਰ ਮੱਲ ਏਹੁ ਨੌਰੰਗ ਖਿਲੈ ਦਏ[1]। [1]ਨਵੇਂ ਰੰਗ ਖਿੜਾ ਦਿੱਤੇ।
ਦੇਖੋ ਪਾਪੀ ਜਨ ਕੈਸੇ ਪਾਪ ਕੇ ਪਹਾਰ ਪਾਰੈਂ[1], [1]ਪਾੜਦੇ ਹਨ ਭਾਵ ਢਾਹੁੰਦੇ ਹਨ।
ਨਿਰਵੈਰੁ ਗੁਰੂ ਸੰਗ ਨਿਰਾ ਵੈਰੁ ਹੈਂ ਠਏ[1] ॥੨੬॥ [1]ਨਿਰਾ ਹੀ ਵੈਰ ਕਰਦੇ ਹਨ।
ਉਨ ਕੇ ਅਸਾਰ ਅਨਾਚਾਰ[1] ਸੁਨਿ ਕੇ ਨਿਹਾਰ, [1]ਝੂਠੇ ਤੇ ਖੋਟੇ ਕਰਤੱਬ।
ਗੁਨਿ ਕੈ[1] ਨਿਰਵਿਕਾਰ ਗੁਰੂ ਯੌਂ ਉਚਾਰਜੋ। [1]ਵਿਚਾਰ ਕੇ।
ਧੀਰ ਮੱਲ ਪਾਪ ਥਾਪ[1] ਅਧਿਕ ਪ੍ਰਤਾਪ ਚੈਹੈ, [1]ਕਰਕੇ।
ਐਪੈ ਰੈਹੈ ਏਕ ਜੀਵ ਤਾਂਹਿ ਪਰਵਾਰਜੋ।
ਸੋਈ ਬਾਤ ਅਬਿ ਲੌ ਬਖਜਾਤ[1] ਦੇਖੀ ਜਾਤਿ ਸਾਤ[2], [1]ਪ੍ਰਗਟ ਹੈ। [2]ਸੱਚੀ।
ਏਕ ਹੀ ਰਹਜੋ ਹੈ, 'ਗੁਰੁ ਔਰ ਯੌਂ ਵਿਚਾਰਜੋ।
ਪਰਵਾਰ ਹਮਰੋ ਜੇ ਹਮੇਂ ਹੀ ਨਿਹਾਰ,
ਦੁਖੀ ਰਹਿਤ ਅਪਾਰ, ਚਿਤਵੰਤ ਮੰਦ ਕਾਰਜੋ[1] [1]ਬੁਰਾ ਚਿਤਵਦੇ ਰਹਿੰਦੇ ਹਨ।
॥੨੭॥
ਭਗਤਿ[1] ਹਮਾਰੀ ਜੋ ਜਗੱਤ ਹੈ ਕਰੱਤ, [1]ਸੇਵਾ।
ਯਹਿ ਸਹਿ ਨ ਸਕੱਤ ਅਤਿ ਦੁਖਤਿ ਰਹਾਇ ਹੈਂ।
ਯਾਂਹੀ ਤੈ ਗੁਰਜਾਈ ਹਮ ਨਾਹੀਂ ਥੀ ਚਹਾਈ[1], [1]ਅਸੀਂ ਨਹੀਂ ਸੀ ਚਾਹੁੰਦੇ।
ਪਾਈ
ਜਬਰਨ ਗਰ ਮਾਈ ਸਿੱਖਨ ਉਠਾਇ ਹੈਂ।
ਜਾਂ ਤੇ ਗੁਰੁ ਅੰਸ[1] ਦੂਖੈ ਨਿੰਦਜਾ ਉਪੱਦ੍ਰ ਚੁਕੈ[2], [1]ਗੁਰਾਂ ਦੀ ਉਲਾਦ (ਧੀਰ ਮੱਲ ਆਦਿ)। [2]ਉਪੱਦ੍ਰਵ ਚੁਕਦੇ ਭਾਵ ਕਰਦੇ ਹਨ।
ਜਾਂਹਿ ਪਾਪ ਬੱਜ੍ਰ ਅਚੂਕੈ ਇਨੈ ਪਾਇ ਹੈਂ[1]। [1]ਜਿਨ੍ਹਾਂ ਬੱਜਰ ਪਾਪਾਂ ਦਾ ਅਚੁੱਕ ਫਲ ਇਹ ਪਾਉਣਗੇ।
ਏਕ ਤੋ ਬਚੇਗੋ ਸੋਊ[1] ਹਮੈ ਏਹੁ ਪੁੰਨ ਹੋਉ, [1]ਉਹ (ਧੀਰ ਮੱਲ) ਇਨ੍ਹਾਂ ਪਾਪਾਂ ਤੋਂ ਬਚ ਜਾਵੇਗਾ।
ਦੂਜੇ ਕੈ ਹੈਂ ਸੈਲ[1] ਹਮ ਤੀਰਥ ਨਹਾਇ ਹੈਂ [1]ਸੈਰ ਕਰਾਂਗੇ।
॥੨੮॥
ਤੀਜੇ ਬਾਤ ਕਬੀ ਹਮ ਸੁਨਿ ਹੈਂ ਬਿਬਾਦ ਕੀ ਨ,
ਚੌਥੇ ਦਰਸੈ ਹੈਂ ਸੰਤ ਭਗਤ ਮਹਾਂਇ ਹੈਂ।
ਪਾਂਚਵੇ ਪੁਗੇਗੀ ਆਸ ਮਾਤ ਮਮ ਪਤਨੀ ਕੀ,
ਚਹਿਤ ਜੁ ਤੀਰਥ ਸੁ ਕਹਿਤ ਨਹਾਇ ਹੈਂ।
ਛਠੇ[1] ਅਤਿ ਬ੍ਰਿੱਧ ਸਿੱਖ ਗੁਰੂ ਕੇ ਸਿਦਕਵਾਨ, [1]ਛੇਵਾਂ (ਕਾਰਨ ਕਿ....)
ਆਇ ਨ ਸਕਤ ਜੇਊ ਦਰਸ ਚਹਾਇ ਹੈਂ।

ਐਸੇ ਬਹੁ ਕਾਰਨ ਵਿਚਾਰ ਗੁਰੁ ਤਜਾਰ ਭਏ,
ਜਨਨਿ ਪੁੰਨਨਿ[1] ਪ੍ਰੇਰੇ ਤੀਰਥ ਚਹਾਂਇ ਹੈਂ ॥੨੯॥

[1]ਦਾਸਾਂ ਦੇ ਪੁੰਨਾਂ ਦੇ।

ਹੋਈ ਏਹ ਸਾਰ ਪੁਰੀ ਆਨੰਦ ਮਝਾਰ ਜਬਿ,
ਨਰ ਨਾਰਿ ਤਬਿ ਸਬਿ ਗੁਰੁ ਪਾਸ ਆਏ ਹੈਂ।
ਜੋਰ ਕਰ ਪਗ ਲਪਟਾਇ ਬਿਲਖਾਇ ਕੈਹੈਂ[1],
ਰਾਵਰੋ ਬਜੋਗ[1] ਹਮ ਸਹਿ ਨ ਸਕਾਏ ਹੈਂ।
ਨਗਰ ਬਗਰਾ[1] ਏਹੁ ਸਗਰ ਡਰਾਰੋ[2] ਲਾਗੈ,
ਮਗਰ ਮਗਰ ਥਾਰੇ ਡਗਰ ਚਲਾਏ ਹੈਂ[1]।
ਪਾਛੇ ਦੂਰ ਰੈਹੈਂ ਉਤਰੈ ਹੈਂ[1] ਭੀਖ ਮਾਂਗ ਖੈਹੈਂ,
ਤੁਮੈਂ ਨ ਸੰਤੈਹੈਂ[1] ਮੋਦ ਰੈਹੈਂ ਦਰਸਾਏ ਹੈਂ ॥੩੦॥
ਇਸ ਹੀ ਬਹਾਨੇ ਹਮ ਤੀਰਥ ਮਹਾਨੇ ਕੈਹੈਂ,
ਦਿਨ ਗੁਜਰਾਨੇ ਜੈਹੈਂ ਐਹੈਂ ਸੰਗ ਆਪ ਕੇ।
ਬਚਨ ਸੁਨੈਹੈਂ ਆਪ ਕੈ ਹੈਂ ਜੋ ਕਮੈਹੈਂ,
ਤੀਨ ਤਾਪ ਤੇ ਬਚੈਹੈਂ ਭਵ ਬੰਧ ਜੈਹੈਂ ਕਾਪ ਕੇ[1]।
ਐਸੇ ਸੁਨਿ ਪੇਖਿ ਪ੍ਰੇਮ ਤਿਨ ਕੋ ਬਿਸੇਖ[1],
ਗੁਰੁ, ਧੁਨਿ ਮ੍ਰਿਦੁ ਬੈਨ[1] ਜੋ ਕਟੱਯਾ ਤੀਨ ਤਾਪ ਕੇ।
ਜਥਾ ਜੋਗ ਸਬਿ ਕੋ ਧਰਾਯੋ ਧੀਰ ਪੀਰ ਹਰ[1],
ਮਾਯਾ ਡਾਰ ਦਈ ਬਲ ਆਪਨੇ ਪ੍ਰਤਾਪ ਕੇ ॥੩੧॥

[1]ਵਿਰਲਾਪ ਕਰਦੇ ਹੋਏ ਕਹਿੰਦੇ ਹਨ।
[1]ਆਪ ਦਾ ਵਿਛੋੜਾ।
[1]ਘਰ। [2]ਡਰਾਉਣੇ।
[1]ਰਸਤੇ 'ਚ ਚਲੇ ਆਵਾਂਗੇ।
[1]ਜਿਥੇ ਉਤਰਾਂਗੇ ਭਾਵ ਠਹਿਰਾਂਗੇ।
[1]ਦੁਖੀ ਨਹੀਂ ਕਰਾਂਗੇ।
[1]ਸੰਸਾਰ ਦੇ ਬੰਧਨ ਕੱਟੇ ਜਾਣਗੇ।
[1]ਬਹੁਤੇ।
[1]ਕੋਮਲ ਬਚਨ ਕਹੇ।
[1]ਪੀੜਾ ਮੇਟਣ ਵਾਲੇ (ਗੁਰਾਂ ਨੇ)।

ਔਰ ਥੂਨੀ ਖਨਨ ਨਜਾਇ[1] ਧੀਰ ਦੈਨ ਬੈਨ,
ਹੋਨਹਾਰ ਸਿੱਖਤ ਭਵਿੱਖਤ[1] ਉਚਾਰੇ ਹੈਂ।

[1](ਧਰਤੀ) (ਖਨਨ) ਪੱਟ ਕੇ (ਥੂਨੀ) ਥੰਮੀ (ਨੂੰ ਹਿਲਾ ਕੇ ਦੇਖਣ ਤੇ ਦੋਬਾਰਾ ਠੋਕ ਕੇ ਗੱਡਣ ਦੀ) (ਨਜਾਏ) ਜੁਗਤੀ ਵਾਂਗ ਭਾਵ ਆਪਣੇ ਪੱਖ ਦੀ ਸਿੱਧੀ ਵਿੱਚ ਹੋਰ ਦਲੀਲਾਂ ਦੇਣੀਆਂ।
[1]ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਸਿਖਿਆਦਾਇਕ ਬਚਨ।

ਐ ਹੈ ਏਕ ਬਾਲਕਾ ਅਕਾਲ ਕਾ ਕਮਾਲਕਾ
ਸੁ, ਪਾਲਕਾ ਹਿੰਦਾਨ ਅਰਿ ਘਾਲਕਾ ਅਪਾਰੇ ਹੈ[1]।

[1]ਅਕਾਲ ਪੁਰਖ ਦਾ ਇਕ ਪੂਰਨ ਸਪੁੱਤਰ ਆਵੇਗਾ ਉਹ ਹਿੰਦ ਵਾਸੀਆਂ ਦਾ ਰਾਖਾ ਤੇ ਬਹੁਤੇ ਵੈਰੀਆਂ ਨੂੰ ਨਾਸ ਕਰਨ ਵਾਲਾ ਹੋਵੇਗਾ।

ਰੌਣਕ ਅਪਾਰ ਕੈ ਹੈ ਨਗਰ ਬਢੈ ਹੈ ਚਾਰੁ,
ਦੁਰਗ ਰਚੈਹੈ[1] ਚਮੂੰ ਚਹੁੰਘਾ[2] ਉਤਾਰੇ ਹੈ।

[1]ਕਿਲ੍ਹੇ ਬਣਾਵੇਗਾ। [2]ਫੌਜ ਚਹੁੰ ਪਾਸੀਂ।

ਸਿੱਧਨ ਪੈ ਸਿੱਧਿ ਸਮ ਰਿੱਧਿਨ ਪੈ ਸਮਰਿੱਧਿ[1],
ਰਿੱਧਿ ਸਿੱਧਿ ਨਵੋਂ ਨਿੱਧਿ ਰੈਹੈਂ ਜਾਂਹਿ ਦ੍ਵਾਰੇ ਹੈਂ ॥੩੨॥

[1]ਸਿੱਧਾਂ ਕੋਲ (ਕੇਵਲ) ਸਿੱਧੀਆਂ ਤੇ ਸਮੱਗ੍ਰੀਆਂ ਵਾਲਿਆਂ ਕੋਲ ਕੇਵਲ ਸਮੱਗ੍ਰੀਆਂ ਪਰ....।

ਹਿੰਦੂ ਔ ਤੁਰਕ ਮੱਧ ਪੰਥ ਸ੍ਵੈ ਚਲੈਹੈ ਬੱਧ[1],
ਅਧਿਕ ਸਨੱਧ ਬੱਧ[1] ਹੱਦ ਹਿੰਦ ਪਾਰ ਕੋ[2]।

[1]ਆਪਣਾ ਵਧੀਆ ਪੰਥ ਚਲਾਵੇਗਾ।
[1]ਬਹੁਤ ਤਿਆਰ ਬਰ ਤਿਆਰ। [2]ਹਿੰਦ ਦੇਰਾਖਿਆਂ ਦੀ ਹੱਦ ਭਾਵ ਸਭ ਤੋਂ ਸ਼੍ਰੋਮਣਿ ਹੋਵੇਗਾ।

ਪੌਰ ਪੈ ਗਜਿੰਦਰ ਝੂਲੈਂ ਦੇਖਿ ਜੈਂ ਦਿਗਿੰਦਰ ਹੂਲੈਂ,
ਬਿਭੋ ਹੇਰਿ ਇੰਦ੍ਰ ਭੂਲੈਂ ਅਲਕਿੰਦ੍ਰ ਸਾਰ ਕੋ[1]।

[1]ਦਰਵਾਜ਼ੇ ਉਪਰ (ਏਡੇ) ਵੱਡੇ ਹਾਥੀ ਝੂਲਣਗੇ ਜਿਨ੍ਹਾਂ ਨੂੰ ਦੇਖ ਕੇ (ਅੱਠਾਂ) ਦਿਸ਼ਾਂ ਦੇ ਰਾਜੇ (ਦਿਗਪਾਲ) ਘਬਰਾ ਜਾਣਗੇ। (ਸਾਰ) ਸ੍ਰੇਸ਼ਟ ਬਿਭੂਤੀ (ਸਮੱਗ੍ਰੀ ਨੂੰ ਦੇਖ ਕੇ ਇੰਦ੍ਰ ਤੇ (ਅਲਕਿੰਦ੍ਰ) ਕੁਬੇਰ (ਦੋਨੋਂ ਹੀ) ਭੁੱਲ ਜਾਣਗੇ। (ਹੂਲ=ਹੌਲ=ਘਬਰਾਹਟ।)

ਗੁਨਿਨਿ ਕੇ ਟੋਲਾ[1] ਬੋਲ ਬੋਲ ਹੈਂ ਅਮੋਲਾ,
ਹੋਲਾ ਖੇਲ ਹੈਂ ਅਲੋਲਾ[1] ਮੇਲਾ ਐਸਾ ਹੈ ਨ ਭਾਰ ਕੋ[2]।

[1]ਸਮੂੰਹ, ਇਕੱਠ।
[1]ਅਲੌਕਕ, ਅਸਚਰਜ। [2]ਐਸਾ ਹੋਰ ਕੋਈ ਭਾਰਾ ਮੇਲਾ ਨਹੀਂ ਹੋਵੇਗਾ।

ਪਰ ਹੈਂ ਪਵਾਰੇ[1] ਭਾਰੇ ਦੇਸ ਮਸ਼ਹੂਰ ਸਾਰੇ,
ਸੈਨ ਤੁਰਕੈਨ ਔ ਝੁਕੈਂ ਹੈਂ[1] ਬਾਈਧਾਰ ਕੋ ॥੩੩॥

[1]ਜੰਗ।
[1]ਝੁਕਾ ਦੇਣਗੇ ਭਾਵ ਹਰਾ ਦੇਣਗੇ।

ਐਸੇ ਬਹੁ ਬੈਨ ਸੁਨਿ ਮਾਨਿ ਸਹੀ ਐਨ ਗੁਨਿ[1],
ਪੁਨ ਧੁਨਿ[1] ਗੁਰੂ ਪ੍ਰਤਿ ਅਰਜ਼ ਉਚਾਰੀਓ।
ਰਾਖਾ ਪੁਰਿ ਛੋਰਿ, ਕਰੋ ਪਾਵਨ ਬਿਦੇਸ ਹੋਰਿ,
ਕੂੰਮੀ ਕੂੰਜ ਸੁਤਨ ਜਿਉਂ[1] ਹਮੈਂ ਭੀ ਚਿਤਾਰੀਓ।
ਕੈ ਚਲੇ ਅਨਾਥ ਜਿਮ ਕੀਜੀਓ ਸਨਾਥ ਤਿਮ,
ਮਾਥ ਹਮ ਹਾਥ ਧਰਿ ਨਾਥ ਪ੍ਰਤਿਪਾਰੀਓ।
ਗਾਥ ਸਬਿ ਜਾਂਨੀ ਹਮ ਔਧ ਕੇ ਅਧਮ ਬਾਕੀ[1],
ਆਪ ਰਘੁਨਾਥ ਅਬਿ ਦਯਾ ਸਾਥ ਤਾਰੀਓ ॥੩੪॥

[1]ਚੰਗੀ ਤਰ੍ਹਾਂ ਵਿਚਾਰ ਕੇ।
[1]ਬੋਲ ਕੇ।
[1]ਕਛੂਆਣੀ ਤੇ ਕੂੰਜ ਦੇ ਪੁਤਰਾਂ ਵਾਂਗ।
[1]ਅਜੁਧਿਆ ਦੇ (ਰਾਮ ਚੰਦਰ ਦੇ ਤਾਰਨ ਤੋਂ) ਬਚੇ ਹੋਏ ਨੀਚ ਹਾਂ।

ਕਹਜੋ ਗੁਰੁ ਫੁਰ[1], ਮੇਰੇ ਉਰ ਮੈਂ ਅਨੰਦ ਪੁਰਿ
ਬਸ ਹੈ, ਦੁਕਾਲ ਚਾਲ[1] ਤੁਮੈਂ ਨ ਗ੍ਰਾਸ ਹੈ।
ਮਾਤਬਰ[1] ਭਾਰੇ ਰਖਵਾਰੇ ਰਖਿ ਪਜਾਨੇ ਗੁਰੁ,

[1]ਛੇਤੀ।
[1]ਖੋਟੇ ਸਮੇਂ ਦੀ ਚਾਲ।
[1]ਭਰੋਸੇ ਯੋਗ।

ਕਿਰਪਾਲ ਆਦਿ ਬੀਰ ਲਏ ਸੰਗ ਖਾਸ ਹੈਂ।
ਗੂਜਰੀ ਜੀ ਡੋਰੇ, ਰੱਬ ਮਾਤ ਚਢਿ ਚਾਲੀ ਪੱਥ[1],
ਹੱਥ ਲੈ ਸੁਵੱਥ[1] ਔ ਜਰੂਰੀ ਦਾਸੀ ਦਾਸ ਹੈਂ।
ਘੋਰੀ ਜੋ ਉਦਾਰੀ[1], ਤਾਂ ਪੈ ਗੁਰੂ ਅਸਵਾਰ ਭਏ,
ਸੱਤ੍ਰਾਂ ਸੌ ਬਾਈ ਕੇਰ ਭਾਦ੍ਰੋਂ ਮੈਂ[1] ਖਾਸ ਹੈ ॥ ੩੫ ॥
ਨਗਰ ਨਿਵਾਸੀ ਸ ਉਦਾਸੀ[1] ਨ ਫਿਰਾਏ ਫਿਰੈਂ[2],
ਫੇਰੇ[1] ਗੁਰੁ ਬਲ ਲਾਇ ਪਰਣ[2] ਸੁਨਾਇ ਕੈ।
ਐਹੈਂ ਹਮ ਸ਼ੀਘਰ ਹੀ ਦਰਸ਼ਨ ਦੈ ਹੈਂ ਤੁਮੈਂ,
ਗਏ ਘਰਿ ਉਰਿ[1] ਗੁਰਿ ਮੂਰਤਿ ਰਖਾਇ ਕੈ।
ਤਾਂ ਦਿਨ ਕੀਰਤਿ ਪੁਰ ਆਇ ਡੇਰਾ ਕੀਨ ਗੁਰੁ,
ਬੰਦਿ ਗੁਰੁ ਥਾਨ[1] ਪ੍ਰਸ਼ਾਦ ਕਰਵਾਇ ਕੈ।
ਆਏ ਸਿੱਖ ਸੋਢਿਨ ਝੁਕਾਇ ਸਿਰ ਗੁਰੁ ਪਗ,
ਮਾਤ ਨਾਨਕੀ ਪੈ ਸਬਿ ਤੀਆ ਆਈ ਧਾਇ ਕੈ
॥ ੩੬ ॥
ਨੈਨ ਕੈ ਸਜਲ[1] ਹ੍ਵੈ ਮਗਨ ਦਏ ਸਗਨ ਹੈਂ,
ਮਗ ਨਏ[1] ਪਏ ਜਗ ਨਏ ਸੁਖਦਾਇ ਕੈ[2]।

ਰੋਪੜ, ਸੰਘੋਲ ਲੌਪੋ, ਖੇੜੀ ਲੌ ਨਿਬੇੜੀ ਬਾਟ[1],
ਆਨੰਦਪੁਰ ਕਲੌੜ ਥੌੜ ਪੈ ਰਹਾਇ ਕੈ[1]।
ਦਾਦੂ ਮਾਜਰਾ, ਉਗਾਣਾ, ਨੌ ਲੱਖਾ, ਸੁਹਾਣਾ, ਭਾਣਾ,
ਟਹਿਲ ਪੁਰੇ ਹੈ ਕਰੀ ਟਹਿਲ ਸਿਖਾਇਕੈ[1]।
ਨਦੀ ਹੰਸ ਮੇਘ ਇਵ[1] ਤਾਰਤਿ ਫਿਰਤਿ ਗੁਰੁ,
ਮਾਲਵੇ ਕੋ ਚਾਹਿਤ ਨਿਹਾਲ ਕੀਓ ਜਾਇ ਕੈ
॥ ੩੭ ॥
ਆਕੜ ਗ੍ਰਾਮ ਲੰਘਿ ਸੀਭੜੋ ਥਿਰੇ ਨਿਸੰਗ,
ਸਤਿਸੰਗ ਕਰਿ ਜਨਿ ਰੰਗ ਮਨ ਹੈ ਲਯੋ।
ਰੋਹਟਾ[1] ਕੇ ਲੋਹਟਾ ਸੇ[2] ਲੋਗਨਿ ਕੋ ਸੋਨਾ ਕਰਿ,
ਗੁਣੀ ਕੇ ਗੁਰੂ ਕੋ ਸੇਵ ਗੁਣ ਗਜਾਨ ਹੈ ਪਯੋ[1]।
ਬਾਉੜ ਰਹਾਇ ਰਾਜੋ ਮਾਜਰੇ ਸੈ ਮੂਲੋਵਾਲ

[1]ਰਸਤੇ।
[1]ਚੰਗੀਆਂ ਚੀਜ਼ਾਂ।
[1]ਜੋ ਚੰਗੀ ਘੋੜੀ ਸੀ।
[1]ਸੰਮਤ ੧੭੨੨ ਦੇ ਭਾਦਰੋਂ ਮਹੀਨੇ ਵਿੱਚ।
[1]ਉਦਾਸੀ ਸਹਿਤ। [2]ਮੋੜੇ ਨਹੀਂ ਮੁੜਦੇ।
[1]ਮੋੜੇ। [2](ਆਪਣੇ ਆਉਣ ਦਾ) ਇਕਰਾਰ।
[1]ਹਿਰਦੇ ਵਿੱਚ।
[1]ਗੁਰ ਅਸਥਾਨਾਂ ਤੇ ਨਮਸਕਾਰ ਕਰਕੇ।
[1]ਅੱਖਾਂ 'ਚ ਪਾਣੀ ਭਰ ਕੇ।
[1]ਨਵੇਂਰਸਤੇ। [2]ਜਗਤ ਨੂੰ ਨਵੇਂ ਸੁਖ ਦੇਣ ਵਾਲੇ (ਸਤਿਗੁਰਾਂ ਨੇ)।
[1]ਰਸਤਾ।
[1]ਜਗ੍ਹਾ ਭਾਵ ਪਿੰਡ 'ਚਰਹਿ ਕੇ।
[1]ਸਿੱਖਾਂ ਨੇ ਆ ਕੇ।
[1]ਇਸੇ ਤਰ੍ਹਾਂ (ਜਿਸ ਤਰ੍ਹਾਂ) ਨਦੀ ਹੰਸ ਤੇ ਬਦਲ।
[1]ਪਿੰਡ। [2]ਲੋਹੇ ਵਰਗੇ।
[1]ਪਾ ਲਿਆ।

ਜਾਇ ਥਿਰੇ, ਆਇ ਪੈਂਚ ਸੇਵ ਕਰਤਾ ਭਯੋ।
ਗੋਂਦਾ ਮਣੀਆ ਭਗਤ ਪ੍ਰੇਮੀ ਗੁਰੁ ਪਾਸ ਅਏ,
ਪ੍ਰੇਮ ਯੁਤ ਸਿੱਖ ਥਏ ਸਤਿਸੰਗ ਹੈ ਕਯੋ ॥ ੩੮ ॥
ਲਜਾਏ ਜਲ ਦੂਰ ਤੇ ਸੋ ਹੁਤੋ ਕੂਪ ਖਾਰਾ ਢਿਗ,
ਕਹਜੋ ਗੁਰੁ ਏਹੀ ਮੀਠਾ ਹ੍ਵੈ ਹੈ ਦੇਹੋ ਲਜਾਇ ਕੈ।
ਗੁਰੂ ਕਾ ਬਚਨ ਮਾਨਿ ਆਨਿ ਜਲ ਦੀਓ ਗੁਰਿ,
ਪੀਓ ਮੀਠਾ ਕੀਓ ਡੀਠਾ ਪਿੰਡਿ ਅਜ਼ਮਾਇ ਕੈ।
ਭਏ ਲੋਗ ਸਿੱਖ ਪਿੱਖਿ ਅਜ਼ਮਤ ਖੂਪ ਕੂਪਿ[1],
ਚਲਿ ਕੈ ਤਹਾਂ ਤੈ ਗੁਰੁ ਸੇਖੇ ਥਿਰੇ ਜਾਇ ਕੈ।
ਚੌਧਰੀ ਤਿਲੋਕਾ ਸ੍ਰਦਾਰ ਤੇਈ ਗ੍ਰਾਮ ਵਾਰ,
ਸ਼ਾਹੀ ਸੁ ਮਾਲ ਗੁਜ਼ਾਰ[1] ਹੁਤੋ ਤਿਸ ਥਾਇ ਕੈ ॥ ੩੯ ॥

[1]ਖੂਹ ਦੀ ਚੰਗੀ ਕਰਾਮਾਤ।

[1]ਸਰਕਾਰੀ ਜ਼ਮੀਨ ਦਾ ਠੇਕੇਦਾਰ।

ਜਾਤ ਕਾ ਜਵੰਧਾ ਜੱਟ ਅਤਿ ਮਤਿ ਮੰਦਾ ਸੱਟ[1],
ਭਾਲ ਟੀਕਾ ਗਰੇ ਗੱਟ[1] ਕੰਠੀ ਮਾਲਾ ਧਾਰੀਆ।
ਮਾਧੋ ਦਾਸ ਪਾਹਨ[1] ਪੁਜਾਰੀ ਕਾ ਥਾ ਸੇਵਕ ਸੋ,
ਤਾਹੀ ਤੈ ਪਾਹਨ ਸਮ ਜਢ ਮਤਿ ਵਾਰੀਆ[1]।
ਲਖਜੋ[1] ਦੋਊ ਤੀਨ ਵਾਰੀ ਸੋਊ ਗੁਰੁ ਕੇ ਅਗਾਰੀ,
ਸੰਗਿ ਜਨਿ ਭੀਰ ਭਾਰੀ ਮਦ[1] ਸਰਦਾਰੀਆ।
ਨਾਰ[1] ਨਾ ਝੁਕਾਈ ਤਾਂਹਿ ਕਾਰ[2] ਨਾ ਪੁਚਾਈ ਕਾਂਹਿ,
ਬਲਕਿ[1] ਅਲਾਈ[2] ਨਿੰਦ ਠੌਰ ਠੌਰ ਭਾਰੀਆ ॥ ੪੦ ॥

[1]ਸਠ, ਮੂਰਖ।

[1]ਮੱਥੇ ਤੇ ਤਿਲਕ ਤੇ ਗਲ ਵਿੱਚ ਤਵੀਤ।

[1]ਪੱਥਰ ਦੇ।

[1]ਮੂਰਖ ਮਤਿ ਵਾਲਾ ਸੀ।

[1]ਲੰਘਿਆ।

[1]ਹੰਕਾਰ।

[1]ਗਰਦਣ, ਧੌਣ। [2]ਭੇਟਾ।

[1]ਸਗੋਂ। [2]ਕਹੀ, ਕੀਤੀ।

ਗੁਰੂ ਪਾਸ ਆਇ ਜਬਿ ਲੋਗਨ ਸੁਨਾਯੋ ਸਬਿ,
ਭੇਦ ਸੁਨਿ ਗੁਰੂ ਤਬਿ ਬੋਲ ਉਠੇ ਏਹੀਆ[1]।
ਜੱਟ ਏ ਜਵੰਧੇ ਮਤਿ ਮੰਦੇ ਅੰਧੇ ਗੰਦੇ ਅਤਿ,
ਗੁਰੁਨਿ ਤੇ ਬੇਮੁਖ ਹੰਕਾਰੀ ਨਿੰਦ ਕੇਹੀਆ[1]।
ਇਨ੍ਹੈਂ ਮਦ ਏਈਆ ਗ੍ਰਾਮ ਮਮ ਤੇਈਆ,
ਰਹੈਂ ਨ ਬਾਈ ਤੇਈਆ ਹ੍ਵੈ ਹੈਂ ਸਬਿ ਥੇਹੀਆ।
ਐਸੇ ਦੇ ਸ੍ਰਾਪ ਗੁਰੁ ਪਰੇ ਤੁਰ[1] ਜਬੈ ਫਿਰ,
ਪਾਇ ਸਾਰ ਡਰ ਧਾਰਿ ਪਛੁਤਾਇ ਵੇਹੀਆ[1]

[1]ਇਹ (ਬਚਨ)।

[1]ਕਰਨ ਵਾਲੇ।

[1]ਤੁਰ ਪਏ।

[1]ਉਹ (ਤਿਲੋਕੇ ਆਦਿ ਜਵੰਧੇ ਗੋਤ ਦੇ ਜੱਟ)।

॥ ੪੧ ॥

ਭੇਟ ਲੈ ਅਪਾਰ ਹਰੀ[1] ਗੋਤ ਜੱਟ ਲਏ ਨਾਰ[2],
ਦੀਨ ਹੋਇ ਭਾਰ ਆਇ ਪਗ ਲਪਟਾਏ ਹੈਂ।
ਏਕ ਕੋਸ ਗਾਂਉ ਤੈ ਹੈ ਮੰਦਰ ਪੁਰਾਨੋ ਜਹਾਂ,
ਤਹਾਂ ਗੁਰੂ ਥਿਰੇ ਉਨਿ ਸੇਵੇ ਬਹੁ ਭਾਏ ਹੈਂ।
ਜੈਸੇ ਫੀਲ ਦਾਂਤ[1] ਸਤਿ ਪੁਰਖਨ ਕੀ ਬਾਤ ਤੈਸੇ,
ਮੁਖੋਂ ਜੋ ਨਿਕਸ ਜਾਤ ਫੇਰ ਨਾ ਫਿਰਾਏ[1] ਹੈਂ।
ਕਾਲ ਚਾਲ[1] ਮਾਰੇ ਸੋ ਉਜੜ ਗਾਮ ਸਾਰੇ ਗਏ,
ਗੰਗ ਕੇ ਕਿਨਾਰੇ ਬਸੇ ਦਿਲੀ ਪਾਰ ਜਾਇ ਹੈਂ

[1]ਹਰੀ ਕੇ। [2]ਨਾਲ।

[1]ਹਾਥੀ ਦੇ ਦੰਦ।

[1]ਫੇਰ ਨਹੀਂ ਮੁੜਦੇ।

[1]ਸਮੇਂ ਦੀ ਚਾਲ ਦੇ।

॥ ੪੨ ॥

ਸੋਊ ਜਟਵਾੜਾ ਹੈ ਜਵੰਧਜਾਂ ਕਾ ਮਸ਼ਹੂਰ,
ਹਸਤਨਾ ਪੁਰ ਕੇ ਗਿਰਦ ਬਸ ਹੈਂ ਪਏ।
ਤਿਨ ਹੀ ਕੇ ਬੀਚ ਸੇਂ ਧਰਮ ਸਿੰਘ ਪਿਆਰਾ ਭਯੋ,
ਦਸਮ ਗੁਰੂ ਨੇ ਬਰ ਜਾਂਹਿ ਬਹੁ ਹੈਂ ਦਏ।
ਸੋਊ ਪੰਥ ਨਿਰਮਲ ਗਾਥ ਮੈ ਦਿਖੈਹੈਂ ਚਲਿ,
ਪੰਥ ਪ੍ਰਭਾਕਰ ਗ੍ਰੰਥ* ਮੈਂ ਸੇ ਜੇ ਲਏ[1]।

[1](ਜਿਹੜੇ ਪ੍ਰਸੰਗ) ਪੰਥ ਪ੍ਰਭਾਕਰ ਗ੍ਰੰਥ ਚੋਂ ਲਏ ਹਨ। *ਇਸ ਬਿਸ੍ਰਾਮ ਦੇ ਅੰਕ ਨੰ: ੪੬ ਦੀ ਦੂਜੀ ਤੁਕ ਦੇ 'ਗੁਰ ਜਾਨੀ' ਤਬ ਤੋਂ ਇਸੇ ਹੀ ਬਿਸ੍ਰਾਮ ਦੇ ਅੰਕ ਨੰ: ੧੪੭ ਦੇ ਅੰਤ 'ਰਿਦ ਸੁਖ ਮਨ' ਤੱਕ ਦੀ ਸਾਰੀ ਰਚਨਾ ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ੪੫੬ ਪੰਨੇ ਤੱਕ ਅੱਠ ਸਫ਼ਿਆਂ 'ਤੇ ਛਪੀ ਹੋਈ ਹੈ। ਇਹ ਰਚਨਾ ਇਸ ਗ੍ਰੰਥ ਦੇ ਆਖੇਪਕਾਰ ਘਸੀਟਾ ਸਿੰਘ ਕਵੀਸ਼ਰ ਲਾਹੌਰ ਦੀ ਹੀ ਲਿਖੀ ਹੋਈ ਕਾਵਿ ਹੈ। ਇਸ ਕਾਵਿ ਰਚਨਾ ਤੇ ਵੀ ਪਿੱਛੇ ਆ ਚੁਕੀ ਆਖੇਪ ਰਚਨਾ ਵਾਲੀਆਂ ਸਾਰੀਆਂ ਦਲੀਲਾਂ ਵਰਤੀਆਂ ਜਾ ਸਕਦੀਆਂ ਹਨ। ਉਨ੍ਹਾਂ ਤੋਂ ਇਲਾਵਾ ਹੇਠ ਲਿਖੀ ਖੋਜ ਵੀ ਇਸ ਰਚਨਾ ਦੇ ਆਖੇਪ ਹੋਣ ਦਾ ਅਕੱਟ ਸਬੂਤ ਹੈ। ੩੫ ਨੰ. ਬਿਸ੍ਰਾਮ ੪੩੯ ਪੰਨੇ 'ਤੇ ਪੂਰਾ ਹੋ ਚੁਕਾ ਹੈ। ਅਗੋਂ ਚਲ ਰਿਹਾ ਇਹ ੩੬ਵਾਂ ਬਿਸ੍ਰਾਮ ਹੈ। ਇਸ ਦੇ ਮੰਗਲਾਚਰਨ ਦੇ ਦੋਹਰੇ ਦਾ ਅੰਕ ਨੰ: ੧ ਲੱਗਾ ਹੈ ਅੱਗੋਂ ਕਬਿੱਤਾਂ ਚਲ ਪਈਆਂ ਹਨ। ੪੪੮ ਪੰਨੇ ਤੱਕ ਕੋਈ ਨਵਾਂ ਛੰਦ ਨਹੀਂ ਬਦਲਿਆ ਜਿਸ ਕਰਕੇ ਅੰਕ ਨੰ: ਨਹੀਂ ਬਦਲਿਆ ਗਿਆ। ੪੪੯ ਪੰਨੇ 'ਤੇ ਅਸਲ ਰਚਨਾ ਵਿੱਚ ਤਾਂ ਸ਼ਾਇਦ ਅਜੇ ਕਬਿੱਤ ਛੰਦ ਹੀ ਚਲਦਾ ਹੋਵੇਗਾ ਪਰ ਆਖੇਪਕਾਰ ਨੇ ੪੪੯ ਪੰਨੇ ਤੋਂ ਕਬਿੱਤ ਛੰਦ ਦਾ ਚਲਿਆ ਆ ਰਿਹਾ ਸਿਲਸਿਲਾ ਬੰਦ ਕਰਕੇ ਦੋਹਰੇ ਤੇ ਚੌਪਈ ਛੰਦ ਲਿਖਣੇ ਅਰੰਭ ਦਿੱਤੇ ਹਨ ਪਰ ਇਨ੍ਹਾਂ ਅੱਠਾਂ ਸਫ਼ਿਆਂ 'ਤੇ

ਕਿਤੇ ਵੀ ਅੰਕ ਨਹੀਂ ਬਦਲਿਆ ਭਾਵੇਂ ਕਿ ਛੰਦ ਕਈ ਵਾਰ ਬਦਲੇ ਹਨ। ੪੫੭ ਪੰਨੇ 'ਤੇ ਕਵੀ ਜੀ ਦੀ ਆਪਣੀ ਅਸਲ ਰਚਨਾ ਦਾ ਦ੍ਵੈਯਾ ਛੰਦ ਅਰੰਭ ਹੁੰਦਾ ਹੈ। ੪੫੭ ਪੰਨੇ ਦੇ ਅਰੰਭ ਵਿੱਚ ਸਿਰਫ 'ਛੰਦ' ਹੀ ਛਾਪਿਆ ਹੋਇਆ ਹੈ। 'ਦ੍ਵੈਯਾ' ਸ਼ਬਦ ੪੫੬ ਪੰਨੇ ਦੇ ਅੰਤ ਵਿੱਚ ਅਸਲ ਰਚਨਾ ਵਿੱਚ ਹੋਵੇਗਾ। ਪਰ ਆਖੇਪਕਾਰ ਕਾਹਲੀ ਵਿੱਚ 'ਦ੍ਵੈਯਾ' ਸ਼ਬਦ ਲਿਖਣਾ ਭੁੱਲ ਗਿਆ ਜਿਸ ਤੋਂ ਕਿ ਚੋਰ ਦੀ ਚੋਰੀ ਪਕੜੀ ਗਈ ਹੈ। ਦ੍ਵੈਯਾ ਛੰਦ ਦੇ ਅੰਤ ਵਿੱਚ ਅਸਲ ਰਚਨਾ ਦਾ ਅੰ: ਨੰ: ੮ ਹੈ ਤੇ ੯ ਅੰਕ ਵਿੱਚ ਇਕ ਦੋਹਰਾ ਲਿਖ ਕੇ ਬਿਸ੍ਰਾਮ ਸਮਾਪਤ ਕਰ ਦਿੱਤਾ ਗਿਆ ਹੈ। ਇਸ ਚਲ ਰਹੇ ਬਿਸ੍ਰਾਮ ਤੋਂ ਪਹਿਲੇ ਬਿਸ੍ਰਾਮ ਦਾ ਨੰ: ੩੫ ਹੈ। ਇਸ ਚਲ ਰਹੇ ਬਿਸ੍ਰਾਮ ਦਾ ਨੰ: ੩੬ ਚਾਹੀਦਾ ਸੀ, ਪਰ ਬਿਸ੍ਰਾਮ ਦਾ ਨੰ: ੩੮ ਛਪਿਆ ਹੋਇਆ ਹੈ। ਇਸ ਹਿਸਾਬ ਇਹ ਚਲ ਰਿਹਾ ਬਿਸ੍ਰਾਮ ਤਿੰਨਾਂ ਬਿਸ੍ਰਾਮਾਂ ਦਾ ਇਕ ਬਿਸ੍ਰਾਮ ਹੋਇਆ ਹੈ। ਜੇ ਇਕ ਨੰਬਰ ਦੀ ਸਹਵਨ ਗ਼ਲਤੀ ਹੀ ਮੰਨ ਲਈਏ ਤਾਂ ਵੀ ਦੋ ਬਿਸ੍ਰਾਮਾਂ ਦਾ ਇਕ ਬਿਸ੍ਰਾਮ ਬਣਾ ਦਿੱਤਾ ਗਿਆ ਹੈ ਜੋ ਇਨ੍ਹਾਂ ਸਫ਼ਿਆਂ ਦੇ ਆਖੇਪ ਹੋਣ ਦੀ ਪੁਰਜ਼ੋਰ ਗਵਾਹੀ ਭਰਦਾ ਹੈ।

ਇਤ ਦਿਸ ਨੌਮ ਗੁਰੁ ਹਰੀ ਗੋਤ ਜੱਟਨ ਕੋ,
ਬਰ ਦੈ ਕੈ ਭਲ ਚਲਿ ਸੇਖੇ ਗਾਮ ਤੈ ਗਏ ॥ ੪੩ ॥

ਗਾਮ ਫਰਵਾਹੀ ਗਏ ਕੀਨ ਸੇਵ ਚਾਹੀ ਉਨਿ[1],
ਬਸੇ ਏਕ ਰੈਨ ਤਾਂਹੀ ਭਏ ਸਿੱਖ ਲੋਗ ਹੈਂ।
ਤਹਾਂ ਤੈ ਤੁਰੈ ਕੈ[1] ਕੱਟੂ ਨਾਮ ਗ੍ਰਾਮ ਜੈ ਕੈ ਗੁਰ,
ਦਰਸ਼ਨ ਦੈ ਕੈ ਸਿੱਖ ਕੈ ਕੈ ਭਲੇ ਜੋਗ ਹੈਂ[1]।
ਆਇ ਕੈ ਹੰਢਜਾਏ ਨਾਮ ਨਗਰ ਅਰਾਮ ਕੀਨੋ,
ਗ੍ਰਾਮ ਸੋ ਤਮਾਮ ਮੈਂ ਥਾ ਫੈਲਜੋ ਤਪ[1] ਰੋਗ ਹੈ।
ਆਏ ਗੁਰੁ ਪਾਸ ਜੋ ਨੁਲ੍ਹਾਏ ਖਾਮ[1] ਤਾਲ ਮੈ ਸੋ,
ਉਨ ਕੋ ਬਿਲਾਯੋਂ[1] ਤਾਪ ਪਾਪ ਸਾਪ[2] ਸੋਗ ਹੈਂ ॥ ੪੪ ॥

ਧੌਲੇ ਪਿੰਡ ਜਾਇ ਮੌੜੀਂ[1] ਬਾਹਰ ਥਿਰਾਇ ਪੁਨਾ,
ਢਿਲਮਾ ਮੈਂ ਆਇ ਕੈ ਸਰਾਧ[1] ਕਰਵਾਏ ਹੈਂ।
ਏਕ ਸਤ ਗਾਇ[1] ਦਾਨ ਦਿਜਨ ਕੋ[2] ਦਾਇ,
ਜੱਗ ਰਚਿ ਕੈ ਮਹਾਂਇ ਬਹੁ ਭੋਜਨ ਖੁਲਾਏ ਹੈਂ।
ਦੇਸ ਮੈਂ ਬਿਸੇਸ ਜਸ ਹੋਯੋ ਲੋਗ ਆਏ ਬਹੁ,

[1]ਉਨ੍ਹਾਂ ਉਤਸ਼ਾਹ ਨਾਲ।

[1]ਤੁਰ ਕੇ, ਚੱਲ ਕੇ।
[1]ਚੰਗੇ ਲਾਇਕ ਸਿੱਖ ਬਣਾ ਕੇ।

[1]ਤਾਪ।

[1]ਕੱਚੇ।

[1]ਦੂਰ ਹੋ ਗਏ। [2]ਸ੍ਰਾਪ।

[1]ਮੌੜ ਪਿੰਡ ਤੋਂ।

[1]ਯੱਗ।

[1]ਇਕ ਸੌ ਗਾਂ। [2]ਬ੍ਰਾਹਮਣਾਂ ਨੂੰ।

ਦਰਸ਼ਨ ਪਾਇ ਧਨ ਅਧਿਕ ਚਢਾਏ ਹੈਂ।
ਤਹਾਂ ਤੈ ਭੰਦੇਰ ਪਿੰਡ ਹੇਰਿ ਫੇਰ ਅਲੀ ਸ਼ੇਰ,
ਰਹੇ ਰਾਤ ਸੇਵ ਕਰੀ ਸਹਜ ਸੁਭਾਏ ਹੈਂ ॥ ੪੫ ॥
ਜੋਗੇ ਨਾਮ ਗਾਮ ਖਾਮ ਤਾਲ ਪੈ ਅਰਾਮ ਕਰਿ,
ਚਾਹਿਲੋ[1] ਕਾ ਬੜਾ ਜਹਾਂ ਜੋਗੀ ਪੀਰ ਪੀਰ ਹੈ[2]।
[1]ਗੋਤ। [2]ਪੂਜੀਦਾ ਹੈ।
ਲੋਗ ਸੁਲਤਾਨੀ ਥੇ ਮਹਾਨੀ ਗੁਰੁ ਜਾਨੀ ਤਬਿ,
ਬਚਨ ਬਖਾਨੀ ਇਹਾਂ ਬਸਬੋ ਅਧੀਰ ਹੈ[1]।
[1]ਏਥੇ ਵਸਣਾ ਯੋਗ ਨਹੀਂ ਹੈ।
ਏਕ ਨਰ ਜਾਨੀ[1] ਕੋਊ ਸੰਤ ਹੈ ਮਹਾਨੀ,
[1]ਇਕ ਆਦਮੀ ਨੇ ਜਾਣ ਲਿਆ।
ਪ੍ਰਭ ਏਸ ਅਸਥਾਨੀ ਲੋਕ ਬਸਤੇ ਸੁ ਕੀਰ[1] ਹੈਂ।
[1]ਕੰਗਾਲ।
ਸਤਿਗੁਰੁ ਮਾਨੀ ਚਲੇ ਤੁਰ ਤਹਿਂ ਥਾਨੀ[1],
[1]ਉਸ ਥਾਂ ਤੋਂ।
ਜੁਗਰਾਜ ਪਿਤਾ ਠਾਨੀ ਮਿਲਾ ਮਾਰਗ ਸੋਂ ਤੀਰ ਹੈ[1]
[1]ਜੋਗਰਾਜ (ਜੋਗੇ ਪਿੰਡ ਦੇ ਮਾਲਕ) ਦਾ ਪਿਤਾ (ਠਾਨੀ) ਮਨ ਵਿਚਾਰ ਕੇਰਸਤੇ 'ਚ ਨੇੜੇ ਹੀ ਆ ਮਿਲਿਆ।
॥ ੪੬ ॥

ਦੋਹਰਾ:
ਹਾਥ ਜੋਰ ਕਰਿ ਬੰਦਨਾਂ,
ਸ੍ਰੀ ਗੁਰੁ ਕੋ ਬਹੁ ਬਾਰਿ।
ਚਲੋ ਬਿਰਾਜੋ ਏਕ ਨਿਸ,
ਸ੍ਰੀ ਗੁਰੁ ਕਰੁਨਾਂ ਧਾਰਿ ॥ ੪੭ ॥
ਸਤਿਗੁਰ ਕਹਾ ਨ ਹਮ ਚਲੈਂ,
ਉਤਰੈਂਗੇ ਭੂਪਾਲਿ।
ਜੋਗਾ ਤੁਮੈਂ ਬਸਾਯਾ,
ਥਲ ਅਜੀਤ[1] ਰਿਦਿ ਭਾਲਿ ॥ ੪੮ ॥
[1]ਅਜਿੱਤ ਥਾਂ।

ਚੌਪਈ:
ਏਕ ਨਿਸਾ ਗੁਰੁ ਬਸ ਭੂਪਾਲੀ।
ਕਰਿ ਪ੍ਰਸਾਦਿ ਪੁਨ ਚਲੇ ਕ੍ਰਿਪਾਲੀ।
ਖੀਵਾ ਗ੍ਰਾਮ ਜਬੈ ਨੀਅਰਾਇਓ[1]।
[1]ਨੇੜੇ ਆਇਆ।
ਉਤਰੇ ਗੁਰੁ ਇਕ ਰਾਹਕ[1] ਆਇਓ ॥ ੪੯ ॥
[1]ਜ਼ਿਮੀਂਦਾਰ।
ਸਿੰਘਾ ਨਾਮ ਤਾਂਹਿ ਕਾ ਜਾਨੋਂ।
ਬੈਠਿ ਦੁ ਘਟਕਾ ਪੁਨੈਂ ਪਿਆਨੋਂ[1]।
[1]ਦੋ ਘੜੀਆਂ ਬੈਠ ਕੇ ਫੇਰ ਚਲਾ ਗਿਆ।
ਬਹੁਰੋ ਇਕ ਦਿਨ ਦਰਸ਼ਨ ਕਰਿ ਕੈ।
ਚਲਾ ਤੁਰਤ ਸਿਰ ਚਰਨੀ ਧਰਿ ਕੈ ॥ ੫੦ ॥

ਸੁਨਿ ਸਿੰਘਾ ਗੁਰ ਪੂਛਤਿ ਤੋ ਹੈਂ।
ਸ਼ੀਘ੍ਰ ਕਾਜ ਗ੍ਰਿਹ ਕੋ ਅਸ ਕੋ ਹੈ।
ਨਹਿ ਕਾਰਜ ਗੁਰੂ ਜੀ ਗ੍ਰਿਹ ਕੋਈ।
ਹਮਰੈ ਗ੍ਰਾਮ ਸਗਾਈ[1] ਹੋਈ ॥ ੫੧ ॥

[1]ਮੰਗਣੀ।

ਤਹਿਂ ਪ੍ਰਸ਼ਾਦਿ ਬਾਂਟਤ ਹੈਂ ਸਗਰੇ।
ਨਹਿਂ ਜਾਵੋਂ ਤਾਂ ਮਿਲੈ ਨ ਝਗਰੇ।
ਸੁਨਿ ਸਿੰਘਾ ਅਬਿ ਹੀ ਤੈ ਜਾਨੋਂ।
ਕਹੀਂ ਨ ਜਾਵੋ ਯਹਿ ਮਤਿ ਮਾਨੋਂ[1] ॥ ੫੨ ॥

[1](ਸਾਡੀ) ਇਹ ਸਿੱਖਿਆ ਮੰਨ ਲੈ।

ਤੁਮ ਕੋ ਮਿਲੈ ਦੁਗਨ ਵਰਤਾਰਾ।
ਘਰ ਬੈਠੇ ਆਵੈਗੋ ਥਾਰਾ[1]।

[1]ਥਾਲ। (ਅ) ਤੇਰਾ (ਵਰਤਾਰਾ)।

ਸੁਨ ਸਿੰਘੇ ਮਨ ਅਸਥਿਰ ਭਇਓ।
ਮਿਲਾ ਪ੍ਰਸ਼ਾਦ ਦੁਗਨ ਤਿਨ ਲਇਓ ॥ ੫੩ ॥
ਬਿਨ ਸਿੰਘੇ ਨਹਿਂ ਕੋ ਬਰਸਾਵਾ[1]।

[1]ਵਰੋਸਾਇਆ।

ਭਾਗ ਹੀਨ ਸਭਿ ਗਾਂਵ ਲਖਾਵਾ[1]।

[1]ਸਾਰਾ ਪਿੰਡ ਜਾਣਿਆ।

ਤਹਿਂ ਤੇ ਚਲੇ ਅਪਿ ਗੁਰੁਰਾਈ।
ਡੇਢ ਕੋਸ ਉਦਯਾਨ[1] ਦਿਖਾਈ ॥ ੫੪ ॥

[1]ਉਜਾੜ।

ਸੰਗਤ ਬਹੁਤ ਪਿਸ਼ੌਰੋਂ ਆਈ।
ਧਰੀ ਭੇਟ ਸਤਿਗੁਰੁ ਅਗਵਾਈ।
ਦੇਖਿ ਪ੍ਰੇਮ ਗੁਰੁ ਉਤਰੇ ਤਹਾਂ।
ਛੋਡਿ ਗਾਉਂ ਉਦਯਾਨ ਮਹਾਂਹਾਂ[1] ॥ ੫੫ ॥

[1]ਵੱਡਾ।

ਆਰਤ ਹਰਨ[1] ਪ੍ਰਭੂ ਅਬਿਨਾਸੀ।

[1]ਦੁੱਖ ਮੇਟਣ ਵਾਲੇ।

ਕਾਟਤਿ ਸਿੱਖਨਿ ਜਮ ਕੀ ਫਾਸੀ।
ਇਕ ਰਾਹਕ ਆਯੋ ਗੁਰੁ ਦਰਸ਼ਨ।
ਹਾਥ ਜੋਰਿ ਤਿਨ ਕੀਨੋਂ ਪ੍ਰਸ਼ਨ ॥ ੫੬ ॥
ਤੱਕ੍ਰ[1] ਹਮਾਰੇ ਹੈ ਘਰ ਮਾਂਹੀ।

[1]ਲੱਸੀ।

ਕਰੋ ਪਾਨ[1] ਤੁਮ ਭੀ ਗੁਰੁ ਸਾਂਈ।

[1]ਪੀਓ।

ਸਭਿ ਸੰਗਤ ਕੋ ਪਾਨ ਕਰਾਯੋ।
ਤਿਖਾ ਮਿਟੀ ਸਿੱਖਨਿ ਸੁਖੁ ਪਾਯੋ ॥ ੫੭ ॥
ਸਤਿਗੁਰਿ ਕਹੀ ਦੂਧ ਘਰ ਤੋਰੇ।
ਰਹਿ ਹੈਂ ਬਹੁਤ ਨਹੀ ਹ੍ਵੈ ਥੋਰੇ[1]।

[1]ਥੋੜ ਨਹੀਂ ਹੋਵੇਗੀ।

ਲੈ ਬਰ ਦਾਨ ਗਯੋ ਗ੍ਰਿਹ ਅਪਨੇ।
ਭਯੋ ਅਤੋਟ ਲਗਾ ਗੁਰੁ ਜਪਨੇ ॥ ੫੮ ॥

ਦੋਹਰਾ:

ਪੁਨ ਗੁਰੁ ਭਿਖੀ ਗਾਂਉ ਮੈਂ,
ਥਿਰੇ ਕਛੁਕ ਦਿਨ ਆਪਿ।
ਬਿਦਾ ਕਰੀ ਸੰਗਤ ਸਭੀ,
ਨਾਮ ਦਾਨ ਦੈ ਜਾਪ ॥ ੫੯ ॥
ਤਿਸੀ ਗਾਉਂ ਦੇਸ੍ਵ[1] ਰਹੈ, [1]ਨਾਮ।
ਚਾਹਲ ਗੋਤ ਸੁਜਾਨ।
ਸੇਵਕ ਸਰਵਰ ਕੋ ਹੁਤੋ,
ਖੂੰਡੀ ਗਰੇ ਨਿਸ਼ਾਨ[1] ॥ ੬੦ ॥ [1](ਸਰਵਰ ਦੇ) ਨਿਸ਼ਾਨ (ਵਜੋਂ)।

ਕਬਿੱਤ:

ਬੀਤੇ ਦਿਨ ਦੋਇ ਮਿਲਾ ਆਨ ਨਾਹੀ ਕੋਇ,
ਨਰ ਨਾਰ ਜਿਤੇ ਹੋਇ ਸਮਝਾਵੈਂ ਦੇਸ ਰਾਜ ਕੋ।
ਸ੍ਰੀ ਗੁਰੁ ਦੇਵ ਸੇਵ ਸਫਲ ਕਰੇਵ ਗੁਰੁ,
ਨਾਨਕ ਕੀ ਗਾਦੀ ਏ ਅਵਾਦੀ ਸੁਖ ਸਾਜ ਕੋ[1]। [1]ਇਹ ਗੱਦੀ ਸੁਖਾਂ ਦੀ ਸਮੱਗ੍ਰੀ ਨੂੰ ਆਬਾਦ ਕਰਨ ਵਾਲੀ ਹੈ।
ਚਲੋ ਸ਼ਰਨਾਈ ਤਜਿ ਮਨ ਦੁਚਿਤਾਈ,
ਕੀਜੈ ਆਲਸ ਨ ਕਾਈ ਸੁਖਦਾਈ ਦਿਨ ਆਜ ਕੋ।
ਜੌ ਪੈ ਨਹੀ ਜਾਵੋ ਤਬਿ ਸੁਖ ਨਹੀਂ ਪਾਵੋ,
ਪੁਨ ਭਯੋ ਚਿਤ ਚਾਵੋ[1] ਚਲਿ ਮਿਲੋਂ ਮਹਾਰਾਜ ਕੋ [1]ਚਾਅ।
॥ ੬੧ ॥

ਸ੍ਵੈਯਾ:

ਆਇਓ ਹੈ ਦੈਸੂ ਗੁਰੈਂ ਮਿਲਬੇ ਹਿਤ,
ਭੇਟਾ ਧਰੀ ਗੁਰਿ ਪਾਇਨ[1] ਆਗੈ। [1]ਚਰਨਾਂ ਦੇ।
ਹਾਥਨਿ ਜੋਰਿ ਪ੍ਰਨਾਮ ਕਰੀ,
ਮਨਿ ਨਿੰਮਰੀ ਹੋਇ ਕੈ ਸੇਵਨਿ ਲਾਗੇ।
ਆਵਹੁ ਅੱਗ੍ਰੇ ਵਾਕ ਕੀਓ ਗੁਰੁ,
ਦੇਸ ਕੋ ਰਾਜ ਮਿਲੇ ਭਾਗ ਜਾਗੇ।
ਆਪਨੋਂ ਧਰਮ ਸਹਾਇ ਕਰੇ,
ਜਮ ਆਇ ਕੇ ਫਾਸ ਜਬੈ ਗਰਿ ਪਾਗੇ[1] ॥ ੬੨ ॥ [1]ਫਾਹੀ ਜਦੋਂ ਗਲ ਵਿੱਚ ਪਾਵੇਗਾ।

ਦੋਹਰਾ:
ਤੁਰਕ ਜੂਠ ਅਚਵੋ ਸਦਾ,
ਕਰੋ ਪਕਾਵਨ ਰੋਟ।
ਧ੍ਰਿਗ ਜਾਨੋ ਤਿਨ ਨਰਨ ਕੋ,
ਧਰਮ ਬਿਮੁਖ ਮਨ ਖੋਟ ॥ ੬੩ ॥
ਚੌਪਈ:
ਸ੍ਰੀ ਗੁਰਿ ਪੰਚ ਤੀਰ ਤਬਿ ਦੀਨੇ।
ਸਭਿ ਕਾਰਜ ਮੈਂ ਹੈਂ ਪ੍ਰਬੀਨੇ[1]। [1]ਚਤੁਰ।
ਤਬਿ ਦੇਸੂ ਮਨ ਅਤਿ ਸੁਖ ਪਾਯਾ।
ਜਨਮ ਸਫਲ ਜਾਨਾ ਚਿਤ ਚਾਯਾ[1] ॥ ੬੪ ॥ [1]ਚਾਅ ਆ ਗਿਆ।
ਨਿਜ ਲੋਕਨ ਮੈਂ ਤਬੈ ਪੁਕਾਰਾ।
ਧਰਮ ਆਪਨਾ ਸਭਿ ਮੈਂ ਹਾਰਾ[1]। [1](ਸਰਵਰ ਵਾਲਾ) ਆਪਣਾ ਧਰਮ ਮੈਂ ਸਾਰਾ ਛੱਡ ਦਿੱਤਾ ਹੈ।
ਅਬਿ ਗੁਰੁ ਸਰਨ ਲੀਨ ਸੁਖੁ ਪਾਵਾ।
ਸੋਕ ਸੰਤਾਪ ਸੋ ਸਭੀ ਨਸਾਵਾ ॥ ੬੫ ॥
ਗੁਰੁ ਕੇ ਚਰਨ ਜਾਨਿ ਰਖਵਾਰੇ।
ਦੁਹੂੰ ਲੋਕ ਸੁਖੁ ਦੇਵਨ ਹਾਰੇ।
ਸਰਵਰ ਖੂੰਡੀ ਤੋਰਿ ਬਗਾਈ[1]। [1]ਤੋੜ ਕੇ ਪਰ੍ਹੇ ਸੁੱਟ ਦਿੱਤੀ।
ਖੰਡ ਖੰਡ ਕਰਿ ਚਿਤਿ ਹਰਿਖਾਈ[1] ॥ ੬੬ ॥ [1]ਟੁਕੜੇ ਟੁਕੜੇ ਕਰ ਕੇ ਚਿੱਤ ਵਿੱਚ ਖ਼ੁਸ਼ ਹੋਇਆ।
ਪੁਨ ਦੇਸੂ ਕੋ ਗੁਰੈਂ ਬੁਲਾਵਾ।
ਦਰਸ ਦੇਖਿ ਦੇਸੂ ਸੁਖੁ ਪਾਵਾ।
ਤੀਰ ਨ ਜਾਨੋ ਬੀਰ ਹੈਂ ਪਾਂਚੋ।
ਜੀਤੋਂ ਗੇ ਸਭਿ ਦੇਸਨਿ ਸਾਚੋ[1] ॥ ੬੭ ॥ [1]ਸੱਚੀ ਗੱਲ ਜਾਣੋਂ।
ਦੋਹਰਾ:
ਤਯਾਰ ਭਏ ਸਤਿਗੁਰੁ ਜਬੈ,
ਗਏ ਖਿਆਲੇ ਗ੍ਰਾਮ।
ਉਤ੍ਰੇ ਤਹਿਂ ਨਹਿਂ ਮਿਲਾ ਕੋ,
ਫਸੇ ਗ੍ਰਿਹਸਤ ਨਿਜ ਧਾਮ ॥ ੬੮ ॥
ਚੌਪਈ:
ਇਕ ਦਿਜ[1] ਗੁਰੁ ਕੀ ਸਰਨੀ ਆਇਓ। [1]ਬ੍ਰਹਮਣ।
ਗੁਰੁ ਸੇਵਾ ਚਿਤਿ ਅਤਿ ਲਲਚਾਇਓ।

ਰਹੈ ਸੰਗਿ ਗੁਰੁ ਬਿਚਰੇ ਜਬੈ।
ਸ੍ਰੀ ਗੁਰੁ ਦਿਜ ਕੋ ਬੋਲੇ ਤਬੈ ॥ ੬੯ ॥
ਕਛੁਕ ਕਾਲ ਬੀਤੇ ਇਹ ਥਾਂਨ।
ਲਗੇ ਬਿਟਪ ਬਟ[1] ਬਡੋ ਮਹਾਨ। [1]ਬੋਹੜ ਦਾ ਬ੍ਰਿੱਛ।
ਏਕ ਕੂਪ[1] ਭੀ ਇਸ ਤਲ[2] ਲਾਗੈ। [1]ਖੂਹ। [2]ਇਸ ਦੇ ਹੇਠ।
ਜਲ ਪੀਵੈਂਗੇ ਸਭਿ ਨਰ ਆਗੈ ॥ ੭੦ ॥
ਖੁਸ਼ੀ ਕਰੀ ਦਿਜ ਊਪਰ ਸੁਆਮੀ।
ਭਏ ਤਜਾਰ ਪ੍ਰਭ ਅੰਤਰਿ ਯਾਮੀ ॥ ੭੧ ॥
ਦੋਹਰਾ:
ਖਿਆਲੇ ਮੈਂ ਅਬਿ ਕੂਪ ਬਟ,
ਲਾਗੇ ਹੈਂ ਰਮਨੀਕ।
ਸਭੀ ਲੋਕ ਜਲ ਭਰਤਿ ਹੈਂ,
ਪੂਜਤਿ ਬਟ ਤਹਿਕੀਕ[1] ॥ ੭੨ ॥ [1]ਨਿਸਚੇ ਨਾਲ।
ਮੌੜ ਗਾਮ ਦਮਦਮੇ ਢਿਗ,
ਹੈ ਬਸਤੋ ਤਹਿਂ ਜਾਨ।
ਉਤਰਨ ਲਾਗੇ ਦੇਖਿ ਥਲ,
ਸ੍ਰੀ ਗੁਰੁ ਪਰਮ ਸੁਜਾਨ ॥ ੭੩ ॥
ਚੌਪਈ:
ਏਕ ਬਾੜ ਕੰਟਕ ਕੀ ਹੇਰੀ[1]। [1]ਕੰਡਿਆਂ ਦੀ ਵਾੜ ਵੇਖੀ।
ਬਾੜਾ ਕੀਨੋਂ ਤਿਸ ਚੌਫੇਰੀ।
ਏਕ ਤਰਫ ਕੰਟਕ ਹਟਵਾਏ।
ਉਤਰਿਓ ਡੇਰਾ ਸਭਿ ਸੁਖੁ ਪਾਏ ॥ ੭੪ ॥
ਤਬਿ ਲੌ ਆਯੋ ਇਕ ਨਰ ਦੌਰੀ।
ਸ੍ਰੀ ਗੁਰੁ ਕੋ ਤਿਨ ਕਹਾ ਬਹੋਰੀ[1]। [1]ਪੁਨਾ, ਫੇਰ।
ਜੰਡ ਬਡੋ ਜੋ ਯਾ ਮੈਂ ਹੇਰੋ।
ਰਹਿਤ ਪਿਸਾਚ[1] ਮਾਨਿ ਬਚ ਮੇਰੋ ॥ ੭੫ ॥ [1]ਪ੍ਰੇਤ।
ਸਭੀ ਗ੍ਰਾਮ ਕੋ ਅਤਿ ਦੁਖੁ ਦੀਨੋਂ।
ਤੁਮ ਮਤ ਉਤਰੋ[1] ਨਿਸਚੈ ਚੀਨੋ। [1]ਨਾ ਉਤਰੋ।
ਮਾਰੇਗੋ ਜਬਿ ਰਾਤ ਬਡੇਰੀ[1]। [1]ਜਦੋਂ ਵੱਡੀਰਾਤ (ਹੋ ਜਾਵੇਗੀ ਤਦੋਂ ਤੁਹਾਨੂੰ ਉਹ ਪ੍ਰੇਤ) ਮਾਰ ਦੇਵੇਗਾ।

ਹਮ ਸਭਿ ਪੂਜਤਿ ਨਿਸ ਦਿਨ ਕੇਰੀ[1] ॥ ੭੬ ॥
[1](ਉਸ) ਦੀ।

ਸਤਿਗੁਰੁ ਕਹੀ ਰਹੇ ਨਹੀਂ ਪ੍ਰੇਤ।
ਬਸੈਂ ਦੇਵਤੇ ਪੂਜਾ ਹੇਤ।
ਤੁਮ ਪੂਜੋਗੇ ਸਭਿ ਸੁਖੁ ਪਾਵੋ।
ਦੁਖ ਗ੍ਰਾਮ ਕਾ ਸਭੀ ਨਸਾਵੋ ॥ ੭੭ ॥
ਪਰੀ ਰਾਤ ਤਬਿ ਆਵਾ ਪ੍ਰੇਤ।
ਸਤਿਗੁਰ ਅੱਗਰ ਸ੍ਵਾਸ ਨ ਲੇਤਿ[1]।
[1]ਸਾਹ ਨਹੀਂ ਲੈਂਦਾ ਭਾਵ ਬਹੁਤ ਡਰ ਗਿਆ।

ਹਮ ਪਹਿਲੇ ਥੇ ਗੋਇੰਦਵਾਲ।
ਪੁਨਾਂ ਬਠਿੰਡੇ ਆਏ ਚਾਲਿ ॥ ੭੮ ॥
ਅਬਿ ਹਮ ਰਹੈਂ ਕਹੋ ਕਿਤਿ ਠੌਰ।
ਆਵੈ ਪੁਰਖ ਸ੍ਰੀ ਗੁਰੁ ਮੌਰ[1]।
[1]ਸ਼੍ਰੋਮਣੀ ਗੁਰੂ (ਗੋਬਿੰਦ ਸਿੰਘ ਜੀ)।

ਤੁਮੈਂ ਬਤਾਵਹਿਗੋ ਥਲ ਨੀਕਾ[1]।
[1]ਚੰਗਾ ਥਾਂ।

ਤਹਿਂ ਥਿਤ ਕਰੋ[1] ਹਰੋ ਦੁਖ ਜੀਕਾ ॥ ੭੯ ॥
[1]ਟਿਕਾਣਾ ਕਰਿਓ।

ਤਿਸੀ ਜੰਡ ਕੇ ਤਲ ਗੁਰੁ ਸੁਆਮੀ।
ਪਲੰਘ ਡਸਾਯੋ ਅੰਤਰਿ ਯਾਮੀ।
ਤਬਿ ਤੇ ਦੇਵ ਥਾਨ ਸਭਿ ਕਹਿਹੀਂ।
ਲੇਹੁ ਨਿਹਾਰ ਜੋ ਅਜ਼ਮਤਿ ਸਹਿਹੀਂ[1] ॥ ੮੦ ॥
[1]ਕਰਾਮਾਤ ਸਹਿਤ ਹੈ।

ਦੋਹਰਾ:
ਚਲੇ ਤਹਾਂ ਤੇ ਸਤਿਗੁਰੂ,
ਪਹੁੰਚੇ ਖਾਨੇ ਵਾਲ।
ਪੁਨ ਆਗੇ ਗੁਰੁ ਦਮਦਮੇਂ,
ਸਿੱਖਨਿ ਕੀਓ ਨਿਹਾਲ ॥ ੮੧ ॥

ਚੌਪਈ:
ਆਗੇ ਸੂਲੀ ਸਰ ਕਰਿ ਡੇਰਾ।
ਭਈ ਸ਼ਾਮ ਜੁਗ ਤਸਕਰ ਹੇਰਾ[1]।
[1]ਦੋਹਾਂ ਚੋਰਾਂ ਵੇਖਿਆ।

ਲੇਹੁ ਚੁਰਾਇ ਤਰੰਗ[1] ਅਡੋਲੇ[2]।
[1]ਘੋੜੇ। [2]ਨਿਧੜਕ ਹੋ ਕੇ।

ਘਨੇ ਰੁਪੱਯੇ ਲੇਵੈਂ ਮੋਲੇ[1] ॥ ੮੨ ॥
[1]ਮੁੱਲ ਵੇਚ ਕੇ ਬਹੁਤ ਰੁਪਏ ਲੈ ਲਵਾਂਗੇ।

ਡੇਰੇ ਸੇ ਵੋਹ ਦੁਰ ਕਰਿ[1] ਬੈਠੇ।
[1]ਲੁਕ ਕੇ।

ਕਿਹ ਹਮ ਹਰੈਂ ਕਰਤਿ ਮਨਿ ਮੈਠੇ[1]।
[1]ਅਸੀਂ ਕਿਵੇਂ ਚੁਰਾਈਏ ਮਨ ਵਿੱਚ ਸਲਾਹਾਂ ਕਰਦੇ ਹਨ।

ਅਰਧ ਨਿਸਾ ਮੈਂ ਕੇਹਰ[1] ਆਯੋ।
[1]ਸ਼ੇਰ।

ਕਰੀ ਪ੍ਰਕਰਮਾਂ ਸੀਸ ਨਿਵਾਯੋ ॥ ੮੩ ॥
ਕਾਨਨਿ[1] ਗਯੋ ਸੁ ਤਸਕਰ ਦੇਖਾ। [1]ਜੰਗਲ ਵੱਲ ਨੂੰ।
ਚੋਰੋਂ ਨੇ ਸਭਿ ਕਾਰਨ ਪੇਖਾ।
ਦੂਸਰ ਸੋਂ ਤਿਨ ਕਹਾ ਬਹੋਰੀ।
ਹਮ ਨਹੀਂ ਕਰੈਂ ਤੁਰੰਗਨਿ ਚੋਰੀ ॥ ੮੪ ॥
ਹੈ ਯਹਿ ਪੀਰ ਵਲੀ ਬਡ ਕਾਮਲ[1]। [1]ਇਹ ਵੱਡਾ ਕਰਾਮਾਤੀ ਤੇ ਪੂਰਨ ਪੀਰ ਹੈ।
ਪਹਿਰੇ ਸ਼ੇਰ ਦੇਤਿ ਹੈਂ ਇਨਿ ਥਲ।
ਗਯੋ ਏਕ ਦੂਸਰ ਭਯੋ ਠਾਂਢਾ।
ਹਰਾ ਤੁਰੰਗ ਕੀਯੋ ਮਨ ਗਾਢਾ[1] ॥ ੮੫ ॥ [1]ਮਨ ਤਕੜਾ ਕਰ ਕੇ ਘੋੜਾ ਚੁਰਾਇਆ।
ਚਲਾ ਭਾਗ ਤਬਿ ਅੰਧਾ ਭਯੋ।
ਆਧ ਕੋਸ ਜਾ ਠਾਂਢਾ ਰਹਯੋ।
ਭੋਰ ਭਈ[1] ਜਾਗਾ ਤਬਿ ਰਾਖਾ। [1]ਸਵੇਰ ਹੋਈ।
ਹਰਾ ਬਾਜ ਕਿਨਿ ਗੁਰੁ ਸੋਂ ਭਾਖਾ[1] ॥ ੮੬ ॥ [1]ਗੁਰਾਂ ਨੂੰ ਕਿਹਾ ਕਿਸੇ ਨੇ ਘੋੜਾ ਚੁਰਾ ਲਿਆ ਹੈ।
ਸਤਿਗੁਰ ਕਹੀ ਜਾਹੁ ਦਿਸ ਪੱਛਮ।
ਠਾਂਢਾ ਤਸਕਰ ਘੋੜੇ ਕੱਛਨਿ[1]। [1]ਘੋੜੇ ਨੂੰ ਸ਼ਿੰਗਾਰ ਕੇ।
ਪਕਰਿ ਲਜਾਏ ਸਤਿਗੁਰਿ ਕੇ ਤੀਰ[1]। [1]ਕੋਲ।
ਪੂਛਤਿ ਸੁਆਮੀ ਕਹੁ ਹੇ ਕੀਰ[1] ॥ ੮੭ ॥ [1]ਹੇ ਕੰਗਾਲ !
ਕਜਾ ਸਜਾਇ ਹਮ ਤੁਮ ਕੋ ਦੈ ਹੈਂ।
ਸੂਲੀ ਰਚਿ ਹਮ ਆਪਿ ਮਰੈ ਹੈਂ[1]। [1](ਚੋਰ ਨੇ ਕਿਹਾ) ਮੈਂ ਸੂਲੀ ਬਣਾ ਕੇ ਆਪ ਹੀ ਮਰ ਜਾਂਦਾ ਹਾਂ।
ਤੋਰਯੋ ਪੇਡ[1] ਭਯੋ ਵੋਹ ਤੀਖਾ। [1](ਉਹ) ਦਰੱਖਤ ਤੋੜਿਆ ਤਾਂ....।
ਬਰਛੀ ਸਮ ਜਾਨੋਂ ਵੋਹ ਸੀਖਾ[1] ॥ ੮੮ ॥ [1]ਉਹ ਲੱਕੜ ਦੀ ਸੀਖ (ਜਿਸ ਦੀ ਸ਼ਕਲ ਸੂਲੀ ਵਰਗੀ ਬਣ ਗਈ ਸੀ।)

ਮਾਰੀ ਛਾਲ ਤਾਂਹਿ ਪੈਂ ਬਲ ਕਰਿ।
ਫਾਟੋ ਪੇਟ ਮਰਾ ਤਬਿ ਤਸਕਰ।
ਸੂਲੀਸਰ ਤਬਿ ਤੇ ਮਸ਼ਹੂਰ।
ਸਤਿਗੁਰਿ ਵਾਕ ਹੋਤਿ ਨਹਿਂ ਕੂਰ ॥ ੮੯ ॥
ਦੋਹਰਾ:
ਕੀਯੋ ਕੂਚ ਸਤਿਗੁਰੁ ਤਬੈ,
ਗਏ ਗ੍ਰਾਂਮ ਧਮਧਾਨ।
ਸਿੱਖ ਆਨਿ ਚਰਨਨਿ ਲਗੇ,

ਕਰੈਂ ਟਹਿਲ ਗੁਰੁ ਜਾਨਿ ॥ ੯੦ ॥
ਨੰਦ ਲਾਲ ਸੇਵਾ ਕਰੇ,
ਸੋਹਨੇ ਕੋ ਸੁਤ ਮਾਨਿ।
ਤਿਸ ਹੀ ਕੋ ਮੀਹਾਂ ਕਹੈਂ,
ਸੰਤ ਉਦਾਸੀ ਜਾਨਿ ॥ ੯੧ ॥
ਚੌਪਈ:
ਤਿਸ ਧਮਧਾਨ ਗ੍ਰਾਮ ਨੰਦ ਲਾਲ।
ਜਲ ਸੇਵਾ ਗੁਰ ਲੰਗਰ ਭਾਲ[1]। [1]ਭਲੀ ਤਰ੍ਹਾਂ।
ਸਭਿ ਸਿੱਖਨਿ ਇਸ਼ਨਾਨ ਕਰਾਵੈ।
ਲੰਗਰ ਹੇਤ ਸੁ ਜਲ ਭਰਿ ਲਜਾਵੈ ॥ ੯੨ ॥
ਕੂਪ ਦੂਰ ਸੀ ਤਿਸ ਥਲ ਕੇਰਾ।
ਜਲ ਕੀ ਤੋਟ ਨ ਸਾਂਝ ਸਵੇਰਾ।
ਤਿਸੀ ਸੇਵਿ ਸਿਰਿ ਕੀਰੇ ਪਰੇ[1]। [1]ਕਿਰਮ ਪੈ ਗਏ।
ਨਹਿਂ ਜਾਨੇ, ਦੁਖੁ ਸੁਖੁ ਸਮਸਰੇ[1] ॥ ੯੩ ॥ [1]ਦੁਖ ਸੁਖ ਨੂੰ ਇੱਕੋ ਜਿਹਾ ਜਾਣਦਾ ਹੈ।
ਏਕ ਦਿਵਸ ਸਿਰੋਂ ਇਂਨੂ ਖੋਲ੍ਹਾ।
ਗਿਰੇ ਕਿਰਮ ਮੀਹਾਂ ਝਕ ਝੋਲਾ[1]। [1](ਸਿਰ ਨੂੰ) ਝਟਕਾ ਦਿੱਤਾ।
ਪਕਰਿ ਕਿਰਮ ਫਿਰਿ ਸਿਰ ਮੈਂ ਪਾਏ।
ਮਾਤ ਨਾਨਕੀ ਪਿਖਿ ਬਿਸਮਾਏ ॥ ੯੪ ॥
ਲੀਨ ਬੁਲਾਇ ਨਿਕਟ ਬੈਠਾਯੋ।
ਕਹੁ ਸਿੱਖਾ ਕਿਉਂ ਕਿਰਮ ਉਚਾਯੋ[1]। [1]ਕਿਰਮਾਂ ਨੂੰ ਚੁਕਿਆ ਹੈ।
ਮਾਤਾ ਜੀ ਯਹਿ ਮਰਤੇ ਭੂਖੇ।
ਰਕਤ ਅਹਾਰ ਇਨੋ ਕਾ ਛੂਛੇ[1] ॥ ੯੫ ॥ [1]ਇਨ੍ਹਾਂ ਦਾ ਭੋਜਨ ਲਹੂ ਹੈ (ਉਸ ਤੋਂ ਇਨ੍ਹਾਂ ਨੇ) ਖਾਲੀ (ਰਹਿ ਜਾਣਾ ਸੀ।)

ਧਰਤੀ ਮੈਂ ਕਿਮ ਰਕਤ ਮਿਲੰਤਾ।
ਮਮ ਸਿਰਿ ਰਕਤ ਖਾਤਿ ਯਹਿ ਜੰਤਾ।
ਅਤਿ ਪ੍ਰਸੰਨ ਮਾਤਾ ਜੀ ਭਈ।
ਗੁਰਮਤਿ ਸਿੱਖਾ ਤੁਮ ਨੇ ਲਈ ॥ ੯੬ ॥
ਗੁਰੁ ਸੇ ਕਹਜੋ ਸੁਨੋਂ ਸੁਤ ਪਯਾਰੇ।
ਲਾਇਕ ਮੀਹਾਂ ਹੈ ਦਰਬਾਰੇ।
ਕਹੀ ਗਾਥ ਜੋ ਮਾਤਾ ਪੇਖੀ।

ਛਿਨ ਮੈਂ ਮੀਹਾਂ ਕੀਓ ਅਲੇਖੀ[1] ॥ ੯੭ ॥
[1]ਲੇਖੇ ਤੋਂ ਰਹਿਤ ਭਾਵ ਮੁਕਤ ਰੂਪ।

ਤਬਿ ਮੀਹੇਂ ਕਰ ਜੋਰਿ ਬਖਾਨੋਂ।
ਮਮ ਸਰੀਰ ਕੀ ਚਿੰਤ ਨ ਮਾਨੋਂ।
ਇਨਿ ਕਿਰਮਨ ਪਰ ਕਿਰਪਾ ਕੀਜੈ।
ਕਰੋ ਸਹਾਇ ਪ੍ਰਭੂ ਬਖਸ਼ੀਜੈ ॥ ੯੮ ॥
ਸਤਿਗੁਰੁ ਕਹੀ ਮੀਹਾਂ ਸੁਨ ਭੋਰੇ[1]।
[1]ਹੇ ਭੋਲੇ !

ਯਹਿ ਸਭਿ ਕਿਰਮ ਹੋਹਿਂ ਸਿਖ ਤੋਰੇ।
ਨਰ ਤਨ ਧਾਰਿ ਹੋਹਿਂਗੇ ਚੇਲੇ।
ਨਾਮੁ ਦਾਨ ਪੁਨ ਗਜਾਨ ਸੁਹੇਲੇ[1] ॥ ੯੯ ॥
[1]ਸੁਖੀ ਹੋਣਗੇ।

ਤੂੰ ਮਹੰਤ ਇਨਿ ਕਰਿ ਬਡ ਹੋਈ।
ਨਾਮ ਉਦਾਸੀ ਸਾਧੁ ਸੋਈ।
ਬੈਲ ਦੱਖਨੀ[1] ਗੁਰੁ ਕੇ ਡੇਰੇ।
[1]ਦੱਖਣੀ ਨਾਮ ਦਾ ਬੈਲ। (ਅ) ਦੱਖਣ (ਦੇ ਇਲਾਕੇ ਰਾਜਿਸਥਾਨ ਦੇ ਸ਼ਹਿਰ ਨਗੌਰ) ਦਾ ਬੈਲ।

ਮੀਹੇਂ ਕੋ ਪ੍ਰਭ ਦਿਯਾ ਉਚੇਰੇ[1] ॥ ੧੦੦ ॥
[1]ਉਚੇਚੇ ਤੌਰ ਤੇ। (ਅ) ਉੱਚੇ ਕੱਦ ਦਾ ਬੈਲ।

ਝੰਡਾ ਭਗਵਾ ਏਕ ਦਮਾਮਾ[1]।
[1]ਧੌਂਸਾ, ਨਗਾਰਾ।

ਬਿਚਰੋ ਨਿਰਭੈ ਸਿੱਖਨਿ ਧਾਮਾ।
ਚੇਲਾ ਕੀਨੋਂ ਪ੍ਰਥਮ ਸਮੀਰ[1]।
[1]ਨਾਮ।

ਗੁਰੂ ਪਾਦਕਾ[1] ਪੂਜਿ ਸੁ ਧੀਰ ॥ ੧੦੧ ॥
[1]ਪਊਏ, ਖੜਾਵਾਂ।

ਤਹਿਂ ਬਰ ਦੇ ਕਰਿ ਟੇਕ ਜੋ ਗ੍ਰਾਮ[1]।
[1]ਟੇਕ ਨਾਮ ਦਾ ਜੋ ਪਿੰਡ ਹੈ।

ਸਰਤਾ[1] ਸਾਰਸੁਤੀ ਤਟ ਧਾਮ[2]।
[1]ਨਦੀ। [2]ਕਿਨਾਰੇ ਦੇ ਘਰ ਸਨ।

ਕੁਰਖੇੜ੍ਰ ਕੀ ਹੱਦ ਸੁ ਜਾਨੋ।
ਮੱਜਨ[1] ਕੀਨੋਂ ਗੁਰੂ ਮਹਾਨੋ ॥ ੧੦੨ ॥
[1]ਇਸ਼ਨਾਨ।

ਦਿੱਜਨਿ[1] ਦਾਨ ਦੀਓ ਗੁਰੁ ਸੁਆਮੀ।
[1]ਬ੍ਰਹਮਣਾਂ ਨੂੰ।

ਮਨ ਭਾਵਤ ਧਨਿ ਭਰਜੋ ਧਾਮੀ[1]।
[1]ਧਨ ਨਾਲ ਘਰ ਭਰ ਲਏ।

ਪੂਛਤਿ ਗੁਰੁ ਕੈਂਥਲ ਕੋ ਮਾਰਗ।
ਆਠ ਕੋਸ ਮਗ ਕਹੈਂ ਦਿਜਾਰਗ[1] ॥ ੧੦੩ ॥
[1]ਚੰਗੇ ਬ੍ਰਾਹਮਣਾਂ ਨੇ।

ਕੋਊ ਸਿੱਖ ਰਹਿਤ ਹੈ ਤਹਾਂ।
ਤੀਨ ਸਿੱਖ ਕੈਂਬਲ ਪੁਰ ਮਹਾਂ।
ਦੋ ਬਨੀਏ ਤਰਖਾਨ ਸੁ ਏਕ।
ਨਿਸ ਦਿਨ ਧਰਤੇ ਗੁਰਿ ਮਨਿ ਟੇਕ ॥ ੧੦੪ ॥

ਸਤਿਗੁਰੁ ਕਹੀ ਚਲੋ ਹਮ ਸੰਗਿ।
ਦੇਉ ਬਤਾਇ ਨ ਪਰੇ ਹੈ ਭੰਗ[1]। [1]ਵਿਘਨ ਨ ਪਵੇ।
ਤਬਿ ਪਹੁੰਚੇ ਕੈਂਬਲ ਪੁਰਿ ਮਾਹੀ।
ਸਿੱਖ ਤਰਖਾਨ ਬਤਾਯੋ ਤਾਂਹੀ ॥ ੧੦੫ ॥
ਹਾਥ ਜੋਰਿ ਸਿੱਖਿ ਬੰਦਨ ਠਾਨੀ।
ਸੇਵ ਕਰੀ ਗੁਰੁ ਕੀ ਮਨ ਭਾਨੀ।
ਪੁਨ ਬਨੀਏ ਦੋਨੋਂ ਗੁਰਿ ਦਰਸੇ।
ਧਰੀ ਭੇਟ ਗੁਰੁ ਕੇ ਪਗ ਪਰਸੇ ॥ ੧੦੬ ॥
ਜਿਸ ਤਰਖਾਨ ਘਰ ਪ੍ਰਿਥਮੇ ਰਹੇ।
ਤਿਸ ਗ੍ਰਹਿ ਅਬਿ ਗੁਰੁਦ੍ਵਾਰਾ ਅਹੇ[1]। [1]ਹੈ।
ਕੀਰਤਿ ਸ਼ਬਦ ਹੋਤ ਹੈਂ ਤਬਿ ਤੇ।
ਚਰਨ ਗੁਰਾਂ ਕੇ ਪਰ ਹੈਂ ਜਬਿ ਤੇ ॥ ੧੦੭ ॥
ਕਵਿ ਸੰਤੋਖ ਸਿੰਘ ਜੀ ਵਹੀਂ[1]। [1]ਓਥੇ।
ਗੁਰੁ ਜਸ ਵਰਨਜੋ ਸਭਿ ਜਗਿ ਸਹੀ[1]। [1]ਸਾਰੇ ਜਗਤ ਨੂੰ ਪਤਾ ਹੈ।
ਪੁਨ ਗੁਰੁ ਗ੍ਰਾਮ ਬਾਰਨੇ ਗਏ।
ਤਹਾਂ ਜਾਇ ਹੈ[1] ਰੋਕਤ ਭਏ ॥ ੧੦੮ ॥ [1]ਘੋੜਾ।
ਇਕ ਰਾਹਿਕ[1] ਕੋ ਸਤਿਗੁਰੁ ਭਨਾ[2]। [1]ਜ਼ਿਮੀਂਦਾਰ। [2]ਕਿਹਾ।
ਰਹਿਤ ਸਿੱਖ ਇਕ ਹਮ ਨੇ ਸੁਨਾ।
ਕਰੋ ਹਕਾਰਨ[1] ਤਿਸ ਕੋ ਭਾਈ। [1]ਬੁਲਾਓ।
ਤਿਨੈ ਜਾਇ ਗੁਰੁ ਖਬਰ ਸੁਨਾਈ ॥ ੧੦੯ ॥
ਤਿਸੁ ਛਿਨ ਉਨਿ ਕੇ ਕਾਛੂ[1] ਆਵਾ। [1]ਖੇਤ ਮਿਣਨ ਵਾਲਾ ਭਾਵ ਪਟਵਾਰੀ।
ਖੇਤ ਮਿਨਨ ਕੋ ਤਿਸੇ ਗੁਹਰਾਵਾ[1] ॥ ੧੧੦ ॥ [1]ਅਵਾਜ਼ ਮਾਰੀ, ਸੱਦਿਆ।

ਦੋਹਰਾ:
ਕਰਿ ਬਿਚਾਰ ਤਬਿ ਜਾਟ ਨੇ,
ਪ੍ਰਥਮ ਗੁਰੂ ਪਗ ਹੇਰਿ[1]। [1]ਪਹਿਲਾਂ ਗੁਰਾਂ ਦੇ ਚਰਨਾਂ ਦੇ ਦਰਸ਼ਨ ਕਰਕੇ।
ਪੁਨ ਕਾਛੂ ਸੰਗਿ ਜਾਊਂਗਾ[1] [1]ਪਟਵਾਰੀ ਨਾਲ ਜਾਵਾਂਗਾ।
ਗੁਰੈਂ ਉਤਾਰਾ ਫੇਰ[1] ॥ ੧੧੧ ॥ [1]ਫੇਰ (ਆ ਕੇ) ਗੁਰਾਂ ਦਾ ਡੇਰਾ ਕਰਾਵਾਂਗਾ।

ਚੌਪਈ:
ਕਰਿ ਅਰਦਾਸ ਗੁਰੁ ਆਗੇ ਖਰਾ[1]। [1]ਖੜ੍ਹਾ ਹੋ ਕੇ।
ਕਾਛੂ ਡਰਿ ਮਨ ਮੈਂ ਖਰਭਰਾ[1]। [1]ਪਟਵਾਰੀ ਦੇ ਡਰ ਕਰ ਕੇ ਮਨ ਵਿੱਚ ਘਬਰਾਹਟ ਹੈ।

ਸਤਿਗੁਰੁ ਕਹੀ ਨ ਚਿੰਤਾ ਕੀਜੈ।
ਮਨ ਭਾਵਤਿ ਗੁਰੁ ਤੇ ਸਭਿ ਲੀਜੈ ॥੧੧੨॥
ਕਹੈ ਜਾਟ ਗੁਰੁ ਖੇਤ ਮਝਾਰਾ।
ਖਸ਼ਟ ਮਾਸ ਕੀ ਮਿਹਨਤ ਸਾਰਾ[1]।

[1]ਛੇ ਮਹੀਨਿਆਂ ਦੀ (ਸਾਰਾ) ਚੰਗੀ ਮਿਹਨਤ (ਕੀਤੀ ਹੋਈ ਹੈ)।

ਫਲਾ ਬਡੋ ਅਬਿ ਅੰਨ ਘਨੇਰੋ[1]।
ਕੂਤ ਕਰੇ ਕਣ ਦੁਸ਼ਮਣ ਮੇਰੋ[1] ॥੧੧੩॥

[1]ਇਸ ਵਾਰ ਬਹੁਤ ਜ਼ਿਆਦਾ ਅੰਨ ਫਲਿਆ ਹੈ।
[1](ਪਰ) ਅੰਨ ਦੀ ਮਿਣਤੀ ਮੇਰਾ ਦੁਸ਼ਮਣ ਕਰ ਰਿਹਾ ਹੈ।

ਪੁਨ ਗੁਰੁ ਕਹਾ ਕਰਾਵੋ ਡੇਰਾ।
ਟਹਿਲ ਕਰੋ ਗੁਰਿ ਮਨਿ ਤਜਿ ਝੇਰਾ।
ਕਛੁਕ ਧੀਰ ਧਰਿ ਬੈਠੋ ਤੀਰ[1]।
ਕਰੀ ਕੱਛ[1] ਮਿਲਿ ਜਾਟਨਿ ਕੀਰਿ[2] ॥੧੧੪॥

[1]ਕੋਲ।
[1]ਮਿਣਤੀ। [2]ਕੰਗਾਲਾਂ ਨੇ।

ਲੇਖਾ ਅਨਿਕ ਬਾਰ ਕਰਿ ਗਿਨਤੀ।
ਦੁਸ਼ਮਨ ਕਰੀ ਅਨੇਕਨਿ ਮਿਨਤੀ।
ਬਿੱਘਾ ਹਿਸਾਬ ਹੋਤ ਸਉ ਏਕ।
ਧਰੀ ਜਾਟ ਨੇ ਗੁਰਿ ਪਗਿ ਟੇਕ ॥੧੧੫॥
ਦੋ ਸਤ ਬਿੱਘਾ[1] ਸਦਾ ਕੀ ਗਿਨਤੀ।
ਅਬਿ ਕਜਾ ਭਯੋ ਏਕ ਸਤ[1] ਮਿਨਤੀ।
ਭਏ ਅਚੰਭ[1] ਚੌਧਰੀ ਕਾਛੂ।
ਸਤਿਗੁਰੁ ਗਤਿ ਨਹਿਂ ਜਾਨਤਿ ਆਛੂ ॥੧੧੬॥

[1]ਦੋ ਸੌ ਬਿੱਘਾ।
[1]ਇਕ ਸੌ।
[1]ਹੈਰਾਨ।

ਯਹਿ ਅਚਰਜ ਕੀ ਨਹਿ ਕਿਛੁ ਬਾਤ।
ਘੜਨਿ ਭੰਨਣਿ ਕੀ ਸਮਰਥ ਸਾਤ[1]।
ਸੁਨੀ ਜਾਟਿ ਜਬਿ ਮਿਨਤੀ ਖੇਤ।
ਭਯੋ ਮਗਨ ਮਨਿ ਅਤਿ ਸੁਖ ਸੇਤ[1] ॥੧੧੭॥

[1]ਸੱਚੀ ਸ਼ਕਤੀ।
[1]ਸੁਖ ਦੇ ਸਹਿਤ।

ਪ੍ਰਥਮ ਵਾਕ ਗੁਰੁ ਕੇ ਮਨਿ ਧਰਤਾ।
ਧਨ ਔ ਧਾਨ ਸਫਲ ਘਰ ਭਰਤਾ[1]।
ਕਰੀ ਟਹਿਲ ਗੁਰੁ ਕੀ ਮਨ ਤਨ ਸੈਂ।
ਬਾਰੰ ਬਾਰ ਜੁਹਾਰਤਿ ਮਨ ਸੈ[1] ॥੧੧੮॥

[1]ਧਨ ਅਤੇ ਅੰਨ ਆਦਿ ਫਲਾਂ ਸਹਿਤ ਘਰ ਭਰ ਦਿੱਤਾ।
[1]ਮਨ ਨਾਲ ਨਮਸਕਾਰ ਕਰਦਾ ਹੈ।

ਸੁਨਿ ਸਿੱਖਾ ਤਬਿ ਗੁਰੂ ਬਖਾਨਾ।
ਮੱਨਤ[1] ਸਤਿਗੁਰ ਕਰੋ ਨ ਹਾਨਾ[2]।
ਗੰਦਾ ਧੂਮ[1] ਤਜਾਗੋ ਘਰ ਤੇ।

[1]ਪੂਜਾ। [2]ਛੱਡੋ ਨਾ।
[1]ਗੰਦਾ ਧੂੰਆਂ, ਤੰਬਾਕੂ।

ਫੂਲੋ ਫਲੋ ਸਫਲ ਗੁਰੁ ਬਰ ਤੇ ॥ ੧੧੯ ॥
ਗੰਦਾ ਧੂਮ ਕਰੋਗੇ ਪਾਨ।
ਬਿਗਰ ਜਾਇ ਤੁਮਰੌ ਧਨ ਧਾਨ।
ਸਿੱਖ ਸੰਤਨ ਕੀ ਸੇਵਾ ਕਰੀਯੋ।
ਮਨ ਤੇ ਮਾਨ ਨਿਵਾਰਨ ਧਰੀਯੋ[1] ॥ ੧੨੦ ॥ [1]ਦੂਰ ਕਰ ਦਿਉ।
ਹਾਥ ਜੋਰਿ ਗੁਰਿ ਪਾਇਨ ਲਾਗਾ।
ਪੂਰਬ ਜਨਮ ਭਾਗ ਤਿਨਿ ਜਾਗਾ।
ਕਛੁ ਦਿਨ ਗੁਰਿ ਤਹਿਂ ਕੀਨ ਨਿਵਾਸੂ।
ਸਿੱਖਨਿ ਤਾਰਿਓ ਨਾਮ ਪ੍ਰਗਾਸੂ[1] ॥ ੧੨੧ ॥ [1]ਤਿਆਗ ਦਿਉ।
ਕੀਰਤਨ ਸ਼ਬਦ ਪੜੇ ਗੁਰੁ ਸਿੱਖ।
ਸ਼ਬਦ ਸਿਖਾਏ ਦੈ ਕਰਿ ਲਿੱਖ[1]। [1]ਲਿਖ ਕੇ ਦਿੱਤੇ।
ਆਗੇ ਪਯਾਨ ਕੀਨ ਹੈ ਗੁਰੁ ਬਰ[1]। [1]ਸ੍ਰੇਸ਼ਟ ਗੁਰਾਂ ਨੇ।
ਕੜੇ[1] ਸੁ ਮਾਨਕ ਪੁਰ ਕੀ ਧਰ ਪਰ[2] ॥ ੧੨੨ ॥ [1]ਪਿੰਡ ਦਾ ਨਾਮ। [2]ਧਰਤੀ ਉੱਪਰ।
ਸਾਧ ਫਕੀਰ ਸੰਗਿ ਬਹੁ ਚਾਲੈਂ।
ਮਗ ਮੈਂ ਸੰਗਤਿ ਕਰਤਿ ਨਿਹਾਲੈਂ।
ਕਰਤਿ ਅਖੇਰ[1] ਨਿਤਾਪ੍ਰਤਿ ਸੁਆਮੀ। [1]ਸ਼ਿਕਾਰ ਖੇਲਦੇ।
ਜਾਨਤਿ ਘਟਿ ਘਟਿ ਅੰਤਰਯਾਮੀ ॥ ੧੨੩ ॥
ਕੜੇ ਗ੍ਰਾਮ ਇਕ ਸਾਧੂ ਰਹੈ।
ਨਾਮ ਮਲੂਕ ਦਾਸ ਜਗ ਕਹੈ।
ਧਰਮ ਬੈਸਨੋਂ ਪਰਮ ਪੁਨੀਤਾ।
ਕਰੈ ਭਗਤਿ ਨਾਰਾਇਨ ਚੀਤਾ ॥ ੧੨੪ ॥
ਸੁਨਾ ਗੁਰੂ ਨਾਨਕ ਕੀ ਗਾਦੀ।
ਤੀਰਥ ਕਰਤਿ ਜੋ ਅਬਿ ਅਬਾਦੀ[1]। [1]ਜੋ ਹੁਣ ਤੀਰਥਾਂ ਦੀ ਆਬਾਦੀ ਕਰਦੇ ਹਨ ਭਾਵਰੌਣਕ ਵਧਾ ਰਹੇ ਹਨ।
ਮਿਲਨਿ ਠਾਨਿ ਸੋ ਕੀਨਸ ਤਜਾਰੀ।
ਇਕ ਨਰ ਨੇ ਤਬ ਗਿਰਾ ਉਚਾਰੀ[1] ॥ ੧੨੫ ॥ [1]ਬਾਣੀ ਭਾਵ ਗੱਲ ਕਹੀ।
ਸੁਨੋ ਸੰਤ ਜੀ ਹਮ ਜੋ ਦੇਖਾ।
ਕਹੈਂ ਸੁਨਾਇ ਤੁਮੈਂ, ਲੇ ਤੇਖਾ[1]। [1](ਉਹ) ਤਿੱਖੇ (ਸ਼ਸਤ੍ਰ) ਲੈ ਕੇ।
ਕਰਤਿ ਅਖੇਰ ਮ੍ਰਿਗ ਬਹੁ ਮਾਰੇ।
ਬਾਂਧਿ ਤੁਰੰਗਨਿ ਸੋਂ ਲਟਕਾਰੇ ॥ ੧੨੬ ॥

ਸੋ ਸੁਨਿ ਭਰਮ ਭਯੋ ਉਰਿ ਭਾਰੀ।
ਬੈਠ ਗਯੋ ਚਿੰਤਾ ਚਿਤਿ ਧਾਰੀ।
ਗੁਰ ਪਦਵੀ ਕੋ ਪਾਯੋ ਕੈਸੇ।
ਚਲਤਿ ਕੁਮਾਰਗ ਨਿਜਿ ਵੋਹ ਜੈਸੇ ॥ ੧੨੭ ॥
ਹਮਰਾ ਮਤਿ ਹੈ ਸਭਿ ਤੇ ਊਚਾ।
ਨਾਮ ਵੈਸ਼ਨੋਂ ਜਗ ਮੈਂ ਸੂਚਾ।
ਰਹਿਯੋ ਬੈਠ ਤਜਿ ਮਿਲਨਿ ਪ੍ਰਸੰਗੂ।
ਪੇਖਿ ਕ੍ਰਿਯਾ ਬਾਹਰ ਮਨ ਭੰਗੂ[1] ॥ ੧੨੮ ॥ [1]ਮਨ ਢੱਠ ਗਿਆ।
ਅੰਤਰ ਗਤਿ ਗੁਰਿ ਨਾਹਨ ਜਾਨਤਿ।
ਗੁਰਿ ਲਘੁ[1] ਆਪ ਊਚ ਕੋ ਮਾਨਤਿ। [1]ਗੁਰਾਂ ਨੂੰ ਛੋਟਾ।
ਬੈਠੋਂ ਸਦਨ[1] ਭਜਨ ਮੈਂ ਕਰੋਂ। [1]ਘਰ।
ਸੁਨਿ ਆਮਿਖ[1] ਬਚ ਮਿਲਨਾ ਹਰੋ[2] ॥ ੧੨੯ ॥ [1]ਮਾਸ। [2]ਤਿਆਗ ਦਿੱਤਾ।
ਤਜਾਰ ਭਯੋ ਭੋਜਨ ਕਿਛੁ ਕਾਲ।
ਫੁਲਕੇ ਚਾਵਰੁ[1] ਘ੍ਰਿਤਿ ਸੰਗਿ ਦਾਲ। [1]ਚੌਲ।
ਠਾਕੁਰ ਆਗੈ ਧਰਿ ਕਰਿ ਥਾਰ।
ਘੰਟੇ ਸ਼ਬਦ ਕਰਤਿ ਬਹੁ ਬਾਰ ॥ ੧੩੦ ॥
ਛਾਦਯੋ[1] ਬਸਤਰ ਸੰਗਿ ਰੁਮਾਲ। [1]ਢੱਕ ਦਿੱਤਾ।
ਕਰਤਿ ਅਵਾਹਨ ਸ੍ਰੀ ਨੰਦ ਲਾਲ[1]। [1]ਸ੍ਰੀ ਕ੍ਰਿਸ਼ਨ ਜੀ ਨੂੰ ਬੁਲਾਉਂਦਾ ਹੈ।
ਆਂਖ ਮੀਚਿ ਹਰੀ ਭੋਗ ਲਗਾਵਤਿ।
ਆਵੋ ਖਾਵੋ ਮੁਖੋਂ ਅਲਾਵਤਿ[1] ॥ ੧੩੧ ॥ [1]ਕਹਿੰਦਾ ਹੈ।
ਜਬਿ ਰੁਮਾਲ ਕੋ ਲੀਓ ਉਠਾਈ।
ਥਾਲ ਬੀਚ ਆਮਿਖ ਨਿਰਖਾਈ[1]। [1]ਮਾਸ ਦੇਖਿਆ।
ਭਯੋ ਅਚੰਭਾ ਦਾਸ ਮਲੂਕਾ।
ਥਰਿ ਥਰਿ ਕਾਂਪਤਿ ਤਨਿ ਮਨਿ ਸੂਕਾ ॥ ੧੩੨ ॥
ਭਈ ਕਵਨ ਗਤਿ ਹੇ ਨੰਦ ਲਾਲ।
ਆਮਿਖ ਭੋਗਤਿ ਸ੍ਰੀ ਗੁਪਾਲ।
ਭਈ ਚੂਕ[1] ਮਨ ਮੇਰੋ ਸ਼ੰਕਾ। [1]ਭੁੱਲ।
ਗੁਰੁ ਸੁਆਮੀ ਮੈਂ ਥਪਯੋ ਕਲੰਕਾ[1] ॥ ੧੩੩ ॥ [1]ਦੋਸ਼ ਲਾਇਆ ਹੈ।
ਗੁਰੁ ਪਰਮੇਸਰ ਸਦਾ ਅਲੇਪ।
ਛੁਵਤਿ ਨ ਤਾਂ ਕੋ ਕਛੁ ਲਵ ਲੇਪ[1]। [1]ਕੁਝ (ਲਵ) ਥੋੜ੍ਹੇ ਮਾਤ੍ਰ ਵੀ (ਲੇਪ) ਦੋਸ਼ ਨਹੀਂ ਛੋਂਹਦੇ।

ਕੀਓ ਧਿਕਾਰ ਆਪਨੇ ਆਪੂ।
ਗੁਰੁ ਦਰਸ਼ਨ ਮਨਿ ਕਰਤੋ ਜਾਪੂ[1] ॥ ੧੩੪ ॥

[1]ਮਨ ਵਿੱਚ ਯਾਦ ਕਰਦਾ ਹੈ।

ਕਰਿ ਬਿਚਾਰ ਮਨ ਮੈਂ ਯਹਿ ਠਾਨੀ[1]।
ਆਪ ਹਕਾਰੈਂ[1] ਸਾਰੰਗ ਪਾਨੀ[2]।

[1](ਸਲਾਹ) ਕੀਤੀ।
[1]ਸੱਦਣ। [2]ਜਿਨ੍ਹਾਂ ਦੇ ਹੱਥ ਵਿੱਚ ਧਨੁਸ਼ ਹੈ ਭਾਵ ਸ੍ਰੀ ਗੁਰੂ ਤੇਗ ਬਹਾਦਰ ਜੀ।

ਸਤਿਗੁਰੁ ਤਿਸ ਅੰਤਰ ਕੀ ਜਾਨੀ।
ਭੇਜੀ ਸਿਵਕਾ[1] ਸਿੱਖ ਅਗਵਾਨੀ[2] ॥ ੧੩੫ ॥

[1]ਪਾਲਕੀ। [2]ਅੱਗੋਂ ਲੈਣ ਲਈ।

ਦਾਸ ਮਲੂਕਾ ਸੰਤ ਉਜਾਗਰ[1]।
ਤਾਂਹਿ ਲਜਾਵੋ ਹਮਰੇ ਆਗਰ[1]।

[1]ਮਸ਼ਹੂਰ।
[1]ਅੱਗੇ ਭਾਵ ਕੋਲ।

ਚੇਲੇ ਕਛੁਕ ਸੰਗਿ ਲੈ ਆਯੋ।
ਗੁਰੁ ਚਰਨਨ ਮੈਂ ਸੀਸ ਨਿਵਾਯੋ ॥ ੧੩੬ ॥
ਹਾਥ ਜੋਰ ਕੈ ਬਿਨੈ ਅਲਾਈ[1]।

[1]ਬੇਨਤੀ ਕਰੀ।

ਏਕ ਦੋਹਰਾ ਗੁਰੈਂ ਸੁਨਾਈ ॥ ੧੩੭ ॥
*ਦੋਹਰਾ:

*ਇਸ ਆਖੇਪ ਰਚਨਾ ਦੇ ਲੇਖਕ ਆਖੇਪਕਾਰ ਘਸੀਟਾ ਸਿੰਘ ਕਵੀਸ਼ਰ ਲਾਹੌਰ ਨੇ ਇਹ ਇਕ ਦੋਹਰਾ ਮਲੂਕ ਦਾਸ ਵੱਲੋਂ ਅਤੇ ਅਗਲਾ ਦੋਹਰਾ ਜੋ ਗੁਰੂ ਸਾਹਿਬ ਵਲੋਂ ਕਹਾਇਆ ਹੈ ਇਹ ਦੋਵੇਂ ਦੋਹਰੇ ਕਵੀ ਕ੍ਰਿਤ ਨ ਹੋਣ ਕਾਰਨ ਅਸਾਂ ਇਨ੍ਹਾਂ ਦੋਹਾਂ ਹੀ ਦੋਹਿਰਿਆਂ ਉੱਪਰ ਅੰਕ ਨੰ: ਨਹੀਂ ਲਾਏ ਅਤੇ ਇਸੇ ਲਈ ਹੀ ਇਨ੍ਹਾਂ ਨੂੰ ਬ੍ਰੀਕ ਛਾਪਿਆ ਹੈ।

ਮਲੂਕਾ ਪਾਪੀ ਪੇਡ ਕੋ[1],
ਭਗਤਿ ਨ ਜਾਨੀ ਤੋਹਿ।
ਭਗਤਿ ਲਿਖੀ ਥੀ ਅਵਰ ਕੋ,
ਪ੍ਰਭ ਧੋਖੇ[1] ਦੀਨੀ ਮੋਹਿ।

[1]ਮੁੱਢ ਦਾ ਹੀ।
[1]ਧੋਖਾ ਕਰਕੇ।

ਦੋਹਰਾ:
ਸੁਨਿ ਮਲੂਕ ਕਾ ਦੋਹਰਾ
ਸ੍ਰੀ ਗੁਰੁ ਕਰੁਨਾ ਧਾਰਿ।
ਤਿਸ ਪ੍ਰਤਿ ਉੱਤ੍ਰ ਕੋ[1] ਕਹਿਯੋ,
ਧੀਰਜ ਦੇਨ ਅਪਾਰ ॥ ੧੩੮ ॥

[1]ਉਸ ਨੂੰ ਉੱਤਰ ਦੇਣ ਵਾਸਤੇ।

ਦੋਹਰਾ:
ਸੁਨਿ ਮਲੂਕ ਹਰਿ ਕੇ ਭਗਤ,
ਨਹਿਂ ਰਾਖਤਿ ਮਨਿ ਦ੍ਰੋਹਿ[1]।

[1]ਧੋਖਾ, ਛਲ।

ਭਗਤਿ ਲਿਖੀ ਥੀ ਅਵਰ ਕੋ,
ਕ੍ਰਿਪਾ ਕਰਿ ਦੀਨੀ ਤੋਹਿ।
ਚੌਪਈ:
ਅਨਿਕ ਭਾਂਤਿ ਕੀ ਕਰਿ ਸਿਵਕਾਈ[1]। [1]ਸੇਵਾ ਕਰਕੇ।
ਨਿਜਿ ਮੰਦਰਿ ਗੁਰੁ ਕੋ ਲੈ ਜਾਈ।
ਕਛੁ ਦਿਨ ਬਾਸ ਤਹਾਂ ਗੁਰੁ ਕਰਿ ਕੇ।
ਚਲੇ ਅਗਾਰੀ ਅੱਸਵ ਚਰ੍ਹ ਕੇ[1] ॥ ੧੩੯ ॥ [1]ਘੋੜੇ 'ਤੇ ਚੜ੍ਹ ਕੇ।
ਕੀਓ ਕੂਚ ਪਹੁੰਚੇ ਪ੍ਰਿਆਗੂ[1]। [1]ਪ੍ਰਾਗਰਾਜ।
ਤੀਰਥਰਾਜ ਦਰਸ ਬਡ ਭਾਗੂ।
ਸੰਗਮ ਜਹਾਂ ਤ੍ਰਿਬੈਨੀ ਭਯੋ[1]। [1]ਜਿੱਥੇ ਤਿੰਨਾਂ ਨਦੀਆਂ (ਗੰਗਾ, ਜਮਨਾ, ਸਰਸੁਤੀ ਦਾ) ਮੇਲ ਹੋਇਆ ਹੈ।
ਪ੍ਰਿਥਮ ਦਰਸ ਸਤਿਗੁਰੁ ਤਹਿਂ ਲਯੋ ॥ ੧੪੦ ॥
ਤੀਨੋਂ ਤਾਪ ਹਰਨ[1] ਤ੍ਰਿਬੈਨੀ। [1]ਨਾਸ ਕਰਨ ਵਾਲੀ।
ਕਟੇ ਪਾਪ ਲੋਹੇ ਜਿਮ ਛੈਨੀ।
ਪੁਨ ਗੁਰੁ ਚਰਨ ਕੇਰ ਪ੍ਰਤਾਪੂ।
ਕਰੇ ਛਿਨਿਕ ਮੈਂ ਕਲਮਲ ਖਾਪੂ[1] ॥ ੧੪੧ ॥ [1]ਪਾਪ ਨਾਸ ਕੀਤੇ।
ਦਾਨ ਦੀਯੋ ਦਿੱਜਨਿ[1] ਬਹੁ ਭਾਂਤੀ। [1]ਬ੍ਰਾਹਮਣਾਂ ਨੂੰ।
ਭੂਖਨ ਬਾਸਨ ਅਨਿਕ ਬਿਭਾਂਤੀ[1] ॥ ੧੪੨ ॥ [1]ਗਹਿਣੇ, ਭਾਂਡੇ ਅਨੇਕਾਂ ਖ਼ਾਸ ਕਿਸਮਾਂ ਦੇ।
ਦੋਹਰਾ:
ਰਹੇ ਗੁਰੂ ਖਟ ਮਾਸ ਤਹਿਂ,
ਨਿਜ ਮਹਿਲਾਂ ਵਰ ਦੀਨ[1]। [1]ਆਪਣੇ ਮਹਿਲਾਂ ਭਾਵ ਮਾਤਾ ਗੁਜਰੀ ਜੀ ਨੂੰ।
ਪ੍ਰਗਟੈਗੋ ਪੂਰਨ ਪੁਰਖ,
ਅਰਿ ਗਨ ਹਨ ਹੈ ਚੀਨ[1] ॥ ੧੪੩ ॥ [1]ਜਾਣੋ ਬਹੁਤੇ ਵੈਰੀਆਂ ਨੂੰ ਮਾਰੇਗਾ।
ਚੌਪਈ:
ਹੋਇ ਬਿਦਾ ਗੁਰ ਪਹੁੰਚੇ ਕਾਸੀ।
ਮਿਲੇ ਆਨਿ ਸਿੱਖ ਤਹਿਂ ਪੁਰਿ ਬਾਸੀ।
ਸੰਨਿਆਸੀ ਦੇਗੰਬਰ[1] ਸਾਧੂ। [1]ਨਾਂਗੇ।
ਚਰਚਾ ਕਰਿ ਮਨਿ ਭਯੋ ਅਗਾਧੂ[1] ॥ ੧੪੪ ॥ [1]ਬਹੁਤ (ਅਨੰਦ) ਹੋਇਆ।
ਗੁਰੁ ਢਿਗ ਆਵਤਿ ਬੈਠਤਿ ਜਾਈ।
ਅਨਿਕ ਭਾਂਤਿ ਭੇਟਨਿ ਚਢਵਾਈ।

ਸੁਖੀ ਭਏ ਪਿਖਿ ਗੁਰੁ ਕੋ ਦਰਸ਼ਨ।
ਭੇਟਾ ਧਰੈਂ ਹੋਵੈਂ ਰਿਦਿ ਸੁਖਿ ਮਨਿ* ॥ ੧੪੫ ॥

*ਇਥੋਂ ਤਕ ਆਖੇਪਕਾਰ ਘਸੀਟਾ ਸਿੰਘ ਕਵੀਸ਼ਰ ਲਾਹੌਰ ਦੀ ਰਚਨਾ ਹੈ।

*ਦ੍ਵੈਯਾ ਛੰਦ:

*ਛਾਪਾ ਪੱਥਰ ਦੇ ਪੰਨਾ ੪੫੭ ਤੇ ਕੇਵਲ 'ਛੰਦ' ਹੀ ਛਪਿਆ ਹੋਇਆ ਹੈ 'ਦ੍ਵੈਯਾ' ਅਸਾਂ ਆਪਣੇ ਪਾਸੋਂ ਲਿਖਿਆ ਹੈ। ਅਸਲ ਰਚਨਾ ਵਿਚ ਇਹ 'ਦ੍ਵੈਯਾ' ੪੫੬ ਪੰਨੇ ਦੇ ਹੇਠ ਸੀ ਜੋ ਆਖੇਪਕਾਰ ਲਿਖਣੋ ਭੁੱਲ ਗਿਆ ਹੈ। ਦ੍ਵੈਯਾ ਛੰਦ ਤੋਂ ਗਿਆਨੀ ਗਿਆਨ ਸਿੰਘ ਜੀ ਦੀ ਅਸਲ ਰਚਨਾ ਫਿਰ ਆਰੰਭ ਹੁੰਦੀ ਹੈ।

ਚੇਲੇ ਪਰਚੇਲੇ[1] ਅਬਿ ਉਨਿ ਕੇ,
ਸੁਨਿ ਪੁਨ ਗੁਰੁ ਢਿਗ ਆਏ।
ਗੁਰੁ ਨਾਨਕ ਸਮ ਨੌਮ ਗੁਰੂ ਕੋ,
ਲਖਿ ਸਬਿਹਨਿ ਮੁਦ ਪਾਏ।
ਹਰਿ ਚਰਚਾ ਪਰਚਾ ਕਰਿ[1] ਭਾਰੀ,
ਗੁਰੁ ਪਗ ਸੀਸ ਲੁਠਾਏ[1]।
ਜਥਾ ਜੋਗ ਸਬਿ ਗੁਰੁ ਸਿਤਕਾਰੇ,
ਬਰਨਤ ਸੁਜਸ ਸਿਧਾਏ ॥ ੧੪੬ ॥
ਗਾਥਾ ਇਕ, ਕਬੀਰ ਕੀ ਪਰਚੀ
ਪੋਥੀ[1] ਮੈਂ ਹਮ ਹੇਰੀ[2]।
ਗੁਰੁ ਨਾਨਕ ਜਬਿ ਕਾਂਸੀ ਆਏ,
ਮਿਲੇ ਕਬੀਰ ਨ ਫੇਰੀ[1]।
ਥੇ ਕਬੀਰ ਰਘੁਨਾਥ ਪੁਰੇ ਮੈਂ,
ਗੁਰੁ ਭੀ ਤਹਾਂ ਸਿਧਾਏ।
ਮਿਲੇ ਕਬੀਰ ਅਗਾਰੀ ਗੁਰੁ ਕੋ,
ਤੀਨ ਕੋਸ ਪਰ ਆਏ ॥ ੧੪੭ ॥
ਕਰੀ ਪਰਸਪਰ[1] ਪਗ ਪਰ ਬੰਦਨ,
ਥਿਰਿ ਇਕੰਤ ਪੁਨ ਜਾਈ।
ਹਰਿ ਚਰਚਾ ਦਿਨ ਚਾਲੀ ਕੀਨੀ,
ਤਨਿ ਸੁਧ ਸਬਿ ਬਿਸਰਾਈ।
ਪੁਨ ਸ੍ਰੀ ਨਾਨਕ ਭਾਖਜੋ ਚਲੀਏ,
ਬੈਕੁੰਠੈ ਲੌ ਪਿਖੀਏ।
ਕਹਜੋ ਕਬੀਰ ਚਲੋ ਤੁਮ ਆਗੇ,

[1]ਚੇਲਿਆਂ ਦੇ ਚੇਲੇ।

[1]ਪਰਚਾਵਾ ਕਰਕੇ।

[1]ਸਿਰ ਨਿਵਾਇਆ।

[1]ਜੀਵਨੀ ਦੀ ਪੁਸਤਕ। [2]ਦੇਖੀ, ਪੜ੍ਹੀ।

[1]ਫੇਰ ਵੀ ਨਾ ਮਿਲੇ।

[1]ਆਪਸ ਵਿਚ।

ਹਮ ਐਹੈਂ ਤਹਿਂ ਦਿਖੀਏ[1] ॥ ੧੪੮ ॥
ਬਹੁ ਦਿਨ ਮੈਂ ਜਬਿ ਗੁਰੁ ਤਹਿਂ ਪਹੁੰਚੇ,
ਦਰਸੇ ਸਬਿ ਜਗ ਸਾਂਈ[1]।
ਸੂਰਤਿ[1] ਤਹਿਂ ਕਬੀਰ ਕੀ ਨੂਰੀ[2],
ਨੂਰ ਹਜੂਰ ਲਖਾਈ[1]।
ਇਹੁ ਸਾਖੀ* ਉਨਹੂੰ ਲਿਖਿ ਰਾਖੀ,

[1]ਅਸੀਂ ਆਉਂਦੇ ਹਾਂ ਓਥੇ (ਤੁਹਾਡੇ) ਦਰਸ਼ਨ ਕਰਾਂਗੇ।

[1]ਸਾਰੇ ਜਗਤ ਦੇ ਮਾਲਕ ਅਕਾਲ ਪੁਰਖ ਜੀ।

[1]ਸ਼ਕਲ। [2]ਪ੍ਰਕਾਸ਼ ਵਾਲੀ।

[1]ਪ੍ਰਕਾਸ਼ ਸਰੂਪ (ਹਜ਼ੂਰ) ਸਤਿਗੁਰਾਂ ਨੇ ਵੇਖੀ।

*ਇਹ ਸਾਖੀ ਕਬੀਰ ਪੰਥੀਆਂ ਦੀ ਪੋਥੀ ਵਿੱਚ ਉਨ੍ਹਾਂ ਦੇ ਸ਼ਰਧਾਲੂਆਂ ਨੇ ਲਿਖੀ ਹੈ, ਕਵੀ ਜੀ ਨਾਲ ਇਸ ਦਾ ਕੋਈ ਸੰਬੰਧ ਨਹੀਂ ਹੈ।

ਅਬਿ ਪ੍ਰਸੰਗ ਮੈ ਚਲੀਏ।
ਜਲਧ ਬਿਵੇਕ[1] ਸੋਢਿ ਕੁਲ ਕੇਤੂ[2],
ਨੌਮ ਗੁਰੂ ਦੁਖ ਦਲੀਏ ॥ ੧੪੯ ॥
ਕੇਤਿਕ ਦਿਵਸ ਬਸੇ ਕਾਂਸੀ ਮੈਂ,
ਨਿਜ ਜਨ ਭਵਨਿਧਿ[1] ਤਾਰੇ।
ਤਿਸਹੀ ਠੌਰ ਜੌਨ ਪੁਰਿ ਕੇਰੀ,
ਸੰਗਤ ਅਈ ਅਪਾਰੇ।
ਮੁੱਖਾ ਨਾਮ ਮਸੰਦ ਸੰਗ ਲੈ,
ਆਯੋ ਗੁਰੁ ਸਰਨਾਈ।
ਅਰਪਿ ਅਕੋਰ ਅਨਕਧਾ[1] ਸਿੱਖਨਿ,
ਦਰਸੇ ਗੁਰੁ ਜਗਿ ਸਾਂਈ ॥ ੧੫੦ ॥
ਇਕ ਗੁਰਬਖਸ਼ ਨਾਮ ਪ੍ਰੇਮੀ ਸਿੱਖ,
ਕੀਰਤਨ ਗੁਰਹਿਂ ਸੁਨਾਯੋ।
ਖੁਸ਼ੀ ਹੋਇ ਗੁਰੁ ਤਿਸ ਕੋ ਬਖਸ਼ਜੋ,
ਨਿਜ ਮਿਰਦੰਗ ਸੁਹਾਯੋ।
ਉਸ ਹੀ ਕੀ ਸੰਤਤਿ ਢਿਗ[1] ਅਬਿ ਲੌ,
ਹੈ ਸੋ ਪੂਜ ਰਖਾਯੋ* ॥ ੧੫੧ ॥

[1]ਅਨੇਕ ਤਰ੍ਹਾਂ ਦੀਆਂ ਭੇਟਾਂ ਅਰਪ ਕੇ।

[1]ਉਲਾਦ ਕੋਲ।

*ਅੰਕ ਨੰ. ੧੫੧ ਦੀਆਂ ਛਾਪਾਂ ਪੱਥਰ ਵਿੱਚ ਤਿੰਨ ਹੀ ਤੁਕਾਂ ਹਨ, ਚੌਥੀ ਤੁਕ ਛਪਣ ਵੇਲੇ ਹੀ ਰਹਿ ਗਈ ਜਾਪਦੀ ਹੈ।

ਪੁਨ ਨਿਜ ਚੋਲਾ ਰੰਗ ਮਜੀਠੀ,
ਹਰੀਰਾਮ ਕੋ ਬਖਸ਼ਜੋ।
ਜੋ ਅਬਿ ਆਹਿ ਬਦਾਮੀ ਜੈਸਾ,
ਸੰਗਤ ਮਾਹੇਂ ਰਖਸਜੋ[1]।
ਹਰੀਰਾਮ, ਮੁੱਖੇ, ਗੁਰੁਬਖਸ਼ੈ,

[1]ਗੁਰਦੁਆਰੇ ਵਿੱਚਰਖਿਆ (ਹੋਇਆ) ਹੈ।

ਲੌ ਸਿੱਖਨਿ ਮਿਲਿ ਪਾਛੈ।
ਰੇਸ਼ਮ ਕਟੜੇ ਥੇ ਜਹਿਂ ਉਤਰੇ,
ਸੰਗਤ ਰੁਚੀ ਸੁ ਆਛੈ[1] ॥ ੧੫੨ ॥ [1]ਬਹੁਤ ਚੰਗਾ ਗੁਰਦੁਆਰਾ ਬਣਾਇਆ ਹੈ।
ਮਨੋ ਕਾਮਨਾ ਭਰਿ[1] ਗੁਰਸਿੱਖੈਂ, [1]ਮਨੋ ਕਾਮਨਾ ਪੂਰੀਆਂ ਕਰਕੇ।
ਦੈ ਉਪਦੇਸ਼ ਬਿਸ਼ੇਸ਼ੈਂ।
ਆਗੇ ਚਲੇ ਭਲੇ ਜਨਿ ਤਾਰਤਿ,
ਨਦੀ ਮੇਘ ਜਯੋਂ ਦੇਸੈਂ।
ਸੇਵਕ ਸਿੱਖ ਮਸੰਦ ਸਾਧੁ ਬਹੁ,
ਥੇ ਗੁਰੁ ਸੰਗ ਚਲੰਤੇ।
ਭੀਰ ਬਹੀਰ ਸਾਤ ਅਠ ਕੋਸੈਂ,
ਨਿਤ ਚਲਿ ਨਿਸਾ ਥਿਰੰਤੇ ॥ ੧੫੩ ॥
ਕੱਚਰ[1] ਸ਼ੁਤਰ[2] ਸਜੰਦਨ[3] ਡੋਰੇ[11], [1]ਖੱਚਰਾਂ। [2]ਊਠ। [3]ਰਥ। [11]ਡੋਲੇ।
ਬਾਜ[1] ਬਿਸ਼ੇਸ਼ ਅਮੋਲੇ। [1]ਘੋੜੇ।
ਖੇਮੇ[1] ਲਗੈਂ ਜਾਇ ਜਹਿਂ ਉਤਰੈਂ, [1]ਤੰਬੂ।
ਲੰਗਰ ਭਵੈ ਅਤੋਲੇ।
ਖਾਨ ਪਾਨ ਸਬਿ ਕੋ ਸਬਿ ਮਿਲ ਹੀ,
ਸਨੇ ਸਨੇ[1] ਯੌਂ ਚਾਲੈਂ। [1]ਹੌਲੀ ਹੌਲੀ।
ਜਬਿ ਸਸਰਾਮ ਗਾਮ ਮੈਂ[1] ਪਹੁੰਚੇ, [1]ਪਿੰਡ ਵਿੱਚ।
ਤਹਿਂ ਸਿੱਖ ਮਿਲੇ ਬਿਸਾਲੈਂ ॥ ੧੫੪ ॥
ਪਹਿਲੇ ਨਗਰ ਹੁਤੋ ਵਰ ਬਡ ਅਤਿ,
ਪਰੇ ਚਿੰਨ੍ਹ[1] ਅਬਿ ਤਾਂਈ। [1]ਨਿਸ਼ਾਨ।
ਸ਼ੇਰ ਸ਼ਾਹ ਕਾ ਥਾ ਘਰ ਈਹਾਂ,
ਤਬਿ ਇਹੁ ਬਸਜੋ ਮਹਾਂਈ।
ਅੰਮ੍ਰਿਤਸਰ ਤਲਾਵ ਮੰਦਰ ਸਮ,
ਥੇ ਮੁਕਾਨ ਬਨਵਾਏ।
ਸ਼ੇਰ ਸ਼ਾਹਿ ਨੇ ਰਹਿਨ ਹੇਤ ਨਿਜ,
ਖਰਚਜੋ ਬਿੱਤ ਮਹਾਂਏ[1] ॥ ੧੫੫ ॥ [1]ਬਹੁਤਾ ਧਨ।
ਸੂਬਾ ਹੁਤੋ ਜੌਨਪੁਰ ਕਾ ਸੋ,
ਬਲੀ ਬਹਾਦਰ ਭਾਰੀ।
ਸ਼ਾਹਿ ਹਿਮਾਂਊ ਕੋ ਉਨਿ ਲੜਿ ਕੈ,

ਮੁਲਕੋਂ ਦਯੋ ਨਿਕਾਰੀ।
ਬਾਦਸ਼ਾਹਿ ਪੁਨ ਆਪ ਭਯੋ ਥਾ,
ਹਿੰਦੁਸਤਾਨੈ ਕੇਰੋ।
ਭਯੋ ਸਲੇਮ ਸ਼ਾਹ ਸੁਤ ਤਾਂ ਕਾ
ਬਾਦਸ਼ਾਹਿ ਪੁਨ ਹੇਰੋ ॥ ੧੫੬ ॥
ਹੇਮੂੰ ਹੁਤੋ ਦਿਵਾਨ[1] ਤਾਂਹਿ ਕਾ,
ਬਨੀਆਂ ਬਿਦਤ ਮਹਾਂਏ।
ਚਮੜੇ ਕੇ ਦਮੜੇ ਥੇ ਜਿਸ ਨੇ,
ਅਪਨੇ ਜ਼ੋਰ ਚਲਾਏ।
ਅਕਬਰ ਸ਼ਾਹਿ ਮਾਰ ਫਿਰ ਉਸ ਕੋ,
ਦਿੱਲੀ ਤਖਤ ਸੰਭਾਰਾ।
ਉਸੀ ਗਾਮ ਸਸਰਾਮ ਵਿਖੈ ਥਾ,
ਸੇਠ ਸਿੱਖ ਇਕ ਭਾਰਾ ॥ ੧੫੭ ॥
ਤਿਸ ਨੇ ਨਿਜ ਮੁਕਾਨ ਬਨਵੈ ਕੈ,
ਦਰਵਾਜਾ ਬਡ ਰਾਖਜੋ।
ਅਧਿਕ ਸਜਾਇ ਸਫਾਇ ਰਖੈ ਤਿਹ,
ਬਸਬੋ ਨਹਿਂ ਅਭਿਲਾਖਜੋ।
ਕਹੈ ਗੁਰੂ ਕੇ ਹੇਤ ਬਨਾਯੋ,
ਸੋ ਕਬਿ ਹੀ ਤੋ ਐਹੈਂ।
ਡੋਰੇ ਰਥ ਘੋਰੇ ਅਸਵਾਰੀ,
ਯੁਤ ਗੁਰੁ ਅੰਦਰ ਜੈਹੈਂ ॥ ੧੫੮ ॥
ਚਾਚਾ ਫੱਗੋ ਨਾਮ ਹੁਤੋ ਤਿਹ,
ਅਬਿ ਜਬਿ ਗੁਰੂ ਪਹੂਚੇ।
ਨੇਮ ਪ੍ਰੇਮ ਤਾਂਹਿ ਕਾ ਲਖਿ ਗੁਰੁ,
ਅਸਵਾਰੀ ਸਹਿ ਸੂਚੇ[1]।
ਉੱਤ੍ਰੇ ਜਾਇ ਮੁਕਾਨ ਤਿਸੀ ਮੈਂ,
ਸਰਬਗ ਅੰਤਰਯਾਮੀ।
ਪੂਰਨ ਆਸਾ ਕਰਿ ਹੈ ਤੂਰਨ[1],
ਸਿੱਖਨਿ ਸਮ੍ਰੱਥ ਸ੍ਵਾਮੀ ॥ ੧੫੯ ॥
ਆਇ ਸਿੱਖ ਸਬਿ ਪਗ ਲਪਟਾਏ,

[1]ਵਜ਼ੀਰ।

[1]ਪਵਿੱਤ੍ਰ (ਸਤਿਗੁਰੂ ਜੀ) ਸਣੇ ਅਸਵਾਰੀ।

[1]ਛੇਤੀ।

ਅਰਪਿ ਅਕੋਰ[1] ਅਪਾਰੇ। [1]ਭੇਟਾ।
ਗੁਰੁ ਕੋ ਸਹੀ ਪ੍ਰਭੂ ਪਹਿਚਾਨਾ,
ਭਏ ਮੋਦ ਮਨਿ ਭਾਰੇ।
ਸੇਵਾ ਕਰਿ ਮੇਵਾ ਬਡ ਪਾਯੋ,
ਮਨ ਬਾਂਛਿਤ ਫਲ ਚਾਰੇ।
ਲਗਜੋ ਦਿਵਾਨ ਜੁਰੀ ਬਹੁ ਸੰਗਤਿ,
ਗੁਰੁ ਢਿਗ ਤਹਾਂ ਉਦਾਰੇ[1] ॥ ੧੬੦ ॥ [1]ਸ੍ਰੇਸ਼ਟ ਸੰਗਤ।
ਗੁਰੁ ਮੁਸਕਾਇ ਕਹਜੋ ਫੱਗੋ ਪ੍ਰਤਿ,
ਕਾਰ ਭੇਟ[1] ਤੈਂ ਜੋਈ। [1]ਦਸਵੰਧ ਦੀ ਭੇਟਾ।
ਗੁਰੁ ਹਿਤ ਲੈ ਸਿੱਖਨਿ ਤੈ ਰਾਖੀ,
ਹਾਜਰ ਕਰਿ ਸਬਿ ਸੋਈ।
ਹਾਥ ਜੋਰਿ ਫੱਗੋ ਕਹਿ ਪਹਿਲੇ,
ਹੁੰਡੀ[1] ਕਰਿ ਪਹੁੰਚਾਈ। [1]ਟੋਂਬੂ– ਰੁਪਏ ਵਸੂਲ ਕਰਨ ਵਾਲਾ ਪਰਚਾ।
ਅਬਿ ਜੋ ਹੈ ਇਕ ਪੈਸਾ ਪੈਸਾ,
ਹਾਜ਼ਰ ਕਰਿਹੌਂ ਲਜਾਈ ॥ ੧੬੧ ॥
ਇਮ ਕਹਿ ਲਜਾਇ ਦਰਬ ਸਬਿ ਅਰਪਜੋ,
ਪੁਨਾ ਗੁਰੂ ਯੌਂ ਭਾਖਾ।
ਅਰੇ[1] ਔਰ ਜੋ ਸੋ ਭੀ ਲਜਾਵੋ, [1]ਹੇ (ਭਾਈ ਫੱਗੋ)।
ਨਹਿਂ ਚਹੀਏ ਤੁਹਿ ਰਾਖਾ।
ਇਹ ਸੁਨਿ ਫੱਗੋ ਮਨ ਬਿਸਮਾਯੋ,
ਗੁਰੂ ਕੂਰ ਨਹਿਂ ਟੇਰੈਂ[1]। [1]ਝੂਠ ਨਹੀਂ ਕਹਿੰਦੇ।
ਔਰ ਇਮਾਨਤ ਨਹਿਂ ਮੁਝ ਪੈ ਕਛ,
ਸੋਚਤਿ ਭਯੋ ਬਧੇਰੈਂ ॥ ੧੬੨ ॥
ਚਿਤਿ ਚਿਤਵਤਿ ਬਿੱਤ ਵਤ ਕਿਤ ਆਯੋ[1], [1](ਵਤ) ਮੁੜ (ਹੋਰ) ਧਨ ਕਿੱਥੋਂ ਆਇਆ।
ਯਾਦ ਚਰਿਤ ਤਬਿ ਔਰੈਂ[1]। [1]ਤਦੋਂ ਹੋਰ ਕੌਤਕ ਯਾਦ (ਆਇਆ)।
ਅਰਜ ਕਰੀ ਲੀਜੈ ਸਤਿਗੁਰੁ ਜੀ,
ਬਦਰੀ ਫਲ ਨਿਜ ਗੌਰੈਂ[1]। [1]ਆਪਣਾ ਵੱਡਾ ਬੇਰ ਲੈ ਲਉ।
ਸੁਨਿ ਕੈ ਗੁਨਿ ਕੈ[1] ਦੂਸਰ ਸਿੱਖਨਿ, [1]ਵਿਚਾਰ ਕੇ।
ਬੂਝਜੋ ਤਬੈ ਸੁਨਾਈ।
ਕਾਰ ਭੇਟ ਮੈਂ ਸਬਿ ਸਿੱਖਨਿ ਤੈ,

ਰਖਿਹੋਂ ਗੁਰੁ ਕੀ ਲਜਾਈ ॥ ੧੬੩ ॥
ਭਾਈ ਭੋਲੇ[1] ਸਿੱਖ ਗਰੀਬ ਕੇ, [1]ਨਾਮ।
ਘਰ ਮੈਂ ਇਕ ਦਿਨ ਜਾਈ।
ਮਾਂਗੀ ਕਾਰ ਗੁਰੂ ਕੀ ਜਬਿ ਹੀ,
ਸਿੱਖ ਥਾ ਗਯੋ ਕਿਥਾਈ।
ਉਸ ਕੀ ਸਿੱਖਨੀ ਦੀਨ ਨਿੰਮ੍ਰਿ ਹ੍ਵੈ,
ਕਹਯੋ ਨ ਘਰ ਵਥੁ ਕਾਈ* ॥ ੧੬੪ ॥ *ਇਸ ਅੰਕ ਵਿੱਚ ਵੀ ਚਾਰ ਦੀ ਥਾਂ ਤਿੰਨ ਹੀ ਤੁਕਾਂ ਹਨ। ਇਕ ਤੁਕ ਗੁੰਮ ਹੈ।

ਰੋਟੀ ਪਕੀ ਨਹੀ ਦੋ ਦਿਨ ਤੈ,
ਜਬਿ ਗੁਰੁ ਦੈਂਹ ਤੁ ਦੈਹੋਂ।
ਪੁਨ ਮੈਂ ਕਹਯੋ ਦੇਹੁ ਮੁਹਿ ਕੁਛ ਭੀ,
ਛੁਛਾ ਨਾਹਿਂ ਫਿਰੈਹੋਂ[1]। [1]ਮੈਂ ਖਾਲੀ ਨਹੀਂ ਮੁੜਾਂਗਾ।
ਪੁਨ ਪੁਨ ਉਨ ਸ਼ੋਕਾਤ੍ਰ ਲੱਜਤ,
ਹ੍ਵੈ[1] ਜਵਾਬ ਬਹੁ ਦੀਏ। [1]ਸ਼ੋਕ ਨਾਲ ਦੁਖੀ ਤੇ ਸ਼ਰਮਿੰਦਾ ਹੋ ਕੇ।
ਮੈਂ ਹਠ ਕਰਯੋ ਗੁਰੂ ਹਿਤ ਕੁਛ ਭੀ,
ਜੈਹੋਂ ਨਾ ਬਿਨ ਲੀਏ ॥ ੧੬੫ ॥
ਅੰਤੈ ਰਿਸ[1] ਤਿਸ ਅੰਜਲ[2] ਭਰਿ ਮੁਹਿ, [1]ਅੰਤ ਨੂੰ ਗੁੱਸੇ ਹੋ ਕੇ। [2]ਬੁੱਕ।
ਮੱਟੀ ਕੂਰਾ[1] ਦੀਓ। [1]ਕੂੜਾ।
ਅੰਚਰ ਬਾਂਧ[1] ਲਜਾਇ ਮੈ ਸੋਊ, [1]ਪੱਲੇ 'ਚ ਬੰਨ੍ਹ ਕੇ।
ਨਿਜ ਘਰ ਫੈਂਕਨ ਕੀਓ[1]। [1]ਸੁੱਟ ਦਿੱਤਾ।
ਬੇਰ ਗਿਟਕ ਤਿਸ ਮੈਂ ਸੇ ਨਿਕਸੀ,
ਸੋ ਮੈਂ ਈਹਾਂ ਬੋਈ[1]। [1]ਬੀਜ ਦਿੱਤੀ।
ਤਿਸ ਤੈ ਭਯੋ ਬਡੋ ਤਰੁ[1] ਸੰਮੁਖ[2], [1]ਬ੍ਰਿਛ। [2]ਸਾਹਮਣੇ।
ਅਬਿ ਦੀਖਤਿ ਹੈ ਸੋਈ ॥ ੧੬੬ ॥
ਫਲ ਯਾ ਕੇ ਜਨ ਛਕਤਿ ਸੈਂਕੜੋਂ,
ਮੀਠੇ ਸਾਦ ਅਪਾਰੀ।
ਪਰ ਅਬਿ ਉਨਿ ਕੇ ਘਰ ਮੈਂ ਸੰਪਤਿ[1], [1]ਬਿਭੂਤੀ, ਸਮੱਗ੍ਰੀ।
ਸੰਤਤਿ[1] ਪਿਖੀਅਤਿ ਭਾਰੀ। [1]ਉਲਾਦ।
ਸੁਨਿ ਇਹੁ ਬਾਤ ਪ੍ਰਸੰਨ ਹੋਏ ਗੁਰੁ,
ਕਹਯੋ ਧੰਨ ਗੁਰਸਿੱਖੀ।

ਪਰਉਪਕਾਰ ਸੇਵ ਗੁਰੁ ਕੀ ਹਿਤ,
ਸਹੀ ਨਿਰਾਦਰਿ ਤਿੱਖੀ[1] ॥ ੧੬੭ ॥

[1]ਬਹੁਤੀ ਨਿਰਾਦਰੀ।

ਜੋ ਸਿੱਖ ਪਢੈ ਸੁਨੈ ਤੁਵ ਗਾਥਾ,
ਸਿੱਖੀ ਪ੍ਰਾਪਤ ਹੋਵੈ।
ਭਾਈ ਫੱਗੋ ਸਿਦਕ ਤੁਮਾਰਾ,
ਲੋਗਨ ਕੋ ਮਦ ਖੋਵੈ।
ਸੁਨਿ ਸਬਿ ਸੰਗਤਿ ਬਹੁ ਖੁਸ਼ ਹੋਈ,
ਪੁਨ ਕਰਿ ਬਿਨਤੀ ਭਾਰੀ।
ਬਾਗ ਵੀਚ ਗੁਰੁ ਜਾਇ ਉਤਾਰੇ,
ਬਰਨ ਬਰਨ[1] ਫੁਲਵਾਰੀ ॥ ੧੬੮ ॥

[1]ਰੰਗਾਂਰੰਗਾਂ ਦੀ।

ਜਿਸ ਹੇਰਨ ਤੈਂ[1] ਸੋਕ ਨਸੈ ਸਬਿ,
ਜਨ ਬਨ ਨੰਦਨ[1] ਕਿਆਰੀ।

[1]ਦੇਖਣ ਨਾਲ।

[1]ਇੰਦ੍ਰ ਦੇ ਬਾਗ ਦੀ।

ਪਾਵਨ ਪਗ ਪਾਵਨ ਕਰਿ ਗੁਰੁ[1] ਸੋ,
ਪਾਵਨ ਕੀਨ ਉਦਾਰੀ।

[1]ਗੁਰਾਂ ਨੇ ਪਵਿੱਤ੍ਰ ਚਰਨ ਪਾ ਕੇ।

ਅਗਰਹਿਰੀ[1] ਬਨੀਏ ਤਹਿਂ ਅਬਿ ਲੌ,
ਗੁਰੁ ਸਿੱਖ ਬਸਤ ਅਪਾਰੇ।

[1]ਬਾਣੀਆਂ ਦਾ ਇਕ ਗੋਤ।

ਤਹਿਂ ਤੈ ਚਲਿ ਗੁਰੁ ਗਯਾ ਪਹੂਚੇ,
ਫਲਗੂ ਨਦੀ ਕਿਨਾਰੇ ॥ ੧੬੯ ॥
ਦਾਨ ਪੁੰਨ ਤੀਰਥ ਬਿਵਹਾਰੂ,
ਜਥਾ ਜੋਗ ਸਬਿ ਦੈ ਕੈ।
ਦੇਵ ਪਿਤ੍ਰ ਤ੍ਰਿਪਤਾਵਨ ਕੀਨੇ,
ਹੋਮ ਦੀਪ ਪਿੰਡ ਦੈ ਕੈ*।

*ਤੀਰਥਾਂ ਤੇ ਪੁੱਜਣ ਸਮੇਂ ਗੁਰੂ ਸਾਹਿਬ ਜਿਵੇਂ ਗਰੀਬ-ਗੁਰਬੇ ਤੇ ਲੋੜਵੰਦਾਂ ਨੂੰ ਦਾਨ ਦੇਂਦੇ ਸਨ ਉਸੇ ਤਰ੍ਹਾਂ ਬ੍ਰਹਮਣਾਂ ਤੇ ਪੁਜਾਰੀਆਂ ਨੂੰ ਵੀ ਦਾਨ ਦੇਣ ਦੀ ਗੱਲ ਤਾਂ ਸਮਝ ਵਿੱਚ ਆ ਸਕਦੀ ਹੈ ਪਰ ਗੁਰੂ ਸਾਹਿਬ ਵਲੋਂ ਦੇਵਤਿਆਂ ਤੇ ਪਿਤਰਾਂ ਨੂੰ ਰਜਾਉਣ ਲਈ ਹੋਮ, ਦੀਵੇ ਤੇ ਪਿੰਡ ਦੇਣ ਦੀ ਗੱਲ ਤਾਂ ਬਿਲਕੁਲ ਨਿਰਮੂਲ ਤੇ ਗੁਰਮਤਿ ਸਿਧਾਂਤਾਂ ਦੇ ਵਿਰੁੱਧ ਹੈ। ਜਦ ਕਿ ਗੁਰਬਾਣੀ ਅੰਦਰ ਇਨ੍ਹਾਂ ਦਾ ਖੰਡਨ ਸਪੱਸ਼ਟ ਸ਼ਬਦਾਂ ਵਿੱਚ ਕੀਤਾ ਹੋਇਆ ਹੈ ਜਿਵੇਂ ਕਿ-"ਦੀਵਾ ਮੇਰਾ ਏਕੁ ਨਾਮੁ॥" "ਪਿੰਡੁ ਪਤਲਿ ਮੇਰੀ ਕੇਸਉ ਕ੍ਰਿਆ ਸਚੁ ਨਾਮ ਕਰਤਾਰੁ ॥" (ਪੰਨਾ ੩੫੯) "ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਇ ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ

ਬੂਡਹਿ ਤੇਹਿ ॥" (ਪੰਨਾ ੬੨੩)

ਬਾਂਛਤ ਦਾਨ ਬਿਪਨ ਕੋ[1] ਦੀਨੇ, [1]ਬ੍ਰਹਮਣਾਂ ਨੂੰ।
ਭੋਜਨ ਬਹੁ ਪ੍ਰਕਾਰੇ।
ਤਹਿਂ ਤੈ ਚਲਿ ਮਗਿ ਤਾਰਤ ਸਿੱਖੈਂ,
ਪਟਨੇ ਸ਼ਹਿਰ ਪਧਾਰੇ ॥੧੭੦॥
ਜੈਤਾ ਸੇਠ ਨਾਮ ਇਕ ਖੱਤ੍ਰੀ,
ਹਰਿ ਗੁਰੁ ਭਗਤਿ ਉਦਾਰੇ।
ਉਤ੍ਰੇ ਗੁਰੁ ਤਿਸ ਕੇ ਘਰ ਜਾਈ,
ਆਲਮ ਗੰਜ[1] ਮਝਾਰੇ। [1]ਮਹੱਲੇ ਦਾ ਨਾਮ
ਬਹੁ ਬਰਸਨ ਤੈ ਹੁਤੋ ਉਡੀਕਤ,
ਗੁਰੁ ਕਾ ਦਰਸ਼ਨ ਚੈਹੈ।
ਸੰਤ ਸਿੱਖ ਜੋ ਆਵੈ ਤਹਿਂ ਚਲਿ,
ਸੇਵਾ ਅਧਿਕ ਕਮੈ ਹੈ ॥੧੭੧॥
ਹਲਵਾਈ ਕੀ ਹੱਟੀ ਕਰਤੋ,
ਸਾਸ ਸਾਸ ਜਪ ਜਾਪੈ।
ਦੁਰਬਲ[1] ਦੀਨ ਗ੍ਰੀਬ ਨਿੰਮ੍ਰ ਬਹੁ, [1]ਕਮਜ਼ੋਰ।
ਲੋਭ ਛੋਭ[1] ਨਹਿ ਬਜਾਪੈ। [1]ਕ੍ਰੋਧ।
ਅਭਜਾਗਤ[1] ਸੰਤਨ ਕੋ ਭੋਜਨ, [1]ਨਿਰਿੱਛਤ।
ਭੇਟਾ ਪਾਂਚ ਫਲੌਰੀ[1]। [1]ਫੁੱਲੀਆਂ ਹੋਈਆਂ ਕਚੌਰੀਆਂ।
ਦੈ ਕੈ ਨਿਸਾ[1] ਕਟਾਇ ਬਿਦਾ ਦੈ, [1]ਰਾਤ।
ਪੁਨ ਫਿਰ ਆਵੈ ਔਰੀ ॥੧੭੨॥
ਇਕ ਦਿਨ ਸੰਤ ਰਹੇ ਜੋ, ਤਿਸ ਕੇ
ਘਰ ਮੈਂ, ਕੌਤਕ ਹੇਰਾ।
ਹੌਜ਼ ਸੁਸਕ ਮੈਂ[1] ਗੰਗਾ ਆਈ, [1]ਸੁੱਕੇ ਚੁਬੱਚੇ ਵਿੱਚ।
ਭਰਗੋ ਬਡੀ ਸਵੇਰਾ।
ਕਰਿ ਇਸ਼ਨਾਨ ਭਗਤ ਥਿਰ ਹੋਯੋ,
ਧਜਾਨ ਪ੍ਰਭੂ ਕੇ ਮਾਂਹੀ।
ਹੌਜ਼ ਸੁਸਕ ਤਤਛਿਨ ਪੁਨ ਹੋਵਾ,
ਸੰਤ ਰਹੇ ਬਿਸਮਾਹੀ ॥੧੭੩॥
ਚਰਿਤ[1] ਭਗਤ ਤੈ ਬੂਝੋ ਸੰਤਨਿ, [1]ਕੌਤਕ।

ਜੋ ਨਿਜ ਨੈਨਨਿ ਦੇਖਾ।
ਕਹਜੋ ਜੈਤ ਇਕ ਸੰਤ ਅਯੋ ਥਾ,
ਹਮਰੇ ਧਾਮ ਬਿਸੇਖਾ[1]। [1]ਖਾਸ ਸੰਤ।
ਸੇਵ ਕਰਤਿ ਹੌਂ ਮੈਂ ਜਿਮ ਸਬਿ ਕੀ,
ਤੈਸੇ ਕੀਨੀ ਵਾਂ ਕੀ।
ਤੀਨ ਦਿਵਸ ਮਮ ਘਰ ਸੋ ਠਹਿਰਜੋ,
ਮਮ ਕ੍ਰਿਯਾ ਸਬਿ ਤਾਕੀ[1] ॥ ੧੭੪ ॥ [1]ਤੱਕੀ, ਦੇਖੀ।
ਮੈਂ ਨਿੱਤ ਢਰੀ ਨਿਸਾ ਤੈ ਉਠ ਕੈ,
ਗੰਗਾ ਨਾਵਣ ਜੈਹੋਂ।
ਬ੍ਰਿੱਧ ਸਰੀਰ ਲਗੈ ਬਹੁ ਜਾਡਾ[1], [1]ਪਾਲਾ।
ਠੁਰ ਠੁਰ ਕਰਤਾ ਐਹੋਂ।
ਪਿਖਿ ਮਮ ਸ਼ਰਧਾ ਹਾਲ ਬ੍ਰਿਧਾਪਨ[1], [1]ਬੁਢੇਪੇ ਦਾ।
ਉਨਿ ਕਰਿ ਕਿਰਪਾ ਭਾਖਾ।
ਅਹੋ ਸੇਠ ਤੂੰ ਗੰਗਾ ਜਾਵਤਿ,
ਧਰਿ ਬਡ ਕਸ਼ਟ ਅਭਿਲਾਖਾ ॥ ੧੭੫ ॥
ਅਬਿ ਲੌ ਤੂੰ ਚਲਿ ਗਯੋ ਗੰਗ ਤਟ[1], [1]ਕਿਨਾਰੇ।
ਅਬਿ ਗੰਗਾ ਚਲਿ ਐਹੈ।
ਸੁਸਕ ਹੋਜ਼ ਜੋ ਇਹ ਤੁਵ ਘਰ ਹੈ,
ਨਿਤ ਪ੍ਰਾਤੈ[1] ਭਰ ਜੈ ਹੈ। [1]ਅੰਮ੍ਰਿਤ ਵੇਲੇ।
ਦੁਤੀ ਨਿਸਾ ਕੋ ਭਰਜੋ ਹੌਜ਼ ਇਹੁ,
ਮੁਹਿ ਇਸ਼ਨਾਨ ਕਰਾਯੋ।
ਇਹੁ ਸ਼ਕਤੀ ਉਸ ਕੀ ਪਿਖਿ ਮੈਂ ਪੁਨ,
ਗਹਿ ਪਦ[1] ਅਰਜ਼ ਅਲਾਯੋ ॥ ੧੭੬ ॥ [1]ਚਰਨ ਫੜ ਕੇ।
ਦਾਨ ਕਲਜਾਨ ਦੇਹੁ ਗੁਰ ਮੰਤ੍ਰ,
ਉਨਿ ਸੁਨਿ ਪੁਨ ਹ੍ਵੈ ਦਯਾਲੂ।
ਵਾਹਿਗੁਰੂ ਮੰਤ੍ਰ ਮੁਹਿ ਦੀਨੋ,
ਕੀਨੋ ਬਚਨ ਬਿਸਾਲੂ।
ਗੁਰੁ ਨਾਨਕ ਘਰ ਕੇ ਗੁਰੂ ਨੌਮੇ,
ਤੇਗ ਬਹਾਦਰ ਸ੍ਵਾਮੀ।
ਆਵਹਿਂਗੇ ਚਲਿ ਤੁਮਰੇ ਘਰ ਮੈਂ,

ਦੈਂਹ ਮੁਕਤਿ ਅਭਿਰਾਮੀ[1] ॥੧੭੭॥ [1]ਸੁੰਦਰ।
ਔਰ ਅਨਿਕ ਗੁਨ ਸਤਿਗੁਰੁ ਕੇ ਉਨਿ,
ਕਹਿ ਕਰਿ ਪੁਨ ਮਗ ਲੀਨਾ।
ਤਬਿ ਤੈ ਗੰਗਾ ਆਵਤਿ ਜਾਵਤਿ,
ਭਰਤਿ ਹੌਜ਼ ਨਿਤ ਪੀਨਾ[1]। [1]ਵੱਡਾ।
ਕਰਿ ਇਸ਼ਨਾਨ ਧਜਾਨ ਮੈਂ ਧਰਿਹੋਂ,
ਨਿਤ ਗੁਰੁ ਨਾਨਕ ਕੇਰੋ।
ਨੌਮ ਗੁਰੂ ਕਬਿ ਤਾਰਹਿਂਗੇ ਮੁਹਿ,
ਆਵਨ ਤਿਨ ਕਾ ਹੇਰੋਂ ॥੧੭੮॥
ਬਹੁ ਬਰਸਨ ਤੈ ਭਗਤ ਸੁ ਜੈਤਾ,
ਮਗ ਪ੍ਰਤੀਖਤ[1] ਗੁਰੁ ਕਾ। [1]ਰਸਤਾ ਉਡੀਕਦਾ ਰਿਹਾ।
ਸਿੱਖ ਸਾਧਨ ਤੈ ਗਾਥਾ ਬੂਝੈ,
ਪ੍ਰੇਮ ਨੇਮ ਧਰਿ ਉਰ ਕਾ।
ਐਸੇ ਐਸੇ ਬਹੁ ਸਿੱਖਨਿ ਕਾ
ਪ੍ਰੇਮਿ ਪੇਖਿ ਗੁਰੁ ਸ੍ਵਾਮੀ।
ਪੂਰਨ ਕਰਨੇ ਹੇਤ ਕਾਮਨਾ,
ਪਹੁੰਚੇ ਪੂਰਨ ਕਾਮੀ[1] ॥੧੭੯॥ [1]ਕਾਮਨਾ ਪੂਰੀਆਂ ਕਰਨ ਵਾਲੇ।
ਕਰਨ ਹਾਰ ਤੀਰਥਨ ਕੋ ਤੀਰਥ[1], [1]ਪਵਿੱਤ੍ਰ।
ਤੀਰਥਨ ਕਾ ਮਿਸ ਕੈ ਕੈ[1]। [1]ਬਹਾਨਾ ਬਣਾ ਕੇ।
ਜਹਿਂ ਜਿਸ ਚਿਤਵੇ ਗਏ ਤਹਾਂ ਹੀ,
ਪੂਰਨ ਪ੍ਰੇਮ ਪਿਖੈ ਕੈ।
ਪਟਨੇ ਪੁਰੇ[1] ਸੋਢਿ ਕੁਲ ਕੇਤੂ[2], [1]ਸ਼ਹਿਰ। [2]ਸੋਢੀਆਂ ਦੀ ਕੁਲ ਦੇ ਨਿਸ਼ਾਨ ਰੂਪ (ਸਤਿਗੁਰੂ)।
ਪ੍ਰੇਮ ਡੋਰਿ ਆਕਰਖੇ[1]। [1]ਖਿੱਚੇ ਗਏ।
ਚਾਤ੍ਰਿਕ[1] ਮੀਨ ਪਠੀਨ[2] ਪ੍ਰੇਮੀ, [1]ਪਪੀਹੇ। [2]ਇਕ ਤਰ੍ਹਾਂ ਦੀ ਮੱਛੀ, ਬੋਆਲ ਮੱਛੀ।
ਹਿਤ ਦਰਸ਼ਨ ਘਨ[1] ਬਰਖੇ ॥੧੮੦॥ [1]ਬੱਦਲ (ਰੂਪ ਹੋ ਕੇ)।
ਸੁਨਜੋ ਜਬੈ ਜੈਤੇ ਗੁਰੁ ਆਏ,
ਮਿਲਜੋ ਆਇ ਅਗਵਾਈ।
ਪਦ ਪੰਕਜ ਮੈਂ ਮੂੰਡ ਲੁਠਾਯੋ[1], [1]ਚਰਨ ਕੰਵਲਾਂ ਵਿੱਚ ਸਿਰਰਖ ਦਿੱਤਾ।
ਧੂਰਿ ਨੈਨ ਮੁਖਿ ਲਾਈ।
ਅੰਗਰਖੇ ਕੀ[1] ਤਨੀਆਂ ਤੂਟੀ, [1]ਚੋਲੇ ਦੀਆਂ।

ਖੁਸ਼ੀ ਨਾ ਅੰਕਿ[1] ਸਮਾਈ। [1]ਹਿਰਦੇ ਵਿੱਚ।
ਗਦ ਗਦ ਗਿਰਾ[1] ਰੁਮਾਂਚ[2] ਮੋਦ ਭਾ [1]ਕੰਠਰੁਕ ਗਿਆ। [2]ਰੋਮ ਖੜੇ ਹੋ ਗਏ।
ਰੰਕ ਮਨੋ ਨਿਧਿ ਪਾਈ[1] ॥੧੮੧॥ [1]ਜਾਣੋ ਕੰਗਾਲ ਨੇ ਖਜ਼ਾਨਾ ਪਾ ਲਿਆ ਹੈ।
ਧਾਮ ਲਿਜਾਇ ਡਸਾਇ ਮੰਚ ਸੁਚ[1], [1]ਪਵਿੱਤ੍ਰ ਪਲੰਘ ਡਾਹ ਕੇ।
ਤਾਂ ਪਰ ਗੁਰੁ ਬੈਠਾਰੇ।
ਮਾਤਾ ਸਾਹਿਬ ਆਦਿਕ ਸਬਿ ਕੋ,
ਦੀਨੇ ਨੀਕ ਉਤਾਰੇ।
ਨਿਜ ਕਰ ਤੈ ਪਕਵਾਨ ਪਕੈ ਕੈ,
ਸਬਿ ਕੌ ਭਲ ਤ੍ਰਿਪਤਾਯੋ।
ਜਥਾ ਜੋਗ ਸਬਿ ਕੀ ਕਰਿ ਸੇਵਾ,
ਪੁਨ ਗੁਰੁ ਪਾਸ ਥਿਰਾਯੋ ॥੧੮੨॥
ਗੁਰੁ ਸ੍ਰਬੱਗ ਉਪਦੇਸ਼ ਦਿਢੈ ਕੈ,
ਬ੍ਰਹਮ ਗਜਾਨ ਦਿਢ ਦੀਨਾ।
ਜਾਂ ਤੇ ਭਯੋ ਸੋਊ ਕ੍ਰਿਤ ਕਾਰਜ[1], [1]ਜਿਸ ਨੇ ਆਪਣਾ ਕਾਰਜ ਕਰ ਲਿਆ ਹੈ, ਕਿਰਤਾਰਥ, ਸਫਲ, ਮੁਕਤ।
ਗਹਜੋ ਮੋਦ ਮਨਿ ਪੀਨਾ।
ਪਹਿਲੇ ਜਬਿ ਗੁਰੁ ਨਾਨਕ ਆਏ,
ਥੇ ਇਸ ਨਗਰ ਮਝਾਰੀ।
ਜੌਹਰੀ ਸਾਲਸਰਾਇ ਪ੍ਰੇਮੀ,
ਆਦਿਕ ਸਿੱਖ ਅਪਾਰੀ ॥੧੮੩॥
ਭਏ ਗੁਰੂ ਕੇ ਥੇ ਤਬਿ ਸੇਵਕ,
ਜੋ ਗੁਰੁ ਕਰੇ ਨਿਹਾਲੂ।
ਜੋਗ ਸਲਾਮ ਗੁਲਾਮ ਅਧਰਕਾ[1], [1]ਨਮਸਕਾਰ ਕਰਨ ਦੇ ਜੋਗ ਨੌਕਰ ਅਧੱਰਕੇ ਨੂੰ।
ਕੀਨੋ ਤਬੈ ਬਿਸਾਲੂ।
ਜਹਿਂ ਅਬਿ ਗੁਰਦ੍ਵਾਰਾ ਹਰਿਮੰਦਰ ਹੈ,
ਤਹਿਂ ਥੇ ਗੁਰੁ ਬੈਠੇ।
ਪੀਛੇ ਉਨ ਕੇ ਰਹਜੋ ਅਧੱਰਕਾ,
ਜੋਗ ਮਾਨਨੇ ਤੈਠੇ[1] ॥੧੮੪॥ [1]ਤਿਸ ਦੀ ਥਾਂ ਮੰਨਣ ਯੋਗ।
ਜਾਤਿ ਅਰੋੜਾ ਥਾ ਸੰਤਤਿ ਤਿਹ,
ਰਹੀ ਮਸੰਦਨਿ ਤੌਰੈਂ[1]। [1]ਢੰਗ ਨਾਲ।

ਤਿਸੀ ਦੇਸ ਕੀ ਸੰਗਤਿ ਗੁਰੁ ਪੈ,
ਪ੍ਰੇਰ ਲਜਾਵਤ ਗੌਰੈਂ[1]।
ਰਾਇ ਗੁਲਾਬ ਸ਼ਜਾਮ ਘਨ ਥੇ ਤਬਿ,
ਜਬਿ ਗੁਰੁ ਨੌਮ ਪਧਾਰੇ।
ਹੁਤੇ ਮੁਕਾਨ ਮਿਦਾਨ[1] ਤਿਨੋ ਕੇ,
ਮਿਸ਼ਟ ਕੂਪ ਢਿਗ[1] ਭਾਰੇ ॥੧੮੫॥
ਸਰਬ ਸ਼ਹਰ ਮੈਂ ਥਾ ਜਲ ਖਾਰਾ,
ਦੂਰਹਿਂ ਲੌ ਤਟ ਗੰਗਾ[1]।
ਇਹੀ ਕੂਪ ਇਕ ਗੁਰੁ ਕ੍ਰਿਪਾ ਤੈ,
ਭਯੋ ਮਿਸ਼ਟ ਥਾ ਚੰਗਾ।
ਸੁਨਜੋ ਅਵਗਨ ਗੁਰੂ ਕਾ ਜਬਿ ਹੀ,
ਉਭੈ ਮਸੰਦਨਿ 'ਸਬਿਹੀ।
ਸੰਗਤ ਲਈ ਬਟੋਰ[1] ਨਗਰ ਕੀ',
ਆਏ ਗੁਰੁ ਢਿਗ ਤਬਿ ਹੀ ॥੧੮੬॥
ਭੂਸ਼ਨ[1] ਬਸਨ ਅਮੋਲਕ ਬਹੁਧਾ[2],
ਨਕਦੀ ਬਹੁਤ ਮਿਠਾਈ।
ਕਰਿ ਕਰਿ ਬੰਦਨ ਅਰਪੀ ਸਿੱਖਨਿ,
ਗੁਰੁ ਮਨਜ਼ੂਰ ਫੁਰਮਾਈ।
ਚਰਨ ਸਪਰਸ ਦਰਸ ਗੁਰੁ ਕੋ ਕਰਿ,
ਧੰਨ ਭਾਗ ਨਿਜ ਭਾਖੈਂ।
ਕਾਮ ਤਰੂ ਤੈ[1] ਅਧਿਕ ਗੁਰੂ ਜੀ,
ਭਰੈਂ[1] ਸਬਿਨਿ ਅਭਿਲਾਖੈਂ ॥੧੮੭॥
ਗੁਰੁ ਰਵਿ[1] ਕੋ ਪਿਖਿ ਕੋਕ[2] ਕਵਲ ਸਿੱਖ,
ਖਿਰੇ ਮਹਾਂ ਮੁਦ ਪਾਏ।
ਭਈ ਭੀਰ ਗੁਰੁ ਪੈ ਤਹਿਂ ਭਾਰੀ,
ਥਾ ਮੁਕਾਨ ਲਘੁ ਸਾਏ[1]।
ਹਾਥ ਜੋਰਿ ਤਬਿ ਸਿਖਨਿ ਮਸੰਦਨ,
ਗੁਰੁ ਢਿਗ ਅਰਜ਼ ਕਰੈ ਕੈ।
ਲਜਾਇ ਉਤਾਰੇ ਮਿਸਟ ਕੂਪ ਢਿਗ,
ਬਿਪਲ ਮਕਾਨ ਲਖੈ ਕੈ[1] ॥੧੮੮॥

[1]ਬਹੁਤ।
[1]ਪੱਧਰੀ ਤੇ ਸਾਫ਼ ਜ਼ਮੀਨ।
[1]ਮਿੱਠੇ ਖੂਹ ਕੋਲ।
[1]ਗੰਗਾ ਦੇ ਕਿਨਾਰੇ ਦੂਰ ਤੱਕ।
[1]ਇਕੱਠੀ ਕਰ ਲਈ।
[1]ਗਹਿਣੇ। [2]ਅਨੇਕ ਤਰ੍ਹਾਂ ਦੇ।
[1]ਕਲਪ ਬ੍ਰਿੱਛ ਤੋਂ ਵੀ।
[1]ਪੂਰੀਆਂ ਕਰਦੇ ਹਨ।
[1]ਸੂਰਜ। [2]ਚਕਵੇ।
[1]ਉਹ ਮਕਾਨ ਛੋਟਾ ਸੀ।
[1]ਵੱਡਾ (ਖੁੱਲ੍ਹਾ) ਮਕਾਨ ਜਾਣ ਕੇ।

ਮਿਲਿ ਗੁਰੁਸਿੱਖਨਿ ਸੋ ਮੁਕਾਨ ਬਡ,
ਨੀਕੀ ਭਾਂਤਿ ਸੁਧਾਰਾ[1]। [1]ਚੰਗੀ ਤਰ੍ਹਾਂ ਬਣਾਇਆ।
ਮਾਤ ਨਾਨਕੀ ਸ੍ਰੀ ਗੁਜਰੀ ਜੀ,
ਆਦਿ ਬਸਨ ਹਿਤ ਭਾਰਾ[1]। [1]ਬਹੁਤਾ ਵਸਣ ਵਾਸਤੇ।
ਗੰਗਾ ਘਾਟ ਨਜ਼ੀਕ ਨੀਕ ਥਾ,
ਖਟ ਰਿਤੁ ਸੁਖਦ ਉਦਾਰੈਂ।
ਮੋਦ ਹੋਇ ਗੁਰੁ ਤਹਾਂ ਥਿਰਾਏ,
ਆਵਤਿ ਸਿੱਖ ਅਪਾਰੈਂ ॥੧੮੯॥
ਅਰਪਿ ਉਪਇਨ[1] ਗੁਰੁ ਪਾਯਨ ਪੈ[2], [1]ਭੇਟਾ। [2]ਚਰਨਾਂ ਉੱਪਰ।
ਪਾਯਨ ਫਲ ਭਲ ਭਾਵਤਿ[1]। [1]ਮਨ ਭਾਉਂਦੇ ਚੰਗੇ ਫਲ ਪਾਉਂਦੇ ਹਨ।
ਲੰਗਰ ਚਲੈ ਅਧਿਕ ਸਿੱਖ ਸਾਧੂ,
ਜਨ ਗਰੀਬ ਨਿਤ ਪਾਵਤਿ।
ਲਗੈ ਦਿਵਾਨ ਕਥਾ ਕੀਰਤਨ ਹ੍ਵੈ,
ਰੌਣਕ ਰਹਿਤ ਬਧੇਰਾ।
ਕਾਤਕ ਪੂਨਜੋ ਹਰੀ ਹਰਿ ਛੇਤ੍ਰ*, *ਇਹ ਅਸਥਾਨ ਪਟਨੇ ਸ਼ਹਿਰ ਤੋਂ ਤਿੰਨ ਕੋਹ ਪਰ੍ਹੇ ਗੰਗਾ ਉੱਪਰ ਹੈ।
ਮੇਲਾ ਪੁਨ ਗੁਰੁ ਹੇਰਾ ॥੧੯੦॥
ਜਹਾਂ ਗ੍ਰਾਹਿ[1] ਗ੍ਰਸਜੋ ਥਾ ਗਜ ਕੋ[2], [1]ਤੰਦੂਏ ਨੇ। [2]ਹਾਥੀ ਨੂੰ ਪਕੜਿਆ ਸੀ।
ਚੱਕਰ ਬਿਸ਼ਨ ਚਲਾਯੋ।
ਤਂਦੂਏ ਕੀ ਤਂਦੂ[1] ਕਟਿ ਪ੍ਰਭ ਜੀ, [1]ਤਾਰਾਂ।
ਫੀਲ ਉਬਾਰ[1] ਦਿਖਾਯੋ। [1]ਹਾਥੀ ਨੂੰ ਬਚਾ ਕੇ।
ਯੁਤ ਪਰਵਾਰ ਸਿੱਖ ਸੰਗਤਿ ਗੁਰੁ,
ਥਿਰਿ ਨੌਕਾ[1] ਤਹਿਂ ਜਾਈ। [1]ਬੇੜੀ ਵਿੱਚ ਬੈਠ ਕੇ।
ਲੰਗਰ ਦੀਨ ਦਰਸ ਸਬਿ ਹੀ ਕੋ,
ਮੰਗਲ ਭਯੋ ਮਹਾਂਈ ॥੧੯੧॥
ਚਤੁਰਥ ਦਿਨ ਫਿਰ ਗੁਰੁ ਫਿਰਿ[1] ਆਏ, [1]ਮੁੜ ਕੇ।
ਉਸੀ ਮਕਾਨ ਮਝਾਰੇ।
ਕੇਤਕ ਦਿਵਸ ਬਸੇ ਗੁਰੁ ਸ੍ਵਾਮੀ
ਤਹਾਂ ਮੋਦ ਮਨਿ ਧਾਰੇ ॥੧੯੨॥
ਦੋਹਰਾ:

ਸਤਿਗੁਰੁ ਪਟਨੇ ਸ਼ਹਰ ਮੈਂ,
ਥਿਰੇ ਸਹਤ ਪਰਵਾਰ।
ਇਸਥਤ ਭਯੋ ਅਧਜਾਇ ਇਹ,
ਗੁਰੁ ਪਦ ਪਦਮ ਜੁਹਾਰ[1] ॥ ੧੯੩ ॥

[1]ਚਰਨ ਕੰਵਲਾਂ ਤੇ ਨਮਸਕਾਰ ਕਰਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਨੌਮ ਗੁਰੂ ਕਾ ਪਟਨੇ ਜਾਵਨ' ਪ੍ਰਸੰਗ ਬਰਨਨੰ ਨਾਮ ਚੌਤੀਸਮੋਂ ਬਿਸ੍ਰਾਮ ॥ ੩੪ ॥

੩੫. {ਸ੍ਰੀ ਪਟਨੇ ਸਾਹਿਬ ਤੋਂ ਢਾਕੇ ਸ਼ਹਿਰ ਪਹੁੰਚਣਾ}

ਦੋਹਰਾ:

ਕਰੇ ਨਿਹਾਲ ਬਿਸਾਲ ਜਨ,
ਤਾਲ ਸੁਧਾ ਬਿਦਤਾਇ[1]।
ਰਾਮਦਾਸ ਗੁਰੁ ਆਸ ਉਰਿ,
ਵਾਸ ਖਾਸ ਸੁਖਦਾਇ[1] ॥ ੧ ॥

[1]ਅੰਮ੍ਰਿਤ ਸਰੋਵਰ ਪ੍ਰਗਟ ਕਰਕੇ।

[1]ਹੇ ਸ੍ਰੀ ਗੁਰੂ ਰਾਮਦਾਸ ਜੀ ! ਮੇਰੇ ਹਿਰਦੇ ਅੰਦਰ (ਇਹ) ਇੱਛਾ ਹੈ ਕਿ (ਖ਼ਾਸ) ਆਪ (ਮੇਰੇ ਹਿਰਦੇ ਵਿੱਚ) ਵਸ ਕੇ ਸੁਖ ਦਿਉ।

ਪਟਨੇ ਤੈ ਚਲਿ ਜੈਸ ਗੁਰੁ,
ਤਾਰਤ ਸਿੱਖ ਅਪਾਰ।
ਪਹੁੰਚੈਂ ਢਾਕੇ ਸ਼ਹਰ ਮੈਂ,
ਗਾਥਾ ਕਥੋਂ ਉਦਾਰ ॥ ੨ ॥
ਸ੍ਰੀ ਗੁਜਰੀ ਕੇ ਭ੍ਰਾਤ ਯੁਤ,
ਮਿਲਿ ਸਿੱਖਨਿ ਦਿਨ ਏਕ।
ਬੂਝੋ ਗੁਰੁ ਤੈ ਨਗਰ ਇਹੁ,
ਠਟਯੋ ਕਾਹਿ ਨ੍ਰਿਪ ਨੇਕ[1] ॥ ੩ ॥

[1]ਕਿਸ ਚੰਗੇ ਰਾਜੇ ਨੇ (ਠਟਯੋ) ਬਣਾਇਆ ਭਾਵ ਵਸਾਇਆ ਹੈ।

ਚੌਪਈ:

ਸੁਨਿ ਪ੍ਰਸ਼ਨ ਗੁਰੁ ਮਨ ਮੁਦ ਧਾਰਾ।
ਤ੍ਰਿਕਾਲੱਗ੍ਯ[1] ਸਰਬੱਗ੍ਯ[2] ਉਚਾਰਾ।
ਹਰੀ ਚੰਦ ਨ੍ਰਿਪ ਧਰਮੀ ਭਾਰੀ।
ਜਿਸ ਕੀ ਗਾਥ ਪੁਰਾਨਿ ਉਚਾਰੀ ॥ ੪ ॥

[1]ਤਿੰਨਾਂ ਸਮਿਆਂ ਦੇ ਜਾਣੂ। [2]ਸਾਰਿਆਂ ਦੇ (ਅੰਦਰ ਦੇ) ਜਾਣੂ।

ਪਾਟਲ ਦੇਵੀ[1] ਕਾ ਅਸਥਾਨੋ।
ਆਦੀ ਅਹੇ ਗੰਗ ਤਟ ਮਾਨੋ[1]।
ਭੂਪਤਿ ਧਰਮੀ[1] ਏਹੁ ਬਸਾਯੋ।
ਨਾਮ ਦੁਰਗਾ ਪਰ ਨਾਮ ਰਖਾਯੋ[1] ॥ ੫ ॥

[1]ਪਾਟਲ ਨਾਮ ਦੀ ਦੇਵ ਦਾ।

[1]ਮੁੱਢ ਤੋਂ ਹੀ ਇਹ ਗੰਗਾ ਦੇ ਕਿਨਾਰੇ ਤੇ ਹੈ ਮੰਨੋ।

[1]ਧਰਮੀਰਾਜੇ ਭਾਵ ਹਰੀ ਚੰਦ ਨੇ।

[1]ਦੇਵੀ ਦੇ ਨਾਮ ਉਪਰ (ਪਾਟਲ ਪੁਰ ਸ਼ਹਿਰ ਦਾ) ਨਾਮਰਖਿਆ।

ਬਿਸ੍ਵਾ ਮਿੱਤਰ ਛਲ ਕਰਿ ਭਾਰੀ।
ਪਰਖਯੋ ਨ੍ਰਿਪ ਕਾ ਧਰਮ ਉਦਾਰੀ।
ਪੁਨਾ ਬ੍ਰਿਹਦ੍ਰਥ[1] ਨ੍ਰਿਪ ਬਡ ਭਯੋ।
ਇੰਦਰ ਸਮ ਬਲ ਤਿਸ ਕਾ ਥਯੋ ॥ ੬ ॥
ਛੁਹਨੀ[1] ਤੀਨ ਸੈਨ ਕਾ ਮਾਲਕ।

[1]ਨਾਮ।

[1]ਇਕ ਖ਼ਾਸ ਗਿਣਤੀ ਦੀ ਫ਼ੌਜ, ਜਿਸ ਵਿੱਚ ੨੧੮੭੦ ਹਾਥੀ,

੨੧੮੭੦ਰਥ, ੬੫੬੧੦ ਘੋੜੇ ਅਤੇ ੧੦੯੩੫੦ ਪਿਆਦੇ ਹੁੰਦੇ ਹਨ, ਕੁਲ ਗਿਣਤੀ ੨੧੮੭੦੦।

ਮਾਗਧ ਦੇਸ ਸਕਲ ਕਾ ਪਾਲਕ।
ਦੋਇ ਸੁਤਾ ਨ੍ਰਿਪ ਕਾਂਸੀ ਕੇਰੀ।
ਬਜਾਹੀ, ਭਈ ਨ ਸੰਤਤਿ ਹੇਰੀ ॥ ੭ ॥
ਚੰਦ੍ਰ ਰਿਖੀ ਨ੍ਰਿਪ ਸੇਵਨ ਕੀਓ।
ਏਕ ਆਂਬ ਤਿਹ ਖੁਸ਼ ਹ੍ਵੈ ਦੀਓ।
ਲੈ ਮੁਦ ਹੋਇ ਨ੍ਰਿਪ ਘਰ ਆਯੋ।
ਪੈਰਾਣੀ ਜੁਗ[1], ਫਲ ਇਕ ਪਾਯੋ ॥ ੮ ॥

[1]ਪਰਰਾਣੀਆਂ ਦੋ ਸਨ।

ਗੁਨ ਸਰੂਪ ਮੈਂ ਦੋਊ ਸਮ ਹੈਂ।
ਨਾਰੀ ਪਜਾਰੀ ਮੁਝੈ ਨ ਕੰਮ ਹੈ[1]।
ਜੁਗ ਸੁਤ ਉਪਜੈਂ ਮਨ ਲਲਚਾਯੋ।
ਅਰਧ ਅਰਧ ਕਰਿ ਦੁਹਿਨਿ ਖੁਲਾਯੋ ॥ ੯ ॥

[1]ਮੈਨੂੰ (ਦੋਹਾਂ 'ਚੋਂ ਕੋਈ ਵੀ) ਇਸਤ੍ਰੀ ਘੱਟ ਪਿਆਰੀ ਨਹੀਂ ਹੈ।

ਗ੍ਰਭਵਤੀ ਤਬਿ ਦੋਨੋ ਹੋਈ।
ਅਰਧ ਅਰਧ ਸੁਤ ਜਨੇ ਸੁ ਦੋਈ[1]।
ਇਕ ਇਕ ਪਦ[1] ਭੁਜ[2] ਸ੍ਰੁਤ[3] ਨਾਸਕ[11] ਚਖੁ[22]।
ਪੇਖਿ ਰਹੇ ਬਿਸਮੈਂ ਨ ਸਕੇ ਰਖ[1] ॥ ੧੦ ॥

[1]ਦੋਹਾਂ ਨੇ ਅੱਧਾ ਅੱਧਾ ਪੁੱਤਰ ਪੈਦਾ ਕੀਤਾ।
[1]ਪੈਰ। [2]ਬਾਂਹ। [3]ਕੰਨ। [11]ਨਾਸ। [22]ਨੇਤ੍ਰ।
[1]ਰੱਖ ਨ ਸੱਕੇ।

ਇੱਕ ਪਟ ਮੈਂ[1] ਜੁਕ ਕੋ ਬੰਧਵੈ ਕੈ।
ਬਹਰ ਗੰਗ ਤਟ ਗੇਰੇ ਜੈ ਕੈ।
ਜਰਾ ਰਾਖਸ਼ੀ[1] ਤਹਿਂ ਚਲਿ ਆਈ।
ਖਾਵਨ ਲਗੀ ਪੇਖਿ ਬਿਸਮਾਈ ॥ ੧੧ ॥

[1]ਇਕ ਕੱਪੜੇ ਵਿਚ।
[1]ਜਰਾ ਨਾਮ ਰਾਖਸ਼ਣੀ।

ਮੇਲਿ ਉਭੈ[1] ਬਲ ਕਰਿ ਜੁ ਦਬਾਏ।
ਭਯੋ ਏਕ ਬਪੁ[1] ਰੁਦਨ ਅਲਾਏ[2]।
ਮਾਨਹੁ ਘਨ ਗਰਜਯੋ ਬਡ ਆਈ।
ਜਰਾ ਰਾਖਸ਼ੀ ਸੁਨਿ ਬਿਸਮਾਈ ॥ ੧੨ ॥

[1]ਦੋਹਾਂ (ਹਿੱਸਿਆਂ ਨੂੰ) ਮੇਲ ਕੇ।
[1]ਸ਼ਰੀਰ। [2]ਰੋਣ ਲੱਗ ਪਿਆ।

ਚੌਕੀ[1] ਪਹਿਰੇਦਾਰ ਫਿਰੰਤੇ।
ਅਏ ਦੌਰਿ ਬਡ ਸ਼ਬਦ ਸੁਨੰਤੇ।
ਤਰਜੀ[1] ਉਨੈ ਰਾਖਸ਼ੀ ਭਾਗੀ।
ਬਾਲਕ ਪੇਖਿ ਭਏ ਅਨੁਰਾਗੀ[1] ॥ ੧੩ ॥
ਰਹੇ ਉਠਾਇ ਉਠੈ ਨਹਿਂ ਤਾਂ ਤੈ[1]।

[1]ਪਹਿਰੇ ਉੱਪਰ।
[1]ਤਾੜੀ ਭਾਵ ਡਰਾਈ ਧਮਕਾਈ।
[1]ਮੋਹਿਤ ਹੋ ਗਏ।
[1]ਉਨ੍ਹਾਂ ਤੋਂ।

ਬੱਜ੍ਰ ਸਮ ਤਨ ਪਿਖੀਅਤਿ ਜਾਂ ਤੈ[1]।
ਬਹੁ ਭਟ[1] ਮਿਲਿ ਨ੍ਰਿਪ ਕੇ ਲੈ ਗਏ।
ਨ੍ਰਿਪਰਾਨੀ ਪਿਖਿ ਅਤਿ ਮੁਦ ਭਏ ॥ ੧੪ ॥
ਜਰਾ[1] ਨ੍ਰਿਪ ਕੋ ਪੁਨਾ ਸੁਨਾਯੋ।
ਜੋਰਿ ਦੁਖੰਡ ਬਾਲ ਜੀਵਾਯੋ[1]।
ਤੁਮਰੋ ਸੁਤ ਲਖਿ ਮੈਂ ਨਹਿ ਖਾਯੋ।
ਨਿਜ ਮਾਯਾ ਬਲਿ[1] ਬਲੀ ਬਨਾਯੋ ॥ ੧੫ ॥
ਉਤਸ਼ਵ ਮੰਗਲ ਜੱਗਜ ਦਾਨ ਬਹੁ।
ਕਰੇ ਨ੍ਰਿਪ, ਸੁਤ ਗਯੋ ਫੇਰ ਲਹੁ[1]।
ਸਰਬ ਸੁਲੱਛਨ ਸੁੰਦਰ ਬਲੀ।
ਦਿਨ ਦਿਨ ਅਧਿਕ ਦੇਹ ਤਿਹ ਪਲੀ ॥ ੧੬ ॥
ਜਰਾ ਰਾਖਸ਼ੀ ਸੰਧ[1] ਸੁ ਕਰਾ।
ਯਾਂ ਤੇ ਨਾਮ ਜਰਾਸੰਧ ਧਰਾ।
ਨਿਜ ਭੁਜ ਬਲ ਥਲ[1] ਜੀਤੇ ਸਾਰੇ।
ਸਭਿ ਰਾਜਨ ਪਤਿ ਭਯੋ ਉਦਾਰੇ ॥ ੧੭ ॥
ਇਤਿ ਜਬਿ ਸ੍ਰੀ ਕ੍ਰਿਸ਼ਨ ਅਵਤਰੇ।
ਮਥੁਰਾ ਮੈਂ, ਗੋਕਲ ਜਾ ਪਰੇ[1]।
ਹਤੀ ਪੂਤਨਾ[1] ਔਰ ਅਘਾਸੁਰ[2]।
ਤ੍ਰਿਣਾਵੰਤ[1] ਕੇਸੀ[2] ਸਕੁਟਾਸੁਰ[3] ॥ ੧੮ ॥
ਮੁਸਟਕ ਮੱਲ[1] ਚੰਡੂਰ[2] ਬਿਦਾਰੇ[3]।
ਤੋਰਿ ਕੁਦੰਡ ਦੁਖੰਡ ਬਿਥਾਰੇ[1]।
ਕੰਸ ਕੇਸ ਗਹਿ ਕ੍ਰਿਸ਼ਨ ਨਿਪਾਤਾ[1]।

[1]ਜਿਸ ਦਾ।
[1]ਸੂਰਮੇ, ਜੋਧੇ।
[1]ਜਰਾ ਰਾਖਸ਼ਣੀ ਨੇ।
[1]ਦੋ ਟੁਕੜੇ ਜੋੜ ਕੇ ਬੱਚਾ ਜਿਉਂਦਾ ਕੀਤਾ ਹੈ।
[1]ਆਪਣੀ ਸ਼ਕਤੀ ਦੇ ਬਲ ਨਾਲ।
[1]ਗਵਾਚਿਆ ਪੁੱਤਰ ਫੇਰ (ਦੋਬਾਰਾ) ਲੱਭਾ ਹੈ।
[1]ਜੋੜ।
[1]ਥਾਂ।
[1]ਪਲੇ।
[1]ਪੂਤਨਾ ਮਾਰੀ। ਪੂਤਨਾ- ਬਲ ਦੀ ਪੁੱਤਰੀ ਬਕਾਸੁਰ ਅਤੇ ਅਘਾਸੁਰ ਦੀ ਭੈਣ ਜੋ ਕੰਸ ਦੀ ਪ੍ਰੇਰੀ ਹੋਈ ਦਾਈ ਬਣ ਕੇ ਨੰਦ ਦੇ ਘਰ ਕ੍ਰਿਸ਼ਨ ਨੂੰ ਮਾਰਨ ਗਈ ਸੀ। [2]ਅਘ ਨਾਮ ਦਾ ਦੈਂਤ, ਇਹ ਵਕਾਸੁਰ ਦਾ ਛੋਟਾ ਭਰਾ ਤੇ ਕੰਸ ਦਾ ਸੈਨਾਪਤੀ ਸੀ ਜੋ ਕ੍ਰਿਸ਼ਨ ਜੀ ਨੂੰ ਮਾਰਨ ਲਈ ਸੱਪ ਬਣ ਕੇ ਆਇਆ ਸੀ।
[1]ਇਕ ਦੈਂਤ ਜੋ ਕੰਸ ਦਾ ਸੇਵਕ ਸੀ, ਇਹ ਵਾਉ-ਵਰੋਲਾ ਬਣ ਕੇ ਕ੍ਰਿਸ਼ਨ ਨੂੰ ਉਡਾ ਕੇ ਲੈ ਜਾਣਾ ਚਾਹੁੰਦਾ ਸੀ। [2]ਇਕ ਦਾਨਵ ਜੋ ਕੰਸ ਦੀ ਆਗਿਆ ਨਾਲ ਕ੍ਰਿਸ਼ਨ ਨੂੰ ਮਾਰਨ ਲਈ ਘੋੜੇ ਦੀ ਸ਼ਕਲ ਬਣਾ ਕੇ ਆਇਆ ਸੀ। [3]ਗੱਡੇ ਦੀ ਸ਼ਕਲ ਦਾ ਇਕ ਦੈਂਤ, ਜੋ ਕੰਸ ਦਾ ਭੇਜਿਆ ਕ੍ਰਿਸ਼ਨ ਨੂੰ ਮਾਰਨ ਆਇਆ ਸੀ।
[1]ਇਕ ਮੁੱਕੀ-ਮਾਰ ਪਹਿਲਵਾਨ, ਜਿਸ ਨੂੰ ਕੰਸ ਨੇ ਕ੍ਰਿਸ਼ਨ ਤੇ ਬਲਭੱਦ੍ਰ ਦੇ ਮਾਰਨ ਲਈ ਸਮਝਾਰਖਿਆ ਸੀ। [2]ਕੰਸ ਦਾ ਮਸ਼ਹੂਰ ਪਹਿਲਵਾਨ। [3]ਨਾਸ ਕਰ ਦਿੱਤੇ।
[1]ਧਨੁੱਖ ਤੋੜ ਕੇ ਦੋ ਟੁਕੜੇ ਕਰ ਕੇ ਖਿੰਡਾ ਦਿੱਤੇ।
[1]ਕ੍ਰਿਸ਼ਨ ਨੇ ਨਾਸ ਕਰ ਦਿੱਤਾ।

ਜਰਾ ਸੰਧ ਕਾ ਹੁਤੋ ਜਮਾਤਾ[1] ॥ ੧੯ ॥
[1]ਜਵਾਈ।

ਸੁਤਾ ਰੰਡਿ ਹ੍ਵੈ[1] ਪਿਤ ਢਿਗ ਗਈ।
[1]ਪੁੱਤ੍ਰੀਰੰਡੀ ਹੋ ਕੇ।

ਅਤਿ ਦੁਖਜਾਰੀ ਰੋਦਤ ਭਈ।
ਜਰਾਸੰਧ ਕੁਪਕੈ[1] ਲੈ ਸੈਨਾ।
[1]ਕ੍ਰੋਧਵਾਨ ਹੋ ਕੇ।

ਹਤੋਂ ਹਰੀ ਹਲਧਰ[1] ਕਹਿ ਬੈਨਾ ॥ ੨੦ ॥
[1]ਕ੍ਰਿਸ਼ਨ ਤੇ ਬਲਭੱਦ੍ਰ ਨੂੰ ਮਾਰਾਂਗਾ।

ਮਥਰਾ ਘੇਰ ਕੀਨ ਸੰਗ੍ਰਾਮਾ।
ਭਟ ਬਿਅੰਤ ਪਹੁੰਚੇ ਜਮ ਧਾਮਾ।
ਜਰਾਸੰਧ ਜਿਤ ਗਦਾ ਪ੍ਰਹਾਰੈ।
ਲਾਖਹੁ ਭਟਨ ਤਈਂ ਦਲ ਡਾਰੈ ॥ ੨੧ ॥
ਜੰਗ ਭਜਾਨਕ ਆਨਕ ਪਾਏ[1]।
[1]ਅਨੇਕਾਂ ਕੀਤੇ।

ਤਜਿ ਮਥਰਾ ਕੋ ਕ੍ਰਿਸ਼ਨ ਪਲਾਏ।
ਦੇਸ ਕਾਠੀਆਵਾਰ ਪਇਆਨੇ।
ਜਾਦਵ ਥੇ ਜਹਿਂ ਠਾਂ ਬਹੁ ਰਾਨੇ[1] ॥ ੨੨ ॥
[1]ਰਾਜੇ।

ਸਾਂਭੀ ਨਿਜ ਪਿਤ ਕੀ ਰਜਧਾਨੀ।
ਦ੍ਵਾਰਾਵਤੀ ਗੌਮਤੀ[1] ਜਾਨੀ।
[1]ਗੋਮਤੀ ਨਦੀ ਦੇ ਕਿਨਾਰੇ ਦੁਆਰਾਵਤੀ ਸ਼ਹਿਰ।

ਜਰਾਸੰਧ ਸੈਂ ਸਤ੍ਰਾਂ ਵਾਰੇ।
ਲਰੇ, ਗਏ ਭਗ ਅੰਤੈ ਹਾਰੇ[1] ॥ ੨੩ ॥
[1](ਕ੍ਰਿਸ਼ਨ ਜੀ) ਜਰਾਸੰਧ ਨਾਲ ਸਤਾਰਾਂ ਵਾਰ ਲੜੇ (ਪਰ) ਅੰਤ ਨੂੰ ਹਾਰ ਕੇ ਭੱਜ ਗਏ।

ਬੇਟ ਦ੍ਵਾਰਕਾ ਤਬੈ ਬਸਾਈ।
ਬੀਚ ਸਮੁੰਦਰ ਓਟ ਤਕਾਈ।
ਪੁਨ ਪਾਂਡਵ ਪੁਰਿ ਹਸਤਨ ਮਾਂਹੇਂ।
ਰਾਜਸੂਯ ਜੱਗ[1] ਕਰਨਾ ਚਾਹੇਂ ॥ ੨੪ ॥
[1]ਰਾਜਾ ਦੇ ਕਰਨ ਯੋਗ ਜੱਗ, ਜਿਸ ਨੂੰ ਚੱਕ੍ਰਵਰਤੀਰਾਜਾ ਕਰਦਾ ਸੀ, ਸਾਰੇ ਅਧੀਨਰਾਜੇ ਹਾਜ਼ਰ ਹੋ ਕੇ ਸੇਵਾ ਕਰਦੇ ਸਨ।

ਤਬੈ ਕ੍ਰਿਸ਼ਨ ਜੀ ਤਿਨ ਪ੍ਰਤਿ ਕਹਾ।
ਜਗਜ ਕਰਨ ਜੇ ਤੁਮ ਦਿਢ ਚਹਾ।
ਤੌ ਤੁਮ ਮਾਗਧ ਦੇਸ ਨਰੇਸੈਂ।
ਜਰਾਸਿੰਧ ਜੋ ਬਲੀ ਬਿਸੇਸੈਂ ॥ ੨੫ ॥
ਪਹਿਲੇ ਤਿਹ ਜੀਤੋ ਕੈ ਮਾਰੋ।
ਨਹੀਂ ਤੁ ਦੈਹੈ ਜੱਗ ਬਿਗਾਰੋ।
ਸਨਮੁਖ ਜੰਗ ਕਰੇ ਨਹਿਂ ਹਾਰੈ।
ਤਾਂ ਤੇ ਤਿਸ ਕੋ ਛਲ ਕਰਿ ਮਾਰੈਂ ॥ ੨੬ ॥

ਅਰਜਨ ਭੀਮ ਤਈਂ ਲੈ ਸੰਗੇ।
ਬਨਿ ਬਨਾਵਟੀ ਦਿਜਵਰ[1] ਚੰਗੇ।
ਭਿੱਛਕ ਹੋਇ[1] ਅਏ ਤਿਹ ਦ੍ਵਾਰੇ।
ਦੁੰਦ ਜੁੱਧ[1] ਮਾਂਗਜੋ ਸੁ ਵਿਚਾਰੇ ॥ ੨੭ ॥

[1]ਸ੍ਰੇਸ਼ਟ ਬ੍ਰਹਮਣ।
[1]ਮੰਗਤੇ ਬਣ ਕੇ।
[1]ਉਹ ਜੁੱਧ ਜੋ ਦੋ ਸੂਰਮਿਆਂ ਵਿਚਕਾਰ ਹੋਵੇ ਤੀਜਾ ਵਿੱਚ ਦਖ਼ਲ ਨ ਦੇਵੇ।

ਜਰਾਸੰਧ ਰਿਸ ਧਰਿ ਤਬਿ ਕਹਾ।
ਕਪਟੀ ਕ੍ਰਿਸ਼ਨ ਛਲੀ ਤੁਮ ਮਹਾਂ।
ਹਾਰਿ ਜੰਗ ਮੁਝ ਤੇ ਤੁਮ ਭਾਗੇ।
ਤੁਮ ਸੋਂ ਲਰਤਿ ਲਾਜ ਅਬਿ ਲਾਗੇ ॥ ੨੮ ॥
ਅਰਜਨ ਏਹੁ ਕਲੀਵ[1] ਕਹਾਯੋ।
ਬਾਨ ਬਿਦਜਾ ਨਿਪੁਨ ਮਹਾਯੋ[1]।
ਪੈ ਬਲ ਨਹਿਂ ਮੋ ਸਮ ਇਸ ਮਾਹੀਂ।
ਲਘੂ ਬਲੀ ਸੋਂ[1] ਹਮ ਨ ਲਰਾਹੀਂ ॥ ੨੯ ॥
ਮਮ ਏਕਲ ਸੋਂ ਕੈ ਤੁਮ ਤੀਨੋ।
ਲਰੋ ਗਦਾ ਗਹਿ ਕੈ ਰਿਸ ਪੀਨੋ[1]।
ਕੈ ਇਹੁ ਭੀਮ ਏਕਲੋ ਲਰੈ।
ਔਰ ਨ ਮਮ ਆਗੇ ਕੋਊ ਅਰੈ ॥ ੩੦ ॥
ਦੁਹੂੰ ਲਰਨ ਕੀ ਭਈ ਤਜਾਰੀ।
ਕ੍ਰਿਸ਼ਨ ਭੀਮ ਪ੍ਰਤਿ ਬਾਤ ਸਿਖਾਰੀ।
ਔਰ ਕਿਸੀ ਬਿਧਿ ਨਹਿਂ ਇਹੁ ਹਾਰੈ।
ਹੈ ਤਨ ਬੱਜ੍ਰ ਕਾ ਇਸ ਸਾਰੈ ॥ ੩੧ ॥
ਜਰਾ ਰਾਖਸ਼ੀ ਦੋ ਖੰਡ ਜੋਰੇ[1]।

[1]ਖੁਸਰਾ।
[1]ਤੀਰ ਚਲਾਉਣ ਦੀ ਵਿੱਦਿਆ ਵਿੱਚ (ਭਾਵੇਂ ਬਹੁਤ) ਚਤੁਰ ਹੈ।
[1]ਥੋੜੇ ਬਲ ਵਾਲੇ ਨਾਲ।
[1]ਭਾਰੀ ਕ੍ਰੋਧ ਕਰਕੇ।
[1]ਜਰਾ ਨਾਮਰਾਖਸ਼ਣੀ ਨੇ (ਇਸ ਦੇ ਸਰੀਰ ਦੇ) ਦੋ ਟੁਕੜੇ ਜੋੜੇ ਹਨ।

ਚੀਰ ਦੇਹੁ ਫਰਿ ਲਾਤ ਸਜੋਰੇ[1]।
ਜਰਾਸੰਧ ਉਤ ਨਿਜ ਸੁਤ ਤਾਂਈ।
ਰਾਜ ਤਿਲਕ ਦੀਨੋ ਮੁਦ ਪਾਈ ॥ ੩੨ ॥
ਕੇਸਨ ਕੋ ਬੰਧ ਜੂੜਾ ਪਗੀਆ।
ਪਹਿਰ ਜਾਂਘੀਆ ਲਰਨੇ ਲਗੀਆ।
ਬੀਚ ਅਖਾਰੇ ਦੋਊ ਭਿਰੈਂ।
ਗਜ ਮਹਖਨ ਸਾਂਢਨ ਜਯੋਂ ਢਿਰੈ[1] ॥ ੩੩ ॥

[1]ਲੱਤ ਫੜ ਕੇ ਜ਼ੋਰ ਨਾਲ।
[1]ਹਾਥੀਆਂ, ਮਹਿਆਂ ਤੇ ਸਾਨ੍ਹਾਂ ਵਾਂਗ (ਇੱਕ ਦੂਜੇ ਨੂੰ) ਧਕਦੇ ਹਨ।

ਕਬੀ ਭੀਮ ਕੋ ਭੂਪ ਧਕੇਲੈ।
ਕਬੀ ਭੀਮ ਭੂਪਤਿ ਕੋ ਠੇਲੈ[1]।
ਮੁਸਟਨ ਕੇ ਪਰਿਹਾਰ[1] ਜੁ ਕਰੈਂ।
ਮਨੋ ਲੁਹਾਰ ਲੋਹ ਮਿਲਿ ਘਰੈਂ ॥ ੩੪ ॥
ਟਕਰੈਂ ਮੂੰਡਨਿ ਗਜੈਂ ਲਜਾਵੈਂ[1]।

[1]ਦਬਾ ਲੈਂਦਾ ਹੈ।
[1]ਮੁੱਕੀਆਂ ਦੇ ਵਾਰ।
[1]ਸਿਰਾਂ ਨਾਲ ਟੱਕਰਾਂ ਮਾਰ ਕੇ ਹਾਥੀਆਂ ਨੂੰ ਸ਼ਰਮਿੰਦੇ ਕਰਦੇ ਹਨ।

ਮਹਾਂ ਮੇਘ ਜਨੋਂ ਰਿਸਿ ਗਰਜਾਵੈਂ।
ਪੇਖੈਂ ਸੁਭਟ ਹਜ਼ਾਰੋਂ ਖਰੇ।
ਰਾਨੀਂ ਪਿਖੈਂ ਝਰੋਖਨਿ ਭਰੇ[1] ॥ ੩੫ ॥

[1]ਜੰਗ ਨੂੰ। (ਨਿਰੁਕਤ ਵਿੱਚ ਲਿਖਿਆ ਹੈ ਕਿ ਜੰਗ, ਜਿੱਤਣ ਵਾਲੇ ਨੂੰ ਧਨ ਤੇ ਜਸ ਨਾਲ ਭਰ ਦੇਂਦਾ ਹੈ ਇਸ ਲਈ ਜੰਗ ਦਾ ਨਾਮ 'ਭਰ' ਹੈ।)

ਦੋਇ ਪਹਿਰ ਭਜਾਨਕ ਅਤਿ ਲਰੇ।
ਬਲ ਧਰਿ ਅੰਗ ਪ੍ਰਹਾਰਨ ਕਰੇ।
ਥਕਤ ਭਏ ਸ੍ਰਮ ਕਰਿ ਜੁਗਿ ਭਾਰਾ[1]।

[1](ਜਦੋਂ) ਦੋਵੇਂ ਬਹੁਤਾ (ਸ੍ਰਮ) ਜਤਨ ਕਰ ਕੇ ਥੱਕ ਗਏ, (ਸ੍ਰਮ- ਜਤਨ, ਕੋਸ਼ਸ)।

ਲਟਤਿ ਭੀਮ ਕੋ ਝਟਤ ਅਸ਼ਾਰਾ[1] ॥ ੩੬ ॥
[1]ਹਾਰਦੇ ਹੋਏ ਭੀਮ ਨੂੰ (ਕ੍ਰਿਸ਼ਨ ਨੇ) ਝੱਟ ਇਸ਼ਾਰਾ (ਕੀਤਾ)।

ਦਯੋ, ਕ੍ਰਿਸ਼ਨ ਦਾਤਨ ਨਿਜ ਫਾਰੀ[1]।
[1]ਜਦੋਂ ਕ੍ਰਿਸ਼ਨ ਨੇ ਆਪਣੀ ਦਾਤਣ ਪਾੜ ਦਿੱਤੀ।

ਪੇਖਿ ਭੀਮ ਸਮਝਜੋ ਮਤਿ ਭਾਰੀ।
ਅਤਿ ਬਲ ਕੈ ਧਕੇਲ ਨ੍ਰਿਪਿ ਗੇਰਾ।
ਓਜ[1] ਸੰਭਾਰ ਸਕੋਪ ਬਧੇਰਾ ॥ ੩੭ ॥
[1]ਬਲ।

ਏਕ ਲਾਤ ਪਗ ਤਰੇ ਦਬਾਈ।
ਖਿਚੀ ਦੁਤੀ ਊਪਰ ਬਲ ਲਾਈ।
ਚੀਰਿ ਫਰਦ ਦੋ ਕਰਿ ਧਰ ਡਾਰਜੋ[1]।
ਜੈ ਜੈ ਸ਼ਬਦ ਕ੍ਰਿਸ਼ਨ ਉਚਾਰਜੋ ॥ ੩੮ ॥
[1]ਚੀਰ ਕੇ ਦੋ ਫਾੜ ਕਰ ਕੇ ਧਰਤੀ ਤੇ ਸੁੱਟ ਦਿੱਤਾ।

ਜਰਾ ਸੰਧ ਕੇ ਸੁਤ ਸਹਿਦੇਵੈਂ[1]।
[1]ਸਹਦੇਵ ਨੇ।

ਜਾਨਿ ਕ੍ਰਿਸ਼ਨ ਕੋ ਸਮਰਥ ਦੇਵੈਂ[1]।
[1]ਸ਼ਕਤੀ ਵਾਲਾ ਦੇਵਤਾ।

ਗਹੇ ਚਰਨ ਨਿਜ ਬੈਰ ਬਿਸਾਰਜੋ।
ਤੀਨਹੁਂ ਕੋ ਬਹੁਧਾ[1] ਸਿਤਕਾਰਜੋ ॥ ੩੯ ॥
[1]ਬਹੁਤ ਤਰ੍ਹਾਂ।

ਪੁਨ ਜਬਿ ਕੌਰਵ ਪਾਂਡਵ ਲਰੇ।
ਭੈਰਵ[1] ਅਧਿਕ ਪਵਾਰੇ[2] ਪਰੇ।
ਸੋ ਹ੍ਵੈ ਅਰਜਨ ਦਿਸ ਤੈ ਲਰਾ।
[1]ਭਿਆਨਕ। [2]ਜੰਗ।

ਬਹੁ ਅਰਿ ਮਾਰ ਆਪ ਥੋ ਮਰਾ ॥ ੪੦ ॥
ਪੁਨ ਪਟਨੇ ਆਪੂ ਸਸਿ[1] ਰਾਜਾ। [1]ਆਪੂ ਚੰਦ।
ਭਯੋ ਬਲੀ ਕੀਨੇ ਬਡ ਕਾਜਾ।
ਮੁਲਕ ਚੀਨ ਲੌ ਤਿਹ ਬਡ ਜੀਤੇ।
ਬਹੁ ਦਿਨ ਕੀਨੋ ਰਾਜ ਅਭੀਤੇ[1] ॥ ੪੧ ॥ [1]ਨਿਡਰ ਹੋ ਕੇ।

ਦੋਹਰਾ:
ਪਟਨੇ ਕੀ ਗਾਥਾ ਗੁਰੂ,
ਯਾ ਬਿਧਿ ਦਈ ਸੁਨਾਇ।
ਢਾਕੇ ਮੈਂ ਜਜੋਂ ਗੁਰੁ ਗਏ,
ਕਥਾ ਸੁਨੋ ਅਬਿ ਸਾਇ[1] ॥ ੪੨ ॥ [1]ਹੁਣ ਉਹ।

ਚੌਪਈ:
ਅਕਬਰ ਸ਼ਹਿਨਸ਼ਾਹ ਜਬਿ ਭਯੋ।
ਹਿੰਦੁਸਤਾਨ ਸਰਬ ਅਪਨਯੋ।
ਹੁਤੋ ਜੋਧ ਪੁਰ ਪਤਿ ਅਤਿ ਸੂਰਾ।
ਧੀਰ ਉਦਾਰ ਬੀਰ ਬਡ ਪੂਰਾ ॥ ੪੩ ॥
ਅਕਬਰ ਚਾਹਿ ਤਾਹਿਂ ਕਿਯ ਹਾਨੇ[1]। [1]ਨਾਸ ਕਰਨਾ।
ਜਜੋਂ ਰਜਪੂਤ ਨ ਕੋਊ ਜਾਨੇ ॥ ੪੪ ॥
ਥਾ ਅਫਗਾਨ ਦੇਸ ਤਬਿ ਆਕੀ।
ਮਾਨ ਸਿੰਘ ਤਿਹ ਛਡੀ ਨਾ ਬਾਕੀ[1]। [1]ਤਿਸ ਅਫਗਾਨ ਦੇਸ ਦੀ (ਕੋਈ ਵੀ ਆਕੀ ਜਗ੍ਹਾ) ਬਾਕੀ ਨ ਛੱਡੀ।

ਕਾਠ ਮੂਠ ਤਲਵਾਰ ਗਹਾਈ[1]। [1](ਉਨ੍ਹਾਂ ਦੇ ਹੱਥੀਂ) ਲੱਕੜ ਦੀਆਂ ਮੁੱਠਾਂ ਵਾਲੀਆਂ ਤਲਵਾਰਾਂ ਫੜਾ ਦਿੱਤੀਆਂ।

ਗਜਨੀ ਬਲਖ ਬੁਖਾਰੇ ਤਾਈਂ ॥ ੪੫ ॥
ਯਾਰਕੰਦ, ਤ੍ਰਿਬਿਸਟਪ, ਜਾਈ[1]। [1]ਯਾਰਕੰਦ (ਸ਼ਹਿਰ ਤੋਂ) ਤਿੱਬਤ (ਦੇਸ਼ ਤੱਕ) ਜਾ ਕੇ।
ਨਿਜ ਦੋਹੀ[1] ਸਬਿ ਠੌਰ ਫਿਰਾਈ। [1]ਆਪਣੀ (ਬਹਾਦਰੀ ਦਾ) ਢੰਡੋਰਾ, ਡੌਂਡੀ।
ਮਾਨ ਤਲਾਈ ਰਚੀ ਤਹਾਂਈ[1]। [1]ਉਥੇ (ਆਪਣੇ ਨਾਮ ਤੇ) ਮਾਨ ਤਲਾਈ ਬਣਾਈ।
ਮਾਨ ਸਰੋਵਰ ਜੋ ਕਹਿਲਾਈ ॥ ੪੬ ॥
ਜਜੋਂ ਜਜੋਂ ਦੇਸ ਜੀਤ ਵਹਿ ਆਯੋ।
ਤਜੋਂ ਤਜੋਂ ਅਕਬਰ ਡਰੈ ਮਹਾਯੋ।
ਹੁਤੋ ਮਵਾਸ[1] ਦੇਸ ਆਸਾਮੂੰ। [1]ਆਕੀ।

ਤਿਸ ਦਿਸ ਉਸ ਕਾ ਲਾਯੋ ਲਾਮੂੰ[1] ॥ ੪੭ ॥ [1]ਜੰਗ, ਲੜਾਈ।
ਥੇ ਉਮਰਾਵ ਜਿਤਕ ਤਬਿ ਸ਼ਾਹੀ।
ਸਬਿ ਤੈ ਜ਼ਜਾਦੇ ਇੱਜ਼ਤ ਤਾਂਹੀ।
ਬਡ ਸਿਤਕਾਰ ਬਡਾਈ ਕਥ ਕੈ[1]। [1]ਕਹਿ ਕੇ।
ਪਠਜੋ ਅਸਾਮ ਓਰ ਯੌਂ ਮਥ ਕੈ[1] ॥ ੪੮ ॥ [1]ਇਉਂ ਸਲਾਹ ਕਰਕੇ।
ਲਰ ਕਰਿ ਇਹੁ ਨਹਿਂ ਕਿਸ ਤੇ ਹਾਰੈ।
ਜਾਦੂ ਸੈਂ ਵਹਿ ਇਸ ਕੋ ਮਾਰੈਂ।
ਜਾਇ ਮਾਨ ਸਿੰਘ ਤਹਿਂ ਬਡ ਲਰਾ।
ਦੇਸ ਅਸਾਮ ਅਧਿਕ ਸਰ[1] ਕਰਾ ॥ ੪੯ ॥ [1]ਫਤਹ।
ਤਬਿ ਅਸਾਮ ਕੇ ਰਾਜੇ ਖਿਜ ਕੈ।
ਜਾਦੂ ਕੀ ਪੁਤਲੀ ਸੁਠ ਭਿਜ ਕੈ[1]। [1]ਸੁੰਦਰ ਪੁਤਲੀ ਭੇਜ ਕੇ।
ਮਾਨ ਸਿੰਘ ਉਸ ਕੋ ਜਬਿ ਪਰਸਾ[1]। [1]ਛੋਹਿਆ।
ਜਾਦੂ ਚਲਜੋ ਤਾਂਹਿ ਪਰ ਸਰਸਾ[1] ॥ ੫੦ ॥ [1]ਬਹੁਤਾ।
ਪਗਲਾ ਹ੍ਵੈ ਪਰਲੋਕ ਪਧਾਰਾ।
ਲਸ਼ਕਰ ਸ਼ਾਹੀ ਭਾਗਜੋ ਸਾਰਾ।
ਪਤਸ਼ਾਹਿਨ ਕੀ ਬਡੀ ਅਨੀਤੀ[1]। [1]ਬੇਇਨਸਾਫ਼ੀ।
ਨਿਜ ਹੀ ਸੋਂ ਕਰਿ ਹੈਂ ਬਿਪ੍ਰੀਤੀ[1] ॥ ੫੧ ॥ [1]ਆਪਣਿਆਂ ਨਾਲ ਹੀ ਧੋਖਾ ਕਰਦੇ ਹਨ।
ਜਹਾਂਗੀਰ ਅਰ ਸ਼ਾਹਿ ਜਹਾਨੈ।
ਕਈ ਬਾਰ ਦੈ ਸੈਨ ਮਹਾਨੈ।
ਬਡੇ ਬਡੇ ਉਮਰਾਵ ਬਹਾਦਰ।
ਪਠੇ ਅਸਾਮ ਫਤੇ ਹਿਤ ਸਾਦਰ[1] ॥ ੫੨ ॥ [1]ਆਦਰ ਨਾਲ।
ਪੈ ਵਹਿ ਹਾਰ ਹਾਰਿ ਸਬਿ ਆਏ।
ਮੁਲਕ ਰਹਜੋ ਆਕੀ ਤਿਸ ਭਾਏ[1]। [1]ਉਸੇ ਤਰ੍ਹਾਂ।
ਅਬਿ ਫਿਰ ਮਾਨ ਸਿੰਘ ਕਾ ਨਾਤੀ[1]। [1]ਪੋਤਾ।
ਬਿਸ਼ਨ ਸਿੰਘ ਜਬਿ ਭਯੋ ਬਖਜਾਤੀ[1] ॥ ੫੩ ॥ [1]ਪ੍ਰਗਟ।
ਸਬਿ ਰਜਪੂਤ ਤਾਂਹਿ ਕੀ ਮਾਨੈਂ।
ਬੀਰ ਉਦਾਰ ਗੰਭੀਰ ਮਹਾਨੈਂ।
ਪਿਖਿ ਪ੍ਰਤਾਪ ਨੁਰੰਗਾ ਡਰਾ।
ਮਨ ਮੈਂ ਪਾਪ ਥਾਪ ਉਨਿ ਧਰਾ[1] ॥ ੫੪ ॥ [1]ਉਸ ਨੇ ਟਿਕਾਅਰਖਿਆ ਸੀ।
ਦੱਖਣ ਪਸਚਮ ਕੋ ਸੋ ਪਠਜੋ।

ਜਾਇ ਜੰਗ ਇਨਿ ਐਸਾ ਥਟਜੋ[1]। [1]ਕੀਤਾ।
ਸਰ ਮੁਹਿੰਮ[1] ਬਹੁ ਕਰਿ ਘਰ ਆਯੋ। [1]ਜੰਗ ਫਤਹ।
ਬਡੋ ਖਿਤਾਬ[1] ਸ਼ਾਹਿ ਤੈ ਪਾਯੋ ॥ ੫੫ ॥ [1]ਪਦਵੀ।
ਨੌਰੰਗ ਲਗਜੋ ਰਖਨ ਡਰ ਤਾਂ ਤੈ।
ਸੋਚਤ ਰਹੇ ਹਤਨ ਕੀ ਘਾਤੈਂ[1]। [1]ਮਾਰਨ ਦੀਆਂ ਵਿਉਂਤਾਂ।
ਇਕ ਦਿਨ ਬੀੜਾ[1] ਬੀਚ ਕਚਹਿਰੀ। [1]ਤਲਵਾਰ ਤੇ ਪਾਨਾਂ ਦਾ ਬੀੜਾ।
ਧਰ ਕਰਿ ਨੌਰੰਗ ਭਾਖਜੋ ਲਹਰੀ[1] ॥ ੫੬ ॥ [1]ਖ਼ੁਸ਼ੀ ਵਿੱਚ ਆ ਕੇ।
ਮੁਲਕ ਅਸਾਮ ਊਪਰ ਜੋ ਚਾਵੈ।
ਬੀੜਾ[1], ਸੋ ਮਨਸਬ[2] ਬਡ ਪਾਵੈ। [1]ਬੀੜਾ ਚੁੱਕੇਗਾ। [2]ਅਹੁਦਾ, ਦਰਜਾ, ਪਦਵੀ।
ਔਰ ਕਿਸੀ ਤਬਿ ਕਰਜੋ ਨ ਜੇਰਾ[1]। [1]ਹੌਸਲਾ, ਦਲੇਰੀ।
ਸਬਿ ਨੇ ਬਿਸ਼ਨ ਸਿੰਘ ਦਿਸ ਹੇਰਾ ॥ ੫੭ ॥
ਬਿਸ਼ਨ ਸਿੰਘ ਤਬਿ ਬੀੜਾ ਚੁੱਕਜੋ।
ਸਭਾ ਵੀਚ ਸਮ ਕੇਹਰ ਬੁੱਕਜੋ[1]। [1]ਸ਼ੇਰ ਵਾਂਗ ਗੱਜਿਆ।
ਨੌਰੰਗ ਬਡ ਸਿਤਕਾਰ ਕਰੈ ਕੈ।
ਤੋਫੇ ਮੁਲਕ ਇੱਜ਼ਤ ਬਡ ਦੈ ਕੈ ॥ ੫੮ ॥
ਲਸ਼ਕਰ ਬੇਸ਼ੁਮਾਰ ਸੰਗ ਕੀਨੋ।
ਮੁਲਕ ਅਸਾਮ ਓਰ ਪਠ ਦੀਨੋ।
ਔਰੰਗ ਪਾਪੀ ਪਾਪ ਵਿਚਰ ਹੈ।
ਕੇਹਰ ਛੋਰਜੋ ਦੁਸ਼ਮਨ ਪਰ ਹੈ ॥ ੫੯ ॥
ਇਕ ਤੋ ਦੁਹੂੰ ਵੀਚ ਤੈ ਮਰ ਹੈ।
ਮੋਦਕ[1] ਦੁਹੂੰ ਹਾਥ ਮਮ ਵਰ[2] ਹੈ। [1]ਲੱਡੂ। [2]ਚੰਗੇ।
ਜੀਤੈ ਮੁਲਕ ਹਾਥ ਮਮ ਐਹੈ।
ਭਾਗੈ ਰਾਜ ਛੀਨ ਇਸ ਲੈ ਹੈਂ ॥ ੬੦ ॥

ਦੋਹਰਾ:
ਦਿੱਲੀ ਤੈ ਚਢਿ ਬਿਸ਼ਨ ਸਿੰਘ,
ਲਸ਼ਕਰ ਆਗੇ ਤੋਰਿ।
ਗਯੋ ਜੋਧ ਪੁਰ ਧਾਮ ਨਿਜ,
ਮਿਲਨੇ ਹੇਤ ਬਹੋਰ ॥ ੬੧ ॥

ਚੌਪਈ:
ਮੰਤ੍ਰੀ ਹੁਤੇ ਨ੍ਰਿਪ ਕੇ ਜੇਤੇ।

ਨ੍ਰਿਪ ਕੋ ਜਾਵਨ ਚਹੈਂ ਨ ਤੇਤੇ।
ਸੁਨਿ ਨ੍ਰਿਪ ਕੀ ਮਾਤਾ ਬਹੁ ਰੋਈ।
ਰਾਣੀ ਸਭਿ ਸ਼ੋਕਾਤੁਰ[1] ਹੋਈ ॥੬੨॥ [1]ਸ਼ੋਕ ਨਾਲ ਦੁਖੀ।
ਕਹੈਂ ਸਭੈ ਤੁਮ ਭਲਾ ਨ ਕੀਨਾ।
ਬਿਨ ਸਮਝੇ ਬੀੜਾ ਚੁਕ ਲੀਨਾ।
ਤੁਮਰੇ ਦਾਦੇ ਮੁਲਕ ਖਰਾਬੂ।
ਕੀਨੇ ਸਰ[1] ਬਹੁ ਜਾਇ ਸ਼ਿਤਾਬੂ[2] ॥੬੩॥ [1]ਫਤਹ। [2]ਛੇਤੀ।
ਜਾਦੂਗਰ ਇਹੁ ਦੇਸ ਬਿਸੇਸੂ।
ਦੁਸ਼ਟ ਮਹਾਂ ਨਰ ਨਾਰਿ ਅਸੇਸੂ[1]। [1]ਸਾਰੇ।
ਕਰਿ ਜਾਦੂ ਜਿਮ ਉਸ ਕੋ ਮਾਰਾ।
ਤੈਸੇ ਤੁਮ ਪਰ ਭੀ ਹੈ ਵਾਰਾ ॥੬੪॥
ਅਬਿ ਭੀ ਕਰੋ ਬਹਾਨਾ ਕੋਊ।
ਨੌਰੰਗ ਪਾਪੀ ਮਾਨੈ ਜੋਊ।
ਜਸੋਂ ਤਸੋਂ ਕਰਿ ਘਰ ਹੀ ਮੈਂ ਰਹੋ।
ਸੁਖ ਸੋਂ ਜੀਵੋ ਬਹੁਤ ਨ ਚਹੋ[1] ॥੬੫॥ [1]ਬਹੁਤੀ (ਵਡਿਆਈ) ਨ ਚਾਹੋ। (ਅ) ਬਹੁਤ ਨ ਚਹੋ–ਬਹੁਤਿਆਂ ਦੀ ਇੱਛਾ ਹੈ।
ਜੇ ਤੁਮ ਸਿਰਰ[1] ਨਹੀਂ ਨਿਜ ਤਜਿਹੋ। [1]ਹੱਠ।
ਮੁਲਕ ਅਸਾਮ ਕਾਮਰੂ ਭਜਿਹੋ[1]। [1]ਜਾਉਗੇ।
ਤੌ ਲੈ ਜੈਹੋ ਮਦਦਗਾਰੀ।
ਪੀਰ ਫਕੀਰ ਵਲੀ ਕੋਊ ਭਾਰੀ ॥੬੬॥
ਭੂਪ ਦਲੇਰੀ ਧੀਰਜ ਸਭਿ ਕੋ।
ਦੈ ਕਰਿ, ਤਜਾਰ ਭਯੋ ਉਤ ਜਬਿ ਕੋ।
ਜੈ ਪੁਰ ਪਤਿ ਆਦਿਕ ਨ੍ਰਿਪ ਜੇਤੇ।
ਮਿਲਨੇ ਅਏ ਤਾਂਹਿ ਤਬਿ ਤੇਤੇ ॥੬੭॥
ਸਭਿ ਹੀ ਥੇ ਬ੍ਰਿੱਧ ਮੰਤ੍ਰੀ ਜੇਈ[1]। [1]ਜਿਹੜੇ ਵੱਡੇ (ਪੁਰਾਣੇ) ਸਲਾਹਕਾਰ ਸਨ।
ਬੂਝੈ ਬਿਸ਼ਨ ਸਿੰਘ ਇਮ ਤੇਈ[1]। [1]ਬਿਸ਼ਨ ਸਿੰਘ ਨੇ ਤਿਨਾਂ ਤੋਂ ਇਸ ਤਰ੍ਹਾਂ ਪੁੱਛਿਆ।
ਦੇਸ ਕਾਮਰੂ ਪਰ ਜੋ ਗਯੋ।
ਕੈ ਮਰਯੋ ਕੈ ਹਾਰ ਸੁ ਅਯੋ ॥੬੮॥
ਏਹੁ ਸਬੱਬ ਸਾਚ ਸਬਿਰਰੋ[1]। [1]ਸਾਰੇ ਇਸ ਦਾ ਅਸਲੀ ਕਾਰਨ ਦੱਸੋ।
ਮੇਰੇ ਮਨ ਕਾ ਸੰਸਾ ਹਰੋ[1]। [1]ਦੂਰ ਕਰੋ।

ਤਬਿ ਸਬਿ ਭੇਤ ਦਨਾਵਨ[1] ਕਹਾ। [1]ਸਿਆਣਿਆਂ ਨੇ।
ਦੇਸ ਉਸੀ ਮੈਂ ਜਾਦੂ ਮਹਾਂ ॥ ੬੯ ॥
ਮੋਹਨ[1] ਤਾਪਨ[2] ਹਤਨ[3] ਉਚਾਟਨ[11]। [1]ਮੋਹਤ ਕਰ ਲੈਣਾ। [2]ਤਪਾਉਣਾ। [3]ਮਾਰ ਦੇਣਾ। [11]ਮਨ ਦਾ ਉਚਾਟ (ਉਖੜਿਆਂ) ਰਹਿਣਾ।
ਨਾਰੀ ਨਰ ਕਰਿ ਹੈਂ ਬਹੁ ਥਾਟਨ[1]। [1]ਬਹੁਤ ਬਨਾਵਟਾਂ ਭਾਵ ਟੂਣੇ ਟਾਮਣ।
ਅਰ ਜੋ ਤਹਾਂ ਕੁਮੱਖਜਾ ਦੇਵੀ[1]। [1]ਸੁੰਦਰ ਨੇਤ੍ਰਾਂ ਵਾਲੀ ਦੇਵੀ, ਜਿਸ ਦਾ ਯੋਨੀ ਪੀਠ ਕਾਮਾਖਜਾ, ਕਾਮ ਰੂਪ (ਅਸਾਮ) ਵਿੱਚ ਗੋਹਾਟੀ ਸ਼ਹਿਰ ਤੋਂ ਦੋ ਮੀਲ ਪੱਛਮ ਨੀਲਾਚਲ (ਪਰਬਤ) ਉੱਪਰ ਬ੍ਰਹਮ ਪੁੱਤ੍ਰ ਨਦੀ ਦੇ ਕਿਨਾਰੇ ਸਤੀ ਦੇਵੀ ਦੇ ਮੰਦਰ ਅੰਦਰ ਹੈ। ਜਿਸ ਥਾਂ ਸਤੀ ਦੀ ਯੋਨੀ (ਭਗ) ਪੂਜੀ ਜਾਂਦੀ ਹੈ।
ਨ੍ਰਿਪ ਵਹਾਂ ਕੇ ਰਾਖੀ ਸੇਵੀ[1] ॥ ੭੦ ॥ [1]ਸੇਵਾ ਕਰ ਕੇ (ਪ੍ਰਗਟ ਕਰ) ਰੱਖੀ ਹੈ।
ਜੋਗਨਿ ਭੈਰਵ ਭੂਤ ਖਵੀਸੈਂ[1]। [1]ਜਿੱਨਾਂ ਨੂੰ (ਦੇਉਆਂ ਨੂੰ)।
ਪ੍ਰੇਰਤ ਦੇਵੀ ਬਿਸ੍ਵੈ ਬੀਸੈਂ[1]। [1]ਚੰਗੀ ਤਰ੍ਹਾਂ।
ਸੋ ਡਰਾਇ ਕਰਿ ਸੈਨ ਭਗੈ ਹੈ।
ਯਾਂ ਤੇ ਸੋ ਨਹਿਂ ਜੀਤੇ ਜੈਹੈਂ ॥ ੭੧ ॥
ਕਾਜੀ ਹਾਜੀ ਮੁੱਲਾਂ ਪੀਰੂ।
ਜੰਤ੍ਰੀ ਮੰਤ੍ਰੀ ਤੰਤ੍ਰੀ ਧੀਰੂ।
ਸਿੱਧ ਫਕੀਰ ਨਾਥ ਹੈਂ ਜੇਤੇ।
ਕਰਿ ਉਪਾਇ ਹਾਰੇ ਸਬਿ ਤੇਤੇ ॥ ੭੨ ॥
ਇਹ ਸੁਨਿ ਕੈ ਨ੍ਰਿਪ ਮਨ ਮੈਂ ਗੁਨਿ ਕੈ[1]। [1]ਵਿਚਾਰ ਕੇ।
ਧੁਨ ਕੈ ਸਿਰ ਸੰਸੇ ਬਹੁ ਪੁਨ ਕੈ[1]। [1]ਸਿਰ ਹਿਲਾ ਕੇ ਤੇ ਫਿਰ ਬਹੁਤ ਸੰਸਾ ਕਰਕੇ।
ਬੂਝਜੋ ਬਨਤ ਉਪਾਵ ਭਿ ਕੋ ਹੈ।
ਜਾ ਤੇ ਜੀਤ ਹਮਾਰੀ ਹੋਹੈ ॥ ੭੩ ॥
ਤਬਿ ਜੈ ਸਿੰਘ ਨ੍ਰਿਪ ਕੇ ਪ੍ਰਧਾਨੈਂ[1]। [1]ਵਜ਼ੀਰਾਂ ਨੇ।
ਕਹਜੋ ਸੁਨੋ ਭੂਪਤਿ ਧਰਿ ਧਜਾਨੈ।
ਗੁਰੁ ਨਾਨਕ ਕੀ ਗਾਦੀ ਜੋ ਹੈ।
ਅਬਿ ਸਬਿ ਬਿਧਿ ਅਜ਼ਮਤ ਯੁਤ ਸੋ ਹੈ ॥ ੭੪ ॥
ਹਰਿਗੁਬਿੰਦ ਗੁਰੁ ਹਮੈਂ ਨਿਹਾਰੇ।
ਜਿਨ ਕੇ ਪਰਚੇ[1] ਬਿਦਤ ਅਪਾਰੇ। [1]ਕਰਾਮਾਤ ਦੇ ਚਮਤਕਾਰ।
ਜਹਾਂਗੀਰ ਕੋ ਉਨਿ ਬਸ ਕੀਨੋ।
ਸ਼ਕਤਿ ਦਿਖਾਈ ਬਹੁਧਾ ਪੀਨੋ[1] ॥ ੭੫ ॥ [1]ਬਹੁਤ ਤਰ੍ਹਾਂ ਦੀ ਵੱਡੀ ਕਰਾਮਾਤ।

ਬਾਵਨ ਰਾਜੇ[1] ਉਨੈ ਛੁਡਾਏ।
ਕਿਲੇ ਗ੍ਵਾਲੀਏਰ ਮੈਂ ਜਾਏ।
ਨੌਰੰਗ ਗੁਰੁ ਹਰ ਕ੍ਰਿਸ਼ਨ ਬੁਲਾਯੋ।
ਜਾਇ ਤਹਾਂ ਤੈ ਮੈਂਹੂੰ ਲਜਾਯੋ ॥ ੭੬ ॥
ਜਬੈ ਗਾਮ ਪੰਜੋਖਰੇ[1] ਆਏ।
ਕਰਜੋ ਬਿਬਾਦ ਦ੍ਵਜਨ ਬਹੁ ਭਾਏ[1]।
ਜਢ ਕਹਾਰ[1] ਸਿਰ ਛਰੀ ਧਰੈ ਕੈ।
ਨਿਗਮਾਗਮ[1] ਸੁਨਵਾਏ ਤੈ ਕੈ[2] ॥ ੭੭ ॥
ਮਹਾਂ ਮਰੀ[1] ਦਿੱਲੀ ਜਬਿ ਪਰੀ।
ਹਮਰੇ ਦੇਖਤ ਸੋ ਪਰਹਰੀ[1]।
ਜਿਨਿ ਜਿਨਿ ਗੁਰੁ ਹਰਿ ਕ੍ਰਿਸ਼ਨ ਨਿਹਾਰੇ।
ਦੂਰ ਭਏ ਤਿਨ ਕੇ ਦੁਖ ਸਾਰੇ ॥ ੭੮ ॥
ਹਮਰੇ ਭੂਪਤਿ ਕੇ ਰਣਵਾਸੈਂ[1]।
ਪਰਖੀ ਅਜ਼ਮਤ ਸਬਿ ਨੇ ਤਾਸੈਂ[1]।
ਉਨ ਹੀ ਕੇ ਬਰ ਤੈ ਸੁਤ ਹੋਯੋ।
ਜੈ ਸਿੰਘ ਨ੍ਰਿਪ ਕੇ ਘਰ ਹਮ ਜੋਯੋ[1] ॥ ੭੯ ॥
ਨੌਰੰਗ ਕੋ ਨੌਰੰਗ[1] ਦਿਖਾਯੋ।
ਤਨ ਛੋਰਜੋ ਯੁਤ ਸ਼ਕਤਿ ਮਹਾਯੋ[1]।
ਅਬਿ ਉਸ ਗਾਦੀ ਪਰ ਗੁਰੁ ਨਾਦਰ[1]।
ਅਹੇ ਬਲੀ ਬਡ ਤੇਗ ਬਹਾਦਰ ॥ ੮੦ ॥
ਪੀਰ ਫਕੀਰ ਧੀਰ ਕਰਮਾਤੀ।
ਉਨਿ ਸਮ ਔਰ ਨ ਕੋ ਬਖਜਾਤੀ।
ਸੋ ਅਬਿ ਪੂਰਬ ਦਿਸਾ ਪਧਾਰੇ।
ਭਰਤਿ[1] ਮਨੋਰਥ ਦਾਸਨ ਸਾਰੇ ॥ ੮੧ ॥
ਉਨਿ ਕੋ ਮਿਲੋ ਜਹਾਂ ਵਹਿ ਹੋਈ।
ਸੰਗ ਲੇਹੁ ਬਹੁ ਕਰਿ ਅਰਜ਼ੋਈ।
ਜੇ ਵਹਿ ਮਦਦ ਤੁਮਰੀ ਕੈ ਹੈਂ[1]।
ਨਿਸਚੇ ਧਰੋ ਫਤੇ ਤੁਮ ਪੈ ਹੈਂ ॥ ੮੨ ॥
ਜਿਤਕ ਸੁਰਾਸੁਰ[1] ਤ੍ਰੈ ਪੁਰਿ ਮਾਂਹੀ[2]।

[1](ਉਮਰ ਕੈਦੀ) ਬਵੰਜਾਰਾਜੇ।

[1]ਪੰਜੋਖਰੇ ਪਿੰਡ।

[1]ਬ੍ਰਹਮਣਾਂ ਨੇ ਬਹੁਤ ਤਰ੍ਹਾਂ ਦੀ ਚਰਚਾ ਕੀਤੀ।

[1]ਮੂਰਖ ਮਹਿਰੇ ਦੇ।

[1]ਬੇਦ ਸ਼ਾਸਤ੍ਰ। [2]ਤਿਸ ਕੋਲੋਂ।

[1]ਹੈਜ਼ੇ ਦੀ ਬੀਮਾਰੀ।

[1]ਦੂਰ ਕੀਤੀ।

[1]ਮਹਿਲਾਂ ਵਿੱਚ।

[1]ਤਿਨਾਂ ਪਾਸੋਂ।

[1]ਦੇਖਿਆ ਹੈ।

[1](ਕਰਾਮਾਤ ਦਾ) ਨਵਾਂਰੰਗ।

[1]ਵੱਡੀ ਸ਼ਕਤੀ ਨਾਲ।

[1]ਅਸਚਰਜ, ਅਣੋਖਾ।

[1]ਪੂਰੇ ਕਰਦੇ ਹਨ।

[1]ਕਰਨਗੇ।

[1]ਦੇਵਤੇ ਤੇ ਦੈਂਤ। [2]ਤਿੰਨਾਂ ਪੁਰੀਆਂ ਭਾਵ ਲੋਕਾਂ ਵਿੱਚ।

ਆਨ[1] ਮਾਨ ਹੈਂ ਸਬਿ ਤਿਨਿ ਚਾਹੀ[2]।
ਰਾਮਰਾਇ ਜੋ ਦਿਲੀ ਮੈਂ ਹੈ।
ਅਜ਼ਮਤ ਅਨਿਕ ਦਿਖਾਇ ਰਿਝੈ ਹੈ ॥ ੮੩ ॥
ਉਸੀ ਸਿੰਧੁ ਅਜ਼ਮਤ ਤੈ ਕਤਰਾ।
ਸੋ ਲੋ ਭਯੋ ਸਿੱਧ ਬਡ ਚਤੁਰਾ।
ਇਹੁ ਗਾਥਾ ਸੁਨਿ ਨ੍ਰਿਪ ਮੁਦ ਹ੍ਵੈ ਕੈ।
ਚਲਜੋ ਦਿਸਾ ਪੂਰਬ ਹਿਤ ਜੈ ਕੈ[1] ॥ ੮੪ ॥
ਸ਼ੀਘ੍ਰ ਨਿਜ ਪ੍ਰਧਾਨ ਪਠਾਏ[1]।
ਕਹਜੋ ਗੁਰੂ ਕੋ ਖੋਜਹੁ ਜਾਏ।
ਪਟਨੇ ਮਿਲੇ ਗੁਰੈਂ ਵਹਿ ਆਈ।
ਕਰਿ ਦਰਸ਼ਨ ਬਹੁ ਭੇਟ ਚਢਾਈ ॥ ੮੫ ॥
ਭੂਪਤਿ ਕੋ ਉਨਿ ਸਾਰ[1] ਪੁਚਾਈ।
ਸਹਿ ਲਸ਼ਕਰ ਸੋ ਅਯੋ ਤਹਾਂਈ।
ਤਟ ਗੰਗਾ ਲਸ਼ਕਰ ਉਤਰਾਯੋ।
ਆਪ ਨਗਨ ਪਗ ਗੁਰੁ ਢਿਗ ਆਯੋ ॥ ੮੬ ॥
ਤ੍ਰਾਹਿ ਤ੍ਰਾਹਿ[1] ਕਹਿ ਗੁਰੁ ਪਗ ਗਹੇ।
ਹ੍ਵੈ ਅਤਿ ਦੀਨ ਨੈਨ ਜਲ ਬਹੇ।
ਗਦ ਗਦ ਗਰਾ[1] ਗਿਰਾ[2] ਨਹਿ ਆਵੈ।
ਬਾਰ ਬਾਰ ਗੁਰੁ ਪਗ ਸਿਰ ਲਾਵੈ ॥ ੮੭ ॥
ਗਜਾਰਾਂ ਸੌ ਸ਼ਰਫੀ[1] ਬਹੁ ਮੇਵਾ।
ਧਰੀ ਭੇਟ ਗੁਰੁ ਆਗੇ ਏਵਾ।
ਹਾਥ ਜੋਰਿ ਪੁਨ ਐਸ ਉਚਾਰਾ।
ਦਾਸ ਪਰਜੋ ਰਾਵਰ ਦਰਬਾਰਾ ॥ ੮੮ ॥
ਮਹਾਂ ਕਸ਼ਟ ਤੈ ਮੋਹਿ ਉਬਾਰੋ[1]।
ਦੀਨ ਬੰਧੁ ਨਿਜ ਬ੍ਰਿਦ ਸੰਭਾਰੋ[1]।
ਕਰਿ ਕਿਰਪਾ ਨਿਜ ਕਰ ਸੋਂ ਨਾਥਾ।
ਹਾਥ ਗਹੋ ਮੁਹਿ ਕਰੋ ਸਨਾਥਾ[1] ॥ ੮੯ ॥

ਮਹਾਂ ਬਲੀ ਪਾਪੀ ਤੁਰਕੇਸੈਂ।
ਦਈ ਮੁਹਿੰਮ[1] ਕਾਮਰੂ ਦੇਸੈਂ।

[1]ਆਗਿਆ। (ਅ) ਅਧੀਨਗੀ, ਤਾਬਿਆਦਾਰੀ। [2]ਸ਼ੌਕ ਨਾਲ।

[1]ਜਾਣ ਵਾਸਤੇ। (ਅ) ਜਿੱਤ ਕਰਨ ਵਾਸਤੇ।

[1]ਛੇਤੀ ਆਪਣੇ ਵਜ਼ੀਰ ਭੇਜੇ।

[1]ਖ਼ਬਰ।

[1]ਰੱਖਿਆ ਕਰੋ, ਰੱਖਿਆ ਕਰੋ।

[1]ਕੰਠਰੁਕ ਗਿਆ। [2]ਬਾਣੀ, ਬੋਲ।

[1]ਮੁਹਰਾਂ।

[1]ਮੈਨੂੰ ਬਚਾਉ।

[1]ਗ਼ਰੀਬੀ ਦਾ ਸਹਾਇਕ (ਇਹ) ਆਪਣਾ ਸੁਭਾਵ ਚੇਤੇ ਕਰੋ।

[1]ਹੇ ਸ੍ਵਾਮੀ ਆਪਣੇ ਹੱਥ ਨਾਲ ਮੇਰਾ ਹੱਥ ਫੜੋ ਤੇ ਮੈਨੂੰ ਵੀ ਮਾਲਕ ਵਾਲਾ ਬਣਾ ਲਵੋ।

[1]ਲੜਾਈ।

ਤਹਾਂ ਪਿਤਾਮਾ[1] ਮੇਰੋ ਹੱਤਾ[2]।
ਜਾਦੂਗਰ ਸੋ ਦੇਸ ਕੁਪੱਤਾ ॥ ੯੦ ॥
ਰਾਵਰ ਰਵਿ[1] ਜਬਿ ਤਹਿਂ ਪ੍ਰਕਾਸੈਂ।
ਤਮ[1] ਜਾਦੂ ਛਲ ਤਿਨ ਕਾ ਨਾਸੈ।
ਆਸ੍ਰਿਤ ਕਰਿ[1] ਨਿਜ ਚਰਨ ਜਹਾਜੈ।
ਤਾਰਹੁ ਰਣ ਸਾਗਰ ਰਖਿ ਲਾਜੈ ॥ ੯੧ ॥
ਤੁਵ ਪ੍ਰਤਾਪ ਅਗਨੀ ਬਲ ਪੈਹੋਂ।
ਭੈ ਜਾਡਾ ਅਰਿ ਗਨ ਬਨ ਦੈਹੋਂ[1]।
ਸਰਨ ਪਰੇ ਕੇ ਭਵੋ[1] ਸਹਾਈ।
ਅਨਿਕ ਬਿਘਨ ਤੈ ਲੈਹੁ ਬਚਾਈ ॥ ੯੨ ॥
ਮੈਂ ਰਾਵਰ ਕੇ ਹ੍ਵੈ ਕਰਿ ਸੰਗੈ।
ਲੈ ਬਲ ਹਰਿਹੋਂ[1] ਅਰਿ ਕਰਿ ਜੰਗੈ।
ਬਾਵਨ ਰਾਜੇ ਪਿਤਾ ਤੁਮਾਰੇ।
ਛੁਡਵਾਏ ਕਿਯ ਬਡ ਉਪਕਾਰੇ ॥ ੯੩ ॥
ਗੁਰੁ ਨਾਨਕ ਘਰ ਪਰਉਪਕਾਰੀ।
ਸੁਨਿ ਜਸ ਸਰਨ ਗਹੀ ਮੈ ਥਾਰੀ[1]।
ਸਤਿਗੁਰੁ ਧੀਰਜ ਦੀਨੋ ਤਬਿ ਹੀ।
ਕਹਜੋ ਸਿਦਕ ਤੈ ਪੱਯਤ ਸਬ ਹੀ ॥ ੯੪ ॥
ਗੁਰੁ ਸੰਤਨ ਕੇ ਸਮੁਖ ਜੁਰੈ ਹੈਂ।
ਅਗਮ[1] ਸਬੈ ਤਿਹ ਸੁਗਮ[2] ਬਨੈ ਹੈਂ।
ਜਗ ਮਹਿ ਅਸ ਕਾਰਜ ਨਹਿ ਕੋਈ।
ਗੁਰੁ ਘਰ ਤੈ ਨ ਸਰੈ ਹੈ ਜੋਈ[1] ॥ ੯੫ ॥
ਮਨ ਨਿਸਚੈ ਧਰਿ ਚਿੰਤ ਨਿਵਾਰੋ।
ਦੇਸ ਕਾਮਰੂ[1] ਬਿਜੈ ਨਿਹਾਰੋ[2]।
ਅਬੈ ਤਿਹਾਵਲ[1] ਬਹੁ ਬਨਵੈ ਕੈ।
ਬਰਤਵਾਵੋ ਸਬ ਕੋ ਸਮ ਜੈ ਕੈ[1] ॥ ੯੬ ॥
ਇਹੁ ਸੁਨਿ ਪੁਨ ਮੁਦ ਹ੍ਵੈ ਨ੍ਰਿਪ ਕਹਾ।
ਭਵੈ ਜੀਤ ਮੈਂ ਨਿਸਚਾ ਲਹਾ।

[1]ਦਾਦਾ। [2]ਮਾਰ ਦਿੱਤਾ।
[1]ਆਪ ਸੂਰਜ ਵਾਂਗ।
[1]ਅਨ੍ਹੇਰਾ।
[1]ਆਸਰਾ ਦੇ ਕੇ।
[1]ਭੈ ਦਾ ਪਾਲਾ ਤੇ ਬਹੁਤੇ ਵੈਰੀਆਂ ਰੂਪ ਜੰਗਲ ਨੂੰ ਸਾੜ ਦਿਆਂਗਾ।
[1]ਹੋਵੇ।
[1]ਮਾਰ ਦਿਆਂਗਾ।
[1]ਤੁਹਾਡੀ।
[1]ਔਖੇ (ਕੰਮ)। [2]ਸੁਖਾਲੇ।
[1]ਜਿਹੜਾ ਪੂਰਾ ਨ ਹੋਵੇ।
[1]ਆਸਾਮ ਦੇਸ਼ ਵਿੱਚ ਪੂਰਬੀ ਬੰਗਾਲ ਦਾ ਭੂਟਾਨ ਦੀ ਸਰਹੱਦ ਉੱਪਰ ਇਕ ਜ਼ਿਲ੍ਹਾ ਅਤੇ ਉਸ ਦੇ ਆਸ ਪਾਸ ਦਾ ਇਲਾਕਾ। [2]ਜਿੱਤਿਆ ਹੀ ਦੇਖੋ।
[1]ਕੜਾਹ ਪ੍ਰਸ਼ਾਦ।
[1]ਜਾ ਕੇ ਇੱਕੋ ਜੇਹਾ ਵਰਤਾਉ।

ਰਾਵਰ ਬਰ ਅਮੋਘ ਸਰਰਘੁਬਰ[1]।
ਟਰੈਂ ਸੂਰ ਸਸਿ[1] ਟਰੈ ਨ ਇਹੁ ਭਰ[2] ॥ ੯੭ ॥

[1]ਆਪ ਦਾ ਵਰਰਾਮਚੰਦਰ ਦੇ ਅਚੁੱਕ ਤੀਰਾਂ (ਵਰਗਾ ਹੈ)।
[1]ਸੂਰਜ ਤੇ ਚੰਦ। [2]ਭਲੀ ਤਰ੍ਹਾਂ (ਤੁਹਾਡਾ ਕੀਤਾ ਹੋਇਆ) ਇਹ (ਬਚਨ) ਨਹੀਂ ਟਲੇਗਾ।

ਸੁਰਤਰੁ ਸਾਖ ਅਮੈ ਅਧਿਕਾਈ[1]।

[1]ਕਲਪ ਬ੍ਰਿੱਛ ਦੀ ਟਾਹਣੀ ਅਤੇ ਅੰਮ੍ਰਿਤ ਨਾਲੋਂ ਬਹੁਤੀ (ਸ਼ਕਤੀ ਵਾਲਾ ਬਚਨ)।

ਕਹੋ ਏਕ ਬਿਰ ਚਲੈਂ ਸੰਗਾਈ।
ਗੁਰਿ ਕਰੁਨਾ ਕਰਿ ਭਰਿ ਚਖੁ ਲਾਜਾ[1]।
ਕਹਜੋ ਗੁਰੂ ਕਰਿ ਹੈਂ ਤੁਵ ਕਾਜਾ ॥ ੯੮ ॥

[1]ਗੁਰਾਂ ਨੇ ਕਿਰਪਾ ਕਰ ਕੇ ਅੱਖਾਂ ਵਿੱਚ ਲੱਜਾ ਭਰ ਕੇ।

ਹਮ ਤੋ ਹੈਂ ਪਹਲੇ ਹੀ ਤਜਾਰੇ।
ਜਾਵਨ ਹਿਤ ਉਸ ਦੇਸ ਮਝਾਰੇ।
ਗੁਰੁ ਘਰ ਕੇ ਬਹੁ ਸਿੱਖ ਜੋ ਤਹਾਂ।
ਨਿਸ ਦਿਨ ਹਮੈਂ ਉਡੀਕਤਿ ਮਹਾਂ ॥ ੯੯ ॥
ਸੁਨਿ ਭੂਪਤਿ ਕਰਿ ਬੰਦਨ ਗਯੋ।
ਮਨੋ ਮ੍ਰਿਤੁ ਤਨ ਪ੍ਰਾਨ ਸੁ ਅਯੋ[1]।

[1]ਜਾਣੋ ਉਸ ਦੇ ਮੁਰਦੇ ਸ਼ਰੀਰ ਵਿੱਚ ਪ੍ਰਾਣ ਹੀ ਆ ਗਏ।

ਪੰਚਾਮ੍ਰਿਤ ਬਹੁਤੈ ਕਰਵਾਯੋ।
ਸੰਗਤ ਸੈਨ[1] ਸਬਿਨਿ ਬਰਤਵਾਯੋ ॥ ੧੦੦ ॥

[1]ਫ਼ੌਜ ਨੂੰ।

ਸਤਿਗੁਰੁ ਪਦ ਪਾਹੁਲ[1] ਨ੍ਰਿਪ ਲੈ ਕੈ।

[1]ਚਰਨਾਂਮ੍ਰਿਤ।

ਭਯੋ ਕ੍ਰਿਤਾਰਥ ਜੋਗ ਸ੍ਰੇਯ ਕੈ[1]।

[1]ਸਫ਼ਲਾ ਤੇ ਮੁਕਤੀ ਦੇ ਲਾਇਕ ਹੋ ਗਿਆ।

ਪੁਨ ਨ੍ਰਿਪ ਤੋਪਨ ਸ਼ਲਕ[1] ਕਰਾਈ।

[1]ਤੋਪਾਂ ਦੇ ਇੱਕੋ ਵਾਰ ਛੱਡਣ ਦੀ ਕ੍ਰਿਆ।

ਕੀਰਤਿ ਗੁਰੁ ਕੀ ਬਢੀ ਮਹਾਈ ॥ ੧੦੧ ॥

ਦੋਹਰਾ:

*ਬਿਸ਼ਨ ਸਿੰਘ ਨ੍ਰਿਪ ਸੰਗ ਗੁਰੁ,

*ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਤੇ ਮੈਕਾਲਫ਼ ਨੇ ਬਿਸ਼ਨ ਸਿੰਘ ਦੀ ਥਾਂ ਉਸ ਦੇ ਪਿਤਾ ਰਾਮ ਸਿੰਘ ਦਾ ਨਾਮ ਲਿਖਿਆ ਹੈ ਪਰ ਗੁਰਪ੍ਰਤਾਪ ਸੂਰਜ ਵਿੱਚ ਭਾਈ ਸੰਤੋਖ ਸਿੰਘ ਜੀ ਨੇ ਬਿਸ਼ਨ ਸਿੰਘ ਹੀ ਲਿਖਿਆ ਹੈ।

ਜੈਂਹ ਕਾਮਰੂ ਦੇਸ।
ਇਹੁ ਸੁਨਿ ਜਹਿਂ ਤਹਿਂ ਤੈ ਅਏ,
ਗੁਰੁ ਢਿਗ ਸਿੱਖ ਬਿਸੇਸ ॥ ੧੦੨ ॥

ਨਿਸ਼ਾਨੀ ਛੰਦ:

ਜਥਾ ਸ਼ਕਤਿ ਸਬਿ ਭੇਟ ਦੈ,
ਬਿਨਤੀ ਬਹੁ ਕਰਹੀਂ।

ਸ਼ੀਘ੍ਰ ਗੁਰੁ ਫਿਰ ਆਈਓ,
ਹਮ ਪਿਖਿ ਭਵ[1] ਤਰਹੀਂ।
ਗੁਰੂ ਜਥੋਚਿਤ[1] ਧੀਰ ਦੈ,
ਸਬਿ ਕੋ ਮਨ ਪ੍ਰੇਰੈਂ।
ਕਹੈਂ ਆਇ ਹੈਂ ਹਮ ਪੁਨਾ,
ਕਰਿ ਸੈਲ ਬਧੇਰੈਂ ॥ ੧੦੩ ॥
ਆਦਿ ਗੁਰੂ ਜਹਿਂ ਜਹਿਂ ਗਏ,
ਜਨ ਸਿੱਖ ਬਨਾਏ।
ਨਹਿਂ ਪੰਜਾਬ ਪੁਗ ਸਕੇ[1] ਸੋ,
ਚਹਿਂ ਗੁਰੁ ਦਰਸਾਏ।
ਬ੍ਰਿਧਾ ਸਿੱਖ ਸਿੱਖਨੀ ਘਨੇ,
ਗੁਰੁ ਭਗਤ ਪ੍ਰੇਮੀ।
ਕਰੈਂ ਪ੍ਰਤੀਖਨ[1] ਅਤੀ ਸੋ,
ਧਰਿ ਧਜ਼ਾਨ ਸਨੇਮੀ ॥ ੧੦੪ ॥
ਸੰਚਿ ਬਿਬਿਧ ਵਥ[1] ਰਖੀ ਹੈਂ,
ਹਿਤ ਭੇਟਾ ਦੈਨੇ।
ਕਰਤਿ ਮਨੋਰਥ ਗੁਰੂ ਕੋ,
ਕਬਿ ਨਿਰਖੈਂ ਨੈਨੇ[1]।
ਇਹੁ ਸੁਨਿ ਸੰਗਤ ਨੈ ਪੁਨਾ,
ਧੰਨ ਧੰਨ ਗੁਰੁ ਭਾਖਾ।
ਹਮ ਸਮ ਸਬਿ ਕੀ ਚਹਿਤ ਹੈਂ,
ਭਰਨੀ ਅਭਿਲਾਖਾ[1] ॥ ੧੦੫ ॥
ਪੈ ਇਕ ਹਮ ਸਬਿ ਪਰ ਕਰੋ,
ਉਪਕਾਰ ਬਡੇਰਾ।
ਮਾਤਾ ਯੁਤ ਈਹਾਂ ਰਹੇ,
ਰਾਵਰ ਸਬਿ ਡੇਰਾ।
ਏਸ ਆਸ ਵਸ ਹਮ ਜੀਐਂ,
ਅਰ ਸੇਵ ਕਮੈ ਹੈਂ।
ਸਮਝਿ ਭਵਿੱਖਤ[1] ਸਤਿਗੁਰੂ,
ਭਾਖਜੋ ਇਮਿ ਹ੍ਵੈ ਹੈ ॥ ੧੦੬ ॥

[1]ਸੰਸਾਰ ਸਮੁੰਦਰ ਤੋਂ।
[1]ਜਿਸ ਤਰ੍ਹਾਂ ਦਾ ਕੋਈ ਯੋਗ ਸੀ।
[1]ਪਹੁੰਚ ਸਕੇ।
[1]ਉਡੀਕਦੇ ਹਨ।
[1]ਅਨੇਕ ਤਰ੍ਹਾਂ ਦੀਆਂ ਚੀਜ਼ਾਂ ਇਕੱਠੀਆਂ ਕਰਕੇ।
[1]ਅੱਖਾਂ ਨਾਲ ਦੇਖਾਂਗੇ।
[1]ਇੱਛਾ ਪੂਰੀ ਕਰਨੀ।
[1]ਆਉਣ ਵਾਲਾ ਸਮਾਂ।

ਸੁਨਿ ਧੀਰਜ ਮੁਦ ਸਬਿ ਭਏ,
ਪੁਨ ਮਾਤਾ ਆਈ।
ਕਹਜੋ ਪੁੱਤ੍ਰ ਅਬਿ ਲੌ ਕਬੀ,
ਨਹਿਂ ਮੈਂ ਬਿਲਗਾਈ[1]। [1]ਮੈਂ ਵਿਛੜੀ ਨਹੀਂ।
ਦੇਖਿ ਦੇਖਿ ਤੁਹਿ ਜੀਵਹੌਂ,
ਸੁਖ ਲੈਹੋਂ ਭੂਰੀ[1]। [1]ਬਹੁਤੇ।
ਅਬਿ ਈਹਾਂ ਮੁਹਿ ਛੋਡਿ ਕੈ,
ਜਾਨੋ ਚਹਿਂ ਦੂਰੀ ॥੧੦੭॥
ਦਿਨ ਹਮਰੇ ਕਿਮ ਕਟੇਂਗੇ,
ਤੁਮ ਕਬਿ ਲੌ ਐਹੈਂ[1]। [1]ਆਉਗੇ।
ਕਹਜੋ ਗੁਰੂ ਸੁਨਿ ਮਾਤ ਜੀ,
ਹਮ ਚਿਰ ਨ ਲਗੈਹੈਂ।
ਅਰੁ ਸੁਖ ਸੋਂ ਦਿਨ ਕਟੇਂਗੇ,
ਤੁਮਰੇ ਸਬਿ ਮਾਨੋ।
ਸਿੱਖ ਉਡੀਕਤਿ ਬਹੁ ਮੁਝੈ,
ਤਹਿਂ ਪਰ ਹੈ ਜਾਨੋ ॥੧੦੮॥
ਪੁਨਾ ਨਿਸਾ ਮੈਂ ਜਬਿ ਗੁਰੂ,
ਪੌਢੇ ਪ੍ਰਯੰਕੈ[1]। [1]ਪਲੰਗ ਉਪਰ ਬਿਰਾਜੇ।
ਸ੍ਰੀ ਗੁਜਰੀ ਜੀ ਕਰਤਿ ਭੀ,
ਪਗ ਸੇਵ ਨਿਸੰਕੈ।
ਲਰਜ਼ ਗਰਜ਼ ਯੁਤ[1] ਅਰਜ਼ ਯੌਂ, [1]ਕੰਬ ਕੇ ਇੱਛਾ ਸਹਿਤ।
ਤਬਿ ਉਨੈਂ ਬਖਾਨੀ।
ਕੀਨੋ ਆਪ ਸੰਕਲਪ ਜੋ,
ਦਾਸਨਿ ਸੁਖ ਦਾਨੀ ॥੧੦੯॥
ਰਾਵਰ ਕੇ ਚਰਨਾਂ ਵਿਖੇ,
ਜੋ ਸੁਖ ਹੈ ਮੋਹੀ।
ਤੀਨ ਲੋਕ ਕੀ ਬਿਭੌ ਤੈਂ[1] [1]ਬਿਭੂਤੀ (ਸਮੱਗ੍ਰੀ) ਨਾਲ।
ਸੋ ਨਹਿ, ਤੁਵ ਦੋਹੀ[1]। [1]ਤੁਹਾਡੇ ਅੱਗੇ ਪੁਕਾਰ ਹੈ।
ਤੀਰਥਨ ਕੋ ਤੀਰਥ[1] ਕਰੈਂ, [1]ਪਵਿੱਤ੍ਰ।
ਪਗ ਪੰਕਜ ਥਾਰੇ[1]। [1]ਤੁਹਾਡੇ ਚਰਨ ਕੰਵਲ।

ਧੇਨ ਕਾਮ[1] ਮਨਿ[2] ਸੁਰਤਰੂ[3],
ਹਮ ਇਨਿ ਪਰ ਵਾਰੇ ॥੧੧੦॥
ਚਰਨ ਧਰਨ[1] ਚਹਿਹੋ ਜਹਾਂ,
ਵਹਿ ਧਰਨਿ[1] ਸੁਭਾਗੀ।
ਮਮ ਕਿਮ ਜੀਵਨ ਹੋਇਗੋ,
ਤੁਮ ਚਲੇ ਤਿਆਗੀ।
ਰਾਂਕਾ ਪਤਿ[1] ਕੇ ਬਿਨ ਪਿਖੇ,
ਜਸੋਂ ਕੁਮਦਿ[1] ਚਕੋਰੀ।
ਕੋਕ[1] ਕੌਲ ਬਿਨਰਵਿ[2] ਪਿਖੇ,
ਸੋ ਗਤਿ ਰਹਿ ਮੋਰੀ ॥੧੧੧॥
ਧੀਰ ਦਿਲਾਸਾ ਬਹੁ ਦਯੋ,
ਗੁਰੁ ਇਮ ਸੁਨ ਕਰਿ ਕੈ।
ਤੌ ਭੀ ਦ੍ਰਿਗ ਜਲ ਜਾਤ ਤੈ[1],
ਜਲ ਜਾਤਿ ਨਿਹਰ ਕੈ[1]।
ਕਹਯੋ ਸਭਾਗੀ ਉਨਮਨੀ[1]
ਤੂੰ ਕਯੋਂ ਮਨ ਮੈਂਹੈਂ[1]।
ਮਮ ਗੁਰੁ ਪਿਤਾ ਜੁ ਹੈ ਕਹਯੋ,
ਸੋ ਅਬਿ ਸਫਲੈ ਹੈ[1] ॥੧੧੨॥
ਰਵਿ ਸਮ ਸੁਤ ਤੁਮਰੇ ਭਵੈ[1],
ਤੁਹਿ ਜਗ ਬਿਦਤੈ ਹੈ[1]।
ਕਰੈ ਉਜਯਾਰੀ[1] ਗੁਰੁ ਕੁਲੈਂ,
ਦਰਿ ਨ੍ਰਿਪ ਝੁਕੈ ਹੈ[1]।
ਹਮ ਭੀ ਸਿੱਖਨਿ ਕਾਮਨਾ,
ਪੂਰਨ ਕਰਿ ਐਹੈਂ।
ਰਹੋ ਇਹਾਂ ਸੁਖ ਸੋਂ,
ਭਵੈ ਬਡ ਲਾਭ ਤੁਮੈਂ ਹੈ ॥੧੧੩॥
ਪਤਿ ਕੇ ਬਰ ਅਤਿ ਮੋਦਦਾ[1]

[1]ਕਾਮਨਾ ਪੂਰੀਆਂ ਕਰਨ ਵਾਲੀ ਕਾਮਧੇਨ ਨਾਮ ਦੀ ਗਊ। [2]ਚਿਤਵਣੀਆਂ ਪੂਰੀਆਂ ਕਰਨ ਵਾਲੀ ਚਿੰਤਾ ਮਣੀ। [3]ਕਲਪਣਾ ਪੂਰੀਆਂ ਕਰਨ ਵਾਲਾ ਦੇਵਤਿਆਂ ਦਾ ਬ੍ਰਿੱਛ, (ਅ) ਕਲਪ ਨਾਮ ਦਾ ਬ੍ਰਿੱਛ।

[1]ਰੱਖਣਾ।

[1]ਧਰਤੀ।

[1]ਪੂੰਨਿਆਂ ਦਾ ਚੰਦ।

[1]ਰਾਤ ਨੂੰ ਖਿੜਨ ਵਾਲੇ ਫੁੱਲ ਦਾ ਬੂਟਾ, ਕਮੀ।

[1]ਚਕਵਾ। [2]ਸੂਰਜ।

[1]ਕੰਵਲਾਂ ਵਰਗੇ ਨੇਤ੍ਰਾਂ ਤੋਂ।

[1]ਪਾਣੀ ਜਾਂਦਾ ਵੇਖ ਕੇ।

[1]ਉਦਾਸ।

[1]ਮਨ ਵਿੱਚ।

[1]ਹੁਣ ਸਫ਼ਲਾ ਹੋਵੇਗਾ।

[1]ਹੋਵੇਗਾ।

[1]ਪ੍ਰਗਟ ਕਰੇਗਾ।

[1]ਚਮਕਾਵੇਗਾ।

[1](ਆਪਣੇ) ਬੂਹੇ ਤੇ ਰਾਜਿਆਂ ਨੂੰ ਝੁਕਾਵੇਗਾ।

[1]ਬਹੁਤ ਅਨੰਦ ਦੇਣ ਵਾਲੇ।

ਸੁਨਿ ਕਰਿ ਸੁਖ ਮਾਨਾ।
ਦਿਵਸ ਚਢੈ ਗੁਰੁ ਨ੍ਰਿਪ ਸੈਂ,
ਮਿਲਿ ਕੀਨ ਪਯਾਨਾ।
ਜੈਤੇ, ਸਸਿ ਕ੍ਰਿਪਾਲ ਕੋ,
ਘਨ ਸਜਾਮ, ਗੁਲਾਬੈਂ।
ਰਾਮ ਦਜਾਲ, ਮੀਹਾਂ, ਸੁਖੂ,
ਫਕੀਰ ਪੰਜਾਬੈਂ ॥੧੧੪॥
ਡੇਰਾ ਨਿਜ ਸਬਿ ਸੌਂਪ ਕੈ,
ਇਤਜਾਦਿਕ ਤਾਈਂ।
ਅਭਿਨੰਦਨ ਮਹਿਲਾ ਤਈਂ[1],
ਕਰਿ ਬੰਦਨ ਮਾਈ[1]।
ਸਿੱਖ ਸਾਧੁ ਭਟ ਸੇਵਕੈਂ,
ਕੁਛ ਸੰਗ ਲਵਾਏ[1]।
ਚਢੇ ਬਾਜ ਪੈ[1] ਸਤਿਗੁਰੂ,
ਨ੍ਰਿਪ ਸੈਨ ਸੰਗਾਏ[1] ॥੧੧੫॥
ਚਲੇ ਦੀਹ ਦੁੰਦਭਿ[1] ਬਜੇ,
ਭੇ ਸਗਨ ਉਦਾਰੈਂ।
ਬਾਤ ਕਰਤ ਨ੍ਰਿਪ ਜਾਤ ਹੈ,
ਮਗਿ ਗੁਰੂ ਸੰਗਾਰੈਂ।
ਮਗਰ ਸੈਨ ਚਤੁਰੰਗਨੀ[1],
ਚਢਿ ਚਲੀ ਅਪਾਰੀ।
ਹਾਲਚਾਲ[1] ਸਬਿ ਦੇਸ ਮੈਂ,
ਪਰਗੋ ਬਡ ਭਾਰੀ ॥੧੧੬॥
ਉਤਰ ਪੰਜ ਸਤ ਕੋਸ ਪੈ,
ਫਜਰੇ[1] ਉਠਿ ਚਾਲੈਂ।
ਤੰਬੂ ਗੁਰੁ ਕਾ ਨ੍ਰਿਪ ਤੈ,
ਬਡ ਲਗੈ ਨਿਰਾਲੈਂ।
ਚਮੂੰ[1] ਚੁਫੇਰੇ ਉਤਰ ਹੈ,
ਫੌਜੀ ਸਰਦਾਰੂ।

[1]ਮਾਤਾ ਗੂਜਰੀ ਜੀ ਨੂੰ ਸੰਤੋਖ ਦੇ ਕੇ।
[1]ਮਾਤਾ ਨਾਨਕੀ ਜੀ ਨੂੰ।
[1]ਨਾਲ ਲੈ ਲਏ।
[1]ਘੋੜੇ ਉੱਪਰ।
[1]ਰਾਜੇ ਦੀ ਫ਼ੌਜ ਨਾਲ।
[1]ਵੱਡੇ ਧੌਂਸੇ।
[1]ਚਾਰ ਤਰ੍ਹਾਂ ਦੀ ਫ਼ੌਜ (ਹਾਥੀਆਂ, ਰੱਥਾਂ, ਘੋੜਿਆਂ ਦੀ ਅਤੇ ਪੈਦਲ)।
[1]ਡੰਡਰੌਲਾ।
[1]ਸਵੇਰੇ।
[1]ਫ਼ੌਜ।

ਸੰਗਤ ਕਰਿ ਬਹੁ ਗੁਰੂ ਕੀ,
ਹੋਏ ਸਿੱਖ ਚਾਰੂ[1] ॥੧੧੭॥
[1]ਚੰਗੇ ਸਿੱਖ।

ਮਰਨੇ ਤੈ ਡਰ ਸਬੀ ਕੋ,
ਵੈਰਾਗ ਉਪਜਾਯੋ।
ਚਾਹਤ ਐਸੇ ਵਕਤ ਮੈਂ,
ਗੁਰੁ ਹੋਇ ਸਹਾਯੋ।
ਸਨੇ ਸਨੇ[1] ਮੁੰਗੇਰ[2] ਮੈਂ,
[1]ਹੌਲੀ ਹੌਲੀ। [2]ਬੰਗਾਲ ਪ੍ਰਾਂਤ ਦਾ ਮੁਨਿ ਗਿਰ ਨਾਮ ਦਾ ਇਕ ਸ਼ਹਿਰ।

ਪਹੁੰਚੇ ਜਬਿ ਜਾਈ।
ਗੰਗਾ ਤਟ ਸਤਿਗੁਰੁ ਥਿਰੇ,
ਸੰਗਤ ਸੁਨਿ ਆਈ ॥੧੧੮॥
ਜੋ ਜੋ ਜਿਸ ਕਿਸ ਕਾਂਖਜੋ[1]
[1]ਇੱਛਾ ਕੀਤੀ, ਚਾਹਿਆ।

ਗੁਰੁ ਹਿਤ ਸੋਂ ਦੀਨਾ।
ਪੂਰ ਕਾਮਾ ਸਿੱਖਨਿ ਕੀ,
ਮਗ ਆਗੇ ਲੀਨਾ।
ਨ੍ਰਿਪ ਸੈਨਾ ਤੈ ਪੁਨ ਗੁਰੂ,
ਨਜਾਰੇ ਹ੍ਵੈ ਚਾਲੇ।
ਉੱਤ੍ਰੇ ਸਾਹਿਬ ਗੰਜ[1] ਮੈਂ,
[1]ਸ਼ਹਿਰ।

ਧਰਿ ਮੋਦ ਬਿਸਾਲੇ ॥੧੧੯॥
ਸੰਗਤ ਨੇ ਪੂਜਨ ਕਰੇ,
ਦਿਨ ਦੋਇ ਰਹਾਏ।
ਭਾਗਲਪੁਰ ਮੈਂ ਜਾਇ ਕੈ,
ਬਹੁ ਦਾਸ ਤਰਾਏ।
ਕਹਿਲ ਗਾਉਂ ਮੈਂ ਥਿਰਿ ਪੁਨਾ,
ਲੱਛਮੀ ਪੁਰ ਬਾਸੇ।
ਕੰਤ ਨੱਗਰ ਸੇਵਾ ਕਰੀ,
ਲਖਿ ਕੰਤ ਸੁ ਖਾਸੈਂ[1] ॥੧੨੦॥
[1]ਆਪਣੇ ਚੰਗੇ ਮਾਲਕ ਜਾਣ ਕੇ।

ਰਾਜ ਮਹਿਲ ਬਾਹਰ ਥਿਰੇ,
ਸੁਨਿ ਸੰਗਤ ਸਾਰੀ।
ਆਠ ਪਹਿਰ ਮਿਲਨੇ ਹਿਤੈ,

ਨਹਿਂ ਭਈ ਤਜਾਰੀ।
ਗੁਰੁ ਦੂਸਰ ਦਿਨ ਚਲ ਪਰੇ,
ਪਾਛੇ ਸਿੱਖ ਆਏ।
ਨਹਿਂ ਦਰਸ਼ਨ ਉਨ ਕੋ ਭਯੋ,
ਬਿਨ ਭਾਗ ਰਹਾਏ ॥ ੧੨੧ ॥
ਗੁਰੁ ਮਖਸੂਦਾ ਵਾਦ ਮੈਂ,
ਹ੍ਵੈ ਗੰਗਾ ਪਾਰੈਂ।
ਥਿਰੇ ਕਿਨਾਰੇ ਗੰਗ ਕੇ,
ਸਿੱਖ ਮਿਲੇ ਅਪਾਰੈਂ।
ਬਨਿਤਿ ਪਟੰਬਰ[1] ਬਹੁ ਵਹਾਂ[2],
ਸੋ ਭੇਟ ਚਢਾਈ।
ਚਾਰ ਪਦਾਰਥ ਗੁਰੁ ਦਏ,
ਆਸੀਸ ਅਲਾਈ ॥ ੧੨੨ ॥
ਲੱਲੂ ਨਾਮ ਸੁਨਾਰ ਕੇ,
ਪਿਤ ਕੋ ਸੁਤ ਬਖਸ਼ੇ।
ਪਟਨੇ ਮੈਂ ਜੋ ਆਜ ਲੌ,
ਸੇਵਾ ਬਡ ਰਖਸੇ[1]।
ਤਹਿਂ ਤੈ ਚਲ ਕਰਿ ਮਾਲਦੇ[1],
ਉੱਤ੍ਰੇ ਸੁਖਦਾਨੀ।
ਇਕ ਹਲਵਾਈ ਸਿੱਖ ਨੈ,
ਬਡ ਸੇਵਾ ਠਾਨੀ ॥ ੧੨੩ ॥
ਅੰਬ ਇਹਾਂ ਕੇ ਬਿਦਤ ਹੈਂ,
ਬਹੁ ਮੁਲਕ ਮਝਾਰੇ।
ਬਾਗ ਆਦਿ ਗੁਰੁ[1] ਕਾ ਤਹਾਂ,
ਬਡ ਆਹਿ ਉਦਾਰੇ।
ਰੰਗ ਪੁਰੇ ਮੈਂ ਠਹਿਰ ਕੇ,
ਗੁਰੁ ਢਾਕਾ ਹੇਰਾ।
ਮਿਲਜੋ ਬੁਲਾਕੀ ਦਾਸ ਆ,
ਮਾਸੰਦ ਬਡੇਰਾ ॥ ੧੨੪ ॥
ਬ੍ਰਿਧਾ ਮਾਈ ਤਾਂਹਿ ਕੀ,

[1]ਰੇਸ਼ਮੀ ਕਪੜੇ। [2]ਓਥੇ।

[1]ਵੱਡੀ ਸੇਵਾਰੱਖਦੇ ਭਾਵ ਕਰਦੇ ਹਨ।

[1]ਸ਼ਹਿਰ ਦਾ ਨਾਮ।

[1]ਸ੍ਰੀ ਗੁਰੂ ਨਾਨਕ ਦੇਵ ਜੀ ਦਾ।

ਥੀ ਭਗਤ ਮਹਾਯੋ[1]। [1]ਵੱਡੀ ਭਗਤਣੀ ਸੀ।
ਸੂਤ ਕਾਤ ਨਿਜ ਹਾਥ ਤੈ,
ਸੁਚ ਬਸਨ[1] ਰਖਾਯੋ। [1]ਪਵਿੱਤ੍ਰ (ਅਣ-ਲੱਗ) ਬਸਤ੍ਰ।
ਪਲਂਘ ਸ੍ਰੀ ਗੁਰੁ ਆਦਿ ਕਾ
ਘਰ ਮਾਂਹਿ ਰਖਾਯੋ।
ਧੂਪ ਦੀਪ ਫੁਲ ਗੰਧਿ ਸੋਂ[1], [1]ਸੁਗੰਧੀ ਨਾਲ।
ਪੂਜੈ ਧਰਿ ਭਾਯੋ[1] ॥ ੧੨੫ ॥ [1]ਸ਼ਰਧਾ ਧਾਰ ਕੇ।
ਅੰਤ੍ਰਯਾਮੀ ਗੁਰੂ ਕਾ,
ਨਿਤ ਧਯਾਨ ਸੁ ਧਰ ਹੈ।
ਕਹੈ ਕਬੀ ਤੋ ਆਇ ਕੈ,
ਬੈਠੈਂ ਇਸ ਪਰ ਹੈਂ।
ਪਹਰੈਂ ਮੇਰੇ ਹਾਥ ਕਾ,
ਇਹੁ ਬਸਨ ਸੁਹਾਵੋ।
ਜਨਮ ਸਫਲ ਤਬਿ ਹੋਇਗਾ,
ਜਬਿ ਦਰਸਨ ਪਾਵੋਂ ॥ ੧੨੬ ॥
ਆਸ ਤੋਸ[1] ਦਾਸਨ ਗੁਰੂ, [1]ਆਸਾਂ ਪੂਰੀਆਂ ਕਰਨ ਵਾਲੇ।
ਘਰ ਤਾਂਹਿ ਪਧਾਰੇ[1]। [1]ਚਲੇ ਗਏ।
ਪਿਖਿ ਸ਼ੀਘਰ ਗੁਰੁ ਪਗ ਗਹੇ,
ਤਨ ਮਨ ਦਿਯ ਵਾਰੇ।
ਪਲਂਘ ਸਜਾਇ ਜੁ ਰਖਜੋ ਥਾ,
ਤਿਸ ਪਰ ਬੈਠਾਰੇ।
ਪਹਿਰਾਯੋ ਗੁਰੁ ਕੇ ਤਈਂ,
ਸੋ ਬਸਨ ਉਦਾਗੇ ॥ ੧੨੭ ॥
ਚਰਨ ਧੋਇ ਛਕਿ ਸੀਸ ਪਾ,
ਘਰ ਮੈਂ ਛਿਟਕਾਯੋ।
ਗਦ ਗਦ ਗਿਰਾ ਰੋਮਾਂਚ ਭਾ[1], [1]ਕੰਠਰੁਕ ਗਿਆ ਤੇਰੋਮ ਖੜੇ ਹੋ ਗਏ।
ਅਤਿ ਪ੍ਰੇਮ ਬਢਾਯੋ।
ਤਨ ਮਨ ਧਨ ਸੁਧ ਭੂਲਗੀ,
ਗੁਰੁ ਪਗ ਅਨੁਰਾਗੀ[1]। [1]ਚਰਨਾਂ ਦੀ ਪ੍ਰੇਮਣ ਹੋ ਗਈ।
ਇਕ ਟਕ ਸਸੀ ਚਕੋਰ ਜਜੋਂ,

ਪੇਖਤਿ ਬਡ ਭਾਗੀ ॥੧੨੮॥
ਸ੍ਰੀ ਮੁਖ ਤੇ ਮ੍ਰਿਦੁ[1] ਮਧੁਰ[2] ਰਵ[3],
ਗੁਰੁ ਐਸ ਸੁਨਾਯੋ।
ਖਿਚਯੋ ਤੁਮਾਰੇ ਪ੍ਰੇਮ ਕਾ,
ਮੈਂ ਇਸ ਥਲ ਆਯੋ।
ਤੁਮਰਾ ਭਾਉ ਬਿਲੋਕਬੇ
ਕੋ, ਮਨ ਲਲਚਾਯੋ।
ਭਾਵਤ ਬਰ[1] ਅਬਿ ਮਾਂਗ ਲੈ,
ਹਮ ਖੁਸ਼ ਹ੍ਵੈ ਗਾਯੋ[1] ॥੧੨੯॥
ਸੁਨਿ ਬ੍ਰਿਧਾ ਅਤਿ ਦੀਨ ਹ੍ਵੈ,
ਬੋਲੀ ਕਰ ਜੋਰੀ।
ਨਿਤ ਦਰਸ਼ਨ ਤੁਮਰਾ ਭਵੈ,
ਨਹਿਂ ਚਾਹੋਂ ਹੋਰੀ।
ਅਦਭੁਤ ਬਾਨੀ[1] ਸੁਨਿ ਗੁਰੂ,
ਪਿਖਿ ਪ੍ਰੇਮ ਬਿਸਾਲਾ।
ਦੁਰਲਭ ਬਰ ਜਾਚਨ ਕਰਜੋ[1],
ਬੋਲੇ ਕਿਰਪਾਲਾ ॥੧੩੦॥
ਕਰਿ ਇਸ਼ਨਾਨ ਔ ਧਜਾਨ ਜੌ,
ਧਰਿ ਹੈਂ ਤੂੰ ਏਵੀ।
ਆਇ ਦਰਸ ਹਮ ਦੈਂਹਗੇ,
ਤਬਿ ਤੁਮ ਕੋ ਦੇਵੀ।
ਬਸ ਪ੍ਰੇਮ ਕੇ ਹਮ ਸਦਾ,
ਹੈ ਬ੍ਰਿਦ[1] ਹਮਾਰਾ।
ਕਰਿ ਨਿਹਾਲ ਤਿਸ ਕੋ ਗੁਰੂ,
ਭਵ ਸਿੰਧ ਉਧਾਰਾ ॥੧੩੧॥
ਧੰਨ ਸਿਖੀ ਧੰਨ ਸਤਿਗੁਰੂ
ਧੰਨ ਪ੍ਰੇਮ ਉਦਾਰੈ।
ਗਜਾਨ ਸਿੰਘ ਬਲਿਹਾਰਨੈ,
ਹ੍ਵੈ ਬਾਰੰ ਬਾਰੈ ॥੧੩੨॥
ਦੋਹਰਾ:

[1]ਕੋਮਲ। [2]ਮਿੱਠੀ। [3]ਬਾਣੀ।

[1]ਮਨ ਭਾਉਂਦਾ ਵਰ।

[1]ਕਿਹਾ ਹੈ।

[1]ਅਸਚਰਜ ਬਚਨ।

[1]ਔਖ ਨਾਲ ਮਿਲਣ ਵਾਲਾ ਵਰ ਮੰਗਿਆ ਹੈ।

[1]ਧਰਮ, ਸੁਭਾਵ।

ਖਾਨ ਪਾਨ ਸਬਿਧਾਨ[1] ਕਰਿ, [1]ਮਰਯਾਦਾ ਅਨੁਸਾਰ।
ਪੌਢੇ ਗੁਰੁ ਪ੍ਰਯੰਕ।
ਪਿਖਿ ਅਵਕਾਸ[1] ਅਰਾਮ ਕਿਯ, [1]ਵਿਹਲ।
ਅਬਿ ਬਿਸ੍ਰਾਮ ਨਿਸੰਕ ॥ ੧੩੩ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਨੌਮ ਗੁਰੂ ਕਾ ਢਾਕੇ ਜਾਵਨ' ਪ੍ਰਸੰਗ ਬਰਨਨੰ ਨਾਮ ਪੈਂਤੀਸਮੋਂ ਬਿਸ੍ਰਾਮ ॥ ੩੫ ॥

੩੬. {ਕਾਮਰੂਪ ਤੇ ਆਸਾਮ ਦੇਸ ਦਾ ਉਧਾਰ}

ਸ੍ਵੈਯਾ:

ਜਿਨਿ ਕੇ ਸੁਨਿ ਬੈਨ ਭਵੈ ਉਰਿ ਚੈਨ,
ਰਹੈ ਕੁਛ ਭੈ ਨ ਜਮੈਂ ਜਨ ਕੋ[1]।

[1]ਜਿਨ੍ਹਾਂ (ਸਤਿਗੁਰਾਂ) ਦੇ ਬਚਨ ਸੁਣ ਕੇ (ਦਾਸਾਂ ਦੇ) ਹਿਰਦੇ ਵਿੱਚ ਸ਼ਾਂਤੀ ਹੋ ਜਾਂਦੀ ਹੈ ਤੇ ਜਮਾਂ ਦਾ ਕੋਈ ਭੈ ਨਹੀਂ ਰਹਿੰਦਾ।

ਜਨ ਕੋ ਨਰ ਹੈ ਨਿਜ ਗਜਾਨ ਲਹੈ,
ਤਿਨ ਤਾਪ ਦਹੈਂ ਤਿਨ ਹੂੰ ਤਨ ਕੋ[1]।

[1](ਉਸ ਦੇ ਹਿਰਦੇ ਅੰਦਰ) (ਜਨ) ਸੰਸਾ ਕੋਈ ਨਹੀਂ ਰਹਿੰਦਾ ਆਪਣੇ ਸਰੂਪ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ (ਇਉਂ) ਤਿੰਨਾਂ ਹੀ ਸ਼ਰੀਰਾਂ (ਸਥੂਲ, ਸੂਖਮ, ਕਾਰਨ) ਦੇ ਤਿੰਨੇ ਤਾਪ ਸੜ ਜਾਂਦੇ ਹਨ।

ਤਨ ਕੋ ਸਮ ਤੁੱਛ ਤਿਲੋਕ ਬਿਲੋਕ,
ਬਿਸੋਕ ਭਵੈ ਦਹਿ ਸੋਕਨ ਕੋ[1]।

[1]ਤਿੰਨਾਂ ਲੋਕਾਂ ਨੂੰ (ਤਨਕੋ) ਕੱਖ ਵਾਂਗ ਤੁੱਛ ਵੇਖ ਕੇ ਸੋਗਾਂ ਨੂੰ ਸਾੜ ਕੇ ਅਨੰਦ ਹੋ ਜਾਂਦਾ ਹੈ।

ਕਨ ਕੋ ਗੁਰੁ ਮੇਰੁ ਕਰੈਂ ਹਰਿ ਗਜਾਨ,
ਧਿਆਨ ਧਰੈ ਗੁਰੁ ਅਰਜਨ ਕੋ[1] ॥੧॥

[1]ਐਸੇ (ਸਤਿਗੁਰੂ) ਸ੍ਰੀ ਗੁਰੂ ਅਰਜਨ ਦੇਵ (ਜੀ ਮਹਾਰਾਜ) ਦਾ ਜੋ ਧਿਆਨ ਕਰਦਾ ਹੈ, ਗਿਆਨ ਸਿੰਘ (ਕਹਿੰਦਾ ਹੈ ਕਿ ਉਸ ਨੂੰ) ਗੁਰੂ ਜੀ ਕਿਣਕੇ ਤੋਂ ਸੁਮੇਰ (ਪਰਬਤ) ਬਣਾ ਦੇਂਦੇ ਹਨ।

ਦੋਹਰਾ:

ਪੂਰਬ ਤੈ ਜਿਮ ਨੌਮ ਗੁਰੁ,
ਫਿਰ ਅਨੰਦ ਪੁਰ ਆਇਂ*।

*ਇਸ ੩੬ ਨੰ: ਬਿਸ੍ਰਾਮ ਵਿੱਚ ਗੁਰੂ ਜੀ ਢਾਕੇ ਤੋਂ ਕਾਮਰੂਪ ਤੇ ਆਸਾਮ ਹੀ ਪਹੁੰਚਣਗੇ, ਵਾਪਸ ਅਨੰਦ ਪੁਰ ਆਉਣ ਦਾ ਪ੍ਰਸੰਗ ਅਗਲੇ ਭਾਵ ੩੭ਵੇਂ ਬਿਸ੍ਰਾਮ ਵਿੱਚ ਆਵੇਗਾ। ਹੋ ਸਕਦਾ ਹੈ ਕਿ ਇਹ ਬਿਸ੍ਰਾਮ ਅਰੰਭ ਕਰਨ ਸਮੇਂ ਕਵੀ ਜੀ ਦਾ ਵਿਚਾਰ ਇਸ ਸਾਰੇ ਪ੍ਰਸੰਗ ਨੂੰ ਇਕੋ ਬਿਸ੍ਰਾਮ ਵਿੱਚ ਮੁਕਾਉਣ ਦਾ ਹੋਵੇ ਪਰ ਬਾਅਦ ਵਿੱਚ ਦੋ ਬਿਸ੍ਰਾਮ ਬਣਾ ਦਿਤੇ ਹੋਣ ਤੇ ਇਸ ਥਾਂ ਤੇ ਸੁਧਾਈ ਕਰਨੀ ਭੁੱਲ ਗਏ ਹੋਣ।

ਸੋ ਗਾਥਾ ਇਸ ਧਜਾਯ ਤੈ
ਸੰਤ ਸੁਨੋ ਮਨ ਲਾਇ ॥੨॥

ਚੌਪਈ:

ਸਤਿਗੁਰੂ ਢਾਕੇ ਸ਼ਹਰ ਥਿਰਾਏ।
ਸੁਨਿ ਗੁਰੁ ਸਿੱਖ ਸਬੈ ਚਲਿ ਆਏ।
ਗਾਵਤਿ ਸ਼ਬਦ ਬਜਾਵਤਿ ਬਾਜੇ।
ਮੰਗਲ ਮਯ[1] ਸਮਾਨ ਸਬਿ ਸਾਜੇ ॥੩॥

[1]ਖ਼ੁਸ਼ੀਆਂ ਦੇ।

ਤੋਰਨ[1] ਬੰਦਨ ਵਾਰ[2] ਪਤਾਕਾ[3]।

[1]ਖ਼ੁਸ਼ੀ ਸਮੇਂ ਕਿਸੇ ਸੁਆਗਤ ਲਈ ਫੁੱਲ ਪੱਤਿਆਂ ਦਾ ਬਣਾਇਆ ਹੋਇਆ ਦਰਵਾਜ਼ਾ। [2]ਫੁੱਲ ਅਤੇ ਪੱਤੇ ਆਦਿ ਦੀ ਮਾਲਾ ਜੋ ਦਰਵਾਜ਼ੇ ਉੱਪਰ ਸ਼ੋਭਾ ਲਈ ਖ਼ੁਸ਼ੀ ਸਮੇਂ ਲਟਕਾਈ ਜਾਵੇ। [3]ਝੰਡੀਆਂ।

ਨਗਰ ਸਜਾਯੋ ਸਭਿ ਨਿਜ ਬਾਂਕਾ[1]।
[1]ਸੁੰਦਰ।

ਪਾਵਨ[1] ਪਰਮ ਪ੍ਰੇਮ ਪੁਰੈ ਕੈ[2]।
[1]ਪਵਿੱਤ੍ਰ। [2]ਭਰ ਕੇ।

ਅਰਪੈਂ ਅਨਿਕ ਅਕੋਰ[1] ਅਨੈ ਕੈ[2] ॥ ੪ ॥
[1]ਭੇਟਾਵਾਂ। [2]ਲਿਆ ਕੇ।

ਬੰਦੈਂ ਬਿਬਿਧਾ[1] ਬਿਨੈ[2] ਬਖਾਨੈਂ।
[1]ਅਨੇਕ ਢੰਗਾਂ ਨਾਲ ਨਮਸਕਾਰ ਕਰਦੇ ਹਨ। [2]ਬੇਨਤੀਆਂ।

ਪਦ ਪੰਕਜ ਪਰਸੈਂ ਪ੍ਰਮਾਨੈਂ[1]।
[1](ਪ੍ਰਮਾਨੈ) ਪੂਜਣ ਯੋਗ ਚਰਨ ਕੰਵਲਾਂ ਨੂੰ ਛੋਂਹਦੇ ਹਨ।

ਕੁੰਕਮ[1] ਅੱਛਤ[2] ਚੰਦਨ ਚਰਚੈਂ[3]।
[1]ਕੇਸਰ। [2]ਚੌਲ। [3]ਛਿੜਕਦੇ ਹਨ।

ਅਤਰ ਅਲੋਕ[1] ਅਨਕਧਾ ਅਰਚੈਂ[2] ॥ ੫ ॥
[1]ਅਲੌਕਕ, ਅਣੋਖਾ। [2]ਅਨੇਕ ਢੰਗਾਂ ਨਾਲ ਪੂਜਾ ਕਰਦੇ ਹਨ।

ਪੁੰਗੀ[1] ਪਾਨ ਸ੍ਰੀ ਫਲ[2] ਆਦੂ।
[1]ਸੁਪਾਰੀ। [2]ਨਲੇਰ।

ਮੇਵੇ ਮਿਠਿਆਈ ਬਹੁ ਸ੍ਵਾਦੂ।

ਧੂਪ ਦੀਪ ਫੁਲ ਮਾਲ ਭਾਰਤੀ[1]।
[1]ਸ਼ਰਧਾ ਤੇ ਪ੍ਰੀਤੀ ਨਾਲ। (ਅ) ਭਾਰਤੀ ਵੰਸ ਦੇ ਲੋਕ।

ਆਰਤ ਹਰ ਕੀ[1] ਕਰੈਂ ਆਰਤੀ ॥ ੬ ॥
[1]ਦੁੱਖਾਂ ਨੂੰ ਮੇਟਣ ਵਾਲੇ (ਸਤਿਗੁਰਾਂ) ਦੀ।

ਪਢੈਂ ਸ਼ਬਦ ਧਰਿ ਪ੍ਰੇਮ ਮਹਾਹੈਂ।

ਨੈਨਨਿ ਤੈ ਜਲ ਚਲਿ ਪ੍ਰਵਾਹੈਂ।

ਗਦ ਗਦ ਗਿਰਾ[1] ਮਗਨ ਮਨ ਹੋਹੈਂ।
[1]ਕੰਠਰੁਕ ਗਿਆ।

ਪੁਲਕਾਵਲਿ[1] ਚਖ[2] ਇਕ ਟਕ ਜੋਹੈਂ[3] ॥ ੭ ॥
[1]ਰੋਮ ਖੜੇ ਹੋ ਗਏ। [2]ਨੇਤ੍ਰ। [3]ਦੇਖਦੇ ਹਨ।

ਕੇਤਕ ਗੁਰੁ ਮੂਰਤਿ ਉਰਿ ਧਰਿ ਕੈ।

ਪਰੇ ਮਸਤ ਹ੍ਵੈ ਤਨ ਸੁਧ ਹਰ ਕੈ।

ਗੁਰੁ ਕੋ ਪਾਰਬ੍ਰਹਮ ਬਪੁ[1] ਮਾਨੈ।
[1]ਸਰੂਪ।

ਅਹੋ ਭਾਗ[1] ਆਪਨ ਪਹਿਚਾਨੈ ॥ ੮ ॥
[1]ਅਸਚਰਜ ਭਾਗ।

ਗੁਰੁ ਪਿਖਿ ਪ੍ਰੇਮ ਪ੍ਰਸੰਨ ਬਿਸਾਲੈਂ।

ਭਏ, ਕ੍ਰਿਪਾ ਕਰਿ[1] ਕਰੇ ਨਿਹਾਲੈਂ।
[1]ਕਿਰਪਾ ਕਰਕੇ।

ਚਾਰ ਪਦਾਰਥ ਬਖਸ਼ੇ ਭਾਰੀ।

ਜਥਾ ਕਾਮਨਾ ਜਾਂਹਿ ਨਿਹਾਰੀ ॥ ੯ ॥

ਬਡ ਮਸੰਦ ਥਾ ਦਾਸ ਬੁਲਾਕੀ।

ਨੱਥੇ ਸ਼ਾਹ ਸੰਤ ਸੁਚ ਬਾਂਕੀ[1]।
[1]ਸੁੰਦਰ ਪਵਿੱਤ੍ਰਤਾ ਵਾਲਾ।

ਇਨੈਂ ਅਕੋਰ ਬਟੋਰ[1] ਸਭਿਨਿ ਤੈ।
[1]ਭੇਟਾ ਇਕੱਠੀ ਕਰਕੇ।

ਅਰਪੀ ਅੱਗ੍ਰ ਗੁਰੂ ਅਵਨਿ ਤੈ[1] ॥ ੧੦ ॥
ਕਹਜੋ ਗੁਰੂ ਹਮ ਪ੍ਰਸੰਨ ਭਏ।
ਪੇਖਿ ਪ੍ਰੇਮ ਤੁਮਰਾ ਅਧਕਏ।
ਧਰਮਸ਼ਾਲ ਰਚਿ ਸੰਤ ਟਿਕਾਵੋ।
ਕੀਰਤਨ ਕਰੋ ਤਹਾਂ ਸੁਖ ਪਾਵੋ ॥ ੧੧ ॥
ਜੋੜ ਕਰੋ ਪ੍ਰਸ਼ਾਦ ਬ੍ਰਤਾਵੋ।
ਬਾਂਛਿਤ ਫਲ ਸਬਿ ਗੁਰੁ ਤੈ ਪਾਵੋ।
ਮਾਨਿ ਉਨੈ ਧਰਮਸਾਲ ਬਨਾਈ।
ਮਥਰਾ ਪੁਰ ਮੈਂ ਹੈ ਅਬਿ ਤਾਂਈ ॥ ੧੨ ॥
ਦਰਸਨ ਹਿਤ ਗੁਰੁ ਕੀ ਤਸਵੀਰ।
ਚਤਰ ਚਿਤੇਰੇ ਚਿਤ੍ਰ ਸ਼ਰੀਰ[1]।
ਧਰਮਸਾਲ ਕੇ ਵੀਚ ਰਖਾਈ।
ਅਬਿ ਲੌ ਪੂਜਤਿ ਦਰਸਤਿ ਸਾਈ[1] ॥ ੧੩ ॥

[1]ਧਰਤੀ ਉੱਤੇ। (ਅ) ਲਿਆ ਕੇ।

[1]ਚਤੁਰ ਚਿੱਤ੍ਰਕਾਰ ਨੇ ਗੁਰਾਂ ਦੇ ਸ਼ਰੀਰ ਦੀ ਤਸਵੀਰ (ਚਿਤ੍ਰ) ਬਣਾ ਲਈ।

[1]ਉਸ (ਤਸਵੀਰ) ਦਾ।

ਦੋਹਰਾ:
ਬਿਦਾ ਹੋਇ ਉਨਿ ਤੈ ਗੁਰੂ,
ਅਏ ਨ੍ਰਿਪ ਕੇ ਪਾਸ।
ਗੰਗਾ ਮਾਟੀ ਨਗਰ ਢਿਗ,
ਉਤ੍ਰੇ ਸਹ ਦਲ ਖਾਸ[1] ॥ ੧੪ ॥

[1]ਆਪ ਦਲ ਦੇ ਸਹਿਤ।

ਚੌਪਈ:
ਬ੍ਰਹਮਪੁੱਤ੍ਰ ਦਰਜਾਉ ਕਿਨਾਰੇ।
ਥਲ ਉਤੰਗ ਪੈ[1] ਥਿਰੇ ਮੁਰਾਰੇ।
ਮਾਟੀ ਔਰ ਗੁਰੂ ਗਿਰਵਾਈ।
ਊਚਾ ਥਲ ਸੋ ਭਯੋ ਮਹਾਈ ॥ ੧੫ ॥
ਆਦਿ ਗੁਰੂ ਭੀ ਥੇ ਤਹਿਂ ਥਿਰੇ।
ਯਾਹੀ ਤੇ ਗੁਰੁ ਨੌਮ ਉਤਰੇ।
ਬਿਪਲ[1] ਬੰਗੁਲਾ ਗੁਰੁ ਬਨਵਾਯੋ।
ਖਟ ਰਿਤੁ ਸੁਖਦ ਰੁਚਿਰ ਪੁਖਤਾਯੋ[1] ॥ ੧੬ ॥
ਦੂਰ ਦੂਰ ਲੌ ਸੈਨ ਬਿਸਾਲੇ।
ਉਤ੍ਰੇ ਨਦਿ ਤਟ ਭਟ ਥਟਿ ਆਲੇ[1]।

[1]ਉੱਚੀ ਥਾਂ ਉੱਪਰ।

[1]ਖੁੱਲ੍ਹਾ।

[1]ਸੁੰਦਰ ਤੇ ਪੱਕਾ।

[1]ਨਦੀ ਦੇ ਕਿਨਾਰੇ ਸੂਰਮੇ ਘਰ ਬਣਾ ਕੇ ਉੱਤ੍ਰੇ।

ਸ਼ਲਕ[1] ਕਰਾਈ ਨ੍ਰਿਪ ਮਹਾਂਈ। [1]ਬਹੁਤੀਆਂ ਬੰਦੂਕਾਂ ਦਾ ਇਕੱਠਾ ਵਾਰ।
ਦੇਸ ਵੀਚ ਦਿਯ ਹਰਜਲ[1] ਪਾਈ ॥੧੭॥ [1]ਹਲਚਲੀ।
ਭੂਪਤਿ ਦੇਸ ਕਾਮਰੂ ਵਾਰੇ।
ਬਡ ਬਡ ਮੰਤ੍ਰੀ[1] ਸਬੈ ਹਕਾਰੇ[2]। [1]ਮੰਤ੍ਰਾਂ ਨੂੰ ਕਰਨ ਵਾਲੇ। [2]ਸੱਦ ਲਏ।
ਕਹਜੋ ਨ੍ਰਿਪ ਜੋ ਇਹੁ ਚਢਿ ਆਯੋ।
ਪੌਤ੍ਰ ਮਾਨ ਸਿੰਘ ਸੁਨ ਪਾਯੋ ॥੧੮॥
ਨਹਿੰ ਪ੍ਰਤਾਪ ਹਮਰਾ ਇਨਿ ਜਾਨਾ।
ਆਇ ਮ੍ਰਿਤੁ ਕੇ ਮੁਖ ਲਪਟਾਨਾ[1]। [1]ਮੌਤ ਦੇ ਮੂੰਹ ਨੂੰ ਚਿੰਬੜਿਆ ਹੈ।
ਸੋਯੋ ਕੇਹਰ ਇਨੈ ਬੰਗਾਰਾ।
ਅਗਨਿ ਪ੍ਰਜੁਲਤ ਵੀਚ ਕਰ ਡਾਰਾ[1] ॥੧੯॥ [1]ਬਲਦੀ ਅੱਗ ਵਿੱਚ ਹੱਥ ਪਾਇਆ ਹੈ।
ਮਾਨ ਸਿੰਘ ਸੀ[1] ਇਸ ਸੋਂ ਕਰੋਂ। [1]ਵਰਗੀ।
ਪਾਛੇ ਤੁਰਕੇਸਰ ਦਲ ਹਰੋਂ।
ਗੁਰੁ ਸਰਬਗਜ ਘਾਤ[1] ਉਨਿ ਕੇਰੀ। [1]ਦਾਅ, ਸਕੀਮ।
ਸਮਝ ਪੁਨਾ ਭੂਪਤਿ ਸੋਂ ਟੇਰੀ ॥੨੦॥
ਮਮ ਭਰੋਸ ਜੇ ਤੂੰ ਚਢਿ ਆਯੋ।
ਤੌ ਹਮਰਾ ਸਬਿ ਬਚਨ ਕਮਾਯੋ।
ਨਦਿ ਢਿਗ ਤੈ ਦਲ ਦੂਰ ਉਤਾਰੋ।
ਏਕ ਕੋਸ, ਬਿਨ ਦੇਰ ਨਿਹਾਰੋ[1] ॥੨੧॥ [1]ਦੇਖੋ।
ਅਫਸਰ ਤਬਿ ਸਬਿ ਨ੍ਰਿਪ ਬੁਲਾਏ।
ਬਚਨ ਗੁਰੂ ਕਾ ਦਯੋ ਸੁਨਾਏ।
ਕੇਤਕ ਮਾਨ ਦੂਰ ਜਾ ਥਿਰੇ।
ਕਿਤਕ ਅਸ਼ਰਧਕ ਰਹੇ ਸੁ ਪਰੇ[1] ॥੨੨॥ [1](ਉਥੇ ਹੀ) ਪਏ ਰਹੇ।
ਬਹੁ ਤੁਰਕਨਿ ਬਹੁ ਤਰਕ[1] ਉਠਾਈ। [1]ਹੁੱਜਤ।
ਕਹੈਂ ਗੁਰੂ ਮੈਂ ਕਹਾਂ ਸਿਧਾਈ[1]। [1](ਤੁਰਕ) ਕਹਿੰਦੇ ਹਨ ਗੁਰੂ ਵਿੱਚ ਕਿੱਥੇ ਸ਼ਕਤੀ ਹੈ।
ਨ੍ਰਿਪ ਕੋ ਰਾਖਜੋ ਉਨਿ ਬਹਕਾਈ[1]। [1]ਧੋਖੇ ਵਿੱਚ।
ਰਖਜੋ ਹਿੰਦੂਅਨਿ ਗੁਰੂ ਠਰਾਈ ॥੨੩॥
ਨਿਸਾ ਪਰੀ ਜਬਿ ਮੰਤ੍ਰੀ[1] ਆਏ। [1]ਜਾਦੂਗਰ।
ਨਦ ਤਟ ਡਮਰੂ[1] ਢੋਲ ਬਜਾਏ। [1]ਡੌਰੂ।
ਮੰਤ੍ਰ ਕਰਿ ਨਰ ਦੀਨੋ ਬਲੀ।
ਉਛਲਜੋ ਨਦਿ[1] ਦਲ ਦਿਸਿ ਬਿਧਿ ਭਲੀ [1]ਦਰਿਆ।

॥ ੨੪ ॥

ਤੁਰਕ ਹਜਾਰੋਂ ਅਸ੍ਵ ਅਸਵਾਬੂ।
ਚਾਲੇ ਬਹਿ[1] ਜਲ ਅੱਗਰ ਸ਼ਿਤਾਬੂ। [1]ਰੁੜ੍ਹ ਚੱਲੇ।
ਉਮਰਾਵਨਿ ਕੋ ਲੈ ਨ੍ਰਿਪ ਆਯੋ।
ਤ੍ਰਾਹਿ ਤ੍ਰਾਹਿ[1] ਕਰਿ ਪਗ ਲਪਟਾਯੋ ॥ ੨੫ ॥ [1]ਰੱਖਿਆ ਕਰੋਰੱਖਿਆ ਕਰੋ।
ਗੁਰੁ ਲਿਖਿ ਸ਼ਬਦ ਗ੍ਰੰਥ ਗੁਰੁ ਕੇਰੋ।
ਬਜਵਾਯੋ ਧਰਿ ਧੌਂਸ ਉਚੇਰੋ[1]। [1]ਉੱਚੇ ਥਾਂ ਨਗਾਰਾਰੱਖ ਕੇ।
ਧੌਂਸ ਅਵਾਜ ਜਹਾਂ ਲੌ ਗਈ।
ਮੰਤ੍ਰ ਸ਼ਕਤਿ ਉਨਿ ਕੀ ਹਤ ਭਈ ॥ ੨੬ ॥
ਆਇ ਥਾਹਿ[1] ਦਰਯਾਇ ਚਲਾਨਾ। [1]ਹੇਠਾਂ, ਥੱਲੇ।
ਤਬਿ ਸਤਿਗੁਰੁ ਯੌਂ ਬਚਨ ਬਖਾਨਾ।
ਜੋ ਬਹਿ ਗਏ ਸੋ ਜਾਨੋ ਗਏ।
ਬਾਕੀ ਬਚੇ ਨ ਅਬਿ ਕੁਛ ਥਏ[1] ॥ ੨੭ ॥ [1]ਹੁਣ ਕੁਝ ਨਹੀਂ ਹੋ ਸਕੇਗਾ।
ਮੋਹਿ ਭਰੋਸੇ ਤੁਮ ਚਲਿ ਆਏ।
ਕਾਰਜ ਸਿੱਧ ਭਵੈ ਗੁਰੁ ਭਾਏ।
ਕਹਜੋ ਕਮੈਹੋ ਬਿਘਨ ਨ ਪੈਹੈਂ।
ਨਹੀਂ ਤ ਯੌਂ ਹੀ ਫਿਰਿ ਪਛੁਤੈਹੈਂ ॥ ੨੮ ॥
ਪੂਰਨ ਪ੍ਰਭਤਾ ਪ੍ਰਭ ਕੀ ਪੇਖੀ।
ਸਬਿਹਨਿ ਬੰਦੇ ਚਰਨ ਬਿਸੇਖੀ।
ਕਹਜੋ ਭਰੋਸ ਹਮੈ ਬਡ ਆਵਾ।
ਅਬ ਹ੍ਵੈ ਜੀਤ ਰੁ ਪ੍ਰਾਨ ਬਚਾਵਾ ॥ ੨੯ ॥
ਕਜਾ ਕਰਨਾ ਥਾ ਹਮ ਲਰਿ ਇਨਿ ਕਾ।
ਹੁਕਮ ਦਰਯਾਉ ਮਾਨ ਹੈਂ ਜਿਨਿ ਕਾ।
ਰਾਵਰ ਜੇ ਨਹਿ ਹਮੈ ਬਚਾਤੇ।
ਅਬਿ ਹੀ ਸਬਿ ਹੀ ਕਿਤਿ ਰੁੜ੍ਹ ਜਾਤੇ ॥ ੩੦ ॥
ਜਾਇ ਭੂਪ ਉਮਰਾਵਨ ਤਬੈ।
ਜੋ ਥੇ ਬਚੇ ਸੰਭਾਰੇ ਸਬੈ।
ਪੁਨਾ ਕਾਮਰੂ ਪਤੀ ਬਿਸੇਸੈਂ।
ਮੰਤ੍ਰ ਜੰਤ੍ਰ ਕਰਵਏ ਅਸੇਸੈਂ[1] ॥ ੩੧ ॥ [1]ਬਹੁਤੇ। (ਅ) ਸਾਰੇ।
ਮੋਹਨ ਤਾਪਨ ਹਤਨ ਉਚਾਟਨ[1]। [1]ਮੋਹਿਤ ਕਰ ਲੈਣਾ, ਤਪਾਉਣਾ, ਮਾਰ ਦੇਣਾ ਤੇ ਮਨ ਉਖੇੜ

ਦੇਣਾ।

ਗੁਰੁ ਸਮ੍ਰੱਥ ਸਬਿ ਕੀਨੇ ਹਾਟਨ[1]। [1]ਹਟਾ ਦਿਤੇ, ਅਸਫ਼ਲ ਕਰ ਦਿੱਤੇ।
ਵਹਿ ਹਾਰੇ ਕਰਿ ਜਤਨ ਅਨੇਕੈ।
ਭੂਪਤਿ ਪਰ ਨਹਿਂ ਬਜਾਪਜੋ ਏਕੈ ॥ ੩੨ ॥
ਕਾਮਰੂਪ ਨਰ ਕਹਾਂ ਵਿਚਾਰੇ।
ਸੁਰ ਨਰ ਅਸੁਰ ਤ੍ਰਿਲੋਕ ਮਝਾਰੇ।
ਬਿੰਗਾ ਬਾਲ ਨ ਤਿਹ ਕਰਿ ਸਾਕੈਂ।
ਰੱਖਕ ਹੋਵਤਿ ਸਤਿਗੁਰੁ ਜਾਂ ਕੈ ॥ ੩੩ ॥
ਈਸ਼ਰ ਭੀ ਕਰਮਨਿ ਅਨੁਸਾਰੇ।
ਜੀਵ ਸਭੈ ਚੌਰਾਸੀ ਡਾਰੇ।
ਸਤਿਗੁਰੁ ਸੋ ਭੀ ਬੰਧ ਕਟੈ ਹੈਂ।
ਪੇਸ਼ ਨ ਕੁਛ ਜਗਤੇਸ਼ਹਿ ਜੈ ਹੈ ॥ ੩੪ ॥
ਦੋਹਰਾ:
ਪੁਨਾ ਕਾਮਰੂ ਪਤੀ ਨੇ,
ਤ੍ਰਿਯਾ ਪਠਾਈ ਭੂਰ[1]। [1]ਬਹੁਤੀਆਂ ਇਸਤ੍ਰੀਆਂ ਭੇਜੀਆਂ।
ਜਾਦੂ ਟਾਮਨ ਮੈਂ[1] ਹੁਤੀ, [1]ਟੂਣਿਆਂ ਵਿੱਚ।
ਜੇ ਪੂਰਨ ਮਸ਼ਹੂਰ ॥ ੩੫ ॥
ਚੌਪਈ:
ਸੋ ਨਾਰੀ ਮਿਲਿ ਅਈ ਅਪਾਰੀ।
ਜੋਬਨ ਰੂਪ ਗੁਨਾਕਰ ਸਾਰੀ[1]। [1]ਸਾਰੀਆਂ ਜੁਆਨੀ, ਰੂਪ ਤੇ ਗੁਣਾਂ ਦੀ ਖਾਣ ਹਨ।
ਹੇਰਿ ਜਿਨੈ ਮੁਨਿ ਮਨ ਭਰਮੈ ਹੈ।
ਔਰ ਜਨਨਿ ਕੀ ਕਹਾਂ ਕਹੈਂ ਹੈਂ ॥ ੩੬ ॥
ਪਗ ਨਹਿਂ ਭਿਗਜੋ ਦਰਯਾਉ ਮਝਾਰੀ।
ਊਪਰ ਕੋ ਆਈ ਚਲਿ ਸਾਰੀ।
ਰੂਪ ਸ਼ਿੰਗਾਰ ਪੇਖਿ ਤਿਨਿ ਕੇਰੋ।
ਦਲ ਮੈਂ ਖਰਭਰ[1] ਭਯੋ ਬਧੇਰੋ ॥ ੩੭ ॥ [1]ਖਲਬਲੀ।
ਪਾਇ ਸਾਰ[1] ਗੁਰਿ ਭੂਪਤਿ ਤਾਈਂ। [1]ਖ਼ਬਰ।
ਕਹਿ ਕਰਿ ਸਗਰੀ ਮਾਰ ਭਗਾਈ।
ਪੁਨਿ ਉਨਿ ਰਿਸ ਕੈ ਜਾਦੂ ਕੀਨੇ।
ਕਿਨਿ ਚਢਿ ਬ੍ਰਿੱਛ ਉਡਾਏ ਪੀਨੇ[1] ॥ ੩੮ ॥ [1]ਤਕੜੇ, ਵੱਡੇ.

ਕੇਤਿਕ ਆਈ ਭੀਤ ਦੁਰਾਏ[1]।
ਕਿਨਹੂੰ ਡਮਰੂ[1] ਢੋਲ ਚਲਾਏ।
ਕੇਹਰ ਬ੍ਰਿੱਕ ਤਰਕ ਅਸਵਾਰੀ[1]।

[1]ਕੰਧ ਨੂੰ ਭਜਾਉਂਦੀਆਂ।
[1]ਡੌਰੂ।
[1]ਸ਼ੇਰ, ਬਘਿਆੜ ਤੇ ਤਰਕ ਆਦਿ ਜਾਨਵਰਾਂ ਦੀਆਂ ਸਵਾਰੀਆਂ ਕਰਕੇ। (ਤਰਕ- ਇਕ ਪ੍ਰਕਾਰ ਦਾ ਬਘਿਆੜ।)

ਲਗੀ ਤ੍ਰਾਸ ਉਪਜਾਵਨ ਭਾਰੀ ॥ ੩੯ ॥
ਇਤ ਉਤ ਨਭ ਮੈਂ ਫਿਰਤ ਅਪਾਰੇ।
ਲਸ਼ਕਰ ਭੌ[1] ਭਾਗਨ ਕੌ ਤਜਾਰੇ।

[1]ਹੋ ਗਿਆ।

ਤੁੱਪਕ[1] ਤੋਪ ਨ੍ਰਿਪ ਚਲਵਾਈ।
ਉਨ ਕੀ ਦਿਸ ਗੋਲੇ ਨਹਿਂ ਜਾਈਂ ॥ ੪੦ ॥

[1]ਬੰਦੂਕਾਂ।

ਕੇਤਿਕ ਹਟ ਕਰਿ ਪਾਛੈ ਘਾਏ[1]।
ਕੇਤਕ ਗਿਰੈਂ ਕਦਮ ਦਸ ਜਾਏ।
ਤੋਪ ਬੰਦੂਕ ਬੰਦ ਪੁਨ ਹੋਈ।
ਉਨਿ ਕੀ ਓਰ[1] ਚਲੇ ਨਹਿਂ ਕੋਈ ॥ ੪੧ ॥

[1]ਪਿੱਛੇ ਮਾਰ ਕਰਦੇ ਹਨ।

[1]ਤਰਫ਼।

ਹੇਰਿ ਹਿਰਾਨ ਨ੍ਰਿਪ ਉਮਰਾਵਨਿ।
ਆਇ ਗਹੇ ਗੁਰੁ ਕੇ ਪਗ ਪਾਵਨ।
ਗੁਰੂ ਬੰਗੁਲੇ ਤੈ ਹ੍ਵੈ ਬਾਹਰ।
ਸਤਿਨਾਮੁ ਉਚਰਜੋ ਜਸ ਜਾਹਰ ॥ ੪੨ ॥
ਸ਼ਕਤਿ ਨਾਸ ਜਾਦੂ ਕੀ ਭਈ।
ਇਤ ਉਤ ਦੌਰਿ ਡਰਤਿ ਵਹੁ ਗਈਂ ॥ ੪੩ ॥

ਦੋਹਰਾ:

ਇਕ ਉਨਿ ਕੀ ਸਰਦਾਰ ਬਡ,
ਧੋਬਨਿ ਗੁਰੁ ਢਿਗ ਆਇ।
ਤ੍ਰਾਹਿ ਤ੍ਰਾਹਿ[1] ਕਰਿ ਗਹੇ ਪਗ,
ਹਾਥ ਜੋਰਿ ਸਿਰ ਨਾਇ[1] ॥ ੪੪ ॥

[1]ਰੱਖਿਆ ਕਰੋਰੱਖਿਆ ਕਰੋ।
[1]ਨਿਵਾ ਕੇ।

ਚੌਪਈ:

ਅੰਚਰਿ ਡਾਰਿ ਗਰੇ[1] ਪੁਨ ਬੋਲੀ।
ਹੇ ਪ੍ਰਭ ਪੂਰਨ ਪੁਰਖੁ ਅਤੋਲੀ।
ਹਿੰਦੂ ਧਰਮ ਰੱਖਨ ਹਿਤ ਸ੍ਵਾਮੀ।
ਆਪ ਧਰਜੋ ਤਨ ਪੂਰਨ ਕਾਮੀ[1] ॥ ੪੫ ॥
ਤੁਰਕ ਮਲੇਛੈਂ ਕਾਂਹਿ ਜਿਤੈ ਹੋ।

[1]ਗਲ ਵਿੱਚ ਪੱਲਾ ਪਾ ਕੇ।

[1]ਹੇ ਕਾਮਨਾ ਪੂਰਨ ਕਰਨ ਵਾਲੇ।

ਹਿੰਦੂ ਨ੍ਰਿਪ ਕਾ ਰਾਜ ਗਵੈ ਹੋ।
ਗੁਰੂ ਕਹਜੋ ਤੈਂ ਸਹੀ ਬਖਾਨੀ।
ਇਹੁ ਹਮ ਕੋ ਸੰਗ ਲਜਾਏ ਸਜਾਨੀ[1] ॥ ੪੬ ॥

[1]ਹੇ ਸਿਆਣੀ (ਇਸਤ੍ਰੀ)। (ਅ) ਤੂੰ ਜਾਣ।

ਤਾਂ ਤੇ ਇਨਿ ਕੀ ਮੱਦਤ ਕੈ ਹੈਂ।
ਤੁਵ ਨ੍ਰਿਪ ਕੋ ਭੀ ਹਤਜੋ ਨ ਚੈਹੈਂ।
ਤੁਮ ਜਾਵੋ ਨਿਜ ਨ੍ਰਿਪੈਂ ਸਿਖਾਵੋ।
ਮੁਲਾਕਾਤ ਕੀ ਬਾਤ ਠਰਾਵੋ ॥ ੪੭ ॥
ਬੀਚ ਹੋਇ ਹਮ ਸੁਲ੍ਹਾ ਕਰਾਵੈਂ।
ਦੁਹੂੰ ਦਿਸਾ ਕੀ ਲਾਜ ਰਖਾਵੈਂ।
ਜਾਇ ਭੂਪ ਪੈ ਤਾਂਹਿ ਉਚਾਰੀ।
ਮਹਾਂ ਪੁਰੁਖ ਇਕ ਇਨਿ ਸੰਗ ਭਾਰੀ ॥ ੪੮ ॥
ਮੰਤ੍ਰ ਜੰਤ੍ਰ ਤੰਤ੍ਰ ਜਾਦੂ।
ਤਿਨ ਕੇ ਸੰਮੁਖ ਜਾਵਤਿ ਬਾਦੂ[1]।

[1]ਬਿਅਰਥ, ਨਿਸਫਲ।

ਔਰ ਉਪਾਇ ਨ ਦੀਖਤ ਕੋਊ।
ਮਿਲੋ ਤਾਂਹਿ ਦ੍ਵਾਰੇ[1] ਸੁਖ ਹੋਊ ॥ ੪੯ ॥

[1]ਰਾਹੀਂ।

ਕਹਜੋ ਭੂਪ ਅਬਿ ਦੇਵਿ ਕੁਮੱਖਜਾ[1]।

[1]ਕਮੱਖਜਾ ਨਾਮ ਦੀ ਦੇਵੀ।

ਨਿਜ ਦਾਸਨ ਕੀ ਕਰਿ ਹੈ ਰੱਖਜਾ।
ਤਬੈ ਭੂਪ ਪਾਵਨ[1] ਹ੍ਵੈ ਬੈਠਾ।

[1]ਪਵਿੱਤ੍ਰ।

ਧਜਾਨ ਭਗਵਤੀ ਮੈਂ ਮਨ ਐਂਠਾ[1] ॥ ੫੦ ॥

[1]ਜੋੜਿਆ।

ਅਰਧ ਨਿਸਾ ਲੌ ਦੇਵਿ ਅਰਾਧੀ।
ਪਰਜੋ ਸੇਜ ਪੁਨ ਨਿੰਦ੍ਰਾ ਸਾਧੀ[1]।

[1]ਭਾਵ ਸੌਂ ਗਿਆ।

ਸੁਪਨ ਭਗਵਤੀ ਨੇ ਯੌਂ ਦੀਓ।
ਸ੍ਰੀ ਨਾਨਕ ਹਰਿ ਬਪੁ[1] ਜਗ ਥੀਓ ॥ ੫੧ ॥

[1]ਸਰੂਪ।

ਗੁਰੁ ਅਵਤਾਰ ਆਜ ਲੌ ਕਬੈ।
ਲਯੋ ਨ ਥਾ ਪ੍ਰਭੁ ਲੀਨੋ ਅਬੈ।
ਤੀਨ ਜੁਗ ਜਿਨ ਜਪ ਤਪ ਸਾਧਾ।
ਤਿਨੈ ਮਿਲੈ ਫਲ ਗਜਾਨ ਅਬਾਧਾ[1] ॥ ੫੨ ॥

[1]ਨਾਸਰਹਿਤ।

ਮੁਨੀ ਸੁਰਾਸੁਰ ਨਰ ਤਨ ਧਰਿ ਕੈ।
ਸਤਿਗੁਰ ਕੀ ਸਰਨਾਈ ਪਰ ਕੈ।
ਲੈ ਉਪਦੇਸ਼ ਕਲੇਸ਼ ਅਸੇਸੈਂ[1]।

[1]ਸਾਰੇ।

ਹਰ ਕਰਿ[1] ਤਰਿ ਹੈਂ ਭਵਨਿਧਿ ਵੇਸੈਂ[2] ॥ ੫੩ ॥

[1]ਨਾਸ ਕਰਕੇ। [2]ਵੱਡੇ ਸੰਸਾਰ ਸਮੁੰਦਰ ਨੂੰ। (ਬੇਸ- ਵੱਡਾ)। (ਅ) ਚੰਗੀ ਤਰ੍ਹਾਂ।

ਜਪ ਤਪ ਭਗਤੀ ਜਨਮ ਹਜਾਰੋਂ।
ਕਰੇ ਜਿਨੈ ਪੂਰਬ ਦਿਢ ਧਾਰੋ।
ਸੋ ਇਨਿ ਕਾ ਉਪਦੇਸ਼ ਕਮੈ ਹੈ।
ਬ੍ਰਹਮ ਗਜਾਨ ਗਹਿ ਬੰਧ ਕਟੈ ਹੈ ॥ ੫੪ ॥
ਸਤਿਗੁਰੁ ਕੀ ਪਦਵੀ ਇਨਿ ਤਾਈ।
ਦਈ ਅਕਾਲ ਪੁਰਖ ਬਡਿਆਈ।
ਦਸ ਅਵਤਾਰ ਧਾਰ ਗੁਰੁ ਨਾਨਕ।
ਭਵਿ ਨਿਧਿ ਜੀਵ ਉਧਾਰੈਂ ਆਨਿਕ[1] ॥ ੫੫ ॥

[1]ਅਨੇਕਾਂ।

ਨੌਮੇ ਗੁਰੁ ਅਬਿ ਤੇਗ ਬਹਾਦਰ।
ਸਰਬ ਸ਼ਕਤਿ ਮਤ ਹੈਂ ਇਹੁ ਨਾਦਰ[1]।
ਤੁਮਰੇ ਭਾਗ ਇਹਾਂ ਲੈ ਆਏ।
ਭਵੈ[1] ਲਾਭ ਸੁਖ ਸਰਨ ਸਿਧਾਏ ॥ ੫੬ ॥

[1]ਅਣੋਖੀਆਂ ਸ਼ਕਤੀਆਂ ਵਾਲੇ।

[1]ਹੋਵੇਗਾ।

ਦੇਵੀ ਜਬਿ ਇਹੁ ਸੁਪਨ ਦਿਖਾਯਾ।
ਜਗਜੋ ਭੂਪ ਮਨਿ ਬਹੁ ਬਿਸਮਾਯਾ।
ਭੋਰ ਭਏ ਨਿਜ ਸਚਵ[1] ਬੁਲਾਏ।
ਸੁਪਨ ਬ੍ਰਿਤਾਂਤ ਕਹਜੋ ਸਮਝਾਏ ॥ ੫੭ ॥
ਬਾਤ ਏਹੁ ਸੁਨਿ ਨ੍ਰਿਪ ਕੀ ਮਾਤਾ।
ਦੇਵੀ ਦਰਸ ਦੇਤਿ ਜਿਹ ਖਜਾਤਾ[1]।
ਪਾਵਨ ਹ੍ਵੈ ਸਮੱਗ੍ਰੀ ਲੈ ਕੈ।
ਪੂਜਨ ਕੀਨੋ ਮੰਦਰਿ ਜੈ ਕੈ ॥ ੫੮ ॥
ਕਰਿ ਉਸਤਤਿ ਬਡ ਧਿਆਨ ਜੁ ਧਰਾ।
ਦੇਵੀ ਹ੍ਵੈ ਪ੍ਰਸੰਨ ਇਮ ਰਰਾ[1]।
ਜੋ ਨ੍ਰਿਪ ਕੋ ਮੈਂ ਸੁਪਨ ਦਿਖਾਯੋ।
ਮਾਨੋ ਸਹੀ ਵਹੀ ਮੈਂ ਗਾਯੋ[1] ॥ ੫੯ ॥

[1]ਵਜ਼ੀਰ।

[1]ਪ੍ਰਗਟ ਹੋ ਕੇ।

[1]ਕਿਹਾ।

[1]ਜੋ ਮੈਂ ਕਿਹਾ ਹੈ।

ਮੰਦਰ ਅੰਦਰ ਤੈਰਵ[1] ਐਸੇ।
ਸੁਨਿ ਰਾਨੀ ਪੁਨ ਕੀਨੋ ਵੈਸੇ।
ਇਤੈ ਬਿਸ਼ਨ ਸਿੰਘ ਗੁਰੁ ਢਿਗ ਐ ਕੈ।
ਕਰੀ ਅਰਜ਼ ਮਨਿ ਗਰਜ਼ ਧਰੈ ਕੈ[1] ॥ ੬੦ ॥

[1]ਬਾਣੀ, ਆਵਾਜ਼।

[1]ਇੱਛਾ ਧਾਰ ਕੇ।

ਬਿਤੇ ਬਹੁਤ ਦਿਨ ਇਹਾਂ ਗੁਸਾਈਂ।
ਸਬਿ ਉਮਰਾਵ ਰਹੇ ਅਕੁਲਾਈ[1]।
ਲਿਖਿ ਲਿਖਿ ਔਰੰਗਜ਼ੇਬ ਪਠੈ ਹੈ।
ਕਿਆ ਤੁਮ ਗਏ ਬੈਠਨੇ ਪੈ ਹੈ ॥ ੬੧ ॥
ਖਰਚ ਖਜਾਨੇ ਦਏ ਮੁਕਾਈ।
ਹਮੈ ਸੋਚ ਤਕਲੀਫ ਮਹਾਈ।
ਜੇ ਅਬਿ ਰਾਵਰ ਆਗਜਾ ਦੇਵੈਂ।
ਪਾਰ ਉਤਰ ਹਮ ਜੰਗ ਕਰੇਵੈਂ ॥ ੬੨ ॥
ਕਹਜੋ ਗੁਰੂ ਸੁਨਿ ਨ੍ਰਿਪ ਸਜਾਨੇ।
ਏਸ ਦੇਸ ਪਤਿ ਕੇ ਬ੍ਰਿਧਾਨੇ[1]।
ਪੂਜਾ ਦੇਵੀ ਕੀ ਬਹੁ ਕੀਨੀ।
ਬਹੁਤ ਬਰਸ ਧਰਿ ਕਸ਼ਟ ਕਠੀਨੀ[1] ॥ ੬੩ ॥
ਦੇਵ ਹ੍ਵੈ ਪਰਤੱਖ ਬਰ ਦਏ।
ਰਾਜ ਤੁਮਾਰਾ ਰਹੇ ਅਖਏ[1]।
ਤੁਮਰਾ ਰਾਜ ਖੋਹਨਿ[1] ਜੋ ਐਹੈ।
ਕਰਹੌਂ ਮੈਂ ਤਾਹੂੰ ਕੋ ਖੈ ਹੈ ॥ ੬੪ ॥
ਜੱਦਪਿ ਹਮ ਸਹਾਇ ਹੈਂ ਤੇਰੇ।
ਆਇ ਨ ਸਕੈ ਸੁਰਾਸੁਰ ਨੇਰੇ।
ਤੌ ਭੀ ਹਮ ਵਹਿ[1] ਏਕ ਰੂਪ ਹੈਂ।
ਲਰਨੇ ਤੈ ਤੌ ਸੁਲ੍ਹਾ ਖੂਪ ਹੈ[1] ॥ ੬੫ ॥
ਮਿਲੈ ਭੂਪ[1] ਜੇ ਤੁਮ ਕੋ ਆਈ।
ਈਨ ਮਨਾਈ ਜਾਹੁ ਜੈ ਪਾਈ।
ਜੰਗ ਜੂਪ[1] ਹੈ ਤਿਲਕਿਨ ਬਾਜੀ।
ਕਿਆ ਜਾਨੈਂ ਕਿਸ ਕੀ ਰਹਿ ਲਾਜੀ[1] ॥ ੬੬ ॥
ਰਾਜਨੀਤ ਪੁਨ ਚਾਰ ਪ੍ਰਕਾਰੋ।
ਸਾਮ[1] ਦਾਮ[2] ਭਿਦ[3] ਦੰਡ[11] ਵਿਚਾਰੋ।

ਪਹਿਲੇ ਉੱਤਮ ਦਰਜੇ ਤੀਨੇ।
ਬਰਤਤਿ ਇਨ ਮੈਂ ਨੀਤਿ ਪ੍ਰਬੀਨੇ ॥ ੬੭ ॥

[1]ਘਬਰਾ ਰਹੇ ਹਨ।

[1]ਇਸ ਦੇਸ਼ ਦੇ ਰਾਜੇ ਦੇ ਵੱਡਿਆਂ ਨੇ।

[1]ਕਠਨ, ਔਖੇ।

[1]ਨਾਸ ਰਹਿਤ।

[1]ਖੋਹਣ ਲਈ।

[1]ਅਸੀਂ ਤੇ ਉਹ ਕਾਮ ਰੂਪ ਦਾ ਰਾਜਾ।

[1]ਚੰਗੀ ਹੈ।

[1]ਆਸਾਮ ਦਾ ਰਾਜਾ।

[1]ਜੂਆ।

[1]ਇੱਜ਼ਤ।

[1]ਸਾਮ=ਪਿਆਰੇ ਬਚਨਾਂ ਨਾਲ ਕ੍ਰੋਧ ਸਾਂਤ ਕਰਨਾ। [2]ਦਾਮ=ਧਨ ਦੇ ਕੇ ਪ੍ਰਸੰਨ ਕਰਨਾ। [3]ਫੁੱਟ ਪਾ ਕੇ ਕੰਮ ਸਿੱਧ ਕਰ ਲੈਣਾ। [11]ਸ਼ਸਤ੍ਰ ਅਤੇ ਬਲ ਨਾਲ ਸਜ਼ਾ ਦੇਣੀ।

ਜੇ ਇਨ ਤੈ ਨਹਿਂ ਕਾਜ ਸਿਧੈ ਹੈ।
ਬੁਧਿ ਜਨ ਫੇਰ ਚਤੁਰਥੋ ਕੈਹੈਂ।
ਬਿਸ਼ਨ ਸਿੰਘ ਸੁਨਿ ਅਤਿ ਖੁਸ਼ ਭਯੋ।
ਮਾਨਜੋ ਨਿਸਚੇ ਜਸ ਮੁਹਿ ਅਯੋ ॥ ੬੮ ॥
ਲੀਕ ਸਿਲਾ[1] ਗੁਰੁ ਬਾਨੀ ਸਾਚੀ। [1]ਪੱਥਰ ਦੀ ਲਕੀਰ ਵਾਂਗ।
ਭਈ ਫਤੇ ਅਬਿ ਮੈਂ ਦਿਢ ਜਾਚੀ[1]। [1]ਪੱਕਾ ਅੰਦਾਜ਼ਾ ਲਾਇਆ ਹੈ।
ਜਗਿਬੰਦਨ[1] ਕੋ ਬੰਦਨ ਕੈ ਕੈ। [1]ਜਗਤ ਦੇ ਬੰਦਨਾ ਕਰਨ ਯੋਗ।
ਡੇਰੇ ਅਯੋ ਮਹਾਂ ਮੁਦ ਥੈ ਕੈ[1] ॥ ੬੯ ॥ [1]ਬਹੁਤ ਅਨੰਦ ਹੋ ਕੇ।

ਦੋਹਰਾ:
ਉਤ ਤੈ ਨ੍ਰਿਪ ਆਸਾਮ ਪਤਿ,
ਲੈ ਮੰਤ੍ਰੀ ਪਰਵਾਰ।
ਤਰੀ ਵੀਚ ਥਿਰਿ[1] ਤਰਿ ਅਯੋ, [1]ਬੇੜੀ 'ਚ ਬੈਠ ਕੇ।
ਗੁਰੁ ਢਿਗ ਨਦਿ ਇਤ ਪਾਰ ॥ ੭੦ ॥

ਚੌਪਈ:
ਗੁਰੂ ਦਮਦਮੇ ਪਰ ਥੇ ਬੈਠੇ।
ਆਇ ਗਹੇ ਪਦ ਪੰਕਜ ਤੈਠੇ[1]। [1]ਤਿਸ ਨੇ।
ਤੋਫੇ ਨਕਦ ਭੇਟ ਧਰਿਰੂਰੀ[1]। [1]ਸੁੰਦਰ।
ਦਰਸ ਪਰਸ ਹੋਯੋ ਮੁਦ ਭੂਰੀ[1] ॥ ੭੧ ॥ [1]ਬਹੁਤ ਅਨੰਦ।
ਪਾਗ ਉਤਾਰ ਧਰੀ ਗੁਰੁ ਆਗੇ।
ਸੰਧਿ[1] ਕਰਨ ਚਾਹੀ ਬਡ ਭਾਗੇ। [1]ਸੁਲ੍ਹਾ, ਮੇਲ।
ਨਿਜ ਕਰ ਸੋਂ ਗੁਰੁ ਸਿਰ ਤਿਂਹ ਧਰੀ।
ਸਬਿ ਬਿਧਿ ਔਰ ਤਸੱਲੀ ਕਰੀ ॥ ੭੨ ॥
ਬਿਸ਼ਨ ਸਿੰਘ ਕੋ ਤਬੈ ਬੁਲਾਯੋ।
ਸੁਨਿ ਉਮਰਾਵਨ ਯੁਤ ਮੁਦ ਆਯੋ।
ਮਿਲੇ ਪਰਸਪਰ ਭੂਪਤਿ ਦੋਈ।
ਸ਼ਲਕ[1] ਖੁਸ਼ੀ ਕੀ ਤਬਿ ਬਡ ਹੋਈ ॥ ੭੩ ॥ [1]ਬੰਦੂਕਾਂ ਦਾ ਇਕੱਠਾ ਵਾਰ।
ਬੈਠੇ ਗੁਰੁ ਪਦ ਪੰਕਜ ਪਾਸੂ।
ਪੂਰਨ ਭਈ ਦੁਹੂੰ ਦਿਸ ਆਸੂ।
ਸੁਨਿ ਉਮਰਾਵ ਬਿਸ਼ਨ ਸਿੰਘ ਕੇਰੇ।
ਗੁਰੁ ਪਰ ਲਜਾਏ ਸਿਦਕ ਬਧੇਰੇ ॥ ੭੪ ॥

ਗੁਰੁ ਪ੍ਰਤਾਪ ਤੈ ਲਾਜ ਹਮਾਰੀ।
ਰਹੀ, ਲਖਜੋ ਹਮ ਹੂੰ ਦਿਢ ਧਾਰੀ।
ਸ਼ਾਹੀ ਈਨ ਮਾਨ ਨ੍ਰਿਪ ਲਈ।
ਨਜ਼ਰ[1] ਬਿਸ਼ਨ ਸਿੰਘ ਕੋ ਬਹੁ ਦਈ ॥ ੭੫ ॥

[1]ਭੇਟਾ।

ਮੁਖ ਹੋਯੋ ਨ੍ਰਿਪ ਬੀਰ ਬਧੂਟੀ[1]।

[1]ਚੀਚ ਵਹੁਟੀ ਵਰਗਾ ਲਾਲ।

ਅੰਗੇ ਕੀ[1] ਤਨੀਆਂ ਸਬਿ ਟੂਟੀ।
ਸਬਿ ਉਮਰਾਵ ਸੈਨ ਸ਼ੁਕਰਾਨਾ।
ਕੀਨੋ, ਪਏ ਮ੍ਰਿਤੁ ਜਨ[1] ਪ੍ਰਾਨਾ ॥ ੭੬ ॥

[1]ਚੋਲੇ ਦੀਆਂ।
[1]ਜਾਣੋ ਮੁਰਦੇ ਵਿੱਚ।

ਗੁਰੁ ਸਾਹਿਬ ਕੋ ਬੀਚ ਬਿਠੈ ਕੈ[1]।

[1]ਵਿੱਚ (ਵਿਚੋਲਾ) ਬਣਾ ਕੇ।

ਕਸਮ[1] ਐਹਦ ਪੈਮਾਨ ਕਰੈ ਕੈ[2]।

[1]ਸੁਗੰਧ, ਸਹੁੰ। [2]ਇਕਰਾਰ ਨਾਮਾ ਕਰਾ ਕੇ ਭਾਵ ਲਿਖਵਾ ਕੇ।

ਹੱਦ ਦਰਯਾਉ ਦੁਹੂੰ ਦਿਸ ਥਾਪੀ।
ਇਤ ਸ਼ਾਹੀ ਉਤ ਨ੍ਰਿਪ ਪ੍ਰਤਾਪੀ ॥ ੭੭ ॥
ਕਰੈਂ ਸੁਤੰਤ੍ਰ ਰਾਜ ਸੁਖਾਰੇ।
ਗੁਰੁ ਕ੍ਰਿਪਾ ਨ੍ਰਿਪ ਕਾਜ ਸਵਾਰੇ ॥ ੭੮ ॥

ਦੋਹਰਾ:

ਪਟਨੇ ਤੈ ਇਕ ਸਿੱਖ ਤਬਿ,
ਪਹੁੰਚਜੋ ਗੁਰੁ ਢਿਗ ਜਾਇ।
ਸਤਿਗੁਰੁ ਘਰ ਹਰਿ ਅਵਤਰੇ,
ਖੁਸ਼ ਖਬਰੀ ਇਹ ਪਾਇ ॥ ੭੯ ॥

ਚੌਪਈ:

ਗੁਰੂ ਉਛਾਹ[1] ਅਨਿਕ ਬਿਧਿ ਕੀਨੇ।

[1]ਉਤਸ਼ਾਹ।

ਦਾਰਿਦ ਹਰੇ[1] ਦਾਨ ਅਸ ਦੀਨੇ।

[1]ਗ਼ਰੀਬੀ ਦੂਰ ਕਰ ਦਿੱਤੀ।

ਖਬਰ ਦੈਨ ਵਾਰੇ ਸਿੱਖ ਭਾਈ।
ਉਭੈ ਲੋਕ[1] ਸੁਖ ਬਖਸ਼ਸ਼ ਪਾਈ ॥ ੮੦ ॥

[1]ਦੋਹਾਂ ਲੋਕਾਂ ਦਾ।

ਸਾਹਿਬਜ਼ਾਦਾ ਗੁਰੁ ਘਰ ਥੀਓ।
ਦੁਹੂੰ ਨ੍ਰਿਪਨਿ ਸੁਨਿ ਮੰਗਲ ਕੀਓ।
ਤੋਪ ਤੁੱਪਕਨਿ ਸ਼ਲਕ ਕਰਾਈ[1]।

[1]ਬੰਦੂਕਾਂ ਦਾ ਇਕੱਠਾ ਇਕ ਵਾਰ ਕੀਤਾ।

ਬਾਰ ਬਾਰ ਬਹੁ ਬਾਰ ਝਰਾਈ[1] ॥ ੮੧ ॥

[1]ਬੰਦੂਕਾਂ ਦੇ ਬਹੁਤੇ ਇਕੱਠੇ ਵਾਰ ਕੀਤੇ।

ਬਜੇ ਨਿਸ਼ਾਨ[1] ਨਿਸ਼ਾਨ[2] ਝੁਲਾਏ।

[1]ਨਗਾਰੇ। [2]ਝੰਡੇ।

ਰੰਕ ਦਿਜਨ ਕੋ ਧਨ ਬਹੁ ਦਾਏ।

ਬਖਸ਼ੇ ਨ੍ਰਿਪਨਿ ਨਿਜ ਸੇਵਕੈ ਹੈਂ[1]। [1]ਆਪਣੇ ਸੇਵਕਾਂ ਨੂੰ।
ਕੰਕਨ[1] ਕੰਠੇ ਕੰਚਨ[2] ਕੇ ਹੈਂ ॥ ੮੨ ॥ [1]ਕੜੇ। [2]ਸੋਨੇ ਦੇ।
ਭੂਮ ਭਾਟ ਨਟ ਨਟਨੀ ਤਾਂਈਂ।
ਬਰਖੇ ਧਨ ਬਾਦਲ ਕੀ ਨਜਾਂਈਂ।
ਸਾਰ[1] ਪਾਇ ਲਸ਼ਕਰ ਸ ਉਛਾਹਾ। [1]ਖ਼ਬਰ।
ਧਨ ਇਕ ਨੇ ਇਕ ਕੋ ਦਿਯ ਚਾਹਾ ॥ ੮੩ ॥
ਭਿੱਛਕ[1] ਏਕ ਨ ਲਸ਼ਕਰ ਮਾਹੀ। [1]ਮੰਗਤਾ।
ਰਹਾ, ਜੁ ਥੇ ਸੋ ਗਏ ਅਘਾਹੀ[1]। [1]ਰੱਜ ਗਏ।
ਪੁਨ ਨ੍ਰਿਪ ਸਤਿਗੁਰੁ ਢਿਗ ਚਲਿ ਆਏ।
ਕੌਤਕ ਅਨਿਕ ਭਾਂਤਿ ਕਰਵਾਏ ॥ ੮੪ ॥
ਆਤਸ਼ ਬਾਜੀ ਬਹੁ ਚਲਵਾਈ।
ਬੇ ਸ਼ੁਮਾਰ ਬਾਂਟੀ[1] ਮਿਠਿਆਈ। [1]ਵੰਡੀ।
ਜਹਿਂ ਕਹਿਂ ਸੰਗਤਿ ਮੈਂ ਸੁਨ ਪਾਯੋ।
ਮਹਦ ਮੋਦ[1] ਉਤਸ਼ਾਹ ਬਢਾਯੋ ॥ ੮੫ ॥ [1]ਬਹੁਤ ਅਨੰਦ।
ਬਿਸ਼ਨ ਸਿੰਘ ਅਰ ਸਭਿ ਉਮਰਾਵੈਂ।
ਅਰਜ਼ ਕਰੀ ਕੁਛ ਸੇਵ ਕਮਾਵੈਂ।
ਕਹਯੋ ਗੁਰੂ ਲਸ਼ਕਰ ਹੈ ਜੇਤੋ।
ਸਤ ਸਤ[1] ਢਾਲ ਰੇਤਿ ਭਰਿ ਤੇਤੋ ॥ ੮੬ ॥ [1]ਸੌ ਸੌ।
ਲਜਾਇ ਦੂਰ ਤੈਂ ਈਹਾਂ ਗੇਰੈਂ।
ਭਵੈ ਦਮਦਮਾ ਊਚ ਬਧੇਰੈਂ।
ਯਾਦਗਾਰ ਤੁਮਰੀ ਏ ਰੈਹੈ।
ਔਰ ਸੇਵ ਨਹਿਂ ਹਮ ਕਿਛੁ ਚੈਹੈਂ ॥ ੮੭ ॥
ਮਾਨਿ ਹੁਕਮ ਨ੍ਰਿਪਿ ਆਪ ਉਠਾਈ।
ਸਭਿ ਲੋਗਨ ਤੈ ਪੁਨ ਗਿਰਵਾਈ।
ਅਤੀ ਉਤੰਗ[1] ਦਮਦਮਾ ਭਯੋ। [1]ਉੱਚਾ।
ਮਨੋ ਪਹਾਰ ਨਯੋ ਨਿਪਜਯੋ ॥ ੮੮ ॥
ਤਾਂ ਪਰ ਰਚਯੋ ਬੰਗੁਲਾ[1] ਭਾਰੀ। [1]ਖੁੱਲ੍ਹਾ ਤੇ ਹਵਾਦਾਰ ਮਕਾਨ।
ਰਹੇ ਗੁਰੂ ਤਾ ਮੈਂ ਮੁਦ ਧਾਰੀ।
ਬ੍ਰਹਮੁ ਪੁੱਤ੍ਰ ਨਦਿ ਤਟ[1] ਦਿਸ ਪੱਛਮ। [1]ਨਦੀ ਦੇ ਕਿਨਾਰੇ।
ਹੈ ਅਬਿ ਲੌ ਗੁਰੁ ਥਾਨ ਸੁ ਅੱਛਮ[1] ॥ ੮੯ ॥ [1]ਚੰਗਾ।

ਤੀਸ ਕੋਸ ਤਹਿਂ ਤੈ ਨਦਿ ਪਾਰੈਂ।
ਦੇਵਿ ਕੁਮੱਖਜਾ ਮੰਦਰ ਭਾਰੈਂ।
ਕਾਮਰੂਪ ਅਰ ਮੁਲਕ ਅਸਾਮ।
ਤਿਸੀ ਦੇਸ ਕੇ ਹੈਂ ਇਹੁ ਨਾਮ ॥ ੯੦ ॥
ਰਾਜਾਰਾਮ ਨਾਮ ਤਬਿ ਰਾਜਾ।
ਹੁਤੋ ਤਹਾਂ ਕਾ ਉਮਰ ਦਰਾਜਾ[1]। [1]ਲੰਮੀ ਉਮਰ ਵਾਲਾ।
ਬਿਸ਼ਨ ਸਿੰਘ ਗੁਰੁ ਪੈ ਅਰਜ਼ੋਈ।
ਵਾਪਸ ਚਲਨ ਹੇਤ ਜਬਿ ਗੋਈ[1] ॥ ੯੧ ॥ [1]ਕਹੀ।
ਇਹੁ ਸੁਨਿ ਰਾਜਾਰਾਮ ਭਿ ਆਯੋ।
ਗੁਰੁ ਪਦ ਲਪਟ ਦੀਨ ਹ੍ਵੈ ਗਾਯੋ[1]। [1]ਕਿਹਾ।
ਬਿਸ਼ਨ ਸਿੰਘ ਤੋ ਹੈ ਸੰਸਾਰੀ।
ਇਸ ਕੋ ਜਾਵਨ ਬਨੈ ਬਿਹਾਰੀ[1] ॥ ੯੨ ॥ [1]ਕਾਰਜ ਵਾਸਤੇ।
ਤੁਮ ਅਤੀਤ[1] ਨਿਰਬੰਧ[2] ਗੁਸਾਈਂ। [1]ਤਿਆਗੀ। [2]ਬੰਧਨਰਹਿਤ।
ਕੁਛ ਦਿਨ ਦਰਸ਼ਨ ਦੇਹੁ ਇਹਾਂਈਂ।
ਦਾਨ ਦਾਸ ਕੋ ਦੈਹੁ ਦਯਾਲੋ।
ਦੀਨ ਬੰਧੁ ਨਿਜ ਬ੍ਰਿਦ ਸੰਭਾਲੋ ॥ ੯੩ ॥
ਸੁਨਿ ਨਰੇਸ਼ ਕੀ ਬਿਨੈ ਮਹਾਨੀ।
ਨੈਨ ਲਜੀਲੇ[1] ਕਰਿ ਗੁਰੁ ਮਾਨੀ। [1]ਲੱਜਾ ਵਾਲੇ।
ਬਿਸ਼ਨ ਸਿੰਘ ਭੀ ਪੁਨ ਪੁਨ ਚਾਹੈ।
ਹਮਰੋ ਹੀ ਸੰਗ ਗੁਰੂ ਨਿਬਾਹੈਂ ॥ ੯੪ ॥
ਆਖਰ ਭੂਪਤਿ ਯੁਤ ਉਮਰਾਵੈਂ।
ਭੇਟ ਚਢਾਈ ਬਹੁ ਤਿਸ ਥਾਵੈਂ।
ਜ਼ੇਵਰ ਜਬਰ ਜਵਾਹਰ ਜਰੇ[1]। [1]ਗਹਿਣੇ ਜਿਨ੍ਹਾਂ 'ਚ ਬਹੁਤੇ ਜਵਾਹਰਾਤ ਜੜੇ ਹੋਏ ਸਨ।
ਨੀਲਮ ਹੀਰੇ ਮੁਕਤਾ ਧਰੇ[1] ॥ ੯੫ ॥ [1]ਮੋਤੀ ਜੜੇ ਹੋਏ ਸਨ।
ਔਰ ਲਸ਼ਕਰੀ[1] ਥੇ ਨਰ ਜੇਤੇ। [1]ਫ਼ੌਜੀ।
ਇਕ ਇਕ ਮੁਹਿਰ ਭਏ ਸਬਿ ਦੇਤੇ।
ਕਈ ਲਾਖ ਕੋ ਭਯੋ ਖਜ਼ਾਨਾ।
ਲੁਟਵੈਹੈਂ ਗੁਰੁ ਸਬਿ ਨ੍ਰਿਪ ਜਾਨਾ ॥ ੯੬ ॥
ਖੁਦ ਹੀ ਸੋ ਉਠਾਇ ਸੰਗ ਲੀਓ।
ਪਟਨੇ ਆਇ ਮਾਤ ਢਿਗ ਦੀਓ।

ਬਿਦਾ ਹੋਇ ਗੁਰੁ ਤੈ ਚਲ ਪਰੇ।
ਸਤਿਗੁਰ ਰਹੇ ਤਹਾਂ ਮੁਦ ਭਰੇ ॥ ੯੭ ॥
ਰਾਜਾਰਾਮ ਸਹਤ ਪ੍ਰਵਾਰੈਂ।
ਕਰੈ ਸੇਵ ਧਰਿ ਸ਼ਰਧਾ ਭਾਰੈਂ।
ਚੌਪੜ ਖੇਲਹਿਂ ਮਨਿ ਮੁਦ ਪਾਏ।
ਤਰੈਂ ਕਬੀ ਨਦਿ ਤਰੀ ਥਿਰਾਏ[1] ॥ ੯੮ ॥

[1]ਬੇੜੀ 'ਚ ਬੈਠ ਕੇ।

ਜਾਦੂ ਵਾਰਿਨ ਕੀ ਸਰਦਾਰਾ।
ਧੋਬਨਿ ਸੇਵਾ ਕਰੇ ਅਪਾਰਾ।
ਬਸਨ ਧੋਇ ਸੁਨ ਗੁਰੁ ਕੇ ਲਜਾਵੈ।
ਕੌਤਕ ਜਾਦੂ ਬਿਬਿਧ[1] ਦਿਖਾਵੈ ॥ ੯੯ ॥

[1]ਤਰ੍ਹਾਂ ਤਰ੍ਹਾਂ ਦੇ।

ਇਕ ਦਿਨ ਗੁਰੁ ਕੋ ਖੁਸ਼ੀ ਨਿਹਰ ਕੈ।
ਕਰੀ ਅਰਜ਼ ਅਤਿ ਲਰਜ[1] ਵਿਚਰ ਕੈ।

[1]ਬਹੁਤ ਕੰਬ ਕੇ।

ਭਵੈ[1] ਪੁੱਤ੍ਰ ਜਗ ਨਾਮ ਰਹਾਈ।

[1]ਹੋ ਜਾਵੇ।

ਸੁਨਿ ਕਰਿ ਗੁਰੁ ਪਿਖਿ ਨਿੰਮ੍ਰ ਮਹਾਈ ॥ ੧੦੦ ॥
ਕਹਜੋ ਨਾਮ ਤੁਮਰਾ ਜਗ ਰੈਹੈ।
ਗਾਮ ਬਸਾਵੋ ਜਹਿਂ ਹਮ ਕੈਹੈਂ।
ਸੁਨਿ ਧੋਬਨਿ ਮਨਿ ਕੁਛ ਮੁਦ ਪਾਯੋ।
ਤਿਸ ਤੈ ਗਾਮ ਗੁਰੂ ਬਸਵਾਯੋ ॥ ੧੦੧ ॥
ਗੌਰੀ ਪੁਰ ਜੋ ਸ਼ਹਰ ਤਹਾਂ ਹੈ।
ਗਾਮ ਧੋਬੜੀ ਨਿਕਟਿ ਵਹਾਂ ਹੈ।
ਨਾਮ ਬਿਦਤ ਤਿਸ ਕੋ ਅਬਿ ਅਹੇ।
ਬੰਦਰ ਬਨਜੋ ਧੋਬੜੀ ਤਹੈਂ[1] ॥ ੧੦੨ ॥

[1]ਉਥੇ ਧੋਬੜੀ ਨਾਮ ਦੀ ਬੰਦਰਗਾਹ (ਜਹਾਜ਼ਾਂ ਦੇ ਠਹਿਰਨ ਦਾ ਅੱਡਾ) ਬਣੀ ਹੈ।

ਤਹਾਂ ਜਹਾਜ ਹਜਾਰੋਂ ਰੈਹੈਂ।
ਮਾਲ ਖਰੀਦ ਫਰੋਖਤ ਕੈ ਹੈਂ[1] ॥ ੧੦੩ ॥

[1]ਵੇਚਣਾ ਕਰਦੇ ਹਨ।

ਦੋਹਰਾ:
ਇਕ ਦਿਨ ਰਾਜਾਰਾਮ ਨ੍ਰਿਪ, ਬਹੁਧਾ[1] ਬਿਨੈ ਸੁਨਾਇ।
ਨਿਜ ਰਜਧਨੀ ਧਾਮ ਮੈਂ, ਲੈ ਗਯੋ ਗੁਰੈਂ ਲਵਾਇ[1]
॥ ੧੦੪ ॥

[1]ਬਹੁਤ ਤਰ੍ਹਾਂ ਦੀਆਂ।
[1]ਨਾਲ ਲੈ ਕੇ।

ਚੌਪਈ:

ਕੰਚਨ ਪੁਰ ਨ੍ਰਿਪ ਨਗਰ ਸੁਹਾਵਾ।
ਪੇਖਿ ਗੁਰੂ ਮਨ ਮੈਂ ਮੁਦ ਪਾਵਾ।
ਸ਼ਰਧਾ ਸੇਵਾ ਕਰਿ ਬਹੁ ਭਾਏ।
ਸਹਿ ਪ੍ਰਵਾਰ ਨ੍ਰਿਪ ਗੁਰੂ ਰਿਝਾਏ ॥ ੧੦੫ ॥
ਇਕ ਦਿਨ ਨ੍ਰਿਪ ਸਮਾਤ[1] ਅਰ ਰਾਨੀ। [1]ਰਾਜੇ ਨੇ ਆਪਣੀ ਮਾਤਾ ਸਮੇਤ।
ਨਿੰਮ੍ਰ ਸਦੀਨ ਸੁ ਬਿਨੈ ਬਖਾਨੀ।
ਦ੍ਰਿਗ ਬਾਰਿਜ ਤੈ ਬਾਰਿ ਜੁ ਢਾਰੀ[1]। [1]ਨੇਤ੍ਰ ਕੰਵਲਾਂ 'ਚੋਂ ਪਾਣੀ ਸੁੱਟਿਆ।
ਬੰਦਿ ਕੰਜ ਕਰ ਗਰਿ ਪਟ ਡਾਰੀ[1] ॥ ੧੦੬ ॥ [1]ਹੱਥ ਕੰਵਲ ਬੰਨ੍ਹ ਕੇ ਤੇ ਗਲ 'ਚ ਪੱਲਾ ਪਾ ਕੇ।
ਹੇ ਭਗਵੰਤ ਅਨੰਤ ਕੰਤ ਨਰ[1]। [1]ਮਨੁੱਖਾਂ ਦੇ ਸੁਆਮੀ।
ਜਗਿ ਬਸੰਤ ਦੁਖਿ ਸੰਤ ਹੰਤ ਕਰਿ[1]। [1]ਸੰਤ ਜਗਤ ਦੇ ਬੇਅੰਤ ਦੁੱਖਾਂ ਨੂੰ ਨਾਸ ਕਰਕੇ।
ਭਵਨਿਧਿ ਤਰਿ ਹਰਿ ਸੁਖ ਸਰੂਪ ਮੈਂ[1]। [1]ਸੰਸਾਰ ਸਮੁੰਦਰ ਤੋਂ ਤਰ ਕੇ ਸੁਖ ਸਰੂਪ ਹਰੀ ਦੇ ਵਿੱਚ।
ਰਹਤ ਮਗਨ ਆਨੰਦ ਅਨੂਪ ਮੈਂ[1] ॥ ੧੦੭ ॥ [1]ਉਪਮਾ-ਰਹਿਤ ਅਨੰਦ ਵਿੱਚ ਮਗਨ ਰਹਿੰਦੇ ਹਨ।
ਹਮ ਗ੍ਰੋਹੀ[1] ਤਮ ਕੂਪ[2] ਘਿਰੇ ਹੈਂ। [1]ਗ੍ਰਹਸਤੀ। [2]ਅੰਨ੍ਹੇ ਖੂਹ ਵਿੱਚ।
ਪਰੇ ਚਿੰਤ ਦੁਖ ਭੁਗਤ ਨਿਰੇ ਹੈਂ[1]। [1]ਨਰਕ ਭੋਗ ਰਹੇ ਹਾਂ।
ਆਪ ਸੰਤ ਸਮ੍ਰੁਥ ਕਰਿ ਦਾਯਾ[1]। [1]ਦਇਆ (ਕ੍ਰਿਪਾ) ਕਰਕੇ।
ਕਾਢਤਿ ਜਾਂਹਿ ਸੁਖੀ ਸੋ ਥਾਯਾ[1] ॥ ੧੦੮ ॥ [1]ਹੁੰਦਾ ਹੈ।
ਅਬਿ ਭਰੋਸ ਹਮ ਕੋ ਭੀ ਹੋਵਾ।
ਸਰਬ ਸੁਖਦ ਰਾਵਰ ਮੁਖ ਜੋਵਾ[1]। [1]ਦੇਖਿਆ ਹੈ।
ਪਾਵਨ ਪਦ ਪਾਵਨ ਕਿਯ ਪਾਵਨ[1]। [1]ਪਵਿੱਤ੍ਰ ਚਰਨ ਪਾ ਕੇ ਪਵਿੱਤ੍ਰ ਕਰ ਦਿੱਤੇ ਹਨ।
ਪੁਰਿ ਘਰ ਸਭਿ ਹਮ ਭਏ ਸੁਹਾਵਨ ॥ ੧੦੯ ॥
ਪੈ ਇਹੁ ਦੇਸ ਵਸੇ ਭੰਡਾਰੇ[1]। [1]ਵੱਡੇ ਖ਼ਜ਼ਾਨੇ।
ਬਿਨਾ ਏਕ ਸੁਤ[1] ਫੀਕ ਹਮਾਰੇ। [1]ਪੁੱਤਰ।
ਨਹੀਂ ਤਿਲਾਂਜਲ[1] ਕੋਈ ਦੈਹੈ। [1]ਪਾਣੀ ਵਿੱਚ ਤਿਲ ਮਿਲਾ ਕੇ ਦਿੱਤੀ ਹੋਈ ਚੁਲੀ।
ਬਿਨਾ ਪੂਤ ਹਮ ਅਵਿਗਤਿ[1] ਜੈਹੈਂ ॥ ੧੧੦ ॥ [1]ਨੀਚ ਗਤੀ ਨੂੰ।
ਪੂੰ[1] ਨਰਕ ਤੈ ਪੂਤ ਤਰੈ ਹੈ। [1]ਨਰਕ ਦਾ ਨਾਮ।
ਸਾਖਾ[1] ਬੇਦ ਪੁਰਾਨ ਕਥੈ ਹੈ। [1]ਸਾਖੀ, ਉਗਾਹੀ।
ਅਨਿਕ ਉਪਾਵ ਕਰੇ ਹਮ ਹਾਰੇ।
ਭਏ ਨਿਰਾਸ ਬ੍ਰਿਧਾਪਨ ਵਾਰੇ[1] ॥ ੧੧੧ ॥ [1]ਬੁਢੇਪੇ ਵੇਲੇ ਭਾਵ ਬੁੱਢੇ ਹੋ ਗਏ ਹਾਂ।

ਪੈ ਹਮ ਅਬਿ ਸਿੱਖਨਿ ਤੈ ਸੁਨਾ।
ਸੋਊ ਧਰ ਨਿਸਚੇ ਦਿਢ ਗੁਨਾ[1]।
ਸਤਿਗੁਰੁ ਪੂਰਤਿ ਆਸ ਨਿਰਾਸੈਂ।
ਤਾਂ ਤੈ ਦਾਸਨਿ ਕੀਨ ਅਰਦਾਸੈਂ ॥ ੧੧੨ ॥

[1]ਉਸੇ ਨੂੰ ਧਾਰਨ ਵਾਸਤੇ ਵਿਚਾਰ ਕੇ ਪੱਕਾ ਨਿਸ਼ਚਾ ਕੀਤਾ ਹੈ।

ਕੂਰ[1] ਕਲਾਪੀ[2] ਕਾਮੀ ਕੋਹੀ[3]।
ਕੁਟਿਲ[1] ਕੁਕਰਮੀ ਧਿਕ ਧੁਰ[2] ਧੋਹੀ[3]।
ਮਤਿ ਖਾਮੀ[1] ਬਾਮੀ[2] ਦੁਰਗਾਮੀ[3]।
ਲੋਲਪ[1] ਲੰਪਟ[2] ਲੁਚ ਬਦਨਾਮੀ[3] ॥ ੧੧੩ ॥

[1]ਝੂਠੇ। [2]ਸੌਦੇ ਬਾਜ਼। [3]ਕ੍ਰੋਧੀ।
[1]ਟੇਢੇ। [2]ਧੁਰੋਂ ਫ਼ਿਟਕਾਰੇ ਹੋਏ। [3]ਧੋਖੇਬਾਜ਼।
[1]ਕੱਚੀ ਮੱਤ ਵਾਲੇ। [2]ਵਾਮ ਮਾਰਗੀ। [3]ਖੋਟੇ।
[1]ਲੋਭੀ। [2]ਵਿਸ਼ਈ। [3]ਲੁੱਚੇ ਤੇ ਬਦਨਾਮੀ ਕਰਾਉਣ ਵਾਲੇ।

ਸਹਿਜ ਮਦਾਂਧਰਾਜ ਬਿਭੁ ਪਾਏ[1]।

[1]ਰਾਜ ਦੀ ਬਿਭੂਤੀ ਪਾ ਕੇ ਸਹਜੇ ਹੀ ਹੰਕਾਰ ਨਾਲ ਅੰਨ੍ਹੇ ਹੋ ਗਏ ਹਾਂ।

ਕਰਮ ਹਿਸਾਬ ਨ ਛੁਟੈਂ ਕਦਾਏ।
ਲਾਜ ਬ੍ਰਿਦ ਨਿਜ ਆਪ ਸੰਭਾਰੋ।
ਬਖਸ਼ਸ਼ ਰਾਵਰ[1] ਤੈ ਛੁਟਕਾਰੋ ॥ ੧੧੪ ॥

[1]ਆਪ ਦੀ।

ਤੁਰਕ ਸੈਨ ਦਵ ਅਗਨੀ ਤੈ ਜਸੋਂ[1]।
ਰਖਜਾ ਕੀਨ ਪ੍ਰਸੀਜੈ[1] ਅਬਿ ਤਸੋਂ।
ਔਰ ਆਸ ਸਬਿ ਹਮ ਅਬਿ ਛੋਰੀ।
ਧਰੀ ਚਰਨਰਾਵਰ ਲਿਵ ਡੋਰੀ[1] ॥ ੧੧੫ ॥

[1]ਜਿਵੇਂ ਤੁਰਕਾਂ ਦੀ ਫ਼ੌਜ ਰੂਪ ਜੰਗਲ ਦੀ ਅੱਗ ਤੋਂ।
[1]ਪ੍ਰਸੰਨ ਹੋਵੋ।
[1]ਬ੍ਰਿਤੀ ਦੀ ਲਗਨ ਆਪ ਦੇ ਚਰਨਾਂ ਵਿੱਚਰੱਖੀ ਭਾਵ ਲਾਈ ਹੈ।

ਘਟ ਘਟ ਕੀ ਜਾਨਤ ਤੁਮ ਸ੍ਵਾਮੀ।
ਸਰਣਾਗਤਿ ਕੇ ਪੂਰਣ ਕਾਮੀ।
ਇਕ ਸੁਤ ਚਿਰੰਜੀਵ ਦਿਢ ਚੈਹੋਂ।
ਕਰੁਣਾਕਰ ਕਰੁਣਾ ਕਰਿ ਦੈਹੋ[1] ॥ ੧੧੬ ॥

[1]ਕਿਰਪਾ ਦੀ ਖਾਣ ਕਿਰਪਾ ਕਰ ਕੇ ਦਿਉ।

ਵਾਰਸ[1] ਰਾਜ ਸਮੱਗ੍ਰੀ ਕੇਰੋ।
ਥੀਵੈ ਜਲ ਦੇਵਾ ਪੁਨ ਮੇਰੋ[1]।
ਦੁਤੀਏ ਔਰ ਭਰੋ[1] ਇਕ ਇੱਛਜਾ।
ਕਰਿ ਨਿਜ ਸਿੱਖ ਦੇਹੁ ਗੁਰ ਦਿੱਛਜਾ[1] ॥ ੧੧੭ ॥

[1]ਮਾਲਕ।
[1]ਮੈਨੂੰ ਪਾਣੀ ਦੇਣ ਵਾਲਾ ਹੋਵੇ।
[1]ਪੂਰੀ ਕਰੋ।
[1]ਗੁਰੂ ਦੀਖਿਆ, ਗੁਰ ਮੰਤ੍ਰ।

ਜਾਂ ਤੈ ਭਵ ਨਿਧਿ ਪਾਰ ਪਰਾਊਂ।
ਜਨਮ ਮਰਣ ਮੈਂ ਨਹਿਂ ਪੁਨ ਆਊਂ।
ਗਰਿ ਅੰਚਰ ਕਰ ਜੋਰਿ ਘਿਗਜਾਨੇ[1]।
ਨ੍ਰਿਪਰਾਨੀ ਗੁਰੁ ਪਗ ਲਪਟਾਨੇ ॥ ੧੧੮ ॥

[1]ਗਲ 'ਚ ਪੱਲਾ ਪਾ ਕੇ ਤੇ ਹੱਥ ਜੋੜ ਕੇ ਲੇਲੜੀਆਂ ਕੱਢੀਆਂ।

ਸ਼ਰਧਾ ਭਗਤੀ ਅਧਿਕ ਨਿਹਰ ਕੈ।

ਖੁਸ਼ ਹ੍ਵੈ ਗੁਰਿ ਉਰਿ ਕਰੁਣਾ ਭਰ ਕੈ।
ਹੁਤੀ ਮੁਹਿਰ ਗੁਰ ਕੇ ਕਰ ਕੰਜਨ[1]। [1]ਹੱਥ ਕੰਵਲਾਂ ਵਿੱਚ।
ਮਨਰੰਜਨ ਭਵ ਭ੍ਰਮ ਭੈ ਭੰਜਨ[1] ॥ ੧੧੯ ॥ [1]ਭਰਮ ਤੇ ਭੈ ਭੰਨਣ ਵਾਲੇ ਸਤਿਗੁਰਾਂ ਦੇ ਮਨ ਵਿੱਚ ਖ਼ੁਸ਼ ਹੋ ਕੇ।
ਹੁਤੋ ਨ੍ਰਿਪ ਬ੍ਰਿਧ ਦੋਦੜ ਵਾਰੋ[1]। [1]ਗੋਗੜ ਵਾਲਾ ਸੀ।
ਤਾਂ ਪਰ ਧਰਿ ਗੁਰੁ ਐਸ ਉਚਾਰੋ।
ਸ੍ਰੀ ਗੁਰੁ ਨਾਨਕ ਸੁਤ ਤੁਵ ਘਰ ਮੈਂ।
ਦੈਹੈਂ ਚਿਰੰਜੀਵ, ਦਿਯ ਬਰ ਮੈਂ ॥ ੧੨੦ ॥
ਮੁਹਿਰ ਨਿਸ਼ਾਨੀ ਪੇਸ਼ਾਨੀ ਪਰ[1]। [1]ਮੱਥੇ ਤੇ।
ਹ੍ਵੈ ਤੁਮਰੇ ਸੁਤ ਕੇ ਲਖੀਓ ਤਰ[1]। [1]ਚੰਗੀ ਤਰ੍ਹਾਂ ਜਾਣੋ।
ਸੁਨਿ ਬਰ ਵਰ[1] ਨ੍ਰਿਪ ਅਤਿ ਖ਼ੁਸ਼ ਥੀਓ। [1]ਉੱਤਮ ਵਰ।
ਸੁਧਾ[1] ਪਾਇ ਮ੍ਰਿਤਕ ਜਨੁ ਜੀਓ ॥ ੧੨੧ ॥ [1]ਅੰਮ੍ਰਿਤ।
ਪਾਹਨ ਲੀਕ ਅਲੀਕ[1] ਠੀਕ ਹੈ। [1]ਅਮਿੱਟ ਪੱਥਰ ਦੀ ਲਕੀਰ ਵਾਂਗ।
ਬਚਨ ਗੁਰੂ ਕਾ ਫਲੈ ਨੀਕ ਹੈ।
ਇਹੁ ਦਿਢ ਧਰਿ ਨ੍ਰਿਪ ਯੁਤ ਪਰਵਾਰੈਂ।
ਥਯੋ ਸਿੱਖ ਗੁਰੁ ਕੇਰ ਉਦਾਰੈਂ ॥ ੧੨੨ ॥
ਪਗ ਪਾਹੁਲ ਪਾਵਨ ਗੁਰੁ ਪਜਾਈ।
ਗੁਰ ਮੰਤ੍ਰ ਦਿਯ ਮੰਤ੍ਰਰਾਈ[1]। [1]ਮੰਤ੍ਰਾਂ ਦਾ ਰਾਜਾ।
ਆਤਮ ਗਜਾਨ ਦਯੋ ਸੁਖ ਦਾਏ।
ਚਾਰ ਖਾਨਿ ਜੋਨੀ ਛੁਟਕਾਏ[1] ॥ ੧੨੩ ॥ [1]ਛੁਡਾ ਲਏ।
ਸਤਿਨਾਮੁ ਤੈ ਜਪੁ ਲੌ ਸਾਰਾ।
ਮਾਲਾ ਮੰਤ੍ਰ ਦਯੋ ਉਦਾਰਾ।
ਔਰਰੀਤ ਗੁਰੁ ਘਰ ਕੀ ਜੇਤੀ।
ਸਮਝਾਈ ਨ੍ਰਿਪ ਕੋ ਗੁਰੁ ਤੇਤੀ ॥ ੧੨੪ ॥
ਭਗਤਿ ਅਨੱਨਜ[1] ਗਜਾਨ ਉਪਦੇਸੈਂ। [1]ਇੱਕ ਵਾਹਿਗੁਰੂ ਦੀ ਭਗਤੀ।
ਦੈ ਕਰਿ ਕਟੇ ਕਲੇਸ ਅਸੇਸੈਂ[1] ॥ ੧੨੫ ॥ [1]ਸਾਰੇ।
ਦੋਹਰਾ:
ਸਤਿਗੁਰ ਸਮ ਦਾਤਾ ਨਹੀ,
ਨਦਰੀ ਨਦਰਿ ਨਿਹਾਲ।
ਚਾਰ ਪਦਾਰਥ ਨ੍ਰਿਪ ਕੌ,
ਦੀਨੇ ਬ੍ਰਿਦ ਸੰਭਾਲ ॥ ੧੨੬ ॥

ਕਰਮ ਜਾਲ ਮੈਂ ਜੀਵ ਸਭਿ,
ਬਾਂਧ ਈਸ ਪ੍ਰਤੱਖ।
ਦੁਖ ਸੁਖ ਅਧਿਕ ਭੁਗਾਇ ਹੈ,
ਜੋਨਿ ਚੁਰਾਸੀ ਲੱਖ ॥੧੨੭॥
ਘਟੀ ਯੰਤ੍ਰ ਜਜੋਂ ਕੂਪ ਭਵ[1],
ਮਾਂਹਿ ਭ੍ਰਮਾਵਤ ਈਸ।
ਜੀਵਨ ਕੋ ਛੁਟਕਾਇ ਹੈਂ,
ਸਤਿਗੁਰੁ ਬਿਸ੍ਵੈ ਬੀਸ[1] ॥੧੨੮॥
ਯੌਂ ਈਸ਼ਰ ਤੈ ਅਧਿਕ ਗੁਰੁ,
ਹੈਂ ਉਪਕਾਰੀ ਦਜਾਲ।
ਮੇਖ ਰੇਖ ਮੈਂ ਮਾਰ ਕਰਿ[1],
ਸਿੱਖ ਕੋ ਕਰਤਿ ਨਿਹਾਲ ॥੧੨੯॥
ਕਰਜੋ ਸੈਲ ਇਕ ਸਾਲ ਲੌਂ,
ਨ੍ਰਿਪ ਕੇ ਗੁਰੂ ਥਿਰਾਇ[1]।
ਕਾਮਰੂਪ ਆਸਾਮ ਥਿਰਿ,
ਪਿਖਿ ਗੁਰੁ, ਥਿਰਜੋ ਅਧਜਾਇ ॥੧੩੦॥

[1]ਸੰਸਾਰ ਖੂਹ ਵਿੱਚ ਹਲਟ ਦੀਆਂ ਟਿੰਡਾਂ ਵਾਂਗ।

[1]ਚੰਗੀ ਤਰ੍ਹਾਂ, ਮੁਕੰਮਲ ਤੌਰ ਤੇ।

[1]ਰੇਖ 'ਚ ਮੇਖ ਮਾਰ ਕੇ ਭਾਵ ਪ੍ਰਾਰਬਧ ਮੇਟ ਕੇ।

[1]ਗੁਰੂ ਜੀ ਨੇ ਰਾਜੇ ਪਾਸ ਠਹਿਰ ਕੇ।

ਇਤਿ ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਾਮਰੂਪ ਆਸਾਮ ਜਾਵਨ, ਨੌਮ ਗੁਰੂ ਕਾ ਪ੍ਰਸੰਗ' ਬਰਨਨੰ ਨਾਮ ਛੱਤੀਸਮੋਂ ਬਿਸ੍ਰਾਮ ॥੩੬॥

੩੭. {ਬੰਗਾਲ ਤੇ ਉੜੀਸਾ ਦੀਆਂ ਸੰਗਤਾਂ ਦਾ ਉਧਾਰ, ਸ੍ਰੀ ਪਟਣੇ ਸਾਹਿਬ ਵਾਪਸ ਆਉਣਾ, ਸਾਹਿਬਜ਼ਾਦੇ ਦੇ ਅਵਤਾਰ ਦੀ ਖ਼ੁਸ਼ੀ ਵਿੱਚ ਉਤਸ਼ਵ, ਫਿਰ ਵਾਪਸ ਅਨੰਦ ਪੁਰ ਪਹੁੰਚਣਾ}

ਦੋਹਰਾ:

ਸ੍ਰੀ ਗੁਰੁ ਆਦਿ ਅਨਾਦਿ ਬ੍ਰਹਮ,
ਪਰਮ ਕ੍ਰਿਪਾਲ ਉਦਾਰ[1]।

[1]ਅਨਾਦੀ ਬ੍ਰਹਮ ਸਰੂਪ ਸ੍ਰੇਸ਼ਟ ਤੇ ਪਰਮ ਕਿਰਪਾਲੂ ਸ੍ਰੀ ਗੁਰੂ ਨਾਨਕ ਦੇਵ ਜੀ!

ਹਰਾ ਭਰਾ ਕਿਯ ਖੇਤ ਜਿਮ,
ਤਿਮ ਮਮ ਸਦਗੁਨ ਪਾਰਿ[1] ॥੧॥

[1]ਜਿਵੇਂ ਤੁਸਾਂ ਜ਼ਿਮੀਂਦਾਰ ਦਾ ਖੇਤ ਹਰਾ-ਭਰਾ ਕੀਤਾ ਸੀ ਤਿਵੇਂ ਮੇਰੇ ਸ੍ਰੇਸ਼ਟ ਗੁਣਾਂ ਦੀ ਪਾਲਣਾ ਕਰੋ।

ਦੇਸ ਬੰਗਾਲ ਉਡੀਸ ਪਿਖਿ[1],
ਪਟਨੇ ਐਹੈਂ ਜੈਸ*।

[1]ਉੜੀਸਾ ਵੇਖ ਕੇ।

*ਅਧਿਆ ਦੇ ਅੰਤ ਵਿੱਚ ਸਤਿਗੁਰੂ ਵਾਪਸ ਅਨੰਦ ਪੁਰ ਪਹੁੰਚ ਗਏ ਹਨ। ਕਵਿ ਜੀ ਏਥੇ ਲਿਖਣਾ ਭੁੱਲ ਗਏ ਹਨ।

ਇਸ ਅਧਜਾਇ ਤੈ ਸੋ ਕਥਾ,
ਸੁਨੋ ਸ੍ਰੋਤਾ ਬੈਸ[1] ॥੨॥

[1]ਬੈਠ ਕੇ।

ਗੀਆ ਛੰਦ:

ਜਬਿ ਚਲਨ ਚਾਹਜੋ ਤਹਾਂ ਤੈ ਗੁਰੁ,
ਨ੍ਰਿਪ ਬਜਾਕੁਲ ਹ੍ਵੈ ਗਯੋ।
ਪਗ ਗਹੇ ਸਹਿ ਪਰਵਾਰ,
ਬਿਨਤੀ ਕਰਤ ਐਸੇ ਹੈ ਭਯੋ।
ਨਿਜ ਦਿਹੁ ਨਿਸ਼ਾਨੀ ਦਰਸਬੇ ਹਿਤ[1],
ਤਬੈ ਗੁਰੁ ਧਨੁ ਤਾਨ ਕੈ[1]।
ਸਰੁ ਸਾਂਧਿ ਤਰੁ ਪਿਖਿ ਪੀਨ[1],
ਕੀਨ ਸੁ ਪਾਰ ਮਾਰ ਧਜਾਨ ਕੈ ॥੩॥
ਇਕ ਓਰ ਬਾਗੜ, ਮੁਖੀ ਦੂਸਰ
ਦਿਸਾ, ਦੀਖਤ ਹੈ ਭਲੀ।
ਪਿਖਿ ਭਏ ਬਿਸਮੈਂ ਭੂਪ ਭਟ ਕਹਿਂ,
ਗੁਰੂ ਸਮ ਨਹਿਂ ਕੋ ਭਲੀ।
ਤਸਵੀਰ ਗੁਰੁ ਕੀ ਪੂਜਨੇ ਹਿਤ,
ਭੂਪ ਪੁਨ ਉਤਰਾ ਲਈ।
ਤਰੁ ਤਰੇ[1] ਮੇਲਾ ਭਰਤਿ ਅਬਿ ਲੌਂ,
ਯਹਿ ਨਿਸ਼ਾਨੀ ਗੁਰੁ ਦਈ ॥੪॥

[1]ਦਰਸ਼ਨ ਕਰਨ ਵਾਸਤੇ।

[1]ਧਨੁਖ ਖਿੱਚ ਕੇ।

[1]ਤੀਰ ਸਿੰਨ੍ਹ ਕੇ ਤੇ ਵੱਡਾ ਦਰੱਖ਼ਤ ਵੇਖ ਕੇ।

[1]ਦਰੱਖ਼ਤ ਹੇਠ।

ਨ੍ਰਿਪ ਮਾਤ ਰਾਨੀ ਭੇਟ ਦੈ,
ਬਡ ਮਾਲ ਮੁਕਤਾ ਹੀਰ ਹੈਂ[1]।
[1]ਮੋਤੀਆਂ ਤੇ ਹੀਰਿਆਂ ਦੀ ਮਾਲਾ।

ਬਹੁ ਦਏ ਜ਼ੇਵਰ ਮਾਤ ਸੁਤ ਹਿਤ,
ਅਤੀ ਸੁੰਦਰ ਚੀਰ[1] ਹੈਂ।
[1]ਬਸਤ੍ਰ।

ਪੁਨ ਪਰੇ ਹੋਇ ਅਧੀਰ, ਗੁਰੁ ਪਗ
ਧੋਇ ਨੈਨਨਿ ਨੀਰ ਸੋਂ।
ਗਲਿ ਗਲਤ ਬਾਨੀ[1] ਸਾਸ ਸੀਤਲ,
[1]ਗਲੇ ਚੋਂ ਬਾਣੀ ਗ਼ਲਤ ਨਿਕਲਦੀ ਹੈ।

ਗਏ ਹੋਸ਼ ਸਰੀਰ ਸੋਂ ॥ ੫ ॥
ਪਿਖਿ ਦਸਾ ਗੁਰੁ ਢੁਰਿ[1] ਦਯਾ ਮੈਂ,
[1]ਢਲ ਕੇ, ਪੰਘਰ ਕੇ।

ਦੈ ਗਜ਼ਾਨ ਮੋਹ ਬਿਨਾਸਜੋ।
ਚਲਿ ਤਹਾਂ ਤੈ ਗੁਰ ਸਨ ਸਨੈ[1],
[1]ਹੌਲੀ ਹੌਲੀ।

ਮਗਿ ਦੇਸਿ ਬਹੁ ਪ੍ਰਕਾਸ਼ਜੋ[1]।
[1]ਸਿੱਖੀ ਦਾ ਪ੍ਰਕਾਸ਼ ਕੀਤਾ।

ਸਮ ਨਦੀ ਬਾਰਦ[1] ਤਾਰਤੇ,
[1]ਬੱਦਲ ਵਾਂਗ।

ਜਨ ਸੰਤ ਭਗਤਨਿ ਕੇ ਤਈਂ।
ਗੁਰੁ ਅਏ ਦੇਸ ਬੰਗਾਲ ਮੈਂ,
ਤਟ ਗੰਗ ਥਿਰਤਾ ਹੈ ਲਈ ॥ ੬ ॥
ਜਹਿਂ ਕਾਲਕੱਤਾ ਬਸਤ ਅਬਿ ਹੈ,
ਤਹਾਂ ਲਘੁ ਸਾ ਗਾਮ ਥਾ[1]।
[1]ਛੋਟਾ ਜਿਹਾ ਪਿੰਡ ਸੀ।

ਤਹਿਂ ਭੂਪ ਖੱਤ੍ਰੀ ਹੁਤੈ ਤਬਿ ਇਕ,
ਸਿੰਘ ਹਜੂਰੀ ਨਾਮ ਥਾ।
ਦੁਤਿ ਤੇਜਿ ਯੁਤਿ ਬਡ ਸ਼ਕਤਿ ਪਿਖਿ[1],
[1]ਤੇਜ ਸਹਿਤ ਚਿਹਰੇ ਦੀ ਛਬ ਤੇ ਵੱਡੀ ਸ਼ਕਤੀ ਵੇਖ ਕੇ।

ਸੋ ਪਰਜੋ ਗੁਰੁ ਪਗ ਆਇ ਕੈ।
ਕਰ ਜੋਰਿ ਕੀਨ ਨਿਹੋਰ[1] ਬਿਨਤੀ,
[1]ਝੁਕ ਕੇ।

ਸੇਵਿ ਬਹੁਧਾ ਭਾਇ ਕੈ[1] ॥ ੭ ॥
[1]ਪ੍ਰੇਮ ਨਾਲ ਬਹੁਤ ਤਰ੍ਹਾਂ ਦੀ।

ਸੁਨਿ ਸਿਖਨਿ ਤੈ ਸਬਿ ਗਾਥ ਗੁਰੁ ਕੀ,
ਮੋਦ ਮਨ ਮੈਂ ਅਤਿ ਭਯੋ।
ਨਿਜ ਧਾਮ ਦਾਇ ਅਰਾਮ ਖਟ ਰਿਤੁ,
ਚਾਹਿ[1] ਗੁਰੁ ਕੌ ਲੈ ਗਯੋ।
[1]ਉਤਸ਼ਾਹ ਨਾਲ।

ਸਿੱਖ ਬਨਜੋ ਯੁਤ ਪ੍ਰਵਾਰ, ਪਿਖਿ ਕੈ
ਸ਼ਕਤਿ ਗੁਰੁ ਕੀ ਸੋ ਮਹਾਂ[1]।
[1]ਵੱਡੀ।

ਜਹਿਂ ਕਿਲਾ ਅਬਿ ਅੰਗ੍ਰੇਜ਼ ਕਾ,
ਤਬਿ ਰਚਿਤ ਗੜ੍ਹ ਥਾ[1] ਸੋ ਤਹਾਂ ॥ ੮ ॥
[1]ਕਿਲ੍ਹਾ ਬਣਾ ਰਿਹਾ ਸੀ।

ਉਨਿ ਬੂਝਿ ਗੁਰ ਤੈ, ਨਾਮ ਗੋਬਿੰਦ ਗੜ੍ਹ,
ਰਖਜੋ ਥਾ ਚਾਹਿ ਕੈ।
ਅਬਿ ਬਡੀ ਸੰਗਤਿ ਜੋ ਕਹਾਵਤ,
ਧਰਮਸਾਲਾ ਤਾਹਿਂ ਕੈ[1]।
[1]ਉਥੇ ਬਣਾਈ।

ਪੁਨ ਨਾਮ ਗੁਰੁ ਕੇ, ਏਕ ਕਟੜਾ
ਰਚਜੋ, ਅਬਿ ਲੌਂ ਜੋ ਅਹੇ।
ਤਸਵੀਰ ਉਨਿ ਉਤਰਾਇ ਗੁਰੁ ਕੀ,
ਰਖੀ ਪੂਜਨ ਕੋ ਗਹੇ[1] ॥ ੯ ॥
[1]ਘਰ ਵਿੱਚ।

ਇਕ ਦਈ ਪੋਥੀ ਖਾਸ ਤਿਸ ਕੋ,
ਨੌਮ ਗੁਰੁ ਮੁਦ ਮਾਨ ਹੈ।
ਬਹੁ ਕਾਲ ਰਹਿ ਸੋ ਕਿਲੇ ਮੈਂ,
ਅਬਿ ਗਈ ਇੰਗਲਸਤਾਨ ਹੈ।
ਪੁਨ ਪੁਰੀ ਆਨੰਦ ਸਿੰਘ ਹਜੂਰੀ,
ਅਯੋ ਗੁਰੁ ਦਸਮੇਸ਼ ਧੈ[1]।
[1]ਪਾਸ।

ਬਹੁ ਭੇਟ ਦੈ ਤਸਵੀਰ ਇਨ ਕੀ,
ਲੈ ਗਯੋ ਥਾ ਵੇਸ ਪੈ[1] ॥ ੧੦ ॥
[1](ਆਪਣੇ) ਪਾਸ ਘਰ ਲੈ ਗਿਆ ਸੀ।

ਵਹਿ ਆਹਿ ਪਟਨੇ ਮੈਂ ਅਬੈ,
ਇਕ ਵੀਚ ਸੰਗਤ[1] ਹੈ ਤਹਾਂ।
[1]ਗੁਰਦੁਆਰਾ ਬੜੀ ਸੰਗਤ ਕਲਕੱਤਾ।

ਛਲ ਠਾਨ ਇਕ ਅੰਗ੍ਰੇਜ ਨੇ,
ਥਾ ਰਾਜ ਉਸ ਕਾ ਯੌਂ ਲਹਾ।
ਬਨਿ ਸਾਧੁ, ਜਪ ਤਪ ਸਾਧਿ, ਈਸ
ਅਰਾਧਿ, ਗੰਗਾ ਤਟ ਵਹਾਂ[1]।
[1]ਓਥੇ ਗੰਗਾ ਦੇ ਕਿਨਾਰੇ।

ਤਿਹ ਸੇਵ ਪੂਰੀ, ਸਿੰਘ ਹਜੂਰੀ
ਠਾਨ[1], ਕੂਰੀ ਫਲ ਲਹਾ[2] ॥ ੧੧ ॥
[1]ਕਰਕੇ। [2]ਝੂਠਾ ਫਲ ਲਿਆ।

ਉਨਿ ਲੀਨ ਚੜਸਾ ਭਰ ਜ਼ਮੀਨ[1],
[1]ਏਕੜ ਜ਼ਮੀਨ। (ਚੜਸਾ=ਜਿਤਨੀ ਜ਼ਮੀਨ ਨੂੰ ਇਕ ਚੜਸਾ ਚੰਗੀ ਤਰ੍ਹਾਂ ਪਾਣੀ ਦੇ ਕੇ ਉਤਨੀ ਜ਼ਮੀਨ ਦਾ ਨਾਮ ਚੜਸਾ ਹੋ ਗਿਆ।)

ਲਿਖਾਇ ਕਸਮ ਕਰਾਇ ਕੈ।

ਵਹਿ ਚੀਰ ਤਾਰਿ ਨਿਕਾਰ ਮਿਨਿ ਲਿਯ[1],

[1](ਤਾਰਿ), ਜਰੀਬ ਨਾਲ ਮਿਣ ਕੇ ਉਹ (ਚੀਰ) ਹੱਦ ਕੱਢ ਲਈ।

ਕਿਲਾ ਯੁਤ ਬਹੁ ਥਾਇ ਕੈ[1]।
[1]ਕਿਲ੍ਹੇ ਸਣੇ ਬਹੁਤ ਥਾਂ ਦੀ।

ਰਚਿ ਤਹਾਂ ਕੋਠੀ ਬਨਿ ਸੁਦਾਗਰ,
ਸਮਾਂ ਨ੍ਰਿਖਿ ਰਹਾਇਓ[1]।
[1]ਸਮਾਂ ਦੇਖਦਾ ਰਿਹਾ ਭਾਵ ਮੌਕਾ ਤਾੜਦਾ ਰਿਹਾ।

ਪੁਨ ਕਾਜ ਕੀਨ ਸਮਾਜ ਚੀਨ[1],
[1]ਜਾਣੇ ਫੇਰ ਆਪਣੀ ਕੌਮ ਦਾ ਕੰਮ ਕੀਤਾ।

ਜਹਾਜ ਲੀਨ ਮੰਗਾਇਓ ॥ ੧੨ ॥
ਸਨ ਸੱਤ੍ਰਹ ਸੈ ਥਾ ਬਹੱਤ੍ਰ,
ਈਸਵ[1] ਤਬਿ ਜਾਨਿਓ।
[1]ਸੰਨ ੧੭੭੨ ਈ: ਸੀ।

ਬਹੁ ਫੌਜ ਜੰਗੀ ਏਕ ਦਮ,
ਮੰਗਵਾਇ ਕਰਿ ਬਲ ਠਾਨਿਓ।
ਇਤ ਸਿੰਘ ਹਜੂਰੀ ਮਰਜੋ ਥਾ,
ਲਿਯ ਰਾਜ ਤਾਂਹਿ ਦਬਾਇ ਹੈ।
ਪੁਨ 'ਗਿਨ ਪਲਾਸੀ' ਗਾਮ ਢਿਗ,
ਕਿਯ ਜੰਗ ਇਨਿ ਅਧਿਕਾਇ ਹੈ ॥ ੧੩ ॥
ਲਿਯ ਦੇਸ ਮੁਰਸ਼ਦਬਾਦ ਕੇਰ,
ਨੁਵਾਬ ਕਾ ਬਹੁ ਛੀਨ ਹੈ।
ਫਿਰ ਦੇਸ ਕਾਂਸ਼ੀ ਪਤੀ ਕਾ,
ਲਖਨਊ ਕਾ ਲਿਯ ਪੀਨ[1] ਹੈ।
[1]ਬਹੁਤਾ।

ਉਤ ਦੇਸ ਦੱਖਣ ਪੇਸ਼ਵਾ ਤੈ[1],
[1]ਪੂੰਨੇ ਦੇ ਰਾਜੇ ਬਾਜੀਰਾਉ ਦੂਜੇ ਤੋਂ।

ਬੇਸ[1] ਲੀਨ ਸਜੋਰ ਹੈ।
[1]ਸ੍ਰੇਸ਼ਟ ਦੇਸ।

ਪੁਨ ਜੰਗ ਮਰਹੱਟਜੋਂ ਸੰਗ ਕੀਨੇ,
ਡੀਂਗ ਕੋਇਲ ਘੋਰ ਹੈਂ[1] ॥ ੧੪ ॥
[1]ਡੀਂਗ ਤੇ ਕੋਇਲ ਸ਼ਹਿਰਾਂ ਨੇੜੇ ਭਿਆਨਕ ਜੰਗ ਕੀਤੇ।

ਉਨਿ ਤਈਂ ਫਾੜਿ ਬਿਝਾੜ ਖੇਡ
ਉਜਾੜ, ਬੇਖ ਉਪਾਰ ਹੈ[1]।
[1]ਪਾੜ ਕੇ ਵੱਖ ਵੱਖ ਕਰ ਕੇ ਖੇਡ ਉਜਾੜ ਕੇ (ਉਨ੍ਹਾਂ ਦੀਆਂ) ਜੜ੍ਹਾਂ ਪੁੱਟ ਦਿੱਤੀਆਂ।

ਫਿਰ ਲਈ ਦਿੱਲੀ ਬਿਨਾ ਢਿੱਲੀ[1],
[1]ਬਿਨਾਂ ਦੇਰ ਤੋਂ।

ਮੇਲ ਜਿੱਲੀ ਭਾਰ ਹੈ[1]।
[1]ਬਹੁਤੀ ਹਲਚਲੀ ਪਾ ਕੇ।

ਦਸ ਆਠ ਸੌ ਪਰ ਏਕ ਸਨ ਥਾ[1]
[1]ਸੰਨ ੧੮੦੧ ਈ: ਸੀ।

ਜਬੈ ਦਿੱਲੀ ਹੈ ਲਈ।

ਅਠ ਸਾਲ ਪਾਛੇ ਲੁਦੇਹਾਨੇ,
ਛਾਵਨੀ ਥੀ ਇਨ ਠਈ[1] ॥ ੧੫ ॥

[1]ਬਣਾਈ।

ਫਿਰ ਸੰਨ ਅਠਾਰਾਂ ਸੌ ਪੰਤਾਲੀ,
ਮਾਂਹਿ ਠਟ[1] ਬਡ ਰੌਰ[2] ਹੈ।
ਕਰਿ ਜੰਗ ਸਿੰਘਨਿ ਸੰਗ, ਲੀਨ
ਨਿਸੰਗ ਛੀਨ ਲਾਹੌਰ ਹੈ।
ਇਮ ਦੇਸ ਹਿੰਦੁਸਤਾਨ ਵੇਸ[1],
ਪੰਜਾਬ ਹਿਕਮਤ ਸੰਗ[1] ਹੈ।
ਸਬਿ ਮੁਲਕ ਕੇ ਅੰਗ੍ਰੇਜ ਹੋਏ,
ਬਾਦਿਸ਼ਾਹਿ ਨਿਸੰਗ ਹੈਂ ॥ ੧੬ ॥

[1]ਪਾ ਕੇ। [2]ਰੌਲਾ।

[1]ਸ੍ਰੇਸ਼ਟ।

[1]ਚਤੁਰਾਈ ਨਾਲ।

ਅਬਿ ਸੁਨੋ ਗਾਥਾ ਨੌਮ ਗੁਰੁ ਕੀ,
ਰਹੀ ਪੀਛੈ ਜੋ ਭਲੈਂ[1]।
ਉਨਿ ਸੈਰ ਦੇਸ ਬੰਗਾਲ ਕੀਨ,
ਉਡੀਸ ਕਾ ਬਹੁਤੈ ਥਲੈਂ[1]।
ਪੁਨ ਜਗਨ ਨਾਥ ਨਿਹਾਰਿ ਉਤਰੇ,
ਪੌਰਿ ਸਨਮੁਖ[1] ਜਾਇ ਕੈ।
ਇਕ ਹੁਤੋ ਮੰਗੂ ਭਗਤ ਤਹਿਂ,
ਉਨਿ ਸੇਵ ਕੀਨ ਸੁ ਭਾਇ ਕੈ[1] ॥ ੧੭ ॥

[1]ਚੰਗੀ ਕਥਾ।

[1]ਬਹੁਤੀਆਂ ਜਗ੍ਹਾਂ ਦਾ।

[1]ਦਰਵਾਜ਼ੇ ਦੇ ਸਾਹਮਣੇ।

[1]ਚੰਗੇ ਪ੍ਰੇਮ ਨਾਲ।

ਫਿਰ ਗਏ ਮੰਦਰ ਮੈਂ ਗੁਰੂ,
ਉਨਿ ਕਹਜੋ ਅਬਿ ਤੋ ਬੰਦ ਹੈ।
ਜਬਿ ਖੁਲੈਗੋ ਤਬਿ ਕਰਜੋ ਦਰਸ਼ਨ,
ਆਇ ਫਿਰ ਮਨਚਿੰਦ ਹੈ[1]।
ਗੁਰੁ ਕਹਜੋ, ਠਾਕੁਰ ਨਾਂਹਿ ਮੰਦ੍ਰ
ਮਾਂਹਿ ਹੀ ਇਕ ਗੌਰ ਹੈ[1]।

[1]ਮਨ ਇੱਛਤ।

[1]ਇੱਕ ਵੱਡਾ ਠਾਕੁਰ (ਪ੍ਰਮੇਸ਼ਰ ਸਿਰਫ) ਮੰਦਰ ਵਿੱਚ ਹੀ ਨਹੀਂ ਹੈ।

ਹਮ ਪਿਖਨਿ ਮੰਦਰ ਕੋ ਅਏ,
ਪਿਖਿ ਰਹੈ ਪ੍ਰਭੁ ਸਬਿ ਠੌਰ ਹੈ ॥ ੧੮ ॥
ਇਮ ਗਾਇ[1] ਬੈਠੇ ਜਾਇ ਡੇਰੇ,
ਭੋਗ ਪੰਡਨਿ ਲਾਇਓ।
ਨਿਜ ਥਾਰ ਠਾਕੁਰ ਭੋਗ ਕਾ ਲੈ,

[1]ਕਹਿ ਕੇ।

ਆਪ ਗੁਰੁ ਪੈ ਆਇਓ।
ਗੁਰੁ ਪਾਸ ਥੇ ਜੋ ਲੋਗ ਬੈਠੇ,
ਪੇਖਿ ਸਬਿ ਬਿਸਮੈ[1] ਰਹੇ।
ਉਤ ਥਾਲ ਪੰਡਜੋ ਨਾਹਿਂ ਦੇਖਜੋ,
ਭਰਮ ਸੰਸੇ ਸੋ ਗਹੇ[1] ॥ ੧੯ ॥
ਜਿਨਿ ਪੇਖਜੋ ਥਾ ਗੁਰੂ ਪੈ,
ਉਨਿ ਜਾਇ ਪੰਡਜੋ ਕੋ ਕਹਜੋ।
ਸਬਿ ਆਇ ਗੁਰੁ ਕੇ ਪਏ ਪੈਰੀਂ,
ਥਾਲ ਮੰਦਰ ਤੈ ਲਹਜੋ।
ਪੁਨ ਜਾਂਹਿ ਜਬਿ ਗੁਰੁ ਮੰਦਰ ਮੈਂ,
ਖੁਲ ਜਾਂਹਿ ਫਾਟਕ ਆਪ ਹੀ।
ਪਿਖਿ ਲੋਗ ਪੰਡੇ ਭਵੈਂ ਅਚਰਜ,
ਗੁਰੂ ਕੌ ਹਰਿ ਥਾਪ ਹੀਂ ॥ ੨੦ ॥
ਇਹੁ ਬਾਤ ਅਬਿ ਲੌ ਬ੍ਰਿਧ ਪੰਡੇ,
ਪੁਰੀ ਕੇ ਜਨ ਗਾਇ ਹੈਂ।
ਇਕ ਠੌਰ ਖਾਵਤ ਔਰ ਸਬਿ,
ਗੁਰੁ ਸਿੱਖਨਿ ਕੋ ਨਹਿਂ ਦਾਇ ਹੈਂ।
ਜਹਿਂ ਥਿਰੇ ਥੇ ਗੁਰੁ ਨੌਮ,
ਮੰਗੂ ਨੇ ਬਨਾਯੋ ਥਾਨ ਸੋ।
ਇਸ ਹੇਤ ਹੀ ਵਹਿ ਥਾਨ ਮੰਗੂ
ਮਠ, ਕਹਾਵਤ ਜਾਨ ਸੋ ॥ ੨੧ ॥
ਗੁਰੁ ਨੌਮ ਤਬਿ ਗੁਰੁ ਆਦਿ ਕੀ,
ਬਨਵਾਵਤੇ ਭੇ ਬਾਵਲੀ।
ਇਸ਼ਨਾਨ ਜਿਹ ਜਲ ਪਾਨ ਤੈ,
ਅਘ ਓਘ[1] ਕਟਤਿ ਉਤਾਵਲੀ।
ਤਟ ਸਿੰਧ ਕੇ[1] ਸੋ ਮਿਸ਼ਟ ਜਲ ਹੈ,
ਨੈਨ ਨਿਜ ਕਵਿ ਨੇ ਪਿਖਾ।
ਪ੍ਰਸੰਗ ਏਹੁ ਨਿਸੰਗ, ਸਿੱਖ ਇਕ
ਬ੍ਰਿੱਧ ਤੈ ਸੁਨਿ ਹੈ ਲਿਖਾ ॥ ੨੨ ॥
ਪੁਨ ਨੌਮ ਗੁਰੁ ਜਨ ਤਾਰਤੇ,

[1]ਹੈਰਾਨ।

[1]ਉਹ ਪਕੜੇ ਗਏ, ਭਾਵ ਭਰਮਾਂ ਤੇ ਸੰਸਿਆਂ ਵਿੱਚ ਪੈ ਗਏ।

[1]ਸਾਰੇ ਪਾਪ।

[1]ਸਮੁੰਦਰ ਦੇ ਕਿਨਾਰੇ।

ਬਹੁ ਠੌਰ ਕਰਤਿ ਨਿਵਾਸ ਹੈਂ।
ਬਿਤਵਾਇ ਤੀਨਕ ਸਾਲ ਉਤ,
ਫਿਰ ਅਏ ਪਟਨੇ ਖਾਸ ਹੈਂ।
ਬਹੁ ਦਜੋਸ ਤੇ ਲਗ ਰਹੀ ਥੀ,
ਉਡੀਕ ਗੁਰੁ ਕੇ ਆਨ ਕੀ।
ਹਰ ਵਕਤ ਸੌਨ[1] ਮਨਾਵਤੀ ਥੀ,
ਮਾਤ ਬ੍ਰਿਧਾ ਨਾਨਕੀ ॥ ੨੩ ॥
ਅਬਿ ਬਾਗ ਗੁਰੁ ਕਾ ਜਹਾਂ ਹੈ,
ਇਕ ਕੋਸ ਪਰ ਗੁਰੁ ਆ ਥਿਰੇ।
ਲਹਿ ਸਾਰ[1] ਜਨ ਕ੍ਰਿਪਾਲ ਸਸਿ ਲੌ,
ਲੋਗ ਤਹਿਂ ਹੀ ਜਾ ਫਿਰੇ।
ਸੁਨਿ ਮਾਤ ਅੰਗ ਨ ਮਾਤ[1], ਸੁਖ
ਅਵਿਦਾਤ ਭਾ ਤੁਛ ਤਾ ਸਮੈਂ[1]।
ਭੁਲ ਦੇਹ ਗੇਹ ਸਨੇਹ ਗੌ[1],
ਲਿਵ ਲਗੀ ਦਿਢ ਸੁਤ ਖਾਸ ਮੈਂ[1] ॥ ੨੪ ॥
ਸ੍ਰੀ ਗੂਜਰੀ ਮਤਿ ਊਜਰੀ[1],
ਮਨ ਮਗਨ ਆਨੰਦ ਮੈਂ ਭਈ।
ਮਗ ਧਾਮ ਗੰਧ ਸਿੰਚਾਇ[1], ਬੰਦਨ
ਵਾਰ ਦ੍ਵਾਰਨ ਹੈ ਠਈ[1]।

ਸਜਿ ਸਬਿ ਸ਼ਿੰਗਾਰ ਉਦਾਰ, ਭਾਗ
ਸੁਹਾਗ ਕੇ ਮੁਦ ਹ੍ਵੈ ਮਹਾਂ।
ਧਰਿ ਆਰਤੀ ਹਿਤ ਕਰਨ ਆਰਤ
ਹਰਨ ਕੀ ਮਗ ਦਰਗਹਾ[1] ॥ ੨੫ ॥

ਉਤਸ਼ਾਹ ਅਧਿਕ ਪ੍ਰੇਮ ਸੋਂ,
ਸਬਿ ਦਾਸ ਦਾਸੀ ਸਜਤ ਭੇ।
ਸਭਿ ਸਾਜ ਮੰਗਲ ਮੈ[1] ਸਜੇ,
ਬਰ ਬਾਦ ਬਿਬਿਧਾ ਬਜਤ ਭੇ[1]।
ਬਡ ਮਾਤ ਪੌਤ੍ਰ ਕੇ ਤਈਂ,

[1]ਸ਼ਗਨ।

[1]ਖ਼ਬਰ।

[1]ਮਿਉਂਦੀ।
[1]ਤਿਸ ਥੋਹੜੇ ਜਿਹੇ ਸਮੇਂ ਵਿੱਚ ਬਹੁਤਾ ਸੁਖ ਹੋਇਆ।
[1]ਦੇਹ ਤੇ ਘਰ ਦਾ ਮੋਹ ਭੁਲ ਗਿਆ।
[1]ਆਪਣੇ ਪੁੱਤਰ ਵਿੱਚ।
[1]ਉੱਜਲ ਮਤ ਵਾਲੀ।

[1]ਰਸਤੇ ਤੇ ਘਰਾਂ ਵਿੱਚ ਸੁਗੰਧੀ ਛਿੜਕੀ ਹੋਈ ਹੈ।
[1]ਦਰਵਾਜ਼ਿਆਂ 'ਤੇ ਫੁੱਲ-ਪੱਤਿਆਂ ਦੀਆਂ ਮਾਲਾ ਬੰਨ੍ਹੀਆਂ ਹੋਈਆਂ ਹਨ।

[1]ਦਰਗਾਹ ਦੇਰਸਤੇ (ਦੀ ਪ੍ਰਾਪਤੀ) ਕਰਨ ਵਾਸਤੇ ਦੁੱਖਾਂ ਨੂੰ ਮੇਟਣ ਵਾਲੇ (ਸਤਿਗੁਰਾਂ) ਦੀ ਆਰਤੀ ਕਰਦੇ ਹਨ।

[1]ਮੰਗਲ ਰੂਪ।
[1]ਸ੍ਰੋਸ਼ਟ ਤੇ ਅਨੇਕ ਤਰ੍ਹਾਂ ਦੇ ਵਾਜੇ ਵੱਜਣ ਲੱਗ ਪਏ।

ਇਸ਼ਨਾਨ ਆਪ ਕਰਾਇ ਕੈ।
ਬਹੁ ਬਰਨ ਬਰਨ[1] ਬਨਾਇ ਭੂਸ਼ਨ,
ਬਸਨ ਬਰ ਪਹਿਰਾਇ ਕੈ ॥੨੬॥
ਦੁਤਿ ਹੇਰਿ ਹੋਤਿ ਹਿਰਾਨ, ਔ
ਕੁਰਬਾਨ ਰੂਪ ਅਨੂਪ ਪੈ।
ਮਤ ਡੀਠ[1] ਲਾਗੈ ਸਜਾਮ ਬਿੰਦੂ,
ਕਿਯ ਕਪੋਲਨ ਖੂਪ ਪੈ[1]।
ਮ੍ਰਿਦੁ ਮੰਜ ਕੰਜਨ ਪੈ ਮਨੋ,
ਅਲਿ ਰਹੇ ਛੌਨਾ ਸੋਇ ਹੈਂ[1]।

ਦ੍ਰਿਗ ਮ੍ਰਿਗ ਸਾਵਕ ਮੀਨ ਕੰਜਨ,
ਖੰਜਨ ਕੌ ਮਦ ਖੋਇ ਹੈਂ[1] ॥੨੭॥

ਜਨੁ ਰਮਾ ਕਾਰੀ ਪਹਿਨਿ ਸਾਰੀ,
ਕਜਰ ਧਾਰੀ ਮੋਹਿਤੀ[1]।

ਕਿਤ ਤੀਨ ਗੁਨ, ਤ੍ਰੈਦੇਵ ਤ੍ਰਿਧਾ
ਸ਼ਕਤਿ, ਨੈਨਨਿ ਸੋਹਿਤੀ[1]।

ਕਚ ਚਿਕਨ ਮੇਚਕ ਘੁੰਘਰਾਰੇ,
ਮੰਡਰਾਰੇ ਅਲਿ ਕਿਤੈਂ[1]।

ਸਮ ਮਦਨ ਕਮਠੀ ਕੁਟਿਲ ਭ੍ਰਿਕੁਟੀ,
ਬਿਨਾ ਤਾਨੇ ਜਗਿ ਜਿਤੈਂ[1] ॥੨੮॥

ਲਟ ਲਟਕ ਸਾਫ ਕਪੋਲ ਲਾਗੀ,
ਕਾਚ ਪੈ ਜਨੁ ਕਾਫ ਹੈ[1]।

ਮੁਖ ਸਸੀ ਤੈ ਕਿਤ ਸੁਧਾ ਪੀਵਨਿ,
ਲਪਟਜੋ ਸੁਤ ਸਾਂਪ ਹੈ[1]।

ਦੁਤਿ ਕਾਨ ਕੁੰਡਲ ਲੋਲ ਡੋਲ,

[1]ਰੰਗਾਂਰੰਗਾਂ ਦੇ।

[1]ਨਜ਼ਰ।

[1]ਚੰਗੀਆਂ ਗੱਲ੍ਹਾਂ ਤੇ ਕਾਲਾ ਨਿਸ਼ਾਨ ਲਾਇਆ ਹੈ।

[1]ਕੋਮਲ ਤੇ ਉੱਜਲ ਕੰਵਲਾਂ ਤੇ ਜਾਣੋ ਭੌਰਿਆਂ ਦੇ ਬੱਚੇ ਸੌਂ ਰਹੇ ਹਨ।

[1]ਨੇਤ੍ਰ, ਹਰਨ ਦੇ ਬੱਚੇ, ਮੱਛੀ, ਕੰਵਲ ਤੇ ਮਮੋਲੇ ਦੇ ਹੰਕਾਰ ਨੂੰ ਨਾਸ਼ ਕਰਦੇ ਹਨ।

[1]ਜਾਣੋ ਲੱਛਮੀ ਕਾਲੀ ਸਾੜ੍ਹੀ ਪਹਿਨ ਕੇ ਤੇ ਸੁਰਮਾ ਪਾ ਕੇ ਮੋਹਿਤ ਕਰਦੀ ਹੈ।

[1]ਜਾਂ ਤਿੰਨ ਗੁਣ, ਤਿੰਨੇ ਦੇਵਤੇ ਤੇ ਤਿੰਨੇ ਦੇਵਤਿਆਂ ਦੀਆਂ ਸ਼ਕਤੀਆਂ ਅੱਖਾਂ 'ਚ ਸੋਹ ਰਹੀਆਂ ਹਨ।

[1]ਚੀਕਣੇ, ਕਾਲੇ ਤੇ ਘੁੰਘਰੂਆਂ ਵਾਲੇ ਕੇਸ ਹਨ ਜਾਂ ਭੌਰੇ ਗੋਲ ਚੱਕ੍ਰ ਦੇ ਕੇ ਘੁੰਮ ਰਹੇ ਹਨ।

[1]ਕਾਮ ਦੇ ਧਨੁਖ ਵਾਂਗ ਟੇਢੇ ਭ੍ਰੁਵੱਟੇ, ਬਿਨਾਂ ਖਿੱਚਿਆਂ ਜਗਤ ਨੂੰ ਜਿੱਤ ਰਹੇ ਹਨ।

[1]ਕੇਸਾਂ ਦੀ ਲਿਟ ਲਟਕ ਕੇ ਗੱਲ੍ਹਾਂ ਤੇ ਸਾਫ਼ ਲੱਗੀ ਹੋਈ ਹੈ ਜਾਣੋ ਕੱਚ ਦੇ ਉਤੇ (ਫ਼ਾਰਸੀ ਲਿੱਪੀ ਦਾ) ਕਾਫ਼ (ਅੱਖਰ ਲਿਖਿਆ ਹੋਇਆ) ਹੈ।

[1]ਜਾਂ ਮੁਖ ਰੂਪ ਚੰਦ੍ਰਮਾ ਤੋਂ ਅੰਮ੍ਰਿਤ ਪੀਣ ਲਈ ਸੱਪ ਦਾ ਪੁੱਤਰ ਚਿੰਬੜਿਆ ਹੋਇਆ ਹੈ।

ਕਪੋਲ ਸਬਜ਼ੇ ਸਜ ਰਹੇ[1]।

[1]ਕੰਨਾਂ ਵਿੱਚ (ਪਾਏ ਹੋਏ) ਚਮਕੀਲੇ ਕੁੰਡਲ ਚੰਚਲ ਹੋ ਕੇ ਹਿੱਲ ਰਹੇ ਹਨ (ਜਿਨ੍ਹਾਂ ਵਿੱਚ) ਸਬਜ਼ੇ (ਹਰੇਰਤਨ) ਸਜ ਰਹੇ ਹਨ।

ਸਸਿ ਗੋਦ ਮੈਂ ਜਨ ਸਸਿਜ ਖੇਲਤਿ,
ਇੰਦ੍ਰ ਧਨੁ ਜਨੁ ਜੁਗ ਅਹੇ[1] ॥੨੯॥

[1]ਜਾਣੋ ਚੰਦ੍ਰਮਾ ਦੀ ਗੋਦ ਵਿੱਚ ਚੰਦ੍ਰਮਾ ਦੇ ਪੁੱਤਰ ਖੇਡ ਰਹੇ ਹਨ ਜਾਂ ਜਾਣੋ ਇੰਦ੍ਰ ਦੇ ਦੋ ਧਨੁਖ ਹਨ।

ਸਿਰ ਚਾਰੁ ਚੀਰਾ[1] ਜਟਤ[2] ਜ੍ਵਾਹਰ,
ਜਿਗਾ ਕਲਗੀ ਜਗਮਗੇ[1]।

[1]ਸੁੰਦਰ ਦਸਤਾਰਾ। [2]ਜੜੇ ਹੋਏ।

[1]ਚਮਕਦੇ ਹਨ।

ਗਰਿ ਮਾਲ ਮੁਕਤਾ ਗਜਨ ਲਾਲ,
ਬਿਸਾਲ ਬਿਬਿਧਾ ਥੇ ਖਗੇ[1]।

[1]ਗਲ ਵਿੱਚ ਵੱਡੀ ਮਾਲਾ ਸੀ ਜਿਸ ਵਿੱਚ ਹਾਥੀਆਂ ਦੇ ਮੋਤੀ ਦੇ ਤਰ੍ਹਾਂ ਤਰ੍ਹਾਂ ਦੇ ਲਾਲ (ਖਗੇ) ਤਾਰਿਆਂ ਵਾਂਗ (ਚਮਕ ਰਹੇ ਸਨ)।

ਦੁਤਿ ਦੇਹ ਝਗਲੀ ਝੀਨਿ ਮੈਂ ਸੇ,
ਝਲਕਿ ਖਲਕੈਂ ਮੋਹਿਤੋ[1]।

[1]ਸਰੀਰ ਦੀ ਸ਼ੋਭਾ ਬਰੀਕ ਝੱਗੀ ਵਿੱਚ ਦੀ ਚਮਕ ਕੇ ਲੋਕਾਂ ਨੂੰ ਮੋਹਿਤ ਕਰ ਰਹੀ ਹੈ।

ਤਨ ਮਨ ਸੁ ਧਨ ਸਬਿ ਵਾਰ ਡਾਰਤਿ,
ਹਸਨ ਦਸਨ ਜੋ ਜੋਹਿਤੋ[1] ॥੩੦॥

[1]ਹੱਸਣ ਸਮੇਂ ਜੋ ਦੰਦਾਂ ਨੂੰ ਵੇਖਦਾ ਹੈ।

ਨਵਰਤਨ ਮੰਡਤਿ ਭੁਜ ਭਵੱਟਾ,
ਮਨੋ ਗ੍ਰਹਿ ਲਿਪਟਾਰਹੇ[1]।

[1]ਬਾਂਹ ਵਿੱਚ ਬਾਜ਼ੂ-ਬੰਦ ਨੌਰਤਨਾਂ ਨਾਲ ਸਜ ਰਿਹਾ ਹੈ ਜਾਣੋ ਨੌਂ ਗ੍ਰਹਿ (ਬਾਂਹ ਨੂੰ) ਚਿੰਬੜ ਰਹੇ ਹਨ।

ਸੁਠ ਸਜਤਿ ਨੇਵਰ ਬਜਤਿ ਧੁਨਿ, ਸੁਨਿ
ਮੁਨਿਨ ਮਨ ਬਿਰਮਾਰਹੇ[1]।

[1]ਸੁੰਦਰ ਝਾਂਜਰਾਂ ਸਜ ਰਹੀਆਂ ਹਨ ਜਿਨ੍ਹਾਂ ਚੋਂ ਨਿਕਲੀ ਹੋਈ ਅਵਾਜ਼ ਸੁਣ ਕੇ ਮੁਨੀਆਂ ਦੇ ਮਨ ਮੋਹਿਤ ਹੋ ਕੇ ਫਸ ਰਹੇ ਹਨ।

ਕਰ ਕਨਕ ਕੰਜਨਿ ਜਟਤਿ ਮਨਿ ਗਨ,
ਕਿੰਕਨੀ ਕਟਿ ਭਾਵਤੇ[1]।

[1]ਹੱਥ ਕੰਵਲਾਂ ਵਿੱਚ ਸੋਨੇ ਦੇ ਕੜੇ ਹਨ (ਜਿਨ੍ਹਾਂ ਵਿੱਚ) ਬਹੁਤ ਮਣੀਆਂ ਜੜੀਆਂ ਹੋਈਆਂ ਹਨ ਅਤੇ ਲੱਕ 'ਚ ਬੱਧੀ ਹੋਈ ਤੜਾਗੀ ਮਨ ਨੂੰ ਚੰਗੀ ਲੱਗਦੀ ਹੈ।

ਪਗ ਮੰਜ ਮ੍ਰਿਦਲ ਅਰਨ ਕੰਜ,
ਸੁਰਮਾਂ ਕੌ ਸ਼ਰਮਾਵਤੇ[1] ॥੩੧॥

[1]ਚਰਨ ਉੱਜਲ ਤੇ ਕੋਮਲ ਹਨ ਜੋ ਲਾਲ ਕੰਵਲਾਂ ਤੇ ਲਛਮੀ ਨੂੰ ਸ਼ਰਮਾਉਂਦੇ ਹਨ।

ਨਖ ਪਾਂਤਿ ਸਾਂਤਿ ਅਵਦਾਤ ਦਾ,
ਜਨੁ ਚਿੰਤ ਮਨਿ ਚਿੰਤਾ ਹਰੇ[1]।

[1]ਨੌਹਾਂ ਦੀਆਂ ਕਤਾਰਾਂ ਬਹੁਤੀ ਸ਼ਾਂਤੀ ਦੇਣ ਵਾਲੀਆਂ ਹਨ ਜਾਣੋ ਚਿੰਤਾ ਦੂਰ ਕਰਨ ਵਾਲੀਆਂ ਚਿੰਤਾ ਮਣੀਆਂ ਹਨ।

ਕਿਤ ਟੂਕ ਕੈ ਬਿਧੁ ਕੋ ਬਿਧੀ,

ਗੁਰੁ ਪਾਦ ਪੂਜਨ ਹੈਂ ਕਰੇ[1]।

[1]ਜਾਂ (ਬਿਧੀ) ਬ੍ਰਹਮਾ, (ਬਿਧੁ) ਚੰਦ੍ਰਮਾ ਦੇ ਟੁਕੜੇ ਕਰ ਕੇ ਗੁਰਾਂ ਦੇ ਚਰਨਾਂ ਦਾ ਪੂਜਨ ਕਰ ਰਿਹਾ ਹੈ।

ਅਬਿ ਸੰਤ ਧਜਾਵਤ ਚਰਨ ਸੋ,
ਤਬਿ ਧੰਨਜ ਥੇ ਜੇ ਪਰਸਤੇ[1]।
ਹਰਿ ਗਜਾਨ ਹੈ ਕੁਰਬਾਨ ਤਿਨ ਪੈ,
ਧਜਾਨ ਧਰਿ ਜੇ ਦਰਸਤੇ ॥ ੩੨ ॥

[1]ਛੋਂਹਦੇ ਸਨ।

ਤਬਿ ਹੁਤੇ ਬਾਲਕ, ਤੀਨ ਸਾਲਕ
ਕੇ, ਸੁਹਾਵਤਿ ਸਰਬਥਾ[1]।
ਗੁਨ ਸ਼ਕਤਿ ਮੰਦਰ ਅਤੀ ਸੁੰਦਰ,
ਕਾਮ ਪਿਖਿ ਹਤ ਗਰਬਥਾ[1]।
ਇਤ ਦਾਸ ਸੰਗ ਉਮੰਗ, ਚਾਇ
ਉਛੰਗ[1] ਗੁਰੁ ਕੋ ਲੈ ਗਏ।
ਉਤ ਪਾਲਕੀ ਅਸ੍ਵਾਰ ਨੌਮੇ,
ਗੁਰੂ ਬਾਗੋਂ ਚਲਿ ਅਏ ॥ ੩੩ ॥

[1]ਸਭ ਤਰ੍ਹਾਂ ਕਰਕੇ।

[1]ਵੇਖ ਕੇ ਕਾਮਦੇਵ ਦਾ ਹੰਕਾਰ ਨਾਸ਼ ਹੋ ਜਾਂਦਾ ਸੀ।

[1]ਗੋਦੀ 'ਚ ਚੁੱਕ ਕੇ।

ਚਲਿ ਬਹੁ ਮਹਾਜਨ ਨਗਰ ਕੇ ਸਿੱਖ,
ਮਿਲੇ ਅੱਗ੍ਰ ਜਾਇ ਕੈ।
ਪਗ ਪਰਸਿ ਦਰਸ਼ਨ ਦਰਸਿ[1] ਬਰਸਤਿ
ਫੂਲ, ਹਰਸ ਬਢਾਇ ਕੈ[1]।
ਗੁਨ ਗਾਵਤੇ ਹੁਲਸਾਵਤੇ[1],
ਮਿਲਿ ਆਵਤੇ ਭੇ ਸੰਗ ਹੈਂ।
ਮਾਸੰਦ ਜੇਠਾ ਨੰਦ, ਸਾਹਿਬ
ਚੰਦ, ਆਦਿ ਉਮੰਗ ਹੈਂ ॥ ੩੪ ॥

[1]ਦੇਖਦੇ ਹਨ।

[1]ਖ਼ੁਸ਼ੀ ਵਧਾ ਕੇ।

[1]ਖ਼ੁਸ਼ੀ ਨਾਲ।

ਜੁਗ ਓਰ[1] ਚਵਰ ਝੁਲਾਵਤੇ ਭੇ,
ਲਿਜਾਵਤੇ ਇਮ ਗੁਰੁ ਤਈਂ।
ਨਗਰ ਸਗਰੇ ਬਗਰ[1] ਡਗਰਨਿ[2],
ਮੈਂ ਸੁਗੰਧੀ ਹੈ ਛਈ।
ਬਹੁ ਬਾਦ ਬੱਜਤ[1] ਸਜਤ ਕੌਤਕ,
ਗਜਤਿ ਅਸ੍ਵ[1] ਅਪਾਰ ਹੈਂ।
ਜਨੁ ਰਾਮ ਆਏ ਅਵਧ ਫਿਰਿ[1],
ਮਨਿ ਅਤਿ ਅਨੰਦ ਉਛਾਰ ਹੈਂ[1] ॥ ੩੫ ॥

[1]ਦੋਹੀਂ ਪਾਸੀਂ।

[1]ਘਰਾਂ। [2]ਰਸਤਿਆਂ।

[1]ਵਾਜੇ ਵੱਜਦੇ ਹਨ।

[1]ਘੋੜੇ ਹਿਣਕਦੇ ਹਨ।

[1]ਮੁੜ ਕੇ ਅਜੁੱਧਿਆ ਵਿੱਚ।

[1]ਉਛਾਲਦੇ ਹਨ।

ਕ੍ਰਿਪਾਲ ਚੰਦ ਸਮੋਦ ਗੋਦ,
ਉਠਾਇ ਨਿਜ ਦਸਮੇਸ਼ ਕੋ।
ਪਗ ਨਗਨ ਚਲਿ ਮਿਲਿ ਅੱਗਰ ਦੀਨੋ,
ਬਾਲ ਗੁਰੁ ਪਰਮੇਸ਼ ਕੋ।
ਗੁਰੁ ਲਯੋ ਅਤਿ ਪ੍ਰਮੋਦ ਯੁਤ,
ਨਿਜ ਗੋਦ ਸੀਨੇ[1] ਲਾਇਓ।
ਚੁਮਿ ਮਾਥ ਹਾਥ ਫਿਰਾਇ ਸਿਰਿ,
ਸਿਰ ਨਾਥ ਨਾਥ ਬਨਾਯੋ[1] ॥ ੩੬ ॥

[1]ਛਾਤੀ ਨਾਲ।

[1]ਮਾਲਕਾਂ ਦਾ ਸ਼੍ਰੋਮਣੀ ਮਾਲਕ ਬਣਾ ਦਿੱਤਾ।

ਦ੍ਰਿਗ ਸਰਸ ਕ੍ਰਿਪਾ ਬਰਸ ਉਛਰਯੋ,
ਹਰਸ ਮਨਿ ਨ ਸਮਾਇ ਹੈ[1]।

[1]ਨੇਤ੍ਰ ਕਿਰਪਾ ਦੀ ਵਰਖਾ ਨਾਲ ਬਹੁਤ ਉੱਛਲ ਪਏ (ਜਾਣੋ) ਖ਼ੁਸ਼ੀ ਮਨ 'ਚ ਨਹੀਂ ਸਮਾਈ।

ਪੁਚਕਾਰਿ[1] ਦੈ ਬਹੁ ਪਜਾਰ,
ਬਾਰੰ ਬਾਰ ਉਰ ਸੋਂ[1] ਲਾਇ ਹੈਂ।
ਬ੍ਰਹਮ ਗਜਾਨ ਪ੍ਰਮਾਨੰਦ ਕਿਤ[1],
ਬ੍ਰਹਮ ਈਸ, ਰਵਿ ਸਸਿ ਮਿਲਿ ਚਲੇ।
ਪੁਰਖਾਰਥੰ ਪ੍ਰਮਾਰਥੰ,
ਜਸ ਤੇਜ, ਓਜ ਸੁ ਧਰਮਲੇ[1] ॥ ੩੭ ॥

[1]ਲਾਡ ਨਾਲ।

[1]ਛਾਤੀ ਨਾਲ।

[1]ਜਾਂ।

[1]ਉੱਦਮ ਤੇ ਮੁਕਤੀ, ਜਸ ਤੇ ਤੇਜ ਅਤੇ ਬਲ ਤੇ ਧਰਮ (ਆਪਸ ਵਿੱਚ) ਮਿਲ ਪਏ।

ਤਜ ਜਾਪ ਫਲ, ਕਿਤ ਸਿੱਧ ਸਾਧਨ,
ਬ੍ਰਹਮ ਨਿਜ ਜਨੁ ਪਾਯੋ[1]।

[1]ਜਾਂ (ਹੇਮ ਕੁੰਟ ਦੇ) ਤਪ ਦਾ ਫਲ (ਅਤੇ ਬਾਬੇ ਬਕਾਲੇ ਦੇ ਭੋਰੇ ਦੇ ਜਪ ਦਾ) ਫਲ ਜਾਂ ਸਿੱਧ ਤੇ ਸਾਧਨ ਇਕੱਠੇ ਹੋਏ ਹਨ ਜਾਂ ਭਗਤ ਨੇ ਆਪਣੇ ਬ੍ਰਹਮ ਨੂੰ ਪਾ ਲਿਆ ਹੈ।

ਭਜ ਨਿਜਾਨੰਦ ਨਿਮਗਨ, ਤ੍ਰਿਧਾ
ਦੇਹ ਨੇਹ ਭੁਲਾਯੋ[1]।

[1]ਆਪਣੇ ਸ ਰੂਪ ਦੇ ਅਨੰਦ ਦੀ ਪ੍ਰਾਪਤੀ ਕਰ ਕੇ ਬਹੁਤੇ ਮਗਨ ਹੋ ਕੇ ਤਿੰਨਾਂ ਦੇਹਾਂ (ਸਥੂਲ, ਸੂਖਮ, ਕਾਰਨ) ਦਾ ਮੋਹ ਭੁਲਾ ਦਿੱਤਾ ਹੈ।

ਤਿਸ ਮੋਦ ਕੀ ਨਹਿਂ ਅਵਧਿ ਸਾਰਦ,
ਸੇਸ ਲੇਸ ਭਿ ਕਹਿ ਸਕੈਂ[1]।

[1]ਉਸ ਅਨੰਦ ਦੀ ਹੱਦ ਸਰਸੁਤੀ ਤੇ ਸ਼ੇਸ਼ਨਾਗ ਥੋੜੇ ਮਾਤ੍ਰ ਵੀ ਨਹੀਂ ਕਹਿ ਸਕਦੇ।

ਮਨ ਨੈਨ ਬੈਨਨਿ ਤੇ ਪਰੈ,
ਹਰਿ ਗਜਾਨ ਫਿਰ ਕਵਿ ਕਯਾ ਬਕੈ[1]? ॥ ੩੮ ॥

[1]ਕੀ ਕਹਿ ਸਕਦਾ ਹੈ।

ਗੁਰੁ ਧਨ ਨਿਛਾਵਰ[1] ਕਰਤਿ ਸੁਤ ਪੈ,

[1]ਵਾਰਨਾ।

ਜਾਤਿ ਘਨ ਜਸੋਂ[1] ਬਰਸਤੇ।
ਦਹਿ ਦਏ[1] ਦਾਰਿਦ ਦੁਖ ਦੀਨਨਿ,
ਦਾਨ ਦੈ ਦਿਢ ਦਰਸ ਤੇ[1]।
ਗੁਰੁ ਅੱਗਰ ਚਲਤਿ ਨਕੀਬ[1] ਬੋਲਤਿ,
ਸੁਜਸ ਭਾਟ ਉਚਾਰਤੇ।
ਬਡ ਭੀਰ ਸੰਗ ਫਕੀਰ ਧੀਰ,
ਅਮੀਰ ਕੀਰ ਅਪਾਰਤੇ[1] ॥ ੩੯ ॥

[1]ਬੱਦਲ ਵਾਂਗ।
[1]ਸਾੜ ਦਿੱਤੇ।
[1]ਚੰਗੀ ਤਰ੍ਹਾਂ ਦਰਸ਼ਨ ਦੇ ਕੇ।
[1]ਅੱਗੇ ਅੱਗੇ ਬੋਲਣ ਵਾਲਾ।
[1]ਬਹੁਤੇ ਗ਼ਰੀਬਾਂ ਦੀ।

ਸੁਨਿ ਰੌਰ[1] ਆਵਤ ਔਰ ਦੌਰਿ,
ਸੁ ਠੌਰ ਠੌਰਨਿ ਠਾਂਢਜੋ[1]।
ਜਗਮੌਰ[1] ਇਮ ਨਿਜ ਪੌਰ[2] ਪਹੁੰਚੇ,
ਗੌਰ ਮੁਦ ਨਦਿ ਬਾਢਜੋ[1]।
ਤਜਿ ਪਾਲਕੀ ਦਜਾਲ, ਕੀਨ ਜੁ
ਗਮਨ[1] ਅੰਦਰ ਮੰਦਰੈਂ।
ਬਡ ਮਾਤ ਅੰਗਨ ਮੈਂ[1] ਮਿਲੀ,
ਨ ਸਮਾਤ ਅੰਗਨਿ ਅੰਦਰੈਂ[1] ॥ ੪੦ ॥

[1]ਰੌਲਾ।
[1]ਜਗ੍ਹਾ ਜਗ੍ਹਾ ਆ ਖੜੇ ਹੋਏ।
[1]ਜਗਤ ਦੇ ਸ਼੍ਰੋਮਣੀ। [2]ਆਪਣੇ ਦਰਵਾਜ਼ੇ ਤੇ।
[1]ਭਾਰੀ ਅਨੰਦ ਦਾ ਸਮੁੰਦਰ ਵਧ ਗਿਆ।
[1]ਜਾਣਾ ਕੀਤਾ।
[1]ਜੱਫੀ ਵਿੱਚ (ਲੈ ਕੇ) (ਅ) ਵਿਹੜੇ ਵਿਚ।
[1]ਅੰਗਾਂ 'ਚ ਨਹੀਂ ਸਮਾਉਂਦੀ।

ਮਰਯਾਦ ਰੱਖਕ ਸਤਿਗੁਰੂ,
ਪਗ ਮਾਤ ਬੰਦੇ ਭਾਇ ਸੋਂ[1]।
ਕਰ ਸੀਸ ਧਰਿ[1] ਆਸੀਸ, ਮਾਤਾ ਜੀ
ਸੁ ਦੈਂ, ਬਹੁ ਚਾਇ ਸੋਂ[1]।
ਸ੍ਰੀ ਗੂਜਰੀ ਜੀ ਆਰਤੀ
ਉਤਾਰਤੀ ਭਈ ਵਾਰਤੀ[1]।
ਤਨ ਮਨ ਸੁ ਧਨ ਗੁਰੁ ਪਗਨ ਪੈ,
ਧਰਿ ਮਾਥ ਹਾਥ ਪਰਸਾਵਤੀ[1] ॥ ੪੧ ॥

[1]ਪ੍ਰੇਮ ਨਾਲ।
[1]ਸਿਰ ਤੇ ਹੱਥਰਖ ਕੇ।
[1]ਚਾਅ ਨਾਲ।
[1]ਵਾਰਨੇ ਕਰਦੀ ਹੈ।
[1]ਗੁਰਾਂ ਦੇ ਚਰਨਾਂ ਤੇ ਮੱਥਾਰਖ ਕੇ ਹੱਥਾਂ ਨਾਲ ਛੋਂਹਦੀ ਹੈ।

ਵਹ ਮੁਦ ਅਥਾਹ ਉਛਾਹ ਪੇਖਨਿ,
ਚਾਹ ਕਰਿ ਸੁਰ ਤਿਯ ਅਈ[1]।

[1]ਉਹ ਬਹੁਤਾ ਅਨੰਦ ਤੇ ਉਤਸ਼ਾਹ ਦੇਖਣ ਦੀ ਇੱਛਾ ਕਰ ਕੇ ਦੇਵਤਿਆਂ ਦੀਆਂ ਇਸਤ੍ਰੀਆਂ ਆਈਆਂ।

ਗੁਨ ਰੂਪ ਧਿਖਨੀ[1] ਬਨੀ ਸਿਖਨੀ,
ਮਾਤ ਪਿਖਿਨੀ ਕਸੁ ਠਈ[1]।
ਤਿਨ ਸੰਗ ਗੁਜਰੀ ਜੀ ਨਿਸੰਗ,
ਉਮੰਗ ਗੀਤ ਉਚਾਰ ਹੈਂ।

[1]ਅਕਲਮੰਦ।
[1]ਬਹੁਤ ਚੰਗੀਆਂ ਬਣੀਆਂ ਹੋਈਆਂ ਮਾਤਾ ਜੀ ਨੇ ਦੇਖੀਆਂ।

ਤੁਮ ਗਾਉ ਦੁਲਹਨਿ[1] ਅਏ ਮਮ ਘਰਿ,
ਆਜ ਰਾਮ ਭਤਾਰ[1] ਹੈਂ ॥ ੪੨ ॥

[1]ਹੇ ਲਾੜੀਓ।
[1]ਪ੍ਰਮੇਸ਼ਰ ਰੂਪ ਸਤਿਗੁਰੂ ਪਤੀ।

ਆਜ ਹੈ ਹਮਾਰੇ ਅਤੀ ਆਨੰਦ,
ਮਹਾਂ ਮੰਗਲਚਾਰ[1] ਹੈ।
ਇਤਜਾਦਿ ਸ਼ਬਦ ਗ੍ਰੰਥ ਗੁਰੁ ਕੇ,
ਭਈ ਗਾਤ ਅਪਾਰ ਹੈ।
ਜਗਵਾਇ ਦੀਪਕ ਘ੍ਰਿਤ[1] ਮਾਤਾ,
ਦੀਪਮਾਲਾ ਹੈ ਕਰੀ।
ਕਰਵਾ ਤਿਹਾਵਲ[1], ਪੁਰਾ ਗੁਰੁ ਕੇ
ਨਾਮ[1], ਬਾਂਟਤਿ ਮੁਦ ਭਰੀ ॥ ੪੩ ॥

[1]ਉਤਸ਼ਵ ਦੀਰਸਮ।
[1]ਘਿਉ ਦੇ ਦੀਵੇ।
[1]ਕੜਾਹ ਪ੍ਰਸ਼ਾਦ।
[1]ਪਹਿਲੇ ਗੁਰੂਆਂ ਦੇ ਨਾਮ ਦਾ।

ਪਰਯੰਕ ਪੈ ਗੁਰੁ ਅੰਕ ਮੈਂ ਸੁਤ,
ਮਯੰਕ ਜਨੁ ਬੁਧ ਸੋਹਿ ਹੈਂ[1]।

[1]ਪਲੰਘ ਉੱਤੇ ਗੁਰਾਂ ਦੀ ਗੋਦ ਵਿੱਚ ਪੁੱਤਰ (ਸ੍ਰੀ ਦਸਮੇਸ਼ ਜੀ) ਜਾਣੋ ਚੰਦ੍ਰਮਾ ਦੇ ਪੁੱਤਰ ਬੁਧ (ਵਾਂਗ) ਸੋਹ ਰਹੇ ਹਨ।

ਸਬਿ ਤਿਯ ਚਕੋਰੀ ਚਿਤ੍ਰ ਸੀ[1],
ਟਕ ਏਕ ਗੁਰੁ ਦਿਸ ਜੋਹਿ ਹੈਂ।
ਦੁਲਰਾਵਹੀਂ[1] ਮੁਸਕਾਵਹੀਂ[2],
ਓਪਾਵਹੀਂ ਮੁਦ ਮੋਹਿ ਹੈਂ[1]।
ਪਰਮੋਦ ਮੋਦ ਬਿਨੋਦ ਜਨ, ਗੁਰਿ
ਗੋਦ ਮੈਂ ਗੁਰੁ ਸੋਹਿ ਹੈਂ[1] ॥ ੪੪ ॥

[1]ਇਸਤ੍ਰੀਆਂ, ਚਕੋਰਾਂ ਤੇ ਤਸਵੀਰਾਂ ਵਾਂਗ।
[1]ਲਾਡ ਲਡਾਉਂਦੀਆਂ ਹਨ। [2]ਮੁਸਕਰਾਉਂਦੀਆਂ ਹਨ।
[1]ਅਨੰਦ ਪੈਦਾ ਕਰ ਕੇ ਮੋਂਹਦੀਆਂ ਹਨ।
[1]ਗੁਰੂ (ਤੇਗ ਬਹਾਦਰ ਜੀ) ਦੀ ਗੋਦ ਵਿੱਚ ਗੁਰੂ (ਕਲਗੀਧਰ) ਸੋਹ ਰਹੇ ਹਨ ਜਿਸ ਕਰ ਕੇ ਕੌਤਕਾਂ ਦਾ ਬਹੁਤੇ ਤੋਂ ਬਹੁਤਾ ਅਨੰਦ (ਜਨ) ਪੈਦਾ ਹੋ ਰਿਹਾ ਹੈ।

ਗੁਰ ਮਾਤ ਪਤਨੀ ਕੇ ਤਈਂ,
ਸਬਿ ਭਾਂਤਿ ਮੋਦ ਮਹਾਂਤ[1] ਹੈ।
ਸੁਖ ਸਚੀ[1] ਲਖਮੀ[2] ਉਮਾ[3] ਕੋ,
ਜੋ ਦੁਲੱਭ ਸੋ ਵਹਿ ਪਾਤ ਹੈਂ।
ਸਭਿ ਦਾਸ ਦਾਸੀ ਮੋਦ ਯੁਤ,
ਗੁਰੁ ਚਰਨ ਮੈਂ ਲਪਟਾਵਹੀਂ।
ਗੁਰੁ ਯਥਾ ਉਚਿਤ ਬਿੱਤ ਬਖਸ਼ਤਿ,
ਕੁਸਲ ਮਾਨ ਰਖਾਵਹੀਂ[1] ॥ ੪੫ ॥

[1]ਬਹੁਤਾ।
[1]ਇੰਦ੍ਰ ਦੀ ਇਸਤ੍ਰੀ। [2]ਲੱਛਮੀ। [3]ਪਾਰਬਤੀ।
[1]ਜੈਸਾ ਕੋਈ ਯੋਗ ਹੈ, ਧਨ ਤੇ ਸੁਖ ਬਖ਼ਸ਼ਦੇ ਹਨ ਤੇ ਆਦਰ ਕਰਦੇ ਹਨ।

ਗੁਰੁ ਨੂਤਨੰ ਕੇ[1] ਬੂਝਨੇ ਪਰ,

[1]ਨਵੇਂ ਗੁਰੂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੇ।

ਬ੍ਰਿੱਧ ਗੁਰੁ[1] ਮੁਦ ਪ੍ਰੇਮ ਸੈਂ।
ਸਬਿ ਗਾਥ ਦੇਸ ਸੁ ਕਾਮਰੂ ਕੀ,
ਕਹੀ ਕਰਮ ਕਰ ਨੇਮ ਸੈਂ[1]।
ਪ੍ਰਸੰਗ ਸੈਂ ਗੁਰੁ ਆਦਿ ਕਾ[1],
ਪ੍ਰਸੰਗ ਭੀ ਸਬਿ ਗਾਇਓ।
ਜਿਮ ਕੀਓ ਥਾ ਮਰਦਾਨਾ ਮੇਢਾ[1],
ਗੁਰੂ ਜਾਇ ਛੁਡਾਇਓ ॥ ੪੬ ॥
ਵਹਿ ਕਰੀ ਸਰਮਾ[1] ਖਰੀ[2] ਫਿਰਿ,
ਜੌ ਪਰੀ ਪਗਿ ਗੁਰੁ ਬਖਸ਼ੀਆ।
ਪਿਖਿ ਸ਼ਕਤਿ ਗੁਰ ਕੀ ਭਗਤਿ[1] ਹੋਈ,
ਸਿੱਖੀ ਤਿਹਂ ਬਡ ਲਖਸ਼ੀਆ[1]।
ਪੁਨ ਸ੍ਵਯੰ[1] ਸਨਮੁਖ ਜੈਸ ਜਾਦੂ,
ਕਰੇ ਥੇ ਉਨਿ ਸਬਿ ਕਹੇ।
ਸੁਨਿ ਹਸਤਿ ਪੁਨ ਪੁਨ ਬਾਲ ਬਪੁ ਗੁਰੁ,
ਔਰ ਸਬਿ ਹੀ ਮੁਦ ਲਹੇ ॥ ੪੭ ॥
ਕਰਿ ਬਾਤ ਬਹੁਧਾ ਭਾਂਤਿ ਗੁਰੁ
ਜਬਿ ਰਾਤ ਅਧਿਕ ਬਿਤਾਈਆ।
ਪ੍ਰਸ਼ਾਦ ਛਕਿ ਫਿਰ ਪਲਂਘ ਪੌਢੇ[1],
ਉਠੇ ਫਜਰ[1] ਸਬਾਈਆ।
ਕਰਿ ਨਿੱਤ ਕ੍ਰਿਆ ਧਜਾਨ ਧਰਿ,
ਚਿਤ ਬ੍ਰਿਤਿ ਬ੍ਰਹਮ ਮਿਲਾਈਆ।
ਇਤ ਸੇਵਕੈਂ ਕਰਿ ਫਰਸ ਵਰ ਸਬਿ,
ਸਭਾ ਸੋਜ[1] ਸਜਾਈਆ ॥ ੪੮ ॥
ਸਿੱਖ ਸਾਧ ਬੈਠੇ ਆਇ ਬਹੁ,
ਮਿਲਿ ਵਾਰ ਰਾਗੀ ਗਾਈਆ।
ਪੁਨ ਗੁਰੁ ਪੁਸ਼ਾਕੀ ਪਹਿਨ ਕੇ,
ਮਸਨੰਦ[1] ਬੈਠ ਸੁਹਾਈਆ।
ਸਿੱਖ ਆਵਨਾ ਸੁਨਿ ਗੁਰੂ ਕਾ,
ਖੁਸ਼ ਹੋਇ ਭੇਟਾ ਲੈ ਅਏ।
ਕਰਿ ਦਰਸ ਪਾਦ ਸਪਰਸ ਕੇ[1],

[1]ਵੱਡੇ ਗੁਰੂ (ਸ੍ਰੀ ਗੁਰੂ ਤੇਗ ਬਹਾਦਰ ਜੀ)।

[1]ਨਿਯਮ ਨਾਲ ਤਰਤੀਬ ਦੇ ਕੇ।

[1]ਪਹਿਲੇ ਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਦਾ।

[1]ਛੱਤਰਾ, ਭੇਡੂ।

[1]ਕੁੱਤੀ। [2]ਗਧੀ, ਖੋਤੀ।

[1]ਭਗਤਣੀਆਂ।

[1]ਉਨ੍ਹਾਂ ਨੇ ਸਿੱਖੀ ਨੂੰ ਵੱਡਾ ਜਾਣਿਆ।

[1]ਆਪਣੇ (ਮੂੰਹ ਨਾਲ) ਕਹੇ।

[1]ਬਿਰਾਜੇ।

[1]ਅੰਮ੍ਰਿਤ ਵੇਲੇ।

[1]ਸਮੱਗ੍ਰੀ।

[1]ਗੱਦੀ ਤੇ।

[1]ਚਰਨ ਛੋਹ ਕੇ।

ਅਤਿ ਹਰਸ[1] ਚਾਰੋਂ ਫਲ ਲਏ ॥ ੪੯ ॥

[1]ਬਹੁਤ ਖ਼ੁਸ਼ ਹੋ ਕੇ।

ਗੁਰੁ ਗੰਗ ਕਰਿ ਇਸ਼ਨਾਨ ਨਿੱਤ,
ਦੀਵਾਨ ਥਿਰਿ ਦੋ ਵਕਤ ਹੈਂ।
ਸਬਿ ਪੂਰਿ ਮਨਸਾ ਸਿੱਖਨਿ ਕੀ,
ਭਵ ਬੰਧ ਕਾਟਤਿ ਸਖਤ ਹੈਂ।
ਇਕ ਆਵਹੀਂ ਸਿੱਖ ਜਾਵਹੀਂ,
ਕਮਾਵਹੀਂ ਸਬਿ ਸੇਵ ਹੈਂ।
ਸਿੱਖ ਭੇਟ ਬਿਬਿਧਾ[1] ਅਰਪ ਹੈਂ,

[1]ਅਨੇਕ ਤਰ੍ਹਾਂ ਦੀਆਂ।

ਗੁਰੁ ਖਰਚਤੇ ਨਿਤ ਏਵ ਹੈਂ ॥ ੫੦ ॥

ਦੋਹਰਾ:

ਸਾਹਿਬਜ਼ਾਦਾ ਕਰਤਿ ਜੋ,
ਕ੍ਰੀੜਾ[1] ਬਹੁ ਪ੍ਰਕਾਰ।
ਮਾਤ ਪਿਤਾ ਸਿੱਖ ਦਾਸ ਪਿਖਿ,
ਲਹਿ ਹੈਂ ਮੋਦ ਅਪਾਰ ॥ ੫੧ ॥

[1]ਖੇਡਾਂ।

ਸ਼ੰਕਰ ਛੰਦ:

ਗੁਰੁ ਬਾਲ ਲੀਲਾ ਪੁੱਤ੍ਰ ਕੀ,
ਪਿਖਿ ਪ੍ਰੇਮ ਸਿੱਖਨਿ ਕੇਰਿ।
ਖਟ ਮਾਸ[1] ਪਟਨੇ ਮੈਂ ਬਿਤਾਏ,

[1]ਛੇ ਮਹੀਨੇ।

ਦਿਵਸ ਛੈ ਸਮ ਹੇਰਿ[1]।

[1]ਛੇ ਦਿਨ ਬਰਾਬਰ ਦੇਖੇ।

ਇਤ ਸਿੱਖ ਦੇਸ ਪੰਜਾਬ ਕੇ,
ਬਸਨੀਕ ਪੁਰਿ ਆਨੰਦ।
ਨਿਤ ਚਿਤਵਹੀਂ ਚਾਕੋਰ ਗਨ,
ਆਂਧੇਰ ਮੈਂ ਜਜੋਂ ਚੰਦ ॥ ੫੨ ॥
ਸ੍ਰੀ ਆਦਿ ਗੁਰੁ ਪਾਰਬ੍ਰਹਮ ਕੋ,
ਮਨਾਵਹੀਂ ਦਿਨ ਰਾਤਿ।
ਬਹੁ ਬਰਸ ਬੀਤੇ ਦਰਸ ਕੀਤੇ,
ਹਰਸ ਹੋਇ ਨ ਸਾਂਤਿ[1]।

[1]ਉਨ੍ਹਾਂ ਨੂੰ ਨ ਖ਼ੁਸ਼ੀ ਹੈ ਤੇ ਨਾ ਸ਼ਾਂਤੀ।

ਜਿਮ ਖਿਚਤਿ ਬਾਲ ਪਤੰਗ[1],

[1]ਗੁੱਡੀ।

ਕੁੰਡੀ ਮੀਨ[1] ਚੁੰਬਕ ਲੋਹ।

[1]ਮੱਛੀ ਨੂੰ ਕੁੰਡੀ।

ਤਿਮ ਪਰਮ ਪ੍ਰੇਮ ਪ੍ਰੇਮੀਓਂ ਕਾ,

ਖਿਚੇ ਪ੍ਰੀਤਮ ਓਹ[1] ॥ ੫੩ ॥
ਭਗਵੰਤ ਭਗਤਨਿ ਪ੍ਰੇਮ ਵਸ,
ਬੈਕੁੰਠ ਤੇ ਚਲਿ ਆਇ।
ਧਰਿ ਦੇਹ ਬਿਬਿਧਾ ਨਚਤਿ ਤਜੋਂ,
ਜਜੋਂ ਨਾਚ ਭਗਤ ਨਚਾਇ।
ਗੁਰੁ ਖਿੱਚੇ ਸਿੱਖ ਪ੍ਰੇਮੀਓਂ ਜਬਿ,
ਤਜਾਰ ਹੋਏ ਚਾਹਿ[1]।
ਤਬਿ ਕਹਜੋ ਮਾਤਾ ਨਾਨਕੀ,
ਸੁਤ ! ਜਾਤ ਹੋ ਤੁਮ ਕਾਹਿ? ॥ ੫੪ ॥
ਇਸ ਦੇਸ ਮੈਂ ਔਲਾਦ ਪ੍ਰਭੁਤਾ[1],
ਆਦਿ ਪ੍ਰਭ ਸਬਿ ਦੀਨ।
ਤਹਿਂ ਨਿੱਤ ਸ਼ਰੀਕ ਉਤਪਾਤ[1] ਕਰਤੇ,
ਨਿੰਦ ਬਿਘਨ ਸੁ ਪੀਨ[1]।
ਅਬਿ ਜ੍ਵਲਤ ਹ੍ਵੈ ਹੈ ਫੇਰ,
ਮਤਸਰ ਅਗਨਿ ਤੁਮ ਕੋ ਚੀਨ[1]।

ਜਿਮ ਪਿਖਿ ਨਿਸਾ ਚਰਰਵੀ ਕੋ,
ਸਗ ਫੀਲ ਕੋ ਭੌਂਕੀਨ[1] ॥ ੫੫ ॥

ਸੁਨਿ ਮਾਤ ਤੈ ਗੁਰੁ ਸਾਤ ਬਾਤ[1],
ਬਖਜਾਤ ਭਾਂਤਹਿ ਤੈਸ।
ਗੁਰੁ ਕਹਜੋ ਹਮ ਕਰਿ ਪਰਣ ਆਏ,
ਇਹਾਂ ਰਹੈਂ ਸੋ ਕੈਸ।
ਪੁਰਿ ਆਨੰਦ ਵਾਸੀ ਯੁਤ ਉਦਾਸੀ,
ਚਿਤਵਿ ਹੈਂ ਮਮ ਬੈਨ।
ਪੁਨ ਸਿੱਖ ਸਬਿ ਉਸ ਦੇਸ ਕੇ,
ਪ੍ਰਤੀਖ ਹੈਂ[1] ਦਿਨ ਰੈਨ ॥ ੫੬ ॥
ਲਗ ਰਹੀ ਲੋਗਨ ਲਾਖਹਾਂ ਕੀ[1],
ਲਗਨ ਲਖਨੇ ਹੇਤ[1]।
ਲਿਵ ਲੀਨ ਸੋ ਲਲਚਾਰਹੇ,

[1]ਪ੍ਰੇਮੀਆਂ ਦਾ ਉਹ ਬਹੁਤਾ ਪ੍ਰੇਮ ਪ੍ਰੀਤਮ ਨੂੰ ਖਿੱਚ ਰਿਹਾ ਹੈ।

[1](ਚਲਣ ਦੀ) ਇੱਛਾ ਨਾਲ।

[1]ਵਡਿਆਈ।

[1]ਉਪੱਦ੍ਰ।

[1]ਬਹੁਤੇ।

[1]ਹੁਣ ਤੁਹਾਨੂੰ (ਚੀਨ) ਵੇਖ ਕੇ ਫੇਰ ਈਰਖਾ ਦੀ ਅੱਗ ਭੜਕ ਪਵੇਗੀ।

[1]ਸੂਰਜ ਨੂੰ ਵੇਖ ਕੇ ਉੱਲੂ (ਆਦਿ ਦੁਖੀ ਹੁੰਦੇ ਹਨ) ਤੇ ਹਾਥੀ ਨੂੰ ਵੇਖ ਕੇ ਕੁੱਤੇ ਭੌਂਕਦੇ ਹਨ।

[1]ਸੱਚੀ ਗੱਲ।

[1]ਉਡੀਕਦੇ ਹਨ।

[1]ਲੱਖਾਂ ਦੀ।

[1]ਦੇਖਣ ਵਾਸਤੇ।

ਮੈਂ ਜਾਨਹੂੰ ਤਿਨਿ ਭੇਤ।
ਵਸ ਸਦਾ ਰਹਤ ਪ੍ਰੇਮੀਆਂ ਕੇ,
ਗੁਰੂ ਸਾਧੂ ਈਸ।
ਅਬਿ ਦਰਸ ਤਿਨ ਕੋ ਦੈਨ ਬਨ ਹੈ,
ਹਮੇਂ ਬਿਸ੍ਵੇ ਬੀਸ[1] ॥੫੭॥

[1]ਜ਼ਰੂਰ।

ਪੁਨ ਭਵਿੱਖਤ[1] ਹੋਵਨੀ ਹੈ
ਜੋਇ, ਸੋ ਨ ਮਿਟਾਇ।
ਹਮ ਜਦੀ[1] ਸ਼ਕਤੀ ਰਖਤਿ ਹੈਂ,
ਪਰ ਮਰਯਾਦ ਨਾਹਿਂ ਮਿਟਾਇਂ।
ਗੁਰੁ ਪਿਤਾ ਹਮਰੈ ਜੋ ਕਹਯੋ,
ਤੂੰ ਜਾਨ ਹੈਂ ਸਬਿ ਮਾਇ।
ਸੋ ਕਬੀ ਅਨਥਾ[1] ਨਾਹਿਂ ਹ੍ਵੈ ਹੈ,
ਸਕੈ ਬਿਧਿ[1] ਨਾ ਮਿਟਾਇ ॥੫੮॥

[1]ਭੂਠ।
[1]ਬ੍ਰਹਮਾ।

ਜਨਮੇਜ ਕੌ[1] ਮੁਨਿ ਬਜਾਸ ਪਹਿਲੇ,
ਗਯੋ ਥਾ ਸਮਝਾਇ।
ਪਰ ਈਸ ਭਾਵ ਬੀਸ ਬਿਸ੍ਵੇ,
ਭਈ ਵੈਸੇ ਆਇ।
ਸੁਨਿ ਬਾਤ ਗੁਰੁ ਕੀ ਮਾਤ ਮਾਨੀ,
ਖਿਆਤ ਨੀਕੀ ਭਾਂਤਿ[1]।
ਪਰ ਚਿੱਤ ਚਿੰਤਾ ਗੂਜਰੀ ਕੇ,
ਭਈ ਕਾਂਪਜੋ ਗਾਤ[1] ॥੫੯॥

[1]ਜਨਮੇਜੇਰਾਜੇ ਨੂੰ।

[1]ਚੰਗੀ ਤਰ੍ਹਾਂ ਸਪੱਸ਼ਟ (ਜਾਣ ਕੇ)।

[1]ਸ਼ਰੀਰ।

ਕਰ ਮੰਜ ਤੈ ਪਗ ਕੰਜ ਪਕਰੇ,
ਰੰਜ ਭੰਜਨ ਕੇਤੁ[1]।

[1]ਉੱਜਲ ਹੱਥਾਂ ਨਾਲ ਦੁੱਖਾਂ ਦੇ ਨਿਸ਼ਾਨ ਮੇਟਣ ਵਾਲੇ ਗੁਰਾਂ ਦੇ ਚਰਨ ਫੜੇ।

ਪੁਛ ਰਹੀ ਵਹਿ ਕਜਾ ਹੋਇਗੋ,
ਪਰ ਗੁਰੁ ਨਾ ਦੀਨੋ ਭੇਤ।
ਗੁਰੁ ਕਹਯੋ ਤੁਮਰੋ ਪੂਤ ਹ੍ਵੈ,
ਸਮਰੱਥ ਸਬਿ ਪ੍ਰਕਾਰ।
ਨਹਿਂ ਬਾਤ ਇਸ ਕੀ ਫੇਰੀਓ,
ਬਪੁ ਹੇਰੀਓ ਕਰਤਾਰ[1] ॥੬੦॥

[1]ਕਰਤਾਰ ਸਰੂਪ ਦੇਖਿਆ ਜੇ।

ਜਿਮ ਰਾਮ ਪੂਤ ਕੁਸ਼ੱਲਜਾ,
ਘਰਿ ਦੇਵਕੀ ਜਦਨਾਥ[1]।
[1]ਮਾਤਾ ਦੇਵਕੀ ਦੇ ਘਰ ਵਿੱਚ ਕ੍ਰਿਸ਼ਨ।

ਤਿਮ ਮਹਾਂ ਪੁਰਖੁ ਅਵਤਾਰ ਹੈ ਇਹੁ,
ਭਾਗ ਬਡ ਤੁਵ ਮਾਥ[1]।
[1]ਤੇਰੇ ਮੱਥੇ ਦਾ।

ਪ੍ਰਤਾਪ ਬਡ ਪ੍ਰਗਟਾਇ ਹੈ,
ਨਿਜ ਨਯੋ ਪੰਥ ਰਚਾਇ।
ਘਰ ਘਨੇ ਘਾਗੂ ਘੱਤ ਘਾਲੈ,
ਘੁਮਡ ਘੋਰ ਘੁਮਾਇ[1] ॥ ੬੧ ॥
[1](ਬੱਦਲ ਵਾਂਗ) (ਘੁਮਡ) ਉੱਛਲ ਕੇ (ਘੋਰ) ਗੱਜ ਕੇ ਤੇ (ਘੁਮਾਇ) ਚੱਕ੍ਰ ਲਾ ਕੇ ਬਹੁਤੇ ਘਰਾਂ ਨੂੰ (ਘਾਗੂ) ਘੇਰਾ (ਘੱਤ) ਪਾ ਕੇ (ਘਾਲੈ) ਮਾਰੇਗਾ।

ਗੁਰ ਘਰ ਉਜੇਰਾ ਕਰੈਗੋ[1],
ਹਿੰਦੁ ਹੱਦ ਧਰਮ ਰਖਾਇ।
[1]ਚਮਕਾਏਗਾ।

ਜਿਮ ਗੋਇ ਹੈ[1] ਤਿਮ ਹੋਇ ਹੈ,
ਤੁਮ ਮਾਨੀਓ ਸਤ ਭਾਇ[1]।
[1]ਕਹੇਗਾ।
[1]ਨਿਸਚੇ ਨਾਲ।

ਅਨੁਸਾਰ ਯਾਹਿ ਰਹਾਈਓ,
ਰੂਸਾਈਓ ਕਿਮ ਨਾਹਿਂ।
ਤਲਵਾਰ ਤਿੱਖੀ ਧਾਰ ਬੱਜਰ,
ਬਾਕ ਭਵ ਹੈਂ ਯਾਂਹਿ[1] ॥ ੬੨ ॥
[1]ਇਨ੍ਹਾਂ ਦੇ ਬਚਨ ਹੋਣਗੇ।

ਸਬਿ ਭਾਂਤਿ ਪੋਖੋ[1] ਇਨੈ,
ਰਾਖੋ, ਨੈਨਿ ਪਲਕਨਿ ਤੋਰ[1]।
[1]ਪਾਲੋ।
[1]ਅੱਖਾਂ ਦੀਆਂ ਪਲਕਾਂ ਵਾਂਗ।

ਹਮ ਜਾਤ ਹੈਂ ਪੰਜਾਬ ਕੌ,
ਤੁਮ ਰਹੋ ਸਬਿ ਇਸ ਠੌਰ।
ਬੁਲਵਾਇ ਲੈ ਹੈਂ ਤੁਮੈਂ ਭੀ,
ਫਿਰ ਪੁਰਿ ਅਨੰਦ ਮਝਾਰ।
ਸੁਨਿ ਗੂਜਰੀ ਜੀ, ਸਾਸ ਭਰਿ ਕਹਿ,
ਊਜਰੀ ਮੈਂ ਭਾਰ[1] ॥ ੬੩ ॥
[1]ਹਾਹੁਕਾ ਭਰ ਕੇ ਕਿਹਾ ਕਿ ਮੈਂ ਬਹੁਤ ਉਜੜ ਗਈ ਹਾਂ।

ਬਹੁ ਬਰਸ ਕਾਗ ਉਡਾਵਤੀ ਕੋ,
ਕਾਮਰੂ ਤੈ ਆਇ।
ਅਬਿ ਫੇਰ ਏਕਲ ਤਜਿ ਹਮੈਂ,
ਦਿਯ ਅਨਤ[1] ਜਾਨ ਸੁਨਾਇ।
[1]ਹੋਰ ਥਾਂ।

ਬਿਧਿ ਕਾਹਿ ਜੋਨੀ ਨਾਰਿ ਕੀ
ਸਮ ਨਾਰਕੀ ਨਰ ਕੀਨ[1]।
[1]ਨਰਕ ਦੇ ਜੀਵ ਵਾਂਗ ਕੀਤੀ ਹੈ।

ਨਿਤ ਸ਼ੋਕ ਸੰਸੇ ਓਕ[1] ਤਨ,
[1]ਘਰ।

ਤਿਯ ਦੀਨ[1] ਰਹਿ ਪਰਧੀਨ ॥ ੬੪ ॥
[1]ਦੁਖੀ।

ਇਮ ਗਾਇ[1] ਨੈਨ ਬਹਾਇ ਜਲ,
[1]ਕਹਿ ਕੇ।

ਮੁਰਝਾਇ ਪਾਂਇ ਗਹਾਇ[1]।
[1]ਚਰਨ ਪਕੜੇ।

ਤਨ ਸਰਸ ਕੁੰਦਨ ਸਰਸ ਫੁੱਲ ਤੈ,
ਸਰਸ ਗੌ ਬਦਲਾਇ[1]।
[1]ਸੋਨੇ ਦੇਰੰਗ ਵਰਗਾ ਸਰੀਰ ਸਰ੍ਹੋਂ ਦੇ ਫੁੱਲ ਨਾਲੋਂ ਵੀ ਬਹੁਤਾ ਬਦਲ ਗਿਆ ਭਾਵ ਬਹੁਤਾ ਪੀਲਾ ਹੋ ਗਿਆ।

ਕਹਿ ਜਹਾਂ ਤੁਮ ਬਨ ਸੁਰਗ ਸੋ ਮੁਹਿ,
ਸੁਖ ਬਿਕੁੰਠ ਅਧਿਕਾਇ[1]।
[1]ਕਿਹਾ ਜਿਥੇ ਤੁਸੀਂ ਹੋਵੋ ਉਹ ਜੰਗਲ ਵੀ ਸੁਰਗ ਹੈ (ਉਥੇ) ਮੈਨੂੰ ਬੈਕੁੰਠ ਤੋਂ ਵੀ ਬਹੁਤਾ ਸੁੱਖ ਹੈ।

ਬਿਨ ਰਾਵਰੇ ਤਨ[1] ਰਾਜ ਬਿਤ[2] ਸੁਤ[3],
[1]ਤੁਹਾਡੇ ਸਰੀਰ ਤੋਂ ਬਿਨਾਂ। [2]ਧਨ। [3]ਪੁੱਤਰ।

ਦੁਖਦ ਹੈ ਬਹੁ ਭਾਇ ॥ ੬੫ ॥
ਗੁਰੁ ਦੈ ਦਿਲਾਸਾ ਧੀਰ ਬਹੁਧਾ,
ਕਹਜੋ ਮੋਹਿ ਜਰੂਰ।
ਅਬਿ ਬਨੈ ਜਾਵੋ ਤੁਮ ਥਿਰਾਵੋ,
ਕਿਤਕ ਦਿਨ ਇਤ ਰੂਰ[1]।
[1]ਹੇ ਸੁੰਦਰਿ !

ਬਿਨ ਦੇਰ ਫੇਰ ਬੁਲਾਇ ਲੈ ਹੈਂ,
ਗੁਰੁ ਰਖੈ ਹੈ ਲਾਜ।
ਢਿਗ ਦਾਸ ਦਾਸੀ ਸਾਸ[1] ਸੁਤ
[1]ਸੱਸ।

ਤੁਵ, ਭ੍ਰਾਤ ਸਹਤ ਸਮਾਜ ॥ ੬੬ ॥
ਗੀਆ ਛੰਦ:
ਕ੍ਰਿਪਾਲ ਸਸਿ ਗੁਰਬਖਸ਼ ਜੇਠਾ,
ਸਤੀਰਾਮ ਗੁਲਾਬ ਜੀ।
ਦਯਾਰਾਮ ਪੰਜਾਬ ਭਾਈ,
ਮੇਹਾਂ ਜੋਧ ਮਤਾਬ ਜੀ।
ਇਤਜਾਦਿਕੈਂ ਕੋ ਛੋਰਜੋ,
ਦਸਮੇਸ਼ ਸੇਵਨ ਕਾਰਨੈ।
ਪੁਨ ਗੋਦ ਲੀਨ ਸਮੋਦ[1] ਸੁਤ ਕੋ,
[1]ਅਨੰਦ ਸਹਿਤ।

ਪਜਾਰ ਦੈ ਹ੍ਵੈ ਬਾਰਨੈ[1] ॥੬੭॥
ਗੁਰੁ ਨਾਨਕੰ ਕਾ ਧਜਾਨ ਧਰ ਕੈ,
ਫੇਰ ਸਿਰ ਕਰ[1] ਰੱਖਜਾ।
ਜਨੁ ਬੀਰ ਰਸ ਤੈ ਸਾਂਤਿ ਰਸ,
ਹ੍ਵੈ ਬਿਦਾ[1] ਕਵਿ ਇਹੁ ਲੱਖਜਾ[2]।

[1]ਵਾਰਨੇ ਜਾਂਦੇ ਹਨ।
[1]ਹੱਥ।
[1]ਜਾਣੋ ਬੀਰਰਸ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਤੋਂ ਸ਼ਾਂਤਰਸ (ਸ੍ਰੀ ਗੁਰੂ ਤੇਗ ਬਹਾਦਰ ਜੀ) ਵਿਦਾ ਹੋ ਰਹੇ ਹਨ। [2]ਕਵੀ ਨੇ ਇਹ ਜਾਣਿਆ ਹੈ।

ਗੁਰੁ ਦਸਮ ਨੌਮੇ ਗੁਰੂ ਕੇ ਪਗ,
ਸੀਸ ਧਰਿ ਕਰ ਜੋਰ ਕੈ।
ਕਰਿ ਬਾਤ ਤੁਤਲੀ ਟੇਰ ਬੁਲ੍ਹ ਕੋ[1],
ਨੈਨ ਤੈ ਜਲ ਛੋਰ ਕੈ ॥੬੮॥
ਕਹਿ ਸੰਗ ਜੈਹੋਂ ਆਪ ਕੇ,
ਮੈਂ ਨਾਹਿਂ ਰੈਹੋਂ ਮਾਤ ਪੈ।
ਤੁਵ ਨਾ ਅਕੈਹੋਂ[1] ਕੁਛ ਨਾ ਚੈਹੋਂ,
ਨਾ ਰੁਸੈ ਹੋਂ ਬਾਤ ਪੈ[1]।
ਨਿਜ ਤਾਯਾ ਜੀ[1] ਕੇ ਪੁੱਤ੍ਰ ਪੌਤ੍ਰ,
ਪੇਖਿ ਸੁਨਿ ਕਹਿ ਬਾਤ ਕੋ।
ਕਰਿ ਪਜਾਰ ਉਨਿ ਸੈਂ ਖੇਲ ਕੈ,
ਫਿਰ ਕਹੋਂ ਸਬਿ ਬਡ ਮਾਤ ਕੋ[1] ॥੬੯॥
ਨਿਜ ਦੇਸ ਗਾਮ ਆਨੰਦਪੁਰ,
ਪਿਖਿ ਆਇ ਹੋਂ ਪ੍ਰਭਾਤ ਕੌ[1]।
ਸੁਨਿ ਬਾਤ ਐਸੀ ਭਾਂਤਿ ਬਹੁਧਾ,
ਹਸੇ ਸਬਿ ਸੁਖ ਦਾਤ ਕੌ[1]।
ਗੁਰੁ ਲਾਇ ਉਰਿ[1] ਕਰਿ ਪਜਾਰ ਬਾਤੈਂ,
ਖੇਲਣੇ ਭਲ ਵਸਤੁ ਦੈ।
ਪ੍ਰਚਾਇ ਸੁਤ ਪਗ ਮਾਤ ਬੰਦੇ,
ਉਠੇ ਤਹਿਂ ਤੈ ਸ੍ਰਸਤਿ ਲੈ[1] ॥੭੦॥
ਪਗ ਮਾਥ ਧਰਿ ਪੁਨ ਗੂਜਰੀ ਜੀ,
ਹਾਥ ਜੋਰਿ ਨਿਹੋਰ ਕੈ[1]।
ਕਹਿ ਪਹੁੰਚ ਤਹਿਂ ਬੁਲਵਾਇ ਲਈਓ,

[1]ਬੁੱਲ੍ਹ ਢਿੱਲਾ ਕਰ ਕੇ।
[1]ਦੁੱਖ ਨਹੀਂ ਦੇਵਾਂਗਾ। (ਅ) ਖਿਝਾਵਾਂਗਾ ਨਹੀਂ।
[1]ਕਿਸੇ ਗੱਲੋਂ ਰੁੱਸਾਂਗਾ ਨਹੀਂ।
[1]ਸੂਰਜ ਮੱਲ।
[1]ਵੱਡੇ ਮਾਤਾ, ਮਾਤਾ ਨਾਨਕੀ ਜੀ ਨੂੰ।
[1]ਸਵੇਰ ਨੂੰ।
[1]ਸੁੱਖ ਦੇਣ ਵਾਲੇ ਦਸਮ ਪਾਤਸ਼ਾਹ ਨੂੰ।
[1]ਛਾਤੀ ਨਾਲ ਲਾ ਕੇ।
[1]ਅਸ਼ੀਰਵਾਦ ਲੈ ਕੇ।
[1]ਬੇਨਤੀ ਕਰਕੇ।

ਹਮੈਂ ਦੇਰੀ ਛੋਰ ਕੈ।
ਚਲਿ ਤਹਾਂ ਤੈ ਗੁਰੁ, ਥਿਰੇ
ਦਾਨਾ ਪੁਰ ਵਿਖੈ, ਨਿਸ ਆਯ ਕੈ।
ਘਨ ਸਜਾਮ ਜੈਤਾ ਆਦਿ ਸਿੱਖ ਬਹੁ,
ਰਹੇ ਗੁਰ ਢਿਗ ਭਾਯ ਕੈ[1] ॥ ੭੧ ॥

[1]ਪ੍ਰੇਮ ਨਾਲ।

ਦਿਨ ਦੂਸਰੇ ਨਿਸ ਅਰਧ ਤੈ,
ਗੁਰੁ ਚਲੇ ਦੇਸ ਪੰਜਾਬ ਕੌ।
ਸੰਗ ਬਖਤ ਮਲ, ਅਜੀਤ ਮਲ,
ਗੁਰੁਦਿੱਤਾ ਜੀ ਬ੍ਰਿਧਾਵ ਕੌ[1]।

[1]ਬਾਬਾ ਬੁੱਢਾ ਜੀ ਦੀ ਵੰਸ਼ ਦਾ।

ਮਤੀਰਾਮ, ਦਯਾਲਾ, ਮਿਲਹਖਾ,
ਲਾਲ ਚੰਦ, ਕ੍ਰਿਪਾਲ ਜੀ।
ਰਾਮ ਦਿਤਾ, ਮਾਹਰੀ ਜੀ,
ਧਰਮ ਸਸਿ, ਸੁਖ ਦਯਾਲ ਜੀ ॥ ੭੨ ॥
ਬਹੁ ਸੰਤ ਭਗਤ ਭਗਵਾਨ ਕੇ,
ਉਸ ਦੇਸ ਮਾਂਹਿ ਜੁ ਭੂਰ ਥੇ[1]।

[1]ਬਹੁਤੇ ਸਨ।

ਵਹਿ ਕਾਮਰੂ ਲੌ ਸੰਗ ਗੁਰੁ ਕੇ,
ਰਹੇ ਚੰਗ ਜਰੂਰ ਥੇ[1]।

[1]ਚੰਗੀ ਤਰ੍ਹਾਂ ਜ਼ਰੂਰ ਰਹੇ ਸਨ।

ਮਗ ਨਾਖਤੇ[1] ਗੁਰੁ ਸਨ ਸਨੇ[2],

[1]ਰਸਤਾ ਲੰਘਦੇ। [2]ਹੌਲੀ ਹੌਲੀ।

ਥਿਰਿ ਸ਼ਹਰ ਛਪਰੇ, ਬਖਸਰੈਂ।
ਡੁਮਰਾਉ, ਬਾੜ ਸੁ ਜੌਨ ਪੁਰ,
ਬਾਨਾਰਸੀ ਰਹਿ ਅਕਸਰੈਂ[1] ॥ ੭੩ ॥

[1]ਬਹੁਤਾਰਹਿ ਕੇ।

ਆਯੁੱਧਜਾ ਸਮਾਧਿ ਦਸਰਥ,
ਪਾਸ ਸਰਜੂ ਤੀਰ ਹੈ[1]।

[1]ਸਰਜੂ ਨਦੀ ਦੇ ਕਿਨਾਰੇ ਕੋਲ ਹੈ।

ਰਹਿ ਸੈਲ ਕਰਿ ਸਬਿ ਠੌਰ ਕਾ,
ਤਟ ਗੰਗ ਚਲ ਕੈ ਧੀਰ ਹੈ।
ਇਸ਼ਨਾਨ ਕਰਿ ਹਰਿਦ੍ਵਾਰ ਕਨਖਲ,
ਆਇ ਬੈਠੇ ਫਿਰ ਤਹੀਂ।
ਅਸਥਾਨ ਸਾਧੂ ਨਿਰਮਲੇ,
ਦਰਗਾਹਾ ਸਿੰਘ ਕਾ ਅਬਿ ਜਹੀਂ ॥ ੭੪ ॥
ਗੁਰੁ ਆਦਿ ਤੀਸਰ ਖਸਟਮੇਂ ਭੀ,

ਰਹੇ ਉਤਰਤ ਥੇ ਵਹੀਂ।
ਇਸ ਹੇਤ ਤੈ ਗੁਰੁ ਨੌਮ ਉਤਰੇ,
ਪੁਰਾ ਗੁਰੁ ਥਲ ਲਖਿ ਸਹੀ[1]।
[1]ਪਹਿਲਿਆਂ ਗੁਰਾਂ ਦੀ ਠੀਕ ਜਗ੍ਹਾ ਜਾਣ ਕੇ।

ਗੁਰੁ ਜਾਇ ਦੱਖਨ[1] ਦਸਮ ਜੌ,
[1]ਦੱਖਣ ਵਿੱਚ (ਨਦੇੜ ਸ਼ਹਿਰ 'ਚ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ।)

ਗੁਰੁ ਗ੍ਰੰਥ ਗਾਥ[1] ਸੁਨਾਈਆ।
[1]ਕਥਾ।

ਤਬਿ ਜਗਤ ਤੈ ਬੇਰਕਤ ਹ੍ਵੈ,
ਸਿੱਖ ਰਹੇ ਬਹੁ ਇਤ ਆਈਆ ॥ ੭੫ ॥

ਤਿਨਿ ਮਾਂਹਿ ਮੁੱਖਿ ਦਰਗਾਹਾ ਸਿੰਘ ਥਾ,
ਰਹਜੋ ਸੋ ਇਤ ਆਇ ਹੈ।
ਤਹ ਗੰਗ ਤਟ ਗੁਰੁ ਨੌਮ ਉਤਰੇ,
ਗੁਰੁਦ੍ਵਾਰ ਤਹਾਇਂ ਹੈ।

ਪੁਰ ਆਇ ਕੀਰਤ ਮੈਂ[1] ਥਿਰੇ,
[1]ਕੀਰਤ ਪੁਰ ਵਿੱਚ।

ਰਵਿ ਮੱਲ[1] ਆਦਿਕ ਆ ਮਿਲੇ।
[1]ਸੂਰਜ ਮੱਲ।

ਗੁਰੁ ਦਸਮ ਕੇ ਪ੍ਰਗਟਾਨ ਕੀ ਸੁਨਿ,
ਸਬੈ ਆਨੰਦ ਮੈਂ ਭਿਲੇ[1] ॥ ੭੬ ॥
[1]ਮਿਲ ਗਏ।

ਗੁਰੁਦ੍ਵਾਰ ਮੈਂ ਪ੍ਰਸ਼ਾਦ ਗੁਰੁ,
ਕਰਵਾਇ ਆਨੰਦਪੁਰ ਗਏ।
ਸੁਨਿ ਲੋਗ ਅਤਿ ਮਨ ਮੋਦ ਹ੍ਵੈ,
ਸਬਿ ਮਿਲਨਿ ਆਗੇ ਚਲਿ ਅਏ।

ਦੈ ਜਥਾ ਸ਼ਕਤੀ ਭੇਟ, ਬਾਦ[1]
[1]ਵਾਜੇ।

ਬਜਾਇ, ਮੰਗਲ ਗਾਵਤੇ।
ਲੈ ਜਾਇ ਗੁਰੁ ਕੋ ਪੁਰਿ ਵਿਖੇ,
ਘਰ ਸਫਾ ਕਰਿ ਉਤਰਾਵਤੇ ॥ ੭੭ ॥

ਸਬਿ ਗਾਮ ਸੀਂਚ ਸੁਗੰਧਿ[1]
[1]ਸਾਰੇ ਪਿੰਡ ਵਿੱਚ ਸੁਗੰਧੀ ਛਿੜਕ ਕੇ।

ਬੰਦਨ ਵਾਰ[1] ਚਿੱਤ੍ਰਤ ਕੀਨ ਹੈ[2]।
[1]ਫੁੱਲ ਪੱਤਿਆਂ ਦੀਆਂ ਦਰਵਾਜ਼ਿਆਂ ਤੇ ਬੰਨ੍ਹੀਆਂ ਮਾਲਾਂ। [2]ਚਿਤ੍ਰਕਾਰੀ ਕੀਤੀ ਹੋਈ ਹੈ।

ਧ੍ਵਜ[1] ਕਲਸ ਧਾਮਲ ਪੈ ਲਸਾਏ[2],
[1]ਝੰਡੀਆਂ। [2]ਚਮਕਾਏ।

ਲਜੈ ਚਪਲਾ ਚੀਨ ਹੈ[1]।
[1]ਬਿਜਲੀ ਦੇਖ ਕੇ ਸ਼ਰਮਿੰਦਾ ਹੁੰਦੀ ਹੈ।

ਘ੍ਰਿਤ ਦੀਪ ਬਾਰ[1] ਧੁਖਾਇ ਧੂਪ,
[1]ਘਿਓ ਦੇ ਦੀਵੇ ਬਾਲ ਕੇ।

ਉਛਾਹਿ ਕੀਨੋ ਭਾਰ ਹੈ।
ਜਿਮ ਕ੍ਰਿਸ਼ਨ ਆਏ ਬ੍ਰਿਜ ਮੈਂ[1],
ਫਿਰ ਅਧਿ[1] ਰਾਮ ਉਦਾਰ ਹੈ ॥ ੭੮ ॥
ਇਸ ਧਜਾਇ ਕੋ ਜੋ ਪਢੈ ਸੁਨਿ ਹੈ,
ਪ੍ਰੇਮ ਯੁਤ ਨਰ ਨਾਰਿ ਹੈ।
ਗੁਰ ਧਾਮ ਸੁਤ ਜਸੋਂ ਪ੍ਰਗਟਿਓ,
ਤਸੋਂ ਭਵੈ ਸੁਤ ਤਿਹ ਚਾਰੁ ਹੈ[1]।
ਜੈ[1] ਨ੍ਰਿਪ ਕੀ ਜਿਉ ਗੁਰੁ ਕਰਾਈ,
ਤੈਸ ਤਿਹ ਕਰਵਾਇ ਹੈ।
ਫਲ ਭਵੈ[1] ਤੀਰਥ ਯਾਤ੍ਰਾ ਕਾ,
ਬਿਘਨ ਅਨਿਕ ਬਿਲਾਇ ਹੈਂ[1] ॥ ੭੯ ॥
ਨਿਜ ਧਾਮ ਮੈ ਪਰਦੇਸ ਤੈ, ਜਨ[1]
ਗੁਰੂ ਸਮ ਫਿਰ ਆਇ ਹੈ।
ਇਤ ਗੁਰੂ ਆਨੰਦ ਪੁਰ ਥਿਰੇ,
ਇਤ ਥਿਰਜੋ ਸਾਨੰਦ ਧਜਾਇ ਹੈ ॥ ੮੦ ॥

[1](ਮਥਰਾ ਦੇ ਲਾਗੇ ਦੇ) ਦੇਸ਼ ਵਿੱਚ।
[1]ਅਜੁੱਧਿਆ ਵਿੱਚ।
[1]ਤਿਸ (ਦੇ ਘਰ) ਸੁੰਦਰ ਪੁੱਤਰ ਹੋਵੇਗਾ।
[1]ਫ਼ਤਹ।
[1]ਹੋਵੇਗਾ।
[1]ਦੂਰ ਹੋ ਜਾਣਗੇ।
[1]ਮਨੁੱਖ।

ਇਤਿ ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਨੌਮ ਗੁਰੁ ਕਾ ਪ੍ਰਸੰਗ' ਬਰਨਨੰ ਨਾਮ ਸੈਂਤੀਸਮੋ ਬਿਸ੍ਰਾਮ ॥ ੩੭ ॥

੩੮. {ਸ੍ਰੀ ਕਲਗੀਧਰ ਜੀ ਦਾ ਸ਼ੁਭ ਵਿਵਾਹ}

ਸ੍ਵੈਯਾ:

ਮੋਰੀ ਸੁਨੋ ਬਿਨਤੀ ਗੁਰੁ ਜੀ,
ਹਰਿ ਗੋਬਿੰਦ ਸਾਹਿਬ ਬੀਰਨ ਮੋਰੀ[1]।

[1]ਸੂਰਮਿਆਂ ਦੇ ਮੋਹਰੀ (ਆਗੂ)।

ਮੋਰੀ ਜਬੈ ਤੁਮ ਬਾਗ ਬਿਜੈ ਦਿਸ,
ਸੱਤ੍ਰੁਨ ਕੀ ਧਰ ਤੈ ਜਰ ਤੋਰੀ[1]।

[1]ਜਦੋਂ ਤੁਸਾਂ ਜਿੱਤ ਵੱਲ (ਘੋੜੇ ਦੀ) ਵਾਗ ਮੋੜੀ ਤਦੋਂ ਵੈਰੀਆਂ ਦੀ ਧਰਤੀ ਤੋਂ ਜੜ੍ਹ ਤੋੜ ਦਿੱਤੀ।

ਤੋਰੀ ਜਿਮੈ ਤਰਫੈਂ ਰਣ ਮੈ ਅਰਿ,
ਜੇ ਅਕਟੇ ਬਿਕਟੇ ਸਹਿ ਜੋਰੀ[1]।

[1](ਜਦੋਂ) ਨ ਕੱਟੇ ਜਾਣ ਵਾਲੇ ਵੈਰੀ ਜ਼ੋਰ ਨਾਲ ਚੰਗੀ ਤਰ੍ਹਾਂ ਕੱਟੇ ਗਏ ਤਦੋਂ ਜੰਗ ਵਿੱਚ ਮੱਛੀ ਵਾਂਗ ਤੜਫਦੇ ਹਨ।

ਜੋਰੀ ਉਭੈ ਕਰ ਗਜਾਨ ਹਰੀ ਬਿਨਵੈ,
ਬਿਘਨੈ ਹਰ ਜਜੋਂ ਅਹਿ ਮੋਰੀ[1] ॥੧॥

[1]ਦੋਵੇਂ ਹੱਥ ਜੋੜ ਕੇ ਗਿਆਨ ਸਿੰਘ ਬੇਨਤੀ ਕਰਦਾ ਹੈ ਜਿਵੇਂ ਮੋਰ ਸੱਪਾਂ ਨੂੰ (ਖਾਂਦਾ ਹੈ) ਤਿਵੇਂ ਮੇਰੇ ਬਿਘਨਾਂ ਨੂੰ ਨਾਸ ਕਰੋ।

ਦੋਹਰਾ:

ਗੁਰੁ ਥਿਰ ਪੁਰਿ ਆਨੰਦ ਢੁਰਿ[1]
ਨਿਜ ਸੁਤ ਵਰ ਕੋ[1] ਬਜਾਹਿ।

[1]ਢਲ ਕੇ, ਪਸੀਜ ਕੇ।

[1]ਆਪਣੇ ਚੰਗੇ ਪੁੱਤਰ ਦਾ।

ਕਰੈਂ, ਪ੍ਰਮੋਦ ਸੁ ਭਰੈਂ ਜਿਮ,
ਧਜਾਇ ਕਥੈਂ ਕਥ ਯਾਹਿ ॥੨॥

ਚੌਪਈ:

ਦੇਸ ਬਦੇਸ ਅਸੇਸਹਿ ਪੁਰ ਕੇ[1]।
ਸਿੱਖਨ ਸੁਨੇ ਸੁਜੱਸ ਸਤਿਗੁਰੁ ਕੇ।
ਤੀਰਥ ਨਿਖਲ ਅਏ ਤੀਰਥ ਕਰਿ।
ਤੀਰ ਨੀਰ ਨਿਧਿ ਲੌ ਸਧੀਰ ਵਰ[1] ॥੩॥

[1]ਬਹੁਤੇ ਸ਼ਹਿਰਾਂ ਦੇ।

[1]ਧੀਰਜਵਾਨ ਤੇ ਸ੍ਰੇਸ਼ਟ ਸਤਿਗੁਰੂ ਸਮੁੰਦਰ ਦੇ ਕਿਨਾਰੇ ਤੱਕ ਸਾਰੇ ਤੀਰਥਾਂ ਨੂੰ ਪਵਿੱਤ੍ਰ ਕਰ ਆਏ।

ਕਾਮਰੂਪ ਨਿਧਿ ਕਾਮਰੂਪ ਜੋ[1]।

[1]ਕਾਮ ਰੂਪ ਦੇਸ ਜਿਹੜਾ ਚੰਗੇ ਰੂਪ ਤੇ ਬਹੁਤੇ ਕਾਮ ਦੀ ਖ਼ਾਸ ਨਿਧੀ ਹੈ।

ਦੇਸ ਅਸੇਸ ਬਿਸੇਸ ਖੂਪ ਜੋ।
ਜਾਦੂ ਟੂਨੇ ਕੇ ਬਲ ਜੋਈ।
ਰਹਜੋ ਮਵਾਸ ਖਾਸ ਮਦ ਥੋਈ[1] ॥੪॥

[1]ਜਿਹੜਾ ਜਾਦੂ ਟੂਣਿਆਂ ਦੇ ਖ਼ਾਸ ਬਲ ਨਾਲ ਸਦਾ ਆਕੀਰਹਿੰਦਾ ਸੀ।

ਕਈ ਬਾਰ ਪਤਸ਼ਾਹੀ ਸੈਨਾ।
ਹਾਰ ਮਾਰ ਖਾ ਆਈ ਐਨਾ[1]।

[1]ਘਰ।

ਮਾਨ ਸਿੰਘ ਨ੍ਰਿਪ ਸੇ ਜਹਿਂ ਮਾਰੇ।
ਜੋਗੀ ਬਡ ਤਾ ਕੇ ਗੁਰੁ ਹਾਰੇ[1] ॥ ੫ ॥ [1]ਵੱਡੇ ਜੋਗੀ ਤੇ ਉਨ੍ਹਾਂ ਦੇ ਗੁਰੂ ਹਾਰ ਗਏ।
ਵਹੈ ਦੇਸ ਗੁਰੁ ਸਰਬ ਨਿਵਾਯੋ।
ਜੋਧ ਪੁਰੀ ਪਤਿ ਕੋ ਜਸ ਦਾਯੋ[1]। [1]ਦਿੱਤਾ।
ਕਾਮਨਿ ਜਿਤੀ ਸਕਾਮਨਿ ਜਿਤੀ[1]। [1]ਜਿਤਨੀਆਂ ਇਸਤ੍ਰੀਆਂ ਕਾਮਨਾ ਦੇ ਸਹਿਤ ਸਨ (ਉਹ ਸਾਰੀਆਂ) ਜਿੱਤ ਲਈਆਂ।
ਕਾਮਨ[1] ਕਰਿ ਹਾਰੀ ਸੋ ਤਿਤੀ[2] ॥ ੬ ॥ [1]ਟੂਣੇ। [2]ਉਤਨੀਆਂ।
ਪਤੀ ਅਸਾਮ ਸਾਮ ਗੁਰੁ ਆਯੋ[1]। [1]ਅਸਾਮ ਦਾ ਰਾਜਾ ਗੁਰਾਂ ਦੀ ਸ਼ਰਨ ਆਇਆ।
ਬਿਸ਼ਨ ਸਿੰਘ ਸੋਂ ਮੇਲ ਕਰਾਯੋ।
ਪ੍ਰਭਾਕਰ ਪ੍ਰਭਤਾ ਅਰਿ ਤਾਪੀ[1]। [1]ਪ੍ਰਭਤਾ (ਵਡਿਆਈ) ਦੇ ਸੂਰਜ ਵੈਰੀਆਂ ਨੂੰ ਤਪਾਉਣ ਵਾਲੇ।
ਪ੍ਰਗਟਨੇ ਪਟਨੇ ਪੁੱਤ੍ਰ ਪ੍ਰਤਾਪੀ ॥ ੭ ॥
ਇਤਜਾਦਿਕ ਕੀਰਤਿ ਯੁਤ ਬਾਤੈਂ।
ਫੈਲੀ ਚੰਦ ਚੰਦ੍ਰਕਾ ਭਾਤੈਂ[1]। [1]ਚੰਦ ਦੀ ਚਾਨਣੀ ਦੀ ਤਰ੍ਹਾਂ।
ਦਸੋ ਦਿਸਾ ਤੈ ਗੁਰੁ ਸਿੱਖ ਭਾਰੇ।
ਸੁਨਿ ਸੁਨਿ ਗੁਰੁ ਜਸ ਅਤਿ ਮੁਦ ਧਾਰੇ ॥ ੮ ॥
ਕਈ ਬਰਸ ਪੀਛੇ ਗੁਰੁ ਆਏ।
ਕਾਰ ਭੇਟ ਬਹੁ ਹੁਤੀ ਜਮਾਏ[1]। [1]ਜਮ੍ਹਾਂ।
ਜਾਇ ਸਿੱਖ ਸੋ ਗੁਰੁ ਢਿਗ ਦੇਹੀਂ।
ਜਨਮ ਲਾਭ ਦਰਸ਼ਨ ਕਰਿ ਲੇਹੀਂ ॥ ੯ ॥
ਸੰਗ ਮਸੰਦਨ ਸਿੱਖ ਬ੍ਰਿੰਦੈ[1]। [1]ਬਹੁਤੇ।
ਆਵਤਿ ਨਿਤ ਪ੍ਰਤਿ ਪਾਵਤਿ ਚਿੰਦੈਂ[1]। [1]ਮਨ ਇੱਛਤ ਫਲ।
ਰਹੈ ਭੀਰ ਨਿਸ ਦਿਨ ਗੁਰੁ ਦਰ ਪੈ।
ਇਕ ਆਵਤਿ ਜਾਵਤਿ ਇਕ ਘਰ ਪੈ ॥ ੧੦ ॥
ਵਸਤੁ ਅਪਾਰ ਅੰਬਾਰ ਲਗਾਏ।
ਭਰੇ ਖਜ਼ਾਨੇ ਨਕਦਿ ਸੰਗਾਏ[1]। [1]ਨਕਦੀ ਨਾਲ।
ਧੀਰ ਮਲ ਲੌ ਸੋਢੀ ਸਾਰੇ।
ਸੁਨਿ ਸੁਨਿ ਜਰੈਂ[1] ਚਰੈ ਨਹਿਂ ਚਾਰੇ[2] ॥ ੧੧ ॥ [1]ਸੜਦੇ ਹਨ। [2]ਜ਼ੋਰ ਨਹੀਂ ਚਲਦਾ।
ਦੇਗ ਦੁ ਵਕਤੈ ਵਰਤੈ ਭਾਰੀ।
ਸਿੱਖ ਗਰੀਬ ਫਕੀਰ ਅਪਾਰੀ।
ਬਾਂਛਤ ਭੋਜਨ ਛਕੈਂ ਅਪਰਹੀਂ[1]। [1]ਹੋਰ ਵੀ।

ਜਥਾ ਜੋਗ ਸਭਿ ਸੇਵਾ ਕਰਹੀਂ ॥ ੧੨ ॥
ਬੈਠਿ ਦਿਵਾਨ ਦਰਸ ਗੁਰੁ ਦੈਹੈਂ।
ਸਿੱਖਨ ਕੇ ਦੁਖ ਦਾਰਿਦ ਦੈਹੈਂ[1]।
ਭਰਮ ਭੇਦ ਕੋ ਖੇਦ ਨਿਕਾਰੈਂ[1]।
ਬੇਦ ਅਨੁਸਾਰ ਅਭੇਦ[1] ਉਚਾਰੈਂ ॥ ੧੩ ॥
ਕੈਵਲ ਮੁਕਤਿ ਸਯੁਕਤਿ ਦਿਢਾਵੈਂ[1]।
ਬ੍ਰਹਮ ਗਜਾਨ ਅਪ੍ਰੋਖ ਲਖਾਵੈਂ[1]।
ਜੀਵ ਈਸ ਕਾ ਰੂਪ ਦਿਖਾਵੈਂ।
ਦੇਸ ਕਾਲ ਵਸਤੂ ਸਮਝਾਵੈਂ[1] ॥ ੧੪ ॥

ਪਾਂਚ ਕੋਸ[1] ਤ੍ਰੈ ਦੇਹ ਅਨਾਤਮ[2]।

ਇਨ ਤੈ ਪਰ[1] ਦਿਖਰਾਵੈਂ ਆਤਮ।
ਵਰਤਨ ਭਗਤਿ ਮੁਖਜ ਵੈਰਾਗੰ[1]।
ਦਿਲਿ ਦਿਢ ਬ੍ਰਹਮ ਗਜਾਨ ਅਨੁਰਾਗੰ[1] ॥ ੧੫ ॥
ਸਤਿਗੁਰੁ ਸੰਗਤਿ ਕੋ ਦ੍ਰਿੜਾਵੈਂ।
ਜਾਂ ਤੈ ਪੁਨ ਜਨ ਜਨਮ ਨ ਆਵੈਂ।
ਰੋਚਕ[1] ਭਜਾਨਕ[2] ਬਚਨ ਜਥਾਰਥ[3]।
ਉਪਦੇਸੈਂ ਅਧਿਕਾਰੀ ਹ੍ਵੈ ਜਥਿ[1] ॥ ੧੬ ॥
ਸੋਊ ਸ਼ਬਦ ਗ੍ਰੰਥ ਗੁਰੁ ਮਾਹੀ।
ਲਿਖੇ ਅਪਾਰ ਪਿਖੇ ਜੋ ਚਾਹੀ।
ਯਾ ਬਿਧਿ ਕੇਤਕ ਮਾਸ ਬਿਤਾਏ।
ਮੰਗਲ ਮੋਦ ਪ੍ਰਮੋਦ ਰਹਾਏ[1] ॥ ੧੭ ॥
ਪਟਨੇ ਪੱਤ੍ਰ[1] ਪਵਿੱਤ੍ਰ ਪਠਾਯੋ।
ਪੁਤ੍ਰ ਪ੍ਰੇਯ[1] ਪ੍ਰਵਾਰ ਬੁਲਾਯੋ ॥ ੧੮ ॥
ਦੋਹਰਾ:
ਪਟਨੇ ਸੈਂ ਜੁਗ ਮਾਤ ਚਲਿ,

[1]ਸਾੜਦੇ ਹਨ।
[1]ਦੱਖ ਦੇ ਕੇ ਕੱਢ ਦੇਂਦੇ ਹਨ।
[1]ਏਕਤਾ।
[1]ਕੇਵਲ ਮੁਕਤੀ ਜੁਗਤੀ ਸਹਿਤ ਦ੍ਰਿੜ ਕਰਾਉਂਦੇ ਹਨ।
[1]ਪ੍ਰਤੱਖ ਜਣਾਉਂਦੇ ਹਨ।
[1]ਜੀਵ ਦਾ ਦੇਸ, ਕਾਲ, ਵਸਤੂ। ਈਸ਼ੂਰ ਦਾ ਦੇਸ, ਕਾਲ, ਵਸਤੂ ਸਮਝਾਉਂਦੇ ਹਨ।
[1]ਜੀਵ ਤੇ ਬ੍ਰਹਮ ਦੇ ਦਰਮਿਆਨ ਪੰਜ ਪੜਦੇ (੧. ਅੰਨਮਯ ਕੋਸ਼- ਸਥੂਲ ਦੇਹ। ੨. ਪ੍ਰਾਣਮਯ ਕੋਸ਼- ਪੰਜ ਤਰ੍ਹਾਂ ਦੀ ਸ਼ਰੀਰ ਦੇ ਅੰਦਰ ਦੀ ਪਉਣ। ੩. ਮਨੋਮਯ ਕੋਸ਼- ਮਨ ਤੇ ਪੰਜ ਕਰਮ ਇੰਦ੍ਰੇ। ੪. ਵਿਗਜਾਨਮਯ ਕੋਸ਼-ਬੁਧੀ ਤੇ ਪੰਜ ਗਿਆਨ ਇੰਦ੍ਰੇ। ੫. ਅਨੰਦਮਯ ਕੋਸ਼-ਕਾਰਨ ਦੇਹ, ਅਵਿਦਿਆ।) [2]ਤਿੰਨ ਦੇਹਾਂ (ਸਥੂਲ, ਸੂਖਮ ਤੇ ਕਾਰਨ) ਜੜ੍ਹ ਹਨ।
[1]ਪਰੇ।
[1]ਮੁੱਖੋਂ ਵੈਰਾਗ ਦੀਆਂ ਗੱਲਾਂ ਕਰਨੀਆਂ।
[1]ਦਿਲ ਵਿੱਚ ਪੱਕਾ ਬ੍ਰਹਮ ਗਿਆਨ ਤੇ ਪ੍ਰੇਮ ਹੈ।
[1]ਚੰਗੇ ਲੱਗਣ ਵਾਲੇ। [2]ਡਰਾਉਣੇ। [3]ਸੱਚੇ।
[1]ਜਿਹੋ ਜਿਹਾ।
[1]ਖ਼ੁਸ਼ੀਆਂ ਤੇ ਬਹੁਤ ਤੋਂ ਬਹੁਤ ਅਨੰਦ ਰਹੇ।
[1]ਚਿੱਠੀ।
[1]ਪਿਆਰਾ।

ਸਹਿ ਸਮਾਜ ਦਸਮੇਸ਼।
ਪੁਰਿ ਅਨੰਦ ਪਹੁੰਚੇ ਜਬੈ
ਪੁਰ ਅਨੰਦ ਭਾ ਵੇਸ[1] ॥੧੯॥

[1]ਚੰਗਾ ਪੂਰਨ ਅਨੰਦ ਹੋ ਗਿਆ।

ਚੌਪਈ:
ਅਤਿ ਉਤਸ਼ਵ ਕਿਯ ਪੁਰਿ ਨਰ ਨਾਰੀ।
ਨਿਜ ਨਿਜ ਘਰ ਕਰਿ ਚਿੱਤ੍ਰਤ ਕਾਰੀ।
ਧੂਪ ਧੁਖਾਇ ਸੁਗੰਧਿ ਸਿਂਚਾਈ।
ਬੰਦਨ ਵਾਰੈਂ[1] ਧੁਜੈ ਲਸਾਈ[2] ॥੨੦॥

[1]ਫੁੱਲ ਪੱਤਿਆਂ ਦੀਆਂ ਦਰਵਾਜ਼ਿਆਂ ਤੇ ਬੰਨ੍ਹੀਆਂ ਮਾਲਾਂ। [2]ਨਿਸ਼ਾਨ ਚਮਕਦੇ ਹਨ।

ਭੂਸ਼ਨ ਬਸਨ ਪਹਿਨ ਸੁਚ ਸਾਰੇ।
ਜਜਨ[1] ਸਮਾਨ ਮਹਾਨ ਸੁਧਾਰੇ।

[1]ਪੂਜਨ ਦੇ।

ਬਾਦ[1] ਬਜਾਇ ਸ਼ਬਦ ਅਸ ਗਾਏ।
ਜੋ ਸੁਨਿ ਗੰਧਰਬ ਪੁਰੀ ਲਜਾਏ ॥੨੧॥

[1]ਵਾਜੇ।

ਗੁਰੁ ਸੇਵਕ ਸਿੱਖ ਬ੍ਰਿੰਦ[1] ਮਸੰਦਾ।
ਆਗੇ ਜਾਇ ਮਿਲੇ ਸਾਨੰਦਾ।

[1]ਸਾਰੇ।

ਸਜੰਦਨ[1] ਡੋਰਾ ਜਹਿਂ ਦਰਸਾਯੋ।
ਸਬਿਹਨਿ ਹ੍ਵੈ ਮੁਦ ਸੀਸ ਨਿਵਾਯੋ ॥੨੨॥

[1]ਰਥ।

ਦੌਰਿ ਦੌਰਿ ਪ੍ਰਕਰਮਾ ਲੈ ਹੈਂ।
ਫੂਲ ਮਾਲ ਬਿਬਿਧਾ ਅਰਪੈ ਹੈਂ।
ਉਭੈ ਮਾਤ ਕੇ ਪਗ ਤਿਯ ਪਰਸੈਂ।
ਪੁਨ ਪੁਨ ਪ੍ਰਭਾ[1] ਪੇਖਿ ਅਤਿ ਹਰਸੈਂ[2] ॥੨੩॥

[1](ਸਾਹਿਬਜ਼ਾਦੇ ਦੀ) ਸ਼ੋਭਾ। [2]ਬਹੁਤ ਖ਼ੁਸ਼ ਹੁੰਦੇ ਹਨ।

ਪੂਛਨ ਕਰਹਿਂ[1] ਨਿਛਾਵਰ ਦੇਹੀਂ[2]।

[1](ਸੁਖ ਸਾਂਦ) ਪੁੱਛਦੇ ਹਨ। [2]ਵਾਰਨੇ (ਕਰਕੇ ਗ਼ਰੀਬਾਂ ਨੂੰ ਧਨ) ਦੇਂਦੇ ਹਨ।

ਗੋਦ ਉਠਾਇ ਮੋਦ ਬਡ ਲੇਹੀਂ।
ਪਦ ਪੰਕਜ ਨੈਨਨ ਪਰ ਲਾਵੈਂ।
ਘੋਲੀ ਵਾਰੀ ਕਹਿ ਮੁਦ ਪਾਵੈਂ ॥੨੪॥
ਸਿੱਖ ਸੇਵਕ ਪਿਖਿ ਝੁਕ ਝੁਕ ਬੰਦੈਂ।
ਦੈਹਿਂ ਭੇਟ ਜਨੁ ਦੁਤੀਆ ਚੰਦੈਂ।
ਨਵਲ[1] ਕਵਲ ਸੇ ਚਰਨਹਿਂ ਚੂੰਮੈਂ।

[1]ਨਵੇਂ।

ਲੋਚਨ ਮਨ ਮੱਤ ਅਲਿ ਜਨੁ ਘੂਮੈਂ[1] ॥੨੫॥

[1]ਨੇਤ੍ਰ ਤੇ ਮਨ (ਇਉਂ) ਮਸਤ ਹੋਏ ਜਾਣੋ ਭੌਰੇ ਘੁੰਮਦੇ ਹਨ।

ਸਾਧਨ ਸਾਧਿ ਸਮਾਧਿ ਸੁ ਧਾਰੀ[1]।
ਸੰਤ ਧਜਾਵਤ ਜੇ ਪਦ ਚਾਰੀ[1]।
ਕਬਹੂੰ ਕਿ ਧਜਾਨ ਵਿਖੈ ਦਰਸੈਹੈਂ[1]।
ਜਿਹ ਲਗ ਜਰਨ ਮਰਨ[1] ਕਟ ਜੈਹੈਂ ॥੨੬॥
ਸੋ ਪਗ ਜੇ ਜਨ ਦਰਸੈਂ ਪਰਸੈਂ[1]।
ਅਹੋ ਭਾਗ[1] ਤਿਨ ਕੋ ਹਮ ਦਰਸੈਂ।
ਸੰਗ ਲਵਾਇ[1] ਜਬੈ ਪੁਰਿ ਆਏ।
ਉਛਲਜੋ ਆਨੰਦ ਉਦਧਿ ਮਹਾਏ[1] ॥੨੭॥
ਬਗਰ[1] ਬਜਾਰ ਅਗਾਰਨਿ[2] ਦ੍ਵਾਰਨਿ।
ਥਿਰਿ ਨਰ ਨਾਰਨਿ ਝੁਕਿ ਝੁਕਿ ਸਾਰਨਿ।
ਬੰਦਨ ਕੀਨ ਦੀਨ ਆਸੀਸੈਂ।
ਭਵੋ ਉਮਰ ਪ੍ਰਤਾਪ ਮਹੀਸੈ[1] ॥੨੮॥

ਮਾਰਕੰਡ ਮਰਤੰਡ ਸਮਾਨੈ।
ਆਖੰਡਲ[1] ਮਹਿ ਮੰਡਲ[2] ਮਾਨੈ।
ਪੁਸ਼ਪਾਂਜੁਲ[1] ਦੈ ਹੈਂ ਬਲਿਹਾਰੈਂ।
ਰੂਪ ਅਨੂਪਮ ਪਿਖਿ ਮੁਦ ਧਾਰੈਂ ॥੨੯॥
ਗੁਰੂ ਦ੍ਵਾਰ ਪੈ ਬਜੈਂ ਸ਼ਦਜਾਨੈ[1]।
ਤੋਰਨ[1] ਕੇਤੁ[2] ਪਤਾਕ[3] ਬਿਤਾਨੇ[11]।

ਅਤਰ ਗੁਲਾਬ ਅਧਿਕ ਛਿਰਕਾਯੋ।
ਧੂਪ ਸੁਗੰਧਿ ਅਧਿਕ ਮਹਕਾਯੋ ॥੩੦॥
ਮੰਗਲ ਮਯ ਵਥੁ ਜਹਿਂ ਤਹਿਂ ਸੋਹੈ।
ਠੌਰ ਠੌਰ ਸਬਿ ਦਾਸ ਅਰੋਹੈਂ[1]।
ਮਿਲੇ ਪੌਰ ਪਰ[1] ਸਤਿਗੁਰੁ ਆਈ।
ਬੰਦਿ ਮਾਤ ਪਗ ਆਸਿਖ[1] ਪਾਈ ॥੩੧॥
ਸ੍ਰੀ ਗੁਜਰੀ ਜੀ ਪਤਿ ਪਦ ਦਰਸੇ।
ਸਕੁਚ ਸਨੇਹ ਸਰਸ ਸੁਰਤਰੁ ਸੇ[1]।

ਦਸਮੇਸ਼ਰ ਗੁਰੁ ਪਿਤ ਪਗ ਲਪਟਜੋ।
ਜਨੁ ਸਸਿ ਸਿਵਹਿ ਪ੍ਰਮੁਦਦਾ ਝਪਟਜੋ[1] ॥੩੨॥

[1]ਸਾਧਨ ਕਰ ਕੇ ਤੇ ਸਮਾਧੀ ਧਾਰ ਕੇ ਭਾਵ ਲਾ ਕੇ।
[1]ਜਿਨ੍ਹਾਂ ਸੁੰਦਰ ਚਰਨਾਂ ਨੂੰ।
[1]ਦਿੱਸਦੇ ਹਨ।
[1]ਬੁਢੇਪਾ ਤੇ ਮੌਤ।
[1]ਛੋਂਹਦੇ ਹਨ।
[1]ਅਸਚਰਜ ਭਾਗ ਹਨ।
[1]ਨਾਲ ਲੈ ਕੇ।
[1]ਅਨੰਦ ਦਾ ਸਮੁੰਦਰ ਬਹੁਤਾ ਉੱਛਲਿਆ।
[1]ਵਿਹੜਿਆਂ। [2]ਘਰਾਂ।
[1]ਮਾਰਕੰਡੇ ਵਾਂਗ ਵੱਡੀ ਉਮਰ ਵਾਲੇ ਤੇ ਸੂਰਜ ਵਾਂਗ ਵੱਡੇ ਪ੍ਰਤਾਪ ਵਾਲੇ ਹੋਵੋ (ਮਹੀਸੈ–ਵੱਡਾ।)
[1]ਇੰਦ੍ਰ। [2]ਧਰਤੀ ਦੇ (ਰਾਜੇ)।
[1]ਫੁੱਲਾਂ ਦੇ ਬੁੱਕ।
[1]ਖ਼ੁਸ਼ੀ ਦੇ ਵਾਜੇ।
[1]ਬੰਦਨ ਵਾਰ ਦੇਖੋ ਬਿਸ੍ਰਾਮ ੧੦ ਦੇ ਅੰਕ ੩੧ ਦੀ ਟਿੱਪਣੀ। [2]ਨਿਸ਼ਾਨ। [3]ਝੰਡੀਆਂ। [11]ਚੰਦੋਏ।
[1]ਖੜੇ ਹਨ।
[1]ਦਰਵਾਜ਼ੇ ਉੱਪਰ।
[1]ਅਸ਼ੀਰਵਾਦ।
[1]ਕਲਪ ਬ੍ਰਿੱਛ ਨਾਲੋਂ ਵੀ ਅਧਿਕ ਕਾਮਨਾ ਪੂਰੀਆਂ ਕਰਨ ਵਾਲੇ ਚਰਨਾਂ ਨੂੰ ਸ੍ਰੀ ਗੂਜਰੀ ਜੀ ਨੇ ਪ੍ਰੇਮ ਤੇ ਸੰਕੋਚ ਨਾਲ ਛੋਹਿਆ।
[1]ਜਾਣੋ ਚੰਦ੍ਰਮਾਂ ਬਹੁਤੇ ਅਨੰਦ ਦੇਣ ਵਾਲੇ ਸ਼ਿਵਾਂ ਨੂੰ ਚਿੰਬੜ

ਗਿਆ ਹੈ।

ਸ਼ੀਘ੍ਰ ਸਹਿਤ ਸਨੇਹ ਸਨੰਦੇ[1]। [1]ਛੇਤੀ ਪਿਆਰ ਸਹਿਤ ਅਨੰਦ ਨਾਲ।
ਲਏ ਉਛੰਗ ਉਮੰਗ ਬੁਲੰਦੇ[1]। [1]ਬਹੁਤੇ ਉਤਸ਼ਾਹ ਨਾਲ ਗੋਦ 'ਚ ਲੈ ਲਏ।
ਪੁਰ ਆਨੰਦ ਪੁਰ ਆਨੰਦ ਦਾਯਾ[1]। [1]ਅਨੰਦ ਪੁਰ ਪੂਰਨ ਅਨੰਦ ਦੇਣ ਵਾਲਾ।
ਭਯੋ ਆਜ ਗੁਰੁ ਕਹਿਂ ਮੁਦ[1] ਪਾਯਾ ॥ ੩੩ ॥ [1]ਅਨੰਦ।
ਬਾਰ ਬਾਰ ਮੁਖਿ ਸਿਰਿ ਕਰ[1] ਫੇਰੈਂ। [1]ਹੱਥ।
ਹਾਥ ਮਾਥ ਚੁੰਮ ਪੁਨ ਪੁਨ ਹੇਰੈਂ।
ਰਖਜਾ ਗੁਰੁ ਨਾਨਕ ਕੀ ਭਾਖੈਂ।
ਸੋ ਸੁਖ ਸਾਰਦ[1] ਕਹਿ ਨਹਿਂ ਸਾਕੈਂ ॥ ੩੪ ॥ [1]ਸਰਸੁਤੀ।
ਭਰੈਂ ਅੰਕਿ[1] ਕਬਿ ਗਰੈ ਲਗੈ ਹੈਂ। [1]ਜੱਫੀ।
ਪੁਚਕਾਰਤ[1] ਵਾਰਤ ਥਿਤ[2] ਦੈਹੈਂ। [1]ਪੁਚ ਪੁਚ ਕਰਦੇ ਹਨ, ਲਾਡ ਕਰਦੇ ਹਨ। [2]ਧਨ।
ਹਸ ਹਸ ਰਸ ਵਸ ਬਾਤੈਂ ਮਗ ਕੀ[1]। [1]ਪ੍ਰੇਮ ਕੇ ਵੱਸ ਹੋ ਕੇਰਸਤੇ ਦੀਆਂ ਗੱਲਾਂ।
ਬੂਝਤ ਸੁਨਤਿ ਸਮੁਦ ਸਮ ਅਗ ਕੀ[1] ॥ ੩੫ ॥ [1]ਅਗਿਆਨੀ ਵਾਂਗ ਅਨੰਦ ਨਾਲ ਪੁੱਛਦੇ ਤੇ ਸੁਣਦੇ ਹਨ।
ਸਿੱਖ ਸੇਵਕ ਪਿਖਿ ਅਤਿ ਮੁਦ ਹੋਹੀਂ।
ਜਨੁ ਸਖਜਾਤ[1] ਬ੍ਰਹਮਾਤਮ ਜੋਹੀਂ[2]। [1]ਪ੍ਰਤੱਖ। [2]ਦੇਖਦੇ ਹਨ।
ਸੁਨਿ ਸੁਨਿ ਸਿੱਖ ਮਸੰਦ ਅਪਾਰੈਂ।
ਦੇਸ ਦੇਸ ਤੈ ਆਇ ਉਦਾਰੈਂ ॥ ੩੬ ॥
ਦਰਸ਼ਨ ਕਰੈਂ ਭੇਟ ਬਹੁ ਦੈਹੀਂ।
ਨਿਜ ਨਿਜ ਜਨਮ ਲਾਭ ਸਬਿ ਲੈਹੀਂ।
ਏਕ ਸਾਲ ਜਬ ਐਸ ਬਿਤਾਯੋ।
ਨੌਮ ਗੁਰੂ, ਦਸਮੇ ਸੁਖਦਾਯੋ ॥ ੩੭ ॥
ਲੀਲਾ ਬਾਲ ਅਨਿਕਧਾ[1] ਕਰਹੀਂ। [1]ਅਨੇਕ ਤਰ੍ਹਾਂ ਦੀਆਂ।
ਭੇਦ ਖੇਦ[1] ਭਰਮ ਦਾਸਨ ਹਰਹੀਂ[2]। [1]ਦੁੱਖ। [2]ਨਾਸ ਕਰਦੇ ਹਨ।
ਪਢਨ ਗੁਰਮੁਖੀ ਗੁਰੈਂ ਸਿਖਾਏ।
ਦਿਨ ਥੋਰਨ ਮੈਂ ਪਢੇ ਮਹਾਏ ॥ ੩੮ ॥
ਨੌਮ ਗੁਰੂ ਜੋ ਸ਼ਬਦ ਉਚਾਰੇ।
ਪਢੈਂ ਦਸਮ ਗੁਰ ਨਿਤ ਮੁਦ ਧਾਰੇ।
ਬਾਨੀ ਉਨ ਕੀ ਥੀ ਬਹੁ ਜੇਤੀ।
ਗਈ ਅਨੰਦ ਪੁਰ ਮੈਂ ਲੁਟ ਤੇਤੀ ॥ ੩੯ ॥
ਸ਼ਬਦ ਸਲੋਕ ਹਾਥ ਜੋ ਆਏ।

ਆਦਿ ਗ੍ਰੰਥ ਮੈਂ ਸੋ ਗੁਰੁ ਪਾਏ।
ਬਚਨ ਗੁਰੂ ਪੰਚਮ ਕਾ ਪੂਰਾ।
ਕੀਨੋ ਬੈਠਿ ਦਮਦਮੇ ਰੂਰਾ[1] ॥ ੪੦ ॥ [1]ਸੁੰਦਰ।
ਅਬਿ ਪ੍ਰਸੰਗ ਕੀ ਸੁਨੀਏ ਗਾਥਾ।
ਇਕ ਦਿਨ ਬੈਠੇ ਥੇ ਜਗਿ ਨਾਥਾ।
ਗਿਰਦ ਲਹੌਰੀ[1] ਸੰਗਤ ਆਈ। [1]ਲਾਹੌਰ ਦੇ ਆਸ ਪਾਸ ਦੀ।
ਗੋਤ ਸੁਭਿੱਖਾ ਖੱਤ੍ਰੀ ਭਾਈ ॥ ੪੧ ॥
ਹਰਜਸ ਨਾਮ ਅਯੋ ਬਡ ਭਾਗੀ।
ਜਾਂ ਕੀ ਕਰਮ ਰੇਖ ਬਡ ਜਾਗੀ।
ਬਾਸ਼ਿੰਦਾ[1] ਲਾਹੌਰ ਅਨਿੰਦਾ[2]। [1]ਵਸਨੀਕ। [2]ਉਸਤਤਿ ਯੋਗ।
ਗੁਰੁ ਪਦ ਪੰਕਜ ਭਯੋ ਮਲਿੰਦਾ[1] ॥ ੪੨ ॥ [1]ਭੌਰਾ।
ਸਹਿਜ ਸਲੋਨੇ ਸਾਹਿਬਜ਼ਾਦੇ।
ਕੌ ਸਰੂਪ ਖਿਖਿ ਮਦਨੋ ਜਸਾਦੇ[1]। [1]ਸੁਭਾਵਕ ਹੀ ਸਾਹਿਬਜ਼ਾਦੇ ਦੇ ਸੁੰਦਰ ਸਰੂਪ ਨੂੰ ਕਾਮ ਤੋਂ ਜ਼ਿਆਦਾ (ਸੁੰਦਰ) ਵੇਖ ਕੇ।
ਸੂਰ ਕੂਰ[1] ਜਿਨਿ ਤੇਜ ਅਗਾਰੀ। [1]ਸੂਰਜ (ਦਾ ਤੇਜ ਵੀ) ਝੂਠਾ ਹੈ।
ਚੰਦ ਮੰਦ ਛਬਿ ਭਾਲ ਨਿਹਾਰੀ[1] ॥ ੪੩ ॥ [1]ਮੱਥੇ ਦੀ ਸ਼ੋਭਾ ਦੇਖ ਕੇ ਚੰਦ ਢਿੱਲਾ ਪੈ ਜਾਂਦਾ ਹੈ।
ਮੰਜ ਕੰਜ ਖੰਜਨ ਤੈ ਲੋਚਨ[1]। [1]ਨੇਤ੍ਰ, ਕੰਵਲ ਤੇ ਮਮੋਲੇ ਤੋਂ ਵੀ ਸੁੰਦਰ ਹਨ।
ਦਾਸਨਿ ਦਸਾ ਦੁਸਹਿ ਦੁਖ ਮੋਚਨ[1]। [1]ਦਾਸਾਂ ਦੀ ਅਸਹਿ ਦੁੱਖਾਂ ਵਾਲੀ ਹਾਲਤ ਨੂੰ ਕੱਟਣ ਵਾਲੇ ਹਨ।
ਮੀਰੀ ਪੀਰੀ ਕੇ ਪਤਸ਼ਾਹੂ।
ਹਰਤ ਮੋਹ ਤਮ ਬਚਨ ਪਰਾਹੂ[1] ॥ ੪੪ ॥ [1]ਬਚਨ ਕਹਿ ਕੇ ਮੋਹ ਦਾ ਅਨ੍ਹੇਰਾ ਨਾਸ ਕਰ ਦੇਂਦੇ ਹਨ।
ਹਰਜਸ ਹੇਰਿ ਰਹਯੋ ਲਲਚਾਈ।
ਕੀਨ ਚਹੀ ਨਿਜ ਸੁਤਾ ਸਗਾਈ[1]। [1]ਲੜਕੀ ਦੀ ਮੰਗਣੀ।
ਪੁਰਾ ਪੁੰਨਜ ਪੁੰਜ[1] ਤਾਂ ਕੇ ਜਾਗੇ। [1]ਪਹਿਲੇ (ਜਨਮ ਦੇ) ਬਹੁਤੇ ਪੁੰਨ।
ਖੜੇ ਹੋਇ ਨਿੰਮ੍ਰ ਗੁਰੁ ਆਗੇ ॥ ੪੫ ॥
ਹਾਥ ਜੋੜਿ ਗਰਿ ਅੰਚਰ[1] ਪਾਈ। [1]ਪੱਲਾ।
ਸਭਾ ਵੀਚ ਇਮ ਅਰਜ਼ ਅਲਾਈ।
ਮਹਾਰਾਜ ਸਭਿ ਘਟ ਕੇ ਸਾਖੀ[1]। [1]ਗਵਾਹ ਭਾਵ ਜਾਨਣਹਾਰ।
ਵਤਸਲ ਭਗਤਿ ਸਾਧੁ ਸ੍ਰੁਤਿ ਭਾਖੀ[1] ॥ ੪੬ ॥ [1]ਸਾਧੂਆਂ ਤੇ ਵੇਦਾਂ ਨੇ ਕਿਹਾ ਹੈ ਕਿ ਭਗਤਾਂ ਦੇ ਪਿਆਰੇ ਹਨ।
ਡਰਤਿ ਕਰਤਿ ਇਕ ਬਿਨੈ ਸ੍ਵਾਮੀ।
ਲਾਜ ਰਾਖੀਓ ਪੂਰਨ ਕਾਮੀ[1]। [1]ਹੇ ਇੱਛਾ ਪੂਰੀਆਂ ਕਰਨ ਵਾਲੇ।

ਰਾਵਰ ਸੁਤ ਪਗ ਲਾਗਨ ਜੋਗੂ।
ਨਿਜ ਕੰਨਜ ਕਿਯ ਚਹੋਂ ਸੰਜੋਗੂ ॥੪੭॥
ਹਰ ਬਿਧਿ ਹਰਜਸ ਹਰਿ ਜਸ ਭਰੇ।
ਸੁਨਿ ਗੁਰੁ ਬੈਨ ਦਯਾ ਮੈ ਢਰੇ[1]।

[1]ਹਰਜਸ ਦੇ ਹਰ ਤਰ੍ਹਾਂ ਹਰੀ ਦੇ ਜਸ ਨਾਲ ਭਰੇ ਹੋਏ ਬਚਨ ਸੁਣ ਕੇ ਗੁਰੂ ਜੀ ਦਯਾ ਵਿੱਚ ਢਲ ਗਏ।

ਧਰਿ ਉਰਿ ਧੀਰ ਧੀਰ ਦਿਯ ਤਾਂ ਕੈ।
ਕਰੋ ਤਜਾਰੀ ਕਹਯੋ ਸੁਨਾ ਕੈ ॥੪੮॥
ਸਗਨ ਸਗਾਈ ਕੋ ਸੋ ਕਰਿ ਹੈ[1]।

[1]ਮੰਗਣੀ ਦਾ ਸ਼ਗਨ ਕਰਕੇ।

ਗਯੋ ਧਾਮ ਨਿਜ ਅਤਿ ਮੁਦ ਭਰ ਹੈ।
ਕਰਿ ਸਲਾਹਿ ਨਿਜ ਤੀਆ ਸੰਗੈ।
ਦਿਨ ਥਪ[1] ਗੁਰੁ ਢਿਗ ਅਯੋ ਉਮੰਗੈ ॥੪੯॥

[1]ਮੁਕੱਰਰ ਕਰਕੇ।

ਅਰਜ਼ ਗਰਜ਼ ਯੁਤ ਲਰਜ਼[1] ਸੁਨਾਈ।

[1]ਇਛਾ ਸਹਿਤ ਕੰਬ ਕੇ।

ਸਾਹਾ ਸੁੰਦਰ ਬਨਯੋ ਗੁਸਾਈਂ।
ਹਾੜ ਦਿਵਸ ਤੇਈ ਸ਼ੁਭ ਤੌਰੈਂ[1]।

[1]ਚੰਗੇ ਢੰਗ ਨਾਲ।

ਬਜਾਹਿਨ ਚਲਬੋ ਪਰੈ[1] ਲਹੌਰੈਂ ॥੫੦॥

[1]ਜਾਣਾ ਪਵੇਗਾ।

ਦੋਹਰਾ:
ਬੋਲੇ ਬਿਹਸ ਬੁਲੰਦ ਗੁਰੁ,
ਰਚੈਂ ਲਹੌਰ ਇਥਾਹਿਂ[1]।

[1]ਏਥੇ ਹੀ।

ਤੁਮ ਨਿਜ ਘਰਨੀ ਸੁਤਾ ਕੋ[1],
ਲਿਆਉ ਇਹਾਂ ਹ੍ਵੈ ਬਜਾਹਿ ॥੫੧॥

[1]ਘਰ ਵਾਲੀ ਤੇ ਲੜਕੀ ਨੂੰ।

ਚੌਪਈ:
ਜਬਿ ਲੌ ਤੁਮ ਲਾਹੌਰ ਤੈ ਐਹੈਂ[1]।

[1]ਆਵੋਗੇ।

ਤਬਿ ਲੌ ਇਹਾਂ ਲਾਹੌਰ ਬਸੈਹੈਂ[1]।

[1]ਵੱਸ ਜਾਵੇਗਾ।

ਜੋ ਲਹੌਰ ਲਵ ਭੂਪ[1] ਬਸਾਯੋ।

[1]ਲਉ ਰਾਜੇ ਨੇ।

ਉਸੀ ਬੰਸ ਮੈਂ ਹਮੈਂ ਲਖਾਯੋ[1] ॥੫੨॥

[1]ਸਾਨੂੰ ਜਾਣੋ।

ਨਯੋ ਲਹੌਰ ਰਚੈਂ ਹਮ ਈਹਾਂ।
ਜਾਨਾ ਬਨੈ ਨਹੀ ਅਬਿ ਤੀਹਾਂ[1]।

[1]ਓਥੇ।

ਮਾਨਿ ਸੁਭਿਖੀਆ[1] ਪੁਨ ਘਰ ਗਯੋ।

[1]ਸੁਭਿੱਖੀ ਗੋਤ ਦਾ (ਭਾਈ ਹਰ ਜਸ)।

ਗੁਰੁ ਕਾ ਹੁਕਮ ਸੁਨਾਵਤ ਭਯੋ ॥੫੩॥
ਇਤ ਗੁਰੁ ਸਬੈ ਮਸੰਦਨ ਤਾਈਂ।

ਪਠੇ ਹੁਕਮ ਨਾਮੇ ਇਸ ਭਾਈ[1]।
[1]ਇਸ ਤਰ੍ਹਾਂ।

ਬਨਕ[1] ਲਜਾਇ ਬਹੁ ਇਹਾਂ ਬਸਾਵੋ।
[1]ਬਾਣੀਏ, ਵਪਾਰੀ।

ਬਿਬਿਧਿ ਵਸਤੁ ਦੁਕਾਨੈ ਲਾਵੋ ॥ ੫੪ ॥
ਜਿਸ ਢਿਗ ਨਹਿ ਧਨ ਗੁਰੁ ਤੈ ਸੋ ਲੈ।
ਨਫਾ ਇਹਾਂ ਤੈ ਭਵੈ ਅਮੋਲੈ।
ਹਮ ਲਹੌਰ ਤੈ ਅਧਿਕ ਲਹੌਰੂ।
ਚਹੈਂ ਰਚਾਵਨ ਈਹਾਂ ਔਰੂ ॥ ੫੫ ॥
ਮਾਨਿ ਬੈਨ ਸਿੱਖ ਸਿਦਕੀ ਲਾਖੋਂ।
ਆਇ ਬਸੇ ਤਹਿਂ ਕਹਿ ਲੌ ਭਾਖੋਂ।
ਬਿਸਕ੍ਰਮਾ[1] ਕੌ ਗੁਰੂ ਬੁਲੈ ਕੈ।
[1]ਦੇਵਤਿਆਂ ਦਾ ਇੰਜੀਨੀਅਰ।

ਦਯੋ ਹੁਕਮ ਰਚਿ ਪੁਰਿ ਸੁਠ[1] ਐ ਕੈ ॥ ੫੬ ॥
[1]ਸੁੰਦਰ।

ਸਾਤ ਕੋਸ ਪੁਰ ਮੁਦ ਤੈ ਉਤਰੈਂ[1]।
[1]ਅਨੰਦ ਪੁਰ ਤੋਂ ਪਹਾੜ ਵੱਲ।

ਸੁਰਪਤਿ ਪੁਰਿ ਸੈਂਰਮ ਬਚਿਤ੍ਰੈਂ[1]।
[1]ਇੰਦ੍ਰ ਪੁਰੀ ਤੋਂ ਅਨੇਕਾਂਰੰਗਾਂ ਦਾ ਸੁੰਦਰ।

ਜਹਾਂ ਹੁਕਮ ਸੁਤਿਗੁਰੁ ਨੇ ਕੀਓ।
ਬਿਸਕ੍ਰਮਾ ਤੁਰਤਹਿ ਰਚ ਦੀਓ ॥ ੫੭ ॥
ਕਜੋਂ ਨ ਹੋਇ ਐਸੋ ਪੁਰਿ ਸੁੰਦਰ।
ਹ੍ਵੈ ਹੈ ਬਜਾਹਿ ਜਹਾਂ ਜਗਿ ਮੰਦਰ[1]।
[1]ਜਗਤ ਦੇ ਆਸਰਾ ਰੂਪ।

ਰਮਾ[1] ਰੂਪ ਜੀਤੋ ਅਤਰੀ।
[1]ਲੱਛਮੀ।

ਹਰੀ ਬਪੁ ਸ੍ਰੀ ਗੋਬਿੰਦ ਹਰੀ[1] ॥ ੫੮ ॥
[1]ਵਿਸ਼ਨੂੰ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ।

ਹੇਰਿ ਹਿਰਾਨ ਲੋਗ ਸਬਿ ਭਏ।
ਜਿਤ ਕਿਤ ਤੈ ਤਹਿਂ ਆਇ ਬਸਏ।
ਗਿਰਦ ਨਵਾਈ[1] ਲੋਗ ਜੁ ਹੇਰੈਂ।
[1]ਆਲੇ ਦੁਆਲੇ ਦੇ।

ਗੰਧਰਬ ਨਗਰ ਬਸਜੋ ਸਬਿ ਟੇਰੈਂ[1] ॥ ੫੯ ॥
[1]ਕਹਿੰਦੇ ਹਨ।

ਦੇਵ ਧਨਦ ਸੇ ਨਰ ਤਨ ਕੈ ਕੈ[1]।
[1]ਕੁਬੇਰ ਵਰਗੇ ਦੇਵਤੇ ਮਨੁੱਖ ਸ਼ਰੀਰ ਬਣਾ ਕੇ।

ਸੌਜ[1] ਸਜਾਇ ਥਿਰੇ ਤਹਿਂ ਐ ਕੈ।
[1]ਸਮੱਗ੍ਰੀ, ਸਾਮਾਨ।

ਸੁਤ ਅਕਾਲ ਇਤ ਬਜਾਹਿ ਕਰੈ ਹੈਂ।
ਲੋਚਨ ਲਾਭ ਦਰਸ ਹਮ ਲੈ ਹੈਂ ॥ ੬੦ ॥
ਬਢੀ ਲਾਲਸਾ ਇਮ ਸਬਿ ਕਾਹੂੰ।
ਪੇਖਹਿਂ ਪ੍ਰਭੁ ਕੋ ਬਜਾਹਿ ਉਛਾਹੂੰ।
ਤਬਿ ਲੌ ਹਰਜਸ ਭੀ ਚਲਿ ਆਯੋ।

ਸਹਤ ਕੁਟੰਬ ਸਮਾਜ ਮਹਾਯੋ ॥ ੬੧ ॥
ਉਸ ਲਹੌਰ ਤੈ ਏਹੁ ਲਹੌਰੈਂ।
ਪਿਖਿ ਬਿਸਮਾਹਿਂ ਸਰਬ ਬਿਧਿ ਗੌਰੈਂ[1]।
ਇਤ ਗੁਰੁ ਨਿਜ ਸਨਬੰਧੀ ਸਾਰੇ।
ਪਰਮ ਹੰਸ[1] ਗੁਰੁ ਅੰਸਹਿ ਚਾਰੇ[2] ॥ ੬੨ ॥

[1]ਵੱਡਾ।

[1]ਤੱਤ ਵੇਤੇ। [2]ਚਹੁੰਆਂ ਗੁਰਾਂ ਦੀ ਉਲਾਦ ਭਾਵ ਬੇਦੀ, ਤੇਹਣ, ਭੱਲੇ ਤੇ ਸੋਢੀ।

ਬਜਾਹਿ ਵੀਚ ਉਤਸ਼ਾਹਿ ਬੁਲਾਏ।
ਸਾਨੰਦ[1] ਪੁਰਿ ਅਨੰਦ ਸਬਿ ਆਏ।
ਸੌਜ ਸਮੌਜ ਬਟੋਰੀ ਸਾਰੀ[1]।
ਨਿਜ ਦਾਸਹਿਂ ਦਿਯ ਹੁਕਮ ਹਕਾਰੀ[1] ॥ ੬੩ ॥

[1]ਅਨੰਦ ਨਾਲ।

[1]ਅਨੰਦ ਨਾਲ ਸਾਰੀ ਸਮੱਗ੍ਰੀ ਇਕੱਠੀ ਕੀਤੀ।

[1]ਸੱਦ ਕੇ।

ਜੋ ਜੋ ਚਹੈ ਸੋਇ ਤਿਹ ਦੱਈਓ।
ਨਾਹਿਂ ਕਿਸੀ ਕੋ ਰੰਜ[1] ਕਰੱਈਓ।
ਚਾਰਹੁਂ ਕੁਲ ਕੇ ਸਬਿ ਨਰ ਨਾਰੀ।
ਜੁਰੇ ਆਇ ਭਾ ਮੰਗਲ ਭਾਰੀ ॥ ੬੪ ॥
ਮਾਤ ਨਾਨਕੀ ਆਦਿਕ ਸਜਾਨੀ।
ਰੀਤਿ ਸਗਨ ਸੁਧ[1] ਕਰੈਂ ਮਹਾਨੀ।
ਗਾਵਤ ਗੀਤ ਲਜਾਵਤ ਕੋਕਲ[1]।
ਸਮੇਂ ਸਮੇਂ ਕੇ ਮੰਗਲ ਮੋਕਲ[1] ॥ ੬੫ ॥
ਨੂਰ ਅਲੌਕਕ[1] ਦੂਲਹ ਚਢਜੋ।
ਜਨ ਨਿਚੋਰਿ ਸਸਿ ਸੂਰਹਿਂ ਕਢਜੋ[1]।
ਅੰਗ ਅੰਗ ਸਬਿ ਸੁਠ ਅਨੰਗ ਤੈ[1]।
ਡੋਲਤਿ ਬੋਲਤਿ ਸਭਿ ਉਮੰਗ ਤੈ ॥ ੬੬ ॥
ਸ੍ਰੀ ਗੁਜਰੀ ਜੀ ਅੰਗ ਨ ਮਾਵੈ।
ਅਤੀ ਮੋਦ ਯੁਤ ਗੁਰੈਂ ਮਨਾਵੈ।
ਗਾਵਤਿ ਗੀਤ ਰੀਤਿ ਕੁਲ ਜੈਸੇ।
ਹਾਸ ਬਿਲਾਸ ਹੋਤ ਬਿਧਿ ਤੈਸੇ ॥ ੬੭ ॥

[1]ਸ਼ੁੱਧ, ਪਵਿੱਤ੍ਰ।

[1]ਕੋਇਲਾਂ ਨੂੰ ਸ਼ਰਮਿੰਦਾ ਕਰਦੀਆਂ ਹਨ।

[1]ਸਮੇਂ ਸਮੇਂ ਖ਼ੁਸ਼ੀ ਦੇ (ਮੋਕਲ) ਖੁੱਲੇ (ਗੀਤ ਗਾਉਂਦੀਆਂ ਹਨ)।

[1]ਅਸਚਰਜ ਪ੍ਰਕਾਸ਼।

[1]ਜਾਣੋ ਚੰਦ ਤੇ ਸੂਰਜ ਨੂੰ ਨਿਚੋੜ ਕੇ (ਪ੍ਰਕਾਸ਼) ਕੱਢਿਆ ਹੈ।

[1]ਕਾਮ ਤੋਂ ਵੀ ਸੁੰਦਰ।

ਦੋਹਰਾ:
ਲਗਨ ਸਗਨ* ਸੁਭ[1] ਕਰਿ ਭਲੋ,

[1]ਲਗਨ (ਮੇਖ ਆਦਿਰਾਸ਼ੀਆਂ ਦਾ ਉਦਯ) ਵਿਚਾਰ ਕੇ ਚੰਗੇ ਸ਼ਗਨ ਕੀਤੇ। *ਹਿੰਦੂ ਮੱਤ ਦੀ ਰਹੁ-ਰੀਤ ਵਾਂਗ ਏਥੇ ਲਗਨਾਂ ਸ਼ਗਨਾਂ ਦਾ ਕਈ ਵਾਰ ਜ਼ਿਕਰ ਆਇਆ ਹੈ ਤੇ ਗੁਰਪ੍ਰਤਾਪ ਸੂਰਜ ਦੀ ਲਿਖਤ ਮੁਤਾਬਕ ਹੀ ਸਾਡੇ ਕਵਿ ਜੀ ਇਨ੍ਹਾਂ ਨੂੰ

ਲਿਖਦੇ ਚਲੇ ਆ ਰਹੇ ਹਨ ਪਰ ਗੁਰਮਤਿ ਦੀ ਕਸਵੱਟੀ ਤੇ ਪਰਖਿਆਂ ਇਹ ਹਿੰਦੂ ਰਹੁ-ਰੀਤਾਂ ਤੇ ਲਗਨ ਸ਼ਗਨ ਸਾਰੇ ਖੋਟੇ ਸਿੱਕੇ ਸਾਬਤ ਹੋ ਜਾਂਦੇ ਹਨ। ਸਾਹਾ ਸੋਧਨ ਸਮੇਂ ਜੋਤਸ਼ ਦੀਆਂ ਗਿਣਤੀਆਂ ਕਰਨ ਦੀ ਥਾਂ ਹਜ਼ੂਰ ਦਾ ਫ਼ੁਰਮਾਣ ਹੈ: ਸਾਹਾ ਗਣਹਿ ਨ ਕਰਹਿ ਬੀਚਾਰ॥ ਸਾਹੇ ਊਪਰ ਏਕੰਕਾਰ॥ ਭਾਵ ਸਾਹਾ ਸੋਧਨ ਸਮੇਂ ਕੋਈ ਗਿਣਤੀ ਜਾਂ ਵੀਚਾਰ ਨ ਕਰੋ ਸਿਰਫ਼ ਸਾਹੇ ਦੀ ਚਿੱਠੀ ਦੇ ਉੱਪਰ 'ੴ ਸਤਿਗੁਰ ਪ੍ਰਸਾਦਿ' ਲਿਖ ਕੇ ਸਾਹੇ ਦੀ ਮਿਤੀ ਲਿਖ ਦਿਉ ਭਾਵ ਹਰ ਕਾਰਜ ਦੇ ਅਰੰਭ ਵਿੱਚ ਵਾਹਿਗੁਰੂ ਅੱਗੇ ਅਰਦਾਸ ਕਰੋ: ਕੀਤਾ ਲੋੜੀਐ ਕੰਮ ਸੁ ਹਰਿ ਪਹਿ ਆਖੀਐ ॥

ਨਿਜ ਕੁਲ ਕੇ ਅਨੁਸਾਰ।
ਗੀਤ ਨਾਦ ਧੁਨਿ[1] ਬਢ ਰਹੀ,
ਚਢਿਨ ਬਰਾਤ ਵਿਚਾਰ ॥ ੬੮ ॥

[1]ਸ਼ਬਦਾਂ ਦੀ ਅਵਾਜ਼।

ਗੀਆ ਛੰਦ:
ਹਰਿ ਰੂਪੁ ਗੁਰੁ ਕੇ ਬਜਾਹਿ ਕਾ,
ਉਛਾਹਿ ਪੇਖਨ ਵਾਸ ਮੈਂ[1]।
ਉਤਸ਼ਾਹਿ ਧਰਿ ਸੁਰ ਅੰਗਨਾ[1] ਤਬਿ,
ਮਿਲੀ ਆਰਨ ਵਾਸ ਮੈਂ[1]।
ਮੁਖ ਚਾਰੁ[1] ਚੰਦ ਅਮੰਦ[2] ਗੁਰੁ ਪਿਖਿ,
ਮਾਵਤੀ ਨਹਿਂ ਅੰਗ ਮੈਂ।
ਇਕ ਟਕ ਚਕੋਰੀ ਸੀ ਪਿਖੈਂ,
ਬੰਧ ਨੇਹ ਡੋਰੀ ਸੰਗ ਮੈਂ[1] ॥ ੬੯ ॥
ਮਿਲਿ ਸਤ ਸੁਹਾਗਨਿ ਭਾਗਨੀ[1],
ਗੁਰੁ ਅੰਗ ਬਟਨਾ ਲਾਵਤੀ।
ਨਵ ਜੋਬਨਾ ਰਸ ਨੇਹ ਸਾਨੀ[1],
ਨੈਨ ਨੋਕ ਚਲਾਵਤੀ।
ਮਿਸ ਬਟਨ ਬਦਨ ਸਪਰਸਤੀ[1],
ਜਨੁ ਰਤੀ[1] ਮਦਨ[2] ਜਗਾਵਤੀ।
ਗੁਨ ਗਾਵਤੀ ਹੁਲਸਾਵਤੀ[1],
ਪੁਲਕਾਵਤੀ[1] ਸੁ ਦਿਪਾਵਤੀ[2] ॥ ੭੦ ॥

[1]ਘਰ ਵਿੱਚ।
[1]ਦੇਵਤਿਆਂ ਦੀਆਂ ਇਸਤ੍ਰੀਆਂ।
[1]ਮਹਿਲਾਂ ਵਿੱਚ।
[1]ਸੁੰਦਰ। [2]ਉੱਜਲ।
[1]ਪ੍ਰੇਮ ਦੀ ਡੋਰੀ ਵਿੱਚ ਬੱਝ ਕੇ।
[1]ਭਾਗਾਂ ਵਾਲੀਆਂ।
[1]ਨਵੀਂ ਜਵਾਨੀ ਵਾਲੀਆਂ ਪ੍ਰੇਮਰਸ 'ਚ ਮਿਲੀਆਂ ਹੋਈਆਂ।
[1]ਵਟਣੇ ਦੇ ਬਹਾਨੇ ਸਰੀਰ ਨੂੰ ਛੋਂਹਦੀਆਂ ਹਨ।
[1]ਕਾਮ ਦੀ ਇਸਤ੍ਰੀ। [2]ਕਾਮ।
[1]ਖ਼ੁਸ਼ ਹੁੰਦੀਆਂ ਹਨ।
[1]ਖ਼ੁਸ਼ੀ ਵਿੱਚ ਆ ਕੇਰੋਮ ਖੜੇ ਕਰ ਲੈਂਦੀਆਂ ਹਨ। [2]ਚੰਗੀ ਤਰ੍ਹਾਂ ਚਮਕਦੀਆਂ ਹਨ।

ਵਹਿ ਧੰਨਜ, ਪੁੰਨਜ ਅਨੰਨਜ ਭਗਤੀ

ਜੰਨਜ, ਤੰਨਜ ਸਪਰਸਤੀ[1]।

[1]ਉਹ ਧੰਨਤਾ ਯੋਗ ਹਨ ਉਹਨਾਂ ਦੇ ਇਹ ਪੁੰਨ ਅਨੰਨਜ ਭਗਤੀ ਕਰ ਕੇ ਪੈਦਾ ਹੋਏ ਹਨ (ਜਿਹੜੀਆਂ) ਸਤਿਗੁਰਾਂ ਦੇ ਸ਼ਰੀਰ ਨੂੰ ਛੋਂਹਦੀਆਂ ਹਨ।

ਹਰਿ ਗਜਾਨ ਜਾਨ ਕੁਰਬਾਨ ਤਾਂ ਪੈ,
ਗੁਰੈਂ ਜੋ ਇਮ ਦਰਸਤੀ।
ਇਸ਼ਨਾਨ ਪੁਨ ਕਰਵਾਇ ਗੁਰੁ ਕੋ,
ਪੀਤ ਪਟ[1] ਪਹਿਰਾਯ ਕੈ।

[1]ਪੀਲੇ ਬਸਤ੍ਰ।

ਕੁਲ ਰੀਤਿ ਸਾਂਤਿ[1] ਕਰਾਇ, ਸ਼ਗਨ
ਮਨਾਇ ਗਾਇ ਬਜਾਯ ਕੈ ॥ ੭੧ ॥

[1]ਸ਼ਾਂਤੀ ਨਾਲ।

ਸਿਰ ਸਜੀ ਸੁੰਦਰ ਚੌਤਨੀ[1],
ਯੁਤ ਜਿਗਾ ਕਲਗੀ ਚਾਰੁ ਹੈ।
ਗਰਿ ਹਾਰ ਕੰਠਾ ਮੁਕਤਿ ਮਾਲ,
ਬਿਸਾਲ ਮਨਿ ਗਨ ਵਾਰ ਹੈ[1]।

[1]ਦਸਤਾਰ।

[1]ਮੋਤੀਆਂ ਦੀ ਲੰਬੀ ਮਾਲਾ ਬਹੁਤੀਆਂ ਮਣੀਆਂ ਵਾਲੀ ਹੈ।

ਕਰ[1] ਸੋਹਿਂ ਕੰਕਨ[2] ਜਟੇ ਜ੍ਵਾਹਰ,
ਕੰਗਨਾ* ਛਬਿ ਛਾ ਰਹਜੋ[1]।

[1]ਹੱਥ ਵਿੱਚ। [2]ਕੜੇ।

[1]ਗਾਨਾ ਸ਼ੋਭਾ ਪਾ ਰਿਹਾ ਹੈ। *ਕੰਗਨਾ ਪਹਿਨਣਾ ਗੁਰਮਤਿ ਨਹੀਂ ਹੈ ਗੁਰਬਾਣੀ 'ਚ ਜ਼ਿਕਰ ਆਇਆ ਹੈ ਕਿ "ਕਰ ਕਰਿ ਕਰਤਾ ਕੰਗਨ ਪਹਿਰੈ" (ਪੰਨਾ ੩੫੯)

ਸਿਰ ਮੁਕਟ ਪੁਰਟ[1] ਜੁ ਨਿਪਟ[2] ਸੋਹਿਤ,
ਤੇਜ ਜਗਮਗ ਲਾ ਰਹਜੋ ॥ ੭੨ ॥

[1]ਸੋਨੇ ਦਾ। [2]ਬਹੁਤਾ।

ਪਿਖਿ ਸੇਹਰਾ ਛਬਿ ਬੇਹਰਾ[1],
ਮਨ ਕੇਹਰਾ[1] ? ਨਹਿਂ ਮੋਹਿਤੋ।
ਲਘੁ[1] ਗੋਲ ਗੋਲ ਅਮੋਲ ਮੋਤੀ,
ਲਰੀ[1] ਲਮਕਤਿ ਸੋਹਿਤੋ।

[1]ਬਹੁਤ ਚੰਗੀ ਸ਼ੋਭਾ ਵਾਲਾ।

[1]ਕਿਹੜਾ।

[1]ਛੋਟੇ।

[1]ਲੜੀ।

ਸੁਚ ਤਾਰ ਕੁੰਦਨ ਮਧਜ ਦਿਪ ਹੀ,
ਬਦਨ ਸਦਨ ਛਬਾਨ ਕੋ[1]।

[1]ਪਵਿੱਤ੍ਰ ਸੋਨੇ ਦੀਆਂ ਤਾਰਾਂ ਵਿੱਚ ਬਦਨ (ਮੁੱਖ) ਚਮਕਦਾ ਹੈ ਸ਼ੋਭਾ ਦੇ ਘਰ (ਕਲਗੀਧਰ) ਦਾ।

ਜਨੁ ਜੁਰੀ ਬਿਜਰੀ ਥਿਰੀ ਸਸਿ ਪੈ,
ਸੂਰ ਕੈਧੋ ਆਨ ਕੋ[1] ॥ ੭੩ ॥

[1]ਜਾਣੋ ਬਿਜਲੀ ਇਕੱਠੀ ਹੋ ਕੇ ਚੰਦ੍ਰਮਾ ਤੇ ਬੈਠੀ ਹੈ ਜਾਂ ਕੋਈ ਦੂਜਾ ਸੂਰਜ ਹੀ ਹੈ।

ਕਿਤ ਸਾਂਤਿ ਰਸ ਪੈ ਰੁੱਦਰ ਰਸ ਕੀ,
ਛਟਾਂ ਛੁੰਗ ਛ੍ਵੈ ਰਹੀ[1]।

[1]ਜਾਂ ਸ਼ਾਂਤਰਸ ਉੱਪਰ ਰੁੱਦ੍ਰਰਸ ਦੀਆਂ ਬਹੁਤੀਆਂ (ਛਟਾਂ) ਲਹਿਰਾਂ ਛੂਹ ਰਹੀਆਂ ਹਨ।

ਰਵਿ ਕਿਰਨਿ ਨਿਕਰ ਬਿਫਿਕਰ ਹ੍ਵੈ,
ਪਰ ਕਮਲ ਅਮਲ ਸੁ ਵੈਰਹੀ[1]।

[1](ਜਾਂ) ਸੂਰਜ ਦੀਆਂ ਕਿਰਨਾਂ ਨਿਕਲ ਕੇ ਬੇਫ਼ਿਕਰ ਹੋ ਕੇ ਉੱਜਲ ਕੰਵਲ ਉਪਰ ਸੋਂ ਰਹੀਆਂ ਹਨ।

ਕਿਤ ਕਾਮਨੀਨ ਕਟਾਛ ਅਵਲੀ,
ਪ੍ਰੇਮ ਸਿੱਖਨਿ ਝਲਕ ਹੈ[1]।

[1]ਜਾਂ ਇਸਤ੍ਰੀਆਂ ਦੇ ਕਟਾਖ਼ਸ਼ਾਂ ਦੀ ਪੰਗਤੀ ਹੈ, (ਜਾਂ) ਸਿੱਖਾਂ ਦੇ ਪ੍ਰੇਮ ਦੀ ਚਮਕ ਹੈ (ਕਟਾਖਜ-ਸੁੰਦਰ ਝਾਕਣੀ)।

ਜਗ ਤਿਲਕ ਤਿਲਕ ਨਿਸ਼ਾਨ ਮਾਨੋ,
ਮਲਿਕ ਬਲਿ ਜੈ ਖਲਕ ਹੈ[1] ॥ ੭੪ ॥

[1]ਜਗਤ ਦੇ ਤਿਲਕ ਰੂਪ ਸਤਿਗੁਰਾਂ ਦੇ (ਮੱਥੇ ਤੇ) ਲੱਗਾ ਤਿਲਕ ਜਾਣੋ ਬਲੀ ਬਾਦਸ਼ਾਹਾਂ ਤੇ ਸ੍ਰਿਸ਼ਟੀ ਦੀ ਜਿੱਤ ਦਾ ਨਿਸ਼ਾਨ ਹੈ।

ਸਿਰ ਛਤ੍ਰ ਚਵਰ ਢੁਰਾਹਿ[1] ਕੈਧੋ,
ਸੋਹਿ ਰਵਿ ਸਸਿ ਹੰਸ ਹੈ[1]।

[1]ਢੁਲਾ ਰਹੇ ਹਨ।

[1]ਛਤ੍ਰ ਸੂਰਜ ਤੇ ਚੰਦ (ਵਾਂਗ) ਅਤੇ ਚੌਰ ਹੰਸ (ਵਾਂਗ) ਸੋਹ ਰਿਹਾ ਹੈ।

ਚਢਿ ਚਲੇ ਘੋਰੀ ਪੈ ਬਿਵਾਹਨਿ[1],
ਸੋਢਿ ਬੰਸ ਅਵਤੰਸ[1] ਹੈ।

[1]ਵਿਆਹੁਣ।

[1]ਸ਼੍ਰੋਮਣੀ।

ਸਸਿ ਮੁਖੀ[1] ਮ੍ਰਿਗ ਸੁਲੋਚਨੀ[2],
ਮਿਲਿ ਮੰਜ[1] ਮੰਗਲ ਗਾਵਤੀ।
ਕਲ ਕੰਠਿ ਰਵਿ ਛਬਿ ਹਰੈ ਕੋਕਿਲ,
ਮੈਨਕਾਦਿ ਲਜਾਵਤੀ[1] ॥ ੭੫ ॥

[1]ਚੰਦ੍ਰਮਾ ਵਰਗੇ ਮੁੱਖ ਵਾਲੀਆਂ। [2]ਹਰਨ ਵਰਗੇ ਸੋਹਣੇ ਨੇਤ੍ਰਾਂ ਵਾਲੀਆਂ।

[1]ਉੱਜਲ।

[1]ਸੁੰਦਰ ਗਲੇ ਵਾਲੀਆਂ, ਜਿਨ੍ਹਾਂ ਦੀ ਅਵਾਜ਼ ਦੀ ਸ਼ੋਭਾ ਕੋਇਲਾਂ ਨੂੰ ਵੀ ਮਾਤ ਪਾਉਂਦੀ ਹੈ ਅਤੇ ਮਨੇਕਾ ਆਦਿਕ ਸੁਰਗ ਦੀਆਂ ਅਪੱਛਰਾਂ ਵੀ ਸ਼ਰਮਿੰਦਾ ਹੁੰਦੀਆਂ ਹਨ।

ਬਰ ਬਨੀ ਚਾਰੁ ਬਰਾਤ ਭਾਂਤਿ
ਅਨੇਕ ਖਜਾਤਿ ਅਪਾਰ ਹੈ[1]।

[1]ਸ੍ਰੇਸ਼ਟ ਤੇ ਸੁੰਦਰ ਜੰਞ ਬਣੀ ਹੋਈ ਹੈ ਅਨੇਕ ਤਰ੍ਹਾਂ ਦੀ, (ਜਿਸ ਦੀ) ਬੜੀ ਮਸ਼ਹੂਰੀ ਹੈ।

ਕਵਿ ਕੌਨ ਸਬਿ ਛਬਿ ਕਹਿ ਸਕੈ,
ਜਹਿ ਦੂਲਹੋ ਕਰਤਾਰ ਹੈ।
ਛਬਿ[1] ਛੈਲ[2] ਛਾਕੇ[3] ਛੁਂਗ[11] ਛਬੀਲੇ[22]
ਬਾਂਕੁਰੇ[1] ਬਲ ਗੁਨ ਨਿਧੀ[2]।
ਸਬਿ ਸਜੇ ਭੂਸ਼ਨ ਬਸਨ ਭੂਖਤਿ,
ਰੂਪ ਜਨੁ ਤਨ ਕਲ ਨਿਧੀ[1] ॥ ੭੬ ॥

[1]ਸੋਭਾ ਵਾਲੇ। [2]ਜਵਾਨ। [3]ਸਜੇ ਹੋਏ। [11]ਸਾਰੇ। [22]ਚਮਕ ਵਾਲੇ।

[1]ਸੁੰਦਰ। [2]ਬਲ ਤੇ ਗੁਣਾਂ ਦੀ ਖਾਣ।

[1]ਸਾਰੇ ਗਹਿਣੇ, ਬਸਤ੍ਰ ਤੇ ਸ਼ਿੰਗਾਰਾਂ ਸਹਿਤ ਸਜੇ ਹੋਏ ਹਨ (ਉਨ੍ਹਾਂ ਦੇ) ਸਰੀਰਾਂ ਦੇ ਰੂਪ ਜਾਣੋ ਸੁੰਦਰਤਾ ਦੀ ਖਾਣ ਹਨ।

ਚਢਿ ਚਲੇ ਚੁੰਗ ਕੁਰੰਗ ਸੇ,
ਤੁਰੰਗ ਲੋਲ ਅਮੋਲ ਹੈਂ[1]।

[1]ਹਰਨਾਂ ਵਰਗੇ ਚੰਚਲ ਤੇ ਅਮੋਲਕ ਘੋੜਿਆਂ 'ਤੇ ਸਾਰੇ ਚੜ੍ਹ ਕੇ

ਚੱਲੇ।

ਪਗ ਧਰਤ ਧਰਤਿ ਸੁ ਜਰਤ ਇਵ,
ਮਨ ਹਰਤਿ ਕਰਤਿ ਕਲੋਲ ਹੈਂ[1]।

[1]ਧਰਤੀ 'ਤੇ ਪੈਰਰੱਖ ਕੇ ਚੰਗੀ ਤਰ੍ਹਾਂ ਇਉਂ ਜੜਦੇ ਤੇ ਕਲੋਲਾਂ ਕਰਦੇ ਹੋਏ ਮਨ ਨੂੰ ਚੁਰਾਉਂਦੇ ਹਨ।

ਰਥ ਸਾਰਥਿਨਿ ਸਜ ਕਢੇ ਬਾਹਰ,
ਬਰਨ ਬਰਨ ਸੁ ਪਾਤ ਕੈ[1]।

[1]ਰਥਵਾਹੀਆਂ ਨੇਰੰਗਾਂਰੰਗਾਂ ਦੇਰੱਥ ਸਜਾ ਕੇ ਬਾਹਰ ਕੱਢ ਕੇ ਚੰਗੀ ਤਰ੍ਹਾਂ ਕਤਾਰਾਂ ਲਾ ਦਿੱਤੀਆਂ।

ਕਲਧੌਤ ਕਲਸ ਲਸਾਤ ਕੁਲਿਸਨਿ
ਜਟੇ ਭਾਂਤਿ ਬਿਭਾਂਤਿ ਕੈ[1] ॥ ੭੭ ॥

[1]ਸੋਨੇ ਦੇ ਕਲਸ ਚਮਕਦੇ ਹਨ ਜਿਨ੍ਹਾਂ ਵਿੱਚ ਤਰ੍ਹਾਂ ਤਰ੍ਹਾਂ ਦੇ ਹੀਰੇਰਤਨ ਜੜੇ ਹੋਏ ਹਨ (ਕਲਿਸ਼–ਹੀਰਾ, ਰਤਨ।)

ਕਲ ਛੁਦ੍ਰ ਘੰਟਕ ਜੰਗ ਜਬਰੈਂ,
ਬਜਤਿ ਸੁਨਿ ਜਿਨਿ ਘਨ ਲਜੇ[1]।

[1]ਛੋਟੀਆਂ ਸੁੰਦਰ ਟੱਲੀਆਂ ਤੇ ਵੱਡੇ ਟੱਲ ਜ਼ੋਰ ਨਾਲ ਵੱਜਦੇ ਹਨ ਜਿਨ੍ਹਾਂ ਨੂੰ ਸੁਣ ਕੇ ਬੱਦਲ ਸ਼ਰਮਿੰਦੇ ਹੁੰਦੇ ਹਨ (ਜਬਰ ਜੰਗ–ਵੱਡੇ ਟੱਲ)।

ਅਸ੍ਵ ਸਾਵ ਕਰਨ ਸੁ ਬਰਨ ਬਰਨਨਿ,
ਸ੍ਵਰਨ ਭੂਸ਼ਤਿ ਸਬਿ ਸਜੇ[1]।

[1]ਘੋੜੇ ਕਾਲੇ ਕੰਨਾਂ ਵਾਲੇਰੰਗਾਂਰੰਗਾਂ ਦੇ ਹਨ। ਉਹ ਸਾਰੇ ਸੋਨੇ ਦੇ ਗਹਿਣਿਆਂ ਨਾਲ ਸਜੇ ਹੋਏ ਹਨ।

ਜਿਨਿ ਬੇਗ ਬਲ ਜਲ ਪਗ ਨ ਲਗ,
ਥਲ ਗਿਰਨਿ ਫਿਰਨ ਅਸਾਨ ਹੈ[1]।

[1]ਜਿਨ੍ਹਾਂ ਦੇ ਜ਼ੋਰ ਦੀ ਚਾਲ ਸਮੇਂ ਪਾਣੀ ਨੂੰ ਵੀ ਪੈਰ ਨਹੀਂ ਲੱਗਦੇ ਉਨ੍ਹਾਂ ਨੂੰ ਖੁਸ਼ਕੀ ਤੇ ਪਹਾੜਾਂ 'ਤੇ ਫਿਰਨਾ ਸੌਖਾ ਹੀ ਹੈ।

ਅਸ ਪਾਂਤਿ ਰਥ ਸ਼ਰਮਾਂਤ ਇੰਦ
ਦਨਿੰਦ ਰਥਨ ਸ ਜਾਨ ਹੈ[1] ॥ ੭੮ ॥

[1]ਰਥਾਂ ਦੀਆਂ ਐਸੀਆਂ ਕਤਾਰਾਂ ਹਨ (ਜਿਨ੍ਹਾਂ ਨੂੰ ਦੇਖ ਕੇ) ਚੰਦ ਤੇ ਸੂਰਜ ਦੇ ਰਥ (ਜਾਨ ਸਵਾਰੀਆਂ ਭਾਵ) ਘੋੜਿਆਂ ਸਮੇਤ ਸ਼ਰਮਿੰਦਾ ਹੁੰਦੇ ਹਨ।

ਗਜ ਮੱਤ ਸਾਜੇ ਸਜਾਮ ਗਿਰ ਸੇ,
ਹੇਮ ਹੌਦ ਅੰਬਾਰੀਆਂ[1]।

[1]ਕਾਲੇ ਪਹਾੜਾਂ ਵਰਗੇ ਮਸਤ ਹਾਥੀ ਸੋਨੇ ਦੇ ਹੌਦੇ ਤੇ ਅੰਬਾਰੀਆਂ ਨਾਲ ਸਜਾਏ ਹੋਏ ਹਨ।

ਬਡ ਰਤਨ ਜਟਤਿ ਭ੍ਰਾਜ ਹੀਂ,
ਪਿਖਿ ਲਾਜ ਹੀਂ ਘਟ ਕਾਰੀਆਂ[1]।

[1]ਵੱਡੇਰਤਨਾਂ ਨਾਲ ਜੜੀਆਂ ਹੋਈਆਂ (ਹੌਦੇ ਤੇ ਅੰਬਾਰੀਆਂ ਸਹਿਤ) ਹਾਥੀ ਸੋਭ ਰਹੇ ਹਨ (ਜਿਨ੍ਹਾਂ ਨੂੰ) ਦੇਖ ਕੇ ਕਾਲੀਆਂ ਘਟਾਂ ਸ਼ਰਮਿੰਦਾ ਹੋ ਰਹੀਆਂ ਹਨ।

ਜਨੁ ਨੀਲ ਗਿਰ ਪੈ ਰਵਿ ਥਿਰੇ,
ਘਨ ਘਨਨਿ ਪੈ ਪੁੰਜ ਬੀਜਰੀ[1]।

[1]ਜਾਣੋ (ਹੌਦੇ ਤੇ ਅੰਬਾਰੀਆਂ) ਨੀਲੇ ਪਹਾੜਾਂ ਤੇ ਸੂਰਜ ਬੈਠੇ ਹਨ ਜਾਂ ਬਹੁਤੇ ਬੱਦਲਾਂ ਤੇ ਬਹੁਤੀਆਂ ਬਿਜਲੀਆਂ (ਬੈਠੀਆਂ ਹੋਈਆਂ ਹਨ)।

ਝਮਕੰਤ ਝਾਲਰ ਝੂਲ ਝੂਲਤਿ,
ਜਰੀ ਨਗ ਗਨ ਬੀਜਰੀ[1] ॥ ੭੯ ॥

[1]ਜਰੀ ਦੀਆਂ ਝਾਲਰਾਂ ਚਮਕਦੀਆਂ ਤੇ ਝੁੱਲ ਝੂਲ ਰਹੇ ਹਨ (ਉਨ੍ਹਾਂ ਵਿੱਚ ਜੜੇ ਹੋਏ) ਨਗ (ਜਾਣੋ) ਬਹੁਤੀਆਂ ਬਿਜਲੀਆਂ ਹਨ।

ਬਗ ਪਾਂਤਿ ਦਾਂਤ ਦਿਖਾਤਿ, ਘੰਟਾ
ਕੜਕ ਤੜਤਾ ਲਾਜ ਹੈਂ[1]।

[1](ਹਾਥੀਆਂ ਦੇ) ਦੰਦ ਬਗਲਿਆਂ ਦੀਆਂ ਡਾਰਾਂ (ਵਾਂਗ) ਦਿੱਸਦੇ ਹਨ ਤੇ ਗਲਾਂ ਦੇ ਟੱਲਾਂ ਦੀਆਂ ਅਵਾਜ਼ਾਂ ਬਿਜਲੀ ਦੀ ਕੜਕ ਨੂੰ ਸ਼ਰਮਿੰਦਾ ਕਰਦੀਆਂ ਹਨ।

ਅਲਿ ਪੁੰਜ ਗੁੰਜਤ ਬਰਖ ਮਦ,
ਗਜ ਘਨੇ ਘਨ ਸੇ ਗਾਜ ਹੈਂ[1]।

[1]ਹਾਥੀ ਦੇ ਕੰਨ ਦੇ ਛੇਕ ਕੋਲ (ਬਰਖ) ਚੋਂਦੇ ਮਦ ਉਤੇ ਭੌਰੇ ਗੁੰਜਦੇ ਹਨ ਅਤੇ ਬਹੁਤੇ ਹਾਥੀ ਬੱਦਲਾਂ ਵਾਂਗ ਗੱਜਦੇ ਹਨ।

ਤਿਮ ਸੁਭਗ ਸਿਵਕਾ ਕਾਮ ਧਾਂਮ,
ਸੁਖਾਸਨੰ ਸੁਠ ਪਾਲਕੀ[1]।

[1]ਤਿਵੇਂ ਸੁੰਦਰ ਡੋਲੇ, ਕਾਮ ਧਾਮ (ਕੁਰਸੀ ਦੀ ਸ਼ਕਲ ਦੀ ਪਾਲਕੀ), ਸੁਖ ਨਾਲ ਬੈਠਣ ਵਾਲੀਆਂ ਸੁੰਦਰ ਪਾਲਕੀਆਂ।

ਪੁਖਰਾਜ[1] ਪੰਨੇ[2] ਟਾਂਕ[3] ਸਬਜੇ[11]

[1]ਇਕਰਤਨ ਜੋ ਨੌਂਰਤਨਾਂ 'ਚ ਗਿਣਿਆ ਜਾਂਦਾ ਹੈ। [2]ਫ਼ੀਰੋਜ਼ੇ ਦੀ ਜਾਤੀ ਦਾ ਇਕਰਤਨ। [3]ਜੜੇ ਹੋਏ ਹਨ। [11]ਹਰੇ ਰੰਗ ਦਾ ਰਤਨ।

ਹੀਰ[1] ਨੀਲਮ[2] ਲਾਲ ਕੀ[3] ॥ ੮੦ ॥

[1]ਹੀਰਾ। [2]ਨੀਲੇ ਰੰਗ ਦੀ ਮਣੀ ਜਿਸ ਦੀ ਨੌਂ ਰਤਨਾਂ 'ਚ ਗਿਣਤੀ ਹੈ। [3]ਮਾਣਕ– ਲਾਲ ਰੰਗ ਦਾ ਰਤਨ।

ਨਗ[1] ਰਤਨ[2] ਮਾਣਕ[3] ਧਾਮਰਾ[11]

[1]ਨਗੀਨੇ। [2]ਕੀਮਤੀ ਪੱਥਰ। [3]ਲਾਲਰੰਗ ਦਾ ਰਤਨ। [11]ਇਕ ਪ੍ਰਕਾਰ ਦਾ ਰਤਨ।

ਫੀਰੋਜ[1] ਮੁਕਤ[2] ਹਕੀਕ[3] ਸੈਂ।

[1]ਹਰੀ ਝਲਕ ਸਹਿਤ ਇਕ ਨੀਲੇਰੰਗ ਦਾ ਰਤਨ। [2]ਮੋਤੀ। [3]ਇਕ ਤਰ੍ਹਾਂ ਦਾ ਮੋਤੀ।

ਬਹੁ ਭਾਂਤਿ ਚੁਨੀ[1] ਮਨੀ[2] ਮਰਕਤ[3]

[1]ਮਾਣਕ ਦੀਆਂ ਕਣੀਆਂ, ਲਾਲਰਤਨ ਦੇ ਟੁਕੜੇ। [2]ਮਣੀਆਂ। [3]ਹਰੀਆਂ ਮਣੀਆਂ।

ਪਦਮ ਰਾਗ[1] ਅਲੀਕ[2] ਸੈਂ।

[1]ਲਾਲ ਕਮਲ ਜਿਹੇਰੰਗ ਵਾਲਾਰਤਨ, ਲਾਲ, ਮਾਣਕ। [2]ਦਾਗ਼ ਤੋਂ ਬਿਨਾਂ ਹਨ।

ਸਬ ਜਬਰ ਜ੍ਵਾਹਰ ਜਰੇ ਜ੍ਵੱਲਤਿ
ਜਗਮਗੈ ਹ੍ਵੈ ਜਾਹਰੈਂ[1]।

[1]ਸਾਰੇ ਜ਼ਬਰਦਸਤ ਜਵਾਹਰਾਤ (ਕੀਮਤੀ ਪੱਥਰ ਜਾਂ ਮੋਤੀ) ਜੜੇ ਹੋਏ ਚਮਕਦੇ ਹਨ ਜਿਸ ਨਾਲ ਪ੍ਰਗਟ ਹੀਰੌਸ਼ਨੀ ਹੋ ਰਹੀ ਹੈ।

ਕਮਖਾਬ[1] ਮਖਮਲ[2] ਬਾਦਲਾ[3],

[1]ਇਕ ਕੀਮਤੀ ਬਸਤ੍ਰ ਜਿਸ ਦਾ ਤਾਣਾ ਰੇਸ਼ਮੀ ਤੇ ਪੇਟਾ ਜਰੀ ਦਾ ਹੁੰਦਾ ਹੈ। [2]ਇਕ ਬਹੁਤ ਕੋਮਲ ਰੇਸ਼ਮੀ ਬਸਤ੍ਰ। [3]ਚਾਂਦੀ ਸੋਨੇ ਦੀਆਂ ਤਾਰਾਂ ਨਾਲ ਮਿਲਾ ਕੇ ਬੁਣਿਆ ਹੋਇਆ ਰੇਸ਼ਮੀ ਬਸਤ੍ਰ।

ਨਟ ਗਵਰ[1] ਸੁ ਪਰਦੇ ਮਾਹਰੈਂ[2] ॥ ੮੧ ॥

[1]ਗਵਰਨਟ– ਇਕ ਤਰ੍ਹਾਂ ਦਾ ਰੇਸ਼ਮੀ ਬਸਤ੍ਰ। [2](ਉਹਨਾਂ

ਪਾਲਕੀਆਂ) (ਮਾਹਰੈ) ਵਿੱਚ ਪੜਦੇ (ਲੱਗੇ ਹੋਏ ਹਨ)।

ਝੁਕ ਝਾਲਰੀ ਮੁਕਤਾ ਲਰੀ,
ਯੁਕਤਾ ਜਰੀ ਸੁ ਮੁਕੇਸ਼ ਕੀ[1]।

[1]ਜਰੀ ਸਹਿਤ ਮੁਕੈਸ਼ ਦੀਆਂ ਝਾਲਰਾਂ ਤੇ ਮੋਤੀਆਂ ਦੀਆਂ ਲੜੀਆਂ ਲਟਕ ਰਹੀਆਂ ਹਨ। (ਮੁਕੈਸ਼-ਚਾਂਦੀ ਦੀਆਂ ਪਤਲੀਆਂ ਤੇ ਚਪਟੀਆਂ ਤਾਰਾਂ।)

ਬਹੁ ਬੀਜੁਰੀ ਜਨੁ ਥੀ ਜੁਰੀ,
ਦੁਤਿ ਹਰੀ ਕਿਰਨ ਦਿਨੇਸ਼ ਕੀ[1]।

[1]ਜਾਣੋ ਬਹੁਤੀਆਂ ਬਿਜਲੀਆਂ ਜੁੜੀਆਂ ਸਨ ਜਿਨ੍ਹਾਂ ਨੇ ਸੂਰਜ ਦੀਆਂ ਕਿਰਨਾਂ ਦੀ ਚਮਕ ਨੂੰ ਚੁਰਾ ਲਿਆ ਹੈ।

ਬਢੀਆ ਬਨਾਤ[1] ਦਰਯਾਈਆਂ[2],

[1]ਚੰਗੀਆਂ ਬਨਾਤਾਂ (ਬਨਾਤ ਇਕ ਤਰ੍ਹਾਂ ਦਾ ਚੌੜੇ ਵਰ ਦਾ ਊਨੀ ਬਸਤ੍ਰ।) [2]ਇਕ ਰੇਸ਼ਮੀ ਬਸਤ੍ਰ।

ਕਨਵੇਜ[1] ਝਾੜੀ ਅਤਿ ਲਸੈਂ[2]।

[1]ਕਨਾਵੇਜ਼- ਇਕ ਤਰ੍ਹਾਂ ਦਾ ਰੇਸ਼ਮੀ ਬਸਤ੍ਰ ਜੋ ਦਰਿਆਈ ਦੀ ਕਿਸਮ ਵਿਚੋਂ ਹੈ। [2]ਝਾੜ ਦੀ ਸ਼ਕਲ ਦੇ ਫਾਨੂਸਾਂ ਵਾਂਗ (ਅਤਿ) ਬਹੁਤ (ਲਸੈਂ) ਚਮਕਦੀਆਂ ਹਨ।

ਪਸ਼ਮੰਬਰੈ[1] ਪਾਟੰਬਰੈ[2] ਪਟ[3],

[1]ਪਸ਼ਮੀਨਹ- ਪੱਸ਼ਮ ਦਾ ਬਸਤ੍ਰ, ਸਰਦ ਦੇਸ਼ ਦੀ ਭੇਡ ਆਦਿ ਦੀ ਕੋਮਲ ਉੱਨ ਤੋਂ ਬਣਿਆ ਕਪੜਾ। [2]ਰੇਸ਼ਮੀ ਬਸਤ੍ਰ। [3]ਬਸਤ੍ਰ।

ਤਾਸ ਬਾਦਲ[1] ਅਤਲਸੈਂ[2] ॥ ੮੨ ॥

[1]ਇਕ ਜ਼ਰੀ ਨਾਲ ਬੁਣਿਆ ਕਪੜਾ ਜਿਸ ਦਾ ਤਾਣਾਰੇਸ਼ਮ ਦਾ ਅਤੇ ਬਾਣਾ (ਪੇਟਾ) ਜ਼ਰੀ ਦੀਆਂ ਤਾਰਾਂ ਦਾ ਹੁੰਦਾ ਹੈ। [2]ਇਕ ਤਰ੍ਹਾਂ ਦਾ ਚਮਕੀਲਾ ਰੇਸ਼ਮੀ ਬਸਤ੍ਰ।

ਸੁਚ ਖੇਸ[1] ਲਾਚੇ[2] ਲੁੰਛੀਆਂ[3]

[1]ਰੇਸ਼ਮੀ ਖੇਸ- (ਇਕ ਮੋਟੀ ਬੁਣਤੀ ਦਾ ਬਸਤ੍ਰ ਜੋ ਉਪਰ ਲੈਣ ਦੇ ਕੰਮ ਆਉਂਦਾ ਹੈ।) [2]ਮੋਟੀ ਬੁਣਤੀ ਦੀਆਂ ਚਾਦਰਾਂ ਜਿਨ੍ਹਾਂ ਦੇ ਸਿਰਿਆਂ ਉਤੇ ਲਾਲ ਸੂਤਰ ਜਾਂਰੇਸ਼ਮ ਦੇ ਪੱਲੇ ਹੁੰਦੇ ਹਨ। [3]ਇਕ ਤਰ੍ਹਾਂ ਦੀਆਂ ਧਾਰੀਦਾਰ ਧੋਤੀਆਂ। (ਅ) ਤਿੱਲੇ ਜਾਂ ਧਾਰੀਦਾਰ ਪਗੜੀਆਂ।

ਬਾਨਾਰਸੀ ਬੁਖਾਰ ਕੇ[1]।

[1]ਬਨਾਰਸ ਤੇ ਬੁਖਾਰੇ ਸ਼ਹਿਰ ਦੀਆਂ ਬਣੀਆਂ ਹੋਈਆਂ।

ਅਲਪਾਕ[1] ਸ਼ਾਲ[2] ਦੁਸ਼ਾਲ[3] ਗਾਚ[11],

[1]ਇਕ ਤਰ੍ਹਾਂ ਦਾ ਰੇਸ਼ਮੀ ਬਸਤ੍ਰ, ਐਲਪਾਕਾ। [2]ਪਸ਼ਮੀਨੇ ਦੀ ਚਾਦਰ। [3]ਸ਼ਾਲਾਂ ਦਾ ਜੋੜਾ। [11]ਇਕ ਤਰ੍ਹਾਂ ਦਾ ਸੂਤੀ ਕਪੜਾ।

ਰੁਮਾਲ ਮੋਲ ਅਪਾਰ ਕੇ।
ਸੁਲਤਾਨੀ ਬਨਾਤ[1] ਮੁਲਤਾਨੀ ਖੇਸ,

[1]ਬਾਦਸ਼ਾਹੀ ਬਨਾਤ।

ਕਹਾਰ ਬਰਦੀਵਾਰ ਹੈਂ[1]।

[1](ਡੋਲੀ ਤੇ ਪਾਲਕੀਆਂ ਚੁੱਕਣ ਵਾਲੇ) ਕਹਾਰ ਵਰਦੀ ਵਾਲੇ ਹਨ।

ਸਿਰ ਪੇਚ[1] ਬਖਸ਼ੇ ਕੜੇ ਕੰਠੇ,

[1]ਸਿਰ ਉੱਤੇ ਪਹਿਨਣ ਦਾ ਇਕ ਗਹਿਣਾ ਜਿਹੜਾ ਪਗੜੀ ਉੱਤੇ ਜਿਗਾ ਵਾਂਗ ਸਜਾਇਆ ਜਾਂਦਾ ਹੈ।

ਸਬਿਨਿ ਕੋ ਗੁਰੁ ਚਾਰੁ[1] ਹੈ ॥ ੮੩ ॥

[1]ਸੁੰਦਰ।

ਯੁਤ ਲਹਿਰ ਬਹਿਰ[1] ਸੁ ਪਹਿਰ ਜਾਨੀ[2],

[1]ਮੌਜ ਮੇਲੇ ਸਹਿਤ। [2]ਜਾਂਵੀ।

ਵਹਿਰ ਪੁਰਿ ਸਬਿ ਆ ਖਲੇ।
ਜਬ ਜੋਗ ਜਾਨਨ ਪੈ[1] ਚਢਾਏ,
ਹੁਕਮ ਦੈ ਨਵ ਗੁਰੁ ਭਲੇ।
ਰਵਿ ਮੱਲ, ਮਾਨਕ ਚੰਦ, ਅਰਥ
ਸੁ ਮੱਲ, ਆਦਿਕ ਬ੍ਰਿੱਧ ਜੇ।
ਸਬਿ ਚਢੇ ਸਿਵਕਾ[1] ਮੁਦ ਮਢੇ[2]
ਸਿਧ ਬਡੇ ਸ਼ਕਤਿ ਸਮ੍ਰਿੱਧ ਜੇ[1] ॥ ੮੪ ॥
ਸੁਭ ਸਗਨ ਲਗਨ ਹ੍ਵੈ ਮਗਨ ਆਗੇ,
ਸਫਲ ਹੋਵਨ ਆਵਹੀਂ।
ਪਿਖਿ ਲੋਗ ਸਜਾਨੇ ਮੋਦ ਮਾਨੇ,
ਗੁਰੁ ਅਸੀਸ ਅਲਾਵਹੀਂ।
ਕ੍ਰਿਪਾਲ ਸਸਿ, ਗੁਰਬਖਸ਼ ਆਦਿ
ਮਸੰਦ, ਫੀਲਨ ਪੈ[1] ਚਢੇ।
ਧਰ ਗਗਨ ਗਹਿ ਗਹਿ ਬਜਤ ਬਾਜੇ[1],
ਦਿਸ ਲਹੌਰੈਂ ਜਬਿ ਬਢੇ ॥ ੮੫ ॥
ਕ੍ਰਿਪਾਲ, ਸੰਗੌ, ਮਾਹਰੀ ਲੌ,
ਜਾਤ ਅੱਸ੍ਵ[1] ਕੁਦਾਵਤੇ।
ਪਿਖਿ ਏਣ ਪੰਖੀ ਪੌਨ ਮਨ ਲੌ,
ਗੌਨ ਸਭ ਸ਼ਰਮਾਵਤੇ[1]।

ਮਿਲਿ ਚਾਰ ਕੁਲ ਕੇ ਕੁਂਵਰ[1] ਸਿੱਖ,

ਅਵੱਸ ਅੱਸ੍ਵ[1] ਨਚਾਵਤੇ।
ਕਰਿ ਕੁੰਡਲੀ ਨਚਿ ਥੱਯਾ ਥੱਯਾ[1],

ਨਟੀ ਨਟਨਿ ਲਜਾਵਤੇ ॥ ੮੬ ॥
ਗੁਰੁ ਨੌਮ ਕਾਮ ਸੁ ਧਾਮ[1] ਪੈ,

ਬਰ ਪਾਲਕੀ ਪਰ ਦੂਲਹੋ।
ਸੁਰ ਏਸ ਰੂਪ ਰਮੇਸ ਸੋਂ,
ਹਰਿ ਗਯਾਨ ਧਯਾਨ ਨ ਭੂਲਹੋ[1]।

[1]ਸਵਾਰੀਆਂ ਤੇ।

[1]ਪਾਲਕੀਆਂ 'ਚ। [2]ਅਨੰਦ 'ਚ ਮੜ੍ਹੇ ਹੋਏ।

[1]ਜਿਹੜੇ ਸ਼ਕਤੀ ਰੂਪ ਸਮੱਗ੍ਰੀ ਵਾਲੇ ਸਿੱਧ ਸਨ।

[1]ਹਾਥੀਆਂ ਤੇ।

[1]ਧਰਤੀ ਤੇ ਅਕਾਸ਼ ਵਿੱਚ ਬੜੇ ਜ਼ੋਰ ਦੇ ਵਾਜੇ ਵੱਜਦੇ ਹਨ।

[1]ਘੋੜੇ।

[1](ਘੋੜਿਆਂ ਦੀ ਤੇਜ਼) ਚਾਲ ਵੇਖ ਕੇ ਹਰਣ, ਪੰਛੀ, ਪਉਣ ਤੇ ਮਨ ਤੱਕ ਸਾਰੇ ਸ਼ਰਮਿੰਦਾ ਹੁੰਦੇ ਹਨ।

[1]ਚੌਂਹ ਕੁਲਾਂ (ਬੇਦੀ, ਤੇਹਣ, ਭੱਲੇ ਤੇ ਸੋਢੀਆਂ) ਦੇ ਸਾਹਿਬਜ਼ਾਦੇ।

[1]ਬੇਵੱਸ ਘੋੜੇ।

[1]ਖੁਰਾਂ ਦੀਆਂ ਕੁੰਡਲੀਆਂ ਬਣਾ ਕੇ ਥੱਈਆ ਥੱਈਆ ਚਾਲ ਨਾਲ ਨੱਚਦੇ ਹਨ।

[1]ਕਾਮ ਧਾਮ=ਕੁਰਸੀ ਦੀ ਸ਼ਕਲ ਦੀ ਪਾਲਕੀ ਜਿਸ ਨੂੰ ਕਹਾਰ ਮੋਢਿਆਂ ਤੇ ਚੁਕੱਦੇ ਹਨ।

[1]ਇੰਦ੍ਰ ਤੇ ਵਿਸ਼ਨੂੰ ਵਰਗਾ ਉਹ (ਗੁਰਾਂ ਦਾ) ਸਰੂਪ ਗਿਆਨ ਸਿੰਘ (ਕਹਿੰਦਾ ਹੈ ਕਿ ਮੈਨੂੰ) ਧਿਆਨ ਚੋਂ ਨ ਭੁੱਲੇ।

ਨਭ ਨਾਕ ਨਟਨੀ ਨਾਚਤੀ,
ਧੁਨਿ ਬੇਦ ਸੁਰਿ ਮੁਨਿ ਗਾਵਤੇ[1]।

[1]ਅਕਾਸ਼ ਵਿੱਚ ਸੁਰਗ ਦੀਆਂ ਅਪੱਛਰਾਂ ਨਚੱਦੀਆਂ ਹਨ ਅਤੇ ਦੇਵਤੇ ਤੇ ਮੁਨੀ ਵੇਦਾਂ ਦੀਆਂ ਧੁਨੀਆਂ ਗਾਉਂਦੇ ਹਨ।

ਬਜ ਰਹੇ ਬਾਜੇ ਨਭ ਧਰਾ,
ਜਨੁ ਮੇਘ ਮੰਗਲ ਗਾਵਤੇ ॥ ੮੭ ॥
ਸਮ ਬੀਜ ਝੰਡਿਨਿ ਪਟ ਲਸੈਂ,
ਜਨੁ ਗੁਰੁਨਿ ਸੁਜਸ ਲਸਾਵਤੇ[1]।

[1]ਬਿਜਲੀ ਵਾਂਗ ਝੰਡੀਆਂ ਤੇ ਬਸਤ੍ਰ ਚਮਕਦੇ ਹਨ ਜਾਣੋ ਗੁਰਾਂ ਦਾ ਚੰਗਾ ਜਸ ਚਮਕਾਉਂਦੇ ਹਨ।

ਕਿਤ ਗਾਤ ਮੰਗਲ ਮੁਖੀ-ਮੰਗਲ[1],
ਕਿਤ ਰਬਾਬੀ ਭਾਵਤੇ[1]।
ਬਹੁ ਭੱਟ ਰੱਟ ਸੁਜਸ ਰਹੇ[1],
ਨਾਕੀਬ ਅੱਟ ਅਲਾਵਤੇ[1]।
ਕਿਤ ਨਕਲੀਏ ਬਹੁ ਸ਼ਕਲੀਏ ਰਚਿ,
ਬਕਲੀਏ ਮਨ ਭਾਵਤੇ[1] ॥ ੮੮ ॥

[1]ਮੰਗਲ ਦੇ ਮੁਖੀ ਭਾਵ ਗਣੇਸ਼।
[1]ਕਿਤੇਰਬਾਬੀ (ਗਾਉਂਦੇ) ਚੰਗੇ ਲੱਗਦੇ ਹਨ।
[1]ਚੰਗਾ ਜਸ ਉਚਾਰ ਰਹੇ ਹਨ।
[1]ਅੱਗੇ ਬੋਲਣ ਵਾਲੇ ਬਹੁਤਾ ਬੋਲਦੇ ਹਨ।
[1]ਕਿਤੇ ਨਕਲੀਏ ਬਹੁਤੀਆਂ ਸ਼ਕਲਾਂ ਬਣਾ ਕੇ ਮਨ ਭਾਉਂਦਾ (ਬਕਲੀਏ) ਬੋਲਦੇ ਹਨ।

ਗੁਰੁ ਚਲੇ ਕੌਤਕ ਭਲੇ ਪੇਖਤਿ,
ਬਿੱਤ ਬਹੁ ਬਰਸਾਵਤੇ।
ਇਸ ਤੌਰ ਨਿਕਟ ਲਾਹੌਰ ਗੇ,
ਭੇ ਗੌਰ ਸਮਧੀ[1] ਆਵਤੇ।

[1]ਬਹੁਤੇ ਸਬੰਧੀ।

ਮਨ ਮਗਨ ਲਾਗੀ ਲਗਨ, ਨੰਗੇ
ਪਗਨ ਆਗੇ ਆ ਮਿਲੇ।
ਜਨੁ ਸਾਗਰੰ ਰਤਨਾਕਰੰ,
ਜੁਗ ਉਦਧਿ ਆਨੰਦ ਕੇ ਭਿਲੇ[1] ॥ ੮੯ ॥

[1]ਜਾਣੋ ਸਾਗਰ ਤੇਰਤਨਾਕਰ ਦੋ ਅਨੰਦ ਦੇ ਸਮੁੰਦਰ ਮਿਲ ਪਏ।

ਸਜ ਵਜ ਬਰਾਤ ਮਹਾਤ ਗੌਰੀ[1],
ਪਿਖਿ ਲਹੌਰੀ ਮੁਦ ਭਏ।

[1]ਬਹੁਤ ਵੱਡੀ।

ਕੁਲ ਰੀਤਿ ਕੀਨ ਪੁਨੀਤ[1], ਦੀਨ
ਬਿਨੀਤ ਹ੍ਵੈ[1] ਗੁਰੁ ਪਗ ਪਏ।
ਗੁਰ ਨੌਮ ਹਰਜਸ ਉਭੈ ਸਮਧੀ[1],
ਜਨਕ ਦਸਰਥ ਜਾਨੀਏ।
ਗੁਰੁ ਦਸਮ ਰਾਮ ਸੁ ਖਸਮ ਜਗ[1],
ਸੀਯ[1] ਜੀਤੋ ਜੀ ਪ੍ਰਮਾਨੀਏ ॥ ੯੦ ॥

[1]ਪਵਿੱਤ੍ਰ।
[1]ਅਧੀਨ ਤੇ ਨਿੰਮ੍ਰਤਾ ਸਹਿਤ ਹੋ ਕੇ।
[1]ਕੁੜਮ।
[1]ਜਗਤ ਦੇ ਮਾਲਕਰਾਮ ਸਰੂਪ ਦਸਮ ਗੁਰੂ।
[1]ਸੀਤਾ।

ਗੁਰੁ ਨੌਮ ਬਾਦ[1] ਬਜਾਇ,
ਕੀਨ ਢੁਕਾਇ, ਧਨ ਬਰਸਾਇ ਕੈ।
ਧਰ ਸੇਤ ਲਾਲ ਬਿਸਾਲ ਕੀਨੀ,
ਮੇਂਹ ਜਿਉਂ ਝਰਿ ਲਾਇ ਕੈ[1]।

[1]ਵਾਜੇ।

[1]ਮੀਂਹ ਵਾਂਗ ਝੜੀ ਲਾ ਕੇ (ਭਾਵ ਬਰਾਤੀਆਂ ਨੇ ਧਨ ਦੀ ਸੁੱਟ ਕਰ ਕੇ ਤਾਂਬੇ ਦੇ ਪੈਸਿਆਂ ਨਾਲ) ਧਰਤੀ ਬਹੁਤੀ ਲਾਲ ਤੇ (ਚਾਂਦੀ ਦੇਰੁਪੱਈਆਂ ਨਾਲ) ਚਿੱਟੀ ਕਰ ਦਿੱਤੀ।

ਮਨਿ ਸ਼ੰਕ ਕੋਸ਼ ਕੁਬੇਰ ਢਾਂਪੇ,
ਮੇਰੁ ਸੁਰਨ ਦਬਾਇਓ[1]।

[1]ਮਨ 'ਚ ਡਰ ਕੇ ਕੁਬੇਰ ਨੇ ਖ਼ਜ਼ਾਨੇ ਢਕ ਲਏ ਤੇ ਦੇਵਤਿਆਂ ਨੇ ਸੁਮੇਰ ਪਰਬਤ ਲੁਕੋ ਲਿਆ।

ਮੁਰਝਾਯੋ ਮਨ ਮੇਘ, ਮਾਯਾ
ਹੁੰਡਿ ਜਿਨ ਬਰਸਾਇਓ[1] ॥੯੧॥

[1]ਜਿਨ੍ਹਾਂ ਸਤਿਗੁਰਾਂ ਨੇ ਮਾਇਆ ਦੀਆਂ ਹੁੰਡੀਆਂ ਦੀ ਬਰਖਾ ਕੀਤੀ (ਉਨ੍ਹਾਂ ਨੂੰ) ਵੇਖ ਕੇ ਬੱਦਲ ਦਾ ਵੀ ਮਨ ਮੁਰਝਾ ਗਿਆ।

ਜੋ ਲੋਗ ਲਾਖੋਂ ਅਏ ਥੇ,
ਧਨ ਤਿਨੋ ਤੈ ਭੀ ਨੈ ਉਠੇ[1]।
ਦੁਖ ਦੁਸਹ ਦਾਰਦ ਦਰੇ ਦੀਨਨਿ,
ਦਯਾ ਨਿਧਿ ਗੁਰੁ ਜੌ ਤੁਠੇ[1]।

[1]ਚੁੱਕਿਆ ਨ ਗਿਆ।

[1]ਜਦੋਂ ਦਇਆ ਦੇ ਸਮੁੰਦਰ ਗੁਰੂ ਜੀ ਪ੍ਰਸੰਨ ਹੋਏ ਤਾਂ ਗ਼ਰੀਬਾਂ ਦੇ ਔਖੇ ਸਹਾਰੇ ਜਾਣ ਵਾਲੇ ਗ਼ਰੀਬੀ ਦੇ ਦੁੱਖ ਦਲ ਦਿੱਤੇ।

ਕੁਛ ਕਾਹਿ ਨਾਹਿਂ ਨ ਚਾਹਿ ਛੋਰੀ,
ਲੂਟਨੇ ਬਿਤ ਔਰ ਪੈ[1]।

[1]ਹੋਰ ਕਿਸੇ ਪਾਸੋਂ ਧਨ ਲੁੱਟਣ ਦੀ ਕਿਸੇ ਨੂੰ ਵੀ ਕੁਝ ਇੱਛਾ ਨਹੀਂ ਛੱਡੀ।

ਅਤਿ ਭਾ ਕੁਲਾਹਲ ਨਭ ਧਰਾ,
ਵਰ ਗਯੋ ਸਸੁਰੀ ਪੌਰ ਪੈ[1] ॥੯੨॥

[1]ਧਰਤੀ ਤੇ ਅਕਾਸ਼ ਵਿੱਚ ਉਤਸ਼ਵ ਦਾ ਬਹੁਤ ਡੰਡਰੌਲਾ ਹੋਇਆ (ਜਦੋਂ) ਲਾੜਾ ਸੌਹਰਿਆਂ ਦੇ ਦਰਵਾਜ਼ੇ ਤੇ ਪਹੁੰਚ ਗਿਆ।

ਸਸ ਲੈ ਸਹੇਲੀ ਬਹੁ ਨਵੇਲੀ,
ਪ੍ਰੇਮਿ ਪੇਲੀ ਦ੍ਵਾਰ ਪੈ[1]।

[1](ਨਵੇਲੀ) ਜਵਾਨ ਇਸਤ੍ਰੀਆਂ ਨੂੰ ਪ੍ਰੇਮ ਨਾਲ ਪ੍ਰੇਰ ਕੇ ਦਰਵਾਜ਼ੇ ਤੇ ਲੈ ਆਈ।

ਸੁਚ ਆਰਤੀ ਉਤਾਰਤੀ,
ਮੁਦ ਧਾਰਤੀ ਭਈ ਸਾਰ ਪੈ[1]।

[1]ਖ਼ਬਰ ਹੁੰਦਿਆਂ ਸਾਰ ਅਨੰਦ ਧਾਰ ਕੇ ਪਵਿੱਤ੍ਰ ਆਰਤੀ ਉਤਾਰਨ ਲੱਗੀ।

ਪਿਕ ਮੋਰ ਬੈਨੀ ਕੰਜ ਨੈਨੀ,
ਸਸਿ ਮੁਖੀ ਗਜ ਗਾਮਨੀ[1]।

[1]ਕੋਇਲ ਤੇ ਮੋਰ (ਵਰਗੇ ਮਿੱਠੇ) ਬਚਨ ਬੋਲਣ ਵਾਲੀਆਂ, ਕੰਵਲ (ਵਰਗੇ ਸੁੰਦਰ) ਨੇਤ੍ਰਾਂ ਵਾਲੀਆਂ, ਚੰਦ੍ਰਮਾ (ਵਰਗੇ ਉੱਜਲ) ਮੁੱਖ ਵਾਲੀਆਂ ਤੇ ਹਾਥੀਆਂ (ਵਾਂਗ ਮਸਤ ਚਾਲ)

ਚੱਲਣ ਵਾਲੀਆਂ (ਇਸਤ੍ਰੀਆਂ)।

ਧਰਿ ਭਾਇ[1] ਚਾਇ ਸੁ ਗਾਇ
ਮੰਗਲ, ਦਾਇ ਮੰਗਲ ਭਾਮਨੀ[1] ॥ ੯੩ ॥

[1]ਪ੍ਰੇਮ ਧਾਰ ਕੇ।

[1]ਖ਼ੁਸ਼ੀ ਦੇਣ ਵਾਲੀਆਂ ਇਸਤ੍ਰੀਆਂ।

ਗੁਰੁ ਨੇਤ ਸੇਤ ਮਰਯਾਦ ਪਾਲਕ[1],

[1]ਉੱਜਲ ਨੀਤੀ ਤੇ ਮਰਯਾਦਾ ਦੀ ਪਾਲਣਾ ਕਰਨ ਵਾਲੇ (ਸ੍ਰੀ ਕਲਗੀਧਰ ਜੀ ਨੇ)।

ਸਾਸ ਕੋ ਸਿਰ ਨਾਇਓ।
ਨਿਜ ਛਬਿ[1] ਅਮੋਲ ਕਲੋਲ[2] ਤੈ,
ਅਤੋਲ ਮੋਦ[1] ਬਢਾਇਓ।
ਪੁਨ ਅੰਦਰ ਮੰਦਰ ਸੁੰਦਰੀ,
ਲੈ ਗਈ ਸੁੰਦਰ ਰੂਪ ਕੋ।
ਸਬਿ ਨਾਰੀਓਂ ਜਨੁ ਤਾਰੀਓਂ,
ਪਰਵਾਰਿਓ ਸਸਿ ਭੂਪ ਕੋ[1] ॥ ੯੪ ॥

[1]ਸ਼ੋਭਾ। [2]ਕ੍ਰੀੜਾ, ਖੇਡ।

[1]ਬਹੁਤਾ ਅਨੰਦ।

[1]ਜਾਣੋ ਤਾਰਿਆਂ ਦੀਆਂ ਇਸਤ੍ਰੀਆਂ ਨੇ ਗੁਰੂ ਰੂਪ ਚੰਦਰਾਜੇ ਨੂੰ ਘੇਰਾ ਪਾਇਆ ਹੈ।

ਗੁਰ ਨੂਰ ਦੂਰ ਗਰੂਰ ਕਰਿ ਹੈ,
ਸੂਰ ਚੰਦ ਜ਼ਹੂਰ ਕੋ[1]।

[1]ਗੁਰਾਂ ਦਾ ਪ੍ਰਕਾਸ਼ ਸੂਰਜ ਤੇ ਚੰਦ ਦੇ ਪ੍ਰਕਾਸ਼ ਦੇ ਹੰਕਾਰ ਨੂੰ ਦੂਰ ਕਰਦਾ ਹੈ।

ਬਿਧਿ ਤੇਜ ਕਾਂਤ ਸੁੰਦਰਜਤਾ
ਬਲ ਕਾਮ ਸਿੱਧਨਿ ਸ਼ਹੂਰ ਕੋ[1]।

[1]ਬ੍ਰਹਮਾ ਨੇ ਤੇਜ, ਚਮਕ, ਸੁੰਦਰਤਾ, ਬਲ, ਕਾਮ, ਸਿੱਧੀਆਂ ਤੇ ਅਕਲ ਨੂੰ.....।

ਕਰਿ ਮਥਨ ਸਾਰ ਨਿਕਾਰ ਰਚਜੋ,
ਤਨ ਮਨੋ ਦਸਮੇਸ ਕੋ[1]।

[1]ਰਿੜਕ ਕੇ- ਤੱਤ ਕੱਢ ਕੇ ਜਾਣੋ ਸ੍ਰੀ ਦਸਮੇਸ਼ ਜੀ ਦਾ ਸ਼ਰੀਰਰਚਿਆ ਹੈ।

ਸਬਿ ਕੌਨ ਉਪਮਾ ਕਹਿ ਸਕੈ,
ਗੁਨ ਰੂਪ ਤੇਜ ਗੁਰੇਸ ਕੋ[1] ॥ ੯੫ ॥

[1]ਈਸ਼ਰ ਰੂਪ ਗੁਰਾਂ ਦਾ।

ਵਹਿ ਜੱਦਪਿ ਥੀ ਤੀਯ ਸੁੰਦਰੀ,
ਸਬ ਉਰਬਸੀ ਰਤਿ ਸਚੀ ਸੀ[1]।

[1]ਭਾਵੇਂ ਉਹ (ਮਾਤ-ਲੋਕ ਦੀਆਂ) ਇਸਤ੍ਰੀਆਂ ਸਨ, ਪਰ ਉਹ ਉਰਬਸੀ (ਸੁਰਗ ਦੀ ਅਪੱਛਰਾ) ਰਤੀ (ਕਾਮ ਦੀ ਇਸਤ੍ਰੀ) ਸਚੀ (ਇੰਦ੍ਰ ਦੀ ਇਸਤ੍ਰੀ) ਵਰਗੀਆਂ ਸੁੰਦਰ ਸਨ।

ਨਵ ਜੋਬਨਾ ਗੁਨ ਰੂਪ ਰਾਸਿ[1],
ਬਿਲਾਸ ਹਾਸਨਿ ਰਚੀ ਸੀ[1]।
ਫੁਲ ਛਰੀ ਕੁੰਦਨ ਸਰੀ ਸੀ,
ਰਸ ਭਰੀ ਆਨੰਦ ਲਰੀ ਸੀ[1]।

[1]ਹੱਦ ਸਨ।

[1]ਰੁੱਝੀਆਂ ਹੋਈਆਂ ਸਨ।

[1]ਫੁੱਲ ਦੀ ਛਟੀ ਤੇ ਸੋਨੇ ਦੀ ਸੀਖ ਵਰਗੀਆਂ (ਕੋਮਲ ਪਤਲੀਆਂ ਤੇ ਕੀਮਤੀ) ਸਨ, ਰਸ ਨਾਲ ਭਰੀਆਂ ਅਨੰਦ

ਦੀਆਂ ਲੜੀਆਂ ਸਨ।

ਮਦ ਕਰੀ ਸੀਸੀ ਸੀ ਖਰੀ,
ਹਦ ਜਰੀ ਜ਼ੇਵਰ ਪਰੀ ਸੀ[1] ॥ ੯੬ ॥

[1]ਹਾਥੀ ਵਾਂਗ ਮਸਤ, ਸ਼ੀਸ਼ੀਆਂ ਵਾਂਗ (ਚਮਕਦੀਆਂ) (ਖਰੀ) ਖੜੀਆਂ ਸਨ (ਹੱਦ) ਬਹੁਤੇ ਸੋਨੇ ਦੇ ਗਹਿਣਿਆਂ ਨਾਲ ਪਰੀਆਂ (ਬਣੀਆਂ ਹੋਈਆਂ) ਸਨ।

ਪਰ ਦੂਲਹੋ ਛਬਿ[1] ਅੱਗ੍ਰ ਸਬਿ ਭਈ,
ਉਦੇ ਦਿਵਸ ਚਰਾਕ ਸੀ[1]।

[1]ਲਾੜੇ ਦੀ ਸੋਭਾ।

[1]ਦਿਨ ਚੜ੍ਹਾ ਦੇ ਦੀਵੇ ਵਾਂਗ (ਫਿੱਕੀਆਂ ਪੈ ਗਈਆਂ)।

ਸੁਠ ਮੰਜ ਮੰਗਲ ਮੈ ਮਨੋਹਰ,
ਗਾਵਤੀ ਤਿਯ ਨਾਕ ਸੀ[1]।

[1]ਸੁੰਦਰ, ਉੱਜਲ ਤੇ ਮੰਗਲ ਰੂਪ (ਗੀਤ) ਸੁਰਗ ਦੀਆਂ ਇਸਤ੍ਰੀਆਂ ਵਰਗੀਆਂ (ਇਹ) ਸੁੰਦਰੀਆਂ ਗਾਉਂਦੀਆਂ ਹਨ।

ਬਡ ਸਾਸ ਮਈਆ ਉਮਾ ਜਹੀਆ,
ਲਹਿ ਬਲਈਆ ਸਾਰੀਆ[1]।

[1]ਪਾਰਬਤੀ ਵਰਗੀ ਵੱਡੀ ਸੱਸ ਮਾਤਾ (ਦਾਦੀ ਸੱਸ) ਨੇ (ਦਸਮੇਸ਼ ਜੀ ਦੀਆਂ) ਸਾਰੀਆਂ ਬਲਾਵਾਂ (ਆਫ਼ਤਾਂ) ਲਈਆਂ।

ਕਰਿ ਬਿੱਤ[1] ਬਹੁਤ ਨਿਛਾਵਰੈਂ[2]
ਪੁਨ ਅਪਨ ਪੌ[1] ਦਿਯ ਵਾਰੀਆ ॥ ੯੭ ॥

[1]ਧਨ। [2]ਵਾਰਨਾ।

[1]ਆਪਣਾ ਆਪ।

ਮਤ ਡੀਨ[1] ਲਾਗੈ ਸੰਕ[2] ਸਾਸੂ,
ਲੋਨ ਰਾਈ ਵਾਰਤੀ।

[1]ਨਜ਼ਰ। [2]ਡਰ ਕੇ।

ਪੁਨ ਮਾਪਤੀ ਆਮਾਪ ਕੋ,
ਬਨਿ ਬਡੀ ਸਾਰੀ ਭਾਰਤੀ[1]।

[1]ਸਰਸੁਤੀ (ਦੇਵੀ) ਵੱਡੀ ਸਾਲੀ ਬਣ ਕੇ ਮਿਣਤੀਰਹਿਤ (ਕਲਗੀਧਰ ਜੀ ਨੂੰ) ਮਿਣਦੀ ਹੈ।

ਛਬਿ ਛਕੀ ਛੈਲ ਛਬੀਲੀਆਂ,
ਸੁ ਕੁਮਾਰੀਆਂ ਮਿਲਿ ਸਾਰੀਆਂ[1]।

[1]ਸੁੰਦਰ ਨੌਜਵਾਨ ਸ਼ੋਭਾ 'ਚ ਫੱਬੀਆਂ ਸਾਰੀਆਂ ਕੁਆਰੀਆਂ (ਲੜਕੀਆਂ) ਇਕੱਠੀਆਂ ਹੋ ਕੇ।

ਬਹੁ ਕਰਿ ਮਜਾਖੈਂ ਮਾਰ ਆਖੈਂ,
ਗਾਰ ਭਾਖੈਂ ਸਾਰੀਆਂ[1] ॥ ੯੮ ॥

[1]ਸਾਲੀਆਂ ਬਹੁਤੇ ਮਖ਼ੌਲ ਕਰਦੀਆਂ ਅੱਖਾਂ ਮਾਰਦੀਆਂ ਤੇ ਗਾਲ੍ਹਾਂ ਕੱਢਦੀਆਂ ਹਨ।

ਛਲ ਛੰਦ ਫੰਧ ਬਨਾਇ,
ਛੰਦ ਕਹਾਵਤੀ ਹੁਲਸਾਵਤੀ[1]।

[1]ਛਲ ਨਾਲ ਦਾਅ-ਪੇਚ ਬਣਾ ਕੇ ਛੰਦ ਬੁਲਵਾਉਂਦੀਆਂ ਤੇ ਖ਼ੁਸ਼ ਹੁੰਦੀਆਂ ਹਨ।

ਮੁਸਕਾਵਤੀ ਹਾਸਾਵਤੀ,
ਕਰਵਾਵਤੀ ਮਨ ਭਾਵਤੀ[1]।

[1]ਮੁਸਕਰਾਉਂਦੀਆਂ, ਹਸਾਉਂਦੀਆਂ ਤੇ ਮਨ ਭਾਉਂਦੀਆਂ (ਗੱਲਾਂ) ਕਰਵਾਉਂਦੀਆਂ ਹਨ।

ਕਰਿ ਨੈਨ ਬੈਨ ਚਲਾਕ ਚੁਸਤੀ,

ਮੀਨ ਖੰਜਨ ਹਾਰਤੀ[1]।

[1]ਅੱਖਾਂ ਤੇ ਬਚਨਾਂ ਨਾਲ ਚੁਸਤ ਹੋ ਕੇ (ਅਜਿਹੀ) ਚਲਾਕੀ ਕਰਦੀਆਂ ਹਨ ਕਿ (ਜਾਣੋ) ਮੱਛੀਆਂ ਤੇ ਮਮੋਲੇ ਵੀ ਹਾਰ ਜਾਂਦੇ ਹਨ।

ਇਕ ਏਕ ਪ੍ਰਤੀ ਸੈਨ ਕਰਤੀ,
ਸਿੱਠ ਗਾਰ* ਉਚਾਰਤੀ[1] ॥ ੯੯ ॥

[1]ਇਕੱਲੀ ਇਕੱਲੀ ਨੂੰ ਇਸ਼ਾਰਾ ਕਰਦੀਆਂ ਤੇ ਸਿੱਠਣੀਆਂ (ਰਾਹੀਂ) ਗਾਲ੍ਹਾਂ ਕੱਢਦੀਆਂ ਹਨ। *ਸਿੱਠਣੀਆਂ ਜਾਂ ਗਾਲ੍ਹਾਂ ਨਿਰੀ ਮਨਮਤ ਹੈ। ਵਿਵਾਹ ਦੀ ਖ਼ੁਸ਼ੀ ਸਮੇਂ ਗੁਰਬਾਣੀ ਦੇ ਸ਼ਬਦ ਗਾਉਣੇ ਹੀ ਯੋਗ ਹਨ।

ਤਬਿ ਸ੍ਰੀ ਦੁਲਹਨਿ, ਚਤੁਰ ਸਖੀਅਨ
ਓਟ, ਆਇ ਨਿਹਾਰ ਕੈ[1]।

[1]ਤਦੋਂ ਸ੍ਰੀ ਜੀਤੋ ਜੀ ਚਤੁਰ ਸਖੀਆਂ ਦੇ ਓਲ੍ਹੇ ਆ ਕੇ ਦੇਖਦੀ ਹੈ।

ਅਤਿ ਸਕੁਚ ਸਰਸ ਸਨੇਹ ਯੁਤ[1],
ਪਤਿ ਮੂਰਤੀ ਉਰਿ ਧਾਰ ਕੈ।
ਦੁਰ ਦੌਰ ਭੌਨ ਸੁ ਕੌਨ ਮੈਂ,
ਯੁਤ ਮੌਨ ਪੁਨ ਪੁਨ ਆਵਤੀ[1]।

[1]ਬਹੁਤ ਸੰਕੋਚ ਕੇ ਤੇ ਬਹੁਤੇ ਪ੍ਰੇਮ ਨਾਲ।

[1](ਕਦੇ) ਦੌੜ ਕੇ ਘਰ ਦੀ ਗੁੱਠ ਵਿੱਚ ਲੁਕ ਜਾਂਦੀ ਹੈ ਤੇ (ਕਦੇ) ਚੁਪ ਧਾਰ ਕੇ ਮੁੜ ਮੁੜ ਆਉਂਦੀ ਹੈ।

ਗਤਿ ਮੀਨ ਖੰਜਨ ਚੰਚਲਾ ਕੀ,
ਚਪਲ ਤੈ ਸ਼ਰਮਾਵਤੀ[1] ॥ ੧੦੦ ॥

[1]ਮੱਛੀ ਦੀ ਚਾਲ ਮਮੋਲੇ ਅਤੇ ਬਿਜਲੀ ਦੀ ਚੰਚਲਤਾ (ਸ੍ਰੀ ਜੀਤੋ ਜੀ) ਤੋਂ ਸ਼ਰਮ ਖਾਂਦੀ ਹੈ।

ਕੁਲ ਰੀਤਿ ਹਾਸ ਬਿਲਾਸ ਖਾਸ,
ਸਪ੍ਰੀਤਿ ਕੁਵਰਨਿ ਕੁਵਰ ਸੋਂ[1]।

[1]ਕੁੱਲ ਦੀ ਰੀਤੀ ਅਨੁਸਾਰ ਖ਼ਾਸ ਹਾਸੇ ਦੇ ਬਚਨ ਪ੍ਰੀਤ ਨਾਲ ਲੜਕੀਆਂ ਲਾੜੇ ਨਾਲ ਕਰਦੀਆਂ ਹਨ।

ਕਰਿ ਚਿਤ ਚਕੋਰੀ ਸੀ ਰਹੀ,
ਮਤਿ ਗਤਿ ਗਹੀਰਤਿ ਭੁਵਰ ਸੋਂ[1]।

[1]ਚਿੱਤ ਨੂੰ ਚਕੋਰੀ ਵਾਂਗ (ਬਿਹਬਲ) ਕਰ ਰਹੀਆਂ ਹਨ ਅਤੇ ਬੁੱਧੀ ਨੇ ਭੌਰੇ ਵਾਂਗ ਪ੍ਰੀਤ ਕਰਨ ਦੀ ਚਾਲ ਫੜੀ ਹੋਈ ਹੈ।

ਬਹੁ ਕਾਮਨੀਨ ਜੋ ਕਰੇ ਕਾਮਨ,
ਉਲਟਿ ਕਾਮਨ ਉਨਿ ਪਰੇ[1]।

[1]ਇਸਤ੍ਰੀਆਂ ਨੇ ਜੋ ਬਹੁਤੇ ਟੂਣੇ ਕੀਤੇ ਸਨ ਉਲਟ ਕੇ ਉਹ ਟੂਣੇ ਉਨ੍ਹਾਂ ਤੇ ਹੀ ਪੈ ਗਏ।

ਰਸ ਮਸੀ ਪਰਮ ਪ੍ਰੇਮ, ਰੰਗ
ਉਮੰਗ, ਛਬਿ ਛੁੰਗ ਯੌਂ ਰਰੇ[1] ॥ ੧੦੧ ॥

[1]ਬਹੁਤੇ ਪ੍ਰੇਮ ਦੇ ਰੰਗ ਤੇ ਉਤਸ਼ਾਹ ਤੇ ਰਸ ਵਿੱਚ (ਮਸੀ) ਮਿਲ ਕੇ (ਛੁੰਗ) ਇਕੱਠੀਆਂ ਹੋ ਕੇ ਇਉਂ (ਛਬਿ) ਉਪਮਾ ਕਹਿੰਦੀਆਂ ਹਨ।

ਤਨ ਕਾਮ, ਕੈ ਘਨ ਸ਼ਯਾਮ, ਕੈ
ਨਲ ਕੂਬਰਾ ਜਾਂ ਰਾਮ ਹੈ[1]।

[1](ਇਹ) ਕਾਮ ਦਾ ਸਰੀਰ ਹੈ ਜਾਂ ਕ੍ਰਿਸ਼ਨ ਹੈ ਜਾਂ ਨਲ ਕੂਬਰ ਹੈ ਜਾਂ ਰਾਜਾ ਰਾਮ ਚੰਦਰ ਹੈ।

ਰਸ ਰਾਜ ਕੈ ਬ੍ਰਿਜਰਾਜ, ਕੈ
ਸੁਰਰਾਜ, ਚਿੱਤ ਅਰਾਮ ਹੈ[1]।

[1]ਵਰਨ ਦੇਵਤਾ ਹੈ ਜਾਂ ਬ੍ਰਿਜ ਦਾ ਰਾਜਾ ਕ੍ਰਿਸ਼ਨ ਹੈ ਜਾਂ ਇੰਦ੍ਰ ਹੈ (ਜਾਂ) ਚਿੱਤ ਦਾ ਸੁਖ ਹੈ।

ਕੋ ਕਹਿ ਦਿਨੇਸ਼, ਨਿਸੇਸ਼ ਪੂਨਜੋ,
ਕੋ ਗਨੇਸ਼ ਬਤਾਵਤੀ[1]।

[1]ਕੋਈ ਕਹਿੰਦੀ ਹੈ ਸੂਰਜ ਹੈ (ਕੋਈ) ਪੂੰਨਿਆਂ ਦਾ ਚੰਦ ਤੇ ਕੋਈ ਗਣੇਸ਼ ਦੱਸਦੀ ਹੈ।

ਕੋਰਮਾਕੰਤ, ਬਸੰਤ, ਮੰਤ ਸੁ
ਮੋਹਨੀ ਕੋ ਗਾਵਤੀ[1] ॥ ੧੦੨ ॥

[1]ਕੋਈ ਵਿਸ਼ਨੂੰ (ਕੋਈ) ਬਸੰਤ, ਤੇ ਕੋਈ ਸ੍ਰੇਸ਼ਟ ਮੋਹਣੀ ਮੰਤ੍ਰ ਕਹਿੰਦੀ ਹੈ।

ਰਸ ਬੀਰ, ਓਜ, ਕਿ ਮੌਜ ਕੋ ਤਨ,
ਬ੍ਰਹਮ ਧਰਮ ਬਖਾਨ ਹੈਂ[1]।

[1](ਕੋਈ) ਬੀਰਰਸ, ਬਲ ਜਾਂ ਅਨੰਦ ਦਾ ਹੀ ਸ਼ਰੀਰ (ਕਹਿੰਦੀਆਂ ਹਨ) ਤੇ ਕੋਈ ਬ੍ਰਹਮ ਸਰੂਪ (ਜਾਂ) ਧਰਮ (ਸਰੂਪ) ਆਖਦੀਆਂ ਹਨ।

ਹਰਿ ਗਜਾਨ ਕਹਿ ਸਮ ਇਨੈ ਏਹੀ,
ਔਰ ਨ ਹਮ ਜਾਨ ਹੈਂ।
ਮਨ ਭਾਵਤੀ ਛਬਿ ਗਾਵਤੀ,
ਇਕ ਏਕ ਬਰਨ ਸੁਨਾਵਤੀ[1]।

[1]ਇਕ ਮਨ ਭਾਉਂਦੇ ਸੁੰਦਰ (ਗੀਤ) ਗਾਉਂਦੀਆਂ ਹਨ ਤੇ ਇਕ (ਉਸਤਤਿ) ਵਰਣਨ ਕਰ ਕੇ ਸੁਣਾਉਂਦੀਆਂ ਹਨ।

ਕਹਿਂ ਕਾ ਕਰੈਂ ਹਮ ਮੰਦ ਭਾਗਨਿ,
ਨਹਿਂ ਪਤੀ ਯਹਿ ਪਾਵਤੀ ॥ ੧੦੩ ॥
ਸਬਿ ਠਗੀ ਸੀ ਦਿਲ ਲਗੀ ਸੀ,
ਰਸ ਪਗੀ ਸੀ ਪਿਖਿ ਅਦਿਭੁਤੈਂ[1]।

[1](ਗੁਰਾਂ ਦੇ) ਅਸਚਰਜ (ਸਰੂਪ ਨੂੰ) ਵੇਖ ਕੇ ਸਾਰੀਆਂ ਠੱਗੀਆਂ ਗਈਆਂ, ਦਿਲ ਮੋਹਿਤ ਹੋ ਗਏ ਤੇ ਪ੍ਰੇਮ 'ਚ ਲੀਨ ਹੋ ਗਈਆਂ।

ਮੁਖ ਕਮਲ ਅਲਿਨੀ ਚਖ ਥਿਰੀ,
ਜਨੁ ਖਿਰੀ ਨਲਿਨੀ ਮਦ ਯੁਤੈਂ[1]।

[1](ਗੁਰਾਂ ਦੇ) ਮੁਖ ਕੰਵਲ ਤੇ ਭੌਰੀਆਂ (ਵਾਂਗ) ਅੱਖਾਂ (ਲਾ ਕੇ) ਖੜੀਆਂ ਹਨ ਜਾਣੋ ਸੁਗੰਧੀ ਸਹਿਤ ਕਲੀਆਂ ਖਿੜੀਆਂ ਹੋਈਆਂ ਹਨ।

ਗੁਰੁ ਪਗਨ ਮੈਂ ਲਗ ਲਗਨ ਗੀ,
ਅਤਿ ਮਗਨ ਪ੍ਰਮਾਨੰਦ ਮੈਂ।
ਪੁਰ ਸਾਸ ਆਸ ਰਸੂਮ ਕਰਿ,
ਜਨ ਵਾਸ ਅਏ ਅਨੰਦ ਮੈਂ[1] ॥ ੧੦੪ ॥

[1]ਅਨੰਦ ਸਰੂਪ (ਸਤਿਗੁਰੂ) ਸੱਸ ਦੀ ਆਸ਼ਾ ਪੂਰੀ ਕਰ ਕੇ ਤੇ ਰਸਮਾਂ ਪੂਰੀਆਂ ਕਰ ਕੇ ਜੰਞ ਘਰ 'ਚ ਆ ਗਏ।

ਦੋਹਰਾ:

ਹੇਰਿ ਉਛਾਹਿ ਬਿਵਾਹਿ ਨਰ,
ਸੁਰ ਸਰਾਹਿਂ ਅਰ ਚਾਹਿਂ[1]।

[1]ਵਿਵਾਹ ਦਾ ਉਤਸ਼ਾਹ ਦੇਖ ਕੇ ਮਨੁਖ ਸਲਾਹੁੰਦੇ ਤੇ ਦੇਵਤੇ ਚਾਹੁੰਦੇ ਹਨ।

ਭੂਰ ਭਾਗ ਨਿਜ ਬਰਨਤੇ[1],
ਗੁਨ ਗਨ[1] ਗੁਰੁ ਕੇ ਗਾਹਿਂ ॥੧੦੫॥

[1]ਆਪਣੇ ਵੱਡੇ ਭਾਗ ਕਹਿੰਦੇ ਹਨ।
[1]ਬਹੁਤੇ ਗੁਣ।

ਦ੍ਵੈਯਾ ਛੰਦ*:

*ਏਥੇ ਸਿਰਫ 'ਛੰਦ' ਹੀ ਛਪਿਆ ਹੋਇਆ ਸੀ 'ਦ੍ਵੈਯਾ' ਅਸਾਂ ਲਿਖਿਆ ਹੈ।

ਜਨ ਵਾਸੇ ਪਹੁਨਾਈ ਹਰਿ ਜਸ,
ਪਹੁੰਚਾਈ ਕੁਲਰੀਤਿ ਅਹੇ[1]।

[1]ਜੋ ਕੁਲ ਦੀ ਰੀਤੀ ਹੈ (ਉਸ ਅਨੁਸਾਰ) ਹਰਿ ਜਸ ਨੇ ਜੰਞ ਘਰ ਵਿੱਚ ਪ੍ਰਾਹੁਣਾਚਾਰੀ ਭੇਜੀ।

ਪਾਪੜ ਮੇਵਾ ਘੀ ਖਿੜੀ ਬਹੁ,
ਕੱਚਾ ਕੋਰਾ ਜਾਹਿਂ ਕਹੇਂ।
ਪੁਨ ਸ੍ਰੀ ਜੀਤੋ ਰਮਾ ਰੂਪ,
ਨਿਜ ਪ੍ਰਭਾ ਦਿਖਾਵਨਿ ਸੇਵ ਹਿਤੈਂ[1]।

[1]ਫੇਰ ਲੱਛਮੀ ਰੂਪ ਜੀਤੋ ਜੀ ਨੂੰ ਆਪਣੀ ਸ਼ੋਭਾ ਦਿਖਾਉਣ ਤੇ ਸੇਵਾ ਕਰਨ ਵਾਸਤੇ।

ਰਿਧਿ ਸਿਧਿ ਪ੍ਰੇਰ ਪਠੀ ਜਨ ਵਾਸੈਂ,
ਰਚ ਦੀਨੋ ਸਬਿ ਜਿਤੈਂ ਕਿਤੈਂ ॥੧੦੬॥
ਸੁਲਭ ਸੁਵਥ ਸਬਿ ਕਾਂਹਿ ਸਰਬ ਥਾ[1],

[1]ਚੰਗੀਆਂ ਚੀਜ਼ਾਂ ਸਭ ਕਿਸੇ ਨੂੰ ਹਰ ਥਾਂ ਸੁਖਾਲੀਆਂ (ਹੀ ਪ੍ਰਾਪਤ ਹੋ ਰਹੀਆਂ ਹਨ)।

ਇਹ ਗੁਰੁ ਬਿਨ ਕਿਨਿ ਨਾਹਿਂ ਲਖਜੋ।
ਪਰਮ ਪਰੇਮ ਪੇਖਿ ਪ੍ਰਭ ਖੁਸ਼ ਭੇ,
ਲੋਗ ਲਖੈਂ ਹਰ ਜਸਹਿਂ ਰਖਜੋ[1]।

[1]ਲੋਕ ਸਮਝਦੇ ਹਨ ਕਿ ਹਰਿ ਜਸ ਨੇ (ਸਭ ਕੁਝ ਬਣਾ ਕੇ) ਰੱਖਿਆ ਹੈ।

ਸੁਰ ਗੁਰੁ[1] ਮੁਨੀ ਬਿਸ਼ਿਸ਼ਟ ਸ਼ੁੱਕ੍ਰ ਸੇ[2],
ਨਰ ਬਿੱਪ੍ਰ ਬਨਿ ਗਨਕ ਥਏ[1]।
ਔਰ ਦੇਵ ਦੇਵੀ ਦੇਵੰਗਨਾ[1]
ਪੇਖਨਿ ਬਜਾਹਿ ਉਛਾਹਿ ਅਏ ॥੧੦੭॥

[1]ਬ੍ਰਿਹਸਪਤਿ। [2]ਵਰਗੇ।
[1]ਮਨੁੱਖ ਬ੍ਰਹਮਣ (ਬਣ ਕੇ) ਜੋਤਸ਼ੀ ਹੋ ਗਏ।
[1]ਦੇਵਤਿਆਂ ਦੀਆਂ ਇਸਤ੍ਰੀਆਂ।

ਲਾਵਾਂ ਲਗਨ ਬਿਲੋਕ ਬਿੱਪ੍ਰ ਵਰ[1],
ਹਰਜਸ ਪਰਤੀ ਬਤਲਾਯੋ।
ਫੇਰੇ ਦੈਨ ਹੇਤ ਕਰਿ ਤਜਾਰੀ,
ਗੁਰੁ ਦੂਲਹੁ ਕੋ ਬੁਲਵਾਯੋ।
ਬੇਦੀ ਬੇਦ ਬਿਧੀ ਯੁਤ* ਬਰ ਬਡ,

[1]ਚੰਗੇ ਬ੍ਰਹਮਣਾਂ ਨੇ ਲਾਵਾਂ ਲਈ ਚੰਗਾ ਸਮਾਂ ਦੇਖ ਕੇ।

*ਇਹ ਉਪ੍ਰੋਕਤ ਵਿਵਾਹ ਬਿਧੀ ਬ੍ਰਹਮਣੀ ਰਹੁ-ਰੀਤ ਹੈ ਜਿਸ

ਦਾ ਗੁਰਮਤਿ, ਗੁਰ ਇਤਹਾਸ ਤੇ ਗੁਰਬਾਣੀ ਅਨੁਸਾਰ ਸਿੱਖ ਰਹੁ-ਰੀਤ ਨਾਲ ਦੂਰ ਦਾ ਵੀ ਸੰਬੰਧ ਨਹੀਂ ਹੈ। ਤੀਜੇ ਸਤਿਗੁਰਾਂ ਅਨੰਦ ਮਰਯਾਦਾ ਕਾਇਮ ਕੀਤੀ। ਚੌਥੇ ਸਤਿਗੁਰਾਂ ਲਾਵਾਂ ਬਾਣੀ ਰਚੀ ਜਿਸ ਰਾਹੀਂ ਅਨੰਦ ਸੰਸਕਾਰ ਕਰਨ ਦੀ ਰੀਤ ਤੋਰੀ। ਤਦ ਤੋਂ ਗੁਰੂ ਘਰ ਅੰਦਰ ਇਹ ਰੀਤਿ ਪ੍ਰਚਲਤ ਹੈ। ਇਹ ਉਪ੍ਰੋਕਤ ਕਥਨ ਕਵਿ-ਕਲਪਣਾ ਹੀ ਸਮਝਣਾ ਚਾਹੀਦਾ ਹੈ ਤੇ ਜਾਂ ਸ੍ਰੀ ਗੁਰ ਪ੍ਰਤਾਪ ਸੂਰਜ ਦਾ ਹੂਬਹੂ ਉਲਥਾ। ਕਵਿ ਜੀ ਦੇ ਅਨੰਦ ਸੰਸਕਾਰ ਸਬੰਧੀ ਆਪਣੇ ਵੀਚਾਰ ਜਾਨਣ ਲਈ ਉਨ੍ਹਾਂ ਦਾ ਆਪਣਾ ਲਿਖਿਆ ਗ੍ਰੰਥ ਸ੍ਰੀ ਭੂਪੇਂਦ੍ਰਾਨੰਦ ਦਾ ਲੇਖ 'ਅਨੰਦ ਸੰਸਕਾਰ' ਪੰਨਾ ੭੫ ਤੋਂ ਪੰਨਾ ੯੦ ਤਕ ਪੜ੍ਹੋ ਜਿਸ ਵਿੱਚ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਅਨੰਦ ਸੰਸਕਾਰ ਕਰਨ ਦੀ ਪੂਰਨ ਬਿਧੀ ਲਿਖੀ ਹੋਈ ਹੈ।

ਬਿਸਕਰਮਾ ਸੁਠ ਠਾਟ ਠਏ[1]।

[1]ਵੇਦ ਦੀ ਵਿਧੀ ਅਨੁਸਾਰ ਚੰਗੀ ਤੇ ਵੱਡੀ ਵੇਦੀ ਵਿਸ਼ਕਰਮਾਂ ਨੇ ਸੁੰਦਰ ਸ਼ਕਲ ਦੀ ਬਣਾਈ।

ਨਵ ਗ੍ਰਹ ਸਫਲ ਹੋਨ ਹਿਤ ਦਿਜ ਬਨਿ,
ਹਰ ਜਸ ਕੇ ਗ੍ਰਹ ਆਇ ਗਏ ॥੧੦੮॥

ਅੰਮ੍ਰਿਤ ਵੇਲਾ ਮੰਗਲ ਝੇਲਾ[1],

[1]ਖ਼ੁਸ਼ੀ ਨਾਲ ਮਿਲਿਆ ਹੋਇਆ।

ਮੇਲਾ ਗਨਕਨਿ ਲਗਨ* ਵਰੈਂ[1]।

[1]ਜੋਤਸ਼ੀਆਂ ਨੇ ਚੰਗਾ ਲਗਨ ਮੇਲਿਆ। *ਸਗਨਾਂ ਅਪ-ਸਗਨਾਂ ਬਾਰੇ ਗੁਰਬਾਣੀ ਵਿੱਚ ਹਜ਼ੂਰ ਦਾ ਫ਼ੁਰਮਾਣ ਹੈ: "ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥" (ਪੰ: ੪੦੧) ਲਗਨਾਂ ਸਗਨਾਂ ਦਾ ਸ਼ਾਸਤ੍ਰ ਵਾਹਿਗੁਰੂ ਜਾਂ ਵਾਹਿਗੁਰੂ ਜੀ ਦਾ ਨਾਮ ਹੀ ਹੈ: "ਪ੍ਰਭੁ ਹਮਾਰੈ ਸਾਸਤ੍ਰ ਸਉਣ ॥" (ਪੰ: ੧੧੩੭) "ਨਾਮੁ ਹਮਾਰੈ ਸਉਣ ਸੰਜੋਗ ॥" (ਪੰ: ੧੧੪੫) ਲੋਗਾ ਰੀਤ ਤਿਆਗਣ ਦੀ ਹਦਾਇਤ ਕੀਤੀ ਗਈ ਹੈ: ਦੁਤੀਆ ਤਿਆਗੀ ਲੋਗਾ ਰੀਤਿ ॥ (ਪੰ: ੩੭੦)

ਸ੍ਰੀ ਗੁਰੁ ਨੌਮ ਬ੍ਰਿੱਧ ਕੁਲ ਚਾਰੋਂ[1],
ਅਏ ਸਦੂਲੋ ਮੋਦ ਭਰੈਂ।

[1]ਚਾਰੇ ਵੱਡੀਆਂ ਕੁਲਾਂ (ਬੇਦੀ, ਤੇਹਣ, ਭੱਲੇ ਤੇ ਸੋਢੀ)।

ਪਵਣ ਧੌਂਸ ਧੁੰਕਾਰੇ ਅਰਬੀ ਬੀਣਾ,
ਬਜੇ ਨਿਸ਼ਾਣ ਡਫਰੇ[1]।

[1]ਅਰਬੀ ਵੀਣਾਂ ਤੇ ਧੌਂਸਿਆਂ ਦੀ ਧੁਨੀ ਉਠ ਰਹੀ ਹੈ ਅਤੇ ਹਵਾ ਨਾਲ ਝੰਡੇ ਡੱਫਾਂ (ਵਾਂਗ) ਵੱਜ ਰਹੇ ਹਨ।

ਘੋਖ ਮੋਖ ਦਾ ਭਰੀ ਧਰਾ ਨਭ,
ਮੁਦ ਮੰਗਲਦਾ ਮਦ ਜਫਰੇ[1] ॥੧੦੯॥

[1]ਮੁਕਤੀ ਦੇਣ ਵਾਲੀ ਅਵਾਜ਼ ਨਾਲ ਧਰਤੀ ਤੇ ਅਕਾਸ਼ ਭਰ ਗਏ, ਅਨੰਦ ਤੇ ਖ਼ੁਸ਼ੀ ਦੇਣ ਵਾਲਾ ਇਹ (ਜਫਰੇ) ਕਾਮਯਾਬੀ ਦਾ ਨਸ਼ਾ ਹੈ।

ਦੂਲੋ ਚਢੇ ਬਾਜ ਜਿਹ ਬਰ ਪੈ[1],

[1]ਚੰਗੇ ਘੋੜੇ ਉੱਪਰ।

ਮਦਨ[1] ਮਨੋ ਤਨ ਬਨਿ ਆਯੋ।
ਰਚਿਤ ਕਲਾ ਕਲਿ[1] ਨਚਤਿ ਖਿਚਤਿ ਮਨ,
ਨਰ ਨਾਰਿਨ ਅਤਿ ਮੁਦ ਦਾਯੋ।
ਜਬਰ ਜਵਾਹਰ ਜਰੇ ਜਗਮਗੈਂ,
ਜ਼ੇਵਰ ਜੀਨ ਜਰਾਵ ਜੁਤੈਂ[1]।

[1]ਕਾਮਦੇਵ।
[1]ਸੁੰਦਰ ਖੇਲਾਂ ਬਣਾਉਂਦਾ ਹੈ।

[1]ਕਾਠੀ ਜੜਾਊ ਗਹਿਣਿਆਂ ਸਹਿਤ ਹੈ ਜਿਸ ਵਿੱਚ ਜ਼ਬਰਦਸਤ ਜਵਾਹਰਾਤ ਜੜੇ ਹੋਏ ਚਮਕਦੇ ਹਨ।

ਲੂਲ੍ਹਾਂ ਲਲਿਤ ਲਮਕ ਦਮਕਤ ਅਤਿ,
ਲਗੈ ਲਗਾਮ ਲਲਾਮ ਨੁਤੈਂ[1] ॥ ੧੧੦ ॥

[1](ਲਲਤਿ) ਸੁੰਦਰ ਲੂਲ੍ਹਾਂ ਲਮਕਦੀਆਂ ਬਹੁਤ ਚਮਕਦੀਆਂ ਹਨ ਅਤੇ ਲਗਾਮ (ਨੁਤੈਂ) ਸੋਭਾ ਸਹਿਤ (ਲਲਾਮ) ਸੁੰਦਰ (ਲਗਦੀ ਹੈ)।

ਕਲਗੀ ਕਲਿਤ ਝਨਕ ਝਾਂਝਰ ਸੁਠ[1],

[1](ਘੋੜੇ ਦੀ) ਕਲਗੀ ਸੁੰਦਰ ਹੈ ਤੇ ਸੁੰਦਰ ਝਾਂਜਰਾਂ ਛਣਕਦੀਆਂ ਹਨ।

ਹਾਰ ਹਮੇਲ ਮਨੀਨ ਜਟੇ।
ਨਿਜ ਬੈਭਵ ਬਲ ਬਿਸ੍ਵ ਬਿਮੋਹਿਤਿ,
ਕਰਤਿ ਕੁੰਡਲੀ ਹਰਤਿ ਨਟੇਂ[1]।

[1]ਆਪਣੀ (ਬੈਭਵ) ਬਿਭੂਤੀ ਅਤੇ ਬਲ ਨਾਲ ਸ੍ਰਿਸ਼ਟੀ ਨੂੰ ਬਹੁਤਾ ਮੋਹਿਤ ਕਰ ਰਿਹਾ ਹੈ ਅਤੇ ਪੈਰਾਂ ਦੀਆਂ ਕੁੰਡਲੀਆਂ ਬਣਾਉਂਦਾ ਹੋਇਆ ਨਟਾਂ ਨੂੰ ਪਿੱਛੇ ਸੁੱਟਦਾ ਹੈ।

ਗੁਰ ਸਮਾਨ ਉਪਮਾ ਨਹਿਂ ਤ੍ਰੈ ਪੁਰ[1],
ਸਾਰਦ ਸੇ[1] ਸਭਿ ਭਾਲ ਥਕੇ।
ਬਾਲ ਰਵੀ ਰਾਂਕਾ-ਪਤਿ ਸੁਰਪਤਿ,
ਕਹੈਂ ਤੁ ਵਹਿ ਯੁਤ ਦੋਸ਼ ਪਕੇ[1] ॥ ੧੧੧ ॥

[1]ਤਿੰਨਾਂ ਲੋਕਾਂ ਵਿੱਚ।
[1]ਸੁਰਸਤੀ ਵਰਗੇ।

[1](ਜੇ ਗੁਰਾਂ ਨੂੰ) ਸਵੇਰ ਦਾ ਸੂਰਜ, ਪੂੰਨਿਆਂ ਦਾ ਚੰਦ ਤੇ ਇੰਦ੍ਰ ਵਰਗਾ ਆਖੀਏ ਤਾਂ ਉਹ (ਉਪਮਾਵਾਂ) ਪੱਕੇ ਦੋਸ਼ਾਂ ਸਹਿਤ ਹਨ।

ਬਿਧੁ ਬਦਨੀ ਦ੍ਰਿਗ ਕੰਜ ਖੰਜਨੀ,
ਮ੍ਰਿਗ ਮੀਨਨਿ ਛਬਿ ਛੁੰਗ ਲਜੈਂ[1]।

[1](ਜੱਨ ਵਾਸੇ ਵੇਖਣ ਆਈਆਂ) ਚੰਦ ਵਰਗੇ ਮੁੱਖ ਵਾਲੀਆਂ (ਇਸਤ੍ਰੀਆਂ) ਦੇ ਨੇਤ੍ਰ ਕੰਵਲਾਂ, ਮਮੋਲਿਆਂ, ਹਰਨਾਂ ਤੇ ਮੱਛੀਆਂ ਦੀ ਸਾਰੀ ਸੋਭਾ ਨੂੰ ਸ਼ਰਮਿੰਦਾ ਕਰਦੇ ਹਨ।

ਬਰਨ ਬਰਨ ਬਰ ਜ਼ੇਵਰ ਤੇਵਰ,
ਨੇਵਰ ਲੌ ਸਬਿ ਸਾਜ ਸਜੈਂ[1]।

[1](ਜਿਨ੍ਹਾਂ ਦੇ) ਰੰਗਾਂਰੰਗਾਂ ਦੇ ਚੰਗੇ ਗਹਿਣੇ ਤੇ ਕਪੜੇ ਪਾਏ ਹੋਏ ਹਨ ਝਾਂਜਰਾਂ ਤੱਕ ਸਾਰੇ ਸ਼ਿੰਗਾਰ ਸਜਾਏ ਹੋਏ ਹਨ।

ਨਵ ਸਤ ਕੀਨ ਨਵੀਨ ਉਮਰ,
ਪਰਬੀਨ ਚੀਨ ਚਿਤ ਚੁਭੈ ਭਰੈਂ[1]।

[1]ਸੋਲ੍ਹਾਂ ਸ਼ਿੰਗਾਰ ਕੀਤੇ ਹੋਏ ਹਨ ਨਵੀਂ ਉਮਰ ਦੀਆਂ ਤੇ ਚਤੁਰ ਹਨ ਦੇਖਣ ਵਾਲੇ ਦੇ ਚਿੱਤ ਨੂੰ ਭਲੀ ਤਰ੍ਹਾਂ ਚੁਭਦੀਆਂ ਹਨ।

ਅੰਗ ਅੰਗ ਆਨੰਗ ਜੁਵਾ ਮਦ,

ਝਲਕਿ ਪਲਕ ਮਨਿ ਖਲਕਿ ਹਰੈਂ[1] ॥ ੧੧੨ ॥

*ਕੇਹਰ[1] ਕੀਰ[2] ਕੋਕਿਲਾ[3] ਕੇਕੀ[11],

[1]ਅੰਗ ਅੰਗ ਵਿੱਚ ਕਾਮ ਤੇ ਜਵਾਨੀ ਦੀ ਮਸਤੀ ਹੈ (ਜਦ) ਪਲਕਾਂ ਝਮਕਾ ਕੇ ਵੇਖਦੀਆਂ ਹਨ ਤਾਂ ਖ਼ਲਕਤ ਦੇ ਮਨ ਨੂੰ ਚੁਰਾ ਲੈਂਦੀਆਂ ਹਨ।

*'ਕੇਹਰ' ਸ਼ਬਦ ਤੋਂ 'ਹੰਸ ਲੌਨੇ' ਤੱਕ ਇਹ ੩੨ ਉਪਮਾਨ ਹਨ। ਕਵਿ ਜੀ ਨੇ ਇਨ੍ਹਾਂ ਦੇ ਉਪਮੇਯ ਨਾਲ ਨਹੀਂ ਲਿਖੇ। ਅਸੀਂ ਹੇਠ ਹਰ ਉਪਮਾਨ ਦੇ ਸਾਹਮਣੇ ਉਸ ਦਾ ਉਪਮੇਯ ਦੇ ਰਹੇ ਹਾਂ–

ਉਪਮਾਨ	ਉਪਮੇਯ
ਸ਼ੇਰ	ਲੱਕ
ਅਨਾਰ	ਬੁੱਲ੍ਹਾਂ ਸਮੇਤ ਦੰਦ
ਧਨੁਸ਼	ਭ੍ਰੂਵੱਟੇ
ਤੋਤਾ	ਨਾਸਾਂ
ਨਲੇਰ	ਅਸਥਨ
ਸੱਪ ਦੇ ਬੱਚੇ	ਕੇਸ
ਕੋਇਲ	ਅਵਾਜ਼
ਮੋਤੀ	ਦੰਦ
ਅੰਮ੍ਰਿਤ	ਬੁੱਲ੍ਹਾਂ ਦਾ ਰਸ
ਮੋਰ	ਧੌਣ
ਹੀਰਾ	ਦੰਦ
ਦੁੱਧ ਦੀ ਝੱਗ	ਦੰਦ
ਕੰਵਲ	ਨੇਤ੍ਰ
ਮੱਛੀ	ਨੇਤ੍ਰ, ਚੰਚਲਤਾ
ਭੌਰਾ	ਕੇਸ
ਕਲੀ	ਦੰਦ
ਮ੍ਰਿਗ	ਨੇਤ੍ਰ
ਮਮੋਲਾ	ਨੇਤ੍ਰ
ਕਮੀ	ਚਿਹਰਾ
ਕੇਲਾ	ਪੱਟ
ਤੀਰ	ਨੇਤ੍ਰ
ਕੁੰਦ (ਫੁੱਲ)	ਦੰਦ
ਚੱਪਾ ਫੁੱਲ	ਸੁੰਦ੍ਰਤਾ ਕਮੋਲਤਾ
ਤਿਲ ਦੇ ਫੁੱਲ	ਨਾਸਾਂ
ਮੂੰਗਾ	ਬੁੱਲ੍ਹ
ਹਾਥੀ	ਮਸਤ ਚਾਲ
ਪਾਨ	ਕੋਮਲਤਾ
ਬਿੰਬ	ਬੁੱਲ੍ਹ
ਪਾਰਾ	ਚੰਚਲਤਾ

ਹੰਸ ਸੁੰਦਰ ਚਾਲ
ਬਿਲ ਦਾ ਬੀਜ ਦੰਦ
ਸੰਖ ਧੌਣ ਦੇ ਵਲ

ਕੰਜ[1] ਕਲੀ[2] ਕੁਮਦੀ[3] ਕੁੰਦੈਂ[11]।

[1]ਕੰਵਲ। [2]ਫੁੱਲ ਦੀ ਡੋਡੀ। [3]ਰਾਤ ਸਮੇਂ ਚੰਦ ਨੂੰ ਵੇਖ ਕੇ ਖਿੜਨ ਵਾਲਾ ਕੰਵਲ। [11]ਜੂਹੀ ਦੀ ਕਿਸਮ ਦਾ ਇਕ ਬੂਟਾ, ਜਿਸ ਨੂੰ ਚਿੱਟੇ ਫੁੱਲ ਲਗਦੇ ਹਨ।

ਬਿੰਦ੍ਰੁਮ[1] ਬਿੰਬ[2] ਬੀਜ ਬਿਲ[3] ਦਾੜਮ[11],

[1]ਮੂੰਗੇ। [2]ਕੁੰਦਰ ਫਲ ਜਿਸ ਦਾ ਰੰਗ ਲਾਲ ਹੁੰਦਾ ਹੈ, ਕਵੀ ਇਸ ਦੀ ਉਪਮਾ ਬੁੱਲ੍ਹਾਂ ਨੂੰ ਦਿੰਦੇ ਹਨ। [3]ਬਿਲ ਦੇ ਬੀਜ। [11]ਅਨਾਰ ਦੇ ਦਾਣੇ।

ਸ੍ਰੀ ਫਲ[1] ਮੁਕਤਾ[2] ਹੀਰਿੰਦੈਂ[3]।

[1]ਨਲੇਰ। [2]ਮੋਤੀ। [3]ਵਧੀਆ ਹੀਰੇ।

ਮੀਨ[1] ਮਿਰਗ[2] ਰੰਭਾ[3] ਚੰਪਾ[11] ਗਜ[22],

[1]ਮੱਛੀ। [2]ਹਰਣ। [3]ਕੇਲਾ। [11]ਚੰਬੇ ਦਾ ਫੁੱਲ ਜੋ ਹਲਕੇ ਪੀਲੇਰੰਗ ਦਾ ਹੁੰਦਾ ਹੈ। [22]ਹਾਥੀ।

ਆਬ[1], ਸੰਖ, ਧਨੁ[2], ਅਹਿ ਛੌਨੇ[3]।

[1]ਪਾਰਾ। [2]ਧਨੁਖ। [3]ਸੱਪਾਂ ਦੇ ਬੱਚੇ।

ਸੁਧਾ[1] ਸੀਰ ਝਗ[2] ਅਲਿ[3] ਖੰਜਨ[11] ਸਰ[22],

[1]ਅੰਮ੍ਰਿਤ। [2]ਦੁੱਧ ਦੀ ਝੱਗ। [3]ਭੌਰੇ। [11]ਮਮੋਲੇ। [22]ਤੀਰ।

ਤਿਲ ਫੁਲ[1] ਪਾਨ[2] ਹੰਸ ਲੌਨੇ[3] ॥ ੧੧੩ ॥

[1]ਤਿਲਾਂ ਦੇ ਫੁੱਲ। [2]ਨਾਗਰ ਬੇਲ ਦਾ ਪੱਤਾ। [3]ਸੁੰਦਰ ਹੰਸ।

ਰੰਭਾ[1] ਰਤਿ[2] ਮੈਨਕਾ[3] ਸੁਕੇਸੀ[11],

[1]ਸੁਰਗ ਦੀ ਅਪੱਛਰਾ, ਜਿਸ ਦਾ ਖੀਰ ਸਮੁੰਦਰ ਰਿੜਕਣ ਤੋਂ ਪੈਦਾ ਹੋਣਾ ਪੁਰਾਣਾਂ ਨੇ ਮੰਨਿਆ ਹੈ। [2]ਕਾਮ ਦੀ ਇਸਤ੍ਰੀ। [3]ਮੇਨਕਾ, ਸੁਰਗ ਦੀ ਅਪੱਛਰਾ। (ਅ) ਹਿਮਾਲਾ ਦੀ ਇਸਤ੍ਰੀ, ਗੰਗਾ ਤੇ ਸਤੀ ਦੀ ਮਾਂ। [11]ਇਕ ਅਪੱਛਰਾ, ਜੋ ਇੰਦ੍ਰ ਦੀ ਸਭਾ ਦਾ ਸ਼ਿੰਗਾਰ ਹੈ।

ਸਚੀ[1] ਉਰਬਸੀ[2] ਸੀ ਸਾਰੀ।

[1]ਇੰਦ੍ਰ ਦੀ ਇਸਤ੍ਰੀ। [2]ਇਕ ਸੁਰਗ ਦੀ ਅਪੱਛਰਾ।

ਪੁੰਜ ਉਕਤਿ ਛਬਿ ਯੁਤ ਸਬਿ ਸੋਹਿਤ[1],

[1]ਉਪਰ ਕਹੀਆਂ ਸਾਰੀਆਂ ਸੋਭਾ ਦੇ ਸਹਿਤ ਸਾਰੀਆਂ ਇਸਤ੍ਰੀਆਂ ਸੋਂਹਦੀਆਂ ਹਨ।

ਮੋਹਿਤ ਜੋਹਿਤ ਇਕ ਵਾਰੀ[1]।

[1]ਇਕ ਵਾਰੀ ਦੇਖ ਕੇ ਮੋਹ ਲੈਂਦੀਆਂ ਹਨ।

ਮੰਗਲ ਮੈ ਮੁਦਦਾ ਮ੍ਰਿਦੁ ਮੰਜਲ,
ਮਧੁਰ ਮਨੋਹਰ ਗਾਨ ਕਰੈਂ[1]।

[1]ਮੰਗਲ ਰੂਪ ਅਨੰਦ ਦੇਣ ਵਾਲਾ ਕੋਮਲ, ਉੱਜਲ, ਮਿੱਠਾ ਤੇ ਸੁੰਦਰ ਗਾਉਂਦੀਆਂ ਹਨ।

ਕਰਤਿ ਅਸ਼ਾਰੇ ਪਿਖਿ ਦੂਲਹੁ ਦਿਸ,
ਤਨ ਮਨ ਧਨ ਸਬਿ ਵਾਰ ਧਰੈਂ[1] ॥ ੧੧੪ ॥

[1]ਵਾਰ ਰਹੀਆਂ ਹਨ।

ਕਰਤਿ ਆਰਤੀ ਆਰਤ-ਹਰ ਕੀ[1],

[1]ਦੁੱਖ ਮੇਟਣ ਵਾਲੇ (ਕਲਗੀਧਰ ਜੀ) ਦੀ।

ਵਰ ਕੀ ਛਬਿ[1] ਪਿਖਿ ਸਬਿ ਮੋਹੀ।

[1]ਲਾੜੇ ਦੀ ਸੋਭਾ।

ਪਰਤ ਪਾਂਵਟੇ ਪਟ ਸੁਠ ਜਾਂਹੀ[1],

[1]ਸੁੰਦਰ ਬਸਤ੍ਰਾਂ ਦੇ ਪਾਵੜੇ ਵਿਛਦੇ ਜਾਂਦੇ ਹਨ। (ਪਾਵੜੇ- ਮਕਾਨ ਅੱਗੇ ਵਿਛਾਇਆ ਹੋਇਆ ਉਹ ਫ਼ਰਸ਼ ਜਿਸ ਉਪਰ ਸਨਮਾਨ ਯੋਗ ਪ੍ਰਾਹੁਣਾ ਪੈਰਰੱਖ ਕੇ ਆਵੇ।

ਬਾਜ ਗਾਜ ਧੁਨਿ ਘਨ ਸੋਹੀ[1]।

[1]ਵਾਜਿਆਂ ਦੀ (ਗਾਜ) ਉੱਚੀ ਧੁਨ ਬੱਦਲਾਂ ਦੀ ਧੁਨ ਵਾਂਗ ਸੋਂਹਦੀ ਹੈ।

ਆਤਸ਼ਬਾਜੀ ਚਲਤਿ ਦਰਾਜੀ[1],
ਬੁਰਜ ਸੁਰਜ ਸਸਿ ਨਖਤ ਮਨੋ[1]।
ਬੀਜ ਕਿ ਜਾਨ ਦਮਕ ਹੈਂ ਦੇਵਨਿ,
ਦੇਖਨ ਆਏ ਬਜਾਹਿ ਜਨੋ[1] ॥੧੧੫॥

[1]ਬਹੁਤੀ।

[1]ਬੁਰਜ ਜਾਣੋ ਸੂਰਜ, ਚੰਦ ਤੇ ਤਾਰੇ ਹਨ।

[1]ਬਿਜਲੀ ਜਾਂ ਦੇਵਤਿਆਂ ਦੀਆਂ ਸਵਾਰੀਆਂ ਦੀ ਚਮਕ ਹੈ ਜਾਣੋ ਉਹ ਵਿਆਹ ਵੇਖਣ ਆਏ ਹਨ।

ਥਿਰੇ ਜਾਇ ਮੰਡਪ ਮੈਂ, ਆਸਨਿ
ਪੁਰੈਂ ਭਰੈਂ, ਜਥ ਜੋਗ ਧਰੇ[1]।

[1]ਮੰਦਰ 'ਚ ਜਾ ਖੜੇ ਹੋਏ (ਜੋ ਕੋਈ) ਆਸਾਂ ਧਾਰਦਾ ਹੈ (ਉਸ ਦੀਆਂ) ਜਥਾ ਜੋਗ ਭਲੀ ਪ੍ਰਕਾਰ ਪੂਰੀਆਂ ਕਰਦੇ ਹਨ।

ਚੌਕੀ ਚਾਰੁ ਚੰਦਨ ਪੈ ਵਰ ਥਿਰਿ,
ਦੈ ਦਰਸ਼ਨ ਸਬਿ ਮੋਦ ਕਰੇ[1]।

[1]ਚੰਦਨ ਦੀ ਸੁੰਦਰ ਚੌਂਕੀ ਤੇ ਬੈਠ ਕੇ ਲਾੜੇ (ਕਲਗੀਧਰ) ਜੀ ਨੇ ਦਰਸ਼ਨ ਦੇ ਕੇ ਸਾਰਿਆਂ ਨੂੰ ਅਨੰਦ ਕੀਤਾ।

ਕੁਲ ਅਨੁਸਾਰ ਅਚਾਰ[1] ਬੇਦ ਬਿਧਿ
ਕਰਿ, ਪੁਨ ਅਗਨਿ ਜਗਾਈ*।

[1]ਵਿਹਾਰ ਕਰਕੇ।

*ਦੇਖੋ ਬਿਸ੍ਰਾਮ ੩੮ ਦੇ ਅੰਕ ੧੦੮ ਦੇ * ਨਿਸ਼ਾਨ ਦੀ ਪੈਰ ਟੂਕ।

ਹਮਨ ਸਮੰਤ੍ਰ ਸਮੱਗ੍ਰੀ ਕਰਹੀਂ[1],
ਸੁਰ ਪ੍ਰਤੱਖਜ ਹ੍ਵੈ ਪਾਈ[1] ॥੧੧੬॥
ਪੁਨ ਹਰਜਸ ਸੁਨਿ ਆਗਜਾ ਦ੍ਵਜ[1] ਕੀ,
ਨਿਜ ਤੀਯ ਯੁਤ ਤਹਿਂ ਆਯੋ।
ਕਰਿ ਪੂਜਨ ਪਗ ਧੋਇ ਕੁਵਰ ਕੇ[1],
ਪੁੰਨਜ ਪੁੰਜ ਫਲ ਪਾਯੋ।
ਕਰੀ ਆਰਤੀ ਦੁਹੂੰ ਅਰਘ ਦਿਯ[1],
ਭੂਖਨ ਧਨ ਬਹੁ ਬਾਰੈਂ[1]।
ਸਮੇਂ ਸਮੇਂ ਕੇ ਗੀਤ ਗਾਵਤੀ,
ਕੋਕਲ ਕੰਠੀ[1] ਨਾਰੈਂ ॥੧੧੭॥
ਭੂਸੁਰ ਪਢਿਤਿ ਸਾਂਤਿ ਧਰ, ਨਭ ਸੁਰ
ਪੁਸ਼ਪਾਂਜੁਲ ਬਰਸਾਵੈਂ[1]।

[1]ਲਾੜੇ (ਕਲਗੀਧਰ ਜੀ) ਦੇ।

[1]ਭੇਟਾ ਦਿੱਤੀਆਂ।

[1]ਵਾਰਦੇ ਹਨ।

[1]ਕੋਇਲ ਵਰਗੇ ਗਲੇ ਵਾਲੀਆਂ।

[1]ਬ੍ਰਹਮਣ ਸ਼ਾਂਤੀ ਸਹਿਤ ਧਰਤੀ ਤੇ (ਮੰਤ੍ਰ) ਪੜ੍ਹਦੇ ਹਨ ਤੇ ਦੇਵਤੇ ਅਕਾਸ਼ ਚੋਂ ਫੁੱਲਾਂ ਦੇ ਬੁੱਕ ਭਰ ਕੇ ਵਰਖਾ ਕਰਦੇ ਹਨ।

ਨਾਇ ਸੀਸ ਮੁਦ ਦਾਇ ਈਸ,
ਪਿਖਿ ਗੁਰਹਿਂ ਅਸੀਸ ਅਲਾਵੈਂ[1]।

[1]ਅਨੰਦ ਦੇਣ ਵਾਲੇ ਈਸ਼੍ਵਰ ਸਰੂਪ ਗੁਰਾਂ ਨੂੰ ਦੇਖ ਕੇ (ਦੇਵਤੇ)

ਸਿਰ ਨਿਵਾਉਂਦੇ ਤੇ ਅਸੀਸਾਂ ਉਚਾਰਦੇ ਹਨ।

ਹਰਜਸ ਪੁਨਾ ਨੌਮ ਗੁਰੁ ਪੂਜੇ,
ਬੰਸ ਚਾਰ ਕੇ ਔਰੈਂ[1]।

[1]ਹੋਰ ਚਹੁੰ ਵੰਸ਼ਾਂ (ਬੇਦੀ, ਤੇਹਣ, ਭੱਲੇ ਤੇ ਸੋਢੀਆਂ) ਦੇ (ਮੁਖੀਆਂ ਨੂੰ)।

ਜਥਾ ਯੋਗ ਦੈ ਅਰਘ ਪਾਦ[1],
ਕਰਿ ਬਿਨਤੀ ਤੋਸੇ ਗੌਰੈਂ[1] ॥੧੧੮॥

[1]ਚਰਨਾਂ ਤੇ ਭੇਟਾ ਦੇ ਕੇ।
[1]ਬਹੁਤ ਪ੍ਰਸੰਨ ਕੀਤੇ।

ਪਰਮ ਪ੍ਰੇਮ ਪੇਖੈਂ ਪਰਮੁਦਤੇ[1],
ਪੁਨ ਪੁਨ ਧੰਨ ਅਲਾਈ।
ਸਮੈਂ ਜਾਨ ਕੰਨਜਾ ਬੁਲਵਾਈ,
ਦੂਲੋ ਨਿਕਟਿ ਬਿਠਾਈ।

[1]ਖ਼ੁਸ਼ ਹੁੰਦੇ ਹਨ।

ਬਿਧਿ ਵਤ ਬੇਦ ਮੰਤ੍ਰ ਪ੍ਰਸਿੱਧ ਸਿੱਧ,
ਪਾਧਾ ਬਨਿ ਬਿਧਿ ਟੇਰੈ[1]।

[1]ਬ੍ਰਹਮਾ ਪਾਂਧਾ ਬਣ ਕੇ ਸਿੱਧ ਕੀਤੇ ਹੋਏ ਪ੍ਰਸਿੱਧ ਵੇਦ ਮੰਤ੍ਰ ਬਿਧੀ ਅਨੁਸਾਰ ਉਚਾਰਦਾ ਹੈ।

ਸਾਖਾਚਾਰ ਉਚਾਰ ਚਾਰ ਸ੍ਰੁਤਿ,
ਧਾਰਿ ਦੇਹ ਦਿਜ ਕੇਰੈਂ[1] ॥੧੧੯॥

[1]ਚਾਰੇ ਵੇਦ ਬ੍ਰਹਮਣਾਂ ਦੀਆਂ ਦੇਹਾਂ ਧਾਰ ਕੇ (ਸਾਖਾਚਾਰ) ਵੰਸ਼ਾਵਲੀ ਉਚਾਰਨ ਕਰਦੇ ਹਨ।

ਤੀਨ ਭਵਨ ਕੋ ਜਨਕ ਜਨਨਿ ਪ੍ਰਭੁ,
ਪੂਜਜ ਚਰਾਚਰ ਸ੍ਵਾਮੀ[1]।

[1]ਜੋ ਪ੍ਰਭੂ ਤਿੰਨਾਂ ਲੋਕਾਂ ਦੇ ਮਾਤਾ ਪਿਤਾ ਅਤੇ ਜੜ੍ਹ ਚੇਤਨ (ਸ੍ਰਿਸ਼ਟੀ) ਦੇ ਪੂਜਨ ਯੋਗ ਸੁਆਮੀ ਹਨ।

ਸੋ ਮਾਨੁਖ ਨਾਟਕ ਹਿਤ ਗਨਪਤਿ*,

*ਇਕ ਅਕਾਲ ਦੇ ਉਪਾਸ਼ਕ ਤੇ 'ਏਕੋ ਜਪਿ ਏਕੋ ਸਾਲਾਹ' ਦੇ ਉਪਦੇਸ਼ਟਾ ਤੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ 'ਮੈਂ ਨ ਗਨੇਸ਼ਹਿ ਪ੍ਰਿਥਮ ਮਨਾਊਂ॥ ਕਿਸਨ ਬਿਸਨ ਕਬਹੂੰ ਨਹਿਂ ਧਿਆਊਂ॥' ਦੇ ਮਹਾਂਵਾਕ ਉਚਾਰਨ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਦ ਗਣੇਸ਼ ਦੀ ਪੂਜਾ ਕਰ ਸਕਦੇ ਸਨ ਜਦ ਕਿ ਕਵਿ ਜੀ ਖ਼ੁਦ ਮੰਨਦੇ ਹਨ ਕਿ 'ਤੀਨ ਭਵਨ ਕੇ ਜਨਕ ਜਨਨਿ ਪ੍ਰਭ, ਪੂਜਜ ਚਰਾਚਰ ਸ੍ਵਾਮੀ'। ਫਿਰ ਗਣੇਸ਼ ਦੇ ਪੂਜਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਕਲਗੀਧਰ ਜੀ ਦਾ ਆਪਣਾ ਫ਼ੁਰਮਾਣ ਹੈ :-'ਬਿਨ ਕਰਤਾਰ ਨਾ ਕਿਰਤਮ ਮਾਨੋ॥ ਆਦਿ ਅਜੋਨ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ'॥ (ਦਸਮ ਗ੍ਰੰਥ ਪੰਨਾ ੭੧੦) ਗਣੇਸ਼ ਪੂਜਾ ਦੇ ਖੰਡਨ ਸਬੰਧੀ ਖੋਜ-ਭਰਪੂਰ ਜਾਣਕਾਰੀ ਲਈ ਦੇਖੋ ਪੂਰਬਾਰਧ ਬਿਸ੍ਰਾਮ ੧ ਕਵਿ ਸੰਕੇਤ ਮਰਯਾਦਾ ਦੂਜੇ ਮੰਗਲ ਨਾਲ ਦਰਜ ਲੇਖ।

ਪੂਜਤਿ ਪੂਰਨ ਕਾਮੀ[1]।

[1]ਉਹ ਕਾਮਨਾ ਪੂਰਨ ਕਰਨ ਵਾਲੇ ਸਤਿਗੁਰੂ ਮਨੁਖੀ ਖੇਲ ਰਚ ਕੇ ਗਣੇਸ਼ ਪੂਜਦੇ ਹਨ।

ਸਮੇਂ ਸਮੇਂ ਪਰ ਕੋਕਲ ਬੈਨੀ[1]
ਗਾਵਤਿ ਗੀਤ ਬਧੇਰੈਂ।
ਸੁਰਤਰੁ ਸੁਮਨ ਬਰਸ ਕੈ ਸੁਰ[1] ਪੁਨ,
ਜੈ ਜੈ ਧੁਨਿ ਗੁਨਿ ਟੇਰੈਂ ॥ ੧੨੦ ॥
ਬੇਦ ਬਿਧਾਨ ਠਾਨ ਵਰ ਹਰਿਜਸ[1],
ਕੰਨਜਾ ਦਾਨ ਮਹਾਨ ਕਰਜੋ।
ਪੁਨ ਸਪ੍ਰੀਤਿ ਪੁਨੀਤਿ[1] ਰੀਤਿ ਕਰਿ,
ਅਤਿ ਬਿਨੀਤ[1] ਬਿਨਤੀ ਸੁਰ ਰਜੋ[2]।
ਮੈਹੂੰ ਦੀਨ ਦੀਨ ਬੰਧੂ ਤੁਮ[1],
ਲੀਨ ਆਸਰਾ ਚੀਨ ਪ੍ਰਭੋ।
ਪੂਰਨ ਕਾਮ ਧਾਮ ਸੁਖ ਸਿੰਧੂ,
ਲਾਜ ਨਾਮ ਨਿਜ ਰਖਜੋ ਬਿਭੋ[1] ॥ ੧੨੧ ॥

ਭਰਤਿ ਭਾਵਰੀ ਭਵਨ ਛਬਿਨਿ ਪ੍ਰਭੁ,
ਭੂਰ ਭਾਗ ਭਲ ਭਾਵ ਭਰੈਂ[1]।

ਹੇਰਤਿ ਟੇਰਤਿ ਮੰਗਲ ਮੰਜੁਲ,
ਸੁਰ ਨਰ ਨਾਰੀ ਰਹਸ ਕਰੈਂ[1]।

ਫਿਰਿ ਫੇਰੇ ਫਿਰ ਥਿਰੇ ਬਰਾਸਨ,
ਨੈਨ ਲਾਭ ਸਬਿ ਕੋ ਲੇਹੀਂ[1]।

ਈਸ਼ਰ ਪ੍ਰਕ੍ਰਿਤੀ, ਕਿ ਉਮਾ ਸ਼ਿਵ,
ਰਮਾ ਬਿਸ਼ਨ, ਸਸੀ ਛਬਿ ਦੇਹੀਂ[1] ॥ ੧੨੨ ॥

ਪੁਨ ਪੁਨ ਪੁਲਕ ਪੇਖਿ ਪ੍ਰਮਾਨੰਦ,
ਮਗਨ ਮਹਾਂ ਗੁਰੁ ਨੌਮ ਭਏ[1]।

ਸ਼ਿਵਦੇਈ ਹਰਜਸ ਦੰਪਤਿ ਦੋ[1],

[1]ਕੋਇਲ ਵਰਗੇ ਬਚਨਾਂ ਵਾਲੀਆਂ ਇਸਤ੍ਰੀਆਂ।

[1]ਦੇਵਤੇ ਕਲਪ ਬ੍ਰਿੱਛ ਦੇ ਫੁੱਲਾਂ ਦੀ ਵਰਖਾ ਕਰਕੇ।

[1]ਹਰਿ ਜਸ ਨੇ ਵੇਦਾਂ ਦੀ ਸ੍ਰੇਸ਼ਟਰੀਤੀ ਕਰਕੇ।

[1]ਪਵਿੱਤ੍ਰ।

[1]ਨਿੰਮ੍ਰ ਹੋ ਕੇ। [2]ਕਹੀ।

[1]ਤੁਸੀਂ ਗ਼ਰੀਬਾਂ ਦੇ ਸਹਾਇਕ ਹੋ।

[1]ਆਪ ਕਾਮਨਾ ਪੂਰਨ ਕਰਨ ਵਾਲੇ, ਸੁਖਾਂ ਦੇ ਘਰ, ਤੇ ਬਿਭੂਤੀ ਦੇ ਸਮੁੰਦਰ ਹੋ ਕੇ ਆਪਣੇ ਨਾਮ ਦੀ ਲਾਜਰੱਖੀ ਹੈ।

[1]ਬਹੁਤੀਆਂ ਸੋਭਾਂ ਦੇ ਘਰ ਪ੍ਰਭੂ (ਸਤਿਗੁਰਾਂ) ਦੇ ਨਾਲ (ਭਾਵ) ਪ੍ਰੇਮ ਵਿੱਚ (ਜੋ ਲੋਕ) (ਭਰੈਂ) ਭਰੇ ਹੋਏ ਹਨ। (ਉਹਨਾਂ ਦੇ) ਬਹੁਤ ਚੰਗੇ ਭਾਗ ਹਨ (ਅਤੇ ਸਤਿਗੁਰੂ ਉਹਨਾਂ ਦੀਆਂ) (ਭਾਵਰੀ) ਭਾਵਨਾ (ਭਰਤਿ) ਪੂਰੀਆਂ ਕਰਦੇ ਹਨ।

[1]ਦੇਵਤਿਆਂ ਤੇ ਮਨੁੱਖਾਂ ਦੀਆਂ ਇਸਤ੍ਰੀਆਂ ਦਰਸ਼ਨ ਕਰ ਕੇ ਉੱਜਲ ਮੰਗਲ ਉਚਾਰਦੀਆਂ ਤੇ ਖ਼ੁਸ਼ੀ ਕਰਦੀਆਂ ਹਨ।

[1]ਫੇਰੇ ਫਿਰ ਕੇ ਫੇਰ ਸ੍ਰੇਸ਼ਟ ਆਸਨ ਤੇ ਬੈਠ ਗਏ ਸਭ ਕੋਈ ਨੇਤ੍ਰਾਂ (ਨਾਲ ਦਰਸ਼ਨ ਕਰਕੇ) ਲਾਭ ਲੈ ਰਹੇ ਹਨ।

[1]ਈਸ਼ਰ ਤੇ ਪ੍ਰਕ੍ਰਿਤੀ, ਸ਼ਿਵ ਤੇ ਪਾਰਬਤੀ, ਵਿਸ਼ਨੂੰ ਤੇ ਲਛਮੀ, ਚੰਦ ਤੇ (ਉਸ ਦੀ ਇਸਤ੍ਰੀ ਤਾਰਾ ਵਾਂਗ) (ਕਲਗੀਧਰ ਜੀ ਤੇ ਮਾਤਾ ਜੀਤੋ ਜੀ) ਸੋਭਾ ਦੇ ਰਹੇ ਹਨ।

[1]ਨੌਵੇਂ ਸਤਿਗੁਰੂ ਜੀ ਦੇਖ ਕੇ ਬਹੁਤੇ ਅਨੰਦ ਵਿੱਚ ਬਹੁਤੇ ਲੀਨ ਹੋ ਰਹੇ ਹਨ (ਜਿਸ ਕਰਕੇ) ਬਾਰ ਬਾਰਰੋਮ ਖੜੇ ਹੋ ਰਹੇ ਹਨ।

[1]ਦੋਨੋਂ ਇਸਤ੍ਰੀ ਪਤੀ।

ਜਨੁ ਪ੍ਰਮੋਦ ਮੁਦਰੂਪ ਥਏ[1]।
ਆਨੰਦ ਕੰਦ ਚੰਦ ਜਗਿ ਬੰਦਨ,
ਕੰਦਨ ਅਘ ਕੋ ਦਰਸ ਤਹਾਂ[1]।

[1]ਜਾਣੋ ਬਹੁਤ ਅਨੰਦ ਵਿੱਚ ਅਨੰਦ ਦਾ ਹੀ ਰੂਪ ਹੋ ਗਏ।

[1]ਚੰਦ ਵਾਂਗ ਅਨੰਦ ਦੇ ਦਾਤੇ, ਜਗਤ ਦੇ ਬੰਦਨਾ ਕਰਨ ਯੋਗ, ਪਾਪਾਂ ਨੂੰ ਕੱਟਣ ਵਾਲੇ (ਕਲਗੀਧਰ ਜੀ ਦਾ) ਉਥੇ ਦਰਸ਼ਨ ਕਰਕੇ।

ਮੋਦ ਬਿਨੋਦ ਪ੍ਰਮੋਦ ਬਢੋ ਅਤਿ[1],

[1]ਅਨੰਦ ਰੂਪ ਕੌਤਕਾਂ ਦਾ ਬਹੁਤੇ ਤੋਂ ਬੁਹਤਾ ਅਨੰਦ ਵਧ ਗਿਆ।

ਹਾਸ ਬਿਲਾਸ ਹੁਲਾਸ[1] ਮਹਾਂ ॥੧੨੩॥

[1]ਉਤਸ਼ਾਹ।

ਬਜਾਹਿ ਉਛਾਹਿ ਯਾਹਿ ਸਮ ਕਾਹਿ,
ਸੁ ਨਾਹਿਂ ਪਿਖਜੋ ਆਗੇ ਪਿਖ ਹੈਂ[1]।

[1]ਇਸ ਵਿਆਹ ਵਰਗਾ ਉਤਸ਼ਾਹ ਕਿਸੇ (ਵਿਆਹ ਦਾ) ਨ ਪਿਛੇ ਦੇਖਿਆ ਹੈ ਨ ਅੱਗੋਂ ਨੂੰ ਦੇਖਾਂਗੇ।

ਸੇਸ[1] ਮਹੇਸ[2] ਸਾਰਦਾ[3] ਚੱਕ੍ਰਿਤ[11],

[1]ਸ਼ੇਸ਼ ਨਾਗ। [2]ਸ਼ਿਵ। [3]ਸਰਸੁਤੀ। [11]ਹੈਰਾਨ ਹੁੰਦੇ ਹਨ।

ਗੁਰੁ ਛਬਿ ਤਬਿ ਕਬਿ ਕੋ[1] ਲਿਖ ਹੈ।

[1]ਕੌਣ ਕਵੀ।

ਰਾਮ ਸੀਯਾ, ਸਤਭਾਮਾ ਜਦੁਪਤਿ[1],

[1]ਕ੍ਰਿਸ਼ਨ।

ਸ਼ਿਵ ਪਾਰਬਤੀ, ਕਾਮਰਤੀ[1]।

[1]ਕਾਮਦੇਵ (ਅਤੇ ਉਸ ਦੀ ਇਸਤ੍ਰੀ) ਰਤੀ।

ਬਜਾਹਿ ਯਾਹਿ ਸੁਖ ਮੂਲ ਦੂਲਹੋ,
ਪਿਖਿ ਵਹਿ ਲਾਗੈਂ ਲਘੂ ਅਤੀ[1] ॥੧੨੪॥

[1]ਇਸ ਵਿਆਹ ਦੇ ਸੁਖ ਦਾ ਮੁੱਢ ਲਾੜੇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੂੰ ਵੇਖ ਕੇ ਉਹ (ਉਪ੍ਰੋਕਤਰਾਮ ਚੰਦ੍ਰ ਆਦਿ) ਬਹੁਤੇ ਛੋਟੇ ਜਿਹੇ ਲਗਦੇ ਹਨ।

ਭਏ ਨਿਛਾਵਰ[1] ਦਾਨ ਦੱਛਨਾ[2],

[1]ਵਾਰਨੇ। [2]ਸੱਜੇ ਹੱਥ ਨਾਲ ਅਰਪਨ ਕੀਤੀ ਭੇਟਾ। (ਅ) ਪ੍ਰੋਹਿਤ ਨੂੰ ਅਰਪਨ ਕੀਤੀ ਭੇਟਾ।

ਮਨ ਭਾਵਤ ਪਾਏ ਸਬਿ ਨੈ।
ਤਨ ਮਨ ਧਨ ਜੋਰੀ ਧ੍ਰਮ ਧੋਰੀ,
ਪਰ ਨਹਿਂ ਵਾਰਜੋ ਤਬਿ ਕਵਨੈ[1]।

[1]ਧਰਮ ਨੂੰ ਆਸਰਾ ਦੇਣ ਵਾਲੀ ਜੋੜੀ ਤੋਂ ਕਿਸ ਨੇ ਤਨ ਮਨ ਧਨ ਨਹੀਂ ਵਾਰਿਆ, ਭਾਵ ਸਭ ਨੇ ਵਾਰਿਆ ਹੈ।

ਨਾਈ ਭਾਟ ਕਹਾਰ[1] ਡੂੰਮ ਦ੍ਵਜ[2],

[1]ਡੋਲੀ ਚੁੱਕਣ ਵਾਲੇ। [2]ਬ੍ਰਹਮਣ।

ਤ੍ਰਿਪਤ ਭਏ ਹਰਖਾਇ ਮਹਾਂ।
ਦੁਸਹਿ ਦਸਾ ਦੀਨੀ ਦੁਨਿਆਵੀ,
ਦੁੱਖ ਦੀਨਤਾ ਦਾਰਿਦ ਦਹਾ[1] ॥੧੨੫॥

[1]ਲੋਕ ਪ੍ਰਲੋਕ ਦੀ ਔਖੀ ਸਹਾਰਨ ਵਾਲੀ ਹਾਲਤ, ਗ਼ਰੀਬੀ ਦਾ ਦੁੱਖ ਤੇ ਆਲਸ ਸਾੜ ਦਿੱਤਾ।

ਹੌਂਸ ਹਤੀ[1] ਹੋਰੈਂ ਮਾਂਗਨ ਕੀ,

[1]ਇੱਛਾ ਮਰ ਗਈ।

ਸਿਰ ਸਦਕਾ[1] ਜਿਨਿ ਗੁਰੈਂ ਲਹਾ[2]।

[1]ਸਿਰ ਤੋਂ ਵਾਰਿਆ ਪਦਾਰਥ। [2]ਗੁਰਾਂ ਪਾਸੋਂ ਜਿਨ੍ਹਾਂ ਨੇ ਲਿਆ।

ਗਾਨ ਨਿਸ਼ਾਨ[1] ਕੁਲਾਹਲ[2] ਭਾਰੀ,

[1]ਨਗਾਰਿਆਂ ਦੇ। [2]ਖ਼ੁਸ਼ੀ ਦਾ ਡੰਡ-ਰੌਲਾ।

ਭਵਨ[1] ਅਵਿਨ[2] ਨਭ[3] ਪੂਰ ਰਹਾ।
ਸਮਧੀ ਪਰਸਪਰੈਂ ਪਰ ਪੋਖੇ,
ਪੂਰਨ ਪਰਮ ਪ੍ਰੇਮ ਹੀਯੇ[1]।

[1]ਘਰ। [2]ਧਰਤੀ। [3]ਅਕਾਸ਼।

[1]ਕੁੜਮ ਆਪਸ ਵਿੱਚ ਹਿਰਦੇ ਦੇ ਬਹੁਤੇ ਪੂਰਨ ਪ੍ਰੇਮ ਕਰ ਕੇ (ਪਰ) ਬਹੁਤ (ਪੋਖੇ) ਪ੍ਰਸੰਨ ਹੋਏ।

ਬਜਾਹਿ ਉਛਾਹਿ ਕਹੇ ਸਬਿ ਕੋ ਕਬਿ,
ਅੰਤ ਨ ਸਾਰਦ[1] ਸੇਸ[2] ਲੀਏ ॥ ੧੨੬ ॥
ਸੁਮਨ ਸਰਸ ਸੁਰ ਬਰਖ ਹਰਖ ਮਨਿ[1],

[1]ਸਰਸੁਤੀ। [2]ਸ਼ੇਸ਼ ਨਾਗ

[1]ਮਨ 'ਚ ਖ਼ੁਸ਼ ਹੋ ਕੇ ਦੇਵਤੇ ਬੁਹਤੇ ਫੁੱਲਾਂ ਦੀ ਵਰਖਾ ਕਰਦੇ ਹਨ।

ਜੈ ਜੈ ਧੁਨਿ ਨਭ ਧਰੈਂ ਭਰੀ[1]।
ਆਇਸ[1] ਪਾਇ ਬਿੱਪਨ ਕੀ[2] ਸਖੀਆਂ,
ਮੰਗਲ ਮਨਹਰ ਗਾਤ ਵਰੀ[1]।
ਦੂਲੋ ਦੁਲਹਨਿ ਕੋ ਲਵਾਇ,
ਸੁਖ ਸਦਨ ਸਿਧਾਰੀ ਮੋਦ ਮਏ[1]।

[1]ਅਕਾਸ਼ ਤੇ ਧਰਤੀ ਭਰ ਗਈ।
[1]ਆਗਿਆ। [2]ਬ੍ਰਹਮਣਾਂ ਦੀ।
[1]ਮਨ ਨੂੰ ਹਰਨ ਵਾਲੇ ਸ੍ਰੇਸ਼ਟ ਮੰਗਲ ਗਾਉਂਦੀਆਂ ਹਨ।

[1]ਅਨੰਦ ਰੂਪ ਹੋ ਕੇ ਤੇ ਲਾੜੇ ਲਾੜੀ ਨੂੰ ਨਾਲ ਲੈ ਕੇ ਸੁਖਦਾਇਕ ਘਰ ਵਿੱਚ ਚਲੀਆਂ ਗਈਆਂ।

ਜਾਂਵੀ ਬਢ ਆਏ ਜਨ ਵਾਸੈਂ[1],
ਮਾਂਵੀ[1] ਗੁਨ ਗਨ ਗਾਇ ਗਏ ॥ ੧੨੭ ॥
ਹਾਸ ਬਿਲਾਸ ਰਾਸ ਰਸ ਸਖੀਅਨਿ,
ਆਸ ਪਾਸ ਥਿਰਿ ਰਚੇ ਘਨੇ[1]।

[1]ਜਾਂਵੀ ਵਧ ਕੇ ਜੰਵ ਘਰ ਵਿੱਚ ਆ ਗਏ।
[1]ਲੜਕੀ ਦੇ ਮਾਤਾ ਪਿਤਾ ਦੇ ਸਬੰਧੀ।

[1]ਅਨੰਦ ਦੀ ਹੱਦ ਬਹੁਤੇ ਹਾਸ-ਰਸ ਦੇ ਬਚਨ ਸਖੀਆਂ ਨੇ ਆਸ ਪਾਸ ਖੜੇ ਹੋ ਕੇ ਬਹੁਤ ਕੀਤੇ।

ਪੁਨ ਪੁਨ ਪਿਖੈ ਪਿਯਾ ਤਨ ਜੀਤੋ,
ਨੈਨ ਸੰਕੋਚ ਸਨੇਹ ਸਨੇ[1]।
ਪ੍ਰੇਮ ਪਜਾਸੇ ਹਰੈਂ ਮੀਨ ਛਬਿ[1],
ਕੰਜ ਮਨੋ ਮੁਦ ਸਿੰਧ ਮਧੈਂ[1]।
ਸੋਭਾ ਬਦਨ ਮਦਨ ਲਖਿ ਲਾਜੈ[1],
ਸਦਨ ਛਬਿਨਿ ਗੁਰੁ ਸੋਹਿਂ ਬਧੈਂ[1] ॥ ੧੨੮ ॥
ਰਮਾ ਕੰਜ ਤੈ ਮੰਜ ਕਵਲ ਕਰ,
ਪਗ ਜਾਵਕ ਜੁਤਿ ਅਤਿ ਸੋਹੈਂ[1]।

[1]ਪਿਆਰ ਨਾਲ ਮਿਲੇ ਹੋਏ।
[1]ਮੱਛੀ ਦੀ ਸੋਭਾ ਚੁਰਾਉਂਦੇ ਹਨ।
[1]ਜਾਣੋ ਕੰਵਲ ਅਨੰਦ ਦੇ ਸਮੁੰਦਰ ਵਿੱਚ ਹਨ।
[1]ਗੁਰਾਂ ਦੇ ਮੁੱਖ ਦੀ ਸੋਭਾ ਨੂੰ ਦੇਖ ਕੇ ਕਾਮ ਸ਼ਰਮਸਾਰ ਹੁੰਦਾ ਹੈ।
[1]ਸੋਭਾ ਦੇ ਘਰ ਸਤਿਗੁਰੂ ਬਹੁਤੇ ਸੋਭ ਰਹੇ ਹਨ।

[1]ਲੱਛਮੀ ਤੇ ਕੰਵਲ ਨਾਲੋਂ ਉੱਜਲ ਹੱਥ ਕਵਲ ਹਨ ਅਤੇ ਚਰਨ (ਜਾਵਕ) ਅਲਤਾ ਦੇ ਲਾਲਰੰਗ ਨਾਲ ਸੋਭ ਰਹੇ ਹਨ।

ਮੁਕਟ ਪੁਰਟ ਸੁਠ ਜਟਤਿ ਲੁਕਟਿ ਛਬਿ,
ਕੁੰਡਲ ਕਲਿਤ ਲਲਿਤ ਮੋਹੈਂ[1]।

[1]ਸੋਨੇ ਦਾ ਜੜਿਆ ਹੋਇਆ ਸੁੰਦਰ ਮੁਕਟ ਸੋਭਾ ਸਹਿਤ (ਲੁਕਟ) ਚਮਕ ਰਿਹਾ ਹੈ ਅਤੇ (ਲਲਿਤ) ਸੁੰਦਰ ਕੁੰਡਲਾਂ ਦੀ (ਕਲਿਤ) ਸਜਾਵਟ ਮਨ ਨੂੰ ਮੋਹਿਤ ਕਰਦੀ ਹੈ।

ਪੀਤ ਬਸਨ ਛਬਿ ਖਸਨਿ ਦਾਮਨੀ,
ਹਸਨ ਦਸਨ ਦੁਤਿ ਮੁਕਤ ਹਰੈਂ[1]।

[1]ਪੀਲੇ ਬਸਤ੍ਰ ਬਿਜਲੀ ਦੀ ਚਮਕ ਨੂੰ ਖੋਂਹਦੇ ਹਨ। (ਅਤੇ) ਹੱਸਣ ਸਮੇਂ ਦੰਦਾਂ ਦੀ ਚਮਕ ਮੋਤੀਆਂ (ਦੀ ਚਮਕ) ਨੂੰ ਚੁਰਾਉਂਦੀ ਹੈ।

ਬਾਹੁ ਬਿਸਾਲ ਕਰਭਿ ਕਰ, ਰੰਭਾ
ਜੰਘ ਥੰਭ ਜੁਗ ਕਾਮ ਵਰੈਂ[1] ॥ ੧੨੯ ॥

[1](ਕਰਭਿ) ਹਾਥੀ ਦੇ ਬੱਚੇ ਦੀ (ਕਰ) ਸੁੰਡ (ਵਰਗੀਆਂ) ਲੰਬੀਆਂ ਬਾਹਾਂ ਹਨ, ਕੇਲੇ ਵਰਗੀਆਂ ਦੋਨੋਂ ਲੱਤਾਂ ਜਾਣੋ ਕਾਮ ਦੇ ਦੋ ਚੰਗੇ ਥੰਮ੍ਹ ਹਨ।

ਪੀਤ ਪੁਨੀਤ ਉਪਰਨਾ ਧੋਤੀ*,

*ਧੋਤੀ ਪਰਨਾ ਪਹਿਨਿਆ ਕਹਿਣਾ ਇਕ ਅਟਾਪਟੀ ਜਿਹੀ ਗੱਲ ਹੈ, ਗੁਰੂ ਸਾਹਿਬਾਨ ਤਾਂ ਗੁਰਮਤਿ ਰਹੁ-ਰੀਤ ਦੇ ਸੰਚਾਲਕ ਸਨ। ਕੋਈ ਨਿੱਕੇ ਤੋਂ ਨਿੱਕਾ ਸਿੱਖ ਵੀ ਧੋਤੀ ਪਰਨਾ ਨਹੀਂ ਪਹਿਨਦਾ। ਇਸ ਲਿਖਤ ਨੂੰ ਆਖੇਪ ਜਾਂ ਉਲਥਾ ਸਮਝਣਾ ਚਾਹੀਦਾ ਹੈ, ਜੋ ਮੰਨਣ ਯੋਗ ਨਹੀਂ ਹੈ।

ਜੋਤੀ ਰਵਿ ਨਵ ਛਵਿ ਛਾਜੈ[1]।

[1]ਪਵਿਤ੍ਰ ਪੀਲੇਰੰਗ ਦੇ ਪਰਨਾ (ਸਾਫ਼ਾ) ਤੇ ਧੋਤੀ ਹਨ, (ਜਿਨ੍ਹਾਂ ਦੀ) (ਜੋਤੀ) ਚਮਕ ਨਵੇਂ ਸੂਰਜ ਦੀ (ਛਵਿ) ਚਮਕ ਵਾਂਗ (ਛਾਜੈ) ਫਬ ਰਹੀ ਹੈ।

ਪੀਤ ਜਨੇਊ* ਮਨੋ ਬਦਨ ਸਸਿ ਪੈ,

*ਜਿਸ ਜਨੇਊ ਨੂੰ ਗੁਰੂ ਨਾਨਕ ਦੇਵ ਜੀ ਨੇ ਬਚਪਨ ਵਿੱਚ ਹੀ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ ਉਸ ਜਨੇਊ ਨੂੰ ਦਸਮ ਪਾਤਸ਼ਾਹ ਜੀ ਕਿਵੇਂ ਪਹਿਨ ਸਕਦੇ ਹਨ ਤੇ ਨੌਵੇਂ ਪਾਤਸ਼ਾਹ ਕਿਵੇਂ ਪਹਿਨਾ ਸਕਦੇ ਹਨ। ਇਸ ਲਿਖਤ ਨੂੰ ਆਖੇਪ ਜਾਂ ਉਲਥਾ ਸਮਝੋ। ਸਿੱਖਾਂ ਦੇ ਮੰਨਣ ਯੋਗ ਨਹੀਂ ਹੈ।

ਬਿਜਰੀ ਬਿਜੁਰੀ ਭ੍ਰਾਜੈ[1]।

[1]ਪੀਲਾ ਜਨੇਊ ਸ਼ਰੀਰ (ਉੱਤੇ) ਐਉਂ ਚਮਕਦਾ ਹੈ ਜਾਣੋ ਚੰਦ੍ਰਮਾ ਉਤੇ (ਬਿਜੁਰੀ) ਬਹੁਤੀ ਜੁੜੀ ਹੋਈ ਬਿਜਲੀ (ਭ੍ਰਾਜੈ) ਚਮਕ ਰਹੀ ਹੈ।

ਪਗ ਪਾਜਨੀ ਬਾਜਨੀ ਕਿੰਕਨੀ,
ਮਦਨ ਮਜੀਰੈਂ ਦੈ ਦੁੰਦਭੀ[1]।

[1](ਗੁਰਾਂ ਦੇ) ਚਰਨਾਂ ਵਿੱਚ ਝਾਂਜਰਾਂ (ਤੇ ਲੱਕ ਨਾਲ) ਘੁੰਗਰੂਦਾਰ ਤੜਾਗੀ ਐਉਂ ਵੱਜਦੀ ਹੈ (ਜਾਣੋ) ਕਾਮ ਆਪਣੀਆਂ ਝਾਂਜਰਾਂ ਤੇ ਨਗਾਰਾ (ਦੈ) ਵਜਾ ਰਿਹਾ ਹੈ।

ਬਿਸ੍ਵ ਬਿਜੈ ਹਿਤ ਬਾਇ ਚਢਜੋ ਜਨੁ,
ਨਾਭਿ ਗੰਭੀਰ ਛੀਰ ਸਿੰਧ ਸੀ[1] ॥ ੧੩੦ ॥

[1]ਜਾਣੋ ਜਗਤ ਨੂੰ ਫ਼ਤਹ ਕਰਨ ਵਾਸਤੇ (ਕਾਮ ਨਗਾਰਾ) ਵਜਾ ਕੇ ਚੜ੍ਹਿਆ ਹੈ, (ਗੁਰਾਂ ਦੀ) ਧੁੰਨੀ ਖੀਰ ਸਮੁੰਦਰ ਵਾਂਗ ਡੂੰਘੀ ਹੈ।

ਤ੍ਰਿਛੀ ਚਿਤਨ ਨੈਨਨਿ ਸਰ ਮੈਨ ਸੁ,
ਕੈਨ ਚੈਨ ਬਿਨ ਐਨ ਤਿਯੈਂ[1]।

[1]ਨੇਤ੍ਰਾਂ ਦੀ ਟੇਢੀ ਝਾਕਣੀ ਕਾਮ ਦੇ ਤੀਰਾਂ ਵਰਗੀ ਹੈ ਜੋ ਇਸਤ੍ਰੀਆਂ ਨੂੰ ਚੰਗੀ ਤਰ੍ਹਾਂ ਵਿਆਕੁਲ ਕਰ ਰਹੀ ਹੈ।

ਭ੍ਰਿਕੁਟੀ ਕੁਟਿਲ ਕਾਮ ਧਨੁਖੀ ਸੀ,

ਅਨਖੀ ਚਿਤਵਨ ਚੁਭੈ ਹਿਯੈਂ[1]।

[1]ਕਾਮ ਦੇ ਧਨੁਖ ਵਰਗੇ ਟੇਢੇ ਭ੍ਰੂਵੱਟੇ ਹਨ ਜਦ ਗ਼ੁੱਸੇ ਨਾਲ ਵੇਖਦੇ ਹਨ ਤਾਂ ਹਿਰਦੇ 'ਚ ਚੁਭ ਜਾਂਦੇ ਹਨ।

ਲਗੀ ਲਟਕਿ ਲਟ ਸਾਫ ਕਾਫ ਜਨੁ,
ਮੁਨਸ਼ੀ ਮਦਨ ਬਿਲੌਰ ਲਿਖਜੋ[1]।

[1]ਕੇਸਾਂ ਦੀ ਲਿਟ ਲਮਕ ਕੇ (ਮੁਖ ਤੇ ਐਉਂ) ਲੱਗੀ ਹੋਈ ਹੈ ਜਾਣੋ ਕਾਮ ਰੂਪ ਮੁਣਸ਼ੀ ਨੇ ਸ਼ੀਸ਼ੇ ਤੇ ਸਾਫ਼ (ਅਰਬੀ ਦਾ ਅੱਖਰ) 'ਕਾਫ਼' ਲਿਖਿਆ ਹੋਇਆ ਹੈ।

ਅਹਿ ਛੌਨਾ ਕਿਤ ਸੁਧਾ ਪਾਨ ਹਿਤ,
ਬਦਨ ਸੁਧਾਕਰ ਪਰ ਲਪਕਜੋ[1] ॥ ੧੩੧ ॥

[1]ਜਾਂ ਸੱਪ ਦਾ ਬੱਚਾ ਅੰਮ੍ਰਿਤ ਪੀਣ ਵਾਸਤੇ ਮੁਖ ਰੂਪ ਅੰਮ੍ਰਿਤ ਦੇ ਸਮੁੰਦਰ ਉੱਪਰ ਝਪਟ ਮਾਰ ਰਿਹਾ ਹੈ।

ਅਧਰ ਮਧੁਰ ਰਸ ਸਾਨੀ ਬਾਨੀ,
ਭੁਗਤਿ ਮੁਕਤਿ ਦਾ ਯੁਕਤਿ ਮਈ[1]।

[1]ਬੁਲ੍ਹਾਂ ਚੋਂ ਮਿੱਠੇਰਸ ਨਾਲ ਮਿਲੀ ਹੋਈ ਯੁਕਤੀ ਸਹਿਤ ਬਾਣੀ ਭੋਗ ਤੇ ਮੋਖ ਦੇ ਦੇਣ ਵਾਲੀ ਹੈ।

ਸੁਨਿ ਸਬਿ ਕੇ ਹਿਯ ਹਰੇ[1] ਕਰੇ ਵਸ,
ਵਸੀਕਰਨ ਜਾਦੂ ਸੁ ਭਈ।

[1]ਹਿਰਦੇ ਚੁਰਾ ਕੇ।

ਸਕਲ ਸ਼ਰੀਰ ਸਿੰਧੁ ਸੌਂਦਰਜ ਅਤਿ[1],
ਅਕਲ ਇਲਾਹੀ ਅਧਿਕ ਅਤੀ[1]।

[1]ਬਹੁਤੀ ਸੁੰਦਰਤਾ ਦਾ ਸਮੁੰਦਰ ਹੈ।

[1](ਗੁਰਾਂ ਦੀ) ਰੱਬੀ ਅਕਲ ਬਹੁਤ ਤੋਂ ਬਹੁਤ ਹੈ।

ਹਾਵ ਭਾਵ ਕਰਿ ਹਾਰ ਰਹੀ ਸਬਿ,
ਅਤਿ ਪ੍ਰੀਤੀ ਯੁਤ ਮੋਹ ਮਤੀ[1] ॥ ੧੩੨ ॥

[1]ਮੋਹ 'ਚ ਮਸਤ ਹੋਈਆਂ।

ਸਚੀ ਸਾਰਦਾ ਉਮਾਰਮਾ ਸੀ,
ਸਾਸ ਪਾਸ ਸਬਿ ਥਿਰਿ ਪਿਖੈਂ।
ਬਾਤੈਂ ਸੰਗ ਸਾਰੀਅਨ[1] ਕਰਬੇ
ਹੇਤ, ਸਿਖਾਵਨਿ ਬਿਬਿਧਿ ਸਿਖੈਂ[1]।

[1]ਸਾਲੀਆਂ ਨਾਲ।

[1](ਸੱਸ ਜੀ) ਅਨੇਕ ਤਰ੍ਹਾਂ ਦੀਆਂ ਸਿੱਖਿਆ ਸਿਖਾਉਂਦੇ ਹਨ।

ਜਨਮ ਲਾਭ ਲੈ ਨੈਨ ਸਫਲ ਕਰਿ,
ਅਪ੍ਰਮਾਨ[1] ਸੁਖ ਲੇਤਿ ਸਬੈ।
ਸਾਸ ਪਾਸ ਭੋਜਨ ਕਰਿ ਦੂਲੋ,
ਜਨ ਵਾਸੈ ਪੁਨ ਅਏ ਤਬੈ ॥ ੧੩੩ ॥

[1]ਮਿਣਤੀ ਤੋਂ ਰਹਿਤ।

ਪਰਮ ਪ੍ਰਮੁਦਤ ਭਏ[1] ਸਤਿਗੁਰੁ ਪਿਖਿ,
ਜਨੁ ਬਰਾਤ ਕੇ ਜੀਵ[1] ਅਏ।
ਨਿਸਾ ਬਿਤਾਇ ਨਹਾਇ ਫਜਰ[1] ਸਬਿ,
ਭੂਸ਼ਨ ਬਸਤ੍ਰ ਸਜਾਤ ਭਏ।
ਪੁਨ ਪ੍ਰਸਾਦ ਹੇਤ ਕਹਿ ਹਰਜਸ,

[1]ਬਹੁਤੇ ਜ਼ਿਆਦਾ ਖ਼ੁਸ਼ ਹੋਏ।

[1]ਜਿੰਦ, ਜਾਨ।

[1]ਅੰਮ੍ਰਿਤ ਵੇਲੇ।

ਅਹਿਲਾਦ ਕੇਤੁ[1] ਬਰਾਤ ਬੁਲਾ।
[1]ਖ਼ੁਸ਼ੀ ਦਾ ਨਿਸ਼ਾਨ।

ਦਏ ਪਾਵੜੇ[1] ਪਰਮ ਅਨੂਪਮ,
[1]ਪਾਵਟੇ ਵਿਛਾ ਦਿੱਤੇ (ਪਾਵਟਾ-ਉਹ ਬਸਤ੍ਰ ਜਿਸ ਉਪਰ ਪ੍ਰਾਹੁਣਾ ਪੈਰਰੱਖ ਕੇ ਆਵੇ)।

ਬਿਭੋ ਦਿਖਾ ਦਿਯਿ ਬਰਣ ਭੁਲਾ[1] ॥੧੩੪॥
[1]ਬਿਭੂਤੀ ਦਿਖਾ ਕੇਰੰਗ ਭੁਲਾ ਦਿੱਤੇ।

ਬੰਦੀ ਬੇਦ ਬਦੈਂਹ ਬਿਦੂਖਕ,
ਬਿਬੁਧਿਨਿ ਬਿਬਿਧਾ ਬਾਦ ਬਜੈਂ[1]।
[1]ਭੱਟ ਤੇ (ਬਿਦੂਖਕ) ਪੰਡਿਤ ਵੇਦ ਉਚਾਰ ਰਹੇ ਹਨ ਅਤੇ (ਬਿਬੁਧਿਨਿ) ਚੰਗੇ ਵਜੰਤ੍ਰੀ ਅਨੇਕ ਤਰ੍ਹਾਂ ਦੇ ਵਾਜੇ ਵਜਾ ਰਹੇ ਹਨ।

ਦੁੰਦਭਿ ਦੀਹ ਧੁਂਕਾਰਤਿ ਧੌਸੇਂ,
ਧਮਕਿ ਧਰਾ ਗਜ ਬਾਜ ਗਜੈਂ[1]।
[1]ਵੱਡੇ ਨਗਾਰਿਆਂ ਤੇ ਧੌਂਸਿਆਂ ਦੀ ਧੁਨ ਹੋ ਰਹੀ ਹੈ (ਜਿਸ ਨਾਲ) ਧਰਤੀ ਧਮਕਦੀ ਹੈ ਤੇ ਹਾਥੀ ਘੋੜੇ ਗੱਜਦੇ ਭਾਵ ਬੋਲਦੇ ਹਨ।

ਕੌਲਾਹਲ ਕੰਤੂਹਲ ਕੌਤਕ,
ਕਹੇ ਕੌਨ ਕੇਤਕ ਕਰਿ ਹੈਂ[1]।
[1]ਅਸਚਰਜ ਕੌਤਕਾਂ ਦਾ ਡੰਡ-ਰੌਲਾ ਕੌਣ ਕਹੇ ਕਿ ਕਿਤਨਾ ਕੁ ਕਰ ਰਹੇ ਹਨ।

ਮੰਗਲ ਮੁਖੀ ਅਲਾਪਤ ਮੰਗਲ,
ਰਹਜੋ ਦਸੋ ਦਿਸ ਸੁਰ ਭਰਿ ਹੈ[1] ॥੧੩੫॥
[1]ਮੰਗਲ ਗਉਣ ਦੇ ਮੁੱਖੀ ਖ਼ੁਸ਼ੀਆਂ ਦੇ ਅਲਾਪ ਕਰ ਰਹੇ ਹਨ ਜਿਸ ਦੀ ਅਵਾਜ਼ ਦਸਾਂ ਤਰਫ਼ਾਂ ਵਿੱਚ ਭਰ ਰਹੀ ਹੈ।

ਗਾਵਤ ਭੱਟ ਨਕੀਬ[1] ਸੁਜਸ ਬਹੁ,
[1]ਵੰਸਾਵਲੀ ਤੇ ਜੱਸ ਕਹਿਣ ਵਾਲੇ।

ਕੋਕਿਲ ਕੰਠੀ[1] ਗਾਨ ਕਰੈਂ।
[1]ਕੋਇਲ ਵਰਗੇ ਗਲੇ ਵਾਲੀਆਂ।

ਗਏ ਧਾਮ ਹਰਜਸ ਕਰਿ ਬੰਦਨ,
ਆਸਨ ਦਏ ਜਥੋਚਿ ਵਰੈਂ[1]।
[1]ਜਥਾ ਜੋਗ ਚੰਗੇ ਆਸਣ ਦਿੱਤੇ।

ਚਰਨ ਧੋਇ ਮਨ ਪੋਇ[1] ਪ੍ਰੇਮ ਅਤਿ,
[1]ਪ੍ਰੋ ਕੇ।

ਨਿੰਮ੍ਰਿ ਹ੍ਵੈ ਦ੍ਰਿਗ ਲਾਇ ਪੀਓ[1]।
[1]ਅੱਖਾਂ ਨੂੰ ਲਾ ਕੇ (ਚਰਨਾਂਮ੍ਰਿਤ) ਪੀਤਾ।

ਖੁਰਲੀ ਭਰੀ[1] ਰੀਤਿ ਕੁਲ ਕੀਨੀ,
[1]ਖੱਤ੍ਰੀਆਂ ਦੇ ਵਿਆਹ ਦੀ ਇਕ ਭੋਜਨਰੀਤੀ, ਇਕੱਠੀ ਮਿਠਾਈ ਸਭ ਅੱਗੇ ਢੇਰ ਲਾ ਕੇਰੱਖਣੀ।

ਏਕ ਵਾਰ ਕਰਿ ਸਬਿਨਿ ਛੀਓ[1] ॥੧੩੬॥
[1]ਛਕਿਆ, ਖਾਧਾ।

ਕਨਕ[1] ਥਾਲ ਪੁਨ ਭੋਜਨ ਬਿਬਿਧਾ,
[1]ਸੋਨੇ ਦੇ।

ਛਿਨ ਮੈਂ ਸਬਿਨਿ ਪਰੋਸ ਦੀਓ।
ਸਰਸ ਸੁਧਾ ਤੈ ਸ੍ਵਾਦ ਅਨਿਕਧਾ[1],
[1]ਅਨੇਕ ਤਰ੍ਹਾਂ ਦੇ (ਭੋਜਨ) ਅੰਮ੍ਰਿਤ ਨਾਲੋਂ ਬਹੁਤੇ ਸੁਆਦ ਵਾਲੇ।

ਛਕਨ ਲਗੇ ਅਤਿ ਰਹਸ ਥੀਓ[1]।
[1]ਬਹੁਤ ਅਨੰਦ ਹੋਇਆ।

ਬਾਂਧੀ ਪੱਤਲ[1] ਗਾਇ ਸੁੰਦਰੀ,
ਚਤੁਰ ਛੁਡਾ ਪੁਨ ਬੰਧੀ ਵਹੀ[1]।

[1]ਪੱਤਲਾਂ (ਥਾਲੀਆਂ) ਬੰਨ੍ਹ ਦਿੱਤੀਆਂ ਭਾਵ ਜੰਞ ਬੰਨ੍ਹ ਦਿੱਤੀ।

[1]ਚਤੁਰ (ਜਾਂਞੀਆਂ) ਨੇ (ਪੱਤਲਾਂ) ਛੁਡਾ ਕੇ ਉਹ (ਸੁੰਦਰੀਆਂ) ਬੰਨ੍ਹ ਦਿੱਤੀਆਂ।

ਮਧੁਰ ਮਨੋਹਰ ਮ੍ਰਿਦੁਲ[1] ਮਹਾਂ ਮੁਦ
ਦਾਇ, ਨਾਗਰੀ[1] ਗਾਇ ਰਹੀ ॥੧੩੭॥

[1]ਕੋਮਲ।

[1]ਚਤੁਰ ਇਸਤ੍ਰੀਆਂ।

ਭਾਮਨਿ[1] ਗਾਵਨਿ ਗਾਰਿ* ਸੁਨਾਵਨਿ,

[1]ਇਸਤ੍ਰੀਆਂ। *ਇਹ ਬੜੇ ਅਸਚਰਜ ਦੀ ਗੱਲ ਹੈ ਕਿ ਗੁਰਬਾਣੀ ਗਾਇਨ ਦੇ ਉਪਦੇਸ਼ਟਾ ਸਤਿਗੁਰੂ ਕੁੜਮ ਹੋਣ, ਨਾਮ ਦੀ ਲਿਵ ਵਾਲੇ ਗੁਰਸਿੱਖਾਂ ਦੀ ਜੰਞ ਹੋਵੇ। ਜਾਂਞੀ ਤੇ ਮਾਂਞੀ ਦੋਵੇਂ ਧਿਰਾਂ ਗੁਰੂ ਕੇ ਅਨੰਨਿ ਸਿੱਖ ਹੋਣ ਫਿਰ ਬਾਣੀ ਦੀਆਂ ਪ੍ਰੇਮਣਾਂ ਤੇ ਨਾਮ ਰੰਗ ਵਾਲੀਆਂ ਮਾਈਆਂ ਤੇ ਬੀਬੀਆਂ ਗੁਰੂ ਸਾਹਿਬਾਨ ਦੀ ਮੌਜੂਦਗੀ ਵਿੱਚ ਜਾਂਞੀਆਂ ਦੇ ਨਾਮ ਲੈ ਲੈ ਕੇ ਸਿੱਠਣੀਆਂ ਦੇ ਬਹਾਨੇ ਗਾਲ੍ਹਾਂ ਦੇਣ। ਇਹ ਕਥਲ ਅਸਲੀਅਤ ਤੋਂ ਦੂਰ ਹੋਣ ਕਰਕੇ ਮੰਨਣ ਯੋਗ ਨਹੀਂ। ਅਜਿਹੇ ਖ਼ੁਸ਼ੀਆਂ ਦੇ ਮੌਕੇ ਸਮੇਂ ਹਜ਼ੂਰ ਦਾ ਫ਼ੁਰਮਾਣ ਹੈ: ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥ (ਪੰ. ੩੯੬)

ਲੈ ਲੈ ਨਾਮ ਅਲਾਵਨਿ[1] ਸੋ।
ਪੈ ਵਹਿ ਭਾਵਨਿ[1] ਅਧਿਕ ਸੁਹਾਵਨਿ
ਪਾਵਨਿ ਮੋਦ[1] ਬਢਾਵਨਿ ਸੋ।

[1]ਕਹਿੰਦੀਆਂ ਹਨ।

[1]ਚੰਗੀਆਂ ਲਗਦੀਆਂ ਹਨ।

[1]ਪਵਿੱਤ੍ਰ ਅਨੰਦ।

ਲੇਝ[1] ਪੇਝ[2] ਭਖ[3] ਭੋਜ[11] ਚਤੁਰਧਾ[22],

[1]ਚੱਟਣ ਵਾਲੇ ਚਟਣੀ ਆਦਿ ਭੋਜਨ। [2]ਪੀਣ ਵਾਲੇ ਦੁੱਧ ਆਦਿ ਭੋਜਨ। [3]ਜੋ ਦੰਦ ਤੇ ਦਾੜ੍ਹਾਂ ਦੀ ਸਹਾਇਤਾ ਨਾਲ ਖਾਧਾ ਜਾਵੇ। [11]ਕੇਵਲ ਦਾੜ੍ਹਾਂ ਦੀ ਸਹਾਇਤਾ ਨਾਲ ਖਾਧੇ ਜਾਣ ਵਾਲੇਰੋਟੀ, ਮਿਠਾਈ ਆਦਿ ਭੋਜਨ। [22]ਚਾਰ ਤਰ੍ਹਾਂ ਦੇ (ਭੋਜਨ)।

ਖਟ ਰਸ[1] ਬਾਂਛਿਤ ਪੁਰੁਸ[2] ਰਹੇ।

[1]ਛੇ ਤਰ੍ਹਾਂ ਦੇਰਸ-ਮਿੱਠਾ, ਸਲੂਣਾ, ਚਰਪਰਾ (ਤਿੱਖਾ), ਕਸੈਲਾ, ਖੱਟਾ ਅਤੇ ਕੌੜਾ। [2]ਜੋ ਚਾਹੀਦੇ ਹਨ ਪਰੋਸ ਰਹੇ ਹਨ।

ਇਕ ਇਕਰਸ ਕੇ ਭੇਦ ਅਨੰਤੈ,
ਬਾਨਿ ਅਨੰਤੈ[1] ਸਕ ਨ ਕਹੇ ॥੧੩੮॥

[1]ਅਣਗਿਣਤ ਸਰਸੁਤੀਆਂ (ਵੀ)।

ਸਨੇ ਸਨੇ ਛਕਹੀਂ ਬਕਹੀਂ ਤਿਯ[1],
ਚੂਰਨ ਮਨੋ ਹਜ਼ਮ ਦੈਹੀਂ।
ਛੈਲ ਛਬੀਲੇ ਛਕੇ ਮਦਨ ਮਦ,
ਕੁਵਰੀ ਕੁਵਰ ਸਬੈ ਹੀ[1]।

[1]ਇਸਤ੍ਰੀਆਂ ਬੋਲਦੀਆਂ ਹਨ।

[1]ਸਾਰੇ ਹੀ ਸੁੰਦਰ ਜਵਾਨ ਮੁੰਡੇ ਤੇ ਕੁੜੀਆਂ ਕਾਮ ਦੀ ਮਸਤੀ 'ਚ ਭਰੇ ਹੋਏ ਹਨ।

ਛਕਿ ਭੋਜਨ ਗੁਰੁ ਕੀਨ ਆਚਮਨ[1],

[1](ਜਲ) ਛਕਿਆ।

ਦੀਨ ਪਾਨਿ ਕਰ ਧੋਏ[1]।
ਏਲਾ[1] ਪਾਨ ਪੁੰਗੀ[2] ਦੈ ਪੂਜੇ,
ਹਰਜਸ ਅਤਿ ਮੁਦ ਹੋਏ ॥੧੩੯॥
ਬਧੇ ਬਸਾਯੋ ਬਿੱਤ ਮੇਂਹ ਸਮ,
ਨੇਗ ਨੇਗੀਅਨਿ ਦਾਏ[1]।
ਹਨੇ ਨਿਸ਼ਾਨ ਗਹਿ ਗਹੇ ਗਾਢੇ[1],
ਗੁਰੁ ਜਨ ਵਾਸਹਿ[1] ਆਏ।
ਨਿਤ ਪ੍ਰਤਿ ਇਸੀ ਭਾਂਤਿ ਅਤਿ ਨੂਤਨ[1],
ਭੋਜਨ ਸ਼ਗਨ ਸੁਹਾਹੀਂ।
ਮੰਗਲ ਮੋਦ ਨਗਰ ਨਭ ਰਹਿ ਭਰ[1],
ਨਿਸ ਦਿਨ ਛਿਨ ਸਮ ਜਾਹੀਂ ॥੧੪੦॥
ਭੂਪ ਪਹਾਰਨਿ ਬਾਈ ਧਾਰਨਿ
ਕੇਰ, ਨਿਹਾਰਨਿ ਕੈਹੈਂ[1]।
ਅਚਰਜ ਮਾਨਿ ਕਹੈਂ ਆਪਸ ਮੈਂ,
ਸੁਨਜੋ ਨ ਪਿਖਜੋ ਇਸੈ ਹੈ[1]।
ਭੀਰ ਹਜਾਰੈਂ ਕੀ ਗੁਰੁ ਦ੍ਵਾਰੈਂ,
ਆਠ ਪਹਿਰ ਨਿਤਰੈ ਹੈ।
ਬਾਂਛਿਤ ਪਾਇ ਜਾਇ ਜਸ ਬਰਨੈ[1],
ਆਇ ਔਰ ਪੁਨ ਲੈਹੈਂ ॥੧੪੧॥
ਦੋਹਰਾ:
ਕੇਤਿਕ ਦਿਵਸ ਲਹੌਰੀਅਨਿ,
ਰਖੀ ਬਰਾਤ ਬਖਜਾਤ।
ਭੋਜਨ ਛੱਪਨ ਭਾਂਤਿ ਕੋ[1],
ਨਿਤ ਨਿਤ ਨਏ ਛਕਾਤਿ ॥੧੪੨॥
ਇਤ ਸਤਿਗੁਰੁ ਸਬਿ ਬਰਾਤ ਕੋ,
ਨਈ ਪੁਸ਼ਾਕ ਹਮੇਸ਼।
ਆਪ ਪਹਿਰ ਪਹਿਰਾਵਹੀਂ,
ਜਾ ਮੈਂ ਇਤਿਕ ਬਿਸ਼ੇਸ਼[1] ॥੧੪੩॥

[1](ਉਹਨਾਂ) ਪਾਣੀ ਦਿੱਤਾ (ਗੁਰਾਂ) ਹੱਥ ਧੋ ਲਏ।
[1]ਲਾਇਚੀ। [2]ਸੁਪਾਰੀ।
[1]ਵਧੇ ਭਾਵ ਗੁਰੂ ਜੀ ਉੱਠ ਕੇ ਚੱਲੇ, ਮੀਂਹ ਵਾਂਗ ਧਨ ਦੀ ਵਰਖਾ ਕੀਤੀ ਤੇ ਲਾਗੀਆਂ ਨੂੰ ਲਾਗ ਦਿੱਤੇ।
[1]ਤਕੜੇ (ਡੰਡੇ) ਫੜ ਫੜ ਕੇ ਧੌਂਸਿਆਂ ਤੇ ਮਾਰੇ ਭਾਵ ਜ਼ੋਰ ਨਾਲ ਧੌਂਸੇ ਵਜਾਏ।
[1]ਜੰਞ ਘਰ।
[1]ਨਵੇਂ।
[1]ਖ਼ੁਸ਼ੀਆਂ ਤੇ ਅਨੰਦ ਨਾਲ ਸ਼ਹਿਰ ਤੇ ਆਕਾਸ਼ ਭਰ ਰਿਹਾ ਹੈ।
[1]ਦੇਖਦੇ ਹਨ।
[1]ਇਹੋ ਜਿਹਾ (ਵਿਆਹ)।
[1]ਉਚਾਰਦੇ ਹਨ।
[1]ਛਿਪੰਜਾ (੫੬) ਤਰ੍ਹਾਂ ਦੇ।
[1]ਜਿਸ ਵਿੱਚ ਏਨੀ ਕੁ ਖ਼ਾਸ ਗੱਲ ਸੀ।

ਦਰਜੀ ਧੋਬੀ ਸੰਗ ਥੇ
ਤਿਨ ਤੈ ਧੁਵਾਇ ਸਿਲਾਇ।
ਜਥਾ ਜੋਗ ਦੈਹੈਂ ਸਬਿਨਿ,
ਲੋਗ ਲਖੈਂ ਨਹਿਂ ਕਾਇ[1] ॥ ੧੪੪ ॥

[1]ਕੋਈ ਨਹੀਂ ਜਾਣਦਾ ਸੀ।

ਦ੍ਵੈਯਾ ਛੰਦ:
ਇਕ ਦਿਨ ਰਜਕਨਿ[1] ਬਿਨਤੀ ਕੀਨੀ,
ਸਾਚੇ ਗੁਰੂ ਅਗਾਰੀ।
ਵਾਰਿਨ ਜੱਯੇ ਵਾਰਿ ਨ ਪੱਯੇ
ਬਸਨ ਸਫੱਯੇ ਕਾਰੀ[1] ॥ ੧੪੫ ॥

[1]ਧੋਬੀਆਂ ਨੇ।

[1]ਵਾਰਨੇ ਜਾਈਏ, ਪਾਣੀ ਨਹੀਂ ਲੱਭਦਾ, ਬਸਤ੍ਰ ਸਾਫ਼ ਕਰਨ ਲਈ।

ਸੁਨਿ ਗੁਰੁ ਦਹਮ[1], ਨੌਮ ਗੁਰੁ ਤੈ ਲੈ
ਆਗਜਾ, ਹ੍ਵੈ ਅਸਵਾਰੈਂ।
ਗਿਰ ਵਰ ਪਰ[1] ਚਢਿ ਬਰਛਾ ਮਾਰਜੋ,
ਸਮ੍ਰੱਥ ਸੁਖਦ ਉਦਾਰੈਂ।
ਕਹਜੋ ਨ ਸੰਗੋ ਸੰਗੋ ਨਿਸੰਗੋ,
ਕਰ ਸੰਗੋ ਊਖਾਰੋ[1]।

[1]ਦਸਵੇਂ ਸਤਿਗੁਰਾਂ।

[1]ਸ੍ਰੇਸ਼ਟ ਪਹਾੜ ਉੱਪਰ।

[1]ਸੰਗੋ ਨੂੰ ਕਿਹਾ ਤੁਸੀਂ ਸੰਗੋ ਨ ਨਿਸੰਗ ਹੋ ਕੇ ਹੱਥਾਂ ਨਾਲ (ਬਰਛਾ) ਪੁੱਟੋ।

ਨਿਕਸਜੋ ਨਾਂਹਿ ਤਾਂਹਿ ਤੈ ਹਾਰਜੋ,
ਪੁਨ ਦਸਮੇਸ਼ ਨਿਕਾਰੋ ॥ ੧੪੬ ॥
ਨਿਕਸੀ ਧਾਰਿ ਵਾਰਿ ਵਰ ਗੰਗਾ[1],
ਫਿਰਿ ਦੂਸਰ ਬਿਰਿ ਮਾਰਾ।
ਨਿਕਸਾਯੋ ਮਾਤਲ ਤੈ[1] ਸੋ ਗੁਰੁ,
ਜਮਨਾ ਜਲ ਊਭਾਰਾ[1]।
ਤ੍ਰਿਤੀ ਤਕਾਇ ਲਗਾਇ ਦੁਹਿਨਿ ਮਧਿ,
ਤ੍ਰਿਬੇਨੀ ਪ੍ਰਕਾਸੀ[1]।

[1]ਗੰਗਾ ਦੇ ਸ੍ਰੇਸ਼ਟ ਪਾਣੀ ਦੀ ਧਾਰ ਨਿਕਲੀ।

[1]ਮਾਮਾ (ਕਿਰਪਾਲ ਚੰਦ) ਜੀ ਤੋਂ।

[1]ਕੱਢਿਆ।

[1]ਤਿੰਨੇ ਨਦੀਆਂ (ਗੰਗਾ, ਜਮਨਾ, ਸਰਸੁਤੀ) ਪ੍ਰਗਟ ਕਰ ਦਿੱਤੀਆਂ।

ਭਈ ਬਹਾਰ ਬਾਰਿ ਬਹਿ ਚਾਲਜੋ,
ਬੇਸ਼ੁਮਾਰ ਬਰ ਰਾਸੀ[1] ॥ ੧੪੭ ॥

[1]ਖ਼ੁਸ਼ੀ ਹੋ ਗਈ, ਬਹੁਤਾ ਸ੍ਰੇਸ਼ਟ ਤੇ ਬੇ-ਹਿਸਾਬ ਪਾਣੀ ਵਗ ਟੁਰਿਆ।

ਜਗਤ ਜੀਵ ਪਿਖਿ ਸ਼ਕਤਿ ਭਗਤ ਭੇ[1],
ਅਬੈ ਲਗਤ ਸੋ ਬਹਿ ਹੈ[1]।

[1]ਭਗਤ (ਸੇਵਕ) ਹੋ ਗਏ।

[1]ਹੁਣ ਤਕ ਉਹ (ਪਾਣੀ) ਵੱਗਦਾ ਹੈ।

ਪਿਖੀਅਤਿ ਕੁੰਡ ਮੱਜਜੋ ਹਮ ਭੀ[1],
ਗੁਰੁ ਗਤਿ ਕੋਇ ਨ ਲਹਿ ਹੈ।
ਸ੍ਰੇਨੀ ਮੁਕਤਿ ਤ੍ਰਿਬੇਨੀ ਪ੍ਰਾਗੀ[1],
ਬਡ ਭਾਗੀ ਜਨ ਨ੍ਹਾਵਤਿ।
ਹਰਿ ਗਜਾਨ ਹਰਿ ਗਜਾਨ ਲਹੈ,
ਜੋ ਉਰਿ ਗੁਰ ਧਜਾਨ ਧਰਾਵਤਿ ॥ ੧੪੮ ॥
ਬਿਦਾ ਹੋਨ ਨਿਤ ਪ੍ਰਤਿ ਗੁਰੁ ਚਾਹੈਂ,
ਹਰਜਸ ਪਗ ਗਹਿ ਰਾਖੈ।
ਅਰਥ ਮੱਲ ਕਿਰਪਾਲ ਚੰਦ,
ਸਮਝਾਇਵ ਪੁਨ ਬਹੁ ਸਾਖੈ[1]।

[1]ਅਸੀਂ ਵੀ ਇਸ਼ਨਾਨ ਕੀਤਾ ਹੈ।

[1]ਇਹ ਪ੍ਰਾਗਰਾਜ ਦੀ ਤ੍ਰਿਬੇਣੀ (ਵਾਂਗ) ਮੁਕਤੀ ਦੀ ਪੌੜੀ ਹੈ।

[1]ਰਿਸ਼ਤੇਦਾਰਾਂ ਨੇ। (ਅ) ਸਿੱਖਿਆ ਦੇ ਕੇ। (ਏ) ਮਿਸਾਲਾਂ ਦੇ ਕੇ।

ਤੁਮਰਾ ਨੇਹੁ ਨਿਰਾਲਾ ਨਿਰਖਜੋ[1],
ਨਿਤ ਨੌਤਨ[1] ਨੁਤ ਨੀਕੈਂ[2]।
ਪੈ ਅਬਿ ਬਿਦਾ ਦੀਜੀਏ, ਯੌਂ ਹੀ
ਬਨੀ ਸਨਾਤਨ ਠੀਕੈ[1] ॥ ੧੪੯ ॥

[1]ਦੇਖਿਆ ਹੈ।

[1]ਨਵਾਂ। [2]ਚੰਗਾ ਉਸਤਤ ਯੋਗ।

[1]ਪੁਰਾਣੇ ਸਮੇਂ (ਤੋਂ ਇਹਰੀਤ) ਠੀਕ ਇਸੇ ਤਰ੍ਹਾਂ ਹੀ ਬਣੀ (ਆਈ ਹੈ)।

ਸੁਨਿ ਮਨ ਮਾਨਿ ਦਾਜ ਬਹੁ ਦੀਨੇ,
ਗਨਕ ਨ ਜੋ ਗਨ ਸਾਕੈ[1]।
ਮਿਲਿ ਮਿਲਿ ਨਾਰਿਨਿ ਮੰਗਲ ਗਾਇਓ,
ਮਹਾ ਮੋਦ ਮਨਿ ਪਾਕੈ।
ਸ੍ਰੀ ਜੀਤੋ ਜੀ ਕੀ ਮਾਤਾ,
ਤਿਹ ਪਤਿਬ੍ਰਤ ਧਰਮ ਸਿਖਾਯੋ।
ਪਤਿ ਅਨਕੂਲ ਸਦਾ ਰਤਿ ਪਦ ਮੈਂ,
ਪਤਿ ਪਰਮੇਸ਼ ਲਖਾਯੋ[1] ॥ ੧੫੦ ॥

[1]ਜੋ (ਦਾਜ) (ਗਨਕ) ਹਿਸਾਬੀ ਵੀ ਗਿਣ ਨਹੀਂ ਸਕੇ।

[1]ਪਤੀ ਦੇ ਅਨੁਸਾਰਰਹਿਣਾ, ਚਰਨਾਂ 'ਚ ਸਦਾ ਪ੍ਰੀਤਰੱਖਣੀ, ਪਤੀ ਨੂੰ ਪ੍ਰਮੇਸ਼ਰ ਜਾਨਣਾ।

ਪਰਮ ਪ੍ਰਿਯਾ ਪ੍ਰਾਨਨਿ ਸਮ ਪੁੱਤ੍ਰੀ,
ਪ੍ਰਤੀ ਪਜਾਰ ਪੁਨ ਪੁਨ ਕੈ[1]।
ਬਾਰਿ ਬਾਰਿ ਭਰਿ ਬਾਰਿ ਬਿਲੋਚਨ[1],
ਔਰਨਿ ਸੋਂ ਕਹਿ ਗੁਨ ਕੈ[1]।
ਕਤ ਸਿਰਜੀ ਬਿਧਿ[1] ਨਾਰਿ ਵਿਚਾਰੀ,

[1]ਪ੍ਰਾਣਾਂ ਵਾਂਗ ਬਹੁਤੀ ਪਿਆਰੀ ਪੁੱਤਰੀ ਨੂੰ ਬਾਰ ਬਾਰ ਪਿਆਰ ਕਰ ਕੇ।

[1]ਨੇਤ੍ਰਾਂ 'ਚ ਪਾਣੀ ਭਰਕੇ।

[1]ਵਿਚਾਰ ਕੇ।

[1]ਬਿਧਾਤੇ ਨੇ ਕਿਉਂ ਜਾਂ ਕਿਸ ਲਈ ਪੈਦਾ ਕੀਤੀ।

ਪਰਾਧੀਨ ਸਦ ਰਹਿ ਹੈ*।

*ਮਾਤਾ ਜੀਤੋ ਜੀ ਦੇ ਮਾਤਾ ਜੀ ਜੋ ਪੂਰਨ ਗੁਰਸਿੱਖੀ ਦੇ ਧਾਰਨੀ ਤੇ ਗੁਰਮਤਿ ਸਿਧਾਤਾਂ ਦੇ ਜਾਣੂ ਸਨ, ਉਹ ਇਸਤ੍ਰੀ ਜਾਤੀ ਦੀ ਪਰਾਧੀਨਤਾ ਤੇ ਉਸ ਦਾ ਮੋਹ ਵਿੱਚ ਫਸ ਕੇ ਜੂਨਾਂ 'ਚ ਪੈਣ ਦਾ ਜ਼ਿਕਰ ਕਰਨ, ਮੰਨਣ ਵਿੱਚ ਨਹੀਂ ਆਉਂਦਾ। ਗੁਰਮਤਿ ਅਨੁਸਾਰ 'ਨਰ ਮਨੁਖਾ ਨੋ ਏਕੁ ਨਿਧਾਨਾ' ਪ੍ਰਾਪਤ ਹੈ ਤੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦੇ ਸੁਨਹਿਰੀ ਮਹਾਂਵਾਕ ਦੇ ਨਿਤਨੇਮਣ ਮਾਤਾ ਜੀ ਇਹ ਉਪ੍ਰੋਕਤ ਵਾਕ ਕਦੇ ਵੀ ਨਹੀਂ ਕਹਿ ਸਕਦੇ ਕਿ ਬਿਧਾਤਾ ਨੇ ਇਸਤ੍ਰੀ ਹੀ ਕਿਉਂ ਪੈਦਾ ਕੀਤੀ। ਇਹ ਬਚਨ ਨਿਰੇ ਹਿੰਦੂ ਜਾਂ ਬ੍ਰਹਮਣੀ ਖ਼ਿਆਲ ਹਨ ਜੋ ਗੁਰਸਿੱਖਾਂ ਦੇ ਮੰਨਣ ਯੋਗ ਨਹੀਂ ਹਨ।

ਮਾਯਾ ਮੋਹ ਮਈ ਪਿਤ ਸੁਤ ਪਤਿ,
ਬਸਿ ਬਸਿ ਜੋਨਿਨਿ ਬਹਿ ਹੈ[1] ॥ ੧੫੧ ॥

[1]ਮਾਇਆ ਰੂਪ (ਮਾਤਾ) ਪਿਤਾ, ਪਤੀ, ਪੁੱਤਰ ਆਦਿ ਦੇ ਮੋਹ ਦੇ ਵੱਸ ਹੋ ਕੇ (ਬਸਿ) ਅਧੀਨਰਹਿ ਕੇ ਜੂਨਾਂ 'ਚਰੁੜ੍ਹਦੀ ਹੈ ਭਾਵ ਪੈਂਦੀ ਹੈ।

ਔਰ ਸਜਾਨੀ ਜੀਤੋ ਜੀ ਕੋ,
ਮਿਲਿ ਦ੍ਰਿਗਿ ਨੀਰ ਬਹਾਈ।
ਕਰੁਣਾਰਸ[1] ਬਿਸਤਾਰ[2] ਪਜਾਰ ਦੈ,
ਕਹੈਂ ਧੰਨਜ ਕੁਲਿ ਜਾਈ।
ਧੰਨਜ ਕੁੱਖ ਤੂੰ ਜਹਾਂ ਉਪੰਨੀ[1],
ਗੁਨਿ ਸਪੱਨਜ[1] ਸਬਿ ਕੰਨਜਾ।
ਰੂਪ ਰਾਸਿ ਕੁਲ ਕਰੀ ਉਜੇਰੀ,
ਪਤਿਬ੍ਰਤਿ ਧਰਮ ਅਨੰਨਜਾ[1] ॥ ੧੫੨ ॥

[1]ਰੋਂਦਿਆਂ ਹੋਇਆਂ। [2]ਬਹੁਤਾ।

[1]ਪੈਦਾ ਹੋਈ।

[1]ਸਹਿਤ।

[1]ਹੇ ਬਹੁਤੇ ਰੂਪ ਵਾਲੀ ਤੇ ਅਨੰਨਜ ਪਤੀ-ਬ੍ਰਤ ਧਰਮ ਵਾਲੀ! ਤੈਂ ਸਾਡੀ ਕੁਲਰੌਸ਼ਨ ਕਰ ਦਿੱਤੀ ਹੈ (ਅਨੰਨਜ-ਦੂਜੇ ਨਾਲ ਸੰਬੰਧ ਦਾ ਅਭਾਵ)।

ਦੁਲਭ ਜੁ ਪਦ[1] ਸੁਰ ਸਿੱਧ ਸਾਧਨ ਕੋ,
ਤੂੰ ਸੋ ਸਹਜ ਪਲੋਸੈਂ[1]।
ਮੂਰਤਿ ਮਦਨ ਮਨੋਹਰ ਹੇਰੀ,
ਤੁਵ ਸਬੰਧ ਹਮ ਓਸੈਂ[1]।

[1](ਗੁਰਾਂ ਦੇ) ਚਰਨ।

[1]ਪਲੋਸੇਂਗੀ, ਘੁੱਟੇਂਗੀ।

[1]ਤੇਰੇ ਸੰਬੰਧ ਕਰ ਕੇ ਅਸਾਂ ਉਸ (ਕਲਗੀਧਰ ਜੀ) ਦੀ ਕਾਮ (ਵਰਗੀ ਸੁੰਦਰ) ਮੂਰਤ ਦੇਖੀ ਹੈ।

ਪੁਨਾ ਪਾਲਕੀ ਰੁਦਤਿ ਚਢਾਈ,
ਨੈਨ ਬਹੀ ਜਲ ਧਾਰੇ।
ਸਾਸੁ ਧੀਰ ਧਰਿ, ਪੀਰ ਹਰਨ ਪਗ
ਗਹਿ, ਦ੍ਰਿਗਿ ਨੀਰਿ ਪਖਾਰੇ[1] ॥ ੧੫੩ ॥

[1]ਪੀੜਾ ਮੇਟਣ ਵਾਲੇ (ਗੁਰਾਂ ਦੇ) ਚਰਨ ਪਕੜ ਕੇ ਨੇਤ੍ਰਾਂ ਦੇ ਜਲ ਨਾਲ ਧੋਤੇ।

ਬਿਦਾ ਤਿਲਕ ਦੈ, ਫਿਦਾ ਕੀਨ ਮਨ[1],
ਖਿਦਾ[1] ਸੋਕ ਕੈ ਬੋਲੀ।
ਅਹੋ ਲਾਲ ! ਮਮ ਸੁਤਾ ਲਾਡਲੀ,
ਅਜੋਂ ਬਾਲ ਹੈ ਭੋਲੀ।
ਇਸ ਪਰ ਕ੍ਰਿਪਾ ਕਰਤਿ ਸਦ ਰਹੀਓ,
ਜਾਨ ਗੁਲਾਮ ਚਰਨ ਕੀ।
ਮਾਫ ਕਰਜੋ ਤਕਸੀਰ[1] ਯਾਹਿ ਕੀ,
ਤੁਮ ਸਮ ਧੀਰ ਧਰਨ ਕੀ[1] ॥ ੧੫੪ ॥

[1]ਮਨ ਕੁਰਬਾਨ ਕਰ ਦਿੱਤਾ।
[1]ਦੁੱਖ।
[1]ਗ਼ਲਤੀ।
[1]ਤੁਹਾਡੇ ਵਾਂਗ ਧਰਤੀ ਦੀ ਧੀਰਜ ਹੈ ਭਾਵ ਤੁਸੀਂ ਵੱਡੇ ਧੀਰਜਵਾਨ ਹੋ।

ਕਰੁਨਾ ਐਨ[1] ਬੈਨ ਸੁਨਿ ਸਸੁ ਕੇ,
ਨੈਨ ਸਜਲ ਕਰਿ ਬੋਲੇ।
ਮਿਦੁਲ[1] ਮਧੁਰ[2] ਮਨੋਹਰ[3] ਮਾਨਦ[11],
ਮੋਖਦ[1] ਅਮਲ[2] ਅਮੋਲੇ।
ਜੋ ਤੁਮ ਦੇਤਿ ਸਿਖਾਵਨਿ[1] ਮਾਈ,
ਹਮ ਰਹਿਂ ਸਦ ਅਨੁਸਾਰੀ।
ਸ੍ਰੀ ਗੁਰੁ ਨਾਨਕ ਭਲੀ ਕਰੈਂਗੇ,
ਧੀਰ ਧਰੋ ਦਿਢ ਭਾਰੀ ॥ ੧੫੫ ॥
ਕੇਸਰ ਅਤਰ ਗੁਲਾਬ ਛਿਰਕ ਕੈ,
ਅਧਿਕ ਗੁਲਾਲ[1] ਉਡਾਏ।

[1]ਕਿਰਪਾ ਦੇ ਘਰ।
[1]ਕੋਮਲ। [2]ਮਿੱਠੇ। [3]ਸੁੰਦਰ। [11]ਸਤਿਕਾਰ ਦੇਣ ਵਾਲੇ।
[1]ਮੁਕਤੀ ਦੇਣ ਵਾਲੇ। [2]ਨਿਰਮਲ।
[1]ਸਿਖਿਆਵਾਂ।
[1]ਲਾਲੇ ਦੇ ਫੁੱਲ ਦੇਰੰਗ ਵਰਗਾ ਸੰਘਾੜੇ ਆਦਿ ਦਾ ਰੰਗੀਨ ਆਟਾ।

ਅਤਿ ਆਨੰਦ ਯੁਤ ਬਿਦਾ ਹੋਇ,
ਚਲਿ ਪੁਰਿ ਅਨੰਦ ਭਲ ਆਏ।
ਬਗਰ ਬਜ਼ਾਰ ਅਗਾਰਨ ਪਰ[1],
ਨਰ ਨਾਰਿ ਚਢੇ ਦਰਸਾਹੀਂ।
ਅਤਿ ਉਤਸ਼ਾਹ ਬਜਾਹਿ ਕੌ ਪਿਖ ਕੈ,
ਸੁਰ ਨਰ ਬਲ ਬਲ ਜਾਹੀਂ ॥ ੧੫੬ ॥
ਗਾਵਤਿ ਗੀਤ ਪੁਨੀਤ ਰੀਤਿ ਯੁਤ,
ਦਰ ਪਰ ਕੋਕਲ ਬੈਨੀ।
ਗੁਜਰੀ ਮਾਤ ਸਮਾਤਿ ਨ ਅੰਗਨਿ[1],
ਹਰਖਿ ਨਿਰਖਿ ਛਬਿ ਨੈਨੀ[1]।

[1]ਵਿਹੜਿਆਂ ਤੇ ਬਾਜ਼ਾਰਾਂ ਵਿੱਚ ਅਤੇ ਘਰਾਂ ਦੇ ਉੱਪਰ।
[1]ਅੰਗਾਂ ਵਿੱਚ।
[1]ਅੱਖਾਂ ਨਾਲ ਸੋਭਾ ਦੇਖ ਕੇ ਖ਼ੁਸ਼ੀ ਨਾਲ।

ਦੁਲਹਾ ਦੁਲਹਨਿ ਕੋ ਪਿਖਿ ਪੁਲਕੀ,
ਪੀਓ ਵਾਰ ਵਰ ਵਾਰੀ[1]।

[1]ਲਾੜੇ ਲਾੜੀ ਨੂੰ ਦੇਖ ਕੇ ਖ਼ੁਸ਼ੀ 'ਚਰੋਮ ਖੜੇ ਹੋ ਗਏ, ਚੰਗਾ ਪਾਣੀ ਵਾਰ ਕੇ ਪੀਤਾ।

ਜੀਵੋ ਜੋੜੀ ਜਬਿ ਲੌ ਰਵਿ ਸਸਿ,
ਲੇਤਿ ਬਲੱਈਯਾਂ[1] ਸਾਰੀ ॥ ੧੫੭ ॥

[1]ਬਲਾਵਾਂ (ਆਫ਼ਤਾਂ)।

ਰੂਪ ਅਨੂਪ ਦੁਲਹਨੀ ਕੋ ਪਿਖਿ,
ਮੁਖ ਦਿਖਾਉਨੀ ਦੈਹੈ।
ਬਾਰਹਿ ਬਾਰ ਸਨੁਖਹਿ[1] ਪਜਾਰ ਦੈ,
ਮਾਤ ਪ੍ਰਮੋਦ ਬਢੈ ਹੈ।

[1]ਨੂੰਹ ਨੂੰ।

ਛੱਲਾ ਮੁੰਦ੍ਰੀ ਛੰਦ* ਖਿਲਾਏ[1],

[1]ਪਰਾਤ 'ਚ ਪਾਣੀ ਪਾ ਕੇ ਛੱਲਾ ਜਾਂ ਮੁੰਦ੍ਰੀ ਵਿੱਚ ਸੁੱਟ ਕੇ ਲਾੜੇ ਲਾੜੀ ਨੂੰ ਖਿਡਾਉਂਦੇ ਤੇ ਛੰਦ ਬੁਲਵਾਉਂਦੇ ਹਨ। *ਛੱਲਾ-ਮੁੰਦ੍ਰੀ ਨਾਲ ਲਾੜੇ ਲਾੜੀ ਨੂੰ ਖਿਡਾਉਣਾ ਤੇ ਛੰਦ ਬੁਲਵਾਉਣੇ ਇਹ ਮਨਮਤੀ ਰੀਤਾਂ ਹਨ ਇਨ੍ਹਾਂ ਦਾ ਗੁਰਮਤਿ ਰਹੁ-ਰੀਤ ਨਾਲ ਕੋਈ ਸਬੰਧ ਨਹੀਂ। ਗੁਰਸਿੱਖਾਂ ਦੀ ਹਰ ਰਹੁ-ਰੀਤ ਵਾਹਿਗੁਰੂ ਜੀ ਦੀ ਯਾਦ ਨਾਲ ਸਬੰਧਤ ਹੁੰਦੀ ਹੈ।

ਜਾਨਿ ਜਾਨਿ ਗੁਰੁ ਹਾਰੈਂ।
ਕੀਨ ਰਹੱਸ ਹੱਸਿ ਹਸਿ ਬਸਜ[1],

[1]ਹਾਸੇ ਨੂੰ (ਬਸਜ) ਆਪਣੇ ਕਾਬੂ 'ਚਰੱਖ ਕੇ (ਰਹੱਸ) ਗੁਪਤ ਹਾਸਾ ਹੱਸਿਆ।

ਜਸੁ ਸਾਰਦ[1] ਸਕਿ ਨ ਉਚਾਰੈਂ ॥ ੧੫੮ ॥

[1]ਸਰੁਸਤੀ।

ਨੈਨ ਜੀਹ[1] ਬਿਨ ਜੀਹ ਨੈਨ ਬਿਨ,
ਯਾਂ ਤੇ ਭਏ ਲਚਾਰੇ।

[1]ਜ਼ਬਾਨ।

ਬਜਾਹਿ ਪ੍ਰਸੰਗ ਉਮੰਗ ਸੁਨੈ ਜੋ,
ਸੋ ਪ੍ਰਮੋਦ ਨਿਹਾਰੇ[1]।

[1]ਅਨੰਦ ਦੇਖੇਗਾ।

ਨੇਮ ਸਪ੍ਰੇਮ ਪਢੈ ਸੁਨਿ ਹੈ ਨਿਤ,
ਉਰਿ ਗੁਰੁ ਧਜਾਨ ਧਰੈ ਹੈ।
ਅਪਨੋ ਯਾ ਨਿਜ ਸੁਤ ਕੋ ਸ਼ੀਘਰ,
ਬਜਾਹਿ ਬਿਨੋਦ[1] ਪਿਖੈ ਹੈ ॥ ੧੫੯ ॥

[1]ਕੌਤਕ, ਅਨੰਦ।

ਸ੍ਰੀ ਗੁਰੁ ਤੇਗ ਬਹਾਦਰ ਸਾਦਰ,
ਲਾਇ ਦਿਵਾਨ ਮਹਾਏ।
ਸਾਹਿਬਜ਼ਾਦਾ ਲਯੋ ਗੋਦ ਮੈਂ,
ਬੈਠੇ ਅਤਿ ਛਬਿ ਛਾਏ[1]।

[1]ਬਹੁਤ ਸੋਭਾ ਨਾਲ ਫਬ ਰਹੇ ਹਨ।

ਬ੍ਰਹਮ ਗਜਾਨ, ਬਿਵੇਕ[1], ਸਾਂਤਿ ਰਸ,

[1]ਵਿਚਾਰ।

ਬੀਰ, ਕਿ ਸ਼ਿਵ, ਗਣ ਨਾਥਾ[1]।
[1]ਗਣੇਸ਼।

ਧਰਮ, ਸੁਕ੍ਰਿਤ[1], ਵਿਰਾਗ, ਗਜਾਨ ਕਿਤਿ[2],
ਧੀਰਜ, ਉੱਦਮ ਸਾਥਾ ॥ ੧੬੦ ॥
[1]ਪੁੰਨ। [2]ਜਾਂ।

ਬਿਸ਼ਨੂ ਜਿਸ਼ਨੂ[1] ਸਸੀ[2] ਬਾਲ ਰਵਿ[3],
ਕੈ ਬ੍ਰਹਮ ਈਸ਼ ਸਦੇਹਾ[1]।
[1]ਇੰਦ੍ਰ। [2]ਚੰਦ। [3]ਸਵੇਰ ਦਾ ਸੂਰਜ।
[1]ਦੇਹ ਸਹਿਤ।

ਪ੍ਰਮਾਰਥ[1] ਪੁਰਖਾਰਥ[2] ਸੋਹਿਤਿ,
ਛਬਿ ਆਵਤਿ ਸਬਿ ਏਹਾ[1]।
[1]ਸਿਧਾਂਤ, ਤੱਤ। [2]ਪੁਰਸ਼ ਦੇ ਉੱਦਮ ਦਾ ਵਿਸ਼ਾ।
[1]ਇਹ ਸਾਰੀਆਂ ਸੋਭਾ (ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਤੇ ਕਲਗੀਧਰ ਜੀ ਦੇ ਇਕੱਠੇ ਬੈਠਣ ਸਮੇਂ) ਆ ਰਹੀਆਂ ਹਨ।

ਦਰਸ਼ਨ ਦੈ ਨਿਹਾਲ ਗੁਰੁ ਕਰਹੀਂ,
ਭਰਹੀਂ ਆਸ ਮਹਾਏ[1]।
[1]ਬਹੁਤੀਆਂ ਆਸਾਂ ਪੂਰੀਆਂ ਕਰਦੇ ਹਨ।

ਸਿਖ ਮਸੰਦ ਸੇਵਕਨਿ ਬਖਸ਼ਤਿ,
ਸਿਰੇਪਾਉ ਬਹੁ ਭਾਏ[1] ॥ ੧੬੧ ॥
[1]ਬਹੁਤ ਤਰ੍ਹਾਂ ਦੇ।

ਜਾਂਵੀ ਮਾਂਵੀ ਬਿਦਾ ਕਰੇ ਸਬਿ,
ਨਿਜ ਨਿਜ ਧਾਮ ਸਿਧਾਏ।
ਮਾਤ ਨਾਨਕੀ ਸ੍ਰੀ ਗੁਜਰੀ,
ਪਿਖਿ ਸੁਤੈਂ ਨੁਖੈਂ ਬਲ ਜਾਏ।

ਬਯ ਕਿਸ਼ੋਰ[1] ਸਬਿ ਛਬਿ ਕੈ ਮੰਦਰ,
ਸੁੰਦਰ ਜੋਰੀ ਚੋਖੀ[1]।
[1]ਕਿਸ਼ੋਰ ਉਮਰ ਦੇ (ਕਿਸ਼ੋਰ–੧੧ ਤੋਂ ੧੫ ਵਰ੍ਹੇ ਦੀ ਉਮਰ)।
[1]ਬਹੁਤੀ ਸੁੰਦਰ ਜੋੜੀ।

ਨੂਤਨ ਖੇਲ ਕ੍ਰਿਤ ਨਿਤ ਕਰਹੀਂ[1],
ਅਦਭੁਤ[1] ਅਮਲ[2] ਅਨੋਖੀ[3] ॥ ੧੬੨ ॥
[1]ਨਿੱਤ ਨਵੀਆਂ ਖੇਲਾਂ ਦੀ ਕਾਰ ਕਰਦੇ ਹਨ।
[1]ਅਸਚਰਜ। [2]ਨਿਰਮਲ। [3]ਨਵੇਂ ਢੰਗ ਦੀ।

ਚਾਲ ਚਿਤੌਨ[1] ਮੰਦ ਮੁਸਕਾਵਨ,
ਭਾਵਨਿ ਮਨਿ ਸਬਿ ਕਾਹੀ।
[1]ਦ੍ਰਿਸ਼ਟੀ, ਦੇਖਣੀ।

ਬਾਲ ਜੁਵਾ ਤਿਯ ਪੇਖਨਿ ਆਵਤਿ,
ਜਾਵਤਿ ਪਾਵਤਿ ਚਾਹੀ[1]।
[1]ਮਨ ਇੱਛਤ ਪਾ ਕੇ ਜਾਂਦੀਆਂ ਹਨ।

ਭੂਖਨ ਬਸਨ ਅਦੂਖਨ ਪੂਖਨ[1],
ਜਗਮਗ[1] ਜਰੇ ਜ੍ਹਾਹਰ।
[1]ਨਿਰਦੋਸ਼ ਸੂਰਜ (ਵਾਂਗ)।
[1]ਚਮਕ ਰਹੇ ਹਨ।

ਅੰਗ ਅੰਗ ਛਬਿ ਦੇਤਿ ਦੁਹਿਨ ਕੇ,
ਰਮਾ[1] ਬਿਸਨੁ ਜਨੁ ਜਾਹਰ ॥ ੧੬੩ ॥
[1]ਲੱਛਮੀ।

ਦੰਪਤ[1] ਕੋ ਪਿਖਿ ਸਬਿ ਸੁਖ ਪਾਵੈਂ,
ਫੁਲੀ ਮਨੋਰਥ ਬਾਰੀ[1]।
[1]ਜੋੜੀ (ਇਸਤ੍ਰੀ–ਪਤੀ)।
[1]ਬਗ਼ੀਚੀ।

ਸੋ ਸਰੂਪ ਗੁਰੁ ਮਮ ਉਰ ਵਾਸੋ,
ਹਰਿ ਗਜਾਨ ਬਲਿਹਾਰੀ ॥ ੧੬੪ ॥

ਦੋਹਰਾ:

ਸਤ੍ਰਹ ਸੈ ਪਰ ਤੀਸ ਮੈਂ[1],
ਤੇਈ ਹਾੜ ਦਿਨੀਨ[1]।
ਭਯੋ ਬਜਾਹਿ ਗੁਰੁ ਦਸਮ ਕੋ,
ਸ੍ਰੀ ਗੁਰੁ ਨੌਮਹਿਂ ਕੀਨ ॥ ੧੬੫ ॥
ਲਿਖਜੋ ਜੁ ਰਵਿ ਪ੍ਰਕਾਸ਼ ਮੈਂ[1],
ਦਹਿਮ ਨਹਿਮ ਗੁਰੁ ਕੇਰ[1]।
ਬਿਨ ਪਟਨੇ ਮੇਲਾਪ ਨਹਿਂ,
ਹੋਯੋ ਕਬਿ ਹੀ ਫੇਰਿ ॥ ੧੬੬ ॥
ਏਹੁ ਅਯੁਕਤਿਕ ਸਰਬਥਾ[1],
ਇਸ ਬਿਧਿ ਲਖੋ ਸੁਜਾਨ।
ਤੀਸ ਮਾਂਹਿ ਜਬਿ ਬਜਾਹਿ ਭਾ,
ਜੋ ਹੈ ਸਬਿਨਿ ਪ੍ਰਮਾਨ[1] ॥ ੧੬੭ ॥
ਬਰਸ ਅਢਾਹੀ ਬਜਾਹਿ ਤੈ,
ਪੀਛੇ ਸਤਿਗੁਰ ਜਾਇ।
ਦਿਲੀ ਮੈ ਤਨ ਜੌ ਤਜਜੋ,
ਇਹ ਤਿਹ ਕੂਰ ਕਰਾਇ[1] ॥ ੧੬੮ ॥

ਪੂਰਬ ਅਪਰ ਵਿਚਾਰ ਬਿਨ[1],
ਲਿਖਜੋ ਉਨੈ ਬਹੁ ਠੌਰ।
ਜੈਸੇ ਚਤੁਰਥ ਪਾਂਚਮੇਂ,
ਗੁਰੁ ਸੰਮਤ ਮੈ ਰੌਰ ॥ ੧੬੯ ॥
ਸੋਲਾਂ ਸੈ ਬਾਰਾਂ ਵਿਖੈ,
ਚਤੁਰਥ ਗੁਰੁ ਕਾ ਬਯਾਹਿ।
ਖੋੜਸ ਮੈ ਦਸਮੇ[1] ਲਿਖਜੋ
ਪੰਚਮ[1] ਪ੍ਰਗਟੇ ਆਇ ॥ ੧੭੦ ॥
ਪਰ ਉਰਿ ਧਰਿ ਉਪਕਾਰ ਵਰ[1],
ਹਮ ਬੰਦਤਿ ਹੈਂ ਤਾਂਹਿ।

[1]ਸਤਾਰਾਂ ਸੌ ਤੋਂ ਉੱਪਰ ਤੀਹ (੧੭੩੦ ਬਿ.)।
[1]ਦਿਨ ਨੂੰ।
[1]ਸੂਰਜ ਪ੍ਰਕਾਸ਼ ਵਿੱਚ।
[1]ਦਸਵੇਂ ਤੇ ਨੌਵੇਂ ਗੁਰਾਂ ਦਾ।
[1]ਸਾਰੇ ਥਾਈਂ ਦਲੀਲ ਰਹਿਤ ਹੈ।
[1]ਸਾਰਿਆਂ ਨੇ ਮੰਨਿਆ ਹੈ।
[1]ਇਹ (ਗੱਲ) ਤਿਸ (ਗੱਲ) ਨੂੰ ਝੂਠਾ (ਸਾਬਤ) ਕਰ ਦੇਂਦੀ ਹੈ।
[1]ਅੱਗਾ ਪਿੱਛਾ ਵਿਚਾਰੇ ਤੋਂ ਬਿਨਾਂ ਹੀ।
[1]੧੬੧੦ ਬਿ. ਨੂੰ।
[1]ਪੰਜਵੇਂ ਪਾਤਸ਼ਾਹ।
[1]ਪਰ ਹਿਰਦੇ ਵਿੱਚ ਉਹਨਾਂ ਦਾ ਉੱਤਮ ਉਪਕਾਰ ਧਾਰ ਕੇ।

ਗੁਰੁ ਕੀ ਬਹੁ ਗਾਥਾ ਕਥੀ,
ਅਤੀ ਸਪ੍ਰੇਮ ਉਛਾਹਿ ॥੧੭੧॥
ਬਾਂਧ ਗਏ ਭਵ ਸਿੰਧ ਪੈ,
ਗੁਰੁ ਗਾਥਾ ਵਹਿ ਸੇਤੁ[1]।

[1]ਸੰਸਾਰ ਸਮੁੰਦਰ ਉੱਤੇ ਗੁਰਾਂ ਦੀ ਕਥਾ ਦਾ ਉਹ ਪੁਲ ਬੰਨ੍ਹ ਗਏ।

ਹਮ ਸੇ ਚੀਟੇ ਆਸ੍ਰ ਜਿਹ,
ਲਖਿ ਪਹਿੰ ਪ੍ਰਭੂ ਨਿਕੇਤੁ[1] ॥੧੭੨॥

[1]ਸਾਡੇ ਵਰਗੇ ਕੀੜੇ ਜਿਸ ਦੇ ਆਸਰੇ ਲੰਘ ਕੇ ਪ੍ਰਭੂ ਦਾ ਘਰ ਪਾ ਲੈਣਗੇ।

ਨੌਮ ਗੁਰੂ ਉਤਸ਼ਾਹਿ ਕੀ,
ਬਜਾਹਿ ਦਸਮ ਕੀ ਗਾਥ।
ਗਾਇ ਧਜਾਇ ਇਹੁ ਪਾਇ ਸੁਖ,
ਗਯੋ ਥਿਰਾਇ ਸੁਪਾਥ[1] ॥੧੭੩॥

[1]ਚੰਗੇਰਸਤੇ 'ਤੇ ਠਹਿਰ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਯਾਨ ਸਿੰਘ ਵਿਰਚਿਤੇ 'ਦਸਮੇਂ ਗੁਰੂ ਕਾ ਬਜਾਹਿ ਉਛਾਹਿ, ਨੌਮ ਗੁਰੂ ਕਾ ਪ੍ਰਸੰਗ', ਬਰਨਨੰ ਨਾਮ ਅਠੱਤੀਸਮੋਂ ਬਿਸ੍ਰਾਮ ॥੩੮॥

੩੯. {ਹਿੰਦੂ ਧਰਮ ਦੀਰਖਿਆ ਲਈ ਦਿੱਲੀ ਨੂੰ ਜਾਂਦਿਆਂ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ ਆਗਰੇ ਪਹੁੰਚਣਾ}

ਸ੍ਵੈਯਾ:

ਜਾਂਹਿ ਅਸੀਸ ਅਨੀਸ ਅਤੀਸ,
ਕਰੇ ਅਵਨੀਸ ਅਬੀ ਸੁ ਦਿਖੀਸੈਂ[1]।

[1]ਜਿਨ੍ਹਾਂ ਦੀ ਅਸੀਸ ਦੇ (ਅਤੀਸ) ਬਹੁਤੇ (ਅਨੀਸ) ਅਨਾਥ, ਰਾਜੇ ਕੀਤੇ ਹੁਣ ਤਕ ਦਿੱਸਦੇ ਹਨ।

ਧਜਾਇ ਰਿਖੀਸ ਮੁਨੀਸ ਜੁਗੀਸ ਜਿਨੈ,
ਲਹਿਂ ਈਸ ਸੁ ਬਿਸ੍ਵੈ ਬੀਸੈਂ[1]।

[1]ਜਿਨ੍ਹਾਂ ਨੂੰ ਧਿਆ ਕੇ ਵੱਡੇ ਰਿਖੀ, ਮੁਨੀ ਤੇ ਜੋਗੀ ਨਿਸ਼ਚੇ ਕਰ ਕੇ ਈਸ਼੍ਵਰ ਨੂੰ ਪ੍ਰਾਪਤ ਕਰ ਲੈਂਦੇ ਹਨ।

ਮੰਗਲ ਮੋਦ ਮਹਾਂ ਸਤਿ ਸੰਗਤ,
ਗਜਾਨ ਹਰੀ ਚਹਿਤਾ ਬਖਸੀਸੈਂ[1]।

[1](ਉਨ੍ਹਾਂ ਗੁਰਾਂ ਤੋਂ) ਗਿਆਨ ਸਿੰਘ ਖ਼ੁਸ਼ੀ ਤੇ ਵੱਡੇ ਅਨੰਦ (ਦੀ ਦਾਤੀ) ਸਤਿ ਸੰਗਤ ਦੀ ਬਖ਼ਸ਼ਸ਼ ਚਾਹੁੰਦਾ ਹੈ।

ਸ੍ਰੀ ਹਰਿ ਰਾਇ ਸਹਾਇ ਸਦਾ,
ਸੁਖਦਾਇ ਧਿਆਇ ਨਿਵਾਇ ਕਿ ਸੀਸੈਂ[1] ॥੧॥

[1]ਸਦਾ ਸਹਾਇਕ ਤੇ ਸੁਖਾਂ ਦੇ ਦਾਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਸਿਰ ਨਿਵਾ ਕੇ ਧਿਆਉਂਦਾ ਹੈ।

ਦੋਹਰਾ:

ਜਾਨ ਈਮਾਨ[1] ਬਚਾਨ ਹਿਤ,
ਨੌਮ ਗੁਰੂ ਹਿੰਦੁਵਾਨ[1]।
ਜੈਂਹ ਆਗਰੇ ਜੈਸ ਬਿਧਿ,
ਸੋ ਅਬਿ ਸੁਨੋ ਸੁਜਾਨ ॥੨॥

[1]ਜਾਨ ਤੇ ਧਰਮ।
[1]ਹਿੰਦੂਆਂ ਦੀ।

ਚੌਪਈ:

ਜੇਤਕ ਥੇ ਬਿਵਾਹ ਮੈ ਆਏ।
ਸਬਿ ਸਿਤਕਾਰੇ[1] ਬਿਦਾ ਕਰਾਏ।
ਸੇਵਕ ਸਿੱਖ ਮਸੰਦ ਬ੍ਰਿੰਦੂ[1]।
ਮਿਲੇ ਸਬੀ ਕੋ ਫਲ ਮਨ ਚਿੰਦੂ[1] ॥੩॥
ਚਾਰੋਂ ਕੁਲ ਕੇ ਸਾਹਿਬਜ਼ਾਦੇ।
ਸਬਿ ਸਿਤਕਾਰੇ ਸਬਸੈਂ ਜ਼ਜਾਦੇ।
ਭਾਟ ਡ੍ਯੋਮ ਦਿਜ ਕਵਿ ਬਖਸੀਸੈਂ।
ਪਾਇ ਸਿਧਾਏ ਦੇਤਿ ਅਸੀਸੈਂ ॥੪॥
ਸਿੰਧੁ ਬੇਲ ਲੌ[1] ਕੀਰਤਿ ਜਾਈ।

[1]ਆਦਰ ਕਰਕੇ।
[1]ਸਾਰੇ।
[1]ਮਨ ਇੱਛਤ।
[1]ਸਮੁੰਦਰ ਦੇ ਕਿਨਾਰੇ ਤਕ (ਅ) ਬੇਲਾ, ਬੇਲਹ, ਟਾਪੂਆਂ ਤੱਕ।

ਪੁਰਿ ਪੁਰਿ ਫੈਲੀ ਸਸੀ ਜੁਨਾਈ[1]।

[1]ਚੰਦ ਦੀ ਚਾਨਣੀ (ਵਾਂਗ)।

ਹੁਤੀ ਗ੍ਰੀਖਮ ਰਿਤੁ[1] ਤਬਿ ਭਾਰੀ।
ਬਜਾਹਿ ਸੁ ਕੀਰਤਿ ਪਰੀ ਤੁਸਾਰੀ[1] ॥ ੫ ॥
ਗੁਰੁ ਸਿੱਖਨਿ ਉਰਿ ਸੀਤਲ ਕਾਰੀ।
ਸੁੱਭ੍ਰ ਗੁਨਨਿ ਮੋਤੀਆ ਬਾਰੀ[1]।
ਧਰੈਂ ਗਰੈਂ ਉਰਿ ਸਜਨ ਉਦਾਰੀ[1]।

ਮੇਘ ਸੁਜਸ ਗੁਰੁ ਜਨਿ ਉਪਕਾਰੀ[1] ॥ ੬ ॥

ਗੁਰੁ ਪ੍ਰਤਾਪ ਤਾਪ ਰਵਿ ਪਾਈ[1]।
ਕੁਪਤਿ ਕੁਕਰਮਨਿ ਅਵਨਿ ਤਪਾਈ[1]।
ਧੂਰ ਭੂਰ ਅਪਕੀਰਤਿ ਤੁਰਕੈਂ[1]।
ਪੂਰ ਰਹੀ ਮਧ ਨਭ ਸਭਿ ਉਰ ਕੈ[1] ॥ ੭ ॥
ਲੂਹਤ ਲੋਇ, ਤ੍ਰੁਕੇਸਨਿ ਜੁਲਮੀ[1]।

ਤਪਸ਼ ਅਨੀਤੀ ਅਤੀ ਅਤੁਲਮੀ[1]।
ਦਿਨ ਅਨੱਜਾਇ ਬਢ ਰਹਾ ਬਿਹੱਦੀ[1]।
ਡਰ ਪਰਸੀਨਾ ਗਰਮੀ ਤੱਦੀ[1] ॥ ੮ ॥
ਆਭਾ ਬਨਸਪਤੀ ਹਿੰਦੁਵਾਨੀ।
ਉਡੀ, ਸ੍ਰੁਤਿ ਧਰਮ ਸੂਕਜੋ ਪਾਨੀ[1]।

ਜੱਗ ਹੋਮ ਘਨ[1] ਨਜ਼ਰ ਨ ਪਰਹੀਂ।
ਮਿਰੱਗਨਿ ਸਮ ਸੁਰ[1] ਪਜਾਸੇ ਮਰਹੀਂ ॥ ੯ ॥
ਕੋਵਿਦ ਮੇਂਡਕ ਮੀਨ ਮੁਰਝਾਏ[1]।
ਅਰਕ ਤੁਰਕ[1] ਫੂਲੇ ਬਹੁ ਭਾਏ।
ਮਦੇ ਮੌਲਵੀ ਝੀਂਗ੍ਰ ਝਿੰਗਾਰੈਂ[1]।
ਬਾਂਗੈਂ ਦੇਤਿ ਭੂਤ ਕਿਲਕਾਰੈਂ[1] ॥ ੧੦ ॥
ਕਾਂਸੀ ਕਸ਼ਮੀਰਾਦਿ ਠਿਕਾਨੇ।
ਬੇਦ ਧਰਮ ਕੇ ਝੀਲ ਸੁਕਾਨੇ[1]।
ਜਾਡਾ ਜ਼ੋਰ ਹਿੰਦੁ ਕਾ ਨਾਸਾ[1]।
ਮਤ ਮੁਹੰਮਦੀ ਫੈਲਿ ਜੁਵਾਸਾ[1] ॥ ੧੧ ॥
ਬਕਰੀ ਭੇੜੀ ਸਮ[1] ਦਿਜ ਖੱਤ੍ਰੀ।

[1]ਗਰਮੀ ਦੀ ਰੁੱਤ।
[1]ਬਰਫ਼ ਪੈ ਗਈ।

[1]ਉੱਜਲ ਗੁਣਾਂ ਰੂਪ ਮੋਤੀਏ ਦੇ ਫੁੱਲਾਂ ਦੀ ਬਗ਼ੀਚੀ ਹੈ।
[1]ਸ੍ਰੇਸ਼ਟ ਸੱਜਣ ਉਹਨਾਂ ਗੁਣਾਂ ਨੂੰ ਹਿਰਦੇ ਰੂਪ ਗਲ 'ਚ ਧਾਰਦੇ ਹਨ।
[1]ਗੁਰਾਂ ਦਾ ਸ੍ਰੇਸ਼ਟ ਜਸ ਰੂਪ ਬੱਦਲ ਦਾਸਾਂ 'ਤੇ ਉਪਕਾਰ ਕਰਨ ਵਾਲਾ ਹੈ।

[1]ਗੁਰਾਂ ਦੇ ਪ੍ਰਤਾਪ ਰੂਪ ਸੂਰਜ ਦੀ ਤਪਸ਼ ਪਾ ਕੇ।
[1]ਖੋਟੇ ਕਰਮਾਂ ਨੇ ਕ੍ਰੋਧਵਾਨ ਹੋ ਕੇ ਧਰਤੀ ਤਪਾ ਦਿੱਤੀ।
[1]ਤੁਰਕਾਂ ਦੀ ਨਿੰਦਾ ਰੂਪ ਬਹੁਤੀ ਧੂੜ।
[1]ਸਾਰਿਆਂ ਦੇ ਹਿਰਦੇ ਰੂਪ ਅਕਾਸ਼ ਵਿੱਚ ਭਰ ਰਹੀ ਹੈ।
[1]ਤੁਰਕਾਂ ਦੇ ਬਾਦਸ਼ਾਹਾਂ (ਔਰੰਗਜ਼ੇਬ ਆਦਿ) ਦੀ ਜ਼ੁਲਮ ਰੂਪੀ ਲੋਅ ਸਾੜ ਰਹੀ ਹੈ।

[1]ਖੋਟੀ ਨੀਤੀ ਦੀ ਤਪਸ਼ ਤੋਲਣ ਤੋਂ ਰਹਿਤ ਬਹੁਤੀ ਹੋ ਗਈ।
[1]ਅਨਿਆਇ ਰੂਪ ਦਿਨ ਹੱਦੋਂ ਬਹੁਤਾ ਵਧ ਰਿਹਾ ਹੈ।
[1]ਡਰ ਰੂਪ ਮੁੜ੍ਹਕਾ ਤੇ ਧੱਕਾ ਰੂਪ ਗਰਮੀ (ਵਧ ਰਹੀ ਹੈ)।

[1]ਹਿੰਦੂ ਕੌਮ ਰੂਪ ਬਨਸਪਤੀ ਦੀ ਚਮਕ ਉੱਡ ਗਈ ਤੇ ਵੇਦਾਂ ਦਾ ਧਰਮ ਰੂਪ ਪਾਣੀ ਸੁੱਕ ਗਿਆ।

[1]ਬੱਦਲ।
[1]ਦੇਵਤੇ।
[1]ਪੰਡਿਤਾਂ ਰੂਪ ਡੱਡੂ ਤੇ ਮੱਛੀ ਮੁਰਝਾ ਗਏ।
[1]ਤੁਰਕਾਂ ਰੂਪ ਅੱਕ।
[1]ਹੰਕਾਰੀ ਮੌਲਵੀ ਬਿੰਡਿਆਂ ਵਾਂਗ ਬੋਲਦੇ ਹਨ।
[1]ਭੂਤ ਚੀਕਾਂ ਮਾਰਦੇ ਹਨ।

[1]ਵੇਦ ਧਰਮ ਦੀਆਂ ਝੀਲਾਂ ਸੁੱਕ ਗਈਆਂ।
[1]ਹਿੰਦੂਆਂ ਦਾ ਜ਼ੋਰ ਰੂਪ ਪਾਲਾ ਨਾਸ ਹੋ ਗਿਆ।
[1]ਮੁਸਲਮਾਨੀ ਮੱਤ ਰੂਪ ਜਵਾਹਾਂ ਫੈਲ ਗਿਆ।
[1]ਭੇਡ ਵਾਂਗ।

ਬੋਦੀ ਊਨ[1] ਜਾਤਿ ਉਨਿ ਕਤਰੀ।
ਕਾਜੀ ਕੂਕਰ ਬਹੁ ਹਲਕਾਏ[1]।
ਨਿਜ ਸਮ[1] ਲੋਗਹਿਂ ਕਾਟ ਬਨਾਏ ॥ ੧੨ ॥
ਮਿਟੈ ਨਾ ਪਜਾਸ ਪੀਐਂ ਬਹੁ ਪਾਨੀ।
ਸਬਰ ਤਰਸ ਨਹਿਂ ਜਜੋਂ ਤੁਰਕਾਨੀ।
ਸਿੱਧ ਸਾਧੁ ਸੁਰ ਸ਼ਕਤੀ ਮੰਦਰ[1]।
ਬੈਠੇ ਛਪਿ ਇਸਰਾਫ ਸੁ ਅੰਦਰ[1] ॥ ੧੩ ॥

ਸ਼ਾਹੀ ਹੁਕਮ ਤੁਫਾਨ ਬੁਲਿੰਦੈ।
ਆਵਤਿ, ਤੁਰਕ ਬਨਾ ਲੌ ਹਿੰਦੈ।
ਫਿਰਤਿ ਅਹਿਦੀਏ[1] ਅਧਿਕ ਬਘੂਰੇ[2]।
ਉਡਤਿ ਪੱਤ੍ਰ ਹਿੰਦਵਾਇਨ ਪੂਰੇ[1] ॥ ੧੪ ॥
ਤਪੈ ਹਿੰਦੁ ਅਵਨੀ ਇਵ ਆਵੈ[1]।

ਔਰੰਗ ਅਰਕ ਅਗਨਿ ਬਰਸਾਵੈ[1]।
ਬਜਾਕੁਲ ਪ੍ਰਭੁ ਪੈ ਬਿਨੈ ਅਲਾਵੈ।
ਪਠੋ ਮੇਘ ਕੁਛ ਸਾਂਤੀ ਆਵੈ ॥ ੧੫ ॥
ਰੱਖਕ ਹਮਰਾ ਹੇ ਜਗ ਸ੍ਵਾਮੀ।
ਗਰਜੈ ਬਰਸੈ ਪੂਰਨ ਕਾਮੀ[1]।
ਗਰਮੀ ਖੁਸ਼ਕੀ ਹਾਕਮ ਕੇਰੀ।
ਦਬੈ ਭਵੈ ਹਤ[1] ਤੋ ਇਕ ਬੇਰੀ ॥ ੧੬ ॥
ਦੈਵੀ ਗੁਨਿ ਸਬਜ਼ੀ ਤੁਛ ਭਈ[1]।
ਗਰਦੀ ਗਰਦ[1] ਜਿਤੈ ਕਿਤ ਛਈ।
ਰਾਹ ਜ਼ਨ[1] ਚੋਰ ਡਕੈਤ[2] ਲਵਾਰੂ[3]।
ਫੈਲੇ ਕੰਟਿਕ ਦੁਖਦ[1] ਅਪਾਰੂ ॥ ੧੭ ॥
ਬਿਖੇ ਬਿਕਾਰ[1] ਆਸੁਰੀ ਸੰਪਤਿ।
ਸਤਜ਼ਾਨਾਸੀ ਫੂਲੀ ਕੰਪਤਿ[1]।

ਖੁਸ਼ਕੀ ਬਢੀ ਗਰੂਰਤ[1] ਤੁਰਕੈਂ।
ਆਮਰ[1] ਫਲੇ ਕਹੂੰ ਸਿੱਖ ਗੁਰੁ ਕੈਂ ॥ ੧੮ ॥

[1]ਬੋਦੀ ਰੂਪ ਉੱਨ।
[1]ਕੁੱਤੇ ਹਲਕ ਗਏ।
[1](ਹਲਕੇ ਕੁੱਤੇ ਵਾਂਗ) ਆਪਣੇ ਵਰਗਾ।
[1]ਸ਼ਕਤੀ ਦੇ ਘਰ ਦੇਵਤੇ।
[1]ਇਸਰਾ ਫ਼ੀਲ ਫ਼ਰਿਸ਼ਤੇ ਵਾਂਗ ਲੁੱਕ ਕੇ ਅੰਦਰ ਬੈਠ ਗਏ। (ਇਸਰਾਫ਼ੀਲ– ਇਹ ਪ੍ਰਲਯ ਸਮੇਂ ਤੁਰੀ ਵਜਾਏਗਾ ਜਿਸ ਨਾਲ ਮੁਰਦੇ ਕਬਰਾਂ 'ਚੋਂ ਉਠ ਖੜਨਗੇ।)
[1]ਸਿਪਾਹੀ। [2]ਵਾ–ਵਰੋਲਿਆਂ (ਵਾਂਗ)।
[1]ਬਹੁਤੇ।
[1]ਹਿੰਦੂਆਂ ਰੂਪ ਤਪਦੀ ਧਰਤੀ ਵੇਖ ਕੇ ਐਉਂ (ਮਨ 'ਚ ਖ਼ਿਆਲ) ਆਉਂਦਾ ਹੈ।
[1]ਔਰੰਗਾ ਰੂਪ ਸੂਰਜ ਅੱਗ ਦੀ ਵਰਖਾ ਕਰ ਰਿਹਾ ਹੈ।
[1]ਕਾਮਨਾ ਪੂਰੀਆਂ ਕਰਨ ਵਾਲਾ।
[1]ਨਾਸ ਹੋ ਜਾਵੇ।
[1]ਹਰਿਆਵਲਤਾ ਘਟ ਗਈ ਹੈ।
[1]ਹਲਚਲੀ ਰੂਪ ਧੂੜ।
[1]ਰਾਹ ਮਾਰ। [2]ਡਾਕੂ। [3]ਬਕਵਾਸੀ।
[1]ਦੁਖਦਾਈ ਕੰਡੇ।
[1]ਅਉਗਣ।
[1]ਆਸਰੀ ਸੰਪਦਾ ਰੂਪ ਸਤਿਆਨਾਸੀ ਬੂਟੀ ਫੁੱਲ ਕੇ ਝੂਲ ਰਹੀ ਹੈ।
[1]ਹਉਮੈ ਦੀ ਖ਼ੁਸ਼ਕੀ ਵਧ ਗਈ ਹੈ।
[1]ਅੰਬ।

ਤੁਰਕ ਤਮਾਕੂ ਪਰ ਇਕ ਸਬਜ਼ੀ[1]।
ਆਮਲ ਅਮਲ ਗ੍ਰਾਸੇ ਕਬਜ਼ੀ[1] ॥ ੧੯ ॥

[1]ਹਰਿਆਈ ਹੈ।
[1]ਅਹਿਲਕਾਰ (ਆਪਣੇ ਮਾੜੇ) ਕਰਮਾਂ ਦੀ ਕਬਜ਼ੀ ਵਿੱਚ ਫਸੇ ਹੋਏ ਹਨ।

ਦੋਹਰਾ:
ਸਰਦੀ ਬੈਦਕ ਰੀਤਿ ਨਹਿੰ,
ਸੁਨੀਅਤਿ ਬਿਨਾ ਪਹਾਰ[1]।
ਗਰਮੀ ਸ਼ਰ੍ਹਾ ਮੁਹੰਮਦੀ,
ਗ੍ਰਾਸਜੋ ਸਬਿ ਸੰਸਾਰ ॥ ੨੦ ॥

[1](ਵੱਡੇ ਧਰਮ ਅਸਥਾਨਾਂ ਰੂਪ) ਪਹਾੜ ਤੋਂ ਬਿਨਾਂ।

ਚੌਪਈ:
ਔਰੰਗਜ਼ੇਬ ਕੁਚਾਲੀ[1] ਭਾਰੀ।
ਬਦਨੀਤੀ ਯਾ ਬਿਧਿ ਬਡ ਧਾਰੀ।
ਆਰਯ ਵਰਤ ਮਾਹਿੰ ਜੇ ਆਰਯ[1]।
ਚਾਹਿਤ ਕਰਜੋ ਸਬਿਨਿ ਕੋ ਖਾਰਯ[1] ॥ ੨੧ ॥
ਦੰਡ ਜੇਜੀਏ[1] ਊਪਰ ਹਿੰਦੈਂ।
ਲਾਏ, ਜਜੋਂ ਦੁਖ ਪਾਇਂ ਬੁਲਿੰਦੈਂ।
ਬਨੇ ਘਨੇ ਮੁਸਲੇ ਇਸ ਭਾਏ।
ਲਾਲਚ ਦੈ ਪੁਨ ਕਿਤਿਕ ਬਨਾਏ ॥ ੨੨ ॥
ਛਲ ਫਰੇਬ ਬਲ ਚਲਿ ਕੁਛ ਮੇਲੇ[1]।
ਜਬਰੀ[1] ਜ਼ੁਲਮੀ ਕਰਿ ਬਹੁ ਠੇਲੇ[2]।
ਹਿੰਦੁਨ ਕੇ ਦੇਵਲ[1] ਗਿਰਵਾਏ।
ਤਹਾਂ ਮਸੀਤੈਂ ਦਈ ਬਨਾਏ ॥ ੨੩ ॥
ਉਤੈ ਅਸਾਮ ਇਤੈ ਕਸ਼ਮੀਰੈਂ।
ਸਿੰਧ ਕਾਠੀਆ ਵਾੜ ਤਗੀਰੈਂ[1]।
ਸੇਤ ਬੰਧੁ[1] ਰਾਮੇਸ਼੍ਵਰ[2] ਤਾਂਈ।

[1]ਖੋਟੀ ਚਾਲ।
[1]ਹਿੰਦੁਸਤਾਨ ਵਿੱਚ ਜਿਹੜੇ ਸ੍ਰੇਸ਼ਟ ਪੁਰਸ਼ ਹਨ।
[1](ਹਿੰਦੂ ਧਰਮ 'ਚੋਂ) ਬਾਹਰ ਕਰਨਾ ਚਾਹੁੰਦਾ ਹੈ।
[1]ਹਿੰਦੂਆਂ ਤੇ ਲੱਗਾ ਟੈਕਸ।
[1]ਜ਼ੋਰ ਚਲਾ ਕੇ ਕੁਝ ਨਾਲ ਮਿਲਾ ਲਏ।
[1]ਧੱਕਾ। [2]ਦਬਾ ਲਏ।
[1]ਮੰਦਰ।
[1](ਤੁਰਕਾਂ ਨੇ) ਖੋਹ ਲਏ।
[1]ਸਮੁੰਦਰ 'ਤੇ ਬਣਾਇਆਰਾਮ ਚੰਦਰ ਜੀ ਦਾ ਪੁਲ। [2]ਰਾਮ ਚੰਦਰ ਜੀ ਦਾ ਦੱਖਣ ਵਿੱਚ ਸਮੁੰਦਰ ਕਿਨਾਰੇ ਅਸਥਾਪਨ ਕੀਤਾ ਸ਼ਿਵਲਿੰਗ।

ਜਗਨ ਨਾਥ ਲੌ ਦੇਸ ਮਹਾਂਈਂ ॥ ੨੪ ॥
ਹਾਕਮ ਤੁਰਕ ਬਨਾਏ ਸਾਰੇ।
ਦੀਨੇ ਸਬਿ ਕੋ ਹੁਕਮ ਕਰਾਰੇ।
ਜਜੋਂ ਤਜੋਂ ਹਿੰਦੁਹਿੰ ਤੁਰਕ ਬਨਾਵੋ।
ਤਬਿ ਤੁਮ ਮਰਤਬ ਆਲੇ[1] ਪਾਵੋ ॥ ੨੫ ॥

[1]ਉੱਚੇ ਅਹੁਦੇ।

ਸੋ ਦਬਾਉ ਕਿਛ ਲਾਲਚ ਦੈ ਕੈ।
ਲਾਖਨਿ ਕੋ ਨਿਤ ਤੁਰਕ ਬਨੈ ਕੈ।
ਜਿਨੈ ਨ ਮਾਨਜੋ ਅਤਿ ਹਠ ਕੈ ਕੈ।
ਮਾਰੇ ਸੋ ਕੁਮੌਤ ਦੁਖ ਦੈ ਕੈ ॥੨੬॥
ਸਬਿ ਦੇਸਨਿ ਤੈ ਤੱਗ[1] ਜੁ ਆਵੈ। [1]ਜਨੇਊ।
ਰੋਜ਼ ਜੁਮੇ ਕੇ[1] ਸ਼ਾਹਿ ਤੁਲਾਵੈ। [1]ਸ਼ੁਕਰਵਾਰ ਦੇ ਦਿਨ।
ਜੌ ਨ ਸਵਾ ਮਣ ਹੋਵੈਂ ਪੂਰੇ।
ਤਬੈ ਹਾਕਮਨਿ ਕੋ ਬਹੁ ਘੂਰੇ ॥੨੭॥
ਦੋਹਰਾ:
ਪਰੀ ਭੀਰ[1] ਹਿੰਦੁਵਾਨ ਪਰ, [1]ਬਿਪਤਾ।
ਆਨਿ ਜਬੈ ਇਸ ਭਾਂਤਿ।
ਸਖਤ ਦੁਖਤਿ ਹ੍ਵੈ ਵਖਤ ਉਸ,
ਪੁਨ ਪੁਨ ਪ੍ਰਭਹਿਂ ਮਨਾਤਿ ॥੨੮॥
ਜੰਤ੍ਰ ਮੰਤਰ ਜੱਗ ਹੋਮ,
ਕਰਿ ਹਾਰੇ ਦੇਵ ਉਪਾਸ[1]। [1]ਦੇਵਤਿਆਂ ਦੀ ਉਪਾਸ਼ਨਾ।
ਨਾਹਿ ਸਹਾਯਕ ਭਯੋ ਕੋ,
ਅਤਿ ਹੀ ਬਢਜੋ ਤ੍ਰਾਸ ॥੨੯॥
ਤ੍ਰਿਕਾਲੱਗਜ[1] ਸਰਬੱਗਜ ਪ੍ਰਭ, [1]ਤਿੰਨਾਂ ਸਮਿਆਂ ਦੇ ਗਿਆਤੇ।
ਸਰਬ ਸ਼ਕਤਿ ਯੁਤ ਈਸ।
ਦੁੱਖ ਸਿੰਧ ਮੈਂ ਹਿੰਦੁ ਕੀ,
ਜਿੰਦ ਹੁਤੀ ਪਿਖਿ ਖੀਸ[1] ॥੩੦॥ [1]ਗੁੱਸੇ ਹੋਏ।
ਭੋਗ ਸੇਸ ਤੁਰਕੇਸ ਕੋ,
ਪਿਖਿ ਬਿਸੇਸ ਜਗਤੇਸਿ[1]। [1]ਔਰੰਗੇ ਦਾ ਬਹੁਤਾ ਪ੍ਰਾਰਬਧ ਕਰਮ ਬਾਕੀਰਹਿੰਦਾ ਦੇਖ ਕੇ ਜਗਤ ਦੇ ਮਾਲਕ ਨੇ।

ਮਰਯਾਦਾ ਪੁਰਸ਼ੋਤਮੈਂ,
ਠਟਜੋ ਨਜਾਇ ਨਰੇਸਿ[1] ॥੩੧॥ [1]ਰਾਜੇ ਔਰੰਗੇ ਲਈ ਮਰਯਾਦਾ ਕਾਇਮਰੱਖਣ ਵਾਲੇ (ਵਾਹਿਗੁਰੂ ਨੇ ਐਉਂ) ਇਨਸਾਫ਼ ਬਣਾਇਆ।

ਦੱਖਨ ਦਿਸ ਮ੍ਰਹਟੇ ਕਰੇ,
ਖਰੇ ਬਹਾਦਰ ਬੇਸ[1]। [1]ਚੰਗੇ ਬਹਾਦਰਾਂ ਦੇ ਰੂਪ ਵਿੱਚ।
ਜਿਨਿ ਕਰਿ ਜੰਗ ਨੁਰੰਗ ਕੋ,
ਕੀਨੋ ਕੁਰੰਗ ਬਿਸੇਸ[1] ॥੩੨॥ [1]ਬਹੁਤਾ ਖੋਟਾਰੰਗ ਕਰ ਦਿੱਤਾ।

ਪੰਡਾਰੇ[1] ਪੂਰਬ ਦਿਸਾ,
ਪ੍ਰੇਰਿ ਲੁਟੇਰੇ ਭੂਰ।
ਸਖਤ ਵਖਤ ਤੁਰਕਾਨ ਕੋ,
ਪਾਯੋ ਜਿਨੈ ਜ਼ਰੂਰ ॥ ੩੩ ॥
ਰਾਜਪੂਤ ਸ਼ਿਵਰਾਜ ਸਿੰਘ,
ਛਤ੍ਰ ਸਾਲ[1] ਨ੍ਰਿਪ ਆਦਿ।
ਨੌਰੰਗ ਕੇ ਨੌਰੰਗ ਜਿਨਿ,
ਕਰੇ ਜੰਗ ਠਟ ਬਾਦ[1] ॥ ੩੪ ॥

[1]ਇਕ ਕੌਮ।

[1]ਰਾਜੇ ਦਾ ਨਾਮ।

[1]ਨੁਰੰਗੇ ਦੇ ਨਵੇਂਰੰਗ ਜੰਗ ਕਰ ਕੇ (ਬਾਦ) ਬਿਅਰਥ ਕਰ ਦਿੱਤੇ।

ਦਿਸ ਪੰਜਾਬ ਤੈ ਪ੍ਰਭੂ ਨੈ,
ਨੌਮ ਗੁਰੂ ਕੌ ਪ੍ਰੇਰਿ।
ਸੀਸ ਦਿਲਾਯੋ ਧਰਮ ਹਿਤ,
ਹਰਜੋ ਤੁਰਕ ਇਮਿ ਹੇਰਿ[1] ॥ ੩੫ ॥
ਨੌਮੇਂ ਗੁਰੁ ਜਿਮ ਸਿਰ ਦਯੋ,
ਸੁਨੋ ਹੇਤੁ ਬਿਧਿ ਸੋਇ[1]।
ਹਾਕਮ ਜਬੈ ਪੰਜਾਬ ਕੈ,
ਦਏ ਦੂਖ ਬਹੁਤੋਇ[1] ॥ ੩੬ ॥
ਜਬਰਨ ਕੀਨੇ ਤੁਰਕ ਤਿਨਿ,
ਲਾਖੋਂ ਲੋਗ ਜੁ ਮਾਰ।
ਹਿੰਦੂ ਗੁਰੈਂ ਮਨਾਵਹੀਂ,
ਰਾਖੋ ਲਾਜ ਹਮਾਰ ॥ ੩੭ ॥
ਸੂਬੇ ਅਫਗਨ ਸ਼ੇਰ ਖਾਂ,
ਕਰੇ ਜ਼ੁਲਮ ਕਸ਼ਮੀਰ।
ਜਾਨ ਠਿਕਾਨਾ ਹਿੰਦੁ ਕਾ,
ਕਰੇ ਤੁਰਕ ਬਿਨ ਧੀਰ ॥ ੩੮ ॥
ਖੱਤ੍ਰੀ ਖੱਖੇ ਤੁਰਕ ਅਬਿ,
ਬ੍ਰਹਮਨ ਬੰਭੇ ਨਾਮ[1]।
ਲਾਖੋਂ ਲੋਗ ਕਹਾਤਿ ਜੇ,
ਸੋ ਤਬਿ ਭਏ ਤਮਾਮ[1] ॥ ੩੯ ॥
ਜੇਤਕ ਭਾਰਥ ਖੰਡ ਮੈਂ,

[1]ਦੇਖੋ ਇਉਂ ਤੁਰਕ ਨੂੰ ਨਾਸ ਕੀਤਾ।

[1]ਉਹ ਕਾਰਨ ਬਿਧੀ ਸਹਿਤ ਸੁਣੋ।

[1]ਬਹੁਤੇ।

[1]ਖੱਤ੍ਰੀਆਂ ਤੋਂ ਖੱਖੇ ਗੋਤ ਦੇ ਤੁਰਕ ਤੇ ਬ੍ਰਹਮਣਾਂ ਤੋਂ 'ਬੰਭੇ' ਨਾਮ ਗੋਤ ਦੇ ਮੁਸਲਮਾਨ।

[1]ਸਾਰੇ।

ਦੇਸ ਗ੍ਰਾਮ ਅਪਾਰ।
ਪਿਖੀਅਤਿ ਅਬਿ ਜੋ ਤੁਰਕ ਗਨ,
ਭਏ ਤਬੈ ਇਹੁ ਸਾਰ ॥ ੪੦ ॥
ਸੂਬੇ ਤੈ ਤਬਿ ਦਿਜ ਵਰੈਂ[1],
ਮੁਹਲਤ ਲੈ ਤ੍ਰੈ ਮਾਸ।
ਅਮਰ ਨਾਥ[1] ਕੀ ਸਰਨਿ ਜਾ,
ਮਰਨ ਮੰਡਜੋ[1] ਧਰਿ ਤ੍ਰਾਸ ॥ ੪੧ ॥
ਛੋਡਿ ਅੰਨਜ ਜਲ ਡੋਰਿ ਧਰਿ[1],
ਜੋਰਿ ਬ੍ਰਿਤਿ ਕਿਯ ਜਾਪ।
ਪ੍ਰਾਨ ਅੰਤ ਲੌ ਜਬਿ ਭਏ,
ਤਬਿ ਬਿਦਤੇ[1] ਸ਼ਿਵ ਆਪ ॥ ੪੨ ॥
ਮੰਦਰ ਅੰਦਰ ਤੈ ਕਰੀ,
ਸੁੰਦਰ ਬਾਨੀ ਐਸ[1]।
ਅਹੋ ਬਿੱਪ੍ਰ ਮੈਂ ਜਜੋਂ ਕਹੋਂ,
ਕਰੋ ਜਾਹੁ ਤੁਮ ਤੈਸ ॥ ੪੩ ॥
ਝੂਲਨਾ ਛੰਦ:
ਆਪ ਕਰਤਾਰ ਅਵਤਾਰ ਸਤਿਗੁਰੂ ਕੋ,
ਜਗਤ ਉੱਧਾਰਬੇ ਹੇਤ ਧਾਰਾ।
ਆਦਿ ਮਰਯਾਦ ਇਹੁ ਨੇਤ ਨੀਕੇ ਰਖੀ[1],
ਆਪ ਪ੍ਰਮਾਤਮਾ ਜਗ ਮਝਾਰਾ।
ਹਾਨਿ ਗੇਲਾਨ ਜਬਿ ਹੋਤ ਹੈ ਧਰਮ ਕੀ[1],
ਧਰਤਿ ਅਵਤਾਰ ਤਬਿ ਸਬਲ ਮਾਯਾ[1]।
ਥਾਪ ਹੈ ਧਰਮ ਅਧਰਮ ਉਥਾਪ ਹੈ[1],
ਆਪ ਜੈਸੀ ਰਹੇ ਧਾਰ ਕਾਯਾ ॥ ੪੪ ॥
ਔਰ ਬਹੁ ਭਾਂਤਿ ਅਵਤਾਰ, ਜੁਗ ਤੀਨ ਮੈਂ
ਹੋਤਿ ਹੈਂ, ਸਤਿਗੁਰੂ ਕਲੀ ਮਾਂਹੀਂ।
ਕੀਨ ਜਿਨ ਤੀਨ ਜੁਗ ਭਗਤਿ, ਜਪ ਤਪ ਹੈ
ਜਗਤ,
ਸੋ ਲਗਤਿ ਤਿਹ ਪਾਇ ਚਾਹੀ[1]।

[1]ਮੁਖੀ ਬ੍ਰਹਮਣਾਂ ਨੇ।

[1]ਸ਼ਿਵ ਦਾ ਅਸਥਾਨ ਜੋ ਕਸ਼ਮੀਰ ਦੇ ਇਲਾਕੇ ਵਿੱਚ ਹਿਮਾਲੇ ਦੀ ਧਾਰਾ 'ਚ ਇਕ ਗੁਫ਼ਾ ਹੈ।

[1]ਮਰਨ ਲਈ ਪੱਕਾ ਇਰਾਦਾ ਕਰ ਲਿਆ।

[1]ਪ੍ਰੀਤੀ ਧਾਰ ਕੇ।

[1]ਪ੍ਰਗਟ ਹੋਏ।

[1]ਇਸ ਤਰ੍ਹਾਂ।

[1]ਮੁਢ ਤੋਂ ਹਮੇਸ਼ਾ ਲਈ ਇਹ ਚੰਗੀ ਮਰਯਾਦਾਰੱਖੀ ਹੈ।

[1]ਜਦੋਂ ਧਰਮ ਦੀ ਹਾਨੀ ਤੇ ਧਰਮ ਵੱਲੋਂ ਨਫ਼ਰਤ ਹੁੰਦੀ ਹੈ।

[1]ਮਾਇਆ ਦੇ ਬਲ ਸਹਿਤ ਭਾਵ ਸਰਗੁਣ ਸਰੂਪ।

[1]ਧਰਮ ਅਸਥਾਪਨ ਕਰਦਾ ਹੈ, ਪਾਪ ਨੂੰ ਮੇਟਦਾ ਹੈ।

[1]ਸ਼ੌਕ ਨਾਲ।

ਸੰਤ ਸੁਰ ਸਿੱਧ ਜੋਗੀਸ ਮੋਨੀਸ ਰਿਖਿ,
ਲੇਤਿ ਕੈਵਲ ਫਲ ਗੁਰੂ ਪਾਹੀ[1]।

[1]ਗੁਰਾਂ ਪਾਸੋਂ ਕੈਵਲ ਮੁਕਤੀ ਦਾ ਫਲ ਲੈਂਦੇ ਹਨ। (ਕੈਵਲ ਮੁਕਤੀ=ਜਲ ਵਿੱਚ ਜਲ ਦੇ ਮਿਲਣ ਵਾਂਗ।)

ਸੁਰਗ ਬੈਕੁੰਠ ਲੌ ਮਿਲਤਿ ਸੁਖ ਕਰਮ ਤੈ,
ਮੋਖ ਬ੍ਰਹਮ ਗਜਾਨ ਬਿਨ ਹੋਤ ਨਾਹੀਂ ॥ ੪੫ ॥
ਗਜਾਨ ਬਿਨ ਸਤਿਗੁਰੂ ਨਾ ਭਵੈ ਬਿੱਪ੍ਰੋ[1],
ਬੇਦ ਸੁਰ ਸੰਤ ਆਨੰਤ ਕੈਹੈਂ।

[1]ਹੇ ਬ੍ਰਹਮਣੋ !

ਤਾਂਹਿ ਤੈ ਕਲੀ ਮੈਂ ਸਰਬ ਕਲਪੋਂ ਵਿਖੈ[1],

[1]ਸਾਰੇ ਕਲਪਾਂ ਵਿੱਚ (ਕਲਪ-ਪੁਰਾਣਾਂ ਅਨੁਸਾਰ ਬ੍ਰਹਮਾ ਦਾ ਇਕ ਦਿਨ ਜੋ ੪੩੨੦੦੦੦੦੦ ਵਰ੍ਹੇ ਦਾ ਹੁੰਦਾ ਹੈ)।

ਪ੍ਰਭੁ ਸਤਿਗੁਰੂ ਅਵਤਾਰ ਲੈਹੈਂ।
ਜੈਸੇ ਮਾਜੁਰ ਕੌ ਪਹਰ ਚੌਥੇ ਵਿਖੈ,
ਮਿਲਤਿ ਮਾਜੁਰੀਆਂ ਜਗਤ ਮੇਂਹੀਂ।
ਤੈਸ ਤ੍ਰੈ ਜੁਗਨ ਮੈਂ ਕਰਤਿ ਸੁਕ੍ਰਿਤ[1] ਜੇ,

[1]ਪੁੰਨ।

ਕਲੀ ਮੈਂ ਸਤਿਗੁਰੂ ਮੋਖ ਦੇਂਹੀਂ ॥ ੪੬ ॥
ਸੋਇ ਅਵਤਾਰ ਅਬਿ ਸਤਿਗੁਰੂ ਨਾਨਕੈ,
ਆਨ ਕੈ ਲੀਨ ਹੈ ਪ੍ਰਭੂ ਡਾਢੇ।
ਧਾਰ ਦਸ ਰੂਪ ਸੋ ਭੂਪ ਜਗਿ ਖੂਪ ਖੁਦ,
ਕੂਪ ਸੰਸਾਰ ਤੈ ਜੀਵ ਕਾਢੇ[1]।

[1](ਸੋ) ਉਸ ਗੁਰੂ ਨਾਨਕ ਨੇ ਜਗਤ ਵਿੱਚ ਚੰਗੇ ਰਾਜਾ ਰੂਪ (ਦਸ ਰੂਪ ਧਾਰ ਕੇ) ਆਪ ਸੰਸਾਰ ਖੂਹ 'ਚੋਂ ਜੀਵਾਂ ਨੂੰ ਕੱਢਿਆ।

ਸਿੱਖ ਪਰ ਸਿੱਖ ਹੈਂ ਸਿੱਖ ਸਾਖਾ ਤਿਨੈ[1],

[1]ਤਿਨਾਂ ਦੇ ਸਿੱਖਾਂ ਦੇ (ਅੱਗੋਂ) ਸਿੱਖਾਂ ਦੇ ਸਿੱਖਾਂ ਦੀਆਂ (ਸ਼ਾਖਾਂ) ਸੰਪ੍ਰਦਾਵਾਂ ਹੋਣਗੀਆਂ।

ਪੂਰਬੈਂ ਕੀ ਜਿਨੈ ਕਰੀ ਕਮਾਈ।
ਖੰਡ ਪਾਖੰਡ ਮਤ, ਮੰਡ ਆਡੰਡ ਨਿਜ,
ਚੰਡ ਮਾਰਤੰਡ ਜਯੋਂ ਅੰਡ ਪਾਹੀ[1] ॥ ੪੭ ॥

[1](ਜਗਤ ਦੇ) ਰਾਹੀਆਂ ਭਾਵ ਜੀਵਾਂ ਲਈ ਆਪਣਾ ਡੰਡਰਹਿਤ ਮਤਰੌਸ਼ਨ ਸੂਰਜ ਵਾਂਗਰਚਿਆ।

ਆਰਯੈ ਧਰਮ[1] ਜੋ ਹ੍ਵੈ ਰਹਯੋ ਖਾਰਯੈ[2],
ਯਾਹਿ ਉੱਧਾਰਯੈ ਸੋ ਕਰੈ ਹੈਂ।
ਜਾਹੁ ਅਬਿ ਤਾਂਹਿ ਕੀ ਸਰਨ ਤੁਮ ਬਿੱਪ੍ਰੋ,
ਔਰ ਨਹਿਂ ਕੋਇ ਭੀਰਖ ਸਕੈ ਹੈ।

[1]ਹਿੰਦੂ ਧਰਮ। [2]ਨਾਸ।

ਮਾਨ ਕੈ ਬਾਨਿ[1] ਮਾਹੇਸ਼ ਕੀ[2] ਦਿਜਵਰੈਂ[3],
ਪਜਾਨ ਕੈ ਆਨ ਕੈ ਕੀਨ ਸਾਹੇ[1]।

[1]ਬਾਣੀ। [2]ਸ਼ਿਵ ਦੀ। [3]ਮੁਖੀ ਬ੍ਰਹਮਣਾਂ ਨੇ।
[1]ਚਲ ਕੇ (ਅਨੰਦ ਪੁਰ) ਆ ਕੇ (ਸਾਹੇ) ਜਤਨ ਕੀਤੇ।

ਪੁਰੀ ਆਨੰਦ ਮੈਂ ਸੋਢਿ ਕੁਲ ਚੰਦ,
ਜਗ ਬੰਦਿ ਤੈ ਫੰਧ ਕਾਟਾਨ ਚਾਹੇ[1] ॥ ੪੮ ॥

[1]ਜਗਤ ਦੇ ਬੰਦਨਾ ਕਰਨ ਜੋਗ (ਸਤਿਗੁਰਾਂ) ਤੋਂ (ਜ਼ੁਲਮ ਦੇ) ਫਾਹੇ ਕਟਾਉਣਾ ਚਾਹੁੰਦੇ ਹਨ।

ਬੰਦਿ ਅਰਬਿੰਦ ਪਗ ਦੁੰਦ ਆਦੁੰਦ ਕਰਿ,
ਨੌਮ ਗੁਰੁ ਸੌਮ ਕੇ ਹ੍ਵੈ ਚਕੋਰੈਂ[1]।

[1]ਦ੍ਵੈਤਵਾਦ ਤੋਂ ਰਹਿਤ ਕਰਨ ਵਾਲੇ ਗੁਰਾਂ ਦੇ ਦੋਹਾਂ ਚਰਨ-ਕੰਵਲਾਂ ਤੇ ਨਮਸਕਾਰ ਕਰਕੇ, ਨੌਵੇਂ ਗੁਰਾਂ ਰੂਪ ਚੰਦ੍ਰਮਾ ਦੇ ਚਕੋਰ ਹੋ ਗਏ।

ਦੀਨ ਥਾ ਜੈਸ ਤੁਰਕੈਨਿ ਦੁੱਖ ਪੀਨ ਥਾ[1],
ਕੀਨ ਥਾ ਬਾਕ ਸ਼ਿਵ ਜਸੋਂ ਬਹੋਰੈਂ[1]।

[1]ਜਿਵੇਂ ਤੁਰਕਾਂ ਨੇ ਬਹੁਤਾ ਦੁਖ ਦਿੱਤਾ ਸੀ।

[1]ਪੁਨਾ, ਫੇਰ।

ਬਾਤ ਸਬਿ ਗਾਇ ਸੁਨਾਇ ਯੌਂ ਦੀਨ ਹ੍ਵੈ,
ਲਾਜ ਹਿੰਦੁਵਾਨ ਕੀ ਰਾਖ ਲੀਜੈ।
ਬ੍ਰਿਦ ਸੰਭਾਲ ਸ੍ਵੈ ਪਾਲਿ ਸਰਣਾਗਤੈ[1],
ਕਾਜ ਹੈ ਆਪ ਕੋ ਆਪ ਕੀਜੈ ॥ ੪੯ ॥

[1]ਆਪਣਾ ਫ਼ਰਜ਼ ਸੰਭਾਲੋ, ਸ਼ਰਨ ਆਇਆਂ ਦੀ ਪਾਲਣਾ ਕਰੋ।

ਹਾਲ ਸਬਿ ਚੀਨਿ[1] ਮਾਲੀਨ ਮਨ ਦੀਨ ਪਿਖਿ[2],
ਕੀਨ ਗੁਰੁ ਚਿੱਤ ਵੀਚਾਰ ਐਸੋ।
ਦੇਹ ਥਿਰ ਨਾ ਰਹੀ ਕਬੀ ਭੀ ਕਿਸੀ ਕੀ,
ਰਹਿਤ ਜਸ ਨਾਮ ਸਦ ਜਗਤ ਮੈਸੋ[1]।

[1]ਜਾਣ ਕੇ। [2]ਦੁਖੀ ਤੇ ਉਦਾਸ ਮਨ ਦੇਖ ਕੇ।

[1]ਹਮੇਸ਼ਾਂ ਜਗਤ ਵਿੱਚ।

ਪੁਨਾ ਮਮ ਦੇਹ ਕਾ ਕਾਲ ਢਗ ਆ ਢੁਕਜੋ,
ਤੁਰਕ ਸਿਰ ਠੀਕਰਾ[1] ਕਜੋਂ ਨ ਫੋਰੈਂ।
ਆਗਜਾ ਦੀਨ ਅਕਾਲ ਬਿਸਾਲ ਜੋ,
ਪਾਲਿ ਸੋ ਪੋਤ ਤੁਰਕਾਨਿ ਬੋਰੈਂ[1] ॥ ੫੦ ॥

[1]ਸ਼ਰੀਰ ਰੂਪ ਠਿੱਕਰਾ।

[1]ਉਸ ਆਗਿਆ ਦੀ ਪਾਲਣਾ ਕਰ ਕੇ ਤੁਰਕਾਂ (ਦੇ ਜ਼ੁਲਮ) ਦਾ ਜਹਾਜ਼ ਡੁਬੋ ਦੇਈਏ।

ਧਾਰਿ ਗੁਰੁ ਸਾਰ ਵੀਚਾਰ[1] ਭਾਖਜੋ ਉਨੈ,
ਜਾਹੁ ਤੁਮ ਧਾਮ ਨਿਜ ਰਾਮ ਜਾਪੋ।
ਦੇਹੁ ਲਿਖਿ ਏਹੁ ਤੁਰਕੇਸ ਕੋ,
ਜੇ ਗੁਰੂ ਹੋਇਂਗੇ ਤੁਰਕ, ਹਮ ਹੋਹਿਂ ਆਪੋਂ।
ਮਾਨ ਗੁਰੁ ਬੈਨ ਉਨਿ ਐਨ ਆਨੰਦ ਹ੍ਵੈ,
ਜਾਇ ਲੇਖਾਇ ਕੈ ਦੀਨ ਅਰਜੀ।
ਪੀਰ ਆਨੰਦ ਪੁਰ ਮਾਂਹਿ, ਮਾਨਿੰਦ ਦਾਨਿੰਦ[1] ਹੈ,
ਆਜ ਬਡ ਹਿੰਦੁ ਪਰਜੀ[1] ॥ ੫੧ ॥

[1]ਸ੍ਰੋਸ਼ਟ ਵਿਚਾਰ।

[1]ਸੂਰਜ ਵਾਂਗ।

[1]ਹਿੰਦੂ ਪਰਜਾ ਦਾ।

ਗੁਰੁ ਤੇਗ ਬਹਾਦਰੈਂ ਨਾਦਰੈਂ ਸਾਦਰੈਂ[1],

[1]ਅਸਚਰਜ ਤੇ ਬੇ-ਪ੍ਰਵਾਹ ਗੁਰੂ ਨੂੰ।

ਜੇ ਕਰੋ ਤੁਰਕ ਤੁਮ ਏਕ ਤਾਂਹੀਂ।
ਹੋਹਿਂ ਹਮ ਆਪ ਸੰਤਾਪ ਬਿਨ[1] ਤੁਰਕ ਸਬਿ, [1]ਕਸ਼ਟ ਤੋਂ ਬਿਨਾਂ।
ਜਾਪ ਕਲਮਾ ਕਰੈਂ ਥਾਪ ਯਾਂਹੀਂ[1]। [1]ਇਸੇ ਕਲਮੇ ਨੂੰ (ਥਾਪ) ਹਿਰਦੇ 'ਚ ਧਾਰ ਕੇ ਜਾਪ ਕਰਾਂਗੇ।
ਏਹੁ ਅਰਜ਼ੀ ਜਬੈ ਹਿੰਦੁ ਮਰਜ਼ੀ ਪਿਖੀ,
ਸ਼ਾਹਿ ਗਰਜ਼ੀ ਸਹੀ ਚਾਹਿ ਮਾਨੀ[1]। [1](ਮੁਸਲਮਾਨ ਬਣਾਉਣ ਦੀ) ਇੱਛਾ ਵਾਲੇ ਔਰੰਗੇ ਨੇ (ਇਹ ਗੱਲ) ਸ਼ੌਕ ਨਾਲ ਮੰਨ ਲਈ।

ਔਰੈ ਦਿਜ ਖੱਤ੍ਰੀ ਦੇਸ ਕੇ ਬੇਸ[1] ਮਿਲਿ, [1]ਚੰਗੇ।
ਗੁਰੂ ਪੈ ਇਤ ਅਏ ਬਹੁਤ ਗਜਾਨੀ ॥ ੫੨ ॥

ਦੋਹਰਾ:
ਧਰਿ ਭੇਟਾ ਕਰਿ ਬੰਦਨਾ,
ਤ੍ਰਾਹਿ ਤ੍ਰਾਹਿ[1] ਉਚਾਰਿ। [1]ਰੱਖਿਆ ਕਰੋ, ਰੱਖਿਆ ਕਰੋ।
ਕਹਜੋ ਸਰਨ ਹਿੰਦੁਰਾਵਰੀ[1], [1]ਆਪ ਦੀ।
ਰਾਖਹੁ ਕਸ਼ਟ ਨਿਵਾਰਿ ॥ ੫੩ ॥
ਦ੍ਰੁਪਤ ਸੁਤਾ[1], ਪ੍ਰਹਿਲਾਦ, ਗਜ[2], [1]ਦ੍ਰੋਪਤੀ। [2]ਐਰਾਪਤ ਹਾਥੀ।
ਸ੍ਰੁਤਿ[1], ਧਰ[2], ਭਗਤ ਬ੍ਰਿੰਦੁ[3]। [1]ਵੇਦ। [2]ਧਰਤੀ। [3]ਸਾਰੇ ਭਗਤ।
ਪੁਰਾ ਉਬਾਰਤ ਜਜੋਂ ਰਹੇ[1], [1]ਜਿਵੇਂ ਪਹਿਲੇ ਸਮੇਂ 'ਚ ਬਚਾਉਂਦੇ ਰਹੇ ਹੋ।
ਤਜੋਂ ਅਬਿ ਰਾਖਹੁ ਹਿੰਦੁ ॥ ੫੪ ॥

ਤ੍ਰਿਭੰਗੀ ਛੰਦ:
ਇਹੁ ਮੁਗਲ ਚੁਕੱਤਾ[1], ਅਤੀ ਕੁਪੱਤਾ, [1]ਗੋਤ੍ਰ ਦਾ।
ਦਿੱਲੀ ਪੱਤਾ[1], ਮਦ ਮੱਤਾ[2]। [1]ਦਿੱਲੀ ਦਾ ਬਾਦਸ਼ਾਹ। [2]ਹੰਕਾਰ 'ਚ ਮਸਤ ਹੈ।
ਨਹਿਂ ਮਾਨਤਿ ਸੱਤਾ, ਪ੍ਰਭੁ ਅਲਵੱਤਾ,
ਗਹੀ ਕੁਕੱਤਾ, ਇਨ ਅੱਤਾ[1]। [1]ਪ੍ਰਭੂ ਦੀ ਸ਼ਕਤੀ ਨੂੰ (ਅਲਵੱਤਾ) ਬਿਨਾ ਸੰਸੇ ਤੋਂ ਨਹੀਂ ਮੰਨਦਾ, ਇਸ ਨੇ ਬਹੁਤੀ (ਕੁਕੱਤਾ) ਖੋਟੀਰੀਤ ਪਕੜੀ ਹੈ।

ਚਾਹਿਤ ਹੈ ਕਰਨੀ, ਸਗਰੀ ਧਰਨੀ,
ਦੀਨ ਸੁਵਰਨੀ, ਤੁਰਕਾਨੀ[1]। [1]ਸਾਰੀ ਸ੍ਰਿਸ਼ਟੀ ਤੁਰਕਾਂ ਦੇ ਮਜ਼ਹਬ ਦੇਰੰਗ ਦੀ।
ਮੰਦਰ ਸਬਿ ਗੇਰੇ, ਦੇਵਨ ਕੇਰੇ,
ਬਿਨ ਹੀ ਦੇਰੇ, ਅਭਿਮਾਨੀ ॥ ੫੫ ॥
ਨਿਗਮਾਗਮ ਰੀਤੀ, ਸੁੱਕ੍ਰਿਤ ਨੀਤੀ[1], [1]ਬੇਦ ਸ਼ਾਸਤ੍ਰਾਂ ਦੀ ਰੀਤੀ ਤੇ ਚੰਗੀਰਾਜਨੀਤੀ।
ਚਾਹਿਤ ਕੀਤੀ, ਲੋਪ ਇਹੀ।
ਸੁਰ ਪਿੱਤ੍ਰਨਿ ਜਜਨਾ[1], ਈਸ਼ਰ ਭਜਨਾ, [1]ਪੂਜਣਾ।

ਸੰਗਤ ਸਜਨਾ, ਰਹਿ ਨ ਦਿਹੀ[1]। [1]ਰਹਿਣ ਨਹੀਂ ਦੇਣਾ ਚਾਹੁੰਦਾ।
ਪੌਰਾਨਨਿ ਪਰਚਾ[1], ਤੀਰਥ ਚਰਚਾ, [1]ਕਥਾ।
ਦੇਵਨਿ ਅਰਚਾ[1], ਸਭਿ ਖੋਈ। [1]ਪੂਜਾ।
ਮਹਿਜਦ[1] ਕੋਰਾਨਾ[2], ਬਢੇ ਜਹਾਨਾ, [1]ਮਸੀਤਾਂ। [2]ਕੁਰਾਨਾਂ।
ਜਾਇ ਨ ਜਾਨਾ, ਕਿਆ ਹੋਈ ॥ ੫੬ ॥
ਕਿਛ ਲੋਭ ਦਿਖਾਏ, ਜੁਲਮ ਸੰਗਾਏ,
ਤੁਰਕ ਬਨਾਏ, ਬਹੁ ਹਿੰਦੂ।
ਬਹੁ ਤੱਗ[1] ਲਹਾਵਤਿ, ਤਿਲਕ ਚਟਾਵਤਿ, [1]ਜਨੇਊ।
ਅਤਿ ਸੰਤਾਵਤ, ਤੁਰਕਿੰਦੂ[1]। [1]ਔਰੰਗਾ।
ਮਧ ਹਿੰਦੁਸਤਾਨੈ, ਕਹਰ ਮਹਾਨੈ,
ਪਰਜੋ ਹਿੰਦਾਨੈ ਪਰ ਆਹੈ[1]। [1]ਹਿੰਦੂਆਂ ਉਤੇ ਆ ਕੇ ਪਿਆ ਹੈ।
ਦੁਖ ਦੈਂਹੈ ਅਨਗਨ, ਜ਼ੁਲਮ ਅਤੁਲਮਨ[1], [1]ਬਹੁਤੇ।
ਤੱਗ ਸਵਾ ਮਣ, ਨਿਤ ਲਾਹੈਂ ॥ ੫੭ ॥
ਕਰਿ ਜੋਰ ਬਜੋਰੀ[1], ਲਾਜ ਨ ਛੋਰੀ, [1]ਜ਼ਬਰਦਸਤੀ।
ਜ਼ਾਲਮ ਖੋਰੀ[1], ਤੁਰਕਾਨੈਂ। [1]ਜ਼ਿੱਦੀ, ਕੀਨੇ-ਬਾਜ਼।
ਹਿੰਦੁਨ ਕੀ ਬੇਟੀ, ਬਹੂ ਸਮੇਟੀ[1], [1]ਖੋਹ ਲਈਆਂ।
ਦੁਸ਼ਟਨਿ ਭੇਟੀ, ਜਬਰਾਨੈ[1]। [1]ਧੱਕੇ ਨਾਲ ਦੁਸ਼ਟਾਂ ਨੇ (ਉਨ੍ਹਾਂ ਦੀ) ਬੇਪਤੀ ਕੀਤੀ।
ਇਸ ਹਿਤ ਮਿਲਿ ਸਾਰਨਿ, ਕਰਿਓ ਵਿਚਾਰਨ,
ਰਾਖਨ ਕਾਰਨ, ਧਰਮ ਨਿਜੈ।
ਰਾਵਰ ਸਰਨਾਈ, ਲੀਨੀ ਆਈ,
ਲੈਹੁ ਬਚਾਈ, ਦਾਨ ਦਿਜੈ ॥ ੫੮ ॥
ਤੁਮ ਪਰਉਪਕਾਰੀ, ਰੂਪ ਮੁਰਾਰੀ,
ਸ਼ਕਤੀ ਭਾਰੀ, ਯੁਤੈ ਵਰੈਂ[1]। [1]ਸ੍ਰੇਸ਼ਟ ਤੇ ਭਾਰੀ ਸ਼ਕਤੀ ਸਹਿਤ।
ਹਿਤ ਧਰਮ ਧੁਰਾਵਨ[1], ਤੁਮਰਾ ਆਵਨ, [1]ਧਰਮ ਨੂੰ ਆਸਰਾ ਦੇਣ ਲਈ।
ਹੋਯੋ ਪਾਵਨ[1], ਧਰਾ ਪਰੈਂ। [1]ਪਵਿੱਤ੍ਰ।
ਇਤਜਾਦਿਕ ਬਾਨੀ, ਹਿੰਦੁਨਿ ਭਾਨੀ[1], [1]ਹਿੰਦੂਆਂ ਨੇ ਕਹੀ।
ਦੀਨ ਕਿਤਾਂਨੀ[1], ਹੋਇ ਜਬੈ। [1]ਬਹੁਤੇ ਦੁਖੀ ਹੋ ਕੇ।
ਗੁਰੁ ਤੇਗ ਬਹਾਦਰ, ਹਿੰਦੁਨਿ ਚਾਦਰ[1], [1]ਹਿੰਦੂਆਂ ਦੀ ਇੱਜ਼ਤ ਦੇਰਾਖੇ।
ਰੱਖਕ ਸਾਦਰ[1], ਸੁਨਜੋ ਸਬੈ ॥ ੫੯ ॥ [1]ਬੇ-ਪ੍ਰਵਾਹ, ਨਿਡੱਰ।

ਸਦਗੁਨ ਗਨ ਸਾਗਰ[1], ਕਾਦਰ[2] ਨਾਦਰ[3],
[1]ਸਾਰੇ ਚੰਗੇ ਗੁਣਾਂ ਦੇ ਸਮੁੰਦਰ। [2]ਕੁਦਰਤ ਦੇ ਮਾਲਕ। [3]ਅਸਚਰਜ ਰੂਪ।

ਧਰਮ ਬਿਰਾਦਰ[1], ਗਤਿ ਦਾਨੀ[2]।
[1]ਧਰਮ ਦੇ ਭਰਾ। [2]ਮੁਕਤੀ ਦਾਤਾ।

ਸਾਚੀ ਸੁਖ ਦਾਨੀ, ਸੁਚ ਨੈ ਸਾਨੀ[1],
[1]ਪਵਿੱਤ੍ਰ ਨਦੀ ਵਾਂਗ।

ਬੋਲੇ ਬਾਨੀ, ਗੁਰੁ ਗਜਾਨੀ।
ਤੁਮ ਸੁਨੋ ਦਿਜੇਸੂ[1], ਢਿਗ ਤੁਰਕੇਸੂ,
[1]ਮੁਖੀ ਬ੍ਰਹਮਣੋ।

ਕਹੋ ਅਸੇਸੂ[1], ਅਬਿ ਜਾਈ।
[1]ਸਾਰੇ।

ਜੇ ਗੁਰੂ ਹਮਾਰੋ, ਨੌਮ ਉਦਾਰੋ,
ਦੀਨ ਤੁਮਾਰੋ, ਮੰਨ ਜਾਈ ॥ ੬੦ ॥
ਤੌ ਹਮ ਭੀ ਮਾਨੈਂ, ਹਠ ਨਹਿਂ ਠਾਨੈਂ,
ਨਹੀ ਤੁ ਜਾਨੈਂ, ਦੈਂਹ ਅਬੈ।
ਇਹੁ ਸੁਨਿ ਦਿਜ ਗਰਜ਼ੀ[1], ਮਤੀ ਨ ਲਰਜ਼ੀ[2],
[1]ਲੋੜਵੰਦ ਬ੍ਰਹਮਣਾਂ ਦੀ। [2]ਅਕਲ ਨਹੀਂ ਕੰਬੀ ਭਾਵ ਡਰੇ ਨਹੀਂ।

ਦੀਨੀ ਅਰਜ਼ੀ, ਜਾਇ ਤਬੈ।
ਸੁਨਿ ਨੌਰੰਗ ਪਾਪੀ, ਦਿਢ ਦਿਲਿ ਥਾਪੀ,
ਆਹਿਦੀਆ ਤਾਪੀ[1], ਗੁਰੁ ਪਾਸੰ।
[1]ਦੁਖਦਾਈ ਸਿਪਾਹੀ।

ਕਿਯ ਤੁਰਤ ਪਠਾਵਨਿ, ਹੇਤ ਬੁਲਾਵਨਿ,
ਆਯੋ ਧਾਵਨ[1], ਚਲਿ ਖਾਸੰ[2] ॥ ੬੧ ॥
[1]ਹਲਕਾਰਾ। (ਅ) ਤੇਜ਼ ਦੌੜ ਕੇ। [2]ਖ਼ਾਸ (ਉਚੇਚਾ) ਚਲ ਕੇ।

ਗੁਰੁ ਪੌਰ[1] ਅਗਾਰੀ, ਆਇ ਉਚਾਰੀ,
[1]ਦਰਵਾਜ਼ੇ।

ਅਹਿਦੀਏ ਸਾਰੀ, ਬਾਤ ਜਬੈ।
ਗੁਰੁ ਕੇ ਦਰਵਾਨੀ[1], ਜਾਇ ਬਖਾਨੀ,
[1]ਦਰਬਾਨ ਨੇ।

ਗੁਰੁ ਪੈ ਬਾਨੀ, ਤਾਂਹਿ ਤਬੈ।
ਤਬਿ ਗੁਰੂ ਉਦਾਰਾ, ਸਹਜ ਉਚਾਰਾ,
ਅਯੋ ਰਵਾਰਾ, ਕਾਲ ਬਲੀ[1]।
[1]ਬਲੀ ਕਾਲ ਦਾ ਹਲਕਾਰਾ (ਜਾਂ) ਵਿਚੋਲਾ।

ਸੁਨਿ ਸਬਿ ਬਿਸਮਾਏ, ਦਿਲ ਦਹਿਲਾਏ[1],
[1]ਕੰਬ ਗਏ।

ਜੋ ਗੁਰੁ ਗਾਏ[1], ਹੈਨ ਭਲੀ ॥ ੬੨ ॥
[1](ਬਚਨ) ਕਹੇ।

ਦੋਹਰਾ:
ਪੁਨ ਗੁਰੁ ਨਿਜ ਢਿਗ ਅਹਿਦੀਏ,
ਕੋ ਬੁਲਾਇ ਸਿਤਕਾਰ।
ਬਖਸ਼ ਬਿੱਤ[1] ਬਹੁ ਬਾਤ ਕਰਿ,
[1]ਧਨ।

ਲਯੋ ਚਿੱਤ ਤਿਹ ਢਾਰ[1] ॥ ੬੩ ॥

[1]ਚਿੱਤ ਨਰਮ ਕਰ ਲਿਆ।

ਅੜਿੱਲ:

ਗੁਰੁ ਦਰਸਨ ਤੇ ਫਿਰੀ,
ਅਹਿਦੀਏ ਕੀ ਮਤੀ।
ਧਰਿ ਮੁਰਾਸਲਾ[1] ਅੱਗ੍ਰ,
ਬੰਦਨਾ ਕਰਿ ਅਤੀ।

[1]ਚਿੱਠੀ, ਖ਼ਤ।

ਸੰਤ ਸਰੂਪ ਸੁਭਾਵ, ਸੁਹ੍ਰਿਦੈ ਸਰਲ[1] ਸਦ।
ਹੋ ਪੇਖਿ ਅਹਿਦੀਏ ਤਜਯੋ, ਹਕੂਮਦ ਕੇਰ ਮਦ ॥ ੬੪ ॥

[1]ਸਾਫ਼।

ਵਿਚ ਮੁਰਾਸਲੇ ਲਿਖਯੋ, ਨੁਰੰਗੇ ਜਾਲਸਾ[1]।

[1]ਜਾਅਲ-ਸਾਜ਼ ਨੇ। (ਅ) ਛਲੀਏ (ਨੁਰੰਗੇ) ਨੇ। (ਏ) ਛਲ ਨਾਲ।

ਸੁਨਿ ਤੁਮਰਾ ਜਸ ਗੁਰੋ, ਬਢੀ ਉਰਿ ਲਾਲਸਾ।
ਮਿਹਰਵਾਨ ਹ੍ਵੈ ਆਨਿ, ਦਰਸ ਮੁਹਿ ਦੀਜੀਏ।
ਹੋ ਕਲਪ ਤਰੂ ਸਮ[1] ਤੁਮਹੋ, ਗੁਰੂ ਸੁਨੀਜੀਏ ॥ ੬੫ ॥

[1]ਕਲਪ ਬ੍ਰਿਛ ਵਾਂਗ।

ਇਸ ਕਾ ਉੱਤ੍ਰ ਸਤਿਗੁਰੁ, ਦੀਨੋ ਤਬਿ ਇਹੀ।
ਤੁਮ ਦੁਨੀਆਂ ਕੇ ਸ਼ਾਹਿ, ਦੀਨ ਕੇ[1] ਹਮ ਸਹੀ।

[1]ਧਰਮ ਦੇ।

ਬਾਬੇ ਬਾਬਰ ਤਈਂ ਦਈ, ਭੰਗ ਬਦਲੇ ਸ਼ਾਹੀ*।

*ਭੰਗ ਦੀਆਂ ਸੱਤ ਮੁੱਠਾਂ ਬਦਲੇ ਸੱਤ ਪਾਤਸ਼ਾਹੀਆਂ ਦੇਣ ਬਾਰੇ ਦੇਖੋ ਬਿਸ੍ਰਾਮ ੧੨ ਦੇ ਅੰਕ ੧੨੫ ਦੀ * ਨਿਸ਼ਾਨ ਦੀ ਟਿੱਪਣੀ।

ਹੋ ਸਾਤ ਸੀਸ ਦੈ ਉਨੈਂ, ਪੁਨੈ ਪਲਟਾਵਨਿ ਪ੍ਰਾਹੀ[1] ॥ ੬੬ ॥

[1]ਕਿਹਾ ਹੈ।

ਹਮੈ ਕਰਜੋ ਤੁਮ ਯਾਦ, ਬਾਦ ਚੌਮਾਸ ਤੈ[1]।

[1]ਚੁਮਾਸੇ ਪਿੱਛੋਂ।

ਐਹੈਂ ਹਮ ਤੁਮ ਪਾਸ, ਬੂਝੀਓ ਰਾਸ ਤੈ[1]।

[1]ਸੱਚ ਜਾਣਿਓ।

ਦਯੋ ਅਹਿਦੀਆ ਤੋਰ, ਗਯੋ ਸੋ ਫਿਰ ਤਵੈ।
ਹੋ ਤਮਾਂ ਤੇਲ ਤੈ[1] ਨਰਮ, ਚਰਮ ਜਯੋਂ ਨਰ ਭਵੈ ॥ ੬੭ ॥

[1]ਲਾਲਚ ਰੂਪ ਤੇਲ ਨਾਲ।

ਬਾਦਸ਼ਾਹਿ ਪੈ ਲਿਖਜੋ, ਗੁਰੂ ਕਾ ਜਬਿ ਗਯੋ।
ਪਢਿ ਸੁਨਿ ਕੀਨ ਯਕੀਨ, ਸਹੀ ਦਿਲ ਦਿਢ ਠਯੋ।
ਰਾਮਰਾਇ ਥਾ ਤਹਾਂ, ਲਾਇ ਬਹੁ ਲੂਤੀਆਂ[1]।

[1]ਚੁਗਲੀਆਂ।

ਹੋ ਆਗ ਲਾਗ ਕੀ[1] ਜਗੀ, ਭਈ ਕਸੂਤੀਆ ॥ ੬੮ ॥

[1]ਈਰਖਾ ਦੀ। (ਅ) ਦੁਸ਼ਮਣੀ ਦੀ।

ਕਹਜੋ ਸ਼ਾਹਿ ਪੈ ਤਾਂਹਿ, ਨ ਗੁਰੁ ਅਬਿ ਆਇ ਹੈਂ।
ਕਿਸੀ ਪਹਾਰ ਮਝਾਰ, ਪਲਾਇ ਛਪਾਇ ਹੈਂ।
ਸ਼ਾਹਿ ਯਾਹਿ ਸੁਨਿ ਸਤਿ ਮਾਨਿ, ਪੁਨ ਅਹਿਦੀਏ।
ਹੋ ਪਠੇ ਔਰ ਕਰਿ ਗੌਰ[1], ਲਜਾਵਨਿ ਕਹਿ ਦੀਏ ॥ ੬੯ ॥

[1]ਖ਼ਿਆਲ ਕਰਕੇ।

ਇਤ ਸਤਿਗੁਰੁ ਕੀ ਸੁਨੋ, ਗਾਥ ਸੁਖਦਾ ਭਰੀ[1]।
ਭਯੋ ਦੂਤ ਥਾ ਬਿਦਾ ਜਬੈ, ਤਬਿ ਯੌਂ ਕਰੀ।
ਸੇਵਕ ਸਿੱਖ ਮਸੰਦਨਿ, ਬ੍ਰਿੰਦਨਿ ਬੋਲਿ ਕੈ।
ਹੋ ਲਾਇ ਦੀਵਾਨ ਮਹਾਨ, ਕਹਜੋ ਇਮ ਖੋਲ੍ਹ ਕੈ ॥ ੭੦ ॥

[1]ਭਲੀ ਤਰ੍ਹਾਂ।

ਸਾਹਿਬਜ਼ਾਦੇ ਪਾਸ, ਚੌਕਸੈ[1] ਤੁਮ ਰਹਜੋ।
ਹਮ ਅਬਿ ਅਧਿਭੁਤ ਕਾਮ, ਕਰਨ ਹੈ ਚਿਤ ਚਹਜੋ।
ਇਮ ਕਹਿ ਗਾਦੀ, ਨਿਜੈਂ ਸੁਪੁੱਤਰ ਬਿਠਾਯੋ।
ਹੋ ਮਮ ਸਮ ਇਨਿ ਕੋ ਮਾਨਜੋ, ਇਮ ਸਬਿਨਿ ਸੁਨਾਯੋ ॥ ੭੧ ॥

[1]ਹੁਸ਼ਿਆਰ।

ਪੁਨ ਇਕੰਤ ਭਗਵੰਤ, ਸੁਤੰਤ[1] ਬਿਠਾਯ ਕੈ।
ਬ੍ਰਹਮਾਤਮ ਪ੍ਰਮਾਤਮ, ਗਜਾਨ ਦਿਢਾਯ ਕੈ।
ਭਜਨ ਕਰਨਿ ਭਵ ਬੰਧ ਹਰਨਿ[1], ਰਿਧਿ ਸਿੱਧਿ ਕੀ।
ਹੋ ਰੀਤਿ ਸਰਬ ਸਮਝਾਈ, ਗੁਰੁ ਸਿੱਖਿ ਬ੍ਰਿੱਧਿ ਕੀ[1] ॥ ੭੨ ॥

[1]ਇਕੱਲਿਆਂ ਨੂੰ।

[1]ਸੰਸਾਰ ਦੇ ਬੰਧਨ ਮੇਟਣ ਦੀ।

[1]ਗੁਰਸਿੱਖੀ ਦੇ ਵਾਧੇ ਦੀ।

ਜਦਪਿ ਥੇ ਸਮਰੱਥ, ਸਰਬ ਸ਼ਕਤੀ ਯੁਤੈਂ।
ਸ੍ਰੀ ਗੁਰੁ ਗੋਬਿੰਦ ਸਿੰਘ, ਪਹਿਲ ਹੀ ਜਗ ਨੁਤੈਂ[1]।
ਤਦਪਿ ਰਾਮ ਕ੍ਰਿਸ਼ਨ, ਸਮਾਨ ਉਪਦੇਸ਼ ਲਿਯ।
ਹੋ ਮਰਯਾਦਾ ਪੁਰਸ਼ੋਤਮ, ਸ੍ਰੀ ਗੁਰੁ ਨੌਮ ਦਿਯ ॥ ੭੩ ॥

[1]ਜਗਤ ਦੇ ਉਸਤਤ ਕਰਨ ਯੋਗ।

ਕਾਰਬਾਰ ਗੁਰਜਾਈ ਕੇ, ਸਮਝਾਯ ਕੈ।

ਜੋ ਪਿ ਗੋਪ ਮਤ ਥੋਪਿ, ਸੋ ਪਿ ਦ੍ਰਿੜਾਯ ਕੈ[1]।
ਭਰਿ ਭੁਜ ਮੈਂ[1] ਦੈ ਪਜਾਰ, ਕਿਵਾਰ ਉਘਾਰ ਕੈ[2]।
ਹੋ ਰਿੱਧਿ ਸਿੱਧਿ ਨਿਧਿ, ਬਿਧਿ ਪ੍ਰਸਿੱਧ ਦਿਖਾਰ ਕੈ[1] ॥ ੭੪ ॥

[1]ਜਿਹੜੀ ਕੋਈ ਗੁਪਤ ਗੱਲ ਸੀ ਉਹ ਵੀ ਪੱਕੀ ਕਰਕੇ।
[1]ਜੱਫੀ ਪਾ ਕੇ। [2]ਅੰਦਰ ਦੇ ਤਖਤੇ ਖੋਲ੍ਹ ਕੇ।
[1]ਜੁਗਤਿ ਪ੍ਰਗਟ ਹੀ ਦਿਖਾ ਕੇ।

ਦੀਪ ਸੰਗ ਤੈ ਦੀਪਕ, ਦਿਪਜੋ ਮਹਾਨ ਹੈ[1]।
ਔਰ ਨ ਕਾਹੂੰ ਲਖਜੋ, ਉਭੈ[1] ਗੁਰੁ ਜਾਨ ਹੈਂ।
ਪੰਚਾਮ੍ਰਿਤ[1] ਬ੍ਰਤਾਇ, ਅਧਿਕ ਕਰਵਾਇ ਕੈ।
ਹੋ ਪੁਨਾ ਮਹਿਲ ਨਿਜ ਅੰਦਰ, ਸਤਿਗੁਰੁ ਜਾਇ ਕੈ ॥ ੭੫ ॥

[1]ਦੀਵੇ ਤੋਂ ਮਹਾਨ ਦੀਵਾ ਜਗ ਪਿਆ।
[1]ਦੋਵੇਂ।
[1]ਕੜਾਹ ਪ੍ਰਸ਼ਾਦ।

ਸ੍ਰੀ ਨਾਨਕੀ ਮਾਤ, ਤਈਂ ਕਰਿ ਬੰਦਨੈ।
ਚਾਹੀ ਜਬੈ ਬਿਦਾਈ, ਪਿਖਿ ਨਿਜ ਨੰਦਨੈ[1]।
ਭਰੇ ਨੈਨ ਜਲਿ ਐਨ[1], ਬੈਨ ਨਹਿਂ ਆਵਈ।
ਹੋ ਬਾਰ ਬਾਰ ਦੈ ਪਜਾਰ, ਨਿਹਾਰ ਅਕੁਲਾਵਹੀ[1] ॥ ੭੬ ॥

[1]ਆਪਣੇ ਪੁੱਤਰ ਨੂੰ ਵੇਖ ਕੇ।
[1]ਚੰਗੀ ਤਰ੍ਹਾਂ।
[1]ਦੇਖ ਕੇ (ਮਾਤਾ) ਵਿਆਕੁਲ ਹੋ ਰਹੀ ਹੈ।

ਸ੍ਰੀ ਗੁਰੁ ਦੀਨ ਦਜਾਲ, ਭਵਿੱਖਤ[1] ਸੋਚ ਕੈ।
ਦਿਯ ਉਪਦੇਸ਼ ਬਿਸ਼ੇਸ਼, ਕਲੇਸ਼ਹਿ ਮੋਚ ਕੈ[1]।
ਅਤਿ ਭਗਤੀ ਯੁਤਿ ਮਤੀ, ਹੁਤੀ ਸੁਧ ਮਾਤ ਕੀ।
ਹੋ ਬ੍ਰਹਮਾਤਮ ਝਟ ਲਖਜੋ, ਭਈ ਦਿਢ ਸਾਂਤ ਕੀ[1] ॥ ੭੭ ॥

[1]ਆਉਣ ਵਾਲਾ ਸਮਾਂ।
[1]ਕਲੇਸ਼ਾਂ ਨੂੰ ਕੱਟਣ ਵਾਲਾ।
[1]ਪੱਕੀ ਸ਼ਾਂਤੀ ਹੋ ਗਈ।

ਸ੍ਰੀ ਗੁਜਰੀ ਜੀ, ਗਹੇ ਚਰਨ ਆਧੀਰ ਹ੍ਵੈ।
ਬਿਹਬਲ ਮਨ ਤਨ ਕੰਠ, ਗਯੋ ਸਾਰੀਰ ਹ੍ਵੈ।
ਪਗ ਪੰਕਜ ਪਾਖਾਰੇ[1], ਦ੍ਰਿਗ ਜਲ ਢਾਰ ਕੈ[2]।
ਹੋ ਪਤਿ ਬਜੋਗ ਸਮ[1] ਦੁੱਖ, ਨ ਔਰ ਵਿਚਾਰ ਕੈ ॥ ੭੮ ॥

[1]ਧੋਤੇ। [2]ਡੋਲ੍ਹ ਕੇ।
[1]ਵਿਛੋੜੇ ਵਰਗਾ।

ਕਾਂਪੀ ਕਦਲੀ ਭਾਂਤਿ[1], ਕਾਂਤਿ[2] ਬਦਲੀ ਗਈ।
ਮੀਨ ਥਲੀ ਹ੍ਵੈ[1] ਕਹੇ, ਭਲੀ ਨਹਿਂ ਬਿਧਿ ਕਈ[2]।
ਤ੍ਰਿਕਾਲੱਗ੍ਯ[1] ਸਰਬੱਗ੍ਯ, ਗੁਰੂ ਦੈ ਧੀਰ ਹੈ।
ਹੋ ਕਹਜੋ ਪਾਸ ਤੁਵ ਪੁੱਤ੍ਰ, ਬਲੀ ਬਡ ਬੀਰ ਹੈ ॥ ੭੯ ॥

[1]ਕੇਲੇ ਵਾਂਗ। [2]ਚਿਹਰੇ ਦੀਰੌਣਕ।
[1]ਥਲ ਦੀ ਮੱਛੀ ਹੋ ਕੇ। [2]ਪ੍ਰਮੇਸ਼ਰ ਨੇ ਚੰਗੀ ਨਹੀਂ ਕੀਤੀ।
[1]ਤਿੰਨਾਂ ਸਮਿਆਂ ਦੇ ਜਾਣੂ।

ਪੁੱਤ੍ਰ ਪਤੋਹੂ ਪਾਲਿ[1], ਪੌਤ੍ਰ ਪੁਨ ਪੇਖੀਓ। [1]ਪੁੱਤ ਤੇ ਨੂੰਹ ਨੂੰ ਪਾਲੋ।
ਕੌਤਕ ਮਾਯਾ ਕੇਰ, ਅਨਕਧਾ ਲੇਖੀਓ[1]। [1]ਅਨੇਕ ਤਰ੍ਹਾਂ ਦੇ ਦੇਖਿਆ ਜੇ।
ਹਿੰਦੁ ਧਰਮ ਕੇ ਰੱਖਨ ਹੇਤ, ਹਮ ਜਾਤ ਹੈਂ।
ਹੋ ਤੁਮ ਮਾਤਾ ਕੀ ਸੇਵ, ਕਰਜੋ ਸਬਿ ਭਾਂਤਿ ਹੈ
॥ ੮੦ ॥
ਔਰ ਬਿਬਿਧਿ[1] ਸਿਤਕਾਰ, ਸੁ ਧੀਰ ਵਿਚਾਰ ਕੈ। [1]ਅਨੇਕ ਤਰ੍ਹਾਂ।
ਮਾਯਾ ਮਈ[1] ਅਗਜਾਨ, ਮੋਹ ਪਰਿਹਾਰ ਕੈ[2]। [1]ਰੂਪ। [2]ਮੇਟ ਕੇ।
ਨਿਜ ਸ਼ਕਤੀ ਬਲ ਬ੍ਰਹਮ ਗਜਾਨ, ਦਿਢ ਹੈ ਦਯੋ।
ਹੈ ਜਗਤ ਮਿੱਥਜਾ ਮਾਨਿ[1], ਮਾਤ ਮਨ ਥਿਰ ਥਜੋ[2] [1]ਝੂਠਾ ਮੰਨ ਕੇ। [2]ਟਿਕ ਗਿਆ।
॥ ੮੧ ॥
ਜਾਨ ਲਯੋ ਇਮ ਸਹੀ, ਯਹੀ ਜਗ ਰੀਤਿ ਹੈ।
ਮਮ ਪਤਿ ਪੂਰਨ ਬ੍ਰਹਮ, ਸੰਗ ਮੁਨਿ ਨੀਤ ਹੈ।
ਆਤਮ ਮਰੈ ਨ ਜਰੈ, ਕਟੈ ਨਹਿਂ, ਕਹਤ ਹੈਂ[1]। [1](ਬੇਦ ਸੰਤ) ਕਹਿੰਦੇ ਹਨ।
ਹੋ ਦੇਹ ਸੰਜੋਗ ਅਨਿੱਤ[1], ਸ਼ਬਦ ਨਿਤ ਰਹਿਤ ਹੈ[2] [1]ਝੂਠਾ ਹੈ। [2]ਸ਼ਬਦ (ਦਾ ਮੇਲ) ਨਿੱਤ ਰਹਿੰਦਾ ਹੈ।
॥ ੮੨ ॥
ਯਾ ਬਿਧਿ ਸਬਿ ਕੋ ਗਜਾਨ, ਧੀਰ ਬਿਧਿ ਦੈ ਭਰੇ[1]। [1]ਭਲੀ ਤਰ੍ਹਾਂ ਦੇ ਕੇ।
ਸੇਵਕ ਲੈ ਨਿਜ ਸੰਗ, ਅਲਪ ਹੀ[1] ਚਲ ਪਰੇ। [1]ਥੋੜੇ ਹੀ।
ਪੁਨ ਪੁਨ ਨਿਜ ਸੁਤ ਓਰ, ਨਿਹਾਰ ਪਜਾਰ ਦੈ।
ਹੋ ਥਾਪ ਆਪਨਾ ਆਪ, ਗੁਰਜਾਈ ਭਾਰ ਦੈ[1] [1]ਆਪਣਾ ਆਪ ਰੂਪ ਬਣਾ ਕੇ ਤੇ ਭਾਰੀ ਗੁਰਿਆਈ ਦੇ ਕੇ।
॥ ੮੩ ॥
ਪੁਰ ਅਨੰਦ ਕੋ ਆਨਂਦ ਦਾਇ, ਜੁਹਾਰ ਕੈ[1]। [1]ਨਮਸਕਾਰ ਕਰਕੇ।
ਬਿਦਾ ਸਬਿਨਿ ਤੇ ਭਏ, ਸੁ ਖੁਸ਼ੀ ਉਚਾਰ ਕੈ।
ਲੋਗਨਿ ਬੰਦੇ ਚਰਨ, ਗਰਨਿ ਪਟ ਪਾਇ ਕੈ[1]। [1]ਗਲਾਂ 'ਚ ਪੱਲੇ ਪਾ ਕੇ।
ਹੋ ਪਰਿਕ੍ਰਮਾ ਗੁਰੁ ਕੇਰ, ਕਰੀ ਬਿਲਖਾਇ ਕੈ[1] [1]ਰੋ ਕੇ।
॥ ੮੪ ॥
ਖੈਂਚ ਲੀਕ ਗੁਰੁ ਕਹਜੋ, ਨ ਅੱਗ੍ਰ ਆਈਓ।
ਦਸਮੇਸ਼ਰ ਕੋ ਸੇਵ, ਪਰਮ ਪਦ ਪਾਈਓ।
ਮਾਨ ਚਿੱਤ੍ਰ ਸੇ ਥਿਰੇ[1], ਘਿਰੇ ਮਨ ਸ਼ੋਕ ਮੈਂ। [1]ਜਾਣੋ ਤਸਵੀਰਾਂ ਵਾਂਗ ਖੜੇ ਹਨ।
ਹੋ ਪਾਛੇ ਜਾਨਾ ਨਾਹਿਂ, ਚਾਹਿਂ ਨਿਜ ਓਕ ਮੈਂ[1] [1]ਘਰ ਵਿੱਚ।
॥ ੮੫ ॥

ਗੁਰੂ ਚਲੇ ਜਬਿ ਅਗੇ, ਚਲੇ ਜਲ ਨੈਨ ਤੈ।
ਨਰ ਨਾਰਿਨਿ ਜੈ ਧੁਨੀ, ਸੁਨੀ ਤਬਿ ਗੈਨ ਤੈ[1]।
ਪੈ ਕੁਸਗੁਨ ਪਿਖਿ ਔਰ, ਮਗਨ ਮਨ ਦੁਖ ਭਿਲੇ[1]।
ਹੋ ਨਗਨ ਭਾਲ ਦਿਜ, ਅਗਨਿ ਸ ਧੂੰ, ਅੱਗ੍ਰ ਮਿਲੇ[1] ॥੮੬॥

[1]ਅਕਾਸ਼ ਤੋਂ।
[1](ਸੋਕ 'ਚ) ਡੁੱਬੇ ਮਨ ਦੁੱਖ 'ਚ ਮਿਲ ਗਏ।
[1]ਨੰਗੇ ਸਿਰ ਬ੍ਰਹਮਣ ਤੇ ਧੂੰਏਂ ਸਹਿਤ ਅਗਨੀ ਅੱਗੋਂ ਮਿਲੇ।

ਮ੍ਰਿਗ ਬਾਮ ਦਿਸ ਗਏ[1], ਦ੍ਰਿਗ ਜਲ ਬਹੁ ਜਵੈ[2]।
ਪੇਖਿ ਬਖਾਨੇ ਦਾਨੇ[1], ਨ ਜਾਨੇ ਕਯਾ ਭਵੈ[2]।
ਰਹੇ ਪਿਖਿਤਿ ਜਹਿਂ ਲਗੈਂ[1], ਦਿਖਤਿ ਗੁਰੁ ਰਹੇ ਤਿਨਿ।
ਹੋ ਗਏ ਸ੍ਵਾਸ ਭਰਿ[1] ਪੁਨ ਅਵਾਸ[2], ਧਰਿ ਤ੍ਰਾਸ ਮਨ ॥੮੭॥

[1]ਹਰਨ ਖੱਬੇ ਪਾਸੇ ਨੂੰ ਗਏ। [2](ਵੇਖਣ ਵਾਲਿਆਂ ਦੇ) ਅੱਖਾਂ 'ਚੋਂ ਬਹੁਤਾ ਜਲ ਜਾਂਦਾ ਹੈ।
[1]ਸਿਆਣੇ। [2]ਕੀ ਹੋਵੇਗਾ।
[1]ਜਿੱਥੋਂ ਤੱਕ।
[1]ਹਾਹੁਕੇ ਲੈ ਕੇ। [2]ਘਰ।

ਸੇਤ ਸਪਤਮੀ ਹਾੜ[1], ਐਸ ਗੁਰੁ ਤੁਰਿ ਭਲੇ।
ਕੀਰਤਿ ਪੁਰਿ ਬਸ ਨਿਸਾ[1], ਅੱਗਰੀ ਪੁਨ ਚਲੇ।
ਮਤੀਰਾਮ ਦੀਵਾਨ, ਗੁਰੁਦਿੱਤਾ ਦਯਾਲ[1] ਜੇ।
ਹੋ ਊਦਾ ਭਾਈ ਧਰਮ ਦਾਸ, ਸਿਖ ਨਾਲ ਥੇ ॥੮੮॥

[1]ਹਾੜ ਸੁਦੀ ਸੱਤਵੀਂ।
[1]ਰਾਤ।
[1]ਭਾਈ ਦਿਆਲਾ ਜੀ।

ਬਸਿ ਮਕਾਰ ਪੁਰਿ, ਹਸਨ ਪੁਰੋਂ, ਨਨਹੇੜੀਓਂ[1]।
ਸੈਫਾਵਾਦ[1] ਪਹੁਚੇ, ਸੂਚੇ ਬੇੜੀਓਂ।
ਜਹਾਂ ਬਹਾਦਰ ਗੜ੍ਹ, ਪੱਟਜਾਲੇ ਨਿਕਟ ਹੈ।
ਹੋ ਤਹਿ ਥਾਂ ਤਬੈ ਨੁਵਾਬ, ਸੈਫ ਖਾਂ ਬਿਕਟ ਹੈ[1] ॥੮੯॥

[1]ਪਿੰਡ ਦਾ ਨਾਮ।
[1]ਪਟਿਆਲੇ ਲਾਗੇ ਸੈਫੁੱਦੀਨ ਦਾ ਵਸਾਇਆ ਨਗਰ ਤੇ ਕਿਲ੍ਹਾ ਜਿਸ ਦਾ ਹੁਣ ਨਾਮ ਬਹਦਾਰ ਗੜ੍ਹ ਹੈ।
[1]ਬਹਾਦਰ ਸੀ।

ਦੋਸਤ ਥਾ ਦਰਵੇਸ਼, ਬੇਸ[1] ਸਰਦਾਰ ਸੋ।
ਰਖਤਿ ਗੁਰੂ ਪੈ ਸ਼ਰਧਾ, ਅਤਿਸੈ ਪਜਾਰ ਸੋ।
ਯਾਂਹੀ ਤੇ ਗੁਰੁ ਉੜ੍ਰੇ, ਤਿਸ ਕੈ ਆਇ ਕੈ।
ਹੋ ਸੇਵਾ ਤਿਨ ਸਬਿ ਭਾਂਤਿ, ਕਰੀ ਮਨ ਲਾਇ ਕੈ ॥੯੦॥

[1]ਚੰਗਾ।

ਚਤੁਰ ਮਾਸ[1] ਗੁਰੁ ਰਾਖੇ, ਤਿਨ ਅਤਿ ਪ੍ਰੇਮ ਸੈਂ।

[1]ਚਾਰ ਮਹੀਨੇ।

ਸੰਗਤਿ ਗੁਰੁ ਕੀ ਟਹਿਲ, ਕਰੇ ਨਿਤ ਨੇਮ ਸੈਂ।
ਰਹੇ ਬਾਗ ਮੈਂ ਜਹਾਂ, ਤਹਾਂ ਗੁਰੁਦ੍ਵਾਰ ਅਬਿ।
ਹੋ ਕਰਮ ਸਿੰਘ ਪਟਲੇਸ, ਰਚਾਯੋ[1] ਲਖੈਂ ਸਬਿ
॥ ੯੧ ॥

[1]ਬਣਵਾਇਆ ਹੈ।

ਉਤੈ ਸ਼ਾਹਿ ਜੋ ਪਠੇ, ਅਹਿਦੀਏ ਥੇ[1] ਪੁਨਾ।
ਆਨੰਦ ਪੁਰ ਗੁਰੁ ਨਹੀ, ਯਾਹਿ ਜਬਿ* ਸ਼ਾਹਿ ਸੁਨਾ।

[1]ਸਿਪਾਹੀ ਭੇਜੇ ਸਨ।

*ਅੰਕ ਨੰ. ੯੨ ਦੇ 'ਸ਼ਾਹਿ ਸੁਨਾ' ਤੋਂ ਇਸੇ ਹੀ ਬਿਸ੍ਰਾਮ ਦੇ ਅੰਕ ਨੰ. ੧੪੧ ਦੇ 'ਕਰਨ ਕਾਰਨ ਸਮ੍ਰੱਥ' ਤੱਕ ਦੀ ਰਚਨਾ ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ੫੨੫ ਪੰਨੇ ਤੋਂ ੫੨੯ ਪੰਨੇ ਤੱਕ ਚਾਰ ਸਫ਼ੇ, ਕਵਿ ਜੀ ਦੀ ਆਪਣੀ ਕ੍ਰਿਤ ਨਹੀਂ ਹੈ। ਇਹ ਰਚਨਾ ਇਸ ਐਡੀਸ਼ਨ ਦੇ ਆਖੇਪਕਾਰ ਘਸੀਟਾ ਸਿੰਘ ਕਵੀਸ਼ਰ ਲਾਹੌਰ ਦੀ ਰਚੀ ਹੋਈ ਹੈ। ਕਵਿ ਜੀ ਕ੍ਰਿਤ ਰਚਨਾ ਨਾਲ ਆਪਣੀ ਰਚਨਾ ਮੇਲਣ ਸਮੇਂ ਛੰਦ ਤਾਂ ਅੜਿੱਲ ਲਿਖਣਾ ਸ਼ੁਰੂ ਕਰ ਦਿੱਤਾ ਹੈ ਪਰ ਕਾਵਿ ਨਿਯਮਾਂ ਅਨੁਸਾਰ ਅੜਿੱਲ ਛੰਦ ਦੀ ਚੌਥੀ ਤੁਕ ਦੇ ਮੁੱਢ ਵਿੱਚ 'ਹੋ' ਸ਼ਬਦ ਲਿਖਣਾ ਹੀ ਭੁੱਲ ਗਿਆ ਹੈ। (ਜਦ ਕਿ ਕਵਿ ਜੀ ਵਲੋਂ ਅਸਲ ਰਚਨਾ ਵਿੱਚ ਪਿੱਛੇ ਵੀ ਤੇ ਅੱਗੇ ਵੀ ਇਸ ਨਿਯਮ ਦੀ ਠੀਕ ਪਾਲਨਾ ਕੀਤੀ ਗਈ ਹੈ) ਅਤੇ ੯੬ ਨੰ. ਚੌਪਈ ਦੀਆਂ ਚਾਰ ਦੀ ਬਜਾਇ ਦੋ ਹੀ ਤੁਕਾਂ ਲਿਖੀਆਂ ਹਨ। ਛਾਪਾ ਪੱਥਰ ਦੇ ੫੨੯ ਪੰਨੇ ਤੇ ਆਖੇਪਕਾਰ ਚੌਪਈ ਲਿਖਦਾ ਆ ਰਿਹਾ ਸੀ। ਕਵਿ ਜੀ ਦੀ ਅਸਲ ਰਚਨਾ ਵਿੱਚ ੫੨੯ ਪੰਨੇ ਤੇ ਚੂੰਕਿ ਅੜਿੱਲ ਛੰਦ ਚਲ ਰਿਹਾ ਸੀ ਇਸ ਲਈ ਛੰਦ ਮੇਲਣ ਲਈ ਆਖੇਪਕਾਰ ਨੇ ੫੨੯ ਪੰਨੇ ਹੇਠ ਦੋ ਤੁਕਾਂ ਅੜਿੱਲ ਛੰਦ ਦੀਆਂ ਬਣਾ ਦਿੱਤੀਆਂ ਪਰ ਛੰਦ ਦਾ ਸਿਰਲੇਖ 'ਅੜਿੱਲ' ਲਿਖਣਾ ਕਾਹਲੀ ਵਿੱਚ ਭੁੱਲ ਗਿਆ ਜਿਸ ਤੋਂ ਇਸ ਰਚਨਾ ਦੇ ਆਖੇਪ ਹੋਣ ਦੇ ਇਹ ਪ੍ਰਤੱਖ ਪ੍ਰਮਾਣ ਮਿਲਦੇ ਹਨ। ਹੋਰ ਸਾਰੀਆਂ ਉਹ ਦਲੀਲਾਂ ਵੀ ਇਸ ਰਚਨਾ ਨੂੰ ਆਖੇਪ ਸਿੱਧ ਕਰਦੀਆਂ ਹਨ ਜੋ ਇਸ ਤੋਂ ਪਹਿਲੀਆਂ ਆਖੇਪ ਰਚਨਾਵਾਂ ਬਾਰੇ ਦਿੱਤੀਆਂ ਗਈਆਂ ਹਨ। ਦੇਖੋ ੩੨ਵੇ ਬਿਸ੍ਰਾਮ ਦੇ ਅੰਕ ੧੧੮ ਅਤੇ ੩੪ਵੇ ਬਿਸ੍ਰਾਮ ਦੇ ਅੰਕ ੪੨ ਵਿਚ * ਨਿਸ਼ਾਨ ਦੀਆਂ ਪੈਰ ਟੂਕਾਂ।

ਤਬਿ ਪਤਸ਼ਾਹ ਰਿਸਾਇ, ਪਠਾਇ ਸਊਰ ਬਉ[1]।
ਖੋਜੈਂ ਜਹਿਂ ਤਹਿਂ ਮੁਲਖ, ਪਹਾਰਨਿ ਖੋਹ ਲਉ[1]
॥ ੯੨ ॥

[1]ਗੁੱਸੇ ਹੋ ਕੇ ਬਹੁਤੇ (ਘੋੜ) ਸਵਾਰ ਭੇਜੇ।

[1]ਪਹਾੜਾਂ ਦੀਆਂ (ਖੋਹ) ਕੰਦਰਾਂ ਤੱਕ।

ਗਾਉਂ ਗਾਉਂ ਮੈਂ ਜਾਇ, ਢੰਡੋਰੇ ਦੀਜੀਓ।
ਪੁਨ ਪੈਂਚ ਚੌਧਰੀ ਪਕਰਿ, ਮੁਚੱਲਕੇ[1] ਲੀਜੀਓ।

[1]ਪ੍ਰਣ-ਪੱਤਰ।

ਤਬਿ ਐਸੇ ਹੀ ਕਰੀ, ਮੁਲਖ ਸਭਿ ਸੋਧਿਓ[1]। [1]ਢੂੰਡਿਆ।
ਸਿੱਖ ਮਸੰਦਨਿ ਬਾਂਧਿ, ਪੁਨਾ ਤਿਨਿ ਬੋਧਿਓ[1] [1]ਸਮਝਾਇਆ।
॥ ੯੩ ॥
ਦੀਜੈ ਗੁਰੂ ਬਤਾਇ, ਸ਼ਾਹਿ ਕਉ ਖੁਸ਼ ਕਰੋ।
ਲੀਜੈ ਬਹੁਤ ਇਨਾਮ, ਆਪ ਕਜੋਂ ਦੁਖ ਭਰੋ।
ਦੀਨੋ ਹਿੰਦੁਨਿ ਕਸ਼ਟ, ਲਚਾਰੀ[1] ਅਤਿ ਬਨੀ। [1]ਬੇਵਸੀ।
ਜਾਨੀ ਜਾਨ ਸੁਜਾਨ[1], ਗਟੀ[2] ਗੁਰਿ ਯਹਿ ਗਨੀ [1]ਚਤੁਰ ਸਤਿਗੁਰਾਂ। [2]ਗਿਣਤੀ, ਵਿਚਾਰ।
॥ ੯੪ ॥
ਚੌਪਈ:
ਤਬਿ ਸਤਿਗੁਰੁ ਸ੍ਰੀ ਤੇਗ ਬਹਾਦਰ।
ਧਰਮ ਧੁਜਾ[1] ਕੀ ਪਹਿਰੀ ਚਾਦਰ। [1]ਨਿਸ਼ਾਨ, ਚਿੰਨ੍ਹ।
ਚਲਤੇ ਮਗ ਮੈਂ ਗਾਉਂ ਸੁ ਹੇਰਾ[1]। [1]ਦੇਖਿਆ।
ਸੈਫਾਵਾਦ ਕੀਓ ਗੁਰੁ ਡੇਰਾ ॥ ੯੫ ॥
ਸੈਫ ਦੀਨ ਥਾ ਮਾਲਕ ਗਾਉਂ[1]। [1]ਪਿੰਡ ਦਾ।
ਕਿਸੀ ਸੁਨਾਯੋ ਤਿਸ ਗੁਰੁ ਨਾਉਂ ॥ ੯੬ ॥
ਦੋਹਰਾ:
ਉਤਰੇ ਹੈਂ ਤਵ ਗਾਉਂ ਮੈਂ,
ਤੇਗ ਬਹਾਦਰ ਆਨ।
ਜਗਮਗ ਜੋਤਿ ਸੁਹਾਵਨੀ,
ਸੰਤ ਰੂਪ ਪਹਿਚਾਨ ॥ ੯੭ ॥
ਚੌਪਈ:
ਸੁਨਾ ਨਾਮ ਤਤਕਾਲ ਸਿਧਾਯੋ।
ਬਿਹਬਲ ਹ੍ਵੈ ਤਨ ਪੁਲਕਤਿ[1] ਆਯੋ। [1]ਰੋਮ ਖੜੇ ਹੋ ਗਏ।
ਹਾਥ ਜੋਰਿ ਕੈ ਸਨਮੁਖ ਠਾਢਾ।
ਪੂਰਬ ਪ੍ਰੇਮ ਨੈਨ ਜਲ ਬਾਢਾ ॥ ੯੮ ॥
ਕਬਿੱਤ:
ਸੈਫ ਦੀਨ ਆਇਓ ਤਿਨ ਦਰਸ਼ਨ ਪਾਇਓ,
ਸਿਰ ਚਰਨ ਨਿਵਾਇਓ ਜਾਨਿਓ ਪੀਰ ਮਮ
ਆਇਓ ਹੈ।
ਡੇਰਾ ਕਰਵਾਇ ਪੁਨ ਰਸਦ ਪੁਚਾਇ,

ਮਨ ਅਤਿ ਹਰਖਾਇ, ਮਾਨੋਂ ਰੰਕ ਨਿਧਿ ਪਾਇਓ ਹੈ[1]।

[1]ਜਾਣੋ ਕੰਗਾਲ ਨੇ ਖ਼ਜ਼ਾਨਾ ਪਾ ਲਿਆ ਹੈ।

ਪਾਇ ਕੈ ਪ੍ਰਸ਼ਾਦ ਗੁਰੁ ਕੀਨੋ ਹੈ ਆਰਾਮ,
ਪ੍ਰਯੰਕ ਡਸਵਾਇ ਸੁਪਤਏ[1] ਮਨ ਭਾਇਓ ਹੈ।

[1]ਪਲੰਘ ਡਹਾ ਕੇ ਸੌਂ ਗਏ।

ਉਠੇ ਗੁਰੁ ਦੇਵ ਸੈਫ ਦੀਨ ਸੁਨਿ ਭੇਵ,
ਕਰੀ ਬਿਨਤੀ ਅਭੇਵ[1] ਤਬਿ ਬਚਨ ਸੁਨਾਇਓ ਹੈ ॥ ੯੯ ॥

[1]ਭੇਦਰਹਿਤ।

ਦੋਹਰਾ:
ਮਨ ਮੈਂ ਮੈਂ ਚਿਤਵਤਿ ਰਹੋਂ,
ਨਿਸ ਦਿਨ ਬਾਰੰ ਬਾਰਿ।
ਕਬਿ ਦੀਦਾਰ ਹਮ ਦੇਹਿਂਗੇ,
ਸ੍ਰੀ ਗੁਰੁ ਕਰੁਨਾ ਧਾਰਿ ॥ ੧੦੦ ॥
ਸੁਨੀ ਬੇਨਤੀ ਦਾਸ ਕੀ,
ਕੀਯਾ ਮਨੋਰਥ ਪੂਰ।
ਕਛੁਕ ਕਾਲ ਮਮ ਢਿਗ ਰਹੋ,
ਬਾਛੋਂ[1] ਗੁਰੁ ਪਗ ਧੂਰ ॥ ੧੦੧ ॥

[1]ਚਾਹੁੰਦਾ ਹਾਂ।

ਚੌਪਈ:
ਤਬਿ ਸਤਿਗੁਰੁ ਜੀ ਭਏ ਦਿਆਲ।
ਸੈਫ ਦੀਨ ਕਾ ਪਿਖਿ ਸੁਚ[1] ਹਾਲ।

[1]ਪਵਿੱਤ੍ਰ।

ਸ੍ਰੀ ਮੁਖ ਸੈਂ ਤਬਿ ਕੀਨ ਉਚਾਰ।
ਚਾਰ ਮਾਸ ਮਮ ਇੱਛਾ ਧਾਰਿ[1] ॥ ੧੦੨ ॥

[1]ਚਾਰ ਮਹੀਨੇ ਰਹਿਣ ਦੀ ਅਸੀਂ ਇੱਛਾ ਕਰਦੇ ਹਾਂ।

ਪੁਨ ਹਮ ਕਾਰਨ ਕਰਨਾ ਔਰ।
ਚਲੇ ਜਾਇ ਹਮ ਅਨਤੇ ਠੌਰ[1]।

[1]ਹੋਰ ਜਗ੍ਹਾ।

ਪ੍ਰੇਮ ਦੇਖਿ ਗੁਰੁ ਰਹੇ ਚੁਮਾਸਾ[1]।

[1]ਹਾੜ ਸੁਦੀ ੧੨ ਤੋਂ ਕਤਕ ਸੁਦੀ ੧੨ ਤੱਕ ਦਾ ਚਾਰ ਮਹੀਨਿਆਂ ਦਾ ਸਮਾਂ।

ਅਨਤ[1] ਜਾਨ ਕੀ ਧਰਿ ਮਨ ਆਸਾ ॥ ੧੦੩ ॥

[1]ਹੋਰ (ਥਾਂ)।

ਸਭਿ ਸੰਗਤਿ ਪ੍ਰਤਿ ਗਿਰਾ[1] ਉਚਾਰੀ।

[1]ਬਾਣੀ।

ਨਿਜ ਨਿਜ ਸਦਨ ਜਾਹੋ ਹਿਤਕਾਰੀ[1]।

[1]ਹੇ ਪ੍ਰੇਮੀਓ।

ਕੀਯੋ ਬਿਰਾਗ[1] ਗੁਰੂ ਪ੍ਰਬੋਧਾ[2]।
ਧੀਰਜ ਧਰੋ ਤਜਾਗ ਮਨਿ ਕ੍ਰੋਧਾ ॥ ੧੦੪ ॥

[1]ਰੋਣ ਲਗ ਪਏ। [2]ਸਮਝਾਇਆ।

ਸੈਫ ਦੀਨ ਪੁਨ ਬਿਨਤੀ ਕੀਨ।
ਮੋਹਿ ਸੰਗਿ ਪ੍ਰਭ ਕਜੋਂ ਨਹੀਂ ਲੀਨ।
ਹਮੈ ਇਕਾਕੀ ਬਨ ਹੈ ਰਹਿਨਾ[1]।
ਤੁਮੈ ਭਵਿੱਖਤ ਬਨ ਹੈ ਕਹਿਨਾ[1] ॥ ੧੦੫ ॥

[1]ਅਸਾਨੂੰ ਇਕੱਲਿਆਂਰਹਿਣਾ ਬਣੇਗਾ।
[1]ਔਣ ਵਾਲਾ ਸਮਾਂ ਵੇਖ ਕੇ ਤੁਹਾਨੂੰ ਕਹਿਣਾ ਬਣਦਾ ਹੈ (ਕਿ ਨਾਲ ਨ ਚੱਲੋ)।

ਹਮ ਤੁਮ ਸਦਾ ਮਿਲਾਪੀ ਰਹਿਹੋਂ[1]।
ਜਬਿ ਚਿਤਵੋ ਤਬਿ ਦਰਸ਼ਨ ਲੈਹੋਂ[1]।
ਗੁਰੁ ਘਰ ਦਾਸ ਸਦਾ ਗੁਰੁ ਸੰਗ।
ਕਰੇ ਮਨੋਰਥ ਕਰੇ ਨ ਭੰਗ[1] ॥ ੧੦੬ ॥

[1](ਗੁਰਾਂ ਕਿਹਾ) ਅਸੀਂ ਤੇ ਤੁਸੀਂ ਸਦਾ ਇਕੱਠੇ ਹੀਰਹਾਂਗੇ।
[1]ਲੈ ਲਿਆ ਕਰੋਗੇ।

[1]ਕੀਤੇ ਮਨੋਰਥਾਂ ਨੂੰ (ਗੁਰੂ) ਨਾਸ ਨਹੀਂ ਕਰਦਾ।

ਨਾਮ ਦਾਨ ਗੁਰੁ ਕਰਿ ਕਲਜਾਨ[1]।
ਬਿਸਰੇ ਨਾਮ ਨ ਪਦ ਨਿਰਬਾਨ[1]।

[1]ਗੁਰੂ ਨਾਮ ਦਾਨ ਦੇ ਕੇ (ਤੁਹਾਡੀ) ਕਲਿਆਣ ਕਰਨਗੇ।
[1](ਤੁਹਾਨੂੰ) ਦੁੱਖਾਂ ਤੋਂ ਰਹਿਤ ਪਦਵੀ ਦੇਣ ਵਾਲਾ ਨਾਮ ਨ ਭੁੱਲੇ।

ਸਤਿ ਸੰਗਤ ਮਨ ਨੀਵਾਂ ਕਰਨਾ।
ਨਾਮੁ ਜਪਨ ਮੈਂ ਦੇਰ ਨ ਕਰਨਾ ॥ ੧੦੭ ॥
ਸਾਸ ਸਾਸ ਮੈਂ ਬਿਸਰੇ ਨਾਹੀ[1]।
ਏਕ ਖੁਦਇ ਯਾਦ ਮਨ ਮਾਹੀ।
ਜਿਤਕ ਸੰਗਿ ਸੰਗਤ ਹੈ ਗੁਰੁ ਤੇ[1]।
ਬਿਦਾ ਦਈ ਗੁਰੁ ਨਿਕਸੇ ਪੁਰ ਤੇ ॥ ੧੦੮ ॥
ਸਿਖ ਕਹੈਂ ਹਮ ਹੂੰ ਸੰਗ ਚਲ ਹੈਂ।
ਜਾਇ ਪ੍ਰਾਨ ਤੌ ਭੀ ਨਹਿ ਟਲ ਹੈਂ।
ਜੋ ਚਲ ਹੈਂ ਹਮਰੇ ਸੰਗਿ ਭਾਈ[1]।
ਮਿਲੇ ਤ੍ਰਾਸ ਤਿਨ ਕੋ ਅਧਿਕਾਈ ॥ ੧੦੯ ॥
ਮਾਨ ਬੈਨ ਸਿਖ ਪੀਛੈ ਹਟੇ।
ਸਤਿਗੁਰੁ ਆਗੇ ਜਾਵਤ ਰਟੇ[1]।
ਪੰਚ ਸਿਖ ਗੁਰੁ ਕੇ ਸੰਗਿ ਰਹੇ।
ਔਰ ਸਭੀ ਗੁਰੁ ਮਗ ਤਜਿ ਬਹੇ[1] ॥ ੧੧੦ ॥
ਮਤੀ ਦਾਸ ਗੁਰਦਿੱਤਾ ਦੋਇ।
ਤੀਨ ਸਿਖ ਪੁਨ ਔਰੈ ਜੋਇ[1] ॥ ੧੧੧ ॥

[1](ਗੁਰੂ ਜੀ ਕਹਿੰਦੇ ਹਨ)...।

[1]ਤੁਰੇ ਜਾਂਦੇ ਹਨ।

[1]ਗੁਰਾਂ ਦਾ ਰਸਤਾ ਛੱਡ ਕੇ ਬੈਠ ਗਏ।

[1]ਹੋਰ ਦੇਖੀਦੇ ਹਨ।

ਦੋਹਰਾ:
ਬਿਦਾ ਭਏ ਗੁਰੁ ਤਹਾਂ ਤੇ,

ਚਲੇ ਸਮਾਣੇ ਓਰ।
ਥਿਰੇ ਤਹਾਂ ਥਲ ਅਧਿਕ[1] ਪਿਖਿ,
ਕੀਨ ਸੁ ਡੇਰਾ ਭੋਰ[1] ॥ ੧੧੨ ॥

[1]ਬਹੁਤਾ (ਚੰਗਾ) ਦੇਖ ਕੇ।
[1]ਸਵੇਰ ਸਾਰ।

ਚੌਪਈ:
ਗੜੀ ਅਨੇਕ ਪਠਾਨਨਿ ਕੇਰੀ।
ਬਨੀ ਅਨੂਪਮ ਸਭਹਿਨਿ ਹੇਰੀ।
ਏਕ ਪਠਾਣ ਬਡਾ ਸਰਦਾਰ।
ਸ੍ਰੀ ਗੁਰੁ ਕੀ ਤਿਨ ਪਾਈ ਸਾਰ[1] ॥ ੧੧੩ ॥

[1]ਖ਼ਬਰ।

ਆਯੋ ਤੁਰਤ ਦਰਸ ਗੁਰੁ ਹੇਰਾ।
ਕਦਮ ਬੋਸ[1] ਕਰਿ ਊਚੇ ਟੇਰਾ[2]।
ਭੀਤਰ ਹਮਰੇ ਚਲੋ ਗੁਸਾਈਂ।
ਕਰੋਂ ਸੇਵ ਦਾਸ ਕੀ ਨਜਾਈਂ ॥ ੧੧੪ ॥

[1]ਚਰਨ ਚੁੰਮ ਕੇ। [2]ਕਿਹਾ।

ਮਮ ਗ੍ਰਿਹ ਪਾਵਨ ਕਰੋ ਸੁਆਮੀ।
ਪੀਰਨ ਪੀਰ ਸੁ ਅੰਤ੍ਰਯਾਮੀ।
ਹਮ[1] ਸਾਧੂ ਇਹ ਥਲ ਹੈ ਨੀਕਾ।
ਭੀਤਰ ਗਵਨ ਕਰਨ ਨਹਿ ਨੀਕਾ ॥ ੧੧੫ ॥

[1](ਗੁਰੂ ਜੀ ਕਹਿੰਦੇ ਹਨ)।

ਗਇਓ ਅਵਾਸ[1] ਰਸਦ ਪਹੁੰਚਾਈ।
ਸਤਿਗੁਰੁ ਪ੍ਰੀਤਿ ਜਾਨ ਸਿਵਿਕਾਈ[1]।
ਮਾਸ ਅਸੌਜ[1] ਦਿਵਸ ਜਬਿ ਆਵਾ।
ਤਬੈ ਨੁਰੰਗਾ ਬਹੁਤ ਰਿਸਾਵਾ[1] ॥ ੧੧੬ ॥

[1]ਘਰ।
[1]ਸੇਵਕਾਂ ਵਰਗੀ।
[1]ਅੱਸੂ ਮਹੀਨਾ।
[1]ਗੁੱਸੇ 'ਚ ਆਇਆ।

ਕਾਰਨ ਕਵਨ ਦੇਰ ਬਡ ਲਾਗੀ।
ਪੀਰ ਹਿੰਦੁ ਕਾ ਕੋ ਅਨੁਰਾਗੀ[1]।
ਸ਼ਕਤਿ[1] ਅਹਿਦੀਏ ਦੇਉ ਪਠਾਈ।
ਜਹਾਂ ਹੋਇ ਤਹਿਂ ਪਕਰਿ ਲਜਾਈ ॥ ੧੧੭ ॥

[1]ਕੌਣ ਪ੍ਰੇਮੀ ਹੈ (ਜਿਸ ਨੇ ਉਨ੍ਹਾਂ ਨੂੰ ਲਕੋਰੱਖਿਆ ਹੈ)।
[1]ਬਲ ਵਾਲੇ।

ਤਬੈ ਅਹਿਦੀਏ ਬਹੁ ਉਠਿ ਦੌਰੇ।
ਸਗਲ ਮੁਲਕ ਮੈਂ ਕੀਨੋ ਰੌਰੇ।
ਘਰ ਘਰ ਗਾਉਂ ਗਾਉਂ ਮੈਂ ਫਿਰਤੇ।
ਨਹਿਂ ਸੁੱਧ ਪਾਈ ਗੁਰੁ ਕੀ ਚਿਰ ਤੇ ॥ ੧੧੮ ॥

ਪਰੀ ਹਿੰਦ ਮੈਂ ਮਾਰੋ ਮਾਰ।
ਬਿਨ ਜਗਦੀਸਰ ਕੌਨ ਉਬਾਰ[1]।

[1]ਕੌਣ ਬਚਾ ਸਕਦਾ ਹੈ।

ਤ੍ਰਾਹਿ ਤ੍ਰਾਹਿ[1] ਕਰਿ ਬਿਨਤੀ ਕਰੈ। [1]ਰੱਖਿਆ ਕਰੋ, ਰੱਖਿਆ ਕਰੋ।
ਬਿਨ ਸਤਿਗੁਰੁ ਦੁਖੁ ਕੌਨੇ ਹਰੈ ॥੧੧੯॥
ਖੋਜਤਿ ਸ਼ਹਿਰ ਸਮਾਣੇ ਆਏ।
ਪਰੀ ਸੰਧਿਆ[1] ਤਹਾਂ ਟਿਕਾਏ ॥੧੨੦॥ [1]ਸ਼ਾਮ।

ਦੋਹਰਾ:
ਕਿਸੀ ਕਾਜ ਗ੍ਰਹਿ ਕੇ ਲੀਏ,
ਗਯੋ ਪਠਾਣ ਬਜ਼ਾਰ।
ਮਿਲੇ ਅਹਿਦੀਏ ਤਿਸੀ ਕੋ,
ਪੂਛੀ ਤਿਨਿ ਸਭਿ ਸਾਰ[1] ॥੧੨੧॥ [1]ਖ਼ਬਰ।
ਪੀਰ ਹਿੰਦੁ ਕਾ ਛਿਪ ਗਯੋ,
ਤਿਹ ਪਕਰਨਿ ਕੇ ਹੇਤ।
ਫਿਰੇ ਮੁਲਖ ਮੈਂ ਅਹਿਦੀਏ,
ਪਤਾ ਨ ਕੋਊ ਦੇਤ ॥੧੨੨॥

ਚੌਪਈ:
ਯਿਹ ਬਚ ਸੁਨਤਿ ਗੁਰੂ ਢਿਗ ਆਯੋ।
ਥਰ ਥਰ ਕੰਪਤਿ ਬਚਨ ਸੁਨਾਯੋ।
ਸਤਿਗੁਰ ਕਹੀ ਸੁਨੋ ਤੁਮ ਖਾਨ।
ਕਿਹ ਕਾਰਨ ਚਿੰਤਾਤਰ[1] ਜਾਨ ॥੧੨੩॥ [1]ਚਿੰਤਾ ਦੇ ਅਧੀਨ।
ਮਹਾਰਾਜ ਪ੍ਰਥਮੇ ਮੈਂ ਭਾਖੀ[1]। [1]ਮੈਂ ਪਹਿਲਾਂ ਹੀ (ਇਹ ਗੱਲ) ਕਹੀ ਸੀ।
ਕੂਰ ਕਹੂੰ ਨਹੀਂ, ਅੱਲਾ ਸਾਖੀ[1]। [1]ਅੱਲਾ ਗਵਾਹ ਹੈ।
ਭੀਤਰ ਚਲੋ ਢੁਂਡਾਊ ਆਏ।
ਔਰੰਗਜ਼ੇਬ ਕੀ ਮਤਿ ਬੌਰਾਏ[1] ॥੧੨੪॥ [1]ਕੰਵਲੀ ਹੋ ਗਈ ਹੈ।
ਸਾਧ ਫਕੀਰਨ ਕੋ ਮਰਵਾਈ।
ਕਰੇ ਕਤਲ ਨਹਿੰ ਨੈਕ ਲਜਾਈ[1]। [1]ਥੋੜੀ ਜਿਹੀ ਵੀ ਸ਼ਰਮ ਨਹੀਂ ਕਰਦਾ।
ਅਬਿ ਤੁਮ ਚਲੋ ਮਾਨ ਬਚ ਮੇਰਾ।
ਚਲੇ ਜਾਹਿਂਗੇ ਪੇਖਿ ਸੁਵੇਰਾ ॥੧੨੫॥
ਸਤਿਗੁਰੁ ਕਹੀ ਸਹੀ ਤੁਮ ਤੁਰਕਾ[1]। [1]ਤੂੰ ਵੀ ਤੁਰਕ ਸਹੀ ਹੁੰਦਾ ਹੈਂ।
ਕਿਮ ਪਹਿਰਾ ਸੰਤਨ ਕਾ ਬੁਰਕਾ[1]। [1]ਤੂੰ ਕਿਵੇਂ ਸੰਤਾਂ ਦਾ ਲਿਬਾਸ ਪਹਿਨ ਲਿਆ ਹੈ ?
ਮਹਾਰਾਜ ਮੈਂ ਫਤੇ ਦੀਨ ਘਰ।
ਕਛੁ ਦੀਨ ਰਹਿ ਦੇਖੇ ਥੇ ਥੇ ਗੁਰੁ ਬਰ[1] ॥੧੨੬॥ [1]ਵੱਡੇ ਗੁਰੂ ਜੀ।

ਮਨ ਮੇਰੇ ਨਿਸਚੇ ਯਹਿ ਸਹੀ[1]।
ਸੂਰਤ ਅੱਲਹਿ ਫਕਰਾਂ ਲਹੀ[1]।
ਸਗਲ ਸੁਭਾਇ ਦੇਖ ਤਿਸ ਕੇਰਾ।
ਭੀਤਰ ਸਤਿਗੁਰੁ ਕੀਨ ਸੁ ਡੇਰਾ ॥ ੧੨੭ ॥
ਭਏ ਨਿਚਿੰਤ ਪੁਨ ਦਏ ਕਿਵਾਰਾ[1]।
ਸਤਿਗੁਰੁ ਪ੍ਰਭਾ ਬਾਲ ਰਵਿ ਧਾਰਾ[1] ॥ ੧੨੮ ॥

[1]ਠੀਕ ਨਿਸਚਾ ਹੋਇਆ ਹੈ।
[1](ਮੈਂ ਇਹ ਗੱਲ) ਜਾਣੀ ਹੈ ਕਿ ਫ਼ਕੀਰ ਅੱਲਾ ਦਾ ਸਰੂਪ ਹਨ।
[1]ਤਖ਼ਤੇ ਬੰਦ ਕਰ ਦਿੱਤੇ।
[1]ਸਵੇਰ ਦੇ ਸੂਰਜ ਵਾਂਗ ਗੁਰਾਂ ਦੀ ਸੋਭਾ ਜਾਣੀ।

ਦੋਹਰਾ:

ਤਬਿ ਅਉਸਰ[1] ਬੂਝਤ ਫਿਰਤਿ,
ਕਿਸ ਹੇਰੇ ਗੁਰੁ ਹਿੰਦੁ।
ਕਹੀ ਏਕ ਨੇ ਸਕਲ ਬਿਧਿ,
ਉਤਰੇ ਮਨੋ ਨਰਿੰਦ[1] ॥ ੧੨੯ ॥

[1]ਉਸੇ ਸਮੇਂ।
[1]ਜਾਣੋ ਕੋਈਰਾਜਾ ਉਤਰਿਆ ਹੈ।

ਕਾਲ[1] ਦੁਪਹਿਰੇ ਸ਼ਹਿਰ ਮੈਂ,
ਹੋਇ ਅੱਸ੍ਵ[1] ਅਸਵਾਰ।
ਔਰ ਪੰਚ ਤਿਨ ਸੰਗਿ ਥੇ,
ਮੈਂ ਦੇਖੇ ਸਚ ਸਾਰ[1] ॥ ੧੩੦ ॥

[1]ਕੱਲ।
[1]ਘੋੜੇ ਤੇ।
[1]ਇਹ ਸਾਰੀ ਗੱਲ ਸੱਚੀ ਹੈ।

ਚੌਪਈ:

ਤਬਿ ਤਿਨਿ ਖੋਜ[1] ਲੀਯਾ ਗੁਰੁ ਕੇਰਾ।
ਆਇ ਪਠਾਣ ਤਿਨੋਂ ਗ੍ਰਿਹ ਹੇਰਾ[1]।
ਬੂਝਾ ਤਿਨੇ ਗੁਰੂ ਤੁਮ ਪੇਖਾ।
ਤਬਿ ਪਠਾਣ ਕਿਯੋ ਕ੍ਰੋਧ ਵਿਸੇਖਾ[1] ॥ ੧੩੧ ॥
ਅਰੇ ਦੁਸ਼ਟ ਇਹਾਂ ਤੁਰਕਨਿ ਬਾਸਾ[1]।
ਹਿੰਦੂ ਕੋ ਦੇਂ ਸਤਰਿ ਨਿਵਾਸਾ[1]।
ਚਲੇ ਜਾਹੁ ਮਤ ਫੇਰੁ ਬਖਾਨੋ।
ਨਹੀ ਤੋ ਤੇਗ ਚਮਕਤੀ ਜਾਨੋ ॥ ੧੩੨ ॥
ਗਏ ਭਾਗ ਨਿਸਚੇ ਜੀਯ ਜਾਨਾ।
ਤੁਰਕ ਧਾਮ ਕਿਮ ਹਿੰਦੂ ਮਾਨਾ।
ਜੋ ਕੁਝ ਭਯੋ ਸੁ ਗੁਰੈਂ ਸੁਨਾਯੋ।
ਸਾਧ ਸਾਧ[1] ਗੁਰੁ ਤੇ ਬਰ ਪਾਯੋ ॥ ੧੩੩ ॥
ਮਨੋ ਕਾਮਨਾ ਪੂਰਨ ਤੁਮਰੀ।
ਜੋ ਇੱਛਾ ਕਰਹੋ ਤੁਮ ਸਗਰੀ।

[1]ਪੈੜ।
[1]ਉਨ੍ਹਾਂ ਆ ਕੇ ਪਠਾਣ ਦਾ ਘਰ ਦੇਖਿਆ।
[1]ਬਹੁਤਾ।
[1]ਵਾਸਾ। (ਅ) ਵਸੋਂ ਹੈ।
[1]ਹਿੰਦੂ ਨੂੰ ਪੜਦੇ 'ਚ ਨਿਵਾਸ ਦੇ ਸਕਦੇ ਹਾਂ ?
[1]ਸ਼ਾਬਾਸ਼ ਸ਼ਾਬਾਸ਼।

ਰਹੋ ਨਿਚਿੰਤ ਨ ਚਿੰਤਾ ਪਾਵੋ।
ਫਤੇ ਤੁਮਾਰੀ ਜਹਿਂ ਤੁਮ ਜਾਵੋ ॥ ੧੩੪ ॥
ਕੀਓ ਕੂਚ ਦਿਨ ਦੋਇਕ ਪਾਛੇ।
ਗਾਉਂ ਘੁਰਾਲੀ ਉਤਰੇ ਆਛੇ।
ਦਾਣਾ ਘਾਸ ਮੋਲ ਕੋ ਲੀਨੋ।
ਰਸਦ ਮੰਗਾਈ ਜੋ ਮਨ ਚੀਨੋ ॥ ੧੩੫ ॥
ਨਹਿਂ ਰਾਹਕ[1] ਕੁਝ ਸੇਵਾ ਕਰੀ। [1]ਜਿਮੀਂਦਾਰਾਂ।
ਅੱਸਵ ਨਿਹਾਰਿ ਬੁਧਿ ਉਨਿ ਹਰੀ[1]। [1]ਘੋੜਾ ਦੇਖ ਕੇ ਉਨ੍ਹਾਂ ਦੀ ਅਕਲ ਮਾਰੀ ਗਈ।
ਭਏ ਪ੍ਰਸੰਨ ਮਿਲਾ ਘਰਿ ਬੈਠੇ[1]। [1]ਘਰ ਬੈਠਿਆਂ ਨੂੰ (ਘੋੜਾ) ਮਿਲ ਗਿਆ ਹੈ।
ਅਸ੍ਵ ਛਿਨਾਵੈਂ ਬਹੁ ਮੁਲ ਮੈਠੇ[1] ॥ ੧੩੬ ॥ [1]ਬਹੁਤੇ ਮੁੱਲ ਦੇ ਘੋੜੇ ਖੋਹ ਲਈਏ।
ਪਰੀ ਨਿਸਾ ਤਬਿ ਤਸਕਰ[1] ਆਏ। [1]ਚੋਰ।
ਮਿਲੇ ਖਸ਼ਟ[1] ਤਬਿ ਚਲੇ ਦੁਰਾਏ[2]। [1]ਛੇ। [2]ਲੁਕ ਕੇ।
ਸੋਇ ਗਯੋ ਰਾਖਾ ਜਬਿ ਹੇਰਾ।
ਅਸ੍ਵ ਲੈਨ ਹਿਤ ਕੀਯੋ ਚੁਫੇਰਾ[1] ॥ ੧੩੭ ॥ [1]ਚਹੁੰ ਪਾਸੀਂ ਫਿਰੇ।
ਗਏ ਨਜ਼ੀਕ ਅੰਧ ਸਭਿ ਭਏ।
ਨਹਿਂ ਦੀਸਤ ਹਮ ਕਹਿਂ ਭੁਲ ਗਏ।
ਬਾਰ ਬਾਰ ਜਬਿ ਨੇਰੇ ਆਵੈਂ।
ਬਨੇ ਅੰਧ ਪੁਨ ਮਨਿ ਪਛੁਤਾਵੈਂ ॥ ੧੩੮ ॥
ਸਗਲੀ ਰੈਨ ਫਿਰਤ ਪਚਹਾਰੇ[1]। [1]ਹੰਬ ਕੇ ਹਾਰ ਗਏ।
ਭਈ ਪ੍ਰਾਤ[1] ਘਰ ਆਇ ਸੰਭਾਰੇ। [1]ਸਵੇਰ ਹੋਈ।
ਕਹੀ ਬਡਨ ਸੈਂ ਸਭਿ ਬਿਵਹਾਰੂ[1]। [1](ਰਾਤ ਦਾ) ਕੌਤਕ।
ਯਹਿ ਕੋਈ ਪੁਰਖ ਬਡੇ ਹੈਂ ਭਾਰੂ ॥ ੧੩੯ ॥
ਸਭਿ ਮਿਲਿ ਕਰੀ ਸਲਾਹ ਸੰਭਾਰਾ[1]। [1]ਸਮਾਂ ਸੰਭਾਲਣ ਦੀ ਸਲਾਹ ਕੀਤੀ।
ਚਰਨ ਗਹੋ ਅਬਿ ਬਾਰੰ ਬਾਰਾ ॥ ੧੪੦ ॥
ਅੜਿੱਲ:
ਤੁਮ ਪਰਮੇਸ਼ਰ ਰੂਪ,
ਸਾਧ ਜੀ ਹਮ ਸੁਨੀ।
ਕਰਨ ਕਰਾਵਨ ਸਮਰੱਥ*, *ਏਥੋਂ ਤੱਕ ਇਹ ਰਚਨਾ ਆਖੇਪ ਹੈ। ਸਬੂਤ ਲਈ ਦੇਖੋ ਬਿਸ੍ਰਾਮ ੩੯ ਦੇ ਅੰਕ ੯੨ ਦੇ * ਨਿਸ਼ਾਨ ਦੀ ਪੈਰ ਟੂਕ।
ਧਰਾ ਪੈ ਤੁਮ ਮੁਨੀ।

ਹਮ ਅਜਾਨ ਅਗਜਾਨ,
ਦੀਨ ਸਰਨੀ ਅਏ।
ਹੋ ਘੋੜੇ ਅਏ ਚੁਰਾਵਨ
ਅੰਧੇ ਹ੍ਵੈ ਗਏ ॥੧੪੧॥
ਕਪਟਹੀਨ[1] ਅਤਿ ਦੀਨ, [1]ਛਲਰਹਿਤ।
ਭਏ[1] ਪਿਖਿ ਗੁਰੁ ਉਨੈ। [1]ਬਹੁਤ ਦੁਖੀ ਹੋਏ।
ਕਹਜੋ ਨ ਛੇਰਜੋ ਸਾਧ ਤਈਂ[1], [1](ਅਗੋਂ ਤੋਂ) ਸਾਧਾਂ ਨੂੰ ਨ ਛੇੜਿਆ ਜੇ।
ਬਖਸ਼ਜੋ ਪੁਨੈ।
ਪੁਨ ਉਨਿ ਮਿਲਿ ਕਰ ਜੋਰਿ
ਬਖਾਨੀ ਅਰਜ਼ ਹੈ।
ਹੋ ਪ੍ਰਭ ਪੂਰੋ ਹਮ ਗਰਜ਼[1] [1]ਇੱਛਾ।
ਜਾਨਿ ਨਿਜ ਫਰਜ਼ ਹੈ ॥੧੪੨॥
ਪਾਨੀ ਖਾਰਾ ਕਟੂ[1], [1]ਕੌੜਾ।
ਹਮਾਰੇ ਕੂਪ[1] ਹੈ। [1]ਖੂਹ।
ਕਰੋ ਬਚਨ ਜਜੋਂ ਮੀਠਾ,
ਹੋਵੈ ਖੂਪ ਹੈ[1]। [1]ਚੰਗਾ ਹੈ।
ਤੁਮ ਧਰਮਾ ਅਵਤਾਰ,
ਕਰੋ ਉਪਕਾਰ ਇਹੁ।
ਹੋ ਬਿਨ ਮੀਠੇ ਜਲ, ਦੁਖੀ
ਰਹਤ ਹੈਂ, ਸੁਖ ਦਿਹੁ ॥੧੪੩॥
ਸੁਨਿ ਗੁਰੁ ਕਰਨਾ ਧਾਰ,
ਤੀਰ ਇਕ ਤਜ ਕਹਾ।
ਗਾਮ ਚੁਫੇਰੇ ਤੀਰ
ਮਾਰ ਹੈ ਲਗ ਜਹਾਂ[1]। [1]ਜਿੱਥੋਂ ਤਕ ਤੀਰ ਦੀ ਮਾਰ ਹੈ।
ਤਹਿਂ ਲੌ[1] ਮੀਠਾ ਮਿਲੈ, [1]ਉਥੋਂ ਤੱਕ।
ਆਜ ਤੈ ਜਲ ਤੁਮੈ।
ਹੋ ਇਹੁ ਬਰ ਸੁਨਿ ਖੁਸ਼ ਭਏ,
ਗੁਰੂ ਕੇ ਪਗ ਚੁੰਮੈ ॥੧੪੪॥
ਅਜ਼ਮਤ ਅਬਿ ਲੌ ਪ੍ਰਤਖ,
ਗੁਰੁ ਕੀ ਹੈ ਤਹੇ[1]। [1]ਓਥੇ।

ਤੀਰ ਮਾਰ ਤੈ ਬਾਹਰ
ਖਾਰਾ ਜਲ ਅਹੇ।
ਤਹਿ ਤੈ ਜੀਂਦ ਗ੍ਰਾਮ,
ਗੁਰੂ ਪੁਨ ਜਾਇ ਕੈ।
ਹੋ ਮੋਲ ਮੰਗਾਈ ਰਸਦ,
ਨਿਸਾ ਠਹਿਰਾਇ ਕੈ[1] ॥ ੧੪੫ ॥

[1]ਰਾਤ (ਉਥੇ) ਠਹਿਰ ਕੇ।

ਲਖਣ ਮਾਜਰੇ, ਰੋਹਤਕ, ਜਾਨੀ ਪੁਰ, ਥਿਰੇ।
ਸਨੇ ਸਨੇ ਮਗ ਨਾਖ[1]
ਆਗਰੇ ਜਾ ਫਿਰੇ।

[1]ਰਸਤਾ ਲੰਘ ਕੇ।

ਸਿੱਖ ਸਿੱਖਨੀ ਬ੍ਰਿੱਧ,
ਦਰਸ ਗੁਰੁ ਜੇ ਚਹੀਂ।
ਹੋ ਤਿਨ ਕੀ ਇੱਛਜਾ ਪੂਰਨ
ਹਿਤ, ਗੁਰੁ ਗੇ ਵਹੀਂ ॥ ੧੪੬ ॥
ਕੋਤਵਾਲ[1] ਥਾ ਸੱਯਦ,
ਤਬਿ ਜੋ ਆਗਰੇ।

[1]ਸ਼ਹਿਰ ਦੀ ਰੱਖਿਆ ਕਰਨ ਵਾਲਾ ਅਹੁਦੇਦਾਰ।

ਨਿਤ ਪ੍ਰਤਿ ਕਰਤੋ ਬਿਨਤੀ,
ਅੰਚਰ ਪਾ ਗਰੇ[1]।

[1]ਗੱਲ 'ਚ ਪੱਲਾ ਪਾ ਕੇ।

ਤੇਗ ਬਹਾਦਰ ਹਿੰਦੁ ਪੀਰ,
ਜੇ ਹੈਂ ਸਹੀ[1]।

[1]ਠੀਕ।

ਹੋ ਮੁਝੇ ਦਿਵੈਹਿਂ ਇਨਾਮ,
ਆਇਂ ਤੋ ਇਤ ਕਹੀਂ ॥ ੧੪੭ ॥
ਏਕ ਹਜ਼ਾਰ ਦੀਨਾਰ[1],

[1]ਮੁਹਰਾਂ।

ਇਨਾਮ ਸੁ ਪਾਇ ਹੈ।
ਪੀਰ ਹਿੰਦੁ ਕੇ ਤਈਂ,
ਪਕਰਿ ਜੋ ਲਜਾਇ ਹੈ।
ਇਸ਼ਤਿਹਾਰ ਇਹੁ ਸ਼ਾਹਿ,
ਰਖਜੋ ਥਾ ਦੈ ਤਬੈ।
ਹੋ ਲਾਲਚਿ ਬੇਈਮਾਨ,
ਪਕਰਨੋ ਚਹਿਂ ਸਬੈ ॥ ੧੪੮ ॥
ਸੱਯਦ ਬੂਢਾ ਲੋਗਹਿਂ,

ਰੋਜ ਸੁਨਾਇ ਹੈ।
ਜੋ ਨੌਰੰਗ ਢਿਗ ਆਵਨ,
ਗੁਰੂ ਚਹਾਇ ਹੈਂ[1]। [1]ਚਾਹੁੰਦੇ ਹਨ।
ਤੌ ਤੋ ਆਪਹਿਂ ਆਇ,
ਭਰੈਂ[1] ਮਮ ਭਾਵਨੀ[2]। [1]ਪੂਰੀ ਕਰਨਗੇ। [2]ਇੱਛਾ।
ਹੋ ਜ਼ਰ[1] ਇਨਾਮ ਤੋ ਹੈ, [1]ਧਨ।
ਇਕ ਤਈਂ ਦਿਲਾਵਨੀ ॥ ੧੪੯ ॥
ਗੁਰੁ ਭੀ ਹਾਤਮਤਾਈ
ਸਮ[1], ਉਪਕਾਰ ਹਿਤ। [1]ਹਾਤਮਤਾਈ ਵਾਂਗ (ਹਾਤਮਤਾਈ=ਤਾਈ ਵੰਸ਼ ਦਾ ਇਕ ਅਰਬੀ ਸਰਦਾਰ ਜੋ ਵੱਡਾ ਦਾਨੀ ਤੇ ਪਰਉਪਕਾਰੀ ਸੀ।)

ਦਿੱਲੀ ਦਿਸ ਨਹਿਂ ਗਏ,
ਆਗਰੇ ਅਏ ਇਤ।
ਬਾਗ ਏਕ ਸੁਨਿ ਪੇਖਿ,
ਉਤ੍ਰੇ ਤਾਹਿ ਮੈਂ[1]। [1]ਤਿਸ ਵਿੱਚ ਉਤਰ ਪਏ।
ਹੋਂ ਫੈਲੇ ਫੂਲੇ ਫਬੇ,
ਫਲੇ ਤਰੁ[1] ਜਾਹਿ ਮੈਂ ॥ ੧੫੦ ॥ [1]ਦਰੱਖ਼ਤ।
ਘੋੜੇ ਦਏ ਲਗਾਇ[1], [1]ਬੰਨ੍ਹ ਦਿੱਤੇ।
ਥਿਰੇ ਇਕ ਤਰੁ ਤਰੇ।
ਫੁਲਵਾਰੀ ਕਾ ਸੈਰ ਕੀਨ,
ਇਤ ਉਤ ਭਰੇ[1]। [1]ਏਧਰ ਓਧਰ ਭਲੀ ਤਰ੍ਹਾਂ।
ਰੰਗਾ ਰੰਗ ਬਿਹੰਗ[1], [1]ਪੰਛੀ।
ਚੰਗ ਅਤਿ ਕੁੰਜ[1] ਹੈਂ। [1]ਕੁੰਜ=ਵੇਲਾਂ ਨਾਲ ਚੁਫੇਰਿਓਂ ਢੱਕੀ ਹੋਈ ਬਾਗ਼ ਵਿਚਲੀ ਤੰਗ ਗਲੀ।

ਹੋ ਕੰਜਨ ਮੰਜਨ ਪਰ
ਅਲਿ ਗੁੰਜਨ ਪੁੰਜ ਹੈਂ[1] ॥ ੧੫੧ ॥ [1]ਉੱਜਲ ਕੰਵਲਾਂ ਉੱਪਰ ਬਹੁਤੇ ਭੌਰੇ ਗੂੰਜਦੇ ਹਨ।
ਲਘੁ ਦੀਰਘ ਸਰ ਸੁੰਦਰ,
ਸੋਹਿ ਸਪਾਨ ਥਾ[1]। [1]ਸੁੰਦਰ ਸਰੋਵਰ ਛੋਟੀਆਂ ਵੱਡੀਆਂ ਪਉੜੀਆਂ ਸਹਿਤ ਸੋਹ ਰਿਹਾ ਹੈ।

ਸਹਿ[1] ਸਿੱਖਨ ਗੁਰੁ ਤਹਾਂ, [1]ਸਣੇ।
ਕੀਨ ਇਸ਼ਨਾਨ ਥਾ।
ਨਿੱਤ ਰੀਤਿ ਜਜੋਂ ਹੁਤੀ,

ਧਜਾਨ ਕਿਲ ਕੀਨ ਕਲ[1]।
ਹੋ ਰਸਦ ਮੰਗਾਇ, ਕਰਾਇ
ਰਸੋਈ ਛਕੀ ਭਲ ॥ ੧੫੨ ॥
ਦਾਣਾ ਘਾਸ ਨਿਹਾਰੀ[1],
ਅਸ੍ਵਨ ਕੋ ਦਯੋ।
ਹੇਤ ਪਰੀਖਜਾ ਸਿਖੈਂ,
ਪਾਸ ਬਿਠਾ ਲਯੋ।
ਕਹਯੋ ਅਏ ਹਮ, ਹਿੰਦੁ
ਧਰਮ ਹਿਤ, ਦੈਨ ਸਿਰ।
ਹੋ ਜਿਸ ਕੋ ਜਾਨ ਪਜਾਰੀ,
ਜਾਵੋ ਸੋਇ ਫਿਰ[1] ॥ ੧੫੩ ॥

[1](ਕਿਲ) ਨਿਸਚੇ ਨਾਲ (ਕਲ) ਸੁੰਦਰ ਧਿਆਨ ਕੀਤਾ।

[1]ਖ਼ੁਰਾਕ।

[1]ਉਹ ਮੁੜ ਜਾਵੋ।

ਦੋਹਰਾ:
ਇਹੁ ਸੁਨਿ ਸਿੱਖਨ ਜੋਰਿ ਕਰ,
ਸਬਿ ਨੇ ਇਕ ਮਨ ਹੋਇ।
ਕਹਯੋ ਭਵੈ ਹਮ ਤੈ ਵਹੀ[1],
ਆਪ ਕਰਾਵਹਿਂ ਜੋਇ ॥ ੧੫੪ ॥

[1]ਸਾਥੋਂ ਉਹੀ ਹੋਵੇਗਾ।

ਚੌਪਈ:
ਜਿਸ ਦਿਨ ਆਇ ਸਿੱਖ ਹਮ ਥੀਏ।
ਸੀਸ ਭੇਟ ਉਸ ਹੀ ਦਿਨ ਕੀਏ।
ਅਬਿ ਹਮਰੋ ਦਾਵਾ ਕੁਛ ਨਾਹੀ।
ਤਨ ਮਨ ਧਨ ਰਾਵਰ ਕਾ ਆਹੀ ॥ ੧੫੫ ॥
ਹਮਰੈ ਹਾਥ ਪ੍ਰਭੂ ਕਛੁ ਨੈ ਹੈਂ।
ਰਹਿ ਹੈ ਸਿਦਕ ਜੇ ਆਪ ਰਖੈ ਹੈਂ।
ਜਜੋਂ ਨਟ ਪੁਤਲੀ ਤਈਂ ਨਚਾਵੈ।
ਨਚੈ ਤੈਸ ਬਨਿ ਔਰ ਨ ਆਵੈ ॥ ੧੫੬ ॥
ਰਾਗ ਨਿਕਲ ਹੈ ਜੰਤ੍ਰ ਤੈ ਸੋ[1]।
ਜੰਤ੍ਰੀ[1] ਚਹਿਤ ਨਿਕਾਰਨ ਜੈਸੋ।
ਰਾਵਰ ਸੰਗ ਛੋਡਿ ਤਬਿ ਜਾਵੈਂ।
ਜੇ ਤਨ ਫੇਰ ਨਹੀ ਬਿਨਸਾਵੈਂ ॥ ੧੫੭ ॥
ਸੁਖ ਦੁਖ ਪਰਾਰਬਧ[1] ਅਨੁਸਾਰੈਂ।

[1]ਵਾਜੇ ਤੋਂ ਉਸ ਤਰ੍ਹਾਂ ਦਾ।

[1]ਵਾਜਾ ਵਜਾਉਣ ਵਾਲਾ।

[1]ਦੇਹ ਦੇ ਅਰੰਭ ਕਰਨ ਵਾਲਾ ਕਰਮ।

ਭੋਗਤਿ ਥੂਲ ਦੇਹ ਜਨ ਸਾਰੈਂ[1]।
ਹਰੀ[1] ਹਰ[2] ਬਿਧਿ[3] ਨਹਿਂ ਮੇਟ ਸਕੈ ਹੈਂ।
ਸਤਿਗੁਰੁ ਸੂਲੀ ਸੂਲ ਬਨੈ ਹੈਂ ॥ ੧੫੮ ॥
ਅਰ ਹਮ ਰਾਵਰ ਸੰਗਤ ਪਾਈ।
ਦਿਢ ਨਿਸਚਾ ਕਿ ਨ ਹੋਇ[1] ਗੁਸਾਈਂ।
ਰਾਵਰ ਗਜਾਨ ਹਮੈਂ ਜੋ ਦੀਓ।
ਸੋ ਹਮ ਨਿਸਚਲ ਨਿਸਚੇ ਕੀਓ ॥ ੧੫੯ ॥
ਬ੍ਰਹਮ ਗਜਾਨ ਹਮਰੇ ਦਿਢ ਅਹੇ।
ਪਾਂਚ ਕਲੇਸ਼[1] ਦੇਹ ਤ੍ਰੈ ਦਹੇ[2]।

ਹਮ ਅਸੰਗ[1] ਹੈਂ ਸਦਾ ਦੇਹ ਤੈ।
ਨਹੀਂ ਸਬੰਧ ਤ੍ਰਿਕਾਲ ਏਹ ਤੈ[1] ॥ ੧੬੦ ॥
ਇਹੁ ਅਸੱਤ ਜਢ ਦੁਖਦ ਅਨਾਤਮ[1]।
ਹਮ ਸਤਿ ਚਿਤ ਆਨੰਦ ਪ੍ਰਮਾਤਮ।
ਦੁਖ ਸੁਖ ਹਰਖ ਸੋਗ ਭਲ ਬੁਰਾ।
ਧਰਮ ਏਹੁ ਮਨ ਬੁਧਿ ਕੇ ਹੁਰਾ[1] ॥ ੧੬੧ ॥
ਆਤਮ ਸਾਖੀ[1] ਸਬਿ ਤੈ ਪਰ ਹੈ।
ਇਨਿ ਸਬਿ ਕੋ ਪ੍ਰਕਾਸ਼ਨ ਕਰਿ ਹੈ।
ਅਮਲ ਅਲੇਪ ਅਸੰਗ ਅਜੈ[1] ਹੈ।
ਮਰੈ ਨ ਜਰੈ[1] ਨ ਕਟੈ ਕਦੈ ਹੈ ॥ ੧੬੨ ॥
ਬੰਧਜਾ ਸੁਤ ਸਸ ਸਿੰਗ੍ਰਨਿ ਕੇਰੋ[1]।
ਕਰ ਕਮਾਨ ਤਸਕਰ ਠੁਠ ਹੇਰੋ[1]।

ਰੱਜੁ ਸਰਪ ਕਾ ਪਨਚ ਚਢੈ ਕੈ[1]।
ਕੂਰਮ ਪ੍ਰਿਸ਼ਟ ਰੋਮ ਸਰ ਲੈ ਕੈ[1] ॥ ੧੬੩ ॥
ਸੁਕਤਿ ਰਜਤ ਕੀ ਚੋਰੀ ਕਰਤੋ[1]।
ਮਾਰਜੋ ਗਾਮ ਗੰਧ੍ਰਬੈਂ ਬਰਤੋ[1]।

ਮ੍ਰਿਗ ਤ੍ਰਿਸ਼ਨਾ ਜਲ ਨਦੀ ਬਹਾਯੋ[1]।
ਸਜਾਪਾ ਸਜਾਰਨ ਸਸੇ ਕਰਾਯੋ[1] ॥ ੧੬੪ ॥

[1]ਸਾਰੇ ਲੋਕ ਪੰਜਾਂ ਤੱਤਾਂ ਦੀ ਦੇਹ ਵਿੱਚ ਭੋਗਦੇ ਹਨ।

[1]ਵਿਸ਼ਨੂੰ। [2]ਸ਼ਿਵ। [3]ਬ੍ਰਹਮਾ।

[1]ਕਿਉਂ ਨ ਹੋਵੇ।

[1]ਪੰਜ ਕਲੇਸ਼ (ਰਾਗ, ਦ੍ਵੈਖ, ਅਸੰਮਤਾ (ਹੰਗਤਾ), ਅਭਿਨਿਵੇਸ਼ (ਹਠ), ਅਵਿਦਿਆ)। [2]ਤਿੰਨ ਦੇਹਾਂ (ਸਥੂਲ, ਸੂਖਮ ਤੇ ਕਾਰਨ) ਸਾੜ ਦਿੱਤੀਆਂ ਹਨ।

[1]ਨਿਰਲੇਪ।

[1]ਇਨ੍ਹਾਂ ਨਾਲ ਤਿੰਨ ਕਾਲ ਸੰਬੰਧ ਨਹੀਂ।

[1]ਆਤਮਾਰਹਿਤ।

[1]ਮਨ ਤੇ ਬੁਧੀ ਦੇ ਹਨ।

[1]ਦੇਖਣ ਵਾਲਾ।

[1]ਜਿੱਤਣ ਤੋਂ ਬਿਨਾ।

[1]ਸੜਦਾ ਨਹੀਂ।

[1]ਬਾਂਝ ਦੇ ਪੁੱਤਰ ਨੇ ਸਹੇ ਦੇ ਸਿੰਗਾਂ ਦਾ।

[1]ਹੱਥ ਵਿੱਚ ਕਮਾਣ ਲੈ ਕੇ ਠੂਠ ਦਾ ਚੋਰ ਦੇਖਿਆ (ਠੂਠ=ਟਾਹਣੀਆਂ ਬਿਨਾਂ ਦਰੱਖ਼ਤ ਦਾ ਹੇਠਲਾ ਧੜ।)

[1]ਰੱਸੀ ਦੇ ਸੱਪ ਦਾ ਚਿੱਲਾ ਚੜ੍ਹਾ ਕੇ।

[1]ਕੱਛੂ ਦੀ ਪਿੱਠ ਦੇਰੋਮਾ ਦੇ ਤੀਰ ਲੈ ਕੇ।

[1]ਸਿੱਪੀ ਦੀ ਚਾਂਦੀ ਦੀ ਚੋਰੀ ਕਰਦੇ ਨੂੰ।

[1]ਅਤੇ ਗੰਧਰਬ ਨਗਰ (ਹਰੀ ਚੰਦ ਦੀ ਨਗਰੀ) 'ਚ ਵੜਦੇ ਨੂੰ ਮਾਰ ਦਿੱਤਾ।

[1]ਮ੍ਰਿਗ ਤ੍ਰਿਸ਼ਨਾ ਦੇ ਜਲ ਦੀ ਨਦੀ ਵਿੱਚਰੋੜ ਦਿੱਤਾ।

[1]ਗਿੱਦੜਾਂ ਤੇ ਸਹਿਆਂ ਨੇ ਸਿਆਪਾ ਕੀਤਾ।

ਸ਼ੋਕ ਮੇਂਡਕਨਿ ਮਾਨਜੋ ਪੀਨੋ[1]।
ਜਜੋਂ ਪ੍ਰਸੰਗ ਇਹੁ ਤਜੋਂ ਜਗ ਚੀਨੋ[1]।
ਪਾਂਚ ਕੋਸ਼ ਤਨ ਤੀਨੋ ਮਾਹੀਂ[1]।
ਤਜੋਂ ਸਬੰਧ ਹਮਰਾ ਕਛ ਨਾਹੀਂ ॥ ੧੬੫ ॥
ਰਾਵਰ ਕ੍ਰਿਪਾ ਤੈ ਹਮ ਜਾਨਾ।
ਦੇਵਲ ਦੇਹ ਦੇਵ ਹਮ ਆਨਾ[1]।

[1]ਡੱਡੂਆਂ ਨੇ ਤਕੜਾ ਸੋਗ ਮੰਨਿਆ।
[1]ਤਿਵੇਂ ਜਗਤ ਨੂੰ (ਝੂਠਾ) ਜਾਣੋ।
[1]ਪੰਜ ਕੋਸ਼ਾਂ ਤੇ ਤਿੰਨਾਂ ਦੇਹਾਂ ਵਿੱਚ।
[1]ਦੇਹ ਦੇ ਮੰਦਰ ਵਿੱਚ ਸਾਡਾ ਆਤਮਾ ਰੂਪ ਦੇਵਤਾ (ਦੇਹ ਤੋਂ) ਵੱਖਰਾ ਹੈ।

ਜਜੋਂ ਪੁਸ਼ਾਕ ਤੈ ਨਰ ਹੈ ਨਜਾਰੋ।
ਸਦਨ ਛਦਨ ਤੈ ਬਸਨੇ ਵਾਰੋ[1] ॥ ੧੬੬ ॥

[1](ਸਦਨ) ਘਰ ਤੇ (ਛਦਨ) ਛੱਤ ਤੋਂ (ਉਨ੍ਹਾਂ 'ਚ) ਵੱਸਣ ਵਾਲਾ।

ਤਜੋਂ ਇਹੁ ਦੇਹੀ ਦੇਹੋਂ ਜੁਦਾ[1]।
ਤੁਮਰੀ ਦਯਾ ਲਯਾ ਹਮ ਮੁਦਾ[1]।
ਤੁਰਕ ਜੁ ਥੂਲ ਦੇਹ ਕੋ ਤੱਛੈ[1]।
ਸੂਖਮ ਦੇਹ ਲੇਹਿ ਦੁਖ ਅੱਛੈ ॥ ੧੬੭ ॥
ਪਰਾਰਭਧ ਫਲ ਦੁਖ ਸੁਖ ਜੋਈ।
ਭੋਗਤ ਸਦਾ ਇਹੈ ਮਿਲਿ ਦੋਈ[1]।
ਬਰਮੀ ਪੀਟੈ[1] ਸਾਂਪ ਕਿ ਮਰ ਹੈ।
ਤਜੋਂ ਹਮ ਉਭੈ ਦੇਹ ਤੈ[1] ਪਰ ਹੈਂ ॥ ੧੬੮ ॥
ਦੇਹ ਦਸ਼ਾ ਸਾਖੀ ਹ੍ਵੈ[1] ਦੇਖੈਂ।
ਅਰ ਨਿਜ ਗਜਾਨ ਬਿਗਜਾਨ ਪਰੇਖੈਂ[1]।

[1]ਦੋਵੇਂ ਸਥੂਲ ਤੇ ਸੂਖਮ ਸ਼ਰੀਰ।
[1]ਖੁੱਡ ਦੇ ਕੁੱਟਿਆਂ।
[1]ਦੋਹਾਂ ਦੋਹਾਂ ਤੋਂ।
[1]ਗਵਾਹ (ਦੇਖਣ ਵਾਲੇ) ਹੋ ਕੇ।
[1]ਅਤੇ ਆਪਣੇ ਸ ਰੂਪ ਦਾ ਗਿਆਨ ਤੇ ਪਰਤੱਖ ਗਿਆਨ ਪਰਖਦੇ ਹਾਂ।

ਮਿਥਜਾ ਤਨ ਜਿ ਧਰਮ ਹਿਤ ਜਾਹੀਂ।
ਜਸ ਰਹਿ ਜਗ ਹਮ ਬ੍ਰਹਮ ਸਮਾਹੀਂ ॥ ੧੬੯ ॥
ਇੰਦ੍ਰਿ ਹਾਡ ਦਧੀਚਹਿ ਲੀਨੇ[1]।
ਮਾਸ ਸ਼ਿਵੀ ਦੀਨੋ ਕਟਿ ਪੀਨੇ[1]।

[1]ਇੰਦ੍ਰ ਨੇ ਦਧੀਚੀ ਰਿਸ਼ੀ ਤੋਂ (ਦੈਂਤਾਂ ਦੇ ਮਾਰਨ ਲਈ) ਹੱਡ ਲਏ।
[1]ਸ਼ਿਵੀ ਰਾਜੇ ਨੇ (ਬਾਜ਼ ਬਣੇ ਇੰਦ੍ਰ ਨੂੰ ਪਰਉਪਕਾਰ ਵਾਸਤੇ ਆਪਣੇ ਸ਼ਰੀਰ ਦਾ) ਬਹੁਤਾ ਮਾਸ ਕੱਟ ਕੇ ਦਿੱਤਾ।

ਗੁਰੁ ਅਰਜਨ ਤਨ ਦੀਨੋ ਕੈਸੇ।
ਤਨ ਮਨਸੂਰ[1] ਕਟਾਯੋ ਤੈਸੇ ॥ ੧੭੦ ॥
ਸ਼ਮਸਤ੍ਰੇਜ[1] ਖਾਲ ਉਤਰਾਈ।
ਪੈ ਨ ਗਜਾਨ ਕੀ ਦਮਕ ਤਜਾਈ।

[1]ਮਨਸੂਰ=ਜੋ ਸੂਲੀ ਤੇ ਟੰਗਿਆ ਗਿਆ ਸੀ।
[1]ਇਸ ਦਾ ਅਸਲ ਨਾਮ ਮਖਦੂਮ ਸ਼ਾਹ ਸ਼ਮਸੁੱਦੀਨ ਸੀ।

ਧਰਮ ਹੇਤ ਜੇ ਹਮ ਤਨ ਦੈ ਹੈਂ।
ਇਹੁ ਕੁਛ ਨਯੋ ਕਾਮ ਨਹਿ ਕੈ ਹੈਂ[1] ॥੧੭੧॥ [1]ਕਰਾਂਗੇ।
ਇਹੁ ਬੋਝਾ[1] ਤੋ ਸਿਟਨੋ ਹੱਯੇ। [1]ਸ਼ਰੀਰ ਰੂਪ ਭਾਰ।
ਉਤ੍ਰੈ ਐਸ ਤੁ ਸ਼ੁਕਰ ਮਨੱਯੇ।
ਰਾਵਰ ਸੰਗ ਛੋਡ ਜੇ ਜੈ ਹੈਂ।
ਰੈ ਹੈ ਤਨ ਨ ਕਲੰਕ ਰਹੈ ਹੈਂ ॥੧੭੨॥
ਰਾਵਰ ਸਿਦਕ ਹਮਾਰਾ ਰਾਖੈਂ।
ਅਬਿ ਤੌ ਏਕ ਇਹੀ ਅਭਿਲਾਖੈਂ ॥੧੭੩॥

ਦੋਹਰਾ:

ਸਿਦਕ ਗਜਾਨ ਇਮ ਸਿਖਨ ਕਾ,
ਪਰਖਿ ਗੁਰੂ ਮੁਦ ਧਾਰਿ।
ਸਾਧੁ ਸਾਧ[1] ਕਹਿ ਔਰ ਦਿਢ, [1]ਸ਼ਾਬਾਸ਼ ਸ਼ਾਬਾਸ਼ !
ਨਿਸਚਾ ਦਯੋ ਉਦਾਰ ॥੧੭੪॥

ਚੌਪਈ:

ਪੁਨ ਗੁਰੁ ਲੋਗ ਗ੍ਰੀਬ ਬੁਲਾਏ।
ਜੋ ਢਿਗ ਧਨ ਥਾ ਦਯੋ ਤਿਨਾਏ[1]। [1]ਤਿਨਾਂ ਨੂੰ।
ਭਾਣਾ ਬਰਤਾਵਨ ਮਨਿ ਭਾਯੋ।
ਤਬੈ ਅਯਾਲੀ[1] ਤਹਿ ਇਕ ਆਯੋ ॥੧੭੫॥ [1]ਬਕਰੀਆਂ ਚਾਰਨ ਵਾਲਾ।
ਤਾਂ ਪ੍ਰਤਿ ਸਤਿਗੁਰੁ ਕਹਯੋ ਬੁਲਾਏ।
ਕਰੋ ਕਾਮ ਹਮਰਾ ਇਕ ਜਾਏ।
ਬਕਰੀ ਤੇਰੀ ਸਿੱਖ ਸੰਭਾਰੈਂ।
ਮਾਨਯੋ ਉਨਿ ਪਿਖਿ ਪੁਰਖ ਉਦਾਰੈਂ ॥੧੭੬॥
ਗੁਰੁ ਉਤਾਰਿ ਨਿਜ ਕਰ ਤੈ ਮੁੰਦ੍ਰੀ।
ਦਈ ਤਾਂਹਿ ਜੋ ਥੀ ਅਤਿ ਸੁੰਦ੍ਰੀ।
ਹੀਰਾ ਜਾ ਮੈਂ ਹੁਤੋ ਅਮੋਲਾ।
ਔਰ ਦੁਸ਼ਾਲਾ ਦਿਯ ਬਡ ਮੋਲਾ ॥੧੭੭॥
ਕਹਯੋ ਛਾਪ ਗਹਿਨੇ ਰਖ ਜਾਈ।
ਦੋਇ ਰੁਪਈਏ ਕੀ ਮਿਠਿਆਈ।
ਇਸੀ ਸ਼ਾਲ ਮੈਂ[1] ਲਜਾਵਹੁ ਪਾਈ। [1]ਦੁਸ਼ਾਲੇ ਵਿੱਚ।
ਡਰੀਓ ਸ਼ੰਕ ਨ ਕਰੀਓ ਰਾਈ ॥੧੭੮॥

ਜੇ ਕੋ ਬੂਝੈ ਨਾਮ ਬਤਾਯੋ।
ਤੇਗ ਬਹਾਦਰ ਗੁਰੂ ਪਠਾਯੋ।
ਮਾਨ ਗਯੋ ਵਹਿ ਸ਼ਹਿਰ ਮਝਾਰੀ।
ਨੀਕ ਬਜਾਰ ਠੀਕ ਜਹਿਂ ਭਾਰੀ ॥੧੭੯॥
ਬਡ ਦੁਕਾਨ ਹਲਵਾਈ ਕੇਰੀ।
ਪਿਖਿ ਤਾਂ ਪ੍ਰਤਿ ਅਯਾਲੀ ਇਮ ਟੇਰੀ।
ਮੁੰਦ੍ਰੀ ਗਿਰਵੀ[1] ਏਹੁ ਰਖੀਜੈ। [1]ਗਹਿਣੇ।
ਦੋਇ ਰੁਪਏ ਮਿਠਾਈ ਦੀਜੈ ॥੧੮੦॥
ਡਾਲ ਦੇਹੁ ਇਸ ਸ਼ਾਲ ਮਝਾਰੀ।
ਉਭੈ ਚੀਜ ਜਬਿ ਬਨਕ[1] ਨਿਹਾਰੀ। [1]ਬਾਣੀਏ ਨੇ।
ਅਤੀ ਅਮੋਲਕ ਵਸਤੂ ਐਸੇ।
ਇਸ ਗ੍ਰੀਬ ਕਰ[1] ਆਈ ਕੈਸੇ ॥੧੮੧॥ [1]ਹੱਥ।
ਚੋਰੀ ਕਰਿ ਯਾਂ ਹਤ ਕਿਤ[1] ਲਯਾਯੋ। [1]ਕਿਸੇ ਨੂੰ ਮਾਰ ਕੇ।
ਇਹੁ ਮਨ ਧਰਿ ਡਰਿ ਬਨਕ ਮਹਾਯੋ।
ਉਭੈ ਚੀਜ ਯੁਤ ਅਯਾਲੀ ਤਾਈਂ।
ਕੋਟਵਾਲ ਢਿਗ ਜਾਇ ਦਿਖਾਈ ॥੧੮੨॥
ਪਿਖਿ ਕੁਟਵਾਲ ਸ਼ਾਲ ਅਰ ਹੀਰਾ।
ਅਤੀ ਅਮੋਲਕ ਜੋਗ[1] ਅਮੀਰਾ। [1]ਲਾਇਕ।
ਤੱਜਬ ਰਹਿ ਬਡ ਗੱਜਬ ਕੈ ਕੈ[1]। [1]ਗੁੱਸਾ ਕਰਕੇ।
ਬੂਝਯੋ ਤਾਂ ਕੋ ਧਮਕੀ ਦੈ ਕੈ ॥੧੮੩॥
ਕਹੋ ਸਾਚ ਨਤ ਦੈਹੋਂ ਮਾਰੀ।
ਚੋਰੀ ਕਰੀ ਬਾਟ ਕੈ ਪਾਰੀ[1]। [1]ਜਾਂਰਾਹ ਮਾਰਿਆ ਹੈ।
ਮੈਂ ਨਹਿਂ ਤਸਕਰ[1] ਕਹਯੋ ਅਯਾਲੀ। [1]ਚੋਰ।
ਨਹਿਂ ਬਟਪਾਰ[1] ਨ ਬੰਚਕ[2] ਜਾਲੀ[3] ॥੧੮੪॥ [1]ਰਾਹ ਮਾਰ। [2]ਠੱਗ। [3]ਫ਼ਰੇਬੀ, ਛਲੀਆ।
ਬਾਗ ਵੀਚ ਉਮਰਾਵ ਥਿਰਾਨਾ[1]। [1]ਠਹਿਰਿਆ ਹੈ।
ਪਾਂਚ ਅਸ੍ਵਾਰ ਤਾਂਹਿ ਸੰਗਾਨਾ।
ਤੇਗ ਬਹਾਦਰ ਗੁਰੂ ਹਿੰਦੁ ਕਾ।
ਦਾਤਾ ਪਾਲਕ ਗ੍ਰੀਬ ਬ੍ਰਿੰਦ ਕਾ[1] ॥੧੮੫॥ [1]ਸਾਰਿਆਂ ਦਾ।
ਇਹੁ ਸੁਨਿ ਖੁਸ਼ੀ ਭਏ ਕੁਤਵਾਲੂ।
ਜਾਨਯੋ ਹੋਯੋ ਕਾਮ ਬਿਸਾਲੂ[1]। [1]ਵੱਡਾ।

ਜਿਸ ਹਿਤ ਸ਼ਾਹਿ ਪਠੇ ਪ੍ਰਵਾਨੇ।
ਇਸ਼ਤਹਾਰ ਭੀ ਦਯੋ ਮਹਾਨੇ ॥੧੮੬॥
ਅਰ ਮੈਂ ਇਲਤਜਾਇ[1] ਬਹੁ ਕਰਹੋਂ। [1]ਬੇਨਤੀ।
ਜਬਿ ਜਬਿ ਨਿੱਤ ਨਿਵਾਜ਼ੈਂ ਪਰਹੋਂ[1]। [1]ਪੜ੍ਹਦਾ ਹਾਂ।
ਸ਼ਾਇਦ ਮੇਰੀ ਹੀ ਸੁਨਿ ਬਿਨਤੀ।
ਆਏ ਗੁਰ ਸ੍ਰਬੱਗ ਕਰਿ ਗਿਨਤੀ[1] ॥੧੮੭॥ [1]ਵਿਚਾਰ ਕਰਕੇ।
ਇਮ ਵਿਚਾਰ ਝਟ ਪਟ ਕੁਤਵਾਲੈਂ।
ਲਏ ਸਿਪਾਹੀ ਸੰਗਿ ਬਿਸਾਲੈਂ।
ਦੋਇਕ ਸੈ ਅਸਵਾਰ ਚਢਾਯੋ।
ਪਹੁੰਚਜੋ ਅਯਾਲੀ ਜਹਾਂ ਬਤਾਯੋ ॥੧੮੮॥
ਬੈਠੇ ਸਤਿਗੁਰ ਜਾਇ ਨਿਹਾਰੇ।
ਮੂਰਤਿ ਮਨੋ ਹੁਤਾਸਨ[1] ਧਾਰੇ। [1]ਅਗਨੀ ਦੇਵਤੇ ਨੇ।
ਸਿੰਘ[1] ਰੂਪ ਨਿਰਭੈ ਅਤਿ ਸੁੰਦਰ। [1]ਸ਼ੇਰ।
ਤੇਜ ਪ੍ਰਤਾਪ ਸਮਾਨ ਪੁਰੰਦਰ[1] ॥੧੮੯॥ [1]ਇੰਦ੍ਰ।
ਫੌਜ ਚੁਤਰਫੈ ਦੂਰ ਥਿਰਾਈ।
ਝੁਕਿ ਕੁਤਵਾਲ ਸਲਾਮ ਅਲਾਈ।
ਚਿੱਤ ਸਾਂਤਿ ਭੌ ਦਰਸ਼ਨ ਪਾਈ।
ਲਰਜ਼[1] ਗਰਜ਼ ਯੁਤ[2] ਅਰਜ਼ ਅਲਾਈ ॥੧੯੦॥ [1]ਕੰਬ ਕੇ, ਡਰ ਕੇ। [2]ਲੋੜ ਸਹਿਤ।
ਖਤਾ[1] ਪੀਰ ਜੀ ! ਮਾਫ ਕਰੀਜੈ। [1]ਗ਼ਲਤੀ।
ਮਿਹਰਬਾਨਗੀ ਸਾਥ ਸੁਨੀਜੈ।
ਕੌਨ ਆਪ ਕਿਤ ਹੈ ਕਿਮ ਆਏ।
ਖੁਸ਼ ਹ੍ਵੈ ਗੁਰ ਬੋਲੇ ਮੁਸਕਾਏ ॥੧੯੧॥
ਝਰਤਿ ਫੂਲ ਜਨ ਸੁਖਦ ਸੁਹਾਏ।
ਖਿਰੇ ਨੈਨ ਮਸਤਕ ਮੁਦ ਦਾਏ।
ਜਗਤ ਗੁਰੂ ਸ਼੍ਰੀ ਨਾਨਕ ਭਏ।
ਜੋ ਦਰਵੇਸ਼ ਵੇਸ ਬਿਦਤਏ[1] ॥੧੯੨॥ [1]ਫ਼ਕੀਰੀ ਲਿਬਾਸ ਵਿੱਚ ਪ੍ਰਗਟ ਹੋਏ।
ਹਮ ਤਿਨ ਕੇ ਦਾਸਨ ਕੇ ਦਾਸਾ।
ਆਨੰਦਪੁਰਿ ਮਹਿ ਕਰਿ ਹੈਂ ਵਾਸਾ।
ਸੋਢੀ ਤੇਗ ਬਹਾਦਰ ਨਾਮੂ।
ਮੁਝ ਕੋ ਖੋਜਤ ਤੁਰਕ ਤਮਾਮੂ ॥੧੯੩॥

ਜਿਸ ਹਿਤ ਸ਼ਾਹਿ ਪਠੇ ਪਰਵਾਨੇ।
ਦੈਨਾ ਲਿਖਜੋ ਇਨਾਮ ਮਹਾਨੇ।
ਪਢਿ ਨਿਵਾਜ਼ ਤੂੰ ਨਿਤ ਪ੍ਰਤਿ ਭਾਵੈਂ[1]। [1]ਸ਼ਰਧਾ ਨਾਲ।
ਬਿਨਤੀ ਕਰਤੋ ਗੁਰ ਇਤ ਆਵੈਂ ॥੧੯੪॥
ਮੁਝ ਕੋ ਹੀ ਇਨਾਮ ਦਿਲਵਾਏਂ।
ਤੁਮਰੇ ਹਿਤ ਹੀ ਹਮ ਇਤ ਆਏ।
ਅਬਿ ਹਮ ਕੋ ਤੁਮ ਬੰਦ ਰਖਾਵੋ।
ਬਾਦਸ਼ਾਹਿ ਢਿਗ ਖਬਰ ਪੁਚਾਵੋ ॥੧੯੫॥
ਸੁਨਿ ਕੁਤਵਾਲ ਖੁਸ਼ੀ ਅਤਿ ਭਯੋ।
ਪੁਨ ਪੁਨ ਗੁਰ ਪਗ ਮਾਥ ਲੁਠਜੋ[1]। [1]ਰੱਖਿਆ, ਲਾਇਆ।
ਹਾਥ ਜੋਰਿ ਪੁਨ ਅਰਜ਼ ਅਲਾਈ।
ਚਲੋ ਕਿਲੇ ਮੈਂ ਅਬੈ ਗੁਸਾਂਈਂ ॥੧੯੬॥
ਬੀਰ ਗੰਭੀਰ ਧੀਰ ਗੁਰ ਤਬੈ।
ਚਢੇ ਤੁਰੰਗ ਸੰਗ ਸਿਖ ਸਬੈ ॥੧੯੭॥
ਦੋਹਰਾ:
ਬਾਗ ਵੀਚ ਤੈ ਗੁਰੂ ਕੋ,
ਲਜਾਇ ਕਿਲੇ ਮੈ ਏਵ।
ਡੇਰਾ ਦਿਯ ਸੁਭ ਠੌਰ ਮੈਂ,
ਕਰੀ ਸਭੈ ਬਿਧ ਸੇਵ ॥੧੯੮॥
ਪਾਇ ਸਾਰ[1] ਸਿਖ ਸਿੱਖਨੀ, [1]ਖ਼ਬਰ।
ਅਧਿਕ ਆਗਰੇ ਕੇਰ।
ਆਏ ਦਰਸ਼ਨ ਹੇਤ ਮਿਲਿ,
ਦਾਏ ਭੇਟ ਬਧੇਰ ॥੧੯੯॥
ਕਿਲੇ ਦਾਨ ਕੁਤਵਾਲ ਕੋ,
ਦੇ ਕਰਿ ਦਰਬ ਮਹਾਂਹਿਂ।
ਗੁਰ ਕੋ ਚਹਿਓ ਛੁਡਾਵਨੋ,
ਪੈ ਗੁਰ ਮਾਨਜੋ ਨਾਹਿਂ ॥੨੦੦॥
ਸਿੱਖਨ ਕੋ ਸਤਿਗੁਰ ਕਹਜੋ,
ਹੁਕਮ ਆਦਿ ਗੁਰ[1] ਜੋਇ। [1]ਪਹਿਲੇ ਗੁਰਾਂ ਦਾ।
ਦੈ ਕਰਿ ਸਿਰ ਹਮ ਧਰਮ ਹਿਤ,

ਜਰ ਤੁਰਕੇਸਹਿ ਖੋਇ ॥੨੦੧॥
ਦਏ ਚਾਰ ਫਲ ਸਿੱਖਨ ਕੋ,
ਗੁਰ ਢੁਰ ਵਰ[1] ਮੁਦ ਪਾਇ।
ਥਿਰੇ ਤਹਾਂ ਪਿਖਿ ਗੁਰੂ ਕੋ,
ਈਹਾਂ ਥਿਰਜੋ ਅਧਜਾਇ ॥੨੦੨॥

[1]ਚੰਗੇ ਕਿਰਪਾਲੂ ਹੋ ਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਨੌਮ ਗੁਰੂ ਕਾ ਆਗਰੇ ਜਾਵਨ' ਪ੍ਰਸੰਗ ਬਰਨਨੰ ਨਾਮ ਉਨਤਾਲੀਸਮੋ ਬਿਸ੍ਰਾਮ ॥੩੯॥

੪੦. {ਦਿੱਲੀ ਔਰੰਗਜ਼ੇਬ ਨਾਲ ਚਰਚਾ ਤੇ ਤਿੰਨਾਂ ਸਿੱਖਾਂ ਦਾ ਸ਼ਹੀਦ ਹੋਣਾ}

ਦੋਹਰਾ:

ਮਦਨ ਕਦਨ ਮਦ ਬਦਨ ਜਿਨਿ,
ਸਦਨ ਸਭਿਨਿ ਗੁਨ ਖਾਨ[1]।

[1]ਜਿਨ੍ਹਾਂ ਦਾ ਮੁਖ ਕਾਮ ਦੇ ਹੰਕਾਰ ਨੂੰ ਕੱਟਣ ਵਾਲਾ, ਸਾਰੇ ਗੁਣਾਂ ਦਾ ਘਰ ਤੇ (ਸਾਰੇ ਗੁਣਾਂ ਦੀ) ਖਾਣ ਹੈ।

ਗੁਰ ਹਰਿ ਕ੍ਰਿਸ਼ਨ ਸੁ ਕ੍ਰਿਸ਼ਨ ਬਪੁ,
ਮੰਗਲ ਮੋਦ ਨਿਧਾਨ[1] ॥੧॥

[1]ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਕ੍ਰਿਸ਼ਨ (ਵਾਂਗ ਸੁੰਦਰ) ਸਰੂਪ ਅਤੇ ਖ਼ੁਸ਼ੀਆਂ ਤੇ ਅਨੰਦ ਦਾ ਖ਼ਜ਼ਾਨਾ ਹਨ।

ਦਿੱਲੀ ਮੈਂ ਜਿਮ ਸ਼ਾਹਿ ਸੋਂ,
ਚਰਚਾ ਪਰਚਾ[1] ਨਾਨਿ[2]।

[1]ਕਰਾਮਾਤ ਦਾ ਚਮਤਕਾਰ। [2]ਕਰਕੇ।

ਤ੍ਰਿਨ ਜਜੋਂ[1] ਤਨ ਤਜ ਹੈਂ ਗੁਰੂ
ਨੌਮ, ਸੁਨੋ ਸੋ ਗਾਨ[1] ॥੨॥

[1]ਕੱਖ ਵਾਂਗ।

[1]ਉਹ ਕਥਾ।

ਅੜਿੱਲ ਛੰਦ:

ਸ਼ਾਹਿ ਪਾਸ ਕੁਤਵਾਲ,
ਸਾਰ[1] ਜਬਿ ਲਿਖਿ ਪਠੀ।

[1]ਖ਼ਬਰ।

ਸੁਨਿ ਨੌਰੰਗ ਨੌਰੰਗ ਭਯੋ[1],
ਮਨ ਗਿਨਿ ਗਟੀ[1]।

[1]ਨਵੇਂਰੰਗ ਵਾਲਾ ਹੋ ਗਿਆ ਭਾਵ ਖ਼ੁਸ਼ ਹੋ ਗਿਆ।

[1]ਗਿਣਤੀਆਂ ਗਿਣ ਕੇ।

ਪੀਰ ਹਿੰਦੁ ਕੋ ਅਬਿ ਹਮ,
ਦੀਨ ਮਨਾਇ ਹੈਂ।
ਹੋ ਫਿਰ ਸਬਿਹੀ ਹਿੰਦਵਾਨ,
ਤੁਰਕ ਬਨਾਇ ਹੈਂ ॥੩॥
ਜਬਿ ਇਹੁ ਮੁਲਕ ਤਮਾਮ,
ਤੁਰਕ ਬਨ ਜਾਇ ਗੋ।
ਬੁਤ ਪ੍ਰੱਸਤੀ[1] ਕਲਮਾ,
ਕੁਫਰ ਉੱਠਾਇ ਗੋ[1]।

[1]ਬੁੱਤ ਪੂਜਾ।

[1]ਝੂਠ ਦੀ ਗੱਲ ਚੁੱਕੀ ਜਾਏਗੀ।

ਏਕ ਮਜਬ ਹ੍ਵੈ ਮੋਮਨ[1],
ਪਢੈ ਨਿਵਾਜ ਹੈ।

[1]ਮੁਸਲਮਾਨ।

ਹੋ ਹ੍ਵੈ ਸਵਾਬ[1] ਬਡ ਮੁਝੈ,
ਖੁਦਾਇ ਨਿਵਾਜ ਹੈ[1] ॥੪॥
ਐਸੀ ਭਾਂਤੈ ਘਾਤੈਂ[1],

[1]ਪੁੰਨ।

[1]ਵਡਿਆਏਗਾ।

[1]ਦਾਅ।

ਬਾਤੈਂ ਧਾਰ ਕੈ।
ਪਾਂਚ ਹਜ਼ਾਰ ਅਸ੍ਵਾਰ
ਜਰਾਰ[1] ਤਿਆਰ ਕੈ। [1]ਲੜਾਕੇ।
ਦੈ ਉਮਰਾਵ ਪਠਾਇ,
ਸਿਖਾਏ ਯੌਂ ਭਰੈ[1]। [1]ਭਲੀ ਤਰ੍ਹਾਂ।
ਹੋ ਤਕਰਾਈ ਕਰਿ ਲਜਾਯੋ,
ਲਰਾਈ ਨਾ ਪਰੈ ॥ ੫ ॥
ਗੁਰ ਕੇ ਪਿਤਾ ਛੁਡਾਏ,
ਬਾਵਨ ਭੂਪ[1] ਜੋ। [1]ਬਵੰਜਾਰਾਜੇ।
ਰਾਜਪੂਤ ਹੈਂ ਸਭੀ,
ਲੜਾਕੇ ਖੂਪ ਸੋ।
ਗੁਰੂ ਆਪਨਾ ਸਮਝ,
ਮਾਨਿ ਉਪਕਾਰ ਸੋ।
ਹੋ ਮਤ ਕਿਤ ਲੈਂਹ ਛੁਡਾਇ,
ਜੋਰ ਤਰਵਾਰ ਸੋਂ ॥ ੬ ॥
ਆਇ ਤਬੈ ਉਮਰਾਵੈਂ,
ਗੁਰ ਕੇ ਪਾਸ ਹੈ।
ਬੰਦਨ ਬਿਨਤੀ ਗਿਨਤੀ[1], [1]ਵਿਚਾਰ ਕੇ।
ਕੀਨੀ ਖਾਸ ਹੈ।
ਕਹਜੋ ਕਜੋਂ ਨ ਅਨੁਸਾਰੀ,
ਬਨਿਹੋ ਸ਼ਾਹਿ ਕੇ।
ਹੋ ਖਾਲਕ[1] ਦੀਨੀ ਖਲਕ[2], [1]ਪ੍ਰਮੇਸ਼ਰ। [2]ਸ੍ਰਿਸ਼ਟੀ।
ਹਾਥ ਮੈਂ ਜਾਂਹਿ ਕੇ ॥ ੭ ॥
ਗੁਰੂ ਕਹਜੋ ਹਮ ਫੱਕ੍ਰ,
ਬੇਪਰਵਾਹ ਸੋ[1]। [1]ਉਸ ਬੇਪ੍ਰਵਾਹ (ਰੱਬ) ਦੇ ਅਸੀਂ ਫ਼ਕੀਰ ਹਾਂ।
ਨਹਿਂ ਬਿਗਾੜ ਕਛ ਝਗੜਾ,
ਹਮਰਾ ਸ਼ਾਹ ਸੋਂ।
ਵਹਿ ਦੁਨੀਆ ਕਾ ਸ਼ਾਹਿ,
ਆਹਿਂ ਦਰਵੇਸ਼ ਹਮ।
ਹੋ ਤਾਲਕ ਖਾਲਕ ਸੰਗ[1], [1]ਪ੍ਰਮੇਸ਼ਰ ਨਾਲ ਸੰਬੰਧ ਹੈ।

ਔਰ ਸੋ ਨਾਹਿ ਕੰਮ ॥ ੮ ॥
ਬਰ ਸ੍ਰਾਪ ਅਰੁ ਗਾਰਿ[1],
[1]ਗਾਲ੍ਹ।
ਨ ਦੈਂ ਹਮ ਸ਼ਾਹਿ ਕੋ।
ਲੜੇ ਨ[1] ਮੁਲਕ ਜਾਗੀਰ,
[1]ਨਾ ਹੀ (ਉਸ ਨਾਲ) ਲੜੇ ਹਾਂ।
ਰੋਕਜੋ ਤਾਹਿਂ ਕੋ।
ਚੁਧਰਾਇਤ[1] ਨਹਿਂ ਵਿਰਸਾ[2],
[1]ਚੌਧਰ ਹੈ। [2]ਨਾ ਹੀ ਜੱਦੀ ਹੱਕ ਹੈ।
ਰਾਜ ਰਖਾਤ ਹੈਂ[1]।
[1]ਨਾਰਾਜ ਹੀਰਖਦੇ ਹਾਂ, ਭਾਵ ਸਾਡੇ ਪਾਸਰਾਜ ਵੀ ਨਹੀਂ ਹੈ।
ਹੋ ਜੋ ਮੁਰੀਦ ਦੈ ਜਾਤ,
ਬੈਠਿ ਸੋ ਖਾਤ ਹੈਂ ॥ ੯ ॥
ਸੁਨਿ ਗੁਰ ਕੀ ਤਕਰੀਰ[1],
[1]ਭਾਸ਼ਣ, ਵਖਿਆਨ।
ਅਮੀਰਨਿ ਧੀਰ ਧਰਿ।
ਬੰਦਨ ਕੀਨੀ ਗੁਰ ਕੋ,
ਜਾਨਿ ਫਕੀਰ ਵਰ[1]।
[1]ਸ੍ਰੇਸ਼ਟ।
ਏਕ ਹਜ਼ਾਰ ਦੀਨਾਰ[1],
[1]ਮੁਹਰ।
ਦਈ ਕੁਤਵਾਲ ਕੋ।
ਹੋ ਭਯੋ ਖੁਸ਼ੀ ਸੋ ਪਾਇ,
ਇਨਾਮ ਜੁ ਮਾਲ ਕੋ[1] ॥ ੧੦ ॥
[1]ਧਨ ਦਾ।
ਪੁਨ ਉਨਿ ਗੁਰ ਕੇ ਆਗੇ,
ਦੌਲਤ ਸੋ ਧਰੀ।
ਕਹਜੋ ਗੁਰੂ ਤੁਮ ਰਾਖੋ,
ਇੱਛਜਾ ਤੁਵ ਭਰੀ[1]।
[1]ਪੂਰੀ ਹੋਈ ਹੈ।
ਕੋਤਵਾਲ ਪੁਨ ਗਾਥ,
ਸਭੀ ਉਮਰਾਵ ਪੈ।
ਹੋ ਭਾਖੀ ਗੁਰੁ ਸਰਬੱਗ੍ਯ,
ਅਏ ਜਿਸ ਭਾਵ ਪੈ[1] ॥ ੧੧ ॥
[1]ਜਿਸ ਖ਼ਿਆਲ ਨਾਲ।
ਸੁਨਿ ਉਮਰਾਵ ਅਮੀਰਨਿ,
ਸਾਚੀ ਮਾਨ ਕੈ।
ਸਰਬ ਸ਼ਕਤਿ ਮਤ ਸਮ੍ਰਥ[1],
[1]ਸ਼ਕਤੀਆਂ ਵਾਲੇ।
ਗੁਰ ਕੋ ਜਾਨ ਕੈ।
ਅਦਬ ਸਾਥ ਸੁਧ ਪੀਨਸ[1],
[1]ਪਵਿੱਤ੍ਰ ਪਾਲਕੀ।

ਮੱਧ ਚਢਾਇ ਕੈ।
ਹੋ ਸਹਿ ਸਿਖਨਿ ਪੁਨ ਦਿੱਲੀ,
ਲਿਆਏ ਧਾਇ ਕੈ ॥੧੨॥
ਬਾਦਸ਼ਾਹਿ ਨੈ ਗੁਰ ਕਾ,
ਆਵਨਿ ਸੁਨਿ ਤਬੈ।
ਕਾਜੀ ਹਾਜੀ ਮੁਲਾਂ,
ਬੂਝੇ ਯੌਂ ਸਬੈ।
ਕਹੋ ਗੁਰੂ ਕੀ ਅਜ਼ਮਤ,
ਪਰਖੈਂ ਕੈਸ ਹੈ।
ਹੋ ਕਪਟ ਕਠੋਲਨ ਕੁਟਲਹਿ[1],
ਭਾਖਜੋ ਐਸ ਹੈ ॥੧੩॥
ਢਿਗ ਕੁਤਵਾਲੀ ਖਾਲੀ,
ਆਲੀਸ਼ਾਨ ਜੋ।
ਤਿਸ ਮਕਾਨ ਮੈਂ ਨਿਸ ਬਸਿ,
ਬਚੈ ਨ ਜਾਨ ਕੋ[1]।
ਦੇਉ ਜਿੱਨ ਖਾਵੀਸ[1],
ਰਹਿਤ ਹੈਂ ਯਾਹਿ ਮੈਂ।
ਹੋ ਪਰਖੇ ਜੈ ਹੈਂ ਗੁਰੂ,
ਉਤਾਰੋ ਤਾਹਿ ਮੈਂ ॥੧੪॥
ਕੈ ਮਰ ਹੈਂ ਕੈ ਤੋਬਾ[1],
ਕਰਿ ਹੈਂ ਅਬੀ ਸੋ।
ਸਾਬਤ ਰਹਿਨੋ ਮਿਲੈ ਨ,
ਇਸ ਮੈਂ ਕਬੀ ਸੋ।
ਕਹਜੋ ਕਾਜੀਅਨ ਕੇਰ,
ਸ਼ਾਹਿ ਸੱਚ ਮਾਨ ਕੈ।
ਹੋ ਗੁਰੂ ਉਤਾਰੇ ਅੰਦਰ,
ਤਿਸੀ ਮਕਾਨ ਕੈ ॥੧੫॥
ਇਕ ਮਕਾਨ ਮੈਂ ਸਿੱਖ,
ਗੁਰੂ ਇਕ ਮੈਂ ਕਰੇ।
ਪਹਿਰੇ ਦੁਹਿਰੇ ਤਿਹਰੇ,

[1]ਕਪਟ ਰੂਪ ਕਾਠ ਦੇ ਪੁਤਲਿਆਂ ਤੇ ਟੇਢਿਆਂ ਨੇ।
[1]ਰਾਤ ਨੂੰ ਵਸ ਕੇ ਕਿਸੇ ਦੀ ਵੀ ਜਾਨ ਨਹੀਂ ਸੀ ਬਚਦੀ।
[1]ਅਪਵਿੱਤ੍ਰ। (ਅ) ਜਿੱਨਾਂ ਦੀ ਇਕ ਜਾਤੀ।
[1]ਪਸ਼ਚਾਤਾਪ।

ਕੀਨੇ ਹੈਂ ਖਰੇ[1]।
ਨਿਸ ਕੋ ਭਜਾਨਕ ਰੂਪ,
ਦੇਉ ਬਡ ਆਯੋ।
ਹੋ ਕਰਿ ਦਰਸ਼ਨ ਗੁਰ ਕੇਰ,
ਸੁ ਪਗ ਲਪਟਾਯੋ ॥ ੧੬ ॥
ਕਹਯੋ ਧੰਨ ਮਮ ਭਾਗ,
ਦਰਸਯੋ ਆਪ ਕੋ।
ਕਰੋ ਹੁਕਮ ਕੁਛ ਮੋਹਿ,
ਕਾਮ ਜੋ ਆਪ ਕੋ।
ਜੋ ਦੁਸ਼ਮਨ ਹੈ ਤੁਮਰਾ,
ਆਗਜਾ ਦੀਜੀਏ।
ਹੋ ਕਰੋਂ ਪ੍ਰਾਨ ਬਿਨ ਅਬੈ,
ਪੇਖ ਭਲ ਲੀਜੀਏ ॥ ੧੭ ॥
ਪੁੱਤ੍ਰ ਪੌਤਰੇ ਸਹਿ ਪਰਵਾਰੈਂ ਮਾਰ ਕੈ।
ਮਿਲੈ ਨ ਜਹਿਂ ਤੇ ਪਤਾ,
ਆਉਂ ਤਿਹਿਂ ਡਾਰ ਕੈ।
ਕਹੋ ਤੋ ਪਗਲੇ ਦੁਖੀਏ
ਸਦ ਹੀ ਗਹਿ ਰਖੋਂ।
ਹੋ ਜੋ ਅਬਿ ਰਾਵਰ ਕਹੋ,
ਸੋਈ ਮੈਂ ਕਰਿ ਸਕੋਂ ॥ ੧੮ ॥
ਗੁਰੂ ਕਹਯੋ ਨਹਿਂ ਹਮਰਾ,
ਸੱਤ੍ਰੂ[1] ਕੋਇ ਹੈ।
ਸਬ ਹੀ ਕੋ ਹਮ ਰੂਪ,
ਰੱਬ ਕਾ ਜੋਇ ਹੈਂ[1]।
ਨਿਜ ਨਿਜ ਕਰਮ ਅਨੁਸਾਰ,
ਦੂਖ ਸੁਖ ਪਾਇ ਹੈਂ।
ਹੋ ਹਮ ਨਹਿਂ ਕਾਹੂੰ ਮਾਰਨ
ਚਹੈਂ ਦੁਖਾਇ ਹੈਂ ॥ ੧੯ ॥
ਕਾਰਨ ਕਰਨ ਕਰਤਾਰ,
ਕਾਰ ਕਰਿ ਰਹਯੋ ਹੈ।

[1]ਖੜੇ ਕੀਤੇ ਹਨ।

[1]ਵੈਰੀ।

[1]ਦੇਖਦੇ ਹਾਂ।

ਹੋਵਤਿ ਹੈ ਜਗਿ ਸੋਇ,
ਜੋਇ ਉਨਿ ਚਹਜੋ ਹੈ।
ਸੁਨਿ ਪ੍ਰੇਤ, ਬ੍ਰਹਮ ਗਜਾਨੀ
ਗੁਰ ਕੋ ਸੰਤ ਲਖਿ[1]।
ਹੋ ਨਿਜ ਮੁਕਾਨ ਮੈਂ ਅਏ,
ਅਥਿਤੀ[1] ਵਿਚਾਰਿ ਦਖ[2] ॥੨੦॥

[1]ਜਾਣ ਕੇ।

[1]ਜਿਸ ਦੇ ਆਉਣ ਦੀ ਥਿੱਤ ਮੁਕੱਰਰ ਨਹੀਂ, ਅਚਾਨਕ ਆਉਣ ਵਾਲਾ, ਪ੍ਰਾਹੁਣਾ। [2]ਦਾਨਾ (ਬਜ਼ੁਰਗ) ਵਿਚਾਰ ਕੇ।

ਜਾਇ ਬਜ਼ਾਰ ਉਦਾਰ,
ਅੰਗੂਰ ਅਨਾਰ ਹੈਂ।
ਪਿਸਤਾ ਸੇਉ ਬਦਾਮ,
ਸੰਗਤਰੇ ਸਾਰ[1] ਹੈਂ।
ਪੋਨੇ ਆਦਿਕ ਲਜਾਇ,
ਅੱਗ੍ਰ ਗੁਰੁ ਬਹੁ ਧਰੇ।
ਹੋ ਬਿਨਤੀ ਕੀਨੀ ਛਕੋ,
ਦੀਨ ਹ੍ਵੈ ਕੈ ਖਰੇ[1] ॥੨੧॥

[1]ਸ੍ਰੇਸ਼ਟ।

[1]ਖੜਾ ਹੋ ਕੇ।

ਪਿਖਿ ਪਰੇਤ ਕੋ ਪ੍ਰੇਮ,
ਪਰਮ ਕਿਰਪਾਲ ਗੁਰੁ।
ਭਾਵਤਿ ਬਹੁਧਾ[1] ਛਕਜੋ,
ਮੇਵਾ ਨੀਕ ਫੁਰ[1]।
ਸਿੱਖਨਿ ਢਿਗ ਪੁਚਵਾਯੋ,
ਛਕਿ ਸਬਿ ਸੋ ਰਹੇ।
ਹੋ ਚਢਜੋ ਦਿਵਸ ਪਿਖਿ ਲੋਗ,
ਅਚੰਭਾ ਹੋ ਰਹੇ ॥੨੨॥

[1]ਮਨ ਭਾਉਂਦਾ ਬਹੁਤ ਤਰ੍ਹਾਂ ਦਾ।

[1]ਛੇਤੀ।

ਚੁਪਜੋ ਪੋਨਾ ਸੀਤ[1]
ਗੁਰੂ ਕਾ ਸਿੱਖ ਕੋ।
ਭਈ ਸ਼ਕਤਿ ਬਡ ਗਜਾਨ,
ਸੁ ਭੂਤ ਭਵਿੱਖ ਕੋ।
ਕਰੀ ਅਰਜ਼ ਗੁਰ ਪਾਸ,
ਆਗਜਾ ਦੇਹੁ ਕਰਿ।
ਹੋ ਨੌਰੰਗੇ ਕੋ ਕੁਲ ਸਮੇਤ,

[1]ਸੀਤ ਪ੍ਰਸ਼ਾਦ।

ਅਬਿ ਦੈਹੁਂ ਹਰ[1] ॥੨੩॥
ਕੈ ਦਿੱਲੀ ਲਾਹੌਰ,
ਜ਼ੁਲਮ ਜਹਿਂ ਹੋਤਿ ਬਹੁ।
ਕਰੋਂ ਗਰਕ ਕੈ ਹਰਹੁਂ,
ਇਨੈ ਟਕਰਾਇ ਕਹੁ।
ਮੁਝ ਮੈਂ ਸ਼ਕਤਿ ਅਪਾਰ,
ਦਿਖਾਊਂ ਜੌ ਕਹੋ।
ਹੋ ਅਜਰ[1] ਜਰਜੋ ਨਹਿਂ ਜਾਇ,
ਪਾਇ ਪਦ ਮਦ ਲਹਜੋ[1] ॥੨੪॥
ਸੁਨਿ ਮੁਸਕਾਏ ਗੁਰੂ,
ਬਾਂਹਿ ਤਿਸ ਕੀ ਗਹੀ।
ਖੈਂਚ ਲਈ ਕਰਮਾਤ,
ਊਖ ਤੈ ਰਸ ਜਹੀਂ[1]।
ਛੂਛ[1] ਰਹਜੋ ਗੁਰੁ ਕਹਜੋ,
ਅਬੈ ਦਿਖਰਾਉ ਕੁਛ।
ਹੋ ਪਰਜੋ ਚਰਨ ਹ੍ਵੈ ਦੀਨ,
ਕਹੇ ਮੈਂ ਜੀਵ ਤੁਛ ॥੨੫॥
ਕਰਨ ਭਰਨ ਜਗ ਹਰਨ,
ਤਰਨ ਤਾਰਨ ਤੁਹੀ[1]।
ਮਹਿਮਾ ਅਪਰ ਅਪਾਰ,
ਰੂਪ ਤੁਮ ਪ੍ਰਭ ਉਹੀ।
ਗੁਰੂ ਕਹਜੋ ਜਿਸ ਸਿੰਧ[1] ਤੈ
ਬੂੰਦ ਕ ਤੈਂ ਲਹੀ।
ਹੋ ਕਜਾ ਵਹਿ ਨਹਿਂ ਕਰਿ ਸਕਤ,
ਪੈ ਭਾਵੀ ਸਿਰ ਸਹੀ ॥੨੬॥
ਨੌਰੰਗੇ ਪੁਨ ਨਿਜ ਢਿਗ,
ਗੁਰਹਿਂ ਬੁਲਾਯੋ।
ਚੌਕੀ ਊਪਰ
ਅਦਬ ਸਾਥ ਬੈਠਾਯੋ।

[1]ਮਾਰ ਦਿਆਂ।
[1]ਨ ਸਹਾਰੀ ਜਾਣ ਵਾਲੀ ਸ਼ਕਤੀ।
[1]ਪਦਵੀ ਪਾ ਕੇ ਹੰਕਾਰ ਹੋ ਗਿਆ।
[1]ਜਿਵੇਂ ਗੰਨੇ ਚੋਂਰਸ।
[1]ਖ਼ਾਲੀ।
[1]ਰਚਨ, ਪਾਲਣ ਤੇ ਜਗਤ ਦੇ ਨਾਸ ਕਰਨ ਅਤੇ ਤਾਰਨ ਲਈ ਤੁਸੀਂ ਜਹਾਜ਼ ਰੂਪ ਹੋ।
[1]ਸਮੁੰਦਰ।

ਖਾਨ ਉਮਰਾਵ ਬਜੀਰ,
ਅਮੀਰ ਨੁਵਾਬ ਬਡ।
ਹੋ ਜਹਿਂ ਰਾਜੇ ਮਹਿ ਰਾਜੇ,
ਥਿਰੇ ਅਪਾਰ ਅਡ[1] ॥੨੭॥ [1]ਵੱਖ ਵੱਖ।
ਹੀਰਾ ਮੁਕਤਾ ਪੰਨਾ,
ਸਬਜਾ ਚਮਕਹੀਂ।
ਕੰਚਨ ਕੰਕਨ[1] ਕੰਠੇ, [1]ਸੋਨੇ ਦੇ ਕੜੇ।
ਕੁੰਡਲ ਦਮਕ ਹੀਂ[1]। [1]ਚਮਕਦੇ ਹਨ।
ਮਖਮਲ[1] ਸਾਂਟਨ[2] ਤਾਸ [1]ਇਕ ਬਹੁਤ ਕੋਮਲ ਰੇਸ਼ਮੀ ਬਸਤ੍ਰ। [2]ਇਕ ਤਰ੍ਹਾਂ ਦਾ ਰੇਸ਼ਮੀ ਬਸਤ੍ਰ।
ਬਾਦਲਾ[1] ਅਤਲਸੈਂ[2]। [1]ਇਕ ਤਰ੍ਹਾਂ ਦਾ ਸੁੰਦਰ ਕਪੜਾ ਜਿਸ ਦਾ ਤਾਣਾਰੇਸ਼ਮ ਦਾ ਤੇ ਪੇਟਾ ਜ਼ਰੀ ਦੀਆਂ ਤਾਰਾਂ ਦਾ ਹੁੰਦਾ ਹੈ। [2]ਇਕ ਤਰ੍ਹਾਂ ਦਾ ਚਮਕੀਲਾ ਰੇਸ਼ਮੀ ਬਸਤ੍ਰ।
ਹੋ ਗਵਰਨਟੈਂ ਕਮਖਾਬੇ[1], [1]ਇਕ ਕੀਮਤੀ ਬਸਤ੍ਰ ਜਿਸ ਦਾ ਤਾਣਾ ਰੇਸ਼ਮੀ ਤੇ ਪੇਟਾ ਜ਼ਰੀ ਦਾ ਹੁੰਦਾ ਹੈ।
ਬਾਗੇ ਅਤਿ ਲਸੈਂ[1] ॥੨੮॥ [1](ਉਪ੍ਰੋਕਤ ਸਾਰੀਆਂ ਕਿਸਮਾਂ ਦੇ) ਪੁਸ਼ਾਕੇ ਬਹੁਤ ਚਮਕਦੇ ਹਨ।
ਭਰੀ ਕਚਹਿਰੀ ਗਹਿਰੀ[1] [1]ਬਹੁਤੀ।
ਕਹਰੀ ਸ਼ਾਹਿ ਹੈ[1]। [1]ਜ਼ਾਲਮ ਬਾਦਸ਼ਾਹ ਹੈ।
ਚਿਤ੍ਰ ਲਿਖੇ ਸੇ ਡਰਹੀਂ,
ਭਰਹੀਂ ਸਾਹਿ ਹੈ[1]। [1]ਡਰਦੇ ਡਰਦੇ ਸਾਹ ਲੈਂਦੇ ਹਨ।
ਕਿਆ ਮਜਾਲ ਕੋਊ ਤੱਕੇ
ਮੂੰਡ[1], ਉਠਾਯ ਥਾ। [1]ਸਿਰ।
ਹੋ ਸਿੰਘ ਸਾਮੁਹੇ ਬੁਜੋ[1], [1](ਜਿਵੇਂ) ਸ਼ੇਰ ਦੇ ਸਾਹਮਣੇ ਬੱਕਰਾ ਹੁੰਦਾ ਹੈ।
ਸਬਿਨਿ ਇਹੁ ਭਾਇ ਥਾ[1] ॥੨੯॥ [1]ਸਾਰਿਆਂ ਦੀ ਇਹ ਹਾਲਤ ਸੀ।
ਸਬਿ ਦਿਲ ਦਹਿਸ਼ਤ[1] ਛਾਈ, [1]ਡਰ, ਭਯ।
ਔਰੰਗਜ਼ੇਬ ਕੀ।
ਇੰਦਰ ਜਮ[1] ਅਲਕੇਸ[2], [1]ਧਰਮਰਾਜਾ। [2]ਕੁਬੇਰ।
ਅੱਗ੍ਰ ਇਸ ਜੰਬਕੀ[1]। [1]ਗਿੱਦੜ।
ਮਾਯਾ ਬਾਦਲ ਛਾਇਆ
ਸੰਪਾ ਸੂਰ ਜਨੁ[1]। [1]ਔਰੰਗਜ਼ੇਬ ਦੀ ਮਾਇਆ (ਸ਼ਕਤੀ) ਦਾ ਬੱਦਲ ਛਾਇਆ ਹੋਇਆ ਹੈ, ਜਾਣੋ (ਸਾਰੇ ਬਲੀ) ਸੂਰਮੇ ਸੰਪਾਤੀ (ਵਾਂਗ ਲੁਕ

ਗਏ) (ਸੰਪਾ=ਸੰਪਾਤੀ-ਸੂਰਜ ਦੇ ਰਥ ਦਾ ਰਥਵਾਹੀ।)

ਹੋ ਹਰਣਾਖਸ਼ ਤੇ ਜ਼ਜਾਦੇ,
ਔਰੰਗ ਰਹਜੋ ਬਨ ॥ ੩੦ ॥
ਸਿੰਧੁ ਬੇਲ ਲੌ ਅਵਨੀ,
ਜੀਤਿ ਅਭੀਤ ਭਾ[1]।

[1]ਸਮੁੰਦਰ ਦੇ ਕਿਨਾਰੇ ਤੱਕ ਧਰਤੀ ਜਿੱਤ ਕੇ ਨਿੱਡਰ ਹੋ ਗਿਆ।

ਰਾਜ ਕਰਤਿ ਨਿਸ ਕੰਟਕ[1],
ਰਹਿਤ ਅਨੀਤਿ ਭਾ[1]।
ਰਾਵਣ ਜਜੋਂ ਸੰਤਾਵਣ[1]
ਲਾਗਜੋ ਦੁਰਮਤੀ।
ਹੋ ਚੁਕਜੋ ਖੁਦਾਈ ਦਾਵਾ[1]
ਬਹਮਨ ਜਜੋਂ ਅਤੀ[1] ॥ ੩੧ ॥

[1]ਵੈਰੀ ਤੋਂ ਬਿਨਾਂ।
[1]ਬੇ-ਇਨਸਾਫ਼ ਹੋ ਗਿਆ ਹੈ।
[1]ਦੁਖੀ ਕਰਨ।
[1]ਇਹ ਦਾਅਵਾ ਕਿ ਮੈਂ ਹੀ ਖ਼ੁਦਾ ਹਾਂ।
[1]ਜਿਵੇਂ ਈਰਾਨ ਦੇ ਬਹਮਣ ਨਾਮ ਦੇ ਬਾਦਸ਼ਾਹ ਨੇ (ਖ਼ੁਦਾ ਬਣਨ ਦਾ) ਬਹੁਤਾ (ਦਾਅਵਾ ਚੁੱਕਿਆ ਸੀ।)

ਕਰਿ ਸਲਾਮ ਧਰਿ ਪਜਾਰ,
ਗੁਰੂ ਕੌ ਉਨਿ ਕਹੀ।
ਦੀਨ ਇਸਲਾਮ ਲਾਲਮ[1],
ਕਬੂਲੋ ਤੁਮ ਸਹੀ।
ਰਾਜ ਮੁਲਕ ਪੰਜਾਬ,
ਖਿਤਾਬ ਨਵਾਬ ਦਿਹੁੰ[1]।
ਹੋ ਕੈਹੋਂ[1] ਕਸਮ ਉਠਾਇ,
ਸੰਗ ਮਮ ਸੁਤਾ ਲਿਹੁ[1] ॥ ੩੨ ॥

[1]ਸੁੰਦਰ।
[1]ਦੇਵਾਂਗਾ।
[1]ਕਹਿੰਦਾ ਹਾਂ।
[1]ਮੇਰੀ ਪੁੜ੍ਹੀ ਲੈ ਲਵੋ।

ਅਬਿ ਤੋ ਮਾਨਤਿ ਸਿੱਖ ਏਕ,
ਫਿਰ ਸਬਿ ਜਗ ਮਾਨੈ।
ਪੂਜ ਜਗਤ ਕੇ ਬਨੇ ਰਹੋ,
ਤੁਮ ਪੀਰ ਮਹਾਨੈ।
ਪਢੈਂ ਆਪ ਜੇ ਕਲਮਾ,
ਹਿੰਦੂ ਸਬਿ ਪਢੈਂ।
ਹੋ ਏਕ ਦੀਨ ਸਬਿ ਭਵੈ[1],
ਮੁਹੱਬਤਿ ਅਤਿ ਬਢੈ ॥ ੩੩ ॥

[1]ਹੋ ਜਾਵੇਗਾ।

ਹਿੰਦੂ ਮਤ ਅਤਿ ਕੱਚਾ,
ਕੂਰ ਕੁਫਾਰ ਹੈ[1]।

[1]ਝੂਠਾ ਤੇ (ਕੁਫਰ) ਨਾਸਤਕ ਹੈ, (ਕੁਫਾਰ=ਕਾਫਰ ਦਾ ਬਹੁ-

ਬਚਨ)।

ਕਿਸ ਸ਼ੈਤਾਨ ਚਲਾਯੋ,
ਮਹਾਂ ਗੁਬਾਰ ਹੈ[1]। [1]ਵੱਡਾ ਅਨ੍ਹੇਰਾ ਹੈ।
ਮਾਨ ਰਖੇ ਬਹੁ ਰੱਬ,
ਨ ਇਕ ਕੋ ਜਾਨ ਹੈਂ।
ਹੋ ਪਾਨੀ ਪੱਥਰ ਆਤਸ਼[1], [1]ਅੱਗ ਦੀ।
ਪੂਜਾ ਠਾਨ ਹੈਂ[1] ॥ ੩੪ ॥ [1]ਕਰਦੇ ਹਨ।
ਮਾਲਕ ਖਾਲਕ ਪਾਲਕ,
ਏਕ ਨ ਧਿਆਇ ਹੈਂ।
ਯਾਹੀ ਤੈ ਸਭਿ ਹਿੰਦੂ,
ਦੋਜ਼ਖ ਜਾਇ ਹੈਂ।
ਹਮ ਕੋ ਆਵਤਿ ਰਹਿਮ,
ਚਹਿਤਿ ਬਚਾਵਨੋ।
ਹੋ ਕਰਿਹੋਂ ਮੈਂ ਉਪਕਾਰ,
ਏਹੁ ਅਮਾਵਨੋ[1] ॥ ੩੫ ॥ [1]ਮਿਣਤੀਰਹਿਤ, ਬਹੁਤਾ।
ਜ਼ਰ ਜ਼ੋਰੂ ਜ਼ਾਮੀਨ[1], [1]ਧਨ, ਇਸਤ੍ਰੀ ਤੇ ਧਰਤੀ।
ਜਗ੍ਹਾ ਮੈਂ ਦੇਤ ਹੋਂ।
ਆਦਮ ਜਾਤਿ ਬਿਰਾਦਰ[1], [1]ਆਦਮ ਤੋਂ ਪੈਦਾ ਹੋਏ ਭਰਾ।
ਅਪਨ ਲਖੇਤ ਹੋਂ[1]। [1]ਆਪਣੇ ਜਾਣਦਾ ਹਾਂ।
ਇਸ ਸਮ ਪੁੰਨ ਸਵਾਬ[1], [1]ਪੁੰਨ।
ਔਰ ਨਹਿਂ ਹੋਰਿਹੌਂ[1]। [1]ਨਹੀਂ ਦੇਖਦਾ ਹਾਂ।
ਹੋ ਪ੍ਰਭ ਤੈ ਬੇਮੁਖ ਜੀਵਹਿਂ[1], [1]ਜੀਵਾਂ ਨੂੰ।
ਪ੍ਰਭ ਦਿਸ ਪ੍ਰੇਰਿਹੌਂ ॥ ੩੬ ॥
ਆਪ ਪੀਰ ਜਬਿ, ਏਸ
ਦੀਨ ਮੈਂ ਆਇ ਹੈਂ।
ਲਾਖੋਂ ਕਾਫਰ[1] ਖੁਦ ਹੀ, [1]ਨਾਸਤਕ।
ਕੁਫਰ[1] ਤਜਾਇ ਹੈਂ। [1]ਨਾਸਤਕਤਾ।
ਮੋਮਨ ਬਨਿ, ਸੁਖ ਦੀਨ
ਦੁਨੀ ਕੇ ਭੋਗ ਹੈਂ।
ਹੋ ਇਹੁ ਉਪਕਾਰ ਤੁਮਾਰਾ,

ਪੁੰਨ ਬਡ ਹੋਗ ਹੈ ॥੩੭॥
ਕਹਜੋ ਗੁਰੂ ਜਜੋਂ ਮਰਜ਼ੀ
ਰਬ ਕੀ ਹੈ ਤਿਮੈਂ।
ਤਿਸ ਪਰ ਕਾਯਮ ਰਹਨਾ,
ਚਹੀਏ ਹਮ ਤੁਮੈਂ।
ਹੁਕਮ ਖੁਦਾ ਕਾ ਮੰਨਨ
ਸਮ, ਨਹਿਂ ਬੰਦਗੀ।
ਹੋ ਹੁਕਮ ਅਦੂਲੀ[1] ਸਮ, [1]ਹੁਕਮ ਨ ਮੰਨਣਾ।
ਨ ਔਰ ਸ਼ਰਮਿੰਦਗੀ ॥੩੮॥
ਸਾਹਿਬ ਸਬਿ ਕੋ ਜੈਸੇ
ਪੈਦਾ ਕਰਤ ਹੈ।
ਤਿਸ ਪਰ ਔਰ ਬਨਾਵਟ
ਕਰਨ ਅਨਰਥ ਹੈ[1]। [1]ਪਾਪ ਹੈ।
ਜੇ ਖੁਦਾਇ ਕੋ ਤੁਰਕ
ਕਰਨ ਮਨਜ਼ੂਰ ਹ੍ਵੈ।
ਹੋ ਲਿੰਗ ਕਟੇ ਹੀ ਪੈਦਾ
ਤੌ ਜ਼ਾਰੂਰ ਹ੍ਵੈਂ ॥੩੯॥
ਤੁਰਕ ਭਿਸ਼ਤ ਕੋ ਜਾਵਤਿ,
ਹਿੰਦੂ ਦੋਜ਼ਖੈਂ।
ਇਹੁ ਤੋ ਬਿਨ ਪ੍ਰਮਾਨ[1] [1]ਸਬੂਤ।
ਮਾਨਨੋ ਫੂਲ ਖੈ[1]। [1]ਅਕਾਸ਼ ਦੇ ਫੁੱਲਾਂ ਵਾਂਗ ਝੂਠਾ।
ਨਰਕ ਸੁਰਗ ਰੂਹ ਜਾਤਿ,
ਅਮਲ[1] ਅਨੁਸਾਰ ਹੈ। [1]ਕਰਮ।
ਹੋ ਪ੍ਰਭ ਕੇ ਹਿੰਦੂ ਤੁਰਕ
ਨ ਕੋਇ ਵਿਚਾਰ ਹੈ ॥੪੦॥
ਤੁਮ ਜੁ ਕਹਜੋ ਉਪਕਾਰ
ਕਰਤਿ ਹੌਂ ਮੈਂ ਘਨਾ।
ਇਹੁ ਤੋ ਮਤਸਰ[1] ਹਿਰਸ[2], [1]ਈਰਖਾ। [2]ਲਾਲਚ।
ਦੁਖਦ ਬਹੁ ਜਗਿ ਬਨਾ।
ਅਰੁ ਜੋ ਦੁਹਿ ਤੈ ਏਕ

ਬਨਾਨਾ ਤੂੰ ਚਹੇਂ।
ਹੋ ਸਾਹਿਬ ਚਹਿਤਿ ਕਰਜੋ,
ਦੋਇ ਤੈ ਤ੍ਰੈ ਅਹੇ ॥੪੧॥
ਕਹਜੋ ਨੁਰੰਗੇ ਤੀਨ ਭਵੈਂ
ਕਿਮ ਲਖੈਂ ਹਮ।
ਸਤਿਗੁਰ ਭਾਖਜੋ ਪ੍ਰਤਜਾਵੋ,
ਇਹੁ ਕਰੋ ਕੰਮ।
ਮਿਰਚ ਪਾਂਚ ਪਾ ਕਾਲੀ
ਅਬੈ ਫੁਕਾਈਐ।
ਹੋ ਪਰਚਾ[1] ਮਿਲ ਹੈ ਤੁਮੈਂ,
ਤੁ ਫੇਰ ਕਮਾਈਐ ॥੪੨॥
ਮਾਨ ਨੁਰੰਗੇ ਮ੍ਰਿਚ
ਮੰਗਾਇ ਫੁਕਾ ਦਹੀ[1]।
ਛਾਣੀ ਮਸਲੀ ਖਾਕ[1],
ਤੀਨ ਸਾਬਤ ਰਹੀ।
ਬੂਝਜੋ ਪੁਨਾ ਨੁਰੰਗੇ,
ਏਹੁ ਮਸਾਲ ਕੁਇ[1]।
ਹੋ ਕਹਜੋ ਗੁਰੂ ਜੁਗ ਆਗੇ[1],
ਤੀਸਰ ਅਬੈ ਹੁਇ ॥੪੩॥
ਪੁਨ ਨੁਰੰਗ ਨੇ ਗੁਰ ਕੋ,
ਕਾਰਾ-ਗ੍ਰਿਹ[1] ਪਠਜੋ।
ਮੇਲਿ[1] ਮੌਲਵੀ ਕਾਜ਼ੀ,
ਮਸਲਾ ਇਹੁ ਠਟਜੋ[1]।
ਬਿਨ ਭੈ ਦੀਏ ਕਸ਼ਟ,
ਸ਼ਰ੍ਹਾ ਇਹੁ ਨ ਮੰਨੈ।
ਹੋ ਸ਼ਰ੍ਹਾ ਫਾਂਸਿ ਮੈਂ ਬੰਧੇ,
ਅੰਧੇ ਕਿਆ ਗਨੈਂ ॥੪੪॥
ਇਤ ਜਬਿ ਸਿੱਖਨਿ ਸੁਨਜੋ,
ਅਏ ਹੈਂ ਗੁਰੁ ਇਹਾਂ।
ਦਰਸ਼ਨ ਹਿਤ ਅਕੁਲਾਹਿਂ[1],

[1]ਕਰਾਮਾਤ ਦਾ ਚਮਤਕਾਰ।

[1]ਸਾੜ ਫੂਕ ਦਿੱਤੀਆਂ।

[1]ਮਲ ਕੇ ਸੁਆਹ ਛਾਣੀ।

[1]ਇਹ ਕੀ ਦ੍ਰਿਸ਼ਟਾਂਤ ਹੈ।

[1]ਅੱਗੇ ਦੋ (ਮਜ਼ਹਬ) ਹਨ।

[1]ਜੇਹਲ ਖ਼ਾਨੇ।

[1]ਇਕੱਠੇ ਕਰਕੇ।

[1]ਇਹ ਸਲਾਹ ਕੀਤੀ।

[1]ਵਿਆਕੁਲ ਹੋਏ।

ਪ੍ਰੇਮ ਉਮਕਜੋ[1] ਮਹਾਂ। [1]ਉਛਲਿਆ।
ਇਕ ਸਿੱਖ ਕਰਿ ਪ੍ਰਸ਼ਾਦਿ,
ਯਾਦ ਗੁਰ ਕੋ ਕਰਜੋ।
ਹੋ ਬਿਨਾ ਛਕਾਏ ਛਕੋਂ ਨਾਹਿਂ,
ਇਹੁ ਪ੍ਰਣ ਧਰਜੋ ॥ ੪੫ ॥
ਅਤੀ ਪ੍ਰੇਮ ਪਿਖਿ ਸਿੱਖ
ਕੇਰ ਸਰਬਜ ਗੁਰੁ।
ਲਾਜ ਬਿਰਦ ਸੰਭਾਰਿ,
ਗਏ ਤਿਹ ਧਾਮ ਤੁਰਿ।
ਦੇਖਿ ਅਚੰਭਾ ਮਾਨਿ,
ਸਿੱਖ ਗੁਰ ਪਗ ਪਰਾ।
ਹੋ ਸਰਬ ਸ਼ਕਤਿ ਮਤ ਈਸ,
ਲਖਜੋ ਗੁਰ ਕੋ ਖਰਾ[1] ॥ ੪੬ ॥ [1]ਚੰਗੀ ਤਰ੍ਹਾਂ।
ਔਰ ਸਿੱਖ ਬਹੁ ਸਾਦਿਕ[1], [1]ਸਿਦਕ ਵਾਲੇ।
ਸੁਨਿ ਤਹਿਂ ਹੀ ਅਏ।
ਸਹ ਪਰਵਾਰ ਵਿਚਾਰਿ,
ਇਕੱਠੇ ਸਭਿ ਹੁਏ।
ਸਭਿ ਨੇ ਦਰਸ਼ਨ ਪਾਏ,
ਅਤਿ ਮਨਿ ਮੋਦ ਹ੍ਵੈ।
ਹੋ ਬਢਜੋ ਪ੍ਰੇਮ ਰੋਮਾਂਚ[1] [1]ਰੋਮ ਖੜੇ ਹੋ ਗਏ।
ਚਲਜੋ ਪ੍ਰਮੋਦ ਹ੍ਵੈ[1] ॥ ੪੭ ॥ [1]ਬਹੁਤ ਅਨੰਦ ਹੋ ਕੇ।
ਸਸਿ ਚਕੋਰ ਜਜੋਂ ਇਕ ਟਕ,
ਦਰਸਤਿ ਪਰਮ ਪਗ[1]। [1]ਸ੍ਰੇਸ਼ਟ ਚਰਨ।
ਮਨੋ ਰੰਕ ਨਿਧਿ ਲੂਟਤਿ[1], [1]ਜਾਣੋ ਕੰਗਾਲ ਖ਼ਜ਼ਾਨਾ ਲੁਟਦੇ ਹਨ।
ਘੂਟਤਿ ਅਮੀ ਲਗਿ[1]। [1]ਨੇੜੇ ਹੋ ਕੇ ਅੰਮ੍ਰਿਤ ਦੀਆਂ ਘੁੱਟਾਂ ਭਰਦੇ ਹਨ।
ਨੌਰੰਗੇ ਕੋ ਨਿੰਦਤਿ,
ਬਿੰਦਤਿ[1] ਸਤਿਗੁਰੈਂ। [1]ਉਸਤਤ ਕਰਦੇ ਹਨ।
ਹੋ ਚਰਨਾਂਮ੍ਰਿਤ ਉਪਦੇਸ਼,
ਧਰਜੋ ਲੈ ਦਿਢ ਉਰੈਂ[1] ॥ ੪੮ ॥ [1]ਪੱਕਾ ਉਪਦੇਸ਼ ਲੈ ਕੇ ਹਿਰਦੇ ਵਿੱਚ ਧਾਰਿਆ।
ਭੋਜਨ ਬਿਬਿਧਿ[1] ਛਕਾਇ [1]ਅਨੇਕ ਤਰ੍ਹਾਂ ਦੇ।

ਪਲਂਘਿ ਪੌਢਾਇ ਕੈ[1]।
ਕੀਨ ਸੇਵ ਸਤਿਸੰਗ,
ਰੰਗ[1] ਮਨਿ ਲਾਯ ਕੈ।
ਹੋਇ ਬਿਦਾ ਪੁਨ ਆਏ,
ਕਾਰਾ-ਗ੍ਰਿਹਿ[1] ਗੁਰੂ।
ਹੋ ਬਹੁ ਸਿੱਖਨਿ ਘਰ ਐਸ,
ਰਖਜੋ ਬਹੁ ਦਿਨ ਸ਼ੁਰੂ ॥ ੪੯ ॥
ਇਕ ਦਿਨ ਕਾਜੀ ਪਾਜੀ[1],
ਪਿਖ ਕੈ ਜਾ ਕਹਜੋ।
ਸਿੱਖਨ ਕੈ ਘਰ ਗੁਰੂ,
ਜ਼ਜਾਫਤੈਂ[1] ਖਾ ਰਹਜੋ।
ਸ਼ਾਹਿ ਦਰਯਾਫਤ ਹੇਤ[1],
ਪਠਜੋ ਉਮਰਾਵ ਇਕ।
ਹੋ ਕੈਦ ਵੀਚ ਇਕ ਪਿਖੇ,
ਦੁਤੀ ਬਪੁ[1] ਧਾਮ ਸਿਖਿ ॥ ੫੦ ॥
ਪੇਖ ਰਹੇ ਹੈਰਾਨ,
ਜਾਨ ਮਨ ਮਾਨ ਲਿਯ।
ਨਿਜ ਸ਼ਕਤੀ ਬਲ ਹੇਤ
ਸਿਖਨਿ[1] ਬਹੁ ਰੂਪ ਕਿਯ।
ਸ਼ਾਹਿ ਪਾਸ ਪੁਨ ਖਾਸ[1],
ਜਾਇ ਵਹਿ ਯੌਂ ਬਕੇ[1]।
ਹੋ ਹਮਰੀ ਅਕਲ ਨ ਚਰਿਤ[1]
ਪੀਰ ਕੇ ਲਖ ਸਕੇ ॥ ੫੧ ॥
ਇਸੀ ਤੌਰ ਨਿੱਤ ਜਮਨਾ
ਨਾਵਣ ਜਾਵਹੀਂ।
ਨਿਗਮ ਬੋਧ[1] ਪਰ ਘਾਟ
ਲੋਗ ਦਰਸਾਵਹੀਂ।
ਚੁਗਲ ਉਗਲ ਹੈਂ[1] ਚੁਗਲੀ,
ਦੁਗਲੀ ਕੇ[1] ਘਨੇ।
ਹੋ ਸੁਨਿ ਨੌਰੰਗ ਕੁਰੰਗ

[1]ਬਿਰਾਜਮਾਨ ਕਰਕੇ।
[1]ਪ੍ਰੇਮ।
[1]ਜੇਹਲ ਖ਼ਾਨੇ ਵਿੱਚ।
[1]ਝੂਠੇ।
[1]ਪ੍ਰੀਤੀ ਭੋਜਨ।
[1]ਪਤਾ ਕਰਨ ਵਾਸਤੇ।
[1]ਦੂਜਾ ਸਰੂਪ।
[1]ਸਿੱਖਾਂ ਵਾਸਤੇ।
[1]ਆਪ।
[1]ਬੋਲੇ।
[1]ਕੌਤਕ।
[1]ਜਮਨਾ ਨਦੀ ਦੇ ਇਕ ਪ੍ਰਸਿੱਧ ਘਾਟ ਦਾ ਨਾਮ।
[1]ਕਰਦੇ ਹਨ।
[1]ਦੋਗਲੀ ਦੇ, ਹਰਾਮਣ ਦੇ।

ਜੁ ਨੌਰੰਗ ਕੋ ਬਨੇ[1] ॥ ੫੨ ॥
ਬੰਦੀ ਖਾਨੇ ਕੇਰ
ਅਫਸਰੈਂ ਬੋਲ ਕੈ[1]।
ਤੰਗ ਹੋਇ ਬਹੁ ਤਾੜੇ
ਬੋਲ ਕੁਬੋਲ ਕੈ।
ਕਹੇ ਪੀਰ ਕੋ ਕਜੋਂ
ਤੁਮ ਨਿਕਸਨ ਦੇਤ ਹੋ।
ਹੋ ਵਹਿ ਭਾਖੇਂ ਹਮ ਰਾਖੀ
ਰਖਤਿ ਸੁਚੇਤ ਹੋ ॥ ੫੩ ॥
ਕਬੀ ਨਾ ਨਿਕਸਨ ਦਏ
ਗਏ ਨਾ ਸੋ ਕਹੀਂ।
ਜੇ ਅਜ਼ਮਤ ਬਲ ਜਾਵਤਿ
ਹ੍ਵੈ ਹੈਂ ਤੌ ਸਹੀ।
ਫਿਰ ਹਮ ਕਿਮ ਤੁਮ ਕਹੋ
ਰੋਕਨੇ ਸਕਤ ਹੈਂ।
ਹੋ ਹਮ ਵਜੂਦ[1] ਉਨਿ ਕੇਰ
ਰਹਿਤ ਸਦ ਤਕਤਿ ਹੈਂ ॥ ੫੪ ॥
ਹਮ ਨੇ ਭੀ ਬਹੁ ਪੀਰ
ਫਕੀਰ ਨਿਹਰੇ ਹੈਂ[1]।
ਇਨ ਕੇ ਸਮ ਨਹਿਂ ਔਰ
ਕੋਇ ਦਿਖ ਪਰੇ ਹੈਂ।
ਪੀਰਨ ਸਿਰ ਹੈਂ ਪੀਰ
ਏਹੁ ਹਮ ਜਾਨਿ ਹੈਂ।
ਹੋ ਸਿਰੜ[1] ਨ ਤਜ ਹੈਂ ਅਪਨਾ
ਸਿਰ ਪਰ ਹਾਨ ਹੈਂ[1] ॥ ੫੫ ॥
ਇਕ ਛਿਨ ਨਹਿਂ ਕਹਿਂ ਜਾਤਿ,
ਥਿਰੇ ਤਹਿਂ ਰਹਿਤ ਹੈਂ।
ਖਾਨ ਪਾਨ ਪਹਿਰਾਨ[1]
ਕਛੂ ਨਹਿਂ ਲਹਤ ਹੈਂ।
ਲਗੀ ਸਮਾਧੀ ਰਹਿਤ,

[1]ਜੋ ਨੁਰੰਗੇ ਦੇ-ਨਵੇਂਰੰਗ ਦਾ ਖੋਟਾਰੰਗ ਬਣ ਗਿਆ।

[1]ਜੇਹਲ ਖ਼ਾਨੇ ਦੇ ਅਫ਼ਸਰਾਂ ਨੂੰ ਬੁਲਾ ਕੇ।

[1]ਸ਼ਰੀਰ।

[1]ਦੇਖੇ ਹਨ।

[1]ਹੱਠ।

[1]ਤਿਆਗ ਦੇਣਗੇ।

[1]ਬਸਤ੍ਰ।

ਆਠ ਹੀ ਪਹਰ ਹੈ।
ਹੋ ਸੋਵਤਿ ਉਠਤਿ ਨ ਜਾਤਿ,
ਸਦਾ ਹੀ ਤਹਿਂ ਰਹੈਂ ॥ ੫੬ ॥
ਨੂਰ ਇਲਾਹੀ ਖੁਸ਼ਨੂਦੀ[1] [1]ਪ੍ਰਸੰਨਤਾ।
ਮੁਖ ਪਰ ਮਹਾਂ।
ਬਰਸਤ ਸਰਸਤ[1] ਚਾਂਦ [1]ਬਹੁਤ ਵਰ੍ਹਦੀ ਹੈ।
ਸੂਰ ਭੀ ਹੈ ਕਹਾਂ।
ਬਾਨੀ ਸਾਨੀ ਅਮੀ[1] ਜੁ [1]ਅੰਮ੍ਰਿਤ ਵਰਗੀ।
ਅਧਿਕ ਉਦਾਰ ਹੈ।
ਹੋ ਤਾਰਕ[1] ਦੁਨੀਆਂ, ਕਰਤਿ [1]ਤਾਰਨ ਵਾਲੀ।
ਚਿੱਤ ਕੋ ਢਾਰ ਹੈ[1] ॥ ੫੭ ॥ [1]ਨਰਮ ਕਰ ਦੇਂਦੀ ਹੈ।
ਕੈਦੀ ਘਨੇ ਸਿਪਾਹੀ
ਵਾਹੀ[1] ਸਿਖਤਿ ਹੈਂ। [1]ਉਹੋ ਬਾਣੀ।
ਦੁੱਖ ਰੂਪ ਜੱਗ ਮਿੱਥਜਾ,
ਤਾਂ ਤੈ ਦਿਖਤਿ ਹੈਂ।
ਨਹਿਂ ਜਾਨੈ ਉਨਿ ਅੱਗ੍ਰ,
ਕੌਨ ਧਰਿ ਜਾਤ ਹੈ।
ਹੋ ਭਾਂਤਿ ਅਨਿਕ ਮਿਠਜਾਈ
ਮੇਵੇ ਜਾਤਿ ਹੈ[1] ॥ ੫੮ ॥ [1]ਕਈ ਕਿਸਮਾਂ ਦੇ ਮੇਵੇ।
ਲੋਗਨ ਕੋ ਸਬਿ ਦੇਤਿ,
ਆਪ ਨਹਿਂ ਖਾਤਿ ਹੈਂ।
ਜੀਵਤਿ ਕਾਂਹਿ ਅਧਾਰ[1] [1]ਆਸਰੇ।
ਸੁ ਨਾਹਿਂ ਲਖਾਤਿ ਹੈਂ[1]। [1]ਨਹੀਂ ਜਾਣੀ ਦੇ।
ਸੁਨਿ ਨੌਰੰਗ ਨੇ ਭਾਖਜੋ,
ਕਹਿਹੋ ਤੁਮ ਸਹੀ।
ਹੋ ਪੀਰ ਫਕੀਰ ਗੰਭੀਰ,
ਲਖੇ ਹਮ ਭੀ ਸਹੀ ॥ ੫੯ ॥
ਸਾਬਰ[1] ਸਾਦਕ[2] ਆਮਲ[3] [1]ਸੰਤੋਖੀ। [2]ਸਿਦਕ (ਭਰੋਸੇ) ਵਾਲੇ। [3]ਕਰਨੀ ਵਾਲੇ।
ਜ਼ਾਹਦ[1] ਇਹੁ ਵਲੀ[2]। [1]ਰੱਬ ਦੇ ਖੋਜੀ। [2]ਕਰਾਮਾਤੀ।
ਜਾਨਤ ਹੈਂ ਹਮ ਠੀਕ,

ਪੈ ਤਜਨੋ ਨਹਿਂ ਭਲੀ।
ਮਸਲਤ[1] ਕਾਜ਼ੀ ਮੌਲਵੀਓਂ
ਸੈਂ ਫਿਰ ਕਰੀ।
ਹੋ ਨਿਜ ਢਿਗ ਗੁਰੈਂ ਬੁਲਾਇ,
ਭਾਇ ਧਰਿ ਯੌਂ ਰਰੀ[1] ॥ ੬੦ ॥
ਲੋਗਨ ਕੋ ਕਰਮਾਤ,
ਬਖਜ਼ਾਤ ਦਿਖਾਤ ਹੋ।
ਕਰਿ ਜਮਨਾ ਇਸ਼ਨਾਨ,
ਸਿੱਖਨਿ ਘਰ ਖਾਤ ਹੋ।
ਏਕ ਕਰਮਾਤ ਮੁਝ ਕੋ ਭੀ,
ਦਿਖਰਾਈਏ।
ਹੋ ਅਰ ਨਿਜ ਬਾਨੀ ਕੁਛ,
ਨਿਜ ਮੁਖੋਂ ਸੁਨਾਈਏ ॥ ੬੧ ॥
ਸਮ ਦਰਸੀ ਤੁਮ, ਬ੍ਰਹਮ
ਗਜ਼ਾਨੀ ਸੰਤ ਹੋ।
ਹਿੰਦੂ ਤੁਰਕ ਸਰੂਪ,
ਏਕ ਪੇਖੰਤ ਹੋ।
ਕਲਮਾ ਰਬ ਦੀ ਸਿਫਤਿ,
ਪਢਿਨਿ ਮੈਂ ਦੋਸ਼ ਕਿਆ।
ਹੋ ਤੁਮ ਸੇ ਸਮ੍ਰੱਥ ਸੰਤਹਿਂ,
ਮਜ਼ਬੀ ਜੋਸ਼ ਕਿਆ ॥ ੬੨ ॥
ਔਰ ਸ਼ਰ੍ਹਾ ਤੁਮ ਸਾਰੀ,
ਚਾਹੋ ਨ ਗਹੋ।
ਕਲਮਾ ਪਢਿ ਹਮ ਭਏ ਤੁਰਕ,
ਇਕ ਬਿਰ[1] ਕਹੋ।
ਫੇਰ ਹਮਾਰੀ ਤਰਫੋਂ,
ਤੁਮੈ ਰਸੀਦ ਹੈ[1]।
ਹੋ ਭਏ ਪੀਰ ਤੁਮ ਹਮਰੇ,
ਹਮ ਮੁਰੀਦ ਹੈਂ ॥ ੬੩ ॥
ਮੇਰੀ ਇੱਜ਼ਤ ਬਾਤ,

[1]ਸਲਾਹ।
[1]ਕਹੀ।
[1]ਇੱਕ ਵਾਰ।
[1]ਛੁੱਟੀ ਹੈ।

ਇਤਕ ਤੁਮ ਰਾਖ ਦਿਉ।
ਮੁਲਕ ਜਿਤਕ ਤੁਹਿ ਚਹੀਏ,
ਫੇਰ ਲਿਖਾਇ ਲਿਉ।
ਕਹਯੋ ਗੁਰੂ, ਤੁਮ ਸਾਚ
ਕਹੀ ਸਬ ਬਾਤ ਹੈ।
ਹੋ ਹਮ ਕੋ ਹਿੰਦੂ ਤੁਰਕ
ਨ ਦੋਇ ਦਿਖਾਤ ਹੈਂ ॥ ੬੪ ॥
ਸਮ ਦਰਸੀ ਸਮ ਸਾਹਿਬ[1],
ਸੰਤ ਰਹਾਹਿ ਹੈਂ।
ਤਨ ਪਰ ਔਰ ਬਨਾਵਟ,
ਕਰਨ ਨ ਚਾਹਿ ਹੈਂ।
ਦੌਲਤ ਇੱਜ਼ਤ ਹੁਕਮ,
ਜਗੀਰ ਜਹਾਨ ਜੋ।
ਹੋ ਪੁਤ੍ਰ ਕਲਿੱਤ੍ਰ[1] ਮਿੱਤ੍ਰ,
ਮਜ਼ਬ ਮਹਾਨ ਜੋ ॥ ੬੫ ॥
ਅਯੋ ਸੰਗ ਨਹਿਂ ਜੈਹੈ,
ਰੈਹੈ ਅੱਠੀਏ[1]।
ਸਿਦਕ ਇਮਾਨ ਜੁਰੈ ਹੈ,
ਲੱਖ ਸੁ ਵੱਟੀਏ।
ਆਪ ਕਹਯੋ ਜੋ ਕਲਮਾ
ਇਕ ਹੀ ਤੁਮ ਪਢੋ।
ਜੈਸਾ ਕੁਸ਼ਟੀ ਥੋੜਾ,
ਤੈਸਾ ਹੈ ਬਡੋ ॥ ੬੬ ॥
ਮੈਲ ਛੀਂਟਾ[1] ਏਕ ਪਰੈ,
ਤਸ ਚਾਰ ਹੈ[1]।
ਹੋ ਚੋਲਾ ਭਯੋ ਪਲੀਤ[1],
ਤੱਮ ਕਿਆ ਤਾਰ ਹੈ[1]।
ਲਖਯੋ[1] ਨੁਰੰਗ, ਨ ਤੰਗ
ਕਰੇ ਬਿਨੁ ਮਾਨ ਹੈ[1]।
ਪੰਡਿਤ ਖਾਨੇ ਪਠੇ[1],

[1]ਪ੍ਰਮੇਸ਼ਰ ਵਾਂਗ ਇੱਕੋ ਜਿਹਾ ਦੇਖਣ ਵਾਲੇ।
[1]ਇਸਤ੍ਰੀ।
[1]ਏਥੇ ਹੀ।
[1]ਮੈਲੇ ਦੀ ਛਿੱਟ।
[1]ਤੈਸੀਆਂ ਹੀ ਚਾਰ ਛਿੱਟਾਂ ਹਨ।
[1]ਅਪਵਿੱਤ੍ਰ।
[1]ਬਹੁਤਾ ਹੋ ਗਿਆ ਜਾਂ ਥੋੜ੍ਹਾ ਕੀ (ਫ਼ਰਕ) ਹੈ।
[1]ਜਾਣਿਆ।
[1]ਨਹੀਂ ਮੰਨਦੇ।
[1]ਜਿੱਥੇ ਪੰਡਤਾਂ ਦੇ ਜਨੇਊ ਲਾਹੁੰਦੇ ਤੇ ਦੁੱਖ ਦਿੰਦੇ ਸਨ ਉਥੇ

ਭੇਜੇ।

ਠਟੇ ਦੁਖ ਦਾਨ ਹੈ[1] ॥੬੭॥
[1]ਦੁੱਖ ਦੇਣ ਲਈ ਸਕੀਮ ਬਣਾਈ।

ਜਮਾਂਦਾਰ ਸਿਪਾਹੀ
ਜ਼ਾਲਮ ਪਠੇ ਅਤਿ।
ਹੋ ਬਾਵਨ ਢਿਗ ਤਰੁ ਕੌਨ
ਸੁਵਾਸਨ ਹੋਇ ਮਤਿ[1]।
[1]ਚੰਦਨ ਦੇ ਕੋਲ ਕਿਹੜਾ ਬ੍ਰਿੱਛ ਹੈ ਜੋ ਚੰਗੀ ਵਾਸ਼ਨਾ ਵਾਲਾ ਨਹੀਂ ਹੁੰਦਾ?

ਕਾਰਾ ਗ੍ਰਹਿ ਪੈ ਇਕ ਦਿਨ,
ਸਹਿਜੇ ਗੁਰ ਚਢੇ।
ਤੁਰਕ ਪੇਖਿ ਰਿਸ ਮਾਨਿ,
ਸ਼ਾਹਿ ਪੈ ਜਾ ਖਢੇ ॥੬੮॥
ਪੀਰ ਹਿੰਦੁ ਕਾ ਬੁਰਾ ਕਰਤ,
ਹਮ ਲੇਖ ਹੈਂ[1]।
[1]ਜਾਣਦੇ ਹਾਂ।
ਹੋ ਚਢਜੋ ਮਹਿਲ ਪੈ, ਸਤਰ[1]
ਹਮਾਰੇ ਪੇਖ ਹੈਂ।
[1]ਪੜਦੇ।
ਇਹੁ ਸੁਨਿ ਪੁਨ ਨੌਰੰਗ,
ਗੁਰੂ ਬੁਲਵਾਯੋ।
ਕਹਿਜੋ ਮਹਿਲ ਪੈ ਚਹਿਲ,
ਕਦਮ ਤੁਹਿ ਭਾਯੋ[1] ॥੬੯॥
[1]ਮਹਲ ਉੱਤੇ ਉਤਸ਼ਵ ਨਾਲ ਚਰਨ ਰੱਖਣਾ ਤੁਹਾਨੂੰ ਚੰਗਾ ਲੱਗਾ ਹੈ।

ਪੀਰ ਫਕੀਰ ਅਮੀਰਨਿ,
ਰੀਤੀ ਇਹੁ ਨਹੀ।
ਹੋ ਤਿਯ ਪਿਖ ਸਤਰਨ ਖਾਸ
ਕਰਨ ਕੀ ਤੁਮ ਗਹੀ[1]।
[1]ਖ਼ਾਸ ਪੜਦਿਆਂ ('ਚ ਰਹਿਣ ਵਾਲੀਆਂ ਇਸਤ੍ਰੀਆਂ ਨੂੰ) ਦੇਖਣ ਕਰਨ ਦੀ (ਰੀਤ) ਜੇ ਤੁਸਾਂ ਪਕੜੀ ਹੈ।

ਕਹਜੋ ਗੁਰੂ ਹਮ ਸਤਰ[1]
ਨ ਕਾਹੂੰ ਪਿਖਤਿ ਥੇ।
[1]ਪੜਦਾ।
ਪੜਦੇ ਫਾਸ਼ ਕਰਨ ਵਾਰੇ ਕੋ[1]
ਦਿਖਤਿ ਥੇ ॥੭੦॥
[1]ਪੜਦੇ ਪਾੜਨ ਵਾਲੇ ਨੂੰ।

ਟੋਪੀ ਵਾਰੋ ਗੌਰ ਵਰਨ*
*ਟੋਪੀ ਵਾਲੇ ਦੇ ਆਉਣ ਦੀ ਇਹ ਗੱਲ ਅੰਗ੍ਰੇਜ਼ਾਂ ਵਲੋਂ ਸਿੱਖ ਇਤਿਹਾਸ ਵਿੱਚ ਪੁਆਈ ਗਈ ਸਮਝਣੀ ਚਾਹੀਦੀ ਹੈ। ਇਸ ਤਰ੍ਹਾਂ ਉਹ ਆਪਣੇ ਰਾਜ ਨੂੰ ਗੁਰੂ ਸਾਹਿਬ ਦੇ ਬਚਨਾਂ ਅਨੁਸਾਰ

ਪ੍ਰਾਪਤ ਕੀਤਾ ਸਿੱਧ ਕਰਕੇ ਸਿੱਖਾਂ ਦੇ ਮਨਾਂ ਵਿੱਚੋਂ ਅੰਗ੍ਰੇਜ਼ੀ ਰਾਜ ਦੀ ਵਿਰੋਧਤਾ ਬੰਦ ਕਰਨਾ ਚਾਹੁੰਦੇ ਸਨ।

ਸਿੰਧੁ ਪਾਰ ਤੇ[1]। [1]ਗੋਰੇ ਰੰਗ ਵਾਲਾ (ਅੰਗ੍ਰੇਜ਼) ਸਮੁੰਦਰ ਪਾਰ ਤੋਂ।
ਹੋ ਆਵੈ ਸਤਰ ਗਵਾਵੈ
ਤਾਂਹਿ ਨਿਹਾਰਤੇ।
ਹਮਰੀ ਉੱਮਤ[1] ਕਾ ਭੀ [1]ਕੌਮ (ਸਿੱਖ)।
ਬਲ ਸੋ ਛੀਨ ਹੈ।
ਪੈ ਮਦਦ ਲੈ ਉਨਿ ਤੇ,
ਕਰਿ ਰਣ ਪੀਨ ਹੈ[1] ॥ ੭੧ ॥ [1]ਤਕੜੇ ਜੰਗ ਕਰੇਗਾ।
ਈਂਟ ਈਂਟ ਸੈ ਭੇੜੈਂ,
ਦਿੱਲੀ ਕੀ ਅਤੈ।
ਹੋ ਸੰਤਤਿ ਤੁਮਰੀ ਤਈਂ,
ਹਕੂਮਤ ਯੁਤ ਹਤੈ।
ਇਹੁ ਸੁਨਿ ਪੁਨ ਰਿਸ[1] ਪਾਪੀ, [1]ਗੁੱਸੇ ਹੋ ਕੇ।
ਕਹਜੋ ਸੁਨੀਜੀਏ।
ਨਹੀ ਤੋ ਹੋਨਾ ਕਤਲ,
ਮਾਨ ਅਬਿ ਲੀਜੀਏ ॥ ੭੨ ॥
ਕਰਾਮਾਤ ਕੈ ਦੇਹੁ,
ਕਿ ਦੀਨ[1] ਮਨੀਜੀਏ। [1]ਮਜ਼ਹਬ, ਧਰਮ।
ਹੋ ਬਾਤੈਂ ਅਉਰ ਫਜ਼ੂਲ,
ਕਰਨ ਤਜ ਦੀਜੀਏ।
ਕਹਜੋ ਗੁਰੂ ਮੈਂ ਦੀਨ,
ਪ੍ਰਭੂ ਕਾ ਇਕ ਲਹਜੋ।
ਔਰ ਬਨਾਵਟ ਕਬੀ
ਨਾ ਕਰਹੋਂ ਮਤਿ ਕਹਜੋ[1] ॥ ੭੩ ॥ [1](ਮੁੜ ਕੇ) ਨ ਕਿਹਾ ਜੇ।
ਏਕ ਦੀਨ ਨਹਿਂ ਹ੍ਵੈ ਹੈ,
ਕਿਉ ਤੁਮ ਪਚਿਤ ਹੋ[1]। [1]ਖਪਦੇ ਹੋ।
ਹੋ ਸਤਰ ਪਿਖਿਨਿ ਕੇ, ਕਿਉ
ਇਲਜ਼ਾਮ ਸੁ ਰਚਿਤ ਹੋ[1]। [1]ਦੋਸ਼ ਚੰਗੀ ਤਰ੍ਹਾਂ ਘੜਦੇ ਹੋ।
ਕਰਾਮਾਤ ਹੈ ਕਹਿਰ[1] ਜਹਿਰ[2], [1]ਉਪੱਦ੍ਰਵ। [2]ਦੁਖਦਾਈ।

ਕਜੋਂ ਚਹਿਤ ਤੁਮ।
ਅਪਨੇ ਬਡਿਅਨ ਕੇਰ,
ਪਾਲ ਹੈਂ ਬਚਨ ਹਮ ॥ ੭੪ ॥
ਭੰਗ ਬਦਲਿ[1] ਸਤ ਸ਼ਾਹੀ,
ਬਾਬਰ ਕੋ ਦਈ।
ਹੋ ਸਾਤ ਸੀਸ ਦੈ ਸੋ,
ਬਦਲਾਨੀ ਫਿਰ ਪਈ।
ਏਕ ਪੁਸ਼ਤ[1] ਤੁਵ ਪੀਛੇ,
ਸ਼ਾਹੀ ਔਰ ਰਹਿ।
ਫੇਰ ਰੌਰ ਰਹਿ ਗੌਰ[1],
ਗੌਰ ਮੁਖ[1] ਆਇ ਲਹਿ ॥ ੭੫ ॥
ਚੁਸਤ[1] ਪੁਸ਼ਤ ਦੋ ਬਾਦ,
ਸੁਸਤ ਪੁਨ ਸੋ ਭਵੈ[1]।
ਹੋ ਫਿਰ ਸਿਰਦਾਰੀ ਪੂਤ
ਪੰਚ-ਮੁਖ ਹੀ ਲਵੈਂ[1]।

ਕਰਾਮਾਤ ਹਮ ਦੈਹਂ ਨ
ਗੈਹਂ ਨ ਦੀਨ ਤੁਵ[1]।

ਛਿਨਿ ਭੰਗਰਿ ਤਨ ਮਿੱਥਜਾ
ਤਜਿ, ਜਸਿ ਭਰੈਂ ਭੁਵ[1] ॥ ੭੬ ॥

ਆਤਮ ਕਾਟਜੋ ਕਟੈ ਨ,
ਮਰੈ ਨ ਜਰੈ ਸੋ।
ਹੋ ਤਨ ਸਬੰਧ ਮਮ ਐਸਾ,
ਜਜੋਂ ਨਰ ਘਰੈ ਸੋਂ[1]।
ਬਾਤ ਏਹੁ ਸੁਨਿ, ਕਹਜੋ
ਨੁਰੰਗੇ ਫੇਰ ਹੈ।
ਸੁਨੋ ਪੀਰ ਜੀ ਬਾਤ,
ਸਾਤ[1] ਹਮ ਕੇਰ ਹੈ ॥ ੭੭ ॥

[1]ਬਦਲੇ।

[1]ਪੀੜ੍ਹੀ।

[1]ਬਹੁਤਾਰੌਲਾ।

[1]ਗੋਰੇ ਮੂੰਹਾਂ ਵਾਲੇ (ਅੰਗ੍ਰੇਜ਼)।

[1](ਅੰਗ੍ਰੇਜ਼ਾਂ ਦੀ) ਹੁਸ਼ਿਆਰੀ (ਚਾਲਾਕੀ)।

[1]ਹੋ ਜਾਵੇਗੀ।

[1]ਫੇਰ ਪਾਤਸ਼ਾਹੀ ਸ਼ੇਰਾਂ ਦੇ ਪੁੱਤਰ ਸਿੰਘ ਹੀ ਲੈਣਗੇ। (ਪੰਚ ਮੁਖ- ਪੰਜਾਂ ਮੂੰਹਾਂ (ਚਾਰੇ ਪੰਜੇ ਤੇ ਇਕ ਮੂੰਹ) ਵਾਲਾ ਸ਼ੇਰ।

[1]ਅਸੀਂ ਕਰਾਮਾਤ ਨਹੀਂ ਦੇਵਾਂਗੇ ਭਾਵ ਨਹੀਂ ਦਿਖਾਵਾਂਗੇ ਅਤੇ ਨਾ ਹੀ ਤੇਰਾ ਦੀਨ (ਇਸਲਾਮ) ਗ੍ਰਹਣ ਕਰਾਂਗੇ ਭਾਵ ਧਾਰਾਂਗੇ।

[1]ਇਕ ਛਿਨ ਵਿੱਚ ਨਾਸ ਹੋ ਜਾਣ ਵਾਲਾ ਝੂਠਾ ਸ਼ਰੀਰ ਤਿਆਗ ਕੇ ਜੱਸ ਨਾਲ ਧਰਤੀ ਭਰ ਦਿਆਂਗੇ।

[1]ਜਿਵੇਂ ਆਦਮੀ ਦਾ ਘਰ ਨਾਲ।

[1]ਸੱਚੀ।

ਜਾਨ ਸੰਗ ਜਹਾਨ,
ਇਮਾਨ ਗਿਆਨ ਹੈ।
ਹੋ ਸੋ ਤੁਮ ਕਾਹੇ ਕਰਤਿ,
ਬਜਰਥ ਪ੍ਰਹਾਨ ਹੈ[1]।

[1](ਜਾਨ ਨੂੰ) ਬਿਅਰਥ ਨਾਸ ਕਰਦੇ ਹੋ।

ਮਜ਼ਬ ਹਮਾਰਾ ਅਜਬ,
ਆਪ ਜਬਿ ਧਾਰ ਹੋ।
ਫਿਰ ਹਿੰਦੂ ਮੈਂ ਸਰਬ,
ਤੁਰਕ ਕਰਿ ਡਾਰ ਹੋਂ ॥੭੮॥
ਕਰੋਂ ਮੁਰੀਦ ਤੁਮਾਰੋ,
ਸਬਿ ਹੀ ਦੇਸ ਮੈਂ।
ਹੋ ਖਾਦਮ ਸਾਦਕ ਕੈਹੋਂ[1],

[1]ਸੇਵਕ ਤੇ ਸ਼ਰਧਾਲੂ ਕਰ ਦਿਆਂਗਾ।

ਕੂਰ ਨ ਏਸ ਮੈਂ।
ਕਹਜੋ ਗੁਰੂ ਹਿਤ ਲੋਭ,
ਧਰਮ ਨਹੀ ਹਾਰ ਹੈਂ।
ਜੀਵਨ ਸੁਪਨ ਸਮਾਨ,
ਬੀਚ ਸੰਸਾਰ ਹੈ ॥੭੯॥
ਤਨ ਤੌ ਆਜ ਕਿ ਕਾਲ,
ਅੰਤ ਕੋ ਜਾਇਗੋ।
ਹੋ ਧਰਮ ਇਮਾਨ ਤੋ ਹਮਰਾ,
ਸੰਗ ਰਹਾਇਗੋ।
ਈਸ਼ਰ ਨੇ ਜਨ ਪੈਦਾ,
ਜੈਸੇ ਹੈਂ ਕਰੇ।
ਤਿਸ ਪਰ ਔਰ ਬਨਾਵਟ,
ਕਾਹੇ ਕੋ ਧਰੇ ॥੮੦॥
ਨੇਤ੍ਰ ਪੇਖਤਿ ਰੂਪ,
ਸੁਨਤਿ ਰਵ[1] ਕਾਨ ਹੈਂ।

[1]ਸ਼ਬਦ, ਆਵਾਜ਼।

ਹੋ ਇਨ ਕੋ ਬਦਲ ਦਿਖੈਹੁ
ਤੁ ਹਮ ਭੀ ਮਾਨ ਹੈਂ।
ਪ੍ਰਭ ਕੀ ਕਰਤਿ ਸ਼੍ਰੀਕਤ[1],

[1]ਬਰਾਬਰੀ।

ਏਹੁ ਗੁਨਾਹ ਬਡ।

ਅਪਨ ਥਪਨਊ ਚਾਹਿਤ,
ਔਰੈਂ ਕਪਨ ਜਢ[1] ॥੮੧॥

[1]ਮੂਰਖ ਆਪਣਿਆਂ ਨੂੰ (ਥਪਨਊ) ਕਾਇਮਰੱਖਣਾ ਤੇ ਦੂਜਿਆਂ ਨੂੰ ਕੱਟਣਾ ਚਾਹੁੰਦਾ ਹੈ।

ਇਹੁ ਸੁਨਿ ਗੁਰ ਕੋ ਪਠਜੋ,
ਕੈਦ ਮੰਝਾਰ ਹੈ।
ਹੋ ਇਕ ਦਿਨ ਸ਼ਾਹਿ ਮੁਲਾਨਜੋਂ,
ਕਰਿ ਵੀਚਾਰ ਹੈ।
ਆਮਿਖ ਦੇਗ ਪਲਾਉ[1],
ਗੁਰੂ ਪੈ ਹੈ ਪਠੀ।
ਜਮਾਂਦਾਰ ਉਮਰਾਵਿ,
ਖੁਲਾਵਨਿ ਕੈ ਠਟੀ[1] ॥੮੨॥

[1]ਮਾਸ ਤੇ ਚੌਲਾਂ ਦੀ ਦੇਗ।

[1]ਖੁਲਾਉਣ ਦੀ ਸਕੀਮ ਬਣਾਈ।

ਗੁਰੂ ਕਹਜੋ ਸਿਰਪੋਸ[1]
ਉਤਾਰਿ ਦਿਖਾਰੀਏ।
ਹੋ ਦੇਗ ਉਘਾਰਿ[1] ਨਿਹਾਰਜੋ,
ਅਚਰਜ ਭਾਰੀਏ।
ਬੋਟੇ[1] ਜੇਤਕ ਮਾਸ,
ਸੂਰ ਹ੍ਵੈ ਉਠਿ ਭਗੇ।
ਬੇਸ਼ੁਮਾਰ ਲਘੁ ਦੀਰਘ[1],
ਘੁਰ ਘੁਰ ਕਰਤਿ ਗੇ[1] ॥੮੩॥

[1]ਛੱਕਣ।

[1]ਨੰਗਿਆਂ ਕਰਕੇ।

[1]ਮਾਸ ਦੇ ਡਲੇ।

[1]ਛੋਟੇ ਵੱਡੇ।

[1]ਕਰਦੇ ਚਲੇ ਗਏ।

ਬਗਰ[1] ਬਜਾਰ ਅਗਾਰ[2],
ਮਝਾਰ ਤ੍ਰੂਕਾਨ ਕੈ।
ਹੋ ਫਿਰ ਕਰਿ ਕਰੈਂ ਪਲੀਤ[1],
ਖਰੈ ਦੁਖ ਦਾਨ ਕੈ[1]।
ਹਾਹਾ ਕਾਰ ਅਪਾਰ,
ਨਾਰਿ ਨਰ ਤੁਰਕ ਕਹਿਂ।
ਹਿੰਦੂ ਹਸ ਹਸ ਪਰੈਂ,
ਪੇਖਿ ਬਡ ਚਰਿਤ ਯਹਿ ॥੮੪॥

[1]ਵਿਹੜਿਆਂ 'ਚ। [2]ਘਰਾਂ ਵਿੱਚ।

[1]ਅਪਵਿੱਤ੍ਰ।

[1]ਬਹੁਤਾ ਦੁੱਖ ਦਿੱਤਾ।

ਤੁਰਕ ਸਚੈਲ ਗੁਸੈਲ,
ਗੁਸਲ ਕੋ ਧਾਇ ਹੈਂ[1]।
ਹੋ ਕਹਿ ਹੈਂ ਕਰੇ ਨਪਾਕ[1],

[1]ਤੁਰਕ ਸਣੇ ਕਪੜਿਆਂ ਗੁੱਸੇ ਨਾਲ ਨ੍ਹਾਉਣ ਨੂੰ ਦੌੜਦੇ ਹਨ।

[1]ਅਪਵਿੱਤ੍ਰ।

ਪੀਰ ਹਿੰਦੁ ਆਇ ਹੈਂ।
ਬਾਤ ਅਨੂਠੀ ਭਾਂਤਿ[1],
ਯਾਹਿ ਸੁਨਿ ਸ਼ਾਹਿ ਰਿਸਿ।
ਜੁਗ[1] ਉਮਰਾਇ ਪਠਾਇ,
ਬੂਝੋ ਤੌਰ ਇਸ[1] ॥ ੮੫ ॥
ਤੁਮ ਜੁ ਕਹੋ ਥਾ ਅਜ਼ਮਤ,
ਹਮ ਨ ਦਿਖਾਇ ਹੈਂ।
ਹੋ ਅਬਿ ਤੁਮ ਝੂਠੇ ਭਏ,
ਯਾਹਿ ਪ੍ਰਗਟਾਇ ਹੈਂ।
ਗੁਰੂ ਕਹੋ ਇਹ ਅਜ਼ਮਤ,
ਹਮ ਨੇ ਨਹਿਂ ਦਈ।
ਧਰਮ ਹਮਾਰਾ ਕ੍ਰਿਸ਼ਟ,
ਕਰਨ ਕੀ ਜਿਨਿ ਠਈ[1] ॥ ੮੬ ॥
ਪਰਮੇਸ਼ੂਰ ਨੇ ਕ੍ਰਿਸ਼ਟ,
ਧਰਮ ਤਿਨ ਕਾ ਕਰਜੋ।
ਹੋ ਮਾਸ ਸੂਰ ਬਨਿ ਭੂਰ[1],
ਤਿਨੋ ਕੇ ਘਰ ਫਿਰਜੋ।
ਇਹ ਜੁਵਾਬ ਜਬਿ ਉਨੈ,
ਸ਼ਾਹਿ ਪੈ ਜਾ ਦਯੋ।
ਸੁਨਿ ਗੁਨਿ[1] ਸਿਰ ਧੁਨਿ[2],
ਕੋਪ ਹੋਇ ਮਨਿ ਚੁਪ ਭਯੋ ॥ ੮੭ ॥
ਕਾਜੀ ਸ਼ਾਹੀ ਪਾਜੀ[1],
ਢਿਗ ਤੈ ਯੌਂ ਕਹਿਯੋ।
ਹੋ ਮਤੀ ਦਾਸ ਗੁਰ ਪਾਸ,
ਸਲਾਹੀ ਬਦ ਅਹਜੋ[1]।
ਵਹਿ ਨਹਿਂ ਮਾਨਨ ਦੇਤਿ,
ਉਸੇ ਬੁਲਵਾਈਏ।
ਪੀਰ ਤਈਂ ਦਿਖਰਾਇ,
ਚੀਰਿ ਮਰਵਾਈਏ ॥ ੮੮ ॥
ਮਾਰੋ ਦੂਸਰ ਤਈਂ,

[1]ਅਣੋਖੀ ਕਿਸਮ ਦੀ।
[1]ਦੋ।
[1]ਇਸ ਢੰਗ ਨਾਲ।
[1]ਠਾਣੀ ਸੀ, ਧਾਰੀ ਸੀ।
[1]ਬਹੁਤੇ।
[1]ਵਿਚਾਰ ਕੇ। [2]ਸਿਰ ਹਿਲਾਇਆ।
[1]ਝੂਠੇ।
[1]ਮਾੜਾ ਸਲਾਹਕਾਰ ਹੈ।

ਦੇਗ ਮੈਂ ਪਾਇ ਹੈ।
ਹੋ ਦੂਖ ਤਿਨੋ ਕਾ ਦੇਖਿ,
ਪੀਰ ਮੰਨ ਜਾਇ ਹੈ।
ਮਾਨ ਇਹੀ ਤਬਿ ਕੀਨ,
ਸ਼ਾਹਿ ਬੇਦਰਦ ਹੈ।
ਮਤੀ ਦਾਸ ਕੋ ਬਾਂਧਿ,
ਵੀਚ ਦੋ ਫਰਦ[1] ਹੈ ॥੮੯॥
ਕਹਜੋ ਮਾਨ ਤੂੰ ਦੀਨ,
ਨਹੀਂ ਚਿਰਵਾਇ ਦਿਹੁਂ।
ਹੋ ਦਾਸ ਸੁ ਮਤੀ ਬਖਾਨਜੋ,
ਜੋਰ ਲਗਾਇ ਲਿਹੁ।
ਕਰਿ ਹੈਂ ਜਸ ਤੂੰ ਭਰ ਹੈਂ,
ਨੌਰੰਗ ਪਾਪੀਆ।
ਬਾਬਰ ਥੀ ਜਰ[1] ਲਾਈ,
ਤੈਂ ਨਿਜ ਕਾਪੀਆ[1] ॥੯੦॥
ਹਮ ਤੋ ਸਦਾ ਅਖੰਡ[1],
ਅਡੰਡ[1] ਸ੍ਵ ਬ੍ਰਹਮ ਹੈਂ[2]।
ਹੋ ਦੈ ਹੈਂ ਸਿਰ ਹਿਤ ਧਰਮ,
ਚਮਾਰਹਿਂ ਚਰਮ ਹੈ[1]।
ਸੁਨਿ ਬੇਦਰਦ ਕਸਾਈ,
ਨੌਰੰਗ ਰਿਸਿ[1] ਭਰਜੋ।
ਆਰਾ ਸਿਰੋਂ ਧਰਾਇ,
ਚਿਰਾਇ ਦੁ ਧਰ[1] ਕਰਜੋ ॥੯੧॥
ਪੈ ਸਿਖ ਜਪੁਜੀ ਪਢਿਤਿ,
ਰਹਜੋ ਨਿਜ ਕਾਜ ਹੈ।
ਹੋ ਭੋਗ ਪਏ ਚੁਪ ਭਏ,
ਦੁ ਧਰੋਂ ਅਵਾਜ ਹੈ।
ਪਿਖਿ ਤੱਜਬ ਰਹਿ ਸ਼ਾਹਿ,
ਪੁਨ ਗੱਜਬ ਚਾਇ ਕੈ[1]।
ਭਾਈ ਦਜਾਲੇ ਤਈਂ,

[1]ਦੋ ਫੱਟਿਆਂ ਵਿੱਚ।
[1](ਬਾਦਸ਼ਾਹੀ ਦੀ) ਜੜ੍ਹ।
[1]ਤੈਂ ਆਪ ਕੱਟ ਦਿੱਤੀ ਹੈ।
[1]ਨਾਸਰਹਿਤ।
[1]ਡੰਡ ਤੋਂ ਬਿਨਾਂ। [2]ਆਪਣਾ ਆਪ ਰੂਪ ਬ੍ਰਹਮ ਹਾਂ।
[1](ਸਾਡਾ) ਚੰਮ (ਤੁਹਾਡੇ ਵਰਗੇ) ਚਮਿਆਰਾਂ ਦਾ ਹੈ।
[1]ਗੁੱਸੇ 'ਚ।
[1]ਦੋ ਧੜ।
[1]ਉਪੱਦ੍ਰਵ ਚੁੱਕ ਕੇ।

ਦੇਗ ਮੈਂ ਪਾਇ ਕੈ ॥ ੯੨ ॥
ਰਹਜੋ ਸੁ ਦੀਨ ਮਨਾਇ,
ਸੁਨਾਯੋ ਸਿਖ ਤਦਾ।
ਹੋ ਤੂੰ ਮਰ ਪਰ ਹੈਂ ਨਰਕ,
ਅਮਰ ਹੈਂ ਹਮ ਸਦਾ।
ਸਿੱਖ ਸੁਨਾਯੋ ਸ਼ਬਦ,
ਏਹੁ ਪਢਿ ਪੁਨਾ ਤੋਂ।
ਰਤਨ ਕਰੋਰੈ ਥੋਰੈ,
ਨਿਬਹੈ ਸਿਦਕ ਜੋਂ[1]* ॥ ੯੩ ॥

[1]ਜੇ ਸਿਦਕ ਨਿਭ ਜਾਵੇ (ਤਾਂ ਉਸ ਜ਼ਿੰਦਗੀ ਨਾਲੋਂ) ਕ੍ਰੋੜਾਂਰਤਨ ਵੀ ਥੋੜੇ ਹਨ। *ਇਹ ਕਬੀਰ ਜੀ ਦੇ ਇਕ ਸ਼ਲੋਕ ਦਾ ਭਾਵ ਹੈ ਜਿਸ ਦਾ ਸ਼ੁੱਧ ਪਾਠ ਐਉਂ ਹੈ: "ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥ ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ" ॥ ੧੫੩ ॥ (ਪੰਨਾ ੧੩੭੨)

ਸਿਰ ਜਾਂਦੇ ਨਹਿਂ ਡਰੌਂ,
ਪ੍ਰੀਤਿ ਨ ਜਾਇ ਜੌਂ।
ਹੋ ਕੇਤੇ ਤਨ ਬਿਨ ਪ੍ਰੀਤਿ,
ਗਏ ਸੁਸਕਾਇ[1] ਜੌਂ*।

[1]ਸੁੱਕ ਗਏ। *ਇਹ ਫਰੀਦ ਜੀ ਦੇ ਇਕ ਸ਼ਲੋਕ ਦਾ ਅਨੁਵਾਦ ਹੈ ਜਿਸ ਦਾ ਸ਼ੁੱਧ ਪਾਠ ਐਉਂ ਹੈ: ਜੋਬਨਿ ਜਾਂਦੇ ਨ ਡਰਾਂ, ਜੇ ਸਹੁ ਪ੍ਰੀਤਿ ਨ ਜਾਇ ॥ ਫਰੀਦਾ ਕਿਤੀਂ ਜੋਬਨ ਪ੍ਰੀਤਿ ਬਿਨੁ, ਸੁਕਿ ਗਏ ਕੁਮਲਾਇ ॥ ੩੪ ॥ (ਪੰਨਾ ੧੩੭੯)

ਔਰ (ਮਹਲਾ ੧ ॥)
ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ ੨੦ ॥
(ਪੰਨਾ ੧੪੧੨)
ਏਹੁ ਸਬਦ ਸੁਨਿ, ਸਿਦਕ
ਸਿੱਖ ਕਾ ਪਿਖਿ ਪਕਾ।
ਫਰਕ ਸ਼ਰ੍ਹਾ ਮੈਂ ਆਵਤਿ,
ਲਖਿ ਨਹਿਂ ਤਜ ਸਕਾ ॥ ੯੪ ॥
ਅਗਨਿ ਦੇਗ ਕੇ ਨੀਚੇ,
ਜਗਨ ਕਰਾ ਦਈ[1]।

[1]ਬਾਲ ਦਿੱਤੀ।

ਹੋ ਸਿੱਖ ਨੇ ਨੱਕ ਨ ਵੱਟਜੋ,
ਹਾਇ ਨ ਸੀ ਭਈ।
ਖੁਸ਼ ਹ੍ਵੈ ਪ੍ਰਾਨ ਉਡਾਏ,
ਪਾਰਾ ਅਗਨਿ ਜਜੋਂ[1]।

[1]ਜਿਵੇਂ ਅੱਗ (ਉੱਤੇ ਪਾਇਆ) ਪਾਰਾ (ਛੇਤੀ ਉੱਡ ਜਾਂਦਾ ਹੈ।)

ਧਰਮ ਦਾਸ ਕੋ ਪੇਖਿ,
ਲਗੀ ਪੁਨ ਲਗਨ ਤਜੋਂ ॥ ੯੫ ॥
ਨੌਰੰਗੇ ਕੇ ਸਨਮੁਖ,
ਹ੍ਵੈ ਇਮ ਭਾਖਜੋ।
ਹੋ ਦੀਨ ਦੁਨੀ ਕਾ ਸਬਿ ਸੁਖ,
ਨਿਜ ਤੈਂ ਨਾਖਜੋ[1]।

[1]ਤਿਆਗ ਦਿੱਤਾ ਹੈ।

ਜ਼ੁਲਮ ਅਤੁਲਮ[1] ਕਮਾਵਤਿ,
ਦੋਜ਼ਕ ਪਾਹਿਂਗਾ।

[1]ਬਹੁਤੇ।

ਭਾੜ ਚਨੇ ਜਜੋਂ[1], ਤਰਫ
ਤਰਫ ਪਛੁਤਾਹਿਂਗਾ ॥ ੯੬ ॥

[1]ਭੱਠ ਦੇ ਛੋਲਿਆਂ ਵਾਂਗ।

ਅੰਬਰ ਪੈ[1] ਪੈਗੰਬਰ,
ਤੌਹਿ ਪਤੰਦ੍ਰ ਜੋ[1]।

[1]ਅਕਾਸ਼ ਉੱਤੇ।
[1]ਪਤਿ-ਅੰਤਰ-ਹੋਰ ਮਾਲਕ।

ਹੋ ਚਹੈਂ ਜਿ ਤੁਮੈਂ ਬਚਾਵਨ,
ਦੈ ਹੈਂ ਅੰਦਰ ਸੋ[1]।

[1]ਉਸ ਨੂੰ ਵੀ।

ਰੋਜ਼ੇ ਬਾਂਗ ਨਿਵਾਜਾਂ,
ਤਸਬੀ[1] ਕੁਰਾਂ[2] ਜੋ।

[1]ਮਾਲਾ। [2]ਕੁਰਾਨ

ਨਹਿਂ ਸਫਾਤ[1] ਏ ਭਰਿ ਹੈਂ,
ਕਰਿ ਹੈ ਬੁਰਾ ਜੋ ॥ ੯੭ ॥

[1]ਸਿਫਾਰਸ਼

ਖਾਯ ਫੀਮ, ਜੋ ਤੇਲ
ਉੱਪਰੋਂ ਪੀਯ ਹੈ।
ਹੋ ਸਕੈ ਉਬਾਰ ਹਕੀਮ ਨਾ,
ਤਿਸ ਕਾ ਜਿਯ ਹੈ।
ਦੁਨੀਆਂ ਕੀ ਬਡਜਾਈ,
ਦੁਨੀ[1] ਬਧਾਵਣੇ।

[1]ਮੁਸਲਮ ਦੁਨੀਆਂ ਨੂੰ।

ਹੇਤ ਕਰਤਿ ਤੂੰ ਜ਼ੁਲਮ,

ਅਨਜਾਇ ਦੁਖਾਵਣੇ ॥ ੯੮ ॥
ਸਾਹਿਬ ਲੈਹ ਹਿਸਾਬ,
ਜਵਾਬ ਨ ਆਇ ਹੈ।
ਹੋ ਪੈ ਹੈਂ ਦੋਜ਼ਖ ਜਾਇ,
ਸੁ ਅਗਨਿ ਜਲਾਇ ਹੈ।
ਹੋਇ ਨ ਕੋਇ ਸਹਾਈ,
ਤੁਮਰਾ ਤਹਾਂ ਤਬਿ।
ਜਿਨਿ ਹਿਤ ਤੂੰ ਬਡ ਜ਼ੋਰ,
ਜੁਲਮ ਕਰਿ ਰਹਜੋ ਅਬਿ ॥ ੯੯ ॥
ਸੁਨਿ ਨੌਰਗੇ ਰਿਸ,
ਤਿਸ ਕੋ ਕਤਲਾਨ ਹੈ[1]।
ਹੋ ਬਾਦੀ ਕੋ ਭਲ ਸੀਖ,
ਦੂਧ ਅਹਿ ਪਜਾਨ ਹੈ[1]।
ਅੰਤ ਸਮੇ ਸਿੱਖ, ਏਹੁ
ਸ਼ਲੋਕ ਉਚਾਰਜੋ।
ਭਲੀ ਭਈ,
ਮੈਂ ਗੁਰ ਕੈ ਅੱਗ੍ਰ ਪਧਾਰਯੋ ॥ ੧੦੦ ॥

[1]ਕਤਲ ਕਰਨ ਦਾ (ਹੁਕਮ ਦੇ ਦਿੱਤਾ)।

[1]ਜ਼ਾਲਮ ਨੂੰ ਚੰਗੀ ਸਿੱਖਿਆ ਸੱਪ ਨੂੰ ਦੁੱਧ ਪਿਲਾਉਣ ਵਾਂਗ ਹੈ।

ਮਹਲਾ ੨
ਜਿਸੁ ਪਿਆਰੇ ਸਿਉ ਨੇਹੁ ਤਿਸ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥
(ਪੰਨਾ ੮੩)

ਇਮ ਕਹਿ ਤਿਸ ਨੇ, ਤਜੇ
ਪ੍ਰਾਨ ਮੁਦ ਮਾਨ ਕੈ।
ਹੋ ਮੈਹੂੰ ਬ੍ਰਹਮ ਅਖੰਡ,
ਅਡੰਡ ਬਖਾਨ ਕੈ।
ਧੰਨ ਧੰਨ ਧੁਨਿ ਨਭੈ,
ਹਾਇ ਹਾ ਧਰਾ ਪੈ[1]।

[1]ਅਕਾਸ਼ 'ਤੇ ਧੰਨ ਧੰਨ ਦੀ ਅਵਾਜ਼ ਤੇ ਧਰਤੀ 'ਤੇ ਹਾਇ ਹਾਇ (ਦੀ ਅਵਾਜ਼) ਹੋ ਰਹੀ ਹੈ।

ਲਾਨ੍ਹਤ ਦੈਂਹ ਨਰ ਨਾਰੀ,

ਤੁਰਕਨਿ ਸ਼ਰ੍ਹਾ ਪੈ ॥ ੧੦੧ ॥
ਪਿਖਿ ਸਿੱਖਨਿ ਕਾ ਸਿਦਕ,
ਤਕੈਂ ਮੁਖ ਤ੍ਰਿਣ ਗਹੇ[1]। [1]ਕੱਖ ਫੜ ਲਏ।
ਹੋ ਗੁਰ ਉਰ ਹਰਖੁ ਨ ਸੋਕ,
ਏਕ ਰਸ ਥਿਰੁਰਹੇ ॥ ੧੦੨ ॥
ਦੋਹਰਾ:
ਏਕ ਸਿਖ ਨੇ ਤਨ ਤਜਜੋ
ਬਾਕੀ ਆਏ ਭਾਗ।
ਇਹੁ ਅਜੋਗ ਰਵਿ ਭਾਸ ਮੈਂ[1], [1]ਸੂਰਜ ਪ੍ਰਕਾਸ਼ (ਗ੍ਰੰਥ) ਵਿੱਚ।
ਸਿੱਖਹਿਂ ਲਾਯੋ ਦਾਗ ॥ ੧੦੩ ॥
ਕਾਮ ਵਰਖਨੀ ਤਵਾਰੀਖ,
ਬਨੀ ਜੁ ਨੌਰੰਗ ਵਕਤ।
ਲਿਖੇ ਤੀਨ ਸਿੱਖ ਤਾਹਿ ਮੈਂ,
ਹਤੇ[1] ਕਸ਼ਟ ਦੈ ਸਖਤ ॥ ੧੦੪ ॥ [1]ਮਾਰੇ।
ਗਾਥ ਤਹਾਂ ਤੇ ਹਮ ਲਿਖੀ,
ਜਿਤਕ ਬਿਲੱਖਨ ਆਹਿ।
ਪੂਰਨ ਭਜੋ ਅਧਜਾਇ ਇਹੁ,
ਗੁਰ ਪਦ ਪਦਮ ਮਨਾਇ ॥ ੧੦੫ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਨੌਮ ਗੁਰੂ ਨੌਰੰਗੇ ਕਾ ਸੰਬਾਦ' ਤੀਨ ਸਿੱਖੋਂ ਕਾ ਤਨ ਤਜਨ, ਪ੍ਰਸੰਗ ਬਰਨਨੰ ਨਾਮ ਚਾਲੀਸਮੋਂ ਬਿਸ੍ਰਾਮ ॥ ੪੦ ॥

੪੧. {ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ}

ਦੋਹਰਾ:

ਪਦ ਜਹਾਜ ਗੁਰ ਦਸਮ ਕੇ,
ਨਾਮ ਭਵਾਂਬੁਧ ਪਾਜ[1]।

[1]ਦਸਵੇਂ ਗੁਰਾਂ ਦੇ ਚਰਨ ਜਹਾਜ਼ (ਵਾਂਗ) ਨਾਮ (ਰੂਪ) ਤੇ (ਪਾਜ) ਪਖੰਡ (ਰੂਪ) ਸੰਸਾਰ ਸਮੁੰਦਰ ਤੋਂ (ਪਾਰ ਕਰਨ ਵਾਲੇ ਹਨ)।

ਸਾਜ ਆਸਰਾ ਆਜ ਮਨ,
ਰਖੈਂ ਸਰਬ ਥਾਂ ਲਾਜ[1] ॥੧॥

[1]ਹੇ ਮਨ ! ਅੱਜ ਹੀ ਉਨ੍ਹਾਂ ਚਰਨਾਂ ਦਾ ਆਸਰਾ ਬਣਾ ਲੈ, ਉਹ ਹਰ ਥਾਂ (ਤੇਰੀ) ਲਾਜਰੱਖਣਗੇ।

ਤੇਗ਼ ਬਹਾਦਰ ਸਤਿਗੁਰੂ,
ਨੌਰੰਗ ਕੋ ਕਰਿ ਕੂਰ[1]।
ਤਜ ਹੈਂ ਤਨ ਹਿਤ ਧਰਮ ਜਿਮ,
ਸੁਨੋ ਸਿਦਕ ਕਾ ਮੂਰ[1] ॥੨॥

[1]ਝੂਠਾ।

[1]ਮੁੱਢ।

ਤ੍ਰੈ ਸਿੱਖਨਿ ਜਬਿ ਤਨ ਤਜੇ,
ਨੌਰੰਗ ਗੁਰ ਪ੍ਰਤਿ ਫੇਰਿ।
ਕਹਜੋ ਦੀਨ ਮਾਨੋ ਅਬੈ,
ਨਤ ਹ੍ਵੈ ਵੈਸੋ ਹੇਰਿ[1] ॥੩॥

[1]ਨਹੀਂ ਤਾਂ ਦੇਖ ਲਵੋ ਉਸੇ ਤਰ੍ਹਾਂ (ਤੁਹਾਡੇ ਨਾਲ) ਹੋਵੇਗੀ।

ਗੀਆ ਛੰਦ:

ਗੁਰ ਕਹਜੋ ਜੋ ਤੁਮ ਚਹਿਤ,
ਸੋ ਬਿਨੁ ਦੇਰ ਅਬਿ ਕਰਿ ਲੀਜੀਏ।
ਨਹਿਂ ਟਰੈਂ ਪ੍ਰਣ ਜੁ ਕਰੈਂ ਹਮ,
ਡਰ ਧਰੇ ਸਰਣ ਨ ਜੀਜੀਏ[1]।

[1]ਡਰ ਧਾਰ ਕੇ ਸ਼ਰਨ ਲਿਆਂ ਵੀ ਸਦਾ ਜਿਉਣਾ ਨਹੀਂ ਹੋ ਸਕਦਾ।

ਸਸਿ[1] ਸੂਰ[2] ਧਰ[3] ਧ੍ਰਵ[11] ਜੌ ਟਰੈਂ,
ਨਹਿਂ ਸੰਤ ਬਾਨੀ ਤੌ ਟਰੈ।
ਦਹਿ ਆਬ, ਅਗਨੀ ਸੀਤ ਹ੍ਵੈ[1],
ਨਹਿਂ ਸ਼ਰ੍ਹਾ ਤੁਮਰੀ ਹਮ ਧਰੈਂ ॥੪॥

[1]ਚੰਦ੍ਰਮਾ। [2]ਸੂਰਜ। [3]ਧਰਤੀ। [11]ਧ੍ਰੂ।

[1]ਪਾਣੀ ਸਾੜਨ ਲੱਗ ਪਵੇ ਤੇ ਅੱਗ ਠੰਡੀ ਹੋ ਜਾਵੇ।

ਗੁਰ ਤਈਂ ਪਾਯੋ ਲੋਹਿ ਪਿੰਜਰਿ,
ਪੁਨਾ ਕਾਜੀ ਕੇ ਕਹੇ।
ਮਨਿ ਠਟਜੋ ਰਟਜੋ[1], ਪਾਇ ਦੁਖ ਬਹੁ,
ਸ਼ਰ੍ਹਾ ਹਮਰੀ ਖੁਦ ਗਹੇ।

[1]ਮਨ 'ਚ ਧਾਰ ਕੇ ਇਉਂ ਕਿਹਾ।

ਇਹੁ ਪਿੰਜਰਾ ਕਿਆ ਥੀ ਜਰਾ[1],
ਵਹਿ ਆਗ ਮੈਂ ਜੇ ਡਾਰਤੇ।
ਗੁਰ ਤੌਂ ਭੀ ਇਬਰਾਹੀਮ ਸਮ,
ਨਹਿਂ ਧਰਮ ਅਪਨਾ ਹਾਰਤੇ ॥ ੫ ॥
ਉਤ ਪੁਰੀ ਆਨਂਦ ਤੈ ਪਠਜੋ ਸਿਖ,
ਮਾਤ ਨੈ ਹਿਤ ਸਾਰ[1] ਹੈ।
ਗੁਰ ਤਈਂ ਮਿਲਨਾ ਨਾ ਮਿਲਜੋ,
ਸੋ ਥਿਰਜੋ ਦੂਰ ਵਿਚਾਰ ਹੈ।
ਗੁਰ ਨਿਕਸ ਪਿੰਜਰ ਕਿਲੇ ਤੈ ਚਲਿ,
ਗਏ ਸਿਖ ਥਾ ਸੋ ਜਹਾਂ।
ਕਰਿ ਬੰਦਨਾ ਸਿਖ ਹਾਲ ਭਾਖਜੋ,
ਦੁਖਤਿ ਮਾਤਾ ਜੀ ਮਹਾਂ ॥ ੬ ॥
ਇਤ ਪਿਖੇ ਪਹਿਰੇਦਾਰ ਗੁਰੁ,
ਨ ਮਝਾਰ[1] ਪਿੰਜਰ ਮੈਂ ਜਬੈ।
ਸਬਿ ਜਗੇ[1] ਇਤ ਉਤ ਭਗੇ ਖੋਜਨਿ,
ਲਗੇ ਝੁਰਨੇ ਮਿਲਿ ਤਬੈ।
ਪੁਨ ਜਮਾਂਦਾਰ ਬਿਚਾਰ ਭਾਖਜੋ,
ਗੁਰੂ ਨਹਿਂ ਕਿਤੁ ਜਾਇ ਹੈਂ।
ਦੁਰ ਭਾਵ ਦੁਈ[1], ਦੂਰ ਦਿਲ ਸੈਂ
ਕਰੋ ਤੁਮ, ਵਹਿ ਆਇ ਹੈਂ ॥ ੭ ॥
ਉਨਿ ਤਈਂ ਕੈਦ ਰਖਾਇ ਕੋ[1],
ਵਹਿ ਆਪ ਹੀ ਨਹਿਂ ਜਾਤ ਹੈਂ।
ਅਵਤਾਰ ਕੈਧੋ[1] ਸੋ ਪੈਕੰਬਰ,
ਅਤੀ ਸ਼ਕਤਿ ਰਖਾਤ ਹੈਂ।
ਮਧ ਪਰੀ ਬੇੜੀ ਪਿੰਜਰੇ
ਕੇਵਾਰ ਤਾਲੇ[1] ਲਗ ਰਹੇ।
ਜਿਮ ਗਏ ਥੇ ਗੁਰ ਚਾਰ ਘਟਿਕਾ[1]
ਬਾਦ[1], ਤਹਿਂ ਹੀ ਆ ਬਹੇ ॥ ੮ ॥
ਪਿਖਿ ਭਏ ਖਾਦਮ[1] ਸਿਦਕ ਲਜਾਏ,
ਮੋਦ ਹ੍ਵੈ ਸਬ ਗੋਇ ਹੈਂ[1]।

[1](ਇਹ) ਥੋੜਾ ਜਿਹਾ ਪਿੰਜਰਾ ਕੀ ਸੀ।
[1]ਖ਼ਬਰ ਲੈਣ ਵਾਸਤੇ।
[1]ਵਿੱਚ।
[1]ਸਾਰੀਆਂ ਜਗ੍ਹਾਂ ਵਿੱਚ।
[1]ਬੁਰੇ ਖ਼ਿਆਲ ਤੇ ਦ੍ਵੈਤ।
[1]ਕੌਣ।
[1]ਜਾਂ।
[1]ਤਖ਼ਤਿਆਂ ਨੂੰ ਜਿੰਦੇ।
[1]ਘੜੀਆਂ।
[1]ਪਿੱਛੋਂ।
[1]ਸੇਵਕ।
[1]ਕਹਿੰਦੇ ਹਨ।

Sri Satguru Jagjit Singh Ji eLibrary NamdhariElibrary@gmail.com

ਹਮ ਰਖੈਂ ਪਹਿਰਾ ਕਾਂਹਿ ਗਹਿਰਾ[1],
ਕੂਰ ਠਹਿਰਾ ਜੋਇ ਹੈ[1]।
ਪੁਨ ਸਿੱਖ ਸੋ ਗੁਰ ਢਿਗ ਬੁਲਾਯੋ,
ਲਿਖਜੋ ਪੱਤ੍ਰ ਵਿਚਾਰ ਕੈ।
ਨਿਜ ਮਾਤ ਪਤਨੀ ਸਿੱਖਨਿ ਕੋ,
ਉਪਦੇਸ਼ ਵੇਸ[1] ਉਚਾਰ ਕੈ ॥੯॥
ਲਿਖਿ ਦਏ ਸ਼ਬਦ ਸਲੋਕ ਜੋ,
ਗੁਰੁ ਗ੍ਰੰਥ ਮੈਂ ਅਸ ਸਾਰ ਹੈਂ[1]।
ਨਿਰਵੇਦ ਮਯ ਸਭ ਸਾਰ ਬੇਦਨਿ[1],
ਭੇਦ ਖੇਦ ਨਿਵਾਰ ਹੈਂ[1] ॥੧੦॥

[1]ਤਕੜਾ।
[1]ਜਿਹੜਾ ਪਹਿਰਾ ਝੂਠਾ ਹੀ ਠਹਿਰਿਆ ਹੈ।
[1]ਸ੍ਰੇਸ਼ਟ।
[1]ਐਸੇ ਸਾਰੇ (ਸ਼ਲੋਕ) ਹਨ।
[1]ਵੈਰਾਗ ਰੂਪ ਤੇ ਸਾਰੇ ਵੇਦਾਂ ਦਾ ਤੱਤ ਹੈ।
[1]ਭੇਦ ਦੇ ਦੁੱਖ ਨੂੰ ਦੂਰ ਕਰਨ ਵਾਲੇ ਹਨ।

ਤਥਾ ਹੀ

ਸਲੋਕੁ

ਚਿੰਤਾ ਤਾਂ ਕੀ ਕੀਜੀਐ ਜੋ ਅਨਹੋਨੀ ਹੋਇ ॥
ਇਹ ਮਾਰਗੁ[1] ਸੰਸਾਰ ਕੋ ਨਾਨਕ ਥਿਰੁ ਨਹੀ ਕੋਇ[2] ॥੫੧॥
ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ ਕਾਲ[1] ॥
ਨਾਨਕ ਹਰਿਗੁਨ ਗਾਇ ਲੇ ਛਾਡ ਸਗਲ ਜੰਜਾਲ ॥੫੨॥
ਰਾਮ ਗਇਓ ਰਾਵਨੁ ਗਇਓ ਜਾਕਉ ਬਹੁ ਪਰਵਾਰ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰਿ ॥੫੦॥
(ਪੰਨਾ ੧੪੨੮)
ਇਹੁ ਜਗੁ ਧੂਏ ਕਾ ਪਹਾਰ[1] ॥
(ਪੰਨਾ ੧੧੮੭)
ਰਾਮ ਸਿਮਰ ਰਾਮ ਸਿਮਰ ਇਹੈ ਤੇਰੈ ਕਾਜਿ ਹੈ ॥
(ਪੰਨਾ ੧੩੫੨)

[1]ਰਸਤਾ। [2]ਕੋਈ ਨਹੀਂ ਠਹਿਰਦਾ।
[1]ਪਰਸੋਂ, ਅੱਜ ਜਾਂ ਕਲ੍ਹ।
[1]ਪਹਾੜ।

ਇਤਜਾਦਿ

ਪੁਨ ਲਿਖਜੋ ਮਾਤਾ ਪ੍ਰਤਿ, ਚਿੰਤਾ

ਜਰਾ ਹਮਰੀ ਨਾ ਕਰੋ।
ਜੋ ਉਪਜਜੋ ਸੋ ਬਿਨਸਿ ਹੈ,
ਇਹੁ ਨੇਤ[1] ਨਿਸਚੇ ਦਿਢ ਧਰੋ। [1]ਹੋਣੀ, ਭਾਵੀ।
ਅਬਿ ਸਮਾਂ ਹਮਰੀ ਦੇਹ ਕਾ ਹੈ
ਅੰਤ ਨਿਕਟਿ ਨਿਹਾਰੀਏ।
ਤੁਵ ਪਾਸ ਹੋਤੇ ਤੌਂ ਭਿ ਤਜਤੇ,
ਦੂਰ ਭੀ ਤਿਮ ਧਾਰੀਏ ॥੧੧॥
ਨਹਿਂ ਰਹਿਤ ਥਿਰ ਅਵਿਤਾਰ ਤਨ ਧਰਿ,
ਰਂਕ[1] ਫੱਕਰਨ ਸ਼ਾਹਿ ਭੀ। [1]ਕੰਗਾਲ।
ਜਬਿ ਸਮਾਂ ਜਿਸ ਕਾ ਆਇ ਹੈ,
ਨਹਿਂ ਟਰਤਿ ਕਿਂਚਤ[1] ਕਾਹਿ ਭੀ[2]। [1]ਥੋੜਾ ਜਿਹਾ ਵੀ। [2]ਕਿਸੇ ਦਾ ਭੀ।
ਤਨ ਬਿਨਸਨਾ ਤੋ ਸਹੀ ਥਾ ਮਮ,
ਇਕੀ ਦਿਨ[1] ਇਹੁ ਸਾਤ ਹੈ[2]। [1]ਇਕ ਦਿਨ ਤਾਂ। [2]ਇਹ ਸੱਚ ਹੈ।
ਪਰ ਧੰਨਜ ਜਨਨੀ[1] ਭਈ ਸੋ, [1]ਮਾਤਾ।
ਸੁਤ ਧਰਮ ਹਿਤ ਜਿਹ ਜਾਤ ਹੈ ॥੧੨॥
ਇਸ ਤੌਰ ਹੀ ਨਿਜ ਮਹਿਲ ਕੋ[1], [1]ਆਪਣੇ ਮਹਿਲਾਂ (ਮਾਤਾ ਗੂਜਰੀ ਜੀ) ਨੂੰ।
ਗੁਰ ਲਿਖਜੋ ਬਹੁਧਾ ਭਾਂਤਿ ਹੈ[1]। [1]ਬਹੁਤ ਤਰ੍ਹਾਂ ਦਾ।
ਇਹੁ ਦੇਹ ਮੇਲ ਅਸੱਤ[1] ਸਦ ਹੀ, [1]ਦੇਹ ਦਾ ਮੇਲ ਝੂਠਾ ਹੈ।
ਸ਼ਬਦ ਮੇਲ ਰਹਾਤ ਹੈ।
ਸੁਤ ਸਰਬ ਸ਼ਕਤੀ ਯੁਤ ਤੁਮਾਰੋ,
ਸਰਬ ਸੁਖ ਦਿਖਾਇਗੋ।
ਸਮ ਸੂਰ ਨੂਰ ਜਹੂਰ ਜਗਪੈ
ਭੂਰ ਤੇਜ ਦਿਪਾਇਗੋ[1] ॥੧੩॥ [1]ਸੂਰਜ ਵਾਂਗ ਜਗਤ ਉੱਪਰ ਪ੍ਰਗਟ ਹੀ ਪ੍ਰਕਾਸ਼ ਤੇ ਬਹੁਤਾ ਤੇਜ ਚਮਕਾਵੇਗਾ।

ਤੁਮ ਪਢਿਤਿ ਰਹੀਓ ਸਦਾ ਦਿਲ ਦੈ,
ਪਠੇ[1] ਹਮ ਜੁ ਸਲੋਕ ਹੈਂ। [1]ਭੱਜੇ।
ਇਸ ਲੋਕ ਮਾਹਿਂ ਬਿਸੋਕ ਭਵ[1], [1]ਸ਼ੋਕਰਹਿਤ ਹੋ ਕੇ।
ਪੁਨ ਪਾਇਹੋ[1] ਗੁਰ ਲੋਕ ਹੈਂ। [1]ਪਾ ਲਵੋਗੇ।
ਪੁਨ ਤਰਫ ਨਿਜ ਫਰਜ਼ੰਦ, ਅਰ
ਜਸੁ ਮੰਦ ਆਨੰਦ ਕੰਦ ਸੋ[1]। [1]ਫੇਰ ਅਨੰਦ ਦੇ ਬੱਦਲ ਅਤੇ ਜੱਸ ਵਾਲੇ ਆਪਣੇ ਪੁੱਤਰ ਦੀ

ਤਰਫ਼ (ਵੀ ਉਪਦੇਸ਼ ਲਿਖ ਭੇਜਿਆ)।

ਇਮ ਲਿਖਾ ਤੁਮ ਆਨੰਦ ਪੁਰਿ,
ਆਨੰਦ ਲੇਹੁ ਸੁਛੰਦ ਸੋ[1] ॥ ੧੪ ॥ [1]ਤੁਸੀਂ ਅਨੰਦ ਪੁਰ ਵਿੱਚ ਸੁਤੰਤਰ ਹੋ ਕੇ ਅਨੰਦ ਲਿਆ ਜੇ।
ਇਕ ਰੋਜ ਬਾਤ ਜੋ ਚਲੀ ਥੀ,
ਕਿ ਤੁਰਕ ਜ਼ੁਲਮੀ ਹੈਂ ਠਟੇਂ[1]। [1]ਤੁਰਕ ਜ਼ੁਲਮ ਕਰ ਰਹੇ ਹਨ।
ਹਮ ਕਹਜੋ ਥਾ ਸਿਰ ਲਾਇ ਕੋਊ,
ਸ਼ਕਤਿ ਵਾਰੋ ਤੌ ਹਟੇਂ।
ਤੁਮ ਦਯੋ ਥਾ ਜਵਾਬ,
ਸਹਿਜ ਸੁਭਾਵ, ਐਸ ਉਦਾਰ ਹੈ।
ਸਮ ਰਾਵਰੇ[1] ਅਬਿ ਕੌਨ ਜਗ ਮੈਂ, [1]ਆਪ ਵਰਗਾ।
ਧਰਮ ਸ਼ਕਤੀ ਵਾਰ ਹੈ ॥ ੧੫ ॥
ਤੁਮ ਪਰਮ ਬ੍ਰਹਮ[1] ਅਖੰਡ[2] ਪੂਰਨ, [1]ਸ੍ਰੇਸ਼ਟ ਬ੍ਰਹਮ। [2]ਨਾਸਰਹਿਤ।
ਪੁਰਖ ਲੀਨ ਅਵਤਾਰ ਹੈ।
ਹਿਤ ਧਰਮ ਰੱਖ੍ਯਾ ਹੇਤ[1] ਆਏ, [1]ਧਰਮ ਦੀ ਰੱਖਿਆ ਵਾਸਤੇ।
ਤਾਰਨੇ ਸੰਸਾਰ ਹੈਂ।
ਇਹੁ ਬਾਚ[1] ਤੁਮਰਾ ਸਾਚ ਕਰਿ, ਜਰ[2] [1]ਬਚਨ। [2]ਜੜ੍ਹ।
ਤੁਰਕ ਕੀ ਹਮ ਕਾਪ ਹੈਂ[1]। [1]ਕੱਟ ਦਿਆਂਗੇ।
ਤੁਮ ਪੁਨ ਧਕੇਲ ਗਿਰਾਈਓ,
ਬਲ ਸ਼ਕਤਿ ਰਖਤਿ ਅਮਾਪ[1] ਹੈਂ ॥ ੧੬ ॥ [1]ਮਿਣਤੀ ਤੋਂ ਰਹਿਤ।
ਇਤਜਾਦਿ ਬੇਤਾਦਾਦਿ[1], ਬਾਤ [1]ਅਣਗਿਣਤ।
ਮਰਯਾਦ ਕੀ, ਸਬਿ ਲਿਖ ਪਠੀ।
ਨਿਸ ਦਿਜੋਸ ਮਾਤਾ ਨਾਨਕੀ ਉਤ,
ਤਾਕਤੀ ਥੀ ਗਿਨਿ ਗਟੀ[1]। [1]ਗਿਣਤੀਆਂ ਗਿਣਦੀ ਤੇ ਤੱਕਦੀ ਸੀ।
ਕਬਿ ਆਇ ਹੈ ਮਮ ਲਾਲ ਘਰਿ,
ਓੜਾਇ ਕਾਗ[1] ਪੁਕਾਰਤੀ। [1]ਕਾਂ ਉਡਾਉਂਦੀ।
ਜਲ ਝਰਤਿ ਝਰਨਾ[1] ਨੈਨ ਤੇ, [1]ਸੋਮਾ ਵੱਗਦਾ ਸੀ।
ਭਰਿ ਸ੍ਵਾਸ ਤ੍ਰਾਸ ਵਿਚਾਰਤੀ ॥ ੧੭ ॥
ਨਿਜ ਪੁੱਤ੍ਰ ਪਿਆਰੇ ਪਿਖਨਿ ਹਿਤ,
ਪ੍ਰਸ਼ਾਦ ਸਿੱਖਨਿ ਛਕਾਵਤੀ।
ਪੁੱਛਿ ਜੋਤਸ਼ੀ ਬਹੁ ਰਮਲੀਏ[1], [1]ਇਕ ਤਰ੍ਹਾਂ ਦਾ ਜੋਤਸ਼ੀ।

ਧਨਿ ਕਮਲੀਏ ਜਿਉਂ ਦਿਜਾਵਤੀ[1]।
ਸੁਕ ਰਹਜੋ ਤਨ ਮੁਖ ਭੁਖ ਤਿਖਾ,
ਨਹਿਂ ਚਿੱਤ ਚੈਨ ਗਹਾਇ ਹੈ।
ਕਬਿ ਜਾਇ ਪੇਖਨਿ ਦ੍ਵਾਰ ਲੌ,
ਕਬਿ ਆਇ ਮੰਚਿ ਥਿਰਾਇ ਹੈਂ[1] ॥੧੮॥

[1]ਸ਼ੁਦਾਈ ਵਾਂਗ ਦਿਵਾਉਂਦੀ ਹੈ।
[1]ਪਲੰਘ ਤੇ ਬੈਠ ਜਾਂਦੇ ਹਨ।

ਸਬਿ ਦੇਹ ਗੇਹ ਸਨੇਹ[1] ਭੂਲਜੋ,
ਨੇਹ[1] ਇਕ ਸੁਤ ਮੈਂ ਫਸੀ।
ਚਿਤ ਚਿਖਾ ਚਿੰਤਾ ਮੈਂ ਜਰੈ,
ਲਗ ਰਹੀ ਦਿਲ ਪੈ ਦਮ ਕਸੀ[1]।
ਦੁਖ ਸੋਕ ਸਿੰਧਹਿ ਬਹੀ ਜਾਵਤਿ[1],
ਥਾਹਿ[1] ਪਾਵਤਿ ਨਾਹਿਂ ਹੈ।
ਕਹਿ ਮਾਤ, ਸੁਤ ਮਮ ਸੂਧ ਸਹਿਜੇ[1],
ਸੰਤ ਬੇ ਪਰਵਹਿ ਹੈ ॥੧੯॥

[1]ਘਰ ਦਾ ਮੋਹ।
[1]ਪਿਆਰ।
[1]ਸਾਹ ਦਾ ਖਿੱਚ ਕੇ ਲੈਣਾ।
[1]ਸਮੁੰਦਰ ਵਿਚਰੁੜ੍ਹੀ ਜਾਂਦੀ ਹੈ।
[1]ਥੱਲਾ।
[1]ਸਿੱਧੇ ਤੇ ਸ਼ਾਂਤ ਸੁਭਾਵ ਵਾਲਾ।

ਵਹਿ ਸੇਜ ਸੂਲਾਂ ਪੈ[1] ਬਿਠਾਏ,
ਜ਼ਬਰਦਸਤੀ ਕਰਿ ਹਮੈਂ।
ਇਹੁ ਉਸਤਰਜਾਂ ਕੀ ਮਾਲ ਪਾਈ,
ਗਰਿ ਗੁਰਜਾਈ ਉਨੈ ਮੈਂ।
ਨਹਿਂ ਸੁਖ ਪਾਯੋ ਉਸੀ ਦਿਨ ਤੇ,
ਸਹੇ ਅਨਿਕ ਕਲੇਸ਼ ਹੈਂ।
ਅਬਿ ਸੀਸ ਦੈਨੋ ਭੀ ਪਰਿਜੋ,
ਗੁਰ ਹੋਵਨੇ ਪਰ ਬੇਸ[1] ਹੈ ॥੨੦॥

[1]ਦੁੱਖਾਂ ਦੀ ਸੇਜ ਉੱਪਰ।
[1]ਸ੍ਰੇਸ਼ਟ ਜਾਂ ਵੱਡੇ ਗੁਰੂ ਹੋਣ ਕਰਕੇ।

ਸੁਖ ਹੈ ਲਘੂ ਜੋ ਹੋਨ ਮੈਂ[1],
ਨਹਿਂ ਬਡੇ ਕਿਨਹੂੰ ਸੋ ਲਹਜੋ[1]।
ਇਸ ਹੇਤੁ ਨਿੰਦਜੋ ਸੇਰ ਕੋ[1] ਗੁਰਿ,
ਧੰਨ ਪਾਈਏ ਕੋ[1] ਕਹਜੋ।
ਜਨ ਬਡੀ ਅੰਗੁਰੀ ਛੋਰਿ, ਮੁੰਦਰੀ
ਲਘੂ ਕੋ ਪਹਿਰਾਇ ਹੈਂ।
ਤਜਿ ਬਡੇ ਕੋ ਲਘੁ ਸੁਤ ਤਈਂ,
ਸੀਗਾਰ ਕਰਤਿ ਲਡਾਇ ਹੈਂ[1] ॥੨੧॥

[1]ਜੋ ਛੋਟੇ ਹੋਣ ਵਿੱਚ।
[1]ਉਹ ਸੁਖ ਕਿਸੇ ਨੇ ਵੱਡੇ ਬਣ ਕੇ ਨਹੀਂ ਲਿਆ।
[1]ਭਾਵ ਵੱਡੇ ਨੂੰ।
[1]ਭਾਵ ਛੋਟੇ ਨੂੰ।
[1]ਲਾਡ ਕਰਦੇ ਹਨ।

ਬਡ ਬ੍ਰਿੱਛ ਹੀ ਕੋ ਪੌਨ ਤੋੜਤਿ,

ਰਹੈਂ ਲਘੁ ਦਿਢ ਅੰਤਰੈਂ[1]।

[1]ਛੋਟੇ ਦਰੱਖ਼ਤ ਪੱਕੇ ਰਹਿੰਦੇ ਹਨ ਭਾਵ ਨਹੀਂ ਟੁੱਟਦੇ ਇਹ ਦੋਹਾਂ 'ਚ (ਅੰਤਰੈਂ) ਫ਼ਰਕ ਹੈ।

*ਗੁਰ ਕਹਯੋ ਯਾਂ ਤੈ ਜਗਿ ਬਡਜਾਈ,

*ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਸਲ ਤੁਕ ਐਉਂ ਹੈ: "ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ"॥ (ਪੰਨਾ ੮੦੮)

ਪਾਗੀਏ ਬੈਸੰਤਰੈਂ[1]।

[1]ਅੱਗ 'ਚ ਪਾ ਦਿਉ।

ਮਮ ਪੂਤ ਤੋ, ਨਹਿਂ ਚਹਿਤ ਥੋ
ਬਡ ਬਨਨ, ਮੈਹੂੰ ਬਨਾਇਓ।
ਫਲ ਉਸੀ ਜਬਰੀ[1] ਨੇ ਹਮੈਂ,

[1]ਜ਼ਬਰਦਸਤੀ ਨੇ।

ਇਹੁ ਅਧਿਕ ਦੁਖ ਦਿਖਾਇਓ ॥੨੨॥
ਇਸ ਭਾਂਤਿ ਪਸਚਾਤਾਪ ਕਰਿ,
ਬਿਰਲਾਪ ਆਂਸੂ ਡਾਰ ਹੈ।
ਸ੍ਰੀ ਗੂਜਰੀ ਕੀ ਦਸ਼ਾ, ਦਹਿ ਗੁਨ
ਮਾਤ ਤੈ ਭੀ ਭਾਰ ਹੈ[1]।

[1]ਬਹੁਤੀ (ਦੁਖਦਾਈ) ਹੈ।

ਥਿਰਿ ਸਾਸ ਢਿਗ ਭਰਿ ਸ੍ਵਾਸ[1], ਅਧਿਕ

[1]ਹਾਹੁਕੇ ਲੈ ਕੇ।

ਉਦਾਸਿ, ਕਹਿ ਮੈਂ ਊਜਰੀ[1]।

[1]ਮੈਂ ਉਜੜ ਗਈ।

ਮੁਖਿ ਕਾਂਤਿ[1] ਸਾਂਤਿ, ਬਿਲਾਤ ਛਿਨ ਛਿਨ

[1]ਚਮਕ, ਸ਼ੋਭਾ।

ਜਾਤਿ[1], ਬਾਤ ਨ ਸੂਝਰੀ[2] ॥੨੩॥

[1]ਖਿਨ ਖਿਨ 'ਚ ਮਿਟਦੀ ਜਾ ਰਹੀ ਹੈ। [2]ਸੁੱਝਦੀ।

ਸਭਿ ਅੰਗ ਸੂਕ ਕੁਰੰਗ ਭੇ[1],

[1]ਖੋਟੇਰੰਗ ਦੇ ਹੋ ਗਏ।

ਨਹਿਂ ਆਂਖ ਇਕ ਛਿਨ ਸੂਕਤੀ।
ਜਲ ਸੀਂਚ ਨੈਨਨਿ ਤਨ ਰਖਯੋ,
ਨਤ ਬਿਰਹਿ ਅਗਨੀ[1] ਫੂਕਤੀ।

[1]ਵਿਛੋੜੇ ਦੀ ਅੱਗ।

ਇਮ ਰਹਿਤ ਬਜਾਕੁਲ ਦਹਿਤਿ[1] ਚਿੰਤਾ,

[1]ਸਾੜਦੀ ਹੈ।

ਕਹਿਤਿ ਆਪਸ ਮਾਹਿਂ ਹੈਂ।
ਨਹਿਂ ਜਾਨੀਏ ਤਹਿਂ ਭਈ ਕਿਆ,
ਕਿਛੁ ਖਬਰ ਆਈ ਨਾਹਿਂ ਹੈ ॥੨੪॥
ਜੁਗ[1] ਮਾਤ ਜਾਨਤਿ ਜਦਪਿ ਥੀ,

[1]ਦੋਵੇਂ।

ਪ੍ਰਤਾਪ ਸ਼ਕਤੀ ਗੁਰਿ ਭਲੈ[1]।

[1]ਭਲੀ ਤਰ੍ਹਾਂ ਗੁਰਾਂ ਦੀ।

ਪਰ ਮੋਹ ਮਾਯਾ ਮੈਂ ਫਸੀ,
ਵੀਚਾਰ ਦਾਰਾ ਨਹਿਂ ਚਲੈ।
ਤਿਯ ਹੋਤ ਭੀਰੁ ਸਹਿਜ ਇਕ[1],

[1]ਇਕ ਤਾਂ ਇਸਤ੍ਰੀਆਂ ਸੁਭਾਵ ਕਰ ਕੇ ਡਰਾਕੁਲ ਹੁੰਦੀਆਂ ਹਨ।

ਪੁਨ ਸੁਨਜੋ ਨੌਰੰਗ ਦੁਰਮਤੀ।
ਜਿਹ ਜ਼ੁਲਮ ਦਾਵਾਨਲ[1] ਜਲਾਇ,
ਸੁਰਹੀ ਜਗ ਬਨ ਕੋ ਅਤੀ ॥੨੫॥
ਨਿਜ ਓਕ ਮੈਂ[1] ਯੁਤ ਸੋਕ ਬੈਠੀ,
ਦ੍ਵਾਰ ਕੀ ਦਿਸ ਹੇਰਿ ਹੈਂ।
ਉਤ ਨੌਮ ਗੁਰ ਤੇ ਲੈ ਸੰਦੇਸੋ,
ਅਯੋ ਸਿਖ ਬਿਨ ਦੇਰ ਹੈ।
ਤੁਰਿ ਆਇ ਪੁਰਿ ਆਨੰਦ ਬੰਦਿ[1],
ਸੁ ਦਯੋ ਪੱਤ੍ਰਾ ਗੁਰਿ ਤਈਂ[1]।
ਉਨਿ ਪਢਿ ਸੁਨਾਯੋ ਮਾਤ ਕੋ,
ਸੁਨਿ ਸੋਕ ਅੱਤ੍ਰ[1] ਸੋ ਭਈ ॥੨੬॥
ਜਲ ਧਾਰ ਬਹਿਤਿ ਅਸਾਰ[1] ਨੈਨਨਿ,
ਚੈਨ ਐਨ[1] ਬਿਨਾਸ ਭੀ।
ਭਰਿ ਸ੍ਵਾਸ ਹੋਇ ਨਿਰਾਸ ਮਿਲਨੋ,
ਨੁਖਾ ਸਾਸ[1] ਉਦਾਸ ਭੀ।
ਕੁਮਲਾਇ ਗੀ ਘਬਰਾਇ,
ਬਦਲਾਇ ਗੀ ਤਨ ਕਾਂਤਿ[1] ਹੈ।
ਜਨੁ ਕਾਟਿ ਡਾਰੀ ਬੇਲਿ[1], ਮ੍ਰਿਗੀ
ਸਿੰਘ ਕੀਨੀ ਘਾਤ ਹੈ[1] ॥੨੭॥
ਵਹਿ ਬਾਤ ਬੱਜ੍ਰ-ਪਾਤ ਸੀ[1],
ਸਮ ਤਾਰ ਸਾਬਨ ਫਿਰ ਗਈ।
ਧਰ ਪਰੀ ਖਾਇ ਭਵਾਰਿ[1],
ਚਿੱਠੀ ਸਾਇ[1] ਡਾਇਨ ਜਨੁ ਭਈ।
ਗੁਰ ਦਸਮ ਜੱਦਪਿ ਬਾਲ ਥੇ,
ਪਰ ਮਾਤ ਬਹੁ ਸਮਝਾਈਆ।
ਤੁਮ ਇਤ੍ਰ ਤੀਆ ਸਮ ਨਹੀਂ[1],
ਗੁਰ ਪਤਨੀਆਂ ਅਰੁ ਮਾਈਆਂ ॥੨੮॥
ਬਡ ਭਾਗਨੀ ਤੁਮ ਲਖੋ ਨਿਜ ਕੋ,
ਤਜੋ ਚਿੰਤ ਵਿਚਾਰ ਹੈ।
ਸਿਰ ਦੈਹ ਜਿਨਿ ਕਾ ਪਤੀ ਪੁੱਤ੍ਰ,

[1]ਭਉ (ਜੰਗਲ ਸਾੜਨ ਵਾਲੀ) ਅਗਨੀ।
[1]ਆਪਣੇ ਘਰ ਵਿੱਚ।
[1]ਨਮਸਕਾਰ ਕਰਕੇ।
[1]ਗੁਰੂ ਕਲਗੀਧਰ ਜੀ ਨੂੰ।
[1]ਸ਼ੋਕ ਨਾਲ ਵਿਆਕੁਲ।
[1]ਲਗਾਤਾਰ।
[1]ਸਾਰੀ ਸ਼ਾਂਤੀ।
[1]ਨੂੰਹ ਤੇ ਸੱਸ।
[1]ਚਮਕ, ਸ਼ੋਭਾ।
[1]ਵੇਲ, ਵੱਲ।
[1]ਸ਼ੇਰ ਨੇ ਹਰਨੀ ਮਾਰ ਦਿੱਤੀ।
[1]ਬਿਜਲੀ ਦੇ ਡਿੱਗਣ ਵਾਂਗ ਸੀ।
[1]ਭਵਾਟਣੀ।
[1]ਉਹ।
[1]ਹੋਰ ਇਸਤ੍ਰੀਆਂ ਵਾਂਗ ਨਹੀਂ।

ਹੇਤ ਧਰਮ ਉਪਕਾਰ ਹੈ।
*ਧਰ ਭਗਤ ਦਾਤਾ ਸੂਰਮਾ,

*ਇਨ੍ਹਾਂ ਦੋ ਤੁਕਾਂ ਵਿੱਚ ਤੁਲਸੀ ਜੀ ਰਚਿਤ ਆਮ ਪ੍ਰਚੱਲਤ ਇਕ ਦੋਹਰੇ ਦਾ ਭਾਵ ਹੈ। ਉਹ ਦੋਹਰਾ ਇਹ ਹੈ: ਜਨਨੀ ਜਨੈ ਤਾ ਭਗਤ ਜਨ ਕੈ ਦਾਤਾ ਕੈ ਸੂਰ। ਨਹੀਂ ਤਾਂ ਜਨਨੀ ਬਾਂਝ ਰਹੈ ਕਾਹਿ ਗਵਾਵੈ ਨੂਰ।

ਇਹੁ ਤੀਨ ਹੀ ਨਰ ਸ੍ਰਿਸ਼ਟ ਹੈਂ।
ਇਨ ਬਿਨਾਂ ਔਰੇ ਕੀਟ ਸੇ[1] ਜਨ,
ਲਖੋ ਸਰਬ ਕਨਿਸ਼ਟ[1] ਹੈਂ ॥ ੨੯ ॥

[1]ਕੀੜਿਆਂ ਵਰਗੇ।
[1]ਨੀਚ, ਪਾਮਰ।

ਪੁਨ ਸ਼ਬਦ ਜੋ ਗੁਰ ਪਠੇ ਥੇ,
ਸੋ ਲਗੇ ਦਸਮ ਸੁਨਾਵਨੇ।
ਕਿਰਪਾਲ ਚੰਦ ਮਸੰਦ ਜੇਠੇ,
ਕਰਜੋ ਧੀਰ ਧਰਾਵਨੇ।
ਇਸ ਹੇਤ ਮਾਤੈਂ ਦਿਢ ਬਖਜਾਤੈ,
ਜਗਿ ਸੰਘਾਤੈ ਤੁਛ ਲਖਜੋ[1]।
ਉਤ ਗੁਰੂ ਸਾਨੰਦ ਪਿੰਜਰੇ ਮੈਂ,
ਰਹੇ ਦਿੱਲੀ ਧਰਮ ਰਖਜੋ ॥ ੩੦ ॥

[1]ਜਗਤ ਨੂੰ ਨਾਸ-ਰੂਪ ਤੇ ਤੁੱਛ ਜਾਣਿਆ।

ਪੁਨ ਦਿਲਿ ਦਿਲੇਸ[1] ਦਿਲੀਲ ਬੱਟ[2],
ਉਮਰਾਵ ਗੁਰ ਪੈ ਦ੍ਵੈ ਪਨੇ।
ਉਨਿ ਬਾਤ ਭਾਂਤਿ ਅਨੇਕ ਰਚਿ,
ਭੈ ਲੋਭ ਦੈਨੇ ਬਹੁ ਠਟੇ[1]।
ਲਿਹੁ ਦੀਨ[1], ਕੈ ਦਿਹੁ ਸੀਸ ਅਜ਼ਮਤ,
ਏਕ ਕਰਨੋ ਇਹੁ ਪਵੈ।
ਸੁਖ ਸਦਨ[1] ਬਦਨ ਪ੍ਰਸੰਨ[2], ਕਦਮ
ਕਲੇਸ਼[1], ਛਦਨ ਨ ਜਿਨਿ ਭਵੈ[2] ॥ ੩੧ ॥

[1]ਨੁਰੰਗੇ ਨੇ। [2]ਧਾਰ ਕੇ।
[1]ਕੀਤੇ।
[1]ਇਸਲਾਮ ਧਰਮ।
[1]ਸੁੱਖਾਂ ਦੇ ਘਰ। [2]ਪ੍ਰਸੰਨ ਮੁਖ।
[1]ਕਲੇਸ਼ ਨੂੰ ਕੱਟਣ ਵਾਲੇ। [2]ਜਿਨ੍ਹਾਂ (ਦੇ ਸਰੂਪ) ਦਾ (ਛਦਨ) ਕੱਟਣਾ ਨਹੀਂ ਹੋ ਸਕਦਾ।

ਮਨ ਮਗਨ ਬ੍ਰਹਮਾਨੰਦ ਮੈਂ,
ਲਗ ਰਹੀ ਲਗਨ ਕਰਤਾਰ ਹੈ।
ਗੁਰ ਕਹਜੋ ਦੀਨ ਅਕਾਲ ਕਾ,
ਹਮ ਗਹਜੋ ਔਰ ਨਾ ਧਾਰ ਹੈ।
ਕਰਮਾਤ ਦੈਨੀ ਕਹਿਰ[1] ਹੈ,
ਸੋ ਨਾਹਿਂ ਸੰਤ ਕਮਾਇ ਹੈਂ।

[1]ਉਪੱਦ੍ਰਵ।

ਜਬਿ ਦੂਈ ਦਿਲ ਸੈ ਦੂਰ ਭੀ,
ਤਬਿ ਕਿਆ ਬਨਾਵ[1] ਬਨਾਇ ਹੈਂ ॥ ੩੨ ॥
ਸਿਰ ਦੈਨ ਕੋ ਹੈਂ ਤਿਆਰ, ਲਿਹੁ
ਜਿਮ ਚਾਹਿ, ਹਮ ਨਹਿਂ ਡਰਤ ਹੈਂ।
ਇਹੁ ਚਮ ਚਮਾਰਨਿ ਮਾਰ ਮੱਥੇ,
ਜਾਇ ਭਿਸ਼ਤੈਂ ਬਰਤ ਹੈਂ[1]।
ਇਕ ਦਜੋਸ ਮਰਨੋ ਮੂੰਡਿ[1] ਸਬਿ ਕੇ,
ਅਯੋ ਜੋ ਜਗ ਮਾਂਹਿ ਹੈ।
ਦਿਨ ਚਾਰ ਸ੍ਵਪਨ ਸੰਸਾਰ ਹਿਤ,
ਈਮਾਨ ਖੋਵੈਂ ਕਾਹਿ ਹੈਂ ॥ ੩੩ ॥
ਉਨਿ ਜਾਇ ਭਾਖਜੋ ਸ਼ਾਹਿ ਪੈ,
ਨਹਿਂ ਗੁਰੁ ਡੁਲਾਯੋ ਡੋਲ ਹੈਂ।
ਵਹਿ ਸ਼ਰ੍ਹਾ ਊਪਰ ਚਾਰ ਦਰਜੇ,
ਮਾਰਫਤ[1] ਮੈਂ ਬੋਲ ਹੈਂ।
ਸੁਨਿ ਸ਼ਾਹਿ ਤੱਜਬ ਰਹਾਇ, ਪਰਜੋ
ਕਾਂਹਿ ਔਰੈਂ ਖਿਆਲ ਹੈ।
ਇਤ ਗੁਰੂ ਜਾਨਜੋ ਦੇਹ ਕਾ ਮਮ,
ਢੁਕਜੋ ਢਿਗ ਅਬਿ ਕਾਲ ਹੈ ॥ ੩੪ ॥
ਮੰਗਵਾਇ ਪੈਸੇ ਸਿਰੀ ਫਲ[1],
ਧਰਿ ਧਜਾਨ ਮਾਥ ਝੁਕਾਇ ਕੈ।
ਗੁਰਿ ਦਿਤੇ ਕਰ ਗੁਰਦਿਤੇ ਕੇ[1],
ਇਮ ਕਹਜੋ ਦਿਢ ਸਮਝਾਇ ਕੈ।
ਜਿਮ ਨਾਹਿਂ ਚਿੰਤਾ ਮਾਤ ਕੋ ਹ੍ਵੈ,
ਤੈਸ ਤੁਮ ਸਮਝਾਈਓ।
ਨਹਿਂ ਰੋਕ ਹੈ ਤੁਹਿ ਕੋਇ ਈਹਾਂ,
ਸਮੁਖ ਸਬਿ ਕੇ ਜਾਈਓ ॥ ੩੫ ॥
ਵਹਿ ਨੈਨ ਜਲ ਭਰਿ ਮਾਨਿ ਆਗਜਾ,
ਬੰਦਨਾ ਕਰਿ ਤੁਰਿ ਗਜੋ।
ਪ੍ਰਸੰਨ ਬਦਨ ਗੰਭੀਰ ਦਿਲ ਗੁਰਿ,
ਪਾਸ ਊਦਾ[1] ਸਿਖ ਰਹਜੋ।

[1]ਬਨਾਵਟ।
[1]ਜਾ ਕੇ ਸੁਰਗਾਂ 'ਚ ਰਹਾਂਗੇ।
[1]ਸਿਰ ਤੇ ਹੈ।
[1]ਆਤਮ ਗਿਆਨ 'ਚ।
[1]ਨਲੇਰ।
[1]ਗੁਰਾਂ ਨੇ ਭਾਈ ਗੁਰਦੱਤੇ ਦੇ ਹੱਥ ਦਿੱਤੇ।
[1]ਨਾਮ।

ਪੁਨ ਗੁਰੂ ਤਾਂਈ ਸ਼ਾਹਿ ਨਿਜ ਢਿਗ,
ਬੋਲਿ ਬਹੁਤ ਮਨਾ ਚੁਕਜੋ।
ਗੁਰੁ ਕਹਜੋ ਫਿਰ ਹੈ ਬਚਨ ਨਹਿਂ[1],
ਗਜ ਦਾਂਤ[1] ਨਿਕਸ ਨ ਜਜੋਂ ਲੁਕਜੋ ॥ ੩੬ ॥
ਤੁਮ ਭੀ ਨ ਜੀਵਤ ਰਹੋਗੇ,
ਵਿਚ ਅਗਨਿ ਦੋਜਖ ਦਹੋਗੇ[1]।
ਬਹੁ ਜ਼ੁਲਮ ਕਰਤਿ ਅਨਜਾਇ ਜਜੋਂ,
ਤਜੋਂ ਬਹੁਤ ਹੀ ਦੁਖ ਸਹੋਗੇ।
ਤੁਮਰੋ ਪਿਤੰਦਰ[1] ਜੋ ਪਿਕੰਬਰ,
ਲਾਇ ਲੰਬਰ ਰਖਨ ਕੋ[1]।

[1]ਬਚਨ ਨਹੀਂ ਮੁੜੇਗਾ।
[1]ਹਾਥੀ ਦੇ ਦੰਦ।
[1]ਨਰਕਾਂ 'ਚ ਸੜੋਗੇ।
[1]ਮਾਲਕ।
[1](ਨਰਕ ਤੋਂ) ਰੱਖਣ ਲਈ ਨੰਬਰ ਲਾਵੇਗਾ ਭਾਵ ਗਿਣਤੀ 'ਚ ਰੱਖੇਗਾ।

ਤਬਿ ਸੋ ਭੀ ਤੁਮਰੇ ਸੰਗ ਜੈਹੈ,
ਦੋਜਕੈਂ ਰਸ ਚਖਨ ਕੋ ॥ ੩੭ ॥
ਤਪ ਜੱਗ ਦਾਨ ਮਹਾਨ ਕਰਿ ਕੈ,
ਜੀਵ ਰਾਜ ਲਹਾਇ ਹੈਂ[1]।
ਪਰਮਾਦ ਮਦਰਾ ਪਾਨ ਕਰਿ[1],
ਫਿਰਿ ਨਰਕ ਮੈਂ ਸੋ ਜਾਇ ਹੈਂ।
ਦੁਖ ਦੇਤਿ ਖਲਕੈ ਬਿਨ ਗੁਨਾਹਨਿ,
ਜੋ ਸੰਤਾਵਤਿ ਕਾਂਹਿ ਹੈਂ।
ਤਿਲ ਈਖ ਸਮ[1] ਸੋ ਜਾਂਹਿ ਪੀੜੇ,
ਤਰਫਤੇ ਬਿਲਲਾਹਿ ਹੈਂ[1] ॥ ੩੮ ॥
ਵਹਿ ਲੇਤਿ ਹੈ ਹਿਸਾਬ ਖਾਲਕ[1],
ਦੇਤਿ ਤਾਂਹਿ ਅਜ਼ਾਬ[1] ਹੈ।
ਸੁਨਿ ਸ਼ਾਹਿ ਰਿਸ ਕੈ ਦੁਸ਼ਟਿ,
ਦੀਨੇ ਕਸ਼ਟ ਪੁਸ਼ਟ[1] ਖਰਾਬ ਹੈ।
ਗੁਰੁ ਰਹੇ ਆਨੰਦ ਏਕ ਰਸ,
ਵਹਿ ਹਾਰਜੋ ਝਖ ਮਾਰ ਕੈ।
ਫਿਰ ਲਯੋ ਫਤੁਵਾ[1] ਕਾਜੀਆਂ ਤੈ,
ਕਤਲ ਗੁਰੁ ਕਾ[1] ਹਾਰ ਕੈ ॥ ੩੯ ॥
ਦਿਨ ਪੀਰ ਕੇ[1] ਦੋਪਹਿਰ ਕੋ,

[1]ਖ਼ਲਕਤ ਦਾ ਮਾਲਕ।
[1]ਦੁੱਖ।
[1]ਬਹੁਤੇ।
[1]ਧਾਰਮਕ ਫ਼ੈਸਲਾ।
[1]ਗੁਰਾਂ ਨੂੰ ਕਤਲ ਕਰਨ ਦਾ।
[1]ਵੀਰਵਾਰ ਦੇ ਦਿਨ।

ਹ੍ਵੈ ਕਤਲ ਪੀਰ ਹਿੰਦਾਨ ਕੋ।
ਇਹੁ ਫੇਰਿ ਡੌਂਡੀ, ਦਈ ਟੌਂਡੀ
ਕੇਰ[1], ਨਰਨਿ ਦਿਖਾਨਿ ਕੋ। [1]ਮੁਸਲੀ ਦੇ (ਪੁੱਤਰ) ਨੇ।
ਗੁਰੁ ਥਿਰੇ ਕਾਰਾ-ਗ੍ਰਿਹ ਵਿਖੇ[1], [1]ਜੇਹਲ ਖ਼ਾਨੇ ਵਿੱਚ।
ਪ੍ਰਸੰਨ ਬਦਨ ਮਹਾਂਨ ਹੈਂ।
ਬਹੁ ਰਚੇ ਸ਼ਬਦ ਸਲੋਕ, ਦਾਇ
ਬਿਸੋਕ[1], ਪਦ ਨਿਰਬਾਣ ਹੈਂ[2] ॥ ੪੦ ॥ [1]ਅਨੰਦ ਦੇਣ ਵਾਲੇ। [2]ਦੁਖਰਹਿਤ ਪਦਵੀ (ਦੇਣ ਵਾਲੇ) ਹਨ।

ਤਥਾ ਹੀ
ਜੈਜਾਵੰਤੀ ਮਹਲਾ ੯ ॥
ਰਾਮ ਸਿਮਰਿ ਰਾਮ ਸਿਮਰਿ ਇਹੈ ਤੇਰੈ ਕਾਜਿ ਹੈ ॥
ਮਾਇਆ ਕੋ ਸੰਗੁ ਤਿਆਗਿ ਪ੍ਰਭ ਜੂ ਕੀ ਸਰਨਿ ਲਾਗ ॥
ਜਗਤ ਮੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥੧॥ ਰਹਾਉ ॥
ਸੁਪਨੇ ਜਿਉ ਧਨੁ ਪਛਾਨੁ ॥
ਕਾਹੇ ਪਰ ਕਰਤ ਮਾਨੁ ॥
ਬਾਰੂ ਕੀ ਭੀਤਿ ਜੈਸੇ[1] ਬਸੁਧਾ ਕੋਰਾਜੁ ਹੈ[2] ॥੧॥ [1]ਰੇਤੇ ਦੀ ਕੰਧ ਵਾਂਗ। [2]ਧਰਤੀ ਦਾ ਰਾਜ ਹੈ।
ਨਾਨਕ ਜਨ ਕਹਤ ਬਾਤ ॥
ਬਿਨਸਿ ਜੈਹੈ ਤੇਰੋ ਗਾਤ[1] ॥ [1]ਸ਼ਰੀਰ।
ਛਿਨੁ ਛਿਨੁ ਕਰਿ ਗਇਓ ਕਾਲੁ[1] ਤੈਸੇ ਜਾਤੁ ਆਜੁ ਹੈ ॥੨॥੧॥ [1]ਕੱਲ।
(ਪੰਨਾ ੧੩੫੨)

ਪੁਨਾ
ਸਲੋਕ ਮਹਲਾ ੯ ॥
ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ[1] ਕੀਨ ॥ [1]ਨਿਸਫ਼ਲ।
ਕਹੁ ਨਾਨਕ ਹਰਿ ਭਜੁ ਮਨਾ ਜਿਹਿ ਬਿਧਿ ਜਲ ਕੌ ਮੀਨ[1] ॥੧॥ [1]ਜਿਵੇਂ ਪਾਣੀ ਨੂੰ ਮੱਛੀ (ਯਾਦ ਕਰਦੀ ਹੈ)।
(ਪੰਨਾ ੧੪੨੬)

ਚੌਪਈ:
ਇਤਜਾਦਿਕ ਗੁਰ ਸ਼ਬਦ ਸਲੋਕ।
ਉਚਰੇ ਤਬਿ ਬਹੁ ਦਾਇ ਬਿਸੋਕ।
ਪੁਨ ਨਿਜ ਨਿੰਮ੍ਰਿਤਾ ਪ੍ਰਭੁ ਆਗੈ।
ਬਿਨਤੀ ਕੀਨੀ ਸਹਿ ਵੈਰਾਗੈ ॥੪੧॥
ਦੋਹਰਾ ॥
ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥
ਕਹੁ ਨਾਨਕ ਅਬ ਓਟ ਹਰਿ ਗਜਿ ਜਿਉ ਹੋਹੁ ਸਹਾਇ[1] ॥
[1]ਜਿਵੇਂ ਤੰਦੂਏ ਤੋਂ ਹਾਥੀ ਨੂੰ ਛੁਡਾਇਆ ਸੀ ਤਿਵੇਂ ਸਹਾਇਕ ਹੋਵੋ।
(ਪੰਨਾ ੧੪੨੯)
ਬਿਨਤੀ ਏਹੁ ਜਬੈ ਗੁਰੁ ਕਈ।
ਯਾ ਬਿਧਿ ਤਬਿ ਨਭ ਬਾਨੀ ਭਈ[1]।
[1]ਅਕਾਸ਼ ਬਾਣੀ ਹੋਈ।
ਬਲ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ॥
ਨਾਨਕ ਸਭ ਕਿਛੁ ਤੁਮਰੈ ਹਾਥ ਮੈਂ ਤੁਮ ਹੀ ਹੋਤ ਸਹਾਇ ॥
(ਪੰਨਾ ੧੪੨੯)
ਜਬਿ ਜ੍ਵਾਬ ਇਹੁ ਦਿਯ ਪ੍ਰਭ ਸ੍ਵਾਮੀ।
ਮੁਦਤਿ ਭਏ[1] ਗੁਰੁ ਪੂਰਨ ਕਾਮੀ[2] ॥੪੨॥
[1]ਅਨੰਦ ਹੋ ਗਏ। [2]ਕਾਮਨਾ ਪੂਰੀਆਂ ਕਰਨ ਵਾਲੇ।
ਕੇਚਿਤ[1] ਕਹਿਤਿ ਦਸਮ ਗੁਰੁ ਪਾਸੈਂ।
[1]ਕਈ ਲੋਕ।
ਪ੍ਰਥਮ ਸਲੋਕ ਪਠਜੋ ਗੁਰੁ ਖਾਸੈਂ[1]।
[1]ਆਪ।
ਦੁਤੀ ਸਲੋਕ ਉੱਤ੍ਰ ਦਸਮੇਸੂ।
ਦੀਨੋ ਨੌਮੇ ਗੁਰੈਂ ਵਿਸੇਸੂ ॥੪੩॥
ਹਮ ਇਸ ਕੋ ਭੀ ਮਾਨਤਿ ਸਹੀ।
ਗੁਰੁ ਪ੍ਰਮੇਸ਼ਰ ਏਕੋ ਅਹੀ।
ਅਬਿ ਪ੍ਰਸੰਗ ਸੁਨੋ ਮਨ ਲਾਈ।
ਨੌਰੰਗ ਡੌਂਡੀ ਜਬੈ ਫਿਰਾਈ ॥੪੪॥
ਸੁਨਿ ਦਿਲਵਾਲੀ ਸਿੱਖਨਿ[1] ਠਰਾਈ।
[1]ਦਿੱਲੀ ਦੇ ਸਿੱਖਾਂ ਨੇ।
ਦਰਖਾਸਤ ਢਿਗ ਸ਼ਾਹਿ ਪਠਾਈ।

ਜੇਤਕ ਹੈ ਤੌਫੀਕ[1] ਹਮਾਰੀ। [1]ਸਮਰੱਥਾ।
ਦੈ ਹੈਂ ਜਰ[1] ਗੁਰੁ ਬਦਲੈ ਭਾਰੀ ॥ ੪੫ ॥ [1]ਧਨ।
ਕਹਜੋ ਨੁਰੰਗ ਸਵਾ ਲੱਖ ਲੈ ਹੋਂ।
ਤਬਿ ਮੈਂ ਤੁਮਰੇ ਗੁਰੈਂ ਤਜੈ ਹੋਂ।
ਸਿੱਖਨਿ ਕੀਨ ਰੁਪੱਯਾ ਕੱਠਾ।
ਨੌਮ ਗੁਰੂ ਇਹ ਸੁਨਿ ਕਹਿ ਪੱਠਾ[1] ॥ ੪੬ ॥ [1]ਕਹਿ ਭੇਜਿਆ।
ਹਮ ਹਿਤ ਜੋ ਧਨ ਤੁਰਕੈ ਦੈ ਹੈ।
ਤਿਸ ਕਾ ਲੋਕ ਪ੍ਰਲੋਕ ਨਸੈ ਹੈ।
ਕਿਆ ਗੁਰੁ ਘਰ ਮੈਂ ਸ਼ਕਤੀ ਨਾਹੀਂ।
ਅਜ਼ਮਤ[1] ਦੌਲਤ ਦੈ ਨ ਸਕਾਹੀਂ ॥ ੪੭ ॥ [1]ਕਰਾਮਾਤ।
ਪਰ ਹਮ ਧਰਮ ਹੇਤ ਸਿਰ ਦੈ ਹੈਂ।
ਆਦਿ ਗੁਰੂ ਕਾ ਬਚਨ ਕਮੈ ਹੈਂ।
ਤਨ ਤੋ ਬਿਨਸਨ ਹਾਰੋ ਹੱਯੇ।
ਮੂੰਡ[1] ਕਲੰਕ ਤੂਕੇਸੈਂ ਦੱਯੇ ॥ ੪੮ ॥ [1]ਸਿਰ ਤੇ।
ਹਮਰੀ ਲੀਲਾ ਹਮ ਹੀ ਜਾਨੈਂ।
ਤੁਮ ਕੋ ਚਹੀਏ ਬੀਚ ਨ ਆਨੈ।
ਹੁਕਮ ਗੁਰੂ ਕਾ ਸਿੱਖ ਸੁਨੈ ਕੈ।
ਰਹੇ ਮੌਨ[1] ਧਨ ਧੰਨ ਅਲੈ ਕੈ[2] ॥ ੪੯ ॥ [1]ਚੁੱਪ। [2]ਕਹਿ ਕੇ।
ਪੁਨ ਨੌਰੰਗ ਇਹੁ ਸ੍ਯਾਲ ਅਲਾਯੋ।
ਤੇਗ ਬਹਾਦਰ ਨਾਮ ਧਰਾਯੋ।
ਤੇਗ ਬਹਾਦਰੀ ਤੁਮ ਕਿਆ ਕਰੀ।
ਹਮੈਂ ਬਤਾਵੋ ਸੋ ਅਬਿ ਭਰੀ[1] ॥ ੫੦ ॥ [1]ਚੰਗੀ ਤਰ੍ਹਾਂ।
ਕਹਜੋ ਗੁਰੂ ਤੂੰ ਲਖਤਿ ਨ ਅਰੇ[1]। [1]ਹੇ (ਨੁਰੰਗੇ) ਤੂੰ ਨਹੀਂ ਜਾਣਦਾ।
ਕੋ ਬਹਾਦਰੀ ਸਿਰ ਤੋਂ ਪਰੇ।
ਸੋ ਸਿਰ ਧਰਮ ਹੇਤ ਹਮ ਦੈ ਹੈਂ।
ਜੇ ਗੀਦੀ ਤੂੰ ਇਹੁ ਨਾ ਲਖੈ ਹੈਂ ॥ ੫੧ ॥
ਤੋ ਇਕ ਔਰ ਪਰਖ ਲੈ ਅਬੈ।
ਗਰ ਮਮ[1] ਕਟੈ ਤੇਗ ਨਹਿਂ ਕਬੈ। [1]ਮੇਰੀ ਗਰਦਨ ਨੂੰ।
ਸੁਨਿ ਨੌਰੰਗ ਨੌਰੰਗ[1] ਇਹ ਬਾਨੀ। [1]ਨਵੇਂਰੰਗ ਦੀ।
ਕਰਾਮਾਤ ਦੇਵਤਿ ਅਬਿ ਜਾਨੀ[1] ॥ ੫੨ ॥ [1]ਜਾਣਿਆ ਹੈ।

ਤੇਗ ਬੇਗ ਖਰ[1] ਤੁਰਕਿ ਮੰਗਾਈ।
ਸੱਯਦ ਦੀਨ ਜਲਾਲਹਿ ਦਜਾਈ[1]।
ਹੁਤੋ ਸੁ ਬਿਦਜਾ ਬਲ ਮੈਂ ਪੂਰੋ।
ਕਹਜੋ ਜਾਹੁ ਗਰ ਕਾਟ ਜਰੂਰੋ ॥ ੫੩ ॥
ਇਤ ਸਤਿਗੁਰ ਕਰਿ ਕੈ ਇਸ਼ਨਾਨਾ।
ਬਸਤਰ ਪਹਿਰੇ ਅਤਰ ਲਗਾਨਾ।
ਕੂਪ ਨਿਕਟ ਤਰੁ ਬਟ* ਕੇ ਤਰੇ[1]।

[1]ਛੇਤੀ ਤਿੱਖੀ ਤਲਵਾਰ।

[1]ਦੇ ਦਿੱਤੀ।

[1]ਖੂਹ ਦੇ ਨੇੜੇ ਬੋਹੜ ਦੇ ਦਰੱਖ਼ਤ ਹੇਠ। *ਇਹ ਉਹ ਥਾਂ ਹੈ ਜਿੱਥੇ ਹੁਣ ਗੁਰਦੁਆਰਾ ਸੀਸ ਗੰਜ ਹੈ ਤਦੋਂ ਇਹ ਕੋਤਵਾਲੀ ਦਾ ਹੀ ਹਿੱਸਾ ਸੀ। ਬੋਹੜ ਦਾ ਇਹ ਦਰੱਖ਼ਤ ੧੯੩੦ ਈ. ਤੱਕ ਹਰਿਆ ਰਿਹਾ ਪਰ ਸ਼ੋਕ ਕਿ ੧੯੩੦ ਈ. ਵਿੱਚ ਗੁਰਦੁਆਰਾ ਸੀਸ ਗੰਜ ਦੀ ਨਵੀਂ ਇਮਾਰਤ ਉਸਾਰਦਿਆਂ ਸੁੱਕ ਗਿਆ। ਹੇਠ ਭੋਰੇ ਵਿੱਚ ਉਸ ਬ੍ਰਿੱਛ ਦਾ ਮੁੱਢ ਯਾਦਗਾਰ ਵਜੋਂ ਹੁਣ ਤੱਕ ਕਾਇਮ ਹੈ।

ਪਦਮਾਸਨ ਕਰਿ ਬੈਠੇ ਭਰੇ[1] ॥ ੫੪ ॥
ਧਜਾਨ ਭਜਨ ਜਿਮ ਕਰਤਿ ਹਮੇਸ਼ੈਂ।
ਕੀਨੋ ਥਿਰੁ ਕਰਿ[1] ਤੈਸ ਬਿਸੇਸੈਂ[2]।
ਪੁਨ ਭਾਈ ਊਦੇ* ਪ੍ਰਤਿ ਕਹਜੋ।

[1]ਭਲੀ ਤਰ੍ਹਾਂ।

[1]ਬੈਠ ਕੇ। [2]ਬਹੁਤਾ।

*ਕਵੀ ਜੀ ਨੇ ਆਪਣੀ ਰਚਿਤ ਪੁਸਤਕ 'ਤਵਾਰੀਖ਼ ਗੁਰੂ ਖ਼ਾਲਸਾ' ਛਾਪਾ ਪੱਥਰ ਦੇ ਪੰਨਾ ੨੯੧ 'ਤੇ ਲਿਖਿਆ ਹੈ ਕਿ 'ਏਸੇ ਅਫੜਾ-ਦਫੜੀ ਵਿੱਚ ਭਾਈ ਜਿਉਣ ਨਾਮੀ ਮਜ਼ਬੀ ਸਿੱਖ ਨੇ ਐਸੀ ਚਲਾਕੀ ਕੀਤੀ ਕਿ ਸਭਨਾਂ ਦੀ ਅੱਖੀਂ ਘੱਟਾ ਪਾ ਕੇ ਸੀਸ ਉਠਾ ਕੇ ਅਨੰਦਪੁਰ ਨੂੰ ਤੁਰ ਗਿਆ।' ਅੱਗੇ ਜਾ ਕੇ ੨੯੨ ਪੰਨੇ 'ਤੇ ਲਿਖਦੇ ਹਨ ਕਿ 'ਓਧਰ ਜਦ ਨੌਮ ਗੁਰੂ ਦਾ ਸੀਸ ਅਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਪਹੁੰਚਜਾ ਤਾਂ ਉਨ੍ਹਾਂ ਨੇ ਸੀਸ ਦਾ ਸਸਕਾਰ ਕੀਤਾ ਤੇ ਰੰਘਰੇਟੇ ਨੂੰ 'ਰੰਘਰੇਟੇ ਗੁਰੂ ਕੇ ਬੇਟੇ' ਦਾ ਵਰ ਦਿੱਤਾ ਤੇ ਭਾਈ ਜੈਤੇ ਨੂੰ ਸੰਤ ਪਦਵੀ ਬਖ਼ਸ਼ੀ'।

ਹਮਰੇ ਨਿਕਟ ਖੜੇ ਤੁਮ ਰਹਜੋ ॥ ੫੫ ॥
ਸਿਰ ਹਮਰਾ ਧਰ ਤੇ[1] ਹ੍ਵੈ ਨਿਆਰਾ।
ਐਹੈ ਤੁਮਰੇ ਬਸਨ ਮੰਝਾਰਾ[1]।
ਤੁਮ ਅਨੰਦਪੁਰਿ ਕੋ ਲੈ ਜੱਯੋ।
ਪਿਖੈ ਨ ਕੋਇ ਨਿਸੰਗ ਰਹੱਯੋ ॥ ੫੬ ॥
ਇਤਨੇ ਮੈਂ ਸੱਯਦ ਚਲਿ ਆਯੋ।
ਨੌਰੰਗ ਨੌਰੰਗ[1] ਹੁਕਮੁ ਸੁਨਾਯੋ।

[1]ਧੜ ਤੋਂ।

[1]ਬਸਤ੍ਰ ਵਿੱਚ।

[1]ਨਵੇਂਰੰਗ ਦਾ ਭਾਵ ਸ਼ਹੀਦੀ ਦਾ।

ਸੁਨਿ ਖੁਸ਼ ਹ੍ਵੈ ਗੁਰਿ ਐਸ ਅਲਾਯੋ।
ਭਲੋ ਸਮਾਂ ਇਹੁ ਹਮੈਂ ਸੁਹਾਯੋ ॥ ੫੭ ॥
ਪੇਖਨਿ ਹਿਤ ਖਲਕਤ ਬਹੁ ਆਈ।
ਤਬਿ ਗੁਰ ਬਾਨੀ ਏਹੁ ਅਲਾਈ।
ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ
॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥
(ਪੰਨਾ ੮੪੬)
ਇਹੁ ਤੁਕ ਪਢਿ ਜਬਿ ਗੁਰ ਸਿਰ ਨਾਯੋ[1]। [1]ਸਿਰ ਨਿਵਾਇਆ।
ਪਰੰਬ੍ਰਹਮ ਸੈਂ ਧਜਾਨ ਧਰਾਯੋ[1] ॥ ੫੮ ॥ [1]ਆਪਣਾ ਧਿਆਨ ਪਾਰਬ੍ਰਹਮ ਵਿੱਚ ਜੋੜਿਆ।
ਤੇਗ ਬੇਗ[1] ਜੱਲਾਦ ਉਠਾਯੋ। [1]ਛੇਤੀ।
ਧਰ ਤੇ[1] ਸਿਰ ਨਜਾਰਾ ਦਰਸਾਯੋ। [1]ਧੜ ਤੋਂ।
ਬਾਰ[1] ਗਯੋ ਖਾਲੀ ਤਿਸ ਕੇਰਾ। [1](ਤਲਵਾਰ ਦਾ) ਵਾਰ।
ਮਾਚਯੋ ਹਾਹਾ ਕਾਰ ਬਧੇਰਾ ॥ ੫੯ ॥
ਅਕਸਮਾਤ[1] ਤੂਫਾਨ ਭੁਚਾਲਾ। [1]ਅਚਾਨਕ।
ਆਯੋ, ਹੋਯੋ ਸਬਦ ਕਰਾਲਾ[1]। [1]ਡਰਾਉਣਾ।
ਸਿਖਿ ਸੀਸ ਝੱਟ ਲਯੋ ਉਠਾਹੀ।
ਮਗਿ[1] ਪਗ ਦਯੋ ਨ ਪੇਖਯੋ ਕਾਂਹੀਂ ॥ ੬੦ ॥ [1]ਰਸਤੇ 'ਚ।
ਨਭ ਸਭ ਅਗਨਿ ਰੂਪ ਦਰਸਯੋ।
ਲੋਗਨ ਕੇ ਦਿਲ ਪਰ ਗਮ ਛਯੋ।
ਹਹਿਰ[1] ਸ਼ਹਿਰ ਮੈਂ ਪਰਗੋ ਪੀਨਾ[2]। [1]ਡਰ ਸਹਿਤ ਕਾਂਬਾ। [2]ਤਕੜਾ।
ਨੌਰੰਗ ਕਹਿਰ ਜ਼ਹਿਰ[1] ਬਡ ਕੀਨਾ ॥ ੬੧ ॥ [1]ਜ਼ਹਿਰ ਵਰਗਾ ਜ਼ੁਲਮ।
ਦੇਵਨਿ ਜੈ ਜੈਕਾਰ ਮਨਾਏ।
ਜਾਨਯੋ ਅਬਿ ਤੁਰਕਨਿ ਜਰ[1] ਜਾਏ। [1]ਜੜ੍ਹ।
ਚਢਿ ਬਿਵਾਨ ਪਰ ਚਾਲੇ ਗੁਰੂ।
ਉਨਿ ਮੰਗਲ ਗਾਨਾ ਕੀਆ ਸ਼ੁਰੂ ॥ ੬੨ ॥
ਸੰਖ ਬਜਾਵਤਿ ਫੂਲ ਬਰਖਾਵਤ।
ਦੇਵ ਨਟੀ ਨ੍ਰਿਤਤਿ[1] ਗੁਨ ਗਾਵਤਿ। [1]ਦੇਵਤਿਆਂ ਦੀਆਂ ਨਾਚੀਆਂ ਨੱਚਦੀਆਂ ਹਨ।
ਸੱਚ ਖੰਡ ਮੈਂ ਗੁਰਹਿਂ ਪੁਚਾਏ।
ਨਿਜ ਨਿਜ ਪੁਰਿ ਬੰਦਨ ਕਰਿ ਆਏ ॥ ੬੩ ॥

ਰਿਖਿ ਮੁਨਿ ਭਗਤਿ ਗੁਰੂ ਜਗਤੇਸੈਂ[1]। [1]ਗੁਰੂਆਂ ਤੇ ਪ੍ਰਮੇਸ਼ਰ ਨੇ।
ਇਨਿ ਕਾ ਕਿਯ ਸਿਤਕਾਰ ਬਿਸੇਸੈਂ।
ਕਹਯੋ ਜੈਸ ਤੁਮ ਕਰਨੀ ਕੀਨੀ।
ਕੌਨ ਸਕੈ ਕਰਿ ਐਸੀ ਪੀਨੀ ॥ ੬੪ ॥
ਸ੍ਰੀ ਗੁਰ ਆਦਿ[1] ਨਿਕਟ ਬੈਠਾਯੋ। [1]ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ।
ਅਜਰ[1] ਅਮਰ ਅਬਚਲ ਪਦ ਪਾਯੋ। [1]ਜਰਨ ਤੋਂ ਰਹਿਤ।
ਤੀਨੋ ਸਿੱਖ ਗੁਰੂ ਸੰਗ ਗਏ।
ਆਦਰ ਠੌਰ ਪਾਵਤੇ ਭਏ ॥ ੬੫ ॥
ਦੋਹਰਾ:
ਗੁਰਿ ਦਾਸਨਿ ਅਰੁ ਗੁਰੂ ਕੀ,
ਮਹਿਮਾ ਅਪਰ ਅਪਾਰ।
ਅਬਿ ਇਤ ਦਿਸ ਕੀ ਪ੍ਰੇਮ ਧਰਿ,
ਗਾਥਾ ਸੁਨੋ ਉਦਾਰ ॥ ੬੬ ॥
ਚੌਪਈ:
ਧਰ ਤੈ ਜੁਦਾ ਭਯੋ ਸਿਰ ਜਬੈ।
ਅਯੋ ਤੁਫਾਨ ਮੁੰਦੇ ਦ੍ਰਿਗ ਸਬੈ[1]। [1]ਸਾਰਿਆਂ ਦੇ ਨੇਤ੍ਰ ਬੰਦ ਹੋ ਗਏ।
ਪੁਨ ਜਬਿ ਜਮਾਂਦਾਰ ਕੁਤਵਾਲੈਂ।
ਸਿਰ ਨਹਿਂ ਪਾਯੋ ਡਰੇ ਬਿਸਾਲੈਂ ॥ ੬੭ ॥
ਚਿੱਠੀ ਡਿੱਠੀ ਇਕ ਤਹਿਂ ਪਰੀ।
ਬੰਧੀ ਡੋਰੈਂ ਸੰਗ ਨਿਹਰੀ।
ਦਈ ਸ਼ਾਹਿ ਕੋ ਹਾਲ ਸੁਨਾਯੋ।
ਕਹਯੋ ਸ਼ਾਹਿ ਗੁਰੁ ਕੂਰ ਅਲਾਯੋ[1] ॥ ੬੮ ॥ [1]ਝੂਠ ਕਿਹਾ ਹੈ।
ਹਮਰਾ ਸਿਰ ਨ ਤੇਗ ਸੰਗ ਕਟ ਹੈ।
ਸੋ ਤੋ ਕਟਯੋ ਦੇਰ ਬਿਨ ਝਟ ਹੈ।
ਸੱਯਦ ਕਹਯੋ ਪੀਰਿ ਸਚ ਰਰਯੋ[1]। [1]ਕਿਹਾ ਹੈ।
ਬਿਨਾ ਕਾਟਨੇ ਤੇ ਸਿਰ ਗਿਰਯੋ ॥ ੬੯ ॥
ਚਿੱਠੀ ਪਢੀ ਤੁ ਇਹੁ ਨਿਕਸਯੋ।
ਸੀਸ ਦਯੋ ਪਰ ਸਿਰੜ[1] ਨ ਦਯੋ। [1]ਹਠ।
ਆਇ ਪੁਗਯੋ ਥਾ ਦਿਵਸ ਹਮਾਰਾ।
ਦਿਯ ਕਲੰਕ ਤੁਰਕੇਸਹਿਂ ਭਾਰਾ ॥ ੭੦ ॥

ਚੰਮ ਚਮਾਰਨ ਮੱਥੇ ਮਾਰਾ।
ਜਸ ਜਗਿ ਪਾਯੋ ਭਿਸ਼ਤ ਉਦਾਰਾ।
ਇਹੁ ਸੁਨਿ ਨੌਰੰਗ ਬਹੁ ਪਛੁਤਾਯੋ।
ਫਿਰ ਕੁਤਵਾਲਹਿਂ ਐਸ ਅਲਾਯੋ ॥ ੭੧ ॥
ਸਿਰ ਕੋਊ ਸਿਖ ਹੀ ਲੈ ਗਯੋ।
ਭੀਰ ਜਨਨਿ ਮੈਂ[1] ਨਾਂਹਿ ਲਖਯੋ।
ਕਹੋ ਅਬੈ ਸਿਖ ਸਿਦਕੀ ਜੋਈ।
ਧੜ ਲੇ ਜਾਇ ਜਲਾਵੈ ਸੋਈ ॥ ੭੨ ॥
ਜਬਿ ਵਹਿ ਐਹੈ ਤਬਿ ਤਿਹ ਫਰੀਓ।
ਸੀਸ ਬਤੈਹੈ ਨਤੁ ਤਹ ਹਰੀਓ[1]।
ਚੌਂਕ ਚਾਨਣੀ ਬੀਚ ਬਜਾਰਾ।
ਧੜ ਗੁਰੁ ਕਾਰਖ ਵਹੀਂ ਉਚਾਰਾ ॥ ੭੩ ॥
ਸਿੱਖ ਭੀ ਘਾਤ[1] ਤੁਰਕ ਕੀ ਪਾਹੈ[2]।
ਰਹੇ ਖਮੋਸ਼[1] ਦੋਸ਼ ਦੈਂ ਸ਼ਾਹੈ।
ਦੁਖਤਿ ਦੇਤਿ ਗਾਰੀ ਬਿਬਿਧੈ ਹੈਂ[1]।
ਕੈਹੈਂ ਜਰ ਤੁਰਕਨਿ ਅਬਿ ਜੈ ਹੈ ॥ ੭੪ ॥
ਨਰ ਨਾਰੀ ਮਗ ਜਾਇ ਜੁ ਓਸੈਂ।
ਮਨ ਹੀ ਮਨ ਨੌਰੰਗ ਕੋ ਕੋਸੈਂ[1] ॥ ੭੫ ॥

[1]ਲੋਕਾਂ ਦੀ ਭੀੜ ਵਿੱਚ।

[1]ਨਹੀਂ ਤਾਂ ਉਸ ਨੂੰ ਮਾਰ ਦਿਉ।

[1]ਦਾਅ। [2]ਪਾ ਕੇ ਭਾਵ ਸਮਝ ਕੇ।

[1]ਚੁੱਪ।

[1]ਅਨੇਕ ਤਰ੍ਹਾਂ ਦੀਆਂ।

[1]ਨਿੰਦਦੇ ਹਨ।

ਦੋਹਰਾ:
ਸਿੱਖ ਲਬਾਣਾ ਹੁਤੋ ਇਕ,
ਲੱਖੀ ਨਾਮ ਉਦਾਰ।
ਬੈਲ ਲਦਨੀਏ ਗਾਡੀਆਂ[1],
ਤਿਸ ਕੇ ਚਲਤਿ ਅਪਾਰ ॥ ੭੬ ॥
ਚੂਨਾ ਦੈ ਸੋ ਕਿਲੇ ਮੈਂ,
ਆਯੋ ਜਬਿ ਤਿਸ ਠੌਰ।
ਰੌਰ ਗੌਰ ਨਿਜ ਤੌਰ ਕਰਿ,
ਭੀਰ ਭਾਰ ਬਡ ਔਰ[1] ॥ ੭੭ ॥

[1]ਭਾਰ ਲੱਦਣ ਵਾਲੇ ਬੈਲ ਤੇ ਗੱਡੀਆਂ।

[1]ਆਪਣੇ ਢੰਗ ਨਾਲ ਬਹੁਤਾਰੌਲਾ ਕੀਤਾ ਅਤੇ ਹੋਰ ਵੀ ਬਹੁਤ ਭਾਰੀ ਭੀੜ ਸੀ।

ਚੌਪਈ:
ਸੰਧਜਾ ਪਰੀ ਛਯੋ ਤਮ[1] ਸਾਰੇ।

[1]ਅਨ੍ਹੇਰਾ।

ਪਹਰੂ ਗਰਦ ਭੀੜ ਕੇ ਮਾਰੇ।
ਟਾਂਡਾ[1] ਸਿੱਖ ਕਾ ਅਧਿਕ ਜੁ ਆਯੋ। [1]ਭਾਰ ਚੁੱਕਣ ਵਾਲੇ ਬੈਲਾਂ ਜਾਂ ਗੱਡੀਆਂ ਦਾ ਝੁੰਡ।
ਗੁਰ ਮਨਾਇ ਕਰਿ ਧਰ ਉਨਿ ਚਾਯੋ[1] ॥ ੭੮ ॥ [1]ਉਨ੍ਹਾਂ ਨੇ ਧੜ ਚੁੱਕ ਕੇ।
ਗਾਡੀ ਪੈ ਧਰ ਸਿਦਕ ਰਖਾਏ[1]। [1]ਗੱਡੀ ਉੱਪਰ ਸਿਦਕ ਨਾਲ ਧੜਰੱਖਿਆ।
ਛੇੜੇ ਬਲਦ ਸੁ ਜਲਦ ਚਲਾਏ।
ਦੁਤੀ ਸੰਗੀਯਨ ਕੋ ਕਹਿ ਗਯੋ।
ਬੈਲ ਲਖਾਵਤਿ[1] ਦੇਰ ਲਗਯੋ[2] ॥ ੭੯ ॥ [1]ਲੰਘਾਉਂਦਿਆਂ। [2]ਲਾ ਦਿਆ ਜੇ।
ਜਾਇ ਰਕਾਬ ਗੰਜ ਉਨਿ ਘਰ ਹੈ।
ਲਕਰੀ ਬਹੁ ਛੱਪਰ ਮੈਂ ਧਰ ਹੈ।
ਕਰਿ ਪਰਜ੍ਵਲਤਿ ਆਗ[1] ਉਨਿ ਗਾਯੋ। [1]ਅੱਗ ਬਾਲ ਕੇ।
ਲਗੀ ਆਗ ਕੋਊ ਨਿਕਟ ਨ ਆਯੋ ॥ ੮੦ ॥
ਟਾਂਡਾ ਤਿਸ ਕਾ ਲਖਤ ਰਹਾਯੋ[1]। [1]ਲੰਘਦਾ ਰਿਹਾ।
ਪਾਂਚ ਘੜੀ ਲੌ ਭੇਤ ਨ ਪਾਯੋ।
ਪੀਛੇ ਜਬੈ ਪਹਿਰੂਅਨਿ ਹੇਰਾ।
ਦੇਹ ਨ ਪਾਯੋ ਸਤਿਗੁਰੁ ਕੇਰਾ ॥ ੮੧ ॥
ਸ਼ੁਭਾ[1] ਨ ਬਨਜਾਰਜੋਂ ਪਰ ਧਾਰੇਂ[2]। [1]ਸ਼ੱਕ। [2]ਨਹੀਂ ਕਰਦੇ।
ਯੁਤ ਕੁਤਵਾਲ ਖੋਜ ਹੈਂ ਸਾਰੇ।
ਪੁਨਾ ਏਕ ਕਾਜੀ ਕੇ ਕਹੇ।
ਅਏ ਰਕਾਬ ਗੰਜ ਸਬਿ ਵਹੇ[1] ॥ ੮੨ ॥ [1]ਉਹ।
ਲਗੀ ਆਗ ਪਿਖਿ ਮਨ ਬਿਸਮਾਏ।
ਖਬਰ ਪੁਚਾਈ ਸ਼ਹਿ ਢਿਗ ਆਏ।
ਸਿਰ ਸਮ ਧੜ ਭੀ ਗਾਯਬ[1] ਭਯੋ। [1]ਗੁਪਤ।
ਕੋਊ ਫਰਿਸ਼ਤਾ ਚੁੱਕ ਲੈ ਗਯੋ ॥ ੮੩ ॥
ਰਹੇ ਮਾਰ ਝਖ ਹਾਰ ਸਬੈ ਹੀ।
ਪਤੋ ਸੁਰਾਖ[1] ਨ ਕਿਤੈ ਲਭੈਹੀ। [1]ਪੈੜ, ਖੋਜ।
ਇਹ ਸੁਨਿ ਪੁਨਾ ਸ਼ਹਿ ਤੱਜਬ ਰਹਾ।
ਪੀਰ ਖੁਦਾ ਢਿਗ ਪਹੁੰਚਜੋ ਕਹਾ ॥ ੮੪ ॥
ਆਫਤ[1] ਕੋਊ ਹਮ ਪਰ ਲਜਾਵੈ। [1]ਬਿਪਤਾ।
ਭਯੋ ਬੁਰਾ ਨੌਰੰਗ ਪਛੁਤਾਵੈ।
ਨੌਰੰਗ ਜਬਿ ਮਹਿਲੋਂ ਮੈਂ ਸੋਵੈ।

ਡਰਿ ਡਰਿ ਉਠੈ ਬਜਾਕੁਲ ਹੋਵੈ ॥ ੮੫ ॥
ਕਹੈ ਸਿੱਖ ਮੁਝ ਕੋ ਹੈਂ ਮਾਰਤਿ।
ਦਿੱਲੀ ਮੈਂ ਸੇ ਬਹਿਰ[1] ਨਿਕਾਰਤਿ। [1]ਬਾਹਰ।
ਕਾਜੀ ਪਾਜੀ[1] ਮੁੱਲਾਂ ਹਾਜੀ। [1]ਝੂਠੇ।
ਹਾਰ ਰਹੇ ਕਰਿ ਜਤਨ ਦਰਾਜੀ[1] ॥ ੮੬ ॥ [1]ਬਹੁਤੇ।
ਕਈ ਰੋਜ ਦੁਖ ਪਾਇ ਮਹਾਹੀਂ।
ਆਖਰ ਦਿੱਲੀ ਛੋਰੀ ਤਾਹੀਂ।
ਜੋਰ ਮਰਹੱਟਜੋਂ ਨੇ ਬਡ ਪਾਯੋ।
ਨੌਰੰਗ ਕਾ ਬਹੁ ਮੁਲਕ ਦਬਾਯੋ ॥ ੮੭ ॥
ਲਾਖੋਂ ਤੁਰਕ ਕਤਲ ਕਰਿ ਡਾਰੇ।
ਕਰਿ ਕਰਿ ਜੰਗ ਅਭੰਗ[1] ਅਪਾਰੇ। [1]ਲਗਾਤਾਰ।
ਰਜਧਾਨੀ ਪੂਨੇ ਸਾਤਾਰੇ।
ਠਾਣੀ[1] ਉਨੈ ਮਹਾਨੀ ਭਾਰੇ ॥ ੮੮ ॥ [1]ਬਣਾਈ।
ਸੇਵਾ ਜੀ ਨਿਜ ਰਾਜਾ ਥਾਪਜੋ।
ਦਲ ਬਲ ਮੁਲਕ ਸ਼ਾਹਿ ਕਾ ਖਾਪਜੋ[1]। [1]ਫੌਜ ਦੇ ਜ਼ੋਰ ਨਾਲ ਬਾਦਸ਼ਾਹ ਦਾ ਮੁਲਕ ਦਬਾ ਲਿਆ।
ਤੀਸ ਬਰਸ ਉਸ ਮੁਲਕ ਮਝਾਰੇ।
ਨੌਰੰਗ ਲਰਤੋ ਫਿਰਜੋ ਅਪਾਰੇ ॥ ੮੯ ॥
ਪੂਰਬ ਦਿਸ ਤੇ ਲੋਗ ਪੰਡਾਰੇ[1]। [1]ਜ਼ਾਤ ਦੇ।
ਨੌਰੰਗ ਕੋ ਕਰਿ ਰਹੇ ਲਚਾਰੇ[1]। [1]ਦੁਖੀ।
ਜਿਸ ਦਿਨ ਤੈ ਸਤਿਗੁਰੁ ਸਿਰ ਦੀਓ।
ਨੌਰੰਗ ਬਿਪਤਾ ਹੀ ਮੈਂ ਜੀਓ ॥ ੯੦ ॥
ਇਕ ਤੋ ਮਰਜ਼ ਦਮਕਸ਼ੀ[1] ਬਜਾਪੀ। [1]ਦਮੇ ਦੀ ਬੀਮਾਰੀ।
ਨਿਸ ਦਿਨ ਖੋਂ ਖੋਂ ਕਰਿ ਹੈ ਪਾਪੀ।
ਖਾਣਾ ਪਚੇ ਨਾ ਲਗੇ ਦੁਆਈ।
ਮਰਜੋ ਮੁਹਿੰਮਨਿ ਮੈਂ ਦੁਖ ਪਾਈ ॥ ੯੧ ॥
ਜਾਂ ਦਿਨ ਤੇ ਗੁਰੁ ਸਾਕਾ ਕਯੋ।
ਬਿਪਤਾ ਵਿਚ ਹੀ ਨੌਰੰਗ ਰਹਜੋ।
ਹਿੰਦੂ ਤੁਰਕ ਨ ਕਰਨਾ ਪਾਯੋ।
ਤੱਗ[1] ਤਿਲਕ ਗੁਰੁ ਰੱਖ ਦਿਖਾਯੋ ॥ ੯੨ ॥ [1]ਜਨੇਊ।
ਦਸਮ ਗੁਰੂ ਦਿਸ ਕੀ ਅਬਿ ਗਾਥਾ।

ਸੁਨੀਏ ਪ੍ਰੇਮੀ ਜਨ ਹਿਤ ਸਾਥਾ।
ਭਾਈ ਗੁਰਦਿੱਤਾ ਗੁਰਿਆਈ।
ਲੈ, ਪਹੁੰਚਜੋ ਜਬਿ ਉਨਿ ਢਿਗ ਜਾਈ ॥ ੯੩ ॥
ਉਸੀ ਦਿਵਸ ਦਿਢ ਸਭ ਨੇ ਜਾਨਾ।
ਨੌਮ ਗੁਰੂ ਅਬਿ ਤਜ ਹੈਂ ਪ੍ਰਾਨਾ।
ਸ਼ੋਕਾਤ੍ਰ[1] ਸਭਿ ਕੇ ਮਨ ਹੋਏ। [1]ਸ਼ੋਕ ਨਾਲ ਦੁਖੀ।
ਬਡੀ ਮਾਤ ਤੋ ਨਿਸ ਦਿਨ ਰੋਏ ॥ ੯੪ ॥
ਅਨਿਕ ਭਾਂਤਿ ਕੀ ਬਾਤ ਰਚੈ ਕੈ[1]। [1]ਬਣਾ ਕੇ।
ਰਾਖੈਂ ਦਸਮੇਸਰ ਪਰਚੈ ਕੈ।
ਜਿਸ ਦਿਨ ਦਿੱਲੀ ਗੁਰੁ ਤਨ ਤਜਜੋ।
ਤਿਸ ਦਿਨ ਇਤ ਇਮ ਦਸਮੇਂ ਸਜਜੋ[1] ॥ ੯੫ ॥ [1]ਦਸਵੇਂ ਗੁਰਾਂ ਕੀਤਾ।
ਤਜਿ ਪ੍ਰਯੰਕ ਭੂਮਿ ਪਰ ਥਿਰੇ।
ਸ਼ੋਕਾਤ੍ਰ ਹ੍ਵੈ ਜਲ ਦ੍ਰਿਗ ਭਰੇ।
ਉਭੈ ਮਾਤ ਢਿਗ ਘਰ ਮਹਿ ਗਏ।
ਦਿਲ ਬਹਿਲਾਵਤਿ ਉਨ ਕਾ ਭਏ[1] ॥ ੯੬ ॥ [1]ਉਨ੍ਹਾਂ ਦਾ ਦਿਲ ਪ੍ਰਚਾਇਆ।
ਸ੍ਰੀ ਗੁਜਰੀ ਨਿਜ ਸ੍ਵਪਨ ਸੁਨਾਯੋ।
ਸਰਪ ਸਜਾਮ[1] ਮਮ ਅੰਗ ਚਬਾਯੋ। [1]ਕਾਲੇ ਸੱਪ ਨੇ।
ਸਿਰ ਧਰ[1] ਪਿਤਾ ਤੁਮਾਰੇ ਕੇਰਾ। [1]ਧੜ।
ਜੁਦਾ ਭਯੋ ਪੁਨ ਮੈਂਹੂੰ ਹੇਰਾ ॥ ੯੭ ॥
ਸ੍ਰੀ ਨਾਨਕ ਜੀ ਭਵੈਂ ਸਹਾਈ।
ਹੋਇ ਕੂਰ ਮਮ ਸ੍ਵਪਨ ਇਤਾਈ[1]। [1]ਇਹ।
ਜੱਦਪਿ ਬਾਲਕ ਲੀਲਾ ਕਰਿ ਕੈ।
ਪਰਚਾਵੈਂ ਮਾਤਹਿਂ ਦਿਲ ਧਰਿ ਕੈ[1] ॥ ੯੮ ॥ [1]ਦਿਲ ਧਰਾਉਣ ਵਾਸਤੇ।
ਤੌ ਭੀ ਦੋਊ ਮਾਤ ਦੁਖਾਰੀ।
ਪੁਨ ਪੁਨ ਨੌਮੇਂ ਗੁਰਹਿਂ ਚਿਤਾਰੀ।
ਊਠਤਿ ਬੈਠਤਿ ਜਲ ਦ੍ਰਿਗ ਡਾਰੈਂ।
ਸ਼ੋਕਾਤ੍ਰ ਦਿਸ ਦ੍ਵਾਰ ਨਿਹਾਰੈਂ ॥ ੯੯ ॥
ਇਤਨੇ ਮੈਂ ਗੁਰੁ ਨੌਮੇ ਕੇਰਾ।
ਲੈ ਸਿਰ ਪਹੁੰਚਜੋ ਸਿਖ ਤਿਸ ਬੇਰਾ।
ਖਬਰ ਦਈ ਜਨੁ ਬੱਜਰ[1] ਮਾਰਾ। [1]ਇੰਦ੍ਰ ਦੀ ਗਦਾ।

ਪੁਰਿ ਮੈਂ ਮਾਚਜੋ ਹਾਹਾ ਕਾਰਾ ॥ ੧੦੦ ॥
ਉਭੈ[1] ਮਾਤ ਸੁਨਿ ਮੁਰਛਿਤ[2] ਭਈ।
ਕਟੀ ਲੱਤਾ ਸਮ[1] ਅਤਿ ਕੁਮਲਈ।
ਸ਼ੋਕ ਸਿੰਘ ਜਨੁ ਅਜਾ ਗਹਾਨੀ[1]।
ਤਰਫੈ ਮੀਨ ਜੈਸ ਬਿਨੁ ਪਾਨੀ ॥ ੧੦੧ ॥
ਬਰਨ ਬਿਬਰਨ ਛੀਨ ਛਬਿ ਹੋਈ[1]।

[1]ਦੋਵੇਂ। [2]ਬੇਹੋਸ਼।
[1]ਵੇਲ ਵਾਂਗ।
[1]ਜਾਣੋ ਸ਼ੋਕ ਦੇ ਸ਼ੇਰ ਨੇ ਬੱਕਰੀ ਪਕੜ ਲਈ ਹੈ।
[1]ਰੰਗ ਤੋਂ ਬੁਰਾਰੰਗ ਹੋ ਗਿਆ ਤੇ ਚਿਹਰੇ ਦੀ ਚਮਕ ਚਲੀ ਗਈ।

ਮਾਨਹੁ ਮਨੀ ਫਨੀ ਕਿਤ ਖੋਈ[1]।
ਬਜਾਕੁਲ ਲੋਟਤਿ ਧਰ ਪਰ ਪਰੀ।
ਮ੍ਰਿਗੀ ਮਨੋ ਗਿਰੀ ਅਧ ਮਰੀ ॥ ੧੦੨ ॥
ਹਾ ਸੁਤ ਹਾ ਪਤਿ ਕਹਿ ਤਨ ਤਾੜੈਂ[1]।
ਕੂੰਕੈਂ ਤਜਤਿ ਕੇਸ ਸਿਰਿ ਪਾੜੈਂ[1]*।

[1]ਜਾਣੋ ਸੱਪ ਨੇ ਕਿਤੇ ਮਣੀ ਗਵਾ ਲਈ ਹੈ।
[1]ਸ਼ਰੀਰ ਨੂੰ ਕਸ਼ਟ ਦੇਂਦੀਆਂ ਹਨ।
[1]ਚੀਕਾਂ ਮਾਰਦੀਆਂ ਤੇ ਸਿਰ ਦੇ ਕੇਸ ਪੁੱਟਦੀਆਂ ਹਨ। *ਰੋਣ ਬਾਰੇ ਦੇਖੋ ਬਿਸ਼੍ਰਾਮ ੨੯ ਦੇ ਅੰਕ ੯੭ ਦੇ * ਨਿਸ਼ਾਨ ਦੀ ਪੈਰ ਟੂਕ।

ਪੁਰਿ ਬਾਸੀ ਤੀਆ[1] ਸਭਿ ਆਈ।
ਕਰੁਣਾਰਸ[1] ਪੁਰਿ ਬਢਜੋ ਮਹਾਈ ॥ ੧੦੩ ॥
ਇਤ ਗੁਰੁ ਦਸਮ, ਗੁਰੁਦਿੱਤਾ ਭਾਈ।
ਜੀਤੂ, ਮੋਹਣ, ਸੰਗੋ ਸਾਈ[1]।
ਜੇਠਾ, ਨੰਦ ਆਦਿ ਮਾਸੰਦੈਂ।
ਸਾਹਿਬ ਚੰਦ, ਕ੍ਰਿਪਾਲ ਸੁ ਚੰਦੈਂ ॥ ੧੦੪ ॥
ਸੋਢੀ ਦੀਪ ਚੰਦ ਲੌ ਆਏ।
ਸਿਖ ਸੇਵਕ ਬਹੁ ਜੁਰੇ ਤਦਾਏ।
ਯੱਦਪਿ ਥਾ ਬਜਾਕੁਲ ਦਿਲ ਸਭ ਕਾ।
ਤੌ ਭੀ ਰਚਜੋ ਬਿਵਾਨ ਅਜਬ ਕਾ[1] ॥ ੧੦੫ ॥
ਫੂਲ, ਖੀਲ, ਧਨ ਬਹੁਤੈਂ ਬੋਯੋ[1]।

[1]ਰੋਣਾ ਪਿੱਟਣਾ।
[1]ਸੰਗੋ ਸ਼ਾਹ।
[1]ਅਜੀਬ ਤਰ੍ਹਾਂ ਦਾ।
[1]ਫੁਲਾਂ, (ਚੌਲਾਂ ਦੀਆਂ) ਖਿੱਲਾਂ ਤੇ ਬਹੁਤੇ ਧਨ ਦੀ ਵਰਖਾ ਕੀਤੀ।

ਕੀਰਤਨ ਰੁਦਨ ਤਬੈ ਬਹੁ ਹੋਯੋ।
ਸੀਸ, ਚਿਖਾ ਚੰਦਨ ਸਿਸਕਾਰਾ।
ਕੀਨੋ ਮਿਰਤੁ ਕਿਰਤੁ[1] ਪੁਨ ਸਾਰਾ ॥ ੧੦੬ ॥
ਲੌਕਕ[1] ਬੈਦਕ[2] ਜੇਤਕ ਰੀਤੀ*।

[1]ਅੰਤਮ ਸੰਸਕਾਰ।
[1]ਸਸਕਾਰ ਤੋਂ ਮਗਰੋਂ ਦੀ ਸੰਸਾਰਕਰੀਤੀ। [2]ਧਾਰਮਕਰੀਤੀ। *ਲੌਕਕ ਤੇ ਬੈਦਕ ਰੀਤੀ ਤੋਂ ਕਵੀ ਜੀ ਦਾ ਭਾਵ ਭਾਈਚਾਰਕ,

ਸਮਾਜਕ ਤੇ ਧਾਰਮਕ ਰਹੁ-ਰੀਤਾਂ ਤੋਂ ਹੈ ਤੇ ਇਹ ਸਾਰੀਆਂ ਰੀਤਾਂ ਗੁਰਮਤਿ ਦੇ ਆਸ਼ੇ ਅਨੁਸਾਰ ਹੀ ਕੀਤੀਆਂ ਹਨ ਜਿਹਾ ਕਿ ਕਵੀ ਜੀ ਆਪਣੀ ਰਚਿਤ ਪੁਸਤਕ ਤਵਾਰੀਖ਼ ਗੁਰੂ ਖ਼ਾਲਸਾ ਛਾਪਾ ਪੱਥਰ ਦੇ ਪੰਨਾ ੨੯੨ 'ਤੇ ਲਿਖਦੇ ਹਨ 'ਨੌਮੇ ਗੁਰੂ ਦੇ ਨਮਿੱਤ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾ ਕੇ ਆਪ ਗੁਰਜਾਈ ਦਾ ਕਾਰਬਾਰ ਕਰਨ ਲੱਗੇ'।

ਕੁਲ ਅਨੁਸਾਰ ਕਰੀ ਸਹਿ ਪ੍ਰੀਤੀ।
ਮਹਿਦ[1] ਬੁਧਿ ਗੁਰ ਬਾਲਕ ਤਨ ਕੇ। [1]ਵੱਡੀ।
ਧੀਰ ਗੰਭੀਰ ਬਹਾਦਰ ਮਨ ਕੇ ॥ ੧੦੭ ॥
ਬੈਠਿ ਲੋਗ ਢਿਗ ਸ਼ੋਕ ਜਨਾਵਤਿ।
ਪੈ ਗੁਰੁ ਸਬਿ ਕੋ ਧੀਰ ਬੰਧਾਵਤਿ।
ਪੁਨਾ ਮਾਤ ਢਿਗ ਘਰ ਮੈਂ ਜਾਵੈਂ।
ਦੈ ਦਿਢ ਗਜ਼ਾਨ ਧੀਰ ਧਰਵਾਵੈਂ ॥ ੧੦੮ ॥
ਜਗ, ਸਮ ਸ੍ਵਪਨ ਨਦੀ ਪ੍ਰਵਾਹੈ।
ਜਸ ਜਿਸ ਰਹਜੋ ਸੁ ਅਮਰ ਸਦਾ ਹੈ।
ਗੁਰੁ ਪਰ ਬ੍ਰਹਮ ਗਜ਼ਾਨੀ[1] ਥੇ ਸੋ। [1]ਸ੍ਰੇਸ਼ਟ ਬ੍ਰਹਮ ਗਿਆਨੀ।
ਸੱਮ੍ਰਥ ਸਰਬ ਸ਼ਕਤਿ ਯੁਤ ਸੇ ਸੋ[1] ॥ ੧੦੯ ॥ [1]ਉਹ ਸਨ।
ਜੋ ਉਨਿ ਚਹੀ ਸਹੀ ਸੋ ਹੋਈ।
ਅਨਥਾ[1] ਕਰਿ ਸਾਕੇ ਨਹਿਂ ਕੋਈ। [1]ਉਲਟ, ਵਿਰੁਧ।
ਪੈ ਹਮ ਤੁਰਕੇਸਰ ਤੈ ਬਦਲਾ।
ਲੈਂਹ, ਜ਼ੁਲਮ ਜਿਨਿ ਕੀਨ ਅਨਦਲਾ[1] ॥ ੧੧੦ ॥ [1]ਬੇ-ਇਨਸਾਫ਼ੀ।
ਕਰਿ ਕੈ ਘੋਰ ਅਖਾਰੇ ਭਾਰੇ[1]। [1]ਬਹੁਤੇ ਭਿਆਨਕ ਜੰਗ।
ਕਰਿ ਕਾਫਰ[1] ਤਿਸ ਕੋ ਪੁਨ ਮਾਰੇਂ। [1]ਝੂਠਾ।
ਰੋਜ਼ ਕਜ਼ਾਮਤ ਲੌ[1] ਤਿਸ ਤਾਈਂ। [1]ਕਿਆਮਤ ਦੇ ਦਿਨ ਤੱਕ।
ਰਖਵੈ ਹੈਂ ਦੋਜ਼ਖ ਡਲਵਾਈ ॥ ੧੧੧ ॥
ਪੁਨ ਮੈਂ ਪੰਥ ਰਚੈਹੋਂ ਐਸੋ।
ਰਹੈ ਹਮੇਸ਼ੈਂ ਬਦਲੈ ਲੈਸੋ[1]। [1]ਲੈਂਦਾ ਰਹੇਗਾ।
ਜਰ ਤੁਰਕੇਸਨ ਕੀ ਸਿਖ ਮੇਰੈਂ।
ਕਾਟਿ ਸਿੰਧ ਖਾਰੇ ਮਧ ਗੇਰੈਂ ॥ ੧੧੨ ॥
ਕੇਹਰ ਸਮ ਗੁਰਿ ਗਰਜਿ ਸੁਨਾਯੋ।
ਜਬਿ ਇਮ ਨਿਰਭੈ ਹੋਇ ਮਹਾਯੋ।

ਸੁਨਿ ਮਾਤਾ ਮਨਿ ਅਧਿਕ ਡਰਾਨੀ।
ਕਹਜੋ ਨ ਕਹੋ ਪੁੱਤ੍ਰ ਅਸ ਬਾਨੀ ॥੧੧੩॥
ਤੁਰਕ ਅਨਜਾਈ ਹੈਂ ਅਤਿ ਭਾਰੈਂ।
ਪੀਰ ਫਕੀਰ ਨ ਦੁਸ਼ਟ ਨਿਹਾਰੈਂ।
ਮਤ ਦੂਤੀ[1] ਕੋਊ ਲੂਤੀ[2] ਲਾਵੈ। [1]ਚੁਗਲ। [2]ਚੁਗਲੀ।
ਤਾਂ ਤੇ ਮੋਨ ਰਹਨਿ ਬਨ ਆਵੈ ॥੧੧੪॥
ਜੋ ਕਰਨੋ ਸੋ ਕਹਨੋ ਨਾਹੀਂ।
ਸਤਿ ਪੁਰਖਨ ਕੀ ਰੀਤਿ ਇਹਾਹੀਂ[1]। [1]ਇਹ ਹੈ।
ਦਸਮੇਸਰ ਪੁਨ ਐਸ ਪਰਾਹੀ[1]। [1]ਕਹੀ।
ਬਿਨ ਅਕਾਲ ਹਮ ਡਰੈਂ ਨ ਕਾਹੀਂ ॥੧੧੫॥
ਨਿਰਭੈ ਅਤੀ ਹੌਂਸਲੇ ਵਾਰੇ।
ਬੈਨ ਐਨ[1] ਸੁਨਿ ਮਾਤ ਵਿਚਾਰੇ। [1]ਠੀਕ ਬਚਨ।
ਨਿਜ ਦਾਦੇ ਸੈਂ ਜਜਾਦੇ ਬਲੀ।
ਹ੍ਵੈ ਹੈ ਇਹੁ ਹਮ ਜਾਨੀ ਭਲੀ ॥੧੧੬॥
ਮੀਰੀ ਪੀਰੀ ਕਾ ਹ੍ਵੈ ਮਾਲਕ।
ਰਾਖੈ ਦੁਸ਼ਟ ਦਲਨ ਮੈਂ ਤਾਲਕ[1]। [1]ਦੁਸ਼ਟਾਂ ਦੇ ਨਾਸ ਕਰਨ ਵਿੱਚ ਸਬੰਧਰੱਖੇਗਾ।
ਇਹੁ ਵਿਚਾਰਿ ਸਭਿ ਮੌਨ ਰਹਾਏ।
ਜੱਗ ਦਾਨ ਬਹੁਧਾ ਕਰਵਾਏ ॥੧੧੭॥
ਗੁਰਿਆਈ ਦਸਤਾਰ ਬੰਧਾਈ।
ਸੇਵਕ ਸਿਖ ਮਿਲੇ ਬਹੁ ਆਈ।
ਸੰਮਤ ਸਤਰਾਂ ਸੈ ਥਾ ਬੱਤੀ[1]। [1]ਸੰਮਤ ੧੭੩੨ ਬਿ. ਸੀ।
ਮੱਘਰ ਸੁਦੀ ਪੰਚਮੀ ਸੱਤੀ[1] ॥੧੧੮॥ [1]ਸੱਚੀ, ਠੀਕ।
ਸੁਰ ਗੁਰ[1] ਦਿਨ ਗੁਰੁ ਨੌਮ ਉਦਾਰੇ। [1]ਵੀਰਵਾਰ।
ਦੋਇ ਘੜੀ ਦਿਨ ਢਰੇ ਸਿਧਾਰੇ[1]। [1]ਜੋਤੀ ਜੋਤ ਸਮਾ ਗਏ।
ਜਗ ਮੈਂ ਮਾਚਜੋ ਹਾਹਾ ਕਾਰੇ।
ਦੇਵਨਿ ਜੈ ਜੈ ਕਾਰ ਉਚਾਰੇ ॥੧੧੯॥
ਜੋ ਇਹੁ ਗਾਥਾ ਸੁਨੈ ਸੁਨੈਹੈ।
ਕਰ ਤਲਿ[1] ਮੁਕਤਿ ਭੁਗਤਿ[2] ਸੋ ਪੈਹੈ। [1]ਹੱਥ ਦੀ ਤਲੀ ਤੇ। [2]ਪਦਾਰਥ।
ਜਮ ਕੀ ਤਲਬ[1] ਨ ਤਿਸ ਕੋ ਆਵੈ। [1]ਸੱਦਾ।
ਅੰਤਹਿ ਸੱਚ ਖੰਡ ਮੈਂ ਜਾਵੈ ॥੧੨੦॥

ਰੈਹੈ ਸਿਦਕ ਤਾਹਿਂ ਕਾ ਕਾਇਮ।
ਗੁਰਿ ਗੁਨਿ ਪਢੈ ਸੁਨੈ ਜੋ ਦਾਇਮ[1]। [1]ਹਮੇਸ਼ਾਂ।
ਕਰਿ ਸੰਛੇਪ ਕਥਾ ਇਹੁ ਗਾਈ।
ਗਜਾਨ ਸਿੰਘ ਉਰਿ ਗੁਰਿ ਪਗ ਧਜਾਈ
॥ ੧੨੧ ॥
ਗੁਰ ਕੇ ਸਿੱਖ ਪਿਆਰੇ ਪ੍ਰੇਮੀ।
ਸੰਤ ਮਹੰਤ ਅਨੰਤ ਅਨੇਮੀ[1]। [1]ਬਹੁਤੇ ਬੇਅੰਤ।
ਮੁਝ ਕੋ ਦਾਸ ਆਪਨਾ ਲਖ ਕੈ।
ਬਖਸ਼ੈਂ ਭੂਲ ਸੁਧਾਰੈਂ ਪਖ ਕੈ[1] ॥ ੧੨੨ ॥ [1]ਵੇਖ ਕੇ।
ਇਤੀ[1] ਗਾਥ ਗੁਰੁ ਨੌਮਹਿਂ ਕਰਿ ਕੈ। [1]ਸੰਪੂਰਨ।
ਇਤੀ ਅਧਜਾਇ ਭਯੋ ਮੁਦ ਭਰਿ ਕੈ ॥ ੧੨੩ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਗਜਾਨ ਸਿੰਘ ਵਿਰਚਿਤੇ 'ਨੌਮ ਗੁਰੂ ਕਾ ਅੰਤਮ ਪ੍ਰਸੰਗ' ਬਰਨਨੰ ਨਾਮ ਇਕਤਾਲੀਸਮੋਂ ਬਿਸ੍ਰਾਮ ॥ ੪੧ ॥

੪੨. {ਸ੍ਰੀ ਕਲਗੀਧਰ ਜੀ ਦੇ ਪਹਿਲੇ ਜਨਮ ਦੀ ਕਥਾ}

ਸ੍ਵੈਯਾ:

ਮੰਗਲ ਦਾਇ ਅਮੰਗਲ ਘਾਇ,
ਉਦੰਗਲ ਜਾਇ ਬਿਹਾਇ ਅਵਾਰੈਂ[1]।

[1]ਖ਼ੁਸ਼ੀਆਂ ਦੇਣ ਵਾਲੇ, ਗ਼ਮੀਆਂ ਨਾਸ ਕਰਨ ਵਾਲੇ, ਸ਼ਾਂਤੀ ਪੈਦਾ ਕਰਨ ਵਾਲੇ ਤੇ ਆਲਸ ਨੂੰ ਦੂਰ ਕਰਨ ਵਾਲੇ।

ਦਾਰਿਦ ਦੁੰਦ ਦੁਵੈਖ ਦੁਐਤ
ਦੁਰੈਂ ਦੁਵਿਧਾ, ਦਲ ਦੁੱਜਨ ਦਾਰੈਂ[1]।

[1](ਜਿਨ੍ਹਾਂ ਦੇ ਦਰਸ਼ਨ ਕਰਕੇ) ਦਲਿੱਦ੍ਰ, ਉਪੱਦ੍ਰਵ, ਵੈਰ, ਦੋ ਦਾ ਭਾਵ ਤੇ ਦੁਬਿਧਾ ਛੁਪ ਜਾਂਦੇ ਹਨ (ਅਤੇ ਜੋ) ਦੁਸ਼ਮਣਾਂ ਦੇ ਦਲਾਂ ਨੂੰ ਦਲ ਦਿੰਦੇ ਹਨ।

ਧੀਰਜ ਧਾਮ ਧਰਾ ਧ੍ਰਿਤ, ਧਰਮ
ਧੁਰੰਧਰ, ਧੌਲ ਧਰਾਧਰ ਧਾਰੈ[1]।

[1]ਧੀਰਜ ਦੇ ਘਰ ਧਰਤੀ ਦੇ (ਧ੍ਰਿਤ) ਆਸਰਾ ਰੂਪ, ਧਰਮ ਦਾ (ਧੁਰੰਧਰ) ਭਾਰ ਚੁੱਕਣ ਵਾਲੇ, ਧੌਲੇ ਬੈਲ ਤੇ (ਧਰਾਧਰ) ਸ਼ੇਸ਼ ਨਾਗ ਦਾ ਵੀ ਆਸਰਾ ਹਨ।

ਚਾਰ ਪਥਾਰਥ ਸ੍ਵਾਰਥ ਦਾ ਲਖਿ,
ਨੌਮ ਗੁਰੈਂ ਹਰਿ ਗਜਾਨ ਜੁਹਾਰੈ[1] ॥੧॥

[1]ਚਾਰੇ ਪਦਾਰਥ (ਧਰਮ, ਅਰਥ, ਕਾਮ, ਮੋਖ) ਤੇ ਇੱਛਾ ਪੂਰੀਆਂ ਕਰਨ ਵਾਲੇ ਜਾਣ ਕੇ ਗਿਆਨ ਸਿੰਘ ਨੌਵੇਂ ਗੁਰਾਂ ਨੂੰ ਨਮਸਕਾਰ ਕਰਦਾ ਹੈ।

ਦੋਹਰਾ:

ਅਬਿ ਦਸਮੇਸ਼ ਪ੍ਰਮੇਸ਼ ਕੀ, ਗਾਥ ਵਿਸ਼ੇਸ਼ ਅਸ਼ੇਸ਼[1]।

[1]ਹੁਣ ਪ੍ਰਮੇਸ਼ਰ ਰੂਪ ਦਸਵੇਂ ਗੁਰਾਂ ਦੀ ਖ਼ਾਸ ਤੇ ਮੁਕੰਮਲ ਕਥਾ ਕਹਿ ਕੇ।

ਕਹੌਂ, ਲਹੌਂ ਸੁਖ ਬੁੱਧਿ ਬਰ, ਦਹੌਂ ਕਲੇਸ਼ਨਿ ਸ਼ੇਸ਼[1] ॥੨॥

[1]ਸੁਖ ਤੇ ਸ੍ਰੇਸ਼ਟ ਬੁੱਧੀ ਲਵਾਂਗਾ ਅਤੇ ਬਾਕੀ ਕਲੇਸ਼ਾਂ ਨੂੰ ਸਾੜ ਦਿਆਂਗਾ।

ਚੌਪਈ:

ਗਾਥ ਗੁਰਾਂ ਕੇ ਪੁਰਾ ਤਨ ਕੇਰੀ[1]।

[1]ਪਿਛਲੇ ਜਨਮ ਦੀ।

ਤਨਕ ਭਨ ਕਹੌਂ ਜਨਕ ਉਜੇਰੀ[1]।

[1]ਥੋੜ੍ਹੀ ਜਿਹੀ ਉਚਾਰ ਕੇ ਕਹਿੰਦਾ ਹਾਂ ਜੋ ਗਿਆਨ ਦਾ ਚਾਨਣ ਕਰਨ ਵਾਲੀ ਹੈ।

ਸੁਨੀ ਪੁਰਾਤਨ ਬ੍ਰਿੱਧਨਿ ਤੈ ਜਸੋਂ।
ਸਾਦਕ[1] ਸੋਊ ਪ੍ਰਿਥਮ ਸੁਨੋ ਤਸੋਂ ॥੩॥

[1]ਭਰੋਸੇ ਵਾਲੇ ਹੋ ਕੇ।

ਚਾਰ ਪਦਾਰਥ ਸ੍ਵਾਰਥ ਦੈ ਹੈ।
ਪਰਮਾਰਥ[1] ਪੁਰਖਾਰਥ[2] ਪੈ ਹੈ।
ਪਢੈ ਸੁਨੈ ਜੋ ਪ੍ਰੇਮ ਬਢੈ ਕੈ।
ਪਲਤੈ[1] ਚਲਤਿ, ਹਲਤ[2] ਸੁਖ ਲੈ ਕੈ ॥੪॥

[1]ਮੁਕਤੀ। [2]ਉੱਦਮ।

[1]ਪ੍ਰਲੋਕ ਨੂੰ। [2]ਇਸ ਲੋਕ ਚੋਂ।

ਹੰਸ ਬੰਸ ਅਵਤੰਸ ਜਹਾਨੈ[1]।
ਅੰਸ ਰਘੂ ਪ੍ਰਮਹੰਸ ਬਖਾਨੈ[1]।
ਰਾਮ ਅਵਤਾਰ ਭਏ ਕੁਲ ਮਾਹੀਂ।
ਜਿਨਿ ਕੋ ਜਪ ਜਨ ਸਦ ਗਤਿ[1] ਪਾਹੀਂ ॥ ੫ ॥

[1]ਸੂਰਜ ਬੰਸ ਜਹਾਨ ਵਿੱਚ ਸ਼੍ਰੋਮਣੀ ਹੈ।
[1]ਰਘੂਰਾਜੇ ਦੀ ਉਲਾਦ ਬਹੁਤੀ ਉੱਜਲ ਕਹੀ ਦੀ ਹੈ।
[1]ਕਲਿਆਣ।

ਥਏ[1] ਲਉ ਕੁੱਸੁ ਸੁਤ ਜਾਂ ਕੇ।
ਚਰਿਤ ਰਰਿਤ ਜਿਨ ਕੇ ਕਵਿ ਬਾਂਕੇ[1]।
ਲਉ ਲਹੌਰ ਕੁਸੁ ਕਾਸੂਰੈਂ।
ਕਰੇ ਅਬਾਦ ਲਖੈਂ ਜਨ ਭੂਰੈਂ[1] ॥ ੬ ॥

[1]ਹੋਏ।
[1]ਕਵੀ ਜਿਨ੍ਹਾਂ ਦੇ ਸੁੰਦਰ ਕੌਤਕ ਕਹਿੰਦੇ ਹਨ।
[1]ਬਹੁਤੇ ਲੋਕ ਜਾਣਦੇ ਹਨ।

ਉਭੈ[1] ਭਏ ਪਰਗਟ ਭੂਪਾਲਾ[2]।
ਕੀਨ ਰਾਜ ਚਿਰਕਾਲ ਬਿਸਾਲਾ।
ਕਾਲੁ ਕੇਤੁ ਨ੍ਰਿਪ ਲਵ[1] ਕੁਲ ਮਾਹੀਂ।
ਕਾਲੁਰਾਇ ਕੁੱਸੁ ਅੰਸਾਹੀਂ[1] ॥ ੭ ॥

[1]ਦੋਵੇਂ। [2]ਰਾਜੇ।
[1]ਲਉ।
[1]ਉਲਾਦ ਚੋਂ ਸੀ।

ਆਪਸ ਮੈਂ ਉਨਿ ਕਰੇ ਅਖਾਰੇ[1]।
ਜੀਤੇ ਲਵੀ ਕੁਸੰਸੀ[1] ਹਾਰੇ।
ਦੇਸ ਪੰਜਾਬ ਗਯੋ ਛੁਟ ਤਾਂ ਤੈ।
ਫਿਰਤ ਰਹੇ ਚਕਰੈਲ[1] ਸੁ ਯਾਂ ਤੈ ॥ ੮ ॥

[1]ਜੰਗ।
[1]ਕੁਸੂ ਦੀ (ਅੰਸ) ਉਲਾਦ ਦੇ।
[1]ਪੱਖੀਵਾਸ।

ਦੇਸ ਸਨੌਢ[1] ਆਦਿ ਬਸਿ ਸਾਰੇ।
ਲੂਟ ਮਾਰ ਉਨਿ ਕਰੇ ਗੁਜ਼ਾਰੇ।
ਮਿਸ਼ਟ ਸਿੰਧੁ ਕੈ ਬਾਮ ਕਿਨਾਰੇ[1]।
ਅਮਰ ਕੋਟ ਇਕ ਨਗਰ ਉਦਾਰੇ ॥ ੯ ॥

[1]ਮਥਰਾ ਭਰਤ ਪੁਰ ਤੋਂ ਲੈ ਕੇ ਅਮਰ ਕੋਟ ਤੱਕ ਦਾ ਦੇਸ।
[1]ਮਿੱਠੇ ਸਮੁੰਦਰ ਦੇ ਖੱਬੇ ਕਿਨਾਰੇ।

ਸੋ ਰਜਧਾਨੀ ਪੁਨ ਉਨਿ ਥਾਪੀ।
ਦੇਸ ਦਬਾਇ ਭਏ ਪਰਤਾਪੀ।
ਸੋਢਾ ਦੇਵੀ* ਤਹਾਂ ਬਿਰਾਜੈ।
ਤਾਂਹਿ ਉਪਾਸ਼ਜੋ ਅਤਿਸੈ ਰਾਜੈ ॥ ੧੦ ॥

*ਬਚਿੱਤ੍ਰ ਨਾਟਕ ਵਿੱਚ ਦਸਮ ਪਾਤਸ਼ਾਹ ਜੀ ਨੇ ਸੋਢਾ ਦੇਵੀ ਦਾ ਕੋਈ ਜ਼ਿਕਰ ਨਹੀਂ ਕੀਤਾ।

ਤਾਂ ਵਰ ਤੈ ਨ੍ਰਿਪ ਕੇ ਸੁਤ ਜਯੋ[1]।
ਸੋਢੀਰਾਇ ਨਾਮ ਤਿਹ ਭਯੋ।
ਤਿਸ ਤੈ ਸੋਢ ਬੰਸ ਜਗ ਚਾਲਾ।
ਹੈ ਅਬਿ ਲੌ ਤਹਿਂ ਬਸਤਿ ਬਿਸਾਲਾ ॥ ੧੧ ॥

[1]ਪੁੱਤਰ ਪੈਦਾ ਹੋਇਆ।

ਤਿਨ ਮੈਂ ਤੀਨ ਸੰਗਜਾ[1] ਭਈ।

[1]ਨਾਮ।

ਸੁਨੋ ਭੇਦ ਅਬਿ ਲੌ ਜੋ ਹਈ।
ਚੋਰੀ ਧਾੜਾ ਜੋਊ ਕਰੈਂ ਹੈਂ।
ਸੋਢੇ ਮੀਣੇ ਸੋ ਕਹਿਵੈਂ ਹੈਂ ॥ ੧੨ ॥
ਜੇ ਨਿਜ ਘਰ ਤੁਰਕਾਨੀ ਲਜਾਵੈਂ।
ਸੋ ਸੋਢੀ ਸੁਲਤਾਨ ਸਦਾਵੈਂ।
ਪੇਟ ਤੁਰਕਨੀ ਤੇ ਜੋ ਥੈ ਹੈ[1]। [1](ਪੈਦਾ) ਹੁੰਦਾ ਹੈ।
ਸੋ ਸੋਢੇ ਮੀਣਜੋਂ ਮੇਂ ਜੈ ਹੈ ॥ ੧੩ ॥
ਤਿਨ ਸੋਂ ਬਰਤਤ ਦੂਸਰ ਨੈਹੈਂ।
ਆਪਸ ਮੈਂ ਸੋ ਵਰਤਨ ਕੈਹੈਂ।
ਦਾਢੀ ਕੇਸ ਰਖਤ ਹੈਂ ਸਾਰੇ।
ਪਟਕਾ ਪਾਂਚਰੰਗ ਸਿਰ ਧਾਰੈਂ ॥ ੧੪ ॥
ਸੁੱਧ ਛੱਤ੍ਰੀ ਤ੍ਰਿਤੀਏ ਜੇਈ।
ਧਾਰਤ ਧਰਮ ਨੀਤਿ ਸ੍ਰੁਤਿ ਸੇਈ[1]। [1]ਉਹ ਵੇਦ ਅਨੁਸਾਰ ਧਰਮ ਤੇਰਾਜਨੀਤੀ ਧਾਰਦੇ ਹਨ।
ਰਾਜ ਕਰਤ ਯਾਂ ਔਰੈਂ ਕਾਰੈਂ[1]। [1]ਜਾਂ ਹੋਰ ਕੰਮ ਕਰਦੇ ਹਨ।
ਤਿਨ ਕੋ ਸੋਢੀਰਾਇ ਉਚਾਰੈਂ ॥ ੧੫ ॥
ਤਿਨ ਕੇ ਜਬਿ ਫਿਰ ਜੰਗ ਅਪਾਰੇ।
ਪਰੇ ਆਪ ਮੈਂ ਦੇਸ ਮਝਾਰੇ।
ਜੀਤੇ ਕੁਸੀ ਲਵੀ ਸਭ ਹਾਰੇ।
ਰਾਜ ਕੁਸੰਸੈਂ[1] ਲਯੋ ਸੰਭਾਰੇ ॥ ੧੬ ॥ [1]ਕੁਸ਼ ਦੀ ਉਲਾਦ ਨੇ।
ਲਵੀ ਭਾਗ ਪੂਰਬ ਦਿਸ ਗਏ।
ਕਾਂਸੀ ਮੈਂ ਬਸਿ ਬੇਦ ਪਢਏ।
ਐਸੀ ਪਢੀ ਬੇਦ ਉਨਿ ਬਿੱਦਜਾ।
ਜਾਂ ਤੇ ਬੇਦੀ ਭਏ ਪ੍ਰਸਿੱਧਜਾ ॥ ੧੭ ॥
ਪੁਨ ਉਨਿ ਆਇ ਪੰਜਾਬ ਮਝਾਰੇ।
ਨ੍ਰਿਪ ਕੋ ਬੇਦ ਸੁਨਾਏ ਚਾਰੇ।
ਸੁਨਿ ਸ੍ਰੁਤਿ[1] ਨ੍ਰਿਪ ਤੋ ਭਯੋ ਵਿਰਾਗੀ। [1]ਵੇਦ ਸੁਣ ਕੇ।
ਬਨ ਕੋ ਗਯੋ ਰਾਜ ਨਿਜ ਤਜਾਗੀ ॥ ੧੮ ॥
ਰਾਜ ਦੈ ਗਯੋ ਬੇਦੀ ਤਾਈਂ।
ਆਪ ਪ੍ਰਭੂ ਕੀ ਭਗਤਿ ਕਮਾਈ।
ਰਾਮਦਾਸ ਗੁਰੁ ਸੋਢੀ ਤਾਂ ਤੈ।

ਰਾਜ ਜੋਗ ਗਾਦੀ ਲਈ ਯਾਂ ਤੈ ॥੧੯॥
ਸੋਢੀ ਅਮਰ ਕੋਟ ਜੇ ਰਹੇ।
ਸੰਤਤਿ[1] ਤਿਨ ਕੀ ਤਹਿਂ ਅਬਿ ਅਹੇ। [1]ਉਲਾਦ।
ਤਿਨ ਮੈਂ ਦੁਸ਼ਟ ਦਵਨ ਨ੍ਰਿਪ ਭਯੋ।
ਭਗਵਤ ਭਗਤ[1] ਜਗਤ ਬਿਦਤਯੋ ॥੨੦॥ [1]ਪ੍ਰਮੇਸ਼ਰ ਦਾ ਭਗਤ।
ਕੱਛ[1] ਦੇਸ ਅਰ ਸਿੰਧੁ[2] ਮਝਾਰੀ। [1]ਬੰਬਈ ਦੇ ਇਲਾਕੇ ਦਾ ਇਕ ਦੇਸ਼। [2]ਸਿੰਧ ਦਰਿਆ ਦੇ ਨਾਲ ਲਗਦਾ ਦੇਸ਼।

ਬਹੁ ਦਿਨ ਕੀਨਰਾਜ ਉਨਿ ਭਾਰੀ।
ਬਿਕ੍ਰਮ ਜੀਤ ਨ੍ਰਿਪ ਤੈ ਪਹਿਲੈ।
ਜੀਤੇ ਮੁਲਕ ਅਧਿਕ ਉਨਿ ਸਹਿਲੈ[1] ॥੨੧॥ [1]ਸੁਖਾਲੇ।
ਤਿਸ ਕਾ ਮਤ ਤਬ ਚਲਯੋ ਉਦਾਰੇ।
ਜੋ ਅਬਿ ਲੌ ਤਹਿਂ ਪਿਖੀਅਤ ਸਾਰੇ।
ਸ਼ਕਤਿ ਰਖਤ ਸੋ ਭਗਤਿ ਪ੍ਰਤਾਪੈਂ।
ਧਰਮ ਰੱਖਜਾ ਕਰਤਿ ਅਮਾਪੈਂ[1] ॥੨੨॥ [1]ਬਹੁਤੀ।
ਕੋਵਿਦ[1] ਕਹਿਂ ਤਿਹਂ ਵਤਸਲ ਭਗਤ[2]। [1]ਵਿਦਵਾਨ। [2]ਭਗਤਾਂ ਦਾ ਪਿਆਰਾ।
ਵੱਛਲ ਬੱਛਰ ਬੋਲਤਿ ਜਗਤ[1]। [1]ਜਗਤ ਦੇ ਆਮ ਲੋਕ ਵੱਛਲ ਤੇ ਬੱਛਰ ਬੋਲਦੇ ਹਨ ਜਿਸ ਦਾ ਅਰਥ 'ਪਿਆਰਾ' ਹੈ।

ਸਾਂਗ[1] ਸਵਾ ਮਣ ਕੀ ਸੋ ਰਾਖੈ। [1]ਬਰਛੀ।
ਰੱਖਜਾ ਸੰਤ ਭਗਤ ਅਭਿਲਾਖੈ[1] ॥੨੩॥ [1]ਚਾਹੁੰਦਾ ਸੀ।
ਜ਼ੁਲਮ ਜਿ ਕੋਇ ਕਿਸੀ ਪਰ ਕਰਿ ਹੈ।
ਤਿਸ ਪਰ ਜਾ ਬਿਜਲੀ ਸਮ ਪਰ ਹੈ।
ਯਾਂਹੀ ਤੇ ਅਬਿ ਲੌ ਉਨ ਦੇਸੈਂ।
ਮਾਂਹਿ, ਮੂਰਤੀ ਤਾਂਹਿ ਬਿਸੇਸੈਂ[1] ॥੨੪॥ [1]ਬਹੁਤੀਆਂ।
ਪਾਖਾਨਨ ਪਰ[1] ਠੌਰ ਬਿਅੰਤੈਂ। [1]ਪੱਥਰਾਂ ਉੱਪਰ।
ਪਿਖੀ ਨੈਨ ਹਮ ਐਨ ਸੁ ਤੰਤੈਂ[1]। [1]ਚੰਗੀ ਤਰ੍ਹਾਂ ਉੱਥੇ।
ਹਿੰਦੂ ਲੋਕ ਮਾਨ ਹੈਂ ਸਾਰੇ।
ਦਾਇਕ ਦੂਧ ਪੂਤ ਮਨਿ ਧਾਰੇ ॥੨੫॥
ਬੱਛਰ ਭਗਤਿ ਦੇਵ ਕਹਿਂ ਲੋਈ[1]। [1]ਲੋਕ ਭਗਤਾਂ ਦਾ ਪਿਆਰਾ ਦੇਵਤਾ ਕਹਿੰਦੇ ਹਨ।
ਪੀਰ ਬਾਂਛਰਾ[1] ਕਹਿਂ ਹੈਂ ਕੋਈ। [1]ਪਿਆਰਾ ਪੀਰ।
ਕਰ ਮੈਂ ਸਾਂਗ ਅੱਸ੍ਵ[1] ਅਸਵਾਰੀ। [1]ਘੋੜੇ ਤੇ।

ਪਾਂਚ ਸਾਤ ਅਸਵਾਰ ਸੰਗਾਰੀ[1] ॥੨੬॥ [1]ਨਾਲ।

ਮੂਰਤਿ ਸੂਰਤਿ[1] ਭਰੀ ਬੀਰ ਰਸ। [1]ਸੁੰਦਰ ਮੂਰਤੀ।
ਪਿਖੀਅਤ ਗਾਵਤਿ ਲੋਗ ਗੀਤ ਜਸ।
ਪ੍ਰਿਤਮਾ ਮੰਦਰ ਅਮਰਕੋਟ ਹੈਂ[1]। [1]ਅਮਰ ਕੋਟ ਦੇ ਮੰਦਰ ਵਿੱਚ (ਇਸ ਤਰ੍ਹਾਂ ਦੀਆਂ) ਮੂਰਤੀਆਂ ਹਨ।

ਤਾਂ ਕੋ ਪੂਜਤ ਜਨ ਅਟੋਟ[1] ਹੈਂ ॥੨੭॥ [1]ਬਹੁਤੇ।
ਜਬਿ ਵੈਰਾਗ ਭਯੋ ਦਿਢ ਤਾਂਹੀਂ।
ਤਜਯੋ ਜਗਤ ਲਖਿ ਦੁਖਦ ਮਹਾਹੀਂ।
ਬਿਜੈਰਾਇ ਨਿਜ ਸੁਤ ਕੈ ਤਾਈਂ।
ਰਾਜ ਸਾਜ ਦੈ ਗਯੋ ਸਿਧਾਈ ॥੨੮॥
ਗੋਪੀ ਚੰਦ ਭਰਥਰੀ ਨਜਾਈਂ।
ਲਈ ਫਕੀਰੀ ਤਜ ਨ੍ਰਿਪਤਾਈ[1]। [1]ਬਾਦਸ਼ਾਹੀ।
ਅਬਿ ਲੌ ਤਿਸ ਕੀ ਸੰਤਤਿ ਮੈਂ ਹੈ।
ਸ਼ਿਵ ਪ੍ਰਤਾਪ ਸਿੰਘ ਰਾਜ ਕਰੈ ਹੈ ॥੨੯॥
ਉੱਤ੍ਰ ਦਿਸ ਕਿਦਾਰ ਖੰਡ ਮਾਹੀਂ।
ਪਰਬਤ ਹੇਮ ਕੂਟ ਜਹਿਂ ਆਹੀ।
ਮੁਨੀ ਸਮੁੰਡਨ[1] ਤਹਿ ਇਕ ਰਹਿ ਹੀ। [1]ਮੁਨੀ ਦਾ ਨਾਮ।
ਮੂਰਤਿ ਤਪ ਜਪ ਕੀ ਜਨੁ ਵਹਿ ਹੀ ॥੩੦॥
ਦਿਪਤਿ[1] ਪ੍ਰਤਾਪ ਸੂਰ ਸਮ[2] ਭਾਰੀ। [1]ਚਮਕਦਾ ਹੈ। [2]ਸੂਰਜ ਵਾਂਗ।
ਰਿੱਧਿ ਸਿੱਧ ਰਹਿ ਠਾਢ ਦ੍ਵਾਰੀ।
ਰਿਖੀ ਮੁਨੀ ਤਪਸੀ ਤਹਿਂ ਜੇਤੇ।
ਤਿਸ ਕਾ ਸਤਿਸੰਗ ਕਰਿਹੀਂ ਤੇਤੇ ॥੩੧॥
ਬਸਾਸ, ਬਸ਼ਿਸ਼ਿਟ, ਗਾਂਧਿ ਸੁਤ[1] ਜੈਸੇ। [1]ਵਿਸ਼ਵਾ ਮਿੱਤ੍ਰ।
ਸਮਝਿ ਤਾਂਹਿ ਸਭਿ ਪੂਜੈਂ ਵੈਸੇ।
ਦੁਸ਼ਟ ਦਵਨ ਤਿਸ ਤੇ ਲੈ ਸਿੱਛਜਾ।
ਤਪ ਕਰਨੇ ਕੀ ਧਰਿ ਦਿੱਢ ਇੱਛਜਾ ॥੩੨॥
ਦੋਹਰਾ:
ਬੱਦ੍ਰੀ ਨਾਰਾਇਣ ਜਹਾਂ,
ਗੰਧ ਮਾਦਨ ਗਿਰ ਵਾਹਿ[1]। [1]ਉਥੇ ਪਹਾੜ ਹੈ।
ਸਾਤ ਕੋਸ ਤਿਸ ਤੈ ਤਲੈ,

ਸਪਤ ਸ੍ਰਿੰਗ ਗਿਰ ਆਹਿ[1] ॥ ੩੩ ॥
ਚੌਪਈ:
ਹੇਮ ਕੂਟ ਭੀ ਤਾਹੀਂ ਸੰਗੈਂ।
ਮਿਲਜੋ ਕਹਿਤ ਸੂਤ ਲੋਗ ਨਿਸੰਗੈਂ[1]।
ਪੰਡਰਾਜ ਤਹਿਂ ਹੀ ਤਪ ਕੀਨੋ।
ਹੈ ਅਸਥਾਨ ਤਹਾਂ ਤਿਨ ਪੀਨੋ ॥ ੩੪ ॥
ਪੰਡਕੇਸ਼੍ਰ ਸ਼ਿਵ ਜਾਹਿਂ ਬਖਾਨੈ।
ਲੋਗ ਜਾਤ੍ਰੀ[1] ਸਭਿ ਹੀ ਜਾਨੈ।
ਤਿਸੀ ਠੌਰ ਸੁਤ ਤਾਂ ਕੇ ਭਏ।
ਪਾਂਚੋ ਪਾਂਡਵ ਜੋ ਬਿਦਤਏ ॥ ੩੫ ॥
ਗਾਥ ਏਹੁ ਭਾਰਥ ਮੈਂ[1] ਗਾਈ।
ਆਦਿ ਪਰਬ ਮੈਂ[1] ਲਖੋ ਸੁਹਾਈ।
ਲੋਕ ਪਾਲ ਤੀਰਥ ਇਕ ਤੈਹੈਂ।
ਲੋਹ ਪਾਲ ਭੀ ਤਾਂਕੋ ਕੈਹੈਂ ॥ ੩੬ ॥
ਪਾਂਚ ਕੋਸ ਪੰਡਕੇਸ਼੍ਰ ਤੈ ਹੈ।
ਜਾਵਨ ਕਠਿਨ ਚਢਾਈ ਪੈ ਹੈ।
ਤਿਸ ਤਟ[1] ਸਪਤ ਸ੍ਰਿੰਗ ਗਿਰ ਅੰਦਰ।
ਮਹਾਂ ਕਾਲ ਕਾਲੀ ਕੇ ਮੰਦਰ ॥ ੩੭ ॥
ਲਘੁ ਅਕਾਰ[1] ਮੂਰਤਿ ਤਿਨ ਮੈਂ ਹੈ।
ਭੋਗ ਕੜਾਹ ਪ੍ਰਸ਼ਾਦ ਲਗੈ ਹੈਂ।
ਉੱਤਰ ਖੰਡੀ[1] ਲੋਗ ਭੂਟਾਨੀ।
ਮਾਨਤ ਤਾਂ ਕੋ ਸਦਾ ਮਹਾਨੀ ॥ ੩੮ ॥
ਦੁਸ਼ਟ ਦਵਨ ਤਹਿ ਕੁਟੀਆ ਠੱਟ ਕੈ[1]।
ਧਜਾਨ* ਕਾਲ ਕਾਲੀ ਕੌ[1] ਡੱਟ ਕੈ[2]।

[1]ਸੱਤ ਚੋਟੀਆਂ ਵਾਲਾ ਪਹਾੜ ਹੈ।

[1]ਵੇਦ ਤੇ ਲੋਗ ਨਿਸ਼ੰਗ ਹੋ ਕੇ ਕਹਿੰਦੇ ਹਨ।

[1]ਯਾਤਰੂ।

[1]ਮਹਾਂ ਭਾਰਤ (ਗ੍ਰੰਥ) ਵਿੱਚ।
[1]ਪਹਿਲੇ ਪਰਬ (ਧਿਆ) ਵਿੱਚ।

[1]ਕਿਨਾਰੇ।

[1]ਛੋਟੀ ਜਿਹੀ ਸ਼ਕਲ ਦੀ।

[1]ਪਹਾੜੀ ਇਲਾਕੇ ਦੇ।

[1]ਬਣਾ ਕੇ।

[1]ਕਾਲ ਦਾ ਕਾਲ ਕਰਨ ਵਾਲੇ ਪ੍ਰਮੇਸ਼ਰ ਦਾ। (ਅ) ਮਹਾਂ ਕਾਲ (ਪ੍ਰਮੇਸ਼ਰ) ਦੀ ਬੀਰ-ਰਸੀ ਸ਼ਕਤੀ ਦਾ। [2]ਤਿਆਰ ਬਰ ਤਿਆਰ ਹੋ ਕੇ। *ਕਾਲ ਜਾਂ ਮਹਾਂ ਕਾਲ ਤੋਂ ਭਾਵ ਅਕਾਲ ਪੁਰਖ ਦਾ ਬੀਰ-ਰਸੀ ਸਰੂਪ ਅਤੇ ਕਾਲੀ ਤੋਂ ਭਾਵ ਉਸ ਦੀ ਬੀਰ-ਰਸੀ ਸ਼ਕਤੀ ਹੈ। ਜੇ ਕਾਲ ਜਾਂ ਮਹਾਂ ਕਾਲ ਤੋਂ ਮਤਲਬ ਕਿਸੇ ਵਿਸ਼ੇਸ਼ ਦੇਵਤੇ ਅਤੇ ਕਾਲੀ ਤੋਂ ਭਾਵ ਦੇਵੀ ਤੋਂ ਹੁੰਦਾ ਤਾਂ ਦੁਸ਼ਟ ਦਮਨ ਜੀ ਅਕਾਲ ਅਕਾਲ ਦਾ ਜਾਪ ਨ ਕਰਦੇ। ਫਿਰ ਸ਼ਕਤੀ, ਸ਼ਕਤੇ ਤੋਂ ਵੱਖਰੀ ਨਹੀਂ ਹੁੰਦੀ, ਇਸੇ ਲਈ ਬਚਿੱਤ੍ਰ

ਨਾਟਕ 'ਚ ਫ਼ੁਰਮਾਣ ਹੈ-'ਇਹ ਬਿਧਿ ਕਰਤ ਤਪਸਜਾ ਭਯੋ। ਦ੍ਵੈ ਤੇ ਏਕ ਰੂਪ ਹ੍ਵੈ ਗਯੋ।' ਜੇ ਕਾਲ ਤੇ ਕਾਲੀ ਦਾ ਧਿਆਨ ਮੰਨ ਲਿਆ ਜਾਏ ਤਾਂ ਕਹਿਣਾ ਚਾਹੀਦਾ ਸੀ ਤਿੰਨਾਂ ਤੋਂ ਇਕ ਰੂਪ ਹੋ ਗਏ। ਇਸ ਲਈ ਕਾਲ ਤੋਂ ਭਾਵ ਅਕਾਲ ਪੁਰਖ ਦਾ ਬੀਰ-ਰਸੀ ਸਰੂਪ ਤੇ ਕਾਲੀ ਤੋਂ ਉਸ ਦੀ ਬੀਰ-ਰਸੀ ਸ਼ਕਤੀ ਸਮਝਣਾ ਹੀ ਗੁਰਮਤਿ ਆਸ਼ੇ ਦੇ ਅਨਕੂਲ ਹੋਵੇਗਾ।

ਅਤੀ ਉੱਗ੍ਰ[1] ਤਪ ਲਾਗੋ ਕਰਨੇ।
ਜਾਪ ਅਕਾਲ ਅਕਾਲ ਉਚਰਨੇ ॥੩੯॥

[1]ਕਠਨ, ਭਿਆਨਕ।

ਕੰਦ ਮੂਲ[1] ਫਲ ਫੂਲ ਅਹਾਰੈਂ[2]।

[1]ਜ਼ਮੀਨ ਵਿੱਚ ਹੋਣ ਵਾਲੇ ਗਾਜਰ, ਮੂਲੀ, ਗੰਢਾ ਆਦਿ ਪਦਾਰਥ। [2]ਭੋਜਨ ਕਰਦੇ ਹਨ।

ਸੋ ਪਿ ਕਬੀ ਕਬਿ ਲਘੁ ਸਾ ਧਾਰੈਂ[1]।

[1]ਥੋੜਾ ਜਿਹਾ ਛਕਦੇ ਹਨ।

ਜੋਗ ਅਸਟਾਂਗ ਸਾਧ ਸਿੱਧ ਕੀਨੋ[1]।

[1]ਅੱਠਾਂ ਅੰਗਾਂ ਵਾਲਾ ਜੋਗ ਸਾਧ ਕੇ ਸਿੱਧ ਕੀਤਾ।

ਨਿਜ ਆਤਮ ਪਰਤਾਤਮ ਚੀਨੋ[1] ॥੪੦॥

[1]ਆਪਣੇ ਆਤਮਾ ਨੂੰ ਪ੍ਰਮਾਤਮਾ ਰੂਪ ਜਾਣ ਲਿਆ।

ਕਬਿੱਤ:

ਬਾਰਿ ਕੋ ਅਹਾਰ, ਕਬੀ ਸੁਸਕ ਪ੍ਰਣ ਚਾਰੁ,
ਬਜਾਰੁ ਕੇ ਅਧਾਰੁ, ਕਬੀ ਰੈਹੈਂ ਨਿਰਾਧਾਰ ਹੈਂ[1]।

[1](ਦੁਸ਼ਟ ਦਮਨ ਜੀ ਕਦੇ) ਪਾਣੀ ਦਾ ਭੋਜਨ (ਕਰਦੇ ਹਨ) ਕਦੇ ਸੁੱਕੇ ਸੁੰਦਰ ਪੱਤੇ (ਛਕਦੇ ਹਨ ਕਦੇ) ਹਵਾ ਦੇ ਆਸਰੇ (ਅਤੇ) ਕਦੇ (ਹਵਾ ਦੇ) ਆਸਰੇ (ਤੋਂ ਵੀ) ਬਿਨਾਂ ਰਹਿੰਦੇ ਹਨ।

ਪਗ ਭਾਰ ਥਿਰਜੋ, ਸਰੂ ਤਰੂ ਮਾਤ ਕਰਜੋ,
ਧਜਾਨ ਮੈਂ ਬਿਲੀਨ, ਭਰਜੋ ਆਨੰਦ ਉਦਾਰ ਹੈਂ[1]।

[1]ਇਕ ਪੈਰ ਦੇ ਭਾਰ (ਐਉਂ) ਖੜੇ ਹਨ ਕਿ ਸਰੂ ਦੇ ਬ੍ਰਿੱਛ ਨੂੰ ਵੀ ਮਾਤ ਕਰਦੇ ਹਨ, ਧਿਆਨ 'ਚ ਬਹੁਤੇ ਲੀਨ ਹੋ ਕੇ ਸ੍ਰੇਸ਼ਟ ਅਨੰਦ 'ਚ ਭਰ ਰਹੇ ਹਨ।

ਦਸਮੇਂ ਦਵਾਰ ਗੁਫਾ, ਭਵਰ ਗੁੰਜਾਰ ਧੁਨਿ
ਅਨਹਦ, ਸੁਨਿ ਮੁਨਿ ਮਗਨ ਅਪਾਰ ਹੈਂ[1]।

[1]ਦਸਵੇਂ ਦੁਆਰ ਦੀ ਗੁਫਾ ਵਿੱਚ ਭੌਰਿਆਂ ਦੀ ਗੂੰਜ ਵਾਂਗ ਲਗਾਤਾਰ ਅਵਾਜ਼ ਹੋ ਰਹੀ ਹੈ (ਜਿਸ ਨੂੰ) ਸੁਣ ਕੇ ਮੁਨੀ (ਦੁਸ਼ਟ ਦਮਨ) ਜੀ ਬਹੁਤੇ ਮਗਨ ਹੋ ਰਹੇ ਹਨ।

ਸੰਤਾਵੈ ਆਧਿ ਬਜਾਧਿ ਨਾ, ਉਠਾਵੈ ਕੋ ਉਪਾਧਿ ਨਾ,
ਬਿਲਾਵੈ ਸ੍ਵੈ ਸਮਾਧਿ ਨਾ, ਰਹਾਵੈਂ ਏਕ ਸਾਰ ਹੈਂ[1] ॥੪੧॥

[1]ਮਨ ਦਾ ਦੁਖ ਤੇ ਸ਼ਰੀਰ ਦਾ ਦੁਖ (ਉਨ੍ਹਾਂ ਨੂੰ) ਦੁਖੀ ਨਹੀਂ ਕਰਦਾ (ਜਿਸ ਕਰ ਕੇ ਮਨ) ਕੋਈ ਉਪੱਦ੍ਰਵ ਨਹੀਂ ਉਠਾਉਂਦਾ ਤੇ ਆਪਣੇ ਸਰੂਪ ਦੀ ਸਮਾਧੀ (ਬਿਲਾਵੈ) ਟੁਟਦੀ ਨਹੀਂ, ਲਗਾਤਾਰ (ਸਮਾਧੀ ਵਿੱਚ) ਰਹਿੰਦੇ ਹਨ।

ਗਾਢੇ ਬਨਿ ਬੱਸ ਕਰਿ, ਤਨ ਮਨ ਕੱਸ ਕਰਿ,

ਖਾਨ ਪਾਨ ਰੱਸ ਹਰ, ਪ੍ਰਾਨ ਠਹਰਾਏ ਹੈਂ[1]।

[1]ਸੰਘਣੇ ਜੰਗਲ 'ਚ ਵਸ ਕੇ ਸ਼ਰੀਰ ਤੇ ਮਨ ਨੂੰ ਖਿੱਚ ਕੇ ਖਾਣ ਪੀਣ ਦੇ ਸੁਆਦਾਂ ਨੂੰ ਛੱਡ ਕੇ ਪ੍ਰਾਣਰੋਕੇ ਹਨ।

ਆਠ ਅੰਗ ਜੋਗ ਸਾਧਿ, ਦੂਰ ਕੀਨ ਆਧਿ ਬਜਾਧਿ,
ਮਨ ਕੋ ਬਿਕਾਰ ਬਾਧਿ, ਸ੍ਵੈ ਸਮਾਧਿ ਲਾਏ ਹੈਂ[1]।

[1]ਜੋਗ ਦੇ ਅੱਠਾਂ ਅੰਗਾਂ ਨੂੰ ਸਾਧ ਕੇ ਆਧੀ ਬਿਆਧੀ ਦੂਰ ਕਰ ਕੇ ਅਤੇ ਮਨ ਦੇ ਵਿਕਾਰਾਂ ਨੂੰ ਨਾਸ ਕਰ ਕੇ ਆਪਣੇ ਸਰੂਪ ਵਿੱਚ ਸਮਾਧੀ ਲਾਉਂਦੇ ਹਨ।

ਜੋਤਿ ਹੋਤ ਭਈ ਹੈ ਉਦੋਤ ਨਿਰਮਲ ਗੋਤ,
ਬੀਜ ਰਵਿ ਸਸਿ ਜਹਾਂ ਛੂਛ ਦਰਸਾਏ ਹੈਂ[1]।

[1]ਉੱਜਲ ਕੁਲ ਵਾਲੇ (ਪ੍ਰਮੇਸ਼ਰ) ਦੀ ਜੋਤਿ (ਦੁਸ਼ਟ ਦਮਨ ਜੀ ਦੇ ਹਿਰਦੇ ਵਿੱਚ) ਪ੍ਰਗਟ ਹੋ ਰਹੀ ਹੈ ਜਿਸ ਦੇ ਸਾਹਮਣੇ ਬਿਜਲੀ, ਸੂਰਜ ਤੇ ਚੰਦ (ਚਾਨਣ ਤੋਂ) ਖ਼ਾਲੀ ਨਜ਼ਰ ਆਉਂਦੇ ਹਨ।

ਤਪ ਹੀ ਕੋ ਬਪੁ ਹੈ ਕਿ ਬਪੁ ਹੀ ਭਯੋ ਹੈ ਤਪੁ,
ਤਪ ਬਪੁ ਬੀਚ ਭੇਦ ਜਰਾ ਨ ਲਖਾਏ ਹੈਂ[1]
॥ ੪੨ ॥

[1]ਇਹ ਤਪ ਦਾ ਹੀ ਸ਼ਰੀਰ ਹੈ ਕਿ ਸ਼ਰੀਰ ਹੀ ਤਪ ਹੋ ਗਿਆ ਹੈ, ਤਪ ਤੇ ਸ਼ਰੀਰ ਵਿੱਚ ਥੋੜੇ ਮਾਤ੍ਰ ਵੀ ਫ਼ਰਕ ਨਹੀਂ ਜਾਣੀਦਾ।

ਐਸ ਹੀ ਬਿਸਾਲ ਸਾਲ ਤਪਸਾ ਕਮਾਲ ਕਰਿ,
ਕਸ਼ਟ ਕਰਾਲ ਜਾਲ ਤਨ ਪੈ ਸਹਾਰੇ ਹੈਂ[1]।

[1]ਇਸੇ ਤਰ੍ਹਾਂ ਹੀ ਬੁਹਤੇ ਸਾਲ ਅਸਚਰਜ ਤੱਪਸਿਆ ਕਰਕੇ, ਬਹੁਤੇ ਭਿਆਨਕ ਕਸ਼ਟ ਸਰੀਰ ਤੇ ਸਹਾਰੇ ਹਨ।

ਕਾਮ ਕੋਹ[1] ਲੋਭ ਮੋਹ ਮਤਸਰ[2] ਦੰਭ ਦ੍ਰੋਹ[3],
ਰਾਗ ਦ੍ਵੈਖ[1] ਛਲ ਛੋਹ[2] ਮੂਲ ਤੇ ਉਪਾਰੇ ਹੈਂ[3]।

[1]ਕ੍ਰੋਧ। [2]ਈਰਖਾ। [3]ਧੋਖਾ।

[1]ਪ੍ਰੇਮ ਤੇ ਵੈਰ। [2]ਗੁੱਸਾ। [3]ਮੁੱਢ ਤੋਂ ਹੀ ਪੁੱਟ ਦਿੱਤੇ ਹਨ।

ਕੈਧੋਂ ਗਾਧਿ-ਪੂਤ ਕੈ ਰਿਖਭ ਦੇਵ ਮਜਬੂਤ,
ਦੱਤ ਅਵਧੂਤ ਪੂਤ ਰਿਖਭ ਉਦਾਰੇ ਹੈਂ[1]।

[1]ਜਾਂ ਇਹ ਵਿਸ਼ਵਾ ਮਿੱਤ੍ਰ ਹੈ ਜਾਂ ਸ਼ਕਤੀ ਵਾਲਾ ਰਿਖਭ ਦੇਵ (ਜੈਨੀਆਂ ਦਾ ਪਹਿਲਾ ਤੀਰਥੰਕਰ) ਜਾਂ ਪਵਿੱਤਰ ਤਿਆਗੀ ਦੱਤਾਤ੍ਰੇਯ ਹੈ ਜਾਂ ਸ੍ਰੇਸ਼ਟ ਰਿਖਭ ਹੈ (ਰਿਖਭ-ਮਰੁ ਦੇਵੀ ਦੇ ਉਦਰ ਤੋਂ ਰਾਜਾ ਨਾਭਿ ਦਾ ਪੁੱਤਰ)।

ਮੂਰਤੀ ਹੁਸਾਤਨ ਕੈ ਪੂਰਤੀ ਪ੍ਰਕਾਸ਼ਨ ਕੈ
ਸੂਰਤੀ ਹੁਲਾਸਨ ਕੈ ਧੂਰਤੀ ਬਿਦਾਰੇ ਹੈਂ[1]
॥ ੪੩ ॥

[1]ਅੱਗ ਦੀ ਮੂਰਤ ਹੈ ਜਾਂ ਮੁਕੰਮਲ ਚਾਨਣ ਹੈ ਜਾਂ ਉਤਸ਼ਾਹ ਦਾ ਸਰੂਪ ਹੈ ਜਾਂ ਛਲੀਆਂ ਨੂੰ ਨਾਸ ਕਰਨ ਵਾਲਾ ਹੈ।

ਸ੍ਵੈਯਾ:
ਤਨ ਜੋਤਹਿ ਜੋਤਿ ਮਯੋ ਝਲਕੈ,
ਛਲਕੈ ਛਬਿ ਛੁੰਗਰਵ ਜਨ ਬੀਆ[1]।

[1]ਸ਼ਰੀਰ ਦੀ ਜੋਤ (ਵਾਹਿਗੁਰੂ ਦੀ) ਜੋਤ ਰੂਪ ਹੋ ਕੇ ਚਮਕ ਰਹੀ ਹੈ ਅਤੇ (ਛੁੰਗ) ਸਮੂੰਹ ਸੋਭਾ (ਐਉਂ) ਛਲਕ ਰਹੀ ਹੈ ਜਾਣੋ ਦੂਜਾ ਸੂਰਜ ਹੀ ਹੈ।

ਚਹੁ ਚੱਕਨ ਮੈਂ[1] ਚਰਚਾ ਚਲਗੀ,
ਚਿਤ ਚੇਤਨਤਾ ਚਪਲਾ ਚਮਕੀਆ[1]।
ਦੁਤਿ ਦੀਹ ਦਸੋਂ ਦਿਸ ਦੀਪਤ ਭੀ,
ਦਿਕ ਦੇਵਨਿ ਦੇਖਨ ਕੋ ਦਿਲ ਦੀਆ[1]।

[1]ਚਹੁੰ ਤਰਫਾਂ ਵਿੱਚ।

[1]ਚਿੱਤ ਦੀ ਗਿਆਨ ਸ਼ਕਤੀ ਬਿਜਲੀ ਵਾਂਗ ਚਮਕ ਪਈ।

[1]ਭਾਰੀ ਚਮਕ ਦਸਾਂ ਤਰਫਾਂ ਵਿੱਚ ਚਮਕ ਪਈ ਅਤੇ ਅੱਠੇ ਦਿਸ਼ਾਂ ਦੇ ਦੇਵਤਿਆਂ (ਦਿਗਪਾਲਾਂ) ਦਾ ਦੇਖਣ ਨੂੰ ਦਿਲ ਕੀਤਾ।

ਜਨ ਚੰਦ ਸੁਰੱਜ ਬੁਰੱਜ ਚਢੇ
ਤਪ ਕੇਰ, ਨਖੱਤ ਪ੍ਰਕਾਸ਼ਤ ਦੀਆ[1] ॥ ੪੪ ॥

[1]ਜਾਣੋ ਚੰਦ ਤੇ ਸੂਰਜ (ਦੁਸ਼ਟ ਦਮਨ ਦੇ) ਤਪ ਦੇ ਦੋ ਬੁਰਜ (ਚੜ੍ਹੇ ਹੋਏ ਹਨ ਅਤੇ) ਤਾਰੇ ਤਪ ਦੇ ਦੀਵੇ ਚਮਕ ਰਹੇ ਹਨ।

ਸਜ ਕੈ ਪਦਮਾਸਨ ਸ੍ਵਾਸਨਿ ਖੈਂਚਿ,
ਮਿਲਾਇ ਬਿਲੋਚਨ ਲਾਇ ਲਿਵੈਂ[1]।

[1]ਪਦਮਾਸਨ ਲਾ ਕੇ ਸਾਹਾਂ ਨੂੰ ਖਿੱਚ ਕੇ ਅੱਖਾਂ ਮੀਟ ਕੇ ਚਿੱਤ ਬ੍ਰਿੱਤੀ ਲਾ ਕੇ।

ਤ੍ਰਿਕੁਟੀ ਸੁਕਟੀ ਮੱਧ ਬ੍ਰਿੱਤਿ ਠਟੀ,
ਨ ਹਟੀ ਨ ਘਟੀ ਨ ਲਟੀ ਸੁ ਕਿਵੈਂ[1]।

[1]ਤ੍ਰਿਕੁਟੀ ਵਿੱਚ ਬ੍ਰਿੱਤੀ ਸੰਕੋਚ ਕੇ ਜੋੜ ਲਈ (ਉਹ ਜੁੜੀ ਹੋਈ) ਕਿਵੇਂ ਵੀ ਨ ਹਟੀ ਨ ਘਟੀ ਤੇ ਨ ਹੀ ਥੱਕੀ ਹੈ।

ਅਨਹੱਦ ਧੁਨੀ ਮੱਧ ਲੀਨ ਮੁਨੀ,
ਚੱਖ ਹੈ ਅਮਿਓ ਲਖ ਹੈਂ ਸੁ ਸਿਵੈਂ[1]।

[1]ਮੁਨੀ (ਦੁਸ਼ਟ ਦਮਨ ਜੀ) ਅਨਹਦ ਧੁਨੀ (ਆਤਮ ਮੰਡਲ ਦੇ ਸੰਗੀਤ ਵਿੱਚ ਲੀਨ ਹੋ ਕੇ ਅੰਮ੍ਰਿਤ ਚੱਖਦੇ ਹਨ ਅਤੇ ਕਲਿਆਣ ਸਰੂਪ (ਵਾਹਿਗੁਰੂ) ਨੂੰ ਜਾਣਦੇ ਹਨ।

ਪਰਮਾਤਮ ਆਤਮ ਏਕ ਲਖਜੋ,
ਰਵਿ ਕੀ ਰਿਸ਼ਮੈਂ ਸਿੰਧੁ ਬਿੰਦ ਜਿਵੈਂ[1] ॥ ੪੫ ॥

[1]ਪਰਮਾਤਮਾ ਤੇ ਆਤਮਾ ਨੂੰ (ਇਉਂ) ਇਕ ਜਾਣ ਲਿਆ ਜਿਵੇਂ ਸੂਰਜ ਤੇ ਸੂਰਜ ਦੀਆਂ ਕਿਰਨਾਂ ਅਤੇ ਸਮੁੰਦਰ ਤੇ ਸਮੁੰਦਰ ਦੀਆਂ ਬੂੰਦਾਂ ਇਕ ਹੁੰਦੀਆਂ ਹਨ।

ਮਨ ਮੀਨ ਬਿਲੀਨ ਭਯੋ ਨਿਧਿ ਆਨਦ,
ਚੀਨ ਲਯੋ ਹਰਿ ਸ੍ਵੈ ਲੁਡੀਆ[1]।

[1]ਮਨ ਰੂਪ ਮੱਛ ਅਨੰਦ ਦੇ ਸਮੁੰਦਰ ਵਿੱਚ ਲੀਨ ਹੋ ਗਿਆ ਆਪਣੇ ਹਰੀ ਨੂੰ ਜਾਣ ਕੇ ਖ਼ੁਸ਼ੀ 'ਚ (ਲੁਡੀਆ) ਝੂਮਣ ਲੱਗ ਪਏ।

ਥੱਕ ਪ੍ਰਾਨ ਥਿਰੇ[1] ਇੰਦਰੇ ਮਨ ਲੌ,
ਤਨ ਕੀ ਸੁਧਿ ਬੁਧਿ ਸਬੈ ਬੁਡੀਆ[1]।

[1]ਖੜੇ ਹੋ ਗਏ।

[1]ਡੁੱਬ ਗਈ।

ਹਰਿ ਗਜਾਨ ਗਜਾਨ ਜਗੀ ਅਗਨੀ,
ਅੱਗਜਾਨ ਸਕਾਰਜ ਹੈ ਜੁਡੀਆ[1]।

[1]ਅਗਿਆਨ ਆਪਣੇ ਕਾਰਜ (ਸੰਸਾਰ) ਸਮੇਤ ਜੁੜ ਗਿਆ (ਸੁੰਗੜ ਗਿਆ) ਭਾਵ ਨਸ਼ਟ ਹੋ ਗਿਆ।

ਨ੍ਰਿਪ ਤੇਜ ਸਰੂਪ ਅਨੂਪ ਲਸੈ,

ਜਨੁ ਰਾਜਤ ਹੈ ਤਪ ਕੀ ਗੁਡੀਆ[1] ॥ ੪੬ ॥

[1]ਰਾਜੇ (ਦੁਸ਼ਟ ਦਮਨ) ਦੇ ਸਰੂਪ ਦਾ ਤੇਜ ਉਪਮਾ ਤੋਂ ਰਹਿਤ ਚਮਕ ਰਿਹਾ ਹੈ ਜਾਣੋ ਤਪ ਦੀ ਮੂਰਤੀ ਬਿਰਾਜ ਰਹੀ ਹੈ।

ਤਰੁ ਸਾਖ ਬਲੀ ਦਲ ਫੂਲ ਫਲਾਦਿਕ,
ਗਜਾਨ ਮਏ ਰਸ ਮੈਂ ਟਪਕੈ[1]।

[1]ਦਰੱਖ਼ਤਾਂ, ਟਾਹਣੀਆਂ, ਵੱਲਾਂ, ਪੱਤਿਆਂ, ਫੁੱਲਾਂ ਤੇ ਫਲਾਂ ਆਦਿਕਾਂ (ਮੈਂ) ਵਿੱਚੋਂ ਗਿਆਨ ਰੂਪਰਸ ਚੋ ਰਿਹਾ ਹੈ।

ਜਢ ਚੇਤਨ ਕੇ ਤਨ ਕਾਂਤਿ ਮਈ,
ਸੁ ਬਿਭਾਂਤਿ ਸੁਹਾਤ ਬਲੈ ਤਪ ਕੈ[1]।

[1]ਤਪ ਦੇ ਬਲ ਨਾਲ ਜੜ੍ਹ ਤੇ ਚੇਤਨ ਦੇ ਸ਼ਰੀਰ ਚਮਕ ਰੂਪ ਹੋ ਕੇ (ਬਿਭਾਂਤਿ) ਅਨੇਕ ਤਰ੍ਹਾਂ ਦੇ ਭਲੀ ਪ੍ਰਕਾਰ ਸੋਭ ਰਹੇ ਹਨ।

ਜਲ ਕੇ ਥਲ ਕੇ ਖਗ ਮੀਨ ਜਿਤੇ ਮ੍ਰਿਗ,
ਜਾਪ ਅਕਾਲ ਰਹੈਂ ਜਪ ਕੈ[1]।

[1]ਜਿਤਨੇ ਜਲ ਦੇ ਮੱਛ ਆਦਿ, (ਅਕਾਸ਼ ਦੇ) ਪੰਛੀ ਤੇ ਧਰਤੀ ਦੇ ਹਰਣ ਆਦਿਕ ਜੀਵ ਹਨ ਸਾਰੇ ਅਕਾਲ ਅਕਾਲ ਦੇ ਜਾਪ ਨੂੰ ਜਪ ਰਹੇ ਹਨ।

ਰਸ ਸਾਂਤਿ ਮਈ, ਗਿਰਿ ਕਾਂਤਿ ਮਈ,
ਅਵਦਾਤ ਵਿਦਾਂਤ ਰਹੈਂ ਲਖ ਕੈ[1] ॥ ੪੭ ॥

[1]ਚਮਕੀਲੇ ਪਹਾੜਾਂ ਵਿੱਚ (ਉਹ) ਵੇਦਾਂਤ ਦੇ ਉੱਜਲ ਸਿਧਾਂਤ ਨੂੰ ਜਾਣ ਕੇ ਸ਼ਾਂਤੀਰਸ ਵਾਲੇ ਹੋ ਕੇ ਰਹਿੰਦੇ ਹਨ।

ਮਹਿਮਾ ਤਪ ਕੀ ਮਤ ਮਾਨਹੁ ਕੂਰ[1],
ਕਹੇ ਕਵਿ ਜੋ ਸਬਿ, ਸਾਚ ਅਹੇ।
ਰਚਨਾ ਜਗ ਕੀਨ ਬਿਧੀ[1] ਤਪ ਕੇ ਬਲ,
ਗਾਧਿ ਸੁਤੈਂ ਕਮ ਕੌਨ ਕਹੇ[1]।
ਬਦਲਾਇ ਦੀਓ ਜੁਗ, ਸਿੰਧੁ ਪੀਓ,
ਜੱਗ ਥੀਓ ਵਹੇ, ਤਪਸੀ ਜੁ ਚਹੇ[1]।

[1]ਝੂਠ ਨ ਮੰਨੋ।

[1]ਬ੍ਰਹਮਾ ਨੇ।

[1]ਵਿਸ਼ਵਾ ਮਿੱਤਰ (ਦੇ ਤਪ) ਨੂੰ ਕੌਣ ਘੱਟ ਕਹਿ ਸਕਦਾ ਹੈ।

[1](ਤਪ ਦੇ ਬਲ ਨਾਲ ਗੌਤਮ ਨੇ ਦੁਆਪਰ ਦੇ ਥਾਂ ਤ੍ਰੇਤਾ) ਜੁਗ ਬਦਲ ਦਿੱਤਾ (ਅਤੇ ਅਗਸਤ ਨੇ) ਸਮੁੰਦਰ ਪੀ ਲਿਆ, ਜਗਤ 'ਚ ਉਹ ਹੋਇਆ ਜੋ ਤਪੱਸੀਆਂ ਨੇ ਚਾਹਿਆ।

ਸ੍ਰੁਤਿ[1] ਸਾਰਦ[2] ਨਾਰਦ ਸੇਸ[3] ਮਹੇਸ[11],
ਨਹੀਂ ਤਪਸੀਨ ਕੋ ਅੰਤ ਲਹੇ ॥ ੪੮ ॥

[1]ਵੇਦ। [2]ਸਰੁਸਤੀ। [3]ਸ਼ੇਸ਼ ਨਾਗ। [11]ਸ਼ਿਵ।

ਦੋਹਰਾ:
ਦੁਸ਼ਟ ਦਵਨ ਅਤਿ ਉੱਗ੍ਰ[1] ਤਪ,
ਕਰਜੋ ਯੋਗ ਅਸਟਾਂਗ[1]।
ਸਿੱਧ ਭਯੋ ਪ੍ਰਸਿੱਧ ਅਤਿ,
ਬ੍ਰਿੱਧਿ ਤਜਾਗ ਵੈਰਾਗ[1] ॥ ੪੯ ॥

[1]ਭਿਆਨਕ।

[1]ਜੋਗ ਦੇ ਅੱਠਾਂ ਅੰਗਾਂ ਅਨੁਸਾਰ।

[1]ਬਹੁਤੇ ਤਿਆਗ ਤੇ ਵੈਰਾਗ ਨਾਲ ਸ਼ਕਤੀਆਂ ਵਾਲਾ ਬਹੁਤ ਮਸ਼ਹੂਰ ਹੋ ਗਿਆ।

ਚੌਪਈ:
ਸਿੱਧਿ ਅਸਟ ਦਸ[1] ਹਾਜਰ ਰੈਹੈਂ।

[1]ਅਠਾਰਾਂ ਸ਼ਕਤੀਆਂ।

ਮੁਨਿ ਨ ਤਿਨਨਿ ਦਿਸ ਦ੍ਰਿਸ਼ਟੀ ਦੈਹੈਂ[1]।
ਬ੍ਰਹਮਾਨੰਦ ਵਿਖੇ ਆਨੰਦੈਂ।
ਰਹੈਂ ਨਿਮਗਨ ਲਗਨ ਲਗਿ ਚਿੰਦੈਂ[1] ॥ ੫੦ ॥

[1]ਮੁਨੀ ਉਨ੍ਹਾਂ ਦੀ ਤਰਫ਼ ਨਿਗਾਹ ਨਹੀਂ ਕਰਦੇ।

[1]ਚਿੰਤਨ ਵਿੱਚ।

ਮਨ ਪਰਫੁੱਲਤ[1] ਡੁੱਲਤ ਨਾਹੀਂ।
ਰਾਜ ਤ੍ਰਿਲੋਕ ਦ ਸੋਕ ਲਖਾਹੀਂ[1]।
ਅਗਨਿ ਸਿਖਾ ਸਮ ਤਨ ਪ੍ਰਕਾਸੈ[1]।
ਰਹੀ ਸਨਾਯੂ ਮਾਸ ਨ ਮਾਸੈ[1] ॥ ੫੧ ॥

[1]ਖਿੜਿਆ ਹੋਇਆ ਹੈ।

[1]ਤਿੰਨਾਂ ਲੋਕਾਂ ਦਾ ਰਾਜ ਸੋਕ ਦੇਣ ਵਾਲਾ ਜਾਣਦੇ ਹਨ।

[1]ਅੱਗ ਦੀ ਲਾਟ ਵਾਂਗ ਸ਼ਰੀਰ ਚਮਕਦਾ ਹੈ।

[1](ਕੇਵਲ) ਨਾੜੀਆਂਰਹਿ ਗਈਆਂ ਹਨ ਮਾਸ ਮਾਸਾ ਜਿੰਨਾ ਵੀ ਨਹੀਂ ਰਿਹਾ।

ਆਢ ਰਹਤ ਬਿਚਰਨ ਅਧਿਕਾਰੀ[1]।

[1]ਆਸਰੇ ਤੋਂ ਬਿਨਾਂ ਫਿਰਨ ਦੇ ਹੱਕਦਾਰ ਹੋ ਗਏ ਭਾਵ ਕਿਸੇ ਦੇ ਆਸਰੇ ਤੋਂ ਬਿਨਾਂ ਤੁਰ ਨਹੀਂ ਸਕਦੇ।

ਭਯੋ, ਮੁਨੇਸਰ ਇੱਛਜਾਚਾਰੀ[1]।
ਗੋਰਖ ਦੱਤ ਕਪਲ ਰਿਖਭਾਦੈ[1]।

[1]ਆਪਣੀ ਇੱਛਾ ਅਨੁਸਾਰ ਵਿਚਰਨ ਵਾਲਾ।

[1]ਰਿਖਭ ਆਦਿਕ (ਰਿਖਭ=ਜੈਨੀਆਂ ਦੇ ਚੌਵੀ ਅਵਤਾਰਾਂ ਵਿੱਚੋਂ ਇਕ ਅਵਤਾਰ)।

ਸਨਕਾਦਕ ਨਾਰਦ ਤੈ ਜ਼ਜਾਦੈ[1] ॥ ੫੨ ॥

[1]ਬਹੁਤੀ।

ਦੁਸ਼ਟ ਦਵਨ ਮੈਂ ਸ਼ਕਤੀ ਭਈ।
ਪੈ ਨ ਦੀਪ ਘਰ ਜਯੋਂ ਬਿਦਤਈ[1]।

[1]ਪਰ ਘਰ ਦੇ ਦੀਵੇ ਵਾਂਗ ਬਾਹਰ ਪ੍ਰਗਟ ਨਹੀਂ ਹੋਈ।

ਬ੍ਰਹਮਾਤਮ ਨਿਜ ਸਭਿ ਕੋ ਹੇਰੈਂ[1]।

[1]ਆਪ ਸਾਰਿਆਂ ਨੂੰ ਬ੍ਰਹਮਾਤਮਾ ਰੂਪ ਵੇਖਦੇ ਹਨ।

ਬਰ ਸਰਾਪ ਨਹਿਂ ਕਾਹੂੰ ਟੇਰੈਂ ॥ ੫੩ ॥
ਜੀਵ ਚਰਾਚਰ[1] ਕੇਰ ਸੁਭਾਵੂ।
ਬਦਲ ਗਏ ਮੁਨਿ ਤਪ ਪ੍ਰਭਾਵੂ[1]।
ਨਿਸ ਕੰਟਕ ਪ੍ਰਿਥ੍ਵੀ ਗਿਰ ਭਏ[1]।
ਬਾਰਿ ਬਾਰਿ ਭਾਵਤੋ ਦਏ[1] ॥ ੫੪ ॥

[1]ਚੇਤਨ ਤੇ ਜੜ੍ਹ।

[1]ਅਸਰ ਨਾਲ।

[1]ਧਰਤੀ ਤੇ ਪਹਾੜ ਦੁੱਖਾਂ ਤੋਂ ਰਹਿਤ ਹੋ ਗਏ।

[1]ਬੱਦਲ ਮਨ ਭਾਉਂਦੇ ਪਾਣੀ ਦਿੰਦੇ ਹਨ।

ਨਾਰੇ ਨਦੀ ਸੁਧਾ ਮਹਿਂ ਬਹਿਹੀਂ[1]।
ਗਿਰ ਵਰ ਝਰਨਾ ਝਰਤ ਸੁ ਰਹਿਹੀਂ[1]।
ਤਰੁ[1] ਫਰ[2] ਸੁਖਦਾ ਸ੍ਵਾਦਲ ਦੈਹੈਂ।
ਬਾਰਹਿ ਮਾਸ ਫਰੇ[1] ਸਬਿ ਰੈਹੈਂ ॥ ੫੫ ॥

[1]ਨਦੀਆਂ ਤੇ ਨਾਲਿਆਂ ਵਿੱਚ ਅੰਮ੍ਰਿਤ ਵਗਦਾ ਹੈ।

[1]ਪਹਾੜਾਂ 'ਚ ਚੰਗੇ ਸੋਮੇ ਵਗਦੇ ਰਹਿੰਦੇ ਹਨ।

[1]ਬ੍ਰਿੱਛ। [2]ਫਲ।

[1]ਫਲੇ।

ਮੰਦ ਸੁਗੰਧਿ ਸਰਦ ਬਹਿ ਬਜਾਰੀ[1]।
ਬੂਟੀ ਬੇਲ ਬਿਬਿਧਿ ਫੁਲਵਾਰੀ[1]।
ਚੰਪਾ[1], ਰਾਇ-ਬੇਲ[2], ਚੰਬੇਲੀ।
ਕਵਲ, ਕੇਵੜਾ[1], ਖਿੜੇ ਰਵੇਲੀ[2] ॥ ੫੬ ॥

[1]ਹੌਲੀ ਹੌਲੀ ਸੁਗੰਧੀ ਵਾਲੀ ਠੰਡੀ ਹਵਾ ਵੱਗਦੀ ਹੈ।

[1]ਬੂਟੀਆਂ ਤੇ ਵੇਲਾਂ ਤਰ੍ਹਾਂ ਤਰ੍ਹਾਂ ਦੇ ਫੁੱਲਾਂ ਵਾਲੀਆਂ ਹਨ।

[1]ਚੰਬਾ। [2]ਮੋਤੀਏ ਦੀ ਜਾਤੀ ਦੀ ਇਕ ਵੇਲ।

[1]ਚੰਦ੍ਰਮਾ ਵਰਗੇ ਚਿੱਟੇ ਫੁੱਲਾਂ ਦੀ ਵੇਲ। [2]ਵੱਡਾ ਚੰਬਾ।

ਹਰੀ ਭਰੀ ਸਭਿ ਫੂਲੀ ਫਲੀ[1]।
ਸੁਚਿ ਸੁਗੰਧਿ ਮਹਕਾਵਤਿ ਕਲੀ[1]।
ਕਲੀ ਪ੍ਰਭਾਵ ਸੁਭਾਵ ਜਗੱਤੈ।
ਗੱਤੈ ਭਏ, ਨ ਬਿਆਪੈ ਤੱਥੈ[1] ॥ ੫੭ ॥

[1]ਫੁੱਲਾਂ ਤੇ ਫਲਾਂ ਸਹਿਤ ਹੈ।
[1]ਕਲੀਆਂ ਪਵਿੱਤ੍ਰ ਸੁਗੰਧੀ ਖਿਲਾਰ ਰਹੀਆਂ ਹਨ।
[1]ਕਲਜੁਗ ਦਾ ਅਸਰ ਤੇ ਦੁਨਿਆਵੀ ਸੁਭਾਵ (ਗੱਤੇ) ਨਾਸ ਹੋ ਗਏ (ਤੱਥੈ) ਉੱਥੇ ਨਹੀਂ ਪਹੁੰਚਦੇ।

ਤੱਥੈ ਕੇ[1] ਗਾਹਕ ਜਨ ਸਾਧੂ।
ਸਾਧੂ ਮਤਿ ਜੇ ਚਹਿਤ ਅਗਾਧੂ[1]।
ਗਾਧੂ ਸੁਤ ਸੇ ਤਪ ਧਨ ਵਾਰੇ[1]।
ਵਾਰੇ ਆਇ ਬਸੇ ਦਿਸ ਚਾਰੇ[1] ॥ ੫੮ ॥
ਚਾਰੇ ਬੇਦ ਪਢੈਂ ਮੁਨਿ ਰਾਈ[1]।
ਰਾਈ ਸਮ ਨ ਬਿਕਾਰ ਜਿਨਾਈ[1]।
ਨਾਈ ਗ੍ਰੀਵਾ ਪ੍ਰਭੁ ਗੁਰੁ ਆਗੇ[1]।
ਆਗੇ ਸੇ ਤਿਹਿਂ ਬਹੁ ਬਡ ਭਾਗੇ[1] ॥ ੫੯ ॥
ਭਾਗੇ ਦੁਖ ਭੁਖ ਤਿਨੈਂ ਅਗਾਰੀ।
ਗਾਰੀ[1] ਆਸੁਰਿ ਸੰਪਤਿ[2] ਸਾਰੀ।
ਸਾਰੀ ਕਾਰਜ ਸਹਿਤ ਅਵਿੱਦਜਾ[1]।
ਵਿੱਦਜਾ ਬ੍ਰਹਮ ਗਜਾਨ ਕਿਯ ਸਿੱਧਜਾ[1] ॥ ੬੦ ॥
ਸਿੱਧਜਾ ਰਿੱਧਜਾ ਕੋ ਨ ਚਹਾਨਾ[1]।
ਹਾਨਾ ਭਰਮ ਭੇਦ ਪਚਧਾਨਾ[1]।
ਧਾਨਾ[1] ਜਿਮ ਭੂਨਜੋਂ ਮਨ ਅਪਨਾ।
ਪੁਨਾ ਨਾ ਅੰਕੁਰ[1] ਹੋਇ ਉਤਪਨਾ ॥ ੬੧ ॥
ਤਪਨਾ ਫਿਰ ਭਵ ਪਰੈ ਨ ਜਾਂ ਤੈ[1]।
ਜਾਤੈਂ ਪਾਤੈਂ ਕੀਨੀ ਹਾਤੈ[1]।
ਹਾਤੈ ਸਤਿਸੰਗਤ ਮੈਂ ਪਰ ਕੈ[1]।
ਪਰ ਕੈ ਨਿਜ ਸਬਿ ਬ੍ਰੱਹਮ ਨਿਹਰ ਕੈ[1] ॥ ੬੨ ॥
ਹਰ ਕੈ ਕ੍ਰਿਯਾ ਕਲਾਪ ਕਲੇਸੈਂ[1]।
ਲੇਸੈਂ ਹਰਜੋ ਅਗਜਾਨ ਅਸੇਸੈਂ[1]।

[1]ਗਾਲ ਦਿੱਤੀ। [2]ਕਾਮ ਆਦਿਕ।
[1](ਕਾਰਜ) ਸੰਸਾਰ ਦੇ ਸਣੇ ਅਵਿਦਿਆ ਸਾੜ ਦਿੱਤੀ।
[1]ਬ੍ਰਹਮ ਗਿਆਨ ਦੀ ਵਿੱਦਿਆ ਪ੍ਰਾਪਤ ਕਰ ਲਈ।
[1]ਸਿੱਧੀਆਂ ਰਿੱਧੀਆਂ ਕੋਈ ਨਹੀਂ ਚਾਹੁੰਦਾ।
[1]ਭਰਮ ਨਾਸ ਹੋ ਗਿਆ ਤੇ ਭੇਦ (ਪਚਧਾਨਾ) ਸੜ ਗਿਆ।
[1]ਭੁਜੇ ਹੋਏ ਜੌਂ ਜਾਂ ਚਉਲ।
[1]ਅੰਗੂਰ।
[1]ਜਿਸ ਕਰ ਕੇ ਸੰਸਾਰ ਵਿੱਚ ਫੇਰ ਤਪਣਾ ਨ ਪਵੇ।
[1]ਜਾਤਾਂ ਪਾਤਾਂ ਨਾਸ ਕਰ ਦਿੱਤੀਆਂ।
[1]ਸਤਿ ਸੰਗਤ ਰੂਪ ਵਲਗਣ ਵਿੱਚ ਪੈ ਕੇ।
[1]ਪਰਾਇਆਂ ਤੇ ਆਪਣਿਆਂ ਨੂੰ ਬ੍ਰਹਮ ਰੂਪ ਦੇਖ ਕੇ।
[1]ਸਾਰੇ ਕਲੇਸ਼ਾਂ ਤੇ ਕ੍ਰਿਆ ਨੂੰ ਤਿਆਗ ਕੇ।
[1]ਲੇਸ ਵਾਂਗ (ਚਿੰਬੜਿਆ ਹੋਇਆ) ਅਗਿਆਨ ਨਾਸ ਕਰ ਦਿੱਤਾ।

ਸੇਸੈ ਜਜੋਂ[1] ਇਕ ਪ੍ਰਭ ਕੋ ਜੱਪਾ।
ਜੱਪਾ ਕੁਸਮ ਰੰਗ ਜੱਗ ਥੱਪਾ[1] ॥ ੬੩ ॥

[1]ਸ਼ੇਸ਼ ਨਾਗ ਵਾਂਗ।
[1]ਦੁਪਹਿਰੀਏ ਫੁੱਲ ਦੇਰੰਗ ਵਰਗਾ (ਛੇਤੀ ਨਾਸ ਹੋ ਜਾਣ

ਵਾਲਾ) ਜਗਤ ਨੂੰ ਸਮਝਿਆ ਹੈ।

ਥੱਪਾ ਗਜ਼ਾਨ ਮਾਰ ਜਮ ਹਰਾ[1]।
ਹਰਾ ਭਯੋ ਉਰ ਸਦ ਗੁਨ ਖਰਾ[1]।
ਖਰਾ[1] ਕਰਜੋ ਮਨ ਆਤਮ ਮਾਹੀ।
ਮਾਹੀ ਹੀਰ ਜੈਸ ਜਲ ਮਾਂਹੀ[1] ॥ ੬੪ ॥
ਮਾਂ ਹੀਯ ਸੁਤ ਜਿਮ ਚੰਦ ਚਕੋਰੀ[1]।
ਕੋਰੀ ਪਟ, ਕੁਲਾਲ ਘਟ ਜੋਰੀ[1]।

[1]ਗਿਆਨ ਦਾ ਥੱਪੜ ਮਾਰ ਕੇ ਜਮ ਨੂੰ ਮਾਰ ਦਿੱਤਾ।
[1]ਚੰਗੇ ਸ੍ਰੇਸ਼ਟ ਗੁਣਾਂ ਨਾਲ।
[1]ਖੜ੍ਹਾ (ਸਾਵਧਾਨ)।
[1]ਜਿਵੇਂ ਰਾਂਝੇ ਵਿੱਚ ਹੀਰ ਨੇ ਤੇ ਜਲ ਵਿੱਚ ਮੱਛੀ ਨੇ।
[1]ਮਾਤਾ ਦਾ ਮਨ ਪੁੱਤ੍ਰ ਵਿੱਚ ਤੇ ਚਕੋਰ ਦਾ ਚੰਦ ਵਿੱਚ।
[1]ਜੁਲਾਹੇ ਨੇ ਬਸਤ੍ਰ (ਬੁਣਨ) ਵਿੱਚ ਤੇ ਘੁਮਿਆਰ ਨੇ ਜਿਵੇਂ ਘੜੇ ਜੋੜਨ ਵਿਚ।

ਜੋਰੀ ਸੰਪਤਿ ਸੂਮ ਬਟੋਰੀ[1]।
ਟੋਰੀ ਬਾਲਕ ਗੁੱਡੀ ਡੋਰੀ[1] ॥ ੬੫ ॥
ਡੋਰੀ ਤਜੋਂ ਧਰਿ ਵੀਚ ਤਪੱਸਜਾ[1]।
ਪੱਸਜਾ ਨਿਜ ਮਹਬੂਬ ਅਵੱਸਜਾ[1]।

[1]ਜਿਵੇਂ ਸੂਮ ਨੇ ਮਾਇਆ ਇਕੱਠੀ ਕਰ ਕੇ ਜਮ੍ਹਾਂ ਕਰਨ ਵਿੱਚ।
[1]ਜਿਵੇਂ ਬਾਲਕ ਗੁੱਡੀ ਦੀ ਡੋਰ ਨੂੰ ਤੋਰਨ ਵਿੱਚ।
[1]ਤਿਵੇਂ ਤਪੱਸਿਆ ਵਿੱਚ ਬ੍ਰਿਤੀ (ਜੋੜ) ਰਖੀ ਹੈ।
[1](ਉਨ੍ਹਾਂ) ਆਪਣੇ ਪਿਆਰੇ ਨੂੰ (ਅਵੱਸਜਾ) ਬਿਨਾ ਸੰਸੇ ਤੋਂ ਦੇਖ ਲਿਆ ਹੈ।

ਵੱਸਜਾ ਗਿਰ ਬਨ ਤਪ ਪ੍ਰਭਾਵੈ[1]।
ਭਾਵੈ ਬੈਰਿ ਨ ਕਿਹ ਤਿਹ ਥਾਵੈ[1] ॥ ੬੬ ॥
ਥਾ ਵੈ ਬਨ ਅਦਭੁਤ ਤਬਿ ਸੋਹੈ[1]।
ਸੋ ਹੈ ਕੌਨ ਜੁ ਪੇਖਿ ਨ ਮੋਹੈ।

[1]ਪਹਾੜਾਂ ਤੇ ਜੰਗਲਾਂ ਵਿੱਚ ਤਪ ਦਾ ਅਸਰ ਵਸ ਗਿਆ ਹੈ।
[1]ਉਸ ਥਾਂ ਕਿਸੇ ਨੂੰ ਵੀ ਵੈਰ ਕਰਨਾ ਨਹੀਂ ਭਾਉਂਦਾ।
[1]ਸੀ ਤਾਂ ਉਹ ਜੰਗਲ (ਪਰ) ਤਦੋਂ ਅਸਚਰਜ ਸੋਭਦਾ ਸੀ।

ਮੋ ਹੈ ਤਿਸ ਕੇ ਫਲ ਕੇ ਸਾਲ[1]।
ਸਾਲਮਲੀ[1], ਪੂੰਗੀ[2], ਤਾਮਾਲ[3] ॥ ੬੭ ॥
ਮਾਲ[1] ਕਪਿੱਥ[2], ਸੇਉ, ਕਚਨਾਲ[3]।

[1]ਤਿਸ ਜੰਗਲ ਦੇ ਵਿੱਚ ਸਾਲ ਦੇ ਫਲਦਾਰ (ਦਰੱਖ਼ਤ) ਹਨ।
[1]ਸਿੰਬਲ। [2]ਸੁਪਾਰੀ। [3]ਤਮਾਲ, ਇਕ ਸਦਾ ਬਹਾਰ ਬ੍ਰਿੱਛ।
[1](ਦਰੱਖ਼ਤਾਂ ਦੀਆਂ) ਕਤਾਰਾਂ ਹਨ। [2]ਕੈਥ, ਜੰਗਲੀ ਨਾਸ਼ਪਾਤੀ। [3]ਕਾਂਚਨਾਰ, ਇਕ ਬ੍ਰਿੱਛ ਜਿਸ ਦੀਆਂ ਕਲੀਆਂ ਦੀ ਭਾਜੀ ਬਣਦੀ ਹੈ।

ਨਾਲ ਕੇਲ[1], ਕੇਲਾ, ਬਿੰਬ[2] ਜਾਲ[3]।
ਜਾਲ[1] ਬੇਰ, ਸੀਤਾ ਫਲ, ਰਾਮ[2]।
ਰਾਮ ਦਾਇ[1] ਲੀਚੀ ਵਰ ਆਮ[2] ॥ ੬੮ ॥
ਆਮ ਖਜੂਰ[1], ਖਿਰਨੀ[2], ਖੱਖਰੀ[3]।
ਖਰੀ ਅੰਜੀਰ[1] ਅੰਗੂਰੈਂ ਦੱਖਰੀ[2]।
ਦੱਖ ਰੀਝਤ ਪਿਖਿ ਆੜੂ, ਕੱਟਲੈਂ[1]।

[1]ਨਲੇਰ, ਖੋਪੇ ਦਾ ਬ੍ਰਿੱਛ। [2]ਰਕਤ ਫਲਾ, ਕੁੰਦਰੂ ਫਲ, ਜਿਸ ਦਾ ਰੰਗ ਲਾਲ ਹੁੰਦਾ ਹੈ। [3]ਬਹੁਤੇ।
[1]ਪੀਲੂ ਦਾ ਬ੍ਰਿੱਛ, ਵਣ। [2]ਰਾਮ ਫਲ।
[1]ਆਰਾਮ (ਸੁਖ) ਦੇਣ ਵਾਲੇ। [2]ਲੀਚੀ ਤੇ ਚੰਗੇ ਅੰਬਾਂ ਦੇ (ਦਰੱਖ਼ਤ)।
[1]ਬਹੁਤੀਆਂ ਖਜੂਰਾਂ। [2]ਨਮੋਲੀ ਵਰਗੇ ਇਕ ਮਿੱਠੇ ਫਲ ਦਾ ਬ੍ਰਿੱਛ। [3]ਖੱਖੜੀਆਂ (ਦੇ ਫਲ)।
[1]ਚੰਗੀਆਂ ਅੰਜੀਰਾਂ। [2]ਸੋਹਣੀਆਂ ਅੰਗੂਰਾਂ ਦੀਆਂ (ਵੇਲਾਂ)।
[1]ਦੱਛ ਪ੍ਰਜਾ ਪਤਿ ਪ੍ਰਸੰਨ ਹੁੰਦਾ ਹੈ ਆੜੂ ਤੇ ਕਟਹਲ (ਦੇ ਦਰੱਖ਼ਤ) ਦੇਖ ਕੇ।

ਕਟਲ[1], ਕੱਠ[2], ਗੋਲ੍ਹੈਂ ਬਿਲ ਬਟਲੈ[3] ॥ ੬੯ ॥

[1]ਪਨਸ ਦਾ ਦਰੱਖ਼ਤ। [2]ਇਕ ਤਰ੍ਹਾਂ ਦਾ ਫਲਦਾਰ ਦਰੱਖ਼ਤ। [3]ਬਿਲ ਦੇ ਫਲ ਤੇ ਬੋਹੜ ਦੀਆਂ ਗੋਲ੍ਹਾਂ (ਬੋਹੜ ਦੇ ਫਲਾਂ ਨੂੰ ਗੋਲ੍ਹਾਂ ਕਹਿੰਦੇ ਹਨ)।

ਬਟਲੈਰਾਚੀ, ਭੜ[1], ਤਰਬੂਜ[2]।
ਬੂਜ[1], ਨਾਸ਼ਪਾਤੀ, ਖਰਬੂਜ[2]।

[1]ਫਲਦਾਰ ਬ੍ਰਿੱਛ। [2]ਹਿੰਦਵਾਣਾ-ਮਤੀਰਾ।

ਬੂਜਕ[1], ਬੀਹ[2], ਨੇਉਜ[3], ਬੇਧਾਰੀ।

[1]ਬਿਜੌਰਾ-ਨਿੰਬੂ ਦੀ ਜਾਤ ਦਾ ਇਕ ਬੂਟਾ, ਜਿਸ ਦੇ ਫਲ ਸੰਗਤਰੇ ਵਰਗੇ ਹੁੰਦੇ ਹਨ। [2]ਖ਼ਰਬੂਜ਼ੇ।

ਦਾਰੀ ਦੇਵ[1], ਬਿਦਾਮ, ਬਿਦਾਰੀ[2] ॥ ੭੦ ॥

[1]ਚਕੋਧਰਾ (ਚਕੋਤਰਾ)-ਗੋਲ ਕੱਦੂ ਜਿਹਾ ਇਕ ਵੱਡੇ ਕੱਦ ਦਾ ਨਿੰਬੂ। [2]ਵੀਹ ਦਾਣਾ। [3]ਨਿਉਜਾ (ਚਿਲਗੋਜ਼) ਚੀਲ ਦੇ ਫਲ ਚੋਂ ਨਿਕਲਿਆ ਇਕ ਮੇਵਾ।

ਦਾਰੀ ਸੇ ਜਾਮਨ[1], ਜਰਦਾਲੂ[2]।
ਦਾਲੂ[1] ਸ਼ੱਕਰ ਕੰਦੀ[2] ਆਲੂ।

[1]ਦੇਵਦਾਰ, ਦਯਾਰ। [2]ਬਿਦਾਰੀ ਕੰਦ-ਇਕ ਤਰ੍ਹਾਂ ਦਾ ਕੰਦ ਜੋ ਜੰਗਲੀ ਬੇਲ ਦੀ ਜੜ੍ਹ ਵਿੱਚ ਹੁੰਦਾ ਹੈ।

ਆਲੂਚੇ, ਲੋਕਾਠ, ਸਿੰਘਾੜੂ[1]।
ਘਾੜੂਕੇ[1], ਖਾਰੋਟ[2], ਲਸਾੜੂ[3] ॥ ੭੧ ॥

[1]ਦਿਉਦਾਰ ਵਰਗੇ ਜਾਮਨਾਂ ਦੇ ਦਰੱਖ਼ਤ। [2]ਕਾਠੀ ਖੁਰਮਾਨੀ।

ਸਾੜੂ[1], ਸਰਦੇ[2] ਗਾਜਰ, ਮੂਲੀ।
ਮੂਲੀ ਫਰੀਦ ਕੰਦ ਮਾਖੂਲੀ[1]।

[1]ਦਾਲ ਹਲਦੀ। [2]ਸ਼ਕਰ ਕੰਦ-ਅਰਬੀ ਦੀ ਸ਼ਕਲ ਦਾ ਇਕ ਕੰਦ।

ਖੂਲੀਚੇ[1] ਕਾਰੋਂਦੇ[2] ਪਿੱਪੀ।

[1]ਸਿੰਘਾੜਾ-ਜਲ 'ਚ ਹੋਣ ਵਾਲੀ ਇਕ ਸਬਜ਼ੀ।

ਪਿੱਪੀਹਾ, ਤੂਤ, ਨਾਖਸਾ[1] ਚਿੱਪੀ[2] ॥ ੭੨ ॥
ਚਿੱਪੀ[1], ਜਿਮੀਕੰਦ, ਗਾਲੋਟੂ[2]।

[1]ਇਕ ਤਰ੍ਹਾਂ ਦਾ ਕੰਦ। [2]ਮੂੰਗਫਲੀ।

ਲੋਟੂ ਕੰਦ[1], ਮੂੰਗ ਫਲ[2] ਮੋਠੂ।
ਮੋਠੂਰੇ, ਫਾਲਸਾ[1], ਸਪੂਰੀ[2]।

[1]ਇਕ ਬ੍ਰਿੱਛ ਜਿਹੇ ਪੱਤਿਆਂ ਦਾ ਇਕ ਕੰਡੇਦਾਰ ਬੂਟਾ ਜਿਸ ਦੇ ਫਲਾਂ ਦਾ ਅਚਾਰ ਪੈਂਦਾ ਹੈ।

ਪੂਰੀ ਬੀਜ ਅਮਰੂਜ[1] ਕੰਦੂਰੀ ॥ ੭੩ ॥
ਦੂਰੀ ਦੂਰੀ ਲੌ ਇਹੁ ਖਬਰੈਂ।
ਵਰੈਂ[1] ਭਈ, ਮੁਨਿ ਆਵਤਿ ਜਵਰੈਂ[2]।
ਵਰੈਂ ਆਇ ਤਿਸ ਗਿਰ ਬਨ ਮੋਂ ਹੈਂ[1]।
ਮੋਹੈਂ ਮਨ ਪਿਖਿ ਫਲ ਅੰਬੋਹੈਂ[1] ॥ ੭੪ ॥

[1]ਕਸ਼ਮੀਰੀ ਤੇ ਕਾਬਲੀ ਨਾਸ਼ਪਾਤੀ। [2]ਛਿੱਪੀ।

[1]ਦਰਿਆਈ ਨਲੇਰ। [2]ਗਿਲੋਟ-ਆਲੂ ਦੀ ਕਿਸਮ ਦਾ ਇਕ ਜੰਗਲੀ ਕੰਦ।

[1]ਇਕ ਤਰ੍ਹਾਂ ਦਾ ਕੰਦ। [2]ਮੂੰਗਫਲੀ।

[1]ਇਕ ਬੂਟਾ ਜਿਸ ਨੂੰ ਖਟ-ਮਿੱਠੇ ਫਲ ਲੱਗਦੇ ਹਨ। [2]ਸੁਪੂਰ-ਬਿਜਉਰੇ ਦਾ ਬੂਟਾ ਤੇ ਫਲ।

[1]ਅਮਰੂਦ।

[1]ਸ੍ਰੇਸ਼ਟ। [2]ਬਹੁਤੇ।

[1]ਤਿਸ ਪਹਾੜ ਤੇ ਬਨ ਵਿੱਚ ਆ ਕੇ ਵੜਦੇ ਹਨ।

[1]ਬਹੁਤੇ ਫਲ।

ਬੋਹੈ ਬਾਹੈ ਨਹਿਂ ਤਿਸ ਕੋਹੀ[1]।
ਕੋਹੀ[1] ਖੈਹੈਂ ਮੇਵੇ ਜੋਹੀ[2]।
ਜੋ ਹੀਯ ਰੁਚੈ ਵਸਤੁ ਸੋ ਖਾਹੀ।
ਖਾਹੀ[1] ਜੋ ਜਿਸ ਕਾ, ਸੋਪਾਹੀ[2] ॥ ੭੫ ॥

[1]ਤਿਨਾਂ ਨੂੰ ਕੋਈ ਵੀ ਵਾਹੁੰਦਾ ਤੇ ਬੀਜਦਾ ਨਹੀਂ।
[1]ਪਹਾੜੀਏ। [2]ਦੇਖ ਕੇ।
[1]ਚਾਹਵਾਨ। [2]ਪਾ ਲੈਂਦਾ ਹੈ।

ਪਾਹੀ[1] ਮਾਲਕ ਕੋ ਨ ਕਹਾਈ।
ਹਾਈ ਜੀਵਨਿ ਤਹਾਂ ਟਿਕਾਈ[1]।

[1]ਪਾਹੀ–ਗੈਰ ਮਾਲਕ।
[1]ਜੀਵਾਂ ਨੂੰ ਮਾਰਨ ਵਾਲੇ (ਸ਼ੇਰ ਆਦਿ ਜਾਨਵਰ) ਓਥੇ ਟਿਕੇ ਰਹਿੰਦੇ ਹਨ।

ਕਾਈ ਜਾਤਿ ਨ ਕਿਹ ਦੁਖ ਦੇਵੈ[1]।
ਦੇਵੈਂ ਰਚਸੋਂ ਬਨ ਆਭੇਵੈ[1] ॥ ੭੬ ॥
ਭੇਵੈ ਲਖ ਹੈਂ[1], ਮੁਨਿ ਸ ਪਰੀਤੀ।
ਰੀਤੀ ਸਬਿ ਨੇ ਗਹੀ ਬਿਨੀਤੀ[1] ॥ ੭੭ ॥

[1]ਕਿਸੇ ਜਾਤੀ ਦੇ (ਜਾਨਵਰ) ਨੂੰ ਕੋਈ ਵੀ ਦੁੱਖ ਨਹੀਂ ਦੇਂਦਾ।
[1]ਦੇਵਤਿਆਂ ਨੇ ਭੇਦ–ਰਹਿਤ ਜੰਗਲਰਚਿਆ ਹੈ।
[1]ਭੇਦ ਜਾਣਦੇ ਹਨ।
[1]ਨਿੰਮ੍ਰਤਾ ਵਾਲੀ।

ਚਿੱਤ੍ਰਪਦਾ ਛੰਦ*:

*ਇਹ ਛੰਦ ਚਿੱਤ੍ਰਪਦਾ ਨਹੀਂ ਕਿਉਂਕਿ ਚਿਤ੍ਰਪਦਾ ਛੰਦ ਦਾ ਲੱਛਣ ਹੈ ਪ੍ਰਤਿਚਰਨ ਸੱਤ ਭਗਣ ਗਣ ਅੰਤ ਗੁਰ ਲਘ ਸ਼ੀ, ਸ਼ੀ, ਸ਼ੀ, ਸ਼ੀ, ਸ਼ੀ, ਸ਼ੀ, ਸ਼ੀ, ਸ਼ੀ, ੀ, ਇਹ ਉਪ੍ਰੋਕਤ ਲੱਛਣ ਇਸ ਛੰਦ ਵਿੱਚ ਨਹੀਂ ਘਟਦਾ। ਮਾਤ੍ਰਾ ਭਾਵੇਂ ੩੧ ਹਨ ਪਰ ਗਣਾਂ ਦਾ ਹਿਸਾਬ ਤੇ ਅੰਤ ਗੁਰ ਲਘ ਦੀ ਸ਼ਰਤ ਪੂਰੀ ਨਹੀਂ ਹੁੰਦੀ। ਇਸ ਛੰਦ ਦੀਆਂ ਕੁਲ ਮਾਤ੍ਰਾਂ ੩੧ ਹਨ ਤੇ ੧੬ ਤੇ ੧੫ ਮਾਤ੍ਰਾਂ ਉਪਰ ਬਿਸ੍ਰਾਮ ਅੰਤ ਦੋ ਗੁਰ ਹਨ ਇਸ ਲਈ ਇਹ ਸ੍ਵੈਯਾ ਦਾ ਦੂਜਾ ਰੂਪ 'ਬਾਣ' ਹੈ। ਦੇਖੋ ਭਾਈ ਕਾਨ੍ਹ ਸਿੰਘ ਰਚਿਤ ਗੁਰ ਛੰਦ ਦਿਵਾਕਰ ਦਾ ਪੰਨਾ ੯੦।

ਨੀਤੀ[1] ਉੱਤਮ ਕੀਤੀ ਸਬਿ ਨੇ,
ਪਸੁ ਪੰਖੀ ਜੋ ਤਹਾਂ ਬਸਾਤ।
ਸਾਂਤ ਚਿੱਤ ਸਬ ਹੀ ਕੇ ਹੂਏ,
ਬਿਚਰੈਂ ਬੈਰ ਬਿਹਾਇ[1] ਬਖਜਾਤ[2]।
ਖਾਤਿ ਨ ਚੀਤੇ ਮ੍ਰਿਗ ਨਿਚੀਤੇ[1],

ਫਿਰਨਿ ਅਭੀਤੇ ਅਜਾ ਬਘਜਾੜ[1]।
ਆੜ ਪਰੇ ਰਹਿਂ ਗਈ ਨ ਛੋਨੇ,
ਸਿੰਘ ਨ ਸਾਕੈਂ ਤਿਨੈ ਉਪਾੜ[1] ॥ ੭੮ ॥

[1]ਨਿੱਤ ਦੀ ਕ੍ਰਿਆ।
[1]ਦੂਰ ਕਰਕੇ। [2]ਪ੍ਰਗਟ।
[1]ਚਿੱਤ੍ਰੇ ਖਾਂਦੇ ਨਹੀਂ (ਜਿਸ ਕਰਕੇ) ਹਰਨ ਬੇ–ਫ਼ਿਕਰ ਫਿਰਦੇ ਹਨ।
[1]ਬਘਿਆੜਾਂ ਤੋਂ ਬਕਰੀਆਂ ਨਿਡੱਰ ਫਿਰਦੀਆਂ ਹਨ।
[1](ਸ਼ੇਰਾਂ ਦੇ) (ਆੜ) ਆਸਰੇ ਵਿੱਚ (ਬੱਕਰੀ ਦੇ ਬੱਚੇ) ਪਏ ਰਹਿੰਦੇ ਹਨ (ਉਹ ਉਨ੍ਹਾਂ ਕੋਲ) ਨਹੀਂ ਜਾਂਦੀ, ਸ਼ੇਰ ਉਨ੍ਹਾਂ (ਬੱਚਿਆਂ) ਨੂੰ ਪਾੜ ਨਹੀਂ ਸਕਦੇ।

ਪਾੜਤ ਸਿਖੀ ਨ ਅਹਿ ਸੁਤ ਤਾਈਂ,
ਚਾੜ੍ਹਿ ਪੀਠਿ ਬਲਿਕੇ ਖੇਲਾਇ[1]।

[1]ਮੋਰ ਸੱਪਾਂ ਦੇ ਬੱਚਿਆਂ ਨੂੰ ਪਾੜਦੇ ਨਹੀਂ ਸਗੋਂ ਪਿੱਠ ਤੇ ਚੜ੍ਹਾ

ਕੇ ਖਿਡਾਉਂਦੇ ਹਨ।

ਲਾਇ ਪ੍ਰੀਤਿ ਬਟੇਰ ਬਾਜ ਸਿਉਂ,
ਖੇਲਤਿ ਲਗਰ[1] ਚਿਰੀ ਹਰਖਾਇ।
ਖਾਇ ਨ ਕੁਹੀ[1] ਕਪੋਤੈਂ[2] ਕੁੰਜੈ[3],
ਕੇਹਰ ਗਜ-ਸੁਤ ਲਾਇ ਪਰੀਤਿ[1]।
ਰੀਤਿ ਗਹੀ ਸਬਿ ਨੇ ਸਜਨਾਈ[1],
ਬਿਚਰਤਿ ਨੀਤਿ ਮਿਲੇ ਆਭੀਤ[1] ॥ ੭੯ ॥
ਭੀਤ[1] ਨ ਕੋਇ ਕਿਸੀ ਕੋ ਦੇਵਤ,
ਲੇਤ ਨ ਭੈ ਕਾਹੂੰ ਕੋ ਜੀਵ।
ਜੀਵ-ਚਿਰੰ ਲੌ ਮਰੈਂ ਸ੍ਵ ਇੱਛਤ[1],
ਪਾਵੈਂ ਬੈਕੁੰਠ ਬਡੇ ਨਸੀਵ[1]।
ਸੀਵ ਪਰੇਰੇ ਸਕੇ ਬਿਰਾਦਰ,
ਭਏ ਸਬੈ[1] ਮੁਨਿ ਕੇ ਪ੍ਰਤਾਪ।

[1]ਲਗੜ-ਬਾਜ਼ ਵਰਗਾ ਇਕ ਸ਼ਿਕਾਰੀ ਜਾਨਵਰ।
[1]ਇਕ ਸ਼ਿਕਾਰੀ ਪੰਛੀ। [2]ਕਬੂਤਰਾਂ ਤੇ। [3]ਕੂੰਜਾਂ ਨੂੰ।
[1]ਸ਼ੇਰ ਨੇ ਹਾਥੀ ਦੇ ਪੁੱਤਰਾਂ ਨਾਲ ਪ੍ਰੀਤੀ ਲਾਈ ਹੈ।
[1]ਮਿੱਤ੍ਰਤਾ ਵਾਲੀ।
[1]ਨਿਡੱਰ ਹੋ ਕੇ।
[1]ਡਰ।
[1]ਚਿਰ ਤੱਕ ਜਿਉਂ ਕੇ ਆਪਣੀ ਇੱਛਾ ਅਨੁਸਾਰ ਮਰਦੇ ਹਨ।
[1]ਭਾਗਾਂ ਨਾਲ।
[1]ਸ਼ਿਵ (ਕਲਿਆਣ ਸਰੂਪ) ਪ੍ਰਮੇਸ਼ਰ ਦੇ ਪ੍ਰੇਰੇ ਹੋਏ ਸਾਰੇ ਸੱਕੇ ਭਰਾ ਹੋ ਗਏ।

ਤਾਪ ਸੂਲ ਆਦਿਕ ਰੁਜ[1] ਨਾਸੇ,
ਆਧਿ ਬਯਾਧਿ ਉਪਾਧਿ ਨ ਬਿਆਪ ॥ ੮੦ ॥
ਆਪਨ ਪਰ ਕਰਿ[1] ਕੋਇ ਨ ਜਾਨੇ,
ਸਮ ਸੁਭਾਵ ਭੇ ਜੀਵ ਅਜੀਵ[1]।
ਜੀਵਨ ਕੀ ਗਨਤੀ ਕੋ ਕਢਹੀ,
ਜਢ ਹੀ ਭਏ ਭਗਤਿ ਸਬਿ ਪੀਵ[1]।

[1]ਰੋਗ।
[1]ਆਪਣਾ ਪਰਾਇਆ ਕਰਨਾ।
[1]ਚੇਤਨ ਤੇ ਜੜ੍ਹ ਇੱਕੋ ਸੁਭਾਵ ਵਾਲੇ ਹੋ ਗਏ।
[1]ਜੀਵਾਂ ਦੀ ਗਿਣਤੀ 'ਚ ਉਨ੍ਹਾਂ ਨੂੰ ਕੌਣ ਕਹਿ ਸਕਦਾ (ਕਿਉਂਕਿ ਉਹ) ਸਾਰੇ ਪੀਆ (ਪ੍ਰਮੇਸ਼ਰ) ਦੀ ਭਗਤੀ ਕਰ ਕੇ ਜੜ੍ਹ ਹੀ ਹੋ ਗਏ ਹਨ।

ਪੀਵਤ ਖਾਵਤ ਬਾਂਛਤ ਵਾ[1], ਛਿਤ
ਬਰਸਤ ਸਮੇਂ ਸਮੇਂ ਘਨ ਵਾਰਿ[1]।
ਵਾਰਿਨ ਜੱਯੇ[1] ਮੁਨਿ ਕਰਨੀ ਪਰ,
ਮਰੈ ਨ ਸੁਤ, ਪਿਤ ਮਾਤ ਅਗਾਰਿ[1] ॥ ੮੧ ॥
ਗਾਰਿ ਨ ਕਾਂਹਿ ਨਿਕਾਰਤ ਕੋਊ,
ਪਾਰਤਿ[1] ਪ੍ਰਨ ਪ੍ਰੇਮ ਉੱਦਾਰ।
ਦਾਰ ਪੂਤਰੀ[1] ਸਮ ਸਬਿ ਕੇ ਮਨ,
ਕਰਤ ਕ੍ਰਿਯਾ ਮੁਨਿ ਕੇ ਅਨੁਸਾਰ।

[1]ਉਹ।
[1]ਧਰਤੀ ਦੇ ਉੱਤੇ ਸਮੇਂ ਸਮੇਂ ਸਿਰ ਬੱਦਲ ਦਾ ਪਾਣੀ ਵਰ੍ਹਦਾ ਹੈ।
[1]ਵਾਰਨੇ ਜਾਈਏ ॥
[1]ਅੱਗੇ।
[1]ਪਾਲਦੇ ਹਨ।
[1]ਕਠ-ਪੁਤਲੀ ਵਾਂਗ।

ਸਾਰ ਗਰਾਹੀ[1] ਆਤਮ ਦਰਸੀ[2],

[1]ਤੱਤ ਦੇ ਗ੍ਰਹਣ ਕਰਨ ਵਾਲੇ। [2]ਆਤਮਾ ਦੇ ਦਰਸ਼ਨ ਕਰਨ ਵਾਲੇ।

ਜਤੀ ਸਤੀ ਸਬਿ ਤਪਸੀ ਚਾਹਿ[1]।
ਚਾਹਿ[1] ਏਕ ਪ੍ਰਭ ਕੀ ਮਨਿ ਰਾਖੈਂ,
ਔਰ ਨ ਧਜਾਵੈਂ ਕੋਊ ਕਾਹਿਂ[1] ॥ ੮੨ ॥
ਕਾਹਿ ਨ ਹੋਇ[1] ਸੁਭਾਵ ਐਸ,
ਜਹਿਂ ਦੁਸ਼ਟ ਦਵਨ ਤਪ ਰਹਜੋ ਕਮਾਇ।
ਮਾਇਕ ਭਾਵ[1] ਸੁਭਾਵਕ ਨਾਸੇ,
ਲਾਇਕ ਗਜਾਨ ਭਏ ਸਬਿ ਭਾਇ[1]।
ਭਾਇ[1] ਧਰੈਂ ਸੁ ਕਰੈਂ ਨਿਤ ਸੰਗਤ,
ਦੁਸ਼ਟ ਦਵਨ ਢਿਗ ਆਇ ਥਿਰਾਹਿਂ[1]।
ਰਾਇ ਦੁਤੀ ਨਹਿਂ ਦੇਵਤ ਕੋਊ,
ਜੋ ਮੁਨਿ ਕੈਹੈ ਸੋਊ ਕਮਾਹਿਂ ॥ ੮੩ ॥
ਮਾਹ ਦਿਵਸ ਰਿਤੁ ਬਰਸ ਸਰਸ ਇਕ,
ਬਦਲੈ ਅੰਡ ਨ ਪਿੰਡ ਸੁਭਾਇ[1]।

[1]ਦੇਖੀਦੇ ਹਨ।
[1]ਇੱਛਾ।
[1]ਕਿਸੇ ਨੂੰ।
[1]ਕਿਉਂ ਨ ਹੋਵੇ।
[1]ਮਾਇਆ ਦੇ ਸੁਭਾਵ।
[1]ਸਭ ਤਰ੍ਹਾਂ ਨਾਲ।
[1]ਪ੍ਰੇਮ।
[1]ਬੈਠਦੇ ਹਨ।
[1]ਮਹੀਨੇ, ਦਿਨ, ਰੁੱਤਾਂ, ਵਰ੍ਹੇ ਅਨੰਦ ਸਹਿਤ ਇੱਕੋ ਹੀ (ਰਹਿੰਦੇ ਹਨ), ਬ੍ਰਹਮੰਡ ਤੇ ਸ਼ਰੀਰਾਂ ਦਾ ਸੁਭਾਵ ਨਹੀਂ ਬਦਲਦਾ।

ਭਾਹਿ[1] ਨ ਤ੍ਰਿਸ਼ਨਾ ਕਾਂਹਿ ਜਲਾਵੈ,
ਹਿਮ ਗਿਰ ਜਜੋਂ[1] ਸਬਿ ਸ਼ਾਂਤ ਸਰੂਪ।
ਰੂਪ ਪ੍ਰਭੂ ਕਾ ਮੁਨਿ ਕੋ ਹੇਰੈਂ[1],
ਟੇਰੈਂ[1] ਉਸਤਤਿ ਛੰਦ ਅਨੂਪ* ॥ ੮੪ ॥

[1]ਅੱਗ।
[1]ਹਿਮਾਲਾ ਪਹਾੜ ਵਾਂਗ।
[1]ਦੇਖਦੇ ਹਨ।
[1]ਉਚਾਰਦੇ ਹਨ। *ਅੰਕ ਨੰ. ੮੪ ਦੀਆਂ ਤਿੰਨ ਹੀ ਤੁਕਾਂ ਹਨ। ਛੰਦ ਦੀ ਦੂਜੀ ਤੁਕ ਕਿਤੇ ਛਪਣ ਸਮੇਂ ਰਹਿ ਗਈ ਜਾਪਦੀ ਹੈ ਜੋ ਖੋਜ ਤਲਬ ਹੈ।

ਨੂਪਰ[1] ਬਾਂਧਿ ਨ੍ਰਿਤ[2] ਕੋ ਕਰਹੀਂ,
ਭਰਹੀਂ ਸੁਰ ਕੋ ਬਾਦ[1] ਬਜਾਇ।
ਜਾਇ ਕੋਇ ਮੁਨਿ ਚਰਨੀ ਲਾਗੈ,
ਇਕ ਭੁਜ ਦ੍ਵੈ ਭੁਜ ਕੋਇ ਸੁਕਾਇ[1]।

[1]ਝਾਂਜਰਾਂ। [2]ਨਾਚ।
[1]ਵਾਜੇ।
[1]ਕਿਸੇ ਨੇ ਇਕ ਤੇ ਕਿਸੇ ਨੇ ਦੋਵੇਂ ਬਾਹਾਂ (ਤਪ ਕਰ ਕੇ) ਸੁਕਾਈਆਂ ਹੋਈਆਂ ਹਨ।

ਕਾਇ ਕੀਲ ਕੰਕਰ ਪਰ ਲੇਟਤਿ[1]
ਭੇਟਤਿ ਪਾਂਚ ਅਗਨਿ ਤਪ ਕੋਇ[1]।
ਕੋਇਲ ਪੂਦਨਾ ਜਿਮ ਕੋ ਕੂਕਤ

[1]ਕੋਈ ਕਿੱਲਾਂ ਤੇ ਕੋਈਰੋੜਾਂ 'ਤੇ ਲੇਟਦਾ ਹੈ।
[1]ਕੋਈ ਪੰਜ ਅੱਗਾਂ ਮੇਲ ਕੇ ਤਪ ਕਰਦਾ ਹੈ।

ਤੂੰਹੀਂ ਤੁੰਹੀ ਕੋ ਬੇਦ ਬਿਲੋਇ[1] ॥ ੮੫ ॥

[1]ਕੋਈ ਕੋਇਲ ਤੇ ਪੂਦਨੇ (ਪੰਛੀ) ਵਾਂਗ ਤੁਹੀਂ ਤੁਹੀਂ ਬੋਲ ਰਿਹਾ ਹੈ ਤੇ ਕੋਈ ਵੇਦ ਦੀ ਵਿਚਾਰ ਕਰ ਰਿਹਾ ਹੈ।

ਲੋਇਨ ਮੂੰਦ ਥਿਰੇ ਹੈਂ ਕੇਤੇ,
ਆਸਨ ਰਹੇ ਚੁਰਾਸੀ ਸਾਧ।
ਸਾਧਨ ਕਰਤ ਵਿਰਾਗਾਦਿਕ ਕੋ,
ਲਟਕਤ ਊਰਧ[1] ਯੁਤ ਅਹਿਲਾਦ[2]।
ਲਾਦ ਪੀਠ ਪੈ ਬੋਝ ਥਿਰੇ ਕੋ,
ਜਲ ਧਾਰਾ ਲੇਵਤਿ ਹਰਖਾਇ।
ਖਾਇ ਦੂਬ[1] ਕੋਊ ਸਿਕਤਾ[2] ਹੀ,
ਕ੍ਰਿਸ ਚੰਦ੍ਰਾਯਨ ਕੋਇ ਰਖਾਇ[1] ॥ ੮੬ ॥

[1]ਪੁੱਠਾ। [2]ਅਨੰਦ ਸਹਿਤ।

[1]ਘਾਹ। [2]ਰੇਤ।

[1]ਕੋਈ ਚੰਦ੍ਰਾਇਣ ਵਰਤਰੱਖ ਕੇ ਸ਼ਰੀਰ ਨੂੰ (ਕ੍ਰਿਸ) ਕਮਜ਼ੋਰ ਕਰਦਾ ਹੈ (ਚੰਦ੍ਰਾਇਣ ਵਰਤ–ਚੰਦ੍ਰਮਾ ਦੇ ਵਧਣ ਘਟਣ ਨਾਲ ਗ੍ਰਾਹੀਆਂ ਦਾ ਵਧਾਉਣਾ ਘਟਾਉਣਾ।)

ਕਰਤਿ ਸੀਤਲੀ ਕੁੰਭਕ ਕੇਤੇ[1],

[1](ਸੀਤਲੀ) ਚੰਦ੍ਰਮਾ ਦੀ ਨਾੜੀ (ਇੜਾ) ਦੁਆਰਾ ਸਾਹਾਂ ਨੂੰ ਚੜ੍ਹਾ ਕੇ (ਸੁਖਮਨਾ ਨਾੜੀ ਵਿੱਚ) (ਕੁੰਭਕ) ਠਹਿਰਾਉਂਦੇ ਹਨ।

ਨੇਤੀ[1] ਧੋਤੀ[2] ਪ੍ਰਾਣਾਯਾਮ[3]।

[1]ਹਠ ਯੋਗ ਦੀ ਇਕ ਕ੍ਰਿਆ, ਇਕ ਗਿੱਠ ਲੰਬਾ ਸੂਤ ਦਾ ਡੋਰਾ ਬਰੀਕ ਅਤੇ ਕੋਮਲ ਲੈ ਕੇ ਪ੍ਰਾਣਾਂ ਦੇ ਬਲ ਨਾਲ ਨਾਸਾਂ 'ਚ ਚੜ੍ਹਾ ਕੇ ਉਸ ਦਾ ਸਿਰਾ ਮੁੱਖ ਰਾਹੀਂ ਕੱਢਣਾ, ਦੋਵੇਂ ਸਿਰੇ ਡੋਰੇ ਦੇ ਫੜ ਕੇ ਨੱਕ ਅਤੇ ਕੰਠ ਦੀ ਸਫ਼ਾਈ ਕਰਨੀ। [2]ਹਠ ਯੋਗ ਦੀ ਇਕ ਕ੍ਰਿਆ, ਦੋ ਉਂਗਲਾਂ ਚੌੜਾ ਅਤੇ ਅੱਠ ਦਸ ਹੱਥ ਲੰਮਾ ਕਪੜਾ ਗਿੱਲਾ ਕਰ ਕੇ ਪਾਣੀ ਦੀ ਸਹਾਇਤਾ ਨਾਲ ਨਿਗਲਨਾ ਅਤੇ ਥੋੜ੍ਹਾ ਚਿਰ ਠਹਿਰ ਕੇ ਬਾਹਰ ਕੱਢਣਾ, ਇਉਂ ਅੰਤੜੀਆਂ ਦੀ ਮੈਲ ਦੂਰ ਹੁੰਦੀ ਹੈ। [3]ਯੋਗ ਦਾ ਚੌਥਾ ਅੰਗ–ਸਾਹਾਂ ਦੇ ਅੰਦਰ ਬਾਹਰ ਆਉਣ ਦੀ ਚਾਲ ਨੂੰ ਆਪਣੇ ਵੱਸ ਕਰਨਾ।

ਸੰਯਮ[1] ਨੇਮ[2] ਨਿਬਾਹਿਤ ਕੋਊ,

[1]ਮਨ ਇੰਦ੍ਰੀਆਂ ਨੂੰ ਵਿਕਾਰਾਂ ਤੋਂ ਰੋਕਣਾ। [2]ਯੋਗ ਦਾ ਇਕ ਅੰਗ ਅਰਥਾਤ ਤਪ, ਸੰਤੋਖ, ਪਵਿੱਤ੍ਰਤਾ, ਵਿੱਦਿਆ ਅਭਿਆਸ, ਦਾਨ ਆਦਿ ਦਾ ਇਕ–ਰਸ ਪਾਲਨ।

ਭੂਚਰ[1] ਖੇਚਰ[2] ਮੁੰਦਰਾ ਆਮ[3]।

[1]ਭੂਚਰੀ ਮੁੰਦਰਾ–ਆਸਨ ਲਾ ਕੇ ਦੋਹਾਂ ਭੌਹਾਂ ਦੇ ਵਿਚਕਾਰ ਨਿਗਾਹ ਟਿਕਾ ਕੇ ਪ੍ਰਾਨ ਅਤੇ ਅਪਾਨ ਨੂੰ ਇਕੱਠਿਆਂ ਕਰ ਕੇ ਯੋਗ ਅਭਿਆਸ ਕਰਨ ਦੀ ਕ੍ਰਿਆ। [2]ਹਠ ਯੋਗੀਆਂ ਦੀ ਇਕ ਧਾਰਣਾ–ਮਾਲਸ਼ ਕਰ ਕੇ ਅਤੇ ਜੀਭ ਖਿੱਚ ਕੇ ਇੰਨੀ ਲੰਮੀ ਕਰਨੀ ਕਿ ਮੁੜ ਕੇ ਤਾਲੂਏ 'ਚ ਫਸਾਈ ਜਾ ਸਕੇ, ਇਸ ਤਰ੍ਹਾਂ ਪ੍ਰਾਣਰੋਕਣ ਨਾਲ ਮੱਥੇ 'ਚ ਇਸਥਿਤ ਚੰਦ੍ਰਮਾਂ ਤੋਂ ਅੰਮ੍ਰਿਤ ਟਪਕਦਾ ਹੈ ਤੇ ਯੋਗੀ ਦੀਰਸਨਾ 'ਤੇ ਡਿੱਗਦਾ ਹੈ। [3]ਬਹੁਤੇ (ਕਰਦੇ ਹਨ)।

ਕੋ ਬੀਰਾਸਨ[1] ਗਰੁੜਾਸਨ[2] ਕੋ,
[1]ਯੋਧਾ ਦਾ ਆਸਨ, ਸੱਜਾ ਗੋਡਾ ਜ਼ਮੀਨ ਤੇ ਧਰ ਕੇ ਖੱਬਾ ਗੋਡਾ ਖੜਾ ਕਰ ਕੇ ਸਾਰਾ ਭਾਰ ਸੱਜੇ ਪੈਰ ਤੇ ਦੇ ਕੇ ਬੈਠਣਾ। (ਅ) ਦੋਵੇਂ ਗੋਡੇ ਜੋੜ ਕੇ ਪੈਰਾਂ ਨੂੰ ਨਿਤੰਬਾਂ ਹੇਠਰਖ ਕੇ ਛਾਤੀ ਅਕੜਾ ਕੇ ਬੈਠਣਾ। [2]ਗਰੁੜ ਪੰਛੀ ਵਾਂਗ ਬੈਠਣਾ।

ਸ਼ੌਰਾਸਨ[1] ਸ਼ਵ ਆਸਨ[2] ਲਾਇ।
[1]ਵਿਸ਼ਨੂੰ ਵਾਂਗ ਬੈਠਣਾ (ਸ਼ੌਰਿ-ਵਿਸ਼ਨੂੰ)। [2]ਮੁਰਦੇ ਵਾਂਗ ਬੈਠਣਾ।

ਕੱਛਪ ਆਸਨ[1] ਕੋਇ ਕਪਾਲੀ[2],
[1]ਕੱਛੂ ਵਾਂਗ ਬੈਠਣਾ। [2]ਦੋਵੇਂ ਲੱਤਾਂ ਉਪਰ ਕਰ ਕੇ ਸਿਰ ਪਰਨੇ ਖੜੇ ਹੋਣਾ।

ਪਦਮਾਸਨ[1] ਸਿੰਘਾਸਨ[2] ਕਾਇ[3] ॥ ੮੭ ॥
[1]ਕੰਵਲ ਵਾਂਗ ਬੈਠਣਾ, ਸੱਜੇ ਪੱਟ 'ਤੇ ਖੱਬਾ ਪੈਰ, ਖੱਬੇ ਪੱਟ 'ਤੇ ਸੱਜਾ ਪੈਰਰਖ ਕੇ ਪਿੱਠ ਪਿਛੋਂ ਦੀ ਹੱਥ ਕਰ ਕੇ ਸੱਜੇ ਹੱਥ ਨਾਲ ਸੱਜੇ ਪੈਰ ਦਾ ਅੰਗੂਠਾ ਤੇ ਖੱਬੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਫੜਨਾ, ਛਾਤੀ ਤੋਂ ਚਾਰ ਉਂਗਲ ਦੀ ਵਿੱਥ ਤੇ ਠੋਡੀਰਖ ਕੇ ਨੱਕ ਦੀ ਨੋਕ ਉਪਰ ਨਜ਼ਰ ਜਮਾਉਣੀ। [2]ਸ਼ੇਰ ਵਾਂਗ ਬੈਠਣਾ=ਗੁਦਾ ਅਤੇ ਲਿੰਗ ਦੇ ਵਿਚਕਾਰ ਜੋ ਸਿਉਣ ਹੈ ਉਸ ਉਪਰ ਪੈਰਾਂ ਦੇ ਗਿੱਟੇ ਜਮਾ ਕੇ ਬੈਠਣਾ, ਗੋਡਿਆਂ 'ਤੇ ਦੋਵੇਂ ਹੱਥਰੱਖ ਕੇ ਨੱਕ ਦੀ ਨੋਕ 'ਤੇ ਟਿਕਟਿਕੀ ਲਾਉਣੀ। [3]ਕੋਈ।

ਖੜਾ ਰਹੇ ਕੋ ਪੜਾ ਰਹੇ[1]
[1]ਪਿਆ ਰਹਿੰਦਾ ਹੈ।

ਕੋ ਲੜਾ ਰਹੇ ਹੈ ਧੜਾ ਸੁ ਬਾਂਧ[1]।
[1]ਕੋਈ ਧੜਾ ਬੰਨ੍ਹ ਕੇ ਲੜਦਾ ਰਹਿੰਦਾ ਹੈ।

ਪਢਿਤਿ[1] ਬੇਦਾਂਤ ਨਜਾਇ ਮੀਮਾਂਸਾ,
[1]ਪੜ੍ਹਦੇ ਹਨ।

ਸਾਂਖ ਪਤੰਜਲ ਕੋਊ ਸਾਂਧ[1]।
[1]ਸਿੰਨ੍ਹਦੇ ਭਾਵ ਗਹੁ ਨਾਲ ਵਿਚਾਰਦੇ ਹਨ।

ਚਰਚਾ ਕਰਤਿ ਗਜਾਨ ਪਰਚਾ ਕੋ[1]
[1]ਕੋਈ ਕਰਾਮਾਤ ਦਾ ਚਮਤਕਾਰ (ਵਿਖਾਉਂਦਾ ਹੈ)।

ਅਰਚਾ[1] ਹਰਿ ਹਰ ਕਰਿ ਹੈਂ ਕਾਇ[2]।
[1]ਪੂਜਾ। [2]ਕੋਈ।

ਅਗਨਿ ਹੋਤ੍ਰੀ ਕੋ ਸ੍ਰੁਤਿ ਪਾਠੀ,
ਬ੍ਰਹਮਚਰਯ ਆਚਰਯ ਰਖਾਇ[1] ॥ ੮੮ ॥
[1]ਕੋਈ ਅੱਗ 'ਚ ਹਵਨ ਕਰ ਰਿਹਾ ਹੈ, ਕੋਈ ਵੇਦ ਦਾ ਪਾਠ ਕਰਦਾ ਹੈ ਅਤੇ ਕੋਈ ਅਸਚਰਜ ਬ੍ਰਹਮ ਚਰਜਰਖਦਾ ਹੈ।

ਜਲ ਹਾਰੀ ਤ੍ਰਿਣ ਚਾਰੀ ਕੇਤਕ,
ਨਿਰਹਾਰੀ ਆਧਾਰੀ ਨਾਮ[1]।
[1]ਕਿਤਨੇ ਕੁ (ਤਪਸੀ) ਪਾਣਾ ਦਾ ਹੀ ਭੋਜਨ ਕਰਦੇ ਹਨ ਅਤੇ ਕਿਤਨੇ ਕੁ ਘਾਹ ਖਾਂਦੇ ਹਨ, ਕਈ ਭੋਜਨ ਤੋਂ ਬਿਨਾਂ ਨਾਮ ਦੇ ਆਸਰੇ (ਰਹਿੰਦੇ ਹਨ)।

ਏਕ ਚਰਨ ਧਰਿ ਧਰਨਿ ਖਰੋ ਕੋ,
ਨਗਨ ਮਗਨ ਕੋ ਆਤਮਰਾਮ[1]।
[1]ਕੋਈ ਇਕ ਪੈਰ ਧਰਤੀ 'ਤੇਰੱਖ ਕੇ ਖੜਾ ਹੈ, ਕੋਈ ਨੰਗਾ ਹੀ ਆਤਮਾਰਾਮ ਵਿੱਚ ਮਸਤ ਹੈ।

ਕੋਊ ਦਿਗੰਬਰ ਮ੍ਰਿਗੰਬਰ ਕੋ,
ਬਾਘੰਬਰ ਬਲ ਕਲ ਕੋ ਧਾਰ[1]।
[1]ਕੋਈ ਦਿਸਾ ਦੇ ਬਸਤ੍ਰ, ਕੋਈ ਹਰਨ ਦੀ ਖੱਲ ਦੇ ਬਸਤ੍ਰ,

ਕੋਈ ਸ਼ੇਰ ਦੀ ਖੱਲ ਦੇ ਬਸਤ੍ਰ ਤੇ ਕੋਈ ਬ੍ਰਿੱਛਾਂ ਦੀ ਛਿਲ ਦਾ ਬਸਤ੍ਰ ਧਾਰ ਰਿਹਾ ਹੈ।

ਕੋਊ ਧਜਾਨ ਤ੍ਰਿਕੁਟੀ[1] ਹਿਰਦੇ ਮੇਂ,
ਧਾਰਤਿ ਪ੍ਰਭ ਕੋ ਦਸਵੇਂ ਦੁਆਰ ॥ ੮੯ ॥

[1]ਦੋਹਾਂ ਭ੍ਰੂਵੱਟਿਆਂ ਦੇ ਵਿਚਕਾਰ ਦੀ ਥਾਂ।

ਕੇਤੇ ਮਸਤ ਸਮੱਸਤ ਬ੍ਰਹਮ ਲਖਿ[1],
ਪਰਮਾਨੰਦ ਵਿਖੇ ਲਿਵ ਲੀਨ।
ਜਗਤ ਲਖਤਿ ਤੀਨੋਂ ਤਨ[1] ਮਿੱਥਜਾ,
ਇਨਿ ਤੇ ਪਰੇ ਆਤਮਾ ਚੀਨ।
ਬ੍ਰਹਮੋਹੰ ਦਾਸੋਹੰ ਟੇਰਤਿ[1],

[1]ਸਾਰਿਆਂ ਵਿੱਚ ਬ੍ਰਹਮ ਜਾਣ ਕੇ।

[1]ਤਿੰਨਾਂ ਦੇਹਾਂ (ਸਥੂਲ, ਸੂਖਮ, ਕਾਰਨ)।

[1]ਕੋਈ ਕਹਿੰਦਾ ਹੈ ਮੈਂ ਬ੍ਰਹਮ ਹਾਂ, ਕੋਈ ਕਹਿੰਦਾ ਹੈ ਮੈਂ ਦਾਸ ਹਾਂ।

ਫੇਰਤਿ ਮਾਲਾ ਕੋ ਤ੍ਰੈਕਾਲ।
ਕੋਊ ਪੁਰਖ ਬੈਰਾਟ[1] ਧਜਾਵਤਿ,
ਗਾਵਤਿ ਕੋਊ ਰਾਗ ਬਿਸਾਲ ॥ ੯੦ ॥

[1]ਵਿਸਥਾਰ ਵਾਲੇ ਸਰੂਪ ਦਾ।

ਭਾਂਤਿ ਅਨੇਕ ਬਿਵੇਕ[1] ਕਰੇ ਕੋ,
ਚਢਿਤਿ ਏਕ ਤੈ ਏਕ ਸੁ ਸੰਤ[1]।
ਕਿਧੌਂ ਹੁਤਾਸਨ ਕੀ[1] ਬਹੁ ਮੂਰਤਿ,
ਮਨੋ ਨਖੱਤ੍ਰ[1] ਥਿਰੇ ਆਨੰਤ।
ਸਬਿ ਮੈਂ ਸ਼ਿਰੋਮਣੀ ਪ੍ਰਕਾਸ਼ਤਿ,
ਦੁਸ਼ਟ ਦਵਨ ਸੂਰਤਿ ਰਵਿ ਜੈਸ[1]।
ਸੰਚਤਿ ਤਪ ਜਪ ਕਿਰਪਨ ਧਨ ਜਿਉਂ,
ਮਧੁ[1] ਮਾਖੀ ਕਵਿ ਕਵਿਤਾ ਬੈਸ[2] ॥ ੯੧ ॥

[1]ਵਿਚਾਰ।

[1]ਉਹ ਸੰਤ ਇਕ ਤੋਂ ਇਕ ਚੜ੍ਹਦੀ (ਅਵੱਸਥਾ ਵਾਲੇ ਹਨ)।

[1]ਅੱਗ ਦੀਆਂ।

[1]ਤਾਰੇ।

[1]ਸੂਰਜ ਵਰਗੀ ਸ਼ਕਲ।

[1]ਸ਼ਹਿਦ। [2]ਬੈਠ ਕੇ।

ਕਾਮੀ ਨਰ ਉਰ ਜਜੋਂ ਤਿਯ ਬਸ ਹੈ,
ਲੋਭੀ ਕੇ ਧਨ ਮਾਤਹਿ ਪੂਤ।
ਨ੍ਰਿਪੈ ਰਿਝਾਵਨਿ[1] ਭਿਰਤਿ[2] ਚਹਿਤ ਜਜੋਂ,
ਪਤਿਬ੍ਰਤਾ ਚਾਹਿਤ ਪਤਿ ਸੂਤ[1]।
ਤਜੋਂ ਸ਼ਖਜਾਤ[1] ਸਬਿ ਚਹੈਂ ਬ੍ਰਹਮ ਕੋ,
ਤਿਨ ਮੈਂ ਦੁਸ਼ਟ ਦਵਨ ਸਰਦਾਰ।
ਗਿਰ ਪਰ ਤਰੁ ਸਮ ਥਿਰਿ ਇਕ ਪਗ ਪਰ[1],
ਮਨੋ ਸੰਭੁ[1] ਧ੍ਰੁਵ[2] ਗਾਂਧਿ ਕੁਮਾਰ[3] ॥ ੯੨ ॥
ਕਿਧੌਂ ਤਪਤ ਤਪ ਅਜ ਪੰਕਜ ਪਰ[1],

[1]ਰਾਜੇ ਨੂੰ ਖ਼ੁਸ਼ ਕਰਨਾ। [2]ਨੌਕਰ।

[1]ਪਤੀ ਪ੍ਰੇਮ। (ਅ) ਪਤੀ ਦਾ ਮਿਲਾਪ।

[1]ਪ੍ਰਤੱਖ।

[1]ਪਹਾੜ ਉੱਪਰ ਬ੍ਰਿੱਛ ਵਾਂਗ ਇਕ ਪੈਰ ਭਾਰ ਖੜੇ ਹਨ।

[1]ਸ਼ਿਵ [2]ਧ੍ਰੂੰ। [3]ਗਾਂਧ ਦਾ ਪੁੱਤਰ ਵਿਸ਼ਵਾ ਮਿੱਤ੍ਰ।

[1]ਜਾਂ ਬ੍ਰਹਮਾ ਕੰਵਲ ਉੱਪਰ ਤਪ ਤਪ ਰਿਹਾ ਹੈ।

ਦੁਰਵਾਸਾ ਸੋਭਿਨਿ ਆਗਸਤ[1]।
ਸੂਕਜੋ ਤਨ ਅਸਤੀ ਪ੍ਰਕਾਸ਼ਤਿ[1],
ਨ੍ਰਿਧੂੰ ਅਗਨੀ ਬੀਜ ਸਮਸਤ[1]।
ਜੇਠ ਮਾਸ ਮਧ੍ਯਾਨ ਭਾਨੁ ਸਮ,
ਦਿਪਤਿ ਤੇਜ[1] ਕੋ ਸਕਿ ਨ ਸਹਾਰ।

[1]ਦੁਰਬਾਸਾ ਤੇ ਅਗਸਤ ਵਾਂਗ ਸੋਭ ਰਹੇ ਹਨ।
[1]ਹੱਡੀਆਂ ਚਮਕਦੀਆਂ ਹਨ।
[1]ਧੂੰਏਂ ਬਿਨਾਂ ਅੱਗ (ਹੈ ਜਾਂ) ਸਮੂੰਹ ਬਿਜਲੀਆਂ ਹਨ।
[1]ਜੇਠ ਦੇ ਮਹੀਨੇ ਦੇ ਦੁਪਹਿਰ ਦੇ ਸੂਰਜ ਵਾਂਗ ਤੇਜ ਚਮਕਦਾ ਹੈ।

ਧਜਾਨ ਬਿਸਾਲ[1] ਅਕਾਲ ਪੁਰਖ ਮੈਂ,
ਰਹਿ ਲਿਵ ਲੀਨ ਮੀਨ ਜਿਮ ਬਾਰਿ[1] ॥ ੯੩ ॥

[1]ਬਹੁਤਾ।
[1]ਜਿਵੇਂ ਪਾਣੀ ਵਿੱਚ ਮੱਛੀ।

ਤਨ ਸੁਧ ਬਿਸਰੀ ਗਲਤ ਭਯੋ[1] ਮਨ,
ਏਕ ਰੂਪ ਹੋਯੋ ਪ੍ਰਭੁ ਸੰਗ।
ਬਰਖ ਬਿਅੰਤ ਬਿਤੇ ਐਸੇ ਹੀ,
ਪ੍ਰਭ ਕੋ ਰੂਪ ਭਯੋ ਸਰਬੰਗ[1]।

[1]ਲਿਵਲੀਨ। (ਅ) ਪੰਘਰ ਗਿਆ।
[1]ਸਾਰਿਆਂ ਪੱਖਾਂ ਤੋਂ।

ਮੁਨਿ ਤਪ ਕੇ ਪ੍ਰਭਾਵ[1] ਪੰਖੇਰੂ[2],
ਮੋਰ ਚਕੋਰਨਿ ਸ਼ੋਰ ਕਰਾਂਹਿ।
ਸਾਰਸ[1] ਹੰਸ ਕੋਕ[2] ਸੁਕ[3] ਸਾਰੀ

[1]ਅਸਰ ਨਾਲ। [2]ਪੰਛੀ।
[1]ਇਕ ਕੂੰਜ ਵਰਗਾ ਪੰਛੀ ਜੋ ਜਲ ਦੇ ਕਿਨਾਰੇ ਰਹਿੰਦਾ ਹੈ। [2]ਚਕਵਾ। [3]ਤੋਤਾ।

ਕੋਕਲ[1] ਮੈਨਾ ਪਾਠ ਪਢਾਂਹਿ ॥ ੯੪ ॥

[1]ਸਾਰੀਆਂ ਕੋਇਲਾਂ।

ਗੁੰਜਤ ਅਲਿ ਕੰਜਨ ਮੰਜਨ ਪਰ[1], ਮਧਰੇ ਸੁਰ ਕੁੰਜਤ ਖਗ ਪੁੰਜ[2]।

[1]ਉੱਜਲ ਕੰਵਲਾਂ ਤੇ ਭੌਰੇ ਗੂੰਜਦੇ ਹਨ। [2]ਮਿੱਠੀ ਸੁਰ ਨਾਲ ਸਮੂੰਹ ਪੰਛੀ ਬੋਲਦੇ ਹਨ (ਕੂਜਨ-ਧੁਨ ਕਰਨਾ, ਸ਼ਬਦ ਕਰਨਾ)

ਰੋਜ[1] ਰੀਛ ਪਾਢੇ[2] ਮ੍ਰਿਗ ਕੱਕੜ[3]

[1]ਨੀਲ ਗਾਂ। [2]ਪਾੜ੍ਹਾ-ਇਕ ਤਰ੍ਹਾਂ ਦਾ ਹਰਨ ਜੋ ਭੂਰੇਰੰਗ ਦਾ ਦੋ ਫੁੱਟ ਉੱਚਾ ਹੁੰਦਾ ਹੈ। [3]ਇਕ ਪਹਾੜੀ ਹਰਨ ਜੋ ਕੁੱਤੇ ਵਾਂਗ ਭੌਂਕਦਾ ਹੈ।

ਸਸੇ[1] ਸਿਆਰ[2] ਪਰੇ ਰਹਿਂ ਕੁੰਜ[3]।
ਬੈਰ ਨ ਕਰਤ ਕਾਂਹਿ ਸੋਂ ਕੋਈ,
ਫੈਲਜੋ ਫੂਲਜੋ ਬਨ[1] ਸੋਹਾਇ।

[1]ਸਹੇ। [2]ਗਿੱਦੜ। [3]ਜੰਗਲ ਦੀ ਗਲੀ।
[1]ਜੰਗਲ।

ਜਨੁ ਰਿਤੁ ਰਾਜ ਬਨਜੋ ਬਨ ਸਬਿ ਬਨ[1],
ਨੰਦਨ ਬਨ[1] ਜਿਹਿਂ ਪਿਖਿ ਸ਼ਰਮਾਇ ॥ ੯੫ ॥

[1]ਜਾਣੋ ਸਾਰਾ ਬਣ ਬਸੰਤਰੁੱਤ ਦਾ ਸ਼ਰੀਰ ਬਣਿਆ ਹੋਇਆ ਹੈ।
[1]ਇੰਦ੍ਰ ਦਾ ਬਾਗ਼।

ਕਬਿੱਤ:
ਮੁਨਿ ਕੋ ਅਪਾਰ ਤਪ ਇੰਦ੍ਰ ਨਿਹਾਰ ਡਰਜੋ,
ਭਰਜੋ ਅਤਿ ਸ਼ੋਕ ਮਤ ਓਕ[1] ਮਮ ਛੀਨ ਹੈ।

[1]ਘਰ।

ਕਰਿ ਕੈ ਵਿਚਾਰ ਤਪ ਭੰਗ ਕਰਬੇ ਕੀ ਧਾਰ,
ਕਾਮ ਦੇਵ ਕੋ ਹਕਾਰ[1] ਸਿਤਕਾਰ ਪੀਨ ਹੈ[2]।
ਮੇਨਕਾ, ਸੁਕੇਸੀ, ਉਰਬਸੀ, ਰੰਭਾ ਆਦਿਕ,
ਅਪੱਛਰਾਂ ਦੈ ਮਦਦ ਪਠਾਯੋ ਮਦ ਭੀਨ ਹੈ[1]।
ਨਿਜ ਪ੍ਰਭਾਵ ਕੋ ਢਿਲਾਵ ਕੈ[1] ਦਿਖਾਵ ਬਹੁ,
ਹਾਵ[1] ਭਾਵ[2] ਨਖਰੇ[3] ਅਦਾਵ[11] ਤਿਨ ਕੀਨ ਹੈ ॥ ੯੬ ॥

[1]ਬੁਲਾ ਕੇ। [2]ਬਹੁਤ ਆਦਰ ਕੀਤਾ।

[1]ਜੋ ਹੰਕਾਰ 'ਚ ਭਿੱਜਿਆ ਹੋਇਆ ਹੈ।

[1]ਪਾ ਕੇ।

[1]ਮਨ ਦੇ ਭਾਵ ਕਰ ਕੇ ਅੰਗਾਂ ਵਿੱਚ ਪੈਦਾ ਹੋਈ ਚੇਸ਼ਟਾ ਜਿਸ ਤੋਂ ਚਿੱਤ ਦੇ ਖ਼ਿਆਲਾਤ ਪ੍ਰਗਟ ਹੋਣ। [2]ਮਨ ਦੇ ਖ਼ਿਆਲ ਅਨੁਸਾਰ ਅੰਗਾਂ ਦੀ ਚੇਸ਼ਟਾ। [3]ਚੰਚਲਤਾ ਦੀ ਚੇਸ਼ਟਾ। [11]ਮਨ ਦੇ ਭਾਵ ਨੂੰ ਪਰਤੱਖ ਕਰ ਕੇ ਦੱਸਣਾ।

ਸੀਤਲ ਸੁਗੰਧਿ ਮੰਦ ਦਾਇਕ ਆਨੰਦ,
ਪੌਨ ਗੌਨ ਕਰਵਾਇ ਰਿਤੁ ਰਚਿਕੈ ਬਸੰਤ ਹੈ[1]।
ਬੀਣਾ ਆਦਿ ਬਹੁਧਾ[1] ਬਜਾਇ ਬਾਦ[2] ਗਾਇ ਗੀਤ,
ਨ੍ਰਿਪ ਦਿਖਾਇ ਛਲ ਛੰਦ ਕੈ ਬਸੰਤ[1] ਹੈ।
ਸ੍ਵਾਦਲ ਮਿਠਾਈ ਮੇਵੇ ਸੁਧਾ ਸੇ ਛਕਾਇ ਏਵੇ[1],
ਬਾਤ ਕਰਿ ਕੈ ਅਭੇਵੇ[1] ਕਾਮ ਉਤਪੰਤ ਹੈ।
ਕੇਤਕ ਤਪੱਸਨ ਕੀ ਖਸ ਮਤਿ[1] ਵਸ ਕੀਨ,
ਨਿਜ ਰੂਪ ਦੀਪ ਕੇ ਪਤੰਗ ਕੀਏ ਜੰਤ ਹੈਂ[1] ॥ ੯੭ ॥

[1]ਠੰਡੀ ਸੁਗੰਧੀ ਵਾਲੀ ਤੇ ਹੌਲੀ ਹੌਲੀ ਚੱਲਣ ਵਾਲੀ ਅਨੰਦ ਦੇਣ ਵਾਲੀ ਹਵਾ ਚਲਾ ਕੇ ਅਤੇ ਬਸੰਤਰੁੱਤਰਚ ਕੇ।

[1]ਬਹੁਤ ਤਰ੍ਹਾਂ ਦੇ। [2]ਵਾਜੇ।

[1]ਬਹੁਤ ਛਲ ਵਲ ਕਰਕੇ।

[1]ਇਸ ਤਰ੍ਹਾਂ।

[1]ਭੇਦ-ਰਹਿਤ।

[1]ਅਕਲ ਖੋਹ ਕੇ।

[1]ਆਪਣੇ ਰੂਪ ਦੇ ਦੀਵੇ ਦੇ ਭਮੱਕੜ ਜੀਵ ਕਰ ਲਏ ਹਨ।

ਦੁਸ਼ਟ ਦਵਨ ਅਤਿ ਸੁਸ਼ਟ[1] ਪੁਸ਼ਟ[2] ਰਿਖਿ,
ਰਹਜੋ ਉਤਕ੍ਰਿਸ਼ਟ ਇਸ਼ਟ ਨਿਸ਼ਟ ਬ੍ਰਿਤਿ ਧਰ ਹੈ[1]।
ਪਾਂਚ ਸਾਲ ਬਾਲ ਅਨੁਹਾਰ[1], ਸੋ ਨਿਰਵਿਕਾਰ
ਰਹਜੋ ਹੈ, ਨਿਹਾਰ ਪੈ ਵਿਚਾਰ ਵਸਤੁ ਕਰ ਹੈ[1]।
ਮਲ ਮੂਤ ਕੇਰੋ ਥੈਲਾ ਮਹਾਂ ਮੈਲਾ ਹੈ ਕੁਚੈਲਾ[1],
ਕਹਿਰ ਜ਼ਹਿਰ ਭੈਲਾ ਤੀਆ ਤਨ ਤਰ ਹੈ[1]।
ਚੇਤਨ ਕੀ ਚੇਤਨਤਾ ਚਾਮ ਚਮਕਾਇ ਰਹੀ,
ਚਿਤਵ ਕੈ ਚਿੱਤ ਨ ਚਲਾਯੋ ਚਖੁ ਭਰ ਹੈ[1]

[1]ਬਹੁਤ ਸ੍ਰੇਸ਼ਟ। [2]ਤਕੜੇ।

[1]ਬਹੁਤ ਉੱਤਮ ਪੂਜਯ ਦੇਵ (ਅਕਾਲ ਪੁਰਖ) ਵਿੱਚ ਤਤਪਰ ਹੋ ਕੇ ਬ੍ਰਿਤੀ ਜੋੜੀ ਹੈ।

[1]ਬਾਲਕ ਵਾਂਗ।

[1](ਅਪੱਛਰਾਂ ਆਦਿ ਨੂੰ) ਵੇਖ ਕੇ ਵਸਤੂ ਵਿਚਾਰ (ਇਸਤ੍ਰੀ ਦੇ ਸੁੰਦਰ ਅੰਗਾਂ ਵਿੱਚ ਗਿਲਾਨੀ ਲਈ ਵਿਚਾਰ) ਕਰਦਾ ਹੈ।

[1]ਅਪਵਿੱਤ੍ਰ।

[1]ਬਹੁਤੀ ਦੁਖਦਾਈ ਜ਼ਹਿਰ ਨਾਲ ਮਿਲਿਆ ਹੋਇਆ ਇਸਤ੍ਰੀ ਦਾ ਸਰੀਰ ਹੈ।

[1](ਅਪੱਛਰਾਂ ਆਦਿ ਨੂੰ) ਨੇਤ੍ਰ ਭਰ ਕੇ ਵੇਖ ਕੇ ਚਿੱਤ ਨ ਡੁਲਾਇਆ।

॥ ੯੮ ॥

ਅੰਗਨਾ[1] ਕੇ ਅੰਗ ਅਤਿ ਅਗਨਿ ਅਨੰਗ[2] ਭਰੇ,
ਕਰਤ ਸਪ੍ਰਸ ਜੋ ਜਰਤ ਨਿਸੰਸ ਸੋ।
ਕੀਚ[1] ਕੋ ਚਵੱਚਾ ਕਿਧੋ ਕੱਚਾ ਹੈ ਮਸਾਨ[2] ਨਾਰਿ,
ਸੱਚਾ ਅਘ ਓਘਨਿ[1] ਕਵੱਚਾ ਸੋਕ ਸੰਸ ਸੋ[2]।

[1]ਇਸਤ੍ਰੀ। [2]ਕਾਮ ਦੀ ਅੱਗ ਨਾਲ।

[1]ਚਿੱਕੜ। [2]ਕੱਚਾ ਮੁਰਦਾ।

[1]ਸਾਰੇ ਪਾਪਾਂ ਦਾ ਸੰਚਾ ਹੈ। [2]ਸ਼ੋਕ ਤੇ ਸੰਸਿਆਂ ਦੀ (ਕਵੱਚਾ) ਸੰਜੋਅ ਹੈ।

ਵੱਚਾ ਨਾ[1] ਨਰਕ ਤੈ ਜੋ ਰੱਚਾ ਯਾਂ ਮੈਂ ਨਰ ਕੱਚਾ,
ਅੱਚਾ ਦੁਖ ਦੋਖਨ ਹੈ[1] ਨੱਚਾ ਜਗ ਅੰਸ ਸੋ[2]।

[1]ਬਚਿਆ ਨਹੀਂ।

[1]ਦੁੱਖਾਂ ਤੇ ਦੋਸ਼ਾਂ ਨੇ ਖਾ ਲਿਆ ਹੈ। [2]ਉਹ ਜਗਤ ਦੀ ਵੰਸ ਵਿੱਚ ਨਾਚਾ ਹੈ।

ਪਾਇ ਭੇਦ ਸੱਚਾ, ਮੁਨਿ ਖੱਚਾ ਨਾਹਿ[1] ਵੱਚਾ ਗੁਨ[2],
ਰੱਚਾ ਨਿਜ ਰੂਪ ਮਾਹਿਂ, ਸੱਚਾ ਧਰਮ ਹੰਸ ਸੋ[1]

[1]ਖੱਚਤ ਨਹੀਂ ਹੋਇਆ। [2](ਇੰਦ੍ਰੀਆਂ ਦੇ) ਵਿਸ਼ਿਆਂ ਤੋਂ ਬਚ ਗਿਆ।

[1]ਉਹ ਸੱਚਾ ਤੱਤ-ਵੇਤਾ ਹੈ।

॥ ੯੯ ॥

ਫੇਰ ਰੀਸ ਮਦਨ ਰਦਨ ਪੀਸ ਠਾਨ ਬਲ[1]
ਪਾਨ[1] ਲੈ ਕਮਾਨ ਬਾਨ ਕਾਨ ਲੌ ਤਨਾਇ ਕੈ।
ਪਰ ਹਾਰਜੋ ਪਾਂਚ ਸਰ ਪਾਂਖ ਲੌ ਧਸਾਇ ਕਰਿ[1],
ਆਂਖ ਨ ਫਿਰਾਈ ਮੁਨਿ ਉਤ ਕਾਮ ਭਾਇ ਕੈ[1]।

[1]ਫੇਰ ਕਾਮ ਨੇ ਗ਼ੁੱਸੇ ਹੋ ਕੇ ਦੰਦ ਪੀਹ ਕੇ ਬਲ ਕਰਕੇ।

[1]ਹੱਥ ਵਿੱਚ।

[1]ਆਪਣੇ ਪੰਜੇ ਤੀਰ ਖੰਭਾਂ ਤੱਕ ਧਸਾ ਕੇ ਹਾਰ ਕੇ (ਪਚ) ਸ਼ਰਮਿੰਦਾ ਹੋਇਆ।

[1]ਕਾਮ ਭਾਵਨਾ ਕਰਕੇ।

ਜਦੀ ਛੋਭ[1] ਏਕ ਵਾਰ ਭਯੋ ਪੈ ਸੰਭਾਰ ਗਯੋ
ਵਸਤੁ ਵਿਚਾਰ ਢਾਰ[1] ਅੱਗ੍ਰ ਕਰਾਇ ਕੈ।
ਭਏ ਹੈਂ ਸਹਾਈ ਨਿਰਵੇਦ[1] ਔ ਬਿਵੇਕ ਆਈ,
ਦੋਖ ਦ੍ਰਿਸ਼ਟਿ ਸ੍ਰਿਸ਼ਟਿ ਦਿਖਰਾਈ ਰੀਤਿ ਚਾਇ ਕੈ[1] ॥ ੧੦੦ ॥

[1]ਖੋਭ।

[1]ਵਸਤੂ ਵਿਚਾਰ ਦੀ ਢਾਲ।

[1]ਵੈਰਾਗ।

[1]ਸ੍ਰਿਸ਼ਟੀ ਵਿੱਚ ਦੋਖ-ਦ੍ਰਿਸ਼ਟੀ (ਦੋਸ਼ ਦੇਖਣ ਵਾਲੀ ਨਿਗਾਹ) ਦੀ ਰੀਤੀ ਚਾਅ ਨਾਲ ਦਿਖਾਈ।

ਸ਼ਰਮਾਇ ਸਵਰ[1] ਨਿਵਾਇ ਸੀਸ ਮੁਨਿ ਤਾਈਂ
ਜਾਇ ਸੁਰ-ਰਾਇ ਪੈ[1] ਸਹਾਇ ਸਹਿ ਖੀਸ ਹੈਂ[2]।
ਕਹਜੋ ਵਾਹਿ ਮੁਨਿ ਨਿਰਚਾਹਿ[1] ਨਾਹਿਂ ਜੀਤਜੋ ਜਾਹਿ,
ਤੇਰੋ ਰਾਜ ਕਾਹਿ[1] ਤੀਨ ਲੋਕ ਤੁੱਛ ਦੀਸ ਹੈਂ।
ਵੇ ਤੋ ਤਪੁ ਤੇਜ ਹੀ ਕੋ ਬਪੁ[1] ਥਪੁ ਰਾਖਜੋ[2] ਪ੍ਰਭੁ,
ਜਾਰ ਕੈ ਹੈ ਛਾਰ[1] ਸੋ ਤੋ ਜਾਂ ਪੈ ਦਾਂਤ ਪੀਸ ਹੈ।

[1]ਇੰਦ੍ਰ ਪਾਸ। [2]ਸਣੇ ਸਹਾਇਕਾਂ ਦੇ ਖਿਝਿਆ।

[1]ਨਿਰਇੱਛਤ।

[1]ਕੀ ਹੈ ?

[1]ਸ਼ਰੀਰ। [2]ਬਣਾਰੱਖਿਆ ਹੈ।

[1]ਸਾੜ ਕੇ ਸੁਆਹ ਕਰ ਦੇਵੇਗਾ।

ਐ ਪੈ ਨਿਜਾਨੰਦ ਮੈਂ[1] ਬਿਲੀਨ ਮਨ ਮੀਨ ਜਿਮ[2],
ਮਾਨਤਿ ਮੁਨੀਸ ਸਬਿ ਹੀ ਕੋ ਜਗਦੀਸ ਹੈਂ[1]
॥ ੧੦੧ ॥

[1]ਆਪਣੇ ਸਰੂਪ ਦੇ ਅਨੰਦ ਵਿੱਚ। [2]ਮੱਛੀ ਵਾਂਗ।
[1]ਮੁਨੀਸ ਨੂੰ ਸਾਰੇ ਹੀ ਜਗਦੀਸ਼ (ਪ੍ਰਮੇਸ਼ਰ) ਮੰਨਦੇ ਹਨ।

ਸੁਨ ਕੈ ਸੁਰੇਸ ਹ੍ਵੈ ਵਿਸ਼ੇਸ਼ ਹੀ ਚਕਿਤ[1] ਚਿੱਤ,
ਜਾਇ ਪਦਮੇਸ[1] ਪੈ ਅਦੇਸ[2] ਕਰਿ ਪੂਛਜੋ।
ਕੌਨ ਹੈ ਤਪੱਸੀ ਏਹ, ਤਪ ਕੀਨ ਹੇਤ ਕੇਹ[1],
ਭਯੋ ਦੇਹ ਤੈ ਅਦੇਹ ਜਾਨ ਜਗ ਤੂਛਜੋ[1]।
ਜਾਂ ਕੇ ਤਪਹੂੰ ਕੋ ਤੇਜ, ਤੀਨ ਲੋਕ ਮੈਂ ਪ੍ਰਕਾਸ਼ੈ,
ਭਾਸੈ ਰਵਿ ਸਸਿ ਬਨੀ ਆਗੈ ਜਿਹਂ ਛੂਛਜੋ[1]।

[1]ਬਹੁਤ ਹੈਰਾਨ ਹੋ ਕੇ।
[1]ਬ੍ਰਹਮਾ। [2]ਨਮਸਕਾਰ।
[1]ਕਿਸ ਵਾਸਤੇ।
[1]ਤੁੱਛ, ਹੇਚ।
[1]ਜਿਸ ਅੱਗੇ ਸੂਰਜ, ਚੰਦ ਤੇ ਅੱਗ (ਦਾ ਪ੍ਰਕਾਸ਼) ਤੁੱਛ (ਭਾਸੈ) ਭਾਸਦਾ ਹੈ।

ਕੀਨੋ ਹੈ ਨ ਐਸੋ ਤਪ ਪਾਛੇ ਕਾਹੂੰ ਜਾਪ ਜਪ,
ਏ ਤੋ ਤਪ ਹੀ ਕੋ ਬਪੁ ਭਯੋ ਅਤਿ ਸੂਛਜੋ[1]
॥ ੧੦੨ ॥

[1]ਤਪ ਦਾ ਹੀ ਬਹੁਤਾ ਪਵਿੱਤ੍ਰ ਸ਼ਰੀਰ ਹੋ ਗਿਆ ਹੈ।

ਜੌਨ ਕਾਮ ਦੇਵ ਨਾਰੇ[1] ਜੀਤੇ ਸਿੱਧ ਤਪੀ ਭਾਰੇ,
ਯਾਂਹਿ ਤੈ ਸੁ ਮਾਨ ਹਾਰੇ ਸ਼ਰਮਾਇ ਆਇਗੋ[1]।

[1]ਜਿਸ ਕਾਮ ਨੇ ਦੇਵਤੇ ਤੇ ਮਨੁੱਖ।
[1](ਉਹ ਕਾਮ) ਇਸ (ਦੁਸ਼ਟ ਦਮਨ) ਪਾਸੋਂ ਹਾਰ ਮੰਨ ਕੇ ਸ਼ਰਮ ਖਾ ਕੇ ਆ ਗਿਆ ਹੈ।

ਸੁਨਿ ਅਜ[1] ਕਹਜੋ ਤਾਹਿਂ ਸੁਰ ਨਾਹਿ[2] ਨਾਹਿਂ ਡਰ,
ਕਲੀ ਮਾਂਹਿ ਯਾਂਹਿ ਕੋ ਅਕਾਲ ਜੂ ਪਠਾਯਗੋ।
ਜਵਨੇਸ[1] ਜ਼ਾਲਮ ਬਿਸੇਸ ਦੈਂ ਕਲੇਸ ਹਿੰਦੈਂ,
ਬੇਦ ਧਰਮ ਕੋ ਨਸੇਸ ਕੀਨ[1] ਜੋ ਚਹਾਯਗੋ।
ਤਬਿ ਏਹੁ ਅਵਤਾਰ ਹੋਇ ਹਰੈ ਧਰਾ ਭਾਰ[1],
ਪੰਥ ਪਰਚਾਰ ਸਾਰ ਸਤ ਸ੍ਵੈ ਦਿਢਾਯਗੋ[1]
॥ ੧੦੩ ॥

[1]ਬ੍ਰਹਮਾ ਨੇ। [2]ਹੇ ਇੰਦ੍ਰ।
[1]ਮੁਸਲਮਾਨਰਾਜੇ (ਔਰੰਗਜ਼ੇਬ) ਆਦਿ।
[1]ਨਾਸ ਕਰਨਾ।
[1]ਧਰਤੀ (ਤੋਂ ਪਾਪਾਂ) ਦੇ ਭਾਰ ਨੂੰ ਦੂਰ ਕਰੇਗਾ।
[1]ਪੰਥ ਪ੍ਰਚੱਲਤ ਕਰ ਕੇ ਆਪਣਾ ਸੱਚਾ ਸਿਧਾਂਤ ਦ੍ਰਿੜਾਏਗਾ।

ਸੁਨਿ ਕੈ ਸੁਰਿੰਦ[1] ਪੰਕਜਿੰਦ[2] ਤੈ ਪਸਿੰਦ ਕਰਿ,
ਮੋਦ ਹ੍ਵੈ ਬੁਲਿੰਦ ਚਿੰਦ ਪਾਇ ਘਰ ਆਇ ਕੈ[1]।
ਔਰ ਸੁਰ[1] ਸੰਗ ਲੈ ਉਮੰਗ ਸੰਗ ਜਾਇ,
ਮੁਨਿਰਾਇ ਪੈ ਬਸਾਇ ਸੁਰ ਤਰੁ ਫੂਲ ਭਾਇ ਕੈ[1]।
ਉਸਤਤਿ ਗਾਇ, ਉਤਰਾਇ ਆਰਤੀ, ਨਚਾਇ
ਨਟੀ[1], ਕਹਜੋ ਸੁਰਰਾਇ ਧੰਨ ਮੁਨਿਰਾਇ ਕੈ।

[1]ਇੰਦ੍ਰ। [2]ਬ੍ਰਹਮਾ।
[1]ਘਰ ਆ ਕੇ (ਚਿੰਦ ਪਾਇ) ਵਿਚਾਰ ਕੀਤੀ।
[1]ਦੇਵਤੇ।
[1]ਪ੍ਰੇਮ ਨਾਲ ਕਲਪ ਬ੍ਰਿੱਛ ਦੇ ਫੁੱਲਾਂ ਦੀ ਵਰਖਾ ਕੀਤੀ।
[1]ਨਾਚੀਆਂ ਅਪੱਛਰਾਂ।

ਜੀਤਜੋ ਜਿਨਿ ਰਤਿ-ਪਤਿ[1] ਕਾਮਨਾ ਬਿਗਤਿ[2],
ਸਤਿ ਗਹਜੋ ਤਜ ਕੈ ਅਸੱਤ[1] ਨਮੋ ਮਮ ਭਾਇ ਕੈ[2]
॥ ੧੦੪ ॥
ਏਤੋ ਤਪ ਜਿਨ ਧਰਾ[1] ਮਾਨ[2] ਹੂੰ ਨ ਮਾਨਜੋ ਜਰਾ,
ਪਾਵਨ ਬ੍ਰਹਮੰਡ ਕਰਾ ਏਸ ਮੁਨਿਏਸ ਹੈ[1]।
ਗਏ ਦੇਵ ਏਵ ਗਾਇ[1] ਔਰ ਮੁਨਿ ਭੇਵ ਪਾਇ,
ਮਹਾਂ ਮੋਦ ਧਰ ਸਾਇ[1] ਸ਼ਰਧਾ ਬਸੇਸ[2] ਹੈ।
ਦੁਸ਼ਟ ਦਵਨ ਚੀਨ[1] ਹਰਖ ਨ ਸੋਕ ਕੀਨ,
ਏਕ ਰਸ ਲਿਵਲੀਨ ਰਹੈ ਪਰਮੇਸ ਹੈ[1]।
ਬੀਤ ਗੇ ਬਿਸਾਲ ਸਾਲ ਚਾਲਤ ਸੁਚਾਲ ਚਾਲ[1],
ਅਵਤਾਰ ਹੋਨ ਵਾਲ ਅਯੋ ਕਾਲ ਬੇਸ[1] ਹੈ
॥ ੧੦੫ ॥
ਔਰ ਏਕ ਭਯੋ ਭੂਪਰਾਜ ਨਿਜ ਤਜਾਗ ਖੂਪ[1],
ਤਪਸਾ ਅਨੂਪ ਕੀਨ ਦੰਪਤਿ[1] ਤਹਾਂਇ ਹੈਂ।
ਮਹਾ ਕਾਲ ਕਾਲਿ ਕੋ[1] ਅਰਾਧਿ ਸਾਧ ਸਿੱਧ ਭਏ[2],

ਐ ਪੈ ਵਹਿ ਕਾਮਨਾ ਥੇ ਪੂਤ ਕੀ ਰਖਾਇ ਹੈਂ।
ਤਾਂ ਕੋ ਨਭ ਬਾਨੀ[1] ਭਈ ਮਾਂਗੋ ਬਰ ਜੋ ਚਹਈ,
ਕਹਜੋ ਉਨਿ ਮੁਨਿ ਸੋ ਪ੍ਰਤਾਪੀ ਸੁਤ ਪਾਇ ਹੈਂ[1]।
ਤਥਾ ਅਸਤ[1] ਈਸ ਕਹਜੋ ਭੂਪਰਾਨੀ ਤਨ ਲਹਜੋ[2],
ਤੇਗ ਜੂ ਬਹਾਦਰ ਔ ਗੂਜਰੀ ਜੀ ਆਇ ਹੈਂ[1]
॥ ੧੦੬ ॥
ਤਾਹੀਂ ਸਮੇਂ ਤੁਰਕੇਸ ਨੌਰੰਗ ਨਰੇਸ਼[1] ਪਾਪੀ,
ਕਸ਼ਟ ਕਲੇਸ਼ ਅਤਿ ਹਿੰਦੁਨ ਕੋ ਹੈ ਦਯੋ।
ਪਾਵਨ ਕਰਨ ਭੌਮ[1], ਨੌਮ ਗੁਰੁ ਭੌਮ ਬਪੁ[2],

ਸੌਮਰੂਪ[1] ਸ੍ਰੀ ਗੁਜਰੀ ਕੋ ਸੰਗ ਮੈਂ ਲਯੋ।
ਮਾਤ ਜੀ ਕੋ ਭੀਰਥ ਪੈ ਤੀਰਥ ਭਗੀਰਥਿ ਕੈ,

[1]ਕਾਮ। [2]ਇੱਛਾ ਖ਼ਤਮ ਕਰ ਲਈਆਂ ਹਨ।
[1]ਝੂਠ। [2]ਪ੍ਰੇਮ ਨਾਲ।

[1]ਕੀਤਾ। [2]ਹੰਕਾਰ।
[1]ਇਸ ਮੁਨੀਆਂ ਦੇ ਈਸ਼ਰ ਨੇ।
[1]ਇਉਂ ਕਹਿ ਕੇ।
[1]ਉਹ (ਮੁਨੀ)। [2]ਬਹੁਤੀ।
[1]ਜਾਣ ਕੇ।
[1]ਪ੍ਰਮੇਸ਼ਰ ਵਿੱਚ।
[1]ਚੰਗੀ ਪਵਿੱਤ੍ਰ ਚਾਲ ਚਲਦਿਆਂ।
[1]ਚੰਗਾ ਸਮਾਂ।

[1]ਆਪਣਾ ਚੰਗਾ (ਰਾਜ)।
[1]ਇਸਤ੍ਰੀ ਪਤੀ (ਦੋਹਾਂ ਨੇ)।
[1]ਕਾਲ ਦਾ ਕਾਲ ਕਰਨ ਵਾਲੇ (ਮਹਾਂ ਕਾਲ) ਪ੍ਰਮੇਸ਼ਰ ਨੂੰ। (ਅ) ਅਕਾਲ ਪੁਰਖ ਤੇ ਉਸ ਦੀ ਬੀਰ-ਰਸੀ ਸ਼ਕਤੀ ਨੂੰ। [2]ਸ਼ਕਤੀ ਵਾਲੇ ਹੋ ਗਏ।

[1]ਅਕਾਸ਼ ਬਾਣੀ।
[1]ਮੁਨੀ ਵਰਗਾ ਪ੍ਰਤਾਪੀ ਪੁੱਤਰ ਪ੍ਰਾਪਤ ਹੋਵੇ।
[1]ਤੈਸੇ ਹੀ ਹੋਵੇਗਾ। [2]ਸ਼ਰੀਰ ਧਾਰਿਆ।

[1]ਆ ਕੇ।

[1]ਤੁਰਕਾਂ ਦਾ ਈਸ਼ਰ ਨੌਰੰਗਾ ਬਾਦਸ਼ਾਹ।

[1]ਧਰਤੀ (ਨਾਲ ਸਬੰਧਤ ਜੀਵਾਂ) ਨੂੰ ਪਵਿੱਤ੍ਰ ਕਰਨ ਲਈ। [2]ਮੰਗਲ ਰੂਪ।
[1]ਸ਼ਾਂਤ ਰੂਪ।

ਗਏ ਰਾਜ ਤੀਰਥ ਲੈ ਸੋ ਸੰਜੋਗ ਐ ਭਯੋ[1]।
[1]ਜਦੋਂ ਮਾਤਾ ਨਾਨਕੀ ਜੀ ਨੂੰ ਭੀਰਥ ਉੱਪਰ ਗੰਗਾ ਦੇ ਤੀਰਥ ਕਰਾ ਕੇ ਪ੍ਰਾਗਰਾਜ 'ਤੇ ਲੈ ਗਏ ਤਾਂ ਉਹ (ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਾ) ਸਮਾਂ ਆ ਹੋਇਆ।

ਸ੍ਰੀ ਕਰਤਾਰ ਨਿਜ ਸੁਤ ਮੁਨਿ ਕੋ ਸੁਧਾਰ[1],
[1]ਮੁਨੀ ਨੂੰ ਆਪਣਾ ਪੁੱਤਰ ਬਣਾ ਕੇ।

ਨੌਮ ਗੁਰੁ ਘਰਿ ਅਵਤਾਰ ਪਠ ਹੈ ਦਯੋ[1]
[1]ਭੇਜ ਦਿੱਤਾ।

॥ ੧੦੭ ॥

ਜਦੀ ਕਰਤਾਰ ਬੇਦ ਧਰਮ ਪ੍ਰਚਾਰ ਹੇਤ,
ਜੀਵਨ ਉਬਾਰਬੇ ਅਪਾਰ ਪਹਿਲੇ ਪਠੇ[1]।
[1]ਭਾਵੇਂ ਕਰਤਾਰ ਨੇ ਆਸਤਕ ਧਰਮ ਦੇ ਪ੍ਰਚਾਰ ਵਾਸਤੇ ਅਤੇ ਜੀਵਾਂ ਦੇ ਉਧਾਰ ਲਈ ਬੇਅੰਤ (ਅਚਾਰਯ) ਪਹਿਲਾਂ (ਜਗਤ ਵਿੱਚ) ਭੇਜੇ ਸਨ।

ਗੋਰਖ, ਰਿਖਭ[1] ਦੱਤ[2], ਸ਼ੰਕ੍ਰ, ਬਜਾਸ, ਬੁਧ[3],
[1]ਮਰੁ ਦੇਵੀ ਦੇ ਉਦਰ ਤੋਂ ਰਾਜਾ ਨਾਭ ਦਾ ਪੁੱਤਰ ਜੋ ਜੈਨੀਆਂ ਦਾ ਪਹਿਲਾ ਤੀਰਥੰਕਰ ਹੈ। [2]ਦੱਤਾਤ੍ਰੇਯ। [3]ਸ਼ੰਕਰਾਚਾਰਯ, ਬਿਆਸ ਅਤੇ ਮਹਾਤਮਾ ਬੁੱਧ।

ਰਾਮਾਨੁਜ[1] ਆਦਿਕਨ ਨਿਜ ਮਤ ਹੈਂ ਠਟੇ[2]।
[1]ਰਾਮਾਨੁਜ– ਮਦਰਾਸ ਦੇ ਇਲਾਕੇ ਕਾਂਚੀ ਪੁਰ ਪਾਸ ਭੂਤ ਨਗਰੀ ਦੇ ਕੇਸ਼ਵ ਬ੍ਰਹਮਣ ਦਾ ਪੁੱਤਰ ਜੋ ਕਾਂਤ ਮਤੀ ਦੇ ਉਦਰ ਤੋਂ ਪੈਦਾ ਹੋਇਆ। ਇਸ ਨੇ ਸ੍ਰੀ ਵੈਸ਼ਨਵ ਯਾਮੁਨ ਮੁਨੀ ਦਾ ਸਿੱਖ ਹੋ ਕੇ ਵੈਸ਼ਨਵ ਮੱਤ ਦਾ ਪ੍ਰਚਾਰ ਕੀਤਾ। [2]ਬਣਾਏ।

ਕ੍ਰਿਯਾ ਕਲਾਪ ਪੂਜਾ ਜੀਵਨਿ ਗਹਾਯੋ ਦੂਜਾ,
ਪੰਥ ਪ੍ਰਭ ਕੋ ਨ ਸੂਝਾ ਆਪ ਆਪ ਮੈਂ ਡਟੇ[1]।
[1]ਸਾਰੀਆਂ ਕ੍ਰਿਆਵਾਂ ਤੇ ਪੂਜਾ ਰਾਹੀਂ ਜੀਵਾਂ ਨੂੰ ਦ੍ਵੈਤ ਭਾਵ ਗ੍ਰਹਿਣ ਕਰਵਾਇਆ, ਪ੍ਰਭੂ ਦਾ ਰਸਤਾ ਕਿਸੇ ਨਾ ਦਿਖਾਇਆ, ਆਪੋ ਆਪਣੇ ਮੱਤ ਚਲਾਉਣ ਵਿੱਚ ਡਟੇ ਰਹੇ।

ਧਰਾ ਪੈ ਪਖੰਡ ਮਤਿ ਫੈਲੇ ਜੋ ਅਫੰਡ ਅਤਿ[1]
[1]ਬਹੁਤੇ ਹੰਕਾਰੀ।

ਭਗਤੀ ਬ੍ਰਹਮੰਡ ਪਤਿ ਕੀ[1] ਨ ਕੋਇ ਹੈ ਥਟੇ[2]
[1]ਪ੍ਰਮੇਸ਼ਰ ਦੀ। [2]ਕਰਦਾ।

॥ ੧੦੮ ॥

ਤਾਂ ਤੈ ਕਰਤਾਰ ਦੁਸ਼ਟ ਦਵਨੈ ਹਕਾਰ ਢਿਗ[1],
[1]ਕੋਲ ਬੁਲਾ ਕੇ।

ਲਾਯਕ ਵਿਚਾਰ ਸਿਤਕਾਰ ਕੈ ਉਦਾਰ ਹੈ[1]।
[1]ਬਹੁਤਾ ਆਦਰ ਕਰਕੇ।

ਦੈ ਕੈ ਨਿਜ ਪੁੱਤ੍ਰ ਖਤਾਬ[1] ਹੈ ਸ਼ਿਤਾਬ[2] ਪਠਜੋ,
[1]ਪਦਵੀ, ਅਹੁਦਾ। [2]ਛੇਤੀ।

ਮੱਥ[1] ਧਰਿ ਹੱਥ ਸਮਰੱਥ ਕਰਿ ਭਾਰ ਹੈ।
[1]ਮੱਥੇ ਤੇ।

ਆਏ ਪ੍ਰਯਾਗ ਰਾਜ ਮਾਤ ਕੇ ਉਦਰ ਮਾਝ[1],
[1]ਪੇਟ ਵਿੱਚ।

ਪਟਨੇ ਸੁਖਦ ਸਾਜ[1] ਲੀਨੋ ਅਵਤਾਰ ਹੈ।
[1]ਸੁਖਦਾਇਕ (ਸਾਧਨ) ਰਚ ਕੇ।

ਭੇਦ ਮਤ ਖੰਡਨ ਕੋ ਬੇਦ ਮਤ ਮੰਡਨ ਕੋ,
ਦੁਸ਼ਟਨ ਕੇ ਦੰਡਨ ਕੋ ਪੰਥ ਪ੍ਰਚਾਰ ਹੈ[1]
[1]ਖ਼ਾਲਸਾ ਪੰਥ ਪ੍ਰਚੱਲਤ ਕਰਨ ਵਾਸਤੇ।

॥ ੧੦੯ ॥
ਏਹੀ ਗਾਥ ਸਾਰੀ ਗੁਰੁ ਦਸਮ ਉਚਾਰੀ ਆਪ,
ਨਾਟਕ ਬਚਿਤ੍ਰ ਮਝਾਰੀ ਸਿੱਖ ਜਾਨ ਹੈਂ।
ਤੌ ਭੀ ਹਮ ਤਨਕ ਭਨਕ[1] ਦਿਖਰੈਹੈਂ,
ਜਾਂ ਤੈ ਭਰਮ ਕਟੈਹੈਂ ਪੈਹੈਂ ਮਰਮ ਸੁਜਾਨ ਹੈਂ[1]।
ਪੁਰਾ[1] ਕਰਤਾਰ ਅਵਤਾਰ ਜੋ ਅਪਾਰ ਪਠੇ[2],
ਐਪੇ ਤਿਨ ਆਪਨੇ ਹੀ ਮਤ ਧਰੇ ਠਾਨ ਹੈਂ[1]।
ਕਾਹੂੰ ਕੰਠ ਕੰਠੀ ਕਾਠ ਰੁਦ੍ਰਾਖਿ ਕੀਓ ਠਾਟ[1],
ਕਾਹੂੰ ਚੋਟੀ ਕਾਟਿ ਮੂੰਡ ਮੂੰਡਿ ਫਾਰੇ ਕਾਨ ਹੈਂ[1]
॥ ੧੧੦ ॥
ਕਾਹੂੰ ਖਾਕ[1] ਪਾਈ ਸਿਰ ਜਟਾ ਹੈਂ ਬੰਧਾਈ,
ਭੁਜ ਊਰਧ ਸੁਕਾਈ[1], ਔ ਦਿਖਾਈ ਜਗਤਾਏ ਹੈਂ[2]।
ਲਿੰਗ ਪੁਜਵਾਯੋ ਕਾਹੂੰ ਸੋਈ ਹੈ ਕਟਾਯੋ ਜਢ,
ਮੂਰਤੀ ਕਾਸਟ ਧਾਤ ਧੂਰਤੀ ਪੁਜਾਏ ਹੈਂ[1]।
ਰਾਮ ਕ੍ਰਿਸ਼ਨ ਜਪਜੋ ਕਾਹੂੰ ਪਾਹਨ ਬਿਸ਼ਨ ਥਪਜੋ[1],
ਹਨੂੰਮਾਨ ਭੈਰੋਂ ਸਪਜੋਂ[1] ਦੇਵਤਾ ਠਰਾਏ ਹੈਂ।
ਤਿਲਕ ਲਗੈ ਹੈਂ ਦਾਗ ਦੇਹ ਪੈ ਪਵੈ ਹੈਂ,
ਮੂਢ ਮਾਂਗ ਹੂੰ ਬਨੈ ਹੈਂ ਪੈ ਇਕਾਂਗ[1] ਹੂੰ ਨ ਪਾਏ ਹੈਂ
॥ ੧੧੧ ॥
ਦੋਹਰਾ:
ਜੇ ਜੇ ਜਗ ਮੈਂ ਪ੍ਰਭ ਪਠੇ,
ਧਰਮ ਧਰਾਵਨ ਹੇਤ।
ਤੇ ਨਿਜ ਨਿਜ ਪ੍ਰਭਤਾ[1] ਫਸੇ,
ਪ੍ਰਭ ਕੋ ਲਖਜੋ ਨ ਭੇਤ ॥ ੧੧੨ ॥
ਭੂਲੇ ਕੂਰ ਗਰੂਰ ਮੈਂ[1],
ਸਿੱਸ ਭੁਲਾਏ ਮੂਰ[1]।
ਭਰਮ ਕਰਮ ਨਦਿ ਮੈ ਬਹੇ,
ਬ੍ਰਹਮ ਲਖਿ ਲਖੇ ਨ ਪੂਰ[1] ॥ ੧੧੩ ॥

[1]ਥੋਹੜੀ ਜਿਹੀ ਉਚਾਰ ਕੇ।
[1]ਭਰਮ ਦੂਰ ਹੋ ਜਾਵੇਗਾ ਤੇ ਚਤਰ ਭੇਦ ਪਾ ਲੈਣਗੇ।
[1]ਪਹਿਲੇ ਅਵਤਾਰ। [2]ਬਹੁਤੇ ਭੇਜੇ।
[1]ਕਰਰੱਖੇ ਹਨ ਭਾਵ ਚਲਾ ਲਏ ਹਨ।
[1]ਕਿਸੇ ਨੇ ਗਲ ਵਿੱਚ ਲੱਕੜ ਦੀ ਜਾਂਰੁਦ੍ਰਾਖ ਦੀ ਕੰਠੀ ਪਾ ਕੇ ਬਨਾਵਟ ਬਣਾਈ ਹੈ।
[1]ਕਿਸੇ ਨੇ ਬੋਦੀ ਕੱਟੀ ਹੈ, ਕਿਸੇ ਨੇ ਸਿਰ ਮੁੰਨਿਆ ਹੈ ਤੇ ਕਿਸੇ ਨੇ ਕੰਨ ਪਾੜੇ ਹਨ।
[1]ਸੁਆਹ।
[1]ਉੱਪਰ ਬਾਹਾਂ ਕਰ ਕੇ ਸੁਕਾ ਲਈਆਂ। [2]ਜਗਤ ਤਾਈਂ।
[1]ਲੱਕੜ ਤੇ ਧਾਤ ਦੀਆਂ ਮੂਰਤਾਂ ਦੀ ਠੱਗ ਪੂਜਾ ਕਰਦੇ ਹਨ।
[1]ਪੱਥਰ ਦਾ ਵਿਸ਼ਨੂੰ ਬਣਾ ਲਿਆ।
[1]ਸੱਪਾਂ ਨੂੰ।
[1]ਇਕ ਪ੍ਰਮੇਸ਼ਰ ਨੂੰ।
[1]ਵਡਿਆਈ ਵਿੱਚ।
[1]ਝੂਠੇ ਹੰਕਾਰ ਵਿੱਚ।
[1]ਸਿੱਖ ਮੁੱਢੋਂ ਹੀ ਭੁਲਾ ਦਿੱਤੇ।
[1]ਪੂਰਾਂ ਦੇ ਪੂਰਰੁੜ੍ਹ ਗਏ, ਬ੍ਰਹਮ ਨੂੰ ਜਾਣ ਕੇ (ਪਾਰ) ਨਹੀਂ

ਲੰਘੇ।

ਪਾਯੋ ਨਾਹਿਂ ਅਲੇਖ ਮਗ[1],
ਫਸੇ ਭਰਮ ਕੀ ਰੇਖ[1]।
ਜਹਿਂ ਨਰਕਨ ਮੈਂ ਵਹਿ ਜਰੇ[1],
ਪਰੇ ਸਿੱਖ ਤਹਿਂ ਸੇਖ[1] ॥੧੧੪॥
ਫਰਕਨਿ ਸਰਕ ਨ ਪਾਵਹੀਂ[1],
ਗਰਕਨਿ ਨਰਕਨਿ ਮਾਹਿਂ।
ਕਾਚੇ ਗੁਰੁ ਪਾਛੇ ਲਗੇ,
ਬਾਚੇ ਆਂਚੇ ਕਾਹਿਂ[1] ॥੧੧੫॥
ਤਿਨਿ ਤਰਕਨਿ ਹਿਤ[1] ਨਿਰਖਿ[2] ਪ੍ਰਭੁ,
ਧਰਖਨਿ[1] ਮਤ ਪਾਖੰਡ।
ਸਾਚੇ ਸਤਿਗੁਰੁ ਕੋ ਪਠਜੋ,
ਠਟਜੋ[1] ਪੰਥ ਜਿਨਿ ਚੰਡ[2] ॥੧੧੬॥
ਇਹੁ ਨਿਜ ਗਾਥਾ[1] ਸਤਿਗੁਰੂ,
ਨਿਜ ਮੁਖ ਕੀਨ ਬਖਾਨ।
ਜਜੋਂ ਜਜੋਂ ਤਜੋਂ ਅਬਿ ਸਬਿ ਸੁਨੋ,
ਸਿਦਕੀ ਸਿੱਖ ਮਹਾਨ ॥੧੧੭॥
ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ॥
ਚੌਪਈ ॥
ਅਬ ਮੈ ਅਪਨੀ ਕਥਾ ਬਖਾਨੋ ॥
ਤਪ ਸਾਧਤ[1] ਜਿਹ ਬਿਧਿ ਮੁਹਿ ਆਨੋ ॥
ਹੇਮ ਕੁੰਟ ਪਰਬਤ[1] ਹੈ ਜਹਾਂ ॥
ਸਪਤ ਸ੍ਰਿੰਗ[1] ਸੋਭਿਤ ਹੈ ਤਹਾਂ ॥੧॥
ਸਪਤ ਸ੍ਰਿੰਗ ਤਿਹ ਨਾਮੁ ਕਹਾਵਾ ॥
ਪੰਡੁਰਾਜ[1] ਜਹ ਜੋਗੁ ਕਮਾਵਾ ॥
ਤਹ ਹਮ ਅਧਿਕ ਤਪੱਸਿਆ ਸਾਧੀ ॥
ਮਹਾਂਕਾਲ ਕਾਲਕਾ ਅਰਾਧੀ[1] ॥੨॥

ਇਹ ਬਿਧਿ ਕਰਿਤ ਤਪੱਸਿਆ ਭਯੋ ॥

[1]ਪ੍ਰਮੇਸ਼ਰ ਦਾ ਰਸਤਾ।
[1]ਲਕੀਰ ਵਿੱਚ।
[1]ਸੜੇ।
[1]ਬਾਕੀ।
[1]ਫੜਕ ਕੇ ਸਰਕ (ਹਿਲਜੁਲ) ਨਹੀਂ ਕਰ ਸਕਣਗੇ।
[1](ਨਰਕ ਦੇ) ਸੇਕ ਤੋਂ ਕਿਵੇਂ ਬਚ ਸਕਦੇ ਹਨ।
[1]ਤਾੜਨ ਵਾਸਤੇ। [2]ਦੇਖ ਕੇ।
[1]ਅਨਾਦਰ ਕਰਨ ਲਈ।
[1]ਰਚਿਆ। [2]ਤਿੱਖਾ।
[1]ਆਪਣੀ ਕਥਾ।
[1]ਕਰਦਿਆਂ।
[1]ਹਿਮਾਲਾ ਦੀ ਧਾਰ ਵਿੱਚ ਬਰਫ਼ ਦਾ ਪਹਾੜ।
[1]ਸੱਤ ਚੋਟੀਆਂ।
[1]ਪੰਡੂ ਰਾਜੇ ਨੇ।
[1]ਕਾਲ ਦਾ ਕਾਲ ਕਰਨ ਵਾਲੇ ਅਕਾਲ ਦੇ ਅਰਾਧਨ ਵਾਲੇ ਹੋਏ। (ਅ) (ਮਹਾਂ ਕਾਲ) ਅਕਾਲ ਪੁਰਖ ਦੇ ਬੀਰ-ਰਸੀ ਸਰੂਪ ਅਤੇ ਉਸ ਦੀ ਬੀਰ-ਰਸੀ ਸ਼ਕਤੀ ਨੂੰ ਅਰਾਧਿਆ।

ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥
ਤਾਤ ਮਾਤ ਮੁਰ[1] ਅਲਖ ਅਰਾਧਾ ॥ [1]ਮੇਰੇ ਮਾਤਾ ਪਿਤਾ ਨੇ।
ਬਹੁ ਬਿਧਿ ਜੋਗ ਸਾਧਨਾ ਸਾਧਾ ॥੩॥
ਤਿਨ ਜੋ ਕਰੀ ਅਲਖ ਕੀ ਸੇਵਾ ॥
ਤਾਂ ਤੇ ਭਏ ਪ੍ਰਸੰਨ ਗੁਰਦੇਵਾ ॥
(ਪੰਨਾ ੫੪-੫੫)
ਤਪ ਸਾਧਤ ਹਰਿ ਮੋਹਿ ਬੁਲਾਯੋ ॥
ਇਮ ਕਹਿਕੈ ਇਹ ਲੋਕ ਪਠਾਯੋ ॥੨੮॥
(ਪੰਨਾ ੫੬)
ਅਕਾਲ ਪੁਰਖ ਬਾਚ ॥
ਚੌਪਈ ॥
ਮੈਂ ਅਪਨਾ ਸੁਤ[1] ਤੋਹਿ ਨਿਵਾਜਾ[2] ॥ [1]ਪੁੱਤਰ ਦਾ। [2]ਸਨਮਾਨ ਦਿੱਤਾ ਹੈ।
ਪੰਥ ਪ੍ਰਚੁਰ ਕਰਬੇ ਕਹੁ ਸਾਜਾ[1] ॥ [1]ਪ੍ਰਚੱਲਤ ਕਰਨ ਲਈ, ਫੈਲਾਉਣ ਲਈ ਸਜਾਇਆ ਹੈ।
ਜਾਹਿ ਤਹਾਂ ਤੈ[1] ਧਰਮੁ ਚਲਾਇ ॥ [1]ਤੂੰ।
ਕਬੁਧਿ ਕਰਨ ਤੇ ਲੋਕ ਹਟਾਇ ॥੨੯॥
(ਸ੍ਰੀ ਗੁਰੋ ਵਾਚ ॥)
ਤਿਨ ਪ੍ਰਭ ਜਬ ਆਇਸ[1] ਮੁਹਿ ਦੀਯਾ ॥ [1]ਆਗਿਆ।
ਤਬ ਹਮ ਜਨਮ ਕਲੂ ਮਹਿ ਲੀਯਾ ॥੪॥
(ਪੰਨਾ ੫੫)
ਚੌਪਈ ॥
ਮੁਰ ਪਿਤ ਪੂਰਬ ਕੀਯਸਿ ਪਿਯਾਨਾ[1] ॥ [1]ਜਾਣਾ ਕੀਤਾ।
ਭਾਂਤਿ ਭਾਂਤਿ ਕੇ ਤੀਰਥਿ ਨ੍ਹਾਨਾ[1] ॥ [1]ਇਸ਼ਨਾਨ ਕੀਤਾ।
ਜਬ ਹੀ ਜਾਤ ਤ੍ਰਿਬੇਨੀ ਭਏ ॥ਪੁੰਨ ਦਾਨ ਦਿਨ
ਕਰਤ ਬਿਤਏ ॥੧॥
ਤਹੀਂ ਪ੍ਰਕਾਸ[1] ਹਮਾਰਾ ਭਯੋ ॥ [1]ਮਾਤਾ ਜੀ ਦੀ ਕੁੱਖ 'ਚ ਪ੍ਰਵੇਸ਼ ਹੋਣਾ।
ਪਟਨਾ ਸਹਰ ਬਿਖੈ ਭਵ[1] ਲਯੋ ॥ [1]ਜਨਮ।
ਕਵਿਜੋ ਵਾਚ ॥
ਦੋਹਰਾ:
ਪੂਰਬ ਜਨਮ ਸੁੱਕ੍ਰਮ ਕੀ[1] [1]ਚੰਗੇ ਕਰਮ ਦੀ।
ਇਮ ਗੁਰੁ ਗਾਥ ਸੁਨਾਇ।

ਪਢੈ ਸੁਨੈ ਜਨ ਸੁਖ ਲਹੈ,
ਥਿਰਜੋ ਗਾਇ ਇਹੁ ਧਿਆਇ ॥੧੧੮॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਗਜਾਨ ਸਿੰਘ ਵਿਰਚਿਤੇ 'ਦਸਮ ਗੁਰੂ ਕੀ ਪੂਰਬ ਜਨਮ ਕੀ ਕਥਾ ਕਾ ਪ੍ਰਸੰਗ' ਬਰਨਨੰ ਨਾਮ ਬਿਤਾਲੀਸਮੋਂ ਬਿਸ੍ਰਾਮ ॥੪੨॥

੪੩. {ਕਲਗੀਧਰ ਜੀ ਦੀ ਜਨਮ ਕਥਾ}

ਸ੍ਵੈਯਾ:

ਬਾਵਨ ਚੰਦਨ ਰੰਗ ਤਰੰਗਨਿ
ਤੈ, ਗੁਰੁ ਕੇ ਪਗ ਕੀਰਜ ਪਾਵਨ[1]।

[1]ਗੁਰਾਂ ਦੇ ਚਰਨਾਂ ਦੀ ਧੂੜ, ਬਾਵਨ ਚੰਦਨ ਤੇ ਗੰਗਾ ਦੀਆਂ ਲਹਿਰਾਂ ਤੋਂ ਵੀ ਪਵਿੱਤ੍ਰ ਹੈ।

ਪਾਵਨ ਤੈਂ ਅਘ ਓਘ ਨਸੈਂ,
ਤਿਨ ਤਾਪ ਕਸੈਂ ਸੁਜਸੈ ਸੁਖ ਦਾਵਨ[1]।

[1](ਜਿਸ ਚਰਨ ਧੂੜ ਦੇ) ਪਾਉਣ ਨਾਲ ਸਾਰੇ ਪਾਪ ਨਾਸ ਹੋ ਜਾਂਦੇ ਹਨ, ਤਿੰਨੇ ਤਾਪ ਖਿੱਚੇ ਜਾਂਦੇ ਹਨ, ਸ੍ਰੇਸ਼ਟ ਜੱਸ ਤੇ ਸੁੱਖ ਦੇਣ ਵਾਲੀ ਹੈ।

ਦਾਵਨ ਸੂਰ ਸਸੀ ਅਗਨੀ
ਪ੍ਰਯੰਤਹਿ, ਜੋ ਪ੍ਰਕਾਸ਼ ਕਰਾਵਨ[1]।

[1]ਬਿਜਲੀ, ਸੂਰਜ, ਚੰਦ ਤੇ ਅੱਗ ਤੱਕ, ਜੋ ਜੋ ਪ੍ਰਕਾਸ਼ ਕਰਨ ਵਾਲੇ ਹਨ।

ਰਾਵਨ ਹਾਰ ਚਰਾਚਰ ਕੇ,
ਗੁਰੁ ਗੋਬਿੰਦ ਸਿੰਘ ਨਮੋ ਮਮ ਬਾਵਨ[1] ॥੧॥

[1]ਜੋ ਜੜ੍ਹ ਚੇਤਨ ਨੂੰ ਅਨੰਦ ਦੇਣ ਵਾਲੇ ਹਨ (ਉਨ੍ਹਾਂ) ਬਾਲਕ (ਰੂਪ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੇਰੀ ਨਮਸਕਾਰ ਹੈ।

ਦੋਹਰਾ:

ਅਬਿ ਉੱਛਵ[1] ਅਵਤਾਰ ਗੁਰੁ,
ਹੋਵਨ ਲੀਲਾ ਬਾਲ।
ਕਹਿਹੋਂ ਏਸ ਅਧਜਾਇ ਮੈਂ,
ਸੁਨੋ ਸਜਨ ਗੁਰੁ ਲਾਲ[1] ॥੨॥

[1]ਉਤਸ਼ਾਹ।

[1]ਪਿਆਰੇ।

ਕਬਿੱਤ:

ਸਤ੍ਰਾਂ ਸੌ ਤੇਈ, ਪੋਖ ਸੁਦੀ ਸੱਤੇ ਲੇਈ,
ਏਕ ਪਹਿਰ ਰਹੇਈ ਨਿਸ, ਦਿਨ ਰਵ ਆਜ ਹੈਂ[1]।

[1]ਸੰਮਤ ੧੭੨੩ ਬਿ: ਪੋਹ ਸੁਦੀ ਸਤਵੀਂ ਦੀ ਇਕ ਪਹਿਰ ਰਾਤ ਰਹਿੰਦੀ ਹੈ ਤੇ ਅੱਜ ਐਤਵਾਰ ਦਾ ਦਿਨ ਹੈ।

ਸ੍ਰੀ ਗੂਜਰੀ ਜੀ ਮਾਤ ਸਾਹਿਬ ਬਖਜਾਤ[1],
ਆਦਿ ਸ਼ਕਤਿ ਸੁਹਾਤ[1] ਤਾਂ ਤੈ ਬਿਦਤੇ ਦਰਾਜ ਹੈਂ[2]।

[1]ਪ੍ਰਗਟ ਹੀ।
[1]ਆਦਿ ਰੂਪ ਵਾਹਿਗੁਰੂ ਦੀ ਸ਼ਕਤੀ ਸੋਹ ਰਹੇ ਹਨ। [2]ਉਨ੍ਹਾਂ ਤੋਂ ਵੱਡੇ ਗੁਰੂ ਪ੍ਰਗਟ ਹੋਏ ਹਨ।

ਭਯੋ ਪ੍ਰਕਾਸ਼ ਹੈ ਅਵਾਸ ਮੈਂ ਹੁਲਾਸ ਅਤਿ[1],
ਦੇਵਨਿ ਅਕਾਸ਼ ਮੈਂ ਬਿਲਾਸ ਕੀਨ ਗਾਜ ਹੈਂ[1]।

[1]ਘਰ ਵਿੱਚ ਬਹੁਤ ਉਤਸ਼ਾਹ ਹੋਇਆ।
[1]ਗੱਜ ਕੇ ਕੌਤਕ ਕੀਤੇ।

ਮੰਗਲ ਉਚਾਰ ਫੂਲ ਡਾਰ ਆਰਤੀ ਉਤਾਰ,
ਗਾਇ ਜੈ ਜੈ ਕਾਰ ਔ ਬਜਾਏ ਬਹੁ ਬਾਜ[1] ਹੈਂ ॥੩॥

[1]ਵਾਜੇ।

ਮਾਈ ਧਾਈ[1] ਦਾਈ ਬਿਸਮਾਈ ਰੂਪ ਪੇਖਿ ਪ੍ਰਭ,
ਜੋਤਿ ਮਯ ਉਦੋਤ ਹੋਤ ਭਏ ਧਰ ਮਾਝ ਹੈਂ[1]।
ਫੇਰ ਨਿਜ ਮਾਯਾ ਮੋਹ ਪਾਯਾ ਜਾਲ ਭਰਮਾਯਾ,
ਮਨ ਦਾਈ ਮਾਈ ਕੋ ਬਨਾਯਾ ਬਾਲ ਸਾਜ[1] ਹੈ।
ਸੇਬਜਮਾਨ ਭਈ ਮਾਈ, ਧਾਈ ਦਾਈ ਦਾਸੀ ਕਰਿ[1],
ਸ ਹੁਲਾਸ ਕਰਤ ਫਿਰਤ ਦਾਸ ਕਾਜ ਹੈਂ।
ਦਈ ਸਾਰ ਬਾਹਰ ਸਾਹਬਜ਼ਾਦਾ ਜ਼ਾਹਰ ਭਾ[1]
ਮਾਹਰ ਹ੍ਵੈ ਆਹਰ[1] ਆਨੰਦ ਬਢੋ ਆਜ ਹੈ ॥ ੪ ॥
ਮੋਦ ਪਰਮੋਦ ਲਹਾ[1], ਪੂਰ ਉਤਸ਼ਾਹਿ ਰਹਾ[2],
ਨਭ ਧਰ ਮਾਂਹਿ ਮਹਾਂ ਖੁਸ਼ੀ ਕੀ ਅਵਾਜ ਹੈਂ।
ਹਿੰਦੁਵਾਨ ਪਾਲਬੇ ਕੋ, ਤੁਰਕ ਤੇਜ ਗਾਲਬੇ ਕੋ,
ਧਰਮ ਕੇ ਸੰਭਾਲਬੇ ਕੋ, ਸੱਜਨ ਸਮਾਜ ਹੈਂ[1]।
ਭ੍ਰਮ ਭੇਦ ਖੀਨਨ ਕੋ[1] ਬੇਦ ਸਾਰ ਚੀਨਨ ਕੋ[2],
ਦੀਨਨਿ ਅਧੀਨਨਿ ਭੁਗਾਇਬੇ ਕੋ ਰਾਜ ਹੈਂ[1]।
ਗਜਾਨ ਹਰਿ ਹਮ ਸੇ ਗ੍ਰੀਬਨ ਨਸੀਬਨ ਕੋ[1]
ਅਵਤਾਰ ਲੀਬਨ[1] ਗ੍ਰੀਬਨਿ ਨਿਵਾਜ ਹੈਂ ॥ ੫ ॥
ਆਪ ਹੀ ਅਮੇਜ ਹ੍ਵੈ ਸਤੇਜ ਓਜ[1], ਪੰਥ
ਸ੍ਰਬੋਤਮ ਰਚਾਯੋ ਸ੍ਰੀ ਖਾਲਸਾ ਦਰਾਜ ਹੈ।
ਬਿੱਪਨ ਕੀ ਕੈਦਨ ਕੁਪੰਥਿਨ ਕੁਵੈਦਨ ਤੇ[1],
ਕਾਢ ਕੈ ਅਲੈਦਨ ਕੀ[1] ਦੀਨ ਜੋਗ ਰਾਜ ਹੈ।
ਕਾਟ ਕੈ ਕੁਫੰਧ ਬੰਧ[1], ਛਾਂਟ ਕੈ ਕੁਧੰਧ ਮੰਦ[2],
ਡਾਟ ਕੈ ਮਦਾਦਿ ਮੰਦ ਆਸੁਰੀ ਸਮਾਜ[1] ਹੈ।
ਜੀਵਨ ਕੇ ਜੀਵਨ[1], ਕਟੀਵਨ[2] ਕੁਕ੍ਰਮ ਭ੍ਰਮ,
ਪਰਮ ਪਦ ਦੀਵਨ ਗ੍ਰੀਵਨ[1] ਨਿਵਾਜ ਹੈਂ ॥ ੬ ॥
ਕਰਤ ਮਜੂਰੀ ਫੇਰ ਪੂਰੀ ਨਾ ਪਰਤ[1] ਜਿਨੈਂ,
ਭਰਤ ਨ ਪੇਟ ਤੇਨ[1], ਦੀਓ ਤਿਨੈ ਰਾਜ ਹੈ।
ਜਾਤਿ ਕੇ ਕਮੀਨ ਦੀਨ ਰਹਿਤ ਅਧੀਨ ਪਰ,

[1]ਨਾਮ ਦਾਈ ਕਾ।
[1]ਧਰਤੀ ਵਿੱਚ ਜੋਤ ਰੂਪ ਸਤਿਗੁਰੂ ਪ੍ਰਗਟ ਹੋਏ।
[1]ਬਾਲਕਾਂ ਵਾਲੀ ਬਨਾਵਟ।
[1]ਮਾਤਾ ਜੀ, ਧਾਈ ਨਾਮ ਦਾਈ ਦਾਸੀ ਕਰ ਕੇ ਸੇਵਾ ਕਰਨ ਯੋਗ ਹੋ ਗਏ।
[1]ਪ੍ਰਗਟ ਹੋਇਆ ਹੈ।
[1](ਮਾਹਰ) ਮੁਖੀ ਸਿੱਖ (ਆਹਰ) ਉਦਮ (ਸਹਿਤ ਹੋ ਕੇ ਕਹਿੰਦੇ ਹਨ ਕਿ)।
[1]ਬਹੁਤਾ ਅਨੰਦ ਲਿਆ। [2]ਭਰ ਰਿਹਾ ਹੈ।
[1]ਸਮਾਜ ਦੇ ਮਿੱਤ੍ਰ ਹਨ।
[1]ਨਾਸ ਕਰਨ ਨੂੰ। [2]ਵੇਦਾਂ ਦੇ ਸਿਧਾਂਤ ਜਾਨਣ ਨੂੰ।
[1]ਗ਼ਰੀਬਾਂ, ਗ਼ੁਲਾਮਾਂ ਨੂੰ ਰਾਜ ਭੁਗਾਉਣ ਵਾਲੇ ਹਨ।
[1]ਸਾਡੇ ਵਰਗੇ ਗ਼ਰੀਬਾਂ ਦੇ (ਚੰਗੇ) ਭਾਗਾਂ ਨੂੰ।
[1]ਲਿਆ ਹੈ।
[1]ਆਪ ਹੀ ਮਿਣਤੀ ਤੋਂ ਰਹਿਤ ਤੇਜ ਅਤੇ ਬਲ ਸਹਿਤ ਹੋ ਕੇ।
[1]ਰੀਤੀਆਂ ਤੋਂ।
[1]ਵੱਖਰਿਆਂ ਕਰਕੇ।
[1]ਖੋਟੇ ਫਾਹੇ ਤੇ ਬੰਧਨ ਕੱਟ ਕੇ। [2]ਖੋਟੇ ਤੇ ਮਾੜੇ ਧੰਧੇ ਛਾਂਟ ਕੇ।
[1]ਹੰਕਾਰ ਆਦਿਕ ਮਾੜੇ ਆਸੁਰੀ ਸਮਾਜ ਨੂੰ ਤਾੜ ਕੇ।
[1]ਜੀਵਾਂ ਦੇ ਜੀਵਨ- ਰੂਪ ਹਨ। [2]ਕੱਟਣ ਵਾਲੇ।
[1]ਦੇਣ ਵਾਲੇ।
[1]ਪੈਂਦੀ।
[1]ਤਿਨਾਂ ਦਾ।

ਚੀਨ[1] ਗੁਰੁ ਦੀਨ ਉਨੈਂ ਸਕਲ ਸਮਾਜ ਹੈ।
ਪੂਤ ਜੇ ਗਰੀਵਨਿ ਕਹੀਵਨਿ ਥੀਵਨਿ ਮੰਦ,
ਤੇਊ ਤੋ ਸਦੀਵਨਿ ਸਦੀਵ ਮਹਾਂਰਾਜ ਹੈਂ[1]।

[1]ਨੀਵੀਆਂ ਜਾਤਾਂ ਦੇ ਗ਼ਰੀਬ ਤੇ ਪਰਾਧੀਨਰਹਿੰਦੇ ਜਾਣ ਕੇ।

[1]ਜਿਹੜੇ ਗ਼ਰੀਬਾਂ ਦੇ ਮਾੜੇ ਪੁੱਤਰ ਅਖਵਾਉਂਦੇ ਸਨ ਉਹ ਹਮੇਸ਼ਾਂ ਲਈ ਮਹਾਰਾਜੇ ਸਦਾਉਂਦੇ ਹਨ।

ਜੀਵਨ ਕੋ ਕੀਵਨਿ ਹੈ ਸੀਵਨਿ[1] ਗਜਾਨ ਹਰਿ,
ਯਾਂਹੀ ਤੇ ਕਹੀਵਨਿ ਗ੍ਰੀਵਨ ਨਿਵਾਜ ਹੈਂ ॥੭॥
ਨਾਮ ਜੇ ਜਪੀਵਨਿ ਥੁਰੀਵਨਿ ਦੁਖੀਵਨਿ[1] ਨ,
ਸਾਨੰਦ ਰਹੀਵਨਿ ਔ ਜੀਵਨਿ ਸਲਾਜ ਹੈਂ।
ਲੀਵਨਿ[1] ਸਪੂਤ ਚਿਰ ਜੀਵਨ, ਅਭੂਤ ਸਬਿ
ਮਨਸਾ ਪੁਰੀਵਨਿ[1], ਸਰੀਵਨਿ ਸੁਕਾਜ ਹੈਂ[2]।

[1]ਸਮਰੱਥ ਕੀਤਾ ਹੈ।

[1]ਥੁੜਦੇ ਤੇ ਦੁਖੀ ਨਹੀਂ ਹੁੰਦੇ।

[1]ਲੈ ਲੈਂਦੇ ਹਨ।

[1]ਸਾਰੀਆਂ ਅਸਚਰਜ ਕਾਮਨਾ ਪੂਰੀਆਂ ਕਰ ਲੈਂਦੇ ਹਨ।
[2](ਉਨ੍ਹਾਂ ਦੇ) ਚੰਗੇ ਕੰਮ ਪੂਰੇ ਹੋ ਜਾਂਦੇ ਹਨ।

ਜੀਵਨ ਮੁਕਤਿ ਕੇਈ ਥੀਵਨਿ[1] ਗੁਰੂ ਕੇ ਲਾਲ,
ਸੁਧਾ[1] ਜੇ ਛਕੀਵਨਿ ਚਢੀਵਨ ਜਹਾਜ ਹੈਂ।
ਗਜਾਨ ਮ੍ਰਿਗੇਸ ਸੇ ਅਸੇਸ ਜੀਵ ਤਾਹਬ ਕੋ
ਜਗਤ ਜਲੇਸ ਥਾਪਜੋ ਦਸਮੇਸ਼ ਪਾਜ ਹੈ[1] ॥੮॥

[1]ਹੋ ਜਾਂਦੇ ਹਨ।

[1]ਅੰਮ੍ਰਿਤ।

[1]ਗਿਆਨ ਸਿੰਘ ਵਰਗੇ ਸਾਰੇ ਜੀਵਾਂ ਨੂੰ ਤਾਰਨ ਲਈ ਸੰਸਾਰ ਸਮੁੰਦਰ ਤੇ ਦਸਮੇਸ਼ ਨੇ (ਪਾਜ) ਪੁਲ ਬਣਾਇਆ ਹੈ।

ਕੈ ਤੋ ਕੰਠੀ ਕੰਠ ਕਾਠ, ਡਾਰਿ ਫਾਂਸਿ ਤੱਗ ਗਾਂਠਿ,
ਅਗਨਿ ਜਜੋਂ ਕ੍ਰਿਯਾ ਠਾਠ, ਕਰਤੇ ਅਕਾਜ ਹੈਂ[1]।

[1]ਜਾਂ ਤਾਂ ਗਲ ਵਿੱਚ ਕਾਠ ਦੀ ਕੰਠੀ (ਹੁੰਦੀ ਹੈ ਤੇ ਜਾਂ) ਗੰਢਾਂ ਵਾਲੇ ਜਨੇਊ ਦੀ ਗਲ 'ਚ ਫਾਹੀ ਪਾ ਕੇ ਅੱਗ ਵਾਂਗ (ਸਾੜ ਸੁੱਟਣ ਵਾਲੀ ਕਰਮ-ਕਾਂਡ ਦੀ) ਕ੍ਰਿਆ ਦੀ ਬਿਅਰਥ (ਠਾਠ) ਬਨਾਵਟ ਕਰਦੇ ਹਨ।

ਕੈ ਤੋ ਡਾਰ ਖਾਕ ਮੂੰਡ, ਪਸੁ ਹ੍ਵੈ ਨਪਾਕ ਮੂਢ,
ਕਾਨ ਚਿਰਵਾਇ ਕੂਡ ਧਰਤੇ ਕੁਕਾਜ ਹੈਂ[1]।

[1]ਜਾਂ ਤਾਂ ਸਿਰ 'ਚ ਸੁਆਹ ਪਾ ਕੇ ਅਪਵਿੱਤ੍ਰ ਪਸ਼ੂ ਹੋ ਕੇ ਮੂਰਖ ਕੰਨ ਪੜਵਾ ਕੇ ਝੂਠੇ ਤੇ ਖੋਟੇ ਕੰਮ ਕਰਦੇ ਹਨ।

ਪੂਜਤੇ ਕੈ ਜਲ ਸਿਲ, ਲੂਝਤੇ ਚੁਰਾਸੀ ਥਲ,
ਸੂਝਤੇ ਨ ਪ੍ਰਭ ਕੈ, ਕੁਚੀਲ ਜੈਨ ਸਾਜ ਹੈਂ[1]।

[1]ਪਾਣੀ ਜਾਂ ਪੱਥਰ ਦੀਆਂ ਸਿਲਾਂ ਪੂਜਦੇ ਹਨ (ਜਿਸ ਕਰਕੇ) ਚੁਰਾਸੀ ਲੱਖ ਜੂਨਾਂ 'ਚ ਝਗੜਦੇ ਰਹਿੰਦੇ ਹਨ। ਵਾਹਿਗੁਰੂ ਨੂੰ ਨਹੀਂ ਦੇਖਦੇ (ਸਗੋਂ) ਅਪਵਿੱਤ੍ਰ ਜੈਨੀਆਂ ਵਾਲਾ ਸਾਜ ਕਰਦੇ ਹਨ।

ਨਾ ਤੋ ਸਬ ਮੁਸਲੇ ਹ੍ਵੈ ਕੁਸਲੇ ਜਨਮ ਖੋਤੇ[1],
ਹੋਤੇ ਜੌ ਨ ਗੁਰੂ ਏ ਗ੍ਰੀਬਨਿ ਨਿਵਾਜ ਹੈਂ ॥੯॥
ਦੂਰ ਹੋਤੇ ਹਿੰਦੁਵਾਨਿ ਤੀਰਥਾਨ ਕੇ ਨਿਸ਼ਾਨ,
ਬੇਦ ਨਾ ਪੁਰਾਨ ਕਾਨ ਸੁਨਤੇ[1] ਅਵਾਜ ਹੈਂ।

[1](ਕੁਸਲੇ) ਚੰਗੇ ਮਨੁਖਾ ਜਨਮ ਨੂੰ ਗਵਾ ਲੈਂਦੇ ਹਨ।

[1]ਨ ਸੁਣਦੇ।

ਦੇਵਤਾਨ ਮਾਨਤੋ ਕੋ, ਗਜਾਨ ਧਜਾਨ ਠਾਨਤੋ ਕੋ[1],
ਗੁਰੂ ਗ੍ਰੰਥ ਜਾਨਤੋ ਕੋ, ਸੱਜਨ ਸਮਾਜ ਹੈਂ।
ਮਜ਼ੁਬ ਮੁਹੰਮਦੀ ਮਹੀ ਪੈ ਮੰਡ ਜਾਤੋ ਏਕ[1],
ਕਲਮਾ ਕੁਰਾਨ ਸਭਿ ਪਢਤ ਨਿਵਾਜ ਹੈਂ।
ਜੌ ਪੈ ਦਸਮੇਸ਼ ਪ੍ਰਮੇਸ਼[1] ਮ੍ਰਿਗੇਸ਼ ਪੰਥ[2],
ਰਚਿਤੇ ਵਿਸ਼ੇਸ਼ ਨਾ ਗ੍ਰੀਬਨਿ ਨਿਵਾਜ ਹੈਂ ॥੧੦॥
ਹੇਰ ਕਲੀ ਕਾਲ ਕੀ ਕੁਚਾਲਤਾ ਕਰਾਲ ਨਿਸ,
ਯਵਨ ਨਿਸਾਚਰ ਦੁਖਦ ਮਦ ਮੱਤੇ ਹੈਂ[1]।

ਅੰਧਕਾਰ ਅਤਿ ਹੀ ਅਧਰਮ ਅਵਨਿ ਛਯੋ[1],
ਬੈਦਕ ਧਰਮ ਹਿੰਦੁ ਇੰਦੁ ਗਯੋ ਗੱਤੇ ਹੈਂ[1]।

ਨੌਰੰਗ ਸਿਆਲੇ ਪਾਲੇ ਜ਼ੁਲਮ ਕਮਾਲੇ ਡਾਲੇ[1],

ਚੋਰ ਕਾਜ਼ੀ ਮੌਲਵੀ ਕਸਾਲੇ ਦੇਤ ਅੱਤੇ ਹੈਂ[1]।
ਖਾਲਕ ਖਲਕ ਦੁਖੀ ਦੇਖਿ ਬਿਦਤਾਯੋ ਰਵਿ,
ਆਜ ਪੋਸ ਮਾਸ ਕੀ ਅਦੋਸ਼ ਸੇਤ ਸੱਤੇ ਹੈਂ[1]
॥੧੧॥

ਨਿੰਦਕ ਬਿੰਦਕ ਦ੍ਵੈਤ ਦੁਰੇ ਹੈਂ ਨਖੱਤ ਬ੍ਰਿੰਦ,
ਇੰਦ ਤੁਰਕਿੰਦ ਤੇਜ ਨਾਸਜੋ ਚੁਕੱਤੇ ਹੈਂ[1]।

ਪੇਚਕ ਪਖੰਡੀ ਦੰਭੀ ਦੁਰੇ ਹੈਂ ਦੁਰੀਨ ਦੌਰਿ,
ਨਿਸਚਰ ਨਿਕਰ ਫਿਕਰ ਮਾਰ ਘੱਤੇ ਹੈਂ[1]।

ਕੁਮਤੀ ਅਸੱਜਨ ਜੋ ਕੁਮਦੀ ਜਯੋਂ ਕੁਮਲਾਏ,
ਸੱਜਨ ਸੁਮੱਤੀ ਖਿਰੇ ਕਮਲ ਮਹੱਤੇ ਹੈਂ[1]।

ਉਦਯੋ ਦਨਿੰਦ ਜਯੋਂ[1] ਗੁਬਿੰਦ ਮ੍ਰਿਗਿੰਦ ਗੁਰੁ,
ਆਜ ਪੋਸ ਮਾਸ ਕੀ ਅਦੋਸ਼ ਸੇਤ ਸੱਤੇ ਹੈਂ
॥੧੨॥

[1]ਕੌਣ ਕਰਦਾ।

[1]ਧਰਤੀ ਉੱਤੇ ਇਕ ਮੁਸਲਮਾਨ ਮਜ਼ੁਬ ਹੀ ਫੈਲ ਜਾਂਦਾ।

[1]ਪ੍ਰਮੇਸ਼ਰ ਰੂਪ। [2]ਸਿੰਘਾਂ ਦਾ ਪੰਥ।

[1]ਕਲਜੁਗ ਦੇ ਸਮੇਂ ਦੀ ਖੋਟੀ ਚਾਲ ਰੂਪ ਭਿਆਨਕਰਾਤ ਨੂੰ ਦੇਖ ਕੇ ਤੁਰਕਾਂ ਰੂਪ ਦੁਖਦਾਈਰਾਖਸ਼ ਹੰਕਾਰ 'ਚ ਮਸਤ ਹਨ।

[1]ਧਰਤੀ ਤੇ ਪਾਪ ਰੂਪ ਬਹੁਤਾ ਅਨ੍ਹੇਰਾ ਫੈਲ ਗਿਆ।

[1]ਹਿੰਦੂਆਂ ਦਾ ਵੈਦਕ ਧਰਮ ਰੂਪ ਚੰਦ੍ਰਮਾ ਗਤ (ਨਸ਼ਟ) ਹੋ ਗਿਆ ਹੈ।

[1]ਨੌਰੰਗੇ ਰੂਪ ਸਿਆਲ ਦੇ ਮੌਸਮ ਨੇ ਜ਼ੁਲਮਾਂ ਰੂਪ ਬਹੁਤੇ ਪਾਲੇ ਪਾ ਦਿੱਤੇ।

[1]ਬਹੁਤੇ ਦੁਖ ਦਿੰਦੇ ਹਨ।

[1]ਵਾਹਿਗੁਰੂ ਦੀ ਖ਼ਲਕਤ ਨੂੰ ਦੁਖੀ ਦੇਖ ਕੇ (ਗੁਰੂ ਗੋਬਿੰਦ ਸਿੰਘ ਰੂਪ) ਸੂਰਜ ਪ੍ਰਗਟ ਹੋਇਆ, ਅੱਜ ਪੋਹ ਦੇ ਮਹੀਨੇ ਦੀ ਦੋਸ਼-ਰਹਿਤ ਚਾਨਣੇ ਪੱਖ ਦੀ ਸਤਵੀਂ ਤਿੱਥ ਹੈ।

[1]ਦ੍ਵੈਤ ਕਰਨ ਵਾਲੇ ਨਿੰਦਕਾਂ ਰੂਪ ਸਮੂੰਹ ਤਾਰੇ (ਬਿੰਦਕ) ਥੋੜੇ ਹੀ ਸਮੇਂ ਵਿੱਚ ਲੁੱਕ ਗਏ, ਅਤੇ ਚੁਗੱਤਿਆਂ ਦੀ ਵੰਸ਼ ਦੇ ਤੁਰਕਾਂ ਦੇ ਬਾਦਸ਼ਾਹ ਦਾ ਤੇਜ ਰੂਪ ਚੰਦ੍ਰਮਾ ਨਾਸ ਹੋ ਗਿਆ।

[1]ਪਖੰਡੀਆਂ ਦੰਭੀਆਂ ਰੂਪ ਖੋਟੇ ਉੱਲੂ ਦੌੜ ਕੇ ਦੂਰ ਛੁਪ ਗਏ ਹਨ, ਅਤੇ ਫਿਕਰਾਂ ਰੂਪ (ਨਿਕਰ) ਸਾਰੇਰਾਖਸ਼ ਮਾਰ ਸੁੱਟੇ ਹਨ।

[1]ਖੋਟੀ ਮੱਤ ਵਾਲੇ ਵੈਰੀ ਕਮੀਆਂ ਵਾਂਗ ਕੁਮਲਾ ਗਏ ਅਤੇ ਚੰਗੀ ਮੱਤ ਵਾਲੇ ਸੱਜਣ ਵੱਡੇ ਕੰਵਲਾਂ (ਵਾਂਗ) ਖਿੜ ਪਏ ਹਨ।

[1]ਸੂਰਜ ਵਾਂਗ ਪ੍ਰਗਟ ਹੋਇਆ।

ਕਾਬਲੀ ਕੁਰੰਗਨ ਜਿਉਂ ਕੀਨ ਹੈਂ ਕੁਰੰਗ ਜਿਨੈ,
ਖੁਰਾਸਾਨੀ ਖੂਬ ਖਰਗੋਸ਼ਨ ਸੇ ਹੱਤੇ ਹੈਂ[1]।

[1]ਜਿਨ੍ਹਾਂ ਨੇ ਕਾਬਲੀਆਂ ਨੂੰ ਹਰਨਾਂ ਵਾਂਗ ਖੋਟੇਰੰਗ ਵਾਲੇ ਕਰ ਦਿੱਤਾ ਤੇ ਖੁਰਾਸਾਨੀ ਚੰਗੀ ਤਰ੍ਹਾਂ ਸਹਿਆਂ ਵਾਂਗ ਮਾਰ ਦਿੱਤੇ ਹਨ।

ਬਲਖੀ ਬੁਖਾਰੀ ਬਦ ਬਧੇ ਹੈਂ ਬਿਸੇਸ ਬਰ,
ਚੁਗਲ ਚੁਕੱਤੇ ਹੱਤੇ ਮੁਗਲ ਕੁਪੱਤੇ ਹੈਂ[1]।

[1]ਬਲਖ ਤੇ ਬੁਖਾਰੇ ਦੇ ਵਸਨੀਕ ਸੂਰਾਂ ਵਾਂਗ ਬਹੁਤੇ ਬਲ ਨਾਲ ਮਾਰੇ ਹਨ, ਕੁਪੱਤੇ ਮੁਗ਼ਲ ਤੇ ਚੁਗੱਤੇ ਚੁਗ਼ਲਾਂ ਵਾਂਗ ਮਾਰ ਦਿੱਤੇ ਹਨ। (ਚੁਗ਼ਲ- ਉੱਲੂ ਵਰਗਾ ਇਕ ਜਾਨਵਰ।)

ਪਾਢੇ ਸੇ ਪਠਾਨ ਰੀਝ ਰੋਝ ਸੇ ਰੁਹੇਲੇ ਹਾਨਿ,
ਸੱਯਦ ਸਿਆਰ ਸਸੇ ਸ਼ੇਖ ਅਲਵੱਤੇ ਹੈਂ[1]।

[1]ਪਾੜਿਆਂ ਵਰਗੇ ਪਠਾਣ ਤੇਰੋਝਾਂ ਵਰਗੇਰੁਹੇਲੇ, ਗਿੱਦੜਾਂ ਵਰਗੇ ਸੱਯਦ ਤੇ ਸਹਿਆਂ ਵਰਗੇ ਸ਼ੇਖ਼ ਬਿਨਾ ਸ਼ੱਕ ਤੋਂ ਖ਼ੁਸ਼ ਹੋ ਕੇ ਮਾਰੇ (ਪਾੜ੍ਹਾ-ਇਕ ਤਰ੍ਹਾਂ ਦਾ ਹਰਣ ਜੋ ਭੂਰੇਰੰਗ ਦਾ ਦੋ ਫੁੱਟ ਉੱਚਾ ਹੁੰਦਾ ਹੈ।)

ਬਿਦਤੇ ਬਿਸ਼ੇਸ਼ ਮ੍ਰਿਗੇਸ਼ ਦਸਮੇਸ਼ ਗੁਰੁ[1],
ਆਜ ਪੋਸ ਮਾਸ ਕੀ ਅਦੋਸ਼ ਸੇਤ ਸੱਤੇ ਹੈ ॥ ੧੩ ॥

[1]ਦਸਵੇਂ ਗੁਰੂ ਖ਼ਾਸ ਸ਼ੇਰ ਪ੍ਰਗਟ ਹੋਏ।

ਢਲਤਿ ਚਮਰ ਚਾਰੁ[1] ਕਲਿਤ[2] ਲਲਿਤ[3] ਸਾਰੁ[11],
ਚਲਤਿ ਆਤਸ਼ ਬਾਜੀ ਸਾਜੀ ਜੋ ਮਹੱਤੇ ਹੈ[1]।
ਸੋਹਿਤ ਬੰਦਨ ਵਾਰ[1] ਤੋਰਨ ਪਤਾਕਾ ਵਾਰ[2],
ਧੁਜਾ ਆਸਮਾਨ ਤਾਰ ਬੀਜ ਸੀ ਲਸੱਤੇ ਹੈ[1]।

[1]ਸੁੰਦਰ। [2]ਸਜਿਆ ਹੋਇਆ। [3]ਮਨੋਹਰ। [11]ਸ਼੍ਰੇਸ਼ਟ।
[1]ਜੋ ਬਹੁਤੀ ਬਣਾਈ ਹੋਈ ਹੈ।
[1]ਫੁੱਲ ਪੱਤੇ ਆਦਿ ਦੀ ਮਾਲਾ ਜੋ ਖ਼ੁਸ਼ੀ ਸਮੇਂ ਦਰਵਾਜ਼ੇ 'ਤੇ ਲਟਕਾਈ ਜਾਂਦੀ ਹੈ। [2]ਝੰਡੀਆਂ ਵਾਲੀਆਂ ਮਾਲਾਂ।
[1](ਨਿਸ਼ਾਨ ਸਾਹਿਬ ਦੇ) ਫਰਰੇ (ਦੀਆਂ) ਤਾਰਾਂ ਆਕਾਸ਼ ਵਿੱਚ ਬਿਜਲੀ ਵਾਂਗ ਚਮਕਦੀਆਂ ਹਨ।

ਆਰਤੀ ਉਤਾਰ ਜੈ ਜੈ ਕਾਰ ਧੁਨਿ ਕੋ ਉਚਾਰ,
ਕੀਰਤਨ ਕਥਾ ਕੋ ਵਿਚਾਰ ਹੋਤ ਅੱਤੇ[1] ਹੈ।
ਦਾਸਨ ਉਬਾਰਬੇ ਕੋ[1] ਭਾਰ ਪਾਰ ਟਾਰਬੇ ਕੋ,
ਗੁਰੁ ਅਵਤਾਰ ਭਏ ਪੋਸ ਸੇਤ ਸੱਤੇ ਹੈ[1] ॥ ੧੪ ॥

[1]ਬਹੁਤ।
[1]ਬਚਾਉਣ ਨੂੰ।
[1](ਅੱਜ) ਪੋਹ ਸੁਦੀ ਸਤਵੀਂ ਹੈ।

ਬਾਜਤ ਸਧਾਨੇ ਘਹਿਰਾਨੇ ਅਸਮਾਨੇ,
ਧਰ ਤਾਨੇ ਸਾਏਮਾਨੇ ਰੰਗਾਰੰਗ ਝਲਕੱਤੇ ਹੈਂ[1]।

[1]ਖ਼ੁਸ਼ੀ ਦੇ ਵਾਜੇ ਅਸਮਾਨ 'ਚ (ਬੱਦਲਾਂ ਵਾਂਗ) ਗੱਜਦੇ ਹਨ, ਧਰਤੀ 'ਤੇ ਤੰਬੂ ਤਾਣੇ ਹੋਏਰੰਗ-ਬਰੰਗੇ ਚਮਕਦੇ ਹਨ।

ਗਾਇ ਹੈਂ ਪ੍ਰਬੀਨ ਬੀਨ ਆਦਿ ਬਾਦ ਬਾਇ ਆਇ,
ਰਾਗ ਰਾਗਨੀ ਨਵੀਨ ਬੀਨ ਬੀਨ ਜੱਤੇ ਹੈਂ[1]।

[1]ਚਤੁਰ ਪੁਰਸ਼ ਆ ਕੇ ਨਵੀਨਰਾਗਰਾਗਣੀਆਂ ਤੇ ਜਤਾਂ ਨੂੰ ਚੁਣ ਚੁਣ ਕੇ ਵੀਣਾ ਆਦਿ ਵਾਜੇ ਵਜਾ ਕੇ ਗਾਉਂਦੇ ਹਨ। (ਜਤ-

ਜੋੜੀ ਦਾ ਇਕ ਕਰਤੱਬ, ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਅਤੇ ਖੱਬਾ ਹੱਥ ਖੁਲ੍ਹਾ ਵੱਜੇ।)

ਪਿਖਿ ਸੁਰ ਬਾਲਾ ਯੁਤ[1] ਅਰਪਤ ਹੈਂ ਫੂਲ ਮਾਲਾ,
ਉੱਛਵ ਬਿਸਾਲਾ ਛਯੋ ਆਨੰਦ ਮਹੱਤੇ ਹੈਂ[1]।
ਪ੍ਰਾਚੀ ਦਿਸ ਪਟਨੇ ਉਦਜਾਚਲ ਤੈ ਉਦੈ ਭਯੋ,
ਆਜ ਦਸਮੇਸ਼ ਜੂ ਦਿਨੇਸ਼ ਸੇਤ ਸੱਤੇ ਹੈਂ[1] ॥੧੫॥

[1]ਦੇਵਤੇ ਇਸਤ੍ਰੀਆਂ ਸਮੇਤ।

[1]ਬਹੁਤਾ ਉਤਸ਼ਾਹ ਤੇ ਬਹੁਤਾ ਅਨੰਦ ਫੈਲ ਗਿਆ।

[1]ਪੂਰਬ ਦੀ ਤਰਫ਼ ਪਟਣੇ ਰੂਪ ਉਦਿਆਚਲ ਪਹਾੜ ਤੋਂ ਅੱਜ ਦਸਮੇਸ਼ ਜੀ ਪੋਹ ਸੁਦੀ ਸੱਤਵੀਂ ਨੂੰ ਸੂਰਜ ਵਾਂਗ ਪ੍ਰਗਟ ਹੋਏ।

ਤੋਰਨ ਪਤਾਕਾ ਚਾਰੁ ਸਜਤ ਬੰਦਨ ਵਾਰ,
ਢੋਲਕ[1] ਤੰਬੂਰਾ[2] ਤਾਰ[3] ਬਜਤਿ ਨਵੀਨ ਹੈਂ।
ਰਾਗ ਰਾਗਨੀਨ ਕੀ ਧੁਨੀਨ ਸੋ ਗੁਨੀਨ ਚੀਨ,
ਬੀਨ ਕੈ ਗੁਨੀਨ ਕੀਨ ਮੋਹਿਤ ਮੁਨੀਨ ਹੈਂ[1]।

[1]ਢੋਲਕ, ਮ੍ਰਿਦੰਗ। [2]ਤਾਨ ਪੂਰਾ। [3]ਤਾਲ।

[1]ਗੁਣੀਆਂ ਨੇ ਰਾਗਰਾਗਣੀਆਂ ਦੀਆਂ ਧੁਨੀਆਂ ਨਾਲ ਆਪਣੇ ਗੁਣ ਨੂੰ ਸਮਝ ਨਾਲ ਉਚਾਰ ਕੇ ਮੁਨੀਆਂ ਨੂੰ ਮੋਹਿਤ ਕਰ ਲਿਆ।

ਬੋਲਤ ਨਕੀਬ ਤਰਗੀਬ[1] ਸ਼ਹਿਨਸ਼ਾਹੀ ਜਸ,
ਮਾਂਗਧ ਰਟਤ ਬੰਦੀ ਜਨ ਪ੍ਰਬੀਨ ਹੈਂ[1]।

[1]ਬੁਲਾਰੇ ਰੁਚੀ ਨਾਲ ਬੋਲਦੇ ਹਨ।

[1]ਮਾਂਗਧ ਤੇ ਬੰਦੀ ਜਨ ਚਤਰਾਈ ਨਾਲ ਜੱਸ ਉਚਾਰਨ ਕਰਦੇ ਹਨ। (ਮਾਂਗਧ-ਭੱਟਾਂ ਦੀ ਇਕ ਸ਼ਾਖ਼। ਬੰਦੀ ਜਨ-ਜੱਸ ਕਰਨ ਵਾਲਾ।)

ਹਰਨ ਭਰਨ ਪ੍ਰਭੁ ਕਾਰਨ ਕਰਨ ਜਗ,
ਤਾਰਨ ਤਰਨ ਅਵਤਾਰ ਗੁਰੁ ਲੀਨ ਹੈਂ[1] ॥੧੬॥

[1]ਮੇਟਣ ਵਾਲੇ ਤੇ ਪਾਲਣਾ ਕਰਨ ਵਾਲੇ ਸੰਸਾਰ ਦੇਰਚਨ ਵਾਲੇ ਪ੍ਰਭੂ ਨੇ (ਜਗਤ ਨੂੰ) ਤਾਰਨ ਲਈ ਜਹਾਜ਼ ਰੂਪ ਗੁਰਾਂ ਦਾ ਅਵਤਾਰ ਧਾਰ ਲਿਆ ਹੈ।

ਨਗਰ ਸਗਰ ਸੁਨਿ ਬਗਰ ਬਜਾਰਨਿ,
ਅਗਾਰਨਿ ਦ੍ਵਾਰਨ ਕੋ ਚਿੱਤ੍ਰਤਿ ਕੀਨ ਹੈਂ[1]।

[1]ਸਾਰੇ ਸ਼ਹਿਰ ਨੇ ਸੁਣ ਕੇ ਵਿਹੜਿਆਂ, ਬਾਜ਼ਾਰਾਂ, ਘਰਾਂ ਤੇ ਦਰਵਾਜ਼ਿਆਂ ਨੂੰ ਚਿੱਤ੍ਰਕਾਰੀ ਸਹਿਤ ਕਰ ਲਿਆ ਹੈ।

ਠੱਠ ਕੇ ਗਰੱਠ ਭੱਟ ਬੋਲਤਿ ਕਬਿੱਤ ਅੱਟ,
ਸੁ ਕਵਿ ਸੁਕੀਰਤੀ ਰੱਟਤ ਬੀਨ ਬੀਨ ਹੈਂ[1]।

[1]ਭੱਟ ਇਕੱਠ ਕਰ ਕੇ ਬਹੁਤੇ ਕਬਿੱਤ ਬੋਲਦੇ ਹਨ ਅਤੇ ਚੰਗੇ ਕਵੀ ਚੁਣ ਚੁਣ ਕੇ ਚੰਗਾ ਜੱਸ ਉਚਾਰਦੇ ਹਨ।

ਬਜਤਿ ਸਧਾਨੇ[1] ਲੋਗ ਸਜਤਿ ਸਮਾਨੇ ਖੁਸ਼ੀ[2],
ਕੌਤਕ ਮਹਾਨੇ ਹੋਤਿ ਠੌਰ ਠੌਰ ਚੀਨ ਹੈਂ[1]।
ਗਾਵਤਿ ਕਲਾਵਤ[1] ਸੁਨਾਵਤਿ ਮੰਗਲ ਚਾਰ,
ਪਾਵਨਿ ਬਧਾਈ ਮਨ ਭਾਵਤ ਸੋ ਪੀਨ[1] ਹੈਂ ॥੧੭॥

[1]ਖ਼ੁਸ਼ੀ ਦੇ ਵਾਜੇ। [2]ਲੋਕ ਖ਼ੁਸ਼ੀ ਦੇ ਸਾਮਾਨ ਸਜਾਉਂਦੇ ਹਨ।

[1]ਜਾਣੋ।

[1]ਗਵੱਯੇ।

[1]ਬਹੁਤੀ।

ਆਵਤ ਲੁਗਾਈ[1] ਮਿਲਿ ਦੇਵਤਿ ਬਧਾਈ,

[1]ਇਸਤ੍ਰੀਆਂ।

ਮਾਈ ਨਾਨਕੀ ਜੀ ਲੇਵਤਿ, ਮਹਾਈ ਮੋਦ ਮਾਨ ਕੈ[1]।

[1]ਬਹੁਤਾ ਅਨੰਦ ਮੰਨ ਕੇ।

ਮਾਤੁਲ[1] ਕ੍ਰਿਪਾਲ ਚੰਦ ਜੇਠਾ ਜੀ ਮਸੰਦ ਆਦਿ,
ਸੁਨਤਿ ਪ੍ਰਬੰਧ ਛੰਦ[1] ਆਨੰਦ ਮਹਾਨ ਕੈ।

[1]ਮਾਮਾ।

[1]ਐਸੀ ਕਾਵਿ-ਰਚਨਾ ਜਿਸ ਵਿੱਚ ਪ੍ਰਸੰਗਾਂ ਦਾ ਸਿਲਸਿਲਾ ਉੱਤਮਰੀਤੀ ਨਾਲ ਹੋਵੇ।

ਨਰਨ ਕੋ ਦੇਤਿ ਭਾਈ[1], ਨਾਰਿਨ ਕੋ ਦੇਤ ਮਾਈ[2],
ਆਵਤਿ ਜਾਵਤਿ ਲੋਗ ਭੀਰ ਭਈ ਆਨ ਕੈ।

[1](ਮਾਤਾ ਜੀ ਦੇ) ਭ੍ਰਾਤਾ, ਮਾਮਾ ਕਿਰਪਾਲ ਚੰਦ ਜੀ। [2]ਮਾਤਾ ਗੂਜਰੀ ਜੀ।

ਦੇਤ ਜੋ ਅਸੀਸ ਏਊ ਸੀਸ ਸੋ ਚਢਾਇ ਲੇਤ[1],
ਪਾਇ ਬਖਸੀਸ ਜਾਤ ਦਾਰਿਦ ਪ੍ਰਹਾਨ ਕੈ[1]
॥ ੧੮ ॥

[1]ਮਾਤਾ ਜੀ ਜੋ ਅਸੀਸਾਂ ਦੇਂਦੇ ਹਨ ਇਹ ਇਸਤ੍ਰੀਆਂ ਉਨ੍ਹਾਂ ਅਸੀਸਾਂ ਨੂੰ ਸਿਰ 'ਤੇ ਚੜ੍ਹਾ ਲੈਂਦੀਆਂ ਹਨ।

[1]ਬਖ਼ਸ਼ਸ਼ ਪਾ ਕੇ ਤੇ ਗ਼ਰੀਬੀ ਨਾਸ ਕਰ ਕੇ ਜਾਂਦੇ ਹਨ।

ਜਾਨ ਨਿਜ ਪੀਵ ਸੁਖ ਸੀਵ ਅਵਤਾਰ ਲੀਵ,
ਬਨ ਕੈ ਕਲੀਵ ਜੀਵ-ਅੰਗਨਾ ਉਮੰਗ ਸੈਂ[1]।

[1](ਇਹ) ਜਾਣ ਕੇ (ਕਿ) ਆਪਣੇ ਪਤੀ (ਪ੍ਰਮੇਸ਼ਰ) ਸੁਖਾਂ ਦੀ ਹੱਦ ਨੇ ਅਵਤਾਰ ਲਿਆ ਹੈ ਦੇਵਤਿਆਂ ਦੀਆਂ ਇਸਤ੍ਰੀਆਂ ਹੀਜੜੇ ਬਣ ਕੇ ਉਤਸ਼ਾਹ ਨਾਲ ਆਉਂਦੀਆਂ ਹਨ (ਕਲੀਵ=ਹੀਜੜੇ। ਜੀਵ-ਦੇਵਤੇ।)

ਆਇ ਗੁਰੁ ਦ੍ਵਾਰ ਪਸ[1], ਨਾਚ ਮਾਚ ਰਾਚ ਰਸ,
ਤਾਲੀ ਦੈ ਭਵਾਲੀ ਹਸ ਕੈ ਬਿਸਾਲੀ ਰੰਗ ਸੈਂ[1]।

[1]ਦੇਖਿਆ।

[1]ਨਾਚ-ਰਸ ਵਿੱਚਰਚ-ਮਿੱਚ ਕੇ ਤਾੜੀ ਮਾਰ ਕੇ ਬਹੁਤੇ ਅਨੰਦ ਨਾਲ ਹੱਸ ਕੇ ਭਵਾਟਣੀਆਂ ਲੈਂਦੀਆਂ ਹਨ।

ਘੁੰਘਰੂ ਬਜਾਇ ਪੇਸ਼ਵਾਜ ਘੁਮਘਾਇ ਦਾਇ,
ਨਖਰੇ ਅਦਾਇ ਦਿਖਰਾਇ ਅੰਗ ਅੰਗ ਸੈਂ[1]।

[1](ਪੇਸ਼ਵਾਜ) ਘੱਘਰਿਆਂ ਦੀਆਂ ਭਵਾਟਣੀਆਂ ਦੇ ਕੇ ਹਰ ਅੰਗ ਨਾਲ ਨਖ਼ਰੇ ਤੇ ਹਾਵ-ਭਾਵ ਦਿਖਾਉਂਦੀਆਂ ਹਨ।

ਕਰਤਿ ਕਲੋਲੀ[1] ਸੋ ਠਠੋਲੀ[2] ਬਹੁ ਬੋਲੀ ਪਾਇ,
ਟੋਲੀ ਸੀ ਅਮੋਲੀ ਲੋਲੀ ਗਾਇ ਵਾਇ ਢੰਗ ਸੈਂ[1]
॥ ੧੯ ॥

[1]ਮਨ ਦੀ ਮੌਜ। [2]ਠੱਠਾ ਮਖ਼ੌਲ।

[1]ਟੋਲੀ ਜਿਹੀ ਬਣਾ ਕੇ ਚੰਚਲਤਾ ਦੇ ਢੰਗ ਨਾਲ ਅਮੋਲਕ ਗਾਉਂਦੀਆਂ ਵਜਾਉਂਦੀਆਂ ਹਨ।

ਬਾਤ ਲਾਇ ਟੇਡੀ ਏਡੀ[1] ਮਾਰ ਧਮਕਾਇ ਧਰ[2],
ਬਾਲਕ ਬਨਾਇ ਗੋਦ ਚਾਇ[1] ਲੋਰੀ ਗਾਵਤੀ।
ਰੀਰੀ ਰੀਰੀ ਵਾਰੀ ਵਾਰੀ ਹੁਰ੍ਰੇ ਹੁਰ੍ਰੇ ਲੋਰੀ ਬੋਲਿ[1],
ਦੁਰ ਕੁੱਤੇ ਛਿਰ ਬਿੱਲੇ ਜਿੱਲੀ ਮਿਲਿ ਪਾਵਤੀ[1]।

[1](ਪੈਰ ਦੀ) ਅੱਡੀ। [2]ਧਰਤੀ ਹਿਲਾਉਂਦੀਆਂ ਹਨ।

[1]ਚੁੱਕ ਕੇ।

[1]ਲੋਰੀ ਦੇ ਬੋਲ ਬੋਲਦੀਆਂ ਹਨ।

[1]ਹੇ ਕੁੱਤੇ ਪਰ੍ਹੇ ਹੋ, ਹੇ ਬਿੱਲੇ ਚਲਾ ਜਾ (ਆਦਿ ਨਿਰਾਦਰ ਦੇ ਸ਼ਬਦ ਕਹਿ ਕੇ) ਮਿਲ ਕੇ ਡੰਡ-ਰੌਲੀ ਪਾਉਂਦੀਆਂ ਹਨ।

ਦਾਸ ਦਾਸੀ ਨਰ ਨਾਰਿ ਗਾਮ ਕੇ ਜੁਰੇ ਅਪਾਰ,
ਕੌਤਕ ਨਿਹਾਰਿ[1] ਹਸੈਂ ਰਸੈ[2] ਸੋ ਬਢਾਵਤੀ।

[1]ਦੇਖ ਕੇ। [2]ਅਨੰਦ।

ਬੀਸ ਭਾਂਤਿ[1] ਬਖਸ਼ੀਸ਼ ਮਾਤ ਹੈ ਦਿਲਾਤਿ ਤਿਨੈਂ,
ਸੀਸ ਲੈ ਚਢਾਵਤਿ ਅਸੀਸ ਲੈ ਲੈ ਜਾਵਤੀ[1]
॥੨੦॥

[1]ਵੀਹ ਤਰ੍ਹਾਂ ਦੀਆਂ ਭਾਵ ਅਨੇਕ ਤਰ੍ਹਾਂ ਦੀਆਂ।
[1](ਉਨ੍ਹਾਂ ਬਖ਼ਸ਼ਸ਼ਾਂ ਨੂੰ) ਲੈ ਕੇ ਸਿਰ 'ਤੇ ਚਢਾਉਂਦੀਆਂ ਹਨ ਤੇ ਮਾਤਾ ਜੀ ਤੋਂ ਅਸੀਸਾਂ ਲੈ ਲੈ ਕੇ ਜਾਂਦੀਆਂ ਹਨ।

ਦੇਵ ਪੁਨ ਆਏ ਮਿਲਿ ਕਿੰਨਰਿ ਬਜਾਏਂ ਬਾਦ[1],
ਗੰਧ੍ਰਬ ਗਾਏ ਹੈਂ ਬਨਾਏ ਬੇਸ ਗਾਇ ਕੈ[1]।
ਗਾਯੋ ਜੌ ਬਿਲਾਵਲ ਬਢਾਯੋ ਤੌ ਬਿਲਾਵਲ[1] ਹੈ,
ਸੁਨਿ ਭਏ ਬਾਵਲ ਸੇ[1] ਮਸਤ ਸੁਭਾਇ ਕੈ[2]।
ਸੁਨ ਕੈ ਅਲੋਕਕ[1] ਸਲੋਕ ਰਾਗ ਲੋਕ ਸਬਿ,
ਰੂਪ ਕੋ ਬਿਲੋਕ ਡਰਪੋਕ ਸੇ ਰਹਾਇ ਕੈ[1]।
ਆਪਸ ਮੈਂ ਕੈਹੈਂ ਤੇਊ[1], ਹੀਜਰੇ ਥੇ ਕੌਨ ਵੇਊ[2],
ਗਾਇਕ ਲਖੇ ਨ ਏਊ ਗਏ ਕਿਤ ਆਇ ਕੈ[1]
॥੨੧॥

[1]ਵਾਜੇ।
[1]ਗਵੱਈਆਂ ਦਾ ਲਿਬਾਸ ਬਣਾ ਕੇ।
[1]ਅਨੰਦ।
[1]ਸ਼ੁਦਾਈਆਂ ਵਰਗੇ। [2]ਸੁਭਾਵ ਕਰਕੇ।
[1]ਅਸਚਰਜ।
[1]ਡਰਾਕੁਲ ਜਿਹੇ ਹੋ ਰਹੇ ਹਨ।
[1]ਉਹ ਲੋਕ। [2]ਉਹ ਹੀਜੜੇ।
[1]ਜਾਣਿਆ ਨਹੀਂ ਗਿਆ ਕਿ ਇਹ ਗਵੱਈਏ ਕਿੱਥੋਂ ਆਏ ਤੇ ਕਿੱਥੇ ਚਲੇ ਗਏ ਹਨ।

ਰੈਨ ਦਿਨ ਗੁਰੁਦ੍ਵਾਰ ਕੌਤਕ ਭਵੈਂ ਅਪਾਰ[1],
ਆਇਂ ਲੋਗ ਬੇਸ਼ੁਮਾਰ ਰੈਹੈ ਭੀਰ ਭਾਰੀਆ।
ਨਵ ਦਿਨ ਬਾਦ ਅਹਿਲਾਦ ਯੁਤ ਮ੍ਰਯਾਦ,
ਪ੍ਰਸ਼ਾਦ ਛਟੀ[1] ਕੇਰ ਬਾਂਟਯੋ ਪੁਰਿ ਸਾਰੀਆ।
ਦੀਓ ਸਿਖ ਸੰਗਤਾਂ ਕੋ, ਮਾਨ ਨਿਜ ਅੰਗ ਤਾਂ ਕੋ[1],
ਪੈ ਛਕਾਯੋ ਪੰਗਤਾਂ ਕੋ, ਬਹੁਧਾ ਬਿਠਾਰੀਆ[1]।
ਦਾਨ ਦਏ ਦ੍ਵਜਨੋ ਕੋ[1] ਸਨਮਾਨ ਸੱਜਨੋ ਕੋ,
ਅਸਨ[1] ਬਸਨ[2] ਦਏ ਭਿੱਛਕਨਿ[3] ਭਾਰੀਆ
॥੨੨॥

[1]ਬਹੁਤ ਹੁੰਦੇ ਹਨ।
[1]ਬੱਚੇ ਦੇ ਜਨਮ ਤੋਂ ਛੇਵੇਂ ਦਿਨ ਕੀਤੀ ਜਾਣ ਵਾਲੀ ਕੁਲਰੀਤ।
[1]ਤਿਨਾਂ (ਸਿੱਖ ਸੰਗਤਾਂ ਨੂੰ ਆਪਣਾ) ਅੰਗ ਮੰਨ ਕੇ।
[1]ਬਹੁਤ ਤਰ੍ਹਾਂ ਬਿਠਾ ਕੇ।
[1]ਬ੍ਰਹਮਣਾਂ ਨੂੰ।
[1]ਭੋਜਨ। [2]ਬਸਤ੍ਰ। [3]ਮੰਗਤਿਆਂ ਨੂੰ।

ਰਥਨਿ ਸਮੇਤ ਬੈਲ ਦੀਏ ਅੱਸ੍ਵ ਅਤਿ ਛੈਲ[1],
ਫੀਲ ਦੀਏ ਸਮ ਸੈਲ ਗੈਲ ਹੀ ਅੰਬਾਰੀਆ[1]।
ਰਤਨ ਜਟਿਤ[1], ਸਾਜ[2] ਜ਼ੇਵਰ ਸਮਾਜ[3],
ਜੇਊ ਮਹਾਂਰਾਜ ਰਾਜਨ ਕੋ ਦੁਰਲਭ ਵਿਚਾਰੀਆ।
ਬਸਨ ਬਜਾਰ ਜੋਰਾ ਟੋਰਾ ਨਾ ਮਿਲਤ ਹੋਰਾ[1],
ਗਊ ਨ ਰਹਿਨ ਪਾਈ ਨਗਰ ਦੁਧਾਰੀਆ[1]।
ਸ੍ਰੀ ਮਾਤ ਉਭੈ ਸੁਭੈ[1] ਔਰ ਸਬਿ ਦਾਨ ਦੀਓ,

[1]ਬਹੁਤੇ ਸੁੰਦਰ ਘੋੜੇ।
[1]ਅੰਬਾਰੀਆਂ ਸਣੇ ਪਹਾੜਾਂ ਵਰਗੇ ਹਾਥੀ ਦਿੱਤੇ।
[1]ਜੜ੍ਹੇ ਹੋਏ। [2]ਘੋੜੇ ਤੇ ਹਾਥੀਆਂ ਦੇ ਸਾਜ। [3]ਸਮੂੰਹ ਗਹਿਣੇ।
[1]ਬਾਜ਼ਾਰ ਵਿੱਚੋਂ ਬਸਤ੍ਰਾਂ ਦਾ ਹੋਰ ਜੋੜਾ ਟੋਲਿਆਂ ਨਹੀਂ ਮਿਲਦਾ।
[1]ਦੋ ਧਾਰਾਂ ਦੁੱਧ ਦੇਣ ਵਾਲੀ ਭਾਵ ਥੋੜ੍ਹੇ ਤੋਂ ਥੋੜ੍ਹਾ ਦੁੱਧ ਦੇਣ ਵਾਲੀ।
[1]ਦੋਹਾਂ ਮਾਤਾਵਾਂ ਨੇ ਸਵੇਰੇ ਹੀ।

ਮੋਤੀ ਰਹਿਓ ਨੱਥ, ਹੱਥ ਚੂੜੀ ਮੱਥ ਸਾਰੀਆ[1]* ॥੨੩॥

[1]ਸਿਰ ਤੇ ਸਾੜ੍ਹੀ। *ਸਤਿਕਾਰ ਯੋਗ ਮਾਤਾ ਨਾਨਕੀ ਜੀ ਅਤੇ ਮਾਤਾ ਗੂਜਰੀ ਜੀ ਦੇ ਨੱਕਾਂ 'ਚ ਨੱਥਾਂ, ਹੱਥਾਂ 'ਚ ਚੂੜੀਆਂ ਤੇ ਸਿਰ 'ਤੇ ਸਾੜ੍ਹੀਆਂ ਦਾ ਵਰਣਨ ਕਵੀ- ਉਕਤੀ ਸਮਝਣਾ ਚਾਹੀਦਾ ਹੈ। ਮਾਤਾਵਾਂ ਸਤਿਗੁਰਾਂ ਦੀਆਂ ਪਤਨੀਆਂ ਅਤੇ ਮਾਤਾਵਾਂ ਹਨ ਜੋ ਗੁਰਮਤਿ ਅਤੇ ਗੁਰਬਾਣੀ ਉਪਦੇਸ਼ਾਂ ਦੀਆਂ ਪੂਰਨ ਧਾਰਨੀ ਸਨ। ਉਨ੍ਹਾਂ ਗੁਰਬਾਣੀ ਦਾ ਇਹ ਸ਼ਬਦ ਮਨ ਬਾਣੀ ਤੇ ਸਰੀਰ ਕਰਕੇ ਕਮਾਇਆ ਹੋਇਆ ਸੀ। ਮਨੁ ਮੋਤੀ ਜੇ ਗਹਿਣਾ ਹੋਵੈ ਪਉਣ ਹੋਵੈ ਸੂਤ ਧਾਰੀ".....ਆਦਿ ਸਾਰੇ ਸ਼ਬਦ ਨੂੰ ਪੜ੍ਹ ਕੇ ਸਪੱਸ਼ਟ ਹੋ ਜਾਂਦਾ ਹੈ ਕਿ ਮਾਤਾਵਾਂ ਆਮ ਇਸਤ੍ਰੀਆਂ ਵਾਂਗ ਬਾਹਰਲੇ ਗਹਿਣੇ ਪਹਿਨਣ ਦੀ ਥਾਂ ਗੁਰਬਾਣੀ ਅਨੁਸਾਰ ਦੱਸੇ ਹੋਏ ਸ਼ੁਭ ਗੁਣਾਂ ਦੇ ਗਹਿਣੇ ਹੀ ਪਹਿਨਦੀਆਂ ਸਨ।

ਜੇਵਰ ਜਰਾਉ ਜਰੇ ਤੇਵਰ ਅਪਾਰ ਖਰੇ[1],
ਦੀਏ ਸੇਵਕਾਨਿ ਭਰੇ ਆਨੰਦ ਮਹਾਨ ਕੈ।

[1]ਜੜਾਊ ਜੜੇ ਗਹਿਣੇ ਤੇ ਬਹੁਤੇ ਚੰਗੇ ਬਸਤ੍ਰ।

ਰਹਜੋ ਰੰਕ[1] ਕੋ ਨ ਬੰਕ[2] ਨਗਰ ਨਿਸੰਕ ਤਾਂਹਿ[3],
ਚਾਹਿ ਕਾਂਹਿ[1] ਨਾਹਿਂ ਰਹੀ ਮਾਂਗਨੇ ਕੀ ਆਨ ਕੈ[2]।

[1]ਕੰਗਾਲ। [2]ਟੇਢਾ ਭਾਵ ਨਾਰਾਜ਼। [3]ਤਿਸ ਸ਼ਹਿਰ ਵਿੱਚ ਸਾਰੇ ਸੰਸਿਆਂ ਤੋਂ ਬਿਨਾਂ ਹੋ ਗਏ।
[1]ਕਿਸੇ ਨੂੰ। [2]ਹੋਰ ਕਿਸੇ ਤੋਂ।

ਦਿਨ ਪ੍ਰਤਿ ਬ੍ਰਿਧਾਇ ਕੌਰ ਮੌਰ ਅਧਿਕਾਇ[1],
ਆਇ ਸਿੱਖ ਦਰਸਾਇਂ ਦਾਇਂ ਭੇਟਾ ਮਾਨ ਕੈ[1]।

[1]ਸ਼੍ਰੋਮਣੀ ਸਾਹਿਬਜ਼ਾਦਾ ਜੀ ਹਰਰੋਜ਼ ਬਹੁਤ ਵਧਦੇ ਹਨ।
[1]ਸਤਿਕਾਰ ਨਾਲ ਭੇਟਾ ਦੇਂਦੇ ਹਨ।

ਮਾਤ ਦੁਲਰਾਵੈਂ ਉਭੈ ਅੰਗ ਮੈਂ ਨ ਮਾਵੈਂ[1],
ਅਤਿ ਆਨੰਦ ਰਹਾਵੈਂ ਔ ਮਨਾਵੈਂ ਗੁਰੁ ਨਾਨਕੈਂ ॥੨੪॥

[1]ਦੋਵੇਂ ਮਾਤਾ ਲਾਡ ਲਡਾਉਂਦੀਆਂ ਹਨ ਅੰਗਾਂ 'ਚ ਨਹੀਂ ਮਿਉਂਦੀਆਂ।

ਚੌਪਾ, ਰਾਮ ਦਿੱਤਾ, ਮਿੱਤਾ ਆਦਿਕ ਖਲਾਵੇ[1],
ਬੀਬੋ, ਭਾਗਨ, ਸੁਹਾਵੀ ਏ ਖਿਲਾਵੀ ਦਾਈ ਚੀਨ ਹੈ[1]।

[1]ਖਿਡਾਵੇ।
[1]ਇਹ ਖਿਡਾਵੀਆਂ ਤੇ ਦਾਈਆਂ ਜਾਣੋ।

ਔਰ ਬਹੁ ਦਾਸ ਦਾਸੀ ਨਗਰ ਨਿਵਾਸੀ,
ਸ ਹੁਲਾਸੀ[1] ਸੁਖਰਾਸੀ ਕੋ[2] ਖਿਲਾਵੈਂ ਮੋਦ ਭੀਨ[3] ਹੈਂ।

[1]ਉਤਸ਼ਾਹ ਨਾਲ। [2]ਸੁੱਖਾਂ ਦੀ ਪੂੰਜੀ ਸਾਹਿਬਜ਼ਾਦੇ ਨੂੰ। [3]ਅਨੰਦ 'ਚ ਭਿੱਜ ਕੇ।

ਦੇਤ ਹੈਂ ਖਿਲੌਨੇ ਲੌਨੇ[1] ਸੋਨੇ ਕੇ ਜਰਾਊ ਜੌਨੇ[2],
ਚਾਂਦੀ ਪੀਤਲੌਨੇ ਮਿਰਤੌਨੇ ਬੀਨ ਬੀਨ ਹੈਂ[1]।

[1]ਸੁੰਦਰ। [2]ਜਿਹੜੇ ਸੋਨੇ ਦੇ ਜੜਾਊ ਜੜ੍ਹੇ ਹਨ।
[1]ਚਾਂਦੀ, ਪਿੱਤਲ ਤੇ ਮਿੱਟੀ ਦੇ ਚੁਣ ਚੁਣ ਕੇ।

ਅੰਕਨ ਮਝਾਰ ਭਾਰ ਲਿੰਕਨ ਉਦਾਰ ਦੌੜੈਂ,
ਰਿੰਕਨ ਦ੍ਵਾਰ ਲਗ ਚਿੰਕਨ ਨਵੀਨ ਹੈਂ[1] ॥੨੫॥

[1]ਵੇਹੜੇ ਵਿੱਚ ਗੋਡਿਆਂ ਭਾਰ ਚੰਗਾ ਦੌੜਦੇ ਹਨ, ਦਰਵਾਜ਼ੇ ਤਕ

ਰਿੜ੍ਹਦੇ ਹਨ, ਨਵੀਂ ਤਰ੍ਹਾਂ ਦੀਆਂ ਚੀਕਾਂ ਮਾਰਦੇ ਹਨ (ਲਿੰਛਨ-ਗੋਡੇ।)

ਕੋਊ ਪੇਖਿ ਜਾਇ ਲਲਚਾਇ ਫੇਰਿ ਹੇਰਬੇ ਕੋ[1],
ਧਾਮ ਕੇ ਤਜਾਇ ਕਾਮ ਆਇ ਧਾਇ ਚੀਨ ਹੈਂ[1]।

[1]ਫੇਰ ਦੇਖਣ ਨੂੰ ਚਾਹੁੰਦਾ ਹੈ।

[1]ਦੇਖਦੇ ਹਨ।

ਭਏ ਏਕ ਸਾਲ ਕੇ, ਤੋ ਬਾਲਕੇ ਥੇ ਨਾਲ ਕੇ ਜੋ,
ਖਿਆਲ ਸੇਂ ਸਿਖਾਲ ਕੇ ਖਿਲਾਵੈਂ ਖੇਲ ਭੀਨ ਹੈਂ[1]।

[1]ਭਿੱਜ ਕੇ।

ਦੌਰ ਭੌਨੇ ਕੌਨੇ ਦੁਰੈਂ, ਢੁਰੈਂ ਘੁਰੈਂ ਛੌਨਨਿ,
ਸਖੇਲਤਿ ਉਮੰਗ ਰੰਗ ਬਰਸਾਤ ਪੀਨ ਹੈਂ[1]।

[1]ਦੌੜ ਕੇ ਘਰ ਦੇ ਖੂੰਜੇ 'ਚ ਲੁਕ ਜਾਂਦੇ ਹਨ (ਢੁਰੈਂ) ਪ੍ਰਸੰਨ ਹੋ ਕੇ ਬੱਚਿਆਂ ਨਾਲ ਘੁਲਦੇ ਹਨ, ਉਤਸ਼ਾਹ ਨਾਲ ਖੇਡਦੇ ਹੋਏ ਬਹੁਤੇ ਅਨੰਦ ਦੀ ਬਰਖਾ ਕਰਦੇ ਹਨ।

ਚੌਂਪ ਚੌਂਪ ਸੌਂਧਨ ਮੈਂ ਦੁਰਤ ਫੁਰਤ ਦੀਸੈਂ,
ਮੇਘਨ ਮੈਂ ਮਾਨੋ ਸਸਿ ਪੂਨਜੋਂ ਪ੍ਰਬੀਨ ਹੈਂ[1]
॥ ੨੬ ॥

[1]ਚਾਅ ਤੇ ਸ਼ੌਕ ਨਾਲ ਘਰਾਂ ਵਿੱਚ ਛੇਤੀ ਲੁਕਦੇ ਦਿੱਸਦੇ ਹਨ ਜਾਣੋ ਬੱਦਲਾਂ ਵਿੱਚ ਪੂੰਨਿਆਂ ਦਾ ਚਤੁਰ ਚੰਦ੍ਰਮਾ ਹੈ।

ਨਵਲ ਕਵਲ ਸਮ ਅਮਲ ਚਰਨ ਸੁਠ,
ਅਰੁਨ ਬਰਨ ਸੁਖ ਕਰਨ ਉਦਾਰੀਆ[1]।

[1]ਨਵੇਂ ਕੰਵਲ ਵਰਗੇ ਸਾਫ਼ ਲਾਲਰੰਗ ਵਾਲੇ ਸੁੰਦਰ ਚਰਨ ਸ੍ਰੇਸ਼ਟ ਸੁਖ ਕਰਨ ਵਾਲੇ ਹਨ।

ਛਬਿ ਸਬਿ ਮੇਡੀ ਏਡੀ ਜੇਡੀ ਕਬਿ ਕੌਨ ਕਹੇ,
ਜਾਨ ਲਹਿ ਧਜਾਨ ਤੌ ਨ ਟੇਢੀ ਜਮ ਕਾਰੀਆ[1]।

[1]ਸਾਰੀਆਂ ਸੋਭਾਂ ਨੂੰ (ਮੇਡੀ) ਮਾਤ ਕਰਨ ਵਾਲੀ ਅੱਡੀ ਦੀ ਜਿੱਡੀ (ਵੱਡੀ ਸੋਭਾ ਹੈ ਉਸ ਨੂੰ) ਕੌਣ ਕਵੀ ਕਹਿ ਸਕਦਾ ਹੈ, ਇਹ ਜਾਣ ਕੇ ਜੋ ਧਿਆਨ ਕਰਦਾ ਹੈ ਤਾਂ ਟੇਢੀ ਬ੍ਰਿਤੀ ਵਾਲਾ ਜਮ (ਉਸ ਨੂੰ ਕੁਝ) ਨਹੀਂ ਕਰ ਸਕਦਾ।

ਆਂਗੁਰੀ ਕੋਮਲ ਅਤਿ ਪਾਂਖਰੀ ਗੁਲਾਬ,
ਨਖ ਇੰਦੁ ਬਧੂ ਕੈਧੋਂ ਚੰਦ ਚੀਰਿ ਬਿਧਿ ਧਾਰੀਆ[1]।

[1]ਬਹੁਤੀਆਂ ਕੋਮਲ ਉਂਗਲੀਆਂ ਗੁਲਾਬ ਦੀਆਂ ਪੰਖੜੀਆਂ (ਵਰਗੀਆਂ) ਹਨ ਅਤੇ ਨਹੁੰ ਚੀਚ ਵਹੁਟੀਆਂ (ਵਾਂਗ ਹਨ) ਜਾਂ ਬ੍ਰਹਮਾ ਨੇ ਚੰਦ੍ਰਮਾ ਨੂੰ ਹੀ ਚੀਰ ਕੇ (ਉਸ ਦੀਆਂ ਟੁਕੜੀਆਂ ਉਂਗਲਾਂ ਦੇ ਸਿਰਿਆਂ ਤੇ) ਰੱਖੀਆਂ ਹੋਈਆਂ ਹਨ।

ਦਾਸਨ ਉਧਾਰੀਆ ਨਿਵਾਰੀਆ ਕਲੇਸ ਸੇਸ[1],
ਸੁਖਦ ਉਚਾਰੀਆ ਚਰਨ ਗੁਰੁ ਚਾਰੀਆ[1]
॥ ੨੭ ॥

[1]ਸਾਰੇ।

[1]ਗੁਰਾਂ ਦੇ ਸੁੰਦਰ ਚਰਨ ਸੁੱਖ ਦੇਣ ਵਾਲੇ ਕਹੇ ਜਾਂਦੇ ਹਨ।

ਕਰੀ ਕੇ ਕਰਭ ਕਰ ਕੀ ਸੀ ਸੋਹਿਂ ਜੰਘ ਜੁਗ,
ਸੁੰਦਰ ਨਿਤੰਬ ਅੰਬ ਬਟੂਏ ਮਨੋਜ ਕੇ[1]।

[1]ਹਾਥੀ ਦੇ ਬੱਚੇ ਦੀ ਸੁੰਡ ਵਰਗੀਆਂ ਦੋਵੇਂ ਲੱਤਾਂ ਸੋਂਹਦੀਆਂ ਹਨ, ਸੁੰਦਰ ਚਿੱਤੜ ਹਨ ਕਾਮ ਦੇ ਬਟੂਏ (ਪਤਾਲੂ) ਅੰਬਾਂ ਵਰਗੇ ਹਨ।

ਕਟਿ ਸੁਠ ਕੇਹਰੀ ਚੁਰਾਤ ਚਿੱਤ ਚਿਤ੍ਰਨੀਨਿ,
ਉਦਰ ਸਫਾਈ ਨਾਭ ਕੁੰਡ ਸੁਧਾ ਮੌਜ ਕੇ[1]।

[1]ਸ਼ੇਰ ਵਰਗਾ ਸੁੰਦਰ ਲੱਕ ਚਿੱਤ੍ਰਨੀ ਇਸਤ੍ਰੀਆਂ ਦੇ ਚਿੱਤ ਚੁਰਾਉਂਦਾ ਹੈ, ਸਾਫ਼ ਪੇਟ ਵਿੱਚ ਧੁੰਨੀ ਅੰਮ੍ਰਿਤ ਤੇ ਅਨੰਦ ਦਾ ਕੁੰਡ ਹੈ।

ਛਾਤੀ ਅਤਿ ਆਯੁਤ ਸੁਹਾਤੀ ਸਾਂਤੀ ਮੋਦ ਦਾਤੀ,
ਕੰਬ ਮੋਰ ਕੀ ਸੀ ਗ੍ਰੀਵ ਸੀਵ ਸੁਖ ਚੋਜ ਕੇ[1]।

[1]ਬਹੁਤ ਚੌੜੀ ਤੇ ਸੋਹਣੀ ਛਾਤੀ, ਸ਼ਾਂਤੀ ਤੇ ਅਨੰਦ ਦੀ ਦਾਤੀ ਹੈ। ਧੌਣ, ਸੰਖ ਤੇ ਮੋਰ ਵਰਗੀ ਸੁਖ ਤੇ ਉਤਸ਼ਾਹ ਦੀ ਹੱਦ ਹੈ।

ਭੁਜੰਗ ਸੀ ਭੁਜਾ ਪ੍ਰਲੰਬ ਅਵਿਲੰਬ ਹਿੰਦ,
ਬ੍ਰਿੱਖਭ ਸੇ ਉੱਨਤ ਸਕੰਧ ਬੀਜ ਓਜ ਕੇ[1] ॥੨੮॥

[1]ਸੱਪ ਵਰਗੀਆਂ ਬਹੁਤ ਲੰਬੀਆਂ ਬਾਹਾਂ ਹਿੰਦ ਦਾ ਆਸਰਾ ਹਨ, ਬਲਦ (ਦੀ ਬੰਨ੍ਹ) ਵਰਗੇ ਉੱਚੇ ਮੋਢੇ ਬਲ ਦਾ ਮੁੱਢ ਹਨ।

ਰਮਾ ਕੰਜ ਹੂੰ ਤੈ ਮੰਜ ਕਰ ਕੰਜ ਦੁਖ ਗੰਜ,
ਦਾਰਿਦ ਬਿਭੰਜ ਅਭੈ ਦਾਇ ਸਰਨਾਗਤੈਂ[1]।

[1](ਦਸਮੇਸ਼ ਜੀ ਦੇ) ਹੱਥ ਕੰਵਲ, ਲੱਛਮੀ ਤੇ ਕੰਵਲ ਨਾਲੋਂ ਉੱਜਲ, ਸ਼ਰਨ ਆਇਆਂ ਦੇ ਦੁੱਖਾਂ ਨੂੰ ਕੱਟਣ ਵਾਲੇ, ਗ਼ਰੀਬੀ ਨੂੰ ਦੂਰ ਕਰਨ ਵਾਲੇ ਤੇ ਨਿੱਡਰਤਾ ਦੇਣ ਵਾਲੇ ਹਨ।

ਕੰਜਨ ਖੰਜਨ ਮਦ ਭੰਜਨ ਰੰਜਨ ਦਾਸ,
ਅੰਜਨ ਬਿਹੀਨ ਦੈ ਨਿਰੰਜਨਿ ਦਿਖਾ ਗਤੈਂ[1]।

[1](ਸਾਹਿਬਜ਼ਾਦੇ ਦੇ ਨੇਤ੍ਰ) ਕੰਵਲਾਂ ਤੇ ਮਮੋਲਿਆਂ ਦੇ ਹੰਕਾਰ ਨੂੰ ਭੰਨਣ ਵਾਲੇ, ਦਾਸਾਂ ਨੂੰ ਪ੍ਰਸੰਨ ਕਰਨ ਵਾਲੇ, ਸੁਰਮੇ ਤੋਂ ਬਿਨਾਂ ਹੀ ਨਿਰੰਜਨ ਨੂੰ ਦਿਖਾ ਕੇ ਮੁਕਤੀ ਦੇਂਦੇ ਹਨ।

ਕੇਸ ਘੁੰਘਰਾਰੇ ਮੰਡਰਾਰੇ ਅਲਿ ਛੌਨਾ ਜਨੁ,
ਭ੍ਰਿਕੁਟੀ ਕੁਟਿਲ ਕਾਮ ਕਮਠੀ ਲਜਾਵਤੈ[1]।

[1]ਛੱਲਿਆਂ ਵਾਲੇ ਕੇਸ ਜਾਣੋ ਸੱਪਾਂ ਦੇ ਬੱਚੇ ਘੁੰਮ ਰਹੇ ਹਨ ਅਤੇ ਟੇਢੇ ਕ੍ਰੁੱਟੇ ਕਾਮ ਦੇ ਧਨੁਸ਼ ਨੂੰ ਸ਼ਰਮਿੰਦਾ ਕਰ ਰਹੇ ਹਨ।

ਦਾਂਤ ਪਾਂਤਿ ਮੁਕਤਾ ਸੁਹਾਤ ਰਦ-ਛਦ ਬਿੰਬ,
ਮਾਥ ਨਿਸ ਨਾਥ ਬੰਦਨੀਯ ਬਿੱਸ੍ਵ ਯਾਵਤੈਂ[1] ॥੨੯॥

[1]ਦੰਦਾਂ ਦੀ ਪੰਗਤੀ ਮੋਤੀਆਂ ਵਾਂਗ ਤੇ ਬੁੱਲ੍ਹਰਕਤ ਫਲਾ (ਕੁੰਦਰ ਫਲ ਵਾਂਗ ਲਾਲ ਹਨ ਤੇ) ਮੱਥਾ ਚੰਦ੍ਰਮਾ ਵਾਂਗ ਸੋਹ ਰਿਹਾ ਹੈ ਜਿਸ ਕਰ ਕੇ ਸੰਸਾਰ ਦੇ ਬੰਦਨਾ ਕਰਨ ਯੋਗ ਹਨ।

ਪਾਏ ਗਜਦੰਤ ਥਟੇ ਰਤਨ ਅਤਨ ਜਟੇ,
ਮਤਨ ਨਿਵਾਰ ਚਾਰੁ ਰੁਚਰ ਪ੍ਰਯੰਕ ਸੇ[1]।

[1]ਪਾਵੇ ਹਾਥੀ ਦੰਦ ਦੇ ਬਣੇ ਹੋਏ ਹਨ (ਜਿਨ੍ਹਾਂ ਵਿੱਚ) (ਅਤਨ) ਸੁੰਦਰਰਤਨ ਜੜ੍ਹੇ ਹੋਏ ਹਨ, (ਮਤਨ) ਮਜ਼ਬੂਤ ਤੇ ਸੁੰਦਰ ਨਿਵਾਰ ਦਾ ਸੋਹਣਾ ਪਲੰਘ ਹੈ।

ਸੇਜ ਸੀਰ-ਫੇਨ ਸੀ ਸੁਹਾਏ ਸੁਠ ਸੇਜ ਬੰਦ,
ਸ੍ਵੱਛ ਗੁੱਛ ਝੂਲਿ ਮਕਤੂਲ ਫੂਲ ਬੰਕ ਸੇ[1]।

[1]ਦੁਧ ਦੀ ਝੱਗ ਵਰਗੀ ਚਿੱਟੀ ਸੇਜਾ ਤੇ ਸੇਜ ਬੰਦ ਸੋਹ ਰਹੇ ਹਨ ਅਤੇਰੇਸ਼ਮ ਦੇ ਸਾਫ਼ ਗੁੱਛੇ ਸੁੰਦਰ ਫੁੱਲਾਂ ਵਾਂਗ ਝੂਲ ਰਹੇ ਹਨ।

ਉਪਧਾਨੇ ਮ੍ਰਿਦੁਲ ਮਨੋਗ ਮਖਮਲੀ,
ਲਘੁ ਦੀਰਘ ਸਜਾਏ, ਬਹੁ ਭਾਏ ਸੋ ਨਿਸੰਕ ਸੇ[1]।

[1]ਛੋਟੇ ਵੱਡੇ ਸੁੰਦਰ ਤੇ ਕੋਮਲ ਮਖ਼ਮਲੀ ਸਰ੍ਹਾਣੇ ਸਜਾਏ ਹੋਏ

ਬਿਨਾ ਸ਼ੰਕਾ ਤੋਂ ਉਹ ਚੰਗੇ ਲੱਗਦੇ ਹਨ।

ਐਸੇ ਮੰਜੀ ਸਾਹਿਬ ਪੈ[1], ਬੈਸੇ ਮਾਤ ਸਾਹਿਬ ਪੈ[2],
ਦੈਸੈਂ ਉਤਸਾਹਿਬ ਮਯੰਕ ਅਕਲੰਕ ਸੇ[1] ॥ ੩੦ ॥

[1]ਉੱਪਰ। [2]ਪਾਸ।

[1]ਕਲੰਕ-ਰਹਿਤ ਚੰਦ੍ਰਮਾ ਵਾਂਗ ਉਤਸ਼ਾਹ ਦੇਂਦੇ ਹਨ।

ਸ੍ਵੈਯਾ:

ਗੁਰੁ, ਗੋਦ ਸੁ ਮਾਤ ਸੁਹਾਤ ਬਖਸਾਤ,
ਬਿਨੋਦ ਪ੍ਰਮੋਦ ਛਯੋ ਸਬਿ ਹੀ[1]।

[1]ਸਾਰਿਆਂ 'ਚ ਉਤਸ਼ਾਹ ਤੇ ਅਨੰਦ ਫੈਲ ਗਿਆ।

ਪਰਮਾਨੰਦ ਆਹਿ ਸੁਬਿੱਦਜਾ ਕਿਧੌਂ,
ਰਸਬੀਰ ਸੁ ਨੀਤਿ ਮਿਲੇ ਅਬਿ ਹੀ[1]।

[1](ਮਾਤਾ ਜੀ ਤੇ ਕਲਗੀਧਰ ਜੀ) ਪਰਮਾਨੰਦ ਤੇ ਬ੍ਰਹਮ ਵਿੱਦਿਆ ਹਨ ਜਾਂ ਬੀਰ-ਰਸ ਤੇ ਨੀਤੀ ਹੁਣੇ ਹੀ ਮਿਲੇ ਹਨ।

ਕਿਤ ਬ੍ਰੱਹਮ ਗਜਾਨ ਸੁਬੁਧਿ ਗਹਜੋ,
ਪ੍ਰਕ੍ਰਿਤਿ ਕਿ ਈਸ ਉਭੈ ਲਬਹੀ[1]।

[1]ਜਾਂ ਸ੍ਰੇਸ਼ਟ ਬੁੱਧੀ ਨੇ ਬ੍ਰਹਮ ਗਿਆਨ ਨੂੰ ਪਕੜਿਆ ਹੈ ਜਾਂ ਪ੍ਰਕਿਰਤੀ ਤੇ ਈਸ਼ਰ ਦੋਵੇਂ ਮਿਲੇ ਪਏ ਹਨ।

ਤਨ ਸੋਹਿ ਸੁਕੀਰਤਿ ਮਾਤ ਲਤਾ,
ਫਲ ਚਾਰੁ ਸੁਜੱਸ ਗੁਰੂ ਫਬ ਹੀ[1] ॥ ੩੧ ॥

[1]ਮਾਤਾ ਜੀ ਦਾ ਸ਼ਰੀਰ ਸ੍ਰੇਸ਼ਟ ਕੀਰਤੀ ਰੂਪ ਵੇਲ ਵਾਂਗ ਸੋਹ ਰਿਹਾ ਹੈ ਅਤੇ ਗੁਰੂ ਜੀ ਸੁਜੱਸ ਰੂਪ ਸੁੰਦਰ ਫੁਲ ਵਾਂਗ ਫਬ ਰਹੇ ਹਨ।

ਕਿਲਕੈਂ ਮਿਲਿ ਕੈ ਭੁਜ ਮੈਂ ਖਿਲ ਕੈ
ਲਪਕੈਂ ਝਪਕੈਂ ਗਰ ਸੋਂ ਬਲ ਕੈ[1]।

[1]ਬਾਹਾਂ ਵਿੱਚ ਮਿਲ ਕੇ ਭਾਵ ਜੱਫੀ ਪਾ ਕੇ ਚੀਕਾਂ ਮਾਰਦੇ ਹਨ, ਖ਼ੁਸ਼ ਹੋ ਕੇ ਉਛਲ ਕੇ ਬਲ ਕਰ ਕੇ ਗਲ ਨਾਲ ਚਿੰਬੜਦੇ ਹਨ।

ਬਿਸਤੀਰਤਿ ਕੀਰਤਿ ਸੌਧ ਵਿਖੇ,
ਕਲ ਦੀਪ ਮੁਕੰਦ ਮਨੋ ਝਲਕੈ[1]।

[1]ਘਰ ਵਿੱਚ ਜੱਸ ਫੈਲ ਗਿਆ ਜਾਣੋ ਮੁਕਤੀ ਦੇਣ ਵਾਲਾ ਸੁੰਦਰ ਦੀਵਾ ਚਮਕ ਰਿਹਾ ਹੈ।

ਕਿਤ ਕੰਚਨ ਕੰਜਰਮਾ ਕਰ ਕੋ,
ਮਧ ਰੰਗ ਤਰੰਗਨਿ ਕੇ ਛਲਕੈਂ[1]।

[1]ਜਾਂ ਲੱਛਮੀ ਦੇ ਹੱਥ ਦਾ ਸੋਨੇ ਦਾ ਕੰਵਲ ਗੰਗਾ ਦੀਆਂ ਲਹਿਰਾਂ ਵਿੱਚ ਛਲਕ ਰਿਹਾ ਹੈ।

ਪਲਕੈਂ ਭਰਿ ਜੋ ਹਿਤਿ ਜਾਹਿਂ ਦਿਸੈਂ,
ਮਨ ਮੋਹਿਤ ਹੈਂ ਪਲਕੈਂ ਖਲਕੈਂ[1] ॥ ੩੨ ॥

[1]ਪਲਕਾਂ (ਅੱਖਾਂ) ਭਰ ਕੇ ਜਿਸ ਪਾਸੇ ਵੱਲ ਵੇਖਦੇ ਹਨ, ਖ਼ਲਕਤ ਦਾ ਮਨ ਪਲਕ (ਅੱਖ ਦੇ ਫੋਰ) ਵਿੱਚ ਮੋਹਿਤ ਕਰ ਲੈਂਦੇ ਹਨ।

ਪ੍ਰਭ ਕੋ ਅਵਤਾਰ ਵਿਚਾਰਿ ਭਯੋ,
ਸੁਰ ਆਇ ਨਿਹਾਰ ਜੁਹਾਰ ਭਰੈਂ[1]।

[1]ਦੇਖ ਕੇ ਭਲੀ ਪ੍ਰਕਾਰ ਨਮਸਕਾਰ (ਕਰਦੇ ਹਨ)।

ਚਢਿ ਜਾਨਨਿ ਪੈ ਅਸਮਾਨਨਿ ਜਾਨ,
ਨਟੀ ਨਚ ਹੈਂ ਗੁਨ ਗਾਨ ਕਰੈਂ[1]।

[1]ਸਵਾਰੀਆਂ 'ਤੇ ਚੜ੍ਹ ਕੇ ਅਸਮਾਨਾਂ ਨੂੰ ਜਾਂਦੇ ਹਨ, ਅਪੱਛਰਾਂ

ਨੱਚਦੀਆਂ ਤੇ ਗੁਣ ਗਾਉਂਦੀਆਂ ਹਨ।

ਸੁਰ ਕੀ ਜੁਵਤੀ ਪੁਰ ਕੀ ਤਿਯ ਸੋਂ
ਜੁਰਿ, ਆਇ ਪ੍ਰਸੂਨ ਬਸਾਇ ਤਰੈਂ[1]।

[1]ਦੇਵਤਿਆਂ ਦੀਆਂ ਇਸਤ੍ਰੀਆਂ ਸ਼ਹਿਰ ਦੀਆਂ ਇਸਤ੍ਰੀਆਂ ਨਾਲ ਮਿਲ ਕੇ ਥੱਲੇ ਆ ਕੇ ਫੁੱਲਾਂ ਦੀ ਵਰਖਾ ਕਰਦੀਆਂ ਹਨ।

ਦੁਲਰਾਵਤਿ ਭਾਵਤ ਅੰਗਨਿ ਲੈ,
ਅੰਗਨਾ ਅੰਗਨਾ ਮਦ ਮੋਦ ਧਰੈਂ[1] ॥ ੩੩ ॥

[1](ਅੰਗਨਾ) ਇਸਤ੍ਰੀਆਂ (ਅੰਗਨਾ) ਅੰਗਾਂ ਵਿੱਚ ਭਾਵ ਜੱਫੀ ਵਿੱਚ ਲੈ ਕੇ ਲਾਡ ਕਰਦੀਆਂ ਹਨ (ਇਉਂ ਉਹ) ਆਪਣੇ (ਅੰਗਨਾ) ਹਿਰਦੇ ਵਿੱਚ ਅਨੰਦ ਧਾਰਦੀਆਂ ਹਨ।

ਪੁਚਕਾਰਤਿ[1] ਮਾਰਤਿ ਹੈਂ ਚੁਟਕੀ,
ਉਕਤੀ ਜੁਕਤੀ ਬਹੁਧਾ[1] ਸੁ ਕਰੈਂ।

[1]ਪੁਚ ਪੁਚ ਕਰਦੀਆਂ ਹਨ।

[1]ਬਹੁਤ ਤਰ੍ਹਾਂ।

ਗੁਨ ਗਾਵਤਿ ਗੀਤ ਸਪ੍ਰੀਤਿ, ਬਜਾਵਤਿ
ਬਾਦ[1], ਰਿਝਾਵਤਿ ਬਾਤ ਰਰੈਂ[2]।

[1]ਵਾਜੇ। [2]ਗੱਲਾਂ ਕਰ ਕੇ ਖ਼ੁਸ਼ ਕਰਦੀਆਂ ਹਨ।

ਮਨ ਭਾਵਤ ਖੇਲ ਖਿਲਾਵਤਿ, ਖ੍ਵਾਵਤਿ
ਲਜਾਵਤਿ ਜੋ ਫਲ ਦੇਵ ਤਰੈਂ[1]।

[1]ਜੋ ਕਲਪ ਬ੍ਰਿੱਛ ਦੇ ਫਲ ਲਿਆ ਕੇ ਖੁਲਾਉਂਦੀਆਂ ਹਨ।

ਤਿਹੁ ਲੋਕਨਿ ਭਾਗ ਸੁਹਾਗ ਨੁਰਾਗ,
ਬਿਲੋਕਿ ਅਲੋਕ ਬਿਸੋਕ ਭਰੈਂ[1] ॥ ੩੪ ॥

[1]ਤਿੰਨਾਂ ਲੋਕਾਂ ਦਾ ਸੁਹਾਗ ਭਾਗ ਤੇ ਪ੍ਰੇਮ (ਭਾਵ ਸਾਹਿਬਜ਼ਾਦੇ ਜੀ) ਨੂੰ ਵੇਖ ਕੇ ਅਸਚਰਜ ਅਨੰਦ 'ਚ ਭਰ ਜਾਂਦੀਆਂ ਹਨ।

ਗੁਰੁ ਬਾਲ ਸਰੂਪ ਅਨੂਪ ਅਤੀ,
ਸੁਠ ਅੰਗਨਿ ਪੇਖਿ ਅਨੰਗ ਲਜੈਂ[1]।

[1]ਸੁੰਦਰ ਅੰਗਾਂ ਨੂੰ ਵੇਖ ਕੇ ਕਾਮ ਸ਼ਰਮਿੰਦਾ ਹੁੰਦਾ ਹੈ।

ਬਹੁ ਹਾਵਰੁ ਭਾਵ ਅਦਾਵ ਕਰੈਂ,
ਲਲਚਾਇ ਨਚਾਇ ਹਸਾਇ ਸਜੈਂ[1]।

[1]ਬਹੁਤੇ ਹਾਵ ਭਾਵ ਪ੍ਰਤੱਖ ਕਰ ਕੇ ਦੱਸਦੀਆਂ ਅਤੇ ਚਾਹ ਕੇ ਨਚਾਉਂਦੀਆਂ ਤੇ ਹਸਾਉਂਦੀਆਂ ਸੱਜਦੀਆਂ ਹਨ।

ਮੁਖ ਮਾਥ ਰੁ ਹਾਥ ਚੁੰਮੈ ਪਦ ਪਾਥਜ[1],
ਅੰਗਨਿ ਲਾਇ ਬਨਾਇ ਵਜੈਂ[1]।

[1]ਚਰਨ ਕੰਵਲ।

[1]ਢੰਗ ਬਣਾ ਕੇ।

ਅਤਿ ਖੇਲਤਿ ਝੇਲਤ[1] ਮੇਲਤਿ ਆਨੰਦ,
ਮਾਨਿੰਦ ਮੱਤ ਨ ਅੱਤਿ ਲਜੈਂ[1] ॥ ੩੫ ॥

[1]ਝੱਲਦੇ ਹਨ (ਇਕ ਦੂਜੇ ਦੀਆਂ ਸੱਟਾਂ)।

[1]ਮਸਤਾਂ ਵਾਂਗ ਬਹੁਤੇ ਸ਼ਰਮਿੰਦੇ ਨਹੀਂ ਹੁੰਦੇ।

ਲਖਿ ਕੈ ਸੁ ਭਵਿੱਖਤ ਆਸਿਖ ਦੇਤ
ਭਵੇ ਤੁਵ ਸੰਪ੍ਰਦਾ ਜਵਰੀ[1]।

[1]ਔਣ ਵਾਲਾ ਸਮਾਂ ਜਾਣ ਕੇ ਅਸ਼ੀਰਵਾਦ ਦੇਂਦੀਆਂ ਹਨ ਕਿ ਤੁਹਾਡੀ ਸੰਪ੍ਰਦਾ ਤਾਕਤਵਰ ਹੋਵੇ।

ਦ੍ਰਿਗ ਕੰਜ ਅਲੋਕਕ ਮੰਜ ਬਿਲੋਕਿ,
ਬਿਸੋਕ ਭ੍ਰਮੈਂ ਸਮ ਸੋ ਭਵਰੀ[1]।

[1]ਅਸਚਰਜ ਤੇ ਉੱਜਲ ਨੇਤ੍ਰ ਕੰਵਲ ਦੇਖ ਕੇ ਉਹ ਅਨੰਦ ਵਿੱਚ ਭੌਰੀਆਂ ਵਾਂਗ ਘੁੰਮਦੀਆਂ ਹਨ।

ਮੁਖ ਚੰਦ ਅਮੰਦ ਚਿਤੈ ਸ ਹਿਤੈ,
ਜਨੁ ਨਾਰਿ ਚਕੋਰਨ ਬੇ ਸਵਰੀ[1]।

[1]ਜਾਣੋ ਮੁਖ ਰੂਪ ਉੱਜਲ ਚੰਦ ਨੂੰ ਇਸਤ੍ਰੀਆਂ ਰੂਪ ਚਕੋਰੀਆਂ ਹਿਤ ਤੇ ਬੇ-ਸਬਰੀ ਨਾਲ ਦੇਖਦੀਆਂ ਹਨ।

ਗਵਰੀ ਕਹਿਂ ਆਉ ਚਲੈਂ ਅਵਰੀ,
ਸਵਰੀ ਕਰ ਨੈਕ ਕਹੈਂ ਅਵਰੀ[1] ॥ ੩੬ ॥

[1]ਬਹੁਤੀਆਂ ਕਹਿੰਦੀਆਂ ਹਨ (ਹੇ ਸਖੀ) ਹੁਣ ਆਉ ਚੱਲੀਏ, ਹੋਰ ਕਹਿੰਦੀਆਂ ਹਨ ਥੋੜ੍ਹਾ ਜਿਹਾ ਸਬਰ ਕਰੋ।

ਮ੍ਰਿਦੁ ਤੋਤਲ ਬੈਨ ਪਯੂਖ ਪਗੇ ਸੁਨਿ,
ਆਪਨ ਪੌ ਸਬਿ ਵਾਰਤ ਹੈਂ[1]।

[1]ਮਿੱਠੇ ਤੇ ਤੋਤਲੇ ਅੰਮ੍ਰਿਤ-ਭਿੱਜੇ ਬਚਨ ਸੁਣ ਕੇ ਸਾਰੀਆਂ ਆਪਣਾ ਆਪ ਵਾਰਦੀਆਂ ਹਨ।

ਸੁਠ ਸੂਰਤਿ ਮੂਰਤਿ ਚਾਤੁਰਤਾ,
ਗੁਨਿ ਪੂਰਤਿ ਹੂੰਰਤਿ ਧਾਰਤਿ ਹੈਂ[1]।

[1](ਕਲਗੀਧਰ ਜੀ ਦੀ) ਗੁਣਾਂ ਨਾਲ ਭਰੀ ਹੋਈ ਸੁੰਦਰ ਸ਼ਕਲ ਤੇ ਚਤੁਰਾਈ ਦੀ ਮੂਰਤ ਨਾਲ ਪ੍ਰੀਤੀ ਕਰਦੀਆਂ ਹਨ।

ਸ਼ਕਤੀ ਬਲ ਬੁੱਧਿ ਬਿਸਾਲ ਨਿਹਾਲ[1],
ਸਹੀ ਅਵਤਾਰ ਵਿਚਾਰਤ ਹੈਂ।
ਮਨਿ ਭਾਮਨ ਰੂਪ ਰਿਦੇ ਰਖਿ ਭਾਮਨਿ,
ਪਾਮਨ ਜਾਮਨ ਧਾਰਤਿ ਹੈਂ[1] ॥ ੩੭ ॥

[1]ਬਹੁਤਾ ਦੇਖ ਕੇ।

[1](ਭਾਮਨਿ) ਇਸਤ੍ਰੀਆਂ (ਗੁਰਾਂ ਦਾ) ਮਨ ਭਾਉਣਾ ਰੂਪ ਰਿਦੇ 'ਚਰੱਖ ਕੇਰਾਤ ਨੂੰ (ਆਪਣੇ ਨਾਲ) ਪਾਉਣਾ ਚਾਹੁੰਦੀਆਂ ਹਨ।

ਇਕ ਤੈ ਇਕ ਲੇਤ ਛੁਡਾਇ ਉਠਾਇ,
ਪਿਆਰ ਕਰੈਂ ਅਤਿ ਲਾਇ ਗਰੈਂ[1]।

[1]ਗਲ ਨਾਲ।

ਕਰ ਲਾਇਂ ਕਪੋਲ ਮੁਖਾਂਬੁਜ ਪੈ,
ਬਹੁ ਬੋਲ ਕਲੋਲ ਅਮੋਲ ਕਰੈਂ[1]।

[1]ਗਲ੍ਹਾਂ ਤੇ ਮੁਖ ਕੰਵਲ 'ਤੇ ਹੱਥ ਲਾਉਂਦੀਆਂ ਹਨ ਅਤੇ ਬਹੁਤ ਅਮੋਲਕ ਬਚਨ ਤੇ ਕਲੋਲਾਂ (ਮਨ ਦੀਆਂ ਮੌਜਾਂ) ਕਰਦੀਆਂ ਹਨ।

ਭਵ ਲੋਲ ਅਤੋਲ ਸੁਡੋਲ ਇਤੈ ਉਤ,
ਲਾਜ ਸੁ ਕਾਜ ਬਿਸਾਰਿ ਘਰੈਂ[1]।

[1]ਘਰ ਦੇ ਕੰਮਾਂ ਤੇ ਲਾਜ ਨੂੰ ਛੱਡ ਕੇ ਸੰਸਾਰ ਵਿੱਚ ਏਧਰ ਓਧਰ ਚੰਚਲਤਾ ਨਾਲ ਬਹੁਤੀਆਂ ਫਿਰਦੀਆਂ ਹਨ।

ਧਨ ਧੰਨ ਤਿਆ ਨਰ ਭਾਗ ਭਰੇ[1],
ਅਨੁਰਾਗ[1] ਪ੍ਰਭੂ ਮਧ ਯੌਂ ਜੁ ਕਰੈਂ ॥ ੩੮ ॥

[1]ਚੰਗੇ ਭਾਗਾਂ ਵਾਲੇ।

[1]ਪ੍ਰੇਮ।

ਮਾਤ ਉਭੈ ਦੁਲਰਾਤ ਸੁਹਾਤ
ਝੁਲਾਤ ਕਬੀ ਪਲਨਾ ਪੁਢਵਾਵੈਂ[1]।

[1]ਦੋਵੇਂ ਮਾਤਾ ਜੀ ਲਾਡ ਲਡਾਉਂਦੇ ਸੋਭਦੇ ਹਨ ਤੇ ਕਦੇ ਪੰਘੂੜੇ 'ਚ ਲਿਟਾ ਕੇ ਝੁਲਾਉਂਦੇ ਹਨ।

ਦਾਸ ਕਬੀ ਸ ਹੁਲਾਸ[1] ਉਠਾਇ,
ਖਿਲਾਇ ਅਵਾਸ ਤੈ[1] ਬਾਹਰ ਲਜਾਵੈਂ।

[1]ਉਤਸ਼ਾਹ ਨਾਲ।

[1]ਘਰ ਤੋਂ।

ਹਾਸ ਬਿਲਾਸ ਰਚੈਂ ਰਸ ਰਾਸਿ[1],
ਉਤੰਗ ਉਮੰਗ ਨਿਸੰਗ ਦਿਖਾਵੈਂ[1]।

[1]ਬਹੁਤ ਅਨੰਦ ਦੇ।
[1]ਨਿਸੰਗ ਹੋ ਕੇ ਉਤਸ਼ਾਹ ਨਾਲ ਉੱਚਾ ਕਰ ਕੇ ਦਿਖਾਉਂਦੇ ਹਨ।

ਮੰਦਹਿ ਮੰਦ[1] ਹਸੈਂ ਕੁਲ ਚੰਦ[2],
ਅਨੰਦ ਅਮੰਦ[1] ਬੁਲੰਦ[2] ਬਢਾਵੈਂ ॥ ੩੯ ॥

[1]ਹੌਲੀ ਹੌਲੀ। [2]ਕੁਲ ਦੇ ਚੰਦ, ਕਲਗੀਧਰ ਜੀ।
[1]ਉੱਜਲ। [2]ਬਹੁਤਾ।

ਅੰਕਣ ਮੈਂ ਰੁੜ੍ਹ ਰਿੰਕਣ ਚਿੰਕਣ,
ਸੰਕਣ ਮੰਕਣ ਸੈਨਤ ਕੈ ਕੈ[1]।

[1]ਵੇਹੜੇ 'ਚਰੁੜ ਕੇ ਖਿਸਕਦੇ ਹਨ, ਚੀਕਾਂ ਮਾਰਦੇ, ਸ਼ਰਮਾਉਂਦੇ ਤੇ ਇਸ਼ਾਰਾ ਕਰ ਕੇ ਮੰਗਦੇ ਹਨ।

ਚਾਲਨ ਬਾਲਨ ਜੈਸ ਦਿਖਾਲਨਿ
ਪਾਲਨ ਘਾਲਨ ਜੋ ਜਗਤੈ ਕੈ[1]।

[1]ਜੋ ਜਗਤ ਦੇ (ਘਾਲਨ) ਰਚਣਹਾਰ ਤੇ ਪਾਲਣਹਾਰ ਸਤਿਗੁਰੂ ਬਾਲਕਾਂ ਵਾਂਗ ਚਲ ਕੇ ਦਿਖਾਉਂਦੇ ਹਨ।

ਗੋਡਨਿ ਹਾਥਨਿ ਸਾਥ ਚਲਾਤਿ[1],
ਬੁਲਾਤ ਜੋ ਮਾਤ ਨਸਾਤ ਚਿਕੈ ਕੈ[1]।
ਦੈ ਪੁਰ ਕੀ ਚੁਟਕੀ ਜਿਮ ਮਾਤ
ਦਿਖਾਤ, ਤਿਵੈਂ ਸੁ ਹਸਾਤ ਹਸੈ ਕੈ[1] ॥ ੪੦ ॥

[1]ਚਲਦੇ ਹਨ।
[1]ਚੀਕ ਮਾਰ ਕੇ ਨੱਸਦੇ ਹਨ।
[1](ਪੁਰ) ਪੋਰੀ ਭਾਵ ਉਂਗਲਾਂ ਦੇ ਫੁੱਲਾਂ ਦੀ ਚੁਟਕੀ ਦੇ ਕੇ ਭਾਵ ਮਾਰ ਕੇ ਜਿਵੇਂ ਮਾਤਾ ਜੀ ਦਿਖਾਉਂਦੇ ਹਨ ਤਿਵੇਂ ਹੀ (ਕਲਗੀਧਰ ਜੀ ਚੁਟਕੀ ਮਾਰ ਕੇ) ਆਪ ਹੱਸਦੇ ਤੇ ਹੋਰਨਾਂ ਨੂੰ ਹਸਾਉਂਦੇ ਹਨ।

ਦਾਸ ਅਦਾਇਬ ਸੰਗ ਫਿਰਾਇਬ,
ਖੇਲ ਖਿਲਾਇਬ ਭਾਇਵ ਕੈ ਹੈਂ[1]।

[1]ਪ੍ਰੇਮ ਕਰਦੇ ਹਨ।

ਹੇਰਤਿ ਮਾਤ ਉਭੈ ਬਡ ਭਾਗਨਿ,
ਟੇਰਤਿ[1] ਬਾਤ ਅਨੇਕ ਬਨੈ ਹੈਂ।

[1]ਬੋਲਦੇ ਹਨ।

ਮਾਤ ਦਿਸਾ ਪਿਖਿ ਕੈ ਮੁਸਕਾਵਤਿ,
ਧਾਵਤਿ ਅੱਗ੍ਰ ਜਿ ਮੱਗਰ ਧੈਹੈਂ[1]।

[1](ਮਾਤਾ ਜੀ) ਮਗਰ ਦੌੜਦੇ ਹਨ ਤਾਂ ਅੱਗੇ ਭੱਜਦੇ ਹਨ।

ਧਾਰਤਿ ਚੰਚਲਤਾ ਕਿਲਕਾਰਤਿ,
ਪਾਰਤ ਮੋਦ ਬਿਨੋਦ ਅਤੈ ਹੈਂ[1] ॥ ੪੧ ॥

[1]ਚੰਚਲਤਾ ਕਰਦੇ ਹਨ, ਕਿਲਕਾਰੀਆਂ (ਚੀਕਾਂ) ਮਾਰਦੇ ਹਨ ਅਤੇ ਬਹੁਤੇ ਅਨੰਦ-ਦਾਇਕ ਕੌਤਕ (ਪਾਰਤਿ) ਪਾਉਂਦੇ ਭਾਵ ਕਰਦੇ ਹਨ।

ਦੇਖਤ ਹੈਂ ਜਿਸ ਕੀ ਦਿਸ ਕੌ ਗੁਰੁ,
ਸੋ ਕਰ ਜੋਰਿ ਥਿਰੈ[1] ਤਿਸ ਠੌਰੈਂ।

[1]ਹੱਥ ਜੋੜ ਕੇ ਖੜ੍ਹ ਜਾਂਦਾ ਹੈ।

ਪਾਇ ਅਸ਼ਾਰਤ[1] ਦੇਤ ਵਹੈ,
ਜੁ ਚਹੈਂ ਫਲ ਫੂਲ, ਖਿਲਾਵਨਿ ਗੌਰੈਂ[1]।

[1]ਇਸ਼ਾਰਾ ਪਾ ਕੇ।
[1]ਬਹੁਤ ਖਿਡਾਉਂਦੇ ਹਨ।

ਲੇਤਿ ਉਠਾਇ, ਕਰਾਇਂ ਗੁਰੂ ਜਿਮ
ਸੋ ਕਰਿ ਹੈਂ, ਰਰ ਹੈਂ ਜਿਸ ਤੌਰੈਂ[1]।

[1]ਜਿਵੇਂ ਗੁਰੂ ਜੀ ਕਰਾਉਂਦੇ ਹਨ ਉਵੇਂ (ਚੁੱਕਣ ਵਾਲੇ) ਕਰਦੇ ਹਨ, ਜਿਸ ਤਰ੍ਹਾਂ (ਉਨ੍ਹਾਂ ਨੂੰ) ਕਹਿੰਦੇ ਹਨ।

ਰੂਪ ਅਨੂਪ ਨਿਹਾਰਿ ਜਵੈਂ ਬਲਿ[1],
ਪੇਖਿ ਰਹੈਂ ਸਮ ਚਾਂਦ ਚਕੋਰੈਂ ॥ ੪੨ ॥

[1]ਦੇਖ ਕੇ ਬਲਿਹਾਰ ਜਾਂਦੇ ਹਨ।

ਕੰਚਨ ਕੰਕਨ ਹੀਰ ਜਰੇ ਕਰ[1],
ਹਾਰ ਗਰੇ ਮੁਕਤਾ ਗਜ ਕੈ ਹੈਂ[1]।
ਕਿੰਕਨੀ ਜ਼ੇਵਰ* ਨੇਵਰ ਲੌ ਸੁਠ,

[1]ਹੱਥਾਂ ਵਿੱਚ ਹੀਰਿਆਂ ਨਾਲ ਜੜ੍ਹੇ ਹੋਏ ਸੋਨੇ ਦੇ ਕੜੇ ਹਨ।

[1]ਹਾਥੀ-ਮੋਤੀਆਂ ਦੇ ਹਨ।

*ਬੱਚਿਆਂ ਨੂੰ ਪਾਏ ਹੋਏ ਗਹਿਣੇ ਬਹੁਤ ਵਾਰੀ ਘਾਤਕ ਸਿੱਧ ਹੋਏ ਹਨ। ਕਿਸੇ ਮਾਂ ਬਾਪ ਨੂੰ ਆਪਣੇ ਬੱਚਿਆਂ ਨੂੰ ਗਹਿਣੇ ਨਹੀਂ ਪਹਿਨਾਉਣੇ ਚਾਹੀਦੇ। ਗੁਰੂ ਸਾਹਿਬਾਨ ਦੀ ਸਿੱਖਿਆ ਸਾਦਾ ਲਿਬਾਸ ਹੈ। ਕਵੀ ਜੀ ਆਪਣੇ ਸਮੇਂ ਦੇ ਰਾਜੇ ਮਹਾਰਾਜੇ ਜਾਂ ਅਮੀਰਾਂ ਦੇ ਬੱਚਿਆਂ ਦੇ ਪਾਏ ਗਹਿਣਿਆਂ ਨੂੰ ਕਲਗੀਧਰ ਜੀ ਦੇ ਪਾਏ ਗਹਿਣੇ ਕਲਪ ਰਹੇ ਹਨ। ਸੋਨੇ ਦੇ ਕੜਿਆਂ ਨੂੰ ਗੰਗਾ ਦਰਿਆ ਵਿੱਚ ਸੁੱਟ ਆਉਣ ਦੀ ਸਾਖੀ ਗਹਿਣੇ ਤਿਆਗਣ ਵੱਲ ਇਕ ਸੰਕੇਤ ਹੈ।

ਸੋਹਿਤ ਮੋਹਿਤ ਜੋਹਿਤ ਜੈਹੈਂ[1]।

[1]ਤੜਾਗੀ ਤੋਂ ਝਾਂਜਰਾਂ ਤਕ ਸੁੰਦਰ ਗਹਿਣੇ ਸੋਭ ਰਹੇ ਹਨ। ਦੇਖਣ ਵਾਲੇ ਮੋਹਿਤ ਹੋ ਜਾਂਦੇ ਹਨ।

ਸਾਜਤਿ ਖੇਲਤਿ ਬਾਜਤਿ ਛਾਜਤਿ,
ਦੁੰਦਭਿ ਲਾਜਤਿ ਕਾਮ ਖਿਸੈ ਹੈ[1]।

[1]ਜਦੋਂ ਸਜੇ ਹੋਏ ਖੇਲਦੇ ਹਨ, (ਤਦੋਂ ਤੜਾਗੀ ਤੇ ਝਾਂਜਰਾਂ) ਵੱਜਦੀਆਂ ਹਨ ਤਾਂ (ਐਸੇ) ਫਬਦੇ ਹਨ (ਕਿ ਜਿਨ੍ਹਾਂ ਨੂੰ ਵਜਦਿਆਂ) ਵੇਖ ਕੇ ਧੌਂਸੇ ਸ਼ਰਮਿੰਦਾ ਹੋ ਜਾਂਦੇ ਹਨ (ਅਤੇ ਸੁੰਦਰਤਾ) ਵੇਖ ਕੇ ਕਾਮ ਖਿਝਣ ਲੱਗ ਪੈਂਦਾ ਹੈ।

ਝੀਨ[1] ਝੱਗੀ ਮੱਧ ਯੌਂ ਝਲਕੈ[2] ਤਨ,
ਜਯੋਂ ਘਨ ਮੈਂ ਸਸਿ ਸੋਹਿ ਅਛੈ ਹੈ[1] ॥ ੪੩ ॥

[1]ਬਰੀਕ। [2]ਚਮਕਦਾ ਹੈ।

[1]ਜਿਵੇਂ ਬੱਦਲਾਂ ਵਿੱਚ ਚੰਦ ਚੰਗਾ ਸੋਭਦਾ ਹੈ।

ਮਾਤ ਸ੍ਰੀ ਗੁਜਰੀ ਨਿਜ ਹਾਥਨਿ,
ਖਾਨ ਰੁ ਪਾਨ ਖੁਲਾਵਤਿ ਧੀਰੇ[1]।

[1]ਸਹਿਜੇ ਸਹਿਜੇ।

ਪ੍ਰੇਮ ਸਨੇਮ ਭਲੈਂ ਸੁਤ ਪਾਲਤਿ,
ਲਾਲਤਿ[1] ਭਾਂਤਿ ਅਨੇਕ ਗੰਭੀਰੇ[2]।

[1]ਲਾਡ ਕਰਦੇ ਹਨ। [2]ਨੀਝ ਨਾਲ।

ਰੱਖਕ ਜੋ ਜੁਗ ਲੋਗਹਿਂ ਸਿੱਖਨਿ,
ਰੱਖ ਬੰਧੈਂ ਤਿਹ ਬਾਘ ਨਖੀਰੇ[1]।

[1]ਤਿਨਾਂ ਨੂੰ ਸ਼ੇਰ ਦੇ ਨਹੁੰਆਂ ਦੀਰੱਖ ਬੰਨ੍ਹਦੇ ਹਨ।

ਏਤਕ ਬਾਤ ਲਖਾਤ ਨ[1] ਮਾਤ,
ਸਕੈਂ ਕਿਮ ਬਾਸ਼ਕ ਕੋ ਕਟ ਕੀਰੇ[1] ॥ ੪੪ ॥

[1]ਜਾਣਦੇ ਨਹੀਂ।

[1]ਬਾਸ਼ਕ ਨਾਮ ਦੇ ਸੱਪ ਨੂੰ ਕੀੜੇ ਕਿਵੇਂ ਕੱਟ ਸਕਦੇ ਹਨ।

ਕਬਿੱਤ:

ਲਾਗੇ ਹੋਨਿ ਖਰੇ[1] ਜੋਰ ਭਰੇ ਅੰਗ ਦਾ ਉਮੰਗ[2],
ਫਰੈਂ ਦਾਸ ਦਾਸੀ ਕਰੈਂ[1] ਧਰੈਂ ਪਗ ਚਾਇ ਕੈ[2]।
ਸੁੰਦਰ ਗਡੀਰ[1] ਬਾਢੀ[2] ਲਜਾਯੋ ਹੈ ਇਨਾਮ ਪਾਯੋ,
ਤਾਹਿਂ ਕੋ ਪਕਰਿ ਚਾਲੈਂ ਸਹਿਜ ਸੁਭਾਇ ਕੈ।
ਮਾਇ ਇਸ਼ਨਾਨ ਕਰਵਾਇ ਸੀਸ ਫੂਲ* ਗੂੰਦ[1],

[1]ਖੜੇ। [2]ਉਤਸ਼ਾਹ ਦੇਣ ਵਾਲੇ ਅੰਗਾਂ 'ਚ ਜ਼ੋਰ ਭਰ ਗਿਆ।
[1]ਫੜਦੇ ਹਨ। [2]ਚੁੱਕ ਕੇ ਪੈਰ ਰੱਖਦੇ ਹਨ।
[1]ਗਡੀਰਾ, ਰੇੜ੍ਹਾ। [2]ਤਰਖਾਣ।
[1]ਸਿਰ 'ਤੇ ਫੁੱਲ ਗੁੰਦਦੀ ਹੈ। *ਕੇਸ ਵਾਹ ਕੇ ਸਿਰ 'ਤੇ ਜੂੜਾ ਕਰਕੇ ਦਸਤਾਰ ਸਜਾਉਣੀ ਹੀ ਗੁਰਮਤਿ ਹੈ।

ਭੂਖਨ ਸਜਾਇ ਨੈਨ ਅੰਜਨ[1] ਸੁ ਪਾਇ ਕੈ।
ਨੱਜ਼ਰ ਕੇ ਹੇਤ ਦੇਤ ਕੱਜਰ ਕਪੋਲ ਬਿੰਦੁ,
ਮਾਨੋ ਅਲਿ ਸੱਜਰ ਕਵਲ ਪਰ ਭਾਇ ਕੈ[1]
॥ ੪੫ ॥

[1]ਸੁਰਮਾ।
[1]ਨਜ਼ਰ (ਲਗਣੋ ਬਚਾਉਣ) ਵਾਸਤੇ ਗਲ੍ਹਾਂ ਉੱਤੇ ਸੁਰਮੇ ਦਾ ਟਿੱਕਾ ਲਾਉਂਦੇ ਹਨ ਜਾਣੋ ਕਵਲ ਉਪਰ ਪ੍ਰੇਮ ਨਾਲ ਭੌਰਾ ਸਜ ਰਿਹਾ ਹੈ।

ਹੇਰ ਕੈ ਬਿਨੋਦਨਿ ਪ੍ਰਮੋਦ ਅਨਮੋਦ ਹੋਇ,
ਮਾਤ ਲੈ ਸੁ ਗੋਦ ਦਧਿ ਓਦਨ ਅਚਾਵਤੀ[1]।

[1]ਮਾਤਾ ਜੀ ਕੌਤਕਾਂ ਨੂੰ ਦੇਖ ਕੇ ਬਹੁਤ ਅਨੰਦ ਵਿੱਚ (ਅਨਮੋਦ) ਮਸਤ ਹੋ ਕੇ (ਸਾਹਿਬਜ਼ਾਦੇ ਨੂੰ) ਗੋਦ ਵਿੱਚ ਲੈ ਕੇ ਦਹੀਂ ਤੇ ਚੌਲ ਛਕਾਉਂਦੀ ਹੈ।

ਧੋਇ ਮੁਖ ਚੰਦ ਚੂੰਮ ਘੂਮ ਝੂਮ ਸਾਨੰਦ ਸੋ[1],
ਭਾਵਤਿ ਅਨੇਕਧਾ ਹੈ ਬਾਤ ਬਤਰਾਵਤੀ[1]।
ਹਸਿ ਹਸ ਰਸ ਕੋ ਬਢੈ ਹੈਂ ਬਿਗਸੈ ਹੈਂ ਪ੍ਰਭ,
ਉਗੇ ਜੁਗ ਦਾਂਤ ਪਾਂਤ ਸੋਭ ਯੌਂ ਦਿਖਾਵਤੀ[1]।

[1]ਅਨੰਦ ਨਾਲ ਘੁੰਮਦੀ ਤੇ ਝੂਮਦੀ ਫਿਰਦੀ ਹੈ।
[1]ਮਨ ਭਾਉਂਦੀਆਂ ਅਨੇਕ ਤਰ੍ਹਾਂ ਦੀਆਂ ਗੱਲਾਂ ਦੱਸਦੀ ਹੈ।
[1](ਪ੍ਰਭ) ਕਲਗੀਧਰ ਜੀ ਹੱਸ ਕੇ ਹਾਸ-ਰਸ ਨੂੰ ਵਧਾ ਕੇ ਖ਼ੁਸ਼ ਹੁੰਦੇ ਹਨ, ਉੱਗੇ ਹੋਏ ਦੋ ਦੰਦਾਂ ਦੀ ਪੰਗਤੀ ਐਉਂ ਸੋਭਾ ਦਿਖਾਉਂਦੀ ਹੈ।

ਓਸ ਬਿੰਦੂ ਨਵਲ ਕਵਲ ਮਧ ਸੋਹੈਂ ਕਿਤ,
ਪਰਵਾਲ ਸੰਪੁਟ ਮੈਂ ਹੀਰਾ ਦੁਤਿ ਭਾਵਤੀ[1]
॥ ੪੬ ॥

[1](ਜਾਣੋ) ਤ੍ਰੇਲ ਦੇ ਨਵੇਂ ਕਿਣਕੇ ਕੰਵਲ ਵਿੱਚ ਸੋਭਦੇ ਹਨ ਜਾਂ ਮੂੰਗੇ ਦੇ ਡੱਬੇ ਵਿੱਚ ਹੀਰਿਆਂ ਦੀ ਸੋਭਾ ਚੰਗੀ ਲੱਗਦੀ ਹੈ।

ਮੇਚਕ ਚਿਕਨ ਕਚ ਘੁੰਘਰਾਰੇ ਕਾਰੇ ਅਹਿ
ਛੌਨੇ, ਅਲਿ ਮਾਨੋ ਮੰਡਰਾਰੇ ਭਾਰੇ ਸੋਭ ਹੈਂ[1]।

[1]ਕਾਲੇ ਚੀਕਣੇ ਤੇ ਛੱਲਿਆਂ ਵਾਲੇ ਕੇਸ ਜਾਣੋ ਕਾਲੇ ਸੱਪਾਂ ਦੇ ਬੱਚੇ ਜਾਂ ਭੌਰੇ ਘੁੰਮਦੇ ਹੋਏ ਬਹੁਤ ਸੋਭ ਰਹੇ ਹਨ।

ਗੂੰਦ ਮਾਤਰੂੰਦ[1] ਛੱਬੇ[2], ਚੌਕ[3] ਕੌਡੀ ਫੂਲ ਸੱਬੇ,

[1]ਮਾਤਾ ਜੀ ਗੁੰਦਣ 'ਚ ਰੁੱਝੀ ਰਹਿੰਦੀ ਹੈ। [2]ਲੂਲ੍ਹਾਂ। [3]ਇਕ ਤਰ੍ਹਾਂ ਦਾ ਗਹਿਣਾ।

ਰਤਨ ਜਟਤਿ ਫੱਬੇ, ਜਨ ਮਨ ਲੋਭ ਹੈਂ[1]।

[1]ਲੁਭਾਇਮਾਨ ਹੁੰਦੇ ਹਨ।

ਕਾਨਨਿ ਝਬੂਲੀ ਝੂਲੀ ਸੋਹਿਤ, ਅਲੂਲੀ ਛਬਿ[1],

[1]ਝੁਮਕੀ ਹਿਲਦੀ ਹੋਈ ਸੋਭਦੀ ਹੈ, ਜਿਸ ਕਰ ਕੇ ਅਲੌਕਕ ਸੋਭਾ ਹੋ ਰਹੀ ਹੈ।

ਹੇਰਿ ਸਚੀ[1] ਭੂਲੀ ਔ ਕੁਬੇਰ ਮਨ ਛੋਭ ਹੈ[2]।

[1]ਇੰਦ੍ਰ ਦੀ ਇਸਤ੍ਰੀ। [2]ਘਬਰਾ ਗਿਆ ਹੈ।

ਮਾਨੋ ਮੁਖ ਚੰਦ ਤੈ ਅਮੰਦ ਅਮੀ ਚਾਖਬੇ ਕੋ,
ਦੁੰਦ ਦਿਸ ਬ੍ਰਿੰਦ ਨਖਤਾਵਲੀ ਨਗੋਭ ਹੈਂ[1]
॥ ੪੭ ॥

[1]ਜਾਣੋ ਮੁਖ ਰੂਪ ਚੰਦ ਤੋਂ ਉੱਜਲ ਅੰਮ੍ਰਿਤ ਚੱਖਣ ਨੂੰ ਦੋਹਾਂ ਪਾਸਿਆਂ ਤੋਂ ਬਹੁਤੇ ਤਾਰਿਆਂ ਦੀਆਂ ਪੰਗਤੀਆਂ (ਨਗੋਭ) ਉਲਟ ਪਈਆਂ ਹਨ। (ਫਾ. ਨਗੂੰ-ਉਲਟਾ, ਮੂਧਾ)।

ਭਾਲ ਬਾਲੁ ਇੰਦੁ ਸੋਹੈਂ, ਧਨੁਖ ਰਤਿੰਦ ਭੌਹੈਂ
ਹਸਨ ਦਸਨ ਮੋਹੈਂ ਰਦ-ਛਦ ਦਾਮਨੀ[1]।

[1]ਮੱਥਾ ਚੜ੍ਹਦੇ ਚੰਦ ਵਾਂਗ, ਕ੍ਰੁਵੱਟੇ ਕਾਮ ਦੇ ਧਨੁਖ ਵਾਂਗ ਸੋਂਹਦੇ ਹਨ, ਬੁਲ੍ਹਾਂ ਵਿਚੋਂ ਹੱਸਣ ਨਾਲ ਦੰਦ ਬਿਜਲੀ ਵਾਂਗ ਮੋਂਹਦੇ ਹਨ।

ਚੰਚਲ ਬਿਲੋਚਨ[1] ਮੋਚਨ[2] ਤੀਨ ਤਾਪ ਸਾਪ[3],
ਚਿਤਵ ਚਹੂੰ ਘਾ ਚਿਤਰਾਗ ਉਪਜਾਵਨੀ[1]।

[1]ਨੇਤ੍ਰ। [2]ਕੱਟਣ ਵਾਲੇ। [3]ਸ੍ਰਾਪ।
[1]ਚਹੁੰ ਪਾਸੀਂ ਦੇਖ ਕੇ ਚਿੱਤ ਵਿੱਚ ਪ੍ਰੇਮ ਪੈਦਾ ਕਰਦੇ ਹਨ।

ਕਮਲਾ ਕਮਲ ਹੂੰ ਤੈ ਕੋਮਲ ਕਮਲ ਕਰ,
ਕੰਕਨ ਕਯੂਰ ਕਲ ਕੰਚਨ ਕਲਾਵਨੀ[1]।

[1]ਲੱਛਮੀ ਤੇ ਕੰਵਲ ਨਾਲੋਂ ਕੋਮਲ ਹੱਥ ਕੰਵਲ ਹਨ ਸੁੰਦਰ ਸੋਨੇ ਦੇ ਕੜੇ ਤੇ ਬਾਜ਼ੂ ਬੰਦ (ਕਲਾਵਨੀ) ਚੰਗੇ ਕਲਾਕਾਰਾਂ ਦੇ ਬਣਾਏ ਹੋਏ ਹਨ।

ਹਸੀਆਂ[1] ਤੰਦੀਰੇ[2] ਜਟੇ ਮਨਿ ਗਨ ਹੀਰੇ,

[1]ਬੱਚਿਆਂ ਦੇ ਗਲ 'ਚ ਦਾ ਗਹਿਣਾ, ਛੋਟਾ ਹੱਸ। [2]ਇਕ ਤਰ੍ਹਾਂ ਦਾ ਗਹਿਣਾ।

ਮਾਲ ਮੁਕਤਾ ਬਿਸਾਲ ਧੀਰੇ ਗਰੇ ਛਬਿ ਛਾਵਨੀ[1]
॥ ੪੮ ॥

[1]ਮੋਤੀਆਂ ਦੀ ਵੱਡੀ ਮਾਲਾ ਗਲ 'ਚ ਪਾਈ ਹੋਈ ਸੋਭਾ ਦੇ ਰਹੀ ਹੈ

ਕਮਨੀਯ ਕਿੰਕਨੀ ਕਨਕ ਕਟਿ ਤਟ ਸੋਹਿ,
ਘਟਿਤਿ ਜਟਿਤਿ ਛੁੱਦ੍ਰ ਘੰਟਕਾ ਸੁ ਬਜ ਹੈਂ[1]।

[1]ਸੁੰਦਰ ਸੋਨੇ ਦੀ ਕੰਕਨੀ (ਥੋੜਾ ਸ਼ਬਦ ਕਰਨ ਵਾਲੀ ਤੜਾਗੀ) ਲੱਕ ਦੇ ਉਦਾਲੇ ਸੋਭਦੀ ਹੈ ਅਤੇ ਘੜ ਕੇ ਜੜੇ ਹੋਏ (ਛੁੱਦ੍ਰ ਘੰਟਿਕਾ) ਛੋਟੇ ਛੋਟੇ ਘੁੰਗਰੂ ਵੱਜ ਰਹੇ ਹਨ।

ਮਾਨੋ ਕਾਮ ਮਨੀ ਥੰਭ ਆਸ ਪਾਸ ਸਬਿਲਾਸ,
ਬਾਲਕ ਪਢਿਤਿ ਚਟਸਾਲ ਸੁਰ ਸਜ ਹੈਂ[1]।

[1]ਜਾਣੋ ਚਿੰਤਾ ਮਣੀ ਦੇ ਥੰਮ੍ਹ ਦੇ ਉਦਾਲੇ ਅਨੰਦ ਸਹਿਤ ਬੱਚੇ ਪਾਠਸ਼ਾਲਾ ਵਿੱਚ ਅਵਾਜ਼ਾਂ ਮੇਲ ਕੇ ਪੜ੍ਹਦੇ ਹਨ।

ਨੂਪਰ ਅਨੂਪਰ ਬਿਰਾਜੈਂ ਪਗ ਊਪਰ ਜੋ,
ਕੰਜ ਪੈ ਮਰਾਲ ਬਾਲ ਮਾਲ ਜਨਰਜ ਹੈਂ[1]।

[1]ਚਰਨਾਂ ਉੱਪਰ ਜੋ ਸੁੰਦਰ ਝਾਂਜਰਾਂ ਬਿਰਾਜਦੀਆਂ ਹਨ ਉਹ ਜਾਣੋ ਕੰਵਲ ਉੱਪਰ ਹੰਸਾਂ ਦੇ ਬੱਚਿਆਂ ਦੀਆਂ ਕਤਾਰਾਂ ਬਿਰਾਜਦੀਆਂ ਹਨ।

ਚਲਤਿ ਹਲਤਿ ਧੁਨਿ ਮਧੁਰ ਮਧੁਰ[1] ਸੁਨਿ,
ਮੋਹਿਤ ਸੁ ਮਨ ਮੁਨਿ ਰਤਿ ਪਤਿ ਲਜ ਹੈਂ[1]
॥ ੪੯ ॥

[1]ਮਿੱਠੀ ਮਿੱਠੀ ਆਵਾਜ਼।
[1]ਕਾਮ ਸ਼ਰਮਿੰਦਾ ਹੋ ਜਾਂਦਾ ਹੈ।

ਖਾਪਕ ਖਲਨਿ ਖਿਲ ਖਲਕ ਖਿਲਾਨ ਖੇਲ

ਖਾਲਕ ਖੁਲਕ ਖਿਤ ਖੇਲਤਿ ਖਿਲਾਵਹੀਂ[1]।

[1](ਖਲਨਿ) ਮੂਰਖਾਂ (ਜ਼ਾਲਮਾਂ) ਨੂੰ (ਖਿਲ) ਚੁਣ ਚੁਣ ਕੇ ਖਪਾਉਣ ਵਾਲੇ, ਸ੍ਰਿਸ਼ਟੀ ਨੂੰ ਖੇਡ ਖਿਡਾਉਣ ਵਾਲੇ ਪ੍ਰਮੇਸ਼ਰ ਦੇ (ਖੁਲਕ) ਸੁਭਾਉ ਵਾਲੇ ਸਤਿਗੁਰੂ ਧਰਤੀ 'ਤੇ ਖੇਡਦੇ ਤੇ ਹੋਰਾਂ ਨੂੰ ਖਿਡਾਉਂਦੇ ਹਨ।

ਲੈ ਕਰਿ ਖਿਲੌਨੇ ਲੌਨੇ ਖੇਲੈਂ ਛੌਨੇ ਸਿੱਖਨ ਸੋਂ,
ਭੌਨੇ ਕੌਨੇ ਦੁਰੈਂ ਤੌਨੇ ਕਬੀ ਬਿਦਤਾਵਹੀਂ[1]।

[1]ਸੁੰਦਰ ਖਿਡਾਉਣੇ ਲੈ ਕੇ ਸਿੱਖਾਂ ਦੇ ਬੱਚਿਆਂ ਨਾਲ ਖੇਡਦੇ ਹਨ (ਕਦੇ) ਘਰਾਂ ਦੇ ਖੂੰਜਿਆਂ 'ਚ ਲੁਕਦੇ ਹਨ ਅਤੇ ਫੇਰ ਕਦੇ ਤਿਨਾਂ (ਖੂੰਜਿਆਂ 'ਚੋਂ) ਪ੍ਰਗਟ ਹੋ ਆਉਂਦੇ ਹਨ।

ਦਾਸ ਦਾਸੀ ਯਾਵਤ ਜਨਾਵਤਿ ਖਿਲਾਵੈਂ ਹਮ,
ਪੈ ਨ ਜਾਨੈਂ ਜਢ ਪ੍ਰਭੁ ਬਿਸ੍ਵ ਕੋ ਖਿਲਾਵਹੀਂ[1]।

[1](ਯਾਵਤ) ਜਿਤਨੇ ਦਾਸ ਤੇ ਦਾਸੀਆਂ (ਹਨ ਉਹ) ਜਣਾਉਂਦੇ ਹਨ ਕਿ ਅਸੀਂ ਖਿਡਾਉਂਦੇ ਹਾਂ ਪਰ ਮੂਰਖ ਨਹੀਂ ਜਾਣਦੇ ਕਿ (ਪ੍ਰਭੁ) ਸਤਿਗੁਰੂ ਸ੍ਰਿਸ਼ਟੀ ਨੂੰ ਖਿਡਾਉਂਦੇ ਹਨ।

ਝਾਈ ਨਿਜ ਝਲਕਤਿ ਹੇਰਿ ਕਿਲਕਤਿ, ਜੇਰ
ਚੱਯਾ ਖਲਕਤ, ਬਾਲ ਨਾਟਕ ਦਿਖਾਵਹੀਂ[1]
॥ ੫੦ ॥

[1]ਆਪਣਾ (ਝਾਈ) ਪਰਛਾਵਾਂ (ਝਲਕਤ) ਚਮਕਦਾ ਦੇਖ ਕੇ ਚੀਕਾਂ ਮਾਰਦੇ ਹਨ ਜਿਹੜੇ ਸ੍ਰਿਸ਼ਟੀ ਦੇਰਚਣਹਾਰ ਹਨ (ਉਹ) ਬਾਲਕਾਂ ਵਾਂਗਰਾਂ ਤਮਾਸ਼ਾ ਦਿਖਾਉਂਦੇ ਹਨ।

ਲੋਗਨ ਕੀ ਭਾਰਜਾ[1], ਦੁਲਾਰੈਂ ਆਇ ਆਰਜਾ[2],
ਚਹਿਤ ਚਿੱਤ ਕਾਰਜਾ[1], ਸੋ ਜੈਸ ਤੈਸ ਪਾਤ ਹੈਂ[2]।

[1]ਇਸਤ੍ਰੀਆਂ। [2]ਸ੍ਰੇਸ਼ਟ।

[1]ਕੰਮ। [2]ਉਹੋ ਜਿਹਾ ਪਾ ਲੈਂਦੀਆਂ ਹਨ।

ਮੋਦ ਹੋਇ ਜਾਤਿ ਸੁਨਿ ਔਰ ਆਤਿ, ਮਾਤ ਕੋ
ਨਿਵਾਇ ਸੀਸ ਲੈ ਅਸੀਸ, ਗੁਰੁ ਈਸ ਭਾਂਤਿ ਹੈਂ[1]।

[1](ਕਹਿੰਦੀਆਂ ਜਾਂਦੀਆਂ ਹਨ ਕਿ) ਗੁਰੂ ਈਸ਼ਰ ਦੀ ਤਰ੍ਹਾਂ ਹਨ।

ਤੋਤਲੇ ਸੇ ਬੋਲਨ ਅਮੋਲਨ ਪੈ ਮੋਲ ਬਿਕੈਂ,
ਮ੍ਰਿਦੁਲ ਮਧੁਰ ਬੈਨ ਸੁਧਾਰਸ ਦਾਤ ਹੈਂ[1]।

[1]ਅਮੋਲਕ ਬਚਨਾਂ ਉੱਪਰ ਮੁੱਲ ਵਿੱਕ ਜਾਂਦੀਆਂ ਹਨ, ਕੋਮਲ ਤੇ ਮਿੱਠੇ ਬਚਨ ਅੰਮ੍ਰਿਤਰਸ ਦੇ ਦਾਤੇ ਹਨ।

ਡੋਲਨ ਕਪੋਲਨ ਪੈ ਕੁੰਡਲ ਸਲਲ ਅਤਿ,
ਸੂਰਤ ਪੂਰਤ ਮੁਦ ਮੂਰਤਿ ਸੁਹਾਤ ਹੈ[1] ॥ ੫੧ ॥

[1]ਗਲ੍ਹਾਂ 'ਤੇ ਬਹੁਤੇ (ਸਲਾਲ) ਸੁੰਦਰ ਕੁੰਡਲ (ਡੋਲਨ) ਹਿਲਦੇ ਹਨ, ਅਨੰਦ ਨਾਲ ਭਰੀ ਹੋਈ (ਸੂਰਤ) ਸੁੰਦਰ ਮੂਰਤੀ ਸੋਹ ਰਹੀ ਹੈ।

ਭੁਜ ਮੈ ਭਰਨ ਭੇਟ ਅੱਗ੍ਰ ਧਰਨ,
ਪਜਾਰ ਅਤਿਸੈ ਕਰਨ ਚੁੰਮ ਚਰਨ ਕਰਨ ਸੋ[1]।

[1](ਦਰਸ਼ਨ ਕਰਨ ਵਾਲੇ) ਜੱਫੀ ਪਾ ਲੈਂਦੇ ਹਨ, ਭੇਟਾ ਅੱਗੇ ਰੱਖਦੇ ਹਨ, ਬਹੁਤਾ ਪਿਆਰ ਕਰਦੇ ਹਨ ਅਤੇ ਚਰਨਾਂ ਨੂੰ ਚੁੰਮਣ ਕਰਦੇ ਹਨ।

ਖੇਲਨੇ[1] ਮਿਠਾਈ ਮੇਵੇ ਦੈ ਕਰਿ ਬਿਨੈਂ[2] ਕਰੇਵੇਂ,
ਭਾਵਤ[1] ਸੁ ਬਰ ਲੇਵੇਂ ਦਾਰਦ ਦਰਨ ਸੋ[2]।

[1]ਖਿਡਾਉਣੇ। [2]ਬੇਨਤੀਆਂ।

[1]ਮਨ ਭਾਉਂਦੇ। [2]ਉਹ ਗ਼ਰੀਬੀ ਦੂਰ ਕਰ ਲੈਂਦੇ ਹਨ।

ਕ੍ਰੀੜਤ ਅਨੂਪ ਕੌਰ ਪੀਰਨ ਮੀਰਨ ਮੌਰ,
ਧੀਰਨ ਬੀਰਨ ਤੌਰ ਕਾਰਨ ਕਰਨ ਸੋ[1]।

[1](ਕੌਰ) ਸਾਹਿਬਜ਼ਾਦਾ ਬਹੁਤ ਚੰਗੀਆਂ ਖੇਡਾਂ ਖੇਡਦੇ ਹਨ ਜੋ ਪੀਰਾਂ ਤੇ ਬਾਦਸ਼ਾਹਾਂ ਦੇ ਸ਼੍ਰੋਮਣੀ ਹਨ। ਉਹਨਾਂ ਦਾ ਤ੍ਰੀਕਾ ਧੀਰਜੀ ਸੂਰਮਿਆਂ ਵਾਲਾ ਹੈ। ਉਹ ਸੰਸਾਰ ਦੇਰਚਨ ਵਾਲੇ ਹਨ।

ਜੋਤਕੀ ਨਿਹਾਰਨ ਵਿਚਾਰਨ ਲੱਛਨ,
ਅਵਤਾਰਨ ਉਦਾਰਨ, ਪੁਕਾਰਨ ਬਰਨ ਸੋ[1]
॥ ੫੨ ॥

[1]ਜੋਤਸ਼ੀ ਦੇਖ ਕੇ ਸ੍ਰੇਸ਼ਟ ਅਵਤਾਰਾਂ ਵਾਲੇ ਲੱਛਣ ਵਿਚਾਰਦੇ ਹਨ ਅਤੇ ਬੋਲ ਕੇ ਕਹਿੰਦੇ ਹਨ।

ਹੋਇ ਹੈਂ ਜਗਤ ਪੂਜ ਦੂਜ ਸਸੀ ਸੋ ਨਮੂਜ,
ਯਾਂਹਿ ਕੀ ਰਮੂਜ ਤੈ ਅਰੂਜ ਕਲਜਾਨ ਹੈ[1]।

[1]ਜਗਤ ਦੇ ਪੂਜਨੀਕ ਹੋਣਗੇ, ਦੂਜ ਦੇ ਚੰਦ ਵਾਂਗ ਵਧਣਗੇ। ਇਨ੍ਹਾਂ ਦੇ ਇਸ਼ਾਰੇ ਨਾਲ ਹੀ ਤਰੱਕੀ ਤੇ ਕਲਿਆਣ ਹੋਵੇਗਾ।

ਦੇਵਤਾ ਕੋ ਬਿਦਤੈ ਹੈਂ[1] ਬੀਰ ਰਸ ਕੋ ਬਢੈ ਹੈਂ[2],
ਹਿੰਦੁ ਧਰਮ ਕੋ ਰਖੈ ਹੈਂ[1] ਜੰਗ ਬਡ ਠਾਨ ਹੈ[2]।

[1]ਕੋਈ ਦੇਵਤਾ ਪ੍ਰਗਟ ਕਰਨਗੇ। [2]ਵਧਾਉਣਗੇ।
[1]ਰੱਖਿਆ ਕਰਨਗੇ। [2]ਕਰਨਗੇ।

ਸੀਸ ਛੱਤ੍ਰ ਚਮਰ ਝੁਲੈ ਹੈਂ ਸਾਚੋ ਪਾਤਸਾਹਿ
ਪ੍ਰਗਟੈ ਹੈਂ, ਪੰਥ ਸ੍ਵੈ[1] ਚਲੈ ਹੈਂ ਸਿੰਘ ਸਾਨ ਹੈਂ[2]।

[1]ਆਪਣਾ। [2]ਸ਼ੇਰ ਵਰਗੇ ਹਨ।

ਅਸਰਨ ਸਰਨ ਹੈਂ ਕਾਰਨ ਕਰਨ,
ਭਵ ਤਾਰਨ ਤਰਨ ਤੇਜ ਤਰਨ ਸਮਾਨ ਹੈਂ[1]
॥ ੫੩ ॥

[1]ਜਿਨ੍ਹਾਂ ਨੂੰ ਕੋਈ ਸ਼ਰਨ ਨ ਦੇਵੇ ਉਹਨਾਂ ਨੂੰ ਸ਼ਰਨ ਦੇਣ ਵਾਲੇ ਹੋਣਗੇ, ਸੰਸਾਰ ਦੇਰਚਨ ਵਾਲੇ, ਸੰਸਾਰ ਸਮੁੰਦਰ ਤੋਂ ਤਾਰਨ ਲਈ ਜਹਾਜ਼ ਰੂਪ ਹੋਣਗੇ ਅਤੇ ਤੇਜ ਸੂਰਜ ਵਾਂਗ ਹੋਵੇਗਾ।

ਆਵਤ ਅਨੇਕ ਜਨ ਗਾਵਤ ਹੈਂ ਗੁਨ ਗਨ[1],
ਪਾਵਤ ਸੁ ਧਨ ਮਨ ਬਾਂਛਤ ਸਿਧਾਇ ਹੈਂ[1]।

[1]ਬਹੁਤੇ।
[1]ਚਲੇ ਜਾਂਦੇ ਹਨ।

ਪੀਰ ਔ ਫਕੀਰ ਜਸ ਸੁਨਿ ਗੁਨਿ ਆਇ
ਦਰਸਾਇਂ, ਨਾਇ ਸੀਸ[1] ਜਗਦੀਸ ਲਖਿ[2] ਜਾਇ ਹੈਂ।

[1]ਸਿਰ ਨਿਵਾ ਕੇ। [2]ਜਾਣ ਕੇ।

ਸੰਗਤ ਗੁਰੂ ਕੀ ਨਿਤ ਆਇ ਕੈ ਚਢਾਇ ਭੇਟ,
ਪਾਇ ਫਲ ਚਾਰ ਅਨੁਸਾਰ ਨਿਜ ਭਾਇ ਹੈਂ[1]।

[1]ਆਪੋ ਆਪਣੇ ਪ੍ਰੇਮ ਅਨੁਸਾਰ।

ਰੈਹੈ ਗੁਰੁ ਦਰ ਭੀਰ ਨਿਸ ਦਿਨ ਤਰ[1],
ਆਇਂ ਏਕ ਜਾਇਂ ਘਰ, ਸਬਿ ਬਰਸਾਇ ਕੈ[1]
॥ ੫੪ ॥

[1]ਬਹੁਤੀ।
[1]ਵਰੋਸਾ ਕੇ।

ਦੋਹਰਾ:
ਜਨਮ ਕਥਾ ਸਤਿਗੁਰੂ ਕੀ,

ਗਾਇ ਧਜਾਇ ਸੁਖ ਧਾਮ[1]।
ਹਰਿ ਗਜਾਨ ਗੁਰੁ ਗਜਾਨ ਲਹਿ[1],
ਧਜਾਇ ਕੀਨ ਬਿਸ੍ਰਾਮ ॥ ਪਪ ॥

[1]ਸੁਖਾਂ ਦੇ ਘਰ ਗੁਰਾਂ ਨੂੰ ਧਿਆ ਕੇ।
[1]ਪ੍ਰਾਪਤ ਕਰਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ ਜਨਮ ਕਥਾ ਦਸਮ ਗੁਰੂ ਕੋ ਪ੍ਰਸੰਗ ਬਰਨਨੰ ਨਾਮ ਤ੍ਰਿਤਾਲੀਸਮੋਂ ਬਿਸ੍ਰਾਮ ॥ ੪੩ ॥

੪੪. {ਬਾਲ ਲੀਲ੍ਹਾ, ਪਟਨੇ ਸਾਹਿਬ ਤੋਂ ਅਨੰਦਪੁਰ ਨੂੰ}

ਦੋਹਰਾ:

*ਸਾਰਦ ਇੰਦੁ ਮਨਿੰਦ ਦੁਤਿ,
ਸੁਮਤਿ ਕੁਨਿੰਦ ਬੁਲਿੰਦ[1]।
ਬੰਦਿ ਦੁੰਦ ਕਰ ਬੰਦਿ ਕੈ,
ਸਾਰਦ ਪਦ ਅਰਬਿੰਦ[1] ॥੧॥

*ਸਰਸੁਤੀ ਦੇ ਮੰਗਲ ਬਾਰੇ ਦੇਖੋ 'ਕਵਿ-ਸੰਕੇਤ-ਮਰਯਾਦਾ ਦਾ ਦੂਜਾ ਮੰਗਲ'।
[1]ਸਰਦਰੁੱਤ ਦੇ ਚੰਦ ਵਾਂਗ ਜਿਸ ਦੀ ਸੋਭਾ ਹੈ, ਸ੍ਰੇਸ਼ਟ ਮੱਤ ਨੂੰ ਉੱਚਿਆਂ ਕਰਨ ਵਾਲੀ ਹੈ।
[1]ਉਸ ਸਰਸੁਤੀ ਦੇ ਚਰਨ-ਕੰਵਲਾਂ ਤੇ ਦੋਨੋਂ ਹੱਥ ਜੋੜ ਕੇ ਨਮਸ਼ਕਾਰ ਕਰਦਾ ਹਾਂ।

ਪਟਨੇ ਤੈ ਜਿਮ ਚਲੈਂਗੇ
ਬਾਲ ਲੀਲ ਕਰਿ ਗੌਰ[1]।
ਇਤਕ ਗਾਥ ਇਸ ਧਜਾਇ ਤੈ,
ਸੁਨੋ ਸੱਜਨ ਭਲ ਤੌਰ[1] ॥੨॥

[1]ਭਾਰੀ, ਚੰਗੀ।
[1]ਚੰਗੇ ਢੰਗ ਨਾਲ।

ਕ੍ਰੀੜਤਿ ਪਿਖਿ ਗੁਰੁ ਬਾਲ ਬਪੁ,
ਬੀੜਤ ਸਾਰਦ ਇੰਦੁ[1]।
ਤ੍ਰੀੜਤਿ ਛਬਿ ਸਬਿ ਮਦਨ ਕੀ,
ਮੀੜਤ ਮੁਖ ਅਰਬਿੰਦ[1] ॥੩॥

[1]ਬਾਲ ਸਰੂਪ ਸਤਿਗੁਰਾਂ ਨੂੰ ਖੇਡਦਿਆਂ ਵੇਖ ਕੇ ਸਰੁਸਤੀ ਤੇ ਚੰਦ੍ਰਮਾ ਸ਼ਰਮਿੰਦੇ ਹੁੰਦੇ ਹਨ।
[1]ਕਾਮ ਦੀ ਸਾਰੀ ਸੋਭਾ ਤਿੜਕ ਗਈ ਹੈ ਤੇ ਕੰਵਲਾਂ ਦੇ ਮੁਖ ਮੀਚੇ ਗਏ ਹਨ।

ਸ੍ਵੈਯਾ:

ਬਾਲਕ ਬੈ ਜਗ ਮਾਲਕ ਪਾਲਕ,
ਚਾਲਕ ਚਿੱਤ ਚਰਾਚਰ ਕੌ ਹੈਂ[1]।
ਕ੍ਰੀੜਤਿ ਬਾਲਨ ਦਾਸਨ ਖਾਸਨ,
ਭਾਂਤਿ ਅਨੇਕ ਭਰਾ ਭਰਿ ਕੌਹੈਂ[1]।
ਰੂਪ ਅਨੂਪਮ ਖੂਪ ਸੁਹਾਵਤਿ,
ਭਾਵਤਿ ਦੇਵ ਅਦੇਵ ਜਨੌ ਹੈਂ[1]।
ਹਾਸ ਬਿਲਾਸ ਹੁਲਾਸ ਪ੍ਰਕਾਸ,
ਅਵਾਸ ਪੁਰੈ ਸੁ ਤਰਾ ਤਰ ਹੋਹੈਂ[1] ॥੪॥

[1]ਬਾਲਕ ਉਮਰ ਵਾਲੇ ਜਗਤ ਦੇ ਮਾਲਕ ਤੇ ਪਾਲਨਾ ਕਰਨ ਵਾਲੇ ਚੇਤਨ ਤੇ ਜੜ੍ਹ ਦੇ ਦਿਲਾਂ ਨੂੰ ਚਲਾਉਣ ਵਾਲੇ ਹਨ।
[1]ਖ਼ਾਸ ਦਾਸਾਂ ਦੇ ਬਾਲਾਂ ਨਾਲ ਖੇਡਦੇ ਹਨ ਅਨੇਕ ਤਰ੍ਹਾਂ ਦੀਆਂ ਖੇਡਾਂ (ਕੌਹੈਂ) ਜੱਫੀਆਂ ਭਰ ਭਰ ਕੇ।
[1]ਦੇਵਤਿਆਂ, ਦੈਂਤਾਂ ਤੇ ਮਨੁੱਖਾਂ ਨੂੰ ਭਾਉਂਦਾ ਹੈ।
[1]ਹਾਸ ਦੇ ਬਚਨਾਂ ਤੇ ਉਤਸ਼ਾਹ ਦੇ ਪ੍ਰਕਾਸ਼ ਨਾਲ ਘਰ ਤੇ ਸ਼ਹਿਰ ਬਹੁਤ ਭਰ ਰਹੇ ਹਨ।

ਮਾਤ ਉਭੈ[1] ਨ ਸਮਾਤ ਸੁ ਅੰਗਨਿ[2],
ਅੰਗਨ ਲੈ[1] ਘਰ ਅੰਗਨ ਮਾਹੀਂ[2]।

[1]ਦੋਵੇਂ। [2]ਅੰਗਾਂ ਵਿੱਚ।
[1]ਗੋਦੀ 'ਚ ਲੈ ਕੇ। [2]ਘਰ ਦੇ ਵੇਹੜੇ ਵਿੱਚ।

ਚਾਇ[1] ਖਿਲਾਵਤਿ ਚਾਇ[2] ਬਢਾਵਤਿ,
ਆਵਤ ਬਾਲਕ ਔਰ ਤਹਾਂ ਹੀ।
ਤੁੰਗ ਉਮੰਗ ਭਰੇ ਛਬਿ ਛੁੰਗ,
ਨਿਸੰਗ ਖਿਲੈਂ ਖਿਲਿ ਰੰਗ ਬਢਾਹੀਂ[1]।

[1]ਚੁੱਕ ਕੇ। [2]ਉਤਸ਼ਾਹ।

[1]ਉੱਚੇ ਉਤਸ਼ਾਹ ਤੇ ਸੋਭਾ ਨਾਲ ਭਰੇ ਹੋਏ ਬੱਚਿਆਂ ਦੇ ਟੋਲੇ ਨਿਸੰਗ ਹੋ ਕੇ ਖੇਡਾਂ ਖੇਡਦੇ ਤੇ ਅਨੰਦ ਵਧਾਉਂਦੇ ਹਨ।

ਔਧ ਮਨੋ ਪਟਨਾ ਗੁਰੁ ਰਾਮ,
ਘਟਾ ਜਨ ਸੌਧ ਸਸੀ ਗੁਰੁ ਆਹੀਂ[1] ॥ ੫ ॥

[1]ਜਾਣੋ ਪਟਨਾ ਅਜੁੱਧਿਆ ਸ਼ਹਿਰ ਹੈ ਤੇ ਸਤਿਗੁਰੂਰਾਮਚੰਦਰ ਹਨ ਅਤੇ ਮੰਦਰ ਜਾਣੋ ਘਟਾ ਹੈ ਤੇ ਗੁਰੂ ਸਾਹਿਬ ਚੰਦ੍ਰਮਾ ਹਨ।

ਧਾਇ ਧਸੈਂ ਪੁਰਿ ਮੈਂ ਕਬਿ ਹੀ,
ਤਟ[1] ਗੰਗ ਥਟੈਂ[2] ਕਬਹੂੰ ਬਡ ਲੀਲ੍ਹੈਂ।
ਚੌਗੁਨ ਆਯੁ[1] ਜਿਨੈਂ ਤਨ ਹੈ ਬਲ,
ਲੇਵਤ ਜੀਤ ਤਿਨੈਂ ਬਿਨ ਢੀਲੈਂ।
ਦੌਰਨ ਮੈਂ ਫਰ ਲੇਵਤ ਫੌਰਨ[1],
ਅਰੌਨਿ ਆਪ ਗਹਾਇ ਨ ਡੀਲੈਂ[1]।
ਬਾਰਨ ਮਾਂਹਿ ਬਿਹਾਰਨ ਯੌਂ,
ਸਸਿ ਤਾਰਨ ਮੈਂ ਜਿਮ ਤਾਰਨ ਜੀਲੈਂ[1] ॥ ੬ ॥

[1]ਕਿਨਾਰੇ। [2]ਰਚਦੇ ਹਨ।

[1]ਉਮਰ।

[1]ਛੇਤੀ।

[1]ਹੋਰਨਾਂ ਤੋਂ ਆਪਣਾ ਸ਼ਰੀਰ ਨਹੀਂ ਪਕੜਵਾਉਂਦੇ।

[1]ਬਾਲਕਾਂ ਵਿੱਚ ਐਉਂ ਫਿਰਦੇ ਹਨ ਜਿਵੇਂ ਤਾਰਿਆਂ 'ਚ ਚੰਦ੍ਰਮਾ ਤੇ ਤਾਰਾਂ ਵਿੱਚ ਜੀਲ (ਮੁੱਖ ਤਾਰ)। (ਜੀਲ- ਸਾਜ਼ ਦੀ ਮੁੱਖ ਤਾਰ ਜਿਸ ਬਿਨਾ ਸਾਜ਼ ਨਹੀਂ ਵੱਜਦਾ ਜਿਵੇਂ "ਜੀਲ ਬਿਨਾ ਕੈਸੇ ਬਜੈਰਬਾਬ"।)

ਕਾਂਹਿ ਹਸਾਇ ਖਿਝਾਇ ਰੁਵਾਇ,
ਸੁਨਾਇ ਬਨਾਇ ਸੁ ਬਾਤ ਅਕੈ ਹੈਂ[1]।
ਜੋ ਨਿਜ ਤੈ ਤਨ ਚੌਗੁਨ ਆਯੁ,
ਤਿਨੈ ਧਰਪੈ ਧਰ ਪੈ ਪਟਕੇ ਹੈਂ[1]।
ਗੰਜਹਿਂ ਪੰਜਹਿਂ ਪਾਇ ਨਰੰਜਹਿਂ,
ਕਾਂਹਿ ਘਸੀਟਸ ਪੀਟਤ ਵੈ ਹੈਂ[1]।

[1]ਅਕਾ ਦੇਂਦੇ ਹਨ।

[1](ਧਰਪੈ) ਪਕੜ ਕੇ ਧਰਤੀ 'ਤੇ ਪਟਕਾ ਕੇ ਮਾਰਦੇ ਹਨ।

[1](ਆਪਸ ਵਿੱਚੀਂ ਹੱਥਾਂ ਦੇ) ਪੰਜੇ ਪਾ ਕੇ (ਗੰਜਹਿ) ਦਬਾਉਂਦੇ ਹਨ ਪਰ (ਰੰਜਹਿ) ਗ਼ੁੱਸੇ ਨਹੀਂ ਹੁੰਦੇ ਕਿਸੇ ਨੂੰ ਘੜੀਸਦੇ ਹਨ ਤਾਂ ਉਹ ਅੱਗੋਂ ਮਾਰਦੇ ਹਨ।

ਧੰਨ ਵਹੇ ਲਰਕੇ ਭਰ ਕੇ ਭੁਜ
ਜੇ[1], ਪ੍ਰਭੁ ਸੋਂ ਹਰਿ ਗਜਾਨ ਖਿਲੈ ਹੈਂ[2] ॥ ੭ ॥
ਕਬਹੂੰ ਭੁਜ ਠੋਕ ਕਰੈਂ ਕੁਸ਼ਤੀ[1],
ਸੁਸਤੀ ਤਜ ਕੈ ਚੁਸਤੀ ਸਜ ਕੈ[1]।
ਲਪਟੈਂ ਝਪਟੈਂ ਸਮ ਕੂੰਜ ਕੁਹੀ,

[1]ਉਹ ਲੜਕੇ ਧੰਨ ਹਨ ਜੋ ਜੱਫੀਆਂ ਪਾ ਕੇ। [2]ਖੇਡਦੇ ਹਨ।

[1]ਘੋਲ।

[1]ਕਰ ਕੇ।

ਦਪਟੈਂ ਸਪਟੈਂ ਸੁਟ ਹੈਂ ਗਜ ਕੈ[1]।

[1]ਕੂੰਜ ਊਪਰ ਕੁਹੀ (ਸ਼ਿਕਾਰੀ ਜਾਨਵਰ) ਵਾਂਗ ਝਪਟ ਮਾਰ ਕੇ ਚਿੰਬੜ ਜਾਂਦੇ ਹਨ (ਦਪਟੈਂ) ਦੌੜ ਕੇ (ਸਪਟੈਂ) ਛੇਤੀ ਬੋਲ ਕੇ ਸੁੱਟ ਦੇਂਦੇ ਹਨ।

ਪਜ ਕੈ ਕਿਛੁ ਸੋ ਲਜ ਕੈ[1] ਭਜ ਕੈ,
ਘਰ ਜਾਵਤ ਹੈਂ ਮੁਖ ਕੋ ਕਜ ਕੈ।

[1]ਉਹ ਬਹਾਨਾ ਕਰ ਕੇ ਤੇ ਕੁਝ ਸ਼ਰਮਿੰਦੇ ਹੋ ਕੇ।

ਜਸੁਧਾ ਸੁਤ[1] ਜੈਸ ਗੁਵਾਲਨ ਮੈਂ,
ਗੁਰੁ ਸੋਹਿਤ ਬਾਲਨ ਮੈਂ ਰਜ ਕੈ[1] ॥ ੮ ॥

[1]ਕ੍ਰਿਸ਼ਨ।

[1]ਧੂੜ ਨਾਲ (ਲਿਬੜੇ ਹੋਏ)।

ਅਘਟੈਂ ਬਿਕਟੈਂ ਸੁ ਥਟੈਂ ਬਹੁ ਖੇਲ,
ਅਲੇਲ ਕਰੈਂ ਜੁ ਸੁਹਾਵਤ ਹੈਂ[1]।

[1](ਅਘਟੈਂ) ਬਹੁਤੀਆਂ ਬੇਮੇਲ ਤੇ ਬਿਖੜੀਆਂ ਖੇਡਾਂ ਬਣਾਉਂਦੇ ਹਨ ਅਤੇ (ਅਲੇਲ) ਅਣਬਣ (ਖੇਡਾਂ) ਕਰਦੇ ਹਨ ਜੋ ਸੁਹਣੀਆਂ ਲੱਗਦੀਆਂ ਹਨ।

ਗਹਿ ਸੇਲ ਭ੍ਰਮਾਇਂ[1] ਚਲਾਇ ਗੁਲੇਲ,
ਸੁਲੱਛ ਪ੍ਰਤੱਛ ਗਿਰਾਵਤ ਹੈਂ[1]।

[1]ਬਰਛੇ ਫੜ ਕੇ ਘੁਮਾਉਂਦੇ ਹਨ।

[1]ਠੀਕ ਨਿਸ਼ਾਨੇ 'ਤੇ ਸੁੱਟਦੇ ਹਨ।

ਚੁਨਿ ਮੇਲ ਖਰੇ ਲਰਕੈਨ ਕਰੈਂ,
ਜੁਗ ਓਰ ਚਮੂੰ ਸੁ ਰਚਾਵਤ ਹੈਂ[1]।

[1]ਚੰਗੇ ਮੁੰਡੇ ਚੁਣ ਕੇ ਉਨ੍ਹਾਂ ਦਾ ਮੇਲ ਕਰਦੇ ਹਨ, ਦੋਹੀਂ ਪਾਸੀਂ ਫ਼ੌਜ ਬਣਾਉਂਦੇ ਹਨ।

ਕਰ ਮਾਂਹਿ ਗਹਾਂਹਿ ਛਰੀ ਸਬਿ ਕੇ,
ਪੁਨ ਪੇਲ[1] ਕੁਵੈਦ ਕਰਾਵਤ ਹੈਂ ॥ ੯ ॥

[1]ਪ੍ਰੇਰ ਕੇ।

ਪੁਨ ਆਪਸ ਮਾਂਹਿ ਲਰਾਵਤ ਹੈਂ,
ਬਡ ਹੂਲਰੁ ਹਾਲ ਮਚਾਵਤ ਹੈਂ[1]।

[1]ਹਾਲ ਦੁਹਾਈ ਪਾਉਂਦੇ ਹਨ।

ਭਗ ਜਾਵਤ ਏਕ ਭਗਾਵਤ ਹੈਂ,
ਅਰਿ[1] ਜੀਤ ਲਏ ਇਮ ਗਾਵਤ ਹੈਂ।

[1]ਵੈਰੀ।

ਮਨ ਭਾਵਤ ਯਾਵਤ[1] ਬਾਲਨ ਕੋ,
ਨਟਵਾ ਵਤ[1] ਨਾਚ ਨਚਾਵਤ ਹੈਂ।

[1]ਇਸ ਤਰ੍ਹਾਂ।

[1]ਨਟ ਵਾਂਗ।

ਨਹਿਂ ਫੇਰਤ[1] ਕੋ ਇਨ ਕਾ ਕਹਿਨਾ,
ਪਿਖਿ ਲੋਕ ਅਤੀ ਬਿਸਮਾਵਤ ਹੈਂ ॥ ੧੦ ॥

[1]ਮੋੜਦਾ।

ਇਮ ਬਾਲਨ ਸੋਂ ਮਿਲ ਕੈ ਹਿਲ ਕੈ[1],
ਪਿਲ ਕੈ ਖਿਲ ਕੈ ਕਿਲਕੈਂ ਸੁ ਕਰੈਂ[1]।

[1]ਗਿੱਝ ਕੇ।

[1]ਪ੍ਰੇਰ ਕੇ ਖਿਡਾਉਂਦੇ ਤੇ ਚੀਕਾਂ ਮਾਰਦੇ ਹਨ।

ਧੁਦਕੀ ਧੁਕ ਧੂਮ ਧਮਾਰ ਧਵਾਇ,
ਧਕਾ ਧਕ ਧੂਸਰ ਧੂਰ ਧਰੈਂ[1]।

[1](ਧਮਾਰ ਧਵਾਇ) ਲੁੱਡੀ ਪਾਉਂਦੇ ਧੱਕੋ-ਧੱਕੀ ਹੁੰਦੇ (ਧੂਮ) ਅਨ੍ਹੇਰੇ ਕਰ ਕੇ (ਧੁਦਕੀ) ਧੁੱਦਲ ਵਿੱਚ (ਧੁਕ) ਡਿੱਗ ਪੈਂਦੇ ਹਨ, ਧੂੜ ਨੂੰ ਧਾਰ ਕੇ (ਧੂਸਰ) ਧੂੜ-ਰੰਗੇ ਹੋ ਜਾਂਦੇ ਹਨ।

ਧਮਕਾਵਤ ਦੈ ਧਮਕੀ, ਤਮਕੀ
ਧਰ ਕੈ, ਧਰ ਡਾਰਤ ਜੌਨ ਅਰੈਂ[1]।

[1]ਧਮਕੀ ਦੇ ਕੇ ਡਰਾਉਂਦੇ ਹਨ ਜਿਹੜਾ ਅੜਦਾ ਹੈ ਉਸ ਨੂੰ ਗ਼ੁੱਸੇ ਹੋ ਕੇ ਧਰਤੀ 'ਤੇ ਸੁੱਟ ਦੇਂਦੇ ਹਨ।

ਸੁਤ ਕੇਹਰ ਜਸੋਂ ਗਜ ਛੌਨਨ ਮੈਂ,
ਭਖ ਪੌਨਨ ਮੈ ਜਿਮ ਜਾਨ ਹਰੈਂ[1] ॥ ੧੧ ॥

[1]ਜਿਵੇਂ ਹਾਥੀ ਦੇ ਬੱਚਿਆਂ ਵਿੱਚ ਸ਼ੇਰ ਦਾ ਪੁੱਤਰ ਅਤੇ ਸੱਪਾਂ ਵਿੱਚ ਜਿਵੇਂ (ਜਾਨ ਹਰੈਂ) ਗਰੁੜ।

ਚਲਿ ਗੰਗ ਵਿਖੈ ਭਲ ਸੋਂ ਧਸ ਕੈ[1],
ਜਲ ਛੀਂਟਨਿ ਜੰਗ ਮਚਾਵਤ ਹੈਂ।
ਠਿਕੁਰੀ ਗਹਿ ਸਾਫ ਕਬੀ ਜਲ ਪੈ,
ਬਲ ਸੰਗ ਚਲਾਇ ਫੰਧਾਵਤ ਹੈਂ[1]।
ਤਰਨੀ[1] ਚਢਿ ਤੈਰਤ ਸੈਰ ਕਰੈਂ,
ਨ ਡਰੈਂ ਧਰ ਧੈਰ ਬੰਧਾਵਤ ਹੈਂ[1]।
ਉਛਰੈਂ ਪੁਛਰੈਂ ਮਛਰੀ ਮਛਰੀ
ਅਛਰੀ ਲਖਿ, ਹਾਸ ਹਸਾਵਤ ਹੈਂ[1] ॥ ੧੨ ॥

[1]ਚੰਗੀ ਤਰ੍ਹਾਂ ਵੜ ਕੇ।
[1]ਟਪਾਉਂਦੇ ਹਨ।
[1]ਬੇੜੀ।
[1]ਡਰ ਨਹੀਂ ਧਾਰਦੇ ਤੇ ਧੀਰਜ ਬੰਨ੍ਹਾਉਂਦੇ ਹਨ।
[1](ਪਾਣੀ 'ਚ) ਉਲਟ ਪੁਲਟ ਹੁੰਦੇ ਹਨ, ਮੱਛਰੀ ਹੋਈ ਚੰਗੀ ਮੱਛੀ ਵਾਂਗ ਜਾਣ ਕੇ ਹੱਸਦੇ ਤੇ ਹਸਾਉਂਦੇ ਹਨ।

ਗੁਰੁ ਕੀ ਸ਼ਕਤੀ ਬਲ ਤੇਜ ਪ੍ਰਤਾਪ ਕੀ,
ਧੂਮ ਪਰੀ[1] ਪੁਰ ਮੈਂ ਪਿਖ ਹੈਂ।
ਮਿਲਿ ਆਪਸ ਮੈਂ ਸਬਿ ਲੋਗ ਕਹੈਂ,
ਇਹੁ ਕਾਂਨ੍ਹ[1] ਸਮਾਨ ਬਲੀ ਦਿਖ ਹੈਂ।
ਬਡ ਪੀਰ ਫਕੀਰ ਜਤੀ ਸਿਧ ਨਾਥ,
ਨਿਵਾਵਤ ਸੀਸ ਸਮੰ ਸਿਖ ਹੈਂ[1]।
ਇਹੁ ਬਾਲਕ ਚਾਰਕ ਸਾਲਕ ਕੋ,
ਪਰ ਤਾਲਕ[1] ਖਾਲਕ ਸੇ[2] ਰਖ ਹੈਂ ॥ ੧੩ ॥

[1]ਸ਼ਹੂਰੀ ਹੋਈ।
[1]ਕ੍ਰਿਸ਼ਨ।
[1]ਸਿੱਖਾਂ ਵਾਂਗ।
[1]ਸਬੰਧ। [2]ਪ੍ਰਮੇਸ਼ਰ ਨਾਲ।

ਮੁਖ ਤੇ ਕਹਿਂ ਜੋ ਝੱਟ ਹੋਵਤਿ ਸੋ,
ਇਨਿ ਕਾ ਨਹਿਂ ਜਾਵਤ ਤੇਜ ਸਹਾ[1]।
ਪੁਰ ਗਾਵਨ ਤੈ[1] ਸੁਨ ਕੈ ਜਸ ਆਵਨਿ,
ਭਾਵਨਿ[1] ਧਾਰਤ ਹੈਂ ਸੁ ਮਹਾ।
ਕਰ ਸੈ ਪਰਸੈਂ ਪਗ ਪੰਕਜ ਕੋ,
ਦਰਸੈਂ ਹਰਸੈਂ ਸੁਠ ਰੂਪ ਅਹਾ[1]।

[1]ਸਹਾਰਿਆ ਨਹੀਂ ਜਾਂਦਾ।
[1]ਸ਼ਹਿਰਾਂ ਤੇ ਪਿੰਡਾਂ ਤੋਂ।
[1]ਸ਼ਰਧਾ।
[1]ਹੱਥਾਂ ਨਾਲ ਚਰਨ ਕੰਵਲਾਂ ਨੂੰ ਛੋਂਹਦੇ ਹਨ, ਸੁੰਦਰ ਸਰੂਪ ਦੇ ਦਰਸ਼ਨ ਕਰ ਕੇ ਪ੍ਰਸੰਨ ਹੁੰਦੇ ਹਨ।

ਅਰਪਾਇਨ ਪਾਇਨ ਪਾਸ ਉਪਾਇਨ,

ਪਾਇਨ ਬਾਂਛਿਤ ਜੈਸ ਚਹਾ[1] ॥ ੧੪ ॥

[1]ਚਰਨਾਂ ਪਾਸ ਭੇਟਾ ਅਰਪਦੇ ਹਨ ਜਿਸ ਤਰ੍ਹਾਂ ਦੀ ਇੱਛਾ ਹੁੰਦੀ ਹੈ ਉਸੇ ਤਰ੍ਹਾਂ ਦਾ ਮਨ-ਇੱਛਤ (ਫਲ) ਪਾ ਲੈਂਦੇ ਹਨ।

ਆਵਤਿ ਤੀਯ ਬਨੀਨ ਧਨੀਨ,
ਬਨੀ ਸੁ ਠਨੀ ਗੁਰੁ ਧਾਮ ਅਪਾਰੈਂ[1]।

[1]ਗੁਰਾਂ ਦੇ ਘਰ ਵਿੱਚ ਧਨੀ ਬਾਣੀਆਂ ਦੀਆਂ ਇਸਤ੍ਰੀਆਂ ਬਹੁਤ ਬਣ ਠਣ ਕੇ ਆਉਂਦੀਆਂ ਹਨ।

ਮਾਥ ਝੁਕਾਇਨਿ ਪਾਇਨਿ ਮਾਇਨਿ[1],
ਲਾਇਨਿ ਹਾਥ ਦਿ ਭੇਟ ਉਦਾਰੈਂ।
ਸਾਹਿਬਜ਼ਾਦਹਿ ਕੋ ਅਹਿਲਾਦਹਿ
ਸੰਗ ਚਿਤੈਂ[1], ਰੁਖ ਜੌ ਸੁ ਨਿਹਾਰੈਂ[2]।

[1]ਮਾਤਾਵਾਂ ਦੇ ਚਰਨਾਂ 'ਤੇ।

[1]ਅਨੰਦ ਨਾਲ ਦੇਖਦੀਆਂ ਹਨ। [2]ਜਦੋਂ ਉਹ ਸਾਹਿਬਜ਼ਾਦੇ ਦਾ ਰੁਖ਼ ਦੇਖਦੀਆਂ ਹਨ।

ਲੈ ਨਿਜ ਗੋਦ ਸਮੋਦ[1] ਲਡਾਇਂ,
ਪ੍ਰਮੋਦ ਬਿਨੋਦ ਬਢਾਇ ਬਿਹਾਰੈਂ[1] ॥ ੧੫ ॥

[1]ਅਨੰਦ ਨਾਲ।

[1]ਬਹੁਤਾ ਅਨੰਦ ਤੇ ਉਤਸ਼ਾਹ ਵਧਾ ਕੇ ਫਿਰਦੀਆਂ ਹਨ।

ਕੰਜਨ ਸੇ ਪਗਰੰਜਨ ਜੋ ਮਨਿ,
ਚੂੰਮਤਿ ਘੂੰਮਤਿ ਸੋ ਅਲਨੀ ਸੀ[1]।

[1]ਕੰਵਲਾਂ ਵਰਗੇ ਚਰਨ ਜੋ ਮਨ ਨੂੰ ਪ੍ਰਸੰਨ ਕਰਨ ਵਾਲੇ ਹਨ (ਉਹਨਾਂ ਨੂੰ) ਭੌਰੀਆਂ ਵਾਂਗ ਚੁੰਮਦੀਆਂ ਫਿਰਦੀਆਂ ਹਨ।

ਮੋਚਨ ਤਾਪ ਸਕੋਚਨ ਸੋਚਨ,
ਲੋਚਨ ਲੋਚ ਸਮੰ ਨਲਨੀ ਸੀ[1]।

[1]ਤਾਪਾਂ ਨੂੰ ਕੱਟਣ ਵਾਲੇ ਸੋਚਾਂ ਨੂੰ ਮੇਟਣ ਵਾਲੇ (ਸਤਿਗੁਰਾਂ ਦੀ) ਨੇਤ੍ਰਾਂ ਦੀ ਦ੍ਰਿਸ਼ਟੀ ਨਲਨੀ (ਤੋਤੇ ਨੂੰ ਫਸਾਣ ਵਾਲੇ ਜੰਤ੍ਰ) ਵਾਂਗ ਹੈ।

ਮੂਰਤਿ ਮੋਹਿਤ ਤੀਨ ਪੁਰੈਂ[1],
ਸੁਠ ਸੂਰਤ ਪੂਰਤ ਹੈ ਕਲਨੀ ਸੀ[1]।
ਕੰਜ ਸਸੀ ਰਵਿ ਕਾਮ ਸਦੋਖ,
ਅਦੋਖ ਗੁਰੂ ਕਹਿਂ ਸੋ ਭਲਨੀ ਸੀ[1] ॥ ੧੬ ॥

[1]ਤਿੰਨਾਂ ਪੁਰੀਆਂ (ਸੁਰਗ, ਮਾਤ ਤੇ ਪਤਾਲ) ਨੂੰ।

[1]ਸ਼ਕਲ ਕਲੀ ਵਾਂਗ ਸੁੰਦਰਤਾ ਨਾਲ ਭਰੀ ਹੋਈ ਹੈ।

[1]ਕੰਵਲ, ਚੰਦ, ਸੂਰਜ ਤੇ ਕਾਮ ਦੋਸ਼ਾਂ ਸਹਿਤ ਹਨ ਉਹ (ਇਸਤ੍ਰੀਆਂ) ਗੁਰਾਂ ਨੂੰ ਚੰਗੀ ਤਰ੍ਹਾਂ ਦੋਸ਼ਾਂ ਤੋਂ ਰਹਿਤ ਕਹਿੰਦੀਆਂ ਹਨ।

ਮੇਵੇ ਮਿਠਾਈ ਸਲੌਨੇ[1] ਛਕਾਇ,
ਖਿਲੌਨੇ ਸਲੌਨੇ[1] ਚਢਾਇ ਰਿਝਾਵੈਂ।
ਭਾਂਤਿ ਅਨੇਕ ਕਰੈਂ ਬਤੀਆਂ,
ਪਗ ਧੂਰ ਪੁਨਾ ਪੁਨ ਲੈ ਦ੍ਰਿਗਿ[1] ਲਾਵੈਂ।
ਆ ਗਿਨਤੀ ਬਿਨਤੀ ਮਿਨਤੀ ਕਰਿ ਕੈ
ਗਿਨਤੀ, ਰੁਖ ਜੌ ਗੁਰੁ ਪਾਵੈਂ[1]।

[1]ਲੂਣ ਵਾਲੇ।

[1]ਸੁੰਦਰ।

[1]ਨੇਤ੍ਰਾਂ ਨੂੰ।

[1]ਅਣ-ਗਿਣਤ ਬੇਨਤੀਆਂ ਤੇ ਮਿੰਨਤਾਂ ਕਰ ਕੇ ਵਿਚਾਰਦੀਆਂ ਹਨ (ਪਰ ਓਦੋਂ) ਜਦੋਂ ਗੁਰਾਂ ਦਾ ਰੁਖ਼ ਪਾਉਂਦੀਆਂ ਹਨ।

ਤੌ ਕਰ ਜੋਰਿ ਬਹੋਰ ਨਿਹੋਰ,

ਨਿਚੋਰ ਮਨੋਰਥ ਕੇਰ ਸੁਨਾਵੈਂ[1] ॥ ੧੭ ॥

[1]ਤਾਂ ਹੱਥ ਜੋੜ ਕੇ ਫੇਰ ਨਿੰਮ੍ਰਤਾ ਸਹਿਤ ਆਪਣੇ ਮਨੋਰਥ ਦਾ ਨਿਚੋੜ ਸੁਣਾਉਂਦੀਆਂ ਹਨ।

ਤਾਂ ਪ੍ਰਤਿ ਬਾਲਕ ਲੀਲ੍ਹਾ ਵਿਖੈ,
ਕਿਸ ਹੀ ਮਿਸ[1] ਦੇਤ ਗੁਰੂ ਬਰ ਭਾਰੇ। [1]ਬਹਾਨੇ।
ਜੈਸ ਕਹੈਂ ਫਲ ਤੈਸ ਲਹੈਂ ਵਹਿ[1], [1]ਉਹ (ਇਸਤ੍ਰੀਆਂ)।
ਭੀਰਰਹੈ ਅਰਥੀਨਿ[1] ਦੁਆਰੇ। [1]ਮੰਗਤਿਆਂ ਦੀ।
ਆਧਿ ਬਿਆਧਿ ਉਪਾਧਿ ਕਟੈਂ,
ਤਿਨ ਤਾਪ ਸਰਾਪ ਮਿਟੈਂ ਬਿਨ ਬਾਰੇ[1]। [1]ਦੇਰੀ ਤੋਂ ਬਿਨਾਂ।
ਧੂੰਮ ਪਰੀ ਸਬ ਦੇਸ ਵਿਖੈ,
ਪ੍ਰਗਟੇ ਅਵਤਾਰ ਬਲੀ ਕਹਿਂ ਸਾਰੇ ॥ ੧੮ ॥
ਸ਼ਕਤੀ ਪਿਖ ਕੈ ਸੁ ਗਤੀ[1] ਗੁਰੁ ਕੀ, [1]ਸ੍ਰੇਸ਼ਟਰੀਤੀ।
ਭਗਤੀ ਸੁ ਗਰੀਬ ਗਨੀਨ[1] ਗਹੀ ਹੈ। [1]ਧਨੀਆਂ ਨੇ।
ਸੇਠ ਜਗੱਤ[1] ਭਗੱਤ ਭਯੋ, [1]ਜਗਤਾ ਸੇਠ।
ਸਤਿਨਾਮ ਸੁਮੱਤਿ ਸੁਗੱਤਿ[1] ਲਹੀ ਹੈ। [1]ਚੰਗੀ ਕਲਿਆਣ।
ਔਰ ਨੁਵਾਬ ਸ਼ਿਤਾਬ[1] ਰਹੀਮ ਖਾਂ, [1]ਛੇਤੀ।
ਹੋਇ ਹਲੀਮ ਕਰੀਮ ਚਹੀ ਹੈ[1]। [1]ਨਿੰਮ੍ਰਤਾ ਵਾਲਾ ਹੋ ਕੇ ਬਖ਼ਸ਼ਸ਼ ਮੰਗੀ ਹੈ।
ਜਾਂਹਿ ਜਗੀਰ ਸਬਾਗ ਦਈ ਬਹੁ,
ਹੈ ਅਬਿ ਲੌ ਗੁਰੁਦ੍ਵਾਰ ਤਹੀਂ ਹੈ ॥ ੧੯ ॥
ਬਿੱਪਰ[1] ਦੱਤ ਤਬੈ ਅਲਵੱਤ[2], [1]ਬ੍ਰਹਮਣ। [2]ਬਿਨਾਂ ਸੰਸੇ ਤੋਂ।
ਸੁਮੱਤਿ ਹੁਤੋ ਨ੍ਰਿਪ[1] ਚਿੱਤ ਸਫਾਏ। [1]ਰਾਜਾ।
ਨਾਮ ਹੁਤੋ ਸ਼ਿਵ ਦੱਤ ਮਹੱਤ[1], [1]ਵੱਡਾ ਨਾਮ।
ਭਗੱਤਿ ਹਰੀ ਨਿਤ ਅੱਤਿ[1] ਕਮਾਏ। [1]ਬਹੁਤੀ ਭਗਤੀ।
ਸਿੱਖ ਭਯੋ ਗੁਰੁ ਕਾ ਸੁਨ ਕੈ ਜਸ,
ਸੇਵ ਕਰੀ ਬਹੁਧਾ[1] ਮੁਦ ਪਾਏ। [1]ਬਹੁਤ ਤਰ੍ਹਾਂ।
ਖੇਲਤ ਬਾਲਕ ਹੈਂ ਤਿਨ ਕੇ
ਗੁਰੁ ਸੋਂ, ਨਿਤ ਆਇ ਸੁ ਹੇਤ ਬਢਾਏ ॥ ੨੦ ॥
ਸੋ ਸਗੀਆ ਬਘੀਆ ਪਰ ਲੈ
ਗੁਰੁ ਕੋ, ਬਗੀਆ ਪਗੀਆ ਮੁਦ ਜਾਹੀਂ[1]। [1]ਉਹ (ਸਗੀਆ) ਸੰਗ (ਨਾਲ) ਬੱਘੀ ਉੱਤੇ ਲੈ ਕੇ (ਬਗੀਆ) ਬਾਗ ਵਿੱਚ ਅਨੰਦ 'ਚ (ਪਗੀਆ) ਲੀਨ ਹੋ ਕੇ ਜਾਂਦੇ ਹਨ।

ਤਾਲ[1] ਤਮਾਲ[2] ਰਸਾਲ[3] ਬਿਸਾਲ [1]ਇਕ ਬ੍ਰਿੱਛ। [2]ਤੇਜ ਪੱਤ੍ਰ। [3]ਅੰਬ।

ਜੁਹੀ[1] ਕਦਲੀ[2] ਮਲਕਾ[3] ਮਹਕਾਹੀਂ।
[1]ਇਕ ਤਰ੍ਹਾਂ ਦੀ ਚੰਬੇਲੀ। [2]ਕੇਲਾ। [3]ਚੰਬੇਲੀ ਦੀ ਕਿਸਮ ਦਾ ਸੁਗੰਧ ਵਾਲੇ ਫੁੱਲਾਂ ਦਾ ਪੌਦਾ।

ਜਾਤਿ ਅਨੇਕ ਸੁ ਭਾਂਤਿ ਬਿਭਾਂਤਿ[1],
ਸੁਹਾਤ ਲਗੇ ਫਲ ਫੂਲ ਮਹਾਹੀਂ।
ਗੁੰਜਤ ਭੌਰ ਸੁ ਕੁੰਜਤ ਪੁੰਜ
ਬਿਹੰਗ[1], ਮਨੋਂ ਗੁਰੁ ਕੋ ਜਸ ਗਾਹੀਂ ॥੨੧॥
[1]ਤਰ੍ਹਾਂ ਤਰ੍ਹਾਂ ਦੇ।
[1]ਸਮੂੰਹ ਪੰਛੀ ਬੋਲਦੇ ਹਨ। (ਸੰ. ਕੂਜਨ-ਪੰਛੀਆਂ ਦਾ ਗੀਤ।)

ਮਾਲੀ ਰਚਾਇ ਸੁ ਡਾਲੀ[1] ਲਜਾਇ,
[1]ਡਾਲੀ ਬਣਾ ਕੇ। (ਡਾਲੀ-ਫਲਾਂ ਫੁਲਾਂ ਆਦਿ ਨਾਲ ਸਜਾਈ ਹੋਈ ਟੋਕਰੀ ਜੋ ਕਿਸੇ ਮਹਾਨ ਪੁਰਸ਼ ਜਾਂ ਮਿੱਤ੍ਰ ਨੂੰ ਅਰਪਣ ਕਰੀ ਦੀ ਹੈ।)

ਬਿਸਾਲੀ ਇਨਾਮ ਗੁਰੂ ਦਿਲਵਾਹੀਂ।
ਸੈਰ ਕਰੈਂ ਫਿਰਿ ਰੌਸ਼ਨ ਪੈ[1],
[1]ਬਗੀਚੇ ਦੀਆਂ ਪਟੜੀਆਂ 'ਤੇ।

ਗੁਰੁ ਹੋਤ ਖਰੇ ਪਿਖ ਕੈ ਵਰ ਛਾਹੀਂ[1]।
[1]ਚੰਗੀ ਛਾਂ ਵੇਖ ਕੇ।

ਬੂਝਤ ਹੈਂ ਗੁਨ ਨਾਮ ਤਰੈਂ[1],
[1]ਦਰੱਖ਼ਤਾਂ ਦੇ।

ਵਹਿ ਜੋਰਿ ਕਰੈਂ[1] ਉਚਰੈਂ ਛਿਨ ਤਾਹੀਂ।
[1]ਉਹ ਹੱਥ ਜੋੜ ਕੇ।

ਲੈ ਫਲ ਫੂਲ ਭਲੇ ਮਨ ਭਾਵਤ,
ਮਾਤੁਲ[1] ਸੰਗ ਪੁਨਾ ਘਰ ਆਹੀਂ ॥੨੨॥
[1]ਮਾਮਾ ਜੀ।

ਬੰਦਨ ਕੈ ਪਗ ਮਾਤਨ ਕੈ,
ਬਹੁ ਬਾਤਨ ਕੈ[1] ਫਲ ਫੂਲ ਦਿਖਾਏ।
[1]ਗੱਲਾਂ ਕਰਕੇ।

ਬੋਲਨ ਤੈ ਛਬਿ ਕੇ ਸੁ ਤਰੰਗ[1]
[1]ਸੋਭਾ ਦੀਆਂ ਲਹਿਰਾਂ।

ਕਪੋਲਨ ਤੈ[1] ਉਠ ਹੈਂ ਮੁਦ ਦਾਏ[2]।
[1]ਗੱਲ੍ਹਾਂ ਤੋਂ। [2]ਅਨੰਦ ਦੇਣ ਵਾਲੀਆਂ।

ਮੋਹਿਤ ਹੈਂ ਮਨ ਕੋ ਸਬਿ ਕੇ,
ਅਤਿ ਸੋਹਿਤ ਜੋਹਿਤ ਜੋ ਹਿਤ ਲਾਏ[1]।
[1]ਜੋ ਹਿਤ ਲਾ ਕੇ ਤੱਕਦਾ ਹੈ।

ਭੋਜਨ ਪਾਇਂ ਲਵਾਇ ਸਖਾ ਗਨ[1],
[1]ਬਹੁਤੇ ਮਿੱਤ੍ਰ ਨਾਲ ਲੈ ਕੇ।

ਖੂੰਡਿ ਖਿੱਦੋ ਗਹਿ ਖੇਲਨ ਧਾਏ[1] ॥੨੩॥
[1]ਖੂੰਡੀ ਤੇ ਖੁੱਦੋ ਪਕੜ ਕੇ ਖੇਡਾਂ ਵਿੱਚ ਦੌੜਦੇ ਹਨ।

ਸਾਥ ਲੀਏ ਲਰਕਾ ਪੁਰਿ ਕੇ,
ਬਿਹਰੈਂ[1] ਸੁਖ ਸੋਂ ਸੁਠ ਸੋਭ ਧਰੈ ਹੈਂ[2]।
[1]ਫਿਰਦੇ ਹਨ। [2]ਸੁੰਦਰ ਸੋਭਾ ਧਾਰਦੇ ਹਨ।

ਸੋ ਛਬਿ ਦੇਖਿ ਠਗੇ ਸਬਿ ਹੀ ਰਹਿਂ,
ਚਾਹਿਂ ਤਿਯਾ ਨਰ ਪਾਇ ਪਰੈਂ[1] ਹੈਂ।
[1]ਇਸਤ੍ਰੀਆਂ ਤੇ ਪੁਰਸ਼ ਪੈਰੀਂ ਪੈਣ ਲਈ ਚਾਹੁੰਦੇ ਰਹਿੰਦੇ ਹਨ।

ਭਾਮ[1] ਰਸੀ ਭਰਿ ਘੂੰਮ ਰਹੈਂ,
[1](ਭਾਮ) ਇਸਤ੍ਰੀਆਂ (ਰਸੀ) ਰਸ ਵਿੱਚ ਭਰ ਕੇ ਘੂੰਮ ਰਹੀਆਂ ਹਨ।

ਪਗ ਚੂੰਮ ਨਿਛਾਵਰ[1] ਪ੍ਰਾਨ ਕਰੈਂ ਹੈਂ।
[1]ਵਾਰਨਾ।

ਮੋਦ ਕੇ[1] ਮਾਨ-ਸਰੋਵਰ ਮੈਂ
ਜਨਰਾਜ ਮਰਾਲ[1] ਸਪੂਤ ਤਰੈਂ ਹੈਂ ॥੨੪॥
ਯਾ ਬਿਧਿ ਖੇਲਤ ਹੈਂ ਬਹੁਧਾ ਗੁਰੁ,
ਬੀਰ ਸਧੀਰਨ ਸੀ ਛਬਿ ਦੈ ਹੈਂ[1]।
ਆਯੁਧ[1] ਦੇਖ ਬਿਸੇਖ ਚਹੈਂ[2],
ਕਰ ਮਾਂਹਿ ਗਹੈਂ ਫਿਰ ਮਾਤੁਲ ਲੈ ਹੈਂ।
ਸੇਲ[1] ਗੁਲੇਲ ਭ੍ਰੁਮਾਤ ਚਲਾਤ
ਸੁਹਾਤ, ਇਹੀ ਧਨੁ ਤੀਰ ਤਚੈ ਹੈਂ[1]।
ਬੇਧਤਿ ਲੱਛ ਪ੍ਰਤੱਛ ਬਿਲੱਛ
ਸਮੱਛ[1], ਸੁ ਲੋਗਨ ਅੱਛ[2] ਦਿਖੈ ਹੈਂ ॥੨੫॥

ਸੰਗਤ ਨਾਹਿਂ[1] ਕਬੀ ਕਿਸ ਤੈ,
ਸੁ ਨਿਸੰਕ ਹਤੈਂ ਨਰ ਅੰਕਨ ਮੈਂ ਹੈਂ[1]।
ਬੰਕ ਬਿਲੋਕ ਨ ਰੋਕ ਸਕੈਂ[1],
ਬਰ ਸਾਪਨ ਤੈ[1] ਸਬਿ ਲੌਕ ਡਰੈ ਹੈਂ।
ਮਾਰਤ ਜਾਨਵਰੈਂ ਨ ਰੁਕੈਂ,
ਨ ਉਕੈਂ ਨਭ ਤੈ ਹਤ ਚੀਲ ਗਿਰੈ ਹੈਂ[1]।
ਫੋਰਿਤ ਹੈਂ ਘਟ[1] ਨਾਰਿਨ ਕੇ,
ਭਿਗਿ ਬਾਰਨਿ ਜਾਤ ਸੁ ਗਾਰਨ ਦੈ ਹੈਂ[1] ॥੨੬॥

ਕੂਪ ਹੁਤੋ ਮਿਸ਼ਟੇ ਜਲ ਵਾਰ,
ਦੁਆਰ ਗੁਰੂ ਮਧ ਘੇਰ ਉਦਾਰੀ[1]।

ਆਦਿ ਗੁਰੂ[1] ਬਰ ਦੈ ਮਿਸ਼ਟਾ ਕਿਯ,
ਔਰ ਹੁਤੋ ਪੁਰ ਮੈਂ ਸਬਿ ਖਾਰੀ।
ਯਾ ਹਿਤ ਲੈ ਘਟ ਓਢਿ ਸੁਠੈ ਪਟ,
ਆਵਤਿ ਠੱਟ ਗਰੱਟ ਜੁ ਨਾਰੀ[1]।

ਛੋਰਿ ਗੁਲੇਲੇ ਝਟਾਪਟ ਫੋਰਿ
ਗੁਰੂ ਘਟ, ਅੱਟ ਹਸੈਂ ਡਰ ਡਾਰੀ[1] ॥੨੭॥
ਭੀਜਤ ਨਾਰਿ ਪ੍ਰਸੀਜਤ ਬਾਰ[1]

[1]ਅਨੰਦ ਦੇ।
[1]ਰਾਜ ਹੰਸਾਂ ਦੇ।
[1]ਧੀਰਜਵਾਨ ਸੂਰਮਿਆਂ ਵਰਗੀ ਸੋਭਾ ਦੇ ਰਹੇ ਹਨ।
[1]ਸ਼ਸਤ੍ਰ। [2]ਬਹੁਤ ਚਾਹੁੰਦੇ ਹਨ।
[1]ਬਰਛੇ।
[1]ਇਹੋ ਹੀ ਧਨੁਸ਼ ਤੇ ਤੀਰ ਛੱਡਦੇ ਹਨ।
[1]ਪ੍ਰਤੱਖ ਤੇ ਵਿਲੱਖਣ ਨਿਸ਼ਾਨਾ ਸਾਹਮਣਿਓਂ ਵਿੰਨ੍ਹਦੇ ਹਨ। [2]ਚੰਗੀ ਤਰ੍ਹਾਂ।
[1]ਡਰਦੇ ਨਹੀਂ।
[1]ਨਿਡਰ ਹੋ ਕੇ ਆਦਮੀਆਂ ਦੇ ਅੰਗਾਂ 'ਚ ਮਾਰਦੇ ਹਨ।
[1]ਟੇਢਾ ਦੇਖ ਕੇ ਗੁਰਾਂ ਨੂੰ ਰੋਕ ਨਹੀਂ ਸਕਦੇ।
[1]ਵਰ ਤੇ ਸ੍ਰਾਪ ਤੋਂ।
[1]ਅਕਾਸ਼ ਤੋਂ ਇੱਲਾਂ ਨੂੰ ਮਾਰ ਕੇ ਡੇਗ ਲੈਂਦੇ ਹਨ।
[1]ਘੜੇ।
[1]ਭਿੱਜਦੀਆਂ ਜਾਂਦੀਆਂ ਉਹ ਬੱਚਿਆਂ ਨੂੰ ਗਾਲ੍ਹਾਂ ਦੇਂਦੀਆਂ ਹਨ।
[1]ਮਿੱਠੇ ਪਾਣੀ ਵਾਲਾ ਖੂਹ ਸੀ ਗੁਰਾਂ ਦੇ ਬੂਹੇ ਵਿੱਚ ਵੱਡੇ ਘੇਰੇ ਵਾਲਾ।
[1]ਗੁਰੂ ਨਾਨਕ ਦੇਵ ਜੀ।
[1]ਸੁੰਦਰ ਕੱਪੜੇ ਪਹਿਨ ਕੇ ਤੇ (ਗਰੱਟ) ਟੋਲਾ (ਠੱਟ) ਬਣਾ ਕੇ ਜੋ ਇਸਤ੍ਰੀਆਂ ਆਉਂਦੀਆਂ ਹਨ।
[1]ਡਰ ਤਿਆਗ ਕੇ (ਅੱਟ) ਬਹੁਤਾ ਹੱਸਦੇ ਹਨ।
[1]ਇਸਤ੍ਰੀਆਂ ਭਿੱਜਦੀਆਂ ਤੇ ਬੱਚੇ ਖ਼ੁਸ਼ ਹੁੰਦੇ ਹਨ।

ਸੁ ਖੀਝਤ ਗਾਰਿ ਨਿਕਾਰਤ ਜੈ ਹੈਂ।
ਦੇਤ ਉਪਾਲੰਭ[1] ਮਾਤ ਤਈਂ,
ਸੁਤ ਕੋ ਬਰਜੋ ਤਰਜੋ ਕਿ ਨ ਕੈਹੈਂ[1]।
ਫੋਰਤ ਹੈਂ ਤਿਯ ਕੀ ਗਗਰੀ[1],
ਸਗਰੀ ਨਗਰੀ ਮਧ ਰੌਰ ਪਰੈ ਹੈ।
ਚੋਟ ਚਲਾਵਤ ਖੋਟ ਕਮਾਵਤ,
ਢੋਟ[1] ਤੁਮਾਰ ਨਿਫੋਟ ਸੁਨੈ ਹੈਂ[2] ॥੨੮॥
ਜਾਇ ਕਹੈਂ ਹਮ ਹਾਕਮ ਪੈ,
ਚੁਟੀਆ ਗਹਿ ਕੈ ਢੁਟੀਆ ਸੁ ਲਿਜਾਹੀਂ[1]।
ਦੈਨ ਪਰੈ ਚਟੀਆ[1] ਝਟੀਆ[2],
ਖਟੀਆ[1] ਬਦਨਾਮੀ ਸੁ ਲੇਹੁ ਹਟਾਈ।
ਕਾਂਹਿ ਕਰੈਂ ਹਮਰੇ ਬਸ ਨਾਂਹਿ,
ਰਖੇ ਮਨ ਮੋਹਿ ਇਨੈ ਸਬਿ ਕਾਹੀ।
ਯਾ ਹਿਤ[1] ਡੋਰ ਪ੍ਰੇਮ ਬਧੀ ਹਮ,
ਖਾਵਤ ਚੋਟ ਪੁਨਾ ਪੁਨ ਆਹੀ ॥੨੯॥
ਮਈਆ ਮਈਆ ਪਰਦੇਸ ਸੁਨੋ ਤੁਮ,
ਦਈਆ ਦਈਆ ਇਕ ਪੂਤ ਤਿਹਾਰੇ[1]।

ਤਾਂ ਪਰ ਸੁੰਦਰ ਹੈ ਅਤਿ ਹੀ ਛਬਿ,
ਕੋਟਿਕ ਕਾਮ ਸਸੀ ਰਵਿ ਵਾਰੇ[1]।

ਹੈ ਬਖਿਜਾਤ ਸੁਹਾਤ[1] ਹਮੈਂ,
ਸ਼ਕਤੀ ਕਰਮਾਤ ਦਿਖਾਤ ਅਪਾਰੇ।
ਔਰ ਡਰੈਂ ਬਰ ਸਾਪਨ ਤੈ ਹਮ,
ਜਾਂ ਹਿਤ ਨਾਹਿਂ ਸੁ ਚਾਹਿਂ ਬਿਗਾਰੇ ॥੩੦॥
ਕਾਨ੍ਹ ਸਮਾਨ ਥਯੋ[1] ਤੁਮਰੋ ਸੁਤ,
ਕੂਪ ਸੁ ਘਾਟ ਭਯੋ ਜਮੁਨਾਰੀ[1]।
ਪਟਨਾ ਬ੍ਰਿਜ ਭੂਮਿ ਸਹੀ ਹਮ ਗ੍ਵਾਰਨਿ[1],
ਧੂੰਮ ਮਚਾਇ ਰਖੀ ਕਮਨਾਰੀ[1]।

[1]ਉਲਾਂਭੇ।
[1]ਕਹਿੰਦੀਆਂ ਹਨ ਕਿ ਪੁੱਤਰ ਨੂੰ ਤਾੜ ਕੇ ਕਿਉਂ ਨਹੀਂ ਰੋਕਦੇ।
[1]ਔਰਤਾਂ ਦੀਆਂ ਗਾਗਰਾਂ।
[1]ਬਾਲਕ। [2]ਸਾਫ਼ ਸਾਫ਼ ਕਹਿੰਦੀਆਂ ਹਨ।
[1]ਕੇਸਾਂ ਦੇ ਜੂੜੇ ਤੋਂ ਫੜ ਕੇ ਤੁਹਾਡੇ ਲੜਕੇ ਨੂੰ ਲੈ ਜਾਣਗੇ।
[1]ਚੱਟੀ, ਦੰਡ। [2]ਛੇਤੀ।
[1]ਖੱਟੋਂਗੇ।
[1]ਇਸ ਵਾਸਤੇ।
[1](ਮਈਆ) ਹੇ ਮਾਤਾ ਜੀ ਸੁਣੋ ਪ੍ਰਦੇਸ (ਮਈਆ) ਵਿੱਚ ਤੁਹਾਨੂੰ (ਦਈਆ) ਪ੍ਰੇਰਕ ਪ੍ਰਮੇਸ਼ਰ ਨੇ ਇਕ ਪੁੱਤਰ ਦਿੱਤਾ ਹੈ।
[1]ਕ੍ਰੋੜਾਂ ਕਾਮ, ਚੰਦ ਤੇ ਸੂਰਜ ਜਿਨ੍ਹਾਂ ਦੀ ਬਹੁਤ ਹੀ ਸੁੰਦਰ ਸੋਭਾ ਹੈ (ਉਹ) ਉਨ੍ਹਾਂ (ਕਲਗੀਧਰ ਜੀ) ਉਪਰੋਂ (ਆਪਣੇ ਆਪ ਨੂੰ) ਵਾਰਦੇ ਹਨ।
[1]ਪ੍ਰਗਟ ਹੀ ਚੰਗੇ ਲਗਦੇ ਹਨ।
[1]ਹੋਇਆ ਹੈ।
[1]ਖੂਹ ਜਮਨਾ ਦਾ ਘਾਟ ਹੋ ਗਿਆ ਹੈ।
[1]ਠੀਕ ਅਸੀਂ ਗੋਪੀਆਂ ਹਾਂ।
[1]ਸੁੰਦਰ (ਸਾਹਿਬਜ਼ਾਦੇ ਨੇ)।

ਸਟ ਮਾਰਤ ਫਾਰਤ ਹੈ ਘਟ ਔ ਪਟ[1],
ਯੇ ਹਮ ਕੋ ਰਮਕੌ ਗਮ ਨਾਰੀ[1]।
ਬਡ ਚਿੰਤ ਇਹੈ ਮਤ ਤੁਰਕ ਗਹੈਂ,
ਮਗ ਦੇਸ ਲਹੈਂ ਤੁ ਬਹੈਂ ਦ੍ਰਿਗ ਬਾਰੀ[1] ॥ ੩੧ ॥

[1]ਘੜੇ ਤੇ ਬਸਤ੍ਰ।
[1]ਇਹ ਸਾਨੂੰ ਜ਼ਰਾ ਭੀ ਫ਼ਿਕਰ ਨਹੀਂ।
[1]ਜੇ ਦੇਸ ਦਾ ਰਸਤਾ ਲੈ ਲੈਣ ਤਾਂ (ਸਾਡੇ) ਨੇਤ੍ਰਾਂ ਚੋਂ ਪਾਣੀ ਵਗੇਗਾ।

ਦੇਤ ਜਦੀ ਦੁਖ ਏ ਹਮ ਕੋ,
ਹਮ ਜਾਨਤ ਏਹੁ ਕਸੌਟੀ ਕਸੈ ਹੈ[1]।
ਜੈਸ ਕੁਲਾਲ ਘਟੈ ਘਟ ਕੋ ਸਟ,
ਦੈ ਹਥ ਅੰਦਰ ਖੋਟ ਕਢੈ ਹੈ[1]।

[1]ਕਸਵੱਟੀ 'ਤੇ ਪਰਖਦਾ ਹੈ।
[1]ਜਿਵੇਂ ਘੁਮਿਆਰ ਘੜੇ ਨੂੰ (ਸੱਟ) ਛੇਤੀ ਘੜਦਾ ਹੈ ਅਤੇ ਅੰਦਰ ਵਾਰ ਹੱਥ ਦੇ ਕੇ ਵਿੰਗ ਕੱਢਦਾ ਹੈ।

ਰੂਪ ਅਨੂਪਮ ਚਿੱਤ ਬਸਜੋ,
ਬਿਨ ਦਾਮ[1] ਬਿਕੀ ਪਿਖਤੀ ਨਰਜੈ ਹੈਂ।
ਘਟ ਫੋਰਤ ਹੋਰ ਲਿਆਵਤ ਹੈਂ,
ਹਮ ਛੋਰਤ ਆਵਨ ਨਾਹਿਂ ਕਦੈ ਹੈਂ[1] ॥ ੩੨ ॥

[1]ਬਿਨਾ ਮੁੱਲ ਤੋਂ।
[1]ਅਸੀਂ ਆਉਣਾ ਕਦੇ ਵੀ ਨਹੀਂ ਛੱਡਾਂਗੀਆਂ।

ਪਰ ਕਾਮ ਬੁਰੋ ਬਦਨਾਮ ਇਹੈ,
ਪੁਰ ਲੋਗ ਤਮਾਮ ਬੁਰਾ ਮਨ ਮਾਨੈ।
ਦੇਸ ਤਜਜੋ ਪਰਦੇਸ ਅਏ,
ਨ ਬਸੇਸ[1] ਚਲੈ ਬਲ, ਯਾਂਹਿ ਠਿਕਾਨੈਂ[2]।
ਜ਼ਾਲਮ ਹੈਂ ਅਨਿੱਜਾਈ ਅਤੀ[1],
ਤੁਰਕ ਹਾਕਮ ਨਾ ਕਿਤ ਇੱਜ਼ਤ ਹਾਨੈ[1]।
ਯਾਂ ਹਿਤ ਸੋ ਕਰਿ ਮਾਤ ! ਉਪਾਇ,
ਜਿਮੈਂ ਇਹੁ ਬਾਤ ਗੁਰੂ ਪਰਿਹਾਨੈਂ[1] ॥ ੩੩ ॥

[1]ਬਹੁਤਾ। [2]ਇਸ ਜਗ੍ਹਾ।
[1]ਬਹੁਤੇ ਬੇ-ਇਨਸਾਫ਼।
[1]ਬੇਇਜ਼ਤੀ ਨ ਕਰਨ।
[1]ਇਹ (ਘੜੇ ਤੋੜਨ ਦੀ) ਗੱਲ ਛੱਡ ਦੇਣ।

ਮਾਤ ਤਿਨੈ ਸਿਤਕਾਰ ਭਲੇ,
ਮ੍ਰਿਦੁ ਬੋਲਿ[1] ਸੁ ਧੀਰਜ ਨੀਕ ਧਰਾਈ।
ਦੈ ਢਿਗ ਤੈ ਧਨ ਟਾਰਤ ਹੈ,
ਪੁਨ ਆਵਤ ਔਰ ਪੁਕਾਰਤ ਯਾਹੀ।
ਕਾਂਹਿ ਪੁਸ਼ਾਕ ਕਿਸੈ ਨਕਦੀ ਕਿਛੁ,
ਰੌਰ ਰਹੇ ਗੁਰੁ ਪੌਰ ਇਦਾਂਹੀ[1]।
ਦੈ ਬਹੁ ਪਜਾਰ ਬਿਹਾਰ[1] ਸੁਨਾਇ,
ਰਹੀ ਸਮਝਾਇ ਸੁਤੈਂ ਬਹੁਧਾ ਹੀ[1] ॥ ੩੪ ॥

[1]ਕੋਮਲ ਬਚਨ ਬੋਲ ਕੇ।
[1]ਇਸ ਤਰ੍ਹਾਂ ਗੁਰਾਂ ਦੇ ਬੂਹੇ 'ਤੇਰੌਲਾ ਰਹਿੰਦਾ ਹੈ।
[1]ਵਰਤਾਵੇ ਦੀਆਂ ਗੱਲਾਂ।
[1]ਬਹੁਤ ਹੀ ਢੰਗਾਂ ਨਾਲ।

ਮਾਨਤ ਨਾ ਗੁਰੁ ਠਾਨਤ ਵੈਸਹਿ[1],
ਤਾੜਤ ਮਾਤ ਬਖਜਾਤ ਜਬੈ ਹੈ।
ਦੇਤ ਜੁਵਾਬ ਸ਼ਿਤਾਬ ਇਹੀ,
ਹਮ ਜਾਹਿਂ ਪੰਜਾਬ ਇਹਾਂ ਨ ਰਹੈ ਹੈਂ।
ਕੈ ਰੁਠ ਕੈ ਧਰਿ ਮੌਨ, ਸੁ ਭੌਨ
ਕਿ ਕੌਨ ਥਿਰੈਂ, ਨ ਡਰੈਂ ਨ ਰੁਵੈ ਹੈਂ[1]।

[1]ਉਵੇਂ ਕਰਦੇ ਹਨ।

[1]ਜਾਂ ਰੁੱਸ ਕੇ ਚੁੱਪ ਧਾਰ ਕੇ ਘਰ ਦੇ ਖੂੰਜੇ 'ਚ ਜਾ ਖੜੋਂਦੇ ਹਨ, ਨ ਡਰਦੇ ਹਨ ਨ ਰੋਂਦੇ ਹਨ।

ਫੇਰ ਮਨਾਤ ਸੁ ਮਾਤ ਬਡੀ,
ਗਹਿ ਲਜਾਤ ਛਕਾਤ ਸੁਹਾਤ ਮਨੈ ਹੈਂ[1] ॥ ੩੫ ॥

[1]ਮਾਤਾ ਨਾਨਕੀ ਜੀ ਫੜ ਕੇ ਲਿਆਉਂਦੇ ਤੇ ਚੰਗੀ ਚੀਜ਼ ਖੁਆ ਕੇ ਮਨਾ ਲੈਂਦੇ ਹਨ।

ਰੋਜ ਗੁਲੇਲਨ ਸੋਂ ਘਟ ਭੰਨਤ,
ਮੰਨਤ ਕਾਂਨ ਨ ਆਨ ਕਿਸੈ ਹੈਂ[1]।

[1]ਹੋਰ ਕਿਸੇ ਦੀ ਕਨੌਡ ਨਹੀਂ ਮੰਨਦੇ।

ਜੰਘ[1] ਨਿਤੰਬ[2] ਕਟੀ[3] ਸਿਰ ਪੀਠ,
ਲਗੈ ਜਿਨ ਕੇ ਸਟ ਸੋ ਝਟ ਐ ਹੈਂ।

[1]ਲੱਤਾਂ। [2]ਚਿੱਤੜ। [3]ਲੱਕ।

ਰੋਵਤ ਹਾਇ ਪੁੱਕਾਰਤ ਆਰਤ[1],
ਧਾਰਤ ਰੌਰ ਉਚਾਰਤ ਵੈਹੈਂ।
ਪੂਤ ਅਨੋਖਾ ਜਯੋ ਤੁਮ ਹੀ ਇਹੁ,
ਧੋਖਾ ਦੈ ਮਾਰਤ ਚੋਖਾ ਨਾ ਕੈਹੈਂ[1] ॥ ੩੬ ॥

[1]ਦੁਖੀ ਹੋ ਕੇ।

[1](ਡਰਦੀਆਂ) ਬਹੁਤਾ ਨਹੀਂ ਕਹਿੰਦੀਆਂ।

ਮਾਤ ਨਿਹੋਰ ਬਹੋਰ[1] ਤਿਨੈ,
ਕਿਛੁ ਦੈ ਕਰਿ ਮਿੰਨਤ ਤੋਰਤ ਠੌਰੈਂ[1]।

[1]ਫੇਰ ਬੇਨਤੀ ਕਰਕੇ।

[1]ਆਪਣੇ ਘਰੋਂ। (ਅ) ਉਹਨਾਂ ਨੂੰ ਆਪਣੇ ਘਰ ਨੂੰ।

ਤਾੜਨ ਚਾਹਿਤ ਜੌ ਸੁਤ ਕੋ,
ਵਹਿ ਜਾਵਤ ਤਾਵਤ[1] ਭਾਵਤ[2] ਦੌਰੈਂ।

[1]ਤਦੋਂ। [2]ਮਨ ਭਾਉਂਦਾ।

ਮਾਤੁਲ ਆਦਿ ਲਜਾਵਤ ਹੈਂ,
ਫਿਰ ਮਾਤ ਮਨਾਇ ਬਡੀ ਭਲ ਤੌਰੈਂ[1]।

[1]ਚੰਗੇ ਢੰਗ ਨਾਲ।

ਕਯੋਂ ਨ ਚਲੋ ਨਿਜ ਦੇਸ? ਕਹੈਂ ਗੁਰੁ,
ਨਾਹਿ ਰਹਾਹਿਂ ਇਹਾਂ ਹਮ ਔਰੈਂ ॥ ੩੭ ॥
ਏਕ ਦਿਨਾ ਤੁਰਕਾਨੀ ਅਈ,
ਭਰਨੇ ਜਬਿ ਪਾਨੀ ਗੁਲੇਲ ਚਲਾਈ।
ਜਾਇ ਲਗਯੋ ਸਿਰ ਪੈ ਤਿਸ ਖਾਨਮ[1],
ਰੰਮਨ ਰੰਮ ਬਹਯੋ ਰਤ ਜਾਈ[1]।

[1]ਬੇਗਮ।

[1](ਰੰਮਨਰੰਮ) ਲਗਾਤਾਰ ਖ਼ੂਨ ਵਗਦਾ ਜਾਂਦਾ ਹੈ।

ਰੋਵਤ ਮਾਤ ਕੇ ਪਾਸ ਗਈ ਵਹਿ,
ਜੋਵਤ ਹੀ[1] ਬਹੁ ਚਿੱਤ ਰਿਸਾਈ[2]।
[1]ਦੇਖ ਕੇ। [2](ਮਾਤਾ ਜੀ) ਗ਼ੁੱਸੇ ਹੋਏ।

ਫੂਕ ਦਰਜਾਈ ਭਰਾਈ ਸੁ ਘਾਵ[1],
ਪੁਸ਼ਾਕ ਦਿਨਾਰ ਦੈ[1] ਨਾਰਿ ਪਠਾਈ ॥ ੩੮ ॥
[1]ਦਰਿਆਈ (ਕਪੜਾ) ਸਾੜ ਕੇ ਜ਼ਖ਼ਮ ਭਰਿਆ।
[1]ਮੁਹਰਾਂ ਦੇ ਕੇ।

ਮਾਤ ਸਕੋਪ ਕਹਯੋ ਤਿਸ ਰੋਜ,
ਅਹੋ ਗੁਰੁ ਨਾਨਕ ਦੇਵ ਮੁਰਾਰੀ।
ਹੋਤ ਕਲੇਸ਼ ਬਿਸ਼ੇਸ਼ ਹਮੇਸ,
ਭਵੈ ਇਹੁ ਕੂਪ ਅਬੈ ਜਲ ਖਾਰੀ।
ਤੈਸ ਭਯੋ ਜਿਮ ਮਾਤ ਚਹਯੋ,
ਜਲ ਲੇਵਨ ਆਇ ਨ ਕੋ ਤਿਹ ਨਾਰੀ।
ਅਬਿ ਲੌ ਵਹਿ ਖਾਰੋ ਸਹੀ, ਕਿ ਨ
ਹੋਇ[1] ਵਹੀ, ਜੁ ਚਹੀ ਮਹਤਾਰੀ[2] ॥ ੩੯ ॥
[1]ਕਿਉਂ ਨ ਹੋਵੇ। [2]ਮਾਤਾ ਜੀ ਨੇ।

ਜੇ ਕਬ ਹੀ ਗੁਰੁ ਕੋ ਗਹਿ ਕੈ,
ਜਸੁਧਾ ਜਿਮ[1] ਤਾੜਨ ਮਾਤ ਚਹੈਂ ਜੌ।
[1](ਕ੍ਰਿਸ਼ਨ ਦੀ ਮਾਂ) ਜਸੋਧਾਂ ਵਾਂਗ।

ਸੂਖਮ ਹ੍ਵੈ ਕਰ ਤੈ ਛੁਟਕੈਂ[1],
ਕਿਤ ਮੰਦਰ ਅੰਦਰ ਜਾਇ ਬਹੈਂ ਜੌ।
[1]ਸੂਖਮ ਰੂਪ ਹੋ ਕੇ ਹੱਥ 'ਚੋਂ ਛੁੱਟ ਜਾਂਦੇ ਹਨ।

ਦਾਸੀਰੁ ਦਾਸ ਸ ਮਾਤ[1] ਪਿਖੈਂ ਜਬਿ,
ਜਾਇ ਸਰੂਪ ਅਨੂਪ ਲਹੈਂ ਤੌ[1]।
[1]ਮਾਤਾ ਜੀ ਸਣੇ।
[1]ਤਾਂ ਦੇਖਦੇ ਹਨ।

ਚਾਰ ਭੁਜਾ ਬਿਸ਼ਨੁ ਲਖਮੀ ਯੁਤ,
ਦੇਵ ਅਦੇਵ ਸੁ ਸੇਵ ਰਹੈਂ ਤੌ[1] ॥ ੪੦ ॥
[1]ਤਾਂ ਚਾਰ ਬਾਹਾਂ ਵਾਲੇ ਵਿਸ਼ਨੂੰ ਲੱਛਮੀ ਸਹਿਤ ਹਨ ਤੇ ਦੇਵਤੇ ਦੈਂਤ ਸੇਵਾ ਕਰ ਰਹੇ ਹੁੰਦੇ ਹਨ।

ਕੋਟਕ ਬੀਜਰਿ ਕੇ ਸਮ[1] ਤੇਜ,
ਨ ਪੇਖ ਸਕੇ ਦ੍ਰਿਗ ਮੂੰਦ ਲਏ ਹੈਂ।
[1]ਕ੍ਰੋੜਾਂ ਬਿਜਲੀਆਂ ਵਾਂਗ।

ਫੇਰ ਪਿਖੈਂ ਤਬਿ ਰੂਪ ਅਕਾਲ,
ਕਮਾਲ ਬਿਸਾਲ ਬਿਥਾਰ ਭਏ ਹੈਂ[1]।
[1]ਪੂਰਨ ਤੇ ਬਹੁਤੇ ਬਿਸਥਾਰ ਵਾਲੇ ਹੋਏ ਹਨ।

ਬਿੱਸ੍ਵ ਚਰਾ ਚਰ[1] ਜਾਂਹਿ ਵਿਖੈ,
ਲਖ ਕੈ[1] ਸਬਿ ਹੋਸ਼ ਹਵਾਸ ਗਏ ਹੈਂ।
[1]ਜੜ੍ਹ-ਚੇਤਨ ਸੰਸਾਰ।
[1]ਜਾਣ ਕੇ।

ਫੇਰ ਪਿਖਯੋ ਗੁਰੁ ਨਾਨਕ ਰਾਮ,
ਸੁ ਕ੍ਰਿਸ਼ਨ ਪੁਨਾ ਬਪੁ ਬਾਲ ਥਏ ਹੈਂ[1] ॥ ੪੧ ॥
[1]ਫੇਰ ਬਾਲ-ਸਰੂਪ ਹੋ ਗਏ ਹਨ।

ਰੂਪ ਅਨੇਕ ਛਿਨੇਕ ਛਿਨੇਕ[1],
[1]ਇਕ ਇਕ ਛਿਨ ਵਿੱਚ।

ਪਿਖੈਂ ਜਨ ਜੌ ਮਨ ਤੱਜਬ[1] ਰੈਹੈਂ। [1]ਹੈਰਾਨ।
ਮਾਤ ਬਡੀ ਬਖਜਾਤ ਸੁਨਾਤ,
ਸਹੀ ਅਵਤਾਰਨ ਲੱਖਨ ਏ ਹੈਂ।
ਚਿੱਤ ਭ੍ਰਮਾਵਤ ਹੈਂ ਸਬਿ ਕੇ ਗੁਰੁ,
ਡਾਰ[1] ਪੁਨਾ ਨਿਜ ਮਾਯਾ ਅਤੇ[2] ਹੈਂ। [1]ਪਾ ਕੇ। [2]ਬਹੁਤੀ।
ਭੂਲਤ ਸੋ ਸ੍ਵਪਨੇ ਸਮ ਝੂਲਤ[1], [1]ਸੁਪਨੇ ਦੇ ਹਿਲੋਰੇ ਵਾਂਗ।
ਔਰ ਖਜਾਲ ਗੁਰੂ ਪੁਨ ਪੈ ਹੈਂ ॥ ੪੨ ॥
ਜਾਇ ਬਸੈਂ ਪੁਰਿ ਆਨੰਦ ਮੈਂ ਹਮ,
ਪਾਇ ਦਿਦਾਰ ਪਿਤਾ ਗੁਰ ਕੇ ਹੈਂ।
ਗਾਮ ਪਿਤਾਮਹਿ[1] ਕੋ ਪੁਰ ਕੀਰਤਿ, [1]ਦਾਦਾ ਜੀ।
ਹੇਰਿ ਮਨੋਰਥ ਲੈ ਉਰ ਕੇ ਹੈਂ।
ਤਾਏ ਕੇ ਪੁੱਤ੍ਰ ਪੌਤ੍ਰ ਸੋਂ ਹਮ,
ਖੇਲ ਸੁ ਮੇਲ ਕਰੈਂ ਢੁਰ ਕੇ[1] ਹੈਂ। [1]ਪ੍ਰਸੰਨ ਹੋ ਕੇ।
ਜੇ ਨ ਚਲੌ ਤੁਮ ਮਾਤ ਅਬੈ,
ਹਮ ਏਕਲ ਜਾਵਹਿਂਗੇ ਤੁਰ ਕੇ[1] ਹੈਂ ॥ ੪੩ ॥ [1]ਟੁਰ ਕੇ।
ਮਾਤ ਬਡੀ ਨਹਿਂ ਚਾਹਿਤ ਪ੍ਰਾਹਿਤ[1], [1]ਕਹਿੰਦੀ ਹੈ।
ਆ ਇਤ ਸੂਖ ਬਡੇ ਹਮ ਪਾਏ।
ਤਾਂ ਪਰ ਭੀ ਪ੍ਰਭੁ ਬਾਰਹਿਂ ਬਾਰ,
ਪਿਤਾ ਢਿਗ ਜਾਵਨ ਹੇਤ ਸੁਨਾਏ।
ਬਾਦ ਬਿੱਬਾਦ ਸ਼ਰੀਕਨ ਕੇ ਤਹਿਂ,
ਆਹਿਂ ਘਨੇ ਦੁਖ ਦਾਇ ਮਹਾਏ[1]। [1]ਓਥੇ ਸ਼ਰੀਕਾਂ ਦੇ ਬਹੁਤੇ ਝਗੜੇ ਬਖੇੜੇ ਬਹੁਤੇ ਦੁਖਦਾਇਕ ਹਨ।
ਲਾਭ ਬਡੋ ਇਤ ਆਇ ਭਯੋ,
ਇਹੁ ਪ੍ਰਾਨ ਪ੍ਰਿਯਾ ਨਿਜ ਨਾਤੀ ਲਹਾਏ[1] ॥ ੪੪ ॥ [1]ਇਹ ਆਪਣੇ ਪ੍ਰਾਣਾਂ ਤੋਂ ਪਿਆਰਾ ਪੋਤ੍ਰਾ ਪ੍ਰਾਪਤ ਹੋਇਆ ਹੈ।
ਮਾਤ ਬਡੀ ਇਮ ਲਾਭ ਅਲਾਭ[1] [1]ਨੁਕਸਾਨ।
ਵਿਚਾਰਿ, ਨ ਜਾਨ ਪੰਜਾਬ ਚਹੇ ਹੈਂ।
ਤਜੋਂ ਸਬਿ ਹੀ ਸਿਖ ਸੇਠ[1] ਫਤੇ ਸਸਿ[2], [1]ਜੈਤਾ ਸੇਠ। [2]ਫਤਹ ਚੰਦਰਾਜਾ।
ਸੇ ਨਹਿ ਜਾਵਨ ਹੇਤ ਕਹੇ ਹੈਂ।
ਸਾਹਿਬ ਜ਼ਾਦਾ ਤਗਾਦਾ ਕਰੇ[1] ਨਿਤ, [1]ਪ੍ਰੇਰਨਾ ਕਰਦਾ ਹੈ।
ਜ਼ਜਾਦਾ ਬਿਖਾਦਾ[1] ਰਖੈ ਤਬਿ ਤੈ ਹੈ। [1]ਝਗੜਾ।

ਯਾਂ ਹਿਤ ਹ੍ਵੈ ਗਰਜ਼ੀ[1] ਅਰਜ਼ੀ ਲਿਖਿ,
ਭੇਜੀ ਸ੍ਰੀ ਗੁਰੁ ਨੌਮ ਢਿਗੈਂ ਹੈ ॥੪੫॥
ਸਿੱਧ ਸ੍ਰੀ ਮਹਾਂਰਾਜ ਧਿਰਾਜ,
ਜਹਾਜ ਭਵਾਂਬੁਧ ਤਾਰਕ ਦਾਸੈਂ[1]।

[1]ਚਾਹਵਾਨ ਹੋ ਕੇ।

[1]ਹੇ ਕਲਿਆਣ ਸਰੂਪ ਅਤੇਰਾਜਿਆਂ ਦੇ ਆਸਰਾ ਰੂਪ ਮਹਾਰਾਜ (ਆਪ) ਦਾਸਾਂ ਨੂੰ ਸੰਸਾਰ ਸਮੁੰਦਰ ਤੋਂ ਜਹਾਜ਼ ਵਾਂਗ ਤਾਰਨ ਵਾਲੇ ਹੋ।

ਪੂਰਨ ਪਾਵਨ ਪੁੰਜ ਗੁਨਾਕਰ,
ਠਾਕੁਰ ਆਪ ਚਰਾਚਰ ਭਾਸੈਂ[1]।

[1]ਹੇ ਠਾਕਰ (ਤੁਸੀਂ) ਪੂਰਨ ਹੋ, ਪਵਿੱਤ੍ਰ ਹੋ, ਸਾਰਿਆਂ ਗੁਣਾਂ ਦੀ ਖਾਣ ਹੋ, ਜੜ੍ਹ ਚੇਤਨ 'ਚ ਆਪ ਪ੍ਰਤੀਤ ਹੋ ਰਹੇ ਹੋ।

ਜਾਨਨ ਹਾਰ ਘਟੋ ਘਟ ਕੀ,
ਅਬਿ ਸਾਹਿਬਜ਼ਾਦਾ ਕਰੈ ਹਠ ਰਾਸੈਂ[1]।

[1]ਬਹੁਤਾ।

ਪੇਖਨ ਕੇ ਹਿਤ ਰਾਵਰ ਕੇ ਪਗ,
ਚਾਹਿਤ ਹੈਂ ਸਬਿ ਹੀ ਹਮ ਖਾਸੈਂ[1] ॥੪੬॥

[1]ਅਸੀਂ ਆਪ ਸਾਰੇ।

ਮਾਤ ਲਿਖਜੋ ਬਡ[1] ਪੇਖਨ ਕੋ ਤੁਵ,
ਹੇ ਸੁਤ ਨੈਨ ਹਮੈਂ ਤਰਸੈ ਹੈਂ।
ਆਪ ਗਏ ਇਮ ਥੇ ਕਹਿ ਕੈ,
ਹਮ ਜਾਵਤ ਹੀ ਬੁਲਵਾਇ ਲਹੈ ਹੈਂ।
ਆਪ ਬੁਲਾਇ ਪਠੋ ਅਬਿ ਹੀ,
ਨਤੁ[1] ਸਾਹਬਜ਼ਾਦਾ ਖੁਦੈ[2] ਚਲਿ ਐਹੈ।

[1]ਵੱਡੇ ਮਾਤਾ ਜੀ ਨੇ।

[1]ਨਹੀਂ ਤਾਂ। [2]ਆਪ ਹੀ।

ਔਰ ਸਬੈ ਕੁਸਲਾਨੰਦ[1] ਹੈ,
ਇਕ ਰਾਵਰ ਕੇਰ ਬਜੋਗ[1] ਦੁਖੈ ਹੈ ॥੪੭॥

[1]ਸੁਖ ਤੇ ਅਨੰਦ।

[1]ਵਿਛੋੜਾ।

ਦੈ ਪਤੀਆ ਇਹੁ ਧਾਵਨ ਕੈ ਕਰ[1]
ਸੋ ਪੁਰਿ ਆਨੰਦ ਓਰ ਸਿਧਾਯੋ।
ਬਾਤ ਨੁਵਾਬ ਇਹੈ ਸੁਨ ਕੈ,
ਗੁਨ ਕੈ[1] ਸੁ ਸ਼ਿਤਾਬ ਗੁਰੂ ਦਰ ਆਯੋ।

[1]ਹਲਕਾਰੇ ਦੇ ਹੱਥ।

[1]ਵਿਚਾਰ ਕੇ।

ਸੇਠ ਜਗੱਤ ਸੁ ਦੱਤ ਦਿਜੇਸਰ[1],
ਭੂਪ ਫਤੇ ਸਸਿ ਲੌ ਸਮੁਦਾਯੋ।
ਬਾਰਹਿ ਬਾਰ ਕਰੈਂ ਬਿਬਿਧਾ[1]
ਬਿਨਤੀ, ਹਮ ਕੋ ਕਿਮ ਤਜਾਗਨ ਭਾਯੋ ॥੪੮॥

[1]ਬ੍ਰਹਮਣ।

[1]ਅਨੇਕ ਤਰ੍ਹਾਂ।

ਜੋਰਿ ਸੁ ਹਾਥ ਨਿਹੋਰਿ[1] ਕਹੈਂ ਬਹੁ,
ਆਪ ਅਭੀ ਪਟਨਾ ਨਹਿਂ ਛੋਰੋ।

[1]ਬੇਨਤੀ ਨਾਲ।

ਮੀਨ[1] ਬਿਨਾ ਜਲ ਹੀਨ ਫਨੀ ਮਨਿ[2],
ਦੀਨ[1] ਨ ਤਜੋਂ ਹਮ ਕੋ ਕਰ ਛੋਰੋ।
ਸਾਹਿਬ ਜ਼ਾਦਾ ਨ ਉੱਤ੍ਰ ਦੈ ਕਿਛੁ,
ਬਾਤ ਸੁਨਾਵਤ ਹੋਰ ਕੀ ਹੋਰੋ।
ਮਾਤ ਬਡੀ ਅਰ ਮਾਤੁਲ ਆਦਿ,
ਦਿਢਾਵਤ ਧੀਰ ਤਿਨੈ ਨਹਿਂ ਥੋਰੋ[1] ॥ ੪੯ ॥

[1]ਮੱਛੀ। [2]ਮਣੀ ਬਿਨਾ ਸੱਪ।

[1]ਦੁਖੀ।

[1]ਥੋੜ੍ਹਾ ਨਹੀਂ ਭਾਵ ਬਹੁਤਾ।

ਸਾਹਿਬਜ਼ਾਦੇ ਤਈਂ ਪਰਚਾਵਨ
ਕੇ ਹਿਤ, ਸੰਗ ਲਿਜਾਵਨ ਕੈਹੈਂ[1]।
ਸੇਠ ਜਗੱਤ ਕਬੀ ਦਿਜ ਦੱਤ,
ਭਗੱਤਿ[1] ਕਰੈਂ ਘਰ ਜਾਇ ਖਿਲੈ ਹੈਂ।
ਫੀਲ[1] ਚਢਾਇ ਨੁਵਾਬ ਮਹੱਲ
ਲਿਜਾਇ ਕਬੀ ਬਹੁ ਸੇਵ ਕਮੈ ਹੈ।
ਬੇਗਮ ਤਾਂਹਿ ਲਖਾਹਿ ਵਲੀ ਨਿਜ
ਪੀਰ, ਰਿਝਾਇ ਸੁ ਚਾਹਿ ਅਤੈ ਹੈ[1] ॥ ੫੦ ॥

[1]ਕਰਦੇ ਹਨ।

[1]ਸੇਵਾ।

[1]ਹਾਥੀ।

[1]ਆਪਣਾ ਕਰਾਮਾਤੀ ਪੀਰ ਜਾਣ ਕੇ ਬਹੁਤ ਖ਼ੁਸ਼ ਕਰਨਾ ਚਾਹੁੰਦੀ ਹੈ।

ਬਾਤਹਿਂ ਬਾਤ ਵਿਖੈ ਕਰਮਾਤ,
ਬਖਸ਼ਾਤ ਪਿਖੈ ਵਹਿ ਬਾਂਛਤ ਪੈਹੈ[1]।
ਗਜਾਨ ਉਪਦੇਸ ਕਰੈ ਤਿਨ ਕੋ ਗੁਰੁ,
ਕੈ ਨਿਰਸੰਸ[1] ਅਭੈ ਪਦ ਦੈਹੈਂ।
ਬਾਗ ਕਰਾ ਜੁ ਹਰਾ ਗੁਰੁ ਨੌਮਹਿ,
ਦੀਨ ਨੁਵਾਬ ਹੁਤੇ ਸੁ ਗੁਰੈਂ ਹੈਂ।
ਸੰਗ ਨੁਵਾਬ ਤਹਾਂ ਸ ਉਮੰਗ,
ਨਿਸੰਗਹਿ ਸੈਰ ਕਰੈਂ ਘਰ ਐਹੈਂ ॥ ੫੧ ॥

[1]ਮਨ ਇੱਛਤ ਪਾ ਲੈਂਦੀ ਹੈ।

[1]ਸੰਸੇ ਤੋਂ ਬਿਨਾ ਕਰਕੇ।

ਬਾਲਨ ਮੇਲ, ਨਵੇਲ[1] ਰਚੈਂ[2]
ਗੁਰੁ ਖੇਲ, ਅਲੌਕਕ ਝੇਲ ਅਨੰਦੈਂ[1]।
ਲੋਕ ਬਿਲੋਕ ਬਿਸੋਕ ਭਵੈਂ,
ਸਮ ਕੋਕ ਰਵੀ ਕੁਮਦੀ ਜਿਮ ਚੰਦੈਂ[1]।

[1]ਨਵੀਂ। [2]ਕਰਦੇ ਹਨ।

[1]ਅਸਚਰਜ ਅਨੰਦ ਮਾਣਦੇ ਹਨ।

[1]ਲੋਕ ਦੇਖ ਕੇ ਅਨੰਦ ਹੁੰਦੇ ਹਨ ਚਕਵੇ ਦੇ ਸੂਰਜ (ਨੂੰ ਵੇਖਣ) ਵਾਂਗ (ਜਾਂ) ਜਿਵੇਂ ਕਮੀਆਂ ਚੰਦ ਨੂੰ (ਵੇਖ ਕੇ ਅਨੰਦ ਹੁੰਦੀਆਂ ਹਨ)।

ਹਾਸ ਬਿਲਾਸ ਵਿਖੈ ਕਹਿ ਹੈਂ,
ਨਹਿ ਜਾਨ ਪੰਜਾਬ ਚਹੋ ਸੁਖ ਕੰਦੈ[1] !।

[1]ਹੇ ਸੁਖਾਂ ਦੇ ਬੱਦਲ (ਗੁਰੂ ਜੀ)।

ਯਾਹਿ ਭਵੈ ਨਹਿਂ[1] ਜਾਹਿਂ ਜਰੂਰਹਿ, [1]ਇਸ ਤਰ੍ਹਾਂ ਨਹੀਂ ਹੋਵੇਗਾ।
ਤਾਹਿਂ ਤਈਂ ਗੁਰੁ ਪ੍ਰਾਹਿਂ ਸੁਛੰਦੈ[1] ॥ ੫੨ ॥ [1]ਆਜ਼ਾਦੀ ਨਾਲ ਕਹਿੰਦੇ ਹਨ।

ਦੋਹਰਾ:

ਅਬਿ ਇਨ ਸਬਿ ਕੀ ਗਾਥ ਹਮ,
ਭਿਨ ਭਿਨ ਤਨਕ ਸੁਨਾਹਿਂ।
ਬਡੇ ਬਡੇ ਬਹੁ ਲੋਗ ਜਸੋਂ,
ਗੁਰੁ ਸਿਖ ਭਏ ਤਹਾਂਹਿਂ ॥ ੫੩ ॥

ਚੌਪਈ:

ਬਾਗ ਸੁਸਕ ਥਾ[1] ਬਡ ਇਕ ਸ਼ਾਹੀ। [1]ਸੁੱਕਾ ਸੀ।
ਖਰੋ ਹਰੋ ਨਹਿਂ ਹੋਤ[1] ਤਹਾਂਹੀ। [1]ਚੰਗੀ ਤਰ੍ਹਾਂ ਹਰਾ ਨਹੀਂ ਸੀ ਹੁੰਦਾ।
ਜਬਿ ਗੁਰੁ ਨੌਮ ਬੰਗਾਲਜੋਂ ਆਏ।
ਬੈਠੇ ਬਾਗ ਤਿਸੀ ਮੈਂ ਜਾਏ ॥ ੫੪ ॥
ਸਾਹਬਜ਼ਾਦਾ ਥਾ ਬਿਦਤਾਯੋ[1]। [1]ਪ੍ਰਗਟ ਹੋਇਆ ਸੀ।
ਓਸ ਖੁਸ਼ੀ ਮੈਂ ਸ਼ਬਦ ਜੁ ਗਾਯੋ।
ਹਰਾ ਭਰਾ ਤਬਿ ਬਾਗ ਭਯੋ ਸੋ।
ਸੁਨਿ ਨੁਵਾਬ ਮਨਿ ਮੋਦ ਛਯੋ ਥੋ[1] ॥ ੫੫ ॥ [1]ਅਨੰਦ ਭਰ ਗਿਆ ਸੀ।
ਪਦ ਅਰਬਿੰਦ ਜਾਇ ਗੁਰੁ ਬੰਦੇ।
ਭਯੋ ਮੁਰੀਦ ਸਿਦਕ ਸਾਨੰਦੇ[1]। [1]ਅਨੰਦ ਨਾਲ।
ਖਾਨ ਕਰੀਮ, ਰਹੀਮ ਖਾਨ ਥੇ।
ਜੁਗ ਭ੍ਰਾਤ੍ਰ ਹਾਕਮ ਪਠਾਨ ਥੇ ॥ ੫੬ ॥
ਤੇਜ ਪ੍ਰਤਾਪ ਸ਼ਕਤਿ ਪਿਖ ਗੁਰੂ ਕੀ।
ਭਏ ਸਿਖ ਸਰਧਾ ਧਰਿ ਉਰ ਕੀ।
ਵਹੀ ਬਾਗ ਅਰਦਾਸ ਕਰਾਯੋ।
ਔਰ ਬਾਗ ਲਘੁ[1] ਪੁਨ ਅਰਪਾਯੋ[2] ॥ ੫੭ ॥ [1]ਛੋਟਾ। [2]ਭੇਟਾ ਕੀਤਾ।
ਗਾਮ ਜਗੀਰ ਲਗਾਏ ਕਾਫੀ।
ਜੋ ਅਬਿ ਲੌ ਗੁਰਦ੍ਵਾਰੇ ਮਾਫੀ[1]। [1]ਉਹ ਜ਼ਮੀਨ ਜਿਸ ਦਾ ਸਰਕਾਰੀ ਮਾਮਲਾ ਮੁਆਫ਼ ਹੋਵੇ।
ਯਾ ਬਿਧਿ ਥੇ ਮੁਰੀਦ ਸੋ ਭਏ।
ਤਿਨੈ ਦੇਖ ਔਰੈ ਬਹੁ ਥਏ[1] ॥ ੫੮ ॥ [1]ਹੋਏ।
ਅਬਿ ਲੌ ਭੀ ਉਨਿ ਕੀ ਸੰਤਾਨੈਂ।
ਮਾਨਤ ਹੈਂ ਗੁਰੁ ਘਰ ਕੀ ਆਨੈ[1]। [1]ਆਗਿਆ।

ਜਗਤ ਸੇਠ ਕੀ ਸੁਨੀਓ ਸਾਖੀ।
ਕਹੋਂ ਤੈਸ ਜਜੋਂ ਬ੍ਰਿੱਧਨਿ ਭਾਖੀ ॥ ੫੯ ॥
ਓਸਵਾਲ[1] ਬਨੀਆ ਥਾ ਸੋਊ। [1]ਗੋਤ।
ਜੈਨ ਧਰਮ ਮੈਂ ਜਾਨਤ ਲੋਊ[1]। [1]ਲੋਕ।
ਲੋਗ ਕਰੋੜ ਪਤੀ ਤਿਹ ਭਾਖੈਂ।
ਹੋਇ ਪੂਤ ਮਮ ਘਰ ਅਭਿਲਾਖੈਂ[1] ॥ ੬੦ ॥ [1]ਚਾਹੁੰਦਾ ਸੀ।
ਸਬਿ ਸ਼ਹਿਰਨ ਮੈਂ ਕੋਠੀ[1] ਤਾਂ ਕੀ। [1]ਵਾਪਾਰ ਦੀ ਦੁਕਾਨ ਜਿਸ ਥਾਂ ਹੁੰਡੀ ਦਾ ਲੈਣ ਦੇਣ ਹੋਵੇ।
ਹੇਤ ਵਪਾਰ ਹੁਤੀ ਬਡ ਬਾਂਕੀ।
ਆਪ ਰਹਿਤ ਪਟਨੇ ਮੈਂ ਨੀਕੈਂ।
ਗੁਰੁ ਘਰ ਕਾ ਜਸ ਸੁਨਿ ਸੋ ਠੀਕੈਂ ॥ ੬੧ ॥
ਚਾਰ ਸਾਲ ਕਾ ਸਾਹਬ ਜ਼ਾਦਾ।
ਬਿਦਤਜੋ ਅਜ਼ਮਤ ਯੁਤ ਜਬਿ ਜ਼ਜਾਦਾ।
ਜੋ ਮੁਖ ਤੇ ਕਹਿ ਸੋਈ ਹੋਵੈ।
ਤਾਤਕਾਲ ਫਲ ਜਨ ਭਲ ਜੋਵੈਂ[1] ॥ ੬੨ ॥ [1]ਲੋਕ ਭਲੀ ਤਰ੍ਹਾਂ ਦੇਖਦੇ ਹਨ।
ਸੁਨਿ ਮਹਿਮਾ ਲੋਗਨ ਤੈ ਭਾਰੀ।
ਜਾਗੇ ਤਿਸ ਕੇ ਭਾਗ ਉਦਾਰੀ।
ਜੈਤੇ ਸੇਠ ਭਗਤ ਸਿਖ ਦ੍ਵਾਰੇ[1]। [1]ਰਾਹੀਂ।
ਆਯੋ ਚਲਿ ਸਤਿਗੁਰੁ ਕੇ ਦ੍ਵਾਰੇ ॥ ੬੩ ॥
ਤਹਿਂ ਤਬਿ ਥੀ ਗੁਰੁ ਘਰ ਇਮ ਰੀਤੀ।
ਸਭਾ ਲਗਤ ਇਕ ਵਕਤ ਸਨੀਤੀ[1]। [1]ਬਾਦਸ਼ਾਹਾਂ ਵਰਗੀ।
ਸਾਹਿਬਜ਼ਾਦੇ ਕੋ ਮੰਜੀ ਪਰ।
ਏਕ ਜਾਮ ਬੈਠਾਰਤ ਦਿਢ ਤਰ[1] ॥ ੬੪ ॥ [1]ਬੜੀ ਦ੍ਰਿੜ੍ਹਤਾ ਨਾਲ।
ਦਾਸ ਢੁਰਾਵਤ ਚੌਰ ਉਦਾਰੀ।
ਖਰੇ ਮੇਵਰੇ[1] ਰਹਿਤ ਅਗਾਰੀ। [1]ਅਰਦਾਸੀਏ।
ਢਿਗ ਕ੍ਰਿਪਾਲ ਥਿਰਿ ਸਾਹਿਬ ਚੰਦ।
ਆਦਿ ਸਜਾਨੇ ਸਿੱਖ ਮਸੰਦ ॥ ੬੫ ॥
ਦਰਸ਼ਨ ਹੇਤ ਲੋਗ ਤਬਿ ਆਵੈਂ।
ਅਰਪ ਅਕੋਰੈਂ[1] ਬਾਂਛਤ ਪਾਵੈਂ। [1]ਭੇਟਾਵਾਂ।
ਤਾਹੀਂ ਸਮੇਂ ਸੇਠ ਚਲ ਆਯੋ।
ਧਰਿ ਭੇਟਾ ਬਹੁ ਸੀਸ ਨਿਵਾਯੋ ॥ ੬੬ ॥

ਕਰਿ ਅਰਦਾਸ ਮੇਵਰੇ ਤਬੈ।
ਧਰੀ ਅਕੋਰ ਅੱਗ੍ਰ ਗੁਰ ਸਬੈ।
ਫਲ ਉਠਾਇ ਤਿਸ ਮੈਂ ਸੇ ਤੀਨ।
ਦਏ ਸੇਠ ਕੋ ਗੁਰੁ ਪ੍ਰਬੀਨ ॥ ੬੭ ॥
ਦੋਇ ਗਹੇ ਇਕ ਧਰ ਗਿਰ ਪਰਾ।
ਸ੍ਰੀ ਮੁਖ ਤੈ ਇਮ ਬਚਨ ਉਚਰਾ।
ਹੁਤੋ ਨ ਸੁਤ ਤੁਵ ਲੇਖ ਮਝਾਰੀ।
ਪੈ ਗੁਰੁ ਘਰ ਕੀ ਸਰਨ ਸੰਭਾਰੀ ॥ ੬੮ ॥
ਇਹੁ ਫਲ ਦਿਹੁ ਨਿਜ ਤਿਯਨਿ[1] ਖੁਲਾਈ। [1]ਇਸਤ੍ਰੀਆਂ ਨੂੰ।
ਭਵੈਂ ਪੂਤ ਤ੍ਰੈ ਇਕ ਮਰ ਜਾਈ।
ਤੀਨ ਪੁਸ਼ਤ[1] ਤੁਵ ਸੰਤਤਿ[2] ਰੈਹੈ। [1]ਪੀੜ੍ਹੀਆਂ। [2]ਉਲਾਦ।
ਪਾਛੇ ਫੇਰ ਨਾਮ ਮਿਟ ਜੈਹੈ ॥ ੬੯ ॥
ਬਾਲਕ ਲੀਲ੍ਹਾ ਕਰਤ ਉਚਾਰੇ।
ਸਰ ਰਘੁਵਰ ਸੇ ਬੈਨ ਉਦਾਰੇ[1]। [1]ਰਾਮ ਚੰਦ੍ਰ ਦੇ ਤੀਰਾਂ ਵਰਗੇ ਸ੍ਰੇਸ਼ਟ ਬਚਨ।
ਸੁਨਿ ਮਨਿ ਗੁਨਿ[1] ਬਨੀਆਂ ਖੁਸ਼ ਭਯੋ। [1]ਵਿਚਾਰ ਕੇ।
ਕਰਿ ਬੰਦਨ ਲੈ ਬਰ ਘਰ ਗਯੋ ॥ ੭੦ ॥
ਦਏ ਤੀਨ ਫਲ ਤੀਯ ਤ੍ਰੈ ਤਈਂ[1]। [1]ਤਿੰਨਾਂ ਇਸਤ੍ਰੀਆਂ ਨੂੰ।
ਗਰਭਵਤੀ ਤੀਨੋਂ ਤਬਿ ਭਈਂ।
ਪਿਖਿ ਸਿੱਖ ਸੇਠ ਗੁਰੂ ਕਾ ਥਯੋ।
ਸੇਵਾ ਕਰਤ ਸਰਬ ਬਿਧਿ ਭਯੋ ॥ ੭੧ ॥
ਸੇਠਾਨੀ ਗੁਰੁ ਘਰ ਨਿਤ ਆਵੈ।
ਉਭੈ ਮਾਤ ਕੇ[1] ਪਗਿ ਸਿਰ ਲਾਵੈਂ। [1]ਦੋਹਾਂ ਮਾਤਾਵਾਂ ਦੇ।
ਰੁਖ ਪਿਖਿ ਗੁਰੁ ਕੋ ਲੇਵਤਿ ਗੋਦੈਂ।
ਚੁੰਮਤ ਚਰਨ ਲਡਾਇ ਸਮੋਦੈਂ[1] ॥ ੭੨ ॥ [1]ਅਨੰਦ ਨਾਲ।
ਮੇਵੇ ਮਿਠਿਆਈ ਫਲ ਲੌਨੇ[1]। [1]ਸੁੰਦਰ।
ਨਕਦੀ ਭੂਸ਼ਨ ਬਸਨ[1] ਖਿਲੌਨੇ। [1]ਗਹਿਣੇ ਤੇ ਬਸਤ੍ਰ।
ਅਰਪੈਂ ਧੰਨ ਭਾਗ ਨਿਜ ਬਰਨੈ[1]। [1]ਕਹਿੰਦੀਆਂ ਹਨ।
ਲੀਲਾ ਲਖੈਂ, ਨ ਜਹਿਂ ਵਹਿ ਘਰਨੈ[1] ॥ ੭੩ ॥ [1](ਗੁਰਾਂ ਦੀ ਬਾਲ) ਲੀਲ੍ਹਾ ਵੇਖਦੀਆਂ ਹਨ (ਉਹ) ਘਰ ਨੂੰ ਜਾਣਾ ਨਹੀਂ (ਚਾਹੁੰਦੀਆਂ)।

ਪ੍ਰਗਟੇ ਤ੍ਰੈ ਸੁਤ ਤਿਨ ਕੇ ਜਬੈ।

ਕਰੀ ਸੇਵ ਗੁਰੁ ਕੀ ਬਹੁ ਤਬੈ।
ਮਾਤਨ ਯੁਤ ਗੁਰੁ ਕੋ ਨਿਜ ਘਰ ਹੈ।
ਕਿਯ ਪ੍ਰਸ਼ਾਦ ਮੋਦ ਧਰਿ ਤਰ ਹੈ[1] ॥ ੭੪ ॥

[1]ਬਹੁਤਾ ਅਨੰਦ ਧਾਰ ਕੇ।

ਦੋਹਰਾ:
ਕੰਠਾ ਕੰਕਨ[1] ਕਿੰਕਨੀ[2],
ਕਲਗੀ ਜਿਗਾ ਕਯੂਰ[1]।
ਜਰੇ ਜਵਾਹਰ ਜਬਰ ਯੁਤ,
ਕੁੰਡਲ ਸੁੰਦ ਭੂਰ[1] ॥ ੭੫ ॥

[1]ਕੜੇ। [2]ਤੜਾਗੀ।
[1]ਬਾਜੂ ਬੰਦ, ਬਹੁਤੇ।
[1]ਬਹੁਤੇ।

ਚੌਪਈ:
ਗੋਲ ਅਮੋਲਕ ਮੁਕਤਾ[1] ਮਾਲਾ।
ਸੁੰਦਰ ਪਾਂਚ ਪੁਸ਼ਾਕ ਬਿਸਾਲਾ।
ਉਮਦਾ ਅਰਬੀ ਗੂਟ ਅਨੈ ਕੈ[1]।
ਕੰਚਨ ਜ਼ੇਵਰ ਜੀਨ ਸਜੈ ਕੈ[1] ॥ ੭੬ ॥
ਆਯੁਧ ਲਘੁ ਲਘੁ[1] ਮੂਠ ਜਰਾਊ।
ਅਰਪੇ ਸਬਿ ਗੁਰੁ ਕੋ ਧਰਿ ਭਾਊ।
ਜ਼ੇਵਰ ਤੇਵਰ[1] ਉਭੈ ਮਾਤ ਕੋ।
ਦੀਨੇ ਸੁੰਦਰ ਸਰਬ ਭਾਂਤਿ ਕੋ ॥ ੭੭ ॥
ਦਾਸੀ ਦਾਸ ਸਿੱਖ ਮਾਸੰਦੈਂ।
ਅਰਪੇ ਜ਼ੇਵਰ ਬਸਨ ਅਮੰਦੈਂ[1]।
ਅਤਿ ਉਤਸ਼ਾਹਿ ਸਹਿਤ ਹਾਮੇਸ਼ੈਂ।
ਸੇਵਕ ਗੁਰੁ ਕੋ ਰਹਜੋ ਬਿਸ਼ੇਸ਼ੈਂ ॥ ੭੮ ॥
ਰਹੇ ਦੋਇ, ਇਕ ਸੁਤ ਤਿਹ ਮਰਾ।
ਭਯੋ ਤੈਸ ਜਜੋਂ ਗੁਰੁ ਬਚ ਰਰਾ[1]।
ਜੈਤ ਸੇਠ ਕੀ ਗਾਥਾ ਜੋਈ।
ਨੌਮ ਗੁਰੂ ਗਾਥਾ ਮੈ ਗੋਈ[1] ॥ ੭੯ ॥
ਜਾਤਿ ਦੱਤ, ਸ਼ਿਵ ਦੱਤ ਦਿਜੇਸ਼ਰ।
ਹੁਤੋ ਤਹਾਂ ਇਕ ਤਬੈ ਨਰੇਸ਼ਰ[1]।
ਮੂਰਤਿ ਰਾਮ ਚੰਦ੍ਰ ਸ਼ਿਵ ਪੂਜੈ।
ਗੁਰੁ ਜਸ ਸੁਨੈ ਗੁਨੈ ਬਹੁ ਬੂਝੈ[1] ॥ ੮੦ ॥
ਮਨ ਮੈਂ ਪੁਨ ਉਨਿ ਇਮ ਠਹਿਰਾਈ।

[1]ਮੋਤੀਆਂ ਦੀ।
[1]ਵਧੀਆ ਛੋਟੇ ਕੱਦ ਦਾ ਅਰਬੀ ਘੋੜਾ ਲਿਆ ਕੇ।
[1]ਸੋਨੇ ਦੇ ਗਹਿਣੇ ਤੇ ਕਾਠੀ ਸਜਾ ਕੇ।
[1]ਛੋਟੇ ਛੋਟੇ ਸ਼ਸਤ੍ਰ।
[1]ਤਿੰਨ ਕੱਪੜੇ।
[1]ਚਮਕੀਲੇ।
[1]ਕਿਹਾ ਸੀ।
[1]ਕਹੀ ਹੈ।
[1]ਰਾਜਾ।
[1]ਪੁਛਦਾ ਹੈ।

ਜੇ ਅਵਤਾਰ ਸਹੀ ਗੁਰੁ ਰਾਈ[1]।
ਰਖਤ ਸ਼ਕਤਿ ਜਿਮ ਲੋਗ ਬਤਾਏ।
ਰਾਮ ਇਸ਼ਟ ਮਮ, ਕੁਲ ਮੈਂ ਜਾਏ[1] ॥੮੧॥
ਤੌ ਮੁਹਿ ਰਾਮ ਰੂਪ ਦਰਸੈਹੈਂ।
ਲਖਨ[1] ਸੱਤ੍ਰੁਹਨ[2] ਭਰਥ ਸੰਗੈਹੈਂ।
ਇਹੁ ਦਿਢ ਥਟ ਤਟ ਗੰਗ ਥਿਰੈ ਕੈ[1]।
ਪੂਜਨ ਕਰੈ ਪ੍ਰਤਿਮਾ[1] ਜੈ ਕੈ ॥੮੨॥
ਇਤ ਤੈ ਗੁਰੂ ਬਾਲਕਨ ਸੰਗੈਂ।
ਸਰਬਗ ਖੇਲਤ ਗਏ ਨਿਸੰਗੈਂ।
ਜਬਿ ਨ੍ਰਿਪ ਦਿਜ, ਇਨ ਕੀ ਦਿਸ ਪੇਖਾ।
ਰਾਮ ਚੰਦ ਬਪੁ[1] ਸਬ ਬਿਧਿ ਲੇਖਾ[2] ॥੮੩॥
ਰਤਨ ਜਟਿਤ[1] ਸਿਰ ਮੁਕਟ ਲਸੈ ਹੈ[2]।
ਮੁਕਤਾ ਮਾਲ ਬਿਸਾਲ ਗਰੈ ਹੈ[1]।
ਕੁੰਡਲ ਲੋਲ[1] ਕਪੋਲਨਿ[2] ਝਲਕੈਂ[3]।
ਅਲਕੈਂ[1] ਮੋਹਿਤ ਜਨੁ ਸਬਿ ਖਲਕੈਂ[2] ॥੮੪॥
ਕੰਧ[1] ਧਨੁਖ ਲਘੁ, ਸਰ ਕਰ[2] ਸੋਹੈ।
ਬਿਕਸੇ ਨੈਨ ਕਵਲ, ਮਨ ਮੋਹੈ।
ਚੀਰਿ ਹੀਰ ਜਟਿ ਕਟਿ ਤੁਨੀਰ ਥਟਿ[1]।

ਬੀਰ ਧੀਰ ਗੰਭੀਰ ਬਲੀ ਭਟ ॥੮੫॥
ਪਗ ਪਾਜਨਿ ਕਟਿ ਕਿੰਕਨਿ ਸੋਹੈ[1]।
ਠੁਮਕ ਚਲਨ ਧੁਨਿ ਸੁਨਿ ਮਨ ਮੋਹੈ।
ਪਟਨਾ ਅਵਧ ਗੰਗ ਸਰਜੂ ਤਟ[1]।

ਬਿਹਰਤ ਚਾਰੋਂ ਬੀਰ ਬਾਲ ਗਟ[1] ॥੮੬॥

ਕੌਸ਼ਲੇਸ਼ ਸੁਤ[1] ਯੁਤ ਸਮਾਜ ਸਬਿ।
ਦੇਖੇ ਦਿਜਵਰ ਮਗਨ ਭਯੋ ਤਬਿ।
ਉਨਿ ਅਤਿ ਸ਼ੀਘ੍ਰ ਜਾਨ ਇਸ਼ਟ ਨਿਜ।
ਪ੍ਰਮਾਨੰਦ ਨਿਮਗਨਿ ਪ੍ਰੇਮਿ ਭਿਜਿ ॥੮੭॥
ਦੌਰਿ ਦੰਡ ਸਮ ਆਗੇ ਪਰਾ।

[1]ਰਾਜਾ ਰੂਪ ਗੁਰੂ ਜੀ।

[1]ਮੇਰੇ ਇਸ਼ਟਰਾਮ ਚੰਦ੍ਰ ਦੀ ਕੁਲ ਵਿੱਚ ਇਹ ਪੈਦਾ ਹੋਏ ਹਨ।

[1]ਲਛਮਣ। [2]ਸ਼ੱਤ੍ਰੁਘਨ।

[1]ਇਹ ਪੱਕੀ ਠਾਣ ਕੇ ਗੰਗਾ ਦੇ ਕਿਨਾਰੇ ਬੈਠ ਕੇ।

[1]ਮੂਰਤੀ ਦੀ।

[1]ਸਰੂਪ। [2]ਜਾਣਿਆ।

[1]ਜੜਿਆ ਹੋਇਆ। [2]ਚਮਕਦਾ ਹੈ।

[1]ਗਲ ਵਿੱਚ ਹੈ।

[1]ਚੰਚਲ। [2]ਗੱਲ੍ਹਾਂ ਤੇ। [3]ਚਮਕਦੇ ਹਨ।

[1]ਜ਼ੁਲਫ਼ਾਂ, ਲਿਟਾਂ। [2]ਸ੍ਰਿਸ਼ਟੀ ਨੂੰ।

[1]ਮੋਢੇ ਤੇ। [2]ਹੱਥ 'ਚ ਤੀਰ।

[1]ਲੱਕ ਨਾਲ ਭੱਥਾ ਸਜਾਇਆ ਹੈ (ਜਿਸ ਵਿੱਚ) ਹੀਰੇ ਚੀਰ ਕੇ ਜੜੇ ਹਨ।

[1]ਪੈਰਾਂ 'ਚ ਪੰਜੇਬਾਂ ਤੇ ਲੱਕ 'ਚ ਤੜਾਗੀ ਸੋਂਹਦੀ ਹੈ।

[1]ਪਟਨਾ, ਅਜੁੱਧਿਆ ਤੇ ਗੰਗਾ (ਦਾ ਕਿਨਾਰਾ) ਸਰਜੂ ਨਦੀ ਦਾ ਕਿਨਾਰਾ ਹੈ।

[1]ਬਾਲ ਉਮਰ 'ਚ ਚਾਰੇ ਭਰਾ (ਗਟ) ਕਤਾਰ ਬੰਨ੍ਹ ਕੇ (ਬਿਹਰਤ) ਫਿਰਦੇ ਹਨ।

[1]ਦਸਰਥ ਦੇ ਪੁੱਤ੍ਰ।

ਪਗ ਪੰਕਜ ਪਰਸੇ ਸਿਰ ਧਰਾ।
ਗਦ ਗਦ ਗਿਰਾ ਰੁਮਾਂਚ ਭਯੋ ਤਰੁ[1]।
ਸ੍ਰੀ ਗੁਰੁ ਤਿਹ ਸਿਰ ਪਰ ਨਿਜ ਧਰਿ ਕਰੁ[1] ॥ ੮੮ ॥
ਖੋਲ ਕਪਾਟ ਗਜਾਨ ਨਿਜ ਦਯੋ।
ਉਸਤਤਿ ਕਰਤ ਸਮੁਖ ਨ੍ਰਿਪ ਭਯੋ ॥ ੮੯ ॥

[1]ਬਾਣੀਰੁਕ ਗਈ ਤੇ ਬਹੁਤੇਰੋਮ ਖੜੇ ਹੋ ਗਏ।
[1]ਹੱਥ।

ਕਵਿੱਤ:

ਤੂੰ ਹੀ ਮੱਛ ਕੱਛ ਕੋਲ[1] ਨਰ-ਸਿੰਘ ਬਾਵਨ ਹ੍ਵੈ,
ਪ੍ਰਸਰਾਮ ਰਾਮ ਕ੍ਰਿਸ਼ਨ ਕਲਕੀ ਕਹਾਏ ਹੈਂ।
ਭਏ ਹੈਂ ਅਨੇਕ ਅਵਤਾਰ ਹੋਹਿੰ ਆਗੇ, ਐ ਪੈ
ਮੇਰੋ ਇਸ਼ਟ ਸ੍ਰਿਸ਼ਟ ਏਕ ਰਾਮ ਸੁਖ ਦਾਏ ਹੈਂ।
ਤਾਂ ਹੀ ਕੀ ਸੁ ਕੁਲ ਮਾਂਹੀ ਰਾਵਰ ਸੁਹਾਹੀਂ ਅਬਿ[1],
ਵਾਹੀ ਗੁਨ ਰੂਪ ਖੂਪ ਭੂਪ ਮਨ ਭਾਏ ਹੈਂ[1]।
ਤਾਂ ਪਰ ਵਿਸ਼ੇਸ਼[1] ਤੁਮ ਸਤਿਗੁਰੁ ਅਵਤਾਰ,
ਕ੍ਰਮ ਜਾਲ ਭ੍ਰਮ, ਕਾਲ ਜੀਵਨ ਕਟਾਏ ਹੈਂ[1] ॥ ੯੦ ॥

[1]ਬਰਾਹ (ਸੂਰ)।
[1]ਹੁਣ ਆਪ ਸੋਹ ਰਹੇ ਹੋ।
[1]ਉਹੀ ਚੰਗੇ ਗੁਣ ਤੇ ਉਹੀਰਾਜਾ ਸਰੂਪ ਮਨ ਨੂੰ ਚੰਗੇ ਲੱਗੇ ਹੋ।
[1]ਉਨ੍ਹਾਂ ਨਾਲੋਂ ਵਾਧਾ (ਇਹ ਕਿ)....।
[1]ਜੀਵਾਂ ਦੇ ਕਰਮ ਜਾਲ ਤੇ ਭ੍ਰਮ ਜਾਲ ਅਤੇ ਕਾਲ ਕੱਟਣ ਲਈ ਆਏ ਹੋ।

ਦੋਹਰਾ:

ਪੀਰ ਫਕੀਰ ਅਵਤਾਰ ਪ੍ਰਭੁ[1],
ਕੈਵਲ ਮੁਕਤਿ ਉਦਾਰ।
ਜੀਵਨ ਕੋ ਦੈ ਸਕਤ ਨਹਿੰ[1],
ਬਿਨ ਸਤਿਗੁਰੁ ਨਿਰਧਾਰ[1] ॥ ੯੧ ॥
ਤਾਂ ਹੀ ਤੈ ਪ੍ਰਭੁ ਕਲੀ ਮੈਂ,
ਜੀਵਨ ਹੇਤ ਕਲਜਾਨ।
ਸ੍ਰੀ ਸਤਿਗੁਰੁ ਨਾਨਕ ਭਏ,
ਦਸਮ ਤੁਮੈ ਭਗਵਾਨ ॥ ੯੨ ॥

[1]ਪ੍ਰਮੇਸ਼ਰ (ਦੇ ਘੱਲੇ ਹੋਏ)।
[1]ਦੇ ਨਹੀਂ ਸਕਦੇ।
[1]ਨਿਸ਼ਚੇ ਜਾਣੋ।

ਸੋਰਠਾ:

ਹਰਿ ਕਰਮਨ ਅਨੁਸਾਰ,
ਜੀਵਨ ਕੋ ਭਵ ਸਿੰਧੁ ਮੈਂ[1]।
ਗਹਿ ਕਰਿ ਦੀਨੋ ਡਾਰ,
ਬਹਿਤ ਚੁਰਾਸੀ ਧਾਰ ਮੱਧ[1] ॥ ੯੩ ॥

[1]ਸੰਸਾਰ ਸਮੁੰਦਰ ਵਿੱਚ।
[1]ਚੁਰਾਸੀ ਲੱਖ ਜੂਨਾਂ ਰੂਪ ਧਾਰ ਵਿੱਚਰੁੜ੍ਹਦੇ ਜਾਂਦੇ ਹਨ।

ਦੂਖ ਅਨਿਕ ਪ੍ਰਕਾਰ,
ਜਮ ਸਾਸਨ ਲੌ[1] ਪਾਇ ਹੈਂ। [1]ਜਮਾਂ ਦੀ ਤਾੜਨਾ ਤੱਕ।
ਪੁੰਨਜ ਪੁੰਜ[1] ਅਨੁਸਾਰ, [1]ਬਹੁਤੇ।
ਮਿਲ ਜੈ ਹੈਂ ਜਿਹ ਸਤਗੁਰੂ ॥ ੯੪ ॥
ਨਿਜ ਉਪਦੇਸ ਦਿਢਾਇ,
ਗਜਾਨ ਅਗਨਿ ਉਪਜਾਇ ਹੈਂ।
ਭਵ ਦੁਖ ਦੇਤ ਜਰਾਇ[1], [1]ਸੰਸਾਰ ਦੇ ਦੁਖ ਸਾੜ ਦੇਂਦੇ ਹਨ।
ਕਰਮ ਜਾਲ ਅਗਜਾਨ ਯੁਤ ॥ ੯੫ ॥
ਸਰਬ ਸ਼ਕਤਿ ਯੁਤ ਆਪ,
ਸਤਿਗੁਰੁ ਹੋ ਅਵਤਾਰ ਪ੍ਰਭੁ।
ਮਮ ਸਿਰ ਨਿਜ ਕਰ ਥਾਪ[1], [1]ਰੱਖ ਕੇ।
ਸਿੱਖ ਬਨਾਵਹੁ ਆਪਨੋ ॥ ੯੬ ॥
ਸੁਨਿ ਸਤਿਗੁਰੁ ਖੁਸ਼ ਹੋਇ,
ਸਤਿਨਾਮੁ ਮੰਤ੍ਰ ਦਯੋ।
ਸਬਿ ਦੁਖ ਦੀਨੋ ਖੋਇ,
ਕ੍ਰਿਪਾ ਦ੍ਰਿਸ਼ਟਿ ਕੀ ਬ੍ਰਿਸ਼ਟਿ[1] ਕਰਿ ॥ ੯੭ ॥ [1]ਵਰਖਾ।

ਦੋਹਰਾ:
ਯਾ ਬਿਧਿ ਦਿਜ ਨ੍ਰਿਪ ਸਿਖ ਭਯੋ,
ਲਖਿ ਗੁਰੁ ਕੋ ਪ੍ਰਭ ਈਸ।
ਔਰ ਸੁਨੋ ਸਾਖੀ ਪੁਨਾ,
ਜਜੋਂ ਸਿਖ ਭਯੋ ਰਈਸ ॥ ੯੮ ॥
ਫਤੇ ਚੰਦ ਇਕ ਖੱਤ੍ਰੀ,
ਭੂਪਤਿ ਮੈਨੀ ਜਾਤਿ।
ਗੁਰੁ ਮੰਦਰ ਕੇ ਨਿਕਟਿ ਹੀ,
ਹੁਤੋ ਅਧਿਕ ਬੱਖਜਾਤ ॥ ੯੯ ॥

ਚੌਪਈ:
ਨਾਂਹਿ ਤਾਂਹਿ ਕੇ ਥਾ ਸੁਤ ਘਰ ਹੈ।
ਦੰਪਤਿ[1] ਰਹਿਂ ਉਦਾਸ ਯੌਂ ਤਰ[2] ਹੈਂ। [1]ਇਸਤ੍ਰੀ ਪਤੀ। [2]ਬਹੁਤੇ।
ਸੁਜਸ ਗੁਰੂ ਕਾ ਸੁਨਿ ਉਨਿ ਕਾਂਨੀ।
ਯਾ ਬਿਧਿ ਨਿਜ ਮਨ ਮੈਂ ਦਿਢ ਠਾਂਨੀ ॥ ੧੦੦ ॥

ਜੇ ਗੁਰੂ ਹੈਂ ਅਵਤਾਰ ਅਜ਼ਮਤੀ।
ਤੌ ਹਮਰੇ ਮਨ ਕੀ ਲਖਿ ਗਤੀ[1]। [1]ਹਾਲਤ ਜਾਣ ਕੇ।
ਦਰਸ਼ਨ ਦੈਹੈਂ ਮੁਹਿ ਘਰ ਆਈ।
ਰਾਨੀ ਦਿਢ ਮਨ ਮਹਿ ਠਹਿਰਾਈ ॥ ੧੦੧ ॥
ਫਤੇ ਚੰਦ ਨਿਤ ਗੁਰੁ ਦਰ ਜਾਵੈ।
ਬੰਦਨ ਕਰਿ ਚੁਪਕਾ ਚਲਿ ਆਵੈ।
ਜਾਨੀ ਜਾਨ ਗੁਰੂ ਸਬਿ ਜਾਨੀ।
ਕਰੀ ਪ੍ਰੇਮ ਨੇ ਖੈਂਚ ਮਹਾਨੀ ॥ ੧੦੨ ॥
ਵਤਸਲ ਭਗਤੈਂ ਬ੍ਰਿਦ ਸੰਭਾਰਾ[1]। [1]ਭਗਤਾਂ ਨਾਲ ਪਿਆਰ ਕਰਨ ਵਾਲਾ ਸੁਭਾਵ ਚੇਤੇ ਕੀਤਾ।
ਇਕ ਦਿਨ ਨ੍ਰਿਪ ਜਬਿ ਅਯੋ ਸਕਾਰਾ[1]। [1]ਸਵੇਰੇ।
ਅੰਗੁਰੀ ਤਾਂ ਕੀ ਪਕਰਿ ਉਚਾਰਾ।
ਹਮ ਚੈਹੈਂ ਤੁਵ ਧਾਮ ਨਿਹਾਰਾ ॥ ੧੦੩ ॥
ਧੰਨ ਭਾਗ ਨ੍ਰਿਪ ਆਪਨ ਲਖੈ ਕੈ[1]। [1]ਜਾਣ ਕੇ।
ਗਯੋ ਧਾਮ ਸੰਗ ਗੁਰਹਿਂ ਲਵੈ ਕੈ[1]। [1]ਨਾਲ ਲੈ ਕੇ।
ਰਾਨੀ ਪਿਖਿ ਸੁਨਿ ਭਈ ਹਿਰਾਨੀ।
ਜਾਨੀ ਜਾਨ ਗੁਰੂ ਦਿਢ ਜਾਨੀ ॥ ੧੦੪ ॥
ਅਤਿ ਪ੍ਰਮੋਦ ਪਗ ਪਰ ਲਪਟਾਈ।
ਗੋਦ ਸਮੋਦਹਿ ਲਏ ਉਠਾਈ।
ਬਾਰਿ ਬਿੱਤ[1] ਬਹੁ ਦੀਨ ਗਰੀਬੈਂ। [1]ਧਨ ਵਾਰ ਕੇ।
ਅਤਿ ਉੱਤਮ ਨਿਜ ਲਖੈ ਨਸੀਬੈਂ ॥ ੧੦੫ ॥
ਕਦਮ ਪਦਮ[1] ਸੁਖ ਸਦਮ[2] ਚੁਮੈਂ ਹੈ। [1]ਚਰਨ ਕੰਵਲ। [2]ਘਰ।
ਸਹਿਤ ਅਲੀਨ ਅਲੀ ਸੀ ਵੈ ਹੈ[1]। [1]ਉਹ ਸਖੀਆਂ ਸਹਿਤ ਭੌਰੀ ਵਰਗੀ ਹੈ।
ਚੰਦਹੁਂ ਤੈ ਦਹਚੰਦ ਅਮੰਦੈਂ[1]। [1](ਸਤਿਗੁਰੂ) ਚੰਦ ਤੋਂ ਦਸ ਗੁਣਾ ਚਮਕਦੇ ਚੰਦ ਹਨ।
ਚਖ ਚਕੋਰ ਕੋ[1] ਦਾਇ ਅਨੰਦੈਂ ॥ ੧੦੬ ॥ [1]ਨੇਤ੍ਰਾਂ ਰੂਪ ਚਕੋਰਾਂ ਨੂੰ।
ਮਹਿਮਾ ਜੈਸੀ ਥੀ ਸੁਨ ਰਾਖੀ।
ਤਾਂ ਤੈ ਦਸ ਗੁਨ ਪੇਖੀ ਆਖੀਂ।
ਰਾਨੀ ਭ੍ਰਿਤ ਪ੍ਰਤ[1] ਕਹਯੋ ਸ਼ਿਤਾਬੀ। [1]ਨੌਕਰ ਨੂੰ।
ਲਜਾਉ ਮਿਠਾਈ ਤਾਜ਼ੀ ਆਬੀ[1] ॥ ੧੦੭ ॥ [1]ਹੁਣੇ ਹੀ।
ਕਹਯੋ ਗੁਰੂ ਤੈਂ ਨਿਜ ਹਿਤ ਮਾਈ !।
ਪੂਰੀ ਘੁੰਘਨੀ[1] ਤਯਾਰ ਕਰਾਈ। [1]ਪੂੜੀਆਂ ਤੇ ਉਬਲੇ ਹੋਏ ਛੋਲੇ।

ਦੈਹੁ ਹਮੈਂ ਛਕਨੇ ਹਿਤ ਸੋਈ।
ਰਾਨੀ ਸੁਨਿ ਮਨ ਅਚਰਜ ਹੋਈ ॥ ੧੦੮ ॥
ਇਹੁ ਅਜ਼ਮਤ ਪਿਖਿ ਨਿਸਚੇ ਜਾਨਾ।
ਪੂਰਨ ਪੁਰਖ ਏਹੁ ਭਗਵਾਨਾ।
ਪੂਰੀ ਘੁੰਘਨੀ ਦੂਧ ਮੰਗਾਯੋ।
ਲਰਕਨਿ ਸਹਤ ਗੁਰੂ ਛਕਿ ਗਾਯੋ[1] ॥ ੧੦੯ ॥ [1]ਕਿਹਾ।
ਜਬਿ ਐ ਹੈਂ ਹਮ ਇਹੀ ਖੁਲਾਯੋ।
ਮਾਨ ਸਤ[1] ਉਨਿ ਮਹਲ ਦਿਖਾਯੋ। [1](ਇਹ ਬਚਨ) ਸੱਤ ਮੰਨ ਕੇ।
ਥੀ ਤਹਿਂ ਫੁਲਵਾਰੀ ਸੁਠ[1] ਮਹਾਂ। [1]ਸੁੰਦਰ।
ਖੇਲਤ ਰਹੇ ਨਿਸਾ ਲੌ ਤਹਾਂ ॥ ੧੧੦ ॥
ਉਭੈ ਮਾਤ ਪ੍ਰਤੀਖਤ ਰਹੀਂ[1]। [1]ਉਡੀਕਦੀਆਂ ਰਹੀਆਂ।
ਪੁਨਾ ਕ੍ਰਿਪਾਲ[1] ਪਠਾਯੋ ਤਹੀਂ। [1]ਮਾਮਾ ਜੀ।
ਰਾਣੀ ਭੂਸ਼ਨ ਬਸਨ ਖਿਲੌਨੇ।
ਦੈ ਅਕੋਰ ਘਰ ਪਠੇ ਸਲੌਨੇ[1] ॥ ੧੧੧ ॥ [1]ਭੇਟਾ।
ਜਬਿ ਜਬਿ ਫਿਰ ਗੁਰੁ ਤਿਨ ਕੇ ਜਾਵੈਂ।
ਚਨੇ ਤਲੇ ਪੂਰੀ ਪੈ ਪਾਵੈਂ[1]। [1]ਤਲੇ ਹੋਏ ਛੋਲੇ ਪੂੜੀਆਂ ਤੇ ਦੁੱਧ ਪਾਉਂਦੇ ਭਾਵ ਛਕਦੇ ਹਨ।
ਦੰਪਤਿ[1] ਸਾਦਕ[2] ਪ੍ਰੇਮੀ ਭਏ। [1]ਇਸਤ੍ਰੀ ਪਤੀ। [2]ਸਿਦਕ ਵਾਲੇ।
ਮਨ ਤਨ ਧਨ ਗੁਰੁ ਹਿਤ ਅਰਪਏ[1] ॥ ੧੧੨ ॥ [1]ਭੇਟਾ ਕਰ ਦਿੱਤੇ।
ਗੁਰ ਮੂਰਤਿ ਉਰ ਮਾਹਿ ਬਸਾਈ।
ਇੱਛਜਾ ਨਿਜ ਸੁਤ ਹੋਨ ਤਜਾਈ।
ਗੁਰੁ ਮੈਂ ਮਹਾਂ ਮੋਹ ਤਿਨ ਕੇਰੋ।
ਭਯੋ, ਕਰੈਂ ਨਿਤ ਸੇਵ ਬਧੇਰੋ ॥ ੧੧੩ ॥
ਗੁਰੁ ਕੋ ਨ੍ਰਿਪ ਨਿਤ ਘਰ ਲੈ ਜਾਵੈ।
ਦਿਨ ਭਰ ਖੇਲੈਂ ਹਸੈਂ ਹਸਾਵੈਂ।
ਸ੍ਵਾਦਲ ਭੋਜਨ ਬਿਬਿਧ[1] ਛਕਾਵੈਂ। [1]ਅਨੇਕ ਤਰ੍ਹਾਂ ਦੇ।
ਛਿਨ ਸਮ ਦਿਨ ਤਿਨ ਤਈਂ[1] ਬਿਤਾਵੈਂ ॥ ੧੧੪ ॥ [1]ਤਿਨਾਂ ਸਤਿਗੁਰਾਂ ਨਾਲ।
ਕਰੈਂ ਕਲੋਲ ਅਤੋਲ ਅਮੋਲੈਂ[1]। [1]ਬਹੁਤੀਆਂ ਅਮੋਲਕ (ਕਲੋਲ) ਖੇਡਾਂ ਕਰਦੇ ਹਨ।
ਪ੍ਰਿਯ ਪੁਤ੍ਰ ਜਯੋਂ ਪ੍ਰਭ ਸਿਉ[1] ਬੋਲੈਂ। [1]ਸਤਿਗੁਰਾਂ ਨਾਲ।
ਜ਼ੇਵਰ ਜਬਰ ਜਵਾਹਰ ਜਰੇ।
ਬਿਬਿਧਾ ਬਹੁ ਬਨਵਾਵਨ ਕਰੇ ॥ ੧੧੫ ॥

ਬਦਲਤ ਤ੍ਰੈ ਤ੍ਰੈ ਬੇਰ ਪੁਸ਼ਾਕੀਂ।
ਪ੍ਰਭਹਿ ਸ਼ਿੰਗਾਰ ਲੈਂਹ ਮੁਦ ਝਾਂਕੀ[1]। [1]ਦੇਖ ਕੇ ਅਨੰਦ ਲੈਂਦੇ ਹਨ।
ਸੈਰ ਸ਼ਿਕਾਰ ਨ੍ਰਿਪ ਜਬ ਜੈਹੈ।
ਸਾਨੰਦ ਗੁਰੈਂ ਸੰਗ ਲੈ ਜੈਹੈ ॥ ੧੧੬ ॥
ਫੀਲ[1] ਪਾਲਕੀ ਅੱਸ੍ਵ[2] ਅਸ੍ਵਾਰੀ। [1]ਹਾਥੀ। [2]ਘੋੜੇ ਦੀ।
ਗੁਰੈਂ ਬਿਠਾਵੈ ਭੂਪ ਅਗਾਰੀ।
ਬਾਤ ਸ਼ਿਕਾਰ ਘਾਤ ਦਿਖਰੈਹੈਂ[1]। [1]ਸ਼ਿਕਾਰ ਦੀਆਂ ਗੱਲਾਂ ਤੇ ਦਾਅ ਵਿਖਾਉਂਦੇ ਹਨ।
ਕਬੀ ਬਾਗ ਕਾ ਸੈਲ ਕਰੈਹੈਂ ॥ ੧੧੭ ॥
ਕਬੀ ਗੰਗ ਤਟ ਫਿਰ ਥਿਰਿ ਤਰੀ[1]। [1]ਬੇੜੀ 'ਚ ਬੈਠਦੇ ਹਨ।
ਕਰਤ ਸੈਰ ਪੈਰਤ ਬਿਧਿ ਖਰੀ[1]। [1]ਚੰਗੇ ਢੰਗ ਨਾਲ ਤੁਰਦੇ ਹਨ।
ਯਾ ਬਿਧਿ ਪਰਚਿ ਸਰੁਚਿ[1] ਘਰ ਆਵੈਂ। [1]ਮਰਜ਼ੀ ਨਾਲ।
ਏਕ ਜਾਮ[1] ਜਬਿ ਨਿਤ ਨਿਸ ਜਾਵੈ ॥ ੧੧੮ ॥ [1]ਪਹਿਰ।
ਮਾਤੁਲ ਜਾਇ ਗੁਰੈਂ ਤਬਿ ਲਜਾਵੈ।
ਮਾਤ ਉਭੈ ਪਿਖਿ ਸਿਖ ਹੁਲਸਾਵੈਂ।
ਸਿੱਖ ਤਬੈ ਸਬਿ ਥਿਰਿ ਗੁਰੁ ਪਾਸੈਂ।
ਪਢਿ ਰਹਿਰਾਸ ਕਰੈਂ ਅਰਦਾਸੈਂ ॥ ੧੧੯ ॥

ਦੋਹਰਾ:
ਪਟਨੇ ਹਰਿਮੰਦਰ ਵਿਖੇ,
ਯਾਂਹੀ ਤੈ ਅਬਿ ਤਾਹਿਂ।
ਏਕ ਪਹਿਰ ਨਿਸ ਬਿਤੀ ਤੈ,
ਸਿਖ ਰਹਿਰਾਸ ਪਢਾਹਿਂ ॥ ੧੨੦ ॥

ਚੌਪਈ:
ਰੀਤਿ ਇਹੀ ਗੁਰੁ ਘਰ ਸਦ ਰਹੀ।
ਆਇ ਸਭਾ ਮੈਂ ਜਬਿ ਗੁਰੁ ਬਹੀ[1]। [1]ਬੈਠਦੇ ਸਨ।
ਤਬਿ ਰਹਿਰਾਸ ਗ੍ਰੰਥੀ ਪਢ ਹੈ।
ਸਬਿ ਗੁਰੂ ਗ੍ਰੰਥ ਹਜੂਰੈਂ ਖਢ ਹੈਂ[1] ॥ ੧੨੧ ॥ [1](ਅਰਦਾਸ ਸਮੇਂ) ਖੜ੍ਹੇ ਹੁੰਦੇ ਹਨ।
ਚਲੀ ਆਤ ਮੁਯਾਦ ਆਦਿ ਇਹ।
ਜੋ ਨਹਿ ਗਹਿ ਮਤਿ ਕੂਰ ਲਖੋ ਤਿਹ[1]। [1]ਜੋ ਗ੍ਰਹਿਣ ਨਹੀਂ ਕਰਦਾ ਤਿਸ ਦੀ ਮੱਤ ਝੂਠੀ ਜਾਣੋ।
ਫਤੇ ਚੰਦ ਕੇ ਗੁਰੁ ਨਿਤ ਖੇਲੈਂ।
ਲਰਕਨ ਯੁਤ ਅਤਿ ਆਨੰਦ ਝੇਲੈਂ[1] ॥ ੧੨੨ ॥ [1]ਮਾਣਦੇ ਹਨ।

ਨਿਜ ਕਰ ਸੋਂ[1] ਲਾਵਤ ਫੁਲਵਾਰੀ।
ਲੀਲ੍ਹਾ ਬਾਲ ਸਿੰਚ ਹੈਂ ਬਾਰੀ[1]।
ਕਹੈਂ ਹਮੇਸ਼ ਰਹੈ ਮਮ ਵਾਰੀ[1]।
ਨਹਿ ਈਹਾਂ ਜਰ[1] ਰਹੇ ਤਿਹਾਰੀ ॥੧੨੩॥
ਸਾਯੁਜ ਮੋਖ[1] ਤੁਮੈਂ ਮੈਂ ਦੈਹੋਂ।

[1]ਆਪਣੇ ਹੱਥ ਨਾਲ।
[1]ਬਾਲ ਲੀਲ੍ਹਾ (ਕਰਦੇ ਹੋਏ) ਪਾਣੀ ਸਿੰਜਦੇ ਹਨ।
[1]ਬਗੀਚੀ।
[1]ਜੜ੍ਹ।
[1]ਇਕ ਮੁਕਤੀ ਜੋ ਉਪਾਸ਼ਕ ਨੂੰ ਉਪਾਸ਼ਯ ਨਾਲ ਜੋੜ ਦੇਂਦੀ ਹੈ ਪਰ ਅਭੇਦਤਾ ਨਹੀਂ ਹੁੰਦੀ।

ਜਹਿਂ ਰਹਿਹੋਂ ਮੈਂ ਤੁਮੈਂ ਰਖੈਹੋਂ।
ਪੁੱਤ੍ਰ ਭਾਵ ਅਤਿ ਪ੍ਰੀਤਿ ਤਿਹਾਰੀ।
ਹੈ ਮੁਝ ਮੈਂ, ਤੁਝ ਮੈਂ ਮਮ ਭਾਰੀ ॥੧੨੪॥
ਔਰ ਪੁੱਤ੍ਰ ਨਹਿਂ ਅਬਿ ਤੁਹਿ ਦੈ ਹੈਂ।
ਹਮ ਹੀ ਪੂਤ ਤੁਮਾਰੇ ਰੈਹੈਂ।
ਮਹਿਲ ਤੁਮਾਰੇ ਜੇਤਕ ਐ ਹੈਂ।
ਇਹਾਂ ਹਮਾਰਾ ਧਾਮ[1] ਬਨੈ ਹੈ ॥੧੨੫॥

[1]ਘਰ ਭਾਵ ਗੁਰੁਦਆਰਾ।

ਬਾਗ ਮੁਕਾਨ ਇਹਾਂ ਬਡ ਪੈ ਹੈਂ।
ਕਥਾ ਕੀਰਤਨ ਸਤਿਸੰਗ ਥੈ ਹੈ[1]।
ਸੰਤ ਹੰਸ ਸਮ ਸੇਵ ਕਮੈ ਹੈਂ।
ਮੰਦਰ ਸੁੰਦਰ ਤੁੰਗਰਚੈ ਹੈਂ[1] ॥੧੨੬॥

[1]ਹੋਵੇਗੀ।
[1]ਉੱਚੇ ਬਣਾਉਣਗੇ।

ਇਮ ਬਾਤਨ ਕਰਿ ਦਾਤਨ ਕਈ।
ਗਾਡ ਧਰਾ ਬਗੀਆ ਮੈ ਦਈ[1]।
ਸੁਸਕ ਕਰੋਂਦੇ ਕੀ ਥੀ ਸੋਈ[1]।
ਬਾਰਹਿਂ ਮਾਸ ਫਲੈ ਇਮ ਗੋਈ[1] ॥੧੨੭॥

[1]ਬਾਗ਼ ਦੀ ਧਰਤੀ 'ਚ ਗੱਡ ਦਿੱਤੀ।
[1]ਕਰੋਂਦੇ ਬ੍ਰਿੱਛ ਦੀ ਉਹ ਸੁੱਕੀ ਦਾਤਣ ਸੀ।
[1]ਕਿਹਾ।

ਦੰਪਤਿ ਸੁਨਿ ਉਨਿ ਕੇ ਬਹੁਧਾ ਬਚ।
ਰੋਖ ਦੋਖ ਬਿਨ ਮਾਨਤ ਸਬਿ ਸਚ।
ਜਿਤਕ ਭਵਿੱਖਤ ਬਚਨ ਉਚਾਰੇ।
ਸਹੀ ਤਹਾਂ ਅਬਿ ਪਿਖਿਅਤ ਸਾਰੇ ॥੧੨੮॥
ਦਾਤਨ ਕੇਰ ਕਰੋਂਦਾ ਭਯੋ।
ਬਾਰਹਿਂ ਮਾਸ ਫਲਤ ਨਿਰਖਯੋ[1]।
ਫਤੇ ਚੰਦ ਕੀ ਸੰਤਤਿ ਨਾਂਹੀ।
ਤੌ ਭੀ ਰਚਨਾ ਤਹਿਂ ਬਡ ਆਹੀ ॥੧੨੯॥
ਸੰਤ ਨਿਰਮਲੇ ਸੇਵ ਕਮੈ ਹੈਂ।

[1]ਦੇਖਿਆ ਹੈ।

ਰਚਨਾ ਦਿਨ ਪ੍ਰਤਿ ਅਧਿਕ ਬਢੈ ਹੈਂ।
ਭੂਪਨ ਸੇ[1] ਮੰਦਰ ਸਜਵਾਏ।
ਝਾੜ[1] ਫਨੂਸਨ[2] ਲੌ ਮੁਦ ਦਾਏ ॥ ੧੩੦ ॥

[1]ਰਾਜਿਆਂ ਵਰਗੇ।
[1]ਝਾੜ-ਬੂਟੇ ਦੀ ਸ਼ਕਲ ਦਾ ਫਾਨੂਸ ਜਾਂ ਦੀਵਿਆਂ ਦਾ ਸਮੂੰਹ। [2]ਫਾਨੂਸ-ਢੋਲ ਦੀ ਸ਼ਕਲ ਦਾ ਬਰੀਕ ਬਸਤ੍ਰ ਨਾਲ ਮੜ੍ਹਿਆ ਦੀਪਕ ਦਾਨ।

ਬਾਗ ਲਗਾਯੋ ਬਡ ਚੌਫੇਰੇ।
ਤਾਲ[1] ਤਮਾਲ ਰਸਾਲ[2] ਉਚੇਰੇ।
ਦਾੜੂ[1] ਆੜੂ ਪਨਸ[2] ਅਲੂਚੇ।
ਆਮਰੂਦ ਅੰਗੂਰ ਸਰੂਚੇ[1] ॥ ੧੩੧ ॥

[1]ਬ੍ਰਿੱਛ। [2]ਅੰਬ।
[1]ਅਨਾਰ। [2]ਕਟਹਰ ਬ੍ਰਿੱਛ।
[1]ਇੱਛਾ ਅਨੁਸਾਰ।

ਸੰਗਤਰੇ ਨਿੰਬੂ ਗਲਗਲੈਂ।
ਲੀਚੀ ਬੇਰੀ ਸਬ ਤਰੁ ਭਲੈਂ।
ਫੈਲੇ ਫੂਲੇ ਫਬੇ ਅਪਾਰੈਂ।
ਝੁਕੇ ਮਨੋ ਗੁਰੁ ਤਈਂ ਜੁਹਾਰੈਂ[1] ॥ ੧੩੨ ॥

[1]ਨਮਸਕਾਰ ਕਰਦੇ ਹਨ।

ਗੇਂਦਾ ਗੁਲ[1] ਗੁਲਾਬ ਗੁਲਬਾਸਾ[2]।
ਥਿਰੇ ਰਹਿਤ ਸਦ ਸਹਿਤ ਸੁਵਾਸਾ[1]।
ਕੇਲਾ ਏਲਾ[1] ਸੇਉ ਸਪਾਰੀ।
ਚੰਪਾ ਜੁਹੀ[1] ਕੇਵਰਾ ਚਾਰੀ[2] ॥ ੧੩੩ ॥

[1]ਫੁੱਲ। [2]ਅੱਬਾਸ ਦੇ ਫੁੱਲ।
[1]ਚੰਗੀ ਵਾਸ਼ਨਾ ਸਹਿਤ।
[1]ਇਲਾਇਚੀ।
[1]ਇਕ ਤਰ੍ਹਾਂ ਦੀ ਚੰਬੇਲੀ। [2]ਸੁੰਦਰ ਕਿਉੜਾ।

ਰਾਇ ਬੇਲ[1], ਚੰਬੇਲੀ, ਜੂਹੀ।
ਹਾਰ ਸ਼ਿੰਗਾਰ[1], ਮੋਤੀਆ, ਸੂਹੀ[2]।

[1]ਰਾਜ ਵੱਲੀ-ਮੋਤੀਏ ਦੀ ਜਾਤੀ ਦੀ ਇਕ ਵੇਲ ਜਿਸ ਨੂੰ ਚਿੱਟੇ ਫੁੱਲ ਲਗਦੇ ਹਨ।
[1]ਇਕ ਬ੍ਰਿੱਛ ਜਿਸ ਦੇ ਸੁਗੰਧੀ ਵਾਲੇ ਚਿੱਟੇਰੰਗ ਦੇ ਫੁੱਲ ਹੁੰਦੇ ਹਨ, ਡੰਡੀ ਸੁਨਹਿਰੀਰੰਗ ਦੀ ਹੁੰਦੀ ਹੈ ਜਿਸ ਤੋਂ ਬਸਤ੍ਰਰੰਗੇ ਜਾਂਦੇ ਹਨ। [2]ਕੁਸੁੰਭੀਰੰਗੇ ਫੁੱਲ।

ਬੇਲ ਰਵੇਲ ਆਦਿ ਹੈਂ ਜੇਤੀ।
ਤਰੁਨ ਪਰੁਨ ਪਰ[1] ਫੈਲੀ ਤੇਤੀ ॥ ੧੩੪ ॥

[1]ਬ੍ਰਿੱਛਾਂ ਦੇ ਪੱਤਿਆਂ ਤੇ।

ਝੂਲਤ ਝੁਕੀ ਜੁ ਲੇਤ ਹੁਲਾਰੈਂ।
ਜਨੁ ਆਪਨ ਪੌ ਗੁਰੁ ਪਰ ਵਾਰੈਂ[1]।
ਫੂਲ ਅਤੂਲ[1] ਸੁਗੰਧੀ ਭਰੇ।
ਡਾਰਤ[1], ਪੂਜਨ ਜਨੁ ਗੁਰੁ ਕਰੇਂ ॥ ੧੩੫ ॥

[1]ਜਾਣੋ ਆਪਣੇ ਆਪ ਨੂੰ ਗੁਰਾਂ ਤੋਂ ਵਾਰਦੀਆਂ ਹਨ।
[1]ਬਹੁਤੇ।
[1]ਸੁੱਟਦੀਆਂ ਹਨ।

ਫੁਲਵਾਰੀ ਗੁਲਜ਼ਾਰ[1] ਸੁਹਾਵੈ।
ਮਨੋ ਨਜ਼ਾਰਾ ਗੁਰਹਿਂ ਦਿਖਾਵੈ।
ਗੁਰੁ ਸਥਾਨ ਜਨੁ ਆਨੰਦ ਗੋਭੈਂ[1]।

[1]ਖਿੜੀ ਹੋਈ।

[1]ਅਨੰਦ ਦੀਆਂ ਲਗਰਾਂ।

ਪਿਖਿ ਸੁਰ ਨਰ ਮੁਨਿ ਜਨ ਮਨ ਲੋਭੈਂ ॥ ੧੩੬ ॥
ਸਬਿ ਛਬਿ ਸਾਰਦ[1] ਸਕੈ ਨ ਗਾਈ। [1]ਸਰੁਸਤੀ।
ਜਿਹ ਪਿਖਿ ਨੰਦਨ ਬਨ[1] ਸ਼ਰਮਾਈ। [1]ਇੰਦ੍ਰ ਦਾ ਬਾਗ਼।
ਬ੍ਰਿੰਦਾ ਬਨ ਜਿਮ ਕ੍ਰਿਸ਼ਨ ਚਰਿੱਤ੍ਰ।
ਕੀਨ ਤੈਸ ਗੁਰੁ ਤਹਾਂ ਪਵਿੱਤ੍ਰ ॥ ੧੩੭ ॥
ਕਜੋਂ ਨਹਿਂ ਵਹਿ ਉਪਬਨ[1] ਅੱਸ ਸੋਹੈ। [1]ਬਗੀਚਾ।
ਲਾਯੋ ਜੋ ਗੁਰੁ ਨਿਜ ਕਰ ਸੋਂ[1] ਹੈ। [1]ਆਪਣੇ ਹੱਥਾਂ ਨਾਲ।
ਨ੍ਰਿਪਰਾਨੀ ਦੰਪਤਿ ਅਤਿ ਪ੍ਰੇਮੀ।
ਭਗਤਿ ਅਨੰਨਜ[1] ਅਵਿਰਰਲ[2] ਸਨੇਮੀ[3] [1]ਆਪਣੇ ਇਸ਼ਟ ਤੋਂ ਬਿਨਾ ਦੂਜੇ ਨੂੰ ਨਾ ਮੰਨਣ ਵਾਲਾ। [2]ਵਿੱਥ ਤੋਂ ਬਿਨਾ। [3]ਨੇਮ ਵਾਲੇ।
॥ ੧੩੮ ॥
ਸੰਤਤਿ[1] ਰਾਜ ਨਹੀਂ ਜਿਨਿ ਚਾਹਾ। [1]ਉਲਾਦ।
ਕੇਵਲ ਪ੍ਰਭੁ ਪਦ ਨੇਮ ਨਿਬਾਹਾ।
ਪੂਰਨ ਸਿੱਖ ਗੁਰੂ ਜਹਿਂ ਮਿਲੈਂ।
ਕਜੋਂ ਨ ਪ੍ਰਮੋਦਦ ਅਸ ਗੁਲ ਖਿਲੈਂ[1] ॥ ੧੩੯ ॥ [1]ਕਿਉਂ ਨ ਬਹੁਤਾ ਅਨੰਦ ਦੇਣ ਵਾਲੇ ਐਸੇ ਫੁੱਲ ਖਿੜਨ।
ਪਾਂਚ ਬਰਸ ਸਤਿਗੁਰੁ ਤਹਿਂ ਖੇਲੇ।
ਦੰਪਤਿ ਪਿਤ ਸੁਖ ਮੈਂ ਅਤਿ ਝੇਲੇ[1]। [1]ਇਸਤ੍ਰੀ ਪਤੀ। (ਸਤਿਗੁਰਾਂ ਦੇ ਮਾਤਾ) ਪਿਤਾ (ਹੋ ਕੇ) ਬਹੁਤੇ ਸੁਖ ਵਿੱਚ ਮਿਲੇ।
ਨਿਜ ਕਰ ਸੈਂ ਬਹੁ ਬਿੰਜਨ[1] ਰਾਨੀ। [1]ਭੋਜਨ।
ਕਰਿ ਤਜਾਰ ਅਚਵਾਇ[1] ਮਹਾਨੀ ॥ ੧੪੦ ॥ [1]ਛਕਾਉਂਦੀ ਹੈ।
ਭੂਸ਼ਨ ਬਸਨ[1] ਅਨੇਕ ਪ੍ਰਕਾਰੈਂ। [1]ਗਹਿਣੇ ਤੇ ਬਸਤ੍ਰ।
ਰਤਨ ਜਟਿਤ ਕੰਚਨ ਕੇ ਭਾਰੈਂ।
ਪਹਿਰਾਵਤ ਧਰਿ ਪ੍ਰੇਮ ਅਤੈਹੈ[1]। [1]ਬਹੁਤਾ।
ਕਰਤ ਪਜਾਰ ਪੁਨ ਪੁਨ ਪਿਖਿ ਤੈਹੈ[1] ॥ ੧੪੧ ॥ [1]ਤਿਨਾ (ਸਤਿਗੁਰਾਂ) ਨੂੰ।

ਸ੍ਵੈਯਾ:
ਦੰਪਤਿ ਏਕ ਸਮੈਂ ਗਿਨਤੀ[1] [1]ਵਿਚਾਰ।
ਕਰਿ ਕੈ, ਬਿਨਤੀ ਗੁਰੁ ਪੈ ਇਮ ਪ੍ਰਾਹੀ[1]। [1]ਕਹੀ।
ਹੇ ਪ੍ਰਭੁ ਜਾਵਨ ਹੇਤ ਪੰਜਾਬ
ਚਹੌ ਤੁਮ, ਤੌ ਹਮ ਕੈਸ ਜਿਵਾਹੀ[1]। [1]ਕਿਵੇਂ ਜੀਵਾਂਗੇ।
ਦੇਹੁ ਅਲੰਬ[1] ਇਹਾਂ ਹਮ ਕੋ ਕਿਛੁ, [1]ਆਸਰਾ।
ਕੈ ਨਿਜ ਸੰਗ ਲਵਾਇ ਲਿਜਾਹੀਂ[1]। [1]ਨਾਲ ਲੈ ਕੇ ਚਲੋ।

ਯੌਂ ਕਹਿ ਕੈ ਜਲ ਨੈਨ ਬਹਾਇ,
ਲਏ ਗੁਰੁ ਗੋਦ ਲਗਾ ਉਰ ਮਾਹੀ[1] ॥ ੧੪੨ ॥
[1]ਗਲ ਨਾਲ ਲਾ ਲਏ।

ਪੇਖਿ ਪ੍ਰੇਮ ਸਨੇਮ ਤਿਨੈਂ ਗੁਰੁ,
ਦੀਨ ਨਿਜੰ[1] ਤਰਵਾਰ ਕਟਾਰੀ।
[1]ਆਪਣੀ।

ਪੋਸ਼ਸ਼[1] ਲਾਹਿ ਦਈ ਪਨਹੀ ਯੁਤ[2],
ਯਾਹਿ ਲਖੋ ਮਮ ਰੂਪ ਉਦਾਰੀ।
[1]ਪੁਸ਼ਾਕ। [2]ਜੁੱਤੀ ਸਣੇ।

ਗ੍ਰੰਥ ਗੁਰੂ ਪਰ ਕੈ ਹਸਤਾਖਰ[1],
ਪੂਜਨ ਮਾਨਨ ਹੇਤ ਉਚਾਰੀ।
[1]ਦਸਖ਼ਤ ਕਰਕੇ।

ਭੋਗ ਲਗਾਹੁ ਤੁ ਮੈਂ ਲਰਕਯੋਂ ਮਧ,
ਐਂਹੁ ਸੁ ਦੈਹੁਂ ਤੁ ਮੈਹੁਂ ਦਿਖਾਰੀ ॥ ੧੪੩ ॥
ਫੇਰ ਅਯੋ ਚਲ ਕੈ ਪੁਰ ਆਨੰਦ,
ਸਾਨੰਦ ਬਾਤ ਸਖਜਾਤ[1] ਜਿ ਚੈਹੋ।
[1]ਪ੍ਰਤੱਖ ਗੱਲ ਕਰਨੀ।

ਮੋ ਮਨ ਮਾਹਿਂ ਸਦਾ ਬਸਹੁ ਤੁਮ,
ਸਾਯੁਜ ਮੋਖ[1] ਸੁ ਅੰਤਹਿ ਦੈਹੋਂ।
[1]ਬਿਸ੍ਰਾਮ ੪੪ ਦੇ ਅੰਕ ੧੨੪ ਦੀ ਟਿੱਪਣੀ।

ਸੰਤਤਿ ਰਾਜ ਸਦਾ ਜਿ ਚਹੌ,
ਤਬਿ ਦੈਂਹੁ ਅਬੈ ਪਰ ਮੋਖ ਨ ਪੈਹੋ।
ਭੂਪ ਕਹਯੋ ਭਗਤੀ ਨਿਜ ਦੇਹੁ,
ਪਦਾਰਥ ਕੂਰ ਜਗੱਤ ਨ ਚੈਹੋਂ ॥ ੧੪੪ ॥
ਲੈ ਬਖਸ਼ੀਸ਼[1] ਗੁਰੂ ਜਗਦੀਸਹਿ
[1]ਬਖ਼ਸ਼ਿਸ਼ (ਸ਼ਸਤ੍ਰਾਂ ਬਸਤ੍ਰਾਂ ਦੀ)।

ਤੈ, ਨਿਜ ਮੰਦਰ ਅੰਦਰ ਥਾਪੀ[1]।
[1]ਸਜਾ ਕੇਰੱਖੀ।

ਦੰਪਤਿ ਪੂਜਤ ਤਾਂਹਿ ਨਿਤਾਪ੍ਰਤਿ,
ਸੇਵ ਕਰੈਂ ਗੁਰੁ ਮੰਤ੍ਰ ਜਾਪੀ।
ਮਾਤ ਉਭੈ ਯੁਤ ਬਾਰ ਕਈ,
ਸਭ ਕੋ ਪਰਸ਼ਾਦ ਕਰਯੋ ਘਰ ਆਪੀ।
ਤੇਵਰ ਜ਼ੇਵਰ ਭੇਟ ਦਏ ਬਹੁ,
ਸਿੱਖ ਮਸੰਦਨ ਤਾਇਂ ਅਮਾਪੀ[1] ॥ ੧੪੫ ॥
[1]ਬਹੁਤੇ।

ਤੌ ਲਗ ਧਾਵਨ[1] ਧਾਇ ਗਯੋ,
ਪੁਰਿ ਆਨੰਦ ਮੈਂ ਪਤੀਆ ਪਹੁੰਚਾਈ।
[1]ਹਲਕਾਰਾ।

ਨੌਮ ਗੁਰੂ ਪਢ ਕੈ ਸੁਧ ਲੈ[1],
ਮੁਦ ਹ੍ਵੈ ਬਰ ਦੀਨ ਤਿਸੈ[1] ਸੁਖਦਾਈ।
[1]ਖ਼ਬਰ ਜਾਣ ਕੇ।
[1]ਤਿਸ ਹਲਕਾਰੇ ਨੂੰ।

ਔਰ ਬ੍ਰਿਤੰਤ ਬਿਅੰਤ ਗੁਰੂ
ਭਗਵੰਤ, ਸੁਤੰਤ ਸੁਨਜੋ ਮਨ ਲਾਈ।
ਸਾਨਂਦ ਆਪ ਲਿਖਿਓ ਗੁਰੁ ਹੈ,
ਫਿਰ ਬੰਦਨ ਕੈ ਪਗ ਮਾਤਹਿ ਤਾਈਂ ॥ ੧੪੬ ॥
ਪਜਾਰ ਸ੍ਰੀ ਸੁਤ[1] ਸੇਵਕ ਸਿੱਖ, [1]ਸੋਹਣੇ ਪੁੱਤ੍ਰ ਨੂੰ ਪਿਆਰ।
ਮਸੰਦਨ ਤਾਇਂ ਖੁਸ਼ੀ ਮਮ ਥੀਓ[1]। [1]ਹੋਵੇ।
ਆਵਹੁ ਲਾਵਹੁ ਦੇਰ ਨਹੀ,
ਜਿਮ ਸਾਹਿਬਜ਼ਾਦਾ ਕਹੇ ਤਿਮ ਕੀਓ।
ਧਾਵਨ ਪਾਇ ਬਿੰਦਾ ਗੁਰ ਤੈ, ਪੁਰ ਤੈ[1] [1]ਸ਼ਹਿਰ ਤੋਂ।
ਤੁਰਤੈ[1] ਤੁਰ ਕੈ ਮਗ ਲੀਓ। [1]ਛੇਤੀ।
ਗੌਨ ਕਰਜੋ[1] ਸਮ ਪੈਨ ਅਯੋ, [1]ਚੱਲਿਆ।
ਪਟਨੇ ਗੁਰ ਭੌਨ[1] ਸੁ ਪੱਤਰ ਦੀਓ ॥ ੧੪੭ ॥ [1]ਘਰ।
ਮਾਤ ਸੁ ਪਾਤੀ[1] ਪਢੀ ਮੁਦ ਦਾਤੀ[2], [1]ਚਿੱਠੀ। [2]ਅਨੰਦ ਦੇਣ ਵਾਲੀ।
ਠਰੀ ਤਬਿ ਛਾਤੀ ਸੁ ਨਾਤੀ[1] ਬੁਲਾਯੋ। [1]ਪੋਤੇ ਨੂੰ।
ਸੇਵਕ ਸਿੱਖ ਮਸੰਦਨ ਕੋ,
ਹਿਤ ਹੋਵਨ ਤਜਾਰ ਉਚਾਰ ਸੁਨਾਯੋ।
ਧਾਵਨ ਕੋ ਦਸਮੇਸ਼ ਪੁਛਜੋ,
ਗੁਰੁ ਔ ਪੁਰਿ ਕੋ ਉਨਿ ਹਾਲ ਸੁਨਾਯੋ।
ਗੰਗ ਸਮਾਨ ਸਤੱਦ੍ਰਵ[1] ਹੈ, [1]ਸਤਿਲੁਜ (ਦਰਿਆ)।
ਗਿਰ ਪਾਂਤਿ[1] ਸੁਹਾਤ ਦੁਤੀ ਦਿਸ ਭਾਯੋ [1]ਪਹਾੜਾਂ ਦੀਆਂ ਕਤਾਰਾਂ।
॥ ੧੪੮ ॥
ਮਾਤ ਮਹੂਰਤ ਕੀਨ ਸੁਧਾਵਨ*, *ਮਹੂਰਤ ਸੋਧਨ ਬਾਰੇ ਦੇਖੋ ਬਿਸ਼੍ਰਾਮ ੧੨ ਦੇ ਅੰਕ ੯ ਦੇ * ਨਿਸ਼ਾਨ ਦੀ ਪੈਰ ਟੂਕ।
ਜਾਵਨ ਹੇਤ ਪੰਜਾਬ ਦਿਸੌ ਹੈਂ[1]। [1]ਤਰਫ।
ਆਵਤ ਭੇ ਸੁਨ ਕੈ ਸਬਿ ਸੇਵਕ,
ਰੰਕ ਧਨੀ ਨਰ ਨਾਰਿ ਤਦੌ ਹੈਂ।
ਰਾਖਨ ਕੇ ਹਿਤ ਕੀਨ ਉਪਾਵ,
ਅਨੇਕਹਿਂ ਭਾਂਤਿ ਸੁ ਬਾਤ ਰਚੌ ਹੈਂ।
ਜਾਨ ਬਨੈ ਅਬਿ ਮਾਤ ਕਹਜੋ ਜਬਿ,
ਪੀਤ[1] ਭਏ ਸਬਿ ਕੇ ਮੁਖ ਤੌ ਹੈਂ[2] ॥ ੧੪੯ ॥ [1]ਪੀਲੇ। [2]ਤਦੋਂ।

ਸੇਠ ਜਗੱਤਰੁ ਦੱਤ ਦਿਜੇਸ,
ਫਤੇ ਸਸਿ, ਜੈਤਹਿ ਲੌ ਬਲ ਲਾਏ।
ਕੀਨ ਨਿਮੰਤਨ[1] ਏਕ ਇਕੋ ਦਿਨ,
ਆਪਨ ਆਪਨ ਧਾਮ ਲਿਜਾਏ।
ਭੇਟ ਦਈ ਬਿਬਿਧਾ ਗੁਰੁ ਮਾਤਹਿ,
ਦਾਸ ਮਸੰਦ ਸਬੈ ਪਹਿਨਾਏ।
ਮਾਤ ਜਥੋਚਿਤ[1] ਭੀ ਬਖਸ਼ੇ,
ਸਿਰਪਾਉ ਪ੍ਰਸ਼ਾਦ ਜੁ ਯਾਦ ਰਖਾਏ ॥ ੧੫੦ ॥
ਸੰਗਤਿ ਦੇਸ ਗਰਾਮਨ ਤੈ
ਪੁਰਿ ਤੈ, ਸੁਨ ਕੇ ਗੁਨ ਕੈ ਸਬਿ ਆਏ।
ਲਾਗ ਅੰਬਾਰ[1] ਗਏ, ਜ਼ਰ ਜ਼ੇਵਰ
ਚੈਲ[1], ਅਮੋਲ ਅਤੋਲ ਤਦਾਂਏ।
ਕਾਂਹਿ ਸਜੰਦਨ[1] ਪੀਨਸ[2], ਬਾਜ
ਸ ਸਾਜ[1] ਦਰਾਜ[2] ਭਲੇ ਅਰਪਾਏ।
ਬਜਾਕੁਲ ਹੋਇ ਰਹੇ ਸਬਿ ਕੇ ਮਨ,
ਨੈਨਨ ਤੈ ਜਲ ਐਨ ਬਹਾਏ ॥ ੧੫੧ ॥
ਸਾਹਬਜ਼ਾਦੇ ਕਹਜੋ ਬਹਲਾਂ[1] ਰਥ
ਜੋਰਹੁ, ਤੋਰਹੁ ਡੋਰਹੁਂ[1] ਤਾਂਈ।
ਮਾਤੁਲ ਮਾਨ ਅਸ੍ਵਾਬ ਲਦਾਇ,
ਚਲਾਇ ਦਏ ਸਕਟੇ ਸਹਿਸਾਈ[1]।

ਸਜੰਦਨ ਮਾਤ ਬਡੀ, ਲਘੁ ਡੋਰਹਿ[1],
ਪਾਲਕੀ ਮਾਹਿਂ ਚਢੇ ਜਗ ਸਾਂਈ[1]।
ਮਾਤੁਲ ਆਦਿ ਅਸ੍ਵਾੱਰ ਭਏ ਅੱਸ੍ਵ[1],
ਟਹਲਨਿ ਬਹਲਨਿ ਮਾਂਹਿ ਚਢਾਂਈਂ ॥ ੧੫੨ ॥

ਕਬਿੱਤ:

ਵਾਸੀ ਪੁਰਿ ਪਟਨੇ ਕੈ ਪਾਇ ਕੈ ਉਦਾਸੀ ਉਰਿ,
ਗੁਰੁ ਸੋਂ ਚਲੈ ਹੈਂ[1] ਕੈਹੈਂ[2] ਧੁਰ ਪਹੁੰਚਾਏ ਹੈਂ।
ਨਰ ਨਾਰਿ ਬ੍ਰਿੱਧ ਬਾਲ ਜੁਵਾ ਜੁਰ ਕੈ[1] ਬਿਸਾਲ,
ਮੰਦ-ਭਾਗ ਭਏ ਆਜ ਆਪਸ ਮੈ ਗਾਏ ਹੈਂ।

[1]ਨਿਉਂਦੇ, ਭੰਡਾਰੇ।

[1]ਜਥਾ ਜੋਗ।

[1]ਢੇਰ।

[1]ਸੋਨੇ ਦੇ ਗਹਿਣਿਆਂ ਤੇ ਬਸਤ੍ਰਾਂ ਦੇ।

[1]ਰਥ। [2]ਪਾਲਕੀ।

[1]ਘੋੜੇ, ਸਣੇ ਸਾਜਾਂ ਦੇ। [2]ਬਹੁਤੇ।

[1]ਬੈਲ ਗੱਡੀਆਂ।

[1]ਡੋਲਿਆਂ ਨੂੰ।

[1]ਮਾਮਾ ਜੀ ਨੇ ਸਾਹਿਬਜ਼ਾਦੇ (ਦਾ ਹੁਕਮ) ਮੰਨ ਕੇ ਸਮਾਨ ਲਦਵਾ ਕੇ ਗੱਡੇ ਛੇਤੀ ਤੋਰ ਦਿੱਤੇ।

[1]ਛੋਟੇ ਮਾਤਾ ਜੀ ਡੋਲੇ ਵਿੱਚ।

[1]ਸਾਹਿਬਜ਼ਾਦਾ ਜੀ।

[1]ਘੋੜੇ ਤੇ।

[1]ਗੁਰਾਂ ਦੇ ਨਾਲ ਚਲਾਂਗੇ। [2]ਕਹਿੰਦੇ ਹਨ।

[1]ਇਕੱਠੇ ਹੋ ਕੇ।

ਔਧ[1] ਤਜਿ ਰਾਮ ਬਨ ਬ੍ਰਿਜ ਤੈ[2] ਕ੍ਰਿਸ਼ਨ ਜਨੁ,
ਚਾਲੇ ਗੁਰੁ ਪਟਨੇ ਤੇ ਦੇਖੀਏ ਤਥਾਏ[1] ਹੈਂ।
ਆਕਲ ਅਨਾਕਲ ਬਿਜਾਕੁਲ ਭਏ ਹੈਂ ਸਬਿ
ਪਾਕਲ, ਨ ਸਾਕੈਂ ਤਾਂ ਕੈ ਸਾਂਕਲ ਲਗਾਏ ਹੈਂ[1]
॥ ੧੫੩ ॥

[1]ਅਜੁੱਧਿਆ। [2]ਬ੍ਰਿੰਦਾਬਨ ਤੋਂ।
[1]ਤਿਵੇਂ ਹੀ।
[1]ਅਕਲ ਵਾਲੇ ਤੇ ਬਿਨਾ ਅਕਲ ਤੋਂ ਸਾਰੇ ਘਬਰਾਹਟ ਵਿੱਚ ਆ ਕੇ ਪਾਗ਼ਲ ਹੋ ਗਏ ਹਨ। (ਸਿਰਫ) ਉਹਨਾਂ ਦੇ ਸੰਗਲ ਨਹੀਂ ਲਗਾ ਸਕਦੇ।

ਮਾਤੁਲ ਕ੍ਰਿਪਾਲ ਲੌ ਸਿਆਨੇ ਸਿੱਖ ਜੇ ਪੁਰਾਨੇ,
ਚਹਿਤ ਫਿਰਾਨੇ[1] ਸੋ ਤੋ ਫਿਰਤ ਫਿਰਾਏ ਨਾ[2]।
ਨੈਨ ਜਲ ਜਾਤਨ ਤੈ ਐਨ ਜਲ ਜਾਤਿ[1],
ਬੈਨ ਚੈਨ[1] ਬਿਨ ਕੈਹੈਂ ਘਰ ਪੁਰਿ ਹਮੇਂ ਭਾਏ ਨਾ।
ਸੰਗ ਹਮ ਜੈ ਹੈਂ ਨਾ ਸੰਤੈਹੈਂ[1] ਕੈਹੈਂ ਕਾਂਹਿ ਕੁਛ,
ਦਰਸ਼ਨ ਪੈਹੈਂ ਤੇ ਬਜੋਗ[1] ਦੁਖ ਪਾਏ ਨਾ।
ਜਾਏਂ ਹਟ ਪਟਨੇ ਨ ਖਟਨੇ ਸਿਧਾਂਏਂ ਕਿਤ[1],
ਕਟਨੇ ਜੋ ਦਿਨ ਕਿਨ ਪ੍ਰਭ ਪੈ ਕਟਾਏ ਨਾ[1]
॥ ੧੫੪ ॥

[1]ਮੋੜਨਾ। [2](ਪਰ) ਉਹ ਤਾਂ ਮੋੜੇ ਮੁੜਦੇ ਨਹੀਂ।
[1]ਨੇੜ੍ਹ ਕੰਵਲਾਂ ਤੋਂ ਚੰਗੀ ਤਰ੍ਹਾਂ ਪਾਣੀ ਜਾ ਰਿਹਾ ਹੈ।
[1]ਸ਼ਾਂਤੀ।
[1]ਕਸ਼ਟ ਨਹੀਂ ਦਿਆਂਗੇ।
[1]ਵਿਛੋੜੇ ਦਾ।
[1]ਤਾਂ ਕਮਾਈ ਕਰਨ ਲਈ ਕਿਤੇ ਨਹੀਂ ਜਾਵਾਂਗੇ।
[1]ਕਿਉਂ ਨ ਪ੍ਰਭੂ ਦੇ ਪਾਸ ਕੱਟੀਏ।

ਮਾਤੁਲਾਦਿ ਐਸੇ ਸੁਨਿ ਉਨਿ ਕੈ ਪ੍ਰੇਮ ਗੁਨਿ,
ਆਪ ਕੋ ਧਿਕਾਰੈਂ ਪੁਨਿ ਧੁਨਿ[1] ਨਾ ਅਗੈ ਕਹੈਂ।
ਤਜੋਂ ਹੀ ਮਾਤਾ ਗੂਜਰੀ ਜੀ ਨਾਨਕੀ ਜੀ ਨਾਰਿਨ
ਕੋ,
ਟਾਰਿਨ ਅਨੇਕਧਾ[1] ਸਿਧਾਰਨ ਮਗੈ ਚਹੈਂ[2]।
ਵੈ ਤੋ ਸਬਿ ਬਾਰਿ ਬਾਰ ਕੌਰ ਓਰ ਹੀ ਨਿਹਾਰ[1],
ਕਹਤ ਪੁਕਾਰ ਕਬਿ ਫੇਰ ਯੇ ਪਗੇ ਗਹੈਂ[1]।
ਮੂਰਤੈਂ ਪ੍ਰੇਮ ਕੀ ਕੈ ਸੂਰਤੈਂ ਸੁ ਨੇਮ ਕੀ[1],
ਕੈ ਪੂਰਤੈਂ ਸੁਖੇਮ ਕੀ[1], ਗਰੂਰ ਤੈ ਭਗੈਂ ਵਹੈਂ[2]
॥ ੧੫੫ ॥

[1]ਅਵਾਜ਼।
[1]ਅਨੇਕ ਤਰ੍ਹਾਂ ਟਾਲਦੇ ਹਨ। [2]ਰਸਤੇ ਜਾਣਾ ਚਾਹੁੰਦੇ ਹਨ।
[1]ਸਾਹਿਬਜ਼ਾਦੇ ਵਲ ਦੇਖਦੇ ਹਨ।
[1]ਚਰਨ ਫੜਾਂਗੇ।
[1]ਚੰਗੇ ਨੇਮ ਦੀਆਂ ਸ਼ਕਲਾਂ।
[1]ਮੁਕਤੀ ਪ੍ਰਾਪਤ ਕਰਨ ਵਾਲੀਆਂ। [2]ਹੰਕਾਰ ਤੋਂ ਉਹ ਭਜਦੀਆਂ ਹਨ।

ਹੇਰਿ ਹਠ ਸਾਚੇ ਉਨਿ ਕੇਰ ਸਾਚੇ ਗੁਰੁ ਗੁਨਿ[1],
ਪ੍ਰੇਰ ਨਿਜ ਮਾਯਾ ਪੁਨ ਭਰਮਾਯਾ ਮਨ ਹੈ।
ਆਏ ਘਰ ਯਾਦ ਤਿਨੈਂ ਮਰਯਾਦ ਪਾਲ ਇਨੈਂ[1],
ਆਸਿਖ[1] ਅਸੀਸ ਛਿਨੈਂ ਤਾਂਹੀਂ ਦਈ ਗਨ ਹੈਂ।
ਕਰਿ ਕਰਿ ਬੰਦਨ ਚਲੇ ਹੈਂ ਨਿਜ ਘਰ ਘਰ,

[1]ਵਿਚਾਰ ਕੇ।
[1]ਮ੍ਰਯਾਦਾ ਪਾਲਣ ਵਾਲੇ ਕਲਗੀਧਰ ਜੀ ਨੇ ਇਨ੍ਹਾਂ ਨੂੰ।
[1]ਅਸ਼ੀਰਵਾਦ।

ਗੁਨ ਗਨ[1] ਗੁਰੁ ਕੇ ਰਟੱਤ[2] ਸਬਿ ਜਨ ਹੈਂ। [1]ਬਹੁਤੇ। [2]ਉਚਾਰਦੇ ਹਨ।
ਠਾਂਢ ਰਹਜੋ ਦੱਤ ਕੋ ਸੁਮੱਤਿ ਹੇਰਿ ਕਹਜੋ ਗੁਰੁ,
ਧਜਾਨ ਮਾਂਹਿ ਨਿਤ ਤੋਹਿ ਹੋਹਿਂ ਦਰਸ਼ਨ ਹੈਂ
॥ ੧੫੬ ॥
ਤਬਿ ਹੀ ਨੁਵਾਬ ਨੈ ਸ਼ਿਤਾਬ[1] ਗੁਰੁ ਗਹੇ ਪਗ, [1]ਛੇਤੀ।
ਬੋਲੇ ਜਬਿ ਸਿਜਦਾ ਨਿਵਾਜ ਪਢਿ ਕਰਸੈਂ[1]। [1]ਨਮਸ਼ਕਾਰ ਕਰੇਂਗਾ।
ਮਾਂਗ ਹੈਂ ਦੁਆਇ ਤਬਿ ਆਇ ਮੈਂ ਦਰਸ ਦੈਂਹੁ,
ਜੈਤ ਕੋ ਸੁਨਾਯੋ ਤੂੰ ਭੀ ਪੈਹੈਂ ਧਜਾਨ ਧਰਸੈਂ[1]। [1]ਧਿਆਨ ਧਰੇਂਗਾ ਤਾਂ (ਦਰਸ਼ਨ) ਪਾ ਲਵੇਂਗਾ।
ਫਤੇ ਸਸਿ ਹੂੰ ਕੋ ਕਹਜੋ ਵਸਿ ਮੈਂ ਤਿਹਾਰੇ ਸਦ,
ਤੁਮਰੋ ਪ੍ਰੇਮ ਨੇਮ ਸਬਹੂੰ ਤੇ ਸਰਸੈਂ[1]। [1]ਬਹੁਤਾ ਹੈ।
ਘੁੰਘਨੀ ਚਨੇ ਕੀ ਪੂਰੀ ਦੂਧ ਜੌ ਲਗਾਹਿਂ ਭੋਗ,
ਬਾਲਕਨ ਮਾਂਹਿ ਤੂੰ ਤਹਾਂਹਿਂ ਮੋਹਿ ਦਰਸੈਂ
॥ ੧੫੭ ॥
ਸੇਠ ਤੌਂ ਜਗਤ ਸਾ ਭਗਤਿ ਅਤਿ ਪ੍ਰੇਮ ਯੁਤ,
ਫਰਜ਼ ਸਮਝ ਨਿਜ ਅਰਜ਼ ਗੁਜ਼ਾਰੀਆ।
ਬਕਸਰ, ਛਪਰਾ, ਬਨਾਰਸ, ਅਵਧ[1], ਦਿੱਲੀ, [1]ਅਜੁੱਧਿਆ।
ਆਦਿ ਸ਼ਹਿਰਾਨ ਮਾਂਹਿ[1] ਕੋਠੀ[2] ਹੈ ਹਮਾਰੀਆ। [1]ਸ਼ਹਿਰਾਂ ਵਿੱਚ। [2]ਵਪਾਰ ਦੀ ਦੁਕਾਨ ਜਿੱਥੇ ਹੁੰਡੀ ਨਾਲ ਲੈਣ ਦੇਣ ਹੋਵੇ।
ਲਿਖਿ ਮੈਂ ਪਠੈਹੌਂ ਆਪ ਜਹਾਂ ਜੈਹੋ ਉਤਰੈਹੋ,
ਖ਼ਬਰ ਕਰੈਹੋ ਵਥੁ ਹਾਜ਼ਰ ਹ੍ਵੈ ਸਾਰੀਆ।
ਸੁਨਿ ਸਮ੍ਰੱਥ ਗੁਰੁ ਹੱਥ ਧਰਿ ਮੱਥ[1] ਤਾਂਹਿ, [1]ਸਿਰ ਤੇ।
ਰਿਧਿ ਸਿੱਧਿ ਦਿਖਰਾਈ ਹਾਜ਼ਰ ਅਪਾਰੀਆ
॥ ੧੫੮ ॥
ਪੇਖਿ ਗੁਰੁ ਮਹਿਮਾ ਕੋ ਸੇਠ ਮਨਿ ਸਹਿਮਾਂ ਤੌਂ[1], [1]ਤਾਂ ਡਰ ਗਿਆ।
ਲਹਿਮਾ ਮੈਂ[1] ਮਾਯਾ ਦਿਖਰਾਈ ਗੁਰੁ ਧੰਨ ਹੈਂ। [1]ਛਿਨ ਵਿੱਚ। (ਲਹਿਮਾ=ਲਮਹਾ=ਛਿਨ।)
ਸਬਿ ਹੀ ਕੋ ਜਿਦਾਂ ਕਿਦਾਂ[1] ਬਿਦਾ ਗੁਰੁ ਕੀਨ [1]ਜਿਵੇਂ ਕਿਵੇਂ। [2]ਇਸ ਤਰ੍ਹਾਂ।
ਇਦਾਂ[2],
ਖਿਦਾ[1] ਪਇ ਗਏ ਘਰ ਭਿਦਾ ਉਰਿ ਤੱਨ[2] ਹੈ। [1]ਦੁੱਖ। [2]ਹਿਰਦਾ ਤੇ ਸਰੀਰ ਵਿੰਨ੍ਹਿਆ ਗਿਆ।
ਮਿਲ ਕੈ ਅਗਾਰਨਿ[1] ਦ੍ਵਾਰਨਿ ਬਜਾਰਨਿ, [1]ਘਰਾਂ ਵਿੱਚ।
ਉਚਾਰਨਿ ਗੁਰੂ ਕੇ ਗੁਨ ਗਨ ਜੇ ਸਘੱਨ ਹੈਂ[1]। [1]ਜਿਹੜੇ ਬਹੁਤੇ ਜ਼ਿਆਦਾ ਹਨ।

ਜਾਇ ਗੁਰੁ ਮੰਦਰ ਕੇ ਅੰਦਰ ਝੁਕਾਇ ਸਿਰ,
ਗੁਰੂ ਕੇ ਭਗੋੜੇ ਕੋ[1] ਲਖਾਹਿੰ[2] ਗੁਰੁ ਤੱਨ ਹੈਂ ॥ ੧੫੯ ॥

[1]ਪੰਘੂੜੇ ਨੂੰ। [2]ਜਾਣਦੇ ਹਨ।

ਜਾਇ ਕੈ ਮਸੰਦ ਘਨ ਸ਼ਜਾਮ ਤੈ ਗੁਲਾਬਰਾਇ,
ਗੁਰੁਦ੍ਵਾਰ ਕੀਨ[1] ਹਰਿਮੰਦਰ ਉਚਰ ਹੈਂ[2]।
ਫਤੇ ਚੰਦ ਨਿਜ ਘਰ ਰਚਜੋ ਗੁਰੁ ਥਾਂਨ ਤਰ[1],
ਭੋਗ ਲਗਵਾਇ ਪਾਇ ਦਰਸ਼ਨ ਤਰ[1] ਹੈਂ।
ਹੁਤੋ ਮੈਣੀ ਖੱਤ੍ਰੀ ਸੋ ਯਾਂਹੀ ਤੈ ਸੁ ਅਸਥਾਨ,
ਸੰਗਤ ਬਖਾਨਤ ਸੁ ਮੈਣੀ[1]* ਨਾਰਿ ਨਰ ਹੈਂ।

[1]ਬਣਾਇਆ। [2]ਹਰਿਮੰਦਰ ਕਹਿੰਦੇ ਹਨ।
[1]ਚੰਗਾ।
[1]ਬਹੁਤਾ।
[1]ਮੈਣੀ ਸੰਗਤ। *ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ਪੰਨਾ ੫੯੨ ਤੇ ਇਕ ਵਾਰ ਤੇ ਪੰਨਾ ੫੯੮ ਤੇ ਦੋ ਵਾਰ 'ਮੈਣੀ' ਦੀ ਥਾਂ 'ਸੈਨੀ' ਛਪਿਆ ਹੋਇਆ ਹੈ। ਅਸਾਂ ਇਸ ਨੂੰ 'ਮੈਣੀ' ਸ਼ੁੱਧ ਕਰ ਦਿੱਤਾ ਹੈ ਕਿਉਂਕਿ ਕਵਿ ਜੀ ਨੇ ਆਪ ਅੰਮ੍ਰਿਤਸਰ ਐਡੀਸ਼ਨ ਪੰਨਾ ੧੨੬, ਤਵਾਰੀਖ ਗੁਰੂ ਖਾਲਸਾ ਭਾਗ ੧ ਛਾਪਾ ਪੱਥਰ ਪੰਨਾ ੨੯੩ ਅਤੇ ਗੁਰਧਾਮ ਸੰਗ੍ਰਹ ਵਿੱਚ ਪੰਨਾ ੨੦੪ ਤੇ ਮੈਣੀ ਛਾਪਿਆ ਹੋਇਆ ਹੈ ਅਤੇ ਪਟਣੇ ਸਾਹਿਬ ਵਿੱਚ ਉਸ ਗੁਰਦੁਆਰੇ ਦਾ ਨਾਮ 'ਮੈਣੀ ਸੰਗਤ' ਆਮ ਪ੍ਰਸਿੱਧ ਹੈ। ਮਹਾਨ ਕੋਸ਼ ਤੇ ਹੋਰ ਇਤਿਹਾਸਕ ਪੁਸਤਕਾਂ ਵਿੱਚ ਵੀ ਪਾਠ 'ਮੈਣੀ' ਹੀ ਹੈ।

ਪਟਨੇ ਤੈ ਚਲਿ ਗੁਰੁ ਬਕਸਰ ਥਿਰੇ ਫੁਰ[1],
ਛਪਰੇ ਔ ਡੁਮਰਾਵ ਆਦਿ ਠੌਰ ਭਰ ਹੈਂ[1] ॥ ੧੬੦ ॥

[1]ਛੇਤੀ।
[1]ਚੰਗੀਆਂ ਜਗ੍ਹਾਂ 'ਚ।

ਦੋਹਰਾ:
ਲਘੁ[1] ਮਿਰਜਾ ਪੁਰਿ ਮੈਂ ਥਿਰੇ,
ਪੁਨ ਕਾਂਸ਼ੀ ਮੈਂ ਆਇ।
ਉਤਰੇ ਗੁਰੁ ਕੋ ਪੇਖਿ ਇਤ,
ਉਤਰਜੋ ਇਹਾਂ ਅੱਧਜਾਇ ॥ ੧੬੧ ॥

[1]ਥੋੜਾ (ਜਿਹਾ ਸਮਾਂ) (ਅ) ਛੋਟੇ।

ਇਤਿ ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਬਾਲ ਲੀਲ੍ਹਾ, ਪਟਨੇ ਤੈ ਗਮਨ' ਪ੍ਰਸੰਗ ਬਰਨਨੰ ਨਾਮ ਚੌਤਾਲੀਸਮੋਂ ਬਿਸ੍ਰਾਮ ॥ ੪੪ ॥

੪੫. {ਕਾਂਸ਼ੀ ਤੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਾ}

ਦੋਹਰਾ:

ਪੂਰਨ ਇੰਦੁ ਮਨਿੰਦ ਛਬਿ,
ਤੇਜ ਦਨਿੰਦ ਆਨੰਦਿ[1]।

[1]ਪੂੰਨਿਆਂ ਦੇ ਚੰਦ ਵਾਂਗ (ਜਿਨ੍ਹਾਂ ਦੀ) ਸੋਭਾ ਹੈ ਅਤੇ ਤੇਜ ਸੂਰਜ ਵਾਂਗ ਉਸਤਤ ਯੋਗ ਹੈ।

ਗੁਰੁ ਗੁਬਿੰਦ ਮ੍ਰਿਗਿੰਛ, ਭਵ
ਪਦ ਅਰਬਿੰਦ ਮਲਿੰਦ[1] ॥੧॥

[1](ਹੇ ਮਨ ਉਸ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਰੂਪ ਕੰਵਲਾਂ ਦਾ ਭੌਰਾ (ਭਵ) ਹੋ ਜਾ।

ਕਾਂਸ਼ੀ ਤੈ ਗੁਰੁ ਤੁਰਿ ਜਿਮੈਂ
ਪੁਰ ਆਨੰਦ ਫੁਰ ਆਇ[1]।

[1]ਛੇਤੀ।

ਕਰਿ ਹੈਂ ਚਰਿਤ ਸੁ ਰਰਿਤ ਹੈਂ[1],
ਬਰਤਮਾਨ[1] ਇਸ ਧਜਾਇ ॥੨॥

[1]ਕੌਤਕ ਕਰਨਗੇ ਉਹ ਉਚਾਰਦੇ ਹਾਂ।

[1]ਹੁਣ।

ਕਬਿਤੁ:

ਪਾਇ ਸਾਰ[1] ਸੰਗਤ ਉਮੰਗਤ[2] ਗੁਰੂ ਪੈ ਆਇ,
ਦਰਸਾਇ ਦਾਇਂ ਭੇਟ ਪਾਇ ਪਰਸਾਇ ਹੈਂ[1]।
ਰੂਪ ਔ ਸ਼ਕਤਿ ਤੇਜ ਹੇਰ ਕੈ ਅਸ਼ਕਤਿ ਹ੍ਵੈਂ[1],
ਭਗਤਿ ਗਹਿਤ ਮੋਹ ਜਗਤ ਤਜਾਇ ਹੈਂ।
ਦਿੱਜਨ ਕੋ ਦਾਨ ਦੇਤ ਸੱਜਨੋ ਕੋ ਮਾਨ ਦੇਤ,
ਸਿੱਖਨ ਕੇ ਸਿੱਝਨ ਕੋ[1] ਉਪਦੇਸ ਗਾਇ ਹੈਂ।
ਜਾਹਿਂ ਗੰਗ ਨਾਵਨ ਗਰੀ ਬਜਾਰ ਛਾਵਨ[1],
ਸੁ ਨਰ ਨਾਰਿ ਆਵਨ ਲਖਾਵਨ ਕੌ ਧਾਇ ਹੈਂ[1]
॥੩॥

[1]ਖ਼ਬਰ। [2]ਉਤਸ਼ਾਹ ਨਾਲ।

[1]ਚਰਨ ਛੋਂਹਦੇ ਹਨ।

[1]ਮੋਹਿਤ ਹੁੰਦੇ ਹਨ।

[1]ਕਲਿਆਣ ਕਰਨ ਨੂੰ।

[1]ਭਰ ਜਾਂਦੇ ਹਨ।

[1]ਦੇਖਣ ਨੂੰ ਦੌੜਦੇ ਹਨ।

ਹੇਰਿ ਹੇਰਿ ਲੋਗ ਰਹਿਂ ਤੱਜਬ ਬਧੇਰ[1] ਸਬਿ,
ਟੇਰਿ ਟੇਰਿ[1] ਕਹਿਂ ਏ ਤੋ ਹਰਿ ਅਵਤਾਰ ਹੈਂ।
ਕ੍ਰਿਸ਼ਨ ਸੁਰਾਮ ਜੈਸੇ ਲੱਖਨ ਤਮਾਮ ਹੈਸੇ[1],
ਤੇਜ ਪ੍ਰਤਾਪ ਤੈਸੇ ਰਵਿ ਸੋ ਨਿਹਾਰ ਹੈਂ[1]।
ਕਾਮ ਹੂੰ ਕੇ ਕਾਮ ਅਭਿਰਾਮ ਸਬਿ ਛਬਿ ਧਾਮ[1],
ਦਾਇਕ ਅਰਾਮ ਰਸ ਬੀਰ ਕੈ ਸ਼ਿੰਗਾਰ ਹੈਂ[1]।
ਸੁਜਸ ਬਿਅੰਤ ਸੁਨਿ ਆਵਤ ਮਹੰਤ ਸੰਤ,
ਪੰਡਿਤ ਭਗਤ ਭਗਵੰਤ ਮੋਦ ਧਾਰ ਹੈਂ ॥੪॥

[1]ਬਹੁਤੇ ਹੈਰਾਨ।

[1]ਬੋਲ ਬੋਲ ਕੇ।

[1]ਹਨ।

[1]ਸੂਰਜ ਵਾਂਗ ਦੇਖੀਦੇ ਹਨ।

[1]ਕਾਮ ਨੂੰ ਵੀ ਮੋਹਿਤ ਕਰਨ ਵਾਲੇ ਸਾਰੀਆਂ ਸੁੰਦਰ ਸੋਭਾਂ ਦੇ ਘਰ ਹਨ।

[1]ਬੀਰ-ਰਸ ਹਨ ਜਾਂ ਸ਼ਿੰਗਾਰ-ਰਸ ਹਨ।

ਬਾਰਤਾ ਅਲਾਪ ਕਰਿ ਆਨੰਦ ਅਮਾਪ ਭਰਿ,
ਫਲ ਜਪ ਤਾਪ ਕਰਿ ਦਰਸ਼ਨ ਜਾਨ ਕੈ[1]।

[1]ਬਚਨ-ਬਿਲਾਸ ਕਰਿ ਕੇ ਬਹੁਤੇ ਅਨੰਦ ਵਿੱਚ ਭਰ ਗਏ। ਦਰਸ਼ਨ (ਪ੍ਰਾਪਤੀ) ਜਪ ਤਪ ਦਾ ਫਲ ਜਾਣਦੇ ਹਨ।

ਬਾਂਛਤ[1] ਜਵਾਬ ਪਾਇ ਜਾਵਤ ਸੁ ਜਸ ਗਾਇ,
ਗੁਰੁ ਤੀਰ[1] ਭੀਰ ਰਹਿ ਵਾਇ[2] ਬਹੁ ਆਨ ਕੈ।
ਬਿਸ਼ਵ ਨਾਥ, ਢੁੰਡੀਰਾਜ, ਅੰਨ ਪੂਰਣਾ ਲੌ,
ਦੇਵ ਅਸਥਾਨ ਹੇਰੇ ਹੈਂ, ਸ ਮਾਤ[1] ਗੁਰੁ ਦਾਨ ਕੈ।
ਆਇ ਏਕ ਦਿਜਵਰ ਦਾਇ ਭੇਟ ਸੀਸ ਨਾਇ,
ਤੀਰਥ ਪਰੋਹਤ ਮੈਂ ਥਾਰੋ[1] ਹੂੰ ਬਖਾਨ ਕੈ ॥ ੫ ॥

[1]ਮਨ ਇੱਛਤ।
[1]ਪਾਸ। [2]ਓਥੇ।
[1]ਸਣੇ ਮਾਤਾਵਾਂ ਦੇ।
[1]ਤੁਹਾਡਾ।

ਦਾਨ ਕਲਜਾਨ ਉਭੈ[1] ਦੇਤ ਗੁਰੁ ਬਿਨਾ ਸ਼ੁਭੈ[2],
ਜੀਵਕਾ ਪ੍ਰਕਾਸ਼ ਸੁਭੈ ਰਵਿ ਜਿਮ ਦਾਇ ਹੈਂ[1]।
ਸੁਰਤਰੁ ਹੂੰ ਤੈ ਤਰ ਗੁਰੁ ਘਰ ਸੁਨਜੋ ਵਰ[1],
ਆਪ ਦੀਨ ਦਜਾਲ ਦੀਜੈ ਦਾਰਿਦ ਨਸਾਏਂ ਹੈਂ[1]।
ਸੋਢ ਬੰਸ ਹੰਸ[1] ਕਹਜੋ ਮਾਂਗ, ਸਰਬੰਸ ਮਾਂਗਜੋ,
ਦੀਓ ਨਿਰਸੰਸ ਗੁਰੁ ਅੰਸ[1] ਗੰਗ ਨਾਇ ਹੈਂ।
ਲਾਖਨ ਕੋ ਦਾਨ ਗੁਰੁ ਦੀਓ ਤਿਨਕੇ ਸਮਾਨ[1],
ਸੁਜਸ ਬਿਤਾਨ ਉਭੈ ਲੋਕ ਰਹਜੋ ਛਾਇ ਹੈਂ[1]
॥ ੬ ॥

[1]ਮਾਇਆ ਦਾ ਦਾਨ ਤੇ ਮੁਕਤੀ ਦੋਵੇਂ ਹੀ। [2]ਸ਼ੱਕ।
[1]ਰੋਜ਼ੀ ਤੇ ਚਾਨਣ (ਹਰ) ਸਵੇਰ ਜਿਵੇਂ ਸੂਰਜ ਦੇਂਦਾ ਹੈ।
[1]ਕਲਪ ਬ੍ਰਿੱਛ ਤੋਂ ਵੀ (ਤਰ) ਬਹੁਤਾ (ਵਰ) ਸ੍ਰੇਸ਼ਟ ਗੁਰੂ ਘਰ ਸੁਣਿਆ ਹੈ।
[1]ਗਰੀਬੀ ਨੂੰ ਦੂਰ ਕਰ ਦਿਉ।
[1]ਸੂਰਜ।
[1]ਗੁਰਾਂ ਦੇ ਪੱਤਰ ਨੇ।
[1]ਲੱਖਾਂ ਦੀ ਗਿਣਤੀ ਦਾ ਦਾਨ ਕੱਖ ਵਾਂਗ। ਗੁਰਾਂ ਨੇ ਦਿੱਤਾ।
[1]ਚੰਗੇ ਜਸ ਦਾ ਚੰਦੋਆ ਦੋਹਾਂ ਲੋਕਾਂ ਵਿੱਚ ਫੈਲ ਰਿਹਾ ਹੈ।

ਇਹੁ ਬ੍ਰਿਤਾਂਤ ਸੁਨਿ ਸੰਗਤ ਨੈ ਪੁਨਾ ਗੁਨਿ,
ਤਜਾਰ ਕਰਿ ਅੱਸਵਾਬ[1] ਦੀਓ ਔਰ ਭਾਇ ਕੈ[2]।
ਆਯੋ ਗੁਰੁਬਖਸ਼ ਮਸੰਦ ਜੌਨ ਪੁਰਿ ਹੂੰ ਤੇ,
ਸੁਨਿ ਗੁਰੁ ਆਗਮਨ ਸੰਗਤਿ ਲਵਾਇ ਕੈ[1]।
ਗਾਵਤ ਸ਼ਬਦ ਆਏ ਹਾਜ਼ਰ ਹਜ਼ੂਰ ਗੁਰੁ,
ਅਰਪੀ ਅਕੋਰ ਭੂਰ ਅਤਿ ਉਮਗਾਇ ਕੈ[1]।

[1]ਸਾਮਾਨ। [2]ਪ੍ਰੇਮ ਨਾਲ।
[1]ਨਾਲ ਲੈ ਕੇ।
[1]ਗੁਰਾਂ ਕੋਲ ਹਾਜ਼ਰ ਹੋ ਕੇ ਬਹੁਤ ਉਤਸ਼ਾਹ ਨਾਲ ਬਹੁਤੀਆਂ ਭੇਟਾ ਅਰਪੀਆਂ।

ਰਾਮਦਾਸ ਸੇਠ ਭੇਟ ਜ਼ੇਵਰ ਬਸਨ ਧਨ,
ਅਨਗਨ ਦੀਨ ਉਭੈ ਮਾਤਨ ਕੌ ਲਜਾਇਕੈ ॥ ੭ ॥
ਜੇਤਕ ਸਮਾਨ ਦਾਨ ਕੀਓ ਗੁਰੁ, ਦੀਓ ਤਾਂ ਤੈ
ਦੂਨੋ ਕਰਵਾਇ ਤਜਾਰ ਸਿੱਖਨਿ ਨਵੀਨ ਹੈ।
ਜੈਸੀ ਜਾਂ ਕੀ ਭਾਵਨਾ ਥੀ ਤੈਸੀ ਗੁਰੁ ਪੂਰੀ ਕਰੀ,

ਦੈ ਦੈ ਸਿਰਪਾਉ ਬਿਦਾ ਕਰੇ ਸਬਿ ਬੀਨ ਹੈ[1]।
ਰੈਹੈਂ ਨਿਤ ਸੰਗਤ ਮੈਂ ਜੈਹੈਂ ਕਬੀ ਬਾਗਿ ਮਾਂਹਿ,
ਗੁਰੂ ਕਾ ਕਹਾਹਿ ਜੋਉ ਅਬ ਸਬਿ ਚੀਨ ਹੈਂ[1]।
ਬਿਦਾ ਹੋਇ ਤਹਾਂ ਤੈ ਪਰੇ ਹੈਂ ਪੰਥ ਸਨੇ ਸਨੇ,
ਆਇ ਮ੍ਰਿਜ਼ਾਪੁਰਿ ਔ ਥਿਰਾਏ ਮੁਦ ਭੀਨ ਹੈਂ[1]
॥ ੮ ॥

[1]ਦੇਖ ਕੇ।

[1]ਜਾਣਦੇ ਹਨ।

[1]ਅਨੰਦ 'ਚ ਭਿਜੇ ਹੋਏ ਠਹਿਰ ਗਏ।

ਉਤਰਤ ਜੈਹੈਂ ਜਾਇ[1] ਐਹੈਂ ਸੁਨਿ ਸਿੱਖ ਧਾਇ,
ਦੈਹੈਂ ਭੇਟ ਧਰਿ ਭਾਇ ਚਾਇ ਭਰਿ ਕੈ ਸਹੀ[1]।
ਪੰਥ[1] ਜਾਂਹਿ ਜਾਵੈਂ ਨਰ ਨਾਰਿ ਸੁਨਿ ਦੌਰਿ ਆਵੈਂ,
ਮਗ ਪੈ ਥਿਰਾਵੈਂ ਦੇਖਿ ਬਤਰਾਵੈਂ[1] ਐਸ ਹੀ।
ਦੁਲੱਭ ਦਰਸ ਸਤਿਗੁਰੁ ਜੂ ਕੋ ਏਸ ਦੇਸ,
ਮਾਰੁਥਲ ਮਾਂਹਿ ਮੇਵੇ ਦਾਰ ਤਰੁ[1] ਜੈਸ ਹੀ।
ਧੰਨ ਭਾਗ ਮਾਨੈਂ ਨਿਜ ਆਨੈਂ ਭੇਟ ਦੌਰਿ ਦੌਰਿ,
ਅਰਪੈਂ ਮਹਾਨੈਂ ਮੋਦ ਠਾਨੈਂ[1] ਮਨ ਮੈਂ ਸਹੀ ॥ ੯ ॥

[1]ਜਿੱਥੇ ਜਾ ਕੇ ਉਤਰਦੇ ਹਨ।

[1]ਚੰਗੀ ਤਰ੍ਹਾਂ ਖ਼ੁਸ਼ੀ 'ਚ ਭਰ ਕੇ।

[1]ਰਸਤੇ।

[1]ਦੱਸਦੇ ਹਨ।

[1]ਦਰੱਖ਼ਤ।

[1]ਅਨੰਦ ਕਰਦੇ ਹਨ।

ਦੋਹਰਾ:

ਸਨੇ ਸਨੇ[1] ਮਗ ਚਲਤਿ ਇਮ,
ਪੂਰਤਿ ਦਾਸਨਿ ਆਸ।
ਆਇ ਥਿਰੇ ਪ੍ਰਯਾਗ ਮੈਂ,
ਨ੍ਹਾਇ ਤ੍ਰਿਬੇਨੀ ਖਾਸ[1] ॥ ੧੦ ॥

[1]ਹੌਲੀ ਹੌਲੀ।

[1]ਆਪ।

ਦਾਨ ਦਏ ਬਹੁ ਦਿਜਨ ਕੋ,
ਉਤਰੇ ਸੰਗਤਿ ਮਾਂਹਿ[1]।
ਲਿਖਜੋ ਪਿਖਜੋ ਗੁਰੁ ਨੌਮ ਕੋ,
ਘਨ ਸ਼ਜਾਮ ਦ੍ਵਿਜ ਪਾਹਿ ॥ ੧੧ ॥

[1]ਗੁਰੁਦੁਆਰੇ ਵਿੱਚ।

ਤਾਂਹਿ ਪੁਸ਼ਤ ਪਰ[1] ਦਸਮ ਗੁਰੁ,
ਇਮ ਕਰ ਤੈ[1] ਲਿਖ ਦੀਨ।
ਜੋ ਗੁਰੁ ਬਾਬੇ ਮਮ ਲਿਖਜੋ[1],
ਸੋ ਪ੍ਰਮਾਨ ਹਮ ਕੀਨ ॥ ੧੨ ॥
ਅਬਿ ਲੌ ਨਾਮਾ ਹੁਕਮ ਸੋ,
ਹੈ ਉਨਿ ਬਿੱਪਨਿ ਪਾਸ।

[1]ਉਸ (ਕਾਗ਼ਜ਼) ਦੀ ਪਿੱਠ 'ਤੇ।

[1]ਹੱਥ ਨਾਲ।

[1]ਜੋ ਮੇਰੇ ਵੱਡੇ ਗੁਰਾਂ ਭਾਵ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਲਿਖਿਆ ਹੈ।

ਲੈ ਭੇਟਾ ਨਿਜ ਸਿੱਖਨ ਤੈ,
ਦੈ ਦਰਸ਼ਨ ਭਰਿ ਆਸ[1] ॥ ੧੩ ॥ [1]ਆਸ਼ਾ ਪੂਰੀ ਕਰਕੇ।
ਚਲਿ ਗੁਰੁ ਤੀਰਥ ਰਾਜ ਤੈ[1], [1]ਪ੍ਰਾਗਰਾਜ ਤੋਂ।
ਪੁਰੀ ਅਜੁੱਧਜਾ ਜਾਇ।
ਉਤਰੇ ਕੁੰਡ ਬਸ਼ਿਸਟ ਢਿਗ,
ਹੈ ਗੁਰੁ ਥਾਨ ਤਹਾਂਇ ॥ ੧੪ ॥
ਚੌਪਈ:
ਨਿਜ ਕੁਲ ਕੇ ਬ੍ਰਿੱਧਨ ਕੀ ਪੁਰੀ[1]। [1]ਆਪਣੀ ਕੁਲ ਦੇ ਵੱਡਿਆਂ ਭਾਵ ਸ਼੍ਰੀਰਾਮ ਚੰਦਰ ਜੀ ਦਾ ਸ਼ਹਿਰ ਹੈ।
ਹੇਤ ਦਰਸਬੇ ਗੁਰੁ ਬ੍ਰਿਤਿ ਫੁਰੀ[1]। [1]ਫੁਰਨਾ ਫੁਰਿਆ।
ਸ੍ਰੀ ਗੁਜਰੀ ਜੀ ਮਾਤ ਨਾਨਕੀ।
ਥਾਨ ਪਿਖਜੋ ਚਹਿਂ ਰਾਮ ਜਾਨਕੀ[1] ॥ ੧੫ ॥ [1]ਰਾਮ ਚੰਦਰ ਜੀ ਤੇ ਸੀਤਾ ਦਾ।
ਮਾਤੁਲਾਦਿ ਕੋ ਸੰਗ ਲਵਾਏ।
ਸਰਬ ਸਥਾਨ ਪਿਖੇ ਸਭ ਭਾਏ।
ਸਰਜੂ ਤਟ ਜਹਿਂ ਸੁਵਰਗ ਦ੍ਵਾਰੀ।
ਕਰਿ ਇਸ਼ਨਾਨ ਦਾਨ ਦਏ ਭਾਰੀ ॥ ੧੬ ॥
ਸਗਰ ਨਗਰ ਮੈਂ ਖਬਰ ਪਹੁੰਚੀ।
ਬਾਲਕ ਬੈ ਗੁਰੁ ਮਤ ਅਤਿ ਊਚੀ।
ਰਾਮ ਚੰਦ੍ਰ ਕੀ ਕੁਲ ਕੇ ਹੰਸ[1]। [1]ਸੂਰਜ।
ਸਤਿਗੁਰੁ ਅਏ ਸੋਢਿ ਅਵਤੰਸ[1] ॥ ੧੭ ॥ [1]ਸ਼ੋਮਣੀ।
ਇਸ ਕੁਲ ਮਾਂਹਿ ਰਾਮ ਕੇ ਪਾਛੇ।
ਇਹ ਅਵਤਾਰ ਸੁਨਜੋ ਭਏ ਆਛੇ।
ਦਰਸ਼ਨ ਤੈ ਸਭਿ ਪਾਪ ਬਿਲੈ ਹੈਂ[1]। [1]ਦੂਰ ਹੁੰਦੇ ਹਨ।
ਜਾਡਾ ਤਮ[1] ਰਵਿ ਤੈ[2] ਜਯੋਂ ਜੈ ਹੈ ॥ ੧੮ ॥ [1]ਪਾਲਾ ਤੇ ਅਨ੍ਹੇਰਾ। [2]ਸੂਰਜ ਤੋਂ।
ਸ਼ਰਧਾ ਧਰਿ ਜੋ ਭੇਟ ਚਢੈ ਹੈਂ।
ਮਨੋ ਕਾਮਨਾ ਪੂਰਨ ਪੈ ਹੈਂ[1]। [1]ਪਾ ਲੈਣਗੇ ਭਾਵ ਪੂਰੀਆਂ ਹੋ ਜਾਣਗੀਆਂ।
ਦੇਸ ਪੰਜਾਬ ਸ੍ਰੀ ਗੁਰੁ ਨਾਨਕ।
ਹਰਿ ਅਵਤਾਰ ਭਏ ਸੁਖ ਦਾਨਕ ॥ ੧੯ ॥
ਤਿਸ ਗਾਦੀ ਪਰ ਨੌਮੀ ਠੌਰੈਂ।
ਤੇਗ ਬਹਾਦਰ ਹੈਂ ਗੁਰੁ ਗੌਰੈਂ[1]। [1]ਭਾਰੀ।

ਤਿਨ ਕੇ ਲੀਨੋ ਇਨਿ ਅਵਤਾਰਾ।
ਧਰਨ ਭਾਰ ਹਿਤ ਹਰਨ[1] ਵਿਚਾਰਾ ॥੨੦॥

[1]ਧਰਤੀ ਦਾ ਭਾਰ ਦੂਰ ਕਰਨ ਲਈ।

ਰਾਮ ਚੰਦ੍ਰ ਸੇ ਇਨਿ ਮੈਂ ਲੱਛਨ।
ਹੈਂ, ਸਬ ਕਹਿ ਹੈਂ ਲੋਗ ਬਿਚੱਛਨ[1]।

[1]ਚਤੁਰ।

ਸੁੰਦਰ ਸੂਰਤਿ ਪੂਰਤਿ[1] ਆਨੰਦ।

[1]ਭਰੀ ਹੋਈ।

ਚਲੋ ਦਰਸ ਲਹਿਂ ਲਾਭ ਮਹਾਨੰਦ ॥੨੧॥
ਯਾ ਬਿਧਿ ਅਨਿਕ ਬਾਰਤਾ ਕਰਿ ਕਰਿ।
ਨਰ ਤਿਯ ਪੇਖਤ ਕੋਠਨਿ ਚਰਿ ਚਰਿ[1]।

[1]ਚੜ੍ਹ ਚੜ੍ਹ ਕੇ।

ਗਰੀ ਬਜ਼ਾਰ ਅਗਾਰਨਿ ਦਵਾਰਨਿ[1]।

[1]ਘਰਾਂ ਦੇ ਬੂਹਿਆਂ ਵਿੱਚ।

ਭਵੈ[1] ਭੀਰ ਗੁਰੁ ਜਹਾਂ ਬਿਹਾਰਨ[2] ॥੨੨॥

[1]ਹੋ ਜਾਂਦੀ ਹੈ। [2]ਵਿਚਰਦੇ ਹਨ।

ਮਹਾਂ ਕੁਲਾਹਲ ਉੱਛਵ[1] ਭਯੋ।

[1]ਉਤਸ਼ਾਹ ਦਾ ਡੰਡਰੌਲਾ।

ਰਾਮ ਚੰਦ੍ਰ ਜਨੁ ਹਨ ਅਰਿ[1] ਅਯੋ।

[1]ਵੈਰੀ (ਰਾਵਣ) ਮਾਰ ਕੇ।

ਊਚ ਨੀਚ ਕਰ ਜੋਰੈਂ ਬੰਦੈਂ।
ਜਥਾ ਜੋਗ ਦਿਹਂ ਭੇਟ ਅਮੰਦੈਂ[1] ॥੨੩॥

[1]ਚੰਗੀਆਂ।

ਹੁਤੋ ਰਾਮ ਨੌਮੀ ਤਬਿ ਮੇਲਾ।
ਯਾਂ ਤੇ ਨਰ ਸਮੁਦਾਇ ਸਕੇਲਾ[1]।

[1]ਬਹੁਤੇ ਆਦਮੀ ਇਕੱਠੇ ਹੋਏ।

ਜਿਸ ਦਿਸ ਜਾਂਹਿ ਭੀਰ ਬਡ ਹੋਵੈ।
ਸਕੈਂ ਨਾ ਢਿਗ ਆ ਦੂਰਹੁ ਜੋਵੈਂ[1] ॥੨੪॥

[1]ਤੱਕਦੇ ਹਨ।

ਸਨੇ ਸਨੇ ਗੁਰੁ ਅੱਸ੍ਵ ਅਸਵਾਰੀ।
ਚਲਤ ਸੇਵਕਨ ਵੀਚ ਉਦਾਰੀ।
ਰੀਤਿ ਸਮਾਜ ਮਹਾਰਾਜਨ ਸੋਂ[1]।

[1]ਇਕੱਠ ਮਹਾਰਾਜਿਆਂ ਵਰਗਾ ਸੀ।

ਚਾਮਰ[1] ਛੱਤ੍ਰ ਆਦਿ ਸਾਜਨ ਸੋਂ[2] ॥੨੫॥

[1]ਚੌਰ। [2]ਸਾਮਾਨ ਨਾਲ।

ਅੱਗ੍ਰ ਸ਼ਬਦ ਸਿਖ ਗਾਵਤ ਜਾਂਹੀ।
ਪਿਖਿ ਪ੍ਰਤਾਪ ਜਨ ਮਨਿ ਬਿਸਿਮਾਂਹੀ।
ਨਾਰੀ ਚਢੀ ਅਟਾਰੀ ਜੋਹੈਂ[1]।

[1]ਤਕਦੀਆਂ ਹਨ।

ਘਨ ਸੇ ਸਦਮ ਬੀਜ ਸੀ ਸੋਹੈਂ[1] ॥੨੬॥

[1]ਬੱਦਲਾਂ ਵਰਗੇ ਘਰਾਂ ਵਿੱਚ ਬਿਜਲੀਆਂ ਵਾਂਗ ਸੋਂਹਦੀਆਂ ਹਨ।

ਤੁੰਗ ਅਟਾ ਜਨੁ ਘਟਾ ਮਿਲੰਤੀ[1]।

[1]ਉੱਚੀਆਂ ਅਟਾਰੀਆਂ ਜਾਣੋ ਘਟਾ ਮਿਲ ਰਹੀਆਂ ਹਨ।

ਧ੍ਵਜਾ ਪਤਾਕਾ ਛਟਾਂ ਛਲੰਤੀ[1]।

[1]ਝੰਡੇ ਤੇ ਝੰਡੀਆਂ ਬਿਜਲੀਆਂ ਨੂੰ ਛਲਦੀਆਂ ਹਨ।

ਮਨੋ ਪੰਖ[1] ਧਰਿ ਗਗਨ[2] ਉਡਜੋ ਚਹਿਂ।

[1]ਖੰਭ। [2]ਅਕਾਸ਼ ਵਿੱਚ।

ਪੁਸ਼ਪਾਂਜੁਲ[1] ਬਰਸੈਂ ਜਨ ਜਹਿਂ ਤਹਿਂ ॥੨੭॥
ਦੂਰ ਦੂਰ ਤੈ ਦੌਰਿ ਦੌਰਿ ਆ।
ਦਰਸੈਂ ਗੁਰੁ ਕੋ ਪੌਰਿ ਪੌਰਿ[1] ਆ।
ਜਿਸ ਦਿਸ ਦੇਖਤ ਗੁਰੂ ਦਰਾਜੀ[1]।
ਝੁਕਤਿ ਲੋਗ ਜਨੁ ਈਦਿ ਨਿਵਾਜੀ ॥੨੮॥
ਪਾਵਨਤਾ ਕੀ ਅਵਧਿ ਅਵਧ ਪੁਰ[1]।
ਅਵਧਿ ਮੋਦਦਾ ਸ਼ਕਤਿ ਅਵਧਿ ਗੁਰਿ[1]।
ਜਿਨਿ ਨਹਿਂ ਪਿਖੇ ਸੋਇ ਪਛੁਤਾਵੈਂ।
ਭਾਗ ਮੰਦ ਨਿਜ ਸੋਇ ਸੁਨਾਵੈਂ ॥੨੯॥
ਯਾ ਬਿਧਿ ਸੈਰ ਨਗਰ ਕੀ ਕਰਿ ਕੈ।
ਡੇਰੇ ਗਏ ਜਬੈ ਗੁਰੁ ਫਿਰਿ ਕੈ।
ਤੌ ਭੀ ਭੀਰ ਭਈ ਨਹਿਂ ਥੋਰੀ।
ਪਾਂਚ ਦਿਵਸ ਰਹਿ ਚਲੇ ਬਹੌਰੀ[1] ॥੩੦॥
ਨੀਠ ਨੀਠ[1] ਮਗ ਸਰਬ ਬਿਹਾਏ[2]।
ਮਾਯਾ ਪੁਰੀ[1] ਸੁਰਸਰੀ[2] ਆਏ।
ਹਰਿਦਵਾਰ ਇਸ਼ਨਾਨ ਦਾਨ ਕੈ[1]।
ਦੀਨ ਦਿੱਜਨ ਦਾਰਿੱਦ੍ਰ ਹਾਨ ਕੈ[1] ॥੩੧॥
ਬਸੇ ਨਿਸਾ[1] ਕਨਖਲ ਮੈਂ ਆਏ।
ਤੀਰ[1] ਗੰਗ ਦਿਨ ਤੀਨ ਰਹਾਏ।
ਪੁਰਾ[1] ਗੁਰੂ ਜਹਿਂ ਉੜ੍ਤ ਰਹੇ।
ਤਿਸੀ ਠੌਰ ਦਸਮੇਂ ਗੁਰੁ ਬਹੇ[1] ॥੩੨॥
ਹੈ ਗੁਰੁ ਥਾਨ ਤਹਾਂ ਅਬਿ ਸੁੰਦ੍ਰ।
ਬਨਵਾਯੋ ਨ੍ਰਿਪ ਸਿੰਘ ਨਰਿੰਦ੍ਰ[1]।
ਸੰਤ ਨਿਰਮਲੇ ਤਹਾਂ ਪੁਜਾਰੀ।
ਲੰਗਰ ਸਤਿਸੰਗ ਰਹਿ ਨਿਤ ਜਾਰੀ ॥੩੩॥
ਕਨਖਲ ਤੈ ਚਲਿ ਬਸ ਬਹੁ ਠਾਏ।
ਸ਼ਹਿਰ ਬੂੜੀਏ ਨਿਕਟਿ ਬਿਰਾਏ।
ਸੂਰਜ ਕੁੰਡ ਪਾਸ ਜਗ ਜਾਨੈਂ।
ਆਹਿ ਬਿਸਦ[1] ਤਹਿਂ ਅਬ ਗੁਰੁ ਥਾਨੈਂ ॥੩੪॥

[1]ਫੁੱਲਾਂ ਦੇ ਬੁੱਕ।
[1]ਦਰਵਾਜ਼ੇ ਦਰਵਾਜ਼ੇ ਤੇ।
[1]ਲੰਮੀ (ਨਿਗਾਹ ਨਾਲ)।
[1]ਪਵਿੱਤ੍ਰਤਾ ਦੀ ਹੱਦ ਅਜੁੱਧਿਆ ਸ਼ਹਿਰ (ਵਿੱਚ)।
[1]ਅਨੰਦ ਦੇਣ ਦੀ ਹੱਦ ਤੇ ਸ਼ਕਤੀ ਦੀ ਹੱਦ ਸਤਿਗੁਰੂ ਜੀ।
[1]ਫੇਰ।
[1]ਮਸਾਂ ਮਸਾਂ। [2]ਲੰਘੇ।
[1]ਹਿੰਦੂਆਂ ਦੀ ਇਕ ਪ੍ਰਧਾਨ ਪੁਰੀ, ਹਰਦੁਆਰ ਤੋਂ ਕਨਖਲ ਤੱਕ। [2]ਗੰਗਾ ਤੇ।
[1]ਕਰਕੇ।
[1]ਗ਼ਰੀਬ ਬ੍ਰਹਮਣਾਂ ਦੀ ਗ਼ਰੀਬੀ ਦੂਰ ਕਰਕੇ।
[1]ਰਾਤ।
[1]ਕਿਨਾਰੇ।
[1]ਪਹਿਲੇ।
[1]ਠਹਿਰੇ।
[1]ਮਹਾਰਾਜਾ (ਪਟਿਆਲਾ) ਨਰਿੰਦਰ ਸਿੰਘ ਨੇ।
[1]ਉੱਜਲ।

ਜਮਨਾ ਲਖਿ[1] ਲਖਨੌਰ ਪਹੂਚੇ। [1]ਲੰਘ ਕੇ।
ਘਰ ਮਸੰਦ ਜੇਠੇ ਕੇ ਸੂਚੇ[1]। [1]ਪਵਿੱਤ੍ਰ ਘਰ ਵਿੱਚ।
ਦਿਸ ਦੱਖਨ ਛੈ ਕੋਸ ਅੰਬਾਲਾ।
ਜੇਠੇ ਸੇਵਾ ਕਰੀ ਬਿਸਾਲਾ ॥ ੩੫ ॥
ਆਨੰਦਪੁਰਿ ਗੁਰੁ ਨੌਮ ਪਾਸ ਹੈ।
ਮਾਤੁਲ[1] ਪਠਜੋ ਕ੍ਰਿਪਾਲ ਖਾਸ[2] ਹੈ। [1]ਮਾਮਾ। [2]ਆਪਣਾ।
ਜਾਇ ਕ੍ਰਿਪਾਲ ਬੰਦਨਾ ਠਾਨੀ।
ਕੁਸਲ ਪ੍ਰਸਨ ਬੂਝਜੋ ਗੁਰੁ ਗਜਾਨੀ ॥ ੩੬ ॥
ਹੁਤੇ ਨੌਮ ਗੁਰੁ ਤਬਿ ਬਨਵਾਤੇ।
ਮਹਿਲਨ ਹੇਤ[1] ਮਹਲ ਬਹੁ ਭਾਂਤੇ। [1]ਮਹਲਾਂ ਵਾਸਤੇ ਭਾਵ ਮਾਤਾਵਾਂ ਜੀ ਵਾਸਤੇ।
ਮਾਤ ਨਾਨਕੀ ਢਿਗ ਕਹਿ ਪਠਾ।
ਜਬ ਲੌ ਨਹਿ ਘਰ ਜਾਵਤ ਠਟਾ[1] ॥ ੩੭ ॥ [1]ਬਣ ਨਹੀਂ ਜਾਂਦਾ।
ਤਬਿ ਲੌ ਤੁਮ ਲਖਨੌਰ ਰਹਾਵੋ।
ਸਾਹਬਜ਼ਾਦੇ ਕੋ ਪਰਚਾਵੋ।
ਮਾਨਿ ਬਚਨ ਮਾਤਾ ਲਖਨੌਰੈਂ।
ਭਲ ਥਲ ਪੇਖਿਰਹੇ ਤਹਿਂ ਗੌਰੈਂ[1] ॥ ੩੮ ॥ [1]ਬਹੁਤਾ (ਸਮਾਂ)।
ਜੇਠਾ ਕਰੈ ਸਰਬ ਬਿਧਿ ਸੇਵਾ।
ਗਿਰਦ ਨੁਵਾਈ[1] ਕੇ ਸਿਖ ਏਵਾ[2]। [1]ਆਲੇ-ਦੁਆਲੇ। [2]ਇਸ ਤਰ੍ਹਾਂ।
ਮਾਤਾ ਕੋ ਬੰਦਨ[1] ਨਿਤ ਆਵੈਂ। [1]ਨਮਸਕਾਰ (ਕਰਨ)।
ਦੂਧ ਦਧੀ[1] ਘ੍ਰਿਤ ਫਲ ਬਹੁ ਲਜਾਵੈਂ ॥ ੩੯ ॥ [1]ਦਹੀਂ।
ਚਾਵਰ ਸੂਖਮ[1] ਸਿਤਾ[2] ਸਰਕਰਾ[3]। [1]ਬਰੀਕ ਚੌਲ। [2]ਖੰਡ। [3]ਸ਼ੱਕਰ।
ਅਸਨ ਬਸਨ ਨਕਦੀ ਬਹੁ ਤਰਾ[1]। [1]ਬਹੁਤ ਤਰ੍ਹਾਂ ਦੀਆਂ (ਭੇਟਾਵਾਂ)।
ਨਿਤ ਪ੍ਰਤਿ ਅਰਪੈਂ ਲਜਾਇ ਅਮੰਦੈਂ[1]। [1]ਚੰਗੀਆਂ।
ਸਾਹਿਬਜ਼ਾਦੇ ਕੇ ਪਗ ਬੰਦੈਂ ॥ ੪੦ ॥
ਪੇਖਿ ਸਰੂਪ ਤੇਜ ਸਮਰਥਾ।
ਆਪਸ ਮੈਂ ਕਥ ਹੈਂ ਇਮ ਕਥਾ।
ਇਹੁ ਗੁਰੁ ਹ੍ਵੈ ਹੈ ਬਡ ਪ੍ਰਤਾਪੀ।
ਖਸ਼ਟਮ ਗੁਰੁ ਜਿਮ ਸੱਤ੍ਰੁਨ ਖਾਪੀ[1] ॥ ੪੧ ॥ [1]ਵੈਰੀਆਂ ਨੂੰ ਖਪਾਉਣ ਵਾਲੇ।
ਇਤਿ ਸਤਿਗੁਰੁ ਬਾਲਨ ਸੋਂ ਖੇਲੈਂ।
ਗਹਿ ਖੂੰਡੀ ਖਿੱਦੋ ਕਿਤ ਪੇਲੈਂ[1]। [1]ਰੇੜ੍ਹਦੇ ਹਨ।

ਕਬੀ ਤਰੁਨ[1] ਬਿਨ ਡਰਨ[2] ਚਢੈ ਹੈਂ।
ਪੀਲ ਪਲਾਮਣ ਖੇਲ ਮਚੇ ਹੈਂ[1] ॥ ੪੨ ॥

[1]ਬ੍ਰਿਛਾਂ ਤੇ। [2]ਡਰ ਤੋਂ ਬਿਨਾਂ।

[1]ਪੀਲੂ (ਵਣ) ਦੇ ਦਰੱਖ਼ਤਾਂ ਨਾਲ ਲਮਕਣ ਦੀ ਖੇਡ ਖੇਡਦੇ ਹਨ।

ਕੂਦਤ ਫਾਂਧਤ[1] ਕਬਹੂੰ ਧਾਵੈਂ।
ਜੀਤ ਹਾਰ ਕੁਸ਼ਤੀ ਕਰਵਾਵੈਂ।
ਕਬਹੀ ਇਕ ਕੋ ਏਕ ਖਿਝਾਵੈ।
ਕੋਇ ਹਸੈ ਕੋਊ ਕਿਹ ਰੁਆਵੈ ॥ ੪੩ ॥

[1]ਟੱਪਦੇ ਛਾਲਾਂ ਮਾਰਦੇ ਹਨ।

ਲੀਲ੍ਹਾ ਅਨਿਕ ਭਾਂਤਿ ਕੀ ਕਰ ਹੈਂ।
ਮਾਤ ਹਕਾਰੈ[1] ਤਉ ਘਰਿ ਬਰ ਹੈਂ[2]।
ਬਰਜੈ ਮਾਤਾ ਬਹਿਰ[1] ਨ ਜਾਵੋ।
ਘਰਿ ਮਹਿ ਖੇਲੋ ਜਸ ਮਨ ਭਾਵੋ ॥ ੪੪ ॥

[1]ਸੱਦਦੇ ਹਨ। [2]ਵੜਦੇ ਹਨ।

[1]ਬਾਹਰ।

ਪਿਤਾ ਤੁਮਾਰੇ ਪਠਜੋ ਸੰਦੇਸਾ।
ਪਢੋ ਗੁਰਮੁਖੀ ਫਿਰੋ ਨ ਐਸਾ।
ਢਿਗ ਬੈਠਾਇ ਅਚਾਇ ਅਹਾਰੈਂ[1]।
ਮਾਤ ਪਜਾਰ ਦੈ ਅੱਖਰ ਸਿਖਾਰੈਂ ॥ ੪੫ ॥

[1]ਭੋਜਨ ਛਕਾਉਂਦੀ ਹੈ।

ਚੌਸਠ[1] ਬਿਦਜਾਰਚੀ ਜਾਹਿ ਨੈਂ।
ਮਾਤ ਪਢਾਵਨ ਚਹਿਤ ਤਾਂਹਿ ਨੈਂ[1]।
ਕਰਾਮਾਤ ਨਿਤ ਭਾਂਤਿ ਅਨੇਕੈਂ।
ਸਾਹਿਬਜ਼ਾਦੇ ਤੈ ਜਨ ਪੇਖੈਂ ॥ ੪੬ ॥

[1]ਚੌਹਟ (੬੪)।

[1]ਤਿਨ੍ਹਾਂ ਨੂੰ।

ਬਰ ਸ੍ਰਾਪ ਜੋ ਮੁਖੋਂ ਅਲਾਵੈਂ।
ਤਾਤਕਾਲ ਫਲ ਸੋ ਦਰਸਾਵੈਂ।
ਚਰਚਾ ਫੈਲੀ ਦੇਸ ਮਝਾਰੀ।
ਆਵਤ ਦਰਸ਼ਨ ਹਿਤ ਨਰ ਨਾਰੀ ॥ ੪੭ ॥

ਦੋਹਰਾ:
ਪੀਰ ਫਕੀਰ ਇਕ ਅਜ਼ਮਤੀ,
ਮੁਸਲਮਾਨ ਮਹਾਨ।
ਠਸਕੇ ਗਾਮ ਘੁੜਾਮ ਰਹਿ[1],
ਮਾਨਤ ਤਾਂਹਿ ਜਹਾਨ ॥ ੪੮ ॥

[1]ਡਸਕ ਤੇ ਘੁੜਾਮ ਦੋਹਾਂ ਪਿੰਡਾਂ ਵਿੱਚਰਹਿੰਦਾ ਸੀ।

ਚੌਪਈ:
ਸਾਹਿਬਜ਼ਾਦੈ ਕਾ ਜਸ ਸੁਨਿ ਕੈ।

ਧਰਿ ਧਜਾਨ ਉਨਿ ਪੇਖਜੋ ਗੁਨਿ ਕੈ।
ਇਸ ਕਾ ਚਲ ਹੈ ਪੰਥ ਅਪਾਰੇ।
ਰਾਜ ਕਰੈਂ ਵਹ ਧਰ ਪਰ ਸਾਰੇ ॥ ੪੯ ॥
ਠਸਕਾ ਗਾਮ ਜਗੀਰ ਜੁ ਮੋਰੀ।
ਮਤ ਵਹਿ ਛੀਨ ਲੈਂਹ ਬਰ ਜੋਰੀ[1]। [1]ਬਦੋਬਦੀ।
ਤਾਂ ਤੈ ਇਨ ਤੈ ਚਲਿ ਬਖਸ਼ਾਵੈਂ।
ਕਰਾਮਾਤ ਬਖਜਾਤ ਪ੍ਰਤਾਵੈਂ ॥ ੫੦ ॥
ਇਮ ਮਨਿ ਧਰਿ ਭਰਿ ਕਲਸ[1] ਮਿਠਾਈ। [1]ਘੜੇ।
ਦੋਇ ਧਰੇ ਗੁਰੁ ਆਗੇ ਆਈ।
ਖੁੱਦੋ ਖੂੰਡੀ ਥੇ ਤਬਿ ਖੇਲਤ।
ਲਰਕਨ ਸੋਂ ਗੁਰੁ ਸਾਨੰਦ ਝੇਲਤ[1] ॥ ੫੧ ॥ [1]ਮਿਲ ਕੇ।
ਢਿਗ ਢੁਕਿ ਕਦਮ ਪਦਮ[1] ਤਿਹ ਚੂੰਮੇ। [1]ਚਰਨ ਕੰਵਲ।
ਸਿਜਦਾ ਕੀਨ ਮਾਥ ਧਰਿ ਭੂੰਮੇ[1]। [1]ਧਰਤੀ 'ਤੇਰੱਖ ਕੇ।
ਤਿਸ ਕੇ ਦਿਲ ਕੀ ਸਬਿ ਗੁਰੁ ਜਾਨੀ।
ਬਰ ਦਾਨੀ ਬਾਨੀ ਯੌਂ ਭਾਨੀ[1] ॥ ੫੨ ॥ [1]ਕਹੀ।
ਟੁਕੜਾ ਤੁਮਰਾ ਜੋ ਚਹਿ ਖੋਯੋ।
ਖੋਯੋ ਜਾਇ ਆਪ ਸੋ ਜੋਯੋ[1]। [1]ਦੇਖੋ।
ਪੁਨ ਇਕ ਕਲਸਾ ਗੁਰੂ ਮੰਗਾਯੋ।
ਉਭੈ ਗਗਰੀਆਂ ਮੱਧ ਟਿਕਾਯੋ[1] ॥ ੫੩ ॥ [1](ਪਹਿਲੀਆਂ) ਦੋਹਾਂ ਗਾਗਰਾਂ ਦੇ ਵਿਚਾਲੇ ਰੱਖ ਦਿੱਤਾ।
ਪੇਖਿ ਪੀਰ ਖੁਸ਼ ਭਯੋ ਮਹਾਂਈ।
ਗੋਦ ਸਮੋਦ ਲਏ ਗੁਰੁ ਚਾਈ[1]। [1]ਚੁੱਕ ਲਏ।
ਕਦਮ ਪਦਮ ਸੁਖ ਸਦਮ ਗਹਾਏ[1]। [1]ਸੁਖਾਂ ਦੇ ਘਰ ਫੜੇ।
ਬਾਰ ਬਾਰ ਚੂੰਮੇ ਦ੍ਰਿਗ ਲਾਏ ॥ ੫੪ ॥
ਚਰਨ ਧੂਰਿ ਨਿਜ ਨੈਨਨਿ ਪਾਈ।
ਦਿੱਬਜ ਦ੍ਰਿਸ਼ਿਟ ਪਾਈ ਅਧਿਕਾਈ।
ਅਧਿਕ ਤਰੀਫ ਜੋਰਿ ਕਰ ਗਾਈ[1]। [1]ਹੱਥ ਜੋੜ ਕੇ ਕਹੀ।
ਖਾਇ ਖੁਲਾ ਲਰਕਨਿ ਮਿਠਿਆਈ ॥ ੫੫ ॥
ਕਹਜੋ– 'ਚੁਗੱਤਾ[1] ਅਤਿ ਮਦ ਮੱਤਾ। [1]ਔਰੰਗਜ਼ੇਬ।
ਭਯੋ ਕੁਪੱਤਾ ਅਬਿ ਅਲਵੱਤਾ[1]। [1]ਬਿਨਾਂ ਸੰਸੇ ਤੋਂ।
ਜ਼ਾਲਮ ਨੌਰੰਗ ਜ਼ੁਲਮ ਗੁਜ਼ਾਰੇ।

ਦੇਤ ਦੁਖ ਹਿੰਦੁਨ ਕੋ ਭਾਰੇ' ॥ ੫੬ ॥
ਇਹੁ ਸੁਨਿ ਪੁਨ ਗੁਰੁ ਬੈਨ ਉਚਾਰੇ।
ਹਮਰੇ ਗੁਰੁ ਨਾਨਕ ਕਰਤਾਰੇ।
ਦੀਨੇ ਬਰ ਬਾਬਰ ਕੌ ਚਾਹੀ[1]।
ਭੰਗ ਬਦਲ* ਬਖਸ਼ੀ ਸਤ ਸ਼ਾਹੀ[1] ॥ ੫੭ ॥

[1]ਉਤਸ਼ਾਹ ਨਾਲ।
[1]ਸੱਤ ਬਾਦਸ਼ਾਹੀਆਂ। *ਦੇਖੋ ਬਿਸ੍ਰਾਮ ੧੨ ਦੇ ਅੰਕ ੧੨੫ ਦੀ * ਨਿਸ਼ਾਨ ਦੀ ਟਿੱਪਣੀ।

ਦੈ ਸਿਰ ਸਾਤ ਫੇਰ ਫਿਰ ਲੈਹੈਂ[1]।
ਜ਼ਾਲਮ ਕੀ ਜਰ ਸਿੰਧ[1] ਸਿਟੈ ਹੈਂ।
ਇਮ ਸੁਨਿ ਪੁਨ ਸਿਜਦਾ[1] ਕਰਿ ਗਯੋ।
ਗੁਰੁ ਕੋ ਵਲੀਯਨਿ ਵਲੀ ਲਖਯੋ ॥ ੫੮ ॥

[1]ਮੋੜ ਲਵਾਂਗੇ।
[1]ਸਮੁੰਦਰ 'ਚ।
[1]ਨਮਸਕਾਰ।

ਪੀਰ ਅਮੀਰ ਦੀਨ[1] ਤਿਸ ਸੰਗੈ।
ਹੁਤੋ ਮੁਰੀਦਨ ਯੁਤ ਤਹਿਂ ਚੰਗੈਂ।
ਬਾਤੈਂ ਸੁਨਿ ਪਿਖਿ ਭੂਲੇ ਹੋਸ।
ਸੈਦ ਭੀਖ[1] ਪਰ ਕਰਿ ਅਫਸੋਸ ॥ ੫੯ ॥

[1]ਨਾਮ।
[1]ਸਯਦ ਭੀਖ ਸ਼ਾਹ।

ਕਹਯੋ ਪੀਰ ਤੁਮ ਬਡ ਕਰਮਾਤੀ।
ਮਾਨਤ ਹਿੰਦੁ ਤੁਰਕ ਬੱਖਜਾਤੀ[1]।
ਇਸ ਲਰਕੇ ਹਿੰਦੂ ਕੇ ਪਗ ਪੈ।
ਪਰਯੋ ਕਾਂਹਿ ਤੂੰ ਹੋਇ ਅਲਗ ਪੈ[1] ॥ ੬੦ ॥

[1](ਤੈਨੂੰ) ਹਿੰਦੂ ਤੇ ਤੁਰਕ ਪ੍ਰਗਟ ਹੀ ਮੰਨਦੇ ਹਨ।
[1]ਵੱਖਰਾ ਹੋ ਕੇ। (ਅ) ਹੋ ਸਕਦਾ ਹੈ ਕਿ ਅਲਪੱਗ ਦਾ ਹੀ ਅਲਗਪੈ ਬਣਿਆ ਹੋਵੇ ਜਿਸ ਦਾ ਅਰਥ ਬਣੇਗਾ ਥੋੜੀ ਸਮਝ ਵਾਲਾ ਹੋ ਕੇ।

ਸ਼ਾਹ ਭੀਖ ਸੁਨਿ ਉੱਤਰ ਦੀਨੋ।
ਤੁਮ ਨੇ ਭੇਦ ਨਹੀਂ ਇਹੁ ਚੀਨੋ।
ਸ੍ਰੀ ਨਾਨਕ ਕੀ ਗਾਦੀ ਜੋਈ।
ਹੈ ਕਬੂਲ ਦਰਗਾਹੈ ਸੋਈ ॥ ੬੧ ॥
ਮੈਂ ਮਰਾਕਬੇ ਮੈਂ[1] ਜਬ ਜੈਹੌਂ।
ਨਾਨਕ ਕੋ ਖੁਦਾਇ ਢਿਗ ਪੈਹੌਂ[1]।
ਪੀਰ ਫਕੀਰ ਜਿਤਕ ਸਮ੍ਰੱਥ।
ਨਾਨਕ ਆਗੇ ਜੋਰਤ ਹੱਥ ॥ ੬੨ ॥
ਸੋਈ ਸਬ ਕੀ ਅਰਜ਼ ਸੁਨੈਹੈ।
ਨਿਜ ਮਨ ਭਾਵਤ ਹੁਕਮ ਦਿਲੈਹੈ।
ਉਹੀ ਰੂਪ ਹਮ ਇਨ ਕੋ ਹੇਰਾ।

[1]ਪ੍ਰਮੇਸ਼ਰ ਦੇ ਧਿਆਨ ਵਿੱਚ।
[1]ਪਾਉਂਦਾ ਹਾਂ ਭਾਵ ਵੇਖਦਾ ਹਾਂ।

ਲਿਯ ਬਖਸ਼ਾਇ ਗ੍ਰਾਮ ਨਿਜ ਕੇਰਾ ॥ ੬੩ ॥
ਟੁਕਰਾ ਬਨਜੋ ਫਕੀਰਨ ਰੈਹੈ।
ਰਾਜ ਜਰੂਰ ਸਿੱਖਨ ਕਾ ਹ੍ਵੈਹੈ।
ਪੁਨ ਦੋ ਬਰਤਨ ਧਰੇ ਜੁ ਏ ਹੈਂ।
ਹਿੰਦੂ ਤੁਰਕ ਮਜ਼ੂਬ ਪਰਖੇ ਹੈਂ ॥ ੬੪ ॥
ਉਨਿ ਦੋਨੋ ਪਰ ਹਾਥ ਜੁ ਧਰੇ।
ਕਹਜੋ ਬਨੇ ਰਹਿਂ ਦੋਈ ਖਰੇ।
ਉਨੈ ਧਰਜੋ ਮਧੁ ਤੀਸਰ ਜੋ ਹੈ।
ਕਹਜੋ ਮਜ਼ੂਬ ਤੀਸਰ ਮਮ ਹੋਹੈ ॥ ੬੫ ॥
ਅਰ ਚੂੰਮੇ ਪਗ ਰਜ[1] ਦ੍ਰਿਗ ਪਾਈ। [1]ਚਰਨ ਧੂੜ।
ਤਾਂ ਤੇ ਅਜ਼ਮਤ ਮੁਹਿ ਬਡ ਥਜਾਈ[1]। [1]ਲੱਭੀ।
ਇਹੁ ਗੁਰੁ ਤਰੁਣ[1] ਹੋਇ ਰਣ ਕਰਿਹੈਂ। [1]ਜੁਆਨ।
ਤੇਜ ਤੁਰਕ ਨ੍ਰਿੱਪਨ ਕਾ ਹਰਹੈਂ ॥ ੬੬ ॥
ਦਿੱਲੀ ਤੈ ਕਾਬਲ ਲੌ ਬਾਕੀ।
ਕਾਂਹਿ ਯਾਂਹਿ ਸਿਖ ਛਡੈਂ ਨ ਆਕੀ।
ਪੀਰ ਅਮੀਰ ਦੀਨ[1] ਕੇ ਸਿਰ ਪੈ। [1]ਨਾਮ (ਪੀਰ ਦਾ)।
ਸੈਦ ਭੀਖ ਨਿਜ ਕਰ ਧਰਿ[1] ਫਿਰ ਪੈ ॥ ੬੭ ॥ [1]ਆਪਣਾ ਹੱਥਰੱਖ ਕੇ।
ਦਿਬਜ ਦ੍ਰਿਸ਼ਟਿ[1] ਦੈ ਸਬਿ ਦਿਖਰਾਯੋ। [1]ਦੇਵ ਦ੍ਰਿਸ਼ਟੀ, ਜਿਸ ਨਾਲ ਸਾਰੇ ਗੁਪਤ ਅਸਥਾਨ ਦਿੱਸ ਪੈਣ।
ਜੋ ਬ੍ਰਿਤੰਤ ਸ਼ਾਹ ਖੁਦ ਗਾਯੋ[1]। [1]ਭੀਖ ਸ਼ਾਹ ਨੇ ਆਪ ਕਿਹਾ ਸੀ।
ਗਹੇ ਭੀਖ ਕੇ ਪਗ ਤਿਨ ਤਬ ਹੀ।
ਹੇਰੀ ਸੱਤ ਬਾਤ ਤੁਵ ਸਬ ਹੀ ॥ ੬੮ ॥

ਦੋਹਰਾ:

ਖਾਰਾ ਜਲ ਲਖਨੌਰ ਮੈਂ,
ਥਾ ਸਬ ਕੂਪਨ ਕੇਰ[1]। [1]ਖੂਹਾਂ ਦਾ।
ਸੋ ਸਤਿਗੁਰੁ ਕੋ ਨਹਿਂ ਰੁਚੇ,
ਮਾਤ ਮਿਸ਼ਟ[1] ਕਿਯ ਫੇਰ ॥ ੬੯ ॥ [1]ਮਿੱਠਾ।

ਚੌਪਈ:

ਤਨਕ ਭਨਕ[1] ਸੋ ਸਾਖਿ[2] ਸੁਨੈਹੈਂ। [1]ਥੋੜ੍ਹੀ ਜਿਹੀ ਕਹਿ ਕੇ। [2]ਸਾਖੀ।
ਸੁਨੋ ਖਾਲਸਾ ਜੀ ਮਨ ਦੈਹੈ।

ਬਲ ਸਰੀਰ ਪ੍ਰਤਾਪ ਤੇਜ ਅਤਿ।
ਸਾਹਿਬਜ਼ਾਦੇ ਕੋ ਬਢ ਹੈ ਨਿਤ ॥ ੭੦ ॥
ਨਿਕਟ ਹੁਤੋ ਤਹਿਂ ਪਿੰਡ ਨਨਹੇੜੀ।
ਘੋਗਾ ਨਾਮ ਮਸੰਦ ਬਖੇੜੀ[1]। [1]ਫੁੱਟ ਪਾਉਣ ਵਾਲਾ।
ਟਹਿਲ ਗੁਰੂ ਕੀ ਸੋ ਬਹੁ ਕਰੈ।
ਅਰ ਗੁਰੁ ਪੈ ਨਿਤ ਐਸ ਉਚਰੈ ॥ ੭੧ ॥
ਹੈ ਲਖਨੌਰ ਵੀਚ ਜਲ ਖਾਰਾ।
ਨਨਹੇੜੀ ਮੈਂ ਮਿਸ਼ਟ ਉਦਾਰਾ।
ਆਪ ਤਹਾਂ ਚਲਿ ਕੀਜੈ ਡੇਰਾ।
ਸੇਵਹੁਂ ਮੈ ਸਬਿ ਭਾਂਤਿ ਬਧੇਰਾ ॥ ੭੨ ॥
ਇਕ ਦਿਨ ਤਹਾਂ ਜਾਨ ਕੋ ਤਜਾਰੇ।
ਭਏ ਗੁਰੂ, ਮਾਤਾ ਹਟਕਾਰੇ[1]। [1]ਰੋਕੇ।
ਕੋਪ[1] ਹੁਤੀ ਘੋਗੇ ਪਰ ਮਾਤਾ। [1]ਗ਼ੁੱਸੇ।
ਜਿਸ ਹਿਤ, ਸੋ ਭੀ ਸੁਨੋ ਬਖਜਾਤਾ ॥ ੭੩ ॥
ਜਬਿ ਗੁਰੁ ਨੌਮ ਤੀਰਥੈਂ ਗਏ।
ਨਨਹੇੜੀ ਥੇ ਉਤਰਤ ਭਏ।
ਸ੍ਰੀ ਗੁਜਰੀ ਜੀ ਕੀ ਇਕ ਦਾਸੀ।
ਰਾਖੀ ਪ੍ਰੇਰਿ ਤਾਂਹਿ ਨਿਜ ਪਾਸੀ ॥ ੭੪ ॥
ਯਾਂ ਤੈ ਮਾਤਾ ਤਹਾਂ ਨ ਗਈ।
ਪੁਰ ਕੇ ਪੈਂਚ ਬੁਲਾਵਤ ਭਈ।
ਕਹਯੋ ਅਹੇ ਜਲ ਤੁਮਰੇ ਖਾਰੀ।
ਮਿਸ਼ਟ ਕੂਪ ਇਕ ਲੇਹੁ ਨਿਕਾਰੀ ॥ ੭੫ ॥
ਠੌਰ ਬਤਾਇ ਦਈ ਤਿੰਨ ਤਾਈਂ।
ਖੋਦ ਨਿਕਾਲਯੋ ਉਨਿ ਬਲ ਲਾਈ।
ਦਬਯੋ ਪੁਰਾਤਨ ਹੁਤੋ ਕੂਪ ਸੋ।
ਨਿਕਸਯੋ ਮੀਠਾ ਆਬ ਖੂਪ[1] ਸੋ ॥ ੭੬ ॥ [1]ਚੰਗਾ ਪਾਣੀ।
ਕਰਾਮਾਤ ਬਖਜਾਤ ਮਾਤ ਕੀ।
ਹੈ ਅਬਿ ਲੌ, ਸੋ ਕੂਪ ਸਾਤ ਕੀ[1]। [1]ਖੂਹ ਨੇ ਸੱਚੀ ਕੀਤੀ ਹੈ।
ਸਤਿਗੁਰ ਮਾਤਾ ਕੋ ਨਿਤ ਬੂਝੈਂ।
ਮਾਤੁਲ ਅਏ ਨਹੀਂ ਕਿਤ ਰੂਝੈਂ[1] ॥ ੭੭ ॥ [1]ਕਿੱਥੇ ਰੁਕ ਗਏ।

ਦਿਨਿ ਗਿਨਿ ਮਾਤਾ ਇਨਿ ਪਰਚਾਵੈ।
ਕਹੈ ਹਥਜ਼ਾਰ ਅਸ੍ਰ ਲੈ ਆਵੈ।
ਇਮ ਹੀ ਕਹਤਜੋਂ ਮਾਤੁਲ ਆਏ।
ਗੁਰੂ ਭਣੇਵੇਂ ਪਗ ਪਰਸਾਏ ॥ ੭੮ ॥
ਜਥਾ ਜੋਗ ਸਬਿ ਕੋ ਕਰਿ ਬੰਦਨ।
ਨੌਮ ਗੁਰੂ ਕਾ ਕਹਿ ਅਭਿਨੰਦਨ[1]। [1]ਜਸ।
ਕਹਜੋ ਮਕਾਨ ਤਜਾਰ ਅਬਿ ਹ੍ਵੈ ਹੈ।
ਤਹੀਂ ਬੁਲਾਇ ਸਬਿਨਿ ਕੋ ਲੈ ਹੈਂ ॥ ੭੯ ॥
ਗੁਰੁ ਹਿਤ ਸ਼ਸਤ੍ਰ ਬਸਤ੍ਰ ਹਯ ਸੁਚ[1]। [1]ਰੇਸ਼ਮੀ ਬਸਤ੍ਰ ਤੇ ਘੋੜਾ।
ਲਜਾਯੋ ਸੋ ਸਜਾਇ, ਚਢਿ ਗੁਰੁ ਉਚ।
ਲੈ ਮਾਤੁਲ ਕੋ ਜਾਤ ਅਖੇਰੈਂ[1]। [1]ਸ਼ਿਕਾਰ।
ਅਨਿਕ ਭਾਂਤਿ ਬਨ ਮਿਰਗਨ ਹੇਰੈਂ ॥ ੮੦ ॥
ਕਰਿ ਸ਼ਿਕਾਰ ਕੁਛ, ਘਰ ਕੋ ਆਵੈਂ।
ਜੁਗ ਮਾਤਨ ਪਗ ਦਿਸ ਦ੍ਰਿਗ ਲਾਵੈਂ[1]। [1]ਦੋਹਾਂ ਮਾਤਾਵਾਂ ਦੇ ਚਰਨਾਂ ਵੱਲ ਨੇਤ੍ਰ ਲਾਉਂਦੇ ਭਾਵ ਦੇਖਦੇ ਹਨ।

ਉਦਿਤ ਮੁਦਤਿ[1] ਪਿਖਿ ਪੌਤ੍ਰ ਬਦਨ[2] ਕੋ। [1]ਬਹੁਤ ਅਨੰਦ ਪੈਦਾ ਹੁੰਦਾ ਹੈ। [2]ਮੁਖ।
ਖਰੀ ਪੌਰ ਪਰ ਰਹੇ ਸਦਨ ਕੋ[1] ॥ ੮੧ ॥ [1]ਘਰ ਦੇ ਦਰਵਾਜ਼ੇ 'ਤੇ ਖੜੀ ਰਹਿੰਦੀ ਹੈ।
ਉਤ੍ਰ ਨਮੋਂ ਕਰਿ[1] ਘਰ ਗੁਰੁ ਜੈਹੈਂ। [1](ਘੋੜੇ ਤੋਂ) ਉੱਤਰ ਕੇ (ਮਾਤਾ ਜੀ ਨੂੰ) ਨਮਸਕਾਰ ਕਰਕੇ।
ਕਰਿ ਬਾਤਨ ਮਾਤਨ ਹਸੈ ਹੈਂ।
ਮਾਤੁਲਾਦਿ ਢਿਗ ਦਾਸੀ ਦਾਸੈਂ।
ਕਰੈਂ ਅਖੇਰਹਿਂ ਕੇਰ ਬਿਲਾਸੈਂ[1] ॥ ੮੨ ॥ [1]ਸ਼ਿਕਾਰ ਦੇ ਬਚਨ।
ਮੀਰ ਸ਼ਿਕਾਰੀ[1] ਪੁਨਾ ਬੁਲਾਏ। [1]ਸ਼ਿਕਾਰ ਦੇ ਮਹਿਕਮੇ ਦਾ ਵੱਡਾ ਅਫਸਰ।
ਚਢੈਂ ਬਾਜ[1] ਕਰ[2] ਬਾਜ ਰਖਾਏ। [1]ਘੋੜੇ ਤੇ। [2]ਹੱਥ ਤੇ।
ਜਨ ਜਰੀ ਜਰ ਕੀ ਡਰਵਾਵੈਂ[1]। [1]ਸੋਨੇ ਦੀ ਜੜਾਊ ਕਾਠੀ ਪੁਵਾਉਂਦੇ ਹਨ।
ਸਾਮ ਕੁਰੰਗ ਤੁਰੰਗ ਕੁਦਾਵੈਂ[1] ॥ ੮੩ ॥ [1]ਹਰਨ ਵਾਂਗ ਘੋੜੇ ਨੂੰ ਟਪਾਉਂਦੇ ਹਨ।
ਚਢਤ ਅਨੂਠੀ[1] ਪਿਖਿ ਬਡ ਮਾਤਾ। [1]ਅਣੋਖੀ।
ਕਹੇ ਪਿਤਾਮੇ ਸਮ[1] ਹ੍ਵੈ ਤਾਤਾ[2]। [1]ਦਾਦੇ ਵਾਂਗ। [2]ਪੁੱਤਰ।
ਨਿਤ ਪ੍ਰਤਿ ਚਢਿ ਅਖੇਰ ਹਿਤ ਜਾਵੈਂ।
ਪੁਰਿ ਕੇ ਚਹੁੰ ਦਿਸ ਦੂਰ ਸਿਧਾਵੈਂ ॥ ੮੪ ॥
ਏਕ ਦਿਵਸ ਨਨਹੇੜੀ ਗਏ।

ਘੋਗੇ ਕੋ ਬਡ ਖੋਟ ਲਖਏ[1]। [1]ਜਾਣਿਆ।
ਦਯੋ ਸਾਪ[1] ਇਸ ਬੰਸ ਨਸਏ। [1]ਸ੍ਰਾਪ।
ਠਹਿਰੇ ਨਹਿਂ, ਤੁਰਤਹਿਂ[1] ਹਟ ਆਏ ॥ ੮੫ ॥ [1]ਛੇਤੀ।
ਸ਼ਹਿਰ ਅੰਬਾਲੈ ਨਿਕਟਿ ਤਾਲ ਕੇ।
ਉਪਬਨ[1] ਥਾ ਸੋ ਪਿਖਜੋ ਚਾਲ ਕੇ[2]। [1]ਬਾਗ਼। [2]ਜਾ ਕੇ।
ਤਾਮਾ[1] ਤਹਾਂ ਬਾਜ ਕੋ ਦੀਓ। [1]ਮਾਸ ਦਾ ਭੋਜਨ।
ਜਗਿ ਬੰਦਨ[1] ਮਗ ਘਰ ਕਾ ਲੀਓ ॥ ੮੬ ॥ [1]ਜਗਤ ਦੇ ਬੰਦਨਾ ਕਰਨ ਜੋਗ ਕਲਗ਼ੀਧਰ ਜੀ ਨੇ।
ਦੁਤੀ ਦਿਵਸ ਜਬ ਚਢੇ ਸ਼ਿਕਾਰੇ।
ਭੂਸਥਲ[1] ਕੇ ਥੇਹ ਪਧਾਰੇ। [1]ਪਿੰਡ ਦਾ ਨਾਮ।
ਲੂਖੀ ਤੇ ਇਕ ਰੰਘੜ ਆਯੋ।
ਕਰਤ ਅਖੇਰ ਹੇਰਿ ਬਿਸਮਾਯੋ ॥ ੮੭ ॥
ਤੇਜ ਪ੍ਰਤਾਪ ਸਮਾਜ ਹੁਸਨ[1] ਪਿਖਿ। [1]ਸੁੰਦਰਤਾ।
ਬੂਝਜੋ ਸੰਗ ਹੁਤੋ ਨਾਈ ਸਿਖ।
ਨਾਪਕ[1] ਬਾਤ ਭਾਂਤਿ ਸਬਿ ਕਹੀ। [1]ਨਾਈ ਨੇ।
ਸੁਨਿ ਉਨਿ ਪੀਰ ਜਾਨ ਕਰਿ ਸਹੀ ॥ ੮੮ ॥
ਸਰ ਖਰ[1] ਪਾਂਚ ਭੇਟ ਧਰਿ ਆਗੇ। [1]ਤਿੱਖੇ ਤੀਰ।
ਕਰ ਸੋਂ[1] ਪਰਸੇ ਚਰਨ ਸਭਾਗੇ। [1]ਹੱਥਾਂ ਨਾਲ।
ਖੁਸ਼ ਅਬਾਦ ਰਹੁ[1] ਦੁਆ ਗੁਰੁ ਕਰੀ[2]। [1]ਵੱਸਦੇ ਰਹੋ। [2]ਗੁਰਾਂ ਨੇ ਅਸ਼ੀਰਵਾਦ ਦਿੱਤੀ।
ਸੋ ਬਸ ਹੈ ਅਬਿ ਲੌ ਬਿਧਿ ਖਰੀ ॥ ੮੯ ॥
ਸੂਲਰ ਗਾਮ ਇਸੀ ਬਿਧਿ ਗਏ।
ਪੇਖਿ ਲੋਗ ਸੇਵਤ ਬਹੁ ਭਏ।
ਪੁਨ ਇਕ ਦਿਨ ਮਰਦੋ ਪਿੰਡ ਪਾਸੈਂ।
ਪਹੁੰਚੇ ਆਸ ਤੋਸ[1] ਨਿਜ ਦਾਸੈਂ ॥ ੯੦ ॥ [1]ਆਸਾਂ ਪੂਰੀਆਂ ਕਰਨ ਵਾਲੇ।
ਭਾਣੋ ਖੇੜੀ ਪੁਨਾ ਨਿਹਾਰਾ।
ਇਮ ਗੁਰੁ ਫਿਰ ਬਹੁ ਲੋਗਹਿਂ ਤਾਰਾ।
ਇਸੀ ਤੌਰ ਬਹੁ ਮਾਸ[1] ਬਿਤਾਏ। [1]ਮਹੀਨੇ।
ਨੌਮ ਗੁਰੂ ਤਬਿ ਸਿੱਖ ਪਠਾਏ ॥ ੯੧ ॥
ਪਠਜੋ ਸੰਦੇਸ ਆਨੰਦਪੁਰ ਆਵੋ।
ਸੁਨਿ ਸਬਿ ਹਰਖੇ ਸਾਜ ਸਜਾਵੋ[1]। [1]ਸਾਮਾਨ ਇਕੱਠਾ ਕਰ ਲਵੋ।
ਅੰਮ੍ਰਿਤ ਵੇਲੇ ਤਜਾਰੀ ਕਰੀ।

ਸਜੰਦਨ[1] ਡੋਰੇ ਮਾਤਾ ਚਰੀ ॥ ੯੨ ॥
[1]ਰੱਥ।

ਹੁਤੋ ਖੜਗ ਲਘੁ ਨਿਰਮਲ ਧਾਰਾ।
ਕਰ ਕੈ ਨਮੋਂ ਗੁਰੂ ਗਰਿ ਧਾਰਾ।
ਕੰਧਿ[1] ਕਮਾਨ, ਕਸਜੋ ਕਟਿ[2] ਭਾਥਾ।
[1]ਮੋਢੇ 'ਤੇ। [2]ਲੱਕ ਨਾਲ।

ਕਲਗੀ ਜਿਗਾ ਸੋਹਿ ਲਘੁ ਮਾਥਾ[1] ॥ ੯੩ ॥
[1]ਛੋਟੇ ਜਿਹੇ ਮੱਥੇ 'ਤੇ।

ਨਵ ਗੁਰੂਅਨ ਸਿਮਰਨ ਧਿਜਾਨ ਕੈ।
ਚਪਲ[1] ਬਲੀ ਅੱਸ੍ਵ ਚਢੇ ਜਾਨ ਕੈ।
[1]ਚੰਚਲ।

ਜੇਠੇ ਆਦਿ ਸਿੱਖ ਲਖਨੌਰੀ।
ਬਿਦਾ ਹੋਤ ਭੇ ਬਿਹਬਲ ਗੌਰੀ[1] ॥ ੯੪ ॥
[1]ਬਹੁਤੇ।

ਜਿਨਿ ਸੇਵਾ ਸ਼ਰਧਾ ਯੁਤ ਕਰੀ।
ਦੈ ਅਸੀਸ ਬਰ ਤਿਨ ਕੋ ਵਰੀ[1]।
[1]ਸ੍ਰੇਸ਼ਟ।

ਵਾਪਸ ਕਰੇ ਸਬੈ ਮਗ ਪਰੇ।
ਮਾਤੁਲਾਦਿ ਨਿਜ ਢਿਗ ਗੁਰੁ ਕਰੇ ॥ ੯੫ ॥
ਕਰਤ ਅਖੇਰ ਹੇਰਿ ਬਨ ਗ੍ਰਾਮਨ।
ਰਾਣੇ[1], ਮਾਜਰੇ, ਥਿਰੇ ਸ੍ਵਾਮਨ।
[1]ਪਿੰਡ ਦਾ ਨਾਮ।

ਇਸੀ ਤੌਰ ਬਹੁ ਠੌਰ ਬਸੈ ਕੈ।
ਬਹੁ ਜਨ ਕੋ ਨਿਹਾਲ ਮਗ ਕੈ ਕੈ ॥ ੯੬ ॥
ਕੀਰਤਿ ਪੁਰਿ ਕੀਰਤਿ ਬਿਸਤੀਰਤਿ[1]।
[1]ਜਸ ਫੈਲਾਉਂਦੇ ਹੋਏ।

ਪਹੁੰਚੇ, ਪੀਰੀ ਧਨੀ ਅਮੀਰਤ[1]।
[1]ਪੀਰੀ ਤੇ ਮੀਰੀ ਦੇ ਧਨੀ।

ਰਵਿ ਮਲ[1] ਕੇ ਪੌੜ੍ਹ ਜੁਗ[2] ਮਿਲੇ।
[1]ਸੂਰਜ ਮੱਲ। [2]ਦੋਨੋਂ।

ਕੁਸਲ ਪ੍ਰਸਨ ਕਰਿ[1] ਦੁਹਿ ਦਿਸ ਖਿਲੇ ॥ ੯੭ ॥
[1]ਸੁਖ ਸਾਂਦ (ਪੁੱਛ ਕੇ)।

ਗਨੀ[1] ਗਰੀਬ ਅਏ ਸਬ ਘਰ ਸੇ।
[1]ਧਨੀ।

ਦਰਸੇ ਪਗ ਪਰਸੇ ਉਨਿ ਕਰ ਸੇ।
ਨਾਮ ਪਤੇ ਗੁਰੁ ਸਬਿ ਕੇ ਬੂਝੇ।
ਭਲੇ ਅਭਲੇ ਭਲੇ ਬਿਧਿ ਸੂਝੇ[1] ॥ ੯੮ ॥
[1]ਚੰਗੇ ਮਾੜੇ ਚੰਗੀ ਤਰ੍ਹਾਂ ਜਾਣੇ।

ਗੁਰੁਦ੍ਵਾਰਨ ਪ੍ਰਸ਼ਾਦ ਕਰਾਏ।
ਦਰਸੇ ਕਥਾ ਸੁਨੀ ਬਹੁ ਭਾਏ।
ਸ੍ਰੀ ਹਰਿਰਾਇ ਜੋ ਬਾਗ ਲਗਾਯੋ।
ਮਿਲਿ ਸਬੰਧੀਅਨ ਸੈਲ ਕਰਾਯੋ ॥ ੯੯ ॥
ਆਰੂ, ਅੰਬ, ਅਨਾਰ, ਅਲੂਚੇ।

ਸੇਉ, ਸਰੂ, ਸੰਗਤਰੇ ਸੁ ਗੂਚੇ[1]।
ਫਲੇ ਫਾਲਸੇ, ਫੈਲੇ ਫਬੇ।
ਕਦਲੀ[1], ਕਟਲ[2], ਬਢਲ[3], ਕਲ[11] ਸਬੇ ॥੧੦੦॥

[1]ਬਹੁਤੇ।
[1]ਕੇਲੇ। [2]ਕਟਹਲ ਦਰੱਖ਼ਤ ਤੇ ਫਲ। [3]ਬਢਹਲ ਦਾ ਦਰੱਖ਼ਤ ਤੇ ਫਲ। [11]ਸੁੰਦਰ।

ਨਿੰਬੂ, ਨੌਰੰਗੀ, ਨਾਲੇਰੇ[1]।
ਆਮਰੂਦ, ਅਖਰੋਟ, ਅਛੇਰੇ[1]।
ਖਾਜੂਰੇਂ, ਖਿਰਨੀ[1], ਖੁਰਮਾਨੀ।
ਪਿਲਕਨ[1], ਪੀਪਰ, ਪਨਸ, ਪ੍ਰਮਾਨੀ[2] ॥੧੦੧॥

[1]ਨਲੇਰ।
[1]ਚੰਗੇ।
[1]ਮੌਲਸਰੀ ਦੀ ਕਿਸਮ ਦਾ ਇਕ ਦੁੱਧਦਾਰ ਬ੍ਰਿੱਛ ਜਿਸ ਦੇ ਫਲ ਬਹੁਤ ਮਿੱਠੇ ਹੁੰਦੇ ਹਨ।
[1]ਬੋਹੜ ਦੀ ਕਿਸਮ ਦਾ ਇਕ ਬ੍ਰਿੱਛ। [2]ਬਹੁਤ ਚੰਗੇ।

ਜਾਮਨ, ਜਾਮੋਏ[1], ਜਰਦਾਲੂ[2]।
ਬੇਰੀ, ਬਟ[1], ਬਾਹੇੜ[2], ਬਿਸਾਲੂ[3]।
ਬਾਂਸ, ਬਦਾਮ, ਬਕਲ[1], ਬਹੁ ਬੇਲੀ[2]।
ਚੰਪਾ, ਚੰਬੇਲੀ, ਰਾਵੇਲੀ[1] ॥੧੦੨॥

[1]ਇਕ ਪ੍ਰਕਾਰ ਦਾ ਫਲ ਤੇ ਫਲਦਾਰ ਬੂਟਾ। [2]ਆਲੂ ਵਰਗਾ ਪੀਲੇਰੰਗ ਦਾ ਫਲ, ਕਾਠੀ ਖੁਰਮਾਨੀ।
[1]ਬੋਹੜ। [2]ਬਹੇੜਾ। [3]ਬਹੁਤੇ।
[1]ਵਲਕਲ ਦਾ ਸੰਖੇਪ-ਇਕ ਦਰੱਖ਼ਤ ਜਿਸ ਦੀ ਛਿੱਲ ਦੇ ਸਾਧੂ ਬਸਤ੍ਰ ਪਾਇਆ ਕਰਦੇ ਸਨ। [2]ਬਹੁਤੀਆਂ ਵੇਲਾਂ।
[1]ਰਾਇਬੇਲ।

ਗੇਂਦਾ, ਗੁਲ ਸੱਬੋ[1] ਗੁਲਬਾਸਾ[2]।
ਗੁਲ ਕਲਗਾ[1], ਗੋਲਾਬ ਸਬਾਸਾ[2]।
ਮੋਤੀਆ, ਮੂਗਰਾ[1], ਜੁਹੀ[2] ਬਿਧੂਪੀ[3]।
ਹਾਰ ਸ਼ਿੰਗਾਰ[1], ਕੇਵਰਾ ਖੂਪੀ[2] ॥੧੦੩॥

[1]ਇਕ ਤਰ੍ਹਾਂ ਦਾ ਫੁੱਲ। [2]ਅੱਬਾਸ ਦਾ ਫੁੱਲ।
[1]ਕਲਗਾ ਫੁੱਲ। [2]ਸਹਿਤ ਵਾਸ਼ਨਾ ਦੇ।
[1]ਇਕ ਤਰ੍ਹਾਂ ਦਾ ਫੁੱਲ। [2]ਇਕ ਤਰ੍ਹਾਂ ਦੀ ਚੰਬੇਲੀ। [3]ਦੁਪਹਿਰੀਆ ਫੁੱਲ।
[1]ਇਕ ਬ੍ਰਿੱਛ ਜਿਸ ਦੇ ਸੁਗੰਧੀ ਵਾਲੇ ਚਿੱਟੇਰੰਗ ਦੇ ਫੁੱਲ ਹੁੰਦੇ ਹਨ, ਡੰਡੀ ਸੁਨਹਿਰੀਰੰਗ ਦੀ ਹੁੰਦੀ ਹੈ। [2]ਚੰਗਾ ਕਿਉੜਾ।

ਗਲਗਲ, ਮਿਠੇ, ਚਕੋਦੇ[1], ਖੱਟੇ।
ਸਾਥੰਡਲ ਮੰਡਲ ਬਰ ਥੱਟੇ[1]।
ਬਾਰ ਬਾਰ ਬਰ ਬਾਰੀ[1] ਸੀਂਚੇ।
ਗੁਲ ਬਹੁਧਾ ਤਰੁ[1] ਊਚੇ ਨੀਚੇ ॥੧੦੪॥

[1]ਵੱਡੇ ਕੱਦ ਦਾ ਨਿੰਬੂ।
[1]ਚੰਗੇ ਗੋਲ ਥੜੇ ਬਣਾਏ ਹਨ।
[1]ਚੰਗਾ ਪਾਣੀ।
[1]ਬਹੁਤ ਤਰ੍ਹਾਂ ਦੇ ਫੁੱਲ ਤੇ ਦਰੱਖ਼ਤ।

ਪੇਖਿ ਪੇਖਿ ਸਭਿ ਕਰੈਂ ਸਰਾਹਿਨ।
ਉਪਬਨ ਸਮ ਨੰਦਨ ਬਨ ਆਹਿ ਨ[1]।
ਮਾਲੀ ਰਚਿ ਡਾਲੀ[1] ਸੁਠ ਲਜਾਏ।
ਬਹੁ ਇਨਾਮ ਸਤਿਗੁਰੁ ਤੈਂ ਪਾਏ ॥੧੦੫॥
ਕਰਿ ਗੁਰੁ ਸੈਰ ਅਏ ਨਿਜ ਆਲੇ[1]।

[1]ਬਗੀਚੇ ਵਰਗਾ ਇੰਦ੍ਰ ਦਾ ਬਾਗ਼ ਵੀ ਨਹੀਂ ਹੈ।
[1]ਫਲਾਂ, ਫੁੱਲਾਂ ਤੇ ਪੱਤਿਆਂ ਨਾਲ ਸਜਾਈ ਹੋਈ ਟੋਕਰੀ।
[1]ਘਰ।

ਬਸ ਨਿਸ ਤਹਿ ਤੈਂ ਫਜਰੈਂ[1] ਚਾਲੇ। [1]ਸਵੇਰੇ।
ਸਾਹਬਜ਼ਾਦੇ ਕਾ ਆਗਵਨੂ[1]। [1]ਆਉਣਾ।
ਦਾਸਨਿ ਦਾਰਦਿ ਦੁਸ਼ਟਨਿ ਦਵਨੂ[1] ॥ ੧੦੬ ॥ [1]ਦਾਸਾਂ ਦੀ ਗ਼ਰੀਬੀ ਤੇ ਦੁਸ਼ਟਾਂ ਨੂੰ ਦਬਾਉਣ ਵਾਲੇ।
ਸੁਨਿ ਅਨੰਦ ਪੁਰ ਆਨੰਦ ਭਯੋ।
ਘਰਿ ਘਰਿ ਉਤਸ਼ਵ ਅਤਿਸੈ ਛਯੋ[1]। [1]ਬਹੁਤਾ ਉਤਸ਼ਾਹ ਫੈਲ ਗਿਆ।
ਸ਼ਬਦ ਪਢਿਤ ਸਿੱਖ ਅੱਗ੍ਰ ਸਿਧਾਏ।
ਕਿਤਿਕ ਦੂਰ ਚਲਿ ਮਿਲੇ ਸੁ ਆਏ ॥ ੧੦੭ ॥
ਰੂਪ ਅਨੂਪਮ ਬਾਲਕ ਬੈ[1] ਗੁਰੁ। [1]ਉਮਰ।
ਕੋਟ ਕਾਮ ਤੈ ਕਲਿਤ ਲਲਿਤ ਫੁਰ[1]। [1]ਕ੍ਰੋੜਾਂ ਕਾਮਦੇਵਾਂ ਦੀ (ਕਲਿਤ) ਸੁੰਦਰਤਾ ਤੋਂ (ਫੁਰ) ਬਹੁਤੇ ਸੁੰਦਰ ਹਨ।

ਪਰਸੈਂ ਪਗ ਕਰ ਸੈਂ[1], ਦ੍ਰਿਗ ਦਰਸੈਂ। [1]ਹੱਥਾਂ ਨਾਲ।
ਝਰਸੈਂ ਅਘ ਹਰਸੈਂ ਉਰ ਸਰਸੈਂ[1] ॥ ੧੦੮ ॥ [1]ਪਾਪ ਝੜ ਜਾਂਦੇ ਹਨ ਹਿਰਦੇ 'ਚ ਬਹੁਤ ਪ੍ਰਸੰਨ ਹੁੰਦੇ ਹਨ।
ਅਰਪ ਅਕੋਰ[1] ਅਨਿਕਧਾ[2] ਆਗੇ। [1]ਭੇਟਾ। [2]ਅਨੇਕ ਤਰ੍ਹਾਂ ਦੀਆਂ।
ਪਰਕ੍ਰਮਾ ਸ੍ਰੁਤਿ[1] ਕਰਿ ਬਡ ਭਾਗੇ। [1]ਚਾਰ ਪ੍ਰਕਰਮਾ (ਸ੍ਰੁਤਿ–ਵੇਦ, ਵੇਦਾਂ ਦੀ ਗਿਣਤੀ ਚਾਰ ਹੈ।)
ਸੰਗ ਲਵਾਇ[1] ਪੁਰਹਿਂ ਲੈ ਆਏ। [1]ਨਾਲ ਲੈ ਕੇ।
ਬਰਨਨ ਕਰਿ[1] ਬਹੁ ਠੌਰ ਦਿਖਾਏ ॥ ੧੦੯ ॥ [1]ਕਹਿ ਕੇ।
ਇਕ ਦਿਸ ਬਹਿ ਸਤਲੁਜ ਵਰ ਵਾਰੀ[1]। [1]ਚੰਗਾ ਪਾਣੀ।
ਸੋਹਿਤ ਦੁਤੀ ਦਿਸਾ ਗਿਰਿ ਧਾਰੀ[1]। [1]ਪਹਾੜਾਂ ਦੀਆਂ ਧਾਰਾਂ।
ਸਬਜ਼ੀ ਬਨ ਸਬਿ ਜੀਵਨ ਮੁਦਦਾ[1]। [1]ਹਰਿਆਵਲਾ ਜੰਗਲ ਸਾਰੇ ਜੀਵਾਂ ਨੂੰ ਅਨੰਦ ਦੇਣ ਵਾਲਾ।
ਫੈਲੇ ਫੂਲੇ ਤਰੁ ਫਲ ਸੁਧਦਾ[1] ॥ ੧੧੦ ॥ [1]ਦਰੱਖ਼ਤ ਪਵਿੱਤ੍ਰ ਫਲ ਦੇਣ ਵਾਲੇ।
ਚਾਰਹੁਂ ਕੋਦ ਬਿਨੋਦਦ ਪੁਰ ਕੋ[1]। [1]ਚਹੁੰ ਪਾਸਿਆਂ ਤੋਂ ਸ਼ਹਿਰ ਨੂੰ ਅਨੰਦ ਦੇਣ ਵਾਲੇ।
ਪਿਖਿ ਪ੍ਰਮੋਦ[1] ਹੋਯੋ ਉਰ ਗੁਰੁ ਕੋ। [1]ਬਹੁਤ ਅਨੰਦ।
ਸੁਨ ਕ੍ਰਿਪਾਲ ਤੈ[1] ਪੁਨ ਕਿਰਪਾਲੈਂ[2]। [1]ਮਾਮਾ ਕਿਰਪਾਲ ਚੰਦ ਜੀ ਤੋਂ। [2]ਕਲਗੀਧਰ ਜੀ ਨੇ।
ਭਵਨ ਭਗਵਤੀ[1] ਪਿਖਿ ਤਤਕਾਲੈਂ ॥ ੧੧੧ ॥ [1]ਨੈਣਾਂ ਦੇਵੀ ਦਾ ਮੰਦਰ।
ਬੰਦਨ ਕਰਿ* ਪੁਰਿ ਮੈਂ ਪਰਵਿਸੇ। *ਕਿਸੇ ਦੇਵੀ ਜਾਂ ਦੇਵਤੇ ਦੇ ਮੰਦਰ ਨੂੰ ਨਮਸਕਾਰ ਕਰਨਾ ਕਵਿ–ਉਕਤੀ ਜਾਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਉਲਥਾ ਹੀ ਸਮਝਣਾ ਚਾਹੀਦਾ ਹੈ। ਆਪਣੇ ਆਪ ਨੂੰ ਬੁੱਤ ਸ਼ਿਕਨ ਕਹਿਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਬੁੱਤਾਂ ਦੇ ਟਿਕਾਣਿਆਂ ਅੱਗੇ ਕਦ ਝੁਕ ਸਕਦੇ ਸਨ। ਇਹ ਗੱਲ ਵੀ ਅਜੇ ਖੋਜ ਤਲਬ ਹੈ ਕਿ ਨੈਨਾ ਦੇਵੀ ਦਾ ਟਿਕਾਣਾ ਇਥੇ ਪਹਿਲੋਂ ਹੀ ਸੀ ਕਿ ਜੰਗ ਦੇ ਬਾਦ ਇਸ ਦਾ ਇਹ ਨਾਮ ਪਿਆ। ਦਬਿਸਤਾਨ ਮਜ਼ਾਹਬ

ਵਿੱਚ ਲਿਖਿਆ ਹੈ ਕਿ ਛੇਵੇਂ ਸਤਿਗੁਰਾਂ ਦੇ ਸਮੇਂ ਭੈਰੋਂ ਨਾਮੇ ਇਕ ਸਿਖ ਨੇ ਇਕ ਦੇਵੀ ਦਾ ਨੱਕ ਵੱਢ ਦਿੱਤਾ ਸੀ। ਗੁਰੂ ਜੀ ਨੇ ਸਿੱਖ ਦਾ ਉੱਤਰ ਸੁਣ ਕੇ ਮੁਸਕਰਾ ਛੱਡਿਆ ਸੀ। ਜਨਮ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਦੁਆਰੇ ਦੇਵੀ ਝਾੜੂ ਦੇਂਦੀ ਲਿਖੀ ਹੈ।

ਬੰਦਹਿਂ ਨਰ ਤਿਯ ਜਿਹਂ ਗੁਰੁ ਦਿਸੇ।
ਰੂਪ ਸੁਭਾਵ ਨਿਹਾਰ ਸਰਾਹੈਂ।
ਜੈ ਜੈ ਧੁਨਿ ਕਹਿ ਪੁਸ਼ਪ ਬਸਾਹੈਂ[1] ॥ ੧੧੨ ॥

[1]ਫੁੱਲਾਂ ਦੀ ਬਰਖਾ ਕਰਦੇ ਹਨ।

ਚਢੀ ਅਟਾਰਨਿ ਨਾਰਿ ਨਿਹਾਰੈਂ।
ਜਨੁ ਘਨ[1] ਬਹੁ ਚਪਲਾ[2] ਚਮਕਾਰੈਂ।
ਜਹਾਂ ਸਦਨ ਬਡ ਗੁਰੂ ਚਿਨਾਏ।
ਉਤਰੇ ਤਹਾਂ ਪੌਰ ਪਰ ਜਾਏ ॥ ੧੧੩ ॥

[1]ਬੱਦਲਾਂ 'ਚ। [2]ਬਿਜਲੀਆਂ।

ਸ੍ਰੀ ਗੁਰੁ ਤੇਗ ਬਹਾਦਰ ਕਾਦਰ[1]।
ਮਿਲੇ ਪੌਰ ਪਰ ਆਇ ਸੁ ਸਾਦਰ[1]।
ਮਾਤ ਨਾਨਕੀ ਕੇ ਪਗ ਬੰਦੇ।
ਆਸਿਖ[1] ਦੀਨੀ ਮਾਤ ਬੁਲੰਦੇ[2] ॥ ੧੧੪ ॥

[1]ਸਮਰੱਥ।
[1]ਆਦਰ ਨਾਲ।
[1]ਅਸ਼ੀਰਵਾਦ। [2]ਬਹੁਤੀ।

ਉੱਤ੍ਰ ਅੱਸ੍ਵ ਤੈ ਸਾਹਿਬਜ਼ਾਦੈ।
ਪਾਲਕ ਧਰਮ ਸੇਤ ਮਰਯਾਦੈ[1]।
ਨਿਜ ਪਿਤ ਗੁਰੁ ਕੇ ਦੌਰ ਗਹੇ ਪਗ[1]।
ਗੁਰੂ ਗੋਦ ਲੈ ਮੋਦ ਰਹੇ ਪਗ[1] ॥ ੧੧੫ ॥

[1]ਧਰਮ ਦੀ ਉੱਜਲ ਮਰਯਾਦਾ ਦੇ ਪਾਲਕ।
[1]ਚਰਨ।
[1]ਲੀਨ।

ਬਾਰ ਬਾਰ ਕਰਿ ਪਜਾਰ ਨਿਹਾਰੈਂ।
ਫੇਰਤ ਕਰ[1] ਸਿਰ, ਮੁਖ ਪੁਚਕਾਰੈਂ।
ਕੀਨ ਨਿਛਾਵਰ[1] ਧਨ ਦਿਯ ਦੀਨੈ।
ਕਰੈਂ ਗਰੈਂ ਲਾ ਲਾ ਸ੍ਰਦ ਸੀਨੈ[1] ॥ ੧੧੬ ॥

[1]ਹੱਥ।
[1]ਵਾਰਨਾ।
[1]ਛਾਤੀ ਠੰਡੀ।

ਸੁਤ ਮੁਖ ਸਸਿ ਦਿਸ ਚਖੁ ਚਕੋਰ ਕਰਿ[1]।
ਨਿਰਖਤ ਗੋਦ ਬਿਟਾਇ ਮੋਦ ਭਰਿ।
ਧਰਜੋ ਧਰਮ ਜਨੁ ਗਜ਼ਾਨ ਨਿਜੰਕੈਂ[1]।
ਕਿਧੋਂ ਵਿਰਾਗ ਬਿਵੇਕ ਨਿਸੰਕੈਂ ॥ ੧੧੭ ॥

[1]ਪੁੱਤ੍ਰ ਦੇ ਮੁਖ ਰੂਪ ਚੰਦ ਦੀ ਤਰਫ਼ ਨੇਤ੍ਰਾਂ ਨੂੰ ਚਕੋਰ ਬਣਾ ਕੇ।
[1]ਜਾਣੋ ਧਰਮ ਨੇ ਗਿਆਨ ਨੂੰ ਆਪਣੀ ਗੋਦ 'ਚ ਬਿਠਾਇਆ ਹੈ।

ਆਤਮ ਪਰਮਾਤਮ ਸਮ[1] ਸੋਹੈਂ।
ਬਾਲ ਰਵਹਿ ਪੂਨਜੋ ਸਸਿ ਜੋਹੈਂ[1]।

[1]ਵਾਂਗ।
[1]ਸਵੇਰ ਦੇ ਸੂਰਜ ਨੂੰ ਪੂੰਨਿਆ ਦਾ ਚੰਦ ਵੇਖਦਾ ਹੈ।

ਕਿਧੌਂ ਸਾਂਤਿ ਰਸ ਬੀਰ ਭਿਲੇ ਹੈਂ[1]। [1]ਮਿਲੇ ਹਨ।
ਸ਼ਿਵ ਵਿਸ਼ਨੂੰ ਸਮ ਗੁਰੂ ਮਿਲੇ ਹੈਂ ॥੧੧੮॥
ਪਟਨੇ ਤੈ ਮਗ ਕੀ ਸਭ ਬਾਤੈਂ।
ਬੂਝੀ ਕਹੀ ਸੁਨੀ ਸਭਿ ਭਾਤੈਂ।
ਦੁਹੂੰ ਦਿਸਾ ਕੇ ਦਾਸ ਮਸੰਦਨਿ।
ਕੀਨ ਉਭੈ ਗੁਰੁ ਕੇ ਪਦ ਬੰਦਨ ॥੧੧੯॥
ਅਤਿ ਉਤਸ਼ਾਹਿ ਤਾਂਹਿ ਦਿਨ ਹੋਵਾ।
ਭਏ ਧੰਨ ਵਹਿ ਜਿਨ ਜਨ ਜੋਵਾ[1]। [1]ਦੇਖਿਆ।
ਦੇਸ ਦੇਸ ਮੈਂ ਖਬਰ ਪਹੁੰਚੀ।
ਫੈਲੀ ਮਨੋ ਮਾਲਤੀ ਸੂਚੀ[1] ॥੧੨੦॥ [1]ਪਵਿੱਤ੍ਰ।
ਲੈ ਲੈ ਸੰਗ ਮਸੰਦ ਸੰਗਤੈਂ।
ਆਏ ਆਨੰਦ ਪੁਰ ਉਮੰਗ ਤੈਂ।
ਕਾਸ਼ਮੀਰ ਕਾਬਲ ਕੰਧਾਰੀ।
ਮੁਲਤਾਨੀ ਸਿੱਖ ਪੋਠੋਹਾਰੀ ॥੧੨੧॥
ਸਿੰਧੁ ਮਾਲਵਾ ਦੇਸ ਪੰਜਾਬੋਂ।
ਦੱਖਨ ਹਿੰਦੁਸਤਾਨ ਸ਼ਿਤਾਬੋਂ[1]। [1]ਛੇਤੀ ਨਾਲ।
ਨਿਤ ਪ੍ਰਤਿ ਚਲਿ ਸਿੱਖ ਗੁਰੁ ਢਿਗ ਆਵੈਂ।
ਅਰਪ ਅਕੋਰੈਂ ਅਨਿਕ ਬਿਧਾਵੈਂ[1] ॥੧੨੨॥ [1]ਅਨੇਕ ਤਰ੍ਹਾਂ ਦੀਆਂ।
ਨੌਮ ਗੁਰੂ ਕੇ ਪਗਿ ਸਿਰ ਲਾਵੈਂ।
ਮਨੋ ਕਾਮਨਾ ਗੁਰੁ ਤੈ ਪਾਵੈਂ।
ਸਾਹਿਬਜ਼ਾਦੇ ਕੋ ਪਿਖਿ ਹਰਸੈਂ[1]। [1]ਖ਼ੁਸ਼ ਹੁੰਦੇ ਹਨ।
ਭੂਖਨ ਬਸਨ ਅਰਪਿ ਪਗ ਪਰਸੈਂ ॥੧੨੩॥
ਪੇਖਿ ਕਹੈਂ ਸਮ ਹੋਇ ਪਿਤਾਮੈਂ[1]। [1]ਦਾਦੇ ਵਰਗਾ।
ਦਿਪਤ ਤੇਜ ਪ੍ਰਤਾਪ ਲਲਾਮੈਂ[1]। [1]ਮੱਥੇ 'ਤੇ ਤੇਜ ਪ੍ਰਤਾਪ ਚਮਕਦਾ ਹੈ।
ਚਾਲ ਢਾਲ[1] ਲੱਖਨ ਸਬਿ ਉਨ ਸੇ। [1]ਰੀਤੀ ਤੇ ਮਰਯਾਦਾ।
ਹੈਂ ਪਰਿ ਪੂਰਨ ਪੁਰਖ ਸਗੁਨ ਸੇ[1] ॥੧੨੪॥ [1]ਸਹਿਤ ਗੁਣਾਂ ਦੇ।
ਘਾਲ ਘਮਸਾਨ ਘਨੇ ਘਰ ਘਾਲੈਂ[1]। [1]ਜੰਗ (ਘਾਲ) ਪਾ ਕੇ ਬਹੁਤੇ ਘਰਾਂ ਨੂੰ ਨਾਸ ਕਰਨਗੇ।
ਸੋਜ ਓਜ ਇਨ ਮੌਜ ਬਿਸਾਲੈਂ[1]। [1]ਇਨ੍ਹਾਂ ਪਾਸ ਸਮੱਗ੍ਰੀ, ਬਲ ਤੇ ਖ਼ੁਸ਼ੀ ਬਹੁਤੀ ਹੋਵੇਗੀ।
ਜੋ ਸਿੱਖ ਆਯੁਧ ਅੱਸ੍ਵ ਅਰਪੈ ਹੈਂ[1]। [1]ਭੇਟਾ ਕਰਦੇ ਹਨ।
ਮਨੋ ਕਾਮਨਾ ਤਾਂਹਿ ਪੁਰੈ ਹੈਂ ॥੧੨੫॥

ਸਾਨੰਦ ਆਨੰਦਪੁਰ ਗੁਰੁ ਥਿਰੇ।
ਹੇਰਿ ਅੱਧਜਾਇ ਦੇਰ ਬਿਨੁ ਗਿਰੇ[1] ॥ ੧੨੬ ॥ [1]ਸੰਪੂਰਨ ਹੋ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਗਜਾਨ ਸਿੰਘ ਵਿਰਚਿਤੇ 'ਦਸਮੇਂ ਗੁਰੂ ਕੋ ਆਨੰਦਪੁਰ ਆਵਨ' ਪ੍ਰਸੰਗ ਬਰਨਨੰ ਨਾਮ ਪੈਂਤਾਲੀਸਮੋਂ ਬਿਸ੍ਰਾਮ ॥ ੪੫ ॥

੪੬. {ਬਾਲ ਲੀਲ੍ਹਾ, ਗੁਰਤਾ-ਗੱਦੀ ਤੇ ਸ਼ਸਤ੍ਰ ਅਭਿਆਸ}

ਦੋਹਰਾ:

ਸਭ ਮੈਂ ਨਭ ਜਸੋਂ ਫਬ ਰਹਜੋ,
ਰਵਿ ਸੋਂ ਤੇਜ ਸਰੂਪ[1]।

[1](ਜੋ ਵਾਹਿਗੁਰੂ) ਸਾਰਿਆਂ 'ਚ ਅਕਾਸ਼ ਵਾਂਗ ਫਬ ਰਿਹਾ ਹੈ ਜਿਸ ਦਾ ਸੂਰਜ ਵਾਂਗ ਤੇਜ ਸਰੂਪ ਹੈ।

ਤਾਂਹਿ ਭਜੇ ਗੁਰੁ ਕੇ ਜਜੇ,
ਪਰੇ ਨ ਸੋ ਭਵ ਕੂਪ[1] ॥੧॥

[1](ਜੋ) ਉਸ (ਵਾਹਿਗੁਰੂ) ਦਾ ਭਜਨ ਕਰਦਾ ਹੈ ਤੇ ਗੁਰੂ ਨੂੰ ਪੂਜਦਾ ਹੈ ਉਹ ਸੰਸਾਰ ਖੂਹ 'ਚ ਨਹੀਂ ਪੈਂਦਾ।

ਸ੍ਵੈਯਾ:

ਬੰਦਨ ਤੈ ਭਵ ਬੰਧਨ ਘਾਯਕ,
ਮਾਯਕ ਯਾ ਜਗ ਪਾਯਕ ਥੈਹੈਂ[1]।

[1]ਜਿਨ੍ਹਾਂ ਨੂੰ ਨਮਸਕਾਰ ਕਰਨ ਕਰ ਕੇ ਸੰਸਾਰ ਦੇ ਬੰਧਨ ਨਾਸ ਹੋ ਜਾਂਦੇ ਹਨ ਅਤੇ ਇਸ ਜਗਤ ਦੇ ਮਾਇਆ ਧਾਰੀ ਸੇਵਕ ਹੋ ਜਾਂਦੇ ਹਨ।

ਮਾਨਨ ਤੈ ਦਿਢ ਮਾਨ ਮਿਲੈ,
ਜਪ ਜਾਪਨ ਤੈ ਤਿਨ ਤਾਪ ਕਪੈਂ ਹੈਂ[1]।

[1]ਮੰਨਣ ਨਾਲ ਪੱਕਾ ਮਾਣ ਮਿਲਦਾ ਹੈ, ਜਾਪ ਜਪਣੇ ਕਰ ਕੇ ਤਿੰਨੇ ਤਾਪ ਕੱਟੇ ਜਾਂਦੇ ਹਨ।

ਭਾਉ ਕਰੇ ਪਰਭਾਉ ਭਰੇ,
ਉਰਿ ਧਜਾਨ ਧਰੇ ਗੁਰੁ ਗਜਾਨ ਦਿਪੈ ਹੈ[1]।

[1]ਪ੍ਰੇਮ ਕਰਨ ਨਾਲ ਪ੍ਰਭਾਵ (ਅਸਰ) ਵਧਦਾ ਹੈ, ਹਿਰਦੇ 'ਚ ਧਿਆਨ ਧਰਨ ਨਾਲ ਪਰਤੱਖ ਗਿਆਨ ਚਮਕਦਾ ਹੈ।

ਤਾਂ ਗੁਰੁ ਨਾਨਕ ਹਾਨਕ ਆਨਕ,
ਦਾਨਕ ਗਜਾਨ ਹਰੀ ਬਿਨਵੈ ਹੈ[1] ॥੨॥

[1]ਅਨੇਕਤਾ ਦਾ ਨਾਸ ਕਰਨ ਵਾਲੇ, ਵਾਹਿਗੁਰੂ ਗਿਆਨ ਦੇ ਦਾਤੇ ਤਿਸ ਗੁਰੂ ਨਾਨਕ ਦੇਵ ਜੀ ਨੂੰ ਗਿਆਨ ਸਿੰਘ ਵਿਸ਼ੇਸ਼ ਨਮਸ਼ਕਾਰ ਕਰਦਾ ਹੈ। (ਗਜਾਨ ਹਰੀ ਸੁਲੇਖ ਹੈ ਜਿਸ ਦੇ ਦੋ ਅਰਥ ਹਨ ਹਰੀ ਦਾ ਗਿਆਨ ਤੇ ਗਿਆਨ ਸਿੰਘ।)

ਗਾਥ ਸੁਨੋ ਦਸਮੇਸ਼ੁਰ ਕੀ,
ਪ੍ਰਮੇਸ਼ੁਰ ਕੀ ਕਿਰਪਾ ਅਨੁਸਾਰੀ।
ਤੇਗ ਬਹਾਦਰ ਸਾਦਰ[1] ਅੱਛਤ[2],

[1]ਬੇਪ੍ਰਵਾਹ। [2]ਆਪਣੇ ਹੁੰਦਿਆਂ।

ਸੰਮਤ ਤੀਸ ਅਸਾੜ ਮਝਾਰੀ[1]।

[1]ਸੰਮਤ ੧੭੩੦ ਬਿ. ਹਾੜ (ਮਹੀਨੇ) ਵਿੱਚ।

ਬਜਾਹਿ ਕਰਜੋ ਦਸਮੇਂ ਗੁਰੁ ਕੋ,
ਰਚਵਾਇ ਲਹੌਰ ਨਯੋ ਜਿਮ ਚਾਰੀ[1]।

[1]ਸੁੰਦਰ।

ਸੀਸ ਦਯੋ ਫਿਰ ਜੈਸ ਬਤੀਸ ਕਿ
ਮੱਘਰ, ਜਾਇ ਛਿਤੀਸ ਦ੍ਵਾਰੀ[1] ॥੩॥

[1]ਫੇਰ ਸੰਮਤ ੧੭੩੨ ਬਿ. ਮੱਘਰ ਦੇ ਮਹੀਨੇ (ਛਿਤੀਸ) ਨੁਰੰਗੇ ਦੇ ਦਰਵਾਜ਼ੇ 'ਤੇ ਜਾ ਕੇ ਸੀਸ ਦਿੱਤਾ।

ਜੈਸ ਪਠੀ ਗੁਰੁਤਾ[1] ਤਹਿਂ ਤੈ, [1]ਗੁਰਿਆਈ।
ਪੁਨ ਸੀਸ ਅਯੋ ਉਨਿ ਕਾ ਇਨਿ ਪਾਸੈਂ।
ਦਾਹਿ ਕ੍ਰਿਯਾ ਕਰਿ ਦੇਹੁਰਾ ਕੀਨ,
ਛਯੋ ਕਰੁਣਾਰਸ ਜੈਸ ਅਵਾਸੈਂ[1]। [1]ਘਰ ਵਿੱਚ।
ਜੱਗ ਕ੍ਰਿਯਾ ਕਰਮ ਦਾਨ ਕਰੇ ਬਹੁ,
ਲੌਕਿਕ ਬੈਦਕ ਰੀਤਿ ਮਹਾਸੈਂ[1]। [1]ਬਹੁਤੀ।
ਸੋ ਸਬਿ ਪੂਰਬ ਗਾਥ ਕਹੀ,
ਗੁਰੁ ਨੌਮ ਕਥਾ ਮਧ ਸਾਥ ਹੁਲਾਸੈਂ ॥ ੪ ॥
ਯਾਂ ਹਿਤ ਨਾਂਹਿ ਲਿਖੈਂ ਅਬਿ ਸੋ ਸਬਿ,
ਪੇਖ ਲਹੋ ਤਹਿਂ ਜੋ ਚਹੁ ਪੇਖਾ।
ਸੰਮਤ ਸਤਰਾਂ ਸੈ ਉਨਤੀਸ,
ਅਸੌਜ ਵਿਖੈ ਲਿਖਜੋ ਹਮ ਲੇਖਾ[1]। [1]ਅੱਸੂ ਦੇ ਮਹੀਨੇ ੧੭੨੯ ਬਿ. ਨੂੰ (ਕਲਗੀਧਰ ਜੀ ਦੇ ਆਉਣ ਦਾ) ਅਸੀਂ ਹਿਸਾਬ ਲਿਖਿਆ ਹੈ।

ਥੇ ਦਸਮੇਂ ਗੁਰੁ ਜੀ ਪੁਰ ਆਨੰਦ ਮਾਂਹਿ,
ਅਏ ਯੁਤ ਮਾਤ ਬਿਸੇਖਾ।
ਤੀਨ ਵਰ੍ਹੇ ਗੁਰੂ ਨੌਮ ਢਿਗੈਂ ਰਹਿ,
ਮੋਦ ਬਿਨੋਦ ਕਰੇ ਅਨਲੇਖਾ[1] ॥ ੫ ॥ [1]ਅਣਗਿਣਤ ਅਨੰਦਦਾਇਕ ਕੌਤਕ ਕੀਤੇ।
ਜੇਤਿਕ ਥੇ ਕੁਲ ਕੇ ਸੁ ਅਚਰਣ[1], [1]ਚੰਗੇ ਆਚਰਨ ਭਾਵ ਚੰਗੇ ਇਖ਼ਲਾਕੀ ਗੁਣ।
ਅਭਰਣ ਸਰੂਪ[1] ਸਬੈ ਸਿਖਰਾਏ। [1]ਗਹਿਣਾ ਰੂਪ।
ਕਾਰ ਵਿਹਾਰ ਵਿਚਾਰ ਉਦਾਰ,
ਗੁਰਜਾਈ ਕੇ ਭੇਦ ਭਲੇ ਸਮਝਾਏ।
ਬਾਹਰ ਅੰਤਰ ਕੀ ਸ਼ਕਤੀ,
ਬਿੱਦਜਾ ਬਿਬਿਧਾ ਰਿਧਿ ਸਿਧਿ ਦਿਖਾਏ।
ਦੀਪਕ ਤੈ ਜਿਮ ਦੀਪ ਪ੍ਰਕਾਸ਼ਤ[1], [1]ਦੀਵੇ ਤੋਂ ਜਿਵੇਂ ਦੀਵਾ ਜਗਦਾ ਹੈ।
ਤਯੋਂ ਦਸਮੇਸ਼ ਬਿਸ਼ੇਸ਼ ਸੁਹਾਏ ॥ ੬ ॥
ਜਾਂ ਦਿਨ ਤੈ ਪੁਰਿ ਆਨੰਦ ਮਾਂਹਿ,
ਅਏ ਦਸਮੇਂ ਗੁਰੁ ਆਨਦ ਦਾਏ।
ਰੌਣਕ ਭੂਰ ਭਵੈ[1] ਨਿਤ ਹੀ ਨਿਤ, [1]ਬਹੁਤੀ ਹੁੰਦੀ ਹੈ।
ਬਾਗ ਅਮਿਤ ਲਗੈਂ ਚਹੁੰ ਘਾਏ[1]। [1]ਚਹੁੰ ਤਰਫੀਂ।
ਲੋਗ ਬਜਾਰ ਅਗਾਰ[1] ਬਨਾਵਤ, [1]ਘਰ।

ਭਾਵਤ ਪਾਵਤ ਸੰਪਤਿ[1] ਜਾਏ। [1]ਸਮੱਗ੍ਰੀ।
ਸੰਗਤ ਦੇਸ ਬਦੇਸਨ ਤੈ,
ਸੁਨ ਕੈ ਜਸ ਸੰਗ ਮਸੰਦਨ ਆਏ ॥ ੭ ॥
ਨੌਮ ਗੁਰੂ ਨਿਤ ਲਾਇ ਦਿਵਾਨ,
ਥਿਰਾਇ[1] ਸਿੰਘਾਸਨ ਪੈ ਸੁਖ ਦੈਹੈਂ। [1]ਬੈਠ ਕੇ।
ਸਾਹਿਬਜ਼ਾਦੇ ਤਈਂ ਨਿਜ ਪਾਸ,
ਬੈਠਾਇ ਦਿਖਾਵਤ ਰੀਤਿ ਸਬੈ ਹੈਂ।
ਸੰਗਤ ਰੂਪ ਅਨੂਪਮ ਬਾਲਕ,
ਹੇਰਿ ਬਧੇਰ ਪ੍ਰਮੋਦ ਬਢੈ ਹੈਂ।
ਬੰਦਨ ਕੈ[1] ਜੁਗ[2] ਹੀ ਗੁਰੁ ਕੇ ਪਗ, [1]ਨਮਸਕਾਰ ਕਰਕੇ। [2]ਦੋਹਾਂ।
ਸਾਨੰਦ ਚੌਗੁਨ ਭੇਟ ਸੁ ਦੈ ਹੈਂ ॥ ੮ ॥
ਬਾਲਕ ਸੰਗ ਲਏ ਪੁਰਿ ਕੇ ਗੁਰੁ,
ਤਾਲਕ[1] ਖੇਲਨ ਸੰਗ ਰਖੈ ਹੈਂ। [1]ਸਬੰਧ।
ਤੀਰ ਸਤੱਦ੍ਰਵ[1] ਜਾਤ ਕਬੀ, [1]ਸਤਿਲੁਜ ਦੇ ਕੰਢੇ।
ਤਰ ਹੈਂ ਜਹਿਂ ਨੀਰ ਗੰਭੀਰ[1] ਚਲੈ ਹੈਂ। [1]ਡੂੰਘਾ।
ਬੈਠ ਕਬੀ ਕਿਸ਼ਤੀ[1] ਪਰ ਪੈਰਤ[2], [1]ਬੇੜੀ। [2]ਤਰਦੇ ਹਨ।
ਸੈਰ ਘਨੋ ਮਨ ਭਾਵਤ ਕੈਹੈਂ।
ਜੋ ਪੁਰਿ ਤੀਨ ਰਮਾਵਨਹਾਰ[1], [1]ਵਿਚਰਾਉਣ ਵਾਲੇ।
ਰਮੈਂ ਬਹੁਧਾ[1] ਲਰਕਾਨਿ ਸੰਗੈ ਹੈਂ ॥ ੯ ॥ [1]ਅਨੇਕ ਤਰ੍ਹਾਂ ਵਿਚਰਦੇ ਹਨ।
ਦੇਖਤ ਹੈਂ ਕਬਿਹੀ ਕੁਸ਼ਤੀ
ਮ੍ਰਿਗ ਮੱਲ, ਮਹੇਂ ਗਜ ਸਾਂਢ[1] ਲਰੈ ਕੈ। [1]ਸਾਨ੍ਹ।
ਤੀਤਰ ਲਾਲ ਬਟੇਰ ਲਵੇ[1], [1]ਬਟੇਰੇ ਦੀ ਜਾਤੀ ਦਾ ਜਾਨਵਰ।
ਬੁਲਬੁਲ ਦੁੰਬੇ ਲਰਕੈਨ ਘੁਰੈ ਕੈ[1]। [1]ਘੁਰ ਘੁਰ ਕਰ ਕੇ ਲੜਦੇ ਹਨ।
ਦੇਤ ਇਨਾਮ ਗੁਰੂ ਪਿਖ ਕੈ,
ਖੁਸ਼ਿ ਹੋਤ ਮਹਾਂ ਇਮ ਚੋਜ ਕਰੈ ਕੈ।
ਭਾਂਤਿ ਅਨੇਕ ਬਿਵੇਕ ਯੁਤੈਂ[1], [1]ਵਿਚਾਰ ਸਹਿਤ।
ਬਹੁ ਬਾਤ ਬਖਜਾਤ ਸੁਨਾਤ ਰਚੈ ਕੈ[1] ॥ ੧੦ ॥ [1]ਬਣਾ ਕੇ।
ਜੋ ਜਨ ਤਾਰਨ ਹਾਰ ਭਵਾਂਬੁਧ[1], [1]ਸੰਸਾਰ ਸਮੁੰਦਰ ਤੋਂ।
ਤੈਰਤ ਸੋ ਸਰਤਾ ਸਰਤਾਂ ਕੈ[1]। [1]ਉਹ ਨਦੀ ਨੂੰ ਦਲੇਰੀ ਕਰ ਕੇ ਤਰਦਾ ਹੈ। (ਸਰਤਾਨ=ਦਲੇਰ, ਬਹਾਦਰ।) (ਅ) ਉਹ ਤਿਸ ਨਦੀ ਦੇ

(ਸਰ) ਪਾਣੀ ਨੂੰ ਤਰਦਾ ਹੈ।

ਪੈਰਤ ਕੋ[1] ਪਿਖਿ ਹੈਰਤ[2] ਹ੍ਵੈਂ ਜਨ,
ਧੈਰਤ ਜਾਤ ਗੰਗੈਰਿਨ ਬਾਂਕੈਂ[1]।

[1]ਤਰਦਿਆਂ ਨੂੰ। [2]ਹੈਰਾਨ।

[1]ਜਾਣੋ ਧੀਰਜ ਨਾਲ ਗੰਗੇਰੀ ਟੇਢੀ ਜਾਂਦੀ ਹੈ। (ਗੰਗੇਰੀ=ਜਲ ਜੁਲਾਹਾ, ਮੱਕੜੀ ਜਿਹਾ ਜੀਵ ਜੋ ਜਲ ਉੱਪਰ ਬੜੀ ਤੇਜ਼ੀ ਨਾਲ ਫਿਰਦਾ ਹੈ। ਕਵੀ ਜੀ ਨੇ ਆਪ ਇਸ ਦਾ ਅਰਥ ਹਾਸ਼ੀਏ ਦੇ ਬਾਹਰਵਾਰ ਤਰਿੰਦੇ ਲਿਖਿਆ ਹੈ।)

ਭੀਰ ਸਖਾ ਯੁਤ ਖੇਲਤ ਧੀਰ,
ਸੁ ਝੇਲਤ ਹੈਂ ਜਲ ਪੇਲਤ ਕਾਂ ਕੈ[1]।

[1]ਪਾਣੀ ਆਪ ਝਲਦੇ ਹਨ ਤੇ ਕਿਸੇ ਦੇ ਵਲ (ਪੇਲਤ) ਪਾਣੀ ਧਕਦੇ ਹਨ।

ਧਾਰ ਪਹਾਰਨ ਪੈ ਚਢਿ ਜਾਤ,
ਮਿਦਾਨ ਕਬੀ ਬਡ ਦੌਰਤ ਬਾਂਕੈਂ[1] ॥ ੧੧ ॥

[1]ਸੁੰਦਰ।

ਜਾਤ ਸ਼ਿਕਾਰ ਕਬੀ ਸਹਿ ਬੀਰਨ,
ਤੀਰਨ ਸੋਂ ਬਨ ਜੀਵਨਿ ਮਾਰੈਂ।
ਬੇਧਤ ਲੱਛ[1] ਬਿਲੱਛ[2] ਪ੍ਰਤੱਛਹਿ,

[1]ਨਿਸ਼ਾਨੇ ਵਿੰਨ੍ਹਦੇ ਹਨ। [2]ਵਿਲੱਖਣ।

ਤੋਮਰ[1] ਤੁੱਪਕ[2] ਬਾਨ ਪ੍ਰਹਾਰੈਂ।

[1]ਬਰਛੇ। [2]ਬੰਦੂਕਾਂ।

ਬਾਜ[1] ਧਵਾਇ ਕੁਦਾਇ ਨਚਾਇ,

[1]ਘੋੜੇ।

ਫਿਰਾਇ ਅਟੇਰਨ ਚੱਕ੍ਰ ਡਾਰੈਂ[1]।

[1]ਅਟੇਰਨ ਵਾਂਗ ਚੱਕ੍ਰ ਪਾਉਂਦੇ ਹਨ।

ਸਾਂਝ ਸਬੇਰ ਪਿਤਾ ਗੁਰੁ ਕੇ ਨਿਜ,
ਆਇ ਪਦਾਂਬੁਜ[1] ਰੋਜ ਜੁਹਾਰੈਂ[2] ॥ ੧੨ ॥

[1]ਚਰਨ ਕੰਵਲ। [2]ਨਮਸਕਾਰ ਕਰਦੇ ਹਨ।

ਤੇਗ ਬਹਾਦਰ ਸਾਦਰ ਨੀਤਿ[1],

[1]ਨਿੱਤ।

ਸੁਨੀਤਿ[1] ਬਿਨੀਤਿ[2] ਪ੍ਰੀਤਿ ਸਿਖੈ ਹੈਂ।

[1]ਚੰਗੀਰਾਜਨੀਤੀ। [2]ਨਿੰਮ੍ਰਤਾ।

ਭ੍ਰੂੰਮ ਤਜਾਇ ਬਢਾਇ ਸੁ ਧ੍ਰੂੰਮ,
ਅਕ੍ਰੂੰਮ[1] ਗਵਾਇ ਸੁਕ੍ਰੂੰਮ[2] ਦਿਢੈ ਹੈਂ।

[1]ਬੁਰੇ ਕਰਮ। [2]ਚੰਗੇ ਕਰਮ।

ਸਾਧਨ ਚਾਰ[1] ਕਰਾਇ ਭਲੇ,

[1]ਚਾਰ ਸਾਧਨ (ਬਿਬੇਕ, ਵੈਰਾਗ, ਖਟ ਸੰਪਤੀ, ਮੋਖ ਇੱਛਾ।)

ਭਗਤੀ ਬ੍ਰਹਮ ਗਜ਼ਾਨ ਮਹਾਨ ਲਖੈ ਹੈਂ।
ਜੋਗ ਅਸਟਾਂਗ ਦਰਾਜ ਬਿਧੀ[1],

[1]ਜੋਗ ਦੇ ਅੱਠਾਂ ਅੰਗਾਂ ਦੀ ਲੰਮੀਰੀਤੀ।

ਮਗ ਰਿੱਧਿਨਿ ਸਿੱਧਿਨਿ ਕੋ ਦਿਖਰੈ ਹੈਂ ॥ ੧੩ ॥
ਗੁਰੁ ਖੇਲ ਵਿਖੇ ਲਰਕੈਨ ਸਿੱਖੈਂ[1],

[1]ਲੜਕਿਆਂ ਨੂੰ ਸਿਖਾਉਂਦੇ ਹਨ।

ਹਰਿ ਕੀ ਭਗਤੀ ਲਗਤੀ ਜੁ ਸੁਹਾਵਨ।
ਚਾਲ ਕੁਵਾਯਦ[1] ਆਯੁਧ ਬਾਂਧਨ[2],

[1]ਫੌਜੀ ਨੇਮਾਂ ਅਨੁਸਾਰ ਕਸਰਤ ਦੀਰੀਤੀ। [2]ਸ਼ਸਤ੍ਰ ਬੰਨ੍ਹਣੇ।

ਸਾਂਧਨ ਬਾਨ[1] ਨਿਸ਼ਾਨ ਲਗਾਵਨ।

[1]ਤੀਰ ਸਿੰਨ੍ਹਣੇ।

ਗਾਵਨ ਗੀਤ ਪਰੇਮ ਪਗੇ[1],
ਸਬਿ ਰਾਗਨੀ ਰਾਗਨ ਰੂਪ ਸਿਖਾਵਨ।
ਪੀਰ ਪਿਗੰਬਰ ਔ ਅਵਤਾਰਨ ਜਜੋਂ[1],
ਕਰਮਾਤ ਬਿਭਾਂਤਿ[1] ਦਿਖਾਵਨ ॥ ੧੪ ॥

[1]ਲੀਨ ਹੋ ਕੇ।

[1]ਵਾਂਗ।

[1]ਤਰ੍ਹਾਂ ਤਰ੍ਹਾਂ ਦੀਆਂ।

ਸਮ ਕੰਚਨ ਰੰਗ ਸਬੈ ਸੁਠ ਅੰਗ,
ਨਿਸੰਗ ਅਨੰਗ ਗੁਮਾਨ ਛੀਏ[1]।

[1]ਸੋਨੇ ਵਾਂਗ ਸਾਰੇ ਅੰਗਾਂ ਦਾ ਸੁੰਦਰਰੰਗ ਹੈ, ਨਿਸੰਗ ਹੋ ਕੇ ਕਾਮ ਦਾ ਹੰਕਾਰ ਦੂਰ ਕਰਦੇ ਹਨ।

ਅਰਬਿੰਦ ਮਨਿੰਦ ਅਨਿੰਦ ਲਸੈ ਮੁਖ[1],
ਦਾਸ ਮਲਿੰਦ[1] ਅਨੰਦ ਪੀਏ।

[1]ਕੰਵਲਾਂ ਵਾਂਗ ਸੁੰਦਰ ਮੁਖ ਚਮਕਦਾ ਹੈ।

[1]ਭੌਰੇ।

ਰਚਿ ਹਾਸ ਬਿਲਾਸ ਹੁਲਾਸ ਬਢਾਵਤ,
ਭਾਵਤ ਜਾਂਹਿ ਸੁ ਜੈਸ ਹੀਏ[1]।

[1]ਹਾਸੇ ਦੇ ਬਚਨ ਬਣਾ ਉਤਸ਼ਾਹ ਵਧਾਉਂਦੇ ਹਨ ਜਿਸ ਤਰ੍ਹਾਂ ਦਾ (ਹਾਸਾ) ਜਿਸ ਦੇ ਹਿਰਦੇ ਨੂੰ ਚੰਗਾ ਲੱਗਦਾ ਹੈ।

ਅਸ ਕੌਨ ਅਭਾਗ ਜੁ ਮੋਹਿਤ ਨਾ,
ਪਿਖ ਕੈ ਬਲਿਹਾਰਨ ਸਿੱਖ ਥੀਏ ॥ ੧੫ ॥
ਝਲਕੈਂ[1] ਮਕਤੂਲ[2] ਮੁਕੇਸ਼[3] ਕੰਤੂਨ[11]

[1]ਚਮਕਦੇ ਹਨ। [2]ਰੇਸ਼ਮ। [3]ਚਾਂਦੀ ਦੀਆਂ ਪਤਲੀਆਂ ਤੇ ਚਪਟੀਆਂ ਤਾਰਾਂ। [11]ਸਿੰਧੀ, ਕੈਤੂਨ, ਜ਼ਰੀ ਦਾ ਬੁਣਿਆ ਹੋਇਆ ਫੀਤਾ ਜੋ ਬਸਤ੍ਰਾਂ ਉੱਪਰ ਸੋਭਾ ਲਈ ਲਾਈਦਾ ਹੈ।

ਪਠਾ ਯੁਤ[1] ਚੀਰ[2] ਸਰੀਰ ਧਰੇ।

[1]ਸੰ. ਪਾਟੂ-ਇਕ ਪ੍ਰਕਾਰ ਦੇ ਰੇਸ਼ਮੀ ਧਾਰੀਦਾਰ ਬਸਤ੍ਰ ਦੇ ਸਹਿਤ। [2]ਬਸਤ੍ਰ।

ਛਹਿਰੇ ਛਬਿ ਛਾਪ ਛਲਾਇਨ ਕੀ[1]
ਗਹਿਰੇ ਨਗ ਕੁੰਦਨ ਹੀਰ ਜਰੇ[1]।

[1]ਛਾਪਾਂ ਤੇ ਛਲਿਆਂ ਦੀ ਸੋਭਾ (ਛਹਿਰੇ) ਫਬ ਰਹੀ ਹੈ।

[1](ਕੁੰਦਨ) ਸੋਨੇ ਵਿੱਚ (ਗਹਿਰੇ) ਸੰਘਣੇ ਨਗ ਤੇ ਹੀਰੇ ਜੜੇ ਹਨ।

ਮਨ ਰੰਜਨ ਨੈਨ ਬਿਨੰਜਨ ਤੈ,
ਮਦ ਗੰਜਨ ਖੰਜਨ ਕੰਜ ਕਰੇ[1]।

[1]ਸੁਰਮੇ ਤੋਂ ਬਿਨਾਂ ਅੱਖਾਂ ਮਨ ਨੂੰ ਖ਼ੁਸ਼ ਕਰਨ ਵਾਲੀਆਂ ਅਤੇ ਮਮੋਲੇ ਤੇ ਕੰਵਲਾਂ ਦੇ ਹੰਕਾਰ ਨੂੰ ਕੱਟਣ ਵਾਲੀਆਂ ਹਨ।

ਕੁਰਬਾਨ ਜਏਂ ਮੁਸਕਾਨ ਪਰੈਂ[1]
ਨਵਲੈਂ ਕਵਲੈਂ ਜਨੁ ਮਾਨ ਹਰੇ[1] ॥ ੧੬ ॥

[1]ਮੁਸਕ੍ਰਾਹਟ ਤੋਂ।

[1]ਜਾਣੋ ਨਵੀਨ ਕੰਵਲਾਂ ਦਾ ਹੰਕਾਰ ਦੂਰ ਕਰਦੀ ਹੈ।

ਸ੍ਰੁਤਿ ਕੁੰਡਲ ਡੋਲਨ ਲੋਲ ਕਪੋਲਨ,
ਬੋਲਨ ਤੈ ਛਬਿ ਛੁੰਗ ਉਠੈ[1]।

[1]ਕੰਨਾਂ 'ਚ ਪਾਏ ਕੁੰਡਲ ਚੰਚਲ ਹੋ ਕੇ ਗਲ੍ਹਾਂ 'ਤੇ ਹਿਲਦੇ ਹਨ, ਬੋਲਣ ਨਾਲ (ਛੁੰਗ) ਬਹੁਤੀ ਸੋਭਾ ਉਠਦੀ ਹੈ।

ਕਚ ਮੇਚਕ ਚਿੱਕਨ ਘੁੰਘਰਿਆਰ,
ਮਨੋ ਭ੍ਰਮਰਾ ਭ੍ਰਮ ਹੈਂ ਅਨੁਠੇ[1]।

[1]ਚੀਕਣੇ ਤੇ ਘੁੰਘਰੂਆਂ ਵਾਲੇ ਕਾਲੇ ਕੇਸ ਜਾਣੋ ਅਨੋਖੇ ਭੌਰੇ ਘੁੰਮ ਰਹੇ ਹਨ।

ਜਿਸ ਕੀ ਦਿਸ ਹੇਰਤ ਹੈਂ ਕਰੁਣਾ ਕਰਿ[1],
ਤਾਂ ਨਰ ਕੇ ਭਵਬੰਧ ਹੁਟੈਂ[1]।
ਚਿਤ ਮੈਂ ਚੁਭਯੋ ਇਹ ਰੂਪ ਜਿਨੈ,
ਜਮ ਤੇ ਨਹਿਂ ਸੋ ਨਰ ਕੈਸ ਛੁਟੇਂ[1] ॥੧੭॥

[1]ਕਿਰਪਾ ਕਰਕੇ।

[1]ਸੰਸਾਰਕ ਬੰਧਨ ਨਾਸ ਹੋ ਜਾਂਦੇ ਹਨ।

[1]ਕਿਵੇਂ ਨਹੀਂ ਛੁਟਣਗੇ ? ਭਾਵ ਜ਼ਰੂਰ ਛੁਟ ਜਾਣਗੇ।

ਮਿਲ ਛੁੰਗ ਛਬੀਲਨ ਚੁੰਗ ਚਢਾਵਤ
ਹੈਂ, ਚਢਿ ਤੁੰਗ ਅਟਾਂ ਪਰ ਸੇਂ[1]।

[1](ਛਬੀਲਨ) ਸੁੰਦਰ (ਬੱਚਿਆਂ) ਦਾ (ਛੁੰਗ) ਟੋਲਾ ਉੱਚੀਆਂ ਅਟਾਰੀਆਂ 'ਤੇ ਚੜ੍ਹ ਕੇ ਉਨ੍ਹਾਂ ਉਪਰੋਂ (ਚੰਗ) ਵੱਡੇ ਪਤੰਗ ਚਢਾਉਂਦਾ ਹੈ।

ਗੁਨ ਜੋਰ ਬਢਾਵਤ ਪਾਵਤ ਪੇਚ,
ਕਟੈਂ ਅਘਟੈਂ ਸੁ ਲਗਾ ਘਰਸੇਂ[1]।

[1]ਡੋਰ ਦਾ ਜ਼ੋਰ ਵਧਾ ਕੇ ਪੇਚਾ ਪਾਉਂਦੇ ਹਨ ਅਤੇ (ਅਘਟੈਂ) ਲਗਾਤਾਰ (ਘਰਸੇਂ) ਰਗੜ ਲਾ ਕੇ ਕਟ ਦੇਂਦੇ ਹਨ।

ਝੁਕ ਜਾਤ ਲਿਫੈਂ ਲਚਕੈਂ ਬਿਹਸੈਂ,
ਮੁਦਦਾਇ ਅਦਾਇ ਬਨਾ ਦਰਸੇਂ[1]।

[1]ਝੁਕ ਜਾਂਦੇ ਹਨ, ਲਿਫ ਕੇ ਝੂਟਦੇ ਹਨ, ਬਹੁਤੇ ਹੱਸਦੇ ਹਨ, ਅਨੰਦ ਦੇਣ ਵਾਲਾ ਢੰਗ ਬਣਾ ਕੇ ਦੇਖਦੇ ਹਨ।

ਜਗ ਜੀਵ ਕਹਾਂ ਪਿਖ ਕੈ ਸੁਰ ਮੋਹਿਂ,
ਚਕੈਂ ਦਿਨਨਾਥ ਨਿਸਾਕਰ ਸੇਂ[1] ॥੧੮॥

[1]ਸੂਰਜ ਤੇ ਚੰਦ੍ਰਮਾ ਵਰਗੇ ਹੀ ਚੱਕ੍ਰਤ ਹੋ ਜਾਂਦੇ ਹਨ।

ਕਬਹੂੰ ਗਹਿ ਗੇਂਦ ਚੁਗਾਨ ਕਰੈਂ[1],

[1]ਕਦੇ ਗੇਂਦ ਫੜ ਕੇ (ਚੁਗਾਨ) ਖੁੱਦੋ ਖੂੰਡੀ ਦੀ ਖੇਲ ਕਰਦੇ ਹਨ।

ਮਧ ਚੌਕ ਚਲਾਵਤ ਚਾਇ ਭਰੇ।
ਇਤ ਤੈ ਉਤ ਦੌਰਿ ਖਿਲਾਰਨਿ ਸੋਂ[1],

[1]ਖਿਡਾਰੀਆਂ ਨਾਲ।

ਮਧਿ ਤਾਰਨ ਜਯੋਂ ਸਸਿ ਸੈਰ ਕਰੇ[1]।

[1]ਜਿਵੇਂ ਤਾਰਿਆਂ ਵਿੱਚ ਚੰਦ ਸੈਰ ਕਰਦਾ ਹੈ।

ਸ੍ਰੁਤਿ ਕੁੰਡਲ ਪੇਚ ਹਲੈ ਪਗੀਆ,
ਲਗੀਆ ਹਰਿ ਗਜਾਨ ਮਹਾਨ ਵਰੇ[1]।

[1]ਕੰਨਾਂ ਦੇ ਕੁੰਡਲ ਤੇ ਪੱਗ ਦੇ ਪੇਚ ਹਿਲਦੇ ਹੋਏ ਗਿਆਨ ਸਿੰਘ (ਕਹਿੰਦਾ ਹੈ) ਬਹੁਤ ਚੰਗੇ ਲੱਗਦੇ ਹਨ।

ਭੁਜ ਨੀਕੇ ਲਗੈਂ[1] ਸਬ ਹੀ ਕੇ ਹੀਯੇ,
ਸੁਠ ਚੰਚਲ ਚਾਲ ਨਿਹਾਲ ਕਰੇ ॥੧੯॥

[1]ਬਾਹਾਂ ਚੰਗੀਆਂ ਲਗਦੀਆਂ ਹਨ।

ਸਿਰਪੇਚ[1] ਜਿਗਾ ਕਲਗੀ ਝਲਕੈ[2],
ਛਲਕੈਂ ਰਵਿ ਪੈ ਜਨੁ ਜੂਥ ਛਟਾ[1]।

[1]ਦਸਤਾਰ। [2]ਚਮਕਦੀ ਹੈ।

[1]ਜਾਣੋ ਸੂਰਜ ਦੇ ਉੱਪਰ ਬਹੁਤੀਆਂ ਬਿਜਲੀਆਂ ਹਿਲਦੀਆਂ ਹਨ।

ਕਠਲਾ ਗਰ ਲਾਲਨ ਮਾਲ ਮਨੀ,
ਜਨੁ ਜਾਲ ਨਖੱਤ ਸਸੀ ਲਪਟਾ[1]।

[1]ਗਲ ਵਿੱਚ ਲਾਲਾਂ ਦਾ ਕੰਠਾ ਤੇ ਮਣੀਆਂ ਦੀ ਮਾਲਾ, ਜਾਣੋ ਬਹੁਤੇ ਤਾਰੇ ਚੰਦ ਨੂੰ ਚਿੰਬੜੇ ਹੋਏ ਹਨ।

ਪਹੁੰਚੀ ਕਰ ਕੰਕਨ ਕਿੰਕਨ ਨੇਵਰ,
ਜ਼ੇਵਰ ਕੀ ਧੁਨਿ ਕਾਮ ਲਟਾ[1]।

[1]ਹੱਥਾਂ ਦੀਆਂ ਪਹੁੰਚੀਆਂ ਤੇ ਕੜੇ, ਤੜਾਗੀ ਤੇ (ਪੈਰਾਂ ਦੀਆਂ) ਝਾਂਜਰਾਂ ਆਦਿ ਗਹਿਣਿਆਂ ਦੀ ਅਵਾਜ਼ ਕਾਮ ਦੀਆਂ ਲਿਟਾਂ (ਜ਼ੁਲਫ਼ਾਂ) ਹਨ।

ਹਰਿ ਗਜਾਨ ਧਰਜੋ ਉਰ ਧਜਾਨ ਜਿਨੈ,
ਗੁਰੁ ਬਾਲ ਬਪੂ[1] ਤਿਹ ਬੰਧ ਕਟਾ ॥੨੦॥

[1]ਬਾਲ ਸਰੂਪ।

ਕਬਿੱਤ:

ਤਨਕ ਚਰਨ ਕਰ ਕਨਕ ਵਰਨ ਵਰ,
ਤਨਕ ਧਨੁਖ ਸਰ ਧਰਿ ਬਨ ਠਨ ਕੈ[1]।

[1]ਛੋਟੇ ਛੋਟੇ ਚਰਨ ਤੇ ਹੱਥ ਸ੍ਰੇਸ਼ਟ ਸੋਨੇਰੰਗੇ ਹਨ, ਛੋਟਾ ਜਿਹਾ ਧਨੁਖ ਤੇ ਤੀਰ ਧਾਰ ਕੇ ਤੇ ਬਣ ਠਣ ਕੇ।

ਤਨਕ ਤਨਕ ਲਰਕਨ ਸੋਂ ਰਮਤ ਤਰ,
ਝਨਕ ਮਨਕ ਹੋਤ ਜੇਵਰਾਨ ਅਨਕੈ[1]।

[1]ਛੋਟੇ ਛੋਟੇ ਲੜਕਿਆਂ ਨਾਲ ਬਹੁਤਾ ਫਿਰਦੇ ਹਨ। ਬਹੁਤੇ ਗਹਿਣਿਆਂ ਕਰ ਕੇ (ਝਨਕ ਮਨਕ) ਛਣਕਾਰ ਹੋ ਰਿਹਾ ਹੈ।

ਤਨਕ ਦਸਨ ਸੁਠ ਹਸਨ ਬਸਨ ਸੋਹਿ[1],

[1]ਛੋਟੇ ਜਿਹੇ ਦੰਦਾਂ ਨਾਲ ਸੁੰਦਰ ਹੱਸਣਾ ਤੇ ਬਸਤ੍ਰ ਸੋਹ ਰਹੇ ਹਨ।

ਕਲਗੀ ਜਿਗਾ ਸਿਪੇਚ ਮੋਹਿ ਮਨ ਜਨ ਕੈ।
ਤਨਕ ਤੁਨੀਰ ਤਲਵਾਰ ਕਟਿ ਤੀਰ,
ਪਰ ਬੁਧਿ ਮੈਂ ਗੰਭੀਰ ਬਡ, ਹੈ ਸਰੀਰ ਤਨਕੈ[1]
॥੨੧॥

[1]ਛੋਟਾ ਜਿਹਾ ਭੱਥਾ ਲੱਕ ਦੇ ਕੰਢੇ ਉੱਪਰ (ਬੱਧਾ ਹੋਇਆ ਹੈ) ਸ਼ਰੀਰ (ਭਾਵੇਂ) ਛੋਟਾ ਜਿਹਾ ਹੈ ਪਰ ਬੁੱਧੀ 'ਚ ਵੱਡੇ ਡੂੰਘੇ ਹਨ।

ਫੌਜ ਰਚਿ ਬਾਲਕਨ ਮੌਜ[1] ਦਿਖਰਾਵੈਂ ਬਹੁ,
ਸੌਜ ਭੁਗਤਾਵੈਂ[1] ਨ ਜਨਾਵੈਂ ਕਾਨ ਆਨ ਹੈਂ[2]।

[1]ਮਨ ਦਾ ਉਤਸ਼ਾਹ।
[1]ਸਮੱਗ੍ਰੀ ਖੁਲਾਉਂਦੇ ਹਨ। [2]ਦੂਜੇ ਦੇ ਕੰਨ 'ਚ ਨਹੀਂ ਜਣਾਉਂਦੇ।

ਸਤਲੁਜ ਤਟ ਪੈ ਸੁ ਭੱਟਨਿ ਗਰੱਟ ਠੱਟ[1],

[1]ਸਤਿਲੁਜ ਦੇ ਕੰਢੇ 'ਤੇ ਸੂਰਮਿਆਂ ਦਾ ਜੱਥਾ ਬਣਾ ਕੇ।

ਜੰਗ ਕੇ ਪ੍ਰਸੰਗ ਰੰਗ ਢੰਗ ਦਿਖਰਾਨ ਹੈ।
ਨਗਰ ਨਿਵਾਸੀ ਨਰ ਨਾਰਿ ਯੌ ਨਿਹਾਰ ਕੈਹੈਂ,
ਹ੍ਵੈ ਹੈਂ ਗੁਰੁ ਤੇਜਵਾਨ ਸਾਨਿ ਦੁਤਿ ਭਾਨ ਹੈ[1]।

[1](ਦੁਤਿ) ਚਮਕਦੇ (ਭਾਨ) ਸੂਰਜ (ਸਾਨਿ) ਵਾਂਗ।

ਕਾਲ ਤ੍ਰੂਕਾਨ ਅਰਿ ਬਨ ਕਿਰਸਾਨ ਹੈਂ,
ਕਿ ਮਘਵਾ ਸੁਜਾਨ ਕੇਊ ਬਿਸ਼ਨੂ ਪ੍ਰਮਾਨ ਹੈਂ[1]
॥੨੨॥

[1]ਵੈਰੀਆਂ ਰੂਪ ਜੰਗਲ ਨੂੰ (ਸਾੜਨ ਲਈ) ਅੱਗ ਹਨ ਜਾਂ ਚਤੁਰ ਇੰਦ੍ਰ ਹਨ ਕੋਈ ਵਿਸ਼ਨੂੰ ਮੰਨਦੇ ਹਨ।

ਦੋਹਰਾ:

ਬਾਲਕ ਲੀਲ੍ਹਾ ਕਰਤ ਗੁਰੁ,
ਬਿਬਿਧਿ ਭਾਂਤਿ ਬਖਜਾਤ।

ਪੁਰਿ ਨਰ ਨਾਰਿਨ ਕਿਆ ਕਥਾ,
ਪੇਖਿ ਬਿਬੁਧਿ ਬਿਸਮਾਤ[1] ॥੨੩॥
[1]ਬਹੁਤੀ ਬੁੱਧੀ ਵਾਲੇ ਹੈਰਾਨ ਹੁੰਦੇ ਹਨ।

ਭਯੋ ਬਿਜਾਹਿ ਉਤਸ਼ਾਹਿ ਜਿਮ,
ਦਸਮ ਗੁਰੂ ਕੋ ਚਾਹਿ[1]।
[1]ਖ਼ੁਸ਼ੀ ਨਾਲ।

ਸੋ ਸਬਿ ਪੂਰਬ ਬਰਨਜੋ,
ਕਥਾ ਨੌਮ ਗੁਰੁ ਮਾਹਿਂ ॥੨੪॥

ਚੌਪਈ:

ਅਬਿ ਪ੍ਰਸੰਗ ਦਸਮੇਂ ਗੁਰੁ ਕੇਰੇ।
ਸੁਨੋ ਭਏ ਜੇ ਬਿਦਤ ਬਧੇਰੇ।
ਇਕ ਦਿਨ ਸਭਾ ਵੀਚ ਗੁਰੁ ਸੋਹੇ।
ਬਿਸ਼ਨੁ ਜਿਸ਼ਨੁ ਜਨੁ ਉਭੈ ਅਰੋਹੇ[1] ॥੨੫॥
[1]ਜਾਣੋ ਵਿਸ਼ਨੂੰ ਤੇ ਇੰਦ੍ਰ ਦੋਵੇਂ ਬੈਠੇ ਹਨ।

ਸੰਗਤ ਦੇਸ ਦੇਸ ਤੈ ਆਈ।
ਕਾਰ ਭੇਟ ਬਹੁ ਬਿਬਿਧਿ[1] ਚਢਾਈ।
[1]ਅਨੇਕ ਤਰ੍ਹਾਂ ਦੀ।

ਦੁਲਚਾ ਨਾਮ ਮਸੰਦ ਬੁਲੰਦੂ[1]।
[1]ਵੱਡਾ।

ਮੁਲਤਾਨੀ ਦੈ ਭੇਟ ਸੁਛੰਦੂ[1] ॥੨੬॥
[1]ਸੁਤੰਤਰ।

ਬੈਠੋ ਹੁਤੋ ਪਾਸ ਅਘਕੰਦੂ[1]।
[1]ਪਾਪਾਂ ਨੂੰ ਕੱਟਣ ਵਾਲੇ।

ਤਿਸ ਦਿਸ ਪਿਖਿ ਬੋਲੇ ਮੁਖ ਚੰਦੂ।
ਕਹੁ ਦੁਲਚਾ ਹਮ ਹਿਤ ਕਜਾ ਲਜਾਯੋ।
ਪਠਜੋ ਸਿੱਖ ਸੋ ਕਿਉਂ ਨ ਦਿਖਾਯੋ ॥੨੭॥

ਇਹੁ ਸੁਨਿ ਸਭਾਸਦ[1] ਸਬਿ ਬਿਸਮੇਂ।
[1]ਸਭਾ 'ਚ ਬੈਠਣ ਵਾਲੇ।

ਦੁਲਚੇ ਕਹਜੋ ਐਸ ਕਿਛੁ ਰਿਸ ਮੇਂ[1]।
[1]ਗੁੱਸੇ 'ਚ।

ਜਿਤਿਕ ਭੇਟ ਗੁਰੁ ਸਿਖਨਿ ਪਠਾਈ।
ਸੋ ਸਬਿ ਮੈਂ ਗੁਰੁ ਅੱਗ੍ਰ ਚਢਾਈ ॥੨੮॥

ਮੈਂ ਅਪਨੇ ਢਿਗ ਕਿਛੂ ਨਰਾਖਾ।
ਸਾਹਿਬਜ਼ਾਦਹਿ ਜੀ ਕਜਾ ਭਾਖਾ।
ਲੀਲ੍ਹਾ ਬਾਲ ਵੀਚ ਗੁਰੁ ਤਬੈ।
ਪੱਗ ਉਤਾਰੀ ਤਿਹ ਕਿਹ ਢਬੈ[1] ॥੨੯॥
[1]ਕਿਸੇ ਢੰਗ ਨਾਲ।

ਕੰਚਨ ਕੰਕਨ ਉਭੈ ਜੜਾਊ[1]।
[1]ਦੋ ਸੋਨੇ ਦੇ ਜੜਾਊ ਕੜੇ।

ਇਕ ਭਰਵੱਟਾ ਦਿਪਤ ਮਹਾਊ[1]।
[1]ਬਹੁਤ ਚਮਕਦਾ ਬਹੁਟਾ (ਬਾਜ਼ੂਬੰਦ)।

ਨਿਕਸੇ ਬਿਗਸੇ ਪਿਖਿ ਸਿਖ ਔਰੈਂ।

ਪਰਜੋ ਤਾਂਹਿ ਸਿਰ ਜਲ ਘਟ ਗੌਰੈਂ[1] ॥ ੩੦ ॥
ਹਾਥ ਜੋਰਿ ਸਿੱਖਨ ਗੁਰੁ ਬੂਝੇ।
ਲਘੁ ਆਯੂ[1] ਸਮ੍ਰੱਥ ਬਡ ਸੂਝੇ[2]।
ਕਿਨ ਏਹ ਪਠੇ ਕਜੋਂ ਨ ਇਨਿ ਦੀਨੇ।
ਪਾਸ ਏਸ ਰਾਵਰ ਕਿਮ ਚੀਨੇ[1] ॥ ੩੧ ॥
ਬੋਲੇ ਕਲਗੀਧਰ ਮੁਸਕਾਏ।
ਚੋਰ ਏਕ ਮੁਲਤਾਨ ਰਹਾਏ।
ਰੂਪਾ ਨਾਮ ਬਿਦਤ ਜਗ ਜਾਨਾ।
ਤਿਹ ਨੁਵਾਬ ਕਾ ਲੁਟਜੋ ਖਜਾਨਾ ॥ ੩੨ ॥
ਚੋਰੀ ਕਰਨ ਜਬੈ ਵਹਿ ਗਯੋ।
ਗੁਰ ਕੀ ਮੰਨਤ ਕਰਤ ਇਹ ਭਯੋ।
ਐਸੀ ਮਾਯਾ ਹਮ ਨਿਜ ਪਾਈ*।

[1]ਬਹੁਤੇ ਪਾਣੀ ਦਾ ਘੜਾ ਭਾਵ ਬਹੁਤਾ ਸ਼ਰਮਿੰਦਾ ਹੋਇਆ।

[1]ਛੋਟੀ ਉਮਰ। [2]ਦੇਖੇ।

[1]ਆਪ ਨੇ ਕਿਵੇਂ ਜਾਣੇ।

*ਇਹ ਪ੍ਰਸੰਗ ਆਖੇਪ ਜਾਪਦਾ ਹੈ। ਗੁਰਬਾਣੀ ਅੰਦਰ ਹਜ਼ੂਰ ਦਾ ਫੁਰਮਾਣ ਹੈ "ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰ ਕੀਆ ਚੰਗਾ ਕਿਉਂ ਹੋਇ ॥" ਚੋਰ ਦੀ ਮਦਦ ਕਰਨ ਲਈ ਗੁਰੂ ਜੀ ਵੱਲੋਂ ਆਪਣੀ ਸ਼ਕਤੀ ਦੀ ਵਰਤੋਂ ਕਰਨੀ ਗੁਰਮਤਿ ਸਿਧਾਂਤਾਂ ਦੇ ਵਿਰੁੱਧ ਹੈ। ਕਿਸੇ ਮਸੰਦ ਦਾ ਕਿਸੇ ਸਿੱਖ ਦੀ ਦਿੱਤੀ ਭੇਟਾ ਛੁਪਾ ਲੈਣੀ ਤੇ ਗੁਰੂ ਜੀ ਨੇ ਪ੍ਰਗਟ ਕਰ ਦੇਣੀ, ਇਹ ਪ੍ਰਸੰਗ ਠੀਕ ਹੋ ਸਕਦਾ ਹੈ।

ਪਹਿਰੂ ਜਨ ਗਨ ਦਏ ਸੁ ਲਾਈ ॥ ੩੩ ॥
ਤਾਂਹਿ ਭੇਟ ਇਹੁ ਹਮ ਹਿਤ ਪਠੀ।
ਭਾਈ ਦੁਲਚੇ ਇਹ ਮਨ ਠਟੀ।
ਨਿਜ ਨਾਤੀ[1] ਕੋ ਜ਼ੇਵਰ ਏਹੂ।
ਪਹਿਰੈਹੋਂ, ਗੁਰੁ ਲਖੈਂ ਨ ਕੇਹੂ ॥ ੩੪ ॥
ਇਹੀ ਬਾਤ ਦੁਲਚੇ ਦਿਢ ਮਾਨੀ।
ਭੂਲ ਜੋਰਿ ਕਰ ਪੁਨ ਬਖਸ਼ਾਨੀ।
ਤਬੈ ਮੇਵਰਨਿ[1] ਸਿੱਖਨਿ ਮਸੰਦੈਂ।
ਲਖੇ ਦਸਮ ਗੁਰੁ ਈਸ ਸੁਛੰਦੈਂ ॥ ੩੫ ॥
ਨੌਮ ਗੁਰੂ ਭੀ ਦਿਢ ਉਰਿ ਧਾਰੀ।
ਸਾਹਿਬ ਜ਼ਾਦਾ ਹ੍ਵੈ ਬਲਿਕਾਰੀ[1]।
ਗੁਰਸਿੱਖੀ ਇਹੁ ਠੀਕ ਸੰਭਾਰੇ।
ਇਹੁ ਠਟ ਜ਼ਿਕਰ ਫਿਕਰ ਪਰਿਹਾਰੇ[1] ॥ ੩੬ ॥

[1]ਪੋਤਰੇ।

[1]ਅਰਦਾਸੀਆਂ।

[1]ਬਲੀ।

[1]ਇਹ ਧਾਰ ਕੇ ਫ਼ਿਕਰ ਦਾ ਜ਼ਿਕਰ ਦੂਰ ਕਰ ਦਿੱਤਾ।

ਦੋਹਰਾ:

ਪੁਨ ਪ੍ਰਸੰਗ ਨੁਰੰਗ ਕੋ,
ਇਕ ਦਿਨ ਚਲਜੋ ਬਧੇਰ।
ਕਰੇ ਜੁਲਮ ਆਤੁਲਮ[1] ਜਜੋਂ, [1]ਬਹੁਤੇ।
ਉਨਿ ਹਿੰਦੁਨ ਪਰ ਹੇਰ[1] ॥ ੩੭ ॥ [1]ਦੇਖੋ।

ਚੌਪਈ:

ਸਭਾ ਸਦਨਿ[1] ਤਬਿ ਸਬਿਨਿ ਸਭਾ ਮੈਂ। [1]ਸਭਾ 'ਚ ਬੈਠਣ ਵਾਲਿਆਂ।
ਬਾਤ ਚਲਾਈ ਦੁਖਤ ਅਭਾ ਮੈਂ[1]। [1]ਬਹੁਤ ਦੁਖੀ ਹਿਰਦੇ ਨਾਲ।
ਹਿੰਦੁਨ ਕੋ ਦੁਖ ਦੀਨੇ ਭਾਰੇ।
ਬਾਦਸ਼ਾਹ ਜ਼ਾਲਮ ਬਲਕਾਰੇ ॥ ੩੮ ॥
ਨੌਮ ਗੁਰੂ ਸੁਨਿ ਸਹਜਿ ਸੁਭਾਏ।
ਬੋਲੇ ਤੁਰਕ ਤੇਜ ਤਬਿ ਜਾਏ।
ਪੂਰਨ ਪੁਰਖ ਹੋਇ ਜੇ ਕੋਊ।
ਹਿੰਦੁ ਧਰਮ ਹਿਤ ਸਿਰ ਦੈ ਸੋਊ ॥ ੩੯ ॥
ਇਹੁ ਸੁਨਿ ਪੁਨ ਗੁਰੁ ਦਸਮ ਉਚਾਰਾ।
ਰਾਵਰ ਸਮ ਨਹਿਂ ਦੁਤੀ ਉਦਾਰਾ।
ਦੇਹ ਅਨਿੱਤ[1], ਨਿੱਤ ਜਸ ਰੈਹੈ। [1]ਝੂਠੀ।
ਧੰਨਜ ਸੁ ਪਰ ਹਿਤ ਜੋ ਸਿਰ ਦੈਹੈ ॥ ੪੦ ॥
ਅਰ ਕਬੂਲ ਰਾਵਰ ਦਰਗੈਹੈਂ[1]। [1]ਆਪ ਦੀ ਦਰਗਾਹ 'ਚ।
ਮਾਨਨੀਯ[1] ਸੁਰ ਮੁਨਿ ਜਨ ਕੈਹੈਂ[2]। [1]ਮੰਨਣ ਯੋਗ। [2]ਕਹਿੰਦੇ ਹਨ।
ਇਮ ਸੁਨਿ ਮੌਨ ਨੌਮ ਗੁਰੁ ਰਹੇ।
ਮਾਨਜੋ ਮਨ ਸੁਤ ਸਾਚ ਕਹੇ ॥ ੪੧ ॥
ਹੋਨਹਾਰ ਇਨਿ ਸਹੀ ਬਖਾਨੀ।
ਤੀਨ ਕਾਲ ਕੇ ਹੈਂ ਇਹੁ ਗਜਾਨੀ।
ਲੀਲ੍ਹਾ ਬਾਲ ਦਸਮ ਗੁਰੁ ਲਾਗੇ।
ਸਭਾਸਦ ਗੁਰੁ ਰੰਗੈਂ ਪਾਗੇ[1] ॥ ੪੨ ॥ [1]ਪ੍ਰੇਮ 'ਚ ਲੀਨ।
ਕੋ ਕਹਿ ਬਾਲਕ ਲੀਲ੍ਹਾ ਵਾਚੀ[1]। [1]ਕਹੀ ਹੈ।
ਕੌ ਕਹਿ ਹ੍ਵੈ ਹੈ ਏਹੀ ਸਾਚੀ।
ਕਿਤਿਕ ਦਿਵਸ ਜਬਿ ਔਰੈਂ ਬੀਤੇ।
ਕਸ਼ਮੀਰੀ ਦ੍ਵਜ ਅਏ ਸਭੀਤੇ[1] ॥ ੪੩ ॥ [1]ਡਰ ਸਹਿਤ।

ਉਨਿ ਪ੍ਰਭੁ ਕੀ ਪੱਤ੍ਰੀ[1] ਦਿਖਰਾਈ। [1]ਸ਼ਿਵ ਦੀ ਚਿੱਠੀ।
ਮਾਨਿ ਨੌਮ ਗੁਰੁ ਸਿਰ ਦਿਯ ਜਾਈ।
ਸੋ ਗਾਥਾ ਹਮ ਪੂਰਬ ਗਾਈ।
ਸੁਨੋ ਦਸਮ ਗੁਰੁ ਕੀ ਅਬਿ ਭਾਈ ॥ ੪੪ ॥
ਕਿਰਜਾ ਕਰਮ ਨੌਮੇ ਗੁਰੁ ਹੇਤੈਂ।
ਜੱਗਜ ਦਾਨ ਕਰਿ ਬਿਬਿਧਿ ਸਹੇਤੈਂ[1]। [1]ਪਿਆਰ ਨਾਲ।
ਮਾਤੁਲਾਦਿ ਸਚਵਨ[1] ਮਿਲਿ ਮਾਤਾ। [1]ਮਾਮਾ ਜੀ ਆਦਿ ਸਲਾਹਕਾਰਾਂ ਨਾਲ।
ਦਿਵਸ ਮਥਜੋ ਹਿਤ ਤਿਲਕ ਬਖਜਾਤਾ ॥ ੪੫ ॥
ਸ੍ਵੈਯਾ:
ਫਾਗਨ ਮਾਸ ਵਦੀ ਥਿਤਿ ਪੰਚਮਿ,
ਆਦਿਤ ਵਾਰ[1] ਵਿਚਾਰ ਉਦਾਰੂ। [1]ਐਤਵਾਰ।
ਦੇਸ ਬਿਦੇਸ ਮਸੰਦਨ ਕੋ ਲਿਖਜੋ,
ਗੁਰ ਕੋ ਭਵ[1] ਹੈ ਦਸਤਾਰੂ। [1]ਹੋਵੇਗੀ।
ਆਵਹੁ ਲਜਾਵਹੁ ਸੰਗਤ, ਭੇਟ
ਦਿਲਾਵਹੁ, ਪਾਵਹੁ ਖਿੱਲਤ ਚਾਰੂ[1]। [1]ਚੰਗਾ ਸਿਰੋਪਾਉ।
ਗਾਦੀ ਥਿਰੈਂ ਦਸਮੇ ਗੁਰੁ ਨੂਤਨ[1], [1]ਨਵੇਂ।
ਲੇਹੁ ਦਿਦਾਰ ਯੁਤੈਂ ਫਲ ਚਾਰੂ ॥ ੪੬ ॥
ਦੋਹਰਾ:
ਗਏ ਹੁਕਮ ਨਾਮੇ ਜਬੈ,
ਠੌਰ ਠੌਰ ਦਿਸ ਚਾਰ।
ਸੁਨਿ ਸੁਨਿ ਸੰਗਤਿ ਸੰਗ ਲੈ,
ਅਏ ਮਸੰਦ ਅਪਾਰ ॥ ੪੭ ॥
ਸ੍ਵੈਯਾ ਛੰਦ:
ਬੇਦੀ ਤੇਹਣ, ਭੱਲੇ, ਸੋਢੀ,
ਚਾਰੋਂ ਕੁਲ ਕੇ ਆਏ ਹੰਸ[1]। [1]ਸੂਰਜ।
ਬਾਈ ਮੰਜੀ ਆਦਿਕ ਬਖਸ਼ਾਂ
ਵਾਰੇ[1], ਆਏ ਸਭੀ ਨਿਸੰਸ। [1]ਬਖ਼ਸ਼ਸ਼ਾਂ ਵਾਲੇ।
ਬ੍ਰਿੱਧ ਅੰਸ ਸ੍ਰੀ ਗੁਰੁਦਿੱਤਾ ਜੀ,
ਨੌਮ ਗੁਰੂ ਪਾਸੋਂ ਸੋ ਆਇ।
ਸ੍ਰੀ ਫਲ[1] ਪੈਸੇ ਚਿੰਨ੍ਹ ਗੁਰੁਤਾ ਕਾ, [1]ਨਲੇਰ।

ਦਸਮ ਗੁਰੈਂ ਪੁਰਿ ਆਨੰਦ ਦਾਇ[1] ॥ ੪੮ ॥

[1]ਦਿੱਤਾ।

ਆਪ ਜਾਇ ਰਮਦਾਸ ਪੁਰੇ ਢਿਗ,
ਨਿਜ ਤਨ ਤ੍ਰਿਨ ਜਿਵ[1] ਦੀਨੋ ਛੋਰ।

[1]ਕੱਖ ਵਾਂਗ।

ਰਾਮ ਕੌਰ ਤਿਨ ਕੇ ਸੁਤ ਆਛੇ,
ਪਾਛੇ ਰਹੇ ਸੁ ਗਾਛੇ ਭੋਰ[1]।

[1]ਉਹ ਸਵੇਰੇ ਚਲ ਪਏ।

ਜਸੋਂ ਵਜ਼ੀਰ ਪਤਿਸ਼ਾਹਨ ਕੇ, ਹ੍ਵੈਂ,
ਤਸੋਂ ਗੁਰੂਅਨ ਢਿੱਗ ਬੁੱਢੇ ਕੇਰ[1]।

[1]ਬਾਬੇ ਬੁੱਢੇ ਜੀ ਦੀ ਵੰਸ਼ ਦੇ।

ਤਿਲਕ ਮਿਲਕ ਗੁਰੁਤਾ ਇਨਿ ਹੀ ਕਾ
ਥਾ[1], ਜਿਹ ਦੇਂਹ ਸੁ ਹ੍ਵੈ ਗੁਰ ਫੇਰ ॥ ੪੯ ॥

[1]ਗੁਰਤਾ–ਗੱਦੀ ਦਾ ਤਿਲਕ ਹੀ ਇਨ੍ਹਾਂ ਦੀ ਜਾਗੀਰ ਸੀ।

ਯਾਂ ਤੇ ਰਾਮ ਕੌਰ ਬਾਲਕ ਬਯ,
ਪਹੁੰਚੇ ਆਨੰਦ ਪੁਰਿ ਗੁਰੁ ਪਾਸ।
ਸਤਿ ਨਾਮੁ ਕੇ ਸਭਿ ਉਪਦੇਸੀ,
ਆਏ ਲਜਾਏ ਭੇਟਾ ਖਾਸ।
ਡੇਰੇ ਲਗੇ ਚੁਫੇਰੇ ਪੁਰਿ ਕੇ,
ਗੁਰ ਕੇ ਦਰਸ਼ਨ ਕੋ ਉਮਗਾਹਿ।
ਕੀਰਤਨ ਕਰੈਂ ਰਬਾਬੀ ਰਾਗੀ,
ਕਿਤ ਕਿਤ ਸੰਗਤ ਗਾਵਤ ਚਾਹਿ ॥ ੫੦ ॥
ਢਾਢੀ ਡੋਮ[1] ਨਕਲੀਏ ਨਟ ਭਟ,

[1]ਮਿਰਾਸੀ।

ਰਚੇ ਅਖਾਰੇ ਅਨਿਕ ਪ੍ਰਕਾਰ।
ਕੌਤਕ ਠੌਰ ਠੌਰ ਬਹੁ ਹੋਵਤ
ਬਾਦ ਨਾਦ[1] ਨਭ ਭਰਜੋ ਅਪਾਰ।

[1]ਵਾਜਿਆਂ ਦੀ ਅਵਾਜ਼ ਨਾਲ।

ਦਾਦਰ ਮੋਰ ਪਪੀਹੇ ਕੋਕਿਲ,
ਘਨ ਜਨੁ ਬੋਲਤ ਪਾਵਸ ਕੀਨ[1]।

[1]ਵਰਖਾਰੁੱਤ ਕਰ ਕੇ ਜਾਣੋ ਬੱਦਲ ਗਰਜਦੇ ਤੇ ਡੱਡੂ, ਮੋਰ, ਪਪੀਹੇ ਤੇ ਕੋਇਲਾਂ ਆਦਿ ਬੋਲ ਰਹੇ ਹਨ।

ਲੰਗਰ ਨਿਸ ਦਿਨ ਬਹੁ ਠਾਂ ਵਰਤੈ
ਲਗੀ ਛਬੀਲੈਂ[1] ਜਲ ਕੀ ਪੀਨ[2] ॥ ੫੧ ॥

[1]ਪਉ– ਪਾਣੀ ਪਿਆਉਣ ਦਾ ਥਾਂ। [2]ਬਹੁਤੀਆਂ।

ਮਾਤੁਲ, ਸਾਹਿਬ ਚੰਦ, ਜੀਤ ਮੱਲ,
ਦਿਆਲਾ, ਬਖਤਾ, ਗੁਰੀਆ, ਲਾਲ।
ਸਤੀਰਾਮ, ਚੌਂਪਾ ਮਲ ਆਦਿਕ,
ਬੰਦੋਬਸਤ ਇਨਿ ਕਰਜੋ ਬਿਸਾਲ।

ਮਨ ਭਾਵਤ ਸਭ ਕੋ ਬਰ ਮਿਲਹੀਂ,
ਰਿੱਧੀ ਸਿੱਧੀ ਪ੍ਰਗਟੀ ਆਇ।
ਗੁਰੁ ਪ੍ਰਤਾਪ ਤੈ ਕਿਆ ਨਹਿ ਭਵ ਹੈ[1],
ਥਵ ਹੈ ਸੋਈ[1] ਜੋ ਗੁਰੁ ਭਾਇ ॥ ੫੨ ॥

[1]ਨਹੀਂ ਹੋ ਸਕਦਾ।
[1]ਉਹ ਹੁੰਦਾ ਹੈ।

ਪਾਂਚ ਦਿਵਸ ਇਮ ਮੇਲਾ ਭਾਰਾ,
ਰਹਜੋ ਧਕੇਲਾ ਰੇਲਾ ਪੇਲ[1]।
ਲੋਗਨ ਕੋ ਘਰ ਭੂਲੇ ਅਪਨੇ,
ਸੁਨ ਹੈਂ ਭਜਨ ਕਿ ਗੁਨ ਹੈਂ ਖੇਲ[1]।
ਅਕੁਲਾਵਤ ਉਤਲਾਵਤ ਗਾਵਤ[1],
ਕਬਿ ਦੇਖੈਂ ਗੁਰੁ ਕੋ ਅਭਿਖੇਕ[1]।
ਦਰਸੈਂ ਗਾਦੀ ਪਰ ਪਗ ਪਰਸੈਂ[1],
ਭਰਸੈਂ[1] ਇੱਛਜਾ ਨਿਜ ਨਿਜ ਨੇਕ ॥ ੫੩ ॥

[1]ਧੱਕ ਮੁ-ਧੱਕਾ।
[1]ਖੇਡਾਂ ਦੀ ਵਿਚਾਰ ਕਰਦੇ ਹਨ।
[1]ਕਾਹਲੇ ਪੈ ਕੇ ਛੇਤੀ ਕਹਿੰਦੇ ਹਨ।
[1]ਤਿਲਕ ਦੀਰਸਮ।
[1]ਚਰਨ ਛੁਹਾਵਾਂਗੇ।
[1]ਪੂਰੀਆਂ ਕਰਾਂਗੇ।

ਪੁਨ ਮਾਤੁਲ ਕ੍ਰਿਪਾਲ ਕਰਾਈ,
ਤਜਾਰੀ ਸਭ ਅਭਿਖੇਕਹਿ ਕੇਰ।
ਫਰਸ਼ ਰੰਗੀਨ ਬਿਪੁਲ[1] ਬਿਛਵਾਏ,
ਤਨੇ ਬਿਤਾਂਨੇ[1] ਬਹੁ ਬਿਨ ਦੇਰ।
ਕਿਤ ਮਖਮਲੀ ਅਤਲਸੀ[1] ਸਾਂਟਨ[2],

[1]ਬਹੁਤੇ।
[1]ਚੰਦੋਏ।
[1]ਰੇਸ਼ਮੀ ਚਮਕੀਲਾ ਬਸਤ੍ਰ। [2]ਸਾਟਨ- ਇਕ ਤਰ੍ਹਾਂ ਦਾ ਰੇਸ਼ਮੀ ਬਸਤ੍ਰ।

ਪਸ਼ਮੀਨੇ ਕੇ ਕੀਨੇ ਕਾਰ[1]।
ਜ਼ਰੀ ਮੁਕੇਸ਼ ਝਾਲਰਾਂ ਝੂਲੇਂ
ਝਮਕਤ, ਦਮਕਤ ਮੁਕਤਾ ਚਾਰ[1] ॥ ੫੪ ॥

[1]ਕਢਾਈ ਦਾ ਕੰਮ ਕੀਤਾ ਹੋਇਆ ਹੈ।
[1]ਸੁੰਦਰ ਮੋਤੀ ਚਮਕਦੇ ਹਨ।

ਵਿਚ ਵਿਚ ਲਰੀ ਲਰਕਤੀ[1] ਲਾਲਨਿ,
ਹੀਰੇ ਪੰਨੇ ਜਰੇ ਸਤਾਰ।
ਦਾਮਨਿ ਦੁਰੀ ਮਨੋ ਰਵਿ ਰਿਸ਼ਮਨ,
ਸਾਰਦ ਰਾਂਕਾ ਕਿਤ ਨਿਰਧਾਰ[1]।

[1]ਲੜੀਆਂ ਲਟਕਦੀਆਂ ਹਨ।
[1]ਜਾਣੋ ਬਿਜਲੀ (ਜਾਂ) ਸੂਰਜ ਦੀਆਂ ਕਿਰਨਾਂ ਲੁਕੀਆਂ ਹੋਈਆਂ ਹਨ ਜਾਂ ਸਰਦਰੁੱਤ ਦੀ ਪੁੰਨਿਆਂ ਦਾ ਚੰਦ ਸਮਝੋ।

ਚੋਬੈਂ ਚਾਮੀਕਰ ਕੀ ਚਿੱਤ੍ਰਤ[1],
ਕਾਮ ਚਿਤੇਰੇ[1] ਜਨੁ ਕਿਯ ਕਾਮ।
ਰੇਸ਼ਮ ਡੋਰੈਂ ਥਿਰੀ ਚੁਕੋਰੈਂ[1],
ਦੀਹ ਦਮਦਮੇ ਊਪਰ ਆਮ[1] ॥ ੫੫ ॥

[1]ਸੋਨੇ ਦੀਆਂ ਚੋਬਾਂ ਚਿੱਤ੍ਰੀਆਂ ਹੋਈਆਂ ਹਨ।
[1]ਕਾਮ ਚਿੱਤ੍ਰਕਾਰ ਨੇ।
[1]ਚਹੁੰ ਪਾਸੀਆਂ ਲੱਗੀਆਂ ਹੋਈਆਂ ਹਨ।
[1]ਵੱਡੇ ਥੜੇ ਉੱਤੇ ਬਹੁਤੀਆਂ।

ਸਾਯੁਧ ਸੁਭਟ ਚਹੁੰਘਾ[1] ਪਹਰੇ,
ਦੁਹਿਰੇ ਤਿਹਰੇ ਠਹਿਰੇ ਆਇ।
ਤੁੰਗ[1] ਬਿਛੀ ਮਸਨੰਦ[2] ਗੁਰੂ ਕੀ,
ਮੀਨਾਕਾਰੀ[1] ਜਰੀ ਜਰਾਇ[2]।

[1]ਚੌਹੀਂ ਪਾਸੀਂ ਸ਼ਸਤ੍ਰਾਂ ਸਹਿਤ ਸੂਰਮੇ।

[1]ਉੱਚੀ। [2]ਗੱਦੀ।

[1]ਸੋਨੇ ਆਦਿ ਧਾਤੂ ਤੇ (ਮੀਨਾ) ਨੀਲੇ ਪੱਥਰ ਨੂੰ ਚੜ੍ਹਾਉਣ ਦਾ ਕੰਮ। [2]ਜ਼ਰੀ ਦੀ ਜੜਤ ਕੀਤੀ ਹੋਈ ਹੈ।

ਜਰੀਦਾਰ ਮਖਮਲੀ ਟਿਕਾਏ,
ਉਪਧਾਨੇ ਸੋਹਾਨੇ ਚਾਰ[1]।
ਰੁਚਿਰ ਰਚੀ ਫੁਲਵਾਰੀ ਇਕ ਦਿਸ, ਬਰਸਤ ਫੋਹਾਰੇ ਫੋਹਾਰ ॥ ੫੬ ॥

[1]ਸੁੰਦਰ ਸਰਹਾਣੇ ਸੋਭਦੇ ਹਨ।

ਪਠੇ ਮੇਵਰੇ ਸੰਗਤ ਮੈਂ ਬਹੁ,
ਆਵੈਂ ਕਹਜੋ ਦਮਦਮੇ ਓਰ।
ਇਤ ਸੋਢੀਸ ਈਸ ਜਗ ਸਿੱਖਨਿ,
ਕਰਿ ਇਸ਼ਨਾਨ ਸਕੇਸ ਬਹੋਰ।
ਸੂਖਮ ਬਸਤ੍ਰ ਸਜ ਦਸਤਾਰਾ,
ਗਜ ਮੁਕਤਾ ਗਰਿ ਮਾਲ ਬਿਸਾਲ।
ਚੌਂਕੀ ਨਾਮੀ ਕੰਠ ਕੰਠਾ ਸੁਠ[1],
ਜਟੇ ਅਤਨ ਜਨੁ ਮਨਿ ਗਨ ਲਾਲ[1] ॥ ੫੭ ॥

[1]ਗਲ 'ਚ ਸੁੰਦਰ ਕੰਠਾ ਚੌਕੀ ਨਾਮ ਦਾ ਭਾਵ ਚਹੁੰ ਲੜੀਆਂ ਦਾ।

[1]ਜਾਣੋ ਬਹੁਤੇ ਲਾਲ ਤੇ ਮਣੀਆਂ (ਅਤਨ) ਕਾਮ ਨੇ ਜੜੀਆਂ ਹਨ।

ਭੁਜ ਦੰਡਨ ਮੰਡਨ ਚਟਕੀਲੇ,
ਅੰਗਦ ਜਟੇਰਤਨ ਨਵ ਜਾਤ[1]।

[1]ਡੌਲਿਆਂ ਦੇ ਸਜਾਉਣ ਲਈ ਚਮਕਦਾਰ ਬਾਜ਼ੂ ਬੰਦ ਜਿਨ੍ਹਾਂ ਵਿੱਚ ਨੌ ਜਾਤਾਂ ਦੇਰਤਨ ਜੜੇ ਹੋਏ ਹਨ।

ਜਨ ਨਵ ਗ੍ਰਹ ਗੁਰੁ ਕੋ ਨਿਜ ਪ੍ਰਭ ਲਖਿ,
ਲਪਟੇ[1] ਆਇ ਭੁਜਾ ਬਖਜਾਤ।
ਰਮਾ ਕੰਜ ਤੈ ਵਰਨ ਕਰਨ ਮੈਂ[1],
ਸੁਵਰਨ ਮੁੰਦ੍ਰੀ ਕੜੇ ਸੁਹਾਹਿਂ।
ਕੁੰਡਲ ਲੋਲ ਕਪੋਲਨ ਡੋਲਨ,
ਉਠਤ ਕਲੋਲ ਅਮੋਲ ਛਬਾਹਿਂ[1] ॥ ੫੮ ॥

[1]ਚਿੰਬੜੇ ਹਨ।

[1]ਲੱਛਮੀ ਤੇ ਕੰਵਲ ਤੋਂ ਸੁੰਦਰ ਹੱਥਾਂ ਵਿੱਚ।

[1]ਚੰਚਲ ਕੁੰਡਲ ਗੱਲ੍ਹਾਂ 'ਤੇ ਹਿਲਦੇ ਹਨ ਤਾਂ ਅਮੋਲਕ ਛਬ ਦੀਆਂ ਲਹਿਰਾਂ ਉਠਦੀਆਂ ਹਨ।

ਰਾਂਕਾ-ਪਤਿ ਪਰ ਜੁਗ ਰਵਿ ਕੈਧੋਂ,
ਕੰਜ ਮੰਜ ਪਰ ਚਪਲਾ ਸੋਹਿਂ[1]।

[1]ਪੂੰਨਿਆਂ ਦੇ ਚੰਦ ਤੇ ਦੋ ਸੂਰਜ ਹਨ ਜਾਂ ਉੱਜਲ ਕੰਵਲ ਤੇ (ਦੋ) ਬਿਜਲੀਆਂ ਸੋਂਹਦੀਆਂ ਹਨ।

ਅਮੀ ਮਧੁਰ ਅਧਰਨ ਤੈ ਚਖਬੇ,

ਝੁਕੇ ਮਨੋ ਗਹਿ ਰਹੇ ਸੁ ਜੋਹਿਂ[1]।

[1]ਜਾਣੋ ਬੁੱਲ੍ਹਾਂ ਤੋਂ ਮਿੱਠਾ ਅੰਮ੍ਰਿਤ ਚੱਖਣ ਲਈ ਝੁਕੇ ਹੋਏ ਹਨ ਪਰ ਪਕੜੇ ਹੋਣ ਕਰ ਕੇ ਤੱਕ ਰਹੇ ਹਨ।

ਕੰਜ ਪਾਂਖੁਰੀ ਪਰ ਜਨੁ ਅਹਿ ਸੁਤ
ਲਮਕੇ, ਝਲਕੈਂ ਅਲਕੈ ਐਸ[1]।

[1]ਕੰਵਲ ਦੀ ਪੰਖੜੀ ਤੇ ਜਾਣੋ ਸੱਪ ਦੇ ਬੱਚੇ ਲਮਕਦੇ ਹਨ, ਇਸ ਤਰ੍ਹਾਂ ਮੁਖ 'ਤੇ ਲਿਟਾਂ (ਜ਼ੁਲਫ਼ਾਂ) ਚਮਕਦੀਆਂ ਹਨ।

ਖੁਸ਼ ਨਵੀਸ ਜਨੁ ਮੁਨਸ਼ੀ ਮਦਨ,
ਸੁਠ ਲਿਖਜੋ ਕਾਚ ਪੈ ਕਾਫ ਅਤੈਸ[1] ॥ ੫੯ ॥

[1]ਜਾਣੋ ਚੰਗੀ ਲਿਖਤ ਲਿਖਣ ਵਾਲੇ ਮੁਨਸ਼ੀ ਕਾਮਦੇਵ ਨੇ ਕੱਚ ਉੱਪਰ (ਅਤੈਸ) ਬਹੁਤਾ ਸੁੰਦਰ (ਫ਼ਾਰਸੀ ਦਾ) ਕਾਫ਼ (ਅੱਖਰ) ਲਿਖਿਆ ਹੈ।

ਨੀਕ ਉਸਨੀਕ ਜਿਗਾ ਕਲਗੀ ਸੁਚ,
ਝੂਲਤ ਤੁੰਗ ਸੀਸ ਮਨ ਮੋਹਿ[1]।

[1]ਚੰਗੀ ਦਸਤਾਰ ਉੱਤੇ ਪਵਿੱਤ੍ਰ ਜਿਗਾ ਤੇ ਉੱਚੀ ਕਲਗ਼ੀ ਝੂਲਦੀ ਮਨ ਨੂੰ ਮੋਹਿਤ ਕਰ ਰਹੀ ਹੈ।

ਪਹਰਜੋ ਖੜਗ ਸੁਸ਼ਟ ਪੁਸ਼ਟਹਿ ਗਰਿ,
ਮੁਸ਼ਟ ਪੁਰਟ ਜਟ ਚਟਪਟ ਹੋਹਿ[1]।

[1](ਪੁਰਟ) ਹੀਰਿਆਂ ਨਾਲ ਜੜਤ ਮੁੱਠ ਵਾਲੀ ਸੁੰਦਰ ਤੇ ਮਜ਼ਬੂਤ ਤਲਵਾਰ (ਚਟਪਟ ਹੋਹਿ) ਛੇਤੀ ਨਾਲ ਗਲ 'ਚ ਪਹਿਨੀ।

ਸੂੱਛ ਗੂੱਛ ਮੁਕਤਾ ਯੁਕਤਾ ਬਡ,
ਧਰਜੋ ਨਿਖੰਗ ਜੋ ਭਰਜੋ ਖਤੰਗ[1]।

[1]ਉੱਜਲ ਮੋਤੀਆਂ ਦੇ ਗੁੱਛਿਆਂ ਸਹਿਤ ਵੱਡਾ ਭੱਥਾ ਪਹਿਨਿਆ ਹੋਇਆ ਹੈ ਜੋ ਤੀਰਾਂ ਨਾਲ ਭਰਿਆ ਹੋਇਆ ਹੈ।

ਕਮਰ ਕਸੇ ਮਹਿਂ ਖੰਜਰ ਜਮਧਰ,
ਬਿਛੂਆ ਕਸੇ ਤਮੰਚ ਨਿਸੰਗ[1] ॥ ੬੦ ॥

[1]ਕਮਰ-ਕੱਸੇ ਵਿੱਚ ਛੋਟੀ ਕਟਾਰ, ਦੋਧਾਰੀ ਕਟਾਰ ਤੇ ਪੇਸ਼ ਕਬਜ਼ (ਕਰਦ ਦੇ ਅਕਾਰ ਦਾ ਸ਼ਸਤ੍ਰ) ਤੇ ਪਸਤੌਲ ਨਾਲ ਕੱਸੇ ਹੋਏ ਹਨ।

ਕੰਧਿ[1] ਕਮਾਨ ਲਹੌਰੀ ਧਰਿ ਕੈ,
ਫਰ ਕੈ ਸਰ ਕਰ ਕੈ ਮਧ ਫੇਰ[1]।

[1]ਮੋਢੇ ਤੇ।
[1]ਤੀਰ ਹੱਥ ਦੇ ਵਿੱਚ ਫੜ ਕੇ ਫੇਰਦੇ ਹਨ।

ਜੁਗ ਮਾਤਨ ਪਗ ਬੰਦਨ ਕੀਨੋ,
ਅਭਿਨੰਦਨ ਕਿਯ ਨੰਦਨ ਹੇਰਿ[1]।

[1]ਪੁੱਤਰ ਨੂੰ ਵੇਖ ਕੇ ਖ਼ੁਸ਼ੀ ਕੀਤੀ।

ਦੇਤ ਅਸੀਸ ਸੀਸ ਕਰ[1] ਫੇਰਤ,
ਹੋਵੋ ਸੁਜੱਸ ਪ੍ਰਤਾਪ ਬਿਸਾਲ।
ਕੇਹਰਿ ਠਵਨ ਗਵਨ ਭਵਨੋ ਕਰਿ,
ਆਏ ਦਰ ਪਰ ਰਵਿ ਜਨੁ ਬਾਲ[1] ॥ ੬੧ ॥

[1]ਹੱਥ।

[1](ਭਵਨੋ) ਘਰ ਦੀ (ਠਵਨ) ਜਗ੍ਹਾ ਤੋਂ (ਕੇਹਿਰ ਗਵਨ) ਸ਼ੇਰ ਵਾਂਗ ਚਲ ਕੇ ਦਰਵਾਜ਼ੇ ਤੇ ਆਏ ਜਾਣੋ ਸਵੇਰ ਦੇ ਸੂਰਜ ਹਨ।

ਲੋਕ ਕੋਕ[1] ਉਮਡੇ[2] ਹਿਤ ਦਰਸ਼ਨ,

[1]ਲੋਕਾਂ ਰੂਪ ਚਕਵੇ। [2]ਉੱਛਲ ਕੇ।

ਸਿੰਧੁ ਲਹਰ ਜਿੰਮ ਇੰਦੁ ਨਿਹਾਰਿ[1]।
ਏਕਹਿ ਵਾਰ ਹਜਾਰੋਂ ਝੁਕਹੀਂ
ਜੈਸ ਨਿਵਾਜੀ ਈਦ ਕਤਾਰ[1]।

[1]ਜਿਵੇਂ ਚੰਦ ਨੂੰ ਦੇਖ ਕੇ ਸਮੁੰਦਰ ਦੀ ਲਹਿਰ (ਉਛਲਦੀ) ਹੈ।

[1]ਜਿਵੇਂ ਈਦ ਦੀ ਨਿਮਾਜ਼ ਸਮੇਂ ਨਿਮਾਜ਼ੀਆਂ ਦੀ ਕਤਾਰ (ਝੁਕਦੀ ਹੈ)।

ਧੰਨ ਧੰਨ ਸਤਿਗੁਰੁ ਫੈਲੀ ਧੁਨਿ,
ਨਭ ਧਰ ਸੁਰ ਨਰ ਕੇਰ ਬਿਸਾਲ[1]।

[1]ਦੇਵਤਿਆਂ ਤੇ ਮਨੁੱਖਾਂ ਦੀ ਕੀਤੀ ਹੋਈ ਧੰਨ ਸਤਿਗੁਰ ਧੰਨ ਸਤਿਗੁਰ ਦੀ ਬਹੁਤੀ ਧੁਨੀ ਅਕਾਸ਼ ਤੇ ਧਰਤੀ 'ਚ ਫੈਲ ਗਈ।

ਬਾਜੇ ਬਜੇ ਅਨਿਕਧਾ ਉੱਛਵ[1]
ਜਨੁ ਘਨ ਗਰਜਤ ਤੜਤਾ ਜਾਲ[1] ॥ ੬੨ ॥

[1]ਉਤਸ਼ਾਹ ਦੇ।
[1]ਜਾਣੋ ਬੱਦਲ ਤੇ ਬਹੁਤੀਆਂ ਬਿਜਲੀਆਂ ਗੱਜਦੀਆਂ ਹਨ।

ਜੀਨ ਜਰਾਵ ਜਰਤ ਕੰਚਨ[1],
ਹਯ ਬਲੀ ਚਪਲ ਪਰ ਭਏ ਸਵਾਰ[1]।
ਕੰਚਨ ਦੰਡੀ[1] ਚਲੇ ਅਗਾਰੀ
ਭੱਟ ਨਕੀਬ[1] ਕਬਿੱਤ ਉਚਾਰ।
ਨਗਰ ਸਗਰ ਮੈਂ ਭਯੋ ਕੁਲਾਹਲ[1],
ਦਰਸ਼ਨ ਹਿਤ ਉਮਗੇ ਨਰ ਨਾਰਿ।
ਸਨੇ ਸਨੇ ਹੈਂ ਗੁਰੁ ਆਗਜਾ ਮੈਂ
ਚਾਲਤ ਗਨ ਜਨ[1] ਮਨ ਅਨੁਸਾਰ ॥ ੬੩ ॥

[1]ਸੋਨੇ ਦੀ ਜੜਾਊ ਜੜੀ ਕਾਠੀ ਵਾਲੇ।
[1]ਬਲੀ ਤੇ ਚੰਚਲ ਘੋੜੇ ਤੇ ਅਸਵਾਰ ਹੋਏ।
[1]ਸੋਨੇ ਦੀਆਂ ਚੇਬਾਂ ਵਾਲੇ (ਚੋਬਦਾਰ)।
[1]ਬੁਲਾਰੇ।
[1]ਉਤਸ਼ਾਹ ਦਾ ਡੰਡਰੌਲਾ।
[1]ਬਹੁਤੇ ਲੋਕ।

ਹੋਤ ਨਿਹਾਲ ਨਿਹਾਲ[1] ਗੁਰੂ ਕੋ,
ਦੁਹ ਦਿਸ ਤੈ ਸਿਖ ਰਹੇ ਜੁਹਾਰ[1]।
ਜਾਇ ਦਮਦਮੇ ਢਿਗ ਇਮ ਉਤਰੇ,
ਗਏ ਸਭਾ ਮੈ ਮਾਤੁਲ ਨਾਰ[1]।
ਠਾਢੇ ਭਏ ਸਭਾਸਦ ਗਾਢੇ[1],
ਬਾਢੇ ਸਿੰਧੁ ਲਹਰ ਜਜੋਂ ਮੋਦ[1]।
ਗਾਵਤ ਪਿਕ ਬੈਨੀ[1] ਮ੍ਰਿਗ ਨੈਨੀ,
ਮੰਗਲ ਚਾਰ ਉਚਾਰ ਬਿਨੋਦਿ[1] ॥ ੬੪ ॥

[1]ਦੇਖ ਕੇ।
[1]ਨਮਸਕਾਰ ਕਰ ਰਹੇ ਹਨ।
[1]ਨਾਲ।
[1]ਵੱਡੇ ਦਰਬਾਰੀ।
[1]ਸਮੁੰਦਰ ਦੀਆਂ ਲਹਿਰਾਂ ਵਾਂਗ ਅਨੰਦ ਵਧਿਆ।
[1]ਕੋਇਲ ਵਰਗੇ ਬੋਲਾਂ ਵਾਲੀਆਂ।
[1]ਅਨੰਦ ਨਾਲ।

ਚਾਰੋਂ ਬੰਸ ਹੰਸ ਤਹਿਂ ਥੇ ਥਿਰ,
ਤਿਨ ਆਗਜਾ ਲੈ ਸੋਢਿ ਅਵਤੰਸ[1]।
ਕਰਿ ਪਰਣਾਮ ਤਖਤ ਪਰ ਬੈਠੇ,
ਕੱਸਪ ਅੰਸ ਨਿਸੰਸ ਦਿਨੰਸ[1]।
ਸੰਗਤ ਪੰਗਤਿ ਪੰਕਜ ਬਿਗਸੇ,

[1]ਮੁਕਟ ਰੂਪ, ਸ਼੍ਰੋਮਣੀ।

[1]ਕਸ਼ੱਪ ਵੰਸ਼ੀਆਂ, ਚੰਦ੍ਰ ਵੰਸ਼ੀਆਂ ਤੇ ਸੂਰਜ ਵੰਸ਼ੀਆਂ ਨੂੰ।

ਯੁਤ ਮਕਰੰਦ ਅਨੰਦ ਮਹਾਨ[1]।

[1]ਸੰਗਤਾਂ ਦੀਆਂ ਪੰਗਤਾਂ ਮਾਨੋ ਬਹੁਤੇ ਅਨੰਦ ਦੀ ਧੂੜੀ ਸਹਿਤ ਕੰਵਲ ਖਿੜੇ ਹੋਏ ਹਨ।

ਮੁਖ ਸਸਿ ਦਿਸ ਇਕ ਟਕ ਚਕੋਰ ਜਿਮ,
ਚਿਤੈਂ[1] ਪਿਯੈਂ ਜਨੁ ਸੁਧਾ ਸੁਜਾਨ[2] ॥ ੬੫ ॥

[1]ਦੇਖਦੇ ਹਨ। [2]ਜਾਣੋ ਚਤੁਰ ਅੰਮ੍ਰਿਤ ਪੀਂਦੇ ਹਨ।

ਕਰ ਸਰ ਫੇਰਤ[1] ਹੇਤ ਸਬ ਦਿਸ,
ਪਰਖਤ ਮਨ ਕਰਖਤ[1] ਨਿਜ ਓਰ।
ਚਵਰ ਚਾਰ ਮੁੱਠੇ ਯੁਤ ਢੁਰ ਹੈਂ[1],
ਉਡ ਹੈਂ ਹੰਸ ਮਨੋ ਮਿਲਿ ਮੋਰ।

[1]ਹੱਥ 'ਚ ਤੀਰ ਫੇਰਦੇ ਹਨ।

[1]ਖਿਚਦੇ ਹਨ।

[1]ਮੋਰ ਦੇ ਖੰਭਾਂ ਦੇ ਸੁੰਦਰ ਚੌਰ ਝੁਲਦੇ ਹਨ।

ਪੁਰਟਨ ਜਟਿਤ ਮੁਕਟ ਸੁਠ ਕੰਚਨ,
ਲੁਕਟ ਛੁਕਟ ਛਬਿ ਛੁੰਗ ਦਿਖਾਹਿਂ[1]।

[1](ਪੂਰਟਨ) ਹੀਰਿਆਂ ਨਾਲ ਜੜਿਆ ਸੁੰਦਰ ਸੋਨੇ ਦਾ ਮੁਕਟ (ਲੁਕਟ) ਲੋਕਾਂ ਨੂੰ (ਛੁਕਟ) ਮੁਕਤ ਕਰਨ ਲਈ ਸਮੂੰਹ ਸੋਭਾ ਦਿਖਾ ਰਿਹਾ ਹੈ।

ਸੂਰਜ ਮੁਖੀ ਚਲਤ ਦੁਤਿ ਦਮਕਤਿ,
ਜਨੁ ਰਵਿ ਸਸੀ ਸਖਜਾਤ ਫਿਰਾਹਿਂ[1] ॥ ੬੬ ॥

[1]ਸੂਰਜ ਮੁਖੀ (ਪੱਖੇ) ਚਲਦਿਆਂ ਦੀ ਸੋਭਾ ਚਮਕਦੀ ਹੈ ਜਾਣੋ ਸੂਰਜ ਤੇ ਚੰਦ ਪ੍ਰਤੱਖ ਫਿਰਦੇ ਹਨ।

ਰਾਮ ਕੁਇਰ ਆਗਜਾ ਲੈ ਸਬ ਕੀ,
ਖਰੇ ਹੋਇ ਇਕ ਕਰਿ ਅਰਦਾਸ।
ਕੇਸਰ ਤਿਲਕ ਭਾਲ[1] ਗੁਰੁ ਕੇ ਕਿਯ,
ਤਬਿ ਸਬਿ ਕੇ ਉਰਿ ਬਢੋ ਹੁਲਾਸ।
ਰਿੱਧਿ ਸਿੱਧਿ ਗੁਰਿਆਈ ਆਈ,
ਪਾਈ ਬਡਿਆਈ ਸਹੀ ਆਨਿ।

[1]ਮੱਥੇ ਤੇ।

ਦੁੰਦਭਿ[1] ਸ਼ਧਜਾਨੇ[2] ਬਹੁ ਬਾਜੇ,
ਜੈ ਜੈ ਧੁਨਿ ਭਈ ਮੰਗਲ ਜਾਨਿ ॥ ੬੭ ॥

[1]ਧੌਂਸੇ। [2]ਖ਼ੁਸ਼ੀ ਦੇ ਵਾਜੇ।

ਬਰਖੈਂ ਸੁਮਨ[1] ਸੁਮਨ ਯੁਤ ਹਰਖੈਂ[2],
ਸਿਖ ਸਮੁਦਾਇ ਫੂਲ ਬਰਸਾਨ।
ਦੇਵੰਗਨ[1] ਨਭ ਨ੍ਰਿਤਤ[2] ਗਾਵਤ,
ਸੰਗਤ ਰਾਗੀ ਇਤ ਮੰਗਲੀਕ[1]।
ਆਜ ਹਮਾਰੇ ਮੰਗਲ ਚਾਰ,
ਸੁ ਗਾਵਤ ਸ਼ਬਦ ਇਤਜਾਦਿ ਅਲੀਕ*[1] ॥ ੬੮ ॥

[1]ਫੁੱਲ। [2]ਦੇਵਤੇ ਖ਼ੁਸ਼ੀਆਂ ਸਹਿਤ।

[1]ਅਪੱਛਰਾਂ। [2]ਨੱਚਦੀਆਂ ਹਨ।

[1]ਏਧਰ (ਧਰਤੀ ਤੇ)। ਸੰਗਤ ਤੇਰਾਗੀ ਮੰਗਲ ਕਰਦੇ ਹਨ।

[1]ਪਵਿੱਤ੍ਰ ਸ਼ਬਦ। *ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ਪੰਨਾ ੬੯੬ 'ਤੇ ਇਸ ੬੮ ਨੰ: ਅੰਕ ਦੀਆਂ ਤਿੰਨ ਹੀ ਤੁਕਾਂ ਹਨ। ਪਹਿਲੀ ਜਾਂ ਦੂਜੀ ਤੁਕ ਗੁੰਮ ਹੈ ਜੋ ਛਪਣ ਸਮੇਂ ਹੀ ਰਹਿ ਗਈ ਜਾਪਦੀ ਹੈ।

ਏਹੁ ਰਹੱਸ[1] ਸੁਜੱਸ ਅਵੱਸਹਿ[2],
ਜਾਨਜੋ ਗੁਰੁ ਅਰ ਸਿਖ ਭਿ ਕਾਹਿ।
ਚਾਰੇ ਬੰਸਨ ਕੇ ਦਸਤਾਰੇ,
ਲੈ ਮਾਤੁਲ ਪੁਨ ਨਿਜ ਮੇਲਾਹਿ[1]।
ਰਾਮ ਕੌਰ ਕਰ ਤੈ ਬੰਧਵਾਏ,
ਸੀਸ ਗੁਰੈਂ ਜਗਦੀਸ਼ ਮਨਾਇ।
ਭੂਸ਼ਨ ਬਸਨ ਅਮੋਲਕ ਬਹੁ ਪੁਨ,
ਨਿਜ ਭਗਨੀ ਹਿਤ[1] ਦਏ ਦਿਖਾਇ ॥ ੬੯ ॥
ਚਾਰੋਂ ਬੰਸ ਹੰਸ ਪਹਿਨਾਏ,
ਜਗਤ ਰੀਤਿ ਸਬ ਕਰੀ ਕ੍ਰਿਪਾਲ।
ਬ੍ਰਿੱਧ ਅੰਸ[1] ਪੁਨ ਸੇਲੀ ਟੋਪੀ,
ਸ਼ੱਸਤ੍ਰ ਅੱਸਤ੍ਰ[1] ਮੁਕਤਾ ਮਾਲ।
ਕਲਗੀ ਜਿਗਾ ਜਰਾਉ ਜਰੀ ਬਡ,
ਜੀਨ ਸਜੇ ਵਰ ਘੋੜਾ ਸਾਥ।
ਧਰਿ ਦੀਨਾਰ[1] ਦਸਤਾਰ ਪਰੈ[2] ਫਿਰ,
ਗੁਰੂ ਅੱਗ੍ਰ ਉਨਿ ਟੇਕਜੋ ਮਾਥ ॥ ੭੦ ॥
ਪੁਨ ਚਾਰੋਂ ਸਾਹਿਬਜ਼ਾਦਜੋਂ ਨੇ,
ਦਈ ਭੇਟ ਲਖਿ ਨਾਨਕ ਰੂਪ।
ਪੁਨ ਮਸੰਦ ਦਰਜੇ ਬਾ ਦਰਜੇ
ਅਰਪਤ ਭਏ ਅਕੋਰ[1] ਅਨੂਪ।
ਸਤੀਰਾਮ, ਸਾਹਿਬ ਸਸਿ, ਲਿਖਹੀਂ,
ਮੇਵਰ[1] ਕਰਿ ਅਰਦਾਸ ਸੁਨਾਹਿ।
ਦਿਵਸ ਢਰੇ ਤੇ ਬੈਠੇ ਥੇ ਗੁਰੁ,
ਭਈ ਸਾਂਝ ਕੁਛ ਅੰਤ ਨ ਆਹਿ ॥ ੭੧ ॥
ਲਗੇ ਅੰਬਾਰ ਅਪਾਰ ਅਯੋ ਧਨ,
ਜਿਨਸ ਅਨਿਕਧਾ[1] ਕੌਨ ਗਿਨਾਹਿ।
ਕਈ ਹਜਾਰੋਂ ਕਾ ਪੰਚਾਮ੍ਰਿਤ[1],
ਬਰਤਜੋ ਪੁਨਾ ਮਿਲਜੋ ਸਬਿ ਕਾਹਿ।
ਦੁਤੀ ਦਿਵਸ ਸਿੱਖਨ ਤੈ ਭੇਟਾ,
ਬੈਠ ਲਈ ਗੁਰ ਦਿਨ ਭਰ ਚਾਹਿ[1]।

[1]ਗੁਪਤ ਭਾਵ। [2]ਬਿਨਾ ਸੰਸੇ ਤੋਂ।

[1]ਆਪਣਾ ਦਸਤਾਰਾ (ਨਾਲ) ਮਿਲਾ ਕੇ।

[1]ਆਪਣੀ ਭੈਣ (ਮਾਤਾ ਗੂਜਰੀ ਜੀ) ਵਾਸਤੇ।

[1]ਬਾਬਾ ਬੁੱਢਾ ਜੀ ਦੀ ਬੰਸ ਨੇ।

[1]ਹੱਥੋਂ ਛੱਡ ਕੇ ਚਲਾਉਣ ਵਾਲੇ ਤੀਰ ਚੱਕ੍ਰ ਆਦਿ।

[1]ਮੁਹਰਾਂ। [2]ਉੱਤੇ।

[1]ਭੇਟਾ।

[1]ਅਰਦਾਸੀਆ।

[1]ਅਨੇਕ ਤਰ੍ਹਾਂ ਦੀਆਂ ਕਿਸਮਾਂ ਦਾ।

[1]ਕੜਾਹ ਪ੍ਰਸ਼ਾਦ।

[1]ਉਤਸ਼ਾਹ ਨਾਲ।

ਦੈ ਦਰਸ਼ਨ ਹਰਸਨ[1] ਕਿਯ ਸਭ ਕੋ,
ਬਿਬਿਧਾ ਭਰੀ ਕਾਮਨਾ ਤਾਹਿ[1] ॥ ੭੨ ॥

[1]ਪ੍ਰਸੰਨ।

[1]ਤਿਨਾਂ ਦੀਆਂ ਅਨੇਕ ਤਰ੍ਹਾਂ ਦੀਆਂ ਕਾਮਨਾ ਪੂਰੀਆਂ ਕੀਤੀਆਂ।

ਭਿੱਛਕ[1] ਜਿਤਕ ਇੱਛ ਕਰਿ ਆਏ,
ਜਥਾ ਜੋਗ ਸਬਿ ਕੋ ਦਿਯ ਦਾਨ।
ਮਾਂਗਨ ਜੋਗ ਨ ਮਾਂਗਨਿ ਛੋਡੇ,
ਦਾਰਦ ਕੀਨੋ ਸਬਿ ਕਾ ਹਾਨ।
ਕਿਯ ਸਿਤਕਾਰ ਚਾਰ ਕੁਲ ਕਾ ਪੁਨ,
ਸੰਤ ਮਹੰਤ ਮਸੰਦਨਿ ਬ੍ਰਿੰਦ।
ਸਾਨੰਦ ਸਿਰੇਪਾਉ ਜਥ ਜੋਗਹਿ,
ਦਏ ਮੁਕੰਦ ਬੁਲੰਦ ਅਨਿੰਦ[1] ॥ ੭੩ ॥

[1]ਮੰਗਤੇ।

[1]ਬਹੁਤੀ ਉਸਤਤ ਯੋਗ।

ਬਿਦਾ ਹੋਇ ਨਿਜ ਨਿਜ ਪੁਰ ਦਿਸ ਸਬਿ,
ਚਲੇ ਹਰਖਿ ਗੁਨ ਗਨ ਗੁਰ ਗਾਤ।
ਪਟ ਪਤਾਕ ਗਾਡੀ ਪੈ ਚਿੱਤ੍ਰਾ[1],

[1]ਜਿਵੇਂ ਗੱਡੀ ਉੱਪਰ ਲੱਗੀ ਝੰਡੀ ਦਾ ਫਰਰਾ ਤੇ ਚਿੱਤ੍ਰਕਾਰ (ਦਾ ਮਨ ਪਿੱਛੇ ਨੂੰ ਜਾਂਦਾ ਹੈ)।

ਤਜੋਂ ਮਨ ਗੁਰੁ ਦਿਸ ਤਨ ਤੁਰਿ ਜਾਤ।
ਉਠੀ ਸਭਾ ਗੁਰੁ ਸਦਨ ਸਧਾਰੇ,
ਮਦਨ ਕਦਨ ਮਦ ਬਦਨ ਜਿ ਆਹਿ[1]।

[1]ਜਿਨ੍ਹਾਂ ਦਾ ਮੁਖ ਕਾਮ ਦੇ ਹੰਕਾਰ ਨੂੰ ਕੱਟਣ ਵਾਲਾ ਹੈ।

ਮਾਤ ਨਾਨਕੀ ਕੇ ਪਗ ਬੰਦੇ,
ਪਿਖਿ ਪੌਤ੍ਰ ਛਬਿ ਯੁਤ ਉਤਸ਼ਾਹਿ ॥ ੭੪ ॥
ਸੰਕਟ ਚਿੰਤਾ ਚਿੱਤ ਤੈ ਖੋਏ,
ਅਤਿ ਅਨੰਦ ਯੁਤ ਪਾਸ ਬਿਠਾਇ।
ਭਾਲ ਸੂੰਘ ਸਿਰਿ ਧਰਿ ਕਰ ਫੇਰਜੋ,
ਦਰਬ ਨਿਛਾਵਰ[1] ਕੀਨ ਮਹਾਇ।

[1]ਧਨ ਵਾਰਨਾ।

ਚਿਤਵਤ ਭਈ ਬਾਕ ਨਿਜ ਪਤਿ ਕੇ
ਭਏ ਸਾਚ ਸਬਿ ਲਏ ਨਿਹਾਰ।
ਪੁਨ ਗੁਜਰੀ ਜੀ ਕੇ ਪਗ ਬੰਦੇ,
ਉਨਿ ਮਨ ਤਨ ਸਬਿ ਡਾਰਜੋ ਵਾਰ ॥ ੭੫ ॥
ਜਜੋਂ ਜੋਗੀ ਪਾਵਤ ਪ੍ਰਮਾਰਥ[1],

[1]ਮੁਕਤੀ।

ਤਜੋਂ ਕ੍ਰਿਤਾਰਥ ਭਈ ਅਤੀਵ[1]।

[1]ਬਹੁਤੀ ਸਫ਼ਲ ਹੋਈ।

ਉਰ ਸੋਂ ਲਾਇ ਸੀਤ[1] ਕੀ ਛਾਤੀ,

[1]ਠੰਡੀ।

ਥਾਤੀ[1] ਵਾਰ ਜਾਚਕਨਿ ਦੀਵ।
ਸ੍ਰੀ ਜੀਤੋ ਜੀ ਚੋਰ ਚਖਨ ਤੈ,
ਚਿਤਵਿ ਚੌਪ ਚਿੱਤ ਚਢਜੋ ਚਾਵ[1]।

[1]ਥੈਲੀ।

[1]ਜੀਤੋ ਜੀ ਨੂੰ ਚੋਰ ਅੱਖਾਂ ਨਾਲ ਦੇਖ ਕੇ ਚਿੱਤ ਵਿੱਚ ਸ਼ੌਕ ਤੇ ਚਾਅ ਚੜ੍ਹ ਗਿਆ।

ਸਰਸ ਸਨੇਹ ਸਕੁਚ ਸਾਨੀ ਸੁਚ,
ਪਿਯ ਦਿਸ ਤਿਰਛੀ ਦ੍ਰਿਸ਼ਟਿ ਚਲਾਇ[1] ॥ ੭੬ ॥

[1]ਬਹੁਤੇ ਪਿਆਰ, ਸੰਕੋਚ ਤੇ ਪਵਿੱਤ੍ਰਤਾ ਨਾਲ ਮਿਲੀ ਹੋਈ ਤਿੱਖੀ ਦ੍ਰਿਸ਼ਟੀ ਪਤੀ (ਗੁਰਾਂ) ਦੀ ਤਰਫ਼ ਚਲਾਉਂਦੇ ਹਨ।

ਪਰਮ ਪ੍ਰੀਤਿ ਪ੍ਰਤੀਤ ਪੁਨੀਤ ਸੁ,
ਪਿਯ ਪਦ ਪਦਮ ਪ੍ਰੇਮਹਿ ਪਾਲਿ[1]।

[1]ਬਹੁਤੀ ਪ੍ਰੀਤੀ ਤੇ ਪਵਿੱਤ੍ਰ ਭਰੋਸੇ ਨਾਲ ਪਤੀ ਦੇ ਚਰਨ-ਕੰਵਲਾਂ ਦੇ ਪ੍ਰੇਮ ਨੂੰ ਪਾਲਦੇ ਹਨ।

ਧਾਰਸ ਓਟ ਸੁਧਾਰਸ ਨਿਰਖਤ,
ਸਾਰਸ ਨੈਨੀ ਆਰਸ ਟਾਲਿ[1]।

[1]ਸਾਰਸ ਵਰਗੇ ਨੇਤ੍ਰਾਂ ਵਾਲੇ (ਮਾਤਾ ਜੀਤੋ ਜੀ) ਆਲਸ ਛੱਡ ਕੇ (ਗੁਰਾਂ ਦੇ ਚਰਨਾਂ ਦੀ) ਓਟ ਧਾਰ ਕੇ ਅੰਮ੍ਰਿਤਰਸ ਰੂਪ (ਸਤਿਗੁਰਾਂ) ਵੱਲ ਦੇਖਦੇ ਹਨ।

ਸ਼ਸਤ੍ਰ ਬਸਤ੍ਰ ਪੁਨ ਬਧਾਇ[1] ਗੁਰੁ,
ਚਢੇ ਮਹਲ ਪੈ ਧਾਇ ਸੁ ਜਾਇ।
ਸ੍ਰੀ ਜੀਤੋ ਭੀ ਝਟਤ[1] ਗਈ ਤਹਿਂ,
ਖੇਨੂ[1] ਹਾਥ ਲੀਏ ਹੁਲਸਾਇ[2] ॥ ੭੭ ॥

[1]ਲਾਹ ਕੇ।

[1]ਛੇਤੀ।

[1]ਖੁੱਦੋ। [2]ਖ਼ੁਸ਼ ਹੋ ਕੇ।

ਖੇਲਤ ਭਏ ਬਾਮ ਪਤਿ[1] ਸਾਨੰਦ,
ਖੇਨੂ ਡਾਰ ਉਛਾਰ ਉਤੰਗ[1]।
ਦੌਰਤ ਇਤ ਉਤ ਚਪਲ[1] ਚਾਲ ਯੁਤ,
ਗਹਿਤ ਏਕ ਸੈਂ ਏਕ ਨਿਸੰਗ।
ਹਸ ਹਸ ਪਰਤ ਕਰਤ ਸਿਸ ਲੀਲਾ[1],
ਭਾਂਤਿ ਅਨੇਕ ਸੁ ਬਾਤ ਬਨਾਇ।
ਝਟਾ ਪਟਾ ਪੁਨ ਚਢੇ ਅਟਾਂ ਪੈ[1]
ਉਮਡੀ ਘਟਾ ਛਟਾ ਦਰਸਾਇ[1] ॥ ੭੮ ॥

[1]ਇਸਤ੍ਰੀ ਪਤੀ।

[1]ਉੱਚਾ।

[1]ਚੰਚਲ।

[1]ਬਾਲ ਲੀਲ੍ਹਾ।

[1]ਅਟਾਰੀਆਂ ਤੇ।

[1]ਉਛਲੀ ਹੋਈ ਘਟਾ ਤੇ ਬਿਜਲੀ ਦਿੱਸਦੀ ਹੈ।

ਧੌਲ ਧਰਮ ਜੁਗ ਥਿਰੇ ਸੌਧ ਪਰ,
ਚਾਰੁਤ ਚੰਗ ਸੁਧਾਰਤ ਡੋਰ[1]।

[1]ਜਾਣੋ ਧੌਲ ਤੇ ਧਰਮ ਦੋਨੋਂ (ਸੌਧ) ਮੰਦਰ 'ਤੇ ਖੜ੍ਹੇ ਹਨ, ਚਾੜ੍ਹਦੇ ਹਨ (ਚੰਗ) ਪਤੰਗ ਤੇ ਡੋਰ ਪਕੜਦੇ ਹਨ।

ਝਝਕਤ[1] ਝੁਕਤ ਲਿਫਤ[2] ਲਚਕਤ[3] ਕਿਤ,
ਦਾਇ ਅਦਾਇ[1] ਬਨਾਇ ਬਹੋਰ[2]।
ਪਾਵਤ ਪੇਚੇ ਪੇਚ ਲਗਾਵਤ[1],

[1]ਡਰਦੇ ਹਨ। [2]ਲਿਫਦੇ ਹਨ। [3]ਝੁਟਦੇ ਹਨ।

[1]ਦਾਅ ਤੇ ਢੰਗ। [2]ਫੇਰ ਬਣਾ ਕੇ।

[1]ਡੋਰ ਨੂੰ ਪੇਚਾ ਲਗਾ ਕੇ (ਪੇਚੇ) ਵੱਲ ਪਾਉਂਦੇ ਹਨ।

ਅਹੁ ਕਾਟੀ ਕਹਿ ਕਟਤ ਝਟਾਕ[1]। [1]ਛੇਤੀ।
ਔਰ ਚਢਾਇ ਬਢਾਇ ਕਟੈ ਤਿਹਂ,
ਅਹਾ ਅਹਾ ਅਹੁ ਅਹੁ ਰਟਿ ਬਾਕ[1] ॥ ੭੯ ॥ [1]ਬਚਨ ਕਹਿ ਕੇ।
ਉਝਕ ਉਝਕ[1] ਕਿਤ ਲਪਟ ਝਪਟ ਕਰਿ[2], [1]ਉੱਛਲ ਉੱਛਲ ਕੇ। [2](ਝਪਟ) ਛੇਤੀ (ਲਪਟ) ਚਿੰਬੜ ਕੇ।
ਛੋਰਤਿ ਸਪਟ ਖੈਂਚ ਕਿਤ ਲਜਾਤ।
ਯਾ ਬਿਧਿ ਖੇਲਤ ਮੇਲਤ ਬਾਤੈਂ,
ਝੇਲਤ[1] ਆਨੰਦ ਅਤਿ ਬਿਗਸਾਤ। [1]ਮਾਣਦੇ ਹਨ।
ਪਰਮ ਪਰੇਮ ਪਗੇ[1] ਪ੍ਰਿਯ ਪਜਾਰੀ[2], [1]ਲੀਨ ਹੋਏ। [2]ਪਤੀ ਪਤਨੀ।
ਪ੍ਰਸਪਰ[1] ਪਜਾਰ ਪ੍ਰਤੀਤ ਬਢਾਤ। [1]ਆਪਸ ਵਿੱਚ।
ਉਤ ਦਿਸ ਮਾਤ ਭਾਂਤਿ ਬਹੁ ਚਿਤਵਤ,
ਸੁਤ ਕੇ ਸੁਤ[1] ਪੇਖਨ ਚਾਹਾਤ ॥ ੮੦ ॥ [1]ਪੁੱਤਰ ਦੇ (ਘਰ) ਪੁੱਤਰ।
ਮੱਤੇ[1] ਖੇਲ ਰਸ ਆਪ ਨ ਆਵਹਿ, [1]ਮਸਤ ਹੋਏ।
ਬਾਰਹਿ ਬਾਰ ਬੁਲਾਵਹਿ ਮਾਤ।
ਭੋਜਨ ਖਟਰਸ ਥਾਲ ਲਗਜੋ ਜਬਿ,
ਸਾਂਝ ਸਮੇਂ ਦਾਸੀ ਲੇ ਆਤ।
ਛਕਿ ਪ੍ਰਸ਼ਾਦ ਪੌਢਤ ਪ੍ਰਯੰਕਹਿ[1], [1]ਪਲੰਘ ਤੇ।
ਪਰਹੇਲੀ[1] ਪ੍ਰਸਪਰੈ ਸੁਨਾਹਿਂ। [1]ਬੁਝਾਰਤਾਂ।
ਪੁਨ ਪਰਮਾਨੰਦ ਲੇਤ ਸਖੋਪਤ[1], [1]ਗਾੜ੍ਹੀ ਨੀਂਦ।
ਸਵਾ ਪਹਿਰ ਨਿਸ ਰਹੀ ਜਗਾਹਿਂ ॥ ੮੧ ॥
ਨਿੱਤ ਕ੍ਰਿਯਾ ਕਰਿ ਧਜਾਨ ਪ੍ਰਭੂ ਧਰਿ,
ਪੁਨ ਪ੍ਰਭ ਬਸਤ੍ਰ ਸ਼ਸਤ੍ਰ ਧਾਰਿ।
ਦਿਵਸ ਚਢੇ ਦੀਵਾਨ ਵੀਚ ਥਿਰਿ,
ਸੰਗਤ ਕੋ ਦੇਵਤ ਦੀਦਾਰ।
ਕਬਹੀ ਸੈਰ ਸ਼ਿਕਾਰ ਸਿਧਾਵਤ,
ਘਾਵਤ[1] ਬਨ ਮ੍ਰਿਗ ਅਨਿਕ ਪ੍ਰਕਾਰ। [1]ਮਾਰਦੇ ਹਨ।
ਸ਼ਸਤ੍ਰ ਬਿੱਦਜਾ ਬਹੁ ਅੱਭਜਾਸਤ,
ਭਾਸ਼ਤ[1] ਬੋਲੀ ਬਿਬਿਧ ਸੁਧਾਰਿ[2] ॥ ੮੨ ॥ [1]ਬੋਲਦੇ ਹਨ। [2]ਅਨੇਕ ਤਰ੍ਹਾਂ ਦੀ ਸੁਧਾਰ ਕੇ।
ਪਢਿਤ ਗੁਰਮੁਖੀ ਔਰ ਫਾਰਸੀ,
ਸੰਸਕ੍ਰਿਤ ਕੋ ਰਖਤ ਪ੍ਰਚਾਰ।
ਇਸ ਪ੍ਰਕਾਰ ਕਲਗੀ ਧਰ ਪ੍ਰਤਿ ਦਿਨ,

ਭਾਵਤ[1] ਬ੍ਰਿਧਾਵਤ ਨਿਜ ਕਾਰ।
ਸੰਗਤ ਲੈ ਮਸੰਦ ਨਿਤ ਆਵਤ,
ਜਾਵਤ ਸਿੱਖ ਪਾਇ ਫਲ ਚਾਰੁ।
ਮਾਸ ਬਰਸ ਕੇਤਕ ਸਿਖ ਰਹਿ ਤਹਿਂ,
ਸ਼ਰਧਾ ਧਰਿ ਨਿਤ ਕਰੈਂ ਦਿਦਾਰ ॥ ੮੩ ॥
ਰੌਣਕ ਹੋਤ ਦਿਨੋ ਦਿਨ ਪੁਰਿ ਕੀ,
ਗੁਰੁ ਕੀ ਬਿੱਦਜਾ ਦੁਧਾ ਪ੍ਰਕਾਰ[1]।
ਸਾਚੇ ਪਾਤਸ਼ਾਹਿ ਗੁਰੁ ਦਸਮੇਂ,
ਸਬਿ ਦੇਸਨ ਮੈਂ ਭਏ ਬਖਜਾਤ।
ਰਹੈ ਭੀਰ ਸੰਗਤ ਕੀ ਗੁਰੁ ਦਰ,
ਇਕ ਆਵਤ ਇਕ ਖ਼ੁਸ਼ ਹ੍ਵੈ ਜਾਤ।
ਬੰਦਿ ਦੁੰਦ ਕਰ[1] ਬੰਦਨ ਧਾਰੈਂ,
ਬ੍ਰਿੰਦ ਅਕੋਰੈਂ[1] ਅਰਪਤ ਆਇ ॥ ੮੪ ॥
ਲੰਗਰ ਤੈ ਪ੍ਰਸ਼ਾਦ ਛਕੈਂ ਸਬਿ,
ਦੋ ਵਕਤੈਂ ਜੇਤੋ ਮਨ ਭਾਇ।
ਸਿਮਰਿ ਸਿਮਰਿ ਗੁਰੁ ਨੌਮ ਚਰਿੱਤ੍ਰ[1],
ਰਹਿਤ ਬਚਿੱਤ੍ਰ ਚਿੱਤ੍ਰ ਸੇ ਹੋਇ[1]।
ਅਸ ਕਰਨੀ ਕਰਨੀ ਕਿਨਿ ਬਰਨੀ,
ਜਰਨੀ ਸ਼ਕਤਿ ਅਜਰਨੀ ਜੋਇ[1]।

ਧੀਰਜ ਧਰਨੀ ਕੇ ਸਮ ਧਰਨੀ,
ਬਰਨੀ ਬਾਨੀ ਤਰਨੀ ਜੈਸ[1] ॥ ੮੫ ॥

ਅਰਨੀ ਗਜਾਨ ਵਿਰਾਗ ਉਪਰਨੀ[1],

ਕਰਨੀ ਹਰਨੀ ਜਗ ਬਨ ਤੈਸ[1]।
ਤੇਜ ਪੁੰਜ ਨੰਦਨ[1] ਜਿਨ ਕੇਰੋ,
ਲਘੁ ਬਯ ਮੈਂ[1] ਪ੍ਰਤਾਪ ਬੁਲਿੰਦ।
ਜਰ ਤੁਰਕਿੰਦ ਬਾਟਕਾ ਪੁਟ ਹੈਂ[1],
ਜਾਨੋਂ ਨਿਸਚੈ ਰਖ ਹੈਂ ਹਿੰਦੁ* ॥ ੮੬ ॥

[1]ਮਨ ਭਾਉਂਦੀ।

[1]ਦੋ ਤਰ੍ਹਾਂ ਦੀ।

[1]ਦੋਨੋਂ ਹੱਥ ਜੋੜ ਕੇ।
[1]ਭੇਟਾਂ।

[1]ਕੌਤਕ।
[1]ਹੈਰਾਨ ਹੋ ਕੇ ਤਸਵੀਰ ਵਰਗੇ ਹੋ ਜਾਂਦੇ ਹਨ।

[1]ਜੋ ਅਜਰ ਸ਼ਕਤੀ ਜਰਨੀ (ਬਰਨੀ) ਕਹੀ ਹੈ ਐਸੀ ਕਰਨੀ ਕਿਸ ਨੇ ਕਰਨੀ ਹੈ।

[1]ਧੀਰਜ ਧਰਤੀ ਵਾਂਗ ਧਾਰੀ ਹੈ ਤੇ ਬੇੜੀ (ਜੈਸ) ਵਾਂਗ ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੀ ਬਾਣੀ ਉਚਾਰੀ ਹੈ।

[1]ਗਿਆਨ ਤੇ ਵੈਰਾਗ ਦੀ ਅੱਗ ਪੈਦਾ ਕਰਨ ਵਾਲੀ ਅਰਨੀ ਹੈ। (ਅਰਨੀ– ਇਕ ਕਾਠ ਯੰਤ੍ਰ ਜਿਸ ਨਾਲ ਯੱਗ ਲਈ ਅੱਗ ਪੈਦਾ ਕੀਤੀ ਜਾਂਦੀ ਸੀ।)

[1]ਤਿਵੇਂ ਜਗਤ ਬਣ ਨੂੰ ਨਾਸ਼ ਕਰਨ ਵਾਲੀ ਹੱਥਣੀ ਹੈ।

[1]ਵੱਡੇ ਤੇਜ ਵਾਲਾ ਪੁੱਤਰ।
[1]ਛੋਟੀ ਉਮਰ ਵਿੱਚ।
[1]ਤੁਰਕਾਂ ਦੇਰਾਜ ਰੂਪ ਬਗੀਚੀ ਨੂੰ ਜੜ੍ਹਾਂ ਤੋਂ ਪੁੱਟ ਦੇਣਗੇ।
*ਅੰਕ ਨੰ. ੮੪ ਦੀਆਂ ਤਿੰਨ ਹੀ ਤੁਕਾਂ ਹਨ ਇਕ ਤੁਕ ਲਾਹੌਰ

ਐਡੀਸ਼ਨ ਦੇ ਛਾਪਾ ਪੱਥਰ 'ਚ ਛਪਣ ਸਮੇਂ ਹੀ ਕਿਤੇ ਰਹਿ ਗਈ ਹੈ। ਪਿਛਲੇ ਪੰਨੇ ਉੱਪਰ ਗ਼ਲਤੀ ਨਾਲ ਅੰਕ ਨੰ. ੮੫ ਦੀ ਇਕ ਤੁਕ ਅੰਕ ਨੰ. ੮੪ ਵਿੱਚ ਅਤੇ ਅੰਕ ਨੰ. ੮੬ ਵਿੱਚ ਅਤੇ ਅੰਕ ਨੰ. ੮੬ ਦੀ ਇਕ ਤੁਕ ਅੰਕ ਨੰ. ੮੫ 'ਚ ਛਪ ਗਈ ਹੈ ਇਸੇ ਲਈ ਅੰਕ ਨੰ. ੮੬ ਦੀਆਂ ਸਿਰਫ਼ ਤਿੰਨ ਹੀ ਤੁਕਾਂ ਰਹਿ ਗਈਆਂ ਹਨ।

ਇੰਦੁ ਰਤਿੰਦ ਮਨਿੰਦ ਰੂਪ ਸਿੰਧੁ,
ਤੇਜ ਦਨਿੰਦ ਸੁਰਿੰਦ ਪ੍ਰਤਾਪ[1]।

[1]ਚੰਦ ਤੇ ਕਾਮਦੇਵ ਵਾਂਗ ਰੂਪ ਦੇ ਸਮੁੰਦਰ ਹਨ ਅਤੇ ਸੂਰਜ ਵਾਂਗ ਤੇਜ ਤੇ ਇੰਦਰ ਵਾਂਗ ਪ੍ਰਤਾਪ ਹੈ।

ਇਸ ਭਾਂਤੈ ਬਾਤੈਂ ਬਖਜਾਤੈਂ,
ਕਰੈਂ ਸਿੱਖ ਗੁਰੁ ਬਾਨੀ ਜਾਪ।
ਦਿੱਲੀ ਕੀ ਸੰਗਤ ਥੀ ਆਈ,
ਬਨਜਾਰਾ ਲੱਖੀ ਤਿਨ ਸਾਥ।
ਗੁਰੂ ਪਾਇਨ ਢਿਗ ਅਰਪ ਉਪਾਇਨ[1],
ਪਦ ਅਰਬਿੰਦ ਬੰਦੇ ਬੰਦਿ ਹਾਥ ॥ ੮੭ ॥

[1]ਚਰਨਾਂ ਪਾਸ ਭੇਟਾ ਅਰਪ ਕੇ।

ਪੁਛਜੋ ਮੁਰਾਰੇ ਕਹੁ ਗੁਰੁ ਪਜਾਰੇ,
ਬਨਜਾਰੇ ਲੱਖੀ ਸਬਿ ਬਾਤ।
ਕਿਮ ਸਿਸਕਾਰੇ ਗੁਰੂ ਉਦਾਰੇ,
ਰੱਖੀ ਸਿੱਖੀ ਤਿੱਖੀ ਤਾਤ[1]।

[1]ਹੇ ਪਿਆਰੇ।

ਰਖੀ ਨ ਰਾਖ ਗਡੀ[1] ਭਰਿ ਗਾਗਰ,
ਇਹੁ ਸੁਨਿ ਅਚਰਜ ਹੋਯੋ ਵਾਹਿ।
ਕਿਮ ਜਾਨਜੋ ਮਮ ਨਾਮ ਕਾਮ ਗੁਰੁ,
ਅਜ਼ਮਤ ਸਿੰਧੁ ਗੁਰੂ ਹੈਂ ਯਾਹਿ ॥ ੮੮ ॥

[1]ਦੱਬ ਦਿੱਤੀ।

ਬੰਦਨ ਕਰਿ ਪਦਾਰਬਿੰਦ ਗੁਰੁ ਕੇ,
ਕਥਾ ਜਥਾਰਥ ਭਾਖੀ ਓਨਿ[1]।
ਸੁਨਿ ਬ੍ਰਿਤਾਂਤ ਸਬਿ ਪੁਨ ਗੁਰੁ ਬੋਲੇ,
ਗਰ ਹੈ ਤੁਰਕ ਤੇਜ ਸਮ ਲੋਨ।
ਗਏ ਹਲਾਇ ਤੁਰਕ ਜਰ ਸਤਿਗੁਰੁ,
ਗਿਰ ਹੈ ਉਖਰ ਅਬੈ ਲਿਹੁ ਦੇਖੁ।
ਪੰਥ ਪ੍ਰਚਾਰੌਂ[1] ਅਸ ਬਲਕਾਰੀ,
ਮਾਰੌਂ ਤੁਰਕਨ ਕੇ ਸਿਰ ਮੇਖ ॥ ੮੯ ॥

[1]ਉਸ ਨੇ ਸੱਚੀ ਕਥਾ ਕਹੀ।

[1]ਪ੍ਰਚੱਲਤ ਕਰਾਂਗਾ।

ਮਮ ਸਿਖ ਕਰ ਤੈ[1] ਚਵਕੱਤਨ ਕੀ[2] [1]ਹੱਥੋਂ। [2]ਮੁਗ਼ਲਾਂ ਦੀ।
ਸੰਤਤਿ ਹ੍ਵੈ ਹੈ ਕਤਲ ਅਪਾਰ।
ਜਹਿ ਠਾਂ ਸੀਸ ਲਗਜੋ ਸਤਿਗੁਰੁ ਕਾ,
ਝੁਲ ਹੈ ਝੰਡਾ ਤਹਿਂ ਗੁਰੁਦ੍ਵਾਰ।
ਮੁਗਲਾਨੀ ਮਜ੍ਹਬੀ ਸਿਖ ਮੇਰੇ,
ਮਜ੍ਹਬਾਨੀ[1] ਕਰਿ ਹੈਂ ਘਰ ਲਜਾਇ। [1]ਮਜ਼ਹਬੀ ਸਿੱਖਾਂ ਦੀਆਂ ਘਰ ਵਾਲੀਆਂ।
ਜਿਸ ਬਸਤੀ ਮੈ ਗੁਰੁ ਸਿਰ ਲਾਗਾ,
ਇਟ ਇਟ ਹ੍ਵੈ ਹੈ ਕਤਲ ਲੁਟਾਇ ॥ ੯੦ ॥
ਇਹੁ ਗੁਰੁ ਵਾਕ ਭਵਿਖਤ ਦੇਖੋ,
ਗੁਰੁਸਿੱਖ, ਸਾਚ ਭਏ ਸਭ ਠੀਕ।
ਸੰਮਤ ਉੱਨੀਂ ਸੌ ਚੌਦਾ ਮੈਂ,
ਕਵਿ ਨੇ ਪੇਖੇ ਨਿਜ ਚਖੁ ਨੀਕ[1]। [1]ਆਪਣੀਆਂ ਅੱਖਾਂ ਨਾਲ ਚੰਗੀ ਤਰ੍ਹਾਂ ਦੇਖਿਆ ਹੈ।
ਸੁਨੋ ਪ੍ਰਸੰਗ ਕਥਾ ਗੁਰੁ ਸਿੱਖੋ,
ਲੱਖੀ ਔਰ ਜੋ ਗਾਈ ਗਾਥ।
ਜਿਸ ਦਿਨ ਤੈ ਗੁਰੁ ਸੀਸ ਦਯੋ ਤਹਿਂ,
ਦੁਖੀ ਰਹਿਤ ਤੁਰਕਨ ਕਾ ਨਾਥ[1] ॥ ੯੧ ॥ [1]ਨੁਰੰਗਾ।
ਰੋਗ ਦਮਕਸੀ ਜੋਰ ਫਰਜੋ ਅਤਿ,
ਉਲਟ ਜਾਤਿ ਤੁਰਤਹਿ ਜੋ ਖਾਤ।
ਤਰਫ ਤਰਫ ਉਠ ਹੈ ਜਬਿ ਸੋਵਤ,
ਤ੍ਰਾਸ ਦੇਤ ਸ਼ਾਹੀਦ ਬਖਜਾਤ।
ਜਤਨ ਅਨੇਕ ਮੁਲਾਨੇ ਸਿਆਨੇ,
ਕਰਿ ਹਾਰੇ ਨਹਿਂ ਹੋਤ ਰਮਾਨ[1]। [1]ਆਰਾਮ।
ਅਬਿ ਤੋ ਜਮ ਤਿਸ ਓਰ ਪਧਾਰਾ,
ਉਠਜੋ ਉਪੱਦ੍ਰਵ ਤਿਸ ਪਰ ਆਨ ॥ ੯੨ ॥
ਦੇਸ ਦਬਾਵਤ ਜਾਤ ਮਰ੍ਹੱਟੇ
ਬਿਗਰ ਬਹੇ ਸਭਿ ਮੁਲਕੀ ਲੋਕ।
ਪਤਸ਼ਾਹੀ ਹਾਕਮ ਬਹੁ ਮਾਰੇ,
ਡਾਰੇ ਤੁਰਕਨ ਘਰ ਬਡ ਸੋਕ।
ਤਾਂਨੇ ਸ਼ਾਹਿ[1] ਹੈਦਰਾ ਬਾਦੀ, [1]ਕੁਤਬ ਸ਼ਾਹੀ ਵੰਸ਼ ਦਾ ਅੰਤਮ ਬਾਦਸ਼ਾਹ।
ਬਿਗਰ ਰਹਜੋ ਹੈ ਨੌਰੰਗ ਸੰਗ।

ਕਈ ਵਾਰ ਲਸ਼ਕਰ ਨੌਰੰਗ ਕਾ,
ਹਾਰ ਅਯੋ ਤਿਸ ਸੋਂ ਕਰਿ ਜੰਗ ॥ ੯੩ ॥
ਆਖਰ ਅਮਰ ਲਚਾਰੀ ਪਿਖਿ[1] ਅਬਿ, [1]ਬਹੁਤੀ ਬੇਵਸੀ ਵੇਖ ਕੇ।
ਆਪ ਗਯੋ ਉਤ ਨੌਰੰਗ ਸ਼ਾਹਿ।
ਬੂਝੋ ਗੁਰੁ ਯਹ ਤੁਰਕ ਤੁਰਕ ਕਯੋਂ,
ਬਿਗਰ ਪਰੇ ਹੈਂ ਆਪਸ ਮਾਹਿਂ।
ਲੱਖੀ ਕਹੇ ਸਤਿਗੁਰੋ ਸੁਨੀਏ,
ਅਧਿਭੁਤ ਮਾਯਾ ਸਤਿਗੁਰੁ ਕੇਰ।
ਬਿਨਾ ਸੰਤੋਖ ਨ ਤ੍ਰਿਸ਼ਨਾ ਭਰਿ ਹੈ।
ਚਾਹੋ ਪ੍ਰਾਪਤਿ ਹੋਇ ਸੁਮੇਰ ॥ ੯੪ ॥
ਤਾਨੇ ਸ਼ਾਹਿ ਪਾਸ ਇਕ ਹੀਰਾ,
ਹੈ ਦ੍ਵਾਦਸ ਦ੍ਰਿਮ ਸੋ ਪਰਿਮਾਣ[1]। [1]ਉਹ ਤੋਲ 'ਚ ਬਾਰਾਂ ਦਿਰਮ ਸੀ। (ਦਿਰਸ-ਸਾਢੇ ਤਿੰਨ ਮਾਸ਼ੇ ਤੋਲ ਦਾ ਵੱਟਾ।)

ਰੰਗ ਗੁਲਾਬੀ ਸਭਾ ਕੇਰ ਹ੍ਵੈ,
ਪਰਤ ਦਮਕ[1] ਜਹਿਂ ਲੌ ਤਿਹਿ ਆਣ। [1]ਚਮਕ।
ਨੌਰੰਗ ਪਾਇ ਖਬਰ ਵਹਿ ਮਾਂਗਯੋ,
ਉਨਿ ਨਹਿਂ ਦੀਓ ਬਢਯੋ ਬਖੇਰ।
ਲੋਗ ਹਜਾਰੋਂ ਮਰ ਚੁੱਕੇ ਹੈਂ,
ਅਬਿ ਬਾਰੀ ਹੈ ਨੌਰੰਗ ਕੇਰ ॥ ੯੫ ॥
ਜੋਰੂ[1] ਜ਼ਰ[2] ਜ਼ਮੀਨ ਇਹ ਤੀਨੋ, [1]ਇਸਤ੍ਰੀ। [2]ਧਨ।
ਕਾਰਣ ਪੁੰਜ ਉਪੱਦ੍ਰਵ ਕੇਰ।
ਰਾਵਣ ਰਾਮ ਲਰੇ ਜੋਰੂ ਹਿਤ,
ਜਰ ਪਰ ਘਰ ਘਰ ਲਰਤ ਬਧੇਰ।
ਕੌਰਵਿ ਪਾਂਡਵ ਛੁਹਣਿ ਅਠ ਦਸ[1], [1]ਅਠਾਰਾਂ ਖੂਹਣੀਆਂ।
ਲਰ ਕਰਿ ਮਰੇ ਜ਼ਮੀਨ ਸੁ ਹੇਤ।
ਇਨਿ ਤੀਨੋ ਪਰ ਮੋਹਿਤ ਨਹਿਂ ਜੋ,
ਸੋ ਜਨ ਸਦਾ ਅਘੈ[1] ਸੁਖ ਲੇਤ ॥ ੯੬ ॥ [1]ਨਾਸਰਹਿਤ।
ਕਹਯੋ ਗੁਰੂ ਤੈਂ ਸਾਚ ਬਖਾਨੀ,
ਤੂੰ ਤੌ ਗਜਾਨੀ ਗੁਰੁ ਸਿਖ ਆਹਿ।
ਅਬਿ ਨੌਰੰਗ ਉਤ ਹੀ ਦਿਸ ਮਰ ਹੈ,

ਪਰਹੈ ਦੋਜ਼ਖ ਦੁਖ ਸਹਾਇ।
ਸੋਈ ਭਈ ਮਰਜੋ ਵਹਿ ਤਿਤਹੀ,
ਮਧ ਨੌਰੰਗਾ ਵਾਦ ਪਛਾਨ।
ਗੁਰੁ ਕੇ ਬਚਨ ਭਏ ਸਬ ਸਾਚੇ,
ਪਿਖੀ ਨ ਦਿੱਲੀ ਫਿਰ ਉਨਿ ਆਨ ॥ ੯੭ ॥
ਸਤਿਗੁਰੁ ਲੱਖੀ ਪਰ ਅਤਿ ਖੁਸ਼ ਹ੍ਵੈ,
ਚਾਰ ਪਦਾਰਥ ਬਖਸ਼ੇ ਤਾਂਹਿ।
ਦਿਲਵਾਲੀ ਸੰਗਤਿ ਕੀ ਪੂਰੀ,
ਮਨੋ ਕਾਮਨਾ ਜਸ ਜਿਹ ਚਾਹਿ।
ਗਏ ਬਿਦਾ ਹ੍ਵੈ ਇਮ, ਨਿਤ ਗੁਰੁ ਢਿਗ
ਆਵਤ ਜਾਵਤ ਸੰਗਤਿ ਭੂਰ[1]।
ਸਿਖੈਂ ਸਿਖਾਵੈਂ ਸ਼ਸਤ੍ਰ ਅਸਤ੍ਰ*,

[1]ਬਹੁਤੀ।

*ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ਪੰਨਾ ੬੨੧ ਤੇ ਇਥੇ ਪਾਠ ਬਸਤ੍ਰ ਛਪਿਆ ਹੋਇਆ ਹੈ, ਜੋ ਅਸ਼ੁੱਧ ਹੈ। ਅਸਾਂ ਅਸਤ੍ਰ ਪਾਠ ਸ਼ੁੱਧ ਕਰ ਦਿੱਤਾ ਹੈ।

ਬਰਧਾਵੈਂ ਨਿਤ ਓਜ[1] ਜਰੂਰ ॥ ੯੮ ॥

[1]ਬਲ।

ਤਾਨ ਕਾਨ ਲਗ ਬਾਨ ਚਲਾਵੈਂ,
ਗਹੈਂ[1] ਕਮਾਨ ਮਹਾਨ ਕਠੋਰ।
ਬਾਰ ਬਾਰ ਬਰ ਵਰਜ਼ਸ਼[1] ਕਰਹੀਂ,
ਖੈਂਚ ਕਵਾਦਾ ਪੈਂਚ ਸਜੋਰ[1]।

[1]ਖਿੱਚ ਕੇ।

[1]ਚੰਗੀ ਕਸਰਤ।

[1](ਕਵਾਦਾ) ਨਰਮ ਕਮਾਣ ਦਾ (ਪੈਂਚ) ਚਿੱਲਾ ਜ਼ੋਰ ਨਾਲ ਖਿੱਚਦੇ ਹਨ।

ਚਿੱਲਾ ਚਢਾਵੈਂ ਲੱਛ[1] ਲਗਾਵੈਂ,
ਲੈਸ ਪ੍ਰਵੇਸਹਿਂ ਓਜ ਲਗਾਇ[1]।

[1]ਨਿਸ਼ਾਨੇ ਤੇ।

[1]ਬਲ ਲਾ ਕੇ (ਲੈਸ) ਤੀਰ (ਮਿੱਟੀ ਦੇ ਢੇਰ) ਵਿੱਚ ਵਾੜ ਦੇਂਦੇ ਹਨ। (ਲੈਸ– ਇਕ ਪ੍ਰਕਾਰ ਦਾ ਤੀਰ ਜਿਸ ਦੀ ਮੁਖੀ ਬਹੁਤ ਭਾਰੀ ਹੁੰਦੀ ਹੈ। ਇਹ ਵੈਰੀ ਤੇ ਨਹੀਂ ਚਲਾਈਦਾ ਸਿਰਫ਼ ਅਭਿਆਸ ਲਈ ਖਾਕ ਤੋਦੇ ਤੇ ਵਰਤੀਦਾ ਹੈ।)

ਕਰੈਂ ਖਾਕ ਤੋਦੇ ਮਿਲਿ ਜੋਧੇ[1],
ਜਿਦ ਜਿਦ ਤੁੱਪਕ ਤੀਰ ਚਲਾਇ ॥ ੯੯ ॥

[1]ਸੂਰਮੇ ਮਿਲ ਕੇ ਮਿੱਟੀ ਦੇ ਢੇਰ ਬਣਾਉਂਦੇ ਹਨ।

ਬੀਬੀ ਬੀਰੋ ਕੇ ਪਾਂਚੋ ਸੁਤ,
ਸੂਰਜ ਮਲ ਕੇ ਨਾਤੀ[1] ਦੋਇ।
ਮਾਤੁਲ[1], ਦਯਾਰਾਮ, ਸਾਹਿਬ ਸਸਿ,
ਗੰਡਾ, ਚੰਦਨ, ਕਰਮਾ ਜੋਇ।

[1]ਪੋਤ੍ਰੇ।

[1]ਮਾਮਾ ਕ੍ਰਿਪਾਲ ਚੰਦ।

ਭਾਈ ਬੀਰਾ, ਈਸ਼ਰ ਚੰਪਾ,
ਦੌਲਾ, ਰਾਮ ਕੌਰ, ਸੇ ਬੀਰ ਅਪਾਰ।
ਹਿਲ ਮਿਲ ਖੇਲਤ ਕਸਰਤ ਕਰਹੀਂ,
ਪੈਰਤ[1] ਜਲ ਕਬਿ ਕਰਤ ਸ਼ਿਕਾਰ ॥ ੧੦੦ ॥

[1]ਤਰਦੇ ਹਨ।

ਤੋਮਰ[1] ਚੱਕ੍ਰ ਭ੍ਰਮਾਇ ਚਲਾਵੈਂ,
ਛੋਰਤ ਬਰਛੀ ਤੁਪਕ[1] ਤੀਰ।
ਲਕਰੀ ਬਾਜੀ[1] ਬਾਜੀ ਬਾਜੀ[2],
ਬਾਜ ਚਲਾਵਨ ਸੀਖਤ ਬੀਰ[1]।

[1]ਬਰਛੇ।
[1]ਬੰਦੂਕ।
[1]ਲਕੜੀ ਦੀ ਖੇਲ। [2]ਘੋੜੇ ਦੀ ਖੇਲ।
[1]ਬਾਜ਼ (ਸ਼ਿਕਾਰੀ ਜਾਨਵਰ) ਚਲਾਉਣਾ (ਉਡਾਉਣਾ) ਸੂਰਮੇ ਸਿੱਖਦੇ ਹਨ।

ਨਿਤ ਪ੍ਰਤਿ ਸੰਗਤਿ ਦੇਸ ਦੇਸ ਤੈ,
ਅਰਪਤ ਆਇ ਅਕੋਰ[1] ਉਦਾਰ।
ਬਾਜ[1] ਹੱਥਸਾਰ ਨੀਕ ਜੋ ਲਜਾਵਤ,
ਤਿਸ ਪਰ ਗੁਰ ਖੁਸ਼ਿ ਹੋਤ ਅਪਾਰ ॥ ੧੦੧ ॥

[1]ਭੇਟਾ।
[1]ਘੋੜਾ।

ਸੂਰ ਬੀਰ ਸ਼ਸਤ੍ਰੀ ਸੁਨਿ ਗੁਰੁ ਜਸ,
ਆਵਤ ਹਿਤ ਰੁਜ਼ਗਾਰ ਅਨੇਕ।
ਸਾਦਰ ਰਖਤ ਤਲਬ[1] ਦੈ ਤਿਨ ਕੋ,
ਸਤਿਗੁਰੁ ਨਾਦਰ ਸਿੰਧੁ ਬਿਵੇਕ[1] ॥ ੧੦੧ ॥

[1]ਤਨਖ਼ਾਹ।
[1]ਅਸਚਰਜ ਗਿਆਨ ਦੇ ਸਮੁੰਦਰ।

ਦਿਨ ਪ੍ਰਤਿ ਨਿਜ ਦਲ ਪੁਰਿ ਬ੍ਰਿਧਾਵਤ,
ਖਰਚਤ ਦੌਲਤ ਰਚਿਤ ਮੁਕਾਨ।
ਰੋਪੜ, ਪੁਰ ਹੁਸ਼ਿਆਰ, ਜਲੰਧਰ,
ਸਰਹੰਦ ਲੌ ਕੇ ਬਨਕ ਕਿਤਾਨ[1] ॥ ੧੦੨ ॥

[1]ਕਿਤਨੇ ਬਾਣੀਏ।

ਬਸਤ ਆਇ ਕਰਿ ਆਨੰਦ ਪੁਰਿ ਮੈਂ,
ਅਨਿਕ ਵਸਤ ਕੀ ਲਾਇ ਦੁਕਾਨ।
ਰੌਣਕ ਦਿਨ ਦਿਨ ਭਵੈ ਸਵਾਈ,
ਹੋਤ ਵਪਾਰ ਨਫਾ ਬਹੁ ਜਾਨ।
ਯਾ ਬਿਧਿ ਸਮਾਂ ਬਿਤਿਤ ਯੁਤ ਆਨੰਦ,
ਆਨੰਦ ਪੁਰਿ ਮੈਂ ਗੁਰੂਰਹਾਇਂ।
ਗਾਦੀ ਹੋਨ ਗਾਥ ਕਹਿ, ਗੁਰੁ ਪਗ
ਬੰਦਨ ਕਰਿ, ਇਤਿ ਭਯੋ ਅਧਯਾਇ ॥ ੧੦੩ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਗਾਦੀ ਹੋਵਨ ਸ਼ਸਤ੍ਰਾਭਜਾਸ' ਪ੍ਰਸੰਗ ਬਰਨਨੰ ਨਾਮ ਛਿਤਾਲੀਸਮੋਂ ਬਿਸ੍ਰਾਮ ॥ ੪੬ ॥

੪੭. {ਗੁਲਾਬਰਾਇ ਨੂੰ ਵਰ, ਰਿੱਛ ਦੀ ਕਲਿਆਣ, ਕਾਬਲੋਂ ਤੰਬੂ ਆਉਣਾ, ਗੁਰਾਂ ਦਾ ਦੂਜਾ ਵਿਆਹ}

ਦੋਹਰਾ:

ਇੰਦ ਕੁੰਦ ਮਾਨਿੰਦ ਦੁਤਿ,
ਚਿੰਦ ਕੁਨਿੰਦ ਬੁਲਿੰਦ[1]।

[1]ਚੰਦ੍ਰਮਾ ਤੇ ਮਰਤਬਾਨ ਦੇ ਫੁੱਲ ਵਰਗੀ ਜਿਨ੍ਹਾਂ ਦੀ ਸੋਭਾ ਹੈ (ਵਾਹਿਗੁਰੂ ਦਾ) (ਬੁਲਿੰਦ) ਬਹੁਤ (ਚਿੰਦ) ਚਿੰਤਨ (ਕੁਨਿੰਦ) ਕਰਦੇ ਹਨ।

ਦੁੰਦ ਬੰਦਿ ਕਰ ਬੰਦ ਹੌਂ,
ਕਰਿ ਅਦੁੰਦ ਗੁਰੁ ਦੁੰਦ[1] ॥੧॥

[1]ਹੇ ਦੂਜੇ ਸਤਿਗੁਰੂ! (ਮੈਂ) ਦੋਨੋਂ ਹੱਥ ਬੰਨ੍ਹ ਕੇ ਨਮਸਕਾਰ ਕਰਦਾ ਹਾਂ, ਮੈਨੂੰ (ਅਦੁੰਦ) ਦ੍ਵੈਤ-ਰਹਿਤ ਕਰ ਦਿਉ।

ਕਬਿੱਤ:

ਅਜਰ ਜਰਨ ਅਤਿ ਧਰਨ ਧਰਨਿ ਸਮ,
ਅਸਰਨ ਸਰਨ ਕਰਨ ਸੁਖ ਤਰ ਹੈਂ[1]।

[1]ਅਜਰ ਨੂੰ ਜਰਨ ਦੀ ਬਹੁਤੀ ਸ਼ਕਤੀ ਧਰਤੀ ਵਾਂਗ ਧਾਰਦੇ ਹਨ ਜਿਨ੍ਹਾਂ ਨੂੰ ਕੋਈ ਸ਼ਰਨ ਨ ਦੇਵੇ ਉਨ੍ਹਾਂ ਨੂੰ ਸ਼ਰਨ (ਪਨਾਹ) ਦੇਣ ਵਾਲੇ ਅਤੇ ਬਹੁਤਾ ਸੁਖ ਕਰਨ ਵਾਲੇ ਹਨ।

ਤਰ ਹੈਂ ਸੁ ਭਵਨਿਧਿ, ਚਰਨ ਸਰਨ ਜਨ
ਫਰਨ ਜੁ, ਇਤਰਨ ਮਤ ਪਰਹਰ ਹੈਂ[1]।

[1]ਜਿਹੜੇ ਪੁਰਸ਼ ਸਤਿਗੁਰਾਂ ਦੇ ਚਰਨਾਂ ਦੀ ਸ਼ਰਨ ਫੜਦੇ ਹਨ ਅਤੇ ਹੋਰਨਾਂ ਮੱਤਾਂ ਦਾ ਤਿਆਗ ਕਰਦੇ ਹਨ ਉਹ ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ।

ਹਰਿ ਹੈਂ ਸੁ ਲਹਿਤ, ਦਹਿਤ ਦੁਖ ਅਘ ਜਗ,
ਜਨਮ ਮਰਨ ਕਟਿ ਝਟਤ ਉਬਰ ਹੈਂ[1]।

[1]ਉਹ ਹਰੀ ਨੂੰ ਪ੍ਰਾਪਤ ਕਰ ਲੈਂਦੇ ਹਨ, ਜਗਤ ਦੇ ਪਾਪ ਤੇ ਦੁਖ ਸਾੜ ਲੈਂਦੇ ਹਨ, ਜੰਮਣ ਮਰਨ ਕੱਟ ਕੇ ਛੇਤੀ ਬਚ ਜਾਂਦੇ ਹਨ।

ਬਰ ਹੈਂ ਮੁਕਤਿ ਤੀਯ ਬੀਯ ਗੁਰੁ ਉਰਿ ਧਰਿ,
ਇਸ ਲੀਯ ਕਵਿ ਪੁਨ ਪੁਨਹਿ ਜੁਹਰ ਹੈ[1] ॥੨॥

[1]ਦੂਜੇ ਗੁਰਾਂ ਨੂੰ ਹਿਰਦੇ 'ਚ ਧਾਰ ਕੇ ਮੁਕਤੀ ਰੂਪ ਇਸਤਰੀ ਨੂੰ ਵਰ ਲੈਂਦੇ ਹਨ, ਇਸ ਕਰ ਕੇ ਕਵੀ ਬਾਰ ਬਾਰ ਨਮਸਕਾਰ ਕਰਦਾ ਹੈ।

ਦੋਹਰਾ:

ਬਰ ਹ੍ਵੈਰਾਇ ਗੁਲਾਬ ਕੋ,
ਕਰਿ ਹੈਂ ਰੀਛ ਕਲਜਾਨ।
ਖੇਮਾ[1] ਕਾਬਲ ਤੈ ਅਵੈ,
ਦੁਤੀ ਬਜਾਹਿ ਹ੍ਵੈ ਗਾਨ[1] ॥੩॥

[1]ਤੰਬੂ।

[1]ਵਿਆਹ ਦਾ ਕਥਨ।

ਚੌਪਈ:

ਏਕ ਰੋਜ ਸ੍ਰੀ ਸਤਿਗੁਰੁ ਸ੍ਵਾਮੀ।
ਜਲ ਕ੍ਰੀੜਤ ਥੇ[1] ਪੂਰਨ ਕਾਮੀ[2]।

[1]ਪਾਣੀ 'ਚ ਖੇਲਦੇ ਸਨ। [2]ਕਾਮਨਾ ਪੂਰਨ ਕਰਨ ਵਾਲੇ।

ਸੰਗੋ ਆਦਿ ਪਾਂਚ ਹੀ ਭ੍ਰਾਤਾ।
ਰਾਮ ਕੌਰ ਜੀ ਲੌ ਬਖਜਾਤਾ ॥ ੪ ॥
ਨੰਦ ਚੰਦ ਤੈ ਆਦਿ ਮਸੰਦੂ।
ਦਯਾਰਾਮ ਪ੍ਰੋਹਤ ਸੁਖ ਕੰਦੂ।
ਸੂਰਜ ਮਲ ਕੇ ਪੌੜ੍ਰ ਦੋਈ।
ਰਾਇ ਗੁਲਾਬ ਸਜਾਮ ਸਸਿ ਜੋਈ ॥ ੫ ॥
ਸਿਦਕੀ ਸਿੱਖ ਪ੍ਰੇਮੀ ਔਰੈਂ।
ਗੁਰੁ ਹਮ ਜੋਲੀ ਕੇ ਸਬਿ ਗੌਰੈਂ[1]। [1]ਇਹ ਸਾਰੇ ਗੁਰਾਂ ਦੇ ਵੱਡੇ (ਹਮਜੋਲੀ) ਸਾਥੀ ਸਨ।
ਜਲ ਸਤਲੁਜ ਮੈਂ ਪੈਰਤ[1] ਆਛੇ। [1]ਤਰਦੇ ਹਨ।
ਖੁਸ਼ੀ ਹਸੀ ਸੈਂ ਖੇਲਤ ਸਾਛੇ[1] ॥ ੬ ॥ [1]ਅੱਛੀ ਤਰ੍ਹਾਂ।
ਹਾਥਨ ਸਾਥ ਪਾਥ ਓਛਾਰੈਂ[1]। [1]ਜਲ ਉਛਾਲਦੇ ਹਨ।
ਡੋਲੈ[1] ਬੋਲੈਂ ਅਨਿਕ ਪ੍ਰਕਾਰੈਂ। [1]ਫਿਰਦੇ ਹਨ।
ਰਾਇ ਗੁਲਾਬ ਭਯੋ ਦਿਸ ਏਕੂ।
ਭਏ ਦੁਤੀ ਦਿਸ ਜਲਧ ਬਿਵੇਕੂ[1] ॥ ੭ ॥ [1]ਗਿਆਨ ਦੇ ਸਮੁੰਦਰ (ਕਲਗ਼ੀਧਰ ਜੀ)।
ਜੂਥ ਜੂਥ[1] ਜੁਗ ਦਿਸ[2] ਭਏ ਖਲੇ। [1]ਸਾਰੇ ਜੱਥੇ। (ਅ) ਜੁੜ ਜੁੜ ਕੇ। [2]ਦੋਹੀਂ ਤਰਫ਼ੀਂ।
ਜਲ ਸੋਂ ਲਗੇ ਲਰਨ ਇਮ ਭਲੇ।
ਕਰੈਂ ਕਲੋਲ ਕਲਾਲ ਉਛਾਰੈਂ।
ਇਕ ਦੂਸਰ ਦਿਸ ਛੀਟੇਂ ਮਾਰੈਂ ॥ ੮ ॥
ਧਕਾ ਧਕੀ ਰੌਰਾ ਕਰਿ ਗੌਰਾ।
ਹਾਰੈ ਜੋ ਭਾਗੈ ਹ੍ਵੈ ਹੌਰਾ[1]। [1]ਹੌਲਾ ਹੋ ਜਾਂਦਾ ਹੈ।
ਸਕੈਂ ਨ ਝਾਕ ਆਂਖ ਬੰਦ ਰਹੀ।
ਏਕ ਘਟੀ ਲੌ ਲਰੇ ਸੁ ਸਹੀ ॥ ੯ ॥
ਛਿਟਕਨਿ ਛੀਂਟਨ ਛਬਿ ਜੁ ਛਈ ਛਿਨ[1]। [1]ਛਿੱਟਾਂ ਦੇ ਛਿੜਕਣ ਨਾਲ ਉਸ ਛਿਨ ਜੋ ਸੋਭਾ ਹੋਈ।
ਜਨੁ ਜੁਗ ਮੇਘ ਲਰਤ ਡਾਰਤ ਕਿਨ[1]। [1]ਕਣੀਆਂ।
ਸੋਹਿਤ ਗੁਰੁ ਮੁਖ ਪਰ ਕਿਲਾਲ ਕਿਨ[1]। [1]ਪਾਣੀ ਦੇ ਕਿਣਕੇ।
ਐਂਚ ਸੁਧਾਕਰ ਸੁਧਾ ਪਿਯਤ ਜਨੁ[1] ॥ ੧੦ ॥ [1]ਜਾਣੋ ਚੰਦ੍ਰਮਾ, ਖਿੱਚ ਕੇ ਅੰਮ੍ਰਿਤ ਪੀ ਰਿਹਾ ਹੈ।
ਰਾਇ ਗੁਲਾਬ ਹਾਰ ਉਠਿ ਭਾਗਾ।
ਪਾਛੇ ਲਰਕਨਿ ਕਾ ਗਨ[1] ਲਾਗਾ। [1]ਲੜਕਿਆਂ ਦਾ ਟੋਲਾ।
ਬਾਹਰ ਆਇ ਸ਼ੀਘ੍ਰਤਾ ਸਾਥੈਂ।
ਗੁਰੁ ਕੀ ਪਾਗ ਧਰੀ ਨਿਜ ਮਾਥੈਂ ॥ ੧੧ ॥

ਬਿਨਾ ਪਛਾਨੇ ਧਰਿ ਸਿਰ ਦੌਰਾ।
ਪਾਛੇ ਸਬਿਹਨਿ ਪਾਯੋ ਰੌਰਾ।
ਕਹਾਂ ਕੀਨ ਤੈਂ ਗੁਰੁ ਦਸਤਾਰਾ।
ਲੀਆ ਧਾਰ ਕੀਯਾ ਅਨੁਚਿਤ[1] ਭਾਰਾ ॥ ੧੨ ॥

[1]ਅਯੋਗ।

ਸੁਨਿ ਉਨਿ ਪੁਨ ਉਤਾਰਨੀ ਚਾਹੀ।
ਪੇਖਿ ਕਹਜੋ ਗੁਰੁ ਰਖੋ ਇਹਾਂ ਹੀ।
ਅਬਿ ਮਮ ਜੋਗ ਰਹੀ ਨਹਿਂ ਏਹੈ।
ਔਰ ਮੰਗਾਇ ਬਾਂਧ ਹਮ ਲੇਹੈਂ ॥ ੧੩ ॥
ਕਬੀ ਗੁਰਜਾਈ ਤੂੰ ਭੀ ਪੈ ਹੈਂ।
ਪੱਗ ਧਰਬੇ ਕੋ ਫਲ ਮਿਲ ਜੈ ਹੈ।
ਕਰਿ ਇਸ਼ਨਾਨ ਖੇਲ ਬਹੁ ਭਾਤੈਂ।
ਪੁਰਿ ਮੈਂ ਅਏ ਪੁਨਾ ਬਖਜਾਤੈਂ ॥ ੧੪ ॥
ਜਬਿ ਗੁਰੁ ਪੁਰਿ ਆਨੰਦ ਫਿਰ ਛੋਰਾ।
ਤਨ ਦੱਖਨ ਦਿਸ ਤਜਜੋ ਬਹੋਰਾ।
ਪਾਛੇ ਇਕ ਗੁਰੁਬਖਸ਼ ਫਕੀਰ।
ਪੁਰਿ ਅਨੰਦ ਸੇਵਤ ਰਹਜੋ ਧੀਰ ॥ ੧੫ ॥
ਧੂਪ ਦੀਪ ਦੇਹਰੇ ਮੈਂ ਕਰੈ।
ਪੂਜਾ ਲੇਵੈ ਜੋ ਤਹਿਂ ਚਰ੍ਹੈ[1]।

[1]ਚੜ੍ਹਦੀ ਹੈ।

ਰਾਇ ਗੁਲਾਬ ਲੋਭ ਵਸ ਪਰ ਕੈ।
ਦਯੋ ਨਿਕਾਰ ਸਾਧ ਕੋ ਹਰ ਕੈ[1] ॥ ੧੬ ॥

[1]ਮਾਰ ਕੇ।

ਗੁਰੁ ਗਾਦੀ ਕੀ ਠੌਰ ਸੁਗਨ ਕੈ[1]।

[1]ਵਿਚਾਰ ਕੇ।

ਮੰਜੀ ਪਰ ਬੈਠਜੋ ਗੁਰੁ ਬਨ ਕੈ।
ਪੂਜਤ ਮੰਨਤ ਰਹੇ ਸਿੱਖ ਤਾਂ ਕੋ।
ਆਵਣ ਲਗੇ ਰਜਤਪਣ[1] ਲਾਖੋਂ ॥ ੧੭ ॥

[1]ਰੁਪਏ।

ਜਬਿ ਲੌ ਜੀਵਜੋ ਕਰੀ ਗੁਰਜਾਈ।
ਲੰਗਰ ਦੇਤ ਰਹਜੋ ਬਹੁ ਭਾਈ[1]।

[1]ਬਹੁਤ ਤਰ੍ਹਾਂ।

ਸਾਧ ਸਾਪ[1] ਤੈ ਸੰਤਤਿ[2] ਨਾਸੀ।

[1]ਸ੍ਰਾਪ। [2]ਉਲਾਦ।

ਮੰਜੀ ਰਹੀ ਸੋਢੀਅਨਿ ਪਾਸੀ ॥ ੧੮ ॥
ਯਾਹੀਂ ਤੈ ਸੰਗਤ ਅਬਿ ਤਾਈਂ।
ਮਨਤ ਸੋਢੀਅਨ ਕੋ ਤਹਿਂ ਜਾਈ ॥ ੧੯ ॥

ਦੋਹਰਾ:
ਸਾਖੀ ਰਾਇ ਗੁਲਾਬ ਕੀ,
ਕਹੀ ਸੁਨੋ ਅਬਿ ਔਰ।
ਕੀਰਤੀਏ ਸਿਖ ਕਾ ਭਯੋ,
ਬਾਪ ਰੀਛ ਜਿਸ ਤੌਰ ॥੨੦॥

ਚੌਪਈ:
ਇਕ ਦਿਨ ਗੁਰੁ ਢਿਗ ਅਏ ਕਲੰਦਰ[1]।
ਰੀਛ ਨਚਾਇ ਦਿਖਾਏ ਬੰਦਰ।
ਭਾਲਕ[1] ਬਡੋ ਏਕ ਭਬਕਾਰੇ।
ਕੌਤਕ ਬਹੁਧਾ ਤਾਹਿਂ ਦਿਖਾਰੇ ॥੨੧॥
ਬਢਜੋ ਹਾਸ ਰਸ ਗੁਰੁ ਮੁਸਕਾਏ।
ਇਕ ਲਰਕਾ ਗੁਰੁ ਚੌਰ ਝੁਲਾਏ।
ਕੀਰਤੀਆ ਥਾ ਨਾਮ ਸੁ ਵਾਹੂ।
ਕਹਜੋ ਗੁਰੂ, ਪਿਖਿ ਰੀਛ ਜੁ ਯਾਹੂ ॥੨੨॥
ਪੂਰਬ ਜਨਮ ਪਿਤਾ ਹੈ ਤੇਰਾ।
ਸੁਨਿ ਉਨਿ ਪੁਨ ਗੁਰੁ ਪ੍ਰਤਿ ਇਮ ਟੇਰਾ।
ਰਾਵਰ ਪਿਤਾ ਨੌਮ ਗੁਰੁਦੇਵਾ।
ਸੇਵ ਉਨੈ ਮੇਵਾ ਲਿਯ ਏਵਾ ॥੨੩॥
ਆਪ ਪੂਤ ਉਨਿ, ਸਮੰ ਪੁਰੰਦਰ[1]।
ਮੈਂ ਤੁਮ ਸੇਵ ਭਵੋਂਗੇ ਬੰਦਰ।
ਪਿਤਾ ਰੀਛ, ਸੁਤ ਬੰਦਰ ਭਵੈ।
ਗੁਰੁ ਸੇਵਾ ਫਲ, ਪਸੁ ਤਨ ਥਵੈ[1] ॥੨੪॥
ਤੌ ਗੁਰਦੇਵ ਸੇਵ ਜੇ ਅਰਥੈਂ[1]।
ਠੌਰ ਪ੍ਰਮਾਰਥ ਹੋਤ ਅਨਰਥੈਂ[1]।
ਕਰਤ ਗੁਰੂ ਮਾਨਸ ਤੇ ਦੇਵਾ।
ਕਹਜੋ ਆਦਿ ਗੁਰੁ ਕੂਰ ਸੁ ਏਵਾ ॥੨੫॥
ਸੁਨਿ ਗੁਰੁ ਬੋਲੇ ਸੰਸੇਹਾਰੀ[1]।
ਕਾਰਜ ਹ੍ਵੈ ਕਾਰਨ ਅਨੁਸਾਰੀ।
ਆਦਿ ਮ੍ਰਯਾਦ ਪ੍ਰਭੂ ਇਹ ਰਾਖੀ।
ਬੇਦ ਸੰਤ ਸਬ ਦੇਵਤ ਸਾਖੀ[1] ॥੨੬॥

[1]ਰਿੱਛਾਂ ਤੇ ਬਾਂਦਰਾਂ ਨੂੰ ਨਚਾਉਣ ਵਾਲੇ।
[1]ਰਿੱਛ।
[1]ਇੰਦ੍ਰ ਵਾਂਗ।
[1]ਪਸ਼ੂ ਦਾ ਸਰੀਰ ਹੋਵੇਗਾ।
[1]ਜਿਹੜੇ (ਅਰਥੈਂ) ਅਪਣੇ ਭਲੇ ਵਾਸਤੇ (ਕਰਦੇ ਹਨ)।
[1]ਮੁਕਤੀ ਦੀ ਥਾਂ ਉਪੱਦ੍ਰਵ ਹੁੰਦਾ ਹੈ।
[1]ਸੰਸੇ ਮੇਟਣ ਵਾਲੇ।
[1]ਗਵਾਹੀ।

ਜਥਾ ਕਰਮ ਫਲ ਤਥਾ ਭੁਗਾਏ।
ਭਗਤਨ ਕੇ ਗ੍ਰੰਥਨ ਮੈਂ ਗਾਏ।
ਸੰਤ ਭਗਤ ਜਿਹਂ ਦੇਤ ਸਾਪ[1] ਵਰ। [1]ਸ੍ਰਾਪ।
ਮੇਟਤ ਸੋ ਭੀ ਨਾਹਿਂ ਆਪ ਹਰਿ ॥੨੭॥
ਪੈ ਸੂਲੀ ਤੈ ਸੂਲ[1] ਬਨੈ ਹੈਂ। [1]ਕੰਡਾ।
ਜਾਗ੍ਰਤ ਸ੍ਵਪਨੇ ਮੱਧ ਭੁਗੈ ਹੈਂ।
ਤੈਸ ਤੁਮਾਰਾ ਥਾ ਜੋ ਪਿਤਾ।
ਥਾ ਪ੍ਰਸ਼ਾਦ ਬਰਤਾਵਤ ਨਿਤਾ ॥੨੮॥
ਇਕ ਦਿਨ ਇਕ ਗੁਰਮੁਖਿ ਸਿਖ ਆਯੋ।
ਗਾਡੀ ਭਰਿ ਗੁਰੁ[1] ਭੇਟਾ ਲਜਾਯੋ। [1]ਗੁੜ। (ਅ) ਗੁਰਾਂ ਦੀ।
ਥਾ ਪ੍ਰਸ਼ਾਦ ਬਰਤ ਤਬਿ ਰਹਯੋ।
ਤੁਵ ਪਿਤ ਤੈ ਉਨਿ ਲੈਨਾ ਚਹਯੋ ॥੨੯॥
ਧੂਰ ਭਰਯੋ ਪਿਖਿ ਪਿਤਾ ਤੁਮਾਰੇ।
ਦਯੋ ਨ ਕੁਣਕਾ ਝਿੜਕਯੋ ਭਾਰੇ।
ਬਲਿਕੈ ਕਹਯੋ ਅਰੇ ਜਟ ਭੂਛ[1]। [1]ਮੂਰਖ।
ਭਰਯੋ ਧੂਰ ਤਨ ਦਾੜੀ ਮੂਛ ॥੩੦॥
ਬਨਯੋ ਰੀਛ ਸੋ ਆਗੈ ਐਹੈਂ।
ਹਟ ਪਾਛੇ ਕਿ ਨ ਦੂਰ ਥਿਰੈ ਹੈਂ[1]। [1]ਕਿਉਂ ਨਹੀਂ ਦੂਰ ਖੜਦਾ।
ਵਹਿ ਸੁਨਿ ਲੱਜਤ ਹ੍ਵੈ ਮਨ ਭੰਗ।
ਪ੍ਰੇਮ ਸਿਦਕ ਗਾਢੋ ਜਿਹ ਰੰਗ ॥੩੧॥
ਬ੍ਰੀੜਤ[1] ਧਰਨੀ ਓਰ ਨਿਹਾਰਾ। [1]ਸ਼ਰਮਸਾਰ ਹੋ ਕੇ।
ਕੁਣਕਾ ਕਿਣਕਾ ਪਰਯੋ ਉਠਾਰਾ।
ਮੁਖ ਪਾਵਨ ਤੈ ਪਾਵਨ[1] ਭਯੋ। [1]ਪਵਿੱਤ੍ਰ।
ਤੁਵ ਪਿਤ ਕੋ ਸ੍ਰਾਪ ਇਮ ਦਯੋ ॥੩੨॥
ਸ਼ਰਧਾ ਧਰਿ ਸਿੱਖ ਕੁਣਕਾ ਚੈਹੈ।
ਤੂੰ ਭਾਲੂ ਜਯੋਂ ਭਵਕਿ ਡਰੈ ਹੈਂ।
ਗੁਰੁ ਸਿੱਖੀ ਕਾ ਲੇਸ ਨ ਤੋ ਕੋ।
ਹੋਹੁ ਰੀਛ ਤੂੰ ਕਹਯੋ ਜੁ ਮੋ ਕੋ ॥੩੩॥
ਮੋ ਪਿਖਿ ਨਾਕ ਚਢਾਇ ਨਚਯੋ ਜਯੋਂ।
ਫਟੈ ਨਾਕ ਘਰ ਘਰੈਂ ਨਚੈਂ ਤਯੋਂ।

ਸਾਪ ਸਿੱਖ ਕਾ ਬਜਰਥ ਨ ਗਯੋ।
ਤਨ ਤਜਿ ਪਿਤਾ ਤੋਰ ਰਿਛ ਭਯੋ ॥ ੩੪ ॥
ਉੱਤਰ-ਕਾਂਸੀ ਕੇ ਗਿਰ ਮੇਸੈਂ[1]।
ਪਕਰਿ ਕਲੰਦਰ ਲਜਾਏ ਏਸੈਂ।
ਸੁਨਤ ਕਲੰਦਰ ਸਹੀ ਬਖਾਨਾ।
ਕੀਰਤੀਆ ਗੁਰੁ ਪੈ ਘਿਗਜਾਨਾ[1] ॥ ੩੫ ॥
ਬਿਰਦ ਸੰਭਾਰੋ ਯਾਂਹਿ ਉਧਾਰੋ।
ਸਾਪ ਭਯੋ ਸਚ ਅਬਿ ਛੁਟਕਾਰੋ।
ਕਰੁਣਾਕਰ[1] ਗੁਰੁ ਕਰੁਨਾ[2] ਕਰਿ ਕੈ।
ਛਿਨਵਾਯੋ ਰਿਛ ਤਿਨ ਤੈ ਬਰ ਕੈ[1] ॥ ੩੬ ॥
ਸੀਤ ਦਯੋ ਨਿਜ ਕੁਣਕਾ ਰਿੱਛੈਂ।
ਖਾਵਤ ਹੀ ਤਨ ਤਜਜੋ ਸ੍ਰਇੱਛੈਂ[1]।
ਬਨ ਕੈ ਸੁਰ[1] ਗੁਰੁ ਸੁਜਸ ਉਚਰ ਕੈ।
ਗਯੋ ਦੇਵਪੁਰਿ ਜਾਨ ਸੁ ਚਰ੍ਹ ਕੈ[1] ॥ ੩੭ ॥
ਪਰ ਜਨ ਪੁਰ ਜਨ ਗੁਰ ਜਨ ਜੇਤੇ[1]।

ਥੇ ਤਹਿਂ, ਪਿਖਿ ਬਿਸਮੇਂ ਭਏ ਤੇਤੇ।
ਸਹੀ ਸੁਢੇਸ[1] ਪ੍ਰਮੇਸ ਪਛਾਨਾ।
ਧੰਨ ਧੰਨ ਗੁਰੁ ਸਬਿਨਿ ਬਖਾਨਾ ॥ ੩੮ ॥
ਬਿੱਤ ਕਲੰਦਰ ਕੋ ਦਿਲਵਯੋ।
ਵਹਿ ਭੀ ਧਰਿ ਸ਼ਰਧਾ ਸਿੱਖ ਭਯੋ* ॥ ੩੯ ॥

ਦੋਹਰਾ:
ਕੋਊ ਉਦਾਰ ਨ ਗੁਰੂ ਸਮ,
ਕਰਨਿ ਸਿੱਖਨਿ ਕਲਜਾਨ।
ਯਾਂਹੀ ਤੈ ਨਿਤ ਗੁਰੂ ਕੋ,
ਧਰੈ ਧਜਾਨ ਹਰਿ ਗਿਆਨ ॥ ੪੦ ॥

[1]ਪਹਾੜ ਵਿੱਚੋਂ।

[1]ਲਿਲਕੜੀਆਂ ਕੱਢਣ ਲੱਗਾ।

[1]ਕਿਰਪਾ ਦੀ ਖਾਣ। [2]ਕਿਰਪਾ।

[1]ਜ਼ੋਰ ਨਾਲ ਉਨ੍ਹਾਂ ਤੋਂ ਰਿੱਛ ਖੋਹ ਲਿਆ।

[1]ਆਪਣੀ ਇੱਛਾ ਨਾਲ।

[1]ਦੇਵਤਾ।

[1]ਅਸਵਾਰੀ 'ਤੇ ਚੜ੍ਹ ਕੇ।

[1]ਜਿਤਨੇ ਪਰਾਏ ਲੋਕ, ਸ਼ਹਿਰ ਦੇ ਲੋਕ ਤੇ ਗੁਰਾਂ ਦੇ ਸੇਵਕ ਓਥੇ ਸਨ।

[1]ਸੋਢੀਆਂ ਦੇ ਈਸ਼ਰ (ਕਲਗ਼ੀਧਰ) ਜੀ ਨੂੰ।

*ਧੱਕੇ ਨਾਲ ਕਲੰਦਰ ਪਾਸੋਂ ਰਿੱਛ ਖੋਹ ਲੈਣਾ ਗੁਰਾਂ ਦੇ ਸੁਭਾਵ ਦੇ ਅਨਕੂਲ ਨਹੀਂ ਹੈ। ਸਤਿਗੁਰਾਂ ਨੇ ਰਿੱਛ ਕਲੰਦਰ ਨੂੰ ਉਸ ਦੇ ਮੁੱਲ ਤੋਂ ਵੀ ਵੱਧ ਰੁਪਏ ਦੇ ਕੇ ਮੁੱਲ ਖਰੀਦ ਕੇ ਫਿਰ ਉਸ ਦਾ ਨਿਸਤਾਰਾ ਕੀਤਾ ਹੈ। ਇਹ ਗੱਲ ਅੱਗੇ ਆ ਕੇ ਸਪੱਸ਼ਟ ਹੋ ਜਾਂਦੀ ਹੈ ਜਿੱਥੇ ਕਵੀ ਜੀ ਲਿਖਦੇ ਹਨ-'ਬਿਤ ਕਲੰਦਰ ਕੋ ਦਿਲਵਯੋ। ਵਹਿ ਭੀ ਧਰਿ ਸ਼ਰਧਾ ਸਿਖ ਭਯੋ'।

ਮਰਹਟਾ ਛੰਦ:

ਯਾ ਬਿਧਿ ਤਾਰਤ ਸਿੱਖਨ ਕੋ ਗੁਰੁ,
ਪਾਰਤ ਅਨਿਕ ਪ੍ਰਕਾਰੈਂ।
ਕੰਦ ਅਨੰਦ[1] ਚੰਦ ਆਨਿੰਦ[2],
ਸੁਛੰਦ[1] ਮੁਕੰਦ ਮੁਰਾਰੈਂ।
ਜਿਨ ਕੇ ਨਾਮ ਲੀਏ ਤੈ ਛੂਟਤ,
ਭਵ ਬੰਧਨ ਜਮ ਭਾਰੀ।
ਕਰਤ ਕਲੋਲ[1] ਅਮੋਲ ਅਤੋਲੈ,
ਪਿਖਿ ਸਿਖ ਹ੍ਵੈਂ ਬਲਿਹਾਰੀ ॥ ੪੧ ॥
ਨਿਤ ਪ੍ਰਤਿ ਸ਼ਸਤ੍ਰ ਬਹੁ ਬਨਵਾਵੈਂ,
ਸੰਗ੍ਰਹਿ[1] ਕਰਹਿਂ ਅਪਾਰੀ।
ਕਾਰੀਗਰ ਬਹੁ ਲਜਾਵਤ ਆਯੁਧ,
ਪਾਵਤ ਧਨ ਵਹਿ ਭਾਰੀ।
ਸੇਲ, ਸੈਹਥੀ[1], ਤੋਮਰ[2], ਤੁੱਪਕ[3],
ਤੀਰ ਤਰਵਾਵਨ ਜਾਤੈਂ[1]।
ਖਪਰੇ ਲੌ[1] ਅਪਰੇ ਬਹੁ ਭਾਂਤੈਂ[2],
ਪਰਖਤ ਸਬਿ ਬਖਜਾਤੈਂ ॥ ੪੨ ॥
ਕਰਤ ਅਖੇਰ[1] ਫੇਰ ਚਢਿ ਕਬਹੀ,
ਘੇਰ ਘੇਰ ਮ੍ਰਿਗ ਮਾਰੈਂ।
ਅੱਸ੍ਵ ਧਵਾਇ ਘ੍ਰਿਘਾਇ[1] ਹਰਾਇ ਸੁ,
ਮਾਰ ਤਰਵਾਰ ਸੰਘਾਰੈਂ।
ਲਘਰ[1] ਝਗਰ ਕੁਰਰੇ ਜੁਰਰੇ ਸਗ[2],
ਸ਼ਿਕਰੇ ਬਾਜ਼ ਅਪਾਰੈਂ।
ਤਿਨਹਿਂ ਪ੍ਰੇਰ ਅਖੇਰ ਕਰਾਵੈਂ,
ਸੀਖੈਂ ਜੈਸ ਸ਼ਿਕਾਰੈਂ ॥ ੪੩ ॥
ਹਯ ਅਰੂਢ ਬਹੁ ਬਿੱਦਜਾ ਬਿਬਿਧਾ[1],
ਸਾਧੈਂ ਸਿਧ ਕਰਾਵੈਂ[1]।
ਦੌਰਾਵਨ ਕੋਦਾਵਨ, ਕੁੰਡਲੀ

[1]ਅਨੰਦ ਦੇ ਬੱਦਲ। [2]ਉਸਤਤ ਯੋਗ ਚੰਦ੍ਰਮਾ।

[1]ਸੁਤੰਤਰ।

[1]ਖੇਡਾਂ।

[1]ਇਕੱਠੇ।

[1]ਬਰਛੀ। [2]ਬਰਛਾ। [3]ਬੰਦੂਕ।

[1]ਕਈ ਕਿਸਮਾਂ ਦੀਆਂ।

[1]ਤੀਰਾਂ ਤੱਕ। [2]ਹੋਰ ਬਹੁਤ ਤਰ੍ਹਾਂ ਦੇ (ਸ਼ਸਤ੍ਰ)।

[1]ਸ਼ਿਕਾਰ।

[1]ਜਦ ਉਹ ਘਰਕਣ ਲਗ ਪੈਣ (ਘਰਕਣਾ-ਦਮ ਨਾਲ ਦਮ ਨਰਲਣਾ।)

[1]ਬਾਜ ਦੀ ਕਿਸਮ ਦੇ ਸ਼ਿਕਾਰੀ ਪੰਛੀ। [2]ਕੁੱਤੇ।

[1]ਘੋੜੇ 'ਤੇ ਚੜ੍ਹਨ ਆਦਿ ਅਨੇਕ ਤਰ੍ਹਾਂ ਦੀਆਂ ਬਹੁਤ ਵਿੱਦਿਆ।

[1]ਆਪ ਕਰਦੇ ਹਨ ਤੇ ਹੋਰਾਂ ਤੋਂ ਕਰਵਾਉਂਦੇ ਹਨ।

ਕਰਵਾਵਨ, ਫੰਧਾਵੈਂ[1]।
ਛਾਲ ਬਿਸਾਲ ਅਲਪ ਬੈਠਾਵਨ,
ਪਾਵਨ ਪੋਈਏ ਚਾਲੈਂ।
ਫਿਰ ਫਿਰ ਫੇਰਨ ਪ੍ਰੇਰਨ ਘੇਰਨ,
ਆਟੇਰਨ ਪਰ ਡਾਲੈਂ[1] ॥ ੪੪ ॥

[1]ਟਪਾਉਂਦੇ ਹਨ।

[1]ਅਟੇਰਨ ਉਪਰ ਪਾਉਂਦੇ ਹਨ ਭਾਵ ਅਟੇਰਨ ਵਾਂਗ ਚਲਾਉਂਦੇ ਹਨ।

ਖਰੇ ਹੋਇ ਦੌਰਾਵੈਂ ਉਤਰੈਂ,
ਚਢੈਂ ਸੁ ਕਢੈਂ ਕੁਵਾਇਦ[1]।

[1]ਕਵਾਇਦ ਕਰਦੇ ਹਨ (ਕਵਾਇਦ-ਫੌਜੀ ਢੰਗ ਨਾਲ ਕੀਤੀ ਜਾਣ ਵਾਲੀ ਕਸਰਤ।)

ਫੇਰਤ ਮੁੰਗਲੀ ਮੁਦਗਰ ਦੀਰਘ,
ਲਕੜੀ ਬਾਜੀ ਜਾਇਦ[1]।

[1]ਬਹੁਤੀ ਲਕੜੀ ਦੀ ਖੇਲ।

ਕੁਸ਼ਤੀ ਮਾਰਤ[1] ਚੁਸਤੀ ਸੋਂ ਨਿਤ,
ਸੁਸਤੀ ਸਬਹ ਨਿਕਾਰੈਂ।
ਕਸਰਤ ਕਰਤ ਕਰਾਵਤ ਸਬਸੈਂ,
ਸਿਖਰਾਵਤ ਬਿਧਿ ਸਾਰੈਂ ॥ ੪੫ ॥

[1]ਘੋਲ ਕਰਦੇ ਹਨ।

ਅਰਿ ਗਣ ਕੌ[1] ਰਨ ਮੈਂ ਜਿਮ ਜੀਤੈਂ,
ਬਿੱਦਜਾ ਸੋ ਬ੍ਰਿਧਾਵੈਂ।
ਪਿਖਿ ਸਿੱਖ ਸੰਗਤ ਸੁਭਟ ਸਬੰਧੀ,
ਆਪਸ ਮੈਂ ਇਮ ਗਾਵੈਂ।
ਰੀਤਿ ਪਿਤਾਮੇ ਕੀ[1] ਗੁਰੁ ਧਾਰੀ,
ਘਤੈਂ ਘੋਰ ਘਮਸਾਨੈਂ[1]।
ਫਿਰ ਕਹਿਂ ਸਰਬ ਸ਼ਕਤਿ ਮਤ[1] ਪ੍ਰਭ ਇਹੁ,
ਕਿਆ ਕਰਿ ਹੈਂ ਕੋ ਜਾਨੈ ॥ ੪੬ ॥

[1]ਬਹੁਤੇ ਵੈਰੀਆਂ ਨੂੰ।

[1]ਦਾਦੇ ਦੀ।

[1]ਭਿਆਨਕ ਜੰਗ ਪਾਉਣਗੇ।

[1]ਸਾਰੀਆਂ ਸ਼ਕਤੀਆਂ ਵਾਲੇ।

ਰੀਝ ਖੀਝ ਆਮੋਘ ਜਿਨੋਂ ਕੀ[1],
ਅਘਨ ਬਿਘਨ ਗਨ ਹਾਰੀ[1]।
ਰਾਮ ਕ੍ਰਿਸ਼ਨ ਸੇ ਚਰਿਤ ਕਰਤ ਨਿਤ,
ਗਤਿ ਸਭ ਇਨ ਕੀ ਨਜਾਰੀ।
ਰੂਪ ਅਨੂਪਮ ਕਾਮ ਕੋਟ ਤੈ[1],
ਸੁੰਦਰ ਤਨ ਸਭਿ ਭਾਤੈਂ।
ਅਰੁਨ ਬਰਨ ਜੁਗ ਚਰਨ[1] ਕਮਲ ਸੇ,

[1]ਖ਼ੁਸ਼ੀ ਤੇ ਗ਼ੁੱਸਾ ਜਿਨ੍ਹਾਂ ਦਾ ਸਫਲ ਹੈ।

[1]ਬਹੁਤੇ ਪਾਪਾਂ ਤੇ ਬਿਘਨਾਂ ਨੂੰ ਨਾਸ ਕਰਨ ਵਾਲੇ ਹਨ।

[1]ਕ੍ਰੋੜਾਂ ਕਾਮਦੇਵਾਂ ਤੋਂ।

[1]ਲਾਲਰੰਗ ਦੇ ਦੋਨੋਂ ਚਰਨ।

ਸਿੱਖਨ ਬਾਂਛਿਤ ਦਾਤੈਂ[1] ॥ ੪੭ ॥
ਅੰਗੁਰੀ ਫੂਲ ਪੰਖਰੀ ਪਰ ਨਖ,
ਹੀਰ ਚੀਰ ਜਨੁ ਰਾਖੇ[1]।

[1]ਮਨ ਇੱਛਤ ਫਲ ਦੇਣ ਵਾਲੇ।

[1]ਫੁੱਲ ਦੀਆਂ ਪੰਖੜੀਆਂ ਵਰਗੀਆਂ ਉਂਗਲਾਂ ਉੱਪਰ ਨਹੁੰ ਜਾਣੋ ਹੀਰੇ ਚੀਰ ਕੇਰੱਖੇ ਹਨ।

ਲਾਲ ਚਰਨ ਕਿਤ ਇੰਦ ਬਧੂਟੀ,
ਚਾਂਦ ਟੂਕ ਸੇ ਲਾਖੇ[1]।

[1]ਲਾਲ ਚਰਨ ਹਨ ਜਾਂ ਚੀਚ ਵਹੁਟੀਆਂ ਹਨ ਜਾਂ ਚੰਦ ਦੇ ਟੁਕੜੇ ਲਗਦੇ ਹਨ।

ਪਾਕੇ ਫਲ ਕਰੀਰ ਸਮ ਏਡੀ,
ਲਾਲ ਬ੍ਰਤਲਾਕਾਰੂ[1]।

[1]ਅੱਡੀ ਕਰੀਰ ਦੇ ਪੱਕੇ ਫਲ ਵਾਂਗ ਲਾਲ ਤੇ ਗੋਲ ਹੈ।

ਕੋਮਲ ਕੰਜ ਅਰੁਨ ਪੰਖਰੀ ਸੀ,
ਪੱਬ ਪਾ ਤਰੀ ਚਾਰੂ[1] ॥ ੪੮ ॥

[1]ਕੰਵਲ ਦੀ ਕੋਮਲ, ਲਾਲ ਪੰਖੜੀ ਵਰਗੀ ਸੁੰਦਰ ਪੱਬ ਤੇ ਪੈਰ ਦੀ ਤਲੀ ਹੈ।

ਕੱਛਪ ਪਿਸ਼ਟ ਪੁਸ਼ਟ ਊਪਰ ਤੈ,
ਗੁਲਫ ਸੁਲੱਛਨ ਸਾਰੀ[1]।

[1]ਪੈਰ ਦਾ ਉੱਪਰਲਾ ਹਿੱਸਾ ਕੱਛੂ ਦੀ ਪਿੱਠ ਵਰਗਾ ਮਜ਼ਬੂਤ ਹੈ ਅਤੇ ਗਿੱਟੇ ਸਾਰੇ ਚੰਗੇ ਲੱਛਣਾਂ ਵਾਲੇ ਹਨ।

ਜਾਨੂ ਜੰਘ ਸੁਮਿਲਿ ਕਦਲੀ ਸੀ,
ਖੰਭੇ ਓਜ ਕਿ ਭਾਰੀ[1]।

[1]ਗੋਡੇ ਤੇ ਲੱਤਾਂ ਕੇਲੇ ਵਾਂਗ ਮਿਲਵੀਆਂ ਹਨ ਜਾਂ ਬਹੁਤੇ ਬਲ ਦੇ ਥੰਮ੍ਹੇ ਹਨ।

ਕੇਹਰਿ ਸੀ ਕਟਿ ਉਦਰ ਤ੍ਰਿਵਲੀ,
ਨਾਭਿ ਗੰਭੀਰ ਉਦਾਰੂ[1]।

[1]ਸ਼ੇਰ ਵਰਗੀ ਲੱਕ, ਪੇਟ 'ਚ ਤਿੰਨ ਵਲ, ਧੁੰਨੀ ਬਹੁਤੀ ਡੂੰਘੀ ਹੈ।

ਕਠਨ ਕਪਾਟ ਬੱਜ੍ਰ ਜਨੁ ਗਾਢੇ,
ਆਯੁਤ ਛਾਤੀ ਚਾਰੂ[1] ॥ ੪੯ ॥

[1]ਚੌੜੀ ਤੇ ਸੁੰਦਰ ਛਾਤੀ ਜਾਣੋ ਸਖਤ ਬੱਜਰ ਦੇ ਮਜ਼ਬੂਤ ਤਖਤੇ ਹਨ।

ਕੰਬੁ ਕਪੋਤ ਗ੍ਰੀਵ ਸੀਵ ਸੁਖ,
ਕੰਧ ਕੋਲ ਸੇ ਉੱਨਤ[1]।

[1]ਸੰਖ ਤੇ ਕਬੂਤਰ ਵਰਗੀ ਧੌਣ ਸੁਖਾਂ ਦੀ ਹੱਦ ਹੈ ਅਤੇ ਮੋਢੇ ਸੂਰ ਵਾਂਗ ਉੱਚੇ ਹਨ।

ਫਲ ਰਸਾਲ ਨੂਤਨ ਤੈ ਚਾਰੂ,
ਚਿਬੁਕ ਚੁਗਿਰਦੀ ਗੁੱਨਤ[1]।

[1]ਅੰਬ ਦੇ ਨਵੇਂ ਫਲ ਤੋਂ ਸੁੰਦਰ ਤੇ ਚਹੁੰ ਪਾਸਿਆਂ ਤੋਂ ਗੁੰਦੀ ਹੋਈ ਠੋਡੀ ਹੈ।

ਬਾਹੁ ਪ੍ਰਲੰਬ ਅਲੰਬ ਓਜ ਕੋ,
ਕਰੀ ਕਰਭ ਕਰ ਕੈਸੀ[1]।

[1]ਬਾਹਾਂ ਬਹੁਤੀਆਂ ਲੰਬੀਆਂ ਹਾਥੀ ਦੇ ਬੱਚੇ ਦੀ ਸੁੰਡ ਵਰਗੀਆਂ ਬਲ ਦਾ ਆਸਰਾ ਹਨ।

ਦਿਪਤ ਪ੍ਰਚੰਡ ਅਖੰਡ ਦੰਡ ਭੁਜ,
ਬੱਜ੍ਰ ਖੰਡ ਜਨੁ ਜੈਸੀ[1] ॥ ੫੦ ॥

[1]ਜਾਣੋ ਬੱਜਰ ਦੇ ਟੁਕੜਿਆਂ ਵਰਗੇ ਡੌਲੇ ਲਗਾਤਾਰ ਤਿੱਖੇ ਚਮਕਦੇ ਹਨ।

ਰਮਾ ਕੰਜ ਤੈ ਮੰਜ ਕਮਲ ਕਰ,
ਦਾਨ ਮਾਨ ਦਾ ਰੱਖਕ[1]।

[1]ਲੱਛਮੀ ਤੇ ਕੰਵਲ ਤੋਂ ਉੱਜਲ ਹੱਥ ਕੰਵਲ, ਦਾਨ ਤੇ ਮਾਣ ਦੇਣ ਵਾਲੇ ਤੇ ਰਾਖੇ ਹਨ।

ਅਧਰ ਅਰੁਨ ਰਦ ਹੀਰ ਪਾਂਤ ਜਨੁ,
ਸੰਪੁਟ ਬਿੰਦ੍ਰੁਮ ਲੱਖਕ[1]।

[1]ਬੁੱਲ੍ਹ ਲਾਲ ਤੇ ਦੰਦ ਜਾਣੋ ਹੀਰਿਆਂ ਦੀ ਪੰਗਤੀ ਹੈ (ਮੁਖ) ਮੂੰਗਿਆਂ ਦਾ ਡੱਬਾ ਜਾਣੀਦਾ ਹੈ।

ਮੁਸਕਾਵਤ ਦਮਕਤ[1] ਦਿਖਰਾਵਤ,
ਬਿੰਬਨ ਮੈਂ ਜਨੁ ਕਲੀਆਂ[1]।

[1]ਚਮਕਦੇ।
[1]ਜਾਣੋ ਕੁੰਦਰ ਫਲਾਂ ਵਿੱਚ ਕਲੀਆਂ ਹਨ (ਬਿੰਬ-ਰਕਤ ਫਲ, ਕੁੰਦਰ ਫਲ, ਜੋ ਲਾਲਰੰਗ ਦਾ ਹੁੰਦਾ ਹੈ।)

ਤਿਲ ਪ੍ਰਸੂਨ ਕੀਰਨ ਤੈ ਅਧਿਕੈ,
ਸੋਂਹਿ ਨਾਸਕਾਂ ਭਲੀਆਂ[1] ॥ ੫੧ ॥

[1]ਤਿਲਾਂ ਦੇ ਫੁੱਲ ਤੇ ਤੋਤੇ ਨਾਲੋਂ ਵੀ ਨਾਸਾਂ ਬਹੁਤੀਆਂ ਚੰਗੀਆਂ ਸੋਂਹਦੀਆਂ ਹਨ।

ਸੁਠ ਕਪੋਲ ਜਨੁ ਮੁਕਰ ਮਦਨ ਕੇ,
ਕੁੰਡਲ ਕਲਿਤ ਸੁ ਝਲਕੈਂ[1]।

[1]ਸੁੰਦਰ ਗੱਲ੍ਹਾਂ ਜਾਣੋ ਕਾਮ ਦੇ ਸ਼ੀਸ਼ੇ ਹਨ (ਜਿਨ੍ਹਾਂ ਉੱਪਰ) ਸੁੰਦਰ ਕੁੰਡਲ ਚਮਕਦੇ ਹਨ।

ਡੋਲਤ ਰਤਨ ਜਰਾਵ ਜਰੇ ਬਡ,
ਸਸਿ ਪਰ ਰਵਿ ਜਨੁ ਢਲਕੈਂ[1]।

[1]ਵੱਡੇਰਤਨਾਂ ਨਾਲ ਜੜਾਊ ਜੜੇ (ਕੁੰਡਲ ਗੱਲ੍ਹਾਂ ਤੇ ਐਉਂ ਹਿਲਦੇ ਹਨ) ਜਾਣੋ ਚੰਦ ਉੱਤੇ (ਦੋ) ਸੂਰਜ ਲਟਕ ਰਹੇ ਹਨ।

ਕਮਲ ਪ੍ਰਫੁੱਲਤ ਦੁਤਿ ਮੁਖ ਮੰਡਲ,
ਚੰਦ ਅਮੰਦ ਕਿ ਆਹੀ[1]।

[1]ਗੋਲ ਮੁਖ ਦੀ ਸੋਭਾ ਖਿੜੇ ਹੋਏ ਕੰਵਲ ਵਰਗੀ ਹੈ ਜਾਂ ਉੱਜਲ ਚੰਦ੍ਰਮਾ ਹੈ।

ਮਧੁਰ ਮਧੁਰ ਧੁਨਿ ਘਨ ਸੀ ਬਾਨੀ,
ਦਾਨੀ ਸੁਖਦ ਮਹਾਂਹੀਂ[1] ॥ ੫੨ ॥

[1]ਮਿੱਠੀ ਮਿੱਠੀ ਬਾਣੀ ਦੀ ਧੁਨੀ ਬੱਦਲ ਵਰਗੀ ਹੈ ਜੋ ਬਹੁਤੇ ਸੁਖ ਦੇਣ ਵਾਲੀ ਹੈ।

ਕਰੁਨਾ ਭਰੇ ਕਮਲ ਪੰਖਰੀ ਸੇ,
ਦ੍ਰਿਗ ਕਟਾਛ ਬਿਨ ਅੰਜਨ[1]।

[1]ਸੁਰਮੇ ਤੋਂ ਬਿਨਾਂ ਕਿਰਪਾ ਭਰੇ ਨੇਤ੍ਰਾਂ ਦੇ ਕਟਾਖ ਕੰਵਲ ਦੀਆਂ ਪੰਖੜੀਆਂ ਵਰਗੇ ਹਨ।

ਕਾਰੀਗਰ ਕਟਾਰ ਜਨੁ ਮਾਂਜੇ,
ਖੰਜਨ ਮ੍ਰਿਗ ਮਦ ਭੰਜਨ[1]।

[1]ਜਾਣੋ ਕਾਰੀਗਰ ਦੇ ਕਟਾਰ ਮਾਂਜੇ ਹੋਏ ਹਨ ਜਿਹੜੇ ਮਮੋਲੇ ਤੇ ਹਰਨ ਦੇ ਹੰਕਾਰ ਨੂੰ ਭੰਨਣ ਵਾਲੇ ਹਨ।

ਲਾਜ ਜਹਾਜ ਰਸੀਲੇ ਚੰਚਲ,

ਦ੍ਰਿਗ-ਅੰਚਲਰਸ ਬਰਸਤ[1]।

[1]ਬਹੁਤ ਸ਼ਰਮੀਲੇਰਸ ਵਾਲੇ ਤੇ ਚੰਚਲ ਨੇਤ੍ਰਾਂ ਦੀਆਂ ਪਲਕਾਂ ਪਿਆਰ ਦੀ ਬਰਖਾ ਕਰਦੀਆਂ ਹਨ।

ਭ੍ਰਿਕੁਟੀ ਕੁਟਿਲ ਕਮਾਲ ਕਾਮ ਕਿਤ,
ਜਿਸ ਪਰ ਤਨਤ ਸੁ ਝਰਸਤ[1] ॥ ੫੩ ॥

[1]ਟੇਢੇ ਭ੍ਰੁਵੱਟੇ ਕਿਤੇ ਕਾਮ ਦੀਆਂ ਕਮਾਣਾਂ ਹਨ ਜਿਸ ਉੱਪਰ ਤਣਦੇ ਹਨ ਉਹ ਝੜ ਜਾਂਦਾ ਹੈ।

ਭਾਲ ਬਿਸਾਲ ਭਰਜੋ ਭਲ ਭਾਗੈਂ,
ਮੇਚਕ ਕਚ ਚਮਕੀਲੇ[1]।

[1]ਚੌੜਾ ਮੱਥਾ ਚੰਗੇ ਭਾਗਾਂ ਨਾਲ ਭਰਿਆ ਹੋਇਆ ਹੈ, ਕਾਲੇ ਤੇ ਚਮਕੀਲੇ ਕੇਸ ਹਨ।

ਸੀਸ ਨੀਕ ਉਸਨੀਕ[1] ਸੁਹਾਵਤ,
ਕਲਗੀ ਜਿਗਾ ਸਮੀਲੇ[1]।

[1]ਦਸਤਾਰ।

[1]ਮਿਲੀ ਹੋਈ।

ਜਬਰ ਜੋਤਿ ਜਗਮਗਤ ਜਵਾਹਰ,
ਭੂਖਨ ਭੂਸ਼ਤ ਸੋਹੈਂ[1]।

[1]ਜਵਾਹਰਾਤਾਂ ਦੀ ਭਾਰੀ ਜੋਤ ਪ੍ਰਕਾਸ਼ ਰਹੀ ਹੈ, ਸਜੇ ਹੋਏ ਗਹਿਣੇ ਸੋਂਹਦੇ ਹਨ।

ਐਸੋ ਕੋ ਨਰ ਨਾਰਿ ਅਭਾਗੀ,
ਜੋ ਪਿਖਿ ਕਰ ਨਹਿਂ ਮੋਹੈਂ ॥ ੫੪ ॥

ਬਸਤ੍ਰ ਸ਼ਸਤ੍ਰ ਸਜੇ ਸਮੀਲੇ[1],
ਕੰਧ ਧਨੁਖ ਸਰ ਕਰ ਹੈਂ[1]।

[1]ਮਿਲਵੇਂ।

[1]ਮੋਢੇ ਤੇ ਧਨੁਖ ਤੇ ਹੱਥ 'ਚ ਤੀਰ ਹਨ।

ਥਿਰੇ ਸਿੰਘਾਸਨ ਬੀਰਾਸਨ ਗੁਰੁ,
ਦਾਸਨਿ ਆਸਨ ਭਰ ਹੈਂ[1]।

[1]ਆਸਾਂ ਪੂਰੀਆਂ ਕਰਦੇ ਹਨ।

ਉਕਤ[1] ਸਰੂਪ ਭੂਪ ਭੂਪਨ ਗੁਰੁ,
ਸੁੰਦਰ ਰੂਪ ਅਤਨ ਤੈ[1]।

[1]ਉੱਪਰ ਕਿਹਾ ਹੋਇਆ।

[1]ਕਾਮ ਤੋਂ।

ਹਰਿ ਗਜਾਨ ਧਰਿ ਧਜਾਨ ਰਿਦੈ,
ਭਵ ਪਰ ਹੈਂ[1] ਬਿਨਾ ਜਤਨ ਤੈ ॥ ੫੫ ॥

[1]ਸੰਸਾਰ (ਸਮੁੰਦਰ) ਤੋਂ ਪਾਰ ਹੋ ਜਾਵੇਂਗਾ।

ਹਾਕਲਾ ਛੰਦ:

ਇਕ ਦਿਨ ਸੰਗਤਿ ਬਹੁ ਆਈ।
ਦਿਸ ਕਾਬਲ ਤੈ ਉਮਗਾਈ[1]।

[1]ਉੱਛਲ ਕੇ।

ਕਿਛ ਬਲਖ ਬੁਖਾਰੇ ਵਾਰੀ।
ਕਾਗਾਨੀ[1] ਅਰ ਕੰਧਾਰੀ ॥ ੫੬ ॥

[1]ਕਾਗਾਨ ਸ਼ਹਿਰ ਦੀ।

ਬਹੁ ਸਿੰਧੀ ਕੱਛੀ ਆਨੀ[1]।

[1]ਕੱਛ ਦੇਸ਼ ਦੀ ਆਈ।

ਬਾਲੂਚੇ ਰੇਗਸਤਾਨੀ[1]।
ਜਿਨ ਸੰਗ ਮਸੰਦ ਦਿਆਲਾ।

[1]ਬਿਲੋਚਸਤਾਨ ਦੇ ਰੇਤਲੇ ਇਲਾਕੇ ਦੀ।

ਅਤਿ ਪ੍ਰੇਮੀ ਸਿਦਕੀ ਲਾਲਾ[1] ॥ ੫੭ ॥
[1]ਪਿਆਰਾ।

ਨਿਜ ਭਾਲ ਗੁਰੱਗ੍ਰ ਰਗਰਾ[1]।
[1]ਆਪਣਾ ਮੱਥਾ ਗੁਰਾਂ ਅੱਗੇ ਰਗੜਿਆ।

ਧਰਿ ਭੇਟਾ ਮੇਟਾ ਝਗਰਾ।
ਗੁਰੁ ਦਰਸ਼ਨ ਸਬ ਨੇ ਪਾਏ।
ਅੰਬਾਰ ਅਕੋਰਨਿ[1] ਲਾਏ ॥ ੫੮ ॥
[1]ਭੇਟਾਂ ਦੇ ਢੇਰ।

ਕਾਗਾਨੀ ਦਏ ਗਲੀਚੇ।
ਤੋਫੇ ਆਮੋਲਕ ਸੀਚੇ[1]।
[1]ਜੋ ਇਕੱਠੇ ਕੀਤੇ ਹੋਏ ਸਨ।

ਥੀ ਇੱਛਾ ਜਿਸ ਕੀ ਜੈਸੀ।
ਗੁਰੁ ਪੂਰੀ ਕੀਨੀ ਤੈਸੀ ॥ ੫੯ ॥
ਨਿਤ ਸਭਾ ਬੀਚ ਚਲਿ ਆਵੈਂ।
ਲੰਗਰ ਤੈ ਭੋਜਨ ਪਾਵੈਂ।
ਇਕ ਦਿਵਸ ਦਿਆਲਾ ਬੋਲਾ।
ਇਕ ਡੇਰਾ[1] ਪਿਖਜੋ ਅਮੋਲਾ ॥ ੬੦ ॥
[1]ਤੰਬੂ।

ਪ੍ਰਭ ਜੀ ਪਸ਼ਮੀਨੇ ਕੇਰਾ।
ਹਿਤ ਨੌਰੰਗ ਬਨਜੋ ਬਡੇਰਾ।
ਅਸ ਬੀਰ ਧੀਰ ਜਗਿ ਕੋ ਹੈ।
ਜੋ ਪੇਖ ਨ ਤਿਸ ਕੋ ਮੋਹੈ ॥ ੬੧ ॥
ਢਾਈ ਲਖ ਲਗਜੋ ਰੁਪੱਯਾ।
ਮੈਂ ਚੈਹੋਂ ਵੈਸੋ ਕੱਯਾ[1]।
[1]ਉਹੋ ਜਿਹਾ ਬਣਾਉਣਾ ਚਾਹੁੰਦਾ ਹਾਂ।

ਜੇ ਆਗਜਾ ਹ੍ਵੈ ਬਨਵਾਵੋਂ।
ਲੈ ਕਾਰ ਭੇਟ ਖਰਚਾਵੋਂ ॥ ੬੨ ॥
ਕਾਰੀਗਰ ਕਾਬਲ ਭਾਰੇ।
ਕਸਬੀ[1] ਇਸ ਇਲਮ ਮਝਾਰੇ।
[1]ਮਾਹਰ।

ਸੋਢੀਸ[1] ਕਹਜੋ ਤਬਿ ਐਸੇ।
[1]ਕਲਗੀਧਰ ਜੀ ਨੇ।

ਤੁਮਹੂੰ ਬਨਵਾਵੋ ਵੈਸੇ ॥ ੬੩ ॥
ਗੁਰੁ ਘਰ ਮੈਂ ਕਜਾ ਪਰਵਾਹੈ।
ਤਿਸ ਤੈ ਭੀ ਨੀਕ ਬਨਾਹੈਂ।
ਯੁਤ ਸੰਗਤਿ ਲਈ ਬਿਦਾਈ।
ਦਸਤਾਰ ਗੁਰੂ ਤੈ ਪਾਈ ॥ ੬੪ ॥
ਜਬ ਕਾਬਲ ਜਾਇ ਪਹੁਚਾ।

ਲਗਜੋ ਬਨਵਾਵਨ ਸੂਚਾ[1]। [1]ਪਵਿੱਤ੍ਰ (ਤੰਬੂ)।
ਇਕ ਸਾਲ ਵੀਚ ਕਰ ਤਜਾਰੈਂ।
ਲਜਾਯੋ ਪੁਰਿ ਅਨੰਦ ਮਝਾਰੈਂ ॥ ੬੫ ॥
ਸੰਗਤ ਤਿਸ ਸੰਗੈ ਔਰੈਂ।
ਉਨਿ ਦੇਸਨ ਕੀ ਅਤਿ ਗੌਰੈਂ।
ਗੁਰੁ ਦਰਸ਼ਨ ਕਰਿ ਧਰਿ ਭੇਟਾ।
ਉਨਿ ਪ੍ਰਮਾਨੰਦ ਸਮੇਟਾ[1] ॥ ੬੬ ॥ [1]ਬਹੁਤ ਅਨੰਦ ਪ੍ਰਾਪਤ ਕੀਤਾ।
ਸੋ ਤੰਬੂ ਗੁਰ ਲਗਵਾਯੋ।
ਸਕਨਾਤ ਬਿਤਾਨ[1] ਤਨਾਯੋ। [1]ਸਣੇ ਕਨਾਤ ਚੰਦੋਆ।
ਕਾਲੀਚਨਿ[1] ਫਰਸ਼ ਕਰਾਏ। [1]ਗਲੀਚਿਆਂ ਦੇ।
ਜੋ ਉਸ ਹੀ ਦਿਸ ਤੇ ਆਏ ॥ ੬੭ ॥
ਬਡ ਉੱਛਵ ਮੇਲਾ ਹੋਵਾ।
ਜਬਿ ਜਾਇ ਗੁਰੂ ਸੋ ਜੋਵਾ[1]। [1]ਦੇਖਿਆ।
ਗੁਰੁ ਸ਼ਲਕ[1] ਕਰਾਈ ਭਾਰੇ। [1]ਬੰਦੂਕਾਂ ਦਾ ਇਕੱਠਾ ਫ਼ਾਇਰ।
ਬ੍ਰਤਜੋ ਪੰਚਾਮ੍ਰਿਤ[1] ਸਾਰੇ ॥ ੬੮ ॥ [1]ਕੜਾਹ ਪ੍ਰਸ਼ਾਦ।
ਤਿਸ ਮੈਂ ਗੁਰੁ ਸਭਾ ਲਗਾਈ।
ਪਿਖਿ ਸਬ ਕੀ ਬੁਧਿ ਬਿਸਮਾਈ।
ਗੁਲਕਾਰੀ ਬਾਗ ਮਨਿੰਦੈਂ[1]। [1](ਸੂਈ ਨਾਲ) ਬਾਗ਼ ਵਾਂਗ ਫੁੱਲ ਕੱਢੇ ਹਨ।
ਫਲ ਫੂਲਰਚੇ ਦਲ ਬ੍ਰਿੰਦੈਂ[1] ॥ ੬੯ ॥ [1]ਬਹੁਤੇ ਫਲ ਫੁਲ ਤੇ ਪੱਤੇ ਬਣਾਏ ਹੋਏ ਹਨ।
ਝਾਲਰ ਝਿਲਮਿਲ ਝੁਲਕੰਤੀ[1]। [1]ਝਾਲਰ ਚਮਕ ਦਮਕ ਨਾਲ ਝੂਲ ਰਹੀ ਹੈ।
ਵਿਚ ਮੁਕਤਾ ਲਰੀ[1] ਸੁਹੰਤੀ। [1]ਮੋਤੀਆਂ ਦੀ ਲੜੀ।
ਚਾਮੀਕਰ ਚਾਂਦੀ ਕੇਰੀ[1]। [1]ਸੋਨੇ ਤੇ ਚਾਂਦੀ ਦੀਆਂ।
ਬਡ ਚੋਬੈਂ ਚਿੱਤ੍ਰਤ ਹੇਰੀ[1] ॥ ੭੦ ॥ [1]ਚਿਤ੍ਰੀਆਂ ਹੋਈਆਂ ਦੇਖੀਆਂ।
ਕਲਧੌਤ[1] ਕਲਸ ਬਹੁ ਲਸ਼ਕੈ। [1]ਸੋਨੇ ਦਾ।
ਚਪਲਾ ਜਨੁ ਚਹੁੰਘਾ ਚਮਕੈ[1]। [1]ਜਾਣੋ ਬਿਜਲੀ ਚਹੁੰ ਪਾਸੀਂ ਚਮਕਦੀ ਹੈ।
ਧਨ ਲਾਗਜੋ ਲਾਖ ਅਢਾਈ।
ਜਿਹ ਸਮ ਨਹਿਂ ਅਨਤ ਕਿਥਾਈ[1] ॥ ੭੧ ॥ [1]ਹੋਰ ਕਿਸੇ ਥਾਂ।
ਪਿਖਿ ਸਤਿਗੁਰੁ ਅਤਿ ਖੁਸ਼ ਹੋਏ।
ਸੰਗਤ ਕੇ ਦੁਖ ਸਭਿ ਖੋਏ।
ਜਿਨ ਜਿਨ ਕਾ ਧਨ ਬਹੁ ਲਾਗਾ।

ਗੁਰੁ ਕਿਯ ਤਿਨ ਕੋ ਬਡ ਭਾਗਾ ॥ ੭੨ ॥
ਦੈ ਖੁਸ਼ੀ ਨਿਹਾਲ ਸੁ ਕੀਨੇ।
ਬਖਸ਼ੇ ਫਲ ਚਾਰੁ ਰੰਗੀਨੇ[1]। [1]ਸੁੰਦਰ ਤੇ ਅਨੰਦ ਦਾਇਕ।
ਇਹੁ ਖਬਰ ਗਿਰੀਸੈਂ[1] ਪਾਏ। [1]ਪਹਾੜੀ ਰਾਜਿਆਂ।
ਹਿਤ ਪੇਖਨ ਸਚਵ[1] ਪਠਾਏ ॥ ੭੩ ॥ [1]ਵਜ਼ੀਰ।
ਸੁਨਿ ਮਹਿਮਾ ਡੇਰੇ ਕੇਰੀ[1]। [1]ਤੰਬੂ ਦੀ।
ਸਬਿ ਤੱਜਬ ਹੋਹਿਂ ਬਧੇਰੀ।
ਜਸ ਦੇਸ ਦੇਸ ਮੈਂ ਫੈਲਾ।
ਸਮ ਗੰਗਾ ਜਲੈਂ ਅਮੈਲਾ[1] ॥ ੭੪ ॥ [1]ਗੰਗਾ ਦੇ ਉੱਜਲ ਜਲ ਵਾਂਗ।

ਦੋਹਰਾ:
ਇਕ ਦਿਨ ਬਡ ਸੰਗਤਿ ਅਈ,
ਭੇਟਾ ਦਈ ਅਪਾਰ।
ਤਿਨ ਮੈਂ ਇਕ ਖੱਤ੍ਰੀ ਹੁਤੋ,
ਜਾਤਿ ਸਰੀਣ ਉਦਾਰ ॥ ੭੫ ॥

ਚੌਪਈ:
ਪਰਜੋ ਪਗਨ ਪਾਵਨ ਪਰ[1] ਆਏ। [1]ਪਵਿੱਤ੍ਰ ਚਰਨਾ 'ਤੇ।
ਪਰਮ ਪਰੀਤਿ ਪਗਜੋ[1] ਇਮ ਗਾਏ। [1]ਲੀਨ ਹੋਇਆ।
ਸ੍ਰੀ ਸਤਿਗੁਰੁ ਸਾਚੇ ਅਵਤਾਰੀ।
ਪਤਿਤਨਿ ਪਾਵਨ ਕਰਤ ਮੁਰਾਰੀ ॥ ੭੬ ॥
ਦੀਨ ਬੰਧ ਮਮ ਕੰਨਜਾ ਧੰਨਜਾ[1]। [1]ਧੰਨਤਾ ਜੋਗ।
ਸੀਲ ਰੂਪ ਗੁਨ ਨਿਧਿ ਆਨੰਨਜਾ[1]। [1]ਸੁਭਾਉ ਰੂਪ ਤੇ ਗੁਣਾਂ ਦੀ ਨਿਧੀ ਹੈ ਜਿਸ ਵਰਗੀ ਹੋਰ ਕੋਈ ਨਹੀਂ।
ਜਬਿ ਤੇ ਜਨਮੀ ਮੈਂ ਦਿਢ ਲਾਖੀ[1]। [1]ਚੰਗੀ ਤਰ੍ਹਾਂ ਜਾਣੀ ਹੈ।
ਦੇਵੀ ਰੂਪ ਜੋਗ ਤੁਵ ਰਾਖੀ ॥ ੭੭ ॥
ਨਹ ਧਨ ਮਮ ਘਰ ਤੁਮ ਸਬਿ ਗਜਾਨੀ[1]। [1]ਜਾਣਦੇ ਹੋ।
ਲਜਾਯੋ ਇਹਾਂ ਇਹੀ ਦਿਢ ਜਾਨੀ।
ਨਿਜ ਸੇਵਾ ਹਿਤ ਦਾਸੀ ਕੀਜੈ।
ਸਰਨ ਪਰੇ ਕੀ ਲਾਜ ਰਖੀਜੈ ॥ ੭੮ ॥
ਕੁਲ ਲੋਗਨ ਕੀ ਲਾਜ ਲਪੇਟਜੋ[1]। [1]ਇਜ਼ਤ ਰੱਖ ਲਿਆ ਜੇ।
ਆਇ ਪਦਮ ਪਦਰਾਵਰ ਭੇਟਜੋ[1]। [1]ਮਿਲਿਆ ਹਾਂ।

ਸੁਨਿ ਸਤਿਗੁਰੁ ਤਿਹ ਧੀਰ ਧਰਾਯੋ।
ਡੇਰਾ ਭਲੀ ਠੌਰ ਕਰਵਾਯੋ ॥ ੭੯ ॥
ਸੁਧ ਸ੍ਰੀ ਮਾਤਾ ਪਾਸ ਪਠਾਈ।
ਮਾਤ ਹਰਖ ਹਿਯ ਬਟੀ ਬਧਾਈ[1]।
ਸਾਹਾ ਤੁਰਤਹਿ ਲਯੋ ਸੁਧਾਈ[1]*।

[1]ਮਾਤਾ ਜੀ ਨੇ ਹਿਰਦੇ 'ਚ ਖ਼ੁਸ਼ ਹੋ ਕੇ ਵਧਾਈ ਵੰਡੀ।
[1]ਸਾਹੇ ਦਾ ਦਿਨ ਵਿਚਾਰ ਕੇ ਮੁਕੱਰਰ ਕਰ ਲਿਆ। *ਸਾਹਾ ਸੁਧਾਉਣ ਬਾਰੇ ਦੇਖੋ ਬਿਸ਼੍ਰਾਮ ੧੨ ਦੇ ਅੰਕ ੯ ਦੇ * ਨਿਸ਼ਾਨ ਦੀ ਪੈਰ ਟੂਕ।

ਸਬੈ ਸਮੱਗ੍ਰੀ ਤਜਾਰ ਕਰਾਈ ॥ ੮੦ ॥
ਰੀਤ ਬੇਦ ਕੁਲ ਕਰਿ ਸਬਿ ਭਾਏ।
ਸਤਿਗੁਰੁ ਕੋ ਫੇਰੇ ਫਿਰਵਾਏ।
ਬਜੇ ਸ਼ਧਾਨੇ[1] ਮੰਗਲ ਗਾਏ।
ਆਨੰਦ ਰਹਾ ਅਨੰਦ ਪੁਰਿ ਛਾਏ ॥ ੮੧ ॥
ਸਸਿ ਬਦਨੀ ਪਿਕ ਬੈਨੀ ਭਾਮਨਿ[1]।
ਮ੍ਰਿਗ ਨੈਨੀ ਗਜ ਗਾਮਨ ਗਾਵਨਿ[1]।
ਮ੍ਰਿਦੁਲ ਮਧੁਰ ਸ੍ਵਰ ਮਦਨ ਜਗਾਵਨਿ[1]।
ਜੋ ਸੁਨਿ ਸਾਵਨ ਮੇਘ ਲਜਾਵਨਿ ॥ ੮੨ ॥
ਲੈ ਦੁਲਹਨਿ ਦੁਲਹਾ[1] ਜਬਿ ਆਏ।
ਜੁਰੀ ਦ੍ਵਾਰ ਪਰ ਤਿਯ ਸਮੁਦਾਏ।
ਰੋਕੋ ਗੁਰੂ ਪੌਰ ਪਰ[1] ਘਰ ਕੀ।
ਕਰੀ ਆਰਤੀ ਆਰਤ ਹਰ ਕੀ[1] ॥ ੮੩ ॥
ਵਾਰੀ ਵਾਰ[1] ਮਾਤ ਤਬਿ ਪੀਓ।
ਆਨੰਦ ਉਮਕ ਚਲਜੋ[1] ਭਰਿ ਹੀਓ।
ਅਤੀ ਸੁੰਦ੍ਰੀ ਨਾਮ ਸੁੰਦ੍ਰੀ।
ਜਨੁ ਗੁਨ ਮਨ ਯੁਤ ਕੁੰਦਨ ਮੁੰਦ੍ਰੀ[1] ॥ ੮੪ ॥
ਖਾਨਰੂਪ ਗੁਨ ਨੁਖਾ ਨਿਹਾਰੀ[1]।
ਰਮਾ ਦੁਤੀ ਸੁਤ ਸਹੀ ਮੁਰਾਰੀ[1]।

[1]ਖ਼ੁਸ਼ੀ ਦੇ ਵਾਜੇ।
[1]ਚੰਦ ਮੁਖੀ ਤੇ ਕੋਇਲ ਕੰਠੀ ਇਸਤ੍ਰੀਆਂ।
[1]ਹਰਨ ਅੱਖੀਆਂ ਤੇ ਹਾਥੀ ਚਾਲ ਵਾਲੀਆਂ ਗਾਉਂਦੀਆਂ ਹਨ।
[1]ਕੋਮਲ ਤੇ ਮਿੱਠੀ ਆਵਾਜ਼ ਨਾਲ ਕਾਮ ਜਗਾਉਂਦੀਆਂ ਹਨ।
[1]ਲਾੜੀ ਨੂੰ ਲਾੜਾ ਲੈ ਕੇ।
[1]ਦਰਵਾਜ਼ੇ ਉੱਪਰ।
[1]ਦੁਖਾਂ ਨੂੰ ਮੇਟਣ ਵਾਲੇ (ਗੁਰਾਂ) ਦੀ।
[1]ਪਾਣੀ ਵਾਰ ਕੇ।
[1]ਉੱਛਲ ਚੱਲਿਆ।
[1]ਜਾਣੋ ਗੁਣਾਂ ਰੂਪ ਮਣੀਆਂ ਸਹਿਤ ਸੋਨੇ ਦੀ ਮੁੰਦ੍ਰੀ ਹੈ।
[1]ਰੂਪ ਤੇ ਗੁਣਾਂ ਦੀ ਖਾਣ ਨੂੰਹ ਵੇਖੀ।
[1]ਮਾਤਾ ਸੁੰਦਰੀ ਦੂਜੀ ਲਛਮੀ ਹੈ ਤੇ ਪੁੱਤਰ ਕਲਗ਼ੀਧਰ ਠੀਕ ਵਿਸ਼ਨੂੰ ਹੈ।

ਜੋਰੀ ਜੁਰੀ ਉਦਾਰ ਅਪਾਰੀ।
ਹੇਰ ਨਾਰਿ ਨਰ ਹ੍ਵੈਂ ਬਲਿਹਾਰੀ ॥ ੮੫ ॥
ਬਦਨ ਸਦਨ ਸੁਖ ਕਦਨ ਮਦਨ ਮਦ[1]।

[1]ਮੁਖ ਸੁਖਾਂ ਦਾ ਘਰ ਤੇ ਕਾਮ ਦੇ ਹੰਕਾਰ ਨੂੰ ਕੱਟਣ ਵਾਲਾ ਹੈ।

ਪਿਖਿ ਲਹਿੰ ਮੁਦ ਜਿਮ ਸੰਤ ਪਰਮ ਪਦ[1]।
[1](ਜਿਸ ਨੂੰ) ਵੇਖ ਕੇ ਜਿਵੇਂ ਸੰਤ ਪਰਮ ਪਦਵੀ ਦਾ ਅਨੰਦ ਲੈਂਦੇ ਹਨ।

ਕਰ ਸੁ ਸਗਨ[1] ਇਕਠੇ ਬੈਠਾਏ।
[1]ਚੰਗੇ ਸ਼ਗਨ।

ਸਚੀ[1] ਇੰਦ੍ਰ ਸਮ ਸੋਹਿੰ ਮਹਾਏ ॥ ੮੬ ॥
[1]ਇੰਦ੍ਰ ਦੀ ਇਸਤ੍ਰੀ।

ਪੁਨ ਕੰਗਨਾ ਮਿਲਿ ਸਬਿਨਿ ਖਿਲਾਏ*।
*ਕੰਗਨਾ ਖਿਡਾਉਣ ਬਾਰੇ ਦੇਖੋ ਬਿਸ੍ਰਾਮ ੩੮ ਦੇ ਅੰਕ ੭੨ ਅਤੇ ੧੫੮ ਦੇ * ਨਿਸ਼ਾਨ ਦੀਆਂ ਪੈਰ ਟੂਕਾਂ।

ਹਾਸ ਬਿਲਾਸ ਕੀਨ ਮਨ ਭਾਏ।

ਅਤਿ ਉਤਸ਼ਾਹਿ ਬਜਾਹਿ ਮੈਂ ਥਾਵਾ[1]।
[1]ਹੋਇਆ।

ਵਾਹਿ ਵਾਹਿ ਸਬ ਕਾਂਹਿ ਅਲਾਵਾ[1] ॥ ੮੭ ॥
[1]ਕਿਹਾ।

ਸ੍ਰੀ ਜੀਤੋ ਜੀ ਬਡੀ ਸਮਾਨੀ[1]।
[1]ਗੁਰਾਂ ਦੇ ਵੱਡੇ ਮਹਿਲ।

ਲਘੁ ਸੁੰਦ੍ਰੀ ਮੁੰਦ੍ਰੀ ਗੁਨ ਖਾਨੀ[1]।
[1]ਛੋਟੇ ਮਹਿਲ ਮਾਤਾ ਸੁੰਦਰੀ ਜੀ ਮੁੰਦ੍ਰੀ ਵਾਂਗ ਗੁਣਾਂ ਦੀ ਖਾਣ ਹਨ।

ਉਭੈ ਸਨੁਖਾ[1] ਪੂਤ ਸਮੂੱਥੈਂ।
[1]ਦੋਵੇਂ ਨੂੰਹਾਂ।

ਹੇਰਿ ਮਾਤ ਮੁਦ ਲਹਿਤ ਅਕੱਥੈਂ[1] ॥ ੮੮ ॥
[1]ਅਕਹਿ ਅਨੰਦ ਲੈਂਦੇ ਹਨ।

ਚਹਿਲ ਪਹਿਲ ਰਹਿ ਸਹਿਲੈਂ ਮਹਿਲੈਂ[1]।
[1]ਮਹਿਲਾਂ 'ਚ ਸੁਖੱਲੀ ਹੀਰੌਣਕ ਰਹਿੰਦੀ ਹੈ।

ਅਹਿਲ ਗੁਰੂ ਗੁਨ ਗਹਿਲ ਅਕਹਿ ਲੈਂ[1]।
[1](ਗੁਰੂ ਕੇ ਦੋਵੇਂ ਮਹਿਲ) ਗੁਰਾਂ ਵਾਲੇ ਅਕਹਿ ਗੁਣ ਗ੍ਰਹਣ ਕਰਦੇ ਹਨ।

ਕਰਤਾ ਭਰਤਾ ਹਰਤਾ ਭਰਤੈਂ[1]।
[1](ਕਰਤਾ) ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੇ, (ਭਰਤਾ) ਪਾਲਣਾ ਕਰਨ ਵਾਲੇ ਤੇ (ਹਰਤਾ) ਨਾਸ ਕਰਨ ਵਾਲੇ (ਭਰਤੈਂ) ਪਤੀ (ਗੁਰਾਂ) ਨੂੰ।

ਲਖਿ ਦਿਢ ਉਭੈ ਸ਼ੁਭੈ ਬਿਨ ਬਰਤੈਂ[1] ॥ ੮੯ ॥
[1]ਪੱਕੀ ਤਰ੍ਹਾਂ ਜਾਣ ਕੇ ਦੋਵੇਂ ਬਿਨਾਂ ਸ਼ੱਕ ਤੋਂ ਵਰਤਦੀਆਂ ਹਨ।

ਅਤਿ ਸ਼ਰਧਾ ਯੁਤ ਸੇਵ ਕਮੈ ਹੈਂ।

ਆਨ ਤਿਯਨ ਸਮਰਸ਼ਕ ਨ ਕੈਹੈਂ[1]।
[1]ਰੀਸ ਨਹੀਂ ਕਰਦੀਆਂ।

ਅਤਿ ਉੱਤਮ ਪ੍ਰਤਿਬ੍ਰਤਾ ਕੇਰੇ।

ਧਾਰੇ ਧਰਮ ਸੁ ਦੁਹਿਨ ਬਧੇਰੇ ॥ ੯੦ ॥

ਧਰੇ ਪਜਾਰ ਅਤਿ ਦੁਹੂੰ ਬਹਿਨ ਕੇ[1]।
[1]ਭੈਣਾਂ ਵਾਂਗ।

ਮਨ ਏਕੈ ਤਨ ਉਭੈ ਕਹਨ ਕੇ[1]।
[1]ਮਨ ਇਕ ਹੈ, ਸ਼ਰੀਰ ਕਹਿਣ ਨੂੰ ਦੋ ਹਨ।

ਜਬਿ ਸਤਿਗੁਰ ਫਿਰ ਘਰ ਮੈਂ ਆਵੈਂ।

ਉਰਿ ਭਰਿ ਮੁਦ ਉਠਿ ਅੱਗੂ ਥਿਰਾਵੈਂ ॥ ੯੧ ॥

ਮਾਥ ਨਾਇ ਪ੍ਰਕ੍ਰਮਾ ਲੇਵੈਂ।

ਜਥਾ ਜੋਗ ਸਬਿ ਬਿਧਿ ਖੁਦ ਸੇਵੈਂ।

ਸਮ ਦਰਸੀ[1] ਗੁਰੁ ਸਮ ਹੀ ਬਰਤੈਂ।
[1]ਇੱਕੋ ਜਿਹਾ ਦੇਖਣ ਵਾਲੇ।

ਮੋਦ ਪ੍ਰਮੋਦ ਦਾਇ ਕਰਿ ਚਰਿਤੈਂ[1] ॥ ੯੨ ॥
ਖੇਲ ਕੇਲ[1] ਬਹੁ ਹਾਸ ਬਿਲਾਸਾ।
ਕਰੈਂ ਮੇਦ ਮੁਦ ਝੇਲ ਹੁਲਾਸਾ[1]।
ਨਵ ਗੁਰੁ ਗਾਥ ਬਿਬਿਧਿ ਬਖਜਾਤੀ।
ਸੁਨੈਂ ਸੁਨਾਹਿਂ ਚਾਰ ਫਲ ਦਾਤੀ ॥ ੯੩ ॥
ਛਕਿ ਪ੍ਰਸ਼ਾਦ ਨਿਸ ਜਬਿ ਸੁਪਤਾਵੈਂ।
ਪ੍ਰਹੇਲੀ ਪ੍ਰਸਪਰੈਂ ਸੁਨਾਵੈਂ[1] ॥ ੯੪ ॥
ਤਥਾਹੀ ਪ੍ਰਹੇਲਕਾ[1],

[1]ਬਹੁਤ ਤੋਂ ਬਹੁਤ ਅਨੰਦ ਦੇਣ ਵਾਲੇ ਕੌਤਕ ਕਰਦੇ ਹਨ।
[1]ਅਨੰਦ ਦੀ ਖੇਡ।
[1]ਉਤਸ਼ਾਹ ਨਾਲ ਮੇਲ ਕਰ ਕੇ ਅਨੰਦ (ਝੇਲ) ਮਾਣਦੇ ਹਨ।
[1]ਆਪਸ ਵਿੱਚ ਬੁਝਾਰਤਾਂ ਸੁਣਾਉਂਦੇ ਹਨ।
[1]ਇਵੇਂ ਹੀ ਬੁਝਾਰਤਾਂ।

ਛਪੈ:

ਏਕ ਤੁੰਡ, ਮੁਖ ਖਸ਼ਟ, ਦੋਇ ਧੜ,
ਸ੍ਰਵਨ ਚਤੁਰ ਦਸ[1]।
ਸਪਤ ਜੀਹ, ਰਵ ਦੁਧਾ ਜਾਤਿ,
ਸਿਰ ਕਲਗੀ ਇਕ ਬਸ[1]।

[1]ਇਕ ਚੁੰਝ, ਛੇ ਮੂੰਹ, ਦੋ ਧੜ ਤੇ ਚੌਦਾਂ ਕੰਨ ਹਨ।
[1]ਸੱਤ ਜੀਭਾਂ ਤੇ ਬੋਲੀ ਦੋ ਤਰ੍ਹਾਂ ਦੀ ਹੈ ਸਿਰ ਤੇ (ਬਸ) ਕੇਵਲ ਇਕ ਕਲਗੀ ਹੈ।

ਜੁਗ ਰੰਧ੍ਰ, ਖਟ ਨਾਕ,
ਚਾਰ ਪਗ, ਭੁਜਾ ਦੋਇ ਕਰ[1]।
ਜੀਵ ਉਭੈ, ਧੜ ਪੰਖ ਦੋਇ,
ਇਕ ਪੁੰਛ ਸੋਹਿ ਤਰ[1]।
ਬਹੁ ਰੰਗ ਸਰਸ ਸੋਭਤ ਅਤੀ,
ਧਰਤਿ ਦੇਵ ਨ੍ਰਿਪ ਸੰਤ ਬਹੁ[1]।

[1]ਛੇਕ ਦੋ, ਨੱਕ ਛੇ, ਪੈਰ ਚਾਰ, ਬਾਹਾਂ ਤੇ ਹੱਥ ਦੋ ਦੋ ਹਨ।
[1]ਜੀਵ, ਧੜਾਂ ਤੇ ਖੰਭ ਦੋ ਦੋ ਹਨ ਇਕ ਪੂਛ ਬਹੁਤ ਸੋਂਹਦੀ ਹੈ।
[1](ਪੂਛ ਦੇ) ਬਹੁਤੇਰੰਗ ਅਨੰਦ ਦੇਣ ਵਾਲੇ ਬਹੁਤੇ ਸੋਭਦੇ ਹਨ (ਜਿਸ ਨੂੰ) ਦੇਵਤੇ, ਰਾਜੇ ਤੇ ਸੰਤ ਬਹੁਤਾ ਧਾਰਦੇ ਹਨ।

ਰਸ ਬੀਰ ਸ਼ਿੰਗਾਰਨ ਅਧਿਭੁਤੈਂ,
ਜਗ ਪੂਜ ਬੂਝ ਮਨਿ ਸੋ ਰਮਹੁ[1] ॥ ੯੫ ॥

[1]ਅਸਚਰਜ ਬੀਰਰਸ ਤੇ ਸ਼ਿੰਗਾਰਰਸ ਵਾਲੇ ਜਗਤ ਪੂਜ ਨੂੰ ਮਨ ਤੋਂ ਪੁੱਛ ਕੇ (ਰਮਹੁ) ਕਹੋ, (ਦਸੋ) (ਸੋ) ਉਹ (ਕੌਣ ਹੈ)। (ਉੱਤ੍ਰ:–ਮੋਰ ਦੀ ਸਵਾਰੀ ਸਣੇ, ਸ੍ਵਾਮੀ ਕਾਰਤਕ ਹੈ)।

ਸ੍ਵੈਯਾ:

ਰਹਿ ਕੂਪ ਤਟੈ, ਨਹਿ ਦਾਦਰ ਹੈ,
ਬਰਸੈ ਜਲ, ਬਾਦਰ ਨਾਂਹਿ ਵਹੀ[1]।

[1]ਖੂਹ ਦੇ ਕਿਨਾਰੇ ਰਹਿੰਦਾ ਹੈ ਪਰ ਡੱਡੂ ਨਹੀਂ, ਪਾਣੀ ਵਰ੍ਹਾਉਂਦਾ ਹੈ ਪਰ ਉਹ ਬੱਦਲ ਨਹੀਂ।

ਯੁਤ ਚੱਕ੍ਰ ਗਦਾ, ਸੁਤ ਨਾ ਜਸੁਧਾ,
ਬ੍ਰਿਖ ਬਾਹਨ, ਸੰਭੁ ਨ ਥੀਵ ਕਹੀ[1]।

[1]ਚੱਕ੍ਰ ਤੇ ਗਦਾ ਦੇ ਸਹਿਤ ਹੈ ਪਰ ਕ੍ਰਿਸ਼ਨ ਨਹੀਂ, ਬਲਦ ਦੀ ਸਵਾਰੀ ਕਰਦਾ ਹੈ ਪਰ ਸ਼ਿਵ ਜੀ ਕਿਸੇ ਤਰ੍ਹਾਂ ਵੀ ਨਹੀਂ ਹੋ

ਸ੍ਰਿਕ ਫੇਰਤ, ਨਾਂਹਿ ਜਪੀ ਤਪਸੀ,
ਸਲਤਾ ਜਨ ਹੈ ਪੁਨ ਸਿੰਧੁ ਨਹੀ[1]।

ਸਕਦਾ।

[1]ਮਾਲਾ ਫੇਰਦਾ ਹੈ ਪਰ ਜਪੀ ਤਪੀ ਨਹੀਂ, ਨਦੀ ਪੈਦਾ ਕਰਦਾ ਹੈ ਪਰ ਸਮੁੰਦਰ ਨਹੀਂ।

ਉਚਰੈ ਬਹੁ ਰਾਗ ਨ ਦੇਵ ਰਿਖੀ,
ਬੁਧਵਾਨ ਕਹੋ ਵਹਿ ਕੌਨ ਸਹੀ[1] ॥ ੯੬ ॥

[1]ਬਹੁਤੇਰਾਗ ਉਚਾਰਦਾ ਹੈ ਪਰ ਦੇਵਤਾ ਜਾਂ ਰਿਖੀ ਨਹੀਂ ਹੈ, ਹੇ ਬੁਧੀਵਾਨੋ ! ਠੀਕ ਤਰ੍ਹਾਂ ਕਹੋ ਉਹ ਕੌਣ ਹੈ ? (ਉੱਤ੍ਰ:–ਹਰਣ)।

ਪਗ ਚਾਰ ਨਹੀ ਪਸੁ, ਦੋ ਭੁਜ ਨਾ ਨਰ,
ਖੋੜਸ ਨੈਨ, ਨਹੀਂ ਅਜ ਜਾਨੋ[1]।

[1]ਚਾਰ ਪੈਰ ਹਨ ਪਰ ਪਸੂ ਨਹੀਂ, ਦੋ ਬਾਹਾਂ ਹਨ ਪਰ ਮਨੁੱਖ ਨਹੀਂ, ਸੋਲ੍ਹਾਂ ਅੱਖਾਂ ਹਨ ਪਰ ਬ੍ਰਹਮਾ ਨ ਜਾਣੋ।

ਤਨ ਉੱਜਲ ਸੰਭੁ ਨ ਗੋਲ ਦਿਵਾਕਰ,
ਮੋਹਿਤ ਹੈ ਜਗ, ਮੈਨ ਨ ਮਾਨੋ[1]।

[1]ਸਰੀਰ ਚਿੱਟਾ ਹੈ ਪਰ ਸ਼ਿਵ ਜੀ ਨਹੀਂ, ਗੋਲ ਹੈ ਪਰ ਸੂਰਜ ਨਹੀਂ, ਜਗਤ ਨੂੰ ਮੋਹਿਤ ਕਰਦਾ ਹੈ ਪਰ ਕਾਮ ਨ ਜਾਣੋ।

ਫਿਰ ਹੈ ਘਰ ਹੀ ਘਰ ਸ੍ਵਾਨ ਨਹੀਂ,
ਨ੍ਰਿਪ ਮਾਨ ਦਲੈ, ਨਹਿਂ ਸੱਤ੍ਰੂ ਠਾਨੋ[1]।

[1]ਘਰ ਹੀ ਘਰ ਫਿਰਦਾ ਹੈ ਪਰ ਕੁੱਤਾ ਨਹੀਂ, ਰਾਜਿਆਂ ਦਾ ਮਾਣ ਨਾਸ ਕਰ ਦੇਂਦਾ ਹੈ ਪਰ ਵੈਰੀ ਨ ਜਾਣੋ।

ਤਿਹ ਰੋਦਨ ਨਾਮ ਲਭੈ ਹਸ ਹੈ ਨਰ,
ਕੌਨ ਵਹੇ ਬੁਧਿਵਾਨ ਬਖਾਨੋ[1] ॥ ੯੭ ॥

[1]ਤਿਸਦਾ ਨਾਮਰੋਣਾ ਹੈ ਜੇ ਲੱਭ ਪਵੇ ਤਾਂ ਆਦਮੀ ਹੱਸ ਪੈਂਦਾ ਹੈ, ਬੁਧੀਵਾਨੋ ਕਹੋ ਉਹ ਕੌਣ ਹੈ ? (ਉੱਤ੍ਰ:–ਰੁਪੱਯਾ ਹੈ)।

ਜਤ ਧਾਰ ਰਹੇ ਸਦ ਸੰਗ ਤੀਯਾ,
ਚਲ ਹੈ ਸਮ ਪੌਨ, ਨ ਗੌਨ ਕਰੈ[1]।

[1]ਰਹਿੰਦਾ ਸਦਾ ਇਸਤ੍ਰੀ ਨਾਲ ਹੈ ਪਰ ਜਤ ਧਾਰਿਆ ਹੋਇਆ ਹੈ, ਚਲਦਾ ਹਵਾ ਵਾਂਗ ਹੈ ਪਰ ਤੁਰਦਾ ਨਹੀਂ।

ਸਭ ਹੀ ਜਗ ਕੋ ਪਹਰਾਵਤ ਚੀਰ,
ਉਘਾਰੋ ਰਹੇ ਖੁਦ ਨਾਹਿ ਧਰੈ[1]।

[1]ਸਾਰੇ ਜਗਤ ਨੂੰ ਬਸਤ੍ਰ ਪਹਿਨਾਉਂਦਾ ਹੈ ਪਰ ਆਪ ਨੰਗਾ ਰਹਿੰਦਾ ਹੈ (ਬਸਤ੍ਰ) ਨਹੀਂ ਪਾਉਂਦਾ।

ਸਿਰ ਪਾਂਚ, ਉਭੈ ਸ੍ਰੁਤਿ, ਹਾਥ ਇਕੋ ਮੁਖ,
ਖੋੜਸ ਪਾਂਖ ਧੁਨੀ ਸੁਰਰੈ[1]।

[1]ਪੰਜ ਸਿਰ, ਦੋ ਕੰਨ, ਇਕ ਹੱਥ ਤੇ ਇਕ ਮੁੱਖ ਹੈ, ਖੰਭ ਸੋਲ੍ਹਾਂ ਹਨ, ਬੋਲੀ ਬੋਲਦਾ ਹੈ।

ਬਿਨ ਜੱਗਜੋਪਵੀਤ ਅਚੈ ਨ ਕਛੂ,
ਰਦ ਏਕ, ਵਹੈ ਨਰ ਕੌਨ ਵਰੈ[1] ॥ ੯੮ ॥

[1]ਜਨੇਊ ਬਿਨਾ ਕੁਝ ਨਹੀਂ ਛਕਦਾ, ਇਕ ਦੰਦ ਹੈ, ਉਹ ਕੌਣ ਸ੍ਰੇਸ਼ਟ ਪੁਰਸ਼ ਹੈ ? (ਉੱਤ੍ਰ:–ਚਰਖਾ)।

ਗਉਨ ਕਰੈ ਸਮ ਪੌਨ, ਨ ਹਯ ਮ੍ਰਿਗ,
ਰੰਗ ਸਜਾਮ, ਨ ਭੌਰ ਲਖੀਜੈ[1]।

[1]ਹਵਾ ਵਾਂਗ ਚਲਦਾ ਹੈ ਪਰ ਘੋੜਾ ਤੇ ਹਰਨ ਨਹੀਂ, ਰੰਗ ਕਾਲਾ

ਹੈ ਪਰ ਭੌਰ ਨਾ ਜਾਣੋ।

ਖੋਦਤ ਹੈ ਧਰ, ਸੂਕਰ ਨਾ ਵਹਿ,
ਪੂੰਛ ਉੱਚੀ, ਨਹਿਂ ਕੂਕਰ ਥੀਜੈ[1]।

[1]ਧਰਤੀ ਪੁੱਟਦਾ ਹੈ ਪਰ ਉਹ ਸੂਰ ਨਹੀਂ, ਉੱਚੀ ਪੂਛ ਹੈ ਪਰ ਕੁੱਤਾ ਨਹੀਂ ਹੋ ਸਕਦਾ।

ਪਗ ਚਾਰ ਬਿੜਾਲ-ਮੁਖਾ, ਨਹਿਂ ਸਿੰਘ,
ਕਟੀ ਅਤਿ ਝੀਨ, ਚਿਤਾ ਨਹਿਂ ਲੀਜੈ[1]।

[1]ਪੈਰ ਚਾਰ ਤੇ ਬਿੱਲੇ ਵਰਗਾ ਮੂੰਹ ਹੈ ਪਰ ਸ਼ੇਰ ਨਹੀਂ, ਲੱਕ ਬਹੁਤ ਪਤਲਾ ਹੈ ਪਰ ਚਿਤ੍ਰਾ ਨ ਜਾਣੋ।

ਤ੍ਰਿਣ ਤੁੱਛ ਪਰੈ ਤਰ ਜਾਤਿ ਨਦੀ, ਵਹਿ ਕੌਣ ਅਹੇ
ਕਹਿ ਸ਼ੀਘ੍ਰ ਦੀਜੈ[1] ॥ ੯੯ ॥

[1]ਨਿੱਕੇ ਜਿਹੇ ਕੱਖ ਤੇ ਨਦੀ ਤਰ ਜਾਂਦਾ ਹੈ, ਉਹ ਕੌਣ ਹੈ ਛੇਤੀ ਕਹਿ ਦਿਉ ? (ਉਤ੍ਰ:-ਕੀੜਾ ਮਕੌੜਾ)।

ਛੰਦ:

ਨੀਵੀਂ ਪੀਠ ਦੋਇ ਸਿਰ ਊਚੇ,
ਚਾਰ ਕੰਨ ਰਹਿ ਕੜਿਆ[1]।

[1]ਪਿੱਠ ਨੀਵੀਂ ਦੋਵੇਂ ਸਿਰ ਉੱਚੇ, ਚਾਰ ਕੰਨ ਹਨ ਤੇ ਬੱਝਾ ਰਹਿੰਦਾ ਹੈ।

ਖਾਵਤ ਲਕੜੀ ਉਗਲਤ ਬੂਰਾ,
ਤੁਰ ਹੈ ਦੁਹਿਂ ਦਾ ਫੜਿਆ[1]।

[1]ਖਾਂਦਾ ਹੈ ਲੱਕੜ ਤੇ ਉਗਲਦਾ ਹੈ ਬੂਰਾ, ਦੋਹਾਂ ਦਾ ਫੜਿਆ ਹੋਇਆ ਤੁਰਦਾ ਹੈ।

ਮਾਰ ਖਾਇ ਬਹੁ ਜਨਮਜੋ ਅੱਗ ਤੈ,
ਸਾਢ ਤਿਹੱਥੇ ਘੜਿਆ[1]।

[1]ਬਹੁਤੀ ਮਾਰ ਖਾ ਕੇ ਅੱਗ ਚੋਂ ਜੰਮਿਆ ਹੈ, ਸਾਢੇ ਤਿੰਨ ਹੱਥੇ (ਮਨੁੱਖ) ਨੇ ਘੜਿਆ ਹੈ।

ਛੇੜੇ ਬਿਨਾ ਕਟਤ ਨਹਂ ਕਾਹੂੰ,
ਕਹੋ ਕੌਨ ਇਹੁ ਅੜਿਆ[1] ॥ ੧੦੦ ॥

[1]ਛੇੜੇ ਬਿਨਾਂ ਕਿਸੇ ਨੂੰ ਨਹੀਂ ਕਟਦਾ, ਹੇ ਅੜਿਆ ਕਹੋ ਉਹ ਕੌਣ ਹੈ ? (ਉੱਤ੍ਰ:-ਆਰਾ ਹੈ)।

ਚੌਪਈ:

ਇਤਜਾਦਿਕ ਕਹਿ ਸੁਨਿ ਪਰਹੇਲੀ[1]।
ਸੁਪਤੇ ਸਤਿਗੁਰੁ ਸਹਿਤ ਸੁਹੇਲੀ[1]।
ਭਏ ਸੁਖਾਸਨ ਗੁਰਹਿਂ ਨਿਹਰ ਕੈ[1]।
ਥਿਰਜੋ ਧਜਾਇ ਗੁਰੁ ਚਰਨ ਜੁਹਰ ਕੈ[1]
॥ ੧੦੧ ॥

[1]ਬੁਝਾਰਤਾਂ।
[1]ਸੁਖ ਸਹਿਤ।
[1]ਦੇਖ ਕੇ।
[1]ਨਮਸਕਾਰ ਕਰ ਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਗਜਾਨ ਸਿੰਘ ਵਿਰਚਿਤੇ 'ਦਸਮ ਗੁਰੂ ਕੋ ਦੁਤੀ ਬਿਵਾਹ ਆਦਿ ਕਥਾ, ਪ੍ਰਸੰਗ ਬਰਨਨੰ ਨਾਮ ਸੈਂਤਾਲੀਸਮੋਂ ਬਿਸ੍ਰਾਮ ॥ ੪੭ ॥

੪੯. {ਆਸਾਮ ਦੇ ਰਾਜੇ ਰਤਨਰਾਇ ਦਾ ਆਉਣਾ ਤੇ ਗੁਰੂ ਜੀ ਨੇ ਰਣਜੀਤ ਨਗਾਰਾ ਬਣਵਾਇਆ}

ਦੋਹਰਾ:

ਸਤਿ ਚਿਤ ਆਨੰਦ ਗਜਾਨ ਘਨ,
ਕਰਤਾ ਪੁਰਖੁ ਅਕਾਲ[1]।

[1]ਸਤਿ ਚੇਤਨ ਅਨੰਦ ਤੇ ਗਿਆਨ ਦੇ ਸਮੂੰਹ ਹੇ ਕਰਤਾ ਪੁਰਖ ਅਕਾਲ ਕਰਤਾਰ।

ਸੁਖਦ ਸਰਬਦਾ ਸਰਬ ਕੋ,
ਸਿਮਰਿ ਕਟੋ ਭਵ ਜਾਲ[1] ॥ ੧ ॥

[1]ਆਪ ਹਮੇਸ਼ਾਂ ਸਾਰਿਆਂ ਨੂੰ ਸੁਖ ਦੇਣ ਵਾਲੇ ਹੋ (ਇਸ ਬਿਰਦ ਨੂੰ) (ਸਿਮਰਿ) ਯਾਦ ਕਰ ਕੇ (ਮੇਰਾ) ਜੰਮਣ ਮਰਣ ਰੂਪ ਜਾਲ ਕੱਟ ਦਿਉ।

ਜਿਹ ਬਿਧਿ ਆਇ ਅਸਾਮ ਪਤਿ,
ਦੁੰਦਭਿ ਗੁਰੁ ਘਰਵਾਹਿਂ[1]।
ਸੋ ਗਾਥਾ ਇਸ ਧਜਾਇ ਮੈਂ,
ਦੇਹੁਂ ਗਾਇ ਮੈ ਚਾਹਿ ॥ ੨ ॥

[1]ਗੁਰੂ ਜੀ ਧੌਂਸਾ ਘੜਵਾਉਣਗੇ।

ਚੌਪਈ:

ਜਬ ਸ੍ਰੀ ਸਤਿਗੁਰੁ ਤੇਗ ਬਹਾਦਰ।
ਕਾਮਰੂਪ ਮੈਂ ਪਹੁੰਚੇ ਸਾਦਰ[1]।
ਉਨਹਿਂ ਗਾਥ ਮੈਂ ਸੋ ਸਭ ਗਾਥਾ[1]।
ਪੁਰਾ[1] ਕਹੀ ਪੇਖਹੁ ਹਿਤ ਸਾਥਾ ॥ ੩ ॥
ਰਾਮਰਾਇ ਨ੍ਰਿਪ ਤਾਂਹਿ ਦੇਸ ਕੋ।
ਪੁੱਤ੍ਰ ਹੋਨ ਬਰ ਦਯੋ ਬੇਸ ਥੋ[1]।
ਅਏ ਪੰਜਾਬ ਗੁਰੂ ਜਬਿ ਆਛੇ।
ਨ੍ਰਿਪ ਘਰ ਸੁਤ ਉਪਜਯੋ ਪੁਨ ਪਾਛੇ ॥ ੪ ॥
ਮੁਹਿਰ ਨਿਸ਼ਾਨ ਕਾਨ ਢਿਗ ਹੇਰਾ।
ਮਾਨਿ ਗੁਰਹਿਂ ਦਿਯ ਦਾਨ ਬਡੇਰਾ।
ਰਤਨਰਾਇ ਤਿਹ ਨਾਮ ਧਰੀਓ।
ਸਾਨੰਦ ਲਾਲਨ[1] ਪਾਲਨ ਕੀਓ ॥ ੫ ॥
ਸਾਤ ਬਰਸ ਕਾ ਵਹਿ ਜਬਿ ਹੋਵਾ।
ਪਿਤਾ ਤਾਂਹਿ ਕੇ ਸੁਰਪੁਰ ਜੋਵਾ[1]।
ਗਰਜਤ ਕਾਲ ਸੀਸ ਸਬਿ ਕੈ ਹੈ।
ਸੁਰ ਨਰ ਮੁਨਿ ਜਨ ਕੋ ਨਰਹੈ ਹੈ ॥ ੬ ॥
ਗਾਦੀ ਨਿਜ ਪਿਤ ਕੀ ਉਨਿ ਪਾਈ।

[1]ਸ੍ਰੇਸ਼ਟ ਵਰ ਦਿੱਤਾ ਸੀ।

[1]ਪਿਆਰ ਨਾਲ, ਲਾਡ ਨਾਲ।

[1]ਸੁਰਗ ਵੇਖਿਆ ਭਾਵ ਮਰ ਗਿਆ।

ਦ੍ਵਾਦਸ ਬਰਸ ਜਵਾਂ ਦਮਕਾਈ[1]।

[1]ਬਾਰ੍ਹਾਂ ਵਰ੍ਹਿਆਂ (ਬਾਦ ਭਾਵ ਉੱਨੀ ਵਰ੍ਹਿਆਂ ਦੀ ਉਮਰ ਵਿੱਚ) ਜਵਾਨੀ ਚਮਕ ਪਈ।

ਜੋਬਨ ਭੂਪ[1] ਆਇ ਕਿਯ ਡੇਰਾ।
ਅਮਲਾ[1] ਉਠਜੋ ਬਾਲਪਨ ਕੇਰਾ ॥ ੭ ॥
ਦੁੰਦਭਿ ਦੀਹ ਮਦਨ ਮਦ ਗਰਜਾ[1]।
ਜੀਤਨ ਚਹਿਤ ਤੀਆ ਤਨ ਪਰਜਾ[1]।

[1]ਜੋਬਨ ਰੂਪ ਰਾਜੇ ਨੇ।
[1]ਸਟਾਫ਼– ਕੰਮ ਕਰਨ ਵਾਲਾ ਟੋਲਾ।
[1]ਕਾਮ ਦਾ ਮਦ ਰੂਪ ਵੱਡਾ ਧੌਂਸਾ ਗੱਜਿਆ।
[1]ਇਸਤ੍ਰੀਆਂ ਦੇ (ਤਨ) ਸ਼ਰੀਰ ਰੂਪ ਪਰਜਾ ਨੂੰ ਜਿੱਤਣਾ ਚਾਹੁੰਦਾ ਹੈ।

ਤ੍ਰਿਛੀ ਚਿਤਨਿ ਚਖਨਿ ਚਿਤ ਚਈ[1]।
ਚਾਲ ਢਾਲ ਤਨ ਔਰਹਿਂ ਠਈ[1] ॥ ੮ ॥
ਚਮਕ ਦਮਕ ਚਪਲਾ ਸੀ[1] ਚਮਕੀ।
ਚਿਣਂਗ ਇਸ਼ਕ ਕੀ[1] ਤਨ ਮੈਂ ਰਮਕੀ[2]।
ਨ੍ਰਿਪ ਸੁਤ ਸੁੰਦ੍ਰ ਸਹਿਜ ਸਲੌਨਾ[1]।
ਹੇਰਤ ਜਿਸੈ ਹਰਤ ਮਨ ਤੌਨਾ[1] ॥ ੯ ॥
ਇਕ ਦਿਨ ਮੱਜਨ ਕਰਿ ਦ੍ਰਿਗਿ ਅੰਜਨ[1]।
ਮ੍ਰਿਗ ਮੀਨਨਿ ਖੰਜਨਿ ਮਦ* ਭੰਜਨ[1]।

[1]ਚਿੱਤ ਦੇ ਚਾਅ ਨਾਲ ਅੱਖਾਂ ਦੀ ਦੇਖਣੀ ਤਿੱਖੀ (ਹੋ ਗਈ)।
[1]ਹੋ ਗਈ।
[1]ਬਿਜਲੀ ਵਾਂਗ।
[1]ਪਿਆਰ ਦੀ ਚਿਣਂਗ। [2]ਸਹਿਜੇ ਸਹਿਜੇ ਚਲ ਪਈ।
[1]ਸੁਤੇ ਹੀ ਸੁਨੱਖਾ ਹੈ।
[1]ਜਿਸ ਵਲ ਵੇਖਦਾ ਹੈ ਤਿਸ ਦਾ ਮਨ ਚੁਰਾ ਲੈਂਦਾ ਹੈ।
[1]ਨੇਤ੍ਰਾਂ 'ਚ ਸੁਰਮਾ (ਪਾਇਆ)।
[1](ਜੋ ਨੇਤ੍ਰ) ਹਰਨਾਂ, ਮੱਛੀਆਂ ਤੇ ਮਮੋਲਿਆਂ ਦਾ (ਮਦ) ਹੰਕਾਰ ਭੰਨਣ (ਵਾਲੇ ਹਨ)। *ਛਾਪਾ ਪੱਥਰ 'ਚ ਏਥੇ ਪਾਠ 'ਭਵ' ਛਪਿਆ ਹੋਇਆ ਹੈ ਜਾਪਦਾ ਹੈ ਕਿ ਮਦ ਦਾ ਹੀ ਗ਼ਲਤੀ ਨਾਲ ਭਵ ਬਣ ਗਿਆ ਹੈ ਜੋ ਅਸ਼ੁੱਧ ਹੈ।

ਲੈ ਕਰਿ ਮੁਕਰ ਸੁ ਕਰਿ ਸ਼ੁਕਰਾਨਾ[1]।
ਨ੍ਰਿਖ ਰੂਪ ਨਿਜ ਮਨਿ ਮਗਨਾਨਾ[1] ॥ ੧੦ ॥
ਪੁਨ ਜਬਿ ਨਿਜ ਮਾਥੇ ਦਿਸ ਹੇਰਾ।
ਚਿੰਨ੍ਹ ਮੁਹਿਰ ਬਿਸਮੇ ਹ੍ਵੈ ਫੇਰਾ।
ਨਿਜ ਜਨਨੀ ਤੈ ਕਾਰਣ ਬੂਝਜੋ[1]।
ਮਾਤਹਿ ਤਬੈ ਬਤਾਵਨ ਸੂਝਜੋ ॥ ੧੧ ॥

[1]ਸ਼ੀਸ਼ਾ ਲੈ ਕੇ ਉਸ ਨੇ ਸ਼ੁਕਰ ਕੀਤਾ।
[1]ਮਨ ਵਿੱਚ ਮਗਨ ਹੋ ਗਿਆ।

[1]ਹੈਰਾਨ ਹੋ ਕੇ ਫੇਰ ਆਪਣੇ ਮਾਤਾ ਤੋਂ ਕਾਰਨ ਪੁੱਛਿਆ।

ਤਾਤ[1] ਤਾਤ ਤੁਵ[2] ਥਾ ਅਤਿ ਸਜਾਨਾ।
ਧਰਿ ਹਿਤ ਗੁਰੁ ਕੋ ਸੇਵਿ ਮਹਾਨਾ।
ਖੁਸ਼ ਹ੍ਵੈ ਗੁਰੂ ਉਦਰ ਪਰ[1] ਤਾਂ ਕੇ।
ਮੁਹਿਰ ਲਗਾਈ ਐਸ ਸੁਨਾ ਕੇ ॥ ੧੨ ॥
ਤੁਵ ਸੁਤ ਮਾਥੇ ਪਰ ਇਹ ਹੋਈ।
ਚਿੰਨ੍ਹ ਮੁਹਿਰ ਹਮਰੀ ਕਾ ਜੋਈ[1]।
ਬਾਨੀ ਭਈ ਸਾਚ ਗੁਰ ਵਰ ਕੀ।

[1]ਹੇ ਪੁੱਤ੍ਰ। [2]ਤੇਰਾ ਪਿਤਾ।

[1]ਪੇਟ ਉਪਰ।

[1]ਜਿਹੜਾ।

ਮੁਹਿਰ ਏਹੁ ਸਾਚੇ ਗੁਰੁ ਕਰ ਕੀ ॥ ੧੩ ॥
ਰਤਨਰਾਇ ਕਹਿ ਅਬਿ ਵਹਿ ਕਹਾਂ।
ਰਹਿਤ ਗੁਰੂ ਹਮ ਦਰਸੈਂ ਜਹਾਂ।
ਏਤਕ ਸ਼ਕਤਿ ਜਿਨੋ ਮੈਂ ਹੱਈਏ।
ਤਿਨ ਕੋ ਦਰਸ਼ਨ ਦਰਸਨ ਚਾਹੀਏ[1] ॥ ੧੪ ॥ [1]ਦਰਸ਼ਨ ਦੇਖਣਾ ਚਾਹੀਦਾ ਹੈ।
ਮਾਤ ਕਹਯੋ ਸੁਨ ਤਾਤ ਪਜਾਰੇ।
ਵਹਿ ਤੋ ਆਪ ਬੈਕੁੰਠ ਪਧਾਰੇ।
ਅਬਿ ਹੈਂ ਉਨਿ ਕੇ ਸਾਹਿਬਜ਼ਾਦੇ।
ਉਮਰ ਮਾਸ ਦਸ[1] ਤੁਮ ਤੈ ਜ਼ਜਾਦੇ ॥ ੧੫ ॥ [1]ਦਸ ਮਹੀਨੇ।
ਪੁਰ ਅਨੰਦ ਨਗਰੀ ਮਹਿ ਰਹਿ ਹੈਂ।
ਜਗਮਗ ਜੋਤਿ ਉਜਗਰੀ ਜਹਿ ਹੈ[1]। [1]ਜਿੱਥੇ ਪ੍ਰਗਟ ਜੋਤਿ ਪ੍ਰਕਾਸ਼ ਰਹੀ ਹੈ।
ਰਾਜੇ ਜੋਗੀ ਜਨਕ ਮਨਿੰਦੈਂ[1]। [1]ਵਾਂਗ।
ਰਾਮ ਕ੍ਰਿਸ਼ਨ ਤੇ ਅਧਿਕ ਅਨਿੰਦੈਂ[1] ॥ ੧੬ ॥ [1]ਉਸਤਤ ਕਰਨ ਜੋਗ।
ਜਾਨੀ ਜਾਨ ਜਨਨ ਕੇ ਜੀ ਕੀ[1]। [1]ਦਾਸਾਂ ਦੇ ਦਿਲਾਂ ਦੇ ਜਾਣੀ-ਜਾਣ ਹਨ।
ਹੇਰਤ ਹਰਤ ਪੀਰ ਸਬਿ ਹੀ ਕੀ।
ਕਟਿ ਤੁਨੀਰ ਧਨੁ ਕੰਧ ਧਰਾਇਵ[1]। [1]ਲੱਕ ਵਿੱਚ ਭੱਥਾ ਤੇ ਮੋਢੇ ਤੇ ਧਨੁਖਰਖਿਆ ਹੋਇਆ ਹੈ।
ਸ੍ਰੀ ਸਾਹਿਬ ਗੁਰ ਵਰ ਸ੍ਰੀ ਸਾਹਿਬ[1] ॥ ੧੭ ॥ [1]ਸ੍ਰੀ ਸਤਿਗੁਰੂ ਸਾਹਿਬ ਦੇ ਗਲ 'ਚ ਚੰਗੀ ਤਲਵਾਰ ਹੈ।
ਕਲਗੀ ਸੀਸ ਉਤੰਗ ਝੁਲਾਰੀ[1]। [1]ਉੱਚੀ ਝੂਲ ਰਹੀ ਹੈ।
ਸ੍ਰੀ ਸਤਿਗੁਰੁ ਕੀ ਛਬਿ ਸਬਿ ਨਜਾਰੀ।
ਭੁਗਤਿ ਮੁਕਤਿ ਹੈਂ ਕਰ ਤਲ ਜਾਂ ਕੇ[1]। [1]ਜਿਨ੍ਹਾਂ ਦੀ ਹੱਥ ਦੀ ਤਲੀ 'ਤੇ ਭੋਗ ਤੇ ਮੋਖ ਹਨ।
ਸੋ ਪਾਵਤ ਜੋ ਦਰਸਤ ਜਾ ਕੇ ॥ ੧੮ ॥
ਤਾਤ[1] ਸੁਨੋ ਮੈਂ ਉਨਿ ਗੁਨ ਲੱਖਨ। [1]ਹੇ ਪੁੱਤਰ।
ਲਖਨ[1] ਚਹਿਤ ਹੋਂ ਮੈਂ ਭੀ ਅੱਖਨਿ[2]। [1]ਦੇਖਣਾ। [2]ਅੱਖਾਂ ਨਾਲ।
ਸੁਨਿ ਤਿਹ ਚੌਂਪ ਚਿਣੰਗ[1] ਚਿਤ ਬਾਢੀ। [1]ਉਤਸ਼ਾਹ ਦੀ ਚਿੰਗਾਰੀ।
ਹਰਖ ਹੀਏ ਧਰਿ ਪ੍ਰੀਤਿ ਸੁ ਗਾਢੀ[1] ॥ ੧੯ ॥ [1]ਖੁਸ਼ ਹੋ ਕੇ ਹਿਰਦੇ 'ਚ ਬਹੁਤੀ ਪ੍ਰੀਤੀ ਧਾਰੀ।
ਤੁਰਨ[1] ਤੁਰਨ ਤਜਾਰੀ ਕੀਨੀ। [1]ਛੇਤੀ।
ਭੇਟਾ ਭਾਂਤਿ ਭਾਂਤਿ ਸੰਗ ਲੀਨੀ।
ਤੋਫੇ ਅਧਭੁਤ ਲੈ ਨਿਜ ਦੇਸੀ।
ਗੁਰੈਂ ਰਿਝਾਵਨ ਹੇਤ ਬਿਸੇਸੀ[1] ॥ ੨੦ ॥ [1]ਬਹੁਤਾ।
ਦਯੋ ਦੇਸ ਮੈਂ ਹੁਕਮ ਬਿਸਾਲੇ।

Sri Satguru Jagjit Singh Ji eLibrary NamdhariElibrary@gmail.com

ਜੋ ਗੁਰੁ ਦਰਸ਼ਨ ਚਹਿ ਸੋ ਚਾਲੇ।
ਨਿਰਧਨ ਕੋ ਖਰਚਾ ਹਮ ਦੈਹੈਂ।
ਤੀਰਥ ਮਗ ਮੈਂ ਬਹੁ ਪਰਸੈਂ ਹੈਂ ॥੨੧॥
ਸੁਨ ਕੈ ਭਏ ਸਿੱਖ ਬਹੁ ਸੰਗੀ।
ਮਨ ਮੈਂ ਸਬਿਨਿ ਵਿਚਾਰੀ ਚੰਗੀ।
ਹਰਿਦ੍ਵਾਰ ਲੌ ਤੀਰਥ ਸਾਰੇ।
ਪਰਸੈਂ ਦਰਸੈਂ ਗੁਰੈਂ ਉਦਾਰੇ ॥੨੨॥
ਏਕ ਕਾਮ ਮੈਂ ਦੋਇ ਕਾਜ ਹ੍ਵੈਂ।
ਲਾਭ ਹਮੈਂ ਸਭਿ ਬਿਧਿ ਦਰਾਜ ਹ੍ਵੈ।
ਕਿਛਕ ਬਾਹਨੀ[1] ਯੁਤ ਨਿਜ ਮਾਤੈਂ। [1]ਫੌਜ।
ਗਮਨ ਕੀਨ ਨ੍ਰਿਪ ਤਬੈ ਬਖਜਾਤੈਂ ॥੨੩॥
ਸੰਗ ਮਸੰਦ ਬੁਲਾਕੀ ਚਾਲਾ।
ਢਾਕੇ ਤੈ ਲੈ ਸਿੱਖ ਬਿਸਾਲਾ।
ਪਟਨੇ ਆਇ ਪ੍ਰਸ਼ਾਦ ਕਰਾਯੋ।
ਜਨਮ ਥਾਨ ਗੁਰੁ ਮਾਨਿ ਮਨਾਯੋ[1] ॥੨੪॥ [1]ਸਤਿਕਾਰ ਨਾਲ ਪੂਜਿਆ।
ਕਾਂਸੀ ਤੇ ਪ੍ਰਯਾਗ ਅਯੁੱਧਜਾ।
ਬ੍ਰਿੰਦਾ ਬਨ ਹਰਿਦ੍ਵਾਰ ਬਿਸੁੱਧਜਾ[1]। [1]ਬਹੁਤ ਪਵਿੱਤ੍ਰ।
ਆਨੰਦਪੁਰ ਸਾਨੰਦ ਚਲਿ ਆਏ।
ਤਟ ਸਤਲੁਜ ਤੰਬੂ ਲਗਵਾਏ ॥੨੫॥
ਗੁਰੁ ਦ੍ਵਾਰ ਪੈ ਸਾਰ ਪਠਾਈ[1]। [1]ਖਬਰ ਭੇਜੀ।
ਪੌਰ ਪਾਲਿ[1] ਗੁਰੁ ਪਾਸ ਜਨਾਈ। [1]ਦਰਬਾਰ ਨੇ।
ਹੁਕਮ ਦਯੋ ਗੁਰੁ ਨੰਦ ਚੰਦ ਕੋ।
ਦੇਹੁ ਰਸਤ ਸਬਿ ਨ੍ਰਿਪ ਨੰਦ[1] ਕੋ ॥੨੬॥ [1]ਰਾਜੇ ਦੇ ਪੁੱਤ੍ਰ ਨੂੰ।
ਤ੍ਰਿਣ[1] ਦਾਣਾ ਆਰਦ[2] ਘ੍ਰਿਤ ਸਿੱਤਾ[3]। [1]ਘਾਹ। [2]ਆਟਾ। [3]ਖੰਡ।
ਗਜ ਬਾਜਨ ਹਿਤ[1] ਦੈਹੁ ਅਮਿੱਤਾ। [1]ਹਾਥੀਆਂ ਤੇ ਘੋੜਿਆਂ ਵਾਸਤੇ।
ਗਏ ਮਸੰਦ ਮੇਵਰੇ ਤਬੈ।
ਬਾਂਛਿਤ ਵਸਤ ਪੁਚਾਈ ਸਬੈ ॥੨੭॥
ਖਾਨ ਪਾਨ ਕਰਿ ਸਬ ਸੁਪਤਾਏ।
ਗੁਰੁ ਜਸ ਕਰਤ ਭੋਰ ਉਠਿ ਨ੍ਹਾਏ।
ਸਤਿਗੁਰੁ ਇਮ ਕਹਿ ਪਠਜੋ ਤਦਾਈ।

ਪਹਿਰ ਤੀਸਰੇ ਦਰਸਜੋ ਆਈ ॥੨੮॥
ਸੁਨਿ ਮੁਖ ਪੰਕਜ ਨ੍ਰਿਪ ਕਾ ਖਿਰਾ।
ਲਗਜੋ ਕਰਾਵਨ ਤਜਾਰੀ ਫਿਰਾ।
ਮਲਿ ਮਲਿ ਮਲਿ ਹਸਤੀ ਅੱਸ੍ਵ ਨੁਲ੍ਹਾਏ।
ਕਰੇ ਸ਼ਿੰਗਾਰਨ ਅੰਗ ਲਗਾਏ ॥੨੯॥
ਝੂਲ ਮਖਮਲੀ ਜਰਜੋ ਜਰੀ ਸੋਂ[1]। [1]ਜਰੀ ਨਾਲ ਜੜੇ ਹੋਏ।
ਫੂਲ ਸੁਨਹਿਰੀ ਮੁਕਤਿ ਲਰੀ ਸੋਂ[1]। [1]ਮੋਤੀਆਂ ਦੀਆਂ ਲੜੀਆਂ ਸਹਿਤ।
ਝਾਲਰ ਝੂਲਤ ਝੁਕੀ ਸੁ ਝਲਕਤ[1]। [1]ਚਮਕਦੀ ਹੈ।
ਮੇਚਕਤਾ ਯੁਤ[1] ਤਨ ਅਤਿ ਚਮਕਤ ॥੩੦॥ [1]ਕਾਲੱਤਣ ਸਹਿਤ।
ਭਾਲ ਸੇਤ ਰਾਂਕਾਪਤਿ ਸ਼ਕਲੌਂ[1]। [1]ਮੱਥਾ ਚਿੱਟਾ ਹੈ ਪੂੰਨਿਆਂ ਦੇ ਚੰਦ ਦੀ ਸ਼ਕਲ ਦਾ।
ਲੀਕ ਸੁਫੈਦ ਦੁੰਮ ਤੈ ਨੱਕ ਲੌਂ[1]। [1]ਪੂਛ ਤੋਂ ਨੱਕ ਤੱਕ।
ਮਧਰੋ ਕੱਦ ਹੱਦ ਸੁਠਤਾ ਕੋ[1]। [1]ਸੁੰਦਰਤਾ ਦੀ ਹੱਦ।
ਨਾਹਿਂ ਕਿਸ ਠੌਰ ਐਸ ਗਜ ਬਾਂਕੋ[1] ॥੩੧॥ [1]ਸੁੰਦਰ ਹਾਥੀ।
ਕੰਚਨ ਚੂੜੇ ਦਸਨ[1] ਚੜ੍ਹਾਏ। [1]ਦੰਦਾਂ ਤੇ।
ਸ੍ਰਿੰਖਲ ਰਜਤ ਚਾਰੁ ਪਗ ਪਾਏ[1]। [1]ਚਾਂਦੀ ਦੇ ਸੁੰਦਰ ਸੰਗਲ ਪੈਰਾਂ 'ਚ ਪਾਏ ਹੋਏ ਹਨ।
ਤਿਮ ਹੀ ਪਾਂਚ ਤੁਰੰਗ ਸੁਰੰਗੇ।
ਕਰੇ ਸ਼ਿੰਗਾਰਨ ਚੰਗ ਉਮੰਗੇ ॥੩੨॥
ਹਾਟਕ ਜ਼ੇਵਰ[1] ਜੀਨ ਜਰਾਊ। [1]ਸੋਨੇ ਦੇ ਗਹਿਣੇ।
ਪਹਿਰਾਏ ਬਹੁ ਭਾਏ ਰਾਊ[1]। [1]ਰਾਜੇ ਨੇ ਬਹੁਤ ਤਰ੍ਹਾਂ ਦੇ ਪਹਿਨਾਏ।
ਸ਼ਸਤ੍ਰ ਪੰਚ ਕਲਾ ਯੁਤ ਚੌਂਕੀ।
ਜਾਮ ਕਟੋਰਾ[1] ਜਾਨਤ ਸ਼ੌਕੀ ॥੩੩॥ [1]ਚਾਂਦੀ ਦਾ ਪਿਆਲਾ। (ਜਾਮ ਅਰਬੀ ਦਾ ਲਫਜ਼ ਹੈ ਜਿਸ ਦੇ ਅਰਥ ਹਨ ਚਾਂਦੀ ਦਾ ਪਿਆਲਾ)।
ਕੰਕਨ ਕੰਚਨ ਬੱਜ੍ਰ ਖਚਾਏ[1]। [1]ਸੋਨੇ ਦੇ ਕੜਿਆਂ ਵਿੱਚ ਹੀਰੇ ਜੜੇ ਹੋਏ ਹਨ।
ਅੰਗਦ ਜੁਗ ਨਵਰਤਨ ਜਰਾਏ[1]। [1]ਦੋ ਬਹੁਟੇ (ਬਾਜ਼ੂ ਬੰਦ) ਜਿਨ੍ਹਾਂ 'ਚ ਨੌਰਤਨ ਜੜੇ ਹੋਏ ਹਨ।
ਮੁਕਤਾ ਗੋਲ ਅਮੋਲਕ ਮਾਲਾ।
ਕਲਗੀ ਜਿਗਾ ਜਰਾਉ ਬਿਸਾਲਾ[1] ॥੩੪॥ [1]ਬਹੁਤੇ।
ਬਿਬਿਧਿ ਬਨਾਵਟ ਬਸਤ੍ਰ ਬਨਾਏ।
ਰੇਸ਼ਮ ਜੋੜੇ[1] ਰੰਗ ਰੰਗਾਏ। [1]ਪੁਸ਼ਾਕੇ।
ਢਾਕੇ ਕੀ ਮਲਮਲ ਇਕ ਤਾਰੀ।
ਬੈ ਬਹੁ ਕੀ ਬਹੁਧਾ ਪ੍ਰਕਾਰੀ[1] ॥੩੫॥ [1]ਬਹੁਤੇ ਮੁੱਲ ਦੀ ਤੇ ਬਹੁਤੀਆਂ ਕਿਸਮਾਂ ਦੀ।

ਗੁਰ ਹਿਤ ਅਨਿਕ ਅਕੋਰ ਬਟੋਰੀ[1]। [1]ਭੇਟਾ ਇਕੱਠੀ ਕੀਤੀ।
ਖੁਸ਼ੀ ਗੁਰੂ ਕੀ ਮਨ ਮੈਂ ਲੋਰੀ[1]। [1]ਚਾਹੀ।
ਸ਼ਸਤ੍ਰ ਬਸਤ੍ਰ ਭੂਖਨ ਪਹਿਰੇ।
ਤਜਾਰ ਭਯੋ ਸੈਨਾ ਸਹਿ ਗਹਿਰੇ[1] ॥ ੩੬ ॥ [1]ਚੰਗੀ ਤਰ੍ਹਾਂ।
ਢਰੇ ਵਿਵਸ ਗੁਰੁ ਸਭਾ ਲਗਾਈ।
ਸਿੱਖ ਮਸੰਦ ਸੁਭਟ ਸਮੁਦਾਈ।
ਆਯੁਧ[1] ਜ਼ੇਵਰ ਬਸਨ ਸਜੈ ਕੈ। [1]ਸ਼ਸਤ੍ਰ।
ਬੈਠੇ ਸਭਾ ਵੀਚ ਗੁਰ ਐ ਕੈ ॥ ੩੭ ॥
ਸਿੰਘਾਸਨ ਪਰ ਕਰਿ ਬੀਰਾਸਨ।
ਸਿੱਖ ਗਨ ਉਡਗਨ ਮੈਂ ਸਸਿ ਭਾਸਨ[1]। [1]ਬਹੁਤੇ ਸਿੱਖਾਂ ਰੂਪ ਤਾਰਿਆਂ ਵਿੱਚ ਚੰਦ ਭਾਸਦੇ ਹਨ।
ਕਰ ਸਤ ਫੇਰਤ[1] ਹੇਰਤ ਸਬਿ ਦਿਸ। [1]ਹੱਥ ਵਿੱਚ ਤੀਰ ਫੇਰਦੇ ਹਨ।
ਪੂਰਨ ਤੂਰਨ ਕਰਤ ਆਸ ਬਿਸ[1] ॥ ੩੮ ॥ [1]ਸਮੂੰਹ ਆਸਾਂ ਛੇਤੀ ਪੂਰੀਆਂ ਕਰਦੇ ਹਨ।
ਗਏ ਮੇਵਰੇ ਨ੍ਰਿਪ ਕੋ ਕਹਜੋ।
ਕਰੋ ਦਰਸ ਗੁਰੁ, ਬਾਂਛਿਤ ਲਹਜੋ।
ਬਸਨ ਬਿਭੂਖਨ ਗਨ ਦੀਨਾਰੈਂ[1]। [1]ਬਹੁਤੀਆਂ ਮੁਹਰਾਂ।
ਭਰੇ ਥਾਰ ਨਰ ਕਰੈਂ ਅਗਾਰੈਂ ॥ ੩੯ ॥
ਪਾਂਚ ਅੱਸ੍ਵ ਸਜ ਗਜ ਪ੍ਰਸਾਦੀ[1]। [1]ਪ੍ਰਸਾਦੀ ਨਾਮ ਦਾ ਹਾਥੀ।
ਕਰੇ ਅਗਾਰੀ ਯੁਤ ਅਹਿਲਾਦੀ।
ਨ੍ਰਿਪ ਸਸੈਨ ਅਮਾਤਨ ਚਾਲਾ[1]। [1]ਰਾਜਾ ਫੌਜ ਤੇ ਵਜ਼ੀਰਾਂ ਸਮੇਤ ਚਲਿਆ।
ਨਗਨ ਪਗਨ[1] ਮਨਿ ਮਗਨ ਬਿਸਾਲਾ ॥ ੪੦ ॥ [1]ਨੰਗੇ ਪੈਰੀਂ।
ਦ੍ਵਾਰ ਅਗਾਰ ਬਜਾਰ ਮਝਾਰੈਂ।
ਕੋਠਨ ਪਰ ਨਰ ਨਾਰਿ ਨਿਹਾਰੈਂ।
ਸ਼ਰਧਾ ਭੇਟਾ ਨ੍ਰਿਪੈ ਨਿਹਰ ਕੈ।
ਬਲਿਹਾਰੈਂ ਹੋਵਤ ਮੁਦ ਭਰਿ ਕੈ ॥ ੪੧ ॥
ਸਭਾ ਸਮੀਪ ਆਇ ਸਿਰ ਨਾਏ।
ਗੁਰੂ ਸਿੰਘਾਸਨ ਪਰ ਦਰਸਾਏ।
ਮਨੋ ਬਿਸ਼ਨ ਦੇਵਨ ਮੈਂ ਸੋਹੈ।
ਕਲਗੀ ਤੁੰਗ ਝੁਲਤ ਮਨਿ ਮੋਹੈ ॥ ੪੨ ॥
ਜਬਰ ਜਵਾਹਰ ਜਿਗਾ ਜਰਾਊ[1]। [1]ਜਵਾਹਰਾਤ ਜਿਗ੍ਹਾ 'ਚ ਜੜੇ ਹੋਏ ਹਨ।
ਜਗਮਗ ਜੋਤਿ ਮਨੋ ਦਿਨਰਾਊ[1]। [1]ਸੂਰਜ ਵਾਂਗ।

ਗੁਰੁ ਆਗਜਾ ਤੈ ਉਠਿ ਨੰਦ ਚੰਦੈਂ।
ਜਾਇ ਅੱਗ੍ਰ ਸਿਤਕਾਰ ਨਰਿੰਦੈਂ ॥ ੪੩ ॥
ਲਜਾਇ ਟਿਕਾਇ ਮਾਥ ਗੁਰੁ ਚਰਨੀ।
ਕਰੀ ਦੰਡਵਤ ਨ੍ਰਿਪ ਪਰ ਧਰਨੀ।
ਪੁਨ ਪੁਨ ਗੁਰੁ ਪਗ ਚੁੰਮਤ ਰਾਜਾ।
ਉਠ ਨ ਸਕੈ ਲੁਠ ਰਹਜੋ ਦਰਾਜਾ[1] ॥ ੪੪ ॥

[1](ਚਰਨਾਂ ਤੇ) ਬਹੁਤਾ ਲੇਟ ਰਿਹਾ।

ਨਿਜ ਕਰ[1] ਗੁਰੁ ਨ੍ਰਿਪ ਸਿਰ ਧਰਿ ਗਾਯੋ।

[1]ਆਪਣਾ ਹੱਥ।

ਤੈਂ ਨਿਜ ਹਲਤ ਪਲਤ ਸਫਲਾਯੋ।
ਸਾਸਟਾਂਗ[1] ਪੁਨ ਕਰੀ ਸੰਗੀਅਨ।

[1]ਨਮਸਕਾਰ।

ਸਾਥ ਉਮੰਗ ਪ੍ਰੇਮ ਰੰਗੀਅਨ ॥ ੪੫ ॥
ਦਯਾ ਦ੍ਰਿਸ਼ਿਟ ਗੁਰੁ ਸ੍ਰਿਸ਼ਟ ਬ੍ਰਿਸ਼ਿਟ ਕਰਿ[1]।

[1]ਚੰਗੀ ਵਰਖਾ ਕਰਕੇ।

ਤੋਖੇ ਸਬੈ ਕਾਮਨਾ ਉਰਿ ਭਰਿ[1]।

[1]ਹਿਰਦੇ ਦੀਆਂ ਕਾਮਨਾ ਪੂਰੀਆਂ ਕਰ ਕੇ ਸਾਰੇ ਪ੍ਰਸੰਨ ਕੀਤੇ।

ਸਮੁਖ ਖਰੇ ਹ੍ਵੈ ਨ੍ਰਿਪ ਯੁਤ ਹਰਖੈਂ।
ਪੁਸ਼ਪਾਂਜਲ ਭਰਿ ਭਰਿ ਭਰ ਬਰਖੈਂ[1] ॥ ੪੬ ॥

[1]ਫੁੱਲਾਂ ਦੇ ਬੁੱਕ ਭਰ ਭਰ ਕੇ ਬਹੁਤੀ ਵਰਖਾ ਕਰਦੇ ਹਨ।

ਹਾਥ ਜੋਰਿ ਸਨਮੁਖ ਸਬਿ ਥਿਰੇ।
ਫਰਕੈਂ ਚੱਖਨਿ ਪ੍ਰੇਮ ਅਤਿ ਘਿਰੇ[1]।

[1]ਬਹੁਤੇ ਪ੍ਰੇਮ ਵਿੱਚ ਘਿਰੇ ਹੋਏ ਨੇਤ੍ਰ ਫਰਕਦੇ ਹਨ।

ਚਖ ਚਕੋਰ ਸਬਿ ਕੇ ਗੁਰੁ ਸਸਿ ਦਿਸ।
ਰਹੇ ਲਾਗ ਨਹਿ ਟਰੈਂ ਏਕ ਚਿਸ[1] ॥ ੪੭ ॥

[1]ਇਕ ਚਸਾ।

ਗੁਰੁ ਪਗਰਜੁ[1] ਮੁਖ ਦ੍ਰਿਗਨਿ ਪਾਈ।

[1]ਚਰਨ ਧੂੜ।

ਜਨਮ ਜਨਮ ਕੀ ਮੈਲ ਗਵਾਈ।
ਕਹਿ ਨ੍ਰਿਪ ਜਸ ਮਮ ਮਾਤਹਿ ਭਾਖਾ।
ਦਹਿ ਗੁਨ ਲਖ[1] ਪੂਰੀ ਅਭਿਲਾਖਾ ॥ ੪੮ ॥

[1]ਦਸ ਗੁਣਾ (ਵੱਧ) ਦੇਖ ਕੇ।

ਕੁਸ਼ਲ ਪ੍ਰਸਨ ਬੂਝਜੋ ਸਤਿਗੁਰੁ ਜਬਿ।
ਕਹਿ ਨ੍ਰਿਪ ਕ੍ਰਿਪਾ ਆਪ ਤੇ ਭਲ ਸਬਿ।
ਮੰਤ੍ਰੀ ਜੋਰਿ ਹਾਥ ਪੁਨ ਕਹਾ।
ਬਡੇ ਗੁਰੂ ਪਹੁੰਚੇ ਜਬਿ ਵਹਾਂ ॥ ੪੯ ॥
ਰਾਜੇ ਰਾਮਰਾਇ ਕਰਿ ਸੇਵਾ।
ਗੁਰੈਂ ਰਿਝਾਇ[1] ਲਯੋ ਸੁਤ ਮੇਵਾ।

[1]ਪ੍ਰਸੰਨ ਕਰਕੇ।

ਅਧਿਭੁਤ ਉਨ ਕੀ ਸ਼ਕਤਿ ਨਿਹਾਰੀ।
ਤੀਰ ਮਹੀਰੁਹ ਦਯੋ ਨਿਕਾਰੀ[1] ॥ ੫੦ ॥

[1]ਤੀਰ, ਦਰੱਖ਼ਤ ਵਿੱਚ ਦੀ ਕੱਢ ਦਿੱਤਾ।

ਇਕ ਦਿਸ ਬਾਗੜ[1] ਇਕ ਦਿਸ ਮੁਖੀ। [1]ਤੀਰ ਦਾ ਪਿਛਲਾ ਹਿੱਸਾ।
ਪਿਖਿ ਪਰਜਾ ਅਬਿ ਲਗ ਹ੍ਵੈ ਸੁਖੀ।
ਨ੍ਰਿਪ ਉਰਿ[1] ਗੁਰ ਨਿਜ ਮੁਹਿਰ ਲਗਾਈ। [1]ਛਾਤੀ ਤੇ।
ਜੋ ਸੁਤ ਕੇ ਮਾਥੇ ਪਰ ਆਈ ॥ ੫੧ ॥
ਮਸਤਕ ਨੰਗਾ ਕਰਿ ਦਿਖਰਾਯੋ।
ਪਢਿ ਗੁਰੁ ਖੁਸ਼ ਹ੍ਵੈ ਸਬਿਨਿ ਸੁਨਾਯੋ।
ਸ੍ਰੀ ਗੁਰੁ ਨਾਨਕ ਨੌਮੇ ਥਾਈਂ।
ਵਾਹਿਗੁਰੂ ਸਦ ਭਵੈ ਸਹਾਈ ॥ ੫੨ ॥
ਇਹੁ ਅੱਛਰ ਥੇ ਮੁਹਿਰ ਮਝਾਰੇ।
ਪਿਖਿ ਸਬਿ ਨੇ ਗੁਰੁ ਧੰਨਜ ਉਚਾਰੇ।
ਭੇਟਾ ਭੂਪ ਧਰੀ ਜੋ ਖਰੀ[1]। [1]ਚੰਗੀ।
ਖਰੀ[1] ਗੁਰੂ ਮਨਜ਼ੂਰ ਸੁ ਕਰੀ ॥ ੫੩ ॥ [1]ਚੰਗੀ ਤਰ੍ਹਾਂ।
ਕਰੀ ਅਰਦਾਸ ਮੇਵਰੇ ਭਰੀ[1]। [1]ਭਲੀ ਤਰ੍ਹਾਂ।
ਭਰੀ[1] ਆਸ ਨ੍ਰਿਪ ਕੀ ਗੁਰੁ ਵਰੀ[2]। [1]ਪੂਰੀ ਕੀਤੀ। [2]ਸ੍ਰੇਸ਼ਟ।
ਵਰੀ ਗਾਥ ਗੁਨ ਤੋਫਨ ਵਾਰੀ[1]। [1]ਤੁਹਫਿਆਂ ਦੇ ਗੁਣਾਂ ਵਾਲੀ ਕਥਾ ਵਰਣਨ ਕੀਤੀ।
ਵਾਰੀ ਵਾਰੀ[1] ਭੂਪ ਉਚਾਰੀ ॥ ੫੪ ॥ [1]ਨੰਬਰ ਵਾਰ।
ਚਾਰੀ[1] ਚੌਂਕੀ ਆਗੇ ਧਰੀ। [1]ਸੁੰਦਰ।
ਧਰੀ[1] ਕਲਾ ਪੁਤਲੀ ਨਿਕਸਰੀ। [1]ਦੱਬੀ।
ਸੁੰਦ੍ਰ ਚਾਰੁ ਨਾਰਿ ਮ੍ਰਿਗ ਨੈਨੀ।
ਰੰਗ ਢੰਗ ਸਬਿ ਅੰਗ ਸੁਹੈਨੀ[1] ॥ ੫੫ ॥ [1]ਸੋਹਣੇ।
ਦਾਪ ਕਲਾ ਕਿਯ ਕਲਾ ਅਦਾਪੈ[1]। [1]ਕਲਾ ਨੂੰ ਦਬਾ ਕੇ ਫੇਰ ਕਲਾ ਨੂੰ (ਅਦਾਪ ਕਿਯ) ਖੁਲ੍ਹਾ ਛੱਡ ਦਿੱਤਾ।
ਚੌਪੜ ਖੇਲਨ ਲਗੀ ਬਿਛਾਪੈ[1]। [1]ਚੌਪੜ ਵਿਛਾ ਕੇ।
ਡਾਲੈ ਡਲ ਭਲ ਚਾਲੈ ਚਾਲੈਂ[1]। [1]ਡਾਲਣੇ ਸੁਟ ਕੇ ਚੰਗੀਆਂ ਚਾਲਾਂ ਚਲਦੀ ਹੈ।
ਪੁਨ ਗੁਨ ਔਰੈਂ ਦਿਖਜੋ ਬਿਸਾਲੈਂ ॥ ੫੬ ॥
ਤਿਸ ਚੌਂਕੀ ਮੈਂ ਜਲ ਭਰਵਾਯੋ।
ਤਿਸ ਪਰ ਵਰ ਨਰ ਏਕ ਬਿਠਾਯੋ।
ਦਬੀ ਕਲਾ ਵਹਿ ਪੁਤਲੀ ਚਾਰੈਂ।
ਨਿਕਸੀ ਬਰਸਨ ਲਗੀ ਫੁਹਾਰੈਂ ॥ ੫੭ ॥
ਕੰਜ ਮੁਖੀ ਕਰ ਕੋਮਲ ਸੰਗੈਂ[1]। [1]ਕੰਵਲ ਵਰਗੇ ਮੁਖ ਵਾਲੀਆਂ ਕੋਮਲ ਹੱਥਾਂ ਨਾਲ।

ਮਰਦਨ ਕਰੈਂ ਭਰੈਂ ਸਭਿ ਅੰਗੈਂ[1]।
ਪੰਚ ਕਲਾ ਪੁਨ ਸ਼ਸਤ੍ਰ ਲੀਓ।
ਕਸਜੋ ਤਮੰਚਾ[1] ਪ੍ਰਥਮ ਚਲੀਓ ॥ ੫੮ ॥
ਕਲਾ ਦਬੀ ਪੁਨ ਕਲਾ ਦਿਖਾਈ।
ਥਈ[1] ਸੁ ਤੇਗ ਬੇਗ ਗਰ ਪਾਈ।
ਕਬਜਾ ਗਹਿ ਪੇਖਜੋ ਕਰ ਧਰ ਪੈ[1]।
ਖਰ ਧਾਰਾ ਆਰਾ ਬਨ ਅਰਿ ਪੈ[1] ॥ ੫੯ ॥

ਕਲਾ ਕਲਾ-ਬਾਜੀ ਪੁਨ ਖਾਈ।
ਬਰਛੀ ਤ੍ਰਿਛੀ[1] ਭਈ ਦਬਾਈ।
ਲਹਿ-ਲਹਾਤ ਜਨ ਸਾਂਪਨਿ ਕਾਰੀ[1]।
ਖਾਇ ਸੱਤ੍ਰੁ ਗਨ ਕੋ ਬਿਨ ਬਾਰੀ[1] ॥ ੬੦ ॥
ਚਤੁਰਥ ਕਲ ਚਤੁਰਨ ਚਤੁਰਾਈ।
ਦਾਬੀ ਕਲਾ ਕਲਾ ਬਰਤਾਈ।
ਤੀਖਨ ਭੀਖਨ ਜਮਧਰ ਬਨੀ[1]।
ਅਤਿ ਖਰ ਅਨੀ, ਹਤੈ ਅਰਿ ਅਨੀ[1] ॥ ੬੧ ॥
ਗੁਰੁ ਜਬਿ ਹੈ ਕਲ ਪੰਚਮ ਦਾਬੀ।
ਪਟੇ ਬਾਜ ਨਰ ਕੇ ਕਰ ਫਾਬੀ[1]।
ਅਰਿ ਸਿਰ ਪਰੇ ਘਰੇ ਜਿਮ ਫੋਰੈ[1]।
ਚੂਰਣ ਕਰ ਧਰ ਪਰ ਭਰਰੋਰੈ[1] ॥ ੬੨ ॥
ਪਰਖਤ ਕਲਾ ਗੁਰੂ ਅਤਿ ਹਰਖਤ।
ਕ੍ਰਿਪਾ ਬ੍ਰਿਸ਼ਟਿ[1] ਸਿੱਖਨ ਪਰ ਬਰਖਤ।
ਪਾਂਚ ਤੁਰੰਗ ਪੁਨਾ ਅਨਵਾਏ[1]।
ਭੂਖਨ ਕੰਚਨ ਜੀਨ ਸਜਾਏ ॥ ੬੩ ॥
ਕੂਦਤ ਨਚਤ ਕੁਰੰਗਨ ਨਟ ਸੇ[1]।
ਗੌਨ ਪੌਨ ਚਾਲੈਂ ਚਟਪਟ ਸੇ[1]।
ਜਾਤਿ ਭੇਦ ਗੁਰੁ ਤਿਨੈ ਉਚਾਰਜੋ।
ਫੀਲ[1] ਸ਼ਿੰਗਾਰਜੋ ਪੁਨਾ ਨਿਹਾਰਜੋ ॥ ੬੪ ॥
ਝੂਲਤ ਮਦਨ ਮਦਜੋ ਜਨੁ ਆਯੋ[1]।
ਅਤਿ ਅਭਿਰਾਮ ਕਾਮ[1] ਦਿਖਰਾਯੋ।

[1]ਸਾਰੇ ਅੰਗਾਂ ਨੂੰ ਭਲੀ ਤਰ੍ਹਾਂ ਮਲਦੀਆਂ ਹਨ।

[1]ਪਿਸਤੌਲ।

[1]ਹੋ ਗਈ।

[1]ਮੁਠ ਫੜ ਕੇ ਹੱਥ ਤੇਰੱਖ ਕੇ (ਗੁਰਾਂ ਨੇ) ਦੇਖੀ।

[1]ਤਿੱਖੀ ਧਾਰ ਵੈਰੀ ਉੱਪਰ ਆਰੇ ਵਾਂਗ ਚੀਰਨ ਵਾਲੀ ਬਣ ਗਈ।

[1]ਤਿੱਖੀ।

[1]ਜਾਣੋ ਕਾਲੀ ਸੱਪਣੀ ਚਮਕਦੀ ਹੈ।

[1]ਬਿਨਾ ਦੇਰ ਤੋਂ।

[1]ਤਿੱਖੀ ਤੇ ਭਿਆਨਕ ਕਟਾਰ ਬਣ ਗਈ।

[1]ਬਹੁਤੀ ਤਿੱਖੀ ਨੋਕ ਜੋ ਵੈਰੀਆਂ ਦੀ ਫੌਜ ਨੂੰ ਨਾਸ ਕਰੇਗੀ।

[1]ਗਤਕੇ ਬਾਜ਼ ਆਦਮੀ ਦੇ ਹੱਥ 'ਚ ਜਾ ਫਬੀ।

[1]ਵੈਰੀ ਦੇ ਸਿਰ ਤੇ ਪੈ ਕੇ ਘੜੇ ਵਾਂਗ ਭੰਨੇਗੀ।

[1]ਚੂਰਨ ਕਰ ਕੇ ਧਰਤੀ ਉੱਪਰ ਭਲੀ ਤਰ੍ਹਾਂ ਰੋਲੇਗੀ।

[1]ਵਰਖਾ।

[1]ਮੰਗਵਾਏ।

[1]ਹਰਨਾਂ ਤੇ ਨਟਾਂ ਵਾਂਗ।

[1]ਹਵਾ ਦੇ ਚਲਣ ਵਾਂਗ ਛੇਤੀ ਚਲਦੇ ਹਨ।

[1]ਹਾਥੀ।

[1]ਜਾਣੋ ਕਾਮ ਮਸਤ ਹੋ ਕੇ ਝੂਲਦਾ ਆਇਆ ਹੈ।

[1]ਸੁੰਦਰ ਕੰਮ।

ਕਦਮ ਪਦਮ ਸੁਖ ਸਦਮ ਸਪਰਸੇ[1]।
ਸੁੰਡ ਪੇਲ ਕੋਮਲ ਭਲ ਕਰ ਸੇ[1] ॥ ੬੫ ॥

[1]ਸੁਖਾਂ ਦੇ ਘਰ ਗੁਰਾਂ ਦੇ ਚਰਨ ਕਮਲ ਛੋਹੇ।
[1]ਗੁਰਾਂ ਨੇ ਆਪਣੇ ਕੋਮਲ ਹੱਥ ਨਾਲ ਸੁੰਡ ਨੂੰ ਚੰਗੀ ਤਰ੍ਹਾਂ ਦਬਾਇਆ।

ਪੁਨ ਪਨਹੀ[1] ਗੁਰੁ ਕੀ ਗਹਿ ਝਾਰੀ।
ਧਰੀ ਬਨਾਇ ਟਿਕਾਇ ਅਗਾਰੀ।
ਤਾਨ ਕਮਾਨ ਬਾਨ ਗੁਰੁ ਛੋਰੇ।
ਹੇਰਤ ਰਹਜੋ ਗਯੋ ਜਿਤ ਓਰੇ ॥ ੬੬ ॥

[1]ਜੋੜਾ (ਜੁੱਤੀ)।

ਪ੍ਰੇਰਜੋ, ਪਵਨ ਗਵਨ ਕਰਿ ਧਾਯੋ[1]।
ਬੀਨ ਬੀਨ ਬੀਨੀ ਸੈਂ ਲਜਾਯੋ[1]।

[1](ਗੁਰਾਂ ਦਾ) ਪ੍ਰੇਰਿਆ ਹੋਇਆ ਹਵਾ ਵਾਂਗ ਦੌੜ ਕੇ ਗਿਆ।
[1]ਸੁੰਡ ਨਾਲ ਚੁਣ ਚੁਣ ਕੇ ਲਿਆਇਆ (ਬੀਨੀ-ਵੀਣੀ, ਬਾਂਹ ਤੇ ਹੱਥ ਦਾ ਵਿਚਲਾ ਹਿੱਸਾ ਭਾਵ ਸੁੰਡ।)

ਚਲਤਿ ਚਾਲ ਚੰਚਲ ਚਿਤ ਚੋਰੈ[1]।
ਫਿਰਤ ਦੂਤ[1] ਇਤ ਉਤ ਯੁਤ ਜੋਰੈ ॥ ੬੭ ॥

[1]ਚਿੱਤ ਨੂੰ ਚੁਰਾਉਂਦਾ ਹੈ।
[1]ਛੇਤੀ।

ਛੁਦ੍ਰ-ਘੰਟਕਾ[1] ਪਗ ਮੈਂ ਬਾਜੈਂ।
ਬਡ ਘੰਟੇ ਤੜਤਾ ਘਨ ਲਾਜੈਂ[1]।
ਝੂਲ ਝੁਲਾਵਤ ਝੁਲ ਝੁਲ ਕੈਹੈ[1]।
ਰਵਿ ਸਸਿ ਮਿਲੇ ਮੇਘ ਜਨ ਐਹੈਂ[1] ॥ ੬੮ ॥

[1]ਛੋਟੀਆਂ ਟੱਲੀਆਂ।
[1]ਬਿਜਲੀ ਤੇ ਬੱਦਲ ਨੂੰ ਸ਼ਰਮਿੰਦਾ ਕਰਦੇ ਹਨ।
[1]ਝੁਲ ਝੁਲ ਕਰਦੇ ਹੋਏ ਝੁੱਲ ਚਮਕਦੇ ਹਨ।
[1]ਸੂਰਜ, ਚੰਦ ਤੇ ਬੱਦਲ ਜਾਣੋ ਮਿਲ ਕੇ ਆ ਰਹੇ ਹਨ।

ਇੰਦ੍ਰ ਧਨੁਖ ਸਬਜਾ ਗਿਰਿ ਕਾਰਾ।
ਫਿਰਤ ਲੀਏ ਜਨੁ ਹਿਯੇ ਹੁਲਾਰਾ[1]।

[1]ਜਾਣੋ ਕਾਲਾ ਪਹਾੜ, ਇੰਦ੍ਰ ਦਾ ਹਰਾ ਧਨੁਖ ਲਈ ਫਿਰਦਾ ਹੈ ਹਿਰਦੇ 'ਚ ਉਤਸ਼ਾਹ ਧਾਰ ਕੇ।

ਚਲਿ ਜਲ ਪੈ ਭਲ ਸੁੰਡ ਪਖਾਰੀ[1]।
ਗਹਿ ਝਾਰੀ ਵਾਰੀ ਕੀ ਚਾਰੀ[1] ॥ ੬੯ ॥

[1]ਧੋਤੀ।
[1]ਪਾਣੀ ਦੀ ਚੰਗੀ ਝੱਜਰ ਪਕੜ ਕੇ।

ਨਿਜ ਪਗ ਪਰ ਪਗ ਗੁਰੁ ਕਾ ਧ੍ਰਾਵੈ[1]।
ਦਾਸਨ ਜਜੋਂ ਜਲ ਪਾਇ ਧੁਵਾਵੈ।
ਪੁਨ ਗਹਿ ਚਵਰ ਨਿਕਟ ਹ੍ਵੈ ਖਰੇ।
ਸਾਬ ਅਦਬ ਢੋਰਾਵਨ ਕਰੇ ॥ ੭੦ ॥

[1]ਧਰਾ ਕੇ, ਰਖਾ ਕੇ।

ਕਰੀ[1] ਕਰੀ ਕ੍ਰਿਤ ਇਤਿਕ ਸੁਹਾਈ।
ਔਰ ਕਿਤਿਕ ਨ੍ਰਿਪ ਭਾਖ ਸੁਨਾਈ।
ਨਿਸ ਕੋ ਗਹਿ ਮਸਾਲ ਭਲ ਚਾਲੈ।
ਚਾਂਪ ਚਰਨ[1], ਪਰ ਪਲਂਘ ਸਵਾਲੈ ॥ ੭੧ ॥
ਅਰਿ ਸੋਂ ਗਹਿ ਤਰਵਾਰ ਲਰੈ ਹੈ।
ਚੌਕਸ[1] ਚੌਕੀ ਪਹਰਾ ਦੈਹੈ।

[1]ਹਾਥੀ ਨੇ।

[1]ਚਰਨ ਘੁੱਟ ਕੇ।

[1]ਹੁਸ਼ਿਆਰ ਹੋ ਕੇ।

ਨੌਕਾ ਸਮ ਜਲ ਸੈਲ ਕਰਾਵੈ।
ਬਨਿ ਮਨਿ ਇੱਛਿਤ ਸ਼ਿਕਾਰ ਖਿਲਾਵੈ ॥ ੭੨ ॥
ਮ੍ਰਿਗ ਸਸ ਮਾਰ ਚਿੰਘਾਰ ਨਿਕਾਰੈ[1]। [1]ਹਰਨਾਂ ਤੇ ਸਹਿਆਂ ਦੀਆਂ ਮਾਰ ਕੇ ਚੀਕਾਂ ਕਢਾ ਦਿੰਦਾ ਹੈ।
ਸੈਫ ਸੰਗ ਸਿੰਘ ਤਈਂ ਬਿਦਾਰੈ[1]। [1]ਤਲਵਾਰ ਨਾਲ ਸ਼ੇਰ ਨੂੰ ਮਾਰ ਦੇਂਦਾ ਹੈ।
ਔਰ ਅਨਿਕ ਕ੍ਰਿਤ ਕਰਤ ਕਹੇ ਪਰ[1]। [1]ਕਹੇ ਅਨੁਸਾਰ।
ਮਾਨਵ ਸੀ ਮਤਿ ਵਤ ਮਤੰਗ ਵਰ[1] ॥ ੭੩ ॥ [1]ਮਨੁਖ ਵਰਗੀ ਮੱਤ ਵਾਲਾ ਸ੍ਰੇਸ਼ਟ ਹਾਥੀ ਹੈ।
ਰੰਗ ਢੰਗ ਗੁਨ ਮੈਂ ਗਜ ਐਸੋ।
ਦੂਸਰ ਠੌਰ ਨਹੀ ਕਿਤ ਹੈ ਸੋ।
ਇੰਦ੍ਰ ਗਜਿੰਦ੍ਰ ਬਦਲਿ ਤਨ ਮਾਨੋ[1]। [1]ਜਾਣੋ ਇੰਦ੍ਰ ਦੇ ਐਰਾਪਤ ਹਾਥੀ ਨੇ ਹੀ ਸਰੀਰ ਬਦਲ ਲਿਆ ਹੈ।

ਪ੍ਰਭ ਅਵਤਾਰ ਤੁਮੈਂ ਪਹਿਚਾਨੋ ॥ ੭੪ ॥
ਲਘੁ ਤਨ ਬਨਿ ਮਮ ਆਯੋ ਦ੍ਵਾਰੇ[1]। [1]ਛੋਟਾ ਸਰੀਰ ਬਣ ਕੇ ਮੇਰੇ ਰਾਹੀਂ ਆਇਆ ਹੈ।
ਹੇਤ ਰਿਝਾਵਨ ਸਤਿਗੁਰੁ ਭਾਰੇ।
ਛੋਟ ਕੱਦ, ਗੁਨ ਮੱਧ ਬਿਹੱਦਾ[1]। [1]ਗੁਣਾਂ ਵਿੱਚ ਬਹੁਤ ਵੱਡਾ ਹੈ।
ਆਕਰ ਰਤਨ ਹੋਤ ਜਿਮ ਅੱਦਾ[1] ॥ ੭੫ ॥ [1]ਜਿਵੇਂ (ਅੱਦਾ) ਕੱਟਿਆ ਹੋਇਆਰਤਨ (ਆਕਰ) ਸ੍ਰੇਸ਼ਟ ਹੋ ਜਾਂਦਾ ਹੈ (ਭਾਵ ਕੱਦ ਦਾ ਛੋਟਾ ਹੁੰਦਿਆਂ ਕੀਮਤ ਵਿੱਚ ਵੱਡਾ ਹੁੰਦਾ ਹੈ)।

ਪੀਰ ਫਕੀਰ ਅਮੀਰਨਿ ਬੀਰਨਿ[1]। [1]ਸੂਰਮਿਆਂ ਵਿੱਚੋਂ।
ਧੀਰਨਿ ਮੀਰਨਿ[1] ਗੁਨੀ ਗਹੀਰਨਿ[2]। [1]ਪਾਤਸ਼ਾਹਾਂ ਵਿੱਚੋਂ। [2]ਬਹੁਤੇ ਗੁਣਾਂ ਵਾਲਿਆਂ ਵਿੱਚੋਂ।
ਸਬਿ ਕੇ ਸ਼ਿਰੋਮਣੀ ਤੁਮ ਜੈਸੇ।
ਵਸਤੁ ਅਮੋਲ ਆਪ ਢਿਗ ਤੈਸੇ ॥ ੭੬ ॥
ਦੀਨ ਦਯਾਲ ਦੀਨ ਪ੍ਰਤਿਪਾਰੀ[1]। [1]ਗ਼ਰੀਬਾਂ ਦੀ ਪਾਲਣਾ ਕਰਨ ਵਾਲੇ ਹੋ।
ਤ੍ਰਾਹਿ ਤ੍ਰਾਹਿ[1] ਮੈਂ ਸਰਣਿ ਤੁਮਾਰੀ। [1]ਰੱਖਿਆ ਕਰੋ, ਰੱਖਿਆ ਕਰੋ।
ਕਰੋ ਸਿੱਖ ਨਿਜ ਸਿੱਖ ਕੋ ਪਿਖਿ ਸੁਤ[1]। [1]ਆਪਣੇ ਸਿੱਖ ਦਾ ਪੁੱਤਰ ਵੇਖ ਕੇ।
ਮੈਹੁਂ ਮੁਕਤਿ ਜਿਮ ਲੈਹੁਂ ਕੁਲੈ ਯੁਤ[1] ॥ ੭੭ ॥ [1]ਜਿਵੇਂ ਮੈਂ ਕੁਲ ਸਣੇ ਮੁਕਤੀ ਲੈ ਸਕਾਂ।
ਸੁਨ ਕੈ ਅਰਜ਼ ਫਰਜ਼ ਨਿਜ ਲਖਿ ਗੁਰੁ।
ਪਗ ਪਾਹੁਲ ਉਪਦੇਸ਼ ਦਯੋ ਫੁਰ[1]। [1]ਛੇਤੀ।
ਵਾਹਿਗੁਰੂ ਗੁਰੁ ਮੰਤ੍ਰ ਉਦਾਰੂ।
ਦਯੋ ਚਾਰ ਵੇਦਨ ਕੋ ਸਾਰੂ[1] ॥ ੭੮ ॥ [1]ਚਹੁੰ ਵੇਦਾਂ ਦਾ ਨਿਚੋੜ।
ਭਗਤਿ ਅਵਿਰਲ ਗਜ਼ਾਨ[1] ਬਿਗਜ਼ਾਨਾ[2]। [1]ਅਭੇਦ ਗਿਆਨ। [2]ਪ੍ਰਤੱਖ ਗਿਆਨ।

ਦੁਰਲਭ ਪਦ ਜੋ ਮੁਨੀਅਨ ਮਾਨਾ।
ਗੁਰੁ ਸਮ ਦਾਤਾ ਅਵਰੁ ਨ ਬੀਓ[1]। [1]ਦੂਜਾ।
ਸੋ ਖੁਸ਼ ਹ੍ਵੈ ਗੁਰੁ ਨ੍ਰਿਪ ਕੋ ਦੀਓ ॥ ੭੯ ॥
ਯਾਹੀ ਤੈ ਗੁਰੁ ਕੀ ਬਡਜਾਈ।
ਹੈ ਪ੍ਰਮੇਸ਼੍ਵਰ ਤੇ ਅਧਿਕਾਈ।
ਦੇਤ ਕਰਮ ਫਲ ਈਸ ਚੁਰਾਸੀ।
ਕਟੈਂ ਚੁਰਾਸੀ ਗੁਰੁ ਜਮ ਫਾਸੀ ॥ ੮੦ ॥
ਨਿਗਮਾਗਮ[1] ਇਹੁ ਦੇਵਤ ਸਾਖੀ[2]। [1]ਬੇਦ ਸ਼ਾਸਤ੍ਰ। [2]ਉਗਾਹੀ।
ਹਰਿ ਗਜਾਨ ਨਿਜ ਨੈਨਹਿਂ ਲਾਖੀ[1]। [1]ਦੇਖੀ ਹੈ।
ਸਚਵ[1] ਸਜਾਨੇ ਨਰ ਨ੍ਰਿਪ ਕੇਰੇ। [1]ਵਜ਼ੀਰ।
ਭਏ ਸਿੱਖ ਬਹੁ ਭਾਗ ਭਲੇਰੇ ॥ ੮੧ ॥
ਦੁਤੀ ਦਿਵਸ ਮਾਤਾ ਨ੍ਰਿਪ ਕੇਰੀ।
ਗੁਰੁ ਪਗ ਦਰਸੇ ਆਇ ਸਵੇਰੀ।
ਦੈ ਬਹੁ ਭੇਟ ਮਹਿਲ ਮੈਂ ਗਈ।
ਸ੍ਰੀ ਗੁਜਰੀ ਜੀ ਕੇ ਪਗ ਪਈ ॥ ੮੨ ॥
ਉਭੈ ਸਮਾਣੀ ਪੁਨਾ ਜੁਹਾਰੀ[1]। [1]ਫੇਰ ਗੁਰਾਂ ਦੇ ਦੋਹਾਂ ਮਹਿਲਾਂ ਨੂੰ ਨਮਸਕਾਰ ਕੀਤੀ।
ਲਈ ਅਸੀਸ ਸਰਬ ਸੁਖਕਾਰੀ।
ਭੂਸ਼ਨ ਬਸਨ ਬਚਿੱਤ੍ਰ ਭਾਰੇ।
ਅਰਪੇ ਤੋਫੇ ਬਡ ਬੈ ਵਾਰੇ[1] ॥ ੮੩ ॥ [1]ਮੁੱਲ ਵਾਲੇ।
ਕਿਤਿਕ ਦਿਵਸ ਪੁਰਿ ਅਨੰਦ ਰਹਾਏ।
ਸੈਰ ਸ਼ਿਕਾਰ ਕਰੇ ਮਨ ਭਾਏ।
ਡੇਰਾ[1] ਅਯੋ ਕਾਬਲੋਂ ਜੋਈ। [1]ਤੰਬੂ।
ਨ੍ਰਿਪ ਕੋ ਗੁਰੁ ਦਿਖਰਾਯੋ ਸੋਈ ॥ ੮੪ ॥
ਤੋਫੇ ਔਰ ਗੁਰੂ ਘਰ ਕੇਰੇ।
ਪੇਖਿ ਰਹਜੋ ਨ੍ਰਿਪ ਤੱਜਬ ਵਧੇਰੇ।
ਕਰਿ ਸਤਿ ਸੰਗਤਿ ਸਾਰੇ ਗੁਰੁ ਕੀ[1]। [1]ਸ੍ਰੇਸ਼ਟ ਗੁਰਾਂ ਦੀ।
ਨਸੀ ਅਵਿਦਜਾ ਦੁਬਿਧਾ ਉਰ ਕੀ ॥ ੮੫ ॥
ਆਯੁਧ ਬਿੱਦਜਾ ਲੌ ਬਹੁ ਬਿੱਦਜਾ।
ਸੀਖੀ ਗੁਰੁ ਤੇ ਨ੍ਰਿਪ ਪ੍ਰਸਿੱਧਜਾ[1]। [1]ਪ੍ਰਗਟ।
ਨ੍ਰਿਪ ਗੁਰੁਰਾਣੀ[1], ਗੁਜਰੀ ਮਾਤਾ। [1]ਵੱਡੇਰਾਜੇ ਦੀਰਾਣੀ ਤੇ।

ਕਬੀ ਮਹਿਲਿ ਮਿਲਿ ਕਰਹੀਂ ਬਾਤਾ ॥ ੮੬ ॥
ਪ੍ਰਮਾਰਥ[1] ਸ੍ਵਾਰਥ[2] ਪੁਰਖਾਰਥ[3]।
ਕਹਿਂ ਗੁਰੁ ਨ੍ਰਿਪਹਿਂ ਕ੍ਰਿਸ਼ਨ ਸਮ ਪਾਰਥ[1]।
ਰਾਜਨੀਤਿ ਕੀ ਨੀਤਿ ਅਨਿਕਧਾ[1]।
ਰਾਜ ਜੋਗ ਦ੍ਰਿੜਾਹਿਂ ਜਨਕਧਾ[1] ॥ ੮੭ ॥
ਰਤਨਰਾਇ ਕੋ ਰਤਨ ਬਨਾਯੋ।
ਨਿਰ-ਸੰਦੇਹ ਬਿਦੇਹ ਜਥਾਯੋ[1]।
ਬਿੱਦਜਾ ਅਨਿਕ ਬੀਚ ਕਿਯ ਨਿਪੁਨਾ[1]।
ਜਗਤ ਦਿਢਾਯੋ ਦਿਢ[1] ਸਮ ਸੁਪਨਾ ॥ ੮੮ ॥
ਨਿਤ ਪ੍ਰਤਿ ਗੁਰੁ ਢਿਗ ਸੰਗਤਿ ਆਵੈ।
ਅਰਪ ਅਕੋਰ[1] ਅਨਿਕਧਾ ਜਾਵੈ।
ਆਨੰਦਪੁਰਿ ਆਨੰਦ ਬੁਲੰਦੈ।
ਰਹੈ ਰੈਨ ਦਿਨ ਅਧਿਕ ਅਮੰਦੈ[1] ॥ ੮੯ ॥
ਫਿਰੈ ਬਜ਼ਾਰ ਵੀਚ ਪ੍ਰਸਾਦੀ[1]।
ਛਕੈ ਸ੍ਵਇੱਛਤ ਯੁਤ ਅਹਿਲਾਦੀ।
ਜੋ ਨੁਕਸਾਨ ਜਾਂਹਿ ਕਾ ਹੋਈ।
ਬਨਕਨ ਕੌ[1] ਦਿਵਾਹਿਂ ਗੁਰੁ ਸੋਈ ॥ ੯੦ ॥
ਔਰ ਤਿਹਾਵਲ ਰਾਤਬ[1] ਖਾਵੈ।
ਲੀਲ੍ਹਾ ਗੁਰੁ ਕੋ ਅਨਿਕ ਦਿਖਾਵੈ।
ਦੂਰ ਦੂਰ ਲੌ ਨ੍ਰਿਪਨ ਕੇਰੇ।
ਆਵਤ ਹੇਰਨ ਲੋਕ ਬਧੇਰੇ ॥ ੯੧ ॥
ਵਸਤੂ ਹੇਰਿ ਗੁਰੂ ਘਰ ਕੇਰੀ।
ਕਰੈਂ ਬਾਤ ਘਰ ਜਾਇ ਬਧੇਰੀ।
ਚਾਰ ਮਾਸ ਨ੍ਰਿਪਰਹਿ ਅਸਾਮ ਪਤਿ।
ਬਿਦਾ ਲੇਤ ਉਰ ਭਿਦਾ ਖਿਦਾ ਅਤਿ[1] ॥ ੯੨ ॥
ਗਦ ਗਦ ਗਿਰਾ[1] ਨੈਨ ਜਲ ਧਾਰੈਂ।
ਵਹੀ ਸਹੀ, ਗੁਰੁ ਚਰਨ ਪਖਾਰੈਂ[1]।

ਸਿਰੋਪਾਉ ਗੁਰੁ ਦਯੋ ਅਮੋਲਾ।
ਕਿਯ ਸਨਾਥ[1] ਦੈ ਗਜਾਨ ਅਡੋਲਾ ॥ ੯੩ ॥

[1]ਮੁਕਤੀ ਦਾ ਮਾਰਗ। [2]ਆਪਣਾ ਪ੍ਰਯੋਜਨ। [3]ਉੱਦਮ।
[1]ਜਿਵੇਂ ਕ੍ਰਿਸ਼ਨ ਨੇ ਅਰਜਨ ਨੂੰ ਕਿਹਾ ਸੀ।
[1]ਅਨੇਕ ਤਰ੍ਹਾਂ ਦੀ।
[1]ਜਨਕ ਵਾਂਗ।
[1]ਜਿਵੇਂ (ਉਹ ਜਨਕ) ਬਿਨਾ ਸੰਸੇ ਤੋਂ ਵਿਦੇਹ ਸੀ।
[1]ਚਤੁਰ, ਮਾਹਰ।
[1]ਪੱਕੀ ਤਰ੍ਹਾਂ।
[1]ਭੇਟਾ।
[1]ਉੱਜਲ।
[1]ਪ੍ਰਸਾਦੀ (ਹਾਥੀ)।
[1]ਬਾਣੀਆਂ ਨੂੰ।
[1]ਤਾਕਤਵਰ ਖ਼ੁਰਾਕ।
[1]ਬਹੁਤੇ ਦੁੱਖ ਨਾਲ ਹਿਰਦਾ ਵਿੰਨ੍ਹਿਆ ਗਿਆ।
[1]ਕੰਠਰੁਕ ਗਿਆ।
[1]ਨੇਤ੍ਰਾਂ ਚੋਂ ਜਲ ਦੀਆਂ ਧਾਰਾਂ (ਸਹੀ) ਠੀਕ ਭਾਵ ਬਹੁਤੀਆਂ (ਵਹੀ) ਵਗੀਆਂ (ਜਿਨ੍ਹਾਂ ਨਾਲ) ਗੁਰਾਂ ਦੇ ਚਰਨ ਧੋ ਦਿੱਤੇ।
[1]ਸਫ਼ਲੇ।

ਮਨ ਗੁਰੁ ਢਿਗ ਤਨ ਘਰ ਦਿਸ ਜਾਹੀ।
ਜਜੋਂ ਚੀਤਾ ਪਟ ਧ੍ਵਜ ਪਰ ਛਾਂਹੀ[1]।

[1]ਜਿਵੇਂ ਚਿਤ੍ਰੇ ਹੋਏ ਬਸਤ੍ਰ ਦਾ ਫਰਰਾ (ਤਾਂ ਖੰਭੇ ਦੇ ਨਾਲ ਲਗਾ ਰਹਿੰਦਾ ਹੈ) ਪਰਛਾਵਾਂ (ਦੂਰ ਚਲਿਆ ਜਾਂਦਾ ਹੈ)। (ਅ) ਜਿਵੇਂ ਫਰਰੇ ਉੱਪਰ ਚਿੱਤ੍ਰੇ ਦੀ ਤਸਵੀਰ (ਹੁੰਦੀ ਹੈ)।

ਗੁਨ ਗਨ ਗੁਰੁ ਕੇ ਜਾਤ ਸਰਾਹਿਤ।
ਐਹੈਂ ਫੇਰ ਕਬੀ ਸਭਿ ਚਾਹਿਤ ॥ ੯੪ ॥
ਸਨੇ ਸਨੇ ਨਿਜ ਧਾਮ ਪਧਾਰੇ।
ਸਿਮਰਤ ਵਾਹਿਗੁਰੂ ਸੁਖਕਾਰੇ ॥ ੯੫ ॥

ਦੋਹਰਾ:

ਅਤਿ ਉਦਾਰ ਦਾਤਾਰ ਸੁਖ,
ਸਬਿ ਪ੍ਰਕਾਰ ਨਿਰਧਾਰ[1]।
ਹਿੰਦੁਵਾਨ ਰਖਵਾਨ ਹਿਤ, ਪ੍ਰਭੁ ਧਾਰਜੋ ਅਵਤਾਰ ॥ ੯੬ ॥

[1]ਨਿਰਣਾ ਕੀਤਾ ਹੈ।

ਦੇਸ ਦੇਸ ਤੈ ਸੁਭਟ ਗਨ, ਸੁਨਿ ਗੁਰੂ ਕਾ ਜਸ ਭੂਰ[1]।
ਆਵਤ ਪਾਵਤ ਮਾਨ ਧਨ, ਮਨ ਭਾਵਤ ਸੁਖਰੂਰ[1] ॥ ੯੭ ॥

[1]ਬਹੁਤਾ।

[1]ਸੁੰਦਰ।

ਚੌਪਈ:

ਸਿੱਖ ਅਸੰਖ[1] ਆਇ ਢਿਗ ਰੈਹੈਂ।
ਪੁਰ ਆਨੰਦ ਮੈਂ ਆਨੰਦ ਲੈਹੈਂ।
ਜਿਨ ਮਨ ਤਨ ਧਨ ਅਰਪਜੋ ਗੁਰੁ ਕੋ।
ਸਿਦਕ ਭਰੋਸ ਹੋਸ਼ ਧਰ ਉਰ ਕੋ ॥ ੯੮ ॥
ਸੇਵਤ ਸਦਾ ਸਬਿਧਾ ਗੁਰੈਂ ਸੇ[1]।
ਸੁਰਤਰੁ ਸੁਰਪਤਿ ਗੁਰੈਂ ਸੁਰੈਂ ਸੇ[1]।

[1]ਅਣਗਿਣਤ।

[1]ਸਹਿਤ ਬਿਧੀ ਦੇ ਗੁਰਾਂ ਨੂੰ।

[1](ਜੋ) ਕਲਪ ਬ੍ਰਿੱਛ, ਇੰਦ੍ਰ ਤੇ ਦੇਵਤਿਆਂ ਤੋਂ (ਗੁਰੈਂ) ਵੱਡੇ ਹਨ।

ਸ਼ਸਤ੍ਰ ਸ਼ਾਸਤ੍ਰ ਬਹੁ ਅਭ੍ਯਾਸੈਂ।
ਕਰਹੀਂ ਤਥਾ ਜਥਾ ਗੁਰੁ ਆਸ਼ੈਂ ॥ ੯੯ ॥
ਸ਼ਹਿਨ-ਸ਼ਾਹਿ ਸਮ ਸੋਹਿ ਸਮਾਜਾ।
ਗੁਰੁ ਦਰ ਪਰਰਹਿ ਭੀਰ ਦਰਾਜਾ।
ਕਬੀ ਕਬੀ ਗੁਰੁ ਚਢੈਂ ਸ਼ਿਕਾਰੈਂ।
ਬਾਘ[1] ਰੀਝ[2] ਝਿੰਗਾਰ[3] ਸੰਘਾਰੈਂ ॥ ੧੦੦ ॥

[1]ਸ਼ੇਰ। [2]ਰਿੱਛ। (ਅ) ਰੋਝ। [3]ਝੰਖਾਰ-ਬਾਰਾਂ ਸਿੰਗਾ।

ਇਕ ਦਿਨ ਸੁਭਟਨ ਸਿਮਟ[1] ਅਰਜ਼ ਕੀ। [1]ਸੂਰਮਿਆਂ ਸੰਕੋਚ ਕੇ।
ਲਰਜ਼ ਗਰਜ਼ ਯੁਤ ਥੀ ਜੁ ਫਰਜ਼ ਕੀ[1]। [1]ਕੰਬ ਕੇ ਇੱਛਾ ਸਹਿਤ ਜੋ ਫ਼ਰਜ਼ (ਅਦਾ ਕਰਨ) ਦੀ ਸੀ।
ਬਨੀ ਅਨੀ ਜਿਮ ਘਨੀ ਸਜੀਲੀ[1]। [1]ਜਿਵੇਂ ਬਹੁਤੀ ਸਜਾਵਟ ਵਾਲੀ ਫ਼ੌਜ ਬਣੀ ਹੋਈ ਹੈ।
ਚਟਕੀਲੀ ਰੰਗੀਲ ਸਮੀਲੀ[1] ॥ ੧੦੧ ॥ [1]ਚਮਕ ਦਮਕ ਵਾਲੀ, ਰੰਗ-ਬਰੰਗੀ ਤੇ ਮਿਲਵੀਂ।
ਦੁੰਦਭਿ ਬਨੈ ਦੀਹ[1] ਤਜੋਂ ਬਜ ਹੈ। [1]ਵੱਡਾ ਧੌਂਸਾ ਬਣੇ।
ਬਿਨ ਦੁੰਦਭਿ ਨਹਿਂ ਸੈਨਾ ਸਜ ਹੈ।
ਸੁਨਿ ਮਨਿ ਮਾਨਿ ਪਾਤਿਸ਼ਾਹਿ ਸਾਚੇ।
ਨੰਦ ਚੰਦ ਪ੍ਰਤਿ ਬੈਨ ਉਬਾਚੇ[1] ॥ ੧੦੨ ॥ [1]ਕਹੇ।
ਬਨੈ ਦਮਾਮਾ[1] ਦੀਹ ਅਬੈ ਹੈ। [1]ਧੌਂਸਾ।
ਜਾਂਹਿ ਧੁੰਕਾਰ[1] ਦੂਰ ਲੌ ਜੈ ਹੈ। [1]ਆਵਾਜ਼।
ਕਾਰੀਗਰ ਬਡ ਤੁਰਤ ਬੁਲਾਏ।
ਦੈ ਜਰ[1] ਘਰਨ ਕਰਨ ਬਹੁ ਲਾਏ ॥ ੧੦੩ ॥ [1]ਧਨ ਦੇ ਕੇ।
ਸੋ ਪਿਖਿ ਮੰਦ ਮਸੰਦ ਡਰਾਏ।
ਨਹਿਂ ਜਸੋਂ ਬਨੈ ਭਨੈਂ ਤਿਸ ਭਾਏ।
ਬਾਨੀ ਤਿਨ ਕੀ ਗੁਰੂ ਨ ਮਾਨੀ।
ਗਏ ਮਾਤ ਢਿਗ ਮਿਲ ਅਗਜਾਨੀ ॥ ੧੦੪ ॥
ਬੰਦਨ ਕਰਿ ਇਮ ਅਰਜ਼ ਬਖਾਨੀ।
ਅਹੋ ਮਾਤ ਸਾਹਿਬ ਤੂੰ ਸਜਾਨੀ।
ਉਮਰ ਨਵੀਨ ਚੀਨ[1] ਗੁਰੁ ਵਰੁ ਹੈਂ। [1]ਜਾਣੋ।
ਮਨ ਭਾਵਤ ਯਾਵਤ[1] ਕੰਮ ਕਰਿ ਹੈਂ ॥ ੧੦੫ ॥ [1]ਜਿਤਨੇ।
ਅਨੀ ਬਟੋਰ[1] ਘਨੀ ਢਿਗ ਰਾਖੈਂ। [1]ਬਹੁਤੀ ਫ਼ੌਜ ਇਕੱਠੀ ਕਰਕੇ।
ਚਾਹਿ ਸਿਪਾਹਿ ਬਿੱਤ ਨਿੱਤ ਲਾਖੈਂ[1]। [1]ਫ਼ੌਜ ਨਿੱਤ ਲੱਖਾਂ ਰੁਪਏ ਚਾਹੁੰਦੀ ਹੈ।
ਮੇਖਜ਼ੀਨ[1] ਕੋ ਕੀਨ ਖਰਚ ਬਡ। [1]ਬਰੂਦ ਗੋਲੀ ਆਦਿ ਦਾ ਗੋਦਾਮ।
ਦੇਗ[1] ਦਿਨੋ ਦਿਨ ਬੇਗ ਰਹੀ ਬਢ ॥ ੧੦੬ ॥ [1]ਲੰਗਰ।
ਖਰਚ ਵਰਚ ਇਮ ਤੋ ਨ੍ਰਿਪ ਕੈਹੈਂ[1]। [1]ਰਾਜੇ ਕਰਦੇ ਹਨ।
ਕੋਸ਼[1] ਵਿਸ਼ੇਸ਼ ਦੇਸ ਜਿਨਿ ਪੈ ਹੈ। [1]ਖ਼ਜ਼ਾਨਾ।
ਗਾਦੀ ਏਹੁ ਫਕੀਰਨ ਕੇਰੀ।
ਫੌਜੈਂ ਸੌਜੈਂ ਨਾਹਿ ਬਧੇਰੀ[1] ॥ ੧੦੭ ॥ [1]ਫ਼ੌਜਾਂ ਤੇ ਸਮੱਗ੍ਰੀ ਬਹੁਤੀ ਨਹੀਂ (ਚਾਹੀਦੀ)।
ਇਨਿ ਬਾਤੋਂ ਮੈਂ ਬਢਤ ਬਖੇਰੇ।

ਹਰਿ ਗੁਬਿੰਦ ਸਾਹਿਬ ਜਿਮ ਹੇਰੇ।
ਤਜਨੇ ਪਰੇ ਦੇਸ ਪੁਰਿ ਘਰਿ ਹੈਂ।
ਲਗੇ ਰਹੇ ਪੀਛੇ ਤਿਨਿ ਅਰਿ[1] ਹੈਂ ॥ ੧੦੮ ॥
ਸੁਭਟ ਹਜਾਰੋਂ ਦੁਹਿ ਦਿਸ ਮਰੇ।
ਆਖਰ ਆਇ ਪਹਾਰਨ ਬਰੇ।
ਨਿਜ ਨੁਕਸਾਨ ਉਠਾਯੋ ਭਾਰੇ।
ਭਯੋ ਨ ਤੂਕਨਿ ਕਛੂ ਵਿਗਾਰੇ ॥ ੧੦੯ ॥
ਇਨਿ ਭੀ ਰੀਤਿ ਪਿਤਾਮੇ ਕੇਰੀ[1]।
ਗਹੀ ਸਹੀ ਹੈ ਅੰਤ ਉਖੇਰੀ[1]।
ਜਸੋਂ ਤਸੋਂ ਬਰਜੋ ਸਾਹਿਬ ਜ਼ਾਦੈਂ।
ਕਰੈ ਨ ਤਸੋਂ ਜਸੋਂ ਬਢੈ ਫਸਾਦੈਂ ॥ ੧੧੦ ॥
ਠਾਨ ਬਾਲ ਹਠ ਠਟਤ[1] ਨਗਾਰਾ।
ਬਜਵੈ ਹੈਂ ਜੈ ਹੈਂ ਜੁ ਸ਼ਿਕਾਰਾ।
ਸੁਨੈ ਭੀਮ ਸਸਿ ਜਬਿ ਕਹਲੂਰੀ।
ਕਰੈ ਬਿਵਾਦ ਧਰੈ ਰਿਸ ਭੂਰੀ[1] ॥ ੧੧੧ ॥
ਕੌਨ ਭੂਪ ਨਿਜ ਰਾਜ ਮਝਾਰਾ।
ਬਜਨ ਦੇਤ ਹੈ ਦੁਤੀ ਨਗਾਰਾ।
ਮਤ ਕਿਤ ਰਾਰ ਬਢਤ ਬਢ ਜਾਵੈ।
ਬਸਨੋ ਮੁਸ਼ਕਲ ਇਹਾਂ ਬਨਾਵੈ ॥ ੧੧੨ ॥
ਐਸੇ ਜ਼ਿਕਰ[1] ਫਿਕਰ ਕੇ ਸੁਨਿ ਕੈ।
ਮਾਤ ਬਾਤ ਮਨਿ ਨਿਕਰ ਸੁ ਗੁਨ ਕੈ[1]।
ਸਸਿ ਕ੍ਰਿਪਾਲ ਨਿਜ ਪਾਸ ਬੁਲਾਯੋ।
ਕਹਜੋ ਕਾਹਿ ਦੁੰਦਭਿ ਘਰਵਾਯੋ ॥ ੧੧੩ ॥
ਸਾਹਿਬਜ਼ਾਦੇ ਕੋ ਇਮ ਰਾਖੈਂ।
ਜਿਮ ਨ ਜੰਗ ਰਸ ਤੁਮ ਭੀ ਚਾਖੋ।
ਪੁਨ ਕ੍ਰਿਪਾਲ ਨਿਜ ਸੁਸਹਿ[1] ਸੁਨਾਈ।
ਹਟੈਂ ਨ ਸੋ ਜੋ ਠਟੈਂ[1] ਗੁਸਾਂਈ ॥ ੧੧੪ ॥
ਤੀਨ ਕਾਲ ਕੀ ਗਤਿ ਗੁਰੁ ਜਾਨੈ।
ਸਬ ਕੋ ਸੀਖ ਨੀਕ[1] ਸੁ ਬਖਾਨੈਂ।
ਤੁਮ ਤੈ ਫਿਰੈਂ ਤੁ ਲੇਹੁ ਫਿਰਾਈ[1]।

[1]ਵੈਰੀ।
[1]ਦਾਦੇ ਦੀ।
[1]ਠੀਕ ਪਕੜ ਲਈ ਹੈ ਅੰਤ ਨੂੰ ਔਖਿਆਈ ਹੋਵੇਗੀ।
[1]ਬਣਾਉਂਦੇ ਹਨ।
[1]ਬਹੁਤਾ ਗ਼ੁੱਸਾ।
[1]ਕਥਨ।
[1]ਸਮੂੰਹ ਗੱਲਾਂ ਵਿਚਾਰ ਕੇ।
[1]ਭੈਣ ਨੂੰ।
[1]ਧਾਰ ਲੈਂਦੇ ਹਨ।
[1]ਚੰਗੀ ਸਿਖਿਆ।
[1]ਮੋੜ ਲਉ।

ਔਰ ਕਿਸੀ ਮੈਂ ਸ਼ਕਤਿ ਨ ਕਾਈ ॥੧੧੫॥
ਡਰ ਧਰਿ ਥਰ ਥਰ ਕਾਂਪਤ ਰਹਿਹੀਂ।
ਮਤ ਕਿਤ ਰਿਸ ਕਿਸ ਹਿਤ ਕਿਤ ਕਹਿਹੀਂ।
ਜੋ ਵਹਿ ਰਟਤ[1] ਝਟਤ ਸੋ ਹੋ ਹੈ। [1]ਕਹਿੰਦੇ ਹਨ।
ਫੇਰਨ ਹਾਰ ਫੇਰ ਤਿਸ ਕੋ ਹੈ ॥੧੧੬॥

ਸੋਰਠਾ:
ਸੁਨਿ ਭ੍ਰਾਤ੍ਰ ਤੈ ਬੈਨ,
ਸਜੀ ਮੌਨ[1] ਸ੍ਰੀ ਗੂਜਰੀ। [1]ਚੁੱਪ ਧਾਰ ਲਈ।
ਪੁਨ ਜਬਿ ਗੁਰੁ ਨਿਜ ਐਨ[1], [1]ਘਰ।
ਆਏ ਬੰਦਨ ਮਾਤ ਕੈ ॥੧੧੭॥

ਚੌਪਈ:
ਪਿਖਿ ਸਪੂਤ ਕੋ ਅਤਿ ਹਰਖਾਈ।
ਦੈ ਆਸਿਖ[1] ਸਿਖ[2] ਦੈਨ ਨਰਾਈ। [1]ਅਸ਼ੀਰਵਾਦ। [2]ਸਿਖਿਆ।
ਇਕ ਪੁੱਤ੍ਰਾ ਉਰਿ ਪ੍ਰੀਤਿ ਮਹਾਨਾ।
ਬੋਲੀ ਅਹੋ ਪੁੱਤ੍ਰ ਪ੍ਰਿਅ ਪ੍ਰਾਨਾ ! ॥੧੧੮॥
ਤੁਮ ਜਗ ਗੁਰੁ, ਬਪੁ[1] ਆਦਿ ਗੁਰੂ ਕੋ। [1]ਸਰੂਪ।
ਕਰੋ ਨ ਐਸਾ ਕਾਮ ਸ਼ੁਰੂ ਕੋ।
ਜਾਂ ਤੈ ਜਨ ਨਹਿ[1] ਦੁਖ ਕੋ ਮਾਨੈ। [1]ਬਹੁਤੇ ਲੋਕ।
ਉਠੈ ਰਾਰਿ ਦੁਖਦਾਰਿ[1] ਮਹਾਨੈਂ ॥੧੧੯॥ [1]ਦੁਖਦਾਈ ਝਗੜਾ।
ਫੌਜ ਸੌਜ ਜਸ ਮੌਜ ਰਖੋ ਤਸ[1]। [1]ਜਿਵੇਂ ਤੁਹਾਡੀ (ਮੌਜ) ਇੱਛਾ ਹੈ ਫੌਜ ਤੇ (ਜੰਗੀ) ਸਾਮਾਨ ਤਿਵੇਂ ਰੱਖੋ।

ਕਰੋ ਤੈਸ ਜਗ ਜੈਸ ਬਢੈ ਜਸ।
ਨੌਬਤ ਨਿਜ ਦਰ ਪਰ ਬਜਵਾਵੋ।
ਧੌਂਸਾ ਮਾਰ ਸ਼ਿਕਾਰ ਨਾ ਜਾਵੋ ॥੧੨੦॥
ਸੁਨੈ ਭੀਮ-ਸਸਿ ਸਹਿ ਨ ਸਕੈ ਹੈ।
ਨਾਹਕ ਚਾਹਕ ਜੰਗ ਬਨੈ ਹੈ[1]। [1]ਐਵੇਂ (ਬਿਨਾ ਪ੍ਰਯੋਜਨ) ਹੀ ਜੰਗ ਦਾ ਚਾਹਕ ਬਣ ਜਾਵੇਗਾ।
ਗੁਰੂ ਪਿਤਾਮਾ ਤੁਮਰੇ ਜੈਸੇ।
ਜੰਗ ਠਾਂਨ ਫਿਰ ਸੁਖੀ ਨ ਬੈਸੇ ॥੧੨੧॥
ਜੋ ਦੇਸਨ ਕੇ ਏਸ[1] ਬਿਸਾਲੇ। [1]ਰਾਜੇ।
ਤਿਨ ਸੋਂ ਪੇਸ਼ ਬਿਸ਼ੇਸ਼ ਨ ਚਾਲੇ।

ਸੁਨਿ ਜਨਨੀ ਪ੍ਰਤਿ[1] ਪੁਨ ਗੁਰੁ ਰਰਾ[2]।
ਹਮੈ ਨ ਭੈ ਕਿਛੁ ਕਿਸ ਤੇ ਜਰਾ ॥੧੨੨॥
ਰੱਖਕ ਏਕ ਅਕਾਲ ਹਮਾਰੇ।
ਆਨ ਆਨ ਕੀ ਕਾਂਨ ਨ ਧਾਰੇਂ[1]।

[1]ਮਾਤਾ ਜੀ ਨੂੰ। [2]ਕਿਹਾ।

[1]ਹੋਰਨਾਂ ਦੀ (ਆਨ) ਅਧੀਨਗੀ ਤੇ (ਕਾਂਨ) ਕਨੌਡ ਨਹੀਂਰਖਦੇ।

ਜਸੋਂ ਅਕਾਲ ਪ੍ਰੇਰਤ ਤਸੋਂ ਕਰਿ ਹੌਂ।
ਦੁਤੀ ਭਾਂਤਿ ਨਹਿਂ ਬਾਤ ਨਿਹਰ ਹੌਂ ॥੧੨੩॥
ਦੁੰਦਭਿ ਬਜੈ ਖਿਝੈ ਜੇ ਰਾਜਾ।
ਤੌ ਤਿਹ ਹੋਇ ਅਕਾਜ ਦਰਾਜਾ[1]।

[1]ਤਾਂ ਤਿਸ ਦਾ ਬਹੁਤਾ ਖੋਟਾ ਕੰਮ ਹੋਵੇਗਾ।

ਹਮ ਨਹਿ ਕੋਸ਼ ਦੇਸ ਤਿਸ ਚੈਹੈਂ।
ਕਾਂਨਨ ਮੈਂ ਅਖੇਰ ਚਰ੍ਹ ਕੈਹੈਂ[1] ॥੧੨੪॥

[1]ਜੰਗਲ ਵਿੱਚ ਚੜ੍ਹਕੇ ਸ਼ਿਕਾਰ ਕਰਾਂਗੇ।

ਬੈਰ ਅਕਾਰਨ ਜੇ ਨ੍ਰਿਪ ਕਰਿ ਹੈ।
ਤੌ ਹਮ ਤੀਯਾ ਨਹੀ ਜੌ ਡਰ ਹੈਂ।
ਹਮ ਰਹਿਂ ਤਿਮ, ਜਿਮ ਵਹਿ ਰਹਿ ਹਮ ਸੋਂ।
ਬਿਖਮ ਬਿਖਮ ਸੋਂ, ਸਮ ਹ੍ਵੈਂ ਸਮ ਸੋਂ[1] ॥੧੨੫॥

[1]ਕਰੜੇ ਨਾਲ ਕਰੜੇ ਤੇ ਨਰਮ ਨਾਲ ਨਰਮ (ਵਰਤਾਂਗੇ)।

ਭੀਮ ਚੰਦ ਹਉਆ ਜੁ ਦਿਖੈ ਹੈਂ।
ਮੈਂ ਵਹਿ ਬਾਲਕ ਨਹਿਂ ਜੁ ਡਰੇ ਹੈਂ।
ਅਸ ਹਉਅਨ ਕੋ ਮੈਂ ਪਰਹਰਹੌਂ।
ਮਿਲੈ ਤ ਮੇਲੌਂ ਲਰੈ ਤੁ ਲਰਿਹੌਂ ॥੧੨੬॥
ਐਨਾ ਐਨ ਸੁੱਧ[1] ਗੁਰੁ ਘਰ ਹੈ।
ਜਥਾ ਪਿਖੈ ਕੋ ਤਥਾ ਦਿਖਰ ਹੈ।
ਇਮ ਕਹਿ ਕਰਿ ਮਾਤਾ ਕੌ ਬੰਦਨ।
ਬਾਹਿਰ ਆਏ ਅਸੁਰ ਨਿਕੰਦਨ[1] ॥੧੨੭॥

[1](ਐਨ) ਠੀਕ ਸਾਫ (ਐਨਾ) ਸ਼ੀਸ਼ਾ ਹੈ।

[1]ਦੈਂਤਾਂ ਨੂੰ ਕੱਟਣ ਵਾਲੇ।

ਚਪਲ[1] ਚਾਲ ਚਲਿ ਚਿੱਤ ਚੁਰੈ ਹੈਂ।

[1]ਚੰਚਲ।

ਨੂਰ ਸੂਰ ਸਮ ਭੂਰ ਦਿਪੈ ਹੈਂ[1]।

[1]ਸੂਰਜ ਵਾਂਗ ਬਹੁਤਾ ਨੂਰ ਚਮਕਦਾ ਹੈ।

ਕਲਗੀ ਕਲਿਤ ਲਲਿਤ ਭਲ ਝੂਲੈ[1]।

[1]ਕਲਗੀ ਸਜਾਈ ਹੋਈ ਸੁੰਦਰ ਚੰਗੀ ਤਰ੍ਹਾਂ ਝੂਲ ਰਹੀ ਹੈ।

ਰੂਪ ਨਿਹਾਰ ਰਮਾ[1] ਰਤਿ[2] ਭੂਲੈ ॥੧੨੮॥

[1]ਲੱਛਮੀ। [2]ਕਾਮ ਦੀ ਇਸਤ੍ਰੀ।

ਸੁਭਟ ਸਿੱਖ ਜਹਿਂ ਥੇ ਥਿਰ ਅਤਿਸੇ।
ਬੈਠੇ ਆਇ ਤਹਾਂ ਸੁਰਪਤਿ ਸੇ[1]।

[1]ਇੰਦ੍ਰ ਵਰਗੇ।

ਮਾਤੁਲ ਪ੍ਰਤਿ ਪ੍ਰਭ ਕਹਜੋ ਸੁਨਾਈ।

ਦੁੰਦਭਿ ਤਜਾਰ ਭਯੋ ਕੇ ਨਾਹੀ ॥ ੧੨੯ ॥
ਖਰੀ ਸੁਰਾ ਮਧ[1] ਮੇਲਿ ਮਸਾਲੇ। [1]ਚੰਗੀ ਸ਼ਰਾਬ ਵਿੱਚ।
ਕਰੋ ਰਚਾਵਨ ਬਜੈ ਬਿਸਾਲੇ।
ਹਾਥ ਜੋਰਿ ਕ੍ਰਿਪਾਲ ਬਖਾਨੋ।
ਭੂਤ ਭਵਿੱਖ ਆਪ ਸਬਿ ਜਾਨੋ ॥ ੧੩੦ ॥
ਪੈ ਇਕ ਅਰਜ਼ ਫਰਜ਼ ਲਖਿ ਕਰਿਹੌਂ।
ਮਰਜ਼ ਕਰਜ਼ ਜਿਮ ਗਰਜ਼ ਪ੍ਰਹਰਹੌਂ[1]। [1]ਕਰਜ਼ੇ (ਤੇ) ਬੀਮਾਰੀ ਵਾਂਗ ਆਪਣੀ ਇੱਛਾ ਦੂਰ ਕਰਨੀ ਚਾਹੁੰਦਾ ਹਾਂ।

ਨੀਤਿ ਨਿਪੁਨ[1] ਜੇ ਧਰਮ ਸਿਆਨੇ। [1]ਨੀਤੀ 'ਚ ਚਤੁਰ।
ਤੇ ਜਨ ਯਾ ਬਿਧਿ ਨੀਤਿ ਬਖਾਨੇ ॥ ੧੩੧ ॥
ਏਕ ਦੇਸ ਜੁਗ ਨ੍ਰਿਪ[1] ਜੁਰੈ ਹੈਂ। [1]ਦੋਰਾਜੇ।
ਸਹੀ ਸੱਤ੍ਰੂਤਾ ਵਹੀ ਗਹੈ ਹੈਂ[1]। [1]ਪੱਕੀ ਦੁਸ਼ਮਣੀ ਉਹੀ ਪਕੜਨਗੇ ਭਾਵ ਕਰਨਗੇ।
ਤਿਸ ਤੈ ਪਰੈ ਦੁਤੀ ਨ੍ਰਿਪ ਜੋ ਹੈ।
ਰਹੈ ਮਿਤ੍ਰ ਬਨਜੋ ਸਦ[1] ਸੋ ਹੈ ॥ ੧੩੨ ॥ [1]ਹਮੇਸ਼ਾਂ।
ਤਾਂ ਤੇ ਪਰੈ ਤ੍ਰਿਤੀ ਭੂਪਾਲਾ।
ਉਦਾਸੀਨ ਰਹਿ ਕਹਿਂ ਬੁਧਿ-ਸ਼ਾਲਾ[1]। [1]ਬਹੁਤ ਬੁਧੀਵਾਨ।
ਮਿਤ੍ਰ ਸੱਤ੍ਰੂ ਕਾ ਸੱਤ੍ਰੂ ਭਵੈ ਹੈ[1]। [1]ਵੈਰੀ ਦਾ ਮਿੱਤ੍ਰ ਵੀ ਵੈਰੀ ਹੋ ਜਾਵੇਗਾ।
ਸੱਤ੍ਰੂ ਸੱਤ੍ਰੂ ਕਾ ਮੀਤ ਥਵੈ ਹੈ[1] ॥ ੧੩੩ ॥ [1]ਵੈਰੀ ਦਾ ਵੈਰੀ ਮਿੱਤ੍ਰ ਹੋ ਜਾਵੇਗਾ।
ਤੁਵ ਸਮੀਪ ਨ੍ਰਿਪ ਬਡ ਕਹਿਲੂਰੀ।
ਸੁਨਿ ਧੁਨਿ ਦੁੰਦਭਿ ਰਿਸ ਹੈ ਭੂਰੀ।
ਸਹਿ ਨਹਿਂ ਸਕੈ ਪ੍ਰਤਾਪ ਤੁਮਾਰੋ।
ਪਰੈਂ ਜੰਗ ਭਟ ਮਰੈਂ ਹਜਾਰੋਂ ॥ ੧੩੪ ॥
ਤਾਂ ਕੇ ਮਿੱਤ੍ਰ, ਸੱਤ੍ਰੂ ਸਭਿ ਬਨ ਹੈਂ।
ਜੰਗ ਚੰਗ ਨਹਿਂ ਬੁਧਿ ਜਨ ਗਨ ਹੈਂ।
ਜੌਨ ਵਸਤੁ ਤੈ ਉਠੈ ਉਪਾਧੀ।
ਚਹੀਏ ਨਹੀਏ ਵਹੀਏ ਸਾਧੀ[1] ॥ ੧੩੫ ॥ [1]ਉਹ ਕਰਨੀ ਨਹੀਂ ਚਾਹੀਦੀ।
ਸਿੱਖ ਮਸੰਦ ਬੁਲੰਦ ਸਿਆਨੇ।
ਸ੍ਰੀ ਗੁਜਰੀ ਪ੍ਰਤਿ ਇਹੀ ਬਖਾਨੇ।
ਉਨਿ ਭੀ ਤੁਮ ਪੈ ਹੋਵਗ ਭਾਖਾ।
ਭਵ ਹੈ ਸੋ, ਜੋ ਤੁਮ ਰਚਿ ਰਾਖਾ ॥ ੧੩੬ ॥

ਇਮ ਸੁਨਿ ਢਿਗ ਤੈ ਸੰਗੋ[1] ਬੋਲਾ। [1]ਬੀਬੀ ਵੀਰੋ ਦਾ ਪੁੱਤਰ।
ਗੁਰੁ ਪ੍ਰਤਾਪ ਸਿੰਧੁ ਲਗੈ ਅਡੋਲਾ[1]। [1]ਗੁਰਾਂ ਦਾ ਪ੍ਰਤਾਪ ਸਮੁੰਦਰ ਵਾਂਗ ਅਡੋਲ ਲਗਦਾ ਹੈ।
ਅਚਲੇ ਮਨ ਤੇ ਕਹਾਂ ਡਰੈ[1] ਹੈਂ। [1]ਅਚੱਲ ਮਨ ਵਾਲੇ ਸਤਿਗੁਰੂ ਕਿਵੇਂ ਡਰ ਸਕਦੇ ਹਨ।
ਸਬਿ ਬਿਧਿ ਸੱਮ੍ਰਥ ਗੁਰੁ ਘਰ ਮੈਂ ਹੈਂ ॥ ੧੩੭ ॥
ਇਮ ਸੁਨਿ ਪੁਨਾ ਮਸੰਦ ਉਚਾਰੀ।
ਬਾਤ ਸਭਾ ਮੈਂ ਕਹੋ ਵਿਚਾਰੀ।
ਅਪਨੋ ਬਲ ਰਿਪੁ ਕੋ ਬਲ ਹਾੜੋ[1]। [1]ਤੋਲੋ।
ਜੇ ਸਮ ਹ੍ਵੈ ਬਧ ਬਿਸ਼ੱਕ ਬਿਗਾੜੋ[1] ॥ ੧੩੮ ॥ [1]ਜੇ ਬਰਾਬਰ ਹੋਵੇ ਜਾਂ (ਆਪਣਾ ਬਾਲ) ਵੱਧ ਹੋਵੇ ਤਾਂ ਬੇਸ਼ਕ ਵਿਗਾੜ ਲਵੋ।
ਕੋਹੀ ਨ੍ਰਿਪ[1] ਤੁਰਕ, 'ਤਿਸ ਕੇਰੇ। [1]ਪਹਾੜੀ ਰਾਜੇ।
ਹ੍ਵੈ ਹੈਂ ਮੱਦਦਗਾਰ ਵਧੇਰੇ'।
ਸੰਗੋ ਤਮਕ ਭਮਕ ਪੁਨ ਭਾਨਾ[1]। [1]ਸੰਗੋ ਨੇ ਗੁੱਸੇ 'ਚ ਭਬਕ ਮਾਰ ਕੇ ਕਿਹਾ।
ਗੁਰੂ ਪਿਤਾਮੇ ਹਮਰੇ ਨਾਨਾ ॥ ੧੩੯ ॥
ਠਟੇ ਤ੍ਰੁਕੇਸਨ ਸੋਂ ਰਣ ਭਾਰੇ।
ਕਟਿ ਭਟ ਲਾਖੋਂ ਸੁਟੇ ਕਿਨਾਰੇ।
ਤਿਨ ਹੀ ਕੇ ਪੌਤ੍ਰ ਇਹੁ ਭਾਰੀ।
ਸਕਲ ਕਲਾ ਸਮਰਥ ਬਲਕਾਰੀ ॥ ੧੪੦ ॥
ਪਗੇ ਬੀਰਰਸ ਬੀਰ ਉਬਾਚੇ[1]। [1]ਸੂਰਮੇ ਨੇ ਬੀਰਰਸ ਵਿਚਰੰਗੇ ਹੋਏ (ਬਚਨ) ਕਹੇ।
ਸੁਨਿ ਪ੍ਰਸੰਨ ਹੋਏ ਗੁਰੁ ਸਾਚੇ।
ਮਾਤੁਲ ਪ੍ਰਤਿ ਗੁਰੁ ਪੁਨਾ ਉਚਾਰਾ।
ਤਜਾਰ ਕਰਾਵਹੁ ਜਲਦਿ ਨਗਾਰਾ ॥ ੧੪੧ ॥
ਹਮਰੀ ਦੁੰਦਭਿ ਬਿਨਾ ਚਢਾਈ।
ਦੇਤ ਨ ਛਬਿ[1] ਅਬਿ ਇਹੈ ਸੁਹਾਈ। [1]ਸੋਭਾ।
ਪਰਲੈ ਸੈਲ[1] ਸੈਲ[2] ਚਲਿ ਕਰਿ ਹੈਂ। [1]ਪਹਾੜ। [2]ਸੈਰ।
ਕਾਂਨਨ ਪੰਚਾਨਨ ਬਹੁ ਹਰ ਹੈਂ[1] ॥ ੧੪੨ ॥ [1]ਜੰਗਲ 'ਚ ਸ਼ੇਰ ਬਹੁਤ ਮਾਰਾਂਗੇ।
ਕਹਿਲੂਰੀ ਨ੍ਰਿਪ ਜੋ ਅਹੰਕਾਰੀ।
ਪ੍ਰਥਮ ਬਜਾਵੈਂ ਚਲਿ ਤਿਸ ਦ੍ਵਾਰੀ।
ਜੇ ਰਿਸ ਧਰਿ ਲਰਬੇ ਕੋ ਐਹੈ।
ਤੌ ਹਮ ਧਾਰਾ ਖੜਗ ਦਿਖੈ ਹੈਂ ॥ ੧੪੩ ॥
ਇਹੁ ਸੁਨਿ ਮੂਜੀ[1] ਮਨ ਮੁਰਝਾਏ। [1]ਕਾਇਰਾਂ ਦੇ।

ਬੀਰ ਬੀਰਰਸ ਯੁਤ ਹੁਲਸਾਏ।
ਦੁੰਦਭਿ ਤਜਾਰ ਹੋਇ ਤਬਿ ਆਯੋ।
ਗੁਰੂ ਤਿਹਾਵਲ ਬਹੁ ਕਰਵਾਯੋ ॥ ੧੪੪ ॥
ਸ਼੍ਰੀ ਨਾਨਕ ਗੁਰੁ ਆਦਿ ਮਨੈ ਕੈ।
ਖੁਸ਼ੀ ਭਏ ਦੰਦਭਿ ਵਜਵੈ ਕੈ।
ਕਾਰੀਗਰਨਿ ਇਨਾਮ ਦਏ ਬਹੁ।
ਅਤਿ ਉਤਸ਼ਵ ਕੀਨੋ ਤਿਸ ਦਿਨ ਮਹੁਂ ॥ ੧੪੫ ॥
ਲੰਗਰ ਤਜਾਰ ਭਯੋ ਪੁਨ ਤਬੈ।
ਛਕਿ ਸੁਖ-ਆਸਨ ਹੋਏ ਸਬੈ।
ਗੁਰੁ ਨਿਜ ਮਹਿਲਨ ਵਿਖੇ ਸਧਾਏ।
ਗਜਾਨ ਹਰੀ ਸਦ ਬਲਿ ਬਲਿ ਜਾਏ ॥ ੧੪੬ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ ਆਸਾਮ ਪਤਿ ਆਵਨ, ਨਗਾਰਾ ਘਰਾਵਨ, ਬਰਨਨੰ ਨਾਮ ਅਠਤਾਲੀਸਮੋਂ ਬਿਸ੍ਰਾਮ ॥ ੪੮ ॥

੪੯. {ਰਣਜੀਤ ਨਗਾਰਾ ਸੁਣ ਕੇ ਪਹਿਲਾਂ ਵਜ਼ੀਰ ਫਿਰ ਭੀਮ ਚੰਦ ਤੇ ਬਾਦ ਵਿਚ ਚਤੁਰ ਵਕੀਲ ਚੀਜ਼ਾਂ ਮੰਗਣ ਆਇਆ}

ਦੋਹਰਾ:

ਦ੍ਰਿਗ ਪਲਕ ਜਿਹ ਝਲਕ ਤੈ,
ਖਲਕ ਪਲਕ ਮੈਂ ਹੋਇ[1]।

[1]ਜਿਨ੍ਹਾਂ ਦੇ ਨੇਤ੍ਰਾਂ ਦੀ ਪਲਕ ਦੇ ਝਮਕਣ ਨਾਲ ਪਲ ਵਿੱਚ ਹੀ ਸ੍ਰਿਸ਼ਟੀ ਪੈਦਾ ਹੋ ਜਾਂਦੀ ਹੈ।

ਪਾਲਕ ਘਾਲਕ ਮਾਲਕਹਿ,
ਬੰਦਿ ਬੰਦਿ ਕਰ ਦੋਇ[1] ॥੧॥

[1]ਪਾਲਣਾ ਕਰਨ ਤੇ ਨਾਸ ਕਰਨ ਦੇ ਮਾਲਕ ਨੂੰ ਦੋਨੋਂ ਹੱਥ ਬੰਨ੍ਹ ਕੇ (ਮੈਂ) ਨਮਸਕਾਰ ਕਰਦਾ ਹਾਂ।

ਸ੍ਵੈਯਾ:

ਦਰਤਾ ਦੁਖ ਦੋਖਨਿ ਓਘ ਅਘੈਂ,
ਹਰਤਾ ਅਰਿ ਆਸੁਰਿ ਰੋਖਨ ਕੋ[1]।

[1]ਸਮੂੰਹ ਦੁਖਾਂ, ਦੋਸ਼ਾਂ ਤੇ ਪਾਪਾਂ ਨੂੰ ਦਲਣ ਵਾਲੇ, ਵੈਰੀਆਂ ਤੇ ਦੈਂਤਾਂ ਦੇ ਗੁੱਸਿਆਂ ਨੂੰ ਨਾਸ ਕਰਨ ਵਾਲੇ।

ਕਰਤਾ ਹਰ ਹਾਲ ਵਿਖੈ ਚਰਿਤਾਰਥ,
ਦਾਸਨ ਵਾਸਨ ਪੋਖਨ ਕੋ[1]।

[1]ਹਰ ਸਮੇਂ ਵਿੱਚ (ਚਰਿਤਾ) ਕੌਤਿਕ ਦਾਸਾਂ ਦੇ (ਅਰਥ) ਮਤਲਬ ਤੇ ਇੱਛਾਵਾਂ ਪੂਰੀਆਂ ਕਰਨ ਨੂੰ ਹੀ (ਕਰਤਾ) ਕਰਦੇ ਹਨ।

ਸਰਿਤਾ ਸਬਿ ਜੋਖਨ ਤੋਖਨ ਕੀ,
ਭਰਤਾ ਜਢ ਚੇਤਨ ਧੋਖਨ ਕੋ[1]।

[1]ਸਾਰੇ (ਜੋਖਨ) ਮਾਲ ਧਨ ਤੇ (ਤੋਖਨ) ਪ੍ਰਸੰਨਤਾ ਦੀ ਨਦੀ ਹਨ ਅਤੇ ਜੜ੍ਹ ਤੇ ਚੇਤਨ ਦੇ (ਧੋਖਨ) ਸੰਸਿਆਂ ਨੂੰ (ਭਰਤਾ) ਭਰਨ ਵਾਲੇ ਭਾਵ ਮੇਟਣ ਵਾਲੇ ਹਨ।

ਪਰ ਤਾਰਹੁ ਨੇਤ ਗਜਾਨ ਹਰੀ,
ਸੁਖ ਲਾਭ ਜਥਾ ਸਮ ਮੋਖਨ ਕੋ[1] ॥੨॥

[1]ਗਿਆਨ ਸਿੰਘ (ਕਹਿੰਦਾ ਹੈ ਕਿ) ਸਾਨੂੰ (ਨੇਤ) ਬੇਅੰਤ (ਸੰਸਾਰ ਸਮੁੰਦਰ) ਤੋਂ (ਪਰ) ਵਿਸ਼ੇਸ਼ ਕਰ ਕੇ ਤਾਰੋ ਜਿਵੇਂ ਮੁਕਤੀ ਵਾਲਿਆਂ ਦੇ ਵਾਂਗ ਸੁਖ ਤੇ ਲਾਭ ਹੋਵੇ।

ਮਹਰਟਾ ਛੰਦੁ:

ਹਿੰਦੁ ਪਨਾਹ ਦਨਿੰਦ ਮਨਿੰਦਹਿ
ਚਿੰਦ-ਭਵਨ ਤੈ ਨਿਕਸੇ[1]।

[1]ਹਿੰਦ ਦੇਰਾਖੇ (ਕਲਗੀਧਰ) ਸੂਰਜ ਵਾਂਗ (ਚਿੰਦ ਭਵਨ) ਰਾਜ ਮਹਲ 'ਚੋਂ ਨਿਕਲੇ।

ਕੰਦ ਅਨੰਦ ਮੁਕੰਦਹਿ ਪਿਖਿ ਸਿਖ,
ਬ੍ਰਿੰਦ ਅਰਬਿੰਦੁ ਸੇ ਬਿਕਸੇ[1]।

[1]ਅਨੰਦ ਦੇ ਬੱਦਲ ਤੇ ਮੁਕਤੀ ਦਾਤਾ ਜੀ ਨੂੰ ਦੇਖ ਕੇ ਬਹੁਤੇ ਸਿਖ ਕੰਵਲਾਂ ਵਾਂਗ ਖਿੜ ਗਏ।

ਥਿਰੇ ਆਇ ਸਾਨੰਦ ਚੰਦ ਸਮ, ਦਾਇ ਆਨੰਦ ਦਿਵਾਨੰ[1]।

[1]ਚੰਦ ਵਾਂਗ ਅਨੰਦ ਸਹਿਤ ਆ ਕੇ ਬੈਠ ਗਏ ਜੋ ਸਭਾ ਨੂੰ ਅਨੰਦ ਦੇਣ ਵਾਲੇ ਹਨ।

ਨੰਦ ਚੰਦ ਮਾਸੰਦ, ਬੰਦਿ ਕਰ
ਦੁੰਦ, ਬੁਲੰਦ ਮਹਾਨੰ[1] ॥ ੩ ॥

[1]ਨੰਦ ਚੰਦ ਮਸੰਦ ਨੇ ਮਹਾਨ (ਉੱਚੇ ਸਤਿਗੁਰਾਂ ਨੂੰ) ਦੋਨੋਂ ਹੱਥ ਜੋੜ ਕੇ ਨਮਸਕਾਰ ਕੀਤੀ।

ਕੀਨੀ ਅਰਜ਼ ਫਰਜ਼ ਨਿਜ ਲਖ ਕੈ,
ਦੁੰਦਭਿ ਭਯੋ ਤਿਆਰੀ।
ਸੁਨਿ ਗੁਰੁ ਹੇਤ ਸ਼ਿਕਾਰ ਤਜਾਰ ਹ੍ਵੈ,
ਭੇ ਅਸਵਾਰ ਵਿਚਾਰੀ।
ਕਰਿ ਅਰਦਾਸ ਕਸਾਇ ਸ਼ੱਸਤ੍ਰ ਪੈ[1]
ਧੌਸਾਂ ਗੁਰੁ ਬਜਵਾਯੋ।
ਗਰਜਿਓ ਪਰਲੈ ਘਨ ਜਿਮ ਤਰਜਯੋ,
ਅਰਿ ਗਨ ਸੁਨਿ ਖੁਨਸਾਯੋ[1] ॥ ੪ ॥

[1]ਫੇਰ।

[1]ਐਉਂ ਗੱਜਿਆ ਜਿਵੇਂ ਪ੍ਰਲੋ ਦੋ ਬੱਦਲ ਨੂੰ ਤਾੜ ਰਿਹਾ ਹੋਵੇ, ਬਹੁਤੇ ਵੈਰੀ ਸੁਣ ਕੇ ਗੁੱਸੇ ਹੋਏ।

ਕਰ ਪਰ ਬਾਜ ਬਾਜ ਪਰ ਸਤਿਗੁਰੁ,
ਬਾਜ ਬਜਾਇ ਬਿਸਾਲੇ[1]।

[1]ਹੱਥ ਉਪਰ ਬਾਜ਼ ਤੇ ਘੋੜੇ 'ਤੇ ਸਵਾਰ ਹੋ ਕੇ ਸਤਿਗੁਰਾਂ ਬਹੁਤ ਵਾਜੇ ਵਜਵਾਏ।

ਸਾਜ ਸਮਾਜ ਸ਼ਿਕਾਰ[1] ਚਢੇ ਗੁਰੁ,
ਸੰਗ ਸੁਭਟ ਗਨ ਚਾਲੇ।
ਚਪਲ ਚਲਾਕ ਚਲਤ ਹਯ[1] ਉਛਰਤ,
ਨਰ ਇਵ ਸੁਨਿ ਪੁਨ ਧੌਸੈਂ।
ਬਢਤ ਬੀਰਰਸ ਬੀਰਨ[1] ਕੇ ਮਨਿ,
ਉਠਤ ਜੰਗ ਕੀ ਹੌਂਸੈਂ[1] ॥ ੫ ॥

[1]ਸ਼ਿਕਾਰ ਦਾ ਸਾਰਾ ਸਾਮਾਨ ਤਿਆਰ ਕਰਕੇ।

[1]ਘੋੜਾ।

[1]ਸੂਰਮਿਆਂ।

[1]ਇੱਛਾਵਾਂ।

ਕਰਤਿ ਅਖੇਰ[1] ਬਿਲਾਸ ਬਿਲਾਸੀ[2],
ਢਿਗ ਬਿਲਾਸ ਪੁਰ ਢੁਕ ਕੈ।
ਗੁਰੁ ਰੁਖ ਪਿਖਿ ਨਗਾਰਚੀ ਦੀਨੀ,
ਦੁਹਿਰੀ ਚੋਬ ਅਚੁਕ[1] ਕੈ।
ਗਿਰ-ਗਿਰਾਟ[1] ਗਿਰ ਕੰਦ੍ਰਨ ਅੰਦਰ,
ਸਪਤ ਧਾਰਿ ਮੈਂ ਪਰਿਯੋ।
ਔਚਕ ਗਰਜ ਤਰਜ ਸਾਗਰ ਸੀ[1],
ਸੁਨਿ ਉਰ ਸਬਿਨਿ ਥਰਰਯੋ[1] ॥ ੬ ॥
ਦਹਿਲਯੋ ਦਿਲ ਸਸਿ ਭੀਮ ਭੀਮ ਕੈ[1],

[1]ਸ਼ਿਕਾਰ। [2]ਹਾਸੇ ਦੇ ਬਚਨ।

[1]ਨ ਖੁੰਝਣ ਵਾਲੀ।

[1]ਗੜਗੜਾਹਟ=ਧੌਂਸੇ ਦੇ ਵਜਣ ਨਾਲ ਪਹਾੜਾਂ ਤੇ ਕੰਦਰਾਂ 'ਚੋਂ ਨਿਕਲੀ ਧੁਨੀ।

[1]ਅਚਾਨਕ ਸਮੁੰਦਰ ਦੇ ਢੰਗ ਦੀ ਗੂੰਜ ਪਈ।

[1]ਕੰਬ ਗਿਆ।

[1]ਭਿਆਨਕ (ਅਵਾਜ਼) ਕਰਕੇ।

ਦੁਹਿਰੀ ਚੋਬ ਦਮਾਮੀ।
ਬੂਝੇ ਸਚਵਿ[1] ਦੁੰਦਭਿ ਕਿਸ ਕਾ ਹੈ, [1]ਵਜ਼ੀਰਾਂ ਨੂੰ।
ਬਾਜਤ ਇਹੁ ਅਭਿਰਾਮੀ[1]। [1]ਸੁੰਦਰ।
ਕਿਸੀ ਗਿਰੇਸ਼੍ਵਰ ਢਿਗ ਨ ਨਗਾਰਾ,
ਐਸੋ ਜੋ ਗਰਜੈ ਹੈ।
ਧੁਨੀ ਗੰਭੀਰ ਡਰਾਰੀ[1] ਭਾਰੀ, [1]ਡਰਾਉਣੀ।
ਦੂਰੋਂ ਨਿਕਟਿ ਸੁਨੈ ਹੈ ॥੭॥
ਕਹਜੋ ਵਜੀਰ ਸ੍ਰੀ ਗੁਰੁ ਨਾਨਕ,
ਜਗਤ ਗੁਰੂ ਬਿਦਤਾਨੇ[1]। [1]ਪ੍ਰਗਟ ਹੋਏ।
ਬਡ ਕਰਮਾਤੀ ਬਖਜ਼ਾਤੀ ਜਗ,
ਹਿੰਦੁ ਤੁਰਕ ਸਬਿ ਮਾਨੇ।
ਤਸ ਗਾਦੀ ਪਰ ਅਬਿ ਦਸਮੋਂ ਗੁਰੁ,
ਹੈ ਸੋਢੀ ਕੁਲ ਟੀਕਾ।
ਜ਼ਰ ਖਰੀਦ[1] ਪੁਰਿ ਆਨੰਦ ਜਿਸ ਕੇ, [1]ਮੁੱਲ ਖ਼ਰੀਦ ਕੇ।
ਪਿਤਾ ਬਸਾਯੋ ਨੀਕਾ ॥੮॥
ਗੋਬਿੰਦਰਾਇ ਅਬੈ ਬਯ[1] ਬਾਲਕ, [1]ਉਮਰ।
ਬੀਰ ਧੀਰ ਬਡ ਭਾਰੀ।
ਜੋ ਕੁਛ ਕਹਤ ਮੁਖੋਂ ਸੋ ਹੋਵਤ,
ਮਾਨਤ ਸਬਿ ਸੰਸਾਰੀ।
ਬਨਵਾਯੋ ਤਿਨ ਨਯੋ ਅਮੋਲਕ,
ਇਹੁ ਰਣਜੀਤ ਨਗਾਰਾ।
ਇਤ ਕਿਤ ਹੋਵਗ ਅਯੋ ਖੇਲਬੇ,
ਹੇਤ ਸ਼ਿਕਾਰ ਉਦਾਰਾ ॥੯॥
ਉਮਰ ਕਿਸ਼ੋਰ[1] ਚੋਰ ਚਿਤ[2] ਸੁਠ ਅਤਿ[3], [1]ਗਿਆਰਾਂ ਤੋਂ ਪੰਦਰਾਂ ਵਰ੍ਹਿਆਂ ਦੀ ਉਮਰ। [2]ਚਿੱਤ ਨੂੰ ਚੁਰਾਉਣ ਵਾਲੇ। [3]ਬਹੁਤ ਸੋਹਣੇ।
ਦੀਪਤਿ[1] ਜੋਤਿ ਇਲਾਹੀ। [1]ਚਮਕਦੀ ਹੈ।
ਰਾਮ ਕ੍ਰਿਸ਼ਨ ਸਮ ਕਰਤ ਚੇਸ਼ਟਾ,
ਸੁਨਜੋ ਸੁਜਸ ਬਹੁ ਤਾਂਹੀ।
ਸੁੰਦ੍ਰ ਬਦਨ ਮਦਨ ਦੁਤਿ ਛਬਿ ਸਬਿ,
ਕਦਨ ਮਦਨ ਮਦ ਇੰਦੈਂ[1]। [1]ਸੁੰਦਰ ਚੇਹਰੇ ਦੀ ਸਾਰੀ ਸੋਭਾ ਕਾਮ ਦੀ ਸੋਭਾ ਵਰਗੀ ਹੈ ਜੋ ਕਾਮ ਤੇ ਚੰਦ੍ਰਮਾ ਦੇ ਹੰਕਾਰ ਨੂੰ ਕੱਟਦੀ ਹੈ।

ਤੇਜ ਪ੍ਰਚੰਡ ਅਖੰਡ ਅਖੰਡਲ,
ਮਾਰਤੰਡ ਮਾਨਿੰਦੈਂ[1] ॥੧੦॥

[1]ਤੇਜ ਤਿੱਖਾ ਤੇ ਇਕਰਸ, ਇੰਦ੍ਰ ਤੇ ਸੂਰਜ ਵਾਂਗ ਹੈਂ।

ਬਲੀ ਬਿਸਾਲ ਬੁਧਿ ਲਘੁ ਬੈ ਹੈਂ,
ਬਿਬਿਧਾ ਬਿੱਦਜਾ ਪੂਰਨ[1]।

[1]ਬਲੀ, ਵੱਡੀ ਬੁੱਧ ਵਾਲੇ, ਉਮਰ ਦੇ ਛੋਟੇ ਹਨ ਪਰ ਅਨੇਕ ਤਰ੍ਹਾਂ ਦੀਆਂ ਵਿੱਦਿਆ 'ਚ ਪੂਰਨ ਹਨ।

ਭੀਰ ਗੰਭੀਰ ਬੀਰ ਧੀਰਨ ਕੀ,
ਤੀਰ ਰਹਿਤ ਸਦ ਸੂਰਨ[1]।

[1]ਗੰਭੀਰ ਬਹਾਦਰ ਤੇ ਧੀਰਜਵਾਨ ਸੂਰਮਿਆਂ ਦੀ ਭੀੜ ਸਦਾ ਕੋਲ ਰਹਿੰਦੀ ਹੈ।

ਲਾਖੋਂ ਨਰ ਦਰ ਪਰ ਕਰਿ ਮੰਨਤ,
ਆਵਤ ਭਾਵਤ[1] ਪਾਵਤ।

[1]ਮਨ ਭਾਉਂਦੇ ਪਦਾਰਥ।

ਲੰਗਰ ਦੇਤ ਅਤੋਟ ਛੋਟ ਬਡ,
ਜੋ ਜਾਵਤ ਸੋ ਖਾਵਤ ॥੧੧॥

ਸੁਨਜੋ ਅਸਾਮ ਦੇਸ ਕਾ ਰਾਜਾ,
ਜੋ ਗੁਰੁ ਬਚਨੋ ਜਰਮਾ[1]।

[1]ਜਨਮਿਆ ਹੈ।

ਅਯੋ ਦਰਸਬੇ ਲੈ ਬਡ ਤੋਫੇ,
ਜੇ ਦੁਰਲਭ ਸਬਿ ਧਰਮਾ।
ਡੇਰਾ[1] ਐਸਾ ਸੁਨਜੋ ਨ ਹੇਰਾ,
ਜੋ ਕਾਬੁਲ ਤੈਂ ਆਯੋ।

[1]ਤੰਬੂ।

ਸੁਨਿ ਮਹਿਮਾ ਸਹਿਮਾ[1] ਨ੍ਰਿਪ ਲਹਿਮਾ[2],
ਪੁਨਿ ਚਹਿਆ ਦਰਸਾਯੋ ॥੧੨॥

[1]ਡਰਿਆ। [2]ਲਮਹਾ–ਪਲ ਭਰ।

ਪਠਜੋ ਵਜੀਰ ਸੰਧਿ ਕਰਬੇ ਹਿਤ[1],
ਗੁਰੁ ਪੁਰਿ ਸੋ ਜਬਿ ਆਯੋ।
ਪਿਖਿ ਸੋਭਾ ਲੋਭਾ ਮਨ ਤਾਂ ਕੋ,
ਗੋਭਾ ਮੁਦ ਜਨ ਪਾਯੋ[1]।

[1]ਮੇਲ ਕਰਨ ਵਾਸਤੇ।

[1]ਜਾਣੋ ਅਨੰਦ ਦਾ ਅੰਗੂਰ ਪਾ ਲਿਆ।

ਇਤ ਗੁਰੁ ਨਿਤ ਚਿਤ ਹਿਤ ਅਖੇਰ ਕਰਿ,
ਐਹੈਂ ਧੌਂਸ ਬਜੈ ਹੈਂ।
ਉਦਿਤ ਮੁਦਤ ਹ੍ਵੈ[1] ਆਯੁਧ ਬਿੱਦਜਾ,
ਸੁਭਟਨਿ ਸਿੱਖਨਿ ਸਿਖੈ ਹੈਂ ॥੧੩॥
ਆਵਤ ਖੇਲ ਧੂਰਿ ਨਭ ਛਾਵਤ,
ਹੁਲਸਾਵਤ ਨਰ ਨਾਰੀ।

[1]ਅਨੰਦ 'ਚ ਤਿਆਰ ਹੋ ਕੇ।

ਦ੍ਵਾਰ ਦਰੀਚਨਿ ਵਚਨ[1] ਥਿਰਹੀਂ, [1]ਦਰਵਾਜ਼ਿਆਂ ਤੇ ਬਾਰੀਆਂ ਵਿਚ।
ਪੇਖਨ ਹਿਤ ਅਸਵਾਰੀ।
ਪੇਖਿ ਸਰੂਪ ਅਨੂਪ ਤੇਜ ਅਤਿ,
ਚਢਤ ਅਨੂਠੀ[1] ਸੋਭਾ। [1]ਅਣੋਖੀ।
ਹੋਇ ਪਿਤਾਮੇ ਸਮ ਕਹਿ ਸਜ਼ਾਨੇ,
ਬੀਰ ਸਧੀਰ ਅਛੋਭਾ[1] ॥ ੧੪ ॥ [1]ਖੋਭ ਤੋਂ ਰਹਿਤ।
ਸੁਨਿ ਰਹਿਰਾਸ ਖਾਸ ਨਿਜ ਡੇਰਨਿ[1], [1]ਆਪੋ ਆਪਣੇ ਡੇਰਿਆਂ ਵਿਚ।
ਸੁਪਤੈਂ ਛਕਿ ਪਰਸ਼ਾਦੈਂ।
ਜਾਮ ਜਾਮਨੀ ਰਹੇ ਜਗੈਂ ਫਿਰ,
ਪਗੈਂ ਨਾਮ ਅਹਿਲਾਦੈ[1]। [1]ਨਾਮ ਦੇ ਅਨੰਦ 'ਚ ਲੀਨ ਹੁੰਦੇ ਹਨ।
ਨੌਬਤ ਝਰੈ[1] ਦੁਆਰ ਗੁਰੁ ਸੁਨ ਕਰਿ, [1]ਵਜਦੀ ਹੈ।
ਆਇ ਰਬਾਬੀ ਗਾਵੈਂ।
ਆਸਾਵਾਰ ਸਬਦ ਸੁਰ ਭਰਿ ਸੁਠ,
ਸੁਨਿ ਸੰਗਤਿ ਹੁਲਸਾਵੈ ॥ ੧੫ ॥
ਸੌਚ ਇਸ਼ਨਾਨ ਠਾਂਨ ਜਗਤੇਸ਼ੂਰ
ਬਸਤ੍ਰ ਸ਼ਸਤ੍ਰ ਸਜ ਕੈ।
ਬੀਰਾਸਨ ਕਰਿ ਥਿਰੈਂ ਸਿੰਘਾਸਨ,
ਵਾਸਨ ਰਾਸਿਨ ਤਜ ਕੈ[1]। [1]ਸਾਰੀਆਂ ਵਾਸ਼ਨਾ ਤਿਆਗ ਕੇ।
ਮਨੋ ਬਿਸ਼ਨ ਗਨ ਸੁਰਨ ਮਝਾਰੀ,
ਗੁਰੂ ਸਭਾ ਮੈਂ ਸੋਹੈਂ।
ਭਾਟ ਨਕੀਬ ਸੁਜਸ ਕਵਿ ਰਟਹੀਂ
ਗੁਰੁ ਮਨ ਜਨ ਗਨ ਮੋਹੈਂ ॥ ੧੬ ॥
ਨੰਦ ਚੰਦ ਸੰਗੋ ਆਦਿਕ ਭਟ,
ਕਰਿ ਕਰਿ ਬੰਦਨ ਬੈਸੇ।
ਆਵਤ ਸੰਗਤ ਅਰਪ ਅਕੋਰੈਂ[1], [1]ਭੇਟਾਂ।
ਪਾਵਤ ਭਾਵਤ[1] ਜੈਸੇ। [1]ਜਿਸ ਤਰ੍ਹਾਂ ਚਾਹੁੰਦੇ ਹਨ।
ਤਬੈ ਵਜੀਰ ਬੁਲਾਯੋ ਨ੍ਰਿਪ ਕੋ,
ਆਇ ਬੰਦਿ ਪਗ ਥਿਰਯੋ।
ਤੇਜ ਪ੍ਰਤਾਪ ਸਭਾ ਬੈਭਵ[1] ਪਿਖਿ, [1]ਬਿਭੂਤੀ, ਸਮੱਗ੍ਰੀ।
ਮਨ ਤਿਹ ਫਿਕਰਨ ਘਿਰਯੋ ॥ ੧੭ ॥

ਬੂਝੀ ਕੁਸਲ ਗੁਰੂ ਉਨਿ ਭਾਖੀ,
ਦਯਾ ਆਪ ਕੀ ਸਬ ਹੈ।
ਪ੍ਰਭ ਜੀ ਤੁਮਰੋ ਸੁਨਜੋ ਨਗਾਰਾ,
ਬੂਝਜੋ ਨ੍ਰਿਪ ਮੁਹਿ ਤਬਿ ਹੈ।
ਮੈਂ ਬ੍ਰਿਤੰਤ ਰਾਵਰੋ ਜਸ ਜੁਤ,
ਭਨਜੋ ਸੁਨਜੋ ਨ੍ਰਿਪ ਮੁਦ ਹ੍ਵੈ।
ਮੇਲ ਦਰਸ ਰਾਵਰ ਕੋ ਚਾਹਿਤ,
ਪਠਜੋ ਮੋਹਿ ਹਿਤ ਸੁਧ[1] ਹ੍ਵੈ ॥੧੮॥

[1]ਖ਼ਬਰ (ਲੈਣ) ਵਾਸਤੇ।

ਵਹਿ ਨ੍ਰਿਪ ਤੁਮ ਗੁਰੁ ਪੂਜ ਜਗਤ ਕੇ,
ਛੇਮ ਜਿ ਪ੍ਰੇਮ ਰਖੈ ਹੈਂ[1]।
ਕਾਰਜ ਪਰੈ ਦੁਹਿਨ ਦਿਸ ਜੇ ਕਿਛੁ,
ਸੋ ਮਿਲਿ ਸਿੱਧ ਕਰੈ ਹੈਂ।
ਗੁਰੁ ਰੁਖ ਲਖਿ ਪੁਨ ਮਾਤੁਲ ਬੋਲਜੋ,
ਹੈ ਗੁਰੁ ਘਰੁ ਸੁਰਤਰੁ ਸੋ[1]।
ਜੇ ਨ੍ਰਿਪ ਪ੍ਰੇਮ ਮੇਲ ਦਿਢ ਰਖ ਹੈ,
ਤੌ ਚਖ ਹੈ ਸੁਖ ਤਰੁ ਸੋ[1] ॥੧੯॥

[1]ਜੇ ਪ੍ਰੇਮ ਰੱਖੋਗੇ ਤਾਂ ਸੁਖ ਰਹੇਗਾ।

[1]ਕਲਪ ਬ੍ਰਿੱਛ ਵਾਂਗ।

[1]ਤਾਂ ਉਹ ਬਹੁਤਾ ਸੁਖਰੱਖੇਗਾ।

ਗੁਰੁ ਤੋ ਰਾਵ ਰੰਕ ਪਰ ਕਿਰਪਾ
ਕਰਿ, ਸਦ ਭਰ ਹੈਂ ਇੱਛਜਾ[1]।
ਮੇਲ ਰਖਨ ਸਮ ਲਾਭ ਨ ਦੂਜੋ,
ਬੇਦ ਬਿਦਤ ਇਹੁ ਸਿਛੱਜਾ[1]।
ਪੁਨ ਮੁਸਕਾਇ ਭਨਜੋ ਕਲਗੀਧਰ,
ਸੁਖਦ ਸੁਧਾ ਤੈ ਮੀਠੋ।
ਛਬਿ ਕੇ ਉਠਤ ਕਲੋਲ ਕਪੋਲਨਿ[1],
ਬੋਲ ਅਮੋਲਕ ਡੀਠੋ[1] ॥੨੦॥

[1]ਸਦਾ ਇੱਛਾ ਪੂਰੀਆਂ ਕਰਦੇ ਹਨ।

[1]ਇਹ ਵੇਦ ਦੀ ਸਿੱਖਿਆ ਪ੍ਰਗਟ ਹੈ।

[1]ਗੱਲ੍ਹਾਂ ਤੋਂ ਸੋਭਾ ਦੀਆਂ ਲਹਿਰਾਂ ਉਠਦੀਆਂ ਹਨ।

[1]ਦੇਖੇ।

ਕੈਸ ਗਿਰੇਸ ਬਿਸੇਸ ਅਭਜਾਸਤ,
ਤੀਰ ਤੁਫੰਗ ਚਲਾਵਨ।
ਸ਼ੌਕ ਸ਼ਿਕਾਰ ਅੱਸ੍ਵ ਅਸਵਾਰੀ,
ਗੁਨੀ ਅਨੀ ਬਿਰਧਾਵਨ[1]।
ਕਹਜੋ ਵਜੀਰ ਜੋਰਿ ਕਰ ਨ੍ਰਿਪ ਮਮ,
ਨਿਪੁਨ[1] ਬਿੱਦਜਾ ਸਾਰੀ।

[1]ਗੁਣਾਂ ਵਾਲੀ ਫ਼ੌਜ ਦੇ ਵਧਾਉਣ ਦਾ।

[1]ਚਤੁਰ।

ਗਹਿਤ ਮਤੀ ਗਿਰ ਪਤੀ ਸਬੈ ਤਿਸ[1],
ਰਹਿਤ ਸਦਾ ਅਨੁਸਾਰੀ ॥੨੧॥
ਤੁਵ ਦੁੰਦਭਿ ਧੁਨਿ ਮਧੁਰ ਮੇਘ ਸੀ,
ਸੁਨਿ ਗੁਨਿ ਮਨ ਬਨਿ ਮੋਰੈਂ[1]।
ਚਹਿਤ ਉਮਹਿਤ ਦਰਸ ਪਗ ਪਰਸਨ,
ਕਹੋ ਲਿਐਹੋਂ ਭੋਰੈਂ[1]।
ਸਿਰੇਪਾਉ ਬਡ ਦਯੋ ਬਿਦਾਈ,
ਗਯੋ ਸਚਵ ਕਰਿ ਬੰਦਨ।
ਭੀਮ ਚੰਦ ਨ੍ਰਿਪਿੰਦ ਗਰਿੰਦਹਿ[1],
ਲਜਾਯੋ ਕਰਿ ਅਭਿਨੰਦਨ[1] ॥੨੨॥
ਸਾਨੰਦ ਆਨੰਦ ਪੁਰਿ ਤੁਰਿ ਆਯੋ,
ਸਚਵ ਸੈਨ ਭਟ ਸੱਜ ਕੈ।
ਨੰਦ ਚੰਦ ਗੁਰੁ ਅੱਗ੍ਰ ਪਠਾਯੋ,
ਲਜਾਯੋ ਪਰਮੁਦ ਭਜ ਕੈ[1]।
ਭੇਰੀ[1], ਦੁੰਦਭਿ, ਤੁਰਮ[2] ਨਫੀਰੀ[3],

ਆਦਿ ਬਾਦ[1] ਬਹੁ ਬਾਜੈਂ।
ਚਲਤ ਢਲੈਤ[1], ਨਕੀਬ[2] ਅੱਗ੍ਰ ਤਿਹ
ਬੋਲਤ, ਹੈ ਗੈ ਗਾਜੈਂ[1] ॥੨੩॥
ਭਯੋ ਕੁਲਾਹਲ[1] ਬਗਰ[2] ਬਜਾਰਨ,
ਦ੍ਵਾਰਨ ਨਰ ਤਿਯ ਹੇਰੈਂ।
ਨਗਰ ਨਿਵੇਸ[1] ਵਿਸ਼ੇਸ਼ ਠਿਕਾਨੇ,
ਕਰਵਾਏ ਉਨਿ ਡੇਰੈਂ।
ਪਹੁਨਾਈ ਪਹੁੰਚਾਈ ਬਹੁਧਾ,
ਭੂਪਨ ਹ੍ਵੈ ਹੈ ਜੈਸੀ।
ਭੁਨਸਾਰੈਂ[1] ਗੁਰੁ ਸਭਾ ਅਗਾਰੈਂ,
ਭਏ ਫਰਸ਼ ਅਤਿਲੈਸੀ[1] ॥੨੪॥
ਤਨੇ ਬਿਤਾਨ[1] ਮਖਮਲੀ ਤਾਸੀ[2],
ਕਮਖਾਬੀ[1] ਸਾਟਨੀਆਂ[2]।
ਨੁਕਰੀ ਸੀਮ ਚੋਬ ਬਹੁ, ਜਰੀਆਂ

[1]ਸਾਰੇ ਪਹਾੜੀ ਰਾਜੇ ਤਿਸ ਦੀ ਸਲਾਹ ਲੈਂਦੇ ਹਨ।

[1](ਰਾਜੇ ਦਾ) ਮਨ ਮੋਰ ਬਣ ਗਿਆ ਹੈ।

[1]ਕਹੋ ਤਾਂ ਸਵੇਰੇ (ਰਾਜੇ ਨੂੰ) ਲੈ ਆਵਾਂ।

[1]ਪਹਾੜੀ ਰਾਜਿਆਂ ਵਿਚੋਂ ਸ਼੍ਰੋਮਣੀ ਰਾਜੇ ਨੂੰ।

[1]ਬੇਨਤੀ। (ਅ) ਉਸਤਤ।

[1]ਬਹੁਤ ਖ਼ੁਸ਼ ਕਰਕੇ।

[1]ਨਫੀਰੀ ਨਾਲ ਵਜਾਉਣ ਵਾਲਾ ਨਗਾਰਾ। [2]ਤੁਰ੍ਹੀ। [3]ਸ਼ਹਨਾਈ-ਫੂਕ ਨਾਲ ਵਜਾਉਣ ਦਾ ਇਕ ਵਾਜਾ।

[1]ਵਾਜੇ।

[1]ਢਾਲਰੱਖਣ ਵਾਲੇ ਸਿਪਾਹੀ। [2]ਅੱਗੇ ਅੱਗੇ ਬੋਲਣ ਵਾਲੇ।

[1]ਘੋੜੇ ਤੇ ਹਾਥੀ ਗੱਜਦੇ ਹਨ।

[1]ਡੰਡਰੌਲਾ। [2]ਘਰਾਂ 'ਚ। (ਅ) ਵੇਹੜਿਆਂ 'ਚ।

[1]ਸ਼ਹਿਰ 'ਚ ਦਾਖ਼ਲ ਹੋ ਕੇ।

[1]ਸਵੇਰੇ।

[1]ਅਤਲਸ ਦੇ।

[1]ਚੰਦੋਏ। [2]ਤਾਸ ਬਾਦਲੇ ਦੇ।

[1]ਕੀਮਖਾਬ ਦੇ। [2]ਸਾਟਨ ਦੇ।

ਹੀਰ ਚੀਰ ਮਨਿ ਕਨੀਆਂ[1]।

[1]ਚਾਂਦੀ ਤੇ ਸੋਨੇ ਦੀਆਂ ਬਹੁਤੀਆਂ ਚੋਬਾਂ ਹਨ, (ਜਿਨ੍ਹਾਂ ਵਿਚ) ਹੀਰਿਆਂ ਤੇ ਮਣੀਆਂ ਦੀਆਂ ਕਣੀਆਂ ਚੀਰ ਕੇ ਜੜ੍ਹੀਆਂ ਹੋਈਆਂ ਹਨ।

ਝਾਲਰ ਜ਼ਰੀ ਮੁਕੇਸ਼ੀ[1] ਝੂਲਤ,
ਮੁਕਤਾ ਲਰੀਆਂ ਖਰੀਆਂ[1]।
ਕਾਰੀਗਰਨ ਕਰੀ ਗੁਲਕਾਰੀ[1],
ਛਬਿ ਸਸਿ ਤਾਰਨ ਹਰੀਆਂ[1] ॥੨੫॥
ਸਿੰਘਾਸਨ ਪਕ ਸਾਸਨ ਸੇ ਪਰ[1],
ਦਾਸਨਿ ਆਸਨ ਪੂਰਨ।
ਸ਼ਸਤ੍ਰ ਬਸਤ੍ਰ ਸਾਜ ਅਮੋਲਕ,
ਥਿਰੇ ਆਇ ਗੁਰੁ ਤੂਰਨ।
ਜ਼ੇਵਰ ਜੇ ਵਰ ਜਰੇ ਜਵਾਹਰ,
ਜਬਰ ਜ੍ਵੂਲਤ ਦੁਤਿ ਜਾਂ ਕੀ[1]।

[1]ਮੁਕੈਸ਼ ਦੀਆਂ।
[1]ਮੋਤੀਆਂ ਦੀਆਂ ਚੰਗੀਆਂ ਲੜੀਆਂ।
[1]ਫੁੱਲਾਂ ਦੀ ਕਢਾਈ।
[1]ਚੰਦ ਤੇ ਤਾਰਿਆਂ ਦੀ ਸੋਭਾ ਨੂੰ ਚੁਰਾਉਂਦੀਆਂ ਹਨ।
[1]ਇੰਦ੍ਰ ਦੇ ਸਿੰਘਾਸਨ ਵਰਗੇ ਸਿੰਘਾਸਨ ਉੱਤੇ।
[1]ਜਿਹੜੇ ਸ੍ਰੇਸ਼ਟ ਗਹਿਣੇ ਹਨ ਉਨ੍ਹਾਂ 'ਚ ਜਵਾਹਰਾਤ ਜੜੇ ਹੋਏ ਹਨ ਜਿਨ੍ਹਾਂ ਦੀ ਚਮਕ ਬਹੁਤ ਪ੍ਰਕਾਸ਼ ਰਹੀ ਹੈ।

ਸਭਾ ਸ਼ਹਿਨਸ਼ਾਹੀ ਸ਼ਰਮਾਵਤ,
ਗੁਰੂ ਸਭਾ ਕੀ ਝਾਂਕੀ[1] ॥੨੬॥
ਸੇਵਕ ਸੂਰਜ ਮੁਖੀ[1] ਚਵਰ ਕਰਿ,
ਛਬਿ ਰਵਿ ਹੰਸਨਿ ਹਰਹੀਂ।
ਕੰਚਨ ਛਰੀਦਾਰ[1] ਗਨ ਠਾਂਢੇ,
ਰਾਗ ਰਬਾਬੀ ਕਰਹੀਂ।
ਪਠਜੋ ਦਿਵਾਨ[1] ਲਜਾਵਨ ਨ੍ਰਿਪ ਕੋ,
ਠਟਜੋ ਸਜਾਵਨ ਭਾਰੈਂ[1]।
ਸੰਗ ਮੁਸਾਹਿਬ[1] ਸੁਭਟ ਸਜੇ ਬਹੁ,
ਜ਼ਰ ਜ਼ੇਵਰ[1] ਹਥਜਾਰੈਂ ॥੨੭॥
ਆਇ ਕਰੀ ਬੰਦਨ ਗੁਰੁ ਪਗ ਪਰ,
ਧਰਿ ਥਾਤੀ[1] ਧਨ ਆਗੇ।
ਸਾਦਰ ਜਥਾ ਜੋਗ ਬੈਠਾਰੇ,
ਬੂਝੀ ਕੁਸਲ ਸਰਾਗੇ[1]।
ਸਭਾ ਜਭਾ[1] ਗੁਰੁ ਵਿਭੋ[2] ਤੇਜ ਪਿਖਿ,
ਚਕਿਤ[1] ਥਕਿਤ ਨ੍ਰਿਪ ਰਹਿਵਾ।

[1]ਦ੍ਰਿਸ਼ਜ (ਨਜ਼ਾਰਾ) ਤੱਕ ਕੇ।
[1]ਪੱਖੇ।
[1]ਸੋਨੇ ਦੀਆਂ ਛਟੀਆਂ ਵਾਲੇ (ਚੋਬਦਾਰ)।
[1]ਨੰਦ ਚੰਦ।
[1]ਭਾਰੀ ਸਜਾਵਟਾਂ ਕੀਤੀਆਂ।
[1]ਅਹਿਲਕਾਰ।
[1]ਸੋਨੇ ਦੇ ਗਹਿਣੇ।
[1]ਥੈਲੀ।
[1]ਪ੍ਰੇਮ ਨਾਲ।
[1]ਰੁਹਬ ਦਾਬ। [2]ਸਮੱਗ੍ਰੀ।
[1]ਬਹੁਤ ਹੈਰਾਨ।

ਬਾਤ ਭਾਂਤਿ ਬਹੁ ਅਰਥ ਪ੍ਰਮਾਰਥ[1],
ਕਹੀ ਸੁਨੀ ਭਲ ਤਹਿਂਵਾ ॥੨੮॥
ਹੈ ਗੈ ਹਥਜਾਰਨ ਗਾਥਾ ਵਿਚ,
ਭੂਪ ਸਨਿੰਮ੍ਰ ਸੁਨਾਈ।
ਵਸਤੁ ਅਜਾਇਬ ਸਾਹਿਬ ਢਿਗ,
ਹਮ ਸੁਨੀ ਦੂਰ ਤੈ ਆਈ।
ਦੈਹੁ ਦਿਖਾਇ ਦਯਾ ਕਰਿ ਦਾਸੈਂ,
ਦਿਲਿ ਦਲੀਲ ਦੁਖ ਦੈਹੈ।
ਕਲਗੀਧਰ ਕਰਿ ਹੁਕਮ ਮੰਗਾਈ,
ਚੌਕੀ ਪੁਤਲੀ ਤੈਹੈਂ[1] ॥੨੯॥
ਦਾਬੀ ਕਲ ਪੁਤਲੀ ਗੁਨਿ ਗੁਥਲੀ,
ਨਿਕਸੀ ਚਹੁ ਦਿਸ ਚਾਰੈਂ।
ਡਾਲਨ ਡਲ ਚਾਲਨ ਭਲ, ਸੇਵਕ
ਨ੍ਰਿਪ ਮੁਦ ਭਯੋ ਅਪਾਰੈਂ[1]।

[1]ਦੁਨੀਆਵੀ ਤੇ ਮੁਕਤੀ ਦੀਆਂ।

[1]ਓਥੇ।

[1]ਡਾਲਣੇ ਸੁੱਟ ਕੇ ਭਲੀ ਤਰ੍ਹਾਂ ਚਲਾਉਂਦੀਆਂ ਹਨ, ਰਾਜਾ ਤੇ ਸੇਵਕ ਬਹੁਤ ਅਨੰਦ ਹੋਏ।

ਚੌਂਕੀ ਪਰ ਪੁਨ ਥਿਰੇ ਗੁਰੂ,
ਵਹਿ ਖਿਦਮਤ[1] ਕਰਬੇ ਲਾਗੀ।
ਪੰਚ ਕਲਾ ਸ਼ਸਤ੍ਰ ਦਿਖਰਾਯੋ,
ਗੁਲਕਾ ਜੁਗ ਭਰ ਦਾਗੀ ॥੩੦॥
ਸ਼ਕਤਿ[1], ਤਮਾਚਾ[2], ਖੜਗ, ਗੁਰਜ ਵਰ,
ਬਨੇ ਕਲਾ ਕੇ ਫੇਰੇ।
ਭੀਮ ਚੰਦ ਸਾਨੰਦ ਬੁਲੰਦੈਂ,
ਅਚਰਜ ਹ੍ਵੈ ਹ੍ਵੈ ਹੇਰੇ।
ਦੁਤੀ ਦਿਵਸ ਮੈਦਾਨ ਵੀਚ ਗੁਰੁ,
ਡੇਰਾ[1] ਬਡ ਲਗਵਾਯੋ।
ਸਾਏਵਾਨ ਕਨਾਤ ਫਰਸ਼ ਸਜਿ,
ਅਧਿਭੁਤ ਕਾਰ ਦਿਖਾਯੋ ॥੩੧॥
ਕੰਚਨ ਕਲਸ ਲਸਤ ਨਭ ਮੈਂ,
ਸੁਠ ਮੀਨਾਕਾਰੀ ਚੋਬੈਂ।
ਕਹਾਂ ਗਿਰੇਸ ਨਰੇਸ ਧਰਾ[1],

[1]ਸੇਵਾ।

[1]ਬਰਛੀ। [2]ਪਸਤੌਲ।

[1]ਤੰਬੂ।

[1]ਧਰਤੀ ਦੇ ਪਹਾੜੀ ਰਾਜੇ।

ਜਿਹ ਪਿਖਿ ਸੁਰੇਸ[1] ਮਨ ਲੋਭੈ।
ਬਿਪਲ ਬਿਸਾਲ ਦੇਖਿ ਦੁਤਿ ਡੇਰੈਂ[1],
ਰਹਜੋ ਨ੍ਰਿਪ ਬਿਰਮਾਈ[1]।
ਨੰਦ ਚੰਦ ਤੈ ਬੂਝਜੋ ਕੇਤਿਕ,
ਲਾਗਤ ਹੋਵਗ ਆਈ ॥ ੩੨ ॥
ਸੁਨਜੋ ਨ ਪਿਖਜੋ ਕਹੂੰ ਅਸ ਡੇਰਾ,
ਕਿਤ ਤੇ ਬਨ ਕਰਿ ਆਯੋ।
ਕਹਜੋ ਦਿਵਾਨ ਪ੍ਰੇਮੀ ਸਿੱਖਨ,
ਕਾਬਲ ਮੈਂ ਬਨਵਾਯੋ।
ਲਾਖ ਅਢਾਈ ਲਾਗਤ ਆਈ,
ਇਕ ਨੌਰੰਗ ਢਿਗ ਐਸੋ।
ਹੈ ਬਨਜੋ ਥਾ ਸੋ ਭੀ ਤਹਿਂ ਹੀ,
ਇਹੁ ਭੀ ਬਨਜੋ ਤੈਸੋ ॥ ੩੩ ॥
ਸਾਗਰ ਲਗ ਚਹੁ ਦਿਸ ਗੁਰ ਸਿੱਖੀ,
ਵਸਤੁ ਬਿੱਤੁ[1] ਬਹੁ ਐਂ ਹੈਂ।
ਪਤਿਸ਼ਾਹਿਨ ਕੋ ਦੁਲਭ ਜੁ ਤੋਫੇ,
ਸੋ ਸਬਿ ਗੁਰੁ ਘਰ ਮੈਂ ਹੈਂ।
ਬਾਤੈਂ ਕਰਤ ਬਿਲੋਕਤ ਡੇਰਾ,
ਤਬਿ ਲੌ ਕੁੰਚਰ[1] ਆਯੋ।
ਝੂਲਤ ਚਲਤ ਮੰਦ[1] ਮਨ ਮੋਹਿਤ,
ਝਲਕਤ ਝੂਲ ਝੁਲਾਯੋ[1] ॥ ੩੪ ॥
ਪਗ ਨੇਵਰ ਨੁਕਰੀ ਸਿੰਖਲ ਗਰ,
ਜੇਵਰ ਥੇ ਵਰਰੰਗੇ[1]।

ਕੰਚਨ ਚੂੜ ਦਸਤ ਸੋਹਿਤ,
ਜਨੁ ਪੁੰਜ ਬੀਜ ਘਨ ਸੰਗੇ[1]।

ਗੁਰੁ ਸੰਮੁਖ ਕਰ ਬੰਦਨ ਥਿਰਜੋ,
ਸਬਿ ਬਿਧਿ ਸੁੰਦ੍ਰ ਸੋਹੈ।
ਮਸਤਕ ਸੇਤ ਧਾਰ ਬੀਨੀ ਲੌ,

[1]ਇੰਦ੍ਰ।

[1]ਤੰਬੂ ਦੀ ਬਹੁਤ ਵੱਡੀ ਸੋਭਾ ਦੇਖ ਕੇ।

[1]ਮੋਹਿਤ ਹੋ ਰਿਹਾ।

[1]ਧਨ।

[1](ਪ੍ਰਸਾਦੀ) ਹਾਥੀ।

[1]ਹੌਲੀ ਹੌਲੀ।

[1]ਝੁੱਲ ਝੂਲਦਾ ਹੋਇਆ ਚਮਕਦਾ ਹੈ।

[1]ਪੈਰਾਂ 'ਚ ਚਾਂਦੀ ਦੀਆਂ ਝਾਂਜਰਾਂ ਤੇ ਗਲ 'ਚ ਚਾਂਦੀ ਦੇ ਸੰਗਲ ਤੇ ਗਹਿਣੇ ਚੰਗੇਰੰਗ ਦੇ ਸਨ।

[1](ਹਾਥੀ ਦੇ) ਹੱਥ ਭਾਵ ਸੁੰਡ ਵਿੱਚ ਸੋਨੇ ਦਾ ਚੂੜਾ (ਐਉਂ) ਸੋਂਹਦਾ ਹੈ ਜਾਣੋ ਬੱਦਲ ਨਾਲ ਸਮੂੰਹ ਬਿਜਲੀਆਂ (ਚਮਕਦੀਆਂ) ਹਨ।

ਚਪਲ ਚਿੱਤ੍ਰ ਚਿੱਤ ਮੋਹੈ[1] ॥ ੩੫ ॥

[1]ਮੱਥੇ ਤੋਂ ਚਿੱਟੀ ਧਾਰ ਸੁੰਡ ਦੇ ਪੌਂਚੇ ਤੱਕ ਹੈ (ਉਸ ਦੀ) ਚੰਚਲ ਤਸਵੀਰ ਚਿੱਤ ਨੂੰ ਮੋਹਿਤ ਕਰਦੀ ਹੈ।

ਭੀਮ ਚੰਦ ਆਨੰਦ ਬੁਲੰਦੈ,
ਪਿਖਿ ਗਯੰਦ[1] ਆਨਿੰਦੈਂ।
ਬੀਨ ਬੀਨ ਬੀਨੀ ਸੋਂ ਲਜਾਯੋ,
ਬਾਨ ਜੁ ਤਜੇ ਗੁਰਿੰਦੈਂ[1]।

[1]ਹਾਥੀ।

[1]ਪੌਂਚੇ ਨਾਲ ਚੁਣ ਚੁਣ ਕੇ ਲਿਆਇਆ, ਜੋ ਤੀਰ ਗੁਰਾਂ ਨੇ ਛੱਡੇ ਸਨ।

ਗੰਗਾ ਸਾਗਰ ਗਹਿ ਪਗ ਧ੍ਵਾਏ,
ਪ੍ਰਭੁ ਪਰ ਚਵਰ ਢੁਰਾਯੋ।
ਪਨਹੀ ਝਾਰ[1] ਧਰੀ ਗੁਰੁ ਆਗੈ,
ਸੂਰਜ ਮੁਖੀ[1] ਫਿਰਾਯੋ ॥ ੩੬ ॥
ਪਿਖਿ ਪਰਸਾਦੀ[1] ਕੇ ਗੁਨ ਗਨ ਨ੍ਰਿਪ,

[1]ਜੁੱਤੀ (ਜੋੜਾ) ਝਾੜ ਕੇ।

[1]ਸੂਰਜਮੁਖੀ ਪੱਖਾ।

[1]ਪ੍ਰਸਾਦੀ ਹਾਥੀ। (ਪ੍ਰਸਾਦੀ (ਰੋਟੀ) ਦੇ ਅਕਾਰ ਦਾ ਜਿਸ ਦੇ ਮੱਥੇ 'ਤੇ ਚਿੱਟਾ ਚੰਦ ਸੀ।)

ਭਯੋ ਮੋਦ ਅਧਿਕਾਈ।
ਜ੍ਵਲਤ[1] ਦੀਪ ਸਮ ਲਾਲਨ ਜੋਰੀ,
ਗੁਰੁ ਪੁਨ ਨ੍ਰਿਪੈ ਦਿਖਾਈ।
ਵਸਤੁ ਅਜਾਯਬ ਔਰ ਅਨਿਕਧਾ,
ਨ੍ਰਿਪ ਪਿਖਿ ਤੱਜਬ ਰਹਾਯੋ।
ਸਿਰੇਪਾਉ ਸਹਿ ਸਚਵਨ ਨ੍ਰਿਪ ਕੋ,
ਗੁਰੂ ਅਮੋਲ ਦਿਲਾਯੋ ॥ ੩੭ ॥
ਸਾਨੰਦ ਬਿਦਾ ਹੋਇ ਮਗ ਚਾਲਜੋ,
ਗੁਰਿ ਗੁਨ ਗਨ ਗਿਨਿ ਤਾਹੀਂ[1]।
ਜਾਵਤ ਬਤਰਾਵਤ ਸਚਵਨ ਸੋਂ,
ਗੁਰੁ ਪ੍ਰਤਾਪ ਮਹਾਂਹੀਂ।
ਮਹਾਂ ਸੁਸ਼ੀਲ ਡੀਲ ਸੁਠ ਲੀਲ੍ਹਾ,
ਜੁਵਾਂ[1] ਰਸੀਲੀ ਵੈਸੇ।
ਕ੍ਰਿਸ਼ਨ ਚੰਦ੍ਰ[1] ਸੁੰਦ੍ਰ ਗੁਨ ਮੰਦਰ,
ਸੁਨੇ ਪਿਖੇ ਇਹੁ ਤੈਸੇ ॥ ੩੮ ॥
ਅਵਤਾਰਨ ਕੇ ਲਿਖੇ ਜੁ ਲੱਖਨ,
ਸੋ ਸਬਿ ਇਨਿ ਮੈਂ ਦੇਖੇ।
ਚਖ ਚਕੋਰ ਮੁਖ ਚਾਂਦ ਚਿਤਜੋ ਚਹਿਂ,

[1]ਤਿਸ ਸਮੇਂ ਗਿਣਦਾ (ਵਿਚਾਰਦਾ) ਹੋਇਆ।

[1]ਜ਼ਬਾਨ, ਰਸਨਾ।

[1]ਕ੍ਰਿਸ਼ਨ ਤੇਰਾਮਚੰਦਰ।

ਚਿਤ ਚਿਤਵਤ ਰਹਿ ਦੇਖੇ[1]।

[1]ਨੇਤ੍ਰਾਂ ਰੂਪ ਚਕੋਰਾਂ ਮੁਖ ਰੂਪ ਚੰਦ੍ਰਮਾ ਨੂੰ ਵੇਖਣਾ ਚਾਹੁੰਦੀਆਂ ਹਨ (ਅਤੇ) ਚਿੱਤ ਚਾਹੁੰਦਾ ਹੈ ਕਿ ਦੇਖਦੇ ਹੀ ਰਹੀਏ।

ਇਨ ਢਿਗ ਤੈ ਉਠਬੋ ਨਹਿਂ ਚਹਿ ਦਿਲ,
ਮੋਹਿਤ ਸਾਂਤ ਭਯੋ ਮਨ।
ਸਬਿ ਜਗ ਪਰ ਪ੍ਰਤਾਪ ਛਯੋ ਇਨਿ,
ਸਰਬ ਸ਼ਕਤਿ ਮਤਿ ਅਤਿ ਭਨ[1] ॥੩੯॥

[1](ਅਤਿ ਭਨ) ਬਹੁਤੇ ਲੋਕ ਕਹਿੰਦੇ ਹਨ ਕਿ ਇਹ ਸਾਰੀਆਂ ਸ਼ਕਤੀਆਂ ਵਾਲੇ ਹਨ।

ਭਵੌਂ ਸਿੱਖ[1] ਜੁਗ ਲੋਕ ਰਖੈਂ ਮਮ,
ਲੱਜਜਾ ਸਤਿਗੁਰੁ ਸ੍ਵਾਮੀ।
ਢਿਗ ਤੈ ਕਰੀ ਤਰੀਫ ਵਜੀਰਹਿਂ,
ਸਹੀ ਸੰਪੂਰਨ ਕਾਮੀ[1]।
ਇਤ ਦਿਸ ਗੁਰੁ ਸਰਬੱਗਜ ਵਿਚਾਰਜੋ,
ਭੀਮ ਚੰਦ ਕੇ ਦ੍ਵਾਰਾ[1]।
ਹਮ ਕਰਣੇ ਹੈਂ ਰਣ ਅਰਿ ਹਰਣੇ,
ਚਹਿਂ ਧਰ ਭਾਰ ਉਤਾਰਾ ॥੪੦॥
ਜੇ ਇਹੁ ਸਿੱਖ ਭਵੇ ਤਬਿ ਨਹਿਂ ਹ੍ਵੈ,
ਗੁਰ ਤਿਹ ਚਿੱਤ ਪਰੇਰਾ।
ਰਾਮ ਚੰਦ ਜਿਮ ਰਾਵਣ ਪ੍ਰੇਰਜੋ
ਕ੍ਰਿਸ਼ਨ ਕੰਸ ਕੋ ਫੇਰਾ।
ਸੋਚਜੋ ਭੂਪ ਭਵੋਂ ਜੇ ਸਿੱਖ ਮੈਂ,
ਹਸੈਂ ਗਿਰੇਸ ਬਧੇਰੀ।
ਤਜਿ ਨਿਜ ਧਰਮ ਧਰਜੋ ਪਰ ਮੱਤ ਕਹਿਂ,
ਤਜ ਹੈਂ ਬਰਤਨ ਮੇਰੀ ॥੪੧॥
ਹਮ ਕੁਲੀਨ ਛੱਤ੍ਰੀ ਬਡਰਾਜੇ,
ਵਹਿ ਖੱਤ੍ਰੀ ਪੂਜਾਰੀ।
ਸ੍ਵਾਮੀ ਅਬਿ ਫਿਰ ਸੇਵਕ ਥੈ ਹੈ,
ਖਲਕ ਹਸੈ ਹੈ ਸਾਰੀ।
ਫਿਰੀ ਅਭਾਗੀ ਨ੍ਰਿਪ ਮਤਿ ਕਾਚੀ,
ਰਾਚੀ ਤਿਮ ਜਿਮ ਫੇਰੀ।
ਤਾਰ ਅਵਾਜ ਦੇਤ ਹੈ ਤੈਸੀ,
ਪ੍ਰੇਰਕ ਚਹਿ ਜਸ ਪ੍ਰੇਰੀ ॥੪੨॥

[1]ਸਿੱਖ ਹੋ ਜਾਵਾਂ।

[1]ਠੀਕ ਸਾਰੀਆਂ ਕਾਮਨਾ ਪੂਰੀਆਂ ਕਰਨ ਵਾਲੇ ਹਨ।

[1]ਰਾਹੀਂ।

ਜਥਾ ਮੁਕਰ ਰਵਿ ਰਿਸ਼ਮ ਪਾਇ,
ਦਹਿ ਕਾਸ਼ਟ ਅਗਨਿ ਉਪੈ ਹੈ[1]।

[1]ਜਿਵੇਂ ਆਤਸ਼ੀ ਸ਼ੀਸ਼ਾ ਸੂਰਜ ਦੀਆਂ ਕਿਰਨਾਂ ਪਾ ਕੇ ਅੱਗ ਪੈਦਾ ਕਰ ਕੇ ਲਕੜਾਂ ਸਾੜ ਦੇਂਦਾ ਹੈ।

ਰੰਗ ਸੰਗ ਰੰਗੀਨ ਫਟਕ[1] ਹ੍ਵੈ,
ਤਜੋਂ ਬਦਲਜੋ ਨ੍ਰਿਪ ਵੈ ਹੈ।
ਕੈਹੈ ਗੁਰੁ ਢਿਗ ਵਸਤ ਜੁ ਅਧਿਭੁਤ,
ਕਜੋਂਹੁੰ ਮਮ ਕਰ ਐਹੈਂ[1]।
ਸੁਜਸ ਗਿਰੇਸਨ ਮੈਂ ਵਿਸੇਸ ਹ੍ਵੈ,
ਦੇਖਨ ਕੋ ਸਭਿ ਚੈਹੈਂ ॥ ੪੩ ॥

[1]ਬਿਲੌਰ।

ਕਿਸੀ ਬਹਾਨੇ ਘਰ ਅਨਵੈਹੋਂ[1]
ਫੇਰ ਨ ਫੇਰ[1] ਸੁ ਦੈਹੋਂ।
ਸਾਮ ਦਾਮ ਭਿਦ ਦੰਡ ਕਰੈਹੋਂ
ਜਜੋਂ ਤਜੋਂ ਕਰਿ ਕੈ ਲੈਹੋਂ।
ਜਾਇ ਸ਼ਰਨ, ਕਰਿ ਸੰਧਿ ਪਜ਼ਾਰ ਧਰਿ,
ਕਰਨ ਕਾਰ ਇਹੁ ਸਾਮੰ।
ਲਾਲਚ ਦੈ ਦਿਖਾਇ ਨਰਮੈਂ ਕਰਿ[1]
ਮਤਲਬ ਲੈਨੋ ਦਾਮੰ ॥ ੪੪ ॥

[1]ਮੰਗਾ ਲਵਾਂ।
[1]ਮੋੜ ਕੇ।
[1]ਨਰਮ ਕਰ ਕੇ।

ਫਾਰਨ ਡਾਰਨ ਕਲ੍ਹੈ ਸਤ੍ਰੁ ਘਰ[1],
ਏਹੁ ਭੇਦ ਕਹਿਲੈਹੈਂ।
ਜੇ ਨਿਜ ਕਾਜ ਸਰੇ ਨਹਿਂ ਇਨ ਤੈ,
ਤੌ ਹਤਨੋ ਦੰਡ ਕੈਹੈਂ[1]।
ਨੀਤਿ ਨਿਪੁਨ[1] ਜੇ ਪਰਮ ਸਿਆਨੇ,
ਤੇ ਇਹੁ ਰੀਤਿ ਕਮੈ ਹੈਂ।
ਛਲ ਬਲ ਕਪਟਿ ਨਿਪਟ ਠਟ ਕੈ[1]
ਨਿਜ ਸਾਧਤ ਕਾਰਜ ਵੈ ਹੈਂ ॥ ੪੫ ॥

[1]ਪਾੜ ਕੇ ਵੈਰੀ ਦੇ ਘਰ ਲੜਾਈ ਪਾ ਦੇਣੀ।
[1]ਤਾਂ ਮਾਰ ਦੇਣਾ (ਇਸ ਨੂੰ) ਦੰਡ ਕਹਿੰਦੇ ਹਨ।
[1]ਨੀਤੀ 'ਚ ਚਤੁਰ।
[1]ਬਹੁਤੇ ਛਲ ਵਲ ਤੇ ਕਪਟ ਕਰਕੇ।

ਚਿਤ ਚਟਪਟੀ ਅਟਪਟੀ ਲਾਗੀ,
ਗਟੀ ਸਟਪਟੀ ਠਟ ਹੈ[1]।

[1]ਚਿੱਤ ਵਿੱਚ (ਅਟਪਟੀ) ਬਿਖੜੀ (ਚਟਪਟੀ) ਘਬਰਾਹਟ ਲਗ ਗਈ ਤੇ (ਸਟਪਟੀ) ਛੇਤੀ (ਗਿਟੀ) ਗਿਣਤੀਆਂ (ਠਟ ਹੈ) ਕਰਦਾ ਜਾਂਦਾ ਹੈ।

ਘਟੀ ਘਟੀ ਗੁਨ ਕੈ ਸਿਰ ਧੁਨ ਕੈ,
ਢਾਹਿ ਉਸਾਰਤ ਝਟ ਹੈ[1]।

[1]ਘੜੀ ਘੜੀ ਵਿਚਾਰ ਕਰ ਕੇ ਸਿਰ ਹਿਲਾ ਕੇ ਝੱਟ ਵਿੱਚ ਹੀ

ਉਸਾਰ ਕੇ ਢਾਹ ਲੈਂਦਾ ਹੈ।

ਨਿਜ ਸਚਵਨ ਢਿਗ ਕਹਿ ਨਿਜ ਖਸਲਤ[1],
ਮਸਲਤ ਕੀਨੀ ਏਹੀ।
ਜਜੋਂ ਤਜੋਂ ਕਰਿ ਗੁਰੁ ਕੋ ਬਡ ਤੋਫੇ,
ਆਵੈਂ ਮਮ ਘਰ ਵੇਹੀ ॥ ੪੬ ॥
ਕਰੋ ਉਪਾਵ ਦਾਵ ਤੁਮ ਸੋਊ,
ਜੈਸ ਫੀਲ ਬਡ ਡੇਰਾ[1]।
ਮਮ ਕਰ ਐਹੈ ਫੇਰ ਨ ਦੈਹੈਂ,
ਪੈਹੈਂ ਸੁਜਸ ਬਧੇਰਾ।
ਨਾਇ ਸੀਸ ਕਰ ਜੋਰਿ ਸਚਵ ਕਹਿ,
ਘਾਤ ਬਾਤ ਇਕ ਨੀਕੈ[1]।
ਜੋਰਾਵਰ ਸਸਿ ਜੋਰਾਵਰ[1] ਕੋ,

[1]ਆਪਣੀ ਆਦਤ।

[1]ਹਾਥੀ ਤੇ ਵੱਡਾ ਤੰਬੂ।

[1]ਦਾਅ ਦੀ ਇਕ ਚੰਗੀ ਗੱਲ ਹੈ।

[1]ਜੋ ਆਪ ਦਾ (ਸਸਿ) ਚੰਦ ਸਮਾਨ ਸੁੰਦਰ ਬਲੀ (ਪੁੱਤਰ) ਹੈ। (ਅ) ਜ਼ੋਰਾਵਰ ਚੰਦ (ਪੁੱਤਰ) ਹੈ।

ਸ਼ਗਨ ਆਇ ਤਿਹ ਠੀਕੈ ॥ ੪੭ ॥
ਤਿਸ ਉਤਸ਼ਵ ਪਰ ਵਸਤ ਅਪੂਰਬ[1],
ਮਾਂਗ ਗੁਰੂ ਤੈ ਲੈਹੈਂ।
ਅਨਿਕ ਉਪਾਇ ਰਚਾਇ ਰਖੈਂ ਘਰ,
ਫੇਰ ਫੇਰ ਨਹਿਂ ਦੈਹੈਂ[1]।
ਸਹੀ ਇਹੀ ਨ੍ਰਿਪ ਮਾਨਿ ਮਾਨ ਦੈ[1],
ਚਤੁਰ ਵਕੀਲ ਬੁਲਾਯੋ।
ਕਹਯੋ ਬੁਧਿ ਬਲ ਛਲ ਬਿਨਤੀ ਕਰਿ,
ਤੁਮ ਗੁਰੁ ਤਈਂ ਰਿਝਾਯੋ ॥ ੪੮ ॥
ਆਵੈ ਜਬ ਟੀਕਾ[1] ਮਮ ਸੁਤ ਕਾ,
ਤਬਿ ਤੁਮ ਮਾਂਗ ਲਿਆਓ।
ਜਾਨੀ ਜਾਇ ਸੁਮਤਿ ਤਬਿ ਤੇਰੀ,
ਅਰ ਬਡ ਬਖਸ਼ਸ਼ ਪਾਓ* ॥ ੪੯ ॥

[1]ਅਣੋਖੀਆਂ।

[1]ਫੇਰ ਮੋੜ ਕੇ ਨਹੀਂ ਦਿਆਂਗੇ।

[1]ਰਾਜੇ ਨੇ ਇਹੀ (ਸਕੀਮ) ਠੀਕ ਮੰਨ ਕੇ ਆਦਰ ਦਿੱਤਾ।

[1]ਤਿਲਕ, ਸ਼ਗਨ।

*ਅੰਕ ਨੰ. ੪੯ ਦੀਆਂ ਦੋ ਹੀ ਤੁਕਾਂ ਰਹਿ ਗਈਆਂ ਹਨ। ਛੰਦ ਸ਼ਾਸਤ੍ਰ ਅਨੁਸਾਰ ਮਰਹਟਾ ਛੰਦ ਦੀਆਂ ਚਾਰ ਤੁਕਾਂ ਚਾਹੀਦੀਆਂ ਹਨ। ਦੋ ਤੁਕਾਂ ਕਿਤੇ ਛਪਣ ਸਮੇਂ ਹੀ ਰਹਿ ਗਈਆਂ ਜਾਪਦੀਆਂ ਹਨ। ਇਸੇ ਤਰ੍ਹਾਂ ਚੌਪਈ ਛੰਦ ਦੀਆਂ ਵੀ ਕਈ ਥਾਈਂ ਦੋ ਹੀ ਤੁਕਾਂ ਅੰਤ ਵਿੱਚ ਰਹਿ ਜਾਂਦੀਆਂ ਹਨ। ਉਨ੍ਹੀਂ ਥਾਈਂ ਵੀ ਦੋ ਤੁਕਾਂ ਛਪਣ ਸਮੇਂ ਹੀ ਰਹਿ ਗਈਆਂ ਹਨ। ਤੁਕਾਂ ਦੇ ਰਹਿ ਜਾਣ ਦਾ ਅਸਲ ਕਾਰਨ ਇਨ੍ਹਾਂ ਵਿੱਚ

ਹਰ ਚਾਰ ਤੁਕ ਦੇ ਬਾਦ ਅੰਕ ਨੰਬਰ ਨਾ ਲਾਉਣਾ ਹੈ। ਲਾਹੌਰ ਤੇ ਅੰਮ੍ਰਿਤਸਰ ਦੋਹਾਂ ਹੀ ਐਡੀਸ਼ਨਾਂ ਵਿੱਚ ਛੰਦ ਬਦਲਣ ਸਮੇਂ ਹੀ ਅੰਕ ਨੰਬਰ ਲਾਏ ਹਨ। ਹਰ ਛੰਦ ਦੀਆਂ ਤੁਕਾਂ ਦੇ ਨੇਮ ਅਨੁਸਾਰ ਅੰਕ ਨੰਬਰ ਨਹੀਂ ਲਾਏ। ਇਨ੍ਹਾਂ ਦੋਹਾਂ ਐਡੀਸ਼ਨਾਂ ਦੇ ਪ੍ਰਕਾਸ਼ਕਾਂ ਨੂੰ ਇਕ ਦੂਜੇ ਤੋਂ ਪਹਿਲਾਂ ਐਡੀਸ਼ਨ ਮਾਰਕੀਟ ਵਿੱਚ ਲੈ ਆਉਣ ਦੇ ਲਾਲਚ ਨੇ ਛੰਦਾਂ ਦੇ ਨੇਮ ਅਨੁਸਾਰ ਨੰਬਰ ਨਹੀਂ ਲਾਉਣ ਦਿੱਤੇ, ਇਹੋ ਵਜਾ ਹੈ ਕਿ ਕਈਆਂ ਛੰਦਾਂ ਵਿੱਚ ਤੁਕਾਂ ਛਪਣੋ ਰਹਿ ਗਈਆਂ ਹਨ, ਜਿਨ੍ਹਾਂ ਨੂੰ ਲੱਭ ਸਕਣਾ ਕਠਨ ਹੀ ਨਹੀਂ ਸਗੋਂ ਅਸੰਭਵ ਹੈ। ਲੇਕਿਨ ਦਿੱਲੀ ਐਡੀਸ਼ਨ ਜੋ ਕਵੀ ਜੀ ਦੀ ਆਪਣੀ ਦੇਖ ਰੇਖ ਹੇਠ ਛਪੀ ਹੈ, ਅੰਕ ਨੰਬਰ ਛੰਦਾਂ ਦੀਆਂ ਤੁਕਾਂ ਦੇ ਨੇਮ ਅਨੁਸਾਰ ਲਾਏ ਹਨ। ਉਸ ਐਡੀਸ਼ਨ ਵਿੱਚ ਕਿਸੇ ਵੀ ਚਾਰ ਤੁਕੇ ਛੰਦ ਦੀਆਂ ਅੰਤ ਵਿੱਚ ਦੋ ਤੁਕਾਂ ਨਹੀਂ ਬਚਦੀਆਂ।

ਦੋਹਰਾ:

ਬਾਤ ਘਾਤ ਸਿਖਰਾਇ ਇਮ,
ਪਠਜੋ ਵਕੀਲ ਨਰੇਸ਼।
ਮਹਿਮਾਂ ਲਖੀ ਨ ਮੂਢ ਨ੍ਰਿਪ,
ਗੁਰੁ ਸਰਬਗੱਜ ਪ੍ਰਮੇਸ਼ ॥ ੫੦ ॥

ਚੌਪਈ:

ਗੁਰੁ ਗੰਭੀਰ ਸੁਮਤਿ ਬਲ ਸਾਗਰ।
ਸਦ ਗੁਨ ਗਨ ਆਕਰ ਰਤਨਾ ਕਰ[1]।
ਮਾਰਤੰਡ ਮੰਡਲ ਪ੍ਰਚੰਡੈਂ।
ਮੂਢ ਟੱਟਯਾਨਾ ਮਰ ਵਰ ਮੰਡੈ[1] ॥ ੫੧ ॥

[1]ਸਮੂੰਹ ਸ੍ਰੇਸ਼ਟ ਗੁਣਾਂ ਦੀ ਖਾਣ (ਤੇ ਗੁਣਾ ਦੇ) ਸਮੁੰਦਰ।

[1](ਜਿਵੇਂ) ਸੂਰਜ ਦੇ ਤਿੱਖੇ ਮੰਡਲ ਵਿੱਚ ਮੂਰਖ ਟਟਿਆਣਾ ਚੰਗੀ ਤਰ੍ਹਾਂ ਮਰਨਾ ਮੰਡ ਲੈਂਦਾ ਹੈ।

ਚਹੈ ਚਲਾਵਨ ਮਸ਼ਕ ਗਜਿੰਦੈਂ[1]।
ਅਹਿ ਸੁਤ[1] ਛਲਜੋ ਚਾਹਿ ਖਗਿੰਦੈਂ[2]।
ਸੁਰ ਨਰ ਮੁਨਿ ਜਨਿ ਜਿਹ ਬਿਰਮਾਏ[1]।
ਤਿਹ ਭ੍ਰਾਮਕ ਕੋ[1] ਚਹਿਂ ਭ੍ਰਮਾਏ ॥ ੫੨ ॥

[1]ਮੱਛਰ ਹਾਥੀ ਨੂੰ।

[1]ਸੱਪ ਦਾ ਬੱਚਾ। [2]ਗਰੁੜ ਨੂੰ।

[1]ਭਰਮਾਏ।

[1]ਭ੍ਰਮਾਉਣ ਵਾਲੇ ਨੂੰ।

ਕਹਜੋ ਵਕੀਲ ਨ੍ਰਿਪੈਂ ਸਿਰ ਨਾਈ।
ਤੁਮ ਸੈਲਿੰਦ੍ਰ ਬ੍ਰਿੰਦਨਿ ਰਾਈ[1]।
ਤੁਮਰੇ ਬਲ ਪ੍ਰਤਾਪ ਸੋਂ ਜਾਏ।
ਕਿਆ ਇਹੁ ਗੁਰੁ ਸੁਰ ਪਤਹਿਂ ਰਿਝਾਏ[1] ॥ ੫੩ ॥

[1]ਤੁਸੀਂ ਬਹੁਤ ਪਹਾੜੀ ਰਾਜਿਆਂ ਦੇ ਰਾਜੇ ਹੋ।

[1]ਇੰਦ੍ਰ ਨੂੰ ਵੀ ਖ਼ੁਸ਼ ਕਰ ਸਕਦਾ ਹਾਂ।

ਬਾਂਤਨ ਸੋਂ ਭਲ ਭਾਂਤਿ ਅਪਨਾਈ[1]। [1]ਆਪਣਾ ਬਣਾ ਕੇ।
ਤਿਹ ਸ੍ਰਬਸ[1] ਦੇਹੁ ਤੁਝੈ ਦਿਲਾਈ। [1]ਸਾਰੀਆਂ ਚੀਜ਼ਾਂ।
ਐਸ ਬਰਨ, ਹਿਤ ਕਰਨ ਬਸੀਠੀ[1]। [1]ਇਸ ਤਰ੍ਹਾਂ ਕਹਿ ਕੇ ਵਕੀਲੀ ਕਰਨ ਵਾਸਤੇ।
ਜਾਇ ਬਸੀਠ ਪੌਰ ਗੁਰੁ ਡੀਠੀ ॥ ੫੪ ॥
ਦ੍ਵਾਰ-ਪਾਲ ਪਿਖਿ ਗੁਰੁ ਪੈ ਜਾਈ।
ਲਰਜ਼[1] ਅਰਜ਼ ਲਖਿ ਫਰਜ਼ ਅਲਾਈ। [1]ਕੰਬ ਕੇ।
ਹੇ ਦਾਸਨ ਖਾਸਨ ਸੁਖਕਾਰੇ।
ਦੂਤ ਭੀਮ ਸਸਿ ਖਰੋ ਦ੍ਵਾਰੇ ॥ ੫੫ ॥
ਕਦਮ ਪਦਮਰਾਵਰ ਚਹਿਂ ਦਰਸੇ।
ਨ੍ਰਿਪ ਦਿਸ ਤੈ ਬਿਨਤੀ ਕਿਛੁ ਕਰਸੇ।
ਕਹਜੋ ਪ੍ਰਭੂ ਤਿਹ ਦਿਹੁ ਮਿਜਮਾਨੀ[1]। [1]ਪ੍ਰਾਹੁਣਾਚਾਰੀ।
ਕਾਲ ਬੁਲੈਂ ਹੈਂ[1], 'ਆਇ ਦਰਵਾਨੀ[2] ॥ ੫੬ ॥ [1]ਕੱਲ ਨੂੰ ਬੁਲਾਵਾਂਗੇ। [2]ਦਰਬਾਨ ਨੇ (ਵਾਪਸ) ਆ ਕੇ।
ਦਯੋ ਦੇਗ ਤੈ ਭੋਜਨ ਡੇਰਾ'।
ਦੁਤੀ ਦਿਵਸ ਗੁਰੁ ਗਏ ਅਖੇਰਾ[1]। [1]ਸ਼ਿਕਾਰ।
ਤੀਸਰ ਦਿਨ ਈਸ਼ਰ[1] ਮਧ ਸਭਾ। [1]ਈਸ਼੍ਵਰ ਰੂਪ ਸਤਿਗੁਰੂ।
ਜਿਨਹਿ ਸਮਾਨ ਸ਼ਹਿਨਸ਼ਾਹਿ ਫਬਾ[1] ॥ ੫੭ ॥ [1]ਜਿਨ੍ਹਾਂ ਦੀ (ਫਬਾ) ਸਜ ਧਜ ਸ਼ਹਿਨ ਸ਼ਾਹਾਂ ਵਰਗੀ ਹੈ।
ਕਰ ਸਰ ਫੇਰਤ[1] ਹੇਰਤ ਦਾਸਨ। [1]ਹੱਥ 'ਚ ਤੀਰ ਫੇਰਦੇ ਹਨ।
ਥਿਰੇ ਪਾਕ ਸਾਸਨ ਸੇ[1] ਆਸਨ। [1]ਇੰਦ੍ਰ ਵਰਗੇ।
ਬੀਰਾਸਨ ਬਰ ਸੋਹਿਂ ਸਿੰਘਾਸਨ।
ਬੈਠੇ ਦਾਸਨ ਗਨ ਚਹੁੰ ਪਾਸਨ ॥ ੫੮ ॥
ਨੰਦ ਚੰਦ ਲੌ ਬ੍ਰਿੰਦ[1] ਮਸੰਦੈਂ। [1]ਸਾਰੇ।
ਪਦ ਅਰਬਿੰਦ ਬੰਦਿ ਕਰ ਬੰਦੈਂ।
ਸੰਗੋ ਆਦਿ ਬੀਰ ਧਨੁ-ਧਾਰੀ[1]। [1]ਧਨੁਖ ਧਾਰੀ।
ਸਜੇ ਵਜੇ ਸਬਿ ਸੋਹਿਂ ਅਪਾਰੀ ॥ ੫੯ ॥
ਲਜੈ ਸਿਕੰਦਰ ਇੰਦਰ ਪਿਖ ਹੈ।
ਸੋਭਾ ਸਭਾ ਸਕੈ ਕੋ ਲਿਖ ਹੈ।
ਨ੍ਰਿਪ ਕੋ ਗੁਰੂ ਬਸੀਠ ਬੁਲਾਯੋ[1]। [1]ਗੁਰਾਂ ਨੇ ਰਾਜੇ ਦੇ ਵਕੀਲ ਨੂੰ ਬੁਲਾਇਆ।
ਆਇ ਭੇਟ ਦੈ ਉਨਿ ਸਿਰ ਨਾਯੋ ॥ ੬੦ ॥
ਬੈਠਾਯੋ ਥਲ ਜੋਗ ਮੇਵਰੇ।
ਬੂਝੋ ਗੁਰੁ ਨ੍ਰਿਪ ਕੁਸਲ ਥੇ ਭਰੇ[1]। [1]ਭਲੀ ਤਰ੍ਹਾਂ ਸੁਖ ਨਾਲ ਸਨ।

ਕੌਨ ਕਾਜ ਤੁਹਿ ਇਹਾਂ ਪਠਾਯੋ।
ਤਬੈ ਦੂਤ ਕਰ ਜੋਰਿ ਅਲਾਯੋ ॥ ੬੧ ॥
ਰਾਵਰ ਕ੍ਰਿਪਾ ਕੁਸਲ ਸਬਿ ਕਾਰਨ[1]। [1]ਆਪ ਦੀ ਕਿਰਪਾ ਦੇ (ਕਾਰਨ) ਸਦਕੇ ਸਾਰੇ ਸੁਖ ਨਾਲ ਹਨ।

ਅਭਿਬੰਦਨ[1] ਨ੍ਰਿਪ ਕੀਨ ਉਚਾਰਨ। [1]ਨਮਸਕਾਰ।
ਨਿਸ ਦਿਨ ਰਾਵਰ ਕੇ ਗੁਨ ਗਾਹਾ।
ਕਹਿਤ ਰਹਿਤ ਸਦ ਨਿਜ ਜਨ ਪਾਹਾ ॥ ੬੨ ॥
ਮਨ ਈਹਾਂ ਤਨ ਰਹਿ ਨ੍ਰਿਪ ਵਹਾਂ।
ਮਨ ਤਨ ਧਨ ਤੈ ਸੋ ਬਿਕ ਰਹਾ।
ਕਦਮ ਪਦਮ ਸੁਖ ਸਦਮ[1] ਤਿਹਾਰੇ। [1]ਸੁਖਾਂ ਦੇ ਘਰ।
ਜਬਿ ਤੈ ਪਿਖੇ ਛਦਮ[1] ਸਬਿ ਡਾਰੇ ॥ ੬੩ ॥ [1]ਛਲ।
ਬੈਠੋ ਭਜਨ ਜਜਨ[1] ਹਰਿ ਕਰਿ ਹੈ। [1]ਪੂਜਨ।
ਦਮ ਦਮ ਨਾਮ ਤੁਮਾਰੋ ਰਰ ਹੈ[1]। [1]ਉਚਾਰਦਾ ਹੈ।
ਰਾਮਾ ਨੰਦ ਤੈ ਜੈਸ ਕਬੀਰੈਂ।
ਲਹਯੋ ਭਜਨ ਨ੍ਰਿਪ ਤਿਸ ਤਤਬੀਰੈਂ[1] ॥ ੬੪ ॥ [1]ਉਸੇ ਢੰਗ ਨਾਲ।
ਬਡ ਪ੍ਰਤਾਪ ਤੁਮਰਾ ਨਿਰਖਯੋ[1]। [1]ਦੇਖਿਆ।
ਨ੍ਰਿਪ ਕੰਟਕ ਨਿਸ ਕੰਟਕ ਥਯੋ[1]। [1]ਦੁਖੀ ਰਾਜਾ ਬਿਨਾ ਦੁਖ ਤੋਂ ਹੋ ਗਿਆ।
ਏਸ ਦੇਸ ਜਬਿ ਤੈ ਤੁਮ ਅਏ।
ਕਸ਼ਟ ਸਮਸ਼ਟ[1] ਨਸ਼ਟ ਹ੍ਵੈ ਗਏ ॥ ੬੫ ॥ [1]ਸਾਰੇ।
ਬਦਲ ਸੁਭਾਵ ਚਰਾਚਰ ਪਏ[1]। [1]ਚੇਤਨ ਤੇ ਜੜ੍ਹ ਜੀਵਾਂ ਦੇ ਸੁਭਾਵ ਬਦਲ ਗਏ।
ਬਾਂਛਿਤ ਬਾਰੀ ਬਾਰਿਦ ਦਏ[1]। [1]ਬੱਦਲ ਮਨ ਇੱਛਤ ਪਾਣੀ ਦੇਂਦੇ ਹਨ।
ਪਾਪ ਕਲਾਪ[1] ਤਾਪ ਪਰਨਾਸੇ। [1]ਸਮੂੰਹ।
ਜਿਮ ਤਮਚਰ ਤਮ ਰਵਿ ਤੈ ਨਾਸੇ[1] ॥ ੬੬ ॥ [1]ਜਿਵੇਂ ਸੂਰਜ ਤੋਂਰਾਤ ਨੂੰ ਫਿਰਨ ਵਾਲਿਆਂ ਦਾ ਅਨ੍ਹੇਰਾ ਨਾਸ ਹੋ ਜਾਂਦਾ ਹੈ।

ਤੁਵ ਕੰਨੇ[1] ਮੁਹਿ ਨ੍ਰਿਪ ਇਮ ਪਠਯੋ। [1]ਤੁਹਾਡੀ ਤਰਫ਼।
ਮਾਥ ਝੁਕਾਇ ਹਾਥ ਬੰਦਿ ਰਟਯੋ[1]। [1]ਕਿਹਾ।
ਜੇਤਿਕ ਦੇਸ ਵੇਸ[1] ਮਮ ਔਰੈਂ। [1]ਸ੍ਰੇਸ਼ਟ।
ਕਰੋ ਸੈਲ ਸੈਲਨ ਨਿਜ ਤੌਰੈਂ[1] ॥ ੬੭ ॥ [1]ਆਪਣੇ ਢੰਗ ਨਾਲ ਪਹਾੜਾਂ ਦੀ ਸੈਰ ਕਰੋ।
ਹੈ ਗੈ ਕੋਸ਼ ਦੇਸ ਮਮ ਸੈਨਾ।
ਨਿਸਚੇ ਅਪਨਾ ਲਖੀਓ ਐਨਾ[1]। [1]ਘਰ।

ਜੋ ਚਹੀਏ ਵਹੀਏ ਅਨਵੱਈਏ[1]।
ਰਹੀਏ ਸਹੀਏ ਦਾਸ ਲਖੱਈਏ[1] ॥ ੬੮ ॥

[1]ਉਹੋ ਮੰਗਵਾ ਲਵੋ।
[1]ਰਾਜੇ ਨੂੰ ਸਹੀ ਦਾਸ ਜਾਣਦੇ ਰਹੋ।

ਕਪਟ ਲਪੇਟੀ ਇਮ ਬਹੁ ਬਾਨੀ।
ਦੂਤ ਅਕੂਤ ਅਛੂਤ ਬਖਾਨੀ[1]।

[1](ਅਛੂਤ) ਨੀਚ ਦੂਤ ਨੇ ਬਹੁਤੀ (ਅਕੂਤ) ਬੇਅੰਦਾਜ਼ੀ (ਬਾਣੀ) ਕਹੀ।

ਈਸਰ ਮੋਰ ਮਨਿੰਦ ਅਨੰਦੈਂ।
ਬਕਬੋ[1] ਛਕਬੋ ਜੀਵ ਬਰਿੰਦੈਂ[2] ॥ ੬੯ ॥

[1]ਰਾਜੇ ਨੇ ਮੋਰ ਵਾਂਗ (ਅਨੰਦੈਂ) ਉਸਤਤ (ਬਕਬੋ) ਕਹੀ। [2](ਜਿਵੇਂ) ਮੋਰ ਬਹੁਤੇ ਜੀਵਾਂ ਨੂੰ ਖਾਂਦਾ ਹੈ।

ਠਗ ਹੇਰੀ ਕ੍ਰਿਤ ਬਾਨਿ ਕਪਟ ਕੀ[1]।

[1](ਤਿਵੇਂ ਇਸ ਨੇ) ਠੱਗਾਂ ਤੇ ਸ਼ਿਕਾਰੀਆਂ ਵਰਗੀ ਛਲ ਦੀ ਬਾਣੀ ਕਹੀ।

ਪਟ ਕੀ ਓਟ ਕ੍ਰਿੱਤ ਜਜੋਂ ਨੱਟ ਕੀ[1]।

[1]ਜਿਵੇਂ ਕੱਪੜੇ ਦੇ ਉਹਲੇ ਨਟ ਦਾ ਕੰਮ ਹੁੰਦਾ ਹੈ (ਤਿਵੇਂ ਏਸ ਨੇ ਉਪਰੋਂ ਮਿੱਠੀਆਂ ਤੇ ਅੰਦਰੋਂ ਛਲ ਵਲ ਦੀਆਂ ਗੱਲਾਂ ਕੀਤੀਆਂ।)

ਨੰਦ ਚੰਦ ਤਿਸ ਤਈਂ ਬਖਾਨੀ।
ਗੁਰੁ ਘਰ ਸੁਰਤਰੁ ਦਰਪਨ ਸਾਨੀ[1] ॥ ੭੦ ॥

[1]ਕਲਪ ਬ੍ਰਿੱਛ ਤੇ ਸ਼ੀਸ਼ੇ ਵਰਗਾ ਹੈ।

ਸਰਲੇ[1] ਪ੍ਰੇਮੀ ਸਦ ਸੁਖ ਪੈ ਹੈਂ।
ਕਪਟੀ ਕੁਟਿਲ ਕਹਿਰ ਫਲ ਲੈ ਹੈਂ[1]।
ਗੁਰੁ ਕੈ ਹਰਖ ਸੋਕ ਕਿਛੁ ਨੈ ਹੈਂ।
ਜਸ ਉਰਿ ਨ੍ਰਿਪ ਗੁਰੁ ਤਸ ਬਰਤੈ ਹੈਂ ॥ ੭੧ ॥

[1]ਸਿੱਧੇ, ਸਾਫ਼ ਚਿੱਤ।
[1]ਛਲੀਏ ਤੇ ਟੇਢੇ, ਦੁਖ ਫਲ ਲੈਂਦੇ ਹਨ।

ਪੁਨ ਵਕੀਲ ਕਰਿ ਬਿਬਿਧਾ ਬਤੀਆਂ।
ਨ੍ਰਿਪ ਕਾ ਪ੍ਰੇਮ ਜਨਾਇ ਸੁ ਅਤੀਆ[1]।

[1]ਬਹੁਤਾ।

ਸਭ ਜਨ ਸੋਭ ਲੋਕ ਜੁਗ ਕੇਰੀ।
ਚਾਹਿਤ ਇੱਜ਼ਤ ਲੱਜ਼ਤ ਬਧੇਰੀ[1] ॥ ੭੨ ॥

[1]ਸਾਰੇ ਲੋਕ, ਦੋਹਾਂ ਲੋਕਾਂ ਦੀ ਸੋਭਾ ਤੇ ਇਜ਼ਤ ਦਾ ਬਹੁਤਾ ਸਵਾਦ ਚਾਹੁੰਦੇ ਹਨ।

ਫਤੇ ਸ਼ਾਹਿ ਸ੍ਰੀ ਨਗਰ ਪਤੀ ਕਾ।
ਸ਼ਗਨ ਆਇ ਹੈ ਨ੍ਰਿਪ ਘਰ ਨੀਕਾ।
ਉਤਸ਼ਵ ਮੈਂ ਚਹਿਂ ਉੱਤਮ ਵਸਤੂ।
ਰਾਵ ਰੰਕ ਲਹਿਂ ਜਾਚ ਸਮਸਤੂ[1] ॥ ੭੩ ॥

[1]ਰਾਜੇ ਤੇ ਕੰਗਾਲ ਸਾਰੇ (ਇਕ ਦੂਜੇ ਤੋਂ) ਮੰਗ ਕੇ ਲੈ ਲੈਂਦੇ ਹਨ।

ਔਰ ਨਰੇਸ ਗਿਰੇਸ ਜੁ ਜਗ ਹੈਂ।
ਗੁਰੁ ਘਰ ਤੈ ਸਭ ਹੀ ਲਘੁ ਲਗ ਹੈਂ[1]।

[1]ਛੋਟੇ ਹੀ ਲਗਦੇ ਹਨ।

ਕਰੀ ਅਰਜ਼ ਨ੍ਰਿਪ, ਕਰੀ ਪ੍ਰਸਾਦੀ[1]।

[1]ਪ੍ਰਸਾਦੀ ਹਾਥੀ।

ਮਾਂਗਜੋ ਦੈਹੁ ਸੋਭ ਹਿਤ ਸ਼ਾਦੀ ॥ ੭੪ ॥
ਹਮਰੋ ਸੁਤ ਜਿਮ ਤਿਮ ਹੀ ਗੁਰੁ ਕੋ।
ਪੁਰਵਹੁ ਅਭਿਲਾਖਾ ਮਮ ਉਰ ਕੋ।
ਜਿਉਂ ਮਮ ਇੱਜ਼ਤ ਗੁਰੂ ਬਢੈ ਹੈਂ।
ਤਜੋਂ ਹਮ ਸੇਵਕ ਬਨੇਰਹੈ ਹੈਂ ॥ ੭੫ ॥

ਦੋਹਰਾ:

ਕਰੀ[1] ਲੈਨ ਹਿਤ ਛਲ ਭਰੀ,
ਕਰੀ ਜਬੈ ਉਨਿ ਬਾਤ।
ਗੁਰੁ ਸ੍ਰਬੱਗਜ ਲਖਿ ਖਰੀ ਬਿਧਿ,
ਰਰੀ ਤਰੀ ਇਸ ਭਾਂਤਿ[1] ॥ ੭੬ ॥

[1]ਹਾਥੀ।

[1]ਇਸ ਤਰ੍ਹਾਂ (ਤਰੀ) ਸਾਫ਼ (ਗਲ) (ਰਰੀ) ਕਹੀ।

ਚੌਪਈ:

ਹਰਿ ਗੁਰੁ ਸੰਤ ਸਦਾ ਵਸ ਦਾਸੈਂ।
ਜਿਮ ਵਹਿ ਚਹਿਂ ਤਿਮ ਚਰਿਤ ਪ੍ਰਕਾਸ਼ੈਂ।
ਪੁਨ ਗੁਰੁ ਘਰ ਕੀ ਹੈ ਇਹੁ ਰੀਤੀ।
ਜੋ ਵਸਤੂ ਦੇਵਤਿ ਸਿੱਖ ਨੀਤੀ[1] ॥ ੭੭ ॥

[1]ਨਿੱਤ।

ਜਿਸ ਬਿਧਿ ਸੋ ਅਰਦਾਸ ਕਰੈ ਹੈ।
ਤਜੋਂ ਹੀ ਤਿਸ ਕੋ ਗੁਰੁ ਬਰਤੈ ਹੈਂ[1]।
ਦੂਰ ਦੇਸ ਤੇ ਸਿੱਖ ਪ੍ਰੇਮੀ।
ਲਜਾਯੋ ਕਰੀ ਆਦਿ ਵਥੁ ਛੇਮੀ[1] ॥ ੭੮ ॥

[1]ਵਰਤਦੇ ਹਨ।

[1]ਹਾਥੀ ਆਦਿ ਸੁਖਦਾਈ ਚੀਜ਼ਾਂ।

ਚਲਤ ਵਕਤ ਉਨਿ ਬਿਨੈ ਅਲਾਈ।
ਰਹੈਂ ਹਜ਼ੂਰ ਅਨਤ ਨਹਿਂ ਜਾਈ[1]।
ਫੀਲ ਔਰ ਜੋ ਬਡ ਹਮ ਪੈ ਹੈਂ।
ਸੋ ਲੈ ਜਾਹਿ ਯਾਹਿ[1] ਨਹਿਂ ਦੈਹੈਂ ॥ ੭੯ ॥

[1]ਆਪ ਪਾਸ ਰਹਿਣ ਹੋਰ ਕਿਤੇ ਨ ਜਾਣ।

[1]ਇਹ (ਪ੍ਰਸਾਦੀ ਹਾਥੀ)।

ਸੁਨਿ ਭੂਸ਼ਨ ਰਹਿ ਦੂਤ ਲਜਾਨਾ[1]।
ਜਾਨਾ ਇਹਾਂ ਨ ਮੰਤ੍ਰ ਚਲਾਨਾ।
ਧੂਰਤ[1] ਗਯੋ ਬਿਸੂਰਤ[2] ਘਰ ਕੋ।
ਸੁਨਿ ਕੈ ਉਰ ਗਿਰਪਤਿ ਕੋ ਧਰਕੋ[1] ॥ ੮੦ ॥

[1]ਸ਼ਰਮਿੰਦਾ ਹੋਇਆ।

[1]ਛਲੀਆ। [2]ਝੂਰਦਾ ਹੋਇਆ।

[1]ਧੜਕਿਆ।

ਮਾਨਤ ਨਹਿਂ ਗੁਰੁ ਹਮਰੋ ਤ੍ਰਾਸੈ[1]।
ਬਾਲਕ ਬਯ ਮਮ ਦੇਸ ਨਿਵਾਸੈਂ।
ਦੂਤ ਕਹਯੋ ਗੁਰੁ ਸਮ ਪੁਰਹੁਤੈਂ[1]।

[1]ਡਰ।

[1]ਇੰਦ੍ਰ ਸਮਾਨ ਹੈ।

ਬੈਠੋ ਨਿਰਭੈ ਬਨਜੋ ਅਛੂਤੈਂ[1] ॥ ੮੧ ॥
ਢੰਗ ਪ੍ਰਸੰਗ ਜੰਗ ਕੇ ਕਰਿ ਹੈ।
ਕਹਾਂ ਨਰਿੰਦ ਨ ਇੰਦੁ ਤੈ[1] ਡਰ ਹੈ।
ਬਾਤ ਬਨਾਇ ਬਿਬਿਧਿ[1] ਮੈਂ ਮਾਂਗਜੋ।
ਦਿਯ ਜਵਾਬ ਇਮ ਨਿਰਭੈ ਪਾਗਜੋ[1] ॥ ੮੨ ॥
ਨੀਕ ਵਸਤੁ ਸਿੱਖ ਹਮੈਂ ਜੁ ਦੈਹੈਂ।
ਮਾਂਗੀ ਦੀਓ ਨ ਕਿਹਂ ਇਹ ਕੈਹੈਂ।
ਸਿੱਖਨ ਕੇ ਹਮ ਸਦ ਅਧੀਨ ਹੈਂ।
ਤਜੈਂ ਨ ਪ੍ਰਣ ਤਿਨ ਸੋਂ ਜੁ ਕੀਨ ਹੈ ॥ ੮੩ ॥
ਪਾਇ ਜਵਾਬ ਸ਼ਿਤਾਬ ਮੈਂ ਆਯੋ।
ਬਚਨ ਵਕੀਲ ਬੱਜ੍ਰ ਜਨੁ ਲਾਯੋ[1]।
ਦੁਖਤ ਹੋਇ ਨ੍ਰਿਪ ਐਸੇ ਭਾਖਜੋ।
ਜਹਿਂ ਭੋਜਨ ਨਹਿਂ ਕਹਿਂ ਧਨਰਾਖਜੋ[1] ॥ ੮੪ ॥

ਹਮ ਠਾਨਿਓ ਧਨ ਵਸਤੁ ਬਿਸੇਸੈਂ।
ਗੁਰੁ ਤੈ ਲੈਹਂ ਬਸੈਹਂ ਸੁ ਦੇਸੈਂ[1]।
ਸੋ ਸਬਿ ਮਨਸਾ ਬੀਚ ਬਿਲਾਈ[1]।
ਨਿਆਇ ਬਨਜੋ ਕੈਮੁੱਤਕ ਆਈ[1] ॥ ੮੫ ॥

ਜਾਨਜੋ ਪਰੈ ਕਰੈ ਗੁਰੁ ਦੰਗਾ।
ਦਯੋ ਨ ਗਜ[1] ਜਿਨ ਇਕ ਅਜ ਮੰਗਾ।
ਜੇ ਹਮ ਡਰ ਧਰਿ ਅਬ ਚੁਪ ਰੈਹੈਂ।
ਤੌ ਵਹਿ ਹਮਰੇ ਸਿਰ ਚਢ ਜੈਹੈ ॥ ੮੬ ॥
ਚਮੂੰ ਬਟੋਰ ਓਜ ਦਿਖਰੈ ਕੈ[1]।
ਬਾਲ ਉਮਰ ਤੁੱਛ ਖਜਾਲ ਉਠੈ ਕੈ।
ਦੇਸ ਦਬੈਹੈ ਲੂਟ ਮਚੈਹੈ।
ਫਿਰ ਭੀ ਹਮ ਕੋ ਲਰਨੋ ਪੈਹੈ ॥ ੮੭ ॥
ਤਾਂ ਤੇ ਅਬਿ ਵਜੀਰ ਤੁਮ ਜਾਵੋ।
ਦੈ ਦਬਾਉ ਗਜ ਮਾਂਗ ਲਿਆਵੋ।
ਦੈਹੈ ਜੇ ਨ ਲੈਹਂ ਤਬਿ ਜੋਰੀ।

[1]ਨਿਰਲੇਪ ਭਾਵ ਕਿਸੇ ਨਾਲ ਮੇਲਰਖਣਾ ਨਹੀਂ ਚਾਹੁੰਦਾ।

[1]ਇੰਦ੍ਰ ਤੋਂ ਵੀ।

[1]ਅਨੇਕ ਤਰ੍ਹਾਂ ਦੀਆਂ।

[1]ਨਿਰਭੈਤਾ 'ਚ ਲੀਨ ਹੈ।

[1]ਜਾਣੋ ਬੱਜ੍ਰ ਮਾਰਿਆ। (ਬੱਜ੍ਰ-ਇੰਦ੍ਰ ਦੀ ਗਦਾ।)

[1]ਜਿਥੋਂ ਭੋਜਨ ਮੰਗਿਆਂ ਨਹੀਂ ਮਿਲਦਾ ਓਥੇ ਧਨ ਕਿੱਥੇ ਰਖਿਆ ਹੈ ਭਾਵ ਉਥੋਂ ਧਨ ਕੀ ਮਿਲਣਾ ਹੋਇਆ।

[1]ਉਹ (ਸਾਡੇ) ਦੇਸ਼ ਵਿੱਚ (ਜੋ) ਵਸਦੇ ਹਨ।

[1]ਖ਼ਤਮ ਹੋ ਗਈ।

[1]ਕੈਮੁਤਕ ਨਜਾਯ ਆ ਬਣਿਆ ਹੈ (ਕੈਮੁਤਕ ਨਜਾਯ-ਜਿਨ੍ਹਾਂ ਨੇ ਇਕ ਹਾਥੀ ਨਹੀਂ ਦਿੱਤਾ ਉਨ੍ਹਾਂ ਨੇ ਹੋਰ ਚੀਜ਼ਾਂ ਕੀ ਦੇਣੀਆਂ ਹਨ?)

[1]ਹਾਥੀ।

[1]ਫੌਜ ਇਕੱਠੀ ਕਰ ਕੇ ਜ਼ੋਰ ਦਿਖਾ ਕੇ।

ਕਢੈਂ ਰਾਜ ਤੈ ਬਾਹਰਿ ਖੋਰੀ[1] ॥ ੮੮ ॥
ਕਹਜੋ ਸਧੀਰ ਵਜੀਰ ਤੀਰ ਤਿਹ[1]।
ਗੁਨੀ ਗਹੀਰ ਗੰਭੀਰ ਬੀਰ ਵਹਿ।
ਬਾਤ ਫੀਲ ਕੀ ਹੈ ਇਹੁ ਥੋਰੀ।
ਬਿਗਰੈ ਬਢ ਹੈ ਰਾਰਿ ਬਹੋਰੀ ॥ ੮੯ ॥
ਹਾਸਲ ਨਹਿਂ ਕੁਛ ਬਹੁ ਨੁਕਸਾਨਾ।
ਪਰ ਹੈ ਰਣ ਮਰ ਹੈਂ ਅਸ੍ਵ ਜ੍ਵਾਨਾਂ[1]।
ਲਾਖੋਂ ਸਿਖ ਮਿਲ ਦੇ ਸਬ ਦੇਸੈਂ।
ਐਹੈਂ ਥੈਹੈਂ ਲੁਟ ਤੁਵ ਦੇਸੈਂ ॥ ੯੦ ॥
ਪੀਰ ਫਕੀਰ ਬੀਰ ਬਡ ਭਾਰੀ।
ਸਾਹਿਬ ਕਰਾਮਾਤ ਅਵਤਾਰੀ।
ਸ੍ਰੀ ਗੁਰੁ ਨਾਨਕ ਕੀ ਇਹੁ ਗਾਦੀ।
ਸੁਰਤਰੁ ਸਮ[1] ਫਲ ਦੇਤ ਅਬਾਦੀ[2] ॥ ੯੧ ॥

ਬਡ ਬਾਗੀ ਇਹੁ ਦੇਸ ਤੁਮਾਰਾ।
ਜਹਾਂ ਸਤਿਗੁਰੂ ਨੈ ਪਗ ਧਾਰਾ।
ਧਾਰਾ ਕਪਟ ਜੁ ਤੁਮ ਉਨਿ ਜਾਨਾ।
ਗੁਰੁ ਸ੍ਰਬੱਗਜ ਪੂਰਨ ਭਗਵਾਨਾ ॥ ੯੨ ॥
ਅਬਿ ਫਿਰ ਚਲਿ ਉਨਿ ਕੇ ਪਗ ਗਹੀਏ।
ਕਹਾਂ ਕਰੀ ਇਕ, ਬਾਂਛਿਤ ਲਹੀਏ।
ਯਦੀ ਸਚਵ[1] ਬਹੁ ਨੀਕ ਬਖਾਨੀ।
ਖਾਂਨੀ ਕਪਟ[1] ਨ੍ਰਿਪ ਨਹਿਂ ਮਾਨੀ ॥ ੯੩ ॥
ਮਾਨੀ ਮਹਦ ਮਦਾਂਧ ਕਚੇਰਾ[1]।
ਚੇਰਾ ਭਯੋ ਨ ਮਨ ਗੁਰੁ ਫੇਰਾ।
ਹਮ ਰਜਪੂਤ ਗਿਰੇਸ ਨਰੇਸੂ[1]।
ਪੂਜਤ ਸਾਲ ਗਰਾਮ[1] ਹਮੇਸੂ ॥ ੯੪ ॥
ਕੈਸ ਬਨੋਂ ਮੈਂ ਇਨਿ ਕੋ ਚੇਰਾ।
ਛੋਰਿ ਸਨਾਤਨ ਧਰਮ ਅਛੇਰਾ।
ਪੁਨ ਹਾਸੀ ਗਿਰਪਤਿ ਮੁਹਿ ਕਰਿ ਹੈਂ।

[1]ਵੈਰ ਭਾਵ ਨਾਲ।

[1]ਤਿਸ (ਰਾਜੇ ਨੂੰ ਵਜ਼ੀਰ ਨੇ) ਕੋਲੋਂ ਕਿਹਾ।

[1]ਘੋੜੇ ਤੇ ਜਵਾਨ।

[1]ਕਲਪ ਬ੍ਰਿੱਛ ਵਾਂਗ। [2](ਚੰਗੀ ਭਾਵਨਾ ਵਾਲੇ ਨੂੰ) ਆਬਾਦੀ ਦਾ ਫਲ (ਤੇ ਬੁਰੀ ਭਾਵਨਾ ਵਾਲੇ ਨੂੰ ਬਰਬਾਦੀ ਦਾ ਫਲ) ਦਿੰਦੀ ਹੈ।

[1]ਵਜ਼ੀਰ।

[1]ਛਲ ਦੀ ਖਾਣ।

[1]ਮਾਨ ਤੇ ਬਹੁਤੇ ਹੰਕਾਰ ਨਾਲ ਅੰਨ੍ਹਾ ਹੋਇਆ ਕੱਚਾ ਹੈ।

[1]ਪਹਾੜੀ ਰਾਜਿਆਂ ਦੇ ਰਾਜੇ ਹਾਂ।

[1]ਠਾਕੁਰ।

ਬਰਤਨ ਛੋਡਿ ਅਧਰਮੀਰਰ ਹੈਂ ॥ ੯੫ ॥
ਅਜ਼ਮਤ ਯੁਤ ਤੁਮ ਇਨੈ ਜੁ ਕੈਹੈਂ।
ਇਹੁ ਪਰਤੀਤ ਨ ਮੁਝ ਕੋ ਐਹੈ।
ਇਨ ਕਾ ਪਿਤਾ ਸ਼ਾਹਿ ਮਰਵਾਯੋ।
ਤਹਾਂ ਨ ਪਰਚਾ[1] ਕੋਇ ਦਿਖਾਯੋ ॥ ੯੬ ॥ [1]ਕਰਾਮਾਤ ਦਾ ਚਮਤਕਾਰ।
ਹੋਛੇ ਜਨ ਲਘੁ ਜਾਤੀ ਕੇਰੇ।
ਗੁਰੂ ਗੁਰੂ ਤਿਹ ਈਸ਼ੂਰ ਟੇਰੇਂ।
ਕੌਡੀ ਪੈਸਾ ਭੇਟ ਚਢੈ ਹੈਂ।
ਕਹੈਂ ਕੂਰ ਹਮ ਸਬਿ ਫਲ ਪੈ ਹੈਂ ॥ ੯੭ ॥
ਹਮ ਸੰਨਜਾਸੀ ਜੋਗੀ ਪੂਜੈਂ।
ਗੁਰੂ ਖੱਤ੍ਰੀ ਗਿਰਹੀ ਦੂਜੈ[1]। [1]ਦੂਜਾ ਗੁਰੂ ਗ੍ਰਹਸਤੀ ਹੈ।
ਅਬ ਤੋ ਚਲਿ ਦਲ ਬਲਿ ਮਲਕੈਹੂੰ[1]। [1]ਹੁਣ ਤਾਂ ਚਲ ਕੇ ਫੌਜ ਦੇ ਬਲ ਨਾਲ ਮਲਕੜੇ (ਸਹਜ ਨਾਲ) ਹੀ।

ਲੈਹੂੰ ਗਜ ਕੈ ਪੁਰੋਂ ਕਢੈਹੂੰ ॥ ੯੮ ॥
ਗਰਬ ਗੁਰਜਾਈ ਅਰ ਬਯ ਨਈ[1]। [1]ਨਵੀਂ ਉਮਰ।
ਜਾਨੈਂ ਤਬੈ ਜਬੈ ਗਰ ਪਈ[1]। [1]ਜਦੋਂ (ਲੜਾਈ) ਗਲ ਪੈ ਗਈ।
ਇਮ ਕਹਿ ਨਿਜ ਕੁਟਵਾਲ[1] ਪਠਾਯੋ। [1]ਕੋਤਵਾਲ।
ਗੁਰੁ ਢਿਗ ਉਨਿ ਨ੍ਰਿਪ ਬਲ ਬਹੁ ਗਾਯੋ ॥ ੯੯ ॥
ਬਾਤਨ ਕੇ ਉਤਰਾਵ ਚਢਾਵਾ।
ਕਰੇ ਅਨੇਕ ਬਿਵੇਕ ਸੁਭਾਵਾ[1]। [1]ਵਿਚਾਰ ਦੇ ਸੁਭਾਵ ਨਾਲ।
ਦਯੋ ਜਵਾਬ ਗੁਰੂ ਇਮ ਤੈਹੈਂ[1]। [1]ਤਿਸ ਨੂੰ।
ਕਹਾਂ ਭਲਾਈ ਨ੍ਰਿਪ ਕੀ ਕੈਹੈਂ[1] ॥ ੧੦੦ ॥ [1]ਤੁਸੀਂ ਰਾਜੇ ਦੀ ਕਿੱਥੇ ਭਲਾਈ ਕਰਦੇ ਹੋ ਭਾਵ ਤੁਸੀਂ ਰਾਜੇ ਦਾ ਬੁਰਾ ਕਰ ਰਹੇ ਹੋ।

ਕਪਟੀ ਕੁਟਲ ਕਠੋਰ ਅਭਿਮਾਨੀ।
ਛਲਜੋ ਚਹਿਤ ਹਮ ਕੋ ਅਗਜਾਨੀ।
ਭੇਟਾ ਕਰੀ ਕਰੀ ਸਿੱਖ ਜਾਹੂੰ[1]। [1]ਹਾਥੀ ਦੀ ਭੇਟਾ ਜਿਸ ਸਿੱਖ ਨੇ ਕੀਤੀ ਹੈ।
ਕਰੀ ਅਰਜ਼ ਰਹਿ ਗੁਰੁ ਘਰ ਮਾਹੂੰ ॥ ੧੦੧ ॥
ਕਰੀ ਪ੍ਰਤੱਗਜਾ ਹਮ ਦਿਹਂ ਨਾਹੀ।
ਕਾਰਨ ਫੀਲ[1] ਦੈਨ ਮੈਂ ਯਾਹੀ। [1]ਹਾਥੀ।
ਜਬਰਨ ਭੂਪ ਲੈਨ ਜੋ ਚੈਹੈ।

ਦੇਸ ਗਿਰੇਸਨ ਜੋਰ ਜਨੈ ਹੈ ॥ ੧੦੨ ॥
ਤੌ ਸੰਦੇਸ਼[1] ਐਸ ਦੈ ਜਾਏ। [1]ਸੁਨੇਹਾ।
ਜੇ ਬਲ ਹੈ ਤੌ ਲੈ ਦਲ ਆਏ।
ਇਹਾਂ ਕਲੀਵ[1] ਨ ਕਾਯਰ ਰਹੈਂ। [1]ਹੀਜੜੇ।
ਜੋ ਸੁਨਿ ਜੰਗ ਪ੍ਰਸੰਗ ਡਰੈ ਹੈਂ ॥ ੧੦੩ ॥
ਹਮ ਆਯੁਧ ਅਭਜਾਸ ਜੁ ਕੈਹੈਂ[1]। [1]ਕਰਦੇ ਹਾਂ।
ਪਰਖੇ ਜੈਹੈਂ ਸੁਭਟ[1] ਭਲੈ ਹੈਂ। [1]ਸੂਰਮੇ।
ਮਿਲੈ ਤੁ ਮਿਲ ਹੈਂ ਲਰੈ ਤੁ ਲਰ ਹੈਂ।
ਉਭੈ ਭਾਂਤਿ ਮੋਦਕ ਮਮ ਕਰ ਹੈਂ[1] ॥ ੧੦੪ ॥ [1]ਦੋਵੇਂ ਤਰ੍ਹਾਂ ਮੇਰੇ ਹੱਥ ਵਿੱਚ ਲੱਡੂ ਹਨ।
ਜਿਤਿਕ ਬਾਤ ਥੀ ਨ੍ਰਿਪ ਘਰ ਕੀਨੀ।
ਸੋ ਸਬਿ ਦੂਤਹਿ ਗੁਰੁ ਕਹਿ ਦੀਨੀ।
ਸੁਨਿ ਕੁਟਵਾਲ ਕੁਟਲਤਾ ਤਜਾਗੀ।
ਭਯੋ ਗੁਰੂ ਪਦ ਮੈਂ ਅਨੁਰਾਗੀ[1] ॥ ੧੦੫ ॥ [1]ਚਰਨਾਂ ਵਿੱਚ ਪ੍ਰੇਮੀ ਹੋ ਗਿਆ।
ਜਾਨਜੋ ਜੋ ਨ੍ਰਿਪ ਬੈਠ ਇਕੰਤੈ।
ਕਹੀ ਵਹੀ ਗੁਰੁ ਸਹੀ ਬ੍ਰਿਤੰਤੈ।
ਇਨਿ ਸੋਂ ਛਲ ਬਲ ਪੁਗੈ ਨ ਕਾਹੂੰ।
ਹੈਂ ਇਹੁ ਸਾਖੀ[1] ਘਟ ਘਟ ਮਾਹੂੰ ॥ ੧੦੬ ॥ [1]ਵੇਖਣ ਵਾਲੇ, ਗਵਾਹ ਭਾਵ ਜਾਣੀ-ਜਾਣ।
ਕਰਿ ਬੰਦਨ ਸੋ ਨ੍ਰਿਪ ਪੈ ਗਯੋ।
ਗਾਥਾ ਸਰਬ ਸੁਨਾਵਤ ਭਯੋ।
ਕਹੀ ਜੁ ਤੁਮ ਘਰ, ਸੋ ਗੁਰੁ ਗਾਈ[1]। [1]ਕਹੀ।
ਸਰਬ ਸ਼ਕਤਿ ਮਤਿ[1] ਹੈਂ ਗੁਰੁ ਰਾਈ ॥ ੧੦੭ ॥ [1]ਸ਼ਕਤੀ ਵਾਲੇ।
ਕਰੀ[1] ਨ ਦੈਂਹ ਕਰੀ ਚੈਂਹ ਵੈਸੇ। [1]ਹਾਥੀ।
ਤੁਮਹੂੰ ਪਹਿਲ ਕਰੋਗੇ ਜੈਸੇ।
ਕਪਟ ਧਪਟ[1] ਉਨਿ ਅੱਗ੍ਰ ਨ ਚਾਲੈ। [1]ਛਲ ਦਾ (ਧਪਟ) ਧਾਵਾ।
ਸਬਿ ਕੇ ਦਿਲ ਕੀ ਲਖਤਿ[1] ਬਿਸਾਲੈ ॥ ੧੦੮ ॥ [1]ਜਾਣਦੇ ਹਨ।
ਮੋਂ ਮਤ ਮੈਂ ਮਤ ਕਰੋ ਲਰਾਈ।
ਰਾਈ ਸਮ ਨ ਲਾਭ, ਸੁਨਿ ਰਾਈ !।
ਸ਼ਸਤ੍ਰ ਸੁਭਟ ਸੁਰੰਗ ਤੁਰੰਗਾ।
ਰੰਗ ਰੰਗ ਸੁੰਦ੍ਰ ਸਰਬੰਗਾ ॥ ੧੦੯ ॥
ਭਰੇ ਪਰੇ ਪੁਰ ਆਨੰਦ ਮੈਂ ਹੈਂ।

ਬੇਸ਼ੁਮਾਰ ਭਟ ਪਿਖੇ ਹਮੈਂ ਹੈਂ।
ਕਿਆ ਹੈ ਕਰੀ ਕਰੀ ਜ਼ਿਦ ਜਾਂ ਹਿਤ।
ਲਰੇ ਪਰੇ ਮਤ ਗਰੇ ਬਲਾ ਕਿਤ ॥ ੧੧੦ ॥
ਸੰਧ[1] ਰਖੈਂਹ ਅਨੰਦ ਰਹੈਹੈਂ। [1]ਮੇਲ।
ਆਛਤ ਗੁਰੁ ਤੇ ਬਾਂਛਿਤ ਪੈਹੈਂ[1]। [1]ਜੋ (ਆਛਤ) ਚਾਹੋਗੇ ਗੁਰਾਂ ਤੋਂ ਮਨ ਇੱਛਤ ਪਾ ਲਵੋਗੇ।
ਸੁਨਿ ਨਰੇਸ ਕਿਯ ਬੇਸ ਵਿਚਾਰਨਿ[1]। [1](ਬੇਸ) ਬਹੁਤ ਵਿਚਾਰਿਆ।
ਚਾਰਨ ਜਯੋਂ ਜਸ ਕੀਨੋ ਸਾਰਨਿ[1] ॥ ੧੧੧ ॥ [1]ਸਾਰਿਆਂ ਨੇ ਭੱਟਾਂ ਵਾਂਗ ਜਸ ਕੀਤਾ ਹੈ।
ਸਾਰਨ ਬਨੈ[1] ਕਾਜ ਅਬਿ ਵੈਸੇ। [1]ਕਰਨਾ ਬਣਦਾ ਹੈ।
ਬੈਸੇ ਕਹਿਂ ਵਜੀਰ ਲੌ ਜੈਸੇ[1]। [1]ਇਹ ਸਾਰੇ ਬੈਠੇ, ਵਜ਼ੀਰਾਂ ਤਕ ਜਿਸ ਤਰ੍ਹਾਂ ਕਹਿੰਦੇ ਹਨ।
ਕਹਯੋ ਵਜੀਰ ਪ੍ਰਤੀ ਨ੍ਰਿਪ ਤੈਹੈ[1]। [1]ਰਾਜੇ ਨੇ ਤਦੋਂ।
ਜਯੋਂ ਤੁਮ ਕਹਯੋ ਗਹਯੋ ਮੈਂ ਵੈਹੈ ॥ ੧੧੨ ॥
ਅਬਿ ਤੋ ਟਿੱਕਾ[1] ਆਵਨ ਚੈਹੈ। [1](ਸ਼ਗਨ ਦਾ) ਤਿਲਕ।
ਨਾਹਿਂ ਦੈਂਹ ਹਮ ਮੌਨ ਰਹੈ ਹੈਂ।
ਮਾਂਗ ਬਜਾਹਿ ਮੈਂ ਡੇਰਾ ਕਰੀ[1]। [1]ਤੰਬੂ ਤੇ ਹਾਥੀ।
ਲੈ ਹੈਂ ਜੈਸ ਸੋਭ ਹ੍ਵੈ ਬਰੀ[1] ॥ ੧੧੩ ॥ [1]ਸ੍ਰੇਸ਼ਟ, ਚੰਗੀ।

ਦੋਹਰਾ:

ਬਜਾਹਿ ਪ੍ਰਤੀਖਤ[1] ਭੂਪ ਉਤ, [1]ਉਡੀਕਦਾ ਹੈ।
ਇਤ ਕਲਗੀਧਰ ਈਸ।
ਅਭਜਾਸਤ ਆਯੁਧ ਅਧਿਕ,
ਸੁਨਿ ਮਨ ਤ੍ਰਸਤ ਗਿਰੀਸ[1] ॥ ੧੧੪ ॥ [1]ਰਾਜੇ ਦਾ ਮਨ ਡਰਦਾ ਹੈ।
ਪੂਰਤ ਦਾਸਨ ਵਾਸ਼ਨਾ,
ਦੈ ਫਲ ਚਾਰ ਉਦਾਰ।
ਇਤੀ ਭਯੋ ਅਬਿ ਧਜਾਇ ਇਹੁ,
ਗੁਰੁ ਪਦ ਪਦਮ ਜੁਹਾਰ ॥ ੧੧੫ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ ਭੀਮ ਚੰਦ ਦੂਤ ਆਵਨੰ ਪ੍ਰਸੰਗ ਬਰਨਨੰ ਨਾਮ ਉਣਚਾਸਮੋਂ ਬਿਸ੍ਰਾਮ ॥ ੪੯ ॥

੫੦. {ਭੀਮ ਚੰਦ ਦੇ ਵਕੀਲ ਦਾ ਹਾਥੀ ਲੈਣ ਆਉਣਾ}

ਛਪਯ:

ਤੁਹੀਂ ਕਾਲ ਕੀ ਕਲਾ,
ਕਾਲਕਾ ਅਕਲ ਕਲਾ ਪੁਰ[1]।

[1]ਹੇ ਕਾਲਿਕਾ (ਚੰਡਿਕਾ) ਤੁਹੀਂ (ਅਕਲ) ਅਖੰਡ ਤੇ ਪੁਰ (ਪੂਰਨ) ਕਲਾ (ਸ਼ਕਤੀ ਵਾਲੇ) (ਕਾਲ) ਅਕਾਲ ਪੁਰਖ ਦੀ (ਕਲਾ) ਸ਼ਕਤੀ ਹੈਂ।

ਤੁਹੀਂ ਸ਼ਕਤਿ ਰਚਿ ਜਗਤ,
ਪਾਲਿ ਸੰਹਾਰਿ ਸਾਰ ਕੁਰ[1]।

[1]ਹੇ ਸ਼ਕਤੀ ਤੁਹੀਂ ਸਾਰੇ ਜਗਤ ਨੂੰ ਰਚ ਕੇ ਪਾਲਦੀ ਤੇ ਨਾਸ ਕਰਦੀ ਹੈਂ।

ਗੰਗਧਾਰ ਅਰਧੰਗ,
ਤੁਹੀਂ ਕਮਲਾ ਸਾਵਿੱਤ੍ਰੀ[1]।

[1]ਗੰਗਾ ਦੀ ਧਾਰ (ਅਰਧੰਗ) ਸ਼ਿਵ, ਲਛਮੀ ਤੇ ਸਾਵਿਤ੍ਰੀ (ਬ੍ਰਹਮਾ ਦੀ ਇਸਤ੍ਰੀ) ਵੀ ਤੁਹੀਂ ਹੀ ਹੈਂ। (ਅਰਧੰਗ-ਸ਼ਿਵ, ਜਿਸ ਦਾ ਅੱਧਾ ਅੰਗ ਨਰ ਦਾ ਤੇ ਅੱਧਾ ਨਾਰੀ ਦਾ ਹੈ।)

ਤੁਹੀ ਸਾਰਦਾ ਸੁਧਾ
ਸ੍ਵਾਹਾ ਛੰਦ ਗਾਯੱਤ੍ਰੀ[1]।

[1]ਸੁਰਸੁਤੀ (ਵਿਦਿਆ ਦੀ ਦੇਵੀ) (ਸੁਧਾ) ਅੰਮ੍ਰਿਤ, (ਸ੍ਵਾਹਾ) ਅਗਨਿ ਦੇਵਤਾ ਦੀ ਇਸਤ੍ਰੀ), ਤੇ ਗਾਇਤ੍ਰੀ ਛੰਦ ਵੀ ਤੁਹੀਂ ਹੀ ਹੈਂ।

ਸਦ ਆਦਿ ਮੱਧ ਅੰਤ ਏਕ ਤੂੰ,
ਸਕਲ ਚਰਾਚਰ ਰੂਪ ਤੁਵ[1]।

[1]ਸਦਾ ਆਦਿ ਮੱਧ ਅਤੇ ਅੰਤ ਵਿੱਚ ਵੀ ਇਕ ਤੁਹੀਂ ਹੀ ਹੈਂ, ਸਾਰੇ ਚੇਤਨ ਤੇ ਜੜ੍ਹ ਜੀਵ ਤੇਰਾ ਹੀ ਰੂਪ ਹਨ।

ਮਮ ਇਸ਼ਟ ਚੰਡਿਕਾ ਸ੍ਰਿਸ਼ਟਿ ਅਬਿ,
ਨਮੋ ਦਿਸ਼ਟ ਪਰਤਿਸ਼ਟ ਭਵ[1]* ॥੧॥

[1]ਮੇਰੀ (ਇਸ਼ਟ) ਪਿਆਰੀ ਤੇ ਸ੍ਰੇਸ਼ਟ ਚੰਡਿਕਾ ਮੈਂ ਹੁਣ ਨਮਸਕਾਰ ਕਰਦਾ ਹਾਂ ਤੂੰ ਮੇਰੀ ਨਿਗਾਹ ਦੇ ਸਾਹਮਣੇ (ਪਰਤਿਸ਼ਟ ਭਵ) ਇਸਥਿਤ ਹੋ। *ਸਰਸੁਤੀ ਦੇ ਮੰਗਲ ਬਾਰੇ ਦੇਖੋ ਪੰ. ੨੬੩ ਤੋਂ ੨੭੦ ਤੱਕ 'ਕਵਿ-ਸੰਕੇਤ-ਮ੍ਰਯਾਦਾ' ਦਾ ਦੂਜਾ ਮੰਗਲ।

ਦੋਹਰਾ:

ਪਠੈ ਵਕੀਲ ਸੁ ਫੀਲ ਹਿਤ,
ਬਨ ਬਖੀਲ ਬਿਨ ਢੀਲ[1]।

[1]ਹਾਥੀ ਵਾਸਤੇ ਵਕੀਲ ਭੇਜੇਗਾ, ਉਹ (ਬਖੀਲ) ਚੁਗਲ ਖੋਰ ਬਣ ਕੇ ਬਿਨਾ ਢਿਲ ਤੋਂ।

ਭੀਮ ਸਭੀਮ ਗਨੀਮ ਜਜੋਂ,
ਭਵੈ ਸੁ ਛੇਰਹੁਂ ਜੀਲ[1] ॥੨॥

[1]ਜਿਵੇਂ ਭੀਮ ਚੰਦ ਬਹੁਤਾ ਭਿਆਨਕ (ਗਨੀਮ) ਦੁਸ਼ਮਣ (ਭਵੈ) ਹੋ ਜਾਵੇਗਾ ਮੈਂ ਉਹ (ਜੀਲ) ਤਾਰ ਛੇੜਦਾ ਹਾਂ ਭਾਵ ਪ੍ਰਸੰਗ ਅਰੰਭ ਕਰਦਾ ਹਾਂ।

ਸ੍ਵੈਯਾ:

ਬੀਰ ਸਧੀਰ ਗੰਭੀਰਨ ਕੀ,
ਬਡ ਭੀਰ ਰਹੇ ਗੁਰੁ ਤੀਰ ਸਦਾ ਹੀ।
ਤੋਮਰ[1] ਤੀਰ ਤੁਫੰਗ[2], ਉਮੰਗਨ
ਸੰਗ ਚਲਾਇ ਕਿ ਲਿੱਛ ਬਿਧਾਹੀ[1]।
ਚੰਚਲ ਚਾਰੁ ਚਲਾਕ ਬਲੀ ਬਰ,
ਬਾਜ ਧਵਾਇ ਕਲਾ ਕਰਵਾਹੀਂ[1]।
ਭਾਂਤਿ ਅਨੇਕ ਕੁਵਾਯਦ ਆਯੁਧ
ਕੈ[1], ਕਲਗੀਧਰ ਕੋ ਦਰਸਾਹੀਂ ॥ ੩ ॥
ਧੌਂਸ ਕਸਾਇ ਸਜਾਇ ਤੁਰੰਗ,
ਉਮੰਗ ਬਢਾਇ ਸ਼ਿਕਾਰ ਚਢੈ ਹੈਂ।
ਬੇਹਰ[1] ਖੋਹਨ[2] ਧਾਰ ਪਹਾਰਨ
ਮੈਂ, ਬਹੁ ਢਾਰਨ[1] ਰੌਰ ਮਚੈ ਹੈਂ।
ਮਾਰ ਮ੍ਰਿਗਾਨ ਕਿਤਾਨ ਬਿਧਾਨ,
ਪੰਚਾਨਨ ਲੌ ਬਡ ਕਾਨਨ ਮੈਂ ਹੈਂ[1]।

ਜੋ ਗੁਰੁ ਬਾਨਨ ਸੋਂ ਮਰ ਜਾਨ,
ਸੁ ਜਾਨਨ ਪੈ ਅਸਮਾਨਨ ਜੈਹੈਂ[1] ॥ ੪ ॥
ਚੋਬ ਪਰੈ ਦੁਹਿਰੀ ਜਬਿ ਦੁੰਦਭਿ,
ਦੀਹ ਸੁ ਲੀਹ ਸੀ ਪਾਰਤ ਜਾਈ[1]।
ਜੋ ਸੁਨਿ ਕੈ ਚਕ-ਚੌਂਪ ਉਠੈਂ,
ਸੱਤ ਧਾਰਨ ਕੇ ਪਤਿ ਕੀ ਮਤਿ ਜਾਈ[1]।

ਧੂਰਤ ਭੂਰ ਪਤੀ ਕਹਲੂਰ,
ਕਰੇ ਕਹਿਲੂਰ ਬਿਸੂਰ ਮਹਾਂਈ[1]।

ਕੇਹਰ ਹੇਰਿ ਕਰੀ ਝੁਰ ਹੈ ਜਿਮ[1],
ਤੈਸ ਗਿਰੇਸਨ ਪੇਸ਼ ਨ ਜਾਈ ॥ ੫ ॥
ਤਜੋਂ ਇਤ ਮੰਦ ਮਸੰਦ ਬਰਿੰਦ,

[1]ਬਰਛੇ। [2]ਬੰਦੂਕ।

[1]ਨਿਸ਼ਾਨੇ ਵਿੰਨ੍ਹਦੇ ਹਨ।

[1]ਚੰਗੇ ਘੋੜੇ ਭਜਾ ਕੇ ਖੇਡਾਂ ਕਰਵਾਉਂਦੇ ਹਨ।

[1]ਸ਼ਸਤ੍ਰਾਂ ਦੀ ਕਵਾਇਦ ਕਰਕੇ।

[1]ਜੰਗਲੀ ਬੇਲਾਂ ਨਾਲ ਢਕਿਆ ਬ੍ਰਿਛਾਂ ਦਾ ਝੁੰਡ। [2]ਗੁਫਾ, ਕੰਦਰਾ।

[1]ਬਹੁਤੇ ਢੰਗਾਂ ਨਾਲ।

[1]ਹਰਨਾਂ ਨੂੰ ਮਾਰਦੇ ਹਨ ਕਿਤਨੀਆਂ ਹੀ ਬਿਧੀਆਂ ਨਾਲ, ਸ਼ੇਰਾਂ ਤੱਕ ਜੋ ਵੱਡੇ ਜੰਗਲਾਂ ਵਿੱਚ ਹਨ।

[1]ਉਹ ਸਵਾਰੀਆਂ (ਚੜ੍ਹ ਕੇ) ਤੇ ਅਕਾਸ਼ਾਂ ਨੂੰ ਜਾਂਦੇ ਹਨ।

[1]ਉਹ ਭਿਆਨਕ ਲੀਕ ਜਿਹੀ ਪਾਉਂਦੀ ਜਾਂਦੀ ਹੈ।

[1]ਜਿਸ ਨੂੰ ਸੁਣ ਕੇ ਤ੍ਰੁੱਬਕ ਉਠਦੇ ਹਨ, ਸੱਤ ਧਾਰਾਂ ਦੇਰਾਜਿਆਂ ਦੀ ਮੱਤ ਚਲੀ ਜਾਂਦੀ ਹੈ।

[1]ਬਹੁਤਾ ਛਲੀਆ ਕਹਲੂਰ ਦਾ ਰਾਜਾ (ਭੀਮ ਚੰਦ) ਬਹੁਤਾ ਝੁਰਦਾ ਤੇ (ਕਹਿਲੂਰ) ਘਬਰਾਹਟ ਕਰਦਾ ਹੈ। (ਕਾਹਲ-ਘਬਰਾਹਟ, ਕਾਹਲ ਤੋਂ ਕਹਿਲੂਰ।)

[1]ਜਿਵੇਂ ਸ਼ੇਰ ਨੂੰ ਵੇਖ ਕੇ ਹਾਥੀ ਝੁਰਦੇ ਹਨ।

ਬੁਲੰਦ ਡਰੈਂ[1] ਧਰਿ ਹੈਂ ਬਹੁ ਸ਼ੰਕਾ।
[1]ਬਹੁਤੇ ਮਸੰਦ ਬਹੁਤ ਡਰਦੇ ਹਨ।

ਮਾਤ ਢਿਗੈ ਬਿਬਿਧਾ[1] ਰਚਿ ਬਾਤ,
[1]ਅਨੇਕ ਤਰ੍ਹਾਂ ਦੀਆਂ।

ਸੁਨਾਤ ਡਰਾਤ ਦਿਖਾਤਿ ਭਿਅੰਕਾ[1]।
[1]ਡਰ।

ਸ੍ਰੀ ਹਰਿਗੋਬਿੰਦ ਜਜੋਂ ਭਵ ਹੈ[1] ਕਹਿੰ,
[1]ਹੋਵੇਗੀ।

ਪੁੰਜ[1] ਮਰੈਂ ਭਟ ਜੂਝ ਨਿਸੰਕਾ।
[1]ਬਹੁਤੇ।

ਬੈਰ ਗਿਰੇਸ ਬਿਸੇਸ ਕਰੈਂ,
ਲਖਿ ਦੇਸ ਨਿਜੰ, ਸੁਨਿ ਕੈ ਧੁਨਿ ਡੰਕਾ[1] ॥੬॥
[1]ਨਗਾਰੇ ਦੀ ਅਵਾਜ਼।

ਆਹਵ ਘੋਰ[1] ਸਜੋਰ ਪਰੈ,
[1]ਭਿਆਨਕ ਜੰਗ।

ਜਬਿ ਦੇਸ ਬਿਸੇਸ ਭਵੈ ਹਮ ਬੈਰੀ।
ਹਾਕਮ ਜੇ ਤੁਰਕੇਸ਼ ਬਲੀ ਬਡ,
ਆਵਿਹਿੰਗੇ ਚਢਿ ਸੋ ਬਿਨ ਦੈਰੀ[1]।
[1]ਦੇਰ ਤੋਂ ਬਿਨਾ।

ਹੋਇ ਉਪੱਦ੍ਰਵ ਤੀਰ ਸੱਤਤ੍ਰੁਵ[1]
[1]ਸਤਿਲੁਜ ਦੇ ਕੰਢੇ।

ਮੱਦਦ ਅੱਦ੍ਰ ਪਤੀਨ ਬਧੈਰੀ[1]।
[1]ਪਹਾੜੀ ਰਾਜਿਆਂ ਦੀ ਮਦਦ ਬਹੁਤ ਹੈ।

ਫੇਰ ਥਵੈ ਬਸਬੋ ਕਸਬੋ ਪੁਰਿ
ਆਨੰਦ, ਸਾਨੰਦ ਨਾਹਿਂ ਕਦੈਰੀ[1] ॥੭॥
[1]ਫੇਰ ਸ੍ਰੀ ਅਨੰਦਪੁਰ ਦੇ ਕਸਬੇ ਵਿੱਚ ਅਨੰਦ ਨਾਲ ਵਸਣਾ ਕਦੇ ਵੀ ਨਹੀਂ ਹੋਵੇਗਾ।

ਜਬਿ ਰੌਰ ਮਚੈ ਇਸ ਤੌਰਹਿ ਗੌਰ[1],
[1]ਬਹੁਤਾ।

ਤੁ ਸੰਗਤ ਆਵਨ ਤੈ ਹਟ ਹੈ।
ਖਰਚੈਂ ਸਬ ਕੋਸ਼[1] ਗੁਰੂ ਘਰ ਕੋ,
[1]ਖ਼ਜ਼ਾਨਾ।

ਅਰੁ ਆਮਦਨੀ ਬਹੁਰੋ ਘਟ ਹੈ।
ਇਕ ਲੰਗਰ ਕਾ ਖਰਚਾ ਬਢ ਹੈ,
ਨਿਬਹੈ ਕਿਮ ਜੈਸ ਗੁਰੁ ਠਟ ਹੈ[1]।
[1]ਗੁਰਾਂ ਨੇ ਧਾਰੀ ਹੈ।

ਕਰਿ ਹੈਂ ਭਟ ਭੂਖੇ ਕਹਾਂ ਲਰ ਹੈਂ[1],
[1]ਭੁੱਖੇ ਸੂਰਮੇ ਕੀ ਕਰਨਗੇ ਤੇ ਕਿਵੇਂ ਲੜਨਗੇ।

ਪਰ ਹੈ ਮਗ ਭੂਰ[1] ਕਿਛੂ ਕਟ ਹੈਂ ॥੮॥
[1]ਬਹੁਤੇਰਾਹ ਪੈ ਜਾਣਗੇ।

ਖਰਚਾ ਜਬਿ ਸੈਨ ਚਹੈ ਗੁਰੁ ਤੈ,
ਪਰਚਾ ਤੁਮ ਸੋਂ ਤਬਿ ਆ ਪਰ ਹੈ[1]।
[1]ਤਦੋਂ ਤੁਹਾਡੇ ਨਾਲ (ਪਰਚਾ) ਹਿਸਾਬ ਕਿਤਾਬ ਆ ਪਵੇਗਾ।

ਜ਼ਰ ਜ਼ੇਵਰ ਤੇਵਰ[1] ਜੋ ਘਰ ਮੈਂ,
[1]ਸੋਨੇ ਦੇ ਗਹਿਣੇ ਤੇ ਕਪੜੇ।

ਗੁਰੁ ਦੈਂਹ ਤਿਨੈ ਤੁਮ ਤੇ ਹਰ ਹੈ[1]।
[1]ਤੁਹਾਥੋਂ ਖੋਹ ਕੇ।

ਜਬਿ ਤਾਂ ਪਰ ਭੀ ਨਹਿਂ ਪੂਰੀ ਪਰੈ,
ਸਿਖ ਛੋਰ ਗੁਰੈਂ ਘਰ ਹੈਂ ਬਰ ਹੈਂ[1]।
[1]ਘਰਾਂ 'ਚ ਜਾ ਵੜਨਗੇ।

ਇਮ ਹੋਇ ਖਰਾਬੀ ਸ਼ਿਤਾਬੀ ਬਡੀ, ਫਿਰ
ਪੇਸ਼ ਨ ਲੇਸ ਕਿਛੂ ਚਰ ਹੈ[1] ॥ ੯ ॥

[1]ਚਲੇਗੀ।

ਅਬਿ ਸਾਹਬਜ਼ਾਦੇ ਤਈਂ ਸਮਝਾਵਹੁ,
ਜੇ ਸਮਝੈ ਤੁਮਰੋ ਸਮਝਾਯਾ।
ਮੇਲ ਵਿਖੇ ਸੁਖ ਹੈ ਸਬਿ ਹੀ,
ਕਿਨਹੂੰ ਕਬ ਹੀ ਲਰਿ ਸੂਖ ਨ ਪਾਯਾ।
ਯਾ ਬਿਧਿ ਕਾਯਰ ਕੂਰਨ ਭੂਰਨ[1],

[1]ਬਹੁਤਿਆਂ ਝੂਠਿਆਂ ਨੇ।

ਮਾਤਹਿ ਬਾਤਹਿਂ ਲਾਇ ਡਰਾਯਾ।
ਜਾਨਤ ਨਾਂ ਗੁਰੁ ਕੀ ਮਹਿਮਾਂ ਜਢ[1],

[1]ਮੂਰਖ।

ਜਾਂ ਹਿਤ ਆਪ ਅਕਾਲ ਪਠਾਯਾ ॥ ੧੦ ॥
ਦਿਨ ਏਕ ਕਹਯੋ ਜਨਨੀ ਗੁਰੁ ਕੋ,
ਤੁਮ ਲਾਇਕ ਬੀਰ ਸਪੂਤ ਬਲੀ।
ਸਮ ਦੂਜ ਸਸੀ ਜਗ ਪੂਜ ਸਹੀ,
ਦਿਹੁਂ ਸੂਝ ਵਹੀ ਜਿਮ ਥੀਵ ਭਲੀ[1]।

[1]ਦੂਜ ਦੇ ਚੰਦ ਵਾਂਗ ਤੁਸੀਂ ਠੀਕ ਜਗਤ ਪੂਜ ਹੋ ਮੈਂ ਤੁਹਾਨੂੰ ਉਹੀ ਸਿੱਖਿਆ ਦੇਂਦੀ ਹਾਂ ਜਿਵੇਂ ਭਲੀ ਹੋਵੇ।

ਗੁਰੁ ਨਾਨਕ ਪੀਰ ਫਕੀਰ ਭਏ,
ਤੁਮ ਭੀ ਵਹਿ ਰੂਪ ਅਨੂਪ ਵਲੀ[1]।

[1]ਸ਼ਕਤੀਵਾਨ ਹੋ।

ਸਮ ਮਿੱਤਰ ਸੱਤਰ ਕੋ ਪਿਖਬੋ,
ਇਹੁ ਰੀਤਿ ਗੁਰੂ ਘਰ ਆਤ ਚਲੀ ॥ ੧੧ ॥
ਨਹਿ ਜੈਸ ਬਿਰੋਧ ਬਢੈ ਕਿਸ ਸੋਂ,
ਵਹਿ ਕਾਮ ਤੁਮੈਂ ਚਹੀਏ ਕਰਨੋ।
ਸੁਖ ਹੈ ਸਭ ਹੀ ਇਤਫਾਕ ਵਿਖੇ,
ਦੁਖ ਪੁੰਜ ਨਫਾਕ ਵਿਖੇ ਬਰਨੋ[1]।

[1]ਫੁੱਟ ਵਿੱਚ ਬਹੁਤੇ ਦੁੱਖ ਕਹੇ ਹਨ।

ਇਸ ਕਾਰਨ ਤੈ ਸਦ ਹੀ ਸਬਿ ਸੋਂ,
ਦਿਢ ਮੇਲ ਭਲੇ ਚਹੀਏ ਧਰਨੋ[1]।

[1]ਰਖਣਾ ਚਾਹੀਦਾ ਹੈ।

ਕਹਲੂਰ ਪਤੀ ਬਲਵਾਨ ਅਤੀ,
ਮਮ ਮਾਨ ਮਤੀ[1] ਤਜ ਦੈ ਲਰਨੋ ॥ ੧੨ ॥

[1]ਮੇਰੀ ਸਲਾਹ ਮੰਨ ਕੇ।

ਨ੍ਰਿਪ ਔਰ ਦੁਬਿੰਸਤ ਧਾਰਨ ਕੇ[1],

[1]ਬਾਈ ਧਾਰਾਂ ਦੇ।

ਸਬਿ ਮੱਦਤਗਾਰ ਤਿਸੈ ਬਨ ਹੈਂ।
ਤਿਨ ਕੈ ਢਿਗ ਸੈਨ ਬਲੀ ਭਟ ਹੈਂ,

ਬਡ ਆਯੁਧ ਦੇਸ ਘਨੋ ਧਨ ਹੈ।
ਪਤਿਸ਼ਾਹਿ ਨੁਰੰਗ ਸਹਾਇਕ ਹ੍ਵੈ,
ਪਠ ਹੈ ਦਲ ਸਾਵਨ ਜਜੋਂ ਘਨ ਹੈਂ[1]। [1]ਸਾਉਣ ਦੇ ਬੱਦਲਾਂ ਵਾਂਗ ਦਲ ਭੇਜੇਗਾ।
ਕਿਮ ਬੈਰ ਨਿਭੈ ਤਿਨ ਸੋਂ ਤੁਮਰੋ,
ਜਿਮ ਸਿੰਧੁ ਨਰੋਕ ਸਕੈ ਕਨ ਹੈ[1] ॥ ੧੩ ॥ [1]ਜਿਵੇਂ ਕਿਣਕਾ ਸਮੁੰਦਰ ਨੂੰ ਨਹੀਂਰੋਕ ਸਕਦਾ।
ਸੁਖ ਨਾਂਹਿ ਲਹਜੋ ਕਬਹੀ ਕਿਨਹੂੰ,
ਨਿਜ ਤੈ ਬਲਵਾਨਨ ਸੰਗ ਅਰੈ ਕੈ[1]। [1]ਅੜ ਕੇ।
ਪੁਰਿ ਦੇਸ ਪਰੈ ਤਜਨੋ ਤੁਮ ਕੋ,
ਨਿਜ ਸਿੱਖਨ ਕੋ ਰਣ ਮੈਂ ਮਰਵੈ ਕੈ।
ਜਿਮ ਛੋਰਿ ਸੁਧਾਸਰ ਤੋਰ ਪਿਤਾਮਹਿ,
ਬਾਸ ਲਯੋ ਪੁਰਿ ਕੀਰਤਿ ਐ ਕੈ।
ਇਹੁ ਭੂਪ ਪਰੋਸਿ ਧਨੀ ਧਰ ਕੋ[1], [1]ਇਹ ਗਵਾਂਢੀਰਾਜਾ, ਧਰਤੀ ਦਾ ਮਾਲਕ ਹੈ।
ਕਿਮ ਬੈਰ ਫਬੈ ਤਿਹ ਰਾਜਿ ਬਸੈ ਕੈ ॥ ੧੪ ॥
ਯਾਰ, ਕਵੀ, ਨ੍ਰਿਪ, ਬੀਰ, ਵਜੀਰ,
ਤਿਯਾ, ਸੁਤ, ਬੈਦ, ਪਰੋਸ ਜੁਰੈਹੈ[1]। [1]ਜਿਹੜਾ ਗਵਾਂਢ ਵਿੱਚਰਹਿੰਦਾ ਹੋਵੇ।
ਕੋਵਿਦ[1], ਜੱਗ ਕਰਾਵਨਹਾਰ, [1]ਵਿਦਵਾਨ।
ਦਿਜੇਸ਼੍ਵਰ[1], ਭੋਜਨ ਜੋਇ ਛਕੈ ਹੈ। [1]ਮੁਖੀ ਬ੍ਰਹਮਣ।
ਭੂਤ ਵਿਡਾਰ[1], ਗੁਰੂ, ਤਪਸੀ, [1]ਭੂਤ ਕੱਢਣ ਵਾਲਾ।
ਦਰਵਾਨ, ਪਛਾਨ ਪੁਰਾ ਜੁਰਧੈ ਹੈ[1]। [1]ਜੋ ਪੁਰਾਣੀ ਪਛਾਣਰਖਦਾ ਹੋਵੇ।
ਹਾਕਮ, ਭਿੱਛਕ[1] ਸੰਤ, ਇਕੀਸਨ [1]ਮੰਗਤਾ।
ਸੰਗ, ਬੁਧੀ ਜਨ ਬੈਰ ਨ ਕੈਹੈਂ[1] ॥ ੧੫ ॥ [1]ਵੈਰ ਨਹੀਂ ਕਰਦੇ।
ਬਾਮਣ, ਬਾਯਸ[1], ਬਾਲਕ, ਬੰਦਰ, [1]ਕਾਂ।
ਬਜਾਲ[1], ਬਕਾਲ[2] ਬਚਾਲ[3] ਬਿਲਾਰੀ[11]। [1]ਸੱਪ। [2]ਬਾਣੀਆਂ। [3]ਬੁਹਤਾ ਤੇ ਬ੍ਰਿਥਾ ਬੋਲਣ ਵਾਲਾ, ਬਕਵਾਦੀ। [11]ਬਿੱਲਾ।

ਬਾਰ ਬਧੂ[1] ਬਿਧਵਾ, ਬੰਦੂਆ[2], [1]ਵੇਸਵਾ। [2]ਕੈਦੀ।
ਬਹਿਤੋ ਜਲ, ਬਾਘ[1], ਬਿੱਛੂ, ਬਿਭਚਾਰੀ। [1]ਸ਼ੇਰ।
ਸੋਂਕਣ, ਸੂਮ, ਸੁਨਾਰ, ਸੁਕੈਂ[1] ਸਠ[2] [1]ਤੋਤੇ ਦਾ। [2]ਮੂਰਖ।
ਸਾਂਢ[1], ਸਨਜਾਸੀ, ਸੁਰਾਪੀ[2] ਯਸਾਰੀ[3]। [1]ਸਾਨ੍ਹ। [2]ਸ਼ਰਾਬੀ। [3]ਜਸ ਦਾ ਵੈਰੀ, ਨਿੰਦਕ।
ਭੈਂਗਹਿ[1] ਭੂੰਝਕਨੇ[2] ਕਵਰੇ[3], [1]ਟੇਢਾ ਝਾਕਣ ਵਾਲਾ। [2]ਧਰਤੀ ਵੱਲ ਝਾਕਣ ਵਾਲਾ। [3]ਜੁਆਰੀਆ। (ਕੈਰਵ- ਜੁਆਰੀਆ। ਕੈਰਵ ਤੋਂ ਕਵਰੇ।)

ਇਨ ਕੋ ਨ ਵਿਸਾਹੁ ਕਿਜੈ ਕਦਹਾਰੀ[1] ॥ ੧੬ ॥ [1]ਕਦੇ ਵੀ।
ਔਰਨ ਸੋਂ ਭਲ ਮੇਲ ਰਖੋ,
ਬਿਨ ਮੇਲ ਨ ਖੇਲ ਬਿਹਾਰ ਚਲੈ ਹੈ।
ਇਹੁ ਰੀਤਿ ਸਨਾਤਨ ਹੈ ਜਗ ਕੀ,
ਜਿਸ ਕੈ ਵਥੁ ਹੋਇ ਦੁਤੀ ਮੰਗ ਲੈ ਹੈ।
ਕਾਰਜ ਸਾਰ ਦਿਖਾਰ ਬਡੱਪਨ,
ਸੋ ਫਿਰ ਮਾਲਕ ਪਾਸ ਪਠੈ ਹੈ।
ਜਾਂਹਿ ਬਡਾਈ ਦਈ ਹਰਿ ਹੈ,
ਤਿਹ ਕੇ ਘਰ ਮਾਂਗਨ ਦੂਸਰ ਐਹੈ ॥ ੧੭ ॥
ਬਾਤ ਕਹਾਂ ਤੁਛ ਹੈ ਗਜ ਕੀ,
ਨ੍ਰਿਪ ਕੋ ਨਹਿ ਮਾਂਗਯੋ ਜੌ ਤੁਮ ਦੈਹੈਂ।
ਦੁੰਦਭਿ ਗਾਜ ਰਹਜੋ, ਜਸ ਕੋ
ਤੁਮਰੋ ਜਗ ਮੈਂ, ਸਿੰਧ ਲੌ ਸਬਿ ਪੈਹੈਂ[1]। [1]ਸਮੁੰਦਰ ਤਕ ਸਭ ਪਾਸੀਂ।
ਚਾਮ ਮਢਿ[1] ਘੁਰ ਹੈਂ[2] ਘਰ ਹੀ ਘਰ, [1]ਚੰਮ ਮੜ੍ਹੇ ਭਾਵ ਧੌਂਸੇ। [2]ਵਜਦੇ ਹਨ।
ਯਾਂਹਿ ਬਜਾਇ ਕਹਾਂ ਬਡ ਥੈਹੈਂ।
ਔਰ ਬਿਰੋਧ ਬਢੈ ਜਿਸ ਤੈ,
ਵਹਿ ਕਾਮ ਨਹੀ ਬੁਧਿਮਾਨ ਕਰੈ ਹੈਂ ॥ ੧੮ ॥
ਲਾਭ ਨ ਹ੍ਵੈ ਜਿਸ ਉਦਮ ਤੈ,
ਕਿਛੁ ਸੋ ਨ ਕਰੋ ਨੁਕਸਾਨ ਜੁ ਦੈਹੈ।
ਨਾਹਕ[1] ਕਾਂਹਿ ਕਿ ਸੰਗ ਬਿਗਾਰਨ, [1]ਐਵੇਂ, ਬਿਅਰਥ।
ਚਾਹਿਕ[1] ਨਾਂਹਿ ਤੁਮੈਂ ਬਨ ਐਹੈ। [1]ਵਿਗਾੜ ਚਾਹੁਣਾ।
ਕਾਜ ਤੁਮੈਂ ਇਹੁ ਨ ਜਗਿਰਾਜ,
ਸਮਾਜ ਦਰਾਜ[1] ਜੁ ਅੰਤ ਨਸੈ ਹੈ। [1]ਬਹੁਤੀ ਸਮੱਗ੍ਰੀ।
ਰਾਵਰ ਰਾਜ ਅਖੰਡ ਅਡੰਡ,
ਬ੍ਰਹਮੰਡ ਵਿਖੇ ਸ੍ਰੁਤਿ[1] ਸੰਤ ਕਥੈ ਹੈਂ ॥ ੧੯ ॥ [1]ਵੇਦ।

ਕਬਿੱਤ:
ਐਸੀ ਐਸੀ ਭਾਂਤਿ ਬਾਤ ਮਾਤ ਤੈ ਬਖਯਾਤ ਸੁਨਿ,
ਬੋਲੇ ਦੁਖ ਹਾਤ[1] ਸੁਖ ਦਾਤ ਕਲਜਾਨ ਹੈ। [1]ਦੁੱਖ ਨਾਸ ਕਰਨ ਵਾਲੇ।
ਤਪ ਕਰਤੈ ਕੋ ਮੋਹਿ ਕਰਤੇ ਪਠਾਯੋ,
ਹੇਤ ਧਰ ਭਾਰ ਹਰਬੇ ਕੋ ਦਰਬੇ ਦੁਜਾਨ ਹੈਂ[1]। [1]ਧਰਤੀ ਦਾ ਭਾਰ ਮੇਟਣ ਤੇ ਖੋਟੇ ਪੁਰਸ਼ਾਂ ਨੂੰ ਦਲਣ ਲਈ।

ਕਪਟੀ ਕੁਟਿਲ ਭੀਮ ਸਸਿ ਸੇ ਹੰਕਾਰੀਓਂ ਕੇ,
ਗਰਬ ਸਰਬ ਅਬਿ ਕਰਬ ਮੈਂ ਹਾਨ ਹੈਂ[1]।
[1]ਮੈਂ ਹੁਣ ਨਾਸ ਕਰਾਂਗਾ।

ਚਾਹਿਤ ਦਬਾਯੋ ਮੋਹਿ ਗਿਰਪਤਿ ਮੂਢ ਮਤਿ,
ਸਿੰਘ ਕੋ ਸਜਾਰ ਪਟ ਬੀਜਨੋ ਜਜੋਂ ਭਾਨ ਹੈਂ[1]
॥੨੦॥
[1]ਜਿਵੇਂ ਸ਼ੇਰ ਨੂੰ ਗਿਦੜ ਤੇ ਸੂਰਜ ਨੂੰ ਟਟਿਆਣਾ ਦਬਾਉਣਾ ਚਾਹੇ।

ਲਰਬੇ ਨ ਜੈਹੂੰ ਕੈਹੂੰ ਦ੍ਵਾਰ ਮੈਂਹੂੰ ਮਾਨੋ ਦਿਢ,
ਦੇਸ ਗਾਂਉ ਨਾ ਦਬੈਹੂੰ ਚੈਹੂੰ ਕਾਂਹੂੰ ਰਾਜ ਨਾ।
ਲਰ ਹੈ ਜੁ ਆਇ ਚਰ੍ਹ[1] ਪਰ ਹੈ ਹਮਾਰੇ ਗਰ,
[1]ਚੜ੍ਹ ਕੇ।
ਫਰ ਹੈਂ ਨ ਫੇਰ ਖੱਗ ਹਮ ਕਿਮ ਗਾਜ ਨਾ[1]।
[1]ਫੇਰ ਅਸੀਂ (ਖਗ) ਤਲਵਾਰ ਫੜ ਕੇ ਕਿਉਂ ਨ ਗਜੀਏ।

ਧਾਰ ਤਰਵਾਰ ਗੰਗ ਧਾਰ ਤੇ ਉਦਾਰ ਅਤਿ,
ਕਰਤ ਸੰਸਾਰ ਸਿੰਧ ਪਾਰ ਐਹੈਂ ਬਾਜ ਨਾ[1]।
[1]ਅਸੀਂ ਫੇਰ ਬਾਜ਼ ਨਹੀਂ ਆਵਾਂਗੇ ਭਾਵ ਰੁਕਾਂਗੇ ਨਹੀਂ।

ਕਾਤਰ[1] ਮਸੰਦ ਮੰਦ ਬ੍ਰਿੰਦ ਪੂਜਾ ਖਾ ਬੁਲੰਦ,
[1]ਕਾਇਰ।
ਬੀਰ ਧੀਰਤਾ ਬਿਹੀਨ ਭਏ ਇਨ ਲਾਜ ਨਾ[1]
॥੨੧॥
[1]ਸ਼ਰਮ ਨਹੀਂ।

ਭੋਲੀ ਮਾਤ ਆਪ ਘਾਤ[1] ਜਾਨੋ ਕਿਆ ਮਸੰਦਨ ਕੇ,
[1]ਦਾਅ।

ਕੂਰ ਹੀ ਡਰਾਤ ਮੂਰ ਬਾਤ ਛਲ ਛੰਦ ਕੈ[1]।
[1]ਮੂਰਖ ਛਲ ਵਲ ਦੀਆਂ ਗੱਲਾਂ ਕਰ ਕੇ।

ਸਹਿਜ ਸੁਭਾਵ ਭੀਰੁ[1] ਹੋਤ ਤੀਆ ਕੋ ਸਰੀਰੁ,
[1]ਡਰਾਕੁਲ।
ਰਾਜਨੀਤਿ ਤਦਬੀਰੁ[1] ਜਾਨੈ ਨਾ ਬੁਲੰਦ ਕੈ।
[1]ਜੁਗਤੀ, ਢੰਗ।

ਭਾਵੀ ਥੀ ਜੋ ਹੋਨਹਾਰ ਰਾਖੀ ਰਚਿ ਕਰਤਾਰ,
ਜਾਨ ਤਬੈ ਗੁਰੂ ਸਾਰਿ[1], ਚਾਹਿਂ ਜਾਹਿਂ ਕੰਦ ਕੈ[2]।
[1]ਸਾਰੀ ਹੋਣਹਾਰ। [2]ਜਿਸ ਨੂੰ (ਕੰਦ) ਮਿਸ਼ਰੀ ਵਾਂਗ ਮਿੱਠੀ ਕਰ ਕੇ ਮੰਨਣਾ ਚਾਹੁੰਦੇ ਸਨ।

ਐਪਰ ਮ੍ਰਯਾਦ ਆਦਿ ਨੇਤ ਸੇਤ ਪਾਲੈਂ ਗੁਰੁ,
ਜਦੁਪਤਿ ਰਾਮ ਸਮ ਦੁੱਜਨ ਨਿਕੰਦ ਕੈ[1] ॥੨੨॥
[1]ਪਰ ਸਤਿਗੁਰ ਮੁਢਲੀ (ਸੇਤ) ਉੱਜਲੀ ਮ੍ਰਯਾਦਾ ਅਨੁਸਾਰ (ਨੇਤ) ਹੋਣਹਾਰ ਨੂੰ ਪਾਲਦੇ ਹਨ ਭਾਵ ਭਾਣਾ ਮਿੱਠਾ ਕਰ ਕੇ ਮੰਨਦੇ ਹਨ (ਜਦ ਪ੍ਰਤਿ) ਕ੍ਰਿਸ਼ਨ ਤੇਰਾਮ ਚੰਦਰ ਵਾਂਗ ਦੁਸ਼ਟਾਂ ਨੂੰ ਮਾਰ ਕੇ।

ਨੰਦ ਚੰਦ ਬੰਦਿ ਕਰ ਢਿਗ ਤੈ ਅਮੰਦ ਤਰ[1],
[1]ਬਹੁਤ ਉਤਮ (ਬਚਨ)।
ਕਹਜੋ ਕਹਾਂ ਕਚੇ ਕੋਹੀ ਛੰਦ ਬੰਦ ਕਰ ਹੈਂ[1]।
[1]ਕਚੇ (ਕੋਹੀ) ਪਹਾੜੀਏ ਕੀ ਛਲ ਵਲ ਕਰਦੇ ਹਨ।

ਅਬ ਗਜ ਮਾਂਗ ਲੈਹੈਂ ਔਰ ਵਥੁ ਫੇਰ ਚੈਹੈਂ,
ਆਖਰ ਕਹਾਂ ਲੌ ਦੈਹੈਂ ਅੰਤ ਫੇਰ ਲਰ ਹੈਂ।

ਤਾਂਤੇ ਅਬਿ ਹੀ ਜਵਾਬ ਤਿਨੈ ਦੈਨ ਹੈ ਸਵਾਬ[1],
ਲਰੈਂ ਆਇ ਜਜੋਂ ਸ਼ਿਤਾਬ[1] ਹਾਰ ਜਾਂਹਿ ਘਰ ਹੈਂ।
ਰੰਚਕ ਸੇ ਕੰਚਨ ਕੋ ਮਾਨ ਕਹਾਂ ਮੇਰੁ ਆਗੇ,
ਬੰਚਕ ਸੁ ਭੂਪ ਸਜਾਰ ਸ਼ੇਰ ਸੇ ਕਿ ਅਰ ਹੈਂ[1]
॥੨੩॥

[1]ਪੁੰਨ।
[1]ਛੇਤੀ।
[1]ਥੋੜੇ ਜਿਹੇ ਸੋਨੇ ਦਾ ਸੁਮੇਰ ਅੱਗੇ ਕੀ ਮਾਣ ਹੈ, ਠੱਗ, ਰਾਜੇ ਨਾਲ ਤੇ ਗਿੱਦੜ ਸ਼ੇਰ ਨਾਲ ਕਿਵੇਂ ਅੜ ਸਕਦਾ ਹੈ।

ਮਾਤ ਸੁਨਿ ਗਹਜੋ ਮੌਨ ਹੋਇ ਖ਼ੁਸ਼ ਦਯਾ ਭੌਨ,
ਜਿਨੈਂ ਕਿਛੁ ਗੌਂ ਨ ਭੌ ਨ ਕੌਨ ਅਰਿ ਕਾਂਹਿ ਕੋ[1]।

[1]ਜਿਨ੍ਹਾਂ ਨੂੰ ਕੁਝ (ਗੌਂ) ਮਤਲਬ ਨਹੀਂ ਅਤੇ (ਭੌਂ) ਭੈ ਨਹੀਂ (ਅਤੇ ਨਾ ਹੀ ਇਹ ਸਮਝਦੇ ਹਨ) ਕਿ ਕੌਣ ਕਿਸ ਦਾ ਵੈਰੀ ਹੈ (ਭਾਵ ਨਿਰਵੈਰ ਹਨ)।

ਖਿਲਤ ਖਿਤਾਬ ਨੰਦ ਚੰਦ ਕੋ ਅਤਾ ਬਖਾਨ
ਕੀਓ ਹੈ ਦਿਵਾਨ ਪੈ ਸ਼ਿਤਾਬ ਨਿਜ ਤਾਂਹਿ ਕੋ[1]।

[1]ਸਿਰੋਪਾਉ ਤੇ ਦੀਵਾਨ ਦੀ (ਖਤਾਬ) ਪਦਵੀ ਦੀ, ਤਿਸ ਨੰਦ ਚੰਦ ਨੂੰ ਆਪਣੇ ਵੱਲੋਂ ਕਹਿ ਕੇ ਬਖ਼ਸ਼ਸ਼ ਕੀਤੀ।

ਕਾਰ ਸਭਿ ਸੈਨ ਹੂੰ ਕੋ ਔਰ ਲੈਨ ਦੈਨ ਹੂੰ ਕੋ,
ਨਿਕਟ ਰਹੈਨ ਹੂੰ ਕੋ ਦੀਓ ਗੁਰੁ ਵਾਂਹਿ ਕੋ।
ਆਯੁਧਨ ਕੋ[1] ਅੱਭਜਾਸ ਕਰਵਾਤ ਗੁਰੁ ਖਾਸ[2],
ਪੂਰਤ ਸਿੱਖਨਿ ਆਸ ਜਾਸ ਮਨ ਜਾਂਹਿ ਕੋ[1]
॥੨੪॥

[1]ਸ਼ਸਤ੍ਰਾਂ ਦਾ। [2]ਆਪ।
[1]ਜਿਸ ਦੇ ਮਨ 'ਚ ਜੈਸੀ ਆਸਾ ਹੈ।

ਸ਼ਿਕਰੇ[1] ਸ੍ਵਾਨ[2] ਬਾਜ ਸਾਜ ਜੁਰਰੇ ਸਮਾਜ[3]

[1]ਬਾਜ਼ ਦੀ ਕਿਸਮ ਦੇ ਸ਼ਿਕਾਰੀ ਪੰਛੀ। [2]ਕੁੱਤੇ। [3]ਸਾਜ਼ੋ-ਸਾਮਾਨ ਇਕੱਠਾ ਕਰਕੇ।

ਖੇਲਤ ਅਖੇਰ[1] ਦੇਸ ਰਾਜਨ ਕੈ ਜਾਇ ਕੈ।
ਲੰਘਨ ਸਘਨ ਬਨ ਕੰਦ੍ਰੋਂ ਕੇ ਅੰਦ੍ਰੋ ਮੈਂ,
ਸੈਲ ਕਰੈਂ ਸੈਲਨ ਗੁਸੈਲ ਛੈਲ ਪਾਇ ਕੈ[1]।

[1]ਸ਼ਿਕਾਰ।
[1]ਸੰਘਣੇ ਜੰਗਲਾਂ ਨੂੰ ਲੰਘ ਕੇ ਪਹਾੜਾਂ ਤੇ ਕੰਦਰਾਂ ਵਿੱਚ ਗੁੱਸੇ ਵਾਲੇ (ਛੈਲ) ਸੂਰਮੇ ਦੌੜ ਕੇ ਸੈਰ ਕਰਦੇ ਹਨ।

ਸੂਕਰ[1] ਸਸੇ[2] ਝਿੰਗਾਰ[3] ਰੋਝ[11] ਰੀਛ ਸ਼ੇਰ ਸਜਾਰ[22],
ਤੀਤਰ ਲਵੇ[1] ਅਪਾਰ ਮ੍ਰਿਗ ਬਰੁ ਭਾਇ ਕੈ[2]।
ਪਾਢੇ[1] ਕਕੜੈਲ[2] ਮਾਰੇ, ਗੈਲ ਨਾ ਸੰਭਾਰੇ ਐਲ

[1]ਸੂਰ। [2]ਸਹੇ। [3]ਬਾਰਾਂ ਸਿੰਗੇ (ਝੰਖਾਰ-ਬਾਰਾਂ ਸਿੰਗਾ)। [11]ਗਵਯ-ਨੀਲ ਗਾਇ। [22]ਗਿੱਦੜ।
[1]ਬਟੇਰੇ। [2]ਚੰਗੀਆਂ ਕਿਸਮਾਂ ਦੇ।
[1]ਪਾੜਾ-ਭੂਰੇਰੰਗ ਦਾ ਦੋ ਫੁੱਟ ਉੱਚਾ ਹਰਨ। [2]ਪਹਾੜੀ ਹਰਨ ਜੋ ਕੁੱਤੇ ਵਾਂਗ ਭੌਂਕਦਾ ਹੈ।

ਪਾਰੈ, ਖੈਲ ਭੈਲ ਸੈਲ-ਪਤਿਨਿ ਦਿਖਾਇ ਕੈ[1]
॥੨੫॥

[1]ਰਸਤਾ ਨਹੀਂ ਸੰਭਾਲਦੇ (ਐਲ) ਰੌਲਾ {ਪਾਰੈ} ਪਾਉਂਦੇ ਹਨ ਪਹਾੜੀ ਰਾਜਿਆਂ ਨੂੰ (ਖੈਲ ਭੈਲ) ਖਲਬਲੀ ਦਿਖਾ ਕੇ}।

ਧੌਂਸ ਕੀ ਧੁਂਕਾਰ ਸੁਨਿ ਧਮਕਤ ਗਿਰਿਪਤਿ,
ਮਸਕਤ ਰਸਕ ਧਰਤ ਖੁਨਸਾਇ ਕੈ[1]।

[1]ਧੌਂਸੇ ਦੀ ਅਵਾਜ਼ ਸੁਣ ਕੇ ਪਹਾੜੀ ਰਾਜੇ (ਧਮਕਤ) ਡਰ

ਨਾਲ ਕੰਬਦੇ ਹਨ, ਖਿਝ ਕੇ (ਮਸਕਤ) ਕਸ਼ਟ ਧਾਰਦੇ ਤੇ (ਰਸਕ) ਰੀਸ ਕਰਦੇ ਹਨ। (ਰਸ਼ਕ-ਰੀਸ, ਦੂਜੇ ਜੇਹਾ ਹੋਣ ਦੀ ਇੱਛਾ।)

ਸ਼ੋਰ ਨ ਥੋਰਨ ਕੈ ਬਟੋਰਨ ਟੋਰਨ ਮ੍ਰਿਗ,
ਛੋਰਨ ਤੁਫੰਗ ਅੰਗ ਫੋਰਨ ਤਕਾਇ ਕੈ[1]।

[1]ਥੋੜਾ ਜਿਹਾ ਵੀ ਸ਼ੋਰ ਨਹੀਂ ਕਰਦੇ (ਬਟੋਰਨ) ਇਕੱਠੇ ਹੋ ਕੇ ਹਰਨਾਂ ਨੂੰ ਟੋਲਦੇ ਹਨ, ਤਕਾ ਕੇ ਬੰਦੂਕਾਂ ਛੱਡਦੇ ਹਨ (ਤੇ ਉਨ੍ਹਾਂ ਦੇ) ਅੰਗਾਂ ਨੂੰ ਭੰਨ ਦਿੰਦੇ ਹਨ।

ਘੋਰਨਿ ਧਵਾਇ[1] ਸਮ ਮੋਰਨ ਨਚਾਇ,
ਬਾਗ ਮੋਰਨ ਓਰਨ ਪੁਰਿ ਜ਼ੋਰਨ ਜਨਾਇ ਕੈ[1]।
ਹੇਰਿ ਨਰ ਨਾਰੀ ਦ੍ਵਾਰੀ ਬਾਰੀ ਪੈ ਅਟਾਰੀ ਚਢਿ,
ਜਾਤ ਬਲਿਹਾਰੀ ਸਾਰੀ ਰਹਿਤ ਲੁਭਾਇ ਕੈ
॥੨੬॥

[1]ਘੋੜਿਆਂ ਨੂੰ ਭਜਾਉਂਦੇ ਹਨ।

[1]ਜ਼ੋਰ ਨੂੰ ਜਣਾ ਕੇ ਸ਼ਹਿਰ ਦੀ ਤਰਫ਼ ਵਾਗਾਂ ਮੋੜਦੇ ਹਨ।

ਆਨ ਕੈ ਦਿਵਾਨ ਮੈਂ ਥਿਰਾਨ[1] ਗੁਰੁ ਆਸਨ ਪੈ,
ਦਾਸਨਿ ਨਿਰਾਸਨ ਖਾਸਨ ਆਸ ਪੂਰ ਹੈਂ[1]।

[1]ਬੈਠਦੇ ਹਨ।

[1]ਨਿਰਾਸ ਦਾਸਾਂ ਦੀਆਂ (ਖਾਸਨ) ਆਪ ਆਸਾਂ ਪੂਰੀਆਂ ਕਰਦੇ ਹਨ।

ਲਜਾਵਤ ਮਸੰਦ ਬ੍ਰਿੰਦ ਸਿੱਖਨ ਕੋ ਪ੍ਰੇਰ ਕਰਿ,
ਦੇਸ ਔ ਬਿਦੇਸਨ ਤੇ ਗੁਰੂ ਕੈ ਹਜੂਰ ਹੈਂ।
ਉਮਦੇ[1] ਹਥਜਾਰ ਘੋੜੇ ਬਿਬਿਧਾ ਬਸਨ ਜੋੜੇ[2],
ਦੇਤ ਸਿਖ ਹੈਂ ਨ ਥੋੜੇ ਸੰਗ ਧਨ ਭੂਰ[1] ਹੈਂ।
ਬਾਂਛਿਤ ਸੁ ਫਲ ਚਾਰੁ ਪਾਇ ਗੁਰੂ ਕਾ ਦਿਦਾਰ,
ਸੁਜਸ ਅਪਾਰ ਸੋ ਉਚਾਰਤ ਜਰੂਰ ਹੈਂ ॥੨੭॥

[1]ਚੰਗੇ, ਵਧੀਆ। [2]ਅਨੇਕ ਤਰ੍ਹਾਂ ਦੇ ਬਸਤ੍ਰਾਂ ਦੇ ਪੁਸ਼ਾਕੇ।

[1]ਬਹੁਤਾ।

ਕੋਊ ਏਕ ਮਾਸ ਕੋਊ ਦੋਇ ਮਾਸ ਚਾਰ ਖਟ[1],
ਗੁਰੂ ਪਾਸ ਬਾਸ ਕਰਿ ਫਿਰ ਘਰ ਜਾਨ ਕੋ।
ਛੋਰਿ ਜਗਿ ਮਗ[1] ਪਗ ਸੇਵਤ ਗੁਰੂ ਕੇ ਸਿੱਖ,
ਜੈਸੇ ਸੁਰ ਸੁਰਤਰੁ ਸੇਵੈਂ ਮਘਵਾਨ ਕੋ[1]।

[1]ਕੋਈ ਚਾਰ ਮਹੀਨੇ ਤੇ ਕੋਈ ਛੇ ਮਹੀਨੇ।

[1]ਜਗਤ ਦਾ ਰਾਹ।

[1]ਜਿਸ ਤਰ੍ਹਾਂ ਦੇਵਤੇ ਕਲਪ ਬ੍ਰਿੱਛ ਤੇ ਇੰਦ੍ਰ ਦੀ ਸੇਵਾ ਕਰਦੇ ਹਨ।

ਬਿਸਤਾਰੀ ਕੀਰਤੀ ਉਜਯਾਰੀ ਗੰਗ ਧਾਰੀ ਸਮ,
ਬਿਸਤਾਰੀ ਭਵ ਬਿਸੁਤਾਰੀ ਬਿਸਆਨ ਕੋ[1]।

[1]ਗੰਗਾ ਦੀ ਧਾਰਾ ਵਰਗੀ ਉੱਜਲ ਕੀਰਤੀ (ਬਿਸਤਾਰੀ) ਫੈਲਾਈ ਹੈ ਅਤੇ (ਬਿਸਤਾਰੀ) ਫੈਲੇ ਹੋਏ (ਭਵ) ਸਾਗਰ ਦੇ ਵਿਸ਼ਿਆਂ ਦੀ (ਬਿਸੁਤਾਰ) ਜ਼ਹਿਰ ਉਤਾਰ ਦਿੱਤੀ ਹੈ।

ਰਾਂਕਾ-ਪਤਿ ਗੁਰੁ ਜਸ ਕੋਕ ਨ੍ਰਿਪ ਸੋਕ ਬਸ,
ਮੰਦ ਜਨ ਅੰਧ ਤਮ ਕੰਜਰੰਜ ਠਾਨ ਕੋ[1] ॥੨੮॥

[1]ਗੁਰਾਂ ਦਾ ਜੱਸ ਪੁੰਨਿਆ ਦਾ ਚੰਦ ਹੈ। ਰਾਜਾ ਭੀਮ ਚੰਦ ਚਕਵੇ ਵਾਂਗ ਸੋਗ ਦੇ ਵਸ ਹੋ ਗਿਆ ਹੈ। ਮੰਦੇ ਤੇ (ਅੰਧ) ਅਗਿਆਨੀ

ਪੁਰਸ਼ ਅਨ੍ਹੇਰੇ ਤੇ ਕੰਵਲ ਵਾਂਗ ਗੁੱਸਾ ਕਰਦੇ ਹਨ।

ਦੋਹਰਾ:

ਦੂਜ ਇੰਦ ਸਮ ਪੂਜ ਜਗ,
ਗੁਰੂ ਪ੍ਰਤਾਪ ਬਿਸੇਸ।
ਚਢਿਤ ਬਢਿਤ ਨਿਤ ਅਧਿਕ ਹੀ,
ਪਿਖਿ ਸਿੱਖ ਕੰਜ ਜਲੇਸ[1] ॥ ੨੯ ॥

[1]ਸਤਿਗੁਰੂ ਰੂਪ (ਜਲੇਸ) ਸਰੋਵਰ ਦਾ ਪ੍ਰਤਾਪ ਰੂਪ ਪਾਣੀ ਨਿਤ ਬਹੁਤਾ ਚੜ੍ਹਦਾ ਵੇਖ ਕੇ ਸਿੱਖਾਂ ਰੂਪ ਕੰਵਲ ਬਹੁਤੇ ਵਧਦੇ ਹਨ।

ਚੌਪਈ:

ਸ਼ਸਤ੍ਰ ਸ਼ਾਸਤ੍ਰ ਬਿੱਦਜਾ ਦੋਈ।
ਬਿਰਧਾਵਤ ਗੁਰੁ ਨਿਤ ਨਵ ਸੋਈ।
ਕਠਨ ਕੁਵੰਡ[1] ਖੈਂਚ ਹੈਂ ਜੋਊ।
ਔਰ ਨ ਐਂਚ[1] ਸਕੈ ਤਿਹ ਕੋਊ ॥ ੩੦ ॥

[1]ਕਰੜਾ ਧਨੁਸ਼।
[1]ਖਿੱਚ।

ਬੀਰਨ ਧੀਰਨ ਭੀਰ ਬਢੈ ਹੈਂ।
ਤੀਰ ਨ ਗੁਰੁ ਸਮ ਕੋਇ ਚਲੈ ਹੈਂ।
ਅਰਜਨ ਕਰਣ ਰਾਮ ਸੁਨ ਰਾਖੇ।
ਕਹੈਂ ਸੁਭਟ ਸਬਿ ਗੁਰੁ ਅਬਿ ਲਾਖੇ[1] ॥ ੩੧ ॥

[1]ਹੁਣ ਗੁਰੂ (ਉਨ੍ਹਾਂ ਵਰਗੇ) ਜਾਣੇ ਹਨ।

ਅਤਿ ਬਲਵੰਡ ਦੰਡ-ਭੁਜ[1] ਗੁਰ ਕੇ।
ਪਿਖਿ ਸੁਨਿ ਧੀਰ ਛੁਟਤ ਅਰਿ ਉਰਿ ਕੇ।
ਬਾਈ ਧਾਰ ਪਹਾਰਨ ਰਾਜੇ।
ਕਰਤ ਬਾਤ ਇਸ ਭਾਂਤਿ ਦਰਾਜੇ[1] ॥ ੩੨ ॥

[1]ਬਹੁਤੀਆਂ।

ਬੀਜ ਬਿਰੋਧ ਭੀਮ ਸਸਿ ਸੰਗੈਂ।
ਪਰਜੋ, ਸ਼ਰੀਕ ਭਯੋ ਕਹਿਂ ਚੰਗੈਂ[1]।
ਲਰੈਂ ਪਰੈ ਜਬਿ ਗਰੈਂ ਲਰਾਈ।
ਭਵੈ ਦੀਨ[1] ਹਮ ਪੈ ਤਬਿ ਆਈ ॥ ੩੩ ॥

[1]ਚੰਗਾ ਹੋਇਆ।
[1]ਅਧੀਨ ਹੋਵੇਗਾ।

ਕਾਂਗੜੇਸ ਕ੍ਰਿਪਾਲ ਅਪਾਵਨ[1]।
ਚਹਜੋ ਕਲੇਸ਼ ਬਿਸ਼ੇਸ਼ ਬਢਾਵਨ।
ਭੀਮ ਚੰਦ ਪੈ ਸਚਵ[1] ਪਠਾਯੋ।
ਤਿਹ ਭ੍ਰਮਾਇ ਸ਼ਰਮਾਇ[1] ਸਿਖਾਯੋ ॥ ੩੪ ॥

[1]ਅਪਵਿੱਤ੍ਰ।
[1]ਵਜ਼ੀਰ।
[1]ਸ਼ਰਮਿੰਦਾ ਕਰ ਕੇ।

ਬਸਰਸ[1] ਰਾਜ ਤੁਮਾਰੇ ਮਾਹੀ।

[1]ਵਸਦਾਰਸਦਾ ਹੈ।

ਭਯੋ ਤੁਮੀ ਸੋਂ ਗੁਰੁ ਗੁਮਰਾਹੀ[1]। [1]ਉਲਟ, ਵਿਰੋਧੀ।
ਜਿਸ ਕੀ ਬਿੱਲੀ ਤਿਸੈ ਡਰੈ ਹੈ।
ਨਿਜ ਕਰਤੂਤ ਇਹ ਕਲੀ[1] ਦਿਖੈ ਹੈ ॥ ੩੫ ॥ [1]ਕਲਜੁਗ।
ਕਜਾ ਤੁਮ ਜੀਵਤ ਹੀ ਮਰ ਗਏ।
ਦ੍ਵਾਰ ਤੁਮਾਰ ਧੋਂਸ ਬਜਵਏ।
ਫੇਰ ਅਖੇਰ ਦੇਰ ਬਿਨੁ ਕਰਿ ਕੈ।
ਲੈ ਜਾਵਤ ਭਾਵਤ ਮ੍ਰਿਗ ਹਰ ਕੈ[1] ॥ ੩੬ ॥ [1]ਮਾਰ ਕੇ।
ਚਮੂੰ ਕਰਨ[1] ਬਹੁ ਲਰਨ ਸਿਖੈ ਹੈ। [1]ਫ਼ੌਜ (ਭਰਤੀ) ਕਰਕੇ।
ਜੰਗੀ ਸਾਜ ਦਰਾਜ[1] ਬਢੈ ਹੈ। [1]ਬਹੁਤਾ।
ਇਕ ਕਾਂਨਨ ਮੈਂ ਜੁਗ ਪੰਚਾਨਨ[1]। [1]ਇਕ ਜੰਗਲ ਵਿੱਚ ਦੋ ਸ਼ੇਰ।
ਦੋਇ ਸਮਾਤ ਤੇਗ, ਇਕ ਮਿਆਨ ਨ ॥ ੩੭ ॥
ਹੈ ਇਹੁ ਉਸ ਹੀ ਗੁਰੁ ਕਾ ਨਾਤੀ[1]। [1]ਪੋੜ੍ਹਾ।
ਸ਼ਾਹਜਹਾਂ ਕੀ ਚਮੂੰ ਜਿਨਿ ਹਾਤੀ[1]। [1]ਮਾਰੀ।
ਹੁਤੀ ਫਕੀਰਨ ਕੀ ਇਹੁ ਗਾਦੀ।
ਏਹੀ ਦ੍ਵੈ ਗੁਰੁ ਭਏ ਫਸਾਦੀ ॥ ੩੮ ॥
ਜਿਮ ਲਘੁ ਤਰੁ ਕਰ ਸੋਂ ਉਖਰੈ ਹੈ[1]। [1]ਜਿਵੇਂ ਛੋਟਾ ਬ੍ਰਿਛ ਹੱਥ ਨਾਲ ਉਖਾੜ ਦੇਈਦਾ ਹੈ।
ਮੁਸ਼ਕਲ ਫੇਰ ਕੁਠਾਰ[1] ਕਟੈ ਹੈ। [1]ਕੁਹਾੜਾ।
ਤਿਮ ਤੁਮ ਅਬਿ ਤੋ ਤਿਹ ਨਿਰਦਲ ਹੈਂ[1]। [1]ਉਨ੍ਹਾਂ ਨੂੰ ਫਤਹ ਕਰ ਸਕਦੇ ਹੋ।
ਫਿਰ ਤੁਮ ਹਮ ਸਬ ਲਾਵੈਂ ਬਲ ਹੈਂ ॥ ੩੯ ॥
ਲੂਟ ਦੇਸ ਤੁਵਰਾਜ ਦਬੈ ਹੈ।
ਫਿਰ ਇਹੁ ਮਾਰਨ ਮੁਸ਼ਕਲ ਥੈਹੈ[1]। [1]ਹੋਵੇਗਾ।
ਤਾਂ ਤੇ ਅਬਿ ਹੀ ਛਲ ਬਲ ਕਰਿ ਕੈ।
ਜਜੋਂ ਤਜੋਂ ਕਢੋ ਦੇਸ ਤੈ ਜੁਰ ਕੈ[1] ॥ ੪੦ ॥ [1]ਜੁੜ ਕੇ ਭਾਵ ਇਕੱਠੇ ਹੋ ਕੇ।
ਹਮ ਤੁਮ ਸਬੈ ਬਿਰਾਦਰ[1] ਰਾਜੇ। [1]ਭਰਾ।
ਬਿਗਰੇ ਸੁਧਰੇ ਕੀ ਸਮ ਲਾਜੇ।
ਜਦਪਿ ਤੁਮ ਸਮ੍ਰੱਥ ਸਬਿ ਭਾਂਤੀ।
ਦਲਨ ਦਲਨ ਬਡ ਬਲਨ ਅਰਾਤੀ[1] ॥ ੪੧ ॥ [1]ਵੱਡੇ ਬਲ ਵਾਲੇ ਵੈਰੀ ਦੇ ਦਲਾਂ ਨੂੰ ਦਲਣ ਭਾਵ ਮਾਰਨ ਵਾਸਤੇ।
ਤੌ ਭੀ ਮੱਦਦ ਹਮ ਸਬ ਦੈਹੈਂ।
ਜਬ ਤੁਮ ਚੈਹੈਂ ਤਿਸੈ ਕਢੈ ਹੈਂ।

ਜਿਨਿ ਦੋ ਦਿਨ ਗਜ ਮੰਗਜੋ ਨ ਦਯੋ।
ਅਨ ਭਰੋਸ[1] ਤਿਸ ਤੈ ਸਬ ਗਯੋ ॥ ੪੨ ॥

[1]ਹੋਰ ਭਰੋਸਾ।

ਭੀਮ ਚੰਦ ਸਬਿ ਸਾਚੀ ਮਾਨੀ।
ਬਹਿਕਾਵਤ[1] ਸ਼ਾਰੀਕ ਨ ਜਾਨੀ।
ਬੋਲਜੋ ਗਰਬ ਧਰਵ ਹੰਕਾਰੀ।
ਹਰੋਂ[1] ਕਿ ਕਰੋਂ ਗੁਰੈਂ ਅਨੁਸਾਰੀ ॥ ੪੩ ॥

[1]ਸ਼ਰੀਕ ਭਟਕਾਉਂਦਾ ਹੈ, ਗ਼ਲਤਰਾਹ ਪਾਉਂਦਾ ਹੈ।

[1]ਮਾਰਾਂਗਾ।

ਬਿਦਾ ਬਕੀਲ ਢੀਲ ਬਿਨ ਕੀਓ।
ਸੁਨਿ ਕ੍ਰਿਪਾਲ[1] ਮਨਿ ਗੁਨਿ ਮੁਦ ਥੀਓ।
ਗੁਰੁ ਢਿਗ ਭੀ ਵਕੀਲ ਪੁਨ ਪਠਿਓ।
ਇਮ ਪ੍ਰਪੰਚ ਪਰਪੰਚੀ ਠਟਿਓ[1] ॥ ੪੪ ॥

[1]ਕਾਂਗੜੇ ਦਾ ਰਾਜਾ।

[1]ਇਉਂ ਛਲੀਏ ਨੇ ਛਲ ਕੀਤਾ।

ਬਿਗਰੈ ਤੁਮ ਸੋਂ ਭੀਮ ਸਸੀ ਜੇ।
ਹਮ ਸਬ ਤੁਮਰੇ ਆਹਿ ਵਸੀ[1] ਜੇ।
ਤੁਮ ਸੋਂ ਕਹਾਂ ਏਕਲਾ ਲਰ ਹੈ।
ਨਾਹਿਂ ਸਹਾਇ ਤਾਂਹਿ ਹਮ ਕਰਿ ਹੈਂ ॥ ੪੫ ॥

[1]ਅਧੀਨ ਹਾਂ।

ਤ੍ਰਾਸ ਤਨਕ[1] ਨਹਿਂ ਤਿਸ ਤੇ ਕਈਓ।
ਜੋ ਮੱਦਤ ਚਹੀਏ ਸੋ ਲਈਓ।
ਨੈਣ ਸਿਆਪੇ ਭਯੋ ਕਟੋਚੀ[1]।

[1]ਥੋੜ੍ਹਾ ਜਿਹਾ ਡਰ ਵੀ।

[1]ਕਟੋਚ ਗੋਤ੍ਰ ਦਾ (ਕ੍ਰਿਪਾਲ, ਕਾਂਗੜੇ ਦਾ ਰਾਜਾ) ਸਿਆਪੇ ਦੀ ਨੈਣ ਵਾਂਗ ਬਣ ਗਿਆ।

ਦੁਹਿ ਦਿਸ ਚਹਿਤ ਭਿਰਾਯੋ ਪੋਚੀ[1] ॥ ੪੬ ॥

[1]ਨੀਚ।

ਕਹਜੋ ਗੁਰੂ ਜੋ ਕਰੈ ਸੁ ਭਰੈ।
ਪਾਪ ਪੱਥਰ ਪਾਪੀ ਪਰ ਪਰੈ।
ਹਮ ਨਹਿਂ ਬੈਰ ਕਿਸੀ ਸੋਂ ਕਰਿ ਹੈਂ।
ਹਰ ਹੈਂ ਤਾਂਹਿ ਜੁ ਆਵੈਂ ਚਰ੍ਹ ਹੈਂ[1] ॥ ੪੭ ॥

[1]ਚੜ੍ਹ ਕੇ।

ਜਾਇ ਸਚਵ ਇਹੁ ਨ੍ਰਿਪ ਸੋਂ ਕਹਾ।
ਗੁਰੁ ਸ੍ਰਬੱਗਜ ਸ਼ਕਤਿ ਯੁਤਿ ਮਹਾਂ।
ਸੋਚਿ ਕਟੋਚ ਖੁਸ਼ੀ ਮਨ ਭਯੋ।
ਬੈਰ ਬਢਾਇ ਦੁਹੂੰ ਦਿਸ ਦਯੋ ॥ ੪੮ ॥
ਪੈ ਸਸਿ ਭੀਮ ਧੀਰ[1] ਉਰਿ ਰਾਖੈ।
ਬਜਾਹਿ ਮਾਂਹਿ ਲਿਹੁਂ ਵਥੁ ਅਭਿਲਾਖੈ ॥ ੪੯ ॥

[1]ਧੀਰਜ।

ਦੋਹਰਾ:

ਕਿਤਿਕ ਕਾਲ ਬੀਤਜੋ ਜਬੈ,
ਅਯੋ ਬਿਜਾਹਿ ਦਿਨ ਵਾਹਿ[1]। [1]ਉਹ।
ਪੰਮਾ ਪ੍ਰੋਹਤ, ਕੇਸਰੀ
ਸਸਿ, ਭੇਜੇ ਗੁਰੁ ਪਾਹਿ ॥ ੫੦ ॥
ਚੌਪਈ:
ਕਰਿ ਬੰਦਨ ਉਨਿ ਭੇਟਾ ਦੈ ਕੈ।
ਨ੍ਰਿਪ ਦਿਸ ਤੈ ਬਹੁ ਬਿਨੈ ਸੁਨੈ ਕੈ।
ਅਰਜ਼ ਗਰਜ਼ ਯੁਤ ਲਰਜ਼[1] ਸੁਨਾਈ। [1]ਡਰ ਕੇ।
ਸ਼ਰਧਾ ਅਤੀ ਸਨੇਹ ਜਨਾਈ ॥ ੫੧ ॥
ਮਾਂਗੀ ਚਾਰ ਵਸਤੁ ਕਰ ਜੋਰੇ।
ਗਜ ਡੇਰਾ[1] ਚੌਕੀ ਵਰ ਘੋਰੇ। [1]ਹਾਥੀ ਤੇ ਤੰਬੂ।
ਮਾਨਸ ਗੁਰੁ ਕੈ ਸੰਗ ਸਿਧਾਵੈਂ[1]। [1]ਗੁਰਾਂ ਦੇ ਬੰਦੇ ਨਾਲ ਜਾਣ।
ਬਿਜਾਹਿ ਭਏ ਫਿਰ ਫੇਰ ਲਜਾਵੈਂ[1] ॥ ੫੨ ॥ [1]ਮੋੜ ਲਿਆਉਣ।
ਬਾਈ ਧਾਰ ਨ੍ਰਿਪ ਤਹਿਂ ਜੁਰ ਹੈਂ।
ਕੋ ਜਾਂਵੀ ਕੋ ਮਾਂਵੀ ਢੁਰ ਹੈਂ[1]। [1]ਲੜਕੀ ਦੇ ਰਿਸ਼ਤੇਦਾਰ ਮਿਲਣਗੇ।
ਸਿਰੀ ਨਗਰ[1] ਪਤਿ ਫਤੇ ਸ਼ਾਹਿ ਕੈ। [1]ਰਿਆਸਤ ਗੜਵਾਲ ਦੇ ਪੌੜੀ ਪਰਗਣੇ ਵਿੱਚ ਅਲਕ ਨੰਦਾ ਨਦੀ ਦੇ ਕਿਨਾਰੇ ਇਕ ਨਗਰ।
ਢੁਕੈ ਭੀਮ ਸਸਿ ਰਸ ਉਮਾਹਿ ਕੈ[1] ॥ ੫੩ ॥ [1]ਅਨੰਦ ਤੇ ਉਤਸ਼ਾਹ ਨਾਲ।
ਨ੍ਰਿਪ ਸੁਤ ਕੋ ਨਿਜ ਪੂਤ ਲਖੀਜੈ।
ਇੱਜ਼ਤ ਬਢੈ ਜੈਸ ਤਿਮ ਕੀਜੈ।
ਵਸਤੁ ਅਜਾਯਬ ਜਿਹਂ ਘਰ ਹੋਈ।
ਰਾਵ ਰੰਕ ਮਾਂਗਤ ਸਬਿ ਕੋਈ ॥ ੫੪ ॥
ਚਾਰ ਵਸਤੁ ਚਾਰਕ ਦਿਨ ਚਾਰੂ[1]। [1]ਸੁੰਦਰ।
ਦੈ ਕਰਿ ਰਾਖਹੁ ਰਸ ਜਸ ਭਾਰੂ।
ਚਾਰ ਹਜ਼ਾਰ ਰਜਤਪਣ[1] ਭੇਟਾ। [1]ਰੁਪਏ।
ਦੈਹੈ ਭੂਪ ਬਿਜਾਹਿ ਨਿਜ ਬੇਟਾ ॥ ੫੫ ॥
ਦੇਸ ਰਾਜ ਕਿਛੁ ਤੁਮ ਢਿਗ ਨੈ ਹੈ।
ਕਿਤ ਤੇ ਲੈ ਗੁਜ਼ਰਾਨ ਚਲੈ ਹੈ।
ਇਸ ਮੈਂ ਨਹਿਂ ਕਿਛੁ ਤੁਮਰਾ ਜੈ ਹੈ।
ਚਢੈ ਅਸਾਨ ਬਢੈ ਰਸ ਪੈ ਹੈ[1] ॥ ੫੬ ॥ [1](ਰਾਜੇ ਸਿਰ) ਅਹਿਸਾਨ ਚੜ੍ਹ ਜਾਵੇਗਾ ਤੇ ਫੇਰ ਅੱਗੋਂ ਰਸ

ਵਧੇਗਾ।

ਮਾਂਗੀ ਵਸਤੁ ਨ ਜੇ ਤੁਮ ਦੈ ਹੈਂ।
ਪਰੈ ਬਿਗਾਰਿਰਾਰਿ[1] ਬਢ ਜੈ ਹੈ। [1]ਝਗੜਾ।
ਨ੍ਰਿਪ ਕੋਪਿ ਤੁਵ ਓਪ ਘਟੈ ਹੈ[1]। [1]ਰਾਜਾ ਗ਼ੁੱਸੇ ਹੋ ਕੇ ਤੁਹਾਡੀ ਉਪਮਾ ਘਟਾ ਦੇਵੇਗਾ।
ਰਾਜ ਅਪਨ ਤੈ ਬਹਿਰ ਕਢੈ ਹੈ ॥ ੫੭ ॥
ਬਨਜੋ ਰਹੈ ਰਸ ਦੁਹਿ ਦਿਸ ਜੈਸੈ।
ਰਾਵਰ ਭਾਵ[1] ਰਖੀਜੈ ਤੈਸੇ। [1]ਪ੍ਰੇਮ।
ਇਹੁ ਸੁਨਿ ਪੁਨ ਕਲਗੀਧਰ ਰੋਹੇ[1]। [1]ਗ਼ੁੱਸੇ 'ਚ ਆਏ।
ਰਦ-ਛਦ ਫਰਕੇ ਕਰ ਕੇ ਕੋਹੇ[1] ॥ ੫੮ ॥ [1](ਰਦ-ਛਦ) ਬੁੱਲ੍ਹ ਫਰਕੇ ਤੇ ਗ਼ੁੱਸੇ 'ਚ ਕੜਕੇ।
ਤਰਨ ਤਰਨ ਸਮ ਹ੍ਵੈ ਕਰ ਤਾਤੇ[1]। [1]ਜਵਾਨ ਭਾਵ ਦੋਪਹਿਰ ਦੇ ਸੂਰਜ ਵਾਂਗ ਤੱਤੇ ਹੋ ਕੇ।
ਕਹਜੋ ਜਾਹੁ ਉਠਿ ਅਬੈ ਇਹਾਂ ਤੇ।
ਮਾਂਗਨ ਅਏ ਕਿ ਦੈਨੇ ਤਾਨੇ[1]। [1]ਮਿਹਣੇ।
ਕਪਟੀ ਨ੍ਰਿਪ ਕਾ ਜੋਰ ਦਿਖਾਨੇ ॥ ੫੯ ॥
ਕਿਆ ਤੁਮ ਹਮ ਕੋ ਬਨਕ[1] ਪਛਾਨਾ। [1]ਬਾਣੀਆ।
ਭਾੜਾ ਵਸਤਨ ਦੈ ਜੁ ਭਾਨਾ[1]। [1]ਕਿਹਾ ਹੈ।
ਭਾੜ ਖੋਰ[1] ਹਮ ਕੋ ਠਹਿਰਾਯੋ। [1]ਭਾੜਾ ਖਾਣ ਵਾਲੇ।
ਲਾਲਚ ਚਾਰ ਹਜ਼ਾਰ ਦਿਖਾਯੋ ॥ ੬੦ ॥
ਕਿਸੀ ਭਠਜਾਰੇ[1] ਪਾਸ ਸਿਧਾਵੌਂ। [1]ਭੱਠਿਆਂ ਵਾਲੇ।
ਭਾੜੇ ਕੇ ਟਟੂਏ ਲੈ ਜਾਵੌਂ।
ਹਮ ਨਿਜ ਸ਼ੌਕ ਹੇਤ ਵਥੁ ਰਾਖੈਂ।
ਦੈਂਹ ਨ ਭਾੜੇ ਲੈਂਹ ਨ ਲਾਖੈਂ[1] ॥ ੬੧ ॥ [1](ਭਾੜਾ) ਲੱਖਾਂ ਰੁਪਏ ਵੀ ਨਹੀਂ ਲੈਂਦੇ।
ਜਾਹੁ ਕੇਸਰੀ ਜਢ ਦਿਜ ਪੰਮੇ।
ਕਜੋਂ ਹੰਕਾਰੀ ਬਕੌ ਨਿਕੰਮੇ।
ਨੰਦ ਚੰਦ ਨੈ ਪਾਇ ਅਸ਼ਾਰਾ।
ਸਬਾ ਬੀਚ ਤੈ ਉਨੈ ਉਠਾਰਾ ॥ ੬੨ ॥
ਇੱਜ਼ਤ ਉਤਾਰਿ ਬਜ਼ਾਰ ਨਗਰ ਤੈ।
ਦਏ ਨਿਕਾਰ ਬਿਡਾਰ ਮਗਰ ਤੈ[1]। [1]ਪਿਛੋਂ ਮਾਰ ਕਰਵਾ ਕੇ।
ਇਸ ਸੂਰਤ ਧੂਰਤ ਬੇਸੂਰਤ[1]। [1]ਇਸ ਤਰ੍ਹਾਂ ਛਲੀਏ ਝੂਰਦੇ ਗਏ।
ਗਏ ਗ੍ਰਾਮ ਨਿਜ ਕੂਰਤ ਪੂਰਤ[1] ॥ ੬੩ ॥ [1]ਕ੍ਰੋਧ 'ਚ ਭਰੇ ਹੋਏ ਗਏ।
ਜਾਇ ਨ੍ਰਿਪ ਢਿਗ ਪਗੀਆ ਡਾਰੀ।

ਹੋਇ ਦੁਖਤ ਅਤਿ ਰੋਇ ਉਚਾਰੀ ॥ ੬੪ ॥

ਦੋਹਰਾ:

ਲੂਟਜੋ ਕੂਟਜੋ ਬਨਕ ਜਨੁ,
ਤਨਕ ਅਨਖ ਬਿਨ ਹੋਇ[1]।

[1]ਜਾਣੋ ਲੁੱਟੇ ਕੁੱਟੇ ਹੋਏ ਬਾਣੀਏ ਨੇ ਥੋੜ੍ਹੀ ਜਿਹੀ ਵੀ ਅਣਖ ਤੋਂ ਬਿਨਾਂ ਹੋ ਕੇ।

ਕਹਜੋ ਮਾਰ ਕੁਟ ਹਮ ਕਢੇ,
ਪੁਰ ਤੈ ਗੁਰਿ ਪਤਿ ਖੋਇ[1] ॥ ੬੫ ॥

[1]ਬੇਇਜ਼ਤ ਕਰਕੇ।

ਦ੍ਵੈਯਾ ਛੰਦ:

ਗਈ ਗਰੇਸਨ ਮੈ ਅਸੇਸ ਪਤਿ[1],
ਦੇਸ ਬਿਦੇਸ ਨਰੇਸ ਹਸਾਹਿਂ।
ਨਹਿਂ ਬਦਲਾ ਲਹਿਂ ਗੁਰੁ ਤੈ ਜਬਿ ਲੌ,
ਪੁਰ ਤੈ ਕਢ ਪਗ ਬਾਂਧੈ ਤਾਂਹਿ।
ਇਹੁ ਇੱਜ਼ਤ ਹਮਾਰੀ ਨਹਿਂ ਉਤਰੀ,
ਤੁਮਰੀ ਕੁਤਰੀ ਗੁਰੁ ਹੈ ਮੂਛ।
ਤੂਛ ਫਕੀਰ ਛੂਛ ਪਤਿ ਕੀਨੀ[1],

[1]ਪਹਾੜੀ ਰਾਜਿਆਂ ਵਿੱਚ ਸਾਡੀ ਸਾਰੀ ਇਜ਼ਤ ਚਲੀ ਗਈ ਹੈ।

[1]ਤੁੱਛ ਫ਼ਕੀਰ ਨੇ ਇਜ਼ਤ ਖ਼ਾਲੀ ਕਰ ਦਿੱਤੀ ਭਾਵ ਇਜ਼ਤ ਲਾਹ ਦਿੱਤੀ ਹੈ।

ਹੈ ਤੁਵ ਮੂਛ ਕਿ ਕੂਕਰ[1] ਪੂਛ ॥ ੬੬ ॥

[1]ਕੁੱਤੇ ਦੀ।

ਜੇ ਅਬਿ ਤਾਂਹਿ ਨ ਮਾਰ ਨਿਕਾਰੈਂ,
ਰਜਪੂਤੀ ਕੋ ਲਗ ਹੈ ਲਾਜ।
ਅਰ ਵਹਿ ਰਾਜ ਦਬੈਹੈ ਤੁਮਰੋ,
ਔਰ ਅਨੇਕ ਗਵੈਹੈ ਕਾਜ।
ਭਬਕਿ ਭੀਮ ਸਮ ਭੀਮ ਭੀਮ-ਸਸਿ[1],
ਕਹਜੋ ਨਿਕਾਰੋ ਜੋ ਨਹਿਂ ਤਾਂਹਿ।
ਜਨਜੋ ਨ ਜਾਨਜੋ ਰਾਜਪੂਤਨੀ,
ਭੂਤਨੀ ਉਤਨੀ ਜਨਜੋ ਕਾਂਹਿ[1] ॥ ੬੭ ॥

[1]ਭੀਮ ਚੰਦ ਨੇ ਭੀਮ ਸੈਨ ਵਾਂਗ ਭਿਆਨਕ ਭਬਕ ਮਾਰ ਕੇ।

[1]ਕਿਸੇ ਊਤ ਭੂਤਨੀ ਨੇ ਜਣਿਆ ਜਾਣਿਓ।

ਪਠੇ ਦੂਤ ਨ੍ਰਿਪ ਊਤ[1] ਬੁਲਾਏ,
ਭਾਈਚਾਰਾ ਬਾਈ ਧਾਰ।
ਬੈਠਿ ਸਬਿਨਿ ਸੋਂ ਮਸਲਤ ਕੀਨੀ,
ਗੁਰੁ ਢਿਗ ਵਸਤੁ ਅਜਾਯਬ ਚਾਰੁ[1]।
ਹੇਤ ਅਵਾਦੀ ਸ਼ਾਦੀ ਮਾਂਗੀ,
ਲਖਿ ਗਾਦੀ ਤਾਦੀ ਨਹਿ ਕੀਨ[1]।

[1]ਮਹਾਂ ਮੂਰਖ।

[1]ਸੁੰਦਰ।

[1]ਸ਼ਾਦੀ ਦੀਰੌਣਕ ਵਾਸਤੇ ਮੰਗੀਆਂ ਸਨ, ਗੁਰਗੱਦੀ ਜਾਣ ਕੇ

(ਤਾਦੀ) ਜ਼ਬਰਦਸਤੀ ਨਹੀਂ ਕੀਤੀ।

ਵਥੁ ਦੈਨੀ ਤੋ ਰਹੀ ਕਿਨਾਰੇ,
ਮਾਰੇ ਸਚਵ[1] ਹਮਾਰੇ ਚੀਨ[2] ॥ ੬੮ ॥
[1]ਵਜ਼ੀਰ। [2]ਜਾਣ ਕੇ।

ਰੋਜ਼ ਜ਼ਰਾਇਤ[1] ਆ ਇਤ ਲੂਟਤ,
ਕੂਟਤ ਮਿਰਗ ਹਮਾਰ ਅਪਾਰ।
[1]ਖੇਤੀ।

ਮਾਰਤ ਦੁੰਦਭਿ[1] ਫਾਰਤ ਛਾਤੀ,
ਪਾਰਤ[1] ਰੋਜ਼ ਉਪੱਦ੍ਰਵ ਭਾਰ।
[1]ਧੌਂਸਾ ਵਜਾਉਂਦੇ ਹਨ।
[1]ਪਾਉਂਦੇ ਭਾਵ ਕਰਦੇ ਹਨ।

ਕਹਿਂ ਲੌ ਜਰੁਣਾ ਕਰੁਣਾ ਕਰਿ ਹੈਂ[1],
ਟਰ ਹੈ ਸੋ ਨ ਖਏ ਬਿਨ ਮਾਰ।
[1]ਕਿਥੋਂ ਤਕ ਸਹਾਰੀਏ ਤੇ ਕਿਰਪਾ ਕਰੀਏ।

ਤਾਂ ਤੇ ਗੁਰੁ ਕੋ ਪੁਰਿ ਤੈ ਕਢੀਏ,
ਚਢੀਏ ਸਬਿ ਅਬਿ ਦੁੰਦਭਿ ਮਾਰ ॥ ੬੯ ॥

ਕਰਿ ਮਸਲਤ ਖਸਲਤ[1] ਅਨੁਸਾਰੈਂ,
ਪੁਨ ਗੁਰੁ ਪੈ ਲਿਖ ਪਠਜੋ ਐਸ।
[1]ਆਦਤ।

ਕੈ ਪੁਰ ਤਜੋ ਕਿ ਭਜੋ ਸਰਣਿ ਮਮ,
ਦੇਹੁ ਦੁਰਦ[1] ਰੱਯਤ ਹ੍ਵੈ ਬੈਸ।
[1]ਹਾਥੀ।

ਕੈ ਮਾਂਡੋ ਰਣ ਖਾਂਡੋ ਲੀਜੈ[1],
ਕੀਜੈ ਏਕ ਜੁ ਲਾਗੈ ਨੀਕ।
[1]ਜਾਂ ਜੰਗ (ਮਾਂਡੋ) ਰਚ ਲਵੋ ਤੇ ਖੰਡਾ (ਫੜ) ਲਵੋ।

ਨਹੀਂ ਤੁ ਹਮ ਚਢਿ ਆਇਂ, ਮਾਰਿ ਕਰਿ
ਖ੍ਵਾਰ, ਨਿਕਾਰੈਂ ਪੁਰ ਤੈ ਠੀਕ ॥ ੭੦ ॥

ਅਰੈਂ ਜਿ ਹਰੈਂ[1] ਸਹਿਤ ਤੁਵ ਸਿੱਖੈਂ,
ਕੈ ਗਹਿ ਕਰੈਂ ਕੈਦ ਲਿਹੁ ਜਾਨ।
[1]ਜੇ ਅੜੋਗੇ ਤਾਂ ਮਾਰ ਦਿਆਂਗੇ।

ਭਲੇ ਖਿਲੈਂਹ ਸ਼ਿਕਾਰ ਦੂਣ ਮੈਂ,
ਨਹੀਂ ਤੁ ਆਨ[1] ਹਮਾਰੀ ਮਾਨ।
[1]ਆਗਿਆ। (ਅ) ਹਕੂਮਤ। (ਏ) ਆਈਨ।

ਤੁਮ ਢਿਗ ਸਿਖ ਬਨ ਬਨ ਕੀ ਲਕਰੀ,
ਬਕਰੀ ਜਾਤਿ ਰੋਟੀਏ ਚਾਕ[1]।
[1]ਟੇਢੀਆਂ ਭਾਵ ਨੀਵੀਂਆਂ ਜਾਤਾਂ ਦੇਰੋਟੀਆਂ ਖਾਣੇ ਹਨ (ਚਾਕ-ਪਾੜਨਾ, ਤੋੜਨਾ, ਭੰਨਣਾ, ਖਾਣਾ)।

ਹਮ ਰਜਪੂਤ ਕੌਮ ਬਡ ਜੋਧੇ,
ਮੱਦਤ ਦੇਤ ਨ੍ਰਿਪ ਸਬਿ ਸਾਕ ॥ ੭੧ ॥
ਇੱਤਜਾਦਿਕ ਬਾਤੈਂ ਬਖਜਾਤੈਂ,
ਨ੍ਰਿਪ ਕੀ ਸੁਨਿ ਗੁਰੁ ਰੋਸ ਉਪਾਇ।

ਜੰਗ ਨਿਸੰਗ ਉਮੰਗ ਕਰੈਂ ਹਮ,
ਕਹਜੋ ਨ ਮਾਨੈ ਔਰੈ ਕਾਇ।
ਰਹੇ ਉਡੀਕ ਠੀਕ ਚਢਿ ਆਵੋ,
ਲਾਵੋ ਦੇਰ ਨ ਹੇਰਨ ਚਾਹਿ[1]। [1](ਜੇ) ਦੇਖਣਾ ਚਾਹੁੰਦੇ ਹੋ।
ਮਨ ਤਨ ਧਨ ਅਰਪਜੋ ਮਮ ਸਿੱਖਨਿ,
ਤੁਮਰੇ ਕਾਚੇ ਕੋਹੀ ਕਾਹਿ[1] ॥ ੭੨ ॥ [1]ਕੱਚੇ ਪਹਾੜੀਏ ਕੀ ਹਨ ?
ਰਜੀਆ ਨਾਮ ਇਕ ਗੋਲੀ ਨ੍ਰਿਪ ਕੀ ਥੀ,
ਤੁਮ ਸੰਤਤਿ[1] ਤਾਂਹਿ ਬਖਜਾਤ। [1]ਉਲਾਦ।
ਰਜੀਆ ਸੁਤ ਤੈ ਰਾਜਪੂਤ ਭਏ,
ਛੱਤ੍ਰੀ ਅੱਤ੍ਰੀ[1] ਸਿੱਖ ਇਕ ਜਾਤਿ। [1](ਅੱਤ੍ਰੀ) ਸ਼ਸਤ੍ਰਧਾਰੀ ਛੱਤ੍ਰੀ।
ਇਮ ਲਿਖਿ ਗੁਰੁ ਉਤ ਨ੍ਰਿਪ ਪੈ ਪਠਜੋ,
ਠਟਜੋ[1] ਇਤ ਸਬਿ ਜੰਗ ਸਮਾਨ। [1](ਤਿਆਰ) ਕੀਤਾ।
ਤੋਮਰ[1] ਤੀਰ ਤਮੰਚੇ[2] ਤੁਪਕੈਂ[3],
ਭਾਲੇ ਢਾਲੇਂ ਤੇਗ ਕਮਾਨ ॥ ੭੩ ॥ [1]ਬਰਛੇ। [2]ਛੋਟੇ ਪਸਤੌਲ। [3]ਬੰਦੂਕਾਂ।
ਪੇਸ਼ ਕਬਜ਼[1] ਪਿਸਤੌਲ ਸੰਜੋਏਂ, [1]ਕਰਦ ਦੇ ਅਕਾਰ ਦਾ ਇਕ ਸ਼ਸਤ੍ਰ, ਜਿਸ ਦਾ ਕਬਜ਼ਾ ਪੇਟੀ ਵਿੱਚ ਸਾਹਮਣੇ ਹੋਵੇ।
ਪੇਟੀ ਕਮਰ ਜੰਬੂਰ[1] ਜੰਜੈਲ[2]। [1]ਜ਼ੰਬੂਰਕ, ਛੋਟੀ ਤੋਪ। [2]ਭਾਰੀ ਅਤੇ ਲੰਮੀ ਬੰਦੂਕ।
ਗੁਲਕਾ ਦਾਰੂ[1] ਲੌ ਬਰਤੈ ਕੈ, [1]ਗੋਲੀਆਂ ਤੇ ਬਰੂਦ।
ਕੈ ਕੈ ਤਜਾਰ ਰਖੇ ਸਬਿ ਛੈਲ[1]। [1]ਜਵਾਨ।
ਉਤ ਗੁਰੁ ਕਾ ਉੱਤਰ ਸੁਨਿ ਨ੍ਰਿਪਨਿ,
ਮਸਲਤ ਕਰੀ ਦਨਾਵਨ ਸੰਗ[1]। [1]ਸਿਆਣਿਆਂ ਨਾਲ।
ਯਾਹਿ ਸਲਾਹਿ ਤਾਂਹਿ ਤਬਿ ਦੀਨੀ,
ਬਿਜਾਹਿ ਮਾਹਿਂ ਨਾਹਿਨ ਭਲ ਜੰਗ ॥ ੭੪ ॥
ਬਿਜਾਹਿਨਿ ਚਢੈਂ ਕਿ ਚਢ ਹੈਂ ਲਰਨੇ,
ਦੋਇ ਨ ਹੋਇਂ ਸੋਇ ਇਕ ਕਾਲ।
ਮਰੈਂ ਸਬੰਧੀ ਪਰੈਂ ਸਿਆਪੇ,
ਟਰੈਂ ਨ ਗੁਰੁ ਤੋ ਲਰੈਂ ਕਮਾਲ[1]। [1]ਬਹੁਤ ਚੰਗੀ ਤਰ੍ਹਾਂ ਲੜਨਗੇ।
ਕਹਜੋ ਵਜ਼ੀਰ ਧੀਰਿ[1], ਵਸ ਕਿਸ ਨਹਿਂ, [1]ਧੀਰਜ ਨਾਲ।
ਤਿਲਕਨ ਬਾਜ਼ੀ ਜੂਆ ਜੰਗ।
ਉੱਛਵ[1] ਬਿਜਾਹਿ ਯਾਹਿ ਕਰਿ ਲੀਜੈ, [1]ਉਤਸ਼ਾਹ।

ਕੀਜੇ ਪਾਛੈ ਜੰਗ ਨਿਸੰਗ ॥ ੭੫ ॥
ਕਹਾਂ ਨਿਕਾਰੀ[1] ਬਾਤ ਫੀਲ[2] ਕੀ,
ਅਰੁ ਵਕੀਲ ਕਿਛੁ ਬੋਲਜੋ ਹੋਗ।
ਜਾਂ ਹਿਤ ਕੋਪਜੋ, ਭੂਪ ਅਲੋਪਜੋ,
ਰੋਪਜੋ ਕਰਨ ਬਿਜਾਹਿ ਮੈਂ ਸੋਗ[1]।

[1]ਨਿਕੰਮੀ। [2]ਹਾਥੀ।

[1]ਜਿਸ ਵਾਸਤੇ (ਗੁਰੂ) ਕ੍ਰੋਧਵਾਨ ਹੋਏ ਹੋਣਗੇ ਤੇ ਰਾਜੇ ਨੇ (ਅਲੋਪਜੋ) ਬਿਨਾ ਸੋਚੇ ਤੋਂ ਵਿਆਹ ਵਿੱਚ ਸੋਗ ਕਰਨਾ (ਰੋਪਜੋ) ਠਾਣ ਲਿਆ ਹੈ।

ਲੇ ਗੁਰੁ ਤੈ ਵਥੁ ਦੈਂਹ ਨਹੀਂ ਫਿਰ,
ਇਹੁ ਥਾਪਜੋ ਥਾ ਨ੍ਰਿਪ ਮਨ ਮਾਹਿਂ।
ਜਾਨੀ ਜਾਨ ਗੁਰੂ ਘਟ ਘਟ ਕੇ,
ਯਾਂ ਤੈ ਦੀਨੀ ਵਥੁ ਉਨਿ ਨਾਹਿਂ ॥ ੭੬ ॥
ਬਾਨੀ ਠੀਕ ਸਚਵ ਕੀ ਮਾਨੀ,
ਠਾਨੀ ਸਬ ਨੇ ਇਹੀ ਸਲਾਹਿ।
ਉਠੀ ਸਭਾ ਨ੍ਰਿਪ ਗਯੋ ਸੁ ਮਹਿਲੈਂ,
ਗਹਿਲੈਂ ਭਯੋ ਜੁ ਚਿੰਤਾ ਮਾਂਹਿ[1]।

[1]ਜੋ ਚਿੰਤਾ ਵਿੱਚ ਗ੍ਰਸਿਆ ਗਿਆ।

ਬਹੁ ਬਿਨਤੀ ਗਿਨਤੀ ਕਰਿ ਰਾਣੀ,
ਬਾਣੀ ਮ੍ਰਿਦ[1] ਸਮਝਾਯੋ ਖੂਪ।
ਜ਼ਿਕਰ ਫਿਕਰ ਤਜਵਏ[1] ਜੰਗ ਕੇ,
ਬਿਦਾ ਕਰਏ ਔਰ ਸਬਿ ਭੂਪ ॥ ੭੭ ॥

[1]ਕੋਮਲ ਬਚਨਾਂ ਨਾਲ।

[1]ਛੁਡਵਾਏ।

ਸੁਤ ਸ਼ਾਦੀ ਮੈਂ ਅਹਿਲਾਦੀ ਯੁਤ[1],
ਭੂਪ ਲਗਜੋ ਉਤ ਤਾਦੀ ਸੰਗ[1]।
ਇਤ ਕਰਿ ਤਜਾਰੀ ਜੰਗ ਉਡੀਕਤ,
ਸੈਨ ਪਹਾਰੀ ਗੁਰੂ ਨਿਸੰਗ।
ਬੀਰਨਿ ਧੀਰ ਬੀਰਰਸ ਬਢਜੋ,
ਚਢਜੋ ਰੋਸ ਜੋਸ਼ ਚਹਿਂ ਜੰਗ।
ਡਰੈਂ ਮਸੰਦ ਮੰਦ ਕਾਯਰ ਮਿਲਿ,
ਬਾਤੈਂ ਕਰੈਂ ਭਏ ਬਦਰੰਗ[1] ॥ ੭੮ ॥

[1]ਖ਼ੁਸ਼ੀ ਨਾਲ।

[1]ਜ਼ੋਰ ਨਾਲ।

[1]ਪੀਲੇਰੰਗ।

ਜਾਇ ਮਾਤ ਢਿਗ ਲਾਇ ਬਾਤ,
ਡਰਪਾਤ ਭਾਂਤਿ ਬਹੁ ਘਾਤ[1] ਸੁਨਾਇਂ।
ਤਾਂਹੀਂ ਤੈ ਮਾਤਾ ਗੁਜਰੀ ਜੀ,

[1]ਦਾਅ।

ਕਬੀ ਕਬੀ ਗੁਰਿ ਪਾਸ ਬਿਰਾਇ[1]।
ਯੁਤ ਅਤਿ ਨੇਹੁ ਦਿਲਾਸੇ ਬਾਨੀ,
ਨੈਸਾਨੀ ਮ੍ਰਿਦੁ[1] ਇਮ ਸਮਝਾਇ।
ਅਹੋ ਸਪੁੱਤ੍ਰ ਸਰਬ ਸ਼ਕਤੀ ਯੁਤ,
ਸਰਬਗ ਸਜਾਨੇ ਤੁਮ ਸਬਿ ਭਾਇ ॥ ੭੯ ॥
ਪਿਖੇ ਗੌਰ ਕਰਿ[1] ਨਿਜ ਦਾਦੇ ਦਿਸ,
ਲਰੇ ਅਰੇ ਪਤਿਸਾਹੈਂ ਸੰਗ।
ਲਾਖੋਂ ਤੁਰਕ ਪਠੇ ਜਮ ਕੇ ਘਰ,
ਐਸੇ ਠਟੇ[1] ਘੋਰ ਬਡ ਜੰਗ।
ਪੈ ਘਾਇਕ[1] ਹਿੰਦੁਨ ਨਹਿਂ ਹੂਏ,
ਰਹੇ ਸਹਾਯਕ ਲਾਯਕ ਜੈਸ[1]।
ਅਬਿ ਤੁਰਕੇਸ਼ੂਰ ਹਿੰਦੇਸ਼ੂਰ ਸੋਂ,
ਬਿਗਰੇ ਤੇ ਸ਼ੂਰ ਬਨ ਹੈ ਕੈਸ[1] ॥ ੮੦ ॥

[1]ਬੈਠਾ ਕੇ।
[1]ਕੋਮਲ ਬਚਨ (ਨੈਸਾਨੀ) ਪ੍ਰਗਟ ਕਰਕੇ।
[1]ਖ਼ਿਆਲ ਕਰਕੇ।
[1]ਕੀਤੇ।
[1]ਮਾਰਨ ਵਾਲੇ।
[1]ਜਿਵੇਂ ਯੋਗ ਸੀ।
[1]ਹੁਣ ਤੁਰਕਾਂ ਦੇ ਬਾਦਸ਼ਾਹ ਨੁਰੰਗੇ ਤੇ ਹਿੰਦੂਰਾਜੇ ਭੀਮ ਚੰਦ ਦੇ ਵਿਗੜ ਜਾਣ ਤੋਂ (ਸਾਡਾ ਏਥੇ ਰਹਿਣ ਦਾ) (ਸ਼ੂਰ) ਢੰਗ ਕਿਵੇਂ ਬਣੇਗਾ।

ਇਹੁ ਚਿੰਤਾ ਚਿਤ ਚਿਤਵਤ ਮੈਂ ਨਿਤ,
ਮਤ ਕਿਤ ਬਸਬੋ ਮੁਸ਼ਕਲ ਹੋਇ।
ਤਾਂ ਤੇ ਜਾਂ ਤੇ ਬਢੈ ਬਖੇਰੋ,
ਸੋ ਤਜਿ ਰਹੀਏ ਸੁਖ ਸੋਂ ਸੋਇ।
ਜੇ ਜਨ ਨੀਕੇ ਬਚ ਜਨਨੀ ਕੇ[1],
ਧਰਿ ਮਨਿ ਨੀਕੇ ਲੇਤ ਕਮਾਇ।
ਸੰਸਾ ਸੋਕ ਬਿਛੇਪ[1] ਲੋਕ ਜੁਗ,
ਤਿਨੈਂ ਨ ਬਿਆਪਤ ਕਬ ਹੀ ਕਾਇ ॥ ੮੧ ॥
ਇਮ ਸੁਨਿ ਬਾਤ ਮਾਤ ਤੈ ਪੁਨ ਗੁਰੁ,
ਕਹਜੋ ਗਹਜੋ ਨਹਿਂ[1] ਚਿੰਤਾ ਕੋਇ।
ਪੁਰਖ ਅਕਾਲ ਹਮਾਰੋ ਰੱਖਕ,
ਭੱਖਕ ਅਰਿ ਜਰ ਤੱਖਕ ਸੋਇ[1]।
ਭੂਰ[1] ਭਰੋਸ ਓਸ ਪਰ ਹਮ ਕੋ,
ਜਿਨ ਮੁਹਿ ਈਹਾਂ ਪਠਜੋ ਬੁਲਾਹਿ।
ਹਮ ਛੱਤ੍ਰੀ ਅੱਤ੍ਰੀ[1] ਕਿਮ ਡਰਪੈਂ,

[1](ਬਿਛੇਪ) ਘਬਰਾਹਟ।
[1]ਗ੍ਰਹਣ ਨ ਕਰੋ।
[1]ਵੈਰੀਆਂ ਨੂੰ ਖਾਣ ਵਾਲਾ ਤੇ ਵੈਰੀਆਂ ਦੀ ਜੜ੍ਹ (ਤੱਖਕ) ਕੱਟਣ ਵਾਲਾ ਹੈ।
[1]ਬਹੁਤਾ।
[1]ਸ਼ਸਤ੍ਰ ਧਾਰੀ।

ਅਰਪੈਂ[1] ਰਣ ਮੈਂ ਤੇਗ ਅਰਾਹਿ[2] ॥ ੮੨ ॥
[1]ਭੇਟਾ ਕਰਾਂਗੇ। [2]ਵੈਰੀਆਂ ਨੂੰ।

ਇਤ ਗੁਰੁ ਜੰਗ ਨਿਸੰਗ ਉਮੰਗ ਚਹਿੰ,
ਕਰਤਿ ਅਖੇਰ ਧੌਂਸ ਬਜਵਾਤ।
ਉਤ ਨ੍ਰਿਪ ਰਿਸ ਹੈ ਕਿਸ ਹੈ, ਤਿਸ ਹੈ
ਬਨੀ ਚਚ੍ਹੁੰਧਰ ਅਹਿ ਸੀ ਬਾਤ[1] ॥ ੮੩ ॥
[1]ਓਧਰਰਾਜਾ ਕਦੇ ਕਿਸੇ ਨਾਲ ਗ਼ੁੱਸੇ ਹੁੰਦਾ ਹੈ, ਤਿਸ ਰਾਜੇ ਨੂੰ ਸੱਪ ਦੇ ਮੂੰਹ 'ਚ ਆਈ ਚਚ੍ਹੁੰਧਰ ਵਾਲੀ ਗੱਲ ਬਣੀ ਹੋਈ ਹੈ।

ਦੋਹਰਾ:
ਚਹਿਤ ਲਰਨ ਦੁਹਿ ਦਿਸਾ ਤੈ,
ਭਯੋ ਅਵਰਣ[1] ਬਿਵਾਹ।
ਅਵਸਰ ਪਾਇ ਅਧਜਾਇ ਇਹੁ,
ਇਸਥਿਤ ਭਯੋ ਇਥਾਹ[1] ॥ ੮੪ ॥
[1]ਪੜਦਾ, ਰੁਕਾਵਟ।
[1]ਏਥੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਭੀਮ ਚੰਦ ਕੋ ਪ੍ਰਸੰਗ' ਬਰਨਨੰ ਨਾਮ ਪੰਚਾਸਮੋਂ ਬਿਸ੍ਰਾਮ ॥ ੫੦ ॥

੫੧. {ਗੁਰੂ ਜੀ ਨੇ ਪਾਂਵਟਾ ਨਗਰ ਵਸਾਉਣਾ}

ਛਪਯ:

ਨਮੋ ਬੇਦਿ ਕੁਲ ਨਾਥ[1],
ਨਗਰ ਤਲਵੰਡੀ ਮਾਲਕ।
ਲੋਦੀ ਮੋਦੀ[1] ਨਮੋ,
ਸਾਧ ਗੋ[1] ਗ੍ਰੀਬਹਿ ਪਾਲਕ।
ਨਮੋ ਸੁਲੱਖਨੀ ਪਤੀ,
ਜਤੀ ਸ੍ਰੀ ਸਸਿ ਲਖਮੀ ਪਿਤ[1]।
ਨਮੋ ਰਟਨ ਵਰ ਬਾਨਿ,
ਅਟਨ ਦੇਸਾਨ ਭਗਤਿ ਹਿਤ[1]।

[1]ਬੇਦੀਆਂ ਦੀ ਕੁਲ ਦੇ ਮਾਲਕ।

[1]ਦੌਲਤ ਖ਼ਾਂ ਲੋਧੀ ਦੇ ਮੋਦੀ।

[1]ਗਊ।

[1]ਸ੍ਰੀ ਚੰਦ ਜਤੀ ਤੇ ਲਖਮੀ ਦਾਸ ਦੇ ਪਿਤਾ।

[1]ਸ੍ਰੇਸ਼ਟ ਬਾਣੀ ਉਚਾਰਨ ਵਾਲੇ ਅਤੇ ਭਗਤੀ ਵਾਸਤੇ ਦੇਸਾਂ 'ਚ ਫਿਰਨ ਵਾਲੇ (ਸਤਿਗੁਰੂ ਜੀ ਆਪ ਨੂੰ) ਨਮਸਕਾਰ ਹੋਵੇ।

ਗੁਰੁ ਨਮੋ ਰਾਇ ਮਾਇਆ ਹਰਨ,
ਕਰਨ ਕਲਜਾਨ ਅਖੰਡ ਨਿਤ[1]।

[1]ਰਾਇ ਬੁਲਾਰ ਦਾ ਅਗਿਆਨ ਮੇਟ ਕੇ ਹਮੇਸ਼ਾਂ ਲਈ ਇਕਰਸ ਕਲਿਆਣ ਕਰਨ ਵਾਲੇ ਸਤਿਗੁਰੂ (ਜੀ ਆਪ ਜੀ ਨੂੰ) ਨਮਸਕਾਰ ਹੋਵੇ।

ਜੈ ਸ੍ਰੀ ਨਾਨਕ ਆਨਕ ਬਿਨਾ,
ਦਾਨਕ ਦਾਸਨ ਸੁਮਤਿ ਬਿੱਤ[1] ॥੧॥

[1]ਹੇ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਜੀ ਅਨੇਕਤਾ ਤੋਂ ਬਿਨਾਂ (ਅਦ੍ਵੈਤ ਰੂਪ) ਹੋ, ਦਾਸਾਂ ਨੂੰ ਸ੍ਰੇਸ਼ਟ ਮਤਿ ਦਾ ਧਨ ਦੇਣ ਵਾਲੇ ਹੋ, ਆਪ ਜੀ ਦੀ ਜੈ ਜੈ ਕਾਰ ਹੋਵੇ।

ਦੋਹਰਾ:

ਸੁਨੋ ਸਜਨ ਪੁਰ ਪਾਂਵਟਾ,
ਗੁਰੁ ਬਸਵੈ ਹੈਂ ਜੈਸ।
ਨਾਹਣੇਸ[1] ਬੁਲਵਾਇ ਕੈ,
ਕਥਾ ਕਥੋਂ ਅਬਿ ਤੈਸ ॥੨॥

[1]ਨਾਹਨ ਰਿਆਸਤ ਦਾ ਰਾਜਾ, ਮੇਦਨੀ ਪ੍ਰਕਾਸ਼।

ਮਰਹਟਾ ਛੰਦ:

ਰਾਮਰਾਇ ਗੜ੍ਹਵਾਲ ਨਗਰ ਮੈਂ,
ਦੇਹਰੇ ਦੂਣ ਰਹੈ ਕੈ[1]।
ਪਤਿ ਗੜ੍ਹਵਾਲ ਭੂਪ[1] ਵਸਿ ਕੀਨੋ,
ਅਜ਼ਮਤ ਅਨਿਕ ਦਿਖੈ ਕੈ।
ਨਾਹਣੀਸ, ਗੜ੍ਹਵਾਲ ਈਸ ਕੇ,
ਨਿਤ ਬਡ ਰਹਿਤ ਬਖੇਰੇ।

[1]ਰਾਮਰਾਇ, ਗੜ੍ਹਵਾਲ ਰਿਆਸਤ ਦੇ ਦੇਹਰਾਦੂਨ ਨਗਰ ਵਿੱਚਰਹਿ ਕੇ।

[1]ਗੜ੍ਹਵਾਲ ਰਿਆਸਤ ਦਾ ਰਾਜਾ, ਫ਼ਤਹ ਸ਼ਾਹ।

ਰਾਮਰਾਇ ਗੜ੍ਹਵਾਲ ਪਤੀ ਕੀ,
ਮੱਦਤ ਕਰਤ ਬਧੇਰੇ ॥ ੩ ॥
ਤਾਂ ਤੇ ਨਾਹਣੇਸ ਸਚਵਨ ਸੋਂ[1], [1]ਵਜ਼ੀਰਾਂ ਨਾਲ।
ਮਿਲਿ ਇਹੁ ਮਸਲਤ[1] ਕੀਨੀ। [1]ਸਲਾਹ।
ਰਾਮਰਾਇ ਸਮ ਪੀਰ ਬਲੀ ਕੀ,
ਮੱਦਤ ਚਹੀਏ ਲੀਨੀ।
ਨੀਤਿ ਨਿਪੁਨ[1] ਸ਼ੁੱਕ੍ਰ ਸਮ ਨ੍ਰਿਪ ਕੇ, [1]ਨੀਤੀ 'ਚ ਚਤੁਰ।
ਮੰਤ੍ਰੀ ਨਾਮ ਸ਼ਿੰਗਾਰੂ।
ਕਰੀ ਅਰਜ਼ ਇਹੁ ਮਰਜ਼ ਹਰਨ ਹਿਤ[1], [1]ਬੀਮਾਰੀ ਦੂਰ ਕਰਨ ਵਾਸਤੇ।
ਰਾਮਰਾਇ ਤੇ ਭਾਰੂ ॥ ੪ ॥
ਗੁਰੁ ਨਾਨਕ ਕੀ ਗਾਦੀ ਪਰ ਹੈ,
ਅਬਿ ਦਸਮੋਂ ਅਵਿਤਾਰੀ।
ਆਯੁਧ ਬਿੱਦਜ਼ਾ ਮੈ ਸਮ ਅਰਜਨ,
ਸ਼ਕਤਿ ਕ੍ਰਿਸ਼ਨ ਸਮ ਸਾਰੀ।
ਸ਼ੌਕ ਸ਼ਿਕਾਰ ਸੁਭਟ[1] ਰਖਬੇ ਕੋ, [1]ਸੂਰਮੇ।
ਸੈਨ ਜਰਾਰ ਅਪਾਰੈਂ[1]। [1]ਬਹੁਤ ਲੜਾਕੀ ਫ਼ੌਜ ਹੈ।
ਰਾਖਣ ਵਹਿ, ਚਾਖਣ ਚਹਿਂ ਰਣ ਸਰ[1] [1]ਜੰਗ ਵਿੱਚ ਤੀਰ ਚੱਖਣਾ ਚਾਹੁੰਦੇ ਹਨ।
ਲਾਖਨ ਤੈ[1] ਨਾਹਿਂ ਹਾਰੈਂ ॥ ੫ ॥ [1]ਲੱਖਾਂ ਤੋਂ ਵੀ।
ਦੇਸ਼ ਬਿਦੇਸਨ ਤੈ ਬਿਸ਼ੇਸ਼ ਜਨ,
ਆਇ ਪਾਇਂ ਮੁਦ ਭਾਰੀ।
ਲਾਖੋਂ ਬਿੱਤ ਚਢਾਵਤ,
ਪਾਵਤ ਮਨ ਭਾਵਤ ਫਲ ਚਾਰੀ।
ਪੀਰ ਫਕੀਰ ਅਮੀਰ ਸਹੀ ਸੋ,
ਬੇ ਨਜ਼ੀਰ ਜਗ ਛਾਜੈ[1]। [1]ਜਗਤ ਵਿੱਚ ਬੇ-ਮਿਸਾਲ (ਅਨੂਪਮ) ਫਬ ਰਹੇ ਹਨ।
ਗੋਬਿੰਦਰਾਇ ਨਾਮ ਸੁਠ ਸੂਰਤਿ[1] [1]ਸੁੰਦਰ ਸ਼ਕਲ।
ਹੇਰਿ ਕਾਮ ਜਿਹਂ ਲਾਜੈ ॥ ੬ ॥
ਤੋਫੇ ਅਧਿਕ ਅਜਾਯਬ ਉਨ ਪੈ,
ਸੇ ਦੁਰਲਭ ਪਤਿਸ਼ਾਹੈਂ।
ਜਿਨ ਹਿਤ ਭੀਮ ਚੰਦ ਕਹਿਲੂਰੀ,
ਰਹਜੋ ਬਿਰੋਧ ਬਢਾ ਹੈ।

ਪੂਰਨ ਹਰਿ ਅਵਿਤਾਰ ਗੁਰੂ ਕੀ,
ਮਹਿਮਾ ਨਹਿਂ ਵਹਿ ਜਾਨੈ।
ਉਨ ਕੋ ਦਰਸ਼ਨ ਹਿਤ ਬੁਲਵਈਏ,
ਸਰ ਹੈਂ ਕਾਜ ਮਹਾਨੈਂ ॥੭॥
ਐਸੇ ਸਤਿ ਪੁਰਖਨ ਕੋ ਸੇਵਨ,
ਸੁਰਤਰੁ ਸਮ[1] ਸੁਖਦਾਏ।
ਸਰਬ ਕਾਮਨਾ ਪੂਰਨ ਹ੍ਵੈ ਹੈਂ,
ਹਲਤ ਪਲਤ ਬਨ ਆਏ[1]।
ਸੁਨਿ ਮਹਿਮਾਂ ਗੁਰੁ ਕੀ ਨ੍ਰਿਪ ਖੁਸ਼ ਹ੍ਵੈ,
ਗੁਰੁ ਪੈ ਸਚਵ ਪਠਾਏ।
ਅਰਜ਼ੀ ਲਿਖੀ ਹੋਇ ਗਰਜ਼ੀ[1] ਇਮ,
ਤੁਮ ਹਰਿ ਜੀ ਬਿਦਤਾਏ ॥੮॥
ਲਰਜ਼ੀ[1] ਮਤਿ ਹਮਰੀ ਹਿਤ ਦਰਸ਼ਨ,
ਧਰਿ ਜੀ ਆਸ ਰਹਾਏ।
ਨਿਜ ਭਗਤਨ ਹਿਤ ਜਗਤ ਵੀਚ ਤੁਮ,
ਅਗਨਤ[1] ਰੂਪ ਬਨਾਏ।
ਸਤਿਜੁਗ ਬਨਿ ਬਾਵਨ, ਪਾਵਨ ਪਦ
ਪਾਵਨ ਕਰਿ, ਕਿਯ ਪਾਵਨ[1]।

ਘਾਵਨ ਰਾਵਨ ਰਾਮ ਤ੍ਰੈਤੇ[1],
ਦੁਆਪੁਰ ਕ੍ਰਿਸ਼ਨ ਸੁਹਾਵਨ ॥੯॥
ਜਮਨਾ ਤਟ ਨਟ ਵਤ ਨਟ ਅਟਪਟ,
ਖੇਲੇ ਖੇਲ ਬਿਹਾਰੀ[1]।

ਦੰਡੇ ਦੁਸ਼ਟ ਭਗਤਿ ਪਥ ਮੰਡੇ,
ਖੰਡੇ ਖਲ ਮਲਹਾਰੀ[1]।

ਅਬਿ ਕਲਿ ਕਾਲ, ਕਰਾਲ ਕਸ਼ਟ ਕੁਲ
ਕਟਬੇ ਕੋ[1], ਤੁਮ ਆਏ।
ਸੋਈ ਰੂਪ ਭੂਪ ਸ਼ਕਤੀ ਯੁਤ[1],
ਖੂਪ ਸਰੂਪ ਸੁਹਾਏ ॥੧੦॥

[1]ਕਲਪ ਬ੍ਰਿਛ ਵਾਂਗ।

[1]ਲੋਕ ਪ੍ਰਲੋਕ ('ਚ ਚੰਗੀ ਗੱਲ) ਬਣ ਆਉਂਦੀ ਹੈ।

[1]ਲੋੜਵੰਦ।

[1]ਕੰਬ ਰਹੀ ਹੈ।

[1]ਅਣਗਿਣਤ।

[1]ਸਤਿਜੁਗ ਵਿੱਚ ਬਾਵਨ ਰੂਪ ਹੋ ਕੇ ਪਵਿੱਤ੍ਰ ਚਰਨ ਪਾ ਕੇ ਪਵਿੱਤ੍ਰ ਕੀਤਾ।
[1]ਤ੍ਰੇਤੇ ਵਿੱਚ ਰਾਮ ਬਣ ਕੇ ਰਾਵਣ ਮਾਰਿਆ।

[1]{ਬਿਹਾਰੀ} ਕ੍ਰਿਸ਼ਨ ਰੂਪ ਹੋ ਕੇ ਜਮਨਾ ਦੇ ਕਿਨਾਰੇ ਨਟ ਵਾਂਗ ਅਟਪਟੀਆਂ ਖੇਲਾਂ {ਠਟ} ਬਣਾ ਕੇ ਖੇਲੇ।

[1]ਦੁਸ਼ਟਾਂ ਨੂੰ ਦੰਡ ਦੇ ਕੇ ਭਗਤੀ ਦੇਰਾਹ ਸਥਾਪਤ ਕੀਤੇ, ਪਾਪਾਂ ਦੀ ਮੈਲ ਖਾਣ ਵਾਲੇ ਮੂਰਖਾਂ ਨੂੰ ਨਾਸ ਕੀਤਾ।

[1]ਸਾਰੇ ਭਿਆਨਕ ਕਸ਼ਟਾਂ ਦੇ ਕੱਟਣ ਨੂੰ।
[1]ਉਹੀ ਰਾਜਾ ਰੂਪ ਸ਼ਕਤੀ ਸਹਿਤ।

ਸੋਈ ਜਮਨਾ ਨੀਰ ਤੀਰ ਥਿਰਿ,
ਧੀਰ ਬਿਹਾਰ ਕਰੀਜੈ[1]।
[1]ਧੀਰਜ ਨਾਲ ਕੌਤਕ ਕਰੋ।

ਮਨ ਤਨ ਧਨ ਤੈ ਦਾਸ ਖਾਸ ਲਖਿ[1],
ਦਰਸ਼ਨ ਮੁਝ ਕੋ ਦੀਜੈ।
[1]ਆਪਣਾ ਦਾਸ ਜਾਣ ਕੇ।

ਸਬਿ ਦੂਣਨਿ ਸਿਰਮੌਰ, ਦੂਣ
ਸਰਮੌਰ ਠੌਰ ਮਮ ਚਾਰੂ[1]।
[1]ਸਾਰੀਆਂ ਦੂਣਾਂ 'ਚੋਂ ਸ਼੍ਰੋਮਣੀ, ਸਿਰਮੌਰ ਦੂਣ (ਵਿੱਚ) ਮੇਰੀ ਸੁੰਦਰ ਜਗ੍ਹਾ ਹੈ।

ਕਾਂਨਨ ਮੈਂ[1] ਪੰਚਾਂਨਨ ਲੌ[2],
ਮ੍ਰਿਗ ਹਾਨਨ ਕਰੋ ਅਪਾਰੂ ॥ ੧੧ ॥
[1]ਜੰਗਲਾਂ 'ਚ। [2]ਸ਼ੇਰਾਂ ਤੱਕ।

ਅਹੇ ਸ਼ਰੀਕ ਭੀਮ ਸਸਿ ਮੇਰੋ,
ਕਪਟੀ ਕੁਮਤਿ ਅਤੈ ਹੈ[1]।
[1]ਬਹੁਤ ਖੋਟੀ ਮਤਿ ਵਾਲਾ ਛਲੀਆ ਹੈ।

ਭਲੋ ਕੀਨ ਵਥੁ ਤਾਂਹਿ ਨ ਦੀਨੀ,
ਕਰਜੋ ਆਪਨੋ ਪੈਹੈ।

ਜਾਵਨ ਜਹਿਂ ਰਾਵਰ ਪਦ ਪਾਵਨ,
ਬਾਵਨ ਤੈ ਸਰਸਾਵਨ[1]।
[1]ਬਾਵਨ ਅਵਤਾਰ ਨਾਲੋਂ ਵੀ ਅਧਿਕ।

ਪਾਵਨ ਕਰਤ ਧਰਤਿ ਸੁਖ ਕਾਰਨ[1],
ਤਾਰਨ ਜੀਵ ਅਮਾਵਨ[1] ॥ ੧੨ ॥
[1]ਪਵਿੱਤ੍ਰ ਕਰਦੇ ਹਨ ਤੇ ਧਰਤੀ ਨੂੰ ਸੁਖੀ ਕਰਦੇ ਹਨ।
[1]ਮਿਣਤੀ ਤੋਂ ਰਹਿਤ।

ਜਗਤ ਗੁਰੂ ਭਗਵੰਤ ਕੰਤ ਤੁਮ,
ਵਤਸਲ[1] ਦਾਸਨ ਦਿਆਲੂ।
[1]ਪਿਆਰੇ।

ਬ੍ਰਿੰਦ ਸੰਤ ਪ੍ਰਭ ਕਾ ਸ੍ਰੁਤਿ ਕਹਿਂ ਤਹਿਂ,
ਜਹਿਂ ਜਹਿਂ ਚਹਿਂ ਸ਼ਰਧਾਲੂ[1]* ॥ ੧੩ ॥
[1]ਹੇ ਪ੍ਰਭੂ (ਰੂਪ ਸਤਿਗੁਰੂ ਆਪ ਦਾ) {ਸ੍ਰੁਤਿ} ਜਸ ਸਮੂੰਹ ਸੰਤ ਓਥੇ ਕਹਿੰਦੇ ਹਨ ਜਿੱਥੇ ਜਿੱਥੇ ਸ਼ਰਧਾਲੂ ਚਾਹੁੰਦੇ ਹਨ। *ਇਥੇ ਪਾਠ ਧਰਸਾਲੂ ਛਪਿਆ ਹੋਇਆ ਸੀ ਜੋ ਅਸ਼ੁੱਧ ਜਾਪਦਾ ਹੈ, ਅਸਾਂ 'ਸ਼ਰਧਾਲੂ' ਪਾਠ ਬਣਾ ਦਿੱਤਾ ਹੈ।

ਨਰਾਜ ਛੰਦ:
ਇੱਤਯਾਦਿ ਭਾਂਤਿ ਬਾਤ ਕੋ,
ਮੁਰਾਸਲਾ[1] ਲਿਖਾਇ ਕੈ।
[1]ਚਿੱਠੀ।

ਸੁ ਮੇਦਨੀ ਪ੍ਰਕਾਸ਼ ਭੂਪ,
ਭੇਟ ਸੰਗ ਦਾਇ ਕੈ।
ਦਿਵਾਨ ਕੋ ਪਠਾਇਓ, ਗੁਰੂ ਗੁਬਿੰਦਰਾਇ ਪੈ।
ਪੁਰੀ ਅਨੰਦ ਆਇਓ, ਸੁ ਪਾਂਇ ਕੋ ਉਠਾਇ ਕੈ

॥ ੧੪ ॥

ਨਿਹਾਰ ਕੈ ਪੁਰੀ ਸੁਰੰਮ, ਗੰਮ ਗੋ ਜਨੰਮ ਕੋ[1]।
ਛਬਾਨ ਛੁੰਗ ਛਹਿਰੈਂ, ਛਜਾਨ ਛਾਤ ਛੰਮ ਕੋ[1]।
ਅਟਾਂ ਕਰਤ ਬਾਰਤਾ, ਘਟਾਂ ਛਟਾਨ ਸੰਗ ਸੋਂ[1]।
ਕਲੱਸ ਭੂਰ ਲੱਸ ਹੀਂ, ਦਰਸ ਸੂਰਰੰਗ ਸੋਂ[1]

[1]ਸੁੰਦਰ ਪੁਰੀ ਦੇਖ ਕੇ ਜਨਮਾਂ ਦਾ ਗ਼ਮ {ਗੋ} ਚਲਾ ਗਿਆ।
[1]{ਛੰਮ} ਸੁੰਦਰ {ਛਾਤ} ਛੱਤਾਂ ਦੇ {ਛਜਾਨ} ਛੱਜੇ {ਛੁੰਗ} ਸਮੂੰਹ {ਛਬਾਨ} ਸੋਭਾ ਨਾਲ {ਛਹਿਰੈਂ} ਫਬ ਰਹੇ ਹਨ।
[1]ਅਟਾਰੀਆਂ ਘਟਾਂ ਤੇ ਬਿਜਲੀਆਂ ਨਾਲ ਗੱਲਾਂ ਕਰਦੀਆਂ ਹਨ।
[1]ਕਲਸ ਬਹੁਤੇ ਚਮਕਦੇ ਹਨ ਜੋ ਸੂਰਜ ਦੇਰੰਗ ਵਾਂਗ ਦਿੱਸਦੇ ਹਨ।

॥ ੧੫ ॥

ਸੁਹੰਤ ਸੈਲ ਮਾਲਕਾ, ਸਕਾਲਕਾ ਬਿਸਾਲਕਾ[1]।
ਬਜ਼ਾਰ ਬਾਗ ਘਾਟਕਾ, ਅਗਾਰ ਤੁੰਗ ਜਾਲਕਾ[1]।
ਗੁਰੂ ਕਿ ਪੌਰ ਸਾਮ ਠੌਰ, ਔਰ ਰਾਮਦਾਯਕੰ[1]।
ਤਹਾਂ ਕੀ ਸੋਭ ਕੋ ਕਹੇ, ਰਹੇ ਤਿਲੋਕ ਨਾਯਕੰ[1]

[1]{ਸਕਾਲਕਾ} ਕਾਲਿਕਾ ਦੇਵੀ (ਨੈਣਾ ਦੇਵੀ) ਦੇ ਪਹਾੜ ਦੇ ਸਹਿਤ ਬਹੁਤ ਸਾਰੀਆਂ ਪਹਾੜਾਂ ਦੀਆਂ ਕਤਾਰਾਂ ਸੋਹ ਰਹੀਆਂ ਹਨ।
[1]{ਘਾਟਿਕਾ}ਰਸਤੇ {ਜਾਲਿਕਾ} ਸਮੂੰਹ {ਤੁੰਗ} ਉੱਚੇ {ਅਗਾਰ} ਘਰ।
[1]ਗੁਰਾਂ ਦੇ ਦਰਸ਼ਨੀ ਦਰਵਾਜ਼ੇ ਵਰਗੀ ਹੋਰ ਅਰਾਮ ਦੇਣ ਵਾਲੀ ਜਗ੍ਹਾ {ਕੰ} ਕਿੱਥੇ ਹੈ।
[1]ਜਿੱਥੇ ਤਿੰਨਾਂ ਲੋਕਾਂ ਦਾ ਮਾਲਕ ਰਹਿੰਦਾ ਹੈ।

॥ ੧੬ ॥

ਦੁਆਰ ਪਾਲ[1] ਜਾਇ, ਮਾਥ ਨਾਇ ਹਾਥ ਜੋਰ ਕੈ।
ਮ੍ਰਿਗਿੰਦ ਪੰਥ ਨਾਥ ਪੈ, ਸੁਨਾਇਓ ਨਿਹੋਰ ਕੈ[1]।
ਬਜ਼ੀਰ ਨਾਹਣੇਸ ਕੋ, ਸੰਦੇਸ ਬੇਸ[1] ਲਜਾਯੋ।
ਪਦੰਮ ਪਾਦ ਰਾਵਰੇ, ਪਿਖੰਨ ਮਨ ਚਾਹਯੋ[1]

[1]ਚੋਬਦਾਰ।
[1]ਸਿੰਘਾਂ ਦੇ ਪੰਥ ਦੇ ਮਾਲਕ ਪਾਸ ਨਿੰਮ੍ਰਤਾ ਸਹਿਤ ਸੁਣਾਇਆ।
[1]ਚੰਗਾ ਸੁਨੇਹਾ।
[1]ਆਪ ਦੇ ਚਰਨ ਕੰਵਲ ਦੇਖਣ ਨੂੰ ਮਨ ਚਾਹੁੰਦਾ ਹੈ।

॥ ੧੭ ॥

ਦਿਵਾਨ ਨੰਦ ਚੰਦ ਕੋ, ਗੁਰੂ ਸੁ ਦੂਤ ਪੈ ਪਠਯੋ।
ਮਕਾਨ ਖਾਨ ਪਾਨ ਦੈ, ਬਿਸੇਸ ਆਦਰੈਂ ਠਟਯੋ[1]।
ਸਭਾ ਸਜਾਇ, 'ਦੂਸਰੇ ਦਿਵਸ ਸੋ ਬੁਲਾਇਓ'।
ਵਕੀਲ ਢੀਲ ਛੋਰਿ, ਆਇ ਪਾਇ ਸੀਸ ਨਾਇਓ

[1]ਕੀਤਾ।

॥ ੧੮ ॥

ਬਿਭੋ ਅਰੂਜ ਹੇਰ ਕੈ, ਸੁ ਤੱਜਬੈਂ ਰਹਾਇਓ[1]।
ਆਨੰਦ ਸੁਖ ਪੁਛਯੋ, ਗੁਰੂ ਉਨੈਂ ਸੁਨਾਇਓ।
ਬਿਨੈ ਸੁ ਪੱਤ੍ਰ ਭੂਪ ਕਾ, ਸਭੇਟ ਦੈ ਉਚਾਰਿਓ।
ਨਰੇਸ ਚਾਹਿ ਰਾਵਰੇ ਪਦਾਂਬੁਜੈ[1] ਨਿਹਾਰਿਓ

[1]ਸਮੱਗ੍ਰੀ ਤੇ ਪ੍ਰਤਾਪ ਵੇਖ ਕੇ ਹੈਰਾਨ ਰਹਿ ਗਿਆ।
[1]ਚਰਨ ਕੰਵਲ।

॥੧੯॥
ਚਲੋ ਉਤਾਲ[1] ਦਜਾਲ ਹ੍ਵੈ, ਨਿਹਾਲ ਤਾਂਹਿ ਕੀਜੀਏ। [1]ਛੇਤੀ।
ਸ਼ਿਕਾਰ ਤੀਰ ਭਾਨੁ ਧੀ[1], ਅਪਾਰ ਹੈਂ ਖਿਲੀਜੀਏ। [1]ਜਮਨਾ।
ਨਿਹਾਤ[1] ਸ਼ੌਕ ਭੂਪ ਕੋ, ਸੁ ਖੂਪ ਸੰਗ ਖੇਲ ਹੈ। [1]ਬਹੁਤਾ।
ਬਿਸੇਸ ਸੇਵ ਸੇਵ ਹੈ, ਹਮੇਸ਼ ਰਾਖ ਮੇਲ ਹੈ
॥੨੦॥
ਪੁਨਾ ਸੁ ਪੱੜ੍ਹ ਭੂਪ ਕਾ, ਸੁ ਖੇਮ ਪ੍ਰੇਮ ਮੈਂ ਪਗਜੋ[1]। [1]ਅਨੰਦ ਤੇ ਪ੍ਰੇਮ 'ਚਰੰਗਿਆ ਹੋਇਆ ਹੈ।
ਪਢਾਇ ਮੋਦ ਭੇ ਗੁਰੂ, ਬਿਨੋਦ[1] ਸ਼ੌਕ ਹੈ ਜਗਯੋ। [1]ਕੌਤਕਾਂ ਦਾ।
ਮਸੰਦ ਬ੍ਰਿੰਦ ਜੰਗ ਤੈ, ਕੁਰੰਗ ਥੇ[1] ਜੁ ਨਿੱਤ ਹੀ। [1]ਹਰਨ ਸਨ ਭਾਵ ਡਰਦੇ ਸਨ।
ਤਿਨੈਂ ਸੁ ਮਾਤ ਪੈ ਕਹੀ, ਅਨੰਦ ਹ੍ਵੈ ਅਮਿਤ ਹੀ
॥੨੧॥
ਭਈ ਹਮਾਰਿ ਭਾਵਤੀ[1], ਗੁਰੂ ਜਿ ਜਾਇਂ ਹੈਂ ਤਹਾਂ। [1]ਮਨ ਭਾਉਂਦੀ।
ਮਿਟੈ ਬਿਰੋਧ ਸੈਹਜੇ, ਰਹੈਂ ਪਰੱਚ ਭੀ ਮਹਾਂ।
ਅਜੀਤ ਮੱਲ ਆਦਿ, ਪਾਂਚ ਬੀਰ ਨੰਦ ਚੰਦ ਕੋ।
ਬੁਲਾਇ ਮਾਤ ਸਾਹਿਬਾ, ਕਹਯੋ ਕ੍ਰਿਪਾਲ ਚੰਦ ਕੋ
॥੨੨॥
ਲਵਾਇ ਸੰਗ ਲੈ ਚਲੋ, ਗੁਰੈਂ ਸੁ ਨਾਹਣੇਸ ਕੇ[1]। [1]ਆਪਣੇ ਨਾਲ ਲੈ ਕੇ ਨਾਹਣ ਦੇ ਰਾਜੇ ਪਾਸ ਲੈ ਚੱਲੋ।
ਤਹਾਂ ਰਹਾਹਿਂ, ਆ ਮਿਲੇਂ ਨਰੇਸ ਔਰ ਦੇਸ ਕੇ।
ਸਲਾਹਿ ਐਸ ਠਾਨ, ਮਾਤ ਪੈ ਗੁਰੈਂ ਲਿਆਨਿਓ।
ਪ੍ਰਸੰਗ ਢੰਗ ਪਾਇ ਕੈ, ਸੁ ਮਾਤ ਯੌਂ ਬਖਾਨਿਓ
॥੨੩॥
ਸੁਨਜੋ, ਵਕੀਲ ਨਾਹਣੇਸ ਕੋ ਅਯੋ ਬੁਲਾਵਨੋ।
ਉਮੰਗ ਸੋਂ ਬੁਲਾਇ ਜੋ, ਨਿਸੰਗ ਤੈਂਹ ਜਾਵਨੋ।
ਫਬੈ ਪ੍ਰਤਾਪ ਆਪ ਕੋ, ਦਬੈਂ ਤਮਾਮ ਸੱਤਰੂ।
ਹਮੇਸ਼ ਕਾ ਕਲੇਸ਼, ਦੂਰ ਹੋਇ ਹੈ ਅਵੱਤਰੂ[1] [1]ਬਿਨਾ ਸੰਸੇ ਤੋਂ।
॥੨੪॥
ਮਿਟੈ ਬਿਰੋਧ ਭੀਮ ਚੰਦ ਮੰਦ ਕੋ ਭਿ ਤਾਵਤੈਂ[1]। [1]ਤਦੋਂ ਤੱਕ।
ਕਰੈਂਹ ਸੈਲ ਸੈਲ ਕੋ[1] ਰਹੈਂਹ ਤਾਂਹਿ ਯਾਵਤੈਂ[2]। [1]ਪਹਾੜਾਂ ਦੀ ਸੈਰ। [2]ਜਦੋਂ ਤੱਕ।

ਕਾਲਿੰਦਰੀ[1] ਨਹਾਇ ਹੈਂ, ਹਮੈ ਭਿ ਸੰਗ ਲੈ ਚਲੋ। [1]ਜਮਨਾ ਵਿੱਚ।
ਦਬੈਹ ਰਾਮਰਾਇ ਭੀ, ਮਿਲੈਹ ਆਇ ਕੈ ਭਲੋ ॥੨੫॥
ਗੁਰੂ ਭੀ ਆਦਿ[1] ਯਾਂਹਿ ਤੈ, ਅਨੰਤ ਠੌਰ ਹੈਂ ਗਏ। [1]ਸ੍ਰੀ ਗੁਰੂ ਨਾਨਕ ਦੇਵ ਜੀ।
ਕਰੇ ਸੁ ਯਾਦ ਜਾਂਹਿ, ਸੂਖ ਤਾਂਹਿ ਜਾਇ ਹੈਂ ਦਏ।
ਇਹੀ ਸੁਭਾਇ ਸੰਤ ਕੋ, ਨ ਦੂਖਿ ਕੋ ਦੁਖਾਇ ਹੈਂ[1]। [1]ਦੁਖੀ ਨੂੰ ਦੁਖਾਵੇ ਨਾ।
ਪੁਰੰਤ ਆਸ ਤਾਸ ਕੀ, ਸਰੰਨ ਜੋਇ ਆਇ ਹੈਂ ॥੨੬॥
ਬਡੇ ਜਗੱਤ ਜੇ ਭਏ, ਭਗੱਤ ਮਾਤ ਤਾਤ[1] ਕੋ। [1]ਪਿਤਾ।
ਕਹਯੋ ਕਰੱਤ ਹੈਂ ਰਹੇ, ਗਹੱਤ[1] ਬਾਤ ਸਾਂਤਿ ਕੋ। [1]ਗ੍ਰਹਿਣ ਕਰਦੇ ਰਹੇ ਹਨ।
ਗਏ ਤਜਾਗ ਰਾਮ ਰਾਜ, ਕੇਕਈ ਕੇ ਬਾਕ ਪੈ।
ਫਰੀਦ, ਗੋਪਿ ਚੰਦ, ਧ੍ਰੂ ਥਏ ਫਕੀਰ ਤਾਕ ਪੈ[1] [1](ਰੱਬ ਦੀ) ਤਲਾਸ਼ ਵਾਸਤੇ।
॥੨੭॥
ਅਹੋ ਸਪੂਤ ਬਾਤ ਏਹੁ, ਮਾਨ ਮਾਤ ਕੀ ਅਬੈ।
ਨ ਫੇਰ ਜਿੱਦ ਮੈਂ ਕਰੋਂ, ਨ ਕਾਂਹਿ ਬਾਤ ਪੈ ਕਬੈ।
ਇਤਯਾਦਿ ਬਾਤ ਮਾਤ ਨੈ, ਬਖਯਾਤ ਤਾਤ[1] ਜੌ ਕਹੀ। [1]ਪੁੱਤਰ ਨੂੰ।
ਕ੍ਰਿਪਾਲ ਚੰਦ ਆਦਿ ਕੀ, ਸਲਾਹਿ ਰਾਇ ਭੀ ਲਹੀ ॥੨੮॥
ਤਬੈ ਤੁ ਨੰਦ ਚੰਦ ਕੋ, ਗੁਰੂ ਬੁਲਾਇ ਕੈ ਕਹਯੋ।
ਸਸੈਨ ਤਯਾਰ ਹੋਇ, ਸਾਜ ਸੰਗ ਪੁੰਜ ਹੀ ਲਹਯੋ।
ਸੁਭੱਟ ਗਰੱਟ[1] ਛੋਰਿ ਕੈ, ਪੁਰੀ ਅਨੰਦ ਰੱਖਕੰ। [1]ਸੂਰਮਿਆਂ ਦਾ ਜੱਥਾ।
ਸੁ ਬੀਰ ਭੀਰ ਧੀਰ, ਸੰਗ ਲੈਹਿ ਦੋਖ ਭੱਖਕੰ[1] [1]ਦੋਸ਼ਾਂ ਨੂੰ ਨਾਸ ਕਰਨ ਵਾਲੇ (ਸਤਿਗੁਰਾਂ ਨੇ)।
॥੨੯॥
ਦੋਹਰਾ:
ਤੋਰੇ ਡੋਰੇ, ਬਹਿਲ[1], ਰਥ, [1]ਬੈਲ ਗੱਡੀਆਂ।
ਸਕਟੇ[1], ਸੁਤ੍ਰ[2], ਲਦਾਇ। [1]ਗੱਡੇ। [2]ਊਠ।
ਨਾਹਣੇਸ ਕੇ ਪਾਹੁਨੇ,
ਬਨਿ ਚਾਲੇ ਉਮਗਾਇ[1] ॥੩੦॥ [1]ਉਤਸ਼ਾਹ ਨਾਲ।
ਹਾਕਲਾ ਛੰਦ:

ਗੁਰੁ ਸ਼ਸਤਰ ਬਸਤਰ ਸਾਜੇ।
ਪਰਸਾਦੀ ਗਜ ਪਰ ਗਾਜੇ[1]।
ਮਨਿ ਗਨ ਯੁਤ ਹੇਂਮ[1] ਅੰਬਾਰੀ।
ਜਨੁ ਸੋਹਿਂ ਬਿਕੁੰਠ ਅਟਾਰੀ ॥ ੩੧ ॥

[1]ਬੈਠੇ। {ਫਾ: ਗਾਜ਼– ਅਸਥਾਨ, ਇਸਥਤ, ਬੈਠੇ।}
[1]ਸੋਨੇ ਦੀ।

ਸਸਿ[1], ਸੰਗੋ, ਮੱਲ ਅਜੀਤੈਂ।
ਕਰ ਚੌਰ ਸੁ ਮੁੱਠਾ ਲੀਤੈਂ[1]।
ਦੁਹਿ ਦਿਸੈ ਫਿਰਾਵਤ ਜਾਹੀਂ।
ਜਨੁ ਹੰਸ ਮਯੂਰ[1] ਉਡਾਹੀਂ ॥ ੩੨ ॥

[1](ਕ੍ਰਿਪਾਲ) ਚੰਦ ਮਾਮਾ।
[1]ਹੱਥ 'ਚ (ਮੋਰ ਦੇ ਖੰਭਾਂ ਦਾ) ਮੁੱਠਾ ਤੇ ਚੌਰ ਲਿਆ।
[1]ਮੋਰ।

ਝੁਕ ਝੂਲਤ ਝਾਲਰ ਝੂਲੈ[1]।
ਮਨਿ ਜਰੀ ਜ਼ਰੀ ਮਕਤੂਲੈਂ[1]।

[1]ਨੀਵੀਂ ਹੋ ਕੇ ਤੇ {ਝੂਲਤ} ਹਿਲ ਕੇ ਝਾਲਰ ਝੂਲਦੀ ਹੈ।
[1]ਜ਼ਰੀ ਤੇ {ਮਕਤੂਲ}ਰੇਸ਼ਮ ਵਿੱਚ ਮਣੀਆਂ ਜੜ੍ਹੀਆਂ ਹੋਈਆਂ ਹਨ।

ਪੰਨੇ[1] ਪੁਖਰਾਜ[2] ਸਤਾਰੇ।
ਨਭ ਫਬ ਜਨੁ ਰਹੇ ਸਤਾਰੇ ॥ ੩੩ ॥

[1]ਫ਼ੀਰੋਜ਼ੇ ਦੀ ਜਾਤ ਦਾ ਇਕਰਤਨ। [2]ਇਕਰਤਨ ਜੋ ਨੌਂਰਤਨਾਂ ਵਿੱਚ ਗਿਣਿਆ ਜਾਂਦਾ ਹੈ।

ਗਰਿ ਛੁੱਦ੍ਰ ਘੰਟਿਕਾ ਮਾਲਾ[1]।
ਪਗ ਨੇਵਰ ਬਜੈਂ ਰਸਾਲਾ[1]।
ਘੰਟੇ ਜੁਗ ਦਿਸ ਗਰਜੈ ਹੈਂ।
ਸੁਨਿ ਸਾਵਨ ਮੇਘ ਲਜੈ ਹੈਂ ॥ ੩੪ ॥

[1]ਗਲ 'ਚ ਛੋਟੇ ਘੁੰਘਰੂਆਂ ਦੀ ਮਾਲਾ ਹੈ।
[1]ਪੈਰਾਂ 'ਚ ਸੁੰਦਰ ਝਾਂਜਰਾਂ ਵਜਦੀਆਂ ਹਨ।

ਤ੍ਰੈ ਦਿਸ ਤੈ ਚਾਂਦ ਚਮੱਕੈਂ।
ਕਵਿ ਖੜੇ ਛੁੰਗ ਛਬਿ[1] ਤੱਕੈਂ।
ਕਿਤ ਰੁੱਦ੍ਰ ਖੋਲ੍ਹ ਦ੍ਰਿਗ ਚਾਲਾ[1]।
ਗਿਰਿ ਕਾਜਰ ਬੀਜ ਕਿ ਜਾਲਾ[1] ॥ ੩੫ ॥

[1]ਸਮੂੰਹ ਸੋਭਾ।
[1]ਕੀ ਸ਼ਿਵ ਜੀ ਨੇਤ੍ਰ ਖੋਲ੍ਹ ਕੇ ਜਾ ਰਿਹਾ ਹੈ।
[1]ਸੁਰਮੇ ਦਾ ਪਹਾੜ ਹੈ ਜਾਂ ਸਮੂੰਹ ਬਿਜਲੀਆਂ ਹਨ।

ਜਨੁ ਬਨ ਠਨ ਗਨਪਤਿ ਬੇਗੈਂ[1]।

[1]ਜਾਂ ਜਾਣੋ ਗਣੇਸ਼ ਬਣ ਠਣ ਕੇ {ਬੇਗੈਂ} ਤੇਜ਼ੀ ਨਾਲ (ਜਾ ਰਿਹਾ ਹੈ)।

ਕਿਤ ਰਵਿ ਸਸਿ ਬੀਜ ਸਮੇਘੈਂ[1]।
ਮਿਲਿ ਰਾਂਕਾ ਕੁਹੂ ਕਿ ਜਾਂਹੀ[1]।

[1]ਸੂਰਜ ਤੇ ਚੰਦ ਬਿਜਲੀ ਤੇ ਬੱਦਲਾਂ ਸਣੇ (ਜਾ ਰਹੇ ਹਨ)।
[1]ਜਾਂ {ਰਾਂਕਾ} ਪੁੰਨਿਆ ਦਾ ਚੰਦ ਤੇ {ਕੁਹੂ} ਪਹਾੜ {ਮਿਲਿ} ਮਿਲ ਕੇ (ਜਾ ਰਹੇ ਹਨ)।

ਪਿਖਿ ਇੰਦ੍ਰ ਗਜਿੰਦ੍ਰ[1] ਲਜਾਹੀਂ ॥ ੩੬ ॥
ਚਢਿ ਚਲੀ ਸੈਨ ਗੁਰੁ ਕੇਰੀ।
ਚਤੁਰੰਗ ਅੰਗ ਬਹੁਤੇਰੀ[1]।

[1]ਐਰਾਪਤ ਹਾਥੀ।
[1]ਚਾਰ ਤਰ੍ਹਾਂ ਦੀ (ਹਾਥੀਆਂ, ਘੋੜੀਆਂ, ਰੱਥਾਂ ਤੇ ਪੈਦਲ) (ਅਤੇ ਹੋਰ) ਬਹੁਤੀ {ਅੰਗ} ਸਹਾਇਕ (ਫ਼ੌਜ)।

ਰਣਜੀਤ ਨਗਾਰਾ ਬਾਜੈ।
ਜਿਹ ਧੁਨਿ ਸੁਨ ਅਰਿ ਗਨ ਭਾਜੈਂ ॥ ੩੭ ॥
ਗੈ ਚਿੰਸਤ ਹਿੰਸਤ ਬਾਜੀ[1]। [1]ਹਾਥੀ ਚੀਕਦੇ ਤੇ ਘੋੜੇ ਹਿਣਕਦੇ ਹਨ।
ਸੁਨਿ ਘਟਾਂ ਛਟਾ ਯੁਤ ਲਾਜੀ[1]। [1]ਸੁਣ ਕੇ ਬੱਦਲ ਦੀ ਘਟਾ ਬਿਜਲੀ ਸਣੇ ਸ਼ਰਮਿੰਦਾ ਹੁੰਦੀਆਂ ਹਨ।

ਚੰਚਲ ਚਿਤ ਚੋਰ ਚਈਲੇ[1]। [1]ਚੰਚਲ ਤੇ ਚਿੱਤ ਨੂੰ ਚੁਰਾਉਣ ਵਾਲੇ ਅਤੇ ਚਾਉ ਵਾਲੇ ਹਨ।
ਚੌਕਤ ਚਿਤਵਤ ਚਰਚੀਲੇ[1] ॥ ੩੮ ॥ [1]{ਚੌਕਤ} ਬੋਲਦੇ ਹਨ ਅਤੇ {ਚਰਚੀਲੇ} ਨਾਚ ਕਰਨਾ (ਚਿਤ ਵਿੱਚ) ਚਿਤਵਦੇ ਹਨ।

ਛੌਨੀ ਛੁਹਿ ਛੁਭੈਂ ਉਛਾਲੈਂ[1]। [1]ਧਰਤੀ ਨੂੰ ਛੋਹ ਕੇ {ਛੁਭੈਂ} ਗ਼ੁੱਸੇ ਨਾਲ ਉਛਲਦੇ ਹਨ।
ਨਟ ਲਾਜਤ ਨਚਤ ਨਿਹਾਲੈਂ[1]। [1]ਦੇਖ ਕੇ।
ਮ੍ਰਿਗ ਛੌਨੈ ਗੌਨੈ ਪੌਨੈ[1]। [1]ਹਰਨਾਂ ਦੇ ਬੱਚਿਆਂ (ਜਾਂ) ਹਵਾ ਵਾਂਗ ਚਲਦੇ ਹਨ।
ਜੀਤੈਂ ਮਨ ਮੀਤੈਂ ਲੌਨੈ[1] ॥ ੩੯ ॥ [1]ਚੰਗੇ ਮਿੱਤ੍ਰਾਂ ਦੇ ਮਨ ਨੂੰ ਜਿੱਤਦੇ ਹਨ।
ਸਿਖ ਪ੍ਰੇਮੀ ਚਲੇ ਅਪਾਰੇ।
ਜਿਨ ਮਨ ਗੁਰੁ ਪਗ ਪਰ ਵਾਰੇ।
ਸੰਗ ਚਲਜੋ ਪੰਜ ਸੈ ਸਾਧੂ।
ਜੇ ਛਕਤਿ ਕੜਾਹ ਪ੍ਰਸ਼ਾਦੂ ॥ ੪੦ ॥
ਗੁਰੁ ਕਰਿ ਕੀਰਤਿ ਪੁਰ ਡੇਰਾ।
ਪ੍ਰਸ਼ਾਦ ਕਰਾਇ ਬਧੇਰਾ।
ਗੁਰੁ ਖਸ਼ਟਮ ਸਾਤਮ ਦੇਹਰੇ[1]। [1]ਸਸਕਾਰ ਦੇ ਅਸਥਾਨ।
ਬ੍ਰਤਵਾਯੋ ਜਾਇ ਸਬੇਰੇ[1] ॥ ੪੧ ॥ [1]ਸੁਬ੍ਹਾ।
ਯੁਤ ਨਾਤੀ ਸੂਰਜ ਮਲ ਕੇ[1]। [1]ਸੂਰਜ ਮੱਲ ਦੇ ਪੋਤ੍ਰਿਆਂ ਸਣੇ।
ਪ੍ਰਵਾਣ ਅਯੋ ਸਬਿ ਚਲ ਕੇ।
ਮਿਲਿ ਜਥਾ ਜੋਗ ਸਬਿ ਸੰਗੈਂ।
ਮਗ ਲੀਨੋ ਅੱਗ੍ਰ ਨਿਸੰਗੈਂ ॥ ੪੨ ॥
ਇਕ ਦਿਨ ਰਹਿ ਰੋਪੜ ਮੇਂ ਹੈਂ।
ਚਲਿ ਸਨੇ ਸਨੇ ਪਹੁੰਚੇ ਹੈਂ।
ਪ੍ਰਕਾਸ਼ ਮੇਦਨੀ ਸੁਨ ਕੈ।
ਆ ਮਿਲਿਓ ਆਗੇ ਗੁਨ ਕੈ ॥ ੪੩ ॥
ਪਿਖਿ ਰੂਪ ਖੂਪ ਮੁਦ ਹੋਯੋ।
ਨਿਜ ਜਨਮ ਸਫਲ ਭਾ ਜੋਯੋ[1]। [1]ਦੇਖਿਆ।

ਪਗ ਪੰਕਜ ਪੈ ਸਿਰ ਧਰ ਕੈ।
ਬਰ ਬਾਜ ਨਜ਼ਰ ਇਕ ਕਰ ਕੈ[1] ॥ ੪੪ ॥ [1]ਇਕ ਚੰਗਾ ਘੋੜਾ ਭੇਟਾ ਕਰਕੇ।
ਮੁਹਿਰਾਂ ਪਾਟੰਬਰ ਚਾਰੀ।
ਬੰਦਜੋ ਧਰਿ ਮਾਤ ਅਗਾਰੀ।
ਨਿਜ ਧੰਨ ਭਾਗ ਬਰਨੈ ਕੈ[1]। [1]ਕਹਿ ਕੇ।
ਲੈ ਗਯੋ ਧਾਂਮ ਮੁਦ ਹ੍ਵੈ ਕੈ ॥ ੪੫ ॥
ਡੇਰਾ ਸੁਭ ਠੌਰ ਕਰਾਯੋ।
ਵਥੁ ਬਾਂਛਿਤ ਦੈ ਪੁਨ ਗਾਯੋ।
ਮਮ ਮਨ ਤਨ ਧਨ ਘਰ ਥਾਰਾ[1]। [1]ਤੁਹਾਡਾ।
ਜੋ ਚਹੀਏ ਲਿਹੁ ਬਿਨ ਬਾਰਾ[1] ॥ ੪੬ ॥ [1]ਬਿਨਾਂ ਦੇਰ ਤੋਂ।
ਹਿਤ ਸੇਵਾ ਸਚਵ ਤਜੈ ਕੈ।
ਲੈ ਆਗਜਾ ਨਿਜ ਘਰ ਜੈ ਕੈ।
ਪਹੁਨਾਈ[1] ਸਬਿ ਪਹੁੰਚਾਈ। [1]ਪ੍ਰਾਹੁਣਚਾਰੀ।
ਜਿਮ ਲੇਤ ਦੇਤ ਬਡਰਾਈ[1] ॥ ੪੭ ॥ [1]ਵੱਡੇਰਾਜੇ।
ਗੁਰੁ ਛਕਿ ਪ੍ਰਸ਼ਾਦ ਬਿਰਾਜੇ।
ਮੁਦ ਪਾਇ ਸਸੈਨ ਸਮਾਜੇ[1]। [1]ਇਕੱਠ ਤੇ ਫ਼ੌਜ ਸਣੇ ਅਨੰਦ ਪਾਇਆ।
ਨਿਸ ਢਰੀ ਬਜੇ ਪੁਨ ਬਾਜੇ।
ਹੈ[1] ਹਿਣਕੈ ਗੈ[2] ਬਹੁ ਗਾਜੇ ॥ ੪੮ ॥ [1]ਘੋੜੇ। [2]ਹਾਥੀ।
ਜਾਗੇ ਸਬਿ ਸਿੱਖ ਸਭਾਗੇ।
ਗੁਰੁਬਾਣੀ ਪਢਨੇ ਲਾਗੇ।
ਜਨੁ ਕੋਕਲ[1] ਦਾਦਰ[2] ਮੋਰੈਂ। [1]ਕੋਇਲਾਂ। [2]ਡੱਡੂਆਂ।
ਪਾਵਸ ਮ੍ਰਿਦੁ ਮਾਂਡਜੋ ਸ਼ੋਰੈਂ[1] ॥ ੪੯ ॥ [1]ਜਾਣੋ ਵਰਖਾ ਦੀਰੁੱਤ ਵਿੱਚ ਕੋਮਲ ਸ਼ੋਰ ਕਰ ਰਹੇ ਹਨ।
ਨ੍ਰਿਪ ਰਾਣੀ, ਗਨ ਜਨ ਔਰੈਂ[1]। [1]ਬਹੁਤੇ ਹੋਰ ਲੋਕ।
ਸੁਨਿ ਭਜਨ ਭਏ ਮੁਦ ਗੌਰੈਂ[1]। [1]ਬਹੁਤ ਅਨੰਦ।
ਫਿਰ ਆਸਾ ਵਾਰ ਲਗਾਈ।
ਰਾਗੀਨਿ[1] ਰਾਗ ਸੁਠ ਗਾਈ ॥ ੫੦ ॥ [1]ਰਾਗੀਆਂ ਨੇ।
ਗੁਰੁ ਸੌਚ ਸ਼ਨਾਨ ਕਰੈ ਕੈ।
ਬੈਠੇ ਨਿਜ ਧਜਾਨ ਧਰੈ ਕੈ।
ਦਿਨ ਚਢੇ ਦਿਵਾਨ ਲਗਾਏ।
ਗੁਰੁ ਸ਼ਸਤ੍ਰ ਬਸਤ੍ਰ ਸਜਾਏ ॥ ੫੧ ॥

ਸੁਠ ਕਲਗੀ ਜਿਗਾ ਜਰਾਊ।
ਜਨੁ ਮੁਕਟ ਧਰਜੋ ਦਿਨਰਾਊ[1]।
ਸ੍ਰੁਤਿ ਕੁੰਡਲ ਲੋਲ ਕਲੋਲੈਂ[1]।

[1]ਸੂਰਜ ਨੇ।
[1]ਕੰਨਾਂ 'ਚ ਸੁੰਦਰ ਕੁੰਡਲ {ਚੰਚਲ} ਹਿਲ ਕੇ ਕਲੋਲਾਂ ਕਰਦੇ ਹਨ।

ਸਸਿ ਪਰ ਜਨੁ ਚਪਲਾ ਡੋਲੈਂ[1] ॥ ੫੨ ॥
ਬੋਲੈਂ, ਛਬਿ ਉਠਤ ਕਲੋਲੈਂ[1]।
ਜਨੁ ਗੰਗ ਤਰੰਗ ਅਮੋਲੈਂ।
ਮੁਸਕਾਨ ਖੁਲੈਂ ਰਦ-ਛਦ ਯੌਂ[1]।
ਹੀਰੇ ਪਰਵਾਲੇ ਮਧ ਜਯੋਂ[1] ॥ ੫੨ ॥
ਰਸ ਅਮੈ ਮਈ ਵਰ ਬਾਨੀ[1]।
ਦਾਸਨ ਕੇ ਭਵਰੁਜ ਹਾਨੀ[1]।
ਗਜ ਮੁਕਤਾ ਮਾਲ ਬਿਸਾਲੈਂ।
ਕੰਠਾ ਸੁਠ ਕੰਠਿ ਕਮਾਲੈਂ[1] ॥ ੫੪ ॥

[1]ਜਾਣੋ ਚੰਦ ਤੇ ਬਿਜਲੀਆਂ ਹਿਲਦੀਆਂ ਹਨ।
[1]ਸੋਭਾ ਦੀਆਂ ਲਹਿਰਾਂ ਉਠਦੀਆਂ ਹਨ।
[1]ਮੁਸਕਰਾਉਂਦਿਆਂ {ਰਦ ਛਦ} ਬੁੱਲ੍ਹ ਐਉਂ ਖੁਲ੍ਹਦੇ ਹਨ।
[1]ਜਿਵੇਂ ਮੂੰਗਿਆਂ ਵਿੱਚ ਹੀਰੇ।
[1]ਅੰਮ੍ਰਿਤ ਰਸ ਰੂਪ ਸ੍ਰੇਸ਼ਟ ਬਾਣੀ।
[1]ਸੰਸਾਰਕਰੋਗਾਂ ਨੂੰ ਨਾਸ ਕਰਨ ਵਾਲੀ।
[1]ਗਲ ਵਿੱਚ ਸੁੰਦਰ ਤੇ {ਕਮਾਲ} ਬਹੁਤ ਚੰਗਾ ਕੰਠਾ ਪਾਇਆ ਹੈ।

ਨਵਰਤਨ ਜਟਿਤ ਭਰਵੱਟੇ[1]।
ਜਨ ਨਵ ਗ੍ਰਹਿ ਗੁਰੈਂ ਗਰੱਠੇ[1]।
ਕਰ ਕੰਕਨ ਕੰਚਨ ਨੀਕੇ[1]।
ਭੁਜ ਕਰੀ ਕਰਭ ਕਰ ਠੀਕੇ[1] ॥ ੫੫ ॥

[1]ਬਾਜ਼ੂ ਬੰਦ।
[1]ਪਕੜੇ ਹੋਏ ਹਨ।
[1]ਹੱਥਾਂ 'ਚ ਸੋਨੇ ਦੇ ਸੁੰਦਰ ਕੜੇ ਹਨ।
[1]ਬਾਹਾਂ ਹਾਥੀ ਦੇ {ਕਰਭ} ਬੱਚੇ ਦੀ {ਕਰ} ਸੁੰਡ ਵਰਗੀਆਂ ਠੀਕ ਹਨ।

ਉਰ ਆਯੁਤ ਉਨੱਤ ਕੰਧੇ[1]।
ਜਨੁ ਹਿੰਦੁ ਧਰਮ ਕੇ ਬੰਧੇ[1]।
ਪਗ ਕੱਛਪ ਪ੍ਰਿਸ਼ਟਿ ਸਮਾਨੰ[1]।
ਭਵ ਹਰੈਂ[1] ਧਰੈਂ ਜੇ ਧਯਾਨੰ ॥ ੫੬ ॥
ਕਲ ਕੰਧ ਕੁਵੰਡ ਕਠੋਰੈਂ[1]।
ਕਰ ਸਰ ਫੇਰਤ ਚਿਤ ਚੋਰੈਂ[1]।
ਸਿੰਘਾਸਨ ਪੈ ਬੀਰਾਸਨ।
ਬੈਠੇ ਸੁਖ ਦਾਯਕ ਦਾਸਨ ॥ ੫੭ ॥
ਛਬਿ ਫਬਿ ਪਿਖਿ ਮਘਵਾ[1] ਲਜ ਹੈ।
ਪਿਖਿ ਮਦਨ ਬਦਨ ਨਿਜ ਕਜ ਹੈ[1]।
ਸੁਰ ਸੋਹਿਤ ਸਿੱਖ ਸਜੀਲੇ[1]।

[1]ਛਾਤੀ ਚੌੜੀ ਤੇ ਉੱਚੇ ਮੋਢੇ ਹਨ।
[1]ਬੰਨ੍ਹ ਹਨ।
[1]ਪੈਰ ਕੱਛੂ ਦੀ ਪਿੱਠ ਵਾਂਗ ਹਨ।
[1]ਜੰਮਣ ਮਰਣ ਮੇਟ ਦੇਂਦੇ ਹਨ।
[1]ਮੋਢੇ 'ਤੇ ਸੁੰਦਰ ਤੇ ਕਰੜਾ ਧਨੁਸ਼ ਹੈ।
[1]ਹੱਥ 'ਚ ਤੀਰ ਫੇਰਦੇ ਚਿੱਤ ਨੂੰ ਚੁਰਾਉਂਦੇ ਹਨ।
[1]ਇੰਦ੍ਰ।
[1]ਕਾਮ ਦੇਖ ਕੇ ਆਪਣਾ ਮੂੰਹ ਢਕ ਲੈਂਦਾ ਹੈ।
[1]ਸਜੇ ਹੋਏ ਸਿੱਖ ਦੇਵਤਿਆਂ ਵਾਂਗ ਸੋਹ ਰਹੇ ਹਨ।

ਜਸ ਰਟੈਂ ਨਕੀਬ ਰੰਗੀਲੇ[1] ॥ ੫੮ ॥
[1]ਬੁਲਾਰੇ ਅਨੰਦ ਨਾਲ ਜਸ ਉਚਾਰਦੇ ਹਨ।

ਬਹੁ ਕੰਚਲ ਦੰਡੀ ਠਾਂਢੇ[1]।
[1]ਸੋਨੇ ਦੀਆਂ ਚੋਬਾਂ ਵਾਲੇ ਬਹੁਤੇ ਚੋਬਦਾਰ ਖੜ੍ਹੇ ਹਨ।

ਗੁਨ ਗਾਇਕ[1] ਗਾਵਤ ਗਾਢੇ।
[1]ਗਵੱਈਏ।

ਜੁਗ ਚਾਰੂ ਚਵਰ ਢੁਰੈ ਹੈਂ[1]।
[1]ਦੋ ਸੁੰਦਰ ਚੌਰ ਝੁਲ ਰਹੇ ਹਨ।

ਜਨੁ ਹੰਸ ਉਡਾਰੀ ਲੈ ਹੈਂ ॥ ੫੯ ॥

ਤਬ ਨਾਹਣੇਸ ਚਲਿ ਆਯੋ।
ਸਹਿ ਸਚਵਨ ਸਾਜ ਸਜਾਯੋ।
ਸਬਿ ਨੈ ਸਿਰਿ ਗੁਰਹਿਂ ਝੁਕਾਏ।
ਗੁਰੁ ਕਹਯੋ ਨਾਮ ਚਿਤ ਆਏ ॥ ੬੦ ॥
ਉਨਿ ਨੰਦ ਚੰਦ ਕ੍ਰਿਪਾਲੇ।
ਸਬਿ ਜਥਾ ਜੋਗ ਬੈਠਾਲੇ।
ਪਿਖਿ ਸਭਾ ਦਬਦਬਾ ਗੁਰੁ ਕਾ।
ਸਬਿ ਗਰਬ ਗਯੋ ਨ੍ਰਿਪ ਉਰ ਕਾ ॥ ੬੧ ॥
ਜੋ ਸੁਨੀ ਸਿਕੰਦਰ ਕੇਰੀ।
ਕਹਿਂ ਸੋ ਛਬਿ ਅਬਿ ਸਬਿ ਹੇਰੀ।
ਗੁਰੁ ਰਾਜਨੀਤਿ ਕੀ ਬਾਤੈਂ।
ਬਹੁ ਨ੍ਰਿਪ ਸੋਂ ਕੀਨ ਬਿਭਾਂਤੈ[1] ॥ ੬੨ ॥
[1]ਅਨੇਕ ਤਰ੍ਹਾਂ ਦੀਆਂ।

ਜੋ ਸਹੀ ਸਬੀ ਨੈ ਮਾਨੀ।
ਜਾਨੇ ਗੁਰੁ ਸੁਰਗੁਰ ਸਾਨੀ[1]।
[1]ਗੁਰਾਂ ਨੂੰ ਦੇਵਤਿਆਂ ਦੇ ਗੁਰੂ (ਬ੍ਰਿਹਸਪਤਿ ਦੇ) {ਸਾਨੀ} ਸਦਰਸ ਜਾਣਿਆ।

ਬਡ ਆਕਲ[1] ਆਲਮ[2] ਦਾਨਾ[3]।
[1]ਅਕਲ ਵਾਲਿਆਂ। [2]ਵਿਦਵਾਨਾਂ। [3]ਸਿਆਣਿਆਂ ਨੇ।

ਸਬਿ ਨੇ ਗੁਰੁ ਕੋ ਪ੍ਰਭੁ ਮਾਨਾ ॥ ੬੩ ॥
ਸਹਿ ਸਚਵਨ ਭੂਪ ਬਿਕਾਯੋ।
ਗੁਰੁ ਮਨੋ ਮੋਹਨੀ[1] ਪਾਯੋ।
[1]ਮੋਹਣੀ ਮੰਤ੍ਰ।

ਕਹਿਲੂਰ ਪਤੀ[1] ਕੀ ਗਾਥਾ।
[1]ਭੀਮ ਚੰਦ।

ਸਬਿ ਕਹੇਂ ਸੁਨੇਂ ਤਿਸ ਸਾਥਾ ॥ ੬੪ ॥
ਕਹਿਂ ਵਹਿ ਅਤਿ ਮੂਢ ਅਭਾਗੀ।
ਜਿਹ ਪ੍ਰੀਤਿ ਨ ਗੁਰੁ ਪਗ ਲਾਗੀ।
ਸਤਿ ਪੁਰਖਨ ਸੋਂ ਜੋ ਅਰ ਹੈ।
ਬਿਨ ਕਾਰਣ ਸੋ ਝਰ ਪਰ ਹੈ ॥ ੬੫ ॥

ਪੁਨ ਭੂਪ ਜੋਰਿ ਕਰ ਭਾਖਜੋ।
ਦਿਨ ਆਜ ਮੁਕਾਮਹਿ ਰਾਖਜੋ[1]। [1](ਏਥੇ) ਡੇਰਾ ਰੱਖੋ।
ਕਲ ਚਲਿ ਭਲ ਖੇਲਿ ਸ਼ਿਕਾਰੈਂ।
ਹਮ ਦੂਣ ਸ੍ਰਮੌਰ ਨਿਹਾਰੈਂ ॥ ੬੬ ॥
ਬਡ ਸੈਲਨਿ ਸੈਲ ਕਰੈਹੈਂ।
ਗਿਰਿ ਕੰਦ੍ਰਨਿ ਅੰਦਰ ਜੈਹੈਂ।
ਕਿਸ਼ਤੀ ਚਢਿ ਜਮਨ ਤਰੈ ਹੈਂ।
ਤਟ ਬਨ ਸੁਠ ਥਲ ਨ੍ਰਿਖੈ ਹੈ[1] ॥ ੬੭ ॥ [1]ਕਿਨਾਰੇ ਦਾ ਜੰਗਲ ਤੇ ਸੁੰਦਰ ਥਾਂ ਦੇਖਾਂਗੇ।
ਜਹਿਂ ਸ਼ੇਰ ਸੂਰ ਬਹੁ ਰੈਹੈਂ।
ਬਿਬਿਧਾ[1] ਬਨ ਮ੍ਰਿਗ ਚਰੈ ਹੈਂ[2]। [1]ਅਨੇਕ ਤਰ੍ਹਾਂ ਦੇ। [2]ਫਿਰਦੇ ਹਨ।
ਮਨ ਭਾਵਨ ਘਾਵਨ ਕੀਜੈ।
ਕੁਛ ਦਿਨ ਰਹਿ ਇਤ ਸੁਖ ਦੀਜੈ ॥ ੬੮ ॥
ਗਿਰਿ ਸਿਖਰਿ ਪੁਰੀ ਲਘੁ ਏ ਹੈ[1]। [1]ਪਹਾੜ ਦੀ ਚੋਟੀ 'ਤੇ ਇਹ ਛੋਟੀ ਜਿਹੀ ਪੁਰੀ ਹੈ।
ਅਤਿ ਰੰਮ[1] ਬਿਦਿਤ ਜਗ ਮੇਂ ਹੈ। [1]ਬਹੁਤ ਸੁੰਦਰ।
ਤਰਵਰ ਗਿਰ ਸਰਸ ਸੁਹਾਵੈਂ[1]। [1]ਪਹਾੜਾਂ ਦੇ ਬ੍ਰਿੱਛ ਬਹੁਤ ਸੋਂਹਦੇ ਹਨ।
ਫੁਲ ਬਿਬਿਧਾ ਖਿਰੇ ਲਖਾਵੈਂ[1] ॥ ੬੯ ॥ [1]ਦਿੱਸਦੇ ਹਨ।
ਇਮ ਬਾਤੈਂ ਕਰਿ ਬਹੁ ਭਾਂਤੈਂ।
ਗੁਰੁ ਰਾਜੇ, ਉਠਿ ਬਖਜਾਤੈਂ।
ਹੈ ਗੈ ਨ੍ਰਿਪ ਗੁਰੁ ਕੇ ਹੇਰੇ।
ਤਬਿ ਤੱਜਬ ਰਹਜੋ ਬਧੇਰੇ ॥ ੭੦ ॥
ਨ੍ਰਿਪ ਜਾਇ ਪੁਨਾ ਢਿਗ ਰਾਂਨੀ।
ਮਹਿਮਾਂ ਗੁਰੁ ਕੀ ਬਹੁ ਗਾਨੀ[1]। [1]ਕਹੀ।
ਸੁਨਿ ਰਾਣੀ ਸਬਿ ਉਮਗਾਈ[1]। [1]ਉਤਸ਼ਾਹ ਜਾਗਿਆ।
ਢਿਗ ਮਾਤਾ ਚਲਿ ਭਲ ਆਈ ॥ ੭੧ ॥
ਧਰਿ ਜ਼ੇਵਰ ਤੇਵਰ ਭੇਟਾ।
ਲੈ ਆਸਿਖ ਥਿਰੀ ਅਮੇਟਾ[1]। [1]ਅਮੇਟ ਅਸ਼ੀਰਵਾਦ ਲੈ ਕੇ ਬੈਠ ਗਈਆਂ।
ਸ੍ਰੀ ਜੀਤੋ ਸੁੰਦ੍ਰੀ ਕੇਰੇ।
ਗੁਨ ਰੂਪ ਬਿਲੋਕ ਬਧੇਰੇ ॥ ੭੨ ॥
ਕਹਿ ਧੰਨ ਸਰਾਹਿਤ ਸਾਰੀ।
ਤੁਮ ਧੰਨਜ ਜੁ ਪ੍ਰਭ ਕੀ ਪਜਾਰੀ।

ਸੁਨਿ ਬਾਤ ਮਾਤ ਤੈ ਚਾਰੂ।
ਮਯ ਗਜਾਨ[1] ਵਿਰਾਗ ਵਿਚਾਰੂ ॥ ੭੩ ॥

[1]ਗਿਆਨ ਸਰੂਪ।

ਉਨਿ ਜਗ ਮਿੱਥਜਾ ਦਿਢ ਜਾਨਾ।
ਹਰਿ ਭਗਤਿ ਵਿਖੈ ਮਨ ਮਾਨਾ।
ਪੁਨ ਰਾਂਨੀ ਬਿਨੈ ਬਖਾਨੀ।
ਹਮ ਚਾਹਿਂ ਪਿਖਜੋ ਗੁਰੁ ਗਜਾਨੀ ॥ ੭੪ ॥
ਗੁਰੁ ਕੋ ਤਹਿਂ ਮਾਤ ਬੁਲਾਯੋ।
ਉਨ ਕੋ ਦਰਸ਼ਨ ਕਰਵਾਯੋ।
ਗੁਰੁ ਪੂਰਨ ਕੀਨੀ ਪੂਰਨ।
ਉਨਿ ਭੂਰਨ ਇੱਛਜਾ ਤੂਰਨ[1] ॥ ੭੫ ॥

[1]ਪੂਰੇ ਗੁਰਾਂ ਨੇ ਉਹਨਾਂ ਦੀਆਂ ਬਹੁਤੀਆਂ ਇੱਛਾਵਾਂ ਛੇਤੀ ਪੂਰੀਆਂ ਕੀਤੀਆਂ।

ਨਹਿਂ ਥਾ ਨ੍ਰਿਪ ਕੇ ਸੁਤ ਏਕੈਂ।
ਜੁਗ[1] ਬਖਸ਼ੇ ਜਲਧ ਬਿਵੇਕੈਂ[2]।
ਪਿਖਿ ਰੂਪ ਅਨੂਪਮ ਗੁਰੁ ਕਾ।
ਛੁਟ ਧੀਰ ਗਯੋ ਉਨਿ ਉਰ ਕਾ ॥ ੭੬ ॥

[1]ਦੋ (ਪੁੱਤਰ)। [2]ਗਿਆਨ ਦੇ ਸਮੁੰਦਰ (ਸਤਿਗੁਰਾਂ) ਨੇ।

ਸਬਿ ਮਨ ਮੈਂ ਪ੍ਰਭੈਂ ਮਨਾਵੈਂ।
ਕਹਿਂ ਐਸੋ ਪਤਿ ਕਿਮ ਪਾਵੈਂ।
ਨਹਿਂ ਚਾਹਿਤ ਸੋ ਘਰ ਜਾਨਨ।
ਗੁਰੁ ਕੇ ਗੁਨ ਗਨ ਸੁ ਬਖਾਨਨ ॥ ੭੭ ॥
ਪੁਨ ਮਾਤਾ ਨੈ ਬਰਜੋਰੀ[1]।
ਵਹਿ ਭੇਜੀ ਘਰੈਂ ਬਹੋਰੀ।
ਵਹਿ ਦਜੋਸ ਬਿਤਜੋ ਇਸ ਭਾਏ।
ਨਿਸ ਸੁਪਤੇ ਭੋਰ[1] ਨਹਾਏ ॥ ੭੮ ॥

[1]ਬਦੋ ਬਦੀ।

[1]ਸਵੇਰੇ।

ਕਰਿ ਭਜਨ ਸਬੀ ਨੇ ਗਹਿਰੇ।
ਪੁਨ ਸ਼ਸਤ੍ਰ ਬਸਤ੍ਰ ਪਹਿਰੇ ॥ ੭੯ ॥

ਚੌਪਈ:

ਸਤ ਮੁਖ ਬਾਜ ਬਾਗ ਸਤ ਗਹਿ ਕੈ[1]।
ਸ਼ਹਿਨਸ਼ਾਹਿ ਦਿਨ ਕੋ ਰਥ ਬਹਿ ਕੈ[1]।
ਨਿਜ ਦ੍ਰਿਸ਼ਟਿ ਸ੍ਰਿਸ਼ਟਿ ਪਰ ਡਾਰੀ[1]।
ਦੁਰੇ ਦਰੀਨ ਪੀਨ ਤਮਚਾਰੀ[1] ॥ ੮੦ ॥

[1]ਸੱਤਾਂ ਮੂੰਹਾਂ ਵਾਲੇ ਘੋੜੇ ਦੀਆਂ ਸੱਤ ਵਾਗਾਂ ਫੜ ਕੇ।
[1]ਦਿਨ ਦਾ ਬਾਦਸ਼ਾਹ (ਸੂਰਜ ਆਪਣੇ) ਰੱਥ 'ਚ ਬੈਠ ਕੇ।
[1]ਆਪਣੀ ਨਿਗਾਹ ਸ੍ਰਿਸ਼ਟੀ 'ਤੇ ਸੁੱਟੀ।
[1]{ਪੀਨ} ਤਕੜੇ (ਤਮਚਾਰੀ) ਅਨ੍ਹੇਰੇ 'ਚ ਵਿਚਰਨ ਵਾਲੇ {ਦਰੀਨ} ਪਹਾੜਾਂ ਦੀਆਂ ਕੰਦਰਾਂ 'ਚ ਲੁਕ ਗਏ।

ਰਜਨੀਸ਼ੁਰ ਪੀਤਾਂਬਰ ਧਾਰਾ[1]।
ਤੇਜ ਮਜੇਜ ਤਜਜੋ ਗਨ ਤਾਰਾ[1]।

[1]ਰਾਤ ਦੇ ਰਾਜੇ (ਚੰਦ) ਨੇ ਪੀਲੇ ਕੱਪੜੇ ਪਾ ਲਏ।
[1]ਤਾਰਿਆਂ ਨੇ ਆਪਣੇ {ਤੇਜ} ਚਾਨਣ ਦਾ {ਮਜੇਜ} ਹੰਕਾਰ ਛੱਡ ਦਿੱਤਾ।

ਬਾਜੇ ਬਾਜੇ ਬਿਬਿਧ ਬਿਸੇਸੂ।
ਜਾਗਜੋ ਜ਼ਾਹਿਰ ਤਬੈ ਨਰੈਸੂ ॥ ੮੧ ॥
ਸਜਜੋ ਸਮਾਜ ਸ਼ਿਕਾਰ ਸਕਾਰੇ[1]।
ਸੁਭਟ ਸ਼ਿਕਾਰੀ ਸੰਗ ਸਿਧਾਰੇ।
ਗੁਰੁ ਕੋ ਬੰਦਨ ਕੀਨੋ ਆਏ।
ਬਨ ਕੋ ਚਾਲੇ ਸੰਗ ਲਵਾਏ[1] ॥ ੮੨ ॥

[1]ਸਵੇਰੇ ਹੀ।
[1]ਨਾਲ ਲੈ ਕੇ।

ਬਾਜ ਸਵਾਰ ਬਾਜ ਕਰ ਧਾਰੇ[1]।
ਬਜੇ ਨਗਾਰੇ ਜਨੁ ਘਨ ਕਾਰੇ[1]।
ਲਗਰ[1] ਝਗਰ ਜੁਰਰੇ ਸੀਚਾਨੇ।
ਸ਼ਿਕਰੇ ਬਹਰੀ ਕੁਹੀ ਕਿਤਾਨੇ[1] ॥ ੮੩ ॥

[1]ਘੋੜੇ 'ਤੇ ਸਵਾਰ ਹੋ ਕੇ ਹੱਥ 'ਤੇ ਬਾਜ਼ ਬਿਠਾਇਆ।
[1]ਜਾਣੋ ਕਾਲੇ ਬੱਦਲ ਹਨ।
[1]ਬਾਜ਼ ਦੀ ਕਿਸਮ ਦੇ ਸ਼ਿਕਾਰੀ ਜਾਨਵਰ।
[1]ਕਿਤਨੇ ਹੀ।

ਸਾਹਗੋਸ਼ ਚੀਤੇ[1] ਅਰ ਕੂਕਰ[2]।
ਮਾਰਤ ਜੋ ਬਨ ਜੀਵ ਅਚੂਕਰ[1]।
ਸੂਕਰ[1] ਸ਼ੇਰ ਸਸੇ[2] ਮ੍ਰਿਗ ਪਾਢੇ[3]।
ਰੋਝ[1] ਰੀਛ ਬ੍ਰਿੱਕ[2] ਕੱਕੜ[3] ਦਾਢੇ[11] ॥ ੮੪ ॥

[1]ਕਾਲੇ ਕੰਨਾਂ ਵਾਲੇ ਚਿੜ੍ਹੇ। [2]ਕੁੱਤੇ।
[1]ਅਚੁੱਕ ਭਾਵ ਉਕਦੇ ਨਹੀਂ।
[1]ਸੂਰ। [2]ਸਹੇ। [3]ਪਾੜ੍ਹਾ=ਭੂਰੇਰੰਗ ਦਾ ਦੋ ਫੁੱਟ ਉੱਚਾ ਹਰਨ।
[1]ਗਵਯ-ਨੀਲ ਗਾਇ। [2]ਬਘਿਆੜ। [3]ਇਕ ਪਹਾੜੀ ਹਰਨ ਜੋ ਕੁੱਤੇ ਵਾਂਗ ਭੌਂਕਦਾ ਹੈ। [11]ਮਾਰੇ।

ਸੇਹੈਂ[1] ਤੀਤਰ ਲਵੇ[2] ਬਟੇਰੇ।
[1]ਸੇਂਹ=ਲੰਬੇ ਲੰਬੇ ਕੰਡਿਆਂ ਵਾਲਾ ਇਕ ਜਾਨਵਰ। [2]ਬਟੇਰੇ ਦੀ ਜਾਤ ਦਾ ਇਕ ਪੰਛੀ।

ਮੁਰਗਾਬੀ[1] ਸੁਰਕਾਵ[2] ਬਧੇਰੇ।
ਜਲ ਥਲ ਨਭਚਾਰੀ[1] ਬਹੁ ਮਾਰੈਂ।
ਹਾਸ ਬਿਲਾਸ ਹੁਲਾਸ[1] ਬਿਥਾਰੈਂ ॥ ੮੫ ॥

[1]ਮੁਰਗਾਈਆਂ। [2]ਚਕਵੇ।
[1]ਅਕਾਸ਼ 'ਚ ਫਿਰਨ ਵਾਲੇ।
[1]ਉਤਸ਼ਾਹ।

ਕਿਤ ਗਿਰ ਕੰਦ੍ਰ ਅੰਦਰ ਜੈਹੈਂ।
ਉਤਰੈਂ ਚਢੈਂ ਗਿਰਨ ਬਿਖਰੈਹੈਂ[1]।
ਤੀਰ ਸਰੋਵਰ ਸਰਸ ਤਰੋਵਰ[1]।
ਖਰੇ ਤਰੇ ਗਿਰ ਵਰਨ ਮਹੋਵਰ[1] ॥ ੮੬ ॥

[1]ਬਿਖੜੇ ਪਹਾੜਾਂ 'ਤੇ।
[1]ਤਲਵਾਰਾਂ ਦੇ ਕਿਨਾਰੇ ਬਹੁਤ ਦਰੱਖ਼ਤ।
[1](ਅਤੇ) ਪਹਾੜਾਂ ਦੇ {ਤਰੇ} ਹੇਠਾਂ {ਵਰਨ}ਰੰਗਾਂਰੰਗਾਂ ਦੇ (ਮਹੋਵਰ) ਬਹੁਤ ਚੰਗੇ (ਦਰੱਖ਼ਤ) ਖੜ੍ਹੇ ਹਨ।

ਫੂਲੇ ਫਲੇ ਫਬੇ ਝੁਕਿ ਝੂੰਮੇਂ[1]।
ਕੋ ਨਭ ਲਗੇ ਪਗੇ ਕੋ ਭੂੰਮੇ[1]।

[1]ਝੁਕ ਕੇ ਝੂਮ ਰਹੇ ਹਨ।
[1]ਕੋਈ ਅਕਾਸ਼ ਨੂੰ ਲੱਗੇ ਹੋਏ ਹਨ ਤੇ ਕੋਈ ਧਰਤੀ 'ਤੇ {ਪਗੇ} ਪਏ ਹੋਏ ਹਨ।

ਜਾਤਿ ਭਾਂਤਿ ਬਹੁ ਪਾਂਤਿ ਸੁ ਖਰੇ[1]।

[1]ਬਹੁਤ {ਜਾਤਿ} ਕਿਸਮਾਂ ਦੇ ਤੇ ਬਹੁਤ ਤਰ੍ਹਾਂ ਦੇ ਪੰਗਤੀਆਂ (ਕਤਾਰਾਂ) 'ਚ ਖੜ੍ਹੇ ਹਨ।

ਬਾਤ ਮਾਤ ਬਨ ਨੰਦਨ ਕਰੇ[1] ॥੮੭॥

[1]ਬਨ ਨੰਦਨ (ਇੰਦ੍ਰ ਦੇ ਬਾਗ਼) ਦੀ ਗੱਲ ਨੂੰ ਵੀ ਮਾਤ ਕਰਦੇ ਹਨ।

ਤਿਸ ਕਾਂਨਨ ਮੈਂ ਬਾਨਨਿ ਸੰਗੈਂ[1]।

[1]ਉਸ ਜੰਗਲ ਵਿੱਚ ਤੀਰਾਂ ਨਾਲ।

ਪੰਚਾਨਨ ਲੌ ਹਾਨਨ ਅੰਗੈ[1]।

[1]ਸ਼ੇਰਾਂ ਤੱਕ ਦੇ {ਅੰਗੈ} ਸ਼ਰੀਰਾਂ ਨੂੰ ਨਾਸ ਕਰਦੇ ਹਨ।

ਕਿਤੈ ਬੰਦੂਕ ਅਚੂਕ ਪ੍ਰਹਾਰੈਂ।
ਸ਼ਿਕਰੇ ਸ੍ਵਾਨ ਸਿਚਾਨੇ ਮਾਰੈਂ ॥੮੮॥
ਨਾਹਣੇਸ ਜਗਤੇਸ ਗੁਰੈ ਹੈਂ।
ਲਏ ਸੰਗ ਸ ਉਮੰਗ ਫਿਰੈ ਹੈਂ।
ਦੂਰਹਿ ਦੂਰ ਦੂਣ ਸਰਮੌਰੈਂ[1]।

[1]ਸਰਮੌਰ ਨਾਮ ਦੀ ਦੂਣ।

ਨ੍ਰਿਪ ਦਿਖਾਵਤ ਨੀਤ ਸਗੌਰੈਂ[1] ॥੮੯॥

[1]ਖ਼ਿਆਲ ਨਾਲ।

ਇਸੀ ਤੌਰ ਨਿਤ ਠੌਰ ਅਨੇਕੈਂ।
ਕਰਤ ਅਖੇਰ ਸਹੇਰ ਬਿਵੇਕੈਂ[1]।

[1]ਵਿਚਾਰ ਨਾਲ ਦੇਖ ਕੇ {ਅਖੇਰ} ਸ਼ਿਕਾਰ ਕਰਦੇ ਹਨ।

ਗੁਰੁ ਬਾਂਨਨਿ ਤੈ ਮਰਿ, ਚਰ੍ਹਿ ਜਾਨਨਿ[1]।

[1]ਸਵਾਰੀਆਂ ਭਾਵ ਬਬਾਣਾਂ 'ਤੇ ਚੜ੍ਹ ਕੇ।

ਜਾਨਨਿ ਸੁਰਪੁਰ ਭਵ ਦੁਖ ਹਾਂਨਨਿ[1] ॥੯੦॥

[1]ਸੰਸਾਰਕ ਦੁਖ ਨਾਸ ਕਰ ਕੇ ਸੁਰਗ 'ਚ ਜਾਂਦੇ ਹਨ।

ਅਜ਼ਮਤ ਅਨਿਕ ਗੁਰੂ ਤੈ ਨਿਤ ਪਿਖਿ।
ਨ੍ਰਿਪ ਸਸੈਨ ਐਨ ਭਾ ਗੁਰੁ ਸਿੱਖ[1]।

[1]ਰਾਜਾ ਸਣੇ ਫ਼ੌਜ, ਚੰਗੀ ਤਰ੍ਹਾਂ ਸਿੱਖ ਹੋ ਗਿਆ।

ਸਚਵਨ ਸੋਂ[1] ਨ੍ਰਿਪ ਰੋਜ਼ ਬਖਾਨੈ।

[1]ਵਜ਼ੀਰਾਂ ਨਾਲ।

ਬੀਰ ਬਲੀ ਗੁਰੁ ਧੀਰ ਮਹਾਂਨੈ ॥੯੧॥
ਪੀਰ ਸ਼ਕਤਿ ਨਿਧਿ, ਸਿਰ ਸਿੱਧਨਿ ਸਿੱਧ[1]।

[1]ਸ਼ਕਤੀਆਂ ਦੇ ਸਮੁੰਦਰ {ਪੀਰ} ਗੁਰੂ ਹਨ ਅਤੇ ਸਿੱਧਾਂ ਦੇ ਸ਼ਰੋਮਣੀ ਸਿੱਧ ਹਨ।

ਇਹਾਂ ਰਹੈਂ ਜਿਮ ਰਚੋ ਵਹੈ ਬਿਧਿ।
ਸਦਾ ਸਹਾਇਕ ਬਨੇ ਰਹੈਂ ਹਮ।
ਦੁਬਿਧਾ ਸੱਤ੍ਰੂ ਕਾ ਨਰਹੇ ਗਮ ॥੯੨॥
ਦੋਹਰਾ:
ਇਮ ਸਲਾਹਿ ਕਰਿ ਚਾਹਿ ਚਿਤ,
ਇਕ ਦਿਨ ਨ੍ਰਿਪ ਸਪ੍ਰੇਮ।
ਅਰਜ਼ ਕਰੀ ਢਿਗ ਗੁਰੂ ਥਿਰਿ,
ਮਰਜ਼ ਹਰਜ ਹਿਤ ਏਮ[1] ॥੯੩॥

[1]ਬੀਮਾਰੀ ਨੂੰ {ਹਰਜ} ਨਾਸ ਕਰਨ ਵਾਸਤੇ ਗੁਰਾਂ ਕੋਲ ਬੈਠ ਕੇ ਇਸ ਤਰ੍ਹਾਂ ਬੇਨਤੀ ਕੀਤੀ।

ਚਿਤ੍ਰਪਦਾ ਛੰਦ:

ਹੇ ਸਤਿਗੁਰੁ ਪ੍ਰਭ ਅੰਤਰਜਾਮੀ,
ਪੂਰਨ ਕਾਮੀ ਰਾਵਰ ਖਾਸ[1]।
[1]ਆਪ ਖ਼ਾਸ ਇੱਛਾ ਪੂਰੀਆਂ ਕਰਨ ਵਾਲੇ ਹੋ।

ਪੁਰਵੋ ਆਸ ਦਾਸ ਨਿਜ ਲਖ ਮੁਹਿ,
ਰਾਸਿ ਕਾਜ ਜਿਮ ਹੋਵੈਂ ਰਾਸ[1]।
[1]ਜਿਵੇਂ ਸਾਰੇ ਕੰਮ ਪੂਰੇ ਹੋਣ।

ਪਿਖਿ ਸੁਠ ਥਲ ਭਲ ਗਾਮ ਬਸਾਵੋ,
ਧਾਮ ਬਨਾਵੋ ਅਪਨਾ ਨੀਕ।
ਲਾਯਕ ਟਹਿਲ ਕਮੈਹੂੰ ਮੈਹੂੰ,
ਪੈਹੂੰ ਮੋਖ ਭੋਗ ਦਿਢ ਠੀਕ ॥ ੯੪ ॥

ਬਾਨੀ ਨ੍ਰਿਪ ਕੀ ਦਿਢ ਪਰਮਾਨੀ[1],
[1]ਪੱਕੀ ਤਰ੍ਹਾਂ ਪ੍ਰਵਾਣ ਕਰ ਲਈ।

ਤਥਾ-ਅਸਤ ਗੁਰੁ ਗਜਾਨੀ ਪ੍ਰਾਹਿ[1]।
[1]ਗਿਆਨਵਾਨ ਸਤਿਗੁਰਾਂ ਕਿਹਾ (ਜਿਵੇਂ ਤੂੰ ਕਿਹਾ ਹੈ) ਤਿਵੇਂ ਹੀ ਹੋਵੇਗਾ।

ਜਬੈ ਸਕਾਰੇ[1] ਗਏ ਸ਼ਿਕਾਰੇ[2],
[1]ਸਵੇਰੇ। [2]ਸ਼ਿਕਾਰ।

ਪੇਖ ਸੁ ਥਲ ਭਲ ਸਤਿਗੁਰੁ ਚਾਹਿ।
ਤਟ ਜਮਨਾ ਜਮ ਨਾ ਜਹਿਂ ਪਹੁੰਚੈ,
ਸਮਨਾ[1] ਪਾਪ ਕਲੇਸ ਅਸੇਸ[2]।
[1]ਨਾਸ ਹੋ ਜਾਂਦੇ ਹਨ। [2]ਸਾਰੇ।

ਨਗਰ ਸਗਰ ਸੁਖ ਦਾਇ ਬਸਾਯੋ,
ਡਗਰ ਚਲਤ ਜਹਿਂ ਦੂਣ ਬਿਸੇਸ[1] ॥ ੯੫ ॥
[1]ਜਿੱਥੇ ਦੂਣ ਦਾ ਵੱਡਾਰਸਤਾ ਵਗਦਾ ਹੈ।

ਨੀਰ ਸਧੀਰ ਗੰਭੀਰ ਬਿਮਲ ਚਲਿ,
ਭਵਰ ਜਵਰ ਬੀਚੀ ਦਰਸਾਹਿਂ[1]।
[1]ਜ਼ਬਰਦਸਤ {ਭਵਰ} ਘੁੰਮਣ ਘੇਰੀਆਂ ਤੇ {ਬੀਚੀ} ਲਹਿਰਾਂ ਦਿਸਦੀਆਂ ਹਨ।

ਅਮਲ ਕਮਲ ਬਹੁ ਖਿਰੇ ਘਿਰੇ ਛਬਿ,
ਭਰਮਤ ਭਵਰ ਜੁ ਸਵਰ ਜਗਾਹਿਂ[1]।
[1]ਜੋ {ਸਵਰ} ਕਾਮਦੇਵ ਨੂੰ ਜਗਾਉਂਦੇ ਹਨ।

ਸਬਜ਼ੀ ਬਨ ਕੀ[1], ਸਬਿ ਜੀਵਨ ਕੀ
[1]ਜੰਗਲ ਦੀ {ਸਬਜ਼ੀ} ਹਰਿਆਈ।

ਜੀਵਨ ਮੂਰ[1], ਭੂਰ[2] ਸੁਖਦਾਇਂ।
[1]ਜ਼ਿੰਦਗੀ ਦਾ ਮੁੱਢ ਹੈ। [2]ਬਹੁਤੀ।

ਤੀਰੇ ਤੀਰ ਤਰਾ ਤਰ ਤਰਵਰ[1],
[1]ਕਿਨਾਰੇ ਕਿਨਾਰੇ {ਤਰਾ ਤਰ} ਬਹੁਤੇ {ਤਰਵਰ} ਦਰੱਖ਼ਤ।

ਖਰੇ ਹਰੇ ਜੋ ਭਰੇ ਫਲਾਇਂ ॥ ੯੬ ॥
ਤੰਬੂ ਤਹਾਂ ਕਨਾਤ ਤਨਾਏ,
ਫਰਸ਼ ਬਿਛਾਏ ਰੰਗਾ ਰੰਗ।
ਥਿਰਿ ਗੁਰੁ ਤਹਿਂ ਮੋੜ੍ਹੀ ਖੁਦ ਗਾਡੀ,

ਗਾਢੀ ਨੀਂਵ ਸੀਵ ਸੁਖ ਜੰਗ[1]।
ਉਤਰੇ ਚਹੁੰ ਕੋਂਟਾ[1] ਜੋਧਾ ਸਬਿ,
ਗੁਰੂ ਗ੍ਰੰਥ ਬੋਧਾ ਅਵਤਾਰ[1]।
ਭਯੋ ਪ੍ਰਕਾਸ਼ ਹੁਲਾਸਸ[1] ਪਢਜੋ,
ਬ੍ਰਤਵਾਯੋ ਪ੍ਰਸ਼ਾਦ ਅਪਾਰ ॥ ੯੭ ॥
ਪ੍ਰਕਾਸ਼ ਮੇਦਨੀ ਭੂਪ ਮੋਦ ਹ੍ਵੈ,
ਕਹਯੋ ਸੁਨੋ ਗੁਰੁ ਸਾਚੇ ਸ਼ਾਹਿ।
ਹੱਦ ਹਮਾਰੀ ਬੱਧ[1] ਇਹਾਂ ਲੌ,
ਸੱਤ੍ਰੁਨ ਸੋਂ ਰਹਿ ਜ਼ਿੱਦ ਮਹਾਂਹਿਂ।
ਸ੍ਰੀ ਨਗਰ ਪਤਿ ਫਤੇ ਸ਼ਾਹਿ ਅਤਿ,
ਪਤਿ ਗੜ੍ਹਵਾਲ[1]* ਲਰਤ ਥੇ ਆਨ।

[1]ਸੁਖ ਤੇ ਜੰਗ ਦੀ ਹੱਦ।
[1]ਚਹੁੰ ਪਾਸੀਂ।
[1]ਗਿਆਨ ਦੇ ਅਵਤਾਰ।
[1]ਉਤਸ਼ਾਹ ਦੇ ਸਹਿਤ।
[1]ਸਾਡੀ ਹੱਦ ਦਾ {ਬੱਧ} ਬੰਨਾ।
[1]ਗੜ੍ਹਵਾਲ ਰਿਆਸਤ ਦਾ ਮਾਲਕ। *ਮਹਾਨ ਕੋਸ਼ ਦੇ ਕਰਤਾ ਦੇ ਲਿਖਣ ਅਨੁਸਾਰ ਗੜ੍ਹਵਾਲ ਰਿਆਸਤ ਦੀ ਰਾਜਧਾਨੀ ਹੀ ਸ੍ਰੀ ਨਗਰ ਸੀ ਤੇ ਉਥੋਂ ਦਾ ਰਾਜਾ ਫ਼ਤੇ ਸ਼ਾਹ ਇਕੋ ਸੀ। ਸ੍ਰੀ ਨਗਰ ਪਤੀ ਤੇ ਗੜ੍ਹਵਾਲ ਪਤੀ ਦੋ ਨਹੀਂ।

ਰਾਮਰਾਇ ਤਿਨਿ ਆਹਿ ਸਹਾਇਕ,
ਪੀਰ ਫਕੀਰ ਸ਼ਕਤਿ ਬਡ ਵਾਨ ॥ ੯੯ ॥
ਅਬਿ ਮੁਹਿ ਡਰ ਨਹਿਂ ਚਿੰਤ ਰਹੀ ਕਿਛੁ,
ਰਾਵਰ ਕੋ ਉਨਿ ਸੰਮੁਖ ਉਤਾਰ।
ਤੁਮ ਅਤਿ-ਰਥੀ[1] ਅਜ਼ਮਤੀ ਭਾਰੇ,

[1]ਮਹਾਨ ਯੋਧੇ {ਅਤਿਰਥੀ-ਉਹ ਸੂਰਮਾ ਜੋਰਥ 'ਤੇ ਬੈਠ ਕੇ ਦੁਸ਼ਮਣ ਦੀ ਅਣਗਿਣਤ ਫ਼ੌਜ ਨਾਲ ਇਕੱਲਾ ਹੀ ਲੜ ਸਕੇ।}

ਗਹੀ ਸਰਣ ਮੈਂ ਯਹੀ ਵਿਚਾਰ।
ਜੇ ਸੱਤ੍ਰੁ ਲਰ ਹੈਂ ਤੌ ਮਰ ਹੈਂ,
ਨਾਂਹਿ ਤ ਕਰਿਹੈਂ ਸੰਧੀ[1] ਆਇ।
ਸੁਨਿ ਨਰਿੰਦ ਤੈ ਬ੍ਰਿੰਦ ਬਾਤ ਇਮ,
ਗੁਰੁ ਗੁਬਿੰਦ ਮ੍ਰਿਗਿੰਦ ਸੁਨਾਇਂ ॥ ੯੯ ॥
ਕੋ ਸਿਰ ਦੋਇ[1] ਹੋਇ ਅਬਿ ਸੰਮੁਖ,
ਭਜ ਧੀਰਜ ਤਜਿ ਭੀਰੁ ਪਨਾਇ[1]।
ਰਾਮਰਾਇ ਭੀ ਸੁਨਿ ਚੁਪ ਰੈਹੈ,
ਕੈਹੈ ਮਦਤ ਤਿਨਿ ਨਹਿਂ ਕਾਇ[1]।
ਸੁਨਿ ਇਮ ਗੁਰੂ ਤੈ ਮੁਦ ਹ੍ਵੈ ਉਰ ਤੈ[1]
ਅਭੈ ਦਾਨ ਨ੍ਰਿਪ ਪਾਇ ਉਦਾਰ।

[1]ਮੇਲ।
[1]ਦੋਹਾਂ ਸਿਰਾਂ ਵਾਲਾ ਭਾਵ ਮਰਨ ਤੋਂ ਨਾ ਡਰਨ ਵਾਲਾ।
[1]ਕਾਇਰ-ਪੁਣਾ ਛੱਡ ਕੇ।
[1]ਤਿਨਾਂ ਦੀ ਕੋਈ ਵੀ ਮੱਦਦ ਨਹੀਂ ਕਰੇਗਾ।
[1]ਹਿਰਦੇ ਤੋਂ ਅਨੰਦ ਹੋ ਕੇ।

ਚਿੰਤ ਬਿਹੀਨ ਅਧੀਨ ਹੋਇ ਪੁਨ,
ਕਰੀ ਅਰਜ਼ ਨਿਜ ਫਰਜ਼ ਵਿਚਾਰ ॥ ੧੦੦ ॥
ਹੇ ਗੁਰੁਦੇਵ ਅਭੇਵ[1] ਸੇਵ ਜੋ
ਹੋਇ, ਏਵ ਮੁਹਿ ਕਹੋ ਇਥਾਹਿ।
ਰਾਜਨੀਤਿ ਕੀ ਰੀਤਿ ਮੀਤ ਸੁਨਿ,
ਧਰੋ ਚੀਤ ਗੁਰੁ ਕਹਜੋ ਤਦਾਹਿ।
ਕਰੈ ਜੁ ਚਾਹਿ ਸ਼ਿਕਾਰ ਸਜਾਰ[1] ਕੋ,
ਸਜੈ ਸਮਾਨ ਸ਼ੇਰ ਕੋ ਵਾਹਿ।
ਇਹਾਂ ਪ੍ਰਚੰਡ ਘਮੰਡ ਮੰਡ ਹੈਂ[1],
ਬਧੈ ਬਿਰੋਧ ਕਰੋਧ ਮਹਾਂਹਿਂ ॥ ੧੦੧ ॥
ਕੋਟ ਮਵਾਸ ਓਟ ਬਿਨ ਛੋਟ ਨ[1],
ਸੋਊ ਗਢ ਦਿਢ[1] ਰਚੋ ਉਦਾਰ।
ਮਾਨ ਨਰੇਸ ਅਸੇਸ ਸੈਨ ਨਿਜ,
ਦੇਸ ਬਿਸੇਸ ਲਗਾਇ ਸੁਧਾਰ[1]।

ਜਮ੍ਹਾਂ ਸਮਾਨ ਮਹਾਨ ਠਾਂਨ ਦਿਯ[1],
ਰਾਜ ਮਜੂਰ ਭੂਰ ਹਿਤ ਕੋਟ।
ਗੁਰੂ ਤਿਹਾਵਲ ਬਹੁ ਬ੍ਰਤਵੈ ਕੈ,
ਸਿਮਰ ਗੁਰੈਂ ਪ੍ਰਭੁ ਕੀ ਧਰਿ ਓਟ ॥ ੧੦੨ ॥
ਸੀਵ ਸ਼ਕਤਿ ਗੁਰੁ ਸੀਵ ਪੀਵ ਜਗ,
ਨੀਵ ਧਰੀ ਨਿਜ ਕਰ ਵਰ ਸੰਗ[1]।

ਚਿਣਨੇ ਲਗੇ ਠੌਰ ਬਹੁ ਔਰੈਂ,
ਗੌਰੈਂ[1] ਕਾਰੀਗਰ ਸ ਉਮੰਗ।
ਸ਼ੀਘਰ ਸੇਤ[1] ਬੰਧਜੋ ਜਜੋਂ ਕਪਿ ਗਨ[2],
ਤਜੋਂ ਜਨ ਅਨਗਨ[1] ਲਗੇ ਮਹਾਂਨ।
ਅਤਿਸੈ ਬਿਪਲ ਬਿਸਾਲ ਕਿਲਾ ਦਿਢ[1],
ਏਕ ਮਾਸ ਮੈਂ[1] ਕੀਨ ਬਨਾਨ ॥ ੧੦੩ ॥
ਦੂਤ[1] ਗਿਰੇਸਨ ਕੇਰ ਬਿਸੇਸੈ[2],
ਹੇਰਿ ਹੈਰਾਨ ਰਹੇ ਅਤਿ ਚਕਤਿ[1]।

[1]ਭੇਦ-ਰਹਿਤ, ਪ੍ਰਗਟ।

[1]ਗਿੱਦੜ।

[1]ਤਿਖਾ ਜੰਗਰਚਾਂਗੇ।

[1]ਆਕੀ ਕਿਲ੍ਹੇ ਦੀ ਓਟ ਤੋਂ ਬਿਨਾਂ ਛੁਟਕਾਰਾ ਨਹੀਂ।

[1]ਕਿਲ੍ਹਾ।

[1]ਰਾਜੇ ਨੇ (ਆਗਿਆ) ਮੰਨ ਕੇ ਸਾਰੀ ਫ਼ੌਜ ਤੇ ਆਪਣੇ ਦੇਸ਼ ਦੇ ਬਹੁਤੇ ਲੋਕ ਲਗਾ ਦਿੱਤੇ, ਕਿਲ੍ਹਾ {ਸੁਧਾਰ} ਬਣਾਉਣ ਵਾਸਤੇ।

[1]ਕਰ ਦਿੱਤਾ।

[1]{ਸੀਵ} ਕਲਿਆਣ ਸਰੂਪ, ਸ਼ਕਤੀ ਦੀ ਹੱਦ, ਜਗਤ ਦੇ ਪਤੀ (ਸਤਿਗੁਰਾਂ) ਨੇ ਆਪਣੇ ਸ੍ਰੇਸ਼ਟ ਹੱਥਾਂ ਨਾਲ ਨਿਉਂਰੱਖੀ।

[1]ਵੱਡੇ ਚੰਗੇ।

[1]ਪੁੱਲ। [2]ਸਮੂੰਹ ਬਾਦਰਾਂ।

[1]ਅਣਗਿਣਤ।

[1]ਬਹੁਤੇ {ਬਿਪਲ} ਵਿਸਥਾਰ ਵਾਲਾ ਤੇ ਬਹੁਤ ਪੱਕਾ ਕਿਲ੍ਹਾ।

[1]ਮਹੀਨੇ ਵਿੱਚ।

[1]ਵਕੀਲ। [2]ਬਹੁਤੇ।

[1]ਬਹੁਤ ਡਰ ਗਏ।

ਗੁਰ ਕੀ ਸ਼ਕਤਿ ਭਗਤਿ ਭੂਪਤਿ ਕੀ,
ਜਗਤ ਸਰਾਹਿ, ਬ੍ਰਿਕਤ ਸ਼੍ਰਕਤ[1]।

[1]{ਬ੍ਰਿਕਤ} ਬਿਨਾਂ {ਰਕਤ} ਮੁਹੱਬਤ ਤੋਂ ਭਾਵ ਦੁਸ਼ਮਣ {ਸ਼੍ਰਕਤ} ਸ਼ਰੀਕਾ ਭਾਵ ਈਰਖਾ ਕਰਦੇ ਹਨ।

ਨ੍ਰਿਪ ਸਮੋਦ ਕਬੀ ਘਰ ਜਾਵਤ,
ਅਧਿਕ ਰਹਾਵਤ ਗੁਰੁ ਕੇ ਪਾਸ।
ਗੁਰੁ ਸੰਗਤ ਮੈਂ ਰੰਗਤ ਮਨ ਤਨ,
ਧਨ ਤੈ ਸੇਵਾ ਕਰ ਹੈ ਖਾਸ ॥੧੦੪॥
ਗੁਰੂ ਸਮਹਿਲ ਮਾਤ ਤਹਿਂ ਬਸਹੀਂ,
ਧਾਮਰਚੇ ਨਿਜ ਹੇਤ ਉਦਾਰ।
ਬਰਤੈ ਦੇਗ ਦੁ ਵਕਤੈ ਸਬਿ ਕੋ,
ਸੈਨ ਸਚੈਨ ਐਨ ਰਹਿ ਭਾਰਿ।
ਬਨੇ ਬਜ਼ਾਰ ਅਗਾਰ ਚਾਰੁ ਦਰ[1],
ਗੋਸ਼ਾਲਾ ਹੈ ਸ਼ਾਲਾ ਭੂਰ[1]।
ਰਚਨਾ ਰਚੀ ਮਨੋ ਬਿਸਕਰਮਾ[1],
ਹਰਿ ਬਪੁ[1] ਗੁਰੁ ਕੋ ਜਾਨ ਜਰੂਰਿ ॥੧੦੫॥
ਕਹਾਂ ਨਰੇਸ਼ ਧਰਾ ਕੇ ਬਪੁਰੇ,
ਜਿਹਂ ਪਿਖਿ ਜਾਤ ਸੁਰੇਸ ਗਰੂਰ[1]।
ਜੇ ਕੋ ਕਹਿ ਅਬਿ ਨਹਿਂ ਤਹਿਂ ਸੋ ਲਹਿ,
ਤਰ ਛਾਯਾ ਨਰ ਮਾਯਾ ਮੂਰ[1]।

[1]ਸੁੰਦਰ ਦਰਵਾਜ਼ਿਆਂ ਵਾਲੇ ਘਰ।

[1]ਗਊ-ਸ਼ਾਲਾ ਅਤੇ ਘੋੜ-ਸ਼ਾਲਾ ਵਾਸਤੇ ਬਹੁਤੇ ਮਕਾਨ ਹਨ।

[1]ਦੇਵਤਿਆਂ ਦਾ ਚੀਫ਼ ਇੰਜੀਨੀਅਰ (ਵੱਡਾ ਕਾਰੀਗਰ)।

[1]ਹਰੀ ਦਾ ਸਰੂਪ।

[1]ਇੰਦ੍ਰ ਦਾ ਹੰਕਾਰ।

[1]ਜੇ ਕੋਈ ਇਹ ਕਹੇ ਕਿ ਹੁਣ ਉਥੇ ਉਹ ਐਸੀ (ਰਚਨਾ) {ਲਹਿ} ਦਿਸਦੀ ਨਹੀਂ ਤਾਂ ਉਹ ਬ੍ਰਿੱਛ ਦੀ ਛਾਂ ਤੇ ਮਨੁੱਖ ਦੀ ਮਾਇਆ ਵਾਂਗ ਇਸ ਦੀ {ਮੂਰ} ਅਸਲੀਅਤ (ਜਾਣ ਲਵੇ)।

ਗੋਕਲ, ਅਵਧ, ਦੁਆਰਕਾ ਜਿਮ,
ਹਿਤ ਰਾਮ ਕ੍ਰਿਸਨ, ਬਨਗੇ ਥੇ ਕੈਸ[1]।

[1]ਜਿਵੇਂ ਗੋਕਲ ਤੇ ਦੁਆਰਕਾ ਕ੍ਰਿਸ਼ਨ ਵਾਸਤੇ ਅਤੇ ਅਜੁੱਧਿਆਰਾਮ ਚੰਦ੍ਰ ਵਾਸਤੇ ਕਿਸ ਤਰ੍ਹਾਂ ਦੇ ਬਣ ਗਏ ਸਨ।

ਜੈਸ ਲਿਖੇ ਅਬਿ ਪਿਖੇ ਨ ਕੋ ਤਸ[1],
ਗੁਰੁ ਪੁਰਿ ਭੀ ਉਰ ਮਾਨੋ ਵੈਸ ॥੧੦੬॥

[1]ਤਿਨ੍ਹਾਂ (ਸ਼ਹਿਰਾਂ) ਨੂੰ।

ਦੋਹਰਾ:
ਇਮ ਜਮਨਾ ਤਟ ਠਟ[1] ਗੁਰੂ,
ਦੁਰਗ ਸੁਰਗ ਸਮ ਸਾਰ[1]।
ਨਾਮ ਪਾਂਵਟਾ ਜਜੋਂ ਭਯੋ,
ਥਯੋ ਬਿਦਿਤ ਸੰਸਾਰ ॥੧੦੭॥

[1]ਕੰਢੇ 'ਤੇ ਬਣਾ ਕੇ।

[1]ਸੁਰਗ ਵਾਂਗ ਸ੍ਰੇਸ਼ਟ ਕਿਲ੍ਹਾ।

ਤੋਟਕ ਛੰਦ:

ਇਕ ਦਜੋਸ ਗੁਰੂ ਜਮਨਾ ਜਲ ਮੈਂ।
ਮਿਲਿ ਸੰਗ ਸਖਾ ਗਨ ਸੋਂ ਬਲ ਮੈਂ[1]।
ਬਹੁ ਕ੍ਰੀੜਤ ਭੇ[1] ਸੁਖਦਾ ਜਗ ਕੋ।
ਗਿਰ ਗਯੋ ਪਾਂਵਟਾ[1] ਤਹਿਂ ਪਗ ਕੋ ॥੧੦੮॥
ਜਬਿ ਮਾਤਹਿ ਬੂਝਨ ਸੋਇ ਚਹਯੋ।
ਤਬਿ ਦੂਸਰ ਫੈਂਕ ਦਿਖਾਇ ਕਹਯੋ।
ਇਸ ਠੌਰ ਅਹੇ ਨਿਕਲਾਇ ਲਹਯੋ।
ਇਸ ਹੇਤ ਪਾਂਵਟਾ ਨਾਮ ਰਹਯੋ* ॥੧੦੯॥

[1]ਬਹੁਤੇ ਮਿੱਤ੍ਰਾਂ ਨਾਲ ਮਿਲ ਕੇ ਜ਼ੋਰ ਨਾਲ।
[1]ਖੇਲ੍ਹਦੇ ਸਨ।
[1]ਇਕ ਤਰ੍ਹਾਂ ਦਾ ਪੈਰ ਦਾ ਗਹਿਣਾ।

*ਪਾਂਵਟਾ ਨਾਮ ਕਿਵੇਂ ਪਿਆ ਇਸ ਬਾਰੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ : ਪਾਂਵ ਟਿਕਯੋ ਸਤਿਗੁਰੂ ਕੋ ਆਨੰਦ ਪੁਰ ਤੇ ਆਇ। ਨਾਮ ਧਰਯੋ ਇਮ ਪਾਂਵਟਾ ਸਭ ਦੇਸਨ ਪ੍ਰਗਟਾਇ॥ (ਰੁੱਤ ੧, ਅੰਸ਼ੁ ੪੮, ਅੰਕ ੪੨)

ਧਰਿ ਮੌਨ ਮਾਤ ਨਿਜ ਭੌਨ ਗਈ।
ਗੁਰੁ ਔਰੈ ਤੌਰੈਂ ਲੀਲ੍ਹ ਠਈ[1]।
ਨਿਜ ਸੈਨ ਤਈਂ ਨਿਤ ਮੇਲ ਭਲੇ।
ਸਿਖਰਾਵਤ ਆਯੁਧ ਖੇਲ ਖਲੇ[1] ॥੧੧੦॥
ਡਰ ਹੈਂ ਨ ਮੁਰੈਂ ਜਿਮ ਜੀਤ ਚਹੈਂ।
ਰਣਭੂਮਿ ਵਿਖੇ ਸਮ ਖੰਭ[1] ਰਹੈਂ।
ਦਲ ਦੀਰਘ ਰੋਜ ਬਢਾਵਤ ਹੈਂ।
ਸੁਨ ਕੈ ਜਸ, ਬੀਰ ਸੁ ਆਵਤ ਹੈਂ ॥੧੧੧॥

[1]ਹੋਰ ਤਰ੍ਹਾਂ ਦੀ ਲੀਲ੍ਹਾ ਕੀਤੀ।
[1]ਖੜ੍ਹੇ ਹੋ ਕੇ ਸ਼ਸਤ੍ਰਾਂ ਦੀ ਖੇਡ ਸਿਖਾਉਂਦੇ ਹਨ।
[1]ਥੰਮ੍ਹੇ ਵਾਂਗ।

ਗੁਰੁ ਰੋਜ ਅਖੇਰ[1] ਖਿਲਾਵਤ ਹੈਂ।
ਬਡ ਸੂਕਰ[1] ਸ਼ੇਰ ਹਤਾਵਤ ਹੈਂ[2]।
ਪਰਕਾਸ਼ ਮੇਦਨੀ ਆਇ ਨਿਤੈਂ।
ਕਰਿ ਹਾਸ ਬਿਲਾਸ ਹੁਲਾਸ ਇਤੈਂ[1] ॥੧੧੨॥
ਪ੍ਰਤਿ ਦਜੋਸ[1] ਸ਼ਿਕਾਰ ਸਿਧਾਹਿਂ ਭਲੇ[2]।
ਕਲਗੀਧਰ ਕੋ ਹਰਖਾਹਿਂ ਵਲੇ[1]।
ਸੁਨ ਕੈ ਪ੍ਰਭੁਤਾ[1] ਦਬ ਸੱਤ੍ਰੂ ਗਏ।
ਸਿਰ ਨਾਹਿਂ ਉਕਾਸਤ ਵਾਹਿ ਭਏ[1] ॥੧੧੩॥
ਡਰਿ ਰਾਮਰਾਇ ਮਨਿ ਸੋਚ ਕਰੀ।
ਨਿਜ ਸੰਗ ਮਸੰਦਨ ਐਸ ਰਰੀ[1]।

[1]ਸ਼ਿਕਾਰ।
[1]ਸੂਰ। [2]ਮਰਵਾਉਂਦੇ ਹਨ।
[1]ਇਸ ਤਰ੍ਹਾਂ ਉਤਸ਼ਾਹ ਤੇ ਹਾਸੇ ਦੇ ਬਚਨ ਕਰਦੇ ਹਨ।
[1]ਹਰਰੋਜ਼। [2]ਚੰਗੀ ਤਰ੍ਹਾਂ ਜਾਂਦੇ ਹਨ।
[1]{ਵਲੇ} ਅਨੇਕ ਢੰਗਾਂ ਨਾਲ ਖ਼ੁਸ਼ ਕਰਦੇ ਹਨ।
[1]ਵਡਿਆਈ।
[1]ਉਹ ਸਿਰ ਨਹੀਂ ਚੁੱਕਦੇ।
[1]ਕਹੀ।

ਗੁਰੁ ਗੋਬਿੰਦ ਸਿੰਘ ਬਲੀ ਅਤਿ ਹੈ।
ਯੁਤ ਸੈਨ ਸੁਮਤਿ ਕਰਾਮਤ ਹੈ ॥੧੧੪॥
ਢਿਗ ਆਇ ਹਮਾਰ ਸੁ ਕੋਟ ਠਯੋ[1]। [1]ਕਿਲ੍ਹਾ ਬਣਾ ਲਿਆ ਹੈ।
ਪਤਿ ਨਾਹਣ ਕੋ ਕਰਿ ਸਿੱਖ ਲਯੋ।
ਸੁਨਿਓ ਬਲਵੰਡ[1] ਪ੍ਰਚੰਡ[2] ਅਹਾ। [1]ਬਲੀ। [2]ਤਿੱਖਾ।
ਖਿਚ ਹੈ ਸੁ ਕੁਵੰਡ[1] ਕਠੋਰ ਮਹਾਂ ॥੧੧੫॥ [1]ਧਨੁਖ।
ਸਰ[1] ਕੋਸਨ ਲੌ ਸੁ ਚਲਾਵਤ ਹੈ। [1]ਤੀਰ।
ਬਿਨ ਢੀਲਹਿ ਫੀਲਹਿ[1] ਢਾਵਤ ਹੈ। [1]ਹਾਥੀ ਨੂੰ।
ਧਨੁ[1] ਤਾਂਹਿ ਨ ਔਰੈ ਖੈਂਚ ਸਕੈਂ। [1]ਅਰਜਨ ਵਾਂਗ।
ਸਮ ਪਾਰਥ[1] ਲੋਗ ਤਰੀਫ ਬਕੈਂ ॥੧੧੭॥ [1]ਉਸਤਤ ਕਹਿੰਦੇ ਹਨ।
ਹਮਰਾ ਉਨਿ ਸੰਗ ਬਿਰੋਧ ਅਹੇ।
ਮਤ ਆਇ ਇਤੈਂ ਕਿਤ ਮੋਹਿ ਗਹੇ।
ਸੁਨ ਕੈ ਤਬ ਯੌਂ ਗੁਰੁਦਾਸ ਕਹਾ।
ਬਹਿਲੋ ਸੁਤ ਕਾ ਸੁਤ[1] ਥਾ ਜੁ ਤਹਾਂ ॥੧੧੭॥ [1]ਭਾਈ ਬਹਿਲੋ ਦਾ ਪੋਤ੍ਰਾ।
ਮਮ ਬੀਰ ਸੁ ਬੀਰ ਨਖੱਤ੍ਰ ਬਲੀ[1]। [1]ਮੇਰੇ ਸੂਰਮਿਆਂ ਵਿੱਚੋਂ ਤਾਰਾ ਬਲੀ ਸੂਰਮਾ ਹੈ। (ਇਹ ਗੁਰਦਾਸ ਦਾ ਛੋਟਾ ਭਰਾ ਧਨੁਸ਼ ਵਿੱਦਿਆ 'ਚ ਬੜਾ ਚਤੁਰ ਸੀ)।
ਲਰ ਹੈਂ ਗੁਰੁ ਸੋਂ ਹਮ ਭਾਂਤਿ ਭਲੀ।
ਨਹਿਂ ਤੀਰ ਚਲਾਵਨ ਮੈਂ ਕਮ ਹੈਂ।
ਗੁਰੁ ਗੋਬਿੰਦ ਤੈ ਭਿ ਬਲੀ ਹਮ ਹੈਂ ॥੧੧੮॥
ਹਰ ਹੈਂ[1] ਮਰ ਹੈਂ ਟਰ ਹੈਂ ਨ ਕਬੀ। [1]ਮਾਰਾਂਗੇ।
ਤੁਮ ਲੌ ਨਹਿਂ ਆਵਨ ਦੈਂਹ ਤਬੀ।
ਇਮ ਜੱਦਪਿ ਔਰ ਭੀ ਲੋਗ ਰਰੇਂ[1]। [1]ਕਹਿੰਦੇ ਹਨ।
ਪਰ ਕਾਂਪਤ ਥੇ ਉਰ ਖੌਫ ਭਰੇ ॥੧੧੯॥
ਤਬਿ ਜਾਦਹੁ ਰਾਇ ਮਸੰਦ ਕਹਾ।
ਤੁਮ ਨਾਹਿਂ ਡਰੋ ਵਹਿ ਧੀਰ ਮਹਾਂ।
ਗੁਰੁ ਨਾਨਕ ਕੀ ਵਹਿ ਠੌਰ ਅਹੇ।
ਸਮਤਾ[1] ਖਿਮਤਾ[2] ਬੁਧਿ ਪੂਰ ਰਹੇ[3] ॥੧੨੦॥ [1]ਸਾਰਿਆਂ ਨੂੰ ਇੱਕੋ ਜਿਹਾ ਜਾਨਣਾ। [2]ਮੁਆਫ਼ ਕਰ ਦੇਣਾ। [3]ਬੁੱਧੀ 'ਚ ਭਰਿਆ ਹੋਇਆ ਹੈ।
ਤੁਮਰਾ ਅਪਨਾ ਘਰ ਏਕ ਲਖੈਂ।
ਨਹਿਂ ਬੈਰ ਬਡੈ ਜਨ ਯਾਦ ਰਖੈਂ।

ਉਨਿ ਜੱਦਪਿ ਧੀਰਜ ਸਾਚ ਦਯੋ।
ਪਰ ਨਾਹਿਂ ਇਨੈ ਡਰ ਦੂਰ ਥਯੋ ॥੧੨੧॥
ਕਿਤ ਚੈਨ ਰੈਨ ਦਿਨ ਪੈਨ ਜਰਾ।
ਮਨ ਰਾਮਰਾਇ ਕੋ ਐਸ ਡਰਾ।
ਹਿਤ ਭੇਤ ਪਠੇ ਨਿਜ ਦੂਤ ਤਹਾਂ।
ਗੁਰੁ ਕੇ ਨਹਿਂ ਬੈਰ ਉਨੈ ਜੁ ਲਹਾ ॥੧੨੨॥
ਕਰ ਜੋਰਿ ਨਮੋ ਕਰਿ ਐਸ ਰਟਾ।
ਗੁਰੁ ਰਾਮਰਾਇ ਕਹਿ ਐਸ ਪਠਾ।
ਮੁਹਿ ਧੀਰ-ਮਲੈਂ ਸਮ ਨਾਹਿਂ ਲਖੈਂ।
ਹਮ ਚਾਹਿਂ ਭਲੇ ਦਿਢ ਮੇਲ ਰਖੈਂ ॥੧੨੩॥
ਨਹਿ ਮਾਨਤ ਜੋ ਬਡਿਆਨ ਤਈਂ।
ਜੁਗ ਲੋਗ ਵਿਖੇ ਵਹਿ ਮੰਦ ਥਈਂ[1]। [1]ਦੋਹਾਂ ਲੋਕਾਂ 'ਚ ਬੁਰੇ ਹੁੰਦੇ ਹਨ।
ਮਿਲਬੇ ਹਿਤ ਚਾਹਿਤ ਸੰਗ ਤੁਮੈਂ।
ਅਨ ਠੌਰਹਿਂ ਦੋਇ ਇਕੰਤ ਹੁਮੈਂ[1] ॥੧੨੪॥ [1]ਹੋਰ ਜਗ੍ਹਾ ਦੋਵੇਂ ਇਕੱਲੇ ਹੋਵੇ।
ਜਮਨਾ ਤਟ ਯਾ ਮੱਧ ਨਾਉ ਤਰੈ[1]। [1]ਜਮਨਾ ਦੇ ਕੰਢੇ ਜਾਂ ਤਰਦੀ ਬੇੜੀ ਵਿੱਚ।
ਭਾਵਤ ਤਾਵਤ[1] ਬਾਤ ਕਰੈ। [1]ਤਦੋਂ ਮਨ ਭਾਉਂਦੀਆਂ।
ਸੁਨ ਕੈ ਗੁਰੁ ਤਾਂਹਿ ਕਹਯੋ ਜਿ ਚਹੇ।
ਮਿਲ ਹੈਂ ਹਮ ਤਜੋਂ ਜਜੋਂ ਸੋਇ ਕਹੇ ॥੧੨੫॥
ਹਮ ਰਾਖਹਿਂ ਰਾਗ ਨ ਦ੍ਵੈਸ਼ ਕਛੂ।
ਭਲ ਸੋਂ ਭਲ ਹ੍ਵੈਂ ਤਿਰਛੈਂ ਤਿਰਛੂ[1]। [1]ਟੇਢੇ ਨਾਲ ਟੇਢੇ।
ਗੁਰੁ ਕੀ ਮਸਨੰਦ ਸੁਰਿੰਦ ਤਰੂ[1]। [1]ਗੁਰਾਂ ਦੀ ਗੱਦੀ ਕਲਪ ਬ੍ਰਿਛ ਹੈ।
ਜਸ ਜੋ ਕਲਪੈ[1] ਤਸ ਪਾਇ ਫਰੂ[2] ॥੧੨੬॥ [1]ਕਲਪਣਾ (ਫੁਰਨਾ) ਕਰੇਗਾ। [2]ਫਲ।
ਸੁਨ ਕੈ ਮੁਦ ਹ੍ਵੈ ਉਨਿ ਲੀਨ ਬਿਦਾ।
ਸਿਰਪਾਉ ਦਯੋ ਗੁਰੁ ਨੀਕ[1] ਇਦਾ[2]। [1]ਚੰਗਾ। [2]ਇਸ ਤਰ੍ਹਾਂ।
ਉਨਿ ਜਾਇ ਪੁਨਾ ਰਮਰਾਇ ਢਿਗੈਂ।
ਸਬਿ ਬਾਤ ਕਹੀ ਭਲਿ ਭਾਂਤਿ ਬਿਗੈਂ[1] ॥੧੨੭॥ [1]ਬੋਲ ਕੇ।
ਗੁਰੁ ਆਪਨ ਪੌ[1] ਤੁਹਿ[2] ਜਾਨਤ ਹੈਂ। [1]ਆਪਣਾ ਆਪ। [2]ਤੁਹਾਨੂੰ।
ਨਹਿ ਦ੍ਵੈਸ਼ ਕਬੀ ਉਰਿ ਆਨਤ ਹੈਂ।
ਤਿਨ ਸੋਂ ਪਹਿਲੇ ਜਨ ਜੋ ਅਰ ਹੈ[1]। [1]ਅੜਦਾ ਹੈ।
ਤਿਸ ਕੋ ਗੁਰੁ ਦੇਤ ਤਿਸੋ ਫਰ ਹੈ[1] ॥੧੨੮॥ [1]ਉਹੋ ਜੇਹਾ ਫਲ।

ਹਮ ਕੋ ਗੁਰੁ ਨਾਨਕ ਸੇ ਸੁ ਦਿਸੇ।
ਜਿਨ ਕੇ ਚਿਤਵੇ ਜਮ ਪਾਪ ਨਸੇ।
ਕਬਿ ਹੀ ਨ੍ਰਿਪ ਸੰਗ ਸ਼ਿਕਾਰ ਚਰ੍ਹੈਂ।
ਬਹੁ ਆਯੁਧ ਕੇਰ ਅਭਜਾਸ ਕਰੈਂ ॥ ੧੨੯ ॥
ਨਿਤ ਸੰਗਤ ਦੇਸ਼ ਬਿਦੇਸ਼ਨ ਤੈ।
ਚਲਿ ਆਵਤ ਭਾਵ ਬਿਸ਼ੇਸ਼ਨ ਤੈ[1]।
ਅੱਸ੍ਵ ਆਯੁਧ ਬਿੱਤ ਅਪਾਰ ਦਿਵੈਂ।
ਬਿਬਿਧਾ ਫਲ ਬਾਂਛਿਤ ਚਿਤ ਲਿਵੈਂ ॥ ੧੩੦ ॥
ਬਹੁ ਭੀਰ ਰਹੇ ਗੁਰੁ ਦ੍ਵਾਰ ਇਦਾਂ।
ਪਤਿਸ਼ਾਹਿਨ ਕੇ ਦਰ ਹੋਇ ਜਿਦਾਂ।
ਬਰਤੈ ਬਹੁ ਲੰਗਰ ਰੈਨ ਦਿਨੈ।
ਚਹਿ ਜੋ ਜਿਤਨੋ ਮਿਲ ਹੈ ਸੁ ਤਿਨੈ ॥ ੧੩੧ ॥
ਮਹਿਮਾ ਗੁਰੁ ਕੀ ਜਗ ਭੂਰ ਭਰੀ।
ਸਮ ਗੰਗ ਪਵਿੱਤ੍ਰ ਬਚਿੱਤ੍ਰ ਵਰੀ[1]।
ਸੁਨ ਕੈ ਜਨ ਔਰ ਅਨੇਕ ਅਵੈਂ।
ਉਪਦੇਸ਼ ਲਵੈਂ ਗੁਰੁ ਸਿੱਖ ਥਵੈਂ ॥ ੧੩੨ ॥
ਇਮ ਰਾਮਰਾਇ ਸੁਨ ਮੋਦ ਭਯੋ।
ਖਟਕਾ ਦਿਲ ਤੈ ਸਭ ਦੂਰ ਥਯੋ ॥ ੧੩੩ ॥

[1]ਬਹੁਤੇ ਪ੍ਰੇਮ ਨਾਲ।

[1]ਅਸਚਰਜ ਤੇ ਸ੍ਰੇਸ਼ਟ।

ਦੋਹਰਾ:
ਪੀਰ ਸਢੌਰੇ ਨਗਰ ਕਾ,
ਬੁਧੂ ਸ਼ਾਹਿ ਅਮੀਰ।
ਗੁਰੁ ਕੇ ਦਰਸ਼ਨ ਹਿਤ ਅਯੋ,
ਲੈ ਮੁਰੀਦ ਸੰਗ ਭੀਰ ॥ ੧੩੪ ॥

ਚੌਪਈ:
ਸਤਿ ਸੰਗਤ ਕਾ ਥਾ ਸੋ ਪ੍ਰੇਮੀ।
ਮੇਲ ਰਖਤ ਸੰਤਨ ਸੋ ਨੇਮੀ।
ਧਰਿ ਭੇਟਾ ਕਰਿ ਬੰਦਨ ਗੁਰੁ ਕੋ।
ਲਹਯੋ ਮਨੋਰਥ ਬਾਂਛਿਤ ਉਰ ਕੋ ॥ ੧੩੫ ॥
ਗੁਰੁ ਸਿਤਕਾਰਿ ਨਿਕਟਿ ਬੈਠਾਰਾ।
ਬੂਝਯੋ ਭੇਤ ਕੁਸਲ ਬਿਵਹਾਰਾ।

ਬੁਧੂ ਸ਼ਾਹਿ ਜੋਰਿ ਕਰ ਕਹੋ[1]। [1]ਕਿਹਾ।
ਸਯਦ ਜਾਤਿ ਸਢੌਰੇ ਰਹੋਂ ॥ ੧੩੬ ॥
ਦਰਸ਼ਨ ਹੇਤ ਸੁਜਸ ਸੁਨਿ ਆਯੋ।
ਬਾਂਛਿਤ ਸੁਖ ਫਲ ਭਲ ਅਬਿ ਪਾਯੋ।
ਰਾਵਰ ਸੇ ਸੰਤਨ ਕੀ ਸੰਗਤ।
ਕਰਿ, ਜਿਨ ਮਨ ਰੰਗਜੋ ਹਰਿਰੰਗਤ ॥ ੧੩੭ ॥
ਬੇ ਨਜ਼ੀਰ[1] ਸੁਖ ਅਖੈ[2] ਭੋਗ ਹੈਂ। [1]ਬੇਮਿਸਾਲ, ਅਨੁਪਮ। [2]ਨਾਸ-ਰਹਿਤ।
ਤਿਨੈਂ ਨ ਬਜਾਪੈ ਕਬੀ ਸੋਗ ਹੈਂ।
ਸੁਨਿ ਬਾਨੀ ਪਿਖਿ ਪ੍ਰੇਮ ਬਿਸਾਲੰ।
ਰੀਝ ਮੌਜ[1] ਗੁਰੁ ਕੀਨ ਨਿਹਾਲੰ ॥ ੧੩੮ ॥ [1]ਅਨੰਦ 'ਚ ਪ੍ਰਸੰਨ ਹੋ ਕੇ।
ਬਿਰੇ ਸਭਾ ਭੈਂ ਸਤਿਗੁਰੁ ਜੌ ਲੌ।
ਦਰਸਾਂਮ੍ਰਿਤ[1] ਪੀ ਤ੍ਰਿਪਤਜੋ ਤੌ ਲੌ। [1]ਦਰਸ਼ਨ ਰੂਪ ਅੰਮ੍ਰਿਤ।
ਗੁਰੁ ਕਾ ਪਾਇ ਦਿਵਾਨ ਅਸ਼ਾਰੋ[1]। [1]ਦੀਵਾਨ ਨੰਦ ਚੰਦ ਨੇ ਗੁਰਾਂ ਦਾ ਇਸ਼ਾਰਾ ਪਾ ਕੇ।
ਡੇਰਾ ਖਾਨ ਪਾਨ ਦਿਯ ਸਾਰੋ[1] ॥ ੧੩੯ ॥ [1]ਸ੍ਰੇਸ਼ਟ।
ਬਹੁਤ ਦਿਵਸ ਗੁਰੁ ਪਾਸ ਰਹਾਯੋ।
ਨਿਰ ਸੰਦੇਹ ਪਰਮ ਪਦ ਪਾਯੋ।
ਪ੍ਰਸਪਰ[1] ਬਢੀ ਪ੍ਰੀਤਿ ਅਤਿ ਭਾਰੀ। [1]ਆਪਸ ਵਿੱਚੀਂ।
ਰਘੁਪਤਿ ਕਪਿਪਤਿ ਜਿਮ[1] ਸੁਖ ਕਾਰੀ [1]ਜਿਵੇਂ ਰਾਮ ਚੰਦ ਤੇ ਹਨੂਮਾਨ ਦੀ।
॥ ੧੪੦ ॥
ਫਤੇ ਸ਼ਾਹਿ ਨ੍ਰਿਪਿ ਸੁਨਿ ਜਸ ਗੁਰੁ ਕਾ।
ਬੈਰ ਸਪ੍ਰਧਾ[1] ਤਜਿ ਭ੍ਰਮ ਉਰ ਕਾ। [1]ਈਰਖਾ।
ਪਠੇ ਵਕੀਲ ਮਿਲਨ ਹਿਤ ਪਹਿਲੈਂ।
ਲੈ ਆਗਜਾ ਆਯੋ ਪੁਨ ਸਹਿਲੈਂ[1] ॥ ੧੪੧ ॥ [1]ਸੁਖ ਨਾਲ।
ਅੱਸ੍ਰ ਆਯੁਧ ਦੈ ਦਰਬ ਗਰਬ ਤਜਿ।
ਗਹੇ ਚਰਨ ਗੁਰੁ ਕੇਰ ਸਰਨ ਭਜ।
ਕੁਸਲਾਨੰਦ ਗੁਰੁ ਬੂਝ ਬਿਠਾਯੋ।
ਰਾਜ ਕਾਜ ਪਰਸੰਗ ਚਲਾਯੋ ॥ ੧੪੨ ॥
ਫਤੇ ਚੰਦ ਅਰ ਨਾਹਣੇਸ ਕਾ।
ਥਾ ਬਿਰੋਧ ਜੋ ਦਿਨ ਬਿਸੇਸ ਕਾ[1]। [1]ਬਹੁਤਿਆਂ ਦਿਨਾਂ ਦਾ।
ਬੀਚ ਹੋਇ ਗੁਰੁ ਸੰਧਿ[1] ਕਰਾਈ। [1]ਮੇਲ।

ਯਾਂ ਤੇ ਸੇਵਕ ਭੇ ਜੁਗ ਰਾਈ[1] ॥ ੧੪੩ ॥
ਮ੍ਰਿਗਯਾ ਕਰ[1] ਤੀਨੋ ਮਿਲਿ ਕਰਹੀਂ।
ਬਿਬਿਧ ਬਿਨੋਦ ਪ੍ਰਮੋਦ ਬਿਥਰਹੀਂ[1]।

[1]ਦੋਵੇਂਰਾਜੇ।
[1]ਸ਼ਿਕਾਰ ਖੇਲਣਾ।
[1]ਅਨੇਕ ਤਰ੍ਹਾਂ ਦੇ ਅਨੰਦ ਤੇ ਕੌਤਕ ਵਿਸਥਾਰ ਨਾਲ ਕਰਦੇ ਹਨ।

ਕਬਿ ਗਿਰ ਕੰਦ੍ਰ ਅੰਦਰ ਜਾਂਹੀ।
ਕਬੀ ਤੁੰਗ ਗਿਰ ਸਿਖਰਿ ਫਿਰਾਂਹੀ[1] ॥ ੧੪੪ ॥
ਲੰਘਨਿ ਕਰਿ ਸੰਘਨ ਬਨ ਝੈਰੈਂ[1]।
ਝੀਲਨ ਪੈ ਕਿਤ ਭੀਲਨ ਹੇਰੈਂ[1]।
ਕਾਂਨਨ ਮੈਂ ਇਕ ਦਿਨ ਪੰਚਾਨਨ[1]।
ਕੀਨ ਨਿਹਾਰਨ, ਦਾਰੁਨ ਆਨਨ[1] ॥ ੧੪੫ ॥
ਨਾਂਹਿਨ ਜਾਂਹਿ ਸਮਾਨ ਕੁ ਆਨਨ[1]।
ਹਾਨਨ ਹਿਤ ਗੁਰੁ ਕੀਨ ਬਖਨਾਨ[1]।
ਗਹਿ ਸ਼ਮਸ਼ੇਰ ਸਿਪਰ ਸਮ ਸ਼ੇਰਾ[1]।
ਹਤੈ ਸਫੁਟ ਕੋ ਸੁਭਟ ਦਲੇਰਾ[1] ॥ ੧੪੬ ॥
ਪਾਵੈ ਬਖਸ਼ ਸ਼ਖਸ[1] ਸੋ ਭਾਰੀ।
ਬਾਜੀ ਤਾਜੀ ਜਾਨ ਖਿਲਾਰੀ[1]।
ਉਭੈ ਭੂਪ, ਗੁਰੁ, ਬੁੱਧੂ ਪੀਰ।
ਖਰੇ ਪਿਖੈਂ ਸਭਿ ਸੁਭਟ ਸਧੀਰ ॥ ੧੪੭ ॥
ਏਕ ਸੁਭਟ ਲੈ ਖੜਗ ਸੁ ਢਾਲਾ।
ਹੇਰਤ ਟੇਰਤ[1] ਤਿਸ ਦਿਸ ਚਾਲਾ।
ਲਾਂਗਲ[1] ਫੇਰਿ, ਦੇਰ ਬਿਨ ਆਯੋ।
ਥੱਪਰ ਦੈ ਖੱਪਰਿ ਤਿਹ ਘਾਯੋ[1] ॥ ੧੪੮ ॥
ਚਾਰ ਬੀਰ ਪੁਨ ਬਾਰੀ ਬਾਰੀ।
ਗਏ ਜੁ, ਹਤੇ ਤਾਂਹਿ ਬਿਨ ਬਾਰੀ[1]।
ਹਾਹਾਕਾਰ ਸੈਨ ਮੈਂ ਪਰਾ।
ਸ਼ੇਰ ਨ ਸੋ ਜਬਿ ਕਿਸ ਤੈ ਮਰਾ ॥ ੧੪੯ ॥
ਤਬਿ ਗੁਰੁ ਫੀਲ[1] ਢੀਲ ਬਿਨ ਤਜ ਕੈ।
ਖੰਡਾ ਸਿਪਰ[1] ਹਾਥ ਮੈਂ ਸਜ ਕੈ।
ਕੇਹਰਿ ਠਵਨ[1] ਗਵਨ ਦਿਸ ਸ਼ੇਰੈਂ[2]।
ਕੀਨ ਜਬੈ, ਨ੍ਰਿਪ ਡਰੇ ਬਘੇਰੈਂ ॥ ੧੫੦ ॥

[1]ਉੱਚੇ ਪਹਾੜ ਦੀ ਚੋਟੀ 'ਤੇ ਫਿਰਦੇ ਹਨ।
[1]ਸੰਘਣੇ ਜੰਗਲ ਤੇ ਝਰਨੇ ਲੰਘ ਕੇ।
[1]ਕਿਤੇ ਝੀਲਾਂ ਤੇ ਭੀਲਾਂ ਨੂੰ ਦੇਖਦੇ ਹਨ।
[1]ਜੰਗਲ 'ਚ ਇਕ ਦਿਨ ਸ਼ੇਰ।
[1]ਭਿਆਨਕ ਮੂੰਹ ਵਾਲਾ ਦੇਖਿਆ।
[1]ਜਿਸ ਵਰਗਾ ਕੋਈ ਹੋਰ (ਸ਼ੇਰ) ਨਹੀਂ ਸੀ।
[1]ਮਾਰਨ ਵਾਸਤੇ ਗੁਰਾਂ ਨੇ ਕਿਹਾ।
[1]ਸ਼ੇਰ ਵਾਂਗ ਢਾਲ ਤਲਵਾਰ ਪਕੜ ਕੇ।
[1]ਕੋਈ ਦਲੇਰ ਸੂਰਮਾ {ਸਫੁਟ} ਸਾਹਮਣੇ ਹੋ ਕੇ ਮਾਰੇ।
[1]ਪੁਰਸ਼।
[1]ਜਾਨ ਤੋਂ ਖੇਲਣ ਦੀ ਇਹ {ਤਾਜ਼ੀ} ਨਵੀਂ {ਬਾਜ਼ੀ} ਖੇਡ ਹੈ।
[1]ਦੇਖਦਾ ਤੇ ਬੋਲਦਾ।
[1]ਪੂਛ।
[1]{ਖੱਪਰਿ} ਸਿਰ 'ਤੇ ਥੱਪੜ ਮਾਰ ਕੇ ਤਿਸ ਨੂੰ ਮਾਰ ਦਿੱਤਾ।
[1]ਬਿਨਾਂ ਦੇਰ ਤੋਂ।
[1]ਹਾਥੀ।
[1]ਢਾਲ।
[1]ਸ਼ੇਰ ਦੇ ਟਿਕਾਣੇ 'ਤੇ। [2]ਸ਼ੇਰ ਦੀ ਤਰਫ਼ ਜਦੋਂ ਗਏ।

ਉਭੈ ਭੂਪ, ਬੁੱਧੂ, ਕ੍ਰਿਪਾਲਾ[1]। [1]ਕ੍ਰਿਪਾਲ ਚੰਦ (ਮਾਮਾ)।
ਨੰਦ ਚੰਦ ਲੌ ਬੀਰ ਬਿਸਾਲਾ।
ਬਾਰ ਬਾਰ ਕਰ ਜੋਰਿ ਬਖਾਨੈ।
ਸੰਮੁਖ ਸ਼ੇਰ ਨ ਆਪ ਪਿਆਨੈ[1] ॥ ੧੫੧ ॥ [1]ਨ ਜਾਉ।
ਗੁਲਕਾ ਤੀਰ ਬੀਰ ਪਰਿਹਾਰੀ[1]। [1]ਮਾਰ ਕੇ।
ਅਬਿ ਹੀ ਲੈਹੈਂ ਇਸ ਕੋ ਮਾਰੀ।
ਅਤਿ ਪ੍ਰਮੱਤ[1] ਪਸੁ ਦਿਸ ਨਾ ਜਾਵੋ। [1]ਬਹੁਤੇ ਮਸਤ।
ਬਾਨ ਪਰਿਹਾਨ ਆਪ ਹੀ ਘਾਵੋ[1] ॥ ੧੫੨ ॥ [1]ਤੀਰ ਮਾਰ ਕੇ ਆਪ ਹੀ ਮਾਰ ਦਿਉ।
ਬੋਲੇ ਗੁਰੁ ਤੁਮ ਪਿਖੋ ਤਮਾਸ਼ਾ।
ਕਹਾਂ ਕਰੈਂ ਇਸ ਤੈ ਹਮ ਤ੍ਰਾਸਾ।
ਇਮ ਕਹਿ ਕੇਹਰ ਨਿਕਟਿ ਪਹੁੰਚੇ।
ਯਾ ਬਿਧਿ ਲਲਕਾਰਜੋ ਗੁਰ ਊਚੇ ॥ ੧੫੩ ॥
ਕੇਹਰ ਨਿਕਸ ਬਿਰੇ ਤੈ[1] ਅਬੈ। [1]ਸੰਘਣੇ ਝਾੜ ਤੋਂ।
ਹਮ ਤੁਮ ਲਰੈਂ ਨਿਹਰ ਹੈਂ ਸਬੈ।
ਪਿਖਿ ਸੁਨਿ ਲੋਗ ਕਿਮੇ ਕਿਮ ਕੈਹੈਂ[1]। [1]ਕੋਈ ਕਿਵੇਂ ਕਹਿੰਦਾ ਤੇ ਕੋਈ ਕਿਵੇਂ।
ਕਲਮਲਾਤ[1] ਚਿਤ ਚੈਨ ਨ ਲੈਹੈਂ ॥ ੧੫੪ ॥ [1]ਤੜਫਦੇ ਹਨ।
ਕੋ ਕਹਿਂ ਗੁਰੂ ਬਲੀ ਬਡ ਜੋਧਾ।
ਹਤੈਂ ਕ੍ਰਿਪਾਨ ਸੰਗ ਕਰਿ ਕ੍ਰੋਧਾ।
ਕੋ ਕਹਿਂ ਮਤੁ ਕਿਤ ਗੁਰੈਂ ਦਬੈ ਹੈ।
ਗੁਰਸਿੱਖੀ ਕਾ ਸੂਰ ਅਥੈਹੈ[1] ॥ ੧੫੫ ॥ [1]ਸੂਰਜ ਛਿਪ ਜਾਏਗਾ।
ਸਿਦਕੀ ਸਿੱਖ ਕਹਿਂ ਇਕ ਨਾਹਰ[1] ਕਿਆ। [1]ਸ਼ੇਰ।
ਹਤੈਂ ਗੁਰੂ ਜੇ ਬੀਸਕ ਹ੍ਵੈਂ ਇਆ[1]। [1]ਇਸ ਤਰ੍ਹਾਂ ਦੇ।
ਉਤ ਹਰਿ ਪਿਖਿ ਗੁਰੁ ਕੋ ਸਿਰ ਨਾਯੋ।
ਨਾਹਿਂ ਬਿਰੇ ਤੈ ਬਾਹਰ ਆਯੋ ॥ ੧੫੬ ॥
ਫਿਰ ਗੁਰੁ ਭਨਜੋ ਗਰਜ ਸਮ ਬਾਦਰ।
ਕਹਾਂ ਪਰਜੋ ਲੁਕ ਗੀਦੀ ਗਾਦਰ[1]। [1]ਕਾਇਰ ਗਿੱਦੜ।
ਨਿਜ ਕੁਲ ਕੋ ਕਜੋਂ ਦਾਗ ਲਗੈ ਹੈਂ।
ਕਾਯਰ ਭਏ ਭਿ ਜਾਨ ਨ ਦੈਹੈਂ ॥ ੧੫੭ ॥
ਇਮ ਤਾਨ੍ਹੇ ਸੁਨ ਕੈ ਸੋ ਕੇਹਰ।
ਉਠਜੋ ਕੋਪ ਨਿਕਸਜੋ ਤਜਿ ਬੇਹਰ।

ਭਬਕਯੋ ਭੀਖਮ ਕਾਲ ਕਰਾਲੈਂ[1]। [1]ਭਿਆਨਕ ਕਾਲ ਵਾਂਗ ਭਿਆਨਕ ਭਬਕ ਮਾਰੀ।
ਬਲ ਸੰਭਾਲ ਦੈ ਛਾਲ ਉਤਾਲੈਂ[1] ॥ ੧੫੮ ॥ [1]ਛੇਤੀ।
ਫੌਰਨ ਆਨ ਪਰਯੋ ਗੁਰੁ ਊਪਰ।
ਨਿਰਭੈ ਖਰੇ ਰਹੇ ਗੁਰੁ ਭੂ ਪਰ[1]। [1]ਧਰਤੀ ਉਪਰ।
ਵਾਰ ਸੰਭਾਰ ਮਾਰ ਦੋਧਾਰਾ[1]। [1]ਖੰਡਾ।
ਦੋ ਧਰ ਕਰਿ ਧਰ ਪਰ ਹਰਿ ਡਾਰਾ[1] ॥ ੧੫੯ ॥ [1]ਦੋ ਧੜ ਕਰ ਕੇ ਧਰਤੀ 'ਤੇ ਸ਼ੇਰ ਸੁੱਟ ਦਿੱਤਾ।
ਗੁਰੁ ਬਲ ਪਿਖਿ ਸਭਿ ਜਨ ਬਿਸਮਾਏ।
ਫੀਲ ਧਵਾਇ ਭੂਪ ਡਿਗ ਆਏ।
ਧੰਨ ਧੰਨ ਗੁਰੁ ਧੁਨਿ ਭਰ ਰਹੀ।
ਗੁਰੁ ਸਮ ਬਲੀ ਨ ਕੋ ਮਧ ਮਹੀ[1] ॥ ੧੬੦ ॥ [1]ਧਰਤੀ ਵਿੱਚ।
ਦਾਰੁਨ[1] ਦਾੜ੍ਹ ਬਦਨ[2] ਬਡ ਭਾਰਾ। [1]ਭਿਆਨਕ। [2]ਮੁੱਖ।
ਅਤਿ ਭਜਾਨਕ ਜਿਨ ਸ਼ੇਰ ਪਰਿਹਾਰਾ।
ਕੇਹਰ ਤਨ ਤਜਿ ਸੁਰ ਬਨ ਗਯੋ।
ਨਭ ਪ੍ਰਕਾਸ਼ ਕੁਲਾਹਲ[1] ਥਯੋ ॥ ੧੬੧ ॥ [1]ਖ਼ੁਸ਼ੀ ਦਾ ਡੰਡ-ਰੌਲਾ।
ਇਹ ਅਚਰਜ ਪਿਖਿ ਜਨ ਬਿਸਮਾਏ।
ਬੂਝਯੋ ਗੁਰੁ ਕੋ ਨ੍ਰਿਪ ਸਿਰ ਨਾਏ।
ਤੂਰਨ ਪੂਰਨ ਗੁਰੁ ਇਮ ਕਹਾ।
ਇਹੁ ਪਾਂਡਵ ਕੁਲ ਮੈਂ ਨਰਰਹਾ ॥ ੧੬੨ ॥
ਭਾਰਥ ਮੈਂ[1] ਛਲ ਕਰਿ ਲਰਿ ਮਰਾ। [1]ਮਹਾਂ ਭਾਰਤ ਦੇ ਜੁੱਧ ਵਿੱਚ।
ਤਾਂ ਤੇ ਤਾਮਸ ਤਨੁ[1] ਇਨਿ ਧਰਾ। [1]ਤਮੋਗੁਣੀ ਸ਼ਰੀਰ।
ਅਬਿ ਮਮ ਕਰ ਤੈ ਸਦ ਗਤਿ ਪਾਈ।
ਲੈਹੈ ਵਾਸ ਬਿਕੁੰਠੈ ਜਾਈ ॥ ੧੬੩ ॥
ਸੁਨਿ ਪ੍ਰਸੰਗ ਨਿਜ ਨੈਨ ਨਿਹਰ ਕੈ।
ਧੰਨ ਧੰਨ ਸਭਿ ਰਹੇ ਉਚਰ ਕੈ।
ਗੁਰੁ ਕੋ ਲਖਯੋ ਰੂਪ ਕਰਤਾਰਾ।
ਜਿਤ ਕਿਤ ਗੁਰੁ ਜਸ ਬਿਥਰਯੋ ਭਾਰਾ ॥ ੧੬੪ ॥
ਬਢਯੋ ਪ੍ਰੇਮ ਗੁਰੁ ਪਗ ਮੈਂ ਮਹਾਂ।
ਕਰਿ ਸਤਿਸੰਗਰੰਗ ਬਡ ਲਹਾ।
ਬੁੱਧੂ ਸ਼ਾਹਿ, ਭੂਪ ਪੁਨ ਦੋਈ।
ਬਿਦਾ ਭਏ ਗੁਰੁ ਤੈ ਮੁਦ ਹੋਈ ॥ ੧੬੫ ॥

ਨਗਰ ਪਾਂਵਟੇ ਇਮ ਦਸਮੇਸ਼ੂ।
ਚਰਿਤ[1] ਕਰਤ ਗਤਿ ਦਾਨ ਬਿਸ਼ੇਸ਼ੂ। [1]ਕੌਤਕ।
ਜੋ ਸੁਨਿ ਪਿਖਿ ਸਿਖ ਲਹਿਂ ਕਲਜਾਨਾ।
ਧਜਾਇ ਭਯੋ ਇਤਿ ਧਰਿ ਗੁਰੁ ਧਿਜਾਨਾ ॥ ੧੬੬ ॥
ਸੰਮਤ ਸੱਤ੍ਰਾ ਸੈ ਬੈਤਾਲੀ[1]। [1]ਸੰਮਤ ੧੭੪੨ ਬਿ:।
ਬਨਯੋ ਪਾਂਵਟਾ ਸੁਖਦ ਬਿਸਾਲੀ ॥ ੧੬੭ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਪਾਂਵਟੇ ਬਿਰਾਂਵਨ' ਪ੍ਰਸੰਗ ਬਨਨਨੰ ਨਾਮ ਇਕਵੰਜਮੋਂ ਬਿਸ੍ਰਾਮ ॥ ੫੧ ॥

੫੨. {ਪਠਾਣ ਨੌਕਰ ਰੱਖਣੇ, ਰਾਮਰਾਇ ਦਾ ਮਿਲਣਾ, ਕਪਾਲ ਮੋਚਨ ਜਾਣਾ, ਸਿੱਖਾਂ ਨੂੰ ਪੜ੍ਹਾਉਣਾ, ਸੂਰਮੇ ਭਰਤੀ ਕਰਨੇ}

ਕਬਿੱਤ:

ਸ੍ਰੀ ਗੁਰੁ ਨਾਨਕ ਆਨਕ ਸੁਖ ਦਾਇ ਸਦ,
ਅੰਗਦ ਅਮਰ ਰਾਮਦਾਸ ਆਸ ਕੰਦ ਹੈਂ[1]।

[1]ਸ੍ਰੀ ਗੁਰੂ ਨਾਨਕ ਦੇਵ ਜੀ ਹਮੇਸ਼ਾਂ ਅਨੇਕਾਂ ਸੁਖ ਦੇਣ ਵਾਲੇ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰ ਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਆਸਾਂ ਪੂਰੀਆਂ ਕਰਨ ਵਾਲੇ ਹਨ।

ਅਰਜਨ, ਅਰਿ ਜਨ ਹਰ ਹਰਿ ਗੋਬਿੰਦ ਜੂ,
ਸ੍ਰੀ ਹਰਿਰਾਇ ਹਰਿ ਕ੍ਰਿਸ਼ਨ ਅਮੰਦ ਹੈਂ[1]।

[1]ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਵੈਰੀ ਜਨਾ ਨੂੰ ਨਾਸ ਕਰਨ ਵਾਲੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ (ਸਭ ਤੋਂ) ਸ੍ਰੇਸ਼ਟ ਹਨ।

ਨੌਮ ਗੁਰੁ ਭੌਮ ਕਰਿ, ਗੋਬਿੰਦ ਮ੍ਰਿਗਿੰਦ ਚਿੰਦ
ਦਾਇਕ ਅਨਿੰਦ, ਬ੍ਰਿੰਦ ਬਿਘਨ ਨਿਕੰਦ ਹੈਂ[1]।

[1]ਨੌਵੇਂ ਗੁਰੂ (ਸ੍ਰੀ ਗੁਰੂ ਤੇਗ਼ ਬਹਾਦਰ ਜੀ) {ਭੌਮ} ਮੰਗਲ ਕਰਨ ਵਾਲੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਮਨ) ਇੱਛਤ (ਫਲ) ਦੇਣ ਵਾਲੇ {ਅਨਿੰਦ} ਉਸਤਤ ਯੋਗ ਬਹੁਤੇ ਬਿਘਨ ਨੂੰ ਕੱਟਣ ਵਾਲੇ ਹਨ।

ਪਾਦ ਅਰਬਿੰਦ ਦਸ ਗੁਰੁ ਕੋ ਮਲਿੰਦ ਭਵ,
ਗਜਾਨ ਮਕਰੰਦ ਹਿਤ ਗਜਾਨ ਸਿੰਘ ਬੰਦ ਹੈ[1]
॥ ੧ ॥

[1]ਦਸਾਂ ਗੁਰਾਂ ਦੇ ਚਰਨ ਕਮਲਾਂ ਦਾ ਭੌਰਾ ਹੋ ਕੇ ਗਿਆਨ ਰੂਪ ਧੂੜੀ ਲੈਣ ਵਾਸਤੇ ਗਿਆਨ ਸਿੰਘ ਬੰਦਨਾ ਕਰਦਾ ਹੈ।

ਦਸਮ ਗੁਰੂ ਕੀ ਗਾਥ ਮਾਥ ਨਾਇ ਜੋਰਿ ਹਾਥ,
ਹਿਤ ਸਾਥ ਗਾਇ ਪਾਥ ਭਵਨਾਥ ਪਾਇ ਹੈਂ[1]।

[1]{ਭਵ ਨਾਥ} ਸੰਸਾਰ ਦੇ ਮਾਲਕ (ਵਾਹਿਗੁਰੂ ਮੈਨੂੰ) {ਪਾਥ} ਠੀਕਰਸਤੇ ਪਾਉਣਗੇ।

ਰਾਖ ਹੈਂ ਤੁਰਕਾਨ[1] ਰਾਮਰਾਇ ਮਿਲੈ ਆਨ ਗੁਰੁ,
ਮੋਚਨ ਕਪਾਲ ਜਾਂਹਿ ਸਿੱਖਨ ਪਢਾਇ ਹੈਂ।

[1]ਪਠਾਣਾਂ ਨੂੰ ਨੌਕਰਰੱਖਣਗੇ।

ਸੂਰਮੇ ਰਖੈ ਹੈਂ ਕਥਾ ਏਤਕ ਕਥੈ ਹੈਂ,
ਅਬ ਏਸ ਧਿਜਾਇ ਮੈਹੈਂ ਸੁਨੋ ਸਜਨ ਸੁਭਾਇ ਹੈਂ[1]।

[1]ਚੰਗੀ ਤਰ੍ਹਾਂ ਪ੍ਰੇਮ ਨਾਲ।

ਦਾਮਲੇ ਗਰਾਮ ਕੇ ਪਠਾਨ ਪਾਂਚ ਸੌ ਸਿਪਾਹੀ,
ਹੁਤੇ ਸ਼ਾਹੀ[1] ਮਸ਼ਹੂਰ ਸੂਰ ਭੂਰ ਭਾਇ ਹੈਂ[2] ॥ ੨ ॥

[1]ਬਾਦਸ਼ਾਹ ਦੇ। [2]ਬਹੁਤ ਚੰਗੇ ਲੱਗੇ ਹਨ।

ਨੌਰੰਗ ਨਿਕਾਰ ਦੀਏ ਕੀਏ ਪੈ ਬਿਗਾਰ ਕੋਊ,
ਤਾਂ ਤੇ ਡਰ ਸੋਊ ਨਾ ਨਰੇਸ[1] ਕਾਂਹਿ ਹੈਂ ਰਖੇ।

[1]ਰਾਜੇ।

ਹੁਤੇ ਸੋ ਮੁਰੀਦ ਬੁੱਧੂ ਸ਼ਾਹਿ ਕੇ ਮਹੀਦ[1],
ਤਾਂਹਿ ਸ਼ਾਹਿ ਕੀ ਤਗੀਦ ਤੈ ਰਹਿਤ ਗੁਰੁ ਹੈਂ ਲਖੇ[1]।
ਤਾਂ ਤੇ ਬੁੱਧੂ ਸ਼ਾਹਿ ਲਜਾਯੋ ਗੁਰੂ ਪੈ ਤਿਨੈ ਹੀ ਚਾਹਿ[1],
ਨੌਕਰ ਰਖਾਨ ਹਿਤ ਬਜਾਨ ਇਮ ਹੈਂ ਅਖੇ[1]।
ਗੌਰ[1] ਏ ਲਰੈ ਹੈਂ ਠੌਰ ਛੋਰ ਕੇ ਨ ਜੈਹੈਂ,
ਔਰ ਕਾਮ ਸਬ ਕੈਹੈਂ[1] ਯੇ ਸਿਪਾਹੀ ਸਬਿ ਹੈਂ ਪਕੇ ॥ ੩ ॥

[1]ਵੱਡੇ।
[1]ਬਾਦਸ਼ਾਹ ਦੇ ਹੁਕਮ ਤੋਂ ਬਿਨਾਂ ਗੁਰੂ ਨੂੰ ਜਾਣਿਆ।
[1]ਉਤਸ਼ਾਹ ਨਾਲ।
[1]ਇਸ ਤਰ੍ਹਾਂ ਬਚਨ ਕਹੇ।
[1]ਬਹੁਤੇ।
[1]ਕਰਨਗੇ।

ਸੁਨ ਕੈ ਤਰੀਫ ਬਡ ਪੀਰ ਤੈ ਸ਼ਰੀਫ[1] ਤਿਨੈਂ,
ਕਹਯੋ ਗੁਰੁ ਹੋਂਹਿਂਗੇ ਹਰੀਫ[1] ਪਰਰਾਖ ਹੈਂ।
ਨਿਮਕ ਹਰਾਮ ਜੇ ਥਵੈ ਹੈਂ[1] ਪੈਹੈਂ ਕੀਓ ਨਿਜ,
ਹਮਰੋ ਨ ਜੈਹੈ ਕੁਛ ਏਈ ਦੁਖ ਚਾਖ ਹੈਂ।
ਨੰਦ ਚੰਦ ਕੋ ਬੁਲਾਇ ਗੁਰੁ ਚਿਹਰੇ[1] ਲਿਖਾਇ,
ਲਏ ਨੌਕਰ ਬਨਾਇ ਉਤਰਾਇ ਏਕ ਕਾਖ ਹੈ[1]।
ਰੂਪੀ ਏਕ ਅਸਵਾਰ[1], ਪਾਂਚ ਸਰਦਾਰ ਪੈ ਹੈ,
ਰੋਜ਼ਗਾਰ ਰੋਜ਼[1] ਗੁਰੁ ਬਾਂਧ ਦਯੋ ਆਖ ਹੈ[2] ॥ ੪ ॥
ਕਾਲੇ ਖਾਂ ਹਯਾਤ ਖਾਂ ਨਜਾਬਤ ਖਾਂ ਭੀਖਨ ਖਾਂ,
ਸਰਦਾਰ ਗੁਰੂ ਸੋਂ ਸ਼ਿਕਾਰ ਨਿਜ ਜਾਇ ਹੈਂ।
ਸ਼ੇਰਨ ਲੌ ਮਾਰਤ ਦਿਖਾਰਤ ਤੁਪਕ ਤੀਰ,
ਕਰਤ ਇਸ਼ਾਰਤ ਸੋਂ[1] ਕਾਮ ਬਹੁ ਭਾਇ[2] ਹੈਂ।
ਤੌਰ[1] ਪਾਤਿਸ਼ਾਹਨ ਕੋ ਭਯੋ ਗੁਰੁ ਕੇਰੋ ਗੌਰ[2],
ਸਿੱਖ ਪਿਖਿ ਆਨੰਦ ਮਸੰਦ ਕੁਰਰਾਇ ਹੈਂ[1]।
ਸਿੱਖ ਦੇਸ਼ ਦੇਸ਼ ਤੈ ਅਸ਼ੇਸ਼[1] ਹੀ ਹਮੇਸ਼ ਆਇਂ,
ਦਾਇ ਕੈ ਬਿਸ਼ੇਸ਼ ਭੇਟ ਸੇਸ ਫਲ ਪਾਇ ਹੈਂ ॥ ੫ ॥
ਤਾਂਹੀ ਸਮੇਂ ਆਇ ਰਾਮਰਾਇ ਕੇ ਮਸੰਦ,
ਬੰਦਿ ਗੁਰੁ ਪਗ ਜੋਰਿ ਕਰ, ਬਿਨੈ ਇਮ ਕੀਨ ਹੈ।
ਮਹਾਰਾਜ ਰਾਮਰਾਇ ਆਪ ਕੋ ਨਿਵਾਇ ਸੀਸ,
ਮਿਲਬੋ ਠਰਾਇਬੇ ਕੋ ਪਠਯੋ ਮੋਹਿ ਬੀਨ[1] ਹੈ।

[1]ਹੰਗ, ਤ੍ਰੀਕਾ। [2]ਬਹੁਤਾ।
[1](ਕ੍ਰੋਧ ਨਾਲ) ਬੁੜ ਬੁੜ ਕਰਦੇ ਹਨ। (ਅ) ਖਿਝਦੇ ਹਨ।
[1]ਬਹੁਤੇ।
[1]ਚੁਣ ਕੇ।

ਐ ਪੈ ਬਿਨ ਫੌਜ ਚਲਿ ਪਾਂਵਟੇ ਤੈ ਔਰ ਥਲ,
ਚਲਿ ਬੈਠੇਂ ਆਪ ਤਹਾਂ ਭਲ, ਆਇ ਸੋਊ ਚੀਨ ਹੈ[1]।
[1]ਉਹਰਾਮਰਾਇ ਜੀ ਆ ਕੇ {ਚੀਨ ਹੈ} ਦਰਸ਼ਨ ਕਰ ਲੈਣਗੇ।

ਕਾਰਣ ਹ੍ਵੈ ਯਾ ਮੈਂ ਜੋਊ ਆਪ ਤੁਮ ਜਾਨੋ ਦੋਊ,
ਹਮ ਕੋ ਨ ਸਾਰ[1] ਕੋਊ ਸਾਚ ਕਹਿ ਦੀਨ ਹੈ ॥੬॥
[1]ਖ਼ਬਰ।

ਮਾਤੁਲ ਕ੍ਰਿਪਾਲ ਸਾਰ ਨੀਤਿ ਕੋ ਅਗਾਰ[1] ਕਹਜੋ
ਢਿਗ ਤੈ ਉਚਾਰ, ਰਾਮ ਰਾਇ ਯੌਂ ਡਰਾਨ ਹੈ।
[1]ਸ੍ਰੇਸ਼ਟਰਾਜਨੀਤੀ ਦੇ ਘਰ।

ਮਤ ਕਿਤ ਲੈਂਹ ਗੈਂਹ[1] ਪੁਰਿ ਮੈਹਂ ਫੌਜ ਰੈਹ,
ਏਕਲ ਮਿਲੈਹਂ ਤਬਿ ਰੈਹ ਲਾਜ ਮਾਨ ਹੈ।
[1]ਕਿਤੇ ਫੜ ਨਾ ਲੈਣ।

ਬੋਲੇ ਸ੍ਰੀ ਗੁਰੁ ਹਮ ਰਾਖ ਹੈਂ ਨ ਦ੍ਵੈਸ਼ ਉਰਿ,
ਮਿਲ ਹੈਂ ਤਹਾਂ ਹੀ ਤੈਸ ਜੈਸ ਸੋ ਚਹਾਨ ਹੈਂ[1]।
[1]ਜਿਵੇਂ ਉਹ ਚਾਹੁੰਦੇ ਹਨ।

ਐਤਵਾਰ ਦ੍ਵਾਦਸੀ ਕੱਤਕ ਸੁਦੀ, ਜਮਨਾ ਮੈਂ ਤਰੀ
ਪੈ[1] ਤਰੈ ਹੈਂ ਹਮ, ਤਹਾਂ ਮਿਲੈ ਆਨ ਹੈ ॥੭॥
[1]ਬੇੜੀ ਉੱਤੇ।

ਪਾਇ ਸਿਰੋਪਾਇ ਬਿਦਾ ਗਯੋ ਸੋ ਮਸੰਦ ਇਦਾਂ,
ਜਿਦਾਂ ਸੁਨਿ ਗਯੋ ਤਿਦਾਂ ਰਾਮਰਾਇ ਪੈ ਕਹਜੋ।
ਆਪਨੋ ਤੁਮਾਰੋ ਘਰ ਗੁਰੂ ਏਕ ਜਾਨਤ ਹੈਂ,
ਉਨ ਕੇ ਨ ਰਾਗ ਰੋਖ[1] ਜਰਾ ਹਮ ਹੈ ਲਹਜੋ।
[1]ਮੋਹ ਤੇ ਗੁੱਸਾ।

ਸੁਨਿ ਰਾਮਰਾਇ ਮੋਦ ਪਾਇ ਲੈ ਫਕੀਰ ਭੀਰ,
ਸੇਵਕ ਮਸੰਦ ਬ੍ਰਿੰਦ ਆਇ ਤਹਿਂ ਹੀ ਬਹਜੋ[1]।
[1]ਉੱਥੇ ਆ ਕੇ ਬੈਠ ਗਏ।

ਸੰਗੀਓਂ ਕੋ ਕਹਜੋ ਤੁਮ ਲਹਜੋ ਨਾ ਦਤਸ ਤਾਹਿਂ[1],
ਰਹਜੋ ਸਾਵਧਾਨ ਮਾਨ ਖੇਮ[1] ਹਮਰਾ ਚਹਜੋ ॥੮॥
[1]ਉਨ੍ਹਾਂ (ਕਲਗੀਧਰ) ਦਾ ਦਰਸ਼ਨ ਨਾ ਕਰਿਆ ਜੇ।
[1]ਰੱਖਿਆ (ਅ) ਸੁਖ ਸਾਂਦ।

ਇਤ ਤੈ ਗੁਰੂ ਜੀ ਤਜਾਰ ਹੋਇ ਅਸਵਾਰ ਅੱਸ੍ਵ[1],
ਸੰਗ ਪਾਂਚ ਬੀਰ ਲੀਏ, ਮਾਤੁਲ ਸ ਗਨ ਕੈ[1]।
[1]ਘੋੜੇ ਤੇ।
[1]ਮਾਮਾ ਜੀ ਸਹਿਤ ਗਿਣ ਕੇ।

ਤੈਰਤ ਤਰੀ ਪੈ ਗਏ ਤਹਾਂ ਜਹਾਂ ਰਾਮਰਾਇ, ਠਾਂਢ
ਹੁਤੋ ਦੁਤੀ ਤੀਰ ਭੀਰ ਲੀਏ ਜਨ ਕੈ[1]।
[1]ਦੂਜੇ ਕੰਢੇ ਸੇਵਕਾਂ ਦੀ ਭੀੜ ਲੈ ਕੇ ਖੜ੍ਹਾ ਸੀ।

ਤਾਰਾ ਗੁਰਦਾਸ ਆਦਿ ਪਾਂਚ ਜਨ ਖਾਸ ਬੀਰ,
ਸੰਗ ਲੈ ਉਮੰਗ ਚਢਜੋ ਤਰੀ ਪਰ ਤਨ ਕੈ[1]।
[1]ਬੇੜੀ 'ਤੇ ਸ਼ਰੀਰ ਕਰ ਕੇ ਚੜ੍ਹਿਆ।

ਕੁਲ ਕੋ ਬੁਲੰਦ ਚੰਦ ਔਰ ਨਿਜ ਚਚਾ ਜਾਨ,
ਰਾਮਰਾਇ ਝੁਕਜੋ ਗੁਰੁ ਪਗ ਦਿਸ ਆਨ ਕੈ[1]
[1]ਆ ਕੇ।

॥ ੯ ॥

ਗੁਰੂ ਜੀ ਭੀ ਵਾਂਹਿ ਕੋ ਉਮਰ ਮਾਂਹਿ ਬਡੋ ਲਖਿ,
ਉਠੇ ਜਬਿ, ਤਾਂਹਿ ਝਟ ਭੁਜ ਮਾਂਹਿ ਹੈ ਲਏ।
ਹੋਇ ਕੈ ਬਗਲਗੀਰ[1] ਮਿਲੇ ਉਭੈ ਪੀਰ ਧੀਰ[2],
ਕੁਸਲ ਅਨੰਦ ਬੂਝ ਬੀਰ ਬੈਠਤੇ ਭਏ।
ਬਿਬਿਧਿ ਬਿਚਾਰਿ ਚਾਰੁ[1] ਬਾਤ ਕੀਨ ਦੁਹੂੰ ਦਿਸ,
ਜ਼ਿਕਰ ਫਿਕਰ[1] ਬਹੁ ਰਾਮਰਾਇ ਯੌਂ ਠਏ[2]।
ਕੇਤਿਕ ਮਸੰਦ ਹੈਂ ਬੁਲੰਦ ਮੰਦ ਧਨੀ ਮਮ,
ਮਾਨਤ ਨ ਬਾਤ ਮਨ ਭਾਵਤ ਹੀ ਸੋ ਕਏਂ[1]

[1]ਗਲਵੱਕੜੀ ਪਾ ਕੇ। [2]ਦੋਵੇਂ ਸ਼ਕਤੀਵਾਨ ਤੇ ਧੀਰਜਵਾਨ।

[1]ਅਨੇਕ ਤਰ੍ਹਾਂ ਦੀਆਂ ਵਿਚਾਰਾਂ ਸਹਿਤ।

[1]ਫਿਕਰ ਦੇ ਕਥਨ ਭਾਵ ਬਚਨ। [2]ਕੀਤੇ।

[1]ਉਹ ਕਰਦੇ ਹਨ।

॥ ੧੦ ॥

ਕਹਜੋ ਗੁਰੁ ਜਾਂਹਿ ਭੂਪ ਕੇ ਪ੍ਰਧਾਨ[1], ਧਨਵਾਨ
ਏਕ ਜਾਨ ਰੈਹੈਂ[1], ਕੈਹੈਂ ਵੈਹੈਂ ਨੁਕਸਾਨ ਪੈ[2]।

[1]ਮੁਖੀ।

[1]ਧਨੀ ਤੇ ਇਤਫ਼ਾਕ ਨਾਲ ਰਹਿੰਦੇ ਹਨ। [2]ਉਹ ਫੇਰ ਨੁਕਸਾਨ ਕਰਨਗੇ।

ਮਾਲੀ ਜਿਮ ਚਾਹੀਏ ਖਜਾਲ ਤਿਨੈ ਵਾਲੀ ਤਈਂ,
ਅਤਿ ਊਚੇ ਕਾਟੈ ਸਘਨ ਪਛਾਨ ਪੈ[1]।

[1]ਜਿਵੇਂ ਉਨ੍ਹਾਂ (ਬੂਟਿਆਂ) ਦੇ ਮਾਲਕ ਮਾਲੀ ਨੂੰ ਖਿਆਲ (ਕਰਨਾ) ਚਾਹੀਦਾ ਹੈ ਬਹੁਤੇ ਉੱਚੇ ਜਾਣ ਕੇ ਕੱਟ ਦੇਵੇ ਅਤੇ ਸੰਘਣੇ ਪਛਾਣ ਕੇ (ਛਾਂਟੀ ਕਰ ਦੇਵੇ)।

ਜੈਸੇ ਸ਼ਿਵ ਸਾਧੁ ਭੀ ਰਖਤ ਸਾਧ ਸਬ ਹੀ ਕੋ[1],

[1]ਜਿਵੇਂ {ਸ਼ਿਵ} ਪਾਰੇ ਨੂੰ {ਸਾਧ} ਮਾਰ ਕੇ ਸਾਰੇ ਹੀ ਸਾਧੂ ਆਪਣੇ ਕੋਲ ਰਖਦੇ ਹਨ।

ਤਬਿ ਹੀ ਤੋ ਬਜਾਧਿ[1] ਬਿਨੁ ਜੀਵਤ ਜਹਾਨ ਪੈ।
ਮੂਸ ਪੈ ਭੁਜੰਗ, ਤਾਂ ਪੈ ਮੋਰ, ਗੰਗ ਆਗ ਹਿਤ,
ਬਿਸ ਹਿਤ ਅਮੀ, ਕਾਮ ਹਿਤ ਬਾਮ ਠਾਨ ਪੈ[1]

[1]ਰੋਗ।

[1]ਚੂਹੇ-ਉਪਰ (ਬਲੀ) ਸੱਪ, ਤਿਸ ਉਪਰ (ਬਲੀ) ਮੋਰ, ਅੱਗ (ਬੁਝਾਨ) ਵਾਸਤੇ {ਗੰਗ} ਨਦੀ, ਜ਼ਹਿਰ (ਦੂਰ ਕਰਨ) ਲਈ ਅੰਮ੍ਰਿਤ ਤੇ ਕਾਮ (ਦੂਰ ਕਰਨ) ਲਈ ਇਸਤ੍ਰੀ ਬਨਾਈ ਹੈ।

॥ ੧੧ ॥

ਗੁਰੁ ਕੋ ਨਿਪੁਨ ਨੀਤਿ[1] ਸਰਲ ਸਪ੍ਰੀਤ ਹੇਰਿ,
ਰਾਮਰਾਇ ਚੀਤ ਪਛੁਤਾਇ ਪੁਰਾ ਭਾਇ ਕੈ[1]।
ਸਾਨੰਦ ਆਨੰਦਪੁਰ ਹੂੰ ਕੀ ਬਾਤ ਬੂਝੀ ਫਿਰ,
ਮਾਨਦ[1] ਗੁਰੂ ਜੀ ਕਹੀ ਸਬਿ ਹੀ ਸੁਨਾਇ ਕੈ।
ਬਾਦੀ ਭੂਪ[1] ਸ਼ਾਦੀ ਪਰ ਫੀਲ ਪਰਸਾਦੀ ਜਿਮ,
ਲੀਓ ਚਾਹਿ ਦਪਟ[1] ਸੋ ਕਪਟ ਕਮਾਇ ਕੈ।
ਇਤਜਾਦਿ ਸਬਿ ਹੀ ਪ੍ਰਸੰਗ ਸ ਉਮੰਗ ਕਹਜੋ,

[1]ਨੀਤੀ 'ਚ ਚਤੁਰ।

[1]ਪਹਿਲਾ ਖਿਆਲ ਕਰਕੇ।

[1]ਮਾਣ ਦੇਣ ਵਾਲੇ।

[1]ਝਗੜਾਲੂ ਰਾਜਾ (ਭੀਮ ਚੰਦ)।

[1]ਧਮਕੀ ਦੇ ਕੇ।

ਗੁਰੁ ਘਰ ਸੰਗ ਨ ਕੁਢੰਗ ਪੁਗੈ[1] ਕਾਹਿ ਕੈ ॥ ੧੨ ॥

[1]ਨਹੀਂ ਪੁੱਜੇਗਾ ਭਾਵ ਸਫਲ ਨਹੀਂ ਹੋਵੇਗਾ।

ਸੁਨ ਰਾਮਰਾਇ ਪੁਨ ਪਾਇ ਪ੍ਰਮੋਦ ਬੋਲਜੋ,
ਦੈ੍ਸ਼ੀ ਗੁਰ ਘਰ ਕੋ ਨ ਭਰ ਕੋ ਰਹਾਇ ਹੈ[1]।

[1]ਕੋਈ ਭਰਿਆ ਨਹੀਂ ਰਹੇਗਾ।

ਬਾਪਰੋ ਨਰੇਸ ਏ ਗਿਰੇਸ ਤੁਰਕੇਸ ਕਹਾਂ,
ਰਾਵਰੀ[1] ਰਜਾਇ ਨਾ ਸੁਰੇਸ[2] ਭੀ ਮਿਟਾਇ ਹੈ।

[1]ਆਪ ਦੀ। [2]ਇੰਦ੍ਰ।

ਆਪਨੋ ਹਮਾਰੋ ਘਰ ਜਾਨੋ ਦਿਢ ਏਕੈ ਕਰਿ,
ਮਾਲਕ ਦੁਹੂੰ ਕੇ ਤਰ ਆਪ ਹੀ ਮਹਾਂਇ ਹੈਂ[1]।

[1]{ਤਰ} ਅਤਿਸੈ ਕਰ ਕੇ ਆਪ ਹੀ (ਮਹਾਇ) ਵੱਡੇ ਮਾਲਕ ਹੋ।

ਸੋਢਿ ਬੰਸ ਭੂਖਨ ਅਦੂਖਨ ਪੂਖਨ[1] ਤੁਮ,
ਉਚਿਤ ਅਨੁਚਿਤ ਕੁ ਚਿੱਤ ਨਾ ਧਰਾਇ ਹੈਂ[1] ॥ ੧੩ ॥

[1]ਸੂਰਜ ਰੂਪ।

[1](ਸਾਡੀ ਕਿਸੇ) ਯੋਗ ਅਯੋਗ (ਗੱਲ) ਨੂੰ ਚਿੱਤ ਵਿੱਚ ਨਹੀਂ ਰੱਖੋਗੇ।

ਕਾਰਨ ਅਪਾਰਨ ਸਾਰਨ ਹਿਤ ਅਵਤਾਰ,
ਆਏ ਜਨ ਤਾਰਨ ਹਾਰਨ ਭੁਵ ਭਾਰ ਕੋ[1]।

[1]ਸਾਰੇ ਸੰਸਾਰ ਦੇ (ਅਪਾਰ) ਬਹੁਤੇ ਜਨਾਂ ਦੇ ਤਾਰਨ ਦੇ {ਹਿਤ} ਵਾਸਤੇ ਅਤੇ {ਭੁਵ} ਧਰਤੀ ਦੇ ਭਾਰ ਨੂੰ {ਹਾਰਨ} ਦੂਰ ਕਰਨ ਦੇ {ਕਾਰਨ} ਵਾਸਤੇ ਅਵਤਾਰ ਧਾਰ ਕੇ ਆਏ ਹੋ।

ਕੀਓ ਮੈ ਵਿਚਾਰਨ ਬਿਡਾਰਨ[1] ਤੁਰਕ ਤੇਜ,
ਪਾਰਨ ਧਰਮ ਹਿੰਦੁ, ਜਿੰਦ ਸਿਖ ਸਾਰ ਕੋ[1]।

[1]ਨਾਸ ਕਰਨ ਵਾਸਤੇ।

[1]ਹਿੰਦੂ ਧਰਮ ਦੀ ਪਾਲਣਾ ਲਈ ਅਤੇ ਸਾਰੇ ਸਿੱਖਾਂ ਨੂੰ {ਜਿੰਦ} ਜੀਵਨ ਦੇਣ ਲਈ।

ਆਪ ਗੁਰੂਆਨ ਗੁਰੁ ਹੇਰੇ ਹਮ ਨੀਕ ਤਰ[1],
ਕਰਿਹੋ ਉਜਾਰੋ ਘਰ ਪੰਥ ਪਰਚਾਰ ਕੋ[1]।

[1]ਬਹੁਤ ਚੰਗੀ ਤਰ੍ਹਾਂ।

[1](ਗੁਰੂ) ਘਰ ਨੂੰ ਰੌਸ਼ਨ ਕਰੋ ਅਤੇ ਪੰਥ ਪ੍ਰਚਲਤ ਕਰੋ।

ਸੁਨਿ ਗੁਰੁ ਮੁਸਕਾਏ ਰਦ ਪਾਂਤ[1] ਯੌਂ ਸੁਹਾਏ,
ਪਰਵਾਲ ਸੰਪਟੁ ਮੈਂ ਹੀਰਨ ਚਿਨਾਰ ਕੋ[1] ॥ ੧੪ ॥

[1]ਦੰਦਾਂ ਦੀ ਪੰਗਤੀ।

[1]ਮੂੰਗਿਆਂ ਦੇ ਡੱਬੇ ਵਿੱਚ ਜਿਵੇਂ ਕੋਈ ਹੀਰੇ ਚਿਣੇ ਹੋਏ ਹਨ।

ਜਮਨਾ ਕੇ ਉਭੇ ਤੀਰ ਦਾਸਨ ਕੀ ਥੀ ਜੁ ਭੀਰ,
ਸਿੱਖ ਗੁਰੂ ਕੇ ਸਧੀਰ ਗੁਨ ਗੀਰ ਨੂਤਨੀ[1]।

[1]ਗੁਣਾਂ ਦੇ ਗ੍ਰਹਣ ਕਰਨ ਵਾਲੇ ਨਵੇਂ ਨਵੇਂ ਸਿੱਖ।

ਸਨਮੁਖ ਠਾਂਢੇ ਬਾਢੇ ਅਹਿਲਾਦ ਪੇਖਤ ਥੇ[1],
ਉਤ ਰਾਮਰਾਇ ਕੀ ਜੋ ਸੰਗਤ ਥੀ ਊਤਨੀ[1]।

[1]ਵਧੇ ਹੋਏ ਅਨੰਦ ਨਾਲ ਵੇਖਦੇ ਸਨ।

[1]ਮਹਾਂ ਮੂਰਖਾਂ ਦੀ।

ਖਰੇ ਹੁਤੇ ਦੀਏ ਪੀਠ ਬੰਦ ਕੀਏ ਦ੍ਰਿਗ ਦੀਠ[1],
ਉਰਿ ਧਰਿ ਦੈ੍ਸ਼ ਨੀਠ[1] ਭਾਵਨਾ ਕਸੂਤਨੀ[2]।

[1]ਨੇਤ੍ਰਾਂ ਦੀ ਨਿਗਾਹ ਬੰਦ ਕੀਤੀ ਹੋਈ ਸੀ।

[1]ਪ੍ਰਗਟ, ਪ੍ਰਤੱਖ। [2]ਉਲਟੀ ਭਾਵਨਾ ਸੀ ਭਾਵ ਸ਼ਰਧਾ ਹੀਨ ਸਨ।

ਹੇਰਿ ਗੁਰੁ ਕਹਜੋ ਤਾਚੇ[1] ਰਾਮਰਾਇ ਗੁਰੂ ਸਾਚੇ*,

[1]ਤਦੋਂ। *ਕਲਗੀਧਰ ਜੀ ਦਾ ਰਾਮ ਰਾਇ ਨੂੰ 'ਗੁਰੂ ਸਾਚੇ'

ਕਹਿਣਾ ਠੀਕ ਨਹੀਂ ਜਚਦਾ। ਜਦ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਰਾਮ ਰਾਇ ਨੂੰ ਗੁਰਿਆਈ ਗੱਦੀ ਦੇ ਯੋਗ ਨਾ ਸਮਝ ਕੇ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਗੁਰਤਾ ਗੱਦੀ ਦੇ ਮਾਲਕ ਬਣਾ ਦਿੱਤਾ ਸੀ ਤਾਂ ਹੁਣ ਰਾਮ ਰਾਇ ਨੂੰ 'ਸੱਚਾ ਗੁਰੂ' ਕਿਵੇਂ ਕਿਹਾ ਜਾ ਸਕਦਾ ਹੈ। ਹਾਂ, ਉਸ ਨੂੰ 'ਕੱਚਾ ਗੁਰੂ' ਭਾਵ ਆਪਣੇ ਆਪ ਬਣਿਆ ਗੁਰੂ ਤਾਂ ਕਿਹਾ ਜਾ ਸਕਦਾ ਹੈ।

ਸਿਖ ਯਾਂ ਕੇ ਮੂਢ ਕਾਚੇ ਸੰਗਤ ਹੈ ਭੂਤਨੀ ॥੧੫॥

ਫੇਰ ਗੁਰਦਾਸ ਦਿਸ ਹੇਰਿ ਗੁਰੁ ਕਹਜੋ ਤਿਸ,
ਕਜੋਂਰੇ ਭਾਈ ਬਹਿਲੋ ਕੇ ਪਹਿਲੋ ਤੈਂ ਜੇ ਕਹਾ।
ਤਾਰਾ ਭਾਰਾ ਮੇਰੇ ਬੀਰ[1] ਚਲਵੱਈਏ ਤੀਰ ਧੀਰ,
ਦੈਹੈਂ ਛਾਤੀ ਚੀਰ ਗੁਰੁ ਗੋਬਿੰਦ ਕੀ ਸੋ ਮਹਾਂ।
ਕਾਂ ਕੇ ਬਲ ਏਰੇ ਖਲ[1] ਏਤੋ ਗਰਬਾਯੋ ਭਲ,
ਅਬ ਤੋ ਚਲਾਇ ਕੈ ਦਿਖਾਇ ਕਾਨੀ[1] ਕੋ ਯਹਾਂ।
ਸੁਨਿ ਤਾਂਹਿ ਸ਼ਰੁਮਾਇ ਡਰ ਪਾਇ ਸਿਰ ਨਾਇ,
ਕਹਜੋ ਜੋਰ ਰਾਵਰੋ ਸਦੈਵ ਹਮ ਕੋ ਰਹਾ ॥੧੬॥
ਬਾਤ ਬਹੁ ਭਾਂਤਿ ਬਖਜਾਤ ਕਿਛੁ ਗੋਪ[1] ਕਰਿ,
ਭਯੋ ਬਿਦਾ ਰਾਮਰਾਇ ਸਾਨੰਦ ਸਭੀਰ ਹੈ[1]।
ਸ੍ਰੀ ਗੁਰੁ ਤਰਨੀ ਪੈ[1] ਤੈਰਤ ਕਰਤ ਸੈਰ,
ਦੇਖਤ ਤਰੋਵਰੁ ਮਹੋਵਰ ਸੁ ਤੀਰ ਹੈਂ[1]।
ਪਾਂਵਟੇ ਕੇ ਆਇ ਪਾਸ ਉਤਰੇ ਗੁਰੂ ਜੀ ਖਾਸ[1],
ਪੰਕ[1] ਬਿਨ ਪੇਖਿ ਥਲ ਪੀਰਨ ਕੇ ਪੀਰ ਹੈਂ।
ਜਾਇ ਨਿਜ ਧਾਂਮ ਸੁਖ ਧਾਮ ਕੈ ਅਰਾਮ ਨਿਸ,
ਫਜਰੇ ਦਿਵਾਨ ਮੈਂ ਥਿਰਾਨ ਭੰਜ ਭੀਰ ਹੈਂ[1] ॥੧੭॥

ਸਿੱਖਨ ਕੈ ਪਰਖਬੇ ਕੋ ਬੂਝਜੋ ਗੁਰੁ ਤਾਂਹੀ ਛਿਨ,
ਕਾਹੇ ਦਰਸਯੋ ਤੁਮ* ਬੰਦਜੋ[1] ਰਾਮਰਾਇ ਕੋ।

ਗੁਰੂ ਹਰਿ ਰਾਇ ਜੋ ਹਟਾਇ ਗਏ ਮਾਨਨ ਤੈ,
ਤਾਂ ਤੇ ਤਨਖਾਹੀ ਤੁਮ ਭਏ ਹੈਂ ਸੁਭਾਇਕੋ[1]।

[1] ਮੇਰਾ ਭਰਾ 'ਤਾਰਾ' ਭਾਰਾ ਸੂਰਮਾ ਹੈ।

[1]ਮੂਰਖ।

[1]ਤੀਰ।

[1]ਗੁਪਤ।

[1]ਆਪਣੀ ਭੀੜ ਸਣੇ।

[1]ਬੇੜੀ।

[1]ਕੰਢੇ ਦੇ ਬਹੁਤ ਚੰਗੇ ਦਰੱਖ਼ਤ ਦੇਖਦੇ ਹਨ।

[1]ਆਪ।

[1]ਚਿੱਕੜ।

[1]ਸੁਖਾਂ ਦੇ ਘਰ (ਗੁਰਾਂ ਨੇ) ਆਪਣੇ ਘਰ ਜਾ ਕੇਰਾਤ ਨੂੰ ਆਰਾਮ ਕੀਤਾ, ਮੁਸੀਬਤ ਨੂੰ ਦੂਰ ਕਰਨ ਵਾਲੇ ਸਤਿਗੁਰੂ {ਫਜਰੇ} ਸਵੇਰੇ ਆ ਕੇ ਦੀਵਾਨ 'ਚ ਬੈਠੇ।

[1]ਤੁਸਾਂ ਕਿਉਂ ਦੇਖਿਆ ਤੇ ਕਿਉਂ ਨਮਸਕਾਰ ਕੀਤੀ। *ਵਜ਼ਨ ਪੂਰਾ ਕਰਨ ਲਈ 'ਤੁਮ' ਅਸਾਂ ਆਪਣੇ ਕੋਲੋਂ ਪਾਇਆ ਹੈ।

[1]ਸੁੱਤੇ ਸਿੱਧ ਹੀ।

ਸਿੱਖਨ ਉਚਾਰਾ ਹਮ ਨਜਾਰਾ ਨ ਨਿਹਾਹਾ ਸੋਊ,
ਰਾਵਰੋ ਸਰੂਪ ਹੀ ਵਿਚਾਰ ਸਬਿ ਕਾਇ ਕੋ[1]।
[1]ਸਾਰੇ {ਕਾਇ} ਸ਼ਰੀਰਾਂ ਨੂੰ।

ਸਬਿ ਹੀ ਗੁਬਿੰਦ ਆਹਿ ਆਦਿ ਗ੍ਰੰਥ ਜੀ ਪਰਾਹਿਂ[1],
[1]ਕਹਿੰਦੇ ਹਨ।

ਜਲ ਕੇ ਤਰੰਗ ਜਨ ਭਿੰਨ ਜਜੋਂ ਨ ਪਾਇ ਕੋ ॥੧੮॥

ਹਿੰਦੂ ਔ ਤੁਰਕ ਸਬਿ ਏਕ ਰੂਪ ਆਪ ਕਹਜੋ,
ਧੂਰਿ ਕੇ ਕਨੂਕਾ ਸਭ ਧੂਰ ਹੀ ਦਿਖਾਇ ਕੈ।

ਸਰਬੰ ਖਲ ਮਿਦੰ ਬ੍ਰਹਮ[1], ਬੇਦ ਕਹਿਂ ਭੇਦ ਦਹਿ[2],
[1]{ਸਰਬੰ} ਸਾਰਾ {ਖਲੰ} ਇਕੱਠਾ ਕੀਤਾ ਹੋਇਆ {ਇਦੰ} ਇਹ (ਸੰਸਾਰ) ਬ੍ਰਹਮ ਸਰੂਪ ਹੈ। [2]ਭੇਦ ਨੂੰ ਸਾੜਦੇ ਹਨ।

ਤਾਂ ਤੇ ਹਮ ਕੈਸ ਪੇਖੈਂ ਭੇਦ ਰਾਮਰਾਇ ਕੋ।

ਪੇਖ ਯੌਂ ਸਿਦਕ ਗਜਾਨ ਸਿੱਖਨ ਕਾ ਸੁਖਦਾਨ,
ਮਾਨ ਕੈ ਮਹਾਨ ਮੋਦ ਕਹਜੋ ਸਤ ਭਾਇ ਕੈ[1]।
[1]ਚੰਗੇ ਖ਼ਿਆਲ ਨਾਲ ਕਿਹਾ।

ਭਏ ਤੁਮ ਨਿਰਮਲੇ ਪਿਰਮਿਲੇ ਐਨ[1] ਅਬਿ,
[1]ਠੀਕ ਪ੍ਰਮੇਸ਼ੁਰ ਨਾਲ ਮਿਲੇ ਹੋਏ ਹੋ।

ਐਸੋ ਨਿਰਮਲ ਗਜਾਨ ਗਹਜੋ ਨਿਜ ਚਾਇ ਕੈ[1] ॥੧੯॥
[1]ਚਾਅ ਨਾਲ।

ਉਤ ਦਿਸ ਰਾਮਰਾਇ ਬੂਝਜੋ ਜਬਿ ਇਸੀ ਭਾਇ,
ਬੋਲ ਤਾਂ ਕੇ ਸਿੱਖ, ਹਮ ਨਾਹਿਂ ਵਾਂਹਿ ਹੇਰਜੋ।

ਥਾਰੈ ਬਿਨ[1] ਹਮ ਨਾ ਨਿਹਾਰੈਂ ਅਵਤਾਰੈਂ ਕਬੀ,
[1]ਤੁਹਾਡੇ ਬਿਨਾਂ।

ਫਿਰਤ ਗੁਬਿੰਦ ਦਾਸ ਜੈਸੇ ਬਹੁਤੇਰਜੋ[1]।
[1]ਜਿਵੇਂ (ਹੋਰ ਬਹੁਤ ਫਿਰਦੇ ਹਨ)।

ਠਾਂਢੇ ਰਹੇ ਪੀਠ ਧਰਿ ਤੁਮੈ ਦਿਸ ਨੀਠ ਤਰ,
ਰਾਖੀ ਬੰਦ ਦੀਠ ਕਰਿ ਮੁਖਿ ਨਾਹਿਂ ਫੇਰਜੋ[1]।
[1]ਭਾਵ ਤੁਹਾਡੀ ਤੇ ਗੁਰੂ ਕਲਗੀਧਰ ਜੀ ਦੀ ਤਰਫ਼ {ਨੀਠ} ਪ੍ਰਤੱਖ ਹੀ {ਤਰ} ਬਹੁਤਾ ਪਿੱਠ ਕਰ ਕੇ ਖੜੇ ਰਹੇ, ਨਿਗਾਹ ਬੰਦ ਕਰਰੱਖੀ, ਮੂੰਹ ਵੀ ਨਹੀਂ ਮੋੜਿਆ।

ਸੁਨਿ ਰਾਮਰਾਇ ਕੋਪ ਕਹਜੋ ਤੁਮ ਬੇਮੁਖ ਭੇ,
ਯਾਂਹੀ ਤੈ ਗੁਰੂ ਨੈ ਤੁਮੈ ਭੂਤਨੇ ਹੈ ਟੇਰਜੋ ॥੨੦॥

ਇਤ ਗੁਰੁ ਗੋਬਿੰਦ ਮ੍ਰਿਗਿੰਦ ਚਿੰਦ ਦਾਇ ਫਲ[1]
[1]ਮਨ ਇੱਛਤ ਫਲ ਦੇਣ ਵਾਲੇ।

ਕਰਤ ਬਿਲਾਸ ਸ ਹੁਲਾਸ ਨਿਤ ਹੈਂ ਨਏ।

ਕਬਹੂੰ ਸ਼ਿਕਾਰ ਮੈਂ ਨਿਹਾਰ ਗਿਰ ਕਾਨਨ ਬਿਹਾਰ[1],
[1]ਕਦੇ ਪਹਾੜਾਂ ਤੇ ਜੰਗਲਾਂ ਵਿੱਚ ਫਿਰ ਕੇ ਸ਼ਿਕਾਰ ਦੇਖਦੇ ਹਨ।

ਮਾਰ ਮ੍ਰਿਗਨ ਕੋ ਮੋਖ ਚਾਰ ਧਾ ਦਏ[1]।
ਤਰਤ ਸਰਿਤ ਕਬੀ ਹਰਤ ਬਿਲੱਛ ਲੱਛ,
ਕਰਤ ਚਰਿਤ ਜਰਨੈਲੀ ਸੈਨ ਤੈ ਲਏ[1]।

[1]ਚਾਰ ਤਰ੍ਹਾਂ ਦੀਆਂ ਮੁਕਤੀਆਂ ਦੇਂਦੇ ਹਨ।

[1]ਕਦੀ ਨਦੀ ਤਰਦੇ ਹਨ। ਕਦੇ {ਬਿਲਖ} ਵਿਲੱਖਣ {ਲੱਛ} ਨਿਸ਼ਾਨੇ ਮਾਰਦੇ ਹਨ, ਕੌਤਕ ਕਰਦੇ ਹਨ, ਫੌਜ ਤੋਂ ਵੱਡੀ ਸਰਦਾਰੀ ਲੈਂਦੇ ਹਨ।

ਕ੍ਰੀੜਤ ਜਮਨ ਜਲ ਤ੍ਰੀੜਤ ਸਪਤਨੀਨ,
ਬ੍ਰੀੜਤ ਨੱਯਾ ਮੈਂ ਕਿਛੁ ਨੀੜਤ ਨ ਸੋ ਕਏਂ[1] ॥੨੧॥

[1]ਜਮਨਾ ਦੇ ਪਾਣੀ ਵਿੱਚ {ਕ੍ਰੀੜਤ} ਖੇਲਾਂ ਕਰਦੇ ਹਨ। {ਸਪਤਨੀਨ} ਕਾਹਲੀ ਨਾਲ {ਤ੍ਰੀੜਤ} ਝਪਟਾਂ ਮਾਰਦੇ ਹਨ। (ਅੱਗੋਂ ਦੂਜੇ) {ਬ੍ਰੀੜਤ} ਸ਼ਰਮ ਖਾ ਕੇ ਬੇੜੀ 'ਚ ਵੜ ਜਾਂਦੇ ਹਨ। ਉਹ ਨੇੜੇ ਨਹੀਂ ਢੁਕਦੇ।

ਬ੍ਰਿੰਦਾਬਨ ਪਾਂਵਟਾ, ਕ੍ਰਿਸ਼ਨ ਅਵਤਾਰ ਗੁਰੁ,
ਸੂਰ ਸੁਤਾ ਵੈਸ, ਵੈਸ ਤੈਸ ਹੀ ਨਵੀਨ ਹੈ[1]।

[1]ਸੂਰਜ ਦੀ ਪੁੱਤ੍ਰੀ ਜਮਨਾ {ਵੈਸ} ਉਹੋ ਹੀ ਹੈ ਅਤੇ (ਵੈਸ) ਉਮਰ ਵੀ ਤਿਸ ਕ੍ਰਿਸ਼ਨ ਵਾਂਗ ਨਵੀਂ ਹੈ।

ਐਪਰ ਵਿਸ਼ੇਸ਼ ਜਦੁਵੇਸ ਤੈ ਕਿਤੇਸ ਗੁਰੁ,
ਵਾਂ ਕੇ ਪਰਕੀਆਂ ਈਹਾਂ ਸ੍ਰਕੀਆਂ ਅਧੀਨ ਹੈਂ[1]।

[1]ਐਪਰ ਕ੍ਰਿਸ਼ਨ ਨਾਲੋਂ ਕਿਤਨਾ ਹੀ ਵਾਧਾ ਇਹ ਹੈ ਕਿ ਉਸ ਦੇ ਪਰਾਈਆਂ ਇਸਤ੍ਰੀਆਂ ਅਧੀਨ ਸਨ ਤੇ ਗੁਰੂ ਜੀ ਦੇ ਆਪਣੀਆਂ ਇਸਤ੍ਰੀਆਂ ਅਧੀਨ ਹਨ।

ਕਰਤ ਕਲੋਲ ਲੋਲ ਬਿਬਿਧ ਅਮੋਲ ਡੋਲ,
ਸਾਨੰਦ ਅਤੋਲ ਜਲ ਛੋਲਤ ਛਟੀਨ ਹੈਂ[1]।

[1]{ਬਿਬਿਧਿ} ਅਨੇਕ ਤਰ੍ਹਾਂ ਦੀਆਂ ਅਮੋਲਕ {ਲੋਲ} ਚੰਚਲ ਅਤੇ ਸੁੰਦਰ {ਕਲੋਲ} ਮਨ ਦੀਆਂ ਮੌਜਾਂ, ਫਿਰ ਕੇ ਕਰਦੇ ਹਨ, ਅਨੰਦ ਸਹਿਤ ਬਹੁਤੀਆਂ ਪਾਣੀ ਦੀਆਂ ਛਿੱਟਾਂ ਸੁਟਦੇ ਹਨ।

ਮਾਨੋ ਜਲਸਾਂਈ ਗੁਰੁ ਛੀਰ-ਨਿਧਿ ਮਥ ਢੁਰ,
ਪਤੀਬ੍ਰਤਾ ਕਾਢ ਫੁਰ ਰਮਾ ਰੰਭਾ ਲੀਨ ਹੈਂ[1] ॥੨੨॥

[1]ਜਾਣੋ ਵਿਸ਼ਨੂੰ ਰੂਪ ਸਤਿਗੁਰੂ ਨੇ ਖੀਰ ਸਮੁੰਦਰ ਨੂੰ ਰਿੜਕ ਕੇ ਤੇ ਢਲ ਕੇ ਛੇਤੀ ਨਾਲ ਪਤਿਬ੍ਰਤਾ {ਰਮਾ} ਲਛਮੀ ਤੇ {ਰੰਭਾ} ਪਾਰਬਤੀ ਕੱਢ ਲਈਆਂ ਹਨ।

ਦੇਖ ਦੇਵ ਚੇਸ਼ਟਾ ਸ੍ਰੇਸ਼ਟਾ ਸਨੀਤਿ ਪ੍ਰੀਤਿ,
ਨੇਸ਼ਟਾ ਪੁਨੀਤ ਕੈ ਅਸ਼ੀਰਵਾਦ ਦਾਏ ਹੈਂ[1]।

[1]ਦੇਵਤੇ ਸ੍ਰੇਸ਼ਟ ਤੇ ਨੀਤੀ ਸਹਿਤ {ਚੇਸ਼ਟਾ} ਖੇਲਾਂ ਦੇਖ ਕੇ ਪ੍ਰੀਤੀ ਤੇ ਪਵਿੱਤ੍ਰ ਨਿਸ਼ਚਾ ਕਰ ਕੇ ਅਸ਼ੀਰਵਾਦ ਦੇਂਦੇ ਹਨ।

ਤੀਨੇ ਰਸ ਭੀਨੇ ਪਰਬੀਨੇ ਚਾਇ ਪੀਨੇ ਭਰੇ,
ਆਨੰਦ ਅਧੀਨੇ ਕੀਨੇ ਖੇਲ ਮਨ ਭਾਏ ਹੈਂ[1]।

[1]ਤਿੰਨਾਂਰਸਾਂ (ਹਾਸ, ਬੀਰ ਤੇ ਅਦਭੁੱਤ) 'ਚ ਭਿੱਜੇ ਹੋਏ ਚਤੁਰ (ਸਤਿਗੁਰਾਂ) ਤਕੜੇ ਚਾਅ ਨਾਲ ਭਰੇ ਹੋਇਆਂ ਅਨੰਦ ਦੇ ਅਧੀਨ ਹੋ ਕੇ ਮਨ ਭਾਉਂਦੇ ਖੇਲ ਕੀਤੇ।

ਪੁਨਾ ਗੁਰੁ ਔਰ ਰੀਤਿ ਧਾਰੀ ਸੁਖਕਾਰੀ ਤਬਿ,

ਜਮੁਨਾ ਕੇ ਤਟ ਪੈ ਕਨਾਤ ਠਟਵਾਏ ਹੈਂ[1]।
ਬੈਠ ਕੈ ਇਕੰਤ ਸਵਾ ਜਾਮ ਲੌਂ[1] ਸੁਤੰਤ ਨੀਤ,
ਕਵਿਤਾ ਕਰੰਤ ਭਗਵੰਤ ਗੁਨ ਗਾਏ ਹੈਂ ॥੨੩॥
ਬਿਬਿਧਾ ਸੁਛੰਦ ਛੰਦ ਰਚਿਤ ਅਮੰਦ,
ਪਰਬੰਧ ਦਸਮੋਂ ਸਕੰਧ ਭਾਗਵਤ ਕੀਨ ਹੈ[1]।

[1]ਲਗਵਾ ਦਿੱਤੀਆਂ।
[1]ਸਵਾ ਪਹਿਰ ਤੱਕ।
[1]ਅਨੇਕ ਤਰ੍ਹਾਂ ਦੇ ਸੁਤੰਤਰ ਛੰਦ ਰਚ ਕੇ {ਅਮੰਦ} ਸ੍ਰੇਸ਼ਟ ਤੇ {ਪ੍ਰਬੰਧ} ਉੱਤਮਰੀਤੀ ਤੇ ਸਿਲਸਿਲੇ ਵਾਲੀ ਕਾਵਯ ਰਚਨਾ ਰਾਹੀਂ ਭਾਗਵਤ ਦੇ ਦਸਵੇਂ ਸਕੰਦ {ਦਾ ਉਲਥਾ} ਕੀਤਾ।

ਰਾਸ ਕੋ ਬਿਹਾਰ ਰਚਜੋ ਰੁਚਿਰ ਉਦਾਰ ਅਤਿ,
ਉਕਤਿ ਅਨੂਠੀ ਸੁਠ ਯੁਕਤਿ ਨਵੀਨ ਹੈ[1]।

[1]ਕ੍ਰਿਸ਼ਨ ਜੀ ਦੀਰਾਸ ਲੀਲ੍ਹਾ ਬਹੁਤ ਸ੍ਰੇਸ਼ਟ ਸੁੰਦਰਰਚੀ (ਜਿਸ ਵਿੱਚ) ਅਨੋਖੀ ਕਥਨੀ, ਸੁੰਦਰ ਤੇ ਨਵੀਆਂ ਜੁਗਤੀਆਂ ਹਨ।

ਉਪਮਾਨ[1] ਉਪਮੇਯ[2] ਲਛਨਾ[3] ਬਜੰਗ[11] ਧੁਨਿ[22],

[1]ਜਿਸ ਦੀ ਉਪਮਾ ਦਿੱਤੀ ਜਾਵੇ ਜਿਵੇਂ ਚੰਦ ਦੀ ਉਪਮਾ ਮੁੱਖ ਨੂੰ ਦਿੱਤੀ ਜਾਂਦੀ ਹੈ। [2]ਜਿਸ ਨੂੰ ਉਪਮਾ ਦਿੱਤੀ ਜਾਵੇ ਜਿਵੇਂ ਮੁੱਖ ਨੂੰ ਚੰਦ ਦੀ ਉਪਮਾ ਦਿੱਤੀ ਜਾਂਦੀ ਹੈ। [3]ਸ਼ਬਦ ਦੀ ਉਹ ਸ਼ਕਤੀ ਜਿਸ ਰਾਹੀਂ ਸਧਾਰਨ ਅਰਥ ਤੋਂ ਭਿੰਨ ਸ਼ਬਦ ਦਾ ਵਾਸਤਵ ਅਰਥ ਅਤੇ ਭਾਵ ਪ੍ਰਗਟ ਹੁੰਦਾ ਹੈ। [11]ਵਜੰਜਨਾ ਵ੍ਰਿੱਤੀ (ਰਮਜ਼) ਨਾਲ ਜਾਨਣ ਯੋਗ ਅਰਥ। [22]ਕਾਵਯ ਅਨੁਸਾਰ ਉਹ ਗੂਢ ਅਰਥ ਦਾ ਭਾਵ ਜੋ ਅੱਖਰਾਂ ਦੇ ਅਰਥ ਤੋਂ ਭਿੰਨ ਵਜੰਜਨਾ ਸ਼ਕਤੀ ਦੁਆਰਾ ਪ੍ਰਗਟ ਹੋਵੇ। ਸ਼ਬਦ ਤੋਂ ਅਰਥ, ਅਰਥ ਤੋਂ ਵਜੰਗ ਤੇ ਵਜੰਗ ਤੋਂ ਧੁਨਿ ਹੋਇਆ ਕਰਦੀ ਹੈ।

ਯਮਕ[1] ਦਮਕ[2] ਰਸ[3] ਅਲੰਲਾਰ[11] ਪੀਨ ਹੈਂ[22]।

[1]ਇਕ ਸ਼ਬਦਾਲੰਕਾਰ ਜਿਸ ਦਾ ਲੱਛਣ ਇਹ ਹੈ ਕਿ ਇੱਕੋ ਸ਼ਬਦ ਅਨੇਕ ਵਾਰ ਆਵੇ ਪਰ ਅਰਥ ਵੱਖ ਵੱਖ ਹੋਵੇ। [2]ਪ੍ਰਕਾਸ਼, ਚਮਕ। [3]ਕਾਵਿ ਅਨੁਸਾਰ ਮਨ 'ਚ ਉਤਪੰਨ ਹੋਣ ਵਾਲਾ ਉਹ ਭਾਵ ਜੋ ਕਾਵਿ ਪੜ੍ਹਨ, ਸੁਣਨ ਜਾਂ ਨਾਟਕ ਵੇਖਣ ਤੋਂ ਪੈਦਾ ਹੁੰਦਾ ਹੈ। [11]ਸ਼ਬਦ ਅਤੇ ਅਰਥ ਦੇ ਵਰਣਨ ਕਰਨ ਦੀ ਉਹਰੀਤ ਜੋ ਕਾਵਿ ਦੀ ਸ਼ੋਭਾ ਵਧਾਵੇ। [22]ਬਹੁਤੇ ਹਨ।

ਚੌਬੀ ਅਵਤਾਰਨ ਕੀ ਗਾਥ ਹੈ ਉਚਾਰਨ ਕੀ,
ਆਦਿ ਮੈਂ ਕਕਾਰ[1] ਔ ਝਕਾਰ[2] ਅੰਤ ਦੀਨ ਹੈ ॥੨੪॥

[1]ਕੱਕਾ ਅੱਖਰ। [2]ਝਾੜਾ ਅੱਖਰ।

ਜਾਪੁ ਜੀ ਅਕਾਲ ਜੂ ਕੀ ਉਸਤਤਿ ਕੀਨ,
ਉਪਦੇਸ਼ ਹੈ ਵਿਸ਼ੇਸ਼ ਜਾ ਮੈਂ ਦਾਇਕ ਕਲਜਾਨ ਸੋ।
ਸੰਗਤ ਅਪਾਰ ਚਾਰ ਕੂੰਟ ਤੈ ਉਦਾਰ ਭਾਰ[1],
ਆਵਤ ਚੜ੍ਹਾਵਤ ਸੁ ਭੇਟ ਚਾਰੁ[1] ਮਾਨ ਸੋ[2]।
ਕਰਿ ਕੈ ਦਰਸ ਪਗ ਪਰਸ ਹਰਸ ਧਰਿ[1],

[1]ਬਹੁਤੀ ਤੇ ਸ੍ਰੇਸ਼ਟ।
[1]ਸੁੰਦਰ। [2]ਸਤਿਕਾਰ ਨਾਲ।
[1]ਚਰਨ ਛੁਹ ਕੇ ਤੇ ਅਨੰਦ ਧਾਰ ਕੇ।

ਪਾਇ ਫਲ ਚਾਰ ਪੈ ਸਿਧਾਰ ਘਰ ਜਾਨ ਸੋ[1]।
[1]ਫੇਰ ਘਰਾਂ ਨੂੰ ਚਲੇ ਜਾਂਦੇ ਹਨ।

ਤੀਰ ਗੁਰੁ ਭੀਰ ਬੀਰ ਧੀਰਨ ਗੰਭੀਰ ਰਹਿ[1],
[1]ਸਤਿਗੁਰਾਂ ਕੋਲ ਬਹੁਤੇ ਗੰਭੀਰ ਤੇ ਧੀਰਜਵਾਨ ਸੂਰਮਿਆਂ ਦੀ ਭੀੜ ਰਹਿੰਦੀ ਹੈ।

ਕੇਤਕ ਸਮਾ ਬਿਤਾਇ ਭਾਇ ਮੋਦ ਠਾਨ ਸੋ[1]
[1]ਮਨਭਾਉਂਦੇ ਅਨੰਦ ਮਾਣਦੇ ਹਨ।
॥੨੫॥

ਦੀਪ ਮਾਲ ਕਰਿ ਕੈ ਸ਼ਿਕਾਰ ਗਏ ਦੂਰ ਦੂਰ,
ਦੂਣ ਮਗ ਛੋਰਿ ਹੋਰ ਪੰਥ ਪਗ ਧਾਰ ਹੈਂ।
ਬੂੜੀਏ ਸਢੌਰੇ ਦਿਸ, ਨਿਸ ਬਸ ਕਿਸਿ ਕਿਸਿ
ਗਰਾਮ ਮੈ ਅਰਾਮ ਪਾਇ, ਸਿੱਖਨ ਕੋ ਤਾਰ ਹੈਂ।
ਮੋਚਨ ਕਪਾਲ[1] ਏਕ ਤੀਰਥ ਬਿਸਾਲ ਆਹਿ,
[1]ਕਪਾਲ, ਮੋਚਨ, ਇਹ ਜਗ੍ਹਾ ਜਗਾਧਰੀ ਤੋਂ ਪੰਜ ਕੋਹ ਉੱਤਰ, ਸਢੌਰੇ ਪਾਸ ਅੰਬਾਲੇ ਜ਼ਿਲ੍ਹੇ 'ਚ ਹੈ।

ਮੇਲਾ ਕੀਨੋ ਤਹਾਂ ਪੂਨਜੋ ਕਾਤਕ ਵਿਚਾਰ ਹੈਂ।
ਤੀਰਥ ਪੈ ਆਵਨ ਗੁਰੂ ਕਾ ਬਹੁ ਥਾਵਨ ਤੈ,
ਸੰਗਤਾਂ ਮਸੰਦ ਬ੍ਰਿੰਦ ਆਏ ਸੋ ਅਪਾਰ ਹੈਂ
॥੨੬॥

ਗੁਰੂ ਕਾ ਜਹੂਰ ਨੂਰ[1] ਪਰਤਾਪ ਭੂਰ[2] ਪਿਖਿ,
[1]ਪ੍ਰਗਟ ਪ੍ਰਕਾਸ਼। [2]ਬਹੁਤਾ।

ਸਿੱਖ ਹੋਹਿਂ ਲੋਗ ਬਹੁ ਭੇਟ ਸੋ ਚਢਾਏ ਹੈਂ।
ਤਿਨਹੂੰ ਕੋ ਦੈਨ ਹੇਤ ਸਿਰਪਾਉ ਮੰਗਵਾਏ,
ਬੂੜੀਏ ਸਢੌਰੇ ਲੌ ਮਸੰਦ ਫਿਰ ਆਏ ਹੈਂ।
ਮੋਲ ਕੋ ਨ ਪਾਏ ਟੋਲਿ[1] ਆਏ ਬਹੁਤੇਰੇ ਜਬਿ,
[1]ਢੂੰਡ ਕੇ।

ਗੁਰੂ ਜੀ ਵਿਚਾਰ ਤਬਿ ਬੇਨ ਯੋਂ ਅਲਾਏ ਹੈਂ।
ਤੀਰਥ ਕਿਨਾਰੇ ਲਘੁ ਸ਼ੰਕਾ ਜੋ ਉਤਾਰੇ[1],
[1]ਜੋ ਪੇਸ਼ਾਬ ਕਰੇ।

ਤਾਂਹਿ ਪਗੜੀ ਉਤਾਰ ਲੇਹੁ, ਦੇਹੁ ਸਿਖੈਂ ਧੁਆਏ
ਹੈਂ ॥੨੭॥

ਜੇ ਬਿਨਾ ਬਹਾਨੇ ਲੈਹੈਂ ਰੌਰ ਪੈਹੈ ਦੌਰ ਜੈਹੈਂ,
ਯੌਂ ਨ ਕਿਛੁ ਕੈਹੈਂ ਸ਼ਰਮੈਹੈਂ ਦੈਹੈਂ ਆਪ ਹੈਂ।
ਮਾਨਿ ਸਿੱਖ ਸੁਭਟਨ ਹੇਰਿ ਤਟ ਤੀਰਥ ਕੇ,
ਮਲ ਮੂਤ ਕਰਤੇ ਸੁ ਗਹੇ, ਯੌਂ ਅਲਾਪ ਹੈਂ[1]।
[1](ਉਨ੍ਹਾਂ ਨੂੰ) ਇਸ ਤਰ੍ਹਾਂ ਕਹਿੰਦੇ ਹਨ।

ਆਏ ਮੂਢ ਨ੍ਹਾਨ ਕੈ ਮਹਾਨ ਪਾਪ ਠਾਨਬੇ ਕੋ,
ਤੀਰਥ ਕਿਨਾਰਨ ਬਿਗਾਰਨ ਕੁ ਥਾਪ ਹੈਂ[1]।
[1]ਵਿਗਾੜਨ ਨੂੰ ਕਰਦੇ ਹੋ ਭਾਵ ਵਿਗਾੜਦੇ ਹੋ।

ਐਸੇ ਕਹਿ ਪਗੀਆ ਉਤਾਰਿ ਲਹਿ ਜਾਹਿਂ ਗਹਿ,

ਲੋਗ ਕਹਿਂ ਅਦਬ ਰਖਤ ਗੁਰੁ ਆਪ ਹੈਂ ॥੨੮॥
ਧੰਨ ਗੁਰੁ ਧੰਨ ਭਾਖੈਂ ਪੇਖਬੇ ਕੋ ਅਭਿਲਾਖੈਂ,
ਹਿੰਦੁ ਧਰਮ ਏਹੁ ਰਾਖੈਂ ਪ੍ਰਭੁ ਪ੍ਰਗਟਾਏਂ ਹੈਂ।
ਤੀਨ ਦਿਨ ਮੇਲਾ ਹੈ ਸੁਹੇਲਾ[1] ਯੌਂ ਸਕੇਲਾ[2] ਰਹਜੋ,
ਕਰੇ ਨਾ ਠਠੇਲਾ[1] ਕੋ ਧਕੇਲਾ ਨਾਹਿਂ ਦਾਏ ਹੈਂ।
ਗੁਰੂ ਯੌਂ ਚਰਿਤ[1] ਕੀਨ ਜਗ ਮੈਂ ਸੁਜਸ ਲੀਨ,
ਸਾਤਕ ਸੌ ਪਾਗ ਛੀਨ ਲੀਨ ਸੋ ਧੁਵਾਏ ਹੈਂ।
ਔਰ ਕਿਛੁ ਮੋਲ ਕੇ ਮੰਗਾਇ ਸਿਰੇਪਾਇ ਦਾਇ,
ਸਿੱਖ ਔ ਮਸੰਦ ਬਿਦਾ ਕੀਨ ਮੋਦ ਪਾਏ ਹੈਂ
॥੨੯॥

[1]ਸੁਖਦਾਇਕ। [2]ਇਕੱਠ।
[1]ਠੱਠਾ ਮਖ਼ੌਲ।
[1]ਕੌਤਕ।

ਆਪ ਗੁਰੁ ਤੁਰਿ ਮੁਰਿ ਪਾਂਵਟੇ ਪ੍ਰਵੇਸ਼ ਭਏ,
ਮਾਤ ਠਏ[1] ਮੰਗਲ ਬਖਜਾਤ ਮੋਦ ਮਾਨ ਹੈਂ।
ਲੋਗ ਦੇਸ ਦੇਸ ਤੈ ਵਿਸੇਸ ਹੀ ਗੁਰੂ ਪੈ ਆਇਂ,
ਗੁਨੀ ਕਵਿ ਕੋਵਿਦ[1] ਅਸੇਸ[2] ਪਾਇਂ ਮਾਨ ਹੈਂ।
ਜਾਇ ਹੈਂ ਅਨੇਕ ਏਕ ਆਇ ਹੈਂ ਸੁਜਸ ਸੁਨ,
ਦ੍ਵਾਰ ਪੈ ਕੁਲਾਹਲ[1] ਰਹਾਵਤ ਮਹਾਨ ਹੈਂ।
ਆਯੁਧ ਅਭਜਾਸਤ ਪ੍ਰਕਾਸ਼ਤ ਸ੍ਰੁਤਿ ਬਿਦਜਾ,
ਸਾਨੰਦ ਹੁਲਾਸਤ ਬਿਲਾਸਤ ਦਿਵਾਨ ਹੈਂ[1]
॥੩੦॥

[1]ਕੀਤੇ।
[1]ਵਿਦਵਾਨ। [2]ਬਹੁਤਾ।
[1]ਖ਼ੁਸ਼ੀ ਦਾ ਡੰਡ-ਰੌਲਾ।
[1]ਸ਼ਸਤ੍ਰ ਵਿੱਦਿਆ ਦਾ ਅਭਿਆਸ ਕਰਦੇ ਹਨ, ਵੇਦਾਂ ਦੀ ਵਿੱਦਿਆ (ਭਾਵ ਆਤਮਿਕ ਵਿਦਿਆ) ਦਾ ਪ੍ਰਕਾਸ਼ ਕਰਦੇ ਹਨ। ਅਨੰਦ ਤੇ ਉਤਸ਼ਾਹ ਸਹਿਤ ਦੀਵਾਨ ਵਿੱਚ ਬਚਨ ਕਰਦੇ ਹਨ।

ਦੋਹਰਾ:
ਤਿਸੀ ਸਮੇ ਪੰਡਿਤ ਅਯੋ,
ਦ੍ਵਜ ਰਘੁਨਾਥ ਇਕ ਨਾਮ।
ਨਵ ਖਟ ਦਸ ਅਠ ਚਾਰ ਮੈਂ,
ਨਿਪੁਨ ਨੀਤਿ ਗੁਨ ਧਾਮ[1] ॥੩੧॥

[1]ਨੌ ਵਿਆਕਰਣਾਂ, ਛੇ ਸ਼ਾਸਤ੍ਰਾਂ, ਅਠਾਰਾਂ ਪੁਰਾਣਾਂ, ਚਾਰ ਵੇਦਾਂ ਦੀ ਵਿੱਦਿਆ ਅਤੇ ਨੀਤੀ ਵਿੱਚ ਚਤੁਰ ਗੁਣਾਂ ਦਾ ਘਰ ਸੀ।

ਚੌਪਈ:
ਸੁਨਿ ਬਿਦਜਾ ਤਾਂ ਤੈ ਗੁਨ ਗ੍ਰਾਹੀ[1]।

ਸ੍ਰੀ ਗੁਰੁ ਉਰਿ ਧਰਿ ਮੋਦ ਮਹਾਂਹੀ।

[1]ਗੁਣਾਂ ਨੂੰ ਗ੍ਰਹਣ ਕਰਨ ਵਾਲੇ (ਭਾਵ ਗੁਣਾਂ ਦੇ ਕਦਰ ਦਾਨ ਸਤਿਗੁਰੂ)।

ਪਾਂਚ ਰਜਤਪਣ[1] ਤਾਂਹਿ ਰੁਜ਼ੀਨਾ। [1]ਪੰਜ ਰੁਪਏ।
ਕੀਨੋ, ਭਾਵਤ ਭੋਜਨ ਦੀਨਾ ॥ ੩੨ ॥
ਰਾਖਜੋ ਢਿਗ ਨਿਤ ਕਥਾ ਸੁਨਾਵੈ।
ਅਨਿਕ ਭਾਂਤਿ ਕਰਿ ਗੁਰੈਂ ਰਿਝਾਵੈ।
ਇਕ ਦਿਨ ਸਤਿਗੁਰੁ ਕਰਿ ਵਿਚਾਰ ਚਿਤ।
ਸੰਸਕ੍ਰਿਤ ਬਿੱਦਜਾ ਪਢਨੇ ਹਿਤ ॥ ੩੩ ॥
ਸਿੱਖ ਕਿਤਿਕ ਬਿਪ[1] ਪਾਸ ਬਿਠਾਰੇ। [1]ਬ੍ਰਹਮਣ।
ਲਗਜੋ ਪਢਾਵਨ ਸੋ ਮੁਦ ਧਾਰੇ।
ਕੋਊ ਸਾਰਸ੍ਵਤ ਕੌਮਦੀ[1] ਲਾਏ। [1]ਇਕ ਵਯਾਕਰਣ ਦਾ ਗ੍ਰੰਥ ਜੋ ਅਨੁਭੂਤਿ ਸ੍ਵਰੂਪ ਦਾ ਲਿਖਿਆ ਹੋਇਆ ਹੈ।
ਸ਼ੀਘ੍ਰ ਬੋਧ ਅਸੋਤਤ੍ਰ[1] ਪਢਾਏ ॥ ੩੪ ॥ [1]ਭਟੋਜਿ ਦੀਖਸ਼ਤ ਕ੍ਰਿਤ ਵਿਆਕਰਣ ਦੀ ਪ੍ਰਸਿੱਧ ਪੁਸਤਕ।
ਇਕ ਦਿਨ ਪੰਡਿਤ ਬੂਝਜੋ ਸਹਿਲੈਂ[1]। [1]ਸੁੱਤੇ ਸਿੱਧ।
ਕੌਨ ਕੌਨ ਜਾਤੀ ਤੁਵ ਪਹਿਲੈਂ।
ਕਾਂਹਿ ਤ੍ਰਖਾਨ, ਕਹਾਰ[1] ਬਤਾਯੋ। [1]ਮਹਿਰਾ।
ਛੀਂਬਾ, ਜਾਟ, ਕੁਲਾਲ[1] ਸੁਨਾਯੋ ॥ ੩੫ ॥ [1]ਘੁਮਿਆਰ।
ਖੱਤ੍ਰੀ ਬਨਕ[1], ਅਰੋੜਾ ਕਾਹੂੰ। [1]ਬਾਣੀਆ।
ਕਹੇ ਜਬੈ ਸੁਨਿ ਕੈ ਦਿਜ ਵਾਹੂ[1]। [1]ਉਸ ਬ੍ਰਹਮਣ ਨੇ।
ਕਹਜੋ ਸ਼ੂਦ੍ਰ ਤੁਮ ਨਹਿਂ ਅਧਿਕਾਰੀ।
ਬੇਦ ਬਿੱਦਜਾ ਕੇ ਹਮ ਧਾਰੀ ॥ ੩੬ ॥
ਦਯੋ ਜਵਾਬ ਪਢਾਵਨ ਤੈ ਹੈ।
ਸਿੱਖਨ ਆਇ ਕਹਜੋ ਗੁਰੁ ਪੈ ਹੈ।
ਗੁਰੁ ਵਿਚਾਰ ਪੰਡਿਤ ਬੁਲਵਾਯੋ।
ਬੂਝਜੋ ਪੁਨ ਉਨਿ ਐਸ ਅਲਾਯੋ ॥ ੩੭ ॥
ਸ਼ੂਦ੍ਰ ਹੈਂ ਬਹੁ ਸਿੱਖ ਤੁਮਾਰੇ।
ਇਨਿ ਨ ਬੇਦ ਬਿਦਜਾ ਅਧਿਕਾਰੇ।
ਸ਼ੂਦ੍ਰਹਿਂ ਬੇਦ ਪਢਾਵੈ ਜੋ ਹੈ।
ਹਲਤ ਪਲਤ ਵਹਿ ਦਿਜ ਨਿਜ ਖੋ ਹੈ ॥ ੩੮ ॥
ਸਰਬ ਬੈਨ ਉਨਿ ਗਰਬ ਯੁਤੈ ਜੋ।
ਕਹੇ ਸੁਨੇ ਗੁਰੁ ਕੁਪੇ ਉਤੈ[1] ਤੌ। [1]ਉਨ੍ਹਾਂ ਬਚਨਾਂ ਤੋਂ ਕ੍ਰੋਧਵਾਨ ਹੋਏ।
ਬੋਲੇ ਗੁਰੁ ਸੁਨ ਦ੍ਵਜ ਅਭਿਮਾਨੀ।

ਤੁਮ ਜਿਨ ਕੀ ਔਲਾਦ ਅਗਜਾਨੀ ॥ ੩੯ ॥
ਜਰਮ ਕਰਮ ਤਿਨ ਕੇ ਜੇ ਸੁਨ ਹੈਂ।
ਤੌ ਤੂੰ ਲੱਜਤ ਹ੍ਵੈ ਸਿਰ ਧੁਨ ਹੈਂ।
ਬ੍ਰਹਮਾ ਉਪਜਯੋ ਘਾਸ ਕਮਲ ਤੈ।
ਭਯੋ ਬਸ਼ਿਸਟ ਬੇਸਵਾ ਪਲ ਤੈ[1] ॥ ੪੦ ॥ [1]ਮਾਸ ਤੋਂ।
ਕੇਵਟ ਸੁਤਾ[1] ਬਜਾਸ ਉਪਜਾਯੋ। [1]ਮਲਾਹ ਦੀ ਪੁੱਤ੍ਰੀ ਤੋਂ।
ਸ੍ਰਿੰਗੀ ਰਿਖਿ ਹਰਣੀ ਤੈ ਗਾਯੋ।
ਮੇਡਕਿ ਤੈ[1] ਮਾਂਡਵ ਉਤਪੰਨਾ। [1]ਡੱਡੂ ਦੀ ਇਸਤ੍ਰੀ ਤੋਂ।
ਹਸਤਾਮੱਲ ਹਸਤਨੀ ਜੰਨਾ[1] ॥ ੪੧ ॥ [1]ਹਥਨੀ ਤੋਂ ਪੈਦਾ ਹੋਇਆ।
ਇਸੀ ਤੌਰ ਬਡ ਜਏ[1] ਤੁਮਾਰੇ। [1]ਪੈਦਾ ਹੋਏ।
ਤਾਂ ਤੇ ਗਰਬ ਕਹਾਂ ਤੂੰ ਧਾਰੇਂ।
ਪੁਨਾ ਜਨਮ ਤੈ ਸ਼ੂਦ੍ਰ ਸਬ ਹੀ।
ਦ੍ਵਜ ਹ੍ਵੈ ਸੰਸਕਾਰ ਹ੍ਵੈ[1] ਜਬਿ ਹੀ ॥ ੪੨ ॥ [1]ਜੰਞੂ ਆਦਿ ਸੰਸਕਾਰ ਕਰਾਉਣ ਨਾਲ ਦ੍ਵਜ ਹੋ ਜਾਂਦਾ ਹੈ।
ਬੇਦ ਪਢੈ ਤਬਿ ਬਿੱਪ੍ਰ ਹੋਈ।
ਬ੍ਰਹਮ ਗਜਾਨੀ ਬ੍ਰਹਮਣ ਸੋਈ।
ਅਰ ਸਬਿ ਰਕਤ ਬਿੰਦ ਤੇ[1] ਪੈਦਾ। [1]ਲਹੂ ਤੇ ਬੀਰਜ ਤੋਂ।
ਹੋਤ ਭਏ ਤੁਮ ਕਹਾਂ ਅਲੈਦਾ[1] ॥ ੪੩ ॥ [1]ਵੱਖਰੇ।
ਤੈਂ ਜੋ ਸ਼ੂਦ੍ਰ ਸਿੱਖ ਬਤਲਾਏ।
ਹਾਡ ਚਾਮ ਅਭਿਮਾਨ ਰਖਾਏ।
ਅਹੇ ਚਮਾਰ ਚਰਮ ਅਭਿਮਾਨੀ।
ਯਹਿ ਭਾਖਤ ਸ੍ਰੁਤਿ[1] ਕੋਵਿਦ[2] ਗਜਾਨੀ ॥ ੪੪ ॥ [1]ਵੇਦ। [2]ਵਿਦਵਾਨ।
ਬੂਝਤ ਹਮ ਤੁਮ ਤੈ ਇਕ ਔਰੈਂ।
ਜਾਂ ਤੈ ਗਰਬ ਸਰਬ ਤੁਵ ਦੌਰੈਂ।
ਬ੍ਰਹਮਨ ਤੁਸੀ ਜਨਮ ਤੈ ਕੈਹੋ[1]। [1]ਕੀ ਤੁਸੀਂ ਬ੍ਰਹਮਣ ਜਨਮ ਕਰ ਕੇ ਕਹਿੰਦੇ ਹੋ ਭਾਵ ਬ੍ਰਹਮਣ ਦੇ ਘਰ ਜੰਮਿਆਂ ਹੀ ਬ੍ਰਹਮਣ ਹੁੰਦਾ ਹੈ।
ਕੈਧੋ ਖਟ ਕਰਮਾ ਯੁਤ ਲੈਹੋ[1] ॥ ੪੫ ॥ [1]ਜਾਂ ਤੁਸੀਂ ਛੇ ਕਰਮਾਂ ਸਹਿਤ ਨੂੰ ਬ੍ਰਹਮਣ ਜਾਣਦੇ ਹੋ।
ਜੇ ਜਾਤੀ ਤੈ[1] ਬ੍ਰਹਮਨ ਲੈਹੈਂ। [1]ਜਨਮ ਤੋਂ ਹੀ।
ਕਰਮ ਚੰਡਾਲਨਿ ਸ਼ੂਦ੍ਰਨਿ ਕੈਹੈਂ[1]। [1](ਬ੍ਰਹਮਣ ਹੋ ਕੇ) ਕਰਮ ਚੰਡਾਲਾਂ ਤੇ ਸ਼ੂਦਰਾਂ ਵਾਲੇ ਕਰਦੇ ਹਨ।
ਤਿਨ ਸੋ ਤੁਮ ਕਿ ਨ ਬਰਤਨ ਕਰਿ ਹੋ[1]। [1]ਕਿਉਂ ਨਹੀਂ ਵਰਤਦੇ।

ਤਾਂਹਿ ਜਾਤ ਤੈ ਕਾਂਹਿ ਪਰਹਰ ਹੋ[1] ॥ ੪੬ ॥
[1]ਤਿਨਾ ਦੀ ਜਾਤੀ ਬ੍ਰਹਮਣ ਹੋਣ ਦੇ ਬਾਵਜੂਦ ਉਨ੍ਹਾਂ ਦਾ ਤਿਆਗ ਕਿਉਂ ਕਰਦੇ ਹੋ।

ਜੇ ਖਟ ਕਰਮੀ ਬ੍ਰਹਮਨ ਹੋਈ[1]।
[1]ਜੇ ਛੇ ਕਰਮਾਂ ਕਰਨ ਵਾਲਾ ਹੀ ਬ੍ਰਹਮਣ ਹੋਵੇ।

ਤੌ ਸ਼ੂਦ੍ਰ ਕ੍ਰਮ ਕਰਿ ਹੈ ਜੋਈ[1]।
[1]ਤਾਂ ਜੇਹੜਾ ਸ਼ੂਦਰ ਉਹ ਛੇ ਕਰਮ ਕਰਦਾ ਹੋਵੇ।

ਤਾਂ ਕੋ ਤੁਮ ਕਿ ਨ ਸੰਗ ਮਿਲੈਹੋ[1]।
[1]ਕਿਉਂ ਨਹੀਂ ਨਾਲ ਮਿਲਾਉਂਦੇ।

ਬੇਟੀ ਰੋਟੀ ਸਾਂਝ ਨ ਕੈਹੋ ॥ ੪੭ ॥

ਤਾਂ ਤੇ ਔਰ ਨ ਬ੍ਰਹਮਨ ਕੋਈ।

ਬ੍ਰਹਮ ਗਜਾਨੀ ਬ੍ਰਹਮਨ ਹੋਈ।

ਏਹੀ ਮਤ ਹੈ ਹਮਰਾ ਸਾਚੋ।

ਉਕਤ ਯੁਕਤਿ[1] ਭਈ ਤੁਮਰੀ ਕਾਚੋ ॥ ੪੮ ॥
[1]ਕਥਨ ਤੇ ਦਲੀਲ।

ਅਬਿ ਸੁਨ ਸਿੱਖ ਹਮਾਰੇ ਜੇਤੇ।

ਲੇਤ ਉਪਦੇਸ਼ ਆਇ ਜਬਿ ਏਤੇ[1]।
[1]ਏਥੇ (ਸਾਡੇ ਪਾਸੋਂ)।

ਦੁਤੀ ਜਨਮ ਗੁਰੁ ਘਰ ਤਿਹਂ ਹੋਈ।

ਭਵੈਂ ਦੁਜਨਮੇ ਦ੍ਵਜ ਹ੍ਵੈਂ ਸੋਈ[1] ॥ ੪੯ ॥
[1]ਦੂਜੇ ਜਨਮ ਵਾਲੇ ਹੋ ਜਾਣਗੇ ਉਹ ਦ੍ਵਜ ਹੋਣਗੇ।

ਅਬਿ ਮੈਂ ਐਸਾ ਪੰਥ ਚਲੈਹੋਂ।

ਸਬਿ ਕੋ ਸੋਢੀ ਛੱਤ੍ਰੀ ਕੈਹੋਂ।

ਸੰਸਕਾਰ ਤੈ ਸ਼ੂਦ੍ਰ ਬੈਸ।

ਹ੍ਵੈਂ ਹੈਂ ਛੱਤ੍ਰੀ ਬੇਦ ਕਹੈਸ[1] ॥ ੫੦ ॥
[1]ਕਰਾਂਗਾ ਭਾਵ ਬਣਾਵਾਂਗਾ।

ਤੁਮ ਸ਼ੂਦ੍ਰ ਇਨਿ ਕੋ ਕਿਮ ਕੈਹੋ[1]।
[1]ਕਹਿੰਦਾ ਹੈ।

ਬੋਲਨ ਕੂੜ ਮੂੜ ਫਲ ਪੈਹੋ।

ਜਿਨ ਸਿੱਖਨ ਕੋ ਸ਼ੂਦ੍ਰ ਕੈਹੈਂ।

ਤਿਨ ਤੈ ਬਿੱਪਰ ਬੇਦ ਪਢੈ ਹੈਂ ॥ ੫੧ ॥

ਮੀਰੀ ਪੀਰੀ ਰਾਜ ਫਕੀਰੀ।

ਦਾਨ ਦਹੀਰੀ ਬਡ ਤਦਬੀਰੀ[1]।
[1]ਦਾਨ ਦੇਣਾ ਅਤੇ ਵੱਡੀ ਯੁਕਤੀ।

ਸ਼ਸਤ੍ਰ ਸ਼ਾਸਤ੍ਰ ਬਿਦਜਾ ਜੇਤੀ।

ਮੈ ਨਿਜ ਸਿੱਖੈਂ ਬਖਸ਼ੌਂ ਤੇਤੀ ॥ ੫੨ ॥

ਸੁਨਿ ਪੰਡਿਤ ਲੱਜਤ ਹ੍ਵੈ ਗਯੋ।

ਗੁਰੂ ਹੁਕਮ ਇਮ ਸਿੱਖੈਂ ਦਯੋ।

ਪਢੋ ਅਬੈ ਤੁਮ ਕਾਂਸ਼ੀ ਜਾਏ।

ਨਿਗਮਾਗਮ[1] ਬਿਦਜਾ ਮਨ ਲਾਏ ॥ ੫੩ ॥
[1]ਵੇਦਾਂ ਅਤੇ ਸ਼ਾਸਤ੍ਰਾਂ ਦੀ।

ਔਰ ਪਢਤ ਜੋ ਬਰਸਨ ਮੈਂ ਹੈ[1]। [1]ਹੋਰਨਾਂ ਨੂੰ ਜੋ ਵਿੱਦਿਆ ਵਰ੍ਹਿਆਂ ਵਿੱਚ (ਆਉਂਦੀ ਹੈ)।
ਤੁਮੈਂ ਮਹੀਨਜੋਂ ਮੈਂ ਸੋ ਐਹੈ[1]। [1]ਉਹ (ਵਿਦਿਆ) ਆ ਜਾਵੇਗੀ।
ਜੇਤਿਕ ਬਿਦਜਾ ਸਭਿ ਜਗ ਮੈਂ ਹੈ।
ਗੁਰੁ ਘਰ ਮੈਂ ਅਬਿ ਆਇ ਸੁਰੈਹੈ ॥ ੫੪ ॥

ਦੋਹਰਾ:

ਹਾਥ ਜੋਰਿ ਸਿੱਖਨਿ ਕਹਜੋ,
ਜਹਿਂ ਭੇਜੌ ਤਹਿਂ ਜਾਹਿਂ।
ਪੈ ਕਾਂਸੀ ਮੈਂ ਕਜਾ ਹਮੈਂ,
ਸ਼ੂਦ੍ਰ ਕਹਿਂ ਦ੍ਵਜ ਨਾਹਿਂ ॥ ੫੫ ॥

ਚੌਪਈ:

ਸੁਨਿ ਪੁਨ ਗੁਨਿ[1] ਗੁਰੁ ਐਸ ਉਚਾਰੀ। [1]ਵਿਚਾਰ ਕੇ।
ਛੱਤ੍ਰੀ ਬ੍ਰਣ ਆਸ਼੍ਰਿਮ ਬ੍ਰਹਮਚਾਰੀ।
ਹ੍ਵੈ ਦੁਬਿਧਾ[1] ਮਮ ਪੰਥ ਪਛਾਨੋ। [1]ਦੋ ਤਰ੍ਹਾਂ ਦਾ।
ਸ਼ਸਤ੍ਰ ਗਹੇ ਸੁ ਛੱਤ੍ਰੀ ਮਾਨੋ ॥ ੫੬ ॥
ਪਢੈ ਜੁ ਸ਼ਾਸਤ੍ਰ ਸੋ ਬ੍ਰਹਮਚਾਰੀ।
ਉਭੈ ਰੀਤਿ ਹ੍ਵੈ ਜੀਤ ਤੁਮਾਰੀ।
ਰਾਜ ਜੋਗ ਗੁਰੁ ਕੇ ਘਰ ਮੈਂ ਹੈ।
ਆਦਿ ਗੁਰੂ ਤੈ ਚਲਜੋ ਜੁ ਐਹੈ ॥ ੫੭ ॥
ਪਹਿਲੇ ਪੀਰੀ ਹੁਤੀ ਫਕੀਰੀ।
ਖਸ਼ਟਮ ਗੁਰੁ ਮੇਲੀ ਮਧ ਮੀਰੀ।
ਬਸਨ ਕਖਾਇ[1] ਫਕੀਰੀ ਕੇਰੇ। [1]ਭਗਵੇਂ ਕੱਪੜੇ।
ਤੁਮ ਧਰਿ ਬਿੱਦਜਾ ਪਢੋ ਬਧੇਰੇ ॥ ੫੮ ॥
ਨਿਰਮਲ ਪੰਥ ਅਨਾਦੀ ਗੁਰੁ ਕਾ।
ਹੈ ਇਹੁ ਬਿਦਤੈ ਸਿੰਘਨ ਬੁਰਕਾ[1]। [1]ਸਿੰਘਾਂ ਦੇ ਪਹਿਰਾਵੇ ਵਿੱਚ ਪ੍ਰਗਟ ਹੋਵੇਗਾ।
ਕਾਂਸ਼ੀ ਗਏ ਮਾਨ ਵਹਿ ਆਗਜਾ।
ਜਾਗਜਾ ਭਾਗ ਲਾਲ ਰੰਗ ਲਾਗਜਾ ॥ ੫੯ ॥
ਭਾਈਰਾਮਾਂ, ਗੰਡਾ, ਸੈਣਾ।
ਬੀਰਾ, ਕਰਮਾ[1] ਪਾਂਚੋਂ ਐਣਾ[2]। [1]ਕਰਮ ਸਿੰਘ। [2]ਪੰਜੇ ਚੰਗੇ (ਸਿੱਖ ਸਨ)।
ਜੋ ਪਾਛੇ ਆਛੇ ਸਿੰਘ ਥੀਏ।
ਰਾਮ ਸਿੰਘ ਗੰਡਾ ਹਰਿ ਲੀਏ ॥ ੬੦ ॥

ਬੀਰ ਸਿੰਘ ਸੈਣਾ ਸਿੰਘ ਰਾਮ*।

*ਮਹਾਨ ਕੋਸ਼ ਵਿੱਚ ਇਨ੍ਹਾਂ ਪੰਜਾਂ ਸਿੰਘਾਂ ਦੇ ਨਾਮ ਇਹ ਦਿੱਤੇ ਹਨ :– ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ ਤੇ ਸੋਭਾ ਸਿੰਘ। ਏਥੇ ਰਾਮ ਸਿੰਘ ਦੋ ਵਾਰ ਆ ਗਿਆ ਹੈ ਤੇ ਕਰਮ ਸਿੰਘ ਦੂਜੀ ਵਾਰ ਰਹਿ ਗਿਆ ਹੈ ਜੋ ਪ੍ਰੈਸ ਦੀ ਉਕਾਈ ਸਮਝਣੀ ਚਾਹੀਦੀ ਹੈ।

ਲਿਖੇ ਕੇਸਰਾ ਸਿੰਘ ਇਹ ਨਾਮ।
ਭਗਵਾਂ ਭੇਖ ਕੇਰ ਭਗਵਾਨੈਂ।
ਬਾਣਾ ਰਿਖੀਅਨ ਊਚ ਮਹਾਨੈਂ ॥੬੧॥
ਬ੍ਰਹਮ ਚਰਯ ਧਰਿ ਪਢਨੇ ਲਾਗੇ।
ਸੰਸਕ੍ਰਿਤ ਬਿਦਜਾ ਬਡ ਭਾਗੇ।
ਚੇਤਨ ਬਟ[1] ਅਬਿ ਹੈ ਜਿਸ ਠੌਰੈਂ।

[1]ਇਸ ਜਗ੍ਹਾ ਦੇ ਚੇਤਨ ਬਟ, ਚੇਤਨ ਮਠ ਤੇ ਚੇਤਨ ਵਟ ਆਦਿ ਮਸ਼ਹੂਰ ਨਾਮ ਹਨ। ਇਸ ਦਾ ਪੁਰਾਣਾ ਨਾਉਂ 'ਯਤਨ ਵਟੇਸ਼ੂਰ' ਸ਼ਿਵ ਮੰਦਰ ਦੇ ਕਾਰਣ 'ਯਤਨ ਵਟ' ਸੀ।

ਤਹਿਂ ਰਹਿ ਬਿਦਜਾ ਪਢੀ ਸੁ ਗੌਰੈਂ ॥੬੨॥
ਭਿੱਛਜਾ ਕਰਿ ਮਧੁਕਰੀ[1] ਪਾਵੈਂ।
ਨਿਰਮਲ ਸੰਤ ਬਿਰੱਕਤ ਕਹਾਵੈਂ।
ਸੱਤਾ ਨੰਦ ਪੰਡਤ ਥਾ ਦੱਖਨੀ।
ਤਿਸ ਤੈ ਪਢੇ ਬਿਰੋਲੀ ਮਖਨੀ[1] ॥੬੩॥

[1]ਮੰਗ ਦੀਰੋਟੀ।

[1]ਮੱਖਣ ਵਿਰੋਲਿਆ ਭਾਵ ਤੱਤ ਕੱਢ ਲਿਆ।

ਤੀਸ ਬਰਸ ਮੈਂ ਬਿਦਜਾ ਜੇਤੀ।
ਔਰ ਪਢੈਂ ਜਨ, 'ਇਨਹੂੰ ਤੇਤੀ।
ਪਾਂਚ ਬਰਸ ਮੈਂ ਕਰੀ ਕੰਠਾਗਰ[1]।
ਗੁਰੁ ਬਚ ਤੈ ਹੂਏ ਗੁਨ ਸਾਗਰ' ॥੬੪॥

[1]ਜ਼ਬਾਨੀ ਯਾਦ ਕਰ ਲਈ।

ਆਨੰਦ ਪੁਰ ਢਿਗ ਗੁਰੁ ਫਿਰ ਆਏ।
ਖੁਸ਼ੀ ਹੋਇ ਗੁਰੁ ਬਰ ਬਹੁ ਦਾਏ।
ਗ੍ਰੰਥ ਕਰਾਏ ਭਾਸ਼ਾ ਜੇ ਉਨ।
ਚਲੀ ਸੰਪ੍ਰਦਾ ਤਿਨ ਤੈ ਜੋ ਪੁਨ ॥੬੫॥
ਸੋ ਸਬ ਔਰ ਠੌਰ ਚਲ ਕੈਹੈਂ।
ਅਬਿ ਔਰੈਂ ਗੁਰੁ ਗਾਥ ਸੁਨੈ ਹੈਂ।
ਗੁਰੁ ਢਿਗ ਸੰਗਤ ਬਹੁ ਨਿਤ ਆਵੈ।
ਆਯੁਧ ਅੱਸ੍ਰ ਅਨਿਕ ਅਰਪਾਵੈ ॥੬੬॥
ਗੁਰੁ ਸ਼ਸਤ੍ਰ ਨਿਜ ਕਰ ਧਰਿ ਹਰਖੈਂ।

ਲੋਹਾ ਜਾਤਿ ਅਨੇਕ ਸੁ ਪਰਖੈਂ।
ਤਜੋਂ ਹੀ ਪਰਖੈਂ ਕਰੀ ਤੁਰੰਗੈਂ[1]। [1]ਹਾਥੀ ਤੇ ਘੋੜਿਆਂ ਨੂੰ।
ਐਬ ਸਵਾਬ ਕਹੈਂ ਸਰਬੰਗੈਂ[1] ॥ ੬੭ ॥ [1]ਸਾਰੇ ਅੰਗਾਂ ਦੇ ਔਗੁਣ ਤੇ {ਸਵਾਬ} ਗੁਣ ਕਹਿੰਦੇ ਹਨ।
ਬਿਦਤੀ[1] ਬਾਤ ਏਹੁ ਜਗ ਸਾਰੈਂ। [1]ਮਸ਼ਹੂਰ ਹੋ ਗਈ।
ਹ੍ਵੈ ਖੁਸ਼ਿ ਗੁਰੁ ਲੈਹੈਂ ਹਥਸਾਰੈਂ।
ਬਿੱਤ ਖਰਚ ਬਹੁ ਸਿੱਖ ਪ੍ਰੇਮੀ।
ਬਖੜ੍ਰ[1] ਸ਼ਸਤ੍ਰ ਅੱਸ੍ਵ ਅਨੇਮੀ[2] ॥ ੬੮ ॥ [1]ਸੰਜੋਆਂ। [2]ਅਣਗਿਣਤ।
ਲਜਾਇ ਭੇਟ ਸੋ ਗੁਰੁ ਕੋ ਦੈ ਹੈਂ।
ਮਨ ਭਾਵਤ ਬਰ ਲੈ ਘਰ ਜੈ ਹੈਂ।
ਗੌਰ[1] ਭੀਰ ਇਸ ਤੌਰ ਰਹਾਵੈ। [1]ਬਹੁਤੀ।
ਗੁਰੁ ਦਰ ਪਰ ਇਕ ਆਵੈਂ ਜਾਵੈਂ ॥ ੬੯ ॥
ਹਿੰਦੁਸਤਾਨ ਮੁਲਕ ਸਭ ਮਾਹੀਂ।
ਠੌਰ ਠੌਰ ਜਨ ਬਾਤ ਚਲਾਹੀਂ।
ਅਬਿ ਸ੍ਰੀ ਨਾਨਕ ਗਾਦੀ ਪਤਿ ਜੋ।
ਗੋਬਿੰਦਰਾਇ ਬਲੀ ਗੁਰੁ ਅਤਿ ਸੋ ॥ ੭੦ ॥
ਜਨ ਕੁਲੀਨ ਜੇ ਰਾਠ[1] ਬਹਾਦਰ। [1]ਜੋਧੇ।
ਤਿਨ ਕੋ ਰਖ ਹੈਂ ਨਿਤ ਢਿਗ ਸਾਦਰ।
ਬਲਿਕੈ ਜੋ ਬਾਗੀ ਹ੍ਵੈ ਸ਼ਾਹੀ।
ਜਾਹਿਂ ਪਨਾਹਿ ਤਾਂਹਿ ਕੀ ਵਾਹੀ[1] ॥ ੭੧ ॥ [1]ਉਹ ਤਿਨਾਂ (ਸਤਿਗੁਰਾਂ) ਦੀ ਸ਼ਰਨ ਜਾਂਦੇ ਹਨ।
ਬਾਦਸ਼ਾਹਿ ਕੋ ਨਹਿਂ ਵਹਿ ਦੈਹੈਂ।
ਨੌਰੰਗ ਤੈ ਮਵਾਸ[1] ਗੁਰੁ ਵੈਹੈਂ। [1]ਆਕੀ।
ਐਸੀ ਐਸੀ ਬਾਤ ਉਦਾਰੈਂ।
ਸੁਨਿ ਸੁਨਿ ਆਵੈਂ ਲੋਗ ਅਪਾਰੈਂ ॥ ੭੨ ॥
ਹਯ[1] ਹਥਸਾਰ ਯੁਤੈ ਜੋ ਆਵੈਂ। [1]ਘੋੜੇ।
ਗੁਰੁ ਢਿਗ ਸੋ ਮਨਸਬ[1] ਬਡ ਪਾਵੈਂ। [1]ਅਹੁਦਾ, ਮਰਤਬਾ।
ਰਾਜਪੂਤ ਡੂੰਗਰ ਜੀ ਨਾਮੀ।
ਬੀਰ ਬਹਾਦਰ ਥਾ ਅਭਿਰਾਮੀ ॥ ੭੩ ॥
ਬੀਕਾਨੇਰ ਕੇਰ ਨ੍ਰਿਪ ਬਾਗੀ।
ਗੁਰੁ ਢਿਗ ਅਯੋ ਪਾਂਵਟੇ ਭਾਗੀ[1]। [1]ਭੱਜ ਕੇ।
ਬੀਸ ਬੀਰ ਨਿਜ ਲਜਾਯੋ ਸੰਗੈਂ।

Sri Satguru Jagjit Singh Ji eLibrary NamdhariElibrary@gmail.com

ਦੈ ਇੱਜ਼ਤ ਗੁਰੁ ਰਖਜੋ ਨਿਸੰਗੈਂ ॥ ੭੪ ॥
ਰਾਘੋ ਨਾਮ ਔਰ ਰਜਪੂਤਾ।
ਲੂਟੀ ਦਿੱਲੀ ਜਿਨਿ ਮਜਬੂਤਾ।
ਰਹਿਨੋ ਵਾਰ ਹਿਸਾਰਹਿ ਕੇਰੋ।
ਧੜਵੈਲਨਿ[1] ਸਰਦਾਰ ਵਡੇਰੋ ॥ ੭੫ ॥ [1]ਧਾੜਵੀਆਂ ਦਾ।
ਅਬਿ ਲੌ ਗੀਤ ਲੋਗ ਤਿਹ ਗਾਵੈਂ।
ਗਿਰਦ ਹਿਸਾਰ ਬਿਦਤ ਬਹੁ ਥਾਵੈਂ।
ਨੌਰੰਗ ਫੜਜੋ ਤਾਂਹਿ ਕੋ ਚਾਹੈ।
ਦੌਰਿ ਅਯੋ ਸੋ ਭੀ ਗੁਰੁ ਪਾਹੈ ॥ ੭੬ ॥
ਚੈਨ ਪੁਰੇ ਕੋਰੰਘੜ ਊਦਾ।
ਸ਼ਾਹਿ ਸਕਯੋ ਨਹਿ ਜਿਹਂ ਕਰਿ ਸੂਧਾ[1]। [1]ਸਿੱਧਾ।
ਹੇਤ ਪਕਰਨੇ ਫੌਜ ਚਢਾਈ।
ਭਾਗ ਅਯੋ ਸੋ ਗੁਰੁ ਸ਼ਰਨਾਈ ॥ ੭੭ ॥
ਧਰਮਾ ਜਾਟ ਜਵੰਧਾ ਗੋਤੈਂ।
ਜਟਵਾੜੇ ਮੈਂ ਭਯੋ ਉਦੋਤੈਂ[1]। [1]ਜੱਟਾਂ ਦੇ ਇਲਾਕੇ ਵਿੱਚ ਮਸ਼ਹੂਰ ਹੋ ਗਿਆ।
ਲੂਟੇ ਜਿਨਿ ਬਹੁ ਤੁਰਕ ਅਮੀਰਾ।
ਸੋ ਭੀ ਬੀਰ ਅਯੋ ਗੁਰੁ ਤੀਰਾ[1] ॥ ੭੮ ॥ [1]ਕੋਲ।
ਇਸੀ ਤੌਰ ਬਰਵਾਲੀ ਪੁਰਿ ਕਾ।
ਭਾਗੂ ਨਾਮ ਭਯੋ ਸਿੱਖ ਗੁਰੁ ਕਾ।
ਚੰਦਨ ਰਾਜਪੂਤ ਬਡ ਜੋਧੇ।
ਜਿਨ ਅਮੀਰ ਬਡ ਸ਼ਾਹੀ ਸੋਧੇ ॥ ੭੯ ॥
ਸ਼ਾਹੀ ਕੋਪ[1] ਤਾਂਹਿ ਪੈ ਟੂਟਾ। [1]ਕ੍ਰੋਧ।
ਸੋ ਭੀ ਆਇ ਸ਼ਰਣ ਗੁਰੁ ਛੂਟਾ।
ਇਸੀ ਤੌਰ ਬਹੁ ਔਰ ਬਹਾਦਰ।
ਦੇਸ ਦੇਸ ਤੈ ਆਵੈਂ ਸਾਦਰ ॥ ੮੦ ॥
ਮਨ ਭਾਵਤ ਧਨ ਪਾਵਤ ਸੋਈ।
ਰੈਹੈ ਆਇ ਗੁਰੂ ਢਿਗ ਜੋਈ।
ਸ਼ਸਤ੍ਰ ਬਸਤ੍ਰ ਅੱਸ੍ਵ ਅਮੋਲੇ।
ਬਖਸ਼ੈਂ ਗੁਰੁ ਸਭਿ ਤਈਂ ਅਤੋਲੇ ॥ ੮੧ ॥
ਬੈਸ ਸਭਾ ਮੈਂ ਅਸ ਉਪਦੇਸ਼ੈਂ।

ਪੈਂਹ ਗਜ਼ਾਨ ਸੋ ਜੈਸ ਬਿਸੇਸੈਂ।
ਦੇਹ ਅਧਯਾਸ[1] ਸਰਬ ਤਜਵੈ ਹੈਂ। [1]ਦੇਹ ਦਾ ਖ਼ਿਆਲ।
ਬਾਣੀ ਗੁਰੁ ਕੀ ਕੰਠ ਕਰੈ ਹੈਂ ॥ ੮੨ ॥
ਸ਼ਸਤ੍ਰਨ ਕੋ ਅਭਯਾਸ ਕਰਾਵੈਂ।
ਹਿੰਦੁ ਧਰਮ ਰਖਜਾ ਕਰਵਾਵੈਂ।
ਲਗੈ ਦਿਵਾਨ ਆਨ ਜਿਹਂ ਸਮ ਨਹਿਂ।
ਕੋ ਕਬਿ ਸਾਕੈ ਸੋ ਛਬਿ ਸਬਿ ਕਹਿ ॥ ੮੩ ॥
ਅੰਤ ਅਨੰਤ[1] ਨ ਸਾਰਦ[2] ਪਾਵੈਂ। [1]ਸ਼ੇਸ਼ ਨਾਗ। [2]ਸਰਸੁਤੀ।
ਪਿਖਿ ਇੰਦ੍ਰ ਅਵਨਿੰਦ੍ਰ[1] ਲਜਾਵੈਂ। [1]ਧਰਤੀ ਦੇ ਰਾਜੇ।
ਦੂਤ ਗਿਰੇਸ ਨਰੇਸਨ ਕੇਰੇ।
ਹੇਰਿ ਹੋਹਿਂ ਹੈਰਾਨ ਬਧੇਰੇ ॥ ੮੪ ॥
ਦੁਸ਼ਮਨ ਸੁਨਿ ਕੁਛ[1] ਮਨ ਭੈ ਪਾਵੈਂ। [1]ਕੁਝ।
ਨਾਹਣੇਸ[1] ਸੇ ਮੀਤ ਹੁਲਸਾਵੈਂ। [1]ਨਾਹਣ ਦਾ ਰਾਜਾ, ਮੇਦਨੀ ਪ੍ਰਕਾਸ਼।
ਬਿੱਤ ਅਮਿੱਤ[1] ਨਿੱਤ ਸਿੱਖ ਦੇਵੈਂ। [1]ਅਣਗਿਣਤ ਧਨ।
ਸੁਰਤਰੁ ਸਮ[1] ਗੁਰੁ ਪਗ ਲਗਿ ਸੇਵੈਂ ॥ ੮੫ ॥ [1]ਕਲਪ ਬ੍ਰਿਛ ਵਾਂਗ।
ਸ਼ਹਿਨ ਸ਼ਾਹਿ ਦਰਵਾਰਨ ਜੈਸੀ।
ਰੌਣਕ ਗੁਰੁ ਦਰ ਪਰਰਹਿ ਤੈਸੀ।
ਸੰਮਤ ਸਤ੍ਰਾਂ ਸੈ ਚੌਤਾਲੀ।
ਮਾਹਿਂ ਭਈ ਯਹਿ ਕਥਾ ਕਮਾਲੀ ॥ ੮੬ ॥

ਦੋਹਰਾ:

ਪਰਮ ਪਵਿੱਤ੍ਰ ਪਾਂਵਟੇ,
ਕਰਤ ਚਰਿਤ[1] ਗੁਰੁ ਜੈਸ। [1]ਕੌਤਕ।
ਗਾਇ ਤੈਸ[1] ਪਗ ਧਸਾਇ ਗੁਰੁ, [1]ਤਿਵੇਂ ਕਹਿ ਕੇ।
ਧਸਾਇ ਗਜੋ ਇਤ ਬੈਸ[1] ॥ ੮੭ ॥ [1]ਬੈਠ ਗਿਆ ਭਾਵ ਸੰਪੂਰਨ ਹੋ ਗਿਆ।

ਇਤਿ ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜ਼ਾਨ ਸਿੰਘ ਵਿਰਚਿਤੇ 'ਰਾਮਰਾਇ ਮਿਲਨ, ਕਪਾਲ ਮੋਚਨ ਜਾਵਨ' ਪ੍ਰਸੰਗ ਬਰਨਨੰ ਨਾਮ ਬਵੰਜਮੋਂ ਬ੍ਰਿਸਾਮ ॥ ੫੨ ॥

੫੩. {ਰਾਮਰਾਇ ਦਾ ਦੇਹਾਂਤ, ਗੁਰੂ ਜੀ ਦਾ ਡੇਹਰਾ ਦੂਨ ਜਾਣਾ, ਮਸੰਦਾਂ ਨੂੰ ਸਜ਼ਾਵਾਂ}

ਛਪੈ:

ਅਜਰ ਜਰਠ ਆਜਿੱਤ,
ਅਰੁਜ ਆਜਾਨ ਬਾਹੁ ਬਰ[1]।

[1]ਅਜਰ ਸ਼ਕਤੀ ਨੂੰ ਜਰਨ ਵਾਲੇ, ਜਿਤਨ ਤੋਂ ਰਹਿਤ, ਰੋਗ ਤੋਂ ਰਹਿਤ, ਗੋਡਿਆਂ ਤੱਕ ਸ੍ਰੇਸ਼ਟ ਬਾਹਾਂ ਵਾਲੇ।

ਅਕਲ ਕਲਾ ਭਰਪੂਰ,
ਸੂਰ ਸਮ ਦਿਪਤ ਤੇਜ ਤਰੁ[1]।

[1]{ਅਕਲ} ਦੋਸ਼ਾਂ ਤੋਂ ਰਹਿਤ ਤੇ ਸ਼ਕਤੀਆਂ ਨਾਲ ਭਰੇ ਹੋਏ (ਹਨ ਅਤੇ) ਸੂਰਜ ਵਾਂਗ ਬਹੁਤਾ ਤੇਜ ਚਮਕ ਰਿਹਾ ਹੈ।

ਬਰਣ ਚਾਰ ਆਸ਼੍ਰਮ,
ਸੁਰਾਸੁਰ ਮਾਨਨੀਯ ਮੁਨਿ[1]।

[1]ਚਹੁੰ ਵਰਨਾਂ ਚਹੁੰ ਆਸ਼੍ਰਮਾਂ ਦੇਵਤਿਆਂ ਦੈਂਤਾਂ ਤੇ ਮੁਨੀਆਂ ਦੇ ਮੰਨਣ ਯੋਗ ਹਨ।

ਕਟਤ ਕਲੇਸ ਅਸੇਸ,
ਸੇਸ ਸੁਖ ਦਾਇ ਸਬਿਨਿ ਧੁਨਿ[1]।

[1]{ਅਸ਼ੇਸ਼} ਸਾਰੇ ਕਲੇਸ਼ਾਂ ਨੂੰ ਕੱਟ ਕੇ ਸਾਰਿਆਂ ਨੂੰ ਸੁਖਦਾਇਕ {ਸੇਸ} ਫਲ ਦੇਣ ਵਾਲੇ {ਧੁਨਿ} ਕਹੀਦੇ ਹਨ।

ਸਦ ਅਗਮ ਅਗੋਚਰ ਬਿਗਤਿ ਗਤਿ,
ਅਮਿੱਤ ਪ੍ਰਭਾ ਸੋਭਾ ਧਰਨਿ[1]।

[1]ਸਦਾ ਗੰਮਤਾ ਤੋਂ ਰਹਿਤ, ਇੰਦ੍ਰੀਆਂ ਦੇ ਅਵਿਸ਼ੇ, {ਬਿਗਤਿ} ਮਨਮੁਖਾਂ ਦੀ {ਗਤਿ} ਕਲਿਆਣ ਕਰਨ ਵਾਲੇ, ਗਿਣਤੀ ਤੋਂ ਰਹਿਤ ਪ੍ਰਕਾਸ਼ ਵਾਲੇ ਅਤੇ ਧਰਤੀ ਨੂੰ ਸੋਭਾ ਦੇਣ ਵਾਲੇ ਹਨ।

ਜੈ ਅੰਗਦ ਭੱਬਜ ਸ੍ਰਬਗਜ ਗੁਰੁ,
ਭਗਤਿ ਭਾਵ ਭਾਵਨਿ ਭਰਨ[1] ॥੧॥

[1]{ਭਬਜ} ਕਲਿਆਣ ਸਰੂਪ ਸਾਰਿਆਂ ਦੇ ਜਾਣੂ ਭਗਤੀ ਭਾਵ ਵਾਲਿਆਂ ਦੀਆਂ ਭਾਵਨਾ ਪੂਰੀਆਂ ਕਰਨ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਜੈ ਹੋਵੇ।

ਦੋਹਰਾ:

ਰਾਮ ਰਾਇ ਜਜੋਂ ਤਨ ਤਜੈ,
ਸਤਿਗੁਰੁ ਜਾਇਂ ਤਹਾਂਇਂ।
ਮੰਦ ਮਸੰਦਨ ਕੋ ਹਤੈਂ,
ਕਥਾ ਤਥਾ ਅਬਿ ਗਾਇ[1] ॥੨॥

[1]ਤਿਵੇਂ ਕਥਾ ਕਹਿੰਦੇ ਹਾਂ।

ਕਬਿੱਤ:

ਸ੍ਰੀਰਾਮਰਾਇ ਸੁਤ ਬਡ ਹਰਿਰਾਇ ਜੂ ਕੋ,
ਗੜਵਾਲ ਗਾਮ ਸੋ ਰਹਾਏ ਜਗ ਮਾਨ ਹੈ[1]।

[1]ਜਗਤ ਮੰਨਦਾ ਹੈ।

ਜੋਗ ਕਲਾ ਮੈਂ ਪ੍ਰਬੀਨ[1] ਗਜਾਨ ਜਾਂਹਿ ਕਾਲ ਤੀਨ,
ਰਿੱਧਿ ਸਿੱਧਿ ਠਾਢੀ ਦੀਨ[1] ਦਰ ਪੈਰਹਾਨ ਹੈਂ।

[1]ਚਤੁਰ।

[1]ਅਧੀਨ ਹੋ ਕੇ।

ਗੁਨਨਿ ਅਗਾਰ[1] ਸਮ ਮੁਨਿਨਿ ਅਚਾਰ[2],
ਸਿਖ ਧੁਨਿਨਿ[1] ਅਵਤਾਰ ਤਾਂਹਿ ਕਰਤਾਰ ਜਾਨ ਹੈਂ।

[1]ਘਰ। [2]ਕਰਤੱਵ।

[1]ਕਹਿੰਦੇ ਹਨ।

ਰਾਜਨੀਤਿ ਮੈਂ ਬਖਜਾਤ[1] ਅਜ਼ਮਤ ਕੋ ਸੰਘਾਤ[2],
ਐਪੈ ਹੋਨਹਾਰ ਟਾਰ ਸਕਜੋ ਨ ਪਛਾਨ ਹੈ ॥ ੩ ॥

[1]ਮਸ਼ਹੂਰ। [2]ਸਮੁਦਾਯ, ਇਕੱਠ।

ਰਾਮਰਾਇ ਕੇ ਅਗਾਰ ਹੁਤੀ ਤਾਂ ਕੀ ਨਾਰਿ ਚਾਰ,
ਰਾਜ ਕੌਰ ਲਾਡਲੀ ਮਲੂਕੀ ਤੀਨ ਪਹਿਲੈਂ[1]।

[1]ਪਹਿਲੀਆਂ ਤਿੰਨਾਂ ਵਿੱਚੋਂ ਰਾਜ ਕੌਰ {ਮਲੂਕੀ} ਕੋਮਲ ਤੇ ਲਾਡਲੀ ਸੀ।

ਚੌਥੀ ਜੋ ਪੰਜਾਬ ਕੌਰ ਬਜਾਹੀ ਗੁਨਵਾਨ ਗੌਰ[1],
ਰੂਪ ਰਸ ਖਾਨਿ ਮਨਿ ਮਾਨੀ ਕੰਤ ਸਹਿਲੈਂ[1]।

[1]ਭਾਰੀ ਗੁਣਾਂ ਵਾਲੀ।

[1]ਸੁਖੱਲੀ ਹੀ ਪਤੀ ਦੇ ਮਨ ਨੂੰ ਭਾ ਗਈ।

ਤਾਹੀਂ ਸੋਂ ਬਿਹਾਰ ਔ ਪਜਾਰ ਰਾਖੈ ਰਾਮਰਾਇ,
ਔਰ ਤੀਨੋ ਤਜਾਗ ਰਾਖੀ ਰਾਖੀ ਹਿਤ ਟਹਿਲੈਂ।
ਰਾਜ ਕੌਰ ਔਰ ਤੌਰ[1] ਪੇਖਿ ਪਤਿ ਹੂੰ ਕੋ ਅਤਿ,
ਸੌਤ ਕੋ[1] ਅਸਹਿ ਦੂਖ ਪਾਇ ਭਈ ਕਹਿਲੈਂ[2] ॥ ੪ ॥

[1]ਤ੍ਰੀਕਾ, ਢੰਗ।

[1]ਸੌਂਕਣ ਦਾ। [2]ਵਿਆਕੁਲ ਹੋ ਗਈ।

ਨਿਜ ਨਾਥ ਪਾਸ ਜਾਇ ਹਾਥ ਜੋਰਿ ਮਾਥ ਨਾਇ[1],
ਕਹਜੋ ਮਹਾਰਾਜ ਮੋਹਿ ਬਿਦਾ ਆਜ ਹੀ ਕਰੋ।
ਜਾਇ ਕੈ ਇਕੰਤ ਕਿਤ ਬੈਠ ਕੈ ਸੁਤੰਤ,
ਧਜਾਨ ਕੰਤ ਭਗਵੰਤ ਥਾਰੋ ਮੰਤ ਜਪ ਕੈ ਤਰੋਂ।
ਆਪ ਮਮ ਸੌਤ ਸੰਗ ਰਾਚੇ ਮਾਚੇ ਆਛੇ ਰਹੋ[1],
ਏਹੁ ਮਹਾਂ ਦੂਖ ਦੇਖਿ ਸੰਮੁਖ ਮੈਂ ਨਾ ਜਰੋਂ।
ਬੋਲੇ ਰਾਮਰਾਇ ਕਹਾਂ ਔਰ ਠੌਰ ਰੈਹੈਂ ਜਾਇ,
ਕੈ ਤੋ ਮੇਰੇ ਸਿੱਖਨ ਕੇ, ਕੈ ਤੋ ਮਾਇ ਕੇ ਘਰੋਂ[1] ॥ ੫ ॥

[1]ਸਿਰ ਨਿਵਾ ਕੇ।

[1]ਰਚ ਮਿਚ ਕੇ ਖ਼ੁਸ਼ਰਹੋ।

[1]ਜਾਂ ਤੂੰ ਮਾਤਾ (ਮਨਸਾ ਦੇਵੀ) ਦੇ ਘਰ ਜਾਵੇਂਗੀ।

ਨੈਨ ਜਲ ਡਾਰ ਨਾਰਿ ਬੋਲੀ ਹਠ ਧਾਰ ਪੁਨ,
ਜਹਾਂ ਤੋਰੇ ਸਿੱਖ ਹੋਹਿਂ ਤਹਾਂ ਮੈਂ ਨ ਜਾਇ ਹੌਂ।
ਕਹਾਂ ਭਈ ਜੌ ਪੈ ਮੇਰੀ ਸਿੱਖੀ ਮੈਂ ਨਾ ਗਈ ਤੂੰ,
ਤੋ ਔਰ ਗੁਰੁ ਸਿੱਖਨ ਕੇ ਜਾਇ ਤਾਨ੍ਹ ਦਜਾਇਹੌਂ[1]।
ਅਬਲਾ[1] ਉਚਾਰੋ ਨ ਸਿਧਾਰੋਂ ਗੁਰੁ ਸਿੱਖਨ ਕੇ,
ਬਾਪ ਕੇ ਨ ਜੈਹੋਂ, ਸਿੱਖੀ ਆਪ ਕਰਿ ਖਾਇਹੌਂ[1]।

[1]ਮੈਨੂੰ ਤਾਹਨੇ ਦਿਵਾਵੇਂਗੀ।

[1]ਇਸਤ੍ਰੀ ਨੇ।

[1]ਆਪਣੀ ਸਿੱਖੀ ਬਣਾ ਕੇ ਖਾਵਾਂਗੀ।

ਰਾਮਰਾਇ ਕੋਪ ਧਾਰਿ ਬਿਨ ਹੀ ਬਿਚਾਰ ਕਹਜੋ,
ਮੈਂ ਹੂੰ ਤੂੰ ਤਜਾਗੀ ਲਾਗੀ ਜਾਹਿ ਜਹਾਂ ਭਾਇਹੋ[1]
॥ ੬ ॥

[1]ਮੈਂ ਤੈਨੂੰ ਛੱਡ ਦਿੱਤਾ ਹੈ, ਤੂੰ ਚਲੀ ਜਾ ਜਿੱਥੇ ਤੈਨੂੰ ਚੰਗਾ ਲੱਗਦਾ ਹੈ।

ਬਾਤ ਸੁਨਿ ਲਾਗ ਕੀ ਯੇ ਜਾਗ ਉਠੀ ਆਗ ਤੀਯੇ[1],

[1]ਤੀਯੇ} ਇਸਤ੍ਰੀਰਾਜ ਕੌਰ ਨੂੰ {ਲਾਗ} ਦੁਸ਼ਮਣੀ ਦੀ ਇਹ ਗੱਲ ਸੁਣ ਕੇ (ਕ੍ਰੋਧ ਦੀ) ਅੱਗ ਜਾਗ ਉੱਠੀ।

ਕਹਜੋ ਨਾ ਸੁਹਾਗ ਭੋਗੈਂ ਤਜਾਗ ਕਰਵਾਇ ਕੈ।
ਐਸੇ ਗਾਇ[1] ਡੋਰਾ ਕਸਵਾਇ ਅਸਵਾਰ ਭਈ,
ਲਈ ਦਾਸੀ ਦਾਸ ਸੰਗ ਖਾਸ ਚੀਜ਼ ਚਾਇ ਕੈ[1]।
ਬਿਨ ਹੀ ਅਵਾਰ[1] ਚਾਲੀ ਤਿਨ ਹੀ ਪਹਾਰਨ ਤੈ,
ਨਰ ਨਾਰਿ ਗਿਨ ਹੀਂ ਵਿਚਾਰ ਬਹੁ ਭਾਇ ਕੈ।
ਸੁਨੈ ਗੁਰੁਸਿੱਖ ਜਹੀਂ ਪੀਐ ਨਾਹਿਂ ਪਾਨੀ ਤਹੀਂ,
ਛੋਰਿ ਗਾਮ ਵਹੀਂ ਕਹੀਂ ਔਰ ਰੈਹੈ ਜਾਇ ਕੈ
॥ ੭ ॥

[1]ਕਹਿ ਕੇ।
[1]ਚੁੱਕ ਲਈਆਂ।
[1]ਡੇਰੀ ਤੋਂ ਬਿਨਾਂ।

ਮਨ ਮੈਂ ਵਿਚਾਰੈ ਗਟੀ ਲੈ ਚਢੈ ਉਤਾਰੈ[1],
ਸੰਗ ਦਾਸੀ ਕੇ ਉਚਾਰੈ ਢਾਰੈ ਜਲ ਨੈਨ ਤੈ ਮਹੋ[1]।
ਚਾਰ ਕੂੰਟ ਗੁਰੁਸਿੱਖੀ ਤਿੱਖੀ ਹੈ ਅਲਿੱਖੀ[1] ਅਤਿ,
ਲਿਖੀ ਮੇਟੇ ਕੌਨ ਅਬਿ ਜਾਇ ਕਿਤ ਹੌਂ ਰਹੋਂ।
ਮਾਇ ਬਾਪ ਭਾਈ ਖਾਲੀ ਸਾਕ ਸਬਿ ਕੂਰ ਖਜਾਲੀ,
ਜਾਲੀ ਸਬਿ ਜਗ ਆਲੀ ਵਾਲੀ ਬਿਨ ਮੈਂ ਲਹੋਂ[1]।

[1]ਗਿਣਤੀਆਂ ਨੂੰ ਮਨ 'ਚ ਲੈ ਕੇ ਉੜ੍ਹਾਉਂਦੀ ਚੜਾਉਂਦੀ ਹੈ।
[1]ਅੱਖਾਂ 'ਚੋਂ {ਮਹੋ} ਬਹੁਤਾ ਪਾਣੀ {ਢਾਰੈ} ਸੁੱਟਦੀ ਹੈ।
[1]ਲਿਖਣ ਤੋਂ ਰਹਿਤ।
[1]{ਆਲੀ} ਹੇ ਸਖੀ! ਸਾਰਾ ਜਗਤ {ਵਾਲੀ} ਪਤੀ ਤੋਂ ਬਿਨਾਂ ਮੈਂ {ਜਾਲੀ} ਸਾੜਨ ਵਾਲਾ ਹੀ {ਲਹੋਂ} ਜਾਣਦੀ ਹਾਂ।

ਪੰਖੀ ਬਿਨ ਪਰ, ਤਰੁਫਰ ਬਿਨ ਜਲ ਸਰ,
ਦੀਆ ਬਿਨ ਘਰ, ਤੀਆ ਪੀਆ ਬਿਨ ਤਜੋਂ ਅਹੋ[1]
॥ ੮ ॥

[1]ਖੰਭਾਂ ਤੋਂ ਬਿਨਾਂ ਪੰਛੀ, ਫਲਾਂ ਤੋਂ ਬਿਨਾਂ ਬ੍ਰਿਛ, ਪਾਣੀ ਬਿਨਾਂ ਤਲਾਅ, ਦੀਵੇ ਤੋਂ ਬਿਨਾਂ ਘਰ (ਨਿਕੰਮਾ ਹੈ) ਤਿਵੇਂ ਪਤੀ ਬਿਨਾਂ ਇਸਤ੍ਰੀ (ਕਿਸੇ ਵੀ ਕੰਮ ਨਹੀਂ) ਹੈ।

ਫਿਰਤ ਫਿਰਤ ਬਹੁ ਔਰ ਠੌਰ ਰਾਜ ਕੌਰ,
ਗੌਰ ਕਰਿ[1] ਦੌਰਿ ਦੇਵੀ ਮਨਸਾ ਪੈ ਜੌ ਗਈ।
ਮੰਦਰ ਕੇ ਅੰਦਰ ਦਰਸ ਗੌਰ ਮੌਰ ਹੂੰ ਕੋ[1],
ਕੌਰਿ ਨਿਜ ਤੌਰ ਗੌਰਿ ਸੋ ਸੁਨਾਤ ਹੈ ਭਈ[1]।

[1]ਖ਼ਿਆਲ ਕਰਕੇ।
[1](ਗੌਰ) ਵੱਡੀ {ਮੌਰ} ਸ਼੍ਰੋਮਣੀ ਦੇਵੀ ਦੇ ਦਰਸ਼ਨ ਕੀਤੇ।
[1]{ਕੌਰਿ} ਰਾਜ ਕੌਰ ਆਪਣਾ {ਸੋ} ਉਹ (ਤੌਰ) ਹਾਲ (ਗੌਰਿ) ਦੇਵੀ ਨੂੰ ਸੁਣਾਉਣ ਲੱਗੀ।

ਬੋਲੀ ਤਬਿ ਦੇਵੀ ਤੂੰ ਹੈਂ ਸ਼ਕਤਿ ਅਮੇਵੀ ਯੁਤ[1],

[1]ਮਿਣਤੀ ਤੋਂ ਰਹਿਤ ਸ਼ਕਤੀ ਦੇ ਸਹਿਤ ਹੈਂ।

ਪੁਰਖ ਅਛੇਵੀ ਕੀ ਅਭੇਵੀ ਨਾਰਿ ਪੈ ਹਈ[1]।

[1]{ਪੈ} ਪੁਨਾ ਤੂੰ ਇਕ {ਅਛੇਵੀ} ਚੰਗੇ ਪੁਰਖ ਦੀ {ਅਭੇਵੀ} ਪ੍ਰਗਟ ਹੀ ਇਸਤ੍ਰੀ ਹੈਂ।

ਹਾਥ ਸਬਿ ਕਿਛੁ ਤੋ ਹੈ ਰਾਖਤ ਬਡਾਈ ਮੋ ਹੈ,
ਤੌ ਭੀ ਮੈਂਹੂੰ ਕੈਹੂੰ ਹੋਹੈ ਸੋ ਹੈ ਜੋ ਹੈ ਤੈਂ ਠਈ[1]
॥ ੯ ॥

[1]ਉਹ ਹੋਵੇਗੀ ਜੋ ਤੂੰ ਮਨ 'ਚ ਧਾਰੀ ਹੈ।

ਪਾਇ ਬਰ ਆਇ ਮਨੁ ਮਾਜਰੇ[1] ਥਿਰਾਇ,
ਦਾਸਿ ਬੂਝੋ ਈਹਾਂ ਸਿੱਖ ਗੁਰੁ ਨਾਨਕ ਕੋ ਕੋਇ ਹੈ।

[1]ਪਿੰਡ ਦਾ ਨਾਮ।

ਰਾਮਰਾਇ ਪੀਰ ਕੀ ਹੈ ਪਤਨੀ ਸਧੀਰ ਏਹੋ,
ਚਾਹਿਤ ਥਿਰਾਯੋ ਈਹਾਂ ਆਛੋ ਥਲ ਜੋਇ ਹੈ[1]।

[1]ਏਥੇ ਚੰਗਾ ਥਾਂ ਵੇਖ ਕੇ।

ਕੌਨ ਗੁਰੁ ਨਾਨਕ ਹੈ ਰਾਮਰਾਇ ਆਨਕ ਹੈ[1],
ਬੋਲੇ ਲੋਗ ਈਹਾਂ ਨਾ ਥਿਰਾਨ ਕਹਿ ਸੋਇ ਹੈ[1]।

[1]{ਆਨਕ} ਦੂਜਾ ਰਾਮਰਾਇ ਕੌਣ ਹੈ।
[1]ਉਸ ਨੂੰ ਕਹਿ ਦਿਉ ਏਥੇ ਨਾ ਠਹਿਰੇ।

ਸੁਨਿ ਮਾਤ ਮੋਦ ਹੋਈ ਸਿੱਖ ਹੈ ਨ ਕੋਈ ਈਹਾਂ,
ਰੈਹੋਂ ਹ੍ਵੈ ਹੈ ਸੋਈ ਸਾਚ ਜੋਈ ਆਈ ਗੋਇ ਹੈ[1]
॥ ੧੦ ॥

[1]ਜੋ ਮੈਂ (ਆਉਂਦਿਆਂ) ਕਹਿ ਕੇ ਆਈ ਹਾਂ (ਜਿੱਥੇ ਕੋਈ ਗੁਰਸਿੱਖ ਹੋਵੇਗਾ ਉੱਥੇ ਮੈਂ ਨਹੀਂ ਰਹਾਂਗੀ) ਉਹੀ ਸੱਚ ਹੋਵੇਗਾ।

ਅਬਿ ਈਹਾਂ ਬੈਸਿ, ਬੈਸ[1] ਬਾਕੀ ਹੈ ਸੁ ਕਾਟੋਂ ਮੈਹੂੰ,
ਜੈਹੂੰ ਕੈਹੂੰ ਨਾਹਿਂ ਔਰ ਠੌਰ ਐਸ ਠਾਂਨ ਕੈ।
ਲੀਓ ਏਕ ਧਾਮ ਕੀਓ ਤਾਂਹਿ ਮੈਂ ਅਰਾਮ ਮਾਤ,
ਰਸਦ ਮੰਗਾਇ ਮੋਲ ਖਾਇ ਨਿਤ ਜਾਨ ਕੈ।

[1]ਉਮਰ।

ਜਾਂਹਿ ਹੇਤ ਜੈਸੀ ਬਾਤ ਭਾਖੇ ਤੈਸੀ ਹੋਤ ਸਾਤ[1],
ਬਖਜਾਤ ਹੋਈ ਕਰਾਮਾਤ ਮਾਤ ਆਨ ਕੈ।
ਅਜ਼ਮਤ ਪੁੰਜ ਪਿਖਿ ਭਏ ਤਾਂ ਕੇ ਲੋਗ ਸਿੱਖ,
ਸੇਵਨ ਲਗੇ ਅਲਿੱਖ[1] ਭਾਵਿੱਖ ਪਛਾਨ ਕੈ[2]
॥ ੧੧ ॥

[1]ਸੱਚੀ।

[1]ਬਹੁਤੇ। [2]ਮਾਤਾ ਜੀ ਨੂੰ (ਬੀਤ ਚੁੱਕੇ ਤੇ) ਆਉਣ ਵਾਲੇ ਸਮੇਂ (ਦੀ ਗੱਲ ਨੂੰ ਦੱਸਣ ਵਾਲੇ) ਪਛਾਣ ਕੇ।

ਗ੍ਰੀਖਮ[1] ਬਿਤਾਈ ਰਿਤੁ ਪਾਵਸ[2] ਕੀ ਆਈ,
ਘਟਾ ਦਸੋ ਦਿਸ ਛਾਈ ਬਰਸਾਈ ਲਾਈ ਝਰਿ ਹੈ[1]।

[1]ਗਰਮੀ ਦੀਰੁੱਤ। [2]ਵਰਖਾ ਦੀਰੁੱਤ।
[1]ਝੜੀ ਲਾ ਕੇ ਬਰਖਾ ਕੀਤੀ।

ਚਪਲਾ ਨੇ ਚਹੁੰਘਾ ਚਲਾਈ ਚਾਲ ਚੌਨਾ ਚੌਨ,
ਸੀਰੀ ਸੀਰੀ ਪੌਨ ਕੇ ਝਕੋਰੇ ਭੌਨ ਭਰ ਹੈਂ[1]।

[1]ਬਿਜਲੀ ਨੇ ਚਹੁੰ ਪਾਸੀਂ ਚੌਗੁਣੀ ਤੋਂ ਚੌਗੁਣੀ ਭਾਵ ਬਹੁਤੀ ਤੇਜ ਚਾਲ ਨਾਲ (ਰੌਸ਼ਨੀ) ਚਲਾਈ, {ਸੀਰੀ ਸੀਰੀ} ਠੰਡੀ ਠੰਡੀ ਹਵਾ ਦੇ {ਝਕੋਰੇ} ਬੁੱਲੇ ਘਰ ਭਰ ਰਹੇ ਹਨ।

ਸੁਨਿ ਘਨਘੋਰ[1] ਮੋਰ ਸ਼ੋਰ ਜੋ ਮਚਾਵੈਂ ਜ਼ੋਰ,
ਔਰ ਸਬਿ ਮੋਦ, ਪਤਿ ਹੀਨ ਅਤਿ ਡਰ ਹੈਂ।
ਗਰਜਾਨ ਬਦਰਾਨ ਚਮਕਾਨ ਚਪਲਾਨ,
ਬਰਸਾਨ ਬੂੰਦ ਆਨ ਬਾਨ ਜਾਨੁ ਹਰ ਹੈਂ[1]
॥ ੧੨ ॥

[1]ਬੱਦਲਾਂ ਦੀ ਗਰਜ।

[1]ਬੱਦਲ ਗਜਦੇ ਹਨ, ਬਿਜਲੀਆਂ ਚਮਕਦੀਆਂ ਹਨ, ਬੂੰਦਾਂ ਆ ਕੇ ਵਰ੍ਹਦੀਆਂ ਹਨ, ਜਾਣੋ ਤੀਰ ਵਜਦੇ ਹਨ।

ਤੀਜ ਕੋ ਤਿਹਾਰ ਤਰਵਾਰ ਸੀ ਨਿਹਾਰੈਂ ਨਾਰਿ,
ਗਾਇਨ ਮਲ੍ਹਾਰ ਕੋ ਕਟਾਰ ਸੋਂ ਫਿਰਤ ਹੈ[1]।

[1](ਸਾਵਣ ਸੁਦੀ ੩ ਦਾ ਤਯੋਹਾਰ) ਤੀਆਂ ਨੂੰ (ਪਤੀਹੀਨ) ਇਸਤ੍ਰੀ ਤਲਵਾਰ ਵਾਂਗ ਦੇਖਦੀ ਹੈ, ਮਲ੍ਹਾਰਰਾਗ ਦਾ ਗਾਉਣਾ ਕਟਾਰ ਵਾਂਗ ਦਿਲ 'ਚ ਫਿਰ ਜਾਂਦਾ ਹੈ।

ਜੁਗਨੂ ਚਿੰਗਾਰੇ ਉਰ ਜਾਰੇ ਜਾਤ ਦੁਗਨੂ ਏ,
ਹੂਕ ਕੋਕਲਾ ਕੀ ਫੂਕ ਦੇਤ ਮਨ ਅਤਿ ਹੈ[1]।

[1]ਇਹ ਟਟਿਹਣੇ ਚੰਗਿਆੜਿਆਂ ਨਾਲੋਂ ਦੁਗਣਾ ਹਿਰਦਾ ਸਾੜਦੇ ਜਾਂਦੇ ਹਨ, ਕੋਇਲ ਦੀ {ਹੂਕ} ਅਵਾਜ਼ ਮਨ ਨੂੰ ਬਹੁਤਾ ਸਾੜ ਦੇਂਦੀ ਹੈ।

ਦਾਦਰ ਦਰਾਰੈਂ ਦੈ ਦੈ ਫਾਰੈਂ ਦਿਲ ਦੁਨਾ ਦੂਨ,
ਗੂਨਾ ਗੂਨ ਬਾਦਰ ਡਰਾਰੇ ਸੇ ਲਗਤ ਹੈਂ[1]।

[1]ਡੱਡੂ ਅਵਾਜ਼ਾਂ ਦੇ ਕੇ ਦੂਣੇ ਦਾ ਦੂਣਾ ਭਾਵ ਚੌਗੁਣਾ ਦਿਲ ਪਾੜਦੇ ਹਨ, ਰੰਗ-ਬਰੰਗੇ ਬੱਦਲ ਡਰਾਉਣੇ ਜੇਹੇ ਲੱਗਦੇ ਹਨ।

ਪੀਆ ਬਿਨ ਤੀਆ ਜੀਆ ਕੋ ਨ ਚੈਨ ਲੈਨ ਦੇਤ,
ਰੈਨਿ ਦਿਨੁ ਮੈਨ ਪਾਪੀ ਐਨ ਝਰਸਤ ਹੈ[1]
॥ ੧੩ ॥

[1]ਪਤੀ ਤੋਂ ਬਿਨਾਂ ਇਸਤ੍ਰੀ ਦੇ ਜੀਅ ਨੂੰ ਸ਼ਾਂਤੀ ਨਹੀਂ ਲੈਣ ਦੇਂਦੇ, ਰਾਤ ਦਿਨ ਪਾਪੀ ਕਾਮ ਚੰਗੀ ਤਰ੍ਹਾਂ {ਝਰਸਤ} ਚਮਕਦਾ ਹੈ।

ਗਰਜ ਗਰਜ ਮੇਘ ਝੂੰਮੈ ਲਰਜ ਲਰਜ ਪਰੈਂ ਭੂਮੈਂ,
ਤਰਜ ਤਰਜ ਬੀਜਰੀ ਕਯੋਂ ਖੀਝਕੰ ਡਰਾਤ ਹੈ[1]।

[1]ਕੰਬ ਕੰਬ ਕੇ ਧਰਤੀ ਤੇ ਪੈਂਦੇ ਹਨ, ਤਾੜ ਤਾੜ ਕੇ ਬਿਜਲੀ ਕਿਉਂ ਖਿਝ ਕੇ ਡਰਾਉਂਦੀ ਹੈ।

ਮੰਦ ਸਾ ਸੁਗੰਧਿ ਸੀਰੀ ਰੀਰੀ ਨਾ ਬਜਾਰ ਬਹੇ,
ਪਾਪੀ ਏ ਪਪੀਹੇ ਪੀਆ ਯਾਦ ਕਯੋਂ ਕਰਾਤ ਹੈਂ[1]।

[1]{ਰੀਰੀ} ਹੇ ਸਖੀ! ਹੌਲੀ ਹੌਲੀ ਚੱਲਣ ਵਾਲੀ, ਸੁਗੰਧੀ ਵਾਲੀ ਤੇ ਠੰਡੀ ਠੰਡੀ ਹਵਾ ਨ ਵਗੇ, ਇਹ ਪਾਪੀ ਪਪੀਹੇ ਪਤੀ ਨੂੰ ਕਿਉਂ ਯਾਦ ਕਰਾਉਂਦੇ ਹਨ।

ਝਾਕੀ ਔ ਚਲਾਕੀ ਚੰਚਲਾ ਕੀ ਬਾਕੀ ਛਾਡਤ ਨ,
ਕੂਕ ਕੋਕਿਲਾ ਕੀ ਯੇ ਹਲਾਕੀ ਕੀਏ ਜਾਤ ਹੈ[1]।

[1]{ਚੰਚਲਾ} ਬਿਜਲੀ ਦੀ (ਝਾਕੀ) ਤੱਕਣੀ ਤੇ ਚਲਾਕੀ ਬਾਕੀ ਕੁਝ ਨਹੀਂ ਛੱਡਦੀ, ਕੋਇਲ ਦੀ ਅਵਾਜ਼ (ਹਲਾਕ) ਕਤਲ ਕਰਦੀ ਜਾਂਦੀ ਹੈ।

ਸ਼ੋਰ ਮੁਰਵਾ ਕੋ ਸੁਰਵਾਂ ਕੋ ਜ਼ੋਰ ਪੁਰਵਾ ਕੋ,
ਘੋਰ ਧੁਰਵਾ ਕੋ ਉਰਵਾ ਕੋ ਯੇ ਜਰਾਤ ਹੈਂ[1]
॥ ੧੪ ॥

[1]ਮੋਰਾਂ ਦਾ ਸ਼ੋਰ, {ਪੁਰਵਾ} ਪੁਰੇ ਦੀ ਹਵਾ ਦਾ ਜ਼ੋਰ ਨਾਲ {ਸੁਰਵਾਂ} ਚੰਗੀ ਤਰ੍ਹਾਂ ਚਲਣਾ, {ਧੁਰਵਾ} ਬੱਦਲਾਂ ਦਾ {ਘੋਰ}

ਗਰਜਣਾ, ਇਹ (ਸਾਰੇ) ਹਿਰਦੇ ਨੂੰ ਸਾੜਦੇ ਹਨ।

ਪਾਪਨੀ ਪਾਵਸ ਯਦੀ ਮਾਰਬੇ ਕੀ ਹੋਡ ਬੱਧੀ,
ਤਦੀ ਰਾਜ ਕੌਰ ਜੂ ਬੇਹੱਦੀ ਬੱਧੀ ਧੀਰ ਸੋ[1]।

[1]ਪਾਪਣ {ਪਾਵਸ} ਵਰਖਾਰੁੱਤ ਨੇ ਜਦੋਂ ਮਾਰਨ ਦੀ ਜ਼ਿੱਦ ਬੰਨ੍ਹੀ ਹੋਈ ਹੈ ਤਦੋਂ {ਸੋ} ਉਸਰਾਜ ਕੌਰ ਨੇ ਵੀ ਬੇਹੱਦ ਧੀਰਜ ਬੰਨ੍ਹੀ ਹੋਈ ਹੈ।

ਜਗਤ ਅਸਾਰ[1] ਏਹ ਦੁੱਖਨ ਅਗਾਰ[2] ਦੇਹ,
ਪਤਿ ਪਦ ਧਾਰ ਨੇਹ ਐਸੀ ਤਦਬੀਰ ਸੋਂ[1]।
ਸੁਖ ਸਿੰਧੁ ਆਤਮਾ ਮੈਂ ਮਨ ਮੀਨ ਲੀਨ ਕੀਨ,
ਚੀਨ ਬ੍ਰਹਮ ਲੋਕ ਹੂੰ ਲੌ ਵਿਸ਼ੇ ਦੁਖ ਤੀਰ ਸੋਂ[1]।

[1]ਝੂਠਾ। [2]ਘਰ।
[1]ਪਤੀ ਦੇ ਚਰਨਾਂ ਨਾਲ ਪਿਆਰ ਧਾਰ ਕੇ ਐਸੇ ਢੰਗ ਨਾਲ।
[1]ਸੁੱਖਾਂ ਦੇ ਸਮੁੰਦਰ ਆਤਮਾ ਵਿੱਚ ਮਨ ਮੱਛ ਨੂੰ ਲੀਨ ਕਰ ਲਿਆ (ਇਸ ਲੋਕ ਤੋਂ) ਬ੍ਰਹਮ ਲੋਕ ਤੱਕ ਦੇ ਵਿਸ਼ੇ (ਸੁਖਾਂ) ਨੂੰ ਤੀਰ (ਵਾਂਗ ਦੁਖਦਾਈ) ਜਾਣਿਆ।

ਰਾਗ ਰੋਖ ਤਜਾਗ, ਲੈ ਬਿਵੇਕ ਤੇ ਵਿਰਾਗ,
ਬ੍ਰਹਮ ਗਜਾਨ ਕੋ ਸੁਹਾਗ ਭਾਗ ਧਾਰਿਓ ਗੰਭੀਰ ਸੋਂ[1] ॥ ੧੫ ॥

[1]ਮੋਹ ਤੇ ਕ੍ਰੋਧ ਦਾ ਤਿਆਗ ਕਰਕੇ, ਵਿਚਾਰ ਤੇ ਵੈਰਾਗ ਲੈ ਕੇ, ਬੜੀ ਗੰਭੀਰਤਾ ਨਾਲ ਬ੍ਰਹਮ ਗਿਆਨ ਰੂਪ ਸੁਹਾਗ ਭਾਗ ਨੂੰ ਧਾਰਿਆ।

ਬਰਖਾ ਪਰੀ ਅਪਾਰ ਅਰਧ ਨਿਸਾ ਮਝਾਰ,
ਕੋਠੇ ਕੋ ਸ਼ਤੀਰ ਟੂਟਯੋ ਮਾਤ ਪਠਯੋ ਦਾਸ ਕੋ।
ਚੌਧਰੀ ਬਡੇ ਪੈ ਜਾਇ ਕਹਯੋ ਤਾਂਹਿ ਐਸ ਭਾਇ[1],
ਥੰਮੀ ਦਾਇ ਬਰ ਪਾਇ ਮਾਤ ਹੂੰ ਤੈ ਖਾਸ ਕੋ।
ਦੀਓ ਹੈ ਜਵਾਬ ਤਾਂਹਿ ਮਾਤ ਪੈ ਨ ਹਮ ਜਾਹਿਂ,
ਰਾਖ ਹੈਂ ਨ ਚਾਹਿ ਤਾਂਹਿ ਬਰ ਫਰ ਆਸ ਕੋ[1]।
ਦਾਸ ਲੈ ਜਵਾਬ ਲਘੁ[1] ਪੈਂਚ ਪੈ ਸ਼ਿਤਾਬ[2] ਗਯੋ,
ਅਦਬ ਅਦਾਬ ਕਯੋ ਤਾਂਹਿ ਬਡ ਤਾਸ ਕੋ ॥ ੧੬ ॥
ਘਰ ਤੈ ਗਰੀਬ ਥਾ ਗਰੀਬ ਦਾਸ ਨਾਮ ਤਾਂਹਿ,
ਜਾਗ ਪੇ ਨਸੀਬ ਜੇ ਅਜੀਬ ਥੇ ਅਤੀਵ ਹੈ[1]।
ਮਾਤ ਪਾਸ ਆਇ ਤਾਂਹਿ ਥੰਮ ਕੇ ਅਭਾਇ,
ਨਿਜ ਮੂੰਡ ਪੈ ਥਮਾਇ ਸੋ ਸ਼ਤੀਰ ਦਿਢ ਲੀਵ ਹੈ[1]।

[1]ਇਸ ਤਰ੍ਹਾਂ।
[1]ਵਰ ਤੇ ਫਲ ਦੀ ਆਸ ਨਹੀਂ ਰੱਖਦੇ।
[1]ਛੋਟੇ। [2]ਛੇਤੀ।
[1]{ਅਤੀਵ} ਬਹੁਤੇ ਅਸਚਰਜ ਹਨ।
[1]ਥੰਮ੍ਹ ਦੀ {ਅਭਾਇ} ਤਰ੍ਹਾਂ ਆਪਣੇ ਸਿਰ 'ਤੇ ਉਸ ਸ਼ਤੀਰ ਨੂੰ ਪੱਕੀ ਤਰ੍ਹਾਂ ਥੰਮ੍ਹ ਲਿਆ।

ਨਿਸਾ ਯੌਂ ਬਿਤਾਈ ਜਬਿ ਉਦਯੋ ਦਿਨਰਾਈ[1],
ਛੱਤ ਵੈਸ ਹੀ ਬਨਾਈ ਲਜਾ ਸ਼ਤੀਰ ਔਰ ਦੀਵ ਹੈ[1]।
ਹੋਇ ਮੋਦ ਕਹਯੋ ਮਾਤ ਮਾਂਗ ਬਰ ਜੋ ਸੁਹਾਤ[1],

[1]ਸੂਰਜ ਚੜ੍ਹਿਆ।
[1]ਦੇ ਦਿੱਤਾ।
[1]ਚੰਗਾ ਲੱਗਦਾ ਹੈ।

ਮਾਂਗਜੋ ਤਿਨਿ ਦੇਹੁ ਰਾਜ ਗਾਮ ਮੋ ਕਰੀਵ ਹੈ[1]
॥੧੭॥

[1]ਮੈਨੂੰ {ਕਰੀਵ} ਨੇੜੇ ਭਾਵ ਇਰਦ ਗਿਰਦ ਦੇ (ਗਾਮ) ਪਿੰਡਾਂ ਦਾ ਰਾਜ ਦਿਉ।

ਸ਼ਰਧਾ ਅਲੌਕਕ ਬਿਲੋਕ[1] ਮਾਤ ਕਹਜੋ ਤਾਂਹਿ,
ਜਾਹਿ ਹੋਗ ਤੈਸੀ ਜੈਸੀ ਜੋਗ ਮਨ ਤੈਂ ਠਈ[1]।
ਐਪਰ ਜੋ ਬੇਰੀ ਮੇਰੀ ਹਾਥ ਕੀ ਅਛੇਰੀ[1] ਏਹੁ,
ਜਾਂ ਦਿਨ ਉਲਾਦ ਤੇਰੀ ਕਾਟੈ ਤਬਿ ਹੈ ਜਈ[1]।
ਪਾਇ ਬਰ ਮੋਦ ਭਰਿ[1] ਗਯੋ ਘਰ ਸਿੱਖ ਭਰ[2],
ਭਯੋ ਤਰ ਸੇਵ ਕਰਿ ਸੰਪਤਿ ਬਢੈ ਲਈ[1]।

[1]ਅਸਚਰਜ ਸ਼ਰਧਾ ਦੇਖ ਕੇ।
[1]ਤੈਸੀ ਹੋ ਜਾਵੇਗੀ ਜੈਸੀ ਤੈਂ ਯੋਗ (ਮੰਗ) ਮਨ 'ਚ ਧਾਰੀ ਹੈ।
[1]ਚੰਗੀ।
[1]ਤਦੋਂ ਰਾਜ {ਜਈ} ਚਲਿਆ ਜਾਵੇਗਾ।
[1]ਅਨੰਦ ਨਾਲ ਭਰ ਕੇ। [2]ਭਲੀ ਤਰ੍ਹਾਂ।
[1]ਸੇਵਾ ਕਰ ਕੇ {ਤਰ} ਵੱਡਾ (ਮਾਲਦਾਰ) ਹੋ ਗਿਆ ਅਤੇ ਸਮੱਗ੍ਰੀ ਵਧਾ ਲਈ।

ਮਰਜੋ ਬਡ ਚੌਧਰੀ ਹੰਕਾਰੀ, ਧਾਰੀ ਨਾਮ ਜਬਿ[1],
ਗਾਮ ਤੌ ਚੁਰਾਸੀ ਕੀ ਪੰਚਾਈ[1] ਯਾਂਹਿ ਹੈ ਭਈ
॥੧੮॥

[1]ਜਦੋਂ 'ਧਾਰੀ' ਨਾਮ ਦਾ ਹੰਕਾਰੀ ਚੌਧਰ ਮਰ ਗਿਆ।
[1]ਚੌਧਰ।

ਫੇਰ ਜਬਿ ਪਰਜੋ ਰੌਰ ਬਾਦਸ਼ਾਹੀ ਮਾਂਹਿ ਗੌਰ[1],
ਭਯੋ ਖੁਦ ਭੂਪ ਤੌਰ[1] ਗਾਮ ਸਬ ਕੋ ਤਬੈ।
ਤਾਂ ਕੋ ਸੁਤ ਭੂਪਤਿ ਗੁਲਾਬ ਸਿੰਘ ਭਾ ਬਿਸਾਲ,
ਤਾਂਹਿ ਪਾਂਚ ਪੀੜ੍ਹੀ ਚਾਲ ਰਾਜ ਕੀਨ ਹੈ ਜਬੈ।
ਅੰਤਮ ਨ੍ਰਿਪ ਭਗਵਾਨ ਸਿੰਘ ਕੋ ਕੁਸੰਗ ਭਯੋ,
ਤਾਂਹਿ ਮਰਯਾਦ[1] ਭੰਗ ਕੀਨ ਜੋ ਸਬੈ।
ਬੇਰਿ ਮਾਈ ਕੀ ਕਟਾਈ ਮਰਜੋ ਦਿਨ ਪਾਈ,
ਨਾਹਿਂ ਸੰਤਤਿ[1] ਰਹਾਈ ਰਾਜ ਅੰਗ੍ਰੇਜ ਲਿਯ ਅਬੈ
॥੧੯॥

[1]ਬਹੁਤਾ।
[1]ਆਪਰਾਜੇ ਦੀ ਤਰ੍ਹਾਂ।
[1]ਰੀਤੀ।
[1]ਉਲਾਦ।

ਸੰਤਨ ਸੋਂ ਬਾਦ ਕਰਿ[1] ਮਰਯਾਦ ਪਰਹਰ[2],
ਕੌਨ ਕੋ ਨਾ ਗਯੋ ਘਰ ਸਹਿਤ ਸੰਤਾਨ ਹੈ।
ਰਾਵਨ ਕੌਰਵ ਕੰਸ ਜਾਦਵਨਿ ਰਾਜ ਬੰਸ,
ਖੋਏ ਗਏ ਅਵਤੰਸ[1], ਗਨੈ ਕੌਨ ਆਨ ਹੈ[2]।
ਤਾਂ ਤੇ ਜੋਊ ਹਲਤ ਪਲਤ ਸਲਤਨਤ ਭਿ
ਰਾਖਜੋ ਚਾਹਿ, ਸੁਖ ਸਬਿ ਸੰਤਤਿ ਮਹਾਨ ਹੈ।
ਬੇਦ ਚਾਰ ਕੈਹੈਂ ਭੇਦ ਸੰਤ ਕੋ ਨ ਲੈਹੈ ਕੋਇ,
ਸੁਰਤਰੁ ਸਮ[1] ਤਾਂਹਿ ਸੇਵੈ ਪ੍ਰਭੁ ਜਾਨ ਹੈ ॥੨੦॥
ਰਾਜ ਕੌਰ ਮਾਤ ਤਹੀਂ ਰਹੀ ਬਖਸਾਤ ਬਹੁ,

[1]ਝਗੜਾ ਕਰਕੇ। [2]ਭੰਗ ਕਰਕੇ।
[1]ਤੇ ਮੁਕਟ ਵੀ ਗਵਾਚ ਗਏ। [2]ਹੋਰਨਾਂ ਨੂੰ ਕੌਣ ਗਿਣੇ।
[1]ਕਲਪ ਬ੍ਰਿਛ ਵਾਂਗ।

ਆਪਨੇ ਬਨਾਇ ਸਿੱਖ ਕੀਨ ਗੁਜਰਾਨ ਹੈ।
ਪਰਣ ਨਿਬਾਹਜੋ ਨਿਜ ਮਰਣ ਪ੍ਰਯੰਤ ਦਿਢ,
ਮਾਨਤ ਬਰਣ ਚਾਰ ਤਾਂਹਿ ਅਬਿ ਥਾਨ ਹੈ।
ਰਹੀ ਜੁ ਕਹਾਨੀ ਆਛੇ[1] ਰਾਮਰਾਇ ਜੂ ਕੀ ਪਾਛੇ, [1]ਚੰਗੀ।
ਸੁਨੋ ਅਬਿ ਸੋਊ ਸਾਛੇ ਜੋਗ ਕਲਾ ਠਾਨ ਹੈ[1]। [1](ਰਾਮਰਾਇ) {ਸਾਛੇ} ਪ੍ਰਤੱਖ ਹੀ ਜੋਗਾਭਿਆਸ ਕਰਦਾ ਹੈ।
ਕਬੀ ਕਬੀ ਰਾਮਰਾਇ ਥੂਲ ਤਨ ਕੋ ਤਜਾਇ,
ਸਾਧਿ ਕੈ ਸਮਾਧਿ[1] ਜਾਇ ਸੈਰ ਕਰੈ ਆਨ ਹੈ [1]ਸਮਾਧੀ ਲਾ ਕੇ।
॥੨੧॥
ਏਕ ਦਿਨ ਗਯੋ ਦੀਪ ਸੰਗਲਾ ਮੇਂ ਸੈਲ ਹਿਤ,
ਸਿੱਖ ਕੋ ਕਰਨ ਕਾਜ ਥਾ ਜੁ ਨਿਤ ਧਜਾਵਤੋ।
ਦੇਹ ਇਕ ਕੋਠਰੀ ਮੈਂ ਡਾਰ ਨਾਰਿ ਕੋ ਸੰਭਾਰ,
ਕਹਜੋ ਤੌ ਲੌ ਰਾਖਜੋ ਜੌ ਲੌ ਨਾਹੀਂ ਮੈਹੂੰ ਆਵਤੋ।
ਤਾਲਾ ਦੈ[1] ਪੰਜਾਬ ਕੌਰ ਬੈਠੀ ਦ੍ਵਾਰ ਤਾਂਹਿ ਠੌਰ, [1]ਜਿੰਦਾ ਲਾ ਕੇ।
ਬੂਝੈਂ ਸਿੱਖ ਵਾਂਹਿ ਦੌਰਿ[1] ਗੁਰੂ ਨਾ ਦਿਸਾਵਤੋ। [1]ਓਥੇ ਦੌੜ ਕੇ (ਜਾ ਕੇ)।
ਬਿਨਾ ਗੁਰੁ ਕੇ ਨਿਹਾਰੇ ਬਜਾਕੁਲ ਹਮਾਰੇ ਮਨ,
ਦਯੋ ਮਾਤ ਧੀਰ ਤਿਨੈ ਸਾਚ ਭਈ ਗਾਵਤੋ[1] [1]ਸੱਚ ਕਹਿਣ ਲੱਗੀ।
॥੨੨॥
ਮਾਨ ਸੋਊ ਗਏ ਪਰ ਸੰਸੇ ਚਿੱਤ ਭਏ ਤਰ[1], [1]ਬਹੁਤੇ।
ਆਠ ਜਾਮ ਗਏ ਢਰ[1] ਮਿਲ ਕੈ ਮਸੰਦ ਹੈਂ। [1]ਲੰਘ ਗਏ।
ਮਾਤ ਪਾਸ ਆਇ ਕਹਜੋ ਗੁਰੂ ਕੋ ਦਿਖਾਇ,
ਨਾ ਤੋ ਪਾੜ ਕੈ ਕਿਵਾੜ ਪੇਖ ਲੈਂਹ ਤੋੜਿ ਜੰਦ ਹੈਂ।
ਕਹਜੋ ਮਾਤ ਤਾਂਹਿ ਕਰੋ ਹੁਕਮ ਅਦੂਲ ਨਾਂਹਿ[1], [1]ਹੁਕਮ ਨ ਮੋੜੋ।
ਸਿੱਖ ਨੇ ਧਜਾਏ ਤੌ ਸਿਧਾਏ ਸੋ ਸੁਛੰਦ[1] ਹੈਂ। [1]ਸੁਤੰਤਰ।
ਆਇ ਹੈਂ ਅਮੰਦੇ[1] ਕਾਜ ਕਰ ਕੈ ਬੁਲੰਦੈ[2], [1]ਛੇਤੀ। [2]ਉੱਚੇ, ਵੱਡੇ।
ਪਾਪ ਤੁਮਰੇ ਨਿਕੰਦੈਂ[1] ਦੈ ਅਨੰਦੈਂ ਚਾਰ ਚੰਦੇ[2] ਹੈਂ [1]ਕੱਟਣਗੇ। [2]ਚੌਗਣੇ।
॥੨੩॥
ਚੌਪਈ:
ਭਾਂਤ ਅਨੇਕ ਮਾਤ ਸਮਝਾਏ।
ਜਸੋਂ ਤਸੋਂ ਕਰਿ ਦੁਇ ਬਾਰ ਟਰਾਏ[1]। [1]ਟਾਲੇ, ਹਟਾਏ।
ਨਿਜ ਨਿਜ ਠੌਰ ਗੌਰ[1] ਮਿਲਿ ਬੈਸੇ। [1]ਬਹੁਤੇ (ਮਸੰਦ)।

ਕਰੈਂ ਸਚਿੰਤ ਮਤੋ ਬਹੁ ਐਸੇ ॥੨੪॥
ਗੁਰੁ ਤੋ ਨਿਜ ਤਨ ਦਿਢ ਤਜ ਗਏ।
ਬਿਗਰੈ ਤਨ ਦੁਇ ਦਿਵਸ ਬਿਤਏ।
ਚਰਿਤ[1] ਕਰਤ ਗੁਰੁ ਅਜਰਜ ਮਹਾਂ। [1]ਕੌਤਕ।
ਤੀਆ ਤੁੱਛ ਮਤਿ ਸਮਝੈ ਕਹਾਂ ॥੨੫॥
ਧੀਰ ਧਰਾਵਨ ਹਿਤ ਤਿਯ ਕੋ ਹੈ।
ਕਹਜੋ ਜਾਤ ਹਮ ਕਾਰਜ ਕੋ ਹੈ।
ਏਹ ਉਚਾਰਨ ਕਿਯ ਇਸ ਕਾਰਨ।
ਜਯੋਂ ਨਹਿ ਰੁਦਨ ਕਰੈ ਤਨ ਤਾਰਨ[1] ॥੨੬॥ [1]ਸਰੀਰ ਨੂੰ ਪਿੱਟ ਕੇਰੋਵੇ ਨਾ।
ਯਾ ਬਿਧਿ ਅਨਿਕ ਕਲਪਨਾ ਕਰਹੀਂ।
ਗੁਰੁ ਆਗਯਾ ਭੰਗ ਤੈ ਨਹਿਂ ਡਰਹੀਂ।
ਤੋੜਨ ਤਾਕ[1] ਹੱਲੇ ਕਰਿ ਜੈਹੈਂ। [1]ਤਖ਼ਤੇ।
ਅਨਿਕ ਜਤਨ ਕਹਿ ਮਾਤ ਟਰੈ ਹੈ ॥੨੭॥
ਸੋ ਦਿਨ ਟਰਜੋ ਨਿਸਾ ਪੁਨ ਪਰੀ।
ਦਿਢ ਸਲਾਹਿ ਫਿਰਿ ਮਿਲਿ ਉਨਿ ਕਰੀ।
ਦਿਵਸ ਚਢੇ ਤਬਿ ਤੋਰਿ ਕਿਵਾਰੈਂ।
ਲੱਛਨ ਮ੍ਰਿਤੁ ਅਮ੍ਰਿਤੁ ਨਿਹਾਰੈਂ[1] ॥੨੮॥ [1]ਮਰੇ ਨ ਮਰੇ ਦੀਆਂ ਨਿਸ਼ਾਨੀਆਂ ਦੇਖ ਲਵਾਂਗੇ।
ਜੀਵਤ ਹੈਂ ਤਬਿ ਰਖੈਂ ਟਿਕਾਈ।
ਮ੍ਰਿਤੁ ਲਖੈਂ ਦਿਹਂ ਦਾਹ ਉਠਾਈ[1]। [1]ਚੁੱਕ ਕੇ ਸਸਕਾਰ ਕਰ ਦਿਆਂਗੇ।
ਅਬਲਾ[1] ਕੀ ਨਹਿਂ ਬਾਤ ਸੁਨੀਜੈ। [1]ਇਸਤ੍ਰੀ।
ਨਿਜ ਗੁਰੁ ਕੋ ਕਾਰਜ ਸਬਿ ਕੀਜੈ ॥੨੯॥
ਚਢਜੋ ਦਿਵਸ ਫਿਰ ਅਏ ਮਸੰਦਾ।
ਬਰਜੇ ਮਾਤ ਬਾਤ ਕਹਿ ਚੰਦਾ[1]। [1]ਕੁਝ ਕੁ ਗੱਲਾਂ ਕਹਿ ਕੇ।
ਧਨੀ ਬੁਲੰਦ ਬ੍ਰਿੰਦ ਮਾਸੰਦੈਂ।
ਏਕ ਨ ਮਾਨੀ ਗਰਬਤ ਮੰਦੈਂ ॥੩੦॥
ਤਾਲਾ ਤੋਰਿ ਕਿਵਾਰ ਉਘਾਰੇ[1]। [1]ਖੋਲ੍ਹ ਦਿੱਤੇ।
ਪਰੇ ਸੇਜ ਪੈ ਗੁਰੂ ਨਿਹਾਰੇ।
ਤਨ ਦੁਤਿ ਛਬਿ[1] ਸਬਿ ਜੀਵਤ ਦੇਖੈਂ। [1]ਸਰੀਰ ਦੀ ਚਮਕ ਤੇ ਸੋਭਾ।
ਪੈ ਉਨਿ ਮਨਿ ਇਮ ਠਟੀ ਵਿਸੇਖੈਂ ॥੩੧॥
ਲਯੋ ਹਿਸਾਬ ਚਹਿਤ ਗੁਰੁ ਹਮ ਤੈ।

ਦਾਹਿ ਕਰੈਂ ਤਬਿ ਬਚ ਹੈਂ ਗਮ ਤੈ[1]।
ਫਿਰ ਨਹਿਂ ਹਮ ਕੋ ਕੋਊ ਪੁਛ ਹੈ।
ਦੈਂਹ ਗੁਜ਼ਾਰਾ ਤਿਯ ਕੋ ਤੁਛ ਹੈ ॥ ੩੨ ॥
ਰਖੈਂ ਕਮੇਟੀ ਕਰਿ ਘਰ ਧਨਾ[1]।
ਛਕੈਂ ਸੁਤੰਤ੍ਰ ਜਜੋਂ ਚਹਿਂ ਮਨਾ।
ਜੇ ਅਬਿ ਇਸ ਕੋ ਨਾਹਿਂ ਜਲਾਵੈਂ।
ਹਮੈ ਦੋਸ਼ ਉਠਿ ਦੁਗਨੇ ਲਾਵੈਂ ॥ ੩੩ ॥
ਕਰੋ ਦਾਹ ਸ਼ੀਘ੍ਰ ਤਜਿ ਦੇਰੈਂ।
ਐਸਾ ਮੌਕਾ ਮਿਲੈ ਨ ਫੇਰੈਂ।
ਇਹੁ ਠਟ[1] ਉਨਿ ਝਟ ਦੇਹ ਉਠਾਈ।
ਦਾਸੀ ਦਾਸ ਤੀਆ ਬਿਲਲਾਈ ॥ ੩੪ ॥
ਗੌਰ ਜਤਨ ਕਰਿ ਕੌਰ ਪੰਜਾਬੋ।
ਪਰੀ ਹਾਰ ਦੁਖ ਭਰੀ ਅਜਾਬੋ[1]।
ਬਹੁਤਜੋਂ ਸਾਥ ਪੇਸ਼ ਨਹਿਂ ਜਾਵੈ।
ਪੁਨ ਪੁਨ ਪਿਯ ਪਗ ਗਹਿ ਬਿਲਲਾਵੈ ॥ ੩੫ ॥
ਮਮ ਪਤਿ ਜੀਵਤ ਦਾਹਿ ਨ ਕੀਜੋ।
ਕਹਿ ਹਾਰੀ ਕੋ ਸੁਨੈ ਨ ਬੀਜੋ[1]।
ਪਕਰਿ ਮਸੰਦਨਿ ਦੂਰ ਬਿਠਾਰੀ।
ਕਰੀ ਦਾਹ ਕੀ ਸ਼ੀਘ੍ਰ ਤਜਾਰੀ ॥ ੩੬ ॥
ਲਗੀ ਅਰਾਧਨ ਬਹੁ ਪਿਯ ਤਾਏਂ।
ਲਗੀ ਆਗ ਜਿਮ ਕੂਪ ਖੁਦਾਏਂ।
ਬਾਰ ਬਾਰ ਇਹੁ ਬੈਨ ਉਚਾਰੋ।
ਸ਼ੀਘ੍ਰ ਆਵੋ ਦੇਹ ਸੰਭਾਰੋ ॥ ੩੭ ॥
ਨਾਂਹਿ ਤ ਅਬਿ ਇਹੁ ਦੁਸ਼ਟ ਜਰਾਏਂ।
ਪਾਛੇ ਅਏ ਜੈਸ ਨਹਿਂ ਆਏ।
ਰਾਮਰਾਇ ਉਤ ਪੀਰ ਪ੍ਰਿਯਾ ਕੀ।
ਲਖੀ[1], ਜੁ ਸੁਨੀ ਪੁਕਾਰ ਤ੍ਰਿਯਾ ਕੀ ॥ ੩੮ ॥
ਹੁਤੇ ਦੂਰ ਕਿਤ ਭੂਰ ਮਹਾਂਹੀ[1]।
ਦੇਰ ਲਗੀ ਇਮ ਆਵਨ ਮਾਹੀਂ।
ਇਤ ਸ੍ਰਾਪ ਅਸ਼ਟਮ ਗੁਰੁ ਕੇਰੇ।

[1]ਫ਼ਿਕਰ ਤੋਂ।
[1]ਕਮੇਟੀ ਬਣਾ ਕੇ ਧਨ ਘਰ ਰੱਖਾਂਗੇ।
[1]ਇਹ (ਸਲਾਹ) ਕਰਕੇ।
[1]ਦੁਖ ਤੇ (ਅਜਾਬ) ਵਿਪਤਾ ਨਾਲ ਭਰੀ ਹੋਈ ਹਾਰ ਗਈ।
[1]ਦੂਜਾ।
[1]ਪਿਆਰੀ (ਪੰਜਾਬ ਕੌਰ) ਦੀ ਪੀੜਾ ਜਾਣੀ।
[1]ਬਹੁਤ ਹੀ ਦੂਰ ਸਨ।

ਸ਼ੀਘ੍ਰ ਮੰਦ ਮਸੰਦ ਪਰੇਰੇ ॥ ੩੯ ॥
ਰਚਿ ਬਿਵਾਨ ਉਨਿ ਤੁਰਤ ਉਠਾਯੋ।
ਧਨ ਅਨਗਨ ਖਰਚਜੋ ਮਨ ਭਾਯੋ।
ਯੱਦਪਿ ਸਿਦਕੀ ਸਿੱਖ ਅਰ ਮਾਤਾ।
ਬਰਜਤ ਬਾਰ ਬਾਰ ਬਖਜਾਤਾ ॥ ੪੦ ॥
ਤਨ ਦੁਤਿ ਜੀਵਤ ਸੀ ਦਰਸਾਹੀਂ।
ਪੈ ਮਸੰਦ ਕਿਹਂ ਮਾਨਤ ਨਾਹੀਂ।
ਬਲਿਕੈ ਸਿੱਖਨ ਪ੍ਰਤਿ ਇਮ ਭਾਖਨ।
ਤੁਮ ਭੀ ਚੈਹੁ ਮੂਢ ਅਬਿ ਰਾਖਨ ॥ ੪੧ ॥
ਪਿਖੋ ਪੰਜਾਬ ਕੌਰ ਕਿਆ ਕੀਨਾ।
ਮ੍ਰਿਤਕ ਖੋੜਸ ਪਹਿਰ ਰਖੀਨਾ।
ਇਮ ਕਹਿ ਜਬੈ ਚਿਖਾ ਪਰ ਧਰਾ।
ਕੌਰ ਪੰਜਾਬ ਰੌਰ ਬਡ ਕਰਾ ॥ ੪੨ ॥
ਜ਼ੁਲਮ ਅਤੁਲਮ ਕਰਤ ਮਮ ਪਤਿ ਮੈਂ।
ਯਾ ਕੋ ਪਲ ਦੁਖ ਪੈਹੋ ਅਤਿਸੈਂ।
ਤਰਫਤ ਜੈਸ ਨੀਰ ਬਿਨ ਮੀਨਾ।
ਅਤੀ ਅਰਾਧਨ ਪਤੀ ਜੁ ਕੀਨਾ ॥ ੪੩ ॥
ਖਿਚੇ ਪ੍ਰੇਮ ਅਰਧੰਗੀ[1] ਕੇਰੈ। [1]ਇਸਤ੍ਰੀ।
ਪਹੁੰਚੇ ਰਾਮ ਰਾਇ ਬਿਨ ਬੇਰੈਂ।
ਪੈ ਇਤ ਆਗ ਮਸੰਦਨਿ ਲਾਈ।
ਮੁਰਛਿਤ ਹੋਇ ਗਿਰੀ ਪਿਖਿ ਮਾਈ ॥ ੪੪ ॥
ਫਿਰਜੋ ਭਵਰ[1] ਨਭ ਮੈਂ ਤਬਿ ਆਈ। [1]ਭਉਰ ਭਾਵਰੂਹ।
ਬਿਤਜੋ ਵਕਤ ਲਖਿ ਕੁਪਜੋ ਮਹਾਂਈ।
ਕਹਜੋ ਬਿਘਨ ਅਤਿ ਕਿਯ ਮਤਿ ਮੰਦੋ।
ਪਰੈ ਬਿਪਤਿ ਤੁਹਿ ਘੋਰ ਮਸੰਦੋ ॥ ੪੫ ॥
ਮਹਾਂ ਪਾਤਕੀ[1] ਤੁਮ ਅਬਿ ਭਏ। [1]ਪਾਪੀ।
ਨਿਜ ਗੁਰੁ ਜਿਯਤ ਦਾਹ ਜਿਨ ਕਏ।
ਯਾ ਕੋ ਫਲ ਤੁਮ ਜੀਵਤ ਜਰਹੋ।
ਮਰਹੋ ਰੌਰਵ[1] ਨਰਕੈਂ ਪਰਹੋ ॥ ੪੬ ॥ [1]ਭਿਆਨਕ।
ਮਹਾਂ ਮੰਦ ਤੁਮ ਏਕ ਨ ਮਾਨੀ।

ਮਮ ਅਰਧੰਗੀ ਬਹੁ ਬਿਲਖਾਨੀ[1]।
ਭਏ ਪਤਿਤ[1] ਤੁਮ ਸਭ ਹੀ ਜਾਹੋ।
ਸੌ ਸੌ ਜਨਮ ਸ੍ਵਾਨ ਕਾ[1] ਪਾਹੋ ॥੪੭॥
ਨਭ ਬਾਨੀ ਮਾਨਵ ਕੀ ਜਦੀ।
ਸੁਨੀ[1], ਮਸੰਦਨ ਮਨੀ ਨ ਤਦੀ[2]।
ਪੁਨਾ ਪੰਜਾਬ ਕੌਰ ਪ੍ਰਤਿ ਕਹਜੋ।
ਮਮ ਪਲਟਾ ਲੈਬੋ ਦਿਢ ਚਹਜੋ[1] ॥੪੮॥
ਤੁਮਰੀ ਸੇਵਾ ਪ੍ਰੇਮ ਮਹਾਨੈ।
ਗੁਰੁ ਪੁਰਿ ਮਾਂਹਿ ਭਯੋ ਪ੍ਰਵਾਨੈ।
ਮੈਂ ਨਿਜ ਸ਼ਕਤੀ ਤੁਮ ਮੈਂ ਧਾਰੋਂ।
ਤੁਮ ਸੰਗਤ ਕੇ ਕਾਰਜ ਸਾਰੋਂ ॥੪੯॥
ਮਮ ਲਘੁ ਭ੍ਰਾਤਰ ਗੁਰੁ[1] ਕੀ ਬਾਨੀ।
ਭਈ ਸਫਲ ਹਮ ਪਰ, ਨਹਿਂ ਛਾਨੀ[1]।
ਪੁਰਖ ਪ੍ਰਤਾਪੀ ਚਚਾ[1] ਹਮਾਰੇ।
ਬਸ ਹੈਂ ਢਿਗ ਤੁਵ ਰੱਖਕ ਭਾਰੇ ॥੫੦॥
ਤਿਨੈ ਬੁਲਾਇ ਬ੍ਰਿਤੰਤ ਸੁਨਾਵੋ।
ਲੈ ਦੈਹੈਂ ਪਲਟਾ ਵਹਿ ਭਾਵੋ[1]।
ਨਾਹਿਂ ਤ ਦੁਸ਼ਟ ਮਸੰਦ ਏਹ ਪਾਪੀ।
ਦੈ ਹੈਂ ਤੁਮ ਕੋ ਦੁਖ ਅਮਾਪੀ[1] ॥੫੧॥
ਅਭੈ ਦਾਨ ਤੁਹਿ ਦੈਂਹ ਚਚਾ ਜੀ।
ਲੈ ਹੈਂ ਬੈਰ ਹਮਾਰ ਸਚਾ ਜੀ।
ਮੈ ਨਿਤ ਨਿਕਟਿ ਤੁਮਾਰੇ ਪਜਾਰੀ!।
ਰੈਹੋਂ ਗੁਪਤ ਨ ਤਜੋਂ ਸੰਗਾਰੀ ॥੫੨॥
ਅਸ ਕਹਿ ਸੁਰ ਪੁਰ ਗਏ ਸਿਧਾਈ।
ਫੇਰ ਨ ਗਿਰਾ[1] ਗਗਨ[2] ਤੈ ਆਈ।
ਜੱਦਪਿ ਧੀਰ ਅਯੋ ਕੁਛ ਤਾਂ ਕੋ।
ਤਦਪਿ ਜਰਤ ਤਨ ਪਿਖਿ ਪਿਯ ਬਾਂਕੋ[1] ॥੫੩॥
ਤਾਰਤ ਤਨ, ਪਾਰਤ ਸਿਰ ਬਾਰੈਂ[1]।
ਰੋਦਤ ਕਰੁਣਾ ਬੈਨ[1] ਉਚਾਰੈ।
ਹਾਇ ਪੀਆ ਤਨ ਤੁਵ ਜੋ ਵਰ ਹੈ।

[1]ਵਿਰਲਾਪ ਕਰਦੀ ਰਹੀ।
[1](ਮੇਰੀ ਸਿੱਖੀ ਤੋਂ) ਡਿਗ ਗਏ ਹੋ।
[1]ਕੁੱਤੇ ਦਾ।
[1]ਜਦੋਂ ਮਨੁੱਖੀ ਅਕਾਸ਼ ਬਾਣੀ ਸੁਣੀ। [2]ਤਦੋਂ।
[1]ਪੱਕੀ ਤਰ੍ਹਾਂ ਮੇਰਾ ਬਦਲਾ ਲੈਣਾ ਚਾਹੀਂ ਭਾਵ ਕਰੀਂ।
[1]ਮੇਰੇ ਛੋਟੇ ਭਰਾ (ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ)।
[1]ਛੁਪੀ ਨਹੀਂ ਰਹੀ।
[1]ਚਾਚੇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ)।
[1](ਤੁਹਾਡੇ ਮਨ) ਭਾਉਂਦਾ।
[1]ਮਿਣਤੀ ਤੋਂ ਰਹਿਤ ਭਾਵ ਬਹੁਤਾ।
[1]ਬਾਣੀ। [2]ਅਕਾਸ਼।
[1]ਸੁੰਦਰ ਸ਼ਰੀਰ।
[1]ਸ਼ਰੀਰ ਪਿੱਟਦੀ ਤੇ ਸਿਰ ਦੇ ਵਾਲ ਪੁੱਟਦੀ ਹੈ।
[1]ਕੀਰਨਿਆਂ ਦੇ ਬਚਨ।

ਤਰ ਹੈ ਅਤ੍ਰ ਹੌਜ਼, ਸੋ ਜਰ ਹੈ[1] ॥ ੫੪ ॥

[1](ਜਿਹੜਾ ਸ਼ਰੀਰ ਕਦੇ) ਅਤਰ ਦੇ ਹੌਜ਼ (ਕੁੰਡ) ਵਿੱਚ ਤਰਦਾ ਸੀ ਉਹ (ਹੁਣ) ਸੜ ਰਿਹਾ ਹੈ।

ਸ਼ੀਰ ਫੇਨ ਸੀ ਸਿਹਜਾ ਪਰਤੇ[1]।

[1]{ਸ਼ੀਰ} ਦੁੱਧ ਦੀ {ਫੇਨ} ਝੱਗ ਵਰਗੀ ਸੇਜਾ (ਬਿਸਤਰੇ) ਉੱਪਰ।

ਜਰਾ ਕੁ ਬਰ[1] ਰਹਿ, ਤੌ ਰਿਸ ਧਰਤੇ।
ਸੋ ਤਨ ਨਗਨ ਲਕਰੀਓਂ ਪਰ ਅਬਿ।

[1]ਵਲ, ਵੱਟ।

ਜਰ ਜਰ ਝਰ ਝਰ ਗਿਰ ਹੈ ਦੁਰ ਢਬ[1] ॥ ੫੫ ॥

[1]ਬੁਰੇ ਢੰਗ ਨਾਲ।

ਜਿਨਿ ਅੰਗਨ ਕੋ ਮੈਂ ਨਿਤ ਭੇਟਤ[1]।

[1]ਛੋਂਹਦੀ ਸਾਂ।

ਅਗਨਿ ਅਨੰਗ ਅੰਗ ਤੈ ਮੇਟਤ[1]।
ਹਾਇ ਪ੍ਰਾਨ ਪਤਿ ਪਤਿ ਅਤਿ ਪਜਾਰੇ।
ਵਹੀ ਅੰਗ ਜਰਿ ਹੋਵਤ ਛਾਰੇ ॥ ੫੬ ॥

[1](ਜਿਹੜੇ) ਮੇਰੇ ਅੰਗਾਂ ਤੋਂ ਕਾਮ ਦੀ ਅੱਗ ਮੇਟਦੇ ਸਨ।

ਹਾਇ ਨ੍ਰਿਖਿ[1] ਕਿ ਨ[2] ਨੈਨ ਫੁਟਾਂਹੀਂ।

[1]ਦੇਖ ਕੇ। [2]ਕਿਉਂ ਨਹੀਂ।

ਪ੍ਰਾਨ ਨ ਤਨ ਤੈ ਤੁਰਤ ਉਡਾਂਹੀਂ।
ਅਹੋ ਬਿਧਾਤਾ ਤਰਸ ਨ ਤੋਹੀ।
ਮਾਂਗੀ ਮੀਚ[1] ਦੇਤ ਨਹਿਂ ਮੋਹੀ ॥ ੫੭ ॥

[1]ਮੌਤ।

ਅਸ ਕਹਿ ਮੁਰਛਿਤ ਹ੍ਵੈ ਧਰ ਪਰੀ।
ਤਰਫਤ ਮਨੋ ਮ੍ਰਿਗੀ ਅਧਮਰੀ।
ਦਾਸੀ ਦਾਸ ਤ੍ਰਿਯਾ ਸਿੱਖ ਔਰੈਂ।
ਰੋਦਨ ਕਰਤ ਭਰਤ ਦੁਖ ਗੌਰੈਂ[1] ॥ ੫੮ ॥

[1]ਭਾਰੀ ਦੁਖ ਪਾਉਂਦੇ ਹਨ।

ਕਿਤਿਕ ਮਸੰਦ ਬੁਲੰਦ ਰੁਵੈ ਹੈਂ।
ਲੋਕ ਦਿਖਾਵਨ ਸ਼ੋਕ ਬਢੈ ਹੈਂ।
ਦਾਹ ਕ੍ਰਿਯਾ ਕਰਿ ਨਿਜ ਨਿਜ ਠੌਰੈਂ।
ਗਏ, ਸੁ ਭਏ ਨਿਰੰਕਸ ਤੌਰੈਂ[1] ॥ ੫੯ ॥

[1]ਬਿਨਾਂ ਕੁੰਡੇ ਤੋਂ (ਹਾਥੀ ਦੀ) ਤਰ੍ਹਾਂ।

ਦਰਬ ਸਰਬ ਹੀ ਲਗੇ ਸੰਭਾਰਨ।
ਜ਼ਿਕਰ ਫਿਕਰ ਗੁਰੁ ਘਰਹਿ ਨ ਧਾਰਨ।
ਥੇ ਮਸੰਦ ਦੇਸਨ ਮੈਂ ਜੇਈ।
ਏਹੁ ਕਥਾ ਸੁਨਿ ਮੁਦ ਭਏ ਤੇਈ ॥ ੬੦ ॥
ਸੰਗਤ ਨੇ ਧਨ ਸ਼ੀਘ੍ਰ ਲੈ ਲੈ।
ਜਮ੍ਹਾਂ ਕਰੈਂ ਇਮ ਧੋਖਾ ਦੈ ਦੈ।
ਤੁਮਰੇ ਗੁਰੁ ਪ੍ਰਲੋਕ ਪਧਾਰੇ।
ਕਰਨੇ ਹੈਂ ਹਮ ਬਡੇ ਭੰਡਾਰੇ ॥ ੬੧ ॥

ਤੀਆ ਪੰਜਾਬ ਕੌਰ ਲੌ ਜੋ ਹੈਂ।
ਬੈਠੀ ਕਰੈਂ ਗੁਜ਼ਾਰਾ ਸੋ ਹੈਂ।
ਕਾਰ ਬਾਰ ਗੁਰੁ ਘਰ ਕੀ ਜੇਤੀ।
ਹਾਥ ਮਸੰਦਨ ਕੇਰਹਿ ਤੇਤੀ ॥ ੬੨ ॥
ਇਤ ਦਿਸ ਕੌਰ ਪੰਜਾਬ ਵਿਚਾਰਾ।
ਅਬਿ ਗੁਰੁ ਬਿਨੁ ਨਹਿਂ ਕੋਈ ਹਮਾਰਾ ॥ ੬੩ ॥
ਦੋਹਰਾ:
ਬਹਿਲੋ ਕੇ ਗੁਰਦਾਸ ਸੋਂ,
ਕਰਿ ਸਲਾਹਿ ਏਕੰਤ।
ਬਿਨੈ ਪੱਤ੍ਰਕਾ ਐਸ ਲਿਖਿ,
ਗੁਰੁ ਢਿਗ ਪਠੀ ਸੁਤੰਤ ॥ ੬੪ ॥
ਛਪਯ:
ਸ੍ਰੀ ਖਟ ਯੁਤ[1] ਸ੍ਰਬੱਗਜ,

[1]ਛੇ ਵਾਰ ਸ੍ਰੀ ਸ਼ਬਦ ਦੇ ਸਹਿਤ (ਲਿਖ ਕੇ)। {ਧਰਮ ਦੇ ਅਚਾਰਯ ਅਤੇ ਮਹਾਰਾਜੇ ਲਈ ੧੦੮ ਵਾਰ, ਮਾਤਾ ਪਿਤਾ ਵਿੱਦਿਆ ਗੁਰੂ ਲਈ ੬ ਵਾਰ, ਆਪਣੇ ਮਾਲਕ ਵਾਸਤੇ ੫ ਵਾਰ, ਵੈਰੀ ਨੂੰ ੪ ਵਾਰ, ਮਿੱਤ੍ਰ ਨੂੰ ੩ ਵਾਰ, ਨੌਕਰ ਨੂੰ ੨ ਵਾਰ, ਪੁੱਤ੍ਰ ਅਤੇ ਇਸਤ੍ਰੀ ਨੂੰ ੧ ਵਾਰ ਸ੍ਰੀ ਸ਼ਬਦ ਵਰਤਣਾ ਚਾਹੀਏ।}

ਪੁਰਖ ਪੂਰਨ ਅਬਿਨਾਸੀ।
ਦੀਨ ਬੰਧੁ[1] ਬਖਸ਼ਿੰਦ,

[1]ਗ਼ਰੀਬਾਂ ਦੇ ਸਬੰਧੀ।

ਸਿੰਧੁ ਕਰੁਨਾ[1] ਸੁਖਰਾਸੀ।

[1]ਕਿਰਪਾ ਦੇ ਸਮੁੰਦਰ।

ਸਾਰਦ ਸ਼ੇਸ਼ ਗਨੇਸ਼,
ਸਕੈ ਨਹਿਂ ਗੁਨ ਗਨ[1] ਗਿਨ ਤਵ।

[1]ਸਾਰੇ।

ਮੈਂ ਤੀਯ ਤੁੱਛ ਮਤਿ ਦੁਖਤ,
ਕਥੋਂ ਕਿਮਰਾਵਰ ਗੁਨ ਅਵ।
ਅਤਿ ਮਤਿ ਮੰਦਨ ਮਸੰਦਨਿ ਮਿਲਿ,
ਕੀਨ ਹੀਨ ਪਤਿ[1] ਮੋਹਿ ਅਬਿ।

[1]ਪਤੀ-ਰਹਿਤ।

ਜਬਿ ਮੈਂ ਰਾਵਰ ਕੁਲ ਬਧੂ ਹੌਂ[1],

[1]ਆਪ ਦੀ ਕੁਲ ਦੀ ਨੂੰਹ ਹਾਂ।

ਤੁਮ ਹੀ ਕੋ ਹੈ ਲਾਜ ਸਬਿ ॥ ੬੫ ॥
ਜੀਵਤ ਦਯੋ ਜਰਾਇ,
ਭਤੀਜਾ ਜਬਰਨ ਥਾਰਾ।

ਦਰਬ ਸਰਬ ਲਿਯ ਲੂਟ,
ਕਹਯੋ ਨਹਿਂ ਸੁਨਤ ਹਮਾਰਾ।
ਬਿਨਾ ਆਪ ਕੇ ਰੱਖਕ,
ਪੱਖਕ[1] ਕੁਇ ਨ ਹਮਾਰੋ। [1]ਪੱਖ ਕਰਨ ਵਾਲਾ।
ਦੁਸ਼ਟਨ ਕੋ ਦਿਹੁ ਦੰਡ,
ਆਇ ਇਹੁ ਧਾਮ ਸੰਭਾਰੋ।
ਲਘੁ ਬਡ ਸਾਸੂ[1], ਆਪ ਕੇ [1]ਹੇ ਸੱਸ।
ਪਗ ਪਰ ਬਹੁ ਪ੍ਰਣਾਮ ਮੁਹਿ।
ਤੁਮ ਸਜਾਨੀ ਸਤਿਗੁਰੁ ਕੋ ਪਠੋ,
ਮਮ ਠਟੋ[1] ਇਲਾਜਹਿ ਲਾਜ ਤੁਹਿ ॥੬੬॥ [1]ਕਰੋ।
ਧਾਵਨ[1] ਦਾਵਤ ਗਯੋ, [1]ਹਲਕਾਰਾ।
ਪਾਂਵਟੇ ਲੈ ਪਾਤੀ ਇਹੁ।
ਗੁਰੂ ਗੁਬਿੰਦ ਮ੍ਰਿਗਿੰਦ ਬਿੰਦ
ਪਢਿ, ਸੋਕ ਕੀਨ ਕਿਹੁ[1]। [1]ਪੜ੍ਹ ਕੇ ਤੇ ਜਾਣ ਕੇ ਕੁਝ ਸਮਾਂ ਸੋਗ ਕੀਤਾ।
ਰਾਮਰਾਇ ਹਰਿ ਕ੍ਰਿਸ਼ਨ ਗੁਰੂ ਕੇ,
ਬੈਨ ਚਿਤਾਰੇ[1]। [1]ਯਾਦ ਕੀਤੇ।
ਭਏ ਸੱਤ ਜੁਗ ਕੇਰ ਅੱਤਿ,
ਪ੍ਰਸਪਰ ਜੋ ਉਚਾਰੇ[1]। [1]ਦੋਹਾਂ ਦੇ ਬਚਨ ਸੱਤ ਹੋ ਗਏ ਜੋ ਆਪਸ ਵਿੱਚ ਉਚਾਰੇ ਸਨ।
ਗੁਰੁ ਨੈਨ ਸਜਲ ਕਰੁਣਾਂ ਛਏ[1], [1]ਗੁਰਾਂ ਦੇ ਨੇਤ੍ਰ ਕਰੁਣਾ-ਰਸ 'ਚ {ਛਏ} ਭਰੇ ਹੋਏ, ਜਲ ਦੇ ਸਹਿਤ ਹੋ ਗਏ।
ਕਰੁਣਾ ਰਸ ਸੁਨਿ ਮਾਤ ਕਿਯ।
ਪੁਨ ਪਠਯੋ ਸ਼ਿਤਾਬ ਜਵਾਬ ਲਿਖਿ,
ਐਹੈਂ ਹਮ ਬਡ ਧੀਰ ਦਿਯ ॥੬੭॥
ਰਾਮਰਾਇ ਸੇ ਸਿੱਧ[1] ਸਪੂਤ ਕਾ, [1]ਕਰਾਮਾਤੀ।
ਸੁਨਿ ਇਮ ਚਲਨਾ।
ਹਹਿਰ ਭਹਿਰ ਮਨ ਗਯੋ,
ਪਯੋ ਇਕ ਪਹਿਰ ਕਕਲਨਾ[1]। [1]ਮਨ {ਭਹਿਰ} ਭਿਆਨਕ {ਹਹਿਰ} ਕਾਂਬੇ ਦੀ (ਦਸ਼ਾ 'ਚ) ਚਲਾ ਗਿਆ, ਇਕ ਪਹਿਰ {ਕਕਲਨਾ} ਗਿਣਤੀਆਂ 'ਚ ਪਿਆ ਰਿਹਾ।
ਫਿਰ ਜੱਗ ਮਿਥਜਾ ਜਾਨ,
ਸੱਤ ਹਰਿ ਗੁਰੁ ਗੁਨਰਹਿ ਹੈਂ[1]। [1]ਗੁਰੂ ਜੀ ਵਿਚਾਰ ਰਹੇ ਹਨ।

ਸਿੱਧ ਮੁਨੀ ਅਵਤਾਰ,
ਦੇਹ ਧਰ ਕੋ ਥਿਰ ਨਹਿਂ ਹੈਂ।
ਤੁਮ ਬੋਲ ਲੈਹੁ[1] ਮਾਸੰਦਨ ਕੋ, [1]ਬੁਲਾ ਲਵੋ।
ਸਿਰੇਪਾਉ ਦੈਨੇ ਹਿਤੈਂ।
ਜਬਿ ਹੋਹਿਂ ਸਰਬੱਤ੍ਰ ਇਕੱਤ੍ਰ
ਤਬ ਹਮ ਭੀ ਪਹੁੰਚੈ ਗੇ ਤਿਤੈਂ ॥ ੬੮ ॥

ਦੋਹਰਾ:
ਇਹੁ ਜਵਾਬ ਸਤਿਗੁਰੂ ਤੈ,
ਲੈ ਧਾਵਨ ਦਿਯ ਜਾਇ।
ਕੌਰ ਪੰਜਾਬ ਸੁ ਧੀਰ ਧਰਿ,
ਕੀਨੋ ਮੰਤ੍ਰ ਇਹਾਇ[1] ॥ ੬੯ ॥ [1]ਇਹੋ ਹੀ ਸਲਾਹ ਕੀਤੀ।

ਚੌਪਈ:
ਪਠੇ ਹੁਕਮ ਨਾਮੇ ਸਬਿ ਦੇਸੈਂ।
ਲਏ ਹਕਾਰ ਮਸੰਦ ਬਿਸੇਸੈਂ।
ਸਿਰੇਪਾਉ ਲੈਬੇ ਹਿਤ ਆਏ।
ਬੁਜੋ ਕਾਲ ਕੇ ਸਠ ਨ ਲਖਾਏ[1] ॥ ੭੦ ॥ [1]ਮੂਰਖ ਕਾਲ ਦੇ {ਬੁਜੋ} ਬਕਰਿਆਂ ਨੇ ਨਾ ਜਾਣਿਆ।
ਖਬਰ ਜਬਰ ਇਹੁ ਸੁਨਿ ਗੁਰੁ ਧੈ ਕੈ।
ਸੰਗ ਅੱਸ੍ਵਾਰ ਪਾਂਚ ਸੌ ਲੈ ਕੈ।
ਨੰਦ ਚੰਦ ਲੌ ਭਟ ਬਹੁ ਲਏ।
ਕਰਤ ਸੈਲ ਸੈਲਨ[1] ਤਹਿਂ ਗਏ ॥ ੭੧ ॥ [1]ਪਹਾੜਾਂ ਦੀ ਸੈਰ ਕਰਦੇ।
ਕੌਰ ਪੰਜਾਬ ਗੌਰ[1] ਤਬਿ ਰੋਈ। [1]ਬਹੁਤੀ।
ਪਤਿ ਬਿਨ ਅਤਿਸੈ ਦੁਖਤ ਜੁ ਹੋਈ।
ਗੁਰੁ ਤੈ ਪਾਇ ਧੀਰ ਚੁਪ ਭਈ।
ਨਿਜ ਦੁਖ ਕੀ ਬਾਤੈਂ ਸਭਿ ਕਈ ॥ ੭੨ ॥
ਸਭ ਵੀਚ ਗੁਰੁ ਪੁਨਾ ਉਚਾਰੀ।
ਅਹੋ ਮਸੰਦ ਮੰਦ ਤੁਮ ਭਾਰੀ।
ਕੀਨ ਕੁਸੁੱਧੀ ਅਤਿ ਦੁਰ ਬੁਧੀ[1]। [1]ਖੋਟੀ ਬੁੱਧੀ ਵਾਲਿਓ (ਤੁਸਾਂ) ਬਹੁਤ ਮਾੜੀ ਗੱਲ ਕੀਤੀ।
ਧਨ ਲੋਭੀ ਖੋਭੀ ਤੁਵ ਬੁੱਧੀ[1] ॥ ੭੩ ॥ [1]ਤੁਹਾਡੀ ਬੁਧੀ ਧਨ ਦੇ ਲੋਭ 'ਚ ਖੁੱਭੀ ਹੋਈ ਹੈ।
ਨਿਜ ਗੁਰੁ ਜੀਵਤ ਹੀ ਤੁਮ ਜਾਰਾ।
ਹਮਰਾ ਡਰ ਭੀ ਜਰਾ ਨ ਧਾਰਾ।

ਕਰਜੋ ਪਾਪ ਅਤਿਸੈ ਤੁਮ ਭਾਰਾ।
ਜਿਸ ਕਾ ਫਲ ਦੁਖ ਪੈਹੁ ਕਰਾਰਾ ॥ ੭੪ ॥
ਸੁਨਤ ਮਸੰਦ ਬੁਲੰਦਨ ਕਹਾ।
ਅਪਨੇ ਘਰ ਕੇ ਤੁਮ ਗੁਰੁ ਮਹਾਂ।
ਕਰੋ ਹੁਕਮ ਤੁਮ ਤਹਾਂ ਜਾਇ ਕੇ।
ਹਮ ਮਸੰਦ ਹੈਂ ਰਾਮਰਾਇ ਕੇ ॥ ੭੫ ॥
ਬਿਨਾ ਪ੍ਰਾਨ ਤੈ ਜਬਿ ਹਮ ਹੇਰਾ।
ਕਿਯ ਸਿਸਕਾਰ ਜੁ ਤੁਮ ਅਘ ਟੇਰਾ[1]। [1]ਜਿਸ ਨੂੰ ਤੁਸਾਂ ਪਾਪ ਕਿਹਾ ਹੈ।
ਜਗਤ ਗੁਰੂ ਪੰਡਿਤ ਸੱਮ੍ਰਥ।
ਹੋਇ, ਬਾਕ ਕਜੋਂ ਕਰੋ ਅਤੱਬ[1] ॥ ੭੬ ॥ [1]{ਅਤੱਥ} ਝੂਠਾ ਬਚਨ ਕਿਉਂ ਕਰਦੇ ਹੋ।
ਕਹਾਂ ਬਾਲ ਲੀਲ੍ਹਾ ਸੀ ਕਰਿ ਹੈਂ।
ਹਮ ਪਰ ਬਲ ਨਹਿਂ ਤੁਮਰਾ ਚਰ੍ਹ ਹੈ[1]। [1]ਜ਼ੋਰ ਨਹੀਂ ਚੜ੍ਹਦਾ।
ਸੁਨਿ ਸੋਢੀਸ[1] ਰਿਸੇ ਮਨ ਭਾਰੀ। [1]ਕਲਗੀਧਰ ਜੀ।
ਜੋ ਕਰਨੀ ਸੋ ਨਾਂਹਿ ਉਚਾਰੀ ॥ ੭੭ ॥
ਨੀਤਿ ਨਿਪੁਨ[1] ਗੁਰੁ ਨੀਤਿ ਕਮਾਈ। [1]ਰਾਜਨੀਤੀ 'ਚ ਚਤੁਰ।
ਨਿਜ ਸਬਿ ਸੁਭਟ ਰਖੇ ਸਮਝਾਈ।
ਪ੍ਰਸਪਰ ਮੂਢ ਮਸੰਦ ਇਮ ਕੈਹੈਂ।
ਹਮ ਤੈ ਡਰਤ ਗੁਰੂ ਚੁਪ ਰੈਹੈਂ ॥ ੭੮ ॥
ਗੁਰੁ ਦਿਲ ਕੀ ਵਹਿ ਸਠ ਕਿਮ ਲੈਹੈਂ।
ਬ੍ਰਹਮਾਦਿਕ ਜਿਹਂ ਭੇਦ ਨ ਪੈਹੈਂ।
ਦੁਤੀ ਦਿਵਸ ਪੁਨ ਉਨੈ ਮਸੰਦੈਂ।
ਅੰਤਰ ਸਭਾ ਸਜਾਇ ਬੁਲੰਦੈਂ ॥ ੭੯ ॥
ਕੌਰ ਪੰਜਾਬ ਅਧਿਕ ਸਿਤਕਾਰੀ।
ਰਾਮਰਾਇ ਕੀ ਠੌਰ ਬਿਠਾਰੀ।
ਊਚੀ ਕੁਲਹਿ[1] ਸੀਸ ਤਿਹ ਸਾਜੀ। [1]ਟੋਪੀ।
ਗਾਦੀ ਪਰ ਪਰਦੇ ਮੈਂ ਰਾਜੀ[1] ॥ ੮੦ ॥ [1]ਬਿਰਾਜਮਾਨ ਹੋਈ।
ਪੁਨ ਕਲਗੀਧਰ ਬੋਲ ਬਿਠਾਏ।
ਸਾਦਰ ਊਚੀ ਠੌਰ ਸੁਹਾਏ।
ਬੀਰਾਸਨ ਬੈਠੇ ਸਰ ਫੇਰੈਂ।
ਕ੍ਰਿਤ ਮਸੰਦਨ ਮੰਦਨ ਹੇਰੈਂ ॥ ੮੧ ॥

ਤਬੈ ਅਮੋਲਕ ਸ੍ਵੇਤ ਦੁਸ਼ਾਲਾ।
ਨਿਜ ਦਿਸ ਤੈ ਯੁਤ ਦਰਬ ਬਿਸਾਲਾ।
ਦਯਾਰਾਮ ਪ੍ਰੋਹਤ ਤੈ ਦਿਆਇਓ।
ਲੈ ਪੰਜਾਬ ਕੁਰ ਸੀਸ ਚਢਾਇਓ ॥ ੮੨ ॥
ਹਾਥ ਜੋਰਿ ਗੁਰੁ ਕੇ ਪਗ ਪਰੀ।
ਦੁਖਤ ਦੀਨ ਹ੍ਵੈ ਬਜਾਕੁਲ ਖਰੀ।
ਸਦਾ ਸਹਾਇਕ ਹਮਰੇ ਰਹੀਏ।
ਬੁਧਿ ਬਲ ਹੀਨ ਨੁਖਾ[1] ਨਿਜ ਲਹੀਏ ॥ ੮੩ ॥

[1]ਨੂੰਹ।

ਸ੍ਰੀ ਮੁਖ ਤੈ ਤਬਿ ਐਸ ਬਖਾਨਾ।
ਤੁਮਰਾ ਚੂੰਡਾ ਪਾਗ ਸਮਾਨਾ।
ਸਤਿ ਨਾਮੁ ਮਿੱਥਜਾ ਸੰਸਾਰਾ।
ਸਿੰਮ੍ਰਤ ਰਹੁ ਤਜਿ ਸ਼ੋਕ ਬਿਕਾਰਾ ॥ ੮੪ ॥
ਦਿਨ ਪ੍ਰਤਿ ਬਢੈ ਪ੍ਰਤਾਪ ਤਿਹਾਰੋ।
ਕਰਤਾ ਪੁਰਖੁ ਰਿਦੇ ਦਿਢ ਧਾਰੋ।
ਪੁਨਾ ਮਸੰਦਨ ਤੈ ਮਨ ਭਾਯੋ।
ਨਜ਼ਰੈਂ ਅਨਗਨ ਧਨ ਦਿਲਵਾਯੋ ॥ ੮੫ ॥
ਜ਼ੇਵਰ ਜੇ ਵਰ ਤੇਵਰ ਭਾਰੇ[1]।
ਨਕਦੀ ਕੇ ਬਡ ਲਗੇ ਅੰਬਾਰੇ।
ਸੌਂਪ ਪੰਜਾਬ ਕੌਰ ਕੋ ਦੀਨਾ।
ਤਿਹਂ ਤੋਸ਼ੇਖਾਨੇ[1] ਧਰਿ ਲੀਨਾ ॥ ੮੬ ॥

[1]ਜਿਹੜੇ ਸ੍ਰੇਸ਼ਟ ਗਹਿਣੇ ਤੇ ਚੰਗੇ ਤਿੰਨ ਤਿੰਨ ਕੱਪੜੇ।

[1]ਤੋਸ਼ਾ ਖਾਨਾ–ਗਹਿਣੇ ਬਸਤ੍ਰ ਜਲੌ ਆਦਿ ਦੇਰੱਖਣ ਦਾ ਘਰ।

ਪੁਨ ਗੁਰੁ ਕਹਜੋ ਮਸੰਦਨ ਤਾਂਈਂ।
ਸਿਰੇਪਾਉ ਸੰਚੇ[1] ਸਮੁਦਾਈ।
ਬਡ ਬੈ ਕੇ[1] ਤਿਨਿ ਤਈਂ ਦਿਖਾਰੇ।
ਕਹਜੋ ਦੈਂਹਗੇ ਬੋਲਿ ਸਕਾਰੇ[1] ॥ ੮੭ ॥
ਵਹਿ ਸਬਿ ਨਿਜ ਨਿਜ ਠੌਰ ਪਧਾਰੇ।
ਰਚ ਉਪਾਇ ਲੀਨੇ ਗੁਰੁ ਸਾਰੇ ॥ ੮੮ ॥

[1]ਇਕੱਠੇ ਕੀਤੇ।

[1]ਵੱਡੀ ਕੀਮਤ ਤੇ।

[1]ਸਵੇਰੇ ਬੁਲਾ ਕੇ।

ਦੋਹਰਾ:
ਦਿਵਸ ਚਢੇ ਪੁਨ ਸਤਿਗੁਰੂ, ਫਰਸ਼ ਕਰਾਏ ਨੀਕ।
ਬਹੁ ਸੁਭਟਨ ਕੋ ਸੰਗ ਲੈ, ਥਿਰੇ ਜਾਇ ਤਹਿਂ ਠੀਕ
॥ ੮੯ ॥

ਚੌਪਈ:

ਪਰਦੇ ਮੈਂ ਨਿਜ ਨੁਖਾ ਬਿਠਾਰੀ।
ਦੇਖਾਵਨ ਹਿਤ ਕੌਤਕ ਭਾਰੀ।
ਨਿਜ ਸੈਨਾ ਪ੍ਰਤਿ ਕੀਨ ਅਸ਼ਾਰੇ[1]।
ਖੁਫੀਆ ਪਹਿਰੇ ਬਹੁ ਬੈਠਾਰੇ ॥ ੯੦ ॥
ਭਾਖਜੋ ਰਾਖਜੋ ਅਤਿ ਤਕਰਾਈ।
ਦੌਰਿ ਮਸੰਦ ਨ ਕੋਊ ਜਾਈ।
ਮੂਢ ਮਸੰਦੈਂ ਕਿਛੂ ਨ ਜਾਨੀ।
ਪੂਜਾ ਖਾਇ ਬੁਧਿ ਬੌਰਾਨੀ ॥ ੯੧ ॥
ਭਏ ਤਜਾਰ ਸਜਿ ਬਸਤ੍ਰ ਗੈਨੇ[1]।
ਸਿਰੇਪਾਉ ਮ੍ਰਿਤੂ ਨਿਜ ਲੈਨੇ[1]।
ਉਤੈ ਮੇਵਰਾ ਜਮ ਪ੍ਰਭੁ ਪਠਾ[1]।
ਜਥਾ ਕਰਮ ਫਲ ਦੈਨੋ ਠਟਾ[1] ॥ ੯੨ ॥
ਪ੍ਰਥਮ ਮਸੰਦ ਪਾਂਚ ਬਡ ਟੇਰੇ[1]।
ਢਿਗ ਬੈਠਾਇ ਸੁਭਟ ਨਿਜ ਪ੍ਰੇਰੇ।
ਲਏ ਪਕਰ ਚਹੁੰ ਚਹੁੰ ਨੇ ਇਕ ਇਕ।
ਜ਼ੇਵਰ ਪਗ ਲਾਹੈਂ ਕਹਿ ਧਿਕ ਧਿਕ ॥ ੯੩ ॥
ਮਾਰ ਜੁਤੀਅਨ ਬਾਰ ਉਖਾਰੇ।
ਕਹਜੋ ਕੀਨ ਜੋ ਤੁਮ ਬਦਕਾਰੇ[1]।
ਰਾਮਰਾਇ ਜੀ ਜੀਵਤ ਜਾਰੇ।
ਤਾਂ ਕੋ ਫਲ ਅਬ ਲੈਹੁ ਉਘਾਰੇ[1] ॥ ੯੪ ॥
ਸੰਗ ਪਗਰੀਅਨ[1] ਮੁਸ਼ਕੈਂ ਬੰਧੀ।
ਕੋਸ਼ਟ ਮਾਂਹਿ[1] ਦਏ ਮਤਿ ਮੰਦੀ।
ਪਾਂਚ ਮਸੰਦ ਔਰ ਬੁਲਵਾਏ।
ਤਜੋਂ ਹੀ ਦੈ ਮੁਸ਼ਕਾਂ ਗਿਰਵਾਏ ॥ ੯੫ ॥
ਇਸੀ ਰੀਤਿ ਸਭਿ ਆਵਤ ਜਾਂਹੀਂ।
ਨਰੜ ਬਾਂਧ[1] ਕੋਠੇ ਮੈਂ ਪਾਂਹੀਂ।
ਬਾਹਰ ਭੇਤ ਨ ਜਾਨੈ ਕੋਈ।

[1]ਇਸ਼ਾਰੇ।
[1]ਗਹਿਣੇ।
[1]ਆਪਣੀ ਮੌਤ ਦੇ ਸਿਰੋਪਾਉ ਲੈਣ ਲਈ।
[1]ਸਤਿਗੁਰਾਂ ਨੇ ਜਮ ਰੂਪ ਮੇਵੜਾ (ਬੁਲਾਉਣ ਵਾਲਾ ਕਰਮਚਾਰੀ) ਭੇਜਿਆ।
[1]ਜਿਹੋ ਜਿਹਾ ਉਨ੍ਹਾਂ ਕਰਮ ਕੀਤਾ ਸੀ (ਉਹੋ ਜਿਹਾ) ਫਲ ਦੇਣ ਦਾ {ਠਟਾ} ਇਰਾਦਾ ਕੀਤਾ।
[1]ਬੁਲਾਏ।
[1]ਬੁਰੇ ਕੰਮ।
[1]ਪ੍ਰਗਟ।
[1]ਪੱਗਾਂ ਨਾਲ।
[1]ਕੋਠੇ ਵਿੱਚ।
[1]ਘੁੱਟ ਕੇ ਬੰਨ੍ਹ ਕੇ।

ਆਵਤ ਮੋਦ ਹੋਇ ਮਨਿ ਸੋਈ ॥ ੯੬ ॥
ਸੁਭਟ ਗੁਰੂ ਕੇ ਪਕਰ ਪਕਰ ਕੈ।
ਡਾਰਤ ਅੰਦਰ ਜਕਰ ਜਕਰ ਕੈ[1]। [1]ਮੁਸ਼ਕਾਂ ਬੰਨ੍ਹ ਬੰਨ੍ਹ ਕੇ।
ਇਕ ਕੇ ਊਪਰ ਦੀਨੋ ਇਕ ਧਰ।
ਚਿਨੇ ਬੋਰੀਅਨ ਸਮ ਭੀਤਰ ਤਰ[1] ॥ ੯੭ ॥ [1]ਬਹੁਤੇ।
ਹਾਇ ਹਾਇ ਜੋ ਊਚ ਪੁਕਾਰੈਂ।
ਤਿਨੈਂ ਸੁਭਟ ਗੁਰੁ, ਹਤ ਹਟਕਾਰੈਂ[1]। [1]ਮਾਰ ਕੇ ਰੋਕਦੇ ਹਨ।
ਇਸੀ ਤੌਰ ਔਰਹਿਂ ਬਹੁ ਗਏ।
ਪੇਖਿ ਪੰਜਾਬ ਕੌਰ ਮੁਦ ਲਹੇ ॥ ੯੮ ॥
ਪਾਂਚਕ ਸੌ ਜਬਿ ਯੌਂ ਫਰ ਲੀਨੇ।
ਕਈਕ ਕੋਸ਼ਠ ਹੈਂ ਭਰ ਦੀਨੇ।
ਬਾਕੀ ਲੋਗਨ ਇਮ ਠਹਿਰਾਯੋ।
ਗਏ ਜੁ ਭੀਤਰ ਏਕ ਨਾ ਆਯੋ ॥ ੯੯ ॥
ਕਜਾ ਜਾਨੈਂ ਗੁਰੁ ਮਾਰਤ ਜਾਂਹੀਂ।
ਸੰਸੇ ਧਾਰ ਪਰੇ ਭਗਰਾਹੀਂ[1]। [1]ਦੌੜ ਕੇ ਰਾਹੀਂ ਪੈ ਗਏ।
ਜੋ ਗੁਰੁ ਥੇ ਕੋਠਨ ਮੈਂ ਡਾਲੇ।
ਉਠੇ ਗੁਰੂ ਤਿਨ ਕੋ ਦੈ ਤਾਲੇ[1] ॥ ੧੦੦ ॥ [1]ਜਿੰਦੇ ਮਾਰ ਕੇ।
ਗਈ ਪੰਜਾਬ ਕੌਰ ਨਿਜ ਠੌਰੈਂ।
ਛਕਿ ਪਰਸ਼ਾਦ ਥਿਰੇ ਸਬਿ ਗੌਰੈਂ[1]। [1](ਆਪੋ ਆਪਣੇ) {ਗੌਰੈਂ} ਖ਼ਿਆਲਾਂ 'ਚ ਟਿਕ ਗਏ।
ਢਰਜੋ ਦੁਪਹਿਰਾ ਜਬਿ, ਉਠਿ ਤਬੈ।
ਸੋਚ ਇਸ਼ਨਾਨ ਠਾਨ ਭਟ ਸਬੈ ॥ ੧੦੧ ॥
ਬਸਤ੍ਰ ਸ਼ਸਤ੍ਰ ਸਜਿ ਸਮੁਦਾਏ[1]। [1]ਸਾਰੇ।
ਕਰਿ ਬੰਦਨ ਗੁਰੁ ਪਾਸ ਥਿਰਾਏ।
ਕੌਰ ਪੰਜਾਬ ਪ੍ਰਤੀ ਗੁਰੁ ਭਾਖਾ।
ਲਿਹੁ ਪਲਟਾ ਅਬਿ ਜਿਉਂ ਅਭਿਲਾਖਾ
॥ ੧੦੨ ॥
ਸੋ ਨਿਸ ਦਿਨ ਕੋਠਨ ਮੈਂ ਰਹੇ।
ਕਸ਼ਟ ਸਮਸ਼ਟ ਮਸੰਦਨ ਸਹੇ।
ਦੁਤੀ ਦਿਵਸ ਗੁਰੁ ਤੇਲ ਕੜਾਹੇ।
ਤਪਵਾਏ ਬਡ ਸਾਥ ਸਲਾਹੇ[1] ॥ ੧੦੩ ॥ [1](ਪੰਜਾਬ ਕੌਰ ਦੀ) ਸਲਾਹ ਨਾਲ।

ਊਚ ਠੌਰ ਥਿਰਿ ਆਪ ਮੁਰਾਰੀ।
ਪੜਦੇ ਮਾਹਿ ਨੁਖਾ ਬੈਠਾਰੀ।
ਪਕੜਿ ਮਸੰਦਨ ਕੋ ਸਿਖ ਲਜਾਵੈਂ।
ਤਿਨ ਕੋ ਦੋਸ਼ ਸਰੋਵ ਸੁਨਾਵੈਂ ॥ ੧੦੪ ॥
ਕੜਛੇ ਭਰੈਂ ਤੇਲ ਸਿਰ ਪਾਵੈਂ।
ਸੰਕਟ ਬਿਕਟ ਅਘਟ ਬਿਲਲਾਵੈਂ[1]।

[1]{ਬਿਕਟ} ਭਿਆਨਕ ਕਸ਼ਟਾਂ ਨਾਲ {ਅਘਟ} ਬਹੁਤਾ ਬਿਰਲਾਪ ਕਰਦੇ ਹਨ।

ਜਰਜੋ ਬਦਨ[1], ਦੁਖ ਜਰਜੋ ਨ ਜਾਈ।
ਤਰਫ ਤਰਫ ਬਹੁ ਮਰੈਂ ਤਹਾਂਈ ॥ ੧੦੫ ॥

[1]ਮੁੱਖ।

ਲਾਠੀ ਬੈਂਤ ਜੂਤ ਕਿਸ ਪਰਹੀਂ।
ਫਲ ਨਿਜ ਕਰਮਨ ਕੋ ਭਲ ਭਰਹੀਂ।
ਸਾੜ ਸ਼ਰੀਰ ਛਾੜ ਸਬਿ ਦਏ[1]।
ਕੇਤਿਕ ਮਰੇ ਕਿਤਿਕ ਕਿਤ ਗਏ ॥ ੧੦੬ ॥

[1]ਸਾਰੇ ਛੱਡ ਦਿੱਤੇ।

ਤੀਨ ਦਿਵਸ ਇਮ ਕਹਿਰ ਕਰਾਲੈਂ[1]।
ਮੂਢ ਮਸੰਦਨ ਬਿਤਜੋ ਕਮਾਲੈਂ[1]।

[1]ਭਿਆਨਕ {ਕਹਿਰ} ਕਸ਼ਟ ਦਾ (ਸਮਾਂ)।

[1]ਬਹੁਤਾ।

ਧਰਮਰਾਜ ਰਾਜੈਂ ਗੁਰੁ ਪੂਰੇ।
ਸਿਮਟੇ[1] ਸੁਭਟ ਮਨੋ ਜਮ ਭੂਰੇ[2] ॥ ੧੦੭ ॥

[1]ਇਕੱਠੇ ਕੀਤੇ। [2]ਬਹੁਤੇ।

ਮ੍ਰਿਤੂ ਮਿਲੀ ਮਾਤ ਕੀ ਮਰਜ਼ੀ[1]।

[1]ਮਾਤਾ ਪੰਜਾਬ ਕੌਰ ਦੀ ਮਰਜ਼ੀ ਜਾਣੋ ਮੌਤ ਮਿਲੀ ਹੈ।

ਚਿਤ੍ਰ ਗੁਪਤ ਸਿੱਖ[1] ਦੇਵਤ ਅਰਜ਼ੀ।

[1]ਸਿੱਖਾਂ ਰੂਪ ਚਿਤ੍ਰ ਗੁਪਤ।

ਕਸ਼ਟ ਸਮਸ਼ਟ ਨਰਕ ਭੁਗਵਾਏ।
ਠੀਕ ਇਨਸਾਫ ਭਯੋ ਫਲਦਾਏ ॥ ੧੦੮ ॥
ਕਿਆਮਤ ਕਾਲ[1] ਮਸੰਦੈਂ ਆਯੋ।

[1]ਪ੍ਰਲੋ ਦਾ ਸਮਾਂ।

ਗੁਰੂ ਖੁਦਾਇ ਦਾਇ ਫਲ ਭਾਯੋ[1]।

[1]ਉਨ੍ਹਾਂ ਦੀ ਭਾਵਨਾ ਅਨੁਸਾਰ।

ਰਾਮਰਾਇ ਜਨੁ ਭਯੋ ਪਰੀਛਤ[1]।

[1]ਜਾਣੋਰਾਮਰਾਇ ਪ੍ਰੀਛਤਰਾਜਾ ਸੀ (ਜਿਸ ਦੀ ਮੌਤ ਮਸੰਦਾਂ ਰੂਪ ਸੱਪਾਂ ਹੱਥੋਂ ਹੋਈ)।

ਗੁਰੁ ਜਨਮੇਜਾ ਭੂਪ ਸੁ ਈਛਤ[1] ॥ ੧੦੯ ॥

[1]ਕਲਗੀਧਰ ਸਤਿਗੁਰੂ ਜਨਮੇਜਾਰਾਜੇ ਵਾਂਗ ਹੋਏ {ਸੁ ਈਛਤ} ਭਲੀ ਪ੍ਰਕਾਰ ਦਿੱਸਦੇ ਹਨ।

ਮੇਧ ਮਸੰਦਨ[1] ਸਰਪਨ ਕੀਓ।

[1]ਜਿਨ੍ਹਾਂ ਨੇ ਮਸੰਦਾਂ ਰੂਪ (ਸੱਪਾਂ ਨੂੰ ਸਾੜਨ ਰੂਪ) ਸਰਪ ਮੇਧ ਜੱਗ ਕੀਤਾ।

ਪੁਨਾ ਭਾਵ ਇਕ ਔਰੈਂ ਲਈਓ[1] ॥ ੧੧੦ ॥

[1]ਇਕ ਹੋਰ ਖ਼ਿਆਲ ਲਵੋ।

ਦੋਹਰਾ:

ਹਿਰਣਕੱਸਪ ਮਾਸੰਦ ਗਨ,
ਕੌਰ ਪੰਜਾਬ ਪ੍ਰਹਿਲਾਦ।
ਗੁਰੁ ਬਪੁ[1] ਨਰ ਸਿੰਘ ਧਾਰ ਪ੍ਰਭੁ,
ਪਾਲੀ ਆਦਿ ਮ੍ਰਯਾਦ ॥ ੧੧੧ ॥

[1]ਸਰੂਪ।

ਚੌਪਈ:
ਨਿਤ ਪ੍ਰਤਿ ਚਲਨ ਚਹਿਤ ਗੁਰੁ ਦਿਨੈਂ।
ਰਖੈ ਪੰਜਾਬ ਕੌਰ ਕਰਿ ਬਿਨੈ।
ਕਈ ਦਿਵਸ ਗੁਰੁ ਰਖੇ ਉਤਾਰੀ।
ਸੇਵਾ ਕਰੈ ਸਰਬ ਬਿਧਿ ਭਾਰੀ ॥ ੧੧੨ ॥
ਗੁਰੁ ਕਾਰਜ ਤਿਹਂ ਸ੍ਰਬ ਸੁਧਾਰਾ।
ਦੁਸ਼ਟ ਮਸੰਦਨ ਕੋ ਹਨ ਡਾਰਾ।
ਜੇ[1] ਗੁਰ ਪੂਜਾ ਲੇ ਧਨ ਪਾਪੀ।
ਗਨਕਾ ਗਾਮੀ ਹੁਤੇ ਸੁਰਾਪੀ[1] ॥ ੧੧੩ ॥
ਦੈ ਦੁਖ ਸਿੱਖਨ ਤੈ ਧਨ ਲੇਹੀਂ।
ਗੁਰੂਅਨ ਕੀ ਸਰਵਰੀ[1] ਕਰੇਹੀਂ।
ਮਾਰ ਕਰੇ ਤੇ ਸਤਿਗੁਰੁ ਖੀਨੇ[1]।
ਸਿਰੇਪਾਉ ਔਰਨ ਕੋ ਦੀਨੇ ॥ ੧੧੪ ॥
ਨਾਮ ਮਾਤ੍ਰ ਜੇ ਹੁਤੇ ਮਸੰਦੂ।
ਪ੍ਰੇਮੀ ਸਿਦਕੀ ਸਿੱਖ ਬੁਲਿੰਦੂ।
ਤਿਨ ਕੋ ਗੁਰੁ ਸਬਿ ਕਾਰ ਸੰਭਾਰੀ।
ਆਪ ਕਰੀ ਆਵਨ ਹਿਤ ਤਜਾਰੀ ॥ ੧੧੫ ॥
ਕੌਰ ਪੰਜਾਬ ਚਰਨ ਗਹਿ ਕਹਾ।
ਇਹੁ ਘਰ ਸਹੀ ਰਾਵਰੋ ਅਹਾ।
ਬਡੇ ਆਪ ਹਮਰੇ ਸੁਖਦਾਈ।
ਸਬ ਬਿਧਿ ਸਦ ਹੀ ਰਹਜੋ ਸਹਾਈ ॥ ੧੧੬ ॥
ਦੈ ਧੀਰਜ ਗੁਰੁ ਚਢੇ ਤੁਰੰਗੈਂ।
ਚਢੀ ਬਾਹਨੀ[1] ਸਗਰੀ ਸੰਗੈਂ।
ਬਜਤ ਅੱਗ੍ਰ ਰਣਜੀਤ ਨਗਾਰਾ।
ਜੋ ਸੁਨਿ ਅਰਿ ਉਰ ਜਾਤ ਦਰਾਰਾ[1] ॥ ੧੧੭ ॥
ਮਗ ਮੈਂ ਚਲੇ ਅਖੇਰ[1] ਕਰੰਤੇ।

[1]ਜਿਹੜੇ (ਮਸੰਦ)।
[1]ਵੇਸਵਾ ਗਾਮੀ ਤੇ ਸ਼ਰਾਬੀ ਸਨ।
[1]ਬਰਾਬਰੀ।
[1]ਕਮਜ਼ੋਰ।
[1]ਫ਼ੌਜ।
[1]ਵੈਰੀਆਂ ਦੇ ਹਿਰਦੇ ਫਟਦੇ ਜਾਂਦੇ ਹਨ।
[1]ਸ਼ਿਕਾਰ।

ਸੈਲ ਪਾਂਤਿ ਕੀ ਸੈਲ ਲਹੰਤੇ[1]। [1]ਪਹਾੜਾਂ ਦੀਆਂ ਕਤਾਰਾਂ ਦੀ ਸੈਰ ਦੇਖਦੇ ਭਾਵ ਕਰਦੇ।
ਜਮਨਾ ਤੀਰ ਨੀਰ ਤਰੁ ਹੇਰੈਂ[1]। [1]ਜਮਨਾ ਦੇ ਕੰਢੇ ਪਾਣੀ ਤੇ ਦਰੱਖ਼ਤ ਦੇਖਦੇ ਹਨ।
ਯੁਕਤਿ ਉਕਤਿ ਯੁਤ ਸਿਖਹਿਂ ਟੇਰੈਂ ॥ ੧੧੮ ॥
ਮੁਕਤਿ ਭੁਕਤਿ ਦਾ ਗਜਾਨ ਦਿਢਾਤੇ।
ਮੁਕਤਿ ਰਜਤ ਜਿਮ ਜਗਤ ਦਿਖਾਤੇ[1]। [1]ਸਿੱਪੀ ਵਿੱਚ ਚਾਂਦੀ ਵਾਂਗ ਜਗਤ (ਨੂੰ ਝੂਠਾ) ਦਿਖਾਉਂਦੇ ਹਨ।
ਪਾਵਨ ਪਗ ਪਾਵਨ ਕਿਯ ਪਾਵਨ[1]। [1]ਪਵਿਤ੍ਰ ਚਰਨ ਪਾ ਕੇ ਪਵਿੱਤ੍ਰ ਕੀਤਾ।
ਦੁਰਗ ਪਾਂਵਟਾ ਸੁਰਗ ਸੁਹਾਵਨ[1] ॥ ੧੧੯ ॥ [1]ਸੁਰਗ ਰੂਪ ਪਾਉਂਟੇ ਸਾਹਿਬ ਦਾ ਸੋਹਣਾ ਕਿਲ੍ਹਾ।
ਨਿਕਟਿ ਅਏ ਸੁਨਿ ਬਾਕੀ ਸੈਨਾ।
ਮਿਲੀ ਅੱਗ੍ਰ ਜਾ ਕਰੁਨਾ ਐਨਾ।
ਸਹਿਤ ਸੈਨ ਨਿਜ ਐਨ[1] ਪਧਾਰੇ। [1]ਆਪਣੇ ਘਰ।
ਨਿਜ ਨਿਜ ਠੌਰਹਿਂ ਸੁਭਟ ਉਤਾਰੇ ॥ ੧੨੦ ॥
ਪੂਰਣ ਕਾਮ, ਧਾਮ ਨਿਜ ਗਏ।
ਮੋਦ ਬਿਨੋਦ ਪ੍ਰਮੋਦ ਬਢਏ[1]। [1]ਅਨੰਦ ਦਾਇਕ {ਬਿਨੋਦ} ਕੌਤਕਾਂ ਨਾਲ ਬਹੁਤ ਅਨੰਦ ਵਧਾਏ।

ਸ੍ਰੀ ਗੁਰੁ ਪਗ ਮਾਤਾ ਕੇ ਪਰਸੇ।
ਮ੍ਰਯਾਦਾ ਪਾਲਕ ਰਘੁਬਰ ਸੇ[1] ॥ ੧੨੧ ॥ [1]ਰਾਮ ਚੰਦ੍ਰ ਵਰਗੇ।
ਭੁਜ ਭਰਿ ਮਾਤ ਸੂੰਘ ਮੁਖ ਮਾਥਾ।
ਦਈ ਅਸੀਸ ਅਧਿਕ ਹਿਤ ਸਾਥਾ।
ਭੂਖਨ ਬਸਨ ਨਿਛਾਵਰ[1] ਕੀਨੇ। [1]ਵਾਰਨਾ।
ਦਾਸੀ ਦਾਸ ਜਾਚਕਨਿ ਦੀਨੇ ॥ ੧੨੨ ॥
ਸ੍ਰੀ ਜੀਤੋ ਜੀ ਸੁੰਦ੍ਰੀ ਤਹੇਂ।
ਜੁਗ ਪਤਨੀ ਪਗ ਪੰਕਜ ਗਹੇ।
ਨੀਤਿ ਸਪ੍ਰੀਤਿ ਸੁਰੀਤਿ ਜਨਾਈ[1]। [1]ਪ੍ਰੀਤ ਨਾਲ ਨੀਤੀ ਦੀ ਚੰਗੀਰੀਤ ਦੱਸੀ।
ਮੁਦਤ ਭਈ ਨਿਧ ਰੰਕਹਿ ਪਾਈ[1] ॥ ੧੨੩ ॥ [1]ਕੰਗਾਲ ਦੇ ਖ਼ਜ਼ਾਨਾ ਪਾ ਲੈਣ ਵਾਂਗ ਪ੍ਰਸੰਨ ਹੋਈਆਂ।
ਪਿਯ ਮੁਖ ਸਸਿ ਦਿਸ ਚਿਤੈਂ ਚਕੋਰੀ[1]। [1]ਪਤੀ ਸਤਿਗੁਰਾਂ ਦੇ ਮੁੱਖ ਚੰਦ੍ਰਮਾ ਵੱਲ ਚਕੋਰਾਂ ਵਾਂਗ ਦੇਖਦੀਆਂ ਹਨ।

ਪੀਐਂ ਪ੍ਰੇਮ ਰਸ ਨੈਨ ਕਟੋਰੀ।
ਰਾਮਰਾਇ ਕੀ ਸਭ ਹੀ ਕਥਾ।
ਭਈ ਜਥਾ ਬਰਨੀ ਗੁਰੁ ਤਥਾ ॥ ੧੨੪ ॥
ਪ੍ਰਥਮ[1] ਮਾਤ ਯੁਤ ਸਬਿ ਬਿਸਮਾਈ। [1]ਪਹਿਲਾਂ ਤਾਂ।

ਕਥਾ ਮਸੰਦਨ ਸੁਨਿ ਹਰਖਾਈ।
ਪੁਨ ਗੁਰੁ ਨਿਜ ਅੰਤਹਿ-ਪੁਰ[1] ਗਏ। [1]ਮਹਿਲਾਂ ਵਿੱਚ।
ਚਾਪੈ ਪਗ ਇਕ[1] ਪੰਥਾ ਕਏ ॥੧੨੫॥ [1]ਇਕ (ਮਾਤਾ) ਚਰਨ ਘੁਟਦੀ ਹੈ।
ਪੁਨ ਪੁਨ ਪਿਯ ਮੁਖ ਪ੍ਰਿਯਾ ਨਿਹਰ ਹੈਂ।
ਬਾਤ ਅਨਿਕ ਮੁਸਕਾਤ ਉਚਰ ਹੈਂ।
ਰਿਤੂ ਗ੍ਰੀਖਮ ਲਖਿ[1], 'ਸਰਦਾਈ। [1]ਗਰਮੀ ਦੀਰੁੱਤ ਜਾਣ ਕੇ।
ਸ੍ਰੀ ਜੀਤੋ ਜੀ ਸ਼ੀਘ੍ਰ ਲਜਾਈ' ॥੧੨੬॥
ਸੀਰੋ[1] ਜਲ ਪੈ ਸਿਤਾ[2] ਕੇਵਰਾ[3]। [1]ਠੰਡਾ। [2]ਖੰਡ। [3]ਕਿਉੜਾ।
ਬੇਦ ਮੁਸ਼ਕ[1] ਲੌ ਵਸਤੁ ਜੇ ਵਰਾ[2]। [1]ਸੁਗੰਧੀ ਵਾਲੇ ਫੁੱਲਾਂ ਦਾ ਇਕ ਪੌਦਾ ਜਿਸ ਦੇ ਫੁੱਲਾਂ ਦਾ ਅਰਕ ਠੰਡਾ ਤੇ ਦਿਲ ਦਿਮਾਗ਼ ਨੂੰ ਤਾਜ਼ਾ ਕਰਨ ਵਾਲਾ ਹੁੰਦਾ ਹੈ। [2]ਜਿਹੜੀਆਂ ਚੰਗੀਆਂ।
ਪੀਐ[1] ਪਿਆਇ ਆਪ ਪੁਨ ਪੀਓ। [1]ਪਤੀ ਨੂੰ।
ਹਾਸ ਬਿਲਾਸ ਭਾਵਤੋ ਕੀਓ ॥੧੨੭॥
ਛਕਿ ਪ੍ਰਸ਼ਾਦ ਪ੍ਰਯੰਕ ਥਿਰਾਏ।
ਸੁਪਤੇ ਪਤਨੀ ਸੇਵ ਕਮਾਏਂ।
ਜਾਮ ਤੀਸਰੇ ਉਠੇ ਗੁਸਾਈਂ।
ਛਕਿ ਅਫੀਮ ਸੁੱਖਾ* ਸਰਦਾਈ ॥੧੨੮॥ *ਦੇਖੋ ਬਿਸ੍ਰਾਮ ੧੨ ਦੇ ਅੰਕ ੧੨੫ ਦੀ * ਨਿਸ਼ਾਨ ਦੀ ਟਿੱਪਣੀ।
ਚਢਿ ਤੁਰੰਗ ਉਪਬਨ ਮੈਂ[1] ਗਏ। [1]ਬਾਗ਼ 'ਚ।
ਸੁਭਟ ਸੈਂਕਰੇ ਸੰਗ ਸਿਧਏ।
ਸੋਚ ਇਸ਼ਨਾਨ ਠਾਂਨ ਬਰ ਬਾਗਾ[1]। [1]ਚੰਗਾ ਪੁਸ਼ਾਕਾ (ਪਹਿਨ ਕੇ)।
ਥਿਰੇ ਦੀਵਾਨ ਆਨ ਜਹਿਂ ਲਾਗਾ ॥੧੨੯॥
ਸਿੱਖ ਪ੍ਰੇਮੀ ਭਟ ਸਰਦਾਰੂ।
ਦਰਸ ਗੁਰੈਂ ਲਹਿਂ ਹਰਸ ਉਦਾਰੂ[1]। [1]ਸ੍ਰੇਸ਼ਟ ਅਨੰਦ ਲੈਂਦੇ ਹਨ।
ਅਨਿਕ ਵਕੀਲ ਗਿਰੇਸਨ ਕੇਰੈਂ।
ਤੱਜਬ ਰਹਿਂ ਗੁਰੁ ਬੈਭਵ[1] ਹੇਰੈਂ ॥੧੩੦॥ [1]ਬਿਭੂਤੀ, ਸਮੱਗ੍ਰੀ।
ਸੁਭਟਨ ਤੈ ਗੁਰੁ ਲੱਛ ਤੁਰਾਵੈਂ[1]। [1]ਨਿਸ਼ਾਨੇ ਫੁੰਡਦੇ ਹਨ।
ਅਧਿਕ ਤੁਰੰਗ ਉਮੰਗ ਫਿਰਾਵੈਂ।
ਕਰੈਂ ਬਿਲਾਸ ਅਨਿਕਧਾ[1] ਜੰਗੀ। [1]ਅਨੇਕ ਤਰ੍ਹਾਂ ਦੇ।
ਰਖੀ ਤਜਾਰੀ ਕਰਿ ਸਬਿ ਜੰਗੀ ॥੧੩੧॥
ਹਤੇ ਮਸੰਦ ਜੁ ਰਾਮਰਾਇ ਕੇ।

ਬੰਦੋ ਬਸਤ ਕਿਯ ਤਹਾਂ ਜਾਇ ਕੇ।
ਸਿੱਖਨ ਮੈਂ ਸਬਿ ਦੇਸ ਬਿਦੇਸੈਂ।
ਫੈਲਜੋ ਗੁਰੁ ਕਾ ਸੁਜਸ ਬਿਸੇਸੈਂ ॥ ੧੩੨ ॥
ਲੈ ਲੈ ਆਇਂ ਅਕੋਰ[1] ਅਪਾਰੈਂ। [1]ਭੇਟਾ।
ਭਰੇ ਕੋਸ਼[1] ਕੁਛ ਵਾਰ ਨ ਪਾਰੈਂ। [1]ਖ਼ਜ਼ਾਨੇ।
ਗੁਰੁ ਦੋ ਵਕਤ ਦਿਵਾਨ ਲਗਾਵੈਂ।
ਸੁਰਪਤਿ ਸਮ ਅਤਿਸੈ ਛਬਿ ਛਾਵੈਂ[1] ॥ ੧੩੩ ॥ [1]ਇੰਦ੍ਰ ਵਾਂਗ ਬਹੁਤੀ ਸ਼ੋਭਾ ਪਾਉਂਦੇ ਹਨ।
ਕੀਰਤਨ ਕਥਾ ਹੋਇ ਉਪਦੇਸ਼ੁ।
ਜੋ ਸੁਨਿ ਜਨ ਗਨ ਕਟੈਂ ਕਲੇਸ਼ੁ।
ਪਾਇ ਸਿੱਖ ਫਲ ਚਾਰ ਉਦਾਰੈਂ।
ਮੋਦ ਮਾਨ ਨਿਜ ਧਾਮ ਸਿਧਾਰੈਂ ॥ ੧੩੪ ॥
ਰਹੈ ਭੀਰ ਗੁਰੁ ਦਰ ਪਰ ਭਾਰੀ।
ਲੰਗਰ ਚਲੈ ਅਟੋਟ ਅਪਾਰੀ।
ਅਵਸਰ[1] ਪਾਇ ਧਜਾਇ ਥਿਰ ਥੀਆ[2]। [1]ਚੰਗਾ ਸਮਾਂ। [2]ਟਿਕ ਗਿਆ।
ਗੁਰੁ ਉਰਿ ਧਜਾਨ ਗਜਾਨ ਹਰਿ ਕੀਆ
॥ ੧੩੫ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਰਾਮਰਾਇ ਕੇ ਮਸੰਦਨ ਸਾੜਨ' ਪ੍ਰਸੰਗ ਬਰਨਨੰ ਨਾਮ ਤ੍ਰਿਵੰਜਵੋਂ ਬਿਸ੍ਰਾਮ ॥ ੫੩ ॥

੫੪. {ਰਾਜੇ ਫ਼ਤੇ ਸ਼ਾਹ ਦੀ ਲੜਕੀ ਦੇ ਵਿਆਹ ਸਮੇਂ ਤੰਬੋਲ ਤੇ ਭੀਮ ਚੰਦ ਨਾਲ ਝਗੜਾ, ਪਠਾਣਾਂ ਦੀ ਨਿਮਕ ਹਰਾਮੀ, ਗੁਰੂ ਜੀ ਵੱਲੋਂ ਜੰਗ ਦੀ ਤਿਆਰੀ}

ਕਬਿੱਤ:

ਅਮਲ ਨਵਲ ਕਲ ਕੋਮਲ ਸੁ ਕੰਜਨ ਤੈ,
ਮੰਜਨ ਭੰਜਨ ਭੀਰ ਰੰਜਨ ਕਰਨ ਹੈਂ[1]।

[1]ਕੰਵਲਾਂ ਨਾਲੋਂ ਉੱਜਲ, ਨਵੇਂ, ਸੁੰਦਰ ਤੇ ਕੋਮਲ ਹਨ (ਉਨ੍ਹਾਂ ਚਰਨਾਂ ਦਾ) {ਮੰਜਨ} ਮਲਨ ਦੁਖਾਂ ਨੂੰ ਭੰਨਣ ਵਾਲਾ ਤੇ ਮਨ ਨੂੰ ਪ੍ਰਸੰਨ ਕਰਨ ਵਾਲਾ ਹੈ।

ਧਜਾਵਤ ਸੁਰੇਸ਼ ਸ਼ੇਸ਼ ਗਾਵਤ ਹਮੇਸ਼ ਜਸ,
ਪਾਵਤ ਅਸ਼ੇਸ਼ ਸੁਖ ਆਵਤ ਸਰਨ ਹੈਂ[1]।

[1]ਇੰਦ੍ਰ ਧਿਆਉਂਦਾ ਹੈ, ਸ਼ੇਸ਼ ਨਾਗ ਹਮੇਸ਼ਾਂ ਜਸ ਗਾਉਂਦਾ ਹੈ, ਜੋ ਸ਼ਰਨ ਆਉਂਦੇ ਹਨ ਉਹ ਸਾਰੇ ਸੁਖ ਪਾ ਲੈਂਦੇ ਹਨ।

ਚਾਲਕ ਤਿਲੋਕ ਸੋਕ ਟਾਲਕ ਖਾਲਕ ਖੁਦ,
ਪਾਲਕ ਪ੍ਰਲੋਕ ਲੋਕ ਦਾਸਨ ਵਰਨ ਹੈਂ[1]।

[1]ਤਿੰਨਾਂ ਲੋਕਾਂ ਨੂੰ ਚਲਾਉਣ ਵਾਲੇ, ਸੋਗ ਨੂੰ ਟਾਲਣ ਵਾਲੇ, ਆਪ ਸ੍ਰਿਸ਼ਟੀ ਦੇ ਮਾਲਕ ਹਨ, ਲੋਕ-ਪ੍ਰਲੋਕ ਵਿੱਚ ਦਾਸਾਂ ਦੀ ਪਾਲਨਾ ਕਰਨ ਵਾਲੇ ਕਹੀਦੇ ਹਨ।

ਅਸਰਨ ਸਰਨ ਅਕਰਨ ਕਰਨ ਸਦ,
ਤਾਰਨ ਤਰਨ ਗੁਰੁ ਅਮਰ ਚਰਨ ਹੈਂ[1] ॥੧॥

[1]ਨਿਆਸਰਿਆਂ ਨੂੰ ਆਸਰਾ ਦੇਣ ਵਾਲੇ, ਨਾ ਕਰਨ ਯੋਗ (ਸੇਵਾ) ਨੂੰ ਵੀ ਹਮੇਸ਼ਾ ਕਰਨ ਵਾਲੇ, ਤਾਰਨ ਨੂੰ ਜਹਾਜ਼ ਰੂਪ ਸ੍ਰੀ ਗੁਰੂ ਅਮਰਦਾਸ ਜੀ ਦੇ (ਪਵਿੱਤ੍ਰ) ਚਰਨ ਹਨ।

ਪਰਹਾ ਛੰਦ:

ਫਤੇ ਸ਼ਾਹਿ ਸ੍ਰੀਨਗਰ ਪਤੇ,
ਭੂਪੱਤੇ ਬਜਾਹਿ ਮੈਂ[1]।

[1](ਸ੍ਰੀ ਨਗਰ ਦੇ ਮਾਲਕਰਾਜੇ ਫਤੇ ਸ਼ਾਹ (ਦੀ ਲੜਕੀ) ਦੇ ਵਿਆਹ ਵਿੱਚ।

ਜਯੋਂ ਤੰਬੋਲ ਪਰ ਹ੍ਵੈ ਕੁਚੋਲ,
ਸਸਿ ਭੀਮ ਭਾਹਿ ਮੈਂ[1]।

[1]ਜਿਵੇਂ ਤੰਬੋਲ ਤੇ {ਕੁਚੋਲ} ਖੋਟੀ ਬੋਲ ਚਾਲ ਹੋਵੇਗੀ ਤੇ ਭੀਮ ਚੰਦ ਕ੍ਰੋਧ ਦੀ {ਭਾਹਿ} ਅੱਗ ਵਿੱਚ (ਗਰਮ ਹੋਵੇਗਾ)।

ਨਿਮਕ ਹਰਾਮ ਪਠਾਨ ਹੋਹਿੰ, ਭਗ ਹੈਂ ਓਦਾਸੀ।
ਜੰਗ ਤਜਾਰੀ ਭਵੈ[1], ਥਵੈ ਇਹੁ ਗਾਥ ਇਹਾਂ ਸੀ[2] ॥੨॥

[1]ਹੋਵੇਗੀ। [2]ਇਥੋਂ ਤੱਕ ਕਥਾ ਹੋਵੇਗੀ।

ਫਤੇ ਸ਼ਾਹਿ ਨਿਜ ਸੁਤਾ[1] ਬਜਾਹਿ ਮੈਂ, ਗੁਰੈਂ ਬੁਲਾਯੋ।
ਭਾਜੀ ਭੇਜੀ ਅਧਿਕ, ਗੁਰੂ ਪੈ ਸਚਵ[1] ਪਠਾਯੋ।
ਆਇ ਵਸਤੁ ਦੈ ਪੱਤ੍ਰ, ਤਾਂਹਿ ਕਰਿ ਨਮੋਂ ਉਚਾਰੋ।
ਆਪ ਜਗਤ ਗੁਰੁ ਚਲੋ, ਨ੍ਰਿਪ ਪੁਰੰ[1] ਭਲੇ ਨਿਹਾਰੋ

[1]ਅਪਣੀ ਲੜਕੀ ਦੇ।

[1]ਵਜ਼ੀਰ।

[1]ਰਾਜੇ ਦੇ ਸ਼ਹਿਰ ਨੂੰ।

॥ ੩ ॥
ਪਾਵਨ ਹ੍ਵੈ ਹੈ ਦੇਸ, ਨ੍ਰਿਪ ਸਬਿ ਐਹੈਂ ਦਰਸੈਂ।
ਪਿਖਿ ਸਮਾਜ ਗਜਰਾਜ[1], ਆਪ ਕੋ ਮਿਲਿ ਨ੍ਰਿਪ ਹਰਸੈਂ[2]।
ਰੌਣਕ ਇੱਜ਼ਤ ਨ੍ਰਿਪ ਕੇਰ, ਹ੍ਵੈ ਸੁਜਸ ਤੁਮਾਰਾ।
ਸੁਨਿ ਸਤਿਗੁਰੁ ਪੁਨ ਕਹਜੋ, ਬਨੈ ਨਹਿਂ ਜਾਨ ਹਮਾਰਾ ॥ ੪ ॥
ਇਕ ਤੋ ਸਿੱਖ ਹਜ਼ਾਰੈਂ, ਹਮਰੇ ਸੰਗ ਪਧਾਰੈਂ।
ਦੁਤੀ ਭੀਮ ਸਸਿ ਬਜਾਹਿਨ ਆਵੈ, ਮਤ ਹ੍ਵੈ ਰਾਰੈਂ[1]।
ਲੈ ਤੰਬੋਲ[1] ਦੀਵਾਨ, ਨੰਦ ਚੰਦ ਹਮਰੋ ਐਹੈ।
ਫਤੇ ਸ਼ਾਹਿ ਕੋ ਖ਼ੁਸ਼ੀ ਕਹਜੋ, ਜਸ ਰਖੈ ਰਖੈ ਹੈ ॥ ੫ ॥
ਪੈ ਨ੍ਰਿਪ ਕਾਚੇ ਕੋਹੀ[1], ਕਰੈਂ ਬਿਗਾਰ ਜਦ ਕਦੈ।
ਇਮ ਕਹਿ ਲਾਗੀ ਬਿਦਾ ਕਰੇ, ਗੁਰੁ ਨੇਗ[1] ਅਧਿਕ ਦੈ।
ਸਵਾ ਲਾਖ ਕੋ ਤਜਾਰ, ਤੰਬੋਲ ਕਰਾਯੋ ਫਿਰ ਗੁਰੁ।
ਬਾਜ ਪਾਂਚ ਸਹਿ ਸਾਜ, ਅਮੋਲਕ ਬਲੀ ਲੋਲ ਫੁਰ[1] ॥ ੬ ॥
ਜ਼ੇਵਰ ਤੇਵਰ, ਬਰਤਨ ਸੋਨੇ ਚਾਂਦੀ ਕੇ ਵਰ[1]।
ਪੇਖਿ ਜਾਂਹਿ ਨ੍ਰਿਪ ਸਭੈ, ਖੁਨਸ ਹੈਂ[1] ਚਕਤ ਹੋਹਿਂ ਤਰ[2]।
ਨੰਦ ਚੰਦ ਕੋ ਪਠਜੋ, ਸੰਗ ਦੈ ਦਯਾਰਾਮ ਕੋ।
ਕਹਜੋ ਜਾਹੁ ਲੈ, ਦੈਹੁ ਦਿਖਾਇ ਸੁ ਨ੍ਰਿਪੈਂ ਆਮ ਕੋ[1] ॥ ੭ ॥
ਨੰਦ ਚੰਦ ਤਬਿ ਲਰਜ਼[1], ਅਰਜ਼ ਇਸ ਭਾਂਤਿ ਬਖਾਨੀ।
ਭੀਮ ਸਸੀ ਸੇ ਨ੍ਰਿਪ, ਸੱਤ੍ਰੂ[1] ਤਹਿਂ ਹੋਹਿਂ ਮਹਾਂਨੀ।
ਬਢੈ ਰਾਰਿ ਜੇ ਤਹਿਂ, ਹਮਾਰ ਹ੍ਵੈ ਕੋਨ ਸਹਾਈ।

[1]ਪ੍ਰਸਾਦੀ ਹਾਥੀ। [2]ਖ਼ੁਸ਼ ਹੋਣਗੇ।

[1]ਲੜਾਈ।

[1]ਵਿਆਹ ਸਮੇਂ ਦਿੱਤਾ ਜਾਣ ਵਾਲਾ ਸਿਰੋਪਾਉ ਤੇ ਨਕਦੀ ਭਾਵ ਨਿਉਂਦਰਾ।

[1]ਪਹਾੜੀ ਰਾਜੇ।

[1]ਲਾਗ।

[1]ਸਣੇ ਸਾਜ, ਪੰਜ ਘੋੜੇ ਬਲੀ, ਕੀਮਤੀ, ਚੰਚਲ ਤੇ ਫੁਰਤੀਲੇ।

[1]ਸ੍ਰੇਸ਼ਟ।

[1]ਖਿਝਣਗੇ। [2]ਬਹੁਤੇ ਹੈਰਾਨ ਹੋਣਗੇ।

[1]ਸਾਰਿਆਂਰਾਜਿਆਂ ਨੂੰ।

[1]ਕੰਬ ਕੇ।

[1]ਵੈਰੀ।

ਮਗ ਸੈਲਨ ਕੋ ਕਠਿਨ, ਸਹਿਲ ਨਹਿਂ ਆਵਨ ਪਾਈ[1] ॥੮॥
[1]ਪਹਾੜਾਂ ਦਾ ਰਸਤਾ ਔਖਾ ਹੈ, ਸੌਖਿਆਂ ਨਹੀਂ ਆਇਆ ਜਾਣਾ।

ਕਹਜੋ ਸੱਚੀ ਸਰਕਾਰ, ਸਿਦਕ ਅਬਿ ਲੌ ਤੁਹਿ ਨਾਹੀਂ।
ਜੋ ਸਤਿਗੁਰੁ ਤੁਹਿ ਪਠੈਂ, ਠਠੈਂ ਨ ਸਹਾਇਕ ਕਾਂਹੀਂ[1]।
[1]{ਕਾਂਹੀ} ਕਿਸੇ ਤਰ੍ਹਾਂ ਸਹਾਇਕ ਨਹੀਂ {ਠਠੈਂ} ਬਣਨਗੇ?

ਸਿਦਕ ਭਰੋਸ ਅਲੰਬ[1] ਗੁਰੂ ਕਾ, ਸਿੱਖ ਜੁ ਰਖ ਹੈ।
[1]ਆਸਰਾ।

ਬਿਘਨ ਅਘਨ ਮਹਿਂ[1], ਲਗਨ ਦੇਤ ਨਹਿਂ ਸੇਕ ਤਨਕ[2] ਹੈਂ ॥੯॥
[1]ਪਾਪਾਂ ਵਿੱਚ। [2]ਥੋੜ੍ਹਾ ਜਿਹਾ ਭੀ।

ਜੇ ਨਹਿਂ ਸਿਦਕ ਭਰੋਸ ਰਖਤ, ਰੱਖਕ ਨਹਿਂ ਪ੍ਰਭੂ ਤਿਨ।
ਹਿਰਣਕੱਸਪ ਪ੍ਰਹਿਲਾਦ ਕੇਰ, ਗਾਥਾ ਕਿ ਨ ਲਿਹੁ ਗਿਨ[1]।
[1]ਕਿਉਂ ਨਹੀਂ ਵਿਚਾਰ ਲੈਂਦੇ।

ਜਿਮ ਜਵਾਨ ਕੇ ਪਾਲਕ ਰੱਖਕ, ਹੋਹਿਂ ਨ ਮਾਪੇ।
ਬਾਲਕ ਕੀ ਪ੍ਰਤਿਪਾਲ ਸੰਭਾਲ, ਸੁ ਕਰ ਹੈਂ ਆਪੇ ॥੧੦॥

ਨੰਦ ਚੰਦ ਸੁਨਿ ਹ੍ਵੈ ਅਨੰਦ, ਬੰਦਨ ਕਰਿ ਚਾਲਾ।
ਸੰਗ ਪਾਂਚ ਸੌ ਲਿਯ ਸਵਾਰ, ਤੰਬੋਲ ਬਿਸਾਲਾ।
ਗਿਰ ਬਨ ਹੇਰਤ ਕਰਿ ਅਖੇਰ[1], ਪਹੁੰਚੇ ਤਹਿਂ ਜਾਈ।
[1]ਸ਼ਿਕਾਰ ਕਰਦੇ।

ਫਤੇ ਸ਼ਾਹਿ ਉਮਗਾਇ[1], ਮਿਲਜੋ ਪੁਰਿ ਬਾਹਰ ਆਈ ॥੧੧॥
[1]ਉਤਸ਼ਾਹ ਨਾਲ।

ਸਵਾ ਲਾਖ ਕਾ ਸੁਨਿ ਤੰਬੋਲ, ਅਤਿਸੈਂ ਮੁਦ ਥੀਓ।
ਸੇਵਾ ਕੀਨੀ ਅਧਿਕ, ਭਾਵਤੋ[1] ਡੇਰਾ ਦੀਓ।
[1]ਮਨ ਭਾਉਂਦਾ।

ਇਤ ਬਰਾਤ ਬਡ ਜੋੜਿ, ਭੀਮ ਸਸਿ ਚਾਲਜੋ ਜਬਿ ਹੀ।
ਮਗ ਮੈਂ ਉਤਰੇ ਗੁਰੈਂ ਪੇਖਿ, ਘਬਰਾਯੋ ਤਬ ਹੀ ॥੧੨॥

ਸੂਧਾ ਸੌਖਾ ਹੁਤੋ ਇਹੀ ਮਗ, ਪਾਂਵਟ ਕੇਰੋ।

ਸ਼ੰਕ ਪੰਕ ਮੈ ਬੂਡ, ਬੰਕ ਮਨ ਸੋਚ ਘਨੇਰੋ[1]।

[1]ਸ਼ੰਕਾ ਰੂਪ ਚਿੱਕੜ 'ਚ ਡੁੱਬਾ ਹੋਇਆ ਟੇਢਾ ਮਨ ਬਹੁਤੀਆਂ ਸੋਚਾਂ 'ਚ ਪੈ ਗਿਆ।

ਗੁਰੁ ਢਿਗ ਪਠਜੋ ਵਜੀਰ, ਲਰਜ਼ ਉਨਿ ਅਰਜ਼ ਸੁਨਾਈ।
ਹੁਕਮ ਹੋਇ ਤੌ ਨ੍ਰਿਪ ਬਰਾਤ ਲੈ, ਇਸ ਮਗ ਜਾਈ ॥੧੩॥
ਬੋਲੇ ਗੁਰੁ, ਕਰਿ ਬੰਦ ਨਗਾਰਾ ਬੇਸ਼ੱਕ ਜਾਵੈ।
ਜੇ ਦੁੰਦਭਿ[1] ਬਜਵਾਇ, ਬੀਰ ਹਮਰੇ ਰਿਸ ਘਾਵੈ[2]।

[1]ਧੌਂਸਾ। [2]ਗੁੱਸੇ ਨਾਲ ਮਾਰ ਦੇਣਗੇ।

ਸੁਨਿ ਵਜ਼ੀਰ ਤਜਿ ਧੀਰ, ਨ੍ਰਿਪ ਪੈ ਜਾਇ ਸੁਨਾਈ।
ਕਹਜੋ ਨ੍ਰਿਪ, ਨਹਿੰ ਰਹੇ ਇਜ਼ਤ, ਇਮ ਹਮਰੀ ਕਾਈ ॥੧੪॥
ਕਹਿ ਵਜ਼ੀਰ ਤੁਮ ਜਾਹੁ ਅਨਤ ਮਗ[1], ਹਮ ਇਤ ਐਹੈਂ।

[1]ਹੋਰਰਸਤੇ।

ਮਾਨ ਭੂਪ ਮਗ ਕਠਿਨ ਗਯੋ, ਚਢਿ ਪਰਬਤ ਪੈਹੈ।
ਦੂਲੋ ਯੁਤ ਕਿਛੁ ਲੋਗ ਸੰਗ ਲੈ, ਸਚਵ ਬਡੋ ਬਿਗ[1]।

[1]ਵੱਡਾ ਵਜ਼ੀਰ ਛੇਤੀ ਨਾਲ।

ਪੰਥ ਪਾਂਵਟੇ ਕੇਰ ਅਯੋ, ਲਖਿ ਸੁਧ ਸਫਾ ਢਿਗ[1] ॥੧੫॥

[1]ਸਿੱਧਾ ਸਾਫ਼ ਤੇ ਨੇੜੇ ਦਾ ਰਸਤਾ ਜਾਣ ਕੇ।

ਖਬਰ ਪਾਇ ਗੁਰੁ, ਸੋ ਤਹਾਇਂ ਪਕਰਾਇ ਮੰਗਾਏ।
ਬੋਲੇ, ਬਧੈਂ ਕਿ ਤਜੈਂ ਅਬੈ, ਸੱਤ੍ਰੂ ਸੁਤ ਤਾਂਏਂ[1]।

[1]ਵੈਰੀ ਦੇ ਪੁੱਤ੍ਰ ਤਾਈਂ ਹੁਣੇ ਮਾਰ ਦੇਈਏ ਕਿ ਛੱਡ ਦੇਈਏ।

ਦੀਨ ਹੋਇ ਪਰਬੀਨ, ਚੀਨ ਮੰਤ੍ਰੀ ਇਮ ਭਾਖਾ[1]।

[1]ਚਤੁਰ ਵਜ਼ੀਰ ਨੇ ਜਾਣ ਕੇ ਨਿੰਮ੍ਰਤਾ ਨਾਲ ਇਉਂ ਕਿਹਾ।

ਦੀਨ ਬੰਧੁ ਬਖਸ਼ੰਦ, ਬ੍ਰਿਜ ਨਿਜ ਚਹੀਏ ਰਾਖਾ ॥੧੬॥
ਆਪ ਤ੍ਰਿਲੋਕੀ ਨਾਥ, ਬੁਧਿ ਜੈਸੀ ਜਿਹ ਦੈਹੋ।
ਤੈਸੀ ਬਰਤੈ ਜੀਵ, ਸੀਵ ਤੁਮ ਪੀਵ ਲਖੈ ਹੋ[1]।

[1]ਬੁੱਧੀ ਦੀ ਅਸਲ {ਸੀਵ} ਹੱਦ ਤੁਸੀਂ {ਪੀਵ} ਹੇ ਮਾਲਕ ਆਪ ਜਾਣਦੇ ਹੋ।

ਸਰਣਾਗਤ ਪ੍ਰਤਿਪਾਲ, ਬਰਨ ਹੈਂ[1] ਲੋਗ ਤੁਮੈਂ ਸਬਿ।

[1]ਕਹਿੰਦੇ ਹਨ।

ਇਹੁ ਬਾਲਕ ਤੁਵ ਸ਼ਰਣ, ਕਰਣ ਚਹਿ ਬਜਾਹਿ ਤਰਣਿ[1] ਅਬਿ ॥੧੭॥ [1]ਜਵਾਨ।

ਸੁਣਿ ਕਰੁਣਾ ਕੇ ਬੈਨ[1] ਨੈਨ ਗੁਰੁ ਕਰੁਣਾ ਛਾਈ[2]। [1]{ਕਰੁਣਾ} ਦੁੱਖ ਦੇ ਬਚਨ। [2]ਕਿਰਪਾ ਭਰ ਗਈ।
ਸਿਰੇਪਾਉ ਦੈ ਭਾਉ ਸਾਥ, ਧੁਰ ਦਏ ਪੁਚਾਈ।
ਬੈਠਿ ਬਿਦੂਖਨ ਬਦਜੋ ਬੇਦ[1], ਬਿਧਿ ਬਜਾਹਿ ਭਯੋ ਸਬਿ। [1]ਪੰਡਤਾਂ ਨੇ ਬੈਠ ਕੇ ਵੇਦ {ਬਦਜੋ} ਉਚਾਰਨ ਕੀਤਾ।
ਭੂਪ ਖਾਟ ਪੈ ਜੁਰੇ[1], ਲਗਜੋ ਤੰਬੋਲ ਪੈਨ ਜਬਿ ॥੧੮॥ [1]ਖੱਟ ਤੇ ਜੁੜੇ।

ਸ੍ਰੀ ਗੁਰੁ ਕੋ ਤੰਬੋਲ, ਪਰੋਹਤ ਦਯਾਰਾਮ ਜੌ।
ਦੈਨ ਲਗਜੋ ਦਿਖਰਾਇ, ਪੇਖਿ ਚਿਤ ਚਕੇ ਆਮ ਤੌ[1]। [1]{ਆਮ ਤੌਂ} ਤਾਂ ਸਾਰੇ ਹੈਰਾਨ ਰਹਿ ਗਏ।
ਧੰਨ ਧੰਨ ਗੁਰੁ ਵਾਹ ਵਾਹ, ਧੁਨਿ ਭਈ ਦਸੋ ਦਿਸ।
ਜਬਰ ਜਵਾਹਰ, ਜੋਤਿ, ਜਗਮਗੈ ਜੇਵਰਾਂਨ ਤਿਸ[1] ॥੧੯॥ [1]ਤਿਨਾਂ ਗਹਿਣਿਆਂ ਤੇ ਜਵਾਹਰਾਤਾਂ ਦੀ ਚਮਕ ਜ਼ਬਰਦਸਤ ਜਗਮਗ ਜਗਮਗ ਕਰ ਰਹੀ ਹੈ।

ਭੂਪ ਪੇਖਿ ਸਭਿ ਚਕਿਤ ਖੂਪ ਚਿਤ, ਥਕਤ ਖੁਨਸ ਮਨ[1]। [1]ਮਨ 'ਚ ਖਿਝਦੇ ਥੱਕ ਗਏ।
ਆਪਸ ਮੈਂ ਕਹਿ ਐਸ, ਕਹੋ ਕਿਸ ਤੈ ਆਵੈ ਬਨ।
ਜਬੈ ਭਾਟ ਨੈ ਖੜੇ ਹੋਇ, ਕਹਿ ਊਚ ਸੁਨਾਯੋ।
ਮੋਲ ਸਵਾ ਲਖ ਕੋ ਤੰਬੋਲ, ਇਹੁ ਗੁਰੁ ਕੋ ਆਯੋ ॥੨੦॥

ਸੁਨਤ ਭੀਮ ਸਸਿ ਰਿਸਜੋ, ਖਿਸਜੋ ਮਨ ਕਿਸਜੋ ਬਕਜੋ ਇਮ[1]। [1]ਭੀਮ ਚੰਦ ਨੇ ਕ੍ਰੋਧ ਨਾਲ ਮਨ 'ਚ ਖਿਝ ਕੇ ਕਿਹਾ ਕਿ ਇਉਂ ਕਿਸ ਨੇ ਬਕਿਆ ਹੈ।
ਮਮ ਸੱਤ੍ਰੂ ਗੁਰੁ ਸੰਗ, ਫਤੇ ਸ਼ਾਹ ਮੇਲ ਰਖਜੋ ਕਿਮ।
ਮੰਡੀ ਪਤਿ ਜਸੁਵਾਲ, ਕਟੋਚੀ ਨ੍ਰਿਪ ਹੰਡੂਰੀ।
ਢਿਗ ਤੈ ਲੂਤੀ[1] ਲਾਇ, ਚਢਾਈ ਰਿਸ ਤਿਹ ਭੂਰੀ[2] ॥੨੧॥ [1]ਚੁਆਤੀ। [2]ਬਹੁਤਾ ਗੁੱਸਾ।

ਤੁਵ ਸੱਤ੍ਰੂ ਕੋ ਮਿੱਤ੍ਰ, ਸੱਤ੍ਰੂ ਅਲਵੱਤ੍ਰ ਹੋਈ[1]। [1]ਤੇਰੇ ਵੈਰੀ ਦਾ ਮਿੱਤ੍ਰ {ਅਲਵੱਤ੍ਰ} ਬਿਨਾ ਸੰਸੇ ਤੋਂ ਤੇਰਾ ਵੀ ਵੈਰੀ ਹੋਵੇਗਾ।
ਜੋ ਸੱਤ੍ਰੂ ਕਾ ਸੱਤ੍ਰੂ, ਮਿੱਤ੍ਰ ਹਮਰਾ ਹ੍ਵੈ ਸੋਈ।
ਸਮਧੀ[1] ਤੁਮਰੋ ਰਖੈ ਮੇਲ, ਜੌ ਗੁਰੁ ਸੋਂ ਬਨਤੈ[2]। [1]ਕੁੜਮ। [2]ਬਣਾ ਕੇ।

ਡੋਰਾ ਤਜਿ ਇਸ ਸੁਤਾ ਕੇਰ, ਸੁਤ ਬਜਾਹੋ ਅਨਤੈ[1]
॥੨੨॥
ਫਤੇ ਸ਼ਾਹਿ ਸੋਂ ਬੋਲਿ, ਕਹਜੋ ਸੱਤੂ ਗੁਰੁ ਬਨ ਜਾ।
ਕੈ ਹਮ ਹ੍ਵੈ ਹੈਂ ਬਿਦਾ, ਇਦਾ ਤਜਿ ਤੁਮਰੀ ਤਨੁਜਾ[1]।
ਫਤੇ ਸ਼ਾਹਿ ਸੁਨਿ ਕਹਜੋ, ਗੁਰੂ ਸੱਮ੍ਰਥ ਕਰਮਾਤੀ।
ਮਾਲਕ ਉਭੈ ਜਹਾਨ[1], ਰੂਪ ਖਾਲਕ[2] ਬਖਜਾਤੀ
॥੨੩॥
ਤਿਨ ਸੋਂ ਬੈਰ ਨ ਗਹੀਏ, ਰਹੀਏ ਪਰ ਸ਼ਰਨਾਈ।
ਦੀਨ ਬੰਧੁ ਬਖਸ਼ਿੰਦ, ਸਿੰਧੁ ਕਰੁਣਾ[1] ਸੁਖਦਾਈ।
ਜਾਇ ਗਹੋਂ ਮੈਂ ਪਾਂਇ, ਤੁਝੈ ਬਖਸ਼ਾਇ ਦੈਂਹੁ ਸਬਿ।
ਤਜੋ ਬੈਰ ਤੁਮ ਭਜੋ ਮੇਲ[1], ਸੁਖ ਝੋਲ ਲੇਹੁ[2] ਅਬਿ
॥੨੪॥
ਮੋਹਿ ਭਰੋਸ ਬਡ ਅਹੋ, ਗਹੋਂ ਮੈਂ ਜਾਇ ਚਰਨ ਜਬਿ।
ਦੋਸ਼ ਤੁਮਾਰੇ ਬਖਸ਼ ਦੈਂਹ, ਗੁਰੁ ਰੋਸ ਛੋਰਿ ਤਬਿ।
ਸੋ ਦਜਾਲੁ ਨਿਰਵੈਰੁ ਕ੍ਰਿਪਾਲੁ, ਨ ਬੈਰ ਰਖੈ ਹੈਂ।
ਗੁਰੂ ਸੰਤ ਆਦਰਸ ਸ਼ੁਧ ਸਮ, ਬੇਦ ਕਥੈ ਹੈਂ[1]
॥੨੫॥
ਸੁਨਿ ਸੁਸ਼ਟ ਬਾਤ ਉਨਿ ਦੁਸ਼ਟ ਪੁਸ਼ਟ, ਰਿਸਿ ਖੋਟਿ ਓਠ ਕਟਿ।
ਕਹਜੋ[1], ਰਿਦਾ ਮਮ ਛਿਦਾ[2], ਬਿਦਾ ਦਿਹੁ ਇਦਾ ਕਰਜੋ ਹਠ।
ਹੋਤ ਕੁਚਾਲ ਬਿਰਸ ਕਮਾਲ[1], ਜਬਿ ਸਬਿਨਿ ਲਖਾਯੋ[2]।
ਨ੍ਰਿਪਨਿ ਸਚਵਨਿ ਅਤੇ, ਫਤੇ ਸ਼ਾਹਿ ਕੋ ਸਮੁਝਾਯੋ
॥੨੬॥
ਗੁਰੁ ਸ੍ਰਬੱਗਜ ਲਖਿ ਉਰ ਕੀ, ਫਿਰ ਭੀ ਬਖਸ਼

[1]ਹੋਰ ਥਾਂ।

[1]ਏਥੇ ਤੇਰੀ ਲੜਕੀ ਛੱਡ ਕੇ।

[1]ਦੋਹਾਂ ਲੋਕਾਂ ਦੇ। [2]ਪ੍ਰਮੇਸ਼ਰ ਦਾ ਰੂਪ ਹਨ।

[1]ਕਿਰਪਾ ਦੇ ਸਮੁੰਦਰ।

[1]ਮੇਲ ਕਰ ਲਵੋ। [2]ਸੁਖ ਪ੍ਰਾਪਤ ਕਰ ਲਵੋ।

[1]ਵੇਦ ਕਥਨ ਕਰਦੇ ਹਨ ਕਿ ਗੁਰੂ ਅਤੇ ਸੰਤ {ਆਦਰਸ਼} ਸ਼ੀਸ਼ੇ ਵਾਂਗ ਸਾਫ਼ (ਚਿੱਤ ਹੁੰਦੇ ਹਨ)।

[1]ਉਸ ਵੱਡੇ ਦੁਸ਼ਟ (ਭੀਮ ਚੰਦ) ਨੇ ਸੁੰਦਰ ਗੱਲ ਸੁਣ ਕੇ ਗੁੱਸੇ ਵਿੱਚ ਆ ਕੇ ਖੋਟੇ ਨੇ ਬੁੱਲ੍ਹ ਟੁਕ ਕੇ ਕਿਹਾ ਕਿ:-। [2]ਮੇਰਾ ਹਿਰਦਾ ਛਾਣਨੀ ਕਰ ਦਿੱਤਾ ਹੈ।

[1]ਬਹੁਤੀ। [2]ਜਾਣਿਆ।

ਲੈਂਹ ਕਬਿ।
ਬਿਗਰਨ ਸਮਧੀ ਬੁਰੋ, ਬਿਗਰ ਹੈ ਕਾਰਜ ਅਬਿ ਸਬਿ।
ਅਨਿਕ ਭਾਂਤਿ ਕਹਿ ਬਾਤ, ਨ੍ਰਿਪ ਉਰਿ ਗੁਰੁ ਤੈ ਫੇਰੋ।
ਕੌਨ ਕੌਨ ਕੋ ਨਹਿਂ, ਕੁਸੰਗ ਭਰਮਾਯੋ ਹੇਰੋ ॥੨੭॥
ਰਾਵਣ ਕੌਰਵ ਕੰਸ, ਬੰਸ ਜਾਦੋ ਕੇ ਖੋਏ।
ਨਾਰਦ ਬਜਾਸ ਪਰਾਸਰ ਸੇ, ਬਹੁ ਗ੍ਰੰਥਨ ਗੋਏ[1]। [1]ਕਹੇ ਹਨ।
ਫਤੇ ਸ਼ਾਹਿ ਤਜਿ ਧਰਮ ਸਿਦਕ, ਸਮਧੀ ਕਾ ਬਨਜੋ।
ਗੁਰੁ ਸੋ ਮੈਹੂੰ ਲਰੋਂ, ਅੱਗ੍ਰ ਹ੍ਵੈ ਐਸੇ ਭਨਜੋ ॥੨੮॥
ਭੀਮ ਚੰਦ ਆਨੰਦ ਭਯੋ, ਬੋਲੰਦ ਐਸ ਸੁਨਿ।
ਕੀਨੀ ਮਸਲਤ ਬੈਠਿ ਐਂਠ[1], ਏਕੰਤ ਸਬਿਨਿ ਪੁਨ। [1]ਆਕੜ ਨਾਲ।
ਛੀਨ ਲੇਹੁ ਤੰਬੋਲ, ਦੈਹੁ ਗੁਰੁਸਿਖੈਂ ਮਾਰੈ।
ਘਾਟੇ[1] ਲੇਵਹੁ ਰੋਕ, ਅੱਸ੍ਵ ਲਿਹੁ ਖੱਸ[2] ਹਥਿਜਾਰੈਂ ॥੨੯॥ [1]ਰਸਤੇ, ਦੱਰੇ। [2]ਖੋਹ ਲਵੋ।
ਨੰਦ ਚੰਦ ਇਹੁ ਭੇਦ ਪਾਇ, ਅੱਖ ਭੂਪਤਿ ਕੀ ਪਿਖਿ।
ਖੁਫੀਆ ਡੇਰੇ ਭੇਜ ਦਾਸ, ਬੁਲਵਏ ਸਬੈ ਸਿੱਖ।
ਜਿਤਿਕ ਵਸਤੁ ਥੀ ਧਰੀ, ਖਾਟ ਪਰ[1] ਅਪਨ ਪਰਾਈ। [1]ਮੰਜੇ ਉਪਰ ਭਾਵ ਦਿਖਾਵੇ ਲਈ ਰੱਖੀਆਂ ਸਾਰੀਆਂ ਚੀਜ਼ਾਂ।
ਝਟਪਟ ਸਗਲ ਸਮੇਟ, ਫੇਟ ਬੰਧ ਕੰਧ ਉਠਾਈ[1] ॥੩੦॥ [1]ਕਮਰ ਕਸਾ ਕਰ ਕੇ ਮੋਢਿਆਂ 'ਤੇ ਚੁੱਕ ਲਈਆਂ।
ਪਰਜੋ ਰੌਰ ਤਿਸ ਠੌਰ, ਦੌਰਿ ਦਿਸ ਡੇਰੇ ਚਾਲੇ।
ਕਾਟੇ ਡਾਂਟੇ ਕਿਤਿਕ ਪਹਾਰੀ, ਜਿਨਿ ਕਰ ਘਾਲੇ[1]। [1]ਜਿਨ੍ਹਾਂ ਹੱਥ ਪਾਏ।
ਪਰੇ ਪਾਂਵਟੇ ਪੰਥ, ਅੱਸ੍ਵ ਅਤਿ ਸ਼ੀਘ੍ਰ ਛੇਰੇ।
ਬਾਈ ਧਾਰਨ ਕੇਰ, ਮਗਰ ਭਟ ਚਢੇ ਬਧੇਰੇ ॥੩੧॥

ਜੰਗ ਕਰਤ ਤਿਨ ਸੰਗ, ਤੀਰ ਤੋਫੰਗਨਿ ਸੰਗੈਂ।
ਘਾਟੇ ਪਰ ਜਬਿ ਅਏ, ਭਏ ਤਬਿ ਸਿੱਖ ਕੁਢੰਗੈਂ[1]।
ਅਧਿਕ ਸੈਨ ਤਹਿਂ ਐਨ, ਨ੍ਰਿਪਨਿ ਥੀ ਰਖੀ ਉਤਾਰੇ।
ਅਗਜੋਂ ਰੋਕੇ ਉਨੈਂ, ਅਏ ਪੀਛੈ ਭਟ ਭਾਰੇ ॥੩੨॥

[1]ਕਸੂਤੇ ਫਸ ਗਏ।

ਦੁਹਿ ਦਿਸ ਗਿਰ ਥੇ ਤੁੰਗ[1], ਭਗਜੋ ਨਹਿਂ ਕਹਿਂ ਤਹਿਂ ਜਾਏ।
ਸਿੱਖਨ ਹੋਇ ਲਚਾਰ, ਤਹਾਂ ਸਤਿਗੁਰੂ ਧਿਆਏ।
ਤੋਮਰ[1] ਤੀਰ ਤੁਫੰਗਨ[2] ਸੋਂ, ਲਿਯ ਜੰਗ ਕਰਾਰਾ।
ਮੱਦਤ ਹਿੰਮਤ ਕੇਰ, ਭਯੋ ਪ੍ਰਭੂ ਗੁਰੁ ਰਖਵਾਰਾ[1] ॥੩੩॥

[1]ਉੱਚੇ ਪਹਾੜ ਸਨ।

[1]ਬਰਛੇ। [2]ਬੰਦੂਕਾਂ।

[1]ਪ੍ਰਭੂ ਰੂਪ ਸਤਿਗੁਰੂ ਹਿੰਮਤ ਦਾ ਮਦਦਗਾਰ ਤੇਰਾਖਾ ਹੋਇਆ।

ਰਸਤਾ ਲਯੋ ਛੁਡਾਇ, ਘਾਇ[1] ਬਹੁ ਸੱਤ੍ਰੂਨ ਤਾਂਈ।
ਘਾਟਾ[1] ਆਏ ਨਿਕਸ, ਬਿਗਸ ਦੌਰੇ ਅਗਵਾਈ।
ਅਏ ਕਾਟਤੇ ਸਿੱਖ, ਡਾਟਤੇ ਅਰਿਨਿ ਅਪਾਰੀ।
ਰਹੇ ਫਾਟਤੇ ਹੱਥ, ਚਾਟਤੇ ਓਠ ਪਹਾਰੀ[1] ॥੩੪॥

[1]ਮਾਰ ਕੇ।

[1]ਦੱਰਾ=ਦੋ ਪਹਾੜਾਂ ਦੇ ਵਿਚਕਾਰ ਦੀ ਲੰਘਣ ਦਾ ਰਸਤਾ।

[1]ਪਹਾੜੀਏ ਹੱਥ {ਫਾਟਤੇ} ਮਲਦੇ ਤੇ ਬੁਲ੍ਹ ਚਟਦੇ ਰਹੇ।

ਸਿੱਖ ਭੀ ਭਏ ਸ਼ਹੀਦ ਕਿਤਿਕ, ਸ਼ਤ੍ਰੂ ਬਹੁ ਘਾਏ।
ਜਗੇ ਭਾਗ ਮੁਦ ਪਗੇ[1], ਲਗੇ ਗੁਰੁ ਪਗੇ ਸਿੱਖਾਏ[2]।
ਨੰਦ ਚੰਦ ਸਾਨੰਦ ਬੰਦਿ, ਗੁਰੁ ਤਈਂ ਸੁਨਾਏ।
ਨਿਜ ਤੰਬੋਲ ਲੌ ਵਥੁ ਅਮੋਲ, ਬਹੁ ਔਰ ਜਿ ਲਜਾਏ ॥੩੫॥

[1]ਅਨੰਦ 'ਚ ਲੀਨ ਹੋਏ। [2]ਸਿੱਖ ਆ ਕੇ ਗੁਰਾਂ ਦੇ ਚਰਨੀਂ ਲੱਗੇ।

ਧਰਿ ਗੁਰੁ ਅੱਗ੍ਰ ਸਮੱਗ੍ਰ, ਬਿਤਜੋ ਸਭਿ ਹਾਲ ਸੁਨਾਯੋ।
ਸਮਧੀ ਸਮਧੀ ਭਏ ਏਕ, ਚਹਿਂ ਹਮੈਂ ਹਤਾਯੋ[1]।
ਹਮ ਕੋ ਪ੍ਰੇਰਜੋ ਜੈਸ ਤੁਮੈ, ਤਿਮ ਹਮ ਕਰਿ ਆਏ।
ਦੇ ਕਰਿ ਅਪਨਾ ਹਾਥ, ਘਾਟ ਪਰ ਆਪ ਬਚਾਏ ॥੩੬॥

[1]ਸਾਨੂੰ ਮਾਰਨਾ ਚਾਹੁੰਦੇ ਸਨ।

ਅਬਿ ਤਜਾਰੀ ਤੁਮ ਕਰੋ, ਜੰਗ ਕੀ ਭਾਰੀ ਸਭਿ ਹੀ।

ਭੂਪ ਦੁਬਿੰਸਤ ਧਾਰ ਵਾਰ, ਮਿਲਿ ਐਹੈਂ ਅਬਿ ਹੀ[1]।
[1]ਬਾਈ ਧਾਰਾਂ ਵਾਲੇਰਾਜੇ ਮਿਲ ਕੇ ਹੁਣੇ ਆਉਣਗੇ।

ਸੁਨੀ ਬਾਤ ਹਮ ਸਾਤ[1], ਨ੍ਰਿਪਨ ਬਖਜਾਤ ਰੋਸ ਧਰਿ।
[1]ਸੱਚੀ।

ਨਿਜ ਨਿਜ ਦਲ ਕੋ ਦਯੋ ਬਾਂਟ, ਦਾਰੂ[1] ਗੋਲੀ ਤਰ[2]
[1]ਬਰੂਦ। [2]ਬਹੁਤਾ।

॥ ੩੭ ॥

ਸੁਨਤ ਅਰਜ਼ ਗੁਰੁ ਗਰਜ ਕਹਯੋ, ਮਮ ਫਰਜ਼ ਇਹੈ ਜਗ।

ਨਸ਼ਟ ਦੁਸ਼ਟ ਗਨ ਕਰੋਂ ਪੁਸ਼ਟ[1], ਪਰਚਰੋਂ ਸੁਸ਼ਟ ਮਗ[2]।
[1]ਸਾਰੇ ਵੱਡੇ ਦੁਸ਼ਟਾਂ ਨੂੰ। [2]{ਸੁਸ਼ਟ} ਅਤਿ ਉੱਤਮ ਪੰਥ ਪ੍ਰਚਲਤ ਕਰਾਂਗਾ ਭਾਵ ਖ਼ਾਲਸਾ ਪੰਥ ਸਾਜਾਂਗਾ।

ਤਬੈ ਸੁਦਾਗਰ ਅਏ ਗੁਰੂ ਢਿਗ, ਸੁਜੱਸ ਅਧਿਕ ਸੁਨਿ।
ਬਹੁਤ ਤੁਰੰਗ ਸੁਰੰਗ ਚੰਗ, ਗੁਰੁ ਲਏ ਤਿਨੈ ਚੁਨਿ

॥ ੩੮ ॥

ਦੀਨੋ ਬਿੱਤ[1] ਅਮਿੱਤ, ਚਿਤ ਜਿੱਤਕ ਉਨਿ ਚਾਹਾ।
[1]ਧਨ।

ਬਖਸ਼ੇ ਦਾਸਨ ਤਈਂ, ਚਢਯੋ ਚਿਤ ਜੰਗ ਉਮਾਹਾ।
ਹੁਕਮ ਮਸੰਦਨ ਦਯੋ ਗੁਰੂ, ਵਥੁ ਜੰਗ ਬਟੋਰੋ[1]।
[1]ਜੰਗ ਦੀਆਂ ਚੀਜ਼ਾਂ ਇਕੱਠੀਆਂ ਕਰੋ।

ਉਨਿ ਸਮਾਨ ਹਿਤ ਜੰਗ, ਜਮ੍ਹਾਂ ਕੀਨੋ ਨਹਿਂ ਥੋਰੋ

॥ ੩੯ ॥

ਦਾਰੂ ਗੋਲੀ ਸ਼ਸਤ੍ਰ ਗੁਰੂ ਬਖਤ੍ਰ[1] ਬਰਤਾਏ।
[1]ਸੰਜੋਆਂ।

ਧਨ ਅਨਗਨ ਮਨ ਇੱਛਤ, ਹੌਸਲੇ ਬਖਸ਼ ਬਢਾਏ।
ਮਾਤੁਲਾਦਿ ਮੰਤ੍ਰੀਨ ਸੰਗ, ਨਿਤ ਮਸਲਤ ਕਰਹੀਂ।
ਸੈਨਾਂ ਤਈਂ ਸੰਭਾਲ, ਜੰਗ ਕੀ ਚਾਲ ਸਿਖਰਹੀਂ

॥ ੪੦ ॥

ਦਯਾ ਰਾਮ ਦਿਜ ਨਿਪੁਨ[1], ਬੇਦ ਬਿਦਜਾ ਥਾ ਜੋਈ।
[1]ਚਤੁਰ।

ਤਿਨਿ ਗਿਨਿ ਜੋਤਸ਼ ਜੰਗ ਹੇਤ, ਰੰਗ ਭੂੰਮੀ ਗੋਈ[1]
[1]ਜੰਗ ਦੀ ਧਰਤੀ ਦੱਸੀ।

॥ ੪੧ ॥

ਦੋਹਰਾ:

ਏਕ ਓਰ ਜਮੁਨਾ ਬਹੇ,
ਗਿਰੀ ਨਦੀ ਇਕ ਓਰ।
ਨਾਮਰਾਜ ਪੁਰ ਗਾਮ ਢਿਗ,
ਆਹਿ ਭੰਗਾਣੀ ਠੌਰ ॥ ੪੨ ॥

ਅੜਿੱਲ:

ਸਬਿ ਬਿਧਿ ਸੁਖਦ ਸੁਥਲ,
ਸੋ ਭਲ ਆਭੀਤ[1] ਹੈ। [1]ਭੈ-ਰਹਿਤ।
ਮਹਾਰਾਜ ਤਿਸ ਠੌਰ,
ਜੁੱਧ ਹਮ ਜੀਤ ਹੈਂ।
ਕੋਸ ਇਹਾਂ ਤੈ ਖਸ਼ਟ,
ਪਹੁੰਚੇ ਵਸਤੁ ਸਬਿ।
ਹੋ ਦਲ ਭੀ ਸੱਤ੍ਰੂਨ ਐਹੈ,
ਉਤ ਤੈ ਲਖੋ ਅਬਿ ॥ ੪੩ ॥

ਸੁਨਿ ਮੁਦ ਦਾਨੀ[1] ਬਾਨੀ, ਮਾਨੀ ਤਾਸ ਹੈ। [1]ਅਨੰਦ ਦੇਣ ਵਾਲੀ।
ਜਾਨੀ ਜਾਨ ਜਹਾਨੀ[1] ਸਤਿਗੁਰੁ ਖਾਸ[2] ਹੈਂ। [1]ਸੰਸਾਰ ਦੇ। [2]ਆਪ।
ਨੰਦ ਚੰਦ ਪ੍ਰਤਿ ਗੁਰੁ ਤਬਿ, ਹੁਕਮ ਸੁਨਾਯੋ।
ਹੋਰਚੋ ਮੋਰਚੇ ਤਹਾਂ, ਜਹਾਂ ਦ੍ਵਜ ਗਾਯੋ[1] ॥ ੪੪ ॥ [1]ਬ੍ਰਹਮਣ ਨੇ ਕਿਹਾ ਹੈ।
ਮਾਨ ਹੁਕਮ ਦੀਵਾਨ, ਤਜਾਰੀ ਸਬਿ ਕਰੀ।
ਅਬੈ ਸੁਨੀ ਜੋ ਕਥਾ, ਕੋਹੀਅਨ ਕੀ ਜਰੀ[1]। [1]ਪਹਾੜੀਆਂ ਦੀ ਥੋੜ੍ਹੀ ਜਿਹੀ ਕਥਾ।
ਨੰਦ ਚੰਦ ਲੌ ਸੁਭਟ, ਗੁਰੂ ਕੇ ਜਬੈ ਲਰਿ।
ਹੋ ਘਾਟਾ ਘੱਟਾ ਘੱਤ, ਮੂੰਡ ਗਿਰ ਪਤਿਨਿ ਤਰ[1] ॥ ੪੫ ॥ [1]ਘਾਟ ਉੱਪਰ ਪਹਾੜੀ ਰਾਜਿਆਂ ਦੇ ਸਿਰ ਵਿੱਚ {ਤਰ} ਬਹੁਤਾ ਘੱਟਾ ਪਾ ਕੇ।
ਘਾਟਾ ਲਖਿ[1] ਸਿਖ ਅਏ, ਹੀਨ ਬਲ ਅਰਿ ਭਏ। [1]ਘਾਟ ਲੰਘ ਕੇ।
ਓਂਠ ਦਲਤ ਕਰ ਮਲਤ[1], ਪਹਾਰੀ ਰਹਿ ਗਏ। [1]ਬੁੱਲ੍ਹ ਟੁਕਦੇ ਤੇ ਹੱਥ ਮਲਦੇ।
ਭੀਮ ਚੰਦ ਸੁਨਿ ਰਿਸਜੋ, ਖਿਸਜੋ ਮਨ ਯੌਂ ਕਹੇ।
ਹੋ ਜੱਧੀ ਦੇ ਮਾਂ ਖੁੱਚੇ[1], ਕਰਤੇ ਕਿਆ ਰਹੇ ॥ ੪੬ ॥ [1]ਲੰਗੜੇ।

ਜੇ ਘਾਟੇ ਪਰ ਰੋਕਤ, ਝੋਕਤ ਤੁਪਕ ਸਬਿ[1]। [1]ਸਾਰੀਆਂ ਬੰਦੂਕਾਂ ਝੋਕ ਦਿੰਦੇ (ਅੱਗੇ ਕਰ ਕੇ ਚਲਾ ਦਿੰਦੇ)।
ਜਾਨ ਨ ਦੇਤੇ ਏਕ, ਛੇਕਤੇ[1] ਸਿੱਖਨਿ ਤਬਿ। [1]ਵਿੰਨ੍ਹ ਦਿੰਦੇ।
ਲੇਤੇ ਛੀਨ ਤੰਬੋਲ, ਅੱਸ੍ਵ ਹਥਜਾਰ ਤਿਨਿ।

ਹੋ ਅਬਿ ਕੈ ਹ੍ਵੈ ਪਛੁਤਾਏ, ਆਏ ਥੇ ਸੁ ਗਿਨ[1] ॥੪੭॥

[1]ਸੋਚ ਕੇ, ਵਿਚਾਰ ਕੇ।

ਡੋਰਾ ਟੋਰਾ ਓਰ ਧਾਮ ਨਿਜ[1], ਤਬੈ ਹੀ।
ਫਤੇ ਸ਼ਾਹਿ ਲੌ ਨ੍ਰਿਪ, ਬੋਲਿ ਢਿਗ ਸਬੈ ਹੀ।
ਕਹਜੋ ਸਬਬ ਮੈਂ ਭਏ, ਇਕੱਠੇ ਇਹਾਂ ਅਬਿ।
ਹੋ ਨਿਜ ਨਿਜ ਸੈਨ ਸਕੇਲ, ਸੱਤ੍ਰੂ ਕੋ ਕਢੋ ਦਬਿ ॥੪੮॥

[1]ਆਪਣੇ ਘਰ ਵੱਲ।

ਛੀਨਜੋ ਆਜ ਦਹੇਜ[1], ਕਾਲ ਘਰ ਲੂਟ ਹੈ।
ਫਿਰ ਰਜਧਾਨੀ ਰਾਨੀ, ਛੀਨੈ ਕੂਟ ਹੈ।
ਸਬਿ ਨ੍ਰਿਪਨਿ ਕੀ ਨਾਕ, ਗਏ ਕਟ ਅਬਿ ਅਹੋ।
ਹੋ ਤਜਿ ਮਰਦਾਨੇ ਭੇਸ, ਜ਼ਨਾਨੇ ਸਜਿ ਬਹੋ ॥੪੯॥

[1]ਅੱਜ ਦਾਜ।

ਫਤੇ ਸ਼ਾਹਿ ਕੀ ਸਰਹਦ ਪਰ, ਗੁਰੁ ਹੈ ਬਸਜੋ।
ਇਸ ਕੀ ਬੇਟੀ ਕੋ ਦਹੇਜ, ਘਰ ਤੈ ਖਸਜੋ[1]।
ਇਹੁ ਆਗੇ ਹ੍ਵੈ ਲਰੇ, ਮਦਤ ਹਮ ਸਬਿ ਕਰੈਂ।
ਹੋ ਕਢੈਂ ਦੇਸ ਤੈ ਸੱਤ੍ਰੈ, ਰਣ ਮੈਂ ਕੈ ਹਰੈਂ[1] ॥੫੦॥

[1]ਖੋਹ ਲਿਆ ਹੈ।

[1]ਜਾਂ ਜੰਗ 'ਚ ਮਾਰ ਦਿਆਂਗੇ।

ਨਾਹਿ ਤ ਰੋਟੀ ਬੇਟੀ, ਇਸ ਕੀ ਪਰਹਰੋ[1]।
ਜਬਿ ਅਨੰਦਪੁਰ ਜੈਹੈ ਗੁਰੁ, ਤਬਿ ਮੈਂ ਲਰੋਂ।
ਫਤੇ ਸ਼ਾਹਿ ਸੁਨਿ ਮਾਨੀ, ਸਬਸੈਂ ਰਖਨ ਕੋ।
ਹੋ ਭਯੋ ਸੁਮਤਿ ਤੈ ਕੁਮਤਿ, ਜੰਗ ਦੁਖ ਚਖਨ ਕੋ ॥੫੧॥

[1]ਤਿਆਗ ਦਿਉ।

ਪੌਨ ਹੋਤ ਜਿਉਂ ਦੁਖਦ, ਸੰਗ ਬਦ ਬੋਇ ਮਿਲਿ।
ਕੌਨ ਕੌਨ ਨਹਿਂ ਭਯੋ ਪਤਿਤ[1], ਕੁਸੰਗਿ ਮਿਲਿ।
ਸਜਿ ਨਿਜ ਸੈਨਾ ਚਢਜੋ, ਨਗਾਰਾ ਵਾਇ ਕੈ[1]।
ਹੋ ਭਏ ਮੱਦਤ ਸਬਿ ਤਾਂਹਿ, ਅਧਿਕ ਗਰਵਾਇ ਕੈ[1] ॥੫੨॥

[1]ਡਿੱਗਿਆ।

[1]ਵਜਾ ਕੇ।

[1]ਬਹੁਤੇ ਹੰਕਾਰੀ ਹੋ ਕੇ।

ਕਰਨ ਚਢੇ ਮਿਲਿ ਜੰਗ, ਸੰਗ ਜਬਿ ਗੁਰੁਨ ਕੇ।
ਨਿਜ ਨਿਜ ਸੈਨ ਬਟੋਰ[1], ਹੋਰ ਨਰ ਪੁਰਨ ਕੇ।
ਲੋਚਨ ਫਰਕਤ ਬਾਏਂ ਹਰਕਤ ਕਰਨ ਕੋ[1]।
ਹੋ ਸੌਨ ਹੋਤ ਅਪਸੌਨ, ਜੌਨ ਦਾ ਮਰਨ ਕੋ[1]

[1]ਇਕੱਠੀ ਕਰਕੇ।

[1]{ਹਰਕਤ} ਹਿੱਲਣ ਨੂੰ ਖੱਬੇ ਨੇਤ੍ਰ ਫਰਕਦੇ ਹਨ।

[1]ਸਗਨ ਦੀ ਥਾਂ ਖੋਟੇ ਸਗਨ ਹੋ ਰਹੇ ਹਨ ਜੋ ਮੌਤ ਦੇਣ ਵਾਲੇ

॥ ੫੩ ॥
ਸੁਨਿ ਅਗਵਨ[1] ਦਲ ਨ੍ਰਿਪਨਿ, ਗੁਰੁ ਭਟ ਖੁਸ਼ਿ ਭਏ।
ਕਾਇਰ ਮਰਨੋ ਡਰਤ, ਮਰਤ ਕੰਪਤ ਪਏ।
ਅਚਰਜ ਉਦਜੋ ਅਨੋਖਾ, ਚੋਖਾ ਲਿਹੁ ਲਖੇ[1]।
ਹੋ ਬੇਈਮਾਨ ਪਠਾਨ ਭਏ, ਜੋ ਗੁਰੁ ਰਖੇ ॥ ੫੪ ॥
ਆਪਸ ਮੈਂ ਸੋ ਕਹੈਂ, ਜੰਗ ਹਮ ਪਰ ਪਰੈ।
ਗੁਰੁ ਢਿਗ ਕੌਨ ਸਿਪਾਹੀ, ਔਰੈ ਜੋ ਲਰੈ।
ਤਾਂ ਤੇ ਹਜਾਂ ਤੇ[1] ਚਲਬੋ, ਨੀਕੋ ਅਬਿ ਹਈ।
ਹੋ ਮੁਸਲਮਾਨ ਮਲੇਛਨਿ, ਬਲਿਕੈ ਯੌਂ ਠਈ[1]
॥ ੫੫ ॥
ਕਜੋਂ ਨਾਹੱਕ ਬਿਨ ਆਈ, ਗੁਰੁ ਢਿਗ ਰਹਿ ਮਰੈਂ।
ਰਾਜਨ ਦਿਸ ਮਿਲਿ, ਕਜੋਂ ਨ ਕਾਜ ਨਿਜ ਹਮ ਕਰੈਂ।
ਗੁਰੁ ਢਿਗ ਦੌਲਤ ਬੇਸ਼ੁਮਾਰ, ਅਤਿਸੈਂ ਅਹੇ।
ਹੋ ਰਾਜਨ ਸੋਂ ਮਿਲਿ, ਮਾਫ ਲੂਟ ਕਰਵਾ ਲਹੇਂ
॥ ੫੬ ॥
ਟੂਟੈਂ[1] ਗੁਰੁ ਘਰ ਲੂਟੈਂ, ਛੂਟੈਂ ਤੰਗਸੀ[2]।
ਜਾਇ ਫੇਰ ਘਰ ਬਹੈਂ, ਲਹੈਂ ਜ਼ਰ ਚੰਗਸੀ[1]।
ਭਾਵੀ ਮਤਿ ਭਰਮਾਵੀ, ਕ੍ਰਿਤਘਨ ਭਏ ਸੋ।
ਹੋ ਇਮ ਸਲਾਹਿ ਕਰਿ ਖਾਨ, ਗੁਰੂ ਪੈ ਗਏ ਸੋ
॥ ੫੭ ॥
ਜਹਿਂ ਬੈਠੇ ਜਗ ਮੌਰ, ਚੌਰ ਸਿਰਿ ਝੁਲ ਰਹੇ।
ਦ੍ਵਾਰ ਪਾਲ ਕੇ ਦ੍ਵਾਰਿ[1] ਅਰਜ਼ ਕਰਗੇ ਤਹੇਂ[2]।
ਅਕੜੇ ਬਕੜੇ[1] ਚਲੈਂ, ਚੁਸਤ ਚਾਲਾਕ ਸੇ।
ਹੋ ਬਾਂਕੀ[1] ਪਗੀਆ ਮੂਛ, ਤੂਛ ਮਤਿ ਆਕ ਸੇ[2]
॥ ੫੮ ॥
ਐਂਠਦਾਰ[1] ਪਗ ਪੇਚ, ਸਕੰਧਨ ਪੈ[2] ਪਰੇ।
ਕਮਠੇ ਗਰ ਸ਼ਮਸ਼ੇਰੈਂ, ਭਾਲੇ ਕਰ ਫਰੇ[1]।

ਹਨ।
[1]ਆਉਣਾ।
[1]{ਚੋਖਾ} ਬਹੁਤਾ ਅਸਚਰਜ ਉਦੇ ਹੋਇਆ ਜਾਣ ਲਵੋ।
[1]ਏਥੋਂ।
[1]ਸਗੋਂ ਇਉਂ ਧਾਰੀ।
[1]ਟੁੱਟ ਕੇ ਭਾਵ ਜ਼ੋਰ ਨਾਲ। [2]ਗ਼ਰੀਬੀ ਦੂਰ ਹੋ ਜਾਏਗੀ।
[1]ਚੰਗੀ ਦੌਲਤ।
[1]ਰਾਹੀਂ। [2]ਓਥੇ ਗਏ।
[1]ਆਕੜ ਫਾਕੜ ਨਾਲ।
[1]ਟੇਢੀਆਂ। [2]ਅੱਕ ਵਰਗੇ ਤੁੱਛ ਬੁੱਧੀ ਹਨ।
[1]ਆਕੜ ਵਾਲੇ। [2]ਮੋਢਿਆਂ 'ਤੇ।
[1]ਗਲ 'ਚ {ਕਮਠੇ} ਧਨੁਸ਼ ਤੇ ਤਲਵਾਰਾਂ ਅਤੇ ਹੱਥਾਂ 'ਚ ਬਰਛੇ ਫੜੇ ਹਨ।

ਕਰਿ ਬੰਦਨ ਸਭਿ ਬੈਠੇ, ਭੀਖਨ ਖਾਂ ਕਹੀ।
ਹੋ ਚਿੱਠੀ ਆਈ ਘਰ ਤੈ, ਡਿੱਠੀ ਅਬਿ ਵਹੀ
॥ ੫੯ ॥

ਲਰਕੀ ਲਰਕਨ ਕੇ ਨਿਕਾਹ, ਬਹੁ ਰਖੇ ਧਰ[1]। [1]ਧਰਰੱਖੇ ਹਨ ਭਾਵ ਦਿਨ ਮੁਕੱਰਰ ਕੀਤੇ ਹੋਏ ਹਨ।
ਦੀਜੈ ਛੁੱਟੀ ਤਲਬ[1], ਸਬੈ ਹਮ ਜਾਂਹਿ ਘਰ। [1]ਤਨਖ਼ਾਹ।
ਜਾਨਤ ਹਮ ਭੀ, ਕਾਮ ਆਪ ਕੋ ਅਬਿ ਪਰੈ।
ਹੋ ਕਹਾਂ ਕਰੈਂ ਹਮ, ਗਏ ਬਿਨਾ ਨਹਿਂ ਤਹਿਂ ਸਰੈ
॥ ੬੦ ॥

ਦਿਲ ਕੀ ਜਾਨੀ, ਜਾਨ ਜਹਾਨੀ ਕੇ ਗੁਰੂ[1]। [1]ਜਗਤ ਦੇ ਜਾਣੀ ਜਾਣ ਗੁਰੂ ਜੀ ਨੇ ਪਠਾਣਾਂ ਦੇ ਦਿਲ ਦੀ ਜਾਣ ਲਈ।
ਕਹਜੋ ਪਠਾਨੋ, ਜਾਨੋ ਤੁਮ[1] ਭਾ ਰਣ ਸ਼ੁਰੂ। [1]ਤੁਸੀਂ ਵੀ ਜਾਣਦੇ ਹੋ।
ਹਮ ਨੇ ਜਾਨ ਬਹਾਦਰ, ਸਾਦਰ ਥੇ ਰਖੇ।
ਹੋ ਅਬਿ ਤੋ ਜੋਗ ਨਿਰਾਦਰ, ਕਾਦਰ[1] ਦਿਢ ਲਖੇ [1]ਕਾਇਰ {ਕਾਤਰ ਤੋਂ ਕਾਦਰ=ਕਾਇਰ}।
॥ ੬੧ ॥

ਇਸੀ ਕਾਮ ਹਿਤੁ ਤੁਮ ਕੋ, ਹਮ ਨੇ ਥਾ ਰਖੋ।
ਧਨ ਅਨਗਨ ਮਨ ਭਾਵਤ, ਦੀਨੋ ਹੈ ਲਖੋ।
ਚਢੀ ਆਇ ਉਤਰਾਇ ਸੱਤ੍ਰੂ ਜਾਇ ਹੈ[1]। [1]ਜੋ ਵੈਰੀ ਚੜ੍ਹ ਕੇ ਆਵੇਗਾ ਉਹ ਆਪਣੀ (ਇੱਜ਼ਤ) ਉਤਰਾ ਕੇ ਜਾਵੇਗਾ।
ਹੋ ਤਾਂ ਤੇ ਤੁਮ ਕਜੋਂ, ਕਾਇਰ ਹੋਇ ਪਲਾਇ ਹੈਂ[1] [1]ਨੱਠਦੇ ਹੋ।
॥ ੬੨ ॥

ਕੁਲੈ ਕਲੰਕ ਨ ਲਾਵੋ, ਦੁਗਨੀ ਤਲਬ ਲਿਹੁ।
ਕਹਜੋ ਪਠਾਨਨਿ ਪੁਨਾ, ਗੁਰੂ ਅਬਿ ਬਿਦਾ ਦਿਹੁ।
ਆਜ ਜਾਹਿ ਤੌ ਪਹੁੰਚੈਂ, ਨਾਹਿਂ ਤ ਜਾਹਿਂ ਮਤੁ[1]। [1]ਨਹੀਂ ਤਾਂ ਨ ਜਾਈਏ।
ਹੋ ਸਗੇ[1] ਸਬੰਧਿਨ ਵੀਚ, ਹਮਾਰੀ ਜਾਇ ਪਤਿ [1]ਸਕੇ।
॥ ੬੩ ॥

ਗੁਰੂ ਕਹਜੋ, ਅਬਿ ਤਿਗੁਨ ਰੁਜ਼ੀਨਾ ਪਾਈਏ।
ਗੀਦੀ ਬਨਿ, ਨਹਿਂ ਲਾਜ ਪਠਾਨੈ ਲਾਈਏ।
ਉਨੈ ਅਗਜਾਨੀ ਬਾਨੀ, ਮਾਨੀ ਨਾਹਿਂ ਪਰ।
ਹੋ ਬੋਲੇ ਗੁਰੁ ਲਿਹੁ ਚੌਗੁਨ, ਭਾਗ ਨ ਜਾਹੁ ਘਰ
॥ ੬੪ ॥

ਪੁਨ ਉਨਿ ਭਾਖਜੋ, ਬਾਤ ਕਠਿਨ ਅਤਿ ਆ

ਪਰੀ।
ਹਮ ਤੈ ਠਹਰਜੋ ਜਾਇ ਨਹੀਂ, ਅਬਿ ਇਕ ਘਰੀ।
ਕਹਜੋ ਗੁਰੂ, ਕਜੋਂ ਨਿਮਕ ਹਰਾਮੀ ਬਨਤ ਹੋ।
ਹੋ ਉਭੈ ਲੋਕ ਨਿਜ ਸੁਖ ਕੀ, ਜੜ ਕਜੋਂ ਖਨਤ ਹੋ[1] [1]ਪੁੱਟਦੇ ਹੋ।
॥ ੬੫ ॥
ਜਿਸ ਮਰਨੇ ਤੇ ਡਰਤੇ, ਭਾਗਤ ਸਬਿ ਅਬੈ।
ਕਿਸੀ ਠੌਰ ਨਹਿਂ ਬਚ ਹੋ, ਤਿਸ ਤੇ ਤੁਮ ਕਬੈ।
ਗੀਦੀ ਗਾਦਰ[1] ਕਾਦਰ[2] ਜਗ ਬਿਦਤਾਇ ਹੋ। [1]ਗਿੱਦੜ। [2]ਕਾਇਰ।
ਹੋ ਕਿਸੀ ਠੌਰ, ਨਹਿਂ ਜਾਇ ਸੁ ਆਦਰ ਪਾਇ ਹੋ
॥ ੬੬ ॥
ਲਾਭ ਹਾਨ ਜਸ ਅਪਜਸ, ਬਹੁ ਸਮਝਾਯੋ।
ਮੂਢ ਮਲੇਛ ਨ ਸਮਝੇ, ਕਾਲ ਭੁਲਾਯੋ।
ਫਿਰੀ ਦ੍ਰਿਸ਼ਟਿ[1] ਫਿਰ ਗੁਰੁ ਕੀ, ਉਨ ਕੀ ਓਰ ਤੈ। [1]ਨਿਗਾਹ।
ਹੋ ਧੁਰ ਦਰਗਾਹੋਂ ਜਰਾਂ, ਉਖੇਰੀ ਕੋਰ ਤੈ[1] [1]ਅੱਖ ਦੇ ਕੋਏ (ਭਾਵ ਇਸ਼ਾਰੇ) ਨਾਲ।
॥ ੬੭ ॥
ਗਏ ਤੁਰਕ ਪੁਨ ਢੁਰਕ[1], ਦੁਸ਼ਟ ਉਠਿ ਤਹਾਂ ਤੈ। [1]ਖਿਸਕ ਗਏ।
ਕਿਤਿਕ ਕੋਸ ਪਰ ਥਿਰੇ, ਜਾਇ ਜਢ ਵਹਾਂ ਤੈ।
ਗੁਰੁ ਹਵਾਲ ਲਿਖਿ ਭੇਜਜੋ, ਬੁਧੂ ਸ਼ਾਹਿ ਪੈ।
ਹੋ ਤੁਮਰੇ ਜਾਨ ਪਠਾਨ, ਰਖੇ ਥੇ ਯਾਹਿਂ ਪੈ[1] [1]ਏਥੇ।
॥ ੬੮ ॥
ਪਢੀ ਪੜ੍ਰਿਕਾ ਬੁੱਧੂ ਸੁੱਧੂ ਚਿੱਤ ਕੇ[1]। [1]ਸਾਫ਼ ਚਿੱਤ ਵਾਲੇ।
ਲਯੋ ਸਮਾਜ ਬਟੋਰ[1], ਕਾਜ ਹਿਤ ਮਿੱਤ ਕੇ। [1](ਜੰਗ ਦਾ) ਸਾਮਾਨ।
ਚਾਰੋ ਪੂਤ ਸਪੂਤ, ਫਕੀਰ ਮੁਰੀਦ ਬਹੁ।
ਹੋ ਸਾਤਕ ਸੌ ਲੈ ਪਹੁੰਚਜੋ, ਗੁਰੁ ਢਿਗ ਸੀਧ ਗਹੁ[1] [1]ਸੇਧ ਪਕੜ ਕੇ।
॥ ੬੯ ॥
ਬਿਹਸੇ[1] ਗੁਰੂ ਬਿਲੋਕ, ਪੀਰ ਕੇ ਪਜਾਰ ਕੋ। [1]ਖ਼ੁਸ਼ ਹੋਏ।
ਮਿਲੇ ਮੋਦ ਹ੍ਵੈ ਬਗਲ ਗੀਰ[1], ਨਿਜ ਯਾਰ ਕੋ। [1]ਜੱਫੀ ਪਾ ਕੇ।
ਬੇਈਮਾਨ ਪਠਾਨਨ ਕੀ, ਕਹਿ ਸੁਨਿ ਕਥਾ।
ਹੋ ਧਿਕ ਧਿਕ ਭਾਖੈ ਪੀਰ, ਬੀਰ ਔਰੈ ਤਥਾ[1] [1]ਤਿਵੇਂ।
॥ ੭੦ ॥

ਭਈ ਜੰਗ ਕੀ ਤਜਾਰੀ, ਭਾਰੀ ਦੁਹਿ ਦਿਸੈਂ।
ਔਰ ਬਾਤ ਇਕ ਬੇਢਬ, ਹੋਈ ਦਿਨ ਤਿਸੈਂ।
ਪਾਂਚਕ ਸੈ ਜੁ ਉਦਾਸੀ, ਤਹਾਂ ਫਕੀਰ ਥਾ।
ਹੋ ਨਿਤ ਪ੍ਰਤਿ ਜਿਨੈਂ ਕੜਾਹੁ, ਮਿਲਤ ਕੈ ਖੀਰ ਥਾ
॥ ੭੧ ॥
ਭਏ ਸੁ ਬੇਈਮਾਨ, ਜਾਨ ਬਾਚਾਨ ਹਿਤ।
ਗਏ ਭਾਗ ਆਭਾਗ[1], ਨਿਸਾ ਮੈਂ ਡਰਤ ਕਿਤ। [1]ਖੋਟੇ ਭਾਗਾਂ ਵਾਲੇ।
ਇਕ ਕ੍ਰਿਪਾਲ ਮਹੰਤ, ਤਿਨੋ ਕਾ ਰਹਜੋ ਤਹਿਂ।
ਹੋ ਸਾਰ[1] ਦਈ ਜਬਿ ਸਿੱਖਨ, ਗੁਰੁ ਪੈ ਜਾਇ ਯਹਿ [1]ਖ਼ਬਰ।
॥ ੭੨ ॥
ਸੁਨਿ ਕੈ ਤੱਜਬ ਗਜ਼ਬ[1], ਹੋਏ ਲੋਗ ਤਬਿ। [1]ਬਹੁਤੇ ਹੈਰਾਨ।
ਬੋਲੇ ਗੁਰੁ ਵਹਿ ਭੇਖੀ, ਭੂਖੇ ਹੁਤੇ ਸਬਿ।
ਨਾਮ ਉਦਾਸੀ ਕੂਰ, ਉਦਾਸ ਨ ਭਯੋ ਜੌ।
ਹੋ ਤਨ ਅਭਿਮਾਨ ਅਗਜਾਨ, ਹਾਨ[1] ਨਹਿਂ ਕਯੋ [1]ਨਾਸ।
ਜੌ ॥ ੭੩ ॥
ਤਜਾਗ ਧਾਮ ਕੇ ਕਾਮ, ਨਾਮ ਨਹਿਂ ਜਿਨਿ ਜਪਿਓ।
ਤਿਨ ਤੋ ਨਿਜ ਪਗ ਆਪ, ਕੁਹਾਰੇ ਸੈਂ ਕਪਜੋ[1]। [1]ਕੱਟਿਆ ਹੈ।
ਭੇਖ ਰੇਖ[1] ਧਰਿ ਜੇ, ਅਲੇਖ ਨਹਿਂ ਪਾਇ ਹੈਂ। [1]ਚਿੰਨ੍ਹ, ਨਿਸ਼ਾਨ।
ਹੋ ਕੂਕਰ[1] ਸੂਕਰ[2] ਗ੍ਰਧਭ[3], ਜੋਨੀ ਜਾਇ ਹੈਂ [1]ਕੁੱਤੇ। [2]ਸੂਰ। [3]ਗਧੇ ਦੀ।
॥ ੭੪ ॥
ਬ੍ਰਹਮਾਤਮ ਨਿਜ ਤਨ ਤੈ, ਜੁਦਾ ਨ ਜੇ ਲਖੈਂ।
ਦੇਹ ਅਧਜਾਸ[1] ਬਿਨਾਸ, ਖਾਸ ਸੁਖ ਨਹਿ ਚਖੈਂ। [1]ਦੇਹ ਦਾ ਮਿਥਜਾ ਗਿਆਨ।
ਨਾਮ ਅਭਜਾਸ ਨ ਕਰੈਂ, ਜੇ ਸਤਗੁਰੁ ਥਾਟ ਕੇ[1]। [1]ਸਤਿਗੁਰੂ ਬਣਾ ਕੇ ਭਾਵ ਧਾਰ ਕੇ।
ਹੋ ਧੋਬੀ ਕੇ ਸਗ ਸਮ[1], ਨਹਿਂ ਘਰ ਕੇ ਘਾਟ ਕੇ [1]ਕੁੱਤੇ ਵਾਂਗ।
॥ ੭੫ ॥
ਵੇਸ ਫਕੀਰੀ ਲਾਜ, ਹਮੇਸ਼ ਜੁ ਰਾਖ ਹੈਂ।
ਸਤਿ ਸੰਗਤ ਕਰਿ, ਬ੍ਰਹਮਾਤਮ ਨਿਜ ਲਾਖ ਹੈਂ[1]। [1]ਬ੍ਰਹਮ ਨੂੰ ਆਪਣਾ ਸਰੂਪ ਜਾਣਦੇ ਹਨ।
ਜਨਮ ਸਫਲ ਨਿਜ ਕਰੈਂ, ਤਰੈਂ ਤਿਹਂ ਇੱਕੀ ਕੁਲ।

ਹੋ ਅੰਤ ਬ੍ਰਹਮ ਮੈਂ ਮਿਲੈਂ, ਜਲੈਂ ਜਲ ਜੈਸ ਢੁਲ[1]
॥ ੭੬ ॥

[1]ਢਲ ਕੇ।

ਇਤਨੇ ਮੈਂ ਕ੍ਰਿਪਾਲ, ਗੁਰੂ ਢਿਗ ਆਯੋ।
ਕਟਿ ਕੁਪੀਨ[1] ਕਰ ਤੁੰਬਾ, ਕੁਤਕ[2] ਸੁਹਾਯੋ।
ਮਨੋ ਗਜਾਨ ਪੈ, ਹਿਤ ਕਲਜਾਨ ਵੈਰਾਗ ਤਪ।
ਹੋ ਅਯੋ ਬਿਸ਼ਨੁ ਪੈ, ਮਹਾਂਦੇਵ ਕੈ ਦੱਤ ਅਪਿ[1]
॥ ੭੭ ॥

[1]ਲੱਕ ਨਾਲ ਲੰਗੋਟੀ। [2]ਮੋਟਾ ਸੋਟਾ।

[1]ਆਪ।

ਬੋਲੇ ਗੁਰੁ ਮੁਸਕਾਇ, ਗਏ ਕਹਿਂ ਚੇਲਕੇ[1]।
ਹੁਤੇ ਖਵੱਈਏ ਜੋ, ਕੜਾਹੁ ਤ੍ਰੈ ਮੇਲ ਕੇ[1]।

[1]ਚੇਲੇ।

[1]ਤਿੰਨ ਮੇਲ ਦਾ (ਜਿਸ ਵਿੱਚ ਖੰਡ, ਘਿਉ, ਆਟਾ ਤਿੰਨੇ ਇੱਕੋ ਜਿਹੇ ਮੇਲੇ ਹੋਣ)।

ਪਸੁ ਹਰਜਾਉ ਮਨਿੰਦ[1], ਸਿੱਖਨ ਘਰ ਚਰੈਂਗੇ।
ਹੋ ਐਸੇ ਭੇਖੀ ਪੁਨ ਪੁਨ, ਜਨਮੈਂ ਮਰੈਂਗੇ ॥ ੭੮ ॥

[1]ਹਰੀ ਖੇਤੀ ਵੇਖ ਕੇ ਆਉਣ ਵਾਲੇ ਪਸ਼ੂ ਵਾਂਗ।

ਗੁਰੁ ਕੋ ਕਾਰਜ ਪਰਜੋ, ਪੇਖਤੇ ਹੀ ਭਗੇ।
ਕਹਾਂ ਲਰਾਵਨ ਹਮ, ਉਨਹੀ ਕੋ ਥੇ ਲਗੇ।
ਹੇਤ ਪਰਖਬੇ, ਆਯੁਧ ਪਹਿਰਨ ਕੋ ਕਹੀ।
ਹੌ ਬੈਠੇ ਕਰਤੇ ਭਜਨ, ਬਿਮੁਖਤਾ ਕਯੋਂ ਗਹੀ
॥ ੭੯ ॥

ਹਾਥ ਜੋਰਿ ਕ੍ਰਿਪਾਲ, ਕਹਯੋ ਸੁਨਿ ਨਾਥ ਜੀ।
ਬੇਮੁਖ ਸਨਮੁਖ ਰਖਨੋ, ਸਬਿ ਤੁਵ ਹਾਥ ਜੀ।
ਮੂਢ ਮਤੀ ਨਹਿਂ ਲਖਤ, ਗੂਢ ਪ੍ਰਤਾਪ ਤੁਹਿ।
ਹੋ ਮਿਤ੍ਰ ਸੱਤ੍ਰੁ ਨਹਿ ਕੋਇ, ਤੁਮਾਰੋ ਖੇਲ ਸੁਹਿ[1]
॥ ੮੦ ॥

[1]ਸੋਭ ਰਿਹਾ ਹੈ।

ਜਿਸ ਸਰੂਪ ਕੋ ਬ੍ਰਹਮਾਦਿਕ, ਨਹਿਂ ਪਾਇ ਹੈਂ।
ਨਿਗਮਾਗਮ ਮਨ ਬਾਣੀ, ਪਰਾ ਬਤਾਇ ਹੈਂ[1]।
ਹਮਰੇ ਪੂਰਬ ਜਪ ਤਪ, ਭਾਗ ਭਲੇਰ ਹੈਂ[1]।
ਹੋ ਲੋਚਨ ਗੋਚਰ[1] ਜੋ ਸਰੂਪ, ਤੁਵ ਹੇਰ ਹੈਂ[2]
॥ ੮੧ ॥

[1]ਵੇਦ ਸ਼ਾਸਤ੍ਰ ਮਨ ਬਾਣੀ ਤੋਂ ਪਰੇ ਦੱਸਦੇ ਹਨ।

[1]ਚੰਗੇ ਹਨ।

[1]ਅੱਖਾਂ ਸਾਹਮਣੇ। [2]ਦੇਖਦੇ ਹਾਂ।

ਐਸੇ ਪ੍ਰਭੂ ਕਾ ਸੰਗ, ਅਭਾਗੀ ਤਜਤ ਹੈਂ।
ਸੁਰ ਨਰ ਮੁਨਿ ਜਨ ਜਿਨ ਕੇ, ਪਦ ਨਿਤ ਭਜਤ ਹੈਂ।

ਆਪ ਤੀਨ ਪੁਰ ਥਾਪਨ, ਖਾਪਨ ਹਾਰ ਹੈਂ[1]।
ਹੋ ਬਪੁਰੇ ਕਹਾਂ ਗਿਰੇਸ, ਜੁ ਮੰਡੈਂਰਾਰ ਹੈਂ[1]
॥ ੮੨ ॥

[1]ਰਚਨ ਵਾਲੇ ਤੇ ਨਾਸ ਕਰਨ ਵਾਲੇ ਹੋ।
[1]ਲੜਾਈਰਚ ਰਹੇ ਹਨ।

ਬੋਲੇ ਗੁਰੁ ਮੁਸਕਾਇ, ਮੂਲ ਮਾਹੰਤ ਜੌ।
ਰਹਜੋ, ਡਾਲੀਆਂ ਔਰੈਂ ਭਵੈਂ ਬਸੰਤ ਤੌ[1]।

[1](ਦਰੱਖ਼ਤ ਦੇ) ਮੁੱਢ (ਵਾਂਗ) ਜੋ ਮਹੰਤ ਹੈ ਉਹ ਸਾਡੇ ਪਾਸਰਹਿ ਗਿਆ ਹੈ ਤਾਂ ਡਾਲੀਆਂ ਰੂਪ ਚੇਲੇ ਹੋਰ ਬੇਅੰਤ ਹੋ ਜਾਣਗੇ।

ਕਹੋ ਸੰਤ ਭਗਵੰਤ ਰੂਪ, ਤੁਮ ਧਜਾਨ ਕੈ[1]।
ਹੋ ਜੀਤ ਹੋਇ ਹੈ ਕਿਸ ਕੀ, ਲਰਿ ਰਣ ਠਾਨ ਕੈ
॥ ੮੩ ॥

[1]ਕਰਕੇ, ਲਾ ਕੇ।

ਭੀਮ ਚੰਦ ਸੌਂ[1], ਬਾਈ ਧਾਰਨ ਕੇ ਪਤੀ।
ਚਢ ਆਏ ਹਿਤ ਲਰਨ, ਸੈਨ ਲੈ ਸਬਿ ਅਤੀ[1]।
ਦੇਸ ਕੋਸ਼[1] ਨਹਿਂ ਛੀਨਜੋ, ਹਮ ਨੇ ਕਾਹਿ ਕਾ।
ਹੋ ਕਿਆ ਜਾਨੈ ਇਹੁ ਮੂਢ, ਹੰਕਾਰੀ ਚਾਹਿਂ ਕਾ[1]
॥ ੮੪ ॥

[1]ਨਾਲ।
[1]ਬਹੁਤੀ।
[1]ਖ਼ਜ਼ਾਨਾ।
[1]ਕੀ ਚਾਹੁੰਦੇ ਹਨ।

ਸੁਨਿ ਮਹੰਤ ਕਰ ਜੋਰਿ, ਕਹਾ ਪੁਨ ਐਸ ਹੈ।
ਨਰ ਲੀਲ੍ਹਾ ਇਵ ਬੂਝਤ, ਪ੍ਰਭੂ ਮੁਹਿ ਕੈਸ ਹੈ।
ਆਪ ਰੂਪ ਕਰਤਾਰ, ਲੀਨ ਅਵਤਾਰ ਹੈ।
ਹੋ ਗਜਾਤਾ ਤੀਨੋ ਕਾਲ, ਜੁ ਹੋਵਨ ਹਾਰ ਹੈ
॥ ੮੫ ॥

ਜਜੋਂ ਬਾਲਕ ਮਿਲਿ ਖੇਲਤ, ਸੱਤ੍ਰੂ ਮਿੱਤ੍ਰੂਚਿ।
ਵਾਸਤ੍ਵ ਰਾਗ ਨ ਦ੍ਵੈਸ਼, ਬ੍ਰਿਤਿ ਸਮਰਹਿਤ ਸਚ[1]।

[1]ਅਸਲ ਵਿੱਚ ਮੋਹ ਤੇ ਵੈਰ ਨਹੀਂ ਹੁੰਦਾ, {ਸੱਚ} ਨਿਸਚੇ ਵਿੱਚ ਬ੍ਰਿਤੀ ਇੱਕੋ ਜਿਹੀ ਰਹਿੰਦੀ ਹੈ।

ਚਰਿਤ ਕਰਤ ਤਜੋਂ ਰਾਵਰ, ਨਰ ਤਨ ਧਰਨ ਕੇ[1]।
ਹੋ ਇਹੁ ਤੁਵ ਲੀਲ੍ਹਾ ਬਾਲ, ਖਜਾਲ ਜੋ ਲਰਨ ਕੇ
॥ ੮੬ ॥

[1]ਧਾਰ ਕੇ।

ਮਧੁ ਕੈਟਭ ਸੰਘਾਰੇ[1], ਜਲ ਮੈਂ ਪੈਠ ਕੇ[2]।
ਹਿਰਨ ਕੱਸਪ ਹਿਰਨਾਛਸ ਮਾਰੇ ਐਠ ਕੇ[1]।
ਰਾਵਣ ਕੰਸ ਸ੍ਰਬੰਸ, ਤ੍ਰੈਤੈ ਦਵਾਪਰੈਂ।
ਹੋ ਮਾਰੇ ਹਤਹੋ ਅਬਿ, ਗਿਰਪਤਿ ਕਜਾ ਬਾਪੁਰੈਂ
॥ ੮੭ ॥

[1]ਮਾਰੇ। [2]ਵੜ ਕੇ।
[1]ਮਰੋੜ ਕੇ।

ਮੱਤ ਮਤੰਗ[1] ਬ੍ਰਿੰਦ, ਸ਼ੇਰ ਸੋਂ ਕਿਆ ਲਰੈਂ।
[1]ਬਹੁਤੇ ਮਸਤ ਹਾਥੀ।

ਸਰਪ ਸਰਵਰੀ[1], ਬੈਨਤੇਯ ਕੀ[2] ਕਬਿ ਕਰੈਂ।
[1]ਬਰਾਬਰੀ। [2]ਗਰੁੜ ਦੀ।

ਰਾਵਰ ਰਵਿ ਤੈ ਦੁਰੈਂ, ਨਖਤ ਅਰਿ ਸੌ ਗੁਨੇ[1]।
[1]ਆਪ ਰੂਪ ਸੂਰਜ ਤੋਂ ਸੌ ਗੁਣਾ ਵੈਰੀ ਰੂਪ ਤਾਰੇ ਛੁਪ ਜਾਣਗੇ।

ਹੋ ਬਿਜੈ ਲੱਛਮੀ ਸਦਾ, ਸੰਗ ਤੁਵ ਲੌ ਗੁਨੇ[1] ॥੮੮॥
[1]ਫਤਹ ਰੂਪ ਲੱਛਮੀ ਸਦਾ ਤੱਕ ਤੁਹਾਡੇ ਨਾਲ (ਰਹਿਣਾ) ਵਿਚਾਰਦੀ ਹੈ।

ਸਹੀ ਸੁਖਦ ਅਸੀਸ ਯੁਤੈਂ, ਕਿਰਪਾਲ ਜੌ।
ਕਹੇ ਬੈਨ ਸੁਨਿ ਸੁਭਟ, ਭਏ ਮੁਦ ਮਾਲ ਲੌ[1]।
[1]ਸੁਣ ਕੇ ਸੂਰਮੇ (ਐਉਂ) ਅਨੰਦ ਹੋਏ (ਜਾਣੋ) ਧਨ ਲੈ ਲਿਆ ਹੈ।

ਤਜਾਰੀ ਸਾਰੀ ਜੰਗ ਕਰਨ ਕੀ, ਬਰਨ ਪੈ[1]।
[1]ਪੁਨਾ ਕਹਿ ਕੇ।

ਹੋ ਧਜਾਇ ਭਯੋ ਥਿਰ ਈਹਾਂ, ਬੰਦ ਗੁਰੁ ਬਚਨ ਪੈ ॥੮੯॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਜੰਗ ਤਜਾਰੀ' ਬਰਨਨੰ ਨਾਮ ਚੁਰੰਜਵੋਂ ਬਿਸ੍ਰਾਮ ॥੫੪॥

੫੫. {ਜੰਗ ਭੰਗਾਣੀ, ਬੇਈਮਾਨ ਪਠਾਣ ਪਹਾੜੀਆਂ ਨਾਲ ਜਾ ਮਿਲੇ}

ਕਬਿੱਤ:

ਮਾਯਾ ਕੀ ਮਹਾਨਤਾ ਔ ਮਾਨਤਾ ਲੈ ਮਥੁਰਾ ਤੈ,
ਕਾਂਤੀ ਕੀ ਕਰਾਂਤੀ ਕਮਨੀਯਤਾ ਲੈ ਕਾਂਸੀ ਕੋ[1]।

[1]ਮਾਇਆ ਪੁਰੀ ਦੀ ਵਡਿਆਈ ਤੇ ਮਥਰਾ ਦੀ ਮੰਨਤ ਲੈ ਕੇ, ਕਾਂਤੀ ਦੀ ਚਮਕ ਤੇ ਸੁੰਦਰਤਾ ਕਾਂਸ਼ੀ ਦੀ ਲੈ ਕੇ।

ਦਰਪ ਦਵਾਰਕਾ ਕੋ ਹੌਸਲਾ ਹਿਵੰਤਕਾ ਕੋ,
ਔਧ ਕੋ ਅਰੂਜ ਲੈ ਨਮੂਜ ਬਿੱਸ੍ਵ ਬਾਸੀ ਕੋ[1]।

[1]ਉਤਸ਼ਾਹ ਦੁਆਰਕਾ ਦਾ, ਹੌਸਲਾ ਅਵੰਤਕਾ ਦਾ, ਅਜੁਧਿਆ ਦੀ ਤਰੱਕੀ ਤੇ ਪ੍ਰਮੇਸ਼ਰ ਦੀ ਮਸ਼ਹੂਰੀ।

ਸੱਤ ਸੱਤ ਲੋਕ ਤੈ ਮਹੱਤ ਹਰਿ ਓਕ ਤੈ ਲੈ,
ਰਾਮਦਾਸ ਗੁਰੁ ਪੁਰ ਰਚਜੋ ਹੁਲਾਸੀ ਕੋ[1]।

[1]ਸੱਤ ਲੋਕ ਤੋਂ ਸੱਚ, ਵੱਡਾ ਪਨ ਸਚਖੰਡ ਤੋਂ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਅਨੰਦ ਦਾਇਕ ਸ਼ਹਿਰ (ਅੰਮ੍ਰਿਤਸਰ) ਬਣਾਇਆ।

ਮੋਖ ਭੋਗ ਦਾਸੀ ਜਹਾਂ ਕਟਿਤਿ ਚੁਰਾਸੀ,
ਹਰਿ ਗਜ਼ਾਨ ਹ੍ਵੈ ਨਿਵਾਸੀ ਕਯੋਂ ਨ ਪੈਂਹ ਅਬਿਨਾਸੀ ਕੋ[1] ॥੧॥

[1]ਮੁਕਤੀ ਦੇ ਪਦਾਰਥ ਜਿੱਥੇ ਦਾਸ ਬਣ ਕੇ ਰਹਿੰਦੇ ਹਨ, ਚੁਰਾਸੀ ਕੱਟੀ ਦੀ ਹੈ, ਗਿਆਨ ਸਿੰਘ ਕਹਿੰਦਾ ਹੈ ਕਿ ਉਸ ਪੁਰੀ ਦੇ ਵੱਸਣ ਵਾਲੇ ਹੋ ਕੇ ਕਿਉਂ ਨ ਅਬਿਨਾਸ਼ੀ ਪ੍ਰਮੇਸ਼ਰ ਨੂੰ ਪਾਉਣਗੇ।

ਦੋਹਰਾ:

ਜੰਗ ਭੰਗਾਣੀ ਕਾ ਕਹੈਂ, ਏਸ ਅਧਜਾਇ ਮਝਾਰ।
ਆਮਦ ਸੁਨਿ ਕੋਹੀਨ ਕੀ[1], ਭਏ ਗੁਰੂ ਜਬਿ ਤਜਾਰ ॥੨॥

[1]ਪਹਾੜੀਆਂ ਦੇ ਆਉਣ ਦੀ (ਖ਼ਬਰ)।

ਅੜਿੱਲ ਛੰਦ:

ਤਿਸੀ ਸਮੇਂ ਇਕ ਸਿੱਖ,
ਕਹਜੋ ਇਮ ਆਇ ਕੈ।
ਨਿਮਕ ਹਰਾਮ ਪਠਾਨ,
ਮਿਲੇ ਉਤ ਜਾਇ ਕੈ।
ਫਤੇ ਸ਼ਾਹਿ ਦੈ ਆਦਰ, ਸਾਦਰ ਰਖ ਲੀਏ।
ਹੋ ਫੌਜ ਕਿਤਿਕ ਗੁਰੁ ਕੰਨੇ[1], ਬੂਝਨ ਸੋ ਕੀਏ ॥੩॥

[1]ਗੁਰਾਂ ਦੀ ਤਰਫ਼।

ਭਾਖਜੋ ਭੀਖਨ ਖਾਨ, ਫੌਜ ਗੁਰੁ ਪਾਸ ਕੁਹਿ[1]।
ਹਮ ਹੀ ਹੁਤੇ ਸਿਪਾਹੀ, ਆਏ ਪਾਸ ਤੁਹਿ।
ਨਾਈ ਛੀਂਬੇ ਰੋੜੇ, ਖੱਤ੍ਰੀ ਜਾਟ ਹੈਂ।

[1]ਕਿਹੜੀ ਹੈ ਭਾਵ ਕੋਈ ਫ਼ੌਜ ਨਹੀਂ।

ਹੋ ਬਨਕ ਕੁਲਾਲ ਕਲਾਲਨਿ ਮਾਲਿਨਿ ਠਾਟ ਹੈਂ[1] ॥ ੪ ॥

[1]ਬਾਣੀਆਂ, ਘੁਮਿਆਰਾਂ, ਕਲਾਲਾਂ ਤੇ ਮਾਲੀਆਂ ਦੇ ਇਕੱਠ ਹਨ {ਕਲਾਲ=ਇਕ ਗੋਤ੍ਰ}।

ਗਿਨਤੀ ਮਿਨਤੀ ਕਹਾਂ, ਇਨੋ ਕੀ ਜੇ ਕਹੈਂ।
ਜੰਗ ਦੇਖ ਜੋ, ਠਹਿਰੈਂ ਘਰੀ ਨ ਏਕ ਹੈਂ।
ਗੁਰੂ ਬਹਾਦਰ ਬਲੀ, ਬੀਰ ਇਕ ਠੀਕ ਹੈ।
ਹੋ ਪਾਂਚ ਭਣੇਂਵੇ, ਮਾਮੂ ਇਕ ਗੁਰੁ ਨੀਕ ਹੈ[1] ॥ ੫ ॥

[1]ਚੰਗਾ (ਸੂਰਮਾ) ਹੈ।

ਪਾਂਚ ਚਾਰ ਰਜਪੂਤ, ਕਹੀਂ ਤੈ ਆ ਰਹੇ।
ਪੀਰ ਸਡੌਰੇ ਵਾਰ, ਬੀਰ ਕਿਛੁ ਹੈ ਵਹੇ[1]।

[1]ਉਹ।

ਬਾਕੀ ਨਾਗੜ ਗੁੱਦੀ, ਭਰ ਰਹੀ ਆਮ ਹੈ[1]।

[1]{ਨਾਗੜ ਗੁੱਦੀ} ਕਮੀਨ ਜ਼ਾਤਾਂ ਦਾ ਇਕੱਠ {ਆਮ} ਬਹੁਤ ਭਰ ਰਿਹਾ ਹੈ।

ਹੋ ਔਰ ਫੌਜ ਗੁਰੁ ਪਾਸ, ਖੁਦਾ ਕਾ ਨਾਮ ਹੈ ॥ ੬ ॥

ਬਾਂਰਾ ਜਾਤਿ ਸਨਾਤ, ਸੱਤ ਜਗ ਜੋ ਕਹੀ[1]।

[1]ਬਾਰਾਂ ਨੀਚ ਜਾਤਾਂ ਜੋ ਠੀਕ ਜਗਤ 'ਚ ਕਹੀਆਂ ਹਨ।

ਸੋ ਭਰਤੀ ਖੁਰਗੀਨ, ਗੁਰੂ ਢਿਗ ਸਬਿ ਸਹੀ[1]।

[1]ਉਹ ਸਾਰੇ ਗੁਰੂ ਕੋਲ ਅਸਲ ਵਿੱਚ {ਖੁਰਗੀਨ} ਤਹਿਰੂ ਦੀ ਭਰਤੀ ਵਾਂਗ ਹਨ।

ਤੁਮ ਸੋਂ ਲਰਨੇ ਜੋਗ, ਨ ਕੋਇ ਦਿਖੀਤ ਹੈ।
ਹੋ ਤੁਮ ਭੀ ਰਹੋ ਕਿਨਾਰੇ, ਹਮ ਹੀ ਜੀਤ ਹੈਂ ॥ ੭ ॥

ਔਰ ਤਲਬ ਕੀ ਤਲਂਬ[1], ਨ ਤੁਮ ਤੇ ਕਿਛੁ ਹਮੈਂ।

[1]ਤਨਖਾਹ ਦੀ ਇੱਛਾ।

ਦੇਹੁ ਮਾਫ ਕਰਿ ਲੂਟ, ਗੁਰੂ ਘਰ ਹਮਲ ਮੈ[1]।

[1]ਹਮਲੇ ਵਿੱਚ (ਅ) (ਜੋ) {ਹਮ} ਅਸੀਂ {ਲਮੈਂ} ਲੈ ਲਈਏ।

ਪਤਿਸ਼ਾਹਿਨ ਢਿਗ ਨਾਹਿਨ, ਦੌਲਤ ਇਤਿਕ ਹੈ।
ਹੋ ਗੁਰੁ ਢਿਗ ਮਾਯਾ ਆਜ, ਪੇਖੀਅਤ ਜਿਤਿਕ ਹੈ ॥ ੮ ॥

ਮਨ ਮਾਯਾ ਭਰਮਾਯਾ, ਪਾਯਾ ਗਜਾਨ ਨਹਿਂ।
ਰਾਜਨਿ ਮਤਾ ਪਕਾਯਾ, ਲੀਨੇ ਰਾਖ ਵਹਿ।
ਬਡਜੋ ਗਰਬ, ਚਢਿ ਸਰਬ ਅਗਾਰੀ ਬਢ ਗਏ।
ਹੋ ਅਨਗਨ ਦਲ ਮਿਲਿ ਦੁੱਜਨ[1], ਓਰੜ[2] ਚਢਿ ਅਏ ॥ ੯ ॥

[1]ਖੋਟਿਆਂ ਦੇ। [2]ਉੱਛਲ ਕੇ।

ਬਾਜਤ ਦੁੰਦਭਿ ਬ੍ਰਿੰਦ[1], ਮੇਘ ਜਨੁ ਗਾਜ ਹੀਂ।

[1]ਸਾਰੇ ਧੌਂਸੇ।

ਕਹਜੋ ਸਿੱਖ, ਸੋ ਐਂਹ ਭਂਗਾਣੀ ਆਜ ਹੀ।

ਸੁਨਿ ਗੁਰੁ ਪੂਰਨ, ਤੂਰਨ[1] ਤਯਾਰੀ ਹੈ ਕਰੀ।
ਹੋ ਬਜਵਾਯੋ ਰਣਜੀਤ, ਨਗਾਰਾ ਤਿਸ ਘਰੀ ॥੧੦॥

[1]ਛੇਤੀ।

ਸ਼ਸਤ੍ਰ ਬਸਤ੍ਰ ਬਖਤ੍ਰ[1] ਸਜਿ, ਦਲ ਗੁਰੁ ਚਢਜੋ।
ਗਿਰ ਗਿਰਾਟ ਗਿਰਪਤੀਅਨਿ, ਖਰਭਰ ਅਤਿ ਬਢਜੋ[1]।
ਕਲਗੀਧਰ ਪੋਸ਼ਾਕ ਪਾਕ[1], ਧਰਿ ਜੰਗ ਕੀ।
ਹੋ ਸੂਖਮ ਅਕਟ ਸੰਜੋਇ, ਫੁਲਾਦੀ ਅੰਗ ਕੀ[1] ॥੧੧॥

[1]ਸੰਜੋਆਂ।
[1]ਧੌਂਸਿਆਂ ਦਾ {ਗਿਰ ਗਿਰਾਟ} ਭਾਰੀ ਡੰਡ-ਰੌਲਾ (ਸੁਣ ਕੇ) ਪਹਾੜੀ ਰਾਜਿਆਂ ਅੰਦਰ {ਖਰਭਰ} ਘਬਰਾਹਟ ਵਧ ਗਈ।
[1]ਪਵਿੱਤ੍ਰ।
[1]ਸਰੀਰ (ਉੱਪਰ ਧਾਰਨ) ਕੀਤੀ।

ਹੀਰੇ ਕੁੰਦਨ ਜਟਿਤ ਮੁਸਟ, ਖਗ ਪਹਿਰ ਕਰਿ[1]।
ਕਠਿਨ ਕੁਵੰਡ ਪ੍ਰਚੰਡ, ਕੰਧ ਪੈ ਧਰਜੋ ਵਰ[1]।
ਪੂਰਤ ਤੀਰ ਤੁਨੀਰ, ਕਸਜੋ ਕਟਿ ਖਚਤ ਮਨਿ[1]।
ਹੋ ਕਿਧੋਂ ਸਦਨ ਅਹਿ ਕਾਲ, ਹਰਨ ਹਿਤ ਅਰਿਨਿ ਗਨ[1] ॥੧੨॥

[1]ਹੀਰਿਆਂ ਨਾਲ ਜੜੀ ਹੋਈ ਸੋਨੇ ਦੀ ਮੁੱਠ ਵਾਲੀ ਤਲਵਾਰ ਪਹਿਨ ਕੇ।
[1]ਕਰੜਾ {ਪ੍ਰਚੰਡ} ਭਾਰਾ ਤੇ ਸ੍ਰੇਸ਼ਟ {ਕੁਵੰਡ} ਧਨੁਸ਼ ਮੋਢੇ 'ਤੇਰੱਖਿਆ।
[1]ਤੀਰਾਂ ਦਾ ਭਰਿਆ ਹੋਇਆ {ਤੁਨੀਰ} ਭੱਥਾ ਮਣੀਆਂ ਨਾਲ ਜੜਤ ਹੋਇਆ ਲੱਕ ਨਾਲ ਕੱਸਿਆ।
[1]ਜਾਂ ਇਹ ਕਾਲ ਰੂਪ ਸੱਪਾਂ ਦਾ ਘਰ ਹੈ ਸਾਰੇ ਵੈਰੀਆਂ ਨੂੰ ਮਾਰਨ ਲਈ।

ਪੇਸ਼ ਕਬਜ਼[1] ਪਿਸਤੌਲ, ਤਮੰਚਾ[2] ਪੰਚ ਕਲ[3]।
ਕਸੇ-ਕਮਰ ਯੁਤ ਕਮਰ, ਸਮਰ ਹਿਤ ਗੁਰੂ ਭਲ[1]।
ਸੰਗੋ ਸ਼ਾਹ, ਗੁਲਾਬ ਚੰਦ, ਸਸਿ ਮਾਹਰੀ[1]।
ਗੰਗਾਰਾਮ ਸੁ ਜੀਤ ਮੱਲ, ਭਲ ਕਾਹਰੀ[1] ॥੧੩॥

[1]ਕਰਦ ਦੀ ਸ਼ਕਲ ਦਾ ਇਕ ਸ਼ਸਤ੍ਰ। [2]ਲੰਬੀ ਨਾਲੀ ਦਾ ਪਿਸਤੌਲ। [3]ਆਸਾਮ ਦੇ ਰਾਜੇਰਤਨਰਾਇ ਵੱਲੋਂ ਭੇਟਾ ਕੀਤਾ ਗਿਆ ਪੰਜ ਕਲਾਂ ਵਾਲਾ ਸ਼ਸਤ੍ਰ।
[1]ਗੁਰਾਂ ਨੇ ਚੰਗੀ ਤਰ੍ਹਾਂ ਕਮਰ ਕਸੇ ਸਣੇ (ਸਾਰੇ ਸ਼ਸਤ੍ਰ) ਲੱਕ ਨਾਲ ਜੰਗ ਵਾਸਤੇ (ਕੱਸੇ)।
[1]ਮਾਹਰੀ ਚੰਦ।
[1]ਚੰਗੇ {ਕਾਹਰੀ} ਫੁਰਤੀਲੇ।

ਬੀਬੀ ਬੀਰੋ ਕੇਰ ਪੂਤ, ਭਟ ਪਾਂਚ ਜੇ।
ਹੋ ਚਢੇ ਬੀਰ ਜਨੁ ਪਾਂਚੋ, ਪਾਂਡਵ ਸਾਚ ਥੇ।
ਨੰਦ ਚੰਦ ਮਾਸੰਦ, ਬੁਲੰਦ ਜੁ ਬੀਰ ਥਾ।
ਦਯਾਰਾਮ ਕ੍ਰਿਪਾਲ ਚੰਦ, ਭਟ ਧੀਰ ਥਾ ॥੧੪॥

ਊਦਾ, ਧਰਮਾ, ਸਾਂਗਾ, ਚੰਦਨ ਆਦਿ ਭਟ।
ਹੋ ਛਕੇ ਛੋਭ[1] ਸਭਿ ਛੱਤ੍ਰੀ ਅੱਤ੍ਰੀ[2] ਅਏ ਝੱਟ।
ਰੱਖਕ ਕੇਤਿਕ ਸੁਭਟ ਕਿਲੇ ਮੈਂ ਛੋਰ ਕੈ।

[1]ਕ੍ਰੋਧ 'ਚ ਭਰੇ ਹੋਏ। [2]ਸ਼ਸਤ੍ਰ ਧਾਰੀ।

ਬਾਕੀ ਦਲ ਭਲ ਸਤਿਗੁਰੁ, ਬੀਰ ਬਟੋਰ ਕੈ[1]
॥ ੧੫ ॥

[1]ਇਕੱਠੇ ਕਰਕੇ।

ਪ੍ਰਥਮ ਭਗਵਤੀ ਧਜਾਇ[1] ਨਾਮ ਨਵ ਗੁਰੁਨਿ ਲੈ।
ਹੋ ਕਰਿ ਬੰਦਨ ਅਰਦਾਸ, ਚਢੇ ਗੁਰੁ ਸੁਰਨ[1] ਲੈ।
ਸ਼ਗਨ ਭਏ ਸਭਿ ਨੀਕ, ਦਾਇਕੈ ਜੀਤ ਜੇ।
ਚਾਲੇ ਤੁਰੇ[1] ਨਚਾਵਤ, ਭਾਵਤ ਮੀਤ ਥੇ ॥ ੧੬ ॥

[1]ਪ੍ਰਿਥਮ ਭਗਉਤੀ ਸਿਮਰ ਕੈ।
[1]ਸੂਰਮਿਆਂ ਨੂੰ।
[1]ਘੋੜੇ।

ਬਾਜਤ ਦੁੰਦਭਿ, ਗਾਜਤ ਹਯ ਸਬਿ ਸੂਰਮੇ।
ਹੋ ਨੂਰ ਸੂਰ ਕੋ ਢਾਪਜੋ, ਨਭ ਭਰ ਧੂਰ ਮੇਂ[1]।

[1]ਸੂਰਜ ਦਾ ਚਾਨਣ ਢੱਕ ਲਿਆ, ਅਕਾਸ਼ ਧੂੜ ਨਾਲ ਭਰਿ ਗਿਆ।

ਤਬਿ ਗੁਰੁ ਹੁਕਮ ਸੁਨਾਯੋ, ਸੰਗੋ ਸ਼ਾਹਿ ਸੈਂ।
ਗਾਡੋ ਰਣ ਖੰਭ ਜਾਇ, ਭਂਗਾਣੀ ਠਾਂਹਿ ਜੈ
॥ ੧੭ ॥

ਤਹਿਂ ਘਾਲੋ ਘਮਸਾਣ, ਰੋਕ ਕੈ ਸੱਤ੍ਰੂ ਕੋ।
ਹੋ ਹਮ ਤੁਮ ਪੁਸ਼ਤ ਪਨਾਹਿ, ਆਇ ਹੈਂ ਤੱਤ੍ਰ ਕੋ[1]।

[1]ਪਿੱਠ ਪਿੱਛੋਂ ਤੇਰੀਰੱਖਿਆ ਵਾਸਤੇ {ਤੱਤ੍ਰ} ਉਸ ਤਰਫ਼ ਆਵਾਂਗੇ।

ਸੰਗੋ ਸ਼ਾਹ ਉਤਸ਼ਾਹ ਸੰਗ, ਨਿਜ ਸੈਨ ਲੈ।
ਜਾਇ ਅਰਜੋ ਅਰਿ ਸੰਗ, ਮੋਰਚਾ ਐਨ ਲੈ
॥ ੧੮ ॥

ਫਤੇ ਸ਼ਾਹਿ ਸਸਿ ਭੀਮ ਨ੍ਰਿਪ, ਸਸਿ ਹਰੀ ਜੋ।
ਹੋ ਬਢੇ ਅੱਗ੍ਰ, ਅਤਿ ਮਢੇ ਰੋਹ ਬਿਧਿ ਖਰੀ ਸੋਂ[1]।

[1]ਚੰਗੀ ਤਰ੍ਹਾਂ ਬਹੁਤੇ ਗੁੱਸੇ 'ਚ ਮੜ੍ਹੇ ਹੋਏ।

ਕਈ ਸਹਿਸ ਬਡ ਸੂਰੇ, ਛੱਤ੍ਰੀ ਛਿਤ ਪਤੀ[1]।

[1]ਰਾਜੇ।

ਮਾਰ ਬੁਕਾਰੇ ਕਰਿ, ਢਿਗ ਢੁੱਕੇ ਸੋ ਅਤੀ
॥ ੧੯ ॥

ਢੋਲ ਨਗਾਰੇ ਬੱਜਤ, ਆਮੋ ਸਾਮਣੈ।
ਹੋ ਦਯਾਰਾਮ ਤਬਿ ਭਾਖਜੋ, ਗੁਰੁ ਪੈ ਬਾਮਣੈ[1]।

[1]ਦਯਾਰਾਮ ਬ੍ਰਹਮਣ ਨੇ।

ਸੂਰਬੀਰ ਬਡ ਧੀਰ, ਭੀਰ ਅਰਿ ਅਗਨਤੈ[1]।

[1]ਵੈਰੀਆਂ ਦੀ ਅਣਗਿਣਤ ਭੀੜ ਹੈ।

ਲਰਨ ਮਰਨ ਹਿਤ, ਕੰਗਨੇ ਬਾਂਧੇ ਸ਼ਗਨ ਤੈ[1]
॥ ੨੦ ॥

[1]ਸ਼ਗਨਾਂ ਨਾਲ।

ਮਹਾਰਾਜ ਸਰਕਾਰ ਸਚੀ, ਹੈਂ ਸੱਚ ਭਨੈਂ ਹਮ।
ਹੋ ਇਸ ਤੈ ਸੌਗੁਨ ਆਵੈਂ, ਤੌ ਭੀ ਨਾਹਿਂ ਗਮ।

ਸਬਿ ਛਰਰੇ ਕੀ ਚਿਰੀਆਂ, ਘਿਰੀਆਂ ਮ੍ਰਿਤੁ ਹੈਂ[1]।

[1]ਇਹ ਸਾਰੇ ਇਕ ਛਰਰੇ ਦੀਆਂ ਚਿੜੀਆਂ ਹਨ ਜੋ ਮੌਤ ਨੇ ਘੇਰੀਆਂ ਹਨ। {ਛਰਰਾ=ਬੰਦੂਕ 'ਚੋਂ ਛਰ ਕਰ ਕੇ ਨਿਕਲ ਕੇ ਜਾਨਵਰ ਮਾਰਨ ਵਾਲੀ ਸਿੱਕੇ ਦੀ ਬਰੀਕ ਗੋਲੀ।}

ਸ਼ਲਭਨ ਕੀ ਕਿਛੁ ਗਿਨਤੀ, ਬਾਜ ਨ ਕਿਰਤ ਹੈ[1] ॥੨੧॥

[1]ਜਿਵੇਂ ਬਾਜ਼ ਹਮਲਾ ਕਰਨ ਲੱਗਿਆਂ ਭਮੱਕੜਾਂ ਦੀ ਕੁਝ ਗਿਣਤੀ ਨਹੀਂ ਕਰਦਾ।

ਸੁਨਿ ਬਿਹਸੇ ਸੋਢੀਸ, ਛੇਰ ਤੁਰੰਗ ਕੈ[1]।

[1]ਘੋੜਾ ਛੇੜ ਕੇ।

ਹੋ ਤੁੰਗ ਠੌਰ[1] ਜਾ ਥਿਰੇ, ਸੰਗ ਭਟ ਭੀਰ ਲੈ ॥੨੨॥

[1]ਉੱਚੀ ਜਗ੍ਹਾ।

ਕਬਿੱਤ:

ਬੋਲਜੋ ਦਿਜੇਸ[1] ਜਗਤੇਸ ਜੂ ਬਿਸੇਸ ਹੇਰੋ,
ਠਾਢੋ ਹੈ ਨਰੇਸ ਹਰੀ ਚੰਦ ਏ ਚੰਦੇਰੀ ਕੋ।
ਦਾਨੀ ਮਹਾਂ ਮਾਨੀ ਬੀਰ ਜੰਗ ਕੋ ਜਿੱਤਜਾ ਧੀਰ,
ਕਾਲ ਸੋਂ ਲੱਗਜਾ ਪੈ ਨ ਕੱਯਾ ਏਰ ਫੇਰੀ ਕੋ[1]।

[1]ਉੱਤਮ ਬ੍ਰਹਮਣ।

[1]ਕਾਲ ਨਾਲ ਲੱਗਿਆਂ ਭਾਵ ਮੌਤ ਸਮੇਂ ਹੇਰਾ-ਫੇਰੀ ਨਹੀਂ ਕਰਦਾ।

ਤਾਂ ਕੇ ਪਾਛੇ ਠਾਢੋ ਆਛੇ ਜੰਗ ਫਤੇ ਸ਼ਾਹਿ ਬਾਂਛੇ,
ਚਿੰਤਾ ਲਾਜ ਗਹਜੋ ਸਾਛੇ[1] ਛੁੱਤ੍ਰੰ ਜੁ ਗੇਰੀ ਕੋ[2]।

[1]ਸਾਹਮਣੇ। [2]ਜਿਵੇਂ ਗੇਰੀ ਦਾ {ਛੁਤ੍ਰੰ} ਊਠ ਖੜਾ ਹੈ {ਸ਼ੁਤਰ=ਊਠ।}

ਤਾਂ ਕੇ ਬਾਂਈ ਓਰ[1] ਜੋ ਦਿਖਾਈ ਦੇਤ ਛੱਤ੍ਰਿ ਚੌਰਿ,
ਕਹਿਲੂਰ ਮੌਰ ਹੈ, ਨ ਜੰਗ ਤੌਰ ਦੇਰੀ ਕੋ[1] ॥੨੩॥

[1]ਖੱਬੇ ਪਾਸੇ।

[1]ਛਤਰ ਚੌਰ ਵਾਲਾ ਕਹਿਲੂਰ ਰਿਆਸਤ ਦਾ ਸ਼੍ਰੋਮਣੀ (ਭੀਮ ਚੰਦ) ਹੈ ਜਿਸ ਦੀ {ਤੌਰ} ਚਾਲ ਢਾਲ ਤੋਂ ਪਤਾ ਲੱਗਦਾ ਹੈ ਕਿ ਜੰਗ 'ਚ ਕੋਈ ਦੇਰੀ ਨਹੀਂ।

ਤਾਂਹੀ ਕੇ ਨਿਕਟਿ ਅਤਿ ਬਿਕਟ[1] ਕਟੋਚ ਪੋਚ[2],
ਸੋਚਤ ਸੁ ਓਟ ਐ ਪੈ ਲੋਚਤ ਹੈ ਜੀਤ ਕੈ[1]।

[1]ਸਖ਼ਤ। [2]ਨੀਚ।

[1]ਜਿੱਤ ਚਾਹੁੰਦਾ ਹੈ।

ਔਰ ਯੇ ਹਜੂਰੀ ਜਸਵਾਲ ਡਢਵਾਲ ਠਾਢੇ,
ਚਾਢੇ ਚਖੁ ਗਾਢੇ ਜੰਗ ਆਢੇ ਆਏ ਮੀਤ ਕੈ[1]।

[1]ਹੋਰ ਕੋਲ ਹੀ ਇਹ ਜਸਵਾਲ ਤੇ ਡਢਵਾਲ ਰਿਆਸਤਾਂ ਦੇ ਰਾਜੇ ਨੇਤ੍ਰ ਚੜ੍ਹਾ ਕੇ ਖੜ੍ਹੇ ਹਨ ਜੋ ਤਕੜਾ ਜੰਗ ਕਰਨ ਲਈ ਆਪਣੇ ਮਿੱਤ੍ਰ (ਭੀਮ ਚੰਦ) ਦੇ {ਆਢੇ} ਨਾਲ ਆਏ ਹਨ।

ਦਾਏਂ ਦਿਸ[1] ਦੇਖੀਏ ਪਠਾਨ ਬੇਈਮਾਨ ਥਿਰੇ,
ਨਿਮਕ ਹਰਾਮ ਧਾਮ ਜੈਹੈਂ ਜਮ ਹੀਤ ਕੈ[1]।

[1]ਸੱਜੇ ਪਾਸੇ।

[1]ਹਿਤ ਕਰ ਕੇ ਜਮ ਦੇ ਘਰ ਜਾਣਗੇ।

ਔਰ ਜੇ ਅਨੇਕ ਏਕ ਏਕ ਕੋ ਭਗੈ ਹੈਂ ਛੇਕਿ,
ਆਏ ਏਕ-ਮੇਕ ਹ੍ਵੈ ਕੁਨੇਕ ਯੇ ਅਨੀਤਿ ਕੈ[1] ॥੨੪॥

[1]ਹੋਰ ਜਿਹੜੇ ਅਨੇਕਾਂ {ਕੁਨੇਕ} ਖੋਟੇ {ਅਨੀਤ} ਬੇਈਮਾਨੀ ਨਾਲ ਇਕ-ਮਿਕ ਹੋ ਕੇ ਆਏ ਹਨ, ਇਹਨਾਂ ਨੂੰ ਇਕ ਇਕ ਨੂੰ {ਛੇਕ} ਵਿੰਨ੍ਹ ਕੇ ਭਜਾ ਦਿਆਂਗੇ।

ਲਾਖ ਗੁਨੇਂ ਕਜੋਂ ਨ ਐਹੈਂ ਸਾਖ[1] ਦੈ ਗੁਰੂ ਕੀ ਕੈਹੈਂ,
[1]ਗਵਾਹੀ।

ਹਮ ਤੂੰ ਹਤੈ ਹੈਂ[1] ਯੇ ਪਲੈ ਹੈਂ[2] ਮਾਰ ਖਾਇ ਕੈ।
[1]ਮਾਰਾਂਗੇ। [2]ਭੱਜਣਗੇ।

ਹੌਸ[1] ਨਾਰਹਿਨ ਦੈਹੈਂ ਬੀਰ ਬੀਰ ਸੋਂ ਲਰੈ ਹੈਂ,
[1]ਇੱਛਾ।

ਹੂਰਨ ਸੁ ਪੈਹੈਂ[1] ਜੈਹੈਂ ਸੁਰਪੁਰ ਧਾਇ ਕੈ।
[1]ਉਹ ਹੂਰਾਂ (ਅਪੱਛਰਾਂ) ਪਾ ਲੈਣਗੇ।

ਭੈਰੋਂ ਭੂਤ ਜੋਗਨੀ ਜਮਾਤ ਕੋ ਰਜੈ ਹੈਂ ਬੇਗ[1],
[1]ਛੇਤੀ।

ਤੇਗਨ ਚਖੈ ਹੈਂ ਸ਼ੋਨ[1] ਔਨ ਅਰਿ ਘਾਇ ਕੈ[2]।
[1]ਲਹੂ। [2]ਵੈਰੀਆਂ ਨੂੰ ਮਾਰ ਕੇ ਆਵਾਂਗੇ।

ਪੈ ਹੈਂ ਹਮ ਜੀਤ ਕੋ ਗਵੈ ਹੈਂ ਗੁਰੁ ਗੀਤ ਕੋ,
ਰਖੈ ਹੈਂ ਧਰਮ ਨੀਤਿ ਕੋ ਸੁਨੈ ਹੈਂ ਸਾਚ ਭਾਇ ਕੈ[1]
[1]ਸਹੀ ਢੰਗ ਨਾਲ।

॥ ੨੫ ॥

ਐਸੇ ਗੁਰ ਸੁਨਿ ਪੁਨ ਕੀਨ ਜਿਨਿ ਸੰਖ ਧੁਨਿ[1],
[1]ਅਵਾਜ਼।

ਬਿਦਰੇ ਹੈਂ ਅਰਿਨ ਕੇ ਉਰ ਦਹਿਲਾਇ ਕੈ[1]।
[1]ਵੈਰੀਆਂ ਦੇ ਦਿਲ ਕੰਬ ਕੇ {ਬਿਦਰ} ਫਟ ਗਏ।

ਧੀਰਜ ਧਰੈ ਕੈ ਸੋ ਬਜੈ ਕੈ ਨਿਜ ਨਿਜ ਸੰਖ,
ਅਗਰ ਬਢੈ ਕੈ ਲਰੇ ਐ ਕੈ ਅਤਿ ਜਾਇ ਕੈ।
ਸੂਰ ਨ ਦਿਖਾਤ ਨਭ ਧੂਰਨ ਤੈ ਪੂਰਨ ਭਾ,
ਹੂਰਨ ਕੇ ਹੇਰਨ ਕੋ ਸੂਰਨ ਚਹਾਇ ਕੈ[1]।
[1]ਸੂਰਜ ਨਹੀਂ ਦਿਸਦਾ, ਅਕਾਸ਼ ਧੂੜ ਨਾਲ ਭਰ ਗਿਆ, ਸੂਰਮੇ ਹੂਰਾਂ ਦੇਖਣ ਨੂੰ ਚਾਹੁੰਦੇ ਹਨ।

ਮਾਰ ਮਾਰ ਰਹੇ ਸੋ ਪੁਕਾਰ ਬਾਰ ਬਾਰ ਬੀਰ,
ਬੀਰਨ ਪੈ ਬੀਰਤਾ ਬਿਸੇਸ ਚਢੀ ਆਇ ਕੈ

॥ ੨੬ ॥

ਰੰਗ ਭੂਮ ਮੈਂ ਸੁਰੰਗ ਔਰ ਹੀ ਦਿਖਾਇਓ ਢੰਗ[1],
[1]ਮੈਦਾਨੇ ਜੰਗ ਵਿੱਚ ਹੋਰ ਹੀ ਢੰਗ ਦਾ ਸ੍ਰੇਸ਼ਟਰੰਗ ਦਿਖਾਇਆ।

ਅਧਿਕ ਉਮੰਗ ਸੰਗ ਅੰਗ ਉਭਰਨ ਹੈਂ[1]।
[1]ਉਭਰਦੇ ਹਨ।

ਮੋਚ ਕੈ ਸੰਕੋਚ ਸੋਚ ਲੋਚ ਕੈ ਲਰਨ ਲਾਗੇ,
ਕਲਗੀਧਰਨ ਆਗੇ ਕਰਨੀ ਕਰਨ ਹੈਂ[1]।
[1]ਸੰਕੋਚ ਤੇ ਸੋਚ ਛੱਡ ਕੇ ਚਾਹ ਕੇ ਲੜਨ ਲੱਗ ਪਏ, ਕਲਗੀਧਰ ਜੀ ਸਭ ਤੋਂ ਅੱਗੇ (ਹੋ ਕੇ ਜੰਗ ਦੀ) ਕਰਨੀ ਕਰਨ ਲੱਗੇ।

ਪਰਨ ਕਰਨ ਏਕ ਚਰਨ ਟਰਨ ਨਾਹਿਂ,
ਲਰਨ ਮਰਨ ਮਾਂਡੇ ਖਾਂਡੇ ਲੈ ਕਰਨ ਹੈਂ[1]।
[1]ਪ੍ਰਣ ਕਰਦੇ ਹਨ ਕਿ ਇਕ ਪੈਰ ਵੀ ਪਿੱਛੇ ਨਹੀਂ ਹਟਾਂਗੇ, (ਸਾਰਿਆਂ ਨੇ) ਹੱਥਾਂ 'ਚ ਖੰਡੇ ਲੈ ਕੇ ਲੜਨਾ ਮਰਨਾ ਮੰਡ ਲਿਆ ਹੈ।

ਬਰਨ ਅਬਰਨ ਨਿਹਰਨ ਪਰਨ ਸਭਿ,
ਏਕਸੇ ਲਰਨ ਸਮ ਭੀਮ ਔ ਕਰਨ ਹੈਂ[1] ॥ ੨੭ ॥
[1]ਉੱਤਮ ਵਰਨਾਂ ਤੇ ਨੀਵੇਂ ਵਰਨਾ ਦੇ ਲੋਕ ਨਜ਼ਰੀਂ ਪੈਂਦੇ ਹਨ,

ਭੀਮ ਤੇ ਕਰਣ ਵਾਂਗ (ਦੋਹਾਂ ਪਾਸਿਆਂ ਤੋਂ) ਇੱਕੋ ਜਿਹਾ ਲੜਨਾ ਚਾਹੁੰਦੇ ਹਨ।

ਭੁਜੰਗ ਛੰਦ:

ਇਤੇ ਮੈਂ ਅਯੋ, ਸੈਨ ਲੈ ਪੀਰ ਬੁੱਧੂ।
ਦਿਸਾ ਏਕ ਠਾਢੋ ਭਯੋ, ਧਾਰ ਕ੍ਰੁੱਧੂ।
ਨਿਜੰ ਮੋਰਚਾ ਥੋਰਚਾ[1] ਹੇਤ ਜੁੱਧੈਂ।
ਟਰਯੋ ਸੋ ਨ ਪਾਛੈ, ਲਰਯੋ ਐਨ ਸੁੱਧੈਂ ॥੨੮॥

[1]ਮੋਰਚਾ ਬਣਾਇਆ ਸੀ।

ਹੁਤੇ ਸਾਤ ਸੌ, ਸੰਗ ਮੌਰੀਦ ਤਾਂ ਕੇ।
ਸਭੈ ਹੀ ਲਰਾਕੇ, ਮਹਾਂ ਬੀਰ ਬਾਂਕੇ।
ਹਤੇ ਸੱਤ੍ਰੂ ਕੇਤੇ, ਤਿਨੈ ਅੱਤ੍ਰ ਧਾਰੀ[1]।
ਦਬਾਏ ਹਟਾਰੇ, ਪਿਛਾਰੀ ਪਹਾਰੀ ॥੨੯॥

[1]ਸ਼ਸਤ੍ਰਧਾਰੀ।

ਫਤੇ ਸ਼ਾਹਿ ਹੈਰਾਨ ਭਾ, ਹੇਰਿ ਭਾਰੀ।
ਹਰੀ ਚੰਦ ਪੈ ਦੌਰ ਕੈ, ਯੌਂ ਉਚਾਰੀ।
ਗੁਰੂ ਓਰ ਏਤੇ, ਘਨੇ ਜ਼ੋਰ ਵਾਰੇ।
ਭਏ ਬੀਰ ਕੈਠੇ[1] ਕਹਾਂ ਤੇ ਅਪਾਰੇ ॥੩੦॥

[1]ਇਕੱਠੇ।

ਨਹੀ ਜਾਨ ਜਾਈ, ਕਿਧੋ ਗੋਪ ਸੈਨਾ[1]।
ਅਈ ਹੈ ਸ਼ਹੀਦੀ, ਧਰੇ ਕੋਪ ਪੈਨਾ[1]।
ਹਰੀ ਚੰਦ ਬੋਲਯੋ, ਨ ਡੋਲਯੋ ਸੁ ਭੱਯਾ[1]।
ਜੁਰੇ ਹੈਂ ਜੁ ਵਾਹੀ[1], ਕੜਾਹੀ[2] ਖਵੱਯਾ ॥੩੧॥

[1]ਗੁਪਤ ਫ਼ੌਜ। [1]ਤਿੱਖਾ ਕ੍ਰੋਧ। [1]ਹੇ ਭਰਾ ਡੋਲ ਨਾ। [1]ਉਥੇ ਜਿਹੜੇ ਜੁੜੇ ਹਨ। [2]ਕੜਾਹ ਪ੍ਰਸ਼ਾਦ।

ਭਗੈਂਗੇ ਅਬੀ, ਜੌ ਲਗੈ ਚੋਟ ਮੇਰੀ।
ਜਿਮੇ ਏਣ[1] ਜੈਹੈਂ, ਢੁਕੇ ਢਿੱਗ ਹੇਰੀ[2]।
ਹੁਤੇ ਬੀਰ ਪਾਠਾਨ, 'ਸੋ ਤੀਰ[1] ਤੇਰੇ।
ਅਏ ਹੈਂ, ਲਏ ਲਾਲਚੰ ਲੂਟ ਕੇਰੇ' ॥੩੨॥

[1]ਹਰਨ। [2]ਸ਼ਿਕਾਰੀ। [1]ਕੋਲ।

ਇਨੈ ਕਿਉਂ ਨ ਆਗੈ, ਕਰੈ ਕੈ[1] ਲਰੈ ਹੈਂ।
ਪਠੋ ਸੱਤ੍ਰ ਕੇ ਸਾਮੁਹੇ, ਸਾਂਪ ਏਹੈਂ[1]।
ਫਤੇ ਸ਼ਾਹ ਤੌਂ, ਭੀਖਨੰ ਖਾਂ ਬੁਲਾਯੋ।
ਬਡੋ ਮਾਨ ਦੈ ਕੈ, ਤਿਸੈ ਯੌਂ ਅਲਾਯੋ ॥੩੩॥

[1]ਕਰਕੇ। [1]ਇਹ ਸੱਪ ਹਨ।

ਕਹਾਂ ਦੇਰ ਕੀਨੀ, ਲਰੋ ਕਿਉਂ ਨ ਧਾਈ।
ਇਸੋ ਹੇਲ ਘਾਲੋ[1], ਗੁਰੂ ਜਿਉਂ ਪਲਾਈ[2]।
ਤੁਮੈਂ ਭੇਤ ਸਾਰਾ, ਗੁਰੂ ਧਾਮ ਕੇਰੋ।

[1]ਹੱਲਾ ਪਾਉ। [2]ਭੱਜ ਜਾਣ।

ਲਹੋ ਲੂਟ ਬਿੱਤੰ[1] ਜਿਤੋ ਹੈ ਬਧੇਰੋ ॥ ੩੪ ॥
ਧਨੀ ਹੋਇ ਕੈ, ਧਾਮ ਮੈਂ ਬੈਠ ਖੱਯੋ।
ਹਮੈ ਓਰ ਤੇ ਭੀ, ਕਛੂ ਔਰ ਲੱਯੋ।
ਤਬੈ ਮਾਨ ਖਾਨੰ, ਨਿਜੰ ਸੈਨ ਸਾਰੀ।
ਲਈ ਸੰਗ ਬਾਟੋਰ[1], ਸਾਜੋਰ ਭਾਰੀ ॥ ੩੫ ॥
ਕਰਜੋ ਐਸ ਹੱਲਾ, ਥਰੰਥੱਲ ਘੱਲਾ[1]।
ਤਚੇ[1] ਤੀਰ ਗੋਲੀ, ਸਮੰ ਮੇਘ ਛੱਲਾ[2]।
ਤਬੈ ਨੰਦ ਚੰਦੈ, ਗੁਰੂ ਪੈ ਉਚਾਰਜੋ।
ਅਏ ਖਾਨ ਖੂੰਨੀ, ਹਲਾ ਚਾਲ ਡਾਰਜੋ[1] ॥ ੩੬ ॥
ਗੁਰੂ ਜੀ ਸੁਨੈ ਕੈ, ਪਠਜੋ ਜੀਤ ਮੱਲੈਂ।
ਗੰਗਾਰਾਮ ਔ ਮਾਹਰੀ ਚੰਦ ਭੱਲੈਂ[1]।
ਜਥੇਦਾਰ ਯੇ ਸੈਨ ਲੈ, ਐਨ ਧਾਏ।
ਲਰੇ ਠਹਿਰ ਕੈ, ਗਹਿਰ ਕੈ ਸਤ੍ਰੂ ਤਾਏ[1] ॥ ੩੭ ॥
ਮਹਾਂ ਮਾਰ ਮੱਚੀ, ਕਟਾ ਕੁੱਟ ਹੋਈ।
ਜਨੋ ਕੀ ਤਨੋ ਤੈ, ਘਨੋ ਜਾਨ ਖੋਈਂ[1]।
ਪੁਨਾ ਲਾਲ ਚੰਦੰ, ਪਠਜੋ ਬੀਰ ਭਾਰੋ।
ਹੁਤੋ ਨੂਰਪੁਰ ਥਲਾਂ ਕੇ[1], ਰਹਿਨ ਵਾਰੋ ॥ ੩੮ ॥
ਬਡੋ ਬੀਰ ਬਾਂਕੋ ਪਹਿਲਵਾਨ ਪੂਰੋ।
ਦਯਾਰਾਮ ਕੋ ਸੰਗ ਲੈ, ਕੈ ਗਰੂਰੋ[1]।
ਮਿਲੇ ਸ਼ਾਹ ਸੰਗੋ, ਤਿਨੈਂ ਸੰਗ ਆਛੇ।
ਲਰੇ ਸੋ, ਟਰੇ ਨ ਪਗੰ ਏਕ ਪਾਛੇ[1] ॥ ੩੯ ॥
ਰਣੰ ਖੰਭ ਥੀਏ[1], ਸਬੈ ਬੀਰ ਭਾਰੈਂ।
ਜਿਸੈ ਬਾਣ ਮਾਰੈਂ, ਤਿਸੈ ਭੂਮਿ ਡਾਰੈਂ।
ਕਢੈਂ ਪਾਂਚ ਔ ਸਾਤ ਮੈਂ, ਸੈਲ ਘੈਹੈਂ[1]।
ਬੱੜੇ ਹੱਲਵਾਈ, ਜਿਮੈਂ ਸੀਖ ਪੈ ਹੈਂ[1] ॥ ੪੦ ॥
ਕਿਤੈ ਨੰਦ ਚੰਦੰ, ਮਸੰਦੰ ਬੁਲੰਦੰ।
ਲਏ ਬ੍ਰਿੰਦ ਜੋਧਾ, ਲਰੇ ਸੋ ਅਮੰਦੰ[1]।
ਧਰੇ ਚਾਂਪੁ[1] ਹੱਥੰ, ਚਿਤੈ ਚੌਪ ਸੰਗੈ[2]।
ਤਚੈ[1] ਬਾਨ, ਖਾਨਾਨ ਕੇ ਅੰਗ ਭੰਗੈ ॥ ੪੧ ॥

[1]ਧਨ।

[1]ਇਕੱਠੀ ਕਰ ਲਈ।

[1]ਥਰਥੱਲ ਪਾ ਦਿੱਤੀ।

[1]ਛੱਡੇ, ਚਲਾਏ। [2]ਬੱਦਲ ਦੀ ਛੱਲ ਵਾਂਗ।

[1]ਹਲਚਲੀ ਪਾ ਦਿੱਤੀ ਹੈ।

[1]ਚੰਗੇ (ਸੂਰਮੇ)।

[1]{ਠਹਰ ਕੈ} ਖੜ੍ਹੇ ਹੋ ਕੇ ਤੇ {ਗਹਰ ਕੈ} ਪੈਰ ਜਮਾਂ ਕੇ ਵੈਰੀਆਂ ਨਾਲ ਲੜੇ ਹਨ।

[1]ਬਹੁਤੇ ਲੋਕਾਂ ਦਿਆਂ ਸਰੀਰਾਂ ਵਿੱਚੋਂ ਜਾਨਾਂ ਕੱਢੀਆਂ।

[1]ਜਗ੍ਹਾ ਦੇ।

[1]ਮਾਨ ਨਾਲ।

[1]ਇਕ ਪੈਰ ਪਿੱਛੇ ਨਹੀਂ ਹਟੇ।

[1]ਜੰਗ ਦੇ ਥੰਮ੍ਹ ਹੋ ਗਏ।

[1]ਬਰਛੇ ਮਾਰ ਕੇ।

[1]ਜਿਵੇਂ ਹਲਵਾਈ ਸੀਖ ਵਿੱਚ ਵੜੇ ਪ੍ਰੋਂਦੇ ਹਨ।

[1]ਤੇਜ਼ੀ ਨਾਲ।

[1]ਧਨੁਸ਼। [2]{ਚੌਪ} ਉਤਸ਼ਾਹ ਨਾਲ {ਚਿਤੈ} ਦੇਖ ਕੇ।

[1]ਛੱਡਦਾ ਹੈ।

ਕਿਤੈ ਪਾਂਚ ਭ੍ਰਾਤਾ, ਮਨੋ ਪਾਂਚ ਪਾਂਡੌ।
ਕਰੈਂ ਅੱਧ ਅਧੰ, ਧਰੈਂ ਜਾਂਹਿ ਖਾਂਡੌ[1]।
ਕਹੂੰ ਲਾਲ ਚੰਦੰ, ਥਯੋ[1] ਲਾਲ ਰੂਪੈਂ।
ਰਸੰ ਬੀਰ, ਸਾਰੀ ਰਹੀ ਧੀਰ ਖੂਪੈ[1] ॥ ੪੨ ॥
ਪਿਖੈਂ ਸੱਤ੍ਰੂ ਏਕੱਤ੍ਰ ਹ੍ਵੈ, ਤੱਤ੍ਰ ਜਾਈ[1]।
ਗ੍ਰਜੈਂ ਸਿੰਘ ਜਯੋ[1], ਸੋ ਤ੍ਰਜੈ ਧਿੰਗ ਧਾਈ[2]।
ਹਤੇ ਸੂਰ ਭੂਰੰ[1], ਗਰੂਰੰ ਪਲਾਏ[2]।
ਜਿਮੈਂ ਕੇਹਰੀ, ਮੱਤ ਦੰਤੀ ਦਬਾਏ[1] ॥ ੪੩ ॥
ਮਰੇ ਖਾਂਨ ਕੇਤੇ, ਫਿਰੈਂ ਛੂਛ ਤਾਜੀ[1]।
ਚਢੈ ਸਿੱਖ ਤਾਂ ਪੈ, ਭਵੈਂ ਪਿੱਖਿ ਰਾਜੀ।
ਚਲੀ ਲੋਹ ਧਾਰਾ, ਦਲੀ ਸੱਤ੍ਰੂ ਸੈਨਾ।
ਹਲੇ ਨਾਉ ਨਜਾਈ, ਭਲੇ ਔਨਿ ਐਨਾ[1] ॥ ੪੪ ॥

ਤਬੈ ਮਾਹਰੀ ਚੰਦ ਜੂ, ਛੇਰਿ ਘੋਰਾ।
ਧਸਯੋ ਸੱਤ੍ਰ ਸੈਨਾ ਵਿਖੇ, ਜੋਰ ਜੋਰਾ[1]।
ਹਤੇ[1] ਖਾਨ ਮੱਤੇ[2], ਕਿਤੈ ਪੁੰਜ ਫੱਟੇ[3]।
ਪਟੇ ਬਾਜ ਨਜਾਂਈਂ[1] ਕਟੇ ਝੱਟਪੱਟੇ ॥ ੪੫ ॥
ਜਬੈ ਖਾਨ ਕਾਲੇ, ਸਿਰੰ ਜਾਇ ਬਾਹੀ[1]।
ਪਰੇ ਆਇ ਚੌਫੇਰਯੋਂ, ਖ਼ਾਂਨ ਚਾਹੀ ॥ ੪੬ ॥
ਸੁਝਯੋ ਨਾਹਿਂ ਆਨਾ[1], ਰੁਝਯੋ ਬੀਰ ਤਾਂਹੀਂ।
ਹਯੰ ਕੀ[1] ਚਲਾਕੀ, ਇਤੈ ਉੱਤ ਜਾਹੀ।
ਲਗੇ ਘਾਵ[1] ਕੇਤੇ, ਕਿਛੂ ਨਾ ਜਨਾਵੈ।
ਢੁਕੈ ਢਿੱਗ ਜੋਈ, ਤਿਸੈ ਹੀ ਗਿਰਾਵੈ ॥ ੪੭ ॥
ਰੁਕਯੋ ਭ੍ਰਾਤ ਪੇਖਯੋ, ਜਬੈ ਸ਼ਾਹ ਸੰਗੋ।
ਲਏ ਸੰਗ ਜੋਧਾ, ਗਏ ਧੈ[1] ਨਿਸੰਗੋ।
ਗੁਰੂ ਭੀ ਪਠਾਯੋ, ਤਹਾਂ ਮਾਤਲੰ ਕੋ[1]।
ਲਰਯੋ ਜਾਇ ਸਾਹਾਇਕੈ ਭ੍ਰਾਤ ਬੰਕੋ[1] ॥ ੪੮ ॥
ਹਟਾਏ ਪਿਛਾਰੀ, ਅਗਾਰੀ ਹ੍ਵੈ ਕੈ।
ਕਿ ਮਾਰੇ ਬੁਕਾਰੇ, ਅਪਾਰੇ ਗਜੈ ਕੈ[1]।

[1]ਜਿਸ ਤੇ ਖੰਡਾ ਵਾਹੁੰਦੇ ਹਨ।

[1]ਹੋ ਗਿਆ।

[1]ਬੀਰਰਸ ਤੇ {ਸਾਰੀ} ਪੂਰੀ ਧੀਰਜ ਚੰਗੀ ਤਰ੍ਹਾਂ ਰਹੀ।

[1]ਉਸ ਪਾਸੇ ਜਾ ਕੇ।

[1]ਸ਼ੇਰ ਵਾਂਗ। [2]{ਧਿੰਗ} ਜ਼ੋਰ ਨਾਲ ਦੌੜ ਕੇ ਤਾੜਦਾ ਹੈ।

[1]ਬਹੁਤ ਸੂਰਮੇ। [2]ਹੰਕਾਰ (ਉਨ੍ਹਾਂ ਦੇ) ਦੂਰ ਹੋ ਗਏ।

[1]ਜਿਵੇਂ ਸ਼ੇਰ ਮਸਤ ਹਾਥੀਆਂ ਨੂੰ ਦਬਾ ਲੈਂਦਾ ਹੈ।

[1]ਘੋੜੇ ਖ਼ਾਲੀ ਫਿਰਦੇ ਹਨ।

[1]{ਔਨਿ} ਧਰਤੀ ਤੇ ਚੰਗੀ ਤਰ੍ਹਾਂ ਬੇੜੀ ਵਾਂਗ (ਫ਼ੌਜ) ਹਿਲਦੀ {ਐਨਾ} ਨਜ਼ਰ ਆ ਰਹੀ ਹੈ।

[1]ਜੋਰੋ ਜੋਰੀ, ਜ਼ਬਰਦਸਤੀ।

[1]ਮਾਰੇ। [2]ਹੰਕਾਰੀ। [3]ਜ਼ਖ਼ਮੀ।

[1]ਪਟੇ ਦੇ ਖਿਡਾਰੀ ਵਾਂਗ।

[1](ਤਲਵਾਰ) ਵਾਹੀ।

[1]ਔਣਾ ਨਹੀਂ ਸੁੱਝਿਆ।

[1]ਘੋੜਿਆਂ ਦੀ।

[1]ਜ਼ਖ਼ਮ।

[1]ਧਾ ਕੇ, ਦੌੜ ਕੇ।

[1]ਮਾਮਾ (ਕ੍ਰਿਪਾਲ ਚੰਦ) ਜੀ ਨੂੰ।

[1]ਸੁੰਦਰ ਭਰਾ ਦਾ ਸਹਾਇਕ ਹੋ ਕੇ ਜਾ ਲੜਿਆ।

[1]ਬਹੁਤ ਗੱਜ ਕੇ ਮਾਰੇ ਬਕਾਰੇ ਕੀਤੇ। {ਮਾਰਾ ਬਕਾਰਾ ਵੈਰੀ ਨੂੰ ਧਮਕਾਉਣ ਲਈ ਗੱਜ ਕੇ ਮਾਰ ਲਉ, ਮਾਰ ਲਉ ਬੋਲਣ ਦਾ

ਨਾਉਂ ਮਾਰਾ ਬੁਕਾਰਾ ਹੈ।}

ਮਹਾਂ ਹੇਲ ਘਾਲਾ, ਬਗੈਂ ਮੇਲਿ ਭਾਰੀ[1]।
[1]ਭਾਰੀ ਘੋੜਿਆਂ ਦੀਆਂ ਵਾਗਾਂ ਮੇਲ ਕੇ ਭਾਵ ਇੱਕੋ ਕਤਾਰ 'ਚ ਘੋੜੇ ਕਰ ਕੇ ਵੱਡਾ ਹੱਲਾ ਪਾਇਆ।

ਘਨੇ ਬਾਨ ਗੋਲੀਨ ਕੀ, ਬਾਰ[1] ਝਾਰੀ ॥੪੯॥
[1]ਵਾੜ, ਫਾਇਰ ਬਾੜ ਬਹੁਤੇ ਤੀਰਾਂ ਜਾਂ ਗੋਲੀਆਂ ਦਾ ਇੱਕੋ ਵਾਰ ਚਲਾਉਣਾ।

ਪ੍ਰਹਾਰੈਂ ਸੰਭਾਰੈਂ, ਨਿਕਾਰੈਂ ਬਿਚਾਰੈਂ[1]।
[1]ਆਪ ਮਾਰਦੇ ਹਨ (ਅਤੇ ਦੂਜਿਆਂ ਦੇ ਵਾਰ ਨੂੰ) ਦੇਖ ਕੇ ਤੇ ਵਿਚਾਰ ਕੇ {ਸੰਭਾਰੈ}ਰੋਕਦੇ ਹਨ।

ਲਤਾਰੈਂ ਪਛਾਰੈਂ, ਸੰਘਾਰੈਂ ਅਪਾਰੈਂ[1]।
[1]ਬਹੁਤ ਵੈਰੀਆਂ ਨੂੰ ਲਤਾੜਦੇ, ਪਿੱਛੇ ਸੁੱਟਦੇ ਤੇ ਮਾਰਦੇ ਹਨ।

ਚਪੇ ਚੋਰ ਜਜੋਂ[1], ਜ਼ੋਰ ਦੈ ਮੋਰਿ ਸੱਤ੍ਰੈਂ।
[1]ਖਿਝੇ ਚੋਰ ਵਾਂਗ।

ਅਯੋ ਲੈ ਨਿਕਾਸੀ, ਨਿਜੰ ਬੀਰ ਅੱਤ੍ਰੈਂ[1] ॥੫੦॥
[1]ਆਪਣੇ ਸ਼ਸਤ੍ਰਧਾਰੀ (ਜੇਤੂ) ਸੂਰਮੇ ਨੂੰ ਕੱਢ ਕੇ ਲੈ ਆਇਆ।

ਜਹਾਂ ਸਾਹਿਬੰ ਚੰਦ, ਤਾ ਜੰਗ ਮੰਡਜੋ[1]।
[1]ਜੰਗ ਅਰੰਭਿਆ ਸੀ।

ਕਰੇ ਸਤ੍ਰੁ ਕੇਤੇ, ਜਿਨੈ ਖੰਡ ਖੰਡਜੋ[1]।
[1]ਟੁਕੜੇ ਟੁਕੜੇ।

ਤਹਾਂ ਜਾਇ ਗੋਪਾਲ ਗੋਲੇਰ ਵਾਰੋ।
ਅਰਜੋ ਸੰਗ ਜੋਧਾ, ਲੀਏ ਬ੍ਰਿੰਦ ਭਾਰੋ ॥੫੧॥

ਅਬੀ ਛੇਰ ਕੋਹੀਨ ਕੀ ਢੇਰ ਜੇਤੀ[1]।
[1]ਪਹਾੜੀਆਂ ਦੀ ਜਿਤਨੀ {ਢੇਰ} ਬਹੁਤੀ ਛੇੜ ਆਈ ਸੀ। {ਛੇੜ=ਜੰਗ ਲਈ ਹੁਕਮਨ ਮੰਗਵਾਇਆ ਹੋਇਆ ਪੇਂਡੂਆਂ ਦਾ ਟੋਲਾ।}

ਘਨੇ ਢੋਲ ਬਾਜੈਂ, ਝੁਕਾਈ[1] ਸੁ ਤੇਤੀ।
[1]ਲੜਨ ਲਾ ਦਿੱਤੀ।

ਰਰੈਂ ਮਾਰ ਮਾਰੰ, ਮਹਾ ਰੋਹ ਮੱਤੇ।
ਲਰੈਂ ਬੀਰ ਬੰਕੇ, ਦੁਹੂੰ ਓਰ ਤੱਤੇ ॥੫੨॥

ਬਜੈਂ ਬਾਦ ਮਾਰੂ[1], ਸਜੈਂ ਜੰਗ ਸੂਰੇ।
[1]ਜੰਗੀ ਵਾਜੇ।

ਸੁਨੈ ਜਾਂਹਿ ਕੋ ਭੀ, ਲਰੈਂ ਚਾਹਿਂ ਕੂਰੈ[1]।
[1]ਕਾਇਰ।

ਪਰੈ ਤੀਰ ਗੋਲੀਨ ਕੀ, ਪੀਨ[1] ਬਰਖਾ।
[1]ਬਹੁਤੀ।

ਉਭੈ ਮੇਘ ਮਾਨੋਂ, ਬਰ੍ਹੈਂ ਮੇਹ ਕਰਕਾ[1] ॥੫੩॥
[1]ਦੋਵੇਂ ਦਲਾਂ ਰੂਪ ਬੱਦਲ ਜਾਣੋ ਗੜਿਆਂ ਦਾ ਮੀਂਹ ਵਰ੍ਹਾਉਂਦੇ ਹਨ।

ਧਰਾ ਲਾਲ ਬਾਨਾ, ਧਰਾ ਧੂਰ ਦੱਬੀ[1]।
[1]ਧਰਤੀ ਨੇ ਲਾਲ ਬਾਣਾ ਧਾਰ ਲਿਆ ਤੇ ਧੂੜ ਦੱਬੀ ਗਈ।

ਮਨੋ ਫਾਗ ਤਾਰੀਕ ਸੋਂ ਭਾਗ ਫੱਬੀ[1]।
[1]ਜਾਣੋ {ਫਾਗ} ਹੋਲੀ ਦੀ ਤ੍ਰੀਕ ਤੋਂ (ਧਰਤੀ ਦਾ ਇਹ) {ਭਾਗ} ਹਿੱਸਾ ਫਬ ਗਿਆ ਹੈ।

ਭਏ ਲਾਲ ਬਾਗੇ, ਲਹੂ ਸੰਗ ਪਾਗੇ[1]।
[1]ਲਹੂ ਨਾਲਰੰਗੇ ਪੁਸ਼ਾਕੇ ਲਾਲ ਹੋ ਗਏ।

ਛੁਟੈਂ ਪਿੱਚਕਾਰੀ, ਸਮੰ ਘਾਵ ਲਾਗੇ[1] ॥੫੪॥
[1]ਲਗੇ ਹੋਏ ਜ਼ਖ਼ਮ ਪਿਚਕਾਰੀ ਵਾਂਗ ਛੁਟਦੇ ਹਨ।

ਫਿਰੈਂ ਜੋਗਨੀ, ਭੋਗਨੀ ਸ੍ਰੋਣ ਤੇ ਹੈਂ[1]।
[1]ਉਹ ਜੋਗਣੀਆਂ ਲਹੂ ਪੀਂਦੀਆਂ ਫਿਰਦੀਆਂ ਹਨ।

ਗਟੈਂ ਪੂਰ ਖੱਪ੍ਰੰ, ਰਟੈਂ ਗੀਤ ਵੇ ਹੈਂ[1]।
[1]ਖੋਪਰੀਆਂ ਦੇ ਖੱਪਰ ਭਰ ਕੇ {ਗਟੈਂ} ਗਟ ਗਟ ਕਰ ਕੇ

ਪੀਂਦੀਆਂ ਹਨ ਤੇ ਉਹ ਗੀਤ ਗਾਉਂਦੀਆਂ ਹਨ।

ਨਚੈਂ ਭੂਤ ਬਾਲਾ, ਤਚੈਂ ਕਿੱਲਕਾਰੀ[1]।
[1]ਭੂਤਾਂ ਦੀਆਂ ਇਸਤ੍ਰੀਆਂ ਨਚਦੀਆਂ ਹੋਈਆਂ ਚੀਕਾਂ ਮਾਰਦੀਆਂ ਹਨ।

ਅਚੈਂ ਮੇਦ ਲੋਹੂ[1], ਰਚੈਂ ਖੇਲ ਭਾਰੀ ॥ ੫੫ ॥
[1]ਲਹੂ ਤੇ ਮਿਝ ਛਕਦੀਆਂ ਹਨ।

ਕਪਾਲੈਂ[1] ਬਜਾਵੈਂ, ਸੁ ਗਾਵੈਂ ਖਿਆਲੈਂ[2]।
[1]ਖੋਪਰੀਆਂ। [2]ਛੰਦ।

ਚੁਵੈਂਡਾ ਚਿਕਾਰੈਂ, ਕਰਾਲੈਂ ਕਮਾਲੈਂ[1]।
[1]{ਚੁਵੈਂਡਾ} ਗਿਰਝਾਂ ਬਹੁਤੀਆਂ ਭਿਆਨਕ ਬੋਲਦੀਆਂ ਹਨ।

ਡਕਾਰੈਂ, ਡਕੀ ਡਾਕਨੀ ਸਾਕਨੀ ਹੈਂ[1]।
[1]{ਡਾਕਿਨੀ} ਡਾਇਣਾਂ ਤੇ {ਸਾਕਿਨੀ} ਜੋਗਣੀਆਂ {ਡਕੀ}ਰਜੀਆਂ ਹੋਈਆਂ {ਡਕਾਰੈ} ਡਕਾਰ ਲੈਂਦੀਆਂ ਹਨ।

ਉਡੈਂ ਗ੍ਰੀਧ ਮਾਲਾ, ਇੱਲੈਂ ਕਾਕਨੀ ਹੈਂ[1] ॥ ੫੬ ॥
[1]ਗਿਰਝਾਂ ਇੱਲਾਂ ਤੇ ਕਾਉਣੀਆਂ ਦੀਆਂ ਡਾਰਾਂ ਉਡਦੀਆਂ ਹਨ। {ਕਾਕਨੀ-ਕਾਂ ਦੀ ਇਸਤ੍ਰੀ।}

ਕਲ੍ਹੈ ਨਾਰਦੰ ਭੈਰਵੀਂ ਰੁੱਦ੍ਰ ਭੈਰੋਂ[1]।
[1]ਨਾਰਦ ਤੇ ਕਲਹ (ਨਾਰਦ ਦੀ ਇਸਤ੍ਰੀ) {ਭੈਰਵੀ} ਭੈਰੋਂ ਦੀ ਇਸਤ੍ਰੀ ਤੇ ਭਿਆਨਕ ਭੈਰੋਂ।

ਨਚੈਂ ਔ ਮਚੈਂ, ਭਾਵਤੋ ਹੇਰਿ ਸੈਰੋਂ[1]।
[1](ਜੰਗ) ਦੇਖ ਕੇ ਨਚਦੀਆਂ ਤੇ {ਮਾਚੈਂ} ਖ਼ੁਸ਼ ਹੁੰਦੀਆਂ ਹਨ ਤੇ ਮਨ ਭਾਉਂਦਾ {ਸੈਰੋਂ} ਫਿਰਦੀਆਂ ਹਨ।

ਖਵੈਂ ਸ੍ਵਾਨ ਸ੍ਰਿੰਗਾਲ ਬੇਸਾਲ ਮਾਸੈਂ[1]।
[1]ਕੁੱਤੇ ਤੇ ਗਿੱਦੜ ਬਹੁਤਾ ਮਾਸ ਖਾਂਦੇ ਹਨ।

ਚਬੈਂ ਖੋਪਰੀ ਖੇਤ, ਖਾਵੀਸ ਖਾਸੈਂ[1] ॥ ੫੭ ॥
[1]{ਖੇਤ} ਜੰਗ ਵਿੱਚ {ਖਾਸੈਂ} ਬਹੁਤੇ {ਖਾਵੀਸ} ਜਿੰਨ ਖੋਪਰੀਆਂ ਚਬਦੇ ਹਨ।

ਪਲੰ ਕੀ ਖਵੱਜਾ[1], ਲਹੂ ਕੀ ਪਿਵੱਯਾ।
[1]ਮਾਸ ਦੇ ਖਾਣ ਵਾਲੀਆਂ।

ਭਰੈਂ ਪੇਟ ਮੱਯਾ[1], ਨਿਜੰ ਪੂਤ ਤੱਯਾ[2]।
[1]ਮਾਵਾਂ। [2]ਆਪਣੇ ਪੁੱਤ੍ਰਾਂ ਨੂੰ।

ਲਹੂ ਕੀ ਕਟੋਰੀ, ਪਿਲਾਵੈਂ ਦੇ ਲੋਰੀ।

ਗਰੇ ਆਂਤ[1] ਭਾਰੈਂ, ਦੁਲਾਰੈਂ ਬਹੋਰੀ[2] ॥ ੫੮ ॥
[1]ਆਂਦ੍ਰਾਂ। [2]ਫੇਰ ਲਡਾਉਂਦੀਆਂ ਹਨ।

ਇਨੈ ਖੂਪ ਸ਼ਾਦੀ, ਸੁਰੋਂ ਕੇ ਅਵਾਦੀ[1]।
[1]ਇਨ੍ਹਾਂ ਦੇ ਚੰਗੀ ਖੁਸ਼ੀ ਹੈ, ਤੇ ਦੇਵਤਿਆਂ ਦੇਰੌਣਕ ਹੋ ਰਹੀ ਹੈ।

ਜ਼ਮੀਸੈਂ ਕੁਸ਼ਾਦੀ, ਗਿਰੀਸੈਂ ਬ੍ਰਬਾਦੀ[1]।
[1]ਧਰਤੀ ਉੱਤੇ {ਕੁਸ਼ਾਦੀ} ਸੋਗ ਹੋ ਰਿਹਾ ਹੈ ਤੇ ਪਹਾੜੀਆਂ ਦੀ ਤਬਾਹੀ ਹੋ ਰਹੀ ਹੈ।

ਲਖੈਂ ਨ ਪ੍ਰਮਾਦੀ ਗੁਰੂ ਹੈਂ ਅਨਾਦੀ[1]।
[1]ਭੁੱਲੜ ਨਹੀਂ ਜਾਣਦੇ ਕਿ ਗੁਰੂ ਅਨਾਦੀ ਸਰੂਪ ਹਨ।

ਗੁਰੂ ਸਿੱਖ ਨਾਦੀ, ਲਖੈਂ ਬ੍ਰਹਮ ਬਾਦੀ[1] ॥ ੫੯ ॥
[1]{ਨਾਦੀ} ਉਪਦੇਸ਼ ਕਮਾਉਣ ਵਾਲੇ ਗੁਰ ਸਿਖ ਗੁਰਾਂ ਨੂੰ ਬ੍ਰਹਮ ਸਰੂਪ ਜਾਣਦੇ ਹਨ।

ਚਢੀ ਲੁੱਥ ਪੈ ਲੁੱਥ ਸੋ ਖੇਤ ਮੈਂ ਹੈਂ[1]।
[1]{ਖੇਤ} ਜੰਗ ਦੀ ਥਾਂ ਵਿੱਚ ਸੈਂਕੜੇ ਲੋਥਾਂ ਤੇ ਲੋਥਾਂ ਚੜ੍ਹ ਗਈਆਂ।

ਬਜੋ ਸਾਰ ਸੋਂ ਸਾਰ, ਆਪਾਰ ਤੈਂਹੈਂ[1]।
[1]ਉੱਥੇ ਬਹੁਤਾ ਸ਼ਸਤ੍ਰ ਨਾਲ ਸ਼ਸਤ੍ਰ ਵੱਜਿਆ।

ਕਟੇ ਰੁੰਡ ਮੁੰਡੰ, ਭੁਜਾ ਤੁੰਡ ਝੁੰਡੰ[1]।
[1]{ਝੁੰਡੰ} ਬਹੁਤੇ {ਰੁੰਡ} ਧੜ {ਮੁੰਡ} ਸਿਰ {ਭੁਜਾ} ਬਾਹਾਂ {ਤੁੰਡ} ਮੂੰਹ ਕੱਟੇ ਗਏ।

ਡਟੇ ਬੀਰ ਚੰਡੰ, ਅਖੰਡੰ ਪ੍ਰਚੰਡੰ[1] ॥ ੬੦ ॥
[1]{ਪ੍ਰਚੰਡੰ} ਜੰਗ ਵਿੱਚ {ਚੰਡੰ} ਤਿੱਖੇ ਸੂਰਮੇ {ਅਖੰਡੰ} ਲਗਾਤਾਰ ਡਟੇ ਹੋਏ ਹਨ।

ਬਨੰ ਕਿੰਸਕੰ ਕੋ, ਧਰਾ ਪੈ ਝਰਾ ਜਜੋਂ[1]।
ਪਗੈਂ ਹੱਥ ਮੱਥੰ, ਸਥਾਰੰ ਪਰਾ ਤਜੋਂ[1]।
ਘਨੇ ਬੀਰ ਬਾਂਕੇ, ਦੁਹੂੰ ਓਰਿ ਜੂਝੇ।
ਬਰੇ ਦੇਵ ਬਾਲਾ[1], ਭਲੇ ਭੋਗ ਸੂਝੇ ॥੬੧॥

[1]ਜਿਵੇਂ ਕੇਸੂਆਂ ਦਾ ਬ੍ਰਿੱਛ ਧਰਤੀ 'ਤੇ ਝੜਿਆ ਹੁੰਦਾ ਹੈ।
[1]ਤਿਵੇਂ ਪੈਰਾਂ ਹੱਥਾਂ ਤੇ ਸਿਰਾਂ ਦਾ ਸੱਥਰ ਪਿਆ ਹੈ।
[1]ਅਪੱਛਰਾਂ ਨੇ ਵਰੇ।

ਘਨਜੋਂ ਕੋ ਹਤੈ ਕੈ, ਤਹਾਂ ਏਕ ਬੇਟਾ।
ਬੁੱਧੂ ਸ਼ਾਹਿ ਕਾ, ਹੋਇ ਸ਼ਾਹੀਦ ਲੇਟਾ।
ਲਰੇ ਲੋਥ ਪੈ, ਚੁੱਕਨੇ ਹੇਤ ਤਾਂਕੇ।
ਉਭੈ ਓਰ ਤੈ[1], ਜ਼ੋਰ ਤੈ ਬੀਰ ਬਾਂਕੇ ॥੬੨॥

[1]ਦੋਹਾਂ ਪਾਸਿਆਂ ਤੋਂ।

ਚਢੀ ਲੁੱਥ ਪੈ ਲੁੱਥ ਆਗੁੱਥ ਔਰੈਂ[1]।

[1](ਜਾਂ) (ਅਗੁੱਥ) ਗੁੱਥਮ ਗੁੱਥਾ (ਹੋਏ ਤਾਂ) ਹੋਰ ਆ ਕੇ ਲੋਥਾਂ ਤੇ ਲੋਥਾਂ ਚੜ੍ਹ ਗਈਆਂ।

ਬਡਜੋ ਬਾਢ ਬਾਢੀਨ, ਜਜੋਂ ਪੀਨ ਗੌਰੈਂ[1]।

[1]ਜਿਵੇਂ (ਬਾਢੀਨ) ਤਰਖਾਣ ਆਪਣੇ ਸ਼ਸਤ੍ਰਾਂ ਦੀ ਤਿੱਖੀ (ਬਾਢ) ਧਾਰ ਨਾਲ (ਪੀਨ ਗੌਰੇ) ਮੋਟੇ ਤੇ ਭਾਰੀ ਦਰੱਖਤਾਂ ਨੂੰ ਵੱਢਦਾ ਹੈ।

ਗੁਪਾਲੰ, ਨ੍ਰਿਪਾਲੰ, ਕ੍ਰਿਪਾਲੰ ਜੁਟੇ ਹੈਂ[1]।
ਲਰੇ ਏਕ ਜਾਮੰ, ਟਰੇ ਨਾ ਹੁਟੇ ਹੈਂ[1] ॥੬੩॥

[1]ਗੋਪਾਲਰਾਜਾ ਤੇ ਮਾਮਾ ਕਿਰਪਾਲ ਚੰਦ ਜੀ ਜੁੱਟ ਪਏ ਹਨ।
[1]ਨ ਟਲਦੇ ਹਨ, ਨ ਥਕਦੇ ਹਨ।

ਤਜਜੋ ਤੀਰ ਤੀਖਾ, ਕ੍ਰਿਪਾਲੰ ਤਕੈ ਕੈ।
ਲਗਜੋ ਬਾਜ ਕੋ[1] ਸੋ ਭਗਜੋ ਪ੍ਰਾਨ ਲੈ ਕੇ ॥੬੪॥

[1]ਘੋੜੇ ਨੂੰ।

ਦੋਹਰਾ:
ਗਿਰਨ ਵਾਰ ਕੇ[1] ਗਿਰਨ[2] ਤਬਿ,
ਲਾਗੇ ਪੈਰ ਪਿਛਾਂਹ।
ਫਿਰਨ ਭਜੋ ਜਬਿ ਹਿਰਨ ਹ੍ਵੈ,
ਥਿਰ ਨ ਗੁਪਾਲ ਰਹਾਹਿ[1] ॥੬੫॥

[1]ਪਹਾੜੀਆਂ ਦੇ। [2]ਡਿੱਗਣ ਲੱਗੇ।
[1]ਜਦੋਂ ਨੱਸ ਕੇ (ਪਿੱਛੇ ਨੂੰ) ਮੁੜਿਆ ਤਾਂ ਗੋਪਾਲ ਖੜ੍ਹ ਨ ਸਕਿਆ।

ਆਨੰਦ ਕੰਦ ਮੁਕੰਦ ਕੇ,
ਮਾਮੂ ਚੰਦ ਕ੍ਰਿਪਾਲ[1]।

[1]ਅਨੰਦ ਦੇ ਮੂੱਢ ਤੇ ਮੁਕਤੀ ਦਾਤੇ ਗੁਰਾਂ ਦੇ ਮਾਮਾ ਕਿਰਪਾਲ ਚੰਦ ਜੀ ਨੇ।

ਹਰੇ ਗਿਰੰਦਨਿ ਬ੍ਰਿੰਦ ਜਨ,
ਕਰੇ ਬੰਦ ਫੰਧ ਕਾਲ[1] ॥੬੬॥

[1]ਪਹਾੜੀਆਂ ਦੇ ਬਹੁਤੇ ਬੰਦੇ ਮਾਰ ਕੇ ਕਾਲ ਦੀ ਫਾਹੀ 'ਚ ਬੰਦ ਕਰ ਦਿੱਤੇ।

ਮਾਰ ਸਥਾਰ[1] ਅਪਾਰ ਕਿਯ,
ਡਾਰ ਭਾਰ ਘਮਸਾਨ[1]।

[1]ਸੱਥਰ।
[1]ਜੰਗ।

ਫਤੇ ਸ਼ਾਹਿ ਪਿਖਿ ਚਾਹਿ ਚਿਤ,

ਪ੍ਰੇਰੇ ਪੁਨਾ ਪਨਾਨ ॥੬੭॥
ਪਰੇ ਧਾਇ ਅਰਰਾਇ[1] ਵਹਿ,
ਅਲੀ ਅਲੀ ਸੁ ਅਲਾਇ[1]।
ਸਸਿ ਕ੍ਰਿਪਾਲ ਰਸ ਬੀਰ ਬਸ,
ਕਸ ਨਿਜ ਦਲ ਬਲ ਲਾਇ ॥੬੮॥
ਅਰਜੋ ਹਰਜੋ ਅਰਿ ਬ੍ਰਿੰਦ ਕੋ[1],
ਡਰਜੋ ਨ ਟਰਜੋ ਪਿਛਾਹਿਂ।
ਪੀਰ ਬੀਰ ਨਿਜ ਭੀਰ ਲੈ,
ਪਿਖਿ ਪਹੁੰਚਜੋ ਤਿਸ ਠਾਂਹਿ ॥੬੯॥

[1]ਅਰੜਾ ਕੇ, ਲਲਕਾਰ ਕੇ, ਗੱਜ ਕੇ।

[1]ਬੋਲ ਕੇ।

[1]ਅੜ ਕੇ ਬਹੁਤ ਵੈਰੀਆਂ ਨੂੰ ਮਾਰਿਆ।

ਕਬਿੱਤ:

ਪੀਰ ਕੇ ਫਕੀਰਨ ਮੁਰੀਦਨ ਸੁਤਨਿ[1], ਬੋਲਿ
ਅੱਲਾ ਅੱਲਾ ਹੱਲਾ ਕੀਨ ਠੱਲਾ ਅਰਿ ਦਲ ਕੌ।
ਕਾਹੂੰ ਨੈ ਗੁਰਜ ਛੋਹੀ[1] ਤਰਵਾਰ ਮਾਰ ਸੋਹੀ[2],
ਤੋਮਰ[1] ਤੁੱਪਕ[2] ਤਜੋਂ ਹੀ ਤੀਰ ਸੋਟਾ ਘੱਲ ਕੌ[3]।
ਨਿਮਕ ਹਰਾਮੀ ਉਤ, ਸਾਦਕ ਮੁਦਾਮੀ ਇਤ,
ਕੈਸੇ ਹੋਇ ਖਾਮੀ ਜਿਤ ਹਾਮੀ ਗੁਰੁ ਤੱਲਕੌ[1]।

ਪਰੀ ਲੋਹ ਮਾਰ ਏਕ ਸਾਰ ਨਿਰਧਾਰ ਅਤਿ[1],
ਡਾਰ ਦਈ ਹਾਲ ਚਾਲ ਅਰਿ ਦਲ ਵੱਲ ਕੌ ॥੭੦॥

[1]ਪੁੱਤਰਾਂ ਨੇ।

[1]ਛਵ੍ਹੀ। [2]ਸਾਹਮਣਿਓਂ।

[1]ਬਰਛਾ। [2]ਬੰਦੂਕ। [3]ਕੋਈ ਸੋਟਾ (ਘੱਲ) ਚਲਾਉਂਦਾ ਹੈ।

[1]ਓਧਰ ਪਹਾੜੀਆਂ ਵੱਲ ਨਿਮਕ ਹਰਾਮੀ (ਪਠਾਣ) ਹਨ ਤੇ ਏਧਰ ਸਤਿਗੁਰਾਂ ਵੱਲ ਸਿਦਕ ਤੇ ਕਾਇਮ ਰਹਿਣ ਵਾਲੇ (ਸਿੱਖ) ਹਨ, ਜਿਸ ਪਾਸੇ ਗੁਰਾਂ ਦੀ ਹਮਾਇਤ ਤੇ ਗੁਰਾਂ ਨਾਲ ਸੰਬੰਧ ਹੋਵੇ (ਉਸ ਪਾਸੇ) ਕਮਜ਼ੋਰੀ ਕਿਵੇਂ ਆ ਸਕਦੀ ਹੈ।

[1]{ਨਿਰਾਧਾਰ} ਨਿਸਚੇ ਜਾਣੋ ਸ਼ਸਤ੍ਰਾਂ ਦੀ ਮਾਰ ਲਗਾਤਾਰ ਬਹੁਤੀ ਪਈ।

ਕਾਲੇ ਖਾਂ ਹਯਾਤ ਖਾਂ ਭੀਖਨ ਖਾਂ ਨਜਾਬਤ ਖਾਂ,
ਸਰਦਾਰ ਲੈ ਅਪਾਰ ਸੈਨ ਪਰੇ ਆਇ ਕੈ।
ਪਾਨ[1] ਲੈ ਕਮਾਨ ਤਾਨ ਕਾਨ ਪਰਮਾਨ[2], ਬਾਨ
ਛੋਰੈਂ ਅਪ੍ਰੰਮਾਨ[1], ਨਾਂਨ ਰਿਸ ਕਿਸ ਖਾਇ ਕੈ[2]।
ਕੇਊ ਮਾਰ ਡਾਰੇ ਕਰ ਘਾਇਲ ਪਛਾਰੇ ਭਾਰੇ[1],
ਕਦਲੀ ਅਪਾਰੇ ਜਜੋਂ ਉਖਾਰੇ ਗਿਰੇ ਵਾਇ ਕੈ[1]।
ਫੇਟੈਂ ਲਗੀ ਅੱਸ੍ਵਨਿ ਅਮੇਟੈਂ ਭੇਟੈਂ ਮੌਤ ਕੇਊ[1],

[1]ਹੱਥਾਂ ਵਿੱਚ। [2]ਤੱਕ।

[1]ਅਣਗਿਣਤ। [2]ਖਿਝ ਖਾ ਕੇ।

[1]ਬਹੁਤੇ ਜ਼ਖ਼ਮੀ ਕਰ ਕੇ ਪਿੱਛੇ ਸੁੱਟ ਦਿੱਤੇ।

[1]ਜਿਵੇਂ ਬਹੁਤੇ ਕੇਲੇ ਹਵਾ ਦੇ ਉਖਾੜੇ ਹੋਏ ਡਿੱਗਦੇ ਹਨ।

[1]ਕਈਆਂ ਨੂੰ ਘੋੜਿਆਂ ਦੇ {ਅਮੇਟੈਂ} ਨ ਸਹਾਰੇ ਜਾਣ ਵਾਲੇ {ਫੇਟੈਂ} ਧੱਕੇ ਲੱਗੇ ਤੇ ਮੌਤ ਨੂੰ ਜਾ ਮਿਲੇ।

ਬੀਰਨਿ[1] ਚਪੇਟੈਂ ਖਾਇ ਲੇਟੈਂ ਧਰ ਜਾਇ ਕੈ ॥ ੭੧ ॥

[1]ਸੂਰਮਿਆਂ ਦੀਆਂ।

ਪਰੀ ਲੋਹ ਮਾਰ ਨਾ ਅਲੋਹ[1] ਕੌ ਰਹਨ ਪਾਯੋ,
ਪਠੇ ਗੁਰੁ ਬੀਰ ਹੋਰ ਤੋਰਨ ਅਰਿਨ ਕੋ।
ਸਾਧੂ ਕ੍ਰਿਪਾਲ ਦਾਸ ਗੁਰੁ ਕ੍ਰਿਪਾਲ ਪਾਸ,
ਅਰਜ ਕਰੀ ਯੌਂ ਖਾਸ ਜੋਰ ਕੈ ਕਰਨ ਕੋ[1]।
ਆਗਜਾ ਦੇਹੁ ਮੋਹਿ, ਜਾਗਜਾ ਕੋਹਿ[1], ਰੋਹਿ ਪਾਗਜਾ ਮਨ,
ਲਾਗਜਾ ਚਿਤ ਜੰਗ[1], ਭਾਗਜਾ ਡਰ ਹੈ ਮਰਨ ਕੋ।

[1]ਲੋਹੇ ਤੋਂ ਬਿਨਾਂ ਭਾਵ ਸ਼ਸਤ੍ਰ ਦੀ ਮਾਰ ਤੋਂ ਬਿਨਾਂ।

[1]ਹੱਥਾਂ ਨੂੰ ਜੋੜ ਕੇ।

[1]ਮੇਰਾ {ਕ੍ਰੋਧ} ਗ਼ੁੱਸਾ ਜਾਗਿਆ ਹੈ।

[1]ਮਨ ਜੰਗ 'ਚਰੰਗਿਆ ਹੋਇਆ ਹੈ ਤੇ ਚਿੱਤ ਜੰਗ 'ਚ ਲੱਗਾ ਹੈ।

ਏਕ ਹੂੰ ਨ ਜਾਨ ਦੈਹੈਂ ਬੇਈਮਾਨ ਖਾਨ ਜੇ ਹੈਂ,
ਨਿਮਕ ਹਰਾਮ ਏ ਹੈਂ ਚੈਹੈਂ ਜੋ ਲਰਨ ਕੋ ॥ ੭੨ ॥
ਜੇ ਕਹੌ ਤੋ ਸਾਪ ਦੈ ਕੈ ਖਾਪ ਡਾਰੋਂ[1] ਸਬਿ ਹੀ ਕੋ,
ਕਪਲ ਮੁਨੀ ਜਸੋਂ ਸੁਤ ਸਗਰ ਕੇ ਹੈਂ ਹਰੇ।
ਨਾਂਗੇ ਅਰਜਨ ਜਸੋਂ ਦਲੀਪ ਕੇ ਖਪਾਏ ਦਲ,
ਜਾਦਵ ਭਾਦਵ ਘਨ ਦੁਰਬਾਸਾ ਨੈ ਦਰੇ[1]।

[1]ਸ੍ਰਾਪ ਦੇ ਕੇ ਖਪਾ ਸੁੱਟਾਂ।

[1]ਜਿਵੇਂ ਨਾਂਗੇ ਅਰਜਨ ਨੇ ਸ੍ਰਾਪ ਦੇ ਕੇ ਦਿਲੀਪਰਾਜੇ ਦੇ ਦਲ ਖਪਾਏ ਸਨ ਤੇ ਦੁਰਬਾਸਾ ਰਿਖੀ ਨੇ ਭਾਦ੍ਰੋਂ ਦੇ ਬੱਦਲਾਂ ਵਾਂਗ ਜਾਦਵਾਂ ਦੀ ਕੁਲ ਨੂੰ ਸ੍ਰਾਪ ਦੇ ਕੇ ਨਾਸ ਕੀਤਾ ਸੀ।

ਸੁਨਿ ਮੁਸਕਾਇ ਗੁਰੁ ਗਰਬ ਪ੍ਰਹਾਰੀ ਫੁਰ[1],
ਦਾਸਨਿ ਸੁਧਾਰੀ ਉਰਿ, ਤਾਂਹਿ ਹਾਥ ਜੌ ਫਰੇ[1]।
ਸ਼ਕਤਿ ਖਿਚਾਨੀ ਹੁਤੋ ਰਾਖਤ ਜੋ ਨਾਨ੍ਹੀ[1],
ਆਂਖ ਤਰੇ ਕੈ ਬਖਾਨੀ ਅਬਿ ਮੋ ਤੇ ਕਿਛੁ ਨਾ ਸਰੇ ॥ ੭੩ ॥

[1]ਛੇਤੀ।

[1]ਫੜ ਲਏ।

[1]ਜੋ ਥੋੜ੍ਹੀ ਜਿਹੀ ਸ਼ਕਤੀਰੱਖਦਾ ਸੀ (ਅ) ਅਨੇਕ ਤਰ੍ਹਾਂ ਦੀ।

ਕਹਯੋ ਗੁਰੁ, ਗੁਰੁ ਘਰ ਅਜ਼ਮਤ ਸਿੰਧੁ ਤਰ[1],
ਤਾਂ ਤੇ ਏਕ ਬਿੰਦੁ ਭਰ[1] ਕਰ ਤੁਮਰੇ ਅਯੋ।
ਹਮਰੇ ਪਿਤਾਮਾ ਅਰਿ ਹਰਤੇ ਤਮਾਮਾ,
ਪਰ ਜੰਗ ਕੋ ਦਮਾਮਾ ਦੈ ਕੁਰੰਗ ਸੱਤ੍ਰੈ ਕਯੋ[1]।

[1]ਕਰਾਮਾਤ ਦਾ ਵੱਡਾ ਸਮੁੰਦਰ ਹੈ।

[1]ਬੂੰਦ (ਕਿਣਕਾ) ਭਰ।

[1]ਸਾਡੇ ਦਾਦਾ (ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ (ਕਰਾਮਾਤ ਨਾਲ) ਸਾਰੇ ਵੈਰੀਆਂ ਨੂੰ ਮਾਰ ਦੇਂਦੇ ਪਰ ਜੰਗ ਦਾ ਧੌਂਸਾ ਵਜਾ ਕੇ ਵੈਰੀਆਂ ਨੂੰ ਹਰਨ (ਵਾਂਗ) ਕਰ ਦਿੱਤਾ ਭਾਵ ਭਜਾਇਆ।

ਜਾਂ ਤੈ ਕਰਾਮਾਤ ਭੀ ਸੁਹਾਤ ਘਰ ਮੈਂ ਰਹਾਤ,
ਬੈਰਿਨ ਕੋ ਘਾਤ ਬਖਸਾਤ ਜਾਤ ਹੈ ਨਯੋ[1]।

[1]ਜਿਸ ਕਰ ਕੇ ਕਰਾਮਾਤ ਵੀ ਘਰ (ਹਿਰਦੇ) 'ਚ ਭਾਵ

ਗੁਪਤਰੱਖਣੀ ਸੋਭਦੀ ਹੈ ਤੇ ਵੈਰੀਆਂ ਨੂੰ ਮਾਰਨ ਨਾਲ ਕਰਾਮਾਤ ਪ੍ਰਗਟ ਹੋ ਜਾਂਦੀ ਹੈ।

ਸੋਊ ਹਮ ਕੈਹੈਂ ਔ ਕਰੈਹੈਂ ਨਿਜ ਦਾਸਨ ਤੈ,
ਚੈਹੈਂ ਸਜਾਰ ਸ੍ਵਪਨ ਤ੍ਰਵਾਰ ਤੈ ਸਭੈ ਹਯੋ[1] ॥ ੭੪ ॥

[1]ਅਸੀਂ ਉਹੋ ਕੁਝ ਕਰਦੇ ਹਾਂ ਤੇ ਆਪਣੇ ਦਾਸਾਂ ਤੋਂ ਕਰਾਉਂਦੇ ਹਾਂ, ਅਸੀਂ ਸਾਰੇ ਵੈਰੀਆਂ ਰੂਪ ਗਿੱਦੜਾਂ ਨੂੰ ਤਲਵਾਰ ਨਾਲ ਮਾਰ ਕੇ {ਸ੍ਵਪਨ} ਸੁਲਾਇਆ ਚਾਹੁੰਦੇ ਹਾਂ।

ਐਸੇ ਸੁਨਿ ਸੰਤ ਕਹਯੋ ਠੀਕ ਹੈ ਮਤੰਤ ਏਹੁ[1],
ਮੈਹੂੰ ਭੂਲ ਪਯੋ ਆਪ ਬਖਸ਼ਯੋ ਵਿਚਾਰ ਕ੍ਵੈ[1]।

[1]ਇਹ (ਤੁਹਾਡਾ) ਫ਼ੈਸਲਾ।

[1]ਕਰਕੇ।

ਜੈਸੇ ਜਦੁ ਭੂਖਨ ਪੂਖਨ ਰਾਮ ਰਘੁਕੁਲ,
ਰਹੇ ਤਰੇ ਰੂਖਨ ਅਦੂਖਨ ਵਤਾਰ ਹ੍ਵੈ[1]।

[1]ਜਿਵੇਂ ਜਾਦਵਾਂ ਦੀ ਕੁਲ ਦੇ ਗਹਿਣੇ ਕ੍ਰਿਸ਼ਨ ਜੀ ਅਤੇਰਾਘਵਾਂ ਦੀ ਕੁਲ ਦੇ ਸੂਰਜਰਾਮ ਚੰਦਰ ਜੀਰੁੱਖਾਂ ਦੇ ਥੱਲੇ (ਬਨਵਾਸ 'ਚ) ਰਹੇ, ਦੋਸ਼ਾਂ ਤੋਂ ਰਹਿਤ ਅਵਤਾਰ ਹੋ ਕੇ।

ਨਰ ਤਨ ਧਾਰ ਪ੍ਰਭੁ ਨਰ ਅਨੁਹਾਰ ਲੀਲਾ,
ਕਰਿ ਹੈਂ ਬਿਸ਼ਨੁ ਸਮ੍ਰੱਥ ਸਬਿ ਢਾਰ ਹ੍ਵੈ[1]।

[1]ਵਿਸ਼ਨੂੰ ਪ੍ਰਭੂ ਸਭ ਤਰ੍ਹਾਂ ਦੀ ਸ਼ਕਤੀ ਵਾਲੇ ਹੋ ਕੇ ਮਨੁੱਖ ਸ਼ਰੀਰ ਧਾਰ ਕੇ ਮਨੁੱਖਾਂ {ਅਨੁਹਾਰ} ਵਾਂਗ ਕੌਤਿਕ ਕਰਦੇ ਰਹੇ ਹਨ।

ਆਪ ਸੋਢ ਬੰਸ ਅਵਤੰਸ ਹੰਸ, ਹੰਸ ਅਵਤਾਰ
ਅੰਸ ਕਰਤਾਰ, ਪ੍ਰਮ ਹੰਸ ਜਪ ਪਾਰ ਹ੍ਵੈ[1] ॥ ੭੫ ॥

[1]ਤਿਵੇਂ ਆਪ {ਹੰਸ} ਉੱਜਲ ਸੋਢੀਆਂ ਦੀ ਬੰਸ ਦੇ {ਅਵਤੰਸ} ਮੁਕਟ ਰੂਪ ਹੋ ਹੰਸਾ ਅਵਤਾਰ ਵਾਂਗ ਆਪ ਕਰਤਾਰ ਦਾ {ਅੰਸ} ਰੂਪ ਹੋ (ਪਰਮ ਹੰਸ) ਸਤ ਅਸਤ ਦੀ ਵਿਚਾਰ ਵਾਲੇ (ਮਹਾਤਮਾ) ਆਪ ਨੂੰ ਜਪ ਕੇ ਪਾਰ ਹੁੰਦੇ ਹਨ।

ਕਰਤ ਚਰਿਤ[1] ਆਪ ਨਰ ਤਨ ਧਾਰਬੇ ਕੋ,
ਨਾ ਤਰ ਪਜਾਰੋ ਬੈਰੀ ਥਾਰੋ ਜਨ ਕੋ ਨਹੀਂ।

[1]ਕੌਤਕ।

ਜਗਤ ਚੁਸਾਰਿ ਚਾਰ ਖਾਨਿ ਤੀਨ ਗੁਨ ਡਲ,
ਰੇਖ ਲੇਖ ਅਨੁਸਾਰ ਦੇਤ ਫਲ ਹੈਂ ਸਹੀ[1]।

[1]ਸੰਸਾਰ ਚੌਪੜ ਹੈ, ਚਾਰ ਖਾਣੀਆਂ ਇਸ ਦੇ ਚਾਰ ਪਾਸੇ ਹਨ, ਤਿੰਨ ਗੁਣ ਡੱਲਾਂ ਹਨ, ਲੇਖਾਂ ਦੀਆਂਰੇਖਾਂ ਅਨੁਸਾਰ (ਆਪ) ਠੀਕ ਫਲ ਦੇਂਦੇ ਹੋ।

ਆਪ ਕੀ ਦਯਾ ਤੈ ਅਬ ਭਜਾ ਗਜਾਨ ਥਯਾ ਸੁਖ,
ਮੋਹ ਮਯਾ[1] ਗਯਾ ਦਰਸਯਾ ਬ੍ਰਹਮ ਸ੍ਵੈ ਵਹੀ[2]।

[1]ਮਾਇਆ ਦਾ ਮੋਹ। [2]ਉਹ ਆਪਣਾ ਆਪ ਰੂਪ ਬ੍ਰਹਮ ਦੇਖ ਲਿਆ।

ਆਪ ਕਰਤਾਰ ਕਰਤਾਰਥ ਕਰਤ
ਕਰ ਤਾਰ ਸਬਿ ਹੀ ਕੀ ਤਾਰੇ ਕਰ ਤਾਰ ਮੈਂ ਲਹੀ[1] ॥ ੭੬ ॥

[1]ਆਪ ਕਰਤਾਰ ਰੂਪ ਹੋ, ਲੋਕਾਂ ਨੂੰ {ਕਰਤਾਰਥ} ਕ੍ਰਿਤਾਰਥ (ਸਫ਼ਲ) ਕਰਦੇ ਹੋ, ਸਾਰਿਆਂ ਦੀ ਤਾਰ ਤੁਹਾਡੇ ਹੱਥ ਵਿੱਚ ਹੈ, ਮੈਂ (ਇਹ ਗੱਲ) ਤਾੜ ਕਰ ਕੇ ਜਾਣ ਲਈ ਹੈ।

ਔਪਰ ਨ ਸਹਯੋ ਜਾਇ ਖਾਨਨ ਕੋ ਅਨਿਆਇ,

ਖਾਨਨ ਕੋ ਦਯੋ ਆਏ ਹਾਨਨ ਕੋ ਸਠ ਹੈਂ[1]।

[1]ਪਰ ਪਠਾਣਾਂ ਦੀ ਬੇਇਨਸਾਫ਼ੀ ਸਹਾਰੀ ਨਹੀਂ ਜਾਂਦੀ, ਤੁਸਾਂ ਉਨ੍ਹਾਂ ਨੂੰ ਖਾਣ ਨੂੰ ਦਿੱਤਾ, ਉਹ ਮੂਰਖ ਮਾਰਨ ਨੂੰ ਆਏ ਹਨ।

ਦਾਂਤ ਕਰਾਮਾਤ[1] ਤਾਂਹਿ ਕਾਂਹਿ ਕੋ ਲਗਾਹਿਂ ਨਾਥ,
ਜਾਨੈ ਹਾਥ ਸਾਥ ਜੋਊ ਖੁੱਲ ਜਾਇ ਗੱਠ ਹੈ।

[1]ਕਰਾਮਾਤ ਰੂਪ ਦੰਦ।

ਦੈਹੋ ਮੋਹਿ ਪਾਂਨ[1] ਕੈਹੋਂ ਹਾਨਿ ਤੁਰਕਾਨ ਜੈਹੋਂ[2]
ਐਹੋ ਮਮ ਕੁੱਤਕ ਲਖੈਹੋ ਭੈਰੋਂ ਲੱਠ ਹੈ[1]।

[1]ਆਗਿਆ। [2]ਜਾ ਕੇ ਤੁਰਕਾਂ ਦਾ ਨਾਸ ਕਰਾਂ।

[1]ਇਹ ਮੇਰਾ ਮੋਟਾ ਸੋਟਾ ਭੈਰੋਂ ਦੀ ਲੱਠ ਸਮਝੋ।

ਕਹਯੋ ਗੁਰੁ ਜਾਹੁ ਲਾਹੁ ਮੂੰਡ[1] ਖਾਂ ਹਯਾਤ ਹੂੰ ਕੋ,
ਗਯੋ ਮਾਥ ਨਾਇ ਧਾਇ ਗਰਜਾਇ ਅੱਟ[1] ਹੈ ॥ ੭੭ ॥

[1]ਸਿਰ।

[1]{ਅੱਟ} ਬਹੁਤਾ ਗੱਜਿਆ।

ਦੱਛ ਪੈ ਜਯੋਂ ਬੀਰ ਭਦ੍ਰੱ, ਅੱਦ੍ਰਿ ਸਪੱਛ ਪਰ
ਇੰਦ੍ਰ ਹੂੰ ਕੋ ਬੱਜ੍ਰ, ਨੱਜ੍ਰ ਸੱਤ੍ਰੁ ਪੈ ਕਰਾਲ ਹੈ[1]।

[1]ਦੱਛ ਪ੍ਰਜਾ ਪਤਿ ਦੇ ਉੱਪਰ ਜਿਵੇਂ ਬੀਰ ਭੱਦ੍ਰ, ਖੰਭਾਂ ਵਾਲੇ ਪਹਾੜਾਂ ਉਪਰ ਇੰਦ੍ਰ ਦਾ ਧਨੁਸ਼ {ਸੱਤ੍ਰੁ} ਵੈਰੀ ਉਪਰ (ਉਸ ਦੇ ਵੈਰੀ) ਦੀ ਨਿਗਾਹ ਭਿਆਨਕ ਹੈ।

ਤੱਛਕ ਕੁਲੀ ਪੈ ਪਤਿ ਪੱਛਿਨਿ ਭੱਛਨ ਹਿਤ,
ਦੱਛਨ ਕੇ ਕੱਛਨ ਪੈ ਕੱਛੁ ਧਰ ਖਜਾਲ ਹੈ[1]।

[1]ਤੱਛਕ ਨਾਗ ਦੀ ਕੁਲ (ਸੱਪਾਂ) ਉੱਪਰ ਪੰਖੀਆਂ ਦਾ ਪਤੀ (ਗਰੁੜ) ਖਾਣ ਲਈ (ਭਿਆਨਕ ਹੈ), ਦੱਖਣ ਦੇ ਇਲਾਕੇ ਨੂੰ ਕੱਛਣ ਵਾਲੇਰਾਵਣ ਉੱਪਰ (ਕਛ ਧਰ) ਰਾਮ ਚੰਦਰ ਜੀ ਦਾ (ਮਾਰਨ ਦਾ) ਖ਼ਿਆਲ (ਭਿਆਨਕ ਹੈ)।

ਮੱਛਨ ਪੈ ਨੱਕ੍ਰ ਤਰ, ਲੱਛਨ ਪੈ ਬਕ੍ਰ ਸਰ,
ਰੱਛਨ ਪੈ ਚੱਕ੍ਰ ਹਰਿ ਅੱਛ ਜਨ ਪਾਲ ਹੈ[1]।

[1]ਮੱਛਾਂ ਉਪਰ {ਨੱਕ੍ਰ} ਤੰਦੂਆ {ਤਰ} ਬਹੁਤਾ (ਭਿਆਨਕ) ਹੈ, ਨਿਸ਼ਾਨਿਆਂ ਉੱਪਰ ਟੇਢੇ ਤੀਰ (ਭਿਆਨਕ ਹਨ) ਅਤੇ {ਰੱਛਨ}ਰਾਖਸ਼ਾਂ ਉੱਪਰ ਵਿਸ਼ਨੂੰ ਦਾ (ਸੁਦਰਸ਼ਨ) ਚੱਕ੍ਰ (ਭਿਆਨਕ ਹੈ) ਅਤੇ ਸੇਵਕਾਂ ਨੂੰ ਚੰਗੀ ਤਰ੍ਹਾਂ ਪਾਲਦਾ ਹੈ।

ਤੈਸੇ ਅਰਿ ਜਾਲ ਪੈ ਕਰਾਲ ਕਾਲ ਸੇ ਕਮਾਲ,
ਸਿੱਖ ਗੁਰੁ ਲਾਲ ਲਾਲ ਚੰਦ ਲੌ ਕ੍ਰਿਪਾਲ ਹੈ[1] ॥ ੭੮ ॥

[1]ਤਿਵੇਂ ਗੁਰੂ ਕੇ ਪਿਆਰੇ ਭਾਈ ਲਾਲ ਚੰਦ ਅਤੇ ਮਹੰਤ ਕਿਰਪਾਲ ਤੱਕ ਸਾਰੇ ਸਿੱਖ ਵੈਰੀਆਂ ਉੱਪਰ ਕਾਲ ਵਾਂਗ ਬਹੁਤੇ ਭਿਆਨਕ ਹਨ।

ਭੁਜੰਗ ਪ੍ਰਯਾਤ ਛੰਦ:
ਤਬੈ ਧਾਇ ਕਿਰਪਾਲ ਪਾਠਾਂਨ ਸੰਗੈਂ।
ਅਰਯੋ ਜਾ ਲਰਯੋ, ਔ ਕਰਯੋ ਅੰਗ ਭੰਗੈਂ।
ਗਦਾ ਭੀਮ ਸੀ[1] ਕੁੱਤਕਾ ਜਾਹਿਂ ਮਾਰੈ।
ਕਰੈ ਚੂਰ ਚੂਰੰ ਧਰਾ ਪੈ ਪਛਾਰੈ[1] ॥ ੭੯ ॥
ਫੁਟੈਂ ਫੁੱਟ ਜਯੋਂ[1] ਮੂੰਡ ਤ੍ਰੂਕਾਨ ਕੇਰੇ।

[1]ਵਰਗਾ।

[1]ਧਰਤੀ 'ਤੇ ਸੁੱਟ ਦਿੱਤਾ।

[1]ਖੱਖੜੀ ਵਾਂਗ।

ਫਿਰੈ ਖੇਤ ਮੈਂ ਦੇਤ ਫਾਲੰਗ ਫੇਰੇ[1]।

[1]ਜੰਗ ਦੇ ਮੈਦਾਨ ਵਿੱਚ ਛਾਲਾਂ ਮਾਰਦਾ ਤੇ ਗੇੜੇ ਦੇਂਦਾ ਫਿਰਦਾ ਹੈ।

ਜਿਤੇ ਤੀਰ ਗੋਲੀ, ਤਿਸੀ ਪੈ ਪ੍ਰਹਾਰੈਂ[1]।
ਨਿਜੰ ਲੋਹ ਢਾਲੇ ਪਰੈ ਸੋ ਸੰਭਾਰੈ[1] ॥੮੦॥

[1]ਉਸ (ਮਹੰਤ ਕਿਰਪਾਲ) ਉੱਤੇ ਮਾਰਦੇ ਹਨ।

[1]ਜੋ ਵਾਰ ਪੈਂਦੇ ਹਨ ਉਹ ਆਪਣੀ ਲੋਹੇ ਦੀ ਢਾਲ 'ਤੇਰੋਕਦਾ ਹੈ।

ਪਢੈ ਕੌਚ ਰਖਜਾ ਹਿਤੈ ਮੰਤ੍ਰ ਸਾਖਾ[1]।

[1]ਆਪਣੀ ਰੱਖਿਆ ਵਾਸਤੇ {ਕਵਚ} ਰੱਖਿਆ ਕਰਨ ਵਾਲੇ (ਮੰਤ੍ਰ ਸਾਖਾ) ਮੰਤ੍ਰ ਦੇ ਹਿੱਸੇ ਪੜ੍ਹਦਾ ਹੈ।

ਗੁਰੂ ਗ੍ਰੰਥ ਮੈਂ ਜੋ ਗੁਰੂ ਪੰਚ[1] ਰਾਖਾ।
ਚਹੂੰ ਓਰ ਚੌਂਕੀ ਮਮੰ ਰਾਮ ਕਾਰੈ[1]।

[1]ਪੰਜਵੇਂ ਸਤਿਗੁਰਾਂ।

[1]ਮੇਰੇ ਚਹੁੰ ਪਾਸੀਂ ਰਾਮ ਦੇ ਨਾਮ ਦੀ ਚੌਂਕੀ (ਚਾਰ ਪਹਿਰੇਦਾਰਾਂ ਦੀ ਟੋਲੀ) ਅਤੇਰੱਖਿਆ ਕਰਨ ਵਾਲੀ (ਕਾਰ) ਲਕੀਰ ਹੈ।

ਨਹੀਂ ਸ਼ਸਤ੍ਰ ਅਸਤ੍ਰੰ ਲਗੈ ਦੂਖ ਦਾਰੈਂ[1] ॥੮੧॥

[1]ਦੁੱਖ ਦੇਣ ਵਾਲਾ।

ਕਰੈ ਵਾਰ ਜੋਊ ਕਰੰਵਾਰ ਢੂਕੰ[1]।
ਲਵੈ ਦੰਡ ਪੈ ਸੋ ਭਵੈ ਦੋਇ ਟੂਕੰ।
ਜਟਾ ਜੂਟ ਲਾਂਗੋਟ ਥਾ ਅੰਗ ਸੋਹੈ।
ਮਨੋ ਆਪ ਭੈਰੋਂ ਲਰੈ ਜੰਗ ਮੋਂ ਹੈ ॥੮੨॥

[1]ਜੋ ਨੇੜੇ ਢੁੱਕ ਕੇ (ਕਰੰਵਾਰ) ਤਲਵਾਰ ਦਾ ਵਾਰ ਕਰਦਾ ਹੈ।

ਦਿਪੈਂ ਲਾਲ ਨੈਨੰ ਸਮੰ ਜਵਾਲ ਕਾਲੰ[1]।

[1]ਕਾਲ ਦੀ ਅੱਗ ਵਾਂਗ ਲਾਲ ਨੇਤ੍ਰ ਚਮਕਦੇ ਹਨ।

ਬਕੈ ਨਾਦ ਘੋਰੰ ਸਜੋਰੰ ਕਰਾਲੰ[1]।

[1]ਜ਼ੋਰ ਨਾਲ ਭਿਆਨਕ ਤੋਂ {ਘੋਰ} ਭਿਆਨਕ ਸ਼ਬਦ ਬੋਲਦਾ ਹੈ।

ਧਰੇ ਦੰਡ ਢਾਲੰ ਜਮੰਰਾਜ ਮਾਨੋ।
ਰਸੰ ਬੀਰ ਕੈਧੋ ਸਰੀਰੰ ਸੁ ਜਾਨੋ ॥੮੩॥
ਹਰੈ[1] ਜਾਂਹਿ ਸੋਟਾ ਕਰੈਂ ਲੋਟ ਪੋਟਾ।
ਕਿਧੋਂ ਪ੍ਰੱਸ ਬਾਹੈ ਸੁ ਰੇਨਕਾ ਢੋਟਾ[1]।

[1]ਮਾਰਦਾ ਹੈ।

[1]ਜਾਂਰੇਣਕਾ ਦਾ {ਢੋਟਾ} ਪੁੱਤਰ (ਪਰਸਰਾਮ) {ਪਰਸ} ਕੁਹਾੜਾ ਚਲਾਉਂਦਾ ਹੈ।

ਜਬੈ ਜਵਾਨ ਕੇਕਾਨ[1] ਪਾਠਾਨ ਕੇਤੈ।
ਹਤੇ ਹੇਰਿ[1], ਹੈਯਾਤ ਖਾਂ ਆਇ ਏਤੈ ॥੮੪॥
ਕਹਜੋ ਰੋਸ ਕੈ ਹੋਸ਼ ਕੈ ਭੀਖ ਮੰਗੇ[1]।
ਕਿਧੋਂ ਮੌਤ ਲਜਾਈ ਤੁਝੈ ਬੀਚ ਦੰਗੇ[1]।
ਗੁਰੂ ਕੀ ਕੜਾਹੀ[1] ਛਕੀ ਪੇਟ ਪਾਰਾ।
ਗਏ ਭਾਗ ਚੇਲੇ ਫਸਜੋ ਤੂੰ ਵਿਚਾਰਾ ॥੮੫॥
ਪਠਜੋ ਜੰਗ ਮੈਂ ਭੰਗ ਪੇਲਾਇ ਬੋਰੈਂ[1]।
ਅਬੈ ਭੀ ਭਗੋ ਜਾਨ ਫਾਕੀਰ ਛੋਰੈਂ।
ਤਬੈ ਸਾਧੁ ਬੋਲਜੋ ਸੁਨੋ ਖਾਨ ਪਾਜੀ[1]।

[1]ਘੋੜੇ।

[1]ਮਾਰੇ ਵੇਖ ਕੇ।

[1]ਭਿਖਿਆ ਮੰਗਣ ਵਾਲੇ ਮੰਗਤੇ।

[1]ਲੜਾਈ ਵਿੱਚ।

[1]ਕੜਾਹ ਪ੍ਰਸ਼ਾਦ।

[1]ਸ਼ੁਦਾਈ ਨੂੰ।

[1]ਕਾਇਰ।

ਭਯੋ ਨੂੰ ਹਰਾਮੀ ਕੁਲੈਂ ਲਾਇ ਲਾਜੀ ॥ ੮੬ ॥
ਕਰਜੋ ਖਾਇ ਕੈ ਨੂਨ ਹਾਰਾਮ ਤੈਹੂੰ।
ਜਨਜੋ ਜਾਰਣੀ ਨਾਰਿ[1] ਛੇਨਾਰ ਕੈਹੂੰ[2]। [1]ਵਿਭਚਾਰਨ ਇਸਤ੍ਰੀ। [2]ਕਿਸੇ ਵੇਸ਼ਵਾ ਨੇ।
ਗਈ ਖਾਇ ਬੋਲੀ, ਤਬੈ ਖਾਂ ਹਯਾਤੈਂ।
ਪਰਜੋ ਧਾਇ ਕ੍ਰਿਪਾਲ ਪੈ, ਹੇਤ ਘਾਤੈਂ ॥ ੮੭ ॥
ਕਰਜੋ ਤੇਗ ਕਾ, ਬੇਗ[1] ਹੀ ਬਾਰ ਐਸੋ। [1]ਛੇਤੀ।
ਲਈ ਦੰਡ ਪੈ ਸੋ ਭਈ ਖੰਡ[1] ਹੈਸੋ। [1]ਟੁਕੜੇ ਟੁਕੜੇ।
ਮਹਾ ਕੋਪ ਤੈ, ਓਜ ਸੰਭਾਰ ਕੈ ਕੈ।
ਨਿਜੰ ਦੰਡ ਆਖੰਡ ਪ੍ਰਚੰਡ ਲੈ ਕੈ[1] ॥ ੮੮ ॥ [1]ਆਪਣਾ {ਅਖੰਡ} ਮਜ਼ਬੂਤ ਤੇ {ਪ੍ਰਚੰਡ} ਵੱਡਾ ਡੰਡਾ ਲੈ ਕੇ।
ਗਦਾ ਭੀਮ, ਕੈਧੋ ਹਨੂੰ ਸੈਲ ਭਾਰੋ[1]। [1]ਜਾਂ ਉਹ ਹਨੂੰਮਾਨ ਦੇ ਭਾਰੇ ਪਹਾੜ ਵਾਂਗ ਹੈ।
ਦੁਰੰਜੋਧਨੰ ਰਾਵਨੰ ਪੈ ਪ੍ਰਹਾਰੋ।
ਤਿਵੈਂ ਉਛਰ ਕੈ ਉਚਰ ਕੈ ਸਤਿਨਾਮੰ।
ਧਰਜੋ ਕੁੱਤਕਾ ਖਾਨ ਕੋ ਕੀਨ ਕਾਮੰ ॥ ੮੯ ॥
ਫੁਟਜੋ ਮੂੰਡ ਤ੍ਰਬੂਜ ਖ੍ਰਬੂਜ ਸਾਨੰ[1]। [1]{ਤਰਬੂਜ਼} ਮਤੀਰੇ ਤੇ ਖਰਬੂਜੇ ਵਾਂਗ ਸਿਰ ਫੁੱਟ ਗਿਆ।
ਗਿਰਜੋ ਭੂਮਿ ਝੂਮੰ ਬਡੋ ਖਾਨ ਜ੍ਵਾਨੰ।
ਕਿਧੋਂ ਬੀਜ ਪਾਤੰ[1] ਸੁਟਜੋ ਹੈ ਮੁਨਾਰਾ। [1]ਜਾਂ ਬਿਜਲੀ ਨੇ ਡਿੱਗ ਕੇ।
ਸਰੂ ਕੋ ਤਰੂ ਬਜਾਰ ਓਖਾਰ ਡਾਰਾ[1] ॥ ੯੦ ॥ [1]ਜਾਂ {ਬਜਾਰ} ਹਵਾ ਨੇ ਸਰੂ ਦਾ ਦਰੱਖ਼ਤ ਉਖੇੜ ਸੁੱਟਿਆ ਹੈ।
ਦਧੀ ਮੱਟ ਫੂਟਜੋ, ਫੁਟੀ ਫੁੱਟ ਭਾਰੀ[1]। [1]ਦਹੀ ਦਾ ਮੱਟ ਫੁੱਟ ਗਿਆ ਹੈ ਜਾਂ ਵੱਡੀ ਖੱਖੜੀ ਫੁੱਟ ਗਈ ਹੈ।

ਗੁਰੂ ਜੀ ਛਬੰ[1] ਤਾਹਿਂ ਕੀ ਯੌਂ ਉਚਾਰੀ। [1]ਸੋਭਾ।
ਕ੍ਰਿਪਾਲੰ ਕੁਪਜੋ, ਕੁੱਤਕੰ ਹੈ ਸੰਭਾਰੀ।
ਹਠੀ ਖਾਂਨ ਹੈਯਾਤ ਕੇ, ਸੀਸ ਝਾਰੀ ॥ ੯੧ ॥
ਉਠੀ ਛਿੱਛ ਇੱਛੰ, ਕੜਾ ਮਿੰਝ ਜੋਰੀ[1]। [1]{ਕੜਾ ਮਿਝ} ਗਾੜ੍ਹੀ ਮਿਝ ਦੀਆਂ {ਇਛੰ} ਦੇਖਣ ਯੋਗ {ਛਿੱਛ} ਛਿੱਟਾਂ ਜ਼ੋਰ ਨਾਲ ਉਠੀਆਂ।

ਮਨੋ ਮਾਖਨੰ, ਮੱਟਕੀ ਕਾਨ੍ਹ ਫੋਰੀ।
ਜਬੈ ਖਾਂ ਹੈਯਾਤੰ, ਗਿਰਜੋ ਸੈਨ ਹੇਰਾ।
ਤਬੈ ਸਾਧੁ ਕੋ, ਆਨ ਤੂਕਾਨ ਘੇਰਾ ॥ ੯੨ ॥
ਘਨੇ ਘਾਇ[1] ਖਾਏ, ਹਨੇ ਭੂੰਮਿ ਡਾਰੇ। [1]ਜ਼ਖ਼ਮ।
ਬਲੀ ਜੀਤ ਮਲੰ, ਤਬੈ ਲੌ ਪਧਾਰੇ।
ਗੁਰੂ ਮਾਤਲੇਯੰ[1], ਸਰੋਘੰ[2] ਚਲਾਏ। [1]ਮਾਮਾ ਜੀ। [2]ਬਹੁਤੇ ਤੀਰ।

ਸੁਤੰ ਪੀਰ ਕੇ[1] ਧੀਰ, ਲੈ ਬੀਰ ਆਏ ॥ ੯੩ ॥
ਹੁਤੀ ਸੰਗ ਸੈਨਾ, ਇਨੈ ਜੁ ਬਿਸਾਲਾ।
ਉਤੈ ਓਰੜੇ ਮੇਘ ਜਜੋਂ, ਖਾਂਨ ਜਾਲਾ[1]।
ਦੁਹੂੰ ਓਰ ਆਢਾ[1], ਲਹਜੋ ਜੰਗ ਗਾਢਾ।
ਬਜੇ ਬਾਦ ਮਾਰੂ[1], ਰਸੰ ਬੀਰ ਬਾਢਾ ॥ ੯੪ ॥
ਮਹਾਂ ਮਾਰ ਮੱਚੀ, ਚਲੀ ਲੋਹ ਧਾਰਾ।
ਤ੍ਰਿਖੇ ਬਾਨ ਬਰਖੇ, ਮਨੋ ਮੇਂਹ ਭਾਰਾ।
ਧਰਾ ਜਵਾਨ ਕੇਕਾਨ, ਹੈਂ ਛਾਨ ਡਾਰੇ[1]।
ਤਨੰ ਚਰਮ ਕੈ ਬਰਮ ਕੈ, ਹੋਇ ਪਾਰੇ[1] ॥ ੯੫ ॥
ਕਿਧੋਂ ਅਹਿ ਸਪੱਛੀ, ਬਿਲੱਛੀ ਫਿਰੈ ਹੈਂ[1]।

ਛੁਹੈਂ ਜਾਂਹਿ ਕੋ, ਤਾਂਹਿ ਕੇ ਪ੍ਰਾਨ ਲੈਹੈਂ।
ਕਹੂੰ ਅੱਧ ਅਧੰ, ਘਨੇ ਸੂਰ ਬਾਂਕੇ[1]।
ਪਰੇ ਭੂੰਮਿ ਮੈਂ ਭੀ, ਅਰੈਂ ਓਰ ਤਾਕੇਂ[1] ॥ ੯੬ ॥
ਕਹੂੰ ਚੀਰ ਕੈ, ਬੀਰ ਸਾਰੀਰ ਅਰਧੈਂ।
ਸੁਟੈਂ ਜੈਸ ਬਾਢੀ, ਧਰਾ ਬਾਢ ਫਰਦੈਂ[1]।

ਝਟਾ ਝੱਟ ਬਾਹੈਂ, ਉਭੈ ਜੀਤ ਚਾਹੈਂ।
ਰਸੰ ਬੀਰ ਭੀਨੇ, ਲਰੈਂ ਕੈ ਉਮਾਹੈਂ ॥ ੯੭ ॥
ਕਟਾ ਕੁੱਟ ਮਚੀ, ਫਟਾ ਫੱਟ ਸੁਟੈਂ[1]।

ਤਛਾ ਮੁੱਛ ਜੋਧੇ, ਝਟਾ ਪੱਟ ਬੱਟੈਂ[1]।
ਖਚਾ ਖੱਚ ਬਾਹੈਂ, ਗਚਾ ਗੱਚ ਤੇਗੈਂ[1]।

ਸੜਾ ਸਾੜ ਗੇਰੈਂ, ਦੜਾ ਦਾੜ ਬੇਗੈਂ[1] ॥ ੯੮ ॥

ਧਰਾ ਰੁੰਡ ਪੈ, ਮੁੰਡ ਝੁੰਡੰ ਬਿਥਾਰੇ[1]।

ਕਟੈਂ ਹੱਥ ਮੱਥੰ, ਪਗੰ ਬਾਹੁ ਭਾਰੇ।
ਜਿਮੈਂ ਬਾਢ ਬਾਢੀ, ਬਢੈਂ ਬ੍ਰਿੰਦ ਬਾਗੈਂ[1]।

ਭਿਗੇ ਖੂਨ ਬਾਗੇ[1] ਮਨੋ ਖੇਲ ਫਾਗੈਂ[2] ॥ ੯੯ ॥

[1]ਬੁੱਧੂ ਸ਼ਾਹ ਦੇ ਪੁੱਤਰ।

[1]ਸਾਰੇ ਪਠਾਣ ਬੱਦਲ ਵਾਂਗ ਉੱਛਲ ਕੇ ਆਏ।
[1]ਓਟ ਲੈ ਕੇ।
[1]ਜੰਗ ਦੇ ਵਾਜੇ ਵੱਜੇ।

[1]ਧਰਤੀ ਉੱਤੇ ਜਵਾਨ ਤੇ ਘੋੜੇ ਛਾਨਣੀ ਕਰ ਕੇ ਸੁੱਟ ਦਿੱਤੇ।
[1]ਸਰੀਰ ਦੇ ਚੰਮ ਨੂੰ {ਬਰਮ ਕੈ} ਵਿੰਨ੍ਹ ਕੇ ਪਾਰ ਹੋ ਗਏ।
[1]ਜਾਂ ਖੰਭਾਂ ਵਾਲੇ {ਬਿਲੱਛੀ} ਅਨੋਖੇ {ਅਹਿ} ਸੱਪ ਫਿਰਦੇ ਹਨ।

[1]ਕਿਤੇ ਬਹੁਤੇ ਸੁੰਦਰ ਸੂਰਮੇ ਅੱਧੋ ਅੱਧ ਹੋਏ ਪਏ ਹਨ।
[1]ਧਰਤੀ ਵਿੱਚ ਪਏ ਹੋਏ ਵੀ ਵੈਰੀਆਂ ਵੱਲ ਤਕਦੇ ਹਨ।

[1]ਜਿਵੇਂ ਤਰਖਾਣ {ਫਰਦ} ਫੱਟੇ ਨੂੰ ਵੱਢ ਕੇ ਧਰਤੀ ਤੇ ਸੁੱਟ ਦੇਂਦੇ ਹਨ।

[1]ਵੱਢਾ ਟੁੱਕੀ ਸ਼ੁਰੂ ਹੋ ਗਈ। {ਫਟਾ ਫਟ} ਛੇਤੀ ਛੇਤੀ ਸੁੱਟੀ ਜਾਂਦੇ ਹਨ।
[1]ਜੋਧੇ ਛੇਤੀ ਛੇਤੀ {ਤਛਾ ਮੁੱਛ} ਛਾਂਗ ਕੇ ਵੱਢ ਦੇਂਦੇ ਹਨ।
[1]{ਖਚਾ ਖੱਚ} ਛੇਤੀ ਛੇਤੀ ਵਾਹੁੰਦੇ ਹਨ, ਤਲਵਾਰਾਂ ਲਹੂ ਨਾਲ (ਗਚਾ ਗਚ) ਬਹੁਤ ਲਿਬੜ ਗਈਆਂ ਹਨ।
[1]{ਬੇਗੈਂ} ਛੇਤੀ ਨਾਲ {ਦੜਾ ਦਾੜ} ਉਪਰੋਥਲੀ ਜਦੋਂ ਡੇਗਦੇ ਹਨ ਤਾਂ ਸੜਾ ਸੜ ਸ਼ਬਦ ਹੁੰਦਾ ਹੈ।

[1]ਧਰਤੀ ਤੇ {ਰੁੰਡ} ਧੜਾਂ ਤੇ {ਮੁੰਡ} ਸਿਰਾਂ ਦੇ {ਝੁੰਡ} ਸਮੂੰਹ ਖਿੰਡਾ ਦਿੱਤੇ।

[1]ਜਿਵੇਂ ਤਰਖਾਣ (ਬਾਢ) ਤਿੱਖੀ ਧਾਰ ਨਾਲ ਬਹੁਤੇ ਬਾਗਾਂ ਨੂੰ ਵੱਢਦੇ ਹਨ।

[1]ਪੁਸ਼ਾਕੇ। [2]ਹੋਲੀ ਖੇਲਦੇ ਹਨ।

ਭਕਾ-ਭੱਕ, ਲੋਹੂ ਭਰੇ ਘਾਵ ਬੋਲੈਂ[1]।
ਛਕੈਂ ਮਾਸ ਹਾਰੀ, ਬਕੈਂ ਡੋਲ ਡੋਲੈਂ[1]।
ਫਿਰੈਂ ਹਿੰਸਤੇ, ਛੂਛ ਤਾਜੀ ਕਿਤੇ ਹੈਂ[1]।
ਭਗੈਂ ਚਿੰਸਤੇ ਫੀਲ, ਜਿੱਤੇ ਤਿਤੇ ਹੈਂ[1] ॥ ੧੦੦ ॥

[1]ਜ਼ਖ਼ਮ ਲਹੂ ਨਾਲ ਭਰੇ ਹੋਏ ਭਕਾ ਭਕ ਬੋਲਦੇ ਹਨ।
[1]ਬੋਲਦੇ ਤੇ ਡੋਲਦੇ ਫਿਰਦੇ ਹਨ।
[1]ਕਿਤੇ ਖ਼ਾਲੀ ਘੋੜੇ ਹਿਣਕਦੇ ਫਿਰਦੇ ਹਨ।
[1]ਜਿਧਰ ਕਿਧਰ ਹਾਥੀ {ਚਿੰਸਤੇ} ਚੀਕਾਂ ਮਾਰਦੇ ਤੇ ਨੱਠੇ ਫਿਰਦੇ ਹਨ।

ਕਹੂੰ ਸ੍ਵਾਨ ਸ੍ਰਿੰਗਾਲ[1] ਔ ਕਾਕ[2] ਬੋਲੈਂ।
ਲਹੂ ਪਾਨ ਕੈ, ਜੋਗਨੀ ਮੋਦ ਡੋਲੈਂ।
ਕਹੂੰ ਭੈਰਵੀ ਭੂਤਨੀ, ਭੱਬਕਾਰੈਂ[1]।
ਭਰੈ ਪਜਾਲਕਾ[1], ਕਾਲਕਾ ਗੱਟਕਾਰੈ[2] ॥ ੧੦੧ ॥

[1]ਗਿੱਦੜ। [2]ਕਾਂ।
[1]ਬੋਲਦੀਆਂ ਹਨ।
[1]ਪਿਆਲੇ। [2]ਪੀਂਦੀ ਹੈ।

ਕਹੂੰ ਮੂੰਡ ਮਾਲਾ, ਗੁਥੈਂ ਦੇਵ ਬਾਲਾ[1]।
ਸਿਵਾਂ ਕੋ ਚਢਾਵੈਂ, ਬਜਾਵੈਂ ਸੁ ਗਾਲ੍ਹ[1]।
ਕਹੂੰ ਖੋਪਰੀ, ਖੇਤ ਖਾਵੀਸ ਖੈਹੈਂ[1]।
ਤਚੈਂ ਕਿੱਲਕਾਰੀ[1], ਨਚੈਂ ਗੀਤ ਗੈ ਹੈਂ ॥ ੧੦੨ ॥

[1]ਕਿਤੇ ਦੇਵਤਿਆਂ ਦੀਆਂ ਇਸਤ੍ਰੀਆਂ ਸਿਰਾਂ ਦੀਆਂ ਮਾਲਾਂ ਗੁੰਦਦੀਆਂ ਹਨ।
[1]ਗਾਲ੍ਹ ਵਜਾਉਂਦੀਆਂ ਹਨ, (ਬੱਕਰੇ ਜਿਹੀ ਅਵਾਜ਼ ਕੱਢਦੀਆਂ ਹਨ)।
[1]ਕਿਤੇ ਜੰਗ ਦੇ ਮੈਦਾਨ 'ਚ {ਖਾਵੀਸ} ਭੂਤ ਖੋਪਰੀਆਂ ਖਾਂਦੇ ਹਨ।
[1]ਚੀਕਾਂ ਮਾਰਦੇ ਹਨ।

ਮਨੋ ਇੱਛ ਖੈ ਕੈ[1], ਗਜੈ ਕੈ ਜਕਾਰੇ।
ਭਵੈ[1] ਜੈ ਗੁਰੂ ਕੀ, ਚਵੈਂ[2] ਐਸ ਸਾਰੇ।
ਬਰੈਂ ਸੂਰ ਹੂਰੈਂ, ਚਰੈਂ ਗੈਨ ਐਨੰ[1]।
ਭਰੈਂ ਦੀਪ ਘੀ ਕੇ, ਹਰੈਂ ਤਾਪ ਮੈਨੰ[1] ॥ ੧੦੩ ॥

[1]ਮਨ ਇੱਛਤ ਖਾ ਕੇ।
[1]ਹੋਵੇ। [2]ਬੋਲਦੇ ਹਨ।
[1]{ਐਨ} ਚੰਗੀ ਤਰ੍ਹਾਂ {ਗੈਨ} ਅਕਾਸ਼ ਵਿੱਚ (ਚਰੈਂ) ਚੜ੍ਹਦੀਆਂ ਹਨ।
[1]ਕਾਮ ਦਾ ਤਾਪ ਦੂਰ ਕਰਦੀਆਂ ਹਨ।

ਤਬੈ ਰਾਮ ਸਿੰਘੰ, ਕੁਪਜੋ ਸਿੱਖ ਭੱਯਾ[1]।
ਹੁਤੇ ਗੱਢ ਚਾਨਾਲ[1] ਕੋ, ਸੋ ਬਸੱਯਾ।
ਢਿਗੰ ਆਹਿ ਕਾਂਸ਼ੀ, ਘਨੇ ਲੋਗ ਜਾਨੈਂ।
ਰਚੀ ਤੋਪ ਕਾਠੰ, ਤਿਸੀ ਨੈ ਮਹਾਨੈਂ ॥ ੧੦੪ ॥

[1]ਸਿੱਖ ਭਰਾਰਾਮ ਸਿੰਘ ਕ੍ਰੋਧਵਾਨ ਹੋਇਆ।
[1](ਕਾਂਸ਼ੀ ਦੇ ਨੇੜ ਦਾ) ਇਕ ਸ਼ਹਿਰ।

ਧਰੀ ਠੌਰ ਊਚੈ, ਭਰੀ ਔ ਚਲਾਈ।
ਪ੍ਰਲੈ ਕਾਲ ਕੀ ਬੀਜ ਜਯੋਂ, ਕੜ ਕੜਾਈ[1]।
ਰਿਦੇ ਕਾਨ ਸੱਤ੍ਰਾਨ ਕੇ, ਭੀ ਫਟੇ ਹੈਂ।
ਭਏ ਤੱਜਬੈਂ[1] ਅੱਜਬੈਂ, ਸੋ ਲਟੇ ਹੈਂ[2] ॥ ੧੦੫ ॥

[1]ਬਿਜਲੀ ਵਾਂਗ ਕੜਕੀ।

ਜਹਾਂ ਝੁੰਡ ਖਾਨਾਨ ਕੋ, ਥਾ ਅਰਜੋ ਹੈ।
ਇਦਾ ਹੈ ਭਿਦਾ, ਪੈ ਛਿਦਾ ਸੋ ਕਰਜੋ ਹੈ[1]।

[1]ਹੈਰਾਨ ਹੋ ਕੇ। [2]ਅਜੀਬ (ਤਰ੍ਹਾਂ ਨਾਲ ਪਿੱਛੇ) {ਲਟੇ ਹੈਂ} ਹਟ ਗਏ।
[1]ਇਸ ਤਰ੍ਹਾਂ ਵਿੰਨ੍ਹ ਕੇ ਟੁਕੜੇ ਟੁਕੜੇ ਕਰ ਦਿੱਤਾ।

ਚਲੇ ਗੁੰਜਤੇ ਗਾਜ ਜਜੋਂ, ਪੁੰਜ ਗੋਲੇ[1]।
ਮਹਾਂ ਮੇਘ ਮਾਨੋ, ਬ੍ਰਸੈਂ ਕੋਪ ਓਲੇ[1] ॥ ੧੦੬ ॥

[1]ਬਿਜਲੀ ਵਾਂਗ ਸਮੂੰਹ ਗੋਲੇ ਗੂੰਜਦੇ ਚੱਲੇ।
[1]ਗੜੇ।

ਕਰੈਂ ਖੇਤ ਖਾਲੀ, ਜਿਤੈ ਬਾਰ ਝਾਰੈਂ[1]।
ਧਰਾ ਰੁੰਡ ਮੁੰਡੰ ਸਝੁੰਡੰ ਬਿਥਾਰੈਂ[1]।
ਕਟੇ ਜੰਘ ਛਾਤੀ, ਭੁਜਾ ਹੱਥ ਮੱਥੇ।
ਭਯੋ ਜੰਗ ਐਸੋ, ਕਥਾ ਤੈ ਅਕੱਥੇ[1] ॥ ੧੦੭ ॥

[1]{ਬਾਰ} ਬੰਦੂਕਾਂ ਦਾ ਇਕੱਠਾ ਫਾਇਰ {ਝਾਰੈਂ} ਕਰਦੇ ਹਨ।
[1]{ਝੁੰਡੰ} ਬਹੁਤੇ ਧਰਤੀ ਉੱਤੇ ਧੜ ਤੇ ਸਿਰ ਖਿੰਡਾ ਦਿੰਦੇ ਹਨ।
[1]ਕਹਿਣ ਤੋਂ ਅਕਹਿ ਹੈ।

ਜੁਝੇ ਸਾਮੁਹੇ ਜੇ, ਦੁਨੀ ਦੂਖ ਖੋਏ।
ਮਨੋ ਖਾਇ ਕੈ ਭੰਗ, ਮਾਲੰਗ ਸੋਏ।
ਰਹੇ ਹੇਰਿ ਹੈਰਾਨ, ਕੋਹੀ[1] ਸਭੈ ਹੈਂ।
ਗੁਰੂ ਪੈ ਕਹਾਂ ਤੋਪ ਥੀ, ਜੁ ਚਲੈ ਹੈਂ ॥ ੧੦੮ ॥

[1]ਪਹਾੜੀਏ।

ਰਚੀ ਹੈ ਕਰਾਮਾਤ ਸੋਂ, ਬਾਤ ਜਾਨੀ।
ਗੁਰੂ ਹੈ ਵਲੀ[1], ਮਾਨ ਹੈ ਤੋਂ ਜਹਾਂਨੀ।
ਦਯੋ ਜੋਰ ਕੋਹੀਨ ਹੈ ਪੀਨ[1] ਜਜੋਂ ਹੀਂ।
ਬਢੇ ਆਨ ਪਾਠਾਨ, ਮਾਹਾਨ ਤਜੋਂ ਹੀ ॥ ੧੦੯ ॥

[1]ਕਰਾਮਾਤੀ।
[1]ਬਹੁਤਾ।

ਕਰਜੋ ਆਹਿਬੰ[1], ਸਾਹਿਬੰ ਚੰਦ ਗਾਢੋ।
ਹਤੇ ਸੱਤ੍ਰੂ ਕੇਤੇ, ਮਹਾਂ ਰੋਹ ਬਾਢੋ।
ਬਲੀ ਸ਼ਾਹਿ ਸੰਗੋ, ਲਏ ਸੰਗ ਬੀਰੈਂ।
ਤਜੇ ਤੀਰ ਤੀਖੇ, ਕਢੇ ਸੱਤ੍ਰੂ ਚੀਰੈਂ ॥ ੧੧੦ ॥

[1]ਜੰਗ।

ਦਯਾਰਾਮ ਦੂਜੋ, ਮਨੋ ਦ੍ਰੌਣ[1] ਭਾਰੈਂ।
ਜਿਸੇ ਬਾਣ ਬਾਹੈਂ, ਤਿਸੈ ਭੂਮਿ ਡਾਰੈਂ।
ਘਨੇ ਖਾਨ ਖੂੰਨੀ, ਸੁ ਖੇਤੈਂ ਖਪਾਏ।
ਅਰਜੋ ਖਾਨ ਨਾਜਾਬਤੰ, ਰੋਸ ਖਾਏ ॥ ੧੧੧ ॥

[1]ਦ੍ਰੋਣਾਚਾਰਜ।

ਦਿਸਾ ਦੂਸਰੀ, ਭੀਖਨੰ ਖਾਨ ਆਈ।
ਪਚਾਰੈ[1] ਬੰਗਾਰੈ, ਨਿਜੰ ਸੈਨ ਤਾਂਈ।
ਗੁਰੂ ਪੈ ਜੁਰੀ, ਗਾਢਵੀ ਧਾੜ ਮੰਗੀ[1]।
ਕਹਾਂ ਆਹਿ ਸਾਪਾਹਿ, ਹੈ ਵਾਹਿ ਜੰਗੀ[1] ॥ ੧੧੨ ॥

[1]ਪ੍ਰਚਾਰ ਕਰਦਾ ਹੈ। (ਅ) ਲਲਕਾਰਦਾ ਹੈ।
[1]ਮਾਂਗਵੀ ਧਾੜ {ਗਾਢਵੀ} ਤਕੜੀ ਜੁੜੀ ਹੋਈ ਹੈ।
[1]ਉਨ੍ਹਾਂ ਪਾਸ ਜੰਗੀ ਫ਼ੌਜ ਕਿੱਥੇ ਹੈ।

ਤੁਮੈਂ ਕੌਮ ਬਾਂਕੀ, ਲੜਾਕੀ ਗਨੀਜੈ।
ਬਨੋ ਕਾਂਹਿ ਗੀਦੀ, ਸ਼ਹੀਦੀ ਲਹੀਜੈ।
ਹਸੇਂਗੇ ਪਹਾਰੀ ਦਸੇਂਗੇ ਡਰਾਰੇ[1]।

[1]ਡਰਾਕੁਲ ਦੱਸਣਗੇ।

ਸੁਨੀ ਯੌਂ ਜਬੈ, ਤੌ ਲਰੇ ਫੇਰ ਭਾਰੇ ॥੧੧੩॥
ਘਟਾ ਘੋਰ ਜਸੋਂ, ਓਰੜੇ ਸਾਰ ਬ੍ਰਖੇ[1]।
[1]ਭਿਆਨਕ ਘਟਾਂ ਵਾਂਗ ਉੱਛਲ ਕੇ ਆਏ ਤੇ ਸ਼ਸਤ੍ਰਾਂ ਦੀ ਬਰਖਾ ਕੀਤੀ।

ਘਨੇ ਆਨ ਸਿੱਖਾਨ ਕੇ, ਪ੍ਰਾਨ ਕ੍ਰਖੇ[1]।
[1]ਖਿੱਚੇ ਭਾਵ ਕੱਢੇ।
ਗੁਰੂ ਹੇਰ ਕੈ ਪ੍ਰੇਰ ਕੈ, ਬੀਰ ਖਾਸੈਂ।
ਪਠਜੋ ਨੰਦ ਚੰਦੰ, ਖਰੋ ਥਾ ਜੁ ਪਾਸੈਂ ॥੧੧੪॥
ਉਦੇਰਾਮ, ਗੰਡਾ, ਲਖੂ, ਜੋਧ, ਬੱਲਾ।
ਘੱਲਾ ਹੈ ਇਨੈ ਭੀ ਪਰੇ ਕੈ ਸੁ ਹੱਲਾ[1]।
[1]ਇਨ੍ਹਾਂ ਨੇ ਵੀ ਪੈ ਕੇ ਚੰਗਾ ਹੱਲਾ {ਘੱਲਾ} ਕੀਤਾ।
ਭਿਰੇ ਜਾਇ, ਧਾਵਾਇ ਕੈ ਬਾਜ[1] ਏਹੈਂ।
[1]ਘੋੜੇ ਭਜਾ ਕੇ।
ਬ੍ਰਖੇ ਤੀਰ ਗੋਲੀ, ਮਹਾਂ ਮੇਂਹ ਸੇ[1] ਹੈਂ ॥੧੧੫॥
[1]ਵਾਂਗ।
ਗੁਰੂ ਭੀ ਤਬੈ, ਪਾਨ[1] ਕਾਮਾਨ ਲੈ ਕੈ।
[1]ਹੱਥ ਵਿੱਚ।
ਤਜੇ ਤੀਰ ਤੀਖੇ, ਅਰੰ ਪੈ ਤਕੈ ਕੈ।
ਹੁਤੇ ਜੇ ਲਰਾਕੇ, ਬਡੇ ਬੀਰ ਭਾਰੇ।
ਇਕੈ ਹੀ ਝਮਾਕੇ ਵਿਖੇ, ਹੈਂ ਪਛਾਰੇ[1] ॥੧੧੬॥
[1]ਅੱਖ ਦੇ ਇਕ ਫਰਕਣ ਵਿੱਚ ਪਿੱਛੇ ਹਟਾ ਦਿੱਤੇ।
ਧਰਾ ਪੈ ਸੁਰੋਲੇ, ਕਰੇ ਮਾਰ ਪੋਲੇ।
ਪਕੇ ਪੋਸਤੀ ਖੇਤ ਕੇ, ਜੈਸ ਓਲੇ[1]।
[1]ਜਿਵੇਂ ਪੋਸਤ ਦੇ ਪੱਕੇ ਖੇਤ ਉੱਤੇ ਗੜੇ ਪੈ ਜਾਣ।
ਤਬੇ ਨੰਦ ਚੰਦੰ, ਮਹਾਂ ਕੋਪ ਕੈ ਕੈ।
ਘਨੇ ਖਾਨ ਮਾਰੇ, ਇਤੈ ਉੱਤ ਧੈ ਕੈ ॥੧੧੭॥
ਮਰੇ ਖਾਨ ਕੇਤੇ, ਹੁੱਦੇਦਾਰ ਬਾਂਕੇ[1]।
[1]ਕਿਤਨੇ ਹੀ ਸੁੰਦਰ {ਹੁੱਦੇਦਾਰ} ਅਹੁਦੇਦਾਰ ਪਠਾਨ ਮਰ ਗਏ।

ਗਿਰੇ ਮੂੰਡ ਨਾਲੇਰ ਜਸੋਂ, ਢੇਰ ਤਾਂ ਕੇ।
ਹਰੀ ਚੰਦਰਾਜੇ, ਅਗੇ ਹ੍ਵੈ ਹੰਡੂਰੀ।
ਕਰੀ ਮੱਦਤੈ ਹੱਦਤੈ ਬੱਧਰੂਰੀ ॥੧੧੮॥
ਨਿਜੰ ਸੈਨ ਲੈ ਐਨ, ਸੋ ਆ ਲਰਜੋ ਹੈ।
ਤਿਖਾ ਜੰਗ ਕੈ ਕੈ, ਸਿੱਖਾਂ ਕੋ ਹਰਜੋ ਹੈ।
ਫਤੇ ਸ਼ਾਹਿ ਬਾਏਂ, ਤਿਸੀ ਕੇ ਲਰਾਏ।
ਕਟੋਚੀ ਚੰਦੇਲੀ, ਚਮੂੰ ਮੈਂ[1] ਫਿਰਾਏਂ ॥੧੧੯॥
[1]ਫੌਜ ਵਿੱਚ।
ਪਰੈ ਲੋਹ ਪੈ ਲੋਹ, ਸਾਰੋਹ ਐਸੇ[1]।
[1]ਗੁੱਸੇ ਨਾਲ ਸ਼ਸਤ੍ਰ 'ਤੇ ਸ਼ਸਤ੍ਰ ਐਉਂ ਪੈਂਦਾ ਹੈ।
ਘੜੇਂ ਘਾੜ[1] ਠੱਠਜ਼ਾਰ, ਲੋਹਾਰ ਜੈਸੇ।
[1]ਭਾਂਡਾ, (ਅ) ਹਥਿਆਰ।
ਬਜੈਂ ਬਾਦ ਮਾਰੂ, ਘਨੇ ਬੀਰ ਗੱਜੈਂ।

ਸੁਨੈ ਜਾਂਹਿ ਕੋ ਕੂਰ[1] ਭੀ ਨਾਂਹਿ ਭੱਜੈਂ ॥ ੧੨੦ ॥
ਨ ਰੱਜੈਂ ਲਰੰਤੇ, ਹਰੰਤੇ ਕੁਸੱਤ੍ਰੈਂ[1]।
ਕਢੈਂ ਭੇਦ ਸੰਜੋਇ ਪੇਟੀ ਬਖੱਤ੍ਰੈਂ[1]।

ਕਿਤੇ ਮਾਰ ਨੇਜੈਂ ਸੁ ਬੇਝੈਂ ਕਰੇਜੈਂ[1]।
ਕਰਾਚੋਲ[1] ਬਾਹੈਂ, ਕਢੈਂ ਖੂਨ ਮੇਜੈਂ[2] ॥ ੧੨੧ ॥
ਕਹੂੰ ਸੈਹਥੀ[1] ਲੈ, ਹਥੀਂ ਜਵਾਨ ਜੁੱਟੈਂ।
ਘਸਾ ਘੱਸ ਘਾਸੋਰ ਸਾਜ਼ੋਰ ਪੁੱਟੈ[1]।

ਮਹਾਂ ਮਾਰ ਮੱਚੀ, ਸਕੈ ਕੋ ਗਿਨਾਈ।
ਰੁੰਡੰ ਮੁੰਡ ਤੁੰਡੰ, ਝੁਡੰ ਭੂਮ ਛਾਈ[1] ॥ ੧੨੨ ॥
ਲੋਹੂ ਕੇ ਪ੍ਰਨਾਰੇ[1] ਚਲੇ ਹੋਇ ਨਾਰੇ[2]।
ਮਨੋ ਸੈਲ ਗੇਰੂ ਝਰੈ ਮੇਂਹ ਭਾਰੇ[1]।
ਦਯਾਰਾਮ ਜੁਟਯੋ ਕਰੰ[1] ਲੈ ਕ੍ਰਿਪਾਨੰ।
ਭ੍ਰਿਗੂ ਨੰਦ ਮਾਨੋ, ਗਹਯੋ ਪ੍ਰਸ ਪਾਨੰ[1] ॥ ੧੨੩ ॥

ਕਿਤੈ ਨੰਦ ਚੰਦੰ, ਕਿਤੈ ਸ਼ਾਹਿ ਸੰਗੋ।
ਕਿਤੈ ਰਾਮ ਗੰਗਾ, ਕਰੈ ਅੰਗ ਭੰਗੋ।
ਕਹੂੰ ਸਾਹਿਬੰ ਚੰਦ, ਔ ਮਾਹਰੀ ਜੀ।
ਹਠੀ ਜੀਤ ਮਲੰ ਹਤੈ ਕਾਹਰੀ[1] ਜੀ ॥ ੧੨੪ ॥
ਕਰੈਂ ਜੰਗ ਦੋਊ, ਕ੍ਰਿਪਾਲੰ ਤਹਾਂ ਹੀ।
ਯੁਤੈਂ ਤ੍ਰੈ ਸੁਤੈਂ, ਪੀਰ ਬੁੱਧੂ ਮਹਾਂਹੀ।
ਲਰੈਂ ਔ ਲਰਾਵੈਂ, ਨਿਜੰ ਨੀਜ ਸੈਨਾ[1]।
ਗੁਰੂ ਜੀ ਤਮਾਸ਼ਾ, ਪਿਖੈਂ ਠਾਂਢ ਐਨਾ ॥ ੧੨੫ ॥
ਕਬੀ ਯਾਹਿ ਬਾਢੈਂ[1], ਕਬੀ ਵਾਹਿ ਬਾਢੈਂ।
ਦਲੰ ਦੋਇ ਗਾਢੇ, ਲਰੈਂ ਨੀਕ ਠਾਢੈਂ।
ਹੁਤੋ ਹੱਲਵਾਈ, ਗੁਰੂ ਪਾਸ ਰੋੜਾ[1]।
ਹਠੀ ਲਾਲ ਚੰਦੰ, ਬਲੀ ਨਾਹਿਂ ਥੋੜਾ ॥ ੧੨੬ ॥
ਉਠੀ ਜੰਗ ਕੀ ਤਾਂਹਿ ਓਮੰਗ ਚੰਗੈਂ।
ਗੁਰੂ ਤੈ ਲਈ ਢਾਲ ਤ੍ਰਵਾਰ ਮੰਗੈਂ।
ਪੁਨਾ ਬੂਝਯੋ ਮੈਂ ਗਹੋਂ ਕੈਸ ਯਾਹੈਂ।

[1]ਕਾਇਰ।
[1]ਖੋਟੇ ਵੈਰੀਆਂ ਨੂੰ ਮਾਰਦੇ ਹਨ।
[1]ਪੇਟੀ ਤੇ {ਬਖੱਤ੍ਰੈਂ} ਸੰਜੋਆਂ ਨੂੰ ਵਿੰਨ੍ਹ ਕੇ {ਸੰਜੋਇ} ਸ਼ਸਤ੍ਰਾਂ ਨੂੰ ਪਾਰ ਕੱਢ ਦੇਂਦੇ ਹਨ।
[1]ਕਲੇਜੇ ਨੂੰ ਵਿੰਨ੍ਹ ਦੇਂਦੇ ਹਨ।
[1]ਤਲਵਾਰ। [2]ਮਿੱਝ।
[1]ਬਰਛੀ।
[1]ਆਪਸ ਵਿੱਚ {ਘਸਾ ਘਸ} ਘਸਰ ਘਸਰ ਕੇ (ਬਰਛੀ) ਸ਼ਰੀਰਾਂ 'ਚ {ਘਸੋਰ} ਖੋਭ ਕੇ ਜ਼ੋਰ ਨਾਲ ਪੁੱਟਦੇ ਹਨ।
[1]ਧਰਤੀ ਬਹੁਤੇ ਧੜਾਂ ਸਿਰ ਮੂੰਹਾਂ ਨਾਲ ਢਕੀ ਗਈ।
[1]ਪ੍ਰਨਾਲੇ। [2]ਨਾਲੇ।
[1]ਜਾਣੋ ਭਾਰੀ ਮੀਂਹ ਪੈਣ ਤੇ ਗੈਰੂ ਦਾ ਪਹਾੜ ਝੜਦਾ ਹੈ।
[1]ਹੱਥ 'ਚ।
[1]ਭ੍ਰਿਗੂ ਦੇ ਪੁੱਤਰ (ਪਰਸਰਾਮ) ਨੇ ਜਾਣੋ ਹੱਥ 'ਚ ਕੁਹਾੜਾ ਫੜਿਆ ਹੈ।
[1]ਕਾਹਲੀ ਨਾਲ।
[1]ਆਪੋ ਆਪਣੀਫ਼ੌਜ ਨੂੰ ਲੜਾਉਂਦੇ ਹਨ।
[1]ਵਧਦੇ ਹਨ।
[1]ਜਾਤੀ ਦਾ।

ਗੁਰੂ ਜੀ ਹਸੇ, ਢਾਲ ਦੈ ਬਾਮ ਵਾਹੈਂ[1] ॥੧੨੭॥ [1]ਉਸ ਦੇ ਖੱਬੇ (ਹੱਥ) ਵਿੱਚ ਢਾਲ ਦੇ ਕੇ।
ਦਈ ਤੇਗ ਦਾਏਂ[1], ਦਯੋ ਹੈ ਚੜ੍ਹਾਈ। [1]ਸੱਜੇ (ਹੱਥ) 'ਚ।
ਗਹੇ ਨਾ ਹਥਯਾਰੰ, ਤਿਸੈ ਥੇ ਕਦਾਈਂ।
ਰਸੰ ਹਾਸ ਬਾਢਜੋ, ਤਿਸੈ ਦੇਖ ਤਾਂਹੀ[1]। [1]ਉਸ (ਸਮੇਂ)।
ਕਹੈਂ ਧੰਨ ਜੋਧੇ, ਗੁਰੂ ਕੇ ਸਿਪਾਹੀ ॥੧੨੮॥
ਬਿਨਾ ਢੰਗ ਜੰਗੰ, ਚਹੈਂ ਜੀਤ ਕਾਜੈਂ।
ਗੁਰੂ ਜੀ ਚਹੈਂ, ਤੌਂ ਚਿਰੀ ਖਾਇ ਬਾਜੈਂ।
ਧਸਜੋ ਸੈਨ ਤੂਕੈਨ, ਲੈ ਅੱਸ੍ਵ ਵਾਹੀ[1]। [1]ਉਹ ਘੋੜਾ ਲੈ ਕੇ।
ਜਮਾਂਦਾਰ ਅੱਗਜੋਂ, ਮਿਲਜੋ ਜੈਨ ਖਾਂ ਹੀ ॥੧੨੯॥
ਕਹਜੋ ਲਾਲ ਨੈ, ਨੂਣ ਹਾਰਾਮ ਧੋਹੀ[1]। [1]ਹੇ ਲੂਣ ਹਰਾਮੀ ਤੇ ਧੋਖੇ ਬਾਜ਼।
ਕਤੋ ਹੋਹ ਪਾਛੇ, ਨਤੋ ਮੈਂ ਹਤੋਹੀ[1]। [1]ਜਾਂ ਤਾਂ ਪਿੱਛੇ ਹੋ ਜਾਂ ਨਹੀਂ ਤਾਂ ਮੈਂ ਮਾਰ ਦਿਆਂਗਾ।
ਰਿਸਜੋ ਖਾਨ ਭਾਖਜੋ, ਤਿਸੈ ਰੇ ਅੜੀਲੇ[1]। [1]ਹੇ ਅੜੀ ਵਾਲੇ।
ਤਰਾਜੂ ਫੜੀਲੇ, ਮਿਠਾਈ ਛਕੀਲੇ ॥੧੩੦॥
ਕਹਾਂ ਜੰਗ ਕੀ ਸਾਰ[1], ਗਾਵਾਰ ਜਾਨੇ। [1]ਖ਼ਬਰ।
ਤੁਝੈ ਮੌਤ ਲਜਾਈ, ਬੁਜੈਂ ਸ਼ੇਰ ਖਾਨੇ[1]। [1]ਤੈਨੂੰ ਬਕਰੇ ਨੂੰ ਸ਼ੇਰ ਦੇ ਖਾਣ ਲਈ।
ਕੁਪਜੋ ਲਾਲ ਚੰਦੰ, ਕਹਜੋ ਰੇ ਮੁਸੱਲਾ।
ਨਹੀਂ ਜਾਨਤਾ ਰੇ, ਮੁਝੇ ਪੀਰ ਘੱਲਾ ॥੧੩੧॥
ਬਡੋ ਤੇਜ ਧਾਰੀ, ਗੁਰੂ ਹੈ ਹਮੈਂਹੂ[1]। [1]ਸਾਡਾ।
ਰਚੀ ਬਾਲ ਲੀਲਾ, ਜਿਨੈ ਜੰਗ ਏਹੂ।
ਨਹੀ ਹਾਰ ਜੀਤੰ, ਤਿਸੈ ਕਾਹਿ ਭੀਤੈਂ[1]। [1]ਭੈ ਨਹੀਂ।
ਚਹੈ ਤੌ ਸਸੈ ਤੈ[1] ਤੁਰਾਵੈ ਸੁ ਚੀਤੈਂ[2] ॥੧੩੨॥ [1]ਸਹੇ ਤੋਂ। [2]ਚਿੜ੍ਹੇ ਨੂੰ।
ਮੁਝੈ ਭੀ ਪਠਜੋ ਤੇਗ ਦੈ, ਯੌਂ ਸੁਨੈ ਕੈ।
ਹਤੋ ਨੂਨ ਹਾਰਾਮੀਓਂ ਤਾਂਇਂ ਜੈ ਕੈ।
ਕਹਾਂ ਬੋਲ ਹੰਕਾਰ ਕੇ ਤੂੰ ਕਰੈ ਹੈਂ।
ਘਟਾ ਜੋ ਗਰੱਜੀ ਕਦੇ ਨਾ ਬਰ੍ਹੈ ਹੈ[1] ॥੧੩੩॥ [1]ਵਰ੍ਹਦੀ ਨਹੀਂ।
ਨਿਹਾਰੈਂ ਪਚਾਰੈਂ[1], ਨਹੀ ਤੇਗ ਝਾਰੈਂ। [1]ਤੂੰ ਵੰਗਾਰਦਾ ਹੈਂ।
ਮਨੋ ਲੂਟ ਲੀਨੇ ਕਿਸੇ, ਯੌਂ ਪੁਕਾਰੈਂ।
ਕਰੋ ਬਾਰ, ਨਾਹੀਂ ਰਹੇ ਹੌਂਸ[1] ਤੋਹੀ। [1]ਇੱਛਾ।
ਰਿਸਜੋ ਖਾਨ ਖੂਬੰ, ਚਲਾਈ ਸਰੋਹੀ[1] ॥੧੩੪॥ [1]ਤਲਵਾਰ।

ਲਈ ਢਾਲ ਪੈ ਲਾਲ, ਦੋ ਟੂਕ ਹੋਈ।
ਤਬੈ ਤੇਗ ਬੇਗੰ, ਖਿਚੀ ਲਾਲ ਜੋਈ।
ਗੁਰੂ ਬੋਲ ਕੈ, ਖੋਲ੍ਹ ਕੈ ਸੰਕ ਸਾਰੀ।
ਬਲੰ ਤੋਲ ਕੈ, ਖਾਨ ਕੈ ਮੂੰਡ ਝਾਰੀ ॥ ੧੩੫ ॥
ਕਟਜੋ ਮੂੰਡ ਕੱਦੂ, ਮਨੋ ਨਾਲਕੇਰੈਂ[1]। [1]ਨਲੇਰ।
ਗਿਰਜੋ ਅੱਸ੍ਵ ਤੈ ਭੂਮਿ ਪੈ, ਝੂਮਿ[1] ਹੇਰੈਂ। [1]ਹਿਲੋਰਾ ਖਾ ਕੇ।
ਮਿਲਜੋ ਧੂਰ ਮੇਂ, ਸੂਰਮੇਂ ਪੇਖਿ ਗਾਜੇ।
ਕਹੈਂ ਕਜਾ ਗਵਾਰੰ ਗਯੋ ਕੈ ਕੁਕਾਜੇ[1] ॥ ੧੩੬ ॥ [1]ਖੋਟਾ ਕੰਮ ਕਰ ਕੇ ਚਲਾ ਗਿਆ ਹੈ।
ਸੁਨੀ ਥੀ ਜੁ ਕਾਨੰ, ਨਿਜੰ ਨੈਨ ਹੇਰੀ।
ਗੁਰੂ ਚਾਹਿ, ਤੌ ਸ਼ੇਰ ਕੋ ਖਾਹਿ ਛੇਰੀ[1]। [1]ਬੱਕਰੀ।
ਇਮੰ ਝੂਰ ਕੈ, ਭੀਖਨੰ ਖਾਨ ਆਦੀ।
ਪਰੇ ਕੋਪ ਕੈ ਤਾਂਹਿ ਪੈ ਬੇਤਦਾਦੀ[1] ॥ ੧੩੭ ॥ [1]ਅਣਗਿਣਤ।
ਹਰੀ ਚੰਦ, ਸ਼ਹਿ ਫਤੇ, ਔ ਚੰਦੇਲੀ[1]। [1]ਚੰਦੇਲ ਰਿਆਸਤ ਦਾ ਰਾਜਾ।
ਗੁਰੂ ਕੀ ਚਮੂੰ ਸੈਂ, ਲਰੇ ਝੂਮਿ ਝੇਲੀ[1]। [1]ਹਿਲ ਜੁਲ ਕੇ (ਹੱਲਾ) ਸਹਾਰਿਆ।
ਭਿਰੇ ਸਿੱਖ ਸੂਰੇ, ਅਭੈ ਹੋਇ ਆਛੇ।
ਰਰੈਂ[1] ਮਾਰ ਮਾਰੰ, ਟਰੇ ਨਾਂਹਿ ਪਾਛੇ ॥ ੧੩੮ ॥ [1]ਬੋਲਦੇ ਹਨ।
ਸੁਤੈ ਔ ਮੁਰੀਦੈਂ ਯੁਤੈਂ, ਪੀਰ ਬੁੱਧੂ।
ਲਰਜੋ ਏਕ ਓਰੰ[1], ਸਜੋਰੰ ਕਰੁੱਧੂ। [1]ਤਰਫ਼।
ਚਲੀ ਤੇਗ ਕਲਵੱਤ੍ਰ ਅਲਵੱਤ੍ਰ[1] ਭਾਰੇ। [1]ਆਰੇ ਵਾਂਗ ਬਿਨਾਂ ਸ਼ੱਕ ਤੋਂ।
ਧਰਾ ਪੈ ਘਨੇ ਸਤ੍ਰੂ ਹੈਂ ਕੱਤ੍ਰ ਡਾਰੇ[1] ॥ ੧੩੯ ॥ [1]ਕੱਟ ਸੁੱਟੇ।
ਬੁਧੂ ਸ਼ਾਹਿ ਕੇਰੋ, ਦੁਤੀ ਔਰ ਬੇਟਾ।
ਘਨਜੋ ਕੋ ਹਤੈ ਕੈ, ਤਹਾਂ ਭੂਮਿ ਲੇਟਾ।
ਲਈ ਹੈ ਸ਼ਹੀਦੀ, ਰਸੀਦੀ ਜਮਾਂ ਕੀ[1]। [1]ਜਮਾਂ ਤੋਂ {ਰਸੀਦੀ} ਛੁੱਟੀ ਲੈ ਲਈ।
ਬਰੀ ਦੇਵ ਬਾਲਾ, ਸਮੰ ਜੇਰਮਾਂ ਕੀ[1] ॥ ੧੪੦ ॥ [1]ਦੇਵਤਿਆਂ ਦੀਆਂ ਇਸਤ੍ਰੀਆਂ ਵਰ ਲਈਆਂ ਜਿਹੜੀਆਂ ਲੱਛਮੀ ਦੇ ਸਮਾਨ ਹਨ।

ਜੁਟਜੋ ਜੀਤ ਮੱਲੰ, ਹਰੀ ਚੰਦ ਸੰਗੈਂ।
ਘਨੇ ਘਾਉ ਘਾਲੇ, ਦੁਹੂੰ ਓਰ ਅੰਗੈਂ।
ਭਿਰੇ ਖਾਨ ਨਾਜਾਬਤੰ, ਸ਼ਾਹਿ ਸੰਗੋ।
ਕਰੇ ਬਾਨ ਆਘਾਤ[1], ਕ੍ਰਿਪਾਨ ਚੰਗੋ ॥ ੧੪੧ ॥ [1]ਤੀਰਾਂ ਦੇ ਵਾਰ।
ਸਸੀ ਸਾਹਿਬੰ, ਭੀਖਨੰ ਖਾਨ ਜੁੱਟੇ।

ਇਨੈ ਮਾਰ ਅਪਾਰ ਹੀ ਭੂਮਿ ਸੁੱਟੇ।
ਪਤੀ ਜੋ ਚਦੇਲੰ, ਲਰੇ ਮਾਤੁਲੇਯੰ[1]।
ਫਤੇ ਸ਼ਾਹਿ ਕਾਟੋਚ ਦੈ ਕੁੰਮਕੇਯੰ[1] ॥ ੧੪੨ ॥
ਲਰੈਂ ਹੈਂ ਮਰੈ ਹੈਂ, ਪਠੈ ਹੈਂ ਸਿਪਾਹੈਂ[1]।
ਨਿਜੰ ਜੀਤ ਚਾਹੈਂ, ਉਮਾਹੈਂ ਮਹਾਂਹੈ।
ਭਿਰੈਂ ਬੀਰ ਬਾਂਕੇ, ਸਭੈ ਧੀਰ ਭਾਰੇ।
ਲਰੈਲੇ[1] ਕਟੈਲੇ[2] ਮੁਛੈਲੇ[3] ਜੁਝਾਰੇ[11] ॥ ੧੪੩ ॥
ਕੀਏ ਲਾਲ ਨੈਨੰ, ਬਕੈਂ ਸੋ ਅਤੈ ਹੈਂ[1]।
ਕਰੇ ਦਾਵ ਘਾਵੈਂ, ਬਚਾਵੈਂ ਹਤੈ ਹੈਂ[1]।

ਟਕੰ ਏਕ, ਦੀਏ ਮਧੰ ਨੈਨ ਨੈਨੰ[1]।
ਪਿਖੈਂ ਔ ਤਿਖੈਂ ਮਾਰ ਹੈਂ ਡਾਰ ਐਨੰ[1] ॥ ੧੪੪ ॥

ਯੁਤੰ ਕ੍ਰੱਧ ਸੂਰੇ, ਕਰੈਂ ਦੁੰਦ ਜੁੱਧੰ[1]।
ਲਿਖੇ ਭਾਰਥੰ ਮੈਂ[1], ਜਿਮੈਂ ਐਨ ਸੁੱਧੰ।
ਸਬੈ ਜੰਗ ਬੇਤਾ ਸਹੇਤਾ ਸਬਿੱਦਜਾ[1]।
ਰਸੰ ਰੁੱਦ੍ਰ ਪੂਰੇ, ਛਲੰ ਛੰਦ ਸਿੱਧਜਾ[1] ॥ ੧੪੫ ॥

ਭਿਰੈਂ ਮੱਲ ਜੋਟੇ, ਮਧੰ ਜਸੋਂ ਅਖਾਰੇ।
ਗੁਰੂ ਕੇ ਸੁ ਢੋਟੇ, ਪਹਾਰੀ ਕਰਾਰੇ[1]।

ਤਬੈ ਤ੍ਰਜ ਕੈ[1] ਗ੍ਰਜ ਕੈ, ਜੀਤ ਮੱਲੈਂ।
ਹਰੀ ਚੰਦ ਕੋ, ਮਾਰਜੋ ਬਾਨ ਭੱਲੈਂ[1] ॥ ੧੪੬ ॥
ਗਯੋ ਸੋ ਬਚਾਈ, ਕੁਪੇ ਫੇਰ ਦੋਈ।
ਤਜੇ ਭੀਛਨੰ[1] ਤੀਛਨੰ, ਤੀਰ ਸੋਈ।
ਦੁਹੂੰ ਕੇ ਲਗੇ ਹੈਂ, ਉਭੈ ਬਾਜ[1] ਮਾਰੇ।
ਭਏ ਪੈਰ ਪਜਾਦੇ, ਲਰੇ ਫੇਰ ਭਾਰੇ ॥ ੧੪੭ ॥
ਘਨੇ ਘਾਇ ਲਾਗੇ: ਭਿਗੇ ਖੂਨ ਬਾਗੇ[1]।
ਕਿਛੂ ਨਾ ਜਨਾਵੈਂ, ਮਹਾਂਰੋਹ ਪਾਗੇ[1]।
ਪੁਨਾ ਤੀਰ ਤੀਖੇ, ਦੁਹੂੰ ਤੱਕ ਮਾਰੇ।
ਛੁਟੇ ਏਕ ਕਾਲੰ[1], ਮਨੋ ਸਾਂਪ ਕਾਰੇ ॥ ੧੪੮ ॥

[1]ਮਾਮਾ ਕ੍ਰਿਪਾਲ ਚੰਦ ਨਾਲ।
[1]ਮਦਦ।
[1]ਫ਼ੌਜ।
[1]ਲੜਾਕੇ। [2]ਕੱਟਣ ਵਾਲੇ। [3]ਮੁੱਛਾਂ ਵਾਲੇ। [11]ਸੂਰਮੇ।
[1]ਬਹੁਤਾ ਬੋਲਦੇ ਹਨ।
[1]ਦਾਅ ਘਾਅ ਕਰ ਕੇ ਆਪਣੇ ਆਪ ਨੂੰ ਬਚਾਉਂਦੇ ਹਨ ਤੇ ਦੂਜਿਆਂ ਨੂੰ ਮਾਰਦੇ ਹਨ।
[1]ਇਕ ਟੱਕ ਨੇਤ੍ਰਾਂ 'ਚ ਨੇਤ੍ਰ ਪਾਏ ਹਨ।
[1]ਦੇਖ ਕੇ ਤਿੱਖੀਆਂ (ਤਲਵਾਰਾਂ ਨਾਲ) ਮਾਰ ਕੇ ਚੰਗੀ ਤਰ੍ਹਾਂ ਸੁੱਟ ਦੇਂਦੇ ਹਨ।
[1]ਦੋ ਦੋ (ਸੂਰਮੇ) ਜੰਗ ਕਰਦੇ ਹਨ।
[1]ਮਹਾਂ ਭਾਰਤ ਗ੍ਰੰਥ ਵਿੱਚ।
[1]ਜੰਗ ਦੇ ਜਾਣੂ, ਚੰਗੀ ਜੰਗ ਵਿੱਦਿਆ ਦੇ ਸਹਿਤ।
[1]ਰੌਦ੍ਰਰਸ 'ਚ ਭਰੇ ਹੋਏ ਛਲ ਦੇ ਨਾਲ ਅਪਣਾ {ਛੰਦ} ਮਤਲਬ {ਸਿੱਧਜਾ} ਪੂਰਾ ਕਰਨਾ ਚਾਹੁੰਦੇ ਹਨ।
[1](ਇਕ ਪਾਸੇ) ਗੁਰੂ ਕੇ ਢੋਟੇ ਸਿੱਖਾਂ ਰੂਪ ਪੁੱਤਰ ਹਨ (ਤੇ ਦੂਜੇ ਪਾਸੇ) {ਕਰਾਰੇ} ਤਿੱਖੇ ਪਹਾੜੀਏ।
[1]ਤਾੜ ਕੇ।
[1]ਚੰਗੀ ਤਰ੍ਹਾਂ (ਅ) ਮੱਥੇ ਵੱਲ।
[1]ਭਿਆਨਕ।
[1]ਦੋਹਾਂ ਦੇ ਘੋੜੇ।
[1]ਪੁਸ਼ਾਕੇ।
[1]ਗੁੱਸੇ 'ਚਰੰਗੇ ਹੋਏ।
[1]ਇੱਕੋ ਸਮੇਂ 'ਚ।

ਗਿਰਜੋ ਭੂਪ ਖਾ ਮੂਰਛਾ ਘਾਇ ਲਾਗਾ।
ਮੱਲੰ ਜੀਤ ਕੇ ਪ੍ਰਾਨ ਲੈ ਬਾਨ ਭਾਗਾ।
ਗਿਰਜੋ ਭੂਮਿ ਝੂਮੰ; ਕਿਛੂ ਹ੍ਵੈ ਅਗਾਰੀ।
ਕਟੈ ਓਠ ਕੁੱਪਜੋ, ਰਟੈ ਮਾਰ ਮਾਰੀ ॥ ੧੪੯ ॥
ਬਰਜੋ ਜੀਤ ਮੱਲੰ, ਤਬੈ ਹੂਰ ਆਈ।
ਨਭੰ ਧੰਨ ਧੰਨੰ ਧੁਨੀ ਕੈ ਸਿਧਾਈ[1]।
[1]ਅਵਾਜ਼ ਕਰ ਕੇ ਚਲੀ ਗਈ।
ਗੁਰੂ ਕੇ ਭਟੈਂ ਲੋਥ ਤਾਂ ਕੀ ਉਠਾਈ।
ਗੁਰੂ ਜੀ ਸਰਾਹੀ ਤਿਸੈ ਬੀਰਤਾਈ ॥ ੧੫੦ ॥
ਗਯੋ ਜੀਤ ਜਾਨੰਮ ਕੋ[1]; ਜੀਤ ਮੱਲੰ।
[1]ਜਨਮ ਨੂੰ ਜਿੱਤ ਕੇ।
ਨਿਬਾਹਜੋ ਪਨੋ–ਛੱਤ੍ਰੀ[1] ਠੀਕ ਭੱਲੰ।
[1]ਛੱਤ੍ਰੀ ਪੁਣਾ।
ਪਰਜੋ ਸੇਲ[1] ਲੈ, ਧਾਇ ਚੰਦੇਲ ਵਾਲੀ।
[1]ਬਰਛਾ।
ਮਹਾਂ ਹੇਲ ਕੈ, ਰੇਲ ਔ ਪੇਲ ਘਾਲੀ[1] ॥ ੧੫੧ ॥
[1]ਭਾਰੀ ਹੱਲਾ ਕਰ ਕੇ ਧੱਕ ਕੇ ਪਿੱਛੇ ਹਟਾਏ।
ਫਤੇ ਸ਼ਾਹਿ, ਡਢਵਾਲੀਆ, ਔ ਕਟੋਚੀ।
ਲਰੈਂ ਔ ਲਰਾਵੈਂ, ਕਰੈਂ ਦਾਵ ਪੋਚੀ[1]।
[1]ਨੀਚ।
ਰਹੈਂ ਆਪ ਪਾਛੈ, ਅਗੈਂ ਔਰ ਧੱਕੈਂ।
ਖਰੇ ਦੂਰ ਗੀਦੀ, ਨਿਜੰ ਦਾਉਂ ਤੱਕੈਂ ॥ ੧੫੨ ॥
ਲਰੈਂ ਸੂਰਮੇਂ ਗੂਰ ਮੇਂ ਢੂਕ ਢੂਕੈਂ[1]।
[1]ਹੰਕਾਰ 'ਚ ਨੇੜੇ ਢੁੱਕ ਕੇ।
ਭਵੈਂ ਟੂਕ ਟੂਕੰ, ਮਰੋ ਮਾਰ ਕੂੰਕੈਂ।
ਮਹਾਂ ਮੱਦ ਮੱਤੇ, ਰਤੇ ਨੈਨ ਤੱਤੇ[1]।
[1]ਬਹੁਤੇ ਹੰਕਾਰ 'ਚ ਮਸਤ ਹਨ ਤੇ (ਕ੍ਰੋਧ ਨਾਲ) ਨੇਤ੍ਰ ਲਾਲ ਤੇ ਗਰਮ ਹਨ।
ਤਕਾ ਤੱਕ ਯਕਾ ਯੱਕ ਕੈ ਘਾਉ ਘੱਤੇ[1] ॥ ੧੫੩ ॥
[1]ਤੱਕ ਤੱਕ ਕੇ ਇਕ ਇਕ ਕਰ ਕੇ ਜ਼ਖ਼ਮ ਕੀਤੇ।
ਲਰੇ ਖਾਠ ਨਾਜਾਬਤੰ, ਸ਼ਾਹਿ ਸੰਗੋ।
ਹੁਤੇ ਸੂਰ ਭਾਰੇ, ਮਸ਼ਾਹੂਰ ਚੰਗੋ।
ਪੁਰਾ ਬੀ ਚਿਨਾਰੀ[1], ਗੁਰਾਂ ਪੈ ਰਹੰਤੇ।
[1]ਪਹਿਲਾਂ ਦੀ ਪਛਾਣ ਸੀ।
ਸਮੰ ਬੀਰ ਦੋਉ, ਬਲੀ ਤੇਜਵੰਤੇ ॥ ੧੫੪ ॥
ਕਰਜੋ ਦੁੰਦ ਜੁੱਧੰ, ਕਰੰ ਲੈ ਕ੍ਰਿਪਾਨੈ।
ਘਨੇ ਘਾਇ ਘਾਲੇ, ਦੁਹੂੰ ਓਰ ਜ੍ਵਾਨੈਂ।
ਭਏ ਲਾਲ ਬਾਗੇ, ਬਹਜੋ ਸ੍ਰੌਣ ਜੈਹੈ।
ਤਰੂ ਢਾਕ[1] ਫੂਲੋ ਮਨੋ, ਜੰਗ ਕੈ ਹੈ ॥ ੧੫੫ ॥
[1]ਢੱਕ ਕੇ ਦਰੱਖ਼ਤ।
ਕਈ ਤੇਗ ਟੂਟੈਂ, ਕਈ ਢਾਲ ਫੂਟੈਂ।

ਲਗੇ ਧੀਰ ਧੱਕੇ[1], ਠਣੰਕਾਰ ਊਠੈਂ।
ਪਟੇ ਬਾਜ ਦੋਈ, ਕਟੇ[1] ਦਾਉ ਲਾਵੈਂ।
ਉਭਾਰੈ[1] ਚਲਾਵੈਂ, ਸਰੀਰੰ ਬਚਾਵੈਂ ॥੧੫੬॥
ਅਤੀ ਕੋਪ ਕੈ ਕੈ, ਇਕੈ ਬਾਰ ਤੈਗੈਂ।
ਖਰੰ ਧਾਰ[1] ਛੂਟੇ, ਦੁਹੂੰ ਕੇ ਜੁ ਬੈਗੈਂ।
ਕਟੇ ਅੱਧ ਅੱਧੰ, ਗਿਰੇ ਝੂੰਮ ਝੂੰਮੇ।
ਤਰੂ ਕੈ ਮੁਨਾਰੇ, ਸੁਟੇ ਬਜਾਰ ਭੂੰਮੇ[1] ॥੧੫੭॥
ਬਰੇ ਅੱਛਰਾ ਪੱਛਰਾ[1], ਬੀਰ ਦੋਊ।
ਜਹਾਂ ਸੋਕ ਨਾਹੀ ਗਏ ਦੇਵ ਲੋਊ।
ਧੁਨੀ ਜੈਤਿ ਨੱਭੰ, ਧਰਾ ਹਾਇ ਓਹਾ।
ਭਈ ਜੌ[1], ਗੁਰੂ ਤੌ ਰਚਯੋ ਏਹੁ ਦੋਹਾ ॥੧੫੮॥

ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ॥
ਦੋਹਰਾ ॥
ਮਾਰ ਨਜਾਬਤ ਖਾਂਨ ਕੋ, ਸੰਗੋ ਜੁਝੇ ਜੁਝਾਰ[1]।
ਹਾਇ ਹਾਇ ਇਸ ਲੋਕ ਭਾ, ਸ੍ਵਰਗ ਲੋਕ ਜੈਕਾਰ ॥
ਕਵਿਯੋ ਵਾਚ:
ਭੁਜੰਗ:
ਤਬੀ ਤੈ ਗੁਰੂ, ਸ਼ਾਹਿ ਸੰਗ੍ਰਾਮ[1] ਨਾਮੰ।
ਧਰਯੋ ਤਾਂਹਿ ਕੋ, ਹੇਰ ਕੈ ਸੰਗਰਾਮੰ[1]।
ਹਰੀ ਚੰਦ ਤੌ ਲੌ, ਅਯੋ ਫੇਰ ਭੱਲੰ[1]।
ਜਿਸੈ ਮੂਰਛਾ ਥੀ, ਦਈ ਜੀਤ ਮੱਲੰ ॥੧੫੯॥
ਲਰਯੋ ਸਾਮੁਹੇ ਆਇ, ਸੋ ਫੇਰ ਆਛੈ।
ਭਏ ਔਰ ਰਾਜੇ, ਤਿਸੀ ਕੇਰ ਪਾਛੇ।
ਘਨੇ ਬਾਨ ਬਾਹੈਂ, ਅਰੇ ਬੀਰ ਬਾਂਕੇ।
ਉਠੈ ਠੌਰ ਠੌਰੰ, ਸੁ ਤੇਗੈਂ ਝੜਾਕੇ[1] ॥੧੬੦॥
ਕਰੇ ਲਾਲ ਨੈਨੰ, ਚਢੀ ਬੰਕ ਭੌਹੈਂ[1]।
ਰਸੰ ਰੁੱਦ੍ਰ ਬਾਢਯੋ, ਜੁਟੇ ਬੀਰ ਸੌਹੈਂ[1]।
ਗੁਰੂ ਜੀ ਤਬੈ, ਦੇਖ ਕੈ ਜ਼ੋਰ ਸੱਤ੍ਰੈਂ।

[1]{ਧੀਰ} ਜ਼ੋਰ ਦੇ ਕੇ ਧੱਕੇ ਲੱਗੇ।
[1]ਕੱਟਣ ਦਾ।
[1]ਉੱਗ਼ਦੇ ਹਨ।
[1]ਤਿੱਖੀ ਧਾਰ ਵਾਲੇ।
[1]ਦਰੱਖ਼ਤ ਜਾਂ ਮੁਨਾਰੇ ਹਵਾ ਨੇ ਧਰਤੀ 'ਤੇ ਸੁੱਟ ਦਿੱਤੇ।
[1]{ਅੱਛਰਾ} ਸੁੰਦਰ ਅੱਖਾਂ ਵਾਲੀਆਂ {ਪਛਰਾ} ਅਪੱਛਰਾਂ ਨੇ।
[1]ਅਕਾਸ਼ 'ਚ ਜੈ ਦੀ ਅਵਾਜ਼ ਤੇ ਧਰਤੀ ਵਿੱਚ ਹਾਇ ਹਾਇ ਤੇ ਓਹਿ ਓਹਿ ਦੀ (ਅਵਾਜ਼) ਜਦੋਂ ਹੋਈ ਤਾਂ– –।
[1]ਸੰਗੌ ਸੂਰਮਾ ਸ਼ਹੀਦ ਹੋ ਗਿਆ।
[1]ਜੰਗ ਦਾ ਬਾਦਸ਼ਾਹ।
[1]ਤਿਸ ਦਾ ਜੰਗ ਦੇਖ ਕੇ।
[1]ਭਲੀ ਤਰ੍ਹਾਂ।
[1]ਸ਼ਸਤ੍ਰਾਂ ਦੇ ਭਿੜਨ ਤੋਂ ਪੈਦਾ ਹੋਈ ਅਵਾਜ਼।
[1]ਟੱਢੇ ਕ੍ਰੁਵੱਟੇ।
[1]ਸਾਹਮਣੇ।

ਸਜੇ ਸ਼ਸਤ੍ਰੰ ਅਸਤ੍ਰੰ[1], ਔ ਬਖੱਤ੍ਰੈਂ[2] ॥ ੧੬੧ ॥

[1]ਉਹ ਸ਼ਸਤ੍ਰ ਜੋ ਹੱਥੋਂ ਛੱਡ ਕੇ ਚਲਾਇਆ ਜਾਵੇ ਜਿਵੇਂ ਤੀਰ, ਗੋਲਾ, ਚੱਕ੍ਰ ਆਦਿ। [2]ਸੰਜੋਆ।

ਕੁਵੰਡੰ ਅਖੰਡੰ, ਪ੍ਰਚੰਡੰ ਸੰਭਾਰਜੋ[1]।

[1]{ਅਖੰਡੰ} ਨ ਟੁੱਟਣ ਵਾਲਾ ਤੇ (ਪ੍ਰਚੰਡੰ) ਬਹੁਤ ਤਿੱਖਾ (ਕੁਵੰਡੰ) ਧਨੁਸ਼ ਸੰਭਾਲਿਆ।

ਸਰੰ ਤੀਛਨੰ ਭੀਛਨੰ ਹੈ ਸਚਾਰਜੋ[1]।

[1]ਤਿੱਖੇ ਤੇ ਭਿਆਨਕ ਤੀਰ ਉਸ ਵਿੱਚ ਜੋੜੇ।

ਕਰਜੋ ਤੇਜ ਤਾਜੀ[1], ਪਿਖੇ ਖਾਨ ਖੂਨੀ।

[1]ਘੋੜਾ।

ਖਰੇ ਅੱਗ੍ਰ ਠਾਢੇ[1], ਚਢੀ ਰਿੱਸ ਦੂਨੀ ॥ ੧੬੨ ॥

[1]{ਖਰੇ} ਚੰਗੇ ਖ਼ੂਨੀ ਖ਼ਾਨ ਖੜ੍ਹੇ ਦੇਖ ਕੇ।

ਰਣੰਜੀਤ ਪੈ, ਚੋਬ ਦੁਹਰੀ ਦਿਲਾਈ।
ਕਢੀ ਬੰਬ[1] ਭਾਰੀ, ਸੁਨੀ ਦੂਰ ਜਾਈ।

[1]ਅਵਾਜ਼।

ਦਲੰ ਦੁੱਜਨੰ ਮੈਂ, ਪਰਜੋ ਖਰਭਰਾਢਾ[1]।

[1]ਵੈਰੀਆਂ ਦੇ ਦਲ 'ਚ {ਖਰਭਰਾਢਾ} ਘਬਰਾਹਟ ਪੈ ਗਈ।

ਤ੍ਰਸੈਂ ਸ਼ੱਤ੍ਰੂ ਸਾਰੇ, ਸਿੱਖੈਂ ਮੋਦ ਬਾਢਾ ॥ ੧੬੩ ॥
ਕ੍ਰਿਪਾਲੰ, ਦਯਾਰਾਮ ਲੌ, ਪੁੰਜ ਜੋਧੇ।
ਧਏ ਉਧੱਤੰ[1], ਪੀਸ ਕੈ ਦਾਂਤ ਕ੍ਰੋਧੇ।

[1]{ਉੱਧਤੰ} ਜ਼ੋਰ ਨਾਲ ਦੌੜੇ।

ਗੁਰੂ ਭੀ ਤਬੈ, ਮੇਂਹ ਸੇ ਬਾਨ ਬ੍ਰਖੇ।
ਗਿਰੀ ਬ੍ਰਿੰਦ ਖਾਨਾਨ ਕੇ ਪ੍ਰਾਨ ਕ੍ਰੱਖੇ[1] ॥ ੧੬੪ ॥

[1]ਬਹੁਤੇ ਪਹਾੜੀਆਂ ਤੇ ਪਠਾਣਾਂ ਦੇ ਪ੍ਰਾਣ ਖਿੱਚੇ (ਕੱਢੇ)।

ਸਰੰ ਭੀਖਨੰ[1], ਭੀਖਨੰ ਖਾਂਨ ਤਾਂਈਂ।

[1]ਭਿਆਨਕ ਤੀਰ।

ਧਸਜੋ ਅੰਗ ਮੈਂ ਸਜਾਮ ਭੁਜੰਗ ਨਜਾਂਈਂ[1]।

[1]ਕਾਲੇ ਸੱਪ ਵਾਂਗ।

ਦੁਤੀ ਤਾਕ ਮਾਰਜੋ, ਸੁ ਘੋਰਾ ਬਿਦਾਰਜੋ।
ਭਗਜੋ ਖਾਨ ਪੀਛੇ, ਲਗਜੈ ਘਾਵ ਭਾਰਜੋ ॥ ੧੬੫ ॥
ਹਰੀ ਚੰਦਰਾਜਾ, ਤਬੈ ਕੋਪ ਕੈ ਕੈ।
ਗੁਰੂ ਸੋਂ ਲਰਜੋ, ਸੰਮੁਖੰ ਫੇਰ ਐ ਕੈ।
ਉਭੈ ਬੀਰ ਭਾਰੇ, ਸ਼ਸਤ੍ਰ ਅਸਤ੍ਰ ਬੇਤੇ[1]।

[1]ਜਾਣੂ।

ਭਵੈਂ ਚੀਰ ਪਾਰੈਂ, ਛੁਟੈਂ ਤੀਰ ਜੇਤੇ ॥ ੧੬੬ ॥
ਜਿਸੈ ਬਾਨ ਲਾਗੈ, ਸੋਈ ਪ੍ਰਾਨ ਤਜਾਗੈ।
ਰਹੈ ਸੋਇ ਭੂਮੈਂ, ਨਹੀਂ ਫੇਰ ਜਾਗੈ।
ਹਤਜੋ ਬਾਨ ਚੰਦੈਲ ਕੋ ਮਾਤਲੇਯੰ[1]।

[1]ਮਾਮੇ (ਕਿਰਪਾਲ ਚੰਦ) ਨੇ ਚੰਦੈਲ ਰਿਆਸਤ ਦੇ ਰਾਜੇ ਨੂੰ।

ਗਯੋ ਘਾਵ ਖੈ ਕੈ, ਥਯੋ ਸੋ ਪਿਛੇਯੰ[1] ॥ ੧੬੭ ॥

[1]ਉਹ ਪਿੱਛੇ ਹੋ ਗਿਆ।

ਜਹਾਂ ਹ੍ਵੈ ਇਕੱਠਾ, ਪਹਾਰੀਨ ਟੋਲਾ।
ਤਹਾਂ ਰਾਮ ਸਿੰਘੰ, ਤਜੈ ਤੋਪ ਗੋਲਾ।

ਭਗੈਂ ਇੱਤ ਉੱਤੰ ਪਗੈਂ ਭੈਂ ਬਿਖਾਦੰ[1]।
ਹਰੀ ਚੰਦ ਕੈ ਕੈ, ਪੁਨਾ ਸਿੰਘ ਨਾਦੰ[1] ॥੧੬੮॥
ਅਤੀ ਓਜ ਕੈ[1], ਖੋਜ ਕੈ ਤੀਰ ਮਾਰਾ।
ਗੁਰੂ ਕੇ ਤੁਰੰਗੈ, ਕਿਛੂ ਘਾਵ ਡਾਰਾ।
ਸਰਜੋ ਨਾਹਿ ਕਾਜੰ ਮਰਜੋ ਜੌ ਨ ਬਾਜੰ।
ਮਹਾਂ ਕੋਪ ਕੈ, ਰੋਪ ਕੈ ਪਾਂਉ ਰਾਜੰ[1] ॥੧੬੯॥
ਗੁਰੂ ਪੈ ਤਕੈ ਕੈ, ਦੁਤੀ ਬਾਨ ਤੀਖੋ।
ਤਜਜੋ ਓਜ ਕੈ ਕੈ, ਮਨੋ ਸਾਂਪ ਬੀਖੋ[1]।
ਚੁਭਯੋ ਕਾਨ ਪਾਸੰ, ਕਿਛੂ ਘਾਵ ਕੈ ਕੈ।
ਪਰਯੋ ਅੱਗ੍ਰ ਜਾਈ, ਲਹੂ ਸੋ ਚੁਵੈ ਕੈ ॥੧੭੦॥
ਹਰੀ ਚੰਦ ਹੇਰਾ, ਗੁਰੂ ਘਾਵ ਖੈ ਕੈ।
ਗਿਰਯੋ ਨਾ ਫਿਰਯੋ ਹੈ[1], ਥਿਰਯੋ ਹੱਠ ਕੈ ਕੈ।
ਜੁ ਬਿਦਜਾ ਕਮਾਈ ਗਈ ਬੇਵਫਾਈ[1]।
ਬਲੰ ਧਿੱਕ ਗਾਈ, ਕਰੋਧੈਂ ਬਢਾਈ ॥੧੭੧॥
ਅਤੀ ਸ਼ੀਘ੍ਰ ਕੈ, ਲੈ ਪੁਨਾ ਬਾਂਨ ਪੈਨਾ[1]।
ਗੁਰੰ ਕੇ ਉਰੰ ਮੈਂ[1], ਹਤਯੋ ਤਾਕ ਐਨਾ।
ਖੁਭਜੋ ਛੇਦ ਪੇਟੀ ਦੁਵਾਲੈਂ ਸੁ ਭਾਥੈਂ[1]।
ਗਢਜੋ ਵੀਚ ਛਾਤੀ, ਕਢਜੋ ਝੱਟ ਨਾਥੈਂ ॥੧੭੨॥
ਜਬੈ ਘਾਵ ਲਾਗਜੋ ਤਬੈ ਰੋਸ ਜਾਗਜੋ।
ਗੁਰੂ ਜੀ ਕਹਯੋ ਭੂਪ ਕੋ, ਨਾਹਿਂ ਭਾਗਯੋ।
ਅਹੋ ਭੂਪ ਬਿਦਜਾ, ਬਲੰ ਧਿੱਕ ਤੋਹੰ।
ਕਰੇ ਤੀਨ ਵਾਰੰ, ਪਿਖੋ ਏਕ ਮੋਹੰ ॥੧੭੩॥
ਗੁਰੂ ਤੀਛਨੰ ਭੀਛਨੰ ਲੈ ਨਰਾਚੰ[1]।
ਤਜਯੋ ਓਜ ਕੈ, ਤਾਂਹਿ ਪੈ ਕਾਲ ਸਾਚੰ[1]।
ਗਯੋ ਸ਼ੂੰਕਤੋ ਫੂੰਕਤੋ ਨਾਗ ਨਾਹੰ[1]।
ਧਸਜੋ ਧੈ[1] ਡਸਯੋ ਹੈ, ਕਸਯੋ ਪ੍ਰਾਨ ਤਾਹੰ[2] ॥੧੭੪॥
ਜਿਹੰ ਭੇਦ ਪੇਟੀ, ਦਿਲੰ ਪ੍ਰਿਸਟ ਢਾਲੰ[1]।
ਪਰਯੋ ਪਾਰ ਸੋ ਛੇਦ ਕੈ[1], ਕਾਲ ਕਾਲੰ[2]।

[1]ਏਧਰ ਓਧਰ ਭਜਦੇ ਹਨ ਭੈ ਤੇ ਦੁੱਖ ਵਿੱਚਰੰਗੇ ਹੋਏ।
[1]ਸ਼ੇਰ ਵਾਂਗ ਗੱਜ ਕੇ।
[1]ਬਲ ਨਾਲ।
[1]ਪੈਰ {ਰੋਪ ਕੈ} ਗਡ ਕੇ {ਰਾਜੰ} ਰਾਜੇ ਨੇ।
[1]ਜ਼ਹਿਰੀਲਾ ਸੱਪ।
[1]ਨ ਗੁਰੂ ਡਿੱਗਿਆ ਹੈ ਨ ਪਿੱਛੇ ਮੁੜਿਆ ਹੈ।
[1]ਨਿਸਫ਼ਲ।
[1]ਤਿੱਖਾ।
[1]ਛਾਤੀ ਵਿੱਚ।
[1]ਪੇਟੀ ਤੇ ਭੱਥੇ ਦੀ ਵੱਖਰੀ (ਜਿਸ ਨਾਲ ਭੱਥਾ ਬੰਨ੍ਹੀਦਾ ਹੈ) ਨੂੰ ਵਿੰਨ੍ਹ ਕੇ ਜਾ ਖੁੱਭਿਆ।
[1]ਤੀਰ।
[1]ਸੱਚਾ ਕਾਲ।
[1](ਜਾਣੋਂ) ਸ਼ੂਕਦਾ ਤੇ ਫੁੰਕਾਰੇ ਮਾਰਦਾ ਸ਼ੇਸ਼ ਨਾਗ ਗਿਆ।
[1]ਦੌੜ ਕੇ। [2]ਤਿਸ ਦੇ ਪ੍ਰਾਣ ਖਿੱਚ ਲਏ ਭਾਵ ਕੱਢ ਦਿੱਤੇ।
[1]ਜਿਸ ਨੇ ਵਿੰਨ੍ਹਣਾ ਕੀਤਾ ਪੇਟੀ ਦਿਲ, ਪਿੱਠ ਤੇ ਢਾਲ ਨੂੰ।
[1]ਕੱਟ ਕੇ। [2]ਕਾਲ ਦਾ ਵੀ ਕਾਲ ਰੂਪ ਤੀਰ।

ਛੁਟੀ ਖੂੰਨ ਧਾਰਾ, ਫੁਹਾਰਾ ਅਰਾਕੋ[1]।
ਗਿਰਯੋ ਭੂਮਿ ਝੂਮੰ, ਨ੍ਰਿਪੰ ਬੀਰ ਬਾਂਕੋ ॥੧੭੫॥

[1]ਬਾਗ ਦੇ ਫੁਹਾਰੇ ਵਾਂਗ (ਅ: ਅਰਾਕ=ਇਰਾਕ- ਬਾਗ)।

ਤਰੂ[1] ਜਯੋਂ ਪੁਰਾਨੋ, ਬਜਾਰੈਂ[2] ਪਛਾਰਾ।
ਗਿਰਜੋ ਜੀਤ ਆਸੰ ਗਿਰੀਸੰ ਮੁਨਾਰਾ[1]।

[1]ਬ੍ਰਿਛ। [2]ਹਵਾ ਨੇ।

[1]ਪਹਾੜੀ ਰਾਜਿਆਂ ਦੀ ਜਿੱਤ ਦੀ ਆਸ ਦਾ ਮੁਨਾਰਾ ਡਿੱਗ ਪਿਆ।

ਭਟੈਂ ਹੇਲ ਘਾਲਾ, ਸਰੋਘੇ[1] ਚਲਾਏ।
ਮਚਯੋ ਰੌਰ ਗੌਰੰ ਧਏ ਖਾਨ ਆਏ ॥੧੭੬॥

[1]ਬਹੁਤੇ ਤੀਰ।

ਗੁਰੂ ਜੀ ਮਹਾਂ ਮੇਂਹ ਸੇ ਬਾਨ ਬਰਖੇ।
ਅਏ ਜੋ ਅਗਾਰੀ ਤਿਨੈ ਪ੍ਰਾਨ ਕਰਖੇ।
ਪਰੀ ਲੋਹ ਮਾਰੰ ਕਹਾਂ ਕੋ ਬਖਾਨੇ।
ਗੁਰੂ ਕੇ ਸੁਭੱਟੈਂ ਅਰੀ ਬ੍ਰਿੰਦ ਹਾਨੇ ॥੧੭੭॥
ਕਰੇ ਐਸ ਹੱਲੇ ਹਲੇ ਪੈਰ ਸੱਤ੍ਰੈਂ।
ਚਲੇ ਭਾਗ ਸੋਉ ਖਲੇ ਨਾ ਇਕੱਤ੍ਰੈਂ[1]।

[1]ਇਕੱਠੇ ਹੋ ਕੇ।

ਮਰੇ ਖਾਨ ਸਾਰੇ ਅਰੋ ਥੇ ਜੁ ਆਗੇ।
ਭਗੇ ਤ੍ਰਾਸ ਪਾਗੇ ਇਕੰ ਏਕ ਆਗੇ ॥੧੭੮॥
ਫਤੇ ਸ਼ਾਹਿ ਨੈ ਨਾਂਹਿ ਸਿੱਪਾਹਿ[1] ਹੇਰੀ।

[1]ਫ਼ੌਜ।

ਚਦੇਲੀ ਕਟੋਚੀ ਕਲੂਰੀ ਗੁਲੇਰੀ।
ਸ੍ਰਬੈ ਬੀਰ ਭਾਗੇ ਬਿਨਾ ਤੀਰ ਬਾਹੇ।
ਇਕੰ ਏਕ ਆਗੇ ਪਿਖੈਂ ਨਾ ਪਿਛਾਹੇ ॥੧੭੯॥
ਗਿਰੰ ਪੈ ਚਰ੍ਹੈ ਕੋ ਗਿਰੀ ਮੈਂ ਗਿਰੇ ਹੈ[1]।

[1]ਕੋਈ ਪਹਾੜ 'ਤੇ ਚੜ੍ਹ ਗਏ, ਕੋਈ ਗਿਰੀ ਨਾਮ ਦੀ ਨਦੀ 'ਚ ਡਿੱਗ ਪਏ।

ਧਸੇ ਕੋ ਕਲਿੰਦ੍ਰੀ ਬਸੇ ਭੈ ਘਿਰੇ ਹੈਂ[1]।

[1]ਕੋਈ ਜਮਨਾ 'ਚ ਵੜ ਗਏ, ਕੋਈ ਭੈ ਦੇ ਵੱਸ ਹੋਏ ਘਿਰ ਗਏ।

ਪਰੇ ਪਾਰ ਥੋਰੇ ਘਨੇ ਵਿਚ ਬੂੜੇ[1]।

[1]ਡੁੱਬ ਗਏ।

ਮਸੰ ਲਾਇ ਮਾਥੰ[1] ਗਏ ਮੂੜ੍ਹ ਕੂੜੇ ॥੧੮੦॥

[1]ਮੱਥੇ ਤੇ (ਹਾਰ ਦੀ) ਕਾਲਖ਼ ਲਾ ਕੇ।

ਦੋਹਰਾ:
ਮਰੇ ਪਰੇ ਜੇ ਤਹਿਂ ਰਹੇ,
ਨਾਮੀ[1] ਲੋਗ ਅਪਾਰ।

[1]ਮਸ਼ਹੂਰ।

ਸਤੀ ਭਈਂ ਆ ਪਤੀ ਸੋਂ,
ਸਾਰ[1] ਪਾਇ ਤਿਨ ਨਾਰਿ ॥੧੮੧॥

[1]ਖ਼ਬਰ।

ਉਨਿ ਸਤੀਅਨ ਕੇ ਚਿੰਨ੍ਹ ਬਹੁ,

ਹੈਂ ਅਬਿ ਲੌ ਤਿਸ ਥਾਂਇਂ।
ਲੋਗ ਪਹਾਰੀ ਪੂਜ ਹੈਂ,
ਗੀਤ ਜੰਗ ਕੇ ਗਾਇਂ ॥੧੮੨॥
ਛਾਯੋ ਬਾਈ ਧਾਰ ਮੈਂ,
ਰਸ ਕਰੁਣਾ ਤਿਸ ਕਾਲ।
ਘਰ ਘਰ ਮੈਂ ਸਜਾਪੇ ਪਰੇ,
ਹੋਤ ਮਹਾਂ ਬਿਕਰਾਲ ॥੧੮੩॥
ਤਾਰਤ ਤਨ ਪਾਰਤ ਕਢੈਂ[1],

[1]ਸ਼ਰੀਰ ਪਿੱਟਦੀਆਂ ਹਨ (ਵਾਲਾਂ ਨੂੰ) (ਕਢੈਂ) ਖਿੱਚ ਕੇ (ਪਾਰਤ) ਪੁੱਟਦੀਆਂ ਹਨ।

ਢਾਰਤ[1] ਜਲ ਭਰਿ ਨੈਨ।

[1]ਵਗਾਉਂਦੀਆਂ ਹਨ।

ਸਬਿ ਪਹਾੜੀਆਂ ਲਾੜੀਆਂ,
ਮੋਟ ਮਾੜੀਆਂ ਐਨ ॥੧੮੪॥
ਦੁਖੀ ਸਾਰੀਆਂ ਭਾਰੀਆਂ,
ਦੇਤ ਗਾਰੀਆਂ ਭਾਰ।
ਭੀਮ ਚੰਦ ਮਤਿ ਮੰਦ ਕੋ,
ਨਿੰਦੈਂ ਬਹੁ ਪਰਕਾਰ ॥੧੮੫॥
ਚੌਪਈ:
ਨਿਜ ਨਿਜ ਧਾਮ ਨ੍ਰਿਪ ਸਭ ਗਏ।
ਜੇ ਜੇ ਮਰੇ ਸੰਭਾਰਤ ਭਏ।
ਫਤੇ ਸ਼ਾਹਿ ਪਛੁਤਾਹਿ ਬਧੇਰੀ।
ਅਹੋ ਦੈਵ ਗਤਿ ਬਾਂਕੀ ਤੇਰੀ[1] ॥੧੮੬॥

[1]ਹੇ (ਦੈਵ) ਕਰਮ, ਤੇਰੀ (ਗਤਿ) ਚਾਲ ਬੜੀ (ਬਾਂਕੀ) ਟੇਢੀ ਹੈ।

ਕਹੇ, ਗਈ ਮਤਿ ਮੇਰੀ ਮਾਰੀ।
ਕੁਮਤਿ ਭੀਮ ਸਸਿ ਕੀ ਚਿਤ ਧਾਰੀ।
ਹਮੈਂ ਲਰਾਇ ਆਪ ਘਰ ਗਯੋ।
ਏਕ ਨ ਆਯੁਧ ਰਣ ਮੈਂ ਕਯੋ[1] ॥੧੮੭॥

[1](ਭੀਮ ਚੰਦ ਨੇ) ਜੰਗ 'ਚ ਇਕ ਵੀ ਸ਼ਸਤ੍ਰ ਨਹੀਂ ਚਲਾਇਆ।

ਚਿਰੀਅਨ ਮਰਨ ਗੁਵਾਰਨ ਹਾਸਾ।
ਸਾਂਢਿਨ ਭਿਰਨ ਮਲਜਾਂ ਕੋ ਨਾਸਾ[1]।

[1]ਸਾਨ੍ਹਾਂ ਦਾ ਭੇੜ ਤੇ ਮਲ੍ਹਿਆਂ ਦਾ ਨਾਸ।

ਸਮ੍ਰਥ ਸੰਗ ਸਰਵਰੀ[1] ਕਰਨੀ।

[1]ਬਰਾਬਰੀ।

ਹੋਤ ਖੁਵਾਰੀ ਗ੍ਰੰਥਨਿ ਬਰਨੀ ॥੧੮੮॥
ਮੈਂ ਬਿਗਾਰ ਗੁਰੁ ਸਨ[1] ਕਿਆ ਲੀਨਾ।

[1]ਗੁਰਾਂ ਨਾਲ।

ਹਲਤ ਪਲਤ ਕਾ ਸਬਿ ਸੁਖ ਖੀਨਾ[1]।
ਬਾਜ ਬਟੇਰਨ ਤੈ ਮਰਵਾਏ।
ਜਿਨੈਂ, ਤਿਨੈ ਕੋ ਜੀਤ ਸਕਾਏ ॥੧੯੯॥
ਯੌਂ ਹੀ ਨਿਮਕ ਹਰਾਮ ਪਠਾਨੂ।
ਝੂਰਤ, ਖੋਏ ਦੋਇ ਜਹਾਨੂ।
ਬਹੁਤੇ ਮਰੇ ਥੋਰ ਘਰ ਗਏ।
ਮੰਦੇ ਹਾਲ ਸੁ ਗੰਦੇ ਭਏ ॥੧੯੦॥
ਕਹੇਂ ਹਾਇ ਗੁਰੁ ਧਨ ਨਹਿਂ ਪਾਯਾ।
ਜਿਸ ਹਿਤ ਹਮੈਂ ਇਮਾਨ ਗਵਾਯਾ।
ਬਰਤੀ ਅਚਰਜ ਗੁਰੁ ਕੀ ਕਲਾ।
ਬਹੁਤਜੋਂ ਕੋ ਥੋਰਜੋਂ ਨਿਰਦਲਾ[1] ॥੧੯੧॥
ਜਿਨੈਂ ਨ ਆਯੁਧ ਕਬੀ ਗਹਾਨਾ[1]।
ਤਿਨੈਂ ਸਿਪਾਹ ਭਟਨ ਕੋ ਹਾਨਾ[1]।
ਗੁਰੂ ਪਿਕੰਬਰ ਹੈਂ ਸਤਭਾਏ[1]।
ਜਿਨੈ ਬੁਜਨ ਤੈ[1] ਬ੍ਰਿਕ[2] ਕੁਹਾਏ ॥੧੯੨॥
ਪਾਇ ਫਤੇ ਇਤ ਸਤਿਗੁਰੁ ਰਾਈ[1]।
ਹਰਖੇ ਪ੍ਰਭੂ ਕੀ ਕ੍ਰਿਪਾ ਲਖਾਈ।
ਰਣੰ ਜੀਤਿ ਰਣਜੀਤ ਬਜੈ ਕੈ।
ਲੋਥੈਂ ਨਿਜ ਸੁਭਟਨ ਉਠਵੈ ਕੈ ॥੧੯੩॥
ਸਸਕਾਰੀ ਪੁਰ ਪਾਂਵਟ ਐ ਕੈ।
ਨੈਨਨ ਤੈ ਜਲ ਬਹਜੋ ਲਖੈ ਕੈ।
ਧੰਨ ਸ਼ਾਹਿ ਸੰਗੋ, ਮਲ ਜੀਤੰ।
ਕਹਜੋ ਗੁਰੂ ਮਮ ਭ੍ਰਾਤ ਸੁ ਮੀਤੰ ॥੧੯੪॥
ਬਲੀ ਬਹਾਦਰ ਧਰਮ ਧਰੱਯਾ।
ਆਗਜਾ ਪਾਲਕ ਨੀਤਿ ਚਲੱਯਾ[1]।
ਸੁਖਦ ਸਖਾ ਸੇਵਕ ਸਦ ਮੇਰੇ।
ਦੋਹਿਤ੍ਰੇ ਬਡ ਗੁਰੂਅਨ ਚੇਰੇ[1] ॥੧੯੫॥
ਐਸੇ ਬੀਰ ਕਹਾਂ ਅਬਿ ਪੈਹੌਂ।
ਜਾਂ ਸੋਂ ਬਿਰਥਾ[1] ਮਨ ਕੀ ਕੈਹੌਂ।
ਮਮ ਹਿਤ ਤਨ ਖਗਿ ਧਾਰ ਸਹਾਰੀ।

[1]ਨਾਸ ਕਰ ਲਿਆ।

[1]ਮਾਰ ਦਿੱਤਾ।

[1]ਫੜਿਆ।

[1]ਉਨ੍ਹਾਂ ਸੂਰਮਿਆਂ ਦੀ ਫ਼ੌਜ ਨੂੰ ਮਾਰ ਦਿੱਤਾ।

[1]ਨਿਸਚੇ (ਜਾਣੋ)।

[1]ਬੱਕਰਿਆਂ ਤੋਂ। [2]ਬਘਿਆੜ।

[1]ਰਾਜਾ ਰੂਪ।

[1]ਨੀਤੀ 'ਚ ਚੱਲਣ ਵਾਲੇ।

[1]ਵੱਡੇ ਗੁਰੂ (ਹਰਿਗੋਬਿੰਦ ਸਾਹਿਬ) ਜੀ ਦੇ ਦੋਹਤਰੇ ਤੇ ਦਾਸ।

[1]ਪੀੜਾ। (ਅ) ਹਾਲਤ।

ਅਸ ਕਹਿ ਗੁਰੁ ਦ੍ਰਿਗ ਜਲ ਦਿਯ ਡਾਰੀ
॥ ੧੯੬ ॥
ਗੰਗਾਰਾਮ, ਮਾਹਰੀ ਚੰਦੈਂ।
ਸਾਹਿਬ ਸਸੀ, ਬਿਖਾਦ ਬੁਲੰਦੈਂ[1]।
[1]ਬਹੁਤਾ ਦੁੱਖ।
ਕਰਤ ਪਿਖੇ, ਗੁਰੁ ਤਿਨ ਪ੍ਰਤਿ ਕਹਾ।
ਸੋਚਤ ਹੋ ਤੁਮ ਇਨਿ ਹਿਤ ਕਹਾਂ ॥ ੧੯੭ ॥
ਸ੍ਵਮਿ ਧਰਮ ਹਿਤ ਜੇ ਰਣ ਮਾਂਹੀਂ।
ਮਰੇ, ਸੋਚਬੇ ਜੋਗ ਸੁ ਨਾਹੀਂ।
ਬੇਦ ਨ ਪਢ ਹੈ ਬਿੱਪ੍ਰ ਜੇਈ।
ਛੱਤ੍ਰੀਰਣ ਸੰਮੁਖ ਨਹਿਂ ਲੇਈ ॥ ੧੯੮ ॥
ਬੈਸ ਧਨਾਢ ਸੂਮ ਹ੍ਵੈ ਜੋਈ।
ਸੂਦ੍ਰ ਸੇਵਕ ਮਿਸ਼ਟ ਨ ਹੋਈ[1]।
[1]ਮਿੱਠਾ (ਬੋਲਣ ਵਾਲਾ) ਨਹੀਂ ਹੁੰਦਾ।
ਨਿਰਧਨ ਗ੍ਰੋਹੀ ਹ੍ਵੈ ਅਤਿ ਕ੍ਰੋਧੀ।
ਸੰਚੈ ਧਨ ਹ੍ਵੈ ਸਾਧੁ ਅਬੋਧੀ[1] ॥ ੧੯੯ ॥
[1]ਅਗਿਆਨੀ।
ਸੋਚਨੀਯ ਅਤਿ ਇਹ ਸਬਿ ਲੋਗੂ।
ਸੰਗੋ ਆਦਿ ਨ ਸੋਚਨ ਜੋਗੂ।
ਭੂਪ ਅੱਨਯਾਈ ਪ੍ਰਜਾ ਨ ਪਾਰੈ।
ਪ੍ਰਜਾ ਨ੍ਰਿਪ ਸੋਂ ਪ੍ਰੇਮ ਨ ਧਾਰੈ ॥ ੨੦੦ ॥
ਜੋ ਅਕਾਲ ਤਜ ਅੱਨਜ ਉਪਾਸੈਂ।
ਗੁਰੁ ਮੰਤ੍ਰ ਬਿਨੁ ਔਰ ਜਿ ਭਾਸੈਂ[1]।
[1]ਉਚਾਰਨ ਕਰਦੇ ਹਨ।
ਜੀਵਤ ਜੋ ਮੁਰਦਨ ਕੋ ਸੇਵੈਂ।
ਸੰਤਨ ਤੈ ਗੁਰੁ ਮੰਤ ਨ ਲੇਵੈਂ ॥ ੨੦੧ ॥
ਲੇਯ ਦੇਯ ਪੁੰਨ ਬਿਨ ਅਧਿਕਾਰੈਂ[1]।
[1]{ਅਧਿਕਾਰ} ਹੱਕ ਤੋਂ ਬਿਨਾਂ ਪੁੰਨ ਦੇਣਾ ਤੇ ਲੈਣਾ।
ਹਾਰੈਂ ਬਚਨ, ਇਮਾਨਤ ਮਾਰੈਂ।
ਪਤਹਿਂ[1] ਨ ਪ੍ਰਭੁ ਸਮ ਸੇਵੈ ਨਾਰੀ।
[1]ਪਤੀ ਦੀ।
ਜੋ ਨਰ ਪਰ ਨਾਰੀ ਹਿਤਕਾਰੀ ॥ ੨੦੨ ॥
ਸੋਚਨੀਯ ਏਹ ਬਾਰੰ ਬਾਰੇ।
ਇਨਿ ਦਰਸੇ ਹ੍ਵੈ ਪਾਪ ਕਰਾਰੇ।
ਸੋ ਰਜਧਾਨੀ ਸੋਚਿਯ ਮਹਾਂ[1]।
[1]ਉਹਰਾਜਧਾਨੀ ਬਹੁਤੀ ਸੋਚਣ ਯੋਗ ਹੈ।
ਸੰਤ ਗੁਨੀ ਕੋ ਮਾਨ ਨ ਜਹਾਂ ॥ ੨੦੩ ॥

ਜੋ ਸਿੱਖ ਗੁਰੁ ਆਗਜ਼ਾ ਨਹਿਂ ਮਾਨੈ।
ਮਾਤ ਪਿਤਹਿ ਸੁਤ ਸਰਵਰਿ ਠਾਨੈ[1]। [1]ਪੁੱਤ੍ਰ ਮਾਂ ਤੇ ਪਿਉ ਦੀ ਬਰਾਬਰੀ ਕਰਦਾ ਹੈ।
ਜੋ ਸਿੱਖ ਸਿੱਖ ਕਾ ਹ੍ਵੈ ਨ ਸਹਾਈ।
ਨਾਮ ਸੁਧਾ ਤਜਿ ਬਿਸ ਬਿਸ[1] ਖਾਈ ॥੨੦੪॥ [1]ਵਿਸ਼ਿਆਂ ਦੀ ਜ਼ਹਿਰ।
ਬਿਤੀ ਬਾਤ ਕੋ ਝੁਰ ਹੈਂ ਜੇਈ।
ਸੋਚਨ ਜੋਗ ਤਾਤ[1] ਜਨ ਵੇਈ। [1]ਹੇ ਪਿਆਰੇ।
ਪਰ ਧਨ ਹਰੇ ਕਰੇ ਮਿਤ ਧੋਹੀ[1]। [1]ਮਿੱਤ੍ਰ ਨਾਲ ਧੋਖਾ ਕਰਦਾ ਹੈ।
ਸਾਧੁ ਬੇਦ ਨਿੰਦਕ ਗੁਰੁ ਦ੍ਰੋਹੀ[1] ॥੨੦੫॥ [1]ਗੁਰਾਂ ਦਾ ਬੁਰਾ ਚਿਤਵਨ ਵਾਲਾ।
ਜੋ ਨਿਜ ਹਿਤ, ਪਰ ਕਾਜ ਬਿਗਾਰੈਂ।
ਲੇਤ ਦੇਤ ਮੈਂ ਭਾਨੀ ਮਾਰੈਂ।
ਨਿਜ ਬ੍ਰਨਾਸ਼੍ਰਮ ਧਰਮ ਨ ਪਾਰੇ।
ਸੋਚਨੀਯ ਐਸੇ ਜਨ ਸਾਰੇ ॥੨੦੬॥
ਜੋ ਪਰ ਹਿਤ ਦਿਜ ਸੰਤੈਂ ਕਾਰਨ।
ਤਨ ਧਨ ਦੇਤ ਸੁ ਜੋਗ ਜੁਹਾਰਨ[1]। [1]ਨਮਸ਼ਕਾਰ ਯੋਗ ਹਨ।
ਅਗੁਨ[1] ਤਜਾਗੀ ਸਦਗੁਨ ਗ੍ਰਾਹੀ। [1]ਅਉਗਣ।
ਸਵਾਮਿ ਧਰਮ ਮੈਂ ਕਾਮ ਜੁ ਆਹੀ[1] ॥੨੦੭॥ [1]ਆਉਂਦਾ ਹੈ।
ਸੰਤ ਸੰਗ ਕਰਿ ਗਜਾਨ ਉਪੈ ਹੈ[1]। [1]ਪੈਦਾ ਕਰਦੇ ਹਨ।
ਅਰਥੀ ਕੋ ਨ ਬਿਅਰਥ ਫਿਰੈ ਹੈ[1]। [1]ਮੰਗਤੇ ਨੂੰ ਖ਼ਾਲੀ ਨਹੀਂ ਮੋੜਦੇ।
ਅਰਿ ਸੰਮੁਖ ਲਰਿ ਮਾਰੇ ਮਰ ਹੈ।
ਪਰ ਤਿਯ ਧਨ ਨਿੰਦਾ ਪਰਹਰ ਹੈ ॥੨੦੮॥
ਜੋ ਸੇਵਕ ਗੁਰੁ ਆਗਜ਼ਾ ਪਾਰੈ।
ਜੋਗ ਸਰਾਹਿਨ ਸੋ ਨਰ ਪਜਾਰੈ।
ਯਾ ਬਿਧਿ ਬਾਤੈਂ ਅਨਿਕ ਕਰੰਤੇ।
ਸਾਨੰਦ ਗਾਜ ਬਾਜ[1] ਬਜਵੰਤੇ ॥੨੦੯॥ [1]ਵਾਜੇ ਗਾਜੇ।
ਦੁਰਗ ਮਾਹਿ[1] ਪਰਵੇਸ਼ੇ ਜਾਈ। [1]ਕਿਲ੍ਹੇ ਵਿੱਚ।
ਬਿਜੈ ਪਾਇ ਆਏ ਜਗ ਸਾਂਈਂ।
ਮਾਤ ਜੀਤ ਕੇ ਗੀਤ ਗਵੈ ਕੈ।
ਪਿਖਜੋ ਸਪੂਤੈਂ ਦਰ ਪਰ ਐ ਕੈ ॥੨੧੦॥
ਨਾਰਿ ਰੂਪ ਧਰਿ ਆਇ ਭਾਰਤੀ[1]। [1]ਸਰੁਸਤੀ।
ਆਰਤ ਹਰ ਕੀ[1] ਕੀਨ ਆਰਤੀ। [1]ਦੁਖਾਂ ਦੇ ਨਾਸ ਕਰਨ ਵਾਲੇ ਸਤਿਗੁਰਾਂ ਦੀ।

ਗੁਰੁ ਕੋ ਅੰਤਹਿ ਪੁਰ ਲੇ ਗਈ।
ਅਨ ਗਨ ਧਨ ਸਬਿ ਵਾਰਤ ਭਈ ॥੨੧੧॥
ਮੰਗਲ ਮਯ ਸਬਿ ਸਾਜ ਸਜਾਏ।
ਲੰਕ ਜੀਤ ਜਨੁ ਰਘੁਪਤਿ ਆਏ।
ਸ੍ਰੀ ਜੀਤੋ ਸੁੰਦ੍ਰੀ ਜੀ ਦੋਈ।
ਪਤਿ ਪਗ ਪਰਸ ਸਰਸ ਅਤਿ[1] ਹੋਈ ॥੨੧੨॥
[1]ਬਹੁਤ ਅਨੰਦ।
ਉਭੈ ਮਾਤ ਕੇ ਪਗ ਗੁਰੁ ਬੰਦੇ।
ਭੁਜਾ ਭਰੇ ਮਾਤਾ ਸੁਖ ਕੰਦੇ[1]।
[1]ਸੁੱਖਾਂ ਦੇ ਦਾਤੇ ਗੁਰਾਂ ਨੂੰ ਮਾਤਾ ਜੀ ਨੇ ਜੱਫ਼ੀ 'ਚ ਲਿਆ।
ਚਿੱਤ੍ਰਤ ਲੋਹੂ ਪੇਖਿ ਪੁਸ਼ਾਕੀ।
ਅਚਰਜ ਰਹੀ ਸਬਿਨਿ ਮਤਿ ਥਾਕੀ ॥੨੧੩॥
ਕਹਜੋ ਮਾਤ ਕਿਮ ਅਰਿ ਗਨ ਭੰਜੇ[1]।
[1]ਬਹੁਤੇ ਵੈਰੀ ਮਾਰੇ।
ਤਾਤ ਗਾਤ ਤੁਵ ਕੋਮਲ ਕੰਜੇ[1]।
[1]ਹੇ ਪੁੱਤ੍ਰ ਤੁਹਾਡਾ ਸ਼ਰੀਰ ਕੰਵਲ ਵਰਗਾ ਕੋਮਲ ਸੀ।
ਗੁਰੂ ਸਨਿੰਮ੍ਰ ਜੋਰਿ ਕਰ ਕਹੀ।
ਕ੍ਰਿਪਾ ਤੁਮਾਰਿ ਜੰਗ ਜਯ ਲਹੀ ॥੨੧੪॥
ਸਤਿਗੁਰੁ ਨਾਨਕ ਜਾਂਹਿ ਸਹਾਈ।
ਮਾਨੈਂ ਤਾਂਹਿ ਸੁਰਾਸੁਰ ਰਾਈ[1]।
[1]ਦੇਵਤਿਆਂ ਤੇ ਦੈਂਤਾਂ ਦੇ ਰਾਜੇ।
ਕੋ ਗਿਰੇਸ ਤੁਰਕੇਸ ਵਿਚਾਰੇ।
ਜੋ ਤਿਹਂ ਸੰਮੁਖ ਆਇ ਨਿਹਾਰੇਂ ॥੨੧੫॥
ਮਾਤਾ ਆਸਿਖ[1] ਬਹੁਤ ਅਲਾਈ।
[1]ਅਸ਼ੀਰਵਾਦ।
ਸੰਗੋ ਆਦਿ ਸੁਨੇ ਬਿਲਖਾਈ[1]।
[1]ਮਾਤਾ ਜੀਰੋ ਪਏ।
ਪੁਨ ਇਸ਼ਨਾਨ ਕੀਨ ਗੁਰੁ ਰਾਈ।
ਰਣ ਕੀ ਬਾਤ ਭਾਂਤਿ ਬਹੁ ਗਾਈ ॥੨੧੬॥
ਖਾਨ ਪਾਨ ਕਰਿ ਗੁਰੁ ਭਗਵਾਨਾ।
ਪੌਢੇ ਪਲਂਘ ਪਰੈ ਸੁਖਦਾਨਾ।
ਪਤਨੀ ਉਭੈ ਪਤਹਿ ਪਗ ਸੇਵੈਂ।
ਆਕਰ ਸੁਖ ਪਾ ਕਰਿ ਮੁਦ ਲੇਵੈਂ[1] ॥੨੧੭॥
[1]ਸੁਖਾਂ ਦੀ ਖਾਣ ਗੁਰਾਂ ਨੂੰ ਪਾ ਕੇ ਅਨੰਦ ਲੈਂਦੀਆਂ ਹਨ।
ਹਸ ਹਸ ਰਸਕ[1] ਬਾਤ ਬਹੁ ਭਾਂਤੈਂ।
[1]ਪ੍ਰੇਮ ਦੀਆਂ।
ਕਰਿ ਬਿਨੋਦ ਪ੍ਰਮੋਦ ਮਹਾਂਤੈਂ[1]।
[1]ਬਹੁਤੇ ਅਨੰਦ ਦਾਇਕ ਕੌਤਕ ਕਰਦੇ ਹਨ।
ਜਿਨੈਂ ਅਵਿਦਜਾ ਨਿੰਦ੍ਰਾ ਬਾਧੀ[1]।
[1]ਬੰਨ੍ਹੀ ਹੈ।
ਨੀਂਦ ਸਮਾਧੀ ਸੁਖਦਾ ਸਾਧੀ[1] ॥੨੧੮॥
[1]ਸੁਖ ਦੇਣ ਵਾਲੀ ਨੀਂਦ ਰੂਪ ਸਮਾਧੀ ਧਾਰ ਲਈ।

ਜੰਗ ਜੀਤ ਸਤਿਗੁਰੁ ਸੁਪਤਾਏ।
ਗਜਾਨ ਹਰੀ ਸਦ ਬਲ ਬਲ ਜਾਏ।
ਸੱਤ੍ਰਾਂ ਸੈ ਪੈਂਤਾਲੀ ਮਾਂਹੀਂ।
ਖੇਲੇ ਖੇਲ ਜੰਗ ਗੁਰੁ ਯਾਹੀ ॥੨੧੯॥
ਜੰਗ ਭਂਗਾਣੀ ਕਾ ਸੁਨਾਇ ਸਬਿ।
ਅਵਸਰ ਪਾਇ ਧਜਾਇ ਥਿਰਿਓ ਅਬਿ
॥੨੨੦॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਜੰਗ ਭੰਗਾਣੀ' ਬਨਨਨੰ ਨਾਮ ਪਚਵੰਜਮੋਂ ਬਿਸ੍ਰਾਮ ॥ਪਪ॥

੫੬. {ਸ੍ਰੀ ਪਾਂਵਟੇ ਸਾਹਿਬ ਤੋਂ ਸ੍ਰੀ ਅਨੰਦ ਪੁਰ ਸਾਹਿਬ}

ਦੋਹਰਾ:

ਤਾਂ ਕੋ ਤੂੰ ਭਜ ਮਨ ਸਦਾ,
ਜਾ ਮੈਂ ਦੂਖ ਨ ਲੇਸ[1]।
ਸੁਖ ਸਰੂਪ ਤੈਸੋ ਤੁਹੀਂ,
ਭਵੈਂ ਏਕ ਬਪੁ ਵੇਸ[1] ॥੧॥

[1]ਥੋੜ੍ਹਾ ਜਿਹਾ ਵੀ।

[1]ਜੈਸਾ ਉਹ ਇਕ ਸੁਖ ਸਰੂਪ ਬ੍ਰਹਮ ਹੈ ਤਿਹੋ ਜਿਹਾ ਹੀ ਤੂੰ ਵੀ {ਵੇਸ} ਅਨੰਦ {ਬਪੁ} ਸਰੂਪ ਹੋ ਜਾਵੇਂਗਾ।

ਚਲਿ ਪੁਰਿ ਪਾਂਵਟ ਤੈ ਗੁਰੂ,
ਮਗ ਬਹੁ ਲੋਗਨ ਤਾਰ।
ਸਾਨੰਦ ਆਨੰਦ ਪੁਰ ਪੁਗੈਂ[1],
ਏਸ ਅਧਯਾਇ ਮਝਾਰ ॥੨॥

[1]ਪੁੱਜਣਗੇ।

ਹਾਕਲਾ ਛੰਦ:

ਜਬਿ ਬਾਦਸ਼ਾਹਿ ਨਿਸ ਕੇਰੋ[1]।
ਪੁਰ ਅੰਤਹਿ ਕੀਨ ਬਸੇਰੋ[1]।
ਦਿਨਪਤਿ ਪਤਸ਼ਾਹ ਦਮਾਕੀ[1]।
ਤਨ ਧਰਿ ਪਰਕਾਸ਼ ਪੁਸ਼ਾਕੀ[1] ॥੩॥
ਨਿਜ ਤੇਜ ਹੁਕਮ[1] ਫੈਲਾਯੋ।
ਥਿਰ ਭਯੋ ਸਿੰਘਾਸਨ ਭਾਯੋ[1]।
ਨਿਸ ਪਤਿ[1] ਕੀ ਸਫਾ ਉਠਾਈ।
ਦੁਨੀਆਂ ਨਿਜ ਤ੍ਰਫ ਝੁਕਾਈ ॥੪॥
ਤਮਿਚਰ ਤਮ ਯੁਤੈਂ ਪ੍ਰਨਾਸੇ[1]।
ਜਜੋਂ ਗਜਾਨ ਅਗਜਾਨ ਬਿਨਾਸੇ।
ਧੁਨ ਸੰਖ ਨਗਾਰਨ ਕੇਰੀ।
ਜੈ ਦੋਹੀ[1] ਜਗ ਜਨੁ ਫੇਰੀ ॥੫॥
ਗੁਰੁ ਗੋਬਿੰਦ ਸਿੰਘ ਕੇ ਦ੍ਵਾਰੈਂ।
ਜਸ ਭਾਟ ਨਕੀਬ[1] ਉਚਾਰੈਂ।
ਨੌਬਤ ਲਘੁ ਬਡ ਗਰਜਾਨੀ।
ਜਨ ਘਟਾਂ ਘੁਮਡਿ ਘਹਿਰਾਨੀ[1] ॥੬॥
ਪ੍ਰਭੁ ਸੌਚ ਇਸ਼ਨਾਨ ਕਰੈ ਕੈ।

[1]ਰਾਤ ਦਾ ਬਾਦਸ਼ਾਹ, ਚੰਦ੍ਰਮਾ।

[1]ਮਹਿਲਾਂ 'ਚ ਜਾ ਵਾਸਾ ਕੀਤਾ ਭਾਵ ਛੁਪ ਗਿਆ।

[1]ਸੂਰਜ ਪਾਤਸ਼ਾਹ {ਦਮਾਕੀ} ਚਮਕਿਆ।

[1]ਸਰੀਰ 'ਤੇ ਚਾਨਣ ਦੀ ਪੁਸ਼ਾਕ ਪਾ ਕੇ।

[1]ਤੇਜ ਰੂਪ ਹੁਕਮ।

[1]ਮਨ ਭਾਉਂਦੇ ਸਿੰਘਾਸਣ 'ਤੇ ਬੈਠ ਗਿਆ।

[1]ਚੰਦ੍ਰਮਾ।

[1]ਰਾਤ ਨੂੰ ਵਿਚਰਨ ਵਾਲੇ ਉੱਲੂ ਆਦਿ ਅਨ੍ਹੇਰੇ ਸਹਿਤ ਨਾਸ ਹੋ ਗਏ।

[1]ਜਿੱਤ ਦੀ ਡੌਂਡੀ।

[1]ਚੋਬਦਾਰ।

[1]ਜਾਣੋ ਘਟਾਂ ਉੱਛਲ ਕੇ ਗੱਜ ਰਹੀਆਂ ਹਨ।

ਸੁਚ ਸ਼ਸਤ੍ਰ ਬਸਤ੍ਰ ਸਜੈ ਕੈ।
ਧਰਿ ਜ਼ੇਵਰ ਕਨਕ ਜਰਾਊ[1]।
[1]ਸੋਨੇ ਦੇ ਜੜਾਊ ਗਹਿਣੇ।
ਜਗਮਗਤ[1] ਭਗਤਿ ਪ੍ਰਭਾਊ ॥ ੭ ॥
[1]ਪ੍ਰਕਾਸ਼ਦਾ ਹੈ।
ਛਬਿ ਕਲਗੀ ਜਿਗਾ ਨਿਆਰੀ।
ਪਤਿਰਾਂਕਾ ਸਮ[1] ਉਜਿਆਰੀ।
[1]ਪੂੰਨਿਆ ਦੇ ਚੰਦ ਵਾਂਗ।
ਇਤ ਨੰਦ ਚੰਦ ਦੀਵਾਨੈਂ।
ਬਿਛਵਾਏ ਫਰਸ਼ ਮਹਾਨੈਂ ॥ ੮ ॥
ਰਾਗੀ ਜਨ ਆਸਾ ਵਾਰੈਂ।
ਸੁਰ ਊਚੈ ਨੀਕ ਉਚਾਰੈਂ।
ਭਟ ਸੇਵਕ ਸੱਚਵ[1] ਸੈਨਾ।
[1]ਵਜ਼ੀਰ।
ਕਰਿ ਨੀਤ ਕ੍ਰਿਯਾ ਸਬਿ ਐਨਾ ॥ ੯ ॥
ਗੁਰੁਬਾਨੀ ਰਟਨੇ ਲਾਗੇ।
ਮਨ ਮੀਨ ਪ੍ਰੇਮ ਜਲ ਪਾਗੇ[1]।
[1]ਲਿਵਲੀਨ ਹੋ ਗਏ।
ਬਾਗੇ[1] ਸਭਿ ਨੇ ਬਦਲਾਏ।
[1]ਪੁਸ਼ਾਕੇ।
ਗੁਰੂ ਸਭਾ ਵੀਚ ਤਬਿ ਆਏ ॥ ੧੦ ॥
ਰਣ ਸਿੰਗੇ ਸੰਖ ਬਜਾਏ।
ਪ੍ਰਭੁ ਆਏ ਸਬਿਨਿ ਲਖਾਏ।
ਝਟਪਟ ਭਟ ਹ੍ਵੈ ਹ੍ਵੈ ਤਜਾਰੈਂ।
ਚਲਿ ਆਏ ਸਭਾ ਮਝਾਰੈਂ ॥ ੧੧ ॥
ਕਰਿ ਦਰਸ਼ਨ ਗੁਰੈਂ ਜੁਹਾਰੈਂ।
ਤਿਨਿ ਚੋਬਦਾਰ ਬੈਠਾਰੈਂ।
ਸਿੰਘਾਸਨ ਪਰ ਬੀਰਾਸਨ।
ਗੁਰੁ ਬਾਲਰਵੀ ਸਮ ਭਾਸਨ[1] ॥ ੧੨ ॥
[1]ਚੜ੍ਹਦੇ ਸੂਰਜ ਵਾਂਗ ਪ੍ਰਕਾਸ਼ਦੇ ਹਨ।
ਰਸਬੀਰ ਸਰੀਰ ਮਨੋ ਹੈ।
ਹੇਰਤ ਦਿਸ ਸਬਿਨਿ ਜਨੋ ਹੈ।
ਨਿਜ ਸੁਭਟਨ ਸੰਗ ਬਖਜਾਤੈਂ।
ਕਰਿ ਹੈਂਰਣ ਕੀ ਬਹੁ ਬਾਤੈਂ ॥ ੧੩ ॥
ਚਲਿ ਸ਼ਾਹਿ ਅਯੋ ਤਹਿਂ ਬੁੱਧੂ।
ਗੁਰੁ ਸੰਗ ਪ੍ਰੇਮ ਜਿਹ ਸੁੱਧੂ[1]।
[1]ਸ਼ੁੱਧ, ਖ਼ਾਲਸ।
ਨਿਜ ਸੈਨ, ਉਭੈ ਸੁਤ ਸੰਗੈਂ।

ਕਰਿ ਬੰਦਨ ਥਿਰਜੋ ਉਮੰਗੈਂ ॥ ੧੪ ॥
ਗੁਰੁ ਨਿਜ ਢਿਗ ਬੋਲਿ ਬਿਠਾਰਾ।
ਕਰਿ ਬਾਤੈਂ ਬਹੁ ਸਿਤਕਾਰਾ।
ਪੁਨ ਬਾਤ ਸੁਤਨ ਕੀ ਬੂਝੀ।
ਜੁਗ ਮਰੇ ਜੁ ਬੇਰਣ ਜੂਝੀ[1] ॥ ੧੫ ॥
[1]ਜੋ ਜੰਗ ਵਿੱਚ ਸ਼ਹੀਦ ਹੋ ਗਏ ਸਨ।
ਤਬਿ ਪੀਰ ਜੋਰਿ ਕਰ ਬੋਲਾ।
ਇਹੁ ਮਿਥਜਾ ਸਬਿ ਜਗ ਲੋਲਾ[1]।
[1]ਚੰਚਲ।
ਜਿਸ ਪਰ ਹ੍ਵੈ ਕਿਰਪਾ ਥਾਰੀ।
ਸੋ ਜਪੈ ਨਾਮ ਅਘਹਾਰੀ[1] ॥ ੧੬ ॥
[1]ਪਾਪ ਨਾਸ ਕਰਨ ਵਾਲਾ।
ਜਿਸ ਤੈ ਸੁੱਧ ਬੁੱਧੀ ਹੋਵੈ।
ਬ੍ਰਹਮਾਤਮ ਨਿਜ ਸੋ ਜੋਵੈ।
ਜਗ ਖ੍ਵਾਬ[1] ਖਜਾਲ ਪਛਾਨੈ।
[1]ਸੁਪਨੇ ਦਾ।
ਸਮਰੱਜੁ ਭੁਜੰਗ ਪ੍ਰਮਾਨੈ[1] ॥ ੧੭ ॥
[1]ਰੱਸੀ 'ਚ ਸੱਪ ਵਾਂਗ।
ਸੁਇਨੇ ਮੱਧ ਭੂਖਨ ਜੈਸੇ।
ਬ੍ਰਹਮਾਤਮ ਮੈਂ ਜਗ ਐਸੇ।
ਇਹੁ ਨਿਸਚੇ ਗਜਾਨ ਪ੍ਰਕਾਸੈ।
ਸਹਿ ਕਾਜ ਅਵਿਦਜਾ[1] ਨਾਸੈ ॥ ੧੮ ॥
[1]ਅਵਿਦਿਆ ਦੇ ਕਾਰਜ ਸੰਸਾਰ ਸਮੇਤ।
ਬਸ ਪਰਾਰਭਧ ਬਿਵਹਾਰੈਂ।
ਜਗ ਆਬ ਤਰੰਗ[1] ਨਿਹਾਰੈਂ।
[1]ਪਾਣੀ ਦੀਆਂ ਲਹਿਰਾਂ ਵਾਂਗ।
ਜਬਿ ਐਸੇ ਨਿਸਚਾ ਹੋਹੈ।
ਤਬਿ ਨਿਜ ਪਰ[1] ਪਿਤ ਸੁਤ ਕੋ ਹੈ ॥ ੧੯ ॥
[1]ਆਪਣਾ ਤੇ ਪਰਾਇਆ।
ਇਹੁ ਪੂਤ ਮਰੇ ਮਮ ਜੋਈ।
ਮਮ ਪੇਖਿ ਖ਼ੁਸ਼ੀ ਬਡ ਹੋਈ।
ਮਰਣਾ ਤੋ ਸਭ ਹੀ ਨੇ ਹੈ।
ਪਰ ਸਮਾਂ ਦੁਲਭ ਬਡ ਏ ਹੈ ॥ ੨੦ ॥
ਇਕ ਕਾਜ ਰਾਵਰੇ ਆਏ।
ਪੁਨ ਭਏ ਸ਼ਹੀਦ ਇਥਾਂਏ।
ਬਰ[1] ਹੂਰ ਭਿਸ਼ਤ ਸੁਖ ਲੈ ਹੈਂ।
[1]ਵਰ ਕੇ।
ਇਹੁ ਪਾਯੋ ਲਾਭ ਅਖੈ ਹੈਂ ॥ ੨੧ ॥
ਅਬਿ ਦਯਾ ਕਰੋ ਮੁਹਿ ਏਹੀ।

ਨਹਿਂ ਸ਼ੋਕ ਮੋਹ ਹੈ ਕੇਹੀ।
ਜੋ ਥੇ ਮੈਂ ਖਾਨ ਰਖਾਏ।
ਸੋ ਬਹੁਤੇ ਮਰੇ ਇਥਾਂਏ ॥੨੨॥
ਕਿਛੁ ਗਏ ਦੌਰਿ ਨਿਜ ਧਾਮੀਂ।
ਦੁਖ ਪੈਹੈਂ ਨੂਣ ਹਰਾਮੀ।
ਗੁਰੁ ਬੋਲੇ ਬੁੱਧੂ ਸ਼ਾਹਾ।
ਤੈਂ ਲਯੋ ਜਨਮ ਨਿਜ ਲਾਹਾ ॥੨੩॥
ਸੱਜਨਤਾ ਪਾਲ ਦਿਖਾਈ।
ਜਗ ਸੁਜਸ ਅਖੰਡ ਰਹਾਈ।
ਬਡ ਸਿਰੇਪਾਉ ਤਿਸ ਤਾਂਈਂ।
ਬਖਸ਼ਜੋ ਖੁਸ਼ਿ ਹੋਇ ਮਹਾਂਈਂ ॥੨੪॥
ਪੁਨ ਪਾਂਚ ਹਜਾਰ ਅਸ਼ਰਫੀ[1]। [1]ਮੁਹਰਾਂ।
ਹਿਤ ਚਮੂੰ ਇਨਾਮ ਸੁ ਸਰਫੀ[1]। [1]ਫ਼ੌਜ ਦੇ {ਸਰਫ਼ੀ} ਖ਼ਰਚ ਵਾਸਤੇ ਇਨਾਮ (ਦਿੱਤੀਆਂ)।
ਅਸ੍ਵ ਕੜੇ ਦੁਸ਼ਾਲੇ ਪੂਤੈਂ।
ਬਖਸ਼ੇ ਗੁਰੁ ਮਾਨ ਸੰਜੁਤੈਂ[1] ॥੨੫॥ [1]ਆਦਰ ਸਹਿਤ।
ਇਸ ਤੌਰ ਔਰ ਸਬਿ ਸੂਰੇ।
ਸਨਮਾਨੇ ਸਤਿਗੁਰੁ ਪੂਰੇ।
ਧਨ ਅਨਗਨ ਬਸਨ ਉਦਾਰੂ।
ਜ਼ੇਵਰ ਬਡ ਹਯ ਹੱਥਸਾਰੂ ॥੨੬॥
ਬਖਸ਼ੇ ਸਬਿ ਲੈ ਖੁਸ਼ਿ ਹੋਏ।
ਗੁਰੁ ਧਨਦ[1] ਬਿਸ਼ਨੁ ਸਮ ਜੋਏ। [1]ਕੁਬੇਰ।
ਤਬਿ ਜਿਤੋ ਦਿਤੋ ਸਬਿ ਤਾਂਏਂ।
ਦੈ ਸ਼ਹਿਨ-ਸ਼ਾਹਿ ਨ ਸਕਾਏ ॥੨੭॥
ਕੋ ਕਹਿ ਪਾਰਸ ਗੁਰੁ ਪੈ ਹੈ।
ਕੋ ਕਹੇ ਰਸਾਇਨ ਕੈਹੈਂ[1]। [1]ਕਰਦੇ ਹਨ ਭਾਵ ਬਣਾਉਂਦੇ ਹਨ।
ਕੋ ਕਹਿਤ ਰਿੱਧਿ ਸਿਧਿ ਗਾਢੀ।
ਰਹਿ ਗੁਰੁ ਦਰ ਪਰ ਸਦ ਠਾਢੀ ॥੨੮॥
ਜੋ ਥੇ ਸਿਦਕੀ ਸਿਖ ਸਜਾਨੇ।
ਵਹਿ ਗੁਰੈਂ ਪ੍ਰਮੇਸ਼ ਪ੍ਰਮਾਨੇ।
ਸਬਿ ਮਾਯਾ ਇਨਿ ਹੀ ਕੀ ਹੈ।

ਜੋ ਚਾਹਿਤ ਕਰਿ ਦਿਖਰੀ ਹੈ ॥ ੨੯ ॥
ਇਹੁ ਖੇਲ ਇਨੈ ਰਚ ਰਾਖੀ।
ਸਮ ਬਾਲਕ ਲੀਲ੍ਹਾ ਸਾਖੀ[1]। [1]ਦੇਖੀਦੀ ਹੈ।
ਜੋ ਚੈਹੈਂ ਨਾਚ ਨਚੈ ਹੈਂ।
ਨਹਿਂ ਸੱਤ੍ਰੂ ਮਿੱਤ੍ਰੂ ਕੋ ਲੈਹੈਂ[1] ॥ ੩੦ ॥ [1]ਨਹੀਂ ਦੇਖਦੇ।
ਪ੍ਰਸਾਦ ਭਯੋ ਪੁਨ ਤਜਾਰੈਂ।
ਛਕਿ ਸੁਪਤੇ ਸਬਿ ਮੁਦ ਧਾਰੈਂ।
ਪੁਨ ਤੀਸਰ ਪਹਿਰ ਗੁਸਾਂਈਂ।
ਮੱਧ ਬਾਗ ਥਿਰੇ ਥੇ ਜਾਈ ॥ ੩੧ ॥
ਕੰਘਾ ਥੇ ਕਰਤ ਜਬੈ ਹੀ।
ਚਲਿ ਬੁੱਧੂ ਗਯੋ ਤਬੈ ਹੀ।
ਉਨਿ ਜਾਚੀ ਬਿਦਾ ਨਿਸ਼ਾਨੀ।
ਗੁਰੁ ਅਰਧ ਪਾਗ ਬਖਸ਼ਾਨੀ ॥ ੩੨ ॥
ਯੁਤ ਕੇਸਨ ਦੀਓ ਕੰਘਾ।
ਵਹਿ ਲੈ ਸਿਰ ਧਰਿ ਸ ਉਮੰਗਾ।
ਚੁਮ ਕਦਮ ਪਦਮ[1] ਗੁਰੁ ਜੀ ਕੇ। [1]ਚਰਨ ਕਮਲ।
ਘਰ ਗਯੋ ਮੋਦ ਧਰਿ ਨੀਕੇ ॥ ੩੩ ॥
ਉਨਿ ਰਾਖੇ ਪੂਜ ਬਨਾਈ।
ਅਬਿ ਲੌ ਹੈਂ ਸਿੱਖ ਦਰਸਾਈਂ।
ਪੁਨ ਤਿਸੀ ਸਮੇਂ ਸੁਖਰਾਸੀ।
ਪਿਖਿ ਸਮੁਖ ਕ੍ਰਿਪਾਲ ਉਦਾਸੀ ॥ ੩੪ ॥
ਸਿਤਕਾਰਾ ਢਿਗ ਬੈਠਾਰਾ।
ਮੁਖ ਤੈ ਧੰਨ ਸੰਤ ਉਚਾਰਾ।
ਦਸਤਾਰ ਅਰਧ ਥੀ ਜੋਈ।
ਬਖਸ਼ੀ ਗੁਰੁ ਤਿਸ ਕੋ ਸੋਈ ॥ ੩੫ ॥
ਉਨ ਊਪਰ ਕੁਲਹਿ[1] ਸਜਾਈ। [1]ਟੋਪੀ ਦੇ ਉੱਪਰ।
ਦੁਤਿ ਦੂਨੀ ਚੌਨੀ ਪਾਈ।
ਅਬਿ ਲੌ ਹੈ ਤਿਸ ਕੀ ਗਾਦੀ।
ਮਧ ਹੇਹਰ ਗਾਮ ਅਵਾਦੀ[1] ॥ ੩੬ ॥ [1]ਹੇਹਰ ਪਿੰਡ ਦੀ ਵਸੋਂ ਵਿੱਚ ਹੈ।
ਪੁਨ ਦਯਾਰਾਮ ਕੇ ਤਾਂਈ।

ਕੁਲ ਪਰੋਹਤ ਲਖਿ ਜਗ ਸਾਂਈਂ।
ਲਿਖ ਦੀਨੋ ਪਟਾ ਅਖੰਡਾ[1]।
ਬਖਸ਼ਜੋ ਇਕ ਢਾਲਾ ਖੰਡਾ ॥ ੩੭ ॥
ਫਿਰ ਗੰਗਾਰਾਮ, ਗੁਲਾਬੈਂ।
ਸਸਿ ਮਾਹਰਿ ਹੇਰਿ ਸਹਾਬੈਂ[1]।
ਜੋ ਗੁਰੁ ਫੁੱਫੀ ਕੇ ਬੇਟੇ।
ਥੇ ਬੀਰ ਬਨੈਤ[1] ਅਮੇਟੇ ॥ ੩੮ ॥
ਗੁਰੁ ਕਹਜੋ ਤਿਨੈ ਲਿਹੁ ਭਾਯੋ[1]।
ਉਨਿ ਤੀਨਹੁ ਭ੍ਰਾਤਨਿ ਗਾਯੋ।
ਸਿਖ ਦੋਹਿਤ੍ਰੇ ਹਮ ਗੁਰੁ ਕੇ।
ਛਕਿ ਲੰਗਰ ਪਲੇ ਸੁ ਧੁਰ ਕੇ[1] ॥ ੩੯ ॥
ਪਰਵਰਸ਼[1] ਜੈਸ ਹਮ ਪਾਈ।
ਨਹਿ ਸੇਵ ਤੈਸ ਬਨਿ ਆਈ।
ਕਿਆ ਨਾਟਕ ਪੁਤਰੀ[1] ਬਪੁਰੀ।
ਬਿਨ ਨਟ ਕਰਿ ਸਕ ਹੈ ਅਪਰੀ[1] ॥ ੪੦ ॥
ਰਵਿ ਤੇਜ ਪਾਇ ਚਖ ਹੇਰੈਂ।
ਚੁੰਬਕ ਹੀ ਲੋਹੈਂ ਪ੍ਰੇਰੈਂ।
ਜਿਮ ਲੋਹ ਤਪਜੋ ਤ੍ਰਿਣ ਜਾਰੈ।
ਤਿਮ ਹਮ ਨਿਜ ਤਈਂ ਨਿਹਾਰੈਂ ॥ ੪੧ ॥
ਜੇ ਨਿਜ ਕ੍ਰਿਤ ਕੇ ਅਭਿਮਾਨੀ।
ਹੈਂ ਤੇ ਜਨ ਮੂਢ ਅਗਜਾਨੀ।
ਜਬਿ ਕਾਮ ਨ ਹਮ ਕਿਛੁ ਕੀਨਾ।
ਤਬਿ ਕੈਸੇ ਮੰਗੈਂ ਰੁਜ਼ੀਨਾ ॥ ੪੨ ॥
ਲਰਿ ਮਰੇ ਭ੍ਰਾਤ ਜੁ ਹਮਰੇ।
ਵਹਿ ਧੰਨ ਜਨਮ ਤਿਨਿ ਸਮਰੇ[1]।
ਇਨਿ ਦਿਨ ਤਿਨ ਹੂੰ ਥਾ ਮਰਨਾ।
ਨਹਿਂ ਥਾ ਸੋ ਕਿਮ ਹੀ ਟਰਨਾ ॥ ੪੩ ॥
ਘਰ ਪਰਣ[1] ਮਰਣ ਹ੍ਵੈ ਜੋਈ।
ਛੱਤ੍ਰੀ ਕੋ ਨੀਕ ਨ ਸੋਈ।
ਜੁਗ ਸ੍ਮ੍ਰਿਤੁ ਸ੍ਰੁਤਿ ਵਰ ਵਰਨੈ[1]।

[1]ਸਦਾ ਲਈ।
[1]ਮਾਹਰੀ ਚੰਦ ਤੇ ਸਾਹਿਬ ਚੰਦ ਨੂੰ ਦੇਖ ਕੇ।
[1]ਬਣ ਕੇ ਰਹਿਣ ਵਾਲੇ, ਬਾਂਕੇ।
[1]ਮਨ ਭਾਉਂਦਾ (ਪਦਾਰਥ) ਲੈ ਲਉ।
[1]ਮੁੱਢ ਤੋਂ ਹੀ।
[1]ਪਾਲਣਾ।
[1]ਪੁਤਲੀ।
[1]ਹੋਰ ਕੁਝ ਕਰ ਸਕਦੀ ਹੈ? ਭਾਵ ਨਹੀਂ।
[1]ਤਿਨਾਂ ਦੇ ਜਨਮ ਸਫਲ ਹੋ ਗਏ।
[1]ਘਰ ਵਿੱਚ ਪੈ ਕੇ।
[1]ਵੇਦ, ਦੋ ਮੋਤਾਂ ਸ੍ਰੇਸ਼ਟ ਕਹਿੰਦਾ ਹੈ।

ਇਕ ਗਜਾਨੀ ਇਕ ਲਰਿ ਮਰਨੈ ॥ ੪੪ ॥
ਇਹੁ ਜੁਗ, ਭਵ ਦੁਖ ਤੇ ਬਚ ਹੈਂ।
ਸਬਿ ਔਰ ਚੁਰਾਸੀ ਨਚ ਹੈਂ।
ਤੁਮ ਸਤਿਗੁਰੁ ਸਮ੍ਰਥ ਭਾਰੀ।
ਦੁਰਲਭ ਹੈ ਖੁਸ਼ੀ ਤੁਮਾਰੀ ॥ ੪੫ ॥
ਜਜੋਂ ਫੇਰ ਨਾ ਫਿਰਨਾ ਹੋਈ।
ਦਿਹੁ ਬ੍ਰਹਮ ਗਜਾਨ ਦਿਢ ਸੋਈ।
ਜਗ ਔਰ ਪਦਾਰਥ ਜੇਤੇ।
ਦੁਖਦਾਇ ਸ੍ਵਰਗ ਲੌ ਤੇਤੇ ॥ ੪੬ ॥
ਤਨ ਧਨ ਸੁਤ ਤਿਯਾ ਹਕੂਮਤ।
ਇਹੁ ਸਬਿ ਦੁਖਦਾਇ ਹਜੂਮਤ[1]।
ਇਮ ਸੁਨਿ ਗੁਰੁ ਖੁਸ਼ਿ ਹ੍ਵੈ ਭਾਰੇ।
ਕਹਿ ਸਾਧ ਸਾਧ[1] ਸਿਤਕਾਰੇ ॥ ੪੭ ॥
ਜ਼ੇਵਰ ਬਡ ਜਰੇ ਜਰਾਊ।
ਜਿਨ ਕੀ ਦੁਤਿ ਸਮ ਦਿਨ-ਰਾਊ[1]।
ਬਡ ਸਿਰੇਪਾਉ ਆਮੋਲੇ।
ਅਸ੍ਵ ਆਯੁਧ ਬਖਸ਼ ਅਤੋਲੇ ॥ ੪੮ ॥
ਤਨ ਤ੍ਰੈ ਤੈ[1] ਆਤਮ ਨਿਆਰਾ।
ਗੁਰੁ ਕਰਿ ਪ੍ਰਤੱਖ ਦਿਖਾਰਾ।
ਪਰਮਾਤਮ ਆਤਮ ਏਕੈ।
ਦਿਖਰਾਏ ਸਾਥ ਬਿਵੇਕੈਂ ॥ ੪੯ ॥
ਅੱਨ੍ਹੈ ਵਿੱਤ੍ਰੇਕ ਕਰੈ ਕੈ[1]।
ਪੱਖ ਬਿਧੀ ਨਿਖੇਧ[1] ਦਿਖੈ ਕੈ।

ਦਿਢ ਬ੍ਰਹਮ ਗਜਾਨ ਉਪਦੇਸ਼ਾ।
ਜਾਂ ਤੇ ਸਬਿ ਕਟੇ ਕਲੇਸ਼ਾ ॥ ੫੦ ॥
ਉਨਿ ਦ੍ਵਾਰਾ ਔਰ ਜਗਜਾਸੀ।
ਪਦ ਪਾਵਤ ਭੇ ਅਬਿਨਾਸੀ।
ਕੈਵੱਲਜ ਮੋਖ ਕੇ ਭਾਗੀ।
ਹੁਏ ਨਿਜ ਬ੍ਰਹਮ ਅਨੁਰਾਗੀ ॥ ੫੧ ॥

[1]ਇਕੱਠ।

[1]ਸ਼ਾਬਾਸ਼ ਸ਼ਾਬਾਸ਼ ਕਹਿ ਕੇ।

[1]ਸੂਰਜ ਵਾਂਗ।

[1]ਤਿੰਨ ਸ਼ਰੀਰਾਂ (ਸਥੂਲ, ਸੂਖਮ, ਕਾਰਨ ਤੋਂ)।

[1]{ਅਨ੍ਹੈ} ਮੇਲ ਤੇ {ਵਿਤ੍ਰੇਕ} ਵਿਜੋਗ ਦਿਖਾ ਕੇ।

[1]{ਬਿਧੀ} ਕਰਨ ਯੋਗ ਕਰਮ ਤੇ (ਨਿਖੇਧ) ਨਾ ਕਰਨ ਯੋਗ ਕਰਮ।

ਕੀਰਤਿ ਗੁਰੁ ਸਸਿ ਉਜਯਾਰੀ[1]।
ਫੈਲੀ ਸਬਿ ਦੇਸ ਮਝਾਰੀ।
ਗੁਰੁ ਗੁਨ ਸਮ ਹੰਸਨ ਡਾਰੀ[1]।
ਮਹਿਮਾ ਜਨੁ ਗੰਗਾ ਧਾਰੀ ॥ ੫੨ ॥
ਘਰ ਘਰ ਪੁਰਿ ਪੁਰਿ ਮੈਂ ਚਾਲੀ।
ਉਨਿ ਪਾਵਨ ਕਰੇ ਬਿਸਾਲੀ।
ਗੁਰੁ ਜੰਗ ਭਂਗਾਣੀ ਜੀਤਾ।
ਇਹੁ ਫੈਲੀ ਜਿਤ ਕਿਤ ਗੀਤਾ ॥ ੫੩ ॥
ਸੁਨਿ ਦੇਸ ਬਿਦੇਸਨ ਤੈਹੈਂ।
ਸਿੱਖ ਐਹੈਂ ਹਿਤ ਦਰਸੈਹੈਂ।
ਧਨ ਆਯੁਧ ਅੱਸ੍ਵ ਉਦਾਰੀ।
ਅਰਪੈਂ ਬਿਬਿਧਾ ਨਿਤ ਭਾਰੀ ॥ ੫੪ ॥
ਉਪਦੇਸ਼ ਵਿਸ਼ੇਸ਼ ਗਹੈ ਕੈ।
ਕੁਕਲੇਸ਼ ਅਸ਼ੇਸ਼ ਕਟੈ ਕੈ[1]।
ਮਨ ਬਾਂਛਿਤ ਆਛਿਤ ਪੈ ਹੈਂ[1]।
ਨਿਜ ਧਾਮ ਗਰਾਮ ਸਿਧੈ ਹੈਂ ॥ ੫੫ ॥
ਇਕ ਆਵਹਿ ਤੈ ਇਕ ਜਾਹੀ।
ਗੁਰੁ ਪੈ ਨਿਤ ਭੀਰਰਹਾਹੀ।
ਗੁਰਦੇਵ ਤਰੁ ਤੈ ਤਰੁ ਹੈਂ[1]।
ਫਲ ਚਾਰ ਦਤਾਰ ਸੁ ਵਰ ਹੈਂ[1] ॥ ੫੬ ॥
ਜਿਮ ਦੁੰਦ ਜੁੱਧ ਬਡ ਕੀਨੇ।
ਰਸ ਰੌਦ੍ਰ ਬੀਰਨ ਭੀਨੇ[1]।
ਗੁਰੁ ਨਿਜ ਕਰ ਤੈ ਸਰ ਛੰਡੇ[1]।
ਬਹੁ ਖਾਨ ਨ੍ਰਿਪ ਅਰਿ ਖੰਡੇ ॥ ੫੭ ॥
ਤਿਮ ਢਾਢੀ ਰਚਿ ਰਚਿ ਵਾਰੈਂ।
ਗੁਰੁ ਜਸ ਇਸ ਢਾਰ[1] ਉਚਾਰੈਂ।
ਸੁਨਿ ਕਾਯਰ ਜਜੋਂ ਰਣ ਬਾਂਛੈਂ।
ਧਨ ਲੈ ਢਾਢੀ ਘਰ ਗਾਛੈਂ[1] ॥ ੫੮ ॥
ਕਵਿ ਭਾਟ ਕਬਿੱਤ ਰਚੈ ਕੈ।

[1]ਚੰਦ ਦੀ ਚਾਨਣੀ ਵਰਗੀ।
[1]ਹੰਸਾਂ ਦੀ ਡਾਰ ਵਰਗੇ।
[1]ਸਾਰੇ ਖੋਟੇ ਕਲੇਸ਼ ਕੱਟ ਕੇ।
[1]ਮਨ ਇੱਛਤ ਜੋ (ਫਲ) {ਆਛਿਤ} ਚਾਹੁੰਦੇ ਹਨ, ਪਾ ਲੈਂਦੇ ਹਨ।
[1]ਕਲਪ ਬ੍ਰਿਛ ਨਾਲੋਂ ਵੀ {ਤਰ} ਵੱਡੇ ਹਨ।
[1]ਚਹੁੰ ਫਲਾਂ ਤੇ ਵਰਾਂ ਦੇ ਦਾਤੇ ਹਨ।
[1]ਰੌਦ੍ਰਰਸ ਵਿੱਚ ਸੂਰਮਿਆਂ ਨੇ ਭਿੱਜ ਕੇ।
[1]ਤੀਰ ਛੱਡੇ।
[1]ਢੰਗ ਨਾਲ।
[1]ਜਾਂਦੇ ਹਨ।

ਜਸ ਜੰਗ ਸੁਢੰਗ ਸੁਨੈ ਕੈ।
ਧਨ ਦਾਨ ਮਾਨ ਬਡ ਪੈ ਹੈਂ।
ਤਿਨ ਚਾਰ[1] ਕਬਿੱਤ ਕਥੈ ਹੈਂ ॥ ੫੯ ॥

[1]ਸੁੰਦਰ। {ਕਬਿੱਤਾਂ ਚਾਰ ਨਹੀਂ ਪੰਜ ਹਨ।}

ਕਬਿੱਤ:
ਕੇਤੇ ਸੁਨੇ ਕੌਨ ਧੋ ਕਹਾਨੀ ਕਹੈਂ ਬੀਰਨ ਕੀ,
ਭਏ ਜੋ ਜਿੱਤਯਾ ਚਾਰੋਂ ਚੱਕਨ ਧਰਨਿ ਕੋ[1]।

[1]ਧਰਤੀ ਦੀਆਂ ਚਹੁੰ ਦਿਸ਼ਾਂ ਨੂੰ ਜਿੱਤਣ ਵਾਲੇ ਸੂਰਮਿਆਂ ਦੀਆਂ ਕਿਤਨੇ ਲੋਕ ਕਹਾਣੀਆਂ ਕਹਿੰਦੇ ਹਨ ਪਰ ਪਤਾ ਨਹੀਂ ਉਹ ਸੂਰਮੇ {ਕੌਣ ਧੋ} ਕੌਣ ਸਨ।

ਅੰਗਦ ਔ ਹਨੂਰਾਮ ਰਾਵਣ ਰਮਾਇਣ ਤੈ,
ਭਾਰਥ ਤੈ ਪਾਰਥ ਪੁਰਖਾਰਥ ਕਰਨ ਕੋ[1]।

[1]ਮਹਾਂ ਭਾਰਤ ਤੋਂ (ਪਾਰਥ) ਅਰਜਨ ਤੇ ਕਰਨ ਦੇ ਬਲ ਦਾ (ਪਤਾ ਲੱਗਦਾ ਹੈ)।

ਏ ਜੂ ਸ੍ਰੀ ਗੋਬਿੰਦ ਸਿੰਘ ਵੇ ਤੋ ਸੁਨੇ ਕਾਨ ਹਮੈਂ,
ਸਾਚ ਹੈਂ ਕਿ ਕੂਰ ਲਿਖੇ ਉਪਮਾ ਕਰਨ ਕੋ।
ਤੇਰੇ ਭਟ ਹੇਰੇ ਨੈਨ ਸ਼ੇਰੈਂ ਤੇ ਬਧੇਰੇ ਐਨ[1]
ਬਿਨ ਹੀ ਅਵੇਰੈਂ ਤੇ[1] ਨਿਬੇਰੈਂ ਯੇ ਅਰਿਨ ਕੋ ॥ ੧ ॥

[1]ਸ਼ੇਰਾਂ ਤੋਂ ਵੱਧ ਚੰਗੀ ਤਰ੍ਹਾਂ।
[1]ਦੇਰ ਤੋਂ।

ਜੰਗ ਪੈ ਚਢਾਈ ਕੀ ਅਵਾਈ[1] ਸੁਨਿ ਧਾਰ ਬਾਈ,
ਕਾਂਪਤ ਮਹਾਂਈ[1] ਆਈ ਆਫਤ[2] ਪੁਕਾਰ ਹੈਂ।
ਭੀਮ ਚੰਦ ਹੂੰ ਕੋ ਗਾਰੀ ਦੇਤ ਸਬਿ ਨਰ ਨਾਰੀ,
ਕਾਲਰੂਪ ਜਮ ਧਾਰੀ ਸਿੱਖਨ ਨਿਹਾਰ ਹੈਂ[1]।
ਧੌਂਸ ਕੀ ਧੁੰਕਾਰ[1] ਸੁਨਿ ਹੌਂਸ[2] ਜੰਗ ਡਾਰ ਅਰਿ,
ਛੋਰਿ ਧਨ ਨਾਰਿ ਘਰ ਦੌਰੈਂ ਨਾ ਸੰਭਾਰ ਹੈਂ।
ਬਨ ਬਨ ਮੈਂ ਫਿਰਾਤ ਖਾਤ ਫਲ ਫੂਲ ਪਾਤ,
ਬੰਦਰੈਂ ਜਯੋਂ ਕੰਦਰੈਂ ਕੇ ਅੰਦਰੈਂ ਗੁਜਾਰ ਹੈਂ ॥ ੨ ॥

[1]ਖ਼ਬਰ।
[1]ਬਹੁਤੇ। [2]ਬਿਪਤਾ।
[1]ਕਟਾਰਾਂ ਵਾਲੇ ਸਿੱਖਾਂ ਨੂੰ ਕਾਲ ਰੂਪ ਦੇਖਦੇ ਹਨ।
[1]ਅਵਾਜ਼। [2]ਇੱਛਾ।

ਏ ਜੂ ਦਸਮੇਸ਼ ਪਰਮੇਸ਼ ਗੁਰੁ ਮਹਾਂ ਧੀਰ,
ਤੇਰੇ ਬੀਰ ਬੀਰ ਬਿੱਕ੍ਰਮ ਬੀਰਨ ਤੈ ਬਲੀ ਹੈਂ[1]।

[1]ਤੇਰੇ ਸੂਰਮੇ ਬੀਰ ਬਿਕ੍ਰਮਾਜੀਤ ਦੇ ਸੂਰਮਿਆਂ ਤੋਂ ਵੀ ਬਲੀ ਹਨ।

ਜੋਮ[1] ਜੋਸ਼ ਓਜ ਭਰੀ ਫ਼ੌਜ ਮੌਜ ਸਿੰਧੁ ਕੀ ਸੀ[2],
ਸਾਜ ਕੈ ਸਜੀਲੀ ਸੌਜ[1] ਬੀਰਰਸ ਢਲੀ ਹੈ।
ਦੁੱਜਨੋ ਕੋ ਦਲਮਲੀ[1] ਸੱਜਨੋ ਕੋ ਰੱਖਵਲੀ[2],
ਹਿੰਦੁ ਸਾਲਿਮਲੀ ਪਾਲ ਬਦਲੀ ਸੁ ਫਲੀ ਹੈ[1]।

[1]ਉਤਸ਼ਾਹ। [2]ਸਮੁੰਦਰ ਦੀ ਲਹਿਰ ਵਰਗੀ।
[1]ਸਜਾਵਟ ਵਾਲੀਆਂ {ਸੌਜ} ਚੀਜ਼ਾਂ ਸਜਾ ਕੇ।
[1]ਦਲਣ ਵਾਲੀ। [2]ਰੱਖਣ ਵਾਲੀ।
[1]ਹਿੰਦੂਆਂ ਰੂਪ (ਸਾਲਮਲੀ) ਸਿੰਬਲ ਦੇ ਦਰੱਖ਼ਤਾਂ ਦੀ ਪਾਲ ਨੂੰ

ਸ੍ਰੇਸ਼ਟ {ਫਲੀ} ਫਲਾਂ ਵਾਲੇ ਦਰੱਖ਼ਤਾਂ ਵਿੱਚ {ਬਦਲੀ} ਬਦਲ ਦਿੱਤਾ ਹੈ।

ਪੋਸਤ ਕੀ ਥਲੀ ਹੈ ਕਿ ਦੋਸਤ ਦਿਅਲੀ ਹੈ,
ਕਿ ਕਾਲ ਹੂੰ ਕੀ ਅਲੀ ਹੈ ਅਕਾਲ ਜੂ ਕੀ ਲਲੀ ਹੈ[1]
॥ ੩ ॥

[1]ਪੋਸਤ ਦੀ (ਥਲੀ) ਕਿਆਰੀ ਹੈ, ਜਾਂ ਦੋਸਤਾਂ 'ਤੇ ਕਿਰਪਾ ਕਰਨ ਵਾਲੀ ਹੈ, ਜਾਂ ਕਾਲ ਦੀ ਸਖੀ ਤੇ ਅਕਾਲ ਜੀ ਦੀ ਪਿਆਰੀ ਹੈ।

ਪੂਰਨ ਪ੍ਰਤਾਪੀ ਅਰਿ ਖਾਪੀ[1] ਸ੍ਰੀ ਗੁਬਿੰਦ ਸਿੰਘ,
ਤੇਰੇ ਦਲ ਦੇਖਿ ਦਿਲ ਦੁੱਜਨ ਦਹਿਲ ਜਾਤ[1]।

[1]ਵੈਰੀਆਂ ਨੂੰ ਖਪਾਉਣ ਵਾਲੇ।

[1]ਕੰਬ ਜਾਂਦੇ ਹਨ।

ਰਾਉ ਰਾਨੇ ਤੁਰਕਾਨੇ ਮਹਿਲ ਕਹਿਲ ਹੋਤ,
ਦਹਿਲ ਧਵਲ ਧਰ ਹਰ ਜੂ ਹਹਿਲ ਜਾਤ[1]।

[1]ਰਾਜਿਆਂਰਾਣਿਆਂ ਤੇ ਤੁਰਕਾਂ ਦੇ ਮਹਿਲਾਂ 'ਚ (ਕਹਿਲ) ਘਬਰਾਹਟ ਹੋ ਜਾਂਦੀ ਹੈ, ਧਉਲਾ ਤੇ ਧਰਤੀ ਡਰ ਜਾਂਦੇ ਹਨ ਤੇ ਵਿਸ਼ਨੂੰ ਜੀ ਵੀ ਕੰਬ ਜਾਂਦੇ ਹਨ।

ਖਹਿਲ ਭਹਿਲ ਪਰ ਜਾਤ ਸੁਰਪੁਰਿ ਮਧ,
ਸੂਰਨ ਗਹਿਲ ਜਾਤ ਹੂਰਨ ਲਹਿਤ ਜਾਤ[1]।

[1]ਸੁਰਗ ਵਿੱਚ (ਖਹਿਲ ਭਹਿਲ) ਖਲਬਲੀ ਪੈ ਜਾਂਦੀ ਹੈ, ਸੂਰਮਿਆਂ ਨੂੰ (ਗਹਿਲ) ਮਸਤੀ ਚੜ੍ਹ ਜਾਂਦੀ ਹੈ, ਹੂਰਾਂ ਦੇਖ ਕੇ (ਲਹਿਲ) ਖ਼ੁਸ਼ ਹੋ ਜਾਂਦੀਆਂ ਹਨ।

ਸੇਸ ਕੋ ਸਹਿਲ ਜਾਤ ਬਹਿਲ ਥਿਰਾਤ ਸੂਰ,
ਥਹਿਲਾਤ ਮੇਰੁ ਸਤ ਸਾਗਰ ਚਹਿਲ ਜਾਤ[1]
॥ ੪ ॥

[1]ਸ਼ੇਸ਼ ਨਾਗ ਨੂੰ (ਧਰਤ ਦਾ ਭਾਰ ਚੁੱਕਣਾ) (ਸਹਿਲ) ਸੁਖੱਲਾ ਹੋ ਜਾਂਦਾ ਹੈ, ਸੂਰਜ ਦਾ (ਬਹਿਲ) ਰੱਥ ਖੜ੍ਹਾ ਹੋ ਜਾਂਦਾ ਹੈ, ਸੁਮੇਰ ਪ੍ਰਬਤ (ਥਹਿਲਾਤ) ਕੰਬਣ ਲੱਗ ਜਾਂਦਾ ਹੈ ਤੇ ਸੱਤੇ ਸਮੁੰਦਰਾਂ (ਦਾ ਪਾਣੀ ਸੁੱਕ ਕੇ) (ਚਹਿਲ) ਗਾਰਾ ਹੋ ਜਾਂਦਾ ਹੈ।

ਤੇਰੋ ਦਲ ਚਲਤ ਹਲਤ ਧਰ ਨਾਉ ਜਿਮ[1],
ਘਲਤ ਕਲਤ ਘਮਸਾਨ ਆਨ ਭਾਰੇ ਹੈਂ[1]।

[1]ਧਰਤੀ ਬੇੜੀ ਵਾਂਗ ਹਿਲਦੀ ਹੈ।

[1]ਆ ਕੇ ਭਾਰੇ ਤੇ ਸੁੰਦਰ ਜੰਗ ਪਾਉਂਦੇ ਹਨ।

ਮੁਗਲ ਪਠਾਨ ਸੇਖ ਸੱਯਦਾਨ ਲਾਹੈਂ ਘਾਂਨ[1],
ਰਾਜਗਾਨ ਕੋਹੀਆਨ ਕੋ[1] ਮਿਦਾਨ ਮਾਰੇ ਹੈਂ।

[1]ਪੂਰਾਂ ਦੇ ਪੂਰ ਮਾਰ ਦੇਂਦੇ ਹਨ।

[1]ਪਹਾੜੀ ਰਾਜਿਆਂ ਨੂੰ।

ਸਮਰ ਤਿਹਾਰੀ ਬਾਤ[1] ਅਮਰ ਰਹੇਗੀ ਸਦ,
ਅਮਰ ਭਿ ਜਾਂਹਿ ਕਸ ਕਮਰ ਨਿਹਾਰੇ ਹੈਂ[1]।

[1]ਤੁਹਾਡੇ ਜੰਗ ਦੀ ਗੱਲ।

[1]ਜਿਸ (ਜੰਗ ਵਿੱਚ) {ਅਮਰ} ਦੇਵਤੇ ਵੀ ਕਮਰ-ਕੱਸੇ ਕਰ ਕੇ (ਲੜਦੇ) ਦੇਖੇ ਹਨ।

ਬੇਦ ਪੱਥ[1] ਪਾਰਬੇ ਕੋ ਸੱਜਨ ਉਬਾਰਬੇ ਕੋ,
ਦੁੱਜਨ ਕੇ ਗਾਰਬੇ ਕੋ ਅਵਤਾਰ ਧਾਰੇ ਹੈਂ ॥ ੫ ॥

[1]ਆਸਤਕ ਮਤ ਦਾ ਰਸਤਾ।

ਜੰਗ ਕੇ ਕਬਿੱਤ ਗਾਇ ਦਾਨ ਮਾਨ ਇੱਛ ਪਾਇ,
ਗਏ ਕਵਿਰਾਇ ਜਸ ਦੇਸਨ ਬਢਾਵਤੇ।
ਕੇਤਕ ਦਿਵਸ ਗੁਰੁ ਪੁਰ ਪਾਂਵਟੇ ਮੈਂ ਥਿਰਿ,

ਫਿਰ ਭਏ ਓਰ ਪੁਰਿ ਆਨੰਦ ਸਿਧਾਵਤੇ।
ਸਕਟੇ[1] ਸ਼ੁਤਰ[2] ਲਦਵਾਏ ਅਸਬਾਬ ਕੇਰ, [1]ਗੱਡੇ। [2]ਊਠ।
ਰਥ ਔ ਬਹਿਲ[1] ਟੋਰੇ ਡੋਰੇ ਸਰਸਾਵਤੇ[2]। [1]ਬੈਲ ਗੱਡੀਆਂ। [2]ਅਨੰਦ ਸਹਿਤ।
ਸੰਗ ਰਖਵਾਰੇ ਕਰੇ ਸੁਭਟ ਅਪਾਰੇ ਭਾਰੇ,
ਵਾਇ ਕੈ[1] ਨਗਾਰੈ ਚਡੇ ਅੱਸ੍ਵ ਪਰ ਭਾਵਤੇ[2] [1]ਵਜਾ ਕੇ। [2]ਮਨ ਭਾਉਂਦੇ ਘੋੜਿਆਂ ਉੱਤੇ।
॥ ੬੦ ॥
ਬਾਜੇ ਰਣਜੀਤ ਗਾਜੇ ਗਜ ਬਾਜ ਮੀਤ ਭ੍ਰਾਜੇ[1], [1]ਮਿੱਤ੍ਰ ਸੋਭਾ ਸਹਿਤ ਹੋਏ।
ਭਾਜੇ ਕੋਹੀ ਹੈਂ ਦਰਾਜੇ ਰਾਜੇ[1] ਡਰ ਪਾਏ ਹੈਂ। [1]{ਦਰਾਜੇ} ਬਹੁਤੇ (ਕੋਹੀ) ਪਹਾੜੀ ਰਾਜੇ ਨੱਸ ਗਏ।
ਚਮੂੰ ਚਤੁਰੰਗ[1] ਗੁਰੁ ਮਗਰ ਉਮੰਗ ਚਢੀ, [1]ਚਹੁੰ ਅੰਗਾਂ (ਹਾਥੀ, ਘੋੜੇ, ਰੱਥ ਤੇ ਪੈਦਲ) ਦੀ ਫ਼ੌਜ।
ਨਗਰ ਸਢੌਰੇ ਕੇ ਡਗਰ[1] ਚਲ ਆਏ ਹੈਂ। [1]ਰਸਤੇ।
ਬੁੱਧੂ ਸ਼ਾਹਿ ਸੁਨਿ ਗੁਨਿ[1] ਉਤਸ਼ਾਹਿ ਚਾਹਿ ਪੁਨ, [1]ਵਿਚਾਰ ਕੇ।
ਸੇਵ ਸਬਿ ਕੀਨੀ ਗੁਰੁ ਅੱਗ੍ਰ ਸਿਧਾਏ ਹੈਂ।
ਨਾਹਣੇਸ ਮਿਲਬੇ ਕੋ, ਦੈ ਸੰਦੇਸ਼ ਦਸਮੇਸ਼
ਪੈ ਬਜੀਰ ਪਠਜੋ, ਗਾਂਮ ਲਾਹੜ ਠਰਾਏ ਹੈਂ
॥ ੬੧ ॥
ਮਾਮੂ ਜੀ ਕੇ ਸੰਗ ਹੋਰ ਡੇਰਾ ਸਬਿ ਦੀਓ ਤੋਰ,
ਆਨੰਦਪੁਰੀ ਕੀ ਓਰ ਥੋਰ ਢਿਗ ਰਾਖਜੋ।
ਗੁਰੂ ਜੀ ਰਹਾਏ ਤਹਿਂ ਨ੍ਰਿਪ ਨੀਤਿ[1] ਪਠੇ ਕਹਿ, [1]ਨੀਤੀ ਨਾਲ (ਕਿ ਗੁਰੂ ਜੀ ਜਾਣਨ)।
ਐਹੋਂ ਮੈਂ ਦਰਸ ਲੈਹੁਂ ਚੈਹੋਂ ਕਿਛੁ ਭਾਖਜੋ।
ਦੂਣ ਦੇਖ ਕੈ ਉਦਾਰ ਗੁਰੂ ਖੇਲਹੀਂ ਸ਼ਿਕਾਰ,
ਅਰ ਮਾਰਤ ਅਪਾਰ ਮ੍ਰਿਗ ਯਥਾ ਅਭਿਲਾਖਜੋ।
ਦ੍ਵਾਦਸ ਦਿਵਸ ਡੇਰੋ ਰਾਖਜੋ ਤਿਸ ਠੌਰ ਹੇਰੋ,
ਭੂਪ ਦਿਸ ਤੇ ਬਧੇਰੋ ਸੇਵ ਹੋਇ ਲਾਖਜੋ[1] ॥ ੬੨ ॥ [1]ਜਾਣੋ।
ਮੇਦਨੀ ਪ੍ਰਕਾਸ਼ ਕਿਤ ਚਾਹੈ ਜੋ ਆਵਨ ਇਤ,
ਸਚਵ[1] ਸਲਾਹਿ ਨਿਤ ਤਾਂਹਿ ਯਾਹਿ ਦੇਵ ਹੈਂ। [1]ਵਜ਼ੀਰ।
ਗੁਰੂ ਸੋਂ ਮਿਲਾਹਿਂ ਤਬਿ ਭੂਪ ਫਤੇ ਸ਼ਾਹਿ ਆਦਿ,
ਬੈਰੀ ਬਨ ਜਾਹਿਂ ਸਬਿ ਤੁਮਰੇ ਅਭੇਵ ਹੈਂ[1]। [1]ਪ੍ਰਤੱਖ ਹੀ।
ਭੂਪ ਸੋਚ ਕੈ ਹੈ ਜੇ ਨ ਗੁਰੂ ਪਾਸ ਜੈਹੈਂ,
ਕੋਪ ਕੈ ਹੈਂ ਸਾਪ[1] ਦੈਹੈਂ ਖਾਪ ਜੈਂ ਹੈਂ ਮੋਹਿ ਏਵ [1]ਸ੍ਰਾਪ। [2]ਇਸ ਤਰ੍ਹਾਂ ਮੈਨੂੰ ਨਾਸ ਕਰ ਜਾਣਗੇ।
ਹੈਂ[2]।

ਸਰਪ ਚਚੂੰਧਰੀ ਜਸੋਂ[1] ਬਨੀ ਸੋਚ ਭੂਪਤਿ ਕੋ,
ਜਾਨੀ ਜਾਨ ਤਜਾਰ ਭਏ ਇਤ ਗੁਰੁ ਦੇਵ ਹੈਂ ॥ ੬੩ ॥

[1]ਸੱਪ ਦੇ ਮੂੰਹ 'ਚ ਫੜੀ ਚਚੂੰਦਰ ਵਾਂਗ।

ਦੋਇ ਗਾਮ[1] ਮਧ ਡੇਰਾ ਹੁਤੋ ਤਬਿ ਗੁਰੂ ਕੇਰਾ,

ਰੰਘੜੋਂ ਕਾ ਟੋਟਾ ਲਾਹਾ ਸਾਧਨ ਕੋ ਨਾਮ ਥੇ।
ਰੰਘੜੋਂ ਨੇ ਗੁਰੂ ਕੇ ਚੁਰਾਏ ਊਂਟ, ਨਿਕਲਾਏ
ਸੰਤਨ ਬਤਾਏ, ਪਾਏ ਨਾਹਿਂ ਤਿਨੈ ਦਾਮ ਥੇ[1]।

[1]ਦੋ ਪਿੰਡਾਂ, ਟੋਟਾ ਤੇ ਲਾਹਾ, ਰੰਘੜਾਂ ਦਾ ਪਿੰਡ ਟੋਟਾ ਨਾਮ ਦਾ ਤੇ ਸੰਤਾਂ ਦਾ ਪਿੰਡ ਲਾਹਾ ਨਾਮ ਦਾ ਸੀ।

[1]ਸੰਤਾਂ ਨੇ ਦੱਸ ਕੇ ਕਢਵਾ ਦਿੱਤੇ ਅਤੇ ਨਾ ਹੀ ਸੰਤਾਂ ਨੇ (ਦਾਮ) ਦਮੜੇ ਹੀ ਲਏ ਸਨ।

ਗੁਰੂ ਖੁਸ਼ਿ ਹੋਇ ਟੋਟਾ ਖੋਟਾ ਲਾਹਾ ਖਰਾ ਕਹਜੋ,
ਏਹੀ ਨਾਮ ਅਬਿ ਸਬਿ ਜਾਨਤ ਸੋ ਗਾਮ ਥੇ।
ਟੋਟਾ ਨਾਮ ਗੁਰੁਦ੍ਵਾਰਾ ਤਹਾਂ ਹੈ ਉਦਾਰਾ ਅਬਿ,
ਗੁਰੂ ਜੀ ਨਗਾਰਾ ਦੈ ਤਹਾਂ ਤੇ ਚਲੇ ਆਮ[1] ਥੇ ॥ ੬੪ ॥

[1]ਸੁੱਤੇ ਸਿੱਧ।

ਖੇਲਤ ਸ਼ਿਕਾਰ ਮਗ ਜੀਵਨ ਉਧਾਰ ਕਰਿ,
ਰਾਇਪੁਰਿ ਨਾਮ ਗ੍ਰਾਮ ਰਸਤੇ ਮੈਂ ਜੋ ਅਯੋ।
ਹੁਤੀ ਤਹਾਂ ਰਾਨੀ ਏਕ ਸ਼ਰਧਾਲੂ ਸ ਬਿਵੇਕ,
ਗੁਰੁ ਜਸ ਸੁਨ ਨੇਕ[1] ਤਾਂਹਿ ਬਹੁ ਥਾ ਲਯੋ।
ਆਗੇ ਚਲਿ ਮਿਲੀ ਆਇ ਗੁਰੁ ਪਗ ਸੀਸ ਲਾਇ,
ਦਰਸ਼ਨ ਪਾਇ ਮਨ ਮੋਹਜੋ ਤਾਂਹਿ ਕੋ ਗਯੋ।
ਜਾਤ ਰਾਜਪੂਤਨੀ ਉਪਾਸ਼ਕ ਕ੍ਰਿਸ਼ਨ ਕੀ ਥੀ,
ਯਾਹੀਂ ਤੈ ਕ੍ਰਿਸ਼ਨ ਬਨਿ ਗੁਰੁ ਦਰਸ ਹੈ ਦਯੋ ॥ ੬੫ ॥

[1]ਚੰਗਾ।

ਮੁਕਤ ਲੁਕਟ ਪਾਗ ਲਟਪਟੀ ਛੂਟੀ ਲਟ[1],

ਕਲਗੀ ਝੁਲਤ ਮੋਰ ਪੰਖ ਸੋਂ ਲਸਤ ਹੈ[1]।
ਕੁੰਡਲ ਅਮੋਲ ਲੋਲ[1] ਗੋਲ ਸੀ ਕਪੋਲਨ ਪੈ[2],
ਬੋਲਨ ਤੈ ਛਬਿ ਕੇ ਕਲੋਲ ਹੁਲਸਤ ਹੈਂ[1]।

ਮੁਖ ਮਸੁ ਭੀਜਜੋ ਜਨੁ ਰਤਿ ਪਤਿ ਬੀਜਜੋ,
ਪਰਮਾਨੰਦ ਪਰਸੀ ਜਜੋ ਰਾਂਕਾਪਤਿ ਪੈ ਸੁਹੱਤ ਹੈ[1]।

[1]ਲਟਪਦੀ ਪੱਗ ਮੁਕਟ ਵਰਗੀ (ਲੁਕਟ) ਪ੍ਰਤੀਤ ਹੁੰਦੀ ਹੈ, ਲਿਟਾਂ ਨਿਕਲੀਆਂ ਹੋਈਆਂ ਹਨ।

[1]ਚਮਕਦੀ ਹੈ।

[1]ਚੰਚਲ। [2]ਗਲ੍ਹਾਂ 'ਤੇ।

[1]ਸੋਭਾ ਦੀਆਂ ਲਹਿਰਾਂ ਦੇ (ਹੁਲਸਤ) ਚਮਤਕਾਰ ਉਠ ਰਹੇ ਹਨ।

[1]ਚੇਹਰੇ ਤੇ ਦਾੜੀ ਅਤੇ ਮੁੱਛਾਂ ਫੁੱਟ ਰਹੀਆਂ ਹਨ, ਜਾਣੋ ਦੂਜਾ (ਰਤਿ ਪਤਿ) ਕਾਮਦੇਵ ਹੈ, ਬਹੁਤ ਅਨੰਦ 'ਚ ਪ੍ਰਸੰਨ ਹੋਇਆ

(ਗੁਰਾਂ ਦੇ ਮੁਖ ਰੂਪ) ਪੂੰਨਿਆਂ ਦੇ ਚੰਦ ਉੱਤੇ ਸੋਹ ਰਿਹਾ ਹੈ।

ਉਰਿ ਮਨਿ ਮਾਲ ਬਨ ਮਾਲ ਸੀ ਬਿਸਾਲ ਸੋਹਿ,
ਸਰਬੰਗ ਜਦੁਪਤਿ ਗੁਰੁ ਬਿਲਸਤ ਹੈਂ[1] ॥ ੬੬ ॥

[1]ਛਾਤੀ ਤੇ ਮਣੀਆਂ ਦੀ ਵੱਡੀ ਮਾਲਾ, ਬਨ-ਮਾਲਾ ਵਰਗੀ ਸੋਹ ਰਹੀ ਹੈ, ਸਤਿਗੁਰੂ ਜੀ ਸਾਰੇ ਅੰਗਾਂ ਕਰ ਕੇ ਕ੍ਰਿਸ਼ਨ ਰੂਪ ਹੋ ਕੇ ਅਨੰਦ ਦੇ ਰਹੇ ਹਨ {ਬਨ ਮਾਲਾ-ਤੁਲਸੀ, ਕੁੰਦ, ਹਾਰ ਸ਼ਿੰਗਾਰ, ਕਮਲ, ਮੰਦਾਰ ਆਦਿ ਦੇ ਫੁੱਲਾਂ ਦੀ ਮਾਲਾ।}

ਸਵਰ ਕਰੋਰ ਸੈਂ ਸਰਸ ਰੂਪ ਦਰਸ ਸੋ,
ਪਰਸ ਕੈ ਪਗ ਜਗ ਬੰਦਨ ਕੈ ਕੰਜ ਸੇ[1]।

[1]ਕ੍ਰੋੜਾਂ {ਸਵਰ} ਕਾਮਦੇਵਾਂ ਨਾਲੋਂ {ਸਰਸ} ਬਹੁਤੇ ਸੁੰਦਰ ਸਰੂਪ ਦਾ ਦਰਸ਼ਨ ਕਰ ਕੇ ਤੇ ਜਗਤ ਦੇ ਬੰਦਨਾ ਕਰਨ ਯੋਗ ਸਤਿਗੁਰਾਂ ਦੇ ਚਰਨ ਪਰਸੇ।

ਜਾਂਹਿ ਕੇ ਦਰਸ ਹਿਤ ਜੋਗੀ ਜੋਗ ਸਾਧੈਂ ਮੁਨਿ,
ਦੇਵਤਾ ਅਰਾਧੈਂ ਬਾਧੈਂ ਬਜ੍ਰਾਧ ਸੁਤ ਕੰਜ ਸੇ[1]।

[1]ਕੰਵਲ ਦੇ ਪੁੱਤਰ ਬ੍ਰਹਮਾ ਵਰਗੇ ਦੇਵਤੇ, ਸਤਿਗੁਰਾਂ ਨੂੰ ਅਰਾਧ ਕੇ ਆਪਣੇਰੋਗਾਂ ਨੂੰ ਨਾਸ ਕਰਦੇ ਹਨ।

ਭਗਤ ਬਿਰਕਤ ਸ਼ਕਤਿ ਯੁਤ ਜਗਤ ਮੈਂ,
ਕਬੀ ਕੋਊ ਪਾਇ ਹੈਂ ਉਠਾਇ ਬਡੇ ਰੰਜ ਸੇ[1]।

[1]ਜਗਤ ਵਿੱਚੋਂ ਕੋਈ ਕੋਈ ਸ਼ਕਤੀ ਸਹਿਤ ਵਿਰਕਤ ਭਗਤ ਵੱਡੇ {ਰੰਜ} ਦੁਖ ਉਠਾ ਕੇ ਕਦੇ ਹੀ ਪਾਉਂਦਾ ਹੈ।

ਜਾਗੇ ਪੁੰਨਜ ਪੁੰਜ ਤਾਂ ਕੇ ਗੰਜ ਸਾਧਨਾਂ ਕੈ
ਵਾਂ ਕੇ, ਜਾਂ ਕੇ ਫਲ ਆਏ ਚਲਿ ਘਰ ਅਰਿ ਭੰਜ
ਸੇ[1] ॥ ੬੭ ॥

[1]ਉਸਰਾਣੀ ਦੇ ਸਮੂੰਹ ਪੰਨ ਜਾਗ ਪਏ ਅਤੇ ਉਸ ਦੇ ਸਾਧਨਾ ਦੇ ਖ਼ਜ਼ਾਨੇ ਪ੍ਰਗਟ ਹੋ ਗਏ, ਜਿਨ੍ਹਾਂ ਦੇ ਫਲ ਕਰ ਕੇ ਵੈਰੀਆਂ ਨੂੰ ਨਾਸ ਕਰਨ ਵਾਲੇ ਸਤਿਗੁਰੂ ਆਪ ਘਰ ਚਲ ਕੇ ਆ ਗਏ।

ਪਾਇ ਨਿਜ ਇਸ਼ਟ ਅਭਿਸ਼ਟ ਸ੍ਰਿਸ਼ਟਿ ਪ੍ਰਭੁ,
ਅਤਿ ਉਤ ਕ੍ਰਿਸ਼ਟ ਅਨੰਦ ਮੈਂ ਪਗੈ ਗਈ[1]।

[1]ਆਪਣੇ (ਅਭਿਸ਼ਟ) ਬਹੁਤ ਪਿਆਰੇ ਤੇ ਸ੍ਰੇਸ਼ਟ ਸਮਰੱਥ ਇਸ਼ਟ ਦੇਵ ਸਤਿਗੁਰਾਂ ਨੂੰ ਪਾ ਕੇ ਬਹੁਤੇ (ਉਤ ਕ੍ਰਿਸ਼ਟ) ਉੱਤਮ ਅਨੰਦ ਵਿੱਚ ਲਿਵਲੀਨ ਹੋ ਗਈ।

ਬਾਰ ਬਾਰ ਬੇਨਤੀ ਉਚਾਰ ਕੈ ਜੁਹਾਰ[1] ਗੁਰੈਂ,
ਬਾਗ ਮੈਂ ਉਤਾਰ ਕੈ ਅਗਾਰ[1] ਨਿਜ ਮੈਂ ਗਈ।
ਦਾਨਾ ਘਾਸ ਲੌ ਨਿਹਾਰੀ ਦੂਧ ਸਿਤਾ ਦੈ ਅਪਾਰੀ,
ਲੰਗਰ ਕੀ ਤਜਾਰੀ ਦਿਨੇ ਕਿਲੇ ਮੈਂ ਕਰੈ ਦਈ।
ਪਾਵੜੇ ਪਵਾਏ ਜਹਾਂ ਲਗੈ ਉਤਰਾਏ ਹੁਤੇ[1],

[1]ਨਮਸਕਾਰ।

[1]ਘਰ।

[1]ਜਿੱਥੋਂ ਤੱਕ ਗੁਰਾਂ ਨੇ ਉਤਰ ਕੇ ਆਉਣ ਸੀ ਉਥੋਂ ਤੱਕ ਪਾਵੜੇ ਵਿਛਾ ਦਿੱਤੇ। {ਪਾਵੜਾ=ਉਹ ਕੱਪੜਾ ਜੋ ਸਨਮਾਨ ਯੋਗ ਪ੍ਰਾਹੁਣਿਆਂ ਦੇ ਲੰਘਣ ਸਮੇਂ ਪੈਰਾਂ ਹੇਠ ਵਿਛਾਈ ਦਾ ਹੈ।}

ਫਰਸ਼ ਕਰਾਏ ਮਹਿਕਾਏ ਗੰਧਿ ਹੈ ਦਈ ॥ ੬੮ ॥
ਦਾਸ ਪਠ ਖਾਸ ਬਹੁ ਬਿਨੈ ਕੈ ਬੁਲਾਏ ਗੁਰੁ,
ਆਏ ਤੁਰ ਗਾਏ ਫੁਰ ਸ਼ਬਦ ਸਿਖਾਨ ਹੈ[1]।

[1]ਸਿੱਖਾਂ ਨੇ (ਫੁਰ) ਧੁਨੀ ਨਾਲ ਸ਼ਬਦ ਗਾਏ।

ਪੌਰ ਪਰ[1] ਆਰਤੀ ਉਤਾਰਤੀ ਸੋ ਭਈ ਆਇ,
ਵਾਰਤੀ ਸੋ ਬਿਤ[1] ਯੌਂ ਉਚਾਰਤੀ ਨਿਮਾਨ[2] ਹੈ।
ਕਦਮ ਪਦਮ ਏਹੀ ਪਾਵਨ, ਪਾਵਨ ਤੇ ਹੀ
ਸਦਮ ਪਾਵਨ ਭੇਹੀ, ਛਦਮ ਨਸਾਨ ਹੈ[1]।

[1]ਦਰਵਾਜ਼ੇ ਉੱਤੇ।
[1]ਧਨ। [2]ਨਿੰਮ੍ਰਤਾ ਸਹਿਤ।
[1]ਇਹ ਪਵਿਤ੍ਰ ਚਰਨ ਕਮਲ ਪਾਉਣ ਤੇ ਹੀ {ਸਦਮ} ਘਰ ਪਵ੍ਰਿਤ ਹੋ ਗਿਆ {ਛਦਮ} (ਅਗਿਆਨ) ਦਾ ਪੜਦਾ ਦੂਰ ਹੋ ਗਿਆ।

ਅੰਦਰ ਲਜਾਇ ਕੈ ਬਿਠਾਇ ਚੌਕੀ ਚੰਦਨ ਪੈ,
ਜਥਾ ਜੋਗ ਆਸਨ ਦਿਲਾਇ ਸੰਗੀਆਨ ਹੈ[1]
॥ ੬੯ ॥

[1]ਸੰਗੀਆਂ ਨੂੰ।

ਗੁਰੁ ਕੇ ਪਖਾਰ ਪਗ[1] ਪਾਨ ਚਰਨਾਂਮ੍ਰਿਤ ਕੈ,
ਸੁਤਨ ਸਮੇਤ ਉਪਦੇਸ਼ ਲੀਨ ਭਾਇ ਕੈ[1]।
ਹਾਥ ਖਿਜਮਤੀ ਮੈਂ[1] ਧੁਵਾਇ ਗੰਗਾ ਸਾਗਰ ਸੋਂ,
ਰਜਤਿ ਤਿਪਾਈ[1] ਰਖਵਾਈ ਆਗੇ ਆਇ ਕੈ।
ਕੰਚਨ ਕੋ ਥਾਰ ਨਿਜ ਹਾਥ ਸਾਥ ਪ੍ਰੇਮ ਧਾਰ,
ਭੋਜਨ ਪ੍ਰਕਾਰ ਬਹੁ ਧਰਜੋ ਆਗੇ ਲਜਾਇ ਕੈ।
ਸੂਪਕਾਰ ਚਤੁਰ[1] ਪਰੋਸ ਗਏ ਸਭ ਹੀ ਕੋ,
ਭੁਖ[1] ਭੋਜ[2] ਲੇਜ[3] ਪੇਜ[11] ਚੌਸ[22] ਲੌ ਸੁਭਾਇ ਕੈ[33]
॥ ੭੦ ॥

[1]ਚਰਨ ਧੋ ਕੇ।
[1]ਸ਼ਰਧਾ ਨਾਲ।
[1]ਚਿਰਮਚੀ ਵਿੱਚ।
[1]ਚਾਂਦੀ ਦੀ ਤ੍ਰਿਪਾਈ।
[1]ਚਤੁਰਰਸੋਈਏ।
[1]ਭਖਜ=ਉਹ ਭੋਜਨ ਜੋ ਦੰਦ-ਦਾੜਾਂ ਦੀ ਸਹਾਇਤਾ ਨਾਲ ਖਾਧਾ ਜਾਵੇ। [2]ਭੋਜਜ-ਕੇਵਲ ਦਾੜ੍ਹਾਂ ਦੀ ਸਹਾਇਤਾ ਨਾਲ ਖਾਧਾ ਜਾਣ ਵਾਲਾ ਭੋਜਨ। [3]ਲੇਜਜ- ਚੂਸਿਆ ਜਾਣ ਵਾਲਾ ਭੋਜਨ। [11]ਪੇਯ- ਪੀਤਾ ਜਾਣ ਵਾਲਾ ਭੋਜਨ। [22]ਚੋਸਜ- ਚੂਸਿਆ ਜਾਣ ਵਾਲਾ ਭੋਜਨ। [33]ਚੰਗੇ ਪ੍ਰੇਮ ਨਾਲ।

ਰਾਨੀ ਲੈ ਰੁਮਾਲ ਅਤਿ ਨਿੰਮ੍ਰ ਫਰਾਇ ਗੁਰੈਂ,
ਬੀਜਨੇ[1] ਝੁਲਾਵੈ ਸੁਤ ਯੁਤ ਪ੍ਰੇਮ ਮਤਿ ਸੇ।
ਮਧਰ[1] ਸਲਵਣ[2] ਅਮਲ[3] ਚੁਰਚੁਰਾ[11] ਚਾਰੁ[22],
ਤਿਕਤ[1] ਕਖਾਇ[2] ਅਤਿ ਸਵਾਦਲ ਮਹੱਤ ਸੇ[3]।
ਸਬਿ ਹੀ ਸਰਾਹਿਂ ਔਂ ਛਕਾਹਿਂ ਮਹਾਂ ਮੋਦ ਮਾਹਿਂ,
ਬਾਰ ਬਾਰ ਬਰਤਾਹਿਂ ਸਾਦਰ ਭਗਤਿ ਸੇ[1]।
ਸੀਰੋ ਪਾਨਿ ਪਾਨ ਕਰਵਾਇ ਧੁਆਇ ਪਾਨ,
ਦਏ ਪਾਨ ਏਲਾ ਛਿੰਗ ਬਹੁ ਬਿਨੈ ਕਰਿ ਅਤਿਸੇ[1]
॥ ੭੧ ॥

[1]ਪੱਖੇ।
[1]ਮਿੱਠਾ। [2]ਸਲੂਣਾ। [3]ਖੱਟਾ, ਤੁਰਸ਼। [11]ਚਰਪਰਾ-ਤਿੱਖਾ, ਕਰਾਰਾ। [22]ਸੁੰਦਰ।
[1]ਕੌੜਾ। [2]ਕਸੈਲਾ। [3]ਬਹੁਤ {ਮਹੱਤ} ਵੱਡੇ ਸਵਾਦ ਵਾਲੇ।
[1]ਸੇਵਾ ਭਾਵ ਨਾਲ।
[1]ਠੰਡਾ ਪਾਣੀ ਪਿਲਾ ਕੇ, ਹੱਥ ਧੁਆ ਕੇ ਬਹੁਤ ਤੋਂ ਬਹੁਤ ਬੇਨਤੀਆਂ ਕਰ ਕੇ ਪਾਨ ਤੇ ਛੋਟੀਆਂ ਲੈਚੀਆਂ ਤੇ ਛਿੰਗਾਂ ਦਿੱਤੀਆਂ। {ਛਿੰਗਾਂ-ਦੰਦਾਂ 'ਚੋਂ ਅੰਨ ਕੱਢਣ ਦੀ ਧਾਤ ਦੀ ਸੂਈ

ਜਾਂ ਡੱਕਾ।}

ਥਾਤੀ[1] ਧਰਿ ਅਗਵਾਏ ਗੁਰੁ ਪਗ ਪਾਏ ਪੂਤ, [1]ਥੈਲੀ।
ਸਿਖ ਪਹਿਨਾਏ[1] ਸਿਤਕਾਰ ਸਬਿ ਕੋ ਕਯੋ। [1]ਸਿੱਖਾਂ ਨੂੰ (ਕੱਪੜੇ) ਪਹਿਨਾਏ।
ਕੇਸ ਰਖਵਾਯੋ ਬਿੱਦਜਾ ਆਯੁਧ ਸਿਖਾਯੋ,
ਰੀਤਿ ਸਿੱਖੀ ਦ੍ਰਿੜ੍ਹਾਯੋ ਗੁਰੁ ਉਪਦੇਸ਼ ਹੈ ਦਯੋ।
ਨਿਰਭੈ ਰਹਾਯੋ ਸੰਗੀ ਗੁਰੂ ਕੋ ਲਖਾਯੋ ਸਦ,
ਭਾਵੀ ਪੈ ਰਹਾਯੋ ਖੁਸ਼ਿ[1] ਨਾਮ ਪ੍ਰਭ ਕਾ ਲਯੋ। [1]ਨਿੱਡਰ ਰਿਹਾ ਜੇ, ਗੁਰਾਂ ਨੂੰ ਆਪਣਾ ਸਦਾ ਸੰਗੀ ਜਾਣਿਆ ਜੇ, ਹਮੇਸ਼ਾ ਭਾਣੇ ਵਿੱਚ (ਖ਼ੁਸ਼) ਰਿਹਾ ਜੇ।

ਰਾਜ ਤੁਰਕੈ ਹੈਂ ਜੈਹੈ ਮਮ ਸਿੱਖ ਭੂਪ ਥੈ ਹੈਂ,
ਸੰਤਤਿ ਤਿਹਾਰੀ ਰੈਹੈ ਰਾਜ ਸੁਖ ਸੋਂ ਕਯੋ[1] [1]ਕਰੇਗੀ।
॥ ੭੨ ॥
ਗੁਰੂ ਬਰ ਯੌਂ ਉਚਾਰ, ਢਾਲ ਤਰਵਾਰ ਨਿਜ
ਬਖਸ਼ ਵਿਚਾਰ, ਬਿਦਾ ਹੋਇ ਮਗ ਹੈਂ ਪਰੇ।
ਰਾਨੀ ਪ੍ਰੇਮ ਰਸ ਵਸ ਪਲੰਘ ਨਵੀਨ ਕਸ,
ਤਾਂ ਪੈ ਗੁਰੁ ਬਖਸ਼ਸ਼ ਧਰਿ ਪੂਜ ਹੈਂ ਭਰੇ[1]। [1]ਭਲੀ ਤਰ੍ਹਾਂ।
ਧੂਪ ਦੀਪ ਪੁਸ਼ਪ[1] ਚਢਾਇ ਆਰਤੀ ਕਰਾਇ, [1]ਫੁੱਲ।
ਭੋਗ ਲਗਵਾਇ ਨੀਤ ਨੀਕ ਸੇਵ ਹੈਂ ਕਰੇ।
ਪਲੰਘ ਕੇ ਪਾਸ ਖਾਸ[1] ਡਾਸ ਨਿਜ ਆਸਨ ਕੋ, [1]ਆਪ।
ਸ੍ਵਾਸਨ ਥਿਰਾਇ ਧਜਾਨ ਉਰਿ ਗੁਰੁ ਕੋ ਧਰੇ
॥ ੭੩ ॥
ਦੋਹਰਾ:
ਅਬਿ ਲੌ ਸੰਤਤਿ ਤਾਂਹਿ ਕੀ,
ਪੂਜਤ ਵਾਹਿ ਰਹਾਹਿ।
ਜ਼ੈਲਦਾਰ ਜਾਗੀਰ ਯੁਤ,
ਹੈਂ ਕਵਿ ਪਿਖੇ ਤਹਾਂਹਿ ॥ ੭੪ ॥
ਚੌਪਈ:
ਰਾਇਪੁਰੋਂ ਜਬਿ ਸਤਿਗੁਰੁ ਚਾਲੇ।
ਸੇਵਕ ਸਿਖ ਸਹਿ ਸੈਨ ਬਿਸਾਲੇ।
ਪੁਰ ਜਨ ਨਿਜ ਜਨ ਯੁਤ ਸੁਤ ਰਾਨੀ।
ਨਗਨ ਪਾਉਂ ਹਿਤ ਬਿਦਾ ਸਿਧਾਨੀ ॥ ੭੫ ॥

ਪ੍ਰੇਮ ਬਿਬਸ ਪੁਨ ਪੁਨ ਪਗ ਪਰੈਂ।
ਝਰਨਾ ਜਯੋਂ ਦ੍ਰਿਗ ਜੁਗ ਜਲ ਝਰੈਂ।
ਭਿਦਾ ਰਿਦਾ ਭਾ ਖਿਦਾ ਇਦਾ ਹੈ[1]।
ਗੋਪਨਿ ਕ੍ਰਿਸ਼ਨ ਬਿਦਾ ਹ੍ਵੈ ਜਿਦਾ ਹੈ[1] ॥ ੭੩ ॥

[1]ਹਿਰਦਾ ਵਿੰਨ੍ਹਿਆ ਗਿਆ ਇਸ ਤਰ੍ਹਾਂ ਦਾ ਦੁੱਖ ਹੋਇਆ।
[1]ਜਿਸ ਤਰ੍ਹਾਂ।

ਗੁਰੁ ਬਹੁ ਧੀਰ ਵਿਚਾਰ ਗਜਾਨ ਦੈ।
ਫੇਰੀ ਨਿਜ ਪਗ ਰਿਦੈ ਧਜਾਨ ਦੈ[1]।
ਜਾਇ ਥਿਰੀ ਨਿਜ ਧਾਮ ਮਝਾਰੇ।
ਨਿਜ ਉਰ ਮੈਂ ਗੁਰੁ ਕੇ ਪਗ ਧਾਰੇ ॥ ੭੭ ॥

[1]ਆਪਣੇ ਚਰਨਾਂ ਦਾ ਹਿਰਦੇ 'ਚ ਧਿਆਨ ਦੇ ਕੇ (ਫੇਰੀ) ਮੋੜੀ।

ਚਲੇ ਅੱਗ੍ਰ ਕਲਗੀ ਧਰ ਖਜਾਲੀ[1]।
ਸੈਨ ਸੰਗ ਓਰੜਿ ਘਨ ਚਾਲੀ[1]।
ਪਰਮ ਪੁਨੀਤ ਪਰੇਮ ਪੁਰੀਤੀ[1]।
ਸੇਵਿ ਸਨੀਤਿ ਬਿਨੀਤਿ ਸਰੀਤੀ[1] ॥ ੭੮ ॥

[1]ਆਪਣੇ ਖ਼ਿਆਲ ਵਿੱਚ।
[1]ਫ਼ੌਜ ਬੱਦਲ ਵਾਂਗ {ਓਰੜਿ} ਉੱਛਲਕੇ ਨਾਲ ਚੱਲੀ।
[1]ਬਹੁਤ ਪਵਿੱਤ੍ਰ ਪ੍ਰੇਮ ਨਾਲ ਭਰੀ ਹੋਈ।
[1]{ਸਨੀਤਿ} ਜੁਗਤੀ ਨਾਲ {ਬਿਨੀਤਿ} ਨਿੰਮ੍ਰਤਾ ਸਹਿਤ {ਸਰੀਤੀ} ਦਾਸੀ ਬਣ ਕੇ ਸੇਵਾ ਕੀਤੀ।

ਰਾਨੀ ਕੋ ਸਬਿ ਸਿੱਖ ਸਰਾਹੈਂ।
ਸਨੇ ਸਨੇ ਗੁਰੁ ਪੰਥ ਚਲਾਹੈਂ।
ਕੋਸ ਸਾਤ ਅਠ ਚਲ ਉਤਰੈ ਹੈਂ।
ਸਬਿ ਕੀ ਸਾਰ ਸਰਬ ਥਾ ਲੈ ਹੈਂ ॥ ੭੯ ॥
ਗ੍ਰਾਮ ਲੋਗ ਸੁਨਿ ਸੁਜਸ ਵਿਚਰ ਕੈ।
ਕਿਛੁ ਸ਼ਰਧਾ ਬਹੁ ਡਰ ਉਰਿ ਧਰਿ ਕੈ।
ਪੈ ਦਧਿ ਬਸਨ ਰਜਤਪਣ ਭੇਟੈਂ।
ਦੈ, ਦਰਸੈਂ ਹ੍ਵੈ ਖਰੇ ਸਹੇਟੈਂ[1] ॥ ੮੦ ॥

[1]ਦੁੱਧ ਦਹੀਂ, ਬਸਤ੍ਰ ਤੇ ਰੁਪਏ ਭੇਟਾ ਦੇ ਕੇ {ਸਹੇਟੈਂ} ਟਿਕਾਣੇ 'ਤੇ ਖੜ੍ਹੇ ਹੋ ਕੇ ਦਰਸ਼ਨ ਕਰਦੇ ਹਨ।

ਸਾਨੰਦ ਆਨੰਦ ਪੁਰਿ ਦਿਸ ਜਾਹੀਂ।
ਦੁੰਦਭਿ ਮਗ ਰਣਜੀਤ ਗਜਾਹੀਂ[1]।
ਸੁਨਿ ਸਿਖ ਲਹਿਂ ਮੁਦ, ਭੈ ਅਸਿੱਖ ਪਹਿਂ[1]।
ਬਾਤੈਂ ਜੰਗ ਭਂਗਾਣੀ ਕੀ ਕਹਿਂ ॥ ੮੧ ॥
ਦੀਨ ਦਜਾਲ ਦਰਦ ਦੁਖ ਦਾਰੀ[1]।
ਮਗਿ ਬਨ ਮ੍ਰਿਗਨਿ ਮੁਕਤਿ ਦਾਤਾਰੀ।
ਬਿਸਤੀਰਤ ਸਿੱਖੀ ਸ ਅਮੀਰਤ[1]।
ਕੀਰਤਿ ਪੁਰ ਕਰਤੇ ਪੁਰਿ ਕੀਰਤ ॥ ੮੨ ॥

[1]ਵਜਾਉਂਦੇ ਜਾਂਦੇ ਹਨ।
[1]ਗ਼ੈਰ ਸਿਖ ਭੈ ਪਾਉਂਦੇ ਭਾਵ ਭੈ ਖਾਂਦੇ ਹਨ।
[1]ਦੁੱਖਾਂ ਨੂੰ ਨਾਸ ਕਰਨ ਵਾਲੇ।
[1]{ਸ ਅਮੀਰਤ} ਸਰਦਾਰੀ ਸਹਿਤ ਸਿੱਖੀ (ਵਿਸਤੀਰਤ) ਫੈਲਾਉਂਦੇ ਹਨ।

ਗਏ[1], ਅਏ ਆਗੇ ਸਭਿ ਮਿਲੇ।
[1]{ਪੁਰ} ਪੂਰਨ ਪ੍ਰਮੇਸ਼ਰ ਦਾ ਕੀਰਤਨ ਕਰਦੇ ਕੀਰਤ ਪੁਰਿ ਗਏ।

ਗੁਰੁ ਰਵਿ ਹੇਰਿ ਕਵਲ ਸਿਖ ਖਿਲੇ।
ਰਾਇ ਗੁਲਾਬ ਸਜਾਮ ਸਸਿ ਆਏ।
ਨਾਤੀ[1] ਸੂਰਜ ਮੱਲ ਕੇ ਥਾਏ[2] ॥੮੩॥
[1]ਪੋਤ੍ਰੇ। [2]ਸਨ।

ਕੁਸਲ ਪ੍ਰਸ਼ਨ ਦਰਸ਼ਨ ਕਰਿ ਭਾਏ।
ਰਣ ਗਾਥਾ ਕਹਿ ਸੁਨਿ ਸੁਪਤਾਏ।
ਪੰਚਾਂਮ੍ਰਿਤ ਪ੍ਰਭਾਤ ਕਰੈ ਕੈ।
ਗੁਰੁ ਅਸਥਾਨ ਦਰਸਿ ਬਰਤੈ ਕੈ ॥੮੪॥

ਘਨ ਜਯੋਂ ਗਰਜਯੋ ਕੂਚ ਦਮਾਮਾ[1]।
[1]ਨਗਾਰਾ।

ਸਾਯੁਧ ਜੋਧਾ ਚਢੇ ਤਮਾਮਾ।
ਗਜ ਪਰਸਾਦੀ ਪਰ ਗੁਰੁ ਛਾਜੈਂ[1]।
[1]ਸਜ ਰਹੇ ਹਨ।

ਐਰਾਪਤਿ ਮਘਵਾ[1] ਪਿਖਿ ਲਾਜੈਂ ॥੮੫॥
[1]ਇੰਦ੍ਰ ਦਾ ਹਾਥੀ ਤੇ ਇੰਦ੍ਰ।

ਕੀਰਤਿ ਪੁਰਿ ਤੈ ਕੀਰਤਿ ਮਢੇ[1]।
[1]ਜਸ ਨਾਲ ਮੜ੍ਹੇ ਹੋਏ।

ਕਿਤਿਕ ਕੋਸ ਜਬ ਹੀ ਗੁਰੁ ਬਢੇ।
ਸੁਨਿ ਅਨੰਦ ਪੁਰਿ ਆਨੰਦ ਛਯੋ[1]।
[1]ਭਰ ਗਿਆ।

ਮੰਗਲ ਮਯ ਪੁਰਿ ਸਾਜ ਸਜਯੋ[1] ॥੮੬॥
[1]ਖ਼ੁਸ਼ੀ ਦੇ ਸਾਮਾਨ ਨਾਲ ਸ਼ਹਿਰ ਸਜਾਇਆ ਗਿਆ।

ਕਰੀ ਮਾਰਜਨ ਗਰੀ ਵਿਚਾਰੇ[1]।
[1]ਗਲੀਆਂ ਵਿੱਚ {ਮਾਰਜਨ} ਸਫ਼ਾਈ ਕੀਤੀ।

ਬਗਰ[1] ਬਜਾਰ ਅਗਾਰ[2] ਸੁਧਾਰੇ।
[1]ਵਿਹੜੇ। [2]ਘਰ।

ਅਤਰ ਗੁਲਾਬ ਆਬ[1] ਛਿਰਕਾਏ।
[1]ਪਾਣੀ।

ਅਗਰ ਧੂਪ ਜਹਿਂ ਤਹਿਂ ਮਹਿਕਾਏ ॥੮੭॥
ਤੋਰਨ ਬੰਦਨ ਵਾਰ ਪਤਾਕੇ[1]।
[1]{ਤੋਰਨ} ਸ਼ਹਿਰ ਦੇ ਬਾਹਰਲੇ ਦਰਵਾਜ਼ੇ ਅੱਗੇ (ਬੰਦਨ ਵਾਰ) ਫੁੱਲ ਪੱਤਿਆਂ ਦੀ ਮਾਲਾ ਤੇ (ਪਤਾਕੇ) ਝੰਡੀਆਂ (ਲਟਕਦੀਆਂ ਹਨ)।

ਚਿੱਤ੍ਰਤ ਦ੍ਵਾਰ ਬਚਿੱਤ੍ਰਤ ਬਾਂਕੇ[1]।
[1]ਤਰ੍ਹਾਂ ਤਰ੍ਹਾਂ ਦੇ ਸੁੰਦਰ ਦਰਵਾਜ਼ੇ ਚਿਤ੍ਰੇ ਹੋਏ ਹਨ।

ਗੁਰੁ ਦਰ ਨੌਬਤ ਬਜਤ ਸਧਾਨੇ[1]।
[1]ਖ਼ੁਸ਼ੀ ਦੇ ਵਾਜੇ।

ਜਹਿਂ ਤਹਿਂ ਕੌਤਿਕ ਹੋਤ ਸੁਹਾਨੇ ॥੮੮॥
ਮਾਤੁਲ ਅੱਗ੍ਰ ਸਸੈਨ ਸਿਧਾਏ।
ਪੁਰਿ ਜਨ ਲੈ ਭੇਟਾ ਸਮੁਹਾਏ[1]।
[1]ਸਾਹਮਣੇ ਆਏ।

ਦੇਖ ਦੂਰ ਤੈ ਧੂਰ ਭੂਰ ਨਭ[1]।
[1]ਦੂਰੋਂ ਅਕਾਸ਼ ਵਿੱਚ ਬਹੁਤੀ ਧੂੜ ਵੇਖ ਕੇ।

ਬਾਜਤ ਆਵਤ ਦੁੰਦਭਿ ਸੁਨਿ ਸਬਿ ॥ ੮੯ ॥
ਅੱਸ੍ਵ ਕੁਦਾਵਤ ਭਾਵਤ ਸੂਰੇ।
ਤੁਪਕ ਚਲਾਵਤ ਨਭ ਧੁਨਿ ਪੂਰੇ।
ਮਿਲੇ ਮਹਾਜਨ ਨਜ਼ਰ ਦਿਖਾਈ[1]।
[1]ਭੇਟਾ ਦਿਖਾਈ।
ਖੇਮ ਕੁਸਲ ਬੂਝਜੋ ਗੁਰੁਰਾਈ ॥ ੯੦ ॥
ਪੁਰ ਪਰਵੇਸ਼ੇ ਪੈਰ ਪਿਆਦੇ।
ਤਜਾਰ ਭਯੋ ਪੰਚਾਂਮ੍ਰਿਤ ਜ਼ਜਾਦੇ।
ਨੌਮ ਗੁਰੂ ਕੇ ਦੇਹੁਰੇ ਗਏ।
ਕਰਿ ਕੈ ਨਮੋ ਪ੍ਰਸ਼ਾਦ ਬਰਤਏ ॥ ੯੧ ॥
ਚਢਿ ਤੁਰੰਗ ਦਿਸ ਭੌਨ ਸਿਧਾਏ।
ਦਰਸ਼ਨ ਹਿਤ ਨਰ ਨਾਰਿ ਉਮਗਾਏ[1]।
[1]ਉੱਛਲ ਕੇ ਆਏ।
ਹਰਖੈਂ ਬਰਖੈਂ ਫੂਲ ਅਪਾਰੀ।
ਕਰਖੈਂ[1] ਪਰਖੈਂ ਮਨ ਗੁਰੁ ਭਾਰੀ ॥ ੯੨ ॥
[1]ਖਿੱਚਦੇ ਹਨ।
ਸੋਹਿਂ ਅਘਟਾਂ ਅਟਾਂ ਪੈ ਨਾਰੀ[1]।
[1]{ਅਟਾਂ} ਅਟਾਰੀਆਂ ਉੱਪਰ (ਅਘਟਾਂ) ਬਹੁਤੀਆਂ ਇਸਤ੍ਰੀਆਂ (ਐਉਂ) ਸੋਹ ਰਹੀਆਂ ਹਨ।
ਘਟਾਂ ਮੱਧ ਜਨੁ ਛਟਾਂ ਅਪਾਰੀ[1]।
[1]ਬਹੁਤੀਆਂ ਬਿਜਲੀਆਂ।
ਗੁਰੁ ਮੁਖ ਮੰਡਲ ਚੰਦ ਨਿਹਾਰੈਂ।
ਚਖ ਚਕੋਰ[1] ਇਕ ਟਕ ਨਰ ਨਾਰੈਂ ॥ ੯੩ ॥
[1]ਨੇਤ੍ਰਾਂ ਰੂਪ ਚਕੋਰਾਂ ਨਾਲ।
ਮੰਗਲ ਮਯ ਗਨ ਗੀਤ ਉਚਾਰੈਂ।
ਪਿਕ ਬੈਨੀ[1] ਮ੍ਰਿਗ ਨੈਨੀ ਚਾਰੈਂ[2]।
[1]ਕੋਇਲ ਵਰਗੇ ਬੋਲਾਂ ਵਾਲੀਆਂ। [2]ਸੁੰਦਰ।
ਦੌਰਿ ਦੌਰਿ ਥਿਰਿ ਪੌਰ ਪੌਰ ਪੈ।
ਪੇਖਿ ਗੁਰੈਂ ਲਹਿਂ ਮੋਦ ਗੌਰ[1] ਪੈ ॥ ੯੪ ॥
[1]ਬਹੁਤਾ ਅਨੰਦ।
ਲੰਕਾ ਜੀਤ ਰਾਮ ਜਿਮ ਆਏ।
ਚਰਚਾ ਚਲੀ ਗੁਰਹਿਂ ਤਿਸ ਭਾਏ।
ਇਮ ਸੁਖ ਸਦਨ ਸਦਨ ਨਿਜ ਗਏ।
ਬਦਨ ਕਦਨ ਅਰਿ[1] ਮਾਤ ਪਿਖਏ ॥ ੯੫ ॥
[1]ਵੈਰੀਆਂ ਨੂੰ ਕੱਟਣ ਵਾਲੇ ਗੁਰਾਂ ਦੇ ਮੁਖ ਨੂੰ।
ਉਭੈ ਮਾਤ ਕੋ ਬੰਦਨ ਕੀਓ।
ਬਿੱਤ ਅਮਿਤ ਵਾਰ ਉਨਿ ਦੀਓ।
ਮਾਥ ਸੁੰਘਿ ਆਸੀਸ ਅਲਾਈ।
ਥੀਯੋ ਸੁਪੱਤ੍ਰੇ ਜੀਓ ਸਦਾਈ ॥ ੯੬ ॥

ਬਢੈ ਪ੍ਰਤਾਪ ਸਕੀਰਤਿ ਭਾਰੀ।
ਦੋਹੀ ਫਿਰੈ ਸਿੰਧੁ ਲੌ ਥਾਰੀ।
ਪੁਨ ਸਹਿਲੈਂ[1] ਮਹਿਲੈਂ ਨਿਜ ਗਏ। [1]ਸੁਖਾਲੇ ਹੀ।
ਪਗ ਪੰਕਜ ਉਠਿ ਦੁਹਿਨਿ ਚੁਮਏ ॥ ੯੭ ॥
ਕੀਨ ਬੀਜਨਾ[1] ਪਲਂਘ ਬੈਠਾਰੇ। [1]ਪੱਖਾ।
ਸ਼ਸਤ੍ਰ ਬਸਤ੍ਰ ਗੁਰੂ ਉਤਾਰੇ।
ਕਰਿ ਇਸ਼ਨਾਨ ਪ੍ਰਸ਼ਾਦ ਛਕਯੋ ਪੁਨ।
ਜੰਗ ਪ੍ਰਸੰਗ ਉਮੰਗ ਕਹਯੋ ਗੁਨਿ ॥ ੯੮ ॥
ਅਚਰਜ ਹਰਖਤ ਭਈ ਸਮਾਣੀਂ[1]। [1]ਗੁਰਾਂ ਦੇ ਦੋਨੋ ਮਹਿਲ।
ਸਾਨੰਦ ਮਾਨੰਦ[1] ਬਿਨੈ ਬਖਾਣੀਂ। [1]ਸਤਿਕਾਰ ਨਾਲ।
ਪ੍ਰਭੁ ਜੀ ਪੂਰਬ ਪੁੰਨਜ ਹਮਾਰਾ।
ਭਯੋ ਜੁ ਥਯੋ ਸੰਜੋਗ ਤੁਮਾਰਾ ॥ ੯੯ ॥
ਬੀਰ ਧੀਰ ਸਾਹਿਬ ਕਰਮਾਤੀ।
ਜਗਤ ਪੂਜ ਸਸਿ ਦੂਜ ਬਖਜਾਤੀ।
ਰੂਪ ਅਨੂਪ ਭੂਪ ਸੁਠ ਅਤਿਸੋ।
ਬਦਨ ਰਦਨ ਛਬਿ ਰਾਂਕਾ ਪਤਿ ਸੋ[1] ॥ ੧੦੦ ॥ [1]ਮੁਖ ਤੇ ਦੰਦਾਂ ਦੀ ਸੋਭਾ ਪੁੰਨਿਆਂ ਦੇ ਚੰਦ ਵਰਗੀ ਹੈ।
ਬਾਂਛਤ ਸੁਖ ਦੇਵਤ ਬਿਬਿਧਾ[1] ਹੈਂ। [1]ਅਨੇਕ ਤਰ੍ਹਾਂ ਦੇ।
ਜੇ ਬਿਬੁਧਨਿ ਕੋ[1] ਦੁਲਭ ਸਦਾ ਹੈਂ। [1]ਦੇਵਤਿਆਂ ਨੂੰ।
ਹਾਸ ਬਿਲਾਸ ਕੀਨ ਮਨ ਚਾਹੇ।
ਸੁਪਤੇ ਨਿਸਾ ਬਿਤੀ ਛਿਨ ਮਾਹੇ ॥ ੧੦੧ ॥
ਸੌਚ ਇਸ਼ਨਾਨ ਭੋਰ ਬਡ ਕਰਿ ਕੈ।
ਥਿਰੇ ਧਜਾਨ ਬ੍ਰਹਮਾਤਮ ਧਰਿ ਕੇ।
ਸਭਾ ਸਦਨ ਇਤਰਾਗੀ ਆਏ।
ਆਸਾ ਵਾਰ ਊਚ ਸੁਰ ਲਾਏ ॥ ੧੦੨ ॥
ਸੱਚਵ[1] ਸੁਭਟ ਸਿੱਖ ਸੇਵਕ ਸਜਿ ਤਰ[2]। [1]ਵਜ਼ੀਰ। [2]ਬਹੁਤੇ।
ਮਾਤੁਲ ਲੌ ਤਹਿਂ ਆਇ ਥਿਰੇ ਵਰ।
ਸਤਿਗੁਰੁ ਸ਼ਸਤ੍ਰ ਬਸਤ੍ਰ ਸਜ ਕੈ।
ਦੁਰਜੋ ਜਿਨੈ ਪਿਖਿ ਮਨਸਿਜ[1] ਲਜ ਕੈ [1]ਕਾਮਦੇਵ।
॥ ੧੦੩ ॥
ਓਕ ਉਦਜਾਚਲ ਤੈ ਰਵਿ ਮੰਜ ਸੇ।

ਨਿਕਸੇ[1], ਬਿਕਸੇ ਸਿਖ ਪਿਖਿ ਕੰਜ ਸੇ[2]।

[1]ਘਰ ਰੂਪ ਉਦਿਆਚਲ ਪਹਾੜ ਤੋਂ ਉੱਜਲ ਸੂਰਜ ਵਾਂਗ ਨਿਕਲੇ। [2]ਕੰਵਲਾਂ ਵਰਗੇ।

ਝੂਲਤਿ ਕਲਗੀ ਜਿਗਾ ਸੁਰੰਗਾ।
ਜ੍ਵਲਤ ਤੇਜ ਕਿਰਨੈ ਸਰਬੰਗਾ[1] ॥ ੧੦੪ ॥

[1]ਸਾਰਿਆਂ ਅੰਗਾਂ ਦਾ ਤੇਜ ਕਿਰਨਾਂ ਵਾਂਗ ਚਮਕ ਰਿਹਾ ਹੈ।

ਥਿਰੇ ਸਿੰਘਾਸਨ ਬੀਰਾਸਨ ਕੈ।
ਸਿੱਖ ਰਾਸਿਨਿ ਬੰਦੇ ਖਾਸਨ ਕੈ[1]।
ਕਰ ਸਰ ਫੇਰਤ ਹੇਰਤਿ ਬੀਰਨਿ।
ਪੇਖਿ ਸਭਾਰਹਿ ਇੰਦ੍ਰਹਿ ਧੀਰ ਨ ॥ ੧੦੫ ॥

[1]ਸਮੂੰਹ ਸਿੱਖਾਂ ਤੇ ਖ਼ਾਸ ਲੋਕਾਂ ਨੇ (ਬੰਦੇ) ਨਮਸਕਾਰ ਕੀਤੀ।

ਕਰੇ ਨਿਹਾਲ ਨਿਹਾਲ[1] ਦਾਸ ਗਨ।

[1]ਦੇਖ ਕੇ।

ਭਰੀ ਤਥਾ ਜਿਂਹ ਜਥਾ ਇਛਿ ਮਨਿ[1]।

[1]ਜਿਸ ਨੇ (ਜਥਾ) ਜਿਸ ਤਰ੍ਹਾਂ ਦੀ ਮਨ ਵਿੱਚ ਇੱਛਾ ਕੀਤੀ (ਗੁਰਾਂ ਨੇ) {ਤਥਾ} ਉਸੇ ਤਰ੍ਹਾਂ {ਭਰੀ} ਪੂਰੀ ਕਰ ਦਿੱਤੀ।

ਸੁਨਿ ਆਗਵਨ ਸੁਜਸ ਗੁਰੁ ਕੇਰੈਂ।
ਦੇਸ ਬਿਦੇਸੋਂ ਸਿੱਖ ਬਧੇਰੈਂ ॥ ੧੦੬ ॥
ਆਵਤ ਸੰਗ ਮਸੰਦ ਬੁਲੰਦੈਂ।
ਪਰਸੈਂ ਪਗ ਦਰਸੈਂ ਸੁਖ ਕੰਦੈਂ।
ਜ਼ੇਵਰ ਆਯੁਧ ਅਸ੍ਵ ਉਦਾਰੈਂ।
ਪਸ਼ਮੰਬਰ ਪਾਟੰਬਰ ਭਾਰੈਂ ॥ ੧੦੭ ॥
ਪਾਇਨ ਪਾਸ ਉਪਾਇਨ ਧਰ ਪੈ।
ਦਸਵੰਧ ਨਕਦ ਅਗਾਰਿ ਸਮਰਪੈਂ[1]।

[1]ਅੱਗੇ ਭੇਟਾ ਕਰਦੇ ਹਨ।

ਕਰੈਂ ਮੇਵਰੇ ਖਰ੍ਹੇ ਅਰਦਾਸੈਂ।
ਗੁਰੁ ਪੂਰਤ ਸਿੱਖਨ ਕੀ ਆਸੈਂ ॥ ੧੦੮ ॥
ਬੇਸ਼ੁਮਾਰ ਸੰਗਤ ਨਿਤ ਐਹੈ।
ਅਨਿਕ ਅਕੋਰ ਅੰਬਾਰ ਲਗੈ ਹੈ।
ਚਰਨ ਸਪ੍ਰਸਨ ਵਾਰਿ ਨ ਆਵੈ।
ਕੋ ਢਿਗ ਕੋ ਦੂਰਹੁ ਂ ਦਰਸਾਵੈ ॥ ੧੦੯ ॥
ਰਹੇ ਭੀਰ ਗੁਰੁ ਤੀਰ ਹਮੇਸ਼ੈਂ।
ਲੰਗਰ ਚਲੈ ਅਭੰਗ ਬਿਸ਼ੇਸ਼ੈਂ।
ਤਰਨ ਅਵਸਥਾ ਬਰਨ ਸੁਵਰਨੈ[1]।

[1]ਜੁਆਨ ਉਮਰ ਤੇਰੰਗ ਸੋਨੇ ਵਰਗਾ ਹੈ।

ਭੂਸ਼ਤ ਆਯੁਧ ਚੈਲ ਆਭਰਨੈ[1] ॥ ੧੧੦ ॥

[1]ਸ਼ਸਤ੍ਰਾਂ ਬਸਤ੍ਰਾਂ ਤੇ ਗਹਿਣਿਆਂ ਨਾਲ ਸਜੇ ਹੋਏ ਹਨ।

ਝੂਲਤ ਕਲਗੀ ਜਿਗਾ ਜਰਾਊ।
ਸੋਹਿਤ ਮੋਹਿਤ ਮਨ ਸਬਿ ਕਾਊ।

ਭਾਲ[1] ਮਯੰਕ[2] ਕਲੰਕ ਬਿਹੀਨੋ।
ਭ੍ਰਿਕੁਟੀ ਮਦਨ ਧਨੁਖ ਮਦ ਭੀਨੋ[1] ॥ ੧੧੧ ॥
ਲੋਚਨ ਕਮਲ ਤਾਪ ਤ੍ਰੈ ਮੋਚਨ।
ਪੋਚ ਸੰਕੋਚਨ ਸੋਚ ਬਿਮੋਚਨ[1]।

ਕਰੀ ਕਰਭ ਕਰ ਸੇ ਭੁਜ ਦੰਡੇ[1]।
ਜਾਨੁ ਪ੍ਰਮਾਨੁ ਅਖੰਡ ਪ੍ਰਚੰਡੇ[1] ॥ ੧੧੨ ॥
ਗੌਰ ਬਰਨ ਮੁਖ ਅਧਰ ਅਰਨ ਅਤਿ[1]।
ਬਿੱਦ੍ਰਮ ਬਿੰਬ ਬਧੂਪ ਕਹੈਂ ਕਤ[1]।

ਗੋਲ ਕਪੋਲ ਅਮੋਲ ਚਿਬੁਕ ਸੁਠ[1]।
ਮਸ ਭੀਜਤ ਪ੍ਰਸੀਜ ਮਨੋਂ ਪੁਠ[1] ॥ ੧੧੩ ॥

ਬਿਧਿ ਸੋਂ ਬਿਧਿ ਬਿਧੁ ਕੋ ਛਿਲ ਕੈ ਜਨੁ।
ਦਈ ਸਜਾਮ ਰੇਖਾ ਊਪਰ ਤਨ[1]।

ਕਿਤ ਰਸਰਾਜ ਸਾਂਤਿਰਸ ਪੈ ਥਿਰਿ[1]।
ਕਿਤ ਰਾਂਕੇਸ਼ ਗਿਲਜੋ ਤਮ ਕੋ ਘਿਰਿ[1] ॥ ੧੧੪ ॥

ਕਿਧੋ ਬੇਦ ਕਰਤਾ ਕੋ ਮੁਖ ਲਖਿ।
ਓਅੰਕਾਰ ਧੁਨਿ ਲਿਖੀ ਬਿਧੀ ਦਖ[1]।

ਗਹਿ ਉਪਦੇਸ਼ ਜਾਂਹਿ ਮੁਖ ਤੈ ਹੈ।
ਕੋਟਨ ਕੋਟ ਜੀਵ ਉਧਰੈ ਹੈਂ ॥ ੧੧੫ ॥
ਉਪਮਾ ਕੌਨ ਸਕੈ ਕਹਿ ਤਾਂ ਕੀ।
ਜਹਿਂ ਮਤਿ ਸੇਸ ਸਾਰਦਾ ਥਾਕੀ।
ਸਿਖ ਚਕੋਰ ਇਕ ਟਕ ਨ੍ਰਿਖਾਹੀਂ[1]।
ਨਾਹਿਂ ਬਿਛੋਰਾ ਚਾਹਿਂ ਕਦਾਹੀਂ ॥ ੧੧੬ ॥
ਨਰ ਨਾਰੀ ਬਿਰਮੇ ਰਹਿਂ ਤਰ ਹੈਂ।
ਦ੍ਰਿਗ ਅਲਿ ਮਾਲ ਕੰਜ ਮੁਖ ਪਰ ਹੈਂ[1]।

ਕੁੰਡਲ ਕਰਨ ਕ੍ਰਾਂਤਿ ਦਿਪਤੈ ਹੈਂ[1]।

[1]ਮੱਥਾ। [2]ਚੰਦ।

[1]ਕ੍ਰੁਵੱਟੇ ਕਾਮ ਦੇ ਧਨੁਖ ਵਾਂਗ ਮਸਤੀ 'ਚ ਭਿੱਜੇ ਹੋਏ ਹਨ।

[1]ਨੀਚਾਂ ਨੂੰ ਸੰਕੋਚਨ ਭਾਵ ਨਾਸ ਕਰਨ ਵਾਲੇ ਅਤੇ ਸੋਚਾਂ ਨੂੰ ਕੱਟਣ ਵਾਲੇ ਹਨ।

[1]ਬਾਹਾਂ ਹਾਥੀ ਦੇ ਬੱਚੇ ਦੀ ਸੁੰਡ ਵਰਗੀਆਂ ਹਨ।

[1]{ਜਾਨ} ਗੋਡਿਆਂ ਤੱਕ ਲੰਮੀਆਂ ਮਜ਼ਬੂਤ ਤੇ ਤਿੱਖੀਆਂ ਹਨ।

[1]ਬੁੱਲ੍ਹ ਬਹੁਤੇ ਲਾਲ ਹਨ।

[1](ਬਿੱਦ੍ਰਮ) ਮੂੰਗਾਂ {ਬਿੰਬ}ਰਕਤ ਫਲ (ਕੁੰਦਰ ਫਲ) (ਬਧੂਪ) ਗੁਲ ਦੁਪਹਿਰੀਆ (ਵਰਗੇ) ਕਿਸ ਤਰ੍ਹਾਂ ਕਹੀਏ।

[1]ਸੁੰਦਰ ਠੋਡੀ।

[1]ਦਾੜ੍ਹਾ ਤੇ ਮੁੱਛਾਂ ਐਉਂ ਫੁਟਦੀਆਂ ਹਨ ਜਾਣੋ ਪ੍ਰਸੰਨਤਾ ਦੀ ਪਾਹ ਚੜ੍ਹ ਰਹੀ ਹੈ।

[1]ਜਾਣੋ ਬ੍ਰਹਮਾ ਨੇ ਬਿਧੀ ਨਾਲ (ਬਿਧੁ) ਚੰਦ੍ਰਮਾ ਨੂੰ ਛਿੱਲ ਕੇ ਸ਼ਰੀਰ ਦੇ ਉੱਪਰ ਕਾਲੀ ਲਕੀਰ ਬਣਾ ਦਿੱਤੀ ਹੈ।

[1]ਜਾਂ ਸਾਂਤਰਸ ਦੇ ਉੱਪਰਰਾਜਰਸ ਬੈਠਾ ਹੈ।

[1]ਜਾਂ ਪੁੰਨਿਆ ਦੇ ਚੰਦ ਨੇ ਅਨ੍ਹੇਰੇ ਨੂੰ ਘੇਰਾ ਪਾ ਕੇ ਨਿਗਲ ਲਿਆ ਹੈ।

[1]ਜਾਂ {ਬੇਦ-ਕਰਤਾ} ਈਸ਼੍ਵਰ ਦਾ ਮੁਖ ਜਾਣ ਕੇ ਚੰਗੀ ਬਿਧੀ ਨਾਲ ਓਅੰਕਾਰ ਦੀ (ਧੁਨਿ) ਸ਼ਕਲ ਲਿਖੀ ਹੈ।

[1]ਦੇਖਦੇ ਹਨ।

[1]ਮੁਖ ਰੂਪ ਕੰਵਲ ਉੱਪਰ ਇਸਤ੍ਰੀਆਂ ਪੁਰਸ਼ਾਂ ਦੇ ਨੇਤ੍ਰਾਂ ਰੂਪ ਭੌਰਿਆਂ ਦੀਆਂ ਡਾਰਾਂ ਪਰਚੀਆਂ ਰਹਿੰਦੀਆਂ ਹਨ।

[1]ਸੋਭਾ ਚਮਕ ਰਹੀ ਹੈ।

ਜਨੁ ਜੁਗ ਰਵਿ ਸਸਿ ਪਰ ਲਮਕੈ ਹੈਂ[1] ॥ ੧੧੭ ॥
[1]ਜਾਣੋ ਦੋ ਸੂਰਜ ਚੰਦ ਤੇ ਲਮਕ ਰਹੇ ਹਨ।

ਗਰਿ ਗਜ ਮੁਕਤਾ[1] ਮਾਲ ਸੁਹਾਈ।
[1]ਗਲ ਵਿੱਚ ਹਾਥੀਆਂ ਦੇ ਮੋਤੀਆਂ ਦੀ।

ਕੰਠਾ ਕੰਠਿ ਜਟਿਤ ਮਨਿ ਬਾਈ[1]।
[1]ਜਿਸ ਵਿੱਚ ਬਾਈ (੨੨) ਮਣੀਆਂ ਜੜ੍ਹੀਆਂ ਹੋਈਆਂ ਹਨ।

ਹੀਰ ਚਕੋਨ ਚੀਰ ਭਾਵੱਟੇ।
ਜਟੇ ਰਤਨ ਨਵ ਗ੍ਰਹਿ ਜਨੁ ਠੱਟੇ[1] ॥ ੧੧੮ ॥
[1]{ਭਾਵੱਟੇ} ਬਹੁਟਿਆਂ (ਬਾਜ਼ੂ ਬੰਦਾਂ) ਵਿੱਚ ਚੌਕੋਨੇ ਹੀਰੇ ਤੇਰਤਨ ਜੜ੍ਹੇ ਹੋਏ ਹਨ ਜਾਣੋ ਨੌ ਗ੍ਰਹ ਹੀ (ਠੱਟੇ) ਫਬ ਰਹੇ ਹਨ।

ਬਿਕਸੇ ਰਾਜਿਵ ਨੈਨ ਹਸੌਹੈਂ[1]।
[1]ਨੇਤ੍ਰ ਖਿੜੇ ਹੋਏ ਕੰਵਲਾਂ ਵਾਂਗ ਹੱਸਦੇ ਹਨ।

ਸੋਹੈਂ ਡੋਰੇ ਵੀਚ ਲਲੌਹੈਂ[1]।
[1](ਨੇਤ੍ਰਾਂ) ਵਿੱਚ (ਲਲੌਹੈਂ) ਸੁੰਦਰ ਡੋਰੇ ਸੋਂਹਦੇ ਹਨ {ਡੋਰਾ=ਅੱਖ ਦੀ ਲਾਲ ਧਾਰੀ।}

ਚਿਤਵਤ ਚਪਲ ਚਤੁਰ ਚਿਤਿ ਚੋਰੈਂ[1]।
[1]ਚੰਚਲਤਾ ਨਾਲ ਦੇਖਣਾ ਚਤੁਰਾਂ ਦੇ ਚਿੱਤ ਨੂੰ ਚੁਰਾਉਂਦਾ ਹੈ।

ਝਖ ਮ੍ਰਿਗ ਖੰਜਨ ਕੇ ਗੁਨ ਬੋਰੈਂ[1] ॥ ੧੧੯ ॥
[1](ਨੇਤ੍ਰ) ਮੱਛੀ, ਹਰਨ ਤੇ ਮਮੋਲੇ ਦੇ (ਨੇਤ੍ਰਾਂ ਦੇ) ਗੁਣਾਂ ਨੂੰ ਡੋਬਦੇ ਹਨ।

ਕੋਏ ਅਨੀ ਕਟਾਰਿਨ ਪੈਨੀ[1]।
[1]ਕਟਾਰਾਂ ਦੀਆਂ (ਪੈਨੀ) ਤਿੱਖੀਆਂ (ਅਣੀ) ਨੋਕਾਂ ਵਰਗੇ ਕੋਏ ਹਨ।

ਬਰਨੀ ਹਰਨੀ ਮਦ ਮਦ ਨੈਨੀ[1]।
[1]{ਮਦ ਨੈਨੀ} ਮਸਤ ਨੇਤ੍ਰਾਂ ਵਾਲੀ ਇਸਤ੍ਰੀ ਦੇ (ਮਦ) ਹੰਕਾਰ ਨੂੰ (ਹਰਨੀ) ਮੇਟਣ ਵਾਲੀਆਂ {ਬਰਨੀ} ਪਲਕਾਂ ਹਨ।

ਉੱਨਤ ਕੰਧਨਿ ਸਿਪਰ ਸਜੀਲੀ[1]।
[1]ਉੱਚਿਆਂ ਮੋਢਿਆਂ 'ਤੇ ਢਾਲ ਸਜ ਰਹੀ ਹੈ।

ਸਜੀ ਪੁਸ਼ਾਕ ਸੁਮਿਲ ਚਟਕੀਲੀ[1] ॥ ੧੨੦ ॥
[1]ਮਿਲਵੀਂ ਤੇ ਚਮਕਦਾਰ।

ਜਥਾ ਕਾਮਨਾ ਧਰਿ ਨਰ ਐਹੈਂ।
ਗੁਰੁ ਸ੍ਰਬੱਗਜ ਤਥਾ ਪੁਰਵੈ ਹੈਂ।
ਸੁਰਤਰੁ[1] ਲਖੈਂ ਕਾਮਨਾ ਵਾਰੈਂ।
[1]ਕਲਪ ਬ੍ਰਿਛ।

ਸਤੂ ਸਭਿ ਨਿਜ ਕਾਲ ਨਿਹਾਰੈਂ ॥ ੧੨੧ ॥
ਗਜਾਨੀ ਪ੍ਰਮਾਤਮ ਦਰਸੈ ਹੈਂ।
ਭਗਤ ਰਮੇਸ਼[1] ਪ੍ਰਮੇਸ਼ ਲਖੈ ਹੈਂ।
[1]ਵਿਸ਼ਨੂੰ ਰੂਪ।

ਤੀਆ ਰਤੇਸ਼[1] ਜੀਆ ਅਨੁਮਾਨੈ।
[1]ਕਾਮ ਦੇਵ।

ਪ੍ਰਬਲ ਸੁਭਟ ਭਟ ਬਿਕਟ ਪਛਾਨੈਂ[1] ॥ ੧੨੨ ॥
[1]ਬਲੀ, ਜੋਧੇ (ਬਿਕਟ) ਭਿਆਨਕ ਸੂਰਮਾ ਸਮਝਦੇ ਹਨ।

ਪਾਲਕ ਬਿਬਿਧਾ ਪ੍ਰਜਾ ਭੂਪ ਲਹਿਂ[1]।
[1]ਪਰਜਾ (ਬਿਬਿਧਾ) ਅਨੇਕ ਤਰ੍ਹਾਂ ਦੀ ਪਾਲਣਾ ਕਰਨ ਵਾਲਾਰਾਜਾ ਸਮਝਦੀ ਹੈ।

ਜੋਗੀਸ਼੍ਵਰ ਰਿਖਿਰਾਜ ਖੂਪ ਕਹਿਂ[1]।
[1]ਵੱਡੇ ਜੋਗੀ ਚੰਗਾਰਾਜ ਰਿਖੀ ਕਹਿੰਦੇ ਹਨ।

ਸ੍ਰੀ ਨਾਨਕ ਦਸਮਾ ਬਪੁ ਧਾਰਾ।
ਗੁਰੁ ਸਿਖ ਲਖੈਂ ਦਾਇ ਨਿਸਤਾਰਾ ॥ ੧੨੩ ॥

ਜਾਚਕ ਦਾਸ ਧਨੇਸ਼[1] ਲਖੈ ਹੈਂ। [1]ਕੁਬੇਰ (ਦੇਵਤਿਆਂ ਦਾ ਖ਼ਜ਼ਾਨਚੀ)।
ਅਨਿਕ ਰੂਪ ਅਨਿਕਨਿ ਦਰਸੈ ਹੈਂ।
ਇਕ ਤਨ ਮੈਂ ਸਬੰਧਿ ਜਿਮ ਨਾਨ੍ਹਾ[1]। [1]ਜਿਵੇਂ ਅਨੇਕਾਂ ਰਿਸ਼ਤੇ ਹਨ।
ਸੁਤ ਪਤਿ ਪਿਤਾ ਪਿਤਾਮਾ[1] ਨਾਨਾ ॥੧੨੪॥ [1]ਦਾਦਾ।
ਨਿਜ ਕਲਪਨ ਅਨੁਹਾਰ[1] ਅਪਾਰੈਂ। [1]ਆਪਣੀਆਂ ਕਲਪਣਾ ਅਨੁਸਾਰ।
ਲਹਿੰ ਫਲ ਤਥਾ ਜਥਾ ਮਨ ਧਾਰੈਂ।
ਕਰਣ ਆਚਰਣ[1] ਗੁਰੂ ਨਿਤ ਐਸੇ। [1]ਕੌਤਕ।
ਸਵਾ ਪਹਿਰ ਨਿਸਰਹਿ ਉਠਿ ਬੈਸੇ ॥੧੨੫॥
ਸੌਚ ਇਸ਼ਨਾਨ ਠਾਨ ਥਿਰਿ ਆਸਨ।
ਪਦਮਾਸਨ ਕਰਿ ਸ੍ਵਾਸਨ ਵਾਸਨ।
ਰੋਕ, ਨਿਜਾਨੰਦ ਮੈਂ ਬ੍ਰਿਤਿ ਲਾਵੈਂ।
ਪ੍ਰਮਾਨੰਦ ਬੁਲੰਦ ਲਹਾਵੈਂ[1] ॥੧੨੬॥ [1]ਬਹੁਤ ਵੱਡਾ ਅਨੰਦ ਲੈਂਦੇ ਹਨ।
ਫਰਸ਼ ਫਰਾਸ਼ ਆਇ ਇਤ ਕਰੈਂ।
ਰਾਗੀ ਆਸਾ ਵਾਰ ਉਚਰੈਂ।
ਸਾਧੂ ਸਿੱਖ ਸਿੱਖਨੀ ਪ੍ਰੇਮੀ।
ਆਇ ਸੁਨੈਂ ਬਹੁ ਤਹਾਂ ਸਨੇਮੀ ॥੧੨੭॥
ਸੁਭਟ ਸਚਵ[1] ਸੇਵਕ ਸਜ ਵਜ ਕੈ। [1]ਵਜ਼ੀਰ।
ਐਹੈਂ ਗਜ਼ਲ ਵਜੇ[1] ਘਰ ਤਜ ਕੈ। [1](ਗ਼ਜ਼ਲ) ਘੰਟੇ ਦੇ (ਵਜੇ) ਵਜਦਿਆਂ ਹੀ।
ਭੱਟ ਨਕੀਬ ਆਇ ਗੁਰੁਦ੍ਵਾਰੈ।
ਰਟੈਂ ਸੁਜਸ ਜਬਿ ਪੁਨ ਭੁਨਸਾਰੈ[1] ॥੧੨੮॥ [1]ਸਵੇਰੇ।
ਬਸਤ੍ਰ ਸ਼ਸਤ੍ਰ ਜ਼ੇਵਰ ਸਬੈ।
ਸਜਿ ਗੁਰੁ ਛਕਿ ਸਰਦਾਈ ਤਬੈ।
ਨਿਕਸੈਂ ਮੰਦਰ ਅੰਦਰ ਤੈ ਇਮ।
ਉਦੈ ਉਦਜਾਚਲ ਤੈ ਦਿਨਕਰ ਜਿਮ[1] ॥੧੨੯॥ [1]ਜਿਵੇਂ ਉਦਿਆਚਲ ਪਹਾੜ ਤੋਂ ਸੂਰਜ ਨਿਕਲਦਾ ਹੈ।
ਮੁਖ ਪੰਕਜ ਸਿੱਖਨ ਪਿਖਿ ਬਿਕਸੈਂ।
ਚਹੈਂ ਦਰਸ ਆਗੇ ਇਕ ਇਕ ਸੈਂ।
ਛਰੀਦਾਰ ਭੱਟ ਅੱਗ੍ਰ ਨਕੀਵਾ।
ਚਲਤ ਸੁਜਸ ਰਟਤੇ ਸੁਖ ਸੀਵਾ[1] ॥੧੩੦॥ [1]ਸੁੱਖਾਂ ਦੀ ਹੱਦ (ਗੁਰਾਂ ਦਾ)।
ਸਭਾ ਸਦਨ ਅਰਿ ਕਦਨ ਜੁ ਐਹੈਂ[1]। [1]ਵੈਰੀਆਂ ਨੂੰ ਕੱਟਣ ਵਾਲੇ ਜਦੋਂ ਆਉਂਦੇ ਹਨ।
ਖਰੇ ਹੋਇ ਸਬਿ ਕਰੈਂ ਜੁਰੈ ਹੈਂ[1]। [1]ਹੱਥ ਜੋੜਦੇ ਹਨ।

ਗੁਰੁ ਗਾਦੀ ਕੋ ਕਰਿ ਗੁਰੁ ਨਮੋ।
ਬੈਠੇ ਜਬਿ ਤਾਂ ਪਰ ਤਿਹ ਸਮੋਂ ॥ ੧੩੧ ॥
ਹਾਥ ਜੋਰਿ ਮਾਥੇ ਧਰ ਧਰਿ ਕੈ[1]। [1]ਧਰਤੀ 'ਤੇ ਮੱਥਾਰੱਖ ਕੇ।
ਬੰਦੈਂ ਸਬਿ ਜਨ ਐਸ ਉਚਰ ਕੈ।
ਮਹਾਰਾਜ ਟੇਕਤ ਹੈਂ ਮਾਥਾ।
ਦੇਹੁ ਸੁਮਤਿ ਸਦ-ਗਤਿ[1] ਜਗ ਨਾਥਾ ॥ ੧੩੨ ॥ [1]ਸ੍ਰੇਸ਼ਟ ਮੁਕਤੀ।
ਦਯਾ ਦ੍ਰਿਸ਼ਟਿ ਸੈਂ ਗੁਰੁ ਅਵਲੋਕੈਂ।
ਸਬਿ ਕੀ ਮਨੋ ਕਾਮਨਾ ਪੋਖੈਂ[1]। [1]ਪੂਰੀਆਂ ਕਰਦੇ ਹਨ।
ਸਿੱਖ ਅਕੋਰ ਅਨਿਕਧਾ ਅਰਪੈਂ।
ਅਰਦਾਸੈਂ ਹ੍ਵੈਂ ਗੁਰ ਤੈ ਬਰ ਪੈਂ[1] ॥ ੧੩੩ ॥ [1]ਵਰ ਪਾਉਂਦੇ ਹਨ।
ਰਾਗ ਰਾਗਨੀ ਰਾਗੀ ਗਾਵੈਂ।
ਆਸਾ ਵਾਰ ਭੋਗ ਪੁਨ ਪਾਵੈਂ।
ਤਬੈ ਤਿਹਾਵਲ ਬਰਤੈ ਸਬਿ ਕੋ।
ਗੁਰ ਹਿਤ ਅੱਸ੍ਵ ਆਇ ਤਹਿਂ ਤਬਿ ਕੋ ॥ ੧੩੪ ॥
ਹ੍ਵੈ ਅਸਵਾਰੈ ਹੇਤ ਸ਼ਿਕਾਰੈਂ।
ਬਜੈਂ ਨਕਾਰੈਂ[1] ਬਨਹਿਂ[2] ਸਿਧਾਰੈਂ। [1]ਨਗਾਰੇ। [2]ਜੰਗਲ ਵੱਲ।
ਚਢਿ ਬਹੁ ਸੁਭਟ ਪਿਛਾਰੀ ਚਾਲੈਂ।
ਜੁਰਰੇ[1] ਬਾਜ਼ ਸ੍ਵਾਨ ਲੈ ਨਾਲੈਂ ॥ ੧੩੫ ॥ [1]ਸ਼ਿਕਾਰੀ ਪੰਛੀ।
ਨਿਜ ਨਿਜ ਠੌਰ ਸਭਾਸਦ[1] ਜਾਵੈਂ। [1]ਦਰਬਾਰੀ।
ਕੁਛ ਚਿਰ ਪੀਛੇ ਫਿਰਿ ਫਿਰਿ ਆਵੈਂ।
ਕੇਤਿਕ ਵਹੀ ਕਿਤਿਕ ਜਨ ਔਰੈਂ।
ਲਗੈ ਦਿਵਾਨ ਆਨਿ ਫਿਰ ਗੋਰੈਂ[1] ॥ ੧੩੬ ॥ [1]ਭਾਰੀ।
ਪੰਡਿਤ ਕਬੀ, ਕਬੀ ਸਿਖ ਕੋਈ।
ਜਥਾ ਸ੍ਰੋਤਨ ਕੀ ਰੁਚਿ ਹੋਈ।
ਕਥਾ ਹੋਇ ਪੁਨ ਤਥਾ ਹਮੇਸ਼ੈਂ।
ਨਵ ਗੁਰੂਅਨ ਕੇ ਚਰਿਤ ਬਿਸ਼ੇਸ਼ੈਂ ॥ ੧੩੭ ॥
ਕਰਿ ਅਖੇਰ ਤਬਿ ਲੌ ਗੁਰੁ ਆਵੈਂ।
ਲੰਗਰ ਇਤ ਤਜਾਰ ਹ੍ਵੈ ਜਾਵੈ।
ਭੋਗ ਲਗੈ ਗੁਰੁ ਗ੍ਰੰਥੈਂ ਪੁਨੈ।
ਨੌਬਤ ਬਜੈ ਬਡੀ ਸਬਿ ਸੁਨੈਂ ॥ ੧੩੮ ॥

ਅੰਤਰੀਵ ਗੁਰੁ ਕੀ ਹ੍ਵੈ ਪੰਕਤਿ[1]। [1]ਪੰਗਤ।
ਸਚਵ ਮਸੰਦ ਮੁੱਖ ਸਿਖ ਅੰਕਤ[1]। [1]ਬੈਠਦੇ ਹਨ।
ਭੋਜਨ ਬਿਬਿਧਾ ਥਾਲ ਲਗੈਂ ਹੈਂ।
ਗੁਰੁ ਯੁਤ ਸਬਿ ਤਹਿਂ ਬੈਠਿ ਛਕੈ ਹੈਂ ॥ ੧੩੯ ॥
ਗੁਰੁ ਕਾ ਸੀਤ[1] ਸਿੱਖ ਬਹੁ ਲੈਹੈਂ। [1]ਗੁਰਾਂ ਵੱਲੋਂ ਪ੍ਰਵਾਨ ਹੋਇਆ ਪ੍ਰਸ਼ਾਦ।
ਸੁਧਿ ਬੁਧਿ ਜੋ ਛਕਿ ਤਿਹਿ ਥੈਹੈਂ[1]। [1]ਜੋ ਤਿਸ ਨੂੰ ਛਕ ਕੇ ਸ਼ੁੱਧ ਬੁੱਧੀ ਵਾਲੇ ਹੋ ਜਾਂਦੇ ਹਨ।
ਮਹਿਲੋਂ ਮਾਂਹਿ ਥਾਲ ਲਗਿ ਜਾਵੈਂ।
ਪੁਨਾ ਲਾਂਗਰੀ ਬਹੁ ਬਰਤਾਵੈਂ ॥ ੧੪੦ ॥
ਸਬਿ ਕੋ ਬਾਂਛਤ ਭੋਜਨ ਮਿਲੈ।
ਬਰਤੈ ਸਾਂਝ ਲਗੈ ਜਨ ਗਿਲੈਂ[1]। [1]ਲੋਕ ਛਕਦੇ ਹਨ।
ਸਾਧੂ ਸਿੱਖ ਗਰੀਬ ਹਜ਼ਾਰੈਂ।
ਖਾਲੀ ਰਹਿ ਨ ਕੋਈ ਗੁਰੁਦ੍ਵਾਰੈਂ ॥ ੧੪੧ ॥
ਛਕਿ ਪ੍ਰਸ਼ਾਦ ਸੁਖ ਆਸਨ ਹੋਵੈਂ।
ਢਰੇ ਦਿਵਸ ਪੁਨ ਉਠੈਂ ਅਲੋਵੈਂ[1]। [1]ਢਲਿਆ ਦਿਨ ਦੇਖ ਕੇ ਉਠਦੇ ਹਨ।
ਛਕਿ ਅਫੀਮ ਸੁੱਖਾ ਸਰਦਾਈ।
ਚਢਿ ਤੁਰੰਗ ਗੁਰੁ ਸਹਿ ਸਮੁਦਾਈ ॥ ੧੪੨ ॥
ਤਟ[1] ਸਤਲੁਜ ਉਪਬਨ[2] ਮੈਂ ਜਾਵੈਂ। [1]ਕਿਨਾਰੇ। [2]ਬਾਗ਼।
ਸੌਚ ਕ੍ਰਿਯਾ ਕਰਿ ਤਰੈਂ ਦ੍ਰੁਯਾਵੈਂ।
ਹਾਸ ਬਿਲਾਸ ਅਨਿਕਧਾ ਕਰਿ ਕੈ।
ਆਯੁਧ ਪਾਕ[1] ਪੁਸ਼ਾਕ ਸੁਧਰ ਕੈ[2] ॥ ੧੪੩ ॥ [1]ਪਵਿੱਤ੍ਰ। [2]ਪਾ ਕੇ।
ਆਇ ਸਭਾ ਮੈਂ ਪੁਨਾ ਬਿਰਾਜੈਂ।
ਸਿੱਖਨ ਕੋ ਸੁਖ ਦੈਂਹ ਦਰਾਜੈਂ[1]। [1]ਬਹੁਤਾ ਦੁਖ ਦੇਂਦੇ ਹਨ।
ਆਏ ਹੋਂਹਿ ਜੁ ਗੁਨੀ ਬਿਦੇਸੀ।
ਸੁਨਿ ਗੁਨਿ ਮਾਨ ਦਾਨ ਦੈਵੇਸੀ[1] ॥ ੧੪੪ ॥ [1]ਦਿੰਦੇ ਸਨ।
ਧਰਮ ਜੁੱਧ ਜਿਨ ਪੂਰਬ ਕੀਨੇ।
ਸੁਨੈ ਢਾਢੀਅਨ ਤੈ ਮੁਦ ਭੀਨੇ।
ਕਰੈਂ ਬਿਦਾ ਤਿਨ ਅਨਗਨ ਧਨ ਦੈ।
ਜੁੱਧ ਕਰਨ ਚਾਹੈਂ ਤਨ ਮਨ ਦੈ ॥ ੧੪੫ ॥
ਸੰਗ ਮਸੰਦਨ ਸੰਗਤ ਜੋਈ।
ਦੇਸ ਬਿਦੇਸੋਂ ਆਈ ਹੋਈ।

ਕਾਰ ਭੇਟ ਨਿਜ, ਤਿਨ ਤੈ ਲੇਵੈਂ।
ਸਿਰੇਪਾਉ ਮਾਸੰਦਨ ਦੇਵੈਂ ॥ ੧੪੬ ॥
ਸੁਨਿ ਰਹਿਰਾਸ ਅਰਦਾਸ ਪੁਨੈ ਹੀਂ।
ਸਿਖ ਸੁਭਟਨ ਕੀ ਅਰਜ਼ ਸੁਨੈਹੀਂ।
ਦੈਂਹ ਜਥੋਚਿਤ ਫਲ ਸਬਿ ਤਾਂਈਂ।
ਕਰੈਂ ਨ ਕਾਂਹਿ ਲਿਹਾਜ ਕਦਾਂਈਂ ॥ ੧੪੭ ॥
ਜਾਇ ਮਾਤ ਕੇ ਪਗ ਪੁਨ ਬੰਦੈਂ।
ਦੈ ਮੁਦ, ਲੈਂਹ ਅਸੀਸ ਬੁਲੰਦੈਂ।
ਕਹਿ ਸੁਨਿ ਬਹੁ ਬਿਵਹਾਰਨਿ ਗਾਥਾ।
ਪੁਨ ਨਿਜ ਮਹਿਲ ਜਾਂਹਿ ਭਵ ਨਾਥਾ[1] ॥ ੧੪੮ ॥

[1]ਜਗਤ ਦੇ ਸੁਆਮੀ।

ਬਸਨ ਉਤਾਰ ਥਿਰੈਂ ਪ੍ਰਯੰਕੈਂ।
ਹਾਸ ਬਿਲਾਸ ਕਰੈਂ ਅਕਲੰਕੈਂ।
ਜੁਗ ਪਤਨੀ ਸੇਵੈਂ ਪਦ ਕੰਜੈਂ।
ਗੁਨਾ ਸ੍ਵਰੂਪ ਕਰਿ ਰਤਿ ਮਦ ਭੰਜੈਂ[1] ॥ ੧੪੯ ॥

[1]ਰਤੀ ਦਾ ਹੰਕਾਰ ਨਾਸ ਕਰਦੀਆਂ ਹਨ।

ਪ੍ਰਿਯਾ ਪ੍ਰਹੇਲੀ[1] ਪਤਿ ਪ੍ਰਤਿ ਪਾਵੈਂ।

[1]ਪਿਆਰੀਆਂ ਬੁਝਾਰਤਾਂ।

ਬੂਝ ਪ੍ਰਭੂ ਪੁਨ ਆਪ ਬੁਝਾਵੈਂ[1]।

[1]ਸਤਿਗੁਰੂ ਬੁੱਝ ਕੇ ਫੇਰ ਆਪ ਉਨ੍ਹਾਂ ਤੋਂ (ਬੁਝਾਵਹਿੰ) ਪੁੱਛਦੇ ਹਨ।

ਉਕਤਿ ਯੁਕਤਿ ਰਚਿ ਹਾਸ ਬਿਲਾਸੈਂ।
ਪ੍ਰਸਪਰ ਮੋਦ ਬਢਾਹਿਂ ਹੁਲਾਸੈਂ[1] ॥ ੧੫੦ ॥

[1]ਉਤਸ਼ਾਹ ਨਾਲ।

ਭਵੈ ਤਜਾਰ ਲੰਗਰ, ਤਬਿ ਦਾਸੀ।
ਲਜਾਵਹਿ ਥਾਰ, ਛਕੈਂ ਸੁਖਰਾਸੀ।
ਪੁਨਾ ਸੀਤ[1] ਪਤਨੀ ਮਿਲ ਪਾਵੈਂ।

[1]ਸ਼ੀਤ ਪ੍ਰਸ਼ਾਦ।

ਬਾਤੈਂ ਕਰਿ ਬਡ ਮੋਦ ਉਪਾਵੈਂ ॥ ੧੫੧ ॥
ਸੀਰ ਫੇਨ ਸੀ ਆਸਤਰਨ ਪੈ[1]।
ਪੌਢਹਿ[1] ਪ੍ਰਭੁ ਵਹਿ ਸੇਵ ਕਰਨ ਪੈ ॥ ੧੫੨ ॥

[1]ਦੁੱਧ ਦੀ ਝੱਗ ਵਰਗੇ ਚਿੱਟੇ ਵਿਛਾਉਣੇ ਉੱਪਰ।
[1]ਬਿਰਾਜਦੇ ਹਨ।

ਸੋਰਠਾ:
ਕਹਜੋ ਆਚਰਣ ਬਿਹਾਰ[1],
ਨਿਤ ਪ੍ਰਤਿ ਕਾ ਜੇਤਿਕ ਸੁਨਜੋ।
ਸਕੈ ਨ ਗਿਰਾ[1] ਉਚਾਰ,
ਸਬਿ ਲੀਲ੍ਹਾ ਗੁਰੁ ਈਸ ਕੀ ॥ ੧੫੩ ॥

[1]ਕੌਤਕ ਤੇ ਨਿਤ ਕ੍ਰਿਆ।
[1]ਬਾਣੀ।

ਇਤਿ ਸ੍ਰੀ ਗੁਰੁ ਗ੍ਰੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਪਾਂਵਟੇ' ਸੇਂ ਆਨੰਦਪੁਰਿ ਆਵਨ, ਪ੍ਰਸੰਗ ਬਰਨਨੰ ਨਾਮ ਛਿਪੰਜਵੋਂ ਬ੍ਰਿਸਾਮ ॥ ੫੬ ॥

੫੭. {ਭੀਮ ਚੰਦ ਨਾਲ ਮੇਲ, ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ}

ਛਪਯ:

ਅਤਿ ਬਲਿਸ਼ਟ ਗੁਨ ਗ੍ਰਿਸ਼ਟ,
ਸ੍ਰਿਸ਼ਟਿ ਜਿਹਿੰ ਸ੍ਰਿਸ਼ਟ ਲਖਾਵਤ[1]।

[1]{ਅਤਿ ਬਲਿਸ਼ਟ} ਬਹੁਤ ਮਹਾਂਬਲੀ (ਸਤਿਗੁਰੂ) ਜਿਨ੍ਹਾਂ ਦੇ (ਗ੍ਰਿਸ਼ਟ) ਵੱਡੇ ਭਾਰੀ ਤੇ ਸ੍ਰੇਸ਼ਟ ਗੁਣਾਂ ਨੂੰ (ਸਾਰੀ) ਸ੍ਰਿਸ਼ਟੀ ਜਾਣਦੀ ਹੈ।

ਦਯਾ ਦ੍ਰਿਸ਼ਟਿ ਕਰਿ ਬ੍ਰਿਸ਼ਟਿ,
ਗਯਾਨ ਉਤ-ਕ੍ਰਿਸ਼ਟ ਦਿਢਾਵਤ[1]।

[1]ਕ੍ਰਿਪਾ ਦ੍ਰਿਸ਼ਟੀ ਦੀ (ਬ੍ਰਿਸ਼ਟ) ਵਰਖਾ ਕਰ ਕੇ (ਉਤਕ੍ਰਿਸ਼ਟ) ਸ੍ਰੇਸ਼ਟ ਗਿਆਨ ਪੱਕਾ ਕਰਾਉਂਦੇ ਹਨ।

ਦੇਤ ਅਭਿਸ਼ਟ ਸਮਸ਼ਟ,
ਸਿੱਖਨਿ ਨਿਜ ਪੁਸ਼ਟ ਤੁਸ਼ਟ ਕਰਿ[1]।

[1](ਜੋ ਸਤਿਗੁਰੂ) ਆਪਣੇ ਸਿੱਖਾਂ ਨੂੰ (ਸਮਸ਼ਟ) ਸੰਪੂਰਨ (ਅਭਿਸ਼ਟ) ਗਿਆਨ ਦੇ ਕੇ (ਪੁਸ਼ਟ) ਬਹੁਤ (ਤੁਸ਼ਟ) ਪ੍ਰਸੰਨ ਕਰ ਦੇਂਦੇ ਹਨ।

ਹਰੈਂ ਅਨਿਸ਼ਟ ਕਨਿਸ਼ਟ,
ਜਿਸ਼ਟ ਨਿਜ ਮੁਸ਼ਟਿ ਪਿਸ਼ਟ ਧਰ[1]।

[1](ਜਿਸ਼ਟ) ਜਿਨ੍ਹਾਂ ਦੀ (ਪਿਸ਼ਟ) ਪਿੱਠ ਉੱਤੇ (ਮੁਸ਼ਟ) ਮੁੱਠ ਭਾਵ ਹੱਥ ਧਰ ਦੇਂਦੇ ਹਨ (ਉਨ੍ਹਾਂ ਦੇ) (ਕਨਿਸ਼ਟ) ਨੀਚ (ਅਨਿਸ਼ਟ) ਦੁਸ਼ਮਣਾਂ ਨੂੰ ਨਾਸ ਕਰ ਦੇਂਦੇ ਹਨ।

ਰਣ ਤਿਸ਼ਟ ਨਿਸ਼ਟ ਦੁਸ਼ਟਨ ਕਰੈਂ,
ਤਿਮ ਦਰੈਂ ਅਰਿਸ਼ਟ ਕਵਿਸ਼ਟ ਤਵ[1]।

[1]ਜਿਵੇਂ ਜੰਗ 'ਚ (ਤਿਸ਼ਟ) ਖੜੋ ਕੇ ਦੁਸ਼ਟਾਂ ਦਾ (ਨਿਸ਼ਟ) ਨਾਸ ਕਰਦੇ ਹਨ, ਹੇ (ਕਵਿਸ਼ਟ) ਪਿਆਰੇ ਕਵੀ, ਤਿਵੇਂ ਹੀ ਤੇਰੇ (ਅਰਿਸ਼ਟ) ਦੁਸ਼ਮਣਾਂ ਨੂੰ ਵੀ (ਗੁਰੂ ਕਲਗੀਧਰ) ਨਾਸ ਕਰ ਦੇਣਗੇ।

ਅਸ ਗੁਰੁ ਗੁਬਿੰਦ ਮ੍ਰਿਗਿੰਦ ਕੇ,
ਪਦ ਅਰਬਿੰਦ ਮਲਿੰਦ ਭਵ[1] ॥੧॥

[1]ਐਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ-ਕੰਵਲਾਂ ਦਾ (ਹੇ ਕਵੀ) ਭੌਰਾ ਹੋ ਜਾਹ।

ਪੁਰਿ ਅਨੰਦ ਮੈਂ ਭੀਰ,
ਤੀਰ[1] ਗੁਰੁ ਰਹੈ ਅਪਾਰੀ।
ਇਕ ਆਵਹਿੰ ਇਕ ਜਾਹਿੰ,
ਸਿੱਖਨਿ ਉਰਵਾਰਿ ਨ ਪਾਰੀ[1]।

[1]ਕੋਲ

[1]ਉਰਲਾ ਤੇ ਪਰਲਾ ਕਿਨਾਰਾ ਨਹੀਂ ਜਾਣਿਆ ਜਾਂਦਾ ਭਾਵ ਅਣਗਿਣਤ ਸਿੱਖ ਹਨ।

ਬਨਿਕ[1] ਅਨਿਕ ਆ ਬਸੇ,
ਵਸਤੁ ਲੈ ਅਨਿਕ ਪ੍ਰਕਾਰੈਂ।
ਭਵੈ ਬਪਾਰ ਅਪਾਰ[1],

[1]ਬਾਣੀਏ।

[1]ਬਹੁਤਾ।

ਲਾਭ ਹ੍ਵੈ ਸਬਿਨਿ ਉਦਾਰੈਂ।
ਬਹੁ ਸਿੱਖ ਪ੍ਰੇਮੀ ਆਇ ਨਿੱਤ,
ਦੇਸ ਬਿਦੇਸਨ ਤੈ ਬਸੈਂ।
ਪੁਰਿ ਬਢਜੋ ਬਜਾਰ ਉਦਾਰ ਅਤਿ,
ਸਮ ਅਵਧ[1] ਬਨਾਰਸ ਕੇ ਲਸੈ[2] ॥ ੨ ॥

[1]ਅਜੁੱਧਿਆ। [2]ਚਮਕਦਾ ਹੈ।

ਤੁੰਗ ਅਟਾਂ ਜਨੁ ਘਟਾਂ[1],
ਛਟਾਂ ਸਮ[1] ਕਲਸ ਚਮੱਕੈਂ।
ਪੌਨ ਗੌਨ ਸਭਿ ਭੌਨ,
ਕੌਨ ਲੌ ਤ੍ਰਿਧਾ ਰਮੱਕੈਂ[1]।

[1]ਉੱਚੀਆਂ ਅਟਾਰੀਆਂ ਜਾਣੋ (ਬੱਦਲਾਂ ਦੀਆਂ) ਘਟਾਂ ਹਨ।

[1]ਬਿਜਲੀਆਂ ਵਾਂਗ।

[1](ਤ੍ਰਿਧਾ) ਤਿੰਨ ਤਰ੍ਹਾਂ ਦੀ (ਠੰਡੀ, ਸੁਗੰਧੀ ਤੇ ਹੌਲੀ ਹੌਲੀ ਚੱਲਣ ਵਾਲੀ) ਹਵਾ ਸਾਰੇ (ਭੌਨ) ਘਰਾਂ ਵਿੱਚ (ਗੌਨ) ਚਲਦੀ ਹੈ, (ਕੌਨ ਲੌ) ਕਿੱਥੋਂ ਤੱਕ (ਰਮੱਕੈਂ) ਉਚਾਰਨ ਕਰੀਏ।

ਚਿੱਤ੍ਰਿਤ ਸੌਂਧ ਬਚਿੱਤ੍ਰ
ਬਿਪਲ ਪਾਵਿੱਤ੍ਰ ਅਮਿੱਤੈਂ[1]।

[1](ਸੌਂਧ) ਮੰਦਰ (ਬਚਿੱਤ੍ਰ) ਅਨੇਕਾਂਰੰਗਾਂ ਦੇ (ਚਿੱਤ੍ਰਿਤ) ਚਿੱਤ੍ਰੇ ਹੋਏ ਜੋ (ਬਿਪਲ) ਵਿਸਥਾਰ ਵਾਲੇ ਤੇ (ਅਮਿਤੈਂ) ਬਹੁਤੇ ਪਵਿੱਤ੍ਰ ਹਨ।

ਅਮਰਾ ਵਤੀ ਸਮ ਨ ਭਵੈ,
ਸੁਰ ਪਿਖਿ ਭ੍ਰਮ ਚਿੱਤੈਂ[1]।

[1](ਕਿਤੇ ਇਹ ਸ਼ਹਿਰ) (ਅਮਰਾਵਤੀ) ਸੁਰਗਾ ਪੁਰੀ ਦੇ (ਸਮ) ਬਰਾਬਰ ਨਾ ਹੋ ਜਾਵੇ, ਦੇਵਤੇ ਵੇਖ ਕੇ ਚਿੱਤ 'ਚ ਭ੍ਰਮ ਕਰਦੇ ਹਨ।

ਜਨੁ ਬਿਸ਼ਵਕ੍ਰਮਾ ਰਚਨਾ ਰਚੀ,
ਸਚੀ ਬਚੀ ਬੈਕੁੰਠ ਕੁਰ[1]।

[1]ਜਾਣੋ (ਵਿਸ਼ਕਰਮਾ) ਦੇਵਤਿਆਂ ਦੇ ਇੰਜੀਨੀਅਰ ਨੇ ਹੀ ਇਹ ਬੈਕੁੰਠ ਦੀਰਚਨਾਰਚੀ ਹੈ, (ਮੈਂ) ਇਹ (ਸਚੀ) ਸੱਚੀ (ਬਚੀ) ਗੱਲ (ਕੁਰ) ਕੀਤੀ ਹੈ।

ਜਹਿਂ ਤੀਨ ਲੋਕ ਪਤਿ ਜਗਤ ਗੁਰੁ ਬਸਤ,
ਅਸਤ ਕਿ ਨ ਹੋਇ ਪੁਰਿ[1] ॥ ੩ ॥

[1]ਜਿੱਥੇ ਤਿੰਨਾਂ ਲੋਕਾਂ ਦੇ ਮਾਲਕ ਜਗਤ ਗੁਰੂ ਵਸਦੇ ਹਨ ਉਹ (ਅਸਤ) ਇਸ ਤਰ੍ਹਾਂ ਦਾ (ਪੁਰਿ) ਸ਼ਹਿਰ ਕਿਉਂ ਨਾ ਹੋਵੇ।

ਦਿਸਾ ਏਕ ਲਹਿਰਾਤ ਆਤ,
ਸਤੱਦ੍ਰਵ ਬਰ ਬਾਰੀ[1]।

[1]ਇਕ ਪਾਸੇ (ਸਤੱਦ੍ਰਵ) ਸਤਲੁਜ ਦਾ ਸ੍ਰੇਸ਼ਟ ਪਾਣੀ ਲਹਿਰਾਂ ਮਾਰਦਾ ਆਉਂਦਾ ਹੈ।

ਧਾਰ ਪਹਾਰਨ ਚਾਰੁ,
ਦੁਤੀ ਦਿਸ ਸੁਮਿਲ ਉਦਾਰੀ[1]।
ਤੁੰਗ ਸੈਲ ਯੁਤ ਛੁੰਗ
ਛਬਿਨਿ ਪਰ ਨੈਨਾ ਦੇਵੀ[1]।

[1]ਦੂਜੇ ਪਾਸੇ ਚੰਗੇ ਪਹਾੜਾਂ ਦੀ ਚੰਗੀ ਮਿਲਵੀਂ ਧਾਰ ਹੈ।

[1](ਛੁੰਗ) ਬਹੁਤੀਆਂ (ਛਬਿਨਿ) ਸੋਭਾਂ ਦੇ ਸਹਿਤ ਉੱਚੇ ਪਹਾੜ

ਉੱਪਰ ਨੈਣਾ ਦੇਵੀ।

ਰਖਵਾਰੀ ਪੁਰਿ ਕੇਰ,
ਤ੍ਰਿਤੀ ਦਿਸ ਸੁਖਦ ਅਮੇਵੀ[1]।
ਦਿਸ ਚਤ੍ਰਥ ਸਬਿ ਰਿਤੁ ਮੋਦ ਪ੍ਰਦ,
ਬਿਪੁਲ ਮਦਾਨ ਮਹਾਨ ਅਤਿ[1]।

[1]ਤੀਜੇ ਪਾਸੇ ਬਹੁਤਾ ਸੁਖ ਦੇਣ ਵਾਲੀ ਸ਼ਹਿਰ ਦੀਰਖਵਾਲੀ ਹੈ।

[1]ਚੌਥੇ ਪਾਸੇ ਸਾਰੀਆਂਰੁੱਤਾਂ 'ਚ ਬਹੁਤ ਅਨੰਦ ਦੇਣ ਵਾਲਾ ਬਹੁਤ ਵੱਡਾ (ਬਿਪਲ) ਖੁੱਲ੍ਹਾ ਮੈਦਾਨ ਹੈ।

ਵਹਿ ਸਬਿ ਜੀਵਨ ਸਬਜੀ ਸੁ ਬਨ,
ਸਬਿ ਜੀਵਨ ਜੀਵਨ ਸਹਤਿ[1] ॥ ੪ ॥

[1]ਉਹ ਸ੍ਰੇਸ਼ਟ ਤੇ ਹਰਾ ਬਨ ਸਾਰੇ ਜੀਵਾਂ (ਸਹਿਤ) ਹੈ ਅਤੇ ਸਾਰੇ ਚੰਗੀ (ਜੀਵਨ) ਉਪਜੀਵਕਾ ਸਹਿਤ (ਜੀਵਨ) ਜਿਉਂਦੇ ਹਨ।

ਬਾਗ ਬਾਟਿਕਾ ਚਾਰੁ[1],
ਚਾਰ ਦਿਸ ਪੁਰਿ ਕੇ ਘਰਿ ਘਰਿ।
ਫੈਲੇ ਫੁਲੇ ਫਲੇ ਫਬੇ,
ਲਘੁ ਦੀਰਘ ਤਰੁਵਰ[1]।
ਬਰਨ ਬਰਨ ਬਹੁ ਬਿਹੰਗ,
ਤਰੁਨ ਪਰ ਮੋਹਿਤ ਕੁੰਜਤ[1]।

[1]ਸੁੰਦਰ ਬਾਗ਼ ਬਗ਼ੀਚੀਆਂ।

[1]ਛੋਟੇ ਵੱਡੇ ਦਰੱਖ਼ਤ।

[1]ਰੰਗਾਂਰੰਗਾਂ ਦੇ ਬਹੁਤੇ ਜਾਨਵਰ (ਤਰੁਨ) ਦਰੱਖ਼ਤਾਂ 'ਤੇ (ਕੁੰਜਤ) ਬੋਲ ਕੇ ਮੋਹਿਤ ਕਰ ਰਹੇ ਹਨ। {ਕੂਜਨ=ਧੁਨਿ ਕਰਨੀ, ਸ਼ਬਦ ਕਰਨਾ। ੨. ਪੰਛੀਆਂ ਦਾ ਗੀਤ। ਕੂਜਨ ਤੋਂ ਕੁੰਜਤ=ਬੋਲ ਕੇ। ॥

ਕੰਜ ਮੰਜ ਸਰਵਰਨ,
ਭ੍ਰਮੈਂ ਅਲਿ ਸੋਹਿਤ ਗੁੰਜਤ[1]।

[1]ਤਲਾਵਾਂ ਵਿੱਚ ਉੱਜਲ ਕੰਵਲਾਂ ਉੱਪਰ ਭੌਰੇ ਗੂੰਜਦੇ ਤੇ (ਭ੍ਰਮੈਂ) ਫਿਰਦੇ ਸੋਭਦੇ ਹਨ।

ਬਰ ਕੂਪ ਬਾਪਿਕਾ ਰੁਚਿਰ ਜਲ,
ਥਲ ਖਟ ਰਿਤੁ ਸਬਿ ਸੁਖ ਦਾਨ ਭਲ[1]।

[1]ਸ੍ਰੇਸ਼ਟ ਖੂਹ ਤੇ ਬਾਉਲੀਆਂ ਦਾ ਸੁੰਦਰ ਪਾਣੀ ਹੈ, ਉਹ ਥਾਂ ਛੇਆਂਰੁੱਤਾਂ ਵਿੱਚ ਭਲੀ ਤਰ੍ਹਾਂ ਸਾਰੇ ਸੁਖ ਦੇਣ ਵਾਲਾ ਹੈ।

ਨਰ ਨਾਰਿ ਸੁਰਨ ਸਮ[1] ਸੋਹਿੰ ਸਬਿ,
ਗੁਨ ਰੂਪ ਨਿਧੀ ਐਸ੍ਵਰਜ ਬਲ[1] ॥ ੫ ॥

[1]ਦੇਵਤਿਆਂ ਵਾਂਗ।

[1]ਗੁਣ, ਰੂਪ, ਬਲ ਤੇ ਬਿਭੂਤੀ {ਸਮੱਗ੍ਰੀ} ਦੀ {ਨਿਧਿ} ਖਾਣ ਹਨ।

ਗੁਰੁ ਦੇਵਨ ਅਸਥਾਨ,
ਬੇਦ ਪੌਰਾਨ ਵਾਚੀਅਤ।
ਸੁਨੈ ਗੁਨੈ ਮਨਿ ਧਰੈ,
ਨਾਰਿ ਨਰ ਮੋਦ ਮਾਚੀਅਤ[1]।
ਯੁਕਤਿ ਉਕਤਿ ਯੁਤ ਭੁਗਤਿ

[1]ਅਨੰਦ ਮਾਣਦੇ ਹਨ।

ਮੁਕਤਿ ਦਾ, ਭਗਤਿ ਕਰੈਂ ਹਰਿ।
ਸੰਤ ਮੰਡਲੀ ਠੌਰ ਠੌਰ,
ਤਪ ਜਾਪ ਰਹੇ ਕਰਿ।
ਪੁਰਿ ਚਹੁੰਘਾ ਚਤੁਰੰਗਨਿ ਚਮੂੰ[1],
ਉਤਰ ਰਹੀ ਪ੍ਰਬਲ ਸਘਨ।
ਜਨੁ ਬਨਜੋ ਅਵਧ[1] ਆਨੰਦਪੁਰਿ,
ਜਿਮ ਰਾਮ ਵਕਤ ਕਵਿ ਆਦਿ ਭਨ[1] ॥ ੬ ॥
ਗਢ ਅਨੰਦ ਗੁਰੁ ਰਚਜੋ,
ਕੋਟ ਪਰਖਾ ਤਬਿ ਗਾਢੇ[1]।
ਸਿੰਘ ਪੌਰ ਲੌ[1], ਸੂਰ
ਠੌਰ ਠੌਰਹਿ ਰਹਿ ਠਾਢੇ।
ਰਾਮ ਲੰਕ ਕਰਿ ਫਤੇ ਆਇ,
ਜਿਮ ਅਵਧਿ ਸੁਹਾਈ।
ਮਥਰਾ ਲਰਿ ਹਰ ਸੱਤ੍ਰੁ[1]
ਦ੍ਵਾਰਕਾ ਕ੍ਰਿਸ਼ਨ ਬਸਾਈ।
ਪੁਰਹੂਤ ਰਾਛਸਨਿ ਪੂਤ ਹਤ,
ਅਮਰ ਲੋਕ ਅਹਿਲਾਦ ਦਿਯ[1]।

ਤਿਮ ਜੰਗ ਪਾਂਵਟੇ ਕਰਿ ਫਤੇ,
ਗੁਰੁ ਪੁਰਿ ਆਨੰਦ ਆਬਾਦ ਕਿਯ ॥ ੭ ॥
ਗੁਰ ਗੁਬਿੰਦ ਮ੍ਰਿਗਿੰਦ,
ਛੰਦ[1] ਤਬਿ ਉਚਰਜੋ ਜੋਈ।

ਲਿਖੋਂ ਅਰਥ ਤੈ ਸੋਇ,
ਸਮਝ ਹੈ ਸਿਖ ਸਬਿ ਕੋਈ।
ਜੁੱਧ ਭੰਗਾਣੀ ਜੀਤਿ,
ਪਾਂਉ ਪੁਰਿ ਤਹਿਂ ਨ ਟਿਕਾਵਾ।
ਕਾਹਲੂਰ ਮੈਂ ਆਇ,
ਆਨੰਦਪੁਰਿ ਗਾਮ ਬਸਾਵਾ।
ਜੇ ਭਿਰੇ ਤਹਾਂ ਪਾਰੇ ਭਰੇ[1],
ਨਹਿਂ ਭਿਰੇ ਜੁ ਦਏ ਨਿਕਾਰ ਵਹਿ।

[1]ਸ਼ਹਿਰ ਦੇ ਚਹੁੰ ਪਾਸੀਂ ਚਾਰ ਤਰ੍ਹਾਂ ਦੀ ਫ਼ੌਜ।

[1]ਅਜੁੱਧਿਆ।

[1]ਆਦੀ ਕਵੀ (ਬਾਲਮੀਕ) ਨੇ ਕਿਹਾ ਹੈ।

[1]ਫਸੀਲ ਤੇ (ਪਰਖਾ) ਖਾਈ ਤਕੜੀਆਂ ਬਣਾਈਆਂ।

[1]ਦਰਸ਼ਨੀ ਦਰਵਾਜ਼ੇ ਤੱਕ।

[1]ਵੈਰੀ ਮਾਰਕੇ।

[1]ਜਿਵੇਂ ਇੰਦ੍ਰ ਨੇਰਾਖਸ਼ਾਂ ਦੇ ਪੁੱਤਰ ਮਾਰ ਕੇ ਸੁਰਗ 'ਚ ਅਨੰਦ ਦਿੱਤਾ।

[1]ਬਚਿੱਤ੍ਰ ਨਾਟਕ ਵਿੱਚ ਭੰਗਾਣੀ ਦੇ ਜੁੱਧ ਤੋਂ ਬਾਦ ਦਾ ਮੁੱਖ ਵਾਕ ਛੰਦ।

[1]ਉਹਨਾਂ ਦੀ ਚੰਗੀ ਤਰ੍ਹਾਂ ਪਾਲਣਾ ਕੀਤੀ।

ਕਰਿ ਸ੍ਵਾਨ ਮ੍ਰਿਤੁ[1] ਮਾਰੇ ਬਿਮੁਖ,
ਪਾਰੇ ਸੰਤ ਉਬਾਰ ਤਹਿਂ ॥ ੮ ॥
ਗੁਰੁ ਬਧੇਰ ਲੈ ਚਮੂੰ,
ਅਖੇਰ ਸਵੇਰ ਸਿਧਾਹੈਂ।
ਬਜਤ ਧੌਂਸ ਬਡ ਬੰਬ[1],
ਗਜਤ ਭਟ ਸਜਤ ਉਮਾਹੈਂ।
ਚੀਤੇ ਸ਼ਿਕਰੇ[1] ਸ੍ਵਾਨ, ਬਾਜ
ਸਸ[1] ਤੀਤਰ ਮਾਰੈਂ।
ਰੀਛ ਰੋਝ[1] ਝਿੰਖਾਰ[2],
ਕੋਲ[1] ਮ੍ਰਿਗ ਸ਼ੇਰ ਸੰਘਾਰੈਂ।
ਸੁਨਿ ਪੇਖਿ ਦੁਜਨਿ[1] ਛਾਤੀ ਫਟੈ,
ਗ੍ਰਾਮਨਿ ਤ੍ਰਾਸ ਉਪਜਾਵਹੀਂ।
ਜੋ ਮਿਲੈਂ ਭੇਟ ਦੈ ਤਿਹਂ ਰਖੈਂ,
ਬਹੁ ਬਿਖੁਮਨਿ ਖੇਤ ਲੁਟਾਵਹੀਂ ॥ ੯ ॥
ਅਕੜੈਂ ਪਕੜੈ ਜਾਤ,
ਮਾਰ ਤਕੜੈ ਤਿਨ ਪੈ ਹੈ[1]।

ਬੁਜੋ[1] ਦੂਧ ਦਧਿ ਅੰਨ ਘਾਸ,
ਸਿੱਖ ਤਾਂਹਿ ਲੁਟੈ ਹੈਂ।
ਭੀਮ ਚੰਦ ਪੈ ਜਾਇ,
ਲੋਕ ਨਿਜ ਹਾਲ ਸੁਨਾਵੈਂ।
ਪਿਖਿ ਪਰਜਾ ਵਹਿ ਦੁਖੀ,
ਦੁਖੀ ਹ੍ਵੈ ਪੇਸ਼ ਨ ਜਾਵੇ।
ਇਮ ਕਈ ਮਾਸ ਬੀਤੇ ਜਬੈ,
ਪੁਨ ਪੁਨ ਜਬਰੀ ਸਿੱਖਨਿ ਸੁਨਿ।
ਨਿਜ ਬੀਰ ਵਜੀਰਨਿ ਪ੍ਰਤਿ ਕਹਜੋ,
ਗੁਰੁ ਟਰੈ ਜੈਸ ਤਦਬੀਰ ਗੁਨਿ[1] ॥ ੧੦ ॥
ਰਹਿ ਰੰਗ ਜੰਗ ਨਹਿਂ ਭਵੈ,
ਢੰਗ ਵਹਿ ਚੰਗ ਨਿਕਾਰੋ।
ਕਹਿ ਵਜੀਰ ਗੁਰੁ ਬੀਰ,

[1]ਕੁੱਤੇ ਦੀ ਮੌਤ।

[1]ਵੱਡੀ ਗੂੰਜ ਉਠਦੀ ਹੈ।

[1]ਬਾਜ ਦੀ ਕਿਸਮ ਦੇ ਸ਼ਿਕਾਰੀ ਜਾਨਵਰ।

[1]ਸਹੇ।

[1]ਨੀਲ ਗਾਇ। [2]ਝੰਖਾਰ=ਬਾਰਾਂ ਸਿੰਗਾ।

[1]ਸੂਰ।

[1]ਵੈਰੀਆਂ ਦੀ।

[1]ਆਕੜ ਵਾਲੇ ਪਕੜੇ ਜਾਂਦੇ ਹਨ, ਉਹਨਾਂ ਨੂੰ ਤਕੜੀ ਮਾਰ ਪੈਂਦੀ ਹੈ।

[1]ਬੱਕਰੇ।

[1]ਜੁਗਤੀ ਵਿਚਾਰੋ।

ਪੀਰ ਪੀਰਨਿ ਦਿਫ ਧਾਰੋ।
ਚਲਤ ਨ ਛਲ ਬਲ ਅੱਗ੍ਰ ਉਨੈ,
ਦਿਲ ਕੀ ਭਲ ਜਾਨੈ।
ਮੇਲ ਭਲੇ ਰੋ ਰਖਨ,
ਮਤੋ ਮੇਰੋ ਜੇ ਮਾਨੈ।
ਤਜਿ ਬੈਰ ਧੈਰ ਭਜਿ, ਸਜਨਤਾ
ਤਰੁ ਨੇਂਹ ਨੀਰ ਕਰਿ ਸੀਂਚ ਭਲ[1]।

[1]ਧੀਰਜ ਕਰ ਕੇ ਪਿਆਰ ਦੇ ਪਾਣੀ ਨਾਲ ਮਿੱਤ੍ਰਤਾ ਦੇ ਦਰੱਖ਼ਤ ਨੂੰ ਭਲੀ ਤਰ੍ਹਾਂ ਸਿੰਜਣਾ ਕਰੋ।

ਹ੍ਵੈ ਨਿਜ ਕਲਜਾਨ ਪ੍ਰਜਾ ਸੁਖੀ,
ਪੈਹੋ ਮੁਦ ਪ੍ਰਮੋਦ ਫਲ[1] ॥੧੧॥

[1]ਬਹੁਤ ਤੋਂ ਬਹੁਤ ਅਨੰਦ ਰੂਪ ਫਲ ਪਾ ਲਵੋਗੇ।

ਕਹੀ ਜੁ ਯਹੀ ਵਜੀਰ,
ਲਹੀ ਭਲ ਸਹੀ ਸਬੀ ਹੈ[1]।

[1]ਸਾਰਿਆਂ ਨੇ ਸਹੀ ਤੇ ਚੰਗੀ ਜਾਣੀ।

ਪਠਜੋ ਵਕੀਲ ਬਸੀਲ[1],

[1]ਅ:, ਵਿਚੋਲਾ।

ਸੁਲ੍ਹਾ ਹਿਤ ਨ੍ਰਿਪ ਤਬੀ ਹੈ।
ਪੁਰਿ ਅਨੰਦ ਤਿਨ ਆਇ,
ਜਾਇ ਗੁਰੁ ਪੌਰ ਕਹਜੋ ਜੌ।
ਦ੍ਵਾਰਪਾਲ ਤਹਿ ਸਾਰ ਦਈ
ਗੁਰੁ ਗੌਰਿ ਲਹਜੋ ਤੌ[1]।

[1]ਤਾਂ ਗੁਰਾਂ ਨੇ ਖ਼ਿਆਲ ਨਾਲ ਜਾਣਿਆ।

ਗੁਰੁ ਧੀਰ ਤੀਰ ਨਿਜ ਬੋਲ ਵਹਿ,
ਬੂਝਜੋ ਤੁਮ ਕਿਮ ਨ੍ਰਿਪ ਪਠਜੋ।
ਉਨਿ ਕਰਿ ਬੰਦਨ ਕਰ ਬੰਦ ਕੈ,
ਧਰਿ ਭੇਟਾ ਕਹਿਨਾ ਠਟਜੋ[1] ॥੧੨॥

[1]ਕੀਤਾ।

ਰਾਵਰ ਪਦ ਅਰਬਿੰਦ,
ਬੰਦਨਾ ਕੀਨ ਗਿਰਿੰਦੈਂ।
ਰਖਨ ਮੇਲ ਨ੍ਰਿਪ ਚਹਜੋ,
ਕਹਜੋ ਤੁਮ ਸੰਤ ਬੁਲਿੰਦੈਂ[1]।

[1]ਆਪ ਵੱਡੇ ਸੰਤ ਹੋ।

ਹਮ ਦੁਨੀਆਂ ਕੇ ਜੀਵ,
ਥੀਵ ਹੈਂ ਭੂਲ ਗੁਨਾਹੀਂ।
ਆਪ ਸਦਾ ਬਖਸ਼ਿੰਦ,
ਅਨਿੰਦਤ ਬੇਪਰਵਾਹੀ।

ਅਬਿ ਰੋਸ ਦੋਸ਼ ਪਿਛਲਾ ਤਜੋ,
ਭਜੋ ਸੰਧਿ ਸੁਖਦਾਇ ਕਲ[1]।
ਪੁਰਿ ਬਸੋ ਰਸੋ ਵੀਚਾਰ ਸੋਂ,
ਕਰੋ ਬਿਹਾਰ[1] ਸ਼ਿਕਾਰ ਭਲ ॥ ੧੩ ॥
ਮਿਸ[1] ਸ਼ਿਕਾਰ ਸਿਖ ਸੁਭਟ
ਆਪ ਕੇ, 'ਹਮਰੀ ਪਰਜਾ।
ਲੂਟਤ ਕੂਟਤ ਦੇਤ ਦੁੱਖ,
ਬਡ ਕਰਿ ਹੈਂ ਹਰਜਾ।
ਪ੍ਰਜਾ ਕੋ ਦੁਖ ਦੈਨ,
ਐਨ ਆਨੀਤੀ ਭਾਰੀ।
ਤਾਂ ਤੇ ਨਿਜ ਦਲ ਤਈਂ,
ਆਪ ਰਾਖੋ ਹਟਕਾਰੀ।
ਪੁਨ ਛੇੜ ਛਾੜ ਜੇ ਕਰਿ ਇਮੈ,
ਹਮ ਸੋ ਲਰਨਾ ਚਹਿਤ ਹੋ।
ਤਬਿ ਹਰੋ ਹਮਾਰੀ ਵਸਤੁ ਤੁਮ,
ਕਾਂਹਿ ਗ੍ਰੀਬਹਿਂ ਦਹਿਤ ਹੋ[1]' ॥ ੧੪ ॥
ਬੋਲੇ ਗੁਰੁ ਪੁਰਹੂਤ[1],
ਦੂਤ ਸੁਨਿ ਸੂਤ ਪ੍ਰਬੀਨੇ[1]।
ਬੰਚਕ ਜਸੋਂ ਪ੍ਰਪੰਚ ਸੰਚ,
ਤੁਮਰੇ ਨ੍ਰਿਪ ਕੀਨੇ[1]।
ਕਪਟ ਕੂਟ[1] ਛਲ ਸਾਥ,
ਚਹਿਤ ਥਾ ਗਜ ਪ੍ਰਸਾਦੀ।
ਸਾਰਮੌਰ[1] ਹਮ ਬਸੇ,
ਗਯੋ ਕਰਨੇ ਵਹਿ ਸ਼ਾਦੀ।
ਉਨਿ ਤਹਿਂ ਹਮਰੇ ਦੀਵਾਨ ਕੋ,
ਘੇਰਿ ਹਾਨ ਕਰਨੋ ਠਟਜੋ।
ਇਹੁ ਸਾਵਧਾਨ ਹ੍ਵੈ ਲੂਟ ਖਟ[1],
ਅਯੋ ਮਾਨ ਨ੍ਰਿਪ ਕਾ ਕਟਜੋ ॥ ੧੫ ॥
ਫਤੇ ਸ਼ਾਹਿ ਕੋ ਪੁਨਾ ਅੱਗ੍ਰ

[1](ਕਲ) ਸੁੰਦਰ ਤੇ ਸੁਖਦਾਈ (ਸੰਧਿ) ਮੇਲ (ਭਜੋ) ਕਰੋ।
[1]ਫਿਰ ਕੇ।
[1]ਬਹਾਨੇ।
[1]ਦੁਖ ਦੇਂਦੇ ਹੋ।
[1]ਇੰਦ੍ਰ ਰੂਪ ਸਤਿਗੁਰ।
[1]ਚਤੁਰ (ਸੂਤ) ਪ੍ਰਬੰਧਕ।
[1]ਠੱਗਾਂ ਵਾਂਗ ਤੇਰੇ ਰਾਜੇ ਨੇ (ਸੰਚ) ਬਹੁਤੇ (ਪ੍ਰਪੰਚ) ਛਲ ਕੀਤੇ ਹਨ।
[1]ਝੂਠ।
[1]ਸਰਮੌਰ (ਨਾਹਣ ਦੀ ਰਿਆਸਤ ਦੇ ਰਾਜੇ ਕੋਲ)।
[1]ਦਾਜ।

ਕਰਿ, ਦਲ ਬਟੋਰ ਪੈ[1]। [1]ਇਕੱਠਾ ਕਰਕੇ।
ਲਰੇ ਆਇ ਹਮ ਸੰਗ,
ਪਰੇ ਗਰ ਅਧਿਕ ਜੋਰ ਦੈ।
ਸਰਬ ਲੋਹ ਨੈ[1] ਮੁਹਿ, [1]ਅਕਾਲ ਪੁਰਖ ਨੇ।
ਅਛੋਹ ਰਾਖਜੋ ਨਿਜ ਦੈ ਕਰ।
ਪਾਇ ਪਰਾਜੈ[1] ਨਕ ਕਟਾਇ, [1]ਹਾਰ ਖਾ ਕੇ।
ਭਗਿ ਆਇ ਬਹਜੋ ਘਰ।
ਅਬਿ ਮਮ ਭਟ ਤਜਿ ਕਹਿਲੂਰ ਬਨ,
ਕਹੁ ਕਿਤ ਜਾਹਿਂ ਸ਼ਿਕਾਰ ਹਿਤ।
ਨਹਿਂ ਦੁਰਗ[1] ਦੇਸ ਛੀਨਜੋ ਕਿਛੁ, [1]ਕਿਲ੍ਹਾ।
ਕਾਂਹਿ ਦੁਖੀ ਨ੍ਰਿਪ ਭਯੋ ਚਿਤਿ ॥੧੬॥

ਸੋਰਠਾ:
ਘੋਰਨ ਕੇ ਹਿਤ ਘਾਸ,
ਮਾਸ ਹੇਤ ਲਹਿਂ ਛਾਗ[1] ਭਟ। [1]ਬੱਕਰੇ।
ਜੋ ਜਹਿ ਕਰਿ ਹੈ ਵਾਸ,
ਕ੍ਰਿਯਾ ਚਲਾਵੈ ਤਹਾਂ ਤੈ ॥੧੭॥

ਰਸਾਵਲ ਛੰਦ:
ਸੁਨੋ ਬਾਤ ਇਕ ਔਰ,
ਜਬੈ ਮਮ ਸੰਗਤ ਆਵਤ।
ਭੀਮ ਚੰਦ ਕੀ ਪ੍ਰਜਾ,
ਤਿਨੈ ਮਿਲਿ ਲੂਟ ਲਿਜਾਵਤ।
ਤਾਂ ਤੇ ਭੀ ਮਮ ਸੁਭਟ,
ਲੂਟ ਹੈਂ ਪਰਜਾ ਤਾਂ ਕੀ।
ਬਰਜੈ ਪਰਜੈ ਨਿਜੈ,
ਕਿਜੈ ਨਹਿਂ ਕਬੀ ਚਲਾਕੀ ॥੧੮॥
ਤੌ ਹਮਰੇ ਭੀ ਸੁਭਟ,
ਨਾਹਿਂ ਲੂਟੈਂ ਤਿਹ ਪਰਜੈ।
ਭੀਮ ਚੰਦ ਕੋ ਕਹੋ,
ਅਹੋ ਮਾਨੈ ਜੇ ਗਰਜੈ[1]। [1]ਜੇ ਲੋੜ ਹੈ।
ਆਇ ਮਿਲੈ ਹਿਤ ਮੇਲ,

ਚਿੱਤ ਕਰਿ ਕੈ ਸੁਧ ਅਪਨਾ।
ਰਾਗ ਨ ਦ੍ਵੈਸ਼, ਪਿਖੈਂ
ਜਗ ਸਬਿ ਸਮ ਸੁਪਨਾ ॥੧੯॥
ਗਯੋ ਦੁਤ ਪਗ ਬੰਦਿ,
ਗੁਰੈਂ ਪੁਰਹੂਤ ਲਖਾਈ।
ਜਾਇ ਨ੍ਰਿਪ ਪੈ, ਬਾਤ ਭਾਂਤਿ
ਸਬਿ ਸਾਤ ਸੁਨਾਈ।
ਢਿਗ ਤੈ ਬੀਰ ਵਜੀਰ,
ਧੀਰ ਬਡ ਨ੍ਰਿਪੈਂ ਧਰਾਈ।
ਬਾਤੈਂ ਕਹ ਕਰਿ ਅਧਿਕ,
ਗੁਰੂ ਕੀ ਉਸਤਤਿ ਗਾਈ ॥੨੦॥
ਗੁਰੂ ਕ੍ਰਿਪਾਲ ਖਜਾਲ[1], [1]ਸੁਭਾਵ।
ਬਕ੍ਰੱਤਾ ਚਾਲ[1] ਨ ਚਾਲੈਂ। [1]ਟੇਢੀ ਚਾਲ।
ਕਰੁਣਾ ਸਿੰਧੁ ਬਖਸ਼ਿੰਦ,
ਸੰਤ ਨਿਜ ਬ੍ਰਿਦ ਸੰਭਾਲੈਂ।
ਸਮਝ ਮਾਨ ਮਨਿ ਮਾਨਿ[1], [1]ਸਮਝ ਵਾਲਾ ਹੋ ਕੇ ਮਨ 'ਚ ਮੰਨ ਕੇ।
ਭੂਪ ਗੁਰੂ ਪੈ ਚਲਿ ਆਯੋ।
ਪੌਰ ਪਾਲ[1] ਨੈ ਦੌਰਿ, [1]ਦਰਬਾਨ।
ਹਾਲ ਸਤਿਗੁਰੂ ਪੈ ਗਾਯੋ ॥੨੧॥
ਗੁਰੂ ਕ੍ਰਿਪਾਲਿ, ਕ੍ਰਿਪਾਲ ਮਾਤਲੰ
ਕੋ ਤਹਿਂ ਪਠਿਓ।
ਜਥਾ ਜੋਗ ਤਿਨ ਸਿਵਰ[1], [1]ਡੇਰਾ।
ਸੇਵ ਭੂਪਤਿ ਕੋ ਠਟਿਓ[1]। [1]ਕੀਤਾ।
ਦੁਤੀ ਦਿਵਸ ਦਿਨ ਢਰੇ,
ਭਰੇ ਦੀਵਾਨ ਸਜੈ ਕੈ।
ਭੂਖਨ ਬਸਨ ਹਥਜਾਰ,
ਧਾਰ ਬੈਠੇ ਗੁਰੂ ਐ ਕੈ ॥੨੨॥
ਨੰਦ ਚੰਦ ਲੌ ਬਹੁ
ਮਸੰਦ, ਬੋਲੰਦ ਕੱਦ ਕੇ।
ਮਾਤੁਲ ਪ੍ਰੋਧਾ[1] ਬੀਰ, [1]ਪ੍ਰੋਹਿਤ (ਦਇਆਰਾਮ)।

ਤੀਨ ਜੋਧਾ ਬਿਹੱਦ ਕੇ।
ਆਯੁਧ ਚੀਰਿ ਸਰੀਰ ਧਾਰ,
ਬਰ ਬੀਰ ਧੀਰ ਬਹੁ।
ਸਜੀ ਸਜੀਲੀ ਸਭਾ,
ਦੁਤੀ ਜਨੁ ਇੰਦ੍ਰ ਕੇਰ ਕਹੁ ॥੨੩॥
ਫਰਸ਼ ਰੰਗੀਨ ਨਵੀਨ
ਸਰਸ, ਗੁਦਗੁਦੇ ਗਦੈਲੇ।
ਗਾਵਤ ਰਾਗੀ, ਰਾਗ
ਰਾਗਨੀ ਆਨੰਦ ਭੈਲੇ[1]।

[1]ਮਿਲੇ ਹੋਏ।

ਸਾਂਟਨ ਸੁਰਖ ਬਿਤਾਨ,
ਮਖਮਲੀ ਸਬਜ ਤਨਾਏ[1]।

[1]ਲਾਲ ਸਾਟਨ ਤੇ ਹਰੀ ਮਖਮਲ ਦੇ ਚੰਦੋਏ ਤਾਣੇ।

ਜਰੇ ਜਰੀ ਗੁਲਕਾਰ,
ਕਾਰ ਚੋਬੀ ਬਹੁ ਭਾਏ[1] ॥੨੪॥

[1]ਬਹੁਤ ਤਰ੍ਹਾਂ ਦੇ ਜਰੀ ਨਾਲ (ਗੁਲਕਾਰ) ਬਣਾਏ ਹੋਏ ਫੁਲ ਅਤੇ (ਕਾਰਚੋਬੀ) ਜਰੀ ਨਾਲ ਕੱਢੇ ਹੋਏ ਬੇਲ ਬੂਟੇ ਜੜੇ ਹੋਏ ਹਨ।

ਹੀਰ ਚੀਰਿ[1] ਪੁਖਰਾਜ ਟਾਂਕ[2],

[1]ਹੀਰੇ ਚੀਰ ਕੇ। [2]{ਟਾਂਕ} ਚਾਰ ਮਾਸੇ ਦਾ ਇਕ ਪੁਖਰਾਜ (ਰਤਨ)।

ਪੰਨਾ[1] ਮਨਿ ਅਨਗਨ[2]।

[1]ਫੀਰੋਜ਼ੇ ਦੀ ਜਾਤ ਦਾ ਇਕਰਤਨ। [2]ਅਣਗਿਣਤ ਮਣੀਆਂ।

ਜਟੇ ਸਤਾਰੇ ਦਿਪਤ,
ਸਤਾਰੇ ਸਸੀ ਸਰਦ ਜਨੁ[1]।

[1]ਸਿਤਾਰੇ ਜੜੇ ਹੋਏ ਐਉਂ ਚਮਕਦੇ ਹਨ ਜਾਣੋ ਸਰਦਰੁੱਤ ਦਾ ਚੰਦ੍ਰਮਾ ਤੇ ਤਾਰੇ ਚਮਕ ਰਹੇ ਹਨ।

ਲਾਲਨ ਲਰੀ ਸੰਯੁਕਤ,
ਮੁਕਤ ਮੁੱਕੈਸ਼ ਜਰੀ ਲਖਿ[1]।

[1]ਲਾਲਾਂ ਤੇ ਮੋਤੀਆਂ ਦੀਆਂ ਲੜੀਆਂ ਸਹਿਤ ਮੁਕੈਸ਼ ਜੜੀ ਹੋਈ ਦੇਖੀਦੀ ਹੈ। {ਮੁਕੈਸ਼-ਚਾਂਦੀ ਦੀਆਂ ਪਤਲੀਆਂ ਚਮਕਦੀਆਂ ਤਾਰਾਂ।}

ਝਮਕ ਝੂਲ ਝੁਕ ਰਹੀ ਝਾਲਰੈਂ,
ਝਲਕ ਝਖਨ ਚਖ[1] ॥੨੫॥

[1]ਝਾਲਰਾਂ ਝੁਕ ਕੇ ਝੂਲ ਰਹੀਆਂ ਹਨ ਤੇ (ਝਮਕ) ਚਮਕਰਹੀਆਂ ਹਨ। ਉਨ੍ਹਾਂ ਦੀ (ਝਲਕ) ਚਮਕ (ਝਖਨ) ਮੱਛੀਆਂ ਦੀਆਂ (ਚੱਖ) ਅੱਖਾਂ ਵਰਗੀ ਹੈ।

ਰਵਿ ਸਸਿ ਕਿਰਤ ਨਖੱਤ ਬੀਜਰੀ,
ਬਿਧਿ ਜਨੁ ਲੈ ਕੈ[1]।

[1]ਜਾਣੋ ਸੂਰਜ ਤੇ ਚੰਦ੍ਰਮਾ ਦੀਆਂ ਕਿਰਨਾਂ ਅਤੇ ਤਾਰਿਆਂ ਤੇ ਬਿਜਲੀਆਂ ਨੂੰ ਬ੍ਰਹਮਾ ਨੇ ਲੈ ਕੇ।

ਨਿਜ ਪਤਿ ਸਤਿਗੁਰੁ ਜਾਨਿ

ਜਰੀ ਨਿਪੁਨਤਾਈ ਕੈ ਕੈ[1]।

[1]ਸਤਿਗੁਰਾਂ ਨੂੰ ਆਪਣੇ ਮਾਲਕ ਜਾਣ ਕੇ ਚਤੁਰਾਈ ਨਾਲ ਜੜ੍ਹਿਆ ਹੈ।

ਕੰਚਨ ਚੋਬੈਂ ਰਤਨ ਜਟਿਤ,
ਚਟਪਟਤ ਜਗਮਗੈਂ[1]।

[1]ਸੋਨੇ ਦੀਆਂ ਚੋਬਾਂਰਤਨਾਂ ਨਾਲ ਜੜੀਆਂ ਹੋਈਆਂ (ਚਟਪਟਤ) ਛੇਤੀ ਪ੍ਰਕਾਸ਼ ਕਰ ਰਹੀਆਂ ਹਨ।

ਮਸਨਦ ਮਨਸਿਜ ਰਚੀ,
ਖਚੀ ਮਨਿ ਕਾਮ ਲਗ ਭਗੈਂ[1] ॥੨੬॥

[1]{ਮਸਨਦ} ਗੱਦੀ ਜਾਣੋ (ਮਨਸਿਜ) ਕਾਮਦੇਵ ਨੇ ਬਣਾਈ ਹੈ ਅਤੇ ਚਿੰਤਾ ਮਣੀ ਵਰਗੀਆਂ ਮਣੀਆਂ ਜੜੀਆਂ ਹੋਈਆਂ ਹਨ।

ਤਾਂ ਪਰ ਸਤਿਗੁਰੁ ਥਿਰੇ,
ਚੌਰ ਢੋਰਤ ਭ੍ਰਿਤ[1] ਠਾਢੇ।

[1]ਦਾਸ।

ਰਾਮ ਕ੍ਰਿਸ਼ਨ ਜਨੁ ਜਿਸ਼ਨ ਕੀਨ
ਅਰਿ ਜਿਤ ਕਰਿ ਗਾਢੇ[1]।

[1]ਜਾਣੋਰਾਮ, ਕ੍ਰਿਸ਼ਨ ਤੇ ਇੰਦ੍ਰ ਨੇ ਆਪਣੇ ਤਕੜੇ ਵੈਰੀਆਂ ਨੂੰ ਜਿੱਤ ਕਰ ਕੇ (ਗੱਦੀ 'ਤੇ ਬੈਠਣਾ) ਕੀਤਾ ਹੈ।

ਚੋਬਦਾਰ ਪਠਿ ਲਿਯ ਹਕਾਰ,
ਕਹਿਲੂਰੀ ਨਰਪਤ[1]।

[1]ਕਹਿਲੂਰ ਦੇ ਰਾਜੇ ਭੀਮ ਚੰਦ ਨੂੰ।

ਅਯੋ ਭੀਰ ਯੁਤ ਬੀਰ ਵਜੀਰਨ,
ਧੀਰ ਸੁ ਧਰਿ ਅਤਿ ॥੨੭॥
ਅੱਗ੍ਰ ਮਾਤੁਲੈ[1] ਜਾਇ,
ਲਿਆਇ ਗੁਰੁ ਪਗ ਪਰ ਪਾਯੋ।

[1]ਮਾਮਾ ਕ੍ਰਿਪਾਲ ਚੰਦ ਜੀ ਨੇ।

ਧਰਿ ਅਕੋਰ ਕਰ ਜੋਰਿ,
ਨਿਹੋਰਿ[1] ਕਰਿ ਨਮੋ ਥਿਰਾਯੋ।

[1]ਝੁਕ ਕੇ।

ਕੁਸਲਾਨੰਦ ਗੁਰੁ ਪੁਛਯੋ,
ਕਹਯੋ ਨ੍ਰਿਪ ਦਯਾ ਆਪ ਸਬਿ।
ਦਰਸ ਹਰਸ ਦਾ ਕਰਸ[1],

[1]ਖ਼ੁਸ਼ੀ ਦੇਣ ਵਾਲਾ ਦਰਸ਼ਨ ਕਰਕੇ।

ਦੁਲੱਭ ਵਥੁ ਸੁਲਭ ਥਏ ਸਬਿ ॥੨੮॥
ਅਜ਼ਮਤ ਸਾਹਿਬ, ਚਰਿਤ
ਕਰਤ ਆਜਾਇਵ ਭਾਇਵ[1]।

[1]ਅਸਚਰਜ ਤੇ ਮਨ ਭਾਉਂਦੇ।

ਕਠ ਪੁਤਰੀ ਹਮ ਜੀਵ,
ਆਪ ਨਟ ਨਾਚ ਨਚਾਇਵ।
ਭੂਲਨਹਾਰ ਅਲਪੱਗ
ਜੀਵ ਹਮ ਸਦ ਅਪਰਾਧੀ।

ਲੀਲ੍ਹਾ ਬਿਗ੍ਰਹਿ ਈਸ਼,
ਆਪ ਸ੍ਰਬੱਗਜ ਅਗਾਧੀ[1] ॥ ੨੯ ॥

[1]ਆਪ (ਅਗਾਧ) ਡੂੰਘੇ ਤੇ ਸਾਰਿਆਂ ਦੇ ਜਾਣੂ ਈਸ਼ਰ (ਬਿਗ੍ਰਹਿ) ਸਰੂਪ ਹੋ ਕੇ ਲੀਲ੍ਹਾ ਕਰਦੇ ਹੋ।

ਦਯਾ ਸਿੰਧੁ ਬਖਸ਼ਿੰਦੁ ਬ੍ਰਿਦ[1]
ਰਾਵਰ ਕਹਿਵੀਜੈ।
ਪਿਛਲੇ ਬਖਸ਼ ਗੁਨਾਹ,
ਅਗਾਂਹ ਸੁ ਸਰਨ ਰਖੀਜੈ।

[1]ਸੁਭਾਵ।

ਸੁਨਿ ਅਚਲੇਸ[1], ਬਿਸੇਸ
ਕਰੇ ਛਲ ਤੈਂ ਜੁ ਅਸੇਸੈਂ[1]।
ਫਲ ਨਿਸੇਸ ਸਹਿ ਦੇਸ,
ਲਹੈਂ ਕਾਲੇਸ ਹਮੇਸੈਂ[1] ॥ ੩੦ ॥

[1]ਹੇ ਪਹਾੜੀ ਰਾਜੇ।

[1]ਬਹੁਤੇ।

[1]ਚੰਦ੍ਰਮਾ ਵਾਂਗ ਦੇਸ ਦੇ ਸਣੇ ਤੂੰ ਹਮੇਸ਼ਾਂ ਕਾਲਖ ਦਾ ਫਲ ਲਵੇਂਗਾ।

ਨਿਪਟ ਕਪਟ ਪਟ ਲਿਪਟਿ,
ਝਪਟ ਤੈਂ ਸਪਟ ਚਲਾਏ[1]।

[1](ਨਿਪਟ) ਬਹੁਤੇ ਕਪਟ ਰੂਪ (ਪਟ) ਬਸਤ੍ਰ ਵਿੱਚ ਲਿਪਟ ਕੇ (ਸਪਟ) ਛੇਤੀ (ਝਪਟ) ਵਾਰ ਕੀਤੇ।

ਬਾਰ ਬਾਰ ਨਰ ਪਠੇ,
ਹੇਤ ਗਜ[1] ਰੋਸ ਬਢਾਏ।
ਬਹੁ ਭਾਇਨ ਤੁਹਿ ਗਰਬ[1],
ਸਰਬ ਥਾ ਇਕ ਅਕਾਲ ਮਮ।
ਸਾਰਮੌਰ ਲੈ ਸੈਨ ਗੌਰ,
ਚਢਿ ਅਏ ਦੌਰਿ ਛਮ[1] ॥ ੩੧ ॥

[1](ਪ੍ਰਸਾਦੀ) ਹਾਥੀ ਵਾਸਤੇ।

[1]ਤੈਨੂੰ ਬਹੁਤੇ ਭਰਾਵਾਂ ਦਾ ਹੰਕਾਰ ਸੀ।

[1]ਤੁਸੀਂ (ਸਾਰਮੌਰ) ਨਾਹਣ ਦੀ ਰਿਆਸਤ ਭਾਵ ਪਾਉਂਟੇ ਸਾਹਿਬ ਉਪਰ (ਛਮ) ਛੇਤੀ ਫੌਜ ਲੈ ਕੇ ਚੜ੍ਹ ਆਏ।

ਬਿਨ ਕਾਰਨ ਰਣ ਕੀਨ,
ਲੀਨ ਬਦਨਾਮੀ ਹਾਰੇ।
ਪੈ ਅਬਿ ਆਏ ਸੰਧਿ ਕਰਨ,
ਹਮ ਰਖ ਹੈਂ ਭਾਰੇ[1]।
ਲਰਜ਼ ਗਰਜ਼ ਯੁਤ[1],
ਅਰਜ਼ ਕਰੀ ਜੋ ਤੈਂ, ਹਮ ਮਾਨੀ।
ਦੈਂਹ ਬਰਜ ਹਮ ਭਟਨ,
ਹਰਜ ਨਹਿਂ ਕਰ ਹੈਂ ਆਨੀ[1] ॥ ੩੨ ॥
ਪੈ ਗੁਰੁ ਘਰ ਸਮ ਮੁਕਰ,

[1]ਅਸੀਂ ਇਸ ਭਾਰੇ (ਸੰਧਿ) ਮੇਲ ਨੂੰ ਕਾਇ ਮਰੱਖਾਂਗੇ।

[1]ਕੰਬ ਕੇ ਲੋੜ ਸਹਿੱਤ।

[1]ਹੋਰ।

ਸ਼ੁਕਰ ਧਰਿ ਉਕਰ ਰਖੈ ਹੈ[1]।

[1]ਗੁਰੂ ਘਰ ਸ਼ੀਸ਼ੇ ਵਾਂਗ ਹੈ। ਜੋ ਧੰਨਵਾਦ ਕਰਦਾ ਹੈ ਉਸ ਦਾ (ਗੁਰੂ ਘਰ) (ਉਕਰ) ਮਾਣਰੱਖਦਾ ਹੈ।

ਜੈਸ ਕਰੈ ਸੁਖ ਤੈਸ ਨਿਰਖ[1],
ਸੋ ਫਲ ਭਲ ਪੈ ਹੈ।
ਸੰਗਤ ਹਮਰੀ ਆਇ,
ਅਨਿਕ ਅਕੋਰਨ ਲੈ ਕੈ।
ਤਿਨ ਕੋ ਨਹਿਂ ਸੰਤਾਇ
ਤੁਮਾਰੀ ਰੱਯਤ ਜੈ ਕੈ ॥ ੩੩ ॥

[1]ਦੇਖ ਲਵੋ।

ਦਸਤ ਦਰਾਜ਼ੀ[1] ਕਰੈ ਜੋਇ,
ਹਮ ਗਹਿ ਕਰਿ ਤਿਸ ਕੋ।
ਲੂਟ ਕੂਟ ਦਿਹਂ ਸਜਾ,
ਧਰਜੋ ਤੁਮਹੂੰ ਨਹਿਂ ਰਿਸ ਕੋ।
ਭੀਮ ਚੰਦ ਸਾਨੰਦ ਮਾਨ,
ਸਬਿ ਗੁਰੁ ਪਗ ਬੰਦੇ।
ਕਹਜੋ ਰਖੈ ਹੈਂ ਜੈਸ,
ਤੈਸ ਹਮ ਰੈਂਹ ਮੁਕੰਦੇ ॥ ੩੪ ॥

[1]ਵਧੀਕੀ।

ਸਿਰੇਪਾਉ ਗੁਰੁ ਦਯੋ,
ਭੂਪ ਕੋ ਬਡ ਸਚਵਨ ਯੁਤ[1]।
ਬਿਦਾ ਪਾਇ ਤਜਿ ਖਿਦਾ[1],
ਗਯੋ ਨ੍ਰਿਪ ਕਰਿ ਸਿਜਦਾ ਨੁਤ[1]।
ਦਯੋ ਨਿਕਾਰ ਨਿਰੰਤਰ[1],
ਅੰਤਰ ਥਾ ਜੁ ਅੰਤਰਾ[1]।
ਗਯੋ ਧਾਮ ਨਰ ਬਾਮ ਆਮ[1],
ਕਹਿਂ ਧੰਨ ਕੰਤਰਾ[1] ॥ ੩੫ ॥

[1]ਵਜ਼ੀਰਾਂ ਸਹਿਤ।
[1]ਕਸ਼ਟ ਤਿਆਗ ਕੇ।
[1]ਨਮਸਕਾਰ ਤੇ ਉਸਤਤ ਕਰਕੇ।
[1]ਲਗਾਤਾਰ।
[1]ਭੇਦ, ਫ਼ਰਕ।
[1]ਸਾਰੇ ਪੁਰਸ਼ ਤੇ ਇਸਤ੍ਰੀ।
[1]ਮਾਲਕ, ਪ੍ਰਮੇਸ਼ਰ।

ਮੇਲ ਗੁਰੂ ਸਨ, ਕਰਜੋ
ਖੇਲ ਨਤ ਬਿਗਰ ਸੁ ਜਾਤੀ।
ਦੇਤੇ ਸਿੱਖ ਉਜਾਰ,
ਦੂਣ ਕਹਿਲੂਰ ਬਖਸਾਤੀ।
ਗੁਰੁ ਪੀਰਨ ਸਿਰ ਪੀਰ,
ਬਲੀ ਅਵਤਾਰ ਬਹਾਦਰ।

ਥਪੇ ਉਥਪੇ ਨ ਛਪੇ,
ਕਪੇ ਜਿਹਂ ਚਹਿ ਸੋ ਕਾਦਰ[1] ॥ ੩੬ ॥

[1]ਕਿਸੇ ਨੂੰ ਕਾਇਮ ਕਰਨਾ ਤੇ ਮੇਟਣਾ ਉਨ੍ਹਾਂ ਤੋਂ ਛੁਪਿਆ ਨਹੀਂ, ਜਿਸ ਨੂੰ ਚਹੁਣ ਕੱਟ ਦੇਣ ਉਹ (ਕਾਦਰ) ਸਮਰੱਥ ਹਨ।

ਪਾਛੇ ਠਾਨ ਬਿਬਾਦ,
ਸ੍ਵਾਦ ਪ੍ਰਸ਼ਾਦ ਛਕਜੋ ਦੁਖ।
ਭਲੀ ਭਈ ਅਬਿ ਠਈ ਸੰਧਿ,
ਸਬਿ ਥਈ[1] ਸਬਿਨਿ ਸੁਖ।

[1]ਹੋ ਗਿਆ।

ਆਛੇ ਅਨਿਕ ਅਕੋਰ,
ਰਾਜ ਮੈਂ ਤੋਫਾ ਜੇਤੇ।
ਚੋਖੇ ਚੋਖੇ ਕੰਦ
ਮੂਲ ਪਠ ਹੈ ਨ੍ਰਿਪ ਤੇਤੇ ॥ ੩੭ ॥
ਰਾਜ ਕਾਜ ਮੈਂ ਹਿਤ ਸਲਾਹ,
ਪਠਿ ਦੂਤ ਚਾਹ ਕਰਿ[1]।

[1]ਜਦੋਂ ਚਾਹੁੰਦਾ ਹੈ ਕਰ ਲੈਂਦਾ ਹੈ।

ਕਬੀ ਕਬੀ ਖੁਦ ਮਿਲੈ,
ਮਸਲਤੈਂ ਭਿਲੈ ਵਾਹ ਕਰਿ[1]।

[1](ਵਾਹ) ਉਥੇ (ਭਿਲੈ) ਮਿਲ ਕੇ (ਮਸਲਤੈਂ) ਸਲਾਹਾਂ ਕਰ ਲੈਂਦਾ ਹੈ।

ਜਦਪਿ ਗੁਰੁ ਸੋਂ ਮੇਲ,
ਰਾਖ ਹੈ ਭੂਪਤ ਪੂਰੇ।
ਤਦਪਿ ਮਿਲਾਵੈਂ ਦਿਲ ਨਹਿਂ
ਤਾਂ ਸੋਂ ਸਤਿਗੁਰੁ ਸੂਰੇ ॥ ੩੮ ॥
ਬੈਰੀ ਹ੍ਵੈ ਜੋ ਕਰੈ ਪ੍ਰੀਤਿ,
ਸ੍ਵਾਰਥ ਲਗ ਭਾਰੀ।
ਤਾਂਹਿ ਜੁ ਕਰੈ ਵਿਸਾਹੁ,
ਮਰੈ ਸੋ ਮੂਢ ਗਵਾਰੀ।
ਦਯਾ ਸਿੰਧੁ ਇਸਰੀਤਿ,
ਬਿਤੀਤ ਸੁ ਸਮਾ ਕਰੇਹੀਂ।
ਨਿਜ ਦਾਸਨ ਕੋ ਹਲਤ ਪਲਤ ਕੇ,
ਸੁਖ ਸਬਿ ਦੇਹੀਂ ॥ ੩੯ ॥
ਦੋਹਰਾ:
ਸ੍ਰੀ ਸਤਿਗੁਰੁ ਕੇ ਘਰ ਵਿਖੇ,

ਇਨ ਹੀ ਦਿਨੋ ਮਝਾਰ।
ਸ੍ਰੀ ਸੁੰਦ੍ਰੀ ਜੀ ਤੈ ਭਯੋ,
ਪਰਗਟ ਪੂਤ ਉਦਾਰ ॥੪੦॥
ਸਤ੍ਰਹ ਸੈ ਚੌਤਾਲੀਏ
ਮਕਰ ਸੁਕਲ ਤਿਥਿ ਚਾਰ[1]।
ਭਲੇ ਲਗਨ ਗ੍ਰਹ ਉੱਚ ਸਬਿ,
ਨਿਸਬ ਨਿਸਾ ਭ੍ਰਿਗੁ ਵਾਰ[1] ॥੪੧॥
ਜੰਗ ਜੀਤ ਆਏ ਹੁਤੇ,
ਆਪ ਅਜੀਤ ਅਭੀਤ[1]।
ਤਾਂ ਤੇ ਨਾਮ ਅਜੀਤ ਸਿੰਘ,
ਧਰਜੋ ਵਿਚਾਰਿ ਸਨੀਤ[1] ॥੪੨॥

[1]ਸੰਮਤ ੧੭੪੪ ਮਾਘ ਸੁਦੀ ੪।

[1]ਅੱਧੀ ਰਾਤ ਦਿਨ ਸ਼ੁਕਰਵਾਰ।

[1]ਨਿੱਡਰ।

[1]ਨੀਤੀ ਸਹਿਤ।

ਕਬਿੱਤ:
ਕੀਰਤਿ ਕਰਨ ਕੀ ਲੈ ਧੀਰਤ ਧਰਨ ਕੀ ਲੈ,
ਸੀਰਤ ਬਰਨ ਕੀ ਅਮੀਰਤ ਸੁਰਿੰਦ ਕੋ[1]।

[1]ਕਰਨ (ਕੁੰਤੀ ਦੇ ਉਦਰ ਤੋਂ ਸੂਰਜ ਦੇ ਪੁੱਤਰ) ਤੋਂ ਕੀਰਤੀ ਲੈ ਕੇ, ਧਰਤੀ ਦੀ ਧੀਰਜ ਲੈ ਕੇ, ਵਰੁਣ ਦਾ (ਠੰਡਾ) {ਸੀਰਤ} ਸੁਭਾਉ ਲੈ ਕੇ ਤੇ ਇੰਦ੍ਰ ਦੀ ਅਮੀਰੀ ਲੈ ਕੇ।

ਤੇਜ ਲੈ ਦਿਨੇਸ ਕੋ ਮਜੇਜ ਲੈ ਰਤੇਸ ਕੋ,
ਅਮੇਜ ਲੈ ਰਮੇਸ ਕੋ ਸੁਖੇਜ ਸੇਜ ਇੰਦੁ ਕੋ[1]।

[1]ਸੂਰਜ ਦਾ ਤੇਜ ਲੈ ਕੇ ਕਾਮ ਦਾ (ਮਜੇਜ) ਸੁਭਾਉ ਲੈ ਕੇ, ਵਿਸ਼ਨੂੰ ਦਾ ਮਿਲਾਪ ਲੈ ਕੇ ਅਤੇ ਚੰਦ ਦੀ ਸੁਖ ਦੀ ਸੇਜਾ ਲੈ ਕੇ।

ਭੋਜ ਤੈ ਭਲਾਈ ਲੈ ਕੈ, ਓਜ ਮੈਂ ਸੇ ਬੀਰਤਾਈ,
ਚੋਜ ਮੈਂ ਤੇ ਮੌਜ, ਸੌਜ ਔਜ ਅਲਕਿੰਦ ਕੋ[1]।

[1]ਰਾਜੇ ਭੋਜ ਤੋਂ ਭਲਾਈ ਲੈ ਕੇ, ਬਲ ਵਿੱਚੋਂ ਸੂਰਬੀਰਤਾ ਲੈ ਕੇ, ਕੌਤਕਾਂ 'ਚੋਂ ਅਨੰਦ ਲੈ ਕੇ, (ਅਲਕਿੰਦ) ਕੁਬੇਰ ਦੀ ਸਮੱਗ੍ਰੀ ਤੇ (ਔਜ) ਤੁੱਕੀ ਲੈ ਕੇ।

ਦਾਸਨ ਦਾ ਚਿੰਦ ਕੋ ਗੁਬਿੰਦ ਮ੍ਰਿਗਿੰਦ ਕੋ,
ਸਪੂਤ ਥਯੋ ਹਿੰਦੁ ਕੈਰਖੱਜਾ ਧਰਮ ਜਿੰਦੁ ਕੋ[1] ॥੪੩॥

[1]ਦਾਸਾਂ ਨੂੰ ਮਨ ਇੱਛਤ ਦੇਣ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਪੁੱਤਰ ਪੈਦਾ ਹੋਇਆ ਹੈ, ਹਿੰਦੂਆਂ ਦੇ ਧਰਮ ਤੇ ਜਿੰਦ ਨੂੰ ਰੱਖਣ ਵਾਲਾ।

ਚੌਪਈ:
ਸਾਰ ਪਾਇ ਕਰਿ ਨਗਰ ਸਗਰ ਮੈਂ।
ਬੀਥ[1] ਬਜਾਰਨ ਡਗਰ[2] ਬਗਰ ਮੈਂ[3]।
ਉਤਸ਼ਵ ਕੌਤਕ ਭਏ ਨਵੀਨੇ।

[1]ਗਲੀਆਂ। [2]ਰਸਤਿਆਂ। [3]ਘਰਾਂ ਵਿੱਚ।

ਨਰ ਨਾਰੀ ਸਭਿ ਆਨੰਦ ਭੀਨੇ ॥ ੪੪ ॥
ਮੰਗਲੀਕ[1] ਸਭਿ ਸਾਜ ਸਜਾਏ। [1]ਖ਼ੁਸ਼ੀਆਂ ਦੇ।
ਸੀਂਚ ਸੁਗੰਧਿ ਧੂਪ ਮਹਕਾਏ।
ਬਜੈਂ ਬਾਜਨੇ[1] ਸਜੈਂ ਸ਼ਿੰਗਾਰੈ। [1]ਵਾਜੇ।
ਦੂਬ[1] ਦਧੀ[2] ਕੁੰਕਮ[3] ਘਨਸਾਰੈਂ[11] ॥ ੪੫ ॥ [1]ਦੱਭ। [2]ਦਹੀਂ। [3]ਕੇਸਰ। [11]ਚੰਦਨ।
ਘਸਿ ਧਰਿ ਥਾਰਿਨਿ ਨਾਰਿ ਅਪਾਰੈਂ।
ਰਤੀ ਸਤੀ ਸੀ ਅਤੀ ਉਦਾਰੈਂ[1]। [1]ਰਤੀ (ਕਾਮ ਦੀ ਇਸਤ੍ਰੀ) ਸਤੀ (ਸ਼ਿਵ ਦੀ ਇਸਤ੍ਰੀ) ਵਰਗੀਆਂ ਬਹੁਤ ਸ੍ਰੇਸ਼ਟ।

ਗਜ ਗਾਮਨਿ ਭਾਮਨਿ ਪਿਕ ਬੈਨੀ[1]। [1]ਹਾਥੀ ਵਾਂਗ ਚਾਲ ਵਾਲੀਆਂ ਤੇ ਕੋਇਲ ਵਰਗੇ ਬੋਲਾਂ ਵਾਲੀਆਂ (ਭਾਮਨਿ) ਇਸਤ੍ਰੀਆਂ।

ਚੰਦ੍ਰ ਬਦਨ ਮੁਦ ਸਦਨ ਸੁ ਨੈਨੀ[1] ॥ ੪੬ ॥ [1]ਚੰਦ ਵਰਗੇ ਮੁਖ ਵਾਲੀਆਂ ਤੇ ਅਨੰਦ ਦਾ ਘਰ ਚੰਗੇ ਨੇਤ੍ਰਾਂ ਵਾਲੀਆਂ।

ਭੌਂਹ ਧਨਖ ਸਰ ਦ੍ਰਿਗ ਕਟਾਛ ਸੈਂ[1]। [1](ਜਿਨ੍ਹਾਂ ਨੇ) ਭ੍ਰੂਵੱਟਿਆਂ ਰੂਪ ਧਨੁਖ ਤੇ ਨੇਤ੍ਰਾਂ ਦੇ ਕਟਾਖਜ ਰੂਪ ਤੀਰਾਂ ਨਾਲ।

ਸੁਰ ਨਰ ਮੁਨਿ ਜਨ ਜਿੱਤੈ[1] ਰਾਛਸੈਂ। [1]ਜਿੱਤ ਲਿਆ ਹੈ।
ਮਿਲਿ ਮਿਲਿ ਟੋਲੀ ਬਾਂਧਿ ਸਹੇਲੀ।
ਉਮਗ ਉਮਗਿ ਚਾਲੀ ਅਲਵੇਲੀ[1] ॥ ੪੭ ॥ [1]ਬੇਫ਼ਿਕਰ ਹੋ ਕੇ।
ਭਰੀ ਸੱਧਰ ਸ੍ਵਰ ਮਧਰ ਮਧਰ ਕਰਿ[1]। [1]ਇੱਛਾ ਨਾਲ ਭਰੀਆਂ ਹੋਈਆਂ ਮਿੱਠੀ ਮਿੱਠੀ ਅਵਾਜ਼ ਕੱਢ ਕੇ।

ਗਾਵਤ ਗੀਤ ਰੀਤਿ ਮੰਗਲ ਵਰ।
ਗੁਰੁ ਘਰ ਜਾਇ ਬਧਾਈ ਦੇਹੀਂ।
ਮਾਤ ਗੂਜਰੀ ਮੁਦ ਹ੍ਵੈ ਲੇਹੀਂ ॥ ੪੮ ॥
ਨਾਤੀ[1] ਚਿਰੰਜੀਵ ਅਰਿ ਖਾਪੀ[2]। [1]ਪੋਤ੍ਰਾ। [2]ਵੈਰੀਆਂ ਨੂੰ ਖਪਾਉਣ ਵਾਲਾ।
ਜਗ ਬਖਜਾਤੀ ਭਵੈ[1] ਪ੍ਰਤਾਪੀ। [1]ਹੋਵੇ।
ਤਿਨ ਅਸੀਸ ਲੈ ਸੀਸ ਚਢਾਵੈਂ।
ਦੈ ਬਖਸ਼ੀਸ਼ ਮਾਨ ਬੈਠਾਵੈਂ ॥ ੪੯ ॥
ਭਈ ਭੀਰ ਅੰਤਹਿ ਪੁਰਿ[1] ਮਾਂਹੀਂ। [1]ਮਹਿਲਾਂ 'ਚ।
ਗਾਇ ਬਜਾਇ ਆਇ ਇਕ ਜਾਹੀਂ।
ਮਾਤ ਨਾਨਕੀ ਬ੍ਰਿੱਧ ਬਧੇਰੈ।
ਥਿਰੀ ਮੰਚ[1] ਅਤਿ ਉਤਸ਼ਵ ਹੇਰੈ ॥ ੫੦ ॥ [1]ਪਲੰਘ ਤੇ ਬੈਠੀ।
ਪਰਪੋਤ੍ਰੇ ਪਿਖਿ ਤਰ ਮੁਦ ਥਾਏ[1]। [1]ਪੜਪੋਤ੍ਰੇ ਨੂੰ ਦੇਖ ਕੇ ਬਹੁਤ ਅਨੰਦ ਹੋਈ।

ਨਿਜ ਪਤਿ ਬਰ ਸਬਿ ਸਫਲ ਲਖਾਏ।
ਸ੍ਰੀ ਗੁਜਰੀ ਜੀ ਅੰਗ ਨ ਮਾਏ।
ਬਾਂਟਤ ਪੌੜ੍ਹ ਕੇਰ ਬਧਾਏ ॥ ੫੧ ॥

ਭੂਸ਼ਨ[1] ਬਸਨ[2] ਅਸਨ[3] ਧਨ ਬਰਤਨ।
ਦਏ ਦਾਨ ਕਰਿ ਰਖੇ ਨ ਸਰ ਤਨ[1]।
ਇਤ ਸਤਿਗੁਰੁ ਢਿਗ ਜਾਚਕ ਗੁਨੀ।
ਆਵਤ ਰਟਤ[1] ਸੁਜਸ ਗੁਨਿ ਧੁਨੀ ॥ ੫੨ ॥

ਦੂਬ ਅਜੂਬ ਬਧਾਈ ਲੇਹੀਂ[1]।
ਖੂਬ, ਸਹੂਬ[1] ਬਿੱਤ ਗੁਰੁ ਦੇਹੀਂ।
ਮੰਗਲ ਮੁਖੀ ਬਿਦੂਖਕ[1] ਖੁਸਰੇ[2]।
ਅਨਿਕ ਕਲਾ[1] ਰਚਿ ਲੈ ਧਨ ਉਸਰੇ[2] ॥ ੫੩ ॥

ਰਾਗੀ ਪੁੰਜ ਰਬਾਬੀ ਢਾਢੀ।
ਗਾਇ ਪਾਇ ਹੈਂ ਬਖਸ਼ਸ਼ ਗਾਢੀ।
ਨਭ ਤੈ ਸੁਮਨ[1] ਸੁਮਨ[2] ਬਰਸਾਵੈਂ[3]।
ਦੈ ਅਸੀਸ ਨਿਜ ਨਟੀ ਨਚਾਵੈਂ ॥ ੫੪ ॥

ਬਿਬਿਧਿ ਬਾਜਨੇ[1] ਬਿਬਿਧ ਬਜੈ ਹੈਂ।
ਛਯੋ ਕੁਲਾਹਲ[1] ਨਭ ਧਰ ਮੈਂ ਹੈਂ।
ਪੁਰ ਅਨੰਦ[1] ਆਨੰਦ ਪੁਰਿ ਹੋਵਾ।
ਗਜਾਨ ਸਿੰਘ ਧੰਨ ਜਿਨ ਵਹਿ ਜੋਵਾ ॥ ੫੫ ॥

ਦੇਸ ਬਿਦੇਸ ਸੁ ਕੀਰਤਿ ਫੈਲੀ।
ਗੰਗਧਾਰ ਸੀ ਆਨੰਦ ਭੈਲੀ[1]।
ਸੁਨਿ ਮਸੰਦ ਸੰਗਤ ਲੈ ਬ੍ਰਿੰਦੈਂ।
ਆਇ ਅਕੋਰ ਚਢਾਇ ਬੁਲਿੰਦੈਂ ॥ ੫੬ ॥

ਦੇਤ ਬਧਾਈ ਲੇਤ ਮਨਿੱਛੈਂ।
ਸਿਰੇਪਾਉ ਲੈ ਜਾਤ ਸੁਇੱਛੈਂ।
ਨਿਜ ਸਭਿ ਸੁਭਟਨ ਕੋ ਗੁਰੁਰਾਈ।
ਬਖਸ਼ੇ ਕੜੇ ਕਨਕ[1] ਮੁਦ ਦਾਈ ॥ ੫੭ ॥

ਗੁਰੁ ਸਨਮੁਖ ਜਾਚਕ ਜੋ ਆਯੋ।
ਦਾਰਦਿ ਦਰਨ ਦਰਿੱਦ੍ਰ ਦਹਾਯੋ[1]।
ਭੂਖਨ ਬਸਨ ਖਿਲੌਨੇ ਲੌਨੇ[1]।

[1]ਗਹਿਣੇ। [2]ਬਸਤ੍ਰ। [3]ਭੋਜਨ।
[1]ਅਪਨੇ (ਤਨ) ਸ਼ਰੀਰ ਪਾਸ (ਸਰ) ਲਕੋ ਕੇ।
[1]ਉਚਾਰਦੇ।
[1]ਦੱਭ (ਹਰਾ ਘਾਹ) ਤੇ ਅਸਚਰਜ ਵਧਾਈਆਂ ਲੈਂਦੇ ਹਨ।
[1]{ਸਹੂਬ} ਬਹੁਤਾ।
[1]ਵਿਦਵਾਨ, ਪੰਡਿਤ। [2]ਮਸਖ਼ਰੇ, ਮਖ਼ੌਲੀਏ।
[1]ਖੇਡਾਂ। [2]ਉੱਚੇ ਹੁੰਦੇ ਹਨ ਭਾਵ ਖ਼ੁਸ਼ ਹੁੰਦੇ ਹਨ।
[1]ਦੇਵਤੇ। [2]ਫੁੱਲ। [3]ਵਰਸਾਉਂਦੇ ਹਨ।
[1]ਅਨੇਕ ਤਰ੍ਹਾਂ ਦੇ ਵਾਜੇ।
[1]ਖ਼ੁਸ਼ੀ ਦਾ ਡੰਡਰੌਲਾ।
[1]ਅਨੰਦ ਨਾਲ ਭਰ ਗਿਆ।
[1]ਮਿਲੀ ਹੋਈ।
[1]ਸੋਨੇ ਦੀ।
[1]ਗ਼ਰੀਬੀ ਨੂੰ ਦਲਨ ਵਾਲੇ ਸਤਿਗੁਰਾਂ ਨੇ ਗ਼ਰੀਬੀ ਸਾੜ ਦਿੱਤੀ।
[1]ਸੁੰਦਰ।

ਘਰੇ ਅਤਨ ਜਨੁ ਰਤਨ ਜਟੌਨੇ[1] ॥ ੫੮ ॥
[1]ਜਾਣੋ (ਅਤਨ) ਕਾਮ ਦੇਵ ਨੇ ਘੜ ਕੇਰਤਨ ਜੜੇ ਹਨ।

ਸਿੱਖ ਸੰਬੰਧੀ ਮਿੱਤ੍ਰ ਪਜਾਰੇ।
ਅਰਪਤਿ ਆਇ ਨਿੱਤ ਮੁਦ ਧਾਰੇ।
ਭੀਮਚੰਦ ਸਾਨੰਦ ਬੁਲੰਦੈਂ।
ਦਏ ਆਪ ਆ ਪੁਰਿ ਆਨੰਦੈਂ ॥ ੫੯ ॥

ਮੌਰ ਸਢੌਰ ਪੀਰ ਪਠਵਏ[1]।
[1]ਸਢੌਰੇ ਦੇ ਸ਼੍ਰੋਮਣੀ ਪੀਰ (ਬੁੱਧੂ ਸ਼ਾਹ) ਨੇ ਭੇਜੇ।

ਕੌਰ ਪੰਜਾਬ ਤੌਰ ਸੁਠ ਨਏ[1]।
[1]ਨਵੀਂ ਤਰ੍ਹਾਂ ਦੇ ਸੁੰਦਰ।

ਨਾਹਣੇਸ ਨ੍ਰਿਪ, ਫਤੇ ਸ਼ਾਹਿ ਕੈ।
ਸੰਧਿ ਕਰਨ ਹਿਤ ਪਠੇ ਚਾਹਿ ਕੈ ॥ ੬੦ ॥

ਇਕ ਇਕ ਪਾਠਾ ਅੱਸ੍ਵ[1] ਪਠਾਏ।
[1]ਜਵਾਨ ਘੋੜਾ।

ਕਰਿ ਕੈ ਅਰਜ਼ ਕਬੂਲ ਕਰਾਏ।
ਜੇਤਿਕ ਧਨ ਥਾ ਗੁਰੂ ਲੁਟਾਯੋ।
ਤਿਸ ਤੈ ਦਸ ਗੁਨ ਪੁਨ ਗੁਨਿ ਆਯੋ ॥ ੬੧ ॥

ਜ਼ੇਵਰ ਤੇਵਰ ਅਨਿਕ ਪ੍ਰਕਾਰੈਂ।
ਮਾਤੈਂ ਮਹਿਲੈਂ ਮਿਲੇ ਅਪਾਰੈਂ।
ਮਾਤ ਨਾਨਕੀ ਗੁਜਰੀ ਦਾਨੀ[1]।
[1]ਸਿਆਣੇ।

ਸ੍ਰੀ ਜੀਤੋ ਜੀ ਸੌਂਤ[1] ਸਜਾਨੀ ॥ ੬੨ ॥
[1]ਸੌਂਕਣ।

ਨਿਰਖ ਨਿਰਖਿ ਬਾਲਕ ਕੋ ਪ੍ਰਤਿ ਨਿਤ।
ਹਰਖ ਹਰਖਿ ਹਿਯ ਪਰਖ ਪਰਖਿ ਹਿਤ।
ਮਹਿਦ ਮੋਦ ਮਹਿਂਰਹਿ ਗਲਤਾਨੀ।
ਪਾਲਤ ਲਾਲਤ[1] ਅਨਿਕ ਬਿਧਾਨੀ ॥ ੬੩ ॥
[1]ਲਾਡ ਕਰਦੀ ਹੈ।

ਜ਼ੇਵਰ ਜਬਰ[1] ਜਵਾਹਰ ਜਰੇ।
[1]ਬਹੁਤੇ।

ਕਰ[1] ਗਰ[2] ਕਟਿ[3] ਪਗ[11] ਜਗਮਗ ਕਰੇ।
[1]ਹੱਥ। [2]ਗਲ। [3]ਲੱਕ। [11]ਪੈਰਾਂ ਵਿੱਚ।

ਝੀਨ[1] ਨਵੀਨ ਬਸਨ ਕੀ ਝਗੀਆਂ।
[1]ਬਰੀਕ।

ਪਹਿਰਾਵਤ ਭਾਵਤ ਮੁਦ ਪਗੀਆਂ[1] ॥ ੬੪ ॥
[1]ਅਨੰਦ 'ਚ ਲੀਨ ਹੋਈਆਂ।

ਕਿਤਿਕ ਮਾਸ ਇਮ ਖਾਸ ਬਿਤਾਏ।
ਅਵਧਿ ਅਨੰਦ[1] ਕੌਨ ਕਵਿ ਗਾਏ।
[1]ਅਨੰਦ ਦੀ ਹੱਦ।

ਨ੍ਰਿਪ ਕਾ ਮੇਲ, ਬਾਲ ਬਿਦਤਾਵਨ।
ਗਾਇ ਅੱਧਜਾਇ ਸੁ ਕੀਨ ਬਿਰਾਵਨ ॥ ੬੫ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਨ੍ਰਿਪ ਸੋਂ ਮੇਲ, ਅਜੀਤ ਸਿੰਘ ਜਨਮ', ਪ੍ਰਸੰਗ ਬਰਨਨੰ ਨਾਮ ਸਤਵੰਜਵੋਂ ਬ੍ਰਿਸਾਮ ॥ ੫੭ ॥

੫੯. {ਠੱਗਾਂ ਨੂੰ ਪਕੜਨਾ, ਨਦੌਣ ਦਾ ਜੰਗ}

ਕਬਿੱਤ:

ਜਾਇ ਸੇਤ ਬੰਧ ਨਿਜ ਕੰਧ ਪੈ ਉਠਾਇ ਗੰਗ,
ਦ੍ਵਾਰਕਾ ਦਹਾਇ ਅੰਗਰੰਗ ਬਦਲਾਈਏ[1]।

[1]ਜੇਕਰ ਗੰਗਾ ਨੂੰ ਮੋਢਿਆਂ 'ਤੇ ਚੁੱਕ ਕੇ ਸੇਤਬੰਧ ਤੀਰਥ 'ਤੇ ਚਲੇ ਜਾਈਏ ਅਤੇ ਦੁਆਰਕਾ 'ਚ ਅੰਗਾਂ ਨੂੰ (ਦਹਾਇ) (ਛਾਪਿਆਂ ਨਾਲ) ਸਾੜ ਕੇਰੰਗ ਬਦਲਾ ਲਈਏ।

ਬੱਦਰੀ ਕਿਦਾਰ ਕੋ ਦਿਦਾਰ ਕਰਿ ਬਾਰ ਬਾਰ,
ਕੰਦਰ ਅੰਦਰ ਬਸ ਕੰਦ ਮੂਲ ਖਾਈਏ।
ਨਾਂਗੇ ਪਗ ਜਾਇ ਕੈ ਜਗਨ ਨਾਥ ਮਾਥ ਨਾਇ,
ਜਪ ਤਪ ਜੋਗ ਜਗਜ ਅਨਿਕ ਕਮਾਈਏ।
ਪਾਈਏ ਸਬਿਨਿ ਫਲ ਪਲਕ ਝਲਕ ਮਾਂਹਿ[1],

[1]ਪਲਕ ਦੇ ਫਰਕਣ ਜਿੰਨੇ ਚਿਰ ਵਿੱਚ।

ਸੰਤ ਸੰਗ ਕਰਿ ਜੌ ਪੈਰੰਗ[1] ਮਨ ਲਾਈਏ ॥੧॥

[1]ਪ੍ਰੇਮ ਨਾਲ।

ਮਰਹਟਾ ਛੰਦ:

ਪਕਰੈਂ ਠੱਗ ਨਦੌਣ ਜੰਗ ਹ੍ਵੈ,
ਏਸ ਅਧਜਾਇ ਮਝਾਰੈਂ।
ਪੁਰਿ ਅਨੰਦ ਗੁਰੁ ਪੁਰਬ ਬਿਸਾਖੀ,
ਮੇਲਾ ਭਯੋ ਅਪਾਰੈਂ।
ਊਚ ਠੌਰ ਥਿਰਿ ਗੁਰੂ ਗੌਰ[1],

[1]ਭਾਰੇ ਗੁਰਾਂ ਨੇ।

ਸਿਖ ਦੈ ਦਿਦਾਰ ਨਿਸਤਾਰੇ।
ਠੱਗਨ ਖੀਸੇ ਕਟੇ ਸਿੱਖਨ ਕੇ,
ਗੁਰੁ ਢਿਗ ਆਇ ਪੁਕਾਰੇ ॥੨॥
ਧੋਤੀ ਲਾਂਬੀ ਤਿਲਕ ਫਟਾਕੈਂ[1]

[1]ਫੱਟੀਆਂ ਵਾਲੇ ਤਿਲਕ ਕੀਤੇ ਹਨ।

ਮਾਲ ਸਟਾਕੈਂ[1] ਫੇਰਤ।

[1]{ਸਟਾਕੈਂ} ਛੇਤੀ ਛੇਤੀ ਮਾਲਾ ਫੇਰਦੇ ਹਨ।

ਪਗੀਆ ਲਾਲ ਕੰਠਿ ਕੰਠੀ ਬ੍ਰਿੱਧ[1],

[1]ਗੱਲ 'ਚ (ਬ੍ਰਿਧ) ਮੋਟੇ ਮੋਟੇ (ਮਣਕਿਆਂ ਦੀਆਂ) (ਕੰਠੀ) ਮਾਲਾਂ ਹਨ।

ਕਹਜੋ ਗੁਰੂ ਅਸ ਹੇਰਤ[1]।

[1]ਇਸ ਤਰ੍ਹਾਂ ਦਾ (ਬੰਦਾ) ਦੇਖਕੇ।

ਗਹਿ ਲਜਾਵੋ ਮਮ ਢਿਗ ਸਿਖ ਧਾਏ,
ਦੇਖਿ ਪਕਰਿ ਤਿਹਂ ਲਿਆਏ।
ਰਹੇ ਪੀਟ ਵਹਿ[1] ਢੀਠ ਨ ਮਾਨੇ

[1]ਉਸ ਨੂੰ ਮਾਰ ਰਹੇ।

ਖੀਸੇ ਸਰ ਨਿਕਲਾਏ[1] ॥੩॥

[1]{ਸਰ} ਪੰਜ ਖੀਸੇ ਨਿਕਲ ਆਏ।

ਕਰਜੋ ਕੈਦ ਵਹਿ ਕਹਿ ਗੁਰੁ ਵੈਸੇ,

ਔਰ ਗਹਾਏ ਤੀਨੇ।
ਬੂਝੇ ਗੁਰੂ ਸਿਖਨਿ[1] ਤੁਮ ਜਾਨਤ ਥੇ, ਕਿਉਂ ਕਾਟਨ ਦੀਨੇ।
ਬੋਲੇ ਗੁਰੁ ਇਨਿ ਮੰਨਤ ਹਮਰੀ, ਤ੍ਰੈ ਤ੍ਰੈ ਖੀਸੇ ਕਾਟਨ।
ਹੇਤ ਕਰੀ, ਹਮ ਤੋਂ ਨ ਹਟਾਏ, ਬਢੇ ਤੁ ਕੀਨੇ ਡਾਟਨ ॥ ੪ ॥
ਸਭਾ ਬੀਚ ਗੁਰੁ ਇਮ ਜਬਿ ਭਾਖਜੋ, ਪੁਨ ਵਹਿ ਪੁਛੇ ਬੁਲਾਏ।
ਕਹਯੋ ਉਨੈ ਦਿਢ ਸਹੀ ਯਹੀ ਹੈ, ਜੋ ਗੁਰੁ ਕਹੀ ਸੁਨਾਏ।
ਸੁਨਿ ਸਭਿ ਸਭਾ-ਸਦਜ[1] ਹਰਖਾਨੇ, ਗੁਰੁ ਸ੍ਰਬਗੱਜ ਪਛਾਨੇ।
ਗਹਿ ਪਗ ਕਹਜੋ ਤੁਮਾਰੀ ਗਤ ਮਿਤ, ਤੁਮ ਬਿਨ ਕੋਇ ਨ ਜਾਨੇ ॥ ਪ ॥
ਜਾਨੀ ਜਾਨ ਜਹਾਨੀ[1] ਗਜਾਨੀ, ਕਰਤ ਚਰਿਤ ਨਰ ਤਨ ਕੇ।
ਹਰਿ ਗਜਾਨ ਇਨਸਾਫ ਕਰੈਂ ਪ੍ਰਭ, ਇਮ ਨਿਤ ਪ੍ਰਤਿ ਬਹੁ ਜਨ ਕੇ।
ਦੇਸ ਬਿਦੇਸ ਵਿਸੇਸ ਘਰੋ ਘਰ, ਫੁਲੀ ਮਾਲਤੀ ਕੀਰਤਿ[1]।
ਕਵਿਤਾ ਰਚਿਤ ਬਚਿੱਤ੍ਰ ਮਨੋਹਰ, ਪਿਖਿ ਮੁਦ ਹ੍ਵੈਂ ਕਵਿ ਧੀਰਤ[1] ॥ ੬ ॥
ਅਲੰਕਾਰ ਨਵਰਸ ਬਰਨਤ ਸੁਠ, ਉਕਤਿ ਅਨੂਠੀ[1] ਲਜਾਵੈਂ।
ਦਰਬ ਮਾਨ ਗੁਨੀਅਨ ਕੋ ਦੈਂ ਬਹੁ, ਰਾਖੈਂ ਢਿਗ ਹੁਲਸਾਵੈਂ[1]।
ਪੀਰ ਫਕੀਰ ਸੰਨਜਾਸੀ ਜੋਗੀ, ਬੈਰਾਗੀ ਬਹੁ ਆਵੈਂ।
ਅਜ਼ਮਤ ਪਿਖੈਂ ਪਿਖਾਹਿਂ ਅਨਿਕਧਾ[1],

[1]ਸਿਖਾਂ ਨੇ ਗੁਰਾਂ ਤੋਂ ਪੁੱਛਿਆ।
[1]ਦਰਬਾਰੀ।
[1]ਸੰਸਾਰ ਦੇ।
[1]ਕੀਰਤੀ ਰੂਪ ਮਾਲਤੀ।
[1]ਧੀਰਜਵਾਨ।
[1]ਅਨੋਖਾ ਕਥਨ।
[1]ਖ਼ੁਸ਼ ਰੱਖਦੇ ਹਨ।
[1]ਅਨੇਕ ਤਰ੍ਹਾਂ ਦੀ।

ਪਰਖ ਹਰਖ ਫਿਰ ਜਾਵੈਂ ॥ ੭ ॥
ਸੁਨੋ ਕਥਾ ਅਬਿ ਔਰ ਚਾਲੀ,
ਸਿਦਕੀ ਸਿੱਖ ਉਦਾਰੈਂ।
ਨੌਮ ਗੁਰੂ ਜਬਿ ਤੈ ਸਿਰ ਦੀਨੋ,
ਹਿੰਦੁ ਧਰਮ ਰਖਵਾਰੈਂ।
ਤਬਿ ਤੈ ਬਿਪਤਿ ਪਰੀ ਨੌਰੰਗ ਕੋ,
ਭਾਰੀ ਖਰੀ ਮਹਾਂਹੀਂ।
ਮਿਲੀ ਨ ਫੁਰਸਤ[1] ਤੁਰਕ ਕਰਨ ਕੀ, [1]ਵਿਹਲ।
ਹਿੰਦੁਨ ਕੋ ਫਿਰ ਤਾਂਹੀਂ[1] ॥ ੮ ॥ [1]ਤਿਸ ਨੂੰ।
ਤਾਨੇ ਸ਼ਾਹਿ ਹੈਦਰਾਬਾਦੀ,
ਸੂਬਾ ਬਿਗਰਜੋ ਭਾਰਾ।
ਉਤ ਟੀਪੂ ਸੁਲਤਾਨ ਕੇਰ ਸੁਤ,
ਬਾਗੀ ਭਯੋ ਕਰਾਰਾ।
ਔਰ ਮੁਲਕ ਵਿਚ ਰਾਜੇ ਕੇਤੇ,
ਦੁਸ਼ਮਨ ਸ਼ਹਿ ਕੇ ਹੂਏ।
ਗੁਰੁ ਸਰਾਪ ਤੈ ਅਗਨਿ ਬਾਂਸ
ਜਜੋਂ, ਆਪਹਿ ਲਰਿ ਮੂਏ ॥ ੯ ॥
ਆਖਰ ਔਰੰਗ ਖੁਦ ਦਿੱਲੀ ਤੇ,
ਜਮ ਦਿਸ[1] ਪਜਾਨਾ ਕੈ ਕੈ। [1]ਦੱਖਣ ਦੀ ਤਰਫ਼।
ਕਿਲੇ ਗੋਲ ਕੁੰਡੇ ਪਰ ਦੱਖਣ,
ਪਹੁੰਚਜੋ ਦਲ ਬਡ ਲੈ ਕੈ।
ਸਾਰ ਪਾਇ ਕਰ[1] ਲੈਨੇ ਪਠਜੋ, [1]ਮਾਮਲਾ।
ਮੀਆਂ ਖਾਨ ਦੈ ਸੈਨਾ।
ਚਢਿ ਦਿੱਲੀ ਤੈ ਜੰਮੂ ਦਿਸ ਵਹਿ,
ਗਯੋ ਕਰਤ ਬੇਚੈਨਾ ॥ ੧੦ ॥
ਅਲਫ ਖਾਨ ਕੋ ਦੈ ਬਹੁ ਸੈਨਾ,
ਇਨਿ ਭੂਪਨ ਪਰ ਪਠਜੋ।
ਘੇਰਜੋ ਆਇ ਕਾਂਗੜਾ ਜਬਿ ਉਨਿ,
ਤਬਿ ਕ੍ਰਿਪਾਲ ਇਮ ਠਟਜੋ[1]। [1]ਕਿਰਪਾਲ ਕਟੋਚੀਏ ਨੇ ਇਉਂ ਕੀਤਾ।
ਦੈ ਕਿਛੁ ਦਰਬ ਮੇਲ ਕਰਿ, ਤਾਂ ਕੋ

ਭੀਮ ਚੰਦ ਪਰ ਪ੍ਰੇਰਜੋ।
ਉਨਿ ਨਦੌਣ ਢਿਗ ਉਤਰਿ, ਦੂਣ
ਕਹਿਲੂਰ ਭੀਮ ਸਸਿ ਘੇਰਜੋ ॥੧੧॥
ਕਹਜੋ ਭੀਮ ਸਸਿ ਸਨੇ ਸਨੇ ਲਿਹੁ,
ਇਕ ਦਮ ਦੈ ਨ ਮੁਹਾਲੈਂ[1]। [1]ਮੁਸ਼ਕਲ।
ਨਹਿਂ ਮਾਨੀ ਉਨਿ ਜੁਲਮ ਕਰਜੋ ਬਹੁ,
ਬਢ ਗਈ ਰਾਰਿ[1] ਬਿਸਾਲੈਂ। [1]ਲੜਾਈ।
ਸੋ ਲਰ ਰਹਜੋ ਨ ਭਯੋ ਮੁਲਕ ਸਰ[1], [1]ਫ਼ਤਹ।
ਕਈਕ ਸਾਲ ਬਿਤੀਏ।
ਇਹੁ ਹਲਚਾਲ ਨਿਹਾਲ ਗਿਰੀਸਨ[1], [1]ਪਹਾੜੀ ਰਾਜਿਆਂ ਨੇ ਇਹ ਗੜਬੜ ਦੇਖ ਕੇ।
ਸ਼ਾਹੀ ਟਕੇ ਨ ਦੀਏ ॥੧੨॥
ਕਠ ਗੜ੍ਹ ਮੈਂ ਕੱਠ ਕਰਿ ਕੈ ਨ੍ਰਿਪਨਿ,
ਜੰਗ ਸੰਗ ਤਿਸ ਚਾਹਾ।
ਨਿਜ ਮੱਦਤ ਹਿਤ ਗੁਰੈਂ ਬੁਲਾਯੋ,
ਪਠਿ ਬਜੀਰ ਇਮ ਪ੍ਰਾਹਾ[1]। [1]ਕਿਹਾ।
ਸਾਹਿਬ ਸ਼ਕਤਿ ਭਗਤ ਰੱਖਕ ਤੁਮ,
ਮੁਹਿ ਅਭਗਤ ਕੀ ਬਾਰੀ[1]। [1]ਹੁਣ ਮੇਰੀ ਭਗਤੀ ਤੋਂ ਹੀਣੇ ਦੀ ਵਾਰੀ ਹੈ। (ਮੇਰੀਰੱਖਿਆ ਕਰੋ)।

ਦੀਨ ਦਜਾਲ ਸਰਣ ਪ੍ਰਤਿ ਪਾਲਕ,
ਮਾਲਕ ਚਾਲਕ[1] ਭਾਰੀ ॥੧੩॥ [1]ਚਲਾਉਣ ਵਾਲੇ, ਪ੍ਰੇਰਕ।
ਹਮ ਝੂਠੇ ਰਾਜਾ ਕਹਿਲਾਵਤ,
ਆਪ ਸ਼ਹਿਨਸ਼ਾਹ ਸਾਚੇ।
ਕਾਮੀ ਕੁਟਿਲ ਕੁਗਾਮੀ[1] ਕ੍ਰਿਤਘਨ, [1]ਖੋਟੇਰਾਹ ਚੱਲਣ ਵਾਲੇ।
ਕੂਰ ਕੁਨੀਤੀ[1] ਕਾਚੇ। [1]ਖੋਟੀ ਨੀਤੀ ਵਾਲੇ।
ਹਮਰੇ ਔਗਨ ਗਨਜੋ ਨ ਪ੍ਰਭੁ ਜੀ,
ਅਪਨਾ ਬਿਰਦ ਸੰਭਾਰੋ।
ਰਹੈਂ ਗੁਲਾਮ ਬਨੇ ਹਮ ਸਦ ਤੁਮ,
ਅਬਿ ਇਹੁ ਲੱਜਜਾ ਪਾਰੋ ॥੧੪॥
ਤੂਕੈਂ ਹਰਾਇ ਛੁਡਾਇ ਕਰਾ ਇਹੁ,
ਲੈ ਤੁਮ ਲੰਗਰ ਪਾਯੋ।

ਪੋਚ[1] ਅਸੋਚ[2] ਕਟੋਚ ਤੁਰਕ ਕੋ,
ਲੈ ਚਢਾਇ ਇਤ ਆਯੋ।
ਭਵੋ ਸਹਾਇ ਆਇ ਗਜ ਜਜੋਂ ਅਬਿ,
ਆਪ ਕਈ ਬਿਰ ਭਾਖਾ।
ਤੁਰਕਨ ਕੋ ਹਮ ਨਸ਼ਟ ਕਰਹਿਂਗੇ,
ਭਯੋ ਸਮਯ ਅਭਿਲਾਖਾ[1] ॥ ੧੫ ॥
ਹਮੈ ਭਰੋਸ ਆਪ ਜੀਤਹੁਂਗੇ,
ਇਹੁ ਕਜਾ ਤੁਰਕ ਵਿਚਾਰੇ।
ਰੂਮ ਸ਼ਾਮ ਲੌ ਜੇ ਮਿਲ ਐਹੈਂ,
ਜੈਹੈਂ ਤੌ ਭੀ ਹਾਰੇ।
ਬਿਨੈ ਪੱਤ੍ਰ ਪਢਿ ਧੀਰਜ ਦੈ ਪ੍ਰਭੁ,
ਬੋਲੇ ਡਰ ਨਹਿਂ ਕੀਜੈ।
ਛੱਤ੍ਰੀ ਪਨੋ ਨਿਬਾਹੋ ਪੂਰਾ,
ਮੁਹਿ ਭੀ ਪੁਗਜੋ ਲਖੀਜੈ[1] ॥ ੧੬ ॥
ਗੁਰੁ ਬਚ ਪਾਹਨ ਲੀਕ ਸਚਵ ਲਖਿ[1],
ਜਾਇ ਭੂਪ ਪ੍ਰਤਿ ਭਾਖਾ।
ਭਵੋ ਨ ਚਿੰਤਤ ਕੱਲ ਕੋ ਸਤਿਗੁਰੁ,
ਐਹੈ ਤੁਮਰੋ ਰਾਖਾ।
ਭੀਮ ਚੰਦ ਸੁਨਿ ਭਯੋ ਦਹਿ ਗੁਨੋ,
ਭਬਕ ਉਠਿਓ ਸਮ ਭੀਮੈਂ[1]।
ਦੁਹਿਰੀ ਚੋਬ ਲਾਇ ਦੁੰਦਭਿ ਪੈ,
ਦਲ ਬਟੋਰਿ ਸਬਿ ਧੀਮੈਂ[1] ॥ ੧੭ ॥
ਰਾਮ ਸਿੰਘ ਜਸਵਾਲੀ ਚਢਜੋ,
ਅਰ ਗਜ ਸਿੰਘ ਬਲਕਾਰੇ[1]।
ਜਸਰੋਟੀ ਸੁਖ ਦੇਵ, ਪ੍ਰਿਥੀ ਸਸਿ
ਡਢਵਾਲੀ ਭਬਕਾਰੇ।
ਚਢਜੋ ਸਸੈਨ ਗੋਪਾਲ ਗੋਲੇਰੀ,
ਹੰਡੂਰੀ ਰਿਸ ਕਢ ਕੈ[1]।
ਢਿਗ ਨਦੌਣ ਢੁਕਵਾਇ ਨਗਾਰੇ,

[1]ਨੀਚ। [2]ਅਪਵਿੱਤ੍ਰ।

[1]ਜੋ ਚਾਹੁੰਦੇ ਸੀ।

[1]ਪਹੁੰਚਿਆ ਜਾਣੋ।

[1]ਵਜ਼ੀਰ ਨੇ ਗੁਰਾਂ ਦੇ ਬਚਨ ਪੱਥਰ ਦੀ ਲੀਕ ਵਾਂਗ ਸੱਚੇ ਜਾਣ ਕੇ।

[1]ਭੀਮ ਸੈਨ ਵਾਂਗ।

[1]ਧੀਰਜ ਨਾਲ ਸਾਰਾ ਦਲ ਇਕੱਠਾ ਕੀਤਾ।

[1]ਬਲੀ।

[1]ਗੁੱਸਾ ਕੱਢ ਕੇ।

ਲਰੇ ਅੱਗ੍ਰ ਹ੍ਵੈ ਬਢ ਕੈ ॥੧੮॥
ਉਤੈ ਕਟੋਚੀ ਤੁਰਕੀ ਸੈਨਾ,
ਗਢ ਸਮ ਸੰਘਰ ਕੀਨੋ[1]। [1]ਕਿਲ੍ਹੇ ਵਾਂਗ ਜੰਗ ਕੀਤਾ।
ਊਚੀ ਠੌਰ ਗੌਰ ਤਰੁ[1] ਕਟ ਕੇ, [1]ਵੱਡੇ ਦਰੱਖ਼ਤ।
ਬਾੜਾ ਬਡ ਰਚ ਲੀਨੋ[1]। [1]ਵੱਡਾ ਵਾੜਾ ਬਣਾ ਲਿਆ।
ਗੋਰੀ ਤੀਰ ਨ ਜਿਸ ਮੈਂ ਲਾਗੈ,
ਲਖ ਕਰਿ[1] ਆਗੈ ਆਏ। [1](ਉਸ ਵਿੱਚੋਂ) ਲੰਘ ਕੇ।
ਇਤ ਤੈ ਦਲ ਓਰੜ[1] ਢਿਗ ਢੁੱਕਜੋ, [1]ਉੱਛਲ ਕੇ।
ਭੀਮ ਸਸੀ ਕੋ ਜਾਏ ॥੧੯॥
ਭੁਜੰਗ ਪ੍ਰਯਾਤ ਛੰਦ:
ਚਲੇ ਤੀਰ ਗੋਲੀ ਭਲੇ ਥੋਰ ਥੋਰੈਂ[1]। [1]ਚੰਗੀ ਤਰ੍ਹਾਂ ਥੋੜ੍ਹੇ ਥੋੜ੍ਹੇ।
ਬਜੈਂ ਬਾਦ ਗਾਢੇ[1] ਮਨੋ ਮੇਘ ਘੋਰੈਂ[2]। [1]ਤਕੜੇ ਵਾਜੇ। [2]ਜਾਣੋ ਬੱਦਲ ਗੱਜਦਾ ਹੈ।
ਇਨੋ ਕੇ ਉਨੈਂ ਨਾ ਲਗੈ ਨਾਖ[1] ਕੋਊ। [1]ਲੰਘ ਕੇ।
ਰੁਕੇ ਕਾਠ ਕੇ ਠਾਠ ਮੈਂ[1] ਰੈਂਹ ਸੋਊ ॥੨੦॥ [1]ਕਾਠ ਦੇ ਠਾਠ (ਸਾਮਾਨ) ਵਿੱਚ।
ਉਨੋ ਕੇ ਇਨੈ ਆਇ ਕੈ ਘਾਇ ਡਾਰੈਂ[1]। [1]ਮਾਰ ਸੁੱਟਦੇ ਹਨ।
ਇਹੀ ਸੋਚ ਕੈ ਤੇ ਹਟੇ ਯੇ ਪਿਛਾਰੈਂ।
ਲਰੇ ਦੂਰ ਦੂਰੋਂ ਖਰੇ ਦੇਰ ਤਾਂਈਂ।
ਨਹੀਂ ਪੇਸ਼ ਜਾਈ ਜਬੈ ਯੌਂ ਲਖਾਈ[1] ॥੨੧॥ [1]ਜਾਣੀ।
ਤਬੈ ਭੀਮ ਚੰਦੈਂ ਹੱਲਾ ਕੈ ਬੁਲੰਦੈਂ।
ਲਏ ਸੂਰ ਚਿੰਦੈਂ ਬਢਜੋ ਅੱਗ੍ਰ ਫੰਦੈਂ[1]। [1]ਮਨ ਇੱਛਤ ਸੂਰਮੇ (ਨਾਲ) ਲੈ ਕੇ ਛਾਲ ਮਾਰ ਕੇ ਅੱਗੇ ਵਧੇ।
ਇਕੈ ਬਾਰ ਤੈ ਬਾਰ ਪੈ ਬਾਰ ਝਾਰੀ[1]। [1]ਇੱਕੋ ਵੇਰਾਂ (ਉਨ੍ਹਾਂ ਦੀ ਕੀਤੀ ਹੋਈ) ਵਾੜ ਉੱਤੇ ਬੰਦੂਕਾਂ ਦਾ ਇਕੱਠਾ ਵਾਰ ਮਾਰਿਆ।
ਰਖੀ ਕਾਠ ਰੋਕੀ ਲਖੀ ਨਾ[1] ਅਗਾਰੀ ॥੨੨॥ [1]ਲੰਘੀ ਨਾ।
ਅਗੇ ਤੈ ਕ੍ਰਿਪਾਲੰ ਤਜੇ ਤੀਰ ਗੋਰੀ।
ਮਹਾਂ ਕੋਪ ਕੈ ਕੈ, ਅਤੈ[1] ਦੈ ਸੁ ਜੋਰੀ। [1]ਬਹੁਤਾ।
ਪਏ ਮੇਂਹ ਨਜਾਈਂ[1] ਗਏ ਬੇਧ ਅੰਗੈਂ। [1]ਬੱਦਲ ਵਾਂਗ।
ਘਨੇ ਜ੍ਵਾਨ ਘੋਰੇ ਬਨੇ ਅੰਗ ਭੰਗੈਂ ॥੨੩॥
ਤਬੈ ਰਾਮ ਸਿੰਘੰ ਸਸੀ ਭੀਮ ਕੋਪੇ।
ਥਏ ਜੰਗ ਥੰਭੇਰਣੰ ਪਾਉਂਰੋਪੇ[1]। [1]ਜੰਗ 'ਚ ਪੈਰ ਜਮਾ ਕੇ ਜੰਗ ਦੇ ਥੰਮ੍ਹ ਬਣ ਗਏ।
ਬਡੋ ਹੇਲ ਕੈ ਕੈ ਬਡੀ ਬਾਰ ਝਾਰੀ।

ਦਯੋ ਤੋਰ ਬਾਰਾ[1] ਕਿਛੂ ਹ੍ਵੈ ਅਗਾਰੀ ॥੨੪॥
[1]ਵਾੜਾ।

ਦਈ ਦੀਹ ਹੂਹਂ[1] ਢੁਕੇ ਬਾਰ ਨੇਰੇ।
[1]ਵੱਡਾ ਹੱਲਾ ਦੇ ਕੇ।

ਤਬ ਹੀ ਕ੍ਰਿਪਾਲੰ ਕਹਜੋ ਊਚ ਟੇਰੇ।
ਕਹਾਂ ਬੀਰ ਦੇਖੋ ਖਰੇ ਖਾਂ ਅਲੱਫੈਂ।
ਲਰੋ ਜੋਰ ਦੈ ਕੈ ਕਰੋ ਸਫਨਿ ਸੱਫੈਂ[1] ॥੨੫॥
[1](ਸਫ਼ਨਿ) ਕਤਾਰਾਂ ਨੂੰ (ਸੱਫੈਂ) ਸਾਫ਼ ਕਰ ਦਿਉ।

ਤਬੈ ਰੋਹ ਮੱਤੇ ਸਬੈ ਤੇਜ ਤੱਤੇ।
ਪਰੇ ਧਾਇ ਕੈ ਆਇ ਕੈ ਜੋਰ ਘੱਤੇ।
ਕੜਾ ਕਾੜ ਗੋਰੀ ਉਭੇ ਓਰਿ[1] ਚੱਲੀ।
[1]ਦੋਹਾਂ ਪਾਸਿਆਂ ਤੋਂ।

ਦੜਾ ਦਾੜ ਡਿੱਗੇ ਘਨੇ ਬੀਰ ਬੱਲੀ ॥੨੬॥
ਉਨੈ ਮਾਰ ਪਾਛਾਰ ਕੈ ਤੁੰਡ ਫੇਰੇ[1]।
[1]ਮੂੰਹ ਮੋੜ ਦਿੱਤੇ।

ਹਟੇ ਯੇ ਪਿਛਾਰੀ ਡਟੇ ਹ੍ਵੈ ਉਚੇਰੇ ॥੨੭॥

ਸ੍ਵੈਯਾ:

ਕੁਪ ਕੈ ਕਹਿਲੂਰ ਪਤੀ ਰੁਪ ਕੈ[1],
[1](ਪੈਰ) ਜਮਾ ਕੇ।

ਗਿਰ ਊਪਰ ਬੰਬ[1] ਬਜਾਨ ਲਗਜੋ।
[1]ਧੌਂਸਾ।

ਬਹੁ ਬੀਰਨ ਭੀਰ ਲਏ ਨਿਜ ਤੀਰ[1],
[1]ਆਪਣੇ ਕੋਲ।

ਬੰਦੂਕ ਅਚੂਕ ਤਜਾਨ ਲਗਜੋ।
ਗਿਰ ਓਟ ਬਚਾਇ ਰਹਿਓ ਨਿਜ ਕੈ,
ਖਿਜ ਕੈ ਸਰ ਓਘ[1] ਚਲਾਨ ਲਗਜੋ।
[1]ਸਾਰੇ ਤੀਰ।

ਅਰਿ ਘਾਨ ਲਗਜੋ[1] ਘਮਸਾਨ ਪਗਜੋ[2]
[1]ਵੈਰੀਆਂ ਨੂੰ ਮਾਰਨ ਲੱਗਾ। [2]ਜੰਗ 'ਚ ਲੀਨ ਹੋ ਕੇ।

ਸੱਤ੍ਰਾਨ ਅਗਜੋਂ[1] ਸੁ ਦਬਾਨ ਲਗਜੋ ॥੨੮॥
[1]ਵੈਰੀਆਂ ਨੂੰ ਅੱਗੋਂ।

ਰਦ ਪੀਸਤ ਰੀਸਤ ਚੀਸਤ ਹੈ[1],
[1]ਗ਼ੁੱਸੇ ਨਾਲ ਦੰਦ ਪੀਹ ਕੇ (ਚੀਸਤ) ਦੁਖੀ ਹੁੰਦਾ ਹੈ।

ਹਟ ਆਵਤ ਦੀਸਤ ਹੈਂ ਭਟ ਜੇ।
ਹਿਲ ਕੈ ਮਿਲ ਕੈ ਪਿਲ ਕੈ ਤਿਨ ਸੋਂ,
ਖਿਲ ਕੈ ਢਿਲ ਕੈ ਬਿਨ ਕੈ ਗਟ ਸੋ[1]।
[1]ਆਪਣੀ ਥਾਂ ਤੋਂ ਹਿੱਲ ਕੇ ਤਿਨ੍ਹਾਂ ਨਾਲ ਮਿਲ ਕੇ (ਪਿਲ ਕੈ) ਤਤਪੱਰ ਹੋ ਕੇ (ਖਿਲ ਕੈ) ਗਰੋਹ ਬੰਨ੍ਹ ਕੇ ਬਿਨਾ ਦੇਰੀ ਤੋਂ (ਸੋਂ) ਉਹ (ਗਟ) ਵਿਉਂਤ (ਕੈ) ਬਣਾ ਕੇ।

ਵੱਟ ਕੈ ਸੁ ਕਸੀਸ ਪਰੈਂ ਹਟ ਕੈ
ਝਟਕੈ ਫਟਕੈਂ ਨ ਟਿਕੈਂ ਨਟ ਸੋਂ[1]।
[1]ਛੇਤੀ ਪਛਾੜ ਦਿੰਦੇ ਹਨ, ਨਟ ਵਾਂਗ ਟਿਕਦੇ ਨਹੀਂ।

ਚਟ ਕੈ ਪਟ ਕੈ ਪਟਕੈਂ ਧਰ ਪੈ,
ਭਟਕੈਂ ਦੱਟਕੈਂ ਅਟਕੈਂ ਅਟ ਸੋ[1] ॥੨੯॥
[1]ਚਟ ਪਟ ਕਰ ਕੇ ਭਾਵ ਛੇਤੀ ਕਰ ਕੇ ਧਰਤੀ 'ਤੇ ਪਟਕਾ ਕੇ ਮਾਰਦੇ ਹਨ, (ਦੱਟ ਕੈ) ਹੱਲਾ ਕਰ ਕੇ (ਦਟਕੈਂ) ਦੌੜਦੇ ਹਨ

(ਅਟ ਸੋਂ) ਰੁਕਾਵਟ ਨਾਲ (ਅਟਕੈਂ) ਰੁਕ ਜਾਂਦੇ ਹਨ।

ਅਰਿ ਘਾਵਤ ਜਾਵਤ ਦਾਉ ਬਚਾਵਤ,
ਭਾਵਤ ਬੀਰ[1] ਲਰਾਵਤ ਭੋ। [1]ਮਨ ਦੀ ਇੱਛਾ ਅਨੁਸਾਰ ਸੂਰਮਿਆਂ ਨੂੰ।
ਇਤ ਤੈ ਉਤ ਜਾਵਤ ਬਾਜ[1] ਕੁਦਾਵਤ, [1]ਘੋੜਾ।
ਧੈਰ ਧਰਾਵਤ ਯਾਵਤ[1] ਭੋ। [1]ਇਸ ਤਰ੍ਹਾਂ।
ਬਜਵਾਵਤ ਬਾਦ[1] ਬਿਧੀ ਇਸ ਕੋ, [1]ਵਾਜਾ।
ਜਿਸ ਕੋ ਸੁਨ ਨਾ ਹਟ ਆਵਤ ਭੋ[1]। [1]ਕੋਈ ਵੀ ਪਿੱਛੇ ਹਟ ਕੇ ਨਹੀਂ ਆਉਂਦਾ।
ਉਨ ਮਾਤ ਉਸਤਾਦ ਨਚਾਰ ਕਰੇ[1], [1]ਨਾਚਿਆਂ ਦੇ ਉਸਤਾਦਾਂ ਨੂੰ ਮਾਤ ਕਰ ਦਿੱਤਾ।
ਸਮ ਸਜਾਪਹਿ ਨੈਣ ਪਿਟਾਵਤ ਭੋ ॥੩੦॥
ਪਿਖ ਕੈ ਕ੍ਰਿਪਾਲ ਕਰਾਲ ਰੁਪਜੋ,
ਨਿਜ ਬੀਰਨ ਕੋ ਲਲਕਾਰਤ ਭਾ।
ਤਿਰਛੀ ਬਰਛੀ ਨੋ ਝੁਕਾਇ, ਅਨੀ
ਸਘਨੀ ਹਲ ਹੂਲਹਿ ਪਾਰਤ ਭਾ[1]। [1]ਤਿਖੀ ਬਰਛੀ ਨੂੰ ਝੁਕਾ ਕੇ ਸੰਘਣੀ (ਅਨੀ) ਫ਼ੌਜ ਵਿੱਚ (ਹਲ ਹੂਲਹ) ਹਲਚਲੀ ਪਾਉਣ ਲੱਗਾ।

ਪਰਕਾਰ ਅਨੇਕ ਜਂਜੈਲ[1] ਜਬੂਰ[2], [1]ਭਾਰੀ ਅਤੇ ਲੰਬੀ ਬੰਦੂਕ। [2]ਜੰਬੂਰਕ=ਛੋਟੀ ਤੋਪ।
ਬੰਦੂਕ ਅਚੂਕ ਪ੍ਰਾਹਰਤ ਭਾ।
ਦਲ ਦੁਜੱਨ ਕੋ ਬਿਚਲਾਇ ਦਯੋ,
ਜਿਮ ਮੇਘਨ ਪੌਨ ਬਿਡਾਰਤ ਭਾ[1] ॥੩੧॥ [1]ਵੈਰੀਆਂ ਦਾ ਦਲ ਖਿੰਡਾ ਦਿੱਤਾ, ਜਿਵੇਂ ਬੱਦਲਾਂ ਨੂੰ ਪਉਣ (ਦੇਵਤਾ) ਖਿੰਡਾ ਦਿੰਦਾ ਹੈ।

ਸਸਿ ਭੀਮ ਨਿਦਾਨ[1] ਪਛਾਨ ਤਬੈ, [1]ਅੰਤ ਸਮਾਂ।
ਹਨੁਮਾਨ ਕੋ ਧਜਾਨ ਸੁ ਮੰਤ੍ਰ ਜਪਜੋ।
ਸਬਿ ਭੂਪ ਸਸੈਨ ਲਏ ਨਿਜ ਸੰਗ,
ਨਿਸੰਗ ਹ੍ਵੈ ਅੱਗ੍ਰ ਜੰਗ ਥਪਜੋ।
ਬਹੁ ਬਾਰਹਿ ਬਾਰ ਕਪੈ ਕਰਿ ਬਾਰ ਨ,
ਬਾਰਹਿਂ ਕੋ ਇਕ ਬਾਰ ਕਪਜੋ[1]। [1]ਬਾਰ ਬਾਰ ਬਹੁਤਿਆਂ ਨੂੰ ਕਟਦਾ ਹੈ, ਦੇਰ ਨਹੀਂ ਕਰਦਾ। ਬਾਰਾਂ ਨੂੰ ਇੱਕੋ ਵਾਰ ਕਟ ਦਿੱਤਾ।

ਰੁਪ ਕੈ[1] ਕੁਪ ਕੈ[2] ਨ੍ਰਿਪ ਖੂਪ ਲਰੇ, [1]ਪੈਰ ਜਮਾ ਕੇ। [2]ਕ੍ਰੋਧਵਾਨ ਹੋ ਕੇ।
ਗਨ ਬੀਰਨ ਕੋ ਰਣ ਵੀਚ ਖਪਜੋ ॥੩੨॥
ਸਸਿ ਭੀਮ ਸਭੀਮ ਬਿਲੋਕਤ[1] ਰੋਕਤ, [1]ਭੀਮ ਚੰਦ ਭੈ ਦੇ ਸਹਿਤ ਦੇਖਦਾ ਹੈ।
ਟੋਕਤ ਹੈ ਜੁ ਪਿਛਾਹਿਂ ਹੁਟੇ।
ਪਰਲੋਕ ਗਏ ਪਰ ਲੋਕ ਘਨੇ[1] ਪਿਖਿ, [1]ਪਰ ਬਹੁਤੇ ਲੋਕ ਪ੍ਰਲੋਕ ਚਲੇ ਗਏ।

ਪਾਉਂ ਨ ਅੱਗ੍ਰ ਏਕ ਪੁਟੇ।
ਨ੍ਰਿਪ ਜਾਨ ਲਯੋ ਅਬਿ ਹਾਰ ਭਵੈ,
ਅਰਿ ਮਾਰ ਹਮੈਂ ਘਰ ਬਾਰ ਲੁਟੇਂ।
ਗੁਰੁ ਨਾਹਿਂ ਅਏ ਅਬਿ ਲੌ ਹਿਤ ਮੱਦਤ,
ਜਾਤ ਛਕੇ ਹਮ ਕੇਰ ਛੁਟੇ[1] ॥ ੩੩ ॥

[1]ਸਾਡੇ ਛੱਕੇ ਛੁਟਦੇ ਜਾਂਦੇ ਹਨ ਭਾਵ ਹੋਸ਼ ਹਵਾਸ ਟਿਕਾਣੇ ਤੋਂ ਹਿਲਦੇ ਜਾਂਦੇ ਹਨ।

ਤਬਿ ਲੌ ਨਰ ਏਕ ਚਢਯੋ ਤਰੁ ਪੈ[1],
ਇਮ ਬੋਲ ਉਠਯੋ ਗੁਰੁ ਆਵਤ ਹੈਂ।
ਨਭ ਧੂਰ ਚਢੀ, ਧੁਨਿ ਭੂਰ ਕਢੀ
ਰਣਜੀਤ, ਬਢੀ ਗਰਜਾਵਤ ਹੈਂ[1]।

[1]ਦਰੱਖ਼ਤ ਉੱਤੇ।

[1]ਅਕਾਸ਼ 'ਚ ਧੂੜ ਚੜ੍ਹ ਗਈਰਣਜੀਤ (ਨਗਾਰੇ 'ਚੋਂ) ਬਹੁਤੀ ਅਵਾਜ਼ ਨਿਕਲ ਰਹੀ ਹੈ (ਜਿਸ ਦੀ) ਬਹੁਤੀ ਗੂੰਜ ਪੈ ਰਹੀ ਹੈ।

ਸੁਨ ਕੈ ਉਤਸ਼ਾਹਿ ਬਢਯੋ ਗੁਨ ਕੈ[1],
ਜਨੁ ਜੀਤ ਲਯੋ ਰਣ ਭਾਵਤ ਹੈ[1]।
ਕਿਰਖੀ ਜਨੁ ਸੂਕਤ ਮੇਂਹ ਮਿਲਯੋ,
ਤੁਲਹਾ ਜਿਮ ਬੂਡਤ ਪਾਵਤ ਹੈ[1] ॥ ੩੪ ॥

[1]ਵਿਚਾਰ ਕੇ।
[1]ਐਉਂ ਪ੍ਰਤੀਤ ਹੁੰਦਾ ਹੈ।
[1]ਜਾਣੋ ਸੁੱਕੀ ਖੇਤੀ ਨੂੰ ਬਦਲ ਮਿਲ ਗਿਆ ਜਾਂ ਜਿਵੇਂ ਡੁੱਬਦੇ ਨੂੰ ਤੁਲਹਾ ਮਿਲ ਜਾਵੇ।

ਗੁਰੁ ਆਵਤ ਕੋ ਦਰਸਾਵਤ ਹੀ,
ਦਲ ਭੂਪਨ ਕੋ ਉਮਡਯੋ ਅਘਟੈ[1]।
ਜਿਮ ਬਾਦਰ ਕੇ ਬਰਸੇ ਸਰਸੇ,
ਸਰਸੇ ਭਵ ਦਾਦਰ ਸਾਦਿਰ ਰਟੈ[1]।

[1]ਇਕੱਠਾ ਹੋ ਕੇ ਉਛਲਿਆ।
[1]ਜਿਵੇਂ ਬੱਦਲ ਦੇ ਬਹੁਤਾ ਵਰ੍ਹਨ ਨਾਲ ਬਹੁਤੇ ਡੱਡੂ (ਭਵ) ਪੈਦਾ ਹੋ ਕੇ ਤੇ (ਸਾਦਿਰ) ਨਿੱਡਰ ਹੋ ਕੇ ਬੋਲਦੇ ਹਨ।

ਸੁਪਤਯੋ ਰਸ ਬੀਰ ਜਗਯੋ ਕਿਤ ਹੈ,
ਗਰਜਯੋ ਘਨ ਜਯੋਂ ਪਿਖਿ ਬੀਜ ਛਟੇਂ[1]।

[1]ਗਜਦੇ ਹੋਏ ਬੱਦਲ ਵਿੱਚੋਂ ਜਿਵੇਂ ਬਿਜਲੀ ਦਾ ਚਮਕਾਰਾ ਦੇਖੀਦਾ ਹੈ।

ਉਦਯੋ ਰਵਿ ਹੇਰਿ ਗੁਰੈਂ, ਰਣ ਤਾਲ
ਵਿਖੈ ਬਿਕਸੇ ਮੁਖ ਕੰਜ ਭਟੈਂ[1] ॥ ੩੫ ॥

[1]ਗੁਰਾਂ ਰੂਪ ਸੂਰਜ ਚੜ੍ਹਿਆ ਵੇਖ ਕੇ ਜੰਗ ਰੂਪ ਸਰੋਵਰ ਵਿੱਚ ਸੂਰਮਿਆਂ ਦੇ ਮੁਖ ਰੂਪ ਕੰਵਲ ਖਿੜ ਪਏ।

ਯੁਤ ਬੀਰ ਹਜਾਰਕ ਆਇ ਪੁਗੇ[1]
ਰਣ ਮੈਂ ਗੁਰੁ ਜੌ, ਰਣਜੀਤ ਘੁਰਯੋ[1]।
ਸਸਿ ਭੀਮਹਿ ਲੌ ਸਭਿ ਭੂਪਨ ਆਇ,
ਗਹੇ ਗੁਰੁ ਪਾਇ ਲਜਾਇ ਕੁਰਯੋ[1]।
ਗੁਰੁ ਧੀਰ ਦਈ ਤੁਵ ਜੀਤ ਭਵੈ,

[1]ਪੁੱਜ ਗਏ।
[1]ਰਣਜੀਤ ਨਗਾਰਾ ਗੱਜਿਆ।
[1]ਸ਼ਰਮਿੰਦੇ ਹੋ ਕੇ।

ਮ੍ਰਿਤੁ ਹੋਤ ਅਮੀ ਜਨੁ ਏਹੁ ਪੁਰਜੋ[1]।
ਸੁਨ ਕੈ ਪਿਖ ਕੈਰਣ ਹਾਲ ਗੁਰੈਂ,
ਅਰਣੋਦਜ ਜਜੋਂ ਮੁਖ ਨੂਰ ਫੁਰਜੋ[1] ॥ ੩੬ ॥

[1]ਜਾਣੋ ਮਰਦਿਆਂ ਦੇ ਮੂੰਹ ਵਿੱਚ ਇਹ ਅੰਮ੍ਰਿਤ ਪੈ ਗਿਆ ਹੈ।

[1]ਚੜ੍ਹਦੇ ਸੂਰਜ ਵਾਂਗ ਮੁਖ 'ਤੇ ਪ੍ਰਕਾਸ਼ ਫੈਲ ਗਿਆ।

ਸੁਨ ਕੈ ਗੁਰੁ ਆਵਨ ਮੱਦਤ ਮੈਂ,
ਉਤ ਬੈਰਿਨ ਕੋ ਸਬਿ ਧੈਰ ਹਰਜੋ[1]।
ਵਸ ਚਿੰਤ ਭਯੋ ਕਿਰਪਾਲ, ਮਨੋ
ਜਲ ਕੋ ਘਟ ਸੌ ਸਿਰ ਤਾਂਹਿ ਪਰਜੋ।
ਉਨਿ ਜਾਨ ਲਯੋ ਅਬਿ ਹਾਰ ਭਵੈ,
ਪਰ ਛੋਰਨ ਜੰਗ ਕੁਢੰਗ ਭਰਜੋ[1]।
ਇਸ ਹੇਤ ਸੁਚੇਤ ਭਯੋ ਮਧ ਖੇਤ[1],
ਨ ਭੇਤ ਇਹੈ ਕਿਸ ਪਾਸਰਰਜੋ ॥ ੩੭ ॥

[1]ਧੀਰਜ ਟੁੱਟ ਗਿਆ।

[1]ਖੋਟੇ ਢੰਗ ਨਾਲ ਭਰਿਆ ਹੋਇਆ ਹੈ ਭਾਵ ਚੰਗੀ ਗੱਲ ਨਹੀਂ।

[1]ਜੰਗ ਦੇ ਮੈਦਾਨ 'ਚ।

ਇਤ ਤੈ ਦਲ ਲੈ ਸਸਿ ਭੀਮ ਬਢਜੋ,
ਯੁਤ ਸੈਨ ਗੁਰੂ ਇਕ ਓਰ ਭਏ।
ਸੁਨਿ ਦੁੰਦਭਿ ਸੰਖ ਧੁਨੀ ਗੁਰੁ ਕੀ,
ਉਰ ਬੈਰਿਨ ਖਾਇ ਦਰਾਰ ਗਏ[1]।
ਭਟ ਭੂਰਹਿਂ ਭੀਮ ਭਰੇ ਰਿਸ ਜੇ,
ਦਿਸ ਸੱਤ੍ਰੁਨਿ ਭੂਪਹਿ ਪੇਲ ਦਏ[1]।

[1]ਵੈਰੀਆਂ ਦੇ ਹਿਰਦੇ (ਦਰਾਰ) ਤੇੜ ਖਾ ਗਏ ਭਾਵ ਪਾਟ ਗਏ।

[1]ਜਿਹੜੇ ਸੂਰਮੇ ਬਹੁਤੇ ਭਿਆਨਕ ਗ਼ੁੱਸੇ ਨਾਲ ਭਰੇ ਹੋਏ ਸਨ ਉਹ ਵੈਰੀਆਂ ਦੀ ਤਰਫ਼ ਰਾਜੇ ਨੇ (ਪੇਲ) ਧੱਕ ਦਿੱਤੇ।

ਜੁਗ ਓਰਹਿ ਸ਼ੋਰ ਬਹੋਰ ਪਰਜੋ,
ਰਣ ਘੋਰ ਮੱਚਜੋ ਅਤਿ ਜੋਰ ਪਏ ॥ ੩੮ ॥
ਗੁਲਕਾ ਸਰ ਧਾਰ ਅਪਾਰ ਪਰੇ,
ਜਿਸ ਮੇਂਹ ਅਸਾਰ ਬਰ੍ਹੇ ਕਰਕਾ[1]।

[1]ਗੋਲੀਆਂ ਤੇ ਤੀਰਾਂ ਦੀਆਂ ਬਹੁਤੀਆਂ ਧਾਰਾਂ ਪੈ ਰਹੀਆਂ ਹਨ, ਜਿਵੇਂ (ਅਸਾਰ) ਬਹੁਤੇ ਮੀਂਹ ਵਿੱਚ (ਕਰਕਾ) ਗੜੇ ਵਰ੍ਹਦੇ ਹਨ।

ਕਰ[1] ਕਾਂਹਿ ਕਟੇ ਪਗ ਗੋਡ ਲਟੇ[2],
ਉਰ[1] ਪੇਟ ਫਟੇ ਬਿਕਟੇ ਧਰ ਕਾ[2]।
ਧਰਕਾ ਤਨ ਲਾਲ ਕਮਾਲ ਕਰਾਲ ਭਯੋ,
ਗੁਲ ਲਾਲਹਿ ਜਜੋਂ ਭਰਕਾ[1]।

[1]ਹੱਥ। [2]ਲਟਕ ਰਹੇ ਹਨ।

[1]ਛਾਤੀ। [2]ਧੜ ਦਾ (ਹਾਲ) (ਬਿਕਟ) ਭਿਆਨਕ ਹੋ ਰਿਹਾ ਹੈ।

[1]ਸਰੀਰ ਧੜਕ ਰਿਹਾ ਹੈ, ਬਹੁਤਾ ਭਿਆਨਕ ਤੇ ਲਾਲ ਹੋ ਗਿਆ ਹੈ, ਲਾਲੇ ਦੇ ਫੁੱਲ ਵਾਂਗ (ਭਰਕਾ) ਚਮਕ ਰਿਹਾ ਹੈ।

ਭਰਿ ਕਾਂਹਿਨ ਖੱਪਰ ਸ਼੍ਰੋਣ ਪੀਐਂ,
ਮਿਲਿ ਭੈਰਵਿ ਜੋਗਨਿ ਕੇ ਲਰਕਾ[1] ॥ ੩੯ ॥

[1](ਕਾਂਹਿਨ) ਕਈਆਂ ਭੈਰਵਾਂ ਤੇ ਜੋਗਣੀਆਂ ਦੇ ਲੜਕੇ ਮਿਲ

ਕੇ ਖੱਪਰ ਭਰ ਕੇ ਲਹੂ ਪੀ ਰਹੇ ਹਨ।

ਲਰਿ ਕਾਂਹਿ ਨ ਮਾਰਤ ਹੋ ਅਰਿ ਕੌ,
ਸਸਿ ਭੀਮ ਸਿਪਾਹਿ[1] ਬੰਗਾਰਤ ਹੈ।
ਗਾਰਤ ਹੈਂ ਗੁਰੁ ਕੇ ਭਟ ਭੂਰਨਿ[1],
ਤੂਰਨ[1] ਸੱਤ੍ਰੂ ਬਿਡਾਰਤ ਹੈਂ[2]।
ਡਾਰਤ ਹੈਂ ਕਟ ਕੈ ਤਨ ਧੂਰਹਿਂ,
ਹੂਰਹਿਂ ਸੂਰ ਸੰਭਾਰਤ ਹੈਂ[1]।
ਭਾਰਤ ਹੈਂ ਕਿਰਪਾਲ ਤਈਂ,
ਧੁਨਿ ਉਚ ਕਮਾਲ ਪੁਕਾਰਤ ਹੈਂ ॥੪੦॥

[1]ਫ਼ੌਜ ਨੂੰ।

[1]ਬਹੁਤਿਆਂ ਨੂੰ।

[1]ਛੇਤੀ। [2]ਮਾਰਦੇ ਹਨ।

[1]ਭਾਲਦੇ ਹਨ।

ਰਤਿ[1] ਹੈ ਚਿਤ ਕੀ ਜਿਨਿ ਜੰਗ ਵਿਖੈ,
ਸੁਨਿ ਸੰਗ ਭਿਰੈਂ ਚਲ ਕੈ ਬਲ ਕੈ[1]।
ਬਲਿ ਕੈ[1] ਸਿਰ ਦੇਤ ਨ ਸੰਕਤ ਹੈਂ,
ਅਕਲੰਕੁ ਲਹੈਂ ਪਦ ਸੋ ਚਲ ਕੈ[1]।

[1]ਪ੍ਰੀਤੀ।

[1]ਬਲ ਨਾਲ।

[1]ਸਗੋਂ।

[1]ਉਹ ਕਲੰਕ ਤੋਂ ਬਿਨਾ ਪਦਵੀ ਪ੍ਰਾਪਤ ਕਰਦੇ ਹਨ (ਉੱਥੇ) ਚੱਲ ਕੇ ਭਾਵ ਜਾ ਕੇ।

ਚਲ ਕੈ ਤਰਵਾਰਨਿ ਵਾਰ ਜਹਾਂ,
ਤਹਿਂ ਜਾਤ ਸੁ ਨਾਹਿਂ ਟਲੈਂ ਛਲ ਕੈ[1]।
ਛਲਕੈਂ ਬੜਨਾਲ ਜੰਜੈਲ ਜੰਬੂਰਨ
ਤੈ ਨ ਡਰੈਂ ਹਲਕੈਂ ਖਲ੍ਹ ਕੈ[1] ॥੪੧॥

[1]ਛਲ ਕਰ ਕੇ ਟਲਦੇ ਨਹੀਂ।

[1](ਬੜਨਾਲ) ਬੰਦੂਕਾਂ, ਜੰਜੈਲਾਂ (ਭਾਰੀਆਂ ਤੇ ਲੰਮੀਆਂ ਬੰਦੂਕਾਂ) ਤੇ ਜੰਬੂਰਾਂ (ਛੋਟੀਆਂ ਤੋਪਾਂ) ਦੇ (ਛਲਕੈਂ) ਇਕੱਠੇ ਫਾਇਰਾਂ ਤੋਂ ਨਹੀਂ ਡਰਦੇ ਸਗੋਂ (ਖਲ੍ਹ ਕੈ) ਖੜ੍ਹੇ ਹੋ ਕੇ ਭਾਵ ਇਕੱਠੇ ਹੋ ਕੇ (ਹਲਕੈਂ) ਘੇਰਾ ਪਾ ਲੈਂਦੇ ਹਨ।

ਖਲਕੈਂ[1] ਸੁਪਨਾ ਸਮ ਜਾਨ ਰਹੇ
ਦੁਖ ਦਾਨਕ ਭੋਗ ਉਭੈ ਜਗ ਕੇ[1]।
ਜਗ ਕੇ ਤਪ ਕੇ ਫਲ ਕਰਮਨ ਕੇ,
ਸਭਿ ਨਾਸ ਭਵੈਂ ਸਮ ਭੂਤਗ ਕੇ[1]।
ਤਗ ਕੇ ਸਮ[1] ਕੈਵਲ ਮੋਖ ਲਹੈਂ,
ਨਰ ਜੇ ਮਰ ਹੈਂ ਰਣ ਮੈਂ ਪਗ ਕੇ[1]।
ਪਗ ਕੇ ਸਮ ਲੈ ਦਰਜਾ ਬਡ ਸੋ,
ਤਨ ਦੈ ਹਰਿ ਗਜਾਨ ਅਸੀ ਲਗ ਕੇ[1] ॥੪੨॥

[1]ਸ੍ਰਿਸ਼ਟੀ ਨੂੰ।

[1]ਦੋਹਾਂ ਲੋਕਾਂ ਦੇ।

[1]ਭੂਤਾਂ ਦੀ ਅੱਗ ਦੇ ਵਾਂਗ।

[1]ਬ੍ਰਹਮ ਗਿਆਨੀਆਂ ਵਾਂਗ।

[1]ਲੀਨ ਹੋ ਕੇ।

[1]ਗਿਆਨ ਸਿੰਘ (ਕਹਿੰਦਾ ਹੈ) ਕਿ ਜੋ (ਅਸੀ) ਤਲਵਾਰ ਲਗ ਕੇ ਸਰੀਰ ਦੇਂਦਾ ਹੈ ਉਹ (ਪੱਗ) ਪਗੜੀ ਵਾਂਗ ਵੱਡਾ ਦਰਜਾ ਲੈ ਲੈਂਦਾ ਹੈ।

ਦੋਹਰਾ:

ਆਸ਼ਕ ਗਜਾਨੀ ਸੂਰਮਾ,
ਮਾਨਤ ਨਿਜ ਨਹਿਂ ਦੇਹ।
ਪਾਵਤ ਪਰਮਾਨੰਦ ਪਦ,
ਯਾਂਹੀਂ ਤੈ ਬਧ ਏਹ[1] ॥੪੩॥

[1]ਇਸੇ ਲਈ ਇਹ ਸਾਰਿਆਂ ਤੋਂ ਵੱਡੇ ਹਨ।

ਲਘੁਰਸਾਵਲ ਛੰਦ:

ਜਬੈ ਬਾਦ ਮਾਰੂ[1]।
ਸਜੈ ਜੰਗ ਸਾਰੂ[1]।
ਉਭੈ ਓਰ ਢੂਕੇ।
ਮਰੋ ਮਾਰ ਕੂਕੇ ॥੪੪॥
ਤਜੈਂ ਤੀਰ ਤੀਖੇ।
ਸਮੰ ਸਾਂਪ ਬੀਖੇ[1]।
ਕਮੰਠੇਂ ਕੜੱਕੈਂ[1]।
ਸੁ ਚਿੱਲੇ ਤੜੱਕੇਂ ॥੪੫॥
ਬਰ੍ਹੈਂ[1] ਬਾਨ ਗੋਲੇ।
ਮਨੋ ਮੇਂਹ ਗੋਲੇ[1]।
ਦਿਸਾ ਦੋ ਅਤੋਲੇ[1]।
ਕਰੈਂ ਮਾਰ ਪੋਲੇ ॥੪੬॥
ਦਗੈਂ ਜੋ ਬੰਦੂਕੈਂ।
ਲਗੈ ਜਾ ਅਚੂਕੈਂ।
ਭਰੈਂ ਫੇਰ ਝੱਟੈਂ।
ਦੜਾ ਦਾੜ ਸੱਟੈਂ ॥੪੭॥
ਭਰੈਂ ਦੋਇ ਗੋਲੀ।
ਧਰੈਂ ਹਾਥ ਤੋਲੀ।
ਜੜੈਂ ਮੋੜ ਤੋੜੇ[1]।
ਕਲਾ ਪੈ ਸੁ ਜੋੜੇ ॥੪੮॥
ਕਰੈਂ ਸੇਧੁ ਡੰਭੈਂ[1]।
ਹਰੈਂ ਜ੍ਵਾਨ ਥੰਭੈਂ[1]।
ਹਸੈਂ ਜੋ ਪਲੀਤੇ[1]।
ਲਸੈਂ ਬਿਜਲੀਤੇ[1] ॥੪੯॥

[1]ਜੰਗੀ ਵਾਜੇ (ਵੱਜੇ)।
[1]ਚੰਗਾ।
[1](ਬੀਖੇ) ਜ਼ਹਰੀਲੇ ਸੱਪਾਂ ਵਾਂਗ।
[1]ਧਨੁੱਖ ਕੜਕਦੇ ਹਨ।
[1]ਵਰ੍ਹਦੇ ਹਨ।
[1]ਗੜੇ।
[1]ਭਾਰੇ।
[1]ਬੰਦੂਕ ਅਤੇ ਤੋਪ ਨੂੰ ਅੱਗ ਲਾਉਣ ਦੇ ਡੋਰੇ, ਪਲੀਤੇ।
[1]ਅੱਗ ਲਾ ਦੇਂਦੇ ਹਨ।
[1]ਜਵਾਨਾਂ ਰੂਪ ਥੰਮ੍ਹਾਂ ਨੂੰ ਸੁੱਟਦੇ ਹਨ।
[1]ਜੋ ਪਲੀਤੇ ਹੱਸਦੇ ਭਾਵ ਜਾਗਦੇ ਹਨ।
[1]ਬਿਜਲੀ ਵਾਂਗ ਚਮਕਦੇ ਹਨ।

ਚਲੈਂ ਕੜਕੜੈ ਕੈ।
ਭਲੈ ਤੜ ਭੜੈ ਕੈ[1]।
ਬਮੈਂ ਜ੍ਵਾਲ ਮਾਲਾ[1]।
ਸਮੈਂ ਜ੍ਵਾਨ ਜਾਲਾ[1] ॥ ੫੦ ॥
ਗਿਰੈਂ ਝੂੰਮ ਭੂਮੈ[1]।
ਮਨੋ ਮੱਤ ਘੂੰਮੈਂ[1]।
ਰਿਦੇ ਮੂੰਡ ਫੋਰੈਂ[1]।
ਭੁਜਾ ਜੰਘ ਤੋਰੈਂ ॥ ੫੧ ॥
ਛੁਟੈਂ ਸ੍ਰੌਣ ਧਾਰੈਂ।
ਸਮੰ ਸੋ ਫੁਹਾਰੈਂ।
ਘਨੇ ਘਾਉ ਖੋਲੈਂ।
ਭਕਾ ਭੱਕ ਬੋਲੈਂ ॥ ੫੨ ॥
ਧਕਾ ਧੱਕ ਗੇਰੈਂ।
ਤਕਾ ਤੱਕ ਫੇਰੈਂ[1]।
ਝਟਾ ਝੱਟ ਜੁਟੈਂ।
ਦਟਾ ਦੱਟ[1] ਸੁਟੈਂ ॥ ੫੩ ॥
ਸਟਾ ਪੱਟ ਰੁੱਝੈਂ[1]।
ਚਟਾ ਪੱਟ ਜੁੱਝੈਂ[1]।
ਲਟਾ ਪੱਟ ਹੋਵੈਂ[1]।
ਕਟਾ ਕੱਟ ਜੋਵੈਂ[1] ॥ ੫੪ ॥
ਫਟਾ ਫੱਟ ਬਾਹੈਂ[1]।
ਕਟਾ ਕੱਟ ਲਾਹੈਂ।
ਕਟੇ ਮੂੰਡ ਹੱਥੈਂ।
ਭੁਜਾ ਜੰਘ ਮੱਥੈਂ ॥ ੫੫ ॥
ਲਰੈਂ ਢੁਕ ਢੁਕੈਂ।
ਗਿਰੈਂ ਟੂਕ ਟੂਕੈਂ।
ਗੁਰੂ ਊਚ ਠੌਰੈਂ।
ਤਜੈਂ ਤੀਰ ਗੌਰੈਂ ॥ ੫੬ ॥
ਸਤੰ ਆਠ ਮਾਂਹੀਂ।
ਕਢੈਂ ਪਾਰ ਤਾਹੀਂ।

[1]ਚੰਗੀ ਤਰ੍ਹਾਂ ਭੜ ਭੜ ਸ਼ਬਦ ਕਰਕੇ।
[1](ਜ੍ਵਾਲ ਮਾਲਾ) ਬੰਦੂਕਾਂ (ਅੱਗ) (ਬਮੈਂ) ਉਗਲੱਛਦੀਆਂ ਹਨ।
[1]ਸਾਰੇ ਜਵਾਨ ਸੋਂ ਜਾਂਦੇ ਹਨ।
[1]ਘੂੰਮ ਕੇ ਧਰਤੀ 'ਤੇ ਡਿੱਗ ਪੈਂਦੇ ਹਨ।
[1]ਜਾਣੋ ਮਸਤ ਘੂੰਮਦੇ ਫਿਰਦੇ ਹਨ।
[1]ਛਾਤੀ ਤੇ ਸਿਰ ਭੰਨਦੇ ਹਨ।
[1]ਫੇਰ ਤੱਕ ਤੱਕ ਕੇ।
[1]ਦਾੜ ਦਾੜ।
[1]ਛੇਤੀਰੁਕ ਜਾਂਦੇ ਹਨ।
[1]ਛੇਤੀ ਹੀ ਸ਼ਹੀਦ ਹੋ ਜਾਂਦੇ ਹਨ।
[1]ਲੋਟ ਪੋਟ ਹੋ ਜਾਂਦੇ ਹਨ।
[1]ਵੱਢਾ ਟੁੱਕੀ ਦੇਖਦੇ ਹਨ।
[1]ਵਾਹੁੰਦੇ ਹਨ।

ਗਿਰੇ ਬੀਰ ਖੇਤੰ।
ਪਰੇ ਹ੍ਵੈ ਅਚੇਤੰ[1] ॥ ੫੭ ॥ [1]ਬੇਹੋਸ਼।
ਕਿਤੇ ਦੁੰਦ ਜੁੱਧੈਂ।
ਕਰੈਂ ਸੂਰ ਸੁੱਧੈਂ।
ਦੁਹੂੰ ਓਰ ਤੇਗੈਂ।
ਇਕੈ ਬਾਰ ਬੇਗੈਂ[1] ॥ ੫੮ ॥ [1]ਛੇਤੀ ਨਾਲ।
ਬਹੈ ਐਸ ਧਾਰਾ।
ਲਹੈ ਚੀਰ ਆਰਾ।
ਗਿਰੈਂ ਏਕ ਬਾਰੈਂ।
ਸਮੰ ਸੋ ਮੁਨਾਰੈਂ ॥ ੫੯ ॥
ਬਰੈਂ ਹੂਰ ਧਾਈ।
ਮਹਾਂ ਮੋਦ ਪਾਈ।
ਕਿਤੇ ਮਾਰ ਸੇਲੇ।
ਕਢੇ ਹੈਂ ਦੁਸੇਲੈ[1] ॥ ੬੦ ॥ [1]ਦੂਜੇ ਪਾਸੇ।
ਕਿਤੇ ਲੋਹ ਸਾਂਗੈਂ[1]। [1]ਬਰਛੀਆਂ।
ਘਸਾ ਘੱਸ ਲਾਗੈਂ।
ਘਨੇ ਮਾਰ ਨੇਜੇ।
ਸੁ ਬੇਝੈਂ[1] ਕਰੇਜੇ ॥ ੬੧ ॥ [1]ਵਿੰਨ੍ਹਦੇ ਹਨ।
ਕਰੈਂ ਰੇ ਜਰੇਜੇ[1]। [1]ਟੁਕੜੇ ਟੁਕੜੇ।
ਤਰੰਵਾਰ ਲੇਜੇ[1]। [1]ਤਲਵਾਰ ਲੈ ਕੇ।
ਮਹਾਂ ਮਾਰ ਮੱਚੀ।
ਕਲ੍ਹਾ[1] ਆਨਿ ਨੱਚੀ ॥ ੬੨ ॥ [1]ਕਲਹ, ਨਾਰਦ ਦੀ ਇਸਤ੍ਰੀ।
ਗੁਰੂ ਸਿੱਖ ਭਾਰੇ।
ਲਰੈਂ ਹ੍ਵੈ ਅਗਾਰੇ।
ਤਜੈਂ ਤੀਰ ਗੋਲੀ।
ਕਹੂੰ ਤੇਗ ਲੋਲੀ[1] ॥ ੬੩ ॥ [1]ਚੰਚਲ।
ਜਿਤੇ ਜੋਰ ਪੈ ਹੈ।
ਤਿਤੇ ਹੀ ਦਬੈ ਹੈਂ।
ਤਬੈ ਹੇਲ ਘਾਲਾ[1]। [1]ਹੱਲਾ ਕੀਤਾ।
ਇਤੈ ਤੈ ਕਰਾਲਾ[1] ॥ ੬੪ ॥ [1]ਭਿਆਨਕ।

ਪਰੰ ਬਾਰ[1] ਗੋਰੀ। [1]ਵਾੜ ਉੱਤੇ।
ਇਕੈ ਬਾਰ ਛੋਰੀ।
ਬਰੀ ਬਾਰ ਮਾਂਹੀਂ[1]। [1]ਵਾੜ ਵਿੱਚ ਵੜ ਗਈ।
ਪਰੀ ਪਾਰ ਨਾਹੀਂ ॥੬੫॥
ਪੁਨਾ ਬਾਰ[1] ਝਾਰੀ[2]। [1]ਸ਼ਲਖ (ਬੰਦੂਕਾਂ ਦਾ ਇਕੱਠਾ ਫਾਇਰ)। [2]{ਝਾਰੀ} ਛੱਡੀ।
ਘਨੀ ਤੋਰ ਡਾਰੀ[1]। [1]ਬਹੁਤੀ (ਵਾੜ) ਤੋੜ ਸੁੱਟੀ।
ਢਿਗੰ ਜਾਇ ਢੁੱਕੇ।
ਸਮੰ ਸ਼ੇਰ ਬੁੱਕੇ ॥੬੬॥
ਚਹੈਂ ਬਾਰ ਬਾਰੈਂ।
ਭਬੂਕੇ ਨਿਕਾਰੈਂ[1]। [1]ਵਾੜ ਨੂੰ ਸਾੜ ਕੇ ਲਾਂਬੂ ਕੱਢਣਾ ਚਾਹੁੰਦੇ ਹਨ।
ਚਲਾ ਚਾਲ ਹੋਈ।
ਚਮੂੰ ਚੁੰਗ ਢੋਈ[1] ॥੬੭॥ [1]ਬਹੁਤੀ ਫ਼ੌਜ ਇਕੱਠੀ ਕਰ ਲਈ।
ਫਿਰੈਂ ਆਲ ਬਾਲੇ[1]। [1]ਆਲੇ ਦੁਆਲੇ।
ਬਡੇ ਹੇਲ ਘਾਲੇ।
ਚਢੇ ਜਾ ਚੁਫੇਰੇ।
ਲਏ ਬੀਚ ਘੇਰੇ ॥੬੮॥
ਕਰੇ ਜੌ ਲਚਾਰੀ।
ਵਿਚੈ ਮਾਰ ਮਾਰੀ।
ਉਨੈ ਤੌਂ ਬਿਚਾਰੀ।
ਗੁਰੂ ਬੀਰ ਭਾਰੀ ॥੬੯॥
ਨਹੀਂ ਯੇ ਹਟੈ ਹੈ।
ਇਹਾਂ ਹੀ ਰਖੈ ਹੈ।
ਕਰੈਂ ਮਾਰ ਪੋਲੇ।
ਸਰੰ ਡਾਰ ਗੋਲੇ ॥੭੦॥
ਇਸੀ ਹੇਤ ਲਜਾਏ।
ਕਹਲੂਰੀ ਚਢਾਏ ॥੭੧॥
ਭੁਜੰਗ ਪ੍ਰਯਾਤ ਛੰਦ:
ਹਰੌ ਸੰਘਰ ਏਹੂ[1] ਲਰੋ ਬਹਿਰ ਹ੍ਵੈ ਕੈ। [1]ਇਹ ਜੰਗ ਮਾਰ ਲਉ।
ਇਹੀ ਮੰਤਰ[1] ਕਿਰਪਾਲ ਕੌ ਸਬਿ ਮਨੈ ਕੈ। [1]ਸਲਾਹ।
ਸਟਾਪੱਟ[1] ਸੋ ਬਾਂਧ ਗਾਰੱਟ[2] ਭਾਰਾ। [1]ਛੇਤੀ। [2]ਟੋਲਾ।

ਅਏ ਬਾਰ ਤੈ ਬਾਹਰੈ ਛੋਰਿ ਬਾਰਾ[1] ॥ ੭੨ ॥
ਤਜੇ ਤੀਰ ਗੋਲੀ ਘਨੇ ਬੇਗ ਸੰਗੈਂ।
ਮਚੇ[1] ਬੀਰ ਬਾਂਕੇ ਗਚੇ ਘਾਉ ਅੰਗੈਂ[2]।

ਬਿੱਝੜ ਵਾਲੀਏ ਬੀਰ ਦੈਆਲ ਚੰਦੈਂ।
ਰਣੰ ਪਾਉਂ ਰੋਪਯੋ ਅੱਗੇ ਹ੍ਵੈ ਅਮੰਦੈਂ[1] ॥ ੭੩ ॥
ਕਹਯੋ ਬੋਲਿ ਕ੍ਰਿਪਾਲ ਕੌ ਠੋਕ ਛਾਤੀ।
ਬਨੋ ਕਾਹਿ ਗੀਦੀ ਭਵੋ ਸੱਤ੍ਰੁ ਘਾਤੀ[1]।
ਅਬੀ ਜੇ ਪਲੈ ਹੈਂ ਘਰੈਂ ਵੀਚ ਨਾਰੀ[1]।
ਘਨੇ ਤਾਨ੍ਹ[1] ਦੈਹੈਂ ਮਿਲੈਂ ਜੇ ਪਹਾਰੀ ॥ ੭੪ ॥
ਕਰਯੋ ਭੀਮ ਨਾਦੰ[1] ਪੁਨਾ ਭੱਬਕਾਰਾ।
ਮਹਾਂ ਮੇਘ ਜਯੋਂ ਗ੍ਰੱਜ ਕੈ ਤ੍ਰਜ ਭਾਰਾ[1]।
ਅਰੇ ਭੀਮ ਭੂਖੇ[1] ਭਗੋ ਛੋਰਿ ਜੰਗੈਂ।
ਨਹੀਂ ਤੋ ਲਰੋ ਅੱਗ੍ਰ ਹ੍ਵੈ ਆਇ ਚੰਗੈਂ ॥ ੭੫ ॥
ਅਗੇ ਤੀਨ ਵਾਰੀ ਤੁਝੇ ਹੈ ਭਗਾਯੋ।
ਠਗੇ[1] ਤੂ ਚਢੈ ਕੈ ਗੁਰੂ ਕੋ ਲਜਾਯੋ।
ਅਬੈ ਦੇਖ ਮੋ ਕੋ ਦੁਹੂੰ ਕੋ ਭਗੈ ਹੋਂ।
ਭਵੈਂ ਜੌ ਅਗਾਰੀ ਮਜ਼ਾ ਤੌ ਚਖੈ ਹੋਂ ॥ ੭੬ ॥
ਇਮੈ ਬੋਲ ਕੈ ਚਾਂਪ[1] ਸੰਭਾਰ ਭਾਰੀ।
ਤਜੇ ਤੀਰ ਤੀਖੇ ਸਬੀ ਖੇਜਿ ਮਾਰੀ[1]।
ਚਢਯੋ ਦਾਹਿਨੇ ਤਾਂਹਿ ਕੇ ਹੈ ਕ੍ਰਿਪਾਲੰ।
ਬਢਯੋ ਅਲਫ ਖਾਂ ਸੰਗ ਲੈ ਸੂਰ ਜਾਲੰ[1] ॥ ੭੭ ॥
ਰਿਸੇ ਭੂਰ ਸੂਰੇ ਮੁਛੈਲੈ ਗੁਸੈਲੇ।
ਬਕੈਲੇ[1] ਪਟੈਲੇ[2] ਕਟੈਲੇ ਬਟੈਲੇ[3]।

ਉਛੈਲੇ ਬੁੰਦੈਲੇ ਮਰ੍ਹੈਲੇ ਸੁ ਛੈਲੇ[1]।

ਅਲੈਲੇ ਦਬੈਲੇ ਜਿਤੈਲੇ ਜੁਧੈਲੇ[1] ॥ ੭੮ ॥

ਹਲਾ ਹੂਲ ਕੈ ਕੈ ਪਰੇ ਆਇ ਧਾਈ।
ਭਰੀ[1] ਤੀਰ ਗੋਲੀਨ ਕੀ ਝਰੀ ਲਾਈ।

[1]ਵਾੜਾ ਛੱਡ ਕੇ ਵਾੜ ਤੋਂ ਬਾਹਰ ਆ ਗਏ।

[1]ਜੋਸ਼ ਵਿੱਚ ਆਏ। [2]ਜ਼ਖ਼ਮਾਂ ਕਰ ਕੇ ਅੰਗ ਲਹੂ ਨਾਲ ਗੱਚ ਹੋਏ ਹਨ।

[1]ਛੇਤੀ।

[1]ਵੈਰੀ ਨੂੰ ਮਾਰਨ ਵਾਲੇ ਹੋਵੋ।

[1]ਇਸਤ੍ਰੀਆਂ।

[1]ਤਾਨ੍ਹੇ, ਮਿਹਣੇ।

[1]ਭਿਆਨਕ ਸ਼ਬਦ।

[1]ਬਹੁਤਾ ਤਾੜ ਕੇ।

[1]ਹੇ ਭੁੱਖੇ ਭੀਮ ਚੰਦ।

[1]ਹੇ ਠੱਗ।

[1]ਧਨੁਖ।

[1]ਜਿਹੜੇ ਜ਼ਹਿਰੀਲੇ ਸੱਪ ਹਨ।

[1]ਬਹੁਤੇ ਸੂਰਮੇ।

[1]ਬੋਲਣ ਵਾਲੇ। [2]ਪਟੇ ਬਾਜ਼, ਗੱਤਕੇ ਬਾਜ਼। [3]ਬਦਲਾ ਲੈਣ ਵਾਲੇ।

[1](ਬੰਦੈਲੇ) ਬੁੰਦੇਲ ਜਾਤੀ ਦੇਰਾਜਪੂਤਾਂ ਦੇ (ਮਰ੍ਹੈਲੇ) ਮੋਹਰੀ (ਛੈਲੇ) ਸੁੰਦਰ ਜਵਾਨ (ਉਛੈਲੇ) ਉਛਲਦੇ ਹਨ।

[1](ਅਲੈਲੇ) ਅਸਚਰਜ (ਜੁਧੈਲੇ) ਜੋਧੇ (ਦਬੈਲੇ) ਦਬਾਉਣ ਵਾਲੇ (ਜਿਤੈਲੇ) ਜਿੱਤਣ ਵਾਲੇ।

[1]ਚੰਗੀ।

ਕ੍ਰਿਪਾਲੈਂ ਦਿਆਲੈਂ ਘਨੇ ਬੀਰ ਮਾਰੇ।
ਪਛਾਰੇ ਲਤਾਰੇ ਬਚੇ ਹੈਂ ਅਗਾਰੇ[1] ॥ ੭੯ ॥ [1]ਅੱਗੇ ਵਧੇ ਹਨ।
ਹਟੇ ਪੈਰ ਪਾਛ ਪਿਖੇ ਡੱਢਵਾਲੀ।
ਕਹਜੋ ਭੀਮ ਚੰਦੈਂ ਬਲੀ ਤੂੰ ਬਿਸਾਲੀ।
ਇਨੈ ਮਾਰ ਹੱਮਾਰ ਤੋ ਘਾਣ[1] ਲਾਹੇ। [1]ਪੂਰਾਂ ਦੇ ਪੂਰ।
ਅੱਗੈ ਹੋਇ ਮੱਥਾ ਤੂਹੈਂ ਕਜੋਂ ਨ ਡਾਹੇਂ ॥ ੮੦ ॥
ਕਹਜੋ ਭੀਮ ਚੰਦੈਂ ਚਲੋ ਆਪ ਆਗੈ।
ਭਵੋਂ[1] ਸੰਗ ਮੈਹੂੰ ਥਵੋਂ ਲਾਲ ਬਾਗੇ[2]। [1]ਹੋਵਾਂਗਾ। [2]ਲਾਲ ਪੁਸ਼ਾਕੇ ਵਾਲਾ ਹੋ ਜਾਵਾਂਗਾ।
ਰਜੌਤੀ[1] ਸੰਭਾਰੈਂ ਕੁਲੈ ਲਾਜ ਜੋਏਂ[2]। [1]ਰਾਜਪੂਤੀ। [2]ਦੇਖੀਏ।
ਇਮੰ ਮੰਤ੍ਰ[1] ਕੈ ਕੈ ਫਿਰੈ ਫੇਰ ਦੋਏ ॥ ੮੧ ॥ [1]ਸਲਾਹ।
ਗ੍ਰਜੇ ਮੇਘ ਨਜਾਂਈਂ ਤ੍ਰਜੇ[1] ਸੱਤ੍ਰ ਸਾਰੇ। [1]ਤਾੜੇ।
ਰਣੰ ਖੰਭ ਹੋਏ ਮਨੋ ਦ੍ਵੈ ਮੁਨਾਰੇ।
ਮਹਾਂ ਮੇਂਹ ਵੁੱਠਾ ਸਰੰ ਗੋਲੀਓਂ ਕਾ[1]। [1]ਢੋਲ ਵਜਾਉਣ ਵਾਲਿਆਂ ਦਾ।
ਦੁਹੂੰ ਓਰ ਜੋਰੰ ਪਰਾ ਢੋਲੀਓਂ ਕਾ ॥ ੮੨ ॥
ਬਜੈਂ ਬਾਦ ਮਾਰੂ ਗਜੈਂ ਬਾਜ[1] ਸੂਰੇ। [1]ਘੋੜੇ।
ਭੁਕਾਰੇ ਸੁ ਭੇਰੀ ਨਕਾਰੇ ਦਰੂਰੇ[1]। [1]ਭੇਰੀਆਂ ਗੂੰਜਦੀਆਂ ਹਨ ਤੇ ਨਗਾਰੇ (ਦਰੂਰੇ) ਭਿਆਨਕ (ਵੱਜਦੇ ਹਨ)।

ਬਕੈਂ ਮਾਰ ਮਾਰੰ ਥਕੈਂ ਨਾ ਲਰੰਤੇ।
ਭਏ ਕੌਰਵੈਂ ਪਾਂਡਵੈਂ ਜਜੋਂ ਡਹੰਤੇ[1] ॥ ੮੩ ॥ [1](ਜੰਗ ਕਰਨ) ਲੱਗ ਪਏ।
ਕੜਾ ਕਾੜ ਮੱਚੀ ਹਲੰ ਚਾਲ ਘਾਲਾ[1]। [1]ਹਲਚਲੀ ਪਾ ਦਿੱਤੀ।
ਫਿਰੀ ਲੈ ਬਿਵਾਨੰ ਪਰੀ ਦੇਵ ਬਾਲਾ[1]। [1]ਅਪੱਛਰਾਂ ਤੇ ਦੇਵਤਿਆਂ ਦੀਆਂ ਇਸਤ੍ਰੀਆਂ।
ਚਲੀ ਸੇਲ[1] ਸਾਂਗੈਂ[2] ਕ੍ਰਿਪਾਨੈ ਦੁਧਾਰੀ। [1]ਬਰਛੇ। [2]ਬਰਛੀਆਂ।
ਤਿਰੱਛੀ ਬਰੱਛੀ ਬਿਲੱਛੀ ਕਟਾਰੀ[1]* ॥ ੮੪ ॥ [1]ਤਿਖੀਆਂ ਬਰਛੀਆਂ ਤੇ ਵਿਲੱਖਣ ਕਟਾਰਾਂ। *'ਕਟਾਰੀ' ਸ਼ਬਦ ਮੂਲ 'ਚ ਨਹੀਂ ਹੈ, ਅਸਾਂ ਆਪਣੇ ਕੋਲੋਂ ਪਦ ਪੂਰਾ ਕਰਨ ਲਈ ਪਾਇਆ ਹੈ।

ਹਥਾ ਵੱਥ ਹੋਏ ਘਨੇ ਹੇਲ ਘਾਲੈਂ[1]। [1]ਹੱਥੋ ਹੱਥੀ ਹੋ ਪਏ ਬਹੁਤੇ ਹੱਲੇ ਕਰਦੇ ਹਨ।
ਦਿਆਲੈਂ ਕ੍ਰਿਪਾਲੈਂ ਸਮੰ ਕੋਪਿ ਕਾਲੈਂ[1]। [1]ਕਾਲ ਵਾਂਗ ਕ੍ਰੋਧ ਕਰਕੇ।
ਲਏ ਖਾਨ ਖੂੰਨੀ ਖੁਰਾਸਾਨ ਵਾਰੇ।
ਜਿੰਨ੍ਹੈਂ ਬ੍ਰਿੰਦ ਭੂਪਾਨ ਹਿੰਦੁਵਾਨ ਗਾਰੇ ॥ ੮੫ ॥
ਸਸੀ ਭੀਮ ਕੋ ਭੀਮ ਸੇ ਵੇ ਮਿਲੇ ਹੈਂ[1]। [1]ਭੀਮ ਚੰਦ ਨੂੰ ਭੀਮ ਸੈਨ ਵਰਗੇ (ਹੋ ਕੇ) ਉਹ ਮਿਲੇ ਹਨ।

ਪੁਨਾ ਪਾਉਂ ਪਾਛੇ ਇਨੋਂ ਕੇ ਹਲੇ ਹੈਂ।
ਘੜੀ ਕਜਾਮਤੈ ਕੀ ਇਨੋਂ ਪੈ ਬਿਤਾਈ[1]। [1]ਬੀਤੀ।
ਹਲੀ ਸੈਨ ਯਾਂ ਕੀ ਚਲੀ ਯੌਂ ਪਲਾਈ ॥ ੮੬ ॥
ਗਏ ਛੂਟ ਛੱਕੇ ਭਏ ਦਾਂਤ ਖੱਟੇ।
ਗਹੇ ਪੀਤ ਰੰਗੈਂ ਕਹੇਂ ਹਾਇ ਲੱਟੇ[1]। [1]ਰੰਗ ਪੀਲੇ ਹੋ ਗਏ, ਤੇ ਹਾਇ ਕਹਿ ਕੇ ਲਿਟਦੇ ਹਨ।
ਤਬੈ ਰਾਮ ਸਿੰਘੰ ਪ੍ਰਿਥੀ ਚੰਦ ਭੀਮੰ।
ਅਏ ਯੇ ਗੁਰੂ ਪੈ ਥਏ ਸੇ ਯਤੀਮੰ ॥ ੮੭ ॥
ਅਬੈ ਲਾਜ ਰਾਖੋ ਕਟੀ ਨਾਕ ਤਾਜੀ।
ਨਹੀ ਤੋ ਜਿਤੀ ਜਾਤ ਹੈ ਆਜ ਬਾਜੀ।
ਗੁਰੂ ਨਾਮ ਕੋ ਭੀ ਲਗੈ ਦਾਗ ਭਾਰੀ।
ਕਹੈਂਗੇ ਗਏ ਥੇ ਅਏ ਸੋ ਭਿ ਹਾਰੀ ॥ ੮੮ ॥
ਤਿਨੈ ਧੀਰ ਦੈ ਕੈ ਕਹਯੋ ਨ ਡਰੀਜੈ।
ਗੁਰੂ ਆਦਿ ਕੋ ਸਾਦਕੰ[1] ਯਾਦ ਕੀਜੈ। [1]ਸਿਦਕ ਨਾਲ।
ਗੁਰੂ ਜੀ ਖਰ੍ਹੇ ਥੇ ਤਬੈ ਊਚ ਠੌਰੈਂ।
ਮਢੀ ਬਾਹਨੀ ਆਹਨੀ ਸੰਗ ਗੌਰੈ[1] ॥ ੮੯ ॥ [1]{ਬਾਹਨੀ} ਫ਼ੌਜ ਭਾਰੀ (ਆਹਨੀ) ਲੋਹੇ ਨਾਲ ਮੜ੍ਹੀ ਹੋਈ ਸੀ।
ਰਣੰਜੀਤ ਪੈ ਜੌ ਪਰੀ ਚੋਬ ਦੁਹਰੀ।
ਚਲੇ ਏਕ ਤੇ ਏਕ ਹ੍ਵੈ ਅੱਗ੍ਰ ਜੁਹਿਰੀ[1]। [1]ਕ੍ਰੋਧਵਾਨ ਹੋ ਕੇ।
ਢਿਗੰ ਢੁੱਕ ਢੋਆ ਕਰਯੋ[1] ਢੋਲ ਬੱਜੇ। [1]ਨੇੜੇ ਢੁਕ ਕੇ ਮੇਲ ਕੀਤਾ।
ਗਜੇ ਸਿੱਖ ਸੂਰੇ ਘਨੰ[1] ਪਿੱਖਿ ਲੱਜੇ ॥ ੯੦ ॥ [1]ਬੱਦਲ।
ਕਸੇ ਰਾਮਜੰਗੇ[1] ਠੁਕੀ ਦੋਇ ਗੋਰੀ। [1]ਬੰਦੂਕਾਂ।
ਜੜੇ ਮੋੜ ਤੋੜੇ ਕਲਾ ਪੈ ਬਹੋਰੀ।
ਇਕੇ ਵਾਰ ਡੰਭੀ[1] ਭਰੀ ਫੇਰ ਸਾਰੈਂ। [1]ਅੱਗ ਲਾਈ (ਅ) ਚਲਾਈ।
ਹਰੈਂ ਔ ਭਰੈਂ ਸ਼ੀਘ੍ਰੈਂ ਬਾਰ ਝਾਰੈਂ[1] ॥ ੯੧ ॥ [1]ਇਕੱਠਾ ਫਾਇਰ ਕਰਦੇ ਹਨ।
ਤਜੈਂ ਢੁਕ ਢੁਕੈਂ ਬੰਦੂਕੈਂ ਅਚੂਕੈਂ।
ਦੜੱਕੈਂ ਲਸੱਕੈਂ ਬਿਜੰ ਸੇ ਅਰੂਕੈਂ[1]। [1]ਸ਼ਬਦ ਦੜ ਦੜ ਕਰਦੀਆਂ ਬਿਜਲੀ ਵਾਂਗ ਚਮਕਦੀਆਂ ਹਨ, ਰੁਕਦੀਆਂ ਨਹੀਂ।
ਪ੍ਰਲੇ ਮੇਘ ਜਯੋਂ ਮੋਖ ਦਾ ਘੋਖ ਹੋਹੈ[1]। [1]ਮੁਕਤੀ ਦੇਣ ਵਾਲੀ ਗਰਜ ਹੁੰਦੀ ਹੈ।
ਭਏ ਹੱਥ ਵੱਥੰ ਸਬੈ ਹੀ ਸਰੋਹੈ[1] ॥ ੯੨ ॥ [1]ਗ਼ੁੱਸੇ ਨਾਲ।
ਸੜੱਕੈਂ[1] ਕ੍ਰਿਪਾਨੈਂ ਕਮਾਨੈਂ ਕੜੱਕੈਂ[2]। [1]ਸੜ ਸੜ ਸ਼ਬਦ ਕਰਦੀਆਂ ਹਨ। [2]ਕੜ ਕੜ ਸ਼ਬਦ ਕਰਦੀਆਂ ਹਨ।

ਫੜੱਕੈਂ[1] ਸੁ ਢਾਲੇ ਨਗਾਰੇ ਰਣੱਕੈ[2]।
ਠਣੰਕਾਰ[1] ਤੇਗੈਂ ਘੜੈਂ ਜਜੋਂ ਠਠਜਾਰੈਂ।
ਭੁਜੈਂ ਭਾਜ ਬੰਦੂਕ ਤਜੋਂ ਤੜ ਤੜਾਰੈਂ[1] ॥ ੮੩ ॥

[1]ਫੜ ਫੜ ਸ਼ਬਦ। [2]ਰਣਰਣ ਸ਼ਬਦ।

[1]ਠਣ ਠਣ ਸ਼ਬਦ।

[1](ਜਿਵੇਂ ਭੱਠ 'ਚ) {ਭਾਜ} ਦਾਣੇ ਭੁਜਦੇ ਹਨ ਤਿਵੇਂ ਬੰਦੂਕਾਂ ਤੜ ਤੜ ਸ਼ਬਦ ਕਰਦੀਆਂ ਹਨ।

ਚਲਾਵੈਂ ਘਨੇ ਸੈਹਥੀ[1] ਤੀਰ ਨੇਜੈ।
ਸੁ ਬੇਝੈਂ ਕਰੇਜੈਂ ਅਮੇਜੈਂ ਉਰੇਜੈ[1]।

[1]ਬਰਛੀਆਂ।

[1]ਕਲੇਜੇ ਵਿੰਨ੍ਹਦੇ ਹਨ, (ਉਰਜੈ) ਛਾਤੀਆਂ (ਅਮੇਜੈਂ) ਮੇਲਦੇ ਹਨ ਭਾਵ ਨੇੜੇ ਢੁਕਦੇ ਹਨ।

ਕਿਤੈ ਤੇਗ ਤੇਜੈਂ ਕਰੇਂ ਰੇਜ ਰੇਜੈਂ[1]।
ਸਿ ਭੇਜੈਂ ਅਗੇਜੈਂ ਕਿ ਸੇਜੈਂ ਸਵੇਜੈਂ[1] ॥ ੮੪ ॥

[1]ਟੁਕੜੇ ਟੁਕੜੇ।

[1]ਉਨ੍ਹਾਂ ਨੂੰ ਅੱਗੇ ਪ੍ਰਲੋਕ 'ਚ ਭੇਜ ਦੇਂਦੇ ਹਨ ਕਿ ਸੇਜਾ 'ਤੇ ਸੌਂ ਜਾਣ।

ਭਏ ਛਿੰਨ ਭਿੰਨੰ ਥਏ ਰੁੰਡ ਮੁੰਡੰ[1]।

[1](ਰੁੰਡ) ਧੜ ਤੇ (ਮੁੰਡ) ਸਿਰ (ਛਿੰਨ) ਟੁਕੜੇ ਹੋ ਕੇ (ਭਿੰਨੰ) ਅਲੱਗ ਹੋ ਗਏ।

ਪਰੇ ਹੱਥ ਔ ਸੱਥਲੈ ਮਧ ਝੁੰਡੰ[1]।

[1](ਲੋਥਾਂ ਦੇ) ਝੁੰਡ ਵਿੱਚ ਹੱਥ ਤੇ (ਸੱਥਲੈ) ਪੱਟ ਪਏ ਹਨ।

ਪਰੇ ਤ੍ਰਫਰਾਵੈਂ ਧਰਾ ਪੈ ਬਖੇਰੇ[1]।

[1]ਖਿੰਡੇ ਹੋਏ।

ਮਨੋ ਕਿੰਸਕੰ ਬਸਾਰ ਪਾਛਾਰ ਗੇਰੇ[1] ॥ ੮੫ ॥

[1]ਜਾਣੋ ਕੇਸੂ (ਦੇ ਫੁੱਲਾਂ) ਨੂੰ ਹਵਾ ਨੇ ਪਛਾੜ ਕੇ ਸੁੱਟਿਆ ਹੈ।

ਛਕੈਂ ਮਾਸ ਹਾਰੀ ਬਕੈਂ ਗੰਜ ਸੋਹੂ[1]।

[1]ਉਹ (ਗੰਜ) ਭਿਆਨਕ (ਬਕੈਂ) ਬੋਲਦੇ ਹਨ।

ਪਿਯੈ ਚੰਡਿਕਾ[1] ਚਾਵਡੀ[2] ਰੱਜ ਲੋਹੂ।
ਡਗੈਂ ਡਾਕਣੀ ਡੋਲ ਡੱਕੈਂ ਡਕਾਰੈਂ[1]।

[1]ਚੰਡ ਮੁੰਡ ਨੂੰ ਮਾਰਨ ਵਾਲੀ, ਦੁਰਗਾ। [2]ਕਾਲੀ।

[1]ਡਾਇਣਾਂ ਡੋਲਦੀਆਂ (ਡਗੈਂ) ਫਿਰਦੀਆਂ ਹਨ (ਡੱਕੈਂ) ਰੱਜ ਕੇ ਡਕਾਰ ਮਾਰਦੀਆਂ ਹਨ।

ਪਿਸਾਚੀ[1] ਖਵੀਸੀ[2] ਚੁਰੈਲੀ ਚਿਕਾਰੈਂ[3] ॥ ੮੬ ॥

[1]ਰਾਖਸ਼ੀ। [2]ਦੇਉਣੀ। [3]ਚੁੜੇਲਾਂ ਬੋਲਦੀਆਂ ਹਨ।

ਖਵੈ ਹੈਂ ਨਚੈ ਹੈਂ ਬਜੈ ਹੈਂ ਕਪਾਰੈਂ[1]।

[1]ਖੋਪਰੀਆਂ।

ਕਲ੍ਹੈ[1] ਕਾਲਕਾ[2] ਕੰਕਨੀ ਕਿੱਲਕਾਰੈਂ[3]।

[1]ਕਲਹ-ਨਾਰਦ ਦੀ ਇਸਤ੍ਰੀ। [2]ਕਾਲੀ ਦੇਵੀ। [3]ਗਿਲਜਾਂ ਚੀਕਾਂ ਮਾਰਦੀਆਂ ਹਨ।

ਕਿਤੈ ਖੋਪਰੀ ਖੇਤ ਖਾਵੀਸ[1] ਖੈ ਹੈਂ।
ਰਹੇ ਲਾਜ ਔ ਧਰਮ ਕੀ ਜੈ ਰਟੈ ਹੈਂ[1] ॥ ੮੭ ॥

[1]ਦੇਉ, ਜਿੰਨ।

[1]ਬੋਲਦੇ ਹਨ।

ਕਟੋਚੀ ਕ੍ਰਿਪਾਲੰ ਕਰੋਧੰ ਕਰੂਰੰ[1]।
ਕਟੇ ਕੋਪ ਕੈ ਕੈ ਕਿਤੇ ਬੀਰ ਸੂਰੰ।
ਬਡੋ ਬਿੱਝੜੰ ਵਾਲੀਆ ਬੀਰ ਦਜਾਲੰ।
ਅੜੇ ਖੇਤ ਮੈਂ ਸੋ ਖੜੇ ਖੰਭ ਢਾਲੰ[1] ॥ ੮੮ ॥

[1]ਭਿਆਨਕ ਕ੍ਰੋਧ ਨਾਲ।

[1]ਖੰਭੇ ਦੀ ਤਰ੍ਹਾਂ।

ਧਰੇ ਟੋਪ ਪੇਟੀ ਫੁਲਾਦੀ ਸੰਜੋ ਹੈ।
ਨਹੀਂ ਤੀਰ ਗੋਲੀ ਤਿਸੈ ਕੋਇ ਪੋਹੈ।
ਸਸੀ ਭੀਮ ਕੀਨੀ ਗੁਰੂ ਪੈ ਬਿਨੰਤੀ।

ਤੁਮੈਂ ਸਿੰਘ ਆਗੇ ਇਹੈ ਮੱਤ ਦੰਤੀ[1] ॥ ੯੯ ॥
[1]ਤੁਸੀਂ ਸ਼ੇਰ ਹੋ ਤੁਹਾਡੇ ਅੱਗੇ ਇਹ ਮਸਤ ਹਾਥੀ ਹੈ।

ਸਮੰ ਫੂਲਵਾਰੀ[1] ਇਨੈ ਸੈਨ ਮੇਰੀ।
[1]ਫੁਲਵਾੜੀ ਵਾਂਗ।

ਕਰੀ ਪਾਇਮਾਲੰ[1] ਬਿਸਾਲੰ ਨਿਬੇਰੀ।
[1]ਪੈਰਾਂ ਹੇਠ ਮਲ ਦਿੱਤੀ ਹੈ।

ਹਤੇ ਯਾਹਿ ਕੇ ਹ੍ਵੈ ਫਤੇ ਭੀ ਅਤੈ ਹੈ[1]।
[1]ਇਸ ਦੇ ਮਾਰਿਆਂ (ਅਤੈ) ਭਾਰੀ ਫ਼ਤਹ ਹੋ ਜਾਵੇਗੀ।

ਗੁਰੂ ਭੀ ਕਰਜੋ ਤੇਜ ਤਾਜੀ ਤਿਤੈ ਹੈ[1] ॥ ੧੦੦ ॥
[1]ਘੋੜੇ ਨੂੰ ਉਸ ਤਰਫ਼।

ਭਰੀ ਦੋਇ ਗੋਰੀ ਢੁਕੇ ਢਿੱਗ ਜਾਈ।

ਤਿਨੈਂ ਟੇਰਿ[1] ਅਗੱਜੋਂ ਇਨੈ ਯੌਂ ਸੁਨਾਈ।
[1]ਬੋਲ ਕੇ।

ਨਹੀਂ ਭੀਖਨੰ ਖਾਂ ਹਰੀ ਚੰਦ ਮੈਂ ਹੂੰ।

ਫਤੇ ਸ਼ਾਹਿ ਲੌ ਜੇ ਜਿਤੇ ਔਰ ਤੈਹੂੰ[1] ॥ ੧੦੧ ॥
[1]ਤੁਸਾਂ ਨੇ।

ਕਰੋ ਆਪ ਟਾਰਾ ਨਹੀਂ ਮੈਂ ਹਤੈਹੋਂ।

ਲਘੂ ਬੈ ਸੁਠੰ ਹੇਰ ਕੈ ਤੈ ਤਜੈਹੋਂ[1]।
[1]ਛੋਟੀ ਉਮਰ ਤੇ ਸੁੰਦਰ (ਸਰੂਪ) ਦੇਖ ਕੇ ਤੁਹਾਨੂੰ ਛੱਡਦਾ ਹਾਂ।

ਗੁਰੂ ਜੀ ਕਹਜੋ ਤੈਂ ਘਨੇ ਬੀਰ ਮਾਰੇ।

ਤੁਝੈ ਮੈਂ ਹਤੋਂ ਤੂੰ ਅਬੈ ਹੋ ਹੁਸ਼ਜਾਰੇ ॥ ੧੦੨ ॥

ਨਿਜੰ ਬਾਰ ਕੀਜੋ ਰਹੈ ਹੌਂਸ[1] ਨਾਹੈਂ।
[1]ਇੱਛਾ।

ਰਿਸਜੋ ਸੋ ਕਿਸਜੋ ਯੌਂ ਸੁਨੈ ਕੈ ਤਕਾ ਹੈ[1]।
[1]ਗੁੱਸੇ ਨਾਲ ਖਿੱਝ ਕੇ ਇਉਂ ਸੁਣ ਕੇ ਤੱਕਿਆ।

ਕਰੀ ਬਾਨ ਬਰਖਾ ਸਮੰ ਮੇਂਹ ਭਾਰੇ।

ਗੁਰੂ ਜੀ ਬਚਾਏ ਕਿਛੂ ਕਾਟ ਡਾਰੇ ॥ ੧੦੩ ॥

ਗੁਰੂ ਗ੍ਰੱਜ ਕੇ ਤ੍ਰੱਜ ਬੰਦੂਕ ਡੰਭੀ।

ਧਸੀ ਦੋਇ ਗੋਲੀ ਕਸੀ ਦੇਹ[1] ਕੰਬੀ।
[1]ਦੇਹ ਕਸੀ ਗਈ।

ਗਿਰਜੋ ਭੂਮਿ ਝੂਮੰ ਨਹੀਂ ਆਬ[1] ਮੰਗਾ।
[1]ਪਾਣੀ।

ਸਰੂ ਕੋ ਤਰੂ ਜਯੋਂ ਸੁਟਜੋ ਪੌਨ ਚੰਗਾ ॥ ੧੦੪ ॥

ਪਦੰ ਊਚ ਪਾਯੋ ਗੁਰੂ ਨੈ ਹਤੀਓ।

ਬਰਜੋ ਦੇਵ ਬਾਲਾ ਮੁੰਡੀ ਮੁੰਡ ਲੀਓ[1]।
[1](ਮੁੰਡੀ) ਸ਼ਿਵ ਨੇ ਸਿਰ ਲੈ ਲਿਆ।

ਮਰਜੋ ਜੌ ਦਿਆਲਾ ਕਟੋਚੀ ਨਿਹਾਰਾ।

ਪਰਜੋ ਹ੍ਵੈ ਬਿਹੋਸ਼ੰ ਮਨੋ ਜੰਗ ਹਾਰਾ ॥ ੧੦੫ ॥

ਗਿਰਜੋ ਜੀਤ ਆਸੰ ਅਰੈਂ ਕੌ ਮਿਨਾਰਾ[1]।
[1]ਵੈਰੀਆਂ ਦੀ ਜਿੱਤ ਦੀ ਆਸ ਦਾ ਮੁਨਾਰਾ ਡਿੱਗ ਪਿਆ।

ਕਿਧੌਂ ਜੰਗ ਕਾ ਪਾੜ ਕੇਵਾੜ ਡਾਰਾ[1]।
[1]ਤਖ਼ਤਾ।

ਪਰੇ ਸੱਤ੍ਰੁ ਧਾਈ ਗੁਰੂ ਪੈ ਰਿਸੈ ਕੈ।

ਗੁਰੂ ਪਾਨ[1] ਕਾਮਾਨ ਔ ਬਾਨ ਲੈ ਕੇ ॥ ੧੦੬ ॥
[1]ਹੱਥ ਵਿੱਚ।

ਤਜੇ ਚਾਰ ਬਾਣੰ ਤਬੈ ਹਾਥ ਦਾਏਂ।

ਪੁਨਾ ਤੀਨ ਛੋਰੇ ਕਰੰ ਸਾਥ ਬਾਏਂ।
ਕਰੀ ਬਾਨ ਬਰਖਾ ਸੜਾ ਸਾੜ ਛੋਰੇ।
ਗੁਰੂ ਮਾਰ ਬੈਰੀਨ ਕੇ ਮੂੰਹ ਮੋਰੇ ॥੧੦੭॥
ਸਿੱਖੈਂ ਭੀ ਕੜਾ ਕਾੜ ਬੰਦੂਕ ਝੋਕੀ[1]। [1]ਬੰਦੂਕਾਂ ਛੱਡੀਆਂ।
ਲਗੀ ਜਾ ਅਚੂਕੈਂ ਵਗੀ ਕੋ ਨ ਫੋਕੀ।
ਪਿਖਜੋ ਭੀਮ ਚੰਦੈਂ ਪ੍ਰਿਥੀ ਸਿੰਘ ਰਾਮੰ।
ਭਏ ਮੋਦ ਜੀਤਜੋ ਜਨੋ ਸੰਗਰਾਮੰ[1] ॥੧੦੮॥ [1]ਜੰਗ।
ਬਢੇ ਹੌਸਲੇ ਰੌਸਲੇ[1] ਲਾਲ ਹ੍ਵੈ ਸੋ। [1]ਚਿਹਰੇ।
ਪਰੇ ਧਾਇ ਹੱਲੇ ਕਰੇ ਸੱਤ੍ਰੂ ਪੈ ਸੋ।
ਗ੍ਰਜੇ ਸਿੰਘ ਨਜਾਈਂ ਤ੍ਰਜੇ ਸੱਤ੍ਰੂ ਭਾਰੀ।
ਘਨੀ ਤੀਰ ਗੋਲੀਨ ਕੀ ਬਾਰ ਝਾਰੀ ॥੧੦੯॥
ਕਟਾ ਕੁੱਟ ਮੱਚੀ ਝਟਾ ਪੱਟ ਕੱਟੇ।
ਰੁਲੇ ਰੁੰਡ ਮੁੰਡੰ ਧਰਾ ਪੈ ਸਪੱਟੇ[1]। [1]ਛੇਤੀ।
ਹਲਾ ਚਾਲ ਮੇਲੀ ਦਲੰ ਸੱਤ੍ਰੂ ਮਾਂਹੀਂ।
ਕਰੇ ਅੰਗ ਭੰਗੈਂ ਕੁਢੰਗੈਂ ਮਹਾਂਹੀ ॥੧੧੦॥
ਲਰੰਤੇ ਮਰੰਤੇ ਹਟੰਤੇ ਪਿਛੈ ਹੈਂ।
ਧਸੇ ਜਾਹਿ ਬਾੜੇ ਵਿਖੈ ਫੇਰ ਵੈ ਹੈਂ।
ਲਗੇ ਘਾਵ ਭਾਰੇ ਸਰੰ ਸਾਂਗ ਗੋਲੀ।
ਕਿਧੋਂ ਹਾਰ ਬੈਠੇ ਵਹੈ ਖੇਲ ਹੋਲੀ ॥੧੧੧॥
ਲਯੋ ਜੀਤ ਖੇਤੰ ਗੁਰੂ ਕੀ ਦਯਾ ਤੈ।
ਕਹੈਂ ਭੂਪ ਸਾਰੇ ਅਨੰਦੰ ਥਯਾ ਤੈ[1]। [1]ਅਨੰਦ ਹੋ ਕੇ ਤੇ।
ਬਜੇ ਬਾਜਨੇ[1] ਜੀਤ ਓਛਾਹ ਕੇਰੇ। [1]ਵਾਜੇ।
ਫਿਰੇ ਫੇਰ ਜਾਈ ਤਿਨੋਂ ਕੇ ਚੁਫੇਰੇ ॥੧੧੨॥
ਰਿਸੈ ਬਾਰ ਬਾਰੈਂ[1] ਦਿਸੈ ਬਾਰ ਬਾਰੈਂ[2]। [1]ਵਾਲ ਵਾਲ ਗੁੱਸੇ 'ਚ ਆ ਕੇ। [2]ਵਾੜ ਦੇ ਬੂਹੇ ਦੀ ਤਰਫ਼।
ਕਰੈਂ ਬਾਰ ਬਾਰੈਂ[1] ਭਰੈਂ ਬਾਰ ਬਾਰੈਂ[2]। [1]ਵਾਰ ਤੇ ਵਾਰ ਕਰਦੇ ਹਨ। [2]ਵਾਰ ਵਾਰ (ਬੰਦੂਕਾਂ) ਭਰਦੇ ਹਨ।
ਰਖੇ ਘੇਰ ਬੈਰੀ ਮਧੰ ਬਾਰ ਬਾਰੈਂ[1]। [1]ਵਾੜੇ 'ਚ ਵਾੜ ਕੇ।
ਅਥਜੋ ਦਜੋਸ ਰਾਈ[1] ਮਥਜੋ ਹ੍ਵੈ ਨ ਸਾਰੈਂ[2] ॥੧੧੩॥ [1]ਸੂਰਜ ਛੁਪ ਗਿਆ। [2](ਮਥਜੋ) ਜਾਣ ਲਿਆ ਕਿ ਹੁਣ (ਸਾਰੈਂ) ਜੰਗ ਨਹੀਂ ਹੋਵੇਗਾ।
ਲਏ ਜੀਤ ਬੈਰੀ ਕਏ ਆਨ ਡੇਰੈਂ।

ਮਨੋ ਖੇਲ ਹੋਲਾ ਘਝੋਲਾ[1] ਬਧੇਰੈਂ। [1]ਡੰਡਰੌਲਾ ਪਾਇਆ।
ਛਯੋ ਅੰਧਕਾਰੰ ਅਏ ਮਾਸ ਹਾਰੀ।
ਛਕੈਂ ਭਾਵਤੈਂ[1] ਯਾਵਤੈਂ ਅੱਧਿਕਾਰੀ[2] ॥੧੧੪॥ [1]ਮਨ ਭਾਉਂਦਾ। [2]ਜਿਸ ਦਾ ਕੋਈ ਹੱਕਦਾਰ ਸੀ।
ਚਢੀ ਲੁੱਥ ਪੈ ਲੁੱਥ ਆਗੁੱਥ ਖੇਤੈਂ[1]। [1]ਜੰਗ ਦੇ ਮੈਦਾਨ 'ਚ ਗੁੰਦੀਆਂ ਗਈਆਂ।
ਸੁੱਤੇ ਜਵਾਨ ਕੇਕਾਨ[1] ਬੇਹਾਨ ਚੇਤੈਂ[2] ॥੧੧੫॥ [1]ਘੋੜੇ। [2](ਬੇਹਾਨ ਚੇਤੈ) ਚੇਤਨਤਾ ਬਤੀਤ ਹੋ ਗਈ ਹੈ ਭਾਵ ਬੇਹੋਸ਼ ਹੋ ਗਏ ਹਨ।

ਦੋਹਰਾ:
ਜੇ ਜ਼ਖਮੀ ਦੁਹਿ ਦਿਸ ਭਏ,
ਤੇ ਸਭ ਲਏ ਉਠਾਇ।
ਮੱਲ੍ਹਮ ਪੱਟੀ ਕਰਿ ਭਲੇ,
ਪੀਛੇ ਪਠੇ ਤਦਾਂਇ ॥੧੧੬॥
ਨ੍ਰਿਪ ਗੁਰੂ ਰਣ ਜੀਤ ਕੈ,
ਉਤ੍ਰੇ ਡੇਰਨਿ ਆਇ।
ਭੋਜਨ ਕਿਯ ਕਿਨਿ ਨਹਿਂ ਕੀਆ,
ਸੁਪਤੇ ਨਿਸ ਮੁਦ ਪਾਇ ॥੧੧੭॥

ਚੌਪਈ:
ਭੂਪ ਕਟੋਚੀ ਉਤ ਦਿਸ ਸੋਚੀ।
ਲੋਚੀ[1] ਭਾਗ ਜਾਨ ਕੀ ਪੋਚੀ[2]। [1]ਚਾਹੀ। [2]ਨੀਚ ਨੇ।
ਅਲਫ ਖਾਂਨ ਸੋਂ ਆਨ ਉਚਾਰੀ।
ਚਢੈ ਦਿਵਸ ਫਿਰ ਹ੍ਵੈਰਣ ਭਾਰੀ ॥੧੧੮॥
ਗੁਰੁ ਗੁਬਿੰਦ ਬਡ ਪੀਰ ਅਜ਼ਮਤੀ।
ਮੱਦਤ ਕਰੈ ਦੁਸ਼ਮਨੈ ਅਤੀ।
ਜਿਨੈ ਭੂਪ ਬਡ ਬੀਰ ਦਿਆਲਾ।
ਏਕ ਬੰਦੂਕ ਮਾਰ ਹਤ ਡਾਲਾ ॥੧੧੯॥
ਸਾਤ ਬਾਨ ਫਿਰ ਤਜਿਰਣ ਜੀਤਾ।
ਕੱਲ ਕੋ ਛਡੈ ਨ ਮੁਹਿ ਤੁਹਿ ਜੀਤਾ।
ਤਾਂ ਤੇ ਅਬਿ ਤੌਂ ਚਲੈਂ ਪਿਛਾਰੀ।
ਫੋੜ ਫਾੜ[1] ਫਿਰ ਲੈਹੈਂ ਮਾਰੀ ॥੧੨੦॥ [1]ਪਾੜ ਪੂੜ ਕੇ ਭਾਵ ਫੁੱਟ ਪਾ ਕੇ।
ਇਹੀ ਸਲਾਹਿ ਅਲਫ ਖਾਂ ਮਾਨੀ।
ਚੁਪ ਚਾਪ ਚਲ ਪਰੇ ਗੁਮਾਨੀ।

ਚਾਰਕੁ ਨਰ ਸਿਖਾਇ ਤਹਿਂ ਛੋਰੇ।
ਕਹਜੋ ਅਯੋ ਤੁਮ ਭੀ ਭਜ ਭੋਰੇ[1] ॥ ੧੨੧ ॥ [1]ਸਵੇਰੇ।
ਨਿਸ ਭਰ ਤੁਪਕੈਂ ਛੋਰਤ ਰਹੀਓ।
ਜਿਉਂ ਜਾਨੈਂ ਅਰਿ ਹੈਂ ਸਬਿ ਅਹੀਓ[1]। [1]ਸਾਰੇ (ਏਥੇ) ਹੀ ਹਨ।
ਇਮ ਕਹਿ ਕਾਂਗੜੇਸ ਸਹਿ ਸੈਨਾ।
ਗੀਦੀ ਗਯੋ ਭਾਗ ਨਿਜ ਐਨਾ[1] ॥ ੧੨੨ ॥ [1]ਘਰ।
ਦਿਵਸ ਚਢੇ ਬਾਕੀ ਨਰ ਗਏ।
ਇਹ ਪਿਖਿ ਸੁਨਿ ਨ੍ਰਿਪ ਆਨੰਦ ਭਏ।
ਦੁੰਦਭਿ ਵਾਇ[1] ਫਤੇ ਕੇ ਤਬੈ। [1]ਵਜਾ ਕੇ।
ਉਤਰੇ ਆਇ ਸ਼ਹਰ ਢਿਗ ਸਬੈ ॥ ੧੨੩ ॥
ਪਿਖਿ ਰਮਣੀਕ ਠੌਰ ਤਟ ਬਿਆਸੈਂ।
ਸ਼ਹਰ ਨਦੌਣ ਭੌਣ ਸੁਖ ਖਾਸੈਂ[1]। [1]ਬਹੁਤੇ ਸੁਖ ਦਾ ਘਰ।
ਆਠ ਦਿਵਸ ਗੁਰੁ ਤਹਾਂ ਰਹਾਏ।
ਸੈਰ ਸ਼ਿਕਾਰ ਕਰੇ ਮਨ ਭਾਏ ॥ ੧੨੪ ॥
ਭੀਮ ਚੰਦ ਲੌ ਭੂਪਤਿ ਜੇਈ।
ਕਰੈਂ ਸੇਵ ਬਿਬਿਧਾ ਸਬਿ ਤੇਈ।
ਸੰਗ ਹੋਇ ਨਿਜ ਨਿਜ ਰਜਧਾਨੀ।
ਭਏ ਦਿਖਾਵਤ ਕਰਿ ਬਡ ਮਾਨੀ[1] ॥ ੧੨੫ ॥ [1]ਵੱਡਾ ਆਦਰ ਕਰਕੇ।
ਬਾਈ ਧਾਰਨ ਮੈਂ ਜਬਿ ਖਬਰੈਂ।
ਜੰਗ ਜੀਤ ਕੀ ਪਹੁੰਚੀ ਜਬਰੈਂ[1]। [1]ਜ਼ੋਰਾਵਰ।
ਸਭਿ ਰਾਜਨ ਕੀ ਸਭਾ ਵਿਖੈ ਹੈ।
ਜੰਗ ਪ੍ਰਸੰਗ ਜਬੈ ਚਲ ਪੈ ਹੈ ॥ ੧੨੬ ॥
ਨਾਮ ਭਟਨ ਮੈਂ ਪ੍ਰਥਮੈ ਗੁਰੁ ਕਾ।
ਗਨੈ ਭਨੈ ਗੁਨ ਤਜਿ ਭ੍ਰਮ ਉਰ ਕਾ।
ਪੁਨ ਇਨ ਦਿਨੈਂ ਕਟੋਚੀ ਰਾਜੇ।
ਕਪਟੀ ਛਲੀਏ ਚੁਗਲ ਦਰਾਜੇ[1] ॥ ੧੨੭ ॥ [1]ਬਹੁਤੇ।
ਮਾਯਾਵੀ ਮਾਯਾ[1] ਰਚਿ ਭਾਰੀ। [1]ਧੋਖਾ ਦੇਣ ਵਾਲਾ ਛਲ।
ਭੀਮ ਸਸੀ ਕੇ ਦਿਲ ਮੈਂ ਡਾਰੀ।
ਮੇਲ ਕਰਨ ਤੁਰਕਨ ਠਹਿਰਾਨਾ।
ਕਰਾ[1] ਕਰਾ[2] ਕਿਛੁ ਤਿਹਂ ਬਖਸ਼ਾਨਾ ॥ ੧੨੮ ॥ [1]ਮਾਮਲਾ। [2]ਕਰ ਲਿਆ।

ਮਿਲੇ ਨ੍ਰਿਪ ਜਬਿ ਆਪਸ ਮਾਂਹੀਂ।
ਲਈ ਸਲਾਹਿ ਨਾਹਿਂ ਗੁਰਿ ਕਾਂਹੀਂ।
ਸੁਨਿ ਗੁਨਿ ਗੁਰਿ ਉਰਿ ਰਿਸ ਧਰਿ ਭਾਰੀ।
ਪੁਰਿ ਅਨੰਦ ਦਿਸ ਕੀਨੀ ਤਜਾਰੀ ॥ ੧੨੯ ॥
ਸੁਨਿ ਰਣਜੀਤ ਭੀਤਿ[1] ਨ੍ਰਿਪ ਪਾਈ। [1]ਡਰ।
ਪਠਜੋ ਵਜੀਰ ਰੋਕਬੇ ਤਾਂਈਂ।
ਨੰਦ ਚੰਦ ਇਮ ਸਚਵੈਂ[1] ਕਹਾ। [1]ਵਜ਼ੀਰ ਨੂੰ।
ਅਬਿ ਨ੍ਰਿਪ ਕੋ ਕਿਛੁ ਕਾਮ ਨਰਹਾ ॥ ੧੩੦ ॥
ਫਤੇ ਲੈ ਦਈ ਹੰਕ੍ਰਿਤ ਭਈ[1]। [1]ਹਉਮੈ ਹੋ ਗਈ।
ਸੱਤ੍ਰੁਨ ਸੋਂ ਸੰਧੀ[1] ਕਰਿ ਲਈ। [1]ਮੇਲ।
ਸਤਿਗੁਰੁ ਕੋ ਨਹਿਂ ਦੀਨੀ ਸਾਰਾ[1]। [1]ਖ਼ਬਰ।
ਠਹਿਰਨ ਅਬੈ ਫਜ਼ੂਲ ਹਮਾਰਾ ॥ ੧੩੧ ॥
ਇਮ ਕਹਿ ਮਗ ਅਨੰਦ ਪੁਰਿ ਲਯੋ।
ਪੁਨ ਸੁਨਿ ਭੀਮ ਚੰਦ ਖੁਦ ਅਯੋ।
ਪਗ ਬੰਦੇ ਠਹਿਰਾਵਨ ਚਹਜੋ।
ਠਹਿਰੇ ਨਾਹਿਂ ਗੁਰੂ ਹਠ ਗਹਜੋ ॥ ੧੩੨ ॥
ਅੱਸ੍ਵ ਅਮੋਲਕ ਜੀਨ ਸੁਨਹਿਰੀ।
ਜ਼ੇਵਰ ਯੁਤ ਜਰਾਉ ਜਰ ਗਹਿਰੀ[1]। [1](ਗਹਿਰੀ) ਬਹੁਤੀ ਜੜਾਊ ਜੜੀ ਹੋਈ।
ਖਿਲਤ[1] ਅਧਿਕ ਬਡ ਦੈ ਸਿਰ ਨਾਯੋ। [1]ਪੋਸ਼ਾਕ।
ਸਿਰੇਪਾਉ ਸਤਿਗੁਰੁ ਤੈ ਪਾਯੋ ॥ ੧੩੩ ॥
ਚਲੀ ਚਮੂੰ ਗੁਰੁ ਸੰਗ ਉਦਾਰੈਂ।
ਗਿਰ ਬਨ ਹੇਰਤ ਕਰਤ ਸ਼ਿਕਾਰੈਂ।
ਪੰਥ ਪੁਰਨ ਤੇ ਨਜਰੈਂ ਲੇਤੇ[1]। [1]ਰਸਤੇ ਦੇ ਸ਼ਹਿਰਾਂ ਤੋਂ ਭੇਟਾਂ ਲੈਂਦੇ।
ਦਿਸ ਅਨੰਦਪੁਰਿ ਅਏ ਸਹੇਤੇ[1] ॥ ੧੩੪ ॥ [1]ਪਿਆਰ ਨਾਲ।
ਆਲਸੂਨ ਇਕ ਪੁਰਿ ਮਗ ਆਵਾ।
ਦਈ ਅਕੋਰ ਨ ਸੀਸ ਨਿਵਾਵਾ।
ਬਲਿਕੈ ਪੁਰਿ ਕੇ ਨਰ ਸਮੁਦਾਏ।
ਥਿਰੇ ਊਚ ਠਾਂ ਤਰਕ ਅਲਾਏਂ ॥ ੧੩੫ ॥
ਇਕ ਬਿਰ ਸੰਗਤ ਥੀ ਉਨ ਲੂਟੀ।
ਯਾਦ ਕਰਾਈ ਸੋ ਸਿਖ ਬੂਟੀ[1]। [1]ਸਿੱਖ ਦਾ ਨਾਮ।

ਗੁਰੁ ਉਰਿ ਨ੍ਰਿਪ ਦਿਸ ਤੈ ਕਿਛੁ ਥੀ ਰਿਸ।
ਕੋਪ ਦੀਪ ਸੀਖਯੋ ਤਬਿ ਸਿਖ ਤਿਸ[1] ॥ ੧੩੬ ॥

[1]ਕ੍ਰੋਧ ਰੂਪ ਦੀਵੇ ਦੀ (ਸੀਖਯੋ) ਬੱਤੀ ਉੱਚੀ ਕਰ ਦਿੱਤੀ।

ਨੰਦ ਚੰਦ ਕੋ ਗੁਰੁ ਫੁਰਮਾਯੋ।
ਲੂਟਹੁ ਗਾਮ, ਏਹੁ ਸੁਨਿ ਧਾਯੋ।
ਜਿਤਿਕ ਬਾਹਨੀ ਥੀ[1] ਗੁਰੁ ਸੰਗੈਂ।

[1]ਫ਼ੌਜ।

ਲੂਟਯੋ ਸਭਿ ਨੈ ਗਾਮ ਨਿਸੰਗੈਂ ॥ ੧੩੭ ॥
ਦੌਰਿ ਪਹਾੜੀ ਚੜ੍ਹੇ ਪਹਾੜੀਂ।
ਗਏ ਦੌਰਿ ਤਜਿ ਪੁਰਿ ਘਰਿ ਲਾੜੀਂ[1]।

[1]ਵਹੁਟੀਆਂ।

ਜੋਊ ਅੜੇ ਫੜੇ ਸੋ ਕੂਟੇ।
ਅਸਨ ਬਸਨ ਬਾਸਨ ਬਿੱਤ ਲੂਟੇ[1] ॥ ੧੩੮ ॥

[1]ਭੋਜਨ, ਬਸਤ੍ਰ, ਭਾਂਡੇ ਤੇ ਧਨ ਆਦਿ ਲੁੱਟੇ।

ਦੋਹਰਾ:
ਆਲਸੂਨ ਪਿੰਡ ਭੂਪ ਕਾ,
ਲੂਟ ਫਤੇ ਰਣ ਪਾਇ।
ਪੁਰਿ ਮੁਦ ਮੈਂ ਗੁਰੁ ਮੁਦ ਮਏ[1],
ਅਏ ਥਿਰੇ ਮੁਦ ਪਾਇ ॥ ੧੩੯ ॥

[1]ਅਨੰਦ ਪੁਰਿ ਵਿੱਚ ਅਨੰਦ ਰੂਪ ਸਤਿਗੁਰੂ।

ਇਰਦ ਗਿਰਦ ਕੇ ਗਾਮ ਸਬਿ,
ਪਿਖਿ ਪ੍ਰਤਾਪ ਗੁਰੁ ਕੇਰ।
ਚੈਂਹ ਸਿੱਖ ਸੋ ਦੈਂਹ ਵੈਂਹ,
ਉਰੈਂ[1] ਡਰੈਂ ਬਹੁਤੇਰ ॥ ੧੪੦ ॥

[1]ਹਿਰਦੇ 'ਚ

ਸੱਤ੍ਰਹ ਸੈ ਛੈਤਾਲੀਏ
ਅਗਹਨ ਮਾਸ ਉਦਾਰ[1]।

[1]੧੭੪੬ ਬਿ:, ਸ੍ਰੇਸ਼ਟ ਮੱਘਰ ਦਾ ਮਹੀਨਾ।

ਗਾਇ ਜੰਗ ਨਾਦੌਣ ਕਾ,
ਥਿਰਯੋ ਧਜਾਇ ਮੁਦ ਧਾਰ ॥ ੧੪੧ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਨਦੌਣ ਜੰਗ' ਬਰਨਨੰ ਨਾਮ ਅਠਵੰਜਵੋਂ ਬਿਸ੍ਰਾਮ ॥ ੫੮ ॥

੫੯. {ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ ਅਤੇ ਜੰਗ ਗੁਲੇਰ}

ਸ੍ਵੈਯਾ:

ਅਘ ਪੁੰਜ ਦਰੈ ਚਿੱਤ ਸੁੱਧ ਕਰੈ,
ਤਿਨ ਤਾਪ ਹਰੈ ਸੁਰ ਕੀ ਸਰਤਾ[1]।

[1](ਜਿਵੇਂ) ਦੇਵਤਿਆਂ ਦੀ ਨਦੀ (ਗੰਗਾ) ਸਾਰੇ ਪਾਪਾਂ ਨੂੰ ਨਾਸ ਕਰ ਦੇਂਦੀ ਹੈ, ਚਿੱਤ ਸ਼ੁੱਧ ਕਰ ਦੇਂਦੀ ਹੈ ਤੇ ਤਿੰਨੇ ਤਾਪ ਨਾਸ ਕਰ ਦੇਂਦੀ ਹੈ।

ਭ੍ਰਮ ਅੰਧ ਲਟੈ ਦੁਖ ਦੁੰਦ ਹਟੈ,
ਅਗਤਾ ਨਿੰਦਰਾ ਜੁ ਕਟੈ ਸਵਿਤਾ[1]।

[1](ਸਵਿਤਾ) ਸੂਰਜ, ਭਰਮ ਤੇ ਅੰਧੇਰਾ ਨਸ਼ਟ ਕਰ ਦੇਂਦਾ ਹੈ, ਭਿਆਨਕ ਦੁੱਖ ਹਟਾ ਦੇਂਦਾ ਹੈ, ਜੋ ਅਗਿਆਨਤਾ ਤੇ ਨੀਂਦ ਕੱਟ ਦੇਂਦਾ ਹੈ।

ਗੁਰੁ ਕੇ ਪਦ ਪੰਕਜ ਮੈਂ, ਗੁਨ ਹੈਂ
ਇਨ ਤੈ ਅਧਿਕੈ, ਕਹਿ ਕੋ ਕਵਿ ਤਾ[1]।

[1]ਗੁਰਾਂ ਦੇ ਚਰਨ ਕੰਵਲਾਂ ਵਿੱਚ ਇਨ੍ਹਾਂ ਨਾਲੋਂ ਬਹੁਤੇ ਗੁਣ ਹਨ, ਉਹਨਾਂ ਨੂੰ ਕੌਣ ਕਵੀ ਕਹਿ ਸਕਦਾ ਹੈ।

ਕਰਿ ਸੱਤਮ ਸੱਤਮ ਸੱਤਮ ਕੋ,
ਹਰਿ ਗਜਾਨ ਧਜਾਨ ਰਿਦੈ ਧਰਤਾ[1] ॥੧॥

[1](ਸੱਤਮ) ਪ੍ਰਮੇਸ਼ੁਰ ਰੂਪ ਸਤਿਗੁਰਾਂ ਦੇ (ਸੱਤਮ) ਪੂਜਨੀਕ ਚਰਨਾਂ ਦਾ (ਸੱਤਮ) ਆਦਰ ਕਰ ਕੇ ਗਿਆਨ ਸਿੰਘ ਹਿਰਦੇ 'ਚ ਧਿਆਨ ਧਾਰਦਾ ਹੈ।

ਕਬਿੱਤ:

ਬਿਦਤੈ ਜੁਝਾਰ ਸਿੰਘ ਜੰਗ ਹ੍ਵੈ ਗੁਲੇਰ ਹੂੰ ਕੋ,
ਜੈਸ ਤੈਸ ਧਜਾਇ ਗਾਇ ਗਾਥ ਅਬਿ ਏਤ[1] ਹੈ।

[1]ਇਤਨੀ ਕੁ।

ਦਸਮੇਸ਼ ਗੁਰੁ ਪੁਰਿ ਆਨੰਦ ਵਿਸ਼ੇਸ਼ਰਹਿਂ,
ਖੇਲ ਹੈਂ ਸ਼ਿਕਾਰ ਸੀਖ ਸਿੱਖਨ ਕੋ ਦੇਤ ਹੈਂ।
ਜੀਤਜੋ ਨਦੌਣ ਜੰਗ ਫੈਲਯੋ ਸੁਜਸ ਢੰਗ,
ਸੁਨ ਕੈ ਉਮੰਗ ਸਿਖ ਆਵਤ ਸਹੇਤ ਹੈਂ।
ਦੇਵਤ ਅਪਾਰ ਭੇਟ ਲੇਵਤ ਹੈਂ ਚਾਰ ਫਲ,
ਰੌਣਕ ਰਹਿਤ ਗੁਰੁਦ੍ਵਾਰ ਬਡ ਨੇਤ[1] ਹੈ ॥੨॥

[1]ਨਿੱਤ ਹੀ।

ਮਾਲਕ ਅਸੇਸ ਬਿਸੁ[1] ਤਾਂਹੀ ਸਮੇਂ ਏਕ ਨਿਸ,
ਨਿਜ ਧਾਮ ਪੌਢ ਪ੍ਰਯੰਕ ਪਰ ਥੇਰਹੇ।
ਕਿਤ ਭਗਵੰਤ ਕੋ ਇਕੰਤ ਮੈਂ ਸੁਤੰਤ ਪੇਖਿ,
ਪਟਰਾਨੀ ਜੀਤੋ ਜੀ ਸਮਾਨੀ[1] ਪਗ ਥੇ ਗਹੇ[2]।

[1]ਸਾਰੇ ਸੰਸਾਰ ਦੇ ਮਾਲਕ।

[1]ਇਸਤ੍ਰੀ ਭਾਵ ਗੁਰੂ ਕੇ ਮਹਿਲ। [2]ਚਰਨ ਪਕੜੇ ਸਨ।

ਦਾਨ ਰਿਤੁ ਲੈਨ ਹਿਤ[1] ਸਮਯ ਸੁ ਜਾਨ ਚਿਤ,
ਅਤਿ ਹਿਤ ਕੈ ਕੈ ਥਿਤਿ ਭਈ ਢਿਗ ਹੈ ਵਹੇ।

[1]ਭਾਵ ਪੁੱਤਰ ਦਾਨ ਲੈਣ ਵਾਸਤੇ।

ਅਵਨੀ ਖਨਤ ਖਰੀ ਪਗ ਨਖ ਸੰਗ ਭਰੀ[1],

[1]ਖੜ੍ਹੀ ਪੈਰਾਂ ਦੇ ਨਹੁਆਂ ਨਾਲ ਭਲੀ ਤਰ੍ਹਾਂ ਧਰਤੀ ਪੁੱਟ ਰਹੀ ਹੈ।

ਲਾਜ ਕੇ ਜਹਾਜ ਚਰ੍ਹੀ ਕਾਜ ਗਾਜ ਨਾ ਕਹੇ[1]

[1]ਅਪਨਾ ਮਨੋਰਥ ਉੱਚੀ ਬੋਲ ਕੇ ਨਹੀਂ ਕਹਿੰਦੀ।

॥ ੩ ॥

ਜਾਨੀ ਜਾਨ ਜਾਨੀ ਤੌ ਭੀ ਦਾਨੀ ਸੁਖ ਬਾਨੀ ਭਾਨੀ[1],

[1]ਤਾਂ ਵੀ ਸੁਖ ਦੇਣ ਵਾਲੀ ਬਾਣੀ ਕਹੀ।

ਐਹੋ ਰੂਪ ਗੁਨਿ ਖਾਨੀ ਮਾਨੀ ਮਨ ਜੋ ਅਹੇ[1]।

[1]ਹੇ ਰੂਪ ਤੇ ਗੁਣਾਂ ਦੀ ਖਾਣ, ਜੋ ਤੈਂ ਮਨ ਵਿੱਚ ਧਾਰੀ ਹੈ (ਉਹ ਕਹੁ)।

ਪਜਾਰੀ ਅਰਧੰਗੀ ਨੀਤ ਸੰਗੀ ਮੈਂ ਨਿਸੰਗੀ ਤੁਵ
ਮੰਗੀ ਲੈ ਉਮੰਗੀ ਤੂੰ ਸੁਰੰਗੀ ਚੰਗੀ ਜੋ ਚਹੇਂ[1]।

[1]ਸ੍ਰੇਸ਼ਟਰੰਗ ਵਾਲੀ ਹੇ ਪਿਆਰੀ ਸੁਪੱਤਨੀ, ਨਿੱਤ ਸਾਥ ਰਹਿਣ ਵਾਲੀ ਤੂੰ ਉਤਸ਼ਾਹ ਨਾਲ ਨਿਸ਼ੰਗ ਹੋ ਕੇ ਮੇਰੇ ਪਾਸੋਂ ਜੋ ਚੀਜ਼ ਚੰਗੀ ਚਾਹੁੰਦੀ ਹੈਂ ਉਹ ਮੰਗ ਲੈ।

ਕਿਛੂ ਨ ਅਦੇਯ ਮੋਰੇ ਤੋਰੇ ਹਿਤ ਮਾਨ ਚਿੱਤ,
ਬਾਂਛਿਤ ਵਰਾਨਨੇ ਬਖਾਨਨੇ ਤੈ ਸੋ ਲਹੇਂ[1]।

[1]ਤੂੰ ਚਿੱਤ ਵਿੱਚ ਜਾਣ ਤੇਰੇ ਲਈ ਮੇਰੇ ਕੋਲ ਕੋਈ ਵੀ ਨਾ ਦੇਣ ਵਾਲੀ ਚੀਜ਼ ਨਹੀਂ ਜੋ ਚਾਹੁੰਦੀ ਹੈਂ (ਤੇਰੇ) ਸ੍ਰੇਸ਼ਟ ਮੁਖੋਂ ਕਹਿਣ ਤੇ ਹੀ ਉਹ ਪ੍ਰਾਪਤ ਹੋ ਜਾਵੇਗੀ।

ਹਾਥ ਜੋਰਿ ਨਾਇ ਮਾਥ ਬੋਲੀ ਪ੍ਰਾਨ ਨਾਥ,
ਹਾਥ ਰਾਵਰੇ ਹੈ ਸਬਿ ਗਾਥ ਘਟ ਘਟ ਮੈਂ ਬਹੇ[1]

[1]ਬੈਠੇ ਹੋ।

॥ ੪ ॥

ਚਾਹਿ ਚਾਰ ਚੱਕਨ ਕੀ ਸੰਗਤੋਂ ਕੀ ਪੂਰਤ ਹੋ,
ਸਾਗਰਾਂਤ ਅਵਨੀ ਮਨਾਤ ਪਗ ਆਪ ਕੈ[1]।

[1]ਸਮੁੰਦਰ ਦੇ ਅੰਤ ਤੱਕ ਸਾਰੀ (ਅਵਨੀ) ਧਰਤੀ (ਦੀ ਸ੍ਰਿਸ਼ਟੀ) ਆਪ ਦੇ ਚਰਨ ਪੂਜਦੀ ਹੈ।

ਨੰਦਨ[1] ਬਿਨਾ ਅਨੰਦ ਤੀਯਾ ਨ ਲਹੇ ਅਮੰਦ[2],
ਦੀਜੈ ਸੋ ਸੁਛੰਦ[1] ਕੰਦ ਆਨੰਦ ਅਮਾਪ ਕੈ[2]।

[1]ਪੁੱਤਰ। [2]ਉੱਜਲ।

[1]ਆਪਣੀ ਇੱਛਾ ਨਾਲ। [2]ਹੇ ਮਿਣਤੀਰਹਿਤ ਅਨੰਦ ਦੇ ਦਾਤੇ।

ਜਲ ਬਿਨੁ ਸਰ, ਤਰੁ ਫਲ ਬਿਨ, ਨੈਨ ਨਰ,
ਨਿਸਿ ਸਸਿ ਬਿਨੁ, ਘਰ ਸੁਤ ਬਿਨੁ ਤਾਪ ਕੈ[1]।

[1]ਪਾਣੀ ਬਿਨਾਂ ਤਲਾਅ, ਫਲ ਬਿਨਾਂ ਦਰੱਖ਼ਤ, ਅੱਖਾਂ ਤੋਂ ਬਿਨਾਂ ਮਨੁੱਖ, ਚੰਦ ਬਿਨਾਂਰਾਤ, ਪੁੱਤਰ ਬਿਨਾਂ ਘਰ ਦੁਖੀ ਹੁੰਦੇ ਹਨ।

ਜੈਸੋ ਸੁੰਦ੍ਰੀ ਕੋ ਦੀਓ ਪੂਤ ਮੈਹੂੰ ਚੈਹੂੰ ਲੀਓ,
ਤਥਾ ਅਸਤ[1] ਕੀਓ ਗੁਰੁ ਸਤਿਨਾਮੁ ਜਾਪ ਕੈ

[1](ਜਿਵੇਂ ਤੂੰ ਕਿਹਾ ਹੈ) ਤਿਵੇਂ ਹੀ ਹੋਵੇਗਾ।

॥ ੫ ॥

ਪੂਰਨ ਹ੍ਵੈ ਕਾਮਨਾ ਸੰਪੂਰਨ ਤੂਰਨ ਤੁਵ,
ਦੂਰ ਕੈ ਗਰੂਰ[1] ਲਾਜ ਕੂਰ ਜਗ ਜਾਨ ਕੈ।

[1]ਹੰਕਾਰ ਛੱਡ ਕੇ।

ਸੰਤਨ ਕੀ ਸੇਵ ਨਿਤ ਕਰਤ ਅਮਿਤ ਰਹੋ,
ਚਿੱਤ ਹਿੱਤ ਦੈ ਕੈ ਬਿੱਤ ਲਾਇ ਧੰਨ ਮਾਨ ਕੈ[1]।

[1]ਆਪਣੇ ਆਪ ਨੂੰ ਧੰਨਤਾ ਯੋਗ ਮੰਨ ਕੇ (ਪੁੰਨ ਦਾਨ ਤੇ) ਧਨ ਲਾਉ।

ਪਤਿ ਕੋ ਬਚਨ ਸੱਤ ਮਾਨ ਮੋਦ ਠਾਨ ਅਤਿ,
ਸੇਵਨ ਸੁਹਿਤ ਲਾਗੀ ਸੰਤਨ ਕੋ ਆਨ ਕੈ।
ਭੋਜਨ ਬਨਾਵੈ ਨਿਜ ਕਰ ਸੋਂ[1] ਛਕਾਵੈ ਆਪ,
ਬੀਜਨਾ[1] ਝੁਲਾਵੈ ਔਂ ਧਿਆਵੈ ਗੁਰੁ ਨਾਨਕੈ ॥੬॥

[1]ਆਪਣੇ ਹੱਥਾਂ ਨਾਲ।
[1]ਪੱਖਾ।

ਸ਼ਰਧਾ ਪ੍ਰੀਤਿ ਧਰਿ ਪਗ ਧੋਇ ਨਿਜ ਕਰ,
ਲੈ ਕੇ ਚਰਨਾਂਮ੍ਰਿਤ ਸੋ ਦ੍ਰਿਗ ਸੀਸ ਲਾਇ ਹੈ।
ਨਿਜ ਪਤਿ ਪ੍ਰਭੂ ਸੰਤ ਸਿੱਖਨ ਅਬਿੱਤਿਨ ਕੀ,
ਰੈਨ ਦਿਨ ਸੇਵ ਕਰੇ ਭਗਤਿ ਕਮਾਇ ਹੈ।
ਜਦੀ ਥੇ ਅਕਾਮ[1] ਆਪ ਕਾਮਨਾ ਸਿੱਖਨਿ ਭਰੈਂ[2],
ਤਦੀ ਸੇਵ ਸਿੱਖਨ ਕੋ ਕਰਨੀ ਸਿਖਾਇ ਹੈਂ।
ਉੱਤਮ ਕਰੈਂ ਹੈਂ ਜੋਇ ਮੱਧਮ ਕਮੈਂ ਹੈਂ ਸੋਇ,
ਏਹੀ ਬਾਤ ਗੀਤਾ ਵਿਖੇ ਕ੍ਰਿਸ਼ਨ ਅਲਾਇ ਹੈਂ ॥੭॥

[1]ਕਾਮਨਾਰਹਿਤ। [2]ਪੂਰੀਆਂ ਕਰਦੇ ਹਨ।

ਸੰਤ ਸੇਵ ਤਾਲਕ ਮੈਂ[1] ਸਾਲਕੁ ਬਿਤੱਯੋ ਜਬਿ[2],
ਬਾਲਕ ਪਠੱਯੋ ਤਬਿ ਖਾਲਕ ਖਿਆਲ ਕੈ[1]।
ਭਯੋ ਹੈ ਉਮਾਹ[1] ਉਤਸ਼ਾਹ ਛਯੋ ਧਾਮ ਧਾਮ,
ਤੋਰਨ[1] ਪਤਾਕਾ[2] ਧ੍ਵਜਾ[3] ਕਲਸ ਉਜਾਲ ਕੈ[11]।

[1]ਸਬੰਧ ਵਿੱਚ ਭਾਵ ਸੇਵਾ ਕਰਦਿਆਂ। [2]ਜਦੋਂ ਇਕ ਸਾਲ ਬਤੀਤ ਹੋਇਆ।
[1]ਤਦੋਂ ਪ੍ਰਮੇਸ਼ਰ ਨੇ ਖ਼ਿਆਲ ਕਰ ਕੇ ਬਾਲਕ ਭੇਜਿਆ।
[1]ਖ਼ੁਸ਼ੀ।
[1]ਬਾਲਕ ਦੇ ਜਨਮ ਸਮੇਂ ਬੂਹੇ 'ਤੇ ਬੱਧੀ ਫੁੱਲ ਪੱਤਿਆਂ ਦੀ ਮਾਲਾ। [2]ਝੰਡੀਆਂ। [3]ਨਿਸ਼ਾਨ ਸਾਹਿਬ। [11]ਤੇ ਕਲਸ ਚਮਕਦੇ ਹਨ।

ਬਜਤ ਸਿਧਾਨੇ[1] ਸਰਸਾਨੇ[2] ਗਾਨੇ ਹੋਤ ਹੈਂ,
ਸੁਗੰਧਿ ਚਰਚਾਨੇ[1] ਦੀਪ ਘ੍ਰਿਤ ਧਰੇ ਬਾਲ ਕੈ।
ਹੁਤੋ ਪੁਰਿ ਆਨੰਦ ਅਨੰਦ ਸਿੰਧੁ ਪੁਰ ਪੁਰਾ,
ਏਹੁ ਪਰਮਾਨੰਦ ਉਛਾਲ ਦੀਓ ਬਾਲਕੈ[1] ॥੮॥

[1]ਖ਼ੁਸ਼ੀ ਦੇ ਵਾਜੇ। [2]ਬਹੁਤੇ।
[1]ਛਿੜਕਾਈਆਂ।
[1]ਅਨੰਦਪੁਰ (ਸ਼ਹਿਰ ਤਾਂ) (ਪੁਰਾ) ਪਹਿਲਾਂ ਹੀ ਅਨੰਦ ਦੇ ਸਮੁੰਦਰ ਨਾਲ (ਪੁਰ) ਭਰਿਆ ਹੋਇਆ ਸੀ, ਇਸ ਬਹੁਤੇ ਅਨੰਦ ਨੂੰ ਬਾਲਕ ਨੇ ਆ ਕੇ ਉਛਾਲ ਦਿੱਤਾ ਹੈ।

ਨਾਤੀ ਕੋ[1] ਨਿਹਾਰ ਮਾਤ ਗੂਜਰੀ ਔਂ ਨਾਨਕੀ ਜੀ,
ਅੰਗ ਨਾ ਸਮਾਤੀ ਦਾਨ ਦੈ ਦੈ ਭੂਲ ਜਾਤੀ ਹੈਂ।
ਧਾਈ ਧਾਈ ਆਵਤ[1] ਬਧਾਈ ਲੈ ਲੈ ਉਮਗਾਈ[2]

[1]ਪੋਤ੍ਰੇ ਨੂੰ।
[1]ਦਾਈ ਦੌੜ ਕੇ ਆਉਂਦੀ ਹੈ। [2]ਉਤਸ਼ਾਹ ਸਹਿਤ।

ਮਾਈ ਕੋ ਅਸੀਸ ਦੈ ਕੈ ਬਖਸ਼ੀਸ਼ ਪਾਤੀ ਹੈ।
ਜਾਚਕੁ[1] ਅਪਾਰ ਆਇ ਬਾਂਛਤ ਗੁਰੂ ਤੈ ਪਾਇ,
ਦੇਸ ਦੇਸ ਜਾਇ ਰਟੈਂ[1] ਸੁਜਸ ਬਖਜਾਤੀ ਹੈ।
ਦੇਵਤਾ ਬਸਾਹਿਂ ਫੂਲ ਕੌਤਕ ਦਿਖਾਹਿਂ ਤੂਲ[1],
ਨਭ ਧਰ ਰਹਜੋ ਝੂਲ ਆਨੰਦ ਮਹਾਤੀ ਹੈ[1] ॥ ੯ ॥
ਪੂਰਨ ਪ੍ਰਪੱਖ ਪੁੰਨਜ ਧੰਨਜ ਧਰਨੀ ਕੋ ਨੀਕੋ,
ਭਾਗ ਕੀ ਭਲਾਈ[1] ਭਨੈ ਨਰ ਨਾਰਿ ਬ੍ਰਿੰਦ ਹੈਂ।
ਸੱਤ੍ਰਹ ਸੈ ਚਾਲੀ ਸਤ* ਮੰਗਲ ਮੰਗਲ ਦਤ,
ਚੇਤ ਸੁਦੀ ਸੱਤੇਂ ਸਭ ਲਗਨ ਅਨਿੰਦ ਹੈਂ[1]।
ਜ਼ੋਰਾਵਰ ਸਿੰਘ* ਨਾਮ ਗੁਰੂ ਜੀ ਪੂਰਨ ਕਾਮ,
ਰਖਜੋ ਵਿਚਾਰ ਆਮ ਜੋਤਕ ਸੁ ਚਿੰਦ ਹੈਂ[1]।
ਬਾਲਕੇ ਅਕਾਲ ਕੇ ਕੇ ਭਏ ਜੁਗ ਬਾਲਕੇ ਜੋ[1],
ਅਰਿ ਗਨ ਘਾਲ ਕੇ[1] ਸੰਭਾਲ ਕੇ ਸੋ ਹਿੰਦੁ ਹੈਂ ॥ ੧੦ ॥
ਮਾਤ ਦੁਲਰਾਵਤ[1] ਬਢਾਵਤ ਪ੍ਰਮੋਦ ਅਤਿ,
ਭੂਖਨ ਨਵੀਨੇ ਝੀਨੇ[1] ਬਸਨ ਸਜਾਇ ਹੈਂ।
ਡੀਠ ਮਤ ਲਾਗੈ ਕੌਨੇ ਲਾਵਤ ਡਿਠੌਨੇ ਲੌਨੇ,
ਸੌਨੇ ਕੰਜ ਪਰ ਛੌਨੇ ਅਲਿ ਜਨੁ ਭਾਇ ਹੈਂ[1]।
ਹੇਰਿ ਪੁਰਿ ਨਰ ਨਾਰਿ ਆਵੈਂ ਜਾਵੈਂ ਮੋਦ ਧਾਰਿ,
ਸੰਗਤੈਂ ਅਪਾਰ ਲੈ ਮਸੰਦ ਬ੍ਰਿੰਦ ਆਇ ਹੈਂ।

[1]ਮੰਗਤੇ।
[1]ਉਚਾਰਦੇ ਹਨ।
[1]ਬਹੁਤੇ।
[1]ਅਕਾਸ਼ ਤੇ ਧਰਤੀ 'ਚ ਬਹੁਤਾ ਅਨੰਦ ਝੁੱਲ ਰਿਹਾ ਹੈ।
[1]ਚੰਗਿਆਈ।
*ਮੂਲ 'ਚ ਪਾਠ ਸਤ ਦੀ ਥਾਂ ਸੁਤ ਛਪਿਆ ਹੋਇਆ ਹੈ ਜੋ ਅਸ਼ੁੱਧ ਹੈ।
[1]ਸੰਮਤ ੧੭੪੭ ਮੰਗਲਵਾਰ (ਦਿਨ) ਖ਼ੁਸ਼ੀ ਦੇਣ ਵਾਲਾ ਅਤੇ ਚੇਤ ਸੁਦੀ ਸੱਤੇਂ ਅਤੇ ਸਾਰੇ ਲੱਗਣ ਚੰਗੇ ਹਨ।
*ਗੁਰਪ੍ਰਤਾਪ ਸੂਰਜ ਦੇ ਕਰਤਾ ਭਾਈ ਸੰਤੋਖ ਸਿੰਘ ਜੀ ਨੇ ਵੀ ਨਾਮ ਜ਼ੋਰਾਵਰ ਸਿੰਘ ਹੀ ਲਿਖਿਆ ਹੈ, ਭਾਈ ਕਾਨ੍ਹ ਸਿੰਘ ਕਰਤਾ ਮਹਾਨ ਕੋਸ਼ ਨੇ ਨਾਮ ਜੁਝਾਰ ਸਿੰਘ ਦਿੱਤਾ ਹੈ ਅਤੇ ਹੁਣ ਦੇ ਸਾਰੇ ਨਵੀਨ ਖੋਜੀ ਵੀ ਨਾਮ ਜੁਝਾਰ ਸਿੰਘ ਹੀ ਸਿੱਧ ਕਰਦੇ ਹਨ। ਇਸੇ ਬਿਸ੍ਰਾਮ ਦੇ ਅੰਕ ਨੰ: ੨ 'ਚ ਕਵੀ ਜੀ ਨੇ ਵੀ ਖ਼ੁਦ ਲਿਖਿਆ ਹੈ ਕਿ 'ਬਿਦਤੇ ਜੁਝਾਰ ਸਿੰਘ ਜੰਗ ਹ੍ਵੈ ਗੁਲੇਰ ਹੂੰ ਕੋ' ਜਿਸ ਤੋਂ ਸਪੱਸ਼ਟ ਹੈ ਕਿ ਸਹੀ ਨਾਮ ਜੁਝਾਰ ਸਿੰਘ ਹੀ ਹੈ।
[1]ਜੋਤਸ਼ ਦੀ (ਚਿੰਦ) ਗਿਣਤੀ ਕਰ ਕੇ ਅਤੇ ਹੋਰ ਸਾਰੀ ਵਿਚਾਰ ਕਰਕੇ।
[1]ਅਕਾਲ ਦੇ ਸਪੁੱਤਰ ਜੋ ਗੁਰੂ ਗੋਬਿੰਦ ਸਿੰਘ ਜੀ (ਹਨ ਉਹਨਾਂ) ਦੇ ਦੋ ਸਪੁੱਤਰ ਹੋ ਗਏ।
[1]ਬਹੁਤੇ ਵੈਰੀਆਂ ਨੂੰ ਨਾਸ ਕਰਕੇ।
[1]ਲਡਾਉਂਦੀ ਹੈ।
[1]ਬਰੀਕ।
[1]ਕਿਸੇ ਦੀ ਨਜ਼ਰ ਨਾ ਲੱਗ ਜਾਏ ਇਸ ਲਈ ਸੁੰਦਰ (ਡਿਠੌਨੇ) ਕਾਲੇ ਟਿੱਕੇ ਲਾਉਂਦੇ ਹਨ ਜਾਣੋ ਮੁਖ ਰੂਪ ਸੁਨਹਿਰੀ ਕੰਵਲ ਉੱਪਰ ਭੌਰਿਆਂ ਦੇ ਬੱਚੇ ਫਬ ਰਹੇ ਹਨ।

ਭੂਸ਼ਨ ਬਸਨ ਬਨਵਾਇ ਲਜਾਇ ਦਾਇਂ[1] ਗੁਰੈਂ, [1]ਦੇਂਦੇ ਹਨ।
ਖ਼ੁਸ਼ੀ ਥਾਇ[1] ਸਿਰੋਪਾਇ ਪਾਇ ਘਰ ਜਾਇ ਹੈਂ [1]ਹੋ ਕੇ।
॥ ੧੧ ॥

ਦਿਵਸ ਬਸੋਏ[1] ਪਰ ਮੇਲਾ ਹੋਏ ਆਇ ਬਡ, [1]ਵਿਸਾਖੀ।
ਸੰਗਤਾਂ ਅਪਾਰ ਜੁਰੈਂ ਗੁਰੈਂ ਦਰਸਾਨ ਕੌ।
ਆਯੁਧ ਸਜਾਇ ਗੁਰੁ ਆਇ ਕੈ ਸਿੰਘਾਸਨ ਪੈ,
ਸਭਾ ਮੈਂ ਥਿਰਾਇਰਘੁਰਾਇ ਇੰਦ੍ਰ ਸਾਨ ਕੋ[1]। [1]ਰਾਮ ਚੰਦ੍ਰ ਤੇ ਇੰਦ੍ਰ ਦੇ ਵਾਂਗ।
ਮੇਵਰੇ ਪੁਕਾਰੈਂ ਜਾਇ ਸੰਗਤਾਂ ਸੁ ਆਇ
ਦਰਸਾਇਂ, ਭੇਟ ਦਾਇਂ ਬੰਦੈਂ ਜੋਰਿ ਜੁਗ ਪਾਨ [1]ਦੋਹਾਂ ਹੱਥਾਂ ਨੂੰ ਜੋੜ ਕੇ।
ਕੋ[1]।
ਜੈਸੀ ਜਾਂ ਕੀ ਕਾਮਨਾ ਹ੍ਵੈ ਤੈਸੀ ਤਾਂ ਕੀ ਪੂਰੈਂ ਗੁਰੁ,
ਚਾਰ ਫਲ ਮੁਕਤਿ ਭੁਗਤਿ ਕਲਿਆਨ ਕੋ
॥ ੧੨ ॥

ਜਾਹਿਂ ਨਿਜ ਨਿਜ ਧਾਮ ਪਾਇ ਸਿਰੋਪਾਇ ਆਮ,
ਕੇਚਿਤ ਪ੍ਰੇਮੀ ਸਾਮ[1] ਗੁਰੁ ਕੀ ਰਹਾਇ ਹੈਂ। [1]ਸ਼ਰਣ ਵਿੱਚ।
ਸਾਹਿਬਜ਼ਾਦਨ ਦੁਲਰੈਹੈਂ ਅਹਿਲਾਦਨ ਸੋਂ[1], [1]ਅਨੰਦ ਨਾਲ ਲਡਾਉਂਦੇ ਹਨ।
ਕਦਮ ਪਦਮ ਸੁਖ ਸਦਮ ਚੁਮਾਇ ਹੈਂ[1]। [1]ਸੁਖ ਦੇ ਘਰ ਚਰਨ ਕੰਵਲਾਂ ਨੂੰ ਚੁੰਮਦੇ ਹਨ।
ਪ੍ਰਤਿਪਾਰੈਂ ਪੌੜ੍ਹਨਿ ਮਾਤ ਸ੍ਰੀ ਗੂਜਰੀ ਜੀ,
ਰੱਛ ਬਹੁ ਠਾਨੈ ਦਧਿ ਓਦਨ[1] ਖਵਾਇ ਹੈਂ। [1]ਦਹੀਂ ਚੌਲ।
ਜੁਗ ਹੀ ਸਨੁੱਖਾ ਕੇ[1] ਸਪੁੱਤ੍ਰ ਨਿਹਾਰਿ ਗੋਦ, [1]ਦੋਹਾਂ ਹੀ ਨੂੰਹਾਂ ਦੇ।
ਮੋਦ ਪ੍ਰਮੋਦ ਸਿੰਧੁ[1] ਮਗਨ ਰਹਾਇ ਹੈਂ ॥ ੧੩ ॥ [1]ਬਹੁਤੇ ਤੋਂ ਬਹੁਤੇ ਅਨੰਦ ਦੇ ਸਮੁੰਦਰ ਵਿੱਚ।
ਚਹਿਲ ਪਹਿਲ[1] ਰਹਿ ਮਹਿਲ ਗੁਰੂ ਕੇ ਸਦ, [1]ਰੌਣਕ।
ਟਹਿਲੂਏ ਟਹਿਲਨੀ ਟਹਿਲ ਕਮਾਇ ਹੈਂ।
ਚੰਦਰ ਦਿਨਿੰਦਰ ਸੇ ਸੁੰਦਰ ਮੰਦਰ ਗੁਨਿ[1], [1]ਚੰਦ੍ਰਮਾ ਤੇ ਸੂਰਜ ਵਰਗੇ ਗੁਣਾਂ ਦੇ ਮੰਦਰ (ਸਾਹਿਬਜ਼ਾਦੇ)।
ਮੰਦਰਨ ਅੰਦਰ ਤੈ ਬਾਹਰ ਸਿਧਾਇ ਹੈਂ।
ਜਾਇ ਪਿਤਾ ਪਾਸ ਆਇ ਨਿਰਖਾਇ ਸਭਾ [1]ਸੋਭਾ।
ਅਭਾ[1],
ਬੰਦਿ ਗੁਰੁ ਪਾਇ ਧਾਇ ਗੋਦ ਮੈਂ ਥਿਰਾਇ ਹੈਂ।
ਬਾਲ ਲੀਲ੍ਹਾ ਬਹੁ ਭਾਇ ਦਿਖਰਾਇ ਮੋਦ ਦਾਇ,
ਹਾਸ ਰਸ ਕੋ ਬਢਾਇ ਸਬਿਨਿ ਸੁਹਾਇ ਹੈਂ

॥ ੧੪ ॥
ਬ੍ਰਿੱਧ ਮਾਤ ਨਾਨਕੀ ਜੀ ਪ੍ਰੌਤ ਪ੍ਰਤਾਪ ਤੈਸੇ
ਦੇਖਜੋ, ਜੈਸੇ ਖਸ਼ਟਮ ਗੁਰੂ ਬਰ ਥਾ ਦਯੋ।
ਉਭੈ ਪਰ ਪੌਤ੍ਰਨਿ[1] ਦੁਲਰਾਇ ਮਨ ਭਾਇ, [1]ਪੜੋਤਿਆਂ ਨੂੰ।
ਅੱਖ ਨਿਜ ਪਰਤੱਖ ਲਖਿ[1] ਸੁਖ ਥਾ ਲਯੋ। [1]ਦੇਖ ਕੇ।
ਇਸ ਹੀ ਅਨੰਦ ਮੈਂ ਅਨੰਦੁ ਪੁਰਿ ਆਨੰਦ ਸੋਂ,
ਤਿਨ ਨਿਜ ਤਨ ਤ੍ਰਿਨ ਜਿਮ[1] ਛੋਰ ਥਾ ਦਯੋ। [1]ਕੱਖ ਵਾਂਗ।
ਕਢਜੋ ਬਿਵਾਨ ਗੁਰੁ ਜਜੋਂ ਬਿਧਾਨ ਬੇਦ ਬਦਜੋ[1], [1]ਜਿਵੇਂ ਵੇਦਾਂ ਨੇ ਬਿਧੀ ਕਹੀ ਹੈ।
ਦਾਨ ਜੱਗਜ ਤਾਂ ਕੇ ਹਿਤ ਬਹੁ ਕਰਿ ਥਾ ਦਯੋ
॥ ੧੫ ॥
ਸਤ੍ਰਹ ਸੌ ਥਾ ਪਚਾਸ ਗੁਰੁ ਪੁਰ ਪਤਿ ਪਾਸ,
ਲਯੋ ਸ ਹੁਲਾਸ ਵਾਸ ਪਾਛੇ ਜਸ ਤਾਂ ਰਰੈਂ[1]। [1]ਉਚਾਰਦੇ ਹਨ।
ਇਸ ਹੀ ਸਮੇਂ ਮਝਾਰ, ਗੁਰੂ ਕੋ ਅਪਾਰ ਤੇਜ
ਬਢਜੋ ਅਤਿ ਸਾਰ[1], ਭੂਪ ਬਾਈ ਧਾਰ ਕੇ ਡਰੈਂ। [1]ਬਹੁਤਾ ਸ੍ਰੇਸ਼ਟ।
ਨਿਜ ਨਿਜ ਦੇਸਨ ਕੀ ਵਸਤੁ ਬਿਸੇਸ ਜੇਤੀ,
ਗੁਰੂ ਪਾਸ ਭੇਜਿ ਆਸ ਖਾਸ[1] ਮੇਲ ਕੀ ਧਰੈਂ। [1]ਆਪਣੇ।
ਜਾਵਤ ਸ਼ਿਕਾਰ ਕਭੀ ਸਭਾ ਮੈਂ ਦਿਦਾਰ ਦੇਤ,
ਉਪਦੇਸ਼ ਵੇਸ[1] ਦੈ ਉਧਾਰ ਜਨ ਕੌ ਕਰੈਂ ॥ ੧੬ ॥ [1]ਸ੍ਰੇਸ਼ਟ।
ਦੋਹਰਾ:
ਇਸ ਪ੍ਰਕਾਰ ਸ੍ਰੀ ਸਤਿਗੁਰੂ,
ਕਰਤ ਚਰਿਤ ਸੁਖਕਾਰ।
ਸ੍ਰੀ ਜੀਤੋ ਜੀ ਸੇਵ ਹੈ,
ਸੰਤਹਿਂ ਬਹੁਤ ਉਦਾਰ ॥ ੧੭ ॥
ਸ੍ਵੈਯਾ:
ਆਪਸ ਮੈਂ ਕਿਤ ਭੂਪ ਪਹਾਰਿਨ
ਕੇ, ਮਿਲ ਹੈਂ ਜਬਿ ਬਾਤ ਚਲੈ ਹੈਂ।
ਬੀਰਨਿ ਧੀਰਨਿ ਮੈਂ ਗਿਨਤੀ,
ਪਹਿਲੇ ਸਬਿ ਸੈਂ ਗੁਰੁ ਕੀ ਕਰਿ ਲੈ ਹੈਂ।
ਬਾਤ ਬਿਭਾਂਤਿ[1] ਚਲਾਤ ਗੁਰੈਂ, [1]ਅਨੇਕ ਤਰ੍ਹਾਂ ਦੀਆਂ।
ਸੱਤ੍ਰੂ ਮਿੱਤ੍ਰੂ ਉਰ ਜੈਸ ਜਿਸੈ ਹੈ।

ਪੋਚ[1] ਕਟੋਚ ਸੁ ਚੁਗਲ ਮਹਾਂ, [1]ਨੀਚ।
ਪੁਨ ਆਪ ਲਾਹੌਰ ਗਯੋ ਚਲ ਕੈ ਹੈ ॥੧੮॥
ਖਾਨ ਦਿਲਾਵਰ ਨਾਜ਼ਮ ਥਾ ਤਹਿਂ,
ਬੀਰ ਬਲੀ ਬਡ ਪਾਂਚ ਹਜਾਰੀ।
ਭੂਪਨ ਤੈ ਨ ਕਰਾ[1] ਉਗਰਜੋ ਜਿਮ, [1]ਮਾਮਲਾ।
ਜੰਗ ਨਦੌਣ ਅਏ ਬਡ ਹਾਰੀ।
ਬਾਤ ਸਬੀ ਸਮਝਾਇ ਕਹੀ ਤਿਨਿ,
ਮੱਦਤ ਗਾਰ ਗੁਰੂ ਤਿਨਿ ਭਾਰੀ।
ਹੇਤ ਇਸੀ ਕੁਪ ਕੈ ਤਬਿ ਨਾਜ਼ਮ,
ਫੌਜ ਪਠੀ ਗੁਰੁ ਓਰ ਅਪਾਰੀ ॥੧੯॥
ਨਾਜ਼ਮ ਕੋ ਸੁਤ ਖਾਨ ਜਮਾਲ,
ਚਢਜੋ ਯੁਤ ਸੈਨ ਕਮਾਲ ਰਿਸੈ ਕੈ[1]। [1]ਬਹੁਤਾ ਗ਼ੁੱਸੇ ਹੋ ਕੇ।
ਦੁੰਦਭ ਦੀਹ[1] ਬਜਾਇ ਚਲਾ, [1]ਵੱਡੇ ਧੌਂਸੇ।
ਚਲਿ ਆਨਿ ਥਿਰਜੋ ਗੁਰੁ ਕੇ ਪੁਰਿ ਪੈ ਹੈ[1]। [1]ਸ਼ਹਿਰ ਦੇ ਨੇੜੇ।
ਸਾਰ ਜਸੂਸ ਦਈ ਢਿਗ ਆਲਮ,
ਪਾਰਕ ਪੌਰ ਨਿਸਾ ਅਰਧੈ ਹੈ[1]। [1]ਜਸੂਸ ਨੇ ਆ ਕੇ ਗੁਰੂ ਕੇ (ਪਾਰਕ ਪੌਰ) ਦਰਬਾਨ ਆਲਮ ਪਾਸ ਅੱਧੀ ਰਾਤ ਨੂੰ ਖ਼ਬਰ ਦਿੱਤੀ।

ਆਲਮ ਜਾਇ ਗੁਰੂ ਢਿਗ ਅੰਦਰ
ਮੰਦਰ, ਬਾਤ ਕਹੀ ਸਬਿ ਵੈ ਹੈ ॥੨੦॥
ਤਾਂਹਿ ਸਮੇਂ ਰਣਜੀਤ ਬਜਾਇ,
ਬੁਲਾਇ ਲਏ ਭਟ ਹੈਂ ਗੁਰੁ ਸਾਰੇ।
ਜਾਗ ਉਠੇ ਸਗਰੇ ਪੁਰਿ ਕੇ ਨਰ,
ਸ਼ੋਰ ਪਰਜੋ ਸਬਿ ਠੌਰ ਅਪਾਰੇ।
ਸਾਹਿਬ ਚੰਦ ਮਸੰਦ, ਦਿਵਾਨ[1] [1]ਨੰਦ ਚੰਦ।
ਕ੍ਰਿਪਾਲ[1] ਪਰੋਹਤ[2] ਲੌ ਭਟ ਭਾਰੇ। [1]ਮਾਮਾ। [2]ਦਇਆਰਾਮ।
ਆਇ ਨਮੋਂ ਗੁਰੁ ਕੋ ਉਨਿ ਕੀਨ,
ਅਸੀਸ ਦਈ ਗੁਰੁ ਬੈਨ ਉਚਾਰੇ ॥੨੧॥
ਤਜਾਰ ਭਵੋ, ਨਦਿ ਪਾਰ ਸ਼ਿਕਾਰ
ਅਯੋ ਤੁਮਰੋ, ਝਟ ਜਾਇ ਹਤੀਜੈ[1]। [1]ਮਾਰੋ।
ਯੌਂ ਸੁਨ ਕੈ ਭਟ ਗਾਜ ਉਠੇ ਅਟ[1], [1]ਸਾਰੇ।

Sri Satguru Jagjit Singh Ji eLibrary NamdhariElibrary@gmail.com

ਜੀਤ ਭਵੈ ਦਿਢ ਚੀਤਿ ਪਤੀਜੈ[1]।
ਸਾਜ ਸਮਾਜ ਦਰਾਜ ਉਮੰਗ[1],
ਚਢੇ ਹਿਤ ਜੰਗ ਨ ਦੇਰ ਕਰੀਜੈ।
ਸੈਨ ਨਿਜੈ ਨਿਜ ਲੈ ਸਰਦਾਰ,
ਭਏ ਪੁਰਿ ਬਾਹਰ ਆਨੰਦ ਭੀਜੈ ॥੨੨॥
ਦੁੰਦਭਿ ਦੀਹ ਬਜੇ ਬਹੁ ਢੋਲ,
ਗਜੇ ਭਟ ਬਾਜ ਪਰਜੋ ਬਡ ਰੌਰੈਂ।
ਤੁੱਪਕ ਜੋਰਿ ਤੜਾ ਤੜ ਛੋਰਿ,
ਕਰਜੋ ਰਵ ਘੋਰ ਭਟੈਂ ਅਤਿ ਗੌਰੈਂ[1]।
ਆਲਮ ਆਇਸ[1] ਪਾਇ ਗੁਰੈਂ,
ਰਖਵਾਰੇ ਕਰੇ ਪੁਰਿ ਕੇ ਨਰ ਔਰੈਂ।
ਭਾਂਤਿ ਕ੍ਰੂਰ ਸੁਨਜੋ ਰਵ ਸੱਤ੍ਰੂਨਿ[1],
ਦੂਰ ਗਰੂਰ[1] ਭਯੋ ਤਿਨ ਕੌਰੈਂ[2] ॥੨੩॥
ਬਾਲ ਮਸਾਲ ਬਿਸਾਲ ਚਮੂੰ[1]
ਸੁ ਕਮਾਲ ਕਰਾਲ ਗਰੱਜਤ ਚੱਲੀ।
ਭੇਰਿ ਭੁਂਕਾਰ[1] ਧੁਂਕਾਰ ਸੁ ਧੌਂਸਨਿ[2],
ਭੱਟਨਿ ਮਾਰਹਿ ਮਾਰ ਅਵੱਲੀ[1]।

ਬ੍ਰਿੰਦ ਬੰਦੂਕ ਛੁਟੈਂ ਤੜਤਾ,
ਘਟ ਭਜਾਨਕ ਘੋਖ ਮਨੋ ਦਿੱਢ ਚੱਲੀ[1]।

ਪਾਰਹਿ ਨਾਰਹਿ ਥੀ ਧੁਜਨੀ
ਅਰਿ ਕੀ, ਸੁਨ ਕੈ ਡਰ ਕੀ ਥਰਥੱਲੀ[1] ॥੨੪॥

ਗੁਰੁ ਔਰਹਿ ਬੀਰ ਚਢਾਇ ਪਠੇ,
ਵਹਿ ਜਾਇ ਅਰੀ ਦਿਸ[1] ਪੈ ਗਰਜੇ।
ਗਢ ਆਨੰਦ ਕੇ ਬੁਰਜੈਂ ਪਰ ਤੈ
ਪਿਖਿ ਤੋਪ ਚਲੀ ਸੱਤ੍ਰੂ ਲਰਜੇ[1]।
ਕਿਰਪਾ ਕਰ ਕਾਲੀ ਕੜੱਕੀ ਤਬੈ,
ਅਰਿ ਸੈਨ ਭੜੱਕੀ ਹਹਾ ਕਰਜੇ[1]।

[1]ਭਰੋਸਾ ਕਰਕੇ।
[1]ਬਹੁਤਾ ਉਤਸ਼ਾਹ ਨਾਲ।
[1]ਬਹੁਤੇ ਸੂਰਮਿਆਂ ਨੇ ਭਾਰੀ ਭਿਆਨਕ ਸ਼ਬਦ ਕੀਤਾ।
[1]ਆਗਿਆ।
[1]ਭਿਆਨਕ ਕਿਸਮ ਦਾ ਰੌਲਾ ਵੈਰੀਆਂ ਨੇ ਸੁਣਿਆ।
[1]ਹੰਕਾਰ। [2]ਤਿਨ੍ਹਾਂ ਦਾ।
[1]ਫ਼ੌਜ।
[1]ਭੇਰੀ ਦੇ ਵੱਜਣ ਦੀ ਧੁਨਿ। [2]ਧੌਂਸੇ ਦੇ ਵੱਜਣ ਦੀ ਧੁਨਿ।
[1]ਸੂਰਮਿਆਂ ਦੀ (ਅਵੱਲੀ) ਅਨੋਖੀ ਮਾਰ ਲੌ ਮਾਰ ਲੌ (ਹੋ ਰਹੀ ਹੈ)।
[1]ਬਹੁਤੀਆਂ ਬੰਦੂਕਾਂ ਬਿਜਲੀ ਵਾਂਗ ਛੁਟਦੀਆਂ ਹਨ; (ਦਿਢ) ਮਜ਼ਬੂਤ ਫ਼ੌਜ ਜਾਣੋ ਬੱਦਲ ਦੀ ਘਟਾ (ਵਾਂਗ) ਭਿਆਨਕ (ਘੋਖ) ਸ਼ਬਦ ਕਰਦੀ ਚੱਲੀ ਹੈ।
[1]ਵੈਰੀਆਂ ਦੀ ਫ਼ੌਜ ਨਾਲੇ ਤੋਂ ਪਾਰ ਸੀ; (ਰੌਲਾ) ਸੁਣ ਕੇ ਡਰ ਨਾਲ (ਉਸ ਵਿੱਚ) ਹਲਚਲੀ (ਮੱਚ ਗਈ)।
[1]ਵੈਰੀ ਦੀ ਤਰਫ਼।
[1]ਵੈਰੀ ਕੰਬ ਉਠੇ।
[1]ਜਦੋਂ ਕਿਰਪਾ ਕਰ ਕੇ ਕਾਲੀ (ਗੁਰਾਂ ਦੀ ਤੋਪ ਦਾ ਨਾਉਂ)

ਕੜਕ ਪਈ ਤਦੋਂ ਵੈਰੀਆਂ ਦੀ ਫ਼ੌਜ ਹਾਹਾਕਾਰ ਕਰ ਕੇ ਭੜਕ ਉੱਠੀ।

ਤਮ ਗਾੜ੍ਹ ਨਿਸਾ[1] ਨਹਿਂ ਮਾਲੁਮ ਹੋਇ,
ਅਯੋ ਦਲੁ ਕੇਤਿਕ ਹੈ ਤਰਜੇ[1] ॥ ੨੫ ॥

[1]ਗਾੜ੍ਹੀ ਅਨ੍ਹੇਰੀਰਾਤ।

[1]ਆਈ ਫ਼ੌਜ ਕਿਤਨੇ ਕੁ (ਤਰਜੇ) ਤਰ੍ਹਾਂ ਦੀ ਹੈ।

ਇਕ ਸਜਾਮ ਨਿਸਾ ਦੁਤੀਏ ਬਿਨ ਭੇਤ,
ਹੁਤੇ ਪਰਦੇਸੀ ਵਹੇ ਬਡ ਥੇ।
ਰਿਤੁ ਥੀ ਹਿਮ[1] ਸਜਾਲੇ ਕੇ ਪਾਲੇ,
ਕਸਾਲੇ ਕਮਾਲੇ ਕਰੇ[1] ਦੁਖ ਦਾ ਜਢ ਥੇ[2]।

[1]ਠੰਡ ਦੀਰੁੱਤ ਸੀ।

[1]ਬਹੁਤੇ (ਕਸਾਲੇ) ਦੁਖੀ ਕੀਤੇ। [2]ਦੁਖ ਦੇਣ ਵਾਲੇ ਤੁਰਕ (ਜਢ) ਸੁੰਨ ਹੋ ਗਏ।

ਅਤਿ ਸੀਤ ਬਿਆਰ[1] ਬਹੇ ਤਿਰਛੀ,
ਨਦਿ ਤੀਰ ਨ ਧੀਰ ਸਕੈਂ ਖਢ ਥੇ[1]।
ਪਗ ਹਾਥ ਹਲੈ ਨ ਚਲੈ ਫਿਰ, ਸੋ
ਕਿਮ ਆਯੁਧ ਬਾਂਹਿਂ ਅਗੈ ਬਡ ਥੇ ॥ ੨੬ ॥

[1]ਬਹੁਤੀ ਠੰਡੀ ਹਵਾ।

[1]ਨਦੀ ਕਿਨਾਰੇ ਧੀਰਜ ਨਾਲ ਖੜ੍ਹੇ ਨਹੀਂ ਸਨ ਹੋ ਸਕਦੇ।

ਜੱਦਪਿ ਥੀ ਬਰਦੀ ਸਰਦੀ ਹਿਤ,
ਪੈ ਹਰਦੀ ਘਰਦੀ ਨਹਿਂ ਜਾਨੈ[1]।

[1]ਭਾਵੇਂ ਸਰਦੀ (ਨੂੰ ਰੋਕਣ) ਵਾਸਤੇ ਬਰਦੀ (ਪਾਈ ਹੋਈ ਹੈ) ਪਰ ਉਹ ਬਰਦੀ ਸਰਦੀ ਨੂੰ (ਹਰਦੀ) ਨਾਸ ਨਹੀਂ ਕਰਦੀ ਅਤੇ ਨਾ ਹੀ ਸਰਦੀ (ਘਰਦੀ) ਘਟਦੀ ਹੀ ਜਾਣੀ ਦੀ ਹੈ।

ਜ੍ਵਾਨ ਕਿਕਾਨਨ ਕੇ ਤਨ ਸੁੰਨ
ਭਏ ਬਹੁ, ਆਨਿ ਬਖਾਨਨ ਖਾਨੈਂ[1]।
ਦੌਰਿ ਚਲੋ ਅਬਿ ਜਾਨ ਬਚਾਵਹੁ,
ਆਇ ਕਬੀ ਇਨ ਕੋ ਫਿਰ ਹਾਨੈ।
ਨਾਹਿਂ ਤ ਬੇਗਹਿਂ ਤੇਗਹਿਂ ਗ੍ਰਾਸ
ਥਵੈਂ[1], ਬੱਕਰੀ ਸਮ ਦੈ ਕਰਿ ਜਾਨੈ ॥ ੨੭ ॥

[1]ਪਠਾਣ ਕਹਿੰਦੇ ਹਨ।

[1]ਨਹੀਂ ਤਾਂ ਛੇਤੀ ਹੀ ਤਲਵਾਰ ਦੀ ਬੁਰਕੀ ਹੋ ਜਾਵਾਂਗੇ।

ਚੌਪਈ:
ਯਾ ਬਿਧਿ ਕਰਿ ਸਲਾਹਿ ਵਹਿ ਭੱਜੇ।
ਖਾਨ ਨਿਲੱਜੈਂ ਬਾਨਨ ਤੱਜੇ[1]।
ਨਾਰਿ ਨਿਵਾਇ[1] ਚਲੇ ਕਰਿ ਤੋਵਾ।
ਭਾਗੇ, ਪੀਛੇ ਨਹਿਂ ਕਿਨ ਜੋਵਾ[1] ॥ ੨੮ ॥
ਜਜੋਂ ਫਨਿ ਮੋਰ ਭੋਰ ਤੈ ਚੋਰੂ[1]।
ਮੇਘ ਪੌਨ ਤੈ ਮ੍ਰਿਗ ਸਿੰਘ ਸ਼ੋਰੂ[1]।

[1]ਬੇਸ਼ਰਮ ਪਠਾਣ (ਬਾਨਨ) ਤੀਰਾਂ ਨੂੰ ਛੱਡ ਕੇ।

[1]ਧੌਣਾ ਨਿਵਾ ਕੇ।

[1]ਤੱਕਿਆ ਨਹੀਂ।

[1]ਜਿਵੇਂ ਮੋਰ ਤੋਂ ਸੱਪ, ਸਵੇਰ ਤੋਂ ਚੋਰ।

[1]ਹਵਾ ਤੋਂ ਬੱਦਲ, ਸ਼ੇਰ ਦੀ (ਸ਼ੋਰ) ਗਰਜ ਤੋਂ ਹਰਨ (ਡਰ ਕੇ ਨੱਸ ਜਾਂਦੇ ਹਨ)।

ਬਰਵਾ ਨਾਮ ਗਾਮ ਮਗ ਆਯੋ।
ਲੁਟਯੋ ਨਿਲੱਜਨਿ ਜੋਰ ਜਨਾਯੋ ॥ ੨੯ ॥
ਜਜੋਂ ਬਨੀਆਂ ਨਹਿਂ ਮਾਸ ਛਕੈ ਹੈ।
ਰੋੜ ਤੜਕ ਹਿਤ ਸ੍ਵਾਦ ਚਬੈ ਹੈ।
ਕਰੀ ਡਾਰ[1] ਕੇਹਰ ਤੈ ਡਰ ਕੈ।
ਝਾੜ ਉਪਾੜਤ ਜਜੋਂ ਬਲ ਧਰ ਕੈ ॥ ੩੦ ॥
ਕਹਿਨਾਵਨ[1] ਉਨਿ ਕੀਨੀ ਵੋਹੈ।
ਮਾੜੀ ਧਾੜ ਜੁਲਾਹਨ ਖੋਹੈ[1]।
ਡੇਰਾ ਗਾਮ ਭਲਾਣ ਕਰੈ ਕੈ।
ਗਏ ਲਹੌਰੇ ਹੌਰੇ ਹ੍ਵੈ ਕੈ ॥ ੩੧ ॥
ਪੂਛਯੋ ਨਵਾਬ ਜਵਾਬ ਨ ਦੀਓ।
ਲੱਜਤ ਹੋਇ ਕੱਜ ਮੁਖ ਲੀਓ।
ਤਕੈ ਨ ਸਨਮੁਖ ਭਯੋ ਸ਼ਰਮਿੰਦਾ।
ਖਾਨ ਹੁਸੈਨ ਗੁਲਾਮ ਬੁਲਿੰਦਾ[1] ॥ ੩੨ ॥
ਹੁਤੋ ਤਿਨੋ ਕਾ ਤਿਸ ਹੀ ਠੌਰੈਂ।
ਕਰਿ ਸਲਾਮ ਬੋਲਜੋ ਇਸ ਤੌਰੈਂ।
ਦੀਜੈ ਪਾਨ[1] ਖਾਨ ਜੀ ਮੋਹੀ।
ਅਬੈ ਸਬੈ ਨ੍ਰਿਪ ਜੀਤੋਂ ਕੋਹੀ[1] ॥ ੩੩ ॥
ਪੁਰ ਅਨੰਦ ਲੁਟ ਗੁਰੂ ਗੁਬਿੰਦੈਂ।
ਜੀਤਿ ਧਸੈਹੋਂ ਦੂਣ ਸੁਛੰਦੈਂ[1]।
ਲੈਹੋਂ ਦਰਬ ਸਰਬ ਨਿਕਲਾਈ।
ਲਰੈਂ ਤੁ ਲਰਹੋਂ ਹਠੋਂ ਬਨਾਈ[1] ॥ ੩੪ ॥
ਫਰਕਤ ਭੁਜਾ ਦਾਹਿਨੀ[1] ਮੇਰੀ।
ਸੰਗ ਬਾਹਿਨੀ[1] ਦੇਹੁ ਬਧੇਰੀ।
ਖਾਨ ਦਿਲਾਵਰ ਪਿਖਿ ਦਿਲਾਵਰੀ[1]।
ਦਯੋ ਚਢਾਇ ਬਢਾਇ ਚਾਵਰੀ[1] ॥ ੩੫ ॥
ਦੋਇ ਹਜਾਰ ਤੁਰਕ ਸੰਗ ਦਯੋ।
ਦੁੰਦਭਿ ਦੈ[1] ਸਕੋਪ ਸੋ ਗਯੋ।
ਸਿੱਖਹਿ ਸਾਰ ਗੁਰੂ ਕੌ ਦਾਈ।
ਪੁਰ ਆਨੰਦ ਪਰ ਧੁਜਨੀ ਆਈ ॥ ੩੬ ॥

[1]ਹਾਥੀਆਂ ਦੀ ਡਾਰ।
[1]ਕਹਾਵਤ।
[1]ਜੁਲਾਹਿਆਂ ਨੂੰ ਖੋਂਹਦੀ ਭਾਵ ਲੁਟਦੀ ਹੈ।
[1](ਦਿਲਾਵਰ ਖ਼ਾਂ ਸੂਬੇ ਲਾਹੌਰ ਦਾ) ਵੱਡਾ ਨੌਕਰ ਸੀ।
[1]ਪਾਨਾ ਦਾ ਬੀੜਾ।
[1]ਪਹਾੜੀ ਰਾਜੇ।
[1]ਅਜ਼ਾਦੀ ਨਾਲ।
[1]ਬਣਾ ਕੇ ਮਾਰਾਂਗਾ।
[1]ਸਜੀ ਬਾਂਹ।
[1]ਫ਼ੌਜ।
[1]ਬਹਾਦਰੀ।
[1]ਉਤਸ਼ਾਹ।
[1]ਧੌਂਸਾ ਵਜਾ ਕੇ।

ਨੰਦ ਚੰਦ ਲੌ ਬੀਰ ਅਪਾਰੇ।
ਪਠੇ ਸਮੁਖ ਗੁਰੁ ਪ੍ਰੇਰਿ ਜੁਝਾਰੇ[1]।
ਰੋਕਜੋ ਮਗ ਤਿਨ ਸਤ੍ਰੁਨ ਜਾਏ।
ਜੰਗ ਤਜਾਰੀ ਕਰਿ ਸਭਿ ਭਾਏ ॥ ੩੭ ॥
ਸੁਨਿ ਗੁਲਾਮ ਡਰ ਕਰਿ ਟਰ ਗਯੋ।
ਬੰਬ[1] ਬਜਾਵਤ ਦੂਣ ਧਸਯੋ।
ਗਾਮ 'ਅਵਾਨ' ਘੇਰਜੋ ਜੈ ਕੈ।
ਲੂਟੇ ਲੋਗ ਤੰਗ ਬਹੁ ਕੈ ਕੈ ॥ ੩੮ ॥
ਕਰਿ ਕੈ ਜੰਗ ਜਿਤਜੋ ਡਢਵਾਲੀ।
ਲੀਨ ਦਰਬ ਦੈ ਦੰਡ ਬਿਸਾਲੀ।
ਕੋਹੀ ਨ੍ਰਿਪ ਮਿਲੇ ਬਹੁ ਆਏ।
ਲਯੋ ਦੰਡ ਬਡ ਜੋਰ ਜਨਾਏ ॥ ੩੯ ॥
ਕਿਨ ਕੇ ਪੂਤ ਆਪ ਨ੍ਰਿਪ ਕੇਈ।
ਛਲ ਬਲ ਸੋਂ ਪਕਰੇ ਬਹੁ ਤੇਈ।
ਕਾਂਗੜੇਸ ਕਹਿਲੂਰੀ ਮਿਲੇ।
ਦੈ ਨਜਰੈਂ[1] ਤਾਹੂੰ ਸੰਗ ਭਿਲੇ[2] ॥ ੪੦ ॥
ਕਰਤੇ ਫਿਰੇ ਲੂਟ ਵਹਿ ਮਾਰੇ।
ਜੁਲਮ ਅਤੁਲਮ[1] ਗੁਲਾਮ ਗੁਜਾਰੇ।
ਹੜ੍ਹ ਜਲ ਜਜੋਂ ਦਲ ਚਲ ਹੈ ਵਾਹੂੰ।
ਇੱਜ਼ਤ ਦੌਲਤ ਛਡੀ ਨ ਕਾਹੂੰ ॥ ੪੧ ॥

ਦੋਹਰਾ:

ਪਿਛਲੀ ਸ਼ਹਿ ਪਰ ਕੂਕਰਾ[1],
ਲਟਤ[1] ਕਟਤ ਜਜੋਂ ਧਾਇ।
ਭਲਾ ਬੁਰਾ ਨਿਜ ਨਹਿਂ ਲਖੈ,
ਜੈਸ ਕਪੀ ਕੋ ਘਾਇ[1] ॥ ੪੨ ॥

ਚਢੈ ਗੀਧ ਗਂਧਲੀ ਨਦੀ,
ਆਂਧੀ ਅਧਿਕ ਸ਼ਰਾਬ[1]।

ਪਾਜੀ ਕੀ ਬਾਜੀ ਚਢੈ[1],

[1]ਲੜਾਕੇ।

[1]ਨਗਾਰਾ।

[1]ਭੇਟਾਂ ਦੇ ਕੇ। [2]ਮਿਲੇ।

[1]ਬਹੁਤੇ।

[1]ਕੁੱਤਾ।

[1]ਲੜਦਾ ਹੈ।

[1]ਜਿਵੇਂ ਬਾਂਦਰ ਦਾ ਜ਼ਖ਼ਮ (ਨੋਟ-ਬਾਂਦਰ ਆਪਣੇ ਜ਼ਖ਼ਮ ਨੂੰ ਆਪ ਖ਼ਰਾਬ ਕਰ ਲੈਂਦਾ ਹੈ)।

[1]ਗਿਰਝ, ਗੰਧਲੀ ਨਦੀ, ਅਨ੍ਹੇਰੀ ਤੇ ਸ਼ਰਾਬ ਬਹੁਤੀ ਚੜ੍ਹ ਜਾਵੇ।

[1]ਕਾਇਰ ਦੀ ਖੇਡ ਚੜ੍ਹ ਜਾਏ ਭਾਵ ਕਮਜ਼ੋਰ ਆਦਮੀ ਬਾਜ਼ੀ ਜਿੱਤ ਜਾਏ।

ਇਹ ਸਬਿ ਦੁਖਦ ਖਰਾਬ ॥ ੪੩ ॥

ਸ੍ਵੈਯਾ:

ਮੇਘ ਮਹਾਂ ਮਦ ਕੈ ਜੁ ਚਢੈ,
ਮਹਿ ਮੰਡਲ ਮੇਂਹ ਪ੍ਰਮੋਦ ਬਿਥਾਰੈ[1]।

[1]ਬੱਦਲ ਜੇ ਬਹੁਤੇ ਹੰਕਾਰ ਨਾਲ ਚੜ੍ਹੇ ਤਾਂ ਧਰਤੀ ਮੰਡਲ ਵਿੱਚ ਬਹੁਤਾ ਮੀਂਹ ਤੇ ਅਨੰਦ ਖਿਲਾਰ ਦੇਂਦਾ ਹੈ।

ਚਾਂਦ ਚਢੈ ਚਹੁ ਚੱਕਹਿ ਚਾਨਣ,
ਚਾਹਿ ਚਕੋਰਨ ਕੇ ਚਿਤ ਚਾਰੈ[1]।

[1]ਦੇਖਣ ਵਾਲੀਆਂ ਚਕੋਰਾਂ ਦੇ ਚਿੱਤ ਨੂੰ (ਚਾਰੈ) ਚੁਰਾਉਂਦਾ ਹੈ ਭਾਵ ਚੰਗਾ ਲੱਗਦਾ ਹੈ।

ਸੂਰ ਚਢੈ ਤੁ ਬਢੈ ਜਗ ਨੂਰ[1],
ਸ਼ਹੂਰ ਜਰੂਰ ਮਿਲੈ ਰੁਜਗਾਰੈਂ[1]।

[1]ਚਾਨਣ।

[1]ਸਮਝ ਕੇਰੁਜ਼ਗਾਰ ਜ਼ਰੂਰ ਮਿਲਦਾ ਹੈ।

ਆਤਸ਼ਬਾਜੀ ਦਰਾਜੀ ਚਢੀ ਭਲ,
ਪਾਜੀ ਕੀ ਬਾਜੀ ਚਢੀ ਤੁ ਬਿਗਾਰੈ[1] ॥ ੪੪ ॥

[1]ਆਤਸ਼ਬਾਜ਼ੀ ਉੱਚੀ ਚੜ੍ਹੀ ਚੰਗੀ ਲੱਗਦੀ ਹੈ ਪਰ ਕਾਇਰ ਦੀ ਬਾਜ਼ੀ ਚੜ੍ਹੀ ਹੋਈ ਭਾਵ ਜਿੱਤ ਵਿਗਾੜ ਕਰਦੀ ਹੈ।

ਚਢ ਹੈ ਜੁ ਬਰਾਤ ਸੁਹਾਤ ਬਖਜਾਤ,
ਭਵਾਤ ਖੁਸ਼ੀ[1] ਤਿਯ ਗਾਤ ਅਪਾਰੈਂ।

[1]ਖ਼ੁਸ਼ੀ ਹੁੰਦੀ ਹੈ।

ਜੀਵਨ ਬੂਟੀ ਬਧੂਟੀ ਚਢੈ
ਜਬਿ ਡੋਰਹਿ, ਹੋਵਹਿਂ ਮੰਗਲ ਭਾਰੈਂ[1]।

[1]ਜੀਵਨ ਦੀ ਦਵਾਈ ਵਹੁਟੀ ਜਦੋਂ ਡੋਲੇ 'ਤੇ ਚੜ੍ਹਦੀ ਹੈ ਤਾਂ ਭਾਰੀ ਖ਼ੁਸ਼ੀਆਂ ਹੁੰਦੀਆਂ ਹਨ।

ਕੌਤਿਕ ਭਾਂਤਿ ਅਨੇਕ ਦਿਖਾਤ,
ਚਢੈ ਨਟਨੀ ਨਟ ਬਾਂਸ ਕਿਨਾਰੈਂ[1]।

[1]ਬਾਂਸ ਦੇ ਕਿਨਾਰੇ ਭਾਵ ਸਿਖ਼ਰ ਉੱਤੇ।

ਦੇਤ ਨਰਾਜ਼ੀ ਮਜ਼ਾਜੀ ਫਿਟੈ ਬਡ[1],

[1]ਦੁਖੀ ਕਰਦਾ ਹੈ ਕਿਉਂਕਿ ਉਸ ਦਾ (ਮਿਜਾਜ਼ੀ) ਸੁਭਾਵ ਬਹੁਤਾ ਵਿਗੜ ਜਾਂਦਾ ਹੈ।

ਪਾਜੀ ਕੀ ਬਾਜੀ ਚਢੈ ਤੁ ਬਿਗਾਰੈ ॥ ੪੫ ॥

ਚੌਪਈ:

ਸੋਈ ਬਾਤ ਹੁਸੈਨੀ ਕੀਨੀ।
ਦੁਖੀ ਕਰੀ ਖਲਕਤ ਲੁਟ ਪੀਨੀ[1]।

[1]ਬਹੁਤੀ।

ਭੂਪਤਿ ਮਿਲੈ ਤਾਂਹਿ ਜੋ ਆਈ।
ਸੈਨ ਲੇਤ ਤਿਹਂ ਸੰਗ ਮਿਲਾਈ ॥ ੪੬ ॥
ਪ੍ਰਤਿ ਦਿਨ ਨਿਜ ਦਲ ਸੋ ਬਿਰਧੈ ਹੈ।
ਪੁਰਿ ਅਨੰਦ ਪਰ ਪਰਨੋ ਚੈਹੈ[1]।

[1]ਪੈਣਾ ਚਾਹੁੰਦਾ ਹੈ ਭਾਵ ਹਮਲਾ ਕਰਨਾ ਚਾਹੁੰਦਾ ਹੈ।

ਗੁਰ ਕਾ ਦਲ ਬਲ ਲੋਗਹਿਂ ਬੂਝੈ।
ਜੰਗ ਕਰਨ ਹਿਤ ਗੁਰੁ ਸੋਂ ਲੂਝੈ[1] ॥ ੪੭ ॥

[1]ਚਾਹੁੰਦਾ ਹੈ।

ਕਹੈ ਜਿ ਮਿਲ ਹੈ ਗੁਰ ਮੁਹਿ ਆਈ।
ਲੈਹੋਂ ਦਰਬ ਸਰਬ ਨਿਕਲਾਈ।
ਹੇਤ ਜੰਗ ਬਹੁ ਸੈਨ ਬਟੋਰੈ[1]।
[1]ਇਕੱਠੀ ਕਰਦਾ ਹੈ।
ਕਹਿਤ ਰਹਿਤ ਪੁਰਿ ਆਨੰਦ ਤੋਰੈਂ[1] ॥ ੪੮ ॥
[1]ਤੋੜਾਂਗਾ।
ਫਿਰਤ ਜਸੂਸ ਗੁਰੂ ਕੇ ਤਿਤ[1] ਜੋ।
[1]ਤਿਸ (ਹੁਸੈਨੀ) ਕੋਲ।
ਆਇ ਖਬਰ ਸਬਿ ਦੇਵੈਂ ਇਤ ਸੋ।
ਸੁਨਿ ਮਸੰਦ ਗਨ ਮਨ ਡਰ ਪਾਹੀਂ।
ਮਾਤ ਗੂਜਰੀ ਤਈਂ ਸਿਖਾਹੀਂ ॥ ੪੯ ॥
ਗੁਰੁ ਕੋ ਬਰਜੋ ਜੰਗ ਨ ਕਰੈਂ।
ਪਠੈਂ ਮਸੰਦ ਸੰਧਿ ਨਿਜ ਧਰੈਂ[1]।
[1]ਆਪਣਾ ਮੇਲ ਕਰ ਲੈਣ।
ਟਾਰੈਂ ਭੂਤ ਖਾਕ ਪਿੰਨ ਦੈ ਕੈ[1]।
[1]ਹੁਸੈਨੀ ਰੂਪ ਭੂਤ ਨੂੰ ਮਾਇਆ ਰੂਪ ਸੁਆਹ ਦਾ ਗੋਲਾ ਦੇ ਕੇ।
ਨਤ ਵਹਿ ਲੁਟ ਹੈ ਪੁਰਿ ਕੋ ਐ ਕੈ ॥ ੫੦ ॥
ਅਨੀ[1] ਘਨੀ ਤਿਸ ਕੇ ਸੰਗ ਹਏ।
[1]ਫ਼ੌਜ।
ਕੋਹੀ ਨ੍ਰਿਪ[1] ਜੀਤ ਸਬਿ ਲਏ।
[1]ਪਹਾੜੀ ਰਾਜੇ।
ਨ੍ਰਿਪਨ ਕੀ ਸਿਪਾਹ ਗੁਰੁ ਪੇਖੀ।
ਇਹੁ ਪਤਸ਼ਾਹੀ ਬੀਰ ਬਿਸੇਖੀ ॥ ੫੧ ॥
ਪੁਸ਼ਤਨ ਤੈ[1] ਜਿਨ ਆਯੁਧ ਧਾਰੇ।
[1]ਪੀੜ੍ਹੀਆਂ ਤੋਂ।
ਮੁਗਲ ਪਠਾਨ ਬਹਾਦਰ ਭਾਰੇ।
ਇਕ ਦਿਨ ਮਾਤਹਿ ਮੇਲਿ ਮਸੰਦੈਂ[1]।
[1]ਮਾਤਾ ਜੀ ਨੇ ਮਸੰਦਾਂ ਨੂੰ ਨਾਲ ਲੈ ਜਾ ਕੇ।
ਕਹਜੋ ਗੁਰੈਂ ਭਲ ਕਰਨੀ ਸੰਧੈਂ[1] ॥ ੫੨ ॥
[1]ਮੇਲ ਕਰਨਾ ਚੰਗਾ ਹੈ।
ਸੁਨਤ ਗੁਨਤ ਇਮ ਗੁਰੁ ਗਰਜਾਏ।
ਸੁਪਤ ਸ਼ੇਰ ਜਨੁ ਦਯੋ ਜਗਾਏ।
ਹਮ ਤੁਰਕਨ ਕੀ ਜਰਾਂ ਉਖੇਰੈਂ।
ਰਾਜ ਪੰਥ ਮਮ ਕਰੈ ਬਧੇਰੈਂ ॥ ੫੩ ॥
ਤੁਰਕਨ ਕਾਰ ਵੰਦ ਨਹਿਂ ਕੋਈ।
ਰਹਿਨੋ ਪੈਹ, ਲਖੈਹੈ ਲੋਈ[1]।
[1]ਤੁਰਕਾਂ ਵਿੱਚੋਂ ਕੰਮ ਕਰਨ ਵਾਲਾ ਕੋਈ ਵੀਰਹਿਣਾ ਨਹੀਂ ਪਾਵੇਗਾ, ਸ੍ਰਿਸ਼ਟੀ ਜਾਣੇਗੀ।

ਜੋ ਰੈਹੈ ਕਿਤ ਸੋ ਮਿਲਿ ਰੈਹੈ।
ਜ਼ਾਲਮ ਅਕੜਜੋ ਪਕੜਜੋ ਜੈਹੈ ॥ ੫੪ ॥
ਹਮ ਅਕਾਲ ਕੀ ਦਯਾ ਪਾਇ ਕੈ।

ਐਹੈ ਜੋ ਚਢਿ ਪਠੈਂ ਆਇ ਕੈ।
ਜਰਾ ਨ ਸੰਸਾ ਡਰ ਤੁਮ ਧਰੋ।
ਖੜਗਕੇਤ ਕੇ ਚਰਿਤ ਨਿਹਰੋ[1] ॥ ੫੫ ॥
[1]ਪ੍ਰਮੇਸ਼ੁਰ ਦੇ ਕੌਤਕ ਦੇਖੋ।
ਇਹੁ ਤੋ ਔਰਹਿ ਠੌਰ ਮਰੈ ਹੈ।
ਪੌਨ ਮੇਘ ਜਯੋਂ ਕਿਤ ਉਡ ਜੈ ਹੈ।
ਜੇ ਐਹੈ ਲੈਹੈਂ ਰਣ ਤਾ ਸੋਂ।
ਪੈ ਹੈਂ ਫਤੇ ਡਰੈ ਹੈਂ ਕਾਂ ਸੋਂ ॥ ੫੬ ॥
ਜੀਤੈ ਜੇ ਟਟੂਆ ਰਣ ਬਾਜੀ।
ਕਾਂਹਿ ਖਰੀਦੈ ਤੌ ਨਰ ਤਾਜੀ[1]।
[1]ਘੋੜਾ।
ਕਾਮ ਲਲਾਮ[1] ਗੁਲਾਮ ਜਿ ਸਾਰੈ।
[1]ਸੁੰਦਰ।
ਤੌ ਕਯੋਂ ਰਖੈਂ ਅਸਲ ਸ੍ਰਦਾਰੈਂ ॥ ੫੭ ॥
ਨੰਦ ਚੰਦ ਤੁਮ ਡਰੋ ਨ ਭਾਈ।
ਬੀਰ ਬਟੋਰਿ ਰਖੋ ਤਕਰਾਈ।
ਦਾਰੂ[1] ਗੋਰੀ ਖਰਚ ਮਹਾਈ।
[1]ਬਰੂਦ।
ਨਿਜ ਸੈਨਾ ਪ੍ਰਤਿ ਦਿਹੁ ਬਰਤਾਈ ॥ ੫੮ ॥
ਯਾ ਬਿਧਿ ਸਤਿਗੁਰੁ ਇਤੈ ਸੁਨਾਈ।
ਉਤ ਹੁਸੈਨ ਕਹਿ ਐਨ ਗ੍ਰਬਾਈ[1]।
[1]ਬਹੁਤਾ ਹੰਕਾਰ ਕਰ ਕੇ ਕਹਿੰਦਾ ਹੈ।
ਮਮ ਢਿਗ ਜੁਰੀ ਸੈਨ ਅਬਿ ਭਾਰੀ।
ਭੂਪਤਿ ਭਏ ਅਧਿਕ ਅਨੁਸਾਰੀ ॥ ੫੯ ॥
ਕਿਨੈ ਨ ਮੁਝ ਕੋ ਹਾਥ ਦਿਖਾਰੇ।
ਅਬਿ ਅਨੰਦਪੁਰ ਚਲੋ ਨਿਹਾਰੇਂ[1]।
[1]ਦੇਖੀਏ।
ਮਿਲੈ ਤੁ ਲੈਹੈਂ ਦ੍ਰਬ ਬਧੇਰੋ।
ਨਤ ਘਾਲਹਿਂ ਘਮਸਾਨ ਘਨੇਰੋ[1] ॥ ੬੦ ॥
[1]ਨਹੀਂ ਤਾਂ ਭਾਰੀ ਜੰਗ ਪਾਵਾਂਗੇ।
ਕਰੀ ਗੁਲਾਮ[1] ਤਿਆਰੀ ਗੌਰੈਂ[2]।
[1]ਹੁਸੈਨੀ। [2]ਖ਼ਿਆਲ ਨਾਲ।
ਨਰ ਕਿਛੁ ਚਹਿਤ ਕਰਤ ਹਰਿ ਔਰੈਂ।
ਇਤਨੇ ਮਾਂਹਿ ਗੁਪਾਲ ਗੁਲੇਰੀ।
ਰਾਮ ਸਿੰਘ ਨ੍ਰਿਪ ਔਰ ਚੰਦੇਰੀ ॥ ੬੧ ॥
ਖਾਂ ਹੁਸੈਨ ਢਿਗ ਗਏ ਬੁਲਾਏ।
ਲੈ ਕਿਛੁ ਦਰਬ ਦੈਨ ਹਿਤ ਭਾਏ।
ਵਹਿ ਬਹੁਤਾ ਚਹਿ ਯਹਿ ਦੈਂ ਥੋਰਾ।

ਲੇਤ ਦੇਤ ਬਡ ਬਾਢਜੋ ਰੌਰਾ ॥ ੬੨ ॥
ਸੋ ਭੀ ਲੈ ਗੁਲੇਰੀਆ ਸੰਗੈਂ।
ਨਿਜ ਪੁਰਿ ਮੈਂ ਚਲਿ ਅਯੋ ਨਿਸੰਗੈਂ।
ਲੈ ਦਲ ਪਾਛੇ ਚਢਜੋ ਹੁਸੈਨੀ।
ਅਰਨ ਬਰਨ ਰਿਸ ਧਰ ਕਰਿ ਪੈਨੀ[1] ॥ ੬੩ ॥ [1]ਬਹੁਤੇ ਗ਼ੁੱਸੇ ਨਾਲ ਲਾਲਰੰਗ ਕਰਕੇ।
ਓਠਨ ਕਟਤ ਰਟਤ[1] ਅਬਿ ਲੁਟ ਹੈਂ। [1]ਕਹਿੰਦਾ ਹੈ।
ਸੰਗੀ ਤਿਸ ਕਾ ਏਕ ਨ ਛੁਟ ਹੈ।
ਕਹਿਲੂਰੀ ਕਾਟੋਚ ਸਸੈਨਾ।
ਚਢੇ ਕੋਪਿ, ਹਿਤ ਓਪ ਘਟੈਨਾ[1] ॥ ੬੪ ॥ [1]ਗੁੱਸੇ ਨਾਲ ਚੜ੍ਹੇ, ਗੁਲੇਰੀਏ ਦੀ ਉਪਮਾ ਘਟਾਉਣ ਵਾਸਤੇ।
ਘੇਰਜੋ ਪੁਰਿ ਗੁਲੇਰ ਉਨਿ ਆਈ।
ਅੰਦਰ ਵਥੁ ਕਿਛੁ ਜਾਨ ਨ ਪਾਈ।
ਕਿਤਿਕ ਦਿਵਸ ਤਹਿਂ ਰਹੀ ਲਰਾਈ।
ਤੁਪਕ ਤੀਰ ਜੰਜੈਲ[1] ਚਲਾਈ ॥ ੬੫ ॥ [1]ਭਾਰੀ ਤੇ ਲੰਬੀ ਬੰਦੂਕ।

ਦੋਹਰਾ:
ਨਿਜ ਵਜ਼ੀਰ ਗੋਲੇਰੀਏ,
ਮੱਦਤ ਹਿਤ ਗੁਰੁ ਪਾਸ।
ਪਠਯੋ ਕਰੀ ਬਿਨਤੀ ਘਨੀ,
ਮਾਨੀ ਗੁਰੁ ਪੁਰਿ ਆਸ[1] ॥ ੬੬ ॥ [1]ਆਸਾ ਪੂਰਨ ਕਰਨ ਲਈ।
ਸੌ ਅਸਵਾਰ ਜਰਾਰ[1] ਦੈ, [1]ਲੜਾਕੇ।
ਸੰਗਤੀਏ ਸਿੰਘ ਸੰਗ।
ਭੇਜਯੋ, ਇਨਿ ਮਿਲਿ ਨ੍ਰਿਪ ਸੰਗ,
ਕੀਨੋ ਜੰਗ ਉਮੰਗ ॥ ੬੭ ॥

ਚੌਪਈ:
ਭੀਮ ਚੰਦ ਜਬਿ ਇਹੁ ਸੁਨ ਲੀਓ।
ਮੱਦਤ ਗਾਰ ਗੁਰੂ ਇਨਿ ਥੀਓ।
ਖਾਂ ਹੁਸੈਨ ਪ੍ਰਤਿ ਜਾਇ ਸੁਨਾਈ।
ਕਰੋ ਸੰਧਿ ਜੇ ਚੈਹੁ ਭਲਾਈ ॥ ੬੮ ॥
ਮਾਨੀ ਉਨਿ ਇਨਿ ਮਿਲਿ ਦੁਹਿਂ ਰਾਈ[1]। [1]ਦੁਹਾਂਰਾਜਿਆਂ ਨੇ।
ਸੰਗਤੀਆ ਸਿੰਘ ਲਯੋ ਬੁਲਾਈ।
ਸੰਧਿ ਕਰਾਵਨ ਕੀ ਠਹਿਰਾਈ।

ਨਿਜ ਰਸਮੈਂ ਕੀ ਕਸਮੈਂ ਖਾਈ[1] ॥ ੬੯ ॥
ਜ਼ਾਮਨ ਸਤਿਗੁਰੁ ਕੋ ਵਿਚ ਦਯੋ।
ਸੰਗਤ ਸਿੰਘ ਮਾਨ ਤਬਿ ਗਯੋ।
ਜਾਇ ਗੁਲੇਰੀ ਪ੍ਰਤੈ ਸੁਨਾਈ।
ਮੁਹਿ ਨ ਭਰੋਸ ਕਹਯੋ ਉਨਿ ਭਾਈ ॥ ੭੦ ॥
ਪੈ ਜ਼ਾਮਨ ਜੋ ਗੁਰੁ ਵਿਚ ਦੀਨੋ।
ਤਾਂ ਤੇ ਚਲੌਂ ਸੰਗ ਤੁਹਿ ਚੀਨੋ।
ਲਾਜ ਬ੍ਰਿਦ ਕੀ ਗੁਰੂ ਨਿਭੈ ਹੈਂ।
ਇਮ ਕਹਿ ਗਯੋ ਮਿਲਯੋ ਜਬਿ ਜੈਹੈ ॥ ੭੧ ॥
ਭੀਮ ਚੰਦ ਕ੍ਰਿਪਾਲ ਕਟੋਚੀ।
ਖਾਂ ਹੁਸੈਨ ਪੋਚੀ[1] ਦਿਲ ਸੋਚੀ।
ਅਬਿ ਹਮਰੇ ਕਰ ਅਯੋ ਗੁਲੇਰੀ।
ਪਕਰਿ ਜਕਰਿ ਧਨ ਲੈਂਹਂ ਬਧੇਰੀ ॥ ੭੨ ॥
ਬੋਲੇ ਦਸ ਹਜ਼ਾਰ ਧਨ ਦੈਹੋ।
ਕਹਯੋ ਗੋਪਾਲ ਕਹਾਂ ਮੋ ਪੈਹੋ।
ਚਾਰ ਹਜਾਰ ਜੁ ਥਾ ਤਿਨਿ ਆਨਯੋ।
ਸੋ ਦੈ ਰਹਯੋ ਗੁਲਾਮ[1] ਨ ਮਾਨਯੋ ॥ ੭੩ ॥
ਪੌਨ ਪਰਾਈ ਤੈ ਸਹਿਨਾਈ[1]।
ਜਯੋਂ ਫੂਲਤ ਤਯੋਂ ਰਹਯੋ ਫੁਲਾਈ।
ਸਿਕਤਾ ਤਪੈ ਤੇਜ ਰਵਿ ਤੇ ਹੈ[1]।
ਪਗ ਜਾਰੈ ਨਹਿਂ ਰਵਹਿ ਲਖੈਹੈ[1] ॥ ੭੪ ॥
ਮੁੰਜ ਗੁਲਾਮਨਿ ਏਕ ਸੁਭਾਏ।
ਅਕੜਤ ਪਕੜਤ ਜੋਰ ਪਰਾਏ[1]।
ਛੰਦ ਬੰਦ ਨਹਿਂ ਨੀਤਿ ਬਿਚਾਰੀ[1]।
ਪਕਰਨ ਹਿਤ ਮਸਲਤ ਉਨਿ ਧਾਰੀ ॥ ੭੫ ॥
ਦੇਖਿ ਆਂਖ ਧਨ ਝਟਤ ਲਵਾਈ[1]।

ਦੈਹੋਂ ਔਰ ਲਜਾਇ ਇਮ ਗਾਈ।
ਧਾਇ ਧਸਯੋ ਨਿਜ ਧਾਮ ਗੁਲੈਰੀ।
ਦੇਖਤ ਹੀ ਰਹਿ ਗਏ ਸੁ ਬੈਰੀ ॥ ੭੬ ॥

[1]ਆਪਣੀਰਹੁਰੀਤੀ ਅਨੁਸਾਰ ਸਹੁੰਆਂ ਖਾਧੀਆਂ।

[1]ਨੀਚ ਨੇ।

[1]ਹੁਸੈਨੀ

[1]ਸ਼ਹਿਨਾਈ ਵਾਜਾ।

[1]ਰੇਤਾ ਸੂਰਜ ਦੇ ਤੇਜ ਨਾਲ ਤਪਦਾ ਹੈ।

[1]ਪੈਰ ਸਾੜਦਾ ਹੈ ਸੂਰਜ ਨੂੰ ਨਹੀਂ ਜਾਣਦਾ।

[1]ਪਰਾਏ ਜ਼ੋਰ ਨਾਲ ਆਕੜ ਪਕੜਦੇ ਹਨ।

[1]ਛਲ ਵਲ ਵਿੱਚ ਨੀਤੀ ਨਹੀਂ ਵਿਚਾਰੀ।

[1]ਹੁਸੈਨੀ ਦੀ ਅੱਖ (ਬਦਲੀ ਹੋਈ) ਦੇਖ ਕੇ ਛੇਤੀ ਧਨ (ਲਵਾਈ) ਆਪਣੇ ਨਾਲ ਲੈ ਕੇ।

ਗਾਮ ਗੁਲੇਰੀ ਕੇ ਕਿਛੁ ਲੂਟੇ।
ਮੂਢਨ ਕਰੀ ਅਨੀਤਿ ਅਨੂਠੇ[1]। [1]ਮੂਰਖਾਂ ਨੇ ਅਨੋਖੀ ਬੇਇਨਸਾਫ਼ੀ ਕੀਤੀ।
ਸੰਗਤ ਸਿੰਘ ਨ੍ਰਿਪ ਪ੍ਰਤਿ ਤਬਿ ਗੋਈ[1]। [1]ਕਹੀ।
ਲਰੈਂ ਹਰੈਂ ਬਾਹਰ ਕਿ ਨ ਹੋਈ[1] ॥ ੭੭ ॥ [1]ਬਾਹਰ ਹੋ ਕੇ ਕਿਉਂ ਨਹੀਂ ਲੜਦੇ ਮਰਦੇ।
ਪੇਖਿ ਵਕਤ ਇਨਿ ਫਜ਼ਰ ਅਵੱਲਾ[1]। [1]ਵੱਡੀ ਸਵੇਰ ਦਾ ਸਮਾਂ ਵੇਖ ਕੇ।
ਨਿਕਸ ਕੀਨ ਦੁਸ਼ਮਨ ਪਰ ਹੱਲਾ।
ਤੁਰਕਹਿਂ ਯਾਦ ਕਰਾਯੋ ਅੱਲਾ।
ਕੋਊ ਨ ਆਗੇ ਹੋਵਤ ਖੱਲਾ[1] ॥ ੭੮ ॥ [1]ਖੜ੍ਹਾ ਨਹੀਂ ਹੁੰਦਾ।

ਰਸਾਵਲ ਛੰਦ:

ਰੁਪਜੋ ਜੌ ਗੁਪਾਲੰ[1]। [1]ਗੋਪਾਲ ਨੇ ਪੈਰ ਜਮਾ ਲਏ।
ਕੁਪਜੋ ਤੌ ਕ੍ਰਿਪਾਲੰ।
ਚਢਜੋ ਦੈ ਨਗਾਰਾ।
ਕਢਜੋ ਮਾਰ ਮਾਰਾ[1] ॥ ੭੯ ॥ [1]ਮਾਰ ਲੌ ਮਾਰ ਲੌ (ਕਢਜੋ) ਕਿਹਾ।
ਚਲਜੋ ਖਾਂ ਹੁਸੈਨਾ।
ਕਿਯੈ ਲਾਲ ਨੈਨਾ।
ਤੁਫੰਗੈਂ ਚਲਾਈਂ।
ਕਮਾਨੈ ਚਢਾਈਂ ॥ ੮੦ ॥
ਤਚੇ[1] ਤੀਰ ਤੀਖੇ। [1]ਛੱਡੇ।
ਮਚੇ ਬੀਰ ਬੀਖੇ[1]। [1]ਕ੍ਰੋਧੀ ਸੂਰਮੇ ਜੋਸ਼ ਵਿੱਚ ਆਏ।
ਰਸੰ ਬੀਰ ਪਾਗੇ[1]। [1]ਲੀਨ ਹੋ ਗਏ।
ਪਲੀਤੇ ਸੁ ਦਾਗੇ ॥ ੮੧ ॥
ਰਣੈਂ ਰੰਗ ਹੋਵਾ।
ਉਭੈ ਓਰ ਜੋਵਾ[1]। [1]ਜੰਗ ਦਾ ਰੰਗ ਹੋਇਆ ਦੋਹੀਂ ਪਾਸੀਂ ਦੇਖਿਆ।
ਪ੍ਰਹਾਰੈਂ ਸਮੂਹੈਂ[1]। [1]ਸਾਰੇ ਵਾਰ ਕਰਦੇ ਹਨ।
ਦਈ ਦੀਹ ਹੂਹੈਂ[1] ॥ ੮੨ ॥ [1]ਵੱਡਾ (ਹੂਹੈਂ) ਹਮਲਾ ਕੀਤਾ।
ਕਿਤੈ ਰਾਮ ਸਿੰਘੈਂ।
ਹਤੇ ਸੱਤ੍ਰੁ ਧਿੰਗੈਂ[1]। [1]ਜੋਰਾਵਰ ਵੈਰੀ ਮਾਰੇ।
ਕ੍ਰਿਪਾਲੰ ਕਟੋਚੀ।
ਬੰਦੂਕੈਂ ਸੁ ਮੋਚੀ[1] ॥ ੮੩ ॥ [1]ਛੱਡੀਆਂ।
ਢੁਕੇ ਨੇਰ ਨੇਰੈਂ।

ਬੁਕੇ ਸੱਮ ਸ਼ੇਰੈਂ।
ਲਰੈਂ ਢੂਕ ਢੂਕੈਂ[1]। [1]ਨੇੜੇ ਹੋ ਹੋ ਕੇ।
ਗਿਰੈਂ ਟੂਕ ਟੂਕੈਂ ॥੮੪॥
ਭਏ ਲੁੱਥ ਜੁੱਥੰ[1]। [1]ਲੋਥਾਂ ਦੇ ਢੇਰ ਹੋ ਗਏ।
ਥਏ ਤੁੱਥ ਮੁੱਥੰ[1]। [1]ਗੋਲ ਮੋਲ ਜੇਹੇ ਹੋ ਗਏ।
ਕਟੈਂ ਹੱਥ ਮੱਥੇ।
ਲਟੇ[1] ਤੇਗ ਭੱਥੇ ॥੮੫॥ [1]ਡਿੱਗ ਪਏ ਹਨ।
ਲਗੇ ਢੋਲ ਡੰਕੇ।
ਧੁਕੇ ਧੌਂਸ ਬੰਕੇ[1]। [1]ਸੁੰਦਰ ਧੌਂਸੇ ਖੜਕਦੇ ਹਨ।
ਕਿਤੇ ਪੇਟ ਫਾਟੇ।
ਪਰੇ ਮੁੰਡ[1] ਕਾਟੇ ॥੮੬॥ [1]ਸਿਰ।
ਮਰੈਂ ਬੀਰ ਘੂਮੈਂ[1]। [1]ਗੇੜਾ ਖਾ ਕੇ।
ਪਰੈਂ ਲੋਥ ਭੂੰਮੈਂ।
ਛਕੇ ਛੋਭ ਛੱਤ੍ਰੀ[1]। [1]ਸੂਰਮੇ ਗ਼ੁੱਸੇ 'ਚ ਭਰੇ ਹੋਏ ਹਨ।
ਸਬੈ ਬੀਰ ਅੱਤ੍ਰੀ[1] ॥੮੭॥ [1]ਸਾਰੇ ਸ਼ਸਤ੍ਰ ਧਾਰੀ ਸੂਰਮੇ।
ਹਥਾ ਵੱਥ ਹੋਏ[1]। [1]ਜੱਫੋ ਜੱਫੀ ਹੋ ਪਏ।
ਟਰੇ ਨਾਹਿਂ ਕੋਏ।
ਸਬੈ ਜੀਤ ਚਾਹੈਂ।
ਘਨੇ ਘਾਵ ਲਾਹੈਂ[1] ॥੮੮॥ [1]ਬਹੁਤੇ ਜ਼ਖ਼ਮ ਕਰਦੇ ਹਨ।
ਤਬੈ ਖਾਂ ਹੁਸੈਨੀ।
ਲਏ ਤੇਗ ਪੈਨੀ[1]। [1]ਤਿੱਖੀ।
ਮਹਾਂ ਕੋਪ ਕੈ ਕੈ।
ਪਰਜੋ ਆਇ ਧੈ ਕੈ ॥੮੯॥
ਸਬੈ ਖਾਨ ਬਾਂਕੇ।
ਅਏ ਸੰਗ ਤਾਂ ਕੇ।
ਅਲੀ ਯਾ ਅਲੀ ਹੈ।
ਬਕੈਂ ਯੌਂ ਬਲੀ ਹੈਂ ॥੯੦॥
ਮਹਾਂ ਰੋਹ ਮੱਤੇ।
ਕਰੇ ਨੈਨ ਰੱਤੇ[1]। [1]ਲਾਲ।
ਤਜੈਂ ਜੋ ਬਦੂਕੈਂ।

ਲਗੈਂ ਸੋ ਅਚੂਕੈਂ ॥ ੯੧ ॥
ਦੜਾ ਦਾੜ ਡਾਰੈਂ।
ਕੜਾ ਕਾੜ ਮਾਰੈਂ।
ਜਿਸੈ ਖਾਂ ਹੁਸੈਨਾ।
ਧਰੈ ਬਾਨ ਪੈਨਾ[1] ॥ ੯੨ ॥ [1]ਤਿੱਖਾ ਤੀਰ (ਧਰੈ) ਮਾਰਦਾ ਹੈ।
ਕਢੈ ਪਾਰ ਕਾਨੀ[1]। [1]ਤੀਰ ਦੀ ਬਾਂਸੀ।
ਮਗੈ ਨਾਹਿਂ ਪਾਨੀ।
ਕਟਾ ਕੁੱਟ ਮੱਚੀ।
ਕਲਾ ਰੋਹ ਨੱਚੀ[1] ॥ ੯੩ ॥ [1]ਜੰਗ ਦੀ ਦੇਵੀ ਕ੍ਰੋਧ ਵਿੱਚ ਨੱਚੀ।
ਕਿਤੈ ਦੁੰਦ ਜੁੱਧੰ[1]। [1]ਦੋ ਦੋ ਮਿਲ ਕੇ ਜੁੱਧ ਕਰਦੇ ਹਨ।
ਕਰੈਂ ਬੀਰ ਸੁੱਧੰ[1]। [1]ਸਾਫ਼।
ਮਨੋ ਮੱਤ ਦੰਤੀ[1]। [1]ਜਾਣੋ ਮਸਤ ਹਾਥੀ।
ਲਰੈਂ ਤਜੋਂ ਬਸੰਤੀ ॥ ੯੪ ॥
ਜੁਟੇ ਹੈਂ ਜੁਝਾਰੇ[1]। [1]ਸੂਰਮੇ।
ਨਹੀਂ ਕੋਇ ਹਾਰੇ।
ਹਰੀ ਸਿੰਘ ਧਾਏ।
ਘਨੇ ਬੀਰ ਘਾਏ[1] ॥ ੯੫ ॥ [1]ਮਾਰੇ।
ਕਟਾ ਕੱਟ ਗੇਰੇ।
ਬਢੈਂ ਜਜੋਂ ਬਢੇਰੇ[1]। [1]ਵਾਢੇ।
ਕਿਧੋਂ ਸਾਰਦੂਲੰ[1]। [1]ਸ਼ੇਰ।
ਹਤੈ ਏਣ ਥੂਲੰ[1] ॥ ੯੬ ॥ [1]ਮੋਟੇ ਹਰਨਾਂ ਨੂੰ ਮਾਰਦੇ ਹਨ।
ਪਿਖਜੋ ਸੰਗਤ ਸਿੰਘੈਂ।
ਅਰਜੋ ਚਾਇ ਡਿੰਗੈਂ[1]। [1]ਕਦਮ ਚੁੱਕ ਕੇ ਜਾ ਅੜਿਆ।
ਗੁਰੂ ਨਾਮ ਲੈ ਕੇ।
ਧਨੰ ਤਾਨ ਕੈ ਕੈ[1] ॥ ੯੭ ॥ [1]ਧਨੁਸ਼ ਖਿੱਚ ਕੇ।
ਤਜੇ ਬਾਨ ਜੇਤੇ।
ਹਤੋ ਖਾਨ ਤੇਤੇ।
ਧਰਾ ਪੈ ਸਧਾਰੈਂ[1]। [1]ਸੱਥਰ।
ਕਰਜੋ ਮਾਰ ਮਾਰੈਂ ॥ ੯੮ ॥
ਰੁਲੈਂ ਮੂੰਡ ਖਾਨੈਂ।

ਮਨੋ ਹਿੰਦੁਵਾਨੈ[1]। [1]ਜਾਣੋ ਮਤੀਰੇ ਹਨ।
ਕੁਪਜੋ ਖਾਂ ਰਜਾਦਾ[1]। [1]ਰਜਾਦਾ ਖ਼ਾਨ।
ਰੁਪਜੋ ਪਾਉਂ ਜ਼ਜਾਦਾ[1] ॥ ੯੯ ॥ [1]ਬਹੁਤੇ ਪੈਰ ਜਮਾਏ।
ਬਲੀ ਬੀਰ ਭਾਰੀ।
ਹੁਤੇ ਦਸ ਹਜਾਰੀ।
ਲਗੇ ਤਾਂਹਿ ਬਾਨੰ।
ਗਿਰਜੋ ਭੂਮਿ ਜ੍ਵਾਨੰ ॥ ੧੦੦ ॥
ਬਰਜੋ ਸੋ ਪਰੀ ਨੇ।
ਖੁਸ਼ੀ ਸੋਂ ਭਰੀ ਨੇ ॥ ੧੦੧ ॥
ਪਾਧੜੀ ਛੰਦ:
ਜਬਿ ਜੁਝਜੋ ਰਜਾਦਾ ਖਾਂ ਜੁਝਾਰ।
ਤਬਿ ਅਯੋ ਹੁਸੈਨੀ ਕੋਪ ਧਾਰ।
ਬਹੁ ਤਜੇ ਤੀਰ ਸਮ ਮੇਂਹ ਭੂਰ।
ਜੋ ਹੇਰਿ ਭਏ ਭੈ ਭੀਤ ਸੂਰ[1] ॥ ੧੦੨ ॥ [1]ਸੂਰਮੇ।
ਤਬਿ ਰਾਮ ਸਿੰਘ ਜਸਵਾਲ ਆਨਿ।
ਧਨੁ ਤਾਨ[1] ਬਾਨ ਤਜਿ ਹਤੇ ਖਾਂਨ। [1]ਧਨੁਸ਼ ਖਿੱਚ ਕੇ।
ਚੰਦੇਰੀ ਤਾਂ ਕੇ ਭਯੋ ਸੰਗ।
ਗੁਲੇਰੀ ਦੇਖਤ ਖਰੋਰੰਗ ॥ ੧੦੩ ॥
ਸੰਗਤ ਸਿੰਘ ਨਿਜ ਸੌ ਸਿੰਘ ਸੰਗ।
ਲੈ ਆਗੇ ਹ੍ਵੈ ਲਰ ਰਹਜੋ ਚੰਗ।
ਸਬਿ ਬਾਹਿਤ ਗੋਲੀ ਤੀਰ ਤੇਗ।
ਕੜ ਕਾੜ ਸੜਾ ਸੜ ਤਜਤ ਬੇਗ ॥ ੧੦੪ ॥
ਬਹੁ ਸਿਟਤ ਧਰਾ ਪੈ ਫੱਕ ਫੱਕ[1]। [1]ਪਾੜ ਪਾੜ ਕੇ।
ਤਿਨ ਘਾਉ ਬੋਲ ਹੈਂ ਭੱਕ ਭੱਕ[1]। [1]ਜ਼ਖ਼ਮ ਭੱਕ ਭੱਕ ਸ਼ਬਦ ਕਰ ਕੇ ਬੋਲਦੇ ਹਨ।
ਚਲ ਪਰੀ ਸ੍ਰੋਣ ਕੀ ਨਦੀ ਧਾਰ।
ਭਰਿ ਭੈਰਵਿ ਖੱਪਰ ਪਿਜੈਂ ਸਾਰ[1] ॥ ੧੦੫ ॥ [1]ਚੰਗੀ ਤਰ੍ਹਾਂ।
ਬਹੁ ਭੂਤ ਪ੍ਰੇਤ ਮਸਾਣ[1] ਆਇ। [1]ਮੁਰਦੇ।
ਮਨ ਭਾਵਤ ਲੋਹੂ ਪਲ[1] ਛਕਾਇਂ। [1]ਮਾਸ।
ਗਿੱਧ[1] ਜੋਗਨਿ ਕਾਕ[2] ਸ੍ਵਾਨ[3] ਸਜਾਲ[11]। [1]ਗਿਰਝਾਂ। [2]ਕਾਂ। [3]ਕੁੱਤੇ। [11]ਗਿੱਦੜ।
ਛਕਿ ਮਾਸ ਮੇਧ[1] ਬਕਿ ਆਲ ਬਾਲ[2] ॥ ੧੦੬ ॥ [1]ਮਿੱਝ। [2]ਉਲਟ ਪੁਲਟ ਬੋਲਦੇ ਹਨ।

ਡਕਰਾਤ ਡਾਕਨੀ ਡੋਲਿ ਡੋਲਿ[1]।
ਰਤ ਪੀਵਤ ਭਾਵਤ ਝੋਲਿ ਝੋਲਿ[1]।
ਕਿਤ ਹਾੜ ਹਸਤ ਹੈਂ ਹੜ ਹੜਾਇ[1]।
ਚਿੱਕਾਰਤ ਚੰਡੀ ਚਾਵਡਾਇ[1] ॥੧੦੭॥
ਹਿਣਕੰਤ ਅੱਸ੍ਵ ਧੌਸਨਿ ਧਮੱਕ[1]।
ਡੌਰੂ ਡਮੱਕ ਢੋਲਨ ਢਮੱਕ[1]।

ਚਿਰੜੰਤ ਚਾਂਪ ਤਿਰੜੰਤ ਤੀਰ[1]।

ਬਰੜੰਤ ਬੀਰ ਭਰੜੰਤ ਭੀਰੁ[1] ॥੧੦੮॥
ਸਰੜੰਤ ਸੱਤ੍ਰੂ ਅਰੜੰਤ ਆਇ[1]।
ਪਰੜੰਤ ਪੁੰਜ ਕਰੜੰਤ ਕਾਂਇਂ[1]।

ਬਡ ਹੇਲ ਘਾਲ ਕਢਿਰੇਲ ਪੇਲ[1]।
ਸੁਟੈਂ ਧਕੇਲ ਬਗ ਮੇਲਿ ਮੇਲਿ[1] ॥੧੦੯॥
ਕਰਿ ਧੂੰਮ ਧਾਮ ਧੀਰਜ ਛੁਡਾਇ।
ਬਡ ਜੋਰ ਘੋਰ[1] ਦੈ ਦੈ ਭਜਾਇ।
ਇਮ ਮਚਜੋ ਜੰਗ ਗਾਢਾ ਸੁ ਆਨ।
ਦੁਹਿ ਦਿਸਾ ਜੀਤ ਚਾਹੈਂ ਜ੍ਵਾਨ ॥੧੧੦॥
ਮਿਲਿ ਬੀਰ ਬੀਰ ਪਿਲ ਧਕਾ ਧੱਕ[1]।

ਕ੍ਰਿਪਾਨ ਬਾਹਿਂ ਬਹੁ ਤਕਾ ਤੱਕ[1]।
ਇਮ ਮਚਜੋ ਜੁੱਧ ਅਤਿ ਬਿੱਕਰਾਲ।
ਬ੍ਰਹਮੰਡ ਗਈ ਪਰ ਹਾਲ ਚਾਲ ॥੧੧੧॥
ਛੁਟ ਗਯੋ ਧਯਾਨ ਉਠਿ ਭਗਜੋ ਰੁੱਦ੍ਰ[1]।
ਧਰ ਡਗਮਗਾਇ ਹਲ ਗਏ ਕੁੱਧ੍ਰ[1]।
ਸੁਰ ਸਿੱਧ ਜੱਛ ਗੰਧਰਬ ਚਕਿਤ[1]।
ਪਿਖਿ ਜੁੱਧ ਉੱਧਤ[1] ਸਬਿ ਭਏ ਥਕਿਤ ॥੧੧੨॥
ਤਬਿ ਖਾਂ ਹੁਸੈਨ, ਸਿੰਘ ਰਾਮ ਬੀਰ।
ਤਜਿ ਤੀਰ ਬੀਰ ਬਹੁ ਸੁਟੇ ਚੀਰ।

[1]ਡਾਇਣਾਂ ਫਿਰ ਫਿਰ ਕੇ ਡਕਾਰ ਲੈਂਦੀਆਂ ਹਨ।
[1]ਸਾਫ਼ ਕਰ ਕਰ ਕੇ ਮਨ ਭਾਉਂਦਾ ਲਹੂ ਪੀਂਦੀਆਂ ਹਨ।
[1](ਹਾੜ) ਮੁਰਦੇ ਹੜ ਹੜ ਸ਼ਬਦ ਕਰ ਕੇ ਹੱਸਦੇ ਹਨ।
[1]ਚੰਡੀ ਤੇ ਕਾਲੀ ਚੀਕਾਂ ਮਾਰਦੀਆਂ ਹਨ।
[1]ਧਮਕ ਪੈਂਦੀ ਹੈ।
[1]ਡੌਰੂ ਡਮ ਡਮ ਸ਼ਬਦ ਦੇ ਢੋਲ ਢਮ ਢਮ ਸ਼ਬਦ ਕਰ ਰਹੇ ਹਨ।
[1]ਧਨੁਸ਼ ਚਿਰੜ ਚਿਰੜ ਸ਼ਬਦ ਅਤੇ ਤੀਰ ਤ੍ਰਿੜ ਤ੍ਰਿੜ ਸ਼ਬਦ ਕਰਦੇ ਹਨ।
[1]ਸੂਰਮੇ ਬੋਲਦੇ ਹਨ ਤੇ ਕਾਇਰ ਕੰਬਦੇ ਹਨ।
[1]ਜੋ ਵੈਰੀ ਆ ਕੇ ਅੜਦਾ ਹੈ ਉਹ ਸੜ ਜਾਂਦਾ ਹੈ।
[1]ਬਹੁਤੀਆਂ ਕਰੜੀਆਂ ਕਾਇਆਂ (ਦੇਹਾਂ) ਵਾਲੇ ਆ ਕੇ ਪੈਂਦੇ ਹਨ।
[1]ਵੱਡਾ ਹੱਲਾ ਕਰ ਕੇ ਧੱਕਦੇ ਤੇ ਦਬਾ ਕੇ ਕੱਢਦੇ ਹਨ।
[1](ਘੋੜਿਆਂ ਦੀਆਂ) ਵਾਗਾਂ ਮੇਲ ਮੇਲ ਕੇ।
[1]ਘੋੜੇ।
[1]ਸੂਰਮੇ ਨਾਲ ਸੂਰਮਾ ਮਿਲ ਕੇ ਧਕੋ ਧੱਕੀ ਹੋ ਕੇ ਇਕ ਦੂਜੇ ਨੂੰ (ਪਿਲ) ਦਬਾਉਂਦੇ ਹਨ।
[1]ਤੱਕ ਤੱਕ ਕੇ।
[1]ਸ਼ਿਵ।
[1]ਪਹਾੜ।
[1]ਹੈਰਾਨ।
[1]ਪ੍ਰਬਲ ਜੰਗ।

ਬਡ ਲਗੇ ਘਾਵ ਇਨਿ ਅੰਗ ਮਾਂਹਿ।
ਅਤਿ ਮੱਤੇ ਰੋਹ ਨਹਿਂ ਕਿਛੁ ਜਨਾਂਹਿ ॥ ੧੧੩ ॥
ਭਿਗ ਭਏ ਖੂੰਨ ਸੋਂ ਲਾਲ ਅੰਗ।
ਜਨੁ ਹੋਲੀ ਖਿਲ ਝਕਝੋਲ ਰੰਗ।
ਇਕ ਰਾਮ ਸਿੰਘ ਕਾ ਛੁਟਯੋ ਤੀਰ।
ਦਿਲ ਗਯੋ ਹੁਸੈਨੀ ਕਾ ਸੁ ਚੀਰ* ॥ ੧੧੪ ॥

*ਇਸ 'ਚੀਰ' ਸ਼ਬਦ ਤੋਂ ਇਸ ਪੰ: ਬਿਸ੍ਰਾਮ ਦੇ ਅੰਤ ਤੱਕ ਦੀ ਰਚਨਾ ਆਖੇਪਕਾਰ ਘਸੀਟਾ ਸਿੰਘ ਕਵੀਸ਼ਰ ਲਾਹੌਰ ਦੀ ਹੈ। ਵਿਸਥਾਰ ਲਈ ਅੱਗੇ ਦੇਖੋ ਇਸੇ ਬਿਸ੍ਰਾਮ ਦੇ ਅੰਤ ੧੬੨ ਨੰ: ਅੰਕ ਦੇ ਉਪਰ ਲੱਗੇ * ਨਿਸ਼ਾਨ ਦੀ ਪੈਰ ਟੂਕ।

ਗਿਰ ਪਰਜੋ ਧਰ ਨਹਿਂ ਸੁੱਧ ਸੰਭਾਰ।
ਮਰਛੰਤ ਹ੍ਵੈ ਜਨੁ ਮ੍ਰਿਤ ਹਾਰ[1]।
ਜੁਗ ਘਟੀ ਲੌ ਨਹਿਂ ਰਹੀ ਹੋਸ਼।
ਤਬਿ ਲਗੇ ਲੋਥ ਤਿਹ ਲੈਨ ਜੋਸ਼[1] ॥ ੧੧੫ ॥

[1]ਰੰਗ ਮਿਲਾ ਕੇ ਹੋਲੀ ਖੇਲਦੇ ਹਨ।

[1]ਮੁਰਦੇ ਵਾਂਗ।

ਦੁਹੂੰ ਓਰ ਸੈਂ ਤਹਿਂ ਪਰੇ ਧਾਇ।
ਕਰਿ ਜੰਗ ਬਲ ਕੋ ਅਤਿ ਲਗਾਇ।
ਤਬਿ ਛੁਟੀ ਮੂਰਛਾ ਬਲ ਸੰਭਾਰ।
ਗਹ ਸ਼ਸਤ੍ਰ ਅੱਸਤ੍ਰ[1] ਹ੍ਵੈ ਕੈ ਸ੍ਵਾਰ ॥ ੧੧੬ ॥

[1]ਹੱਥੋਂ ਛੱਡ ਕੇ ਚਲਾਣ ਵਾਲੇ ਹਥਿਆਰ, ਚੱਕ੍ਰ ਆਦਿ।

ਰਣ ਬੀਚ ਬੋਲਿਆ ਅਤਿ ਰਿਸਾਇ।
ਰਹੋ ਠਾਢਾ ਸੰਗਤ ਸਿੰਘ ਆਇ।
ਲੇਹੁ ਭੇਟ ਗੁਰ ਕੋ ਦੇਹੋ ਜਾਇ।
ਨਿਜ ਸੀਸ ਧਰ ਕਰ[1] ਗੁਰ ਰਿਝਾਇ ॥ ੧੧੭ ॥

[1]ਆਪਣਾ ਸਿਰ ਹੱਥ 'ਤੇ ਰੱਖ ਕੇ।

ਤ੍ਰਿਭੰਗੀ:
ਚੜ੍ਹ ਧਾਇ ਕ੍ਰਿਪਾਲੰ ਬਾਹਿ ਬਿਸਾਲੰ
ਖੜਗ ਔ ਢਾਲੰ[1] ਰਣ ਗਾਜੰ।
ਸਜਿ ਸ਼ਸੱਤ੍ਰ ਸੰਜੋਅੰ ਨਿਜ ਬਲ ਟੋਅੰ[1]
ਮੁਖ ਤਨ ਸੋਹੰ ਚੜ੍ਹਿ ਬਾਜੀ[1]।
ਨੈਨਨ ਰਿਸਰਾਤੇ ਜੋਬਨ ਮਾਤੇ
ਅਤਿ ਥਹਿਰਾਤੇ ਕਰਵਾਰੰ[1]।

[1]ਲੰਬੀਆਂ ਬਾਹਾਂ ਵਿੱਚ ਤਲਵਾਰ ਤੇ ਢਾਲ ਲੈ ਕੇ।

[1]ਆਪਣੇ ਬਲ ਨੂੰ ਟੋਂਹਦਾ (ਪਰਖਦਾ) ਹੈ।

[1]ਘੋੜੇ 'ਤੇ ਚੜ੍ਹ ਕੇ।

[1]ਨੇਤ੍ਰ ਗ਼ੁੱਸੇ 'ਚਰੰਗੇ ਹੋਏ ਹਨ, ਜੁਆਨੀ 'ਚ ਮਸਤ ਹਨ (ਕਰਵਾਰੰ) ਤਲਵਾਰਾਂ (ਹੱਥਾਂ 'ਚ) ਬਹੁਤ ਕੰਬਦੀਆਂ ਹਨ।

ਗੱਜਤਰਣ ਸੂਰੰ ਭੱਜਤ ਕੂਰੰ[1]
ਨਿਰਖਤ ਹੂਰੰ ਗਰਿ ਹਾਰੰ[1] ॥ ੧੧੮ ॥

[1]ਕਾਇਰ।

[1]ਹੂਰਾਂ ਦੇਖ ਕੇ ਸੂਰਮਿਆਂ ਦੇ ਗਲ 'ਚ ਹਾਰ ਪਾਉਂਦੀਆਂ ਹਨ।

ਕਰ ਖੈਂਚਿ ਕ੍ਰਿਪਾਨੰ ਲਰੇ ਜੁਆਨੰ
ਚਾਬਤ ਪਾਨੰ ਮੁਖ ਲਾਲੰ।
ਧਾਏ ਰਣ ਸੂਰੰ ਰੂਪ ਕਰੂਰੰ[1]
ਬਰਸਤ ਨੂਰੰ ਪਿਖਿ ਭਾਲੰ[1]।
ਗਹਿ ਖੰਜਰ ਸੰਜਰ ਜਾਨੁ ਪੁਰੰਦਰ
ਆਵਤ ਮੰਦਰ ਨਿਜ ਜਾਨੰ[1]।

[1]ਭਿਆਨਕ।
[1]ਮੱਥੇ 'ਤੇ ਨੂਰ ਵਰ੍ਹਦਾ ਦੇਖੀਦਾ ਹੈ।
[1]ਛੋਟੀ ਕਟਾਰ ਫੜ ਕੇ (ਸੰਜਰ) ਸੰਜੋਅ ਧਾਰ ਕੇ ਜਾਣੋ ਇੰਦ੍ਰ ਆਪਣਾ ਮੰਦਰ ਜਾਣ ਕੇ ਆ ਰਿਹਾ ਹੈ।

ਜਸਵਾਲ ਗੁਲੇਰੰ ਕਰਿ ਕਰਿ ਨੇਰੰ
ਨੈਨਨਿ ਹੇਰੰ ਜਿਮ ਭਾਨੰ[1] ॥ ੧੧੯ ॥
ਮੁਖ ਮਾਰ ਹੀ ਬੋਲੰ ਕਰਤ ਕਲੋਲੰ
ਮਿਲਿ ਮਿਲਿ ਟੋਲੰ ਗਜ ਮੱਤਾ[1]।
ਚਲਿ ਸਨਮੁਖ ਆਵੈਂ ਚੱਕ੍ਰ ਚਲਾਵੈਂ
ਜਿਮ ਰਵ[1] ਧਾਵੈ ਅਤਿ ਤੱਤਾ ॥ ੧੨੦ ॥

[1]ਸੂਰਜ ਵਾਂਗ (ਤਪੇ) (ਨੈਨਨਿ) ਨੇਤ੍ਰਾਂ ਨਾਲ ਦੇਖਦੇ ਹਨ।
[1]ਮਸਤ ਹਾਥੀਆਂ ਦੇ ਟੋਲਿਆਂ ਵਾਂਗ ਮਿਲ ਮਿਲ ਕੇ।
[1]ਸੂਰਜ।

ਭੁਯੰਗ ਪ੍ਰਯਾਤ ਛੰਦ:
ਰਿਸਾਯੰ ਨ੍ਰਿਪੰ ਔ ਕਟੋਚੰ ਸੁ ਬੀਰੰ।
ਕਰੇ ਹੂਹ ਹਾਰੰ ਬਟੋਰੰ ਸੁ ਭੀਰੰ[1]।

[1](ਹੂਹ) ਹੱਲਾ ਕਰਨ (ਹਾਰੰ) ਵਾਲੇ (ਸੂਰਮਿਆਂ ਦੀ) ਭੀੜ ਇਕੱਠੀ ਕਰਦੇ ਹਨ।

ਪਰੇ ਫੌਜ ਲੈ ਕੇ ਕਰੰ ਸ਼ਸੱਤ੍ਰ ਮਾਰੰ।
ਮੁਖੰ ਮਾਰ ਮਾਰੰ ਸੁ ਸੂਰੰ ਪੁਕਾਰੰ ॥ ੧੨੧ ॥
ਚਲੇ ਤੇਗ ਤੀਖੀ ਚਮੱਕੇ ਕਟਾਰੰ।
ਕਟਾ ਕੱਟ ਕੱਟੈਂ ਸਿਰੰ ਕੇ ਸਥਾਰੰ[1]।

[1]ਕੱਟ ਕੇ ਟੁਕੜੇ ਟੁਕੜੇ ਕਰ ਕੇ ਸਿਰਾਂ ਦੇ (ਸਥਾਰੰ) ਢੇਰ ਲਾਈ ਜਾਂਦੇ ਹਨ।

ਕਰੈਂ ਤੱਛ ਮੁਛੰ ਭੁਜਾ ਜੰਘ ਤੋਰੰ[1]।
ਮਨੋ ਸਾਂਪ ਕੇਰੇ ਕਰੇ ਟੂਕ ਮੋਰੰ ॥ ੧੨੨ ॥

[1]ਛਾਂਗ ਕੇ ਕਟ ਦੇਂਦੇ ਹਨ ਤੇ ਬਾਹਾਂ ਤੇ ਲੱਤਾਂ ਤੋੜ ਦੇਂਦੇ ਹਨ।

ਬਜੈ ਜੰਗ ਮਾਰੂ ਪੁਕਾਰੂ ਪੁਕਾਰੰ[1]।
ਲਰੋ ਸ੍ਵਾਮਿ ਧਰਮੰ ਸੁ ਜਨਮੰ ਸੁਧਾਰੰ।
ਸੁਭਟੰ ਭਿਰੇ ਸ਼ੱਸਤ੍ਰ ਅੱਸਤ੍ਰੰ ਸੁਹਾਯੰ।
ਰਣੰ ਜਾਨ ਤੀਰਥੰ ਸੋ ਮੱਜਨ ਕਰਾਯੰ ॥ ੧੨੩ ॥

[1]ਬੋਲਾਰੇ ਇਉਂ ਕਹਿੰਦੇ ਹਨ।

ਤਨੰ ਛੇਦ ਘੋਰੇਰਣੰ ਮੋਂ ਭੜੱਕੇ[1]।
ਦੜਾ ਦਾੜ ਦੌਰਤ ਸ੍ਵਾਰੰ ਸੜੱਕੇ[1]।
ਕਰੀ ਸੁੰਡ ਕਾਟੇ ਚਿੱਕਾਰੇ ਪੁਕਾਰੇ[1]।

[1]ਸ਼ਰੀਰ ਕੱਟੇ, ਘੋੜੇ ਜੰਗ ਵਿੱਚ ਭੜਕਦੇ ਹਨ।
[1]ਸਵਾਰ ਸਤੱਕ ਦੇ ਕੇ (ਤਲਵਾਰਾਂ ਕੱਢ ਕੇ)।
[1]ਹਾਥੀਆਂ ਦੇ ਸੁੰਡ ਕੱਟ ਦੇਂਦੇ ਹਨ, ਉਹ ਚੀਕਾਂ ਮਾਰਕੇ ਬੋਲਦੇ

ਹਨ।

ਰਣੰ ਮੱਧ ਡੋਲੈਂ ਮਨੋਂ ਜਜੋਂ ਮੁਨਾਰੇ ॥੧੨੪॥
ਹਰੀ ਸਿੰਘ ਗਾਜੈ ਰਣੰ ਮੱਧ ਠਾਡਾ।
ਸ਼ਸਤ੍ਰੰ ਪ੍ਰਹਾਰੇ ਸਹੇ ਤੀਰ ਹਾਡਾ[1]। [1]ਹੱਡਾਂ ਵਿੱਚ।
ਲਰੈਂ ਧਰਮ ਹੇਤੰ ਕਰੈਂ ਬਾਨ ਬਰਖਾ।
ਕਈ ਸੂਰ ਮਾਰੇ ਲਤਾਰੇ ਸੁ ਪਰੁਖਾ[1] ॥੧੨੫॥ [1]ਕਠੋਰਤਾ ਨਾਲ।
ਲਗੇ ਸ਼ਸਤ੍ਰ ਦੇਹਾ ਨ ਗੇਹੰ[1] ਸੰਭਾਰੇ। [1]ਘਰ।
ਰਣੰ ਪ੍ਰਾਨ ਤਜਾਗੇ ਸੁ ਸ੍ਵਰਗੰ ਸਿਧਾਰੇ।
ਆਯੋ ਕ੍ਰਿਪਾਲੰ ਔ ਹਿੰਮਤ ਸੰਭਾਲੰ[1]। [1]ਹਿੰਮਤ ਨਾਮ ਦਾ ਰਾਜਪੂਤ ਸੂਰਮਾ ਬਲ ਸੰਭਾਲ ਕੇ ਆਇਆ।

ਇਦੰ[1] ਦੌਰਿ ਆਗੇ ਜਲਾਲੰ ਬਿਸਾਲੰ ॥੧੨੬॥ [1]ਇਹਦੇ ਨਾਲ ਹੀ।
ਲੀਏ ਗੁਰਜ ਜੱਲਾਲ ਖਾਨੰ ਉਭਾਰੰ।
ਦੜਾ ਦਾਰ ਬਾਹੇ ਸੁ ਫੌਜਨ ਸੰਘਾਰੰ।
ਰਣੰ ਰੰਗ ਰਾਤੇ ਬਹਿਸ਼ਤੰ ਨਿਵਾਸੀ।
ਗਏ ਜੀਤ ਜਨਮੰ ਮਨੋ ਬੀਚ ਕਾਂਸੀ ॥੧੨੭॥
ਤਬੈ ਘੇਰ ਲੀਨੋ ਹੁਸੈਨੀ ਜਸਵਾਲੰ[1]। [1]ਹੁਸੈਨੀ ਨੂੰ ਕੇਸਰੀ ਚੰਦ ਜਸਵਾਲੀਏ ਨੇ।
ਕਰੇ ਮਾਰ ਤੇਗੰ ਸੁ ਸੀਸੰ ਬਿਸਾਲੰ।
ਤਿਨੇ ਤੀਰ ਬਰਖਾ ਸਮਾਨੰ ਚਲਾਏ।
ਜਿਸੇ ਜਾਇ ਲਾਗੈ ਨਹੀ ਜਾਨ ਪਾਏ ॥੧੨੮॥
ਬਹੀ ਸ੍ਰੋਣ ਧਾਰੰ ਅਪਾਰੰ ਸੁਰੰਗੀ।
ਰਣੰ ਮੱਧ ਗੰਗਾ ਤ੍ਰਿਬੈਨੀ ਅਭੰਗੀ[1]। [1]ਲਗਾਤਾਰ।
ਗਏ ਜੀਤ ਜਨਮੰਰਣੰ ਕਰ ਸ਼ਨਾਨੰ।
ਬਰੇ ਅਪਸ਼ਰਾ ਪੇਖਿ ਸੂਰੰ ਸੋ ਆਨਨ[1] ॥੧੨੯॥ [1]ਚੰਗੇ ਮੂੰਹਾਂ ਵਾਲੇ।
ਜੋਗਨ ਡਕਾਰੇ ਔ ਭੈਰੰ ਭੁਕਾਰੇ[1]। [1]ਭਿਆਨਕ ਬੋਲਦੀਆਂ ਹਨ।
ਨਾਚਤ ਬਿਤਾਲੰ[1] ਸੋ ਭੂਤੰ ਪੁਕਾਰੇ। [1]ਪ੍ਰੇਤ।
ਛੁਟੀ ਸੰਭ ਤਾੜੀ[1] ਪ੍ਰਲੈ ਔਧ[2] ਜਾਨੰ। [1]ਸ਼ਿਵ ਦੀ ਸਮਾਧੀ। [2]ਅੰਤ।
ਭਗੇ ਲੋਕ ਲੋਕਾ ਸੁ ਦੇਵਨ ਬਿਬਾਨੰ[1] ॥੧੩੦॥ [1]ਲੋਕਾ ਲੋਕ ਪਹਾੜ ਟੁੱਟ ਗਿਆ ਤੇ ਦੇਵਤੇ ਬਿਬਾਣਾਂ ('ਤੇ ਚੜ੍ਹ ਗਏ)।

ਜਗੇ ਜੱਛ ਕਿੰਨਰ ਗੰਧ੍ਰਬੰ ਨਿਹਾਰੇ।
ਫਿਰੇ ਦੇਵ ਕੰਨਜਾ ਅਕਾਸੰ ਮਝਾਰੇ।
ਗ੍ਰਿਝੰ ਔ ਕਾਕੰ ਸਿਆਲੰ ਪੁਕਾਰੇ।

ਮਨੰ ਭਾਵਤੇ ਖਾਵਤੇ ਪਲ ਅਪਾਰੇ[1] ॥ ੧੩੧ ॥
[1]ਬਹੁਤੇ ਮਾਸ।

ਕਰੈਂ ਰਕਤ ਪਾਣੰ[1] ਭਰੇ ਖੱਪ੍ਰ ਜੋਗਨ।
[1]ਲਹੂ ਪੀਂਦੇ ਹਨ।

ਪਿਲਾਵੈਂ ਨਿਜੰ ਪੂਤ ਲੋਰੀ ਦੈ ਚੋਗਨ[1]।
[1]ਚੌਗੁਣੀਆਂ ਲੋਰੀਆਂ।

ਕਰੈਂ ਮੇਧ ਭੱਛੰ ਸੁ ਆਨੰ ਪਿਲਾਵੈਂ[1]।
[1]ਮਿੱਝ ਖਾਂਦੀਆਂ ਹਨ ਤੇ ਉਨ੍ਹਾਂ ਨੂੰ ਲਿਆ ਕੇ (ਲਹੂ) ਪਿਲਾਂਦੀਆਂ ਹਨ।

ਗਹੇ ਦੌਰਿ ਦੂਸਰ ਔ ਤੀਸਰ ਛਿਨਾਵੈਂ[1] ॥ ੧੩੨ ॥
[1]ਖੋਂਹਦੀਆਂ ਹਨ।

ਡਕੈਂ ਡਾਕਣੀ ਸਾਕਨੀਅੰ ਭ੍ਰਮੰਤੀ[1]।
[1]ਡਾਇਣਾਂ ਤੇ (ਸਾਕਨੀਅੰ) ਯੋਗਣੀਆਂ (ਡਕੈਂ) ਰੱਜੀਆਂ (ਭ੍ਰਮੰਤੀ) ਭਉਂਦੀਆਂ ਫਿਰਦੀਆਂ ਹਨ।

ਚੰਡੀ ਅਮੰਡੀ[1] ਲੈ ਝੰਡੀ ਫਿਰੰਤੀ।
[1]ਬਹੁਤੀ ਸ਼ੋਭਾ ਵਾਲੀ।

ਕਾਲੀ ਕਪਾਲੀ[1] ਦੈ ਤਾਲੀ ਬਜਾਵੈ।
[1]ਸਿਰ ਦੀਆਂ ਖੋਪਰੀਆਂ ਲੈ ਕੇ।

ਗੁਹੇ ਮੁੰਡ ਮਾਲੀ ਗਣੰਰੁਦ੍ਰ ਧਾਵੈ[1] ॥ ੧੩੩ ॥
[1]ਸਿਰਾਂ ਦੀਆਂ ਮਾਲਾਂ ਗੁੰਦ ਕੇ ਸ਼ਿਵ ਦੇ ਗਣ ਦੌੜਦੇ ਹਨ।

ਕ੍ਰਿਪਾਲੰ ਹੁਸੈਨੀ ਰਣੰ ਮੱਧ ਜੂਟੈ।
ਕਰੇ ਸ਼ਸਤ੍ਰ ਮਾਰੰ ਨਹੀਂ ਨੈਕ ਹੂਟੈ[1]।
[1]ਥੋੜ੍ਹੇ ਵੀ ਨਹੀਂ ਥੱਕਦੇ।

ਕ੍ਰਿਪਾਲੰ ਤਨੰ ਘਾਵ ਲਾਗੇ ਗਿਰਾਯੋ[1]।
[1]ਡਿੱਗ ਪਿਆ।

ਗੁਪਾਲੈ ਨਿਹਾਰਾ ਤਬੈ ਬਧ ਕਰਾਯੋ[1] ॥ ੧੩੪ ॥
[1]ਮਾਰ ਦਿੱਤਾ।

ਪੁਨੰ ਘਾਵ ਤੀਖੇ ਹੁਸੈਨੀ ਕੁ ਲਾਗੇ।
ਗਿਰਾ ਘੂਮਤਾ ਦੇਖਿ ਕਾਇਰ ਸੁ ਭਾਗੇ।
ਉਤੈ ਲੋਥ ਹੇਤੰ ਦੁਹੂੰ ਓਰ ਦੌਰੇ।
ਭਯੋ ਜੰਗ ਭਾਰੀ ਪਹਾਰੀ ਭਗੌਰੇ ॥ ੧੩੫ ॥

ਸ੍ਵੈਯਾ:

ਆਇ ਨਿਦਾਨ ਕੀ[1] ਬਾਤ ਬਨੀ,
[1]ਅੰਤ ਦੀ।

ਤੁਰਕਿੰਦ ਬਰਿੰਦ ਭਏ ਭੈ ਭੀਤੇ[1]।
[1]ਸਮੂੰਹ ਤੁਰਕਾਂ ਦੇ ਸਰਦਾਰ ਬਹੁਤ ਡਰ ਗਏ।

ਅੱਲਾ ਹੀ ਅੱਲਾ ਪੁਕਾਰ ਮੁਸੱਲਾ[1],
[1]ਤੁਰਕ।

ਯੇ ਪੱਲਾ ਨ ਛਾਡਤ ਹੈਂ ਚੁਪ ਕੀਤੇ।
ਯਾਂਹਿ ਬਧੋ ਕਰਵਾਰ ਪ੍ਰਹਾਰ[1],
[1]ਤਲਵਾਰਾਂ ਮਾਰ ਕੇ ਮਾਰ ਦਿਉ।

ਨ ਦੇਰ ਕਰੋ ਨ ਡਰੋ ਅਰ ਹੀ ਤੇ।
ਦੋਨੇ ਹੀ ਸੁਆਮ ਕੇ ਹੇਤ ਲਰੇ,
ਔ ਪਰੇ ਅਰਰਾਇ ਕਹੈਂ ਗੁਰ ਜੀਤੇ ॥ ੧੩੬ ॥

ਕਬਿੱਤ:

ਪਰਜੋ ਤਬਿ ਘੇਰਾ ਫੌਜ ਪਰ ਕੇ ਚੌਫੇਰਾ,
ਸਿੰਘ ਕਾਟਤ ਬਘੇਰਾ ਜੋਊ ਲਰਤੇ ਹੈਂ ਭੋਰ ਤੇ[1]। [1]ਸਵੇਰ ਤੋਂ।
ਅਬੀ ਏਕ ਓਰ ਲਲਕਾਰ ਪਰਜੋ ਦੌਰ,
ਅਰੇ ਠਾਂਢੇ ਰਹੋ ਠੌਰ ਦਿਖ ਚਾਊ ਸਰਾ ਸੋਰ ਤੇ[1]। [1]ਤੀਰਾਂ ਦੇ ਸ਼ੋਰ ਨੂੰ ਚਾਅ ਨਾਲ ਦੇਖ।
ਕਰਜੋ ਤਬਿ ਨੇਰਾ ਮਾਰ ਮਾਰ ਸ਼ਮਸ਼ੇਰਾ[1], [1]ਤਲਵਾਰਾਂ।
ਤਬਿ ਅਪਸਰ ਟੇਰਾ ਆਨ ਖਾਨ[1] ਬਡੇ ਜੋਰ ਤੇ। [1]ਅਫ਼ਜ਼ਲ ਖ਼ਾਨ ਅਫ਼ਸਰ ਨੇ ਆ ਕੇ ਕਿਹਾ।
ਮਚਜੋ ਅਤਿ ਜੰਗ ਤਬਿ ਸੂਰਨ ਉਮੰਗ ਚੜ੍ਹਜੋ,
ਹੋਵਤ ਸ਼ਹੀਦ ਬਰੇ ਅਪਸਰਾ ਲੋਰ ਤੇ[1] ॥ ੧੩੭ ॥ [1]ਚਾਹ ਕੇ।

ਚੌਪਈ:

ਸੰਗਤ ਸਿੰਘ ਤਬਿ ਸੰਮੁਖ ਆਏ।
ਕਰ ਤਰਵਾਰ ਤੁਰਕ ਗਨ ਘਾਏ।
ਚੱਟਪੱਟ ਬਾਹੇ ਚਹੁੰ ਓਰੀ[1]। [1]ਚਹੁੰ ਪਾਸੀਂ ਬਹੁਤ ਛੇਤੀ ਵਾਹੁੰਦਾ ਹੈ।
ਰਨ ਮੈਂ ਰਕਤ ਰੰਗ ਕੀ ਹੋਰੀ[1] ॥ ੧੩੮ ॥ [1]ਜੰਗ ਵਿੱਚ ਲਹੂ ਦੇਰੰਗ ਦੀ ਹੋਲੀ।
ਜਿਤ ਪੇਖੇ ਤਿਤ ਦੇਵੇ ਕਾਟ।
ਤੁਰਕਨਿ ਬਨਤ ਨਾ ਕੋਈ ਠਾਟ।
ਇਤ ਸਤਿਗੁਰ ਕੀ ਜੈਤ ਉਚਾਰੈਂ।
ਉਤ ਅੱਲਾ ਔ ਅਲੀ ਪੁਕਾਰੈਂ ॥ ੧੩੯ ॥
ਘਟਾ ਟੋਪ[1] ਤੁਰਕਨ ਕੀ ਫੌਜ। [1]ਘੇਰਾ ਪਾ ਕੇ।
ਲਰੈ ਅਧਿਕ ਦਿਖਰਾਵੈ ਓਜ[1]। [1]ਬਲ।
ਯਸਵਾਰੇ ਗੁਆਲੇਰੀ ਟੋਲਾ।
ਮਾਰੂ ਸਬਦ ਬਜਾਏ ਢੋਲਾ[1] ॥ ੧੪੦ ॥ [1]ਜੰਗੀ ਸ਼ਬਦਾਂ ਦੇ ਢੋਲ ਵਜਾਏ।
ਰਾਮ ਸਿੰਘ ਘਮਸਾਨ ਮਚਾਯੋ।
ਤੁਰਕਨਿ ਤ੍ਰਾਸ ਅਧਿਕ ਤਹਿਂ ਪਾਯੋ।
ਲੈ ਲੈ ਤੀਖੀ ਕਰ ਸ਼ਮਸ਼ੇਰ।
ਅਰਿ ਦਲ ਕਾਟਤ ਲਗਤ ਨ ਦੇਰ ॥ ੧੪੧ ॥
ਹਿੰਮਤ ਜਬਿ ਰਨ ਜੰਗ ਨਿਹਾਰਾ।
ਦਹਲ ਗਯੋ[1] ਦਿਲ ਤਬਿ ਮਨ ਹਾਰਾ। [1]ਕੰਬ ਗਿਆ।
ਫੌਜ ਲਰਤ ਹੈ ਜੰਗ ਮੈਦਾਨ।
ਗਯੋ ਭਾਗ ਪਰਬਤ ਭੈ ਮਾਨ ॥ ੧੪੨ ॥
ਗੀਦੀ ਭਯੋ ਭਾਗ ਕੇ ਸੋਊ।

ਭਯੋ ਊਤ ਊਤਨ ਕਾ[1] ਜੋਊ। [1]ਮੂਰਖਾਂ ਦਾ ਮੂਰਖ।
ਸਭਿ ਰਜਪੂਤਨ ਲਾਜ ਲਗਾਈ।
ਭਈ ਨਾ ਬਾਂਝ[1] ਤਾਸ ਕੀ ਮਾਈ ॥ ੧੪੩ ॥ [1]ਬਝਿਆਂ ਕਿਉਂ ਨਾ ਹੋਈ।
ਰਾਮ ਸਿੰਘ ਕਰ ਅਧਿਕ ਲਰਾਈ।
ਭਏ ਸ਼ਹੀਦ ਪਾਇ ਬਡਿਆਈ।
ਤਬਿ ਰਨ ਆਇ ਖਾਨ[1] ਹੀ ਗਾਜਾ। [1]ਅਫ਼ਜ਼ਲ ਖ਼ਾਨ।
ਅਰੇ ਮੂੜ੍ਹ ਤੁਮ ਲਗਤ ਨ ਲਾਜਾ ॥ ੧੪੪ ॥
ਸੰਗਤ ਸਿੰਘ ਪ੍ਰਤ ਜਬਿ ਬਚ ਕਹੇ।
ਉਠਾ ਕ੍ਰੋਧ ਕਰਿ ਬੋਲ ਨ ਸਹੇ।
ਅਰੇ ਖਾਨ ਠਾਢਾ ਰਹੋ ਰਨ ਮੈਂ।
ਕਰੋਂ ਨਿਸਾ[1] ਤੇਰੀ ਪਿਖਿ ਮਨ ਮੈਂ ॥ ੧੪੫ ॥ [1]ਤਸੱਲੀ।
ਲੀਏ ਤੀਰ ਔ ਧਨਖ ਟੰਕਾਰਾ[1]। [1]ਟੁਣਕਾਇਆ।
ਦੀਏ ਚਲਾਇ ਮੇਘ ਅਨਹਾਰਾ[1]। [1]ਵਾਂਗ।
ਬਾਨਨ ਬਰਖਾ ਕਰੀ ਅਪਾਰਾ।
ਪਰਜੋ ਖਾਨ ਧਰ ਤਬਿ ਬਲ ਹਾਰਾ ॥ ੧੪੬ ॥
ਸੰਗਤ ਸਿੰਘ ਬੀਰ ਰਨ ਗਾਜੈ।
ਕਾਇਰ ਦੇਖਿ ਤਾਹਿਂ ਮਨ ਲਾਜੈ।
ਉਤੈ ਪਹਾਰੀ ਚਰਜੋ ਗੁਪਾਲ।
ਛਾਡੇ ਬਾਨ ਉਡੇ ਜਿਮ ਬਿਆਲ[1] ॥ ੧੪੭ ॥ [1]ਸੱਪਾਂ ਵਾਂਗ।
ਆਵਤ ਫੂਕਤ ਤੱਛਕ ਜਾਨੋ[1]। [1]ਜਾਣੋ ਤੱਛਕ ਨਾਗ ਫੁੰਕਾਰੇ ਮਾਰਦੇ ਆਉਂਦੇ ਹਨ।
ਨਿਕਸੇ ਪ੍ਰਾਨ ਆਪ ਹੀ ਮਾਨੋ।
ਕਿਤੇ ਤੁਰਕ ਰਣ ਬੀਚ ਸੰਘਾਰੇ।
ਗੁਰ ਪ੍ਰਤਾਪ ਹੀ ਸਿੰਘ ਬਲ ਧਾਰੇ ॥ ੧੪੮ ॥
ਠਾਢੋ ਨਿਰਭੈ ਕਰ[1] ਤਰਵਾਰ। [1]ਹੱਥ ਵਿੱਚ।
ਜਹਿਂ ਪੇਖੇ ਤਹਿਂ ਕਰਹੀ ਪਾਰ।
ਉਤੈ ਹੁਸੈਨੀ, ਸੰਗਤਰਾਇ[1]। [1](ਏਧਰੋਂ) ਸੰਗਤ ਸਿੰਘ।
ਮਚਜੋ ਜੰਗ ਅਤਿ ਰਨ ਸਮੁਦਾਇ ॥ ੧੪੯ ॥
ਕਰੈ ਪਰਸਪਰ ਦੋਊ ਵਾਰ।
ਖੇਲਤ ਲਕਰੀ ਪਟਾ ਉਲਾਰ[1]। [1]ਜਿਵੇਂ ਲਕੜੀ ਉਲਾਰ ਕੇ (ਪਟਾ) ਗੱਤਕਾ ਖੇਡਦੇ ਹਨ।
ਕਬੀ ਕਟਾਰ ਕੈ ਸੰਗ ਲਰਾਈ।

ਕਬੀ ਲੀਏ ਤਰਵਾਰ ਚਲਾਈ ॥ ੧੫੦ ॥
ਲਗਤ ਨ ਦੁਹ ਦਿਸ ਲੇਤਿ ਬਚਾਈ*।

*ਅੰਕ ਨੰ: ੧੫੨ ਦੀ ਚੌਪਈ ਦੀ ਦੂਜੀ ਤੁਕ ਛਾਪਾ ਪੱਥਰ 'ਚ ਹੀ ਛਪਣ ਸਮੇਂ ਰਹਿ ਗਈ ਹੈ ਇਸ ਲਈ ਅੰਕ ਦੀਆਂ ਤਿੰਨ ਹੀ ਤੁਕਾਂ ਰਹਿ ਗਈਆਂ ਹਨ।

ਪਰੀ ਫੌਜ ਅਰਰਾਇ[1] ਦੁਹੁੰ ਦਿਸ।
ਲਰਤ ਮਰਤ ਸੰਗ ਸ਼ਸਤ੍ਰ ਹੂੰ ਖਿਸ[1] ॥ ੧੫੧ ॥
ਸੰਗਤ ਸਿੰਘ ਲੀਏ ਅਸਵਾਰ।
ਕੀਓ ਤੇਗ ਕਾ ਤਬ ਹੀ ਵਾਰ ॥ ੧੫੨ ॥

[1]ਅਰੜਾ ਕੇ।

[1]ਖਿੱਝ ਕੇ, ਗ਼ੁੱਸੇ ਵਿੱਚ ਆ ਕੇ।

ਦੋਹਰਾ:

ਟੂਕ ਟੂਕ ਹ੍ਵੈ ਤਨ ਛਿਦਾ[1],
ਜੂਝੇ ਸੰਗਤਿਰਾਇ।
ਸਨਮੁਖ ਗਿਰਜੋ ਹੁਸੈਨ ਖਾਂ,
ਸੁਆਮ ਹੇਤ ਸੁਖ ਪਾਇ ॥ ੧੫੩ ॥
ਸੰਗਤੀਆ ਸਭ ਸ੍ਵਾਰ ਕੈ[1],
ਰਨ ਮੈਂ ਕੀਆ ਨਿਵਾਸ।
ਦੇਹ ਰਹੀ ਰੰਗ ਭੂਮ ਮੈਂ[1],
ਜੀਵ ਸ੍ਵਰਗ ਲੀਓ ਵਾਸ ॥ ੧੫੪ ॥
ਖਬਰ ਗਈ ਸਤਿਗੁਰੂ ਪੈ
ਲੀਆ ਜੰਗ* ਰਣਜੀਤ।

[1]ਕੱਟਿਆ ਗਿਆ।

[1](ਮੌਤ ਦੀ ਨੀਂਦ) ਸੁਲਾ ਕੇ।

[1]ਜੰਗ ਭੂਮੀ ਵਿੱਚ।

*ਇਹ ਜੰਗ ੧੭੪੯ ਬਿ: ਨੂੰ ਹੋਇਆ। ਕਵੀ ਜੀ ਆਪ ਅੰਮ੍ਰਿਤਸਰ ਐਡੀਸ਼ਨ ਵਿੱਚ ਐਉਂ ਲਿਖਦੇ ਹਨ : ਯੋਂ ਗੁਰ ਕੋ ਜਸ ਭੂਰ ਗਯੋ, ਸਬਿ ਭੂਪਨ ਤੋਂ ਗੁਰ ਬੀਰ ਪਛਾਨੇ। ਸਤਰਾਂ ਸੌ ਅਠਤਾਲੀ ਵਿਖੇ ਇਹ ਜੰਗ ਭਯੋ ਅਰਿ ਭੰਗ ਕਿਤਾਨੇ। (ਬਿਸ੍ਰਾਮ ੧੫, ਅੰਕ ੧੭)

ਤੁਰਕ ਪਹਾਰੀ ਮੱਦਤੀ,
ਗਏ ਭਾਗ ਭੈ ਭੀਤ ॥ ੧੫੫ ॥

ਚੌਪਈ:

ਤਬਿ ਰਣਜੀਤ ਨਗਾਰਾ ਬਾਜਾ।
ਆਨੰਦ ਪੁਰਿ ਮੈਂ ਆਨੰਦ ਸਾਜਾ।
ਕੀਓ ਤ੍ਰਿਭਾਵਲ[1] ਸਤਿਗੁਰ ਸ੍ਵਾਮੀ।
ਘਟ ਘਟ ਪਟ ਪਟ ਅੰਤ੍ਰਜਾਮੀ[1] ॥ ੧੫੬ ॥
ਭਏ ਨਚੀਤ ਸਭੀ ਗਿਰਰਾਈ[1]।

[1]ਕੜਾਹ ਪ੍ਰਸ਼ਾਦ।

[1](ਘਟ) ਹਿਰਦੇ ਦੇ (ਪਟ) ਅੰਦਰ ਦੀ ਜਾਨਣ ਵਾਲੇ।

[1]ਪਹਾੜੀ ਰਾਜੇ ਨਿਸਚਿੰਤ ਹੋ ਗਏ।

ਸਤਿਗੁਰ ਪਾਇਨ[1] ਪ੍ਰੀਤ ਲਗਾਈ। [1]ਚਰਨਾਂ 'ਚ।
ਦੁੰਦ[1] ਕਲੇਸ਼ ਸਭੀ ਮਿਟ ਗਏ। [1]ਭਿਆਨਕ।
ਸਗਲ ਦੇਸ ਸੁਖ ਸੰਪਤ ਮਏ[1] ॥ ੧੫੭ ॥ [1]ਬਿਭੂਤੀ ਵਾਲਾ।
ਇਤਿ ਹੁਸੈਨੀ ਬਧ
ਚੌਪਈ:
ਦੇਸ ਦੇਸ ਮੈਂ ਖਬਰੈਂ ਗਈ।
ਗੁਰੂ ਗੁਬਿੰਦ ਸਿੰਘ ਮੱਦਤ ਦਈ।
ਸਭ ਰਾਜੇ ਮਿਲ ਮਤਾ ਪਕਾਵੈਂ।
ਗੁਰ ਗੋਬਿੰਦ ਸਿੰਘ ਜਬ ਬਲ ਪਾਵੈਂ ॥ ੧੫੮ ॥
ਤਬੀ ਦੇਸ ਛੀਨੇਗੋ ਸਗਰਾ।
ਫਿਰ ਬਢ ਜਾਇ ਅਧਿਕ ਹੀ ਝਗਰਾ।
ਇਤ ਸਸ ਭੀਮ ਕਹੀ ਯੇਹ ਬਾਤਾ।
ਫਤੇ ਚੰਦ ਕਹੈ ਸੁਨੀਏ ਤਾਤਾ[1] ॥ ੧੫੯ ॥ [1]ਹੇ ਪਿਆਰੇ।
ਸ੍ਰੀ ਗੁਰ ਸੰਗ ਬੈਰ ਮਤ ਕੀਜੈ।
ਸਰਨ ਤਾਹਿਂ ਕੀ ਮਨ ਮੈਂ ਲੀਜੈ।
ਦੇਖੋ ਮੱਦਤ ਹਮਰੀ ਕਰੀ।
ਪਾਤਸ਼ਹਿ ਕੀ ਤਿਨ ਪਤ ਹਰੀ[1] ॥ ੧੬੦ ॥ [1]ਇੱਜ਼ਤ ਲਾਹ ਦਿੱਤੀ।
ਤਾ ਸੋਂ ਮੈਤ੍ਰੀ[1] ਕਰਨੀ ਬਨੈ। [1]ਮਿੱਤ੍ਰਤਾ।
ਲਰਨਾ ਅਰਨਾ ਨੈਕ ਨ ਭਨੈ[1]। [1]ਲੜਨਾ ਤੇ ਮਰਨਾ ਥੋੜ੍ਹਾ ਜੇਹਾ ਵੀ ਨ ਕਹੋ।
ਸਭ ਰਾਜਨ ਕੀ ਯਹ ਮਤ ਭਈ[1]। [1]ਇਹ ਸਲਾਹ ਹੋਈ।
ਸਤਿਗੁਰ ਸੰਗ ਮੈਤ੍ਰੀ ਠਈ[1] ॥ ੧੬੧ ॥ [1]ਹੋ ਗਈ।
ਇਤ ਗਿਰੀਅਨ ਕੀ[1] ਇਓਂ ਭਈ ਗਾਥਾ। [1]ਏਧਰ ਪਹਾੜੀਆਂ ਦੀ।
ਉਤ ਸਤਿਗੁਰ ਜਾਨੀ ਨਰ ਨਾਥਾ[1]** ॥ ੧੬੨ ॥ [1]ਓਧਰ ਰਾਜਾ ਰੂਪ ਸਤਿਗੁਰੂ ਜੀ ਨੇ ਜਾਣ ਲਈ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਜੁਝਾਰ ਸਿੰਘ ਜਨਮ, ਜੰਗ ਗੁਲੇਰ, ਹੁਸੈਨੀ ਬੱਧ', ਬਨਨਨੰ ਨਾਮ ਉਣਾਹਟਮੋਂ ਬਿਸ੍ਰਾਮ* ॥ ੫੯ ॥

*ਇਤਿ ਸ੍ਰੀ... ਬਿਸ੍ਰਾਮ ॥ ੫੯ ॥ ਤੱਕ ਦਾ ਇਹ ਪਾਠ ਅਸਾਂ ਆਪਣੇ ਕੋਲੋਂ ਲਿਖਿਆ ਹੈ, ਲਾਹੌਰ ਐਡੀਸ਼ਨ ਛਾਪਾ ਪੱਥਰ 'ਚ ਇਹ ਪਾਠ ਨਹੀਂ ਹੈ।

**ਪਿਛੇ ਇਸੇ ਬਿਸ੍ਰਾਮ ਦੇ ਅੰਕ ਨੰ: ੧੧੪ ਵਿੱਚ ਆਏ 'ਚੀਰ' ਸ਼ਬਦ ਤੋਂ ਇਸ ਬਿਸ੍ਰਾਮ ਨੰ: ੫੯ ਦੇ ਅੰਤ 'ਨਰ ਨਾਥਾ' ਤੱਕ ਦੀ ਇਹ ਰਚਨਾ ਗਿਆਨੀ ਗਿਆਨ ਸਿੰਘ ਜੀ ਕ੍ਰਿਤ ਨਹੀਂ ਸਗੋਂ ਇਸ ਪੂਰਬਾਰਧ ਭਾਗ ਦੇ ਆਖੇਪਕਾਰ ਦੀ ਰਚੀ ਹੋਈ ਹੈ। ਇਹ ਆਖੇਪ ਰਚਨਾ ੭੭੩ ਪੰਨੇ ਤੋਂ ੭੭੬ ਪੰਨੇ ਤੱਕ ਲਗ ਪਗ ੪ ਸਫ਼ੇ ਅਸਾਨੂੰ ਪਿੱਛੇ ਆ ਚੁੱਕੇ ਕੁਝ ਆਖੇਪ ਸਫ਼ਿਆਂ ਵਾਂਗ ਪ੍ਰਸੰਗ ਮੇਲਣ ਦੀ ਮਜਬੂਰੀ ਦੇ ਕਾਰਨ ਹੀ ਛਾਪਣੇ ਪਏ ਹਨ। ਇਹ ਸਾਰੀ ਰਚਨਾ ਲਾਹੌਰ ਐਡੀਸ਼ਨ ਦੇ ਛਾਪਾ ਪੱਥਰ ਦੇ ਪੰਨਾ ੭੭੩ ਤੋਂ

੯੬੦ ਪੰਨੇ ਤੱਕ ਛਪੀ ਹੋਈ ਹੈ। ਇਸ ਰਚਨਾ ਦੇ ਆਖੇਪ ਹੋਣ ਦੇ ਜੋ ਠੋਸ ਸਬੂਤ ਅਸਾਂ ਇਸ ਰਚਨਾ ਦੇ ਅੰਦਰੋਂ ਹੀ ਲੱਭੇ ਹਨ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ: ੧. ਪੰਨਾ ੭੭੧ ਦੇ ਅੰਤ ਤੋਂ ਆਰੰਭ ਹੋਇਆ ਪਾਧੜੀ ਛੰਦ ੭੭੨ ਪੰਨਾ ਪੂਰਾ ਕਰਕੇ ਪੰਨਾ ੭੭੩ 'ਤੇ ਜਾ ਕੇ ਮੁਕਦਾ ਹੈ ਪਰ ਛੰਦ ਦਾ ਨੰਬਰ ਕੋਈ ਨਹੀਂ ਦਿੱਤਾ, ਜਦ ਕਿ ਇਹ ਨੰਬਰ ੩੮ ਬਣਦਾ ਸੀ। ੭੭੬ ਪੰਨੇ 'ਤੇ 'ਇਤਿ ਹੁਸੈਨੀ ਬਧ' ਤੱਕ ਚੌਂਹ ਸਫ਼ਿਆਂ ਤੇ ਕਈ ਛੰਦ ਬਦਲੇ ਹਨ ਪਰ ਨੰਬਰ ਕਿਸੇ ਦਾ ਵੀ ਨਹੀਂ ਦਿੱਤਾ। ੭੭੬ ਪੰਨੇ ਦੇ ਹੇਠ ਦੁਰਗਾ ਪ੍ਰਗਟਾਵਨ ਦਾ ਪ੍ਰਸੰਗ ਆਰੰਭ ਕੀਤਾ ਹੈ ਤੇ ਪਹਿਲੇ ਹੀ ਛੰਦ ਦਾ ਨੰ: ੨੯ ਦੇ ਦਿੱਤਾ ਹੈ, ਪਤਾ ਨਹੀਂ ਇਹ ਨੰ: ਪਿੱਛੋਂ ਕਿਸ ਨੰ: ਨਾਲ ਮੇਲਿਆ ਹੈ, ਇਸ ਸ਼ੁਰੂ ਕੀਤੇ ਨੰਬਰ ਨੂੰ ੮੨੮ ਪੰਨੇ ਤੱਕ ਚਲਾਈ ਗਿਆ ਹੈ। ਉੱਥੇ ੩੭੮ ਨੰਬਰ ਹੈ। ਅੱਗੋਂ ਫੇਰ ਛੰਦ ਬੇ ਨੰਬਰੇ ਸ਼ੁਰੂ ਹੋ ਗਏ ਹਨ ਅਤੇ ਅੰਤ ਤੱਕ ਭਾਵ ੯੬੦ ਪੰਨੇ ਤੱਕ ਛੰਦ ਦਾ ਨੰਬਰ ਲਾਉਣ ਦੀ ਖੇਚਲ ਉੱਕਾ ਹੀ ਨਹੀਂ ਕੀਤੀ। ਇਹ ਇਸ ਰਚਨਾ ਦਾ ਆਖੇਪ ਹੋਣ ਦਾ ਪ੍ਰਤੱਖ ਸਬੂਤ ਹੈ। ੨. ਲਾਹੌਰ ਐਡੀਸ਼ਨ ਛਾਪਾ ਪੱਥਰ ਅਨੁਸਾਰ ਪੰਨਾ ੭੬੨ ਤੇ ੬੧ਵਾਂ ਬਿਸਰਾਮ ਮੁੱਕਿਆ ਹੈ ਤੇ ੬੨ਵਾਂ ਬਿਸਰਾਮ ਅਰੰਭ ਹੋਇਆ ਹੈ। ੭੭੩ ਪੰਨੇ ਤੋਂ ਅੱਗੇ ਜਾ ਕੇ ਇਹ ਬਿਸ੍ਰਾਮ ਪੂਰਾ ਹੋਣਾ ਸੀ, ਪਰ ਆਖੇਪਕਾਰ ਨੇ ੭੬੨ ਪੰਨੇ ਤੋਂ ਸ਼ੁਰੂ ਕੀਤਾ ਬਿਸਰਾਮ ਤੋੜ ਅੰਤ ਤੱਕ ਭਾਵ ੯੬੦ ਪੰਨੇ ਦੇ ਅਖ਼ੀਰ ਤੱਕ ਤੋਂ ਉਰੇ ਸਮਾਪਤ ਕਰਨਾ ਯੋਗ ਹੀ ਨਹੀਂ ਸਮਝਿਆ। ਜਿਵੇਂ ਕੋਈ ਚੋਰ ਆਪਣੇ ਪਿੱਛੇ ਪਕੜਨ ਨੂੰ ਚੜ੍ਹੀ ਆਉਂਦੀ ਪਿੰਡਾਂ ਦੀ ਵਾਹਰ ਨੂੰ ਤੱਕ ਕੇਰਾਹ ਵਿੱਚ ਆਰਾਮ ਕਰਨਾ ਆਪਣੇ ਲਈ ਘਾਤਕ ਖਿਆਲ ਕਰਦਾ ਹੈ, ਤਿਵੇਂ ਹੀ ਸਾਡੇ ਆਖੇਪਕਾਰ ਨੇ ਕੀਤਾ ਜਾਪਦਾ ਹੈ। ਇਉਂ ਇਹ ਬਿਸ੍ਰਾਮ ੯੮ ਪੰਨਿਆਂ ਦਾ ਬਣ ਗਿਆ ਹੈ ਜਿਸ ਦੀ ਸਾਹਿਤਕ ਰਚਨਾ ਦੇ ਇਤਿਹਾਸ ਵਿੱਚ ਮਿਸਾਲ ਮਿਲਣੀ ਕਠਨ ਹੀ ਨਹੀਂ ਸਗੋਂ ਅਸੰਭਵ ਹੈ। ਅੰਤ ਤੇ ਇਤਿ ਸ੍ਰੀ....ਬਿਸ੍ਰਾਮ ਮਸਤ ਸੁਭਸਤ ਤਾਂ ਲਿਖਿਆ ਹੈ ਪਰ ਸ਼ਰਮ ਦੇ ਮਾਰੇ ਨੇ ਨੰਬਰ ਕੋਈ ਨਹੀਂ ਲਿਖਿਆ। ੩. ਪੰਨਾ ੭੭੬ 'ਤੇ ਮੋਟੇ ਅੱਖਰਾਂ 'ਚ ਸਿਰਲੇਖ ਲਿਖਿਆ ਹੈ 'ਅਥ ਦੁਰਗਾ ਪ੍ਰਗਟਾਵਣਾ'। ਇਹ ਸਿਰਲੇਖ ਪ੍ਰਾਚੀਨ ਕਾਵਿ ਗ੍ਰੰਥਾਂ ਦੀ ਲਿਖਣ ਸ਼ੈਲੀ ਦੇ ਬਿਲਕੁਲ ਵਿਰੁੱਧ ਹੈ ਤੇ ਕਵੀ ਜੀ ਨੇ ਸ੍ਰੀ ਗੁਰੁ ਪੰਥ ਪ੍ਰਕਾਸ਼ ਦੀ ਕਿਸੇ ਐਡੀਸ਼ਨ ਵਿੱਚ ਵੀ ਏਥੇ ਜਾਂ ਹੋਰ ਕਿਤੇ ਏਹੋ ਜਿਹਾ ਸਿਰਲੇਖ ਨਹੀਂ ਦਿੱਤਾ ਜਿਸ ਤੋਂ ਸਿੱਧ ਹੁੰਦਾ ਹੈ ਕਿ ਇਹ ਰਚਨਾ ਕਵਿ ਕ੍ਰਿਤ ਨਹੀਂ। ੪. ਕਵਿ ਜੀ ਹਰ ਬਿਸ੍ਰਾਮ ਦੇ ਅਰੰਭ ਵਿੱਚ ਮੰਗਲਾਚਰਨ ਕਰਦੇ ਹਨ ਤੇ ਅੰਤ ਵਿੱਚ ਇਤਿ ਸ੍ਰੀ... ਬਿਸ੍ਰਾਮ ਲਿਖਦੇ ਹਨ। ਚੂੰਕਿ ਆਖੇਪਕਾਰ ਨੇ ਜਲਦੀ ਵਿੱਚ ਕਿਤੇ ਬਿਸ੍ਰਾਮ ਸਮਾਪਤ ਹੀ ਨਹੀਂ ਕੀਤਾ ਇਸ ਲਈ ਨਵੇਂ ਬਿਸ੍ਰਾਮ ਦੇ ਅਰੰਭ ਕਰਨ ਤੇ ਅਰੰਭ ਵਿੱਚ ਮੰਗਲਾਚਰਨ ਲਿਖਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ, ਇਹ ਦਲੀਲ ਵੀ ਇਸ ਰਚਨਾ ਨੂੰ ਆਖੇਪ ਹੀ ਸਿੱਧ ਕਰਦੀ ਹੈ। ੫. ਕਿਸੇ ਕਿਸੇ ਪ੍ਰਸੰਗ ਦੇ ਮੁੱਕਣ ਤੇ 'ਇਤਿ' ਲਿਖਦਾ ਹੈ ਜਿਵੇਂ ੭੭੬ ਪੰਨੇ 'ਤੇ 'ਇਤਿ ਹੁਸੈਨੀ ਬਧ', ਪੰਨਾ ੮੩੪ ਤੇ 'ਇਤਿ ਮੁਕਤਿ ਸਰ ਜੰਗ, 'ਅਥ ਚਾਲੀ ਸਿੰਘਾਂ ਕੇ ਨਾਉਂ ਜੋ ਮੁਕਤਿ ਸਰ ਜੀ ਮੈਂ ਜੂਝੇ ਹੈਂ ਔਰ ਟੂਟੀ ਸੰਗਤ ਮਿਲਾਈ। ਪੰਨਾ ੮੩੫ 'ਤੇ 'ਇਤਿ ਮਹਾਤਮ ਮੁਕਤਿ ਸਰ', ਪੰਨਾ ੮੪੪ 'ਤੇ 'ਇਤਿ ਤਾਰਾ ਆਜ਼ਮ ਬੱਧ'। ਪੰਨਾ ੮੪੮ 'ਤੇ 'ਇਤਿ ਮਿਲਾਪ ਆਗਰੇ ਬਹਾਦਰ ਸ਼ਾਹ ਔਰ ਸ੍ਰੀ ਗੁਰੂ ਜੀ ਕਾ'। ੮੪੯ ਪੰਨੇ 'ਤੇ 'ਚੇਲੇ ਵਾਚ ਮਾਧੋ ਦਾਸ ਸੋਂ', ਪੰਨਾ ੮੫੫ ਤੇ 'ਗੁਲ ਖਾਂ ਕੋ ਬੱਧ ਔਰ ਸ੍ਰੀ ਗੁਰੂ ਜੀ ਕਾਰਾਜ਼ੀ ਹੋਨਾ', ਤੇ ਏਸੇ ਤਰ੍ਹਾਂ ਪੂਰਬਾਰਧ ਦੀ ਸਮਾਪਤੀ 'ਤੇ ੯੬੦ ਪੰਨੇ ਦੇ ਹੇਠ ਲਿਖਦਾ ਹੈ 'ਇਤਿ ਸ੍ਰੀ ਪੰਥ ਪ੍ਰਕਾਸ਼ ਗ੍ਰੰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਿਕੁੰਠ ਪ੍ਰਵੇਸ਼ ਕਰਨੰਨੰ ਸੁਭ ਮਸਤ, ਸੁਭਸਤ॥ ੬. ਇਕ ਹੋਰ ਵਿਚਾਰ ਨਾਲ ਵੀ ਇਹ ਸਿੱਧ ਹੁੰਦਾ ਹੈ ਕਿ ਇਹ ਹਿੱਸਾ ਅਸਲ ਰਚਨਾ ਨਹੀਂ। ਏਥੇ ੭੭੩ ਪੰਨੇ ਤੋਂ ੯੬੦ ਪੰਨੇ ਤੱਕ ਦੀ ਆਖੇਪ ਰਚਨਾ ਦੇ ਕੁਲ ੯੮ ਪੰਨੇ ਹਨ ਜਦ ਕਿ ਇਹੋ ਹੀ ਪ੍ਰਸੰਗ ਅੰਮ੍ਰਿਤਸਰ ਐਡੀਸ਼ਨ ਵਿੱਚ ੧੪੭ ਪੰਨੇ ਤੋਂ ੨੯੯ ਪੰਨੇ ਤੱਕ ੧੪੩ ਪੰਨਿਆਂ ਵਿੱਚ ਲਿਖਿਆ ਹੈ। ਇਨ੍ਹਾਂ ਵਿੱਚੋਂ ਬੰਦੇ ਦੇ ਪ੍ਰਸੰਗ ਦੇ ਪੰਨਾ ੨੫੩ ਤੋਂ ਪੰਨਾ ੨੭੩ ਤੱਕ ਦੇ ੨੧ ਸਫ਼ੇ ਕੱਢ ਵੀ ਲਏ ਜਾਣ ਤਦ ਵੀ ਅੰਮ੍ਰਿਤਸਰ ਐਡੀਸ਼ਨ ਦੇ ੧੨੨ ਸਫ਼ੇ ਬਣਦੇ ਹਨ। ਹੁਣ ਸ਼ੰਕਾ ਇਹ ਪੈਦਾ ਹੁੰਦਾ ਹੈ ਕਿ ਜੇ ਇਹ ਹਿੱਸਾ ਕਵੀ ਜੀ ਦੀ ਆਪਣੀ ਅਸਲ ਰਚਨਾ ਹੁੰਦੀ ਤਾਂ ਅੰਮ੍ਰਿਤਸਰ ਐਡੀਸ਼ਨ ਨਾਲੋਂ ਇਸ ਰਚਨਾ ਵਿੱਚ ਮਸਾਲਾ ਵੱਧ ਹੋਣਾ ਚਾਹੀਦਾ ਸੀ, ਜਿਵੇਂ ਕਿ ਕਵੀ ਜੀ ਨੇ ਅੰਮ੍ਰਿਤਸਰ ਐਡੀਸ਼ਨ ਦੇ ਪਹਿਲੇ ੧੪੬ ਪੰਨਿਆਂ ਦੀ ਥਾਂ ਇਸ ਲਾਹੌਰ ਐਡੀਸ਼ਨ ਵਿੱਚ ੭੭੨ ਸਫ਼ੇ ਲਿਖੇ ਹਨ। ਜੇ ਕਵੀ ਜੀ ਉਸੇ ਹਿਸਾਬ ਨਾਲ ਇਸ ਥਾਵੇਂ ਵੀ ਰਚਨਾ ਵਿੱਚ ਵਾਧਾ ਕਰਦੇ ਤਾਂ ਇਸ ਹਿੱਸੇ ਦੇ ਛੇ ਸੌਂ ਤੋਂ ਉਪਰ ਸਫ਼ੇ ਚਾਹੀਦੇ ਸਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਰਚਨਾ ਅੰਮ੍ਰਿਤਸਰ ਐਡੀਸ਼ਨ ਨਾਲੋਂ ਭੀ (੧੨੨ ਸਫ਼ਿਆਂ ਦੀ ਥਾਂ ੯੮ ਸਫ਼ੇ ਭਾਵ) ੩੪ ਸਫ਼ੇ ਘੱਟ ਹੈ। ਇਸ ਦਲੀਲ ਨਾਲ ਵੀ ਇਹ ਰਚਨਾ ਆਖੇਪ ਹੀ ਸਾਬਤ ਹੁੰਦੀ ਹੈ। ੭. ਕਿਸੇ ਰਚਨਾ ਦੇ ਪਰਖਣ ਦਾ ਇਹ ਢੰਗ ਹੈ ਉਸ ਦੇ 'ਸ਼ਬਦ-ਜੋੜ'। ਕਵੀ ਜੀ ਦੇ ਆਪਣੇ ਸ਼ਬਦ ਜੋੜਾਂ ਤੇ ਇਸ ਆਖੇਪ ਰਚਨਾ ਦੇ ਸ਼ਬਦ-ਜੋੜਾਂ ਦਾ ਫ਼ਰਕ ਪ੍ਰਤੱਖ ਦਿਖਾਈ ਦੇ ਰਿਹਾ ਹੈ। ਇਕ ਕਵੀ ਆਪਣੀ ਰਚਨਾ ਵਿੱਚ ਦੋ ਤਰ੍ਹਾਂ ਦੇ ਸ਼ਬਦ-ਜੋੜ ਕਦੀ ਨਹੀਂ ਵਰਤਦਾ। ਛਾਪਾ ਪੱਥਰ ਦੀਆਂ ਤਿੰਨਾਂ ਹੀ ਐਡੀਸ਼ਨਾਂ ਵਿੱਚ ਕਵੀ ਜੀ ਨੇ ਇੱਕੋ ਤਰ੍ਹਾਂ ਦੇ ਹੀ ਸ਼ਬਦ-ਜੋੜ

ਵਰਤੇ ਹਨ ਪਰ ਅਖੇਪਕਾਰ ਦੇ ਆਪਣੇ ਸ਼ਬਦ-ਜੋੜ ਕਵੀ ਜੀ ਤੋਂ ਵੱਖਰੇ ਹਨ। ਕੁਝ ਕੁ ਉਦਾਹਰਣ ਪੇਸ਼ ਕਰਦੇ ਹਾਂ। ਗਿ: ਜੀ ਹਰ ਥਾਂ 'ਸ੍ਵੈਯਾ' ਲਿਖਦੇ ਹਨ ਜਦ ਕਿ ਆਖੇਪਕਾਰ 'ਸ੍ਵੈਜਾ' ਲਿਖਦਾ ਹੈ, ਇਸੇ ਤਰ੍ਹਾਂ ਲਹਜੋ ਸ਼ਬਦ ਨੂੰ ਲਹਿਯੋ (ਸੂਚੀ ਪੱਤ੍ਰਕਾ ਪੰਨਾ ੨ ਸਤਰ ੯) ਤੇ ਬਿਤਾਯੋ ਤੇ ਲਖਾਯੋ ਸ਼ਬਦਾਂ ਨੂੰ ਬਿਤਾਇਜੋ ਤੇ ਲਖਾਇਜੋ (ਸੂਚੀ ਪੱਤ੍ਰਕਾ ਪੰਨਾ ੨ ਸਤਰ ੫) ਲਿਖਿਆ ਹੈ, ਜੋ ਅਸ਼ੁੱਧ ਹੈ। ਹੋਰ ਦੇਖੋ 'ਦਹਲਾਯੋ' ਨੂੰ 'ਦਹਿਲਾਇਜੋ' (ਪੰਨਾ ੭੯੮ ਸਤਰ ੧੫) ਤੇ 'ਮਹਲ' ਸ਼ਬਦ ਨੂੰ 'ਮੈਹਲ' (ਪੰਨਾ ੮੦੪ ਸਤਰ ੧੩), 'ਗਯੋ' ਤੇ 'ਠਯੋ' ਆਦਿ ਸ਼ਬਦਾਂ ਨੂੰ ਆਖੇਪਕਾਰ ਨੇ 'ਗਇਜੋ' ਤੇ 'ਠਇਜੋ' (ਸੂਚੀ ਪੱਤ੍ਰਕਾ ਪੰ: ੨ ਸਤਰ ੬) ਆਦਿਰੂਪਾਂ ਵਿੱਚ ਲਿਖਿਆ ਹੈ। ਇਹ ਸ਼ਬਦ-ਜੋੜ ਹੀ ਇਸ ਰਚਨਾ ਦੇ ਆਖੇਪ ਹੋਣ ਦੀ ਪੁਰਜ਼ੋਰ ਗਵਾਹੀ ਭਰਦੇ ਹਨ। ੮. ਸ੍ਰੀ ਗੁਰੁ ਪੰਥ ਪ੍ਰਕਾਸ਼ ਛਾਪਾ ਪੱਥਰ 'ਚ ਛਪੀਆਂ ਤਿੰਨਾਂ ਹੀ ਐਡੀਸ਼ਨਾਂ ਵਿੱਚ ਕਈਆਂ ਸਫ਼ਿਆਂ ਤੇ ਹਾਸ਼ੀਏ ਦੇ ਬਾਹਰਵਾਰ ਅੰਗਾਂ ਵਿੱਚ ਸੰਮਤ ਤੇ ਕਈ ਜਗ੍ਹਾ ਮੁਸ਼ਕਲ ਸ਼ਬਦਾਂ ਦੇ ਅਰਥ ਕਵੀ ਜੀ ਨੇ ਖ਼ੁਦ ਲਿਖੇ ਹਨ ਪਰ ਇਹਨਾਂ ਆਖੇਪ ਸਫ਼ਿਆਂ ਵਿੱਚ ਐਸਾ ਉਲੇਖ ਕਿਧਰੇ ਵੀ ਨਹੀਂ ਕੀਤਾ ਗਿਆ ਜੋ ਇਸ ਰਚਨਾ ਦੇ ਆਖੇਪ ਹੋਣ ਦਾ ਇਕ ਹੋਰ ਚਿੰਨ੍ਹ ਹੈ। ੯. ਗਿਆਨੀ ਗਿਆਨ ਸਿੰਘ ਜੀ ਕ੍ਰਿਤ ਅਸਲ ਰਚਨਾ ਵਿੱਚ ਹਰ ਸਫ਼ੇ ਦੇ ਉਪਰ ਹਾਸ਼ੀਏ ਤੋਂ ਬਾਹਰਵਾਰ ਖੱਬੇ ਪਾਸੇ ਵਾਲੇ ਸਫ਼ੇ ਦੇ ਖੱਬੇ ਪਾਸੇ 'ਪੂਰਬਾਰਧ' ਅਤੇ ਵਿਚਕਾਰ 'ਕਥਾ ਗੁਰ ੧੦' ਅਤੇ ਸੱਜੇ ਪਾਸੇ ਵਾਲੇ ਸਫ਼ੇ ਦੇ ਵਿਚਕਾਰ 'ਪੰਥ ਪ੍ਰਕਾਸ਼' ਅਤੇ ਸੱਜੇ ਪਾਸੇ 'ਪੂਰਬਾਰਧ' ਛਪਿਆ ਹੋਇਆ ਹੈ। ਪਰ ਆਖੇਪ ਰਚਨਾ 'ਚ ਇਸ ਦੇ ਉਲਟ ਖੱਬੇ ਪਾਸੇ ਵਾਲੇ ਸਫ਼ੇ ਦੇ ਵਿਚਕਾਰ 'ਪੰਥ ਪ੍ਰਕਾਸ਼' ਤੇ ਉਸ ਦੇ ਸੱਜੇ ਪਾਸੇ 'ਪੂਰਬਾਰਧ' ਅਤੇ ਸੱਜੇ ਪਾਸੇ ਵਾਲੇ ਸਫ਼ੇ ਦੇ ਵਿਚਕਾਰ 'ਕਥਾ ਗੁਰ ੧੦' ਤੇ ਉਸ ਦੇ ਸੱਜੇ ਪਾਸੇ 'ਪੂਰਬਾਰਧ' ਛਪਿਆ ਹੋਇਆ ਹੈ। ਕਈਆਂ ਸਫ਼ਿਆਂ ਦੇ ਵਿਚਕਾਰ ਦੋਹੀਂ ਪਾਸੀਂ ਹੀ 'ਕਥਾ ਗੁਰ ੧੦' ਛਪਿਆ ਹੋਇਆ ਹੈ। ੧੦. ਅਸਲ ਰਚਨਾ ਤੇ ਆਖੇਪ ਰਚਨਾ ਨੂੰ ਆਹਮੋ-ਸਾਹਮਣੇਰੱਖ ਕੇ ਵੇਖਣ ਤੋਂ ਵੀ ਦੋਹਾਂ ਦਾ ਫ਼ਰਕ ਅਨਪੜ੍ਹ ਤੋਂ ਅਨਪੜ੍ਹ ਆਦਮੀ ਦੀ ਵੀ ਸਮਝੇ ਪੈ ਜਾਂਦਾ ਹੈ। ਦੋਹਾਂਰਚਨਾਵਾਂ ਦਾ ਕਾਗਜ਼, ਸਿਆਹੀ, ਲਿਖਤ ਤੇ ਕਲਮ ਇਕ ਦੂਜੇ ਨਾਲ ਉੱਕਾ ਹੀ ਨਹੀਂ ਮਿਲਦੀ। ੧੧. ਇਸ ਆਖੇਪ ਰਚਨਾ ਵਿੱਚ ਕਵੀ ਜੀ ਦੀ ਆਪਣੀਰਚਿਤ ਕਵਿਤਾ ਵਰਗਾ ਜ਼ੋਰ ਨਹੀਂ ਤੇ ਨਾ ਹੀ ਤਸ਼ਬੀਹਾਂ ਸੁੰਦਰ ਹਨ। ਰਵਾਨੀ ਵਿੱਚ ਸਰਲਤਾ ਨਹੀਂ, ਵਜ਼ਨ ਵੀ ਕਈ ਥਾਈਂ ਪੂਰਾ ਨਹੀਂ ਉੱਤਰਦਾ, ਵਾਕਾਂ ਵਿੱਚ ਸਪੱਸ਼ਟਤਾ ਨਹੀਂ, ਭਾਵਾਂ ਵਿੱਚ ਖ਼ੂਬਸੂਰਤੀ ਨਹੀਂ। ਸੂਝਵਾਨ ਪਾਠਕ ਦੋਹਾਂਰਚਨਾਵਾਂ ਨੂੰ ਆਹਮੋ-ਸਾਹਮਣੇਰੱਖ ਕੇ ਪੜ੍ਹਨ ਤੋਂ ਸਹਿਜੇ ਹੀ ਅਸਲ ਤੇ ਆਖੇਪ ਰਚਨਾ ਦਾ ਫ਼ਰਕ ਜਾਣ ਲੈਣਗੇ। ਹੇਠ ਇੱਕੋ ਪ੍ਰਸੰਗ ਦੀਆਂ ਦੋਹਾਂ ਰਚਨਾਵਾਂ ਦੇ ਨਮੂਨੇ ਦੇ ਰਹੇ ਹਾਂ ਤਾਂ ਕਿ ਸੁਘੜ ਪਾਠਕ ਆਪ ਹੀ ਨਿਰਣਾ ਕਰ ਲੈਣ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਚਖੰਡ ਚਲੇ ਜਾਣ ਤੋਂ ਬਾਅਦ ਸਿੰਘਾਂ ਦੀ ਬਿਹਬਲਤਾ ਦਾ ਵਰਣਨ ਹੈ ਗਿਆਨੀ ਗਿਆਨ ਸਿੰਘ ਜੀ ਦੀ ਅਸਲ ਰਚਨਾ: ਹਮ ਸਮ ਨ ਆਜਜ਼ ਕੋ ਗੁਨਾਹੀ ਆਪ ਸਦ ਬਖਸ਼ੰਦ ਹੈਂ। ਅਬ ਦੇਹੁ ਦਰਸ਼ਨ ਛੇਹੁ ਦੁਖ ਨਤੁ ਲੇਹੁ ਤਨ ਤੈ ਜਿੰਦ ਹੈ। ਹਮ ਸ਼ੋਕ ਸਿੰਧਹਿ ਜਾਤ ਬੂਡੇ ਕਢੋ ਗੁਰ ਗਹਿ ਬਾਂਹਿ ਜੀ। ਇਹੁ ਪੰਥ ਬੇੜਾ ਬਿਨ ਮਲਾਹੈਂ, ਪਾਰ ਕੈਸੇ ਪਾਹਿ ਜੀ। ਜਿਮ ਬਾਗ ਮਾਲੀ ਬਿਨਾ ਪਾਲੀ ਅਜਾ ਬਨ ਮੈਂ ਖੀਨ ਹ੍ਵੈ। ਜਿਮ ਤੀਆ ਪੀਆ ਬਿਨਾ ਦੀਆ ਧਾਮ ਤਨ ਦ੍ਰਿਗ ਹੀਨ ਹ੍ਵੈ। ਬੇਆਬ ਮਛਰੀ ਸਮ ਸ਼ਿਤਾਬ ਅਜਾਬ ਸਿੱਖਨਿ ਨਿਹਾਰ ਕੈ। ਬਹੁ ਧੀਰ ਦੀਨੋ ਦਯਾ ਸਿੰਘ ਉਪਦੇਸ਼ ਨੀਕ ਉਚਾਰ ਕੈ। (ਅੰਮ੍ਰਿਤਸਰ ਐਡੀਸ਼ਨ ਪੰਨਾ ੨੮੬) ਉਸੇ ਸਮੇਂ ਹੀ ਆਖੇਪਕਾਰ ਦੀ ਕਵਿਤਾ ਅੱਗੇ ਪੜ੍ਹੋ: ਸ੍ਵੈਯਾ:- ਕੌਨ ਸੀ ਚੂਕ ਭਈ ਹਮ ਤੇ ਈਹਾ ਛਾਡ ਅਭੀ ਪ੍ਰਲੋਕ ਚਿਤਾਰਿਓ। ਰੋਇ ਸਭੀ ਪਛਤਾਵਤ ਹੈਂ ਕਹੈਂ ਹੇ ਗੁਰਦੇਵ ਕੀ ਚਿੱਤ ਬਿਚਾਰਿਓ। ਦੀਜਿਏ ਦਰਸ਼ਨ ਸੰਗ ਚਲੇ ਹਮ ਨੈਨ ਦੀਸਤ ਰੂਪ ਤਿਹਾਰਿਓ। ਨਾਥ ਬਿਨਾ ਹੌਂ ਅਨਾਥ ਸਭੀ ਜਨ ਕੀਜੋ ਸਨਾਥ ਯੇ ਦਾਸ ਨਿਹਾਰਿਓ। ਕੌਨ ਕੀ ਓਟ ਰਹੇ ਸਭ ਸੰਗਤ ਕੌਨ ਪੈ ਜਾਇ ਕੈ ਅਰਜ਼ ਗੁਜਾਰੇ। ਕੌਨ ਸੁਨੈ ਇਨ ਦੀਨਨ ਕੀ ਪ੍ਰਭੂ ਕੌਨ ਕਰੈ ਇਨ ਕਾਰਜ ਸਾਰੇ। ਜਿਓ ਜਲ ਹੀਨ ਸੁ ਮੀਨ ਦਸਾ ਤਿਮ ਸੰਗਤ ਹੈ ਬਿਨ ਦਰਸ ਤਿਹਾਰੇ। ਰਾਖੀਏ ਲਾਜ ਔ ਸਾਜ ਸਭੀ ਮਮ ਆਸ ਹੈ ਸਤਿਗੁਰੂ ਦਰਬਾਰੇ। (ਪੰਨਾ ੮੫੮ ਲਾਹੌਰ ਐਡੀਸ਼ਨ ਪੂਰਬਾਰਧ) ਉਪ੍ਰੋਕਤ ਦਲੀਲਾਂ ਤੋਂ ਸਿੱਧ ਹੋ ਗਿਆ ਹੈ ਕਿ ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ਪੂਰਬਾਰਧ ਦੀ ੭੭੩ ਪੰਨੇ ਤੋਂ ੮੬੦ ਪੰਨੇ ਤੱਕ ਦੀ ਰਚਨਾ ਕਵੀ ਕ੍ਰਿਤ ਨਹੀਂ ਹੈ ਸਗੋਂ ਆਖੇਪਕਾਰ ਦੀ ਰਚਨਾ ਹੈ। ਆਖੇਪ ਹੋਣ ਦੇ ਕਾਰਨ ਹੁਣ ਇਸ ਆਖੇਪ ਰਚਨਾ ਦੇ ਆਖੇਪ ਹੋਣ ਦੇ ਕਾਰਨਾਂ ਨੂੰ ਲੱਭਦਿਆਂ ਸਾਨੂੰ ਦੋ ਅਜਿਹੀਆਂ ਲਿਖਤਾਂ ਮਿਲ ਗਈਆਂ ਹਨ ਜਿਨ੍ਹਾਂ ਤੋਂ ਪਾਠਕਾਂ ਨੂੰ ਸਪੱਸ਼ਟ ਹੋ ਜਾਵੇਗਾ ਕਿ ਠੀਕ ਹੀ ਇਹ ਰਚਨਾ ਗਿਆਨੀ ਜੀ ਕ੍ਰਿਤ ਨਹੀਂ ਸਗੋਂ ਆਖੇਪ ਹੈ ਤੇ ਆਖੇਪਕਾਰ ਕੌਣ ਹੈ। ਪਹਿਲੀ ਲਿਖਤ ਹੈ ਗਿਆਨੀ ਗਿਆਨ ਸਿੰਘ ਜੀ ਵੱਲੋਂ ਅੰਮ੍ਰਿਤਸਰ ਐਡੀਸ਼ਨ ਦੇ ਅੰਤ ਵਿੱਚ ਦਿੱਤਾ ਹੋਇਆ ਇਕ ਇਸ਼ਤਿਹਾਰ ਤੇ ਦੂਜੀ ਲਿਖਤ ਹੈ ਚਾਰ ਸਫ਼ਿਆਂ ਤੇ ਨਿਰਭਰ ਆਖੇਪਕਾਰ ਦਾ ਆਪਣੀ ਰਚਨਾ ਦਾ ਲਿਖਿਆ ਹੋਇਆ 'ਸੂਚੀ ਪੱਤ੍ਰ' ਜੋ ਲਾਹੌਰ ਐਡੀਸ਼ਨ ਦੇ ਵਿਚਕਾਰ ਜਾਂ ਕਈ ਪੋਥੀਆਂ ਵਿੱਚ ਅੰਤ 'ਤੇ ਲੱਗਾ ਹੋਇਆ ਹੈ। ਪਹਿਲਾਂ ਅਸੀਂ ਗਿਆਨੀ ਜੀ ਵੱਲੋਂ ਦਿੱਤੇ ਇਸ਼ਤਿਹਾਰ ਦੀ ਹੂਬਹੂ ਨਕਲ

ਛਾਪਰਹੇ ਹਾਂ। ਇਸ਼ਤਿਹਾਰ ਗ੍ਰੰਥ ਕਰਤਾ ਦੀ ਤਰਫ਼ ਸੈਂ ਸਰਬ ਗੁਰੂ ਕੇ ਪਿਯਾਰਿਉਂ ਕੋ ਪ੍ਰਗਟ ਹੋ ਕਿ ਪਹਿਲੇ ਭੀ ਮੈਂ ਨੇ ਇਹ ਪੁਸਤਕ ਦਿੱਲੀ ਮੇਂ ਛੁਪਵਾਯਾ ਥਾ ਮਗਰ ਉਸ ਵਕਤ ਬਹੁਤ ਕਥਾ ਬਿਨਾਂ ਪ੍ਰਾਪਤੀ ਕੇ ਰਹਿ ਗਈ ਥੀਂ ਫਿਰ ਹਮ ਕੋ ਬਹੁਤ ਪ੍ਰੇਮੀਓਂ ਨੇ ਯਿਹ ਕਹਾ ਕਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਔਰ ਸੂਰਜ ਪ੍ਰਕਾਸ਼ ਔਰ ਗੁਰ ਬਿਲਾਸ ਆਦਿ ਬਹੁਤ ਬੜੇ ਬੜੇ ਗ੍ਰੰਥ ਹੈਂ ਔਰ ਬਹੁਤ ਬਿਸਤਾਰ ਪੂਰਬਕ ਹੈਂ ਸੋ ਹਮ ਕੋ ਇਤਨੀ ਫੁਰਸਤ ਨਹੀਂ ਹੋਤੀ। ਜੇ ਕਰ ਆਪ ਕਿਰਪਾ ਕਰੋ ਤਾਂ ਇਹਨਾਂ ਗ੍ਰੰਥਾਂ ਨੂੰ ਸੰਛੇਪ ਕਰ ਕੇ ਛਪਾਓ ਤਾਂ ਅਸੀਂ ਲੋਕ ਗੁਰੂਆਂ ਦੇ ਜੀਵਨ ਚਰਿੱਤ੍ਰ ਪੜ੍ਹ ਕਰ ਲਾਭ ਉਠਾਈਏ। ਤਦ ਮੈਂ ਨੇ ਦੀਵਾਨ ਬੂਟਾ ਸਿੰਘ ਲਾਹੌਰ ਦੇ ਕਹਨ ਪਰ ਉਸੇ ਤਰ੍ਹਾਂ ਸੰਛੇਪ ਕਰਨਾ ਸ਼ੁਰੂ ਕੀਤਾ ਔਰ ਦੀਵਾਨ ਬੂਟਾ ਸਿੰਘ ਛਪਵਾਨੇ ਲਗਾ ਜਿਸ ਕਾ ਨਾਮ ਹਮ ਨੇ ਸੰਛੇਪ ਸੂਰਜ ਪ੍ਰਕਾਸ਼ਰਖਨਾ ਥਾ ਮਗਰ ਅਫ਼ਸੋਸ ਕਿ ਦੀਵਾਨ ਬੂਟਾ ਸਿੰਘ ਨੇ ਵੋਹ ਪੂਰਾ ਨ ਹੋਨੇ ਦੀਆ ਵਜਾ ਇਸ ਕੀ ਹਮ ਕੋ ਯਿਹ ਮਾਲੂਮ ਹੋਤੀ ਹੈ ਕਿ ਕੁਛ ਅਰਸੇ ਸੇ ਹਮਾਰੇ ਨੇਤ੍ਰ ਦੁਖਣੇ ਆ ਗਏ ਔਰ ਬਹੁਤ ਮੁੱਦਤ ਕਿਛ ਲਿਖਾ ਪੜ੍ਹਾ ਨਹੀਂ ਥਾ ਇਨਹੀਂ ਦਿਨੋਂ ਮੇਂ ਭਾਈ ਕਾਕਾ ਸਿੰਘ ਨੇ ਦਿੱਲੀ ਕੇ ਛਪੇ ਹੋਏ ਸੇ ਨਕਲ ਕਰ ਕੇ ਛਾਪਨਾ ਸ਼ੁਰੂ ਕਰ ਦੀਆ ਔਰ ਛਾਪਨੇ ਦਾ ਇਖਤਿਆਰ ਹਾਸਲ ਕਰ ਲੀਆ ਜਬ ਦੀਵਾਨ ਨੇ ਯਿਹ ਸੁਨਾ ਕਿ ਅੰਮ੍ਰਿਤਸਰ ਮੇਂ ਔਰ ਪੰਥ ਪ੍ਰਕਾਸ਼ ਛਪਰਹਾ ਹੈ ਤਬ ਆਪਨੇ ਸੰਛੇਪ ਸੂਰਜ ਪ੍ਰਕਾਸ਼ ਕੋ ਵਹਾਂ ਕਾ ਵਹਾਂ ਹੀ ਜਿਤਨਾ ਛਪ ਚੁਕਾ ਥਾ ਬੰਦ ਕਰ ਦੀਆ ਔਰ ਜਿਲਦ ਕੀ ਤਰਹ ਕਰ ਕੇ ਪੰਥ ਪ੍ਰਕਾਸ਼ ਕੇ ਨਾਮ ਸੇ ਬੇਚਨਾ ਸ਼ੁਰੂ ਕਰ ਦੀਆ ਔਰ ਉਸ ਮੇਂ ਬਹੁਤ ਕਥਾ ਪ੍ਰਸੰਗਰਹਿ ਗਏ ਹੈਂ ਔਰ ਸ੍ਰੀ ਗੁਰੂ ਦਸਮ ਪਾਤਸ਼ਾਹੀ ਜੀ ਕੀ ਕਥਾ ਉਸ ਮੈਂ ਹੁਸੈਨੀ ਕੇ ਪੂਰੇ ਜੰਗ ਤਕ ਭੀ ਨਹੀਂ ਦੇਖਣੇ ਵਾਲੇ ਖੁਦ ਦੇਖ ਲੇਂਗੇ। ਫਿਰ ਜਬ ਹਮ ਨੇ ਉਸ ਕੋ ਬਿਕਤਾ ਦੇਖਾ ਤੋ ਜੋ ਕਥਾ ਹਮ ਨੇ ਉਸ ਕੇ ਵਾਸਤੇ ਬਨਾਈ ਥੀ ਵੋਹ ਭਾਈ ਕਾਕਾ ਸਿੰਘ ਕੋ ਦੇ ਦਈ ਔਰ ਛਾਪਨੇ ਕਾ ਇਖਤਿਆਰ ਦੇ ਦੀਆ ਸੋ ਭਾਈ ਕਾਕਾ ਸਿੰਘ ਨੇ ਇਸ ਗ੍ਰੰਥ ਮੇਂ ਵੋਹ ਸਭ ਕਥਾ ਛਾਪ ਦਈ ਹੈਂ ਔਰ ਬਹੁਤ ਸੁਧਾਈ ਕੀਤੀ ਗਈ ਹੈ ਦੀਵਾਨ ਵਾਲੇ ਔਰ ਇਸ ਮੇਂ ਇਤਨਾ ਫ਼ਰਕ ਹੈਂ ਕਿ ਇਸ ਮੇਂ ੩੦-੩੧ ਕਥਾ ਜ਼ਿਆਦਾ ਹੈਂ ਉਸ ਮੇ ਕਮ ਹੈਂ। ਮੈਂ ਇਹ ਹਾਲ ਇਸ ਵਾਸਤੇ ਪ੍ਰਗਟ ਕੀਤਾ ਹੈ ਕਿ ਪੜ੍ਹਨੇ ਵਾਲੇ ਉਸ ਗ੍ਰੰਥ ਕੇ, ਜੋ ਲਾਹੌਰ ਮੇਂ ਛਪਾ ਹੈ ਮੁਝ ਕੋ ਨਾਹੱਕ ਦੋਸ਼ ਨ ਦੇਂ, ਨਹੀਂ ਤਾਂ ਕਿਸੇ ਦੇ ਗੁਣ ਅਉਗਣ ਦਿਖਾਵਣ ਦੀ ਕੋਈ ਲੋੜ ਨਹੀਂ ਸੀ। ਹਾੜ ੧ ਸੰਮਤ ੧੯੪੬-ਸਾਲ ਨਾਨਕ ਸਾਹੀ ੪੨੦ ਦਸਤਖਤ ਗਿਆਨ ਸਿੰਘ ਗਿਆਨੀ ਬਨਾਵਨ ਵਾਲਾ ਪੰਥ ਪ੍ਰਕਾਸ਼ ਦਾ।"

ਉਪਰੋਕਤ ਇਸ਼ਤਿਹਾਰ ਤੋਂ ਸਪੱਸ਼ਟ ਹੈ ਕਿ ਕਵੀ ਜੀ ਦੀ ਆਪਣੀ ਰਚਨਾ ਹੁਸੈਨੀ ਦੇ ਜੰਗ ਦੇ ਵਿਚਕਾਰ ਤੱਕ ਹੀ ਹੈ ਜੋ ਠੀਕ ੨੨੨ ਸਫ਼ੇ ਤੱਕ ਦੀ ਰਚਨਾ ਹੈ। ਹੁਸੈਨੀ ਦਾ ਜੰਗ ੨੨੬ ਸਫ਼ੇ 'ਤੇ ਸਮਾਪਤ ਹੁੰਦਾ ਹੈ। ਇਹ ਬਾਕੀ ੪ ਸਫ਼ੇ ਆਖੇਪਕਾਰ ਦੀ ਕਵਿਤਾ ਹੈ ਜੋ ਛਾਪੇ ਤੋਂ ਸਪੱਸ਼ਟ ਹੈ ਤੇ ਪੜ੍ਹਨ ਨਾਲ ਵੀ ਸਹਜੇ ਹੀ ਪਤਾ ਲੱਗ ਜਾਂਦਾ ਹੈ। ਭਾਵ ਇਹ ਕਿ ਕਵੀ ਜੀ ਹੁਸੈਨੀ ਜੰਗ ਪੂਰਾ ਨਹੀਂ ਕਰ ਸਕੇ। ਅੱਗੋਂ ਦੀ ਬਾਕੀ ਸਾਰੀ ਕਵਿਤਾ ਆਖੇਪਕਾਰ ਦੀ ਹੈ ਤੇ ਆਖੇਪਕਾਰ ਵੀ ਖੁਦ ਮੰਨਦਾ ਹੈ ਕਿ ਮੈਂ ਇਹ ਰਚਨਾ ਦੀਵਾਨ ਬੂਟਾ ਸਿੰਘ ਤੇ ਗਿਆਨੀ ਗਿਆਨ ਸਿੰਘ ਜੀ ਦੀ ਆਗਿਆ ਨਾਲਰਚੀ ਹੈ। ਉਸ ਨੇ ਆਪਣੀ ਇਸ ਆਖੇਪ ਰਚਨਾ ਦਾ ਇਕ ਸੂਚੀ ਪੱਤ੍ਰ ਲਿਖਿਆ ਹੈ ਜੋ ੪ ਸਫ਼ਿਆਂ 'ਤੇ ਨਿਰਭਰ ਹੈ। ਉਹ ਉੱਤ੍ਰਾਰਧ ਦੇ ਅਰੰਭ ਤੇ ਪੂਰਬਾਰਧ ਦੀ ਸਮਾਪਤੀ ਦੇ ਵਿਚਕਾਰ ਦਿੱਤੇ ਹਨ। ਇਹ ਚਾਰ ਸਫ਼ੇ ਕਈ ਜਿਲਦਾਂ ਵਿੱਚ ਅਰੰਭ ਵਿੱਚ ਤੇ ਕਈਆਂ ਵਿੱਚ ਅੰਤ ਵਿੱਚ ਵੀ ਲੱਗੇ ਹੋਏ ਹਨ। ਉਸ ਆਖੇਪਕਾਰ ਤੋਂ ਦੀਵਾਨ ਬੂਟਾ ਸਿੰਘ ਨੇ ਇਹ ਰਚਨਾ ਇਵਜ਼ਾਨਾ ਦੇ ਕੇ ਲਿਖਵਾਈ ਹੈ, ਜਿਸ ਨੂੰ ਆਖੇਪਕਾਰ ਵੀ ਮੰਨਦਾ ਹੈ। ਇਹ ਵੀ ਦੱਸਦਾ ਹੈ ਕਿ ਮੈਂ ਗਿਆਨੀ ਜੀ ਤੋਂ ਵੀ ਦੋ ਵਾਰ ਆਗਿਆ ਲੈ ਲਈ ਹੈ। ਹੋ ਸਕਦਾ ਹੈ ਕਿ ਗਿਆਨੀ ਜੀ ਦੀ ਆਗਿਆ ਦੀ ਗੱਲ ਗ਼ਲਤ ਹੀ ਹੋਵੇ। ਉਸ ਸੂਚੀ ਪੱਤ੍ਰ ਦੇ ਜ਼ਰੂਰੀ ਹਿੱਸੇ ਹੇਠ ਦਿੱਤੇ ਜਾਂਦੇ ਹਨ ਜਿਨ੍ਹਾਂ ਤੋਂ ਵਧੇਰੇ ਸਪੱਸ਼ਟ ਹੋ ਜਾਵੇਗਾ ਕਿ ਇਹ ਰਚਨਾ ਕਵਿ ਕ੍ਰਿਤ ਨਹੀਂ ਸਗੋਂ ਕਿਸੇ ਆਖੇਪਕਾਰ ਦੀ ਕ੍ਰਿਤ ਹੈ।

ੴ ਸਤਿਗੁਰ ਪ੍ਰਸਾਦਿ ॥

ਅਬ ਪੰਥ ਪ੍ਰਕਾਸ਼ ਕੋ ਪ੍ਰਸੰਗ ਜੋ ਬਾਕੀ ਰਹਿ ਗਿਆ ਹੈ। ਆਗਿਆ ਅਨੁਸਾਰ ਸੰਤ ਗਿਆਨ ਸਿੰਘ ਜੀ ਕੀ ਔਰ ਦੀਵਾਨ ਬੂਟਾ ਸਿੰਘ ਜੀ ਦੀ ਰਚਨਾ ਹੈ-

ਸ੍ਵੈਯਾ: ਸੋ ਗੁਰ ਪੰਥ ਪ੍ਰਕਾਸ਼ਰਚਯੋ ਕਵਿ ਗਯਾਨ ਮ੍ਰਿਗੰਦ ਅਨੰਦ ਕੇ ਗੇਹ... ਪੰਥ ਪ੍ਰਕਾਸ਼ ਕੀ ਬੀੜ ਬੰਧੀ, ਪੁਨ ਛੋਰ ਕੈ ਗਯਾਨੀ ਜੂ ਔਰ ਬਢਾਈ। ਔਰ ਜਿਤੇ ਗੁਰ ਕੇ ਮਤ ਹੈਂ, ਸਭ ਹੀ ਮਥ ਕੇ ਤਿਨ ਮਧ ਲਿਖਾਈ। ਪੂਰਨ ਗ੍ਰੰਥ ਮੇਂ ਦੇਰ ਲਗੀ, ਕਛ ਨੈਨਨ ਕੀਰੁਜ ਦੀਨ ਦਿਖਾਈ। ਸ਼ੈਹਰ ਲਾਹੌਰ ਮੈਂ ਸੰਤਨ ਜੂ, ਬੁਲਵਾਇ ਹਮੈ ਇਹ ਬਾਤ ਅਲਾਈ ॥੩॥ 'ਪੰਥ ਪ੍ਰਕਾਸ਼ ਗੁਰੂ' ਜਿਮ ਕੀਨਾ। ਤਿਸ ਕੋ ਪੜ੍ਹ ਕਰ ਅਤਿ ਮਨ ਭੀਨਾ। ਤਾਸ ਛਪਾਵਨ ਮਨਸਾ ਭਈ। ਸੰਤ ਗਿਆਨ ਸਿੰਘ ਆਗਯਾ ਦਈ। ਸਦਨ ਦੁਵਾਨ

ਕੇ ਬੈਠੇ ਅੰਦਰ। ਸੰਤ ਗਿਆਨੀ ਗੁਨ ਕੇ ਮੰਦਰ। ਆਗਿਆ ਦੀਨੀ ਹਮੈ ਬੁਲਾਈ। ਰਚੋ ਕਥਾ ਜੋ ਊਨ ਰਹਾਈ। ਗ੍ਰੰਥ ਸੰਪੂਰਨ ਤੁਮ ਕਰ ਦੀਜੈ। ਜਥਾ ਸ਼ਕਤ ਭੇਟਾ ਭੀ ਲੀਜੈ। ਪੁਨ ਦੁਵਾਨ ਜੂ ਆਗਿਆ ਦੀਨੀ। ਕਰੋ ਸੰਪੂਰਨ ਗੁਰਮਚਿ ਚੀਨੀ।... ਤਾ ਮੈਂ ਤੁਮੈਂ ਲਾਭ ਭੀ ਹੋਈ।... ਪੂਰਨ ਕਰੋ ਮੈਂ ਮੁਦ੍ਰਤ ਕਰ ਹੋਂ। ਗੁਰਸਿਖ ਜਾਨ ਆਪ ਕੋਰਰ ਹੋਂ ॥੬॥ ਕਛੁਕ ਕਾਲ ਇਹ ਭਾਂਤ ਬਿਤਾਇਯੋ। ਨ ਕਛਰਚਾ ਨ ਆਪ ਲਿਖਾਇਯੋ। ਬਹੁਰ ਸਨਾਨ ਕਰਨ ਚਿੱਤ ਠਇਯੋ। ਸੁਧਾ ਸਰੋਵਰ ਹਮ ਚਲ ਗਇਯੋ। ਤਹਾਂ ਭੇਟ ਸੰਤਨ ਕੀ ਭਈ। ਗ੍ਰੰਥ ਸੰਪੂਰਨ ਆਗਿਆ ਦਈ। ਤਬ ਸੰਤਨ ਕੋ ਹਮ ਨੇ ਭਾਖੀ। ਨਾਮ ਧਰੇ ਕਵਿ ਤਾ ਕਾ ਸਾਖੀ ॥੬॥ ਤਬ ਗਿਆਨੀ ਜੂ ਸ੍ਰੀ ਮੁਖ ਕਹਿਯੋ। ਜਸ ਚਾਹੋ ਤਸ ਹੀ ਲਖ ਲਹਿਯੋ। ਜਥਾ ਬੁਧ ਹਮ ਕੋ ਗੁਰ ਦੀਨੀ। ਗ੍ਰੰਥਰਚਨ ਕੀ ਮਨਸਾ ਕੀਨੀ ॥੭॥ (ਦੋਹਰਾ:– ਆਗਿਆ ਦੂਸਰ ਬਾਰ ਜਬ, ਸੰਤਨ ਦੀਨੀ ਮੋਹਿ। ਤਬ ਹਮ ਨਿਜ ਮਤ ਕੋ ਲੀਏ, ਰਚਾ ਕਛੁਕ ਮਨ ਜੋਹਿ ॥੮॥ ਰਹੀ ਕਥਾ ਅਧ ਬੀਚ ਹੁਸੈਨੀ। ਜੰਗ ਪ੍ਰਸੰਗ ਰਚਾ ਚਿੱਤ ਚੈਨੀ।

ਉਪਰੋਕਤ ਲਿਖਤ ਜੋ ਆਖੇਪਕਾਰ ਦੀ ਆਪਣੀ ਲਿਖੀ ਹੋਈ ਹੈ, ਤੋਂ ਸਪੱਸ਼ਟ ਹੈ ਕਿ ਜਿਹੜਾ ਹੁਸੈਨੀ ਦੇ ਜੰਗ ਦਾ ਪ੍ਰਸੰਗ ਗਿਆਨੀ ਜੀ ਅਧ ਵਿਚਾਲੇ ਛੱਡ ਗਏ ਸਨ ਉਹ ਆਖੇਪਕਾਰ ਨੇ ਪੂਰਾ ਕੀਤਾ ਹੈ। ਇਸ ਹੁਸੈਨੀ ਦੇ ਜੰਗ ਤੋਂ ਲੈ ਕੇ ਦਸਮ ਸਤਿਗੁਰਾਂ ਦੇ ਜੋਤੀ ਜੋਤੀ ਸਮਾਵਣ ਤੱਕ ਦਾ ਇਹ ਸੂਚੀ ਪੱਤ੍ਰ ਲਿਖਿਆ ਹੈ ਜੋ ਸਾਬਤ ਕਰਦਾ ਹੈ ਕਿ ਆਖੇਪਕਾਰ ਦੇ ਲਿਖੇ ਸੂਚੀ ਪੱਤ੍ਰ ਦੇ ਸਾਰੇ ਪ੍ਰਸੰਗ ਆਖੇਪਕਾਰ ਦੇ ਆਪਣੇ ਲਿਖੇ ਹੋਏ ਹਨ। 'ਰਚੋ ਕਥਾ ਜੋ ਊਨਰਹਾਈ' ਤੋਂ ਸਾਫ਼ ਪਤਾ ਲੱਗਦਾ ਹੈ ਕਿ ਇਹ ਰਚਨਾ ਆਖੇਪਕਾਰ ਲਿਖ ਰਿਹਾ ਹੈ। ਚਤੁਰਾਈ ਉਸ ਇਹ ਕੀਤੀ ਹੈ ਜਾਂ ਦੀਵਾਨ ਬੂਟਾ ਸਿੰਘ ਨੇ ਕਰਵਾਈ ਹੈ ਕਿ ਆਪਣਾ ਨਾਮ ਕਿਤੇ ਵੀ ਨਹੀਂ ਦਿੱਤਾ ਤੇ ਥਾਂ-ਥਾਂ ਤੇ ਨਾਮ ਗਿ: ਗਿਆਨ ਸਿੰਘ ਜੀ ਦਾ ਵਰਤ ਰਿਹਾ ਹੈ। ਇਸੇ ਕਰ ਕੇ ਆਮ ਪਾਠਕ ਨੂੰ ਭੁਲੇਖਾ ਲੱਗ ਸਕਦਾ ਹੈ ਤੇ ਹੁਣ ਤੱਕ ਲੱਗਦਾ ਰਿਹਾ ਹੈ। ਗਿਆਨੀ ਜੀ ਦਾ ਨਾਮ ਵਰਤਣ ਦੀ ਆਗਿਆ ਵੀ ਇਕ ਤਰ੍ਹਾਂ ਨਾਲ ਉਹ ਗਿ: ਜੀ ਤੋਂ ਲੈ ਲਈ ਸਮਝਦਾ ਹੈ, ਜਿਵੇਂ ਕਿ:– ਤਬ ਸੰਤਨ ਕੋ ਹਮ ਨੇ ਭਾਖੀ। ਨਾਮ ਧਰੇ ਕਵਿ ਤਾ ਕਾ ਸਾਖੀ। ਤਬ ਗਿਆਨੀ ਜੂ ਸ੍ਰੀ ਮੁਖ ਕਹਿਯੋ। ਜਸ ਚਾਹੋ ਤਸ ਹੀ ਲਖ ਲਹਿਯੋ। ਤੀਜੀ ਐਡੀਸ਼ਨ ਦੇ ਅੰਤਲੇ ਇਸ਼ਤਿਹਾਰ ਵਿੱਚ ਗਿਆਨੀ ਜੀ ਲਿਖਦੇ ਹਨ ਕਿ 'ਕੁਛ ਅਰਸੇ ਸੇ ਹਮਾਰੇ ਨੇਤ੍ਰ ਦੁਖਣੇ ਆ ਗਏ ਔਰ ਬਹੁਤ ਮੁੱਦਤ ਕਿਛ ਲਿਖਾ ਪੜ੍ਹਾ ਨਹੀਂ ਥਾ' ਤੇ ਇਹੋ ਗੱਲ ਆਖੇਪਕਾਰ ਸੂਚੀ ਪੱਤ੍ਰ ਵਿੱਚ ਲਿਖਦਾ ਹੈ ਕਿ: "ਪੂਰਨ ਗ੍ਰੰਥ ਮੇਂ ਦੇਰ ਲਗੀ, ਕਛ ਨੈਨਨ ਕੀਰੁਜ਼ ਦੀਨ ਦਿਖਾਈ।" ਜੇ ਇਹ ਗੱਲ ਮੰਨ ਵੀ ਲਈਏ ਕਿ ਨੇਤ੍ਰਾਂ ਦੀ ਬੀਮਾਰੀ ਦੇ ਕਾਰਨ ਕਵੀ ਜੀ ਕੁਝ ਸਮਾਂ ਕੁਝ ਲਿਖ ਪੜ੍ਹ ਨਹੀਂ ਸਕੇ ਤਾਂ ਇਸ ਦਾ ਇਹ ਮਤਲਬ ਕਿਵੇਂ ਹੋ ਸਕਦਾ ਹੈ ਕਿ ਕਵੀ ਜੀ ਨੇ ਆਪਣੀ ਸੁੰਦਰ ਕਾਵਿ ਰਚਨਾ ਦਾ ਬਾਕੀ ਹਿੱਸਾ ਪੂਰਾ ਕਰਨ ਲਈ ਕਿਸੇ ਦੂਜੇ ਕਵੀ ਨੂੰ ਇਹ ਆਗਿਆ ਦੇ ਦਿੱਤੀ ਹੋਵੇ ਕਿ 'ਰਚੋ ਕਥਾ ਜੋ ਊਨਰਹਾਈਂ' ਅਤੇ ਨਾਮ ਪਾਉਣ ਬਾਰੇ ਵੀ ਉਸ ਦੀ ਮਰਜ਼ੀ 'ਤੇ ਛੱਡ ਦਿੱਤਾ ਹੋਵੇ। ਕੋਈ ਵੀ ਲੇਖਕ ਜਾਂ ਕਵੀ ਐਸਾ ਨਹੀਂ ਕਰ ਸਕਦਾ ਤੇ ਨਾ ਹੀ ਕੋਈ ਐਸਾ ਕਰਦਾ ਹੈ। ਕੇਵਲ ਪਾਠਕਾਂ ਦੇ ਦਿਲਾਂ ਨੂੰ ਧਰਵਾਸ ਦੇਣ ਲਈ ਐਸਾ ਲਿਖ ਦਿੱਤਾ ਗਿਆ ਹੈ। ਉਂਜ ਇਸ ਗੱਲ ਵਿੱਚ ਸਚਾਈ ਉੱਕਾ ਹੀ ਨਹੀਂ। ਜੇ ਆਗਿਆ ਨਾਲ ਲਿਖਿਆ ਹੁੰਦਾ ਤਾਂ ਆਖੇਪਕਾਰ ਨੂੰ ਆਪਣਾ ਨਾਂ ਦੱਸਣ ਵਿੱਚ ਕੀ ਝਿਜਕ ਸੀ ਤੇ ਨਾਲੇ ਸ਼ੈਲੀ ਤਾਂ ਉਹੋ ਹੁੰਦੀ ਜੋ ਕਵੀ ਜੀ ਨੇ ਮੁੱਢੋਂ ਸ਼ੁਰੂ ਕੀਤੀ ਹੋਈ ਸੀ। ਛੰਦਾਂ ਤੇ ਬਿਸਰਾਮਾਂ ਦੇ ਨੰਬਰ ਨਾ ਲਾਉਣੇ ਤੇ ਪਿੱਛੇ ਕਹੇ ਸਾਰੇ ਕਾਰਨਾਂ ਨੂੰ ਸਾਹਮਣੇਰੱਖ ਕੇ ਵਿਚਾਰ ਕਰਨ ਤੋਂ ਸਾਫ਼ ਸਿੱਧ ਹੋ ਜਾਂਦਾ ਹੈ ਕਿ ਦੀਵਾਨ ਬੂਟਾ ਸਿੰਘ ਨਾਲ ਕਿਸੇ ਗੱਲੋਂ ਕਵੀ ਜੀ ਦੀ ਅਣਬਣ ਹੋ ਜਾਣ ਦੇ ਕਾਰਨ ਦੀਵਾਨ ਨੇ ਛੇਤੀ ਪੰਥ ਪ੍ਰਕਾਸ਼ ਨੂੰ ਬਜ਼ਾਰ ਵਿੱਚ ਲਿਆ ਕੇ ਨਫ਼ਾ ਕਮਾਣ ਦੇ ਖਿਆਲ ਨਾਲ ਕਿਸੇ ਵਪਾਰੀ ਕਵੀ ਨੂੰ ਇਵਜ਼ਾਨਾ ਦੇ ਕੇ ਕਵਿਤਾ ਲਿਖਵਾ ਕੇ ਖੱਪਾ ਪੂਰਾ ਕਰ ਲਿਆ ਹੈ ਕਿਉਂਕਿ ਇਸ ਗ੍ਰੰਥ ਦੇ ਪੂਰਾ ਨ ਹੋਣ ਦਾ ਜ਼ਿੰਮੇਵਾਰ ਕਵੀ ਜੀ ਇਸ਼ਤਿਹਾਰ ਵਿੱਚ ਦੀਵਾਨ ਬੂਟਾ ਸਿੰਘ ਨੂੰ ਠਹਿਰਾਉਂਦੇ ਹਨ, ਜਿਹਾ ਕਿ:– 'ਮਗਰ ਅਫਸੋਸ ਕਿ ਦੀਵਾਨ ਬੂਟਾ ਸਿੰਘ ਨੇ ਵੋਹ ਪੂਰਾ ਨ ਹੋਨੇ ਦੀਆ। ' ਕਵੀ ਜੀ ਦੀ ਇਸ ਲਿਖਤ ਦੇ ਹੁੰਦਿਆਂ ਕੋਈ ਸਮਝਦਾਰ ਪਾਠਕ ਕਿਵੇਂ ਮੰਨ ਸਕਦਾ ਹੈ ਕਿ ਗਿ: ਜੀ ਨੇ ਬਾਕੀਰਹਿੰਦਾ ਹਿੱਸਾ ਪੂਰਾ ਕਰਨ ਦੀ ਆਗਿਆ ਕਿਸੇ ਹੋਰ ਕਵੀ ਨੂੰ ਦੇ ਦਿੱਤੀ ਹੋਵੇ। ਤੀਜੀ ਐਡੀਸ਼ਨ ਦੇ ਅੰਤ ਵਿੱਚ ਦਿੱਤੇ ਇਸ਼ਤਿਹਾਰ ਵਿੱਚ ਕਿਸੇ ਦੂਜੇ ਕਵੀ ਨੂੰ ਬਾਕੀਰਹਿੰਦਾ ਹਿੱਸਾ ਪੂਰਾ ਕਰਨ ਦੀ ਆਗਿਆ ਦੇਣ ਦਾ ਕੋਈ ਜ਼ਿਕਰ ਨਹੀਂ ਜਿਸ ਤੋਂ ਆਖੇਪਕਾਰ ਦੀ ਆਗਿਆ ਲੈਣ ਦੀ ਕਹਾਣੀ ਮਨਘੜਤ ਸਿੱਧ ਹੋ ਜਾਂਦੀ ਹੈ। ਤੀਜੀ ਐਡੀਸ਼ਨ ਦੇ ਅੰਤਲੇ ਇਸ਼ਤਿਹਾਰ ਤੇ ਇਸ ਦੂਜੀ ਐਡੀਸ਼ਨ ਦੇ ਇਸ ਸੂਚੀ ਪੱਤਰ ਦੇ ਇਹਨਾਂ ਚਹੁੰ ਸਫ਼ਿਆਂ ਨੂੰ ਪੜ੍ਹ ਕੇ ਹੋਰ ਸੂਝਵਾਨ ਪਾਠਕ ਦੀ ਆਤਮਾ ਇਹ ਮੰਨਣ ਲਈ ਮਜਬੂਰ ਹੋਵੇਗੀ ਕਿ ੭੭੩ ਪੰਨੇ ਤੋਂ ੮੬੦ ਪੰਨੇ ਤੱਕ ਦੇ ੮੮ ਸਫ਼ਿਆਂ ਦੀ ਇਹ ਕਾਵਿ ਰਚਨਾ ਆਖੇਪ ਹੈ, ਕਵਿ ਕ੍ਰਿਤ ਨਹੀਂ। ਆਖੇਪ ਕਰਵਾਣ ਵਾਲੇ ਹਨ ਦੀਵਾਨ ਬੂਟਾ ਸਿੰਘ ਲਾਹੌਰ ਵਾਲੇ ਤੇ ਆਖੇਪਕਾਰ ਹੈ ਇਕ ਵਪਾਰੀ ਕਵੀ ਘਸੀਟਾ ਸਿੰਘ ਕਵੀਸ਼ਰ ਲਾਹੌਰ ਜਿਸ ਦਾ ਉਲੇਖ ਲਾਹੌਰ ਐਡੀਸ਼ਨ ਛਾਪਾ ਪੱਥਰ ਦੇ

ਟਾਈਟਲ ਪੰਨੇ 'ਤੇ ਕੀਤਾ ਹੋਇਆ ਹੈ। ਜਦ ਅਸਾਂ ਇਹ ਲੇਖ ਪਹਿਲੀ ਵਾਰ ਗੁਰਮਤਿ ਪ੍ਰਕਾਸ਼ ਦੇ ਦਸੰਬਰ ੧੯੬੫ ਦੇ ਰਸਾਲੇ ਵਿੱਚ ਛਪਵਾਇਆ ਸੀ ਉਦੋਂ ਤੱਕ ਜਿੰਨੀਆਂ ਵੀ ਪੋਥੀਆਂ ਸਾਨੂੰ ਲਾਹੌਰ ਐਡੀਸ਼ਨ ਦੀਆਂ ਮਿਲੀਆਂ ਉਨ੍ਹਾਂ ਵਿੱਚੋਂ ਕਿਸੇ ਦਾ ਵੀ ਟਾਈਟਲ ਪੰਨਾ ਸਾਨੂੰ ਨਹੀਂ ਮਿਲਿਆ। ਜਿਹੜੀ ਪੋਥੀ ਬਾਦ ਵਿੱਚ ਸਾਨੂੰ ਮਿਲੀ ਉਸ ਦੇ ਟਾਈਟਲ ਪੰਨੇ 'ਤੇ ਲਿਖਿਆ ਹੋਇਆ ਹੈ ਕਿ 'ਭਾਈ ਗਜ਼ਾਨ ਸਿੰਘ ਸੰਤ ਕੀ ਕ੍ਰਿਤ ਸਾਰੀ ਤੇ ਕੁਛ ਕਾਪੀ ਨਵੀਨਰਚੀ ਭਾਈ ਘਸੀਟਾ ਸਿੰਘ ਕਵੀਸ਼ਰ ਲਾਹੌਰ'। ਜਿਸ ਨੇ ਇਵਜ਼ਾਨਾ ਲੈ ਕੇ ਇਹ ਸਸਤੀ ਕਾਵਿ ਰਚਨਾ ਕੀਤੀ ਹੈ ਤੇ ਨਾਮ ਗਿ: ਗਿਆਨ ਸਿੰਘ ਜੀ ਦਾ ਹੀ ਵਰਤੀ ਗਿਆ ਹੈ ਤਾਂ ਕਿ ਆਮ ਪਾਠਕ ਸਮਝ ਨ ਸਕਣ। ਦੋਹਾਂ ਦਾ ਮਨੋਰਥ ਕੋਈ ਪੰਥਕ ਭਲਾਈ ਜਾਂ ਪਰਉਪਕਾਰ ਨਹੀਂ ਸੀ ਸਗੋਂ ਮਾਇਆ ਕਮਾਉਣੀ ਤੇ ਸੁਆਰਥ ਸਿੱਧੀ ਹੀ ਸੀ।

੬੦. {ਦੁਰਗਾ ਪ੍ਰਗਟ ਕਰਨੀ}

*ਕਬਿੱਤ:

*ਲਾਹੌਰ ਐਡੀਸ਼ਨ ਛਾਪਾ ਪੱਥਰ ਵਿੱਚੋਂ ਪੂਰਬਾਰਧ ਦੇ ੭੭੬ ਪੰਨੇ ਤੱਕ ਦੀ ਰਚਨਾ ਛਾਪਣ ਤੋਂ ਬਾਅਦ ਹੁਣ ਅਸੀਂ ਅੰਮ੍ਰਿਤਸਰ ਐਡੀਸ਼ਨ ਦੇ ਪੰਨਾ ੧੪੯ ਤੋਂ ਉਸ ਐਡੀਸ਼ਨ ਦੇ ੧੫ਵੇਂ ਬਿਸ੍ਰਾਮ ਦੇ ਅੰਕ ਨੰ: ੧੮ ਤੋਂ ਸ਼ੁਰੂ ਕਰਨ ਲੱਗੇ ਹਾਂ ਤੇ ਬਿਸ੍ਰਾਮ ਦੇ ਮੁੱਢ ਵਿੱਚ ਉਸੇ ਬਿਸ੍ਰਾਮ ਦਾ ਮੰਗਲਾਚਰਨ ਅੰਕ ਨੰ: ੧ ਛਾਪ ਰਹੇ ਹਾਂ। ਇਹ ਸਾਨੂੰ ਇਸ ਲਈ ਕਰਨਾ ਪੈ ਰਿਹਾ ਹੈ ਕਿ ਲਾਹੌਰ ਐਡੀਸ਼ਨ ਦੇ ਪੂਰਬਾਰਧ ਦੇ ਪੰਨਾ ੭੭੩ ਤੋਂ ੮੬੦ ਪੰਨੇ (ਭਾਵ ਪੂਰਬਾਰਧ ਦੀ ਸਮਾਪਤੀ) ਤੱਕ ਦੀ ਰਚਨਾ ਗਿਆਨੀ ਜੀ ਦੀ ਆਪਣੀ ਅਸਲ ਰਚਨਾ ਨਹੀਂ ਸਗੋਂ ਇਸ ਪੂਰਬਾਰਧ ਦੇ ਆਖੇਪਕਾਰ ਦੀ ਰਚਨਾ ਹੈ ਜਿਸ ਬਾਰੇ ਵਿਸਥਾਰ ਨਾਲ ਪਾਠਕ ਪਿਛਲਿਆਂ ਪੰਨਿਆਂ 'ਤੇ ਪੜ੍ਹ ਆਏ ਹਨ। ਇਹ ਜੋ ਰਚਨਾ ਅਸੀਂ ਛਾਪਣ ਲੱਗੇ ਹਾਂ ਇਹ ਗਿਆਨੀ ਜੀ ਦੀ ਆਪਣੀ ਅਸਲ ਰਚਨਾ ਹੈ। ਇਸੇ ਪੂਰਬਾਰਧ ਦੀ ਸਮਾਪਤੀ ਤੱਕ ਹੁਣ ਅੰਮ੍ਰਿਤਸਰ ਐਡੀਸ਼ਨ ਦੀ ਰਚਨਾ ਹੀ ਛਾਪਾਂਗੇ ਅਤੇ ਉੱਤ੍ਰਾਰਧ ਫਿਰ ਲਾਹੌਰ ਐਡੀਸ਼ਨ 'ਚੋਂ ਸ਼ੁਰੂ ਕਰਾਂਗੇ।

ਤੀਰਥ ਰਚਾਏ ਬਹੁ ਭਾਏ ਸੂਖ ਦਾਏ,
ਦੂਖ ਜਾਏਂ ਨ੍ਹਾਏਂ ਪਾਏਂ ਫਲ ਚਾਰ ਨਰ ਨਾਰਿ ਹੈਂ[1]।

[1](ਜਿਨ੍ਹਾਂ ਸਤਿਗੁਰਾਂ ਨੇ) ਬਹੁਤ ਤਰ੍ਹਾਂ ਦੇ ਸੁਖ ਦੇਣ ਵਾਲੇ ਤੀਰਥਰਚੇ (ਜਿਨ੍ਹਾਂ ਉਪਰ) ਇਸ਼ਨਾਨ ਕਰਨ ਨਾਲ ਦੁਖ ਚਲੇ ਜਾਂਦੇ ਹਨ ਤੇ ਇਸਤ੍ਰੀ ਪੁਰਸ਼ ਚਾਰੇ ਫਲ (ਧਰਮ, ਅਰਥ, ਕਾਮ, ਮੋਖ) ਪਾ ਲੈਂਦੇ ਹਨ।

ਜੁੱਗਨ ਲੌ ਕਾਇਮ ਰਹਾਇ ਨੀਂਵ ਦਾਇਮ ਜਜੋਂ,
ਗੁਰੂ ਘਰ, ਪੰਥ ਹੇਤ ਕੀਨ ਗ੍ਰੰਥ ਸਾਰ ਹੈ[1]।

[1]ਜਿਵੇਂ ਗੁਰੂ ਘਰ ਦੀ ਨਿਉਂ ਜੁਗਾਂ ਤੱਕ ਹਮੇਸ਼ਾਂ ਕਾਇਮ ਰਹੇ (ਇਸੇ ਲਈ) ਪੰਥ ਵਾਸਤੇ ਸ੍ਰੇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ (ਜੀ ਦਾ ਸਰੂਪ ਤਿਆਰ) ਕੀਤਾ ਹੈ।

ਬ੍ਰਿਜ ਭੂਮਿ ਨਿਆਰੀ ਤੀਨ ਲੋਕ ਤੈ ਉਚਾਰੀ ਜਿਮ,
ਅਧਿਕ ਅਲੌਕਕ ਬਿਸ਼ੋਕਕ ਦ੍ਵਾਰ ਹੈ[1]।

[1]ਜਿਵੇਂ ਬ੍ਰਿਜ ਦੀ ਧਰਤੀ ਤਿੰਨਾਂ ਲੋਕਾਂ ਤੋਂ ਨਿਆਰੀ ਕਹੀ ਹੈ ਤਿਵੇਂ ਹੀ ਤੇ ਉਸ ਤੋਂ ਵੀ ਅਧਿਕ ਅਸਚਰਜ ਤੇ ਸ਼ੋਕਰਹਿਤ ਸ੍ਰੀ ਦਰਬਾਰ ਸਾਹਿਬ (ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰਰਚਿਆ ਹੈ)।

ਬਯਾਸ ਬਪੁ ਅਰਜਨ ਦੇਵ ਜੂ ਕਲਜਾਨ ਦਾਨ,
ਜਾਨ ਮਾਨ ਗਜਾਨ ਹਰਿ ਕਰਤ ਜੁਹਾਰ ਹੈ[1] ॥੧॥

[1]ਬਿਆਸ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ (ਮਾਨ) ਮਨ ਵਿੱਚ ਮੁਕਤੀ ਦਾਤਾ ਜਾਣ ਕੇ ਗਿਆਨ ਸਿੰਘ ਨਮਸਕਾਰ ਕਰਦਾ ਹੈ।

ਸ੍ਵੈਯਾ:

ਦਿਨ ਕੇਤਿਕ ਐਸ ਬਿਸੇਸ ਅਸੇਸ
ਬਿਤੇ[1], ਨ ਕਲੇਸ਼ ਉਠਜੋ ਕਿਹਂ ਠਾਈਂ।

[1](ਐਸ) ਇਸ ਤਰ੍ਹਾਂ ਕਿਤਨੇ ਕੁ (ਬਿਸੇਸ) ਬਹੁਤੇ ਦਿਨ (ਅਸੇਸ) ਚੰਗੀ ਤਰ੍ਹਾਂ ਬਤੀਤ ਹੋਏ।

ਖੇਲਤ ਨਿੱਤ ਅਖੇਰ[1] ਗੁਰੂ,
ਨਿਜ ਸੰਗਤ ਕੋ ਸੁਖ ਦੇਤ ਮਹਾਂਈਂ।

[1]ਸ਼ਿਕਾਰ।

ਪੰਥ ਰਚਜੋ ਫਿਰ ਸਿੰਘਨ ਕਾ ਗੁਰੁ,
ਔਰ ਭਲੇ ਦੁਰਗਾ ਬਿਦਤਾਈ[1]।
ਭਾਂਤਿ ਅਨੇਕ ਬਿਲਾਸ ਕਰੈਂ,
ਸੁਖਰਾਸ ਗੁਰੂ ਹ੍ਵੈ ਮਵਾਸ ਤਹਾਂਈਂ[1] ॥ ੨ ॥
ਬਾਨੀ ਰਚੀ ਸੁਖ ਦਾਨੀ ਮਹਾਨੀ,
ਸੁ ਖਾਨੀ ਨਵੋਂ ਰਸ ਕੀ[1] ਜਗ ਜਾਨੀ।
ਕਾਬਿ ਕੀ ਰੀਤਿ ਬਿਨੀਤ ਜਿਤੀ ਬਰ[1],
ਤੇਤਿਕ ਤਾਂਹਿ ਵਿਖੇ ਬਿਦਤਾਨੀ।
ਭਾਂਤਿ ਅਨੇਕਨ ਕੇ ਪਰਸੰਗ ਧਰੇ,
ਗੁਰੁ ਭਾਰਥ ਭਾਰਥ ਸਾਨੀ[1]।

[1]ਪ੍ਰਗਟ ਕੀਤੀ।

[1]ਉਥੇ ਆਕੀ ਹੋ ਕੇ।

[1]ਨੌਆਂਰਸਾਂ ਦੀ ਖਾਣ।

[1]ਜਿਤਨੀ ਕਾਵਿ ਦੀ ਚੰਗੀਰੀਤੀ ਸ੍ਰੇਸ਼ਟ ਨੀਤੀ ਦੇ ਸਹਿਤ ਹੈ।

[1]ਮਹਾਂ ਭਾਰਤ ਗ੍ਰੰਥ (ਸਾਨੀ) ਵਾਂਗ ਗੁਰਾਂ ਨੇ (ਭਾਰਥ) ਜੰਗਾਂ ਦੇ ਅਨੇਕ ਤਰ੍ਹਾਂ ਦੇ ਪ੍ਰਸੰਗਰੱਖੇ।

ਜਾਨਤ ਹੈਂ ਜਨ ਤੇਊ ਤਿਨੈ,
ਜਿਨ ਆਪ ਪਢੀ ਔ ਸੁਨੀ ਗੁਰੁਬਾਨੀ ॥ ੩ ॥
ਛਪਯ:
ਅਸ਼ਟ ਭੁਜੀ ਜਗ ਮਾਤ,
ਦਸਮ ਗੁਰੁ ਜੌ ਬਿਦਤਾਈ।
ਯਹਿ ਸੁਨਿ ਸੰਸਾ ਕਰਜੋ ਮਰੀ*,

*ਕੈਪਟਨ ਮਰੇ ਈਸਟ ਇੰਡੀਆ ਕੰਪਨੀ ਦਾ ਨੌਕਰ ਤੇ ਸਰ ਡੇਵਿਡ ਅਕਟਰ ਲੋਣੀ ਦੇ ਮਾਤਹਿਤ ਸੀ। ਇਹ ਲੁਧਿਆਣੇ ਡਾਕਟਰ ਸੀ ਤੇ ਰਾਜਸੀ ਕੰਮ ਵੀ ਕਰਦਾ ਸੀ। ਕਰਨਲ ਅਕਟਰ ਲੋਣੀ ਨੇ ਇਸ ਦੀ ਡਿਊਟੀ ਸਿੱਖਾਂ ਦੀ ਤਾਰੀਖ਼ ਲਿਖਵਾਉਣ ਦੀ ਲਾਈ ਸੀ। ਕੈਪਟਨ ਮਰੇ ਨੇ ਅੱਗੋਂ ਮੌਲਵੀ ਬੂਟੇ ਸ਼ਾਹ ਨੂੰ ਜੋ ਉਸ ਦੇ ਅੱਗੇ ਕਾਰਦਾਰ ਸੀ, ਇਹ ਕੰਮ ਸੌਂਪ ਦਿੱਤਾ। ਪਰ ਸ: ਰਤਨ ਸਿੰਘ ਭੜੀ ਨਿਵਾਸੀ ਨੇ ਮਰੇ ਸਾਹਿਬ ਨੂੰ ਕਹਿ ਕੇ ਕਿ ਇਹ ਤੁਰਕ ਫਿਰਕਾ ਪ੍ਰਸਤ ਹੈ ਜਿਸ ਕਰਕੇ ਸਾਡੀ ਤਾਰੀਖ਼ ਠੀਕ ਠੀਕ ਨਹੀਂ ਲਿਖ ਸਕੇਗਾ। ਇਸ ਲਈ ਸਿੱਖਾਂ ਦੀ ਤਾਰੀਖ਼ ਮੈਂ ਆਪ ਖ਼ੁਦ ਲਿਖ ਕੇ ਦਿਆਂਗਾ ਅਤੇ ਜੋ ਤੁਸੀਂ ਸਵਾਲ ਕਰੋਗੇ ਮੈਂ ਉਹਨਾਂ ਦਾ ਉੱਤ੍ਰ ਦਿਆਂਗਾ। ਦੇਖੋ ਸ੍ਰੀ ਗੁਰ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ ੨ ਅੰਕ ੧੯੮ ਤੋਂ ਅੰਕ ੨੧੦ ਤੱਕ।

ਫਿਰ ਐਸ ਤਦਾਂਈਂ।
ਕਈ ਠੌਰ ਨਿਜ ਗ੍ਰੰਥ ਵੀਚ,
ਗੁਰੂ ਐਸ ਬਖਾਨੈ।
ਕਿਸ਼ਨ ਬਿਸ਼ਨ ਲੌ ਆਦਿ,

ਸੁਰਨ ਕੋ ਹਮ ਨਹਿਂ ਮਾਨੈਂ।
ਹਮ ਮਾਨਤ ਪੁਰਖ ਅਕਾਲ ਕੋ,
ਇਕ ਈਸ ਉਪਾਸ਼ਨ ਕਹੀ ਯਹਿ।
ਫਿਰ ਕੌਨ ਹੇਤ ਕਿਸ ਭਾਂਤਿ ਗੁਰੁ,
ਦੇਵੀ ਪਰਗਟ ਕਰੀ ਕਹਿਂ ॥ ੪ ॥
ਯਹ ਪ੍ਰਸ਼ਨ ਸੁਨਿ, ਹੋਇ ਮੋਦ
ਮਨ ਕਹਯੋ ਫੇਰ ਕਵਿ[1]*।

[1]ਕਵੀਰਤਨ ਸਿੰਘ 'ਭੰਗੂ' ਨੇ। *ਕਵਿ ਤੋਂ ਭਾਵ ਸ: ਰਤਨ ਸਿੰਘ 'ਭੰਗੂ' ਹੈ ਜਿਨ੍ਹਾਂ ਨੇ ਮਰੀ ਦੇ ਕਹਿਣ 'ਤੇ ਪੰਥ ਪ੍ਰਕਾਸ਼ ਗ੍ਰੰਥ ਰਚਿਆ ਜਿਸ ਵਿੱਚ ਕੈਪਟਨ ਮਰੀ ਦੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਹਨ। ਇਸ ਪ੍ਰਸ਼ਨ ਦਾ ਉੱਤ੍ਰ ਵੀ ਸ: ਰਤਨ ਸਿੰਘ ਭੰਗੂ ਨੇ ਆਪਣੇ ਪੰਥ ਪ੍ਰਕਾਸ਼ ਵਿੱਚ ਦਿੱਤਾ ਸੀ ਜਿਸ ਦਾ ਖੁੱਲ੍ਹਾ ਅਨੁਵਾਦ ਗਿਆਨੀ ਜੀ ਆਪਣੇ ਲਫ਼ਜ਼ਾਂ ਵਿੱਚ ਕਰ ਰਹੇ ਹਨ।

ਅਹੋ ਮਰੀ ਕਪਤਾਨ,
ਏਹੁ ਤੁਮ ਬੂਝੀ ਭਲ ਅਬਿ।
ਸੁਨੋ ਪ੍ਰੇਮ ਧਰਿ ਕਹੋਂ,
ਸਾਰ[1] ਉੱਤ੍ਰ ਯਹਿ ਨੀਕੈਂ।
ਜਿਹ ਹਿਤ ਜਿਹ ਬਿਧਿ ਕਰੀ,
ਮਾਤ ਪ੍ਰਗਟ ਗੁਰੁ ਠੀਕੈਂ।
ਇਕ ਦਿਵਸ ਗੁਰੂ ਢਿਗ ਸਭਾ ਮਹਿ,
ਸਹਿਜ ਸੁਭਾਇਕ ਬਾਤ ਯਹਿ।
ਚਲੀ, ਕਹਯੋ ਕਿਨ, ਕਲੀ ਮੈਂ
ਪ੍ਰਗਟ ਦੇਵਿ[1] ਅਬਿ ਹੋਤ ਨਹਿਂ ॥ ੫ ॥
ਦਿਜਵਰ ਕੋਵਿਦ[1] ਕਵੀ,
ਗੁਨੀ ਜਨ ਦੇਸ ਬਿਦੇਸੀ।
ਹੁਤੇ ਗੁਰੂ ਕੀ ਸਭਾ ਮੱਧ,
ਤਬਿ ਥਿਰੇ ਵਿਸੇਸੀ।
ਕਈ ਦ੍ਵਜਨਿ[1] ਤਬਿ ਕਹੀ ਬਾਤ,
ਪੁਨ ਭਾਂਤਿ ਇਸੀ ਤੈ।
ਕਲਿਜੁਗ ਮਹਿਂ ਨਹਿ ਹੋਤ,
ਦੇਵਤਾ ਬਿਦਿਤ ਕਿਸੀ ਤੈ।
ਯਹਿ ਸੁਨਿ ਕਰਿ ਤਬਿ ਪੁਨ ਗੁਰੁ ਕਹਯੋ,

[1]ਸ੍ਰੇਸ਼ਟ।

[1]ਦੇਵੀ।

[1]ਵਿਦਮਾਨ।

[1]ਬ੍ਰਹਮਣਾਂ ਨੇ।

ਵਹਿ ਕੌਨ ਬਾਤ ਜੋ ਹ੍ਵੈ ਨਹੀਂ।
ਜੋ ਕਰੈ ਬਿਧੀ ਯੁਤ ਨਰ ਭਲੈ,
ਤੌ ਬਿਦਤ ਦੇਵਿ ਅਬਿ ਹ੍ਵੈ ਸਹੀ ॥੬॥
ਯਾ ਬਿਧਿ ਗੁਰੁ ਕੇ ਬੈਨ,
ਸੁਨੇ ਬਿੱਪਨ ਪੁਨ ਜਬਿਹੀ।
ਫੇਰ ਕਹਜੋ ਹਠ ਠਾਨ,
ਦੇਵ ਨਹਿਂ ਬਿਦਤੈ ਅਬਿ ਹੀ।
ਪੁਨ ਸਤਿਗੁਰੁ ਨੈ ਕਹਜੋ,
ਬਿਦਤ ਕਰਿ ਹਮ ਦਿਖਰਾਵੈਂ।
ਅਸ਼ਟ ਭੁਜੀ ਜਗ ਮਾਤ
ਕੇਰ, ਤੁਹਿ ਦਰਸ ਕਰਾਵੈਂ।
ਇਕ ਕਾਰਨ ਕਰਜੋ ਉਚਾਰ ਯਹਿ,
ਪੁਨ ਸੁਨੋ ਦੂਸਰੋ ਔਰ ਅਬਿ।
ਜਿਸ ਹੇਤ ਗੁਰੂ ਪਰਗਟ ਕਰੀ,
ਦੁਰਗਾ ਨੀਕੀ ਭਾਂਤਿ ਤਬਿ ॥੭॥
ਧਰਮ ਧਰਾਵਨ ਹੇਤ,
ਧਰਾ ਪਰ ਧਰਮ ਧੁਰੰਧਰ[1]।
ਧਰਜੋ ਧਰਮ ਅਵਤਾਰ,
ਸਤਿਗੁਰੂ ਸਾਮ ਪੁਰੰਦਰ[1]।
ਆਦਿ ਬ੍ਰਹਮ ਕੀ ਲਖਿ[1],
ਅਨਾਦਿ ਸ਼ਕਤੀ ਯਹਿ ਮਾਯਾ।
ਯਹੀ ਜਗਤ ਕੌ ਰਚਿਤ ਭਰਤ[1]
ਸੰਹਰਤ ਸਦਾਯਾ[1]।
ਸ਼ਿਵ ਬਿਸ਼ਨੁ ਅਜਾਦਿਕ[1] ਦੇਵ ਸਭ,
ਸੇਵਿ ਜਾਂਹਿ ਪਦ ਊਚ ਲਹਿਂ।
ਰਹਿਂ ਨੈਨ ਕੋਰ ਕੀ ਓਰ ਨਿੱਤ
ਨਿਰਖਤ, ਕ੍ਰਿਪਾ ਦ੍ਰਿਸ਼ਟਿ ਚਹਿਂ[1] ॥੮॥
ਜਿਤਿਕ ਛੱਤ੍ਰੀ ਭਏ
ਅੱਤ੍ਰੀ[1], ਧਰਮੀ ਧਰ ਪਰ।

[1]ਆਸਰਾ ਰੂਪ।

[1]ਇੰਦ੍ਰ ਵਾਂਗ।

[1]ਜਾਣ ਕੇ।

[1]ਪਾਲਦੀ ਹੈ।

[1]ਹਮੇਸ਼ਾਂ ਨਾਸ ਕਰਦੀ ਹੈ।

[1]ਬ੍ਰਹਮਾ ਆਦਿਕ।

[1](ਉਸ ਦੀ) ਕ੍ਰਿਪਾ ਦ੍ਰਿਸ਼ਟੀ ਚਾਹੁੰਦੇ ਹਨ (ਇਸ ਲਈ ਉਸ ਦੀ) ਅੱਖ ਦੀ ਕੋਣ ਨੂੰ ਨਿੱਤ ਦੇਖਦੇ ਰਹਿੰਦੇ ਹਨ।

[1]ਸ਼ਸਤ੍ਰ ਧਾਰੀ।

ਰਾਮ ਕ੍ਰਿਸ਼ਨ ਤੈ ਆਦਿ,
ਭਏ ਅਵਤਾਰ ਜਿਤਿਕ ਵਰ।
ਭਗਤਿ ਸ਼ਕਤਿ ਕੀ ਕਰੀ[1],
ਸਭਿਨਿ ਮਨ ਮੋਦ[1] ਧਾਰ ਕਰਿ।
ਤਜੋਂ ਛੱਤ੍ਰੀ ਗੁਰੁ ਭਏ,
ਬਿਦਿਤ ਬਸੁਧਾ ਸੁ ਬੀਰ ਬਰ[1]।

[1](ਆਦਿ ਬ੍ਰਹਮ ਦੀ ਅਨਾਦਿ) ਸ਼ਕਤੀ ਦੀ ਅਰਾਧਨਾ ਕੀਤੀ।
[1]ਅਨੰਦ।
[1]ਤਿਵੇਂ ਛੱਤ੍ਰੀ ਸਤਿਗੁਰੂ ਧਰਤੀ ਉੱਪਰ ਸ੍ਰੇਸ਼ਟ ਸੂਰਮੇ ਪ੍ਰਗਟ ਹੋਏ।

ਤਿਨ ਧਰਮ ਪਾਲਨਾ ਹੇਤ,
ਪੁਨ ਸੱਤ੍ਰੁਨ ਕੇ ਸਾਲਨ ਹਿਤੀ[1]।
ਨਿਜ ਪੰਥ ਸਹਾਇਕ ਲਖਿ ਸਦਾ,
ਜਗਦੰਬਾ[1] ਪ੍ਰਗਟ ਕਿਤੀ ॥ ੯ ॥

[1]ਵੈਰੀਆਂ ਨੂੰ ਵਿੰਨ੍ਹਣ ਵਾਸਤੇ।
[1]ਜਗਤ ਦੀ ਮਾਤਾ।

ਜਿਸ ਬਿਧਿ ਪ੍ਰਗਟ ਕਰੀ,
ਗੁਰੂ ਜਗਦੰਬਾ ਨੀਕੈ।
ਸੋਊ ਬਿਧਿ ਸੁਨ ਲੇਹੁ ਸਭੀ,
ਅਬਿ ਕਹਿ ਹੌਂ ਠੀਕੈ।
ਦਿਜਵਰ ਕੇਸ਼ਵ ਨਾਮ,
ਏਕ ਕਾਂਸੀ ਤੈ ਆਯੋ।
ਸ਼ਿਵ ਬੱਕ੍ਰ ਦਿਜ[1] ਔਰ,
ਦੁਤੀ ਕਸ਼ਮੀਰੀ ਗਾਯੋ।
ਪੁਨ ਬਿਸ਼ਨ ਪਾਲ ਪੰਡਿਤ ਤ੍ਰਿਤੀ,
ਚਤ੍ਰੁਬ ਬੇਦ ਬਕਤਾ ਕਥੈਂ[1]।
ਦਿਜ ਓਝਾ[1], ਕਾਲੀ ਦਾਸ ਪੁਨ,

[1]ਸ਼ਿਵ ਬੱਕ੍ਰ ਨਾਮ ਕਸ਼ਮੀਰੀ ਬ੍ਰਹਮਣ।
[1]ਜਿਨ੍ਹਾਂ ਨੂੰ ਚਾਰ ਵੇਦਾਂ ਦਾ ਵਕਤਾ ਕਹਿੰਦੇ ਸਨ।
[1]ਬ੍ਰਾਹਮਣਾਂ ਦਾ ਇਕ ਗੋਤ। {ਮੈਥਿਲ ਅਤੇ ਗੁਜਰਾਤੀ ਬ੍ਰਾਹਮਣ, ਜੋ ਸਰਯੂ ਨਦੀ ਪਾਰ ਵੱਸਦੇ ਹਨ, ਉਨ੍ਹਾਂ ਦਾ ਗੋਤ ਓਝਾ ਹੈ}।

ਅਯੋ ਦੱਖਣੀ ਚਤੁਰਥੈਂ ॥ ੧੦ ॥

ਬਿੱਤ[1] ਬਹੁਤ ਗੁਰੁ ਖਰਚ,
ਚਾਹਿ[1] ਯਹਿ ਬਿਪ੍ਰ[2] ਬੁਲਾਏ।
ਬੇਦ ਮੰਤ੍ਰ ਮੈਂ ਨਿਪੁਨ[1],
ਸਭੀ ਬਿਧਿ ਜਗ ਬਿਦਤਾਏ।
ਆਨੰਦ ਪੁਰਿ ਤੈ, ਸਾਤ ਕੋਸ
ਪਰਿਮਾਣ[1] ਚੜ੍ਹਾਈ।

[1]ਧਨ।
[1]ਇੱਛਾ ਕਰਕੇ। [2]ਬ੍ਰਹਮਣ।
[1]ਚਤੁਰ।
[1]ਮਿਣਤੀ ਦੀ।

ਨੈਣਾ ਦੇਵੀ ਮਾਤ,
ਤੁੰਗ ਗਿਰ ਸਿਖਰ ਰਹਾਈ[1]।
ਤਹਿਂ ਹਵਨ ਕੁੰਡ ਬਨਵਾਇ ਗੁਰੁ,
ਸਬਿ ਸਮੱਗ੍ਰੀ ਤਜਾਰ ਕਰਿ।
ਸਨ ਸੱਤ੍ਰਾਂ ਸਏ ਚੁਰੰਜਵੇਂ,
ਚੇਤ ਮਾਸ ਗੁਰੁ ਵਾਰ ਵਰ[1] ॥ ੧੧ ॥
ਲਗਨ ਸਗਨ ਸਭਿ ਸੋਧਿ,
ਹਵਨ ਗੁਰੁ ਲਗੇ ਕਰਨ ਤਬਿ।
ਕਰਵਾਵਹਿਂ ਦਿਜ ਬਿਧੀ ਯੁਕਤਿ,
ਪੜ੍ਹ ਮੰਤ੍ਰ ਬੇਦ ਸਬਿ।
ਸ਼ਾਂਤੀ ਰਖਜਾ ਹੇਤ,
ਬਹੁਤ ਦਿਜ ਬਰਣੀ ਕਰਨੇ[1]।
ਬੈਠਾਰੇ ਗੁਰੁ ਆਪ,
ਔਰ ਪੁਨ ਠੌਰ ਸੁਵਰਨੇ[1]।
ਪੁਨ ਚਾਰ ਦਿਜਨ ਮਹਿਂ ਮੁੱਖ ਇਕ,
ਕੇਸ਼ੋ ਹਵਨ ਕਰਾਵਹੀ।
ਇਮ ਨਿਤਪ੍ਰਤਿ ਢਾਈ ਜਾਮ ਤੱਕ,
ਸਤਿਗੁਰੁ ਕ੍ਰਿਤ ਕਮਾਵਹੀਂ ॥ ੧੨ ॥
ਸੇਵਕ ਸੱਚਵ[1] ਸਿੱਖ,
ਸਭੀ ਗੁਰੁ ਸੇਵ ਕਮਾਵੈਂ।
ਵਸਤੁ ਹਵਨ ਕੀ, ਹਵਨ ਕੁੰਡ
ਢਿਗ, ਨੀਤ ਪੁਚਾਵੈਂ।
ਖਾਨ ਪਾਨ ਪਹਿਰਾਨ,
ਔਰ ਸਭਿ ਬਿੱਪ੍ਰਨ ਕੇਰੋ।
ਕਰੈਂ ਸੇਵ ਮਨ ਲਾਇ,
ਖਰਚ ਧਨ ਅਨਗਨ ਹੇਰੋ।
ਗੁਰੁ ਬ੍ਰਹਮ ਚਰਜ ਧਰਿ ਰੈਨ ਦਿਨ,
ਰਹਿਤ ਤਹਾਂ ਹੀ ਮੋਦ ਧਰਿ।
ਪੁਨ ਬਾਨੀ ਦੁਰਗਾ ਕੀ ਰਚੈਂ,
ਛੰਦ ਬੰਦ ਬਰ ਉਚਰ ਕਰਿ[1] ॥ ੧੩ ॥

[1]ਉੱਚੇ ਪਹਾੜ ਦੀ ਚੋਟੀ 'ਤੇ ਰਹਿੰਦੀ ਹੈ।
[1]ਵੀਰਵਾਰ ਦੇ ਚੰਗੇ ਦਿਨ।
[1]ਮੰਤ੍ਰ ਜਾਪ ਕਰਨ ਵਾਸਤੇ।
[1]ਉੱਤਮ ਜਾਤੀ ਦੇ ਬ੍ਰਾਹਮਣ।
[1]ਵਜ਼ੀਰ ਭਾਵ ਦੀਵਾਨ ਆਦਿ ਮੁਖੀ ਸਿੱਖ।
[1]ਭਾਵ ਚੰਡੀ ਚਰਿਤ੍ਰ ਤੇ ਚੰਡੀ ਦੀ ਵਾਰ ਆਦਿ ਬਾਣੀਆਂ ਸ੍ਰੇਸ਼ਟ

ਛੰਦਾਂ ਦੀ ਰਚਨਾ ਦੁਆਰਾ ਉਚਾਰਨ ਕਰਕੇਰਚਦੇ ਹਨ।

ਏਕ ਬਰਸ ਜਬਿ ਬਿਤਜੋ
ਐਸ ਹੀ ਕ੍ਰਿਤ ਕਰਤ ਵਰ।
ਚੇਤ ਮਾਸ ਪੁਨ ਅਯੋ,
ਵਹੀ ਨਵਰਾਤ੍ਰ ਜੌ ਭਰ[1]।
ਤਬੈ ਜਨਾਯੋ ਬਿਦਿਤ ਹੋਨ
ਹਿਤ ਸਗਨ[1] ਮਾਤ ਫਿਰ।
ਕਬੀ ਚਲੈ ਬਹੁ ਪੌਨ,
ਹੋਇ ਭੂਚਾਲ ਹਲੈ ਗਿਰ।
ਯਹਿ ਸਗਨ ਭਜਾਨਕ ਪੇਖਿ ਬਹੁ,
ਦਹਿਲ ਗਏ ਦਿਜ ਭਾਗ ਸਭ[1]।
ਇਕ ਕੇਸ਼ਵ ਹੋਮ ਕਰਾਵਹੀ,
ਗੁਰੁ ਢਿਗ ਰਹਜੋ ਸੁ ਬੈਠ ਤਬਿ ॥ ੧੪ ॥
ਪੁਨ ਦਿਜ ਕੇਸ਼ਵ ਕਹਜੋ,
ਗੁਰੂ ਸੋਂ ਐਸ ਉਚਾਰੀ।
ਮਹਿਖੇ ਛਾਂਗ[1] ਸ਼ਿਤਾਬ[2],
ਲੇਹੁ ਮੰਗਵਾਇ ਅਪਾਰੀ।
ਨਿਜ ਜੇਸ਼ਟ ਸੁਤ[1] ਸੀਸ,
ਦੈਨ ਹਿਤ ਲੇਹੁ ਬੁਲਾਈ।
ਅਬਿ ਬਿਦਤੈਗੀ ਮਾਤ,
ਭੇਟ ਸਬਿ ਦੈਹੁ ਚੜ੍ਹਾਈ।
ਯਹਿ ਸੁਨ ਕਰਿ ਗੁਰੁ ਨਿਜ ਗ੍ਰਹਿ ਗਏ,
ਕਹਜੋ ਜਾਇ ਨਿਜ ਮਾਤ ਪ੍ਰਤਿ।
ਇਕ ਮਮ ਸੁਤ ਮੁਝ ਕੋ ਦੈਹੁ ਬਡ,
ਭੇਟ ਦੁਰਗ ਕੀ ਦੈਨ ਹਿਤ ॥ ੧੫ ॥
ਯਹਿ ਸੁਨਿ ਗੁਰੁ ਕੀ ਮਾਤ,
ਔਰ ਗੁਰੁ ਘਰਨੀ ਤਬਿ ਹੀ।
ਸੁਤ ਨਿਜ ਲਏ ਛਪਾਇ,
ਧਾਮ ਭੀਤਰ ਕਿਤ ਸਬਿ ਹੀ।
ਹੁਤੇ ਗੁਰੂ ਕੇ ਸੁਵਨ[1] ਚਾਰ,

[1]ਭਲੀ ਪ੍ਰਕਾਰ ਨੌਰਾਤ੍ਰੇ ਆ ਗਏ।
[1]ਪ੍ਰਗਟ ਹੋਣ ਦਾ {ਸਗੁਨ} ਚਿੰਨ੍ਹ ਜਣਾਇਆ।
[1]{ਸਾਰੇ ਬ੍ਰਹਮਣ} ਡਰ ਕੇ ਭਜ ਗਏ।
[1]ਮਹੋਂ ਤੇ ਬੱਕਰੇ। [2]ਛੇਤੀ।
[1]ਜੇਠੇ ਪੁੱਤਰ ਨੂੰ।
[1]ਪੁੱਤਰ।

ਨਹਿਂ ਦਯੋ ਏਕ ਤਿਮ।
ਤਬਿ ਗੁਰੁ ਮਨ ਰਿਸ ਥਾਪ,
ਆਪ ਸਾਰਾਪ ਦਯੋ ਇਮ।
ਸੁਨਿ ਅਹੋ ਗੂਜਰੀ ਊਜਰੀ[1],
ਹਮ ਕੋ ਦਯੋ ਨ ਏਕ ਸੁਤ।
ਫਿਰ ਚਾਰਹੁਂ ਤੁਰਕਨ ਤਈਂ ਤੂੰ,
ਦੈ ਹੈਂ ਅਪਨੀ ਜਾਨ ਯੁਤ* ॥ ੧੬ ॥

[1]ਉੱਜੜੀ ਹੋਈ।

*ਇਹ ਗੱਲ ਮੰਨਣ ਵਿੱਚ ਨਹੀਂ ਆਉਂਦੀ ਕਿ ਗੁਰੂ ਸਾਹਿਬ ਜੀ ਨੇ ਆਪਣੇ ਸਤਿਕਾਰ ਯੋਗ ਮਾਤਾ ਜੀ ਨੂੰ ਅਜਿਹੇ ਸ਼ਬਦ ਕਹੇ ਹੋਣਗੇ। ਬਚਿੱਤ੍ਰ ਨਾਟਕ ਵਿੱਚ ਉਨ੍ਹਾਂ ਨੇ ਆਪਣੇ ਪਿਤਾ ਜੀ ਤੇ ਮਾਤਾ ਜੀ ਨੂੰ ਵਾਹਿਗੁਰੂ ਨੂੰ ਅਰਾਧਣ ਵਾਲੇ ਕਿਹਾ ਹੈ ਅਤੇ ਲਿਖਿਆ ਹੈ ਕਿ ਉਨ੍ਹਾਂ ਦੀ ਸੇਵਾ ਤੇ ਸਿਮਰਨ ਉੱਪਰ ਪ੍ਰਸੰਨ ਹੋ ਕੇ ਹੀ ਅਕਾਲ ਪੁਰਖ ਜੀ ਨੇ ਮੈਨੂੰ ਉਨ੍ਹਾਂ ਦੇ ਘਰ ਪੁੱਤਰ ਬਣ ਕੇ ਜਨਮ ਲੈਣ ਲਈ ਆਗਿਆ ਕੀਤੀ ਤਾਂਹੀ ਅਸਾਂ ਕਲਜੁਗ ਵਿੱਚ ਜਨਮ ਲਿਆ। ਫਿਰ ਜੇ ਗੁਰੂ ਸਾਹਿਬ ਜੀ ਬਲੀ ਦੇਣ ਲਈ ਪੁੱਤਰ ਮੰਗਦੇ ਤਾਂ ਮਾਤਾ ਜੀ ਅਤੇ ਮਹਿਲ ਕਿਵੇਂ ਗੁਰੂ ਜੀ ਦੇ ਹੁਕਮਾਂ ਦੀ ਉਲੰਘਣਾ ਕਰ ਸਕਦੇ ਸਨ। ਜੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦਾ ਤੁਰਕਾਂ ਹੱਥੋਂ ਸ਼ਹੀਦ ਹੋਣ ਦਾ ਗੁਰੂ ਜੀ ਨੇ ਹੀ ਸਰਾਪ ਦਿੱਤਾ ਸੀ ਤਾਂ ਫਿਰ ਉਹਨਾਂ ਦੀਆਂ ਸ਼ਹੀਦੀਆਂ ਦੀ ਕੀ ਅਹਿਮੀਅਤ ਰਹਿ ਜਾਂਦੀ ਹੈ? ਇਸ ਲਈ ਇਹ ਲਿਖਤ ਪਹਿਲੇ ਲਿਖੇ ਗ੍ਰੰਥ ਸੌ ਸਾਖੀ, ਗੁਰ ਬਿਲਾਸ ਭਾਈ ਸੁੱਖਾ ਸਿੰਘ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਦੀਆਂ ਲਿਖਤਾਂ ਦਾ ਹੀ ਸੰਖੇਪ ਅਨੁਵਾਦ ਹੈ ਜਿਸ ਵਿੱਚ ਕੁਝ ਕਵੀ ਜੀ ਦੀ ਆਪਣੀ ਕਲਪਨਾ ਵੀ ਰਲ ਗਈ ਸਮਝਣੀ ਚਾਹੀਦੀ ਹੈ।

ਫਿਰ ਨਿਜ ਸਿੱਖਨ ਤਈਂ,
ਯਹੀ ਜਬਿ ਕਹਯੋ ਗੁਰੂ ਇਤ।
ਸੁਨਤ ਝਟਤ ਇਕ ਸਿੱਖ,
ਉਠਯੋ ਨਿਜ ਸੀਸ ਦੈਨ ਹਿਤ।
ਸੰਗਤੀਆ* ਤਿਹ ਨਾਮ,
ਵਹੀ ਨਿਜ ਸੰਗ ਲਯੋ ਗੁਰੁ।

*ਸੰਗਤੀਆ ਸਿੱਖ ਜਿਸ ਦਾ ਜ਼ਿਕਰ ਪਿਛਲੇ ਬਿਸ੍ਰਾਮ ਵਿੱਚ ਆ ਚੁੱਕਾ ਹੈ, ਇਸ ਨੂੰ ਕਈ ਜਗ੍ਹਾ ਸੰਗਤ ਰਾਇ ਤੇ ਸੰਗਤ ਸਿੰਘ ਵੀ ਲਿਖਿਆ ਹੈ। ਇਹੋ ਗੁਰੂ ਜੀ ਦੀ ਫ਼ੌਜ ਦਾ ਜਰਨੈਲ ਸੀ ਤੇ ਉਹ ਹੁਸੈਨੀ ਨਾਲ ਜੰਗ ਕਰਦਿਆਂ ਇਕੱਠੇ ਵਾਰ ਚੱਲਣ ਨਾਲ ਹੁਸੈਨੀ ਦੇ ਨਾਲ ਹੀ ਸ਼ਹੀਦ ਹੋ ਗਿਆ ਸੀ। ਦੇਖੋ ਪੂਰਬਾਰਧ ਬਿਸ੍ਰਾਮ ੫੯ ਅੰਕ ਨੰ: ੬੭, ੬੯, ੭੦, ੯੭, ੧੦੪, ੧੧੭, ੧੩੮, ੧੪੫, ੧੪੭, ੧੫੨, ੧੫੪ ਆਦਿ।

ਹਵਨ ਕੁੰਡ ਢਿਗ ਜਾਇ,
ਨੁਲ੍ਹਾਇ ਬੈਠਾਇ ਦਯੋ ਫੁਰ[1]।
ਫਿਰ ਹਵਨ ਕਰਨ ਬੈਠੇ ਗੁਰੂ,
ਸਭਿ ਭੇਟ ਦੁਰਗ ਕੀ[1] ਤਜਾਰ ਕਰਿ।
ਜਬਿ ਭਏ ਭਯੰਕਰ[1] ਸ਼ਗਨ ਅਤਿ,
ਤਬਿ ਕੇਸ਼ਵ ਭੀ ਉਠ ਗਯੋ ਡਰਿ ॥੧੭॥

[1]ਛੇਤੀ।

[1]ਦੁਰਗਾ ਦੀ।

[1]ਡਰਾਉਣੇ।

ਦੋਹਰਾ:
ਬਿਤਯੋ ਨੁਰਾਤਾ ਨਵਮ ਜਬਿ,
ਢਾਈ ਜਾਮ[1] ਮਹਾਨ।
ਤਬਿ ਲੰਕੁੜੀਏ ਬੀਰ[1] ਨੈ,
ਦਈ ਦਿਖਾਈ ਆਨਿ ॥੧੮॥
ਪਿਖਿ ਸਤਿਗੁਰੁ ਮਨ ਮੋਦ ਹ੍ਵੈ,
ਸਾਵਧਾਨ ਮਨ ਕੀਨ।
ਖਲਕ ਮਾਤ ਦ੍ਰਿਗ ਪਲਕ ਮੈਂ,
ਝਲਕ ਦਿਖਾਈ ਦੀਨ[1] ॥੧੯॥

[1]ਪਹਿਰ।

[1]ਦੁਰਗਾ ਦੀ ਅੜਦਲ 'ਚ ਰਹਿਣ ਵਾਲਾ ਇਕ ਗਣ।

[1]ਜਗਤ ਮਾਤਾ ਨੇ ਅੱਖ ਦੇ ਝਮਕਣ ਵਿੱਚ ਹੀ ਆਪਣੀ ਚਮਕ ਦਿਖਾ ਦਿੱਤੀ।

ਛਪਯ:
ਬਿਦਤ ਭਵਨ ਤੇ ਭਈ*,
ਭਵਨ ਦਸ ਚਾਰ ਜਨਨਿ ਤਬਿ[1]।
ਜ੍ਵਲਤ ਤੇਜ ਤਨ ਅਤਿ ਅਮੇਜ,
ਰਵਿ ਕੋ ਮਜੇਜ ਦਬਿ[1]।

*ਸਤਿਗੁਰਾਂ ਦੇ ਸਮੇਂ ਓਥੇ ਦੇਵੀ ਦਾ ਕੋਈ ਭਵਨ (ਮੰਦਰ) ਨਹੀਂ ਸੀ। ਇਸ ਲਈ ਭਵਨ ਤੋਂ ਪ੍ਰਗਟ ਹੋਈ ਲਿਖਣਾ ਇਸ ਵਾਰਤਾ ਨੂੰ ਕਲਪਤ ਕਹਾਣੀ ਸਿੱਧ ਕਰ ਦੇਂਦਾ ਹੈ।

[1]ਤਦੋਂ ਚੌਦਾਂ ਲੋਕਾਂ ਦੀ ਮਾਤਾ ਮੰਦਰ ਤੋਂ ਪ੍ਰਗਟ ਹੋਈ।

[1]ਸ਼ਰੀਰ ਨਾਲ {ਅਮੇਜ} ਮਿਲਿਆ ਹੋਇਆ ਬਹੁਤਾ ਤੇਜ ਪ੍ਰਕਾਸ਼ ਰਿਹਾ ਹੈ ਜਿਸ ਨੂੰ ਦੇਖ ਕੇ ਸੂਰਜ ਦਾ {ਮਜੇਜ} ਘੁਮੰਡ ਦਬ ਰਿਹਾ ਹੈ।

ਕੋਟ ਸੂਰ ਸਸਿ ਨੂਰ,
ਪੂਰ ਜਾਹੂਰ ਭਯੋ ਧਰ[1]।
ਇੰਦੁ ਬਦਨ ਭੁਜ ਅਸ਼ਟ,
ਸ੍ਰਿਸ਼ਟ ਕਰਿ ਪੁਸ਼ਟ ਦੁਸ਼ਟ ਦਰ[1]।
ਪੁਨ ਜਗਮਗਾਤ ਜਗ ਮਾਤ ਕੇ,

[1]ਕ੍ਰੋੜਾਂ ਸੂਰਜਾਂ ਤੇ ਚੰਦ੍ਰਮਾ ਦੇ (ਨੂਰ) ਚਾਨਣ (ਵਾਂਗ) ਧਰਤੀ ਤੇ (ਪੂਰ) ਬਹੁਤਾ (ਜਹੂਰ) ਪ੍ਰਕਾਸ਼ ਹੋ ਗਿਆ।

[1]ਚੰਦ੍ਰਮਾ ਵਰਗਾ ਮੁਖ, ਅੱਠ ਬਾਹਾਂ, ਸ੍ਰੇਸ਼ਟ ਹੱਥ, ਜੋ ਮਜ਼ਬੂਤ ਦੁਸ਼ਟਾਂ ਨੂੰ ਦਲਣ ਵਾਲੇ ਹਨ।

ਬਸਨ ਹਸਨ ਦਾਮਨਿ ਦਲੈਂ[1]।

[1]ਪੁਨਾ ਜਗਤ ਮਾਤਾ ਦੇ ਬਸਤ੍ਰਾਂ ਦੀ ਚਮਕ (ਦਾਮਨਿ) ਬਿਜਲੀ ਦੇ (ਹਸਨ) ਚਮਕਣ ਨੂੰ (ਦਲੈਂ) ਨਾਸ ਕਰਦੀ ਹੈ।

ਅਤਿ ਰੂਪ ਅਨੂਪਮ ਕਿਮ ਕਹੈਂ,
ਜਿਹ ਸਮ ਕੋ ਭਯੋ ਨ ਹ੍ਵੈ ਭਲੈਂ[1] ॥੧੯॥

[1]ਉਸ ਦੇ ਬਹੁਤੇ ਅਨੂਪਮ ਸਰੂਪ ਨੂੰ ਕਿਵੇਂ ਕਹੀਏ ਜਿਸ ਵਰਗਾ ਨ ਕੋਈ ਹੋਇਆ ਹੈ (ਅਤੇ) ਨ ਹੀ ਕੋਈ ਭਲੀ ਪ੍ਰਕਾਰ ਹੋਵੇਗਾ।

ਧਰੇ ਮੁੰਡ ਅਰਿ ਕਰੇ,
ਗਰੇ ਲਾਲਨ ਕੀ ਮਾਲਾ[1]।

[1]ਲਾਲਾਂ ਦੀ ਮਾਲਾ (ਦੀ ਥਾਂ) ਵੈਰੀਆਂ ਦੇ ਸਿਰਾਂ ਦੀ ਮਾਲਾ (ਕਰੇ) ਬਣਾ ਕੇ ਗਲ 'ਚ (ਧਰੇ) ਪਾਈ ਹੋਈ ਹੈ।

ਬਦਨ ਬਿਸਾਲ ਕਰਾਲ,
ਭਾਲ ਸੁਭ ਤਿਲਕ ਉਜਾਲਾ[1]।

[1]ਮੁਖ ਬਹੁਤ ਭਿਆਨਕ ਹੈ ਤੇ ਮੱਥੇ 'ਤੇ ਸ੍ਰੇਸ਼ਟ ਤਿਲਕ ਚਮਕ ਰਿਹਾ ਹੈ।

ਲੋਚਨ ਲਾਲ ਰਸਾਲ[1],
ਸਜੇ ਸ਼ਸਤ੍ਰ ਸੁ ਚਮੱਕੈਂ।
ਅਰੁਨ ਮੇਘ ਕੇ ਬੀਚ,
ਕੋਟਿ ਜਨੁ ਬੀਜ ਦਮੱਕੈਂ[1]।

[1]ਨੇਤ੍ਰ (ਰਸਾਲ) ਸੁੰਦਰ ਤੇ ਲਾਲ ਹਨ।

[1]ਲਾਲ ਬੱਦਲਾਂ ਵਿੱਚ ਜਾਣੋ ਕ੍ਰੋੜਾਂ ਬਿਜਲੀਆਂ ਚਮਕਦੀਆਂ ਹਨ।

ਗਨ ਭੈਰਵਿ ਭੂਤ ਪ੍ਰੇਤ ਯੁਤ,
ਕਿਲਕਿਲਾਇ ਕਾਲੀ ਨਚੈ।
ਅਤਿਸੈਂ ਕਰਾਲ ਛਬਿ ਜਾਲ ਯੁਤ,
ਉਤ ਭੀਮ ਭਭਕ ਕੇਹਰ ਤਚੈ[1] ॥੨੦॥

[1]ਓਧਰ ਬਹੁਤ ਭਿਆਨਕ ਤੇ ਭਾਰੀ ਸੋਭਾ ਸਹਿਤ ਸ਼ੇਰ ਡਰਾਉਣੀਆਂ ਭਬਕਾਂ ਮਾਰਦਾ ਹੈ।

ਦੋਹਰਾ:
ਬੀਜ ਕੋਟਿ ਸਮ ਤੇਜ ਅਤਿ,
ਪਿਖਿ[1] ਗੁਰੁ ਨੈਨ ਮਿਲਾਨਿ।
ਪੁਨ ਸਨਮੁਖ ਹ੍ਵੈ ਮਾਤ ਕੇ,
ਪਗ ਪੈ ਬੰਦਨ ਠਾਨਿ ॥੨੧॥

[1]ਕ੍ਰੋੜਾਂ ਬਿਜਲੀਆਂ ਵਰਗਾ ਬਹੁਤਾ ਤੇਜ ਦੇਖ ਕੇ।

ਨਿਜ ਕਰ ਕੀ ਲਘੁ ਆਂਗੁਰੀ[1],
ਚੀਰਿ ਸ੍ਰੌਨ[1] ਗੁਰੁ ਕਾਢਿ।
ਕਰਜੋ ਚੜ੍ਹਾਵਨ ਮਾਤ ਕੋ,
ਧਰਿ ਧੀਰਜ ਹ੍ਵੈ ਠਾਢ ॥੨੨॥
ਝਟਕ ਸੀਸ ਝਟ ਸਿੱਖ ਕਾ,

[1]ਆਪਣੇ ਹੱਥ ਦੀ ਛੋਟੀ ਉਂਗਲੀ।

[1]ਲਹੂ।

ਮਾਤਹਿ ਸਟਕ[1] ਚੜ੍ਹਾਇ। [1]ਛੇਤੀ।
ਮਹਿਖਾਦਿਕ[1] ਸਭਿ ਭੇਟ ਦੈ, [1]ਮਹੇਂ ਆਦਿਕਾਂ ਦੀ।
ਪੁਨ ਉਸਤਤਿ ਇਮ ਗਾਇ[1] ॥੨੩॥ [1]ਕਹੀ।

ਛਪਯ:

ਤੁਹੀ ਚੰਡਿ ਪ੍ਰਚੰਡ,
ਰੁੰਡ ਮੁੰਡਨ ਅਰਿ ਹਰਨੀ[1]। [1]ਤੁਹੀਂ (ਪ੍ਰਚੰਡ) ਬਹੁਤ ਪ੍ਰਤਾਪ ਵਾਲੀ ਚੰਡੀ ਹੈਂ, ਵੈਰੀਆਂ ਦੇ ਧੜਾਂ ਤੇ ਸਿਰਾਂ ਨੂੰ ਨਾਸ ਕਰਨ ਵਾਲੀ ਹੈਂ।

ਤੁਹੀਂ ਜਗਤ ਕੀ ਜਨਨਿ,
ਪਾਲ ਸੰਘਾਰਨ ਕਰਨੀ[1]। [1]ਤੁਹੀਂ ਜਗਤ ਦੀ ਮਾਤਾ ਹੈਂ ਤੇ ਤੁਹੀਂ ਪਾਲਨਾ ਤੇ ਨਾਸ ਕਰਨ ਵਾਲੀ ਹੈਂ।

ਤੁਹੀਂ ਕਾਲ ਕੀ ਕਲਾ,
ਕਾਲਕਾ ਦੁਸ਼ਟ ਬਿਭੰਜਨ[1]। [1]ਹੇ ਕਾਲਿਕਾ, ਤੁਹੀਂ ਅਕਾਲ ਪੁਰਖ ਦੀ ਸ਼ਕਤੀ ਹੈਂ ਤੇ ਦੁਸ਼ਟਾਂ ਨੂੰ ਨਾਸ ਕਰਨ ਵਾਲੀ ਹੈਂ।

ਸੁੰਭ ਨਿਸੁੰਭ ਸੁ ਮਹਿਖ[1] [1]ਮਹਿਖਾਸੁਰ ਦੈਂਤ।
ਰਕਤ ਬੀਜਾਦਿਕ ਗੰਜਨ[1]। [1]ਨਾਸ ਕਰਨ ਵਾਲੀ ਹੈਂ।
ਅਬਿ ਹ੍ਵੈ ਪ੍ਰਸੰਨ ਨਿਜ ਦਾਸ ਪਰ,
ਕਰਿ ਕਿਰਪਾ ਅਸ ਦੇਹੁ ਬਰ।
ਇਕ ਰਚੋਂ ਪੰਥ ਤੁਰਕੈਂ ਹਨੋ,
ਧਰਮ ਵਿਥਾਰੋਂ ਸਕਲ ਧਰ ॥੨੪॥

ਦੋਹਰਾ:

ਛੱਕੇ ਆਦਿਕ ਉਸਤਤੀ,
ਬਰਨੀ ਤਬਿ ਗੁਰੁ ਜੋਇ।
ਲਿਖੀ ਦਸਮ-ਗੁਰੁ ਗ੍ਰੰਥ ਮੈਂ,
ਜਾਨਤ ਗੁਰੁ ਸਿਖ ਸੋਇ ॥੨੫॥

ਗੁਰ ਕਾ ਸਿਦਕ ਉਪਾਇ[1] ਪਿਖਿ, [1](ਪ੍ਰਗਟ ਕਰਨ ਦਾ) ਜਤਨ।
ਸੁਨਿ ਉਸਤਤਿ ਤਬਿ ਮਾਤ।
ਕਹਜੋ ਪੰਥ ਤੁਵ ਚਲੈਗੋ,
ਬੀਰ ਬਲੀ ਬਖਜਾਤ ॥੨੬॥

ਪਰ ਵਹਿ ਪਹਿਲੇ ਭਾਗ ਕੈ,
ਪਾਛੈ ਲਰ ਹੈਂ ਪੀਨ[1]। [1]ਤਕੜਾ ਹੋ ਕੇ।
ਜਿਉਂ ਤੁਮ ਨੈਨ ਮਿਲਾਇ ਕੈ,

ਪਾਛੈ ਖੋਲ੍ਹਨ ਕੀਨ ॥੨੭॥
ਪੁਨ ਇਕ ਲਘੁ ਕਿਰਪਾਨ ਦੈ,
ਭਈ ਲੋਪ ਜਗ ਮਾਤ*।

*ਉਪਰ ਆਏ ਦੁਰਗਾ ਪ੍ਰਗਟਾਣ ਦੇ ਪ੍ਰਸੰਗ ਨੂੰ ਗੁਰਮਤਿ ਦੀ ਕਸਵੱਟੀ 'ਤੇ ਪਰਖਣ ਸਮੇਂ ਖੋਜ ਕਰਦਿਆਂ ਜਿਹੜੇ ਦੋ ਵਿਸ਼ੇਸ਼ ਪੱਖ ਉਘੜ ਕੇ ਸਾਡੇ ਸਾਹਮਣੇ ਆਏ ਹਨ, ਉਨ੍ਹਾਂ ਦੋਹਾਂ ਪੱਖਾਂ 'ਤੇ ਹੀ ਹੁਣ ਅਸੀਂ ਵਿਸਥਾਰ ਸਹਿਤ ਵਿਚਾਰ ਕਰਾਂਗੇ:

ਸਿਧਾਂਤਕ ਪੱਖ:

੧. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਵਿੱਚ ਕਿਤੇ ਇਸ਼ਾਰੇ ਮਾਤ੍ਰ ਵੀ ਕੋਈ ਅਜਿਹਾ ਜ਼ਿਕਰ ਨਹੀਂ ਜਿਸ ਤੋਂ ਇਹ ਸਮਝਿਆ ਜਾਂ ਅਰਥ ਕੱਢਿਆ ਜਾ ਸਕੇ ਕਿ ਕਿਸੇ ਵੀ ਗੁਰੂ ਸਾਹਿਬਾਨ ਜਾਂ ਗੁਰੂ ਕੇ ਸਿੱਖ ਨੇ ਕਦੇ ਸੁਪਨੇ ਵਿੱਚ ਵੀ ਕਿਸੇ ਦੇਵੀ ਦੇਵਤੇ ਨੂੰ ਆਪਣਾ ਇਸ਼ਟ ਮੰਨਿਆ ਹੋਵੇ ਜਾਂ ਉਸ ਦੀ ਪੂਜਾ ਆਰਾਧਣਾ ਕੀਤੀ ਹੋਵੇ ਜਾਂ ਉਸ ਨਮਿੱਤ ਕੋਈ ਬਲੀ ਦਿੱਤੀ ਹੋਵੇ, ਸਗੋਂ ਇਸ ਦੇ ਉਲਟ ਹਜ਼ਾਰਾਂ ਪ੍ਰਮਾਣ ਅਜਿਹੇ ਇਕੱਠੇ ਕੀਤੇ ਜਾ ਸਕਦੇ ਹਨ ਜਿਨ੍ਹਾਂ ਤੋਂ ਸਾਫ਼ ਤੇ ਸਪੱਸ਼ਟ ਸਮਝਿਆ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਦਾ ਮਤਿ ਦੇਵੀ ਦੇਵਤਿਆਂ ਦੇ ਮੰਨਣ ਪੂਜਨ ਦਾ ਜ਼ੋਰਦਾਰ ਖੰਡਨ ਕਰਦਾ ਹੈ। ੨. ਦੇਵੀ ਜਾਂ ਦੁਰਗਾ ਪ੍ਰਗਟਾਣ ਦੇ ਪ੍ਰਸੰਗ ਦਾ ਕਲਗੀਧਰ ਜੀ ਨੇ ਆਪਣੀ ਬਾਣੀ ਵਿੱਚ ਕਿਤੇ ਵੀ ਜ਼ਿਕਰ ਤੱਕ ਨਹੀਂ ਕੀਤਾ। ਉਨ੍ਹਾਂ ਆਪਣੇ ਪੂਰਬ ਜਨਮ ਦੇ ਸਬੰਧ ਵਿੱਚ ਜ਼ਿਕਰ ਕਰਦਿਆਂ ਇਕ ਤੁਕ ਲਿਖੀ ਹੈ। ਸ਼ਾਇਦ ਉਸ ਤੁਕ ਦੇ ਹੀ ਸਹੀ ਅਰਥ ਨ ਜਾਨਣ ਵਾਲੇ ਲੇਖਕਾਂ ਨੇ ਦੇਵੀ ਪ੍ਰਗਟਾਣ ਦੇ ਪ੍ਰਸੰਗ ਦਾ ਲੰਮਾ ਚੌੜਾ ਤਾਣਾ ਬਾਣਾ ਉਸ ਤੁਕ ਦੇ ਗ਼ਲਤ ਅਰਥਾਂ ਦੇ ਉਦਾਲੇ ਹੀ ਤਣ ਬੁਣ ਲਿਆ ਜਾਪਦਾ ਹੈ। ਉਹ ਤੁਕ ਇਹ ਹੈ– 'ਤਹ ਹਮ ਅਧਿਕ ਤਪਸਿਜਾ ਸਾਧੀ। ਮਹਾ ਕਾਲ ਕਾਲਕਾ ਅਰਾਧੀ। ' ਉਹਨਾਂ ਗ਼ਲਤ ਅਰਥ ਇਹ ਸਮਝਿਆ ਕਿ ਗੁਰੂ ਸਾਹਿਬ ਨੇ ਚੂੰਕਿ ਪਿਛਲੇ ਜਨਮ ਵਿੱਚ ਕਾਲਕਾ ਆਰਾਧੀ ਸੀ ਇਸ ਲਈ ਇਸ ਜਨਮ ਵਿੱਚ ਵੀ ਜ਼ਰੂਰ ਹੀ ਅਰਾਧੀ ਹੋਵੇਗੀ। ਉਨ੍ਹਾਂ ਆਪਣੇ ਕਿਆਸ ਨਾਲ ਹੀ ਨਾਵਲਿਸਟਾਂ ਵਾਂਗੂੰ ਮਨ ਘੜਤ ਪਲਾਟ ਤੇ ਪਾਤ੍ਰ ਘੜ ਕੇ ਦੁਰਗਾ ਪ੍ਰਗਟਾਣ ਦਾ ਪ੍ਰਸੰਗ ਲਿਖ ਮਾਰਿਆ। ਇਸ ਤਰ੍ਹਾਂ ਨਾਲ ਇਕ ਅਕਾਲ ਪੁਰਖ ਦੇ ਸਪੁੱਤਰ, ੧ਓ ਦੇ ਉਪਾਸ਼ਕ ਤੇ ਪ੍ਰਚਾਰਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਦੇਵੀ ਉਪਾਸ਼ਕ ਬਣਾਨ ਦਾ ਅਣਜਾਣੇ ਹੀ ਅਸਫਲ ਯਤਨ ਕੀਤਾ ਗਿਆ ਹੈ। ਪਰ ਉਪ੍ਰੋਕਤ ਤੁਕ ਦਾ ਅਰਥ ਉਹ ਨਹੀਂ ਜੋ ਆਮ ਲੋਕ ਜਾਂ ਲੇਖਕ ਸਮਝਦੇ ਰਹੇ ਹਨ। ਉਹ ਅਰਥ ਕਰਦੇ ਹਨ ਕਿ ਉਥੇ ਅਸਾਂ ਬਹੁਤ ਤਪੱਸਿਆ ਕੀਤੀ ਤੇ ਨਾਲ ਹੀ ਮਹਾਕਾਲ ਤੇ ਕਾਲਕਾ (ਕਾਲੀ ਦੇਵੀ) ਨੂੰ ਅਰਾਧਿਆ। ਜੇ ਉਨ੍ਹਾਂ ਦਾ ਇਹ ਅਰਥ ਠੀਕ ਮੰਨ ਲਈਏ ਤਾਂ ਤਿੰਨ ਵਿਅਕਤੀਆਂ ਹੋ ਗਈਆਂ, ਇਕ, ਅਰਾਧਨ ਵਾਲੇ ਗੁਰੂ ਸਾਹਿਬ ਤੇ ਦੋ ਉਹ ਜਿਨ੍ਹਾਂ ਦੀ ਉਹ ਅਰਾਧਨਾ ਕਰਦੇ ਸਨ, ਮਹਾ ਕਾਲ ਤੇ ਕਾਲਿਕਾ। ਪਰ ਇਹ ਅਰਥ ਉਸ ਵਕਤ ਗ਼ਲਤ ਸਾਬਤ ਹੋ ਜਾਂਦਾ ਹੈ ਜਦੋਂ ਅੱਗੇ ਜਾ ਕੇ ਗੁਰੂ ਜੀ ਫ਼ੁਰਮਾਉਂਦੇ ਹਨ: ਕਿ 'ਇਹਿ ਬਿਧਿ ਕਰਤ ਤਪਸਜਾ ਭਯੋ। ਦ੍ਵੈ ਤੇ ਏਕਰੂਪ ਹ੍ਵੈ ਗਯੋ'। (ਬਚਿੱਤ੍ਰ ਨਾਟਕ) ਜੇ ਤਿੰਨ ਵਿਅਕਤੀਆਂ ਸਨ ਤਾਂ ਕਹਿਣਾ ਚਾਹੀਦਾ ਸੀ 'ਤ੍ਰੈ ਤੇ ਏਕਰੂਪ ਹ੍ਵੈ ਗਯੋ॥' ਪਰ ਕਿਹਾ ਹੈ ਦੁਇ ਤੇ ਏਕ ਰੂਪ ਹੋਣਾ ਤਾਂ ਤੇ ਸਿੱਧ ਹੋਇਆ ਕਿ ਮਹਾਂ ਕਾਲ ਕਾਲਕਾ ਅਰਾਧੀ ਦਾ ਅਰਥ ਹੈ ਕਾਲਕਾ ਮਹਾ ਕਾਲ ਅਰਥਾਤ ਕਾਲ ਦਾ ਵੀ ਕਾਲ (ਅੰਤ) ਕਰਨ ਵਾਲੇ ਮਹਾਂ ਕਾਲ (ਅਕਾਲ ਪੁਰਖ) ਦੇ (ਅਰਾਧੀ) ਅਰਾਧਣ ਵਾਲੇ ਹੋਏ। ਹੋਰ ਥਾਵੇਂ ਮਹਾਂ ਵਾਕ ਹੈ 'ਕਾਲਨ ਕੋ ਕਾਲ ਮਹਾ ਕਾਲਨ ਕੋ ਕਾਲ ਹੈ। ' ਦੂਜਾ ਅਰਥ ਇਹ ਵੀ ਹੋ ਸਕਦਾ ਹੈ ਕਿ (ਕਾਲਕਾ) ਸਰਬ ਸ਼ਕਤੀ ਮਾਨ ਮਹਾਂ ਕਾਲ (ਅਕਾਲ ਪੁਰਖ) ਦੀ ਅਰਾਧਨਾ ਕਰਨ ਵਾਲੇ ਹੋਏ।

੩. ਫਿਰ ਜੇ ਪੰਥਰਚਣ ਜਾਂ ਪੰਥ ਦੀ ਸਹਾਇਤਾ ਲਈ ਦੇਵੀ ਪ੍ਰਗਟ ਕੀਤੀ ਹੁੰਦੀ ਤਾਂ ਖਾਲਸਾ ਪੰਥ ਰਚਣ ਤੋਂ ਬਾਅਦ ਗੁਰੂ ਸਾਹਿਬ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ' ਦੀ ਥਾਂ 'ਦੁਰਗਾ ਜੀ ਕਾ ਖਾਲਸਾ ਦੁਰਗਾ ਜੀ ਕੀ ਫ਼ਤਹ' ਬੁਲਾਉਂਦੇ। ਚੂੰਕਿ ਗੁਰੂ ਜੀ ਨੇ ਐਸਾ ਨਹੀਂ ਕੀਤਾ ਜਿਸ ਤੋਂ ਸਾਫ਼ ਸਿੱਧ ਹੈ ਕਿ ਗੁਰੂ ਜੀ ਨੇ ਪੰਥ ਰਚਣ ਜਾਂ ਪੰਥ ਦੀ ਸਹਾਇਤਾ ਲਈ ਕੋਈ ਦੇਵੀ ਪ੍ਰਗਟ ਨਹੀਂ ਕੀਤੀ। ੪. ਗੁਰੂ ਜੀ ਤਾਂ ਆਪ ਫ਼ੁਰਮਾਉਂਦੇ ਹਨ ਕਿ ਪੰਥਰਚਣ ਦੀ ਖ਼ਾਤਰ ਹੀ ਤਾਂ ਸਾਨੂੰ ਅਕਾਲ ਪੁਰਖ ਜੀ ਨੇ ਆਪਣਾ ਪੁੱਤਰ ਬਣਾ ਕੇ ਸੰਸਾਰ ਵਿੱਚ ਭੇਜਿਆ ਹੈ: ਅਕਾਲ ਪੁਰਖ ਬਾਚ ॥ ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕੋ ਸਾਜਾ ॥

ਇਸ ਅਕਾਲੀ ਹੁਕਮ ਤੋਂ ਬਾਅਦ ਅੱਗੋਂ ਗੁਰੂ ਸਾਹਿਬ ਜੀ ਨੇ ਬਚਨ ਕਿਹਾ: ਠਾਢ ਭਯੋ ਮੈਂ ਜੋਰਿ ਕਰ ਬਚਨ ਕਹਾ ਸਿਰ ਨਯਾਇ ॥ ਪੰਥ ਚਲੈ ਤਬ ਜਗਤ ਮੈਂ ਜਬ ਤੁਮ ਕਰੋ ਸਹਾਇ ॥" ਉਪ੍ਰੋਕਤ ਗੁਰੂ ਬਚਨਾਂ ਵਿੱਚ ਸਪੱਸ਼ਟ ਹੈ ਕਿ ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ ਪੰਥ ਸਾਜਣ ਲਈ ਗੁਰੂ ਜੀ ਜਗਤ ਵਿੱਚ ਆਏ ਤੇ ਆਉਣ ਤੋਂ ਪਹਿਲਾਂ ਪੰਥ ਚਲਾਉਣ ਲਈ ਸਹਾਇਤਾ ਵੀ ਉਸੇ ਅਕਾਲ ਪੁਰਖ ਪਾਸੋਂ ਮੰਗੀ ਹੈ। ੫. ਆਪਣੇ ਬਾਅਦ ਪੰਥ ਨੂੰ ਜਿਸ ਗੁਰੂ ਦੇ ਲੜ ਲਾਇਆ, ਉਸ ਬਾਰੇ ਹਜ਼ੂਰ ਦੇ ਬਚਨ ਹਨ: ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ। ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ। ਗੁਰੂ ਗ੍ਰੰਥ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ। ਜੋ ਪ੍ਰਭ ਕੋ ਮਿਲਯੋ ਚਹੈ ਖੋਜ ਸ਼ਬਦ ਮੈਂ ਲੇਹ। ਪਾਠਕ ਦੇਖ ਸਕਦੇ ਹਨ ਕਿ ਉਕਤ ਗੁਰੂ ਬਚਨਾਂ ਵਿੱਚ ਦੁਰਗਾ ਦਾ ਕਿਤੇ ਨਾਮ ਮਾਤ੍ਰ ਵੀ ਜ਼ਿਕਰ ਨਹੀਂ ਹੈ।

ਇਤਿਹਾਸਕ ਪੱਖ

੧. ਸਿੱਖ ਇਤਿਹਾਸ ਸਬੰਧੀ ਮਿਲਦੀਆਂ ਤਕਰੀਬਨ ਸਾਰੀਆਂ ਹੀ ਪੁਸਤਕਾਂ ਵਿੱਚ ਉਹਨਾਂ ਦੇ ਲੇਖਕਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਬਾਰ ਵਿੱਚ ਦੇਵੀ ਝਾੜੂ ਦੇਂਦੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦਿਖਾਈ ਹੈ। ਮੈਲਸੀਹਾਂ ਪਿੰਡ ਦੇ ਦੇਵੀ ਭਗਤ ਭਾਈ ਭਗੀਰਥ ਜੀ ਨੂੰ ਦੇਵੀ ਪ੍ਰਗਟ ਹੋ ਕੇ ਆਖਦੀ ਹੈ ਕਿ ਜੇ ਤੈਂ ਮੁਕਤੀ ਲੈਣੀ ਹੈ, ਤਾਂ ਇਥੋਂ ਨੇੜੇ ਹੀ ਸੁਲਤਾਨਪੁਰ ਵਿੱਚ ਗੁਰੂ ਨਾਨਕ ਜੀ ਪਾਸ ਜਾ ਕੇ ਉਨ੍ਹਾਂ ਦਾ ਸਿੱਖ ਬਣ ਕੇ ਸੇਵਾ ਕਰ। ਉਹ ਪ੍ਰਮੇਸ਼ਰਰੂਪ ਹਨ, ਤੇਰੀ ਮੁਕਤੀ ਕਰ ਦੇਣਗੇ। ਦਬਿਸਤਾਨਿ-ਮਜ਼ਾਹਬ ਦਾ ਲੇਖਕ ਲਿਖਦਾ ਹੈ ਕਿ ਇਕ ਭੈਰੋਂ (ਜਾਂ ਫੇਰੂ) ਨਾਮੇ ਸਿੱਖ ਨੇ ਦੇਵੀ ਦੀ ਮੂਰਤਿ ਦਾ ਨੱਕ ਵੱਢ ਦਿੱਤਾ ਸੀ। ਫਿਰ ਨੌਵੇਂ ਪਾਤਸ਼ਾਹ ਦਾ ਮੁਕਾਬਲਾ ਕਰਨੋ ਦੇਵੀ ਆਪਣੀ ਅਸਮ੍ਰਥਾ ਪ੍ਰਗਟ ਕਰਦੀ ਹੈ। ੨. ਦਸਮ ਪਾਤਸ਼ਾਹ ਜੀ ਨੇ ਆਪ ਜਾਂ ਉਹਨਾਂ ਦੇ ਕਿਸੇ ਸਮਕਾਲੀ ਕਵੀ ਨੇ ਦੁਰਗਾ ਪ੍ਰਗਟਾਣ ਦੇ ਪ੍ਰਸੰਗ ਦਾ ਜ਼ਿਕਰ ਤੱਕ ਨਹੀਂ ਕੀਤਾ। ਇਸ ਘੇਰੇ ਵਿੱਚ ਗੁਰੂ ਸਾਹਿਬ ਜੀ ਦੀ ਬਾਣੀ, ਖ਼ਾਸ ਕਰ ਕੇ ਬਚਿੱਤ੍ਰ ਨਾਟਕ ਤੇ ਬਾਕੀ ਸਾਰਾ ਦਸਮ ਗ੍ਰੰਥ, ਸਮਕਾਲੀ ਕਵੀਆਂ ਤੇ ਲੇਖਕਾਂ ਵਿੱਚ ਭਾਈ ਨੰਦ ਲਾਲ ਜੀ ਗੋਯਾ, ਔਰੰਗਜ਼ੇਬ ਦਾ ਅਖ਼ਬਾਰ ਨਵੀਸ, ਭਾਈ ਮਨੀ ਸਿੰਘ ਜੀ ਤੇ ਹਜ਼ੂਰੀ ਕਵੀ ਸੈਨਾਪਤਿ ਜੀ (ਲੇਖਕ ਸ੍ਰੀ ਗੁਰ ਸੋਭਾ) ਆ ਜਾਂਦੇ ਹਨ। ੩. ਸਤਿਗੁਰਾਂ ਦੇ ਜੋਤੀ ਜੋਤਿ ਸਮਾਉਣ (੧੭੬੫ ਬਿ:) ਤੋਂ ੪੩ ਸਾਲ ਬਾਅਦ ਭਾਵ ੧੮੦੮ ਬਿ: ਤੱਕ ਦੇ ਲੇਖਕਾਂ ਵਿੱਚੋਂ ਕਿਸੇ ਇਕ ਨੇ ਵੀ ਦੁਰਗਾ ਪ੍ਰਗਟਾਣ ਦੇ ਪ੍ਰਸੰਗ ਦਾ ਇਸ਼ਾਰਾ ਤੱਕ ਨਹੀਂ ਕੀਤਾ। ਇਸ ਸਮੇਂ ਦੇ ਲੇਖਕ ਹਨ- ਕਵਿ ਸੈਨਾਪਤਿ ਅਤੇ ਮਹਿਮਾ ਪ੍ਰਕਾਸ਼ ਵਾਰਤਕ (੧੭੯੮ ਬਿ:) ਦਾ ਲੇਖਕ। ੪. ੧੮੦੮ ਬਿ: ਤੋਂ ੧੯੪੬ ਬਿ: ਦੇ ਵਿਚਕਾਰ ਦੇ ਲੇਖਕਾਂ, ਜਿਨ੍ਹਾਂ ਵਿੱਚ ਭਾਈ ਮਨੀ ਸਿੰਘ ਮਤ ਵਖਯਾਨ, ਮਹਿਮਾ ਪ੍ਰਕਾਸ਼ ਛੰਦਾ ਬੰਦੀ (੧੮੩੩ ਬਿ:) ਦਾ ਕਰਤਾ ਬਾਵਾ ਸਰੂਪ ਦਾਸ ਜੀ ਭੱਲਾ। ਵਾਰ ਭਗਉਤੀ ਪਾ: ੧੦ (੧੮੪੪ ਬਿ:) ਲੇਖਕ ਭਾਈ ਗੁਰਦਾਸ ਜੀ ਦੂਜਾ। ਸੌ ਸਾਖੀ (੧੮੯੦-੯੪), ਗੁਰ ਬਿਲਾਸ ਪਾ: ੧੦ (੧੮੫੪ ਬਿ:) ਭਾਈ ਸੁੱਖਾ ਸਿੰਘ ਜੀ। ਸ੍ਰੀ ਗੁਰ ਪ੍ਰਤਾਪ ਸੂਰਜ (੧੯੦੦ ਬਿ:) ਭਾਈ ਸੰਤੋਖ ਸਿੰਘ ਜੀ, ਪੰਥ ਪ੍ਰਕਾਸ਼ (੧੮੯੮ ਬਿ:) ਰਤਨ ਸਿੰਘ ਜੀ ਭੰਗੂ। ਸ੍ਰੀ ਗੁਰ ਪੰਥ ਪ੍ਰਕਾਸ਼ (੧੯੩੬ ਬਿ:) ਗਿਆਨੀ ਗਿਆਨ ਸਿੰਘ ਜੀ। ਗੁਰਮਤਿ ਨਿਰਣਯ ਸਾਗਰ (੧੯੪੪ ਬਿ:) ਪੰਡਿਤ ਤਾਰਾ ਸਿੰਘ ਜੀ। ਗੁਰੂ ਸਿਧਾਂਤ ਪਾਰਿਜਾਤ ਸੰਸਕ੍ਰਿਤ (੧੯੪੧ ਬਿ:) ਪੰਡਿਤ ਹਰਾ ਸਿੰਘ ਜੀ। ਗੁਰ ਸਿੱਖਿਆ ਪ੍ਰਭਾਕਰ (੧੯੪੬ ਬਿ:) ਪੰਡਿਤ ਸਾਧੂ ਸਿੰਘ ਜੀ ਆਦਿ ਲੇਖਕ ਆ ਜਾਂਦੇ ਹਨ। ਇਨ੍ਹਾਂ ਉਪਰੋਕਤ ਸਾਰੇ ਲੇਖਕਾਂ ਨੇ ਦੇਵੀ ਪ੍ਰਗਟਾਣ ਦਾ ਪ੍ਰਸੰਗ ਕਿਸੇ ਵਿਸਥਾਰ ਨਾਲ ਤੇ ਕਿਸੇ ਨੇ ਸੰਖੇਪ ਕਰ ਕੇ ਦਿੱਤਾ ਹੈ। ਇਨ੍ਹਾਂ ਸਾਰੇ ਲੇਖਕਾਂ ਨੇ ਇਸ ਪ੍ਰਸੰਗ ਦੇ ਮੂਲ ਸੋਮੇ ਦਾ ਕੋਈ ਥਹੁ ਪਤਾ ਨਹੀਂ ਦਿੱਤਾ, ਨਾ ਹੀ ਪ੍ਰਸੰਗ ਦੀਆਂ ਘਟਨਾਵਾਂ ਇਕਸਾਰ ਹਨ। ਕਈਆਂ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਕੌਤਿਕ ਵਾਸਤੇ ਦੇਵੀ ਪ੍ਰਗਟ ਕੀਤੀ ਤੇ ਕਈ ਇਸ ਨੂੰ ਸੁਣੀ ਸੁਣਾਈ ਵਾਰਤਾ ਦੱਸਦੇ ਹਨ, ਜਿਸ ਤੋਂ ਇਹ ਪ੍ਰਸੰਗ ਕਲਪਿਤ ਸਿੱਧ ਹੋ ਜਾਂਦਾ ਹੈ। ਗਿਆਨੀ ਗਿਆਨ ਸਿੰਘ ਜੀ- ਜਿੱਥੋਂ ਤੱਕ ਇਸ ਪ੍ਰਸੰਗ ਦੇ ਲਿਖਣ ਦਾ ਗਿਆਨੀ ਗਿਆਨ ਸਿੰਘ ਜੀ ਨਾਲ ਸਬੰਧ ਹੈ, ਖੋਜ ਕੀਤਿਆਂ ਤਿੰਨ ਗੱਲਾਂ ਸਾਹਮਣੇ ਆਈਆਂ ਹਨ:- ੧. ਗਿਆਨੀ ਜੀ ਇਸ ਸ੍ਰੀ ਗੁਰੁ ਪੰਥ ਪ੍ਰਕਾਸ਼ ਪੁਸਤਕ ਨੂੰ ਜੋ ਅਸੀਂ ਛਾਪਰਹੇ ਹਾਂ, ਸ੍ਰੀ ਗੁਰ ਪ੍ਰਤਾਪ ਸੂਰਜ ਦਾ ਹੀ ਸੰਖੇਪਰੂਪ ਦੱਸਰਹੇ ਹਨ। ਗੁਰ ਪ੍ਰਤਾਪ ਸੂਰਜੈ ਕੇਰੋ। ਕੀਨ ਸੰਛੇਪ ਕਥਾ ਭਲ ਹੇਰੋ। (ਦੇਖੋ ਸ੍ਰੀ ਗੁ. ਪੰ: ਪ੍ਰ: ਉ: ਬਿ: ੨ ਅੰ: ੨੭) ਅੰਮ੍ਰਿਤਸਰ ਐਡੀਸ਼ਨ ਦੇ ਅੰਤ ਵਿੱਚ ਗਿਆਨੀ ਜੀ ਵੱਲੋਂ ਇਕ ਇਸ਼ਤਿਹਾਰ ਛਪਿਆ ਹੋਇਆ ਹੈ, ਜਿਸ ਦੀ ਹੂਬਹੂ ਨਕਲ ਅਸੀਂ ਪਿੱਛੇ ਪੰਨਾ ੧੫੪੬ ਉੱਪਰ ਛਾਪ ਆਏ ਹਾਂ। ਉਸ ਵਿੱਚ ਵੀ ਐਉਂ ਜ਼ਿਕਰ ਆਉਂਦਾ ਹੈ ਕਿ 'ਤਦ ਮੈਂ ਨੇ ਦੀਵਾਨ ਬੂਟਾ ਸਿੰਘ ਲਾਹੌਰ ਦੇ ਕਹਨ ਪਰ ਉਸੇ ਤਰ੍ਹਾਂ ਸੰਛੇਪ ਕਰਨਾ ਸ਼ੁਰੂ ਕੀਤਾ ਔਰ ਦੀਵਾਨ ਬੂਟਾ ਸਿੰਘ ਛਪਵਾਨੇ ਲਗਾ ਜਿਸ ਕਾ ਨਾਮ ਹਮ ਨੇ ਸੰਛੇਪ ਸੂਰਜ ਪ੍ਰਕਾਸ਼ ਰਖਨਾ ਥਾ। ਇਨ੍ਹਾਂ ਦੋ ਉਪ੍ਰੋਕਤ ਲਿਖਤਾਂ ਤੋਂ ਸਿੱਧ ਹੋ ਗਿਆ ਕਿ ਦੇਵੀ ਪ੍ਰਗਟਾਣ ਆਦਿ ਗੁਰਮਤਿ ਸਿਧਾਂਤ ਵਿਰੋਧੀ ਵਾਕਿਆਤ

ਜ਼ਿਆਦਾਤਰ ਸ੍ਰੀ ਗੁਰ ਪ੍ਰਤਾਪ ਸੂਰਜ 'ਚੋਂ ਹੀ ਗਿਆਨੀ ਜੀ ਨੇ ਲਏ ਹਨ। ਚੂੰਕਿ ਗਿਆਨੀ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਸੰਖੇਪ ਕਰ ਰਹੇ ਸਨ, ਇਸ ਲਈ ਉਨ੍ਹਾਂ ਨੇ ਆਪਣੀ ਖੋਜ ਅਨੁਸਾਰ ਪੁਣ ਛਾਣ ਕਰਨ ਤੋਂ ਬਿਨਾਂ ਹੀ ਉਸ ਦਾ ਸੰਖੇਪ ਕਰ ਦਿੱਤਾ ਹੈ।

੨. ਦੂਜਾ ਗਿਆਨੀ ਜੀ ਰਚਿਤ ਸ੍ਰੀ ਗੁਰ ਪੰਥ ਪ੍ਰਕਾਸ਼ ਦਾ ਅਧਾਰ ਸ: ਰਤਨ ਸਿੰਘ ਭੰਗੂ ਰਚਿਤ ਪੰਥ ਪ੍ਰਕਾਸ਼ ਹੈ, ਜਿਸ ਦਾ ਜ਼ਿਕਰ ਗਿਆਨੀ ਜੀ ਦੂਜੇ ਅਤੇ ਤੀਜੇ ਬਿਸ੍ਰਾਮ 'ਚ ਕਰ ਆਏ ਹਨ। ਸ: ਰਤਨ ਸਿੰਘ ਜੀ ਤੋਂ ਪੰਥ ਪ੍ਰਕਾਸ਼ ਤੇ ਬੂਟੇ ਸ਼ਾਹ ਮੌਲਵੀ ਤੋਂ ਸਿੱਖਾਂ ਦੀ ਤਵਾਰੀਖ਼ ਫਾਰਸੀ ਵਿੱਚ ਲਿਖਵਾ ਕੇ ਕੈਪਟਨ ਮਰੇ ਨੇ ਕਰਨਲ ਅਕਟਰ ਲੋਨੀ ਨੂੰ ਦਿਖਾਈਆਂ ਤਾਂ ਦੋਵੇਂ ਪੁਸਤਕਾਂ ਦੋਹਾਂ ਅੰਗ੍ਰੇਜ਼ ਅਫ਼ਸਰਾਂ ਨੇ ਪ੍ਰਵਾਣ ਕਰ ਕੇ ਦਫ਼ਤਰ 'ਚ ਰੱਖ ਲਈਆਂ: ਦਫਤ੍ਰ ਮਾਂਹਿ ਰਖਾਈ ਦੋਈ। ਸੋਈ ਜੁਗ, ਨੈਨਨ ਹਮ ਜੋਈ ॥ ਦੁਹੂੰ ਬੀਚ ਤੇ ਲੈ ਬਹੁ ਸਾਖੀ। ਏਸ ਗ੍ਰੰਥ ਮੈਂ ਸਬ ਹਮ ਰਾਖੀ॥ (ਸ੍ਰੀ ਗੁ: ਪੰ: ਪ੍ਰ: ਪੂ: ਬਿ: ੨ ਅੰ: ੧੯-੨੦) ਆਪਣੇ ਵੱਲੋਂ ਪ੍ਰਸੰਗ ਅਰੰਭ ਕਰਨ ਲੱਗਿਆਂ ਆਪਣੀ ਨਿੰਮ੍ਰਤਾ ਦਾ ਪ੍ਰਗਟਾਵਾ ਕਰਨ ਤੋਂ ਬਾਦ ਕਵੀ ਜੀ ਲਿਖਦੇ ਹਨ:– ਗੁਰ ਘਰ ਕੀ ਅਤਿ ਗਾਥ ਮਹਾਨੈ। ਨਹਿਂ ਸਰਬੱਗਜ ਜੋ ਹਮ ਸਭਿ ਜਾਨੇ। ਜੇਤਿਕ ਸੁਨੀ ਪਿਖੀ ਹਮ ਕਥਾ। ਕਹੀ ਜਥਾਮਤ ਤੁਮ ਢਿਗ ਤਥਾ ॥੧੩॥ ਅਰ ਪੁਨਰਤਨ ਸਿੰਘ ਜੋ ਗਾਈ। ਸੋ ਸਭਿ ਗਾਥਾ ਲਿਖੋ ਬਨਾਈ। ਜੇਤਿਕ ਸ੍ਵਾਲ ਰਤਨ ਸਿੰਘ ਪਾਸ। ਮਰੀ ਫਿਰੰਗੀ ਕੀਨੇ ਖਾਸ ॥੧੪॥ ਸੋ ਸਭਿ ਯਹਾਂ ਹੋਹਿਂਗੇ ਨੀਕੇ। ਸਿੰਘ ਪੰਥ ਹਿਤ ਜਾਨੋ ਠੀਕੇ। (ਸ੍ਰੀ ਗੁ: ਪੰ: ਪ੍ਰ: ਪੂ: ਬਿ: ੩ ਅੰ: ੧੩ ਤੋਂ ੧੫) ਗ੍ਰੰਥ ਪੰਥ ਪ੍ਰਕਾਸ਼ ਰਤਨ ਸਿੰਘ ਕੀਨ ਜੋ। ਸਾਖੀ ਅਧਿਕ ਬਟੋਰੀ ਪਾਵਨ ਪੀਨ ਜੋ। ਸੋ ਹਮ ਤਿਸ ਕਾ ਧਰ ਕਰਿ ਉਰਿ ਉਪਕਾਰ ਵਰ। ਹੋ ਗ੍ਰੰਥ ਰਚਿਤ ਹੌਂ ਨਯੋ ਤਾਂਹਿਂ ਜੋਹਾਰ ਕਰਿ। (ਸ੍ਰੀ ਗੁ: ਪੰ: ਪ੍ਰ: ਪੂ: ਬਿ: ੨ ਅੰ: ੪੬) ਉਪ੍ਰੋਕਤ ਲਿਖਤਾਂ ਤੋਂ ਸਪੱਸ਼ਟ ਹੈ ਕਿ ਗਿਆਨੀ ਜੀ ਨੇ ਸ: ਰਤਨ ਸਿੰਘ ਜੀ ਰਚਿਤ ਪੰਥ ਪ੍ਰਕਾਸ਼ ਦੀਆਂ ਜਿੱਥੇ ਸਾਰੀਆਂ ਸਾਖੀਆਂ ਲਿਖੀਆਂ ਹਨ, ਉਥੇ ਕੈਪਟਨ ਮਰੀ ਦੇ ਸਵਾਲਾਂ ਦੇ ਜੋ ਜਵਾਬ ਸ: ਰਤਨ ਸਿੰਘ ਜੀ ਨੇ ਦਿੱਤੇ ਹਨ ਉਹ ਵੀ ਸਾਰੇ ਸ੍ਵਾਲ ਜਵਾਬ ਆਪਣੇ ਸ੍ਰੀ ਗੁਰੁ ਪੰਥ ਪ੍ਰਕਾਸ਼ ਵਿੱਚ ਲਿਖੇ ਹਨ। ਉਨ੍ਹਾਂ ਹੀ ਵਿੱਚੋਂ ਦੇਵੀ ਦੇ ਪ੍ਰਗਟਾਣ ਦੇ ਸਬੰਧ ਵਿੱਚ ਮਰੀ ਵੱਲੋਂ ਪ੍ਰਸ਼ਨ ਹੈ ਤੇ ਸ੍ਰ: ਰਤਨ ਸਿੰਘ ਜੀ ਵੱਲੋਂ ਉੱਤਰ ਹੈ ਜਿਸ ਨੂੰ ਹੂਬਹੂ ਕਵੀ ਜੀ ਆਪਣੇ ਲਫ਼ਜ਼ਾਂ ਵਿੱਚ ਦੇਰਹੇ ਹਨ। ਖਾਲਸਾ ਟ੍ਰੈਕਟ ਸੁਸਾਇਟੀ ਵੱਲੋਂ ਛਾਪੇ ਰਤਨ ਸਿੰਘ ਭੰਗੂ ਰਚਿਤ ਪ੍ਰਾਚੀਨ ਪੰਥ ਪ੍ਰਕਾਸ਼ 'ਚ ਦੁਰਗਾ ਪ੍ਰਗਟਾਣ ਦਾ ਪ੍ਰਸੰਗ ਨਹੀਂ ਹੈ। ਹੋ ਸਕਦਾ ਹੈ ਕਿ ਗਿਆਨੀ ਜੀ ਦੇ ਸ੍ਰੀ ਗੁਰੁ ਪੰਥ ਪ੍ਰਕਾਸ਼ ਤੇ ਤਵਾਰੀਖ਼ ਗੁਰੂ ਖਾਲਸਾ ਵਾਂਗ ਪ੍ਰਾਚੀਨ ਪੰਥ ਪ੍ਰਕਾਸ਼ ਵੀ ਸੁਸਾਇਟੀ ਨੇ ਆਖੇਪ ਕਰ ਕੇ ਹੀ ਛਾਪਿਆ ਹੋਵੇ। ੩. ਸ੍ਰੀ ਗੁਰੁ ਪੰਥ ਪ੍ਰਕਾਸ਼ ਦੀ ਪਹਿਲੀ ਐਡੀਸ਼ਨ ੧੯੩੬ ਬਿ: ਵਿੱਚ ਦਿੱਲੀ ਅਤੇ ਦੂਜੀ ੧੯੪੬ ਬਿ: ਵਿੱਚ ਲਾਹੌਰ ਤੇ ਤੀਜੀ ੧੯੪੬ ਬਿ: ਨੂੰ ਅੰਮ੍ਰਿਤਸਰ ਵਿੱਚ ਛਪੀ। ਇਨ੍ਹਾਂ ਤੋਂ ਬਾਅਦ ੧੯੪੮ ਬਿ: ਵਿੱਚ ਤਵਾਰੀਖ਼ ਗੁਰੂ ਖਾਲਸਾ (ਵਾਰਤਕ ਭਾਗ ਪਹਿਲਾ) ਜੋ ਗਿਆਨੀ ਗਿਆਨ ਸਿੰਘ ਜੀ ਨੇ ਆਪ ਸਿਆਲਕੋਟ ਵਿੱਚ ਛਪਵਾਈ ਸੀ, ਜਿਸ ਵਿੱਚ ਉਨ੍ਹਾਂ ਨੇ ਇਸ ਹੋਮ ਤੇ ਦੇਵੀ ਪ੍ਰਗਟਾਣ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਐਉਂ ਲਿਖਿਆ ਹੈ: "ਇਹ ਹੋਮ ਚੇਤ ਸੁਦੀ ੫ ਸੰ: ੧੭੫੪ ਨੂੰ ਸ਼ੁਰੂ ਹੋਯਾ॥ ਜਦ ਬਰਸਰੋਜ਼ ਪੂਰਾ ਹੋਯਾ ਤੇ ਚੇਤ ਸੁਦੀ ੮ ਸੰ: ੧੭੫੫ ਦਾ ਦਿਨ ਆਯਾ ਤਾਂ ਪੁੱਛਜਾ ਕਿ ਪੰਡਿਤ ਜੀ ਦੇਵੀ ਕਦ ਪ੍ਰਗਟ ਹੋਵੇਗੀ ਤਾਂ ਬ੍ਰਾਹਮਣ ਨੇ ਆਖਜਾ ਜੇ ਕੁਲੀਨ ਪਵਿੱਤ੍ਰ ਪੁਰਸ਼ ਦਾ ਹੋਮ ਇਸ ਵਕਤ ਕਰਨਾ ਚਾਹੀਏ ਤਾਂ ਪਰਗਟ ਹੋਵੇਗੀ। ਗੁਰੂ ਜੀ ਨੇ ਬਚਨ ਕੀਤਾ ਕਿ ਤੇਰੇ ਨਾਲੋਂ ਹੋਰ ਕੌਣ ਪਵਿੱਤਰ ਕੁਲੀਨ ਹੋਣਾ ਹੈ, ਤੇਰੀ ਹੀ ਭੇਟਾ ਕਰਾਂਗੇ ਤੇ ਜਦ ਦੇਵੀ ਪ੍ਰਗਟ ਹੋਵੇਗੀ ਤਾਂ ਅਸੀਂ ਕਹਾਂਗੇ ਕਿ ਪਹਿਲੇ ਸਾਡਾ ਪੰਡਿਤ ਜੀਵੇ ਤਾਂ ਅਸੀਂ ਪੰਡਿਤ ਨੂੰ ਪੁੱਛ ਕੇ ਵਰ ਮੰਗਾਂਗੇ। ਪੰਡਿਤ ਨੇ ਭੈ ਖਾ ਕੇ ਆਖਜਾ ਮੈਂ ਨਦੀ ਇਸ਼ਨਾਨ ਕਰ ਆਵਾਂ, ਤੁਸੀਂ ਹੋਮ ਕਰੋ, ਮੰਤ੍ਰ ਪੜ੍ਹੋ। ਏਹ ਕਹਿ ਕੇ ਪੰਡਿਤ ਜੀ ਤਾਂ ਪੱਤ੍ਰਾ ਵਾਚ ਗਏ। ਯਥਾ ਵਾਕ ਭਾਈ ਮਨੀ ਸਿੰਘ ਜੀ: 'ਜਦ ਹੋਮ ਪੂਰਾ ਹੋਣ ਉੱਤੇ ਆਯਾ ਤਾਂ ਪੰਡਿਤਾਂ ਨੇ ਸਭ ਦੇਸ਼ਾਂ ਦੇ ਬ੍ਰਾਹਮਣਾਂ ਨੂੰ ਨਜੋਤੇ ਭੇਜ ਦਿੱਤੇ ਤੇ ਗੁਰੂ ਜੀ ਨੂੰ ਆਖਜਾ ਦੇਵੀ ਦੇ ਹੋਮ ਵਾਸਤੇ ਤੁਸਾਂ ਕੋਈ ਪਵਿੱਤ੍ਰ ਕੁਲੀਨ ਪੁਰਖ ਤਜਾਰਰਖਣਾ॥ ਤਿਸ ਪਿੱਛੋਂ ਬ੍ਰਹਮ ਭੋਜ ਬ੍ਰਾਹਮਣਾਂ ਨੂੰ ਖਵਾਉਣਾ। ਗੁਰੂ ਜੀ ਨੇ ਬਚਨ ਕੀਤਾ, ਪੰਡਿਤਾ ਅਸੀਂ ਤੈਨੂੰ ਹੀ ਹੋਮ ਦੇਵਾਂਗੇ, ਤੇਰੇ ਨਾਲੋਂ ਹੋਰ ਪਵਿੱਤ੍ਰ ਕੁਲੀਨ ਪੁਰਖ ਚੰਗਾ ਕੌਣ ਹੈ॥ ਤੇ ਜਿਤ ਵੇਲੇ ਦੇਵੀ ਪ੍ਰਤੱਖ ਹੋਈ ਤਾਂ ਅਸੀਂ ਕਹਾਂਗੇ ਇਹ ਸਾਡਾ ਪੰਡਿਤ ਜੀਵੇ ਤੇ ਜੋ ਏਹ ਕਹੇ ਸੋ ਅਸੀਂ ਵਰ ਮੰਗਾਂਗੇ ਤਾਂ ਪੰਡਿਤ ਨੇ ਭੈਮਾਨ ਹੋ ਕੇ ਕਹਜਾ ਮੈਂ ਇਸ਼ਨਾਨ ਕਰ ਆਵਾਂ ਤੇ ਤੁਸੀਂ ਹੋਮ ਕਰੋ, ਮੰਤ੍ਰ ਪੜ੍ਹੋ।' ਜਦ ਪੰਡਿਤ ਆਯਾ ਤਾਂ ਗੁਰੂ ਜੀ ਨੇ ਸਭ ਸਾਮਾਨ ਹੋਮ ਦਾ ਜੋ ਬਚਜਾ ਹੋਯਾ ਸੀ, ਇੱਕੇ ਵਾਰੀ ਅੱਗ ਵਿੱਚ ਪਾ ਦਿੱਤਾ ਤੇ ਆਪ ਤਲਵਾਰ ਲੈ ਕੇ ਖੜ੍ਹੇ ਹੋ ਗਏ॥ ਸਬ ਸਮੱਗ੍ਰੀ ਦੇ ਇਕੇ ਵਾਰੀ ਪੈ ਜਾਣੇ ਕਰ ਪਹਾੜ ਦੀ ਚੋਟੀ ਪਰ ਬਹੁਤ ਭਾਰੀ ਪ੍ਰਕਾਸ਼ ਹੋ ਗਿਆ ਜਿਸ ਪ੍ਰਕਾਸ਼ ਨੂੰ ਦੂਰੋਂ ਦੂਰੋਂ ਲੋਕਾਂ ਨੇ ਦੇਖ ਕੇ ਖਜਾਲ ਕੀਤਾ ਕਿ ਦੇਵੀ ਪ੍ਰਗਟ ਹੋਈ ਹੈ, ਉਸੇ ਦਾ ਪ੍ਰਕਾਸ਼ ਹੈ। ਓਸ ਵਕਤ ਜਿਨ੍ਹਾਂ ਲੋਗਾਂ ਨੇ ਆ ਕੇ ਪੁਛਜਾ ਕਿ ਦੇਵੀ ਪ੍ਰਗਟ ਹੋਈ ਹੈ? ਤਾਂ ਮਹਾਰਾਜ ਨੇ ਤਲਵਾਰ ਹੱਥ ਵਿੱਚ ਲਏ ਹੋਏ ਬਚਨ ਕੀਤਾ ਕਿ ਹਾਂ (ਇਹ) ਦੇਵੀ ਪ੍ਰਗਟ ਹੋਈ ਹੈ। (ਦੇਖੋ ਤਵਾਰੀਖ਼ ਗੁਰੂ ਖਾਲਸਾ ਭਾਗ ਪਹਿਲਾ ਪੰਨਾ

੩੦੨-੩)।' ਗਿਆਨੀ ਜੀ ਦੇ ਲਿਖੇ ਉਪਰੋਕਤ ਵਿਚਾਰਾਂ ਤੋਂ ਏਥੇ ਆਇਆ ਦੁਰਗਾ ਪ੍ਰਗਟਾਣ ਦਾ ਪਰਸੰਗ ਆਪਣੇ ਆਪ ਹੀ ਖੰਡਨ ਹੋ ਜਾਂਦਾ ਹੈ। ਕਿਉਂਕਿ ਇਹ ਪਰਸੰਗ ਸ੍ਰੀ ਗੁਰ ਪੰਥ ਪ੍ਰਕਾਸ਼ ਅੰਮ੍ਰਿਤਸਰ ਐਡੀਸ਼ਨ 'ਚ ੧੯੪੬ ਬਿ: 'ਚ ਛਪਿਆ ਹੈ ਤੇ ਉਸ ਤੋਂ ਸਿਰਫ਼ ਦੋ ਸਾਲ ਬਾਅਦ ੧੯੪੮ ਬਿ: ਵਿੱਚ ਤਵਾਰੀਖ਼ ਗੁਰੂ ਖ਼ਾਲਸਾ ਦਾ ਉਪਰਲਾ ਲੇਖ ਛਪਿਆ ਹੈ, ਜਿਸ ਤੋਂ ਸਾਬਤ ਹੋ ਜਾਂਦਾ ਹੈ ਕਿ ਗੁਰੂ ਜੀ ਨੇ ਇਹ ਹੋਮ ਦਾ ਸਾਰਾ ਆਡੰਬਰ ਤੇ ਖ਼ਰਚ ਸਿਰਫ਼ ਬ੍ਰਹਮਣਾਂ ਦੇ ਪਖੰਡ ਜਾਲ ਨੂੰ ਤੋੜਨ ਵਾਸਤੇ ਹੀ ਕੀਤਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਇਨ੍ਹਾਂ ਬ੍ਰਹਮਣਾਂ ਨੂੰ ਚੰਗੀ ਤਰ੍ਹਾਂ ਝੂਠੇ ਕਰ ਕੇ ਪੰਥ ਦੇ ਗਲੋਂ ਲਾਹਿਆ ਜਾਵੇ। ੧੮੦੮ ਬਿ: ਤੋਂ ਬਾਅਦ ਗਿਆਨੀ ਗਿਆਨ ਸਿੰਘ ਜੀ ਹੀ ਪਹਿਲੇ ਖੋਜੀ ਲੇਖਕ ਹਨ ਜਿਨ੍ਹਾਂ ਭਾਈ ਮਨੀ ਸਿੰਘ ਜੀ ਦੀ ਲਿਖਤ ਦਾ ਹਵਾਲਾ ਦੇ ਕੇ ਦੇਵੀ ਪ੍ਰਗਟਾਣ ਦੇ ਪਰਸੰਗ ਨੂੰ ਸਿਧਾਂਤਕ ਤੇ ਇਤਿਹਾਸਕ ਪੱਖੋਂ ਸਹੀ ਰੂਪ ਵਿੱਚ ਪੇਸ਼ ਕੀਤਾ ਹੈ। ਇਨ੍ਹਾਂ ਤੋਂ ਬਾਅਦ ਦੇ ਸਾਰੇ ਲੇਖਕਾਂ ਨੇ ਗਿਆਨੀ ਜੀ ਦੀ ਇਸ ਖੋਜ ਤੇ ਵਿਚਾਰਾਂ ਤੋਂ ਹੀ ਰੌਸ਼ਨੀ ਲਈ ਹੈ ਅਤੇ ਆਪਣੇ ਲੇਖਾਂ ਦਾ ਧੁਰਾ ਗਿਆਨੀ ਜੀ ਵੱਲੋਂ ਵਰਨਣ ਕੀਤੇ ਵਿਚਾਰਾਂ ਨੂੰ ਹੀ ਬਣਾਇਆ ਹੈ। ਇਹ ਲੇਖਕ ਹਨ:- ਮਿ: ਮੈਕਾਲਫ਼ ਲੇਖਕ 'ਸਿਖ ਰਿਲੀਜਨ' (ਇੰਗਲਿਸ਼) ਸਾਧੂ ਗੋਬਿੰਦ ਸਿੰਘ ਜੀ, ਲਾਲਾ ਦੌਲਤਰਾਇ ਲੇਖਕ 'ਸ੍ਵਾਨਹ ਉਮਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ', ਸ੍ਰੀ ਸੁਰੇਂਦਰ ਸ਼ਰਮਾ ਲੇਖਕ ਗੁਰੂ ਗੋਬਿੰਦ ਸਿੰਘ (ਹਿੰਦੀ), ਡਾ. ਗੋਕਲ ਚੰਦ 'ਨਾਰੰਗ' ਲੇਖਕ 'ਸਿੱਖੋਂ ਕਾ ਪ੍ਰੀਵਰਤਨ', ਗਿਆਨੀ ਦਿੱਤ ਸਿੰਘ ਜੀ ਲੇਖਕ 'ਦੁਰਗਾ ਪ੍ਰਬੋਧ' (੧੯੫੬), ਭਾਈ ਕਾਨ੍ਹ ਸਿੰਘ ਜੀ ਨਾਭਾ ਲੇਖਕ ਗੁਰਮਤਿ ਸੁਧਾਕਰ, ਭਾਈ ਸਾਹਿਬ ਡਾ. ਵੀਰ ਸਿੰਘ ਜੀ ਸੰਪਾਦਿਕ ਸ੍ਰੀ ਗੁਰ ਪ੍ਰਤਾਪ ਸੂਰਜ। ਇਹ ਤੇ ਹੋਰ ਸਾਰੇ ਨਵੀਨ ਲੇਖਕਾਂ ਨੇ ਤਵਾਰੀਖ਼ ਗੁਰੂ ਖ਼ਾਲਸਾ ਵਿੱਚ ਲਿਖੇ ਭਾਵ ਨੂੰ ਹੀ ਆਪੋ ਆਪਣੇ ਢੰਗ ਨਾਲ ਵਰਨਣ ਕੀਤਾ ਹੈ। ਅੰਤ ਵਿੱਚ ਸਿੱਟਾ ਇਹੋ ਹੀ ਨਿਕਲਦਾ ਹੈ ਕਿ ਗੁਰੂ ਜੀ ਨੇ ਕੋਈ ਦੇਵੀ ਪ੍ਰਗਟ ਨਹੀਂ ਕੀਤੀ। ਹੋਰ ਵਿਸਥਾਰ ਲਈ ਦੇਖੋ ਗਿਆਨੀ ਦਿੱਤ ਸਿੰਘ ਜੀ ਰਚਿਤ ਪੁਸਤਕ 'ਦੁਰਗਾ ਪ੍ਰਬੋਧ' (ਸਫ਼ੇ ਪੰਜ ਸੌ) ਤੇ ਭਾਈ ਸਾਹਿਬ ਡਾ. ਵੀਰ ਸਿੰਘ ਜੀ ਲਿਖਤ 'ਦੇਵੀ ਪੂਜਨ ਪੜਤਾਲ' ਪੁਸਤਕ ਜੋ ਸੰਪਾਦਿਤ ਸ੍ਰੀ ਗੁਰ ਪ੍ਰਤਾਪ ਸੂਰਜ ਦੇ ਪੰਨਾ ੪੯੬੯ ਤੋਂ ੫੦੨੭ ਪੰਨੇ 'ਤੇ ਵੀ ਛਪੀ ਹੋਈ ਹੈ। ਸ੍ਰੀ ਗੁਰ ਪੰਥ ਪ੍ਰਕਾਸ਼ ਵਿੱਚ ਵੀ ਕੁਝ ਅਜਿਹੇ ਉਦਾਹਰਣ ਮੌਜੂਦ ਹਨ ਜਿਨ੍ਹਾਂ ਤੋਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਗੁਰਮਤਿ ਵਿੱਚ ਦੇਵੀ ਦੀ ਕੀ ਪੁਜ਼ੀਸ਼ਨ ਹੈ। ਇਨ੍ਹਾਂ ਉਦਾਹਰਣਾਂ ਬਾਰੇ ਵਿਸਥਾਰ ਸਹਿਤ ਦੇਖੋ ਇਸੇ ਗ੍ਰੰਥ ਦੇ ਪੰਨਾ ੨੬੮-੬੯।

ਸਤਿਗੁਰੁ ਪੁਰਿ ਆਨੰਦ ਮੈਂ,
ਆਏ ਫਿਰ ਬਖਸ਼ਾਤ ॥੨੮॥
ਜਥਾ ਜੋਗ ਧਨ ਬਹੁਤ ਦੈ,
ਬਿਦਾ ਕਰੇ ਭੂਦੇਵ[1]।
ਸਤਿਗੁਰੁ ਥਿਰੇ ਅਨੰਦਪੁਰਿ,
ਧਸਾਇ ਥਿਰਜੋ ਇਤ ਏਵ[1] ॥੨੯॥

[1]ਬ੍ਰਹਮਣ।

[1]ਏਥੇ ਇਸ ਤਰ੍ਹਾਂ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਦੇਵੀ ਬਿਦਤਾਵਨ' ਬਨਨਨੰ ਨਾਮ ਸਾਠਵੋਂ ਬਿਸ੍ਰਾਮ ॥੬੦॥

੬੧. {ਸਿੱਖੀ ਪਰਖਣੀ ਅਤੇ ਖਾਲਸਾ ਪੰਥ ਸਾਜਣਾ}

ਸ੍ਵੈਯਾ:

ਕਰ ਧਾਰ ਕੁਵੰਡ ਪ੍ਰਚੰਡ ਮਹਾਂ,
ਬਲਵੰਡ ਅਰੀ ਬਹੁ ਖੰਡ ਸੁਟੇ[1]।

[1]ਹੱਥ ਵਿੱਚ ਬਹੁਤ (ਪ੍ਰਚੰਡ) ਭਾਰੀ ਧਨੁਸ਼ ਪਕੜ ਕੇ, ਬਹੁਤੇ ਬਲਵਾਨ ਵੈਰੀ ਟੁਕੜੇ ਕਰ ਸੁੱਟੇ।

ਪਤਿਸ਼ਾਹਿ ਬਜੀਰ ਅਮੀਰਨ ਧੀਰਨ,
ਬੀਰਨ ਕੇ ਰਦ ਕੀਨ ਖਟੇ[1]।

[1]ਪਾਤਸ਼ਾਹ, ਵਜ਼ੀਰਾਂ, ਅਮੀਰਾਂ ਤੇ ਧੀਰਜਵਾਨ ਸੂਰਮਿਆਂ ਦੇ ਦੰਦ ਖੱਟੇ ਕਰ ਦਿੱਤੇ।

ਹਿੰਦੁਵਾਨ ਮਹਾਂਨ ਅਨੰਦ ਥਯੋ,
ਤੁਰਕਾਨਨ ਆਨ ਛਕੇ ਸੁ ਛੁਟੇ[1]।

[1]ਹੋਸ਼ ਭੁੱਲ ਗਈ।

ਜਿਮ ਮੇਂਹ ਬਰ੍ਹੇ ਹਰਿਆਵਲ ਹ੍ਵੈ,
ਭਸਰਾ ਅਕ ਜ੍ਵਾਸ ਝੁਰੈਂਹ ਪੁਠੇ[1] ॥ ੧ ॥

[1]ਜਿਵੇਂ ਮੀਂਹ ਵਰ੍ਹਨ ਨਾਲ ਹਰਿਆਵਲ ਹੋ ਜਾਂਦੀ ਹੈ ਅਤੇ ਭੱਸਰਾ (ਹਾਥੀ ਸੁੰਡੀ ਬੂਟੀ) ਅੱਕ ਤੇ ਜਵਾਹਾਂ ਉਲਟੇ ਝੁਲਦੇ ਹਨ ਭਾਵ ਸੁੱਕ ਸੜ ਜਾਂਦੇ ਹਨ।

ਦੋਹਰਾ:

ਮੀਰੀ ਪੀਰੀ ਕੀ ਕਸੀ,
ਕਟਿ ਤਟ ਜੁਗ ਕਰਵਾਰ[1]।

[1](ਜਿਸ ਗੁਰੂ ਨੇ) ਬਾਦਸ਼ਾਹੀ ਤੇ ਫ਼ਕੀਰੀ ਦੀਆਂ ਦੋ ਤਲਵਾਰਾਂ ਲੱਕ ਨਾਲ ਬੰਨ੍ਹੀਆਂ ਸਨ।

ਤਾਂ ਗੁਰੁ ਕੋ ਕਰਿ ਬੰਦਨਾ,
ਗਾਥਾ ਕਰੌਂ ਉਚਾਰ ॥ ੨ ॥
ਸੁਨੋ ਸ੍ਰੋਤਾ ਲਾਇ ਦਿਲ,
ਦਸਮ ਗੁਰੂ ਬਖਯਾਤ।
ਰਚਜੋ ਪੰਥ ਜਿਮ ਖਾਲਸਾ,
ਕਹੋਂ ਤੈਸ ਬ੍ਰਿਤਾਂਤ ॥ ੩ ॥

ਸ੍ਵੈਯਾ:

ਜਾਂ ਦਿਨ ਤੈਂ ਦੁਰਗਾ ਬਿਦਤਾਵਨ
ਕੀਨ ਗੁਰੂ, ਤਬਿ ਤੈ ਫਿਰ ਔਰੈਂ।
ਰੀਤਿ ਗਹੀ ਇਸ ਭਾਂਤਿ ਭਲੈ,
ਪਰਖੈਂ ਗੁਰੁ ਸਿੱਖਨ ਕੋ ਬਹੁ ਠੌਰੈਂ।
ਏਕ ਦਿਨੰ ਗੁਰੁ ਲਾਇ ਸਭਾ,
ਪੁਰਿ ਆਨੰਦ ਮੈਂ ਇਮ ਕੀਨ ਸੁ ਤੌਰੈਂ[1]।

[1]ਢੰਗ।

ਬੈਠਿ ਸਿੰਘਾਸਨ ਪੈ ਸੁਖਰਾਸ[1],

[1]ਸੁਖਾਂ ਦੀ ਹੱਦ।

ਕਹਜੋ ਸਭਿ ਸਿੱਖਨ ਕੌ ਗੁਰੁ ਗੌਰੈਂ[1] ॥ ੪ ॥

[1]ਭਾਰੀ ਗੁਰਾਂ ਨੇ।

ਆਇ ਮੁਝੈ ਨਿਸ ਨਿੱਤ ਸੰਤਾਵਤ,
ਹੈ ਦੁਰਗਾ ਸੁਨਿ ਲੇਹੁ ਮਹਾਨੇ।
ਮਾਂਗਤ ਹੈ ਸਿਰ ਪਾਂਚ, ਭਲੇ
ਗੁਰੁ ਸਿੱਖਨ ਕੇ, ਇਮ ਕੀਨ ਸੁਨਾਨੇ*।

*ਦੁਰਗਾ ਪ੍ਰਗਟਾਣ ਦਾ ਪ੍ਰਸੰਗ ਤੇ ਦੁਰਗਾ ਦੇ ਰਾਤ ਨੂੰ ਨਿੱਤ ਸਤਾਉਣ ਦੀ ਗੱਲ ਨਿਰਮੂਲ ਹੈ। ਦੇਖੋ ਪਿੱਛੇ ਬਿਸ੍ਰਾਮ ਨੰ: ੬੦ ਦੇ ਅੰਤ ਤੇ * ਨਿਸ਼ਾਨ ਦੀ ਪੈਰ ਟੂਕ।

ਜੋ ਗੁਰੁ ਸਿੱਖ ਅਹੇ ਸਿਦਕੀ,
ਅਬਿ ਸੀਸ ਦਿਵੈ ਹਮ ਕੋ ਸੁਖ ਮਾਨੇ।
ਯੌਂ ਸੁਨ ਕੈ ਸਭਿ ਮੌਨ ਰਹੇ,
ਮਨ ਮਾਂਹਿ ਡਰੇ ਗੁਰੁ ਜਾਨ ਦਿਵਾਨੇ ॥ ੫ ॥
ਦੋ ਕਰ ਜੋਰਿ ਪੁਨਾ ਇਕ ਸਿੱਖ,
ਉਠਜੋ ਗੁਰੁ ਸੰਮੁਖ ਐਸ ਅਲਾਯੋ[1]।

[1]ਇਸ ਤਰ੍ਹਾਂ ਕਿਹਾ।

ਜਾਂ ਦਿਨ ਤੈ ਹਮ ਸਿੱਖ ਭਏ,
ਸਿਰ ਤਾਂ ਦਿਨ ਤੈ ਗੁਰੁ ਕੋ ਹੈ ਚਢਾਯੋ।
ਲੀਜੀਏ ਆਪ ਉਤਾਰ ਹਮਾਰ ਸਿਰੈਂ,
ਫਿਰ ਕੀਜੀਏ ਜੋ ਮਨ ਭਾਯੋ।
ਯੌਂ ਸੁਨ ਕੈ ਗੁਰੁ ਤਾਂਹਿ ਬੁਲਾਇ,
ਭਲੇ ਮੁਦ ਠਾਨ ਸ਼ਨਾਨ ਕਰਾਯੋ ॥ ੬ ॥

ਦੋਹਰਾ:

ਤੰਬੂ ਇਕ ਬਡ ਪਹਿਲ ਹੀ,
ਰਾਖਜੋ ਥਾ ਤਨਵਾਇ।
ਪਾਂਚ ਬੱਕਰੇ ਤਾਂਹਿ ਮਹਿਂ,
ਖੁਫੀਆ[1] ਰਖੇ ਬੰਧਾਇ ॥ ੭ ॥

[1]ਗੁਪਤ।

ਸਭਾ ਮੱਧ ਤੇ ਸਿੱਖ ਕੋ,
ਖੇਮੇ[1] ਬੀਚ ਲਿਜਾਇ।

[1]ਤੰਬੂ।

ਬੈਠਾਰਜੋ ਤਿਹਂ ਕੋ ਤਹਾਂ,
ਬੁਜੋ[1] ਦਯੋ ਝਟਕਾਇ ॥ ੮ ॥

[1]ਬੱਕਰਾ।

ਚੌਪਈ:

ਰੁਧਰ ਧਾਰ[1] ਬਾਹਰ ਤਬਿ ਆਈ।

[1]ਲਹੂ ਦੀ ਧਾਰ।

ਪਿਖਿ ਸੰਗਤ ਮਨ ਮਹਿਂ ਬਿਸਮਾਈ[1]। [1]ਹੈਰਾਨ ਹੋਈ।
ਪੁਨ ਕਲਗੀ ਧਰ ਬਾਹਰ ਆਯੋ।
ਰੁਧਰ ਭਰਜੋ ਖੰਡਾ ਦਰਸਾਯੋ ॥ ੯ ॥
ਪਿਖਿ ਸਭਿ ਸਿੱਖਨ ਮਨਿ ਭੈ ਮਾਨਾ।
ਕਹੈਂ ਗੁਰੂ ਅਬਿ ਭਯੋ ਦਿਵਾਨਾ।
ਸਿਦਕੀ ਸਿੱਖਨ ਮਨ ਯਹਿ ਧਾਰਾ।
ਕੀਨੋ ਗੁਰੁ ਯਹਿ ਸ੍ਵਾਂਗ ਕਰਾਰਾ[1] ॥ ੧੦ ॥ [1]ਕਰੜਾ।
ਪੁਨ ਸਤਿਗੁਰੁ ਨੈ ਸਭਾ ਮਝਾਰੀ।
ਪੂਰਬ ਜਿਮ ਨਿਜ ਬਾਨਿ[1] ਉਚਾਰੀ। [1]ਆਪਣੀ ਬਾਣੀ।
ਸਿਦਕੀ ਸਿੱਖ ਏਕ ਫਿਰ ਹੋਰੀ[1]। [1]ਹੋਰ।
ਉਠਯੋ ਸਭਾ ਤੈ ਦ੍ਵੈ ਕਰ ਜੋਰੀ ॥ ੧੧ ॥
ਤਿਨ ਭੀ ਕਹਯੋ ਸੀਸ ਮੈਂ ਦਯੋ।
ਜਾਂ ਦਿਨ ਸਿੱਖ ਆਪ ਕਾ ਭਯੋ।
ਜੋ ਮਰਜੀ ਅਬਿਰਾਵਰ ਕੇਰੀ।
ਲੇਹੁ ਸੀਸ ਹਮਰੋ ਬਿਨੁ ਦੇਰੀ ॥ ੧੨ ॥
ਧੰਨ ਜਨਮ ਤਿਸ ਜਨ ਕਾ ਹੋਈ।
ਗੁਰ ਹਿਤ ਸੀਸ ਦੇਤ ਨਿਜ ਜੋਈ।
ਸ੍ਵਪਨ ਸਮਾਨ ਜਗਤ ਮੈਂ ਜੀਵਨ।
ਇਸ ਕਾਰਨ ਕਿਆ ਬੇਮੁਖ ਥੀਵਨ ॥ ੧੩ ॥
ਯਾ ਬਿਧਿ ਸਿਦਕ ਸਿੱਖ ਕਾ ਪੇਖਾ।
ਮੋਦ ਭਏ ਸਤਿਗੁਰੂ ਵਿਸੇਖਾ।
ਤੰਬੂ ਕੇ ਭੀਤਰ ਲੈ ਗਏ।
ਬੁਜੋ ਦੁਤੀ ਝਟਕਾਵਤ ਭਏ ॥ ੧੪ ॥
ਪਾਂਚ ਬੇਰ ਯਾਹੀ ਬਿਧਿ ਕੀਨੋ।
ਪਿਖਿ ਸੰਗਤਿ ਭੈ ਮਾਨਜੋ ਪੀਨੋ[1]। [1]ਬਹੁਤਾ।
ਕੱਚੇ ਸਿਖ ਹੁਤੇ ਤਬਿ ਜੇਤੇ।
ਕਿਛੁ ਕਿਛੁ ਬਜਾਜ[1] ਬਨਾ ਕਰ ਤੇਤੇ ॥ ੧੫ ॥ [1]ਬਹਾਨਾ।
ਇਤ ਉਤ ਗਏ ਦਹਿਲ ਦਿਲ[1] ਦੌਰੇ। [1]ਦਿਲੋਂ ਕੰਬ ਕੇ।
ਪੱਕੇ ਸਿੱਖ ਰਹੇ ਤਿਸ ਠੌਰੇ।
ਤਬਿ ਕਲਗੀ ਧਰ ਸਭਾ ਮਝਾਰੇ।

ਮੋਦ ਹੋਇ ਯੌਂ ਬਚਨ ਉਚਾਰੇ ॥੧੬॥
ਸਿੱਖੀ ਬੀਜ ਜਗਤ ਮੈਂ ਭਾਰੀ।
ਆਹਿ ਬਿਦਿਤ ਹਮ ਲਯੋ ਨਿਹਾਰੀ।
ਹਮ ਸਿੱਖਨ ਕੇ ਪਰਖਨ ਹੇਤੂ।
ਕਰਜੋ ਏਹੁ ਥਾ ਕਠਿਨ ਸੰਕੇਤੂ[1] ॥੧੭॥ [1]ਕਰੜਾ ਇਸ਼ਾਰਾ।
ਸਾਬਤ ਸਿਖ ਰਹੇ ਬਹੁ ਯਾਂ ਪੈ।
ਹਮ ਜਾਨਜੋ ਨਿਸਚੈ ਅਬਿ ਤਾਂ ਪੈ।
ਤੁਰਕਨ ਸੰਗ ਜੰਗ ਬਹੁ ਧਰ ਕੈ[1]। [1]ਕਰਕੇ।
ਸਿੱਖ ਜੀਤ ਹੈਂ ਅਰਿ ਗਨ ਹਰ ਕੈ[1] ॥੧੮॥ [1]ਅਣਗਿਣਤ ਵੈਰੀਆਂ ਨੂੰ ਮਾਰ ਕੇ।
ਯਾ ਕਲਿ ਕਾਲ ਕਰਾਲ ਮਝਾਰਾ।
ਗੁਰੁ ਸਿੱਖਨ ਮੈਂ ਧਰਮ ਅਪਾਰਾ।
ਆਇ ਰਹਜੋ ਹੈ ਸਬਿ ਬਿਧਿ ਨੀਕੈਂ।
ਪਰਖ ਲਯੋ ਹਮ ਨੈ ਅਬਿ ਠੀਕੈਂ ॥੧੯॥
ਆਦਿ ਗੁਰੂ ਜਬਿ ਸਿੱਖੀ ਪਰਖੀ।
ਥੀ ਸਬਿ ਸਿੱਖਨ ਕੀ ਮਤਿ ਧਰਖੀ[1]। [1]ਕੰਬ ਗਈ।
ਅੰਗਦ ਕਾਯਮ ਏਕ ਰਹਾਨਾ।
ਤਿਹਂ ਪ੍ਰਤਾਪ ਸਿਖ ਬਢੇ ਮਹਾਨਾ ॥੨੦॥
ਗੁਰੁ ਸਿੱਖੀ ਜੋ ਅਬਿ ਜਗ ਮਾਹੀ।
ਹੈ ਪ੍ਰਤਾਪ ਸਬਿ ਇਕ ਉਸ ਕਾ ਹੀ।
ਅਬਿ ਤੋ ਪੰਚ ਸਿਦਕ ਯੁਤ ਨਿਕਸੇ।
ਅਧਿਕ ਪੰਥ ਅਬਿ ਇਨ ਤੈ ਬਿਕਸੇ[1] ॥੨੧॥ [1]ਖਿੜੇਗਾ ਭਾਵ ਫੈਲੇਗਾ।
ਹਮ ਭੀ ਜਾਨ ਲਯੋ ਨਿਸਚੈ ਹੈ।
ਸਿਦਕੀ ਸਿੱਖ ਔਰ ਬਹੁਤੈ ਹੈਂ ॥੨੨॥
ਦੋਹਰਾ:
ਯਾ ਬਿਧਿ ਗੁਰੁ ਕੇ ਬਚਨ ਸੁਨਿ,
ਭਏ ਮੋਦ[1] ਸਭਿ ਸਿੱਖ। [1]ਅਨੰਦ।
ਕੱਚੇ ਜਨ ਪਛੁਤਾਵਹੀਂ,
ਨਿਜ ਦਿਲ ਦਹਲਜੋ ਪਿੱਖਿ ॥੨੩॥
ਕਬਿੱਤ:
ਸਾਰ[1] ਸਬਿ ਜਗਤ ਮਝਾਰ ਯਾ ਅਪਾਰ ਭਈ, [1]ਖ਼ਬਰ।

ਮਹਾਂ ਮਾਈ ਦਸਮ ਗੁਰੂ ਨੈ ਬਿਦਤਾਈ ਹੈ।
ਗੁਰੁ ਸਿੱਖ ਸੁਨਿ ਸੁਨਿ ਮੋਦ ਭਏ ਗੁਨਿ ਗੁਨਿ[1],
ਧੰਨ ਗੁਰੁ ਪੁਨ ਪੁਨ ਧੁਨਿ ਸੁਨਵਾਈ ਹੈ।
ਗੁਰੂ ਕੇ ਦਰਸ ਹਿਤ ਧਾਰ ਉਤਸ਼ਵ ਚਿੱਤ,
ਭੇਟ ਲੈ ਅਮਿੱਤ ਸਭਿ ਆਵੈਂ ਕਰਿ ਧਾਈ ਹੈ।
ਦੇਸ ਔ ਬਿਦੇਸਨ ਤੈ ਸੰਗਤ ਅਸੇਸ[1] ਤਬਿ,
ਆਈ ਗੁਰੁ ਢਿਗ ਬਹੁ ਗਨਤੀ ਨ ਕਾਈ ਹੈ ॥੨੪॥

[1]ਵਿਚਾਰ ਵਿਚਾਰ ਕੇ।

[1]ਬਹੁਤੀ।

ਕਾਬਲ ਕੰਧਾਰ ਮੁਲਤਾਨ ਪੋਠੋਵਾਰ,
ਕੁਰਾਸਾਨ[1] ਅਤੇ ਬਲਖ ਬੁਖਾਰਜੋਂ ਪਸ਼ੌਰ ਤੇ।
ਸਿੰਧੀ ਔ ਨਕਈ[1] ਰੋੜੀ ਭੱਖਰ ਤੇ ਸੱਖਰ ਲੌ,
ਲੰਮੇ, ਮਲ ਕੇਰੇ[1] ਕਾਸ਼ਮੀਰ ਔ ਲਹੌਰ ਤੇ।

[1]ਖੁਰਾਸਾਨ।

[1]ਨੱਕੇ ਦੇਸ਼ ਤੋਂ।

[1]ਮਲਯ ਦੇਸ਼ ਦੇ (ਦੱਖਣ ਦੀ ਇਕ ਪਹਾੜ ਦੀ ਧਾਰਾ ਤੇ ਉਸ ਦੇ ਆਸ ਪਾਸ ਦਾ ਦੇਸ਼, ਇਹ ਮਦਰਾਸ ਦੇ ਗੰਜਨ ਜ਼ਿਲ੍ਹੇ ਵਿੱਚ ਹੈ)।

ਮਾਝਾ ਦੁਆਬਾ ਮੈਣਦਾਬ ਮਾਲਵਾ ਬਿਸੇਸ ਭਾਵ[1],
ਬਾਂਗਰ ਹਿਸਾਰ ਚਾਵ ਧਾਰਿ[1] ਆਏ ਦੌਰਤੇ।
ਹਿੰਦੁ ਅਸਤਾਨ ਔ ਬੰਗਾਲ ਦੱਖਣੋ ਬਿਸਾਲ,
ਸਿੱਖ ਆਏ ਗੁਰੁ ਲਾਲ ਯੌਂ ਬਿਸਾਲ ਠੌਰ ਤੇ ॥੨੫॥

[1]ਬਹੁਤੇ ਪ੍ਰੇਮ ਨਾਲ।

[1]ਉਤਸ਼ਾਹ ਧਾਰ ਕੇ।

ਸ੍ਵੈਯਾ:
ਸੰਗਤ ਆਨਿ ਅਪਾਰ ਜੁਰੀ,
ਦਿਸ ਚਾਰਨ ਤੈ ਮੁਦ ਧਾਰ ਮਹਾਨੈ।
ਦੋ ਕਰ ਜੋਰਿ ਨਿਹੋਰ[1], ਅਕੋਰ[2]
ਧਰੇ ਪਦ ਪੰਕਜ ਕੈ ਅਗਵਾਨੈ[1]।
ਸੀਸ ਨਿਵਾਇ ਕਰੈਂ ਬਹੁ ਬੰਦਨ,
ਰੂਪ ਅਨੂਪ ਪਿਖੈਂ ਸੁਖ ਮਾਨੈ।
ਪੁੰਜ ਚਕੋਰ ਮਨੋ ਨਿਰਖੈਂ
ਸਸਿ ਪੂਰਨ ਕੋ[1], ਦ੍ਰਿਗ ਲਾਇ ਧਜਾਨੈ ॥੨੬॥
ਦ੍ਰਿਗ ਅੰਚਲ ਧੀਰ ਅਚੰਚਲ ਕੈ[1],
ਗੁਰੁ ਮੂਰਤਿ ਹੇਰਿ ਅਮੀਰਸ ਘੂਟੈਂ[1]।

[1]ਨਿਉਂ ਕੇ, ਝੁਕ ਕੇ। [2]ਭੇਟਾ।

[1]ਚਰਨਾਂ ਕਮਲਾਂ ਦੇ ਅੱਗੇ।

[1]ਬਹੁਤੇ ਚਕੋਰ ਪੁੰਨਿਆਂ ਦੇ ਚੰਦ ਨੂੰ।

[1]ਨੇਤ੍ਰਾਂ ਦੀਆਂ ਪਲਕਾਂ ਨੂੰ ਧੀਰਜ ਨਾਲ ਟਿਕਾ ਕੇ।

[1]ਅੰਮ੍ਰਿਤਰਸ ਦੀਆਂ ਘੁੱਟਾਂ ਭਰਦੇ ਹਨ।

ਨਾਹਿਂ ਤਜਾਤ ਅਘਾਤ ਨਹੀ[1],
ਜਨੁ ਰੰਕ ਮਹਾਂਤੁ[1] ਨਵੋ ਨਿਧਿ ਲੂਟੈਂ।
ਗੁਰੁ ਸਾਂਤਿ ਧਰੇ ਉਪਦੇਸ਼ ਕਰੈਂ,
ਜਨੁ ਮੇਘ ਸ੍ਰਾਂਤਿ ਸੁਧਾਰਸ ਵੂਠੈਂ[1]।

[1]ਰੱਜਦੇ ਨਹੀਂ।
[1]ਬਹੁਤੇ ਕੰਗਾਲ।
[1]ਜਾਣੋ ਬੱਦਲ ਅੰਮ੍ਰਿਤਰਸ ਰੂਪ ਸ੍ਰਾਂਤੀ ਬੂੰਦਾਂ ਦੀ ਵਰਖਾ ਕਰਦੇ ਹਨ।

ਮਨ ਬਾਂਛਿਤ ਲੈ ਫਲ ਚਾਰ ਸਭੀ,
ਗਨ ਚਾਤਿਕ ਸਿੱਖ ਅਨੰਦ ਸ ਜੂਟੈਂ[1] ॥੨੭॥
ਪੋਸ਼ਸ਼[1] ਆਯੁਧ ਅੰਗ ਸਜਾਇ,
ਸਭੀ ਗੁਰੁ ਸਿੱਖ ਮਹਾਂ ਮੁਦ ਪਾਏਂ।
ਖਾਇ ਅਫੀਮ ਅਚੈਂ ਬਿਜੀਆ[1] ਪੁਨ,
ਮੱਧ ਸਭਾ ਸਭਿ ਆਨਿ ਬਿਰਾਏ।
ਚਾਰ ਦਿਸਾ ਦਿਸ ਚਾਰਨ ਕੇ,
ਗੁਰੁ ਕੇ ਢਿਗ ਸਿੱਖ ਜੁਰੇ ਬਹੁ ਆਏ[1]।

[1]ਸਮੂੰਹ ਸਿੱਖਾਂ ਰੂਪ ਪਪੀਹੇ ਅਨੰਦ ਸਹਿਤ ਜੁੜ ਜਾਂਦੇ ਹਨ।
[1]ਪੋਸ਼ਾਕ।
[1]ਸੁੱਖਾ ਛਕਦੇ ਹਨ।
[1]ਚਹੁਆਂ ਦਿਸ਼ਾਂ ਦੇ ਸਿੱਖ ਗੁਰਾਂ ਦੇ ਕੋਲ ਚਹੁੰ ਪਾਸੀਂ ਆ ਕੇ ਜੁੜ ਗਏ।

ਰਾਜਤ[1] ਮੱਧ ਦਿਵਾਨ ਸ੍ਰੀ ਗੁਰੁ,
ਜਯੋਂ ਸਸਿ ਤਾਰਨ ਮੈਂ ਛਬਿ ਛਾਏ[1] ॥੨੮॥
ਹੇਮ[1] ਸਿੰਘਾਸਨ, ਹੀਰਨ ਸੰਗ
ਜਟਯੋ, ਰਵਿ ਜਯੋਂ ਪ੍ਰਕਾਸ਼ ਤਚਾਹੀ[1]।
ਤਾਂ ਪਰ ਪੂਰਨ ਪੂਰਨ ਕਾਮ[1],
ਬਿਰਾਜ ਰਹੇ ਦਸਮੀ ਪਤਿਸ਼ਾਹੀ।
ਸੋਹਿਤ ਸੀਸ ਜਿਗਾ ਕਲਗੀ,
ਨਗ ਭੂਰ ਅਮੋਲ ਖਚੇ ਜਿਸ ਮਾਂਹੀਂ।

[1]ਬਿਰਾਜਦੇ ਹਨ।
[1]ਸੋਭਾ ਪਾਉਂਦਾ ਹੈ।
[1]ਸੋਨੇ ਦਾ।
[1]ਸੂਰਜ ਵਾਂਗ ਰੌਸ਼ਨੀ ਛੱਡਦਾ ਹੈ।
[1]ਪੂਰਨ ਸਤਿਗੁਰੂ ਕਾਮਨਾ ਪੂਰੀਆਂ ਕਰਨ ਵਾਲੇ।

ਪੀਤ[1] ਪੁਸ਼ਾਕ ਸੁਹਾਵਤ ਪਾਕ[2],
ਮਨੋ ਤੜਤਾ ਗਿਰ ਹੇਮ ਪਰਾਹੀ[1] ॥੨੯॥
ਕੁੰਡਲ ਲੋਲ[1] ਅਮੋਲ ਲਸੈਂ ਸ੍ਰੁਤਿ[2],
ਮੋਤਿਨ ਮਾਲ ਬਿਸਾਲ ਸੁਹਾਵੈ।
ਆਯੁਧ ਚਾਰੁ[1] ਅਪਾਰ ਸਜੇ ਤਨ,
ਸਾਇਕ[1] ਲੈ ਕਰ ਮਾਹਿਂ[2] ਫਿਰਾਵੈਂ।
ਚਾਮਰ ਚਾਰੁ ਢੁਰੈਂ ਜੁਗ ਦੋ ਦਿਸ,
ਹੇਰ ਤਿਨੈ ਉਪਮਾ ਇਮ ਭਾਵੈ।

[1]ਪੀਲੀ। [2]ਪਵਿੱਤ੍ਰ।
[1]ਜਾਣੋ ਸੋਨੇ ਦੇ ਪਹਾੜ 'ਤੇ ਬਿਜਲੀ ਪੈ ਰਹੀ ਹੈ।
[1]ਚੰਚਲ। [2]ਕੰਨਾਂ 'ਚ ਚਮਕ ਰਹੇ ਹਨ।
[1]ਸੁੰਦਰ ਸ਼ਸਤ੍ਰ।
[1]ਤੀਰ। [2]ਹੱਥ ਵਿੱਚ।

ਆਵਤ ਹੰਸ ਮਨੋ ਮੁਕਤਾ ਹਿਤ[1],
ਬਾਨ ਨਿਹਾਰ ਪੁਨਾ ਫਿਰ ਜਾਵੈਂ ॥ ੩੦ ॥
ਦੋ ਕਰ ਜੋਰਿ ਤਬੈ ਬਹੁ ਸਿੱਖਨਿ,
ਯੌਂ ਗੁਰੁ ਕੇ ਢਿਗ ਬੈਨ ਉਚਾਰੇ।
ਹੇ ਗੁਰੁ ਦੀਨ ਦਜਾਲ ਸੁਨੋ,
ਅਰਜੀ ਹਮਰੀ ਮਰਜ਼ੀ ਕਰਿ ਥਾਰੇ[1]।
ਚਾਰ ਪਦਾਰਥ ਬਾਂਛਿਤ ਦੈ,
ਨਿਜ ਸਿੱਖਨ ਕੇ ਜਿਮ ਸੋਕ ਬਿਦਾਰੇ।
ਤਜੋਂ ਇਕ ਔਰ ਦਿਜੈ ਸੁਖ ਬਾਂਛਿਤ[1],
ਦੀਨ ਭਏ ਹਮ ਮਾਂਗਤ ਸਾਰੇ ॥ ੩੧ ॥
ਆਵਤ ਹੈਂ ਹਮ, ਰਾਵਰ ਕੇ ਹਿਤ,
ਉੱਤਮ ਚੀਜ ਜਬੈ ਕਿਛੁ ਲੈ ਕੈ।
ਛੀਨਤ ਹੈਂ ਬਲ ਸੋਂ ਮਗ ਮੈਂ ਯਹਿ,
ਮੁੱਸਲਮਾਨ ਇਮਾਨ ਤਜੈ ਕੈ।
ਹਾਨ[1] ਹ੍ਵੈ ਇਨਿ ਕੀ ਜਿਮ, ਤਜੋਂ
ਅਬਿ ਕੀਜੀਏ ਸੋ, ਸਭਿ ਬਿਓਂਤ ਬਨੈ ਕੈ।
ਗਾਰ ਗੁਮਾਨ ਗਨੀਮਨ ਕੇ[1],
ਨਿਜ ਸਿੱਖਨ ਕੋ ਸੁਖ ਦੈ ਦੁਖ ਛੈ ਕੈ[1] ॥ ੩੨ ॥
ਯਾ ਬਿਧਿ ਸਿੱਖਨ ਕੀ ਬਿਨਤੀ ਸੁਨ ਕੈ,
ਗੁਨ ਕੈ ਗੁਰੁ ਐਸ ਉਚਾਰੋ।
ਆਯੁਧ ਹਾਥ ਗਹੋ ਸਭਿ ਹੀ ਤੁਮ,
ਦੁੱਜਨ ਕੋ[1] ਬਲ ਕੈ ਦਲ ਮਾਰੋ।
ਤੌ ਤੁਮ ਤੇ ਦਬ ਹੈਂ ਸਬਿ ਸੱਤ੍ਰੂ,
ਫੇਰ ਨ ਸੰਮੁਖ ਹੋਵਹਿਂ ਥਾਰੋ।
ਦੰਡ ਬਿਨਾ ਨਹਿਂ ਦੂਰ ਭਵੈਂ ਜਗ,
ਬੰਚਕ[1] ਚੋਰ ਭੁਜੰਗਮ ਕਾਰੋ[2] ॥ ੩੩ ॥

ਕਬਿੱਤ:

ਬਾਨੀ ਯੌਂ ਮਹਾਂਨੀ ਸੁਖ ਦਾਨੀ ਰਸ ਬੀਰ ਸਾਨੀ[1],
ਸੁਨਿ ਗੁਰੁ ਸਿੱਖਨ ਵਖਾਨੀ ਪੁਨ ਐਸ ਹੀ।
ਮੁਗਲ ਪਠਾਨ ਸ਼ੇਖ ਸੱਯਦ ਮਹਾਂਨ ਬੀਰ,

[1]ਮੋਤੀਆਂ ਵਾਸਤੇ।
[1](ਅੱਗੋਂ ਜੋ) ਤੁਹਾਡੀ ਮਰਜ਼ੀ ਹੈ (ਉਹ) ਕਰੋ।
[1]ਮਨ ਇੱਛਤ।
[1]ਨਾਸ।
[1]ਦੁਸ਼ਮਣਾਂ ਦੇ ਹੰਕਾਰ ਨੂੰ ਗਾਲ ਕੇ।
[1]ਨਾਸ ਕਰਕੇ।
[1]ਵੈਰੀਆਂ ਨੂੰ।
[1]ਠੱਗ। [2]ਕਾਲੇ ਸੱਪ।
[1]ਬੀਰਰਸ ਨਾਲ ਮਿਲੀ ਹੋਈ।

ਧੀਰ ਜੰਗ ਜੀਤਬੇ ਕੋ ਵਲੀ[1] ਸਭਿ ਵੈਸ ਹੀ। [1]ਸਮਰੱਥਾ ਵਾਲੇ ਹਨ।
ਆਯੁਧ ਨ ਗਹਜੋ ਹਾਥ ਕਬੀ ਹਮ ਸੁਨੋ ਨਾਥ,
ਕਹੋ ਤਿਨ ਸਾਥ ਭਟ ਭੇਰ[1] ਕਰੈਂ ਕੈਸ ਹੀ। [1]ਸੂਰਮਿਆਂ ਦਾ ਭੇੜ ਭਾਵ ਜੰਗ।
ਵਾਹਿ ਤੋ ਸ਼ਰਾਬ ਔ ਕਬਾਬ ਕੇ ਅਚਨਹਾਰ[1], [1]ਮਾਸ ਦੇ ਛਕਣ ਵਾਲੇ।
ਹਮ ਮੋਠ ਬਾਜਰੀ ਖਵੱਯਾ ਸਭਿ ਹੈਂ ਸਹੀ ॥ ੩੪ ॥
ਜੰਗ ਕਾ ਵਿਚਾਰ ਤੋ ਕਿਨਾਰੇ ਰਹਜੋ ਤਿਨ ਸੰਗ,
ਸੰਮੁਖ ਨਿਹਾਰ ਹਮ ਸਕੈ ਨਾਹਿਂ ਤਿਨ ਕੈ।
ਨਾਹਰ ਸਮਾਨ[1] ਵਹਿ ਦੀਸਤ ਕਰਾਲ[2] ਹਮੈਂ, [1]ਸ਼ੇਰ ਵਾਂਗ। [2]ਭਿਆਨਕ।
ਥਰ ਥਰ ਕਾਂਪੈਂ ਖੌਫ ਖਾਇ ਨਿਸ ਦਿਨ ਕੈ।
ਐਸੀ ਬਹੁ ਬਾਨੀ ਭੀਰੂ[1] ਸਿੱਖਨ ਕੀ ਸੁਨਿ ਗੁਰੁ, [1]ਡਰਾਕੁਲ।
ਮਨ ਮਾਹਿਂ ਗੁਨਿ ਕਹਜੋ ਦੋਸ਼ ਨਾਂਹਿਂ ਇਨ ਕੈ।
ਪੂਰਬ ਭਏ ਹਮਾਰੇ ਗੁਰੂ ਜੇ ਬ੍ਰਿੱਧ ਭਾਰੇ[1], [1]ਬਹੁਤ ਵੱਡੇ।
ਸੰਗਤ ਅਪਾਰੇ ਕੀਨੀ ਸਤੋਂ ਗੁਨੀ ਗਿਨ ਕੈ
॥ ੩੫ ॥
ਗਹੀ ਜਿਨਿ ਹਾਥ ਦਾਮ[1] ਕੈਸੇ ਕਰੈਂ ਸੰਗ੍ਰਾਮ[2], [1]ਰੱਸੀ ਭਾਵ ਮਾਲਾ। [2]ਜੰਗ।
ਸਜਾਰ[1] ਤੈ ਡਰਤ ਜੋਊ ਕੈਸੇ ਮਾਰੈਂ ਸ਼ੇਰ ਹੈਂ। [1]ਗਿੱਦੜ।
ਛਕਿਓ ਸਰਾਬ ਨਾ ਕਬਾਬ ਜਿਨੈ ਖ੍ਵਾਬ ਬੀਚ[1], [1]ਸੁਪਨੇ ਵਿੱਚ।
ਕੈਸੇ ਹੋਇ ਚਾਵ ਤਿਨੈ ਖੇਲਬੋ ਅਖੇਰ ਹੈ[1]। [1]ਸ਼ਿਕਾਰ।
ਖੱਤ੍ਰੀ ਸੁਨਜਾਰ ਦ੍ਵਜ ਬਣੀਏ ਲਬਾਣੇ ਜੱਟ,
ਇਤਜਾਦਿ ਜਾਤਿ ਜੇਊ ਭੀਰੂ ਸਹਿ ਜੇਰ ਹੈਂ[1]। [1]ਡਰਾਕੁਲ ਤੇ ਅਧੀਨਗੀ ਦੇ ਸਹਿਤ ਹਨ।
ਰੂਪਾ ਭੂਪਾ ਕੀੜੂ ਕਾਲੂ ਧੰਨਾ ਮੰਨਾ ਗੋਧੂ ਲਾਲੂ,
ਐਸੇ ਹੀ ਗਰੀਬ ਜੈਸੇ ਨਾਮ ਜਿਨਿ ਕੇਰ ਹੈਂ
॥ ੩੬ ॥
ਚੌਪਈ:
ਨਾਮ ਜਾਤਿ ਜਿਨ ਕੇ ਹੈਂ ਐਸੇ।
ਯਹਿ ਭਟ-ਭੇਰ ਸਕੈਂ ਕਰਿ ਕੈਸੇ।
ਤਾਂ ਤੇ ਛੱਤ੍ਰੀ ਇਨਹਿਂ ਬਨਾਵੋਂ।
ਪਿਛਲੀ ਜਾਤਿ ਅੱਧਜਾਸ[1] ਉਠਾਵੋਂ ॥ ੩੭ ॥ [1]ਜ਼ਾਤ ਦਾ ਖ਼ਿਆਲ।
ਨਾਮ ਸਿੰਘ ਇਨਿ ਕੇ ਅਬਿ ਧਰੋਂ।
ਰਜੋ ਗੁਣੀ ਸੰਗਤ ਬਿਸਤਰੋਂ[1]। [1]ਫੈਲਾਵਾਂਗਾ।

ਮੱਥਾ ਟੇਕਣ ਪੈਰੀਂ ਪਾਣਾ।
ਸੇਲੀ ਟੋਪੀ ਚੋਲਾ ਬਾਣਾ ॥ ੩੮ ॥
ਕੌਲ ਡੋਡਜੋਂ ਕੇਰੀ ਮਾਲਾ।
ਭੇਸ ਗਰੀਬੀ ਏਹੁ ਬਿਸਾਲਾ।
ਯਹਿ ਸਭਿ ਪਿਛਲੀ ਰੀਤਿ ਤਜਾਵੋਂ।
ਨਈ ਰੀਤਿ ਅਬਿ ਔਰ ਦ੍ਰਿੜਾਵੋਂ ॥ ੩੯ ॥
ਪਾਹੁਲ ਖੰਡੇ ਕੇਰ ਛਕੱਈਏ।
ਸ਼ਸਤ੍ਰ ਬਿਦਜਾ ਸਬੈ ਸਿਖੱਈਏ।
ਵਾਹਿਗੁਰੂ ਕੀ ਫਤੇ ਗਜੱਈਏ।
ਸ਼ਸਤ੍ਰ ਬਸਤ੍ਰ ਤਨ ਸਜਵੱਈਏ ॥ ੪੦ ॥
ਸਿੱਖਜਾ ਜੰਗ ਕਰਨ ਕੀ ਦੱਈਏ।
ਸਿੰਘ ਨਾਮ ਇਨਿ ਕੇ ਰਖਵੱਈਏ।
ਗਾਥ ਬੀਰ ਰਸ ਕੀ ਸੁਨਵੱਈਏ।
ਖਾਨ ਸੁ ਖੂਬ ਕਬਾਬ ਸਿੱਖਈਏ ॥ ੪੧ ॥
ਪਾਣ ਬੀਰ ਰਸ ਕੀ ਜਬਿ ਚੜ੍ਹ ਹੈ।
ਤਬਿ ਇਹੁ ਸੰਗ ਦੁਸ਼ਮਨੈਂ ਲੜ ਹੈਂ।
ਬਾਂਕੇ ਬੀਰ ਬਨੈਤ ਕਟੀਲੇ[1]। [1]ਕੱਟਣ ਵਾਲੇ (ਬਾਂਕੇ) ਸੋਹਣੇ (ਬਨੈਤ) ਸੁੰਦਰ ਸੂਰਮੇ।
ਤਬਿ ਹੋਵਹਿਂ ਗੇ ਸਿੰਘ ਰੰਗੀਲੇ ॥ ੪੨ ॥
ਦਾਤਾ ਭਗਤਿ ਬੀਰ ਹ੍ਵੈ ਜੋਈ।
ਸੁਗਤਿ ਸਮਾਨ ਤੀਨ ਕੀ ਹੋਈ[1]। [1]ਸ੍ਰੇਸ਼ਟ ਕਲਿਆਣ ਤਿੰਨਾਂ ਦੀ ਇੱਕੋ ਜੇਹੀ ਹੋਵੇਗੀ।
ਯਾ ਬਿਧਿ ਗੁਰੁ ਮਨ ਮੈਂ ਤਬਿ ਫਬਾ।
ਸਿੰਘ ਨਾਮ ਕਾ ਬਡ ਦਬਦਬਾ ॥ ੪੩ ॥
ਸਿੰਘ ਏਕ ਹੀ ਜਹਿਂ ਠਾਂ ਗਾਜੈ।
ਹਿੰਦੂ, ਮ੍ਰਿਗ ਤੁਰਕ ਗਨ ਭਾਜੈਂ।
ਪੁਨ ਹਿੰਦੂ ਤੁਰਕਨ ਤੇ ਨਜਾਰਾ।
ਰਚੋਂ ਪੰਥ ਯਹਿ ਵਲੀ ਅਪਾਰਾ[1] ॥ ੪੪ ॥ [1]ਬੇਅੰਤ ਸ਼ਕਤੀ ਵਾਲਾ।
ਮਹਾਂ ਤੇਜਸੀ ਦੰਗੇ ਬਾਜ[1]। [1]ਲੜਾਕਾ।
ਲਰਨ ਮਰਨ ਤੈ ਕਰੈ ਨ ਲਾਜ[1]। [1]ਸ਼ਰਮ ਭਾਵ ਸੰਕੋਚ।
ਲੋਗ ਚੁਰਾਸੀ ਕੇ ਹੈਂ ਜੇਤੇ।
ਸਿੰਘ ਬਾਜ ਚਿੜੀਆਂ ਵਹਿ ਤੇਤੇ ॥ ੪੫ ॥

ਹਿੰਦੂ ਤੁਰਕਨਿ ਆਂਖ ਮਝਾਰੀ।
ਕਣ ਜਜੋਂ[1] ਰੜਕੈਗੋ ਯਹਿ ਭਾਰੀ। [1]ਕੱਖ ਵਾਂਗ।
ਮੱਤ ਗਜੇਂਦ੍ਰ ਸਮ[1] ਜੇ ਤੁਰਕਾ। [1]ਮਸਤ ਹਾਥੀ ਵਾਂਗ।
ਤਿਨਿ ਹਿਤ ਰਚੋਂ ਸਿੰਘ ਯਹਿ ਬੁਰਕਾ[1] ॥ ੪੬ ॥ [1]ਸ਼ੇਰਾਂ ਦਾ ਬਾਣਾ।
ਹਤ ਤੁਰਕਨ ਕੋ ਛੀਨੈ ਰਾਜੁ।
ਭੋਗਹਿਂ ਸਿੰਘ ਸਭੀ ਸੁਖ ਸਾਜੁ[1]। [1]ਸਮੱਗ੍ਰੀ।
ਯਾ ਬਿਧਿ ਗੁਰੁ ਮਨਿ ਧਾਰੀ ਪੂਰਨ।
ਪੂਰਬ ਪ੍ਰਣ ਕਰਨ ਚਹਿਂ ਪੂਰਨ[1] ॥ ੪੭ ॥ [1]ਪਹਿਲਾ ਪ੍ਰਣ ਪੂਰਾ ਕਰਨਾ ਚਾਹੁੰਦੇ ਹਨ।

ਦੋਹਰਾ:

ਪੂਰਬ ਗੁਰੁ ਯਹ ਪ੍ਰਣ, ਕਬਿ
ਕੀਨੋ ਕੈਸ ਬਖਾਨ।
ਸੁਨੋ ਸ੍ਰੋਤਾ ਕਹੋਂ ਅਬਿ,
ਉੱਤ੍ਰ ਏਹੁ ਮਹਾਨ ॥ ੪੮ ॥

ਭੁਜੰਗ ਪ੍ਰਯਾਤ ਛੰਦ:

ਸਮੇ ਏਕ ਮਾਂਹੀਂ ਗੁਰੂ ਆਦਿ[1] ਨੀਕੈਂ। [1]ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ।
ਕਰਯੋ ਦੇਸ ਬਾਦੇਸ ਕਾ ਸੈਲ ਠੀਕੈਂ।
ਇਲਾ ਬ੍ਰਤ ਖੰਡੰ ਜਬੈ ਜਾਇ ਪੈਸੇ[1]। [1]ਵੜੇ।
ਬਨੰ ਏਕ ਮਾਂਹੀਂ ਖੁਸ਼ੀ ਹੋਇ ਬੈਸੇ ॥ ੪੯ ॥
ਤਹਾਂ ਜੀਵ ਔਰੈ ਨਹੀਂ ਕੋ ਰਹਾਵੈ।
ਰਹੈਂ ਸਿੰਘ[1] ਹੀ ਸਿੰਘ ਕੋ ਸਿੰਘ ਖਾਵੈ। [1]ਸ਼ੇਰ।
ਦਈ ਆਇਸੰ[1] ਸ਼ਬਦ ਗਾਯੋ ਮ੍ਰਦਾਨੇ। [1]ਆਗਿਆ।
ਤਬੈ ਸਿੰਘ ਬ੍ਰਿੰਦੰ[1] ਸੁਨਜੋ ਸੋਇ ਕਾਨੇ[2] ॥ ੫੦ ॥ [1]ਸਾਰੇ ਸ਼ੇਰਾਂ ਨੇ। [2]ਉਨ੍ਹਾਂ ਨੇ ਕੰਨਾਂ ਵਿੱਚ ਸੁਣਿਆ।
ਭਯੋ ਗਜਾਨ ਤਾਂ ਕੋ, ਅਏ ਗੁਰੁ ਨਜੀਕੈਂ।
ਕਰੀ ਬੰਦਨਾ, ਨਾਇ ਕੈ ਸੀਸ ਨੀਕੈਂ।
ਗੁਰੂ ਬੂਝਜੋ ਕ੍ਰਿਸ ਕਜੋਂ ਗਾਤ ਹੋਏ[1]। [1]ਸਰੀਰ ਕਿਉਂ ਕਮਜ਼ੋਰ ਹੋਏ ਹਨ।
ਤਿਨੈ ਭਾਖਜੋ ਭੂਖ ਨੈਂ ਬਹੁ ਵਿਗੋਏ[1] ॥ ੫੧ ॥ [1]ਤੰਗ ਕੀਤੇ ਹਾਂ।
ਕਰੋ ਏਹੁ ਕਿਰਪਾ ਜਿਵੈਂ ਭੂਖ ਜਾਈ।
ਤੁਸੀਂ ਸੰਤ ਸਮਰੱਥ ਹੋ ਰੂਪ ਸਾਂਈਂ।
ਸੁਨੇ ਬੈਨ ਸਿੰਘਾਨ ਕੇ ਦੀਨ ਭਾਰੇ[1]। [1]ਬਹੁਤੇ ਦੁੱਖ ਵਾਲੇ।
ਗੁਰੂ ਆਦਿ ਦੀਨੋ ਬਰੰ ਮੋਦ ਧਾਰੇ ॥ ੫੨ ॥

ਧਰੋਂ ਦਸਮ ਰੂਪੰ ਜਬੈ ਮੈਂ ਮਹਾਂਨੀ।
ਰਚੋਂ ਸਿੰਘ ਪੰਥੰ ਕਰੋਂ ਭੂਖ ਹਾਂਨੀ।
ਲਿਖੀ ਭਾਨੁ ਪ੍ਰਕਾਸ਼ ਮੈਂ[1] ਗਾਥ ਏਹੋ। [1]ਸੂਰਜ ਪ੍ਰਕਾਸ਼ ਭਾਵ ਨਾਨਕ ਪ੍ਰਕਾਸ਼ ਵਿੱਚ।
ਮਨੋ ਨਾ ਬਨਾਈ ਹਮੈਂ ਜਾਨ ਲੇਹੋ ॥ ੫੩ ॥

ਦੋਹਰਾ:
ਸ੍ਰੀ ਗੁਰੁ ਨਾਨਕ ਰੂਪ ਹੀ,
ਭਏ ਦਸੋਂ ਅਵਤਾਰ।
ਤਾਂ ਤੇ ਸੋ ਪ੍ਰਣ ਦਸਮ ਗੁਰੁ,
ਅਬਿ ਪੂਰਨ ਕਿਯ ਸਾਰ[1] ॥ ੫੪ ॥ [1]ਸ੍ਰੇਸ਼ਟ।

ਸ੍ਵੈਯਾ:
ਆਨਿ ਧਰੇ ਧਰ ਪੈ ਚਿੰਨ੍ਹ ਸਿੰਘਨਿ,
ਜੌ ਨਰਰੂਪ, ਗੁਰੂ ਲਖ ਪਾਏ[1]। [1]ਜਦੋਂ ਗੁਰਾਂ ਨੇ ਜਾਣ ਲਿਆ ਕਿ ਉਨ੍ਹਾਂ ਸ਼ੇਰਾਂ ਨੇ ਧਰਤੀ 'ਤੇ ਆ ਕੇ ਮਨੁੱਖਾਂ ਵਾਲੇ ਚਿੰਨ੍ਹ ਧਾਰ ਲਏ ਹਨ।
ਭੋਗ ਭੁਗਾਵਨ ਭੂਖ ਨਸਾਵਨ ਕੇ ਹਿਤ,
ਸਿੰਘ ਭੁਜੰਗਿ ਸਜਾਏ[1]। [1](ਉਨ੍ਹਾਂ ਸ਼ੇਰਾਂ ਨੂੰ) ਸਿੰਘ ਸੂਰਮੇ ਸਜਾ ਲਿਆ।
ਰਾਜ ਸਮਾਜ ਭੁਗਾਇ ਦਯੋ ਸਬਿ,
ਕੀਟਨ ਤੈ ਮ੍ਰਿਗਿੰਦ[1] ਬਨਾਏ। [1]ਕੀੜਿਆਂ ਤੋਂ ਸ਼ੇਰ।
ਜੌਨ ਸਮੇਂ ਜਿਮ ਪੰਥ ਰਚਯੋ,
ਅਬਿ ਸੋ ਸੁਨ ਲੇਹੁ ਭਲੇ ਦਿਲ ਲਾਏ ॥ ੫੫ ॥

ਚੌਪਈ:
ਸੱਤ੍ਰਾਂ ਸਏ ਛਿਪੰਜੇ ਸਾਲੈਂ।
ਬੈਸਾਖੀ ਸੰਕ੍ਰਾਂਤਿ ਨਿਹਾਲੈਂ[1]। [1]ਦੇਖ ਕੇ।
ਤਿਸ ਦਿਨ ਸਤਿਗੁਰੁ ਸਭਾ ਮਝਾਰੀ।
ਰਾਜਤ ਬਾਸਵ ਸਮ[1] ਸੁਖਕਾਰੀ ॥ ੫੬ ॥ [1]ਇੰਦ੍ਰ ਵਾਂਗ।
ਮਾਖੋਵਾਲ ਅਨੰਦਪੁਰਿ ਜਹਾਂ।
ਕਰਤ ਨਿਵਾਸ ਸ੍ਰੀ ਗੁਰੁ ਤਹਾਂ।
ਦੇਸ ਦੇਸ ਕੀ ਸੰਗਤਿ ਭਾਰੀ।
ਜੁਰੀ ਗੁਰੂ ਢਿਗ ਆਨਿ ਅਪਾਰੀ ॥ ੫੭ ॥
ਧਾਮ ਕੇਸਗੜ੍ਹ ਅਧਿਕ ਸੁਹਾਵਨ।
ਅਬਿ ਲੌ ਜਹਿਂ ਨਰ ਮਾਥ ਝੁਕਾਵਨ।

ਪਾਂਚ ਸਿੱਖ ਤਬਿ ਗੁਰੂ ਬੁਲਾਏ।
ਜੋ ਪਹਿਲੇ ਥੇ ਗੁਰੁ ਅਜ਼ਮਾਏ* ॥ ੫੮ ॥

*ਸ੍ਰੀ ਗੁਰ ਪ੍ਰਤਾਪ ਸੂਰਜ ਵਿੱਚ ਵੈਸਾਖੀ ਤੋਂ ਇਕ ਦਿਨ ਪਹਿਲਾਂ ਪੰਜਾਂ ਪਿਆਰਿਆਂ ਦਾ ਪਰਖਣਾ ਲਿਖਿਆ ਹੈ। ਉਸੇ ਦਾ ਹੀ ਕਵੀ ਜੀ ਸੰਖੇਪ ਅਨੁਵਾਦ ਕਰ ਰਹੇ ਹਨ। ਨਵੀਨ ਲੇਖਕਾਂ ਦਾ ਵਿਚਾਰ ਹੈ ਕਿ ਪੰਜਾਂ ਪਿਆਰਿਆਂ ਦੀ ਪਰਖ ਵੀ ਵੈਸਾਖੀ ਵਾਲੇ ਦਿਨ ਹੀ ਹੋਈ ਸੀ।

ਪੂਰਬ ਸਿਦਕ ਸੁਨਾਏ ਜਿਨ ਕੇ।
ਨਾਮ ਭਲੇ ਸੁਨ ਲਿਹੁ ਅਬਿ ਤਿਨ ਕੇ।
ਦਯਾ ਸਿੰਘ ਇਕ ਖੱਤ੍ਰੀ ਜਾਤੀ।
ਧਰਮ ਸਿੰਘ ਵਰ ਜੱਟ ਬਖਜਾਤੀ ॥ ੫੯ ॥
ਮੁਹਕਮ ਸਿੰਘ ਤੀਸਰੋ ਛੀਪਾ[1]।
ਨਾਈ ਸਾਹਿਬ ਸਿੰਘ ਗੁਨੀਪਾ[1]।
ਪੰਚਮ ਹਿੰਮਤ ਸਿੰਘ* ਕਹਾਰੈਂ[1]।

[1]ਛੀਂਬਾ

[1]ਗੁਣਾਂ ਵਾਲਾ।

[1]ਝੀਵਰ। *ਪੰਜਾਂ ਪਿਆਰਿਆਂ ਦੀ ਇਹੋ ਤਰਤੀਬ ਹੀ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਵਿੱਚ, ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿੱਚ, ਭਾਈ ਮੰਗਲ ਸਿੰਘ ਜੀ ਨੇ 'ਜੀਵਨ ਚਰਿਤ੍ਰ ਬਾਬਾ ਬੁੱਢਾ ਜੀ' ਵਿੱਚ ਲਿਖੀ ਹੈ ਅਤੇ ਭਾਈ ਠਾਕੁਰ ਸਿੰਘ ਗਿਆਨੀ ਨੇ 'ਗੁਰਦੁਆਰੇ ਦਰਸ਼ਨ' ਪੁਸਤਕ ਵਿੱਚ ਭਾਈ ਦਯਾ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੁਹਕਮ ਸਿੰਘ ਜੀ ਦੇ ਨਾਮ ਕ੍ਰਮ ਅਨੁਸਾਰ ਲਿਖੇ ਹਨ। ਪਰ ਅੱਜਕੱਲ੍ਹ ਆਮ ਪ੍ਰਚੱਲਿਤ ਹੈ, ਭਾਈ ਦਯਾ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੁਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ।

ਪੁਰਾ ਹੁਤੇ[1] ਭਗਤਨਿ ਅਵਤਾਰੈਂ ॥ ੬੦ ॥
ਲਵ ਧੰਨਾ ਨਾਮਾ ਅਰ ਸੈਨਾ।
ਬੱਧਕ ਲਖੋ ਕਰਮ ਤੈ ਐਨਾ[1]।

[1]ਪਹਿਲੇ ਜਨਮ ਵਿੱਚ ਸਨ।

[1]ਲਉ-ਦਇਆ ਸਿੰਘ। ਧੰਨਾ - ਧਰਮ ਸਿੰਘ। ਨਾਮਦੇਵ-ਮੁਹਕਮ ਸਿੰਘ। ਸੈਣ- ਸਾਹਿਬ ਸਿੰਘ। ਬੱਧਕ- ਹਿੰਮਤ ਸਿੰਘ, ਇਨ੍ਹਾਂ ਨੂੰ ਠੀਕ ਨੰਬਰ ਵਾਰ ਜਾਣ ਲਉ।

ਨਾਹਿਂ ਭਏ ਥੇ ਤਬਿ ਇਹੁ ਮੁਕਤੈਂ।
ਯਾਂ ਤੇ ਧਰੇ ਜਨਮ ਪ੍ਰਭ ਯੁਕਤੈਂ[1] ॥ ੬੧ ॥
ਅਬਿ ਗੁਰੁ ਤੈ ਉਦਦੇਸ਼ ਗਹੈ ਕੈ।
ਭਏ ਬ੍ਰਹਮ ਗਜਾਨੀ ਮੁਦ ਪੈ ਕੈ।
ਛੋਰਿ ਗ੍ਰਿਹਸਤ ਬ੍ਰਿਕਤ ਸੰਤ ਭੇ।

[1]ਪ੍ਰਭੂ ਨਾਲ ਜੁੜਨ ਵਾਸਤੇ।

ਹਰਿ ਗੁਰੁ ਭਗਤ ਸੁਰਹਿ ਇਕੰਤ ਥੇ ॥ ੬੨ ॥
ਯਾਂਹੀ ਤੈ ਸੰਤਤਿ[1] ਇਨਿ ਕੇਰੀ।
ਜਗ ਮੈਂ ਕਹੀਂ ਨਹੀਂ ਕਿਨ ਹੇਰੀ।
ਬਾਲ ਜਿਤਿਂਦ੍ਰੇ[1] ਸਾਧੂ ਸਾਚੇ।
ਕੀਨ ਪਜਾਰੇ ਗੁਰੁ ਇਹੁ ਪਾਂਚੇ ॥ ੬੩ ॥
ਕਿਤਿਕ ਦੂਰ ਨਿਜ ਸਮੁਖ ਥਿਰਾਏ।
ਸ਼ੁਕਲ ਬਸਨ[1] ਸਭਿ ਅੰਗ ਸਜਾਏ ॥ ੬੪ ॥

[1]ਉਲਾਦ।

[1]ਬਾਲ ਉਮਰ ਤੋਂ ਇੰਦ੍ਰੇ ਜਿੱਤ।

[1]ਚਿੱਟੇ ਬਸਤ੍ਰ।

ਕਬਿੱਤ:

ਬੀਰਨ ਕਾ ਬਾਨਾ ਕਰਿ ਜੰਗ ਕਾ ਮਹਾਨਾ ਲਖਿ[1],

[1]ਭਾਰੀ ਜੰਗ ਦਾ (ਸਮਾਂ) ਜਾਣ ਕੇ ਸੂਰਮਿਆਂ ਦਾ ਬਾਣਾ ਪਹਿਨਾਉਣਾ ਕੀਤਾ।

ਕਟਿ ਮੈਂ[1] ਕਛੱਹਿਰੇ ਅਛੱਹਿਰੇ ਧਰਾਇ ਕੈ।

[1]ਲੱਕ ਵਿੱਚ।

ਪੋਸ਼ਸ਼ ਉਢਾਇ ਕਰਵਾਰੈਂ ਗਰ ਪਾਇ[1]

[1]ਪੋਸ਼ਾਕੇ ਪਹਿਨਾ ਕੇ ਤਲਵਾਰਾਂ ਗਲ 'ਚ ਪਾ ਕੇ।

ਦੋਊ ਹਾਥ ਜੁਰਵਾਇ ਗੁਰੁ ਮੰਤ੍ਰ ਜਪਾਇ ਕੈ।
ਪਾਇ ਲੋਹ ਬਾਸਨ ਮੈਂ[1] ਜਲ ਤੇ ਪਤਾਸੇ,

[1]ਲੋਹੇ ਦੇ ਭਾਂਡੇ ਭਾਵ ਬਾਟੇ ਵਿੱਚ।

ਖੰਡਾ ਸੂਧ ਧਾਰ ਫੇਰਿ[1], ਦੀਓ ਦੇਵੀ ਥਾ ਜੋ ਭਾਇ ਕੈ[2]*।

[1]ਸਿੱਧੀ ਧਾਰ ਵੱਲੋਂ ਫੇਰਿਆ। [2]ਪ੍ਰੇਮ ਨਾਲ। *ਅੰਮ੍ਰਿਤ ਤਿਆਰ ਕਰਨ ਸਮੇਂ ਦੋ ਧਾਰਾ ਖੰਡਾ ਹੀ ਗੁਰੂ ਜੀ ਨੇ ਵਰਤਿਆ ਹੈ ਪਰ ਇਹ ਖੰਡਾ ਦੇਵੀ ਨੇ ਨਹੀਂ ਦਿੱਤਾ। ਦੇਵੀ ਜਦ ਪ੍ਰਗਟ ਹੀ ਨਹੀਂ ਕੀਤੀ ਤਾਂ ਖੰਡਾ ਕਿਵੇਂ ਦੇ ਗਈ। ਦੇਖੋ ਬਿਸ੍ਰਾਮ ਨੰ: ੬੦ ਦੇ ਅੰਕ ਨੰ: ੨੮ ਤੇ * ਨਿਸ਼ਾਨ ਦੀ ਪੈਰ ਟੂਕ। ਇਸੇ ਹੀ ਅੰਕ ਵਿੱਚ ਕਵੀ ਜੀ ਦੇਵੀ ਨੂੰ ਛੋਟੀ ਕਿਰਪਾਣ ਦੇ ਗਈ ਆਖਦੇ ਹਨ: 'ਪੁਨ ਇਕ ਲਘੁ ਕਿਰਪਾਨ ਦੈ, ਭਈ ਲੋਪ ਜਗ ਮਾਤ।' ਸੌ ਸਾਖੀ, ਵਾਰ ਭਗਉਤੀ ਜੀ ਕੀ ਪਾ: ੧੦, ਭਾਈ ਗੁਰਦਾਸ ਜੀ ਦੂਜਾ, ਸ੍ਰੀ ਗੁਰ ਸ਼ੋਭਾ ਕਵਿ ਸੈਨਾਪਤਿ, ਰਹਿਤਨਾਮਾ ਭਾਈ ਦੇਸਾ ਸਿੰਘ ਜੀ ਤੇ 'ਪ੍ਰੇਮ ਸੁਮਾਰਗ' ਵਿੱਚ ਵੀ ਖੰਡੇ ਨਾਲ ਹੀ ਅੰਮ੍ਰਿਤ ਤਿਆਰ ਕਰਨਾ ਲਿਖਿਆ ਹੈ। ਕਵੀ ਜੀ ਖੁਦ ਪਿੱਛੇ ਲਿਖ ਆਏ ਹਨ ਕਿ, 'ਪਾਹੁਲ ਖੰਡੇ ਕੇਰ ਛਕੱਈਏ'। (ਦੇਖੋ ਸ੍ਰੀ ਗੁ: ਪੰ: ਪ੍ਰ: ਪੂ: ਬਿ: ੬੧ ਅੰ: ੪੦)

ਪਾਂਚ ਪਾਂਚ ਪੌੜੀ ਪੜ੍ਹ ਜਪੁ ਜੀ ਔ ਜਾਪੁ ਜੀ ਕੀ,*

*ਸ੍ਰੀ ਜਪੁਜੀ ਸਾਹਿਬ ਅਤੇ ਸ੍ਰੀ ਜਾਪੁ ਸਾਹਿਬ ਬਾਣੀਆਂ ਸੰਪੂਰਨ ਪੜ੍ਹੀਆਂ ਹਨ। ਸਾਰੇ ਤਖ਼ਤਾਂ, ਗੁਰਦੁਆਰਿਆਂ ਅੰਦਰ ਤੇ ਸਭ ਥਾਂਈਂ ਸੰਪੂਰਣ ਬਾਣੀਆਂ ਪੜ੍ਹ ਕੇ ਹੀ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ।

ਦਸਹੂੰ ਸ੍ਵੈਯੇ ਪੁਨ ਚੌਪਈ ਅਲਾਇ ਕੈ ॥ ੬੫ ॥
ਆਨੰਦ ਉਚਾਰ ਅਰਦਾਸ ਕਰਿ ਕੈ ਸੁਧਾਰ,

ਅੰਮ੍ਰਿਤ ਤਿਆਰ ਗੁਰੁ ਐਸ ਬਿਧਿ ਕੀਨੋ ਹੈ।
ਪ੍ਰਥਮ ਕਰਦ ਸਾਥ[1] ਆਪ ਗੁਰੁ ਨਾਥ ਲੀਓ,
ਪਾਛੇ ਆਛੇ ਆਪ ਪਾਂਚ ਸਿੱਖਨ ਕੋ ਦੀਨੋ ਹੈ।
ਪਾਂਚ ਪਾਂਚ ਅੰਚੁਰੀ[1] ਪਿਲਾਈ ਫਤੇ ਬੁਲਵਾਈ,
ਤਜੋਂ ਹੀ ਫਿਰ ਸਿਰ ਪਰ ਨੈਨਨ ਪੈ ਚੀਨੋ ਹੈ।
ਬਾਕੀ ਏਕ ਠੌਰ ਪਿਲਵਾਯੋ ਭੇਦ ਹੈ ਨਸਾਯੋ,
ਇਕ ਜਾਤਿ ਸਭਿ ਕੋ ਬਨਾਯੋ ਕ੍ਰਮ ਛੀਨੋਂ ਹੈ ॥ ੬੬ ॥

[1]ਕ੍ਰਿਪਾਨ ਨਾਲ।

[1]ਚੁਲੀਆਂ।

ਰਹਤ ਬਤਾਈ ਤੀਨ ਮੁੱਦ੍ਰਾ[1] ਧਰਾਈ,
ਕੱਛ ਕੇਸ ਕਰਦ ਸਦਾਈ ਨਿਬਾਹਯੋ ਪ੍ਰਭ ਧਜਾਈਏ।
ਤ੍ਰੁਕਨੀ ਤਮਾਕੂ, ਕੁੱਠਾ[1] ਬ੍ਰਤੀਓ ਨ ਕਬੀ,
ਦਸਵੰਧ ਗੁਰੂ ਹੇਤ ਦੇਤ ਸਦ ਹੀ ਰਹਾਈਏ।
ਮੀਣੇ ਔ ਮਸੰਦ ਧੀਰ ਮੱਲੀਏ ਤੈ ਸਿਰ ਗੁੰਮ,
ਕੁੜੀ ਨੜੀ ਮਾਰ ਰਾਮਰਈਏ ਨਾ ਮਿਲਾਈਏ।
ਏਕ ਗੁਰੂ ਗ੍ਰੰਥ ਨਿਜ ਪੰਥ ਬਿਨੁ ਔਰ ਠੌਰ,
ਕਾਹੂੰ ਆਗੇ ਜਾਇ ਕਿਤ ਸੀਸ ਨਾ ਨਿਵਾਈਏ ॥ ੬੭ ॥

[1]ਚਿੰਨ੍ਹ ਭਾਵ ਕਕਾਰ।

[1]ਹਲਾਲ-ਮੁਸਲਮਾਨੀ ਸ਼ਰ੍ਹਾ ਅਨੁਸਾਰ ਬਣਾਇਆ ਹੋਇਆ ਮਾਸ।

ਪਟਨੇ ਜਨਮ ਪੁਰਿ ਅਨੰਦ ਨਿਵਾਸੀ,
ਸੋਢ ਬੰਸ ਭਏ ਛੱਤ੍ਰੀ ਔ ਅੱਤ੍ਰੀ[1] ਬਿਸਾਲ ਹੈ।
ਖਾਲਸਾ ਮਜਬ ਥਾਰੋ ਆਜ ਤੈ ਅਜਬ ਥਯੋ,
ਏਕ ਰੂਪ ਏਕ ਜਾਤਿ ਗੋਤ ਜੋਤਿ ਚਾਲ ਹੈ।
ਆਪਸ ਮੈਂ ਪਜਾਰ ਔ ਬਿਹਾਰ ਰੋਟੀ ਬੇਟੀ ਕੇਰ,
ਰਾਖੀਓ ਉਦਾਰ[1] ਤੈ ਸੰਭਾਰ ਤੇਗ ਢਾਲ ਹੈ।
ਗਾਰੋ ਤੁਰਕਿੰਦਨ ਕੋ ਪਾਰੋ ਧਰਮ ਹਿੰਦੁਨ ਕੋ,
ਪੰਥ ਪ੍ਰਚਾਰੋ ਨਿਜ ਜਗ ਪੈ ਕਮਾਲ[1] ਹੈ ॥ ੬੮ ॥

[1]ਸ਼ਸਤ੍ਰ ਧਾਰੀ।

[1]ਚੰਗਾ।

[1]ਸੰਪੂਰਣ, ਮੁਕੰਮਲ।

ਦੋਹਰਾ:
ਇਸ਼ਟ ਤੱਗ[1] ਛੱਤਰੀਨ ਕਾ,
ਅਹੇ ਸਦਾ ਕ੍ਰਿਪਾਨ।

[1]ਪਿਆਰਾ ਜੰਞੂ।

ਭੋਗ ਮੋਖ ਜਸ, ਇਸੀ ਤੈ
ਮਿਲਤ, ਕਰੋ ਪਰਿਮਾਨ[1] ॥ ੬੯ ॥

[1]ਚੰਗੀ ਤਰ੍ਹਾਂ ਮੰਨੋ।

ਇਤਜਾਦਿਕ ਬਹੁ ਰਹਿਤ ਗੁਰੁ,
ਜਬੈ ਦਿਢਾਈ ਤਾਂਹਿ।
ਬੀਸ ਪਚਾਸਕ ਔਰ ਜਨ
ਸਿੰਘ ਸਜੇ ਤਬਿ ਚਾਹਿ ॥ ੭੦ ॥
ਪਹਿਲੇ ਪਜਾਰੇ ਪਾਂਚ ਭੇ,
ਮੁਕਤੇ* ਹੂਏ ਫੇਰ।

*ਪੰਜ ਮੁਕਤੇ ਇਹ ਹਨ: ਭਾਈ ਦੇਵਾ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਟਹਿਲ ਸਿੰਘ ਜੀ, ਭਾਈ ਈਸ਼ਰ ਸਿੰਘ ਜੀ, ਭਾਈ ਫਤੇ ਸਿੰਘ ਜੀ।

ਦੀਦਾਰੀ ਸਬਿ ਖਾਲਸਾ,
ਔਰੈਂ ਲਖੋ ਬਧੇਰ ॥ ੭੧ ॥
ਯਾਰ ਮੁਹੰਮਦ ਕੇ ਭਏ,
ਚਾਰ ਜੈਜ ਪ੍ਰਸਿੱਧ।
ਪਾਂਚ ਪਜਾਰੇ ਗੁਰੂ ਕੇ,
ਥਏ ਤੈਸ ਹੀ ਬਿੱਧਿ ॥ ੭੨ ॥
ਸਿੱਖੀ ਪਰਖੀ ਜੈਸ ਗੁਰੁ,
ਪੰਥ ਖਾਲਸਾ ਕੀਨ।
ਇਤਿਕ ਗਾਥ ਕਹਿ ਧਜਾਇ ਇਹੁ,
ਥਿਰਜੋ ਇਹਾਂ ਮੁਦ ਭੀਨ[1] ॥ ੭੩ ॥

[1]ਅਨੰਦ ਵਿੱਚ ਭਿੱਜ ਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਸਿੱਖੀ ਪਰਖਨ, ਪੰਥਰਚਨ, ਪ੍ਰਸੰਗ ਬਨਨਨੰ ਨਾਮ ਇਕਾਹਟਮੋਂ ਬਿਸ੍ਰਾਮ ॥ ੬੧ ॥

੬੨. {ਕਪਤਾਨ ਮਰੇ ਦੇ ਪ੍ਰਸ਼ਨਾਂ ਦਾ ਉੱਤ੍ਰ, ਮਸੰਦਾਂ ਦੀ ਨਕਲ ਵੇਖ ਕੇ ਉਨ੍ਹਾਂ ਨੂੰ ਦੰਡ ਦੇਣਾ, ਪੰਥ ਦੀ ਬ੍ਰਿਧੀ}

ਦੋਹਰਾ:

ਰੇ ਮਨ ਤੂੰ ਹਰਿਰਾਇ ਗੁਰੁ
ਮਾਨ, ਮਿਲੈ ਹਰਿਰਾਇ[1]।
ਗੋਪਦ ਜਸੋਂ ਭਵ ਸਿੰਧੁ ਕੋ[1],
ਤਰ ਹੈਂ ਸਹਜ ਸੁਭਾਇ ॥੧॥

[1]ਹਰੀਰਾਜਾ, ਪ੍ਰਮੇਸ਼ਰ।

[1]ਗਊ ਦੀ ਪੈੜ ਵਾਂਗ ਸੰਸਾਰ ਸਮੁੰਦਰ ਨੂੰ।

ਚੌਪਈ:

ਸਿੰਘ ਨਾਮ ਤਬਿ ਤੈ ਯੌਂ ਭਯੋ।
ਪੰਥ ਰਚਜੋ ਸਤਿਗੁਰੁ ਜਸੋਂ ਨਯੋ।
ਯਹਿ ਗਾਥਾ ਪੂਰਬ ਸਬਿ ਸੁਨਿ ਕੈ।
ਪ੍ਰਸ਼ਨ ਕੀਓ ਮਰੀ ਫਿਰ ਗੁਨਿ ਕੈ ॥੨॥
ਇਸ਼ਟ ਗੁਰੂ ਕਾ ਏਕ ਅਕਾਲੈ।
ਅਕਾਲ ਉਸਤਤਿ ਮੈਂ ਕਹਯੋ ਬਿਸਾਲੈਂ।
ਕਰਿ ਸਭਿ ਦੇਵਨ ਕੇਰ ਨਿਰਸਤੰ[1]।
ਕਹਯੋ ਗੁਰੂ ਮੈਂ ਬੁੱਤ ਸ਼ਿਕਸਤੰ[1] ॥੩॥

[1]ਖੰਡਨ।

[1]ਬੁੱਤਾਂ ਨੂੰ ਕੱਟਣ ਭਾਵ ਤੋੜਨ ਵਾਲਾ ਹਾਂ।

ਫਿਰ ਕ੍ਰਿਪਾਨ ਕਯੋਂ ਪੂਜ ਉਚਾਰਾ।
ਰਖਤ ਸਿੱਖ ਸਭਿ ਸੀਸ ਮਝਾਰਾ*।

*ਕਿਰਪਾਨ ਹਮੇਸ਼ਾਂ ਗਾਤਰੇ ਪਹਿਨਣੀ ਚਾਹੀਦੀ ਹੈ। ਸੀਸ 'ਚ ਕ੍ਰਿਪਾਨ ਰੱਖਣ ਦਾ ਰਿਵਾਜ ਸਿੱਖ ਰਾਜ ਦੇ ਖ਼ਾਤਮੇ ਤੋਂ ਬਾਅਦ ਪਿਆ ਜਦ ਅੰਗ੍ਰੇਜ਼ਾਂ ਨੇ ਸਿੰਘਾਂ ਦੀ ਕ੍ਰਿਪਾਨ ਜ਼ਬਤ ਕਰ ਲਈ ਸੀ ਤੇ ਗਾਤਰੇ ਪਹਿਨਣ ਦੀ ਸਖ਼ਤ ਮਨਾਹੀ ਕਰ ਦਿੱਤੀ ਸੀ। ਅਕਾਲੀ ਲਹਿਰ ਸਮੇਂ ਸਿੰਘਾਂ ਨੇ ਭਾਰੀ ਕੁਰਬਾਨੀਆਂ ਦੇ ਕੇ ਫਿਰ ਕਿਰਪਾਨ ਆਜ਼ਾਦ ਕਰਵਾਈ। ਹੁਣ ਭਾਰਤ ਦੇ ਸੰਵਿਧਾਨ ਵਿੱਚ ਦਰਜ ਹੈ ਕਿ 'ਕ੍ਰਿਪਾਨ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ ਤੇ ਸਿੱਖ ਕ੍ਰਿਪਾਨ ਧਾਰ ਕੇ ਭਾਵ ਪਹਿਨ ਕੇ ਤੇ ਚੁੱਕ ਕੇ ਤੁਰ ਫਿਰ ਸਕਦਾ ਹੈ।'

ਪੁਨ ਖੰਡੇ ਕੋ ਸਿੰਘ ਪੁਜਾਵਤ।
ਬੁੱਤ ਪ੍ਰਸਤੀ ਯਹੀ ਕਹਾਵਤ ॥੪॥
ਪੁਨ ਗੁਰੁ ਬਹੁ ਲਘੁ ਜਾਤਿ[1] ਮਿਲਾਈ।
ਬ੍ਰਹਮਨ ਛੱਤ੍ਰੀ ਕਯੋਂ ਨ ਬਨਾਈ[1]।
ਕਜਾ ਉਨਿ ਉੱਤਮ ਜਾਤਿ ਨ ਪਾਈ[1]।
ਯਾ ਹਿਤ ਲਘੁ ਜਾਤੀ ਬਿਦਤਾਈ ॥੫॥

[1]ਬਹੁਤ ਛੋਟੀਆਂ ਜਾਤਾਂ।

[1](ਸਿੱਖ) ਕਿਉਂ ਨ ਬਣਾਇਆ।

[1]ਕੀ ਸਤਿਗੁਰਾਂ ਨੂੰ ਉੱਤਮ ਜਾਤੀ ਨਹੀਂ ਲੱਭੀ।

ਦੋਹਰਾ:

ਚਾਰ ਬਰਣ ਕੋ ਏਕਠੋ,
ਭੋਜਨ ਦਿਯ ਖੁਲਵਾਇ।
ਯਹਿ ਗੁਰੁ ਸ਼ੰਕ੍ਰ ਬਰਣ ਮਤ[1],

[1]ਚਹੁੰ ਵਰਨਾਂ ਦੇ ਇਸਤ੍ਰੀ ਪੁਰਖਾਂ ਦੇ ਪ੍ਰਸਪਰ ਮੇਲ ਤੋਂ ਪੈਦਾ ਹੋਈ ਉਲਾਦ।

ਕਿਹ ਹਿਤ ਧਰਯੋ ਰਚਾਇ ॥ ੬ ॥
ਗੀਆ ਛੰਦ:
ਅਬਿ ਲੇਹੁ ਉੱਤ੍ਰ ਏਹੁ ਸਭਿ ਹੀ
ਕਹੋਂ ਠੀਕ ਪਛਾਨੀਏ।
ਹੈ ਏਕ ਪੁਰਖ ਅਕਾਲ ਗੁਰੁ ਕਾ
ਇਸ਼ਟ ਨੀਕੇ ਮਾਨੀਏ।
ਨਹਿੰ ਪਰਮ ਈਸ਼੍ਵਰ ਏਕ ਤਜਿ,
ਗੁਰੁ ਭਜਹੋ ਔਰੈਂ ਦੇਵ ਕੋ।
ਅਬਿ ਰੀਤਿ ਸੋਈ ਆਹਿ ਗੁਰੁ ਕੇ
ਪੰਥ ਮਾਂਹਿ ਨ ਭੇਵ ਕੋ ॥ ੭ ॥
ਤਜਿ ਏਕ ਪੁਰਖ ਅਕਾਲ ਕੋ,
ਨਰ ਔਰ ਦੇਵੈਂ ਜੋ ਭਜੈ।
ਵਹਿ ਮੂਲ ਨਿਜ ਤੈ ਭੂਲ ਕੈ,
ਦਲ[1] ਫੂਲ ਸਾਖਾ ਕੌ ਜਜੈ[2]।

[1]ਪੱਤੇ। [2]ਪੂਜਦਾ ਹੈ।

ਅਬਿ ਸੁਨੋ ਜਿਹ ਹਿਤ ਗੁਰੂ ਨੈ,
ਕਿਰਪਾਨ ਇਸ਼ਟ ਉਚਾਰਿਓ।
ਪੁਨ ਸਿੱਖ ਗੁਰੁ ਕੈ ਸੀਸ ਨਿਜ,
ਜਿਸ ਹੇਤ ਧਰਤ ਵਿਚਾਰਿਓ ॥ ੮ ॥
ਜਿਮ ਜਾਨ ਕੈ ਕ੍ਰਿਪਾਨ ਕੋ,
ਹਰਿ ਰੂਪ ਪੂਜਨ ਕਰਤ ਹੈਂ।
ਵਹਿ ਸੁਨੋ ਅਬਿ ਪ੍ਰਸੰਗ ਸਬਿ,
ਪ੍ਰਮਾਨ[1] ਸਹਤ ਉਚਰਤ ਹੈਂ।

[1]ਸਬੂਤ।

ਜਬਿ ਭਯੋ ਜਗ ਮੈਂ ਹਿਰਣਕੱਸਪ
ਦੈਂਤ ਦੁਖਦ ਮਹਾਨੀਯਾ।
ਤਬਿ ਸੰਗਿ ਲੈ ਸੁਰ ਮੁਨਿਨਿ ਕੌ,
ਬਿਧਿ[1] ਰੀਤਿ ਐਸੇ ਠਾਨੀਯਾ ॥ ੯ ॥

[1]ਬ੍ਰਹਮਾ ਨੇ।

ਤਿਨਿ ਜਾਇ ਹਿਮ ਗਿਰ ਸਿਖਰ[1] ਕੀਨੋ,
ਹਵਨ ਬਰਸ ਅਪਾਰ ਹੈ।
ਤਬਿ ਭਏ ਪਰਗਟ ਤਹਾਂ ਤੇ
ਪੁਨ ਖੜਗ ਰੂਪ ਮੁਰਾਰਿ[1] ਹੈਂ।
ਦੁਤਿ ਕੋਟਿ ਦਾਮਨਿ ਸੀ ਲਸੈ[1]
ਪ੍ਰਕਾਸ਼ ਭਾਨੁ[1] ਸਮਾਨ ਤੈ।
ਸੋ ਹਾਥ ਬ੍ਰਹਮਾ ਕੇ ਅਯੋ,
ਰਵ ਭਯੋ ਯੌਂ ਅਸਮਾਨ ਤੈ[1] ॥੧੦॥
ਸੁਨਿ ਅਹੋ ਬ੍ਰਹਮਾ ਅਸੰ[1] ਇਹੁ,
ਮਮ ਰੂਪ ਨੀਕੇ ਜਾਨੀਏ।
ਅਬਿ ਜਜਨ[1] ਯਾਂ ਕੋ ਕੀਜੀਏ,
ਦੈ ਧੂਪ ਬਿਧਿ ਯੁਤ ਮਾਨੀਏ।
ਜਗ ਜਨਨਿ ਅਰਿ ਗਨ ਹਨਨ ਹਾਰ[1]
ਵਿਚਾਰ ਏਹੀ ਲੀਜੀਏ।
ਗੋ[1] ਸਾਧ ਦਿਜ ਦੁਖ ਦੀਨ ਕੋ[2]
ਇਸ ਸੰਗ ਹਾਨ[1] ਸੁ ਕੀਜੀਏ ॥੧੧॥

ਕਬਿੱਤ:

ਸੁਨਿ ਕੈ ਨਭ ਬਾਨੀ ਸੁਖ ਸਾਨੀ ਅਜ ਮੋਦ ਮਾਨੀ[1],
ਆਇ ਸੋ ਕ੍ਰਿਪਾਨੀ ਸੂਲ ਪਾਨੀ ਕੋ ਫਰਾਯੋ ਹੈ[1]।
ਤਾਂ ਕੇ ਸੰਗ ਦੀਹ ਦੈਂਤ ਤ੍ਰਿਪੁਰ ਦੁਖਦਾਈ ਹਨਯੋ[1],
ਤਾਂ ਤੈ ਸ਼ਿਵ ਨਾਮ ਤ੍ਰਿਪੁਰਾਰੀ ਬਿਦਤਾਯੋ ਹੈ[1]।
ਫੇਰ ਕਰਵਾਰ ਵਹੀ ਆਈ ਕਰ ਬ੍ਰਹਮਾ ਹੂੰ ਕੇ,
ਕਵਚ ਪਚੀਸਾ ਨਾਮ ਯਾਂ ਕੋ ਅਜ ਗਾਯੋ ਹੈ[1]।
ਸੋਊ ਸੁਨਿ ਲੀਜੀਏ ਨ ਕੀਜੀਏ ਭਰਮ ਕਿਛੂ,
ਭਾਰਤ ਕੇ ਸਾਂਤੀ ਪਰਬ ਵੀਚ[1] ਯੋਂ ਅਲਾਯੋ ਹੈ ॥੧੨॥

ਖੜਗ[1] ਅਖੰਡਾ[2] ਖੰਡਾ[3] ਅਸੀ[11] ਰਾਜ ਮੰਡਾ[22] ਚੰਡਾ[33],

[1]ਹਿਮਾਲਾ ਪਹਾੜ ਦੀ ਚੋਟੀ 'ਤੇ।

[1]ਤਲਵਾਰ ਰੂਪ ਪ੍ਰਮੇਸ਼ਰ।
[1]ਕ੍ਰੋੜਾਂ ਬਿਜਲੀਆਂ ਵਰਗੀ ਸ਼ੋਭਾ ਚਮਕਦੀ ਹੈ।
[1]ਸੂਰਜ।

[1]ਅਕਾਸ਼ ਤੋਂ ਇਉਂ ਬਾਣੀ ਹੋਈ।

[1]ਤਲਵਾਰ।

[1]ਪੂਜਨ।

[1]ਜਗਤ ਦੀ ਮਾਤਾ ਤੇ ਸਮੂੰਹ ਵੈਰੀਆਂ ਨੂੰ ਨਾਸ ਕਰਨ ਵਾਲੀ।

[1]ਗਊ। [2]ਦੁਖ ਦੇਣ ਵਾਲੇ ਨੂੰ।
[1]ਨਾਸ।

[1]ਸੁੱਖ ਨਾਲ ਮਿਲੀ ਹੋਈ ਆਕਾਸ਼ ਬਾਣੀ ਸੁਣ ਕੇ ਬ੍ਰਹਮਾ ਨੇ ਅਨੰਦ ਨਾਲ ਮੰਨ ਲਈ।
[1]ਆ ਕੇ ਉਹ ਕਿਰਪਾਨ ਸ਼ਿਵ ਨੂੰ ਫੜਾ ਦਿੱਤੀ।
[1]ਵੱਡਾ ਦੁਖਦਾਈ ਤ੍ਰਿਪੁਰ ਦੈਂਤ ਮਾਰਿਆ।
[1]ਤ੍ਰਿਪੁਰ ਦੈਂਤ ਦਾ ਵੈਰੀ ਪ੍ਰਗਟ ਹੋਇਆ ਹੈ।

[1]ਪਚੀਸਾ=ਪੱਚੀ ਨਾਵਾਂ ਵਾਲਾ (ਕਵਚ) ਰਖਿਆ ਮੰਤ੍ਰ (ਅਜ) ਬ੍ਰਹਮਾ ਨੇ ਕਿਹਾ।

[1]ਮਹਾਂ ਭਾਰਤ ਗ੍ਰੰਥ ਦੇ ਸ਼ਾਂਤੀ ਪਰਬ ਵਿੱਚ।

[1]ਜੋ ਇਕ ਤੋਂ ਦੋ ਕਰੇ। [2]ਜੋ ਇਕਰਸ ਰਹੇ। [3]ਟੁਕੜੇ ਕਰਨ ਵਾਲੀ। [11]ਕੱਟਣ ਵਾਲੀ। [22]ਰਾਜ ਨੂੰ ਕਾਇਮ ਕਰਨ ਵਾਲੀ। [33]ਤਿੱਖੇ ਸੁਭਾਵ ਵਾਲੀ।

ਪੰਡਾ ਕਰਿ[1] ਅਰਿ ਖੰਡਾ[2] ਬ੍ਰਹਿਮੰਡਾ ਪਾਰ ਹੈ[3]।

[1](ਵੈਰੀਆਂ ਦੇ ਮੂੰਹਾਂ ਨੂੰ) ਪੀਲੇ ਕਰਨ ਵਾਲੀ। [2]ਵੈਰੀਆਂ ਨੂੰ ਟੁਕੜੇ ਕਰਨ ਵਾਲੀ। [3]ਬ੍ਰਹਮੰਡ ਦੇ ਪਾਲਣ ਵਾਲੀ।

ਪਲ ਭੱਛ[1] ਧਰਮਰੱਛ[2] ਪੱਛਕਾਰ[3] ਰਣ ਕੱਛ[11]

[1]ਮਾਸ ਖਾਣ ਵਾਲੀ। [2]ਧਰਮ ਦੀ ਰਾਖੀ ਕਰਨ ਵਾਲੀ। [3]ਪੱਖ ਕਰਨ ਵਾਲੀ। [11]ਜੰਗ ਮਿਣਨ ਵਾਲੀ।

ਭੂਪ ਪੱਛ[1] ਮੁਕਤਿ ਭੁਗਤਿ ਦੱਤ[2] ਤਰਵਾਰ[3] ਹੈ।

[1]ਰਾਜਿਆਂ ਦਾ ਪੱਖ ਕਰਨ ਵਾਲੀ। [2]ਮੁਕਤੀ ਤੇ ਪਦਾਰਥ ਦੇਣ ਵਾਲੀ। [3]ਵੈਰੀਆਂ ਦੀ ਚਾਲ ਨੂੰ ਰੋਕਣ ਵਾਲੀ ਹੈ।

ਚੰਡੀ[1] ਬ੍ਰਹਮੀ[2] ਸ਼ਕਤਿ[3] ਕ੍ਰਿਪਾਨੀ[11] ਬਿਸ਼ਨਵੀ[22] ਭਵਾਨੀ[33],

[1]ਚੰਡ ਦੈਂਤ ਨੂੰ ਮਾਰਨ ਵਾਲੀ। [2]ਬ੍ਰਹਮਾ ਦੀ ਸ਼ਕਤੀ। [3]ਸਮਰੱਥਾ ਰੂਪ। [11]ਭਗਤਾਂ 'ਤੇ ਕ੍ਰਿਪਾ ਕਰਨ ਵਾਲੀ। [22]ਵਿਸ਼ਨੂੰ ਦੀ ਸ਼ਕਤੀ। [33]ਸੰਸਾਰ ਨੂੰ ਪੈਦਾ ਕਰਨ ਵਾਲੀ।

ਬਿਸ੍ਵ ਪਾਲ[1] ਛਤ੍ਰੀ ਤੱਗ[2] ਧਾਰਾ ਧਰ[3] ਸਾਰ ਹੈ[11]।

[1]ਸੰਸਾਰ ਨੂੰ ਪਾਲਣ ਵਾਲੀ। [2]ਛੱਤ੍ਰੀਆਂ ਦਾ ਜਨੇਊ। [3]ਤਿੱਖੀ ਧਾਰ ਵਾਲੀ। [11](ਇਹ ਪੰਝੀ) ਸ੍ਰੇਸ਼ਟ (ਨਾਮ) ਹਨ।

ਕਵਚ ਪਚੀਸੀ ਬ੍ਰਹਮ[1] ਗਾਇ ਯਾਹਿ ਨਿੱਤ ਜੋਊ,
ਜੰਗ ਜੀਤ ਪਾਇ ਸੋ ਅਭੰਗ ਫਲ ਚਾਰ ਹੈ[1]

[1]ਇਹ ਬ੍ਰਹਮਾ ਦਾ ਪੰਝੀ ਨਾਵਾਂ ਵਾਲਾ (ਕਵਚ) ਰਖਿਆ ਮੰਤ੍ਰ।

[1]ਲਗਾਤਾਰ ਚਾਰੇ ਫਲ ਪਾ ਲਵੇਗਾ।

॥ ੧੩ ॥

ਦੋਹਰਾ:

ਯਾ ਬਿਧਿ ਨਾਮ ਉਚਾਰ ਬਿਧਿ,
ਪੁਨਾ ਕਹਯੋ ਪ੍ਰਯੋਗ[1]।
ਪਾਠ ਸਵਾ ਲਖ ਹਵਨ ਕਰਿ,
ਜੀਤ ਜੰਗ ਤਬਿ ਹੋਗ ॥ ੧੪ ॥

[1]ਵਰਤੋਂ ਦਾ ਢੰਗ।

ਪੁਨ ਬਿਧਿ ਦਈ ਮਰੀਚ ਕੌ[1]

[1]ਮਰੀਚ ਨੂੰ (ਮਰੀਚ=ਸੱਤਾਂ ਰਿਖੀਆਂ ਵਿੱਚੋਂ ਬ੍ਰਹਮਾ ਦਾ ਵੱਡਾ ਮਾਨਸਿਕ ਪੁੱਤਰ।)

ਤਾਂਹਿ ਸੁਰੇਸਹਿ[1] ਦੀਨ।
ਤਿਹਂ ਫਿਰ ਦਿੱਗਜ ਕੋ[1] ਦਈ,
ਤਾਂ ਤੇ ਮਨੂ[1] ਸੁ ਲੀਨ ॥ ੧੫ ॥

[1]ਇੰਦ੍ਰ ਨੂੰ।

[1]ਦਿਸ਼ਾ ਦੇ ਹਾਥੀ ਨੂੰ।

[1]ਬ੍ਰਹਮਾ ਦਾ ਮਾਨਸਿਕ ਪੁੱਤਰ ਜਿਸ ਤੋਂ ਮਨੁੱਖ ਜਾਤੀ ਦੀ ਉਤਪੱਤੀ ਮੰਨੀ ਹੈ।

ਪੁਨ ਤਿਹਂ ਨਿਜ ਸੁਤ ਕੋ ਦਈ[1]
ਤਾਂ ਤੇ ਦਰਸ਼ਨ[1] ਲੀਨ।
ਕ੍ਰਿਪਾ ਦ੍ਰੌਣ[1] ਤਾਂ ਤੇ ਲਈ

[1]ਮਨੂੰ ਨੇ ਆਪਣੇ ਪੁੱਤਰ ਨੂੰ ਦਿੱਤੀ।

[1]ਦਰਸ਼ਨ ਰਿਸ਼ੀ ਨੇ।

[1]ਦ੍ਰੋਣਾਚਾਰਜ। (ਦ੍ਰੋਣਾਚਾਰਜ ਦੀ ਇਸਤ੍ਰੀ ਦਾ ਨਾਮ ਕ੍ਰਿਪਾ ਸੀ ਜਿਸ ਕਰ ਕੇ ਦ੍ਰੋਣਾਚਾਰਜ ਦਾ ਨਾਮ 'ਕ੍ਰਿਪਾ ਦ੍ਰੋਣ' ਪੈ ਗਿਆ)।

ਅਨਿਕ ਠੌਰ ਇਮ ਚੀਨ[1] ॥ ੧੬ ॥

[1]ਅਨੇਕ ਜਗ੍ਹਾ ਇਸ ਤਰ੍ਹਾਂ (ਇਹ ਤਲਵਾਰ ਰਹੀ) ਜਾਣੋ।

ਸੋ ਸ਼ਕਤੀ ਪੁਨ ਸ਼ਕਤਿ ਗਹਿ,
ਕਰੇ ਅਸੁਰ ਗਨ ਛੀਨ[1]।

[1]ਉਸ ਤਲਵਾਰ ਨੂੰ (ਸ਼ਕਤਿ) ਦੇਵੀ ਨੇ ਪਕੜ ਕੇ ਬਹੁਤੇ ਦੈਂਤ ਮਾਰੇ।

ਸੋ ਕ੍ਰਿਪਾਨ ਫਿਰ ਪ੍ਰਗਟ ਹ੍ਵੈ
ਦੇਵੀ ਗੁਰੁ ਕੋ ਦੀਨ* ॥੧੭॥

*ਪ੍ਰਮੇਸ਼ਰ ਦਾ ਤਲਵਾਰ ਰੂਪ ਧਾਰਨਾ ਤੇ ਕਈਆਂ ਹੱਥਾਂ ਵਿੱਚ ਦੀ ਹੁੰਦਿਆਂ ਹੋਇਆਂ ਦੇਵੀ ਦੇ ਰਾਹੀਂ ਗੁਰਾਂ ਪਾਸ ਪੁੱਜਣਾ, ਨ ਤਾਂ ਦਸਮ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿੱਚ ਕਿਤੇ ਲਿਖਿਆ ਹੈ ਅਤੇ ਨ ਹੀ ਕਿਸੇ ਸਮਕਾਲੀ ਕਵੀ ਨੇ। ਦੇਵੀ ਗੁਰਾਂ ਨੇ ਪ੍ਰਗਟ ਨਹੀਂ ਕੀਤੀ, ਕਿਰਪਾਨ ਦੇ ਜਾਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ।

ਹਰੀ ਰੂਪ ਯੌਂ ਪਿਖਿ ਗੁਰੂ
ਕਹਜੋ ਇਸ਼ਟ ਕ੍ਰਿਪਾਨ।
ਯਾਹੀ ਤੈ ਗੁਰੁ ਸਿੱਖ ਸਭਿ
ਰਾਖਤ ਸੀਸ ਮਹਾਨ ॥੧੮॥
ਜਿਤਿਕ ਭੂਪ ਜਗ ਮੈਂ ਭਏ,
ਪੂਜੀ ਸਭਿਨਿ ਕ੍ਰਿਪਾਨ।
ਰਾਜ ਲਯੋ ਅਰਿ ਦਰ ਸਭੈ[1]
ਤਾਂ ਤੇ ਇਸ਼ਟ ਪਛਾਨ ॥੧੯॥

[1]ਸਾਰੇ ਵੈਰੀਆਂ ਨੂੰ (ਦਰ) ਦਲ ਕੇ ਭਾਵ ਨਾਸ ਕਰਕੇ।

ਸੁਖਦ ਵਸਤੁ ਸਭਿ ਇਸ਼ਟ[1] ਲਖਿ,
ਦੁਖਦ ਅਨਿਸ਼ਟ[1] ਪਛਾਨ।
ਯਹਿ ਵਿਚਾਰ ਕਰਿ ਗੁਰੂ ਨੈ
ਕੀਨੋ ਇਸ਼ਟ[1] ਬਖਾਨ ॥੨੦॥

[1]ਪਿਆਰੀ ਭਾਵ ਪੂਜਨ ਯੋਗ।
[1]ਘ੍ਰਿਣਾ ਯੋਗ ਭਾਵ ਤਿਆਗਣ ਯੋਗ।
[1]ਪੂਜਯ ਦੇਵ।

ਸਭਿ ਬਿਧਿ ਸ਼ਸਤ੍ਰ ਸੁਖਦ ਲਖਿ,
ਪੂਜਤ ਯਾਂ ਕੋ ਸਿੱਖ।
ਕਿਸੀ ਤੌਰ ਯਹਿ, ਬੁੱਤ ਨਹਿੰ
ਬਨਤ[1], ਲੇਹੁ ਭਲ ਪਿਖ ॥੨੧॥
ਯਾਂ ਤੇ ਬੁੱਤ ਪ੍ਰਸਤ ਨਹਿੰ
ਮਜ਼ਬ ਗੁਰੂ ਕਾ ਜਾਨ।
ਪਰਮ ਧਰਮ ਛੱਤ੍ਰੀਨ ਕੋ,
ਪੂਜਤ ਭਲੇ ਕ੍ਰਿਪਾਨ ॥੨੨॥
ਸਿੰਘ ਜਿਤਿਕ ਗੁਰੁ ਦਸਮ ਕੇ,
ਸੂਦ ਬੈਸ ਦਿਜ ਨਾਹਿ।
ਯਹਿ ਸਭਿ ਕ੍ਰਿਤਮ[1] ਛੱਤ੍ਰੀ
ਬਰਣ, ਲਖੋ ਦਿਢ ਚਾਹਿ ॥੨੩॥

[1]ਇਹ ਕਿਸੇ ਤਰ੍ਹਾਂ ਵੀ ਬੁੱਤ ਨਹੀਂ ਬਣ ਸਕਦੇ।
[1]ਬਣਾਏ ਹੋਏ।

ਜਾਂ ਦਿਨ ਅੰਮ੍ਰਿਤ ਛਕਤ ਯਹਿ,
ਰਹਤ ਨ ਪਿਛਲੀ ਜਾਤਿ।
ਜਜੋਂ ਭ੍ਰਿੰਗੀ ਹ੍ਵੈ ਕੀਟ ਤੈ,
ਤਜੋਂ ਸਿੱਖ ਹ੍ਵੈ ਗੁਰੁ ਜਾਤਿ[1] ॥੨੪॥

[1]ਗੁਰਾਂ ਦੀ ਜਾਤ ਭਾਵ ਛੱਤ੍ਰੀ ਹੋ ਜਾਂਦੇ ਹਨ।

ਸੂਰਜ ਬੰਸੀ ਦਸਮ ਗੁਰੁ,
ਛੱਤ੍ਰੀ ਭਏ ਪ੍ਰਸਿੱਧ।
ਯਾਹੀਂ ਤੇ ਸਭਿ ਖਾਲਸਾ,
ਛੱਤ੍ਰੀ ਬਰਣ ਅਬਿੱਧ[1] ॥੨੫॥

[1]ਵਿੰਨ੍ਹਣ ਤੋਂ ਰਹਿਤ ਭਾਵ ਜਾਤਾਂ ਦੇ ਬੰਧਨਾਂ ਤੋਂ ਰਹਿਤ।

ਚੌਪਈ:
ਅਬਿ ਸੁਨਿ ਜਿਸ ਹਿਤ ਗੁਰੁ ਲਘੁ ਜਾਤੀ।
ਕਰੇ ਸਿੱਖ ਤਜਿ ਬ੍ਰਹਮਨ ਛਾਤੀ[1]।

[1]ਛੱਤ੍ਰੀ।

ਜਜੋਂ ਮਾਤਾ ਨਿਜ ਲਘੁ ਸੁਤ ਤਾਈਂ।
ਦੇਤ ਗੋਪ ਧਨ ਹਿਤ ਅਧਿਕਾਈ[1] ॥੨੬॥

[1]ਗੁਪਤ ਧਨ ਦੇਂਦੀ ਹੈ, ਬਹੁਤ ਪਿਆਰ ਕਰਕੇ।

ਪੁਨ ਜਜੋਂ ਨਿਜ ਕਰ ਕੀ ਲਘੁ ਅੰਗੁਰੀ।
ਤਜਿ ਵਡੀਅਨ ਤਿਹਂ ਪਾਵਤ ਮੁੰਦ੍ਰੀ।
ਫਿਰ ਸਮ੍ਰੱਥ ਜੇ ਜਨ ਜਗਿ ਭਏ।
ਯੌਂਹੀ ਕਾਮ ਤਿਨੋਂ ਨੈ ਕਏ ॥੨੭॥
ਰਾਮ ਚੰਦ ਨੇ ਭਾਲੂ[1] ਬੰਦਰ।

[1]ਰਿੱਛ।

ਪੂਜਨ ਯੋਗ ਕਰੇ ਜਗ ਅੰਦਰ।
ਪੁਨ ਤਜਿ ਦਿਜਬਰ ਰਿਖੀਅਨ ਤਾਂਈ।
ਦਈ ਭੀਲਨੀ ਕੋ ਬਡਜਾਈ ॥੨੮॥
ਜਾਦਵ ਤਜਾਗ ਕ੍ਰਿਸ਼ਨ ਜਜੋਂ ਪੀਨੇ[1]।

[1]ਤਕੜੇ।

ਅਪਨੇ ਮੀਤ ਗੁਵਾਲੇ ਕੀਨੇ।
ਔਰ ਮੁਹੰਮਦ ਕੀ ਸੁਨ ਚਾਲੀ।
ਤਜੇ ਜਹੂਦ ਜੁ ਵਲੀ ਬਿਸਾਲੀ[1] ॥੨੯॥

[1]ਸਮਰੱਥਾ ਵਾਲੇ ਯਹੂਦੀ ਤਿਆਗ ਦਿੱਤੇ।

ਅਧਿਕ ਗਰੀਬ ਬਟੋਰਨ ਕਰ ਕੇ।
ਮੁਸਲਮਾਨ ਕਰੇ ਹਿਤ ਧਰ ਕੇ।
ਔਰ ਸੁਨੋ ਈਸਾ ਕੀ ਕਾਰੀ[1]।

[1]ਕਾਰ, ਕੰਮ।

ਗਹੀ ਗਰੀਬੀ ਉਨਿ ਭੀ ਭਾਰੀ ॥੩੦॥
ਧੋਬੀ ਬਾਢੀ[1] ਆਦਿਕ ਜਾਤੀ।

[1]ਤਰਖਾਣ।

ਕਰੇ ਓਨਿ ਨਿਜ ਪ੍ਰਥਮ ਸੰਗਾਤੀ।
ਤਜੋਂ ਸਤਿਗੁਰੁ ਮਨ ਮਾਹਿਂ ਵਿਚਾਰੀ।
ਮਜ਼ਬ ਚਲੈ ਮਮ ਜਗਤ ਅਪਾਰੀ ॥ ੩੧ ॥
ਰਾਜ ਖੋਸ[1] ਤੁਰਕਨ ਤੈ ਸਭਿ ਹੀ। [1]ਖੋਹ ਕੇ।
ਨਿਜ ਸਿੱਖਨ ਕੋ ਦੈਨੋ ਅਬਿ ਹੀ।
ਜੇ ਜਗ ਮੈਂ ਸ਼ਸਤ੍ਰੀ ਰਜਪੂਤਾ।
ਔਰ ਛੱਤ੍ਰੀ ਦਿਜ ਮਜ਼ਬੂਤਾ ॥ ੩੨ ॥
ਨਹਿਂ ਉਪਕਾਰ ਹਮਾਰਾ ਮਾਨੈਂ।
ਇਨਿ ਸਭਿ ਕੋ ਹੈ ਗਰਬ ਮਹਾਨੈਂ।
ਅਰ ਪੁਨ ਕਹਤ ਸਗਲ ਸੰਸਾਰਾ।
ਨਾਮ ਗਰੀਬ ਨਿਵਾਜ ਹਮਾਰਾ ॥ ੩੩ ॥
ਸੋ ਅਬਿ ਸਫਲਾ ਕਰ ਦਿਖਰਾਵੋਂ।
ਲਘੁ ਲੋਗਨ ਕੋ ਵਡੇ ਬਨਾਵੋਂ।
ਤਾਂ ਤੇ ਜੱਟ ਤਖਾਣ ਲੁਹਾਰੈਂ।
ਦਿਜ ਖੱਤ੍ਰੀ ਬਣੀਏ ਸੁਨਿਆਰੈਂ ॥ ੩੪ ॥
ਛੀਪੇ ਨਾਈ ਸੈਣ[1] ਕਲਾਲੈਂ[2]। [1]ਸੈਣੀ। [2]ਇਕ ਜਾਤੀ।
ਰੋੜੇ ਔਰ ਕਮੋਇ, ਕੁਲਾਲੈਂ[1]। [1]ਘੁਮਿਆਰ।
ਝੀਵਰ, ਗੁੱਜਰ, ਤੇਲੀ, ਮਾਲੀ।
ਭੱਟ[1], ਭਾਬੜੇ[2], ਡੋਗਰ[3] ਜਾਲੀ[11] ॥ ੩੫ ॥ [1]ਜੋਰਾਜੇ ਤੇ ਜੋਧਿਆਂ ਦਾ ਜਸ ਕਰਦੇ ਤੇ ਬੰਸਾਵਲੀਆਂ ਗਾਉਂਦੇ ਹਨ। [2]ਉਸਵਾਲ ਬਾਣੀਆਂ ਦੀ ਅੱਲ। (ਅ) ਅਗ੍ਰਵਾਲ ਬਾਣੀਏ ਵੀ ਭਾਬੜੇ ਕਹੇ ਜਾਂਦੇ ਹਨ। [3]ਇਕ ਜਾਤੀ ਜੋਰਾਜਪੂਤਾਂ 'ਚੋਂ ਨਿਕਲੀ ਹੈ। ਇਹ ਜ਼ਿਆਦਾਤਰ ਮੁਸਲਮਾਨ ਹਨ ਤੇ ਗਊਆਂ ਮੱਝਾਂ ਰੱਖਦੇ ਹਨ। [11]ਸਾਰੇ।
ਵਣਜਾਰੇ[1] ਲੌਬਾਣੇ[2] ਭਾਣੇ[3]। [1]ਵਪਾਰ ਕਰਨ ਵਾਲੀ ਇਕ ਜਾਤੀ। [2]ਲੂਣ ਦਾ ਵਪਾਰ ਕਰਨ ਵਾਲੀ ਇਕ ਜਾਤੀ। [3]ਇਕ ਜਾਤੀ।
ਰੰਘਰੇਟੇ[1] ਰਵਦਾਸੀਏ ਜਾਣੇ। [1]ਮਜ਼ਹਬੀ ਸਿੰਘ।
ਇਤਜਾਦਿਕ ਜੇ ਹੈਂ ਲਘੁ ਜਾਤੀ।
ਇਨ ਕੋ ਦੇਵੋਂ ਰਾਜ ਬਖਜਾਤੀ ॥ ੩੬ ॥
ਯੇ ਮਾਨਹਿ ਉਪਕਾਰ ਹਮਾਰਾ।
ਜਬਿ ਲੌ ਰਹਿ ਹੈਂ ਧਰਾ ਮਝਾਰਾ।
ਇਨ ਹੀ ਕੋ ਅਬਿ ਸਿੰਘ ਸਜਾਵੋਂ।

ਤੁਰਕਨ ਕੋ ਇਨ ਤੈ ਮਰਵਾਵੋਂ ॥ ੩੭ ॥
ਚਿੜੀਆਂ ਤੈ ਇਨਿ ਕਰਿ ਹੌਂ ਬਾਜੈਂ।
ਮਾਰ ਲੈਂਹ ਤੁਰਕਨ ਤੈ ਰਾਜੈਂ[1]। [1]ਰਾਜ ਲੈ ਲੈਣਗੇ।
ਕੀਟਨ ਤੈ ਇਨਿ ਕੋ ਮ੍ਰਿਗਿੰਦੂ[1]। [1]ਕੀੜਿਆਂ ਤੋਂ ਸ਼ੇਰ।
ਕਰੋਂ ਹਰਨ ਹਿਤ ਤੁਰਕ ਗਜਿੰਦੂ[1] ॥ ੩੮ ॥ [1]ਤੁਰਕਾਂ ਰੂਪ ਹਾਥੀਆਂ ਨੂੰ ਮਾਰਨ ਵਾਸਤੇ।

ਦੋਹਰਾ:
ਪੁਨ ਇਨਿ ਜਾਤਿਨ ਕੋ ਕਬੀ,
ਨਹੀਂ ਮਿਲਜੋ ਜਗ ਰਾਜ।
ਯਾਂ ਤੈ ਸੁਖ ਦੈ ਸਭਿ ਇਨੈ,
ਲੇਵੋਂ ਜਸ ਜਗ ਮਾਝ ॥ ੩੯ ॥
ਸੱਯਦ ਮੁਗਲ ਪਠਾਂਨ ਜੇ,
ਵਡ ਸ਼ਸਤ੍ਰੀ ਰਜਪੂਤ।
ਫਿਰ ਯਹਿ ਤਿਨ ਕੋ ਹੋਨ ਦਿਹਂ,
ਕਬਿ ਜਗ ਮੈਂ ਮਜ਼ਬੂਤ ॥ ੪੦ ॥

ਚੌਪਈ:
ਬਾਤ ਏਹੁ ਭੀ ਗੁਰੂ ਵਿਚਾਰੀ।
ਔਰ ਏਕ ਸੁਨ ਨੀਕ ਵਿਚਾਰੀ[1]। [1]ਚੰਗੀ ਵਿਚਾਰ।
ਸੀਧੀ ਪਗੜੀ ਔਰ ਦੁਸ਼ਾਲਾ।
ਜਰੀਦਾਰ ਜੋੜਾ ਪਟ ਨਾਲਾ[1] ॥ ੪੧ ॥ [1]ਜਰੀ ਵਾਲਾ ਜੁੱਤਾ ਤੇ ਰੇਸ਼ਮੀ ਨਾਲਾ।
ਘੋੜਾ ਸਜਜੋ ਜ਼ੀਨ ਸੁਠ ਬਾਲਾ[1]। [1]ਸੁੰਦਰ ਕਾਠੀ ਵਾਲਾ।
ਊਚਾ ਮਹਿਲ ਅਟਾਰੀ ਵਾਲਾ।
ਮੋਤੀ ਮੂੰਗਾ ਬਸਤਰ ਰੇਸ਼ਮ।
ਜ਼ੇਵਰ ਹੇਮ ਜਰਾਊ ਜੇ ਸਮ[1] ॥ ੪੨ ॥ [1]ਸੋਨੇ ਦੇ ਜੜਾਊ ਗਹਿਣੇ ਜਿਹੜੇ (ਤੁਰਕਾਂ) ਵਰਗੇ ਸਨ।
ਸ਼ਸਤ੍ਰ ਬਸਤ੍ਰ ਕਮਰਕਸਾ ਵਰ[1]। [1]ਚੰਗਾ ਕਮਰ ਕਸਾ।
ਗੇਂਹੂੰ ਚਾਵਰ ਮੂੰਗੀ ਘੀ ਤਰ[1]। [1]ਬਹੁਤਾ।
ਸ਼ਾਦੀ ਮੈਂ ਰਥ ਤੁਰੀ[1] ਨਗਾਰਾ। [1]ਰਣ ਸਿੰਗਾ।
ਕੌਤਿਕ ਆਤਸ਼ ਬਾਜੀ ਕਾਰਾ[1] ॥ ੪੩ ॥ [1]ਆਤਸ਼ਬਾਜ਼ੀ ਦਾ ਖੇਲ।
ਬਾਂਕੀ[1] ਮੁੱਛਾਂ ਅਤਰ ਲਗਾਵਨ। [1]ਟੇਢੀਆਂ।
ਛਕਨ ਕਬਾਬੈਂ[1] ਅਤਿ ਮੁਦ ਪਾਵਨ। [1]ਮਾਸ।
ਇਤਜਾਦਿਕ ਸੁਠ ਵਸਤੂ ਜੇਤੀ।

ਮਿਲੈ ਵਰਤਨੀ ਇਨੈ ਨ ਤੇਤੀ ॥ ੪੪ ॥
ਬਿਨ ਰਜਪੂਤ ਤੁਰਕ ਸਿਰਮੌਰੈਂ[1]। [1]ਤੁਰਕਾਂ ਦੇ ਸਰਦਾਰਾਂ ਤੇਰਾਜਪੂਤਾਂ ਤੋਂ ਬਿਨਾਂ।
ਜੱਟਾਦਿਕ ਜੇ ਜਾਤੀ ਔਰੈਂ।
ਨੀਕੀ ਵਸਤੁ ਜਿਤਿਕ ਜਗ ਮਾਂਹੀਂ।
ਹਿੰਦੁਨ ਕੋ ਨ ਵਰਤਨੀ ਪਾਂਹੀਂ ॥ ੪੫ ॥
ਤਬਿ ਤੁਰਕਨ ਕੇ ਰਾਜ ਮਝਾਰੀ।
ਜ਼ੁਲਮ ਗਰੀਬਨ ਪਰ ਥੇ ਭਾਰੀ।
ਪੇਖਿ ਗਰੀਬਨ ਕਾ ਦੁਰਹਾਲੂ[1]। [1]ਬੁਰਾ ਹਾਲ।
ਸਤਿਗੁਰੁ ਕੀਨੀ ਕ੍ਰਿਪਾ ਬਿਸਾਲੂ ॥ ੪੬ ॥
ਇਰੰਡਾਦਿਕ ਬ੍ਰਿਛਨ ਕੋ ਬਾਂਵਨ[1]। [1]ਚੰਦਨ।
ਦੈ ਸੁਗੰਧ ਜਸੋ ਕਰਿ ਹੈ ਪਾਵਨ।
ਤਜੋਂ ਗੁਰੁ ਕਰਿ ਲਘੁ ਜਾਤ ਇਕੱਤ੍ਰੀ[1]। [1]ਇਕੱਠੀ।
ਸਿੰਘ ਸਜਾਇ ਕਰੇ ਸਭਿ ਛੱਤ੍ਰੀ ॥ ੪੭ ॥
ਜਿਤਿਕ ਵਸਤੁ ਤੁਰਕਨ ਤਜਵਾਈ।
ਥੀ, ਸੋ ਸਭਿ ਇਨਿ ਕੋ ਭੁਗਵਾਈ।
ਯਾ ਬਿਧਿ ਗੁਰੁ ਨਿਜ ਬਿਰਦ[1] ਵਿਚਾਰਾ। [1]ਧਰਮ, ਫ਼ਰਜ਼।
ਕਰਜੋ ਗਰੀਬਨ ਪਰ ਉਪਕਾਰਾ ॥ ੪੮ ॥
ਦੋਹਰਾ:
ਨਾਮ ਗੁਰੂ ਕਾ ਕਹਿਤ ਸਭਿ,
ਲੋਗ ਗਰੀਬ ਨਿਵਾਜ।
ਸੋ ਦਿਖਲਾਯੋ ਸਫਲ ਕਰਿ,
ਦਯੋ ਗਰੀਬਹਿਂ ਰਾਜ ॥ ੪੯ ॥
ਚਾਰੋਂ ਬਰਣ ਮਿਲਾਇ ਗੁਰੁ,
ਕਿਹਂ ਹਿਤ ਸ਼ੰਕਰ[1] ਕੀਨ। [1]ਸ਼ੰਕਰ ਵਰਨ- ਚਹੁੰ ਵਰਨਾਂ ਦੇ ਇਸਤ੍ਰੀ ਪੁਰਸ਼ਾਂ ਦੇ ਮੇਲ ਤੋਂ ਪੈਦਾ ਹੋਈ ਸੰਤਾਨ।

ਯਹਿ ਸ਼ੰਕਾ ਜੋ ਕਰੀ ਥੀ,
ਪੂਰਬ ਤੁਮ ਨੈ ਪੀਨ[1] ॥ ੫੦ ॥ [1]ਭਾਰੀ।
ਚੌਪਈ:
ਯਹਿ ਜੋ ਤੁਮ ਨੋ ਕੀਨੀ ਸ਼ੰਕਾ।
ਤਾਂ ਕਾ ਉੱਤਰ ਸੁਣ ਅਬਿ ਬੰਕਾ[1]। [1]ਸੁੰਦਰ।

ਇਕ ਤੋ ਸਤਿਗੁਰੁ ਏਹੁ ਵਿਚਾਰੀ।
ਆਯੋ ਕਲਜੁਗ ਘੋਰ ਅਪਾਰੀ ॥ ੫੧ ॥
ਸ਼ੰਕਰ ਬਰਣ ਲੋਗ ਸਭਿ ਹ੍ਵੈ ਹੈਂ।
ਅਪਨੇ ਜਨਮ ਬਿਅਰਥ ਸਭਿ ਖ੍ਵੈ ਹੈਂ।
ਹੋਇ ਅਚਾਰਯ ਦ੍ਵਾਰਾ[1] ਜੋਈ। [1]ਗੁਰੂਰਾਹੀਂ।
ਉਤਮ ਗਤੀ ਲਹੈ ਨਰ ਸੋਈ ॥ ੫੨ ॥
ਯਹਿ ਤੌ ਬਾਤ ਬੇਦ ਮੈ ਲੇਖੀ[1]। [1]ਲਿਖੀ ਹੈ।
ਸੋ ਸਤਿਗੁਰੁ ਪਿਖਿ ਕਰੀ ਵਿਸੇਖੀ[1]। [1]ਬਹੁਤੀ।
ਦੁਤੀਏ ਦੇਸ ਰੀਤਿ ਪਹਿਚਾਨੋ।
ਉਦਾਹਰਣ[1] ਕੇ ਸਹਿਤ ਵਖਾਨੋ ॥ ੫੩ ॥ [1]ਦ੍ਰਿਸ਼ਟਾਂਤ, ਮਿਸਾਲ।
ਜਯੋਂ ਉੱਤ੍ਰ ਦਿਸ ਦੇਸ ਭੁਟਾਨੋ[1]। [1]ਪਹਾੜ ਦੀ ਤਰਫ਼ ਭੂਟਾਨ ਦੇਸ।
ਔਰ ਬਹੁਤ ਪਰਬਤ ਮੈਂ ਜਾਨੋ।
ਚਾਰੋ ਬਰਨ ਭੈਂਸ ਕਾ ਮਾਸੂ।
ਖਾਵਤ ਨਹਿਂ ਕਿਛੁ ਸ਼ੰਕਾ ਜਾਸੂ ॥ ੫੪ ॥
ਪੂਰਬ ਮੈਂ ਸਭਿ ਖਾਵਤ ਮੱਛੀ।
ਚਾਰੋਂ ਵਰਨ ਮਾਨ ਕਰਿ ਅੱਛੀ।
ਦੱਖਣ ਦਿਸ ਨਿਜ ਮਾਤਲ ਕੰਨਜਾ[1]। [1]ਮਾਮੇ ਦੀ ਧੀ।
ਬਜਾਹਿਤ ਚਾਰੋਂ ਵਰਨ ਅਨੰਨਜਾ[1] ॥ ੫੫ ॥ [1]ਸ਼ੰਕਾ ਤੋਂ ਬਿਨਾਂ।
ਪਸਚਮ ਦੇਸ ਚਰਮ ਕੇ ਪਾਤ੍ਰ[1]। [1]ਚੰਮ ਦੇ ਭਾਂਡੇ।
ਪਾਨ ਕਰਤ ਜਲ ਸਭਿ ਜਨ ਚਾਤ੍ਰ।
ਯਾਂ ਕਾ ਦੋਸ਼ ਨ ਕੋਈ ਮਾਨੈ।
ਦੇਸ ਅਚਾਰ ਰੀਤਿ ਕੁਲ ਠਾਨੈਂ[1] ॥ ੫੬ ॥ [1]ਦੇਸ ਤੇ ਕੁਲ ਦੀ ਰੀਤੀ ਅਨੁਸਾਰ ਕਰਮ ਕਰਦੇ ਹਨ।
ਤਯੋਂ ਗੁਰੁ ਨੈ ਨਿਜ ਪੰਥ ਮਝਾਰੀ।
ਰੀਤਿ ਚਲਾਈ ਸਭਿ ਤੈ ਨਯਾਰੀ।
ਹ੍ਵੈ ਸਮਰੱਥ ਪੁਰਸ਼ ਜਗ ਜੋਈ।
ਜੋ ਵਹਿ ਕਰੈ ਦੋਸ਼ ਨਹਿਂ ਕੋਈ ॥ ੫੭ ॥
ਸਮਰੱਥ ਕੋ ਨਹਿਂ ਦੋਸ਼ ਗੁਸਾਂਈ।
ਰਵਿ ਪਾਵਕ ਸੁਰਸਰਿ ਕੀ ਨਿਆਈਂ[1]। [1]ਸੂਰਜ, ਅੱਗ ਤੇ ਗੰਗਾ ਵਾਂਗ।
ਯਹ ਜਯੋਂ ਤੁਲਸੀ ਦਾਸ ਵਖਾਨੋ।
ਤਯੋਂ ਸਤਿਗੁਰੁ ਮੈਂ ਸ਼ੰਕ ਨ ਠਾਨੋ ॥ ੫੮ ॥

ਤੌ ਭੀ ਔਰ ਸੁਨੋ ਇਕ ਹੇਤੂ[1]।
ਜਜੋਂ ਗੁਰੁ ਕੀਨੋ ਪਿਖਿ ਸਭਿ ਭੇਤੂ।
ਇਸਤਾਮੋਲ[1] ਰੂਮ[2] ਅਰ ਸ਼ਾਮੈ[3]।

[1]ਕਾਰਨ।

[1]ਇੱਕ ਪ੍ਰਸਿੱਧ ਸ਼ਹਿਰ। [2]ਰੋਮ ਇਕ ਸ਼ਹਿਰ ਤੇ ਇਸ ਦੇ ਇਰਦ ਗਿਰਦ ਦਾ ਦੇਸ਼ ਜੋ ਮੈਡੀਟ੍ਰੇਨੀਅਨ ਸਾਗਰ ਦੇ ਆਲੇ ਦੁਆਲੇ ਫੈਲਿਆ ਹੋਇਆ ਹੈ। ਹੁਣ ਰੋਮ ਇਟਲੀ ਦਾ ਪ੍ਰਧਾਨ ਨਗਰ ਹੈ। [3]ਸ਼ਾਮ ਇਕ ਦੇਸ਼, ਜਿਸ ਦੇ ਦੱਖਣ 'ਚ ਅਰਬ ਦਾ ਹੇਠਲਾ ਮੈਦਾਨ ਅਤੇ ਪੱਛਮ ਵਿੱਚ ਮੈਡੀਟ੍ਰੇਨੀਅਨ ਸਮੁੰਦਰ ਹੈ ਜਿਸ ਦਾ ਪ੍ਰਧਾਨ ਨਗਰ ਦਮਿਸ਼ਕ ਹੈ।

ਕੁਰਾਸਾਨ[1] ਔ ਹਫਸ[2] ਤਮਾਮੈਂ[3] ॥ ੫੯ ॥

[1]ਖੁਰਾਸਾਨ, ਇਕ ਦੇਸ਼ ਜੋ ਈਰਾਨ ਦੇ ਪੂਰਬ ਤੇ ਅਫ਼ਗਾਨਿਸਤਾਨ ਦੇ ਪੱਛਮ ਵਿੱਚ ਹੈ। [2]ਹਬਸ਼ਸ਼- ਅਫ਼ਰੀਕਾ ਦਾ ਇਕ ਦੇਸ਼, ਜਿਸ ਦਾ ਹੁਣ ਨਾਮ 'ਐਬੇਸੀਨੀਆ' ਹੈ। [3]ਸਾਰੇ।

ਅਰਬ[1] ਈਰਾਨ[2] ਗਿਰਾਨ[3] ਸੁ ਚੀਨੈ[11]।

[1]ਅਰਬ- ਭਾਰਤ ਦੇ ਪੱਛਮ ਵਿੱਚ ਸਮੁੰਦਰੋਂ ਪਾਰ ਇੱਕਰੇਤਲਾ ਦੇਸ਼ ਜਿਸ ਵਿੱਚ ਮੁਹੰਮਦ ਸਾਹਿਬ ਜਨਮੇਂ ਸਨ। [2]ਈਰਾਨ- ਇਕ ਦੇਸ਼ ਜੋ ਹਿੰਦ ਦੇ ਲਹਿੰਦੇ ਵੱਲ ਸੈਂਟਰਲ ਏਸ਼ੀਆ ਦਾ ਇੱਕ ਦੇਸ਼ ਹੈ ਜਿਸ ਦੇ ਪੁਰਾਣੇ ਨਾਮ ਫਾਰਸ ਤੇ ਪਾਰਸ ਸਨ। [3]ਇਕ ਦੇਸ਼। [11]ਚੀਨ ਦੇਸ਼।

ਸਮਰਕੰਦ[1] ਤਾਤਾਰ[2] ਸੁ ਲੀਨੈ।

[1]ਤੁਰਕਿਸਤਾਨ ਵਿੱਚ ਬੁਖਾਰੇ ਪਾਸ ਇਕ ਪ੍ਰਸਿੱਧ ਸ਼ਹਿਰ। [2]ਮੱਧ ਏਸ਼ੀਆ ਦਾ ਇਕ ਦੇਸ਼ ਜਿਸ ਦੀਆਂ ਹੱਦਾਂ ਫ਼ਰਾਂਸ, ਪਾਕਿਸਤਾਨ ਤੇ ਚੀਨ ਨਾਲ ਲੱਗਦੀਆਂ ਹਨ।

ਫਾਰਸ[1], ਰੂਸ, ਰੰਗੂਨ[2] ਫਰੇਚੈ[3]।

[1]ਮੱਧ ਏਸ਼ੀਆ 'ਚ ਈਰਾਨ ਤੇ ਭਾਰਤ ਦੇ ਲਹਿੰਦੇ ਵੱਲ ਇਕ ਦੇਸ਼। [2]ਬ੍ਰਹਮਾ ਦੀਰਾਜਧਾਨੀ। [3]ਫ਼ਰਾਂਸ।

ਇੰਗਲਿਸਤਾਨ ਸਿਲਾਨ[1] ਕਹੇਚੈ[2] ॥ ੬੦ ॥

[1]ਸੀਲੋਨ ਸ਼ਹਿਰ। [2]ਕਹੀਦੇ ਹਨ।

ਇਤਜਾਦਿਕ ਜੇ ਆਹਿ ਵਿਲਾਯਤ[1]।

[1]ਦੇਸ਼।

ਇਨਿ ਮੈਂ ਪੇਖਜੋ ਅਧਿਕ ਇਕਾਯਤ[1]।

[1]ਏਕਤਾ।

ਜਿਤਿਕ ਮਜ਼ਬ ਹੈਂ ਜਗਤ ਮਝਾਰੀ।
ਸਭਿ ਮੈਂ ਆਹਿ ਇਕਾਯਤ ਭਾਰੀ ॥ ੬੧ ॥
ਤਾਂ ਕਾ ਕਾਰਣ ਯਹਿ ਅਨੁਮਾਨਾ।
ਭਿੰਨ ਜਾਤਿ ਸਬਿ ਕੱਠਾ ਖਾਨਾ।
ਯਾਹੀਂ ਤੇ ਨਹਿਂ ਹਿੰਦੁਨ ਮਾਂਹੀ।
ਆਹਿ ਇਕਾਯਤ ਦੇਖੋ ਚਾਹੀ ॥ ੬੨ ॥

ਦੋਹਰਾ:

ਦਾਊਦ[1] ਈਸਾ[2], ਨੂਹ[3] ਲਖਿ,

[1]ਇੱਕ ਪੈਗ਼ੰਬਰ ਜਿਸ ਨੂੰ ਖ਼ੁਦਾ ਵੱਲੋਂ ਜਬੂਰ ਕਿਤਾਬ ਉਤਰੀ। [2]ਈਸਾਈਆਂ ਦਾ ਪੈਗ਼ੰਬਰ ਜਿਸ ਨੂੰ ਅੰਜੀਲ ਕਿਤਾਬ ਉਤਰੀ।

ਮੂਸਾ[1] ਨਬੀ ਰਸੂਲ[2]।

[3]ਇਕ ਪੈਗ਼ੰਬਰ ਜਿਸ ਦਾ ਜ਼ਿਕਰ ਕੁਰਾਨ ਤੇ ਅੰਜੀਲ ਵਿੱਚ ਕਈ ਥਾਂ ਆਇਆ ਹੈ।
[1]ਯਹੂਦੀਆਂ ਦਾ ਧਰਮ ਗੁਰੂ ਅਤੇ ਤੌਰੇਤ ਦੇ ਪ੍ਰਗਟ ਕਰਨ ਵਾਲਾ ਪੈਗ਼ੰਬਰ। [2]ਮੁਹੰਮਦ ਸਾਹਿਬ।

ਰਚੇ ਮਜ਼ਬ ਜਿਮ ਇਨੈ ਨਿਜ,
ਕਿਯ ਖਾਣਾ ਇਕ ਮੂਲ[1] ॥ ੬੩ ॥

[1]ਮੁੱਢਲੀ ਰੀਤ।

ਚੌਪਈ:
ਭੇਖ ਹਿੰਦੂਅਨ ਕੇ ਜੇ ਔਰੈਂ।
ਤਿਨ ਕੀ ਤਰਫ ਪਿਖੋ ਕਰਿ ਗੌਰੈਂ।
ਸੰਨਜਾਸੀ ਬੈਰਾਗੀ ਜੋਗੀ।
ਨਿਜ ਨਿਜ ਭੇਖ ਇਕੱਠੇ ਭੋਗੀ[1] ॥ ੬੪ ॥

[1]ਖਾਂਦੇ ਹਨ।

ਫਿਰ ਇਨ ਮਾਹਿਂ ਬਰਣ ਹੈਂ ਸਾਰੇ।
ਸ਼ੰਕਰ ਬਰਣ ਨ ਕੋਇ ਉਚਾਰੇ।
ਤਜੋਂ ਗੁਰੁ ਚਾਰ ਬਰਣ ਕੇ ਭਾਈ।
ਕਰੇ ਇਕੱਠੇ ਦੋਸ਼ ਨਰਾਈ ॥ ੬੫ ॥
ਪੁਨ ਗੁਰੁ ਕੀਨੀ ਔਰ ਵਿਚਾਰੇ।
ਹਮ ਹੈਂ ਕਰਣੇ ਜੰਗ ਅਪਾਰੇ।
ਜਬਿ ਯਹਿ ਭਿੰਨ ਭਿੰਨ ਸਭਿ ਖੈ ਹੈਂ।
ਰੋਟੀ ਕਰਤੇ ਦਿਵਸ ਬਿਤੈ ਹੈਂ ॥ ੬੬ ॥
ਇਹਾਂ ਰਹੈਗੋ ਨਿਸ ਦਿਨ ਝੇਰਾ।
ਕੈਸੇ ਹ੍ਵੈ ਨਿਬਾਹਿ ਇਨ ਕੇਰਾ।
ਤਾਂ ਤੇ ਰੀਤਿ ਚਲਾਵੋਂ ਐਸੀ।
ਨਿਭੈ ਸੁਖੈਨ ਜੰਗ ਮੈ ਜੈਸੀ ॥ ੬੭ ॥

ਦੋਹਰਾ:
ਤੁਰਕ ਤੁਰਕ ਕਾ ਪੱਖ ਜਯੋਂ,
ਕਰਤ ਇਕੱਠੇ ਖਾਇ।
ਸਿੰਘ ਇਕੱਠੇ ਛਕਿ ਤਿਵੈਂ,
ਬਨ ਹੈਂ ਸਕੇ ਭਰਾਇ ॥ ੬੮ ॥

ਚੌਪਈ:
ਰਣ ਮੈਂ ਜਯੋਂ ਭਾਈ ਕੀ ਭਾਈ।
ਕਰਿ ਹੈ ਮੱਦਤ ਸਿਰ ਚਹਿ ਜਾਈ[1]।

[1]ਭਾਵੇਂ ਸਿਰ ਚਲਾ ਜਾਵੇ।

ਸਿੰਘ ਸਿੰਘ ਕੀ ਮੱਦਤ ਤਜੋਂ ਹੀ।
ਕਰਿਕੈ ਤੁਰਕੈਂ ਜੀਤੈਂ ਯੌਂਹੀਂ ॥ ੬੯ ॥
ਯਹਿ ਵਿਚਾਰ ਕਰਿ ਮਜ਼ਬ ਚਲਾਯਾ।
ਤੈਂ ਕਜੋਂ ਸ਼ੰਕਰ ਬਰਣ ਅਲਾਯਾ।
ਸਬਿ ਮਜ਼ਬਨਿ ਸਿਰ ਮਜ਼ਬ ਮਹਾਨੈ।
ਆਹਿ ਖਾਲਸੇ ਕਾ ਲਿਹੁ ਮਾਨੈ ॥ ੭੦ ॥
ਪੂਰਬ ਜੋ ਤੁਮ ਸ਼ੰਕਾ ਕੀਨੀ।
ਔਰ ਏਕ ਯਾ ਬਿਧਿ ਕੀ ਪੀਨੀ।
ਗੁਰੁ ਨਾਨਕ ਘਰ ਕੀ ਜੋ ਰੀਤੀ।
ਨੌ ਗੁਰੂਆਂ ਨੈਂ ਪੂਰਬ ਕੀਤੀ ॥ ੭੧ ॥
ਸੋ ਦਸਮੇਸ਼ ਤਜੀ ਕਿਸ ਹੇਤੂ।
ਯਹਿ ਜੋ ਤੁਮ ਬੂਝੋ ਥਾ ਭੇਤੂ।
ਯਾਂ ਕਾ ਉੱਤਰ ਕਹੋਂ ਸੁਨਾਈ।
ਜਾਂ ਤੇ ਸੰਸਾ ਤੁਮਰਾ ਜਾਈ ॥ ੭੨ ॥
ਗੁਰੁ ਘਰ ਕੀ ਥੀ ਜੇਤਿਕ ਰੀਤੀ।
ਦਸਮ ਗੁਰੂ ਸੋ ਤਜੀ ਨ ਨੀਤੀ।
ਇਸ਼ਟ, ਉਪਾਸ਼ਨ, ਮੰਤ੍ਰ ਸੋਈ।
ਰਾਖਜੋ ਵਹੀ ਨ ਤਜਾਗਜੋ ਕੋਈ ॥ ੭੩ ॥
ਪੰਥ ਗੁਰੂ ਨੈ ਅਪਰ ਚਲਾਯੋ।
ਕ੍ਰਿਆ ਭੇਦ ਕਿਛੁ ਭੇਦ ਦਿਖਾਯੋ।
ਜਜੋਂ ਸਪੂਤ ਕਾਹੂ ਕੇ ਘਰ ਮੈਂ।
ਲਾਇਕ-ਵੰਦ ਬਲੀ ਹ੍ਵੈ ਧਰਮੈਂ[1] ॥ ੭੪ ॥
ਪਿਤਾ ਪਿਤਾਮਾ[1] ਕੀ ਜਾਦਾਇਤ।
ਰਾਖਤ ਸੋ ਪੁਨ ਅਪਰ ਮਿਲਾਇਤ।
ਪੁਨ ਜਜੋਂ ਨ੍ਰਿਪ ਕੁਲ ਮੈਂ ਨ੍ਰਿਪ ਹੋਈ।
ਸਿੱਕਾ ਅਪਨ ਚਲਾਵਤ ਸੋਈ ॥ ੭੫ ॥
ਜਜੋਂ ਤਰਵਰੁ[1] ਕੋ ਪੇਉਂਦ ਦੀਨੇ।
ਫਲ ਰਸਵੰਤ ਹੋਤ ਅਤਿ ਪੀਨੇ।
ਤਜੋਂ ਖੰਡੇ ਕੀ ਪਾਹੁਲ ਦੈ ਕੈ।
ਸਿੰਘ ਨਾਮ ਜਗ ਮੈਂ ਬਿਦਤੈ ਕੈ ॥ ੭੬ ॥

[1]ਧਰਮੀ (ਅ) ਧਰਤੀ ਉੱਪਰ।
[1]ਦਾਦਾ।
[1]ਬ੍ਰਿੱਛ।

ਤੁੱਛ ਜਾਤਿ ਅਭਿਮਾਨ ਗਵਾਏ।
ਕੀਨੇ ਛੱਤ੍ਰੀ ਸਿਖ ਅਧਿਕਾਏ।
ਚਿੜੀਅਨ ਤੈ ਕੀਨੇ ਬਰ ਬਾਜਾ।
ਮ੍ਰਿਗਨ ਤੈ ਲਖੀਏ ਮ੍ਰਿਗ-ਰਾਜਾ[1] ॥ ੭੭ ॥ [1]ਸ਼ੇਰ।
ਹਿੰਦੂ ਤੁਰਕਨ ਕੇ ਸਿਰ ਊਪਰ।
ਤੀਸਰ ਮਜ਼ਬ ਰਚਜੋ ਗੁਰੁ ਭੂ ਪਰ[1]। [1]ਧਰਤੀ ਉੱਪਰ।
ਜੇ ਕਰਿ ਗੁਰੁ ਯਹਿ ਪੰਥ ਨ ਕਰਤੇ।
ਹਿੰਦੁਵਾਯਨ ਉਠ ਜਾਤੋ ਧਰ ਤੇ[1] ॥ ੭੮ ॥ [1]ਧਰਤੀ ਉੱਪਰੋਂ।
ਪੁਨ ਗੁਰੁ ਨਾਨਕ ਕੇ ਸਿਖ ਜੇਤੇ।
ਪਰਤ ਪਛਾਨ ਨ ਨਜਾਰੇ ਤੇਤੇ।
ਨਜਾਰਾ ਪੰਥ ਰਖਨ ਹਿਤ ਗੁਰੁ ਕਾ।
ਰਚਜੋ ਦਸਮ ਗੁਰੁ ਕੇਹਰ ਬੁਰਕਾ[1] ॥ ੭੯ ॥ [1]ਸ਼ੇਰ ਦਾ ਬਾਣਾ।
ਪੂਰਬ ਕਰੇ ਸ੍ਯਾਲ ਤੁਮ ਜੇਤੇ।
ਉੱਤ੍ਰ ਦਏ ਜਥਾ ਮਤਿ ਤੇਤੇ।
ਅਬਿ ਸੁਨ ਪੰਥ ਬਿਰਧ ਜਜੋਂ ਭਯੋ[1]। [1]ਜਿਵੇਂ ਪੰਥ ਵਧਿਆ।
ਅਲਪ ਕਾਲ ਮੈਂ ਬਹੁ ਬਿਦਤਜੋ[1] ॥ ੮੦ ॥ [1]ਥੋੜ੍ਹੇ ਸਮੇਂ 'ਚ ਬਹੁਤ ਮਸ਼ਹੂਰ ਹੋਇਆ।

ਪਰਹਾ ਛੰਦ:
ਪਾਂਚ ਸਿੰਘ ਜਬਿ ਸਜੇ ਗੁਰੂ ਨੇ,
ਤਬ ਯੌਂ ਬਚਨ ਉਚਾਰੇ।
ਆਜ ਸਿੰਘ ਜੋ ਸਜ ਹੈ ਹਮਰਾ,
ਲਹੈ ਪਦਾਰਥ ਚਾਰੇ।
ਅਰ ਗੁਰੁ ਪ੍ਰੇਰ ਦਏ ਮਨ ਸਬਿ ਕੇ,
ਤਬਿ ਨਿਜ ਸ਼ਕਤੀ ਸੰਗੇ।
ਸੁਨਤ ਬਚਨ ਸਤਿਗੁਰੁ ਕਾ ਸਭ ਕੇ
ਮਨ ਮੈਂ ਬਢਜੋ ਉਮੰਗੇ ॥ ੮੧ ॥
ਸਿੰਘ ਪਾਂਚ ਸੈ ਸਜੇ ਉਸੀ ਦਿਨ,
ਅੰਮ੍ਰਿਤ ਛਕਜੋ ਨੀਕੈਂ।
ਕਰਜੋ ਚਹੈ ਸਮਰੱਥ ਪੁਰਸ਼ ਜੋ,
ਕਜੋਂ ਨ ਹੋਇ ਵਹਿ ਠੀਕੈਂ।
ਪਾਂਚ ਪਾਂਚ ਫਿਰ ਸਿੰਘ ਭੁਜੰਗੀ,

ਪਠੇ ਗੁਰੂ ਦਿਸ ਚਾਰੀ[1]।
ਦਏ ਹੁਕਮ ਨਾਮੇ ਲਿਖਿ ਐਸੇ,
ਸਿੰਘ ਕਰੋ ਬ੍ਰਣ ਚਾਰੀ[1] ॥੮੨॥
ਦੇਸ ਦੇਸ ਕੀ ਸੰਗਤਿ ਤਾਂਈਂ,
ਪੁਨਾ ਪਠਜੋ ਲਿਖਿ ਐਸੇ।
ਪੰਚ ਭੁਜੰਗੀ ਤੈ[1], ਜੋ ਅੰਮ੍ਰਿਤ
ਛਕੈ ਸਿੱਖ, ਸੁਖ ਲੈਸੇ।
ਅੰਗ ਸੰਗ ਮੈਂ ਰਹੋਂ ਤਿਸੀ ਕੇ,
ਕਰੋਂ ਨਿਹਾਲ ਮਹਾਂਨੇ।
ਚਾਰ ਪਦਾਰਥ ਦੈਹੋਂ ਤਿਸ ਕੋ,
ਬਚਨ ਜੁ ਹਮਰਾ ਮਾਨੇ ॥੮੩॥
ਪਠੇ ਹੁਕਮ ਨਾਮੇ ਗੁਰੁ ਯੌਂ ਲਿਖਿ,
ਸਭਿ ਸੰਗਤ ਨੈ ਮਾਨੇ।
ਅਲਪ ਕਾਲ ਮੈਂ ਸਿੰਘ ਪੰਥ ਤਬਿ
ਯਾ ਬਿਧਿ ਬਢਜੋ ਮਹਾਨੇ।
ਜਜੋਂ ਕ੍ਰਿਖੀ[1] ਬਾਰਸ਼ ਤੈ ਬਢ ਹੈ,
ਮਕਰ ਬਿਤੇ ਦਿਨ ਜੈਸੇ[1]।
ਜਜੋਂ ਸੁਨੀਤਿ ਤੇ[1] ਰਾਜ ਬਢਤ ਹੈ,
ਪੰਥ ਬਢਜੋ ਗੁਰੁ ਤੈਸੇ ॥੮੪॥
ਭਏ ਧਰਾ ਮੈਂ ਸ਼ਸਤ੍ਰ ਧਾਰੀ
ਸਿੰਘ ਜਹਾਂ ਤਹਿਂ ਡੋਲੈਂ।
ਮਾਰ ਲੂਟ ਕਰਿ ਖਾਹਿਂ ਅਪਾਰੇ,
ਡਰਤ ਨ ਕੋਈ ਬੋਲੈ।
ਸਿੰਘ ਸਿੰਘ ਕੇ ਘਰ ਜਬਿ ਜਾਵੈਂ,
ਮਿਲੈਂ ਮੋਦ ਮਨ ਪਾਈ।
ਵਾਹਿਗੁਰੂ ਕੀ ਫਤੇ ਗਜਾਵੈਂ,
ਮਨੋ ਸਹੋਦਰ ਭਾਈ[1] ॥੮੫॥
ਪੀਵੈਂ ਭੰਗ* ਜੰਗ ਨਿਤ ਬਾਂਛੈਂ,

ਸ਼ਸਤ੍ਰ ਬਸਤ੍ਰ ਸਜਿ ਕੈ।

[1]ਚਹੁੰ ਤਰਫ਼ਾਂ ਨੂੰ।

[1]ਚਹੁੰ ਵਰਨਾਂ ਨੂੰ।

[1]ਪੰਜਾਂ ਸਿੰਘਾਂ ਤੋਂ।

[1]ਖੇਤੀ।

[1]ਮਾਘ ਮਹੀਨੇ ਦੇ ਬੀਤਣ ਤੋਂ ਜਿਵੇਂ ਦਿਨ ਵਧਦੇ ਹਨ।

[1]ਚੰਗੀਰਾਜਨੀਤੀ ਨਾਲ।

[1]ਸੱਕੇ ਭਰਾ।

*ਭੰਗ ਪੀਣ ਬਾਰੇ ਦੇਖੋ ਸ੍ਰੀ ਗੁਰੁ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ ੧੨ ਦੇ ਅੰਕ ਨੰ: ੧੨੫ ਦੇ * ਨਿਸ਼ਾਨ ਦੀ ਪੈਰ ਟੂਕ।

ਦਸ ਦਸ ਬੀਸ ਬੀਸ ਕੀ ਟੋਲੀ,
ਫਿਰਤ ਦੇਸ ਮਹਿਂ ਗਜ ਕੈ।
ਲੋਕ ਬਹੁਤ ਸਰਵਰ[1] ਕੇ ਸੇਵਕ, [1]ਸੁਲਤਾਨ ਪੀਰ ਦੇ।
ਮੜ੍ਹੀ ਮਸਾਣੀ ਮਾਨੈ।
ਏਕ ਅਕਾਲ ਪੁਰਖੁ ਬਿਨ ਕਬ ਹੀ,
ਸਿੰਘ ਨ ਦੂਜਾ ਜਾਨੈ ॥ ੮੬ ॥
ਇਕ ਦਿਨ ਸਿੰਘ ਗਏ ਦਸ ਬੀਸਕ,
ਏਕ ਗ੍ਰਾਮ ਮਝਾਰੇ।
ਮੇਲਾ ਹੁਤੋ ਤਹਾਂ ਸਰਵਰ ਕਾ,
ਤਿਸ ਹੀ ਦਿਵਸ ਅਪਾਰੇ।
ਲੋਗ ਪੀਰ ਕੇ ਪੂਜਨ ਕਾਰਨ,
ਨਰ ਨਾਰੀ ਬਹੁ ਆਵੈਂ।
ਪੂਪ[1] ਖੀਰ ਹਲੂਆ[2] ਬਹੁ ਚੂਰੀ, [1]ਪੂੜੇ। [2]ਕੜਾਹ।
ਰੋਟ ਪਕਾ ਕਰਿ ਲਜਾਵੈਂ ॥ ੮੭ ॥
ਦੇਤ ਮਜੌਰਨ ਕੋ[1] ਮਨ ਭਾਵਤ, [1]ਪੁਜਾਰੀਆਂ ਨੂੰ।
ਪੁਨ ਆਪਸ ਮੈਂ ਬਾਂਟੈਂ।
ਭੂਖੇ ਸਿੰਘ ਪਿਖੈਂ ਤਿਨ ਓਰੀ
ਮਾਂਗਜੋ ਦੈਹਂ ਨ ਡਾਟੈਂ[1]। [1]ਮੰਗਿਆਂ ਨਹੀਂ ਦੇਂਦੇ ਸਗੋਂ ਡਾਂਟਦੇ ਹਨ।
ਤਬਿ ਸਿੰਘੋਂ ਨੈ ਉਦਮ ਕਰਿ ਕੈ,
ਖੋਸ ਲਯੋ ਸਭਿ ਤੋਸਾ[1]। [1]ਸਾਰਾ ਖਾਣਾ ਖੋਹ ਲਿਆ।
ਕਰਦ ਭੇਟ ਕਰਿ ਛਕਯੋ ਮੋਦ ਹੈ,
ਜਰਾ ਨਾ ਮਾਨਜੋ ਦੋਸ਼ਾ ॥ ੮੮ ॥
ਨਗਰ ਲੋਗ ਮਿਲਿ ਮਾਰਨ ਆਏ,
ਤਬਿ ਸਿੰਘਨਿ ਕਰਿ ਹੱਲਾ।
ਲੋਗ ਭਗਾਏ ਗ੍ਰਾਮ ਲੁਟਜੋ ਪੁਨ,
ਮੇਲਜੋ ਵਡ ਥਰਥੱਲਾ।
ਹੁਤੋ ਮਕਾਨ ਪੀਰ ਕਾ ਜੋਈ,
ਢਾਹਿ ਸਾਫ ਕਰਿ ਦੀਨਾ।
ਜਾਇ ਸਰ੍ਹੰਦ ਤਬੈ ਢਿਗ ਨਾਜ਼ਮ
ਗ੍ਰਾਮ ਪੁਕਾਰਜੋ ਪੀਨਾ ॥ ੮੯ ॥

ਫੌਜ ਚੜ੍ਹੀ ਤੁਰਕਨ ਕੀ ਤਬਿ ਹੀ,
ਸਿੰਘ ਬੜੇ ਕਿਤ ਝਾਰੀਂ।
ਖੋਜਿ ਫੌਜ ਸਿੰਘਨ ਕੋ ਇਤ ਉਤ,
ਹਟ ਕਰਿ ਗਈ ਪਿਛਾਰੀ।
ਸਿੰਘ ਪਹਾੜਨ ਝਾੜਨ ਮਾਂਹੀਂ,
ਰਹੇ ਮੋਦ ਮਨਿ ਭਰ ਕੈ।
ਲੁਟੈਂ ਗ੍ਰਾਮ ਕਰੈਂ ਬਹੁ ਦੰਗੇ,
ਜਰਾ ਨ ਮਨ ਮੈਂ ਧਰਕੈਂ[1] ॥ ੯੦ ॥
ਸੁੱਖਾ ਫੀਮ* ਸ਼ਰਾਬ** ਕਬਾਬੈਂ,
ਛਕੈਂ ਜਿਤਿਕ ਮਨ ਭਾਵੈ।
ਖੇਲੈਂ ਨਿੱਤ ਸ਼ਿਕਾਰ ਬਨਨ ਮੈਂ,
ਮਾਰਿ ਮ੍ਰਿਗ ਬਹੁ ਖਾਵੈਂ।
ਘੋੜਨ ਪਰ ਅਸਵਾਰ ਹੋਇ ਕਰਿ,
ਸਜ ਕੈ ਸ਼ਸਤ੍ਰ ਸਾਰੇ।
ਭਾਂਤਿ ਭਾਂਤਿ ਕੀ ਪਹਿਨ ਪੁਸ਼ਾਕਾਂ,

[1]ਡਰਦੇ ਨਹੀਂ।

*ਅਫ਼ੀਮ ਵੀ ਇਕ ਅਜਿਹਾ ਕੋਹੜ ਰੋਗ ਹੈ ਜਿਸ ਨੂੰ ਚਿੰਬੜ ਜਾਵੇ ਫਿਰ ਖਹਿੜਾ ਹੀ ਨਹੀਂ ਛੱਡਦਾ। ਗੁਰੂ ਜੀ ਨੇ ਸਿੱਖਾਂ ਨੂੰ ਸਭ ਨਸ਼ੇ ਤਿਆਗਣ ਲਈ ਹੁਕਮ ਕੀਤੇ ਹਨ। **ਸ਼ਰਾਬ ਦਾ ਲਫ਼ਜ਼ੀ ਅਰਥ ਹੈ 'ਸ਼ਰਾਰਤ ਦਾ ਪਾਣੀ'। ਇਸ ਬਾਰੇ ਪੰਜਾਬੀ ਵਿੱਚ ਇਕ ਅਖਾਣ ਪ੍ਰਸਿੱਧ ਹੈ 'ਸ਼ਰਾਬ ਖ਼ਾਨਾ ਖ਼ਰਾਬ।' ਸੌ ਵਿੱਚੋਂ ਨਿਨ੍ਹਾਨਵੇਂ ਝਗੜੇ ਸ਼ਰਾਬ ਦੇ ਕਾਰਨ ਹੀ ਪੈਦਾ ਹੁੰਦੇ ਹਨ। ੫੬ ਕਰੋੜ ਦੀ ਗਿਣਤੀ ਦੇ ਜਾਦਵਾਂ ਦੀ ਬੰਸ ਦਾ ਅੰਤ ਵੀ ਸ਼ਰਾਬ ਨੇ ਹੀ ਕੀਤਾ ਹੈ। ਇਸ ਦੇ ਪੀਣ ਨਾਲ ਦੈਂਤ ਬੁੱਧੀ ਹੋ ਜਾਂਦੀ ਹੈ। ਇਹ ਰਾਖਸ਼ਾਂ ਦਾ ਖਾਣਾ ਹੈ। ਸ਼ਰਾਬ ਪੀਣ ਵਾਲੇ ਨੂੰ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ। ਸ਼ਰਾਬ ਬਾਰੇ ਗੁਰਬਾਣੀ ਅੰਦਰ ਜ਼ਿਕਰ ਆਉਂਦਾ ਹੈ ਕਿ: ਸਲੋਕ ਮਹਲਾ ੩ ॥ ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥ ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥ (ਬਿਹਾਗੜੇ ਕੀ ਵਾਰ ਸ: ੧੬, ਪੰ: ੫੫੪) ਕਬੀਰ ਭਾਂਗ ਮਾਛਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥੨੩੨॥

ਕਰੈਂ ਕੁਵੈਦ[1] ਅਪਾਰੇ ॥ ੯੧ ॥
[1]ਫੌਜ ਦੇ ਢੰਗਾਂ ਅਨੁਸਾਰ ਕਸਰਤ।

ਸ਼ਸਤ੍ਰ ਬਿੱਦਜਾ ਸੀਖ ਸਿਖਾਵੈਂ,
ਜਪੈਂ ਅਕਾਲ ਅਕਾਲੇ।
ਸ਼ੋਰ ਪੰਥ ਕਾ ਸਭੀ ਦੇਸ ਮੈਂ,
ਹੋਯੋ ਤਬੀ ਬਿਸਾਲੇ।
ਹਿੰਦੂ ਤੁਰਕ ਦੁਹਨ ਤੈ ਜਿਨ ਹੂੰ,
ਧਰੇ ਬਿਲੱਖਨ ਬਾਨੇ[1]।
[1]ਵਖਰੇ ਜਾਂ ਅਸਚਰਜ ਪੁਸ਼ਾਕੇ।

ਦੰਗੇ ਬਾਜ[1] ਲੁਟੇਰੇ* ਅਤਿ ਹੀ,
[1]ਲੜਾਕੇ। *ਸਿੰਘ ਲੁਟੇਰੇ ਨਹੀਂ ਹੋ ਸਕਦੇ, ਹਾਂ ਜ਼ਾਲਮਾਂ ਨੂੰ ਉਨ੍ਹਾਂ ਦੇ ਜ਼ੁਲਮ ਦੀ ਸਜ਼ਾ ਦੇਣ ਵਾਸਤੇ ਭਾਵੇਂ ਉਨ੍ਹਾਂ ਨੂੰ ਲੁੱਟ ਲੈਣ, ਗਰੀਬ ਜਾਂ ਆਮ ਲੋਕਾਂ ਨੂੰ ਸਿੰਘਾਂ ਨੇ ਕਦੇ ਨਹੀਂ ਲੁੱਟਿਆ। ਕਵੀ ਜੀ ਦਾ ਵੀ ਇਹੋ ਹੀ ਭਾਵ ਸਮਝਣਾ ਚਾਹੀਦਾ ਹੈ।

ਸਿੰਘ ਰਹੈਂ ਕਿਮ ਛਾਨੇ[1] ॥ ੯੨ ॥
[1]ਛਪੇ।

ਏਕ ਦਿਵਸ ਪੁਨ ਦਸਮ ਗੁਰੂ ਨੇ,
ਸਭਿ ਹੀ ਸਿੰਘ ਹਕਾਰੇ[1]।
[1]ਸੱਦੇ, ਬੁਲਾਏ।

ਆਏ ਗੁਰੁ ਢਿਗ ਮੋਦ ਧਾਰਿ,
ਧੁਨਿ ਊਚ ਗਜਾਇ ਜਕਾਰੇ।
ਪਿਖਿ ਪਿਖਿ ਕਲਗੀਧਰ ਮੁਸਕਾਵੈਂ,
ਕ੍ਰਿਪਾ ਦ੍ਰਿਸ਼ਟਿ ਨਿਹਾਰੈਂ।
ਭੰਗੜ[1] ਜੰਗੜ[2] ਸਿੰਘ ਭੁਜੰਗੀ[3],
[1]ਭੰਗ ਪੀਣ ਵਾਲੇ। [2]ਜੰਗ ਕਰਨ ਵਾਲੇ। [3]ਸੂਰਮੇ।

ਯੌਂ ਤਬਿ ਬੈਨ ਉਚਾਰੈਂ ॥ ੯੩ ॥
ਅਬਿ ਨਹਿਂ ਬਿਲਮ[1] ਕਰੋ ਸਤਿਗੁਰੁ ਜੀ,
[1]ਦੇਰ।

ਆਗਜਾ ਹਮ ਕੋ ਦਈਏ।
ਅਵੱਲ ਮਾਰ ਗਿਰੀਸਨ ਕੇਰਾ[1],
[1]ਪਹਾੜੀ ਰਾਜਿਆਂ ਦਾ।

ਮੁਲਕ ਖੋਸ[1] ਸਭਿ ਲਈਏ।
[1]ਖੋਹ।

ਫਿਰ ਤੁਰਕਨ ਕੋ ਮਾਰ ਦੇਸ ਕਾ,
ਰਾਜ ਸਾਜ ਸਭਿ ਲੈਹੈਂ।
ਤੁਰਕ ਗਜਿੰਦਨ[1] ਕੋ ਹਮ ਕੇਹਰ[2],
[1]ਹਾਥੀਆਂ। [2]ਸ਼ੇਰ।

ਮਾਰ ਬਿਦੀਰਨ ਕੈਹੈਂ[1] ॥ ੯੪ ॥
[1]ਨਾਸ ਕਰਾਂਗੇ।

ਦੋਹਰਾ:
ਤਿਸੀ ਸਮੇਂ ਮੇਲਾ ਭਯੋ,

ਆਨੰਦ ਪੁਰੀ ਮਝਾਰ।
ਦੇਸ ਦੇਸ ਤੈ ਆਇ ਕਰਿ,
ਸੰਗਤ ਜੁਰੀ ਅਪਾਰ ॥ ੯੫ ॥

ਸ੍ਵੈਯਾ:
ਸੰਗਤ ਆਨ ਅਪਾਰ ਜੁਰੀ,
ਤਿਨ ਸੰਗ ਮਸੰਦ ਦਸੋ ਦਿਸ ਕੇਰੈਂ।
ਨਾਰਿ[1] ਨਿਵਾਇ ਉਪਾਇਨ ਦਾਇ[2],
ਬਢਾਇ ਕੈ ਮੋਦ ਗੁਰੂ ਦਿਸ ਹੇਰੈਂ।
ਬੂਝਤ ਖੇਮ[1] ਤਬੈ ਜਥ ਜੋਗ,
ਗੁਰੂ ਸਬਿ ਕੋ ਪੁਨ ਆਸਿਖ ਟੇਰੈਂ[1]।
ਮੇਵਰਾ[1] ਕੈ ਅਰਦਾਸ ਧਰੈ ਧਨ,
ਭੇਟ ਅਪਾਰ ਅਯੋ ਬਿਨ ਦੇਰੇ ॥ ੯੬ ॥
ਚਾਰੁ[1] ਦਿਵਾਨ ਮਹਾਂਨ, ਫਬਯੋ ਗੁਰੁ ਕੇ ਢਿਗ,
ਸਿੰਘਨ ਕਾ ਦਿਸ ਚਾਰੀ।
ਆਯੁਧ ਅੱਸ੍ਰ ਅਮੋਲ ਪੁਸ਼ਾਕਹਿਂ,
ਸਿੰਘਨ ਕੌ ਬਖਸ਼ੈਂ ਗੁਰੁ ਭਾਰੀ।
ਭੱਟ ਨਕੀਬ[1] ਉਚਾਰ ਰਹੇ ਜਸ,
ਛੰਦ ਸੁਨਾਵਤ ਹੈਂ ਕਵਿ ਚਾਰੀ[1]।
ਜ਼ੇਵਰ ਹੇਮ[1] ਜਰਾਉ ਜਰੇ,
ਬਖਸ਼ੈਂ ਗੁਰੁ ਆਨੰਦ ਹੋਇ ਅਪਾਰੀ ॥ ੯੭ ॥

ਕਬਿੱਤ:
ਪੂਰਬ ਮਹਾਨ ਸੂਰਬੀਰ ਬਲਵਾਨ ਜੇਊ
ਭਏ, ਕਏ ਧਰਮ ਜੰਗ ਜਿਨਹੂੰ ਉਮੰਗ ਸੋਂ।
ਤਿਨ ਹੂੰ ਕੀ ਵਾਰਾਂ ਢਾਢੀ ਗਾਵਤ ਰਬਾਬ ਛੇਰਿ,
ਐਸੀ ਭਾਂਤਿ ਮਨੋ ਅਬੀ ਹੋਵਤ ਹੈ ਜੰਗ ਸੋ।
ਸੁਨ ਕਰਿ ਜਾਂ ਕੇ ਰਸ ਬੀਰ ਜਾਗੈ ਕਾਇਰ ਕੋ,
ਤਨ ਮਨ ਪਾਗੈਂ[1] ਨੀਕ ਲਾਗੈ ਰਣ ਰੰਗ ਸੋ[2]।
ਔਰ ਬੀਰ ਰਸ ਕੇ ਕਵੀਸ਼ਰ ਕਬਿੱਤ ਪਢੈਂ,
ਕਢੈਂ ਕੂਰ ਕਾਇਰਤਾ ਮਾਰ ਅੰਗ ਅੰਗ ਸੋਂ
॥ ੯੮ ॥

[1]ਧੌਣ। [2]ਭੇਟਾ ਦੇ ਕੇ।
[1]ਸੁਖ ਸਾਂਦ।
[1]ਅਸ਼ੀਰਵਾਦ ਕਹਿੰਦੇ ਹਨ।
[1]ਅਰਦਾਸੀਆ।
[1]ਸੁੰਦਰ।
[1]ਵੰਸ਼ਾਵਲੀ ਤੇ ਜਸ ਕਹਿਣ ਵਾਲੇ।
[1]ਸੁੰਦਰ ਕਵੀ।
[1]ਸੋਨੇ ਦੇ ਗਹਿਣੇ।
[1]ਰੰਗਿਆ ਜਾਂਦਾ ਹੈ। [2]ਉਸ ਨੂੰ ਜੰਗ ਦਾ ਰੰਗ ਚੰਗਾ ਲੱਗਦਾ ਹੈ।

ਪਾਛੇ ਮਿਲ ਰਾਗੀ ਔ ਰਬਾਬੀ ਮੇਲਿ ਸਾਜ ਆਛੇ,
ਰਾਗ ਰਾਗਨੀ ਅਲਾਪ ਕਾਛੇ[1] ਸੋ ਉਚਾਰ ਹੈਂ।
[1]ਸੁੰਦਰ।

ਝੁਨਕੈ ਰਬਾਬ ਕੀ ਝਰਤ[1] ਮਨ ਮੋਹਿ ਲੇਤ,
ਤਾਰ ਕਰਤਾਰ ਕਰਤਾਰ ਹੀ ਪੁਕਾਰ ਹੈਂ।
[1]ਰਬਾਬ ਦੀ ਝੁਣਕਾਰ ਦੀ ਅਵਾਜ਼।

ਤਾਊਸ ਸਤਾਰ ਲੈ ਤੰਬੂਰਾ ਔ ਸਰੰਦਾ ਚਾਰ[1]
ਮੰਜੁਲ ਮਜੀਰੇ[1] ਔ ਨਫੀਰੀ[2] ਝਾਂਝ[3] ਝਾਰ[11] ਹੈਂ।
[1]ਸੁੰਦਰ।
[1]ਸੁੰਦਰ ਝਾਂਜਰਾਂ। [2]ਸ਼ਹਿਨਾਈ- ਫੂਕ ਨਾਲ ਵਜਾਉਣ ਵਾਲਾ ਵਾਜਾ। [3]ਛੋਟੇ ਛੈਣੇ, ਕੈਸੀਆਂ। [11]ਵੱਡੇ ਛੈਣੇ (ਝਾਰ-ਝਾਲ ਵੱਡੇ-ਛੈਣੇ)।

ਤੰਮ ਤੰਮ ਤਪਲਜੋਂ ਕੀ[1] ਧੰਮ ਧੰਮ ਧਾਂਮਨ ਕੀ[2],
[1]ਪੁੜੇ ਦੀ ਤਮ ਤਮ ਅਵਾਜ਼। [2]ਧਾਮੇ ਵਾਲੇ ਪਾਸੇ ਦੀ ਧਮ ਧਮ ਅਵਾਜ਼।

ਦੰਮ ਦੰਮ ਦੋਲਕ[1] ਮ੍ਰਿਦੰਗ ਸੰਗ ਪਾਰ ਹੈ[2]
[1]ਢੋਲਕ ਦੀ ਦਮ ਦਮ ਅਵਾਜ਼। [2]ਮ੍ਰਿਦੰਗ ਸਾਥ ਭਰਦਾ ਹੈ।

॥ ੯੯ ॥

ਸ੍ਵੈਯਾ:

ਸਾਰੰਗ ਜੈਤਸਿਰੀ ਨਟ ਕਾਨੜਾ,
ਗੌੜੀ ਮਲਾਰ ਕਿਦਾਰ ਤੁਖਾਰੀ।
ਰਾਮਕਲੀ ਸ੍ਰੀਰਾਗ ਬਿਲਾਵਲ,
ਗੌਂਡ ਕਲਜਾਨ ਔ ਦੇਵ ਗੰਧਾਰੀ।
ਸੋਰਠਿ ਸੂਹੀ ਬਿਹਾਗ ਤਿਲੰਗ
ਕਮਾਂਚ[1] ਹਿੰਡੋਲ ਬਸੰਤ ਬਿਰਾਰੀ[2]।
[1]ਖਮਾਂਚਰਾਗ। [2]ਬੈਰਾੜੀ।

ਗਾਵਤ ਹੈਂ ਇਤਜਾਦਿਕ ਰਾਗ,
ਗਵੱਯਾ ਮਿਲੇ ਚਿਤ ਚੋਰਤ ਚਾਰੀ[1] ॥ ੧੦੦ ॥
[1]ਸੁੰਦਰ ਗਾ ਕੇ ਚਿੱਤ ਨੂੰ ਚੁਰਾਉਂਦੇ ਹਨ।

ਯਾ ਬਿਧਿ ਨੀਤਿ ਦਿਵਾਨ ਲਗੈ ਗੁਰੁ ਕਾ,
ਜਿਹਂ ਕੋ ਪਿਖਿ ਇੰਦ੍ਰ ਲਾਜੈ।
ਦੀਹ ਦੁਰੱਦ ਬਿਹੱਦ ਖਰੇ ਦਰ,
ਮੱਦ ਮਤੇ ਵਰ ਘੂਮਤ ਛਾਜੈਂ[1]।
[1]ਦਰਵਾਜ਼ੇ ਵਿੱਚ ਬਹੁਤੇ ਵੱਡੇ ਹਾਥੀ (ਮਦ) ਮਸਤੀ 'ਚ ਮਸਤ ਖੜ੍ਹੇ ਝੂਲਦੇ ਚੰਗੇ ਸਜ ਰਹੇ ਹਨ।

ਬਾਜ ਬਜਾਰਹਿ ਜੀਤਨ ਹਾਰ
ਉਦਾਰ ਤਬੇਲਨ ਮੈਂ ਗਨ ਗਾਜੈਂ[1]।
[1]ਘੋੜੇ ਹਵਾ ਨੂੰ ਜਿੱਤਣ ਵਾਲੇ, ਚੰਗੇ ਤਬੇਲਿਆਂ 'ਚ ਬਹੁਤੇ ਹਿਣਕਦੇ ਹਨ।

ਸੈਨ ਘਨੀ ਪੁਰਿ ਆਨੰਦ ਕੇ,
ਦਿਸ ਚਾਰ ਰਹੀ ਫਬਿ ਦੁੰਦਭਿ[1] ਬਾਜੈਂ ॥ ੧੦੧ ॥
[1]ਧੌਂਸੇ।

ਬਾਰਿ ਕਈ ਪਹਿਲੇ ਭਿ ਗੁਰੁ ਢਿਗ,
ਸਿੱਖਨਿ ਕੀਨ ਫਰਜਾਦ ਅਪਾਰੀ।
ਲੂਟਤ ਹੈਂ ਹਮ ਕੋ ਦੁਖ ਦੈ ਕਰਿ,
ਮੰਦ ਮਸੰਦ ਮਹਾਂ ਦੁਰਚਾਰੀ।
ਦੀਸਤ ਹੈਂ ਜਮ ਕੇ ਸਮ ਯੇ,
ਹਮ ਕੋ ਦੁਖ ਦੇਵਤ ਆਹਿ ਅਪਾਰੀ।
ਸੋ ਸੁਨਿ ਟਾਰਾ ਰਹੇ ਕਰਤੇ ਗੁਰੁ,
ਕੋਪ ਕਿਛੂ ਧਰਤੇ ਮਨਿ ਮਾਰੀ[1] ॥ ੧੦੨ ॥

[1]ਕੁਝ ਕੁ ਮਨ 'ਚ ਗ਼ੁੱਸਾ ਧਾਰਦੇ ਹਨ (ਪਰ ਫਿਰ ਮਨ ਵਿੱਚੋਂ ਗ਼ੁੱਸਾ) ਮਾਰ ਦੇਂਦੇ ਹਨ।

ਯਾਂਹਿ ਸਮੇਂ ਫਿਰ ਤੋ ਬਹੁ ਸਿੱਖਨ,
ਆਨ ਸ਼ਕਾਯਤ ਕੀਨ ਤਿਨਾਰੀ[1]।
ਹੇ ਗੁਰੁ ਰਾਖਹੁ ਲਾਜ ਹਮੈਂ,
ਰਿਣ ਦੇਹੁ ਮਸੰਦਨ ਕੋ ਕਿਮ ਟਾਰੀ[1]।
ਏਕ ਪਰਜੋ ਦੁਰਭਿਖ[1] ਮਹਾਂ,
ਅਬਿ ਜਾਇ ਮਸੰਦ ਕਰੈਂ ਬਹੁ ਖ੍ਵਾਰੀ।
ਚਾਵਰ ਖੀਰ ਗਿਹੂੰ ਮਦ ਆਮਿਖ[1],
ਖਾਵਨ ਕੋ ਯਹਿ ਲੇਤ ਅਹਾਰੀ[1] ॥ ੧੦੩ ॥

[1]ਤਿਨ੍ਹਾਂ ਦੀ।
[1]ਸਾਡਾ ਕਿਵੇਂ ਮਸੰਦਾਂ ਰੂਪ ਕਰਜ਼ਾ ਲਾਹ ਦਿਉ।
[1]ਥੋਟਾ ਸਮਾਂ, (ਅ) ਅੰਨ ਦਾ ਅਭਾਵ।
[1]ਚਾਉਲ, ਖੀਰ, ਕਣਕ, ਸ਼ਰਾਬ ਤੇ ਮਾਸ।
[1]ਭੋਜਨ।

ਕਬਿੱਤ:

ਸੁਨ ਕੈ ਪੁਕਾਰ ਕਈ ਬਾਰ ਗੁਰੁ ਸਿੱਖਨ ਕੀ,
ਕਹਜੋ ਗੁਰੁ ਮਾਰਹੋਂ ਮਸੰਦਨ ਕੋ ਸਾਰ ਕੈ[1]।
ਕੁਦਰਤ ਸਾਥ ਬਹੁਰੂਪਈਏ ਹਜੂਰ ਗੁਰੂ,
ਆਏ ਹੈਂ ਮਸੰਦਨ ਕਾ ਸ੍ਵਾਂਗ ਤਬਿ ਧਾਰ ਕੈ[1]।
ਜਾਇ ਗੁਰੁ ਸਿੱਖ ਘਰਿ ਕਰਤ ਮਸੰਦ ਜਿਮ,
ਤਿਮ ਹੀ ਦਿਖਾਯੋ ਸ੍ਵਾਂਗ ਉਨਹੂੰ ਸੁਧਾਰ ਕੈ।
ਲੈ ਕਰਿ ਸ੍ਵਾਂਨ ਜੋਰੀ[1] ਘੋਰੀ ਸੰਗ ਬਾਰ-ਬਧੂ[2],
ਪੌਰੀ ਜਾਇ ਸਿਖ ਕੀ[1] ਬੁਲਾਯੋ ਸਿੱਖ ਤਾਰ ਕੈ[2]
॥ ੧੦੪ ॥

[1]ਸਾੜਕੇ।
[1]ਬਣਾਕੇ।
[1]ਕੁੱਤਿਆਂ ਦੀ ਜੋੜੀ। [2]ਘੋੜੀ ਤੇ ਨਾਲ ਵੇਸਵਾ।
[1]ਸਿੱਖ ਦੇ ਦਰਵਾਜ਼ੇ 'ਤੇ ਜਾ ਕੇ। [2]ਤਾੜ ਕੇ।

ਖਾਟ[1] ਏਕ ਲਜਾਇ ਕੈ ਡਸਾਇ[2] ਪਾਇਂ ਪਰਜੋ ਸਿਖ,
ਮਾਰ ਲਾਤ ਰਰਜੋ[1] ਮੂਢ ਪਲੰਘ ਨ ਲਜਾਯੋ ਹੈ।

[1]ਮੰਜਾ। [2]ਡਾਹ ਕੇ।
[1]ਕਿਹਾ।

ਦੂਧ ਏਕ ਧਰੀ ਸਿਤਾ ਮੇਲਿ ਲਜਾਉ ਇਸੀ ਘਰੀ[1],
ਸਿੱਖ ਦੂਧ ਲਜਾਯੋ ਪਰ ਸਿਤਾ ਨਾਂ ਬਜਾਯੋ[1] ਹੈ।
ਸਿਤਾ ਬਿਨਾ ਦੂਧ ਕਿਹ ਕਾਮ ਅਰੇ ਗੁਰੂ ਮਾਰੇ,
ਬਾਰ ਬਾਰ ਸਿੱਖ ਕੌ ਮਸੰਦ ਯੌਂ ਅਲਾਯੋ ਹੈ।
ਸਿਤਾ ਮੰਗਵਾਇ ਦੂਧ ਬੇਸਜਾ ਕੋ ਪਜਾਇ,
ਕਿਛੁ ਸ੍ਵਾਨਨ ਕੋ ਦਾਇ ਆਪ ਮਦ ਅਨਵਾਯੋ ਹੈ[1]
॥ ੧੦੫ ॥

[1]ਦਸ ਸੇਰ ਦੁੱਧ ਖੰਡ ਮਿਲਾ ਕੇ ਇਸੇ ਘੜੀ ਲਿਆਉ।
[1]ਖੰਡ ਨ ਲੱਭੀ।
[1]ਕੁੱਝ ਕੁੱਤਿਆਂ ਨੂੰ ਦੁੱਧ ਦੇ ਕੇ ਆਪ ਸ਼ਰਾਬ ਮੰਗਵਾ ਲਈ।

ਸਿੱਖ ਕੇ ਨ ਧਾਮ ਦਾਮ ਅਭਿਰਾਮ ਬਾਸਨ ਕੋ[1],
ਬਾਮ ਕੋ ਲੈ ਚੀਰ ਜਾਇ ਬਨੀਏ ਕੇ ਧਰਜੋ ਹੈ[1]।
ਲਜਾਇ ਕਿਛੁ ਅੰਨ ਸੋ ਤਜਾਰ ਕਰਿ ਦੀਨੋ ਤਾਂਹਿ,
ਪੇਖ ਕੈ ਮਸੰਦ ਮੰਦ ਬਚਨ ਉਚਰਜੋ ਹੈ।
ਲਜਾਯੋ ਨ ਸ਼ਰਾਬ ਔ ਕਬਾਬ ਨਾ ਬਨਾਯੋ ਮੂਢ,
ਮਧੁਰ ਚਿਕਨ ਬਹੁ ਬਿੰਜਨ ਨ ਕਰਜੋ ਹੈ[1]।
ਆਯੋ ਬਾਰੇ ਗੁਰੂ ਦ੍ਵਾਰੇ ਤੁਮ ਕੌ ਨ ਸਾਰੇ ਕਿਛੁ,
ਅਹੋ ਗੁਰੂ ਮਾਰੇ ਬਾਰੇ ਬਾਰੇ ਯੌਂ ਉਚਰਜੋ ਹੈ[1]
॥ ੧੦੬ ॥

[1]ਘਰ ਰੁਪਏ ਤੇ ਨ ਕੋਈ ਸੁੰਦਰ ਭਾਂਡਾ ਸੀ।
[1]ਇਸਤ੍ਰੀ ਦੇ ਬਸਤ੍ਰ ਲੈ ਕੇ ਬਾਣੀਏ ਕੋਲ (ਗਹਿਣੇ) ਧਰ ਦਿੱਤੇ।
[1]ਮਿੱਠੇ ਤੇ ਘਿਉ ਵਾਲੇ ਭੋਜਨ ਨਹੀਂ ਬਣਾਏ।
[1]ਗੁਰੂ ਤੁਹਾਡੇ ਦਰਵਾਜ਼ੇ 'ਤੇ ਆਇਆ ਹੈ ਤੁਹਾਨੂੰ ਕੁਝ ਖਬਰ ਨਹੀਂ, ਬਾਰ ਬਾਰ ਹੇ ਗੁਰੂ ਮਾਰੇ ਹੇ ਗੁਰੂ ਮਾਰੇ ਇਸ ਤਰ੍ਹਾਂ ਕਹਿੰਦਾ ਹੈ।

ਅੰਨ ਦੀਨੋ ਗੇਰ ਸੋ ਵਖੇਰ ਸਭਿ ਸ੍ਵਾਨਨ ਕੋ[1],
ਫੇਰ ਕਰਵਾਇ ਖੀਰ ਹਲੂਆ[1] ਸੁ ਖਾਇ ਕੈ।
ਕਹਜੋ ਅਬਿ ਭੇਟ ਦੈਹੁ ਪਾਂਚ ਹੀ ਰੁਪਈਏ ਲੈਹੁਂ,
ਨਹੀਂ ਤੌ ਸਰਾਪ ਦੈਹੂਂ ਅਬਿ ਹੀ ਬਨਾਇ ਕੈ।
ਸਿੱਖ ਮਨਿ ਸੋਚ ਕਰਿ ਗਹਿਨੇ ਜ਼ਮੀਨ ਧਰਿ,
ਦੀਨੀ ਭੇਟ ਲੀਨੀ ਚਲਜੋ ਗਾਰੀ ਸੋ ਅਲਾਇ ਕੈ[1]।
ਪੇਖਿ ਗੁਰੂ ਨੈਨ ਭਰਿ ਕੋਪ ਕਰਿ[1] ਕਹਜੋ,
ਮਮ ਸਿੱਖਨ ਸੋਂ ਕਰੈਂ ਜੌ ਮਸੰਦ ਐਸੀ ਜਾਇ ਕੈ
॥ ੧੦੭ ॥

[1]ਉਹ ਸਾਰਾ ਅੰਨ ਕੁੱਤਿਆਂ ਅੱਗੇ ਖਿਲਾਰ ਦਿੱਤਾ।
[1]ਕੜਾਹ।
[1]ਗਾਲ੍ਹਾਂ ਕੱਢ ਕੇ।
[1]ਕ੍ਰੋਧ ਕਰਕੇ।

ਕਹਜੋ ਗੁਰੁ ਸਿੱਖਨ ਕੋ ਸੁਨੋ ਸਭਿ ਖਾਲਸਾ ਜੀ,
ਪਕਰਿ ਮਸੰਦਨ ਕੋ ਲਜਾਵੋ ਜਿਤ ਕਿਤ ਤੇ[1]।
ਮਾਨ ਗੁਰੁ ਬਚਨ ਪਧਾਰੇ ਦਿਸ ਚਾਰੇ ਸਿੰਘ[1],
ਪਕਰਿ ਮਸੰਦਨ ਕੋ ਲਜਾਏ ਉਤ ਇਤ ਤੇ[1]।

[1]ਜਿਸ ਕਿਸ ਥਾਂ ਤੋਂ।
[1]ਸਿੰਘ ਚਹੁੰ ਪਾਸੀਂ ਗਏ।
[1]ਏਧਰ ਓਧਰ ਤੋਂ।

ਤੇਲ ਤਪਵਾਇ ਕਰਿ ਸਾਰਜੋ[1] ਮਸੰਦਨ ਕੋ, [1]ਸਾੜਿਆ।
ਕੋਪ ਹੋਇ ਬਚਨ ਉਚਾਰਜੋ ਕੁਹਿੱਤ ਤੇ[1]। [1]ਪਿਆਰ ਤੋਂ ਬਿਨਾਂ ਹੋ ਕੇ।
ਕਈ ਮਾਰ ਦੰਡਨ ਸੋਂ ਅਧਿਕ ਤ੍ਰਾਸ ਦੈ ਦੈ,
ਕਈ ਫਾਂਸਿ ਸੰਗ ਔ ਘਸੀਟ ਕਈ ਛਿਤ ਤੇ[1] [1]ਧਰਤੀ ਤੇ।
॥ ੧੦੮ ॥
ਚੌਪਈ:
ਬੇਮੁਖ ਹੋਇ ਦੌਰ ਜੋ ਗਏ।
ਸੋ ਸਿੱਖੀ ਤੇ ਖਾਰਜ ਕਏ।
ਪਰਜੋ ਸਰਨ ਜੋ ਆਜਜ਼ ਹੋਈ[1]। [1]ਗਰੀਬ (ਨਿਮਾਣਾ) ਹੋ ਕੇ।
ਲਯੋ ਬਚਾਇ ਗੁਰੂ ਨੈ ਸੋਈ ॥ ੧੦੯ ॥
ਜੇਤਿਕ ਥੇ ਮਸੰਦ ਹੰਕਾਰੀ।
ਤਿਨ ਕੀ ਜਰ ਧਰ ਤੇ ਗੁਰੁ ਪਾਰੀ[1]। [1]ਧਰਤੀ ਤੋਂ ਜੜ ਪੁੱਟ ਦਿੱਤੀ।
ਜਿਨਿ ਜਿਨਿ ਹੁਕਮ ਗੁਰੂ ਕਾ ਮਾਨਾ।
ਤਿਨਿ ਕੌ ਬਖਸ਼ਸ਼ ਕਰੀ ਮਹਾਨਾ ॥ ੧੧੦ ॥
ਭਾਈ ਫੇਰੂ ਲੰਮੇ ਵਾਰਾ[1]। [1]ਲੰਮੇ ਦੇਸ਼ ਵਾਲਾ।
ਤਾਂ ਕੋ ਗੁਰੁ ਬਰ ਦਯੋ ਅਪਾਰਾ।
ਸੰਗਤ ਕਾ ਸਾਹਿਬ ਕਰਿ ਦਯੋ।
ਯੌਂ ਸੰਗਤਿ ਸਾਹਿਬ ਪ੍ਰਗਟਯੋ ॥ ੧੧੧ ॥
ਪੁਨ ਗੁਰਦਾਸ ਮਸੰਦ ਸੁ ਨਾਮੂ।
ਫਫੜੇ ਗ੍ਰਾਮ ਹੁਤੋ ਜਿਹ ਧਾਮੂ।
ਤਾਂ ਕੋ ਭੀ ਗੁਰੁ ਬਖਸ਼ਜੋ ਪਾਛੇ।
ਬਖਸ਼ੇ ਔਰ ਕਿਤਿਕ ਤਬਿ ਆਛੇ ॥ ੧੧੨ ॥
ਯਾ ਬਿਧਿ ਮਾਰਿ ਮਸੰਦ ਨਿਬੇੜੇ।
ਪੁਨ ਗੁਰੁ ਸਿੰਘ ਕਰੇ ਸਭਿ ਨੇੜੇ।
ਕਾਰ ਬਾਰ ਗੁਰ ਘਰ ਕੀ ਜੇਤਿਕ।
ਸਿੰਘ ਕਰਨ ਲਾਗੇ ਸਭਿ ਤੇਤਿਕ ॥ ੧੧੩ ॥
ਸਤ੍ਰਾਂ ਸੈ ਸਤਵੰਜੈਂ ਸਾਲੈਂ।
ਕਰਯੋ ਮਸੰਦਨ ਕਾ ਯਹਿ ਹਾਲੈਂ।
ਪੁਨ ਸਭਿ ਕਾਜ ਸਿੰਘ ਫਿਰ ਕਰਹੀਂ।
ਨਿਸ ਦਿਨ ਗੁਰੁ ਆਗਜਾ ਅਨੁਸਰਹੀਂ ॥ ੧੧੪ ॥

ਪੋਸਤ ਭੰਗ ਅਫੀਮ ਸ਼ਰਾਬੈਂ।
ਝਟਕ ਬੱਕਰੇ ਛਕੈਂ ਕਬਾਬੈਂ।
ਖੇਲਹਿਂ ਨਿੱਤ ਸ਼ਿਕਾਰ ਅਪਾਰੇ।
ਮਾਰਹਿਂ ਬਾਘ[1] ਮ੍ਰਿਗ ਝੰਕਾਰੇ[2] ॥੧੧੫॥

[1]ਸ਼ੇਰ। [2]ਬਾਰਾਂ ਸਿੰਗੇ।

ਬੀਸ ਪਚਾਸ ਸਿੰਘ ਮਿਲ ਜਾਵੈਂ।
ਇਤ ਉਤ ਤੈ ਗ੍ਰਾਮਨ ਲੁਟ ਲਜਾਵੈਂ।
ਦੂਰ ਦੇਸ ਤੁਰਕਨ ਕੇ ਮਾਂਹੀਂ।
ਮਾਰਹਿਂ ਧਾਰੇ[1] ਸ਼ੰਕਹਿਂ ਨਾਹੀਂ ॥੧੧੬॥

[1]ਧਾੜੇ, ਡਾਕੇ।

ਦੋਹਰਾ:
ਰੌਰ ਮਚਜੋ ਤਿਸ ਠੌਰ ਬਹੁ,
ਦੁਖੀ ਭਏ ਅਚਲੇਸ[1]।
ਮੇਲ ਕਰਨ ਹਿਤ ਗੁਰੂ ਢਿਗ,
ਪਠੇ ਵਕੀਲ ਸੁਵੇਸ[1] ॥੧੧੭॥

[1]ਪਹਾੜੀ ਰਾਜੇ।
[1]ਬਹੁਤ ਚੰਗੇ।

ਕਹਜੋ ਬਸੀਠਨ ਕੋ[1] ਗੁਰੂ,
ਤੁਮਰੇ ਸਭੀ ਗਿਰੇਸ।
ਸਿੰਘ ਸਜੈਂ ਹਮਰੇ ਅਬੀ,
ਤੌ ਸੁਖ ਲਹੈਂ ਹਮੇਸ਼ ॥੧੧੮॥
ਔ ਮਿਲ ਹਮਰੇ ਸੰਗ ਪੁਨ,
ਤੁਰਕਨ ਸੋਂ ਕਰਿ ਜੰਗ।
ਮਾਰ ਵਿਲਾਯਤ ਤੈ[1] ਕਢੈਂ,
ਤੁਰਕਨ ਤਈਂ ਨਿਸੰਗ ॥੧੧੯॥

[1]ਵਕੀਲਾਂ ਨੂੰ।
[1]ਆਪਣੇ ਦੇਸ਼ ਵਿੱਚੋਂ।

ਯਹੀ ਨ੍ਰਿਪ ਫਿਰ ਬਨੈਂਗੇ,
ਮਾਲਕ ਸਭਿ ਕੇ ਨੀਕ।
ਹਿੰਦੁ ਧਰਮ ਕੀ ਰਖਜਾ,
ਕਰਨੀ ਚਹੀਏ ਠੀਕ ॥੧੨੦॥
ਬਾਤ ਗਿਰੀਸਨ ਕੋ ਲਗੀ,
ਬਿਖ ਵਤ[1] ਗੁਰੁ ਕੀ ਏਹੁ।
ਬਧਜੋ ਵਖੇਰਾ[1] ਅਧਿਕ ਹੀ,
ਬਾਤ ਨ ਮਾਨੀ ਕੇਹੁ[1] ॥੧੨੧॥

[1]ਜ਼ਹਿਰ ਵਾਂਗ।
[1]ਝਗੜਾ।
[1]ਕਿਸੇ ਨੇ ਵੀ।

ਤੀਨ ਸਾਲ ਮੈਂ ਬਨ ਗਯੋ,

ਸਹਸ ਪਚਾਸਕ[1] ਸਿੰਘ।
ਲਘੁ ਦਿਨ ਮਾਂਹਿ ਬੁਲੰਦ ਅਤਿ,
ਬਢਜੋ ਪੰਥ ਯਹਿ ਧਿੰਗ[1] ॥ ੧੨੨ ॥

[1]ਪੰਜਾਹ ਹਜ਼ਾਰ (੫੦੦੦੦)।

[1]ਬਲੀ ਪੰਥ ਥੋੜ੍ਹੇ ਹੀ ਦਿਨਾਂ ਵਿੱਚ ਬਹੁਤ ਜ਼ਿਆਦਾ ਵਧ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਸਵਾਲ ਜਵਾਬ' ਪੰਥ ਬ੍ਰਿੱਧੀ, ਬਰਨਨੰ ਨਾਮ ਬਾਹਟਮੋਂ ਬਿਸ੍ਰਾਮ ॥ ੬੨ ॥

੬੩. {ਗੁਰੂ ਜੀ ਦੇ ਪਹਾੜੀਆਂ ਤੇ ਤੁਰਕਾਂ ਨਾਲ ਜੰਗ}

ਦੋਹਰਾ:

ਤੇਗ ਬਹਾਦਰ ਸ੍ਰੀ ਗੁਰੂ,
ਧਰਮ ਬਿਰਾਦਰ ਆਹਿਂ[1]।
ਰਾਖੀ ਚਾਦਰ[1] ਹਿੰਦੁ ਕੀ,
ਸਾਦਰ ਧਰਿ ਉਤਸ਼ਾਹਿ[1] ॥੧॥

[1]ਧਰਮ ਦੇ ਭਰਾ ਹਨ।
[1]ਇੱਜ਼ਤ।
[1]{ਸਾਦਿਰ} ਬੇ ਫ਼ਿਕਰ ਹੋ ਕੇ ਤੇ ਉਤਸ਼ਾਹ ਧਾਰ ਕੇ।

ਗੁਰੁ ਗੁਬਿੰਦ ਮ੍ਰਿਗੰਦ ਕੀ,
ਗਾਥਾ ਜੰਗ ਬੁਲੰਦ[1]।
ਸੁਨੋ ਸ੍ਰੋਤਾ ਸੁਮਤਿ ਸਭਿ,
ਅਬਿ ਬਰਨੋ ਸੁਖਕੰਦ[1] ॥੨॥

[1]ਭਾਰੀ ਜੰਗ ਦੀ ਕਥਾ।
[1]ਸੁਖਾਂ ਦੀ ਦਾਤੀ।

ਮਾਨਜੋ ਬਚਨ ਨ ਗੁਰੂ ਕਾ,
ਜਬਿ ਤੈ ਨ੍ਰਿਪਨਿ ਗਰੂਰਿ[1]।
ਫਿਰ ਫਸਾਦ ਤਬਿ ਤੈ ਲਗਜੋ,
ਦਿਨ ਦਿਨ ਬਢਨ ਜਰੂਰ ॥੩॥

[1]ਹੰਕਾਰੀਰਾਜਿਆਂ ਨੇ।

ਸ੍ਵੈਯਾ:

ਛੂਟ[1] ਕਰੈਂ ਕਬ ਹੀ ਨਿਸ ਕੋ[2] ਸਿੰਘ,
ਔ ਕਬਿ ਹੀ ਦਿਨ ਕੋ ਬਹੁ ਧਾਵੈਂ।
ਲੂਟਰੁ ਕੂਟ ਘਨੀ ਕਰਿ ਕੈ,
ਮਿਲ ਹੈ ਧਨ ਧਾਨ[1] ਜੋਊ ਲੈ ਆਵੈਂ।
ਧੂਮ[1] ਮਚੀ ਸਭਿ ਦੇਸ ਵਿਖੈ,
ਚਲਿ ਲੋਗ ਗਿਰੇਸਨ ਪਾਸ ਰੁਆਵੈਂ[1]।
ਪੇਸ਼ ਗਿਰੇਸਨ ਕੀ ਨ ਚਲੈ ਕਿਛੁ,
ਮਾਤ ਭਏ[1] ਸਭਿ ਦਾਂਤ ਚਬਾਵੈਂ ॥੪॥

[1]ਧਾਵਾ, ਹਮਲਾ। [2]ਰਾਤ ਨੂੰ।
[1]ਅੰਨ।
[1]ਡੰਡਰੌਲੀ।
[1]ਰੋਂਦੇ ਹਨ।
[1]ਹਾਰੇ ਹੋਏ।

ਰਿਸ ਪੂਰ ਅਤੀ ਕਹਿਲੂਰ ਪਤੀ[1],
ਪੁਨ ਭੂਰ ਗਿਰੀਸਨ ਕੋ[1] ਬੁਲਵਾਯੋ।
ਮਿਲ ਕੈ ਜਬਿ ਬੈਠ ਗਏ ਸਭਿ ਹੀ,
ਤਬਿ ਭੀਮ ਸਸੀ ਬਿਧਿ ਐਸ ਅਲਾਯੋ[1]।
ਊਤਨੀ ਕਯੋਂ ਨ ਭਈ ਰਜਪੂਤਨੀ,
ਭੂਤਨੀਆਂ ਤੁਮ ਕੋ ਜਿਨਿ ਜਾਯੋ[1]।

[1]ਬਹੁਤੇ ਗ਼ੁੱਸੇ 'ਚ ਭਰੇ ਹੋਏ ਭੀਮ ਚੰਦ ਨੇ।
[1]ਬਹੁਤੇ ਪਹਾੜੀ ਰਾਜਿਆਂ ਨੂੰ।
[1]ਭੀਮ ਚੰਦ ਨੇ ਇਸ ਤਰ੍ਹਾਂ ਕਿਹਾ।
[1]ਰਾਜਪੂਤਨੀਆਂ ਔਤ੍ਰੀਆਂ ਕਿਉਂ ਨਹੀਂ ਹੋ ਗਈਆਂ, ਜਿਨ੍ਹਾਂ ਨੇ ਤੁਹਾਨੂੰ ਜਨਮ ਦਿੱਤਾ ਹੈ ਉਹ ਭੂਤਨੀਆਂ ਹਨ।

ਮੂਛ ਕਟੀ ਤੁਮਰੀ ਗੁਰੁ, ਭੂਛਹਿ !
ਲੁਟ ਕੈ ਛੁਛਹਿ ਦੇਸ ਬਨਾਯੋ[1] ॥ ੫ ॥

[1]ਹੇ (ਭੂਛਹਿ) ਮੂਰਖੋ ! ਤੁਹਾਡੀ ਗੁਰਾਂ ਨੇ ਮੁੱਛ ਕੱਟ ਦਿੱਤੀ ਹੈ ਤੇ ਦੇਸ ਨੂੰ ਲੁੱਟ ਕੇ ਖ਼ਾਲੀ ਕਰ ਦਿੱਤਾ ਹੈ।

ਕਜੋਂ ਰਜਪੂਤੀ ਕੋ ਲਾਜ ਲਗਾਵਤ,
ਹਿੰਮਤ ਹਾਰ ਬਹੇ ਘਰ ਮਾਂਹੀਂ।
ਲੈ ਕਰਿ ਸੈਨ ਜਬੈ ਗੁਰੁ ਗੋਬਿੰਦ
ਸਿੰਘ, ਚਢੈ ਤੁਮ ਪੈ ਦਿਨ ਤਾਂਹੀਂ।
ਮਾਰਿ ਖ੍ਵਾਰ ਕਰੇ ਇਕ ਏਕਹਿ[1],
ਫੇਰ ਚਲੇ ਤੁਮਰਾ ਬਸ ਨਾਂਹੀਂ।
ਕਰਿ ਦੀਨ ਸੁ ਛੀਨ ਲਹੈ ਰਜਧਾਨੀਆਂ,
ਰਾਨੀਆਂ ਕੋ ਗਹਿ ਸਿੰਘ ਲਿਜਾਂਹੀਂ ॥ ੬ ॥
ਤਾਂ ਤੇ ਸਭੀ ਅਬਿ ਹੀ ਮਿਲ ਕੈ,
ਹਮ ਔ ਤੁਮ ਏਸ ਸੋਂ ਜੰਗ ਮਚੱਈਏ।
ਸੈਨ ਬਟੋਰਿ ਘਨੀ ਅਪਨੀ[1],
ਚਲਿ ਘੇਰ ਅਨੰਦ ਪੁਰੀ ਮੱਧ ਲਈਏ।
ਮਾਰਿ ਨਿਕਾਰ ਕਢੋ ਨਿਜ ਦੇਸ ਤੈ,
ਫੇਰ ਨ ਆਵਨ ਜੋਗ ਛਡੱਈਏ।
ਜਬਿ ਲੌ ਗੁਰੁ ਏਹੁ ਬਲਾਇ ਇਹਾਂ,
ਤਬਿ ਲੌ ਨਹਿਂ ਸੂਖ ਕਬੀ ਹਮ ਪੱਈਏ ॥ ੭ ॥
ਖਾਇ ਗਈ ਰਜਪੂਤਨ ਕੋ,
ਯਹਿ ਲਾਇ ਕਹੀ ਜੁ ਸ਼ਰੀਕ ਨੈ ਬੋਲੀ।
ਯੌਂ ਉਰਿ ਮਾਂਹਿ ਫਿਰੀ ਸਭਿ ਕੈ,
ਜਿਮ ਸਾਬਨ ਕੈ ਮਧ ਤਾਰ ਅਮੋਲੀ।
ਜੰਗ ਸਮਾਨ ਸਭੀ ਕਰਿ ਕੈ,
ਚੜ੍ਹ ਆਇ ਗਏ ਪੁਰਿ ਆਨੰਦ ਕੋਲੀ[1]।
ਜੰਗ ਨਿਸੰਗ ਪਰਜੋ ਜੁਗ ਓਰਨ[1],
ਜੋਰਿ ਤੁਫੰਗ[1] ਛੁਟੀ ਬਹੁ ਗੋਲੀ ॥ ੮ ॥
ਧਾਰ ਦੁਬਿੰਸਤ ਕੇਰ ਗਿਰੀਸਨਿ[1],
ਬੀਸ ਹਜਾਰਕ ਸੈਨ ਮਿਲਾਈ।
ਭੀਤਰ ਸਿੰਘ ਜੁ ਆਠ ਹਜਾਰਕ,

[1]ਇਕ ਇਕ ਨੂੰ।

[1]ਆਪਣੀ ਬਹੁਤੀ ਫ਼ੌਜ ਇਕੱਠੀ ਕਰਕੇ।

[1]ਕੋਲ, ਪਾਸ।

[1]ਦੋਹਾਂ ਪਾਸਿਆਂ ਤੋਂ।

[1]ਬੰਦੂਕਾਂ ਦੀਆਂ।

[1]ਬਾਈ ਧਾਰ ਦੇ ਪਹਾੜੀ ਰਾਜਿਆਂ ਨੇ।

ਥਾ ਗਢ ਮੈਂ[1] ਗੁਰੁ ਪਾਸ ਤਦਾਂਈਂ। [1]ਕਿਲ੍ਹੇ ਵਿੱਚ।
ਤੁੱਪਕ[1] ਤੀਰ ਜੰਜੈਲ[2] ਜੰਬੂਰਨ [1]ਬੰਦੂਕਾਂ। [2]ਭਾਰੀਆਂ ਤੇ ਲੰਬੀਆਂ ਬੰਦੂਕਾਂ।
ਕੇਰ[1], ਪਰੀ ਸੁ ਵਧੇਰ[2] ਲਰਾਈ। [1]ਛੋਟੀਆਂ ਤੋਪਾਂ ਦੀ। [2]ਬਹੁਤੀ।
ਜੀਤਨ ਹੇਤ ਦੁਹੂੰ ਦਿਸ ਤੈ,
ਦਿਲਿ ਚਾਹਿਂ ਲਰੈਂ ਬਹੁ ਜ਼ੋਰ ਲਗਾਈ ॥ ੯ ॥
ਸਿੰਘ ਕਬੀ ਗਢ ਤੈ ਨਿਕਸੈਂ,
ਨਿਸ ਕੋ ਪਰ ਹੈਂ ਉਨ ਪੈ ਕਰਿ ਹੱਲਾ।
ਲੂਟਰੁ ਕੂਟ, ਗਿਰੀਸਨ ਕੀ
ਧੁਜਨੀ[1] ਮਹਿਂ, ਮੇਲਿ ਮਹਾਂ ਥਰਥੱਲਾ[2]। [1]ਫ਼ੌਜ। [2]ਬਹੁਤੀ ਹਲਚਲੀ ਪਾ ਕੇ।
ਜਾਇ ਧਸੈਂ ਹਟ ਕੈ ਗੜ੍ਹ ਭੀਤਰ,
ਜੁੱਧ ਕਰੈਂ ਧਰਿ ਕ੍ਰੁੱਧ ਅਵੱਲਾ[1]। [1]ਅਨੋਖਾ।
ਬੀਤ ਗਏ ਦਿਨ ਕੇਤਿਕ ਯੌਂ ਜਬਿ,
ਨਾਹਿਂ ਤੁਟਯੋ ਗਢ ਜੋ ਗੁਰੁ ਮੱਲਾ ॥ ੧੦ ॥
ਜੰਗ ਕਰਜੋ ਗੁਰ ਸੰਗ ਉਨੈ,
ਜਬਿ ਨਾਹਿਂ ਤੁਪਜੋ ਗੜ੍ਹ ਜੋਰ ਲਗਾਯੋ।
ਫੇਰ ਗਰਿੰਦਨਿ ਦੀਹ ਦੁਰੱਦਹਿ,
ਮੱਦ ਪਿਲਾਇ ਘਨੋ ਚਮਕਾਯੋ[1]। [1]ਪਹਾੜੀ ਰਾਜਿਆਂ ਨੇ ਵੱਡੇ ਹਾਥੀ ਨੂੰ ਸ਼ਰਾਬ ਪਿਲਾ ਕੇ ਬਹੁਤ ਕ੍ਰੋਧਵਾਨ ਕੀਤਾ।

ਲੋਹ ਤਵੇ ਸਿਰਿ ਸੰਗਿ ਬੰਧਾ ਕਰਿ,
ਸੁੰਡ ਵਿਖੈ ਕਰਵਾਰ ਫਰਾਯੋ[1]। [1]ਤਲਵਾਰ ਫੜਾਈ।
ਗਢ ਕੇ ਵਡ ਫਾਟਕ ਤੋਰਨ ਕੋ[1], [1]ਦਰਵਾਜ਼ਾ ਤੋੜਨ ਨੂੰ।
ਸੁ ਪਰੇਰ ਦੁਰੱਗ ਕੀ ਓਰ ਪਠਾਯੋ[1] ॥ ੧੧ ॥ [1]ਕਿਲ੍ਹੇ ਦੀ ਤਰਫ਼ ਭੇਜਿਆ।
ਯੌਂ ਜਬਿ ਫਾਟਕ ਤੋਰਨ ਕੋ,
ਕਰਿ ਜੋਰ ਅਯੋ ਗਡ ਓਰ ਗਜਿੰਦੂ[1]। [1]ਵੱਡਾ ਹਾਥੀ।
ਹੇਰਿ ਤਬੈ ਗੁਰੁ ਨੈ ਗਜ ਕੀ ਦਿਸ,
ਸਿੰਘ ਬੰਗਾਰਜੋ ਬੀਰ ਬੁਲਿੰਦੂ।
ਨਾਮ ਬਚਿੱਤ੍ਰ ਸਿੰਘ ਰਠੌੜ[1] ਦੈ [1]ਰਾਜਪੂਤਾਂ ਦਾ ਇਕ ਗੋਤ।
ਥਾਪਨ, ਤਾਂਹਿ ਪਠਜੋ ਸੁਖ ਸਿੰਧੂ[1]। [1]ਸੁੱਖਾਂ ਦੇ ਸਮੁੰਦਰ ਗੁਰਾਂ ਨੇ।
ਸੋ ਧਰਿ ਧੀਰ ਗਯੋ ਗਜ ਓਰ,
ਮਨਾਇ ਰਿਦੈ ਗੁਰੁ ਪਦ ਅਰਬਿੰਦੂ ॥ ੧੨ ॥

ਸਿੰਘਹਿ ਓਜ[1] ਸੰਭਾਰ ਤਬੈ,
ਗਜ ਸੰਮੁਖ ਹ੍ਵੈ ਖਰ ਸਾਂਗ[1] ਪ੍ਰਹਾਰੀ।
ਮਾਰ ਕੈ ਸਾਰ ਤਵੇ ਪਰ ਛੇਦਿ,
ਕਰੀ ਸਿਰ ਭੇਦ ਕਰੀ ਤਬਿ ਪਾਰੀ[1]।

[1]ਬਲ।
[1]ਤਿੱਖੀ ਬਰਛੀ।
[1]ਲੋਹੇ ਦੇ ਤਵੇ 'ਤੇ (ਬਰਛੀ) ਮਾਰ ਕੇ (ਤਵੇ ਵਿੱਚ) ਛੇਕ ਕਰ ਕੇ ਹਾਥੀ ਦਾ ਸਿਰ ਵਿੰਨ੍ਹ ਕੇ (ਬਰਛੀ) ਪਾਰ ਕਰ ਦਿੱਤੀ।

ਯੌਂ ਦਰਸੈ ਜਨ ਬਾਂਸੁ ਕੋ ਅੰਕੁਰ[1],
ਹੈ ਨਿਕਸਜੋ ਗਿਰ ਸਿੰਗ੍ਰਹਿ ਫਾਰੀ[1]।
ਸਾਂਗ ਉਪਾਰ ਲਈ[1] ਫਿਰ ਯੌਂ,
ਜਨੁ ਮੇਰੁ ਜਰੀ ਹਨੁਮੰਤ ਉਪਾਰੀ[1] ॥੧੩॥

[1]ਬਾਂਸ ਦਾ ਅੰਕੁਰ।
[1]ਪਹਾੜੀ ਦੀ ਚੋਟੀ ਪਾੜ ਕੇ।
[1]ਬਰਛੀ ਪੁੱਟ ਲਈ।
[1]ਜਾਣੋ ਹਨੂੰਮਾਨ ਨੇ ਸੁਮੇਰ ਪਰਬਤ ਤੋਂ (ਸੰਜੀਵਨੀ) (ਜਰੀ) ਬੂਟੀ ਪੁੱਟੀ ਹੈ।

ਦੌਰਿ ਦੁਰੱਦ[1] ਗਯੋ ਉਲਟਾ,
ਬਹੁ ਮਾਰ ਝਿੰਗਾਰ[1] ਦੁਖੀ ਦਹਿਲਾਏ[2]।
ਧਾਰ ਸ੍ਰੌਣ ਛੁਟੀ ਸਿਰ ਤੈ,
ਜਨੁ ਗੈਰਵ ਕੇ ਗਿਰ ਤੇ[1] ਜਲ ਜਾਏ।
ਰੋਸ ਭਰਯੋ ਗਜ ਜਾਇ ਪਰਯੋ,
ਦਲ ਬੀਚ ਗਿਰੇਸਨ ਕੇ ਪੁਨ ਧਾਏ।
ਮਾਰ ਦਲੇ ਕਿਛ ਭਾਗ ਚਲੇ,
ਬਿਚਲੇ ਸਿਸ ਜੈਸ ਤਮਾਸ਼ਹਿ ਆਏ[1] ॥੧੪॥

[1]ਹਾਥੀ।
[1]ਚੀਕਾਂ ਮਾਰਦਾ। [2]ਕੰਬ ਉੱਠਿਆ।
[1]ਜਾਣੋ ਗੇਰੂ ਦੇ ਪਹਾੜ ਤੋਂ।
[1]ਜਿਵੇਂ ਤਮਾਸ਼ੇ ਤੇ ਆਏ ਹੋਏ ਬੱਚੇ ਖਿੰਡ ਪੁੰਡ ਜਾਂਦੇ ਹਨ (ਐਉਂ ਖਿੰਡ ਗਏ)।

ਲੋਗ ਗਰਿੰਦਨ ਕੇਰ ਮਰੇ ਬਹੁ,
ਹੋਇ ਪਰੇ ਜ਼ਖਮੀ ਕਿਤ ਭਾਰੇ।
ਭੂਪਨ ਫੇਰ ਵਿਚਾਰ ਕਰਜੋ,
ਹਮ ਤੈ ਗੁਰੁ ਏਹੁ ਨਹੀਂ ਅਬਿ ਹਾਰੇ।
ਜਾਇ ਗਿਰਿੰਦ ਸਰ੍ਹੰਦ ਵਿਖੈ,
ਢਿਗ ਨਾਜ਼ਮ ਕੇ[1] ਬਹੁ ਭਾਂਤਿ ਪੁਕਾਰੇ।
ਲੈ ਨਿਜ ਸੈਨ ਘਨੀ ਤਬਿ ਨਾਜ਼ਮ,
ਆਇ ਥਯੋ[1] ਤਿਨਿ ਮੱਦਤ ਗਾਰੇ ॥੧੫॥

[1]ਸੂਬੇ ਕੋਲ।
[1]ਆ ਹੋਇਆ।

ਮਿਲਿ ਫੇਰ ਗਿਰਿੰਦਨ ਔ ਤੁਰਕਿੰਦਨ[1],
ਘੇਰ ਰਖਜੋ ਗਢ ਕੋ ਬਲ ਲਾਈ।
ਖਾਨਰੁ ਪਾਨ ਨਾ ਜਾਨ ਦਯੋ ਗਢ ਭੀਤਰ,
ਯੌਂ ਦਿਨ ਕੇਤਿਕ ਤਾਂਈਂ।

[1]ਤੁਰਕਾਂ ਦੇ ਸੂਬਿਆਂ ਨੇ।

ਸਿੰਘ ਚਨੇ ਮੁਸ਼ਟੀ ਭਰ[1] ਚਾਬਿ, [1]ਮੁੱਠੀ ਭਰ ਛੋਲੇ।
ਕਰੈਂ ਧਰਿ ਧੀਰ ਸੁ ਬੀਰ ਲਰਾਈ।
ਯੌਂ ਭਿ ਤੁਟਿਓ ਜਬਿ ਨਾ ਗੁਰੁ ਕੋ ਗਢ,
ਤੌ ਫਿਰਿ ਯਾ ਬਿਧਿ ਬਯੋਂਤ ਬਨਾਈ ॥੧੬॥
ਆਰਦ ਕੀ ਇਕ ਧੇਨੁ[1] ਬਨਾ ਕਰਿ, [1]ਆਟੇ ਦੀ ਗਾਂ।
ਯੌਂ ਕਹਿ ਕੈ ਗੁਰੁ ਪਾਸ ਪਠਾਈ।
ਆਹਿ ਸੁਗੰਦ ਹਮੈ ਇਸ ਧੇਨੁ ਕੀ[1], [1]ਗਊ ਦੀ ਸਹੁੰ।
ਜੇ ਤੁਮ ਸੋਂ ਕਰੈਂ ਫੇਰ ਲਰਾਈ।
ਇਕ ਵਾਰ ਦੁਰੱਗ ਤਿਆਗ ਯਹੀ,
ਤੁਮ ਔਰ ਦਿਸਾ ਕਿਤ ਜਾਹੁ ਸਿਧਾਈ।
ਮਾਨ ਕੈ ਆਨ[1] ਗੁਰੂ ਤਬਿ ਧੇਨੁ ਕੀ [1]ਸਹੁਂ।
ਤਜਾਗ ਕਿਲਾ ਨਿਕਸੇ ਜਬਿ ਸਾਂਈਂ ॥੧੭॥
ਧਾਇ ਗਿਰੇਸ ਪਰੇ ਗੁਰੁ ਪੈ,
ਨਿਜ ਛੋਰਿ ਧਰੰਮ ਲਰੇ ਬਲ ਕੈ ਕੈ।
ਬਾਨ ਅਪਾਰ ਪ੍ਰਹਾਰ[1] ਗੁਰੂ, [1]ਬਹੁਤੇ ਤੀਰ ਮਾਰ ਕੇ।
ਮੁਖ ਮੋਰ ਦਏ ਸਬਿ ਕੇ ਦਬ ਦੈ ਕੈ।
ਪਾਰ ਭਏ ਸਤਰੁੱਦ੍ਰ ਤੇ[1] ਗੁਰੁ, [1]ਸਤਲੁਜ ਤੋਂ।
ਸੰਗ ਸਮਾਜ ਸਭੀ ਨਿਜ ਲੈ ਕੈ[1]। [1]ਆਪਣਾ ਸਾਰਾ ਸਮਾਨ ਨਾਲ ਲੈ ਕੇ।
ਫੇਰ ਗਿਰੇਸ ਗਏ ਨਿਜ ਧਾਮਨਿ,
ਹੋਇ ਅਭੀਤ[1] ਸੁ ਜੀਤ ਮਨੈ ਕੈ ॥੧੮॥ [1]ਨਿਡਰ ਹੋ ਕੇ।
ਪਾਰ ਰਹੇ ਸਤਲੁੱਦਰ ਤੈ,
ਦਿਨ ਕੇਤਿਕ ਆਪ ਗੁਰੂ ਸੁਖ ਪਾਈ।
ਸੈਲ ਕਰਜੋ ਗੁਰੁ ਸੈਲਨ ਕੋ[1] [1]ਗੁਰਾਂ ਨੇ ਪਹਾੜਾਂ ਦੀ ਸੈਰ ਕੀਤੀ।
ਤਬਿ ਚਾਹਿਂ ਰਵਾਲ ਸਰੈਂ[1] ਤਕ ਜਾਈ। [1]ਰਵਾਲ ਸਰ।
ਆਇ ਰਹੇ ਪੁਨ ਮੰਡੀ ਵਿਖੈ,
ਨ੍ਰਿਪ ਸੁੱਧਰ ਸੈਨ ਕਰੀ ਸਿਵਕਾਈ[1]। [1]ਸੇਵਾ।
ਕਾਂਗੜੇ ਹੋਇ ਜ੍ਵਾਲਾ ਮੁਖੀ[1], [1]ਅੱਗ ਦੀਆਂ ਲਾਟਾਂ ਵਾਲੀ।
ਦਰਸੀ ਗੁਰੁ ਆਇ ਤਬੈ ਜਗ ਮਾਈ[1] ॥੧੯॥ [1](ਹਿੰਦੂਆਂ ਦੀ) ਜਗਤ ਮਾਤਾ ਦੇਖੀ।
ਰਾਰ ਕਰੀ ਅਠਵਾਰ ਤਹਾਂ,
ਬਿਜੇ ਭਾਰਥੀ ਲੂਟਜੋ ਧਾਮ ਗੁਸਾਈ[1]। [1]ਅਠਵਾਰ ਜਾਤੀ ਦੇ ਲੋਕਾਂ ਨੇ ਝਗੜਾ ਕੀਤਾ (ਤਾਂ) ਗੁਸਾਈਆਂ

ਦਾ ਧਾਮ ਵਿਜਯ ਭਾਰਤੀ ਲੁੱਟਿਆ।

ਮਾਰ ਗ੍ਰਾਮ ਪੁਨਾ ਕਲ-ਮੋਟਹਿ[1],

[1]ਜ਼ਿਲ੍ਹਾ ਹੁਸ਼ਿਆਰ ਪੁਰ, ਤਹਿਸੀਲ ਊਨਾ ਥਾਣਾ ਨੂਰਪੁਰ ਦਾ ਇਕ ਨੱਗਰ।

ਫੇਰ ਧਸੇ ਪੁਰਿ ਆਨੰਦ ਆਈ।
ਸ਼ੋਕ ਪਰਜੋ ਸੁਨਿ ਫੇਰ ਗਰੇਸਨ,
ਪੇਸ਼ ਨ ਔਰ ਚਲੀ ਜਬਿ ਕਾਈ।
ਨੌਰੰਗ ਜ਼ੇਬ ਦਿਲੇਸ ਢਿਗੈ,
ਮਿਲਿ ਜਾਇ ਫਰਜਾਦ ਕਰੀ ਦੁਖ ਪਾਈ ॥੨੦॥
ਨੌਰੰਗ ਜ਼ੇਬ ਹੁਤੋ ਪਤਿਸ਼ਾਹਿ
ਤਬੈ, ਸੁਨਿ ਕੈ ਮਨਿ ਕੋਪ ਭਯੋ ਹੈ।
ਸੈਨ ਹਜ਼ਾਰ ਦਸੈ ਤਿਨਿ ਸੰਗ ਦਈ,
ਹਿਤ ਜੰਗ ਨ ਦੇਰ ਕਰਜੋ ਹੈ।
ਦਲ ਲੈ ਤੁਰਕੇਸਨ ਤੈ ਅਚਲੇਸਨਿ,
ਆਇ ਗੁਰੂ ਸਨ ਜੰਗ ਠਯੋ ਹੈ[1]।

[1]ਗੁਰਾਂ ਨੇ ਜੰਗ ਕਰਨਾ ਠਾਣ ਲਿਆ।

ਇਤ ਤੈ ਦਲ ਲੈ ਗੁਰੁ ਸਿੰਘਨ ਕਾ,
ਤਿਨ ਸੰਮੁਖ ਹੋਇ ਕੈ ਜੁੱਧ ਲਯੋ ਹੈ ॥੨੧॥
ਤਬਿ ਜੰਗ ਅਭੰਗ ਸੁਰੰਗ ਮਚਜੋ,
ਜੁਗ ਓਰ ਸਜੋਰ ਲਗੇ ਲਰਨੇ[1]।

[1]ਲਗਾਤਾਰ ਚੰਗਾ ਜੰਗ ਮੱਚਿਆ। ਦੋਹਾਂ ਪਾਸਿਆਂ ਤੋਂ ਜ਼ੋਰ ਨਾਲ ਲੜਨ ਲੱਗੇ।

ਹਿਤ ਜੀਤ ਅਭੀਤ ਭਲੇ ਭਿਰ ਹੈਂ,
ਫਿਰ ਹੈਂ ਇਕ ਨਾਹਿਂ ਪਿਛੈ ਚਰਨੇ[1]।

[1]ਕਦਮ।

ਬਹੁ ਤਾਨ ਕਮਾਨਨ ਬਾਨ ਤਜੈਂ,
ਗੁਲਕਾ[1] ਸਮ ਮੇਂਹ ਲਗੀ ਪਰਨੇ।

[1]ਗੋਲੀਆਂ।

ਸਭਿ ਸੰਮੁਖ ਸੂਰ ਜੁਰੈਂ ਨ ਟਰੈਂ,
ਬਹੁ ਭਾਂਤਿ ਲਰੈਂ ਬਲ ਕੋ ਬਰਨੇ[1] ॥੨੨॥

[1]ਕੌਣ ਕਹਿ ਸਕਦਾ ਹੈ।

ਗਹਿ ਪਾਨ[1] ਕਮਾਨ ਗੁਰੂ ਬਲਵਾਨ,

[1]ਹੱਥ 'ਚ ਫੜਕੇ।

ਤਜੇ ਬਹੁ ਬਾਨ ਮਹਾਨ ਕਰਾਰੇ।
ਇਕ ਏਕ ਬਿਸੱਖ ਤੈ[1] ਹ੍ਵੈ ਕਰਿ ਲੱਖ,
ਲਗੇ ਪ੍ਰਤੱਖ ਘਨੇ ਅਰਿ ਮਾਰੇ।

[1]ਇੱਕ ਇੱਕ (ਬਿਸੱਖ) ਤੀਰ ਤੋਂ।

ਉਰ[1] ਬਾਹੁ[2] ਕਟੇ ਕਿਨ ਕੇ ਹਥ ਸੱਥਲ[3],

[1]ਛਾਤੀ। [2]ਬਾਹਾਂ। [3]ਪੱਟ।

ਕੇਤਿਕ ਰੁੰਡਨ ਮੁੰਡ ਉਤਾਰੇ[1]।

[1]ਧੜਾਂ ਤੋਂ ਸਿਰ ਉਤਾਰ ਦਿੱਤੇ।

ਬਹੁ ਘਾਇਲ[1] ਘੂਮ ਰਹੇ ਧਰ ਪੈ,
ਜਿਮ ਪਾਨ ਕਰੇ ਮਦਰਾ ਮਤਵਾਰੇ[1] ॥ ੨੩ ॥
ਫਿਰ ਖੈਂਚ ਮਜਾਨਨ ਤੈ ਕ੍ਰਿਪਾਨਨ,
ਸਿੰਘ ਧਸੇ ਰਣ ਮੈਂ ਛਿਨ ਤਾਂਹੀਂ।
ਤਬਿ ਆਂਨ ਮਦਾਨ ਕਾ ਜੰਗ ਪਰਜੋ,
ਸੁ ਨਿਦਾਨ ਕਰਜੋ ਚਹਿਂ ਏਕ ਦਿਸਾਹੀਂ[1]।
ਖਰ ਸਾਰ ਸੌਂ ਸਾਰ[1] ਅਪਾਰ ਬਜਜੋ,
ਰਣ ਖੂਪ ਸਜਜੋ ਨ ਤਜਜੋ ਚਹਿ ਕਾਹੀਂ।
ਰਸ ਬੀਰ ਚਢੇ ਚਖੁ ਲਾਲ ਕਢੇ[1],
ਸਭਿ ਲੋਹ ਮਢੇ ਬਰ ਬੀਰ ਲਰਾਹੀਂ ॥ ੨੪ ॥
ਕਟ ਸੱਥਲ ਹੱਥਰੁ ਮੱਥ ਪਰੇ,
ਚਢ ਲੁੱਥ ਪੈ ਲੁੱਥ ਕਮਾਲ[1] ਗਈ।
ਬਹੁ ਜ੍ਵਾਨ ਕਿਕਾਨ[1] ਮਰੇ ਤਹਿਂ ਠਾਂ,
ਧਰ ਲਾਲ ਕਰਾਲ ਬਿਸਾਲ ਭਈ।
ਤਨ ਭੀਗ ਸ੍ਰੋਨਤ ਸੰਗ ਰਹੇ,
ਬਰਦੀ ਜਨੁ ਸੂਰਨ ਲਾਲ ਲਈ।
ਅਨੁਰਾਗ ਭਰੇ ਜਨੁ ਖੇਲਤ ਫਾਗ,
ਸੁਰੰਗ ਉਲੀਚ ਗੁਲਾਲ ਮਈ[1] ॥ ੨੫ ॥

ਫੂਟਤ ਮੂੰਡ ਭੁਜਾ ਉਰ ਤੂਟਤ[1],
ਛੂਟਤ ਖੂੰਨ ਕੀ ਧਾਰ ਅਪਾਰੀ।
ਘੂਟਤ[1] ਜੋਗਨੀਆਂ ਭਰਿ ਖੱਪਰ,
ਲੂਟਤ ਆਮਿਖ ਆਮਿਖ-ਚਾਰੀ[1]।
ਭੈਰਵਿ ਭੂਤ ਪਿਸ਼ਾਚ[1] ਭਰੇ ਮੁਦ,
ਨੱਚਤ ਤੱਚਤ ਦੈ ਕਿਲਕਾਰੀ[1]।
ਬ੍ਰਿੰਦ ਕਬੰਧ[1] ਫਿਰੈਂ ਇਤ ਤੈ ਉਤ,
ਮਾਰਹੁ ਮਾਰ ਗਿਰਾ ਕਰਿ[1] ਭਾਰੀ ॥ ੨੬ ॥
ਆਨਿ ਭਜਾਨਕ ਬਾਨ ਤਜੈਂ,
ਕਿਤ ਤਾਨ ਕਮਾਨ ਸੜਾਕ ਸੜਾਕੇ[1]।
ਔਰ ਅਮੂਕ ਅਦੂਖ ਬੰਦੂਕ,

[1]ਜ਼ਖ਼ਮੀ।
[1]ਜਿਵੇਂ ਸ਼ਰਾਬ ਪੀ ਕੇ ਸ਼ਰਾਬੀ ਮਸਤ ਹੋਏ ਹੁੰਦੇ ਹਨ।
[1]ਅੰਤ ਨੂੰ ਇਕ ਪਾਸਾ ਕਰਿਆ ਚਾਹੁੰਦੇ ਹਨ।
[1]ਤਿੱਖੇ ਸ਼ਸਤ੍ਰਾਂ ਨਾਲ ਸ਼ਸਤ੍ਰ।
[1]ਲਾਲ ਨੇਤ੍ਰ ਕੱਢ ਕੇ।
[1]ਬਹੁਤੀਆਂ।
[1]ਘੋੜੇ।
[1]ਮਾਨੋ ਪ੍ਰੇਮ 'ਚ ਭਰੇ ਹੋਲੀ ਖੇਲ ਰਹੇ ਹਨ ਤੇ ਗੁਲਾਲ ਰੂਪ ਚੰਗਾਰੰਗ (ਉਲੀਚ) ਛਿੜਕਿਆ ਜਾ ਰਿਹਾ ਹੈ।
[1]ਸਿਰ ਫੁਟਦੇ, ਬਾਹਾਂ ਤੇ ਛਾਤੀਆਂ ਟੁੱਟਦੀਆਂ ਹਨ।
[1]ਪੀਂਦੀਆਂ ਹਨ।
[1]ਮਾਸਾਹਾਰੀ ਜੀਵ ਮਾਸ ਲੁਟਦੇ ਹਨ।
[1]ਮਾਸ ਖਾਣੇ।
[1]ਚੀਕਾਂ (ਤੱਚਤ) ਮਾਰਦੇ ਹਨ।
[1]ਬਹੁਤੇ ਧੜ।
[1]ਬਾਣੀ ਬੋਲਦੇ ਹਨ।
[1]ਸਰੜ ਸਰੜ ਸ਼ਬਦ ਕਰਕੇ।

ਅਚੂਕ ਤਜੱਤ ਤੜਾਕ ਤੜਾਕੇ[1]।

[1](ਅਮੁਕ) ਅਦੁੱਤੀ ਤੇ ਦੂਸ਼ਣਾਂ ਤੋਂ ਰਹਿਤ ਅਚੁੱਕ ਬੰਦੂਕਾਂ ਤੜ ਤੜ ਸ਼ਬਦ ਕਰ ਕੇ ਛੱਡਦੇ ਹਨ।

ਚੱਕ੍ਰ ਸੇਲ ਸਲੋਤ੍ਰ[1] ਸੈਹਥੀ[2],
ਛੁੱਟਤ ਝੁੰਡ ਝੜਾਕ ਝੜਾਕੇ[1]।
ਜੁੱਟਤ ਬੀਰਨ ਹੁੱਟਤ ਕੁੱਟਤ,
ਫੁੱਟਤ ਢਾਲ ਫੜਾਕ ਫੜਾਕੇ[1] ॥੨੧॥

[1]ਸੋਟੇ, ਡੰਡੇ। [2]ਬਰਛੀ।

[1]ਸਮੂੰਹ ਝੜ ਝੜ ਸ਼ਬਦ ਕਰ ਕੇ ਛੁਟਦੀਆਂ ਹਨ।

[1]ਜੁੜਦੇ ਹਨ ਸੂਰਮੇ ਕੁੱਟ ਕੁੱਟ ਕੇ (ਹੁੱਟਤ) ਥੱਕ ਜਾਂਦੇ ਹਨ, ਟੁੱਟ ਜਾਂਦੀਆਂ ਹਨ ਢਾਲਾਂ ਇਕ ਦੂਜੀ ਨਾਲ ਫੱੜਕ ਫੱੜਕ ਵੱਜ ਵੱਜ ਕੇ।

ਮੇਦਰੁ ਮਾਸ ਸ੍ਰੋਣਤ ਕੀਚ,
ਮਚਜੋ ਧਰ ਵੀਚ ਨਗੀਚ ਮਹਾਂਹੀਂ[1]।

[1]ਧਰਤੀ ਵਿੱਚ (ਨਗੀਚ) ਨੇੜੇ ਨੇੜੇ ਮਿਝ, ਮਾਸ ਤੇ ਲਹੂ ਦਾ ਬਹੁਤਾ ਚਿੱਕੜ ਹੋ ਗਿਆ।

ਸ੍ਰੋਣਤ ਕੀ ਸਰਤਾ ਸੁ ਚਲੀ ਬਹਿ,
ਅੱਸ੍ਵ ਕਰੀ ਸਿਲ ਖੰਡ ਦਿਖਾਹੀਂ[1]।

[1]ਲਹੂ ਦੀ ਚੰਗੀ ਨਦੀ ਵਗ ਤੁਰੀ, ਘੋੜੇ ਤੇ ਹਾਥੀ ਪੱਥਰ ਦੀਆਂ ਸਿਲਾਂ ਦੇ ਟੁਕੜਿਆਂ ਵਾਂਗ ਦਿਸ ਰਹੇ ਹਨ।

ਪੈਰਤ ਲੁੱਥਨ ਜੁੱਥਨ ਊਪਰ,
ਕਾਕਰੁ ਗੀਧ ਮਹਾਂ ਮੁਦ ਮਾਂਹੀਂ[1]।

[1]ਲੋਥਾਂ ਦੇ ਢੇਰਾਂ ਉਪਰ ਕਾਂ ਤੇ ਗਿਰਝਾਂ ਬਹੁਤ ਅਨੰਦ ਵਿੱਚ (ਪੈਰਤ) ਤਰਦੀਆਂ ਜਾਂਦੀਆਂ ਹਨ।

ਹੋਵਤ ਪਾਰ ਬਟਾਊ ਮਨੋ,
ਜਗ ਜੰਗ ਜਨੰਮਰਿ ਜੀਤ ਤਹਾਂਹੀਂ[1] ॥੨੮॥

[1]ਜਾਣੋ ਜਗਤ ਰੂਪ ਜੰਗ ਦੇ (ਬਟਾਊ) ਰਾਹੀ ਜਨਮ (ਮਰਨ) ਰੂਪ ਵੈਰੀ ਨੂੰ ਜਿੱਤ ਕੇ ਪਾਰ ਹੋ ਰਹੇ ਹਨ।

ਫਿਰ ਖਾਂਨ ਅਜ਼ੀਮ ਕ੍ਰਮਜੋ ਰਨ ਮੈਂ[1],
ਗਰਜਜੋ ਤਰਜਜੋ[1] ਗੁਰੁ ਕੋ ਲਲਕਾਰਜੋ।
ਬਹੁ ਸਿੰਘਨ ਘਾਇ[1] ਕੁਦਾਇ ਕਿਕਾਨ[2],
ਸੁ ਬਾਨ ਗੁਰੂ ਪਰ ਆਨਿ ਪ੍ਰਹਾਰਜੋ।
ਗੁਰੁ ਬੀਰ ਬਨੈਤ ਪਟੈਤ ਬਲੀ,
ਸਰ ਤਾਂਹਿ ਬਚਾਇ ਨਿਜੰ ਸਰ ਮਾਰਜੋ[1]।

[1]ਜੰਗ ਵਿੱਚ ਘੁੰਮਿਆ।

[1]ਤਾੜਿਆ।

[1]ਮਾਰ ਕੇ। [2]ਘੋੜਾ।

[1]ਪਟੇ ਬਾਜ ਤੇ ਸਜੇ ਹੋਏ ਬਲੀ ਸੂਰਮੇ ਸਤਿਗੁਰਾਂ ਨੇ ਉਸ ਦਾ ਤੀਰ ਬਚਾ ਕੇ ਆਪਣਾ ਤੀਰ ਮਾਰਿਆ।

ਭੇਦ ਚਰੰਮ ਬਰੰਮ ਸਨਾਹਿ ਸੁ
ਛੇਦਿ ਉਰੰ ਅਵਨੀ ਪਰ ਡਾਰਜੋ[1] ॥੨੯॥

[1]ਸੰਜੋਅ 'ਚ (ਬਰੰਮ) ਛੇਕ ਕਰ ਕੇ ਚੰਮ ਨੂੰ ਵਿੰਨ੍ਹ ਕੇ ਤੇ ਛਾਤੀ ਨੂੰ ਕੱਟ ਕੇ ਧਰਤੀ 'ਤੇ ਸੁੱਟ ਦਿੱਤਾ।

ਪੁਨ ਪੈਂਡ ਖਾਂ ਨਾਮ ਵਲੀ ਅਫਗਾਨ[1],
ਜ੍ਵਾਨ ਕਮਾਨ ਕੌ ਤਾਨ ਅਯੋ।
ਵਹਿ ਛੇੜਿ ਤੁਰੰਗ ਉਮੰਗ ਭਰਜੋ,

[1]ਤਾਕਤਵਰ ਪਠਾਣ।

ਗੁਰੁ ਸੰਗ ਚਹੈ ਨਿਜ ਜੰਗ ਲਯੋ।
ਬਲ ਸੋਂ ਤਿਨ ਵਾਰ ਦੁ ਤੀਨ ਕਰੇ
ਗੁਰੁ ਪੈ, ਸਫਲਾ ਨਹਿਂ ਏਕ ਭਯੋ।
ਫਿਰ ਆਪ ਗੁਰੂ ਪਰਚਾਰ[1] ਤਿਸੈ,
ਨਿਜ ਬਾਨ ਪ੍ਰਹਾਰ[1] ਸੁ ਮਾਰ ਦਯੋ ॥੩੦॥
ਇਤਜਾਦਿਕ ਔਰ ਘਨੇ, ਤੁਰਕੀ
ਸਰਦਾਰ ਹਨੇ[1], ਗੁਰੁ ਨੈ ਬਲ ਧਾਰੇ।
ਅਰਿ ਕੀ ਧੁਜਨੀ ਬਿਚਲਾਇ ਦਈ[1],
ਗੁਰੁ ਬਾਨ ਇਸੀ ਬਿਧਿ ਕੇ ਪਰਿਹਾਰੇ।
ਤੁਰਕੀ ਦਲ ਦੈ ਕਰਿ ਪੀਠ ਚਲਯੋ,
ਬਲ ਛੋਡਿ ਕਰੇ ਨਿਜ ਪ੍ਰਾਨ ਪਜਾਰੇ।
ਸਿੰਘ ਦਬੈਲ[1] ਪਰੇ ਤਿਨ ਗੈਲ[2],
ਨ ਲੈਨ ਸੰਭਾਰ ਦਈ ਬਲ ਧਾਰੇ ॥੩੧॥

[1]ਵੰਗਾਰ ਕੇ।
[1]ਮਾਰ ਕੇ।
[1]ਮਾਰ ਦਿੱਤੇ।
[1]ਵੈਰੀ ਦੀ ਫੌਜ ਖਿੰਡਾ ਦਿੱਤੀ।
[1]ਦਬੱਲ ਕੇ, ਜ਼ੋਰ ਨਾਲ। [2]ਪਿੱਛੇ ਪੈ ਗਏ।

ਛਪਯ:
ਕਹਾਂ ਕਰੈ ਕ੍ਰਿਸਾਨ ਚਤੁਰ,
ਜੌ ਮੇਘ ਨ ਬਰਸੈ।
ਕੈਸੇ ਚੁਗੈ ਚਕੋਰ ਆਗ,
ਜੌ ਚੰਦ ਨ ਦਰਸੈ[1]।

[1]ਚਕੋਰ ਅੱਗ ਨੂੰ ਕਿਵੇਂ ਚੁਗ ਸਕਦਾ ਹੈ ਜਿੰਨਾ ਚਿਰ ਚੰਦ ਨੂੰ ਨਾ ਦੇਖੇ। (ਚਕੋਰ-ਪਹਾੜੀ ਤਿੱਤਰ, ਜੋ ਲਾਲਰੰਗ ਵਾਲਾ ਹੁੰਦਾ ਹੈ, ਚਕੋਰ ਚੰਦ ਨੂੰ ਦੇਖੇ ਬਿਨਾਂ ਕੁਝ ਨਹੀਂ ਖਾਂਦਾ। ਚਕੋਰ ਟਿਟਾਹਣੇ ਖਾਂਦਾ ਹੈ। ਕਈ ਵਾਰ ਉਨ੍ਹਾਂ ਦੇ ਭੁਲੇਖੇ ਅੰਗਾਰ ਚੁਗਣ ਲੱਗ ਪੈਂਦਾ ਹੈ। ਕਈਆਂ ਨੇ ਚਕੋਰ ਨੂੰ ਅੰਗਾਰ ਖਾਣ ਵਾਲਾ ਲਿਖਿਆ ਹੈ)।

ਗੁੱਡੀ ਡੋਰ ਕਹਿ ਕਰੈ,
ਪਵਨ ਜੌ ਜਰਾ ਨ ਚੱਲੈ।
ਚਤੁਰ ਬਨਕ[1] ਕਹਿ ਕਰੈ,
ਨਹੀਂ ਧਨ ਜੇ ਕਰ ਪੱਲੈ।
ਵਹਿ ਨਾਰਿ ਸ਼ਿੰਗਾਰਹਿਂ ਕਜਾ ਕਰੈ,
ਜੌ ਭਰਤਾ[1] ਲੋਚਨ ਬਿਨੁ ਅਹੇ।
ਹਰਿ ਗਜਾਨ ਪਲੱਟੈ ਸਮਾ ਜਬਿ,
ਤਬਿ ਤਰਵਰ ਦਲ ਕਿਮ ਧਰਰਹੇ[1] ॥੩੨॥

[1]ਬਾਣੀਆਂ।
[1]ਪਤੀ ਅੱਖਾਂ ਬਿਨਾਂ ਹੈ।
[1]ਗਿਆਨ ਸਿੰਘ (ਕਹਿੰਦਾ ਹੈ) ਜਦੋਂਰੁੱਤ ਬਦਲਦੀ ਹੈ ਤਾਂ

ਦਰੱਖ਼ਤ ਪੱਤੇ ਕਿਵੇਂ ਰੱਖ ਸਕਦਾ ਹੈ।

ਸਕਟਾ[1] ਕਹਿ ਲੌ ਚਲੈ, [1]ਗੱਡਾ।
ਬੈਲ ਜਬਿ ਹਾਰ ਖਰੋਵੈ।
ਬਿਨ ਮਲਾਹਿ ਨਦਿ ਮਾਹਿ[1], [1]ਨਦੀ ਵਿੱਚ।
ਨਾਉ[1] ਕਸ ਪਾਰਹਿ ਹੋਵੈ। [1]ਬੇੜੀ।
ਬਿਨ ਬਜੰਤ੍ਰੀ[1] ਕਹੋ, [1]ਵਜਾਉਣ ਵਾਲਾ।
ਜੰਤ੍ਰ[1] ਕਯੋਂ ਸ਼ਬਦ ਸੁਨਾਵੈ। [1]ਵਾਜਾ।
ਬਿਨੁ ਬਾਜੇ ਕਹੁ ਨ੍ਰਿਤ[1], [1]ਨਾਚ।
ਕੈਸ ਕੋਊ ਦਿਖਰਾਵੈ।
ਬਿਨ ਭੂਪਤਿ ਕੈਸੇ ਸੈਨ ਬਰ[1], [1]ਚੰਗੀ ਫ਼ੌਜ।
ਜੰਗ ਜੀਤ ਕਰਿ ਸਕੈ ਕਹੁ।
ਯਹਿ ਪ੍ਰਗਟ ਸਾਚ ਜਗ ਕਹਿਤ ਸਭਿ,
ਰਹਿਤ ਬਿਨਾ ਨਰ ਕਾਚ ਲਹੁ[1] ॥ ੩੩ ॥ [1]ਰਹਿਣੀ (ਅਮਲੀ ਜ਼ਿੰਦਗੀ) ਤੋਂ ਬਿਨਾਂ ਆਦਮੀ ਕੱਚਾ ਜਾਣ ਲਉ।

ਦੋਹਰਾ:

ਦਲ ਤੁਰਕੀ ਸਰਦਾਰ ਬਿਨ,
ਭਾਗਜੋ ਦਹਿਸ਼ਤ[1] ਖਾਇ। [1]ਡਰ, ਭੈ।
ਕਜਾ ਬਹੁਤੇ ਥੋਰੇ ਕਹਾਂ,
ਜੌ ਗੁਰੁ ਨਾਥ ਸਹਾਇ ॥ ੩੪ ॥
ਖਿਦਰਾ ਬਾਦ ਗ੍ਰਾਮ ਲਗ,
ਗਏ ਗੈਲ[1] ਤਿਨਿ ਸਿੰਘ। [1]ਪਿੱਛੇ।
ਤੁਰਕ ਗਏ ਦਿੱਲੀ ਦਿਸਾ,
ਭਰ ਕਰਿ ਲੰਮੀ ਡਿੰਘ[1] ॥ ੩੫ ॥ [1]ਕਦਮ।
ਫਤੇ ਭਈ ਤਬਿ ਗੁਰੂ ਕੀ,
ਹਾਰ ਗਏ ਅਚਲੇਸ[1]। [1]ਪਹਾੜੀ ਰਾਜੇ।
ਭੀਮ ਚੰਦ ਲੌ ਗਿਰਪਤੀ,
ਹੋਏ ਦੁਖੀ ਵਿਸ਼ੇਸ਼[1] ॥ ੩੬ ॥ [1]ਬਹੁਤੇ।
ਖਬਰ ਭਈ ਪਤਿਸਾਹਿ ਕੋ,
ਯਹਿ ਜਬਿ ਸਭਿ ਹੀ ਜਾਇ।
ਮਨ ਮਹਿ ਹੋਇ ਹਿਰਾਨ ਪੁਨ,

ਔਰੰਗਜ਼ੇਬ ਰਿਸਾਇ ॥੩੭॥
ਫਿਰ ਗੁਰੁ ਪਰ ਅਤਿ ਕੋਪ ਧਰਿ,
ਦਲ ਨਿਜ ਬਹੁਤ ਬੁਲਾਇ।
ਸੈਦ ਖਾਂਨ ਅਫਗਾਂਨ ਕੋ,
ਦੈ ਕਰਿ ਦਯੋ ਚੜ੍ਹਾਇ ॥੩੮॥
ਸ੍ਵੈਯਾ:
ਲੈ ਦਲ ਏਕ ਸੁ ਲਾਖ ਕਰੀਬ,
ਅਏ ਤੁਰਕੀ ਸਰਦਾਰ ਅਪਾਰੇ।
ਪਹੁੰਚੇ ਵਹਿ ਆਇ ਅਨੰਦਪੁਰੀ,
ਉਤ ਤੇ ਅਚਲੇਸ ਮਿਲੇ ਰਸ ਧਾਰੇ।
ਇਤ ਤੈ ਦਲ ਲੈ ਨਿਜ ਸਿੰਘਨ ਕਾ,
ਫਿਰ ਸੰਮੁਖ ਜੰਗ ਲਯੋ ਗੁਰੁ ਭਾਰੇ।
ਜੁੱਧ ਮਦਾਨ ਵਿਖੇ ਤਬਿ ਆਨਿ,
ਮਹਾਨ ਭਜਾਨਕ ਹੋਨ ਲਗਾਰੇ[1] ॥੩੯॥

[1]ਹੋਣ ਲੱਗਾ।

ਤੁੱਪਕ[1] ਤੋਮਰ[2] ਤੀਰ ਜੰਜੈਲ[3],
ਜੰਬੂਰ[1] ਦੁਹੂੰ ਦਿਸ ਤੈ ਬਹੁ ਚਾਲੈਂ।
ਗੁਲਕਾ[1] ਸਮ ਮੇਂਹ ਪਰੈਂ ਅਤਿ ਹੀ,
ਜੁਗ ਓਰ ਨ ਲੇਵਨ ਦੇਤ ਸੰਭਾਲੈਂ।
ਸਿੰਘ ਲਰੈਂ ਤਨ ਦੈ ਸਗਰੇ,
ਨ ਡਰੈਂ ਪਗ ਏਕ ਪਿਛਾਂਹਿ ਨ ਘਾਲੈਂ[1]।
ਨਿਜ ਪ੍ਰਾਨ ਬਚਾਇ ਕੈ ਤੁਰਕ ਲਰੈਂ,
ਪਗ ਪੀਛਹਿ ਕੋ ਇਕ ਏਕ ਨਿਹਾਲੈਂ[1] ॥੪੦॥

[1]ਬੰਦੂਕ। [2]ਬਰਛੇ। [3]ਲੰਮੀ ਨਾਲੀ ਦੀਆਂ ਤੋਪਾਂ।

[1]ਛੋਟੀਆਂ ਤੋਪਾਂ।

[1]ਗੋਲੀਆਂ।

[1]ਇਕ ਪੈਰ ਵੀ ਪਿੱਛੇ ਨਹੀਂ ਪਾਉਂਦੇ ਭਾਵ ਹਟਦੇ।

[1]ਇਕ ਇਕ ਪੈਰ ਤੇ ਪਿੱਛੇ ਨੂੰ ਦੇਖਦੇ ਹਨ।

ਦੋਹਰਾ:
ਸੈਦ ਬੇਗ ਇਕ ਮੁਗਲ ਬਰ,
ਮਾਮੂ ਖਾਂ ਅਫਗਾਨ।
ਨੌਕਰ ਯਹਿ ਗੁਰੁ ਢਿਗ ਹੁਤੇ,
ਜਥੇਦਾਰ ਬਲਵਾਨ ॥੪੧॥
ਪਰਜੋ ਜੰਗ ਗਾਢਾ ਜਬੈ,
ਯਹਿ ਜੁਗ ਲੈ ਨਿਜ ਸੈਨ।
ਲਰੇ ਹੋਇ ਆਗੇ ਖਰੇ,

ਕਰੇ ਤੁਰਕ ਬਿਨੁ ਚੈਨ ॥ ੪੨ ॥
ਹਰੀ ਚੰਦ ਜਸਵਾਲੀਆ
ਮੀਆਂ ਸੰਗਜਾ ਜਾਂਹਿ।
ਸੈਦ ਬੇਗ ਕੇ ਸੰਗ ਤਬਿ,
ਭਿਰਜੋ ਆਇ ਰਣ ਮਾਂਹਿ ॥ ੪੩ ॥
ਜੁਟੇ ਬੀਰ ਜੁਗ ਜੰਗ ਮੈਂ,
ਆਯੁਧ ਕਰੇ ਅਪਾਰ।
ਸੈਦ ਬੇਗ ਨੇ ਅੰਤ ਕੋ ਲਯੋ
ਹਰੀ ਸਸਿ[1] ਮਾਰ ॥ ੪੪ ॥

[1]ਹਰੀ ਚੰਦ ਜਸਵਾਲੀਆ।

ਉਤ ਤੈ ਦੀਨਾ ਬੇਗ ਇਕ,
ਪਤਸ਼ਾਹੀ ਸਰਦਾਰ।
ਨਿਕਸਜੋ ਦਲ ਤੈ ਗਰਜ ਕੈ,
ਭਿਰਨ ਹੇਤ ਬਲ ਧਾਰ ॥ ੪੫ ॥
ਪਾਧਰੀ ਛੰਦ:
ਤਬਿ ਸੈਦ ਬੇਗ ਧਰਿ ਗੁਰੁ ਧਜਾਨ।
ਲਰ ਮਰਨ ਸਫਲ ਨਿਜ ਤਹਾਂ ਮਾਨ।
ਫਿਰ ਦੀਨ ਬੇਗ ਕੈ ਸੰਮੁਖ ਜਾਇ।
ਬਡ ਜੰਗ ਲਯੋ ਮਨ ਮੋਦ ਪਾਇ ॥ ੪੬ ॥
ਬਹੁ ਹਨੇ ਤੁਰਕ ਪਤਿਸ਼ਾਹਿ ਕੇਰ।
ਨਿਜ ਬਾਨਨ ਸੋਂ ਵਹਿ ਦਿਯ ਵਖੇਰ[1]।

[1]ਖਿੰਡਾ ਦਿੱਤੇ।

ਪੁਨ ਦੀਨ ਬੇਗ ਸੰਗ ਕਰਜੋ ਜੰਗ।
ਬਹੁ ਲਗੇ ਘਾਉ ਥਕ ਗਏ ਅੰਗ ॥ ੪੭ ॥
ਤਹਿ ਟੂਕ ਟੂਕ ਹ੍ਵੈ ਗਿਰਜੋ ਖਾਸ[1]।

[1]ਆਪ।

ਗੁਰੁ ਹੇਰਿ ਕਰਜੋ ਸ਼ਾਬਾਸ਼ ਤਾਸ।
ਯਹਿ ਕੌਤਿਕ ਮਾਮੂ ਖਾਨ ਹੇਰਿ।
ਪਹੁੰਚਜੋ ਤਹਿਂ ਤਬਿ ਨਿਜ ਅੱਸ੍ਵ ਛੇਰਿ ॥ ੪੮ ॥
ਉਨ ਦੀਨ ਬੇਗ ਸਨ[1] ਕਹਜੋ ਯਾਰ।

[1]ਸਾਥ, ਨਾਲ।

ਅਬਿ ਚਲਜੋ ਕਹਾਂ ਮਮ ਯਾਰ ਮਾਰ।
ਯੌਂ ਕਹਿ ਕਰਿ ਘੋੜੇ ਕੋ ਕੁਦਾਇ।
ਸਿਰ ਦੀਨ ਬੇਗ ਕਾ ਕਟਜੋ ਜਾਇ ॥ ੪੯ ॥

ਝੱਟ ਪੱਟ ਕੱਟ ਕਰਿ ਤੁਰਕ ਭਾਰ[1]। [1]ਭਾਰੀ ਤੁਰਕਾਂ ਨੂੰ।
ਫਿਰ ਅਯੋ ਆਪਨੇ ਦਲ ਮਝਾਰ।
ਪਿਖਿ ਲਾਘਵਤਾ[1] ਤਿਸ ਕੀ ਵਿਸ਼ੇਸ਼। [1]ਚੁਸਤੀ।
ਗੁਰੁ ਹਸ ਕਰਿ ਦਯੋ ਇਨਾਮ ਵੇਸ[1] ॥ ੫੦ ॥ [1]ਚੰਗਾ।

ਦੋਹਰਾ:

ਪੈਂਡੇ ਖਾਨ ਪਠਾਨ ਇਕ,
ਬਚ ਕਰਿ ਬੋਲਯੋ ਆਨਿ।
ਅਹੋ ਗੁਰੂ ਮਮ ਸੰਗ ਤੁਮ,
ਕਰੋ ਜੰਗ ਬਲ ਠਾਨ ॥ ੫੧ ॥
ਸੁਨਿ ਗੁਰੁ ਛੇੜਿ ਕਿਕਾਨ[1] ਨਿਜ, [1]ਘੋੜਾ।
ਕਹਯੋ ਤਾਂਹਿ ਢਿਗ ਜਾਇ।
ਅਹੋ ਖਾਨ ਤੁਮ ਵਾਰ ਨਿਜ,
ਕਰਿ ਲੇਵਹੁ ਮਨ ਭਾਇ[1] ॥ ੫੨ ॥ [1]ਮਨ ਦੀ ਮਰਜ਼ੀ ਅਨੁਸਾਰ ਆਪਣਾ ਵਾਰ ਕਰ ਲੈ।
ਤਾਨ ਕਾਨ ਪਰ ਬਾਨ ਖਰ[1], [1]ਤਿੱਖਾ ਤੀਰ।
ਤਜਯੋ ਖਾਨ ਰਿਸ ਠਾਨ।
ਛੁਹਿ ਕਰਿ ਗੁਰੁ ਕੇ ਕਾਨ ਢਿਗ,
ਗਯੋ ਨਿਫਲ ਸਰ ਖਾਨ[1] ॥ ੫੩ ॥ [1]ਪਠਾਣ ਦਾ ਤੀਰ।
ਫਿਰ ਗੁਰੁ ਏਕਹਿ ਬਾਨ ਸੋਂ,
ਹਾਨ ਖਾਨ ਕੇ ਪ੍ਰਾਨ।
ਪਾਉਂ ਠਾਉਂ ਤਿਹਂ ਰੋਪ ਕਰਿ[1], [1]ਉਸ ਥਾਂ ਪੈਰ ਗੱਡ ਕੇ।
ਹਨੀ ਘਨੀ ਤੁਰਕਾਨਿ ॥ ੫੪ ॥
ਸਭਿ ਪਤਿਸ਼ਾਹੀ ਸੈਨ ਕਾ,
ਸੈਦ ਖਾਨ ਸਰਦਾਰ।
ਭੇਜਯੋ ਥਾ ਪਤਿਸ਼ਾਹਿ ਨੈ,
ਜੋ ਕਰਿ ਵਡ ਮੁਖਤਜਾਰ ॥ ੫੫ ॥

ਚੌਪਈ:

ਜਸ ਗੁਰੁ ਕਾ ਥਾ ਉਨਿ ਬਹੁ ਸੁਨਿਓ।
ਉਨਿ ਤਬਿ ਯਾ ਬਿਧਿ ਮਨ ਮੈਂ ਗੁਨਿਓ।
ਜੌ ਗੁਰੁ ਸਾਚ ਵਲੀ[1] ਹੈ ਭਾਰਾ। [1]ਕਰਾਮਾਤੀ।
ਤੌ ਮੁਹਿ ਦੇਵਹਿ ਅਬੀ ਦਿਦਾਰਾ ॥ ੫੬ ॥

ਜਗੇ ਭਾਗ ਤਿਸ ਕੇਰ ਮਹਾਨੀ।
ਸਤਿਗੁਰੁ ਤਿਸ ਕੇ ਦਿਲ ਕੀ ਜਾਨੀ।
ਛੇੜਿ ਤੁਰੰਗ ਗੁਰੂ ਨਿਜ ਤਬਿ ਹੀ।
ਦਲ ਤੁਰਕਾਨੀ ਲਖ ਕਰਿ[1] ਸਭਿ ਹੀ ॥ ੫੭ ॥

[1]ਲੰਘ ਕੇ।

ਸੈਦ ਖਾਂਨ ਕੇ ਨਿਕਟਿ ਪਹੂਚੇ।
ਬੰਧਨ ਚਹਿਤ ਤਾਂਹਿ ਕੇ ਮੂਚੇ[1]।

[1]ਛੁਡਾਏ, ਕੱਟੇ।

ਸਜੇ ਸਨੱਧ ਬੱਧ[1] ਸਭਿ ਭਾਂਤੀ।
ਕੋਟਿ ਸੂਰ ਸਮ ਦਿਪਤ ਕ੍ਰਾਂਤੀ[1] ॥ ੫੮ ॥

[1]ਸ਼ਸਤ੍ਰ ਬਸਤ੍ਰ ਬੰਨ੍ਹ ਕੇ।

[1]ਕ੍ਰੋੜਾਂ ਸੂਰਜਾਂ ਵਾਂਗ {ਕ੍ਰਾਂਤੀ} ਪ੍ਰਕਾਸ਼ ਚਮਕਦਾ ਹੈ।

ਸੁੰਦਰਤਾ ਕੋ ਸੁੰਦਰ ਕਰਹੀਂ।
ਸਵਰ ਸਹਸ ਕੀ ਛਬਿ ਕੋ ਹਰਹੀਂ[1]।

[1]ਹਜ਼ਾਰਾਂ {ਸਵਰ=ਸਮਰ} ਕਾਮਦੇਵਾਂ ਦੀ ਸੋਭਾ ਨੂੰ ਚੁਰਾਉਂਦੇ ਹਨ।

ਝੂਲਤ ਕਲਗੀ ਸੀਸ ਸੁਹਾਏ।
ਰਤਨ ਜਟਿਤ ਪਿਖਿ ਮਨ ਲਲਚਾਏ ॥ ੫੯ ॥
ਯਾ ਬਿਧਿ ਸੈਦ ਖਾਨ ਢਿਗ ਜਾਈ।
ਕਲਗੀਧਰ ਬੋਲੇ ਮੁਸਕਾਈ।
ਅਹੋ ਖਾਨ ! ਨਿਜ ਸ਼ਸਤ੍ਰ ਸੰਭਾਰੋ।
ਖਬਰਦਾਰ ਹ੍ਵੈ ਬਾਨ ਪ੍ਰਹਾਰੋ ॥ ੬੦ ॥
ਯਾ ਬਿਧਿ ਸੁਨਜੋ ਖਾਨ ਨੈ ਜਬਿ ਹੀ।
ਰੂਪ ਅਨੂਪਮ ਹੇਰਜੋ ਤਬਿ ਹੀ।
ਜਾਨਜੋ ਯਹਿ ਬਾ ਜਿਨਸ[1] ਖੁਦਾਏ।

[1]ਇਹ ਖ਼ੁਦਾ ਦੀ {ਬਾਜਿਨਸ} ਜ਼ਾਤ (ਸਰੂਪ) ਹਨ।

ਮੈਂ ਬੰਦਾ ਅਤਿ ਦੀਨ ਦੁਖਾਏ ॥ ੬੧ ॥
ਮੈਂ ਖਦਜੋਤ ਸੂਰ ਯਹਿ ਨੂਰੀ[1]।

[1]ਮੈਂ ਟਟਹਿਣਾ ਹਾਂ ਇਹ (ਸਤਿਗੁਰੂ) ਚਮਕਦੇ ਸੂਰਜ ਹਨ।

ਕਜੋਂ ਬਰਾਬਰੀ ਬਨ ਹੈ ਪੂਰੀ।
ਐਸੋ ਵਲੀ ਲੋਗ[1] ਫਿਰ ਔਰੈਂ।

[1]ਸਮਰੱਥਾ ਵਾਲੇ ਪੀਰ।

ਮਿਲੈ ਨ ਮੁਝ ਕੌ ਕੀਨੇ ਗੌਰੈਂ[1] ॥ ੬੨ ॥

[1]ਖ਼ਿਆਲ (ਧਿਆਨ) ਕੀਤਿਆਂ ਵੀ।

ਯਾਂ ਤੈ ਇਸ ਕੋ ਮੁਰਸ਼ਦ[1] ਧਾਰੋਂ।

[1]ਗੁਰੂ।

ਜਨਮ ਮਰਨ ਸਭਿ ਦੂਖ ਨਿਵਾਰੋਂ।
ਯੌਂ ਵਿਚਾਰ ਕਰਿ ਸੈਦੇ ਖਾਨੈਂ।
ਗਹੇ ਪਦਮ ਪਦ[1] ਗੁਰੁ ਕੇ ਆਨੈਂ[2] ॥ ੬੩ ॥

[1]ਚਰਨ ਕੰਵਲ ਪਕੜ ਲਏ। [2]ਆ ਕੇ।

ਕਰੀ ਕਦਮ ਬੋਸੀ[1] ਧਰਿ ਧੀਰੈਂ।

[1]ਚਰਨ ਚੁੰਮੇ।

ਕਹਜੋ ਮੁਰੀਦ ਕਰੋ ਮੁਹਿ ਪੀਰੈਂ।
ਫਿਰ ਗੁਰੁ ਕਹਜੋ ਲਰਨ ਤੁਮ ਆਏ।
ਯਹਿ ਕਜਾ ਤੁਮ ਅਬਿ ਬੈਨ ਅਲਾਏ ॥ ੬੪ ॥
ਸੈਦ ਖਾਨ ਕਰ ਜੋਰਿ ਉਚਾਰਾ।
ਕੌਨ ਸਕੈ ਤੁਮ ਪਰ ਕਰਿ ਵਾਰਾ।
ਹਿੰਦੂ ਤੁਰਕ ਸਿੰਘ ਯਹਿ ਜੇਤਿਕ।
ਖੇਲ ਰਚੀ ਯਹਿ ਸਭਿ ਤੁਮ ਤੇਤਿਕ ॥ ੬੫ ॥
ਨਟ ਵਤ ਅਪਨੀ ਰਚਨਾ ਸੰਗੈਂ।
ਕਰਤ ਪ੍ਰੇਰਿ ਆਪ ਹੀ ਜੰਗੈਂ।
ਆਪ ਬ-ਜਿਨਸ ਖੁਦਾਇ ਮਹਾਨੈ।
ਪਰਜੋ ਸ਼ਰਨ ਆਜਜ਼ ਮੈਂ ਆਨੈ ॥ ੬੬ ॥
ਪਿਖਿ ਸ਼ਰਧਾ ਤਿਸ ਕੀ ਗੁਰੁ ਪੂਰਨ।
ਸਤਿਨਾਮੁ ਉਪਦੇਸ਼ਜੋ ਤੂਰਨ[1]। [1]ਛੇਤੀ।
ਸੈਦ ਖਾਨ ਆਯੁਧ[1] ਤਜਿ ਸਭਿ ਹੀ। [1]ਸ਼ਸਤ੍ਰ।
ਨਿਜ ਦਲ ਤਜਾਗ ਚਲਜੋ ਪੁਨ ਤਬਿ ਹੀ ॥ ੬੭ ॥
ਦੁੰਦ-ਭਾਵ[1] ਸਭਿ ਤਿਸ ਕਾ ਨਾਸਯੋ। [1]ਦ੍ਵੈਤ ਭਾਵ।
ਬ੍ਰਹਮ ਗਜਾਨ ਉਰ ਮਾਹਿਂ ਪ੍ਰਕਾਸ਼ਜੋ।
ਹੋਇ ਫਕੀਰ ਬਿਰੱਕਤ ਵਧੇਰੈਂ।
ਕਾਨਨ ਮਾਹਿਂ[1] ਧਸਜੋ ਬਿਨ ਦੇਰੈਂ ॥ ੬੮ ॥ [1]ਜੰਗਲ ਵਿੱਚ।

ਦੋਹਰਾ:
ਸੈਦ ਖਾਨ ਕਾ ਹਾਲ ਪਿਖਿ,
ਹੋਏ ਤੁਰਕ ਹਿਰਾਨ।
ਕੋਊ ਕਹੈਂ ਗੁਰੁ ਵਲੀ ਯਹਿ,
ਕੋ ਕਹਿਂ ਜਾਦੂ-ਵਾਨ ॥ ੬੯ ॥
ਕੋਊ ਕਹੈਂ ਯਹਿ ਭਲੀ ਨਹਿਂ,
ਕੀਨੀ ਸੈਦੇ ਖਾਨ।
ਤਜਾਗਜੋ ਦੀਨ ਇਮਾਨ ਨਿਜ,
ਬਚਨ ਗੁਰੂ ਕਾ ਮਾਨ ॥ ੭੦ ॥

ਸ੍ਵੈਯਾ:
ਫੇਰ ਪੁਕਾਰ ਕਹਯੋ ਸਰਦਾਰਨ,

ਆਪਨੀ ਸੈਨ ਮਝਾਰ ਤਬੈ ਹੀ।
ਘੇਰਿ ਹਨੋ ਅਬਿ ਹਿੰਦੁ ਕੇ ਪੀਰਹਿ,
ਜੀਵਤ ਜਾਨ ਨ ਪਾਇ ਅਬੈ ਹੀ।
ਯੌਂ ਸੁਨ ਕੈ ਉਮਡਯੋ ਘਨ ਜਿਉਂ ਦਲ,
ਦੁੰਦਭਿ ਦੀਹ[1] ਬਜਾਇ ਸਭੈ ਹੀ। [1]ਵੱਡੇ ਧੌਂਸੇ।
ਜਯੋਂ ਪਰਿਵਾਰ ਪਰਜੋ ਰਵਿ ਕੋ,
ਤਬਿ ਤਜੋਂ ਗੁਰੁ ਤਾਂਹਿ ਕੈ ਮੱਧ ਫਬੈ ਹੀਂ ॥ ੭੧ ॥
ਬਾਨ ਕਿਤਾਨ[1] ਚਲੇ ਗੁਰੁ ਕੀ ਦਿਸ, [1]ਕਿਤਨੇ ਹੀ ਤੀਰ।
ਭੂਤ ਸਿਖੀ ਸਮ ਜਾਹਿਂ ਅਜਾਏ[1]। [1]ਭੂਤਾਂ ਦੀ ਅੱਗ ਵਾਂਗ ਬਿਅਰਥ ਜਾਂਦੇ ਹਨ।
ਸੋ ਉਨ ਕੇ ਉਨ ਹੀ ਕੋ ਲਗੈਂ,
ਦਿਸ ਦੂਸਰਿ ਕੇ ਦਿਸ ਦੂਸਰਿ ਜਾਏ।
ਆਪ ਬਚਾਇ ਘਨੇ ਅਰਿ ਘਾਇ,
ਤੁਰੰਗ ਕੁਦਾਇ ਗੁਰੂ ਇਮ ਆਏ।
ਜਯੋਂ ਸਘਨੇ ਘਨ ਘੋਖ ਘੁਮੰਡਹਿ,
ਫਾੜਿ ਬਿਝਾੜ ਰਵੀ ਨਿਕਸਾਏ[1] ॥ ੭੨ ॥ [1]ਜਿਵੇਂ ਸੰਘਣੇ {ਘੁਮੰਡਹਿ} ਉੱਛਲ ਕੇ ਆਏ ਤੇ {ਘੋਖ} ਗੱਜਦੇ ਬੱਦਲਾਂ ਵਿੱਚੋਂ {ਬਿਝਾੜ} ਬੱਦਲਾਂ ਦਾ ਸੰਘਣਾ ਇਕੱਠ ਪਾੜ ਕੇ ਸੂਰਜ ਨਿਕਲਦਾ ਹੈ।

ਪੁਨ ਊਚ ਸਥਾਨ ਪੈ ਆਨ ਥਿਰੇ,
ਅਰਿ ਮੂਚਨ ਕੀ[1] ਮਨਸਾ ਗੁਰੁ ਧਾਰੇ। [1]ਵੈਰੀਆਂ ਨੂੰ ਕੱਟਣ ਦੀ।
ਗਹਿ ਪਾਨ ਕਮਾਨ ਸੁ ਕਾਨ ਪ੍ਰਮਾਨਹਿ,
ਤਾਨ ਭਲੇ ਖਰ ਬਾਨ ਪ੍ਰਹਾਰੇ[1]। [1]ਕਮਾਣ ਹੱਥ 'ਚ ਪਕੜ ਕੇ ਕੰਨ ਤੱਕ ਖਿੱਚ ਕੇ ਚੰਗੀ ਤਰ੍ਹਾਂ ਤਿੱਖੇ ਤੀਰ ਮਾਰੇ।

ਲੱਛਨ ਲੱਛ ਫਿਰੈਂ ਨਭ ਮੈਂ,
ਜਨੁ ਫੁੰਕਤ ਸਾਂਪ ਸਪੱਛ ਕਰਾਰੇ[1]। [1]ਜਾਣੋ ਲੱਖਾਂ ਹੀ ਖੰਭਾਂ ਵਾਲੇ {ਕਰਾਰੇ} ਤੇਜ ਸੱਪ ਆਕਾਸ਼ ਵਿੱਚ ਫੁੰਕਾਰੇ ਮਾਰਦੇ ਫਿਰਦੇ ਹਨ।

ਖਾਨ ਦਿਲਾਵਰ ਆਦਿ ਘਨੇ,
ਤੁਰਕੀ ਸਰਦਾਰ ਗੁਰੂ ਹਨ ਡਾਰੇ ॥ ੭੩ ॥
ਐਸ ਬਿਸੱਖ ਤਜੇ ਗੁਰੁ ਲੱਖਹਿਂ,
ਹੋਇ ਲਗੈਂ ਇਕ ਤੈ ਬਹੁ ਜਾਏ[1]। [1]ਇਸੇ ਤਰ੍ਹਾਂ ਸਤਿਗੁਰਾਂ ਨੇ {ਬਿਸੱਖ} ਤੀਰ ਛੱਡੇ ਜਿਹੜੇ ਇਕ ਤੋਂ ਲੱਖਾਂ ਹੀ ਹੋ ਕੇ ਬਹੁਤਿਆਂ ਨੂੰ ਜਾ ਕੇ ਲੱਗਦੇ ਹਨ।

ਜ੍ਵਾਨ ਕਿਕਾਨ ਮਿਦਾਨ ਵਿਖੇ, ਪਰਿਹਾਨ ਕਰੇ [1]ਕਿਹਾ ਨਹੀਂ ਜਾ ਸਕਦਾ (ਜਿੰਨੇ) ਨਾਸ ਕੀਤੇ ਹਨ।

ਨਹਿਂ ਬਜਾਨ ਥਵਾਏ[1]।
ਹੇਰਿ ਹਿਰਾਨ ਰਹੀ ਤੁਰਕਨਿ,
ਨ ਆਨ ਸਕੈ ਗੁਰੁ ਕੈ ਸਮੁਹਾਏ।
ਯੌਂ ਦੁਸਦੀ ਤਿਸਦੀ ਚੁਸਦੀ
ਛਿਸਦੀ, ਗੁਰੁ ਮਾਰ ਸ੍ਰਦਾਰ ਖਪਾਏ[1] ॥ ੭੪ ॥

[1]ਇਸ ਤਰ੍ਹਾਂ ਦੋ ਸੌ, ਚਾਰ ਸੌ, ਛੇ ਸੌ ਸਵਾਰਾਂ ਦੇ ਸਰਦਾਰ ਗੁਰਾਂ ਨੇ ਮਾਰ ਕੇ ਖਪਾ ਦਿੱਤੇ।

ਮੁਖ ਮੋਰ ਦਏ ਸਬਿ ਕੇ ਜਬਿ ਯੌਂ,
ਰਣ ਛੋਰਿ ਤਬੈ ਉਤ ਤੈ ਤੁਰਕਾਨੀ।
ਦਿਸ ਦੂਸਰਿ, ਦੈ ਕਰਿ ਜੋਰ ਪਰੇ,
ਤਿਨ ਸਿੰਘ ਦਬਾਇ ਲਏ ਬਲ ਠਾਨੀ।
ਤਜਿ ਮੋਰਚਾ ਸਿੰਘ ਪਲਾਇ ਗਏ[1],
ਪੁਰਿ ਆਨੰਦ ਮੱਧ ਧਸੀ ਤੁਰਕਾਨੀ।
ਲੂਟ ਮਚਾਇ ਦਈ ਪੁਰ ਮੈਂ,
ਗੁਰੁ ਹੇਰਿ ਤਬੈ ਰਿਸ ਠਾਨ ਮਹਾਨੀ ॥ ੭੫ ॥
ਫੇਰ ਸ੍ਰੀ ਗੁਰੁ ਸਿੰਘਨ ਕੇ ਦਲ ਕੋ,
ਨਿਜ ਸੰਗਹਿ ਲੈ ਬਲ ਕੈ ਕੈ।
ਮਾਰ ਨਿਕਾਰ ਦਈ ਪੁਰਿ ਤੈ,
ਅਰਿ ਕੀ ਧੁਜਨੀ, ਬੁਜਨੀ ਸੁ ਬਨੈ ਕੈ[1]।
ਤੁਰਕੀ ਦਲ ਪਾਇ ਵਹੀਰ ਚਲਜੋ,
ਨਿਜ ਜੀਤਿ ਕੀ ਰੀਤਿ ਨਿਸਾਨ ਬਜੈ ਕੈ[1]।
ਰੋਪੜ ਕੇ ਢਿਗ ਜਾਇ ਥਿਰੇ, ਬਕਹੀਂ[1]
ਗੁਰੁ ਕੋ ਹਮ ਆਏ ਫਤੈ ਕੈ[1] ॥ ੭੬ ॥
ਦਿਨ ਪਾਂਚ ਮੁਕਾਮ ਤਹਾਂ ਕਰਿ ਕੈ,
ਦਿਸ ਦਿੱਲੀ ਜਬੈ ਨਿਸ ਕੋ ਸੁ ਚਲਾਏ।
ਆਇਸ ਲੈ ਗੁਰੁ ਕੀ ਸਿੰਘ, ਜਾਇ
ਰਹੇ ਢੁਕ ਥੇ, ਪਰਗੇ ਤਬਿ ਧਾਏ[1]।
ਲੂਟ ਵਹੀਰ[1] ਲਯੋ ਸਗਰੋ,
ਹਲਚਾਲ ਪਰੀ ਦਲ ਵੀਚ ਮਹਾਂਏ।
ਨਿਸ ਮਾਂਹਿ ਨ ਕਾਂਹਿ ਪਛਾਨ ਪਰੈ,
ਫਿਰ ਸਿੰਘ ਧਸੇ ਬਨ[1] ਦੌਰਿ ਤਦਾਂਏਂ ॥ ੭੭ ॥

[1]ਦੌੜ ਗਏ।
[1]ਵੈਰੀਆਂ ਦੀ ਫ਼ੌਜ ਬੱਕਰੀ ਬਣਾ ਕੇ।
[1]ਜਿੱਤ ਦੇ ਢੰਗ ਨਾਲ ਧੌਂਸੇ ਵਜਾ ਕੇ।
[1]ਬੋਲਦੇ ਹਨ।
[1]ਫਤਹ ਕਰਕੇ।
[1]ਜਦੋਂ ਨੇੜੇ ਜਾ ਪਹੁੰਚੇ ਤਾਂ ਹੱਲਾ ਕਰ ਕੇ ਪੈ ਗਏ।
[1](ਤੁਰਕਾਂ ਦਾ) ਦਲ।
[1]ਜੰਗਲ 'ਚ।

ਦੋਹਰਾ:

ਜਿਤਿਕ ਲੂਟ ਲੈ ਗਏ ਥੇ,
ਪੁਰਿ ਅਨੰਦ ਤੈ ਯਵਨ[1]।
ਤਿਸ ਤੈ ਦਸ ਗੁਨ ਸਿੰਘ ਤਬਿ,
ਲੂਟ ਮੁੜੇ ਧਨ ਤਵਨ[1] ॥ ੭੮ ॥

[1]ਤੁਰਕ।

[1]ਤਿਨਾਂ ਦਾ।

ਸਿੰਘ ਲੌਟ[1] ਗੁਰੁ ਢਿਗ ਅਏ,
ਤੁਰਕ ਗਏ ਦਿਸ ਸ਼ਾਹਿ।
ਕਹਿ ਗਾਥਾ ਯਹਿ ਜੰਗ ਕੀ,
ਧਜਾਇ ਭਯੋ ਇਤਿ ਯਾਹਿ[1] ॥ ੭੯ ॥

[1]ਮੁੜ ਕੇ।

[1]ਏਥੇ ਸੰਪੂਰਨ ਹੋ ਗਿਆ।

ਇਤਿ ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਦਸਮ ਗੁਰੂ ਕੇ ਜੰਗ ਕਾ ਪ੍ਰਸੰਗ, ਬਰਨਨੰ ਨਾਮ ਤ੍ਰੈਹਟਮੋਂ ਬਿਸ੍ਰਾਮ ॥ ੬੩ ॥

੬੪. {ਪਹਾੜੀਰਾਜਿਆਂ ਦੀ ਔਰੰਗੇ ਪਾਸ ਫ਼ਰਿਆਦ, ਜੰਗ ਤੇ ਅਨੰਦ ਪੁਰਿ ਛੱਡਣਾ}

ਦੋਹਰਾ:

ਧਰਮ ਧਰਨ ਦੁਸ਼ਟਨ ਦਰਨ,
ਕਰਨ ਸਰਬ ਸੁਖ ਸਾਰ[1]।

[1]ਧਰਮ ਦੇ ਧਾਰਨ ਕਰਨ ਵਾਲੇ, ਦੁਸ਼ਟਾਂ ਨੂੰ ਦਲਨ ਵਾਲੇ, ਸਾਰੇ ਸ੍ਰੇਸ਼ਟ ਸੁਖਾਂ ਦੇ ਦੇਣ ਵਾਲੇ।

ਗੁਰੁ ਗੁਬਿੰਦ ਸ੍ਰਿਗਿੰਦ ਕੇ,
ਪਦ ਅਰਬਿੰਦ ਜੁਹਾਰ[1] ॥ ੧ ॥

[1]ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕੰਵਲਾਂ 'ਤੇ ਨਮਸਕਾਰ ਹੈ।

ਨੌਰੰਗੇ ਢਿਗ ਗਿਰਪਤੀ
ਜਾਇ ਕਰੈਂ ਫਰਯਾਦ।
ਪੁਰਿ ਅਨੰਦ ਪੈ ਹੋਇ ਹੈ,
ਜਜੋਂ ਫਿਰ ਅਧਿਕ ਫਸਾਦ ॥ ੨ ॥
ਪੁਰ ਅਨੰਦ ਕੋ ਤਜਾਗ ਗੁਰੁ,
ਬਾਹਰ ਨਿਕਸਹਿਂ ਜੈਸ।
ਇਸ ਅਧਜਾਇ ਮੈਂ ਹੁਇਗੀ,
ਕਥਾ ਸੁਨੋ ਅਬਿ ਤੈਸ ॥ ੩ ॥
ਏਕ ਲਾਖ ਦਲ ਤੁਰਕ ਕਾ,
ਗਯੋ ਗੁਰੂ ਤੈ ਹਾਰ।
ਜਬ ਤੈ, ਤਬ ਤੈ ਗਿਰਪਤੀ[1],
ਦਿਨ ਦਿਨ ਭਏ ਲਚਾਰ[1] ॥ ੪ ॥

[1]ਪਹਾੜੀ ਰਾਜੇ।

[1]ਦੁਖੀ।

ਤੋਟਕ ਛੰਦ:

ਫਿਰ ਸਿੰਘਨ ਪਾਇ ਫਤੂਰ[1] ਦਯੋ।
ਲੁਟ ਦੇਸ ਗਿਰੇਸਨ ਕੇਰ ਖਯੋ।
ਬਹੁ ਭੀਮ ਚੰਦ ਕੇ ਗ੍ਰਾਮ ਤਹਾਂ।
ਲੁਟ ਕੀਨ ਉਜਾਰ ਖ੍ਵਾਰ ਮਹਾਂ ॥ ੫ ॥
ਤਬਿ ਭੀਮ ਚੰਦ ਕਹਿਲੂਰ ਪਤੀ।
ਮਨ ਮਾਂਹਿ ਜਰਯੋ ਰਿਸ ਪੂਰ ਅਤੀ[1]।
ਫਿਰ ਸਭਿ ਨ੍ਰਿਪਨ ਕਾ ਕੱਠ ਕਰਯੋ।
ਮਿਲਿ ਮਤਾ ਸਭਨ ਯਹਿ ਠੱਟ ਧਰਯੋ[1] ॥ ੬ ॥
ਅਬਿ ਨੌਰੰਗੇ ਢਿਗ ਚਲ ਕਰ ਕੈ।
ਕਰੀਏ ਫਰਯਾਦ ਸੁ ਬਲ ਧਰ ਕੈ[1]।

[1]ਹਲਚਲੀ ਪਾ ਦਿੱਤੀ।

[1]ਬਹੁਤ ਗ਼ੁੱਸੇ 'ਚ ਭਰ ਕੇ।

[1]ਇਹ ਮਸ਼ਵਰਾ ਪਕਾ ਲਿਆ।

[1]ਬਲ ਧਾਰ ਕੇ।

ਤਹਿਂ ਤੈ ਦਲ ਲੈ ਬਹੁ ਆਇ ਇਹਾਂ।
ਫਿਰ ਮੰਡ ਘੁਮੰਡ ਪ੍ਰਚੰਡ ਮਹਾਂ[1] ॥ ੭ ॥
[1]ਬਹੁਤਾ ਤਿੱਖਾ ਜੰਗਰਚ ਕੇ।

ਗੁਰੁ ਕੋ ਸਹਿ ਸਿੰਘਨ ਮਰਵੱਈਏ।
ਅਥਵਾ ਨਿਜ ਮੁਲਖੋਂ ਕਢਵੱਈਏ।
ਬਿਨੁ ਯਹਿ ਬਲਾਇ ਕੇ ਦਫੇ ਕਰੇ[1]।
[1]ਦੂਰ ਕੀਤੇ ਤੋਂ ਬਿਨਾਂ।

ਹਮ ਕੋ ਕਬਿ ਜੀਵਨ ਫੇਰ ਪਰੇ[1] ॥ ੮ ॥
[1]ਸਾਨੂੰ ਫੇਰ ਜਿਉਣਾ ਕਦੋਂ ਮਿਲ ਸਕਦਾ ਹੈ ਭਾਵ ਅਸੀਂ ਜਿਉਂ ਨਹੀਂ ਸਕਦੇ।

ਨਹਿਂ ਬਾਤ ਬਨੈ ਬਿਨ ਤਹਾਂ ਗਏ।
ਕਰਿ ਕੈ ਯਹਿ ਮਤਾ ਤਜਾਰ ਭਏ।
ਉਨ ਦਿਨ ਮਹਿਂ ਦੱਖਨ ਦਿਸਾ ਵਰੈਂ[1]।
[1]ਦੱਖਣ ਦੀ ਦਿਸ਼ਾ ਵੱਲ।

ਨੌਰੰਗ ਥਾ ਗਯੋ ਮੁਹਿੰਮ ਪਰੈਂ[1] ॥ ੯ ॥
[1]ਜੰਗ ਉੱਪਰ।

ਇਕ ਸ਼ਹਰ ਹੈਦਰਾਬਾਦ ਜਹਾਂ।
ਵਡ ਦੁਰਗ ਗੋਲਕੁੰਡਾ[1] ਸੁ ਤਹਾਂ।
[1]ਗੋਲ ਕੁੰਡਾ ਨਾਮ ਦਾ ਕਿਲਾ।

ਤਹਿਂ ਤਾਨੇ ਸ਼ਾਹਿ ਨਰੇਸ਼ਹਿ ਸੋਂ।
ਨੌਰੰਗ ਥਾ ਲਰਤ ਹਮੇਸ਼ਹਿ ਸੋ ॥ ੧੦ ॥
ਇਕ ਭੀਮ ਚੰਦ ਨ੍ਰਿਪ ਕਹਿਲੂਰੀ।
ਪੁਨ ਦੂਸਰ ਭੂਪਤਿ ਹੰਡੂਰੀ।
ਸਭਿ ਰਾਜਨ ਕੇਰ ਵਜੀਰ ਲਏ।
ਚਲਿ ਤਹਾਂ ਪ੍ਰਾਪਤਿ ਜਾਇ ਭਏ ॥ ੧੧ ॥
ਇਨਿ ਨੌਰੰਗ ਪਾਸ ਪੁਕਾਰ ਕਰੀ।
ਨਿਜ ਸਿਰ ਤੈ ਪਾਗ ਉਤਾਰ ਧਰੀ ॥ ੧੨ ॥

ਦੋਹਰਾ:

ਬਾਦਸ਼ਾਹ ਢਿਗ ਹਾਲ ਨਿਜ,
ਭਾਖਯੋ ਬਿਹਬਲ ਹੋਇ।
ਜੋ ਤਿਨ ਕਹਯੋ ਵਿਥਾਰ ਕਰਿ[1],
[1]ਫੈਲਾ ਕੇ, ਵਧਾ ਕੇ।

ਕਹੋਂ ਤਨਕ[1] ਮੈਂ ਸੋਇ ॥ ੧੩ ॥
[1]ਥੋੜ੍ਹਾ ਜਿਹਾ।

ਚੌਪਈ:

ਗੁਰੁ ਨਾਨਕ ਇਕ ਭਯੋ ਫਕੀਰੂ।
ਦੇਸ ਪੰਜਾਬ ਮਾਂਹਿ ਬਡ ਧੀਰੂ।
ਤਿਸ ਗਾਦੀ ਪਰ ਦਸਮੀ ਠੌਰੈਂ।

ਬਡ ਆਕੜ ਖਾਂ ਬੈਠਜੋ ਔਰੈਂ ॥ ੧੪ ॥
ਨਾਮ ਗੁਬਿੰਦ ਸਿੰਘ ਬਡ ਬੰਕਾ।
ਅਪਨ ਬਜਾਯੋ ਚਹਿ ਜਗਿ ਡੰਕਾ[1]।
ਹਠੀ ਉਦਾਰ ਸੂਰਮਾ ਭਾਰੀ।
ਰਾਮ ਕ੍ਰਿਸ਼ਨ ਸਮ ਬਲੀ ਅਪਾਰੀ ॥ ੧੫ ॥
ਰੁਸਤਮ, ਭੀਮ, ਕਰਣ ਸਮ ਜੋਧਾ।
ਜਿਨਿ ਲਸ਼ਕਰ ਸ਼ਾਹੀ ਬਹੁ ਸੋਧਾ[1]।
ਮਾਖੋਵਾਲ[1] ਅਨੰਦਪੁਰਿ ਮੈਂ ਹੈ।

[1]ਧੌਂਸਾ।

[1]ਮਾਰ ਦਿੱਤਾ ਹੈ।

[1]ਅਨੰਦਪੁਰਿ ਵਾਲੀ ਥਾਂ ਤੇ ਵਸੀ ਪਹਿਲੀ ਅਬਾਦੀ ਦਾ ਨਾਮ ਮਾਖੋਵਾਲ ਸੀ।

ਰੋਪੜ ਸ਼ਹਰ ਨਜੀਕ ਰਹੈ ਹੈ ॥ ੧੬ ॥
ਰਚਜੋ ਪੰਥ ਇਕ ਤਿਸ ਨੈ ਭਾਰਾ।
ਹਿੰਦੂ ਤੁਰਕ ਦੁਹਿਨ ਤੈ ਨਜਾਰਾ।
ਨਾਮ ਖਾਲਸਾ ਤਿਸ ਕਾ ਧਰਜੋ।
ਦੇਸ ਪੰਜਾਬ ਬਹੁਤ ਬਿਸਤਰਜੋ[1] ॥ ੧੭ ॥
ਚੋਰ ਧਾੜਵੀ* ਜਗ ਮਹਿ ਜੇਤੇ।

[1]ਫੈਲ ਗਿਆ ਹੈ।

*ਪਹਾੜੀਏ ਅਨਹੋਣੀਆਂ ਗੱਲਾਂ ਕਰ ਰਹੇ ਹਨ, ਚੋਰ ਧਾੜਵੀ ਨਹੀਂ ਸਗੋਂ ਮਨਚਲੇ ਤੇ ਸੂਝਵਾਨ ਜੋਧੇ ਸਿੰਘ ਸਨ ਜੋ ਹਮੇਸ਼ਾਂ ਮਰ ਮਿਟਣ ਲਈ ਤਿਆਰ ਰਹਿੰਦੇ ਸਨ।

ਦੈ ਧਨ ਆਦਰ ਰਾਖਤ ਤੇਤੇ।
ਹਮਰਾ ਦੇਸ ਲੂਟ ਉਨਿ ਖਾਯਾ।
ਕਈ ਬਾਰ ਹਮ ਜੰਗ ਮਚਾਯਾ ॥ ੧੮ ॥
ਉਨ ਕੇ ਆਗੇ ਹਮਰੀ ਪੇਸ਼ੈਂ[1]।
ਰਣ ਮੈਂ ਚਲਤ ਨਹੀਂ ਇਕ ਲੇਸੈਂ[1]।
ਸੈਨਾ ਦਸ ਹਜਾਰ ਇਕ ਵਾਰੀ।
ਪਠੀ ਆਪ ਸੋ ਆਈ ਹਾਰੀ ॥ ੧੯ ॥
ਏਕ ਲਾਖ ਫਿਰ ਸੈਨਾ ਲੈ ਕੈ।
ਗਯੋ ਅਬੀ ਸੈਦੇ ਖਾਂ ਧੈ ਕੈ।
ਸੋ ਭੀ ਗੁਰੁ ਨੈਂ ਮਾਰ ਹਟਾਈ।
ਕਰ ਕੈ ਜੰਗ ਸੁ ਤੰਗ ਬਨਾਈ[1] ॥ ੨੦ ॥
ਲਖੀ ਨ ਜਾਤ ਗਤੀ ਤਿਸ ਕੇਰੀ[1]।
ਪੀਰ ਕਿਧੋਂ ਵਹਿ ਬੀਰ ਵਧੇਰੀ।
ਸਾਚੋ ਸ਼ਾਹਿ ਆਪ ਕਹਿਲਾਵੈ।

[1]ਵਾਹ, ਜ਼ੋਰ, ਬਲ।

[1]ਥੋੜ੍ਹੇ ਮਾੜ੍ਹ ਵੀ।

[1]ਦੁਖੀ ਕਰ ਦਿੱਤੀ।

[1]ਉਸ ਦੀ ਰੀਤੀ ਜਾਣੀ ਨਹੀਂ ਜਾਂਦੀ।

ਤੁਮ ਕੋ ਝੂਠੇ ਸ਼ਾਹਿ ਬਤਾਵੈ ॥੨੧॥
ਦੇਸ ਮਾਂਹਿ ਬਡ ਗਦਰ[1] ਮਚਾਯਾ। [1]ਹਲਚਲੀ, ਬਗ਼ਾਵਤ।
ਅਬਿ ਚਾਹਤ ਦਿੱਲੀ ਪਰ ਆਯਾ।
ਜਬਿ ਵਹਿ ਆਇ ਧਸੈਗੋ ਦਿੱਲੀ।
ਦੇਸ ਦੇਸ ਮੈਂ ਮਚ ਹੈ ਜਿੱਲੀ[1] ॥੨੨॥ [1]ਡੰਡਰੌਲੀ।
ਹਮਰੀ ਬਾਤ ਨ ਸਮਝੋ ਖਿੱਲੀ[1]। [1]ਹਾਸੀ।
ਬੰਦੋਬਸਤ ਕਰਿ ਲਿਹੁ ਬਿਨ ਢਿੱਲੀ।
ਸੁਨਿ ਹਵਾਲ ਸਭਿ ਨੌਰੰਗ ਸ਼ਾਹੈ।
ਕੋਪ ਹੋਇ ਅਧਿਕੈਂ ਮਨ ਮਾਹੈਂ ॥੨੩॥
ਦਿੱਲੀ ਦਿਸਾ ਸਰ੍ਹੰਦ ਲਹੌਰੈਂ।
ਜਾਰੀ ਕਰਿ ਫੁਰਮਾਨ ਸੁ ਗੌਰੈਂ[1]। [1]ਭਾਰੀ।
ਕਰਿ ਸਿਤਕਾਰ ਗਿਰੀਸਨ ਕੇਰਾ।
ਪੀਛੇ ਪਠੈ ਤਾਂਹਿ ਬਿਨ ਦੇਰਾ ॥੨੪॥
ਦਿਲੀ ਤੈ ਦਲ ਕਈ ਹਜ਼ਾਰਾਂ।
ਚੜ੍ਹੇ ਤੁਰਤ ਬਹੁ ਲੈ ਸਰਦਾਰਾਂ।
ਦਸ ਹਜਾਰ ਸਰ੍ਹੰਦਹੁੰ ਧਾਯਾ।
ਬੀਸ ਹਜ਼ਾਰ ਲਾਹੌਰੋਂ ਆਯਾ ॥੨੫॥
ਦਰੇ ਕੰਧਾਰੋਂ[1] ਅਯੋ ਬਿਅੰਤੈ। [1]ਕੰਧਾਰ ਦੇਰਸਤਿਓਂ, {ਦਰਾ=ਦੋ ਪਹਾੜਾਂ ਦੇ ਮੱਧ ਦਾ ਰਸਤਾ।}
ਜੰਗੀ ਸਾਜ ਸਕਲ ਸਲਤੰਤੈ[1]। [1]ਬਾਦਸ਼ਾਹੀ ਦਾ ਸਾਰਾ ਜੰਗੀ ਸਾਮਾਨ।
ਬਾਈ ਧਾਰਨ ਕੇ ਮਿਲਿ ਰਾਜੇ।
ਅਏ ਡੋਗਰੇ ਔਰ ਦਰਾਜੇ[1] ॥੨੬॥ [1]ਬਹੁਤੇ।
ਭੂਪਤਿ ਔਰ ਦੁਆਬੇ ਕੇਰੇ।
ਅਏ ਜਲੰਧ੍ਰੀਏ ਬਿਨੁ ਦੇਰੇ।
ਛੇੜਾਂ ਅਈਂ ਗ੍ਰਾਮਨ ਕੇਰੀਂ[1]। [1]ਪਿੰਡਾਂ ਦੀਆਂ ਛੇੜਾਂ ਆਈਆਂ {ਛੇੜ-ਪਿੰਡਾਂ ਤੋਂ ਸਰਕਾਰ ਵੱਲੋਂ ਹੁਕਮਨ ਮੰਗਵਾਇਆ ਆਦਮੀਆਂ ਦਾ ਟੋਲਾ।}
ਲਾਖੋਂ ਨਰ ਮਿਲ ਮਿਲਿ ਬਿਨ ਦੇਰੀ ॥੨੭॥
ਦੋਹਰਾ:
ਚਾਰ ਦਿਸਨ ਤੈ ਆਇ ਕਰਿ,
ਘੇਰਜੋ ਪੁਰਿ ਆਨੰਦ।
ਖਾਨ ਪਾਨ ਲੌ ਵਸਤੁ ਸਭਿ,

ਕਰੀ ਚੁਫੇਰਜੋਂ ਬੰਦ ॥੨੮॥
ਚੌਪਈ:
ਲੋਗ ਪੁਰੀ ਕੇ ਵਸਨੇ ਵਾਰੇ।
ਚਲੇ ਤਜਾਗ ਘਰ ਹੋਇ ਦੁਖਜਾਰੇ।
ਸ੍ਰੀ ਗੁਰੁ ਸਭਿ ਕੋ ਧੀਰਜ ਦੇਵੈਂ।
ਕੌਨ ਬਿਪਤਿ ਮਹਿਂ ਸੀਖਜਾ ਲੇਵੈ ॥੨੯॥
ਸਿੱਖ ਹਜਾਰ ਦਸਕ ਗੁਰੁ ਪਾਸੈਂ।
ਥਾ ਤਬਿ ਬੀਰ ਬਾਂਕੁਰੋ ਖਾਸੈਂ।
ਬਾਹਰ ਸੱਤ੍ਰੂਨ ਕਾ ਦਲ ਅਨਗਨ।
ਪਰਜੋ ਨਗਰ ਕੇ ਬਗਰ[1] ਕੋਪਿ ਮਨਿ ॥੩੦॥
ਇਕ ਦਿਨ ਫਿਰ ਗੁਰੁ ਨਿਜ ਦਲ ਲੈ ਕੈ।
ਪੁਰਿ ਬਾਹਰ ਨਿਕਸੇ ਬਲ ਕੈ ਕੈ।
ਜਾਇ ਮਦਾਨ ਬੀਚ ਬਡ ਜੰਗੈਂ।
ਪਾਇ ਦਯੋ ਤੁਰਕੀ ਦਲ ਸੰਗੈਂ ॥੩੧॥
ਮਨ ਮਹਿਂ ਸਤਿਗੁਰੁ ਯਹਿ ਠਹਰਾਈ।
ਸੂਰਨ ਕੀ ਅਬਿ ਸੂਰਮ ਤਾਈ।
ਵੀਚ ਮਿਦਾਨ ਠਾਨ ਰਣ ਠੀਕੇ।
ਕਰੀ ਪਰੀਛਜਾ ਚਹੀਏ ਨੀਕੇ ॥੩੨॥
ਯਹਿ ਜਬਿ ਸਾਰ[1] ਤੁਰਕ ਦਲ ਪਾਈ।
ਆਯੋ ਚਹੁੰ ਦਿਸ ਤੈ ਕਰਿ ਧਾਈ।
ਮਾਰੂ ਬਾਦ[1] ਬਜਾ ਕਰਿ ਨਾਨ੍ਹਾ।
ਆਹਵ ਘੋਰ[1] ਜੋਰ ਕਰਿ ਠਾਨਾ ॥੩੩॥

[1]ਸ਼ਹਿਰ ਦੇ ਚਾਰ ਚੁਫੇਰੇ।
[1]ਖ਼ਬਰ।
[1]ਜੰਗੀ ਵਾਜੇ।
[1]ਭਿਆਨਕ ਜੰਗ।

ਸ੍ਵੈਯਾ:
ਕਾਰੀ[1] ਘਟਾ ਸਮ ਆਵਤ ਭੇ,
ਦਿਸ ਚਾਰਨ ਤੇ ਉਮਡੇ ਬਲਕਾਰੀ[1]।
ਕਾਰੀ ਪੁਸ਼ਾਕ ਸਜੀ ਸਭ ਕੇ ਅੰਗ,
ਜੰਗ ਮਚਾਵਨ ਕੇ ਹਿਤਕਾਰੀ[1]।
ਕਾਰੀ ਏ ਬੂੰਦ ਸੋ ਬਾਨ ਬਰੱਸਤ,
ਤੇਗਹਿਂ ਦਾਮਨਿ ਸੀ ਦਮਕਾਰੀ[1]।

[1]ਕਾਲੀ।
[1]ਬਲਵਾਨ ਉੱਛਲ ਕੇ ਆਏ।
[1]ਹਿਤ ਕਰਨ ਵਾਲੇ।
[1]ਬੂੰਦਾਂ ਵਾਂਗ {ਕਾਰੀ} ਬਹੁਤੇ ਤੀਰ ਵਰ੍ਹਦੇ ਹਨ ਤੇ ਤਲਵਾਰਾਂ ਬਿਜਲੀ ਵਾਂਗ ਚਮਕਦੀਆਂ ਹਨ।

ਕਾਰੀਪਤੀ ਗੁਰੁ ਗੋਬਿੰਦ ਸਿੰਘ ਜੂ,
ਜੁੱਧ ਭਜਾਨਕ ਕੀਨੋ ਹੈ ਕਾਰੀ[1] ॥ ੩੪ ॥

[1]ਕਾਲੀ ਨਾਗ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ {ਕਾਰੀ} ਬਹੁਤਾ ਭਿਆਨਕ ਜੰਗ ਕੀਤਾ।

ਕਾਰੀ ਦੈ ਤਾਰੀ ਅਪਾਰੀ ਨਚੈ,
ਗਨ ਭੈਰਵ ਭੂਤ ਤਚੈਂ ਕਿਲਕਾਰੀ[1]।

[1]ਕਾਲੀ ਦੇਵੀ ਤਾੜੀ ਮਾਰ ਕੇ ਬਹੁਤ ਨੱਚਦੀ ਹੈ ਅਤੇ ਬਹੁਤੇ ਭੈਰੋਂ ਤੇ ਭੂਤ ਚੀਕਾਂ ਮਾਰਦੇ ਹਨ।

ਕਾਰੀ ਸੁ ਕਾਕਨ ਡਾਰੀ ਅਚੈਂ ਪਲ,
ਸ੍ਵਾਨ ਸਿਆਲ ਬੱਚੇ ਉਮਕਾਰੀ[1]।

[1]ਕਾਲੇ ਕਾਵਾਂ ਦੀਆਂ ਡਾਰਾਂ ਮਾਸ ਖਾਂਦੀਆਂ ਹਨ, ਕੁੱਤਿਆਂ ਤੇ ਗਿੱਦੜਾਂ ਦੇ ਬੱਚੇ ਉਛਲਦੇ ਹਨ।

ਕਾਰੀ ਸੋ ਆਂਤ ਲੈ ਜੋਗਨਿ ਉੱਡਤ,
ਭੂਤ ਗਹੈਂ ਇਤ ਖੇਤ ਮਝਾਰੀ[1]।

[1]ਚੰਗੀਆਂ ਆਂਦਰਾਂ ਲੈ ਕੇ ਜੋਗਣੀਆਂ ਉਡਦੀਆਂ ਹਨ, ਭੂਤ ਇਸ ਜੰਗ ਮੈਦਾਨ 'ਚ ਪਕੜਦੇ ਭਾਵ ਹੇਠ ਨੂੰ ਖਿਚਦੇ ਹਨ।

ਝਾਰੀ ਖਿਲਾਰੀ ਮਨੋ ਸਿਸ ਖੇਲਤ,
ਚਾਰੀ ਗੁਡੀ ਗਨ ਲੈ ਨਭ ਚਾਰੀ[1] ॥ ੩੫ ॥

[1]ਜਾਣੋ ਸਾਰੇ ਖਿਲਾੜੀ ਬਾਲ ਖੇਲਦੇ ਹਨ (ਉਨ੍ਹਾਂ ਨੇ) ਸੁੰਦਰ ਗੱਡੀਆਂ ਲੈ ਕੇ ਬਹੁਤੀਆਂ ਅਕਾਸ਼ ਵਿੱਚ ਚਾੜ੍ਹੀਆਂ ਹਨ।

ਚਾਰੀ ਚਹੂੰਘਾ ਚਪੈਂ ਚਿਤ ਸੋਂਪ ਸੋਂ,
ਚੀਨ ਚਿਤੌਨ ਚਿਤੈਂ ਚਖੁ ਚਾਰੀ[1]।

[1]{ਚਾਰੀ} ਪੈਦਲ ਸਿਪਾਹੀ ਚਹੁੰ ਪਾਸੀਂ ਚਿੱਤ ਦੇ ਉਤਸ਼ਾਹ ਨਾਲ {ਚਪੈਂ} ਖਿਝ ਕੇ {ਚਾਰੀ} ਸੁੰਦਰ {ਚਖ} ਨੇਤ੍ਰਾਂ ਦੀ {ਚਿਤੌਣ} ਦ੍ਰਿਸ਼ਟੀ ਨਾਲ {ਚਿਤੈਂ} ਦੇਖ ਕੇ {ਚੀਨ} ਪਛਾਣਦੇ ਹਨ।

ਚਾਰੀ ਭੌਹੈਂ ਸੋਹੈਂ ਬੀਰ ਨਿਹਾਰਤ,
ਮਾਰਤ ਏਕਹਿ ਬਾਰ ਕਰਵਾਰੀ[1]।

[1]ਭੌਹਾਂ ਚੜ੍ਹਾ ਕੇ ਸਾਹਮਣੇ ਸੂਰਮੇ ਦੇਖਦੇ ਹਨ, ਇੱਕੋ ਵਾਰ ਤਲਵਾਰ ਮਾਰਦੇ ਹਨ।

ਵਾਰੀ ਬਿਨਾ ਇਕ ਬਾਰਹਿ ਜੂਝਿ[1],
ਮਿਲੈ ਬਰ ਬੀਰ ਮਨੋ ਮਿਤ ਭਾਰੀ।
ਭਾਰੀ ਸਰੂਪ ਭਰੀ ਸੁ ਪਰੀ,
ਮੁਦ ਧਾਰ ਵਰੈਂ ਤਿਹਂ ਤਜਾਗ ਅਵਾਰੀ[1] ॥ ੩੬ ॥

[1]ਬਿਨਾ ਵਾਰੀ ਤੋਂ ਇੱਕੋ ਵਾਰੀ ਹੀ ਸ਼ਹੀਦ ਹੋ ਜਾਂਦੇ ਹਨ।
[1]ਬਹੁਤੇ ਸਰੂਪ ਨਾਲ ਭਰੀਆਂ ਹੋਈਆਂ ਅਨੰਦ ਧਾਰ ਕੇ ਉਨ੍ਹਾਂ ਸੂਰਮਿਆਂ ਨੂੰ ਦੇਰੀ ਛੱਡ ਕੇ ਵਰਦੀਆਂ ਹਨ।

ਵਾਰੀ ਜੱਯੇ ਅਸ ਆਹਵ[1] ਕੇ,
ਭਟ ਭੂਰ ਭਿਰੈਂ ਸਿੰਘ ਸੇ ਭਬਕਾਰੀ[1]।
ਕਾਰੀਗਰੀ ਦਿਖਰਾਵਤ ਜੰਗ,
ਗਰੱਜ ਗਰੱਜ ਤਰੱਜ ਹਕਾਰੀ[1]।
ਕਾਰੀ ਭਵੈ[1] ਜ਼ਖਮੀਨਨ ਕੀ,
ਬਹੁ ਪਿਜਾਇ ਸ਼ਰਾਬ ਖੁਵਾ ਤਰਕਾਰੀ[1]।

[1]ਜੰਗ।
[1]ਸ਼ੇਰ ਵਾਂਗ ਭਬਕ ਮਾਰ ਕੇ ਬਹੁਤੇ ਸੂਰਮੇ ਭਿੜਦੇ ਹਨ।
[1]ਤਾੜ ਕੇ ਬੁਲਾਉਂਦੇ ਹਨ।
[1]ਇਲਾਜ ਹੁੰਦਾ ਹੈ।
[1]ਸਬਜੀ ਭਾਵ ਮਾਸ।

ਕਾਰੀ ਡਕਾਰੀ ਡਕਾਰੀ ਚਲੇ,
ਬਹੁ ਤੋਪ ਜੰਬੂਰ ਜੰਜੈਲ ਅਪਾਰੀ[1] ॥ ੩੭ ॥

[1]ਬਹੁਤੀਆਂ ਤੋਪਾਂ, ਛੋਟੀਆਂ ਤੋਪਾਂ ਤੇ ਬਹੁਤੀਆਂ ਲੰਬੀਆਂ ਬੰਦੂਕਾਂ {ਕਾਰੀ} ਬਹੁਤੀਆਂ {ਡਕਾਰੀ ਡਕਾਰੀ} ਗੱਜ ਗੱਜ ਕੇ ਚਲਦੀਆਂ ਹਨ।

ਆਹਵ ਘੋਰ[1] ਮਚਜੋ ਚਹਂ ਓਰ,
ਭਿਰੈਂ ਭਟ ਜੋਰ ਮਰੋਰ ਵਿਸਾਰੀ[1]।
ਸਾਰੀ ਧਰਾਰਤ ਸੋਂ ਭਰਗੀ,
ਅਤਿ ਕੀਚ ਮਚਜੋ ਪਗ ਨਾਹਿਂ ਚਲਾਰੀ।
ਮਾਰਹਿ ਮਾਰ ਪੁਕਾਰਤ ਹੈਂ,
ਸਮ ਸ਼ੇਰ ਪਰੈਂ ਸ਼ਮਸ਼ੇਰ ਉਭਾਰੀ[1]।
ਸ੍ਰੋਣਤ ਸੰਗ ਭਿਗੇ ਸਭ ਅੰਗ,
ਸੁਰੰਗ ਭਏ ਜਨੁ ਫਾਗ ਖਿਲਾਰੀ[1] ॥ ੩੮ ॥

[1]ਭਿਆਨਕ ਜੰਗ।
[1]ਆਕੜ ਛੱਡ ਕੇ।
[1]ਸ਼ੇਰ ਵਾਂਗ ਪੈਂਦੇ ਹਨ ਤਲਵਾਰ ਉੱਗ੍ਰ ਕੇ।
[1]ਜਾਣੋ ਹੋਲੀ ਦੇ ਖਿਡਾਰੀ ਹਨ।

ਸੂਲ[1] ਛੁਰੀ ਬਰਛੀ ਕਿਤ ਖੰਜਰ,
ਤੋਮਰ[1] ਸੈਫ[2] ਸਿਰੋਹੀ[3] ਦੁਧਾਰੀ।

[1]ਤ੍ਰਿਸੂਲ।
[1]ਬਰਛਾ। [2]ਸਿੱਧੀ ਤਲਵਾਰ। [3]ਰਾਜਪੂਤਾਨੇ ਦੇ ਸ਼ਹਿਰ ਸਿਰੋਹੀ 'ਚ ਬਣੀ ਹੋਈ ਤਲਵਾਰ।

ਚੱਕ੍ਰ ਬੱਕ੍ਰ[1] ਚਾਰੁ ਗਦਾ,
ਪਰਸੇ[1] ਕਿਤ ਗੋਫਨ[2] ਦੰਡ ਅਪਾਰੀ।
ਲੈ ਕਰ ਮੈਂ ਇਤਜਾਦਿਕ ਆਯੁਧ,
ਛੋਭ ਛਕੇ[1] ਸਭਿ ਬੀਰ ਉਦਾਰੀ।
ਹੋਨ ਸ਼ਹੀਦ ਦੁਹੂੰ ਦਿਸ ਚਾਹਿਤ,
ਦੀਨ ਮਜ਼ੱਬ ਕਾ ਜੁੱਧ ਵਿਚਾਰੀ ॥ ੩੯ ॥

[1]ਟੇਢੇ (ਗੋਲ) ਚੱਕ੍ਰ।
[1]ਕੁਹਾੜੇ। [2]ਕਿਤੇ ਗੋਪੀਏ।
[1]ਗੁੱਸੇ 'ਚ ਭਰੇ ਹੋਏ।

ਬਾਰਹਿ ਬਾਰ ਪਰੈਂ ਲਲਕਾਰ,
ਲਰੈਂ ਬਲ ਧਾਰ ਨ ਅੰਗ ਸੰਭਾਰੇਂ।
ਏਕ ਦਿਸਾ ਬਰ ਸਿੰਘ ਬਲੀ,
ਪੁਨ ਮੁੱਸਲਮਾਨ ਦਿਸਾ ਇਕ ਭਾਰੇ।
ਜੰਗ ਮਚਜੋ ਜੁਗ ਜਾਮ[1] ਮਹਾਂ,
ਤਬਿ ਨਾਹਿਂ ਦੁਹੂੰ ਦਿਸ ਤੈ ਜੁਗ ਹਾਰੇ।
ਮਾਰਿ ਸਥਾਰ[1] ਅਪਾਰ ਕਰਜੋ,
ਜਿਮ ਜ੍ਵਾਰ ਕ੍ਰਿਸਾਨ ਕਟੈ ਖਲਵਾਰੇ[1] ॥ ੪੦ ॥

[1]ਦੋ ਪਹਿਰ।
[1]ਸੱਥਰ।
[1]ਢੇਰ ਲਾ ਦੇਂਦਾ ਹੈ।

ਸੂਰਨ ਕੇ ਮੁਖ ਨੂਰ[1] ਰਹਜੋ ਚੜ੍ਹ,
ਕੂਰਨ ਕੈ[1] ਮੁਖ ਧੂਰ ਉਡਾਨੀ।

[1]ਲਾਲੀ।
[1]ਕਾਇਰਾਂ ਦੇ।

ਸਿੰਘ ਗੁਰੂ ਗੁਰੁ ਨਾਮ ਉਚਾਰਤ,
ਯਾ ਅਲੀ ਯਾ ਅਲੀ ਮੁੱਸਲਮਾਨੀ।
ਬੀਰ ਦੁਹੂੰ ਦਿਸ ਤੈ ਵਡ ਧਿੰਗ[1],
ਉਮੰਗ ਨਿਸ਼ੰਗ ਲਰੈਂ ਬਲ ਠਾਨੀ।
ਸਾਰ ਸੋਂ ਸਾਰ[1] ਅਪਾਰ ਬਜਾਜੋ,
ਜਿਮ ਘਾੜ[1] ਠਠਜਾਰ ਘੜੈਂ ਬਹੁ ਬਾਨੀ[2] ॥ ੪੧ ॥

[1]ਜ਼ੋਰਾਵਰ।

[1]ਸ਼ਸਤ੍ਰ ਨਾਲ ਸ਼ਸਤ੍ਰ।

[1]ਭਾਂਡੇ। [2]ਬਹੁਤ {ਬਾਨੀ} ਵੰਨੀਆਂ (ਕਿਸਮਾਂ) ਦੇ।

ਸ੍ਰੋਣਤ ਕੀ ਸਰਤਾ[1] ਸੁ ਚਲੀ ਬਹਿ,
ਮੇਦਰੁ ਮਾਸ ਕਾ ਕੀਚ ਸ੍ਰੂਛੀ[1]।
ਪੰਕਜ ਨੇਤ੍ਰ ਲਾਲ ਬਿਸਾਲ,
ਸਿਵਾਲ ਸੇ ਬਾਲ ਪਰੇ ਬਹੁ ਕੱਛੀ[1]।

[1]ਨਦੀ।

[1]ਮਿੱਝ ਤੇ ਮਾਸ ਦਾ ਚੰਗਾ ਚਿੱਕੜ।

[1]ਬਹੁਤੇ ਲਾਲ ਨੇਤ੍ਰ ਲਾਲ ਕੰਵਲਾਂ ਵਾਂਗ ਤੇ ਵਾਲ ਜਾਲੇ ਵਾਂਗ ਬਹੁਤ {ਕੱਛੀ} ਸਜ ਰਹੇ ਹਨ।

ਕੱਛਪ ਢਾਲ ਅਲਾਤ ਸੁ ਚੱਕ੍ਰ,
ਸੈਹਥੀ ਸੇਲ ਸੁ ਸਾਂਪ ਬਿਲੱਛੀ[1]।

[1]ਢਾਲਾਂ ਕਛੂ ਕੁੰਮੇ ਹਨ, ਚੱਕ੍ਰ (ਅਲਾਤ) ਘੁੰਮਣ ਘੇਰੀਆਂ ਹਨ, ਬਰਛੀਆਂ ਤੇ ਨੇਜੇ (ਬਿਲੱਛੀ) ਅਜੀਬ ਤਰ੍ਹਾਂ ਦੇ ਸੱਪ ਹਨ।

ਝਾਗ ਸੀ ਮਿੰਝ ਹੁਬਾਬ ਸੇ ਲੋਚਨ,
ਸੱਥਲ ਹੱਥ ਤਲੱਫਤ ਮੱਛੀ[1] ॥ ੪੨ ॥

[1]ਮਿੱਝ ਝੱਗ ਵਰਗੀ ਹੈ ਨੇਤ੍ਰ {ਹਬਾਬ} ਬੁੱਲਬਲਿਆਂ ਵਰਗੇ ਹਨ, {ਸੱਥਲ} ਪੱਟ ਤੇ ਹੱਥ ਮੱਛੀਆਂ ਵਾਂਗ {ਤਲੱਫਤ} ਤੜਫਦੇ ਹਨ।

ਬਹੁ ਗੱਜਨ ਸਿੰਘਨ ਜਜੋਂ ਬਰ ਸਿੰਘਨ,
ਲੱਜ ਨ ਧਿੰਗ ਵਲੀ ਲਰਤੇ[1]।

[1]ਸਿੰਘ ਬਹੁਤੇ ਗਜਦੇ ਹਨ ਜਿਵੇਂ (ਬਰ ਸਿੰਘਨ) ਬੱਬਰ ਸ਼ੇਰ ਹੁੰਦੇ ਹਨ, ਲੱਜਿਆ ਨਹੀਂ ਕਰਦੇ {ਧਿੰਗ} ਜ਼ੋਰ ਨਾਲ (ਵਲੀ) ਸੂਰਮੇ ਲੜਦੇ ਹਨ।

ਡਰਤੇ ਨਹਿਂ ਕੱਜਨ ਢਾਲਨ ਸੋਂ ਮੁਖ,
ਰੱਜਨ ਨਾ, ਅਰਿ ਕੋ ਹਰਤੇ[1]।

[1]ਡਰਦੇ ਹੋਏ ਢਾਲਾਂ ਨਾਲ ਮੂੰਹ ਨਹੀਂ ਢਕਦੇ ਵੈਰੀਆਂ ਨੂੰ ਮਾਰਦੇਰੱਜਦੇ ਨਹੀਂ।

ਕਰਤੇ ਨਹਿਂ ਭੱਜਨ ਜੁੱਧ ਕ੍ਰੁੱਧਤ,
ਉੱਧਤ ਹੋਇ ਅਰੈਂ ਬਰਤੇ[1]।

[1]ਭੱਜਦੇ ਨਹੀਂ, ਕ੍ਰੋਧ ਨਾਲ ਜੰਗ ਕਰਦੇ ਹਨ, ਉਛਲਦੇ ਹੋਏ ਵੈਰੀਆਂ ਨੂੰ (ਬਰਤੇ) ਵਲਦੇ ਭਾਵ ਘੇਰਦੇ ਹਨ।

ਮਰਤੇ ਨਹਿਂ ਮਾਰੇ ਬਿਨਾ ਦਸ ਬੀਸਨ,
ਖੀਸ ਨ ਸੀਸ ਕਟਾ ਧਰ ਤੇ[1] ॥ ੪੩ ॥

[1]ਧੜ ਨਾਲੋਂ ਸਿਰ ਕਟਾਉਣ ਤੋਂ (ਖੀਸ ਨ) ਲੱਜਾ ਨਹੀਂ ਕਰਦੇ। {ਖੀਸ- ਲੱਜਾ, ਸ਼ਰਮ।}

ਬੱਜਤ ਦੁੰਦਭਿ ਦੀਹ[1], ਹਠੀ ਸਿੰਘ
ਭੱਜਤ ਲੈ ਲੈ ਨਿਸ਼ਾਨ ਅਗਾਹਾਂ।

[1]ਵੱਡੇ ਧੌਂਸੇ।

ਤੱਜਤ ਨਾ[1] ਵਹਿ ਠੌਰ ਕਬੀ ਫਿਰ,
ਪਾਵਤ ਨਾ ਇਕ ਪੈਰ ਪਿਛਾਹਾਂ।
ਕਰਿ ਕੈ ਇਕ ਬਾਰਹਿ ਬਾਰ ਦੁਹੂੰ ਦਿਸ[1],
ਜੂਝਤ ਬੀਰ ਜਨੰਮ ਲੈ ਲਾਹਾ।
ਮਾਨਹੁ ਮੋਖ ਨਿਧੀ ਹਿਤ ਲੂਟਤ[1],
ਜੂਟਤ[1] ਬੀਚ ਪਸਾਰ ਕੈ ਬਾਂਹਾਂ ॥੪੪॥
ਪਿਖ ਕੈਰਣ ਕੌ ਗੁਰੁ ਮੋਦ ਭਏ,
ਫਿਰ ਮੱਦਤ ਸਿੰਘਨ ਕੀ ਬਡ ਕੀਨੀ।
ਗਹਿ ਪਾਨ ਕਮਾਨ[1] ਮਹਾਨ ਗੁਰੂ,
ਤਬਿ ਬਾਨਨ ਕੀ ਬਰਖਾ ਕਰ ਦੀਨੀ।
ਮਾਰ ਘਨੇ ਤੁਰਕੀ ਸਰਦਾਰ,
ਸੁਟੇ ਧਰ ਪੈ[1] ਦਰਪੈ ਦਰ ਖੀਨੀ[2]।

ਦੂਰ ਹਟਾਇ ਦਈ ਧੁਜਨੀ ਅਰਿ ਕੀ[1],
ਕਰਿ ਘਾਇਲ[1] ਔ ਬਲ ਹੀਨੀ ॥੪੫॥

ਦੋਹਰਾ:
ਲੈ ਨਿਜ ਦਲ ਗੁਰੁ ਪੁਰਿ ਵਿਖੇ,
ਧਸੇ ਆਪ ਫਿਰ ਆਇ।
ਪੇਖਿ ਗਿਰਪਤੀ ਤੁਰਕ ਸਭਿ,
ਰਹੇ ਅਧਿਕ ਬਿਸਮਾਇ ॥੪੬॥
ਜ਼ਖਮੀ ਸਿੰਘਨ ਕੇ ਤਈਂ
ਸਾਲ ਪੱਤ੍ਰ[1] ਬੰਧਵਾਇ।
ਦਯਾ ਦ੍ਰਿਸ਼ਟਿ ਅਵਲੋਕ ਕੈ,
ਰਾਜੀ ਕਰੇ ਤਦਾਇ ॥੪੭॥

ਚੌਪਈ:
ਕਿਤਿਕ ਦਿਵਸ ਯੌਂ ਰਹੀ ਲਰਾਈ।
ਰਹੇ ਗਿਰੀਸ ਤੁਰਕ ਬਲ ਲਾਈ।
ਗਢ ਅਨੰਦਪੁਰਿ ਕਾ ਨਹਿਂ ਤੂਟਜੋ।
ਬਲ ਤੁਰਕੀ ਦਲ ਕਾ ਸਭ ਹੂਟਜੋ[1] ॥੪੮॥
ਫੇਰ ਗਿਰੀਸਨ ਛਲ ਮਨ ਠਾਨਾ।

[1]ਛੱਡਦੇ ਨਹੀਂ।
[1]ਦੁਹਾਂ ਪਾਸਿਆਂ ਤੋਂ ਇੱਕੋ ਵਾਰ ਵਾਰ ਕਰਕੇ।
[1]ਜਾਣੋ ਮੁਕਤੀ ਦਾ {ਨਿਧੀ} ਖ਼ਜ਼ਾਨਾ ਹਿਤ ਨਾਲ ਲੁਟਦੇ ਹਨ।
[1]ਜੁਟਦੇ ਹਨ, ਟੱਕਰਦੇ ਹਨ।
[1]ਹੱਥ 'ਚ ਕਮਾਣ ਫੜ ਕੇ।
[1]ਧਰਤੀ ਉੱਤੇ। [2]{ਦਰ} ਦਲ ਦਾ {ਦਰਪੈ} ਹੰਕਾਰ (ਖੀਨੀ) ਨਾਸ ਕਰ ਦਿੱਤਾ।
[1]ਵੈਰੀ ਦੀ ਫ਼ੌਜ।
[1]ਜ਼ਖ਼ਮੀ।
[1]ਸਾਲ ਦਰੱਖ਼ਤ ਦੇ ਪੱਤੇ।
[1]ਰਹਿ ਗਿਆ।

ਯੌਂ ਲਿਖਿ ਗੁਰੁ ਢਿਗ ਪਠਯੋ ਮਹਾਨਾ।
ਹਮ ਤੁਮ ਸੰਗ ਸਪਤ[1] ਅਬਿ ਕਰਿ ਹੈਂ। [1]ਕਸਮ, ਸਹੁੰ।
ਸਾਲ ਗ੍ਰਾਮ[1] ਬੀਚ ਮਹਿਂ ਧਰ ਹੈਂ ॥ ੪੯ ॥ [1]ਠਾਕੁਰ।
ਜੇ ਹਮ ਤੁਮ ਸੋਂ ਛਲ ਅਬਿ ਠਾਨੈਂ।
ਬੰਸ ਹਮਾਰ ਭਵੈ ਤਬਿ ਹਾਨੈ।
ਅਰ ਤੁਰਕਨ ਕੇ ਸਭਿ ਸਰਦਾਰੈਂ।
ਕਸਮ ਕੁਰਾਨ ਉਠਾਇ ਹਜਾਰੈਂ ॥ ੫੦ ॥
ਲਿਖਾ ਸ਼ਾਹਿ ਕਾ ਦਯੋ ਮੰਗਾਏ।
ਅਹਿਦ ਪਿਮਾਨ ਕਰੇ ਇਸ ਭਾਏ[1]। [1]ਇਸ ਤਰ੍ਹਾਂ ਪ੍ਰਣ ਕਰ ਲਏ।
ਤੁਮ ਅਬਿ ਤਜਿ ਯਹਿ ਪੁਰਿ ਆਨੰਦੈਂ।
ਜਾਹੁ ਅਨਤ ਕਿਤ ਦੇਸ ਅਮੰਦੈਂ[1] ॥ ੫੧ ॥ [1]ਛੇਤੀ।
ਜਾਨ ਮਾਲ ਲੈ ਜਾਹੁ ਸਲਾਮਤ[1]। [1]ਸੁਖ ਅਨੰਦ ਨਾਲ।
ਹਮ ਨਹਿਂ ਕਰੈਂ ਤੁਮਾਰੀ ਖਜਾਨਤ[1]। [1]ਬੇਈਮਾਨੀ, ਚੋਰੀ।
ਇਤਜਾਦਿਕ ਬਹੁ ਤਿਨ ਕੀ ਕਸਮਾਂ।
ਸੁਨਿ ਗੁਰੁ ਬੋਲੇ ਜਗ ਕੇ ਖਸਮਾਂ ॥ ੫੨ ॥
ਚਾਹਿਤ ਦੁਸ਼ਮਨ ਦਗਾ ਸੁ ਕਰਨੋ।
ਹਮ ਵਿਸਾਹੁ ਕਬਿ ਇਨ ਕਾ ਧਰਨੋ।
ਹਮ ਇਨਿ ਸੰਗ ਜੰਗ ਬਹੁ ਕਰਿ ਕੈ।
ਮਾਰਹਿ ਮਰਹਿਂ ਮੋਦ ਮਨਿ ਧਰ ਕੈ ॥ ੫੩ ॥
ਯਾ ਬਿਧਿ ਬਚਨ ਗੁਰੂ ਕੇ ਸੁਨ ਕੈ।
ਭਏ ਸਿੰਘ ਸੂਰੇ ਮੁਦ ਗੁਨ ਕੈ[1]। [1]ਸਿੰਘ ਸੂਰਮੇ ਵਿਚਾਰ ਕੇ ਅਨੰਦ ਹੋਏ।
ਕੱਚੇ ਸਿੱਖ ਮਸੰਦ ਡਰਾਰੇ[1]। [1]ਡਰ ਗਏ।
ਗੁਰੁ ਜਨਨੀ ਢਿਗ ਜਾਇ ਪੁਕਾਰੇ ॥ ੫੪ ॥
ਅਹੋ ਮਾਤ ਜੀ ਤੁਮ ਸਮਝਾਵੋ।
ਪੁਰਿ ਅਨੰਦ ਗੁਰੁ ਤੈ ਤਜਵਾਵੋ।
ਨਹੀਂ ਤ ਹਮ ਤੁਮ ਸਭਿ ਇਸ ਠੌਰੈਂ।
ਮਰ ਹੈਂ ਆਜ ਕਾਲ ਇਸ ਤੌਰੈਂ ॥ ੫੫ ॥
ਕੁਛ ਭੂਖੇ ਕੁਛ ਬੀਚ ਲਰਾਈ।
ਮਰ ਜੈਹੈਂ ਅਬਿ ਸਬਿ ਬਿਨ ਆਈ।
ਚਹੁੰ ਦਿਸ ਦੁਸ਼ਮਨ ਘੇਰਿ ਥਿਰਾਏ[1]। [1]ਘੇਰੀ ਬੈਠੇ ਹਨ।

ਅੰਨ ਘਾਸ ਕਿਛੁ ਆਨ ਨ ਪਾਏ[1] ॥ ੫੬ ॥
ਘਾਸ ਅੰਨ ਪੁਰਿ ਮੈਂ ਥਾ ਜੋਈ।
ਗਯੋ ਨਿਖੂਟ ਕਰੈ ਕਜਾ ਕੋਈ।
ਧਨ ਗੁਰੁ ਘਰ ਜੋ ਹੁਤੋ ਅਪਾਰੀ।
ਪ੍ਰਥਮ ਸੁਟਜੋ ਗੁਰੁ ਨਦੀ ਮਝਾਰੀ ॥ ੫੭ ॥
ਭੂਖ ਦੂਖ ਕਰਿ ਹੋਇ ਦੁਖਜਾਰੇ।
ਪੁਰਿ ਤਜ ਕਰਿ ਜਨ ਗਏ ਅਪਾਰੇ।
ਬਿਨਾ ਅੰਨ ਸਿਖ ਭੂਖੇ ਮਰ ਹੈਂ।
ਬਿਨ ਭੋਜਨ ਕਹੁ ਕਬਿ ਲੌ ਲਰ ਹੈਂ ॥ ੫੮ ॥
ਮੁਸ਼ਟਿ ਮੁਸ਼ਟਿ ਭਰ ਚਨੇ[1] ਮਿਲਤ ਹੈਂ। [1]ਮੁੱਠ ਮੁੱਠ ਭਰ ਛੋਲੇ।
ਕਬੀ ਕਬੀ ਸੋ ਵਹੀ ਗਿਲਤ ਹੈਂ[1]। [1]ਉਹ ਸਿੰਘ ਉਹੀ (ਛੋਲੇ) ਖਾਂਦੇ ਹਨ।
ਅਬਿ ਤੋ ਦੁਸ਼ਮਨ ਰਸਤਾ ਦੈਹੈ।
ਨਾਹੱਕ[1] ਗੁਰੁ ਹਠ ਠਾ ਨਰਹੈ ਹੈਂ ॥ ੫੯ ॥ [1]ਐਵੇਂ ਹੀ।
ਕਹਤ ਗਿਰੀਸ[1] ਤੁਰਕ ਅਬਿ ਜੋਈ। [1]ਪਹਾੜੀ ਰਾਜੇ।
ਚਹੀਏ ਕਰਨੀ ਗੁਰੁ ਕੋ ਸੋਈ।
ਸੁਖ ਸੋਂ ਸਭਿ ਸਮਾਜ ਨਿਜ[1] ਲੈ ਕੈ। [1]ਆਪਣਾ ਸਾਮਾਨ।
ਬਸੀਏ ਦੇਸ ਮਾਲਵੇ ਜੈ ਕੈ ॥ ੬੦ ॥
ਜੇਤਿਕ ਰਾਜ ਗੁਰੂ ਕੌ ਚਹੀਏ।
ਬਿਨਾ ਕਲੇਸ਼ ਤਿਤਿਕ ਤਹਿਂ ਲਹੀਏ।
ਹੈ ਵਹਿ ਗੁਰੁ ਸਿੱਖਨਿ ਕਾ ਦੇਸੂ।
ਤਹਾਂ ਨ ਬਜਾਪੈ ਕਬੀ ਕਲੇਸੂ ॥ ੬੧ ॥
ਕਜਾ ਕੁਛ ਧਰਜੋ ਏਸ ਪੁਰਿ ਮਾਹੀਂ।
ਸਹਤ ਕਲੇਸ਼ ਹਮੇਸ਼ ਜਹਾਂ ਹੀ।
ਪੂਤ ਪਰਾਏ ਸਿੱਖ ਜੁ ਆਏ।
ਨਾਹਕ ਗੁਰੁ ਇਨਿ ਕੋ ਮਰਵਾਏਂ ॥ ੬੨ ॥
ਕਹਯਾ ਕਿਸੀ ਕਾ ਜਰਾ ਨਾ ਮਾਨੈ।
ਗੁਰੂ ਹਠੀਲਾ ਅਤਿ ਹਠ ਠਾਨੈ।
ਤੁਮ ਅਪਨੇ ਅਬਿ ਨਿਕਟਿ ਹਕਾਰੋ[1]। [1]ਬੁਲਾਵੋ।
ਸਮਝਾਵਹੁ ਜਜੋਂ ਸਮਝੈ ਭਾਰੋ ॥ ੬੩ ॥
ਨਹੀਂ ਤਾ ਪੁਰਿ ਅਨੰਦ ਯਹਿ ਸਬਿ ਹੀ।

ਕਤਲ ਹੋਇ ਹੈ ਇਕ ਦਿਨ ਅਬਿ ਹੀ।
ਇਤਜਾਦਿਕ ਭਜਾਨਕ ਬਹੁ ਬਾਨੀ।
ਮਾਤਾ ਪਾਸ ਮਸੰਦਨਿ ਭਾਨੀ[1] ॥ ੬੪ ॥ [1]ਮਸੰਦਾਂ ਨੇ ਕਹੀ।
ਸੁਨਿ ਮਾਤਾ ਨੈ ਗੁਰੂ ਹਕਾਰੇ।
ਆਇ ਬੰਦਨਾ ਕਰੀ ਸਕਾਰੇ[1]। [1]ਸਵੇਰੇ।
ਬਚਨ ਮਸੰਦਨਿ ਜਿਤਿਕ ਸੁਨਾਏ।
ਗੁਰੁ ਜਨਨੀ ਨੈ[1] ਗੁਰੁ ਢਿਗ ਗਾਏ ॥ ੬੫ ॥ [1]ਮਾਤਾ ਗੂਜਰੀ ਜੀ ਨੇ।

ਦੋਹਰਾ:
ਸੁਨਿ ਕਰਿ ਗੁਰੁ ਪੁਨ ਗੁਨਿ ਕਹਜੋ,
ਸੁਨੋ ਮਾਤ ਮਮ ਬੈਨ।
ਕੱਚੇ ਏਹੁ ਪਹਾੜੀਏ,
ਨਹਿੰ ਵਿਸਾਹੁ ਇਨਿ ਐਨ[1] ॥ ੬੬ ॥ [1]ਇਨ੍ਹਾਂ 'ਤੇ ਭਰੋਸਾ ਕਰਨਾ ਠੀਕ ਨਹੀਂ।

ਚੌਪਈ:
ਕਸਮ ਗਿਰੀਸਨ ਕੀਨੀ ਜੋਈ।
ਆਜ ਦਿਖਾਵਹੁਂ ਤੁਮ ਕੋ ਸੋਈ।
ਯੌਂ ਕਹਿ ਗੁਰੁ ਨਿਜ ਗਏ ਨਿਕੇਤੈਂ[1]। [1]ਘਰ।
ਹੇਤ ਪਰਖਬੇ ਕੀਨ ਸੰਕੈਤੈਂ[1] ॥ ੬੭ ॥ [1]ਇਰਾਦਾ।
ਕੰਕਰ ਪੱਥਰ ਰੋਰ ਮੰਗਾਏ।
ਟੂਟੇ ਫੂਟੇ ਸਾਜ[1] ਮਿਲਾਏ। [1]ਸਾਮਾਨ।
ਸਕਟੇ[1] ਖੱਚਰ ਬੈਲ ਲਦਾਏ। [1]ਗੱਡੇ।
ਨਿਸ ਕੋ ਸ਼ਹਿਰੋਂ ਬਹਿਰ ਤੁਰਾਏ[1] ॥ ੬੮ ॥ [1]ਬਾਹਰ ਭੇਜ ਦਿੱਤੇ।
ਕੇਤਿਕ ਸਿੰਘ ਕਰੇ ਤਿਨਿ ਸੰਗੈਂ।
ਪਿਖਿ ਪਹਾਰੀਏ ਪਰੇ ਉਮੰਗੈਂ।
ਲਖਜੋ ਗੁਰੂ ਕਾ ਜਾਤ ਖਜ਼ਾਨਾ।
ਹੇਤ ਲੂਟਬੇ ਕੀਨ ਉਠਾਨਾ[1] ॥ ੬੯ ॥ [1]ਲੁੱਟ ਕੇ ਚੁੱਕ ਲਿਆ।
ਜਬਿ ਨਿਜ ਡੇਰਨਿ ਲੈ ਕਰਿ ਗਏ।
ਪੇਖਿ ਸਭੀ ਸ਼ਰਮਿੰਦੇ ਭਏ।
ਨਿਕਸੇ ਕੰਕਰਰੋੜ ਬਚਿੱਤ੍ਰ[1]। [1]ਅਨੇਕ ਤਰ੍ਹਾਂ ਦੇ।
ਫਟੇ ਤੋਬਰੇ[1] ਟੂਟੇ ਛਿੱਤ੍ਰ ॥ ੭੦ ॥ [1]ਤੋਬਰਾ– ਉਹ ਥੈਲਾ ਜਿਸ ਵਿੱਚ ਘੋੜਾ ਦਾਣਾ ਖਾਂਦਾ ਹੈ।
ਪਿਖਿ ਪਿਖਿ ਭਏ ਲੱਜਤ ਅਤਿ ਭਾਰੇ।

ਨਿਜ ਨਿਜ ਭਾਗ[1] ਸਭਿਨਿ ਧਿਰਕਾਰੇ। [1]ਕਰਮਾਂ ਨੂੰ।
ਯਹਿ ਕੌਤਿਕ ਗੁਰੁ ਕਰਿ ਦਿਖਰਾਯੋ।
ਨਾਂਹਿ ਮਸੰਦਹਿਂ ਨਿਸਚਾ ਆਯੋ ॥ ੭੧ ॥
ਗੁਰੁ ਜਨਨੀ ਕੋ ਜਾਇ ਸਿਖਾਵੈਂ।
ਜਜੋਂ ਗੁਰੁ ਤੈ ਪੁਰਿ ਵਹਿ ਤਜਵਾਵੈਂ।
ਪੁਨ ਪੁਨ ਮਾਤ ਕਹੈ ਗੁਰੁ ਪਾਸੈਂ।
ਹੇ ਸੁਤ ਤਜੋ ਨਗਰ ਯਹਿ ਵਾਸੈਂ[1] ॥ ੭੨ ॥ [1]ਹੇ ਪੁੱਤ੍ਰ ! ਇਸ ਸ਼ਹਿਰ ਦਾ ਵਸਣਾ ਛੱਡੋ।
ਪੁਨ ਗੁਰੁ ਢਿਗ ਥੇ ਤਬਿ ਜਨ ਜੇਤੇ।
ਦੁਖੀ ਭੂਖ ਨੈ ਕੀਨੇ ਤੇਤੇ।
ਨਿਸ ਦਿਨ ਗੁਰੁ ਢਿਗ ਐਸੇ ਟੇਰੈਂ[1]। [1]ਕਹਿੰਦੇ ਹਨ।
ਹੇ ਗੁਰੁ ਚਲੋ ਅਨਤ[1] ਬਿਨੁ ਦੇਰੈਂ ॥ ੭੩ ॥ [1]ਹੋਰ ਥਾਂ।
ਕੇਤਿਕ ਕਾਇਰ ਲੋਗ ਮਸੰਦੂ।
ਗਏ ਦੌਰਿ ਪੁਰਿ ਤਜਿ ਮਤ ਮੰਦੂ।
ਔਰ ਲੋਗ ਬਹੁ ਚਹੈਂ ਪਲਾਵਨ[1]। [1]ਨੱਸਣਾ।
ਹਿਤ ਕਰਿ ਜੰਗ ਵੀਚ ਨਹਿਂ ਆਵਨ ॥ ੭੪ ॥
ਇਕ ਤੋਂ ਬਾਹਰ ਹੋਤ ਲਰਾਈ।
ਸੱਤ੍ਰੂਨ ਕੀ ਸੈਨਾ ਬਹੁ ਆਈ।
ਦੂਸਰ ਨਿਜ ਜਨ ਅਤਿ ਅਕੁਲਾਏ[1]। [1]ਅਪਣੇ ਸੇਵਕ ਬਹੁਤ ਘਬਰਾ ਗਏ।
ਗੁਰੁ ਢਿਗ ਤੈ ਤਬਿ ਚਹੈਂ ਪਲਾਏ ॥ ੭੫ ॥
ਤਬਿ ਸਤਿਗੁਰੁ ਨੈ ਸਭਾ ਲਗਾਈ।
ਸਭਿ ਸਿੱਖਨਿ ਪ੍ਰਤਿ ਕਹਜੋ ਸੁਨਾਈ।
ਜੇ ਜੇ ਜਨ ਅਬਿ ਚਹਿਤ ਪਲਾਵਨ।
ਤੇ ਸਭਿ ਮੁਝ ਢਿਗ ਯੌਂ ਲਿਖਿ ਜਾਵਨ ॥ ੭੬ ॥
ਨਾ ਹਮ ਸਿੱਖ ਤੁਮਾਰੇ ਆਰਯ[1]। [1]ਹੇ ਸ੍ਰੇਸ਼ਟ (ਸਤਿਗੁਰੂ ਜੀ !)।
ਹਮ ਗੁਰੁ-ਸਿੱਖੀ ਤੈ ਅਬਿ ਖਾਰਯ[1]। [1]ਸਿੱਖੀ 'ਚੋਂ ਕੱਢੇ ਗਏ ਹਾਂ।
ਜਿਨਿ ਜਿਨ ਕਰਨੀ ਜਾਨ ਪਜਾਰੀ।
ਤੇ ਸਿੱਖੀ ਲਿਖ ਜਾਹੁ ਹਮਾਰੀ ॥ ੭੭ ॥
ਜੋ ਹ੍ਵੈ ਸਿਦਕੀ ਸਿਖ ਮਹਾਨੈ।
ਗੁਰੁਸਿੱਖੀ ਹਿਤ ਦੇਵੈ ਪ੍ਰਾਨੈ।
ਜੀਵਣ ਮਰਣਾ ਹਮਰੇ ਸੰਗੈਂ।

ਚਾਹਿਤ ਜੋ, ਸੋਰਹੈ ਨਿਸੰਗੈਂ ॥ ੭੮ ॥
ਯਾ ਬਿਧਿ ਕੀ ਗੁਰੁ ਕੀ ਸੁਨਿ ਬਾਨੀ।
ਕਿਤਿਕ ਮਝੈਲ ਸਿਦਕ ਕਰਿ ਫਾਨੀ[1]। [1]ਭਰੋਸਾ ਛੱਡ ਕੇ।
ਔਰ ਮਸੰਦ ਸਿੱਖ ਬਹੁ ਕੱਚੇ।
ਜਿਨ ਕੇ ਮਨ ਨਿਜ ਨਿਜ ਗ੍ਰਿਹ ਰੱਚੇ ॥ ੭੯ ॥
ਤੇ ਯੌਂ ਲਿਖ ਕਰਿ ਤੁਰਤ ਪਧਾਰੇ[1]। [1]ਛੇਤੀ ਚਲੇ ਗਏ।
ਹਮ ਨ ਸਿੱਖ ਤੁਮ ਗੁਰੁ ਨ ਹਮਾਰੇ।
ਯੌਂ ਲਿਖਿ ਗਏ ਮਝੈਲ ਤਬੈ ਹੀ।
ਰਹੇ ਸਿੱਖ ਮਲਵਈ ਸਬੈ ਹੀ ॥ ੮੦ ॥
ਔਰ ਬਹੁਤ ਦੇਸਨ ਕੇ ਰਹੇ।
ਮਿੱਥਜਾ ਤਨ ਧਨ ਜਨ ਜਿਨ ਲਹੇ।
ਐਸੇ ਪੱਕੇ ਸਿਖ ਥੇ ਜੇਤੇ।
ਹਾਥ ਜੋਰਿ ਬੋਲੇ ਯੌਂ ਤੇਤੇ ॥ ੮੧ ॥
ਹੇ ਗੁਰੁ ਦੀਨ ਦਜਾਲ ਮੁਰਾਰੀ।
ਰਾਵਰ ਕੌਤਿਕ ਕਰਤ ਅਪਾਰੀ।
ਦੀਨੋ ਹਮ ਨਿਜ ਸਿਰ ਤੁਮ ਆਗੇ।
ਬਚੈਂ ਕਾਲ ਤੇ ਕਹਿਂ ਅਬਿ ਭਾਗੇ ॥ ੮੨ ॥
ਹੋਇ ਜਹਾਂ ਰਾਵਰ ਕੀ ਮਰਜ਼ੀ।
ਹਮ ਸਿਰ ਦੇਵਨ ਕੇ ਤਹਿਂ ਗਰਜ਼ੀ[1]। [1]ਇੱਛਾਵਾਨ।
ਪੇਖਿ ਸਿਦਕ ਸੁਨਿ ਤਿਨਿ ਕੀ ਬਾਨੀ।
ਮੋਦ ਹੋਇ ਬੋਲੇ ਗੁਰੁ ਗਜਾਨੀ ॥ ੮੩ ॥
ਧੰਨ ਧੰਨ ਤੁਮਰੀ ਗੁਰਸਿੱਖੀ।
ਵਾਲਹੁਂ ਨਿੱਕੀ ਖੰਡਜੋਂ ਤਿੱਖੀ।
ਧੰਨਜ ਭਏ ਤੁਮ ਸਭਿ ਜਗ ਮਾਝੈਂ[1]। [1]ਵਿੱਚ।
ਰਾਖੀ ਜਿਨਿ ਸਿੱਖੀ ਕੀ ਲਾਜੈਂ ॥ ੮੪ ॥
ਦੋਹਰਾ:
ਪੁਨ ਅਨੰਦ ਪੁਰਿ ਕੇ ਵਿਖੇ,
ਦੁਖੀ ਪਿਖੇ ਸਭਿ ਲੋਗ।
ਤਬਿ ਸਤਿਗੁਰੁ ਨੈ ਮਨ ਠਟੀ,
ਯਹਿ ਪੁਰਿ ਤਜਾਗਨ ਜੋਗ ॥ ੮੫ ॥

ਚੌਪਈ:
ਫਿਰ ਗੁਰੁ ਬਜੋਂਤ ਬਨਾਈ ਸਾਰੀ।
ਪੁਰਿ ਤਜਨੇ ਕੀ ਕਰੀ ਤਜਾਰੀ।
ਸਕਟੇ[1] ਖੱਚਰ ਸ਼ੁਤਰ[2] ਮੰਗਾਏ। [1]ਗੱਡੇ। [2]ਊਠ।
ਤਿਨਿ ਪਰ ਸਭਿ ਅਸਬਾਬ ਲਦਾਏ ॥੮੬॥
ਕਰਿ ਤਿਨਿ ਸੰਗ ਬਹੁਤ ਰਖਵਾਰੇ।
ਦਯੋ ਵਹੀਰ[1] ਚਲਾਇ ਅਗਾਰੇ। [1]ਕਾਫ਼ਲਾ, ਦਲ।
ਪੁਨਾ ਜ਼ਨਾਨਜੋ ਕੇ ਸਭਿ ਡੋਰੇ[1]। [1]ਡੋਲੇ।
ਦੈ ਕਰਿ ਸਿੰਘ ਸੰਗ ਵਹਿ ਤੋਰੇ ॥੮੭॥
ਨਿਜ ਦਲ ਲੈ ਬਲ ਸੋਂ ਗੁਰੁ ਆਛੇ।
ਸਭਿ ਕੇ ਰੱਖਕ ਹ੍ਵੈ ਕਰਿ ਪਾਛੇ।
ਚਲੇ ਆਪ ਇਮ ਪੁਰਿ ਕੋ ਛੋਰੀ।
ਰੋਪੜ ਸਹਿਰ ਓਰ ਧਰਿ ਜੋਰੀ[1] ॥੮੮॥ [1]ਜ਼ੋਰ ਕਰਕੇ।
ਸਾਰ[1] ਭਈ ਸੱਤ੍ਰੂਨ ਕੋ ਜਬਿ ਹੀ। [1]ਖ਼ਬਰ।
ਕਰੀ ਅਹਿਦ ਸ਼ਿਕਨੀ[1] ਉਨਿ ਤਬਿ ਹੀ। [1]ਪ੍ਰਣ ਤੋੜ ਦਿੱਤੇ।
ਬੇਈਮਾਨ ਸੈਨ ਬਹੁ ਲੈ ਕੈ।
ਪਰੇ ਆਇ ਗੁਰੁ ਦਲ ਪਰ ਧੈ ਕੈ ॥੮੯॥
ਤਬਿ ਸਤਿਗੁਰੁ ਨਿਜ ਧੀਰਜ ਧਰਿ ਕੈ।
ਸਾਵਧਾਨ ਨਿਜ ਦਲ ਕੋ ਕਰਿ ਕੈ।
ਨਿਜ ਵਹੀਰ ਕੌ ਕਰਿ ਕੈ ਆਗੇ।
ਆਪ ਅਰਿਨ ਸੋਂ[1] ਲਰਨੇ ਲਾਗੇ ॥੯੦॥ [1]ਵੈਰੀਆਂ ਨਾਲ।
ਯਾ ਬਿਧਿ ਮਗ ਮੈਂ ਕਰਤ ਲਰਾਈ।
ਕਿਤਿਕ ਕੋਸ ਗੁਰੁ ਗਏ ਤਦਾਂਈਂ।
ਦਿਨ ਕਰ ਅਥਜੋ[1] ਅਈ ਨਿਸ ਕਾਰੀ[2]। [1]ਸੂਰਜ ਛਿਪ ਗਿਆ। [2]ਕਾਲੀ ਰਾਤ ਆ ਗਈ।
ਆਗੇ ਚਢਜੋ ਦਰਜਾਉ ਅਪਾਰੀ ॥੯੧॥
ਸਰਸਾ ਨਾਮ ਆਹਿ ਜੋ ਨਦੀ।
ਚਢੀ ਅਧਿਕ ਲੈਬੇ ਹਿਤ ਬਦੀ[1]। [1]ਬੁਰਾਈ।
ਪਾਛੇ ਤੇ ਅਰਿ ਦਲ ਬਲ ਕੈ ਕੈ।
ਆਨ ਪਰਯੋ ਇਕ ਬਾਰਹਿ ਧੈ ਕੈ ॥੯੨॥
ਕਠਿਨ ਬਨਾਉ ਬਨਿਓ ਤਬਿ ਆਈ।

ਮੁਸ਼ਕਲ ਗੁਰੁ ਸਿੱਖਨ ਕੈ ਤਾਂਈਂ।
ਬਿਪਤਾ ਮਾਹਿਂ ਬਿਪੱਤੀ ਔਰੈਂ[1]। [1]ਬਿਪਤਾ 'ਚ ਹੋਰ ਬਿਪਤਾ।
ਪਰੀ ਆਇ ਅਤਿਸੈ ਤਿਸ ਠੌਰੈਂ ॥ ੯੩ ॥
ਕਹਾਂ ਕਰੈਂ ਤਬਿ ਸਿੰਘ ਵਿਚਾਰੇ।
ਰੂਝੇ ਆਨਿ ਕੁਥਾਂਇ ਕਰਾਰੇ[1]। [1]ਬਹੁਤੇ।
ਆਗੇ ਲਖਨ[1] ਦਰਜਾਉ ਨ ਦੈਹੈ। [1]ਲੰਘਣ।
ਘੋਰ ਸ਼ਬਦ ਕਰਿ ਜੋਰਿ ਚਲੈ ਹੈ ॥ ੯੪ ॥
ਢਹਿ ਢਹਿ ਢਿਗਾਂ[1] ਪੈਨ ਅਤਿ ਭਾਰੀ। [1]ਧਰਤੀ ਦੇ ਟੁਕੜੇ।
ਪਰਤ ਨ ਨੌਕਾ ਨਿਸਾ ਮਝਾਰੀ[1]। [1]ਰਾਤ ਨੂੰ ਬੇੜੀ ਨਹੀਂ ਸੀ ਪੈਂਦੀ।
ਜਲ ਗਿਰ ਪਰ ਤੈ ਨੀਚੈ ਗਿਰਿ ਗਿਰਿ[1]। [1]ਪਾਣੀ ਪਹਾੜ ਤੋਂ ਥੱਲੇ ਡਿੱਗ ਡਿੱਗ ਕੇ।
ਆਵਤ ਅਧਿਕ ਜੋਰ ਕਰਿ ਫਿਰਿ ਫਿਰਿ[1] [1]ਵਲ ਖਾ ਖਾ ਕੇ।
॥ ੯੫ ॥
ਤਾਰੂ ਸਕੈ ਕੌਨ ਤਰ ਤਾਂਹੀਂ[1]। [1]ਤਿਸ (ਸਰਸਾ ਨਦੀ) ਨੂੰ।
ਪਾਰਵਾਰ[1] ਕਿਛੁ ਸੂਝੈ ਨਾਹੀ। [1]ਪਰਲਾ ਤੇ ਉਰਲਾ ਕਿਨਾਰਾ।
ਪਾਛੇ ਕੌ ਕਿਹ ਬਿਧਿ ਹਟ ਸਾਕੈਂ।
ਆਯੋ ਚਢ ਕਰਿ ਅਰਿ ਦਲ ਲਾਖੈਂ[1] ॥ ੯੬ ॥ [1]ਲੱਖਾਂ ਦੀ ਗਿਣਤੀ ਦਾ।
ਬਹੁਤਨ ਸੋਂ ਥੋਰੇ ਕਜਾ ਕਰੈਂ।
ਤਜਿ ਅਸਬਾਬ ਕੈਸ ਫਿਰਿ ਲਰੈਂ।
ਜੌ ਵਹੀਰ ਕੀ ਤਜਿ ਰਖਵਾਰੀ।
ਕਰੈਂ ਲਰਾਈ ਹੋਇ ਅਗਾਰੀ ॥ ੯੭ ॥
ਤੌ ਵਹੀਰ ਸਭਿ ਲੂਟਜੋ ਜੈਹੈ।
ਗੁਰੁ ਘਰ ਕੀ ਬੇ ਅਦਬੀ ਥੈਹੈ।
ਬਨੀ ਸਿੰਘਨ ਕੌ ਆਨ ਲਚਾਰੀ[1]। [1]ਬੇਵਸੀ।
ਚਲਤ ਨ ਬਲ ਕਿਛੁ ਰਹੇ ਵਿਚਾਰੀ ॥ ੯੮ ॥
ਤਬਿ ਸਭਿ ਕੋ ਗੁਰੁ ਧੀਰਜ ਦੈ ਕੈ।
ਲਗੇ ਬਾਨ ਛੋਡਨ ਬਲ ਕੈ ਕੈ।
ਗੁਰੁ ਸੁਤ ਬਡੇ ਜੁਗਲ[1] ਗੁਰੁ ਪਾਸੂ। [1]ਦੋਵੇਂ ਵੱਡੇ ਸਾਹਿਬਜ਼ਾਦੇ।
ਔਰ ਸਿੰਘ ਬਹੁ ਜੰਗੀ ਖਾਸੂ[1] ॥ ੯੯ ॥ [1]ਖਾਸ ਜੰਗ ਕਰਨ ਵਾਲੇ।
ਗੁਲਕਾ ਤੀਰ ਤਜਨ ਸਭਿ ਲਾਗੇ।
ਤਿਸ ਦਿਸ ਤੁਰਕ ਬਢੇ ਨਹਿਂ ਆਗੇ।

ਹੁਤੋ ਵਹੀਰ ਜਹਾਂ ਗੁਰੁ ਕੇਰਾ।
ਪਰੇ ਤਹਾਂ ਦੈ ਜੋਰ ਵਧੇਰਾ ॥ ੧੦੦ ॥
ਬਿਚਲ ਗਯੋ[1] ਦਲ ਸਿੰਘਨ ਕੇਰਾ। [1]ਖਿੰਡ ਗਿਆ।
ਭਾਜਰ ਪਰੀ ਤਹਾਂ ਬਿਨੁ ਦੇਰਾ।
ਪਾਛੇ ਹਟੇ ਸਿੰਘ ਤਬਿ ਜੇਤੇ।
ਲੂਟ ਕੂਟ ਤੁਰਕਨ ਲਿਯ ਤੇਤੇ ॥ ੧੦੧ ॥
ਆਗੈ ਗਯੋ ਧਾਰ ਬਲ ਜੋਊ।
ਬਹਯੋ ਵੀਚ ਦਰਜਾਵਹਿ ਸੋਊ।
ਪਰੀ ਸਿੰਘਨ ਕੋ ਤਹਿਂ ਅਤਿ ਭੀਰਾ।
ਕੋਊ ਨ ਦੇਤ ਕਿਸੈ ਕਿਛੁ ਧੀਰਾ ॥ ੧੦੨ ॥
ਜੇ ਤਾਰੂ ਥੇ ਸਿੰਘ ਮਹਾਨੇ।
ਤੇ ਦਰਜਾਉ ਤਰ ਪਾਰ ਪਰਾਨੇ[1]। [1]ਪਾਰ ਲੰਘ ਗਏ।
ਤਾਰੂ ਬਲੀ ਹੁਤੇ ਜੇ ਭਾਰੇ।
ਤਿਨ ਬਹੁ ਸਿੰਘ ਕਰੇ ਗਹਿ ਪਾਰੇ ॥ ੧੦੩ ॥
ਡੋਲੇ ਜੇਤਿਕ ਮਾਤਨ ਕੇਰੇ।
ਤੇ ਭੀ ਕਰੇ ਪਾਰ ਬਿਨੁ ਦੇਰੇ।
ਔਂ ਅਸਬਾਬ ਪਾਰ ਬਹੁ ਕੀਨਾ।
ਬੂਡ ਗਯੋ ਨਦਿ ਮੈਂ ਕਿਛੁ ਪੀਨਾ[1] ॥ ੧੦੪ ॥ [1]ਬਹੁਤਾ ਕੁਝ ਨਦੀ 'ਚ ਡੁੱਬ ਗਿਆ।
ਭਾਰੀ ਭੀਰ ਸਿੰਘਨ ਪਰ ਪਰੀ।
ਇਤ ਉਤ ਬਿਚਲ ਗਏ ਤਿਸ ਘਰੀ।
ਮੁਸ਼ਕਲ ਬਨੀ ਜਿਤਿਕ ਤਿਸ ਠਾਏਂ।
ਯਾਦ ਕਰੇ ਛਤੀਆ ਧਰਕਾਏ[1] ॥ ੧੦੫ ॥ [1]ਛਾਤੀ ਧੜਕਦੀ ਹੈ।
ਕਰ ਡੋਲਤ[1] ਨੈਨਨ ਜਲ ਝਰ ਹੈ। [1]ਹੱਥ ਕੰਬਦੇ ਹਨ।
ਦੁਸ਼ਮਨ ਪੈ ਨ ਵਖਤ ਅਸ ਪਰ ਹੈ ॥ ੧੦੬ ॥
ਦੋਹਰਾ:
ਯੌਂ ਤਬਿ ਬਿਚਲ ਸਮਾਜ ਸਭਿ,
ਗਯੋ ਗੁਰੂ ਕਾ ਐਨ।
ਕਿਤ ਜਨਨੀ[1] ਸੁਤ[2] ਆਪ ਕਿਤ, [1]ਮਾਤਾ ਗੂਜਰੀ ਜੀ। [2]ਪੁੱਤਰ।
ਕਿਤ ਘਰਨੀ[1] ਕਿਤ ਸੈਨ ॥ ੧੦੭ ॥ [1]ਮਹਿਲ।
ਪਰੀ ਬਿਪੱਤੀ[1] ਐਸ ਤਬਿ, [1]ਬਿਪਤਾ।

ਕੋ ਕਰਿ ਸਕੈ ਬਖਾਨ।
ਚਿਤਵਨ ਤੈ ਛਤੀਆ[1] ਫਟੈ, [1]ਛਾਤੀ।
ਕਹਿ ਨਹਿਂ ਸਕਤ ਜ਼ੁਬਾਨ ॥ ੧੦੮ ॥
ਚੌਪਈ:
ਯਹਿ ਕੁਛ ਅਚਰਜ ਨਯੋ ਨ ਭਯੋ।
ਗੁਰੁ ਪਰ ਸਮਾ ਆਨ ਜੋ ਪਯੋ।
ਰਾਮ ਕ੍ਰਿਸ਼ਨ ਅਵਤਾਰ ਜੁ ਭਏ।
ਵਖਤ ਐਸ ਤਿਨਿ ਪਰ ਭੀ ਪਏ ॥ ੧੦੯ ॥
ਬ੍ਰਹਮਾਦਿਕ ਜੇ ਦੇਵ ਬਿਸਾਲੇ।
ਕਈ ਬਾਰ ਤਿਨ ਸਹੇ ਕਸਾਲੇ[1]। [1]ਕਸ਼ਟ।
ਵੀਚ ਪੁਰਾਨਨ ਤਿਨ ਕੀ ਗਾਥਾ।
ਲਿਖੀ ਬਜਾਸ ਬਿਸਤਾਰਹਿ ਸਾਥਾ ॥ ੧੧੦ ॥
ਔਰ ਮੁਹੰਮਦ ਆਦਿ ਪਿਕੰਬਰ।
ਜਿਨ ਜਗ ਮੈਂ ਵਡ ਕਰੇ ਅਡੰਬਰ[1]। [1]ਠਾਠ ਬਾਠ।
ਦਾਊਦ ਨੂਰ ਅਲੀ[1] ਲੌ ਵਲੀ[2]। [1]ਮੁਹੰਮਦ ਸਾਹਿਬ ਦਾ ਜਵਾਈ। [2]ਸ਼ਕਤੀ ਵਾਲੇ।
ਮੂਸੇ ਈਸੇ ਕੀ ਨਹਿਂ ਚਲੀ ॥ ੧੧੧ ॥
ਇਨ ਭੀ ਸਹੀ ਬਿਪੱਤੀ ਜੇਤੀ।
ਲਿਖੀ ਹਦੀਸਨ[1] ਮੈਂ ਵਹੁ ਤੇਤੀ। [1]ਹਦੀਸ– ਉਹ ਕਿਤਾਬ ਜਿਸ ਵਿੱਚ ਹਜ਼ਰਤ ਮੁਹੰਮਦ ਦੇ ਕਥਨ ਅਥਵਾ ਆਚਰਨ ਸਬੰਧੀ ਧਰਮ ਵਜਵਸਥਾ ਹੋਵੇ।
ਅਬਿ ਸੁਨਿ ਆਗੇ ਗੁਰ ਕੀ ਸਾਖੀ।
ਜੈਸ ਕੈਸ ਨਦੀਆ ਵੋਹ ਲਾਖੀ[1] ॥ ੧੧੨ ॥ [1]ਜਿਵੇਂ ਕਿਵੇਂ ਉਹ ਨਦੀ ਲੰਘੀ।
ਰੋਪੜ ਨਗਰ ਤਰਫ ਜਬਿ ਗਏ।
ਨਗਰ ਵਾਸੀਅਨ ਬੜਨ ਨ ਦਏ।
ਕੋਪ ਹੋਇ ਗੁਰੁ ਗਿਰਾ ਅਲਾਈ।
ਜਰ[1] ਨਹਿ ਯਹਾਂ ਤੁਮਾਰ ਰਹਾਈ ॥ ੧੧੩ ॥ [1]ਜੜ।
ਬਚਨ ਗੁਰੂ ਕਾ ਪੂਰਨ ਭਯੋ।
ਉਨ ਕਾ ਬੰਸ ਤਹਾਂ ਨਹਿਂ ਰਹਯੋ।
ਸਤਿਗੁਰੁ ਗਏ ਕੋਟਲੇ ਓਰੈਂ[1]। [1]ਤਰਫ਼।
ਆਦਰ ਕਰਯੋ ਪਠਾਣਨਿ ਜੋਰੈਂ[1] ॥ ੧੧੪ ॥ [1]ਜ਼ੋਰ ਸ਼ੋਰ ਨਾਲ ਭਾਵ ਬਹੁਤਾ।
ਪੈ ਗੁਰੁ ਆਗੇ ਕਰਯੋ ਪਜਾਨਾ।

ਲਰਬੇ ਹੇਤ ਪਿਖਨ ਅਸਥਾਨਾ।
ਏਕ ਨਗਰ ਚਮਕੌਰ ਮਝਾਰਾ।
ਲਰਬੇ ਜੋਗ ਮੁਕਾਨ ਨਿਹਾਰਾ ॥੧੧੫॥
ਤਿਸ ਮੈਂ ਧਸੇ ਤਬੈ ਗੁਰੁ ਜਾਈ।
ਲਰਨ ਹੇਤ ਤਹਿਂ ਬਜੋਂਤ ਬਨਾਈ।
ਸਿੰਘ ਤਹਾਂ ਥੇ ਗੁਰੁ ਢਿਗ ਚਾਲੀ।
ਸਾਹਿਬਜ਼ਾਦੇ ਜੁਗ ਬਡ ਖਜਾਲੀ[1] ॥੧੧੬॥

[1]ਚੰਗੇ ਖ਼ਿਆਲਾਂ ਵਾਲੇ ਦੋਨੋਂ ਵੱਡੇ ਸਾਹਿਬਜ਼ਾਦੇ ਸਨ।

ਦੋਹਰਾ:
ਕਰਿ ਬਹੁ ਜੰਗ ਅਨੰਦ ਪੁਰਿ,
ਫਿਰਿ ਤਜ ਕਰਿ ਵਹਿ ਠੌਰ।
ਨਾਖ[1] ਨਦੀ ਤਜਿ ਰੋਪੜੈਂ,
ਥਿਰੇ ਜਾਇ ਚਮਕੌਰ ॥੧੧੭॥

[1]ਲੰਘ ਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਆਨੰਦਪੁਰਿ ਛੋਰਨ, ਪ੍ਰਸੰਗ ਬਰਨਨੰ ਨਾਮ ਚੌਂਹਸਟਮੋਂ ਬਿਸ੍ਰਾਮ ॥੬੪॥

੬੫. {ਚਮਕੌਰ ਦਾ ਜੰਗ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਮਾਛੀਵਾੜੇ ਪਹੁੰਚਣਾ}

ਦੋਹਰਾ:

ਸਰਦ ਸੁਧਾਰਕ ਤੈ ਸਰਸ,
ਸੰਵਰ ਸਹਿਸ ਤੈ ਸਾਰ[1]।

[1]ਸਰਦਰੁੱਤ ਦੇ ਚੰਦ੍ਰਮਾ ਤੋਂ ਵੀ ਵੱਧ ਅਤੇ ਹਜ਼ਾਰਾਂ {ਸੰਵਰ} ਕਾਮਦੇਵਾਂ ਤੋਂ ਵੀ ਸ੍ਰੇਸ਼ਟ ਹਨ।

ਕ੍ਰਾਂਤਿ ਬਦਨਰਵਿ ਬਾਲ ਸਮ,
ਗੁਰੁ ਬਪੁ ਬਾਲ ਜੁਹਾਰ[1] ॥੧॥

[1]ਚੜ੍ਹਦੇ ਸੂਰਜ ਵਰਗੀ (ਜਿਨ੍ਹਾਂ ਦੇ) ਮੁੱਖ ਦੀ ਸ਼ੋਭਾ ਹੈ (ਐਸੇ) ਬਾਲ ਸਰੂਪ (ਸ੍ਰੀ) ਗੁਰੂ (ਹਰਿ ਕ੍ਰਿਸ਼ਨ ਸਾਹਿਬ ਜੀ) ਨੂੰ (ਮੈਂ) ਨਮਸਕਾਰ ਕਰਦਾ ਹਾਂ।

ਜਬਿ ਸਤਿਗੁਰ ਚਮਕੌਰ ਕੀ,
ਧਸੇ ਹਵੇਲੀ ਜਾਇ।
ਪਾਛੇ ਦਲ ਤੁਰਕਾਨ ਕਾ,
ਅਨਗਨ ਪਹੁੰਚਯੋ ਆਇ ॥੨॥

ਸ੍ਵੈਯਾ:

ਨਾਹਰ ਖਾਨ ਮਲੇਰੀ ਹੁਤੋ ਇਕ,
ਬੀਰ ਵਲੀ ਅਫਗਾਨ ਕਰਾਰਾ[1]।

[1]ਤਕੜਾ।

ਸੋ ਗਰਜਯੋ ਢਿਗ ਜਾਇ ਮੁਕਾਨ ਕੈ,
ਔ ਤਰਜਯੋ[1] ਗੁਰੁ ਕੋ ਉਨਿ ਭਾਰਾ।

[1]ਤਾੜਿਆ।

ਏਕ ਤਜਯੋ ਗੁਰੁ ਬਾਨ ਮਹਾਂ ਖਰ,
ਸੋ ਅਫਗਾਨ ਧਰਾ ਪਰ ਡਾਰਾ।
ਬੀਰ ਹਤਯੋ ਪਿਖਿ ਬੀਰ ਅਯੋ ਤਿਹ,
ਖਿਜਰ ਖ੍ਵਾਜ ਸਰੋਸ ਅਪਾਰਾ[1] ॥੩॥

[1]ਭਰਾ ਮਾਰਿਆ ਦੇਖ ਕੇ ਤਿਸ ਦਾ ਭਰਾ ਖ਼੍ਵਾਜਾ ਖ਼ਿਜ਼ਰ ਬਹੁਤ ਗ਼ੁੱਸੇ ਨਾਲ ਆਇਆ।

ਹਿੰਦੁ ਕੇ ਪੀਰ ਸੁਨੋ ਤੁਮ ਬੀਰ,
ਹਨਯੋ ਮਮ ਬੀਰ[1] ਅਬੀਰਣ ਮਾਂਹੀਂ।

[1]ਤੁਸੀਂ ਸੂਰਮੇ ਹੋ ਸੁਣੋ, ਤੁਸਾਂ ਮੇਰਾ ਭਰਾ ਮਾਰ ਦਿੱਤਾ ਹੈ।

ਸੰਮੁਖ ਹੋਇ ਲਰੋ ਹਮ ਸੋਂ ਅਬਿ,
ਤੋਹਿ ਬਲੀ ਲਖ ਹੈਂ[1] ਹਮ ਤਾਹੀਂ।

[1]ਬਲੀ ਜਾਣਾਂਗੇ।

ਯੌਂ ਸੁਨ ਕੈ ਗੁਰੁ ਆਨਿ ਕਹਯੋ,
ਅਫਗਾਨ ਬਨੋ ਸਵਧਾਨ ਇਹਾਂ ਹੀ[1]।

[1]ਏਥੇ ਹੀ।

ਬਾਰੇ[1] ਕਰੋ ਨ ਡਰੋ ਨ ਟਰੋ ਅਬਿ,
ਹੌਂਸਰ ਹੈ ਫਿਰ ਤੋ ਮਨ ਮਾਂਹੀਂ[1] ॥੪॥

[1]ਵਾਰ।

[1](ਨਹੀਂ ਤਾਂ) ਫੇਰ ਤੇਰੇ ਮਨ ਵਿੱਚ ਇੱਛਾਰਹਿ ਜਾਵੇਗੀ।

ਖੈਂਚ ਕਾਮਨ ਸੁ ਕਾਂਨ ਪ੍ਰਮਾਨ[1],
ਪਠਾਨਹਿ ਬਾਨ ਕਿਤਾਨ ਤਜਾਨੇ[1]।
ਬੀਰ ਬਨੈਤ ਪਟੈਤ ਗੁਰੂ[1],
ਸਭਿ ਤਾਂਹਿ ਸਿਲੀਮੁਖ ਕੀਨ ਬਚਾਨੇ[1]।
ਫੇਰ ਗੁਰੂ ਬਲਵੰਡ, ਕੁਵੰਡ
ਪ੍ਰਚੰਡ ਅਖੰਡ ਤਜੇ ਸਰ ਤਾਨੇ[1]।

[1]ਤੱਕ।
[1]ਕਿਤਨੇ ਹੀ ਤੀਰ ਛੱਡੇ।
[1]ਗੁਰੂ ਸੂਰਮੇ ਜੋ ਪਟੇ ਬਾਜ਼ ਤੇ (ਬਨੈਤ) ਸਜੇ ਹੋਏ ਸਨ।
[1]ਤਿਸ ਦੇ ਸਾਰੇ ਤੀਰਾਂ ਤੋਂ ਆਪਣੇ ਆਪ ਨੂੰ ਬਚਾ ਲਿਆ।
[1]ਫੇਰ ਬਲੀ ਸਤਿਗੁਰੂ ਨੇ ਧਨੁਖ, {ਤਾਨੇ} ਖਿੱਚ ਕੇ {ਅਖੰਡ} ਲਗਾਤਾਰ {ਪ੍ਰਚੰਡ} ਤਿਖੇ ਤੀਰ ਛੱਡੇ।

ਮਾਰ ਹਿਰਾਨ ਪਠਾਨ ਕਰੇ,
ਨਿਜ ਜਾਨ ਲੈ ਓਟ ਦਿਵਾਰ ਲੁਕਾਨੇ[1] ॥ ੫ ॥

[1]ਕੰਧ ਦੇ ਉਹਲੇ ਲੁਕ ਗਏ।

ਔਰ ਘਨੇ ਤੁਰਕੀ ਸਰਦਾਰ,
ਗਿਰੀਸ ਅਏ ਝੱਟ ਲੈ ਬਹੁ ਸੈਨਾ।
ਚਾਰ ਦਿਸਾਨ ਤੈ ਘੇਰ ਮੁਕਾਨ ਲਯੋ,
ਬਲ ਠਾਨ ਸਕੈਂ ਕਰਿ ਜੈ ਨਾ[1]।
ਕੇਤਿਕ ਦੂਰ ਸਭੀਤ ਸੁ ਭੀਤ[1] ਤੈ,

[1]ਫਤਹ ਨਹੀਂ ਕਰ ਸਕਣਗੇ।
[1]ਡਰ ਦੇ ਸਹਿਤ ਉਸ ਕੰਧ ਤੋਂ ਕਿਤਨੀ ਦੂਰ ਹੋ ਕੇ ਸਾਰਿਆਂ ਨੇ ਚੰਗੀ ਤਰ੍ਹਾਂ ਜੰਗ ਕੀਤਾ।

ਕੀਨ ਸਭੀ ਤਬਿ ਆਹਵ ਐਨਾ।
ਗੁਲਕਾ ਬਹੁ ਬਾਨ ਲਗੇ ਬਰਸਾਵਨ,
ਸਾਵਨ ਮੇਂਹ ਸਮਾਨ ਬਨੈਨਾ[1] ॥ ੬ ॥

[1]ਬਣ ਕੇ।

ਦੋਹਰਾ:
ਸਿੰਘਨ ਢਿਗ ਨਹਿਂ ਰਹਜੋ ਥਾ,
ਦਾਰੂ ਸਿੱਕਾ[1] ਤੀਰ।
ਯਾਂਹੀ ਤੈ ਕਬਹੀ ਕਬੀ,
ਗੁਲਕਾ ਤਜੈਂ ਸਧੀਰ ॥ ੭ ॥

[1]ਬਰੂਦ ਤੇ ਗੋਲੀਆਂ।

ਹੁਤੇ ਗੁਰੂ ਕੇ ਜੁਗਲ ਸੁਤ[1],
ਤਹਿਂ ਠਾਂ ਤਬਿ ਗੁਰੁ ਸਾਥ।
ਉਨਿ ਮਨ ਮਾਂਹਿ ਵਿਚਾਰਜੋ,
ਅਬਿ ਦਿਖਰਾਵੈਂ ਹਾਥ ॥ ੮ ॥
ਪ੍ਰਿਥਮ ਧਰਮ ਛੱਤ੍ਰੀਨ ਕੋ,
ਹੈ ਯਹਿ ਜਾਨੋ ਠੀਕ।
ਕਾਯਰ ਹ੍ਵੈ ਮਰਨੋ ਨਹੀਂ,

[1]ਦੋ ਪੁੱਤਰ।

ਜੂਝ ਮਰਨ ਰਣ ਨੀਕ ॥ ੯ ॥
ਦੁਰਗਾ ਪਰਗਟ ਕਰਨ ਮੈਂ
ਬਚਨ ਕਰਜੋ ਗੁਰੁ* ਜੋਇ।

*ਦੇਖੋ ਪੂਰਬਾਰਧ ਬਿਸ੍ਰਾਮ ਨੰ: ੬੦ ਅੰਕ ੧੬ ਤੇ * ਨਿਸ਼ਾਨ ਦੀ ਪੈਰ ਟੂਕ।

ਅਬਿ ਸਨਮੁਖ ਲਰ ਅਰਿਨ ਸੋਂ[1],
ਕਰਿ ਦਿਖਰੱਯੇ ਸੋਇ ॥ ੧੦ ॥
ਯਹਿ ਵਿਚਾਰ ਕਰਿ ਦੁਹਿਨ ਫਿਰ,
ਸ਼ਸਤ੍ਰ ਬਸਤ੍ਰ ਸਾਜ।
ਲੈ ਆਇਸ ਗੁਰੁ ਪਿਤਾ ਤੈ,
ਚਲੇ ਲਰਨ ਹਿਤ ਕਾਜ[1] ॥ ੧੧ ॥

[1]ਵੈਰੀਆਂ ਨਾਲ।

[1]ਲੜਨ ਦੇ ਕੰਮ ਵਾਸਤੇ।

ਮੁਹਕਮ ਸਿੰਘ ਹਿੰਮਤ ਹਰੀ,
ਅਰ ਸਾਹਿਬ ਮ੍ਰਿਗੇਸ[1]।
ਇਤਜਾਦਿਕ ਗੁਰੁ ਸੁਤਨ ਸੰਗ,
ਨਿਕਸੇ ਸਿੰਘ ਬਿਸੇਸ ॥ ੧੨ ॥

[1]ਸਿੰਘ।

ਸ੍ਵੈਯਾ:
ਗੁਰੁ ਬਾਲਕ ਬਾਲਕ ਰੂਪ ਅਨੂਪਮ,
ਅੰਗਨਿ ਪੇਖਿ ਅਨੰਗ ਸੁ ਲਾਜੈ[1]।
ਅਤਿ ਛੈਲ ਛਬੀਲੇ ਛਟੇ ਛਬਿ ਛੁੰਗਨ,
ਛੋਭ ਛਕੇ ਛੱਤ੍ਰੀ ਛਿਤ ਛਾਜੈਂ[1]।

[1]ਅੰਗਾਂ ਨੂੰ ਵੇਖ ਕੇ ਕਾਮ ਸ਼ਰਮਿੰਦਾ ਹੁੰਦਾ ਹੈ।

[1]ਬਹੁਤ ਸੁੰਦਰ ਜਵਾਨ ਬਿਜਲੀ ਵਰਗੀ ਸੋਭਾ ਵਾਲੇ ਗ਼ੁੱਸੇ 'ਚ ਫਬੇ ਹੋਏ ਸੂਰਮੇ {ਛੁੰਗਨ} ਛਾਲਾਂ ਮਾਰਦੇ ਧਰਤੀ 'ਤੇ ਫਬ ਰਹੇ ਹਨ।

ਰਖਿ ਤਾਲਕ ਖਾਲਕ ਮਾਲਕ ਸੋਂ,
ਅਰਿ ਗਾਲਕ ਪਾਲਕ ਹਿੰਦੁ ਸੁ ਲਾਜੈਂ[1]।

[1]ਪ੍ਰਮੇਸ਼ਰ ਮਾਲਕ ਨਾਲ {ਤਾਲਕ} ਸੰਬੰਧਰੱਖਣ ਵਾਲੇ ਹਨ, ਵੈਰੀਆਂ ਨੂੰ ਗਾਲਣ ਵਾਲੇ ਤੇ ਹਿੰਦੂਆਂ ਦੀ ਲੱਜਿਆ ਨੂੰ ਪਾਲਣ ਵਾਲੇ ਹਨ।

ਜਨੁ ਕੰਦਰ ਅੰਦਰ ਤੈ ਨਿਕਸੇ
ਮ੍ਰਿਗਿੰਦ, ਨਿਹਾਰ ਗਜਿੰਦ ਸਮਾਜੈਂ[1] ॥ ੧੩ ॥

[1]ਜਾਣੋ ਤੁਰਕਾਂ ਰੂਪ ਹਾਥੀਆਂ ਦੇ ਸਮੂੰਹ ਨੂੰ ਦੇਖ ਕੇ ਗੜ੍ਹੀ ਰੂਪ ਪਹਾੜ ਦੀ ਕੰਦਰਾ ਵਿੱਚੋਂ ਸਾਹਿਬਜ਼ਾਦੇ ਤੇ ਸਿੰਘਾਂ ਰੂਪ ਸ਼ੇਰ ਨਿਕਲੇ ਹਨ।

ਪੇਖਿ ਘਨੇ ਤੁਰਕੀ ਦਲ ਕੌ,
ਬਲ ਕੌ ਧਰ ਕੈ ਗਰਜੇ ਭਬਕਾਰੇ[1]।
ਨੂਰ ਚਢੋ ਅਤਿ ਭੂਰ ਦਿਪੈ,

[1]ਭਬਕ ਮਾਰ ਕੇ ਗੱਜੇ।

ਮੁਖ ਸੂਰ ਮਨੋ ਨਿਕਸੇ ਜੁਗ ਭਾਰੇ[1]।

[1]ਬਹੁਤੀ (ਨੂਰ) ਲਾਲੀ ਚੜ੍ਹੀ ਹੋਈ ਹੈ, ਮੁਖ ਬਹੁਤ ਚਮਕਦੇ ਹਨ ਜਾਣੋ ਦੋ ਭਾਰੇ ਸੂਰਜ ਨਿਕਲੇ ਹਨ।

ਦੇਤ ਫਲੰਗ[1] ਨਿਸੰਗ ਚਲੇ ਸਿੰਘ,
ਬੀਰ ਬਨੈਤ[1] ਬਲੀ ਬਰਿਆਰੇ[2]।
ਆਸ ਤਜੀ ਨਿਜ ਜਾਨਨ ਕੀ[1],
ਅਰਿ ਹਾਨਨ ਕੀ ਮਨ ਮੈਂ ਦਿਢ ਧਾਰੇ[1] ॥ ੧੪ ॥

[1]ਛਾਲਾਂ ਮਾਰਦੇ।
[1]ਸਜੇ ਹੋਏ। [2]ਲੜਾਕੇ।
[1]ਵੈਰੀਆਂ ਦੇ ਮਾਰਨ ਦੀ।
[1]ਪੱਕੀ ਧਾਰ ਲਈ।

ਧਾਇ ਧਸੇ ਤਬਿ ਹੀ ਸਭਿ ਹੀ,
ਅਰਿ ਕੇ ਦਲ ਮੈਂ ਭਲ ਦੈ ਲਲਕਾਰੇ।
ਲੈ ਸ਼ਮਸ਼ੇਰਨ ਕੌ ਸਮ ਸ਼ੇਰਨ[1],
ਜਸੋਂ ਨਟ ਛਾਲੀਆਂ ਦੇਤ ਅਖਾਰੇ।
ਡਾਲ ਦਈ ਹਲਚਾਲ ਬਿਸਾਲ,
ਹਨੂ ਸਮ ਅੰਗਦ ਕੇ ਕਿਲਕਾਰੇ[1]।
ਜਸੋਂ ਤੜਤਾ ਤੜਕੈ ਘਨ ਮੈਂ,
ਪਰਚੰਡ ਬਜਾਰ ਘਮੰਡਹਿ ਫਾਰੇ[1] ॥ ੧੫ ॥

[1]ਸ਼ੇਰਾਂ ਵਾਂਗ ਤਲਵਾਰਾਂ ਲੈ ਕੇ।
[1]ਹਨੂਮਾਨ ਤੇ ਅੰਗਦ ਵਾਂਗ ਕਿਲਕਾਰੀਆਂ ਮਾਰਦੇ ਹਨ।
[1]ਜਿਵੇਂ ਬਿਜਲੀ ਬੱਦਲਾਂ ਵਿੱਚ ਤੜ ਤੜ ਕਰਦੀ ਹੈ ਤੇ ਤਿੱਖੀ ਹਵਾ ਬਦਲਾਂ ਦੇ {ਘਮੰਡਹਿ} ਹੰਕਾਰ ਨੂੰ ਪਾੜਦੀ ਹੈ।

ਬਾਜਤ ਦੁੰਦਭਿ ਦੀਹ[1] ਦਸੋ ਦਿਸ,
ਮਾਰਹਿ ਮਾਰ ਪੁਕਾਰਨ ਸੂਰੈਂ।
ਤਸੋਂ ਬਰਛੀ ਅਸਿ ਨੇਜਨ ਕੀ,
ਚਮਕੈਂ ਦਮਕੈਂ ਦੁਤਿ ਦਾਮਨ ਪੂਰੈਂ[1]।

[1]ਵੱਡੇ ਧੌਂਸੇ।
[1]ਤਿਵੇਂ ਬਰਛੀਆਂ ਤਲਵਾਰਾਂ ਤੇ ਨੇਜਿਆਂ ਦੀਆਂ ਚਮਕਾਂ ਦਮਕਾਂ ਬਿਜਲੀ ਦੀ ਸੋਭਾ ਨੂੰ ਪੂਰਿਆਂ ਕਰਦੀਆਂ ਹਨ।

ਬਾਨ ਬੰਦੂਕ ਅਚੂਕ[1] ਚਲੈਂ ਬਹੁ,
ਕਾਯਰ ਸੂਕਤ ਬੀਰ ਗਰੂਰੈਂ[1]।

[1]ਠੀਕ ਨਿਸ਼ਾਨੇ 'ਤੇ ਲੱਗਣ ਵਾਲੀਆਂ।
[1]ਕਾਇਰਾਂ ਦੇ (ਬੁੱਲ੍ਹ) ਸੁਕਦੇ ਹਨ ਤੇ ਸੂਰਮੇ ਹੰਕਾਰ ਕਰਦੇ ਹਨ।

ਜੌਨ ਡਰੈਂ ਨ ਟਰੈਂ ਔ ਮਰੈ ਲਰਿ,
ਤੌਨ ਬਰੈਂ ਸੁ ਬਰੈਂ ਬਰ ਹੂਰੈਂ[1] ॥ ੧੬ ॥

[1]ਜਿਹੜੇ ਨਹੀਂ ਡਰਦੇ ਤੇ ਪਿੱਛੇ ਨਹੀਂ ਹਟਦੇ, ਲੜ ਕੇ ਮਰਦੇ ਹਨ ਤਿਨਾ {ਸੁ} ਸ੍ਰੇਸ਼ਟ (ਸੂਰਮਿਆਂ) {ਬਰੈਂ} ਲਾੜਿਆਂ ਨੂੰ ਸ੍ਰੇਸ਼ਟ ਹੂਰਾਂ ਵਰਦੀਆਂ ਹਨ।

ਹਿੰਮਤ ਸਿੰਘ ਕਰੀ ਬਦ ਹਿੰਮਤ,
ਕਿੰਮਤ ਕੇ ਸਰਦਾਰ ਪਛਾਰੇ[1]।

[1]ਕਿੰਮਤ ਦੀ ਫੌਜ ਦੇ ਸਰਦਾਰ ਪਿੱਛੇ ਹਟਾ ਦਿੱਤੇ। {ਕਿੰਮਤ- ਇੱਕ ਪਹਾੜੀਏ ਸਰਦਾਰ ਦਾ ਨਾਮ।}

ਦੁੱਜਨ ਕੇ ਦਲ ਮੈਂ ਧਸ ਕੈ,
ਗ੍ਰਸ ਕੈ ਬਸ ਕੈ ਬਹੁ ਬਾਨ ਪ੍ਰਹਾਰੇ[1]।

[1]ਵੈਰੀਆਂ ਦੀ ਫ਼ੌਜ 'ਚ {ਧਸ ਕੇ} ਵੜ ਕੇ {ਗ੍ਰਸ ਕੈ} ਘੇਰ ਕੇ

{ਬਸ ਕੈ} ਵਸ ਕਰ ਕੇ ਬਹੁਤ ਤੀਰ ਮਾਰੇ।

ਖਾਨ ਸਦੀਕ ਕੈ ਜਾਇ ਨਜੀਕ,
ਕਰਜੋ ਭਟ ਭੈਰ[1] ਮਹਾਂ ਬਲ ਧਾਰੇ।
ਮਾਨੋ ਸਰੀਰ ਧਰੇ ਰਸ ਬੀਰ,
ਅਬੀਰ ਘਨੇ[1] ਧਰ ਚੀਰ ਸੁ ਡਾਰੇ ॥੧੭॥

[1]ਜੰਗ।

[1]ਬਹੁਤੇ {ਅਬੀਰ} ਕਾਇਰ।

ਆਨ ਪਰੇ ਚਹੁੰ ਓਰਨ ਤੈ,
ਬਡ ਜੋਰਨ ਤੈ ਗਢ ਤੋਰਨ ਹਾਰੇ।
ਪਾਂਚ ਹਜਾਰੀ ਹਜਾਹੀ ਛੇ ਸਾਤਕ,
ਆਂਤਕ ਕੇ ਕਰ ਜਾਤਕ ਡਾਰੇ[1]।

[1]{ਆਂਤਕ} ਜਮ ਦੇ (ਕਰ) ਹੱਥ ਵਿੱਚ (ਆਪਣੇ ਆਪ ਨੂੰ) {ਡਾਰੇ} ਪਾਉਂਦੇ {ਜਾਤਕ} ਜਾਂਦੇ ਹਨ। ਭਾਵ ਮੌਤ ਦੇ ਮੂੰਹ 'ਚ ਜਾ ਪਏ ਹਨ।

ਹਿੰਮਤ ਕੇਹਰ ਕੀ ਪਿਖਿ ਹਿੰਮਤ,
ਆਪਨ ਆਪ ਭਲੇ ਭਟ ਵਾਰੇਂ[1]।
ਨਭ ਹੂਰ, ਧਰਾ ਪਰ ਸੂਰ ਕਹੈਂ ਸਭਿ,
ਵਾਹਿ ਰੇ ! ਵਾਹਿ ਰੇ ! ਸਿੰਘ ਪਜਾਰੇ ! ॥੧੮॥

[1]ਸੂਰਮੇ ਆਪਣੇ ਆਪ ਨੂੰ ਭਲੀ ਤਰ੍ਹਾਂ ਵਾਰਦੇ ਹਨ।

ਜਬਿ ਸੰਮੁਖ ਜੂਝਿ[1] ਸ਼ਹੀਦ ਕਰਜੋ ਤਨ,
ਆਪ[1] ਗਯੋ ਬਨ ਦੇਵ ਮੁਰਾਰੇ[2]।
ਪਿਖਿ ਸਾਹਿਬ ਸਿੰਘ ਉਮਾਹਿਵ ਕੈ,
ਵਡ ਲਾਹਿਵ ਕੈ ਹਿਤ[1] ਹੋਇ ਅਗਾਰੇ।
ਨਿਕਸਜੋ ਰਵ ਅੱਟ ਕੈ ਡੱਟ ਗਰੱਟ ਤੈ[1],
ਧਾਇ ਪਰਜੋ ਭਟ ਦੈ ਲਲਕਾਰੇ।
ਨਟ ਏਵ ਪਟਾ ਝਟ ਪੱਟ ਕਟਾ ਕੱਟ,
ਠੇਲ ਦੱਟਾ ਦੱਟ ਔਨਿ ਬਿਡਾਰੇ[1] ॥੧੯॥

[1]ਅਕਾਸ਼ 'ਤੇ ਅਪੱਛਰਾਂ ਤੇ ਧਰਤੀ 'ਤੇ ਸਾਰੇ ਸੂਰਮੇ ਕਹਿੰਦੇ ਹਨ।

[1]ਸਾਹਮਣੇ ਲੜ ਕੇ। [2]ਪ੍ਰਕਾਸ਼ ਰੂਪ ਪ੍ਰਮੇਸ਼ਰ ਬਣ ਗਿਆ।

[1]ਉਤਸ਼ਾਹ ਕਰ ਕੇ ਵੱਡੇ ਲਾਭ ਵਾਸਤੇ।

[1]{ਅੱਟ} ਉੱਚੀ {ਰਵ} ਬੋਲ ਕੇ ਤੇ ਡਟ ਕੇ {ਗਰੱਟ} ਜੱਥੇ 'ਚੋਂ ਨਿਕਲਿਆ।

[1]ਨਟ ਤੇ ਪਟੇ ਬਾਜ਼ ਦੀ ਤਰ੍ਹਾਂ ਛੇਤੀ ਛੇਤੀ ਕੱਟ ਕੱਟ ਕੇ ਧਕੇਲ ਕੇ ਦੜਾ ਦੜ ਧਰਤੀ 'ਤੇ {ਬਿਡਾਰੇ} ਸੁੱਟ ਦਿੱਤੇ।

ਅਰਿ ਮਾਰ ਅਪਾਰ ਦੁਫਾਰ ਕਰੇ,
ਰਣ ਘੋਰ ਸਜੋਰ ਮਹਾਂ ਸਜ ਕੈ।
ਨਟੂਆ ਜਿਮ ਦੈ ਕਰਿ ਛਾਲ ਬਿਸਾਲ,
ਉਤਾਲ ਕਮਾਲ[1] ਪਰੈਂ ਭਜ ਕੈ।
ਮੁਖ ਲਾਲ ਜਮਾਲ ਚਢਜੋ ਭਲ ਭਾਲ,
ਕਰਾਲ ਦਿਪੈ ਚਖੁ ਕਾਲ ਜਕੈ[1]।

[1]ਬਹੁਤੀ ਛੇਤੀ ਨਾਲ।

[1]ਮੁੱਖ ਤੇ {ਭਾਲ} ਮੱਥੇ 'ਤੇ ਚੰਗੀ ਤਰ੍ਹਾਂ ਲਾਲੀ ਤੇ {ਜਮਾਲ}

ਸੁੰਦਰਤਾ ਚੜ੍ਹੀ ਹੋਈ ਹੈ। ਡਰਾਉਣੇ ਨੇਤ੍ਰ ਚਮਕਦੇ ਹਨ (ਜਿਨ੍ਹਾਂ ਨੂੰ ਦੇਖ ਕੇ) ਕਾਲ ਵੀ ਜਕਦਾ (ਝਿਜਕਦਾ) ਹੈ।

ਜ਼ਖਮੀ ਤਨ ਜੱਦਯਪਿ ਭੂਰ ਭਯੋ,
ਪਰ ਤੌ ਭਿ ਅਗਾਹਿਂ ਚਲੈ ਗਜ ਕੈ ॥੨੦॥

ਇਮ ਖੰਡ ਘੁਮੰਡ ਪ੍ਰਚੰਡ ਅਖੰਡ,
ਤਜੇ ਸਰ ਚੰਡ ਕੁਵੰਡ ਸੰਭਾਰਾ[1]।

[1]ਇਸ ਤਰ੍ਹਾਂ {ਅਖੰਡ} ਲਗਾਤਾਰ {ਪ੍ਰਚੰਡ} ਤਿੱਖਾ {ਘੁਮੰਡ} ਜੰਗ ਪਾ ਕੇ ਧਨੁਖ ਸੰਭਾਲ ਕੇ ਤਿੱਖੇ ਤੀਰ ਛੱਡੇ।

ਲਾਘਵਤਾ ਸਰ ਛੋਰਨ ਕੀ,
ਸਮ ਰਾਘਵ ਕੇ ਬਰ ਬੀਰ ਨਿਹਾਰਾ[1]।

[1]ਸ੍ਰੇਸ਼ਟ ਸੂਰਮਾ ਤੀਰ ਛੱਡਣ ਦੀ {ਲਾਘਵਤਾ} ਫੁਰਤੀ ਵਿੱਚਰਾਮ ਚੰਦਰ ਵਾਂਗ ਦੇਖਿਆ।

ਮਾਰ ਘਨੇ ਦੁਸਦੀ ਚੁਸਦੀ,
ਛਿਸਦੀ ਸਰਦਾਰਨ ਕੋ ਧਰ ਡਾਰਾ[1]।

[1]ਦੋ ਸੌ, ਚਾਰ ਸੌ ਤੇ ਛੇ ਸੌ (ਫੌਜ ਦੇ) ਬਹੁਤੇ ਸਰਦਾਰਾਂ ਨੂੰ ਮਾਰ ਕੇ ਧਰਤੀ 'ਤੇ ਸੁੱਟ ਦਿੱਤਾ।

ਹੇਰਿ ਕਹੈਂ ਤੁਰਕੀ ਭਟ ਸਾਫਰੀ[1],
ਆਫਰੀਂ ! ਆਫਰੀਂ[1] ! ਸਿੰਘ ਪਜਾਰਾ ॥੨੧॥

[1]ਸਾਫ਼ (ਸਪੱਸ਼ਟ) ਹੀ ਕਹਿੰਦੇ ਹਨ।
[1]ਸ਼ਾਬਾਸ਼ ਸ਼ਾਬਾਸ਼।

ਆਹਿਵ ਕੀਨ ਜਿਤੋ ਦਲ ਚਾਹਿਵ,
ਹੋਇ ਭਲੇ ਜਨ ਕਾਲ ਮੁਸਾਹਿਬ[1]।

[1]ਜੰਗ ਕੀਤਾ ਜਿੰਨਾ ਤੁਰਕੀ ਦਲ ਚਾਹੁੰਦਾ ਸੀ ਜਾਣੋ ਚੰਗੀ ਤਰ੍ਹਾਂ ਕਾਲ ਦੇ {ਮੁਸਾਹਿਬ} ਸਾਥੀ ਹੋ ਕੇ।

ਸਾਹਿਬ ਪੇਖਿ ਪਹਾਰਨ ਕੇ,
ਸਤ ਧਾਰਨ ਕੇ ਧਨੁ ਧਾਰਨ ਚਾਹਿਬ[1]।

[1]ਸੱਤ ਧਾਰਾਂ ਦੇ ਪਹਾੜੀ ਰਾਜੇ, ਵੇਖ ਕੇ ਧਨੁਸ਼ ਧਾਰਨਾ ਚਾਹੁੰਦੇ ਹਨ (ਭਾਵ ਸਿੰਘ ਤੋਂ ਧਨੁਸ਼ ਚਲਾਉਣਾ ਸਿੱਖਣਾ ਚਾਹੁੰਦੇ ਹਨ)।

ਚਾਹਿਬ ਆਇ ਕਰਜੋ ਭਟ-ਭੇਰ,
ਪੈ ਹੇਰਿ ਪਰੈਂ ਬਿਨੁ ਦੇਰਹਿ ਰਾਹਿਬ[1]।

[1](ਪਹਾੜੀ ਸੂਰਮੇ) ਚਾਹ ਕੇ ਜੰਗ ਤਾਂ ਆ ਕਰਦੇ ਹਨ (ਪਰ ਸਿੰਘਾਂ ਨੂੰ) ਦੇਖ ਕੇ ਬਿਨਾਂ ਦੇਰੀ ਤੋਂ {ਰਾਹਿਬ} ਰਸਤੇ ਪੈ ਜਾਂਦੇ ਹਨ (ਭਾਵ ਦੌੜ ਜਾਂਦੇ ਹਨ)।

ਰਾਹਿਬ[1] ਨਾਮ ਸਦਾ ਉਠ ਕੇ ਜਗਿ,
ਸਾਹਿਬ ਸਿੰਘ ਜਿਵੇਂ ਜੁ ਲਰਾਹਿਬ[1] ॥੨੨॥

[1]{ਰਾਹਿਬ}ਰਹਿਣਗੇ।
[1]ਲੜਨਗੇ।

ਫਿਰਿ ਆਨਿ ਅਨੀ ਤੁਰਕੀ ਸਘਨੀ[1],
ਇਕ ਬਾਰਹਿ ਬਾਰ ਅਪਾਰ ਕਰੇ।
ਸਿੰਘ ਹੋਇ ਸ਼ਹੀਦ ਰਸੀਦ ਲਈ,
ਜਮ ਕੀ ਫਿਰ ਜਜੋਂ ਨ ਤਗੀਦ ਪਰੇ[1]।

[1]ਤੁਰਕਾਂ ਦੀ ਬਹੁਤੀ ਫ਼ੌਜ।

[1]ਸਾਹਿਬ ਸਿੰਘ ਨੇ ਸ਼ਹੀਦ ਹੋ ਕੇ ਸਚਖੰਡ ਦੀ {ਰਸੀਦ} ਪਹੁੰਚ ਲੈ ਲਈ ਜਿਸ ਕਰ ਕੇ ਫੇਰ ਜਮਾਂ ਦਾ {ਤਗੀਦ} ਸੱਦਾ ਨ ਪਵੇ।

ਪਿਖਿ ਹੂਰਨ ਸੂਰਨ ਪੂਰਨ ਮੋਦ ਛਯੋ
ਮਨ[1], ਕਾਇਰ ਕੂਰ ਡਰੇ।

[1]ਸੂਰਮਿਆਂ ਨੂੰ ਦੇਖ ਕੇ ਅਪੱਛਰਾਂ ਦੇ ਮਨ ਵਿੱਚ ਬਹੁਤਾ ਅਨੰਦ ਭਰ ਗਿਆ।

ਬਰ ਕੈ ਕਰਨੀ ਧਰਨੀ ਪਰ ਕੈ,
ਲਰ ਕੈ[1] ਇਮ ਦੋਇ ਪਜਾਰੇ ਮਰੇ ॥ ੨੩ ॥

[1]ਸ੍ਰੇਸ਼ਟ ਕਰਨੀ ਕਰਕੇ, ਲੜ ਕੇ ਤੇ ਧਰਤੀ 'ਤੇ ਪੈ ਕੇ।

ਗਜ ਝੁੰਡਨ ਕੋ ਪਿਖਿ ਸ਼ੇਰ ਦਬੈ ਕਿਮ,
ਕੂੰਜਨ ਕੋ ਪਿਖ ਕੈ ਬਹਿਰੀ[1]।

[1]ਕੂੰਜਾਂ ਨੂੰ ਵੇਖ ਕੇ ਬਹਰੀ (ਸ਼ਿਕਾਰੀ ਜਾਨਵਰ) ਕਿਵੇਂ ਦਬ ਸਕਦੀ ਹੈ।

ਮਧ ਗੋਲ[1] ਸੁ ਢੋਲ ਅਮੋਲ ਬਜੇ,
ਕਿਮ ਅੱਡੀ ਨਚਾਰ ਰਹੇ ਠਹਿਰੀ।

[1]ਅਖਾੜੇ ਵਿੱਚ।

ਹਰਿ ਬਾਹਨ ਨਾਹਨ ਹੇਰਿ ਟਰੈ,
ਕਿ ਨ ਆਹਨ ਸਾਂਪ ਘਨੇ ਜਹਿਰੀ[1]।

[1]{ਹਰਿ ਬਾਹਨ} ਗਰੁੜ ਵੇਖ ਕੇ ਨਹੀਂ ਟਲਦਾ ਭਾਵੇਂ ਬਹੁਤੇ ਜ਼ਹਿਰੀ ਸੱਪ ਕਿਉਂ ਨ ਆਉਣ।

ਤਿਮ ਮੋਹਕਮ ਸਿੰਘ ਰਹੈ ਦਬ ਕਜੋਂ,
ਜਬਿ ਸੰਮੁਖ ਸੱਤ੍ਰ ਅਨੀ ਗਹਿਰੀ[1] ॥ ੨੪ ॥

[1]ਜਦ ਸਾਹਮਣੇ ਵੈਰੀਆਂ ਦੀ ਬਹੁਤੀ ਫ਼ੌਜ ਹੋਵੇ।

ਜਬਿ ਪਯਾਰੇ ਉਦਾਰੇ ਸੁ ਭਾਰੇ ਬਿਰਾਦਰ,
ਪਜਾਲੇ ਨੁਵਾਲੇ ਕੇ ਸੀਰੀ ਜੁਝੇ[1]।

[1]ਗੁਰੂ ਕੇ ਬਹੁਤੇ ਪਿਆਰੇ, ਸਕੇ ਭਰਾਵਾਂ ਵਾਂਗ ਇਕੱਠਾ ਖਾਣ ਪੀਣ ਦੇ {ਸੀਰੀ} ਸਾਂਝ ਵਾਲੇ ਸ਼ਹੀਦ ਹੋ ਗਏ।

ਪਿਖਿ ਮੋਹਕਮ ਸਿੰਘ ਹਠੀ ਹਠਵਾਰ,
ਲਿਯੇ ਕਰਵਾਰ ਸੁ ਢਾਰ ਉਝੇ[1]।

[1]ਤਲਵਾਰ ਤੇ ਚੰਗੀ ਢਾਲ ਲੈ ਕੇ {ਉਝੇ} ਉਛਲੇ।

ਤੜਕਯੋ ਭੜਕਯੋ ਤੜਤਾ ਅਗਨੀ ਜਿਮ,
ਔ ਗੜਕਯੋ ਜਨੁ ਮੇਘ ਦੁਜੇ[1]।

[1]ਬਿਜਲੀ ਵਾਂਗ ਤੜਕਿਆ, ਅੱਗ ਵਾਂਗ ਭੜਕਿਆ ਤੇ ਐਉਂ ਗੱਜਿਆ ਜਾਣੋ ਦੂਜਾ ਬੱਦਲ ਹੈ।

ਮਿਰਗਿੰਦ ਗਜਿੰਦ ਬਰਿੰਦਨ ਜਯੋਂ,
ਤੁਰਕਿੰਦਨ ਪੈ ਤਿਮ ਸਿੰਘ ਸੁਝੇ[1] ॥ ੨੫ ॥

[1]ਜਿਵੇਂ ਬਹੁਤੇ ਹਰਨਾਂ ਤੇ ਹਾਥੀਆਂ ਉਪਰ ਸ਼ੇਰ ਪੈਂਦੇ ਹਨ ਤਿਵੇਂ ਤੁਰਕਾਂ ਦੇ ਮੁਖੀਆਂ 'ਤੇ ਸਿੰਘ ਪੈਂਦੇ {ਸੁਝੈ} ਨਜ਼ਰ ਆਉਂਦੇ ਹਨ।

ਕਬਿੱਤ:

ਰੋਪਰਣ ਭੂਮਿ ਪਾਉਂ ਅੰਗਦ ਜਯੋਂ ਹਠੀ ਸਿੰਘ,
ਡਾਟਯੋ ਕਾਟਯੋ ਦੁੱਜਨ ਕੋ ਆਛੇ ਠਹਿਰ ਠਹਿਰ ਕੈ[1]।

[1]ਅੰਗਦ ਵਾਂਗ ਹਠੀ ਸਿੰਘ ਸੂਰਮੇ ਧਰਤੀ 'ਤੇ ਪੈਰ (ਰੋਪ) ਜਮਾਉਂਦੇ ਹਨ ਅਤੇ ਚੰਗੀ ਤਰ੍ਹਾਂ ਖਲੋ ਖਲੋ ਕੇ ਵੈਰੀਆਂ ਨੂੰ ਤਾੜਦੇ ਤੇ ਕੱਟਦੇ ਹਨ।

ਫਤੇ ਗੁਰੂ ਗੁਬਿੰਦ ਜੂ ਮ੍ਰਿਗੰਦ ਕੀ ਬੁਲਿੰਦ ਬੋਲਿ,

ਗਜਾਨ ਸਿੰਘ ਝਾਰੈਂ ਤੇਗ ਮਾਰੈਂ ਘਹਿਰ ਘਹਿਰ ਕੈ[1]।

[1](ਘਹਿਰ ਘਹਿਰ) ਘੇਰ ਘੇਰ ਕੇ ਤਲਵਾਰ ਦਾ ਵਾਰ ਕਰ ਕੇ ਮਾਰ ਦੇਂਦੇ ਹਨ।

ਲੁੱਥ ਪੈ ਚਢਾਈ ਲੁੱਥ ਕੀਨੇ ਬਹੁ ਤੁੱਥ ਮੁੱਥ[1],
ਦਾਂਤ ਲੈ ਤਨੂਕਾ ਅਰਿ ਭਾਗੈਂ ਹਹਿਰ ਹਹਿਰ ਕੈ[1]।

[1](ਕੱਟ ਵੱਢ ਕੇ) ਬਹੁਤੇ ਗੋਲ ਮੋਲ ਕਰ ਦਿੱਤੇ।
[1]ਦੰਦਾਂ 'ਚ ਕੱਖ ਲੈ ਕੇ ਵੈਰੀ {ਹਹਿਰ ਹਹਿਰ} ਡਰ ਡਰ ਕੇ ਭਜਦੇ ਹਨ।

ਬੈਰੀ ਮ੍ਰਿਗ ਝੁੰਡ ਮੈਂ ਬਿਰਾਜੈਂ ਗਾਜੈਂ ਕੇਸਰੀ ਜਜੋਂ[1],
ਲਾਜੈਂ ਨਾਹਿਂ ਸਿੰਘ ਸਾਜੈਂ ਜੰਗ ਗਹਿਰ ਗਹਿਰ ਕੈ[1]

[1]ਸ਼ੇਰਾਂ ਵਾਂਗ।
[1]{ਗਹਰ ਗਹਰ ਕੈ} ਦਬੱਲ ਦਬੱਲ ਕੇ ਭਾਵ ਬਹੁਤ ਜ਼ੋਰ ਨਾਲ।

॥ ੨੬ ॥

ਡਾਲ ਦਯੋ ਭਾਰੀ ਹਲਚਾਲ ਦਲ ਦੁੱਜਨ ਮੈਂ,
ਉਛਰਿ ਉਛਰਿ ਸਿੰਘ ਬਾਹੈਂ ਤੇਗ ਝੱਟ ਝੱਟ।
ਝੂਮ ਝੂਮ ਝੁਕ ਝੁਕ ਝਜਕ ਝਜਕ ਬੀਰ,
ਖੇਲਤ ਖਿਲਾਰੀ ਖੇਤ ਪਟੇ ਬਾਜ ਦੱਟ ਦੱਟ[1]।

[1]ਗਤਕੇ ਬਾਜ਼ ਖਿਲਾੜੀ ਸੂਰਮੇ ਸਿਰ ਹਿਲਾ ਹਿਲਾ ਕੇ ਨਿਉਂ ਨਿਉਂ ਕੇਰੁਕਰੁਕ ਕੇ ਜੰਗ ਭੂਮੀ ਵਿੱਚ ਡਟ ਡਟ ਕੇ ਖੇਡਦੇ ਹਨ।

ਝੁੰਡਨ ਕੇ ਝੁੰਡਰੁੰਡ ਮੁੰਡ ਤੁੰਡ ਤੋਰ ਕੈ,
ਬਿਥੋਰ ਕੈ ਅਪਾਰੇ ਨਜਾਰੇ ਨਜਾਰੇ ਡਾਰੇ ਕੱਟ ਕੱਟ[1]।

[1]ਟੋਲਿਆਂ ਦੇ ਟੋਲੇ (ਫੌਜੀਆਂ ਦੀਆਂ) ਧੜਾਂ ਨਾਲੋਂ ਸਿਰ (ਕੱਟ ਕੱਟ ਕੇ ਤੇ ਬਹੁਤੇ) ਸਿਰਾਂ ਨਾਲੋਂ ਮੂੰਹ ਤੋੜ ਕੇ ਖਿਲਾਰ ਕੇ ਵਖ ਵਖ ਸੁੱਟ ਦਿੱਤੇ।

ਸਜਾਲ[1] ਗੀਧ[2] ਜੋਗਨੀ ਪ੍ਰੇਤ ਭੈਰੋਂ ਭੂਤ ਕਾਲੀ,
ਖਾਵੈਂ ਪਲ[1] ਪੀਵੈਂ ਖੂੰਨ ਪਜਾਲੇ ਭਰਿ ਗੱਟ ਗੱਟ[2]

[1]ਗਿੱਦੜ। [2]ਗਿਰਝਾਂ।
[1]ਮਾਸ। [2]ਗਟ ਗਟ ਸ਼ਬਦ ਕਰ ਕੇ ਭਾਵ ਇੱਕੇ ਸਾਹ।

॥ ੨੭ ॥

ਘਾਲੀ ਤੇਗ ਬੇਗ ਸੰਗ ਮੁਹਕਮ ਮੁਹਕਮ ਸਿੰਘ[1],

[1]ਮੁਹਕਮ ਸਿੰਘ ਨੇ ਬੜੀ {ਮੁਹਕਮ} ਪਕਿਆਈ ਤੇ {ਬੇਗ ਸੰਗ} ਛੇਤੀ ਨਾਲ ਤਲਵਾਰ (ਘਾਲੀ) ਵਾਹੀ।

ਪਰੀ ਹਲਚਾਲੀ ਚਹੂੰ ਚੱਕਨਿ ਬਿਸਾਲੀ ਹੈ।
ਭਾਰੀ ਥਰਥੱਲਾ ਬ੍ਰਹਮੰਡ ਮੈਂ ਅਵੱਲਾ[1] ਪਰਜੋ,
ਉਦਧਿ ਉਛੱਲਾ ਹੱਲਾ ਮੇਰੁ ਧਰ ਚਾਲੀ ਹੈ[1]।

[1]ਅਣੋਖਾ।
[1]ਸਮੁੰਦਰ ਉਛਲ ਪਿਆ, ਸੁਮੇਰ ਪ੍ਰਬਤ ਹਿੱਲ ਗਿਆ, ਧਰਤੀ ਡੋਲਣ ਲੱਗ ਪਈ।

ਕਮਠ ਕੜੱਕੈ ਕੋਲ ਭੁਜਂਗ ਭੜੱਕੈ ਬੈਲ
ਦਿਗਜ ਦੜੱਕੈ ਔਂ ਧੜੱਕੈ ਦੇਵ ਜਾਲੀ ਹੈ[1]।

[1]ਕੱਛੂ (ਜੋ ਧਰਤੀ ਹੇਠ ਮੰਨਿਆ ਹੈ) ਕੜਕਣ ਲੱਗ ਪਿਆ, {ਕੋਲ} ਸੂਰ ਤੇ {ਭੁਜਂਗ} ਸ਼ੇਸ਼ ਨਾਗ ਭੜਕ ਪਏ, {ਬੈਲ} ਧੌਲਾ ਬੈਲ ਤੇ ਦਿਸ਼ਾ ਦੇ ਹਾਥੀ {ਦੜੱਕੈ} ਘਾਬਰ ਗਏ ਅਤੇ {ਦੇਵ ਜਾਲੀ} ਸਾਰੇ ਦੇਵਤੇ ਧੜਕਣ ਲੱਗ ਪਏ।

ਅੱਲਾ ਅੱਲਾ ਬੋਲਤਿ ਮੁਸੱਲਾ ਗਨ ਚੱਲਾ ਦੌਰਿ,

ਹੱਲਾ ਹੱਲਾ ਪਾਰਤ ਅਵੱਲਾ ਸਿੰਘ ਖਜਾਲੀ ਹੈਂ[1] ॥੨੮॥

[1]{ਅਵੱਲਾ} ਅਣੋਖੇ ਖਿਆਲ ਵਾਲੇ ਸਿੰਘ ਹੱਲੇ ਤੇ ਹੱਲਾ ਪਾਉਂਦੇ ਭਾਵ ਕਰਦੇ ਹਨ।

ਸ੍ਵੈਯਾ:

ਇਤ ਤੈ ਸਿੰਘ ਕੇਹਰ ਜਜੋਂ ਗਰਜੈ,
ਤਰਜੈ ਭਟ ਭੇਰ ਰਹਜੋ ਕਰਿ ਕੈ[1]।

[1]ਜੰਗ ਕਰਦਾ ਹੋਇਆ ਤਾੜ ਰਿਹਾ ਹੈ।

ਬਹੁ ਘਾਉ ਭਏ ਤਨ ਖੂੰਨ ਭਿਗਜੋ,
ਜਨੁ ਫਾਗ ਮੈਂ ਬਾਗ ਰਹਜੋ ਤਰ ਕੈ[1]।

[1]{ਫਾਗ} ਹੋਲੀ ਵਿੱਚ {ਬਾਗ} ਪੁਸ਼ਾਕਾ ਤਰ ਹੋ ਰਿਹਾ ਹੈ।

ਉਤ ਤੈ ਨਿਕਸਯੋ ਇਕ ਬੀਰ ਅਮੀਰ,
ਬਜੀਰ ਅਲੀ[1] ਸੁ ਬਲੀ ਬਰ ਕੈ[2]।

[1]ਨਾਮ। [2]ਬਲ ਕਰਕੇ।

ਕਰਵਾਰਨ ਕੇ ਕਰਿ ਵਾਰ ਉਭੈ,
ਇਕ ਬਾਰਹਿ ਜੂਝ ਗਏ ਅਰ ਕੈ[1] ॥੨੯॥

[1]ਤਲਵਾਰਾਂ ਦੇ ਵਾਰ ਕਰ ਕੇ ਦੋਵੇਂ ਇੱਕੋ ਵੇਰਾਂ ਅੜ ਕੇ ਸ਼ਹੀਦ ਹੋ ਗਏ।

ਜੂਝ ਗਏ ਜਬਿ ਤੀਨਹੁ ਬੀਰ,
ਪਜਾਰੇ ਮਹਾਂ ਰਣ ਕੈ ਬਲਵਾਰੇ।
ਔਰ ਘਨੇ ਸਿੰਘ ਤਾਂਹੀਂ ਸਮੈਂ,
ਕਰਿ ਜੰਗ ਅਭੰਗ ਉਮੰਗ ਸੰਗਾਰੇ।
ਜੂਝ[1] ਸ਼ਹੀਦ ਭਏ ਤਹਿਂ ਸੰਮੁਖ,

[1]ਲੜ ਕੇ।

ਮਾਰ ਸ੍ਰਦਾਰ ਤੁਰਕਾਨ ਅਪਾਰੇ।
ਮੋਦ ਭਰੇ ਗੁਰੁ ਹੇਰਿ ਰਹੇ ਰਰ,
ਧੰਨ ਗੁਰੂ ਸਿਖ ਧੰਨ ਪਜਾਰੇ[1] ॥੩੦॥

[1]ਅਨੰਦ 'ਚ ਭਰੇ ਸਤਿਗੁਰੂ ਦੇਖ ਕੇ ਕਹਿ ਰਹੇ ਹਨ ਕਿ ਧੰਨ ਗੁਰੂ ਕੇ ਸਿੱਖ ਹਨ ਅਤੇ ਗੁਰੂ ਕੇ ਪਿਆਰੇ ਵੀ ਧੰਨ ਹਨ।

ਸਿੰਘਨਿ ਆਯੁਧ ਖੂਬ ਕਰੇ,
ਬਲ ਧਾਰ ਹਰੇ ਅਰਿ ਪੁੰਜ ਜਬੈ ਹੀ[1]।

[1]ਜਦੋਂ ਸਿੰਘਾਂ ਨੇ ਬਲ ਧਾਰ ਕੇ ਚੰਗੀ ਤਰ੍ਹਾਂ {ਆਯੁਧ} ਸ਼ਸਤ੍ਰ ਚਲਾਏ ਤਾਂ ਬਹੁਤ ਵੈਰੀ ਮਾਰ ਦਿੱਤੇ।

ਹਤ ਕੈ ਦਸ ਬੀਸਨ ਕੋ ਇਕ ਏਕ,
ਪਰੇ ਧਰ ਹੋਇ ਸ਼ਹੀਦ ਸਬੈ ਹੀ।
ਜਾਇ ਬਸੇ ਗੁਰੁ ਲੋਕ ਵਿਖੈ,
ਜਸ ਲੋਕ ਪ੍ਰਲੋਕਹਿ ਪੂਰ ਅਬੈ ਹੀ।
ਪਿਖ ਕੈ ਗੁਰੁ ਪੂਤ ਸਪੂਤਨਿ ਸੋ,
ਪੁਰਹੂਤਨ ਹ੍ਵੈ ਮਜਬੂਤ ਤਬੈ ਹੀ[1] ॥੩੧॥

[1]ਗੁਰਾਂ ਦੇ {ਪੂਤ} ਪਵਿੱਤ੍ਰ ਸੁਪੱਤ੍ਰਾਂ ਨੇ {ਸੋ} ਉਹਨਾਂ (ਸਿੰਘਾਂ) ਨੂੰ (ਸ਼ਹੀਦ ਹੋਇਆਂ) ਵੇਖ ਕੇ ਤਦੋਂ ਇੰਦ੍ਰਾਂ (ਵਾਂਗ) ਮਜ਼ਬੂਤ ਹੋ

ਕੇ।

ਧਰਿ ਧੀਰ ਜੁੱਝਾਰ ਜੁਝਾਰ ਹਰੀ,
ਅਸਿ ਧਾਰਿ[1] ਹਜਾਰਨ ਕੇ ਸਿਰ ਕੱਟੇ।

[1]{ਜੁਝਾਰ} ਲੜਾਕੇ ਯੋਧੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਧੀਰਜਰੱਖ ਕੇ ਤੇ ਤਲਵਾਰ ਪਕੜ ਕੇ।

ਮਧ ਜੁੱਧ ਨਿਰੁੱਧ ਕ੍ਰੁੱਧਤ ਹ੍ਵੈ,
ਅਤਿ ਉੱਧਤ ਜੁੱਧਿ ਸਬੁੱਧਹਿ ਜੁੱਟੇ[1]।

[1]ਜੰਗ 'ਚ {ਨਿਰੁਧ}ਰੁਕ ਕੇ ਕ੍ਰੋਧਵਾਨ ਹੋ ਕੇ ਬਹੁਤ {ਉੱਧਤ} ਉਤਸ਼ਾਹ ਤੇ ਸ੍ਰੇਸ਼ਟ ਬੁੱਧੀ ਨਾਲ ਜੰਗ 'ਚ ਜੁੱਟ ਪਏ।

ਅਰਿ ਮਾਰਿ ਸਥਾਰ ਅਪਾਰ ਕਰਜੋ,
ਤੁਰਕੀ ਸਰਦਾਰ ਨਿਹਾਰਿ ਦਬੁੱਟੇ[1]।

[1]ਦਬ ਗਏ।

ਯਹਿ ਬਾਲਕ ਹੈਂ ਜੁਗ[1] ਕਾਲ ਕਿਧੋ,
ਕਹਿ ਕੈ ਇਮ ਆਂਗੁਰੀ ਦਾਂਤਨ ਘੁੱਟੇ ॥ ੩੨ ॥

[1]ਦੋ।

ਚਹੁੰ ਓਰਨ ਤੈ ਕਰਿ ਜੋਰ ਪਰੈਂ,
ਰਵ ਘੋਰ ਰਰੈਂ ਅਰਿ ਆਨਿ ਝਪਾਟੈਂ[1]।

[1]ਡਰਾਉਣੀਆਂ ਅਵਾਜ਼ਾਂ ਬੋਲਦੇ ਹਨ ਆ ਕੇ ਵੈਰੀਆਂ ਤੇ {ਝਪਾਟੈਂ} ਹਮਲਾ ਕਰਦੇ ਹਨ।

ਸਿੰਘ ਅਜੀਤ ਅਜੀਤ ਅਭੀਤਹਿ,
ਬੀਰ ਲਰੈਂ ਮਨਿ ਭੀਰੁ ਨ ਹਾਟੈਂ[1]।

[1]ਸਾਹਿਬ ਅਜੀਤ ਸਿੰਘ ਆਦਿ ਅਜਿੱਤ ਤੇ ਨਿੱਡਰ ਸੂਰਮੇ ਲੜਦੇ ਹਨ, ਮਨ ਦੇ {ਭੀਰੁ} ਕਾਇਰ ਹੋ ਕੇ ਪਿੱਛੇ ਨਹੀਂ ਹਟਦੇ।

ਖਰ ਬਾਨਨ[1] ਔ ਕਿਰਪਾਨਨ ਸੋਂ,
ਤੁਰਕਾਨਿਨ ਕੇ ਦੁਰ-ਆਨਨ ਕਾਟੈਂ[1]।

[1]ਤਿੱਖੇ ਤੀਰਾਂ।

[1]ਖੋਟੇ ਮੂੰਹ ਕੱਟਦੇ ਹਨ।

ਬ੍ਰਿੰਦ ਮਤੰਗਨ ਮੈਂ ਜੁਗ ਸ਼ੇਰ,
ਕਿ ਪੁੰਜ ਪਤੰਗਨ ਮੈਂ ਜੁਗ ਲਾਟੈਂ[1] ॥ ੩੩ ॥

[1]ਬਹੁਤੇ ਹਾਥੀਆਂ 'ਚ ਦੋ ਸ਼ੇਰ ਹਨ ਜਾਂ ਬਹੁਤੇ ਭਮੱਕੜਾਂ ਵਿੱਚ ਦੋ (ਅੱਗ ਦੀਆਂ) ਲਾਟਾਂ ਹਨ।

ਮੰਡਿ ਘੁਮੰਡ ਮਹਾਂ ਪਰਚੰਡ,
ਕਰੀ ਬਹੁ ਖੰਡਨ ਸੈਨ ਅਰੀ ਕੀ[1]।

[1]ਬਹੁਤਾ {ਪ੍ਰਚੰਡ} ਤਿੱਖਾ {ਘੁਮੰਡ} ਜੰਗ ਪਾ ਕੇ ਵੈਰੀਆਂ ਦੀ ਬਹੁਤੀ ਫ਼ੌਜ ਟੁਕੜੇ ਕਰ ਦਿੱਤੀ।

ਯੌਂ ਬਿਚਲਜੋ ਦਲ ਦੁੱਜਨ ਕੋ,
ਪਿਖਿ ਕੇਹਰ ਜਯੋਂ ਗਤਿ ਬ੍ਰਿੰਦ ਕਰੀ ਕੀ[1]।

[1]ਇਉਂ {ਦੁੱਜਨ} ਵੈਰੀਆਂ ਦਾ ਦਲ {ਬਿਚਲਜੋ} ਖਿੰਡ ਗਿਆ ਜਿਵੇਂ ਸ਼ੇਰ ਨੂੰ ਵੇਖ ਕੇ ਬਹੁਤੇ ਹਾਥੀਆਂ ਦੀ ਹਾਲਤ ਹੁੰਦੀ ਹੈ।

ਆਪਸ ਮੈਂ ਤੁਰਕੀ ਸਰਦਾਰ,
ਕਹੈਂ ਘਬਰਾਇ ਜੁਬਾਨਿ ਬਰੀਕੀ[1]।

[1]ਬਰੀਕ ਜ਼ਬਾਨ ਨਾਲ ਭਾਵ ਬਹੁਤ ਹੌਲੀ।

ਕਾਲ ਕੀ ਜੀਹ ਕਿ ਮੌਤ ਕੀ ਲੀਹ,
ਕਿ ਸਾਂਪਨਿ ਤੇਗ ਜੁਝਾਰ ਹਰੀ ਕੀ[1] ॥ ੩੪ ॥

[1]ਜੁਝਾਰ ਸਿੰਘ ਦੀ ਤਲਵਾਰ ਕਾਲ ਦੀ ਜ਼ਬਾਨ ਹੈ ਜਾਂ ਮੌਤ ਦੀ

ਪਗਡੰਡੀ ਹੈ ਜਾਂ ਸੱਪਣੀ ਹੈ।

ਹੇਰਿ ਹਿਰਾਨ ਰਹੀ ਤੁਰਕਾਨਿ[1],
ਸੁ ਭੌਂਹ ਭਈ ਸਬਿ ਕੀ ਤਬਿ ਢਿੱਲੀ।
ਲਾਘਵਤਾ[1] ਗੁਰੁ ਪੂਤਨ ਕੀ ਪਿਖਿ,
ਊਤਨ ਕੀ[1] ਉਰਿ ਧੀਰਜ ਹਿੱਲੀ।
ਰੀਝ ਰਹੇ ਪਿਖਿ ਸੂਰ ਸਹੀ[1] ਸਭਿ,
ਕੂਰਨ ਕੋ ਕਰਿ ਹੈਂ ਇਮ ਖਿੱਲੀ[1]।
ਮੂਸਨ[1] ਘੀਸਨ ਮਾਰਨ ਹਾਰ,
ਸ਼ਿਕਾਰ ਬਘਜਾਰ ਕਰੈ ਕਿਮ ਬਿੱਲੀ ॥ ੩੫ ॥
ਫੇਰ ਝੁਕੇ ਕਰਵਾਰਨ ਲੈ,
ਕਰਿ ਵਾਰਨ ਕੌਰਣ ਪਾਰਨ ਕੋਵਾ[1]।

[1]ਤੁਰਕਾਂ ਦੀ ਫ਼ੌਜ।

[1]ਫੁਰਤੀ।

[1]ਮੂਰਖਾਂ ਦੀ।

[1]ਠੀਕ ਤਰ੍ਹਾਂ।

[1]ਕਾਇਰਾਂ ਨੂੰ ਇਸ ਤਰ੍ਹਾਂ ਹਾਸੀ ਕਰਦੇ ਹਨ।

[1]ਚੂਹਿਆਂ ਨੂੰ।

[1]ਫੇਰ ਹੱਥਾਂ 'ਚ ਤਲਵਾਰਾਂ ਲੈ ਕੇ {ਝੁਕੇ} ਅੱਗੇ ਵਧੇ ਵਾਰ ਕਰ ਕੇ ਜੰਗ ਪਾਇਆ।

ਗੁਰੁ ਪੂਤ ਭਟਾਂ ਨਟ ਜਯੋਂ ਉਛਲੈਂ,
ਪੁਛਲੈਂ ਕੁ ਛਲੈਂ ਸੁ ਚਲੈਂ ਅਰਿ ਖੋਵਾ[1]।

[1]ਗੁਰਾਂ ਦੇ {ਭਟਾਂ} ਸੂਰਮੇ ਪੁੱਤਰ ਨਟਾਂ ਵਾਂਗ ਉਛਲਦੇ ਪੁਛਲਦੇ ਹਨ ਤੇ ਵੈਰੀਆਂ ਨੂੰ ਛਲ ਕੇ ਨਾਸ ਕਰਦੇ ਜਾਂਦੇ ਹਨ।

ਬਿਜਰੀ ਜਿਮ ਦਾਹਿਤ, ਗਾਹਿਤ ਸੈਨ
ਅਰੀਨ, ਕਰੀ ਬਨ ਕੇਲਨ ਜੋਵਾ[1]।

[1]ਦੁਸ਼ਮਣਾਂ ਦੀ ਫ਼ੌਜ ਨੂੰ ਬਿਜਲੀ ਵਾਂਗ ਸਾੜਦੇ ਹਨ ਤੇ ਕੇਲਿਆਂ ਦੇ ਬਨ ਨੂੰ ਹਾਥੀ ਵਾਂਗ {ਗਾਹਿਤ} ਲਿਤਾੜਦੇ ਦੇਖੀਦੇ ਹਨ।

ਪਿਖ ਕੈ ਰਜਪੂਤ ਬਡੇ ਮਜਬੂਤ,
ਪਠਾਨ ਮੁਗੱਲ ਭਗੇ ਕਰਿ ਤੋਵਾ ॥ ੩੬ ॥
ਜਗਿ ਬੰਦਨ ਨੰਦਨ ਕੰਦਨ ਸੱਤ੍ਰੁਨਿ,
ਮਾਰਹਿ ਮਾਰ ਹਕਾਰ ਸੁ ਕੂਕੈਂ[1]।

[1]ਜਗਤ ਦੇ ਨਮਸਕਾਰ ਕਰਨ ਜੋਗ (ਕਲਗੀਧਰ) ਦੇ ਸਪੁੱਤ੍ਰ ਵੈਰੀਆਂ ਨੂੰ ਨਾਸ ਕਰਨ ਵਾਲੇ ਮਾਰ ਲੋ ਮਾਰ ਲੋ {ਹਕਾਰ} ਬੋਲ ਕੇ ਕੂਕਦੇ ਹਨ।

ਔ ਝਪਟਾਇ ਪਰੈਂ ਕਿਚਕਾਇ,
ਅਰੀ ਦਲ ਮੱਧ ਛਲੰਗ ਦੁਊ ਕੈ[1]।

[1]ਫੇਰ ਝਪਟ ਮਾਰ ਕੇ ਤੇ ਕਚੀਚੀਆਂ ਲੈ ਕੇ ਦੁਹੁੰ ਕੁ ਛਾਲਾਂ ਨਾਲ ਵੈਰੀਆਂ ਦੇ ਦਲ ਵਿੱਚ ਜਾ ਪੈਂਦੇ ਹਨ।

ਸੱਥਲ ਹੱਥਰੁ ਮੱਥ ਸੁਟੈਂ ਕਟਿ,
ਕੇਤਿਕ ਕੇ ਝਟ ਪੱਟ ਅਰੂਕੈ[1]।

[1]ਕਈਆਂ ਦੇ ਪੱਟ, ਹੱਥ ਤੇ ਸਿਰ ਛੇਤੀ ਹੀ ਬਿਨਾਂਰੋਕ ਤੋਂ ਕੱਟ ਸੁਟਦੇ ਹਨ।

ਰੁੰਡਨ ਮੁੰਡਨ ਤੁੰਡਨ ਝੁੰਡ,
ਬਖੇਰ ਦਏ ਭਰਿ ਕੁੰਡ ਲਹੂ ਕੈ[1] ॥ ੩੭ ॥

[1]ਸਾਰੇ ਧੜ ਸਿਰ ਤੇ ਮੁੱਖ ਖਿਲਾਰ ਦਿੱਤੇ ਤੇ ਲਹੂ ਦੇ {ਕੁੰਡ} ਟੋਏ ਭਰ ਦਿੱਤੇ।

ਮੇਦ ਰੁ ਮਾਸ ਕਾ ਕੀਚ ਮਚਜੋ
ਧਰ ਵੀਚ, ਉਲੀਚ ਲਹੂ ਦਿਖਰਾਵੈਂ[1]।

[1]ਧਰਤੀ ਵਿੱਚ ਮਿੱਝ ਤੇ ਮਾਸ ਦਾ ਚਿੱਕੜ {ਮਚਜੋ} ਹੋ ਗਿਆ, ਲਹੂ {ਉਚੀਲ} ਛਿੜਕਿਆ ਹੋਇਆ ਨਜ਼ਰ ਆਉਂਦਾ ਹੈ।

ਭੈਰਵਿ ਭੂਤ ਪ੍ਰੇਤ ਮਿਲੇ ਸਭਿ,
ਮੋਦ ਭਰੇ ਮਨ ਬਾਂਛਿਤ ਖਾਵੈਂ।
ਨਾਚਤ ਨਾਰਦ ਜੋਗਨੀਆਂ ਮਿਲਿ,
ਤਾਰੀਆਂ ਦੈ[1] ਕਿਲਕਾਰੀਆਂ ਪਾਵੈਂ।
ਭੂਤਨੀਆਂ ਭਰਿ ਖੂਨ ਕਟੋਰੀਆਂ,
ਲੋਰੀਆਂ ਦੈ ਨਿਜ ਪੂਤਨਿ ਪਜਾਵੈਂ ॥ ੩੮ ॥

[1]ਤਾੜੀਆਂ ਮਾਰ ਕੇ।

ਕਬਿੱਤ:
ਪਾਵਕ ਜਜੋਂ ਲਪਟ ਝਪਟ ਝਾਰੈਂ ਬਿਕਟ
ਸੁਭਟਨ ਕੌ, ਚਟਕ ਚਟਕ ਪਟਕਾਨ ਹੈ[1]।

[1]ਅੱਗ ਦੀ {ਲਪਟ} ਲਾਟ ਵਾਂਗ ਝਪਟ ਮਾਰ ਕੇ {ਬਿਕਟ} ਨ ਕੱਟੇ ਜਾਣ ਵਾਲੇ ਸੂਰਮਿਆਂ ਨੂੰ ਝਾੜਦੇ ਹਨ ਤੇ {ਚਟਕ ਚਟਕ} ਫੁਰਤੀ ਨਾਲ ਪਟਕਾ ਕੇ ਸੁੱਟਦੇ ਹਨ।

ਸੱਯਦ ਮੁਗਲ ਸ਼ੇਖ ਰਾਜਪੂਤ ਮਜ਼ਬੂਤ,
ਦੇਖਿ ਅਫਗਾਨ ਦਾਬੈਂ ਦਾਂਤਨਿ ਜੁਬਾਨ ਹੈਂ।
ਗਜਾਨ ਸਿੰਘ ਲੁੱਥਨ ਪੈ ਲੁੱਥ ਹੈ ਚਢਾਈ ਪਿਖਿ,
ਭੈਰਵਿ ਪਿਸਾਚ[1] ਭੂਤ ਨਾਚਤ ਮਸਾਨ[2] ਹੈਂ।
ਆਇ ਆਸਮਾਨ ਮੈਂ ਬਿਵਾਨ ਪੈ ਸੁ ਪਰੀ ਪੁੰਜ,
ਬਰ ਬਰ ਸੂਰ ਹੂਰ ਜਾਤ ਮੋਦ ਮਾਨ ਹੈਂ ॥ ੩੯ ॥

[1]ਮਾਸ ਖਾਣੇ ਜੀਵ। [2]ਪ੍ਰੇਤ।

ਸੋਢ ਬੰਸ ਹੰਸ ਚਢੇ ਗਢ ਪੈ[1] ਨਿਹਾਰੈਂ ਜੰਗ,
ਅੰਗ ਨਾ ਸਮਾਤ ਤਾਤ[1] ਲਰਤੇ ਬਿਲੋਕ ਕੈ।
ਮਾਰੈਂ ਕਰਵਾਰੈਂ ਕਰਿ ਵਾਰੈਂ ਲੈ ਕਟਾਰੈਂ ਬੀਰ,
ਝਾਰੈਂ ਛੱਮ ਛੱਮ ਨਾ ਵਿਚਾਰੈਂ ਕਾਹੂੰਰੋਕ ਕੈ[1]।

[1]ਸੋਢਬੰਸ ਦੇ ਸੂਰਜ ਕਲਗੀਧਰ ਜੀ ਕਿਲ੍ਹੇ ਉੱਪਰ।
[1]ਪੁੱਤਰਾਂ ਨੂੰ।
[1]ਸੂਰਮੇ ਤਲਵਾਰਾਂ ਤੇ ਕਟਾਰਾਂ ਲੈ ਕੇ ਵਾਰ ਕਰ ਕੇ ਮਾਰਦੇ ਹਨ, ਛੇਤੀ ਛੇਤੀ ਝਾੜਦੇ ਹਨ, ਇਹ ਨਹੀਂ ਵਿਚਾਰਦੇ ਕਿ ਸਾਨੂੰ ਕੋਈਰੋਕੇਗਾ।

ਕਾਢਿ ਕਾਢਿ ਬਿਸਖ[1] ਚਲਾਵੈਂ ਰੋਸ ਬਾਢ ਬਾਢ[2],
ਗਜਾਨ ਹਰੀ ਕੌਤਿਕ ਬਿਲੋਕ ਹੈਂ ਅਲੋਕਕੈ[1]।
ਤੀਰ ਤੇਗ ਤੋਮਰ[1] ਤ੍ਰਿਸੂਲ ਜਮ ਦਾਢਨ ਕੀ,
ਨੌਕਨ ਪੈ ਚਢਿ[1] ਭਟ ਜਾਤ ਸੁਰ ਲੋਕ ਕੈ ॥ ੪੦ ॥
ਛੋਟੇ ਛੋਟੇ ਅੰਗ ਔ ਨਿਖੰਗ ਧਨੁ ਪੇਖਬੇ ਕੋ,

[1]ਤੀਰ। [2]ਗੁੱਸਾ ਵਧਾ ਵਧਾ ਕੇ।
[1]ਅਸਚਰਜ।
[1]ਬਰਛਿਆਂ ਤੇ।
[1]ਕਟਾਰਾਂ ਦੀਆਂ ਬੇੜੀਆਂ 'ਤੇ ਚੜ੍ਹ ਕੇ।

ਐ ਪੈ ਵਡੇ ਬਲ ਕੇ ਬਿਲਾਸ ਮੈਂ ਦਿਖਾਤ ਹੈਂ[1]।

[1]ਵੇਖਣ ਨੂੰ ਤਾਂ ਅੰਗ, ਭੱਥੇ ਤੇ ਧਨੁਖ ਛੋਟੇ ਛੋਟੇ ਹਨ ਪਰ ਬਲ ਤੇ ਕੌਤਕ ਵੱਡੇ ਦਿਖਾਉਂਦੇ ਹਨ।

ਵਡੇ ਵਡੇ ਕੱਦ ਕੇ ਬਿਹੱਦ[1] ਹੀ ਪਹਿਲਵਾਨ,
ਗੌਰੈ ਗੌਰੈ[1] ਦੌਰੈ ਪੈ ਗਦੌਰੈ ਜਸੋਂ ਗਿਰਾਤ ਹੈਂ[2]।

[1]ਬਹੁਤੇ।

[1]ਭਾਰੇ ਭਾਰੇ। [2]ਦੌੜਦਿਆਂ ਹੋਇਆਂ ਨੂੰ {ਗਦੌਰੇ} ਗਹੀਰੇ ਵਾਂਗ ਡੇਗ ਦੇਂਦੇ ਹਨ।

ਐਂਡੇ ਐਂਡੇ ਆਇ ਬੋਲ ਬੋਲਤ ਜੇ ਬੈਂਡੇ ਬੈਂਡੇ,
ਫੇਟੈਂ ਗੁਰੁ ਬੇਟੈਂ ਕੀ ਸੁ ਖਾਇ ਲੇਟੈਂ ਲਾਤ ਹੈਂ[1]।

[1]ਆਕੜ ਆਕੜ ਕੇ ਆਉਂਦੇ ਹਨ। ਜਿਹੜੇ ਅਵੈੜੇ ਅਵੈੜੇ ਬਚਨ ਬੋਲਦੇ ਹਨ, ਗੁਰਾਂ ਦੇ ਪੁੱਤਰਾਂ ਦੀ {ਫੇਟ} ਸੱਟ ਖਾ ਕੇ {ਲਾਤ} (ਪਸਾਰ ਕੇ) ਲੇਟ ਜਾਂਦੇ ਹਨ (ਅ) ਲੱਤਾਂ ਦੀਆਂ ਸੱਟਾਂ ਖਾ ਕੇ।

ਗਿਰਤ ਮੁਨਾਰੇ ਸੇ ਡਰਾਰੇ ਸੇ ਅਪਾਰੇ ਖਾਨ,
ਮਾਨੋ ਹਨੂੰ ਅੰਗਦ ਪਹਾਰਨ ਢਹਾਤ ਹੈਂ[1] ॥ ੪੧ ॥

[1]ਮੁਨਾਰਿਆਂ ਤੇ ਡਰਨਿਆਂ ਵਰਗੇ ਬਹੁਤੇ ਪਠਾਣ ਡਿਗਦੇ ਜਾਂਦੇ ਹਨ ਜਾਣੋ ਹਨੂਮਾਨ ਤੇ ਅੰਗਦ ਪਹਾੜਾਂ ਨੂੰ ਢਾਹ ਰਹੇ ਹਨ।

ਸੁੰਦ੍ਰ ਸਜੀਲੇ ਜੇ ਰਜੀਲੇ ਔ ਹਠੀਲੇ ਬੀਰ,
ਬਾਂਕੁਰੇ ਛਬੀਲੇ ਛਕੇ ਛੋਭ ਕੀ ਗਹਿਰ ਕੈ[1]।

[1]ਸੁੰਦਰ ਸਜੇ ਹੋਏ ਜੇਹੜੇ {ਰਸੀਲੈ} ਚੁਸਤ ਤੇ ਹਠ ਵਾਲੇ ਬਾਂਕੇ ਤੇ ਛਬਿ ਵਾਲੇ ਸੂਰਮੇ {ਛੋਭ ਕੀ ਗਹਿਰ ਮੈਂ} ਗਾੜੇ ਗੁੱਸੇ ਵਿੱਚ {ਛਕੇ} ਭਰੇ ਹੋਏ ਹਨ।

ਸਜ ਕੈ ਸਨਾਹੈਂ ਗਜਗਾਹੈਂ ਸ ਉਛਾਹੈਂ ਆਹੈਂ,
ਦੈਹੈਂ ਲਲਕਾਰੇ ਕਾਰੇ ਘਨ ਜਸੋਂ ਘਹਿਰ ਕੈ[1]।

[1]ਸੰਜੋਆਂ ਤੇ ਗਜ ਗਾਹਾਂ ਸਜਾ ਕੇ ਉਤਸ਼ਾਹ ਸਹਿਤ ਆਉਂਦੇ ਹਨ, ਕਾਲੇ ਬੱਦਲਾਂ ਵਾਂਗ {ਘਹਿਰ ਕੈ} ਗੱਜ ਕੇ ਲਲਕਾਰੇ ਦੇਂਦੇ ਹਨ। {ਗਜਗਾਹ– ਸੂਰਮਿਆਂ ਦੇ ਸਿਰ ਦਾ ਗਹਿਣਾ ਜੋ ਜਿਗਾ ਦੀ ਸ਼ਕਲ ਦਾ ਹੁੰਦਾ ਹੈ।}

ਊਚੇ ਤਨ ਊਚੇ ਮਨ ਊਚੇ ਹਾਥ ਊਚੇ ਮਾਥ,
ਊਚੈ ਡੀਲ ਡੌਲ ਬੋਲ ਬੋਲਤ ਕਹਿਰ ਕੈ[1]।

[1]ਉੱਚੇ ਕੱਦ ਕਾਠ ਹਨ ਤੇ ਕਹਿਰ (ਗ਼ੁੱਸੇ) ਦੇ ਬੋਲ ਬੋਲਦੇ ਹਨ।

ਝਪਟ ਗੁਰੁ ਪੂਤਨ ਕੀ ਆਗੈ ਯੌਂ ਦਬਟ ਜਾਤ[1],
ਰਪਟ ਜਾਤ ਪੰਛੀ ਆਗੇ ਬਾਜ ਜਸੋਂ ਬਹਿਰਿ ਕੈ[1]

[1]ਦਬ ਜਾਂਦੇ ਹਨ।

[1]ਜਿਵੇਂ ਬਾਜ਼ ਤੇ ਬਹਿਰੀ ਅੱਗੇ ਪੰਛੀ {ਰਪਟ} ਛਹਿ ਜਾਂਦੇ ਹਨ।

॥ ੪੨ ॥

ਕੋਪ ਕੈ ਅਜੀਤ ਸਿੰਘ ਧੋਪ ਕੈ ਹਰਨ ਹੇਤ,
ਰੋਪ ਕੈ ਪ੍ਰੁਨ ਧ੍ਰੁਨ ਧਾਯੋ ਤੇਗ ਕਰ ਫਰਿ[1]।

[1]ਅਜੀਤ ਸਿੰਘ ਕ੍ਰੋਧਵਾਨ ਹੋ ਕੇ {ਧੋਪ ਕੈ} ਵੈਰੀਆਂ ਨੂੰ ਮਾਰਨ ਵਾਸਤੇ {ਪ੍ਰੁਨ} ਪੈਰਾਂ ਨੂੰ ਰੋਕ ਕੇ ਭਾਵ ਜਮਾ ਕੇ ਹੱਥ ਵਿੱਚ ਤਲਵਾਰ ਫੜ ਕੇ ਧਰਤੀ 'ਤੇ ਦੌੜਿਆ।

ਤੈਸੇ ਹੀ ਜੁਝਾਰ ਸਿੰਘ ਸਿੰਘ ਜਸੋਂ ਫਲੰਗ ਦੈ ਕੈ[1],
ਖੈਂਚ ਕੈ ਦੁਧਾਰਾ ਧਸਯੋ ਸੱਤ੍ਰੁਨ ਮੈਂ ਧਰ ਧਰ[1]।

[1]ਤਿਵੇਂ ਹੀ ਜੁਝਾਰ ਸਿੰਘ ਸ਼ੇਰ ਵਾਂਗ ਛਾਲ ਮਾਰ ਕੇ।

[1]ਦੁਧਾਰਾ ਖੰਡਾ ਖਿੱਚ ਕੇ ਤੇ {ਧਰ ਧਰ} ਮਾਰ ਮਾਰ ਕੇ ਵੈਰੀਆਂ 'ਚ ਜਾ ਧਸਿਆ।

ਗੁਰੂ ਕੇ ਦੁਲਾਰਨ ਕੀ ਧਾਰ ਤਰਵਾਰਨ ਕੀ,
ਹੇਰ ਰੀਤਿ ਮਾਰਨ ਕੀ ਭਾਗੈਂ ਅਰਿ ਭਰ ਭਰ[1]।
[1]ਵੈਰੀ {ਭਰ ਭਰ} ਘਬਰਾ ਘਬਰਾ ਕੇ ਨੱਸਦੇ ਹਨ।

ਤੁਰਕ ਕਦੰਬਨ ਕੇ[1] ਤੰਬਨ ਮੈਂ ਛੂਟੈਂ ਬੌਲ[2],
[1]ਸਾਰਿਆਂ ਦੇ। [2]ਪੇਸ਼ਾਬ।

ਨਾਹਰ[1] ਕੇ ਆਗੇ ਜਜੋਂ ਗਜਿੰਦ[2] ਕਾਂਪੈਂ ਥਰ ਥਰ ॥੪੩॥
[1]ਸ਼ੇਰ। [2]ਵੱਡੇ ਹਾਥੀ।

ਆਨਨ ਪੈ[1] ਤੇਜ ਨੈਨ ਸੁਰਖੀ ਅਮੇਜ[2] ਛਾਈ,
[1]ਮੁੱਖ। [2]ਬਹੁਤੀ।

ਗਰਜ ਗਰੂਰ ਆਗੇ ਬਾਰਦ ਅਦੂਛ ਹੈਂ[1]।
[1]ਭਾਰੀ ਗਰਜ ਅੱਗੇ ਬੱਦਲਾਂ (ਦੀ ਗਰਜ) ਬਹੁਤੇ ਦੋਸ਼ਾਂ ਵਾਲੀ ਹੈ ਭਾਵ ਤੁੱਛ ਹੈ।

ਹੱਲਾ ਕਰੈਂ ਦੁੱਜਨ[1] ਕੇ ਦਲ ਕੋ ਥਰਥੱਲਾ ਦੇਤ[2],
[1]ਵੈਰੀਆਂ ਦੇ। [2]ਭੜਥੂ ਪਾ ਦੇਂਦੇ ਹਨ।

ਧਾਰੈਂ ਕਰਵਾਰੈਂ ਆਗੇ ਬੱਜ੍ਰ ਭੀ ਛੂਛ ਹੈਂ[1]।
[1]ਤਲਵਾਰਾਂ ਦੀਆਂ ਤਿਖੀਆਂ ਧਾਰਾਂ ਅੱਗੇ (ਇੰਦ੍ਰ) ਦੇ ਬੱਜਰ ਵੀ ਤੁੱਛ ਹਨ।

ਜੋਮ ਭਰੇ ਜੋਸ਼ ਭਰੇ ਰੋਸ ਭਰੇ ਹੋਸ਼ ਜੇਊ,
ਬਾਂਕੇ ਨੈਨ ਬੈਨ ਭੌਹੈਂ ਬਾਂਕੀ ਦੀਠ ਮੂਛ ਹੈਂ[1]।
[1]ਜੇਹੜੇ {ਲੋਗ} ਜੁਆਨੀ, ਜੋਸ਼, ਗੁੱਸੇ ਤੇ ਅਕਲ ਨਾਲ ਭਰੇ ਹੋਏ ਹਨ, ਉਨ੍ਹਾਂ ਦੇ ਨੇਤ੍ਰ ਬਚਨ ਤੇ ਭ੍ਰੂਵੱਟੇ ਟੇਢੇ ਹਨ ਅਤੇ ਨਿਗਾਹ ਤੇ ਮੁੱਛਾਂ ਵੀ ਟੇਢੀਆਂ ਹਨ।

ਕਾਯਰ ਕਪੂਤਨ ਕੀ ਊਤਨ ਕੀ ਕੈਹੈਂ ਕੈਸ,
ਜੈਸ ਡਰ ਪਾਏ ਹੋਤ ਕੂਕਰ ਕੀ ਪੂਛ ਹੈਂ[1] ॥੪੪॥
[1]ਕਾਇਰਾਂ ਦੇ {ਊਤਨ} ਮਹਾਂ ਮੂਰਖ ਕੁਪੁੱਤ੍ਰਾਂ ਦੀ ਕੀ ਗੱਲ ਕਹੀਏ, ਜਿਸ ਤਰ੍ਹਾਂ ਡਰੇ ਹੋਏ ਕੁੱਤੇ ਦੀ ਪੂਛ (ਢਿੱਲੀ) ਹੁੰਦੀ ਹੈ (ਤਿਵੇਂ ਉਨ੍ਹਾਂ ਦਾ ਸਭ ਕੁਝ ਢਿੱਲਾ ਹੈ)।

ਸ੍ਵੈਯਾ:
ਤਾਹਰ ਬੇਗ[1] ਅਯੋ ਕਰਿ ਆਹਰ[2],
[1]ਨਾਮ। [2]ਉੱਦਮ।

ਜੋ ਭਟ ਜ਼ਾਹਰ[1] ਬੀਸ ਹਜ਼ਾਰੀ।
[1]ਮਸ਼ਹੂਰ ਸੂਰਮਾ।

ਬੋਲਿ ਬਿਤੰਡ ਮਹਾਂ ਬਲਵੰਡ,
ਕੁਵੰਡ ਅਖੰਡ ਲਏ ਬਲ ਕਾਰੀ[1]।
[1]ਮਹਾ ਬਲੀ {ਬਿਤੰਡ} ਉਲਟ ਪੁਲਟ ਬੋਲਦਾ ਹੋਇਆ ਨਾ ਟੁੱਟਣ ਵਾਲਾ ਧਨੁਖ ਲੈ ਕੇ ਜ਼ੋਰ ਲਾਉਂਦਾ ਹੈ।

ਘੋਰ ਘਟਾਨ ਛਟਾ ਸਮ ਸੋ
ਗਰਜਯੋ, ਤਰਜਯੋ ਗੁਰੁ ਪੂਤਨਿ ਭਾਰੀ[1]।
[1]ਬੱਦਲ ਦੀਆਂ ਡਰਾਉਣੀਆਂ ਘਟਾਂ ਵਿਚਲੀ {ਛਟਾ} ਬਿਜਲੀ ਵਾਂਗ ਗੱਜਿਆ ਤੇ ਗੁਰਾਂ ਦੇ ਪੁੱਤਰਾਂ ਨੂੰ ਬਹੁਤ ਤਾੜਿਆ।

ਏਕਹਿ ਬਾਰ ਕਰੀ ਬਰਖਾ ਬਹੁ
ਬਾਂਨਨ ਕੀ, ਸਮ ਮੇਂਹ ਅਸਾਰੀ[1] ॥੪੫॥
[1]ਬੱਦਲ ਵਾਂਗ ਲਗਾਤਾਰ।

ਇਤ ਸਿੰਘ ਅਜੀਤ ਅਭੀਤ ਭਿਰੈਂ[1],
[1]ਨਿੱਡਰ ਹੋ ਕੇ ਲੜਦੇ ਹਨ।

ਕਿਤ ਸਿੰਘ ਜੁਝਾਰ ਜੁਝਾਰ ਅਪਾਰੀ[1]।
[1]ਬਹੁਤਾ ਲੜਦਾ ਹੈ।

ਉਤ ਤੈ ਤੁਰਕੀ ਦਲ ਲੈ ਉਮਡਜੋ[1],
ਬਢਿ ਤਾਹਰ ਬੇਗ ਸਬੇਗ ਅਗਾਰੀ[1]।
ਵਹਿ ਸਿੰਘ ਅਜੀਤ ਪੈ ਯੌਂ ਪਹੁੰਚਜੋ,
ਰਘੁਬੀਰ ਪਰੈ ਘਟ ਕਾਨ ਉਘਾਰੀ[1]।

[1]ਉੱਛਲ ਕੇ।

[1]ਕਾਹਲੀ ਨਾਲ ਅੱਗੇ {ਬਢਿ} ਵਧਿਆ।

[1]ਜਿਵੇਂ ਰਾਮ ਚੰਦ (ਪਰੈ) ਉੱਪਰ ਕੁੰਭ ਕਰਨ (ਸ਼ਸਤ੍ਰ) ਉੱਘਰ ਕੇ ਆਇਆ ਸੀ।

ਪਿਖਿ ਤਾਂਹਿ ਜੁਝਾਰ ਹਰੀ, ਕਰਵਾਰ
ਧਰੀ ਸਿਰ ਤਾਂਹਿ, ਦਯੋ ਧਰ ਡਾਰੀ[1] ॥੪੬॥

[1]ਤਿਸ ਨੂੰ ਦੇਖ ਕੇ ਜੁਝਾਰ ਸਿੰਘ ਨੇ ਤਲਵਾਰ ਉਸ ਦੇ ਸਿਰ 'ਤੇ {ਧਰੀ} ਮਾਰੀ ਤੇ ਧਰਤੀ 'ਤੇ ਸੁੱਟ ਦਿੱਤਾ।

ਛਪਯ:
ਗਹਿ ਕੁਵੰਡ, ਬਲਵੰਡ
ਬੀਰ ਆਜੀਤ ਸਿੰਘ ਬਰ[1]।

[1]ਸ੍ਰੇਸ਼ਟ ਤੇ ਬਲੀ ਸੂਰਮੇ ਅਜੀਤ ਸਿੰਘ ਨੇ {ਕੁਵੰਡ} ਧਨੁਖ ਪਕੜ ਕੇ।

ਕਰਿ ਘੁਮੰਡ ਪਰਚੰਡ,
ਕਰੇ ਬਹੁ ਖੰਡ ਖੰਡ ਅਰਿ[1]।

[1]ਤਿੱਖਾ {ਘੁਮੰਡ} ਜੰਗ ਕਰ ਕੇ ਬਹੁਤੇ ਵੈਰੀ ਟੁਕੜੇ ਟੁਕੜੇ ਕਰ ਦਿੱਤੇ।

ਕਿਤਿਕ ਰੁੰਡ ਬਿਨੁ ਮੁੰਡ ਤੁੰਡ,
ਮਹਿ ਮੱਧ ਵਖੇਰੇ[1]।

[1]ਕਿਤਨੇ ਕੁ ਧੜ ਬਿਨਾ ਸਿਰ ਤੇ ਮੂੰਹ ਦੇ ਧਰਤੀ 'ਚ ਖਿੰਡਾ ਦਿੱਤੇ।

ਕਿਤਿਕ ਬਿਡਰ ਅਰਿ ਭਗੇ,
ਪੱਥ ਕੋਪੱਥ ਨ ਹੇਰੇ[1]।

[1]ਕਿਤਨੇ ਕੁ ਵੈਰੀ ਬਹੁਤਾ ਡਰ ਕੇ ਨਸ ਗਏ, ਉਹਨਾਂ ਰਾਹ ਕੁਰਾਹ ਨਹੀਂ ਦੇਖੇ।

ਸਰ ਤਜੇ ਪੱਛ ਧਰ ਅੱਛ ਖਰ,
ਲਹਿ ਲਹਾਤ ਪਰਤੱਛ ਤਬਿ[1]।
ਜਨੁ ਫੁੰਕਤ ਫਿਰਤ ਸਪੱਛ ਬਹੁ,
ਤੱਛਕ ਲੱਛਨ ਲੱਛ ਨਭ[1] ॥੪੭॥

[1]ਤਦੋਂ ਖੰਭਾਂ ਵਾਲੇ ਚੰਗੇ ਤਿੱਖੇ ਪ੍ਰਤੱਖ ਚਮਕਦੇ ਤੀਰ ਛੱਡੇ।

[1]ਮਾਨੋ ਆਕਾਸ਼ ਵਿੱਚ ਲੱਖਾਂ ਹੀ ਖੰਭਾਂ ਵਾਲੇ ਬਹੁਤੇ ਤੱਛਕ (ਨਾਗ) ਸ਼ੂਕਦੇ ਫਿਰਦੇ ਹਨ।

ਉਭੇ ਬੀਰ ਬਰਬੰਡ,
ਚੰਡ ਸਰ ਗਹਿ ਕੁਵੰਡ ਫਿਰਿ[1]।

[1]ਫੇਰ ਦੋਨੋਂ ਬਲਵਾਨ ਸੂਰਮੇ ਧਨੁਖ ਤੇ ਤਿੱਖੇ ਤੀਰਾਂ ਨੂੰ ਪਕੜ ਕੇ।

ਅਤਿ ਉਮੰਡ ਰਿਸ ਮੰਡ,
ਛੰਡ ਸਰ ਸੋ ਬ੍ਰਬੰਡ ਥਿਰਿ[1]।

[1]ਬਹੁਤ ਗੁੱਸਾ ਧਾਰ ਕੇ ਉੱਛਲ ਕੇ ਤੇ ਖੜੇ ਹੋ ਕੇ {ਸੋ} ਉਹ {ਬਰਬੰਡ} ਬਲ ਵਾਲੇ (ਸਾਹਿਬਜ਼ਾਦੇ) ਤਿੱਖੇ ਤੀਰ ਛੱਡਦੇ ਹਨ।

ਧਾਇ ਧਾਇ ਕਰਿ ਆਇ,

ਵਾਰ ਕਰਿ ਕਰਿ ਬਾਰਨ ਬਰ[1]।
ਤੁੰਡ ਮੁੰਡ ਤੁੜਵਾਇ,
ਝੁੰਡ ਝੁੰਡਾਨ ਗਿਰਤ ਧਰ[1]।

[1]{ਬਾਰਨ ਬਰ} ਬਾਰ ਬਾਰ ਵਾਰ ਕਰ ਕਰਕੇ।

[1]ਮੂੰਹ ਤੇ ਸਿਰ ਤੁੜਵਾ ਕੇ ਟੋਲਿਆਂ ਦੇ ਟੋਲੇ ਧਰਤੀ 'ਤੇ ਡਿਗਦੇ ਜਾਂਦੇ ਹਨ।

ਸਨੱਧ ਬੱਧ ਸੱਜਤ ਮਹਾਂ,
ਗੱਜਤ ਗੁਰੁ ਸੁਤ ਪ੍ਰਬਲ ਭਟ[1]।

[1]ਗੁਰਾਂ ਦੇ ਬਹੁਤ ਬਲ ਵਾਲੇ ਤੇ ਸੂਰਮੇ ਪੁੱਤਰ ਸ਼ਸਤ੍ਰ ਬੰਨ੍ਹ ਕੇ ਸਜੇ ਹੋਏ ਬਹੁਤ ਗੱਜਦੇ ਹਨ।

ਕਰਿ ਹਾਲ ਹੂਲ ਤੁਰਕਾਨਿ ਦਲ,
ਆਇ ਧਾਇ ਹਟ ਜਾਇ ਕਟਿ[1] ॥ ੪੮ ॥

[1]ਤੁਰਕਾਂ ਦੇ ਦਲ ਵਿੱਚ ਦੌੜ ਕੇ ਆ ਕੇ ਹਲਚਲੀ ਕਰ ਕੇ ਕੱਟ ਕੇ ਪਿੱਛੇ ਹਟ ਜਾਂਦੇ ਹਨ।

ਕਹੂੰ ਭਰੈ ਮੁਖ ਨੂਰ,
ਸੂਰ ਗਨ ਬਰਹਿ ਹੂਰ ਬਰ[1]।

[1]ਕਿਤੇ ਪ੍ਰਕਾਸ਼ ਨਾਲ ਭਰੇ ਹੋਏ ਮੂੰਹਾਂ ਵਾਲੇ ਸਮੂੰਹ ਸ੍ਰੇਸ਼ਟ ਸੂਰਮਿਆਂ ਨੂੰ ਹੂਰਾਂ ਵਰਦੀਆਂ ਹਨ।

ਕਹੂੰ ਭੀਮ ਭੈਰੋਂ ਭੁਂਕਾਰ,
ਪਲ ਲਹੂ ਰਹੇ ਚਰ[1]।

[1]ਕਿਤੇ ਭਿਆਨਕ ਭੈਰੋਂ {ਭੁਂਕਾਰ} ਬੋਲਦੇ ਹਨ ਤੇ ਮਾਸ ਤੇ ਲਹੂ ਖਾ ਰਹੇ ਹਨ।

ਕਹੂੰ ਕਾਲਿਕਾ ਭਰਿ ਕਪਾਲ,
ਸਦਰੁੱਧ੍ਰ ਗਟੱਕੈ[1]।

[1]ਕਿਤੇ ਕਾਲੀ {ਕਪਾਲ} ਖੋਖਰੀ ਭਰ ਕੇ {ਸਦ} ਚੰਗਾ ਲਹੂ ਗਟ ਗਟ ਕਰ ਕੇ ਪੀਂਦੀ ਹੈ।

ਛੁਟੇ ਬਾਲ ਬਿੱਕ੍ਰਾਲ,
ਮਾਲ ਉਰਿ ਮੁੰਡ ਲਟੱਕੈ[1]।

[1]ਭਿਆਨਕ ਵਾਲ ਖਿਲਰੇ ਹੋਏ ਹਨ, ਗਲ ਵਿੱਚ ਸਿਰਾਂ ਦੀ ਮਾਲਾ ਲਟਕ ਰਹੀ ਹੈ।

ਡੱਕਾਰੈਂ ਡਾਕਨਿ ਕਹੂੰ[1],
ਖਾਤ ਪੀਤ ਜੋਗਨਿ ਫਿਰਹਿਂ।
ਕਿਤਿ ਮੁੰਡੀ ਮੁੰਡ ਟਟੋਲਿ ਭਟ,
ਰੁੰਡ ਮੁੰਡ ਮਾਲਾ ਭਰਹਿ[1] ॥ ੪੯ ॥

[1]ਕਿਤੇ ਡਾਇਣਾਂ ਡਕਾਰ ਲੈਂਦੀਆਂ ਫਿਰਦੀਆਂ ਹਨ।

[1]ਕਿਤੇ {ਮੁੰਡੀ} ਸ਼ਿਵ ਸੂਰਮਿਆਂ ਦੇ {ਰੁੰਡ} ਧੜਾ 'ਚੋਂ {ਮੁੰਡ} ਸਿਰ ਲੱਭ ਕੇ ਉਨ੍ਹਾਂ (ਮੁੰਡ) ਸਿਰਾਂ ਨੂੰ ਲੱਭ ਕੇ ਮਾਲਾ 'ਚ {ਭਰਹਿ} ਪ੍ਰੋਂਦਾ ਹੈ।

ਜ੍ਵਲਤ ਤੇਜ ਮੁਖ ਅਤਿ ਅਮੇਜ,
ਦੁਹਿ ਦਿਸਨ ਭਰੇ ਰਿਸ[1]।

[1]ਬਹੁਤੇ ਤੇਜ ਨਾਲ {ਅਮੇਜ} ਮਿਲੇ ਹੋਏ ਮੁਖ ਚਮਕਦੇ ਹਨ। ਦੁਹੀਂ ਤਰਫ਼ੀਂ ਗ਼ੁੱਸੇ ਵਿੱਚ ਭਰੇ ਹੋਏ ਹਨ।

ਚੜੀ ਭੌਂਹ ਲੋਚਨ ਲਲੌਂਹ,
ਸਭਿ ਚਿਤੈਂ ਅਰਿਨ ਦਿਸ[1]।

[1]ਭ੍ਰਵਟੇ ਚੜ੍ਹੇ ਹੋਏ ਤੇ ਨੇਤ੍ਰ {ਲਲੌਂਹ} ਲਾਲ ਹਨ। ਸਾਰੇ ਵੈਰੀਆਂ ਵੱਲ ਤੱਕਦੇ ਹਨ।

ਅਤਿ ਪ੍ਰਚੰਡ ਬਿੱਕ੍ਰਾਲ,
ਕਾਲ ਜੁਗ ਕਾਲ ਧਰੇ ਤਨ[1]।

[1]ਬਹੁਤੇ ਤਿੱਖੇ ਤੇ ਭਿਆਨਕ ਕਾਲ ਨੇ ਦੋ ਭਿਆਨਕ ਸ਼ਰੀਰ ਧਾਰੇ ਹਨ।

ਭਿਗੇ ਸ੍ਰੌਨ ਗੁਰੁ ਲਾਲ,
ਦਿਪਤਿ ਜੁਗ ਮਾਰਤੰਡ ਜਨੁ[1]।

[1]ਗੁਰਾਂ ਦੇ ਲਾਲ (ਸਪੁੱਤਰ) ਲਹੂ ਨਾਲ ਭਿੱਜੇ ਹੋਏ (ਐਉਂ ਜਾਪਦੇ ਹਨ) ਜਾਣੋ ਦੋ ਸੂਰਜ ਚਮਕ ਰਹੇ ਹਨ।

ਪਿਖਿ ਭਏ ਪੀਤ[1] ਮੁਖ ਅਰਿਨ ਕੇ,
ਕੇਹਰ ਜਯੋਂ ਗਰਜੈਂ ਖਰੇ।
ਪਿਖਿ ਖਾਨ ਕਿਤਾਨ ਮਹਾਨ ਬਲਿ,
ਝੂੰਮ ਝੂੰਮ ਝੁਕ ਝੁਕ ਲਰੇਂ[1] ॥੫੦॥

[1]ਪੀਲੇ।

[1]ਕਿਤਨੇ ਮਹਾਂ ਬਲੀ ਪਠਾਣਾਂ ਨੂੰ ਦੇਖ ਕੇ ਹਿਲੋਰੇ ਖਾ ਕੇ ਤੇ ਨਿਉਂ ਨਿਉਂ ਕੇ ਲੜਦੇ ਹਨ।

ਕਬਿੱਤ:
ਭਾਰੇ ਭਾਰੇ ਆਵਤ ਉਭਾਰੇ ਅੰਗ ਆਯੁਧ ਲੈ,
ਚੌਸਦੀ ਛਿਸੱਦੀ ਔ ਹਜਾਰੀ ਸਾਜ ਸਾਜ ਕੈ[1]।

[1]ਚਾਰ ਸੌ ਫੌਜ ਦੇ ਸਰਦਾਰ, ਛੇ ਸੌ ਫੌਜ ਦੇ ਸਰਦਾਰ ਤੇ ਇਕ ਹਜ਼ਾਰ ਫੌਜ ਦੇ ਮੋਟੇ ਮੋਟੇ ਸਰਦਾਰ ਸਜ ਸਜ ਕੇ ਅੰਗਾਂ 'ਚ ਸ਼ਸਤ੍ਰ {ਉਭਾਰੇ} ਚੁੱਕ ਕੇ ਲਈ ਆਉਂਦੇ ਹਨ।

ਏਕ ਓਰ ਜੋਰ ਦੈ ਗਿਰੀਸ ਦਾਂਤ ਪੀਸ ਰੀਸ,
ਧਾਰਨ ਦੁਬੀਸ ਕੇ ਰਈਸ ਗਾਜ ਬਾਜ ਕੈ[1]।

[1]ਇਕ ਪਾਸੇ ਬਾਈ ਧਾਰਾਂ ਦੇ ਪਹਾੜੀ ਰਾਜੇ ਤੇਰਈਸ ਜ਼ੋਰ ਦੇ ਕੇ ਗੱਜ-ਵੱਜ ਕੇ ਗੁੱਸੇ 'ਚ ਦੰਦ ਪੀਹ ਰਹੇ ਹਨ।

ਹੇਰਿ ਗੁਰੁ ਲਾਲਨ ਬਿਸਾਲ ਹੂਲ ਹਾਲ ਪਾਰ,
ਧਰੀ ਮਾਰ ਸੱਤ੍ਰੂਨ ਪੈ ਮੇਘਨ ਜਯੋਂ ਗਾਜ ਕੈ[1]।

[1]ਗੁਰਾਂ ਦੇ ਪੁੱਤਰਾਂ ਨੇ ਦੇਖ ਕੇ ਬਹੁਤ ਹਲਚਲੀ ਪਾ ਕੇ ਵੈਰੀਆਂ ਉੱਪਰ ਬੱਦਲਾਂ ਵਾਂਗ ਗੱਜ ਕੇ ਮਾਰ ਕੀਤੀ।

ਕਹਾਂ ਹ੍ਵੈ ਹੈ ਕੌਨ ਐਹੈ[1] ਆਪਸ ਮੈਂ ਕੈ ਹੈਂ ਤੁਰਕ,
ਕੈਧੋ ਰੈਨ ਕਜਾਮਤ ਕੀ[1] ਐਹੈ ਦਿਨ ਆਜ ਕੈ ॥੫੧॥

[1]ਕੀ ਹੋਵੇਗਾ? ਕੌਣ ਆਉਂਦਾ ਹੈ?

[1]ਪ੍ਰਲੋ ਦੀਰਾਤ।

ਭਾਰਥ ਸਮਾਨ ਮਹਾਂ ਭਾਰਥ ਪ੍ਰਚੰਡ ਮੰਡਜੋ,
ਖੰਡਜੋ ਦਲ ਦੁੱਜਨ ਕਾ ਛੰਡਜੋ ਕਾਰ ਜਾਰ ਹੈ[1]।

[1]ਮਹਾਂ ਭਾਰਤ ਵਾਂਗ ਭਾਰੀ ਤਿੱਖਾ {ਭਾਰਥ} ਜੰਗਰਚਿਆ, {ਕਾਰਜਾਰ} ਜੰਗ 'ਚੋਂ {ਛੰਡਜੋ} ਛਾਂਟ ਕੇ ਵੈਰੀਆਂ ਦਾ ਦਲ ਨਾਸ ਕਰ ਦਿੱਤਾ।

ਕੇਤਿਨ ਕੇ ਮੂੰਡ ਬੱਖ ਸੱਥਲ[1] ਕਟੇ ਹੈਂ ਮੱਥ,
ਹੱਥ ਤਲਫੱਤ ਜੈਸੇ ਸਫਰੀ ਅਪਾਰ ਹੈਂ[1]।
ਕੇਤਿਨ ਕੇ ਫਾਰਿ ਉਰ ਪਰੇ ਹੈਂ ਦੁਫਾਰ ਧਰੇ[1],

[1]ਸਿਰ, ਵੱਖੀਆਂ ਤੇ ਪੱਟ।

[1]ਜਿਵੇਂ ਬਹੁਤੀਆਂ {ਸਫਰੀ} ਮੱਛੀਆਂ ਤੜਫਦੀਆਂ ਹਨ।

[1]ਕਈਆਂ ਦੀਆਂ {ਉਰ} ਛਾਤੀਆਂ ਪਾੜ ਕੇ ਦੋਫਾੜ {ਧਰੇ} ਕੀਤੀਆਂ ਪਈਆਂ ਹਨ।

ਲੁੱਥ ਪੈ ਚਢਾਈ ਲੁੱਥ ਜੁੱਥ ਗੁੱਥ ਭਾਰ ਹੈ[1]।

[1]ਜਿਨ੍ਹਾਂ ਦਾ {ਭਾਰ} ਵੱਡਾ {ਗੁੱਥ} ਗੁੰਦਿਆਂ ਹੋਇਆ {ਜੁੱਥ} ਢੇਰ (ਬਣ ਗਿਆ ਹੈ)।

ਕਾਲੀ ਕੀ ਕਰਵਾਰ[1] ਹੈ ਕਿ ਕਾਲ ਹੀ ਕੀ ਧਾਰ ਹੈ
ਕਿ ਗਜਾਨ ਸਿੰਘ ਸਿੰਘ ਯੇ ਜੁਝਾਰ ਕੀ ੜ੍ਵਾਰ ਹੈ
॥ ੫੨ ॥

[1]ਤਲਵਾਰ।

ਖੈਂਚ ਕੈ ਕ੍ਰਿਪਾਨ ਪ੍ਰਨ ਠਾਨ ਕੈ ਨਿਦਾਨ ਕਰਜੋ[1],
ਮਾਰੇ ਭੀਮ[1] ਜ੍ਵਾਨ ਖਾਨ ਸੱਯਦ ਪ੍ਰਚਾਰ ਕੈ[2]।
ਕੀਨੇ ਰੁੰਡ ਮੁੰਡ ਝੁੰਡ ਝੁੰਡ ਪਰੇ ਔਧੇ ਮੁਖ,
ਸ੍ਰੋਨਤ ਕੀ ਸਰਤਾ ਚਲੀ ਹੈ ਬਹਿ ਬਾਰ ਕੈ[1]।

[1](ਤੁਰਕਾਂ ਦਾ) ਅੰਤ ਕਰ ਦਿੱਤਾ।
[1]ਡਰਾਉਣੇ। [2]ਵੰਗਾਰ ਕੇ।
[1]ਝੁੰਡਾਂ ਦੇ ਝੁੰਡ ਵੈਰੀਆਂ ਦੇ ਸਿਰ ਤੇ ਧੜ (ਵਖ ਕੀਤੇ) ਮੂਧੇ ਮੂੰਹ ਪਏ ਹਨ, {ਬਾਰ ਕੈ} ਪਾਣੀ ਵਾਂਗ ਲਹੂ ਦੀ ਨਦੀ ਵਗ ਚੱਲੀ।

ਲੈ ਲੈ ਮੁੰਡ ਜੋਗਨੀ ਬਜਾਵੈਂ ਨ੍ਹਾਵੈਂ ਸ੍ਰੋਨਤ ਮੈਂ,
ਖਾਵੈਂ ਪਲ ਬਾਂਛਿਤ[1] ਯੌਂ ਆਸਿਖਾ[2] ਉਚਾਰ ਕੈ।
ਜੌਂ ਜੌਂ ਬ੍ਰਹਮੰਡਾ ਮਾਰਤੰਡਾ ਮਹਿ ਮੰਡਾ ਰੈਹੈ,
ਤੌਂ ਲੌਂ ਜਸ ਝੰਡਾ ਯੇ ਅਖੰਡਾ ਗੁਰੁ ਬਾਰ ਕੈਂ[1]
॥ ੫੩ ॥

[1]ਮਨ ਭਾਉਂਦਾ ਮਾਸ ਖਾਂਦੀਆਂ ਹਨ। [2]ਅਸੀਸਾਂ।
[1]ਜਿੰਨਾ ਚਿਰ ਬ੍ਰਹਮੰਡ ਵਿੱਚ ਸੂਰਜ ਤੇ ਧਰਤੀ {ਮੰਡਾ} ਇਸਥਿਤ ਰਹਿਣਗੇ ਉੱਨਾ ਚਿਰ ਗੁਰਾਂ ਦੇ ਪੁੱਤਰਾਂ ਦਾ ਇਹ ਜਸ ਦਾ ਝੰਡਾ (ਸੰਸਾਰ ਵਿੱਚ) {ਅਖੰਡਾ} ਕਾਇਮ ਰਹੇਗਾ।

ਪੱਲਾ ਧਰਿ ਹੱਲਾ ਕਰਿ ਅਧਿਕ ਮੁਸੱਲਾ ਜੁਰਿ[1],
ਅੱਲਾ ਅੱਲਾ ਅਲੀ ਅਲੀ ਬੋਲ ਬੋਲ ਧਾਏ ਹੈਂ।
ਖਾਇ ਕੈ ਕਸੀਸ ਤੁਰਕੀਸ ਰੀਸ ਪੀਸ ਦਾਂਤ,
ਸੰਗ ਬੀਸ ਧਾਰ ਕੇ ਗਿਰੀਸ ਭੀ ਮਿਲਾਏ ਹੈਂ[1]।

[1]ਪੱਲਾ ਫੇਰ ਕੇ ਬਹੁਤੇ ਤੁਰਕਾਂ ਨੇ ਜੁੜ ਕੇ ਹੱਲਾ ਕੀਤਾ।
[1]ਕਚੀਚੀ ਵੱਟ ਕੇ ਤੁਰਕਾਂ ਦੇ ਸਰਦਾਰ ਗ਼ੁੱਸੇ 'ਚ ਦੰਦ ਪੀਹ ਕੇ ਆਏ, ਨਾਲ ਬਾਈ ਧਾਰਾਂ ਦੇ ਰਾਜੇ ਵੀ ਮਿਲਾ ਲਏ।

ਧਾਰ ਧਾਰ ਮਾਰ ਮਾਰ ਪਾਰ ਦਿਸ ਚਾਰ ਹੂੰ ਤੇ,
ਹੂਲ ਹਾਲ ਡਾਰ ਏਕ ਵਾਰ ਹੀ ਸੁ ਆਏ ਹੈਂ[1]।

[1]{ਧਾਰ ਧਾਰ} ਫੜ ਲੌਂ ਫੜ ਲੌਂ ਤੇ ਮਾਰ ਲੌਂ ਮਾਰ ਲੌਂ (ਬੋਲਦੇ) ਚਹੁੰ ਪਾਸਿਆਂ ਤੋਂ (ਫ਼ੌਜ ਨੂੰ) {ਪਾਰ} ਚੀਰਦੇ ਹੋਏ ਹਲਚਲੀ ਪਾਉਂਦੇ ਉਹ ਇੱਕੋ ਹੀ ਵਾਰ ਆ ਗਏ।

ਘੇਰ ਲੀਨੇ ਮੱਧ ਮੈਂ ਸਨੱਧ ਬੱਧ ਦ੍ਵੈ ਮ੍ਰਿਗਿੰਦ,
ਮਾਨੋ ਉਡੈ ਇੰਦੁ ਪੈ ਬਿਹੱਦ ਮੇਘ ਛਾਏ ਹੈ[1]
॥ ੫੪ ॥

[1]ਸ਼ਸਤ੍ਰ ਬੰਨ੍ਹ ਕੇ ਸਜੇ ਹੋਏ ਦੋਨੋਂ ਸ਼ੇਰ ਵਿਚਾਲੇ ਘੇਰ ਲਏ, ਜਾਣੋ ਦੋਂਹ ਚੰਦ੍ਰਮਾਂ ਉੱਤੇ ਬਹੁਤੇ ਹੀ ਬੱਦਲ ਛਾ ਗਏ ਹਨ।

ਸ੍ਵੈਯਾ:
ਆਨਿ ਘਨੋ ਘਨ ਜਸੋਂ ਉਮਡਜੋ,
ਤੁਰਕੀ ਦਲ ਦੁੰਦਭਿ ਦੀਹ ਬਜੈ ਕੈ[1]।

[1]ਤੁਰਕਾਂ ਦਾ ਦਲ ਵੱਡੇ ਧੌਂਸੇ ਵਜਾ ਕੇ ਬੱਦਲ ਵਾਂਗ ਬਹੁਤ ਗੱਜ ਕੇ {ਉਮਡਜੋ} ਉੱਛਲ ਕੇ ਆਇਆ।

ਰੋਸ ਭਰੇ ਸਭਿ ਧਾਇ ਪਰੇ,
ਇਕ ਬਾਰਹਿ ਹੂਲਰੁ ਹਾਲ ਮਚੈ ਕੈ[1]।
[1]ਹਲਚਲੀ ਮਚਾ ਕੇ।

ਧੂਰ ਸੋਂ ਪੂਰ ਗਯੋ ਸਗਰੋ ਨਭ[1],
ਸੂਰ ਰਹਯੋ ਨਿਜ ਨੂਰ ਤਜੈ ਕੈ[1]।
[1]ਅਕਾਸ਼।
[1]ਸੂਰਜ ਨੇ ਆਪਣਾ ਪ੍ਰਕਾਸ਼ ਛੱਡ ਦਿੱਤਾ।

ਜੰਗ ਅਭੰਗ ਪੁਨਾ ਜੁਗ ਦੰਡ[1],
ਕਰਯੋ ਪਰਚੰਡ ਅਤੀ ਬਲ ਕੈ ਕੈ ॥ ੫੫ ॥
[1]ਦੋ ਪਹਿਰ।

ਆਨਿ ਬਿਮਾਨਨਿ ਪੈ ਅਸਮਾਨ,
ਪਰੀ ਮੁਦ ਠਾਨ ਪਰੀ ਬਹੁ ਡੋਲੈਂ[1]।
[1]ਆ ਕੇ ਬਬਾਣਾਂ ਵਿੱਚ ਅਸਮਾਨ ਉੱਤੇ ਅਪੱਛਰਾਂ ਅਨੰਦ ਧਾਰ ਕੇ ਬਹੁਤੀਆਂ ਘੁੰਮਦੀਆਂ (ਪਰੀ) ਫਿਰਦੀਆਂ ਹਨ।

ਲੈ ਕੁਸਮਾਂਜੁਲਿ ਦੇਵ ਪਿਖੈਂਰਣ,
ਹੇਰਿ ਕਰੈਂ ਸੁਰਿ-ਨਾਰਿ ਕਲੋਲੈਂ[1]।
[1]ਫੁੱਲਾਂ ਦੇ ਬੱਕ ਲੈ ਕੇ ਦੇਵਤੇ ਜੰਗ ਵੇਖਦੇ ਹਨ ਅਤੇ ਦੇਵਤਿਆਂ ਦੀਆਂ ਇਸਤ੍ਰੀਆਂ ਵੇਖ ਕੇ ਕਲੋਲਾਂ ਕਰਦੀਆਂ ਹਨ।

ਚਢਿ ਬੈਲ ਮਹੇਸ਼ ਢੁਕੇ ਢਿਗ ਹੀ,
ਸੰਗ ਭੈਰਵਿ ਕਾਲਕਾ ਜੋਗਨਿ ਕੋ ਲੈ[1]।
[1]ਸ਼ਿਵ ਜੀ ਨੇੜੇ ਪਹੁੰਚ ਗਏ, ਭੈਰਵੀ ਕਾਲਿਕਾ ਤੇ ਜੋਗਣੀਆਂ ਨੂੰ ਨਾਲ ਲੈ ਕੇ।

ਰਥ ਠਾਢ ਦਿਨੇਸ਼ ਬਿਸ਼ੇਸ਼ ਕਰਜੋ,
ਨਿਜ ਹੀ ਕੁਲ ਕੇ ਪਿਖਿ ਬਾਲ ਅਮੋਲੈ[1] ॥ ੫੬ ॥
[1]ਆਪਣੀ ਕੁਲ (ਸੂਰਜ ਬੰਸ) ਦੇ ਅਮੋਲਕ ਬਾਲ ਵੇਖ ਕੇ ਸੂਰਜ ਨੇ (ਵੀ ਆਪਣਾ) {ਬਿਸ਼ੇਸ਼} ਸੁੰਦਰਰਥ ਖੜ੍ਹਾ ਕਰ ਲਿਆ।

ਇਤ ਤੈ ਗੁਰੂ ਆਪ ਮੁਕਾਨ[1] ਚਢੇ,
ਨਿਜ ਸਿੱਖਨ ਕੋ ਦਿਖਰਾਵਤ ਹੈਂ।
[1]ਚਮਕੌਰ ਦੀ ਗੜ੍ਹੀ 'ਤੇ।

ਨਿਜ ਨੰਦਨ ਆਨੰਦ ਕੰਦਨ ਕਾ[1],
ਪਿਖਿ ਜੰਗ ਉਮੰਗ ਬਢਾਵਤ ਹੈਂ।
[1]ਅਨੰਦ ਦੇਣ ਵਾਲੇ ਆਪਣੇ ਪੁੱਤਰਾਂ ਦਾ।

ਧਨ ਧੰਨ ਧੁਨੀ ਦਸਹੂੰ ਦਿਸ ਤੈ,
ਗੁਰੁ ਪੂਤਨ ਕੇ ਹਿਤ ਆਵਤ ਹੈ।
ਯਹਿ ਸ਼ੋਰ ਅਖੰਡ ਬ੍ਰਹਮੰਡ ਛਯੋ[1],
ਇਹੁ ਬਾਲਕ ਖੂਬ ਲਰਾਵਤ ਹੈਂ[1] ॥ ੫੭ ॥
[1]ਫੈਲ ਗਿਆ।
[1]ਲੜ ਰਹੇ ਹਨ।

ਨਭ ਆਨਿ ਬਿਮਾਨ ਸੁਰਾਨ ਛਏ[1],
ਗੁਰੁ ਪੂਤਨ ਪੂਤ ਸੁ ਜੰਗ[1] ਨਿਹਾਰੈਂ।
[1]ਅਕਾਸ਼ ਵਿੱਚ ਆ ਕੇ ਦੇਵਤਿਆਂ ਦੇ ਬਿਮਾਨ ਫੈਲ ਗਏ।
[1]ਪਵਿੱਤ੍ਰ ਜੰਗ।

ਗੁਨ ਨਾਰਦ ਸਾਰਦ[1] ਤੁੰਬਰ[2] ਸੇ ਰਿਖਿ,
ਗਾਵਤ ਹੈਂ ਧਰਿ ਮੋਦ ਅਪਾਰੈਂ।
[1]ਸਰਸੁਤੀ। [2]ਇੰਦ੍ਰ ਦੀ ਸਭਾ ਦਾ ਇਕ ਗਵੱਯਾ।

ਇਹ ਬਾਲਕ ਮਾਰਿ ਮਲੇਛਨ ਕੋ,

ਸਿਰ ਦੈ ਕਰਿ ਸ੍ਵੈ, ਧਰ ਭਾਰ ਉਤਾਰੈਂ[1]।
ਬਲ-ਭੱਦਰ ਕਾਨ੍ਹ ਕਿ ਰਾਮ ਲਖੰਨ,
ਕਿ ਬਾਲ ਕਿਧੋਂ ਬਪੁ ਕਾਲਹਿ ਧਾਰੈਂ[1] ॥ ੫੮ ॥

[1]ਆਪਣਾ ਸਿਰ ਦੇ ਕੇ ਧਰਤੀ ਦਾ ਭਾਰ ਉਤਾਰਨਗੇ।

[1]ਇਹ ਬਲ ਭੱਦ੍ਰ (ਕ੍ਰਿਸ਼ਨ ਦਾ ਵੱਡਾ ਭਰਾ) ਤੇ ਕ੍ਰਿਸ਼ਨ ਹਨ ਜਾਂਰਾਮ ਤੇ ਲਛਮਣ ਹਨ ਜਾਂ ਗੁਰਾਂ ਦੇ ਸਪੁੱਤਰ ਹਨ ਜਾਂ ਕਾਲ ਨੇ ਹੀ {ਬਪੁ} ਸ਼ਰੀਰ ਧਾਰੇ ਹੋਏ ਹਨ।

ਧਰਿ ਹੋਸ਼ ਸ ਰੋਸ[1] ਭਿਰੇ ਗੁਰੁ ਕੇ ਸੁਤ,
ਬੀਰ ਬਲੀ ਬਲ ਠਾਨ ਮਹਾਨੇ।
ਧਰ ਕੀ ਗਤਿ ਨਾਉ ਸਮਾਨ ਭਈ,
ਨਭ ਰੈਨ ਛਈ ਗਨ ਗ੍ਰੇਹ ਦਿਖਾਨੇ[1]।

[1]ਅਕਲ ਨਾਲ ਗ਼ੁੱਸੇ ਸਹਿਤ।

[1]ਧਰਤੀ ਦੀ ਹਾਲਤ ਬੇੜੀ ਵਾਂਗ (ਡੋਲਣ ਵਾਲੀ) ਹੋ ਗਈ, ਅਕਾਸ਼ 'ਚਰਾਤ ਫੈਲ ਗਈ, ਸਾਰੇ ਤਾਰੇ ਦਿਸਣ ਲੱਗ ਪਏ।

ਦਿੱਗਜ ਡੋਲ ਉਠੇ ਦਹਿਲੇ ਦਿਲ[1],

[1]ਦਿਸ਼ਾਂ ਦੇ ਹਾਥੀ ਡੋਲ ਗਏ (ਅਤੇ ਸਾਰਿਆਂ ਦੇ) ਦਿਲ ਕੰਬ ਉੱਠੇ।

ਹੋਨ ਲਗੀ ਪਰਲੈ ਕਿਤ ਆਨੇ।
ਸਿੰਘ ਜੁਝਾਰ ਅਤੀ ਰਿਸ ਧਾਰਿ,
ਖਿਚੀ ਤਰਵਾਰ ਜਬੈ ਮਰਦਾਨੇ[1] ॥ ੫੯ ॥

[1]ਸੂਰਮੇ ਨੇ।

ਪੱਬ ਹਲੇ ਦਹਲਯੋ ਸੁਰ ਲੋਗ,
ਪਤਾਨ ਬਿਤਾਲ ਤਲਾਤਲ ਤੈ[1]।

[1]{ਪੱਬ} ਪਹਾੜ ਹਿਲ ਗਏ, ਪਤਾਲ, ਦੂਜੇ ਪਤਾਲ ਤੇ ਪੰਜਵੇਂ ਪਤਾਲ ਤੱਕ (ਸਾਰੇ ਕੰਬ ਗਏ)।

ਸਿਰਿ ਸ਼ੇਸ਼ ਕਲੇਸ਼ ਵਿਸ਼ੇਸ਼ ਸਹਯੋ,
ਭਈ ਕੂਰਮ ਕੋਲ ਕੀ ਦੀਨ ਗਤੈਂ[1]।

[1]ਸ਼ੇਸ਼ ਨਾਗ ਨੇ ਆਪਣੇ ਸਿਰ 'ਤੇ ਬਹੁਤਾ ਕਸ਼ਟ ਸਹਾਰਿਆ, {ਕੂਰਮ} ਕੱਛੂ ਤੇ {ਕੋਲ} ਸੂਰ ਦੀ ਹਾਲਤ ਦੁਖੀਆਂ ਵਾਲੀ ਹੋ ਗਈ।

ਮਚਗੋ ਥਰਥੱਲ ਉਥੱਲ ਪੁੱਥਲ,
ਅਜੀਤ ਹਰੀ ਬਲ ਕੈ ਜੁ ਅਤੈ[1]।

[1]ਹਲਚਲੀ ਮੱਚ ਗਈ ਤੇ ਉਲੱਦ ਪੁਲੱਦ ਹੋ ਗਈ ਜਦੋਂ ਅਜੀਤ ਸਿੰਘ ਨੇ ਬਹੁਤਾ ਜ਼ੋਰ ਲਾਇਆ।

ਸਿਪਹਾ ਜੁ ਸਲਾਰ ਕੌ ਮਾਰਿ ਦੁਧਾਰ,
ਸੁਟਯੋ ਧਰ ਬੋਲਿ ਉਠਯੋ ਸੁ ਫਤੈ[1] ॥ ੬੦ ॥

[1]ਫ਼ੌਜ ਦੇ ਸੈਨਾਪਤੀ (ਕਮਾਂਡਰ) ਨੂੰ ਦੋ ਧਾਰਾ ਖੰਡਾ ਮਾਰ ਕੇ ਧਰਤੀ 'ਤੇ ਸੁੱਟ ਦਿੱਤਾ ਤੇ ਗੱਜ ਕੇ ਫਤਹ ਬੁਲਾਈ।

ਫੇਰ ਘਨੇ ਇਕ ਵਾਰਹਿ ਖਾਨਨਿ,
ਆਯੁਧ ਆਨ ਕਿਤਾਨ ਪ੍ਰਹਾਰੇ[1]।
ਧੀਰ ਧਰੇ ਜੁਗ ਬੀਰਨ ਬੀਰਨ,
ਕੀਨ ਬਿਦੀਰਨ ਸੱਤ੍ਰੂ ਅਪਾਰੇ[1]।

[1]ਆ ਕੇ ਕਿਤਨੇ ਹੀ ਸ਼ਸਤ੍ਰ ਮਾਰੇ।

[1]ਦੋਵੇਂ ਸੂਰਮੇ ਭਰਾਵਾਂ ਨੇ ਧੀਰਜ ਧਾਰ ਕੇ ਬਹੁਤੇ ਵੈਰੀਆਂ ਨੂੰ ਮਾਰਿਆ।

ਯਦਪਿ ਸੀਸ ਕਟੇ ਨ ਲਟੇ ਸੁ,
ਕਬੰਧ ਲਰੇ ਜੁਗ ਕੇ ਫਿਰ ਭਾਰੇ[1]।

[1]ਭਾਵੇਂ ਸਿਰ ਕੱਟੇ ਗਏ ਪਰ ਫਿਰ ਵੀ ਉਹ {ਨ ਲਟੇ} (ਧਰਤੀ ਤੇ) ਨਹੀਂ ਡਿੱਗੇ (ਸਗੋਂ) ਫੇਰ ਦੋਹਾਂ ਦੇ ਧੜ ਬਹੁਤ ਲੜਦੇ ਰਹੇ।

ਆਖਰ ਹ੍ਵੈ ਟੁਕ ਟੂਕ ਜਰਾ ਜਰ,
ਸੰਮੁਖ ਜੂਝ ਪਰੇ ਗੁਰੁ ਬਾਰੇ[1] ॥੬੧॥

[1]ਅੰਤ ਨੂੰ ਸਤਿਗੁਰਾਂ ਦੇ ਸਪੁੱਤਰ ਟੁਕੜੇ ਟੁਕੜੇ ਹੋ ਕੇ ਸਾਹਮਣੇ ਸ਼ਹੀਦ ਹੋ ਗਏ।

ਯੌਂ ਕਰਿ ਜੰਗ ਅਭੰਗ[1] ਜਬੈ,
ਹਨ ਕੈ ਘਨ ਕੌ ਜੁਗ ਜੂਝ ਪਏ ਹੈਂ[1]।

[1]ਲਗਾਤਾਰ।

[1]ਬਹੁਤਿਆਂ ਨੂੰ ਮਾਰ ਕੇ ਦੋਵੇਂ ਸ਼ਹੀਦ ਹੋ ਗਏ।

ਤੇਜ ਸਮਾਇ ਗਏ ਮੱਧ ਤੇਜਹਿ,
ਮੂੰਡ ਮੁੰਡੀ-ਧਰ ਆਨਿ ਲਏ ਹੈ[1]।

[1]ਜੋਤ ਵਿੱਚ ਜੋਤ ਸਮਾ ਗਈ, ਸ਼ਿਵ ਨੇ ਆ ਕੇ ਸਿਰ ਲੈ ਲਏ।

ਨਾਹਿਂ ਮਿਲੇ ਧਰ ਪੈ ਗਿਰਨੇ ਧਰ,
ਜੋਗਨੀਆਂ ਪਲ ਮਾਹਿਂ ਖਏ ਹੈਂ[1]।

[1]ਧੜ ਧਰਤੀ 'ਤੇ ਡਿਗਣੇ ਨਹੀਂ ਪਾਏ (ਕਿਉਂਕਿ) ਜੋਗਣੀਆਂ ਪਲ ਜਿੰਨੇ ਚਿਰ 'ਚ ਖਾ ਗਈਆਂ।

ਹਿੰਦੁ ਧਰੰਮ ਕੇ ਹੇਤ, ਬੁਲੰਦ
ਗੁਰੂ ਸੁਤ ਦ੍ਵੈ, ਨਿਜ ਸੀਸ ਦਏ ਹੈਂ[1] ॥੬੨॥

[1]ਹਿੰਦੂ ਧਰਮ (ਦੀਰਖਿਆ) ਵਾਸਤੇ ਗੁਰਾਂ ਦੇ ਵੱਡੇ ਸਾਹਿਬਜ਼ਾਦਿਆਂ ਨੇ ਆਪਣੇ ਸਿਰ ਦੇ ਦਿੱਤੇ ਹਨ।

ਦੋਹਰਾ:
ਯਾ ਬਿਧਿ ਗੁਰ ਸੁਤ ਧਰਮ ਹਿਤ,
ਜੂਝੇ ਅਰਿ-ਗਨ ਮਾਰ।
ਸੁ ਜਸ ਛਯੋ ਤਿੰਨ ਲੋਕ ਮੈਂ,
ਲਯੋ ਸੁ ਜਨਮ ਸੁਧਾਰ ॥੬੩॥
ਜੂਝੈ ਤੀਸਕ ਸਿੰਘ ਤਹਿਂ,
ਤੀਨ ਪਜਾਰੇ ਸੰਗ।
ਸਾਹਿਬਜ਼ਾਦੇ ਉਭੈ ਵਡ,
ਭੇ ਸ਼ਹੀਦ ਕਰਿ ਜੰਗ ॥੬੪॥
ਸੁਤ ਸਿੱਖਨ ਕੀ ਬੀਰਤਾ,
ਪਿਖਿ ਗੁਰੁ ਹ੍ਵੈ ਪ੍ਰਸੰਨ।
ਕਹਯੋ ਸ੍ਰੀ ਮੁਖ ਤੈ ਤਬੈ,
ਭਏ ਜਨਮ ਇਨਿ ਧੰਨਜ ॥੬੫॥
ਜੋ ਨਰ ਰਣ ਮੈਂ ਸੰਮੁਖ ਹ੍ਵੈ,
ਲਰਿ ਅਰਿ ਸੋਂ ਤਨ ਦੇਤ।

ਭਗਤ ਜੁਗੀਸ ਜੁ ਪਦ ਲਹੈਂ,
ਸੋ ਪਦ ਵਹਿ ਜਨ ਲੇਤ ॥ ੬੬ ॥
ਸਫਲ ਜਨਮ ਯਾ ਜਗਤ ਮੈਂ,
ਤੀਨ ਜਨਨ ਕੋ[1] ਹੋਤ। [1]ਤਿੰਨ (ਤਰ੍ਹਾਂ ਦੇ) ਪੁਰਸ਼ਾਂ ਦਾ।
ਕੈ ਦਾਤਾ ਕੈ ਸੂਰਮਾ,
ਕੈ ਹ੍ਵੈ ਭਗਤ ਉਦੋਤ[1] ॥ ੬੭ ॥ [1]ਜਾਂ ਭਗਤ ਪ੍ਰਗਟ ਹੋਵੇ।

ਚੌਪਈ:

ਯੌਂ ਕਹਿ ਫਿਰ ਗੁਰੁ ਮੌਨ ਰਹਾਏ।
ਏਕ ਮਹੂਰਤ ਭਰ ਨ ਅਲਾਏ[1]। [1]ਦੋ ਘੜੀਆਂ ਤੱਕ ਨ ਬੋਲੇ।
ਪੁਨ ਸਤਿਗੁਰੁ ਮਨਿ ਐਸ ਵਿਚਾਰੀ।
ਭਏ ਜੁ ਥੇ ਯਹਿ ਮਮ ਸੁਤ ਚਾਰੀ ॥ ੬੮ ॥
ਹਮਰਾ ਬਚਨ ਭਯੋ ਥਾ ਜਬਿ ਤੈ।
ਯਹਿ ਤੋ ਜੂਝ ਰਹੇ ਥੇ ਤਬਿ ਤੈ।
ਅਬਿ ਹਮ ਦੈਨ ਚਹੈਂ ਗੁਰਜਾਈ।
ਕਿਸ ਕੋ ਦੇਵਹਿਂ ਯਹਿ ਵਡਜਾਈ ॥ ੬੯ ॥
ਫਿਰ ਸਤਿਗੁਰੁ ਮਨਿ ਐਸ ਵਿਚਾਰਾ।
ਹੈ ਸੰਤਤਿ ਜਗਿ ਜੁਗ ਪ੍ਰਕਾਰਾ[1]। [1]ਜਗਤ ਵਿੱਚ ਦੋ ਤਰ੍ਹਾਂ ਦੀ ਉਲਾਦ ਹੈ।
ਇਕ ਬਿੰਦੀ[1] ਇਕ ਨਾਦੀ[2] ਕਹੀਏ। [1]ਬੀਰਜ ਤੋਂ ਪੈਦਾ ਹੋਈ ਭਾਵ ਪੁੱਤਰ। [2]ਸ਼ਬਦ ਤੋਂ ਪੈਦਾ ਹੋਈ ਭਾਵ ਸਿੱਖ।
ਸੋ ਹਮਰੇ ਦੋਨੋ ਅਬਿ ਹਈਏ ॥ ੭੦ ॥
ਬਿੰਦੀ ਸੰਤਤਿ ਹਮਰੀ ਨਾਸੈ।
ਨਾਦੀ ਦਿਨ ਦਿਨ ਬਹੁ ਪ੍ਰਕਾਸੈ।
ਤਾਂ ਤੈ ਨਾਦੀ ਮਮ ਸੰਤਾਨਾ।
ਆਹਿ ਖਾਲਸਾ ਪੰਥ ਮਹਾਨਾ ॥ ੭੧ ॥
ਪੁਨ ਯਹਿ ਪੰਥ ਰਹੈਗੋ ਤਬਿ ਲੌ।
ਸੂਰ ਸਸੀ ਧਰ ਹੈ ਜਗਿ ਜਬਿ ਲੌ[1]। [1]ਜਗਤ 'ਤੇ ਜਦੋਂ ਤੱਕ ਸੂਰਜ, ਚੰਦ ਤੇ ਧਰਤੀ ਹੈ।
ਯਹਿ ਗੁਰੁ ਘਰੁ ਕੀ ਵਸਤੁ ਗੁਰਜਾਈ।
ਦੇਵਹੁ ਅਬੀ ਖਾਲਸੇ ਤਾਂਈਂ ॥ ੭੨ ॥
ਯੌਂ ਵਿਚਾਰ ਸਭਿ ਸਿੰਘ ਬੁਲਾਏ।
ਤੂਰਨ[1] ਗੁਰੁ ਪੂਰਨ ਢਿਗ ਆਏ। [1]ਛੇਤੀ।

ਕਰਿ ਬੰਦਨ ਬੈਠੇ ਗੁਰੁ ਪਾਸੂ।
ਲਾਇ ਦਿਵਾਨ ਚੁਫੇਰੇ ਖਾਸੂ ॥ ੭੩ ॥
ਤਬਿ ਸਤਿਗੁਰੁ ਸਭਿ ਤਰਫ ਨਿਹਾਰਾ।
ਪਰਖਜੋ ਸਭਿ ਕੋ ਭਲ ਪ੍ਰਕਾਰਾ।
ਸਭਿ ਸਿੰਘਨ ਕੋ ਕਹਜੋ ਸੁਨਾਈ।
ਦੈਹੁਂ ਪੰਥ ਕੋ ਮੈਂ ਗੁਰਜਾਈ ॥ ੭੪ ॥
ਦੋਹਰਾ:
ਸੰਤ ਸਿੰਘ* ਇਕ ਸਿੱਖ ਕੋ,

*ਇਕੱਲੇ ਸੰਤ ਸਿੰਘ ਨੂੰ ਨਹੀਂ ਸਗੋਂ ਪੰਜਾਂ ਸਿੰਘਾਂ ਨੂੰ ਗੁਰਤਾ ਗੱਦੀ ਦਿੱਤੀ ਹੈ ਅਤੇ ਪੰਜ ਸਿੰਘਾਂ ਦੀ ਮਹਿਮਾ ਕਹੀ ਹੈ। ਦੇਖੋ ਸ੍ਰੀ ਗੁ. ਪ੍ਰ. ਸੂ. ਰੁ. ੬ ਅੰ: ੪੧ ਅੰਕ ੨ ਤੋਂ ੪।

ਸਭਿ ਬਿਧਿ ਲਾਇਕ ਪੇਖਿ।
ਗਾਦੀ ਪਰ ਬੈਠਾਇ ਕੈ ਦੀਨੋ
ਗੁਰੁ ਅਭਿਖੇਕ[1] ॥ ੭੫ ॥

[1]ਤਿਲਕ।

ਚੌਪਈ:
ਸ਼ਸਤ੍ਰ ਬਸਤ੍ਰ ਨਿਜ ਗੁਰੁ ਪੂਰਨ।
ਤਿਸ ਕੋ ਪਹਿਰਾਏ ਸਭਿ ਤੂਰਨ।
ਨਿਜ ਦਸਤਾਰ ਸੀਸ ਸਜਵਾਈ।
ਕਲਗੀ ਜਿਗਾ ਸਭੀ ਝੁਲਵਾਈ ॥ ੭੬ ॥
ਪੈਸੇ ਪਾਂਚ ਸ੍ਰੀ-ਫਲ[1] ਏਕਾ।

[1]ਨਲੇਰ।

ਯਹਿ ਧਰਿ ਆਗੇ ਮਸਤਕ ਟੇਕਾ।
ਪੁਨ ਸਭਿ ਸਿੰਘਨ ਬੰਦਨ ਠਾਨੀ।
ਜਾਨ ਗੁਰੂ ਕਾ ਰੂਪ ਮਹਾਨੀ ॥ ੭੭ ॥
ਫਿਰ ਗੁਰੂ ਭਾਖਜੋ ਸਿੰਘਨ ਤਾਂਈਂ।
ਬੈਠਹੁ ਸਭਿ ਬੁਰਜਨ ਮੈਂ ਜਾਈ।
ਸਨੇ ਸਨੇ ਬੰਦੂਕ ਚਲਾਵਤ।
ਰਹਜੋ ਅਰਿਨ ਕੌ ਨੀਕੈ ਘਾਵਤ ॥ ੭੮ ॥
ਹਮ ਅਬਿ ਤਜ ਕੈ ਯਾਹਿ ਮਕਾਨੈਂ।
ਨਿਕਸੈਂ ਲੈ ਤ੍ਰੈ ਸਿੰਘ ਮਹਾਨੈ।
ਔਰ ਠੌਰ ਪ੍ਰਗਟੌਂ ਕਿਤ ਜਾਈ।
ਕਰਤ ਰਹਜੋ ਤੁਮ ਇਹਾਂ ਲਰਾਈ ॥ ੭੯ ॥
ਤੁਰਕ ਕਰੈਂ ਬਲ ਤੁਮ ਪਰ ਜਬਿ ਹੀ।

ਸੰਮੁਖ ਜੂਝ ਮਰਜੋ ਤੁਮ ਸਭਿ ਹੀ।
ਸਫਲ ਜਨਮ ਤੁਮਰਾ ਯਹਿ ਹੋਈ।
ਜੀਵਤ ਸਦਾ ਨ ਜਗ ਮੈਂ ਕੋਈ ॥ ੮੦ ॥
ਮਰਨ ਸਫਲ ਨਰ ਨਿਜ ਵਹਿ ਕਰਹੀਂ।
ਅਰਿ ਸੋਂ ਲਰਿ ਸਨਮੁਖ ਜੋ ਮਰਹੀਂ।
ਇਤਜਾਦਿਕ ਗੁਰੁ ਬਚਨ ਜੁ ਭਾਖੇ।
ਸੁਨਿ ਸਿੱਖਨਿ ਸਭਿ ਮਨਿ ਧਰਿ ਰਾਖੇ ॥ ੮੧ ॥

ਦੋਹਰਾ:

ਗੁਰੁ ਦਿਸ ਗਾਥਾ ਯਹਿ ਭਈ,
ਸੁਨੋ ਤੁਰਕ ਦਲ ਕੇਰ।
ਤਿਸ ਨਿਸ ਕੋ ਦਿਸ ਚਾਰ ਤੈ,
ਰਹੇ ਹਵੇਲੀ ਘੇਰ ॥ ੮੨ ॥

ਚੌਪਈ:

ਪਹਿਰੂ ਠੌਰ ਠੌਰ ਬੈਠਾਏ।
ਦੂਰ ਦੂਰ ਬਹੁ ਬਿਕਟ[1] ਖੜ੍ਹਾਏ।
ਫਿਰਤੇ ਰੌਂਦ[1] ਸ੍ਰਦਾਰ ਅਪਾਰੀ।
ਦੇਤ ਤਲਾਵਾ[1] ਚੌਕੀਦਾਰੀ[2] ॥ ੮੩ ॥

[1]ਪਿਕਟਾਂ, ਚੋਰ ਪਹਿਰਾ।
[1]ਨਿਗਰਾਨੀ ਤੇ।
[1]ਅੰ:- ਤਲਾਯਹ, ਸੰਗਯਾ=ਸੈਨਾ ਦਾ ਉਹ ਟੋਲਾ ਜੋ ਸ਼ਹਿਰ ਅਤੇ ਫ਼ੌਜ ਦੀਰਖਯਾ ਲਈ ਚਾਰੇ ਪਾਸੇ ਫਿਰਦਾ ਰਹੇ। [2]ਪਹਿਰੇਦਾਰੀ।

ਜਥੇਦਾਰ ਨਿਜ ਲੋਗਨ ਤਾਂਈਂ।
ਕਹੈਂ ਆਜ ਤਕੜੇ ਰਹੁ ਭਾਈ।
ਮਤੁ ਕਿਤ ਨਿਕਸ ਹਿੰਦੁ ਕਾ ਪੀਰੈਂ।
ਜਾਵਹਿ ਛੋਡਿ ਹਵੇਲੀ ਧੀਰੈਂ[1] ॥ ੮੪ ॥
ਆਜ ਫਜਰ[1] ਜਬ ਹ੍ਵੈ ਹੈ ਨੀਕੈ।
ਮੱਧ ਹਵੇਲੀ ਧਸ ਕਰਿ ਨੀਕੈ।
ਗੁਰੁ ਸਮੇਤ ਸਭਿ ਸਿੱਖਨ ਤਾਂਈਂ।
ਦੈ ਹੈਂ ਮਾਰਿ ਕਲੇਸ਼ ਮੁਕਾਈ ॥ ੮੫ ॥
ਯਾ ਬਿਧਿ ਮਨਿ ਤੁਰਕਨਿ ਠਟ ਰਾਖੀ।
ਸੁਨੋ ਗੁਰੁ ਦਿਸ ਕੀ ਅਬਿ ਸਾਖੀ।
ਅਰਧ ਨਿਸਾ ਜਬਿ ਹੀ ਯੌਂ ਬੀਤੀ।

[1]ਹੌਲੀ ਜਿਹੀ।
[1]ਸਵੇਰਾ।

ਤਬਿ ਸਤਿਗੁਰੂ ਨੈ ਯਾ ਬਿਧਿ ਕੀਤੀ ॥ ੮੬ ॥
ਹੁਤੋ ਛਿੱਦ੍ਰ ਇਕ ਭੀਤ ਮਝਾਰਾ[1]। [1]ਕੰਧ ਵਿੱਚ ਇਕ ਮੋਰੀ ਸੀ।
ਖੋਲਿ ਕਰਜੋ ਤਿਸ ਕਾ ਵਡ ਦ੍ਵਾਰਾ।
ਸਬਿ ਸਿੰਘਨ ਕੋ ਦਰਿ ਰਖਵਾਰੇ[1]। [1]ਰਾਖੇ (ਖੜ੍ਹੇ) ਕਰਕੇ।
ਬਾਹਰ ਭਏ ਗੁਰੂ ਤਿਸ ਦ੍ਵਾਰੇ ॥ ੮੭ ॥
ਦਯਾ ਸਿੰਘ ਪੁਨ ਧਰਮ ਸਿੰਘ ਵਰ[1]। [1]ਚੰਗੇ।
ਮਾਨ ਸਿੰਘ ਯਹਿ ਸਿੰਘ ਤੀਨ ਤਰ[1]। [1]{ਤਰ} ਬਹੁਤ ਹੀ (ਚੰਗੇ)।
ਇਨਿ ਕੋ ਗੁਰੁ ਲੀਨੋ ਨਿਜ ਸੰਗੈਂ।
ਚਲੇ ਤੁਰਕ ਦਲ ਓਰਿ ਨਿਸੰਗੈਂ ॥ ੮੮ ॥
ਨਿਜ ਮਾਯਾ ਗੁਰੁ ਅਸ ਵਰਤਾਈ।
ਸੋਇ ਗਏ ਪਹਿਰੂ ਸਮੁਦਾਈ।
ਊਚੈ ਟੇਰਿ ਟੇਰਿ[1] ਬਹੁ ਬਾਰੀ। [1]ਬੋਲ ਬੋਲ ਕੇ।
ਗਿਰਾ[1] ਗੁਰੂ ਇਸ ਭਾਂਤਿ ਉਚਾਰੀ ॥ ੮੯ ॥ [1]ਬਾਣੀ।
ਪੀਰ ਹਿੰਦੁ ਕਾ ਭਾਗਯੋ ਜੈ ਹੈ।
ਐਸ ਪੁਕਾਰਤ ਗਏ ਸੁ ਧੈ ਹੈਂ[1]। [1]ਦੌੜ ਕੇ।
ਸ਼ਬਦ ਗੁਰੂ ਕਾ ਸੁਨ ਕਰਿ ਤਬਿ ਹੀ।
ਜਾਗ ਉਠਯੋ ਤੁਰਕੀ ਦਲ ਸਭਿਹੀ ॥ ੯੦ ॥
ਵਹਿ ਭੀ ਲਗੇ ਪੁਕਾਰਨ ਵੈਸੇ।
ਗੁਰੂ ਉਚਾਰਤ ਜਾਵਤ ਜੈਸੇ।
ਰੌਰ ਪਰਜੋ ਤੁਰਕਨਿ ਦਲ ਮਾਂਹੀਂ।
ਦੌਰਿ ਦੌਰਿ ਸਭਿ ਇਤ ਉਤ ਜਾਂਹੀਂ ॥ ੯੧ ॥
ਯੌਂ ਗੁਰੁ ਲਾਂਘਿ ਤੁਰਕ ਦਲ ਸਭਿ ਹੀ।
ਕੋਸ ਦੁ ਤੀਨਕ ਪਹੁੰਚੇ ਜਬਿ ਹੀ।
ਪੈ ਤੀਨੋ ਸਿੰਘ ਸੰਗੀ ਥੇ ਜੋ।
ਭੀੜ ਮਾਹਿਂ ਕਿਤ ਵਿਛੁੜ ਗਏ ਸੋ ॥ ੯੨ ॥
ਪੁਨ ਇਕ ਭੈਂਸ ਚੁਗਾਵਨ ਵਾਰੋ।
ਗੁੱਜਰ ਗੁਰੁ ਕੋ ਮਿਲਜੋ ਅਗਾਰੋ।
ਤਿਸ ਨੇ ਗੁਰੁ ਕੋ ਲਯੋ ਪਛਾਨੀ।
ਊਚੇ ਬਕਨ ਲਗਜੋ ਬਦ ਬਾਨੀ[1] ॥ ੯੩ ॥ [1]ਬੁਰੇ ਬਚਨ।
ਤਬਿ ਗੁਰੁ ਤਾਂਹਿ ਨਿਵਾਰਨ ਹੇਤੈਂ[1]। [1]ਹਟਾਉਣ ਵਾਸਤੇ।

ਕੜਾ ਉਤਾਰ ਭਏ ਇਕ ਦੇਤੈਂ[1]। [1]ਦੇ ਦਿੱਤਾ।
ਲੈ ਕੈ ਕੜਾ ਭਿ ਮਾਹੀ ਮੂਢੋ[1]। [1]ਮੂਰਖ ਮੱਝਾਂ ਚਰਾਣ ਵਾਲਾ।
ਲਗਯੋ ਪੁਕਾਰਨ ਫੇਰ ਅਗੂਢੋ[1] ॥ ੯੪ ॥ [1]ਉੱਚੀ ਬੋਲਣ ਲੱਗਾ।
ਫਿਰ ਗੁਰੁ ਖੰਜਰ ਤਿਹ ਉਰਿ ਲਾਈ।
ਕਰ ਕੇ ਮੁਕਤਿ ਚਲੇ ਅਗਵਾਈ।
ਕਈ ਭਾਂਤਿ ਮਗ ਕਸ਼ਟ ਸਹੈ ਕੈ।
ਮਾਛੀਵਾੜੇ ਪਹੁੰਚੇ ਜੈ ਕੈ ॥ ੯੫ ॥
ਗਨੀ ਨਬੀ ਖਾਂ ਬੇ ਪਠਾਨ ਜੋ।
ਤਿਨਿ ਤਹਿਂ ਲੀਏ ਗੁਰੁ ਪਛਾਨ ਸੋ।
ਹੁਤੇ ਸੁਦਾਗਰ ਘੋੜਨ ਕੇਰੇ।
ਤਿਨ ਤੇ ਗੁਰੁ ਅਸ੍ਵ ਲਏ ਬਧੇਰੇ ॥ ੯੬ ॥
ਵਹਿ ਗੁਰੁ ਕੋ ਨਿਜ ਘਰ ਲੈ ਗਏ।
ਨੇਮ ਧਰਮ ਕਰਿ ਗੁਰੁ ਕੇ ਥਏ[1]। [1]ਹੋ ਗਏ।
ਹੁਤੋ ਮਸੰਦ ਗੁਲਾਬਾ ਤਹਾਂ।
ਗੁਰੂ ਉਤਾਰੇ ਤਿਸ ਘਰ ਮਹਾਂ[1] ॥ ੯੭ ॥ [1]ਵਿੱਚ।
ਤੀਨੋ ਸਿੰਘ ਮਿਲੇ ਪੁਨ ਆਈ।
ਸਤ੍ਰਾਂ ਸੈ ਕਾਹਟ ਤਬਿ ਥਾਈ[1]। [1]ਤਦੋਂ ਸੰਮਤ ੧੭੬੧ ਬਿ: ਸੀ।
ਗੁਰੁ ਜੰਗਨ ਕੀ ਗਾਥਾ ਗੌਰੈਂ।
ਕਹਿ ਅਧਿਜਾਇ ਥਿਰਜੋ ਇਸ ਠੌਰੈਂ ॥ ੯੮ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਚਮਕੌਰ ਕਾ ਜੰਗ, ਸਾਹਿਬਜ਼ਾਦੇ ਸ਼ਹੀਦ ਹੋਨ, ਬਰਨਨੰ ਨਾਮ ਪੈਂਹਸਠਮੋਂ ਬਿਸ੍ਰਾਮ ॥ ੬੫ ॥

੬੬. {ਮਾਛੀਵਾੜੇ ਤੋਂ ਚੱਲ ਕੇ ਦੀਨੇ ਨਗਰ ਪਹੁੰਚਣਾ}

ਦੋਹਰਾ:

ਏਰੇ ਮਨ ਮੇਰੇ ਤਜੋ,
ਔਰ ਵਖੇਰੇ ਸਾਰ[1]।
ਗੁਰ ਪਦ ਪੋਤ ਪਵਿੱਤ੍ਰ ਗਹਿ,
ਭਵ-ਨਿਧਿ ਉਤਰਹੁ ਪਾਰ[1] ॥੧॥

[1]ਸਾਰੇ ਝਗੜੇ।

[1]ਗੁਰਾਂ ਦੇ ਪਵਿੱਤ੍ਰ ਚਰਨਾਂ ਦਾ ਜਹਾਜ਼ ਪਕੜ ਕੇ, ਸੰਸਾਰ ਸਮੁੰਦਰ ਤੋਂ ਪਾਰ ਉੱਤਰ ਜਾਉ।

ਮਾਛੀਵਾੜੇ ਤੈ ਗੁਰੂ,
ਦੀਨੇ ਲੌ ਜਿਮ ਜਾਹਿਂ।
ਸੋ ਸਭਿ ਗਾਥਾ ਸੁਨੋ ਅਬਿ,
ਕਹੋਂ ਧਜਾਇ ਇਸ ਮਾਹਿਂ ॥੨॥
ਜਿਸ ਨਿਸ ਗੁਰੁ ਚਮਕੌਰ ਤਜਿ,
ਆਏ ਇਸ ਦਿਸ ਚਾਲਿ।
ਤੁਰਕ ਹਵੇਲੀ ਮੈਂ ਧਸੇ,
ਅਰਣੋਦਯ ਕੇ ਨਾਲਿ[1] ॥੩॥

[1]ਚੜ੍ਹਦੇ ਸੂਰਜ ਦੇ ਨਾਲ ਹੀ।

ਸਿੰਘ ਹੁਤੇ ਤਹਿਂ ਜਿਤਿਕ ਤਬਿ,
ਜੰਗ ਨਿਸੰਗ ਮਚਾਇ।
ਸਮੁਖ ਹੋਇ ਜੂਝੇ ਸਬੈ,
ਬਹੁ ਤੁਰਕਨ ਕੌ ਘਾਇ ॥੪॥
ਸੰਤ ਸਿੰਘ ਕਾ ਰੂਪ ਥਾ,
ਸਭਿ ਬਿਧਿ ਗੁਰੁ ਅਨੁਹਾਰ[1]।
ਵਹਿ ਜੂਝਜੋ ਜਬਿ ਜੁੱਧ ਕਰਿ,
ਤੁਰਕਨਿ ਲਯੋ ਵਿਚਾਰ ॥੫॥
ਪੀਰ ਹਿੰਦੁ ਕਾ ਯਹੀ ਥਾ,
ਜੋ ਜੂਝਜੋ ਰਣ ਮਾਹਿਂ।
ਸੀਸ ਕਾਟ ਤਿਸ ਕਾ ਪਠਜੋ,
ਬਾਦਸ਼ਾਹਿ ਕੇ ਪਾਹਿ ॥੬॥
ਭਲੀ ਤਰ੍ਹਾਂ ਜਿਨਿ ਬਾਰ ਬਹੁ,
ਪੇਖਜੋ ਥਾ ਗੁਰੁ ਤਾਂਇਂ।
ਤਿਨਿ ਭਾਖਜੋ ਗੁਰੁ ਨਹਿਂ ਮਰਜੋ,

[1]ਸਭ ਤਰ੍ਹਾਂ ਗੁਰਾਂ ਵਰਗਾ ਸੀ।

ਗਯੋ ਨਿਕਸ ਕਿਤ ਸਾਇ[1] ॥ ੭ ॥
ਗ੍ਰਾਮਨ ਮੈਂ ਖੋਜਨ ਹਿਤੈ,
ਫੌਜ ਚਢੀ ਤੁਰਕਾਨਿ।
ਮਾਰਜੋ ਭ੍ਰਾਤਰ ਗੁੱਜਰ ਜਿਹ[1],
ਤਿਹ ਤਬਿ ਦਯੋ ਨਿਸ਼ਾਨ ॥ ੮ ॥
ਮਾਛੀਵਾੜੇ ਗੁਰੁ ਗਯੋ,
ਅਈ ਫੌਜ ਸੁਨਿ ਤਾਹਿਂ।
ਮਾਛੀਵਾੜਾ ਘੇਰਜੋ,
ਹੇਤ ਤਲਾਸ਼ੀ ਚਾਹਿ[1] ॥ ੯ ॥

[1]ਉਹ।
[1]ਜਿਸ ਗੁੱਜਰ ਦਾ ਭਰਾ ਮਾਰਿਆ ਸੀ।
[1]ਇੱਛਾ ਕਰਕੇ।

ਕਬਿੱਤ:

ਪਾਇ ਏਹ ਸਾਰ[1] ਹੈ ਗੁਲਾਬਾ ਡਰਜੋ ਭਾਰ,
ਗੁਰੁ ਪਾਸ ਆਇ ਗਾਇ[1] ਕਹਜੋ ਅਨਤ ਸਿਧਾਰੀਏ[2]।
ਧੀਰ ਗੁਰੁ ਦੀਓ ਹਮੈਂ ਗਹਿਨ ਵਾਲੋ ਕੌਨ ਥੀਓ[1],
ਗੁਰੂ ਜਮ ਤੈ ਛੁਡੈਂ ਹੈਂ ਗੁਰੈਂ ਕੌਨ ਮਾਰੀਏ[1]।
ਭੇਸ ਬਦਲਾਨੋ ਭਾਗ ਜਾਨੋ ਪਾਤਿਸ਼ਾਹਿਨ ਤੈ,
ਕਾਮ ਅਵਤਾਰਨ ਕੋ ਸਦਾ ਨਿਰਧਾਈਏ[1]।
ਜਰਾ-ਸੰਧ ਕਾਲ-ਯਵਨ ਆਗੇ ਜਦੁਪਤਿ[1] ਭਾਗਯੋ,
ਮੂਸਾ ਈਸਾ ਭਾਗਿਓ ਮੁਹੰਮਦ ਵੀਚਾਰੀਏ ॥ ੧੦ ॥

[1]ਖ਼ਬਰ।
[1]ਬੋਲ ਕੇ। [2]ਹੋਰ ਥਾਂ ਚਲੇ ਜਾਉ।
[1]ਸਾਨੂੰ ਫੜਨ ਵਾਲਾ ਕੌਣ ਹੋ ਸਕਦਾ ਹੈ।
[1]ਕੌਣ ਮਾਰੇਗਾ।
[1]ਨਿਸਚੇ ਕਰੋ।
[1]ਕ੍ਰਿਸ਼ਨ।

ਭਾਵੀ[1] ਪਰਬਲ ਏਹੁ ਕਰਤਾਰ ਜੂ ਕੀ ਅਤਿ,
ਟਲੀ ਹੈ ਨ ਕਾਹੂੰ ਤੈ ਨ ਆਗੇ ਕੋਊ ਟਲ ਹੈ।
ਜੈਸੀ ਆਇ ਬਨੈ ਤਬਿ ਰਹਿਣਾ ਤਿਸੀ ਮੈਂ ਖੁਸ਼,
ਦੁਖ ਸੁਖ ਲਾਭ ਹਾਨ ਮਾਹਿਂ ਨਾ ਦਹਲ ਹੈ[1]।
ਏਹੀ ਬਡਜਾਈ ਔ ਭਲਜਾਈ ਗਜਾਨ ਭਗਤੀ ਹੈ,
ਨਾ ਤੋ ਅਗਜਾਨੀ ਸੋਕ ਕਰੈਂ ਜੀਵ ਖਲ ਹੈਂ[1]।
ਐਸੀ ਕਹਿ ਗਨੀ ਖਾਨ ਨਬੀ ਖਾਨ ਕੋ ਬੁਲਾਇ,
ਬਸਨ ਰੰਗਾਇ ਸਜਾਹਿ[1] ਧਾਰੇ ਗੁਰੁ ਭਲ ਹੈਂ ॥ ੧੧ ॥

[1]ਹੋਣੀ।
[1]ਡਰ ਨਹੀਂ ਹੈ।
[1]ਮੂਰਖ ਹਨ।
[1]ਕਾਲੇ।

ਹਾਜੀਆਂ ਕਾ ਬੇਖ ਧਰਿ ਮੰਚ[1] ਪਰ ਚਾਲੇ ਚਰਿ[2],
ਸਿੱਖਨ ਕੋ ਵੈਸੇ ਹੀ ਕਰਾਏ ਵੇਸ ਰੁੱਚ ਕੇ[1]।
ਗਨੀ ਖਾਂਨ ਨਬੀ ਖਾਨ ਮਾਨ ਸਿੰਘ ਧਰਮ ਸਿੰਘ*

[1]ਪਲੰਘ। [2]ਚੜ੍ਹ ਕੇ।

[1]ਆਪਣੀ ਇੱਛਾ ਦੇ (ਅਨੁਸਾਰ ਗੁਰਾਂ ਨੇ)।

*ਲਾਹੌਰ ਐਡੀਸ਼ਨ ਛਾਪਾ ਪੱਥਰ ਵਿੱਚ ਏਥੇ ਧਰਮ ਸਿੰਘ ਦੀ ਥਾਂ ਦਯਾ ਸਿੰਘ ਪਾਠ ਛਪਿਆ ਹੋਇਆ ਹੈ ਜੋ ਅਸਾਂ ਦਰੁਸਤ ਕਰ ਦਿੱਤਾ ਹੈ ਕਿਉਂਕਿ ਭਾਈ ਦਯਾ ਸਿੰਘ ਬਾਰੇ ਅੱਗੇ ਚਲ ਕੇ ਲਿਖਿਆ ਹੈ ਕਿ ਉਹ ਚਉਰ ਦੀ ਸੇਵਾ 'ਤੇ ਲੱਗੇ ਹੋਏ ਹਨ।

ਲਾਗੇ ਚਾਰੋਂ ਓਰਿ ਯਹਿ ਮੰਚ ਕੋ ਮਨੁੱਚ ਕੇ[1]।
ਮੰਚ ਕੋ ਉਠਾਇ ਚਲੇ ਮੋਦ ਮਨਿ ਪਾਇ ਵਹਿ,
ਸੱਯਦ ਕਹਾਇਂ ਸਭਿ ਹਾਜੀ ਬਨਿ ਸੁੱਚ ਕੇ[1]।
ਬੂਝੈਂ ਜਨ ਜੌਨ ਯਹਿ ਜਾਹਿ ਕੌਨ ਮੰਚ ਪਰ,
ਗਨੀ ਖਾਨ ਕੈ ਹੈ ਤਾਂਹਿ ਏਹੁ ਪੀਰ ਉੱਚ ਕੇ
॥ ੧੨ ॥

[1]ਉੱਚੇ ਮਨਾਂ ਵਾਲੇ।

ਮੁੱਠਾ ਮੋਰ ਪੰਖਨ ਕਾ ਦਯਾ ਸਿੰਘ ਹਾਥ ਲੀਏ,
ਜਾਵਤ ਝੁਲਾਵਤ ਕਲੇਸ਼ ਸ਼ੇਸ਼ ਮੁੱਚ ਕੋ[1]।
ਗਏ ਦਲ ਤੁਰਕਨ ਕੇ ਮਾਹਿਂ ਜਬਿ ਯਾਹਿ ਬਿਧਿ,
ਬੂਝੋ ਤਿਨਿ ਕੌਨ ਏਹੁ ਜਾਵਤ ਹੈ ਸੁੱਚ ਕੋ।
ਕਹਯੋ ਤਬਿ ਗਨੀ ਖਾਨ ਤਿਨ ਪੈ ਵਖਾਨ[1] ਐਸੇ,
ਸੱਯਦ ਹੈ ਏਹੁ ਆਯੋ ਕਾਬਯੋਂ ਪੀਰ ਉੱਚ ਕੋ।
ਕਹਯੋ ਉਮਰਾਇ ਤਬਿ ਖਾਣਾ ਖਾਇ ਜਾਇ ਅਬਿ,
ਕਰੈ ਪੀਰ ਪੂਰਨ ਯੇ ਮੇਰੀ ਅਬਿ ਰੁੱਚ ਕੋ[1]
॥ ੧੩ ॥

[1]ਸਾਰੇ ਕਲੇਸ਼ਾਂ ਤੋਂ {ਮੁਚਕੋ} ਛੁਡਾਉਣ ਵਾਲੇ (ਸਤਿਗੁਰਾਂ) ਨੂੰ।

[1]ਬੋਲ ਕੇ।

[1]ਇੱਛਾ ਨੂੰ।

ਗਨੀ ਖਾਨ ਕਹਯੋ ਤਬਿ ਪੀਰ ਨਹਿਂ ਖਾਇ ਕਛੁ,
ਰਾਖਤ ਹੈ ਰੋਜ਼ੇ ਨਿਤ ਏਕ ਜਵ[1] ਖਾਇ ਹੈ।
ਜੋਊ ਮੁਖੋਂ ਕੈਹੈ ਸੋਊ ਪਾਰ ਥੈਹੈ ਬਿਨਾ ਬਾਰ[1],
ਬੰਦਗੀ ਅਪਾਰ ਮੈਂ ਹੀ ਰੈਨ ਦਿਨ ਜਾਇ ਹੈਂ।
ਕਹਯੋ ਉਮਰਾਵ ਤਬਿ ਜੌ ਪੈ ਪੀਰ ਨਾਹਿਂ ਖਾਹਿ,
ਸੰਗ ਜੇ ਮੁਰੀਦ ਯਾਹਿ ਸੋਊ ਖਾਇ ਜਾਇ ਹੈਂ।
ਐਸੇ ਸੁਨਿ ਕਹਯੋ ਗੁਰੁ ਜਾਹੁ ਤੁਮ ਤਜਾਰ ਕਰੋ,
ਖਾਇ ਹੈਂ ਮੁਰੀਦ ਏਤੋ ਜੇਤੋ ਮਨ ਭਾਇ ਹੈਂ
॥ ੧੪ ॥

[1]ਜੌਂ ਦਾ ਇਕ (ਦਾਣਾ)।

[1]ਬਿਨਾਂ ਦੇਰੀ ਤੋਂ ਪੂਰਾ ਹੋ ਜਾਂਦਾ ਹੈ।

ਖਾਣਾ ਕੀਓ ਤਜਾਰ ਜਾਇ ਤੂਕਨ ਸੁਧਾਰ ਤਬਿ,

ਸਿੱਖਨ ਕੌ ਗੁਰੂ ਨੈ ਉਚਾਰ ਯੌਂ ਸੁਨਾਯੋ ਹੈ।
ਵਾਹਿਗੁਰੂ ਮੁਖ ਤੈ ਅਲਾਇ ਕੈ ਫਿਰਾਇ ਕ੍ਰੱਦ[1],
ਲੀਜੀਓ ਨਿਸ਼ੰਕ ਖਾਇ ਜੇਤੋ ਮਨ ਭਾਯੋ ਹੈ।
ਜਾਇ ਤਬਿ ਸਿੱਖ ਬੈਠੇ ਤ੍ਰੁਕਨ ਕੇ ਸੰਗ ਖਾਨ,
ਫੇਰੀ ਜਬਿ ਕ੍ਰੱਦ ਤਬਿ ਤ੍ਰੁਕਨਿ ਅਲਾਯੋ ਹੈ।
ਅਹੋ ਤੁਮ ਹਾਜੀਓ ਕਜਾ ਪਾਜੀਓ[1] ਕੁਕਾਜ ਕੀਨ,
ਖਾਣੇ ਬੀਚ ਛੁਰੀ ਫੇਰ ਮਕਰੂ[1] ਬਨਾਯੋ ਹੈ ॥ ੧੫ ॥
ਕਹਯੋ ਤਬ ਗਨੀ ਖਾਨ ਤੁਮ ਕੋ ਪਛਾਨ ਨਾਹਿਂ,
ਸ਼ਰ੍ਹਾ ਏਹ ਮੱਕਜੋਂ ਆਨ ਚਲੀ ਸੋ ਨਵੀਨ ਹੈ।
ਹਾਜੀ ਹੋਇ ਸੱਯਦ ਜੋ ਸੋਊ ਫੇਰੈ ਛੁਰੀ ਏਹੁ,
ਪੀਰ ਉੱਚ ਕੇ ਚਲਾਈ ਮੱਕਜੋਂ ਆਈ ਪੀਨ[1] ਹੈ।
ਸੁਨ ਕੈ ਤੁਰਕ ਚੁਪ ਕਰੇ ਮੋਦ ਭਰੇ ਸਭਿ,
ਖਾਣਾ ਖਾਯੋ ਸਭਿ ਹੀ ਨੈ ਮਿਲਿ ਦੀਨ ਚੀਨ ਹੈ[1]।
ਆਏ ਸਿੱਖ ਖਾਣਾ ਖਾਇ ਪਲੇ ਬਾਂਧ ਲਜਾਏ ਕੁਛ,
ਗੁਰੂ ਨੈ ਕਹਜੋ ਥਾ ਜੋਈ ਸੋਈ ਕਾਮ ਕੀਨ ਹੈ
॥ ੧੬ ॥
ਚਾਲੇ ਗੁਰੂ ਤਹਾਂ ਤੈ ਉਤਾਲੇ[1] ਮੰਚ ਪੈ ਬਿਸਾਲੇ,
ਦੇਤ ਛਬਿ ਸੇਤੁ ਭਵ ਹੇਤ ਜਿਨਿ ਨਾਮ ਹੈ[1]।

ਮਗ ਮੈਂ ਤਲਾਬ ਏਕ ਆਬ ਚਾਰੁ ਵਾਰ ਆਯੋ[1],
ਉਤਰੇ ਬਿਵੇਕ ਸਿੰਧੁ[1] ਤਹਾਂ ਸੁਖ ਧਾਮ ਹੈਂ।
ਖਾਣਾ ਤੁਰਕਾਨ ਵਾਰਾ ਲਜਾਏ ਥੇ ਜੁ ਸਿੱਖ ਬਾਂਧਿ,
ਸਿੱਖਨ ਕੇ ਸੰਸੇ ਖੋਣ ਹੇਤ[1], ਗੁਰੁ ਤਾਮ ਹੈ।
ਹੇਰਜੋ ਜਬਿ[1], ਹਲੂਆ ਸੋ ਭਲੂਆ ਭਯੋ ਹੈ
ਅਤਿ[1] ਅਜ਼ਮਤ ਹੇਰਿ ਗੁਰੁ ਕੇਰ ਪੇਖਿ ਆਮ ਹੈਂ[2]
॥ ੧੭ ॥

ਹੋਇ ਅਚਰਜ ਗਨੀ ਖਾਨ ਆਦਿ ਸੰਗੀਓਂ ਨੇ,
ਗੁਰੂ ਕੋ ਪ੍ਰਤੱਖ ਪ੍ਰਮੇਸ਼੍ਵਰ ਪਛਾਨਜੋ।
ਚਲ ਕੈ ਤਹਾਂ ਤੈ ਗੁਰੁ ਗ੍ਰਾਮ ਜੌ ਕਨੇਚ ਆਏ,
ਬੋਲ ਕੈ ਮਸੰਦ ਫੱਤੇ ਤਾਈਂ ਯੌਂ ਬਖਾਨਜੋਂ।

[1]ਕਿਰਪਾਨ।

[1]ਪਖੰਡੀਓ।

[1]ਘ੍ਰਿਣਾ ਯੋਗ।

[1]ਚੰਗੀ (ਰੀਤੀ)।

[1](ਆਪਣੇ) ਮਜ਼ਹਬ ਦੇ ਜਾਣ ਕੇ।

[1]ਛੇਤੀ।

[1]ਜਿਨ੍ਹਾਂ ਦਾ ਨਾਮ ਸੰਸਾਰ ਤੋਂ ਤਾਰਨ ਲਈ (ਸੇਤ) ਪੁਲ ਹੈ, (ਉਹ ਸਤਿਗੁਰੂ) ਪਲੰਘ 'ਤੇ ਬਹੁਤ ਸੋਭਾ ਦੇ ਰਹੇ ਹਨ।

[1]ਰਸਤੇ ਵਿੱਚ ਸੁੰਦਰ ਪਾਣੀ ਵਾਲਾ ਇਕ ਤਲਾ ਆਇਆ।

[1]ਗਿਆਨ ਦੇ ਸਮੁੰਦਰ।

[1]ਗੁਰਾਂ ਨੇ ਸਿੱਖਾਂ ਦੇ ਸੰਸੇ ਦੂਰ ਕਰਨ ਵਾਸਤੇ।

[1]ਜਦੋਂ ਗੁਰਾਂ ਨੇ (ਉਹ) {ਤਾਮ} ਖਾਣਾ ਦੇਖਿਆ।

[1]ਬਹੁਤ ਹੀ ਚੰਗਾ ਕੜਾਹ ਪ੍ਰਸ਼ਾਦ ਹੋ ਗਿਆ। [2]ਗੁਰਾਂ ਦੀ ਕਰਾਮਾਤ ਦੇਖ ਕੇ (ਆਮ) ਬਹੁਤੇ ਲੋਕ (ਪੇਖਿ) ਦਰਸ਼ਨ ਕਰਨ ਆਉਂਦੇ ਹਨ।

ਘੋੜੀ ਤੇਰੇ ਧਾਮ ਦੋਇ ਆਹਿ, ਏਕ ਹਮੈਂ ਦੇਹੁ
ਅਸਵਾਰੀ ਹੇਤ, ਹਮ ਫੇਰ ਦੈ ਹੈਂ ਜਾਨਜੋ[1]।
ਹਾਥ ਜੋਰਿ ਫੱਤੇ ਧਰਿ ਕਪਟ ਮਹੱਤੇ[1] ਕਹਜੋ,
ਹੁਤੀ ਅਲਵੱਤੇ ਅਬਿ ਗਈ ਕਿਤੇ ਮਾਨਜੋ[1]
॥ ੧੮ ॥

[1]ਜਾਣ ਲੈ ਅਸੀਂ ਮੋੜ ਦਿਆਂਗੇ।

[1]ਬਹੁਤਾ।

[1]ਹੈ ਤਾਂ ਸੀ {ਅਲਵੱਤੇ} ਪ੍ਰੰਤੂ ਕਿਤੇ ਗਈ ਹੋਈ ਹੈ (ਸੱਚ) ਮੰਨ ਲਉ।

ਲੈ ਗਯੋ ਦਮਾਦ[1] ਮੇਰੋ ਮਾਂਗ ਕੈ ਜਨੇਤ ਹੇਰੋ[2],
ਐਹੈ ਜਬਿ ਦੈਹੈਂ ਤਬਿ ਆਪ ਪੈ ਪਠਾਇ ਹੈਂ।
ਕੂਰ ਤਾਂਹਿ ਹੇਰਿ ਗੁਰੁ ਟੇਰਿ[1] ਕਹਜੋ ਫੇਰ ਇਮ,
ਘੋਰੀ ਘਰ ਤੇਰੇ ਠਾਢੀ ਉਭੈ ਅਬਿ ਤਾਇਂ ਹੈਂ[1]।
ਫੇਰ ਫੱਤੇ ਕਹਜੋ ਮੈਂ ਤੁਕਾਨ ਤੇ ਡਰਾਤ,
ਮਤ ਕੈਹੈਂ ਮਮ ਘਾਤ ਇਲਜ਼ਾਮ ਦੈ ਇਹਾਇ ਹੈਂ[1]।
ਕਹਜੋ ਗੁਰੂ ਹਮ ਕੋ ਨ ਦੈਹੈਂ, ਸਾਂਪ ਆਇ ਖੈਹੈ,
ਤੁਵ ਜਾਨ ਯੁਤ ਜੈਹੈਂ, ਲੀਜੋ ਅਜ਼ਮਾਇ ਹੈ
॥ ੧੯ ॥

[1]ਜਵਾਈ। [2]ਜੰਞ ਵੇਖਣ ਵਾਸਤੇ।

[1]ਬੋਲ ਕੇ।

[1]ਹੁਣ ਤੱਕ ਦੋਵੇਂ ਖੜ੍ਹੀਆਂ ਹਨ।

[1]ਕਿਤੇ ਮੇਰਾ ਨਾਸ ਨ ਕਰ ਦੇਣ ਇਹੋ ਦੋਸ਼ ਲਾ ਕੇ।

ਦੋਹਰਾ:
ਜਜੋਂ ਗੋਈ[1] ਹੋਈ ਸੋਈ,
ਘੋੜੀ ਖਾਈ ਸਾਂਪ।
ਤਿਸੀ ਸਾਂਪ ਫੱਤਾ ਡਸਜੋ,
ਧਰੇ ਉਭੈ ਇਮ ਖਾਪ[1] ॥ ੨੦ ॥

[1]ਕਹੀ।

[1]ਇਸ ਤਰ੍ਹਾਂ ਦੋਵੇਂ ਖਪਾ ਦਿੱਤੇ।

ਬੇਮੁਖ ਮੰਦ ਮਸੰਦ ਨੈ,
ਖੋਯੋ ਲਾਹਾ ਮੂਰ[1]।
ਕੋਪ ਖੁਸ਼ੀ ਸੈਂ ਗੁਰੂ ਜੋ ਕਹੈਂ,
ਸੁ ਥਹੈ[1] ਜ਼ਰੂਰ ॥ ੨੧ ॥

[1]ਨਫ਼ਾ ਤੇ ਮੂਲ।

[1]ਹੋ ਜਾਂਦਾ ਹੈ।

ਚੌਪਈ:
ਗੁਰੂ ਮੰਚ ਪੁਨ ਹ੍ਵੈ ਅਸਵਾਰੇ।
ਆਗੇ ਚਲੇ ਕੌਤਕੀ ਭਾਰੇ।
ਨਰ ਨਾਟਕ ਇਹੁ ਥਾਟ ਦਿਖਾਯੋ[1]।
ਹੇਹਰ ਨਗਰ ਅਗਾਰੀ ਆਯੋ ॥ ੨੨ ॥
ਤਹਾਂ ਕ੍ਰਿਪਾਲ ਉਦਾਸੀ ਕੇਰਾ।
ਅਬਿ ਲੌ ਆਹਿ ਬਡੋ ਅਤਿ ਡੇਰਾ।

[1]ਮਨੁੱਖਾਂ ਨੂੰ ਇਹ ਨਾਟਕ ਦੀ ਬਨਾਵਟ ਦਿਖਾਈ।

ਏਕ ਨਿਸਾ ਗੁਰੁ ਜਬੈ ਥਿਰਾਏ[1]।
ਡਰਿ ਮਹੰਤ ਬਡ ਫਜਰੈਂ[1] ਆਏ ॥ ੨੩ ॥
ਕਹਜੋ ਚੋਰ ਤੁਮ ਸ਼ਾਹੀ[1] ਗੁਰੂ।
ਆਗੇ ਚਲਨਾ ਕਰਿ ਦਿਹੁ ਸ਼ੁਰੂ।
ਤੁਰਕ ਖਬਰ ਗਹਿ ਮੁਝ ਕੋ ਮਾਰੈਂ।
ਦੈ ਫਾਂਸੀ ਡੇਰਾ ਊਜਾਰੈਂ ॥ ੨੪ ॥
ਗੁਰੂ ਕਹਜੋ ਡੇਰਾ ਸਦ ਬਸ ਹੈ।
ਤੂੰ ਫਾਸੀ ਕਾ ਚਾਖੈਂ ਰਸ ਹੈ।
ਬਚਨ ਗੁਰੂ ਕਾ ਟਰੈ ਨ ਕਬਿਹੀ।
ਧ੍ਰੂਵ[1] ਮੇਰੁ[2] ਧਰ[3] ਚਾਲੈਂ ਜਬਿਹੀ ॥ ੨੫ ॥
ਜੈਸ ਕਹਜੋ ਤੈਸੇ ਹੀ ਥਯੋ।
ਤੁਰਕੈਂ ਸਾਧ ਸੁ ਫਾਂਸੀ ਦਯੋ।
ਗੁਰੂ ਤਹਾਂ ਤੈ ਚਲ ਕਰਿ ਤਬੈ।
ਗਏ ਜਟਪੁਰੇ ਲੰਮੇ[1] ਜਬੈ ॥ ੨੬ ॥
ਰਾਇ ਕੋਟ ਹੈ ਤਹਾਂ ਨਜੀਕੈਂ।
ਰਾਇ[1] ਖਬਰ ਪਾਈ ਜਬਿ ਠੀਕੈਂ।
ਮਿਲਜੋ ਰਾਇ ਕੱਲਾ ਤਬਿ ਆਈ।
ਗੁਰੁ ਕੋ ਸਾਦਰ ਲਯੋ ਥਿਰਾਈ ॥ ੨੭ ॥
ਪਿਖਿ ਲਵਾਸ ਅਚਰਜ ਮਨ ਪਾਈ।
ਲਰਜ਼ ਅਰਜ਼ ਲਖਿ ਫਰਜ਼ ਅਲਾਈ[1]।
ਮੁਝ ਕੌ ਭੀ ਮੁਰੀਦ ਨਿਜ ਜਾਨੋ।
ਕਰੂੰ ਟਹਿਲ ਜੋ ਆਪ ਬਖਾਨੋ ॥ ੨੮ ॥
ਤਬਿ ਗੁਰੁ ਕਹਜੋ ਸੁਨੋ ਤੁਮ ਰਾਏ।
ਦਿਹੁ ਸਰ੍ਹੰਦ ਤੈ ਖਬਰ ਮੰਗਾਏ।
ਸਾਹਿਬਜ਼ਾਦੇ ਪਹੁੰਚੇ ਤਹਾਂ।
ਕਿਆ ਹਵਾਲ ਬਰਤਜੋ ਫਿਰ ਵਹਾਂ ॥ ੨੯ ॥
ਯਹਿ ਸੁਨਿ ਗੁਰੁ ਕਾ ਹੁਕਮ ਮਹਾਨਾ।
ਕੱਲੇਰਾਇ ਸੀਸ ਧਰਿ ਮਾਨਾ।
ਧਾਵਨ[1] ਫੌਰਨ[2] ਪਠਜੋ ਤਬੈ ਹੀ।
ਵਹਿ ਸਰ੍ਹੰਦ ਮੈਂ ਗਯੋ ਜਬੈ ਹੀ ॥ ੩੦ ॥

[1]ਠਹਿਰੇ।
[1]ਵੱਡੇ ਸਵੇਰੇ।
[1]ਹੇ ਗੁਰੂ ਜੀ ਤੁਸੀਂ ਸ਼ਾਹੀ ਚੋਰ ਹੋ।
[1]ਧ੍ਰੂੰ ਤਾਰਾ। [2]ਸੁਮੇਰ ਪਰਬਤ। [3]ਧਰਤੀ।
[1]ਲੰਮੇ (ਪਿੰਡ ਕੋਲ) ਜਟ ਪੁਰੇ ਪਿੰਡ।
[1]ਰਾਇ ਕੱਲਾ ਨੇ।
[1]ਫ਼ਰਜ਼ ਜਾਣ ਕੇ ਕੰਬ ਕੇ ਬੇਨਤੀ ਕੀਤੀ।
[1]ਹਲਕਾਰਾ। [2]ਛੇਤੀ।

ਸਿੱਖ ਏਕ ਗੁਰੁ ਕਾ ਤਹਿਂ ਮਿਲਜੋ।
ਸਭਿ ਹਵਾਲ ਉਨਿ ਉਸ ਤੈ ਗਿਲਜੋ[1]।
ਚਾਰ ਪਹਰ ਮੈਂ ਵਹਿ ਹਟਿ ਖਾਸੈਂ[1]।
ਆਯੋ ਦੌਰਿ ਤਬੈ ਗੁਰੁ ਪਾਸੈਂ ॥ ੩੧ ॥
ਸਭਿ ਬ੍ਰਿਤਾਂਤ ਉਨਿ ਗੁਰਹਿਂ ਸੁਨਾਯੋ।
ਸੁਨ ਕਰਿ ਗੁਰੁ ਉਰ ਮੈਂ ਬਿਸਮਾਯੋ।
ਕੱਲੇ ਰਾਇ ਸਿੱਖ ਜਨ ਔਰੈਂ।
ਸੁਨ ਕਰਿ ਭਏ ਦੁਖੀ ਮਨਿ ਗੌਰੈਂ ॥ ੩੨ ॥
ਦੋਹਰਾ:
ਵਹੀ ਕਥਾ ਅਬਿ ਸੁਨੋ ਸਭਿ,
ਤੁਮੈ ਸੁਨੈਹੋਂ ਮੀਤ।
ਤੁਰਕਨ ਜੈਸ ਸਰ੍ਹੰਦ ਮੈਂ,
ਭਾਰੀ ਕਰੀ ਅਨੀਤਿ[1] ॥ ੩੩ ॥
ਮਾਤ ਗੂਜਰੀ ਸਹਿਤ ਜਸੋਂ,
ਸਾਹਿਬਜ਼ਾਦੇ ਦੋਇ।
ਚੜ੍ਹੇ[1] ਵੀਚ ਸਰਹੰਦ ਕੇ,
ਸੁਨੋ ਹਾਲ ਅਬਿ ਸੋਇ ॥ ੩੪ ॥
ਲਲਿਤ ਛੰਦ:
ਜਬਿ ਗੁਰੁ ਪੁਰਿ ਅਨੰਦ ਤਜਿ ਨਿਕਸੇ,
ਸਰਸੇ ਨਦਿ ਤਟਿ[1] ਆਏ।
ਭਾਰੀ ਭੀਰ ਪਰੀ ਤਹਿ ਥੀ ਜੋ,
ਸੋ ਵਰਨੀ ਨਹਿਂ ਜਾਏ।
ਚਿਤਵਨ ਤੈ ਚਿਤਿ ਚੀਰ[1] ਲਗਤ ਹੈ,
ਨੈਨ ਨੀਰ ਭਰ ਆਵੈ।
ਕਰ ਕੰਪਤ ਲਿਖਨੀ ਭੁਲ ਪਰ ਹੈ,
ਗਦ ਗਦ ਗਲ ਹ੍ਵੈ ਜਾਵੈ[1] ॥ ੩੫ ॥

ਗੁਰੁ ਕੇ ਮਹਲ ਔਰ ਸੁਤ ਜਨਨੀ,
ਸਿੱਖ ਗੁਰੂ ਕਿਤ ਕਿਤ ਹੀ।
ਗਏ ਬਿਛੁਰ ਸਭਿ ਆਪਸ ਮਾਹੀਂ,

[1]ਉਸ ਤੋਂ ਨਿਕਲਿਆ ਭਾਵ ਸੁਣ ਕੇ ਯਾਦ ਕਰ ਲਿਆ।
[1]ਆਪ।
[1]ਬੇਇਨਸਾਫ਼ੀ, ਜ਼ੁਲਮ।
[1]ਸ਼ਹੀਦ ਹੋਏ।
[1]ਨਦੀ ਕਿਨਾਰੇ।
[1]ਜ਼ਖ਼ਮ।
[1]ਹੱਥ ਕੰਬਦੇ ਹਨ, ਕਲਮ ਡਿੱਗ ਪੈਂਦੀ ਹੈ ਤੇ ਕੰਠਰੁਕ ਜਾਂਦਾ ਹੈ।

ਪਰੀ ਬਿਪੱਤੀ[1] ਅਤਿ ਹੀ। [1]ਬਿਪਤਾ।
ਜਬਿ ਵਹੀਰ ਗੁਰੁ ਕਾ ਨਦਿ ਲਖ ਕੈ[1], [1]ਨਦੀ ਲੰਘ ਕੇ।
ਰੋਪੜ ਕੇ ਢਿਗ ਆਯੋ।
ਨਗਰ ਵਾਸੀਅਨ ਹਿੰਦੁਨਿ ਤੁਰਕਨਿ,
ਛਲ ਬਲ ਕਰਿ ਬਹੁਤਾਯੋ[1] ॥ ੩੬ ॥ [1]ਬਹੁਤਾ ਦੁਖੀ ਕੀਤਾ !
ਲੋਗ ਲੁਟੇਰੇ ਔਰ ਹਜਾਰਾਂ,
ਪਰੇ ਚੁਫੇਰਜੋਂ ਧਾਈ।
ਸਭੀ ਵਹੀਰ ਲੁਟ ਗਯੋ ਗੁਰੁ ਕਾ,
ਮਾਚੀ ਅਧਿਕ ਲਰਾਈ।
ਗੁਰੁ ਘਰਨੀ ਕੇ ਡੋਲੇ ਚੁਕਿ ਖੁਦ,
ਸਿਖ ਦਿਲਵਾਲੀ[1] ਲੈ ਕੈ। [1]ਦਿੱਲੀ ਦੇ ਸਿੱਖ।
ਭੇਸ ਬਦਲ ਦਿੱਲੀ ਲੈ ਪਹੁੰਚੇ,
ਰਾਤ ਦਿਵਸ ਬਹੁ ਧੈ ਕੈ ॥ ੩੭ ॥
ਮਾਤ ਸੁੰਦਰੀ ਸਾਹਿਬ ਦੇਵੀ,
ਯਹਿ ਜੁਗ ਦਿੱਲੀ ਮਾਹੀਂ।
ਨਿਜ ਸੁਤ ਸਿੱਖਨ ਕੇਰ ਜਨਾਨਜੋ,
ਵੀਚ ਰਹੀਂ ਭਲ ਚਾਹੀ[1] ॥ ੩੮ ॥ [1]ਆਪਣੇ ਸਿੱਖਾਂ ਰੂਪ ਪੁੱਤਰਾਂ ਦੀਆਂ ਜ਼ਨਾਨੀਆਂ ਵਿੱਚ ਚੰਗਾ ਸਮਝ ਕੇ ਰਹੀਆਂ।

ਅੜਿੱਲ ਛੰਦ:

ਅਬਿ ਗੁਰੁ ਮਾਤਰੁ ਤਾਤਨ ਕੋ[1] [1]ਮਾਤਾ ਗੂਜਰੀ ਜੀ ਅਤੇ ਪੁੱਤਰਾਂ ਭਾਵ ਛੋਟੇ ਸਾਹਿਬਜ਼ਾਦਿਆਂ ਦਾ।
ਬ੍ਰਿਤਾਂਤ ਸੁਨਿ।
ਰੋਪੜ ਲੌ ਤਬਿ ਆਏ,
ਸੰਗ ਵਹੀਰ ਗੁਨਿ।
ਇੱਤ੍ਰ ਬਿੱਤ੍ਰ[1] ਤਿਸ ਠੌਰ, [1]ਖਿੰਡ ਪੁੰਡ ਗਏ।
ਭਏ ਜਬ ਸਿੰਘ ਸਭਿ।
ਹੋ ਗੁਰੁ ਜਨਨੀ ਢਿਗ,
ਗੁਰੁ ਸੁਤ ਲਘੁ ਜੁਗ ਰਹੇ ਤਬਿ[1] ॥ ੩੯ ॥ [1]ਤਦੋਂ ਮਾਤਾ ਗੂਜਰੀ ਜੀ ਕੋਲ ਗੁਰਾਂ ਦੇ ਦੋਵੇਂ ਛੋਟੇ ਪੁੱਤਰਰਹਿ ਗਏ।
ਗੁਰੂ ਘਰ ਕਾ ਇਕ ਰਹਜੋ
ਰਸੋਈਆ ਸੰਗ ਤਿਨ।

ਖੇੜੀ ਨਾਮ ਗ੍ਰਾਮ ਕੇਰ
ਦ੍ਵਜ ਹੁਤੋ ਗਿਨਿ[1]।
ਸੋ ਬ੍ਰਹਮਣ ਨਿਜ ਸੰਗ
ਮਾਤ ਕੋ ਲੈ ਗਯੋ।
ਹੋ ਜਯੋਂ ਤਯੋਂ ਕਰਿ ਨਿਜ ਧਾਮ
ਪ੍ਰਾਪਤ ਜਾ ਭਯੋ ॥ ੪੦ ॥
ਗੁਰੁ ਜਨਨੀ ਕੀ ਸੇਵ
ਕਪਟ ਧਰਿ ਬਹੁ ਕਰੀ।
ਖਾਨ ਪਾਂਨ ਕਰਵਾਇ
ਸੁਲਾਏ ਨਿਸ ਪਰੀ।
ਧਨ ਮਾਤਾ ਢਿਗ ਦਿਜ ਤਬਿ,
ਅਧਿਕ ਨਿਹਾਰਯੋ।
ਹੋ ਜ਼ੇਵਰ ਜਰਯੋ ਜਰਾਵ,
ਅਮੋਲਕ ਭਾਰਯੋ ॥ ੪੧ ॥
ਖੁਰਜੀ[1] ਥੀ ਇਕ ਸੰਗ
ਅਸ਼ਰਫੀ[1] ਕੀ ਭਰੀ।
ਖੱਚਰ ਪਰ ਲਦਵਾਇ,
ਮਾਤ ਨੈ ਲਜਾ ਧਰੀ।
ਕਈ ਲਾਖ ਕਾ ਹੁਤੋ,
ਐਸ ਅਸਬਾਬ ਸਭਿ।
ਹੋ ਗੁਰੁ ਜਨਨੀ ਕੇ ਪਾਸ,
ਲਖਯੋ ਦਿਜ ਤਾਹਿਂ ਤਬਿ ॥ ੪੨ ॥
ਲੈ ਨਿਜ ਨਾਤੀ[1] ਸੰਗ ਉਭੈ,
ਗੁਰੁ ਮਾਤ ਜੌ।
ਗਈ ਸੋਇ ਫਿਰ,
ਭਈ ਅਰਧ ਵਹਿਰਾਤ ਜੌ।
ਉਠਯੋ ਦੁਸ਼ਟ ਦ੍ਵਜ ਤਬੈ,
ਜਾਇ ਗੁਰੁ ਜਨਨਿ ਪੈ[1]।
ਹੋ ਨਿੰਦ੍ਰਾ ਵਸਿ ਤਿਹਂ ਪੇਖਿ,
ਪਾਪ ਧਰਿ ਮਨਨ ਪੈ[1] ॥ ੪੩ ॥

[1]ਬ੍ਰਹਮਣ ਸੀ ਵਿਚਾਰੋ।
[1]ਸਾਮਾਨਰੱਖਣ ਲਈ ਘੋੜੇ ਦੀ ਕਾਠੀ 'ਤੇਰੱਖਣ ਵਾਲਾ ਥੈਲਾ।
[1]ਮੁਹਰਾਂ।
[1]ਦੋਹਾਂ ਪੋੜ੍ਹਿਆਂ ਨੂੰ।
[1]ਮਾਤਾ ਕੋਲ।
[1]ਮਨ ਵਿੱਚ।

ਖੁਰਜੀ ਲਈ ਉਠਾਇ,
ਅਸਰਫੀ ਕੇਰ ਜੋ।
ਲਈ ਪਿਟਾਰੀ,
ਜ਼ੇਵਰ ਵਾਰੀ ਫੇਰ ਸੋ।
ਨਿਜ ਘਰ ਕੇ ਇਕ ਕੋਨੇ
ਮਾਹਿਂ ਦਬਾਇ ਕੈ।
ਹੋ ਚੋਰ ਚੋਰ ਕਰਿ ਲਗਯੋ
ਪੁਕਾਰਨ ਆਇ ਕੈ ॥ ੪੪ ॥
ਲਲਿਤ ਛੰਦ:
ਯੋਂ ਜਬਿ ਤਸਕਰ ਦਿਜ ਕੀ[1] ਬਾਨੀ, [1]ਚੋਰ ਬ੍ਰਹਮਣ ਦੀ।
ਗੁਰੁ ਜਨਨੀ ਕੇ ਕਾਨ ਪਰੀ।
ਸ਼ੀਘ੍ਰ ਜਗ ਕਰਿ[1] ਹਾਥ ਪਸਾਰਯੋ, [1]ਜਾਗ ਕੇ।
ਇਤ ਉਤ ਤਬਿ ਹੀ ਦ੍ਰਿਸਟਿ ਕਰੀ।
ਨਹਿਂ ਅਸਬਾਬ ਨਿਹਾਰਯੋ ਜਬਿ ਨਿਜ,
ਤਬਿ ਮਾਤਾ ਅਕੁਲਾਇ[1] ਕਹਯੋ। [1]ਘਬਰਾ ਕੇ।
ਸੁਨਿ ਭਾਈ ਦਿਜ ਦੀਪ ਜਗਾਵਹੁ,
ਮਮ ਅਸਬਾਬ ਨ ਮਿਲਤ ਅਹਯੋ ॥ ੪੫ ॥
ਚੋਰ ਨਹੀਂ ਇਸ ਠੌਰਹਿ ਕੋਈ,
ਔਰਹਿ ਮਾਲੁਮ ਭਯੋ ਅਯੋ।
ਗਯੋ ਕਹਾਂ ਅਸਬਾਬ ਹਮਾਰੋ,
ਖੁਰਜੀ ਆਦਿਕ ਔਰਹਿ ਜੋ।
ਜੇ ਕਰ ਤੁਮ ਨੇ ਆਪ ਉਠਾ ਕਰਿ,
ਸਾਂਭ ਧਰਯੋ ਅਸਬਾਬ ਕਹੀਂ।
ਤੌ ਬਤਲਾਇ ਦੇਹੁ ਤੁਮ ਹਮ ਕੋ,
ਫਿਰ ਹਮ ਚਿੰਤਾ ਕਰੈਂ ਨਹੀਂ ॥ ੪੬ ॥
ਯੋਂ ਸੁਨਿ ਬੈਨ ਮਾਤ ਕੇ ਪਾਪੀ,
ਦਿਜ ਬੋਲਯੋ ਮਨਿ ਕਪਟ ਭਰਯੋ।
ਅਬਿ ਹੀ ਨਿਕਸੋ ਹਮਰੇ ਘਰ ਤੇ,
ਤੁਮ ਤੁਹਮਤ[1] ਹਮ ਪੈ ਸੁ ਧਰਯੋ। [1]ਇਲਜ਼ਾਮ, ਦੋਸ਼।
ਤੁਰਕਨ ਤੈ ਮੈਂ ਜਾਨ ਤੁਮਾਰੀ,

ਰਾਖੀ ਨਿਜ ਘਰਿ ਲਜਾਇ ਭਲੇ।
ਪਾਯੋ ਫਲ ਕਾਲੰਕ ਲਗਾਯੋ,
ਅਬਿ ਤੁਮ ਕਤਹੂੰ ਜਾਹੁ ਚਲੇ ॥੪੭॥
ਨਹੀਂ ਤੁ ਮੈਂ ਅਬਿ ਤੁਰਕਨ ਪੈ,
ਪਕਰਾਇ ਦੇਉਂਗੋ ਤੁਮੈਂ ਸਹੀ।
ਯੌਂ ਸੁਨਿ ਮਾਤ ਕਹਯੋ ਤਬਿ ਦਿਜ ਕੋ,
ਤੂੰ ਭਾਈ ਧਰਿ ਰੋਸ ਨਹੀਂ।
ਗਯੋ ਬਿੱਤ ਤੌ ਖਾਇ ਖਸਮ ਕੋ,
ਲੈ ਗਯੋ ਹੋਵਗ ਚੋਰ ਕਿਤੋ।
ਮੈਂ ਤੋ ਸਹਜ ਸੁਭਾਵਕ ਬੂਝਯੋ,
ਤੁਮ ਕਯੋਂ ਮਾਨਯੋ ਰੋਸ ਇਤੋ ॥੪੮॥
ਤੁਮ ਕੋ ਦੋਸ਼ ਨਹੀਂ ਹਮ ਦੈਹੈਂ,
ਯਹਿ ਹਮਰੇ ਸਬਿ ਕਰਮ ਕਰੈਂ।
ਹੋਤ ਕੁਫੇਰ[1] ਦਿਨਨ ਕੋ ਜਬਿ ਹੀ,
ਤਬਿ ਮਾਟੀ ਹੈ ਮੇਰੁ ਪਰੈ[1]।
ਜਾਨ ਹਮਾਰੀ ਰਹੈ ਸਲਾਮਤ,
ਫਿਰ ਜਬਿ ਗੁਰੁ ਕੌ ਮਿਲੈਂ ਸਹੀ।
ਧਨ ਹਮਰੇ ਢਿਗ ਆਇ ਬਥੇਰਾ,
ਕਮੀ ਕਾਹਿ ਕੀ ਰਹੈ ਨਹੀਂ ॥੪੯॥
ਯੌਂ ਸੁਨਿ ਪਾਪੀ ਦਿਜ ਮਨਿ ਥਾਪੀ,
ਪਾਪ ਕਰਨ ਕੀ ਔਰ ਢਬੈ[1]।
ਦਿਵਸ ਚੜ੍ਹੇ ਫਿਰ ਨਗਰ ਮੋਰੰਡੇ,
ਪਹੁੰਚਯੋਂ ਤੁਰਕਨ ਪਾਸ ਤਬੈ।
ਜਾਨੀ ਖਾਂ ਮਾਨੀ ਖਾਂ ਰੰਘੜ,
ਹੁਤੇ ਤੂਕ ਸ੍ਰਦਾਰ ਤਹੀਂ।
ਤਿਨਿ ਢਿਗ ਜਾਇ ਦੁਸ਼ਟ ਦ੍ਵਜ ਭਾਖਯੋ,
ਭੇਤ ਸਭੀ ਗੁਰੁ ਕੇਰ ਸਹੀ ॥੫੦॥
ਸੁਨ ਕਰਿ ਤੁਰਕ ਤੁਰਤ ਚੜ੍ਹ ਆਏ,
ਤਿਸ ਬਿੱਪ੍ਰ ਕੇ ਸੰਗ ਤਹਾਂ।
ਗੁਰੁ ਜਨਨੀ ਕੇ ਸਹਿਤ ਗੁਰੂ ਸੁਤ,

[1]ਖੋਟਾ ਚੱਕ੍ਰ।
[1]ਸੋਨੇ ਦਾ ਸੁਮੇਰ ਪਰਬਤ ਵੀ ਮਿੱਟੀ ਹੋ ਜਾਂਦਾ ਹੈ।
[1]ਹੋਰ ਰੀਤੀ।

ਦਿਜ ਦੀਨੇ ਪਕਰਾਇ ਵਹਾਂ।
ਸੁਨਿ ਯਹਿ ਬਾਤ ਨਗਰ ਕੇ ਸਭਿ ਜਨ,
ਗਾਰੀ ਦਿਜ ਕੋ ਦੇਤ ਭਏ।
ਕਹੈਂ ਅਨੱਰਥ ਮਹਾਂ ਦਿਜ ਕੀਨੋ,
ਗੁਰੁ ਸੁਤ ਲਘੁ ਪਕਰਾਇ ਦਏ ॥ ੫੧ ॥
ਕੁਸ਼ਟੀ ਹ੍ਵੈ ਕਰਿ ਦੁਸ਼ਟ ਮਰੇ ਦ੍ਵਜ,
ਨਿਮਕ ਖਾਇ ਇਨਿ ਕੀਨ ਬੁਰਾ।
ਕਹਤ ਸਜਾਨੇ ਜਨ ਸਭਿ ਜਗ ਮੈਂ,
ਮਸਲਾ ਯਹਿ ਮਸ਼ਹੂਰ ਤੁਰਾ[1]। [1]ਇਹ ਮਸ਼ਹੂਰ ਅਖਾਣ ਤੁਰਿਆ ਆਉਂਦਾ ਹੈ।
ਉਪਜਤ ਹੈ ਦੁਰਭਿੱਖ ਬਾਂਗੜੋਂ[1], [1]ਬਾਂਗਰ ਦੇਸ਼ ਤੋਂ ਕਾਲ ਪੈਦਾ ਹੁੰਦਾ ਹੈ।
ਦਿਜ ਤੈ ਜਦ ਕਦ ਹੋਤ ਬੁਰਾ।
ਇਸ ਪਾਪੀ ਕੋ ਤਰਸੁ ਨ ਆਯੋ,
ਰਹੈ ਨ ਇਸ ਕਾ ਖੋਜ ਖੁਰਾ ॥ ੫੨ ॥

ਦੋਹਰਾ:
ਲੋਭ ਲਹਿਰ ਵਸ ਹੋਇ ਦ੍ਵਜ,
ਕਰਜੋ ਕਹਿਰ ਯਹਿ ਭਾਰ।
ਅਬਿ ਸੁਨਿ ਜਜੋਂ ਗੁਰੁ ਸੁਤਨ ਸੋਂ,
ਕੀਨੋ ਤੁਰਕਨ ਕਾਰ[1] ॥ ੫੩ ॥ [1]ਕਾਰਾ ਭਾਵ ਜ਼ੁਲਮ।

ਸ੍ਵੈਯਾ:
ਬਜੋਂਤ ਰਚੀ ਤੁਰਕਾਨ ਤਬੈ ਯਹਿ,
ਬੈਲਨ ਕੀ ਰਥ ਏਕ ਮੰਗਾਈ।
ਤਾਂ ਪਰ ਬਾਲ ਸ੍ਰੀ ਗੁਰੁ ਕੇ ਜੁਗ,
ਸੰਗ ਪੁਨਾ ਗੁਰੁ ਮਾਤ ਬੈਠਾਈ।
ਰੰਘੜ ਮੁਰੰਡੇ ਵਾਰਨ ਨੈ,
ਇਮ ਦੀਨੇ ਸਰ੍ਹੰਦ ਵਿਖੈ ਪਹੁੰਚਾਈ।
ਰੰਘੜ ਜਾਤਿ ਵਜੀਦਾ ਤਹਾਂ,
ਤਬਿ ਨਾਜ਼ਮ[1] ਥਾ ਅਤਿ ਮੰਦ ਮਹਾਂਈ ॥ ੫੪ ॥ [1]ਸੂਬਾ।
ਸੋ ਸੁਨ ਕੈ ਮਨਿ ਮੋਦ ਭਯੋ,
ਤਿਹਾਂ ਬੀਚ ਬੁਰੱਜਹਿ[1] ਕੈਦ ਕਰਾਏ। [1](ਠੰਡੇ) ਬੁਰਜ ਵਿੱਚ।
ਦੂਸਰ ਰੋਜ਼ ਉਭੈ ਗੁਰੁ ਕੇ ਸੁਤ[1], [1]ਪੁੱਤਰ।

ਨਾਜ਼ਮ ਬੀਚ ਸਭਾ ਬੁਲਵਾਏ।
ਦੀਨ ਕਬੂਲ ਕਰੋ ਹਮਰਾ,
ਇਮ ਨਾਜ਼ਮ ਭਾਖਜੋ ਬਾਲਨ ਤਾਏਂ।
ਮੁੱਸਲਮਾਨ ਬਨੋ ਉਬਰੋ[1],
ਨਹਿਂ ਜਾਵਹਿਗੀ ਤੁਮ ਜਾਨ ਅਜਾਏ ॥ ੫੫ ॥

[1]ਮੁਸਲਮਾਨ ਬਣੋਗੇ ਤਾਂ ਬਚ ਜਾਉਂਗੇ।

ਕਬਿੱਤ:

ਬਾਨੀ ਪਾਪ ਸਾਨੀ ਮੰਦ[1] ਨਾਜ਼ਮ ਕੀ ਕਾਨੀ ਸੁਨਿ,
ਬੋਲੇ ਪੁਨ ਗੁਰੁ ਸੁਤ ਗਜਾਨੀ ਧ੍ਰਮ ਕੋ ਲੀਏ।
ਤੁਰਕਨ ਕਾ ਨਾਸ ਹ੍ਵੈ ਹੈ ਧਰਮ ਨ ਤਜੈਹੈਂ ਹਮ,
ਜਾਨ ਨਾ ਬਚੈਹੈਂ ਚੈਹੈਂ ਤਨ ਹਮਹੂੰ ਦੀਏ।
ਹਮਹੂੰ ਹੈਂ ਤਾਤ ਤਾਂਹਿ ਗੁਰੂ ਕੇ ਬਖਜਾਤ ਲਖ,
ਧਰਮ ਹੇਤ ਜਾਂਹਿ ਨੈ ਅਖਾਰੇ[1] ਭਾਰੇ ਹੈਂ ਕੀਏ।
ਫੇਰ ਹਮ ਛੱਤ੍ਰੀ ਅਰੂਜ ਔ ਨਮੂਜ ਵਾਰੇ[1],
ਪੂਜ ਸਭਿ ਹਿੰਦੁ ਕੇ ਜਜੋਂ ਇੰਦੁ ਦੂਜ ਕੋ ਥੀਏ[1]
॥ ੫੬ ॥

[1]ਪਾਪਾਂ ਨਾਲ ਮਿਲੀ ਹੋਈ ਭੈੜੀ ਬਾਣੀ।
[1]ਜੰਗ।
[1]ਉਚਿਆਈ ਤੇ ਮਸ਼ਹੂਰੀ ਵਾਲੇ ਹਾਂ।
[1]ਜਿਵੇਂ ਦੂਜ ਦਾ ਚੰਦ ਹੁੰਦਾ ਹੈ।

ਨਾਤੀ[1] ਹਮ ਤੌਨ ਕੇ ਬਖਜਾਤੀ[2] ਜਗ ਜਾਨੈ ਸਭਿ,
ਧਰਮ ਹੇਤੁ ਦੀਓ ਜਿਨਿ ਦਿੱਲੀ ਸਿਰ ਜਾਇ ਹੈ।
ਔਰ ਹਮ ਏਕ ਬਾਤ ਕੈਹੈਂ ਤੁਵ ਪਾਸ ਸਾਤਿ[1],
ਤੁਰਕ ਕਾ ਬਨਤ[1] ਔਰ ਧਰਮ ਨਾ ਤਜਾਇ ਹੈਂ।
ਤ੍ਰੂਕ ਭਏ ਮਰੈਂ ਜੇ ਨਾ ਹਿੰਦੂ ਸਭਿ ਜਾਹਿਂ ਮਰ,
ਦੇਹੁ ਖਾੜ੍ਰ ਜਮਾ ਕਰਿ ਤ੍ਰੂਕ ਤੌ ਬਨਾਇ ਹੈਂ[1]।
ਜੇ ਨਾ ਯਾਹਿ ਥਾਇ ਤੌ ਗਮਾਇਂ ਕਜੋਂ ਧਰਮ ਹਮ[1],
ਅਪਜਸ[1] ਪਾਇ ਕਜੋਂ ਕਲੰਕ ਜਗਿ ਲਾਇ ਹੈਂ
॥ ੫੭ ॥

[1]ਪੋਤਰੇ। [2]ਪ੍ਰਗਟ।
[1]ਸੱਚੀ।
[1]ਨਹੀਂ ਬਣਾਂਗੇ।
[1]ਤਸੱਲੀ ਕਰਾ ਦਿਉ ਤਾਂ ਤੁਰਕ ਬਣ ਜਾਵਾਂਗੇ।
[1]ਜੇ ਇਹ ਨਹੀਂ ਹੋ ਸਕਦਾ ਤਾਂ ਅਸੀਂ ਆਪਣਾ ਧਰਮ ਕਿਉਂ ਗਵਾਈਏ।
[1]ਨਿੰਦਾ।

ਔਰ ਸੁਨ ਲੇਹੁ ਬਖਜਾਤ ਬਾਤ ਸਾਤਿ ਏਹੁ,
ਜੋਊ ਬ੍ਰਿੱਧ[1] ਕਰੈ ਜਗ ਸੋਊ ਲਘੁ[2] ਕਰਿ ਹੈਂ।
ਹਮਹੂੰ ਜੇ ਧ੍ਰਮ ਨਾਖੈਂ[1] ਕਹੋ ਫਿਰ ਕੌਨ ਰਾਖੈ,
ਦੂਰ ਹੋਇ ਧਰਮ ਸਾਖੈ[1] ਪਾਪ ਹਮੈਂ ਪਰ ਹੈ[2]।
ਐਸੇ ਤੁਮ ਜਾਨੋ ਜਿਨ ਹਮਹੂੰ ਹਨੈਂਗੇ ਇਨਿ[1],

[1]ਵੱਡੇ। [2]ਛੋਟੇ।
[1]ਲੰਘੀਏ ਭਾਵ ਛੱਡੀਏ।
[1]ਧਰਮ ਦੀ {ਸਾਖ} ਨੇਕ ਸ਼ੁਹਰਤ। [2]ਪਾਪ ਸਾਨੂੰ ਲੱਗੇਗਾ।
[1]ਤੁਸੀਂ ਇਸ ਤਰ੍ਹਾਂ ਨ ਜਾਣੋ ਕਿ ਅਸੀਂ ਹੀ ਇਨ੍ਹਾਂ ਨੂੰ ਮਾਰਾਂਗੇ।

ਹਮ ਕੋ ਤੋ ਹਮਰੇ ਹੀ ਗੁਰੂ ਜੀ ਕੋ ਬਰ[1] ਹੈ।
ਦੇਵੀ ਪ੍ਰਗਟਾਈ* ਜਬਿ ਕਹਯੋ ਯੌਂ ਗੁਸਾਂਈਂ ਤਬਿ,
ਚਾਰੋਂ ਭਾਈ ਤ੍ਰੂਕਨ ਕੇ ਕਰ ਤੈ[1] ਯੇ ਮਰ ਹੈਂ ॥ ੫੮ ॥

[1]ਵਰ ਭਾਵ ਬਚਨ।
*ਦੇਖੋ ਬਿਸ੍ਰਾਮ ਨੰ: ੬੦ ਦੇ ਅੰਕ ਨੰ: ੨੯ ਦੇ * ਨਿਸ਼ਾਨ ਦੀ ਪੈਰ ਟੂਕ।
[1]ਹੱਥੋਂ।

ਜੌਨੈ ਦਿਨ ਗੁਰੂ ਕੀ ਜੁਬਾਨ ਤ੍ਰਵਾਰ ਚਾਲੀ,
ਤੌਨੈ ਦਿਨ ਹੀ ਤੈਂ ਹਮ ਕਤਲ ਹ੍ਵੈਰਹੇ ਹੈਂ।
ਸੋਊ ਸਮੋਂ ਆਈ ਅਬਿ ਤੁਮ ਕੋ ਬੁਰਾਈ ਮਿਲੈ,
ਗਿਲੈ ਕਾਲ[1] ਸਭਿ ਹੀ ਕੋ ਥਿਰ ਕੌਨ ਬਹੇ ਹੈ।
ਏਕ ਜੋ ਅਕਾਲ ਕਾ ਬਿਸਾਲ ਦੀਨ[1] ਲੀਨ ਹਮ,
ਔਰ ਫਿਰ ਝੂਠੋ ਦੀਨ ਯਾਹਿ ਕਾਹਿ ਗਹੇ ਹੈਂ।
ਹੋਇ ਕੈ ਨਿਸੰਗ ਯੌਂ ਉਮੰਗ ਯੁਤ ਗੁਰੁ ਸੁਤ,
ਇਤਜਾਦਿ ਬੈਨ ਬਹੁ ਸਭਾ ਵੀਚ ਕਹੇ ਹੈਂ ॥ ੫੯ ॥

[1]ਕਾਲ ਖਾ ਜਾਵੇਗਾ।
[1]ਧਰਮ, ਮਜ਼ਹਬ।

ਚੌਪਈ:
ਯੌਂ ਸੁਨਿ ਬਚਨ ਸਜਾਦਜੋਂ ਕੇਰੇ।
ਮੂਢ ਤੁਰਕ ਮਨਿ ਜਰੇ ਬਧੇਰੇ।
ਹੁਕਮ ਬਜੀਦੇ ਦੀਨੋ ਤਬਿ ਹੀ।
ਬਾਲਕ ਕਤਲ ਹੋਹਿਂ ਯਹਿ ਅਬਿ ਹੀ ॥ ੬੦ ॥
ਨਹਿਂ ਲਾਗਤ ਯਹਿ ਕਹੇ ਹਮਾਰੇ।
ਬੋਲਤ ਸਨਮੁਖ ਬਚਨ ਕਰਾਰੇ।
ਹੁਤੇ ਪਠਾਣ ਮਲੇਰੀ[1] ਤਹਾਂ।
ਜੁਗ ਸਰਦਾਰ ਬੀਰ ਬਰ ਮਹਾਂ[1] ॥ ੬੧ ॥
ਖਾਜਾ ਖਿਜਰ ਅਰ ਸ਼ੇਰ ਮੁਹੰਮਦ।
ਤਿਨ ਕੋ ਕਰਯੋ ਬਜੀਦੇ ਕੰਮਦ[1]।
ਤੁਮ ਇਨਿ ਬਾਲਨ ਤਾਂਈਂ ਅਬਿ ਹੀ।
ਕਤਲ ਕਰਾਵਹੁ ਤਜੋ ਨ ਕਬ ਹੀ ॥ ੬੨ ॥
ਭਾਈ ਤੁਮਰਾ ਇਨ ਕੇ ਬਾਪੂ।
ਮਾਰਯੋ ਬੈਰ ਲੇਹੁ ਵਹਿ ਆਪੂ।
ਯਹਿ ਸੁਨਿ ਸ਼ੇਰ ਮੁਹੰਮਦ ਕਹਯੋ।
ਐਸੋ ਬੈਰ ਨ ਹਮ ਚਹਿਂ ਲਯੋ ॥ ੬੩ ॥

[1]ਮਲੇਰਕੋਟਲੇ ਵਾਲੇ।
[1]ਦੋ ਸਰਦਾਰ ਜੋ ਬਹੁਤ ਚੰਗੇ ਸੂਰਮੇ ਸਨ।
[1]ਕੰਮ (ਸੁਪੁਰਦ ਕਰ) ਦਿੱਤਾ।

ਜੰਗ ਬੀਚ ਹਮਰਾ ਬਡ ਭ੍ਰਾਤਾ।
ਜੱਦਪਿ ਗੁਰੁ ਨੈ ਹਨਜੋ ਬਖਸ਼ਾਤਾ।
ਤੱਦਪਿ ਹਮ ਇਨ ਕੇ ਨਹਿ ਮਾਰੈਂ[1]। [1]ਨਹੀਂ ਮਾਰਾਂਗੇ।
ਸ਼ੀਰ ਖੋਰ[1] ਯਹਿ ਬਾਲ ਵਿਚਾਰੈਂ ॥ ੬੪ ॥ [1]ਦੁੱਧ ਪੀਂਦੇ।
ਪਾਪ ਬਡਾ ਇਨਿ ਮਾਰੇ ਹੋਈ।
ਇਨੈ ਬਿਗਾਰ ਕਰਜੋ ਨਹਿਂ ਕੋਈ।
ਫਿਰ ਜਬਿ ਹਮ ਖੁਦਾਇ ਢਿਗ ਜੈਹੈਂ।
ਤਹਾਂ ਜਬਾਬ ਕਹੋ ਕਜਾ ਦੈਹੈਂ ॥ ੬੫ ॥
ਝੂਠੇ ਕਰਿ ਫਿਰ ਹਮੈਂ ਖੁਦਾ ਹੈ।
ਦੈ ਹੈ ਦੋਜ਼ਕ ਪਾਇ ਸਜ਼ਾ ਹੈ।
ਯਾਂ ਤੇ ਤੁਮ ਭੀ ਕਰੋ ਵਿਚਾਰਨ।
ਚਹੀਏ ਸ਼ੀਰ ਖੋਰ ਨਹਿਂ ਮਾਰਨ ॥ ੬੬ ॥
ਯੌਂ ਜਬਿ ਕਹਯੋ ਪਠਾਨਨਿ ਤਹਾਂ।
ਦੁਸ਼ਟ ਖੱਤ੍ਰੀ ਥਾ ਇਕ ਵਹਾਂ।
ਸੁੱਚਾ ਨੰਦ ਅਤਿ ਮੰਦ ਦਿਵਾਨਾ[1]। [1]ਵਜ਼ੀਰ।
ਤਿਸ ਨੈ ਢਿਗ ਤੈ ਐਸ ਬਖਾਨਾ ॥ ੬੭ ॥
ਸੁਨਿ ਨਾਜ਼ਮ ਜੀ ਹਮਰੀ ਬਾਤੈਂ।
ਕਹੋ ਨੀਤਿ ਕੀ ਰੀਤ ਵਖਜਾਤੈਂ।
ਸਰਪ ਸੁਤਨ ਕੋ ਸਭੀ ਬਿਦਾਰੈਂ[1]। [1]ਸੱਪਾਂ ਦੇ ਪੁੱਤਰਾਂ ਨੂੰ ਸਾਰੇ ਮਾਰ ਦਿੰਦੇ ਹਨ।
ਤਿਨ ਕਾ ਕਹਾਂ ਵਿਗਾਰ ਨਿਹਾਰੈਂ ॥ ੬੮ ॥
ਤੈਸੇ ਜੋ ਸੱਤ੍ਰੂ ਕਾ ਬੇਟਾ।
ਚਹੀਏ ਛੋਟਾ ਬਡਾ ਸਮੇਟਾ[1]। [1]ਮਾਰ ਦੇਣਾ ਚਾਹੀਦਾ ਹੈ।
ਪੁਨ ਯਹਿ ਉਸੀ ਸਰਪ ਕੇ ਬੇਟੇ।
ਹੈਂ, ਜਿਨ ਲਾਖੋਂ ਤ੍ਰੂਕ ਸਮੇਟੇ ॥ ੬੯ ॥
ਦੋਸ਼ ਅਦੋਸ਼ ਨ ਜਰਾ ਵਿਚਾਰੋ।
ਕਤਲ ਕਰਾਵੋ ਬਿਨਾ ਅਵਾਰੋ[1]। [1]ਬਿਨਾਂ ਦੇਰ ਤੋਂ।
ਮਾਨ ਬਜੀਦੇ ਕਹਜੋ ਜਲਾਦਨ।
ਮਾਰੋ ਗਰਦਨ ਇਨਿ ਗੁਰੁ-ਜ਼ਾਦਨ[1] ॥ ੭੦ ॥ [1]ਗੁਰਾਂ ਦੇ ਪੁੱਤਰਾਂ ਦੀਆਂ ਧੌਣਾਂ ਕੱਟ ਦਿਉ।
ਸੱਯਦ ਹੁਤੇ ਸਮਾਣੇ ਕੇਰੇ।
ਗਹੇ ਕਤਲ ਹਿਤ ਉਨਿ ਬਿਨ ਦੇਰੇ।

ਤਬਿ ਗੁਰੁ ਸੁਤ ਨਿਜ ਸ਼ਕਤੀ ਸੰਗੈਂ।
ਗਏ ਤਜਾਗ ਤ੍ਰਿਨ ਜਯੋਂ ਨਿਜ ਅੰਗੈਂ[1] ॥ ੭੧ ॥

[1]ਆਪਣੇ ਸ਼ਰੀਰਾਂ ਨੂੰ ਕੱਖ ਵਾਂਗ ਤਿਆਗ ਗਏ।

ਸੁਮਨ ਮਾਲ ਗਜ ਗਰ ਤੇ ਜੈਸੇ।
ਗਿਰਤ[1], ਤਜੇ ਤਨ ਤਿਨਹੂੰ ਤੈਸੇ।

[1]ਜਿਵੇਂ ਹਾਥੀ ਦੇ ਗੱਲ੍ਹ ਤੋਂ ਫੁੱਲਾਂ ਦੀ ਮਾਲਾ ਡਿਗਦੀ ਹੈ।

ਪੇਖਿ ਜਲਾਦ ਰਹੇ ਹੈਰਾਨੈਂ।
ਫਿਰ ਤਿਨ ਕਰੀ ਆਪਨੀ ਬਾਨੈਂ ॥ ੭੨ ॥
ਲੋਥਨ ਕੀ ਗਰਦਨ ਕੇ ਵੀਚੈਂ।
ਫੇਰੇ ਛੁਰੇ ਤਿਨੋਂ ਤਬਿ ਨੀਚੈਂ।
ਕਰੇ ਕਤਲ ਦਿਖਰਾਵਨ ਹੇਤੈਂ।
ਯਹਿ ਸਬਹਨ ਤਬਿ ਲਖਯੋ ਨ ਭੇਤੈਂ ॥ ੭੩ ॥
ਫਿਰ ਲਾਸ਼ੇਂ ਉਨ ਕੀ ਉਠਵਾਈ।
ਭੀਤ ਮੱਧ[1] ਦੀਨੀ ਚਿਨਵਾਈ ॥ ੭੪ ॥

[1]ਕੰਧ ਵਿੱਚ।

ਦੋਹਰਾ:
ਦੋਸ਼ ਬਿਨਾ ਗੁਰੁ ਪੂਤ ਜੁਗ,
ਤੁਰਕੈਂ ਕੀਨੇ ਘਾਤ[1]।

[1]ਕਤਲ।

ਹਹਿਰ[1] ਪਰਜੋ ਸੁਨਿ ਸ਼ਹਿਰ ਮੈਂ,
ਕਹਿਰ ਜ਼ਹਿਰ ਕੀ ਬਾਤ[1] ॥ ੭੫ ॥

[1]ਕਾਂਬਾ।
[1]ਜ਼ਹਿਰ ਵਰਗੇ ਜ਼ੁਲਮ ਦੀ ਗੱਲ।

ਕਹਤ ਭਏ ਸਬਿ ਲੋਗ ਤਬਿ,
ਬੁਰਾ ਬਜੀਦੈ ਕੀਨ।
ਰਾਜ ਤੁਰਕ ਕਾ ਨਾਸ ਹ੍ਵੈ,
ਅਬਿ ਹਮ ਲੀਨੋ ਚੀਨ ॥ ੭੬ ॥
ਗੁਰੁ ਜਨਨੀ ਕੋ ਬੁਰਜ ਮੈਂ,
ਖਬਰ ਭਈ ਜਬਿ ਆਇ।
ਨਿਜ ਤਨ ਤ੍ਰਿਣ ਜਯੋਂ ਤਜਾਗ ਵਹਿ,
ਗੁਰੁ ਪੁਰਿ ਪਹੁੰਚੀ ਜਾਇ ॥ ੭੭ ॥
ਯਹਿ ਜਬਿ ਕਾਸਦ ਨੈ[1] ਕਹਯੋ,
ਗੁਰੁ ਢਿਗ ਸਬਿ ਬ੍ਰਿਤੰਤ।
ਮੌਨ ਰਹੇ ਸੁਨ ਕਰਿ ਗੁਰੂ,
ਏਕ ਘੜੀ ਪ੍ਰਯੰਤ ॥ ੭੮ ॥

[1]ਹਲਕਾਰੇ ਨੇ।

ਗੀਆ ਛੰਦ:

ਗੁਰੁ ਪਾਸ ਥੇ ਤਬਿ ਜਿਤਿਕ ਜਨ,
ਸਭਿ ਬਾਤ ਸੁਨ ਯਹਿ ਸੋਚਹੀਂ।
ਅਤਿ ਭਏ ਬਿਹਬਲ ਸਿੰਘ ਸੁਨਿ,
ਜਲ ਲੋਚਨਾ ਤੈ ਮੋਚਹੀਂ[1]।

[1]ਨੇਤ੍ਰਾਂ 'ਚੋਂ ਜਲ ਛੱਡਦੇ ਹਨ।

ਤਿਸ ਪੁਰਸ਼ ਨੈ ਉਰ ਨਿਠੁਰ ਕਰਿ[1],
ਨਿਜ ਬਾਤ ਸਭਿ ਹੀ ਜੋ ਕਹੀ।
ਜਨੁ ਬਦਨ ਤਰਕਸ ਤੈ ਹਨੇ,
ਸਰ ਬੈਨ ਸਭਿ ਕੇ ਉਰ ਮਹੀਂ[1] ॥ ੭੬ ॥

[1]ਦਿਲ ਕਰੜਾ ਕਰਕੇ।

[1]ਜਾਣੋ ਮੁਖ ਰੂਪ ਭੱਥੇ ਤੋਂ ਬਚਨਾਂ ਦੇ ਤੀਰ ਸਾਰਿਆਂ ਦੇ ਹਿਰਦੇ 'ਚ ਮਾਰੇ।

ਰਸ ਛਯੋ ਕਰੁਨਾ[1] ਅਤਿ ਤਹਾਂ,
ਸਭਿ ਲੋਗ ਆਪਸ ਮੈਂ ਭਨੇਂ।
ਯਹਿ ਕਰੀ ਅਧਿਕ ਅਨੀਤਿ ਨਾਜ਼ਮ,
ਬਾਲ ਲਘੁ ਜੋ ਤਿਨ ਹਨੇਂ।
ਸੁਨਿ ਮਾਤ ਗੁਜਰੀ ਸੰਗ ਗੁਜਰੀ[1],
ਬਾਤ ਜੋ ਅਤਿ ਕਹਿਰ ਕੀ।
ਪੁਨ ਲਘੁ ਸਜਾਦਜੋਂ ਸੰਗ[1] ਕੀਨੀ,
ਤੁਰਕ ਨੈ ਜੋ ਜ਼ਹਿਰ ਕੀ[1] ॥ ੮੦ ॥

[1]ਕਰੁਣਾਰਸ–ਰੋਣਾ, ਸੋਗ।

[1]ਬੀਤੀ।

[1]ਛੋਟੇ ਸਾਹਿਬਜ਼ਾਦਿਆਂ ਨਾਲ।

[1]ਜ਼ੁਲਮ ਦੀ (ਗੱਲ) ਕੀਤੀ।

ਕਰ ਕੰਜ ਪਰ ਮੁਖ ਚੰਦ ਧਰਿ[1],
ਗੁਰੁ ਨੈਨ ਤੈ ਜਲ ਡਾਰ ਕੈ।
ਫਿਰ ਕਹਯੋ ਸਭਿਨਿ ਸੁਨਾਇ ਇਮ,
ਗੁਰੁ ਸ੍ਵਾਸ ਖੈਂਚ ਪੁਕਾਰ ਕੈ।
ਇਕ ਹਾਹਿ ਨਾਰਾ[1] ਮਾਰ ਕੈ,
ਜਰ[1] ਲਈ ਰਾਖ ਮਲੇਰੀਏ।
ਅਬਿ ਔਰ ਸਭਿ ਤੁਰਕਾਨ ਕੀ,
ਜਰ ਛੇਦਿ ਧਰ ਤੈ ਗੇਰੀਏ[1] ॥ ੮੧ ॥

[1]ਹੱਥ ਕੰਵਲ ਤੇ ਮੁਖ ਚੰਦ੍ਰਮਾਰੱਖ ਕੇ।

[1]ਹਾਹ (ਸ਼ੋਕ ਬੋਧਕ ਸ਼ਬਦ) ਦੀ ਧੁਨੀ, ਹਾਹਾਕਾਰ ਦੀ ਅਵਾਜ਼।

[1]ਜੜ੍ਹ।

[1]ਜੜ੍ਹ ਕੱਟ ਕੇ ਧਰਤੀ ਉੱਤੇ ਸੁੱਟ ਦੇਈਏ।

ਇਸ ਭਾਂਤਿ ਕਹਿ ਇਕ ਕਰਦ ਲੈ ਕਰਿ,
ਹਾਥ ਅਪਨੇ ਸੋ ਗੁਰੂ।
ਇਕ ਬੂਟ ਕਾਹੀ ਘਾਸ ਕੇ ਕੀ,
ਕਟੀ ਜਰ ਇਮ ਕਹਿ ਫੁਰੂ[1]।
ਇਸ ਦੇਸ ਬੇਸ[1] ਪੰਜਾਬ,

[1]ਛੇਤੀ।

[1]ਚੰਗੇ ਦੇਸ।

ਹਿੰਦੁਸਤਾਨ ਮਾਹਿਂ ਪਛਾਨੀਏ।
ਨਹਿਂ ਰਹੈ ਤੁਰਕ ਨਗਾਰ-ਬੰਦ[1],
ਸੁ ਏਹੁ ਠੀਕ ਪ੍ਰਮਾਨੀਏ ॥ ੮੨ ॥
ਯਹਿ ਬਾਤ ਸੁਨਿ ਕਰ ਜੋਰਿ, ਕੱਲ੍ਹੇ
ਰਾਇ ਐਸ ਉਚਾਰਜੋ।
ਨਹਿਂ ਦੋਸ਼ ਮੇਰੋ ਗੁਰੂ ਜੀ,
ਰਖ ਲੇਹੋ ਮੋਹਿ ਵਿਚਾਰਜੋ।
ਤਬਿ ਗੁਰੂ ਨੈ ਇਕ ਖੜਗ[1] ਦੈ ਕਰਿ,
ਕਹਜੋ ਕੱਲ੍ਹੇਰਾਇ ਕੋ।
ਯਹਿ ਖੜਗ ਲੈ ਨਿਜ ਰਾਖ ਘਰ ਮੈਂ,
ਪੂਜ ਅਦਬ ਰਖਾਇ ਕੋ ॥ ੮੩ ॥
ਦੋਹਰਾ:
ਜਬ ਲੌ ਤੁਮ ਇਸ ਖੜਗ ਕਾ,
ਰਾਖਹੁ ਅਦਬ ਅਪਾਰ।
ਤਬਿ ਲੌ ਸੰਤਤਿ ਰਹੈਗੀ,
ਤੁਮਰੀ ਧਰਾ ਮਝਾਰ ॥ ੮੪ ॥
ਯੌਂ ਸੁਨਿ ਕੱਲ੍ਹੇਰਾਇ ਨੈ,
ਖੜਗ ਲਯੋ ਮੁਦ ਪਾਇ।
ਅਦਬ ਸੰਗ ਇਕ ਮੰਚ ਪਰ[1],
ਰਾਖਜੋ ਧਾਮ ਲਿਜਾਇ ॥ ੮੫ ॥
ਚੌਪਈ:
ਕੀਮਖਾਬ ਕੇ ਵੀਚ ਰੁਮਾਲੈਂ।
ਰਾਖਜੋ ਪੂਜਤ ਨਿੱਤ ਬਿਸਾਲੈਂ।
ਬਹੁਤ ਕਾਲ ਪੂਜਤ ਇਮ ਰਹਜੋ।
ਕੱਲ੍ਹਾ ਰਾਇ ਮ੍ਰਿਤੁ ਫਿਰ ਭਯੋ ॥ ੮੬ ॥
ਤਿਹ ਸੁਤ ਭਯੋ ਭੂਪ ਫਿਰ ਪਾਛੇ।
ਸੋ ਭੀ ਰਹਜੋ ਪੂਜਤੈਂ ਆਛੇ।
ਧੂਪ ਦੀਪ ਕਰਿ ਪੁਸ਼ਪ[1] ਚੜ੍ਹਾਵੈ।
ਕਰੈ ਕੜਾਹੁ ਪੁਰਬ ਗੁਰੁ ਆਵੈ ॥ ੮੭ ॥
ਵਹਿ ਭੀ ਜਬਿ ਪ੍ਰਲੋਕ ਸਿਧਾਰਾ।

[1]ਨਗਾਰਾ ਬੰਨ੍ਹਣ ਵਾਲਾ, ਭਾਵ ਹਾਕਮ।
[1]ਤਲਵਾਰ।
[1]ਪਲੰਘ ਉਪਰ।
[1]ਫੁੱਲ।

ਤਾਂ ਕੇ ਸੁਤ ਕੀਨੋ ਬਦ ਕਾਰਾ[1]। [1]ਬੁਰਾ ਕੰਮ।
ਖੜਗ ਉਠਾਇ ਗਰੇ ਨਿਜ ਪਾਯੋ।
ਖੇਲਨ ਹੇਤ ਸ਼ਿਕਾਰ ਸਿਧਾਯੋ ॥ ੮੮ ॥
ਤਹਾਂ ਸ਼ੇਰ ਇਕ ਨਿਕਸਜੋ ਭਾਰਾ।
ਤਿਨ ਕੱਲ੍ਹੇ ਕਾ ਨਾਤੀ[1] ਮਾਰਾ। [1]ਪੋਤ੍ਰਾ।
ਤਬਿ ਤੇ ਜਰ ਤਿਨ ਕੀ ਭੀ ਨਾਸੀ।
ਬਾਨੀ ਗੁਰੁ ਕੀ ਸੱਤਜ ਪ੍ਰਕਾਸੀ[1] ॥ ੮੯ ॥ [1]ਸੱਚੀ ਪ੍ਰਗਟ ਕੀਤੀ।
ਅਬਿ ਫਿਰ ਸੁਨੋ ਗੁਰੂ ਕੀ ਗਾਥਾ।
ਸੁਮਤਿ ਸ੍ਰੋਤਾ ਸਭਿ ਹਿਤ ਸਾਥਾ।
ਜਬਿ ਗੁਰੁ ਕੱਲ੍ਹੇ ਕੋ ਬਰ ਦੈ ਕੈ।
ਚਲੇ ਮਾਲਵੇ ਦਿਸ ਪੁਨ ਧੈ ਕੈ ॥ ੯੦ ॥
ਮਗ ਮੈ ਮਨੀ ਸਿੰਘ ਕਾ ਭਾਈ।
ਮਿਲਯੋ ਤੁਰੰਗ ਚਾਰ ਸੰਗਾਈ।
ਡੁੱਲਟ ਗੋਤ ਨਗਾਹੀਆ ਨਾਮੂ।
ਚਲਜੋ ਅੱਸ੍ਵ ਬੇਚਨ ਅਭਿਰਾਮੂ ॥ ੯੧ ॥
ਸੋ ਸੁਦਾਗਰੀ ਅੱਸ੍ਵਨ ਕੇਰੀ।
ਕਰਤੋ, ਜਾਨਤ ਲੋਗ ਬਧੇਰੀ।
ਤਿਸ ਨੇ ਸਤਿਗੁਰੁ ਤਈਂ ਪਛਾਨਾ।
ਕਰਿ ਬੰਦਨ ਕਿਯ ਭੇਟ ਕਿਕਾਨਾ[1] ॥ ੯੨ ॥ [1]ਘੋੜਾ।
ਬਲੀ ਚਪਲ ਥਾ ਗੁਰੁ ਕੇ ਲਾਯਕ।
ਭਏ ਗੁਰੂ ਖੁਸ਼ਿ ਪਿਖਿ ਵਰ ਪਾਯਕ[1]। [1]ਚੰਗਾ ਸੇਵਕ।
ਸ਼ਰਧਾ ਪੇਖਿ ਸਿੱਖ ਕੀ ਭਾਰੀ।
ਕਰੀ ਅੱਸ੍ਵ ਕੀ ਗੁਰੁ ਅਸਵਾਰੀ ॥ ੯੩ ॥
ਮੰਚ ਤਿਆਗ ਤਹਾਂ ਗੁਰੁ ਦੀਨਾ।
ਬਾਜੀ ਪਰ[1] ਚਢਿ ਚਲੇ ਪ੍ਰਬੀਨਾ। [1]ਘੋੜੇ ਉਪਰ।
ਦੇਸ ਮਾਲਵੇ ਪਹੁੰਚੇ ਜਾਈ।
ਧਰਤੀ ਧਰਮ ਗੁਰੂ ਦ੍ਰਿਸ਼ਟਾਈ ॥ ੯੪ ॥
ਸਨੇ ਸਨੇ ਬਿਚਰਤ ਗੁਰੁ ਤਬੈ।
ਗਾਮ ਢਿੱਲਵੀਂ ਪਹੁੰਚੇ ਜਬੈ।
ਸੋਢੀ ਕੌਲ ਮਿਲਜੋ ਤਬਿ ਆਈ।

ਮਿਲੇ ਪ੍ਰਸਪਰ ਮੋਦ ਬਢਾਈ ॥ ੯੫ ॥
ਪਿਖਿ ਲਵਾਸ[1] ਵਹਿ ਸੋਢੀ ਸਾਹਿਬ। [1]ਪੁਸ਼ਾਕ।
ਨੈਨਨ ਜਲ ਭਰਿ ਬੈਨ ਨ ਆਹਿਬ[1]। [1]ਬਚਨ ਨ ਆਇਆ ਭਾਵ ਬੋਲ ਨ ਸਕਿਆ।
ਸੁਨਿ ਹਵਾਲ ਗੁਰੁਜਾਦਜੋਂ ਕੇਰਾ।
ਭਯੋ ਦਾਹਿ ਉਰ ਮਾਹਿਂ ਬਧੇਰਾ[1] ॥ ੯੬ ॥ [1]ਹਿਰਦੇ 'ਚ ਬਹੁਤ ਦੁੱਖ ਹੋਇਆ।
ਧਰਿ ਧੀਰਜ ਸਭਿ ਸੇਵ ਕਮਾਈ।
ਸੋਢੀ ਸੁਕਲ ਪੁਸ਼ਾਕ ਉਢਾਈ[1]। [1]ਚਿੱਟੀ ਪੁਸ਼ਾਕ ਪਹਿਨਾਈ।
ਨੀਲ ਬਸਨ ਗੁਰੁ ਮੱਧ ਅੰਗੀਠੈਂ।
ਫਾੜ ਫਾੜ ਕਰਿ ਜਾਰੇ ਨੀਠੈਂ[1] ॥ ੯੭ ॥ [1]ਭਲੀ ਤਰ੍ਹਾਂ।
ਏਕ ਲੀਰ ਕਬਜੇ ਸੰਗ ਬਾਂਧੀ।
ਤਹਿਂ ਤੈ ਮਾਨ ਸਿੰਘ ਕੋ ਲਾਧੀ[1]। [1]ਲੱਭੀ, ਮਿਲੀ।
ਜਬਿ ਨੀਲਾਂਬਰ[1] ਫਾੜਿ ਜਰਾਏ। [1]ਨੀਲੇ ਕੱਪੜੇ।
ਬਾਰ ਬਾਰ ਏਹ ਸ਼ਬਦ ਸੁਨਾਏ ॥ ੯੮ ॥
ਨੀਲ ਬਸਤ੍ਰ ਲੇ ਕਪੜੇ ਫਾੜੇ
ਤੁਰਕ ਪਠਾਣੀ ਅਮਲ ਗਇਆ।
ਕੌਲ ਕਹਜੋ ਤੁਮ ਤੁਕ ਪਲਟਾਈ।
ਰਾਮਰਾਇ ਜਜੋਂ ਕਰੀ ਖੁਟਾਈ।
ਗੁਰੂ ਕਹਜੋ ਹਮ ਸਰਬੰਸ ਗਾਰੇ।
ਤੁਕ ਪਲਟਾਈ ਹਿਤ ਉਪਕਾਰੇ ॥ ੯੯ ॥
ਗੁਰੂ ਆਦਿ ਨੀਲਾਂਬਰੀਆਂ ਕੋ[1]। [1]ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨੀਲੇ ਕੱਪੜਿਆਂ ਵਾਲਿਆਂ (ਤੁਰਕਾਂ) ਨੂੰ।
ਅਮਲ[1] ਕੀਆ ਇਹੁ ਬਰ ਦਿਯ ਬਾਂਕੋ[2]। [1]ਰਾਜ ਪ੍ਰਬੰਧ (ਦਾ ਮਾਲਕ)। [2]ਸੁੰਦਰ।
ਹਮ ਨੀਲਾਂਬਰ ਫਾਰਿ ਜਾਰ ਹੈਂ।
ਅਮਲ ਮਲੇਛਨਿ ਦਿਯ ਉਖਾਰ ਹੈ ॥ ੧੦੦ ॥

ਦੋਹਰਾ:
ਇਹੁ ਸੁਨਿ ਸੋਢੀ ਕੌਲ ਜੀ,
ਤੱਜਬ ਭਏ ਬਧੇਰ।
ਬਿਦਾ ਹੋਇ ਤਹਿਂ ਤੈ ਗੁਰੂ,
ਚਾਲੇ ਪੁਨਾ ਅਗੇਰ ॥ ੧੦੧ ॥

ਚੌਪਈ:

ਔਰ ਠੌਰ ਬਹੁ ਪਾਵਨ ਕੈ ਕੈ।
ਦੀਨੇ ਕੇ ਪਿੰਡ ਪਹੁੰਚੇ ਜੈ ਕੈ।
ਜੋਧ ਰਾਇ ਚੌਧਰੀ ਉਦਾਰ।
ਧੌਲੈ ਤੱਪੇ ਕਾਂਗੜ ਵਾਰ[1] ॥ ੧੦੨ ॥

[1]ਕਾਂਗੜ ਆਦਿ ਪਿੰਡਾਂ ਦਾ ਮਾਲਕ।

ਧਾਲੀਵਾਲ ਭਯੋ ਬਡ ਨਾਮੀ[1]।
ਬੀਰ ਬਹਾਦਰ ਬਲੀ ਲਿਲਾਮੀ[1]।

[1]ਵੱਡਾ ਮਸ਼ਹੂਰ।

ਤਿਹ ਪੌਤ੍ਰ ਲਖਮੀਰ ਸ਼ਮੀਰੈਂ।
ਤਖਤ ਮੱਲ ਥੇ ਤੀਨੋ ਬੀਰੈਂ ॥ ੧੦੩ ॥

[1]ਸ਼ੁਮਣੀ, ਸੁੰਦਰ।

ਤਿਨਿ ਗੁਰੁ ਕੀ ਬਹੁ ਸੇਵ ਕਮਾਹੀ।
ਰਖੇ ਟਿਕਾਇ ਗਾਮ ਨਿਜ ਮਾਂਹੀਂ।
ਸਿੱਖ ਤਖਾਣ ਹੁਤੋ ਇਕ ਤਹਾਂ।
ਸਾਦਿਕ ਭਗਤੁ ਪ੍ਰੇਮੀ ਮਹਾਂ ॥ ੧੦੪ ॥
ਗੁਰੂ ਚੁਬਾਰੇ ਤਿਸ ਕੇ ਮਾਹੈਂ।
ਥਿਰੇ ਮੋਦ ਮਨਿ ਪਾਇ ਮਹਾਂਹੈਂ।
ਯਾ ਬਿਧਿ ਗੁਰੁ ਜਬਿ ਤਹਾਂ ਥਿਰਾਏ।
ਥਿਰਯੋ ਅਧਜਾਇ ਇਹਾਂ ਮੁਦ ਪਾਏ ॥ ੧੦੫ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਮਾਛੀਵਾੜੇ ਸੈਂ ਦੀਨੇ ਗ੍ਰਾਮ ਆਵਨ ਔਰ ਸਾਹਬ ਜਾਦੋਂ ਕਾ ਸਰਹੰਦ ਮੈਂ ਸੀਸ ਦੈਨ, ਪ੍ਰਸੰਗ ਬਰਨਨੰ ਨਾਮ ਛਿਆਸਠਮੋਂ ਬਿਸ੍ਰਾਮ ॥ ੬੬ ॥

੬੭. {ਔਰੰਗੇ ਪਾਸ ਜ਼ਫਰ ਨਾਮਾ ਭੇਜਣਾ ਤੇ ਮੁਕਤਿ ਸਰ ਜੰਗ}

ਦੋਹਰਾ:

ਸੇਵਨ ਤੈ ਗੁਰੁ ਦੇਵ ਕੇ,
ਮਿਲਤ ਚਾਰ ਫਲ ਝੂਲ[1]।
ਜਜੋਂ ਘਨ ਬਰਸੇ ਬ੍ਰਿੱਧ ਹੋਇ,
ਅੰਨ ਤ੍ਰਿੱਣ ਫਲ ਫੂਲ[1] ॥੧॥

[1]ਝੁੱਲ ਕੇ ਭਾਵ ਬਹੁਤ ਮਾੜ੍ਹਾ ਵਿੱਚ।

[1]ਜਿਵੇਂ ਬੱਦਲ ਦੇ ਵਰਖਾ ਕਰਨ ਨਾਲ ਫਲ, ਫੁੱਲ, ਘਾਹ ਤੇ ਅੰਨ ਬਹੁਤ ਹੁੰਦਾ ਹੈ।

ਨੌਰੰਗੇ ਢਿਗ ਪਠੈਂਗੇ,
ਲਿਖਿ ਹਕਾਇਤਾਂ[1] ਜੈਸ।

[1]ਜ਼ਫ਼ਰਨਾਮਾ (ਫ਼ਤਹ ਦੀ ਚਿੱਠੀ) ਤੇ ਫ਼ਾਰਸੀ ਦੀਆਂ ਗਿਆਰਾਂ {ਹਕਾਯਤਾਂ} ਕਹਾਣੀਆਂ ਸਮੇਤ।

ਕੋਟ ਕਪੂਰੇ ਕੀ ਕਥਾ,
ਔਰ ਮਝੈਲਨ ਤੈਸ ॥੨॥
ਜੰਗ ਮੁਕਤਿਸਰ ਭਯੋ ਜਿਮ,
ਸੋ ਸਭਿ ਕਹੋਂ ਸੁਨਾਇ।
ਇਸ ਅੱਧਜਾਇ ਕੇ ਵੀਚ,
ਮੈਂ ਏਤਿਕ ਗਾਥਾ ਗਾਇ[1] ॥੩॥

[1]ਮੈਂ ਇਤਨੀ ਕੁ ਕਥਾ ਕਹਾਂਗਾ।

ਪਾਧਰੀ ਛੰਦ:

ਤਬਿ ਦੀਨੇ ਨਾਮ ਗ੍ਰਾਮ ਮਾਂਹਿ।
ਗੁਰੁ ਥਿਰਿ ਹਕਾਇਤਾਂ ਲਿਖੀ ਚਾਹਿ।
ਵਹਿ ਬੀਚ ਫਾਰਸੀ ਹੈਂ ਜੁਬਾਨ।
ਗੁਰੁ ਕਰੀ ਉਚਾਰਨ ਰੋਸ ਠਾਨ ॥੪॥
ਕਰਿ ਯਾਦ ਸਜਾਦਨ ਕੇਰ[1] ਹਾਲ।
ਤੁਰਕਨ ਕੀ ਜ਼ੁਲਮੀ ਅਤਿ ਬਿਸਾਲ।
ਸਨਮੁਖ ਨੌਰੰਗੇ ਤਈਂ ਥਾਪ।
ਗੁਰੁ ਉਪਾਲੰਭ[1] ਬਹੁ ਲਿਖੇ ਆਪ ॥੫॥
ਜਿਹ ਬਿਧਿ ਤਬਿ ਤਿਸ ਕੇ ਤਹਿਦ[1] ਬੀਚ।
ਥੇ ਜ਼ੁਲਮ ਰਹੇ ਕਰਿ ਤੁਰਕ ਨੀਚ।
ਬਹੁ ਕਰਿ ਕੁਰਾਨ ਕੀ ਕਸਮ ਆਹਿ।
ਗੁਰੁ ਸਨ[1] ਜਜੋਂ ਝੂਠਾ ਭਯੋ ਸ਼ਾਹਿ ॥੬॥
ਜਜੋਂ ਤੁਰਕਨ ਕੀ ਬਹੁ ਸੈਨ ਸੰਗ।
ਗੁਰੁ ਕਰੇ ਅਕੇਲੇ ਬਹੁਤ ਜੰਗ।

[1]ਸਾਹਿਬਜ਼ਾਦਿਆਂ ਦਾ।

[1]ਉਲਾਂਭੇ।

[1]ਤਾਬੇਦਾਰੀ ਵਿੱਚ।

[1]ਸਾਥ, ਨਾਲ।

ਤਬਿਰਖਜਾ ਗੁਰੁ ਕੀ ਜਸੋਂ ਬਿਸਾਲ।
ਬਹੁ ਕੀਨੀ ਨਿਜ ਕਰ ਦੈ ਅਕਾਲ ॥ ੭ ॥
ਇਤਜਾਦਿਕ ਵਰਤਜੋ ਜਿਤਿਕ ਹਾਲ।
ਸਭਿ ਲਿਖਜੋ ਗੁਰੂ ਨੈ ਤਬਿ ਬਿਸਾਲ।
ਤਿਹਂ ਨਾਮ ਜ਼ਫਰਨਾਮਾ ਰਖਾਇ।
ਪਤਿਸ਼ਾਹਿ ਪਾਸ ਦੀਨੋ ਪਠਾਇ ॥ ੮ ॥
ਜਬਿ ਦਯਾ ਸਿੰਘ ਨੇ ਦਯੋ ਜਾਇ।
ਪਢਿ ਨੌਰੰਗ ਜਰਜੋ ਦੂਖ ਪਾਇ।
ਅਬਿ ਸੁਨੋ ਗੁਰੂ ਕੀ ਔਰ ਗਾਥ।
ਬਹੁ ਦਿਨਰਹਿ ਦੀਨੇ ਮੋਦ ਸਾਥ ॥ ੯ ॥
ਸੁਨਿ ਦੇਸ ਦੇਸ ਤੈ ਸਿੰਘ ਭੂਰ[1]। [1]ਬਹੁਤੇ।
ਸਭਿ ਆਏ ਚਲਿ ਗੁਰੁ ਕੈ ਹਜੂਰ।
ਫਿਰ ਘਨੀ ਅਨੀ[1] ਤਹਿਂ ਜੁਰੀ ਆਨਿ। [1]ਬਹੁਤੀ ਫ਼ੌਜ।
ਗੁਰੁ ਤਹਿਂ ਤੇ ਚਢਿ ਪੁਨ ਮੋਦ ਮਾਨਿ ॥ ੧੦ ॥
ਬਹੁ ਪਿੰਡਨ ਮੈਂ ਇਤ ਉਤ ਫਿਰਾਇ।
ਜਬਿ ਕੋਟ ਕਪੂਰੇ ਪੁਗੇ ਜਾਇ[1]। [1]ਜਾ ਪੁੱਜੇ।
ਤਬਿ ਮਿਲਜੋ ਕਪੂਰਾ ਗੁਰੈਂ ਆਇ।
ਧਰਿ ਭੇਟਾ ਬੈਠਜੋ ਮਾਥ ਨਾਇ ॥ ੧੧ ॥
ਗੁਰੁ ਕਹਜੋ ਕਪੂਰੇ ਤਈਂ ਭਾਸ[1]। [1]ਬੋਲ ਕੇ।
ਤੁਮ ਕਰੋ ਟਹਿਲ ਅਬਿ ਕਿਛੂ ਖਾਸ।
ਨਿਜ ਦੁਰਗ[1] ਦੇਹੁ ਮੁਹਿ ਲਰਨ ਕਾਜ। [1]ਕਿਲ੍ਹਾ।
ਹੈ ਦੇਸ ਏਸ ਤੁਵ ਬੇਸ[1] ਰਾਜ ॥ ੧੨ ॥ [1]ਚੰਗਾ।
ਦਿਹੁ ਸੈਨ ਬਿਰਾੜਨ ਕੇਰ ਚੰਗ।
ਹਮ ਕਰਿ ਤੁਰਕਨ ਸੋਂ ਘੋਰ ਜੰਗ।
ਬਹੁ ਰੁੰਡ ਮੁੰਡ ਧਰ ਪੈ ਬਖੇਰਿ[1]। [1]ਬਹੁਤੇ ਧੜ ਤੇ ਸਿਰ ਧਰਤੀ 'ਤੇ ਖਿਲਾਰ ਕੇ।
ਸਭਿ ਮਾਰਿ ਸੈਨ ਤੁਰਕਾਨ ਕੇਰ ॥ ੧੩ ॥
ਸਭਿ ਰਾਜ ਖਾਲਸੇ ਤਈਂ ਦੈਹੁਂ।
ਤੁਮ ਬਚਨ ਸੱਤਿ ਮਮ ਮਾਨ ਲੇਹੁ।
ਯਹਿ ਸੁਨ ਕਰਿ ਗੁਰੁ ਕੇ ਬਚਨ ਫੇਰ।
ਤਬਿ ਕਹਯੋ ਕਪੂਰੇ ਐਸ ਟੇਰਿ ॥ ੧੪ ॥

ਤੁਮ ਕਹਤ ਗੁਰੂ ਜੀ ਸਾਚ ਬਾਤ।
ਕਰਨੇ ਕੋ ਸਮਰਥ ਸਭੀ ਭਾਂਤਿ।
ਪਰ ਮੁਝ ਕੋ ਰਾਵਰ ਕਹਤ ਜੈਸ।
ਮੈਂ ਮਦੱਤ ਤੁਮਰੀ ਕਰੋਂ ਕੈਸ ॥ ੧੫ ॥
ਮੈਂ ਬੰਦਾ ਹਾਂ ਤੁਰਕਾਨ ਕੇਰ।
ਵਹਿ ਸੁਨ ਹੈਂ ਜਬਿ ਯਹਿ ਬਾਤ ਫੇਰ।
ਫੜਿ ਮੁਝ ਕੋ ਫਾਂਸੀਂ ਦੈਂਹ ਲਾਇ।
ਫਿਰ ਤੁਮ ਕਿਮ ਸਾਕਹੁਂਗੇ ਛੁਡਾਇ ॥ ੧੬ ॥
ਅਰ ਪੁਰਿ ਅਨੰਦ ਨਹਿਂ ਸਕੇ ਰੱਖ।
ਤਜ ਅਏ ਦੌਰਿ ਤੁੜਵਾਇ ਲੱਕ।
ਕਿਤ ਗਏ ਕਬੀਲੇ[1] ਪੂਤ ਚਾਰ।
ਅਸਵਾਬ ਲੁਟਾਯੋ ਨਿਜ ਅਪਾਰ ॥ ੧੭ ॥
ਮਰਵਾਏ ਨਾਹੱਕ ਸਿੱਖ ਬਸੰਤ।
ਤਜੋਂ ਹੀ ਚਹਿਹੋ ਮੁਹਿ ਕਰਜੋ ਅੰਤ।
ਜਬਿ ਕਹਜੋ ਕਪੂਰੇ ਯੌਂ ਉਚਾਰ।
ਕਲਮਾਂ[1] ਬੇਅਦਬੀ ਕੇਰ ਭਾਰ[2] ॥ ੧੮ ॥
ਤਬ ਬੋਲੇ ਗੁਰੁ ਯੌਂ ਰੋਸ ਧਾਰਿ।
ਸੁਨਹੋ ਕਪੂਰੇ ਮੂਢ ਭਾਰ[1]।
ਬੇ ਸਿਦਕ ਕਤੂਰੇ ਜਢ ਬਿਰਾਰ।
ਮੁਖ ਫਾਟੇ ਜੱਟ ਕੁਠਾਰ ਨਾਰ[1] ॥ ੧੯ ॥
ਤੂੰ ਬੰਦਾ ਜਿਨ ਕਾ ਬਨਤ ਆਪ।
ਵਹਿ ਦੈ ਹੈਂ ਫਾਂਸੀ ਤੋਹਿ ਥਾਪਿ[1]।
ਕਿਆ ਤਾਨ੍ਹੇ ਹਮ ਕੋ ਦੇਤ ਮੂਢ।
ਨਹਿਂ ਰਹਿ ਸੰਤਤਿ ਤੁਵ ਰਾਜ ਗੂਢ[1] ॥ ੨੦ ॥
ਤੁਮ ਸੇ ਬੇਸਿਦਕ ਬਿਮੁਖਨ ਸਿਖਨਿ।
ਮਾਝੈਲਨਿ ਸਿੱਖੀ ਕਰੀ ਲਿਖਨ[1]।
ਪੁਰਿ ਆਨੰਦ ਭੀ ਹਮ ਸੇ ਛੁਡਾਇ।
ਤੁਮ ਸੇ ਨਰ ਮਰਗੇ ਡਰ ਭਗਾਇ[1] ॥ ੨੧ ॥
ਯੌਂ ਕਹਿ ਕਰਿ ਗੁਰੁ ਅਸਵਾਰ ਹੋਇ।
ਮਗ ਚਲੇ ਕਰਤ ਆਖੇਰ[1] ਸੋਇ।

[1]ਇਸਤ੍ਰੀਆਂ ਭਾਵ ਮਹਲ।
[1]ਬਚਨ। [2]ਬਹੁਤ।
[1]ਬਹੁਤੇ ਮੂਰਖ।
[1]ਕੁਹਾੜੇ ਨਾਲ।
[1](ਦੋਸ਼ੀ) ਥਾਪ ਕੇ।
[1]ਨ ਤੇਰੀ ਉਲਾਦ ਰਹੇਗੀ ਤੇ ਨ ਗੂੜ੍ਹਾ ਰਾਜ ਰਹੇਗਾ।
[1]ਭਾਵ ਸਿੱਖੀ ਤੋਂ ਬੇਦਾਵਾ ਲਿਖਿਆ ਸੀ।
[1]ਡਰ ਨਾਲ ਦੌੜ ਕੇ ਮਰ ਗਏ।
[1]ਸ਼ਿਕਾਰ।

ਢਿੱਲਵ ਪਿੰਡ ਜੈਤੋ ਆਦਿ ਜਾਇ।
ਫਿਰ ਸੂਣੀਯ ਮੈਂ[1] ਬਹੁ ਦਿਨ ਥਿਰਾਇ ॥੨੨॥ [1]ਲੱਖੀ ਜੰਗਲ ਵਿੱਚ।
ਤਹਿਂ ਸੈਨ ਬਿਰਾੜਨ ਕੇਰ ਭੂਰ।
ਗੁਰੁ ਲਈ ਰਾਖ ਫਿਰ ਨਿਜ ਹਜੂਰ।
ਯਹਿ ਭੇਤ ਗੁਰੂ ਕਾ ਫੇਰ ਸਾਰ[1]। [1]ਸਾਰਾ।
ਪੁਨ ਨਾਜ਼ਮ[1] ਸੁਨਜੋ ਸਰ੍ਹੰਦ ਵਾਰ ॥੨੩॥ [1]ਸੂਬੇ ਨੇ।
ਲੈ ਸੈਨ ਸੰਗ ਨਿਜ ਦਸ ਹਜਾਰ।
ਤਬਿ ਚਢਜੋ ਬਜੀਦਾ ਧੌਂਸ ਮਾਰ[1]। [1]ਧੌਂਸਾ ਵਜਾ ਕੇ।
ਪੁਨ ਦਿੱਲੀ ਤੈ ਤਿਨ ਔਰ ਸੈਨ।
ਮੰਗਵਾਈ ਮੱਦਤ ਹੇਤ ਐਨ[1] ॥੨੪॥ [1]ਚੰਗੀ ਫ਼ੌਜ।
ਮਨਿ ਕੋਪ ਠਾਨ ਬਾਜੀਦ ਖਾਨ।
ਸੂਬਾ ਸਰਹੰਦੀ ਅਯੋ ਮਾਨ।
ਤਬਿ ਇਤ ਦਿਸ ਗੁਰੁ ਕੇ ਪਾਸ ਆਇ।
ਯਹਿ ਖਬਰ ਦਈ ਇੱਕ ਸਿੱਖ ਧਾਇ ॥੨੫॥

ਦੋਹਰਾ:
ਸੁਨ ਕਰਿ ਗੁਰੁ ਤਬਿ ਮੋਦ ਹ੍ਵੈ,
ਬੰਦੋਬਸਤ ਸਭਿ ਕੀਨ।
ਜੰਗ ਕਰਨ ਹਿਤ ਠੌਰ ਵਰ[1], [1]ਚੰਗੀ ਜਗ੍ਹਾ।
ਖੋਜਨ ਲਗੇ ਪ੍ਰਬੀਨ ॥੨੬॥
ਜਹਾਂ ਮੁਕਤਿਸਰ ਤਾਲ ਅਬਿ,
ਤਹਿਂ ਖਿਦਰਾਣਾ ਨਾਮ।
ਥੀ ਮਧ ਕਾਨਨ ਸਘਨ ਕੇ,
ਢਾਬ ਆਬ ਯੁਤ ਖਾਮ[1] ॥੨੭॥ [1]ਸੰਘਣੇ ਜੰਗਲ ਵਿੱਚ ਪਾਣੀ ਸਹਿਤ ਕੱਚੀ ਢਾਬ ਸੀ।

ਰਸਾਵਲ ਛੰਦ:
ਗੁਰੂ ਤਹਿਂ ਪਹੂਚੇ।
ਜਬੈ ਜਾਇ ਸੂਚੇ[1]। [1]ਪਵਿੱਤ੍ਰ ਗੁਰੂ।
ਦਲੰ ਤੁਰਕ ਕੇਰੋ।
ਢੁਕੋ ਆਇ ਨੇਰੋ ॥੨੮॥
ਚਢੀ ਧੂਰ ਨੱਭੰ[1]। [1]ਅਕਾਸ਼ 'ਚ।
ਗਯੋ ਸੂਰ ਦੱਬੰ[1]। [1]ਸੂਰਜ ਲੁਕ ਗਿਆ।

ਤਬੈ ਔਰ ਏਕੰ।
ਭਈ ਗਾਥ ਨੇਕੰ[1] ॥ ੨੯ ॥ [1]ਚੰਗੀ ਕਥਾ।
ਸੁਨੋ ਸੋਇ ਸਾਰੀ।
ਕਹੋਂ ਮੈਂ ਉਚਾਰੀ।
ਜਬੈ ਮਦ੍ਰ ਦੇਸੈਂ[1]। [1]ਮਾਝੇ ਦੇਸ 'ਚ।
ਸੁਨੀ ਸਾਰ ਏਸੈਂ[1] ॥ ੩੦ ॥ [1]ਇਸ ਤਰ੍ਹਾਂ ਖ਼ਬਰ ਸੁਣੀ।
ਗੁਰੂ ਜੰਗ ਕੈ ਕੈ।
ਨਿਜੰ ਪੁਰਿ ਤਜੈ ਕੈ।
ਪੁਨਾ ਚੱਮਕੌਰੈਂ।
ਕਰਜੋ ਜੰਗ ਗੌਰੈਂ ॥ ੩੧ ॥
ਘਨੇ ਸੱਤ੍ਰੂ ਮਾਰੇ।
ਗਨੈ ਕੌਨ ਸਾਰੇ।
ਤਹਾਂ ਦੋਇ ਬੇਟੇ।
ਧਰਾ ਜੂਝ ਲੇਟੇ ॥ ੩੨ ॥
ਲਘੂ ਦ੍ਵੈ ਸਜਾਦੇ।
ਗੁਰੂ ਕੇ ਮਹਾਦੇ[1]। [1]ਵੱਡੇ ਗੁਰਾਂ ਦੇ।
ਸਰੰਹੰਦ ਮਾਂਹੀਂ।
ਦਏ ਸੀਸ ਵਾਹੀਂ ॥ ੩੩ ॥
ਗਏ ਜੂਝ ਜੋਈ।
ਜਸੰ ਪਾਇ ਸੋਈ।
ਗੁਰੂ ਧਾਰ ਬਾਨਾ।
ਹਾਜੀਯ ਸਮਾਨਾ ॥ ੩੪ ॥
ਗਏ ਮਾਲਵੇਯੰ।
ਜੰਗ ਤਾਲ ਵੇਯੰ[1]। [1]ਉਸ ਜੰਗ ਵਾਲੇ ਤਲਾ 'ਤੇ।
ਤਹਾਂ ਸੈਨ ਔਰੈਂ।
ਗੁਰੂ ਪਾਸ ਗੌਰੈਂ ॥ ੩੫ ॥
ਭਈ ਆਨ ਕੱਠੀ।
ਪੁਨਾਰਾਰਿ ਠੱਟੀ[1]। [1]ਫੇਰ ਜੰਗ ਕਰਨ ਦੀ ਠਾਣ ਲਈ ਹੈ।
ਚਢੀ ਤੁਰਕ ਸੈਨਾ।
ਅਈ ਫੇਰ ਐਨਾ[1] ॥ ੩੬ ॥ [1]ਠੀਕ ਆ ਗਈ ਹੈ।

ਪਰੈਂ ਗੇ ਅਖਾਰੇ[1]। [1]ਜੰਗ।
ਸੁਨਜੋ ਫੇਰ ਭਾਰੇ।
ਧਨੰ ਸਿੱਖ ਸੋਈ।
ਗੁਰੂ ਸੰਗ ਜੋਈ ॥ ੩੭ ॥
ਰਹੇ ਐਸ ਵੇਲੇ।
ਸਖਤ ਵਖਤ ਝੇਲੇ[1]। [1]ਕਰੜੇ ਕਸ਼ਟ ਝੱਲੇ ਹਨ।
ਅਸੀਂ ਥੇ ਨਿਭਾਗੇ।
ਗੁਰੂ ਛੋਡਿ ਭਾਗੇ ॥ ੩੮ ॥
ਦਿਨੈਂ ਏਕ ਨੀਕੈਂ[1]। [1]ਚੰਗੀ ਤਰ੍ਹਾਂ।
ਗਿਲੈ[1] ਕਾਲ ਠੀਕੈਂ। [1]ਨਿਗਲ ਲਵੇਗਾ।
ਬੁਰੋ ਕਹਿਰ ਕੀਨੋ।
ਹਮੈਂ ਜ਼ਹਿਰ ਭੀਨੋ[1] ॥ ੩੯ ॥ [1]ਅਸਾਂ ਜ਼ਹਰ 'ਚ ਭਿਜਿਆ ਬੁਰਾ ਜ਼ੁਲਮ ਕੀਤਾ ਹੈ।
ਦਈ ਲਿੱਖਿ ਸਿੱਖੀ।
ਗੁਰੂ ਕੀ ਸੁਨਿੱਖੀ[1]। [1]ਸੋਹਣੀ।
ਗੁਰੂ ਤੈ ਬਿਮੁਖੈ।
ਅਸੀਂ ਭਏ ਤਿਖੈ ॥ ੪੦ ॥
ਸਮੇਂ ਨੈ ਵਿਗੋਏ[1]। [1]ਖ਼ਰਾਬ ਕੀਤੇ।
ਉਭੈ ਲੋਕ ਖੋਏ।
ਧਰਮ ਹਾਰ ਆਏ।
ਲਯੋ ਕਜਾ ਬਨਾਏ ॥ ੪੧ ॥
ਦਿਨੰ ਚਾਰ ਜੀਵੈਂ।
ਅੰਤ ਖੇਹ ਥੀਵੈਂ।
ਤਬੈ ਬਾਤ ਯਾਹੀ।
ਮਦ੍ਰ ਦੇਸ ਮਾਹੀਂ ॥ ੪੨ ॥
ਚਲੀ ਠੌਰ ਠੌਰੈਂ।
ਸੁਨੋ ਔਰ ਗੌਰੈਂ[1] ॥ ੪੩ ॥ [1]ਖ਼ਿਆਲ ਨਾਲ।

ਲਲਿਤ ਛੰਦ:

ਮਿਲ ਕਰਿ ਮਸਲਤ[1] ਲਗੇ ਵਿਚਾਰਨ, [1]ਸਲਾਹ।
ਸਿਦਕੀ ਸਿੱਖ ਮਹਾਨੇ।
ਚਲ ਕਰਿ ਅਬਿ ਗੁਰੁ ਸਰਨੀ ਪਰੀਏ,

ਬਖਸ਼ਹਿਂ ਦਯਾ ਨਿਧਾਨੇ।
ਕਰਿਕੈ ਜੁੱਧ ਕਹੂੰ ਤੁਰਕਨ ਸੋਂ,
ਤਨ ਨਿਜ ਗੁਰੁ ਹਿਤ ਦਈਏ।
ਪਾਇ ਸੁਜਸ ਇਸ ਲੋਕ ਵੀਚ, ਫਿਰ
ਗੁਰੁ ਪੁਰਿ ਵਾਸਾ ਲਈਏ ॥ ੪੪ ॥
ਯੌਂ ਸਲਾਹਿ ਕਰਿ ਸਿੰਘ ਗੁਰੂ ਢਿਗ,
ਫਿਰ ਮਝੈਲ ਬਹੁ ਆਏ।
ਅਰ ਸਭਿ ਮਦ੍ਰ ਦੇਸ ਕੇ ਪੈਂਚਨ,
ਯੌਂ ਲਿਖ ਪਠਜੋ ਤਦਾਏਂ।
ਹੇ ਗੁਰੁ ਬੈਰ ਤਜੋ ਤੁਰਕਨ ਸੋਂ,
ਭਜੋ ਨਿਵਿਰਤੀ ਆਰਯ[1]।

[1]{ਆਰਯ} ਚੰਗੀ (ਗੱਲ ਤਾਂ ਇਹੋ ਹੀ ਹੈ ਕਿ ਤੁਸੀਂ) ਨਿਵਿਰਤੀ ਧਾਰਨ ਕਰੋ।

ਤਬਿ ਸਿੱਖੀ ਤੁਮਰੀ ਸਭਿ ਰਹਿ ਹੈ,
ਨਹੀਂ ਤਾਂ ਹ੍ਵੈ ਹੈ ਖਾਰਯ[1] ॥ ੪੫ ॥

[1]ਖ਼ਤਮ।

ਜਾਂ ਦਿਨ ਤੈ ਤੁਮ ਠਟਜੋ ਬਖੇਰਾ,
ਤਾਂ ਦਿਨ ਤੈ ਸਭਿ ਦੇਸੈਂ।
ਸਿੱਖੀ ਸੁਖ ਸੰਪਤਿ ਤੁਵ ਘਾਟੀ,
ਬਢੀ ਨਹੀਂ ਕਿਛੁ ਵੇਸੈਂ[1]।

[1]ਚੰਗੀ ਤਰ੍ਹਾਂ।

ਤਾਂ ਤੇ ਅਬਿ ਤੁਮ ਤਜੋ ਬਖੇਰਾ,
ਹਮ ਸਭਿ ਸਿੱਖ ਤੁਮਾਰੇ।
ਜੋ ਚੈਹੋ ਕਰ ਹੈਂ ਸੋ ਸੇਵਾ,
ਨਹੀਂ ਤਾਂ ਹਮ ਨ ਤੁਮਾਰੇ ॥ ੪੬ ॥
ਯਹਿ ਕਾਗਦ ਲੈ ਸਿੰਘ ਦੁਇਕ ਸੈ[1],
ਗੁਰੁ ਢਿਗ ਅਯੋ ਮਝੈਲੰ।
ਪੜ੍ਹਿ ਕਾਗਦ ਗੁਰੁ ਧਰਜੋ ਜੇਬ ਮੈਂ,
ਮਨ ਮੈਂ ਭਏ ਗੁਸੈਲੰ[1]।

[1]ਦੋ ਕੁ ਸੌ।

[1]ਗੁੱਸੇ।

ਕਹਜੋ ਮਝੈਲਨ ਕੋ, ਤੁਮ ਆਏ
ਸੀਖਜਾ ਹਮ ਕੋ ਦੈਨੇ।
ਜਿਤ ਤੈ ਆਏ ਜਾਹੁ ਤਿਤੈ ਹੀ,
ਯੌਂ ਗੁਰੁ ਬੋਲੇ ਬੈਨੇ ॥ ੪੭ ॥

ਮਦ੍ਰ ਦੇਸ ਸਭਿ ਖਾਰਯ ਹੋਯੋ,
ਗੁਰੁ ਸਿੱਖੀ ਤੈ ਅਤਿ ਹੀ।
ਯੌਂ ਕਹਿ ਚਲੇ ਅਗਾਰੀ ਗੁਰੁ ਫਿਰ,
ਜੰਗ ਕਰਨ ਧਰਿ ਰਤਿ ਹੀ[1]।
[1]ਪ੍ਰੀਤੀ ਧਾਰ ਕੇ।
ਦਸ ਹਜਾਰ ਦਲ ਤੁਰਕਨ ਕੇਰਾ,
ਆਇ ਢੁਕਯੋ ਢਿਗ ਤਬਿ ਹੀ।
ਦੁੰਦਭਿ ਦੀਹ[1] ਢੋਲ ਬਹੁ ਬੱਜਤ,
[1]ਵੱਡੇ ਧੌਂਸੇ।
ਭਰਯੋ ਧੂਰ ਨਭ ਸਭਿ ਹੀ ॥ ੪੮ ॥
ਲੈ ਮਲਵੱਈਅਨ ਕੋ ਗੁਰੁ ਪਹੁੰਚੇ,
ਜਹਿਂ ਥਾ ਸਰ ਖਿਦਰਾਣਾ।
ਇਤੈ ਮਝੈਲਨ ਭੀ ਦਿਲ ਠਟਯੋ,
ਹੈ ਹਰਾਮ ਅਬਿ ਜਾਣਾ।
ਸੋ ਪੀਛੇ ਗੁਰੁ ਕੇ ਹ੍ਵੈ ਚਾਲੇ,
ਮਿਲੇ ਤੁਰਕ ਤਿਨ ਧਾਈ।
ਜਾਇ ਤਾਲ ਖਿਦਰਾਣੇ ਢਿਗ ਤਿਨਿ,
ਯੌਂ ਫਿਰ ਬਯੋਂਤ ਬਨਾਈ ॥ ੪੯ ॥
ਬਸਤ੍ਰ ਸਰਬ ਆਪਣੇ ਤਨ ਕੇ,
ਬ੍ਰਿੱਛਨ ਊਪਰ ਤਾਨੇ।
ਹੁਤੇ ਸਘਨ ਕਾਨਨ ਤਿਸ ਸਰ ਤਟ[1],
[1]ਉਸ ਤਲਾ ਦੇ ਕਿਨਾਰੇ ਸੰਘਣਾ ਜੰਗਲ ਸੀ।
ਸੋ ਲਿਯ ਓਟ ਮਹਾਨੇ।
ਮਨ ਮੈਂ ਧਰਯੋ ਸਭਿਨਿ ਯਹਿ ਦਿੜ ਕਰਿ,
ਮਰੈਂ ਤੁਰਕਨ ਸੋਂ ਲਰ ਕੈ।
ਗੁਰੁ ਕੀ ਦਿਸ ਤੁਰਕਨ ਕੇ ਦਲ ਕੌ,
ਜਾਣ ਦੈਂਹਗੇ ਮਰ ਕੈ ॥ ੫੦ ॥
ਤੋੜੇ ਲਗੇ ਬੰਦੂਖਨ ਤਾਂਈਂ,
ਸ਼ਸਤ੍ਰ ਔਰ ਸੰਭਾਰੇ।
ਬੈਠੇ ਓਟ ਤਰਨਿ[1] ਸਭਿ ਛਪ ਕਰਿ,
[1]ਦਰੱਖ਼ਤਾਂ ਦੇ ਉਹਲੇ।
ਲਰਨ ਹੇਤ ਹ੍ਵੈ ਤਯਾਰੇ।
ਤੁਰਕਨ ਜਬੈ ਨਿਹਾਰੇ ਬਸਤ੍ਰ,
ਬ੍ਰਿੱਛਨ ਊਪਰ ਸਾਰੇ।

ਇਹਾਂ ਹੋਗ ਗੁਰੁ ਕਾ ਦਲ ਉਤਰਜੋ,
ਤੰਬੂ ਲਗੇ ਅਪਾਰੇ ॥ ੫੧ ॥
ਯਹਿ ਵਿਚਾਰ ਕੈ ਤੁਰਕ ਖੜ੍ਹੇ ਹਟਿ,
ਭਰਮ ਭਯੋ ਤਿਨ ਪੂਰਾ।
ਤਿਨ ਕੇ ਸੰਗ ਬਿਰਾੜ ਕਪੂਰਾ
ਥਾ ਤਬਿ ਤਹਾਂ ਕਤੂਰਾ।
ਕਹਯੋ ਤਾਂਹਿ ਡਿਠ ਬੰਦ ਕਰਜੋ[1]
ਯਹਿ, ਗੁਰੁ ਕੇ ਸਿੱਖਨ ਭਾਰੀ।
ਤੁਮ ਮਤ ਡਰੋ ਲਰੋ ਹ੍ਵੈ ਆਗੇ,
ਨਹਿਂ ਲਸ਼ਕਰ ਯਹਿ ਝਾਰੀ[1] ॥ ੫੨ ॥
ਯੌਂ ਸੁਨਿ ਨਾਜ਼ਮ ਸੈਨ ਆਪਨੀ,
ਕੀਨੀ ਔਰ ਅਗਾੜੀ।
ਸਿੰਘ ਮਝੈਲਨ ਏਕੈ ਬਾਰੀ,
ਝਾੜੀ ਬਾੜ ਦੁਗਾੜੀ[1]।
ਤੁਰਕ ਦੜਾ ਦੜ ਗਿਰੇ ਧਰਾ ਪਰ,
ਚਟਪਟ ਔਰ ਕਸਾਨੀ[1]।
ਅਰਿਨ ਸੰਮੁਖ ਕਰਿ ਸਿੰਘਨ ਬੰਦੂਕੈਂ,
ਤਜੀ ਅਚੂਕ ਮਹਾਨੀ ॥ ੫੩ ॥
ਮਰਜੋ ਦੁਇਕ ਸੈ ਤੁਰਕ ਤਹਾਂ ਤਬਿ,
ਜਖਮੀ ਭਏ ਅਪਾਰੈਂ।
ਬਾਕੀ ਕਰੇ ਲਚਾਰ ਪਜਾਸ ਨੈ,
ਮਾਸ ਬਿਸਾਖ ਮਝਾਰੈਂ।
ਜੱਦਪਿ ਝਾੜਤ ਤੁਰਕ ਬਾੜ ਭੀ,
ਸੋ ਝਾੜੀਂ ਮੈਂ ਰੁਕਹੀਂ।
ਕਿਛੁ ਊਪਰ ਕੋ ਜਾਵਤ ਗੋਰੀ,
ਬਹੁ ਧਰਤੀ ਮਧ ਠੁਕਹੀਂ ॥ ੫੪ ॥
ਨੀਵੀਂ ਠੌੜ ਤਾਲ ਮੈਂ ਬੈਠੇ,
ਸਿੰਘ ਬੰਦੂਖਾਂ ਮਾਰੈਂ।
ਤੁਰਕਨ ਕੋ ਵਹਿ ਨਜਰ ਨ ਆਵਹਿਂ,

[1]ਨਿਗਾਹ ਬੰਦ ਕੀਤੀ ਹੈ।

[1]ਇਹ ਝਾੜੀਆਂ ਹੀ ਹਨ।

[1]{ਦੁਗਾੜੀ} ਇਕ ਇਕ ਬੰਦੂਕ 'ਚੋਂ ਦੋ ਦੋ ਗੋਲੀਆਂ ਦਾ {ਬਾੜ} ਇਕੱਠਾ ਵਾਰ {ਝਾੜੀ} ਕੀਤਾ।

[1]ਛੇਤੀ ਹੋਰ ਕਸ ਲਈਆਂ।

ਕਾਨਨ ਸਘਨ ਮਝਾਰੈਂ।
ਆਗੈ ਡਰਤੇ ਤੁਰਕ ਬਢੈਂ ਨਹਿਂ,
ਕਹੈਂ ਇਹਾਂ ਗੁਰੁ ਭਾਰੀ।
ਲੈ ਦਲ ਸਿੰਘਨ ਕਾ ਹੈ ਬੈਸਜੋ,
ਹਨੈਂ ਹਮੈਂ ਇਕ ਬਾਰੀ ॥ ੫੫ ॥
ਯੌਂ ਜਬਿ ਜੋਰ ਜੰਗ ਕਾ ਪਰਯੋ
ਸ਼ੋਰ ਗੁਰੂ ਸੁਨਿ ਬੂਝਜੋ।
ਯਹਿ ਤੁਰਕਨ ਸੋਂ ਕੌਨ ਲਰਾਈ,
ਕਰਤ ਅਗਾਰੀ ਸੂਝਜੋ[1]। [1]ਦਿੱਸਦਾ ਹੈ।
ਤਬਿ ਇਕ ਸਿੰਘ ਕਹਜੋ ਯੌਂ ਗੁਰੁ ਪੈ,
ਜੋ ਮਝੈਲ ਥੇ ਆਏ।
ਸੋਊ ਲਰਤ ਅਰਿਨ ਸੋਂ ਅਰ ਕਰਿ[1], [1]ਅੜ ਕੇ।
ਹਮ ਅਬਿ ਹੀ ਪਿਖਿ ਆਏ ॥ ੫੬ ॥
ਯਹਿ ਸੁਨਿ ਗੁਰੁ ਮੁਦ ਹ੍ਵੈ ਕੁਵੰਡ ਗਹਿ[1], [1]ਧਨੁੱਖ ਪਕੜ ਕੇ।
ਤਿਨ ਕੀ ਮੱਦਤ ਕਾਰਨ।
ਊਚੀ ਠੌਰ ਖਰ੍ਹੇ ਹ੍ਵੈ ਪਿਖ ਕਰਿ,
ਲਾਗੇ ਬਾਨ ਪ੍ਰਹਾਰਨ।
ਜਥੇਦਾਰ ਤੁਰਕਨ ਕੇ ਗੁਰੁ ਨੈ,
ਤੱਕ ਤੱਕ ਕਈ ਬਿਦਾਰੇ[1]। [1]ਮਾਰੇ।
ਨਿਕਸੈ ਇਕ ਇਕ ਸਰ ਤਬਿ ਗੁਰੁ ਕਾ,
ਦਸ ਦਸ ਕੋ ਕਰਿ ਪਾਰੇ[1] ॥ ੫੭ ॥ [1]ਦਸ ਦਸ ਆਦਮੀਆਂ 'ਚੋਂ ਪਾਰ ਕਰਕੇ।
ਉਨਹੀਂ ਸਿੰਘਨਿ ਦਲ ਤੁਰਕਾਨੀ,
ਕਈ ਹਜ਼ਾਰ ਉਰਝਾਯੋ।
ਜਬਿ ਗੋਲੀ ਢਿਗ ਰਹੀ ਨ ਕਾਈ,
ਤਬਿ ਚਾਂਪਨਿ[1] ਹੱਥ ਪਾਯੋ। [1]ਧਨੁਸ਼ਾਂ ਨੂੰ।
ਤੱਕ ਤੱਕ ਤੀਰ ਤਜਨ ਬਹੁ ਲਾਗੇ,
ਮਾਰੇ ਤੁਰਕ ਅਪਾਰੈਂ।
ਜਬਿ ਫਿਰ ਰਹਜੋ ਤੀਰ ਨਹਿ ਕੋਈ,
ਤਬਿ ਗਹਿ ਕਰਿ ਕਰਵਾਰੈਂ[1] ॥ ੫੮ ॥ [1]ਤਲਵਾਰਾਂ।
ਧਸੇ ਧਾਇ ਤੁਰਕਨ ਕੇ ਦਲ ਮੈਂ,

ਹਾਲ ਚਾਲ ਬਹੁ ਮੇਲਜੋ।
ਕਟਿ ਕਟਿ ਚਟਪਟ ਧਰ ਪਰ ਸੁੱਟਹਿਂ,
ਸਿੰਘਨ ਫਗੂਆ[1] ਖੇਲਜੋ। [1]ਹੋਲੀ।
ਕਟੇ ਕਿਕਾਨ[1] ਜ੍ਵਾਨ ਬਹੁ ਤੁਰਕੀ, [1]ਘੋੜੇ।
ਸਿੰਘਨਿ ਤਬਿ ਬਲ ਧਰ ਕੈ।
ਹੂਰ ਅਪਾਰ ਸੂਰ ਬਰ ਬਰ ਕੈ[1], [1]ਸੂਰਮਿਆਂ ਨੂੰ ਵਰ ਵਰ ਕੇ।
ਜਾਤ ਬਿਬਾਨਨਿ ਚਰ੍ਹ ਕੈ ॥ ੫੯ ॥

ਭੁਜੰਗ ਪ੍ਰਯਾਤ ਛੰਦ:

ਉਭੈ ਓਰ[1] ਜੁੱਟੇ ਮਚਯੋ ਜੰਗ ਗਾਢਾ। [1]ਦੋਨੇਂ ਤਰਫ਼।
ਬਕੈਂ[1] ਮਾਰ ਮਾਰੈਂਰਸੰਬੀਰ ਬਾਢਾ। [1]ਬੋਲਦੇ ਹਨ।
ਕਰਾਚੋਲ[1] ਬਾਹੈਂ ਜਿਸੈਂ ਸਿੰਘ ਸੂਰੇ। [1]ਤਲਵਾਰ।
ਕਰੈਂ ਖੰਡ ਖੰਡੰ[1] ਸੁਟੈਂ ਮੇਲ ਧੂਰੇ ॥ ੬੦ ॥ [1]ਟੁਕੜੇ ਟੁਕੜੇ।
ਮਹਾਂਰੋਹ[1] ਮੱਤੇ ਕਢੇ ਲਾਲ ਨੈਨੰ। [1]ਗੁੱਸੇ 'ਚ।
ਭਏ ਲਾਲ ਬਾਨੇ[1] ਭਿਗੇ ਖੂਨ ਐਨੰ[2]। [1]ਪੁਸ਼ਾਕੇ। [2]ਚੰਗੀ ਤਰ੍ਹਾਂ।
ਕਰੇ ਤੱਛ ਮੁਛੰ[1] ਕਟੇ ਹੱਥ ਮੱਥੰ। [1]ਕਟਾ ਵੱਢੀ ਕਰ ਦਿੱਤੀ।
ਭੁਜਾ ਜੰਘ ਜਾਨ੍ਹੂੰ ਕਰੈਂ ਲੁੱਥ ਪੁੱਥੰ[1] ॥ ੬੧ ॥ [1]ਬਾਹਾਂ, ਲੱਤਾਂ, ਗੋਡੇ (ਕੱਟ ਕੇ) ਲੋਥ 'ਤੇ ਲੋਥ ਚਾੜ੍ਹ ਦਿੱਤੀ।
ਖੁਲ੍ਹੇ ਘਾਉ ਖੂਨੀ ਭਕਾ ਭੱਕ ਬੋਲੈਂ[1]। [1]ਖ਼ੂਨ ਵਾਲੇ ਜ਼ਖ਼ਮ ਖੁੱਲ੍ਹੇ ਹੋਏ ਭੱਕ ਭੱਕ (ਦੀ ਅਵਾਜ਼ ਨਾਲ) ਬੋਲਦੇ ਹਨ।

ਨਚੈਂ ਭੂਤ ਪ੍ਰੇਤੰ ਭਰੇ ਮੋਦ ਡੋਲੈਂ[1]। [1]ਅਨੰਦ 'ਚ ਭਰੇ ਫਿਰਦੇ ਹਨ।
ਕਰੈਂ ਸ੍ਰੌਨ ਪਾਨੰ ਭਰੈਂ ਖੱਪ੍ਰ ਜਾਲਾ[1]। [1]{ਜਾਲਾ} ਸਾਰੇ ਖੱਪਰ ਭਰ ਕੇ ਲਹੂ ਪੀਂਦੇ ਹਨ।
ਤਚੈਂ ਕਿੱਲਕਾਰੀ ਮਿਲੀ ਭੂਤ ਬਾਲਾ[1] ॥ ੬੨ ॥ [1]ਭੂਤਾਂ ਦੀਆਂ ਇਸਤ੍ਰੀਆਂ ਇਕੱਠੀਆਂ ਹੋ ਕੇ ਚੀਕਾਂ ਮਾਰਦੀਆਂ ਹਨ।

ਧਰਾ ਵੀਚ ਕੀਚੰ ਮਚਯੋ ਹੈ ਪ੍ਰਤੱਛੰ।
ਲਹੂ ਮਿੰਜ ਕੇਰੋ ਤਬੈ ਆਨ ਸੂੱਛੰ[1]। [1]ਧਰਤੀ ਵਿੱਚ ਲਹੂ ਅਤੇ ਮਿੱਝ ਦਾ ਪ੍ਰਤੱਖ ਹੀ ਆ ਕੇ ਚੰਗਾ ਚਿੱਕੜ ਹੋ ਗਿਆ।

ਕਰਯੋ ਢੁੱਕ ਢੋਅਂ ਮਲੇਛੰ ਬਿਲੱਛੰ।
ਵਡੋ ਹੇਲ ਘਾਲਯੋ ਸਮੱਛੰ ਪ੍ਰਤੱਛੰ[1] ॥ ੬੩ ॥ [1]ਤੁਰਕਾਂ ਨੇ ਨੇੜੇ ਢੁੱਕ ਕੇ ਪ੍ਰਤੱਖ ਹੀ ਅੱਖਾਂ ਦੇ ਸਾਹਮਣੇ {ਬਿਲੱਛੰ} ਅਨੋਖਾ ਤੇ ਵੱਡਾ ਹੱਲਾ ਕੀਤਾ।

ਰੁਪੇ[1] ਸਿੰਘ ਸੂਰੇ ਕਰੈਂ ਜੰਗ ਜੋਰੈਂ। [1]ਰੁੱਕ ਗਏ।
ਮਹਾਂ ਮਾਰ ਮੱਚੀ ਤਹਾਂ ਆਨ ਘੋਰੈਂ।
ਮਹਾਂ ਬੀਰਤਾ[1] ਬੀਰ ਸਿੰਘਾਨ ਕੇਰੀ। [1]ਵੱਡੀ ਬਹਾਦਰੀ।

ਧਰੈਂ ਆਂਗੁਰੀ ਦਾਂਤ ਮੈਂ ਤੁਰਕ ਹੇਰੀ ॥੬੪॥
ਦਸੰ ਬੀਸ ਤੀਸੰ ਤੁਰੰਕਾਨ ਤਾਂਈਂ।
ਇਕੋ ਏਕ ਸਿੰਘੰ ਮਰਜੋ ਮਾਰ ਧਾਈ।
ਜਬੈ ਸਿੰਘ ਕੇਤੇ ਤਹਾਂ ਐਸ ਜੂਝੇ।
ਭਏ ਮੋਖ ਸੋਈ ਬਿਨਾ ਜੋਗ ਰੂਝੇ[1] ॥੬੫॥ [1]ਜੋਗਾ ਅਭਿਆਸ ਕੀਤੇ ਤੋਂ ਬਿਨਾਂ ਹੀ।
ਤਬੈ ਤਾਣ ਕੰਮਾਣ ਗੁਰੁ ਬਾਣ ਬਾਹੇ।
ਜਥੇਦਾਰ ਤੁਰਕਾਨ ਕੇ ਮਾਰ ਢਾਹੇ।
ਸੜਾ ਸਾੜ ਛੁੱਟੈਂ ਕੜਾ ਕਾੜ ਬੱਜੈਂ[1]। [1]ਸਾੜ ਸਾੜ ਸ਼ਬਦ ਕਰ ਕੇ ਤੀਰ ਛੁਟਦੇ ਹਨ ਤੇ ਕਾੜ ਕਾੜ ਸ਼ਬਦ ਕਰ ਕੇ ਵਜਦੇ ਹਨ।
ਦੜਾ ਦਾੜ ਡਿੱਗੈਂ ਧਰਾ ਪੈ ਨ ਲੱਜੈਂ[1] ॥੬੬॥ [1]ਸ਼ਰਮ ਨਹੀਂ ਖਾਂਦੇ।
ਰਹੇ ਹੇਰ ਹੈਰਾਨ ਤੁਰਕਾਨ ਸਾਰੇ।
ਨਹੀਂ ਜਾਨ ਜਾਈ ਸਰੰ ਕੌਣ ਮਾਰੇ[1]। [1]ਜਾਣਿਆ ਨਹੀਂ ਜਾਂਦਾ ਕਿ ਤੀਰ ਕੌਣ ਮਾਰਦਾ ਹੈ।
ਭਈ ਬਿਹਬਲੈਂ[1] ਸੈਨ ਤੁਰਕਾਨ ਕੇਰੀ। [1]ਘਬਰਾ ਗਈ।
ਘਨੇ ਜ੍ਵਾਨ ਦੀਨੇ ਗੁਰੂ ਨੈ ਨਿਬੇਰੀ ॥੬੭॥

ਨਿਸ਼ਾਨੀ ਛੰਦ:

ਤਬਿ ਹੀ ਖਾਨ ਬਜੀਦ ਨੈ ਕਾਪੁਰਾ ਬੂਝੋ।
ਕਿਤ ਤੈ ਆਵਤ ਬਾਨ ਯਹਿ, ਨਹਿੰ ਪਰ ਹੈ ਸੂਝੋ[1]। [1]ਸਮਝ ਨਹੀਂ ਪੈਂਦੀ।
ਜਥੇਦਾਰ ਮਮ ਮਾਰ ਕੈ ਸਭਿ ਭੂਮਿ ਗਿਰਾਏ।
ਘਨੇ ਜ੍ਵਾਨ ਕਿਕਾਨ ਹੈਂ ਇਨਿ ਸਿੰਘਨਿ ਖਪਾਏ ॥੬੮॥
ਅਬਿ ਬਿਨ ਪਾਨੀ ਮਰਤ ਹੈ ਬਾਕੀ ਮਮ ਸੈਨਾ।
ਯਹਿ ਸੁਨਿ ਉੱਤ੍ਰ ਇਮ ਦਯੋ ਕਾਪੁਰੇ ਐਨਾ[1]। [1]ਚੰਗਾ ਭਾਵ ਠੀਕ ਉੱਤਰ ਦਿੱਤਾ।
ਸੁਨੋ ਖਾਨ ਜੀ ਬਾਤ ਮੈਂ ਅਬਿ ਸਾਚ ਉਚਾਰੋਂ।
ਤਾਬੇ ਗੁਰੁ ਕੇ ਰਹਤ ਹੈਂ ਸ਼ਾਹੀਦ ਅਪਾਰੋ ॥੬੯॥
ਸੋ ਅਜਗੈਬੀ[1] ਮਾਰ ਹੈਂ ਬਹੁ ਬਾਣ ਕਰਾਲੇ[2]। [1]ਗੁਪਤ। [2]ਡਰਾਉਣੇ ਤੀਰ।
ਪੇਸ਼ ਨ ਉਨ ਕੇ ਸਾਹਮਣੇ ਕਾਹੂੰ ਕੀ ਚਾਲੇ।
ਇਸੀ ਤਾਲ ਕੇ ਤਟ ਕਹੀਂ, ਬਨ ਸਘਨ ਮਝਾਰੀ।
ਠਾਢੋ ਹ੍ਵੈ ਹੈ ਗੁਰੂ ਭੀ, ਯੁਤ ਸੈਨ ਅਪਾਰੀ ॥੭੦॥
ਯਹਿ ਤੋ ਕੇਤਿਕ ਸਿੰਘ ਹੀ ਤੁਮ ਸੰਗ ਲਰੈ ਹੈਂ।

ਜਬਿ ਲੈ ਸੈਨਾ ਗੁਰੁ ਲਰੈ, ਤਬਿ ਖਬਰ ਪਰੈ ਹੈ।
ਤੀਸ ਕੋਸ ਪਰ ਮਿਲੈਗੋ ਆਗੇ ਕਿਤ ਪਾਨੀ।
ਪੀਛੇ ਹੈ ਦਸ ਕੋਸ ਪੈ ਯਹਿ ਦਿਢ ਲਿਹੁ ਮਾਨੀ
॥ ੭੧ ॥
ਦਹਿਣੇ ਬਾਏਂ ਨਹਿ ਮਿਲੈ ਜਲ ਕਿਸ ਹੀ ਤੌਰੈਂ।
ਬਿਨ ਪਾਨੀ ਤੈ ਪ੍ਰਾਨ ਅਬਿ ਨਿਕਸੈਂ ਇਸ ਠੌਰੈਂ।
ਜੂਝ ਜੰਗ ਮੈਂ ਜੇ ਮੁਏ, ਤੇ ਤੋ ਭਏ ਚੰਗੇ।
ਹਮ ਤੁਮ ਜਲ ਬਿਨ ਤਰਫ ਕੈ, ਮਿਲ ਹੈਂ ਤਿਨ ਸੰਗੇ ॥ ੭੨ ॥
ਜੇ ਅਬਿ ਜਾਨ ਬਚਾਵਨੀ ਤੁਮ ਅਪਨੀ ਚਹਿ ਹੌ।
ਤੌ ਪੀਛੇ ਹਟ ਜਾਈਏ ਮੈਂ ਸਾਚੀ ਕਹਿ ਹੌਂ।
ਸੁਨ ਕਰਿ ਖਾਨ ਬਜੀਦ ਨੈ ਏਹੀ ਮਨਿ ਧਾਰੀ।
ਲੈ ਕਰਿ ਨਿਜ ਸਭ ਸੈਨ ਕੋ, ਹਟ ਗਯੋ ਪਿਛਾਰੀ
॥ ੭੩ ॥
ਜੋ ਘਾਇਲ ਨਹਿਂ ਚਲ ਸਕੇ ਸੋ ਤਹਿਂ ਹੀਂ ਤਜਾਗੇ।
ਬਿਨ ਪਾਨੀ ਵਹਿ ਭੀ ਮਰੇ, ਤਬਿ ਤੁਰਕ ਅਭਾਗੇ।
ਮਰੇ ਤਹਾਂ ਸਰਦਾਰ ਜੋ, ਨਹਿਂ ਸੋ ਦਫਨਾਏ।
ਨਾਜ਼ਮ ਲੈ ਨਿਜ ਜਾਨ ਕੋ, ਤਬਿ ਗਯੋ ਪਲਾਏ[1]
॥ ੭੪ ॥
ਯੌਂ ਜਬਿ ਤੁਰਕ ਪਲਾ ਗਏ ਤਬਿ ਤਹਿਂ ਗੁਰੁ ਆਏ।
ਮਰੇ ਸਿੰਘ ਜਹਿਂ ਜੰਗ ਕਰਿ ਚਾਲੀ ਸਮੁਹਾਏ।
ਆਇ ਤਹਾਂ ਗੁਰੁ ਤਿਨੋ ਕੀ ਸਭਿ ਲੋਥ ਨਿਹਾਰੀ[1]।
ਜਿਤਿਕ ਕਦਮ ਬਢ ਜੋ ਲੜਜੋ, ਕਿਯ ਤਿਤਿਕ ਹਜ਼ਾਰੀ[1] ॥ ੭੫ ॥
ਨਿਜ ਰੁਮਾਲ ਕਰ ਸੋਂ[1] ਗੁਰੂ, ਮੁਖ ਝਾੜੇ ਤਾਂ ਕੇ।
ਟੂਟੀ ਸਾਂਠੀ ਜਾਂਹਿ ਨੈ, ਸੋ ਜਿਯਤ ਲਹਾ ਕੇ[1]।
ਤਿਸ ਕੇ ਮੁਖ ਮੈਂ ਗੁਰੂ ਨੈ, ਤਬਿ ਪਾਯੋ ਪਾਨੀ।
ਨੈਨ ਉਘਾਰਿ[1] ਨਿਹਾਰਜੋ, ਤਿਨ ਸਤਿਗੁਰੁ ਗਜਾਨੀ
॥ ੭੬ ॥

[1]ਨੱਸ ਗਿਆ।

[1]ਦੇਖੀਆਂ।

[1]ਜਿੰਨੇ ਕਦਮ ਅੱਗੇ ਵਧ ਕੇ ਜਿਹੜਾ ਲੜਿਆ ਉਸ ਨੂੰ ਓਨੇ ਹਜ਼ਾਰੀ ਦਾ ਖ਼ਿਤਾਬ ਦਿੱਤਾ।

[1]ਆਪਣੇ ਹੱਥ ਦੇਰੁਮਾਲ ਨਾਲ।

[1]ਜਿਸ ਨੇ ਟੁੱਟੀ (ਸਿੱਖੀ) ਗੰਢੀ ਸੀ ਉਸ ਨੂੰ ਜਿਉਂਦਾ ਜਾਣ ਕੇ।

[1]ਖੋਲ੍ਹ ਕੇ।

ਜਖਮ ਤਾਂਹਿ ਕੇ ਤਨ ਵਿਖੈ, ਥੇ ਲਗੇ ਅਪਾਰੇ।
ਪਿਖਿ ਗੁਰੁ ਕਿਰਪਾ ਧਾਰ ਕੈ, ਯੌਂ ਬਚਨ ਉਚਾਰੇ।
ਮੈਂ ਤੁੱਠਾ ਕੁਛ ਮਾਂਗ ਲੈ, ਜੋ ਤੁਮ ਮਨ ਆਵੈ।
ਨਹਿਂ ਅਦੇਯ ਕਿਛ ਤੁਮਹਿ ਤੈ, ਹਮਰੇ ਅਬਿ ਭਾਵੈ
॥ ੭੭ ॥
ਤਬਿ ਤਿਸ ਮਾਹਾਂ ਸਿੰਘ ਨੈ, ਕਰ ਜੋਰਿ ਬਖਾਨਾ।
ਹੇ ਗੁਰੁ ਕਿਰਪਾ ਕਰਤ ਜੇ, ਬਰ ਦੇਤ ਮਹਾਨਾ।
ਤੌ ਤੂਟੀ ਅਬਿ ਮੇਲ ਹੋ, ਤੁਮ ਈਸ ਉਦਾਰੀ।
ਫਿਰ ਪਾਛੇ ਨਹਿਂ ਮਿਲੈਗੀ, ਇਹੁ ਸੰਗਤ ਥਾਰੀ
॥ ੭੮ ॥
ਸ੍ਵੈਯਾ:
ਜੇਤਿਕ ਸਿੰਘ ਮਝੈਲ ਗਏ ਲਿਖਿ,
ਰਾਵਰ ਕੇ ਢਿਗਰਾਵਰ ਸਿੱਖੀ[1]।

[1]ਆਪ ਦੇ ਪਾਸ ਆਪ ਦੀ ਸਿੱਖੀ (ਵੱਲੋਂ ਬੇਦਾਵਾ) ਲਿਖ ਕੇ ਦੇ ਗਏ।

ਜਾਨ ਬਚਾਵਨ ਹੇਤ, ਮਹਾਂ ਮਤਿ
ਮੰਦਨ ਨਾ ਨਿਜ ਮੋਖਦ ਪਿੱਖੀ[1]।

[1](ਸਿੱਖੀ) ਆਪਣੇ ਲਈ ਮੁਕਤੀ ਦੇਣ ਵਾਲੀ।

ਪੁਰਿ ਆਨੰਦ ਮੈਂ ਤਬਿ ਜੰਗ ਵਿਖੈ,
ਅਰ ਫੇਰ ਜੁ ਦੇਸ ਤੈ ਭੇਜਜੋ ਲਿੱਖੀ।
ਸੋ ਅਬਿ ਕਾਗਦ ਫਾਰ ਦਿਜੈ,
ਕ੍ਰਿਪਾ ਕਰੀਏ ਹਮ ਪੈ ਯਹਿ ਤਿੱਖੀ ॥ ੭੯ ॥
ਯੌਂ ਸੁਨ ਕੈ ਗੁਰੁ ਫੇਰ ਕਹਜੋ,
ਯਹਿ ਕਜਾ ਬਰ ਹੈ ਤੁਮਰੇ ਮਨ ਭਾਯੋ।
ਕਾਮ ਤੁਮਾਰੇ ਕਹਾਂ ਯਹਿ ਹੈ,
ਤੁਮ ਮਾਂਗਹੁ ਔਰ ਕਿਛੂ ਸੁਖਦਾਯੋ।
ਕੈ ਲਿਹੁ ਮੋਖ ਕਿ ਰਾਜ ਸੁਰੇਸ਼ੂਰ[1],

[1]ਇੰਦ੍ਰ ਦਾ।

ਕੈ ਧਰ ਕੀ ਪਤਿਸ਼ਾਹਿਤ ਪਾਯੋ।
ਯੌਂ ਸੁਨ ਕੈ ਗੁਰੁ ਤੈ, ਉਰ ਤੈ
ਉਨ ਕੈ ਅਤਿ ਪ੍ਰੇਮ ਇਹੈ ਪੁਨ ਗਾਯੋ[1] ॥ ੮੦ ॥

[1]ਉਸ ਨੇ ਆਪਣੇ ਹਿਰਦਿਓਂ ਬਹੁਤਾ ਪ੍ਰੇਮ ਕਰ ਕੇ ਫੇਰ ਇਉਂ ਕਿਹਾ।

ਹੇ ਗੁਰੁ ਦੀਨ ਦਜਾਲ ਸੁਨੋ,
ਨਹਿਂ ਰਾਜ ਚਹੋਂ ਜੁਗ ਲੋਗਨ ਕੇਰੋ।

ਮੋਖ ਮਿਲੈ ਤੁਮਰੇ ਦਰਸੇ[1],
ਬਿਨ ਹੀ ਅਨੁਜਾਸ[1] ਯਹੀ ਦਿਢ ਮੇਰੋ[2]।
ਔਰ ਨਹੀਂ ਕਿਛੁ ਚਾਹਿਤ ਮੈਂ,
ਬਰ ਦੇਹੁ ਇਹੈ ਜਦਿ ਦੇਵਨ ਟੇਰੋ[1]।
ਯੌਂ ਸੁਨ ਫੇਰ ਸ੍ਰੀ ਮੁਖ ਤੈ ਗੁਰੁ,
ਧੰਨਜ ਕਹਯੋ ਨਿਸਚਾ ਸਿੱਖ ਤੇਰੋ ॥ ੮੧ ॥

[1]ਦਰਸ਼ਨ ਕਰਨ ਨਾਲ।
[1]ਜਤਨ। [2]ਇਹ ਮੇਰਾ ਪੱਕਾ (ਭਰੋਸਾ) ਹੈ।
[1]ਜਦੋਂ ਤੁਸਾਂ ਵਰ ਦੇਣਾ ਕਿਹਾ ਹੈ।

ਚੌਪਈ:

ਤੀਨ ਬਾਰ ਤਿਸ ਕੋ ਗੁਰੁ ਹੋਰਯੋ[1]।
ਸਿਦਕੀ ਸਿੰਘ ਸਿਦਕ ਨਹਿਂ ਛੋਰਯੋ।
ਫਿਰ ਗੁਰੁ ਕਹਯੋ ਧੰਨ ਗੁਰੁ ਸਿੱਖੀ।
ਧੰਨ ਸਿੱਖ ਯਹਿ ਜਿਨ ਭਲ ਪਿੱਖੀ[1] ॥ ੮੨ ॥
ਸਿੱਖੀ ਹਿਤ ਜਿਨ ਰਾਜ ਨ ਚਾਹਯੋ।
ਸਿਦਕ ਔਰ ਉਪਕਾਰ ਨਿਬਾਹਯੋ।
ਜੇਬ ਬੀਚ ਤੈ ਤਬੈ ਨਿਕਾਰਯੋ।
ਕਾਗਦ ਸਨਮੁਖ ਤਾਂ ਕੇ ਫਾਰਯੋ ॥ ੮੩ ॥
ਗੁਰੁ ਤੇ ਵਲੀ[1] ਗੁਰੂ ਕੇ ਸਿਖ ਹੈਂ।
ਫਿਰ ਗੁਰੁ ਕਹਯੋ ਲਏ ਹਮ ਪਿਖ ਹੈਂ।
ਤੂਟੀ ਸਿੱਖੀ ਫੇਰ ਮਿਲਾਈ।
ਪਰਉਪਕਾਰ ਕਰਯੋ ਬਹੁਤਾਈ ॥ ੮੪ ॥
ਤਬਿ ਵਹਿ ਸਿੰਘ ਦੇਹ ਨਿਜ ਛੋਰੀ।
ਗਯੋ ਗੁਰੂ ਕੇ ਲੋਗ ਬਹੋਰੀ।
ਤਾਂ ਕੀ ਦੇਹ ਚਿਤਾ[1] ਮੈਂ ਪਾਏ।
ਦਈ ਆਪ ਗੁਰੁ ਆਗ ਜਗਾਏ ॥ ੮੫ ॥

[1]ਮੋੜਿਆ।
[1]ਜਿਨ੍ਹਾਂ ਨੇ (ਸਭ ਪਦਾਰਥਾਂ ਨਾਲੋਂ) ਸਿੱਖੀ ਹੀ ਚੰਗੀ ਦੇਖੀ ਹੈ।
[1]ਬਲ ਵਾਲੇ।
[1]ਚਿਖ਼ਾ 'ਚ।

ਦੋਹਰਾ:

ਧੰਨ ਭਏ ਵਹਿ ਸਿੰਘ ਸਭਿ,
ਜਿਨ ਕੌ ਸਤਿਗੁਰੁ ਆਪ।
ਦਈ ਆਗ ਨਿਜ ਹਾਥ ਤੇ,
ਏਕ ਚਿਤਾ ਮਹਿ ਥਾਪਿ[1] ॥ ੮੬ ॥
ਕਰਿ ਕੈ ਤਿਨ ਕਾ ਦਾਹੁ[1] ਗੁਰੁ,
ਕਰਯੋ ਬਚਨ ਫਿਰ ਐਸ।

[1]ਰੱਖ ਕੇ।
[1]ਸਸਕਾਰ।

ਯਹਿ ਚਾਲੀ ਮੁਕਤੇ ਭਏ,
ਜਸ ਇਨ ਰਹਿ ਧਰ ਪੈਸ[1] ॥ ੮੭ ॥

[1]ਧਰਤੀ ਉੱਪਰ।

ਇਹਾਂ ਮੁਕਤਿ ਸਰ ਨਾਮ ਅਬਿ,
ਤੀਰਥ ਪ੍ਰਗਟੈ ਸਾਰ।
ਮੱਜਨ ਕਰਿ ਫਲ ਚਾਰ ਲਹਿੰ,
ਤਹਿੰ ਤੈ ਸਭਿ ਨਰ ਨਾਰਿ ॥ ੮੮ ॥
ਸਤ੍ਰਾਂ ਸੈ ਏਕਾਹਟੇ*,

*ਇਹ ਸੰਮਤ ੧੭੬੨ ਬਿ: ਬਣਦਾ ਹੈ। ਕਿਉਂਕਿ ਕਵੀ ਜੀ ਚਮਕੌਰ ਦੀ ਜੰਗ ਦਾ ਸੰਮਤ ੧੭੬੧ ਬਿ: ਦੇ ਆਏ ਹਨ। ਦੇਖੋ ਬਿਸਰਾਮ ੬੪ਵਾਂ ਦਾ ਅੰਕ ਨੰ: ੫੬। ਚੇਤਰ ਤੋਂ ਅਗਲਾ ਸਾਲ ਚਲ ਪੈਂਦਾ ਹੈ। ਮਹਾਨ ਕੋਸ਼ ਦੇ ਕਰਤਾ ਨੇ ਵੀ ਸੰ: ੧੭੬੨ ਬਿ: ਵਿਸਾਖ ਹੀ ਲਿਖਿਆ ਹੈ।

ਦਿਨ ਬੈਸਾਖਨ ਮਾਂਹਿ।
ਜੰਗ ਭਯੋ ਯਹਿ ਕਹਿ ਕਥਾ,
ਧਜਾਇ ਭਯੋ ਇਤਿ ਯਾਹਿ ॥ ੮੯ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਮੁਕਤਿ ਸਰ ਕਾ ਜੰਗ, ਬਰਨਨੰ ਨਾਮ ਸਤਾਹਟਮੋਂ ਬਿਸ੍ਰਾਮ ॥ ੬੭ ॥

੬੮. {ਸ੍ਰੀ ਦਮਦਮੇ ਸਾਹਿਬ ਪਹੁੰਚਣਾ, ਡੱਲੇ ਦਾ ਮਿਲਾਪ, ਬਠਿੰਡਿਓਂ ਦੇਉ ਕੱਢਣਾ, ਸਿੰਘ ਸਜਾਉਣੇ, ਮਹਿਲਾਂ ਦਾ ਆਉਣਾ ਤੇ ਦੱਖਣ ਪ੍ਰਸੰਗ}

ਦੋਹਰਾ:

ਸ੍ਰੀ ਗੁਰੁ ਬੰਦਨ ਤੈ ਮਿਟੈਂ,
ਤੀਨ ਤਾਪ ਭਵ ਸਾਲ[1]।
ਜਸੋਂ ਘਨ ਬਰਸੇ ਮਿਟਤ ਹੈਂ,
ਤਪਤ ਧੂਰਿ ਦੁਰਕਾਲ[1] ॥੧॥
ਗਏ ਦਮਦਮੇ ਜੈਸ ਗੁਰੁ,
ਡੱਲੇ ਸੰਗ ਮਿਲਾਪ।
ਦੇਉ ਬਠਿੰਡੇ ਤੇ ਕਢਜੋ,
ਸਿੰਘ ਕਰੇ ਬਹੁ ਆਪ ॥੨॥
ਮਹਿਲ ਮਿਲੇ ਜਸੋਂ ਗੁਰੂ ਕੇ,
ਫਿਰ ਦੱਖਨ ਪ੍ਰਸੰਗ।
ਇਸ ਅੱਧਜਾਇ ਮੈਂ ਸੋ ਕਥਾ,
ਕਹੋਂ ਜਥਾ ਮਤਿ ਸੰਗ ॥੩॥

[1]ਸੰਸਾਰ ਦਾ ਦੁੱਖ।

[1]ਭੈੜਾ ਸਮਾਂ (ਅੰਨ ਦੀ ਤੋਟ)।

ਤੋਮਰ ਛੰਦ:

ਕਰਿ ਮੁਕਤਿ ਸਰ ਗੁਰੁ ਜੰਗ।
ਫਿਰ ਧਾਰ ਅਧਿਕ ਉਮੰਗ।
ਜੋ ਹੁਤੇ ਸੰਗ ਬਿਰਾਰ।
ਲੈ ਸੈਨ ਸੋਇ ਅਪਾਰ ॥੪॥
ਫਿਰ ਧਸੇ ਮਾਲਵ ਦੇਸ।
ਇਤ ਉਤਹਿ ਬਿਚਰੇ ਬੇਸ[1]।
ਪੁਨ ਦਮਦਮੇ ਗੁਰੁ ਜਾਇ।
ਤਬਿ ਥਿਰੇ ਮਨਿ ਮੁਦ ਪਾਇ ॥੫॥
ਤਹਿਂ ਮਿਲਜੋ ਡੱਲਾਰਾਇ।
ਤਿਨ ਕਰੀ ਸੇਵ ਮਹਾਂਇ[1]।
ਤਿਸ ਦੇਸ ਕੋ ਆਧਾਰ[1]।
ਵਹਿ ਹੁਤੋ ਤਬਿ ਸਰਦਾਰ ॥੬॥
ਤਲਵੰਡੀ ਨਾਮ ਗਰਾਮ।
ਤਹਿਂ ਹੁਤੋ ਤਿਸ ਕਾ ਧਾਮ।

[1]ਚੰਗੀ ਤਰ੍ਹਾਂ।

[1]ਬਹੁਤੀ।

[1]ਆਸਰਾ।

ਗੁਰੁ ਰਖੇ ਤਾਂਹਿ ਟਿਕਾਇ।
ਨੌਂ ਮਾਸ ਲੌ ਮੁਦ ਪਾਇ ॥ ੭ ॥
ਸ੍ਵੈਯਾ:
ਸੰਗਤ ਔਰ ਘਨੀ ਨਿਤ ਆਵਤ,
ਲੈ ਕਰਿ ਭੇਟ ਕਈ ਪਰਕਾਰੇ।
ਦੂਧ ਦਹੀਂ ਘ੍ਰਿਤ[1] ਅੰਨ ਦੁਕੂਲ[2],
ਤੁਰੰਗ ਤੁਰੰਗਨੀ ਚਾਰੁ[1] ਅਪਾਰੇ।
ਲਾਗੜ ਧੇਨ ਪੁਨਾ ਮਹਿਖੀ ਵਰ[1],
ਲੈ ਰਜਤੈਂਪਣ[1] ਔਰ ਦਿਨਾਰੇ[2]।
ਆਯੁਧ ਅੰਬਰ ਤੂਲ[1] ਪਟੰਬਰ[2],
ਔ ਪਸ਼ਮੰਬਰ ਕੰਬਰ ਭਾਰੇ[1] ॥ ੮ ॥
ਆਇਨ ਲੈ ਕਰਿ ਚਾਇਨ ਸੰਗ,
ਉਪਾਇਨ ਦਾਇਨ ਪਾਇਨ ਧੋਰੈਂ[1]।

[1]ਘਿਉ। [2]ਬਸਤ੍ਰ।

[1]ਸੁੰਦਰ ਘੋੜੇ ਤੇ ਘੋੜੀਆਂ।

[1]ਲਵੇਰੀਆਂ ਗਊਆਂ ਤੇ ਚੰਗੀਆਂ ਮੱਝਾਂ।

[1]ਰੁਪਏ। [2]ਮੁਹਰਾਂ।

[1]ਰੂੰ ਦੇ ਬਸਤ੍ਰ। [2]ਰੇਸ਼ਮ ਦੇ ਬਸਤ੍ਰ।

[1]ਪੱਸ਼ਮ ਦੇ ਬਸਤ੍ਰ ਤੇ ਵੱਡੇ ਕੰਬਲ।

[1]ਘਰਾਂ ਤੋਂ ਚਾਵਾਂ ਨਾਲ ਭੇਟਾ ਲੈ ਕੇ ਆਉਂਦੇ ਹਨ ਤੇ ਚਰਨਾਂ {ਧੋਰਾ} ਪਾਸ ਦੇਂਦੇ ਹਨ।

ਪਰਸੈਂ ਪਗ ਆਇ ਸ੍ਰੀ ਗੁਰੁ ਕੋ,
ਦਰਸੈਂ ਹਰਸੈਂ ਸਰਸੈਂ ਸੰਝ ਭੋਰੈਂ[1]।

[1]ਸਵੇਰੇ ਸ਼ਾਮ ਨੂੰ ਆ ਕੇ ਗੁਰਾਂ ਦੇ ਦਰਸ਼ਨ ਕਰਦੇ ਚਰਨ ਛੁੰਹਦੇ ਤੇ ਬਹੁਤ ਪ੍ਰਸੰਨ ਹੁੰਦੇ ਹਨ।

ਪਾਇਨ ਚਾਰ ਪਦਾਰਥ ਬਾਂਛਿਤ,
ਸ੍ਰੀ ਗੁਰੁ ਤੈ ਨਰ ਨਾਰਿ ਕਰੋਰੈਂ।
ਆਇਸ ਆਸਿਖ[1] ਲੈ ਗੁਰੁ ਤੈ ਫਿਰ,
ਜਾਵਨ ਧਾਮਨ ਆਪਨ ਓਰੈਂ ॥ ੯ ॥

[1]ਆਗਿਆ ਤੇ ਅਸੀਸ।

ਯੌਂ ਗੁਰੁ ਕੇ ਢਿਗ ਭੀਰ ਰਹੇ,
ਨਿਤ ਹੀ ਪ੍ਰਤਿ ਸੰਗਤਿ ਕੇਰ ਮਹਾਨੇ।
ਫੇਰ ਸੁਨੋ ਇਕ ਗਾਥ ਭਈ ਜਿਮ,
ਜੱਟਨ ਆਇ ਕਹੀ ਤਿਸ ਥਾਨੇ।
ਬੋਲਤ ਜਾਟ ਬਿਚਾਰ ਬਿਨਾ,
ਯਹਿ ਠੀਕ ਅਹੇ ਮਸਲਾ[1] ਜਗ ਜਾਨੇ।
ਜਾਟਨ ਕੇ ਮੁਖ ਫਾਟਨ ਕੀਨ,
ਕੁਠਾਰ ਕੇ ਸੰਗ ਸੁਨਜੋ ਬਿਧਨਾ ਨੇ[1] ॥ ੧੦ ॥

[1]ਅਖਾਣ।

[1]ਸੁਣਿਆ ਹੈ ਕਿ ਬ੍ਰਹਮਾ ਨੇ ਜੱਟਾਂ ਦੇ ਮੂੰਹ ਕੁਹਾੜੇ ਨਾਲ ਪਾੜੇ ਸਨ।

ਸੋ ਸੁਨ ਲੇਹੁ ਅਬੈ, ਮਲਵੱਈਅਨ

ਜਸੋਂ ਗੁਰੁ ਕੇ ਢਿਗ ਬੈਨ ਉਚਾਰੇ।
ਹੇ ਗੁਰੁ ਜੀ ਤੁਮ ਪੀਰ ਕਹਾਵਤ,
ਯਾ ਜਗ ਮੈਂ ਸ਼ਕਤੀ ਬਹੁ ਵਾਰੇ।
ਸੋ ਹਮ ਕੋ ਦਿਖਰਾਇ ਦਿਜੈ,
ਸ਼ਕਤੀ ਅਪਨੀ ਇਕ ਲਾਇ ਅਪਾਰੇ[1]।

[1]ਆਪਣੀ ਇੱਕ {ਅਪਾਰੇ} ਅਥਾਹ ਸ਼ਕਤੀ ਲਾ ਕੇ ਦਿਖਾ ਦਿਉ।

ਦੇਉ ਬਠਿੰਡੇ ਵਿਖੇ ਰਹਿ ਹੈ ਇਕ
ਕਾਣਾ, ਤਿਸੀ ਸੰਗ ਭੂਤ ਅਪਾਰੇ ॥ ੧੧ ॥
ਜੋ ਹਮ ਅੰਨ ਕਮਾਵਤ ਹੈਂ,
ਵਹਿ ਖਾਵਤ ਹੈਂ ਨਹਿ ਬਰਕਤ ਛਾਡੇਂ।
ਯਾ ਹਿਤ ਮਾਲਵ ਦੇਸ ਵਿਖੈ,
ਦੁਰਭਿੱਖ[1] ਰਹੈ ਪਰਿਓ ਨਿਤ ਠਾਢੇ।

[1]ਕਾਲ੍ਹ, ਭੁੱਖ-ਮਰੀ।

ਲੇਸ ਨ ਪੇਸ਼ ਚਲੈ ਹਮਰੀ,
ਵਹਿ ਦੇਸਹਿਂ ਦੇਤ ਕਲੇਸ ਸੁ ਗਾਢੇ।
ਤਾਂਹਿ ਨਿਕਾਰ ਦਿਜੈ ਸੁਖ ਸਾਰ[1],
ਬਨੈਂ ਤਬਿ ਹੀ ਹਮ ਸਿੱਖ ਤੁਹਾਡੇ ॥ ੧੨ ॥

[1]ਸ੍ਰੇਸ਼ਟ ਸੁਖ ਦਿਉ।

ਯੌਂ ਮਲਵੱਯਨ ਕੇ ਬਹੁ ਬੈਨ,
ਸੁਨੇ ਨਿਸਪਾਪ[1], ਗੁਰੂ ਮੁਸਕਾਏ।
ਡੱਲੇ ਕੋ ਸੰਗ ਲਯੋ ਤਬਿ ਹੀ ਗੁਰੁ,
ਜ਼ਹਿਰ ਬਠਿੰਡੇ ਵਿਖੇ ਚਲਿ ਆਏ।

[1]ਬਹੁਤੇ ਨਿਸਕਪਟ ਬਚਨ ਸੁਣ ਕੇ।

ਦੇਉ ਹਕਾਰ ਲਯੋ[1] ਅਪਨੇ ਢਿਗ,
ਤਾਂ ਪ੍ਰਤਿ ਯੌਂ ਗੁਰੁ ਬੈਨ ਅਲਾਏ।
ਹੋ ਸੁਨ ਦੇਉ ਇਹਾਂ ਬਸਬੋ ਤਜਿ,
ਤੂੰ ਬਸ ਔਰ ਕਿਤੈ ਅਬਿ ਜਾਏ ॥ ੧੩ ॥

[1]ਸੱਦ ਲਿਆ।

ਯੌਂ ਸੁਨ ਦੇਵ ਕਹਯੋ ਕਰ ਜੋਰਿ,
ਸੁਨੋ ਧਰਮਾ ਅਵਤਾਰ ਕਹਾਨੀ।
ਪੂਰਬ ਪਾਪਨ ਕੇ ਬਲ ਤੈ,
ਹਮ ਕੋ ਯਹਿ ਦੇਹ ਮਿਲੀ ਦੁਖ ਖਾਨੀ।
ਬੀਤ ਗਏ ਬਹੁ ਸਾਲ ਇਹਾਂ,
ਹਮ ਕੌ ਬਸਤੇ ਸੁਖ ਸੰਗ ਮਹਾਨੀ।

ਹੈ ਪਰਵਾਰ ਹਮਾਰ ਅਪਾਰ ਇਹਾਂ,
ਅਬਿ ਲੈ ਕਰਿ ਜਾਉਂ ਕਿਦਾਨੀ[1] ॥੧੪॥ [1]ਕਿਵੇਂ। (ਅ) ਕਿੱਥੇ।
ਆਪ ਸਭੀ ਜਨ ਕੇ ਹਿਤਕਾਰਿ[1], [1]ਭਲਾ ਚਾਹੁਣ ਵਾਲੇ।
ਭਏ ਧਰ ਪੈ ਧਰਮਾ ਅਵਤਾਰੀ।
ਨਾਹਕ ਕਜੋਂ ਹਮ ਕੋ ਦੁਖ ਦੇਵਤ,
ਕਜਾ ਹਮ ਨੈ ਤੁਵ ਬਾਤ ਬਿਗਾਰੀ।
ਯੌਂ ਜਬਿ ਦੀਨ ਹ੍ਵੈ ਦੈਂਤ ਕਹਜੋ,
ਸੁਨ ਕੈ ਉਰ ਮੈਂ ਕਰੁਨਾ ਗੁਰੁ ਧਾਰੀ।
ਦੇਵਹਿਂ ਠੌਰ ਤੁਝੈ ਬਸਬੇ ਹਿਤ,
ਯਾਹਿ ਤੈ ਨੀਕ ਸੁਨੋ ਨਿਸਚਾਰੀ[1] ॥੧੫॥ [1]ਹੇਰਾਤ ਨੂੰ ਵਿਚਰਨ ਵਾਲੇ (ਦੇਉ)।
ਜਾਇ ਸਰ੍ਹੰਦ ਵਿਖੈ ਬਸ ਤੂੰ ਅਬਿ,
ਲੈ ਨਿਜ ਸੰਗ ਸਭਿ ਪਰਵਾਰੀ।
ਦੇਸ ਸਰ੍ਹੰਦ ਵਿਸ਼ੇਸ਼ ਜਿਤੋ ਵਹਿ,
ਸੋ ਸਭਿ ਕੀਨ ਜਗੀਰ ਤੁਮਾਰੀ।
ਕੋਈ ਨ ਤੋਹਿ ਨਿਕਾਰ ਸਕੈ ਤਹਿ
ਤੈ, ਯਹਿ ਆਇਸ[1] ਮਾਨ ਹਮਾਰੀ। [1]ਆਗਿਆ।
ਮੋਦ ਭਯੋ ਸੁਨ ਕੈ ਵਹਿ ਦੇਉ,
ਚਲਜੋ ਤਹਿਂ ਕੋ ਤਬਿ ਹੀ ਕਰਿ ਤਜਾਰੀ ॥੧੬॥
ਚਾਲਤ ਹੀ ਸਭਿ ਲੋਗਨ ਕੌ,
ਤਿਸ ਦੇਉ ਮਹਾਂ ਭੁਵਚਾਲ[1] ਜਨਾਯੋ। [1]ਭੁਚਾਲ।
ਤੋਰ ਦਏ ਤਰੁ ਤੁੰਗ[1] ਘਨੇ, [1]ਉੱਚੇ ਦਰੱਖ਼ਤ।
ਧਰ ਧੂਰਿ ਉਡਾਇ ਤੁਫਾਨ ਚਲਾਯੋ।
ਜਾਇ ਮਲੇਰ ਗਰਾਮ, ਕਰਜੋ
ਬਿਸ੍ਰਾਮ ਤਿਸੈ, ਦਿਨ ਏਕ ਸੁਹਾਯੋ[1]। [1]ਚੰਗੀ ਤਰ੍ਹਾਂ।
ਦੂਸਰ ਰੋਜ ਸਰ੍ਹੰਦ ਗਯੋ,
ਬਰ ਪਾਇ ਬਸੈ ਅਬਿ ਲੌ ਤਿਸ ਠਾਯੋ ॥੧੭॥
ਦੋਹਰਾ:
ਜਬਿ ਤੈ ਕਾਣੇ ਦੇਉ ਕੋ,
ਯੌਂ ਗੁਰੁ ਦਯੋ ਨਿਕਾਰ।
ਦੇਸ ਮਾਲਵਾ ਤਬੀ ਤੈ,

ਭਯੋ ਅਵਾਦ ਅਪਾਰ ॥੧੮॥
ਦ੍ਵੈਯਾ ਛੰਦ:
ਫਿਰ ਚੜ੍ਹ ਕਰਿ ਗੁਰੁ ਸ਼ਹਿਰ ਬਠਿੰਡਜੋਂ,
ਤਰਫ ਦਮਦਮੇ ਆਏ।
ਖੋਹੀ[1] ਘਾਸ ਉਲੇਹਾ[2] ਮਗ ਮੈਂ,
ਪੇਖਜੋ ਗੁਰੂ ਮਹਾਂਏ।
ਡੱਲੇਰਾਇ ਪ੍ਰਤੀ ਤਬਿ ਸਤਿਗੁਰੁ,
ਯਾ ਬਿਧਿ ਬਚਨ ਅਲਾਏ।
ਸੁਣ ਹੋ ਡੱਲੇ ਧਾਨ[1] ਕਣਕ ਯਹਿ,
ਪੇਖਿ ਖੜ੍ਹੇ ਸਮੁਦਾਏ ॥੧੯॥
ਡੱਲੇ ਕਹਜੋ ਨਹੀਂ ਗੁਰੁ ਚਾਵਰ,
ਕਣਕ ਆਪ ਜੋ ਭਾਨੇ[1]।
ਯਹਿ ਤੋਂ ਘਾਸ ਉਲੇਹਾ ਖੋਹੀ,
ਛੁੱਦਰ[1] ਖੜ੍ਹੇ ਮਹਾਨੇ।
ਫਿਰ ਗੁਰੁ ਜੰਡ ਕਰੀਰ ਪੇਖਿ ਬਣ[1],
ਯਾ ਬਿਧਿ ਬਚਨ ਉਚਾਰੇ।
ਹੋ ਡੱਲੇ ਯਹਿ ਅੰਬ ਤੂਤ ਪਿਖ,
ਆੜੂ ਖੜ੍ਹੇ ਅਪਾਰੇ ॥੨੦॥
ਡੱਲੇ ਕਹਜੋ ਨਹੀਂ ਯਹਿ ਆੜੂ,
ਅੰਬ ਅਨਾਰ ਮਹਾਨੇ।
ਯਹਿ ਤੋ ਜੰਡ ਕਰੀਰ ਬ੍ਰਿੱਛ ਬਣ,
ਬੇਰੀ ਝਾੜ ਕਿਤਾਨੇ[1]।
ਤੀਨ ਬਾਰ ਗੁਰੁ ਯਹਿ ਬਰ ਦੀਨੋ,
ਡੱਲੇ ਏਕ ਨ ਮਾਨਜੋ।
ਫਿਰ ਸਤਿਗੁਰੁ ਨੈ ਕੋਪ ਹੋਇ ਕਰਿ,
ਯਾ ਬਿਧਿ ਬਚਨ ਬਖਾਨਯੋ ॥੨੧॥
ਅਹੋ ਬਾਇ ਮਾਰੇ[1] ਸੁਣ ਡੱਲੇ,
ਤੈਂ ਮਮ ਬਚਨ ਨ ਮਾਨੇ।
ਮੈਂ ਤੁਝ ਕੋ ਬਰ ਦਏ ਸਾਚ ਹੀ,

[1]ਕਾਹੀ। [2]ਇਕ ਤਰ੍ਹਾਂ ਦਾ ਜੰਗਲੀ ਘਾਹ, ਜਿਸ ਦੇ ਬੀਜ ਉੱਪਰ ਤਿੱਖੇ ਕੰਡੇ ਹੁੰਦੇ ਹਨ, ਜੋ ਛੁਹਣ ਨਾਲ ਚਿੰਬੜ ਜਾਂਦੇ ਹਨ।

[1]ਚੌਲ।

[1]ਕਹੇ ਹਨ।

[1]ਤੁੱਛ (ਨਿਕੰਮਾ ਘਾਹ)।

[1]ਵਣ ਦਾ ਦਰੱਖ਼ਤ।

[1]ਕਿਤਨੇ ਹੀ।

[1]ਹੇ ਸ਼ੁਦਾਈ।

ਤੈਂ ਸਭਿ ਕੂਰ ਪਛਾਨੇ।
ਹਮ ਤੋ ਸਭਿ ਸਰ੍ਹੰਦ ਕੀ ਧਰਤੀ,
ਅੰਬ ਅਨਾਰਨ ਵਾਰੀ।
ਸੋ ਲਗਾਵਣੀ ਇਹਾਂ ਮਥੀ ਥੀ,
ਤੈਂ ਨ ਆਦਰੀ ਚਾਰੀ[1] ॥ ੨੨ ॥

[1]ਤੂੰ ਚੰਗਾ ਆਦਰ ਨਹੀਂ ਕੀਤਾ।

ਅਬਿ ਚਿਰਕਾਲ ਪਾਇ ਕਰਿ ਹ੍ਵੈ ਹੈ,
ਈਹਾਂ ਧਰਤੀ ਸੋਈ।
ਦੇਸ ਮਾਲਵੇ ਚਾਵਰ ਕਣਕਾਂ,
ਅੰਬ ਹੋਇ ਹੈਂ ਜੋਈ[1]।

[1]ਜਿਹੜੇ (ਸਰ੍ਹੰਦ ਵਿੱਚ ਹੁੰਦੇ ਹਨ)।

ਯੌਂ ਬਰ ਬਚਨ ਗਾਇ ਕਰਿ ਸਤਿਗੁਰੁ,
ਔਰ ਖਜਾਲ ਫਿਰ ਲਾਗੇ।
ਸਿੱਖ ਮਾਲਵੇ ਕੇ ਨਿਤ ਗੁਰੁ ਕੋ,
ਸੇਵਤ ਅਧਿਕ ਸਭਾਗੇ ॥ ੨੩ ॥
ਸਾਬੋ ਕੀ ਤਲਵੰਡੀ ਤੈ,
ਇਕ ਕੋਸਕ ਭਰ ਪਰ ਬਾਹਰ।
ਰਚਜੋ ਮੁਕਾਨ ਬਿਸਦ ਵਰ ਚਾਰੂ[1],
ਰਹੈਂ ਗੁਰੂ ਤਹਿ ਜ਼ਾਹਰ।

[1]ਚੰਗਾ ਚਿੱਟਾ ਤੇ ਸੁੰਦਰ।

ਸਾਏਬਾਨ[1] ਕਨਾਤਾਂ ਖੇਮੇ[2],
ਤਹਿਂ ਠਾਂ ਲਗੇ ਅਪਾਰੇ।
ਲਾਵਤ ਤਹਾਂ ਦਿਵਾਨ ਗੁਰੂ ਨਿਤ,
ਬੈਠਤ ਸਭਾ ਮਝਾਰੇ ॥ ੨੪ ॥

[1]ਵੱਡੀਆਂ ਚਾਨਣੀਆਂ। [2]ਤੰਬੂ।

ਤਹਾਂ ਜੰਗ ਕਾ ਕਮਰ ਕਸਾ ਗੁਰੁ
ਖੋਲਜੋ, ਦਮ ਬਹੁ ਲੀਓ।
ਯਾਹੀ ਤੈ ਵਹਿ ਨਾਮ ਜਗ੍ਹਾ ਕਾ,
ਬਿਦਤ ਦਮਦਮਾ ਥੀਓ।
ਦੇਸ ਬਿਦੇਸਨ ਮਾਂਹਿ ਗੁਰੂ ਕੀ,
ਖਬਰ ਭਈ ਸਭਿ ਠੌਰੈਂ।
ਸੰਗਤ ਦਰਸ਼ਨ ਹਿਤ ਨਿਤ ਆਵਤ,
ਭੇਟ ਚਢਾਵਤ ਗੌਰੈਂ ॥ ੨੫ ॥
ਦੋਹਰਾ:

ਇਕ ਦਿਨ ਬੈਠੇ ਸਤਿਗੁਰੂ,
ਕਾਨੇ ਘੜਿ ਘੜਿ ਨੀਕ।
ਡਾਲਹਿਂ ਬੀਚ ਤਲਾਵ ਕੇ,
ਧਰਿ ਅਨੰਦ ਉਰਿ ਠੀਕ ॥ ੨੬ ॥

ਚੌਪਈ:

ਡੱਲੇ ਅਰਜ਼ ਕਰੀ ਪਿਖ ਯੌਹੈਂ।
ਕਲਮਾਂ ਡਾਰਨ ਕਾਰਨ ਕੋ ਹੈ।
ਬਚਨ ਕਰਜੋ ਡੱਲੈ ਪ੍ਰਤਿ ਤੈਹੈ[1]।
ਇਹਾਂ ਗੁਰੂ ਕੀ ਕਾਂਸ਼ੀ ਥੈਹੈ[1] ॥ ੨੭ ॥
ਨੌਮ ਗੁਰੂ ਜੋ ਬਰ ਦੈ ਗਏ।
ਬੈਲਨ ਸਮ ਜਨ ਇਹਾਂ ਪਢਏਂ[1]।
ਹਾਥ ਜੋਰਿ ਸੰਗਤ ਫਿਰ ਕਹਾ।
ਪਾਂਚ ਚਿਹਨ[1] ਕਾਂਸ਼ੀ ਮੈਂ ਤਹਾਂ ॥ ੨੮ ॥
ਅੰਨ ਪੂਰਣਾ[1], ਨਾਥ ਬਿਸ਼ੇਸ਼ੂਰ[2]।
ਮਨੀ ਕਰਨਕਾ[1], ਸੁਰਸੁਰਿ ਏਸ਼ੂਰ[2]।
ਕੋਵਿਦ ਸੰਨਜ਼ਾਸੀ ਹੈਂ[1] ਵਹਾਂ।
ਮੁਕਤਿ ਦਾਇ ਪਾਵਨ ਪੁਰਿ ਮਹਾਂ ॥ ੨੯ ॥
ਯਹਿ ਸੁਨਿ ਸਤਿਗੁਰੁ ਬਚਨ ਵਖਾਨੋ।
ਬਿਸ਼ਵ ਨਾਥ ਦਰਵਾਰ ਪਛਾਨੋ[1]।
ਮਨੀ-ਕਰਨਕਾ ਗੁਰੁ ਸਰ ਥੈਹੈ[1]।
ਨਾਮ ਧਾਰ, ਸਮ ਗੰਗ ਵਗੈ ਹੈ[1] ॥ ੩੦ ॥
ਅੰਨ ਪੂਰਣਾ ਦੇਗ ਗੁਰੂ ਕੀ[1]।
ਕੋਵਿਦ ਥੌਹੈਂ ਸਿੰਘ ਸੁਰੂ ਕੀ[1]।

[1]ਉਸ ਥਾਂ। (ਅ) ਤਦੋਂ।

[1]ਹੋਵੇਗੀ।

[1]ਪੜ੍ਹਨਗੇ।

[1]ਨਿਸ਼ਾਨੀਆਂ।

[1]ਹਿੰਦੂ ਮਤ ਦੀ ਮੰਨੀ ਇਕ ਦੇਵੀ ਜੋ ਅੰਨ ਨਾਲ ਸੇਵਕਾਂ ਦੇ ਘਰ ਭਰਦੀ ਹੈ, ਇਸ ਦਾ ਪ੍ਰਸਿੱਧ ਮੰਦਰ ਕਾਂਸ਼ੀ ਵਿੱਚ ਹੈ। [2]ਵਿਸ਼ੇਸ਼ਰ ਨਾਥ ਦਾ ਪ੍ਰਸਿੱਧ ਮੰਦਰ ਜਿਸ ਨੂੰ ਔਰੰਗਜ਼ੇਬ ਨੇ ਤੋੜ ਕੇ ਮਸੀਤ ਬਣਵਾਈ ਸੀ ਜੋ ਹੁਣ ਤੱਕ ਹੈ।

[1]ਵਿਸ਼ਨੂੰ ਦੀ ਤਪੱਸਿਆ ਤੋਂ ਅਸਚਰਜ ਹੋ ਕੇ ਸ਼ਿਵ ਨੇ ਕਈ ਵਾਰ ਸਿਰ ਹਿਲਾਇਆ ਜਿਸ ਕਰ ਕੇ ਉਸ ਦੇ ਕੰਨ ਦਾ ਜੜਾਊ ਕੁੰਡਲ ਡਿੱਗ ਪਿਆ। ਜਿਸ ਥਾਂ ਡਿੱਗਾ ਉਸ ਥਾਂ ਦਾ ਨਾਮ ਮਣੀ ਕਰਣਿਕਾ ਤੀਰਥ ਪ੍ਰਸਿੱਧ ਹੈ। [2]{ਏਸ਼ੂਰ} ਸ਼ਿਵ (ਦੀਆਂ ਜਟਾਂ 'ਚੋਂ ਨਿਕਲੀ) {ਸੁਰਸੁਰਿ} ਗੰਗਾ।

[1]ਵਿਦਵਾਨ ਤੇ ਸੰਨਿਆਸੀ।

[1]ਦਰਬਾਰ ਸਾਹਿਬ (ਗੁਰਦੁਆਰੇ) ਨੂੰ ਵਿਸ਼ਵ ਨਾਥ ਦਾ ਮੰਦਰ ਜਾਣੋ।

[1]ਮਣਿ ਕਰਣਿਕਾ ਤੀਰਥ ਵਾਂਗ ਗੁਰਾਂ ਦਾ ਸਰੋਵਰ ਹੋਵੇਗਾ (ਜੋ ਹੁਣ ਬਣਿਆ ਹੋਇਆ ਹੈ)।

[1]ਗੰਗਾ ਵਾਂਗ ਨਾਮ ਦੀ ਧਾਰਾ ਵਗੇਗੀ।

[1]ਅੰਨ ਪੂਰਨਾ ਦੇਵੀ ਦੇ ਮੰਦਰ ਵਾਂਗ ਗੁਰਾਂ ਦਾ ਲੰਗਰ ਚੱਲੇਗਾ।

[1]ਸ਼ੁਰੂ ਤੋਂ ਸਿੰਘ ਹੀ ਵਿਦਵਾਨ ਹੋਣਗੇ।

ਤਪੀ ਜਪੀ ਤਜਾਗੀ ਸਿੱਖ ਜੇਈ।
ਥੈ ਹੈਂ ਇਹਾਂ ਸੰਨਜਾਸੀ ਤੇਈ[1] ॥ ੩੧ ॥

[1]ਉਹ।

ਮੁਕਤੀ ਪੈ ਹੈਂ, ਭੁਗਤਿ ਨ ਮਿਲ ਹੈ[1]।
ਭੋਜਨ ਨਹਿ ਅਘਾਇ ਸਦ ਗਿਲ ਹੈਂ[1]।

[1]ਪਦਾਰਥਾਂ 'ਚ ਨਹੀਂ ਮਿਲਣਗੇ ਭਾਵ ਖੱਚਤ ਨਹੀਂ ਹੋਣਗੇ।
[1]ਹਮੇਸ਼ਾਂ ਭੋਜਨ ਬਹੁਤਾਰੱਜ ਕੇ ਨਹੀਂ ਖਾਣਗੇ।

ਗੁਰੁ ਕੀ ਕਾਂਸ਼ੀ ਇਹੈ ਉਦਾਰੀ।
ਨਿਰਗੁਨ ਤੀਰਥ[1] ਹ੍ਵੈ ਇਹੁ ਭਾਰੀ ॥ ੩੨ ॥

[1]ਨਿਰਗੁਣ ਬ੍ਰਹਮ ਦੀ ਪ੍ਰਾਪਤੀ ਕਰਾਉਣ ਵਾਲਾ ਤੀਰਥ ਹੋਵੇਗਾ।

ਇਤਜਾਦਿਕ ਬਰ ਦੈ ਗੁਰੁ ਭਾਰੇ।
ਲਗੇ ਖਜਾਲ ਪੁਨ ਔਰ ਉਦਾਰੇ।
ਮੇਲਾ ਬੈਸਾਖੀ ਕਾ ਲਾਯੋ।
ਟਿੱਬੀ ਕਰਯੋ ਮਹੱਲਾ ਭਾਯੋ[1] ॥ ੩੩ ॥

[1]ਟਿੱਬੀ ਸਾਹਿਬ ਮਨ ਭਾਉਂਦਾ {ਮਹੱਲਾ} ਜਲੂਸ ਕੱਢਿਆ।

ਬੈਠ ਤਹਾਂ ਸੰਗਤ ਕੋ ਦਰਸ਼ਨ।
ਦੀਨੋ, ਕੀਨੋ ਉੱਤਰ ਪਰਸ਼ਨ।
ਕਰਜੋ ਨਿਹਾਲ ਸੰਗਤਾਂ ਤਾਂਈਂ।
ਫੇਰ ਦਮਦਮੇ ਅਏ ਗੁਸਾਂਈਂ ॥ ੩੪ ॥

ਦੋਹਰਾ:
ਗੁਰੂ ਮਾਲਵੇ ਮੈਂ ਥਿਰੇ,
ਸਾਰ ਪਾਇ ਇਹ ਸਾਰ[1]।

[1]ਇਹ ਚੰਗੀ ਖ਼ਬਰ ਸੁਣਕੇ।

ਮਹਿਲ ਗੁਰੂ ਕੇ ਸਹਿਲ ਹੀ[1],
ਮਿਲੇ ਆਇ ਮੁਦ ਧਾਰਿ ॥ ੩੫ ॥

[1]ਸੁਖਾਲੇ ਹੀ।

ਦ੍ਵੈਯਾ ਛੰਦ:
ਮਾਤ ਸੁੰਦ੍ਰੀ ਸਾਹਿਬ ਦੇਵੀ,
ਮਹਿਲ ਗੁਰੂ ਕੇ ਦੋਊ।
ਦਿੱਲੀ ਕੀ ਸੰਗਤ ਲੈ ਤਬਿ ਹੀ,
ਆਏ ਗੁਰੁ ਢਿਗ ਸੋਊ।
ਦਰਸਜੋ ਆਇ ਜਗਤ ਗੁਰੁ ਨਿਜ ਪਤਿ,
ਰਹੀਂ ਚਰਨ ਲਪਟਾਈ।
ਨਿਜ ਪੁੱਤ੍ਰਨ ਕੀ ਔਰ ਸਾਸ ਕੀ,
ਸਾਰ[1] ਸਭੀ ਜਬਿ ਪਾਈ ॥ ੩੬ ॥

[1]ਖ਼ਬਰ।

ਲਗੀਂ ਅਧਿਕ ਬਿਰਲਾਪ ਕਰਨ ਤਬਿ,

ਕਰੁਨਾ ਰਸ ਬਹੁ ਛਾਯੋ।
ਸਾਸੁ ਸੁਤਨ ਕੋ ਯਾਦ ਕਰੇ ਕਰਿ,
ਨੈਨਨਿ ਨੀਰ ਬਹਾਯੋ।
ਜੇਤਿਕ ਸਿੱਖ ਤਬੈ ਥੇ ਗੁਰੁ ਢਿਗ,
ਸੰਗਤ ਸਭਿ ਨਰ ਨਾਰੀ।
ਸੁਨ ਕਰਿ ਰੁਦਨ[1] ਮਾਤ ਕਾ ਸਭਿ ਹੀ,
ਬਿਹਬਲ ਭਏ ਅਪਾਰੀ ॥ ੩੭ ॥
ਹੇ ਅਜੀਤ ਸਿੰਘ ਜੋਰਾਵਰ ਹਰਿ*,

[1]ਰੋਣਾ।

*ਸਾਹਿਬਜ਼ਾਦਿਆਂ ਦੇ ਨਾਵਾਂ ਦੀ ਤਰਤੀਬ ਵਿੱਚ ਜੁਝਾਰ ਸਿੰਘ ਜੀ ਦੂਜੇ ਨੰਬਰ 'ਤੇ ਅਤੇ ਜੋਰਾਵਰ ਸਿੰਘ ਜੀ ਤੀਜੇ ਨੰਬਰ 'ਤੇ ਆਉਂਦੇ ਹਨ।

ਹੇ ਜੁਝਾਰ ਮ੍ਰਿਗੇਸੂ।
ਹੇ ਸੁਤ ਫਤੇ ਸਿੰਘ ਕਯਾ ਤੁਮਾਰਾ,
ਹਮ ਕੋ ਮਿਲਜੋ ਸੰਦੇਸੂ[1]।
ਹੇ ਮਾਤਾ ਗੁਜਰੀ, ਕਯਾ ਗੁਜਰੀ[1],
ਤੁਮ ਸੋਂ ਬਾਤ ਕਹਿਰ ਕੀ।
ਸ਼ੀਰ-ਖੋਰ ਮ੍ਰਿਦ ਗਾਤ ਸੁਤਨ ਸੋਂ,
ਤੁਰਕਨ ਕੀਨ ਕਹਿਰ ਕੀ[1] ॥ ੩੮ ॥

[1]ਸੁਨੇਹਾ।

[1]ਬੀਤੀ।

[1]ਦੁੱਧ ਪੀਂਦੇ, ਕੋਮਲ ਸ਼ਰੀਰਾਂ ਵਾਲੇ ਪੁੱਤਰਾਂ ਨਾਲ ਤੁਰਕਾਂ ਨੇ ਕੀ ਜ਼ੁਲਮ (ਦੀ ਗੱਲ) ਕੀਤੀ।

ਹੇ ਸਾਸੂ ਤੂੰ ਪਹੁੰਚੀ ਗੁਰੁ ਪੁਰਿ,
ਲੈ ਸੰਗੇ ਨਿਜ ਨਾਤੀ[1]।
ਹਮ ਕੋ ਕਾਹਿ ਤਜਜੋ ਤੁਮ ਈਹਾਂ,
ਪਰੀ ਦੁਖੀ ਬਿਲਲਾਂਤੀ।
ਯਾ ਬਿਧਿ ਗੁਰੁ ਘਰਨੀ[1] ਘਿਰਨਾ[2] ਕਰਿ,
ਕਰਤ ਕੀਰਨੇ ਭਾਰੀ।
ਚਹੁੰ ਦਿਸ ਕਰੁਨਾਰਸ ਅਤਿ ਛਾਯੋ,
ਰੁਦਨ ਕਰਤ ਨਰ ਨਾਰੀ* ॥ ੩੯ ॥

[1]ਪੋਤੇ।

[1]ਗੁਰਾਂ ਦੇ ਮਹਿਲ। [2]ਗਿਲਾਨੀ।

*ਦੇਖੋ ਬਿਸ੍ਰਾਮ ੨੮ ਦੇ ਅੰਕ ਨੰ: ੮੭ ਦੇ * ਨਿਸ਼ਾਨ ਹੇਠਲੀ ਪੈਰ ਟੂਕ।

ਕਰ ਪੰਕਜ ਪਰ ਧਰਿ ਵਰ ਮੁਖ ਸਸਿ,
ਸੋਚਤ ਸੋਚ ਬਿਮੋਚਨ[1]।

[1]ਸੋਚਾਂ ਨੂੰ ਕੱਟਣ ਵਾਲੇ (ਸਤਿਗੁਰੂ ਕਲਗੀਧਰ ਜੀ ਆਪਣੇ) ਕੰਵਲ ਵਰਗੇ ਹੱਥ ਉੱਤੇ ਚੰਦ੍ਰਮਾ ਵਰਗਾ ਸ੍ਰੇਸ਼ਟ ਮੁੱਖ ਰਖ ਕੇ ਸੋਚਦੇ ਹਨ।

ਸਤਿਗੁਰੁ ਨਰ ਲੀਲਾ ਕੇ ਕਾਰਨ,

ਲੋਚਨ ਤੈ ਜਲ ਮੋਚਨ[1]। [1]ਨੇਤ੍ਰਾਂ 'ਚੋਂ ਜਲ ਛਡਦੇ ਹਨ।
ਤਬਿ ਸਿੱਖਨ ਕਰ ਜੋਰਿ ਉਚਾਰਜੋ,
ਹੇ ਸਤਿਗੁਰੁ ਵਰ ਗਜਾਨੀ।
ਹਮ ਕੋ ਨਿੱਤ ਆਪ ਉਪਦੇਸ਼ਤ,
ਸਭਿ ਜਗ ਸ੍ਵਪਨ ਸਮਾਨੀ ॥੪੦॥
ਤਾਂ ਤੇ ਆਪ ਕਾਂਹਿ ਹਿਤ[1] ਡਾਰਤ, [1]ਕਿਸ ਵਾਸਤੇ।
ਅਬਿ ਨੈਨਨ ਤੈ ਪਾਨੀ।
ਯੌਂ ਸੁਨਿ ਸਿੱਖਨ ਕੀ ਗੁਰੂ ਬਾਨੀ,
ਯੌਂ ਫਿਰ ਆਪ ਬਖਾਨੀ।
ਏਕ ਬੇਲ ਤੈ ਦਲ[1] ਤੁੜਵਾ ਕਰਿ, [1]ਪੱਤਾ।
ਕਹਜੋ ਗੁਰੂ ਯਹਿ ਪੇਖੋ।
ਜਬਿ ਜੜ੍ਹ ਤੈ ਜਲ ਟਪਕ ਪਰਜੋ[1], [1]ਨਿਕਲ ਪਿਆ ਹੈ।
ਤਬਿ ਚੇਤਨ ਕਾ ਕਜਾ ਲੇਖੋ ॥੪੧॥
ਪੁਨ ਗੁਰੁ ਸਭ ਕੋ ਧੀਰਜ ਦੀਨਾ,
ਕਰੁਨਾਰਸ ਹਟਵਾਯੋ।
ਗਾਥਾ ਅਨਿਕ ਭਾਂਤਿ ਕੀ ਕਹਿ ਕਰਿ,
ਖਜਾਲ ਔਰ ਦਿਸ ਲਾਯੋ।
ਤਬਿ ਗੁਰੁ ਢਿਗ ਬਹੁ ਸੰਗਤਿ ਆਈ,
ਦੇਸ ਮਾਲਵੇ ਕੇਰੀ।
ਦੇਵਨ ਲਗੇ ਗੁਰੂ ਫਿਰ ਸਭਿ ਕੋ,
ਪਾਹੁਲ ਖੰਡੇ ਕੇਰੀ ॥੪੨॥
ਭਾਈ ਭਗਤੂ ਕੇ ਤਬਿ ਨਾਤੀ[1], [1]ਪੋਤੇ।
ਪ੍ਰਥਮੈਂ ਸਿੰਘ ਸਜਾਏ।
ਤਖਤੂ, ਬਖਤੂ ਸਿੰਘ ਰਾਮ ਸਿੰਘ,
ਫਤੇ ਸਿੰਘ ਬਿਦਤਾਏ।
ਭਾਈ ਰੂਪੇ ਕੇ ਜੁਗ ਨਾਤੀ,
ਧਰਮ ਧਰਮ ਸਿੰਘ ਜਾਨੋ।
ਰਾਮਾ ਔਰ ਤਿਲੋਕਾ ਆਦਿਕ,
ਏਹ ਫੂਲ ਕੇ ਮਾਨੋ ॥੪੩॥
ਪੁਨ ਡੱਲੇ ਕੋ ਸੁਧਾ[1] ਛਕਾਯੋ, [1]ਅੰਮ੍ਰਿਤ।

ਸੰਗ ਤਾਂਹਿ ਪਰਵਾਰੂ।
ਸੋਢੀ ਕੋਠੇ ਵਾਰਨ ਕੋ ਫਿਰ,
ਸਿੰਘ ਸਜਾਯੋ ਚਾਰੂ।
ਔਰ ਹਜਾਰਹੁਂ ਸਿੱਖਨਿ ਕੋ ਗੁਰੁ,
ਖੰਡੇ ਪਾਹੁਲ ਦੀਨੀ।
ਤਿਸੀ ਠੌਰ ਕੀ ਔਰ ਤੌਰ[1] ਇਕ,
ਕਥਾ ਸੁਨੋ ਅਬਿ ਝੀਨੀ[1] ॥ ੪੪ ॥

[1]ਢੰਗ ਦੀ।
[1]ਬਰੀਕ ਭਾਵ ਗੁਹਜ।

ਦੋਹਰਾ:
ਆਨੰਦ ਪੁਰਿ ਮੈਂ ਏਕ ਬਿਰ,
ਗੁਰੂ ਕਰਜੋ ਥਾ ਖਜਾਲ।
ਪੰਚਮ ਗੁਰੁ ਕੇ ਹਾਥ ਕਾ,
ਗ੍ਰੰਥ ਜੁ ਆਹਿ ਬਿਸਾਲ ॥ ੪੫ ॥
ਦਰਸ਼ਨ ਕਰੀਏ ਤਾਂਹਿ ਕਾ,
ਆਨੰਦ ਪੁਰਿ ਮੰਗਵਾਇ।
ਪੁਨ ਤਿਸ ਪਰ ਤੈ ਗ੍ਰੰਥ ਇਕ,
ਰਾਖੈਂ ਔਰ ਲਿਖਾਇ ॥ ੪੬ ॥
ਯਹਿ ਵਿਚਾਰ ਕਰਿ ਗੁਰੂ ਨੈ,
ਸਿੱਖ ਪਠੇ ਨਿਜ ਖਾਸ।
ਜਬਿ ਵਹਿ ਪੁਰਿ ਕਰਤਾਰ ਮੈਂ,
ਗਏ ਧੀਰ-ਮੱਲ ਪਾਸ ॥ ੪੭ ॥
ਅਰਜ ਕਰੀ ਬਹੁ ਲਰਜ਼ ਕਰਿ[1],
ਗਰਜ਼ ਮਰਜ਼ ਨਿਜ ਭਾਇ[1]।
ਧੀਰ ਮੱਲ ਅਲਗਰਜ ਹ੍ਵੈ[1],
ਬੋਲਜੋ ਤਰਜ ਦਬਾਇ[1] ॥ ੪੮ ॥

[1]ਕੰਬ ਕੇ।
[1]ਆਪਣੀ {ਮਰਜ} ਪਵਿੱਤ੍ਰ {ਗਰਜ਼} ਇੱਛਾ ਵਾਸਤੇ।
[1]ਬੇਪ੍ਰਵਾਹ ਹੋ ਕੇ।
[1]ਤਾੜ ਕੇ ਤੇ ਦਬਾ ਕੇ।

ਚੌਪਈ:
ਗੁਰੂ ਸਦੈ ਹੈਂ ਪੰਥ ਚਲੈ ਹੈਂ।
ਗ੍ਰੰਥ ਆਪਨੋ ਕਜੋਂ ਨ ਰਚੈਹੈਂ?।
ਜਿਨ ਗੁਰੂਅਨ ਕਾ ਹੈ ਯਹਿ ਗ੍ਰੰਥ।
ਵਹਿ ਤੋ ਛੋਰ ਦਯੋ ਇਨਿ ਪੰਥ ॥ ੪੯ ॥
ਨਯੋ ਪੰਥ ਜਜੋਂ ਲਯੋ ਚਲਾਏ।

ਨਯੋ ਗ੍ਰੰਥ ਤਜੋਂ ਲੈਂਹ ਬਨਾਏ।
ਪਰ ਹਮ ਤਿਸ ਕੋ ਤਬਿ ਗੁਰੁ ਜਾਨੈ।
ਪੰਚਮ ਗੁਰੁ ਸਮ ਬਾਨਿ ਬਖਾਨੈ[1] ॥ ੫੦ ॥

[1]ਬਾਣੀ ਉਚਾਰਨ ਕਰਨ।

ਆਦਿ ਗ੍ਰੰਥ ਕੇ ਸਮ ਹ੍ਵੈ ਬਾਨੀ।
ਨਾਹਿਂ ਬਿਲੱਖਨ[1] ਕਥੈਂ ਕਹਾਨੀ।

[1]ਵੱਖਰੀ।

ਧੀਰ ਮੱਲ ਇਤਜਾਦਿਕ ਬਾਤੈਂ।
ਮਤਸਰ[1] ਧਰਿ ਜੋ ਕਹੀ ਬਖਜਾਤੈਂ ॥ ੫੧ ॥

[1]ਈਰਖਾ।

ਗ੍ਰੰਥ ਨ ਦਯੋ ਸਿੱਖ ਹਟ ਆਏ।
ਗੁਰੁ ਢਿਗ ਸਭਿ ਬ੍ਰਿਤੰਤ ਸੁਨਾਏ।
ਸੁਨ ਕਰਿ ਗੁਰੁ ਵਹਿ ਉਰਿ ਧਰਿ ਰਾਖੀ।
ਧੀਰ ਮੱਲ ਜੋ ਬਾਨੀ ਭਾਖੀ ॥ ੫੨ ॥
ਨਹਿਂ ਅਵਕਾਸ਼[1] ਰਚਾਨੇ ਕੇਰਾ।

[1]ਵਿਹਲ।

ਮਿਲਿਓ ਥਾ, ਬਹੁ ਬਢਜੋ ਬਖੇਰਾ।
ਅਬਿ ਅਵਕਾਸ਼ ਪਾਇ ਗੁਰੁ ਗਜਾਨੀ।
ਗ੍ਰੰਥ ਰਚਨ ਕੀ ਤਜਾਰੀ ਠਾਨੀ ॥ ੫੩ ॥
ਜੋ ਜੰਗਲ ਮੰਗਲ ਪਰ ਦਾਈ[1]।

[1]ਵਿਸ਼ੇਸ਼ ਖ਼ੁਸ਼ੀਆਂ ਦੇਣ ਵਾਲਾ।

ਅਬਿ ਦਰਵਾਰ ਉਦਾਰ ਜਹਾਂ-ਈ।
ਤੰਬੂ ਤਹਾਂ ਕਨਾਤ ਲਗਾਈ।
ਭੀਤਰ ਬੈਠੇ ਆਪ ਗੁਸਾਂਈਂ ॥ ੫੪ ॥
ਮਨੀ ਸਿੰਘ ਕੋ ਲਿਖਨ ਬਿਠਾਯੋ।
ਨਿਤ ਦੁਇ ਪਹਿਰ ਸੰਕੇਤ[1] ਠਰਾਯੋ।

[1]ਨੇਮ।

ਸਤਿਗੁਰੁ ਗਏ ਉਚਾਰਤ ਜੈਸੇ।
ਬਾਨੀ ਲਿਖੀ ਸਿੱਖ ਤਿਹ ਤੈਸੇ[1] ॥ ੫੫ ॥

[1]ਤਿਸ ਸਿੱਖ (ਭਾਈ ਮਨੀ) ਨੇ ਉਵੇਂ ਲਿਖੀ।

ਪੂਰਨ ਤੂਰਨ ਕਈ ਮਾਸ ਮੈਂ[1]।

[1]ਕਈ ਮਹੀਨਿਆਂ ਵਿੱਚ ਛੇਤੀ ਸੰਪੂਰਨ ਕੀਤਾ।

ਆਦਿ ਗ੍ਰੰਥ ਕਿਯ ਤਜਾਰ ਤਾਸ ਮੈਂ[1] ॥ ੫੬ ॥

[1]ਉਸ (ਸਮੇਂ) ਵਿੱਚ।

ਦੋਹਰਾ:
ਬੀੜ ਆਦਿ ਗੁਰੁ ਗ੍ਰੰਥ ਕੀ,
ਨਈ ਕਰੀ ਯੌਂ ਤਜਾਰ।
ਯਾਂਹੀ ਤੇ ਕਹਿਲਾਤ ਵਹਿ,
ਬੀੜ ਦਮਦਮੇ ਵਾਰ ॥ ੫੭ ॥

ਆਦਿ ਗ੍ਰੰਥ ਕੀ ਬੀੜ ਯਹਿ,
ਦਸਮ ਗੁਰੂ ਜੋ ਕੀਨ।
ਪੰਚਮ ਗੁਰੁ ਕੇ ਕਥਨ ਤੇ,
ਫਰਕ ਜਰਾਰਖ ਲੀਨ ॥ ੫੮ ॥
ਪਾਠ ਵਹੀ ਹੈ ਅਰਥ ਵਹਿ,
ਪਰਤ ਨ ਭੇਦ ਪਛਾਨ।
ਕਿਤਿਕ ਬਰਣ[1] ਕਾ ਫਰਕ ਹੈ*,

[1]ਅੱਖਰ। *ਲਿਖਾਰੀਆਂ ਦੀਆਂ ਉਕਾਈਆਂ ਨਾਲ ਤਾਂ ਭਾਵੇਂ ਕੁਝ ਅੱਖਰਾਂ ਦਾ ਫ਼ਰਕ ਪੈ ਗਿਆ ਹੋਵੇ। ਉਂਵ ਵਾਸਤਵ ਵਿੱਚ ਕੋਈ ਫ਼ਰਕ ਨਹੀਂ ਹੈ।

ਜਾਨਤ ਸਿੱਖ ਮਹਾਂਨ ॥ ੫੯ ॥
ਇਸੀ ਗ੍ਰੰਥ ਪਰ ਤੈ ਪੁਨਾ,
ਲਿਖੇ ਗਏ ਬਹੁ ਗ੍ਰੰਥ।
ਪਰ ਦੋਨੋ ਕੋ ਏਕ ਸਮ,
ਮਾਨਤ ਪੂਜਤ ਪੰਥ ॥ ੬੦ ॥
ਹੁਤੋ ਬ੍ਰਿੱਧ ਦਲ ਮੈਂ[1] ਵਹੀ,

[1]ਬੁੱਢੇ ਦਲ ਵਿੱਚ।

ਗ੍ਰੰਥ ਦਸਮ ਗੁਰੁ ਕੇਰ।
ਸ਼ਾਹਿ ਦੁਰਾਨੀ ਸੰਗ ਜਬਿ,
ਮਾਚਜੋ ਜੰਗ ਬਧੇਰ ॥ ੬੧ ॥
ਮੌਜੇ ਕੁਤਬਾ ਬਾਮਣੀ
ਨਿਕਟਿ[1], ਗ੍ਰੰਥ ਪੁਨ ਸੋਇ।

[1]ਕੁਤਬਾ ਬਾਮਣੀ {ਮੌਜ਼ੇ} ਪਿੰਡ ਕੋਲ।

ਭਯੋ ਲੋਪ ਨਹਿਂ ਕਿਨ ਲਖਜੋ,
ਕਹਾਂ ਲੈ ਗਯੋ ਕੋਇ ॥ ੬੨ ॥
ਬਹੁ ਬ੍ਰਿਧਨ ਤੈ ਯੌਂ ਸੁਨਜੋ,
ਲੂਟ ਲੈ ਗਯੋ ਸ਼ਾਹਿ।
ਕਾਬਲ ਕੀ ਧ੍ਰਮ ਸਾਲ ਮੈਂ*,

*ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਦੇ ਪੰਨਾ ੧੩੦੭ ਤੇ * ਨਿਸ਼ਾਨ ਦੀ ਪੈਰ ਟੂਕ 'ਚ ਲਿਖਿਆ ਹੈ ਕਿ 'ਅਸੀਂ ਗੌਰਮਿੰਟ ਦੀ ਮਾਰਫ਼ਤ ਪਤਾ ਨਿਰਣਾ ਕਰ ਲੀਤਾ ਹੈ ਕਿ ਕਾਬਲ ਵਿੱਚ ਇਹ ਜਿਲਦ ਨਹੀਂ ਹੈ।'

ਅਹੇ ਗ੍ਰੰਥ ਅਬਿ ਵਾਹਿ ॥ ੬੩ ॥
ਕੇਚਿਤ ਕਹਿ ਹੈਂ ਗ੍ਰੰਥ ਵਹਿ,
ਪਟਨੇ ਸਾਹਿਬ ਆਹਿ।

ਉਭੈ ਠੌਰ ਹੀ ਪੂਜੀਅਤ,
ਮਾਨਤ ਸਿੱਖ ਮਹਾਂਹਿ ॥ ੬੪ ॥
ਦੀਪ ਸਿੰਘ ਸ਼ਾਹੀਦ ਜਬਿ,
ਥਿਰਜੋ ਦਮਦਮੇ ਜਾਇ।
ਆਦਿ ਗ੍ਰੰਥ ਤਿਨ ਔਰ ਇਕ,
ਬੰਨੋਂ ਬੀੜ ਲਹਾਇ ॥ ੬੫ ॥
ਪੁਰਿ ਕਰਤਾਰ ਲਿਜਾਇ ਕੈ,
ਸੋਧਜੋ ਭਲੇ ਬਨਾਇ।
ਅਪਨੀ ਤਰਫੋਂ ਫਰਕ ਉਨ,
ਰਹਿਨੇ ਦਯੋ ਨ ਕਾਇ ॥ ੬੬ ॥
ਤਿਸ ਪਰ ਤੈ ਫਿਰ ਚਾਰ ਉਨ,
ਗ੍ਰੰਥ ਲਿਖਾਏ ਔਰ।
ਇਕ ਹਜ਼ੂਰ ਸਾਹਿਬ ਪਠਜੋ,
ਦੁਤੀਆ ਪਟਨੇ ਗੌਰ ॥ ੬੭ ॥
ਤੀਸਰ ਅੰਮ੍ਰਿਤਸਰ ਥਪਜੋ,
ਹਰਿ ਮੰਦਰ ਮੈਂ ਚਾਹਿ।
ਪਹਿਲੇ ਪੋਥੀ ਖੁਲਤ ਥੀ
ਪੰਜ ਗ੍ਰੰਥਿ ਤਹਾਂਹਿ ॥ ੬੮ ॥
ਚਤੂਥ ਰਾਖਜੋ ਦਮਦਮੇ,
ਅਬਿ ਲੌ ਜੋ ਤਹਿਂ ਠੌਰ।
ਇਨ ਗ੍ਰੰਥਨ ਪਰ ਤੈ,
ਲਿਖੇ ਗਏ ਗ੍ਰੰਥ ਔਰ ॥ ੬੯ ॥
ਆਦਿ ਗ੍ਰੰਥਨ ਕੀ ਕਥਾ ਕਥੀ,
ਸੁਨੀ ਹਮ ਜੈਸ।
ਜਥਾ ਦਸਮ ਗੁਰੁ ਗ੍ਰੰਥ ਭਾ,
ਤਥਾ ਸੁਨੋ ਅਬਿ ਤੈਸ ॥ ੭੦ ॥

ਚੌਪਈ:

ਨਿਜ ਬਾਨੀ ਗੁਰੁ ਦਸਮ ਜੁਰਰੀ[1]।
ਸਰਸ ਸੁਜਾਤਿ ਸੁਬ੍ਰਿੱਤਨ ਜਰੀ[1]।

[1]ਉਚਾਰੀ।

[1]ਕਾਵਿ ਦੇ ਨੌਂਰਸਾਂ ਸਹਿਤ ਅਤ {ਸੁਜਾਤਿ} ਚੰਗੀ ਕਿਸਮ ਦੇ ਸੁਬ੍ਰਿਤਨਿ ਚੰਗੇ ਛੰਦਾਂ ਨਾਲ ਜੜੀ ਹੋਈ ਹੈ।

ਜਮਕ[1] ਦਮਕ[2] ਭੂਸ਼ਨ ਯੁਤ ਭੂਸ਼ਤ[3]।

[1]ਯਮਕ, ਇਕ ਸ਼ਬਦਾਲੰਕਾਰ, ਜਿਸ ਵਿੱਚ ਇੱਕੋ ਸ਼ਬਦ ਅਨੇਕ ਵਾਰ ਆਵੇ ਪਦ ਅਰਥ ਜੁਦਾ ਜੁਦਾ ਹੋਵੇ। [2]ਚਮਕ। [3]ਅਲੰਕਾਰਾਂ ਸਹਿਤ ਸਜੀ ਹੋਈ ਹੈ।

ਕਾਬਜ ਕੋਸ਼ ਅਨੁਸਾਰ ਅਦੂਸ਼ਤ[1] ॥ ੭੧ ॥

[1]ਦੋਸ਼-ਰਹਿਤ।

ਬਜੰਗ[1] ਲੱਛਨਾ[2] ਧੁਨੀ[3] ਅਪਾਰੇ।

[1]{ਵਜੰਗ}ਰਮਜ਼ ਨਾਲ ਜਾਨਣ ਯੋਗ ਅਰਥ। [2]ਸ਼ਬਦ ਦੀ ਉਹ ਸ਼ਕਤੀ ਜਿਸ ਰਾਹੀਂ ਸਾਧਾਰਨ (ਆਮ) ਅਰਥ ਤੋਂ ਵੱਖਰਾ ਵਾਸਤਵ ਅਰਥ ਅਤੇ ਭਾਵ ਪ੍ਰਗਟ ਹੋਵੇ। [3]ਕਾਵਿ ਅਨੁਸਾਰ ਗੂਢ ਅਰਥ ਦਾ ਭਾਵ ਜੋ ਅੱਖਰਾਂ ਦੇ ਅਰਥ ਤੋਂ ਭਿੰਨ ਵਜੰਜਨਾ-ਸ਼ਕਤੀ ਦੁਆਰਾ ਪ੍ਰਗਟ ਹੋਵੇ, ਸ਼ਬਦ ਤੋਂ ਅਰਥ, ਅਰਥ ਤੋਂ ਵਜੰਗ ਤੇ ਵਜੰਗ ਤੋਂ ਧੁਨੀ ਹੋਇਆ ਕਰਦੀ ਹੈ।

ਉਕਤਿ[1] ਜੁਕਤਿ[2] ਰਸ ਰਾਸਿ ਉਦਾਰੇ[3]।

[1]ਕਥਨ, ਬਿਆਨ। [2]ਯੁਕਤਿ- ਇਕ ਅਰਥਾਲੰਕਾਰ, ਚਤੁਰਾਈ ਦੀ ਕ੍ਰਿਆ ਨਾਲ ਮਨ ਦਾ ਭਾਵ ਪ੍ਰਗਟ ਕਰਨਾ ਜਾਂ ਛੁਪਾਣਾ। (ਅ) ਕਿਸੇ ਗੱਲ ਨੂੰ ਦਲੀਲ ਨਾਲ ਖੰਡਨ ਮੰਡਨ ਕਰਨਾ। [3]ਕਵਿਤਾ ਦੇ ਸਾਰੇ ਸ੍ਰੇਸ਼ਟ (ਨੌਂ) ਰਸ। {ਰਸ-ਕਾਵਿ ਅਨੁਸਾਰ ਮਨ ਵਿੱਚ ਉਤਪੰਨ ਹੋਣ ਵਾਲਾ ਉਹ ਭਾਵ ਜੋ ਕਾਵਿ ਪੜ੍ਹਨ ਸੁਣਨ ਜਾਂ ਨਾਟਕ ਆਦਿ ਦੇਖਣ ਤੋਂ ਪੈਦਾ ਹੁੰਦਾ ਹੈ।}

ਦਸਮ ਗੁਰੂ ਕੇ ਗ੍ਰੰਥ ਮਝਾਰੀ।
ਵਹਿ ਬਾਨੀ ਹੈ ਲੇਹੁ ਨਿਹਾਰੀ ॥ ੭੨ ॥
ਕਵੀ, ਗੁਰੂ ਢਿਗ ਹੁਤੇ ਬਵੰਜਾ।
ਰਹਿਤੇ ਬਾਨੀ ਰਚਿਤ ਅਭੰਜਾ[1]।

[1]ਲਗਾਤਾਰ।

ਗ੍ਰੰਥ ਗੁਰੂ ਥੇ ਬਹੁ ਬਨਵਾਏ।
ਜਾਨੌਂ ਜਿਤਿਕ ਨਾਮ ਦਿਹੁੰ ਗਾਏ ॥ ੭੩ ॥
ਪਰਬ ਅਠਾਰਾਂ ਭਾਰਥ ਕੇਰੇ[1]।

[1]ਮਹਾਂ ਭਾਰਤ ਗ੍ਰੰਥ ਦੇ ੧੮ ਗ੍ਰੰਥ ਦੇ ੧੮ ਪਰਬ (ਭਾਗ, ਹਿੱਸੇ)।

ਭਾਖਾ ਕਰੇ ਗੁਰੂ ਬਿਨੁ ਦੇਰੇ।
ਤਿਨ ਮੈਂ ਸੇ ਹੈਂ ਦਸ ਪ੍ਰਸਿੱਧੈਂ[1]।

[1]ਮਸ਼ਹੂਰ।

ਆਠ ਲੋਪ ਹੋਏ ਕਿਸਿ ਬਿੱਧੈਂ ॥ ੭੪ ॥
ਜੋ ਪਟਲੇਸ਼ੂਰ ਅਬਿ ਬਨਵਾਏ।
ਕਰੇ ਅਠਾਰਾਂ ਪੂਰੇ ਸਾਏ[1]।

[1]ਉਹ।

ਪੁਨ ਗੁਰੁ 'ਸਰਬ ਲੋਹ' ਇਕ ਕਥਾ[1]।

[1]ਉਚਾਰਿਆ।

ਪ੍ਰੇਮ ਸੁਮਾਰਗ ਔਰੈਂ ਤਥਾ[1] ॥ ੭੫ ॥

[1]ਤਿਵੇਂ (ਇੱਕ) ਹੋਰ।

ਨੀਤੀ ਸਾਗਰ ਥਾ ਪ੍ਰਕਾਸ਼ਾ।
ਉਪਨਿਸ਼ਦਾਂ ਕੀਨੀ ਥੀਂ ਭਾਸ਼ਾ।

ਗੋਬਿੰਦ ਗੀਤਾ ਔਰ ਪ੍ਰਭਾਖੀ[1]। [1]ਹੋਰ ਉਚਾਰੀ ਸੀ।
ਯਹਿ ਸਭਿ ਸੁਨੀ ਵਡਨ ਤੈ ਸਾਖੀ ॥ ੭੬ ॥
ਗੁਰੁ ਕੇ ਰਚੇ ਸਿੱਖ ਬਹੁ ਭਾਨੈਂ[1]। [1]ਕਹਿੰਦੇ ਹਨ।
ਸਾਚ ਝੂਠ ਸਭਿ ਗੁਰੁ ਹੀ ਜਾਨੈ।
ਇਤਜਾਦਿਕ ਬਹੁ ਗ੍ਰੰਥ ਰਚਾਏ।
ਥੇ ਸਤਿਗੁਰੁ, ਹਮ ਸੁਨਜੋ ਮਹਾਂਏ[1] ॥ ੭੭ ॥ [1]ਅਸਾਂ ਬਹੁਤਿਆਂ ਤੋਂ ਸੁਣਿਆ ਹੈ।
ਆਨੰਦ ਪੁਰਿ ਤੇ ਨਿਕਸੇ ਜਬੈ।
ਲੂਟੇ ਗਏ ਰੋਪੜ ਢਿਗ ਤਬੈ।
ਕੁਛ ਪਹਾੜੀਅਨ ਕੇ ਕਰ ਆਏ।
ਕੁਛ ਤੁਰਕਨ ਲੈ ਨਦੀ ਬਹਾਏ[1] ॥ ੭੮ ॥ [1]ਰੋੜ੍ਹ ਦਿੱਤੇ।
ਜੋ ਕਿਤ ਕਿਤ ਸਿੱਖਨ ਕੇ ਪਾਸੈਂ।
ਰਹਿ ਗੇ ਥੇ ਪਿਖੀਅਤ ਸੋ ਖਾਸੈਂ[1]। [1]ਉਹ ਖ਼ਾਸ (ਥਾਵਾਂ ਵਿੱਚ ਹੀ) ਦੇਖੀਦੇ ਹਨ।
ਵਹਿ ਪੁਸਤਕ ਫਿਰ ਕਰਿ ਇਕ ਠੌਰੈਂ।
ਬੀੜ ਮਨੀ ਸਿੰਘ ਬਾਂਧੀ ਗੌਰੈਂ ॥ ੭੯ ॥
ਜੋ ਅਬਿ ਗ੍ਰੰਥ ਦਸਮ ਗੁਰੁ ਕੇਰਾ।
ਕਹਿਲਾਵਤ ਮਧ ਪੰਥ ਉਚੇਰਾ।
ਸਤ੍ਰਾਂ ਸੈ ਅਠੱਤ੍ਰੇ ਸਾਲੈਂ।
ਰਚੀ ਬੀੜ ਇਸ ਕੇਰ ਬਿਸਾਲੈਂ ॥ ੮੦ ॥
ਤਾਂ ਕਾ ਭੋਗ ਹਕਾਯਤ ਪਰ ਹੈ।
ਜਾਨਤ ਸਿੱਖ ਗੁਰੂ ਕੇ ਬਰ[1] ਹੈਂ। [1]ਸ੍ਰੇਸ਼ਟ।
ਮਨੀ ਸਿੰਘ ਕੇ ਕਤਲ ਬਾਦ ਫਿਰ।
ਗ੍ਰੰਥ ਭਯੋ ਵਹਿ ਲੋਪ ਕਿਸੈ ਧਿਰ[1] ॥ ੮੧ ॥ [1]ਕਿਸ ਤਰਫ਼।
ਯਾਂ ਤੈ ਦੀਪ ਸਿੰਘ ਸ਼ਾਹੀਦੈਂ।
ਦੁਤੀ ਬੀੜ ਪੁਨ ਰਚੀ ਮਹੀਦੈਂ[1]। [1]ਵੱਡੀ।
ਆਠਾਰਾਂ ਸੈ ਚਾਰ ਮਝਾਰੇ।
ਅੰਤ ਕਬਿੱਤ ਸਫੋਟਕ ਧਾਰੇ[1] ॥ ੮੨ ॥ [1]ਅੰਤ ਵਿੱਚ ਸਫੋਟਕ ਕਬਿੱਤਰੱਖੇ।
ਛੱਕੇ ਆਦਿਕ ਬਾਨੀ ਔਰੈਂ।
ਲਿਖੀ ਤਾਂਹਿ ਤਿਸ ਮਾਂਹਿ ਸਗੌਰੈਂ[1]। [1]ਧਿਆਨ ਨਾਲ।
ਤੀਸਰ ਬੀੜ ਔਰ ਭੀ ਆਹੀ।
ਪਟਨੇ ਸੁੱਖਾ ਸਿੰਘ ਰਚਾਹੀ ॥ ੮੩ ॥

ਛੱਕੇ ਔਰ ਸੁਖਮਨਾ ਚਾਰੂ।
ਅੰਕ-ਪਲੀ[1] ਲੌ ਕਥਾ ਅਪਾਰੂ।

[1]ਜਿਸ ਵਰਣ ਮਾਲਾ ਵਿੱਚ ਅੱਖਰਾਂ ਦੀ ਥਾਂ ਅੰਕ (ਹਿੰਦਸੇ) ਵਰਤੇ ਜਾਣ।

ਲਿਖੇ ਕਬਿੱਤ ਸਫੁਟਕ ਅਪਾਰੇ।
ਜੋ ਹਮ ਔਰ ਨ ਕਹੀਂ ਨਿਹਾਰੇ ॥੬੪॥
ਪੁਨ ਉਨ ਹੱਥ ਟਿਕਾਯੋ ਐਸੇ।
ਦਸਮ ਗੁਰੂ ਕੇ ਦਸਤਖਤ ਜੈਸੇ।
ਬਲਿਕੈ ਔਰ ਗ੍ਰੰਥਨ ਮਾਹੂੰ।
ਕਰੇ ਦਸਤਖਤ ਵੈਸੇ ਤਾਹੂੰ ॥੬੫॥
ਔਰ ਗ੍ਰੰਥ ਇਕ ਤਿਸ ਹੀ ਕੇਰਾ।
ਲਿਖਜੋ ਸ਼ਹਿਰ ਪਟਜਾਲੇ ਹੇਰਾ।
ਪਾਂਚ ਪੱਤ੍ਰੇ ਤਾਂ ਮੈਂ ਪਾਏ।
ਅੱਖਰ ਸਮ ਗੁਰੁ ਦਸਮ ਬਨਾਏ ॥੬੬॥
ਬਾਵਾ ਹਾਕਮ ਸਿੰਘ ਥਾ ਲਜਾਯੋ।
ਐਸੇ ਔਰ ਠੌਰ ਬਹੁ ਥਾਯੋ।
ਅੱਖਰ ਹੁਕਮ ਨਾਮਿਓਂ ਪਰ ਹੈਂ।
ਗੁਰੁ ਸਮ ਲਏ ਬਨਾਵਟਿ ਕਰਿ ਹੈਂ ॥੬੭॥
ਇਕ ਮੰਗਲ ਪ੍ਰਕਾਸ਼ ਉਚਾਰੋ।
ਬੁਧਿ ਪ੍ਰਕਾਸ, ਅੰਮ੍ਰਿਤ ਬਿਧਿ ਸਾਰੋ ॥੬੮॥
ਦੋਹਰਾ:
ਦਸਮ ਗੁਰੂ ਕੇ ਗ੍ਰੰਥ ਕੀ,
ਤੀਨ ਬੀੜ ਤ੍ਰੈ ਭਾਂਤਿ।
ਪ੍ਰਗਟ ਸਬਿ ਠਾਂ ਪੇਖੀਅਤ,
ਅਬਿ ਜਗ ਮੈਂ ਬਖਜਾਤ ॥੬੯॥
ਯਹਿ ਤੋ ਗਾਥਾ ਬੀਚ ਮੈਂ,
ਦਈ ਔਰ ਹੀ ਗਾਇ।
ਅਬਿ ਸੁਨੀਏ ਪ੍ਰਸੰਗ ਕੀ,
ਗਾਥਾ ਸੁਖਦ ਸੁਹਾਇ ॥੭੦॥
ਰਹੇ ਦਸਮ ਗੁਰੁ ਦਮਦਮੇ,
ਨੌ ਦਿਨ ਅਰ ਨੌ ਮਾਸ।

ਲਿਖਨ ਪਢਨ ਕੀ ਰੀਤਿ ਸਭਿ,
ਤਹਾਂ ਚਲਾਈ ਖਾਸ ॥ ੯੧ ॥
ਕਾਂਸ਼ੀ ਸਮ ਗੁਰੁ ਦਮਦਮਾ,
ਕਰ ਕੇ ਪਰਗਟ ਠੀਕ।
ਫਿਰ ਚਲਿ ਦੱਖਨ ਦਿਸਾ ਕੋ,
ਪਹੁੰਚੇ ਸਰਸੇ ਠੀਕ ॥ ੯੨ ॥
ਦ੍ਵੈਯਾ ਛੰਦ:
ਤਹਿਂ ਤੈ ਆਗੇ ਚਲ ਕਰਿ ਸਤਿਗੁਰੁ,
ਨੌਹਰ ਸ਼ਹਰ ਪਧਾਰੇ।
ਗ੍ਰਾਮ ਸਹੇਵੇ ਬਸ ਕਰਿ ਆਗੇ,
ਪੁਸ਼ਕਰਰਾਜ ਨਿਹਾਰੇ।
ਸਿੰਘ ਬਹੁਤ ਤਬਿ ਸੰਗ ਗੁਰੂ ਕਾ,
ਤਜ ਕਰਿ ਪੀਛੇ ਆਏ।
ਸਿਦਕੀ ਚਾਰ ਪਾਂਚ ਸੈ ਸਿੰਘ ਸਭਿ,
ਗੁਰੁ ਕੇ ਪਾਸਰਹਾਏ ॥ ੯੩ ॥
ਪੁਨ ਗੁਰੁ ਨਗਰ[1] ਨਰੈਣੇ ਪਹੁੰਚੇ, [1]ਸ਼ਹਿਰ।
ਜਹਿਂ ਹੈ ਦਾਦੂ ਦ੍ਵਾਰਾ।
ਥਾ ਮਹੰਤ ਤਬਿ ਜੈਤਰਾਮ ਤਿਹ,
ਮਿਲਜੋ ਆਇ ਮੁਦ ਧਾਰਾ।
ਤਿਸ ਨੇ ਕਹਜੋ ਗੁਰੂ ਕੋ ਨਿਉਤਾ,
ਤਾਂ ਪ੍ਰਤਿ ਗੁਰੂ ਉਚਾਰੀ।
ਜੁਰਰੇ[1] ਬਾਜ ਲਗਰ ਮਮ ਸੰਗੇ, [1]ਬਾਜ਼ ਦੀ ਕਿਸਮ ਦੇ ਸ਼ਿਕਾਰੀ ਪੰਛੀ।
ਹੈਂ ਸਭਿ ਮਾਸ ਅਹਾਰੀ ॥ ੯੪ ॥
ਜੈਤਰਾਮ ਫਿਰ ਹਾਥ ਜੋਰ ਕਰਿ,
ਯਾ ਬਿਧ ਬਚਨ ਉਚਾਰੇ।
ਮੋਠ ਬਾਜਰੀ ਆਜ ਹਮਾਰੀ,
ਛਕ ਹੈਂ ਬਾਜ ਤੁਮਾਰੇ।
ਤਬੈ ਮਹੰਤ ਜਮਾਰੀ[1] ਲੈ ਕਰਿ, [1]ਜਵਾਰ।
ਬਾਜਨਿ ਆਗੇ ਪਾਈ।
ਆਗਜਾ ਮਾਨ ਸਾਧ ਕੀ ਬਾਜਨਿ,

ਚੁਗੀ ਜਿਤਿਕ ਮਨਿ ਭਾਈ ॥ ੯੫ ॥
ਬਿਸਮੈਂ ਭਏ ਸਿੰਘ ਸਭਿ ਪਿਖ ਕਰਿ,
ਗੁਰੂ ਭਏ ਮੁਦ ਭਾਰੀ।
ਜੈਤਰਾਮ ਕੀ ਰਸਤ ਲਈ ਤਬਿ,
ਭੋਜਨ ਭਯੋ ਤਯਾਰੀ।
ਸੈਨ ਸਮੇਤ ਸਤਿਗੁਰੂ ਭੋਜਨ,
ਪਾਯੋ ਮਨ ਮੁਦ ਭਰ ਕੈ।
ਸੰਤਨ ਸੋਂ ਹਰਿ ਚਰਚਾ ਕਰਿ ਕਿਛੁ,
ਚਲੇ ਕੂਚ ਫਿਰ ਕਰਿ ਕੈ ॥ ੧੬ ॥
ਜਿਸ ਜਿਸ ਸ਼ਹਰ ਨਗਰ ਗੁਰੁ ਜਾਵੈਂ,
ਪੁਰਿ ਜਨ ਮਿਲ ਕਰਿ ਸਭਿ ਹੀ।
ਲੈ ਕਰਿ ਭੇਟਾ ਆਇ ਅਗਾਰੀ,
ਮਿਲੈਂ ਗੁਰੂ ਕੌ ਤਬਿ ਹੀ।
ਸ਼ਹਰ ਬਘੌਰ ਨਾਮ ਤਬਿ ਆਯੋ,
ਤਹਾਂ ਸਿਵਰ[1] ਗੁਰੁ ਕੀਨਾ। [1]ਡੇਰਾ।
ਕੇਤਿਕ ਦਿਵਸ ਮੁਕਾਮ ਤਹਾਂ ਗੁਰੁ,
ਰਾਖਜੋ ਮੁਦ ਧਰਿ ਪੀਨਾ ॥ ੯੭ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਦਮਦਮੇ ਸਾਹਿਬਰਹਿ ਕਰਿ, ਦੱਖਣ ਜਾਣੇ ਕਾ ਪ੍ਰਸੰਗ', ਬਰਨਨੰ ਨਾਮ ਅਠਾਹਟਮੋਂ ਬਿਸ੍ਰਾਮ ॥ ੯੮ ॥

੬੯. {ਔਰੰਗੇ ਦੀ ਮੌਤ, ਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਪਾਤਸ਼ਾਹੀ ਦਿਵਾਉਣੀ}

ਦੋਹਰਾ:

ਦੁੰਦ ਬੰਦਿ ਕਰ ਬੰਦ ਕਰਿ,
ਗੁਰੁ ਅੰਗਦ ਪਦ ਕੰਜ[1]।

[1]ਸ੍ਰੀ ਗੁਰੂ ਅੰਗਦ ਦੇਵ ਜੀ (ਮਹਾਰਾਜ) ਦੇ ਚਰਨਾਂ ਕੰਵਲਾਂ ਉੱਪਰ, ਹੱਥ ਜੋੜ ਕੇ ਨਮਸਕਾਰ ਕਰਦਾ ਹਾਂ।

ਦਸਮ ਗੁਰੂ ਕੀ ਗਾਥ ਅਬਿ,
ਸੁਨੋ ਅਗਾਰੀ ਮੰਜ[1] ॥ ੧ ॥

[1]ਉੱਜਲ।

ਔਰੰਗੇ ਕਾ ਮਰਨ, ਪੁਨ
ਤਾਰਾ ਆਜ਼ਮ ਕੇਰ।
ਭਯੋ ਬਹਾਦਰ ਸ਼ਾਹ ਜਸੋਂ
ਸ਼ਾਹ, ਕਹੋਂ ਸਭਿ ਟੇਰਿ[1] ॥ ੨ ॥

[1]ਉਚਾਰ ਕੇ।

ਜਬਿ ਗੁਰੁ ਦੀਨੇ ਨਗਰ ਤੇ,
ਦਯਾ ਸਿੰਘ ਕੇ ਹੱਥ।
ਲਿਖਿ ਹਕਾਯਤਾ[1] ਪਠੀ ਥੀਂ,

[1](ਫ਼ਾਰਸੀ ਬੋਲੀ 'ਚ ਲਿਖਿਆ ਜ਼ਫ਼ਰਨਾਮਾ ਤੇ ਗਿਆਰਾਂ) {ਹਕਾਯਤਾਂ} ਕਹਾਣੀਆਂ।

ਔਰੰਗੇ ਢਿਗ ਤੱਥ[1] ॥ ੩ ॥

[1]ਤਿਸ ਥਾਂ ਤੋਂ।

ਪਹੁੰਚ ਨੁਰੰਗਾਬਾਦ ਮੈਂ,
ਬਾਦਸ਼ਾਹਿ ਢਿਗ ਜਾਇ।
ਦਯੋ ਜ਼ਫਰ ਨਾਮਾ ਜਬੈ,
ਪਢਿ ਨੌਰੰਗ ਬਿਸਮਾਇ ॥ ੪ ॥
ਕਹਯੋ ਜੁਲਮ ਨਾਹੱਕ[1] ਭਯੋ,
ਪੀਰ ਹਿੰਦੁ ਕੇ ਸਾਥ।

[1]ਬਿਨਾਂ ਮਤਲਬ, ਐਵੇਂ।

ਹੈਂ ਆਲਮ[1] ਆਮਲ[2] ਵਹੇ,
ਆਰਫ[1] ਅਜ਼ਮਤ ਨਾਥ[2] ॥ ੫ ॥

[1]ਵਿਦਵਾਨ। [2]ਕਰਣੀ ਵਾਲੇ।
[1]ਆਤਮ ਗਿਆਨੀ। [2]ਕਰਾਮਾਤ ਦੇ ਮਾਲਕ।

ਯਹਿ ਲਿਖ ਪਠਯੋ ਤਬੈ ਹੀ,
ਨਾਜ਼ਮ[1] ਸਰਹੰਦ ਤਾਂਇਂ।
ਤੁਮ ਨ ਗੁਰੂ ਕੋ ਕਿਛੁ ਕਹੋ,
ਚਹਿ ਜਹਿ ਰਹੈਂ ਤਹਾਂਇ[1] ॥ ੬ ॥

[1]ਸੂਬੇ।
[1]ਜਿਸ ਜਗ੍ਹਾਰਹਿਣਾ ਚਾਹੁਣ ਉੱਥੇ ਹੀ (ਰਹਿਣ ਦਿਉ)।

ਇਕ ਮੁਰਾਸਲਾ[1] ਗੁਰੂ ਕੋ,
ਲਿਖਯੋ ਐਸ ਪਤਿਸ਼ਾਹਿ।
ਤੁਮ ਦਰਸ਼ਨ ਮੁਝ ਕੋ ਦਿਵੋ,

[1]ਖ਼ਤ।

ਲਿਹੁ ਇਨਸਾਫ ਜੁ ਚਾਹਿ ॥ ੭ ॥
ਇਹੁ ਪਰਵਾਨਾ ਦਮਦਮੇ
ਪਹੁੰਚਜੋ ਜਬਿ ਗੁਰੁ ਪਾਸ।
ਯਾਂਹੀ ਤੈ ਦੱਖਨ ਦਿਸਾ,
ਚਾਲੇ ਥੇ ਗੁਰੁ ਖਾਸ[1] ॥ ੮ ॥
ਉਤ ਔਰੰਗ ਕੋ ਦਮੇ ਕਾ,
ਰੋਗ ਹੁਤੋ ਅਤਿ ਭਾਰ।
ਗੁਰੁ ਕਾ ਲਿਖਜਾ ਪਢਿਤ ਹੀ,
ਅਤਿਸੈ ਭਯੋ ਲਚਾਰ ॥ ੯ ॥
ਆਖਰ ਮ੍ਰਿਤੁ[1] ਕੇ ਮੁਖ ਪਰਜੋ,
ਜਰਿਓ ਦੋਜ਼ਖ ਮਾਂਹਿ।
ਜੈਸ ਕਰਜੋ ਤੈਸਾ ਭਰਜੋ,
ਮਰਜੋ ਮਹਾਂ ਦੁਖ ਪਾਹਿ ॥ ੧੦ ॥
ਯਹੀ ਖਬਰ ਗੁਰੁ ਢਿਗ ਪੁਜੀ,
ਜਬਿ ਹੀ ਸ਼ਹਰ ਬਘੌਰ।
ਸੁਨਿ ਗੁਰੁ ਠਹਿਰੇ ਤਹਾਂ ਹੀ,
ਕਥਾ ਸੁਨੋ ਅਬਿ ਔਰ ॥ ੧੧ ॥
ਤੀਨ ਪੂਤ ਪੀਛੇ ਰਹੇ,
ਔਰੰਗੇ ਕੇ ਜਾਨ।
ਕਾਮ ਬਖਸ਼, ਆਜ਼ਮ ਦੁਤੀ,
ਤ੍ਰਿਤੀ ਮੁਅੱਜ਼ਮ ਮਾਨ ॥ ੧੨ ॥
ਲਲਿਤ ਛੰਦ:
ਤਾਰਾ ਆਜ਼ਮ ਕਾਮ ਬਖਸ਼ ਇਹੁ,
ਮਿਲ ਗਏ ਦੋਨੋ ਹੱਠੀ।
ਕਈ ਲਾਖ ਉਨ ਸੈਨ ਇਕੱਠੀ,
ਜੰਗ ਹੇਤ ਬਹੁ ਠੱਟੀ[1]।
ਸ਼ਾਹਿ ਬਹਾਦਰ ਸੁਨ ਕੈ, ਲਸ਼ਕਰ
ਆਜ਼ਮ ਆਜ਼ਮ ਕੇਰਾ[1]।
ਸੋਚ ਕਰਨ ਲਾਗਜੋ ਦੁਖ ਪਾਗਯੋ,
ਬਜਾਕੁਲ ਹੋਇ ਬਧੇਰਾ ॥ ੧੩ ॥

[1]ਆਪ।
[1]ਮੌਤ।
[1]ਕੀਤੀ।
[1]ਤਾਰਾ ਆਜ਼ਮ ਦਾ {ਆਜ਼ਮ} ਵੱਡਾ ਲਸ਼ਕਰ।

ਨਿਜ ਬਜ਼ੀਰ ਮੀਰ ਮੁਨਸ਼ੀ ਢਿਗ,
ਬਾਤ ਏਹੁ ਜਬਿ ਟੇਰੀ।
ਕਹਯੋ ਲੇਵਨੀ ਮੱਦਤ ਚਹੀਏ,
ਪੀਰ ਫਕੀਰਨ ਕੇਰੀ।
ਔਰ ਬਹਾਦਰ ਕੌਮ ਸਖਸ਼ ਜੋ ਹ੍ਵੈ,
ਤਿਸ ਕੋ ਬੁਲਵੱਈਏ।
ਨੰਦ ਲਾਲ ਥਾ ਗੁਰੁ ਸਿਖ ਸਿਦਕੀ,
ਮੁਨਸ਼ੀ ਸ਼ਾਹੀ ਤੱਹੀਏ[1] ॥ ੧੪ ॥

[1]ਉੱਥੇ ਸ਼ਾਹੀ ਮੁਨਸ਼ੀ ਸੀ।

ਹਾਥ ਜੋਰਿ ਤਿਨ ਅਰਜ਼ ਗੁਜ਼ਾਰੀ,
ਹੈ ਗੁਰੁ ਦਸਮਾਂ ਐਸਾ।
ਜੀਵਤ ਪੀਰ ਅਹੇ ਪੁਰ ਅਜ਼ਮਤ[1],
ਸੁਭਟ ਅਤੀ ਹੈ ਤੈਸਾ।

[1]ਜਿਉਂਦਾ ਪੀਰ ਹੈ, ਕਰਾਮਾਤ ਨਾਲ ਭਰਿਆ ਹੋਇਆ ਹੈ।

ਕੌਮ ਬਹਾਦਰ ਸਿੰਘਨ ਕੀ ਅਤਿ,
ਆਹਿ ਤਾਂਹਿ ਕੇ ਪਾਛੇ।
ਉਨ ਕੋ ਮੱਦਦਗਾਰ ਬਨੱਯੇ,
ਸ਼ਾਹੀ ਲੈ ਦਿਹਾਂ ਆਛੇ ॥ ੧੫ ॥
ਕਈ ਬਾਰ ਪਤਿਸ਼ਾਹੀ ਲਸ਼ਕਰ,
ਸੁਭਟ ਸਿਪਾਹੀ ਭਾਰੇ।
ਚਢਿ ਚਢਿ ਗਏ ਆਪ ਭੀ ਜਾਨਤ,
ਆਖਰ ਆਏ ਹਾਰੇ।
ਨੰਦ ਲਾਲ ਕੀ ਬਾਤ ਸੁਨੀ ਜਬਿ,
ਸ਼ਾਹਿ ਬਹਾਦਰ ਤਬਿ ਹੀ।
ਕਹਯੋ ਭੇਟ ਤੁਮ ਲੈ ਕਰਿ ਜਾਵੋ,
ਜਹਿ ਹ੍ਵੈਂ ਸਤਿਗੁਰੁ ਅਬਿ ਹੀ ॥ ੧੬ ॥
ਹਾਕਮਰਾਇ ਦੀਵਾਨ ਹੁਤੋ ਤਬਿ;
ਪਾਤਸ਼ਾਹਿ ਢਿਗ ਨੀਕੈਂ।
ਦੈ ਤੋਫੇ ਸੋ ਗੁਰੁ ਢਿਗ ਪਠਯੋ,
ਨੰਦ ਲਾਲ ਸੰਗ ਠੀਕੈਂ।
ਤਬਿ ਵਹੁ ਸ਼ੀਘਰ ਚਲ ਕਰਿ ਗੁਰੁ ਢਿਗ,
ਸ਼ਹਰ ਬਘੌਰੈਂ ਆਏ।

ਸ਼ਾਹ ਬਹਾਦਰ ਤਰਫੋਂ ਗੁਰੁ ਪੈ,
ਬਿਨਤੀ ਕਰੀ ਮਹਾਂਏ ॥੧੭॥
ਸਭਿ ਹਵਾਲ ਗੁਰੁ ਪਾਸ ਸੁਨਾਯੋ,
ਤਬਿ ਗੁਰੁ ਸੁਨਿ ਮੁਸਕਾਏ।
ਦਯਾ ਸਿੰਧੁ ਸ਼ਰਨਾਗਤ ਪਾਲਕ,
ਯਾ ਬਿਧਿ ਬਚਨ ਅਲਾਏ।
ਜੰਗ ਨਿਸੰਗ ਕਰੋ ਤੁਮ ਨੀਕੈਂ,
ਹਮ ਮੱਦਤ ਸਭਿ ਕੈਹੈਂ[1]। [1]ਕਰਾਂਗੇ।
ਤਾਰਾ ਆਜ਼ਮ ਕੋ ਹਮ ਹਨ ਕੈ[1], [1]ਮਾਰ ਕੇ।
ਤਖਤ ਤੁਮੈਂ ਲੈ ਦੈਹੈਂ ॥੧੮॥
ਪੈ ਹਮ ਕੋ ਲਿਖ ਦੇਹਿ ਮੁਅੱਜ਼ਮ[1], [1]ਬਹਾਦਰ ਸ਼ਾਹ ਲਿਖਕੇ ਦੇਵੇ।
ਜਿਨਿ ਜਿਨਿ ਕੋ ਹਮ ਚਾਹੈਂ।
ਜਬਿ ਹਮ ਤਿਸ ਕੀ ਫਤੇ ਕਰਾਵੈਂ,
ਤਿਨ ਕੀ ਦੇਵੈਂ ਬਾਹੈਂ[1]। [1]ਬਾਹਾਂ ਫੜਾ ਦੇਵੇ।
ਨੰਦ ਲਾਲ ਯਹਿ ਸੁਨਿ ਗੁਰੁ ਬਾਨੀ,
ਮਾਨ ਸੱਤਜ ਮਨਿ ਮਾਹੈਂ।
ਆਗਜਾ ਲੈ ਕਰਿ ਗੁਰੁ ਤੇ ਆਯੋ,
ਸ਼ਾਹਿ ਬਹਾਦਰ ਪਾਹੈਂ ॥੧੯॥
ਜੋ ਗੁਰ ਕਹਯੋ ਸੁਨਾਂਯੋ ਸਭਿ ਜਬਿ,
ਸੁਨ ਕਰਿ ਸ਼ਾਹਿ ਬਹਾਦਰ।
ਹੋਇ ਮੋਦ ਪਰਮੋਦ ਮਾਥ ਧਰਿ[1], [1]ਬਹੁਤ ਅਨੰਦ ਹੋ ਕੇ (ਸਿਰ) ਮੱਥੇ ('ਤੇ ਮੰਨ ਲਿਆ)।
ਲਿਖ ਦੀਨੋ ਯਹਿ ਸਾਦਰ[1]। [1]ਸਤਿਕਾਰ ਨਾਲ।
ਜੋ ਕਿਛੁ ਬਚਨ ਗੁਰੂ ਫੁਰਮਾਵੈਂ,
ਸੋ ਕਰਿ ਹੋਂ ਮੈਂ ਤਬਿ ਹੀ।
ਸੱਤ੍ਰੁਨ ਕੋ ਮੈਂ ਜੰਗਿ ਜੀਤ ਕਰਿ,
ਸ਼ਾਹੀ ਪਾਊਂ ਜਬਿ ਹੀ ॥੨੦॥
ਲਿਖਜੋ ਸ਼ਾਹਿ ਕਾ ਯਾਹਿ ਗੁਰੂ ਕੋ,
ਲਜਾਇ ਜਬੈ ਪਕਰਾਯੋ।
ਕਹਜੋ ਗੁਰੂ ਅਬਿ ਜਾਹੁ ਜੰਗ ਲਿਹੁ,
ਸੱਤ੍ਰੁਨ ਕੇ ਸਮੁਹਾਯੋ[1]। [1]ਸਾਹਮਣੇ।

ਤਾਰੇ ਆਜ਼ਮ ਕੋ ਹਮ ਹਤ ਹੈਂ,
ਗੁਪਤ ਆਇ ਕਰਿ ਰਣ ਮੈਂ।
ਜਾਇ ਕਹੋ ਤੁਮ ਅਬੀ ਸ਼ਾਹਿ ਕੋ,
ਜਰਾ ਨ ਸੁਕਚੈ[1] ਮਨ ਮੈਂ ॥੨੧॥

[1]ਸੰਕੋਚ ਨ ਕਰੇ।

ਧਰਮ ਸਿੰਘ ਔ ਦਯਾ ਸਿੰਘ ਸੇ,
ਆਦਿਕ ਸਿੰਘ ਮਹਾਂਨੇ।
ਪਠੇ ਗੁਰੂ ਨੈ ਤਬੈ ਸ਼ਾਹਿ ਪੈ,
ਬੀਰ ਮਹਾਂ ਬਲਵਾਨੇ।
ਹੁਤੋ ਦੁਇਕ ਸੈ ਸੁਭਟ ਗੁਰੂ ਪੈ,
ਸੌ ਦੈ ਸੰਗ ਪਿਆਰਨ[1]।

[1]ਪਿਆਰਿਆਂ ਦੇ ਨਾਲ।

ਪਠੇ ਸ਼ਾਹਿ ਪੈ ਮਦੱਤ ਹੇਤੈਂ,
ਔਰੈ ਕਰੇ ਹਕਾਰਨ[1] ॥੨੨॥

[1]ਹੋਰ ਸੱਦ ਲਏ।

ਗਏ ਹੁਕਮ ਨਾਮੇ ਜਬਿ ਗੁਰੁ ਕੇ,
ਤਜਾਰ ਹੋਇ ਸਿੰਘ ਤਬਿ ਹੀ।
ਭਗਤੂ ਕੇ ਰੂਪੇ ਕੇ ਸਾਬੋ ਕੇਰ,
ਫੂਲ ਕੇ ਸਬਿ ਹੀ।
ਧਾਲੀਵਾਲ ਬਿਰਾੜ, ਮਾਲਵੇ
ਤੈਂ ਪਾਂਚਕ ਸੌ ਧਾਏ।
ਪਹੁੰਚੇ ਜਬੈ ਆਗਰੇ, ਉਤ ਤੈ
ਸਤਿਗੁਰੁ ਭੀ ਤਹਿਂ ਆਏ ॥੨੩॥
ਸੁਨਿ ਪਤਿਸ਼ਾਹਿ[1] ਮਹਾਂ ਮੁਦ ਥੀਓ,

[1]ਬਹਾਦਰ ਸ਼ਾਹ।

ਦੀਓ ਖਰਚ ਪੁਚਾਏ।
ਨੰਦ ਲਾਲ ਤੈ ਸ਼ਾਹਿ ਸੋਭ ਸੁਨਿ,
ਅਰਿ ਡਰ ਦੀਨ ਉਠਾਏ[1]।

[1]ਵੈਰੀਆਂ ਦਾ ਡਰ (ਦਿਲ 'ਚੋਂ) ਉਠਾ ਦਿੱਤਾ।

ਲੈ ਦਲ ਬਲ ਧਰਿ ਚਢਜੋ ਸ਼ਾਹਿ ਤਬਿ,
ਜੀਤ ਜੰਗ ਹਿਤ ਚਹਿ ਕੈ[1]।

[1]ਚਾਹ ਕੇ।

ਨਿਜ ਸੈਨਾ ਗੁਰੁ ਪਜਾਰਯੋਂ ਕੇ ਸੰਗ,
ਕੀਨੀ ਸਬਿ ਇਮ ਕਹਿ ਕੈ ॥੨੪॥
ਰਹੀਓ ਨਿਕਟਿ ਸ਼ਾਹਿ ਕੇ ਆਗੇ,
ਜਬਿ ਅਤਿ ਜੰਗ ਪਰੈ ਹੈ।

ਐ ਹੈਂ ਹਮ ਤਬਿ ਹਤੈਂ ਸਤ੍ਰੁ ਕੋ,
ਤੁਮ ਕੋ ਦਰਸ਼ਨ ਥੈ ਹੈ।
ਇਤ ਤੈ ਸ਼ਾਹਿ ਬਹਾਦਰ ਪਹੁੰਚਜੋ,
ਉਤ ਤੈ ਆਜ਼ਮ ਤਾਰਾ।
ਚੰਬਲ ਨਦੀ ਤੀਰ ਰਣ ਮਾਚਜੋ,
ਤੀਨ ਦਿਵਸ ਲੌ ਭਾਰਾ ॥੨੫॥
ਬੇਸ਼ੁਮਾਰ ਗਜ ਬਾਜ ਸੁਭਟ ਜਬਿ,
ਮਰੇ ਦੁਹੂੰ ਦਿਸ ਕਟ ਕੇ।
ਸ਼ਾਹਿ ਬਹਾਦਰ ਕੀ ਸੈਨਾ ਕੇ,
ਪੈਰ ਪਿਛਾਹਾਂ ਸਟਕੇ[1]।
[1]ਮੁੜ ਚਲੇ।
ਧਰਮ ਸਿੰਘ ਪ੍ਰਤਿ ਕਹਜੋ ਸ਼ਾਹਿ ਤਬਿ,
ਬਚਨ ਤੁਮਾਰੇ ਗੁਰੁ ਕਾ।
ਕੂਰ ਥਯੋ ਚਹਿ[1], ਕਹਜੋ ਸਿੰਘ ਪੁਨ,
ਸਿਦਕ ਰਾਖ ਦਿਢ ਉਰ ਕਾ ॥੨੬॥
[1]ਝੂਠਾ ਹੋਇਆ ਚਾਹੁੰਦਾ ਹੈ।
ਤਬਿ ਲੌ ਅਧਿਕ ਦੁਵਿਧਿ ਲੈ ਸੈਨਾ[1],
ਗੁਰੂ ਪਹੁੰਚੇ ਜਾਏ।
[1]ਦੋ ਤਰ੍ਹਾਂ ਦੀ ਫ਼ੌਜ ਲੈ ਕੇ।
ਬਜਜੋ ਸਾਰ ਸੋਂ ਸਾਰ ਅਪਾਰੇ,
ਅਰਿ ਹਰ ਅਧਿਕ ਦਬਾਏ।
ਸੁਇਨੇ ਕੇ ਫਲ ਵਾਲਾ ਪੀਲਾ,
ਧਰਮ ਸਿੰਘ ਗੁਰੁ-ਝੰਡਾ।
ਸ਼ਾਹਿ ਤਈਂ ਦਿਖਰਾਇ ਕਹਜੋ,
ਅਬਿ ਹ੍ਵੈ ਹੈ ਜੀਤ ਅਖੰਡਾ[1] ॥੨੭॥
[1]ਨਾ ਨਾਸ ਹੋਣ ਵਾਲੀ ਜਿੱਤ।
ਤਾਰਾ ਆਜ਼ਮ ਚਢਜੋ ਫੀਲ ਪਰ[1],
ਜੰਗ ਨਿਹਾਰਤ ਜਹਿਂ ਠਾਂ।
[1]ਹਾਥੀ ਉੱਪਰ।
ਔਰ ਅਮੀਰ ਬਜੀਰ ਬੀਰ ਬਡ,
ਹੁਤੇ ਤਾਂਹਿ ਢਿਗ ਤਹਿਂ ਠਾਂ।
ਛੇੜਿ ਅੱਸ਼ੂ ਗੁਰੁ ਤਹਾਂ ਪਹੁੰਚੇ,
ਤੀਰ ਏਕ ਤੱਕ ਮਾਰਯੋ।
ਤਾਰਾ ਆਜ਼ਮ ਚੁੱਕ ਫੀਲ ਤੈ,
ਧਰ ਪਰ ਮਾਰਿ ਬਿਦਾਰਜੋ[1] ॥੨੮॥
[1]ਮਾਰ ਕੇ ਲਿਟਾ ਦਿੱਤਾ।

ਜੇਤਿਕ ਔਰ ਅਮੀਰ ਤਹਾਂ ਥੇ,
ਸੋ ਸਭਿ ਸਿੰਘਨਿ ਮਾਰੇ।
ਜਬਿ ਤਾਰਾ ਆਜ਼ਮ ਮਰਿ ਗਿਰਜੋ,
ਪਰੀ ਭਾਗ[1] ਦਲ ਸਾਰੇ। [1]ਭਾਜ ਪੈ ਗਈ।
ਗੁਰੁ ਕਿਰਪਾ ਤੇ ਫਤੇ ਭਈ ਤਬਿ,
ਸ਼ਾਹਿ ਬਹਾਦਰ ਕੇਰੀ।
ਜੇਤਿਕ ਥੇ ਸਰਦਾਰ ਤਾਂਹਿ ਕੇ,
ਮਿਲੇ ਆਇ ਬਿਨ ਦੇਰੀ ॥੨੯॥
ਸ਼ਾਹਿ ਬਹਾਦਰ ਨੈ ਪੁਨ ਪਕਰਜੋ,
ਕਾਮ ਬਖਸ਼ ਕੋ ਤਬਿ ਹੀ।
ਪਤਸ਼ਾਹੀ ਸਲਤਨਤ[1] ਜਿਤਿਕ ਥੀ, [1]ਹਕੂਮਤ।
ਨਿਜ ਕਬਜੇ ਕਿਯ ਸਭਿ ਹੀ।
ਆਇ ਆਗਰੇ ਥਿਰਜੋ ਤਖਤ ਪਰ,
ਭਯੋ ਸ਼ਾਹਿ ਯੌਂ ਪੂਰਾ।
ਮਿਲੇ ਆਇ ਨਜ਼ਰਾਂ ਦੈ ਨਾਜ਼ਮ,
ਭਯੋ ਮੋਦ ਮਨਿ ਭੂਰਾ ॥੩੦॥
ਜਾਂਹਿ ਤੀਰ ਸੰਗ ਮਾਰਜੋ ਆਜ਼ਮ,
ਵਹੀ ਮੰਗਾ ਕਰਿ ਦੇਖਜੋ।
ਤੀਰ ਕਿਸੀ ਕੇ ਸੰਗ ਨਾ ਮਿਲਜੋ,
ਭਏ ਹਿਰਾਂਨ ਵਿਸੇਖਜੋ[1]। [1]ਬਹੁਤੇ।
ਫਿਰ ਜਬਿ ਮੁਲਾਕਾਤ ਗੁਰੁ ਕੇਰੀ,
ਭਈ ਸ਼ਾਹ ਸੋਂ ਨੀਕੇ।
ਗੁਰੁ ਤੀਰਨ ਸੋਂ, ਤੀਰ ਵਹੀ ਮਿਲ
ਗਯੋ, ਮਿਲਾਯੋ ਠੀਕੇ ॥੩੧॥
ਬਾਦਸ਼ਾਹ ਹ੍ਵੈ ਮੋਦ ਅਧਿਕ ਫਿਰ,
ਗੁਰੁ ਢਿਗ ਕਹਯੋ ਸੁਨਾਈ।
ਜੋ ਕੁਛ ਰਾਵਰ ਕੀ ਹ੍ਵੈ ਮਰਜ਼ੀ,
ਕਹੋਂ ਕਰੋਂ ਅਬਿ ਸਾਈ[1]। [1]ਉਹ।
ਗੁਰੂ ਕਹਯੋ ਹਮਰੇ ਜੋ ਦੁਸ਼ਮਨ,
ਹਮ ਕੋ ਦਿਹੁ ਪਕਰਾਈ।

ਸ਼ਾਹਿ ਕਹਜੋ ਕੁਛ ਔਰ ਮਾਂਗ ਲੇਹੁ,
ਅਬਿ ਹੀ ਯਹਿ ਨਹਿਂ ਥਾਈ[1] ॥ ੩੨ ॥
[1]ਇਹ (ਗੱਲ) ਹੁਣੇ ਨਹੀਂ (ਪੂਰੀ) ਹੋ ਸਕਦੀ।

ਸੁਨਿ ਜਵਾਬ ਗੁਰੁ ਕਹਜੋ ਸ਼ਾਹਿ ਕੋ,
ਭਯੋ ਬਿਮੁਖ ਤੂੰ ਅਬਿ ਹੀ।
ਹਮ ਇਕ ਬੰਦਾ ਪਠ ਕੈ ਅਪਨਾ,
ਬਦਲੇ ਲੈਹੈਂ ਸਭਿ ਹੀ।
ਯਹਿ ਸੁਨਿ ਸ਼ਾਹਿ ਬਿਨੈ ਕਰਿ ਗੁਰੁ ਕੋ,
ਦਿੱਲੀ ਲਜਾਜੋ ਸੰਗੈਂ।
ਬਾਗ ਮੋਤੀਏ ਮਾਂਹਿ ਉਤਾਰੇ,
ਕੀਨੀ ਸੇਵ ਉਮੰਗੈਂ ॥ ੩੩ ॥
ਜਮਨਾ ਤਰੇ, ਲਰਾਏ ਹਾਥੀ,
ਕੌਤਿਕ ਔਰ ਅਪਾਰੇ।
ਕਰੇ ਕਰਾਏ ਗੁਰੈਂ ਦਿਖਾਏ,
ਖੁਸ਼ੀ ਕਰਨ ਹਿਤ ਸਾਰੇ।
ਦੈ ਬਹੁ ਰਹਜੋ ਜਗੀਰ ਸ਼ਾਹਿ ਤਬਿ,
ਗੁਰੂ ਨ ਮਾਨੀ ਕੋਈ।
ਜੋ ਲੁਟ ਗਯੋ ਮਾਲ ਥਾ ਗੁਰੁ ਕਾ,
ਪੁਰਿ ਅਨੰਦ ਮੈਂ ਜੋਈ ॥ ੩੪ ॥
ਨੰਦ ਲਾਲ ਦੀਵਾਨ ਸ਼ਾਹਿ ਤੈ,
ਕਰਿ ਤਜਵੀਜ ਤਦਾਯੋ[1]।
[1]ਤਦੋਂ।
ਉਸ ਹਰਜਾਨੇ ਮਾਂਹਿ,
ਰੁਪੱਯਾ ਸਾਤ ਲਾਖ ਦਿਲਵਾਯੋ।
ਜੱਦਪਿ ਗੁਰੁ ਵਹਿ ਭੀ ਨਹਿਂ ਮਾਨਾ,
ਥਾ ਮਾਈਓਂ ਕੋ ਦੀਓ।
ਧਰਮ ਸਿੰਘ ਤਿਸ ਮੈਂ ਸੇ ਜ਼ਜਾਦੇ,
ਚਲਨ ਸਮੇਂ ਸੰਗ ਲੀਓ ॥ ੩੫ ॥
ਧਰਮ ਸਿੰਘ ਰੂਪੇ ਕੇ ਯਾ ਬਿਧਿ,
ਗੁਰ ਪੈ ਅਰਜ਼ ਅਲਾਈ।
ਰਹਿਨੋ ਹਮ ਸਦੀਵ ਸ਼ਹਿ ਤਾਬੇ[1],
[1]ਅਧੀਨ।
ਦੀਜੋ ਬਾਂਹ ਫੜਾਈ।

ਸਿੱਖ ਸਰਦਾਰ ਮਾਲਵੇ ਕੇਰੇ,
ਸੱਦੇ ਤੁਮਰੇ ਆਏ।
ਇਮ ਇੱਜ਼ਤ ਥੈ ਹੈ ਬਡ ਸਭਿ ਕੀ,
ਜਸ ਰਾਵਰ ਕਾ ਥਾਏ[1] ॥ ੩੬ ॥
ਨਹਿ ਗੁਰੁ ਮਾਨੀ ਹ੍ਵੈ ਨਰਾਜ਼ ਸਿੱਖ,
ਅਧਿਕ ਚਲੇ ਤਬਿ ਆਏ।
ਦੋਇਕ ਸੌ ਸਿੱਖਨ ਕੇ ਯੁਤ ਗੁਰੁ,
ਮਥਰਾ ਜਾਇ ਥਿਰਾਏ।
ਬ੍ਰਿਜ ਭੂਮਿ[1] ਕਾ ਸੈਲ ਕਰਜੋ ਗੁਰੁ,
ਅਧਿਕ ਪਰੀਤੀ ਸੰਗੇ।
ਪੁਨਾ ਆਗਰੇ ਜਾਇ ਥਿਰਾਏ,
ਸਿੱਖ ਤਰਾਏ ਚੰਗੇ ॥ ੩੭ ॥
ਆਇ ਸ਼ਾਹਿ ਫਿਰ ਮਿਲਜੋ ਤਹਾਂ ਹੀ,
ਸੰਗ ਗੁਰੂ ਕੋ ਲੀਨਾ।
ਏਕ ਹਜ਼ਾਰ ਨਕਦ ਨਿਤ ਭੇਜੇ,
ਔਰ ਖਰਚ ਸਭਿ ਪੀਨਾ।
ਗੜ੍ਹ ਆਮੇੜ[1], ਚਤੌੜ, ਜੋਧ ਪੁਰਿ,
ਔਰ ਠੌਰ ਬਹੁ ਜਾਈ।
ਆਪ ਸ਼ਾਹਿ ਲੀਨੇ ਨਜ਼ਰਾਨੇ,
ਗੁਰੁ ਕੀ ਪੂਜ ਕਰਾਈ ॥ ੩੮ ॥
ਜਹਾਂ ਸ਼ਿਕਾਰ ਨਿਸ਼ਾਨੇ ਹੋਵੇਂ,
ਤਹਿਂ ਤਹਿਂ ਬਢਿ ਗੁਰੁ ਮਾਰੈਂ।
ਯਾਂਹੀਂ ਤੈ ਨਿਤ ਨ੍ਰਿਪ ਭੀ ਚਾਹੈਂ
ਸੁਜਸ ਬਢਜੋ ਗੁਰੁ ਭਾਰੈਂ।
ਬਾਦਸ਼ਾਹਿ ਕੀ ਭੀ ਗੁਰੁ ਸੰਗੇ,
ਅਧਿਕ ਪਰੀਤੀ ਥਾਈ।
ਗੁਰੁ ਬੁਰ੍ਹਾਨਪੁਰਿ ਜਾਇ ਥਿਰੇ ਪੁਨ,
ਸ਼ਾਹਿ ਗਯੋ ਅਗਵਾਈ ॥ ੩੯ ॥
ਭਏ ਗੁਰੂ ਕੇ ਸਿੱਖ ਤਹਾਂ ਬਹੁ,

[1]ਆਪ ਦਾ ਜਸ ਹੋਵੇਗਾ।

[1]ਮਥਰਾ ਦੇ ਆਸ ਪਾਸ ਦਾ ਇਲਾਕਾ।

[1]ਆਮੇੜ, ਜੈ ਪੁਰ ਪਾਸ ਇਕ ਪੁਰਾਣੀ ਨਗਰੀ ਜਿਸ ਥਾਂ ਪਹਿਲਾਂ ਰਾਜਧਾਨੀ ਸੀ।

Sri Satguru Jagjit Singh Ji eLibrary NamdhariElibrary@gmail.com

ਲੋਗ ਸ਼ਹਰ ਕੇ ਭਾਰੇ।
ਬੀਸ ਰੋਜ਼ ਗੁਰੁ ਕੋ ਤਿਨ ਰਾਖਜੋ,
ਧਰ ਕਰਿ ਪ੍ਰੇਮ ਅਪਾਰੇ।
ਦਾਦੂ ਦ੍ਵਾਰੇ ਕਾ ਮਹੰਤ ਭੀ,
ਜੈਤਰਾਮ ਤਹਿ ਆਯੋ।
ਚੇਲੇ ਥੇ ਤਿਸ ਕੇ ਤਹਿ ਠਾਂ ਬਹੁ,
ਇਸ ਹਿਤ ਤਹਾਂ ਥਿਰਾਯੋ ॥ ੪੦ ॥
ਜੀਵਨ ਦਾਸ ਮਹੰਤ ਬੈਰਾਗੀ,
ਹੁਤੋ ਨੇਕ ਤਹਿਂ ਭਾਰੀ।
ਕਰੀ ਕਰਾਈ ਸੇਵ ਅਧਿਕ ਤਿਨ,
ਗੁਰੁ ਕੀ ਬਹੁਤ ਦਿਹਾਰੀ[1]।
ਸਤਿਗੁਰੁ ਕਰੈਂ ਰੈਨ ਦਿਨ ਤਿਸ ਸੋਂ,
ਗਜਾਨ ਜੋਗ ਕੀ ਚਰਚਾ।
ਇਸ ਕਰਿ ਭੀ ਤਿਸ ਸ਼ਹਿਰ ਮਾਂਹਿ ਬਹੁ,
ਪਰਜੋ ਗੁਰੂ ਕਾ ਪਰਚਾ[1] ॥ ੪੧ ॥

[1]ਦਿਨ।

[1]ਜਾਣਕਾਰੀ, ਅਸਰਰਸੂਖ !

ਦੋਹਰਾ:
ਫੇਰ ਮਹੰਤਨ ਏਕ ਦਿਨ,
ਬੂਝਜੋ ਗੁਰੁ ਤੈ ਔਰ।
ਅਬਿ ਤੁਮ ਆਗੇ ਕੌਨ ਦਿਸ,
ਜਾਵਹੁਂਗੇ ਕਿਸ ਠੌਰ? ॥ ੪੨ ॥
ਪਾਧਰੀ ਛੰਦ:
ਤਬਿ ਕਹਜੋ ਗੁਰੂ ਯੌਂ ਆਪ ਹਰਫ[1]।
ਹਮ ਜਾਵਹਿਂਗੇ ਨਾਦੇੜ ਤਰਫ।
ਤਟ ਗੰਗ ਗੁਦਾਵਰਿ ਕੇ ਥਿਰਾਇ[1]।
ਹਿਤ ਲੌਕਕ ਬੈਦਕ ਰੀਤਿ ਭਾਇ[1] ॥ ੪੩ ॥

[1]ਅੱਖਰ ਭਾਵ ਬਚਨ।

[1]ਗੋਦਾਵਰੀ ਗੰਗਾ ਦੇ ਕਿਨਾਰੇ ਠਹਿਰ ਕੇ।

[1]ਲੋਕ-ਰੀਤੀ ਅਤੇ {ਵੈਦਕ} ਧਾਰਮਕ-ਰੀਤੀ ਅਨੁਸਾਰ (ਰਹੁਰੀਤ ਕਰਨ) ਵਾਸਤੇ।

ਨਿਜ ਮਾਤ ਪਿਤਾ ਕੇ ਪਿੰਡ ਦਾਨ*।

*ਲੌਕਿਕ ਜਾਂ ਵੈਦਕ ਰੀਤੀ ਅਨੁਸਾਰ ਪਿੰਡ (ਜੌਂ ਦੇ ਆਟੇ ਦੇ ਪਿੰਨੇ ਜੋ ਹਿੰਦੂ ਲੋਕ ਪਿਤਰਾਂ ਨਮਿੱਤ ਦਾਨ ਕਰਦੇ ਹਨ) ਦੇਣੇ ਗੁਰੂ ਘਰ ਦੀ ਨ ਲੌਕਿਕ ਤੇ ਨ ਧਾਰਮਕ ਮਰਯਾਦਾ ਹੀ ਹੈ। ਇਹ ਕਥਨ ਗੁਰਮਤਿ ਰਹੁ-ਰੀਤਿ ਦੇ ਵਿਰੁੱਧ ਹੈ ਜੋ ਮੰਨਣ ਯੋਗ ਨਹੀਂ। ਗੁਰਬਾਣੀ ਦਾ ਮਹਾਂ ਵਾਕ ਹੈ : "ਪਿੰਡ ਪਤਲ

ਮੇਰੀ ਕੇਸਉ ਕ੍ਰਿਆ ਸਚ ਨਾਮ ਕਰਤਾਰ"॥ ਜਿਸ ਦਾ ਅਰਥ ਹੈ ਕਿ ਮੇਰੇ ਲਈ ਪਿੰਡ, ਪੱਤਲਾਂ ਤੇ ਕ੍ਰਿਆ ਇਹੋ ਹੀ ਹੈ ਜੋ ਪ੍ਰਮੇਸ਼ਰ ਦੇ ਸਚੇ ਨਾਮ ਦਾ ਸਿਮਰਨ ਹੈ।

ਕਰਵਾਂਵਹਿਂਗੇ ਸਦਗਤੀ ਦਾਨ[1]। [1]ਸ੍ਰੇਸ਼ਟ ਗਤੀ ਜਾਣ ਕੇ।

ਸੁਨਿ ਸਾਧੁ ਕਹਯੋ ਮਰਜਾਦ ਸੇਤ[1]। [1]ਮਰਯਾਦਾ ਦੇ ਪੁਲ।

ਤੁਮ ਪਾਲਕ ਨਾਟਕ ਨਰ ਕਰੇਤ[1] ॥੪੪॥ [1]ਪਾਲਣਾ ਕਰਨ ਵਾਲੇ ਹੋ, ਮਨੁੱਖਾਂ ਵਾਂਗ ਨਾਟਕ ਕਰਦੇ ਹੋ।

ਜਿਮ ਰਾਮ ਕ੍ਰਿਸ਼ਨ ਭੀ ਕਰਮ ਕੀਤ[1]। [1](ਮਨੁੱਖਾਂ ਵਾਂਗ) ਕੌਤਕ ਕੀਤੇ ਹਨ।

ਪਰ ਤਹਾਂ ਜਾਣ ਮੈਂ ਏਕ ਭੀਤ[1]। [1]ਡਰ ਹੈ।

ਹੈ ਸਾਧ ਅਜ਼ਮਤੀ ਤਹਾਂ ਏਕ।

ਜਿਹ ਭੂਤ ਪ੍ਰੇਤ ਤਾਬੇ[1] ਅਨੇਕ ॥੪੫॥ [1]ਅਧੀਨ।

ਤਿਸ ਕਾ ਹੈ ਮਾਧੋ ਦਾਸ ਨਾਮ।

ਵਹਿ ਭੇਖ ਬੈਸ਼ਨੋ ਬਿਦਤ ਆਮ[1]। [1]ਬਹੁਤ ਮਸ਼ਹੂਰ ਹੈ।

ਤਿਹ ਦੁਤੀ ਨਾਮ ਨਾਰੈਣ ਦਾਸ।

ਲਛਮਨ ਬਾਲਾ ਭੀ ਬਿਦਤ ਖਾਸ ॥੪੬॥

ਹਨ ਤਾਬੇ ਤਿਸ ਕੇ ਪਾਂਚ ਬੀਰ।

ਜੋ ਕਹਿਤ ਕਰਤ ਸੋ ਵਹੀ ਧੀਰ।

ਇਕ ਰਖਯੋ ਪਲੰਗ ਵਿਛਾਇ ਨੀਕ।

ਨਿਜ ਥਾਨ ਵਿਖੈ ਉਸ ਸਾਧੁ ਠੀਕ ॥੪੭॥

ਜੋ ਸਾਧੁ ਤਾਂਹਿ ਕੇ ਧਾਮ ਜਾਤ।

ਵਹਿ ਪ੍ਰਿਥਮ ਸੇਵ ਤਿਸ ਕੀ ਕਮਾਤ।

ਪੁਨ ਨਿਜ ਪ੍ਰਯੰਕ ਪੈ[1] ਤਿਹ ਬੈਠਾਇ। [1]ਪਲੰਘ ਉੱਪਰ।

ਬੀਰਨ ਤੈ ਦੈਹੈ ਫਿਰ ਗਿਰਾਇ ॥੪੮॥

ਸਾਧੁ ਹ੍ਵੈ ਨੀਚੇ ਉਪਰ ਮੰਚ।

ਇਹੁ ਰਖਿਓ ਓਨਿ ਪ੍ਰਪੰਚ ਸੰਚ[1]। [1]ਛਲ ਜਮ੍ਹਾਂ ਕਰਰਖਿਆ ਹੈ।

ਦੈ ਤਾੜੀ ਕਰਿ ਹੈ ਅੱਟਹਾਸ[1]। [1]ਖਿੜ ਖਿੜਾ ਕੇ ਹਸਦਾ ਹੈ।

ਵਹਿ ਸਾਧੁ ਦੁਸ਼ਟ ਮਾਧੋ ਜੁ ਦਾਸ ॥੪੯॥

ਹੈ ਵਡੋ ਮਸ਼ਕਰਾ[1] ਮਹਾਂ ਮੂਢ। [1]ਮਖੌਲੀਆ।

ਯੌਂ ਪਰਖਤ ਸੰਤਨ ਕੌ ਅਰੂਢ[1]। [1]ਦ੍ਰਿੜ੍ਹ ਹੋ ਕੇ।

ਇਕ ਸਮੈਂ ਸੁਨੋ ਮੈਂ ਆਪ ਭੂਲ।

ਕਰਿ, ਗਯੋ ਤਾਂਹਿ ਕੇ ਧਾਂਮ ਝੂਲ[1] ॥੫੦॥ [1]ਫਿਰਦਾ ਤੁਰਦਾ।

ਪਿਖਿ ਮੁਝ ਕੋ ਮਾਧੋ ਦਾਸ ਤਾਸ।
ਕਰਿ ਪ੍ਰੇਮ ਬਿਠਾਯੋ ਪਲੰਘ ਖਾਸ[1]। [1]ਆਪਣੇ ਪਲੰਘ ਉੱਪਰ।
ਫਿਰ ਉਠਜੋ ਧਰਾ ਤੈ ਪਲੰਘ ਸੋਇ।
ਨਹਿਂ ਮੁਝ ਕੋ ਮਾਲਮ ਭਯੋ ਕੋਇ ॥ ੫੧ ॥
ਕਰਿ ਉਲਟਾ ਮੁਝ ਕੋ ਦਯੋ ਗੇਰ।
ਮੈਂ ਹੁਇ ਸ਼ਰਮਿੰਦਾ ਉਠਜੋ ਫੇਰ।
ਪਿਖਿ ਮੁਝ ਕੋ ਮਾਧੋ ਦਾਸ ਖਾਸ।
ਦੈ ਤਾੜੀ ਕੀਨੋ ਅੱਟ ਹਾਸ ॥ ੫੨ ॥
ਇਮ ਸਭਿ ਸੋਂ ਖਿੱਲੀ ਸੋ ਕਰੱਤ।
ਨਹਿਂ ਪੀਰ ਫਕੀਰਨ ਤੈ ਡਰੱਤ।
ਯਾਂ ਤੇ ਤੁਮ ਜਈਓ ਤਹਾਂ ਨਾਹਿਂ।
ਮੈਂ ਕਹਜੋ ਆਪ ਢਿਗ ਸਾਚੁ ਯਾਹਿ ॥ ੫੩ ॥
ਯਹਿ ਸੁਨ ਕਰਿ ਫਿਰ ਗੁਰੁ ਕਹਜੋ ਐਸ।
ਹ੍ਵੈ ਹੈ ਗੁਰੁ ਨਾਨਕ ਕਰੈਂ ਜੈਸ।
ਅਬਿ ਜਾਇ ਪਿਖੋਂ ਮੈਂ ਠੀਕ ਤਾਂਹਿਂ।
ਤਿਸ ਤੇ ਭੈ ਕਰਨਾ ਠੀਕ ਨਾਂਹਿਂ ॥ ੫੪ ॥
ਤੁਮ ਸਤੋ ਗੁਨੀ ਗਾਰੀਬ ਸਾਧ।
ਬਿਨ ਸ਼ਸਤ੍ਰੀ ਭੀਰੂ[1] ਨਿਰਉਪਾਧਿ[2]। [1]ਡਰਾਕੁਲ। [2]ਨਿਰਛਲ।
ਅਰ ਮੋਠ ਬਾਜਰੀ ਅਚਨਹਾਰ।
ਤੁਮ ਕਯੋਂ ਨਹਿਂ ਤਿਸ ਤੇ ਡਰੋ ਯਾਰ ॥ ੫੫ ॥
ਹਮ ਰਜੋ ਗੁਨੀ ਛੱਤ੍ਰੀ ਸੁਬੀਰ।
ਜਗ ਮੈਂ ਕਹਿਲਾਵਤ ਮੀਰ ਪੀਰ।
ਪੁਨ ਸਿੰਘ ਸ਼ਸਤ੍ਰੀ ਅਧਿਕ ਸੰਗ।
ਜੀਤੇ ਹੈਂ ਜਿਨਹੂੰ ਅਧਿਕ ਜੰਗ ॥ ੫੬ ॥
ਸਭਿ ਮਾਸ ਅਹਾਰੀ ਬਲੀ ਬੀਰ।
ਬਾਂਕੇ ਸੁਠ[1] ਨਿੱਡਰ ਅਧਿਕ ਧੀਰ। [1]ਸੁੰਦਰ {ਬਾਂਕੇ} ਸਜਾਵਟ ਵਾਲੇ।
ਹਮ ਸਿੰਘ ਨਾਮ ਹੈਂ ਸਮ ਮ੍ਰਿਗਿੰਦ[1]। [1]ਸ਼ੇਰ ਵਾਂਗ।
ਵਹਿ ਕਹਾਂ ਬੈਸਨੋ ਮਤ ਗਜਿੰਦ[1] ॥ ੫੭ ॥ [1]ਮਸਤ ਹਾਥੀ।
ਹਮ ਜਾਇ ਪਿਖੈਂ ਤਿਹਿ ਕਰਾਮਾਤ।
ਕਿਸ ਤੈ ਉਨ ਪਾਈ ਕੌਨ ਭਾਂਤਿ[1]। [1]ਕਿਸ ਤਰ੍ਹਾਂ।

ਜੇ ਅੜ ਹੈ ਮੁਝ ਸੋਂ ਕਿਸੀ ਭਾਂਤਿ।
ਸਭਿ ਖੋਂਸਹੁਂ[1] ਤਿਸ ਕੀ ਕਰਾਮਾਤ ॥ ੫੮ ॥

[1]ਖੋਹ ਲਵਾਂਗਾ।

ਹਮ ਗੁਰੁ ਘਰ ਕਾ ਤਿਹ ਕਰੈਂ ਸਿੱਖ।
ਮੈਂ ਕਹੋਂ ਸਾਚ ਤੁਮ ਲੈਹੁ ਪਿੱਖ।
ਹੈ ਕੌਨ ਵਸਤ ਉਸ ਢਿਗ ਬਿਸਾਲ।
ਅਬਿ ਕਹੋ ਆਪ ਤਿਹ ਸਭਿ ਹਵਾਲ ॥ ੫੯ ॥

ਦੋਹਰਾ:
ਸੁਨ ਕਰਿ ਗੁਰੁ ਕੇ ਬਚਨ ਫਿਰ,
ਬੋਲਜੋ ਸਾਧੁ ਮਹੰਤ।
ਲਗਜੋ ਸੁਨਾਵਨ ਗੁਰੂ ਕੋ,
ਤਿਸ ਕਾ ਸਭਿ ਬ੍ਰਿਤੰਤ ॥ ੬੦ ॥
ਗੰਗਾ ਵਡੀ ਗੁਦਾਵਰੀ,
ਸਭਿ ਜਗ ਮੈਂ ਪ੍ਰਸਿੱਧ।
ਸ਼ਹਿਰ ਨਦੇੜ ਸੁ ਤਾਂਹਿ ਤਟ,
ਰਹਤ ਸਾਧੁ ਸੋ ਸਿੱਧ[1] ॥ ੬੧ ॥

[1]ਕਰਾਮਾਤੀ।

ਛਪੈ ਛੰਦ:
ਪ੍ਰਥਮ ਹੁਤੋ ਵਹਿ ਕੀਰ[1],

[1]ਕੰਗਾਲ।

ਮਿਲਯੋ ਪੁਨ ਸੰਤਨ ਸੰਗੇ।
ਬਹੁਤ ਸੈਲ ਉਨ ਕਰਜੋ,
ਧਰਾ ਕਾ ਸਹਿਤ ਉਮੰਗੇ।
ਮਿਲਯੋ ਲੋਣੀਆਂ ਸਿੱਧ,
ਤਾਂਹਿ ਬਡ ਸੇਵਕ ਕਮਾਈ।
ਨਿਜ ਬਿਦਜਾ ਉਨ ਸਭੀ,
ਏਸ ਕੋ ਤਬੀ ਬਤਾਈ।
ਪੁਨ ਨਿਜ ਪੋਥੀ ਤਿਹ ਦੈ ਕਹਜੋ,
ਤੁਮ ਇਸੈ ਰਾਖੀਓ ਗੋਪ ਭਲ[1]।

[1]ਚੰਗੀ ਤਰ੍ਹਾਂ ਗੁਪਤਰੱਖੀਂ।

ਪ੍ਰਗਟ ਕਰੇ ਤੈ ਜਗਤ ਮੈਂ,
ਫਿਰ ਨ ਰਹੈਗੋ ਤੋਰ ਬਲ ॥ ੬੨ ॥
ਸ਼ਸਤ੍ਰ ਨਾਰੀ ਦੁਰਗ[1] ਬਿਤ[2],

[1]ਕਿਲ੍ਹਾ। [2]ਧਨ।

ਹਯ[1] ਪਾਰਸ ਜੰਤ੍ਰ।

[1]ਘੋੜਾ।

ਸਿੱਧ ਔਖਧੀ[1] ਮਣੀ,
ਕੀਮੀਆਂ[1] ਬੀਰ[2] ਰੁ ਮੰਤ੍ਰ[3]।
ਇਨ ਕੇ ਪ੍ਰਗਟ ਕਰੇ,
ਜਗਤ ਮੈਂ ਬਢੈ ਉਪਾਧੀ।
ਸੁਨ ਕਰਿ ਲੈਹੈਂ ਛੀਨ[1],
ਭੂਪ ਜੇ ਜਗ ਮੈਂ ਬਾਦੀ[1]।
ਭਲ ਯਹਿ ਵਿਚਾਰ ਕਰਿ ਇਨਿ ਧਨੀ,
ਰਾਖੈ ਗੋਪ ਸੰਭਾਰ ਵਰ[1]।

ਪੁਨ ਪਿਖਿ ਅਧਿਕਾਰੀ ਦੇਯ ਬਰ[1],
ਵਰਤੈਂ ਆਪ ਵਿਚਾਰ ਕਰਿ ॥ ੬੩ ॥
ਤਿਸ ਪੋਥੀ ਕੇ ਸੁਨੋ,
ਕਿਛੁਕ ਗੁਨ ਕਰੋਂ ਬਖਾਨੀ।
ਨਿਜ ਵਡਿਅਨ ਤੇ ਸੁਨੇ,
ਜੈਸ ਬਿਧਿ ਮੈਂ ਨਿਜ ਕਾਂਨੀ।
ਨਾਮ ਸ਼ਾਵਰੀ ਸਿੱਧ
ਲੂਣੀਆ, ਗੋਰਖ ਚੇਲਾ[1]।

ਤਾ ਮੰਤ੍ਰ ਤਿਸ ਮਾਂਹਿ
ਔਰ ਸ਼ਾਵਰ ਸ਼ਿਵ ਮੇਲਾ[1]।

ਇੰਦ੍ਰ ਜਾਲ[1] ਦਤ[2] ਪਟਲ[3] ਬਹੁ,

ਪੁਨ ਅਦਭੁਤ ਖਜਾਲ ਬੰਗਾਲ ਕਾ[1]।
ਸਭਿ ਜੰਤ੍ਰ[1] ਮੰਤ੍ਰ[2] ਤੰਤ੍ਰੀਨ ਕੀ[3],

ਹੈਂ ਤਾਂ ਮੈਂ ਬਹੁ ਮਾਲਿਕਾ[1] ॥ ੬੪ ॥

[1]ਪਰਖੀ ਹੋਈ ਦਵਾਈ।

[1]ਰਸਾਇਣ। [2]ਬੀਰ (ਵਸ ਕੀਤੇ ਹੋਏ)। [3]ਅਤੇ ਮੰਤ੍ਰ।

[1]ਖੋਹ ਲੈਣਗੇ।

[1]ਝਗੜਾਲੂ ਰਾਜੇ।

[1]ਇਨ੍ਹਾਂ (ਗੁਣਾਂ) ਦੇ ਮਾਲਕ ਚੰਗੀ ਤਰ੍ਹਾਂ ਸੰਭਾਲ ਕੇ ਗੁਪਤ ਰੱਖਦੇ ਹਨ।

[1]ਸ੍ਰੇਸ਼ਟ (ਗੁਣ ਜਾਂ ਵਸਤੂਆਂ) ਦੇਂਦੇ ਹਨ।

[1]{ਸ਼ਾਵਰੀ} ਸ਼ਿਵ ਦੇ ਤੰਤ੍ਰ ਸ਼ਾਸਤ੍ਰ ਦਾ ਜਾਣੂ, ਲੂਣੀਆਂ ਨਾਮ ਦਾ ਸਿੱਧ ਗੋਰਖ ਦਾ ਚੇਲਾ ਸੀ।

[1]ਤਿਸ ਪੋਥੀ ਵਿੱਚ ਤਿਸ ਲੂਣੀਏ ਸਿੱਧ ਦੇ ਮੰਤ੍ਰ ਸਨ ਅਤੇ {ਸ਼ਾਵਰ} ਸ਼ਿਵਾਂ ਦਾ ਤੰਤ੍ਰ ਸ਼ਾਸਤ੍ਰ ਵੀ {ਮੇਲਾ} ਲਿਖਿਆ ਹੋਇਆ ਸੀ।

[1]ਜਾਦੂਗਰੀ। [2]ਦਾਨ ਦੇਣ ਦੇ ਮੰਤ੍ਰ। [3]ਤੰਤ੍ਰ ਸ਼ਾਸਤ੍ਰ ਦੇ ਮਤ ਅਨੁਸਾਰ ਮੰਤ੍ਰ ਦਾ ਆਵਰਣ ਰੂਪ ਮੰਤ੍ਰ ਭਾਵ ਮੰਤ੍ਰ ਦਾ ਸੰਪਟ ਜਿਵੇਂ 'ਓਅੰ ਨਮਹ' ਮੰਤ੍ਰ ਨੂੰ ਕਿਸੇ ਮੰਤ੍ਰ ਦੇ ਆਦਿ ਅਤੇ ਅੰਤ ਦੇਈਏ, ਮੁੱਢ 'ਚ ਓਅੰ ਤੇ ਅੰਤ 'ਚ ਨਮਹ।

[1]ਅਤੇ ਅਸਚਰਜ ਖ਼ਿਆਲਾਂ ਦੇ ਬੰਗਾਲ ਦੇਸ ਦੇ ਮੰਤ੍ਰ।

[1]ਕਾਗਜ਼ ਉੱਪਰ ਲਿਖੇ ਅੱਖਰ ਜਾਂ ਹਿੰਦਸੇ ਜੋ ਕਿਸੇ ਸ਼ੈ 'ਚ ਮੜ੍ਹਾ ਕੇ ਕਿਸੇ ਥਾਂ ਦੱਬੇ ਜਾਂ ਰੱਖੇ ਜਾਣ ਜਾਂ ਕਿਸੇ ਦੇ ਅੰਗਾਂ ਨਾਲ ਬੰਨ੍ਹੇ ਜਾਣ। [2]ਕਾਰਜ ਸਿੱਧੀ ਲਈ ਜਪਣ ਯੋਗ ਸ਼ਬਦ। [3]ਟੂਣਿਆਂ (ਜਾਦੂਆਂ) ਦੀਆਂ।

[1]ਬਹੁਤ ਪੰਕਤੀਆਂ (ਲੜੀਆਂ) ਹਨ।

ਕਬਿੱਤ:

ਪਾਰਸ ਕੀ ਭਾਲ[1] ਨਾਗ ਅਰਜਨ ਕੀ ਮਾਲ[2],

[1]ਪਾਰਸ ਟੋਲਣ ਦੀ ਵਿਦਿਆ। [2]ਨਾਗ ਅਰਜਨੀ ਬੂਟੀ ਦੇ ਮੰਗਾਉਣ ਦੀ ਵਿੱਦਿਆ ਦੀਆਂ ਪੰਕਤੀਆਂ।

ਦ੍ਰਿਸ਼ਟਿ ਬੰਧ[1] ਜਲ ਖਜਾਲ[2] ਔ ਰਸਾਇਨ ਬਨਾਨ ਕੀ।

[1]ਨਿਗਾਹ ਬੰਨ੍ਹਣ ਦੀ ਵਿਦਿਆ। [2]ਪਾਣੀ 'ਚ ਤਰਣ ਦੀ {ਖਿਆਲ}ਰੀਤੀ।

ਗੋਪ ਧਨ ਕਾਢਨ ਕੀ[1], ਕਾਹੂੰ ਪੌਨ ਚਾਢਨ ਕੀ[2],

[1]ਗੁਪਤ ਧਨ ਦੇ ਕੱਢਣ ਦੀ ਵਿੱਦਿਆ। [2]ਕਿਤੇ ਪ੍ਰਾਣਾਂ ਦੇ ਦਸਮ ਦੁਆਰ ਵਿੱਚ ਚੜ੍ਹਾਉਣ ਦੀ ਵਿੱਦਿਆ।

ਅੰਨ ਧਨ ਬਾਢਨ ਕੀ[1] ਆਪ ਛਪ ਜਾਨ ਕੀ।

[1]ਅੰਨ ਤੇ ਧਨ ਦੇ ਵਧਾਉਣ ਦੀ ਵਿੱਦਿਆ।

ਬੂਟੀ ਕੇ ਬੁਲਾਵਨ ਕੀ ਪੌਰਸ ਬਨਾਵਨ ਕੀ[1],

[1]ਬਲ ਬਣਾਉਣ ਦੀ।

ਮੁਰਦੇ ਜਗਾਵਨ ਕੀ[1] ਬਿਸੁ ਕੇ ਪਛਾਨ ਕੀ[2]।

[1]ਮਸਾਣ ਜਗਾਉਣ ਦੀ। [2]ਜ਼ਹਿਰ ਦੇ ਪਛਾਨਣ ਦੀ।

ਸੱਤ੍ਰੂਨ ਕੇ ਮਾਰਨ ਕੀ ਮਿੱਤ੍ਰਨ ਕੇ ਪਾਰਨ ਕੀ[1],

[1]ਪਾਲਣ ਦੀ।

ਪਿੱਤ੍ਰਨ ਕੇ ਤਾਰਨ ਕੀ ਪੁੱਤ੍ਰਨ ਕੇ ਦਾਨ ਕੀ[1] ॥ ੬੫ ॥

[1]ਪੁੱਤਰਾਂ ਦੇ ਦੇਣ ਦੀ।

ਮੋਹਨ[1] ਉਚਾਟਨ ਕੀ[2] ਅਰਿ ਦਲ ਡਾਟਨ ਕੀ[3],

[1]ਮੋਹਤ ਕਰ ਲੈਣ ਦੀ। [2]ਉਦਾਸ ਕਰ ਦੇਣ ਦੀ। [3]ਵੈਰੀ ਦੀ ਫ਼ੌਜ ਨੂੰ ਤਾੜਨ ਦੀ।

ਸਿੰਧੁ ਸੇਤੁ ਠਾਟਨ ਕੀ[1] ਪਾਟਨ ਮਿਲਾਨ ਕੀ[2]।

[1]ਸਮੁੰਦਰ ਉੱਤੇ ਪੁਲ ਬੰਨ੍ਹਣ ਦੀ। [2]ਪਾਟਿਆਂ ਨੂੰ ਮਿਲਾਉਣ ਦੀ।

ਤਨ ਬਦਲਾਵਨ ਕੀ[1], ਧਨ ਹਰ ਲਜਾਵਨ ਕੀ[2],

[1]ਸ਼ਰੀਰ ਬਦਲ ਲੈਣ ਦੀ। [2]ਧਨ ਨੂੰ ਚੁਰਾ ਲੈ ਆਉਣ ਦੀ।

ਨਾਟਕ ਦਿਖਾਵਨ ਕੀ[1] ਨਭ[2] ਉਡ ਜਾਨ ਕੀ।

[1]ਕੋਈ ਚਮਤਕਾਰ ਵਿਖਾਉਣ ਦੀ। [2]ਅਕਾਸ਼ 'ਤੇ।

ਜੂਪ ਜੀਤ ਪਾਵਨ ਕੀ[1] ਕੂਪ ਪੈ ਬਿਰਾਵਨ ਕੀ[2],

[1]ਜੂਏ 'ਚ ਜਿੱਤ ਪਾਉਣ ਦੀ। [2]ਖੂਹ 'ਤੇ ਬੈਠਣ ਦੀ।

ਬੀਜਰੀ ਗਹਾਵਨ ਕੀ[1] ਗੋਲਾ ਕੇ ਗਿਰਾਨ ਕੀ[2]।

[1]ਬਿਜਲੀ ਨੂੰ ਫੜਨ ਦੀ। [2]ਗੜਿਆਂ ਦੇ ਸੁੱਟਣ ਦੀ।

ਭੂਪ ਬਸ ਲਜਾਵਨ ਕੀ[1] ਪੌਨ ਕੇ ਚਲਾਵਨ ਕੀ,

[1]ਰਾਜਿਆਂ ਨੂੰ ਵੱਸ ਕਰ ਲਿਆਉਣ ਦੀ।

ਮੇਂਹ ਬਰਸਾਵਨ ਕੀ ਮੱਕਰੀ ਹਟਾਨ ਕੀ[1] ॥ ੬੬ ॥

[1]ਆਹਣ (ਟਿੱਡੀ ਦਲ) ਦੇ ਹਟਾਉਣ ਦੀ।

ਬਖਤ੍ਰ[1] ਸਜਾਵਨ ਕੀ ਸ਼ਸਤ੍ਰ ਚਲਾਵਨ ਕੀ,

[1]ਸੰਜੋਆਂ।

ਅਸਤ੍ਰ ਤਜਾਵਨ ਕੀ[1] ਤੀਨ ਕਾਲ ਗਜਾਨ ਕੀ[2]।

[1]ਤੀਰ ਚੱਕ੍ਰ ਆਦਿ ਦੇ ਛੱਡਣ ਦੀ {ਅਸਤ੍ਰ- ਉਹ ਸ਼ਸਤ੍ਰ ਜੋ ਸੁੱਟਿਆ ਜਾਵੇ, ਤੀਰ ਗੋਲੀ ਚੱਕ੍ਰ ਆਦਿ।} [2]ਤਿੰਨਾਂ ਸਮਿਆਂ ਦੇ ਗਿਆਨ ਦੀ।

ਏਕਹੂੰ ਬਿਸੱਖ ਤੇ ਸੁ ਲੱਖ ਹੋਇ ਜਾਇ ਲਾਗੈਂ[1],

[1]ਇਕ ਤੀਰ ਤੋਂ ਲੱਖਾਂ ਤੀਰ ਹੋ ਕੇ ਜਾ ਲੱਗਣ।

ਏਕ ਜਨ ਬੇਧੇ ਕੁਲ ਜਨ ਬੇਧੇ ਜਾਨ ਕੀ[1]।

[1]ਇਕ ਬੰਦੇ ਦੇ ਵਿੰਨ੍ਹੇ ਜਾਣ ਨਾਲ ਸਾਰੀ ਕੁਲ ਦੇ ਬੰਦੇ ਵਿੰਨ੍ਹੇ ਜਾਣ ਦੀ।

ਨਾਗ ਪਾਂਸ ਪਾਵਨ ਕੀ[1] ਸਿਲਾ ਬਰਸਾਵਨ ਕੀ[2],

[1]ਨਾਗ ਫਾਸ ਪਾਉਣ ਦੀ, {ਨਾਗ ਫਾਸ- ਪੁਰਾਣਾਂ ਅਨੁਸਾਰ ਇਕ ਮੰਤ੍ਰ ਕ੍ਰਿਆ ਜਿਸ ਨਾਲ ਵੈਰੀਆਂ ਨੂੰ ਸੱਪਾਂ ਦੀ ਫਾਹੀ

ਨਾਲ ਬੰਨ੍ਹਿਆ ਜਾਂਦਾ ਸੀ।} ²ਪੱਥਰ ਵਰ੍ਹਾਉਣ ਦੀ।

ਮਰੇ ਕੋ ਜਜਾਵਨ ਕੀ ਦੇਵ ਬਸ ਲਜਾਨ ਕੀ[1]।
ਚੰਦ ਸੂਰ ਹੋਰਨ ਕੀ[1] ਤਾਰਾ ਗਨ ਤੋਰਨ ਕੀ[2],
ਆਕੀ ਗਢ ਫੋਰਨ ਕੀ[1] ਤੱਤਨਿ ਮਿਲਾਨ ਕੀ[2]
॥ ੬੭ ॥

[1]ਦੇਵਤੇ ਨੂੰ ਵੱਸ ਕਰ ਲਿਆਉਣ ਦੀ।
[1]ਚੰਦ ਤੇ ਸੂਰਜ ਨੂੰ ਰੋਕਣ ਦੀ। [2]ਸਾਰੇ ਤਾਰਿਆਂ ਨੂੰ ਤੋੜਨ ਦੀ।
[1]ਆਕੀ ਕਿਲ੍ਹਿਆਂ ਨੂੰ ਤੋੜਨ ਦੀ। [2]ਵਿਰੋਧੀ ਤੱਤਾਂ ਨੂੰ ਮਿਲਾਉਣ ਦੀ।

ਦੋਹਰਾ:

ਚੌਸਠ ਬਿੱਦਜਾ[1] ਜਗਤ ਮੈਂ,
ਜੇਤਿਕ ਹੈਂ ਕਹਿਂ ਬੇਦ।
ਤਿਸ ਪੋਥੀ ਮੈਂ ਸਭਿ ਲਿਖੀ,
ਆਵਤ ਤਾਂ ਕੋ ਭੇਦ[1] ॥ ੬੮ ॥

[1]ਚੌਹਟ (੬੪) ਵਿੱਦਿਆ।

[1]ਤਿਸ (ਮਾਧੋ ਦਾਸ) ਨੂੰ ਸਾਰੀਆਂ ਵਿੱਦਿਆ ਦਾ ਭੇਦ ਆਉਂਦਾ ਹੈ।

ਯਾਹੀ ਤੈ ਨਹਿ ਜਾਈਓ,
ਆਪ ਤਾਂਹਿ ਕੇ ਧਾਮ।
ਅਤਿ ਕਪਟੀ ਵਹਿ ਮਸਕਰਾ,
ਤੁਮ ਸੋਂ ਕਰੈ ਕੁਕਾਂਮ[1] ॥ ੬੯ ॥

[1]ਖੋਟੀ ਕਰਤੂਤ।

ਚੌਪਈ:

ਇਤਜਾਦਿਕ ਬਹੁ ਸ਼ਕਤੀ ਤਾਂ ਕੀ।
ਉਭੈ ਮਹੰਤਨ ਭਾਖੀ ਬਾਂਕੀ।
ਸੁਨਿ ਮੁਸਕਾਇ ਗੁਰੂ ਪੁਨ ਗੋਈ[1]।
ਇਸ ਤੈ ਸੌ ਗੁਨ ਕਜੋਂ ਨਹਿਂ ਹੋਈ ॥ ੭੦ ॥

[1]ਕਹੀ।

ਐਸੀ ਹੈ ਹਮ ਢਿਗ ਇੱਕ ਬਿੱਦਜਾ।
ਜਿਸ ਆਗੈ ਸਭਿ ਔਰ ਅਬਿੱਦਜਾ[1]।

[1]ਜਿਸ ਵਿੱਦਿਆ ਅੱਗੇ ਹੋਰ ਸਾਰੀਆਂ ਵਿੱਦਿਆ, ਅਵਿੱਦਿਆ ਹੋ ਜਾਂਦੀਆਂ ਹਨ।

ਗੁਰੁ ਨਾਨਕ ਉਚਰਜੋ ਜੋ ਮੰਤਾ[1]।
ਵਾਹਿਗੁਰੂ ਸਭਿ ਬੇਦਨਿ ਤੰਤਾ[1] ॥ ੭੧ ॥

[1]ਮੰਤ੍ਰ।
[1]ਵੇਦਾਂ ਦਾ ਤੱਤ ਹੈ।

ਜੇਤਿਕ ਸ਼ਕਤਿ ਤੈਂ ਤਾਂ ਕੀ ਗਾਈ।
ਇਸ ਆਗੇ ਤਿਸ ਚਲੈ ਨ ਕਾਈ।
ਤਾਰਾ ਗਨ ਜਿਮ ਦਿਨਕਰ ਆਗੇ[1]।
ਸਿੰਘ[1] ਪੇਖਿ ਜਿਮ ਗਜ ਗਨ[2] ਭਾਗੇਂ ॥ ੭੨ ॥

[1]ਜਿਵੇਂ ਸਾਰੇ ਤਾਰੇ ਸੂਰਜ ਅੱਗੇ।
[1]ਸ਼ੇਰ। [2]ਸਾਰੇ ਹਾਥੀ।

ਬਿਖਧਰ ਬ੍ਰਿੰਦ[1] ਗਰੁੜ ਤੈ ਜੈਸੇ।
ਬਾਜ ਸਮੁਖ ਜਜੋਂ ਬਿਹੰਗ[1] ਨ ਬੈਸੇ।

[1]ਸਾਰੇ ਸੱਪ।
[1]ਪੰਛੀ।

ਮਾਯਕ ਬਿੱਦਜਾ ਜਗ ਮੈਂ ਜੇਤੀ।
ਵਾਹਿਗੁਰੂ ਆਗੇ ਤਜੋਂ ਤੇਤੀ ॥ ੭੩ ॥
ਫਿਰ ਜੋ ਤੁਮ ਮੁਹਿ ਅਧਿਕ ਡਰਾਯੋ।
ਤਾਂ ਕਾ ਵਡ ਪ੍ਰਤਾਪ ਜਨਾਯੋ।
ਸੋ ਤੈਂ ਹਮਰਾ ਮਰਮ[1] ਨ ਜਾਨਾ। [1]ਭੇਦ।
ਆਪ ਸਮਾਨ ਮੋਹਿ ਅਨੁਮਾਨਾ[1] ॥ ੭੪ ॥ [1]ਸਮਝਿਆ ਹੈ।
ਤੈਂ ਤੋ ਪੀਓ ਪਾਦ ਪਖਾਰੈਂ[1]। [1]ਪੈਰ ਧੋ ਕੇ।
ਭਿਖਜਾ ਮਾਂਗ ਅਚੀ[1] ਪੁਨ ਜ੍ਵਾਰੈਂ। [1]ਖਾਧੀ।
ਹਮ ਖੰਡੇ ਕਾ ਅੰਮ੍ਰਿਤ ਛਕਯੋ।
ਕਰਿ ਅਖੇਰ ਬਹੁ ਆਮਿਖ ਅਚਯੋ[1] ॥ ੭੫ ॥ [1]ਸ਼ਿਕਾਰ ਕਰ ਕੇ ਬਹੁਤਾ ਮਾਸ ਖਾਧਾ ਹੈ।
ਪੁਨ ਹਮ ਸਿੰਘ ਸ਼ਸਤ੍ਰ ਅਨੁਰਾਗੀ[1]। [1]ਪ੍ਰੀਤਵਾਨ।
ਮਤ ਗਜਿੰਦ[1] ਸੋ ਕਜਾ ਬੈਰਾਗੀ। [1]ਮਸਤ ਹਾਥੀ ਵਾਂਗ।
ਅਬਿ ਹਮ ਜੈਹੈਂ ਤਹਾਂ ਨਿਸੰਗੈਂ।
ਤੁਮ ਨਿਜ ਚੇਲਾ ਦਿਹੁ ਇਕ ਸੰਗੈਂ ॥ ੭੬ ॥
ਹਮਰੀ ਉਸ ਕੀ ਹ੍ਵੈ ਜਿਮ ਬਾਤੈਂ।
ਤੁਮ ਢਿਗ ਆਇ ਕਹੈ ਬਖਜਾਤੈਂ।
ਯੌਂ ਕਹਿ ਸੰਗ ਲਯੋ ਇਕ ਸਾਧੂ।
ਚਲੇ ਤਹਾਂ ਤੈ ਗੁਰੂ ਅਗਾਧੂ ॥ ੭੭ ॥
ਬਾਘ[1] ਮ੍ਰਿਗ ਸੂਕਰ[2] ਸਸਿ[3] ਗੇਂਡੇ। [1]ਸ਼ੇਰ। [2]ਸੂਰ। [3]ਸਹੇ।
ਇਨ ਕੋ ਹਰਤ[1] ਚਲੇ ਗੁਰੁ ਪੈਂਡੇ[2]। [1]ਮਾਰਦੇ। [2]ਰਸਤੇ।
ਬਾਲਾ ਪੁਰਿ ਆਕੋਲੇ ਸ਼ਹਿਰੈਂ।
ਉਤਰੇ ਤਹਾਂ ਦੋਇ ਦਿਨ ਬਹਿਰੈਂ[1] ॥ ੭੮ ॥ [1]ਵਿਚਰੇ।
ਪੁਨਾ ਬਨੇਰੇ ਸ਼ਹਿਰ ਸਿਧਾਏ।
ਏਕ ਦਿਵਸ ਰਹਿ ਆਗੇ ਧਾਏ।
ਸ਼ਹਿਰ ਗਏ ਅਮਰਾਵਤਿ ਜਬਿ ਹੀ।
ਸਿੱਖ ਤਹਾਂ ਕੇ ਆਏ ਸਭਿ ਹੀ ॥ ੭੯ ॥
ਦੋਹਰਾ:
ਲੈ ਭੇਟਾ ਗੁਰੁ ਕੋ ਮਿਲੇ,
ਆਗੇ ਸਭਿ ਹੀ ਆਇ।
ਡੇਰਾ ਕੀਨੋ ਤਹਾਂ ਗੁਰੁ,

ਪਿਖਿ ਥਲ ਸੁਚ ਅਧਿਕਾਇ ॥੮੦॥
ਸ਼ਾਹਿ ਬਹਾਦਰ ਕੋ ਗੁਰੂ,
ਪਤਿਸਾਹੀ ਦਿਲਵਾਇ।
ਥਿਰੇ ਜਾਇ ਅਮਰਾਵਤੀ,
ਭਯੋ ਇਤੀ ਯਹਿ ਧਜਾਇ ॥੮੧॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਦੱਖਨ ਜਾਵਨ, ਬਹਾਦਰ ਸ਼ਾਹਿ ਕੋ ਪਾਤਸ਼ਾਹੀ ਦਿਲਾਵਨ, ਬਰਨਨੰ ਨਾਮ ਉਣਹੱਤ੍ਰਮੋਂ ਬਿਸ੍ਰਾਮ ॥੬੯॥

੨੦. {ਗੋਦਾਵਰੀ ਦੇ ਕੰਢੇ 'ਤੇ ਨਦੇੜ ਸ਼ਹਿਰ ਪਾਸ ਉਤਾਰਾ, ਬੰਦੇ ਨੂੰ ਸਿੱਖ ਬਣਾ ਕੇ ਪੰਜਾਬ ਦੀ ਤਰਫ ਭੇਜਣਾ}

ਦੋਹਰਾ:

ਕਲਿ ਕੁਚਾਲ ਨਿਸ ਕੋ ਹਰਜੋ,
ਕਰਜੋ ਜਗਤ ਪ੍ਰਕਾਸ[1]।

[1]ਕਲਜੁਗ ਦੀ ਖੋਟੀ ਚਾਲ ਰੂਪ ਰਾਤ ਨੂੰ ਨਾਸ ਕੀਤਾ ਅਤੇ ਜਗਤ ਵਿੱਚ ਗਿਆਨ ਦਾ ਪ੍ਰਕਾਸ਼ ਕੀਤਾ।

ਸ੍ਰੀ ਨਾਨਕ ਰਵਿ ਰੂਪ ਕੌ,
ਧਰਿ ਉਰਿ ਕਰਿ ਤਮ ਨਾਸ[1] ॥੧॥

[1]ਉਸ ਸ੍ਰੀ ਗੁਰੂ ਨਾਨਕ ਦੇਵ ਰੂਪ ਸੂਰਜ ਨੂੰ ਹਿਰਦੇ ਵਿੱਚ ਧਾਰ ਕੇ ਆਪਣੇ ਅਗਿਆਨ ਦੇ ਅਨ੍ਹੇਰੇ ਦਾ ਨਾਸ ਕਰ।

ਸ਼ਹਿਰ ਨਦੇੜ ਗੁਦਾਵਰੀ
ਤਟ, ਉਤਰੈਂ ਜਜੋਂ ਜਾਇ।
ਬੰਦੇ ਕੋ ਨਿਜ ਸਿੱਖ ਕਰਿ,
ਪਠੈਂ ਪੰਜਾਬ ਦਿਸਾਇ[1] ॥੨॥

[1]ਤਰਫ਼।

ਇਸ ਅੱਧਯਾਇ ਮੈਂ ਗਾਥ ਯਹਿ,
ਕਹਿਹੋਂ ਤੁਮੈਂ ਸੁਨਾਇ।
ਕਿਤਿਕ ਦਿਵਸ ਅਮਰਾਵਤੀ,
ਰਹੇ ਗੁਰੂ ਮੁਦ ਪਾਇ ॥੩॥
ਤਹਿਂ ਤੈ ਫਿਰ ਆਗੈ ਚਲੇ,
ਖੇਲਤ ਭਲੇ ਸ਼ਿਕਾਰ।
ਪਹੁੰਚੇ ਸ਼ਹਿਰ ਨਦੇੜ ਢਿਗ,
ਤਟ ਗੁਦਾਵਰੀ ਸਾਰ[1] ॥੪॥

[1]ਸ੍ਰੇਸ਼ਟ।

ਸ੍ਵੈਯਾ:

ਯੌਂ ਗੁਰੁ ਦੱਖ ਪ੍ਰਤੱਖ, ਸੁ ਦੱਖਨ
ਦੇਸ ਬਿਲੱਖਨ ਜਾਇ ਥਿਰਾਇ[1]।

[1]ਇਸ ਤਰ੍ਹਾਂ {ਦੱਖ} ਚਤੁਰ ਸਤਿਗੁਰੂ ਪ੍ਰਤੱਖ ਹੀ ਸ੍ਰੇਸ਼ਟ ਤੇ ਅਸਚਰਜ ਦੱਖਣ ਦੇਸ ਵਿੱਚ ਜਾ ਠਹਿਰੇ।

ਤਾਨੇ ਬਿਤਾਨੇ ਕਿਤਾਨੇ ਮਹਾਨੇ,
ਕਨਾਤ ਰੁ ਖੇਮੇ ਅਨੇਮੇ ਲਗਾਏ[1]।

[1]ਕਿਤਨੇ ਹੀ ਵੱਡੇ {ਬਿਤਾਨੇ} ਚੰਦੋਏ ਤਾਣ ਦਿੱਤੇ ਅਤੇ {ਅਨੇਮੇ} ਬਹੁਤੀਆਂ ਕਨਾਤਾਂ ਤੇ ਤੰਬੂ ਲਾ ਦਿੱਤੇ।

ਤਾਸਨ ਕੇ ਅਸਮਾਨ ਵਿਖੈ ਸੁ
ਨਿਸਾਨ ਲਸੈਂ, ਤੜਤੈਂਹ ਲਜਾਏ[1]।

[1]ਤਾਸ (ਬਾਦਲੇ) ਦੇ ਅਸਮਾਨ ਵਿੱਚ ਚੰਗੇ ਝੰਡੇ ਚਮਕਦੇ ਹਨ ਜੋ ਬਿਜਲੀ ਨੂੰ ਸ਼ਰਮਿੰਦਾ ਕਰਦੇ ਹਨ।

ਸਾਫ ਕਰਾਇ ਜ਼ਮੀਨ ਘਨੀ[1],
ਬਹੁ ਫਰਸ਼ਰੰਗੀਨ[1] ਗੁਰੂ ਕਰਵਾਏ ॥੫॥

[1]ਬਹੁਤੀ।
[1]ਰੰਗਦਾਰ ਵਿਛਾਈਆਂ।

ਚਾਰ ਦਿਸਾ ਉਤਰਜੋ ਗੁਰੁ ਕੇ,
ਦਲ ਸਿੰਘਨ ਕਾ ਸਭਿ ਹੀ ਮੁਦ ਪਾਏ[1]।

[1]ਸਾਰੇ ਹੀ ਅਨੰਦ ਹੋਏ।

ਘੋਟਿ ਛਕੀ ਬਿਜੀਆ[1] ਸਭਿ ਸਿੰਘਨ,
ਟਾਂਕ[1] ਅਫੀਮ* ਗੁਦਾਵਰੀ ਨ੍ਹਾਏ।

[1]ਸੁੱਖਾ।

[1]ਛਕ ਕੇ। *ਸੁੱਖਾ ਤੇ ਅਫ਼ੀਮ ਆਦਿ ਨਸ਼ੀਲੀਆਂ ਵਸਤਾਂ ਦਾ ਸੇਵਨ ਗੁਰਮਤਿ ਅਨੁਕੂਲ ਨਹੀਂ ਹੈ। "ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥" ਹੀ ਗੁਰਮਤਿ ਹੈ।

ਭਾਂਤਿਨਿ ਭਾਂਤਿ ਪੁਸ਼ਾਕ ਸਜਾਇ,
ਦਮਾਲੇ ਬਿਸਾਲੇ ਕਮਾਲੇ ਝੁਲਾਏ[1]।

[1]{ਬਿਸਾਲੇ} ਬਹੁਤ (ਕਮਾਲੇ) ਸੁੰਦਰ (ਦਮਾਲੇ) ਦਸਤਾਰਿਆਂ ਦੇ ਫਰਰੇ ਝੁਲਾਏ।

ਆਯੁਧ ਅੰਗ ਸਜੇ ਬਹੁ ਰੰਗ,
ਝਕਾ ਝਕ ਹੋਇ ਗੁਰੂ ਢਿਗ ਆਏ[1] ॥੬॥

[1]ਬਹੁਤਰੰਗਾਂ ਦੇ ਸ਼ਸਤ੍ਰ ਅੰਗਾਂ 'ਚ ਸਜਾ ਕੇ {ਝਕਾ ਝਕ} ਚਮਕ ਦਮਕ ਵਾਲੇ ਹੋ ਕੇ ਗੁਰਾਂ ਕੋਲ ਆਏ।

ਕਬਿੱਤ:
ਤਾਂਹੀ ਸਮੇਂ ਡੇਰੇ ਗੁਰੁ ਕੇਰੇ ਕੇ ਅਗੇਰੇ ਨੇਰੇ,
ਤਾਨਜੋ ਬਿਤਾਨਾ ਸੁਠ ਫਰਸ਼ ਬਿਛਾਇ ਕੈ।
ਸਿੰਘਨ ਦਿਵਾਨ ਆਨ ਲਾਯੋ ਹੈ ਮਹਾਂਨ ਤਾਹਿਂ,
ਸਭਿ ਹੀ ਸਨੱਧ ਬੱਧ ਰਹੇ ਛਬਿ ਛਾਇ ਕੈ[1]।

[1]ਸ਼ਸਤ੍ਰਾਂ ਨਾਲ ਸਜ ਧਜ ਕੇ ਸੋਭਾ 'ਚ ਫਬ ਰਹੇ ਹਨ।

ਮੱਧ ਸੁਚ ਆਸਨ ਸਿੰਘਾਸਨ ਪੈ ਰਾਜੈਂ ਗੁਰ,
ਕਰ ਲੈ ਸਰਾਸਨ ਬੀਰਾਸਨ ਲਗਾਇ ਕੈ[1]।

[1](ਸਿੰਘਾਂ ਦੇ) ਵਿਚਕਾਰ ਸਤਿਗੁਰੂ ਸਿੰਘਾਸਣ ਉੱਪਰ ਪਵਿੱਤ੍ਰ ਆਸਨ ਲਗਾ ਕੇ ਸਜ ਰਹੇ ਹਨ, ਹੱਥ 'ਚ ਧਨੁੱਖ ਲੈ ਕੇ ਬੀਰ ਆਸਨ ਲਾ ਕੇ ਬੈਠੇ ਹਨ।

ਮਾਨੋ ਪਾਕ ਸਾਸਨ ਉਲਾਸਨ ਬਿਲਾਸਨ ਸੋਂ,
ਬੈਸਜੋ ਸੁਰ ਸਿੱਖਨ ਸੁਧਰਮਾ ਬਨਾਇ ਕੈ[1] ॥੭॥

[1]ਜਾਣੋ ਇੰਦ੍ਰ ਉਤਸ਼ਾਹ ਤੇ ਅਨੰਦ ਨਾਲ ਸਿੱਖਾਂ ਰੂਪ ਦੇਵਤਿਆਂ ਦੀ {ਸੁਧਰਮਾ} ਦੇਵ ਸਭਾ ਬਣਾ ਕੇ ਬੈਠਾ ਹੈ।

ਸ੍ਵੈਯਾ:
ਸਿੰਘ ਪੜ੍ਹੈਂ ਕਿਤ ਚੰਡੀ ਚਰਿੱਤ੍ਰ,
ਬਚਿੱਤ੍ਰ ਨਾਟਕ ਚੰਡੀ ਕੀ ਵਾਰੈਂ।
ਜਾਪ ਜੀ ਕੇਈ ਅਕਾਲ ਕੀ ਉਸਤਤਿ,
ਕੇਈ ਅਕਾਲ ਅਕਾਲ ਉਚਾਰੈਂ।
ਬਾਦਰ ਕੇ ਬਰਸੇ ਜਿਮ ਸਾਦਰ,
ਦਾਦਰ ਐਲ ਮਹਾਂ ਦਰ ਪਾਰੈਂ[1]।

[1]ਬੱਦਲ ਦੇ ਵਰ੍ਹਨ ਨਾਲ ਜਿਵੇਂ {ਸਾਦਰ} ਬੇਫ਼ਿਕਰ ਹੋ ਕੇ ਡੱਡੂਆਂ ਦਾ {ਮਹਾਂ ਦਰ} ਵੱਡਾ ਦਲ {ਐਲ}ਰੌਲਾ ਪਾਉਂਦਾ ਹੈ।

ਉੱਚਿ ਧੁਨੀ[1] ਕਿਤ ਰਾਗ ਅਲਾਪਤ,
ਚਾਤਿਕ[1] ਕੋਕਿਲ[2] ਮੋਰ ਝੰਘਾਰੈਂ[3] ॥ ੮ ॥

[1]ਆਵਾਜ਼।
[1]ਪਪੀਹੇ। [2]ਕੋਇਲ। [3]ਬੋਲਦੇ ਹਨ।

ਲੈ ਕਰ ਬੀਨ ਪ੍ਰਬੀਨ[1] ਸਤਾਰ,
ਤੰਬੂਰ ਸਰੰਦ[1] ਤਊਸ ਬਜਾਵੈਂ।
ਤਾਨ ਮ੍ਰਿਗੰਦ ਮੁਚੰਗ[1] ਮਿਲਾਇ,

[1]ਚਤੁਰ।
[1]ਸਰੰਦੇ।
[1]ਫਾ: ਵੱਡੀ ਸਾਰੰਗੀ। (ਅ) ਕਈ ਵਿਦਵਾਨ ਤੰਬੂਰੇ ਨੂੰ ਹੀ ਮੁਚੰਗ ਆਖਦੇ ਹਨ।

ਉਮੰਗ ਭਰੇ ਧੁਨਿ ਰਾਗ ਅਲਾਵੈਂ।
ਕਿੰਨਰ[1] ਜੱਛ[2] ਸੁ ਹਾਹਾ ਹੁਹੂ[3], ਧੁਨਿ

[1]ਦੇਵਤਿਆਂ ਦੇ ਨਾਚੇ। [2]ਸਾਜ ਵਜਾਉਣ ਵਾਲੇ। [3]ਹਾ ਹਾ ਹੂ ਹੂ ਨਾਮ ਦੇ ਗੰਧ੍ਰਬ ਜੋਰਾਗ ਗਾਉਂਦੇ ਹਨ।

ਕੈ ਸੁਨ ਕੈ ਧੁਨ ਕੈ ਸਿਰ ਜਾਵੈਂ[1]।
ਰਾਗਨੀ ਰਾਗ ਸੁਰਾਗੀਨ ਰਾਗ
ਸੁਰਾਂਗਨੀ ਰਾਗ ਮਹਾਂ ਛਬਿ ਛਾਵੈਂ[1] ॥ ੯ ॥

[1]ਅਵਾਜ਼ ਨੂੰ ਸੁਣ ਕੇ ਸਿਰ ਹਿਲਾਂਦੇ (ਝੂਮਦੇ) ਜਾਂਦੇ ਹਨ।

[1]{ਸੁਰਾਗੀਨ} ਸ੍ਰੇਸ਼ਟਰਾਗੀ (ਰਾਗ) ਪ੍ਰੇਮ ਸਹਿਤਰਾਗ ਅਤੇਰਾਗਣੀਆਂ ਦਾ {ਸੁਰਾਂਗਨੀ} ਸੁਰਾਂ ਦੀ ਗਿਣਤੀ ਅਨੁਸਾਰ ਭਾਵ ਸ਼ੁੱਧ ਰੂਪ ਵਿੱਚ {ਰਾਗ} ਗਾਉਂਦੇ ਹੋਏ ਭਾਰੀ ਸੋਭਾ ਪਾਉਂਦੇ ਹਨ।

ਕਬਿੱਤ:

ਗੁਰੂ ਕੋ ਰਿਝਾਇ ਕਰਿ ਪਾਇ ਮਨ ਇੱਛ ਬਰ,
ਸੋਦਰ ਲਗਾਇ ਫਿਰ ਭੋਗ ਦਯੋ ਪਾਇ ਕੈ।
ਪੁਨਾ ਗੁਰੁ ਗ੍ਰੰਥੀ ਖਾਸ ਪਠੀ ਫਿਰ ਰਹਿਰਾਸ,
ਕਰੀ ਅਰਦਾਸ ਫਤੇ ਅਧਿਕ ਗਜਾਇ ਕੈ।
ਬੰਦਨ ਕੈ ਗੁਰੁ ਗ੍ਰੰਥ ਪੰਥ ਗੁਰੁ ਬੰਦਯੋ ਪੁਨ,
ਆਰਤੀ ਉਤਾਰ ਪ੍ਰਦੱਛਨਾ ਲਵਾਇ ਕੈ[1]।
ਮਾਨੋ ਗ੍ਰਹਿ ਮੰਡਲ ਅਖੰਡਲ ਧ੍ਰੁਵ ਜੂ ਕੇ ਸੁਰ,
ਧਰ ਮੰਡਲਿ ਰਹੇ ਹੈਂ ਛਬਿ ਛਾਇ ਕੈ[1] ॥ ੧੦ ॥

[1]ਪ੍ਰਕਰਮਾ ਕਰਕੇ।
[1]ਜਾਣੋ ਤਾਰਾ ਮੰਡਲ {ਅਖੰਡਲ} ਇੰਦ੍ਰ ਤੇ ਧ੍ਰੂ ਮੰਡਲ ਦੇ ਦੇਵਤੇ ਧਰਤੀ ਮੰਡਲ 'ਤੇ ਸੋਭਾ ਪਾ ਰਹੇ ਹਨ।

ਬਾਂਧਿ ਬਾਂਧਿ ਚੌਂਕੀ ਜੌਕੀ ਗੌਕੀ ਸਭਿ ਸ਼ੌਕੀ ਸਿੰਘ[1],
ਸ਼ਬਦ ਸਵੱਯੇ ਪਠਿ ਸੋਹਿਲਾ ਸੁਨਾਇ ਕੈ।
ਜਬੈ ਜਾਮ ਰੈਨ[1] ਬੀਤੀ ਤਬੈ ਸੈਨ ਸੈਨ ਕੀਤੀ[2],
ਡੇਢ ਜਾਮ ਜੌ ਰਹੀਤੀ[1] ਜਾਗੇ ਹੁਲਸਾਇ ਕੈ।
ਕਰਿ ਇਸ਼ਨਾਨ ਹਰਿ ਧਜਾਨ ਕੇ ਪਰਾਯਨ[1] ਹ੍ਵੈ,

[1](ਕੀਰਤਨ ਦਾ) ਸ਼ੌਕਰੱਖਣ ਵਾਲੇ ਸਾਰੇ ਸਿੰਘ {ਗੌਕੀ} ਆਪਣੇ ਮਤਲਬ ਦੀਆਂ {ਜੌਕੀ} ਖ਼ੁਸ਼ੀ ਨਾਲ ਚੌਂਕੀਆਂ ਬੰਨ੍ਹ ਬੰਨ੍ਹ ਕੇ।
[1]ਪਹਰਰਾਤ। [2]ਫ਼ੌਜ ਸੌਂ ਗਈ।
[1](ਰਾਤ) ਰਹਿ ਗਈ।
[1]ਆਸਰੇ।

ਕੇਈ ਆਸਾ ਵਾਰ ਗਾਨ ਤਾਂਨ ਸੋ ਮਿਲਾਇ ਕੈ।
ਸੁਖਮਨੀ ਧੁਨੀ ਕਹੂੰ ਜਪੁ ਜੀ ਮਹਾਨ ਸੁਨੀ,
ਮਾਨੋ ਸੁਰ ਬ੍ਰਾਤ ਦੇਵ ਬਧੂ ਰਹੀ ਗਾਇ ਕੈ[1] ॥ ੧੧ ॥

[1]ਜਾਣੋ ਦੇਵਤਿਆਂ ਦੀ ਜੰਞ ਵਿੱਚ ਦੇਵ-ਇਸਤ੍ਰੀਆਂ ਗਾ ਰਹੀਆਂ ਹਨ।

ਦੋਹਰਾ:
ਸ੍ਰੀ ਗੁਰੁ ਪੁਨ ਇਸ਼ਨਾਨ ਕਰਿ,
ਥਿਰਿ ਇਕੰਤ ਅਸਥਾਨ।
ਪਢਿ ਜਪੁ ਜੀ ਅਰ ਜਾਪੁ ਜੀ,
ਨਿਜ ਸਰੂਪ ਕਰਿ ਧਯਾਨ ॥ ੧੨ ॥

ਕਬਿੱਤ:
ਚੜ੍ਹਯੋ ਜੌ ਦਿਵਾਕਰ[1] ਸਜਾ ਕਰਿ ਦਮਾਲੇ ਸਿੰਘ,
ਪਾ ਕਰਿ ਪੁਸ਼ਾਕੇ ਬਾਂਕੇ ਆਯੁਧ ਸੁਧਾਰ ਕੈ।
ਜਾ ਕਰਿ ਨਿਸ਼ਾਨ ਢਿਗ ਪਾ ਕਰਿ ਪ੍ਰਕ੍ਰਮਾ ਚਾਰ,
ਸ੍ਰੀ ਗੁਰੂ ਗ੍ਰੰਥ ਬੰਦਯੋ ਸੀਸ ਧਰ ਧਾਰ ਕੈ[1]।
ਸਾਕਰ ਦਿਵਾਨ ਮੈਂ[1] ਬੁਲਾ ਕਰਿ ਸੁ ਫਤੇ,
ਔ ਗਜਾ ਕਰਿ ਜੈਕਾਰੇ ਬੈਸੇ ਜਾ ਕਰਿ ਵਿਚਾਰ ਕੈ।
ਪਾਰਸ ਗੁਰੂ ਕੌ ਪਗ ਪਰਸ ਸਰਸ ਹੋਇ[1],
ਹਰਸ ਬਢਾਇ ਚੰਦ ਜਯੋਂ ਚਕੋਰ ਚਾਰੁ ਕੈ[1] ॥ ੧੩ ॥

[1]ਜਦੋਂ ਸੂਰਜ ਚੜ੍ਹਿਆ।

[1]ਧਰਤੀ 'ਤੇ ਸਿਰਰੱਖ ਕੇ।

[1]ਸੰਘਣੇ ਭਾਵ ਭਰੇ ਦੀਵਾਨ ਵਿੱਚ।

[1]ਚਰਨ ਛੁਹ ਕੇ ਅਨੰਦ ਹੋ ਕੇ।

[1]ਜਿਵੇਂ ਸੁੰਦਰ ਚੰਦ ਨੂੰ ਦੇਖ ਕੇ ਚਕੋਰ ਖ਼ੁਸ਼ੀ ਵਧਾਉਂਦਾ ਹੈ ਤਿਵੇਂ ਖ਼ੁਸ਼ ਹੋਏ।

ਪੀਤ ਪੱਟ ਪੱਠੇਦਾਰ ਸੀਸ ਸੁਠ ਸਾਫਾ ਸਜਯੋ,
ਸੇਤ ਉਸਨੀਕ ਨੀਕ ਖੋਰਿਦਾਰ ਰਾਜਹੀ[1]।

[1]ਪੀਲੇਰੰਗ ਦਾ {ਪੱਠੇਦਾਰ} ਧਾਰੀਦਾਰ ਸੁੰਦਰ (ਸਾਫ਼ਾ) ਪਟਕਾ (ਛੋਟਾ ਦਸਤਾਰਾ) ਸੀਸ 'ਤੇ ਸਜਿਆ ਹੋਇਆ ਹੈ ਅਤੇ ਚਿੱਟੇਰੰਗ ਦੀ ਵੱਡੀ (ਉਸਨੀਕ) ਦਸਤਾਰ ਚੰਗੀ ਤੇ (ਖੋਰਿਦਾਰ) ਪੱਲੇਦਾਰ ਸਜ ਰਹੀ ਹੈ।

ਜਟਿਤ ਜਵਾਹਰਾਤ ਜਿਗਾ ਸੋਂ ਜਗਮਗਾਤ,
ਕਲਗੀ ਲਸਾਤ ਲੋਲ ਕੁੰਡਲ ਭ੍ਰਾਜ ਹੀ[1]।

[1]ਜਿਗ੍ਹਾ ਨਾਲ ਜੜੇ ਹੋਏ ਜਵਾਹਰਾਤ ਪ੍ਰਕਾਸ਼ ਰਹੇ ਹਨ, ਕਲਗੀ ਚਮਕਦੀ ਹੈ ਤੇ ਚੰਚਲ ਕੁੰਡਲ (ਭ੍ਰਾਜ ਹੀਂ) ਚਮਕਦੇ ਹਨ।

ਸੋਹਿਤ ਸਮੱਸ੍ਰੂ ਸਫਾਇ ਸੁਧੀ, ਸਜਾਮ ਸਭਿ,
ਐਂਠਦਾਰ ਸੁੰਦਰ ਮੁਛਹਿਰੇ ਸੁ ਛਾਜ ਹੀਂ[1]।

[1]ਮੁਖ ਤੇ {ਸਮੱਸ੍ਰੂ} ਦਾੜ੍ਹੀ ਸਾਫ਼, ਸਿੱਧੀ ਤੇ ਸਾਰੀ ਕਾਲੀ ਸੋਹ ਰਹੀ ਹੈ ਅਤੇ ਸੁੰਦਰ ਤੇ ਕੁੰਢੇ ਮੁਛਹਿਰੇ ਚੰਗੇ ਫਬ ਰਹੇ ਹਨ।

ਸਰਦ ਰਿਤੁ ਮੈਂ ਰਾਂਕਾ-ਪਤਿ ਕੇ ਗਿਰਦ ਜਨੁ,

ਸਜਲ ਸਘਨ ਕਾਰੀ ਬਾਦਰੀ ਬਿਰਾਜ ਹੀ[1] ॥ ੧੪ ॥

[1]ਜਾਣੋ ਸਰਦਰੁੱਤ ਵਿੱਚ ਪੂੰਨਿਆ ਦੇ ਚੰਦ ਦੇ ਉਦਾਲੇ ਜਲ ਸਮੇਤ ਕਾਲੀ ਬੱਦਲੀ ਬਿਰਾਜ ਰਹੀ ਹੈ।

ਬਿਸਦ ਬਿਸਾਲ ਮਾਲ ਮੋਤਿਨ ਕੀ ਰਾਜੇ ਚਾਰੁ,
ਕਲਿਤ ਸੁਕੰਠ ਕੰਠਾ ਹੀਰਨ ਕਾ ਸੋਹਿਤੋ[1]।

[1]ਚਿੱਟੇ ਮੋਤੀਆਂ ਦੀ ਲੰਬੀ ਸੁੰਦਰ ਮਾਲਾ (ਰਾਜੈ) ਪ੍ਰਕਾਸ਼ ਰਹੀ ਹੈ। ਸ੍ਰੇਸ਼ਟ ਗਲ ਵਿੱਚ (ਕਲਿਤ) ਸੁੰਦਰ ਹੀਰਿਆਂ ਦਾ ਕੰਠਾ ਸੋਹ ਰਿਹਾ ਹੈ।

ਕਮਖਾਬ ਪੋਸ਼ਸ਼ ਸੁਹਾਇ ਸੁਠ ਛਬਿਵਾਰ,
ਕੰਕਨ ਜਰਾਊ ਕਰ ਕੰਚਨਕ ਲੋਹਿਤੋ[1]।

[1]ਕੀਮਖਾਬ ਦੀ ਸੁੰਦਰ ਤੇ ਸੋਭਾ ਵਾਲੀ ਪੁਸ਼ਾਕ ਸੋਭਦੀ ਹੈ, ਸੋਨੇ ਦੇ {ਲੋਹਿਤੋ} ਲਾਲਰੰਗੇ ਜੜਾਊ ਕੜੇ ਹੱਥਾਂ ਵਿੱਚ ਹਨ।

ਰਾਜਤ ਤੁਨੀਰ ਕਟ ਪੇਟੀ ਸਿਰੀ-ਸਾਫ ਯੁਤ,
ਕੰਧ ਪੈ ਕਠੋਰ ਧਨੁ ਪੀਠ ਢਾਲ ਜੋਹਿਤੋ[1]।

[1]{ਸਿਰੀ ਸਾਫ਼} ਚੰਗੀ ਕਿਸਮ ਦੀ ਬਰੀਕ ਮਲਮਲ ਦੀ ਪੇਟੀ ਦੇ ਸਮੇਤ ਭੱਥਾ ਲੱਕ ਵਿੱਚ ਬਿਰਾਜ ਰਿਹਾ ਹੈ ਅਤੇ ਮੋਢੇ 'ਤੇ ਕਰੜਾ ਧਨੁੱਖ ਤੇ ਪਿੱਠ ਪਿੱਛੇ ਢਾਲ {ਜੋਹਿਤੋ} ਦਿਸਦੀ ਹੈ।

ਬੈਠੇ ਬੀਰ ਆਸਨ ਸਿੰਘਾਸਨ ਪੈ ਸ੍ਰੀ ਗੁਰੁ,
ਐਸੋ ਕੌਨ ਸੁਰ ਨਰ ਜੋ ਨ ਪੇਖਿ ਮੋਹਿਤੋ ॥ ੧੫ ॥

ਸ੍ਵੈਯਾ:

ਚੰਚਲ ਚਾਰੁ ਤੁਰੰਗ ਮੰਗਾਇ,
ਪਵਾਇ ਕੈ ਜੀਨ ਚਢੇ ਗੁਰੁ ਤਾਂ ਪੈ।
ਚਾਮਰ ਚਾਰੁ[1] ਢੁਰੈ ਸਮ ਹੰਸਨ,

[1]ਸੁੰਦਰ ਚਉਰ।

ਛਤਰ ਦਿਪੈ ਸਮ ਸੂਰ ਪ੍ਰਭਾ ਪੈ[1]।

[1]ਸੂਰਜ ਦੀ ਸੋਭਾ ਵਰਗਾ ਛਤਰ ਚਮਕ ਰਿਹਾ ਹੈ।

ਖੇਲਨ ਹੇਤ ਸ਼ਿਕਾਰ ਚਲੇ ਜਬਿ,
ਸੋ ਛਬਿ ਜਾਇ ਕਹੀ ਸਭਿ ਕਾਂ ਪੈ[1]।

[1]ਉਹ ਸਾਰੀ ਸੋਭਾ ਕਿਸ ਪਾਸੋਂ ਕਹੀ ਜਾ ਸਕਦੀ ਹੈ।

ਸਿੰਘ ਅਪਾਰ ਲਏ ਗੁਰੁ ਸੰਗ,
ਘਨੇ ਮ੍ਰਿਗ ਬਾਘ ਹਨੇ ਸੁ ਦਬਾ ਪੈ[1] ॥ ੧੬ ॥

[1]ਦਬਾ ਕੇ ਬਹੁਤੇ ਹਰਨ ਤੇ ਸ਼ੇਰ ਮਾਰੇ।

ਜਾਇ ਧਸੇ ਗਹਿਰੇ[1] ਬਨ ਮੈਂ,

[1]ਸੰਘਣੇ।

ਤਟ ਗੰਗ ਕੇ[1] ਸੰਗ ਉਮੰਗ ਭਰੇ ਹੈਂ।

[1]ਗੋਦਾਵਰੀ ਦੇ ਕਿਨਾਰੇ।

ਆਸ਼੍ਰਮ[1] ਏਕ ਪਿਖਜੋ ਤਹਿਂ ਸਾਧੁ ਕਾ,

[1]ਅਸਥਾਨ, ਡੇਰਾ।

ਨਾਮ ਜਿਸੈ ਮਾਧੋ ਦਾਸ ਰਰੇ ਹੈਂ[1]।

[1]ਕਹਿੰਦੇ ਹਨ।

ਤਾਂ ਤਪ ਕੇ ਬਲ ਤੇ ਅਹਿ ਮੋਰ,
ਅਜਾ ਸਿੰਘ ਬੈਰ ਬਿਹਾਇ ਚਰੇ ਹੈਂ[1]।

[1]ਸੱਪ ਤੇ ਮੋਰ ਅਤੇ ਬੱਕਰੀਆਂ ਤੇ ਸ਼ੇਰ ਵੈਰ ਛੱਡ ਕੇ ਫਿਰਦੇ ਹਨ।

ਬਿਨ ਬੈਲਨ ਤੈ ਤਿਹ ਕੂਪ ਚਲੈ,

ਤਹਿਂ ਠਾਂ ਗੁਰੁ ਜਾਇ ਕੈ ਹੋਏ ਖਰੇ ਹੈਂ ॥੧੭॥
ਭਾਂਤਿਨਿ ਭਾਂਤਿ ਖਰੇ ਤਰੁ ਭੂਰ[1],
ਭਰੇ ਫਲ ਫੂਲਨ ਸੰਗ ਮਹਾਨੇ।
ਸ਼ਾਂਤਿ ਮਈ ਅਸਥਾਨ, ਸਿਰੀ ਗੁਰੁ
ਪੇਖਿ ਤਬੈ, ਤਿਸ ਠੌਰ ਥਿਰਾਨੇ[1]।
ਭੀਤਰ ਸਾਧੁ ਕੇ ਧਾਮ ਵਿਖੇ,
ਇਕ ਮੰਚ[1] ਬਿਛਜੋ ਪਿਖਜੋ ਸੁਖਦਾਨੇ।
ਕੋਮਲ ਸੇਜ ਸਜੀ ਅਤਿਸੈ ਸੁਠ[1],
ਚਾਰੁ ਕਤਾਰ ਧਰੇ ਸਿਰਹਾਨੇ[1] ॥੧੮॥
ਤਾਂ ਪਰ ਜਾਇ ਕੈ ਬੈਠ ਗਏ ਗੁਰੁ,
ਬਾਹਰ ਸਿੰਘ ਸਭੀ ਉਤਰਾਨੇ।
ਔ ਬਕਰੇ ਝਟਕਾਇ ਲਏ ਤਿਹਂ,
ਜੋਰ ਬਜੋਰ ਸਿੰਘਾਨ ਕਿਤਾਨੇ[1]।
ਅੰਨ ਰੁ ਘਾਸ ਸਭੀ ਲੁਟ ਕੈ,
ਨਿਜ ਅੱਸ਼ੂਨ ਕੋ ਦਿਯ ਪਾਇ ਮਹਾਨੇ।
ਦੇਗਚੇ ਚਾੜ੍ਹ ਦਏ ਤਬਿ ਸਿੰਘਨਿ,
ਰਿੰਧਨ ਆਮਿਖ[1] ਲਾਗੇ ਸੁ ਖਾਨੇ ॥੧੯॥
ਸਾਧੁ ਨਹੀਂ ਤਬਿ ਥਾ ਨਿਜ ਧਾਮ,
ਗਯੋ ਮਧ ਕਾਨਨ ਕਾਰਨ ਖੇਲੇ[1]।
ਸਿੰਘਨ ਕੀ ਜ਼ੁਲਮੀ[1] ਗੁਰੁ ਕਾ ਬਲ,
ਸਾਧੁ ਪੈ ਜਾਇ ਕਹਜੋ ਤਿਹ ਚੇਲੇ।
ਕੋਪ ਭਯੋ ਸੁਨ ਕੈ ਅਤਿ ਹੀ ਵਹਿ,
ਬੀਰ ਪੁਨਾ ਗੁਰੁ ਪੈ ਨਿਜ ਪੇਲੇ[1]।
ਆਇ ਸੁ ਮੰਚ ਉਠਾਵਨ ਕੋ,
ਬਹੁ ਜੋਰ ਲਗਾਇ ਰਹੇ ਕਰ ਹੇਲੇ[1] ॥੨੦॥
ਹਾਰ ਪਰੇ ਤਬਿ ਹੀ ਸੁ ਮੁਵੱਕਲ[1],
ਮੰਚ ਉਠਜੋ ਨ ਹਲਜੋ ਗੁਰੁ ਕੇਰੋ।
ਜਾਇ ਕਹੀ ਯਹਿ ਸਾਧੁ ਪੈ ਬੀਰਨਿ,
ਹੈ ਵਹਿ ਪੀਰ ਬਲੀ ਕੋਊ ਹੇਰੋ।
ਮੰਚ ਉਠਜੋ ਹਮ ਤੈ ਨਹਿਂ ਕਿੰਚਤ[1],

[1]ਬਹੁਤੇ ਦਰੱਖ਼ਤ।
[1]ਠਹਿਰ ਗਏ।
[1]ਪਲੰਘ।
[1]ਬਹੁਤ ਸੋਹਣੀ।
[1]ਕਤਾਰ ਵਿੱਚ ਸੁੰਦਰ ਸਿਰਹਾਣੇਰੱਖੇ ਹੋਏ ਹਨ।
[1]ਪਰ ਸਿੰਘਾਂ ਨੇ ਬਦੋ ਬਦੀ ਕਿਤਨੇ ਹੀ ਬੱਕਰੇ ਝਟਕਾ ਲਏ।
[1]ਰਿੰਨ੍ਹ ਕੇ ਮਾਸ।
[1]ਜੰਗਲ ਵਿੱਚ ਵਿਚਰਨ ਵਾਸਤੇ।
[1]ਧੱਕਾ।
[1]ਆਪਣੇ ਬੀਰ ਘੱਲੇ।
[1]ਹੱਲੇ।
[1]ਬੀਰ।
[1]ਥੋੜ੍ਹਾ ਜਿਹਾ ਵੀ।

ਜੋਰ ਲਗਾਇ ਰਹੇ ਬਹੁਤੇਰੋ।
ਯੌਂ ਸੁਨਿ ਸਾਧੁ ਭਯੋ ਬਿਸਮੈ[1] ਪੁਨ, [1]ਹੈਰਾਨ।
ਕੋਪ ਕਰਜੋ ਮਨ ਮਾਹਿਂ ਬਧੇਰੋ ॥੨੧॥
ਔਰ ਤਬੈ ਬਲਵਾਨ ਮੁਵੱਕਲ,
ਜੇ ਮਹਾਂਬੀਰ ਕਹਾਵਤ ਭਾਰੇ।
ਬੋਲ ਨਰਾਇਣ ਦਾਸ ਲਏ ਫਿਰ,
ਯਾ ਬਿਧਿ ਤਾਂ ਪ੍ਰਤਿ ਬੈਨ ਉਚਾਰੇ।
ਜਾਹੁ ਪਿਖੋ ਮਮ ਮੰਚ ਕੇ ਊਪਰ,
ਕੌਨ ਥਿਰਜੋ ਨਰ ਆਇ ਇਥਾਰੇ[1]। [1]ਏਥੇ।
ਮੰਚ ਉਠਾਇ ਦਿਵੋ ਉਲਟਾਇ,
ਗਿਰਾਇ ਧਰਾ ਪਰ ਤਾਂਹਿ ਪਛਾਰੇ[1] ॥੨੨॥ [1]ਉਸ ਨੂੰ ਪਟਕਾ ਕੇ ਧਰਤੀ 'ਤੇ ਡੇਗ ਦਿਉ।
ਯੌਂ ਸੁਨਿ ਬੀਰ ਮਹਾਂ ਬਲਵਾਨ,
ਘਨੀ ਰਿਸ ਠਾਨ ਅਏ ਤਹਿਂ ਫੇਰੂ।
ਮੰਚ ਉਠਾਇ ਹਲਾਇ ਰਹੇ,
ਨ ਉਠਜੋ ਤਿਨ ਤੈ ਬਲ ਕੀਨ ਬਥੇਰੂ[1]। [1]ਬਹੁਤਾ।
ਹਾਰ ਗਏ ਬਲ ਲਾਇ ਮੁਵੱਕਲ,
ਮੰਚ ਭਯੋ ਗੁਰੁ ਕਾ ਸਮ ਮੇਰੂ[1]। [1]ਸੁਮੇਰ ਪਰਬਤ ਵਾਂਗ (ਭਾਰਾ)।
ਜਾਇ ਪੁਨਾ ਤਿਨ ਸਾਧੁ ਕੇ ਪਾਸ,
ਕਹਯੋ ਨਹਿਂ ਮੰਚ ਉਠੈ ਤਿਸ ਕੇਰੂ ॥੨੩॥
ਯੌਂ ਸੁਨਿ ਕੋਪ ਬਿਸਾਲ ਭਯੋ ਵਹਿ,
ਸਾਧੁ ਕਰੇ ਚਖੁ[1] ਲਾਲ ਸੁ ਗੇਰੂ। [1]ਨੇਤ੍ਰ।
ਫੇਰ ਸਭੇ ਇਕਠੇ ਕਰਿ ਬੀਰ,
ਪਠੇ ਗੁਰੁ ਪੈ ਤਿਨ ਤੀਸਰਿ ਬੇਰੂ[1]। [1]ਤੀਜੀ ਵਾਰ।
ਆਂਚ[1] ਲਗੈ ਗੁਰੁ ਕੇ ਪ੍ਰਤਾਪ ਕੀ, [1]ਸੇਕ।
ਆਇ ਸਕੈ ਨਹਿਂ ਮੰਚ ਕੇ ਨੇਰੂ[1]। [1]ਨੇੜੇ।
ਜਯੋਂ ਰਵਿ[1] ਕੇ ਢਿਗ ਜਾਇ ਨ ਸੱਕਤ, [1]ਸੂਰਜ।
ਜੱਦਪਿ ਹ੍ਵੈ ਬਲਿਵਾਨ ਪੰਖੇਰੂ[1] ॥੨੪॥ [1]ਪੰਛੀ।
ਬੀਰ ਖਿਸਾਇ[1] ਗਏ ਫਿਰ ਧਾਇ, [1]ਸ਼ਰਮਿੰਦੇ ਹੋ ਕੇ।
ਹਵਾਲ-ਬਿਤਯੋ ਢਿਗ ਸਾਧੁ ਸੁਨਾਯੋ।
ਹੈ ਬਲਵਾਨ ਮਹਾਂਨ ਮਹਾਂ ਨਰ,

ਸੋ ਹਮ ਤੈ ਨਹਿਂ ਜਾਤ ਗਿਰਾਯੋ।
ਮੰਚ ਉਠਾਵਨ ਦੂਰ ਰਹਜੋ,
ਅਬਿ ਤਾਂਹਿ ਨਜੀਕ ਨ ਜਾਵਨ ਪਾਯੋ।
ਅੰਗ ਲਗੇ ਹਮਰੇ ਜਰਨੇ ਸਭਿ,
ਤਾਂਹਿ ਕਾ ਤੇਜ ਨ ਜਾਇ ਸਹਾਯੋ[1] ॥੨੫॥

[1]ਸਹਾਰਿਆ।

ਸੁਨਿ ਸਾਧਹਿ ਕੋਪ ਤ੍ਰਾਸ[1] ਬਢਜੋ,
ਤਬਿ ਬੀਰ ਬਿਭੀਤਸ ਦੋ ਰਸ ਹੋਏ[1]।
ਲੋਚਨ ਲਾਲ ਕਰਾਲ[1] ਮਹਾਂ ਕਰਿ,
ਬੀਰਨ ਕੌ ਕਟੁ ਬੈਨ ਬੁਗੋਏ[1]।
ਭੂਤ ਪ੍ਰੇਤ ਬਿਤਾਲ[1] ਬਟੋਰਿ
ਘਨੇ[1], ਗੁਰੁ ਸਿੱਖਨ ਪੈ ਫਿਰ ਢੋਏ[2]।
ਰੂਪ ਭਯੰਕਰ[1] ਧਾਰ ਮਹਾਂ ਸਭਿ
ਆਏ, ਤਬੈ ਗੁਰੁ ਸਿੱਖਨਿ ਜੋਏ[1] ॥੨੬॥

[1]ਡਰ।
[1]ਤਦ ਬੀਰ ਤੇ ਬੀਭੱਤਸ ਦੋਰਸ (ਇਕੱਠੇ) ਹੋ ਗਏ।
[1]ਭਿਆਨਕ।
[1]ਕੌੜੇ ਬਚਨ ਕਹੇ।
[1]ਭੂਤਾਂ ਦੀ ਇਕ ਜਾਤੀ।
[1]ਬਹੁਤ ਇਕੱਠੇ ਕਰਕੇ। [2]ਹੱਲਾ ਕਰ ਦਿੱਤਾ।
[1]ਡਰਾਉਣੇ।
[1]ਦੇਖੇ।

ਦੌਰਿ ਪੁਕਾਰ ਕਰੀ ਗੁਰੁ ਪੈ
ਸਭਿ ਸਿੱਖਨਿ, ਹ੍ਵੈ ਭੈ ਭੀਤ ਮਹਾਂਏ[1]।
ਨਾਥ ਬਚਾਵ ਕਰੋ ਹਮਰਾ ਅਬਿ,
ਨਾਹਿਂ ਤੋ ਯਾਹਿ ਤੋ ਜਾਹਿਂ ਚਬਾਏ[1]।
ਆਵਤ ਹੈਂ ਪਰਲੈ ਘਨ ਜਜੋਂ
ਉਮਡੇ[1], ਮੁਖ ਦਾਢ[2] ਕਢੀ ਦੁਖ ਦਾਏ।
ਯੌਂ ਜਬਿ ਆਤੁਰ[1] ਸਿੰਘ ਪਿਖੇ ਗੁਰੁ,
ਧੀਰਜ ਦੈ ਇਮ ਬੈਨ ਅਲਾਏ ॥੨੭॥

[1]ਬਹੁਤੇ ਭੈ ਨਾਲ ਡਰ ਕੇ।
[1]ਇਹ ਤਾਂ ਸਾਨੂੰ ਖਾ ਜਾਣਗੇ।
[1]ਉੱਛਲ ਕੇ। [2]ਜਾੜ੍ਹਾਂ।
[1]ਦੁਖੀ।

ਨਾਹਿਂ ਡਰੋ ਇਨ ਤੈ ਤੁਮ ਕਿੰਚਤ,
ਵਾਹਿਗੁਰੂ ਮੁਖ ਜਾਹੁ ਉਚਾਰੇ।
ਔ ਮਿਲ ਕੈ ਇਕ ਠੌਰ ਪੁਨਾ,
ਧੁਨਿ ਊਚ ਅਕਾਲ ਗਜਾਉ ਜੈਕਾਰੇ।
ਯੌਂ ਕਹਿ ਕੈ ਗੁਰੁ ਤੀਰ ਤਜੇ ਨਿਜ,
ਹੋਇ ਸਪੱਛ ਵਹੀ ਅਹਿ ਕਾਰੇ[1]।
ਬੀਰਨ ਕੈ ਗਿਰਦੇ ਵਹਿ ਤੀਰ,
ਭਏ ਤਬਿ ਜਾਇ ਭਯੰਕਰ ਭਾਰੇ[1] ॥੨੮॥

[1]ਉਹੋ ਹੀ ਖੰਭਾਂ ਵਾਲੇ ਕਾਲੇ ਸੱਪ ਬਣ ਗਏ।
[1]ਬਹੁਤੇ ਡਰਾਉਣੇ ਹੋ ਗਏ।

ਬੀਰਨ ਕੌ ਗੁਰੁ ਤੀਰਨ ਮਾਰਿ,

ਭਗਾਇ ਦਯੋ ਨਿਜ ਸਿੰਘ ਬਚਾਏ।
ਚੱਕ੍ਰ ਸੁਦਰਸ਼ਨ ਜਜੋਂ ਹਰਿ ਕੇ[1],
ਅਮਰੀਕ ਸੁ ਭੂਪ ਕੀ ਕੀਨ ਸਹਾਏ।
ਫੇਰ ਪੁਨਾ ਮਿਲ ਕੈ ਗੁਰੁ ਸਿੰਘਨਿ,
ਦੀਨ ਅਕਾਲ ਅਕਾਲ ਗਜਾਏ।
ਸੋ ਧੁਨ ਕੌ ਸੁਨ ਕੈ ਛਿਨ ਮੈਂ,
ਵਹਿ ਭੂਤ ਪ੍ਰੇਤ ਬਿਤਾਲ ਬਿਲਾਏ[1] ॥੨੯॥

[1]ਜਿਵੇਂ ਵਿਸ਼ਨੂੰ ਦੇ ਸੁਦਰਸ਼ਨ ਚੱਕ੍ਰ ਨੇ।

[1]ਛਪ ਗਏ।

ਜੋਗਨਿ ਬੀਰ ਬਿਤਾਲ ਉਡੇ ਇਮ,
ਆਗ ਪਰੇ ਜਿਮ ਆਤਸ਼ ਬਾਜ਼ੀ[1]।
ਸੂਰ ਉਦੇ ਜਿਮ ਬਾਦਰ ਧੁੰਧ,
ਮ੍ਰਿਗਿੰਦ ਗਜੇ ਮ੍ਰਿਗਾਵਲਿ ਭਾਜੀ[1]।

[1]ਅੱਗ ਲੱਗਣ ਤੋਂ ਜਿਵੇਂ ਆਤਸ਼ਬਾਜ਼ੀ ਉਡਦੀ ਹੈ।

[1]ਜਿਵੇਂ ਸੂਰਜ ਦੇ ਚੜ੍ਹਿਆਂ ਧੁੰਦ ਦੇ ਬੱਦਲ (ਉੱਡ ਜਾਂਦੇ ਹਨ) ਤੇ ਸ਼ੇਰ ਦੇ ਗੱਜਿਆਂ ਹਰਨਾਂ ਦੀ ਡਾਰ ਭੱਜ ਜਾਂਦੀ ਹੈ।

ਦਾਸ ਨਰਾਯਣ ਭਾ ਬਿਸਮੈ ਪਿਖਿ,
ਕੌਤਿਕ ਜੋ ਗੁਰੁ ਕੀਨ ਦਰਾਜੀ[1]।
ਹਾਰ ਪਰਜੋ ਬਲ ਲਾਇ ਸਭੈ ਜਬਿ,
ਤੌ ਮਿਲਨੇ ਹਿਤ ਹੈ ਮਨਿ ਸਾਜੀ[1] ॥੩੦॥

[1]ਵੱਡਾ।

[1]ਮਨ 'ਚ ਵਿਉਂਤ ਬਣਾਈ।

ਦੋ ਕਰ ਜੋਰਿ ਗਰੇ ਧਰਿ ਅੰਚਰ[1],
ਬੰਦਨ ਆਇ ਕਰੀ ਗੁਰੁ ਆਗੇ।
ਕੀਨ ਉਚਾਰਨ ਤ੍ਰਾਹਿ ਸੁ ਤ੍ਰਾਹਿ[1],
ਸ੍ਰੀ ਗੁਰੁ ਪੇਖਿ ਤਿਸੈ ਅਨੁਰਾਗੇ[1]।
ਲੀਨ ਉਠਾਇ ਸਦੀਨ ਅਧੀਨ[1],
ਪੁਨਾ ਗੁਰੁ ਤਾਂਹਿ ਕੋ ਬੂਝਨ ਲਾਗੇ।
ਕਜਾ ਤੁਵ ਨਾਮ ਅਹੇ ਸਿਸ ਕੌਨਿਹਂ[1] ?
ਕੋ ਤੁਵ ਭੇਖ ਬਤਾਉ ਸਭਾਗੇ ॥੩੧॥

[1]ਗਲ 'ਚ ਪੱਲਾ ਪਾ ਕੇ।

[1]ਰੱਖਿਆ ਕਰੋ, ਰੱਖਿਆ ਕਰੋ।

[1](ਉਸ ਨੂੰ) ਪ੍ਰੇਮੀ ਦੇਖ ਕੇ।

[1]{ਦੀਨ} ਦੁਖੀ ਤੇ {ਅਧੀਨ} ਨਿੰਮ੍ਰਤਾ ਸਹਿਤ।

ਸੰਤਨ ਕਾ ਅਪਮਾਨ[1] ਰਹਜੋ ਕਰਤੋ,
ਤੁਮ ਕੋ ਸੁਨਜੋ ਹਮ ਕਾਨੋ।
ਖੇਲਨ ਜੂਪ ਫਲੰਗਨ ਕੂਪ,
ਸੁ ਦੌਰਨ ਭੀਤਿ ਅਨੀਤਿ ਮਹਾਨੋ[1]।

[1]ਨਿਰਾਦਰ।

[1]ਜੂਆ ਖੇਡਣਾ, ਖੂਹ ਟੱਪਣਾ, ਕੰਧ ਤੇ ਦੌੜਨਾ ਬਹੁਤੀ ਖੋਟੀਰੀਤੀ ਹੈ।

ਸੰਤਨ ਸੰਗ ਖਿੱਲੀ[1] ਕਰਨੀ,

[1]ਹਾਸੀ।

ਭਵ[1] ਡੂਬਨ ਕੀ ਯਹਿ ਰੀਤਿ ਪਛਾਨੋ। [1]ਸੰਸਾਰ (ਸਮੁੰਦਰ ਵਿੱਚ)।
ਕਜਾ ਤੁਮਰੇ ਸਮ ਕੋਇ ਨਹੀਂ,
ਜਗ ਮਾਂਹਿ ਬਲੀ ਅਬਿ ਆਨ ਪੁਮਾਨੋ[1] ॥ ੩੨ ॥ [1]ਹੋਰ ਪੁਰਸ਼।

ਕਬਿੱਤ:

ਹਾਥ ਜੋਰਿ ਬਿਨੈ ਸਾਥ ਮਾਧੋ ਦਾਸ ਨਾਇ ਮਾਥ[1], [1]ਸਿਰ ਨਿਵਾ ਕੇ।
ਕਹਜੋ ਮੈਂ ਤੋ ਆਪ ਕਾ ਹੂੰ ਬੰਦਾ[1] ਸੁਨ ਲੀਜੀਏ। [1]ਦਾਸ।
ਕਰੇ ਅਪਰਾਧ ਜੋਊ ਪੂਰਬ ਅਗਾਧ[1] ਮੈਂ ਨੇ, [1]ਬਹੁਤੇ।
ਸਾਧ ਹੈਂ ਦੁਖਾਏ ਛਿਮੋਂ[1] ਆਪ ਸੋਊ ਕੀਜੀਏ। [1]ਖਿਮਾ ਕਰੋ।
ਮਿਲੇ ਆਪ ਰਘੁਨਾਥ[1] ਆਇ ਆਜ ਮੁਝੈ ਨਾਥ, [1]ਰਾਮ ਚੰਦਰ ਰੂਪ।
ਕੀਜੀਏ ਸਨਾਥ[1] ਹਾਥ ਮਾਥ ਪੈ ਧਰੀਜੀਏ। [1]ਸਫਲਾ।
ਦੇਹੁ ਉਪਦੇਸ਼ ਵੇਸ[1] ਹਾਰਕ ਕਲੇਸ਼ ਸ਼ੇਸ਼[2], [1]ਚੰਗਾ। [2]ਸਾਰੇ ਕਲੇਸ਼ਾਂ ਨੂੰ ਨਾਸ ਕਰਨ ਵਾਲਾ।
ਕਰੋ ਨਿਜ ਸਿੱਖ ਮੋਹਿ ਸਿੱਖਜਾ ਸੁ ਦੀਜੀਏ
॥ ੩੩ ॥

ਹੋਇ ਕ੍ਰਿਪਾਲ ਗੁਰੁ ਕਹੇ ਯੌਂ ਰਸਾਲ ਬੈਨ[1], [1]ਸੁੰਦਰ ਬਚਨ।
ਸਿੱਖ ਹੋਨ ਕਠਿਨ ਮਹਾਂਨ ਪਹਿਚਾਨੀਏ।
ਧਾਰ ਤਰਵਾਰ ਕੀ ਪੈ ਗਮਨ ਕਰਨ[1] ਏਹੁ, [1]ਚਲਣਾ।
ਬਾਰ ਤੈ[1] ਬਰੀਕ ਹੋਇ ਰਹਨੋ ਮਹਾਂਨੀਏ। [1]ਵਾਲ ਤੋਂ।
ਮੁਰਦਾ ਮੁਰੀਦ ਹੋਇ ਰਹੈ ਜੋ ਤਗੀਦ ਲਖਿ[1], [1]ਪੱਕੀ (ਗੱਲ) ਜਾਣੋ।
ਤਬਿ ਗੁਰੂ ਗੋਰ ਮੈਂ[1] ਸਮਾਵਨ ਹ੍ਵੈ ਜਾਨੀਏ। [1]ਗੁਰਾਂ ਦੀ (ਆਗਿਆ ਰੂਪ) ਕਬਰ ਵਿੱਚ।
ਸਿੱਖ ਗੁਰੂ ਸੀਖ[1] ਪਰ ਚਲੈ ਜਬਿ ਨੀਕ ਬਿਧਿ[2], [1]ਸਿੱਖਿਆ। [2]ਭਲੀ ਤਰ੍ਹਾਂ।
ਪਾਵੈ ਸੁਖ ਠੀਕ ਤਬਿ ਭਵ ਦੁਖ ਹਾਨੀਏ[1] [1]ਸੰਸਾਰ ਦਾ ਦੁੱਖ ਨਾਸ ਹੋ ਜਾਂਦਾ ਹੈ।
॥ ੩੪ ॥

ਦੋਹਰਾ:

ਯਹਿ ਸੁਨਿ ਮਾਧੋ ਦਾਸ ਪੁਨ,
ਗੁਨ ਕਰਿ[1] ਮਨਿ ਮੁਦ ਠਾਨ[2]। [1]ਵਿਚਾਰ ਕੇ। [2]ਅਨੰਦ ਹੋ ਕੇ।
ਕਹਜੋ ਬੰਦਗੀ[1] ਬਖਸ਼ੀਏ, [1]ਭਗਤੀ।
ਮੁਹਿ ਨਿਜ ਬੰਦਾ ਜਾਨ ॥ ੩੫ ॥
ਤਬਿ ਗੁਰੁ ਨਿਜ ਕਰ[1] ਤਾਂਹਿ ਸਿਰ, [1]ਹੱਥ।
ਧਰ ਕਰਿ ਕਰਜੋ ਨਿਹਾਲ।

ਸਤਿਨਾਮੁ ਉਪਦੇਸ਼ ਦੈ,
ਕੀਨੋ ਸਿੱਖ ਬਿਸਾਲ ॥ ੩੬ ॥
ਪੁਨ ਬੰਦੇ ਕਰ ਜੋਰ ਕਰਿ,
ਗੁਰੁ ਢਿਗ ਉਚਰਜੋ ਐਸ।
ਆਗਜਾ ਮੁਝ ਕੋ ਕੀਜੀਏ,
ਹੈ ਰਾਵਰ ਰੁਚਿ ਜੈਸ[1] ॥ ੩੭ ॥ [1]ਜਿਵੇਂ ਆਪ ਦੀ ਇੱਛਾ ਹੈ।
ਪੇਖਿ ਸਿਦਕ ਸਮ੍ਰੱਥ ਪੁਨ,
ਤਾਂ ਕੋ ਗੁਰੁ ਸਭਿ ਭਾਂਤਿ।
ਕਹਜੋ ਗੁਰੂ ਤੁਮ ਜਾਹੁ ਅਬਿ,
ਦਿਸ ਪੰਜਾਬ ਬਖਜਾਤ[1] ॥ ੩੮ ॥ [1]ਪ੍ਰਗਟ।
ਪੂਰਬਲੀ ਸਭਿ ਗਾਥ ਗੁਰੁ,
ਤਿਹਂ ਢਿਗ ਕਰੀ ਉਚਾਰ।
ਤੁਰਕਨਿ ਕੀਨੇ ਜ਼ੁਲਮ ਜਜੋਂ,
ਗੁਰੁ ਘਰ ਸੰਗ ਅਪਾਰ ॥ ੩੯ ॥
ਸਾਹਿਬਜ਼ਾਦੇ ਜਿਨ ਹਨੇ[1], [1]ਸ਼ਹੀਦ ਕੀਤੇ।
ਤਿਨ ਸਭਿਹਨ ਕੋ ਮਾਰ।
ਲੈਹੁ ਬੈਰ ਤੁਰਕਾਂਨ ਤੈ,
ਤੁਝੈ ਯੋਗ ਯਹਿ ਕਾਰ[1] ॥ ੪੦ ॥ [1]ਤੇਰੇ ਲਾਇਕ ਇਹ ਕੰਮ ਹੈ।
ਬੰਦਾ[1] ਜਿਸ ਤਰੁ[2] ਕੋ ਲਗੈ, [1]ਅਕਾਸ਼ ਵੇਲ। [2]ਦਰੱਖ਼ਤ।
ਤਾਂ ਕੋ ਦੇਤ ਸੁਕਾਇ।
ਤੂੰ ਹਮਰਾ ਬੰਦਾ ਭਯੋ,
ਲਗ ਤੁਰਕਨ ਕੋ ਜਾਇ ॥ ੪੧ ॥
ਤਾਂ ਕਾ ਬੰਦਾ ਨਾਮ ਜਬਿ
ਕਹਯੋ ਗੁਰੂ ਯੌਂ ਆਪ।
ਤਬਿ ਤੇ ਬੰਦਾ ਨਾਮ ਤਿਹਂ,
ਭਯੋ ਬਿਦਿਤ ਨਿਸ ਪਾਪ[1] ॥ ੪੨ ॥ [1]ਦੋਸ਼ਰਹਿਤ।

ਚੌਪਈ:

ਗੁਰੁ ਆਗਜਾ ਉਨ ਸਿਰ ਧਰਿ ਮਾਨੀ।
ਹਾਥ ਜੋਰਿ ਪੁਨ ਅਰਜ਼ ਬਖਾਨੀ।
ਸ਼ਸਤ੍ਰ ਬਖਸ਼ ਮੁਝੈ ਕਿਛੁ ਕਰੋ।

ਜਿਹਂ ਬਲ ਮੈਂ ਅਰਿ ਗਨ ਕੋ ਹਰੋਂ[1] ॥ ੪੩ ॥
[1]ਬਹੁਤ ਵੈਰੀਆਂ ਨੂੰ ਮਾਰਾਂ।

ਤਬਿ ਗੁਰੁ ਹ੍ਵੈ ਕਰਿ ਖੁਸ਼ੀ ਅਪਾਰਾ।
ਨਿਜ ਗਰ ਤੈ ਨਿਜ ਖੜਗ[1] ਉਤਾਰਾ।
[1]ਖੰਡਾ।

ਬੰਦੇ ਕੇ ਗਰ ਮੈਂ ਗੁਰੁ ਪਾਯੋ।
ਪਿਖਿ ਤਬਿ ਸਿੰਘਨਿ ਰੋਸ ਉਪਾਯੋ ॥ ੪੪ ॥
ਹੈ ਇਹੁ ਖੰਡਾ ਹਮਰਾ ਹੱਕ।
ਯੌਂ ਕਹਿ ਜਰਾ ਨ ਕੀਨੀ ਝੱਕ[1]।
[1]ਝਿਜਕ।

ਲਿਯ ਬੰਦੇ ਕੇ ਗਰੋਂ ਉਤਾਰਾ।
ਫਿਰ ਬੰਦਾ ਗੁਰੁ ਪਾਸ ਪੁਕਾਰਾ ॥ ੪੫ ॥
ਪੇਖਿ ਗੁਰੂ ਮੁਸਕਾਇ ਉਚਾਰੀ।
ਵਸਤੁ ਆਪਨੀ ਇਨੈਂ ਸੰਭਾਰੀ।
ਭਯੋ ਖਾਲਸਾ ਅਬਿ ਬਲਕਾਰੀ।
ਲੈ ਹੈ ਰਾਜ ਦੁਸ਼ਟ ਗਨ ਮਾਰੀ ॥ ੪੬ ॥
ਫਿਰ ਬੰਦੇ ਕੋ ਗੁਰੁ ਨਿਜ ਤੀਰ।
ਬਖਸ਼ੇ ਪਾਂਚ, ਕਹਯੋ ਯਹਿ ਬੀਰ[1]।
[1]ਇਹ ਪੰਜ ਬੀਰ (ਸਮਝ)।

ਹੋਇ ਚਾਹਿ ਅਤਿਸੈ[1] ਜਬਿ ਆਈ।
[1]ਬਹੁਤੀ ਲੋੜ ਹੋਵੇ।

ਇਨ ਮੈਂ ਤੇ ਇਕ ਦਯੋ ਚਲਾਈ ॥ ੪੭ ॥
ਯਹਿ ਹਟ ਕਰਿ ਫਿਰ ਤੁਮ ਢਿਗ ਐ ਹੈਂ।
ਤੁਮ ਕੋ ਅਚਰਜ ਸ਼ਕਤਿ ਦਿਖੈ ਹੈਂ।
ਚਲੈ ਪੌਨ ਅਤਿ ਧੂਰ ਊਡੈ ਹੈ।
ਦੁਸ਼ਮਨ ਦ੍ਰਿਸ਼ਟਿ ਮੰਦ ਹ੍ਵੈ ਜੈਹੈ[1] ॥ ੪੮ ॥
[1]ਨਿਗ੍ਹਾ ਬੰਦ ਹੋ ਜਾਵੇਗੀ।

ਇਨ ਕੇ ਤਾਬੇ ਫੌਜ ਸ਼ਹੀਦੀ।
ਕਰਿ ਦੀਨੀ, ਮੈਂ ਕਰਿ ਤਾਕੀਦੀ[1]।
[1]ਪਕਿਆਈ।

ਦਲ ਦੁਸ਼ਮਨ ਕਾ ਸਭੀ ਪਲੈਹੈ।
ਫਤੇ ਜੰਗ ਕੀ ਤੁਮ ਕੋ ਐਹੈ ॥ ੪੯ ॥
ਚਹੈਂ ਜੁ ਕਾਜ ਕਰਯੋ ਕਛੁ ਔਰੈਂ।
ਪਾਂਚ ਸਿੰਘ ਕਰੀਓ ਇਕ ਠੌਰੈਂ।
ਇਨ ਤੈ ਕਰਵੱਈਓ ਅਰਦਾਸਾ।
ਸਰਬ ਕਾਜ ਆਵਹਿਂ ਤਬਿਰਾਸਾ ॥ ੫੦ ॥
ਦੇਸ ਮਾਲਵੇ ਮਾਝੇ ਔਰੈਂ।

ਪਠਜੋ ਚਿੱਠੀਆਂ ਲਿਖਿ ਸਭਿ ਠੌਰੈਂ।
ਸਭਿ ਸਿੰਘਨ ਕੋ ਨਿਕਟਿ ਬੁਲੱਈਓ।
ਤਿਨ ਕੇ ਸੰਗ ਮੇਲ ਤੁਮ ਕੱਈਓ ॥ ੫੧ ॥
ਬੀਰ ਹਠੀ ਵਹਿ ਹੈਂ ਸਭਿ ਗੌਰੈਂ[1]। [1]ਭਾਰੇ।
ਮੱਦਤ ਕਰੈਂ ਤੋਹਿ ਸਭਿ ਠੌਰੈਂ।
ਤੁਮ ਸਿੰਘਨਿ ਸੋਂ ਰਖੀਓ ਮੇਲਾ।
ਉਨ ਬਿਗਰੇ ਤੂੰ ਬਨੈਂ ਦੁਹੇਲਾ[1] ॥ ੫੨ ॥ [1]ਦੁਖੀ।
ਮਿਲੈ ਜੁ ਧਨ ਸਭਿ ਬਾਂਟ ਛਕੱਈਓ।
ਇਕ ਤੁਮ ਗੁਰੂ ਨ ਆਪ ਸਦੱਈਓ।
ਜਤੀ ਲੰਗੋਟੇ ਕੇ ਦਿਢ ਰਹੀਓ।
ਪੁਨ ਅਪਨੋ ਨਹਿਂ ਪੰਥ ਚਲੱਈਓ ॥ ੫੩ ॥
ਗੁਰੁ ਦ੍ਵਾਰਨ ਕੋ ਬੰਦਨ ਕੱਈਓ।
ਗੁਰੁ ਗਾਦੀ ਪਰ ਪਾਉਂ ਨ ਦੱਈਓ।
ਮਨ ਹੰਕਾਰ ਨ ਅਧਿਕ ਕਰੱਈਓ।
ਸਿੰਘਨ ਸੋਂ ਨ ਕਬੀ ਬਿਗਰੱਈਓ ॥ ੫੪ ॥
ਸਿੰਘਨ ਕੋ ਮਮ ਰੂਪ ਲਖੱਈਓ[1]। [1]ਤੂੰ ਜਾਣੀ।
ਇਨ ਕਾ ਕਹਜਾ ਮਾਨਤੇ ਰੱਹੀਓ।
ਏਕ ਵਖਤ ਇਨ ਕੀ ਮੰਨ ਲੱਈਓ।
ਫਿਰ ਇਨ ਤੈ ਤੁਮ ਦਸ ਮਨਵੱਈਓ ॥ ੫੫ ॥
ਕਰਿ ਉਸਤਤਿ ਇਨ ਤੈ ਕੰਮ ਲੱਈਓ।
ਲੂਟਨ ਤੈ ਇਨ ਕੋ ਨ ਹਟੱਈਓ।
ਆਪ ਤਜਾਗੀ ਬਨੇ ਰਹੱਈਓ।
ਰਾਜ ਸਭੀ ਸਿੰਘਹਿਂ ਭੁਗਵੱਈਓ ॥ ੫੬ ॥
ਮੁਝ ਕੋ ਸਦ ਹੀ ਸੰਗ ਲਖੱਈਓ।
ਭਲੀ ਭਾਂਤਿ ਦੁਸ਼ਟਹਿਂ ਦੁਖ ਦੱਈਓ।
ਭੈ ਨਹਿਂ ਜਰਾ ਕਿਸੀ ਕਾ ਕੱਈਓ।
ਇਤਜਾਦਿਕ ਸਭਿ ਕਾਜ ਕਰੱਈਓ ॥ ੫੭ ॥
ਯੌਂ ਕਰਿ ਸਭਿ ਜਗ ਮੈਂ ਜਸ ਪੱਈਓ।
ਤਨ ਤਜਿ ਫਿਰ ਮਮ ਰੂਪ ਸਮੱਈਓ।
ਬਚਨ ਹਮਾਰੇ ਸਭੀ ਕਮੱਈਓ।

ਤੌ ਤੁਮ ਸਦਾ ਸੂਖ ਜਸ ਪੱਈਓ ॥ ੫੮ ॥
ਜੇ ਤੂੰ ਹਮਰੇ ਬਚਨ ਤਜੈ ਹੈਂ।
ਤੌ ਤੂੰ ਦੁਹੂੰ ਲੋਕ ਦੁਖ ਪੈਹੈਂ।
ਪਕਰਿ ਤੁਰਕ ਤੁਹਿ ਕਰਿ ਹੈਂ ਦੀਨੈ[1]। [1]ਦੁਖੀ।
ਮਾਰਹਿਂ ਤੋਹਿ ਧਰਮ ਕਰਿ ਛੀਨੈ ॥ ੫੯ ॥
ਇਤਜਾਦਿਕ ਗੁਰੁ ਬਚਨ ਜੁ ਭਾਖੇ।
ਬੰਦੇ ਨਿਜ ਢਿਗ ਸਭਿ ਲਿਖਿ ਰਾਖੇ।
ਪੁਨ ਬੰਦੇ ਕਰ ਜੋਰਿ ਬਖਾਨਾ।
ਕਿਛ ਕੁ ਸਿੰਘ ਮੁਹਿ ਦੇਹੁ ਸੰਗਾਨਾ ॥ ੬੦ ॥
ਸੁਨਿ ਸਤਿਗੁਰੁ ਯਹਿ ਭਲਿ ਮਨਿ ਮਾਨੀ।
ਪਾਂਚ ਸਿੰਘ ਵਡ ਦਏ ਮਹਾਨੀ।
ਬਿਨੋਦ ਸਿੰਘ ਤੇਹਣ ਇਕ ਦੀਨੋ।
ਕਾਨ੍ਹ ਸਿੰਘ ਭੱਲਾ ਭਲ ਚੀਨੋ ॥ ੬੧ ॥
ਬਾਜ ਸਿੰਘ ਇਕ ਬੀਰ ਉਦਾਰੋ।
ਨਗਰ ਮੀਰ ਪੁਰਿ ਪੱਟੀ ਵਾਰੋ[1]। [1]ਪੱਟੀ ਦੇ ਇਲਾਕੇ ਦੇ ਮੀਰ ਪੁਰਿ ਪਿੰਡ ਦਾ।
ਬਿਜੈ ਸਿੰਘ ਪੁਨ ਰਾਮ ਸਿੰਘ ਵਰ।
ਯਹਿ ਬੰਦੇ ਕੇ ਸੰਗ ਦਏ ਕਰਿ ॥ ੬੨ ॥
ਪੁਨ ਪੰਜਾਬ ਕੇ ਸਿੰਘਨ ਤਾਂਈਂ।
ਲਿਖਜੋ ਮਿਲੋ ਤੁਮ ਬੰਦੇ ਤਾਂਈਂ।
ਬੰਦੇ ਕੋ ਮਮ ਰੂਪ ਲਖੱਈਓ।
ਇਸ ਕੀ ਆਗਜਾ ਮੈਂ ਸਭਿਰੱਹੀਓ ॥ ੬੩ ॥
ਬੈਰ ਸਜਾਦਨ ਕਾ[1] ਮਿਲਿ ਲਈਓ। [1]ਸਾਹਿਬਜ਼ਾਦਿਆਂ ਦਾ।
ਹਤ ਤੁਰਕੈਂ ਫਿਰਰਾਜ ਕਮੱਈਓ।
ਇਤਜਾਦਿਕ ਗੁਰੁ ਬੈਨ ਲਿਖਾਏ।
ਬੰਦੇ ਕੇ ਕਰ ਦਏ ਫੜਾਏ ॥ ੬੪ ॥
ਸਿੰਘ ਔਰ ਪੁਨ ਕੇਤਿਕ ਚੰਗੇ।
ਬੰਦੇ ਕੇ ਦੀਨੇ ਤਬਿ ਸੰਗੇ।
ਏਕ ਨਗਾਰਾ ਏਕ ਨਿਸ਼ਾਨਾ[1]। [1]ਨਿਸ਼ਾਨ ਸਾਹਿਬ।
ਦਏ ਗੁਰੂ ਮੁਦ ਹੋਇ ਮਹਾਨਾ ॥ ੬੫ ॥
ਦੈ ਕਰਿ ਖੁਸ਼ੀ ਥਾਪਨਾ ਲਾਏ[1]। [1]ਖੁਸ਼ ਹੋ ਕੇ (ਪਿੱਠ ਤੇ) ਥਾਪੜਾ ਦਿੱਤਾ।

ਰਿੱਧਿ ਸਿੱਧਿ ਨਿੱਧੀ ਸਭਿ ਦਾਏ[1]।
ਦਿਸ ਪੰਜਾਬ ਕੌ ਪਠਜੋ ਚੜ੍ਹਾਏ।
ਇਤੀ ਭਯੋ ਈਹਾਂ ਯਹਿ ਧਜਾਏ ॥ ੬੬ ॥

[1]ਦੇ ਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਨਦੇੜ ਜਾ ਕਰ ਬੰਦੇ ਕੋ ਸਿੱਖ ਕਰਨ, ਪੰਜਾਬ ਦਿਸ ਚਢਾਵਨ*, ਬਰਨਨੰ ਨਾਮ ਸੱਤ੍ਰਮੋਂ ਬਿਸ੍ਰਾਮ ॥ ੭੦ ॥

*ਪੰਜਾਬ ਦਿਸ ਚਢਾਵਨ' ਇਹ ਸ਼ਬਦ ਲਾਹੌਰ ਐਡੀਸ਼ਨ ਦੇ ਹਨ।

੭੧. {ਦਸਮ ਗੁਰੂ ਜੀ ਦਾ ਜੋਤੀ ਜੋਤਿ ਸਮਾਉਣਾ, ਅਬਚਲ ਨਗਰ ਦੀ ਕਥਾ}

*ਦੋਹਰਾ:

*ਹੁਣ ਅਸੀਂ ਇਹ ਅੰਮ੍ਰਿਤਸਰ ਐਡੀਸ਼ਨ ਦਾ ੨੮ਵਾਂ ਬਿਸ੍ਰਾਮ ਅਰੰਭ ਕਰਨ ਲੱਗੇ ਹਾਂ। ਪਿਛਲਾ ਬਿਸ੍ਰਾਮ ੨੪ਵਾਂ ਸੀ। ੨੫, ੨੬ ਤੇ ੨੭ ਨੰਬਰ ਬਿਸ੍ਰਾਮ (ਜਿਨ੍ਹਾਂ ਵਿੱਚ ਬੰਦਾ ਸਿੰਘ ਬਹਾਦਰ ਦਾ ਪੰਜਾਬ ਵਿੱਚ ਆ ਕੇ ਜ਼ਾਲਮਾਂ ਨੂੰ ਦੰਡ ਦੇਣ ਤੇ ਹੋਰ ਇਲਾਕਿਆਂ 'ਤੇ ਕਾਬਜ਼ ਹੋਣ ਦੇ ਪ੍ਰਸੰਗ ਹਨ) ਅਸਾਂ ਇਸ ਲਈ ਛੱਡ ਦਿੱਤੇ ਹਨ ਕਿ ਸਾਡੀ ਇਸ ਐਡੀਸ਼ਨ ਵਿੱਚ ਉਹ ਸਾਰੇ ਪ੍ਰਸੰਗ ਅੱਗੇ ਜਾ ਕੇ ਉੱਤ੍ਰਾਰਧ ਵਿੱਚ ਆਉਣਗੇ ਜਿੱਥੇ ਇਨ੍ਹਾਂ ਪ੍ਰਸੰਗਾਂ ਨੂੰ ਏਥੋਂ ਨਾਲੋਂ ਹੋਰ ਵਧਾ ਕੇ ਵਿਸਥਾਰ ਨਾਲ ਕਵੀ ਜੀ ਨੇ ਆਪ ਲਿਖਿਆ ਹੈ ਉਹ ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ਉਤ੍ਰਾਰਧ 'ਚ ਬਿਸ੍ਰਾਮ ਨੰ: ੩ ਤੋਂ ੬ ਤੱਕ ਛਪੇ ਹੋਏ ਹਨ। ਇਸ ਐਡੀਸ਼ਨ ਦੇ ਉੱਤ੍ਰਾਰਧ ਵਿੱਚ ਵੀ ਬਿਸ੍ਰਾਮ ਨੰ: ੩ ਤੋਂ ੬ ਤੱਕ ਦੇਖੋ।

ਦੁੰਦ ਬ੍ਰਿੰਦ ਨਿਕੰਦ ਹ੍ਵੈਂ,
ਭਵ ਬੰਧਨ ਮਿਟ ਜਾਇਂ[1]।

[1]ਬਹੁਤੇ {ਦੁੰਦ} ਦੁਖ ਨਾਸ ਹੋ ਜਾਣਗੇ ਤੇ ਸੰਸਾਰ ਦੇ ਬੰਧਨ ਮਿਟ ਜਾਣਗੇ।

ਹਰਿ ਗੁਬਿੰਦ ਗੁਰੁ ਕੇ ਮਨਾ,
ਪਦ ਅਰਬਿੰਦ ਮਨਾਇਂ ॥੧॥
ਸੁਨੋ ਗਾਥ ਇਕ ਔਰ ਅਬਿ,
ਬੀਚ ਮਾਂਹਿ ਸੁਖ ਦਾਨ।
ਫਿਰ ਬੰਦੇ ਕੀ ਕਹੈਂਗੇ,
ਗਾਥਾ ਔਰ ਮਹਾਂਨ ॥੨॥
ਜਬਿ ਬੰਦੇ ਨੈ ਆਇ ਕੈ,
ਦੇਸ ਪੰਜਾਬ ਮਝਾਰ।
ਗਦਲ ਮਚਾਯੋ[1] ਅਧਿਕ ਹੀ,
ਦਏ ਤੁਰਕ ਬਹੁ ਮਾਰ ॥੩॥
ਹੁਤੋ ਮੁਸੱਲਮ ਖਾਨ ਤਬਿ,
ਸੂਬਾ ਬੀਚ ਲਾਹੌਰ।
ਭਏ ਇਕੱਠੇ ਆਨ ਬਹੁ,
ਤੁਰਕ ਤਾਂਹਿ ਢਿਗ ਔਰ ॥੪॥
ਸਭਿ ਨੈ ਮਿਲਿ ਅਰਜ਼ੀ ਲਿਖੀ,
ਪਾਤਸ਼ਾਹਿ ਕੀ ਓਰ[1]।
ਗੁਰੁ ਬੰਦੇ ਨੈ[1] ਮੁਲਕ ਮੈਂ,

[1]ਬਹੁਤੀ ਹਲਚਲੀ ਪਾ ਦਿੱਤੀ।

[1]ਤਰਫ਼।

[1]ਗੁਰੂ ਕੇ ਬੰਦੇ ਨੇ।

ਅਧਿਕ ਮਚਾਯੋ ਸ਼ੋਰ ॥ ੫ ॥
ਜੇਤਿਕ ਗਾਥਾ ਹਮ ਲਿਖੀ
ਪਿਛਲੇ ਧਜਾਇ ਮਝਾਰ*।

*ਉਹ ੨੫ ਤੋਂ ੨੭ ਨੰਬਰ ਤੱਕ ਤਿੰਨ ਧਜਾਇ ਹਨ ਜੋ ਅਸਾਂ ਏਥੇ ਛੱਡ ਦਿੱਤੇ ਹਨ। ਉਹ ਧਜਾਇ ਅੱਗੇ ਉੱਤ੍ਰਾਰਧ 'ਚ ਦੇਖੋ ਬਿਸ੍ਰਾਮ ਨੰ: ੩ ਤੋਂ ੬ ਤੱਕ ਆਉਣਗੇ।

ਤਿਸ ਤੈ ਦੁਗਨਿ ਬਨਾਇ ਕਰਿ,
ਲਿਖੀ ਤਿਨੋ ਨੈ ਸਾਰ[1] ॥ ੬ ॥

[1]ਚੰਗੀ ਤਰ੍ਹਾਂ।

ਔਰ ਬਹੁਤ ਬਾਤੈਂ ਲਿਖੀ,
ਤਿਨਹੂੰ ਇਸ ਪ੍ਰਕਾਰ।
ਜੋ ਸੁਨ ਕਰਿ ਪਤਿਸ਼ਾਹਿ ਕੋ,
ਹੋਵੈ ਰੋਸ ਅਪਾਰ[1] ॥ ੭ ॥

[1]ਬਹੁਤਾ ਗੁੱਸਾ।

ਸ਼ਾਹਿ ਬਹਾਦਰ ਹੁਤੋ ਤਬਿ,
ਦੱਖਨ ਦਿਸ ਕੇ ਮਾਂਹਿ।
ਬੰਦੋਬਸਤ ਨਿਜ ਮੁਲਕ ਕਾ,
ਕਰਤ ਫਿਰਤ ਥੋ ਚਾਹਿ[1] ॥ ੮ ॥

[1]ਆਪਣੀ ਇੱਛਾ ਅਨੁਸਾਰ।

ਸ਼ੰਕਰ ਛੰਦ:
ਜਬਿ ਸੁਨਜੋ ਦੇਸ ਪੰਜਾਬ ਕਾ,
ਪਤਿਸ਼ਾਹਿ ਨੈ ਸਭਿ ਹਾਲ।
ਤਬਿ ਭਯੋ ਬਿਸਮੈਂ ਸੀਸ ਧੁਨ ਕਰਿ[1],
ਸ਼ੋਕ ਕੀਨ ਬਿਸਾਲ।

[1]ਸਿਰ ਹਿਲਾ ਕੇ ਹੈਰਾਨ ਹੋਇਆ।

ਪੁਨ ਬੋਲ[1] ਸਰਬ ਅੰਬੀਰ ਲੀਨੇ,
ਨਿਜ ਕਚਹਿਰੀ ਮਾਂਹਿ।
ਜੋ ਲਿਖਜੋ ਆਯੋ ਥਾ ਪੰਜਾਬੋਂ,
ਸੋ ਸੁਨਾਯੋ ਚਾਹਿ ॥ ੯ ॥

[1]ਬੁਲਾ ਲਏ।

ਸੁਨਿ ਬਾਤ ਬੰਦੇ ਕੀ ਡਰੇ,
ਮਨ ਮਾਂਹਿ ਸਗਲ ਅੰਬੀਰ।
ਮਤ ਸ਼ਾਹਿ ਹਮ ਕੋ ਪਠੈ ਕਿਤ,
ਤਿਸ ਦਿਸਾ ਕੋ ਦੈ ਭੀਰ[1]।

[1]ਫ਼ੌਜ ਦੇ ਕੇ।

ਜਿਨ ਦਯੋ ਖਾਨ ਬਜੀਦ ਨਾਜ਼ਮ,
ਕਾਫਰੈਂ ਕਰਿ ਜਾਰ[1]।

[1]ਕਾਫ਼ਰ ਕਰ ਕੇ ਸਾੜ ਦਿੱਤਾ।

ਬਡ ਪੀਰ ਜਾਰਜੋ ਕਬਰ ਤੈ,
ਜਿਨ ਕਢਿ ਸਢੋਰੇ ਵਾਰ ॥੧੦॥
ਹੈ ਕਰਾਮਾਤੀ ਅਧਿਕ ਬੰਦਾ,
ਰਹਿਤ ਤਾਬੇ[1] ਬੀਰ। [1]ਆਗਿਆ ਵਿੱਚ।
ਮਤ ਮਾਰ ਹੈ ਕਰਿ ਕਾਫਰੈਂ,
ਹਮ ਤਈਂ ਬੰਦਾ ਪੀਰ।
ਜਿਮ ਪਠੈ ਸ਼ਾਹਿ ਨ ਹਮੈ ਤਿਸ ਦਿਸ,
ਕਰੈਂ ਸੋ ਤਦਬੀਰ[1]। [1]ਢੰਗ।
ਯਹਿ ਚਿੱਤ ਮੈਂ ਤਬਿ ਧਾਰ ਬੋਲੇ,
ਸ਼ਾਹਿ ਢਿਗ ਅੰਮੀਰ ॥੧੧॥
ਕਰ ਜੋਰਿ ਭਾਖੈਂ ਅਰਜ਼ ਸਾਚੀ,
ਸੁਨੋ ਜਹਾਂ ਪਨਾਹਿ[1]। [1]ਹੇ ਜਗਤ ਦੇਰਾਖੇ।
ਹਮ ਆਪ ਕੇ ਅਨੁਸਾਰ ਸਦ ਹੀ,
ਆਪ ਕਾ ਸੁਖ ਚਾਹਿਂ।
ਅਬਿ ਸੁਨੋ ਬੰਦੇ ਕੀ ਕਥਾ,
ਹਮ ਕਹੈਂ ਸਾਚ ਸੁਨਾਇ।
ਵਹਿ ਅਜ਼ਮਤੀ ਹੈ ਪੀਰ ਭਾਰਾ,
ਸੁਨਜੋ ਬੁਰੀ ਬਲਾਇ ॥੧੨॥
ਬਸਿ ਹੁਤੇ ਤਾਂ ਕੇ ਬੀਰ ਆਗੇ,
ਦਏ ਪੁਨ ਗੁਰੁ ਤੀਰ।
ਬਡ ਥਾਪਨਾ ਦੈ ਪਠਯੋ ਗੁਰੁ ਨੈ,
ਸੰਗ ਦੈ ਸਿੰਘ ਬੀਰ।
ਜਿਨ ਕਰੇ ਲਾਖਨ ਸੰਗ ਜੰਗ,
ਆਨੰਦ ਪੁਰਿ ਕੇ ਮਾਂਹਿ।
ਅਬਿ ਭਯੋ ਤਿਨ ਕਾ ਦੇਸ ਸਭ ਹੀ,
ਸੰਗ ਬੰਦੇ ਚਾਹਿ ॥੧੩॥
ਪੁਨ ਧਨੀ[1] ਅਜ਼ਮਤ[2] ਤੇਗ ਕਾ, [1]ਮਾਲਕ। [2]ਕਰਾਮਾਤ।
ਲਖ ਲੇਹੁ ਬੰਦਾ ਭਾਰ[1]। [1]ਬਹੁਤਾ।
ਤਿਸ ਸੰਗ ਕਰਨੋ ਮੇਲ ਹੈ ਭਲ,
ਨਾਹਿਂ ਨੀਕੀ ਰਾਰ[1]। [1]ਲੜਾਈ।

ਹੈ ਸਿੱਖ ਸੋਊ ਦਸਮ ਗੁਰੁ ਕਾ,
ਬਖਸ਼ ਇਨ ਹੂੰ ਕੀਨ।
ਨਿਜ ਸੁਤਨ ਕਾ ਇਨ ਬੈਰ ਲੇਵਨ,
ਹੇਤ ਪਠਜੋ ਚੀਨ ॥ ੧੪ ॥
ਤਬਿ ਜਿਨੋ ਨੇ ਗੁਰੁ ਸੰਗ ਨਾਹੱਕ,
ਕਰੇ ਜ਼ੁਲਮ ਅਪਾਰ।
ਅਬਿ ਜਾਇ ਬੰਦੇ ਹਨਜੋ ਤਿਨ ਕੋ,
ਲਏ ਬਦਲੇ ਭਾਰ।
ਅਬਿ ਆਪ ਮੇਟਜੋ ਚਹਿਤ ਜੇ,
ਵਹਿ ਗਦਲ ਕੋ[1], ਭਲ ਭਾਇ[2]।
ਤੂੰ ਦਸਮ ਗੁਰੁ ਤੈ ਹੁਕਮ,
ਬੰਦੇ ਤਈਂ ਦੈਹੁ ਦਿਵਾਇ ॥ ੧੫ ॥
ਵਹਿ ਨਹਿ ਮਚਾਵੈ ਗਦਲ ਜਗ ਮੈਂ,
ਲੂਟ ਮਾਰ ਤਜਾਇ।
ਬਹੁ ਪਾਤਿਸ਼ਾਹਿਨ ਤੈ ਲਵੈ,
ਜਗੀਰ ਬੈਠਾ ਖਾਇ।
ਇਸ ਭਾਂਤਿ ਮਿਟ ਹੈ ਗਦਲ ਸਰਬ,
ਸੁਖੈਨ ਹੀ ਲਖ ਲੇਹੁ।
ਨਹਿ ਨੀਕ ਔਰ ਉਪਾਵ ਕੋਊ,
ਮਤੋ ਹਮਰੋ ਏਹੁ ॥ ੧੬ ॥
ਯਹਿ ਬਾਤ ਸੁਨਿ ਪਤਿਸ਼ਾਹਿ ਨੈ,
ਮਨ ਮਾਂਹਿ ਮਾਨੀ ਠੀਕ।
ਗੁਰੁ ਪਾਸ ਆਵਨ ਕੀ ਤਬੈ,
ਦਿਲ ਮਾਂਹਿ ਧਾਰੀ ਨੀਕ[1]।
ਇਤ ਦਸਮ ਗੁਰੁ ਨਾਦੇੜ ਢਿਗ,
ਤਟ ਗੰਗ ਠਟ ਮੋਕਾਨ[1]।
ਤਹਿਂ ਥਿਰੇ ਮਨ ਧਰਿ ਮੋਦ,
ਖੇਲਹਿਂ ਨਿਤ ਸ਼ਿਕਾਰ ਮਹਾਨ ॥ ੧੭ ॥
ਨਿਜ ਸਿੱਖਨ ਕੋ ਨਿਜ ਰੂਪ ਕਾ,
ਉਪਦੇਸ਼ ਵੇਸ[1] ਦਿਢਾਇਂ।

[1]ਬਗ਼ਾਵਤ ਨੂੰ। [2]ਚੰਗੀ ਤਰ੍ਹਾਂ।

[1]ਚੰਗੀ।

[1]ਗੋਦਾਵਰੀ ਦੇ ਕਿਨਾਰੇ ਅਸਥਾਨ ਬਣਾ ਕੇ।

[1]ਸ੍ਰੇਸ਼ਟ।

ਨਿਤ ਆਦਿ ਗੁਰੂ ਗ੍ਰੰਥ ਕੀ,
ਪੁਨ ਕਥਾ ਬਿਬਿਧ[1] ਸੁਨਾਇ।
ਫਿਰ ਜਾਗ ਕੈ ਨਿਸ ਅਰਧ ਤੈ,
ਕਰਿ ਸੌਚ ਗੰਗ ਇਸ਼ਨਾਨ।
ਫਿਰ ਗੰਗ ਤਟ ਬਿਛਵਾਇ ਆਸਨ,
ਧਰੈਂ ਬ੍ਰਹਮ ਧਜਾਨ ॥੧੮॥
ਜਬਿ ਚਢੈ ਦਿਨ ਇਕ ਪਹਿਰ ਭਰ,
ਫਿਰ ਆਇ ਭੋਜਨ ਪਾਇ।
ਪੁਨ ਜਾਇ ਭੀਤਰ ਪੌਢਹੀਂ,
ਪ੍ਰਯੰਕ[1] ਪਰ ਸੁਖ ਦਾਇ।
ਇਕ ਥੀ ਸਮਾਣੀ ਤਹਾਂ ਗੁਰੁ ਢਿਗ[1],

ਕਰੈ ਭੀਤਰ ਸੇਵ।
ਦਿਨ ਢਲੇ ਬਾਹਰ ਆਇ ਕਰਿ,
ਛਕਿ ਫੀਮ ਬਿਜੀਆ[1]* ਏਵ[2] ॥੧੯॥

ਕਰਿ ਸੌਚ ਸਜਿ ਦਸਤਾਰ ਆਯੁਧ,
ਹੋਇ ਅੱਸ਼ੂ ਅਸਵਾਰ।
ਨਿਜ ਸੰਗ ਲੈ ਕਰ ਸਿੰਘਨ ਕੋ,
ਬਨ ਕਰੈਂ ਜਾਇ ਸ਼ਿਕਾਰ।
ਜਿਸ ਘਾਟ ਲਖ ਕਰਿ[1] ਜਾਵਹੀਂ,
ਵਹਿ ਆਹਿ ਘਾਟ ਸ਼ਿਕਾਰ।
ਪੁਨ ਔਰ ਨਾਨ੍ਹਾਂ ਭਾਂਤਿ ਕੇ,
ਪ੍ਰਸੰਗ ਕਹਿ ਕਰਿ ਚਾਰੁ ॥੨੦॥
ਜਿਸ ਦਿਵਸ ਨਾਹਿਂ ਸ਼ਿਕਾਰ ਜਾਵੈਂ,
ਸਭਾ ਤਿਸ ਦਿਨ ਲਾਇਂ।
ਗੁਰੁ ਗ੍ਰੰਥ ਕੀ ਕਹਿ ਗਾਥ ਨੀਕੇ,
ਗਜਾਨ ਦੈਂਹ ਦ੍ਰਿੜ੍ਹਾਇ।
ਤਬਿ ਸਿੱਖ ਏਕ ਪੰਜਾਬ ਦਿਸ ਤੈ,
ਗਯੋ ਗੁਰੁ ਢਿਗ ਧਾਇ।
ਉਨ ਗਾਥ ਬੰਦੇ ਕੀ ਸੁਨਾਈ,

[1]ਅਨੇਕ ਢੰਗਾਂ ਨਾਲ।

[1]ਪਲੰਘ।

[1]ਉਥੇ ਗੁਰਾਂ ਪਾਸ (ਸਮਾਣੀ) ਮਹਿਲ (ਮਾਤਾ ਸਾਹਿਬ ਕੌਰ ਜੀ) ਸਨ।

[1]ਸੁੱਖਾ। [2]ਇਸ ਤਰ੍ਹਾਂ। *ਦੇਖੋ ਬਿਸ਼੍ਰਾਮ ਨੰ: ੭੦ ਦੇ ਅੰਕ ਨੰ: ੬ ਦੇ * ਨਿਸ਼ਾਨ ਦੀ ਪੈਰ ਟੂਕ।

[1]ਲੰਘ ਕੇ।

ਸਭੀ ਸੁਖਦ ਸੁਹਾਇ ॥੨੧॥
ਜਿਹ ਬਿਧਿ ਸਮਾਣਾ ਔ ਸਢੌਰਾ,
ਦਾਮਲਾ ਸਰਹੰਦ।
ਯਹਿ ਲੂਟ ਮਾਰ ਬਿਰਾਨ ਕੀਨੇ,
ਹਤਜੋ ਨਾਜ਼ਮ ਮੰਦ।
ਪੁਨ ਬਾਵਨੀ[1] ਸਰਹੰਦ ਕਾ,
ਜਜੋਂ ਮੁਲਕ ਕਬਜ਼ੇ ਕੀਨ।
ਸ਼ਾਹਜ਼ਾਦਜੋਂ ਕੇ ਲਏ ਬਦਲੇ,
ਤ੍ਰੁਕਨ ਤੈ ਜਜੋਂ ਪੀਨ[1] ॥੨੨॥
ਫਿਰ ਸਿੰਘ ਕਈ ਹਜ਼ਾਰ ਕੱਠਾ,
ਭਯੋ ਸਬਿ ਇਕ ਠੌਰ।
ਉਤ੍ਰੈਣ ਦਿਨ ਜਜੋਂ ਦਿਨ ਬਦਿਨ,
ਦਹ ਚੰਦ ਬਢਿ ਹ੍ਵੈ ਗੌਰ[1]।

[1]ਬਵੰਜਾਂ (੫੨) ਪਿੰਡਾਂ ਦਾ ਪਰਗਣਾ।

[1]ਬਹੁਤੇ।

[1]ਉਤ੍ਰਾਯਣ (ਦਸ ਪੋਹ ਤੋਂ ਨੌਂ ਹਾੜ ਤੱਕ ਦਾ ਸਮਾਂ) ਦੇ ਦਿਨਾਂ ਵਾਂਗ, ਦਿਨ ਬ ਦਿਨ (ਦਹ ਚੰਦ) ਦਸ ਗੁਣਾ ਵਧ ਕੇ (ਸਿੰਘਾਂ ਦਾ ਦਲ) ਵੱਡਾ ਹੋ ਰਿਹਾ ਹੈ।

ਇਤਜਾਦਿ ਗਾਥਾ ਔਰ ਪੌਰਖ[1],
ਕਹੇ ਬੰਦੇ ਕੇਰ।
ਸੁਨਿ ਗੁਰੂ ਸਿੱਖਨ ਸਹਤ,
ਹੋਏ ਮੋਦ ਮਾਨ ਵਧੇਰ[1] ॥੨੩॥
ਪੁਨ ਦਸਮ ਗੁਰੁ ਮਨ ਮੋਦ ਹੋਏ,
ਸਿੰਘ ਪੁਨ ਸਮੁਦਾਇ।
ਗੁਰੁ ਸ਼ਲਕ ਤੋਪਨ ਕੀ[1] ਕਰਾਈ,
ਰੋਸ਼ਨੀ ਜਗਵਾਇ।
ਜਿਸ ਸਿੱਖ ਨੈ ਤਬਿ ਖਬਰ ਦੀਨੀ,
ਦਿਸ ਪੰਜਾਬੋਂ ਚਾਲਿ।
ਤਿਸ ਤਈਂ ਗੁਰੁ ਪ੍ਰਸੰਨ ਹ੍ਵੈ,
ਬਰ ਬਖਸ਼ ਕੀਨ ਨਿਹਾਲ ॥੨੪॥
ਦੋਹਰਾ:
ਬਾਦਸ਼ਾਹਿ ਕੀ ਤਰਫ ਤੈ,
ਤਿਸੀ ਸਮੈਂ ਨੰਦ ਲਾਲ।

[1]ਬਲ।

[1]ਮੰਨੋ ਬਹੁਤੇ ਅਨੰਦ ਸਹਿਤ ਹੋਏ।

[1]ਤੋਪਾਂ ਦਾ ਇਕੱਠਾ ਵਾਰ।

ਆਇ ਗੁਰੂ ਢਿਗ ਖਬਰ ਤਿਨ,
ਦੀਨੀ ਐਸ ਬਿਸਾਲ ॥੨੫॥
ਸ਼ਹਿਰ ਹੈਦਰਾਬਾਦ ਤੇ,
ਆਵਤ ਹੈ ਪਤਿਸ਼ਾਹਿ।
ਦਿੱਲੀ ਕੀ ਦਿਸ ਜਾਨ ਕੋ,
ਰਾਖਤ ਮਨ ਮੈਂ ਚਾਹਿ ॥੨੬॥
ਦਰਸ਼ਨ ਹਿਤ ਅਬਿ ਆਪ ਕੇ,
ਆਵਹਿਗੋ ਇਤ ਖਾਸ[1]। [1]ਆਪ।
ਕਿਛੁਕ ਗੁਫਤ-ਗੂ[1] ਕਰਨ ਕੀ, [1]ਗੱਲ ਬਾਤ।
ਰਾਖਤ ਮਨ ਮੈਂ ਆਸ ॥੨੭॥
ਹਾਕਲਾ ਛੰਦ:
ਪੁਨ ਚੰਦਰੋਜ਼ ਕੇ ਮਾਂਹੀ[1]। [1]ਥੋੜ੍ਹੇ ਹੀ ਦਿਨਾਂ ਵਿੱਚ।
ਤਬਿ ਸ਼ਾਹਿ ਬਹਾਦਰ ਚਾਹੀ[1]। [1]ਇੱਛਾ ਕਰਕੇ।
ਆਯੋ ਵਹਿ ਗੁਰੁ ਕੈ ਪਾਸੰ।
ਦੈ ਭੇਟਾ ਮਿਲਿਓ ਖਾਸੰ ॥੨੮॥
ਇਕ ਵਡੋ ਅਮੋਲਕ ਹੀਰਾ।
ਤਿਨ ਧਰਜੋ ਗੁਰੁ ਕੈ ਤੀਰਾ[1]। [1]ਪਾਸ।
ਗੁਰੁ ਲੈ ਕਰਿ ਗੰਗਾ[1] ਮਾਹੀਂ। [1]ਗੋਦਾਵਰੀ।
ਵਹਿ ਗੇਰ ਦਯੋ ਛਿਨ ਤਾਹੀਂ ॥੨੯॥
ਪਿਖਿ ਯੌਂ ਪੁਨ ਸ਼ਾਹਿ ਬਹਾਦਰ।
ਕਰ ਜੋਰਿ ਬੋਲਜੋ ਸਾਦਰ।
ਹੇ ਗੁਰੁ ਯਹਿ ਨੀਕੋ ਹੀਰਾ।
ਕਿਸ ਕਾਰਣ ਗੇਰਯੋ ਨੀਰਾ ॥੩੦॥
ਤਬਿ ਸਤਿਗੁਰੁ ਐਸ ਵਖਾਨਾ।
ਹੈ ਹਮਰਾ ਤੋਸ਼ੇ ਖਾਨਾ[1]। [1]ਸਜਾਵਟ ਦਾ ਕੀਮਤੀ ਸਾਮਾਨਰੱਖਣ ਦਾ ਘਰ।
ਯਹਿ ਗੰਗਾ ਨਦੀ ਵਿਚਾਰੋ।
ਚਹੀਏ ਤੌ ਲੈਹੁ ਨਿਹਾਰੋ[1] ॥੩੧॥ [1]ਚਾਹੁੰਦੇ ਹੋ ਤਾਂ ਦੇਖ ਲਉ।
ਧਸ ਕਰਿ ਇਸ ਜਲ ਕੇ ਮਾਂਹੀਂ।
ਪ੍ਰਿਥੀ ਤਲ ਨਿਰਖੌਂ ਚਾਹੀ।
ਯਹਿ ਸ਼ਾਹਿ ਬਹਾਦਰ ਸੁਨ ਕੈ।

ਧਸ ਜਲ ਮੈਂ ਨਿਰਖਜੋ ਗੁਨ ਕੈ ॥ ੩੨ ॥
ਪੇਖੇ ਬਹੁ ਭਾਂਤਿ ਜਵਾਹਰ।
ਬਹੁ ਹੀਰੇ ਵਡ ਤਿਸ ਠਾਹਰ।
ਪਿਖਿ ਹੋਯੋ ਅਧਿਕ ਹਿਰਾਨੰ।
ਗੁਰੁ ਕੇ ਪਗ ਬੰਦੇ ਆਨੰ ॥ ੩੩ ॥
ਤਿਸ ਜਾਗਾ ਕਾ ਅਬਿ ਨਾਮੂੰ।
ਕਹਿੰ ਹੀਰਾ ਘਾਟ ਤਮਾਮੂੰ।
ਫਿਰ ਸ਼ਾਹਿ ਬਹਾਦਰ ਖਾਸੰ।
ਕਰ ਜੋਰਿ ਕਹਜੋ ਗੁਰੁ ਪਾਸੰ ॥ ੩੪ ॥
ਹੇ ਸਤਿਗੁਰੁ ਦੀਨ ਦਜਾਲੇ।
ਇਕ ਕਿਰਪਾ ਕਰੋ ਬਿਸਾਲੇ।
ਜੋ ਬੰਦਾ ਸਿੱਖ ਤੁਮਾਰਾ।
ਹੈ ਗਯੋ ਪੰਜਾਬ ਮਝਾਰਾ ॥ ੩੫ ॥
ਜਿਸ ਹਿਤ ਤੁਮ ਵਹਿ ਪਠ ਦੀਨਾ।
ਸੋ ਕਾਰਜ ਸਭਿ ਉਨ ਕੀਨਾ।
ਤਿਨ ਬੈਰ ਸਜਾਦਜੋਂ ਕੇਰੋ।
ਲੀਨੋ ਸਭਿ ਭਲਿ ਬਿਧਿ ਹੇਰੋ ॥ ੩੬ ॥
ਅਬਿ ਮਿਹਰ ਆਪ ਦਿਲ ਧਰੀਏ।
ਮੁਝ ਪਰ ਯਹਿ ਕ੍ਰਿਪਾ ਕਰੀਏ।
ਲਿਖ ਪਠੀਏ ਯੌਂ ਤਿਸ ਤਾਂਈਂ।
ਨਹਿੰ ਜੁਲਮੀ ਕਰੈ ਮਹਾਂਈਂ[1] ॥ ੩੭ ॥
ਯਹਿ ਖਲਕ ਖੁਦਾ ਕੀ ਹੱਈਏ।
ਨਹਿੰ ਅਤੀ ਦੁਖਾਵਨਿ ਚਹੀਏ।
ਨਹਿ ਗਦਲ ਮੁਲਕ ਮੈਂ ਪਾਵੈ।
ਹਮ ਤੈ ਜੋ ਚਹਿ ਮਨਵਾਵੈ ॥ ੩੮ ॥
ਸਭਿ ਸਿੰਘਨ ਕੋ ਦਿਲਵਾਵੈ।
ਮਨ ਜੇਤਿਕ ਤਿਸ ਕੇ ਭਾਵੈ।
ਪੁਨ ਮੈਂ ਹੋਂ ਦਾਸ ਤੁਮਾਰਾ।
ਜਿਮ ਔਰ ਖਾਲਸਾ ਸਾਰਾ ॥ ੩੯ ॥
ਜਬਿ ਯਾ ਬਿਧਿ ਸ਼ਾਹਿ ਬਹਾਦਰ।

[1]ਬਹੁਤਾ ਜ਼ੁਲਮ।

ਸਤਿਗੁਰੁ ਢਿਗ ਭਾਖਜੋ ਸਾਦਰ।
ਤਬਿ ਗੁਰੁ ਯੌਂ ਬਚਨ ਉਚਾਰੇ।
ਸੁਨ ਸ਼ਾਹਿ ਬਹਾਦਰ ਪਜਾਰੇ ॥ ੪੦ ॥
ਤੁਮ ਨੈ ਜੋ ਸੰਗ ਹਮਾਰੇ।
ਕੀਨੋ ਥਾ ਇਕ ਅਕਰਾਰੇ।
ਨਹਿਂ ਪੂਰਨ ਸੋ ਤੁਮ ਕੀਨੋ।
ਹਮ ਤਿਸੀ ਕਾਜ ਹਿਤ ਚੀਨੋ ॥ ੪੧ ॥
ਇਕ ਬੰਦਾ ਪੁਰਖੁ ਨਿਵਾਜਾ[1]। [1]ਇਕ ਪੁਰਖ ਨੂੰ (ਬੰਦਾ) ਦਾਸ ਬਣਾ ਕੇ ਵਡਿਆਇਆ ਹੈ।
ਤਿਸ ਤੈ ਕਰਵਾਯੋ ਕਾਜਾ।
ਹਮ ਹੁਕਮ ਜੁ ਤਿਸ ਕੋ ਦੀਨਾ।
ਤਿਨ ਸੀਸ ਧਾਰਿ ਸਭਿ ਕੀਨਾ ॥ ੪੨ ॥
ਅਰ ਅਜ਼ਮਤ[1] ਤਿਸ ਕੌ ਦੀਨੀ। [1]ਕਰਾਮਾਤ।
ਹਮ ਨੈ ਸਭਿ ਬਿਧਿ ਕੀ ਪੀਨੀ[1]। [1]ਬਹੁਤੀ।
ਜੋ ਬੋਲ ਭਲੇ ਜਨ ਰਰ ਹੈਂ[1]। [1]ਕਹਿੰਦੇ ਹਨ।
ਫਿਰ ਪਾਲਨ ਤਿਸ ਕੋ ਕਰਿ ਹੈਂ ॥ ੪੩ ॥
ਜੋ ਬੈਨ ਨ ਅਪਨੇ ਪਾਲਤ।
ਤਿਨ ਕੋ ਜਮ ਦੋਜ਼ਕ ਡਾਲਤ।
ਜੋ ਬਚਨ ਸਪੁਰਸ਼ਨ ਕੇਰਾ[1]। [1]ਚੰਗੇ ਪੁਰਸ਼ਾਂ ਦਾ।
ਮੁਖ ਤੈ ਨਿਕਸਜੋ ਇਕ ਬੇਰਾ ॥ ੪੪ ॥
ਵਹਿ ਫਿਰਤ ਨਾਹਿਂ[1] ਫਿਰ ਐਸੇ। [1]ਮੁੜਦਾ ਨਹੀਂ।
ਪਿਖਿ ਦੰਤ ਦੁਰਦ ਕਾ ਜੈਸੇ[1]। [1]ਜਿਵੇਂ ਹਾਥੀ ਦਾ ਦੰਦ।
ਜਸੋਂ ਛੂਟਜੋ ਤੀਰ ਕਮਾਣੋਂ।
ਫਿਰ ਫਿਰਤ ਨ ਪੀਛੇ ਜਾਣੋ ॥ ੪੫ ॥
ਦੋਹਰਾ:
ਸ਼ਾਹਿ ਬਹਾਦਰ ਫਿਰ ਕਹੀ,
ਹਾਥ ਜੋਰਿ ਯਹਿ ਬਾਤ।
ਜੇ ਨਹਿਂ ਬਰਜਤ ਆਪ ਤਿਸ,
ਗਦਲ ਮਿਟੈ ਕਿਸ ਭਾਂਤਿ ॥ ੪੬ ॥
ਮੈਂ ਅਪਨੇ ਮਨ ਦਿਢ ਰਖਜੋ,
ਪਰਣ ਯਹੀ ਕਰ ਸਾਰ।

ਗੁਰੁ ਕੇ ਘਰ ਸੰਗ ਕਬੀ ਮੈਂ,
ਨਾਹਿਂ ਕਰੋਂਗੋ ਰਾਰ ॥੪੭॥
ਯੌਂ ਸੁਨ ਕਰਿ* ਫਿਰ ਗੁਰੁ ਕਹਜੋ,

*'ਯੌਂ ਸੁਨ ਕਰਿ' ਪਾਠ ਦਿੱਲੀ ਐਡੀਸ਼ਨ 'ਚੋਂ ਲਿਆ ਹੈ। ਅੰਮ੍ਰਿਤਸਰ ਐਡੀਸ਼ਨ 'ਚ ਇਹ ਪਾਠ ਛਪਣ ਸਮੇਂ ਹੀ ਰਹਿ ਗਿਆ ਜਾਪਦਾ ਹੈ। ਅਣਜਾਣ ਪ੍ਰਕਾਸ਼ਕਾਂ ਨੇ ਇਸ ਥਾਵੇਂ 'ਨਿਸ਼ਾਨੀ ਛੰਦ' ਛਾਪ ਦਿੱਤਾ ਹੈ ਜਦ ਕਿ ਇਹ ੪੮ ਨੰ: ਅੰਕ ਵੀ ਦੋਹਰਾ ਹੀ ਹੈ ਤੇ ਦਿੱਲੀ ਐਡੀਸ਼ਨ ਵਿੱਚ ਵੀ ਦੋਹਰਿਆਂ 'ਚ ਹੀ ਸ਼ਾਮਿਲ ਹੈ। 'ਨਿਸ਼ਾਨੀ ਛੰਦ' ਅੰਕ ਨੰ: ੪੯ ਤੋਂ ਸ਼ੁਰੂ ਹੁੰਦਾ ਹੈ ਤੇ ਸਿਰਲੇਖ ਵਜੋਂ ਦੋਹਾਂ ਹੀ ਐਡੀਸ਼ਨਾਂ 'ਚ ਛਪਿਆ ਹੋਇਆ ਹੈ।

ਸੁਨੋ ਬਹਾਦਰ ਸ਼ਾਹਿ।
ਕਰਜੋ ਪ੍ਰਣ ਜੇ ਆਪ ਯਹਿ,
ਅਰ ਕਿਯ ਚਲਤ ਨਿਬਾਹਿ ॥੪੮॥
ਨਿਸ਼ਾਨੀ ਛੰਦ:
ਤਬ ਤੁਮ ਧੀਰਜ ਧਰ ਰਿਦੈ,
ਦਿਨ ਕਿਤਿਕ ਰਹਾਵੋ।
ਜੋ ਕਰਿ ਹੈ ਸੋ ਸਭਿ ਸਹੋ,
ਨਹਿਂ ਰਾਰ ਬਢਾਵੋ।
ਅਬਿ ਬੰਦਾ ਦਿਨ ਕਿਤਿਕ ਮੈਂ, ਹ੍ਵੈ ਹੈ ਹੰਕਾਰੀ।
ਜਬੈ ਉਲੰਘਨ ਕਰੈਗੋ, ਆਇਸ[1] ਹੱਮਾਰੀ ॥੪੯॥

[1]ਆਗਿਆ।

ਬਿਗਰ ਜਾਇਗੋ ਪੰਥ ਸੈਂ, ਨਿਜ ਪੰਥ ਚਲੈ ਹੈ।
ਗੁਰੁ ਘਰ ਸੋਂ ਬੇਮੁੱਖ ਹ੍ਵੈ, ਜਤ ਸਤ ਸਭਿ ਖ੍ਵੈ ਹੈ।
ਤਬਿ ਹਮ ਅਜ਼ਮਤ ਆਪਨੀ, ਤਿਸ ਤੈ ਸਭਿ ਲੈਹੈਂ।
ਮੀਰੀ ਪੀਰੀ ਪੰਥ ਕੋ, ਫਿਰ ਨੀਕੈ ਦੈਹੈਂ ॥੫੦॥
ਫਿਰ ਬੰਦਾ ਰਹਿ ਜਾਇਗੋ, ਅਜ਼ਮਤ ਤੈ ਖਾਲੀ*।

*ਅਜਿਹੇ ਵਾਕ ਗੁਰੂ ਜੀ ਬੰਦਾ ਸਿੰਘ ਬਹਾਦਰ ਸਬੰਧੀ ਨਹੀਂ ਕਹਿ ਸਕਦੇ।

ਤਬਿ ਤੁਮ ਲਈਓ ਤਾਂਹਿ ਤੈ, ਮਨ ਭਵਤ ਸਮਾਲੀ[1]।

[1]ਉਸ ਤੋਂ ਮਨ ਭਾਉਂਦਾ (ਰਾਜ ਭਾਗ) ਲੈ ਕੇ ਸੰਭਾਲ ਲਿਆ ਜੇ।

ਯੌਂ ਜਬਿ ਸਤਿਗੁਰੁ ਨੈ ਕਹਜੋ, ਸੁਨਿ ਸ਼ਾਹਿ ਬਹਾਦਰ।

ਕਰਿ ਬੰਦਨ ਮੁਦ ਮਾਨ ਕੈ, ਡੇਰੇ ਗਯੋ ਸਾਦਰ
॥ ੫੧ ॥
ਤਬਿ ਹੀ ਏਕ ਪਠਾਣ ਨੈ, ਹ੍ਵੈ ਕਰਿ ਬਹੁ ਗਰਜ਼ੀ[1]। [1]ਇੱਛਾਵਾਨ।
ਸ਼ਾਹਿ ਬਹਾਦਰ ਢਿਗ ਦਈ, ਸਤਿਗੁਰੁ ਪਰ ਅਰਜ਼ੀ।
ਕਹਯੋ ਹਮਾਰੀ ਭੂਮਿ ਮੈਂ, ਗੁਰੁ ਨਗਰ ਬਸਾਯੋ।
ਜੋਰ ਬਜੋਰੀ[1] ਆਨ ਕੈ, ਇਨ ਡੇਰਾ ਲਾਇਓ [1]ਬਦੋ-ਬਦੀ।
॥ ੫੨ ॥
ਸਾਤ ਪੁਸ਼ਤ ਤੈ[1] ਜ਼ਿਮੀਂ ਹੈ, ਹਮਰੀ ਯਹਿ ਜਾਨੋ। [1]ਪੀੜ੍ਹੀਆਂ ਤੋਂ।
ਪੀਰ ਹਿੰਦ ਕੇ ਨੈ ਲਈ, ਦਬ ਅਬੀ ਮਹਾਨੋ।
ਬਾਦਸ਼ਾਹਿ ਨੈ ਗੁਰੂ ਤੈ, ਬੂਜਯੋ ਯਹਿ ਜਬ ਹੀ।
ਜਿਮੀਂ ਹਮਾਰੀ ਹੈ ਯਹੀ, ਗੁਰੁ ਭਾਖਯੋ ਤਬਿ ਹੀ
॥ ੫੩ ॥
ਪਰਯੋ ਅਧਿਕ ਇਮਰਾਰ[1] ਜੌ, ਤੌ ਗੁਰੁ ਇਕ ਥਲ [1]ਝਗੜਾ।
ਕੋ।
ਪਟਵਾਯੋ ਛੈ ਹਾਥ ਲੌ, ਦਿਖਲਾਯੋ ਬਲ ਕੋ।
ਨਿਸਕਯੋ ਧਰਤੀ ਮੱਧ ਤੈ, ਇਕ ਮੰਦਰ ਚਾਰੂ[1]। [1]ਸੁੰਦਰ।
ਧੂਣੀ ਤਿਸ ਕੈ ਵੀਚ ਮੈਂ, ਜਗ ਰਹੀ ਅਪਾਰੂ
॥ ੫੪ ॥
ਕਰਮੰਡਲ ਵਰ ਆਸਨੈਂ, ਆਸਾ[1] ਅਰ ਮਾਲਾ। [1]ਸੋਟਾ।
ਯਹਿ ਸਮਾਜ[1] ਦਿਖਰਾਯੋ, ਨਿਜ ਗੁਰੂ ਬਿਸਾਲਾ। [1]ਸਾਮਾਨ।
ਬਾਦਸ਼ਾਹਿ ਨੈ ਬੂਝਯੋ, ਯਹਿ ਨਿਕਸਯੋ ਕੈਸੇ।
ਤਬਿ ਗੁਰੁ ਨੈ ਫਿਰ ਭਾਖਯੋ, ਤਿਸ ਪਰਤੀ ਐਸੇ
॥ ੫੫ ॥
ਜਬਿ ਜੁਗ ਦ੍ਵਾਪੁਰ ਥਾ ਹੁਤੋ, ਤਬਿ ਹਮ ਇਸ ਥਾਨੈਂ।
ਬਰਸੋਂ ਕੇਤਿਕ ਬੈਠ ਕੈ, ਤਪ ਕੀਨ ਮਹਾਨੈ।
ਬਾਦਸ਼ਾਹਿ ਨੈ ਗੁਰੂ ਕੋ, ਬਹੁ ਬੰਦਨ ਕੀਨੋ।
ਤਬਿ ਹੀ ਤਿਸੀ ਜਮੀਨ ਕਾ, ਪੱਟਾ[1] ਲਿਖ ਦੀਨੋ [1]ਸਨਦ, ਅਧਿਕਾਰ ਪੱਤਰ।
॥ ੫੬ ॥

ਬੰਦਨ ਕਰਿ ਫਿਰ ਗੁਰੂ ਕੌ, ਭੇਟਾ ਬਹੁ ਦੈ ਕੈ।
ਤਰਫ ਨੁਰੰਗਾ ਬਾਦ ਕੀ, ਆਯੋ ਪੁਨ ਧੈ ਕੈ।
ਗੁਰੁ ਤਬਿ ਅਬਚਲ ਨਗਰ ਮੈਂ, ਮੁਦ ਪਾਇ ਰਹਾਏ।
ਗੁਰੁ ਕੀ ਘਰਨੀ[1] ਤਬਿ ਹੁਤੀ, ਗੁਰੁ ਪਾਸ ਤਹਾਂਏਂ ॥ ੫੭ ॥

[1]ਮਹਿਲ (ਮਾਤਾ ਸਾਹਿਬ ਕੌਰ ਜੀ)।

ਤਿਨ ਕੋ ਫਿਰ ਤਬਿ ਗੁਰੂ ਨੈ, ਦਿੱਲੀ ਪਹੁੰਚਾਯੋ।
ਮਨੀ ਸਿੰਘ ਲੌ ਸਿੱਖਨ ਕੋ, ਤਿਨ ਕੇ ਸੰਗ ਦਾਯੋ।
ਫਿਰ ਗੁਰੁ ਨਿਜ ਤਨ ਤਜਨ ਕਾ, ਦਿਲ ਮੈਂ ਯੌਂ ਠਟਯੋ[1]।
ਕਰਤੇ ਪੁਰਖੁ ਬਿਕੁੰਠ ਤੈ, ਪਰਮਾਨਾ[1] ਪਠਯੋ ॥ ੫੮ ॥

[1]ਧਾਰ ਲਿਆ।

[1]ਹੁਕਮਨਾਮਾ।

ਕਾਰਣ ਨਿਜ ਤਨ ਤਜਨ ਕਾ, ਗੁਰੁ ਐਸ ਬਨਾਯੋ।
ਹਰਿ ਗੁਬਿੰਦ ਗੁਰੁ ਢਿਗ ਹੁਤੋ, ਇਕ ਨੌਕਰ ਭਾਯੋ[1]।
ਪੈਦੈ ਖਾਨ ਪਠਾਂਨ ਥਾ, ਬਡ ਨਾਮੀ ਬੀਰੈਂ[1]।
ਤਾਂ ਕੋ ਰਣ ਮੈਂ ਹਤਯੋ ਥਾ, ਖਸਟਮ ਗੁਰੁ ਧੀਰੈਂ ॥ ੫੯ ॥

[1]ਚੰਗਾ।

[1]ਮਸ਼ਹੂਰ ਸੂਰਮਾ।

ਪੋਤਰ ਤਿਸ ਕੇ ਜੁਗ ਭਏ, ਨੌਕਰ ਪਤਿਸ਼ਾਹੀ।
ਸ਼ਾਹਿ ਬਹਾਦਰ ਦੱਖਣ ਮੈਂ, ਜਬਿ ਗਯੋ ਤਹਾਂ ਹੀ।
ਵਹੀ ਫੌਜ ਨਾਦੇੜ ਮੈਂ, ਤਬਿ ਸ਼ਾਹਿ ਤਜਾਈ[1]।
ਪੀਰ ਪੰਜਾਬੀ ਲਖਿ ਗੁਰੈਂ, ਦਰਸੈਂ ਜਨ ਆਈ ॥ ੬੦ ॥

[1]ਛੱਡ ਦਿੱਤੀ।

ਵਹਿ ਭੀ ਇਕ ਦਿਨ ਦਰਸਬੇ, ਜਬਿ ਗੁਰੁ ਪੈ ਆਏ।
ਸੁੰਦਰ ਡੀਲ[1] ਜੁਆਨ ਪਿਖਿ, ਬਡ ਗੁਰੁ ਖੁਸ਼ਿ ਥਾਏ।
ਗੁਰੁ ਹਵਾਲ ਜਬਿ ਬੂਝਯੋ, ਉਨ ਕਹਯੋ ਸੁਨਾਏ।
ਦੇਸ ਪੰਜਾਬ ਜਲੰਧਰੈਂ, ਢਿਗ ਘਰ ਹਮਰਾਏ[1] ॥ ੬੧ ॥

[1]ਕੱਦ।

[1]ਸਾਡਾ ਘਰ ਹੈ।

ਹਰਿ ਗੁਬਿੰਦ ਗੁਰੁ ਢਿਗ ਰਹਜੋ, ਪੈਦੇ ਖਾਂ ਜੋਈ।
ਤਿਸ ਕੇ ਹੈਂ ਹਮ ਪੌਤਰੇ, ਪਾਠਾਣ ਲਖੋਈ[1]।
[1]ਜਾਣੋ।
ਗੁਲ ਖਾਂ ਅਤਾਉਲ ਖਾਨ ਹੈਂ, ਇਹ ਨਾਮ ਹਮਾਰੇ।
ਸੁਨਿ ਸਤਿਗੁਰੁ ਮੁਦ ਮਾਨ ਕੈ, ਨਿਜ ਢਿਗ ਬੈਠਾਰੇ
॥ ੬੨ ॥
ਕਰਿ ਪਿਆਰ ਕੀ ਬਾਤ ਬਹੁ, ਤਬਿ ਹੇਤ ਮਿਠਾਈ।
ਦੋਇ ਰੁਪੱਈਏ ਦੁਹਾਂ ਕੋ ਦੀਨੇ, 'ਉਨ ਜਾਈ[1]।
[1]ਉਨ੍ਹਾਂ ਦੇ (ਘਰ) ਜਾ ਕੇ।
ਕਹਜੋ ਆਪਨੀ ਮਾਤ ਪੈ, ਸਬਿ ਹੀ ਬਿਰਤੰਤਾ'।
ਹੁਤੀ ਤਹਾਂ ਤਿਨ ਸੰਗ ਹੀ, ਉਨ ਜਾਨਯੋ ਤੰਤਾ[1]
[1]ਤੱਤ, ਸਿਧਾਂਤ।
॥ ੬੩ ॥
ਪੈ ਉਨ ਨਿਜ ਪੂਤਾਨ ਪੈ, ਕਿਛੁ ਭੇਤ ਨ ਖੋਲ੍ਹਾ।
ਕਰੀ ਤਰੀਫ ਸ਼ਰੀਫ ਹੈਂ, ਬਲਿਕੈ ਆਤੋਲਾ[1]।
[1]ਸਗੋਂ ਗੁਰਾਂ ਦੀ ਉਪਮਾ ਕੀਤੀ ਕਿ {ਆਤੋਲਾ} ਬਹੁਤੇ ਸ਼ਰੀਫ਼ ਹਨ।
ਨਿਤ ਪ੍ਰਤਿ ਸੋ ਸਤਿਗੁਰੂ ਪੈ, ਆਵੈਂ ਧਨ ਪਾਵੈਂ।
ਤਿਨ ਕੋ ਚੌਪੜ[1] ਸਤਿਗੁਰੂ, ਨਿਜ ਸੰਗ ਖਿਲਾਵੈਂ
[1]ਪਾਸਾ।
॥ ੬੪ ॥
ਪੈ ਜਬਿ ਮਾਰੈਂ ਨਰਦ ਕੋ, ਜਾਂ ਡਲ ਗੁਰੁ ਗੇਰੈਂ[1]।
[1]ਗੁਰੂ ਜੀ ਡਾਲਣੇ ਸੁੱਟਦੇ ਹਨ।
ਯਾ ਬਿਧਿ ਉਨੈ ਸੁਨਾਇ ਕੈ, ਨਿਤ ਗਾਰੀ ਟੇਰੈ*।
*ਸਤਿਗੁਰਾਂ ਦੇ ਮੁਖਾਰਬਿੰਦ ਤੋਂ ਗਾਲੀ ਦਾ ਨਿਕਲਣਾ ਅਸੰਭਵ ਹੈ, ਆਪ ਦੇ ਮੁਖੋਂ ਹਮੇਸ਼ਾਂ ਅੰਮ੍ਰਿਤ ਬਚਨ ਹੀ ਨਿਕਲਦੇ ਸਨ। ਜ਼ਿੰਦਗੀ 'ਚ ਵਾਪਰੀਆਂ ਔਖੀਆਂ ਘਟਨਾਵਾਂ ਸਮੇਂ ਵੀ ਆਪ ਨੇ ਕਦੀ ਕੋਈ ਕੌੜਾ ਸ਼ਬਦ ਨਹੀਂ ਬੋਲਿਆ, ਪਾਸਾ ਖਿਡਾਉਣ ਸਮੇਂ ਵੀ ਆਦਰ ਨਾਲ ਹੀ ਬੋਲ ਬੋਲਦੇ ਹਨ ਜਿਹਾ ਕਿ ਕਵੀ ਜੀ ਅੱਗੇ ਚੱਲ ਕੇ ਆਪ ਹੀ ਲਿਖਦੇ ਹਨ– "ਸਾਦਰ ਬੋਲ ਖਿਲਾਵਹੀਂ ਪਾਸਾ ਸੰਗਾਇ ॥"
ਪਿਉ ਦਾਦੇ ਕਾ ਬੈਰ ਜੋ, ਨਹਿ ਲੇਵੈ ਅਰਿ ਤੈ[1]।
[1]ਆਪਣੇ ਵੈਰੀ ਪਾਸੋਂ।
ਥੂਕ ਤਾਂਹਿ ਕੀ ਮਾਤ ਪੈ, ਲਾਨ੍ਹਤ ਤਿਹਂ ਨਰ ਤੈ
॥ ੬੫ ॥
ਖਾਣਾ ਤਾਂਹਿ ਹਰਾਮ ਹੈ, ਧਿਕ ਜਾਤੈਂ ਪਾਤੈਂ।
ਕੁਲ ਬੈਰੀ ਕੀ ਸੰਤਤੈਂ, ਜੋ ਹਤੈ ਨ ਖਜਾਤੈਂ[1]।
[1]ਕੁਲ ਦੇ ਵੈਰੀ ਦੀ ਉਲਾਦ ਨੂੰ ਜੋ ਪ੍ਰਗਟ ਨ ਮਾਰੇ।
ਬਾਤ ਬਾਤ ਮੈਂ ਨੀਤ[1] ਗੁਰੁ, ਯੌਂ ਉਨੈ ਸੁਨੈਹੈਂ।
[1]ਹਰਰੋਜ਼।

ਵਹਿ ਯਹਿ ਭੇਦ ਨ ਸਮਝਹੀਂ, ਸੋ ਭਾਵ ਲਖੈ ਹੈਂ[1]
॥ ੬੬ ॥
ਪਾਂਚ ਰੁਪੱਈਏ ਰੋਜ ਹੀ, ਦੇਵੈਂ, ਉਨ ਤਾਂਈਂ।
ਸਾਦਰ ਬੋਲ ਖਿਲਾਂਵਹੀਂ, ਪਾਸਾ ਸੰਗਾਈ।
ਕਈ ਬਾਰ ਨਿਜ ਮਾਤ ਪੈ, ਉਨ ਬਾਤ ਸੁਨਾਈ।
ਹਮਰੇ ਹੋਇ ਮੁਖਾਤਬੈਂ[1] ਗੁਰੁ ਨਿਤ ਇਮ ਗਾਈ[2]
॥ ੬੭ ॥
ਇਕ ਦਿਨ ਉਨ ਕੀ ਮਾਇ ਨੈ, ਸਭਿ ਭੇਤ ਬਤਾਯੋ।
ਗੁਰੁ ਕੇ ਦਾਦੇ ਨੈ ਸਹੀ, ਤੁਵ ਦਾਦਾ ਘਾਯੋ[1]।
ਬਾਪ ਤੁਮਾਰਾ ਇਨ ਹਤਯੋ, ਚਮਕੌਰ ਨਜੀਕੈਂ।
ਪਹਿਲੇ ਜੰਗ ਜੁ ਭਯੋ ਥਾ, ਜਾਨੋ ਤੁਮ ਠੀਕੈਂ
॥ ੬੮ ॥
ਕਰਤ ਅੱਗ੍ਰਚੈ[1] ਤੁਮੀ ਕੋ, ਨਿਤ ਗੁਰੂ ਅਸ਼ਾਰਾ।
ਪੈ ਤੁਮ ਬੁਰਾ ਨ ਚਿਤਵੀਅਹੁ, ਇਹੁ ਬਲੀ ਅਪਾਰਾ।
ਪੁਨਾ ਨਿਮਕ ਹਮ ਬਹੁ ਖਯੋ, ਇਨ ਕੇ ਘਰ ਕੇਰੋ।
ਲਰਤ ਜੰਗ ਮੈਂ ਸੋ ਹਤੇ, ਨਹਿਂ ਦੋਸ਼ ਇਨ ਕੇਰੋ
॥ ੬੯ ॥
ਯੱਦਜਪਿ ਉਨ ਕੀ ਮਾਇ ਨੈ, ਗੁਰੁ ਕੀ ਵਡਿਆਈ।
ਕਹਿ ਬਹੁਧਾ[1] ਸੁਤ ਥੇ ਬ੍ਰਜੇ, ਕਸਮੈਂ ਦਿਲਵਾਈ।
ਤੌ ਭੀ ਫਿਰ ਜਬਿ ਸਤਿਗੁਰੂ, ਪੂਰਬ ਕੀ ਨਜਾਂਈ[1]।
ਦੈ ਗਾਰਾਂ ਪਾਸਾ ਸੁਟਯੋ, ਯਾ ਬਿਧਿ ਪੁਨ ਗਾਈ
॥ ੭੦ ॥
ਨਾਲਾਯਕ ਮਰਦੂਦ[1] ਸੋ, ਜੋ ਬੈਰ ਨ ਲੈ ਹੈ।
ਅਪਨੇ ਦਾਦੇ ਬਾਪ ਕਾ, ਦੁਸ਼ਮਨ ਕੁਲ ਤੈ ਹੈ[1]।
ਇਸ ਬਿਧਿ ਸੁਨਿ ਪੁਨ ਰਿਸਿ ਉਨੈ, ਇਮ ਅਰਜ਼ ਅਲਾਈ।
ਸ਼ਸਤ੍ਰ ਮੌਕਾ[1] ਜੇ ਮਿਲੈ, ਫਿਰ ਕਯੋਂ ਨਹਿਂ ਘਾਈ

[1]ਜਾਣਦੇ ਹਨ ਕਿ ਇਹ ਗੁਰਾਂ ਦਾ ਸੁਭਾਵ ਹੀ ਹੈ।
[1]ਮੁਖ਼ਾਤਬ, ਸਾਹਮਣੇ। [2]ਕਹਿੰਦੇ ਹਨ।
[1]ਮਾਰਿਆ ਸੀ।
[1]ਭਾਵੇਂ।
[1]ਬਹੁਤ ਤਰ੍ਹਾਂ ਨਾਲ।
[1]ਪਹਿਲੇ ਵਾਂਗ ਹੀ।
[1]ਰੱਦੀ, ਕਾਇਰ।
[1]ਦੁਸ਼ਮਣ ਦੀ ਕੁਲ ਪਾਸੋਂ।
[1]ਯੋਗ ਸਮਾਂ।

॥ ੭੧ ॥
ਬਾਤ ਏਹੁ ਗੁਰੁ ਸਮਝ ਕੈ, ਤਬਿ ਬਹੁ ਖੁਸ਼ਿ ਥੀਏ।
ਤਿਸ ਦਿਨ ਤਿਨ ਕੋ ਦੋਗੁਨੇ, ਦਮੜੇ ਗੁਰੁ ਦੀਏ।
ਅਧਿਭੁਤ ਖੰਜਰ[1] ਬਖਸ਼ਜੋ, ਗੁਲ ਖਾਂ ਕੇ ਤਾਂਈਂ। [1]ਕਟਾਰ।
ਮਹਿਮਾਂ ਲੀਲ੍ਹਾ ਗੁਰੂ ਕੀ, ਕਹਿ ਕੌਨ ਸਕਾਈ
॥ ੭੨ ॥
ਦੋਇ ਤੀਨ ਦਿਨ ਵੈਸ ਹੀ, ਚੌਪੜ ਕੇ ਮਾਂਹੀਂ।
ਤਾਂਨ੍ਹੇ ਤਿਨ ਕੋ ਲਾਵਹੀਂ, ਬਹੁ ਗਾਰ ਸੁਨਾਂਹੀਂ।
ਸੁਨਿ ਉਨ ਕੇ ਮਨਿ ਰਿਸ ਬਢੀ, ਮੌਕਾ ਤੱਕਾਹੈਂ[1]। [1]ਤਕਾਉਂਦੇ ਹਨ।
ਅੰਤ੍ਰਜਾਮੀ ਸਤਿਗੁਰੁ, ਕਿਯ ਕੌਤਿਕ ਚਾਹੈਂ
॥ ੭੩ ॥
ਛਕਿ ਅਫੀਮ ਉਨ ਸਾਮਣੇ, ਨਿਤ ਝੋਕਾਂ ਲਾਵੈਂ।
ਨਿਜ ਤੰਬੂ ਮੈਂ ਉਨੀ ਸੋਂ, ਏਕੰਤ ਥਿਰਾਵੈਂ।
ਇਕ ਦਿਨ ਵਹਿ ਮਨ ਮਥ ਅਏ, ਦੀਵਜੋਂ ਕੇ ਵੇਲੇ।
ਇਤ ਸਤਿਗੁਰੁ ਭੀ ਜਾਣ ਕੈ, ਹ੍ਵੈ ਥਿਰੇ ਇਕੇਲੇ
॥ ੭੪ ॥
ਛਕਤ ਰੇਵੜੀ[1] ਪੀਨਕਾ ਲੇਵੈਂ ਦਿਖਰਾਈ[2]। [1]ਰਿਉੜੀਆਂ। [2]ਦਿਖਾ ਕੇ (ਪੀਨਕਾਂ) ਊਂਘ ਦੇ ਝੂਟੇ ਲੈਂਦੇ ਹਨ।
ਜੈਸ ਪੋਸਤੀ ਲਾਇ ਹੈ, ਪੀਨਕ ਬਹੁ ਭਾਈ[1]। [1]ਬਹੁਤ ਤਰ੍ਹਾਂ।
ਗੁਲ ਖਾਂ ਤੰਬੂ ਮੈਂ ਗਯੋ, ਬਾਹਰ ਰਹਜੋ ਬੀਆ[1]। [1]ਦੂਜਾ, ਅਤਾਉਲਾ ਖ਼ਾਂ।
ਸਿੰਘ ਗੁਰੂ ਢਿਗ ਨਹਿਂ ਹੁਤੋ, ਤਬਿ ਕੋਇ [1]ਤਹਾਂ, ਉਥੇ।
ਤਹੀਆ[1] ॥ ੭੫ ॥
ਪਿਖਿ ਮੌਕਾ ਅਫਗਾਂਨ ਨੈ[1], ਹ੍ਵੈ ਬਾਂਏਂ ਓਰੀ[2]। [1]ਪਠਾਣ ਨੇ। [2]ਖੱਬੇ ਪਾਸੇ।
ਹਤੀ ਕਟਾਰੀ ਉਦਰ ਮੈਂ[1], ਨਹਿਂ ਗਈ ਘਸੋਰੀ[2]। [1]ਪੇਟ ਵਿੱਚ। [2]ਖਭੋਈ ਨਹੀਂ ਗਈ।
ਗੁਰੁ ਹੁਸ਼ਜਾਰ ਹ੍ਵੈ ਸੀਘਰ ਹੀ, ਦਹਿਨਾ[1] ਹੱਥ [1]ਸੱਜਾ।
ਮਾਰਾ।
ਡਰਿ ਕਮ ਹੌਂਸਲ ਖਾਂ ਗਿਰਜੋ, ਕਰਿ ਹਾਹਾ ਕਾਰਾ[1] [1]ਡਰ ਨਾਲ ਘੱਟ ਹੌਸਲੇ ਵਾਲਾ ਪਠਾਣ ਹਾਹਾਕਾਰ ਕਰਦਾ ਡਿੱਗ ਪਿਆ।
॥ ੭੬ ॥
ਖੰਡਾ ਸਤਿਗੁਰੁ ਮਾਰ ਕੈ, ਸੋ ਦੋ ਧਰ ਕੀਆ।
ਅੱਤਾਉਲ ਖਾਂ ਭਾਗਜੋ, ਸਿੰਘੈਂ ਨਿਰਖੀਆ[1]। [1]ਦੇਖਿਆ।

ਫਸਿ ਤੰਬੂ ਕੀ ਲਾਸ ਸੋਂ[1] ਸੋ ਗਿਰਜੋ ਤਹਾਂਹੀ।
ਰੇਜੇ ਰੇਜੇ[1] ਕਰ ਸੁਟਜੋ, ਸਿੰਘੋ ਨੇ ਵਾਂਹੀਂ ॥ ੭੭ ॥
ਭੀਤਰ ਜਾਇ ਨਿਹਾਰ ਕੈ, ਬਿਸਮਾਦ ਰਹਾਏ[1]।
ਸਤਿਗੁਰੁ ਤਈਂ ਸੰਭਾਲਜੋ, ਅਫਸੋਸ ਬਢਾਏ।
ਜ਼ਖਮ ਸਿਵਾ ਕਾਰੀ[1] ਕਰੀ, ਦਿਨ ਪੰਦਰਾਂ ਮਾਂਹੀਂ।
ਜ਼ਖਮ ਭਰਯੋ ਇਸ਼ਨਾਨ ਕਿਯ, ਦਿਯ ਦਾਨ ਮਹਾਂਈਂ ॥ ੭੮ ॥
ਅਫਗਾਨੋ ਕੀ ਮਾਤ ਕੌ, ਗੁਰੁ ਨਿਕਟਿ ਬੁਲਾਯੋ।
ਦੈ ਕੈ ਗਜਾਨ ਉਪਦੇਸ਼ ਧਨ, ਪੰਜਾਬ ਪੁਚਾਯੋ।
ਜਖਮ ਹੋਨ ਕੀ ਸ਼ਾਹਿ ਪੈ, ਜਬਿ ਖਬਰ ਪਹੁੰਚੀ।
ਪਠੇ ਜਰਾਹਿ[1] ਹਕੀਮ ਬਡ, ਵਥੁ ਦੌਲਤ ਮੂਚੀ[2] ॥ ੭੯ ॥
ਗੁਰੁ ਰਾਜ਼ੀ ਹ੍ਵੈ ਸ਼ਾਹਿ ਪੈ, ਜਬਿ ਖਬਰ ਪੁਚਾਈ।
ਸ਼ਾਹਿ ਬਹਾਦਰ ਖੁਸ਼ੀ ਹ੍ਵੈ, ਬਹੁ ਭੇਟ ਘਲਾਈ।
ਕਮਠੇ[1] ਨਵ ਨਵ ਟਾਂਕ[2] ਕੇ, ਜੁਗ[3] ਪਠੇ ਲਹੌਰੀ।
ਲਜਾਇ ਮਾਤਬਰ[1] ਸ਼ਾਹਿ ਕੇ, ਗੁਰੁ ਢਿਗ ਦਿਯ ਗੌਰੀ[2] ॥ ੮੦ ॥
ਦੀਪ ਮਾਲ ਦਿਨ ਗੁਰੂ ਨੈ, ਉਤਸ਼ਵ ਕਰਵਾਯੋ।
ਵੀਚ ਦੀਵਾਨ ਅੰਮੀਰ ਨੈ, ਮਨ ਮਹਿਂ ਠਹਰਾਯੋ।
ਯੇ ਕਮਠੇ ਕਿਸ ਤੈ ਚਢੈਂ, ਦਿਖਰਾਵਾਰਾਖੇ।
ਗੁਰੁ ਤਿਹਂ ਮਨ ਕੀ ਜਾਨ ਕੈ, ਰਹਿ ਸਕੇ ਨ ਮਾਖੇ[1] ॥ ੮੧ ॥
ਕਮਠੇ ਚਾਇ[1] ਚਢਾ ਦਏ, ਜਬਿ ਲਾਗਜੋ ਜੋਰੈਂ।
ਜ਼ਖਮ ਹੁਤੋ ਅੱਲਾ[1] ਅਬੀ, ਖੁਲ੍ਹ ਗਯੋ ਬਹੋਰੈਂ।
ਮਾਲਕ ਭਾਵੀ ਕੇ ਗੁਰੂ, ਜੋ ਚਹੈਂ ਕਰਾਵੈਂ।
ਪੈਕੰਬਰ ਅਵਤਾਰ ਭੀ, ਨਹਿਂ ਸਮਾ ਟਰਾਵੈਂ[1] ॥ ੮੨ ॥
ਜੈਸਾ ਹੁਕਮ ਅਕਾਲ ਕਾ, ਥਾ ਸੋਈ ਮਾਨਾ।
ਚਹਜੋ ਜਰਾਹ ਹਕੀਮ ਨੈ, ਫਿਰ ਜਖਮ ਸਿਲਾਨਾ[1]।

[1]ਰੱਸੇ ਨਾਲ।
[1]ਟੁਕੜੇ ਟੁਕੜੇ।
[1]ਹੈਰਾਨ ਰਹਿ ਗਏ।
[1]ਦਵਾਈ, ਇਲਾਜ।
[1]ਜ਼ਖ਼ਮਾਂ ਦਾ ਇਲਾਜ ਕਰਨ ਵਾਲੇ ਡਾਕਟਰ। [2]ਬਹੁਤੀ।
[1]ਧਨੁਸ਼। [2]ਟਾਂਕ– ਧਨੁਖ ਦੀ ਸ਼ਕਤੀ ਪਰਖਣ ਦਾ ਇਕ ਤੋਲ, ਪੰਚੀ ਸੇਰ ਪ੍ਰਮਾਣ। [3]ਦੋ।
[1]ਇਤਬਾਰੀ ਆਦਮੀ। [2]ਭਾਰੇ (ਧਨੁਸ਼)।
[1]ਗੁੱਸੇ 'ਚ ਆਏ।
[1]ਧਨੁਸ਼ ਚੁਕ ਕੇ।
[1]ਕੱਚਾ।
[1]ਟਾਲਦੇ।
[1]ਸਿਉਣਾ।

ਨਹਿਂ ਸਿਲਵਾਯੋ ਸਤਿਗੁਰੁ, ਖੁਦ ਹੀ ਬੰਧ ਰਾਖਾ।
ਤਨ ਅਸਥੂਲ ਤਿਆਗਨੇ ਹਿਤ, ਤਜਾਰਾ ਲਾਖਾ[1]
॥ ੮੩ ॥
ਚੰਦਨ ਆਦਿ ਸਮੱਗ੍ਰੀ, ਜਬਿ ਗੁਰੁ ਮੰਗਵਾਈ।
ਪਿਖਿ ਸਿਖ ਸਭਿ ਬਜਾਕੁਲ ਭਏ, ਕਿਛੁ ਪੇਸ਼ ਨ ਜਾਈ।
ਤਬਿ ਗੁਰੁ ਭੱਯਾ ਦੂਜ ਕੋ[1], ਬਡ ਜੱਗ ਕਰਾਯੋ।
ਬਾਂਛਤ ਭੋਜਨ ਦਾਨ ਦੈ, ਨਿਜ ਜਸ ਫੈਲਾਯੋ
॥ ੮੪ ॥
ਤ੍ਰਿਤੀਆ ਕੇ ਦਿਨ ਸਭਾ ਮੈਂ, ਜਬਿ ਥਿਰੇ ਗੁਸਾਂਈ।
ਸਭਿ ਸਿੰਘਨ ਕਰ ਜੋਰ ਕੈ, ਇਮ ਅਰਜ਼ ਅਲਾਈ।
ਆਪ ਲੋਪ ਤਨ ਕਰਨ ਕੀ, ਅਬਿ ਕੀਨੀ ਤਜਾਰੀ।
ਸੰਗਤ ਕਿਸ ਕੇ ਆਸਰੇ, ਫਿਰ ਜੀਐ ਵਿਚਾਰੀ
॥ ੮੫ ॥
ਪਕਰਾਵਤ ਲੜ ਗੁਰੁ ਰਹੇ, ਪੂਰਬਲੇ ਹੇਰੋ।
ਨਿਜ ਤਨ ਤਜਨੇ ਕੇ ਸਮੇਂ, ਦੂਸਰ ਗੁਰੁ ਕੇਰੋ।
ਇਹੁ ਸੁਨਿ ਤਬਿ ਸਤਿਗੁਰੂ ਜੀ, ਕਰਿ ਦਯਾ ਉਚਾਰਾ।
ਹਮ ਅਬਿ ਸੋ ਗੁਰੁ ਥਾਪ ਹੈਂ, ਜੋ ਸਭਿ ਸੈਂ ਭਾਰਾ
॥ ੮੬ ॥
ਅਜਰ[1] ਅਮਰ ਆਖੰਡ[2] ਰਹਿ, ਇਕ ਰਸ ਸਮ ਭਾਵੈਂ[3]।
ਭੇਦ ਪੱਖ ਬਿਨ ਸਭੀ ਕੋ, ਉਪਦੇਸ਼ ਦਿਢਾਵੈਂ।
ਇਮ ਕਹਿ ਗੁਰੂ ਗ੍ਰੰਥ ਕਾ, ਪਰਕਾਸ਼ ਕਰਾਯੋ।
ਪੈਸੇ ਪਾਂਚ ਨਲੇਰ ਲੈ, ਤਿਸ ਅੱਗਰ ਟਿਕਾਯੋ
॥ ੮੭ ॥
ਕਰਿ ਪ੍ਰਕਰਮਾ ਗੁਰੂ ਜੀ, ਅਭਿ ਬੰਦਨ ਕੀਓ।
ਗੁਰੂ ਰੂਪ ਥਪ ਪੂਜ ਕੈ, ਸਭਿ ਤੈ ਪੁਜਵੀਓ।
ਪੰਚਾਂਮ੍ਰਿਤ[1] ਕਰਵਾਇ ਕੈ, ਬਹੁ ਥਾ ਬ੍ਰਤਵਾਯੋ।

[1]ਜਾਣਿਆ।

[1]ਕੱਤਕ ਸੁਦੀ ਦੂਜ ਨੂੰ।

[1]ਬੁਢੇਪੇ ਤੋਂ ਰਹਿਤ। [2]ਖੰਡਨ ਤੋਂ ਰਹਿਤ। [3]ਸਾਰਿਆਂ ਨਾਲ ਇੱਕੋ ਜਿਹਾ ਪ੍ਰੇਮ ਕਰਦੇ ਹਨ।

[1]ਕੜਾਹ ਪ੍ਰਸ਼ਾਦ।

ਸ੍ਰੀ ਮੁਖ ਤੈ ਸਬਿ ਸਿੱਖਨ ਪ੍ਰਤਿ, ਇਮ ਹੁਕਮ ਸੁਨਾਯੋ ॥ ੮੮ ॥

ਤਥਾ ਹੀ ਸ੍ਰੀ ਮੁਖ ਵਾਕ੍ਯ ਪਾਤਸਾਹੀ ੧੦

ਦੋਹਰਾ ॥

ਨਾਨਕ ਗੁਰੂ ਗੋਬਿੰਦ ਸਿੰਘ, ਪੂਰਨ ਹਰਿ ਅਵਤਾਰ ॥

ਜਗਮਗ ਜੋਤਿ ਬਿਰਾਜਹੀ ਸ੍ਰੀ ਗੁਰੂ ਗ੍ਰੰਥ ਮਝਾਰ ॥ ੮੯ ॥

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥

ਸਭਿ ਸਿੱਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ ॥ ੯੦ ॥

ਗੁਰੂ ਗ੍ਰੰਥ ਜੂ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥

ਜੋ ਪ੍ਰਭ ਕੋ ਮਿਲਜੋ ਚਹੈ, ਖੋਜ ਸਬਦ ਮੈਂ ਲੇਹ ॥ ੯੧ ॥

ਦਰਸਯੋ ਚਹਿ ਸਤਿਗੁਰੂ ਜੋ, ਸੈ ਦਰਸੈ ਗੁਰ ਗ੍ਰੰਥ ॥

ਪਢੈ ਸੁਨੈ ਸ੍ਵਾਰਥ ਲਹੈ, ਪਰਮਾਰਥ ਕੋ ਪੰਥ[1] ॥ ੯੨ ॥

[1]ਦੁਨਿਆਵੀ ਲੋੜਾਂ ਤੇ ਮੁਕਤੀ ਦਾ ਰਸਤਾ ਪ੍ਰਾਪਤ ਹੋ ਜਾਵੇਗਾ।

ਵਾਹਿਗੁਰੂ ਗੁਰੂ ਗ੍ਰੰਥ ਜੀ, ਉਭੈ ਜਹਾਜ ਉਦਾਰ[1]।

[1]ਦੋ ਸ੍ਰੇਸ਼ਟ ਜਹਾਜ਼।

ਸਰਧਾ ਕਰ ਜੋ ਸੇਵ ਹੈਂ, ਸੋ ਉਤਰੈਂ ਭਵ ਪਾਰ[1] ॥ ੯੩ ॥

[1]ਸੰਸਾਰ ਸਮੁੰਦਰ ਤੋਂ।

ਚੌਪਈ:

ਯੌਂ ਸਤਿਗੁਰੁ ਜਬਿ ਬਚਨ ਬਖਾਨੇ।
ਸਿੱਖਹਿ ਸੀਸ ਧਾਰਿ ਸਬਿ ਮਾਨੇ।
ਲਿਖੇ ਕੇਸਰਾ ਸਿੰਘ ਕੀ ਸਾਖੀ।
ਮਾਂਹਿ, ਬਾਰਤਕ ਹੈ ਜੋ ਭਾਖੀ ॥ ੯੪ ॥

ਕਰਜੋ ਚਤ੍ਰਥੀ ਕੋ[1] ਉਪਦੇਸ਼ੈਂ।

[1]ਕੱਤਕ ਸੁਦੀ ਚੌਥ ਨੂੰ।

ਯੁਤ ਪ੍ਰਕ੍ਰਿਯਾ ਬਿਬੇਕ ਬਿਸ਼ੇਸ਼ੈਂ[1]।

[1]ਖ਼ਾਸ (ਬਿਬੇਕ) ਵਿਚਾਰ ਦੀ {ਪ੍ਰਕ੍ਰਿਯਾ} ਜੁਗਤੀ ਸਹਿਤ।

ਬ੍ਰਹਮਾਤਮ ਦਿਢ ਗਜਾਨ ਦਿਢਾਯੋ।
ਹਸਤਾਮਲ ਕਰ ਐਨ ਦਿਖਾਯੋ[1] ॥ ੯੫ ॥

[1]ਹੱਥ 'ਤੇਰੱਖੇ ਅਉਲੇ ਵਾਂਗ ਚੰਗੀ ਤਰ੍ਹਾਂ ਦਿਖਾ ਦਿੱਤਾ।

ਭਵ ਬੰਧਨ ਜਾਂ ਤੇ ਮਿਟ ਜੈਹੈਂ।
ਫੇਰ ਨ ਜਨਮ ਮਰਨ ਜਨ ਪੈਹੈਂ।
ਬ੍ਰਹਮ ਗਜਾਨ ਗੁਰੁ ਤੈ ਸਿੱਖ ਪਾਏ।
ਮਨੋ ਬਿਦੇਹ ਨ੍ਰਿਪ ਸਬਿ ਥਾਏ[1] ॥ ੯੬ ॥

[1]ਜਾਣੋ ਸਾਰੇ ਜਨਕਰਾਜੇ ਵਾਂਗ ਹੋ ਗਏ।

ਸ਼ੋਕ ਮੋਹ ਸਬਿ ਕਾ ਸਬਿ ਨਾਸਾ।
ਬ੍ਰਹਮ ਤੱਤ੍ਵ ਜਥਾਰਥ ਪ੍ਰਕਾਸ਼ਾ[1]।

[1]ਤੱਤਸਾਰ ਰੂਪ ਅਤੇ ਯਥਾਰਥ (ਸੱਤ ਰੂਪ) ਬ੍ਰਹਮ ਦਾ ਪ੍ਰਕਾਸ਼ ਹੋ ਆਇਆ।

ਕੇਚਿਤ ਜੀਵਨ ਮੁਕਤਿ[1] ਸੁ ਥੀਏ।

[1]ਜੀਵਨ ਦਸ਼ਾ ਵਿੱਚ ਹੀ ਮੁਕਤ ਰੂਪ ਭਾਵ ਸਰੀਰਕ ਤੇ ਸੰਸਾਰਕ ਹੋਸ਼ ਦੇ ਸਹਿਤ ਮੁਕਤ।

ਅਧਿਕ ਬਿਦੇਹੈਂ ਮੁਕਤਿ[1] ਰਹੀਏ ॥ ੯੭ ॥

[1]ਦੇਹ ਦੀ ਸੁਧ ਤੋਂ ਬਿਨਾਂ ਮੁਕਤ-ਰੂਪ।

ਕਾਤਕ ਸੁਦੀ ਪੰਚਮੀ ਕੇ ਦਿਨ।
ਕਰਿ ਇਸ਼ਨਾਨ ਸਕੇਸ[1] ਤਾਂਹਿ ਛਿਨ।

[1]ਸਣ ਕੇਸੀਂ।

ਬਿਬਿਧਿ[1] ਸੁਗੰਧਿ ਧੂਪ ਮਹਿਕਾਏ।

[1]ਅਨੇਕ ਤਰ੍ਹਾਂ ਦੀ।

ਨੌਤਨ[1] ਬਸਤ੍ਰ ਅੰਗ ਸਜਾਏ ॥ ੯੮ ॥

[1]ਨਵੇਂ।

ਛਕਿ ਅਫੀਮ ਸੁੱਖਾ* ਕਰਿ ਗਹਿਰੇ।

*ਜੋਤੀ ਜੋਤਿ ਸਮਾਉਣ ਸਮੇਂ ਅਫ਼ੀਮ ਤੇ ਸੁੱਖੇ ਦਾ ਛਕਣਾ ਮੰਨਣ ਵਿੱਚ ਨਹੀਂ ਆਉਂਦਾ। ਨਾਮ ਖ਼ੁਮਾਰੀ ਦੇ ਮਾਲਕ ਗੁਰੂ ਜੀ ਐਸਾ ਨਹੀਂ ਕਰ ਸਕਦੇ। ਵਿਸਥਾਰ ਲਈ ਦੇਖੋ ਬਿਸ੍ਰਾਮ ਨੰ: ੭੦ ਦੇ ਅੰਕ ਨੰ: ੬ ਦੇ * ਨਿਸ਼ਾਨ ਦੀ ਪੈਰ ਟੂਕ।

ਕਮਰ ਕਸਾ ਸਬਿ ਸ਼ਸਤ੍ਰ ਪਹਿਰੇ।
ਤੈਹਾਵਲ[1] ਬਹੁ ਕਰਿ ਵਰਤਾਯੋ।

[1]ਕੜਾਹ ਪ੍ਰਸ਼ਾਦ।

ਦਾਨ ਦਯੋ ਜੋ ਜਿਹਂ ਮਨਿ ਭਾਯੋ ॥ ੯੯ ॥
ਸ਼ਬਦ ਕੀਰਤਨ ਉਛਵ[1] ਕਰਾਯੋ।

[1]ਉਤਸ਼ਾਹ।

ਅੱਸ੍ਵ ਕੁਮੈਤ ਰੰਗ ਨੁਲ੍ਹਵਾਯੋ[1]।

[1]ਲਾਖੀਰੰਗੇ ਘੋੜੇ ਦਾ ਇਸ਼ਨਾਨ ਕਰਵਾਇਆ।

ਕਾਠੀ ਸਬਜ਼ਜੋਂ ਜਟਿਤ[1] ਪਵਾਈ।

[1]ਹਰੇਰਤਨਾਂ ਨਾਲ ਜੜਤ ਹੋਈ ਹੋਈ।

ਤਜਾਰ ਕਰਜੋ ਜ਼ੇਵਰ ਸਜਵਾਈ ॥ ੧੦੦ ॥
ਚੰਦਨ ਕੀ ਬਡ ਚਿਤਾ[1] ਚਿਨਾਈ।

[1]ਚਿਖ਼ਾ।

ਊਚ ਕਨਾਤ ਚੁਗਿਰਦ ਤਨਾਈ।
ਦਯਾ ਸਿੰਘ ਪ੍ਰਤਿ ਕਹਯੋ ਉਚਰ ਹੈ।
ਜਬਿ ਪ੍ਰਵੇਸ਼ ਹਮ ਇਸ ਮੈਂ ਕਰਿਹੈਂ ॥ ੧੦੧ ॥
ਦੂਰ ਕਨਾਤੋਂ ਸਬਿ ਸਿੱਖ ਕਰੀਓ[1]।

[1]ਸਾਰੇ ਸਿੱਖਾਂ ਨੂੰ ਕਨਾਤ ਤੋਂ ਦੂਰ ਕਰ ਦਿਆ ਜੇ।

ਹਮਰੀ ਤਰਫ ਨ ਕੋਊ ਨਿਹਰੀਓ[1]।

[1]ਦੇਖਿਓ।

ਫੋਲਜੋ ਹਮਰਾ ਨਾਹਿਂ ਅੰਗੀਠਾ।
ਨਾਹਿ ਸਮਾਧ ਬਨੱਈਓ ਨੀਠਾ[1] ॥ ੧੦੨ ॥ [1]ਚੰਗੀ ਤਰ੍ਹਾਂ।
ਜੋ ਸਮਾਧ ਹਮਰੀ ਬਨਵੈ ਹੈ।
ਜਗ ਮੈਂ ਤਿਹਂ ਸਰਬੰਸ ਨਰੈਹੈ।
ਹਮ ਨੈ ਸਾਚਾ ਪੰਥ ਚਲਾਯੋ।
ਮਾਨਨ ਏਕ ਅਕਾਲ ਦਿਢਾਯੋ ॥ ੧੦੩ ॥
ਗੋਰ[1] ਸਮਾਧਿ ਮੜ੍ਹੀ ਦੇਵਾਲਾ[2]। [1]ਕਬਰ। [2]ਦੇਵ-ਮੰਦਰ।
ਇਨ ਕਾ ਮਾਨਨ ਕੂਰ ਦਿਖਾਲਾ[1]। [1]ਝੂਠਾ ਦਿਖਾਇਆ।
ਗੁਰੂ ਗ੍ਰੰਥ ਕੋ ਪੂਜੋ ਮਾਨੋ।
ਸੇਵਾ ਸੰਤ ਜਨਾਂ ਕੀ ਠਾਨੋ ॥ ੧੦੪ ॥
ਵੀਚ ਬਚਿੱਤ੍ਰ ਨਾਟਕ ਖਾਸੈਂ[1]। [1]ਆਪ।
ਹਮ ਨੈ ਲਿਖਜੋ ਅਪਨਾ ਆਸ਼ੈਂ[1]। [1]ਸਿਧਾਂਤ।
ਕਰਿ ਉਪਦੇਸ਼ ਕੀਰਤਨ ਸੁਨ ਕੈ।
ਸਾਂਝ ਪਰੀ ਜਬਿ ਤਬਿ ਗੁਰੁ ਗੁਨ ਕੈ ॥ ੧੦੫ ॥
ਵੀਚ ਅਕਾਸ਼ ਕੁਲਾਹਲ[1] ਹੋਵਾ। [1]ਖ਼ੁਸ਼ੀ ਦਾ ਡੰਡ-ਰੌਲਾ।
ਚਮਤਕਾਰ ਸਬਿ ਸਿੱਖਨ ਜੋਵਾ[1]। [1]ਦੇਖਿਆ।
ਤਬਿ ਆਸਨ ਤੈ ਉਠੇ ਗੁਸਾਂਈਂ।
ਚਲੇ ਚਿਤਾ ਦਿਸ਼ ਮੁਦਤ ਮਹਾਂਈਂ[1] ॥ ੧੦੬ ॥ [1]ਬਹੁਤ ਅਨੰਦ ਵਿੱਚ।
ਮਾਰੂ ਕਾ ਗੁਰੁ ਸ਼ਬਦ ਉਠਾਯੋ।
ਓੜਕ ਨਿਬਹੀ ਪ੍ਰੀਤ ਇਹੁ ਗਾਯੋ।
ਸਿੱਖ ਕਨਾਤ ਤੈ ਦੂਰ ਹਟਾਏ।
ਆਪ ਪ੍ਰਵਿਸ਼ੇ ਤਾਂਹਿ ਮੈਂ ਜਾਏ ॥ ੧੦੭ ॥
ਦੋਹਰਾ:
ਖੜ੍ਹੇ ਹੋਇ ਫਿਰ ਚਿਤਾ ਪਰ,
ਊਚੀ ਧੁਨਿ ਗੁਰੁ ਦੇਵ।
ਫਤੇ ਬੁਲਾਈ ਪੰਥ ਕੋ,
ਅੰਤ ਸਮੇਂ ਫਿਰ ਏਵ ॥ ੧੦੮ ॥
ਗੀਆ ਛੰਦ:
ਫਿਰ ਜੋਗ ਅਗਨਿ[1] ਨਿਕਾਲ ਕੈ, [1]ਦਸਮ ਦੁਆਰ ਦੀ ਅੱਗ।
ਗੁਰੁ ਚਿਤਾ ਚੰਦਨ ਕੀ ਦਹੀ[1]। [1]ਸਾੜੀ।

ਤਨ ਥੂਲ ਨਿਜ ਨਿਰਬਾਣ ਕੀਨੋ,
ਸਮ ਬਘੂਰੇ ਕੇ ਸਹੀ[1]।

[1]{ਸਹੀ} ਠੀਕ ਵਾ-ਵਰੋਲੇ ਵਾਂਗ ਆਪਣੇ ਸਥੂਲ ਸ਼ਰੀਰ ਨੂੰ {ਨਿਰਬਾਣ} ਅਬਿਨਾਸ਼ੀ ਕਰ ਲਿਆ।

ਗੁਰੁ ਜੋਤਿ ਜੋਤੀ ਮੈਂ[1] ਮਿਲੇ,
ਅਸਥੂਲ ਤਨ ਕੇ ਸਹਤ ਹੀ।
ਜਜੋਂ ਲਹਰ ਜਲ ਕੀ ਜਲ ਭਵੈ[1],
ਓਪਾਧਿ[1] ਤੈ ਹ੍ਵੈ ਰਹਿਤ ਹੀ ॥ ੧੦੯ ॥

[1]ਜੋਤੀ ਰੂਪ ਗੁਰੂ ਜੀ ਅਕਾਲ ਪੁਰਖ ਵਿੱਚ।

[1]ਹੋ ਜਾਂਦੀ ਹੈ।

[1]ਵਸਤ ਦਾ ਬੋਧ ਕਰਾਉਣ ਦਾ ਕਾਰਨ, ਜੋ ਵਸਤ ਤੋਂ ਵੱਖਰਾ ਹੋਵੇ ਜਿਵੇਂ ਘਟਾਕਾਸ਼ ਦਾ ਕਾਰਨ ਘੜਾ ਹੈ ਜੋ ਘਟਾਕਾਸ਼ ਤੋਂ ਵੱਖਰਾ ਹੈ।

ਪਰਕਾਸ਼ ਅਧਿਕ ਅਕਾਸ਼ ਮੈਂ,
ਧੁਨਿ ਭਰੀ ਅਨਹਦ ਨਾਦ[1] ਕੀ।

[1]ਉਹ ਸ਼ਬਦ ਜੋ ਕਿਸੇ (ਆਘਾਤ) ਪ੍ਰਹਾਰ ਤੋਂ ਪੈਦਾ ਨਹੀਂ ਹੋਇਆ।

ਸਬਿ ਸਿੱਧ ਮੁਨਿ ਜਨ ਸੁਰ ਆਏ,
ਬ੍ਰਹਮਾਦਿ ਆਦਿ ਮ੍ਰਯਾਦ ਕੀ[1]।
ਮਨਿ ਜਟਿਤ ਚਟਤ ਬਿਵਾਨ ਬਾਂਕਾ,
ਸਰਦ ਪਤਿ ਸਮ ਸੋਹਿਤੈਂ[1]।

[1]ਬ੍ਰਹਮਾ ਆਦਿਕ ਆਏ ਤੇ ਆਦਿ ਦੀ ਮਰਯਾਦਾ ਕੀਤੀ।

[1]{ਚਟਤ} ਚਿੱਟੀਆਂ ਮਣੀਆਂ ਨਾਲ ਜੜ੍ਹਿਆ ਹੋਇਆ (ਬਾਂਕਾ) ਸੁੰਦਰ ਬਿਵਾਨ ਸਰਦ (ਰੁੱਤ ਦੇ) ਮਾਲਕ ਪੁੰਨਿਆਂ ਦੇ ਚੰਦ੍ਰਮਾ ਵਾਂਗ ਸੋਹ ਰਿਹਾ ਹੈ।

ਅਸਵਾਰ ਕਰਿ ਤਿਸ ਪਰ ਗੁਰੈਂ,
ਮਗ ਲੀਨ ਨਭ ਸਬਿ ਜੋਹਿਤੈਂ[1] ॥ ੧੧੦ ॥

[1]ਸਾਰਿਆਂ ਦੇ ਦੇਖਦਿਆਂ ਅਕਾਸ਼ ਦਾ ਰਸਤਾ ਲੈ ਲਿਆ।

ਸੁਰ ਨਟੀ ਨ੍ਰਿਤਨ ਜਾਤਿ ਅੱਗ੍ਰ[1]
ਉਤਸ਼ਾਹਿ ਯੁਤ ਮੁਦ ਪਾਇ ਹੈਂ।
ਕਰਿ ਸੁਮਨ[1] ਬਰਖਾ ਸੁਮਨ ਸਾਨੰਦ[2],
ਉਸਤਤੀ ਬਹੁ ਗਾਇ ਹੈਂ।
ਨਿਜ ਨਿਜ ਪੁਰੀ ਪਤਿ ਦੇਵਤਾ,
ਚਲਿ ਆਇ ਅੱਗ੍ਰ ਲੇਤ ਹੈਂ।
ਸਬਿ ਆਰਤੀ ਓਤਾਰ ਪੂਜਤ,
ਅਰਘ ਪਾਦ[1] ਸੁ ਦੇਤ ਹੈਂ ॥ ੧੧੧ ॥

[1]ਅਪੱਛਰਾਂ ਅੱਗੇ ਨਾਚ ਕਰਦੀਆਂ ਜਾਂਦੀਆਂ ਹਨ।

[1]ਫੁੱਲਾਂ ਦੀ। [2]ਦੇਵਤੇ ਅਨੰਦ ਸਹਿਤ।

[1]ਚਰਨਾਂ ਤੇ {ਅਰਘ} ਭੇਟਾ ਦਿੰਦੇ ਹਨ।

ਅਸਥਾਨ ਉੱਤਮ ਨਿਜ ਨਿਜੈਂ,
ਦਿਖਰਾਇ ਤੋਫੇ ਦਾਇ ਕੈ।
ਕਰ ਜੋਰਿ ਅਧਿਕ ਨਿਹੋਰਿ[1], ਲੇਤ
ਉਪਦੇਸ਼ ਮੋਖ ਪ੍ਰਦਾਇ ਕੈ[1]।

[1]ਬਹੁਤ ਬੇਨਤੀਆਂ ਕਰ ਕੇ।

[1]ਮੁਕਤੀ ਦਾਤੇ ਸਤਿਗੁਰਾਂ ਤੋਂ।

ਕਰਿ ਅਸਤੁਤੀ ਫਿਰ ਕਹਿਤ, ਆਗੇ
ਭਏ ਬਹੁ ਅਵਤਾਰ ਹੈਂ।
ਪਰਚਾਰ ਧਰਮ, ਅਧਰਮ ਕੋ
ਪਰਿਹਾਰ[1], ਰਾਖਸ਼ ਮਾਰ ਹੈਂ ॥ ੧੧੨ ॥

[1]ਪਾਪਾਂ ਨੂੰ ਨਾਸ਼ ਕਰ ਕੇ।

ਪਰ ਆਪ ਭੀ ਇਹੁ ਕੀਨ ਸਬਿ ਹੀ,
ਅਧਿਕ ਸਬਿ ਤੈ ਇਕ ਕਰਜੋ[1]।

[1](ਹੇ ਗੁਰੂ ਜੀ) ਆਪ ਜੀ ਨੇ ਵੀ ਉਪਰੋਕਤ ਅਵਤਾਰਾਂ ਵਾਲਾ ਵੀ ਇਹ ਸਾਰਾ (ਕੰਮ) ਕੀਤਾ ਹੈ ਪਰ ਸਾਰਿਆਂ ਤੋਂ ਵਧ ਇੱਕ (ਇਹ ਕੰਮ) ਕੀਤਾ ਹੈ।

ਸਬਿ ਖੰਡ ਕੈ ਪਾਖੰਡ ਮਤ,
ਸਿੰਘ ਪੰਥ ਪ੍ਰਭ ਕਾ ਪਰਚਰਜੋ[1]।

[1]ਪ੍ਰਚੱਲਤ ਕੀਤਾ।

ਨਿਜ ਪੂਤ ਪੂਤ ਖਤਾਬ ਸਤਿਗੁਰੁ
ਕੇਰ, ਪ੍ਰਭੁ ਜੋ ਤੁਹਿ ਦਯੋ[1]।

[1]ਤੁਹਾਨੂੰ ਅਕਾਲ ਪੁਰਖ ਨੇ ਆਪਣੇ ਪੁੱਤਰ ਤੇ ਸਤਿਗੁਰੂ ਦਾ ਜੋ ਪਵਿੱਤਰ ਖ਼ਿਤਾਬ ਦਿੱਤਾ ਹੈ।

ਇਹੁ ਨਾਹਿਂ ਕਾਂਹਿ ਅਵਤਾਰ ਕਾਰਕ
ਤਈਂ, ਅਬਿ ਲੌ ਥਾ ਭਯੋ[1] ॥ ੧੧੩ ॥

[1]ਇਹ ਖ਼ਿਤਾਬ ਹੁਣ ਤੱਕ ਕਿਸੇ ਅਵਤਾਰ ਜਾਂ ਕਾਰਕ ਨੂੰ ਨਹੀਂ ਹੋਇਆ। {ਕਾਰਕ– ਕਲਪ ਤੱਕ ਦੀ ਉਮਰ ਵਾਲਾ ਤੇ ਆਪਣੀ ਇੱਛਾ ਅਨੁਸਾਰ ਸਰੀਰ ਧਾਰਨ ਵਾਲਾ}।

ਤੁਮ ਸਫਲ ਕੀਨੋ ਸੋ ਸਬੀ,
ਤਨ ਧਾਰ ਧਰ ਪੈ ਜਾਇ ਕੈ।
ਇਸ ਹੇਤ ਹਮ ਉਪਦੇਸ਼ ਲੇਵਤ,
ਰਾਵਰੋ[1] ਸੁਖਦਾਇ ਕੈ।

[1]ਆਪ ਦਾ।

ਪੁਨ ਭੇਦ ਪੁੱਤ੍ਰ ਪਿਤਾ ਕਾ
ਆਸੇਸ, ਬੇਦ ਨਿਵਾਰ ਹੈ[1]।

[1]ਪਿਤਾ ਤੇ ਪੁੱਤਰ ਦੇ (ਆਸੇਸ) ਸਾਰੇ ਫ਼ਰਕ ਨੂੰ ਬੇਦ ਦੂਰ ਕਰਦਾ ਹੈ ਭਾਵ ਪਿਤਾ ਤੇ ਪੁੱਤਰ ਵਿੱਚ ਕੋਈ ਫ਼ਰਕ ਨਹੀਂ ਹੈ, ਇਹ ਬੇਦ ਕਹਿੰਦਾ ਹੈ।

ਇਸ ਹੇਤ ਦਰਸ਼ਨ ਰਾਵਰੋ,
ਆਕਾਲ ਕੋ ਹਮ ਧਾਰ ਹੈਂ[1] ॥ ੧੧੪ ॥

[1]ਸਮਝਦੇ ਹਾਂ।

ਇਮ ਇੰਦ੍ਰ ਬਰਣ[1] ਕੁਬੇਰ[2] ਬ੍ਰਹਮਾ,
ਬਿਸਨੁ ਸ਼ਿਵ ਲੌ ਦੇਵ ਜੇ।

[1]ਜਲ ਦੇਵਤਾ। [2]ਧਨ ਦਾ ਦੇਵਤਾ।

ਪਗ ਪਰਸ ਹਰਸ ਬਢਾਵਹੀਂ[1],
ਕਰਿ ਦਰਸ ਗੁਰੁ ਕੋ ਏਵ ਸੇ[1]।

[1]ਚਰਨ ਛੋਹ ਕੇ ਖ਼ੁਸ਼ੀ ਵਧਾਉਂਦੇ ਹਨ।
[1]ਇਸ ਤਰ੍ਹਾਂ।

ਮਤਿ ਏਹੁ ਅਚਰਜ ਕੋ ਧਰੇ,

ਗੁਰੁ ਸੁਰਨ ਤੈ ਬਡ ਕਿਮ ਥਏ[1]।
ਇਸ ਕੇਰ ਉਤ੍ਰੁ ਹਿਤ ਨਿਰੁੱਤ੍ਰ
ਨਜਾਇ ਕੈਮੁੱਤਕੈਂ ਦਏ[1] ॥੧੧੫॥

[1]ਦੇਵਤਿਆਂ ਤੋਂ ਵੱਡੇ ਕਿਵੇਂ ਹੋ ਗਏ।

[1]ਇਸ ਦਾ ਉੱਤਰ, ਲਾਜਵਾਬ ਕਰਨ ਵਾਸਤੇ ਕੈਮੁੱਤਕ ਨਜਾਯ ਅਨੁਸਾਰ ਦੇਂਦੇ ਹਾਂ। {ਕੈਮੁੱਤਕ ਨਜਾਯ-ਜਿਸ ਨੇ ਵੱਡਾ ਕੰਮ ਕਰ ਲਿਆ ਹੋਵੇ ਉਸ ਨੂੰ ਛੋਟਾ ਕੰਮ ਕਰਨਾ ਕੀ ਔਖਾ ਹੈ ਜਿੱਥੇ ਇਹ ਕਹਾਵਤ ਆਖੀਏ ਉਥੇ ਕੈਮੁੱਤਕ ਨਜਾਯ ਹੈ}।

ਫਲ ਦੇਤ ਈਸ੍ਵਰ ਕਰਮ ਕੌ,
ਸਬਿ ਜੀਵ ਜੈਸ ਕਮਾਇ ਹੈਂ।
ਅਨੁਸਾਰ ਕਰਮੈਂ ਜੀਵ, ਜੋਨੀ
ਲਖ ਚੁਰਾਸੀ ਪਾਇ ਹੈਂ।
ਨਿਤ ਘਟੀ ਜੰਤ੍ਰ ਕੀ ਤਰ੍ਹਾ[1],
ਸੰਸਾਰ ਕੂਪਹਿ ਮੈਂ[1] ਫਿਰੈਂ।
ਦੁਖ ਜਨਮ ਮ੍ਰਿਤੂ ਨਰਕ ਭੋਗਤ,
ਜੀਵ ਕਰਮਨ ਕੇ ਘਿਰੇ ॥੧੧੬॥
ਜਬਿ ਮਿਲਤ ਪੂਰਨ ਸਤਿਗੁਰੂ,
ਕਟ ਦੇਤ ਬੰਧਨ ਗਜਾਨ ਦੈ।
ਪਹੁੰਚਾਇ ਪ੍ਰਮਾਨੰਦ ਪਦ ਮੈਂ,
ਗੁਰੂ ਇਮ ਕਲਜਾਨ ਦੈਂ।
ਇਸ ਹੇਤ ਦਰਜਾ ਈਸ ਤੈ ਭੀ,
ਅਧਿਕ ਸਤਿਗੁਰੁ ਕਾ ਹਈ।
ਜੇ ਸੁਰਨ ਕੀਨੀ ਬੰਦਨਾ ਗੁਰੁ
ਤਈਂ, ਅਚਰਜ ਕਿਆ ਥਈ ॥੧੧੭॥
ਅਬਿ ਸੁਨੋ ਨੀਕ ਪ੍ਰਸੰਗ, ਸਾਥ
ਉਮੰਗ ਗਾਥ ਉਦਾਰੀਆ।
ਇਸ ਭਾਂਤਿ ਗੁਰੁ ਪੁਰਿ ਸੁਰਨ[1] ਲੰਘੇ,
ਪੁਰਾ[1] ਜੈਸ ਉਚਾਰੀਆ।
ਤਬਿ ਜਾਇ ਪਹੁੰਚੇ ਸੱਚ ਖੰਡ,
ਅਖੰਡ[1] ਗੁਰੁ ਕਾ ਲੋਕ ਜੋ।
ਜਹਿਂ ਕਬੀ ਬਿਜਾਪਤ ਨਾਹਿਂ ਮਾਯਾ,
ਰਹਿਤ ਮੋਦ ਅਸ਼ੋਕ ਸੋਂ ॥੧੧੮॥
ਗੁਰੁ ਆਦਿ ਆਦਿਕ[1] ਨਵ ਗੁਰੂ,

[1]ਹਰਟ ਦੀਆਂ ਟਿੰਡਾਂ ਵਾਂਗ।

[1]ਸੰਸਾਰ ਖੂਹ ਵਿੱਚ।

[1]ਦੇਵਤਿਆਂ ਦੀਆਂ ਪੁਰੀਆਂ।

[1]ਪਹਿਲਾਂ।

[1]ਨਾਸ-ਰਹਿਤ।

[1]ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਦਿ।

ਸਿੱਖ ਭਗਤ ਗਜਾਨੀ ਜੋ ਤਹਾਂ।
ਥੇ ਆਇ ਆਗੇ ਲੈ ਗਏ,
ਕਰਿ ਅਤੀ ਉੱਛਵ[1] ਸੋ ਮਹਾਂ।
ਕਰਿ ਬੰਦਨਾ ਮਿਲਿ ਪਰਸਪਰ,
ਧੁਨਿ ਫਤੇ ਊਚ ਉਚਾਰੀਆ।
ਗੁਰੁ ਆਦਿ ਕਰਿ ਸਿਤਕਾਰ, ਨਿਕਟਿ
ਬਿਠਾਰ, ਪਰਮੁਦ ਧਾਰੀਆ[1] ॥ ੧੧੯ ॥

[1]ਉਤਸ਼ਾਹ।

[1]ਬਹੁਤ ਅਨੰਦ ਹੋਏ।

ਇਤ ਗੁਰੂ ਕਰਿ ਨਰ ਨਾਟਕੈਂ,
ਜਬਿ ਗਏ ਵੀਚ ਕਨਾਤ ਥੇ।
ਕਰਿ ਜੋਗ ਅਗਨਿ ਪ੍ਰਜ੍ਵਲਤ ਲੋਪੇ[1],
ਸਿੱਖ ਸਰਬ ਦਿਖਾਤ ਥੇ।
ਭਰਿ ਸ੍ਵਾਸ[1] ਹੋਇ ਨਿਰਾਸ ਬਿਹਬਲ[2],
ਲਗੇ ਕਰਨ ਬ੍ਰਿਲਾਪ ਹੈ।
ਗੁਰੁ ਜਦਪਿ ਗਜਾਨ ਦਿਢਾ ਗਏ,
ਪੈ ਜਗਜੋ ਮੋਹ ਅਮਾਪ[1] ਹੈ ॥ ੧੨੦ ॥

[1]ਦਸਮ ਦੁਆਰ ਦੀ ਅੱਗ ਨੂੰ ਜਗਾ ਕੇ ਛੁਪ ਗਏ।

[1]ਹਾਹੁਕੇ ਲੈ ਕੇ। [2]ਵਿਆਕੁਲ।

[1]ਬਹੁਤਾ।

ਜਲ ਝਰਜੋ ਝਰਨਾ ਜਜੋਂ ਦ੍ਰਿਗੈਂ[1]
ਪ੍ਰਵਾਹਿ ਪ੍ਰੇਮ ਵਿਰਾਗ ਕੋ।
ਰਸ ਛਯੋ ਕਰੁਨਾ, ਚਹੁ ਦਿਸੈਂ
ਕਾਨਾਤ ਕੇ, ਪਿਖਿ ਆਗ ਕੋ।
ਕਰਿ ਰੁਦਨ ਕਹਿਂ ਸਿੱਖ ਹੇ ਗੁਰੂ,
ਕਿਤ ਗਏ ਹਮ ਕੋ ਛੋਰ ਹੈਂ।
ਇਸ ਦੇਸ ਵੇਸ ਪ੍ਰਦੇਸ ਮੈਂ[1],
ਅਬਿ ਕੌਣ ਹਮਰਾ ਹੋਰ ਹੈ ॥ ੧੨੧ ॥

[1]ਨੇੜ੍ਹਾਂ ਚੋਂ।

[1]{ਵੇਸ} ਚੰਗੇ (ਪਰ) {ਪ੍ਰਦੇਸ} ਪਰਾਏ ਦੇਸ ਵਿੱਚ।

ਕਰਿ ਦਯਾ ਲਜਾਏ ਜਿਉਂ ਪੰਜਾਬੋਂ,
ਸੰਗ ਤਜੋਂ ਕਜੋਂ ਨਾ ਲੀਆ।
ਅਬਿ ਗਹੈਂ ਕਿਸ ਕਾ ਆਸਰਾ,
ਬੇਯੋਗ ਰਾਵਰ[1] ਦੁਖ ਦੀਆ।
ਅਤਿ ਕਸ਼ਟ ਨਸ਼ਟ ਸਮਸ਼ਟ ਕਰਿ ਪ੍ਰਭੁ,
ਮਸ਼ਟ ਕਜੋਂ ਕਿਤ ਹ੍ਵੈ ਬਹੇ[1]।

[1]ਤੁਹਾਡੇ ਵਿਛੋੜੇ ਨੇ।

[1]ਬਹੁਤ ਸਾਰੇ ਕਸ਼ਟਾਂ ਦੇ ਨਸ਼ਟ ਕਰਨ ਵਾਲੇ ਪ੍ਰਭੂ ! ਹੁਣ ਚੁੱਪ ਹੋ ਕੇ ਕਿਉਂ ਕਿਤੇ ਬੈਠ ਗਏ ਹੋ।

ਆਜਜ਼ੈਂ ਨਿਵਾਜ਼[1] ਤੁਮਰਾ
ਨਾਮ, ਸ੍ਰੁਤਿ ਜਨ[1] ਸਬਿ ਕਹੇਂ ॥੧੨੨॥
ਹਮ ਸਮ ਨ ਆਜਜ਼ ਕੋ ਗੁਨਾਹੀ,
ਆਪ ਸਦ ਬਖਸ਼ਿੰਦ ਹੈਂ।
ਅਬਿ ਦੇਹੁ ਦਰਸ਼ਨ ਛੇਹੁ ਦੁਖ[1], ਨਤੁ[2]
ਲੇਹੁ ਤਨ ਤੈ ਜਿੰਦੁ ਹੈ।
ਹਮ ਸ਼ੋਕ ਸਿੰਧਹਿਂ ਜਾਤ ਬੂਡੇ,
ਕਢੋ ਗੁਰੁ ਗਹਿ ਬਾਂਹਿ ਜੀ।
ਇਹੁ ਪੰਥ ਬੇੜਾ ਬਿਨ ਮਲਾਹੈਂ,
ਪਾਰ ਕੈਸੇ ਪਾਹਿ ਜੀ ॥੧੨੩॥
ਜਿਮ ਬਾਗ ਮਾਲੀ ਬਿਨਾ ਪਾਲੀ
ਅਜਾ ਬਨ ਮੈਂ ਖੀਨ ਹ੍ਵੈਂ[1]।

ਜਿਮ ਤੀਆ ਪੀਆ ਬਿਨਾ ਦੀਆ
ਧਾਂਮ, ਤਨ ਦ੍ਰਿਗ ਹੀਨ ਹ੍ਵੈ[1]।

ਬੇ-ਆਬ ਮਛਰੀ ਸਮ ਸ਼ਿਤਾਬ,
ਅਜਾਬ ਸਿਖਨਿ ਨਿਹਾਰ ਕੈ[1]।

ਬਹੁ ਧੀਰ ਦੀਨੋ ਦਯਾ ਸਿੰਘ,
ਉਪਦੇਸ਼ ਨੀਕ ਉਚਾਰ ਕੈ ॥੧੨੪॥
ਤਬਿ ਲੌ ਪਹੁੰਚੇ ਸਾਧੁ ਤਹਿ ਠਾਂ,
ਚਲਿ ਪੰਜਾਬੋਂ ਚਾਰ ਹੈਂ।
ਤਿਨ ਤਈਂ ਪਾਂਚਕ ਕੋਸ ਪੈ,
ਗੁਰੁ ਮਿਲੇ ਕਰਤ ਸ਼ਿਕਾਰ ਹੈਂ।
ਉਨ ਪੇਖਿ ਅਬਚਲ ਨਗਰ ਬਜਾਕੁਲ,
ਸਗਰ[1] ਸਿੰਘਹਿਂ ਬੂਝੋ।
ਤਬਿ ਕਹਯੋ ਸਿੰਘਨ ਗੁਰੂ ਜੀ,
ਪਰਲੋਕ ਗਮਨੇ ਗੂਝੋ[1] ॥੧੨੫॥
ਫਿਰ ਕਹਯੋ ਸੰਤਹਿਂ ਕੂਰ[1] ਕਹਿ ਹੋ,
ਮਿਲੇ ਹਮ ਕੋ ਸੋ ਅਬੈ।

[1]ਗ਼ਰੀਬ ਨਿਵਾਜ।

[1]ਦੇਵ ਤੇ ਭਗਤ।

[1]ਦੁਖ ਨਾਸ਼ ਕਰੋ। [2]ਨਹੀਂ ਤਾਂ।

[1]ਜਿਵੇਂ ਬਾਗ਼ ਮਾਲੀ ਤੋਂ ਬਿਨਾਂ ਉੱਜੜ ਜਾਂਦਾ ਹੈ ਅਤੇ ਬੱਕਰੀਆਂ ਪਾਲੀ ਤੋਂ ਬਿਨਾਂ ਜੰਗਲ ਵਿੱਚ ਮਰ ਜਾਂਦੀਆਂ ਹਨ।

[1]ਜਿਵੇਂ ਇਸਤ੍ਰੀ ਪਤੀ ਤੋਂ ਬਿਨਾਂ, ਘਰ ਦੀਵੇ ਤੋਂ ਬਿਨਾਂ, ਸ਼ਰੀਰ ਨੇਤ੍ਰਾਂ ਤੋਂ {ਹੀਨ} ਬਿਨਾਂ (ਦੁਖਦਾਈ) ਹੁੰਦਾ ਹੈ।

[1]ਪਾਣੀ ਤੋਂ ਬਿਨਾਂ ਮੱਛੀ ਵਾਂਗ ਸਿੱਖਾਂ ਨੂੰ ਦੁਖੀ ਦੇਖਕੇ, ਛੇਤੀ ਹੀ।

[1]ਸਾਰੇ।

[1]ਗੁਪਤ ਹੀ ਪ੍ਰਲੋਕ ਨੂੰ ਚਲੇ ਗਏ।

[1]ਝੂਠ।

ਅਸਵਾਰ ਬਾਜ ਕੁਮੈਤ ਪੈ,
ਸਿਤ ਬਾਜ ਕਰ ਪਰ ਥਾ ਫਬੈ[1]।

[1]ਲਾਖੇਰੰਗੇ ਘੋੜੇ 'ਤੇ ਅਸਵਾਰ ਸਨ ਅਤੇ ਚਿੱਟਾ ਬਾਜ਼ ਹੱਥ ਉੱਪਰ ਫਬ ਰਿਹਾ ਸੀ।

ਅਤਿ ਚਟਤ ਕਾਠੀ ਜਟਿਤ ਸਬਜਜੋਂ
ਠਟਤ ਅਘਟਤ ਦਿਪਤ ਥੀ[1]।

[1]ਬਹੁਤ ਚਿੱਟੀ ਕਾਠੀ ਹਰੇਰਤਨ ਜੜਤ ਬਣੀ ਹੋਈ {ਅਘਟਤ} ਇਕਰਸ ਚਮਕ ਰਹੀ ਸੀ।

ਯੁਤ ਸ੍ਵਾਨ ਬਗੁਲੇ ਦਸਕ ਸਿੰਘਨ,
ਪਿਖੇ ਬ੍ਰਿਤਿ ਆਛਿਪਤ ਥੀ[1] ॥ ੧੨੬ ॥

[1]ਸ਼ਿਕਾਰ ਖੇਲਦੇ ਦੇਖੇ ਸਨ।

ਸੁਨਿ ਸਿੰਘਨ ਅਚਰਜ ਮਾਨਿ,
ਹੇਰਜੋ ਜੌ ਤਬੇਲਾ ਜਾਇ ਹੈ।
ਨਹਿਂ ਅੱਸ੍ਵ ਕਾਠੀ ਸ੍ਵਾਨ ਬਗੁਲਾ,
ਬਾਜ ਸਿਤ[1] ਤਿਸ ਥਾਇ ਹੈ।

[1]ਚਿੱਟਾ ਬਾਜ਼।

ਤਬਿ ਧਾਰ ਨਿਸਚੈ ਕਹਜੋ ਸਿੰਘੈਂ,
ਚਰਿਤ ਗੁਰੁ ਇਹੁ ਕਿਆ ਕੀਓ।
ਹਮ ਤਈਂ ਏਕਲ ਛੋਰਿ ਧੋਖਾ
ਦੈ, ਸੁ ਪੰਥਾ ਅਨ ਲੀਓ[1] ॥ ੧੨੭ ॥

[1]ਹੋਰਰਾਹ ਲੈ ਲਿਆ।

ਸੁਨਿ ਦਯਾ ਸਿੰਘ ਉਨ ਪ੍ਰਤਿ ਪੁਨ,
ਗੁਨਿ ਐਸ ਧੁਨਿ ਚੁਨ ਹੈ ਕਹੀ[1]।

[1]ਵਿਚਾਰ ਕੇ ਤੇ ਚੁਣ ਕੇ ਇਸ ਤਰ੍ਹਾਂ {ਧੁਨਿ} ਬੋਲ ਕੇ (ਸਿੱਖਿਆ) ਕਹੀ।

ਗੁਰੁ ਆਦਿ ਭੀ ਤਨ ਥੂਲ ਯੁਤ ਹੀ[1],
ਲੋਪ ਹੋਏ ਥੇ ਸਹੀ।

[1]ਸਥੂਲ ਸਰੀਰ ਦੇ ਸਹਿਤ ਹੀ।

ਤਨ ਧਰਤ ਜੇ ਅਵਤਾਰ ਕਾਰਕ[1],

[1]ਜਿਸ ਦੀ ਉਮਰ ਕਲਪ ਪ੍ਰਯੰਤ ਹੋਵੇ ਅਤੇ ਆਪਣੀ ਇੱਛਾ ਅਨੁਸਾਰ ਜਨਮ ਧਾਰੇ।

ਜੌ ਅਚਾਰਯ[1] ਜਗਤ ਮੈਂ।

[1]ਗੁਰੂ (ਅ) ਉਪਦੇਸ਼ਟਾ।

ਕਰਿ ਚਰਿਤ ਹਰਤ ਅਧਰਮ ਕੋ[1],
ਜਨ ਤਈਂ ਲਾ ਹਰਿ ਭਗਤਿ ਮੈਂ ॥ ੧੨੮ ॥

[1]ਪਾਪਾਂ ਨੂੰ ਨਾਸ ਕਰਕੇ।

ਫਿਰ ਲੋਪ ਹੋਵਤ ਐਸ ਹੀ,
ਜਿਮ ਗੁਰੁ ਹੋਏ ਅਬਿ ਸਹੀ।
ਰਘੁਵੇਸ ਔ ਜਦਵੇਸ ਕੇਰ,
ਮੁਨੇਸ ਗਾਥਾ ਹੈ ਕਹੀ[1]।

[1]ਰਾਮ ਚੰਦ੍ਰ ਜੀ ਅਤੇ ਕ੍ਰਿਸ਼ਨ ਜੀ ਦੀ ਕਥਾ ਵੀ ਵੱਡੇ ਮੁਨੀਆਂ ਨੇ (ਇਵੇਂ ਹੀ) ਕਹੀ ਹੈ।

ਤਨ ਹੋਤ ਪੰਚੀ-ਕ੍ਰਿਤ ਨਾਹੀਂ,

ਹਮ ਤੁਮੋਂ ਸਮ ਉਨੋ ਕੇ[1]।

[1]ਸਾਡੇ ਤੁਹਾਡੇ ਵਾਂਗ ਉਨ੍ਹਾਂ ਦੇ ਸ਼ਰੀਰ ਪੱਚੀ ਪ੍ਰਕ੍ਰਿਤੀਆਂ ਦੇ ਨਹੀਂ ਹੁੰਦੇ।

ਸਮ ਸ੍ਵਪਨ ਰਚਨਾ ਹੋਤ ਮਾਯਕ,
ਤੱਤ੍ਵ ਸੂਖਮ ਗੁਨੋ ਕੇ[1] ॥੧੨੯॥

[1]ਸੂਖਮ ਤੱਤਾਂ ਤੇ ਗੁਣਾਂ ਨਾਲ ਸੁਪਨੇ ਵਾਂਗ ਮਾਇਕ ਰਚਨਾ ਹੁੰਦੀ ਹੈ।

ਜਬਿ ਚਾਹਿਂ ਕਰਿ ਹੈਂ ਲੋਪ ਪਰਗਟ,
ਨਿਗਮ ਆਗਮ ਗਾਇ ਹੈਂ[1]।

[1]ਬੇਦ ਸ਼ਾਸਤ੍ਰ ਕਹਿੰਦੇ ਹਨ।

ਇਸ ਭਾਂਤਿ ਸਿੱਖਹਿਂ ਗਜਾਨ ਧੀਰਜ,
ਦਯਾ ਸਿੰਘ ਦਿਢਾਇ ਹੈ।
ਅਰ ਕਹਯੋ ਸਦਾ ਸਹਾਇ ਤੁਮਰੇ,
ਗੁਰੂ ਜੀ ਅੰਗ ਸੰਗ ਹੈਂ।
ਉਪਦੇਸ਼ ਸਤਿਗੁਰੁ ਕਾ ਕਮਾਵੋ,
ਸੁਖ ਪਾਵੋ ਚੰਗ ਹੈਂ ॥੧੩੦॥
ਗੁਰੁ ਗ੍ਰੰਥ ਕੋ ਤੁਮ ਗੁਰੂ ਮਾਨੋ,
ਗੁਰੂ ਜੋ ਫੁਰਮਾ ਗਏ।
ਨਿਜ ਸ਼ਕਤਿ ਇਸ ਮੈਂ ਥਪ ਗਏ,
ਕਲਜਾਨ ਤੁਮਰੀ ਇਹੁ ਕਏ।
ਤਬਿ ਮਾਨ ਦਿਢ ਸਿੱਖ, ਗ੍ਰੰਥ ਜੀ ਕਾ
ਪਾਠ ਕਰਨੇ ਹੈਂ ਲਗੇ।
ਗੁਰੁ ਕੇ ਅੰਗੀਠੇ ਕੇ ਚੁਫੇਰੇ,
ਪਢੈਂ ਬਾਣੀ ਨਿਸ ਜਗੇ[1] ॥੧੩੧॥

[1]ਰਾਤ ਨੂੰ ਜਾਗ ਕੇ।

ਬਿਨ ਸਿਦਕ ਜੋ ਥੇ ਬੀਚ ਮੈਂ,
ਉਨ ਥਾਪ ਕੈ ਮਨਿ ਏਹੁ ਹੈ।
ਨਹਿਂ ਮਿਲੈ ਅਸਥੀ ਇਹਾਂ ਸੈ ਜੇ,
ਗਏ ਗੁਰੁ ਸਣ ਦੇਹ ਹੈਂ।
ਇਹੁ ਸੋਚ ਫੋਲਯੋ ਤਿਨ ਅੰਗੀਠਾ,
ਕਰਦ ਲਘੁ[1] ਇਕ ਪਾਈਆ।

[1]ਛੋਟੀ ਕਿਰਪਾਨ।

ਨਹਿਂ ਮਿਲਯੋ ਸ਼ਸਤ੍ਰ ਅਸਥ[1] ਕੋਊ,
ਗੁਰੂ ਜੋ ਥੇ ਲਾਈਆ ॥੧੩੨॥

[1]ਹੱਡੀ।

ਪਿਖਿ ਭਯੋ ਨਿਸਚਾ ਸਭੀ ਕੋ,
ਸਣ ਦੇਹ ਗੁਰੁ ਕੇ ਜਾਣ ਕਾ।

ਫਿਰ ਕਿਯ ਦਸੈਹਰਾ ਭੋਗ ਪਾਯੋ,
ਗ੍ਰੰਥ ਗੁਰੁ ਮਾਹਾਨ ਕਾ।
ਕਰਿ ਜੱਗਜ ਅਧਿਕ ਨਮਿੱਤ ਗੁਰੁ ਕੇ,
ਬਿੱਤ[1] ਸਰਬ ਲੁਟਾਯੋ। [1]ਧਨ।
ਹਰਦਿੱਤ ਸਿੰਘ ਖਜ਼ਾਨਚੀ ਨੇ,
ਕੁਛ ਨ ਪਾਸ ਰਖਾਯੋ ॥ ੧੩੩ ॥
ਭਰਿ ਗਾਗਰੈਂ ਓਜਾਗਰੈਂ[1], [1]ਪ੍ਰਗਟ ਹੀ।
ਚਿਤ ਭਸਮ ਕੇਰ[1] ਰਖਾਈਆ। [1]ਚਿਖਾ ਦੀ ਭਸਮ।
ਤਿਨ ਊਪਰੈ ਰਚਿ ਬੜਾ ਮੰਜੀ
ਸਾਹਿਬੈ, ਜੋ ਆਹੀਆ[1]। [1]ਜੋ ਹੁਣ ਹੈ।
ਤਿਸ ਪੈ ਰੁਮਾਲ ਬਿਸਾਲ ਪਾਯੋ,
ਆਯੁਧੈਂ ਕਿਛੁ ਧਾਰ ਹੈਂ[1]। [1]ਰੱਖ ਦਿੱਤੇ।
ਕਰਿ ਬੰਦਨਾ ਅਰਦਾਸ, ਸਿੰਘ
ਫਿਰ ਖਿੰਡੇ ਇਤ ਉਤ ਸਾਰ[1] ਹੈਂ ॥ ੧੩੪ ॥ [1]ਸਾਰੇ।
ਤਬਿ ਦਯਾ ਸਿੰਘ, ਉਸ਼ਨਾਕ[1], ਸੈਣਾ [1]ਉਸ਼ਨਾਕ ਸਿੰਘ।
ਸਿੰਘ, ਬੀਰ ਮ੍ਰਿਗੇਸ ਜੂ।
ਸਿੰਘ ਕਰਮ, ਗੰਡਾ ਹਰੀ, ਗਰਜਾ[1], [1]ਗਰਜਾ ਸਿੰਘ।
ਰਾਮ ਸਿੰਘ, ਮਹੇਸ[1] ਜੂ। [1]ਮਹੇਸ਼ ਸਿੰਘ (ਇਹ ਸਾਰੇ ੯ ਸਿੰਘ ਹਨ)।
ਇਤਯਾਦਿ ਸਿੰਘ ਬਹੁ ਸ਼ਸਤ੍ਰ ਤਜ ਕੈ,
ਬਸਤ੍ਰ ਧਰਿ ਕਾਖਾਇ[1] ਹੈਂ। [1]ਭਗਵੇਂ।
ਬਨਿ ਜਗਤ ਤੈ ਬੇਰਕਤ ਭਗਤੈਂ,
ਸੰਤ ਨਿਰਮਲ ਥਾਇ ਹੈਂ[1] ॥ ੧੩੫ ॥ [1]ਹੋ ਗਏ।
ਵੈਰਾਗ ਧਰਿ ਬੇਲਾਗ ਹ੍ਵੈ[1], [1]ਨਿਰਲੇਪ ਹੋ ਕੇ।
ਬਡ ਭਾਗ ਵਿਚਰਿ ਸੁਤੰਤ੍ਰੈਂ।
ਹਰਿਦ੍ਵਾਰ ਕਾਂਸ਼ੀ ਕੁਰੁਖੇਤ੍ਰ
ਆਦਿ ਛੇਤ੍ਰ ਅੰਤ੍ਰੈ[1]। [1]ਹੋਰ ਤੀਰਥਾਂ 'ਤੇ (ਰਹਿ ਕੇ)।
ਨਿਗਮਾਗਮੈਂ ਪਢਿ[1] ਦਿਨ ਬਿਤੈ ਕੈ, [1]ਬੇਦ ਸ਼ਾਸ਼ਤ੍ਰ ਪੜ੍ਹ ਕੇ।
ਭਏ ਜੀਵਨ ਮੋਖ ਹੈਂ।
ਕਿਛੁ ਰਹੇ ਤਹਿਂ ਸੰਤੋਖ ਸਿੰਘ ਲੌ,
ਧਾਰਿ ਉਰਿ ਸੰਤੋਖ ਹੈਂ ॥ ੧੩੬ ॥

ਕਿਛੁ ਬਹੇ ਧਰਿ ਅਵਧੂਤ ਬ੍ਰਿਤੀ[1],
ਤਟ ਗੁਦਾਵਰਿ ਹੀ ਤਹੀਂ।
ਕਿਛੁ ਭਏ ਮਸਤ ਸਮਸਤ ਕ੍ਰਿਤ ਤਜਿ[1],
ਵਸਤੁ ਪਾਈ ਸ੍ਵੈ ਸਹੀ[1]।
ਦਰਵਾਰ ਸਿੰਘ ਦੀਵਾਨ, ਲਾਂਗ੍ਰੀ
ਹਰੀ ਸਿੰਘ, ਸੁਜਾਨ ਜੋ।
ਕਿਰਪਾਲ ਸਿੰਘ, ਦੀਵਾਨ[1], ਦੇਵਾ
ਸਿੰਘ, ਮਾਨ, ਗਜਾਨ ਲੌ ॥੧੩੭॥
ਪੰਜਾਬ ਸਿੰਘ, ਦਿਆਲ, ਬੁੱਢਾ ਸਿੰਘ,
ਰਾਮ, ਗੁਲਾਬ ਹੈਂ।
ਇਤਜਾਦਿ ਸਿੰਘ ਚਲਿ ਮਿਲੇ ਬੰਦੇ
ਸੰਗ, ਆਇ ਪੰਜਾਬ ਹੈਂ।
ਸਬਿ ਪੰਥ ਮੈਂ ਇਨ ਕੇਰ ਮਰਤਬ[1],
ਰਹਜੋ ਅਧਿਕ ਉਦਾਰੀਆ।
ਬਹੁ ਹ੍ਵੈ ਸ਼ਹੀਦ ਰਸੀਦ[1] ਲੈ ਕੈ,
ਗਏ ਸੱਚਖੰਡ ਚਾਰੀਆ[1] ॥੧੩੮॥
ਉਤ ਨਗਰ ਅਬਚਲ, ਸਿੰਘ ਸੰਤੋਖ
ਅਨੇਕ ਬਰਸੈਂ ਲੌ ਰਹਜੋ।
ਕਰਿ ਸੇਵ ਗੁਰੁ ਅਸਥਾਨ ਕੀ,
ਤਨ ਛੋਰਿ ਫਿਰ ਗੁਰੁ ਪੁਰਿ ਲਹਜੋ।
ਤਿਸ ਪਾਸ ਸਾਧੂ ਥਾ ਉਦਾਸੀ,
ਨਾਮ ਦਾਸ-ਗੁਪਾਲ ਜੀ।
ਫਿਰ ਕਰਤ ਸੇਵਾ ਸੋ ਰਹਜੋ,
ਧਰਿ ਪ੍ਰੇਮ ਬਹੁਤੇ ਸਾਲ ਜੀ ॥੧੩੯॥
ਪੁਨ ਰਹਜੋ ਚੇਲਾ ਤਾਂਹਿ ਕਾ,
ਹਰਿ ਸਰਨ ਟਹਿਲ ਕਮਾਵਤੋ।
ਜਬਿ ਭਯੋ ਚੰਦੂ-ਲਾਲ ਹੈਦਰਾਬਾਦ,
ਗੁਰੁਸਿੱਖ ਭਾਵਤੋ[1]।
ਤਬਿ ਤਹਾਂ ਜਬਿ ਬਹੁ ਸਿੰਘ ਪਹੁੰਚੇ,
ਰਹੇ ਤਿਸ ਕੇ ਪਾਸ ਹੈਂ।

[1]ਤਿਆਗ ਬ੍ਰਿਤੀ ਧਾਰ ਕੇ।
[1]ਸਾਰੇ ਕੰਮ ਛੱਡ ਕੇ।
[1]ਆਪਣਾ ਸ ਰੂਪ ਰੂਪ ਸਹੀ ਵਸਤੂ ਪਾ ਲਈ।
[1](ਸਿੰਘ।) {ਨੋਟ-ਇਹ ਸਾਰੇ ੧੩ ਸਿੰਘ ਹਨ}।
[1]ਦਰਜਾ।
[1]ਪਹੁੰਚ, ਛੁੱਟੀ।
[1]ਸੁੰਦਰ ਸੱਚ ਖੰਡ ਵਿੱਚ।
[1]ਪ੍ਰੇਮੀ ਗੁਰ ਸਿੱਖ।

ਉਨ ਸਾਧੁ ਤਾਇਂ ਉਠਾਇ, ਸੇਵਾ
ਸਿੰਘਨਿ ਸੌਂਪੀ ਖਾਸ[1] ਹੈ ॥ ੧੪੦ ॥

[1]ਆਪ।

ਹਰਿ ਸ਼ਰਨ ਕਾ ਥਾ ਗੁਰੂ ਦਾਦਾ,
ਢਿਗ ਹੰਗੋਲੀ ਨਗਰ ਤੈ।
ਜਿਸ ਤਈਂ ਥਾ ਗੁਰੁ ਦਰਸ ਦੀਨਾ,
ਲੋਪ ਕਰਿ ਤਨ ਮਗਰ ਤੈ[1]।

[1]ਹਰ ਸ਼ਰਨ ਦਾ ਉਹ ਦਾਦਾ ਗੁਰੂ ਸੀ ਜਿਸ ਨੂੰ ਗੁਰਾਂ ਨੇ ਆਪਣਾ ਸ਼ਰੀਰ ਤਿਆਗ ਦੇਣ ਤੋਂ ਮਗਰੋਂ ਦਰਸ਼ਨ ਦਿੱਤਾ ਸੀ।

ਹਰਿ ਸ਼ਰਨ ਕੋ ਜਾਗੀਰ, ਪਾਂਚ
ਗਰਾਮ ਚੰਦੂ ਲਾਲ ਦੈ।
ਤਿਸ ਠੌਰ ਕਾ ਮਾਹੰਤ ਕੀਨੋ,
ਸਦਾ-ਬ੍ਰਤ[1] ਅਬਿ ਚਾਲ ਹੈ ॥ ੧੪੧ ॥

[1]ਲੰਗਰ।

ਦਸ ਅਠ ਸਤਾਈ ਸੰਮਤੈਂ[1],
ਸਿੰਘ ਸਜਾਮ ਕੀਨ ਮਹੰਤ ਹੈ।
ਗੁਰਦ੍ਵਾਰ ਅਬਚਲ ਨਗਰ ਕੋ,
ਜਾਗੀਰ ਦੀਨ ਸੁਤੰਤ[1] ਹੈ।

[1]੧੮੨੭ ਬਿ: ਸੰਮਤ ਨੂੰ।

[1]ਸੁਤੰਤਰ।

ਅਬਿ ਤਈਂ ਬਾਰਾਂ ਸਹਿਸ ਕੀ[1],
ਜੋ ਆਹਿ ਕਾਯਮ ਹੈ ਸਹੀ।
ਫਿਰ ਥਈ[1] ਰਚਨਾ ਅਧਿਕ ਦਿਨ ਦਿਨ,
ਗੁਰੁਦ੍ਵਾਰੇ ਕੀ ਤਹੀਂ ॥ ੧੪੨ ॥

[1]ਬਾਰਾਂ ਹਜ਼ਾਰ ਦੀ।

[1]ਹੋ ਗਈ।

ਤਬਿ ਥਏ ਸਿੰਘ ਪੰਜਾਬ ਮੈਂ ਨ੍ਰਿਪ[1]*,
ਸੇਵ ਤਿਨ ਬਹੁਤੈ ਕਰੀ।
ਤਹਿ ਭਈ ਦੌਲਤ ਜਮ੍ਹਾਂ ਅਤਿਸੈਂ,
ਮਹਿਲ ਉਸਰੇ ਹੈਂ ਵਰੀ[1]।

[1]ਰਾਜੇ। *ਮਹਾਰਾਜਾ ਰਣਜੀਤ ਸਿੰਘ ਜੀ ਅਤੇ ਹੋਰ ਸਿੱਖ ਮਹਾਰਾਜਿਆਂ ਨੇ ਸੇਵਾ ਕਰਵਾਈ।

[1]ਸ੍ਰੇਸ਼ਟ।

ਇਹੁ ਗਾਥ ਅਬਚਲ ਨਗਰ ਕੀ,
ਅਰ ਦਸਮ ਗੁਰੁ ਕੀ ਸਾਰ[1] ਹੈ।
ਹਰਿ ਗਜਾਨ ਗਾਈ[1] ਪ੍ਰੇਮ ਸੈਂ,
ਲਿਵ ਗੁਰੂ ਪਗ ਮੈਂ ਧਾਰ[1] ਹੈ ॥ ੧੪੩ ॥

[1]ਸਾਰੀ।

[1]ਕਹੀ।

[1]ਗੁਰਾਂ ਦੇ ਚਰਨਾਂ ਵਿੱਚ ਬ੍ਰਿਤੀ ਜੋੜ ਕੇ।

ਜੋ ਪਢੈ ਸ਼ਰਧਾ ਸਹਿਤ ਸੁਨ ਹੈ,
ਚਾਰ ਫਲ[1] ਸੋ ਪਾਇ ਹੈ।

[1]ਚਾਰੇ ਫਲ (ਧਰਮ, ਅਰਥ, ਕਾਮ, ਮੋਖ)।

ਰਰ[1] ਸੁਜਸ ਗੁਰੁ ਕੋ ਬੰਦਨਾ ਕਰਿ,
ਭਯੋ ਪੂਰਨ ਧਜਾਇ ਹੈ ॥ ੧੪੪ ॥

[1]ਉਚਾਰ ਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਗਜਾਨ ਸਿੰਘ ਵਿਰਚਿਤੇ 'ਦਸਮ ਗੁਰੁ ਕਾ ਜੋਤੀ ਜੋਤਿ ਸਮਾਵਨ, ਅਬਚਲ ਨਗਰ ਕੀ ਕਥਾ', ਬਰਨਨੰ ਇਕਹੱਤ੍ਰੁਮੋਂ ਬਿਸ੍ਰਾਮ* ॥ ੭੧ ॥

*ਏਥੇ ਅਸੀਂ ਸ਼੍ਰੀ ਗੁਰੁ ਪੰਥ ਪ੍ਰਕਾਸ਼ ਦਾ ਪੂਰਬਾਰਧ (ਪਹਿਲਾ ਅੱਧਾ ਭਾਗ) ਸਮਾਪਤ ਕਰਦੇ ਹਾਂ। ਸਾਡੇ ਹਿਸਾਬ ਇਹ ੭੧ਵਾਂ ਬਿਸ੍ਰਾਮ ਹੈ ਪਰ ਅੰਮ੍ਰਿਤਸਰ ਐਡੀਸ਼ਨ ਛਾਪਾ ਪੱਥਰ ਦਾ ਇਹ ੨੯ਵਾਂ ਬਿਸ੍ਰਾਮ ਹੈ।